ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

# ਨਿਹਕਲੰਕ ਹਰਿਸ਼ਬਦ ਭੰਡਾਰ

## ਅਠਾਰਵਾਂ ਭਾਗ





## ❊ ਤਤਕਰਾ ❊


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੧੬ ਪੋਹ ੨੦੨੧ ਬਿਕ੍ਰਮੀ | ਮੁਨਸ਼ਾ ਸਿੰਘ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੦੧ |
| ੧੬ ਪੋਹ ੨੦੨੧ ਬਿਕ੍ਰਮੀ | ਤ੍ਰਿਲੋਕ ਸਿੰਘ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੦੨ |
| ੧੬ ਪੋਹ ੨੦੨੧ ਬਿਕ੍ਰਮੀ | ਅਤਰ ਸਿੰਘ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੦੫ |
| ੧੬ ਪੋਹ ੨੦੨੧ ਬਿਕ੍ਰਮੀ | ਹਰਦੀਪ ਸਿੰਘ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੦੬ |
| ੧੬ ਪੋਹ ੨੦੨੧ ਬਿਕ੍ਰਮੀ | ਬਖ਼ਸ਼ੀਸ਼ ਸਿੰਘ ਦੇ ਨਵਿਤ | ਬਾਬੂਪੁਰ | ਗੁਰਦਾਸਪੁਰ | ੦੭ |
| ੧੬ ਪੋਹ ੨੦੨੧ ਬਿਕ੍ਰਮੀ | ਕਿਸ਼ਨ ਸਿੰਘ ਦੇ ਗ੍ਰਿਹਿ | ਅੱਲੜੀਪਿੰਡੀ | ਗੁਰਦਾਸਪੁਰ | ੦੭ |
| ੧੬ ਪੋਹ ੨੦੨੧ ਬਿਕ੍ਰਮੀ | ਬੀਬੀ ਲਾਜੀ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੧੧ |
| ੧੬ ਪੋਹ ੨੦੨੧ ਬਿਕ੍ਰਮੀ | ਦਲੀਪ ਸਿੰਘ ਦੇ ਬੂਹੇ ਨਾਲ | ਬਾਬੂਪੁਰਾ | ਗੁਰਦਾਸਪੁਰ | ੧੨ |
| ੧੬ ਪੋਹ ੨੦੨੧ ਬਿਕ੍ਰਮੀ | ਬੀਬੀ ਬੰਤੀ ਅਤੇ ਦਲੀਪ ਸਿੰਘ, | ਬਾਬੂਪੁਰਾ | ਗੁਰਦਾਸਪੁਰ | ੧੪ |
| ੧੭ ਪੋਹ ੨੦੨੧ ਬਿਕ੍ਰਮੀ | ਦਲੀਪ ਸਿੰਘ ਦੇ ਨਵਿਤ | ਬਾਬੂਪੁਰਾ | ਗੁਰਦਾਸਪੁਰ | ੨੨ |
| ੧੭ ਪੋਹ ੨੦੨੧ ਬਿਕ੍ਰਮੀ | ਬਲਾਕਾ ਸਿੰਘ, ਪਿਆਰਾ ਸਿੰਘ ਦੇ ਗ੍ਰਿਹਿ | ਬਾਬੂਪੁਰਾ | ਗੁਰਦਾਸਪੁਰ | ੨੪ |
| ੧੭ ਪੋਹ ੨੦੨੧ ਬਿਕ੍ਰਮੀ | ਬਾਜੀ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੨੫ |
| ੧੭ ਪੋਹ ੨੦੨੧ ਬਿਕ੍ਰਮੀ | ਮੁਨਸ਼ਾ ਸਿੰਘ, ਮੇਲਾ ਸਿੰਘ ਦੇ ਗ੍ਰਿਹਿ | ਬਾਬੂਪੁਰਾ | ਗੁਰਦਾਸਪੁਰ | ੨੭ |
| ੧੭ ਪੋਹ ੨੦੨੧ ਬਿਕ੍ਰਮੀ | ਮਹਿੰਗਾ ਸਿੰਘ ਦੇ ਗ੍ਰਿਹਿ | | | ੨੮ |
| ੧੭ ਪੋਹ ੨੦੨੧ ਬਿਕ੍ਰਮੀ | ਅਚਲ (ਬਟਾਲਾ) | | ਗੁਰਦਾਸਪੁਰ | ੨੯ |
| ੧੭ ਪੋਹ ੨੦੨੧ ਬਿਕ੍ਰਮੀ | | ਬਾਬਾ ਬਕਾਲਾ | ਗੁਰਦਾਸਪੁਰ | ੩੦ |
| ੧੭ ਪੋਹ ੨੦੨੧ ਬਿਕ੍ਰਮੀ | ਡਾ੦ ਪਾਲ ਸਿੰਘ ਦੇ ਗ੍ਰਿਹਿ | ਭਲਾਈਪੁਰ | ਅੰਮ੍ਰਿਤਸਰ | ੩੧ |
| ੧੮ ਪੋਹ ੨੦੨੧ ਬਿਕ੍ਰਮੀ | ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੫੮ |
| ੧੮ ਪੋਹ ੨੦੨੧ ਬਿਕ੍ਰਮੀ | ਪਾਲ ਸਿੰਘ ਦੇ ਨਵਿਤ | ਭਲਾਈਪੁਰ | ਅੰਮ੍ਰਿਤਸਰ | ੭੧ |
| ੧੮ ਪੋਹ ੨੦੨੧ ਬਿਕ੍ਰਮੀ | ਦਲੀਪ ਸਿੰਘ ਦੇ ਨਵਿਤ | ਟਾਗਰਾਂ | ਅੰਮ੍ਰਿਤਸਰ | ੭੪ |



1 ੧੮

| | | | |
|---|---|---|---|
| ੧੮ ਪੋਹ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੭੬ |
| ੧੯ ਪੋਹ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੦ |
| ੧੯ ਪੋਹ ੨੦੨੧ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੩ |
| ੧੯ ਪੋਹ ੨੦੨੧ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੫ |
| ੧੯ ਪੋਹ ੨੦੨੧ ਬਿਕ੍ਰਮੀ | ਜੇਠੂਵਾਲ | ਅੰਮ੍ਰਿਤਸਰ | ੮੭ |
| ੨੦ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੦ |
| ੨੧ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੧ |
| ੨੨ ਪੋਹ ੨੦੨੧ ਬਿਕ੍ਰਮੀ ਆਤਮਾ ਸਿੰਘ ਫੌਜਾ ਸਿੰਘ, ਪਿਆਰਾ ਸਿੰਘ, ਦਰਬਾਰਾ ਸਿੰਘ | ਮਲੂਵਾਲ | ਅੰਮ੍ਰਿਤਸਰ | ੧੦੨ |
| ੨੩ ਪੋਹ ੨੦੨੧ ਬਿਕ੍ਰਮੀ ਜੀਵਣ ਸਿੰਘ ਦੇ ਗ੍ਰਿਹਿ | ਮਲੂਵਾਲ | ਅੰਮ੍ਰਿਤਸਰ | ੧੧੦ |
| ੨੩ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੦ |
| ੨੪ ਪੋਹ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੧੨ |
| ੨੫ ਪੋਹ ੨੦੨੧ ਬਿਕ੍ਰਮੀ ਸਵੇਰੇ ਪੰਜ ਵਜੇ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੭ |
| ੨੫ ਪੋਹ ੨੦੨੧ ਬਿਕ੍ਰਮੀ ਅਮਰਜੀਤ ਸਿੰਘ, ਸੁਰਜੀਤ ਸਿੰਘ | ਜੇਠੂਵਾਲ | ਅੰਮ੍ਰਿਤਸਰ | ੧੨੧ |
| ੨੫ ਪੋਹ ੨੦੨੧ ਬਿਕ੍ਰਮੀ ਬੀਬੀ ਚਰਨੋ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੧੨੬ |
| ੨੫ ਪੋਹ ੨੦੨੧ ਬਿਕ੍ਰਮੀ ਸੁਰਜੀਤ ਕੌਰ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੬ |
| ੨੫ ਪੋਹ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੭ |
| ੨੫ ਪੋਹ ੨੦੨੧ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੭ |
| ੨੫ ਪੋਹ ੨੦੨੧ ਬਿਕ੍ਰਮੀ ਬੀਬੀ ਪਾਲੋ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੮ |
| ੨੫ ਪੋਹ ੨੦੨੧ ਬਿਕ੍ਰਮੀ ਕਿਰਪਾਲ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੯ |
| ੨੫ ਪੋਹ ੨੦੨੧ ਬਿਕ੍ਰਮੀ ਸਾਧੂ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੯ |
| ੨੫ ਪੋਹ ੨੦੨੧ ਬਿਕ੍ਰਮੀ ਰੂਪ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੩੦ |

2
੧੮

| | | | |
|---|---|---|---|
| ੨੫ ਪੋਹ ੨੦੨੧ ਬਿਕ੍ਰਮੀ ਜਰਨੈਲ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੩੦ |
| ੨੫ ਪੋਹ ੨੦੨੧ ਬਿਕ੍ਰਮੀ ਆਸਾ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੧੩੦ |
| ੨੫ ਪੋਹ ੨੦੨੧ ਬਿਕ੍ਰਮੀ ਗੁਰਨਾਮ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੩੧ |
| ੨੫ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੩੧ |
| ੨੬ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੪੦ |
| ੨੭ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਇਸ਼ਨਾਨ ਕਰਨ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੭੩ |
| ੨੭ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੭੪ |
| ੨੭ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੨੦੦ |
| ੨੮ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੦੭ |
| ੨੯ ਪੋਹ ੨੦੨੧ ਬਿਕ੍ਰਮੀ ਬੀਬੀ ਪਿਆਰੋ ਦੇ ਗ੍ਰਿਹਿ | | | ੨੦੭ |
| ੨੯ ਪੋਹ ੨੦੨੧ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੨੦੯ |
| ੨੯ ਪੋਹ ੨੦੨੧ ਬਿਕ੍ਰਮੀ ਸੰਤੋਖ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੨੧੦ |
| ੨੯ ਪੋਹ ੨੦੨੧ ਬਿਕ੍ਰਮੀ ਮਿਲਖਾ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੨੧੦ |
| ੨੯ ਪੋਹ ੨੦੨੧ ਬਿਕ੍ਰਮੀ ਠਾਕਰ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੨੧੨ |
| ਪਹਿਲੀ ਮਾਘ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੧੪ |
| ੦੨ ਮਾਘ ੨੦੨੧ ਬਿਕ੍ਰਮੀ ਹਰਭਜਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੨੧ |
| ੦੩ ਮਾਘ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੨੫ |
| ੦੪ ਮਾਘ ੨੦੨੧ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੨੮ |
| ੦੪ ਮਾਘ ੨੦੨੧ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੩੦ |
| ੧੧ ਮਾਘ ੨੦੨੧ ਬਿਕ੍ਰਮੀ ਕਪੂਰ ਸਿੰਘ ਬਰਾੜ ਦੇ ਗ੍ਰਿਹਿ | ਮੋਗਾ | ਮੋਗਾ | ੨੩੧ |

3
੧੮

੧੨ ਮਾਘ ੨੦੨੧ ਬਿਕ੍ਰਮ ਕਪੂਰ ਸਿੰਘ ਬਰਾੜ ਦੇ ਗ੍ਰਹਿ ਮੋਗਾ ਮੋਗਾ ੨੩੮
੧੨ ਮਾਘ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਹਿ ਨਿਧਾਂਵਾਲੀ ੨੪੨
੧੨ ਮਾਘ ੨੦੨੧ ਬਿਕ੍ਰਮੀ ਸਮਪੂਰਨ ਸਿੰਘ, ਸੁੰਦਰ ਸਿੰਘ ਦੇ ਗ੍ਰਹਿ ਫੇਰੂਸ਼ਹਿਰ ੨੪੨
੧੨ ਮਾਘ ੨੦੨੧ ਬਿਕ੍ਰਮੀ ਅਰਜਨ ਸਿੰਘ ਦੇ ਗ੍ਰਹਿ ਬਸਤੀ ਖਲੀਲ ੨੪੪
੧੩ ਮਾਘ ੨੦੨੧ ਬਿਕ੍ਰਮੀ ਹਰੀ ਸਿੰਘ ਦੇ ਗ੍ਰਹਿ ਖਲੀਲ ਬਸਤੀ ੨੪੭
੧੩ ਮਾਘ ੨੦੨੧ ਬਿਕ੍ਰਮੀ ਰਾਮ ਸਿੰਘ ਦੇ ਗ੍ਰਹਿ ਫਿਰੋਜ਼ਪੁਰ ਛਾਉਣੀ ੨੫੧
੧੩ ਮਾਘ ੨੦੨੧ ਬਿਕ੍ਰਮੀ ਸਾਧੂ ਸਿੰਘ ਦੇ ਘਰ ਬਸਤੀ ਤੇਗਾਸਿੰਘ ਵਾਲੀ ੨੫੩
੧੪ ਮਾਘ ੨੦੨੧ ਬਿਕ੍ਰਮੀ ਮਹਾਲਮ ਰੇਲਵੇ ਸਟੇਸ਼ਨ ਉਤੇ ੨੫੮
੧੪ ਮਾਘ ੨੦੨੧ ਬਿਕ੍ਰਮੀ ਸਾਧੂ ਸਿੰਘ ਹਰਜੀਤ ਸਿੰਘ ਦੇ ਗ੍ਰਹਿ ਬਸਤੀ ਤੇਗਾਸਿੰਘ ਵਾਲੀ ੨੬੧
੨੦ ਮਾਘ ੨੦੨੧ ਬਿਕ੍ਰਮੀ ਜਗੀਰ ਸਿੰਘ ਦੇ ਘਰ ਰੰਗੀਲਪੁਰ ਰੋਪੜ ੨੬੪
੨੧ ਮਾਘ ੨੦੨੧ ਬਿਕ੍ਰਮੀ ਮੈਂਹਗਾ ਸਿੰਘ ਦੇ ਗ੍ਰਹਿ ਹਰੀਪੁਰ ਜਲੰਧਰ ੨੭੩
੨੨ ਮਾਘ ੨੦੨੧ ਬਿਕ੍ਰਮੀ ਬੱਚਿਆਂ ਦੇ ਭੰਗੜੇ ਸਮੇਂ ਹਰੀ ਪੁਰ ਜਲੰਧਰ ੨੮੦
੨੨ ਮਾਘ ੨੦੨੧ ਬਿਕ੍ਰਮੀ ਪਿਆਰਾ ਸਿੰਘ ਦੇ ਘਰ ਡਰੋਲੀ ਕਲਾਂ ਜਲੰਧਰ ੨੮੩
੨੨ ਮਾਘ ੨੦੨੧ ਬਿਕ੍ਰਮੀ ਸੰਸਾਰ ਸਿੰਘ ਦੇ ਗ੍ਰਹਿ ਡਵਿਡਾ ਰਿਹਾਣਾ ੨੮੭
੨੩ ਮਾਘ ੨੦੨੧ ਬਿਕ੍ਰਮੀ ਡਵਿਡਾ ਰਿਹਾਣਾ ੨੯੦
੨੩ ਮਾਘ ੨੦੨੧ ਬਿਕ੍ਰਮੀ ਹਰਭਜਨ ਸਿੰਘ ਦੇ ਗ੍ਰਹਿ ਡਾਂਡੀਆ ੨੯੩
੨੩ ਮਾਘ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ ਰੁੜਕਾ ਕਲਾਂ ਜਲੰਧਰ ੨੯੪
੨੩ ਮਾਘ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਖੂਹ ਤੇ, ਸੱਚੇ ਪਾਤਸ਼ਾਹਾਂ ਦਾ
ਇਸ਼ਨਾਨ ਕਰਨ ਵੇਲੇ ਸਾਰੀ ਸੰਗਤ ਪਾਸੋਂ ਇਕ ਇਕ
ਗਲਾਸ ਪਾਣੀ ਦੀ ਸੇਵਾ ਕਰੌਣੀ ਅਤੇ ਆਪਣੇ ਉਤੇ ਪਵੌਣਾ ੨੯੬
੨੪ ਮਾਘ ੨੦੨੧ ਬਿਕ੍ਰਮੀ ਜੁਗਿੰਦਰ ਸਿੰਘ ਦੇ ਗ੍ਰਹਿ ਰੁੜਕਾ ਕਲਾ ਜਲੰਧਰ ੩੦੧
੨੪ ਮਾਘ ੨੦੨੧ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਹਿ ਰੁੜਕਾ ਕਲਾ ਜਲੰਧਰ ੩੦੨



4
੧੮

| | | | |
|---|---|---|---|
| ੨੪ ਮਾਘ ੨੦੨੧ ਬਿਕ੍ਰਮੀ ਗਿਰਦਾਰਵਰ ਸਿੰਘ ਦੇ ਗ੍ਰਿਹਿ | ਰੁੜਕਾ ਕਲਾ | ਜਲੰਧਰ | ੩੦੪ |
| ੨੪ ਮਾਘ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ | ਜੰਡਿਆਲਾ | ਜਲੰਧਰ | ੩੦੫ |
| ੨੫ ਮਾਘ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ | ਜੰਡਿਆਲਾ | ਜਲੰਧਰ | ੩੦੯ |
| ੨੫ ਮਾਘ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਘਰ | ਹੇਰ | ਜਲੰਧਰ | ੩੧੧ |
| ੨੫ ਮਾਘ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੩੧੪ |
| ੨੬ ਮਾਘ ੨੦੨੧ ਬਿਕ੍ਰਮੀ ਬੀਬੀ ਗੁਰਚਰਨ ਕੌਰ ਦੇ ਨਵਿਤ | ਹੇਰ | ਜਲੰਧਰ | ੩੧੭ |
| ੨੬ ਮਾਘ ੨੦੨੧ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੩੨੨ |
| ੨੭ ਮਾਘ ੨੦੨੧ ਬਿਕ੍ਰਮੀ ਹਰਬੰਸ ਕੌਰ ਆਰੀਆ ਮਹੱਲਾ | ਲੁਧਿਆਣਾ | ਲੁਧਿਆਣਾ | ੩੩੨ |
| ੨੭ ਮਾਘ ੨੦੨੧ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੩੩੪ |
| ੨੭ ਮਾਘ ੨੦੨੧ ਬਿਕ੍ਰਮੀ ਮਦਨ ਲਾਲ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੩੩੬ |
| ੨੭ ਮਾਘ ੨੦੨੧ ਬਿਕ੍ਰਮੀ ਬੀਬੀ ਸਵਿੰਦਰ ਕੌਰ ਦੇ ਘਰ | ਮੰਡੀ ਅਹਿਮਦ ਗੜ੍ਹ | | ੩੩੭ |
| ੨੮ ਮਾਘ ੨੦੨੧ ਬਿਕ੍ਰਮੀ ਬੀਬੀ ਸਵਿੰਦਰ ਕੌਰ ਦੇ ਗ੍ਰਿਹਿ ਮੰਡੀ ਅਹਿਮਦ ਗੜ੍ਹ | | | ੩੪੨ |
| ੨੮ ਮਾਘ ੨੦੨੧ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹਿ | ਲਤਾਲਾ | ਲੁਧਿਆਣਾ | ੩੪੭ |
| ੨੯ ਮਾਘ ੨੦੨੧ ਬਿਕ੍ਰਮੀ ਸਾਧੂ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੩੪੮ |
| ੨੯ ਮਾਘ ੨੦੨੧ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੩੪੯ |
| ੨੯ ਮਾਘ ੨੦੨੧ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੩੫੦ |
| ੨੯ ਮਾਘ ੨੦੨੧ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੩੫੧ |
| ੨੯ ਮਾਘ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੩੫੩ |
| ੨੯ ਮਾਘ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੩੫੪ |
| ੨੯ ਮਾਘ ੨੦੨੧ ਬਿਕ੍ਰਮੀ ਸਰਵਨ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੩੫੫ |
| ੨੯ ਮਾਘ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ | ਗੁੜ੍ਹੇ | ਲੁਧਿਆਣਾ | ੩੫੫ |
| ੨੯ ਮਾਘ ੨੦੨੧ ਬਿਕ੍ਰਮੀ ਪਾਖਰ ਸਿੰਘ ਦੇ ਗ੍ਰਿਹਿ | ਮੋਹੀ | ਲੁਧਿਆਣਾ | ੩੫੭ |

| | | | |
|---|---|---|---|
| ੩੦ ਮਾਘ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਘਰ | ਮੋਹੀ | ਲੁਧਿਆਣਾ | ੩੬੩ |
| ੩੦ ਮਾਘ ੨੦੨੧ ਬਿਕ੍ਰਮੀ ਨਾਹਰ ਸਿੰਘ ਦੇ ਗ੍ਰਹਿ | ਰਕਬਾ | ਲੁਧਿਆਣਾ | ੩੬੬ |
| ੩੦ ਮਾਘ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਹਿ | ਦਾਖੇ | ਲੁਧਿਆਣਾ | ੩੬੮ |
| ੩੦ ਮਾਘ ੨੦੨੧ ਬਿਕ੍ਰਮੀ ਬੀਬੀ ਸੁਰਜੀਤ ਕੌਰ ਦੇ ਗ੍ਰਹਿ | ਝਾਂਡੇ | | ੩੬੯ |
| ੩੦ ਮਾਘ ੨੦੨੧ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਹਿ | ਝੰਗੀ | ਜਲੰਧਰ | ੩੭੧ |
| ਪਹਿਲੀ ਫੱਗਣ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੭੭ |
| ੦੮ ਫੱਗਣ ੨੦੨੧ ਬਿਕ੍ਰਮੀ ਜਸਬੀਰ ਸਿੰਘ ਦੇ ਗ੍ਰਹਿ | ਭੋਲੇ ਕੇ | ਗੁਰਦਾਸਪੁਰ | ੩੮੭ |
| ੧੦ ਫੱਗਣ ੨੦੨੧ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ | ਤਰਨ ਤਾਰਨ | ਅੰਮ੍ਰਿਤਸਰ | ੩੯੬ |
| ੧੧ ਫੱਗਣ ੨੦੨੧ ਬਿਕ੍ਰਮੀ ਸੁਰਜੀਤ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ | | | ੩੯੭ |
| ੧੨ ਫੱਗਣ ੨੦੨੧ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਹਿ | ਦੋਰਾਹਾ | ਲੁਧਿਆਣਾ | ੩੯੯ |
| ੧੩ ਫੱਗਣ ੨੦੨੧ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਹਿ | ਹਰਬੰਸ ਪੁਰਾ | ਪਟਿਆਲਾ | ੪੦੬ |
| ੧੩ ਫੱਗਣ ੨੦੨੧ ਬਿਕ੍ਰਮੀ ਗੁਰਦਵਾਰਾ | ਫਤਿਹ ਗੜ੍ਹ ਸਾਹਿਬ | | ੪੦੭ |
| ੧੪ ਫੱਗਣ ੨੦੨੧ ਬਿਕ੍ਰਮੀ ਰਾਮ ਲੀਲਾ ਗਰਾਉਂਡ ਧਰਮ ਸਮੇਲਨ ਦਿੱਲੀ | | ਦਿੱਲੀ | ੪੦੮ |
| ੧੮ ਫੱਗਣ ੨੦੨੧ ਬਿਕ੍ਰਮੀ ਨਹਿਰੂ ਯੁਨੀਵਰਸਟੀ | ਦਿੱਲੀ | ਦਿੱਲੀ | ੪੦੮ |
| ੧੮ ਫੱਗਣ ੨੦੨੧ ਬਿਕ੍ਰਮੀ ਸੇਵਾ ਸਿੰਘ ਦੇ ਘਰ | ਗੁੜਗਾਉਂ | ਗੁੜਗਾਉਂ | ੪੦੯ |
| ੧੯ ਫੱਗਣ ੨੦੨੧ ਬਿਕ੍ਰਮੀ ਡਾ : ਰੂਪ ਲਾਲ ਬੱਤਰੇ ਨਾਲ ਮਿੰਟੂ ਪਾਰਕ | | ਦਿੱਲੀ | ੪੧੪ |
| ੧੯ ਫੱਗਣ ੨੦੨੧ ਬਿਕ੍ਰਮੀ ਰੇਸ਼ਮ ਸਿੰਘ ਦੇ ਘਰ | ਮੇਰਠ ਛਾਉਣੀ | ਮੇਰਟ | ੪੧੭ |
| ੨੦ ਫੱਗਣ ੨੦੨੧ ਬਿਕ੍ਰਮੀ ਆਸਾ ਸਿਘ ਦੇ ਗ੍ਰਹਿ | ਕਲਸਾਣੀ | ਕਰਨਾਲ | ੪੨੫ |
| ੨੧ ਫੱਗਣ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਹਿ | ਕਰਸਾਣੀ | ਕਰਨਾਲ | ੪੨੯ |
| ੨੧ ਫੱਗਣ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਹਿ | | ਲੁਧਿਆਣਾ | ੪੩੧ |
| ੨੧ ਫੱਗਣ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੪੩੨ |
| ੨੨ ਫੱਗਣ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੪੩੯ |

| | | | | | |
|---|---|---|---|---|---|
| ੨੨ ਫੱਗਣ ੨੦੨੧ ਬਿਕ੍ਰਮੀ | ਚਰਨ ਕੌਰ ਦੇ ਗ੍ਰਿਹਿ | | ਫਰਾਲਾ | ਜਲੰਧਰ | ੪੪੧ |
| ੨੨ ਫੱਗਣ ੨੦੨੧ ਬਿਕ੍ਰਮੀ | ਮਨਸਾ ਸਿੰਘ ਦੇ ਗ੍ਰਿਹਿ | | ਫਰਾਲਾ | ਜਲੰਧਰ | ੪੪੨ |
| ੨੨ ਫੱਗਣ ੨੦੨੧ ਬਿਕ੍ਰਮੀ | ਗੁਰਬਚਨ ਸਿੰਘ ਦੇ ਗ੍ਰਿਹਿ | | ਹਰਦੋਫਰਾਲਾ | ਜਲੰਧਰ | ੪੪੩ |
| ੨੨ ਫੱਗਣ ੨੦੨੧ ਬਿਕ੍ਰਮੀ | ਗੁਰਮੀਤ ਸਿੰਘ ਗ੍ਰਿਹਿ | | ਹਰਦੋਫਰਾਲਾ | ਜਲੰਧਰ | ੪੪੭ |
| ੩੦ ਫੱਗਣ ੨੦੨੧ ਬਿਕ੍ਰਮੀ | ਹਰਨਾਮ ਸਿੰਘ ਦੇ ਗ੍ਰਿਹਿ | | ਗੁਮਾਨਪੁਰ | ਅੰਮ੍ਰਿਤਸਰ | ੪੫੫ |
| ਪਹਿਲੀ ਚੇਤ ਸ਼ ਸੰ ੧ | ਹਰਿ ਭਗਤ ਦਵਾਰ | | ਜੇਠੂਵਾਲ | ਅੰਮ੍ਰਿਤਸਰ | ੪੬੧ |
| ੦੨ ਚੇਤ ਸ਼ ਸੰ ੧ | ਹਰਿ ਭਗਤ ਦਵਾਰ | | ਜੇਠੂਵਾਲ | ਅੰਮ੍ਰਿਤਸਰ | ੪੭੪ |
| ੦੨ ਚੇਤ ਸ਼ ਸੰ ੧ | ਹਰਨਾਮ ਸਿੰਘ ਦੇ ਗ੍ਰਿਹਿ | | ਗੁਮਾਨ ਪੁਰਾ | ਅੰਮ੍ਰਿਤਸਰ | ੪੭੮ |
| ੦੨ ਚੇਤ ਸ਼ ਸੰ ੧ | ਸਵਰਨ ਸਿੰਘ ਗ੍ਰਿਹਿ | | ਗੁਮਾਨ ਪੁਰਾ | ਅੰਮ੍ਰਿਤਸਰ | ੪੮੦ |
| ੦੨ ਚੇਤ ਸ਼ ਸੰ ੧ | ਨਰਾਇਣ ਸਿੰਘ ਦੇ ਗ੍ਰਿਹਿ | | ਗੁਮਾਨ ਪੁਰਾ | ਅੰਮ੍ਰਿਤਸਰ | ੪੮੧ |
| ੦੨ ਚੇਤ ਸ਼ ਸੰ ੧ | ਅਜੀਤ ਸਿੰਘ ਦੇ ਗ੍ਰਿਹਿ | | ਗੁਮਾਨ ਪੁਰਾ | ਅੰਮ੍ਰਿਤਸਰ | ੪੮੨ |
| ੦੨ ਚੇਤ ਸ਼ ਸੰ ੧ | ਚਤਰ ਸਿੰਘ, ਅਤਰ ਸਿੰਘ ਦੇ ਗ੍ਰਿਹਿ | | ਓਗਰਾ | ਗੁਰਦਾਸਪੁਰ | ੪੮੩ |
| ੦੩ ਚੇਤ ਸ਼ ਸੰ ੧ | ਰਾਵੀ ਤੋਂ ਪਾਰ ਅਠਾਸੀ ਕਦਮ ਤੇ | | ਕਿੱਕਰ ਦੇ ਬੂਟੇ ਕੋਲ | | ੪੮੪ |
| ੦੩ ਚੇਤ ਸ਼ ਸੰ ੧ | ਬੰਬਿਆਲ ਅਤੇ ਸਿਮਲ ਸਕੋਰ ਦੇ ਵਿਚਕਾਰ, ਨਾਲੇ ਦੇ ਕੰਡੇ ਉਤੇ | | | | ੪੮੬ |
| ੦੩ ਚੇਤ ਸ਼ ਸੰ ੧ | ਬਚਨ ਸਿੰਘ ਦੇ ਗ੍ਰਿਹਿ | | ਸਿਮਲ ਸਕੋਰ | ਗੁਰਦਾਸਪੁਰ | ੪੮੮ |
| ੦੪ ਚੇਤ ਸ਼ ਸੰ ੧ | ਚਰਨ ਸਿੰਘ ਦੇ ਗ੍ਰਿਹਿ | | ਅੰਤੋਰ | ਗੁਰਦਾਸਪੁਰ | ੪੯੦ |
| ੦੫ ਚੇਤ ਸ਼ ਸੰ ੧ | ਚਰਨ ਸਿੰਘ ਦੇ ਗ੍ਰਿਹਿ | | ਅੰਤੋਰ | ਗੁਰਦਾਸਪੁਰ | ੪੯੧ |
| ੦੫ ਚੇਤ ਸ਼ ਸੰ ੧ | ਚੇਲਾ ਸਿੰਘ ਦੇ ਗ੍ਰਿਹਿ | ਵਜਾਰਤ ਰੋਡ | ਜੰਮੂ | ਜੰਮੂ | ੪੯੩ |
| ੦੬ ਚੇਤ ਸ਼ ਸੰ ੧ | ਬੀਬੀ ਅਮਰੋ ਦੇਵੀ ਦੇ ਗ੍ਰਿਹਿ | | ਜੰਮੂ | ਜੰਮੂ | ੫੦੦ |
| ੦੬ ਚੇਤ ਸ਼ ਸੰ ੧ | ਰਾਜ ਸਿੰਘ ਦੇ ਗ੍ਰਿਹਿ | | ਜੰਮੂ | ਜੰਮੂ | ੫੦੩ |
| ੦੭ ਚੇਤ ਸ਼ ਸੰ ੧ | ਸਤਿਸੰਗ ਭਵਨ | | ਜੰਮੂ | ਜੰਮੂ | ੫੦੬ |
| ੦੭ ਚੇਤ ਸ਼ ਸੰ ੧ | ਚੇਲਾ ਸਿੰਘ ਦੇ ਗ੍ਰਿਹਿ | ਵਜ਼ਾਰਤ ਰੋਡ | ਜੰਮੂ | ਜੰਮੂ | ੫੦੯ |

| | | | | | | | |
|---|---|---|---|---|---|---|---|
| ੦੭ | ਚੇਤ | ਸ਼ | ਸੰ ੧ | ਲਾਲ ਚੰਦ ਦੇ ਗ੍ਰਹਿ | ਜੰਮੂ | ਜੰਮੂ | ੫੧੧ |
| ੦੭ | ਚੇਤ | ਸ਼ | ਸੰ ੧ | ਸ਼ਿਵ ਰਾਮ ਦੇ ਗ੍ਰਹਿ | ਜਿਉੜੀਆਂ | ਜੰਮੂ | ੫੧੨ |
| ੦੭ | ਚੇਤ | ਸ਼ | ਸੰ ੧ | ਝੰਡੂ ਰਾਮ ਦੇ ਗ੍ਰਹਿ | ਜਿਉੜੀਆਂ | ਜੰਮੂ | ੫੧੩ |
| ੦੭ | ਚੇਤ | ਸ਼ | ਸੰ ੧ | ਤੇਜ ਭਾਨ ਦੇ ਗ੍ਰਹਿ | ਸ਼ੇਖ਼ ਸਰ | ਜੰਮੂ | ੫੧੪ |
| ੦੮ | ਚੇਤ | ਸ਼ | ਸੰ ੧ | ਸਤਿਸੰਗ ਭਵਨ | ਜੰਮੂ | ਜੰਮੂ | ੫੨੦ |
| ੦੯ | ਚੇਤ | ਸ਼ | ਸੰ ੧ | ਰਾਮ ਚੰਦ, ਸ਼ਿਵ ਸਿੰਘ, ਗੂੜਾ ਰਾਮ | ਸ਼ੇਖ਼ਸਰ | ਜੰਮੂ | ੫੨੯ |
| ੧੦ | ਚੇਤ | ਸ਼ | ਸੰ ੧ | ਨੰਦੂ ਸ਼ਾਹ ਦੇ ਗ੍ਰਹਿ | ਸਰਦਾਰੀ | ਜੰਮੂ | ੫੩੫ |
| ੧੦ | ਚੇਤ | ਸ਼ | ਸੰ ੧ | ਬੇਲੂ ਰਾਮ ਦੇ ਘਰ | ਸਰਦਾਰੀ | ਜੰਮੂ | ੫੪੦ |
| ੧੦ | ਚੇਤ | ਸ਼ | ਸੰ ੧ | ਨਾਨਕ ਚੰਦ ਦੇ ਘਰ | ਸਰਦਾਰੀ (ਛੰਬ) | ਜੰਮੂ | ੫੪੧ |
| ੧੦ | ਚੇਤ | ਸ਼ | ਸੰ ੧ | ਰਵੇਲਾ ਰਾਮ ਦੇ ਗ੍ਰਹਿ | ਸਰਦਾਰੀ | ਜੰਮੂ | ੫੪੩ |
| ੧੦ | ਚੇਤ | ਸ਼ | ਸੰ ੧ | ਕ੍ਰਿਸ਼ਨ ਲਾਲ ਦੇ ਘਰ | ਸਰਦਾਰੀ (ਛੰਬ) | ਜੰਮੂ | ੫੪੬ |
| ੧੦ | ਚੇਤ | ਸ਼ | ਸੰ ੧ | ਫਰੰਗੀ ਰਾਮ ਦੇ ਘਰ | ਤੂਤਾਂ ਵਾਲੀ | ਜੰਮੂ | ੫੪੭ |
| ੧੦ | ਚੇਤ | ਸ਼ | ਸੰ ੧ | ਪਿਪਲ ਦੇ ਹੇਠਾਂ | ਧਿੰਗਾਲੀ | ਜੰਮੂ | ੫੪੮ |
| ੧੦ | ਚੇਤ | ਸ਼ | ਸੰ ੧ | ਲਛਮਣ ਸਿੰਘ ਘਰ | ਧਿੰਗਾਲੀ | ਜੰਮੂ | ੫੪੯ |
| ੧੧ | ਚੇਤ | ਸ਼ | ਸੰ ੧ | ਜਗਤ ਸਿੰਘ ਦੇ ਘਰ | ਧਿੰਗਾਲੀ | ਜੰਮੂ | ੫੫੨ |
| ੧੧ | ਚੇਤ | ਸ਼ | ਸੰ ੧ | ਕੁਲਵੰਤ ਸਿੰਘ ਦੇ ਘਰ | ਧਿੰਗਾਲੀ | ਜੰਮੂ | ੫੫੩ |
| ੧੧ | ਚੇਤ | ਸ਼ | ਸੰ ੧ | ਸੋਭਾ ਸਿੰਘ, ਜੀਵਣ ਸਿੰਘ ਦੇ ਘਰ | ਮੋਇਲ | ਜੰਮੂ | ੫੫੩ |
| ੧੧ | ਚੇਤ | ਸ਼ | ਸੰ ੧ | ਪ੍ਰੇਮੋ ਦੇਵੀ ਦੇ ਘਰ | ਧਿੰਗਾਲੀ | ਜੰਮੂ | ੫੫੬ |
| ੧੧ | ਚੇਤ | ਸ਼ | ਸੰ ੧ | ਮਾਈ ਗੁਰੀ ਦੇ ਘਰ | ਧਿੰਗਾਲੀ | ਜੰਮੂ | ੫੫੭ |
| ੧੧ | ਚੇਤ | ਸ਼ | ਸੰ ੧ | ਹੰਸ ਰਾਜ ਦੇ ਗ੍ਰਹਿ | ਧਿੰਗਾਲੀ | ਜੰਮੂ | ੫੫੮ |
| ੧੧ | ਚੇਤ | ਸ਼ | ਸੰ ੧ | ਸ਼ਿਵੋ ਦੇਵੀ ਦੇ ਗ੍ਰਹਿ | ਧਿੰਗਾਲੀ | ਜੰਮੂ | ੫੫੯ |
| ੧੧ | ਚੇਤ | ਸ਼ | ਸੰ ੧ | ਦੇਵਾ ਸਿੰਘ ਦੇ ਘਰ | ਧਿੰਗਾਲੀ | ਜੰਮੂ | ੫੬੦ |


8
੧੮

| | | | |
|---|---|---|---|
| ੧੧ ਚੇਤ ਸ਼ ਸੰ ੧ ਦੇਵਾ ਸਿੰਘ ਦੇ ਘਰ | ਪਿੰਗਾਲੀ | ਜੰਮੂ | ੫੬੧ |
| ੧੨ ਚੇਤ ਸ਼ ਸੰ ੧ ਬੇਲਾ ਸਿੰਘ ਦੇ ਘਰ | ਪਿੰਗਾਲੀ | ਜੰਮੂ | ੫੬੬ |
| ੧੨ ਚੇਤ ਸ਼ ਸੰ ੧ ਬੁਢਿਆਂ ਦੇ ਸ਼ਬਦ ਪੜ੍ਹਨ ਤੇ | ਪਿੰਗਾਲੀ | ਜੰਮੂ | ੫੬੮ |
| ੧੨ ਚੇਤ ਸ਼ ਸੰ ੧ ਜਗਤ ਸਿੰਘ ਦੇ ਘਰ | ਪਿੰਗਾਲੀ | ਜੰਮੂ | ੫੬੯ |
| ੧੨ ਚੇਤ ਸ਼ ਸੰ ੧ ਪੂਰਨ ਸਿੰਘ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੦ |
| ੧੨ ਚੇਤ ਸ਼ ਸੰ ੧ ਖੇਮਾ ਦੇਵੀ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੦ |
| ੧੨ ਚੇਤ ਸ਼ ਸੰ ੧ ਧਰਮ ਕੌਰ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੧ |
| ੧੨ ਚੇਤ ਸ਼ ਸੰ ੧ ਕਿਸ਼ਨ ਸਿੰਘ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੨ |
| ੧੨ ਚੇਤ ਸ਼ ਸੰ ੧ ਚੂੜਾ ਰਾਮ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੩ |
| ੧੨ ਚੇਤ ਸ਼ ਸੰ ੧ ਇੰਦਰ ਰਾਮ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੩ |
| ੧੨ ਚੇਤ ਸ਼ ਸੰ ੧ ਹੰਸ ਰਾਜ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੫ |
| ੧੨ ਚੇਤ ਸ਼ ਸੰ ੧ ਕਰਮ ਸਿੰਘ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੬ |
| ੧੨ ਚੇਤ ਸ਼ ਸੰ ੧ ਕਰਤਾਰ ਚੰਦ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੬ |
| ੧੨ ਚੇਤ ਸ਼ ਸੰ ੧ ਵਕੀਲ ਸਿੰਘ ਦੇ ਗ੍ਰਹਿ | ਪਿੰਗਾਲੀ | ਜੰਮੂ | ੫੭੮ |
| ੧੩ ਚੇਤ ਸ਼ ਸੰ ੧ ਪਿੰਗਾਲੀ ਤੋਂ ਚਲ ਕੇ | ਪਰਭਾਸ ਵਿਚ | ਜੰਮੂ | ੫੮੫ |
| ੧੩ ਚੇਤ ਸ਼ ਸੰ ੧ ਸਾਚਾ ਸਤਿਸੰਗ ਉਪਦੇਸ਼ | ਝੰਡੇ | ਜੰਮੂ | ੫੮੭ |
| ੧੩ ਚੇਤ ਸ਼ ਸੰ ੧ ਫਰੰਗੀ ਰਾਮ ਦੇ ਗ੍ਰਹਿ | ਝੰਡੇ | ਜੰਮੂ | ੫੯੨ |
| ੧੩ ਚੇਤ ਸ਼ ਸੰ ੧ ਸਾਈਂ ਦਾਸ ਦੇ ਗ੍ਰਹਿ | ਝੰਡੇ | ਜੰਮੂ | ੫੯੪ |
| ੧੩ ਚੇਤ ਸ਼ ਸੰ ੧ ਪ੍ਰੇਮੀ ਦੇਵੀ ਦੇ ਗ੍ਰਹਿ | ਝੰਡੇ | ਜੰਮੂ | ੫੯੬ |
| ੧੩ ਚੇਤ ਸ਼ ਸੰ ੧ ਰਸਾਲ ਸਿੰਘ ਦੇ ਗ੍ਰਹਿ | ਮਨਾਵਰ | ਜੰਮੂ | ੫੯੭ |
| ੧੩ ਚੇਤ ਸ਼ ਸੰ ੧ ਭਾਗ ਸਿੰਘ ਦੇ ਗ੍ਰਹਿ | ਮਲਕ ਕੈਂਪ | ਜੰਮੂ | ੫੯੮ |
| ੧੪ ਚੇਤ ਸ਼ ਸੰ ੧ ਬੀਬੀ ਰਾਮ ਕੌਰ ਦੇ ਗ੍ਰਹਿ | ਛੰਬ | ਜੰਮੂ | ੬੦੦ |

| | | | | | |
|---|---|---|---|---|---|
| ੧੪ ਚੇਤ ਸ਼ ਸੰ ੧ | ਸ਼ਾਹਣੀ ਦੇ ਗ੍ਰਹਿ | | ਛੰਬ | ਜੰਮੂ | ੬੦੧ |
| ੧੫ ਚੇਤ ਸ਼ ਸੰ ੧ | ਗੁਰਨਾਮ ਸਿੰਘ ਦੇ ਗ੍ਰਹਿ | | ਸੀੜ | ਜੰਮੂ | ੬੦੨ |
| ੧੬ ਚੇਤ ਸ਼ ਸੰ ੧ | | ਨਵਾਂ ਸ਼ਹਿਰ | ਪੀ ਏ ਪੀ ਕੈਂਪ | ਜੰਮੂ | ੬੦੩ |
| ੧੬ ਚੇਤ ਸ਼ ਸੰ ੧ | ਪ੍ਰੀਤਮ ਸਿੰਘ ਦੇ ਗ੍ਰਹਿ | | ਕਲੋਏ | ਜੰਮੂ | ੬੦੭ |
| ੧੬ ਚੇਤ ਸ਼ ਸੰ ੧ | ਰਜਿੰਦਰ ਸਿੰਘ ਦੇ ਘਰ | | ਸੀੜ | ਜੰਮੂ | ੬੦੭ |
| ੧੬ ਚੇਤ ਸ਼ ਸੰ ੧ | ਬੀਬੀ ਪਾਰੋ ਦੇਵੀ ਦੇ ਘਰ | | ਸੀੜ | ਜੰਮੂ | ੬੦੯ |
| ੧੭ ਚੇਤ ਸ਼ ਸੰ ੧ | ਮਾਇਆ ਦੇਵੀ ਦੇ ਗ੍ਰਹਿ | | ਮਘੋਵਾਲੀ | ਜੰਮੂ | ੬੧੦ |
| ੧੮ ਚੇਤ ਸ਼ ਸੰ ੧ | ਵਕੀਲ ਸਿੰਘ ਦੇ ਗ੍ਰਹਿ | | ਹੰਸਾ | ਜੰਮੂ | ੬੧੭ |
| ੧੮ ਚੇਤ ਸ਼ ਸੰ ੧ | ਪਰਕਾਸ਼ ਚੰਦ ਦੇ ਗ੍ਰਹਿ | | ਮਘੋਵਾਲੀ | ਜੰਮੂ | ੬੨੧ |
| ੧੯ ਚੇਤ ਸ਼ ਸੰ ੧ | ਅੰਗਰੇਜ ਸਿੰਘ ਦੇ ਗ੍ਰਹਿ | | ਮਘੋਵਾਲੀ | ਜੰਮੂ | ੬੨੬ |
| ੧੯ ਚੇਤ ਸ਼ ਸੰ ੧ | ਚੇਲਾ ਸਿੰਘ ਦੇ ਗ੍ਰਹਿ | | ਵਜਾਰਤ ਰੋਡ | ਜੰਮੂ | ੬੨੮ |
| ੨੦ ਚੇਤ ਸ਼ ਸੰ ੧ | ਰਾਮ ਸਿੰਘ ਦੇ ਗ੍ਰਹਿ | | ਗਾਲੜੀਆ | ਹੁਸ਼ਿਆਰ ਪੁਰ | ੬੨੯ |
| ੨੧ ਚੇਤ ਸ਼ ਸੰ ੧ | ਕਰਤਾਰ ਸਿੰਘ ਦੇ ਗ੍ਰਹਿ | | ਪੰਜਢੇਰਾ | ਹੁਸ਼ਿਆਰ ਪੁਰ | ੬੩੬ |
| ੨੧ ਚੇਤ ਸ਼ ਸੰ ੧ | ਲਾਲ ਸਿੰਘ ਦੇ ਗ੍ਰਹਿ | | ਪੰਜ ਢੇਰਾ | ਹੁਸ਼ਿਆਰ ਪੁਰ | ੬੪੧ |
| ੨੧ ਚੇਤ ਸ਼ ਸੰ ੧ | ਹਜ਼ਾਰਾ ਸਿੰਘ ਦੇ ਗ੍ਰਹਿ | | ਪੰਜ ਢੇਰਾ | ਹੁਸ਼ਿਆਰ ਪੁਰ | ੬੪੨ |
| ੨੧ ਚੇਤ ਸ਼ ਸੰ ੧ | ਦਿਆਲ ਸਿੰਘ ਦੇ ਗ੍ਰਹਿ | | ਡਡਵਾਂ | ਹੁਸ਼ਿਆਰ ਪੁਰ | ੬੪੩ |
| ੨੨ ਚੇਤ ਸ਼ ਸੰ ੧ | ਅਮਰੀਕ ਸਿੰਘ ਦੇ ਗ੍ਰਹਿ | | ਸਰਾਈਂ | ਹੁਸ਼ਿਆਰ ਪੁਰ | ੬੫੦ |
| ੨੩ ਚੇਤ ਸ਼ ਸੰ ੧ | ਪਿਆਰਾ ਸਿੰਘ ਦੇ ਗ੍ਰਹਿ | | ਸਰਾਂਈ | ਹੁਸ਼ਿਆਰ ਪੁਰ | ੬੫੭ |
| ੨੩ ਚੇਤ ਸ਼ ਸੰ ੧ | ਅਰਜਨ ਸਿੰਘ ਦੇ ਗ੍ਰਹਿ | | ਸਲੀਮ ਪੁਰ | ਹੁਸ਼ਿਆਰ ਪੁਰ | ੬੫੮ |
| ੨੩ ਚੇਤ ਸ਼ ਸੰ ੧ | ਖ਼ੁਸ਼ਹਾਲ ਸਿੰਘ ਦੇ ਗ੍ਰਹਿ | | ਜਲਾਲ ਪੁਰ | ਹੁਸ਼ਿਆਰ ਪੁਰ | ੬੫੯ |
| ੨੪ ਚੇਤ ਸ਼ ਸੰ ੧ | ਹੁਕਮ ਸਿੰਘ ਦੇ ਗ੍ਰਹਿ | | ਫੈਜਪੁਰਾ | ਗੁਰਦਾਸਪੁਰ | ੬੬੧ |
| ੨੪ ਚੇਤ ਸ਼ ਸੰ ੧ | ਅਜੀਤ ਸਿੰਘ ਦੇ ਗ੍ਰਹਿ | | ਬਟਾਲਾ | ਗੁਰਦਾਸਪੁਰ | ੬੬੨ |


10
੧੮

| | | | | |
|---|---|---|---|---|
| ੨੪ ਚੇਤ ਸ਼ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੬੩ |
| ਪਹਿਲੀ ਵਿਸਾਖ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੭੧ |
| ੦੨ ਵਿਸਾਖ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੭੫ |
| ੦੨ ਵਿਸਾਖ ਸ਼ ਸੰ ੧ | ਬਲਵੰਤ ਕੌਰ ਦੇ ਗ੍ਰਹਿ | ਆਤਮਾ ਸਿੰਘ ਦਾ ਕੋਟ | ਅੰਮ੍ਰਿਤਸਰ | ੬੭੮ |
| ੦੩ ਵਿਸਾਖ ਸ਼ ਸੰ ੧ | ਹਰਭਜਨ ਸਿੰਘ ਦੇ ਗ੍ਰਹਿ ਕਿਤੇ ਗਲੀ ਨੰ੦ ਚਾਰ, | | ਅੰਮ੍ਰਿਤਸਰ | ੬੮੬ |
| ੦੩ ਵਿਸਾਖ ਸ਼ ਸੰ ੧ | ਸਰਬ ਹਿੰਦ ਵੇਦਾਂਤ ਸਮੇਲਨ | ਜੰਮੂ ਸ਼ਹਿਰ | ਜੰਮੂ | ੬੮੮ |
| ੦੪ ਵਿਸਾਖ ਸ਼ ਸੰ ੧ | ਜੈਨ ਮੰਦਰ | ਜੰਮੂ ਸ਼ਹਿਰ | ਜੰਮੂ | ੬੮੯ |
| ੦੪ ਵਿਸਾਖ ਸ਼ ਸੰ ੧ | ਸਵਾਮੀ ਸਰਬ ਅਨੰਦ ਜੀ ਮਾਰਫ਼ਤ ਮੇਜਰ ਪਰਤਾਪ ਸਿੰਘ ਟੀ੦ ਜੀ੦ ਸੀ੦ ਐਸ੦ ਏ੦ ੬੮੨ | ਜੰਮੂ ਸ਼ਹਿਰ | ਜੰਮੂ | ੬੯੧ |
| ੦੫ ਵਿਸਾਖ ਸ਼ ਸੰ ੧ | ਅਖਲ ਵੇਦਾਂਤ ਸਮੇਲਨ | ਜੰਮੂ ਸ਼ਹਿਰ | ਜੰਮੂ | ੬੯੩ |
| ੦੫ ਵਿਸਾਖ ਸ਼ ਸੰ ੧ | ਸੰਤ ਹਰਿ ਮਿਲਾਪੀ ਨਾਲ ਬਚਨ | ਜੰਮੂ ਸ਼ਹਿਰ | ਜੰਮੂ | ੬੯੬ |
| ੦੫ ਵਿਸਾਖ ਸ਼ ਸੰ ੧ | ਜੈਨ ਭਵਨ ਬਿਮਲ ਮੁਨੀ ਦੇ ਨਾਲ ਬਚਨ | ਜੰਮੂ | ਜੰਮੂ | ੬੯੮ |
| ੦੫ ਵਿਸਾਖ ਸ਼ ਸੰ ੧ | ਆਰ ਐਲ ਸ਼ਰਮਾ ਦੇ ਘਰ ਬੈਰਨ ਦੇ ਨਾਲ ਬਚਨ ਕਰਨ ਨਗਰ | ਜੰਮੂ | ਜੰਮੂ | ੭੦੦ |
| ੦੬ ਵਿਸਾਖ ਸ਼ ਸੰ ੧ | ਜੈਨ ਭਵਨ ਰਮੇਸ਼ ਮੁਨਸ਼ੀ ਰਾਮ ਕਸਤੂਰੀ ਦਾਸ ਜੋਸ਼ੀ ਜੀ ਨਰਸੀ ਬਦਰੀ ਨਾਥ ਕੈਲਾਸ਼ ਗਿਰੀ, | | ਜੰਮੂ | ੭੦੨ |
| ੦੬ ਵਿਸਾਖ ਸ਼ ਸੰ ੧ | ਪੰਛੀ ਗਿਰੀ ਜੀ ਨਾਲ ਬਚਨ ਜੈਨ ਭਵਨ | ਜੰਮੂ | ਜੰਮੂ | ੭੦੫ |
| ੦੭ ਵਿਸਾਖ ਸ਼ ਸੰ ੧ | ਛੁਮਣ ਸਿੰਘ ਚੇਲਾ ਸਿੰਘ | ਜੰਮੂ | ਜੰਮੂ | ੭੦੮ |
| ੦੭ ਵਿਸਾਖ ਸ਼ ਸੰ ੧ | ਰਘੁਨਾਥ ਲਾਲ ਸ਼ਰਮਾ ਦੇ ਗ੍ਰਹਿ | ਜੰਮੂ | ਜੰਮੂ | ੭੧੩ |
| ੦੭ ਵਿਸਾਖ ਸ਼ ਸੰ ੧ | ਆਰ੦ ਐਲ੦ ਸ਼ਰਮਾ ਦੇ ਗ੍ਰਹਿ | ਕਰਨ ਨਗਰ | ਜੰਮੂ | ੭੧੬ |
| ੦੭ ਵਿਸਾਖ ਸ਼ ਸੰ ੧ | ਲੈਫਟੀਨੈਂਟ ਭਗਤ ਸਿੰਘ ਦੇ ਗ੍ਰਹਿ | ਕੀਰ | ਜੰਮੂ | ੭੨੧ |
| ੦੮ ਵਿਸਾਖ ਸ਼ ਸੰ ੧ | ਸਰਦੂਲ ਸਿੰਘ ਦੇ ਗ੍ਰਹਿ | ਪਠਾਨਕੋਟ ਛਾਉਣੀ | ਪਠਾਨਕੋਟ | ੭੨੩ |

11
੧੮

| | | | | |
|---|---|---|---|---|
| ੦੯ ਵਿਸਾਖ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੨੪ |
| ੦੯ ਵਿਸਾਖ ਸ਼ ਸੰ ੧ | ਅਜੀਤ ਸਿੰਘ ਬਟਾਲੇ ਵਾਲੇ ਦੀ ਮਾਂ ਦੇ ਨਵਿਤ | | | ੭੨੭ |
| ੧੦ ਵਿਸਾਖ ਸ਼ ਸੰ ੧ | ਬੈਰਨ ਵਨ ਬਿਲੰਬਰਿੰਗ ਨੂੰ ਚੋਲਾ ਭੇਟ ਕਰਨ ਦੇ ਸਮੇਂ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੨੭ |
| ੧੦ ਵਿਸਾਖ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੨੮ |
| ੧੧ ਵਿਸਾਖ ਸ਼ ਸੰ ੧ | ਗਿਆਨੀ ਗੁਰਮੁਖ ਸਿੰਘ ਜੀ ਦੀ ਸਪੁੱਤਰੀ ਦੀ ਕੁੜਮਾਈ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੭੩੦ |
| ੨੦ ਵਿਸਾਖ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੩੦ |
| ੨੪ ਵਿਸਾਖ ਸ਼ ਸੰ ੧ | ਮਹਿੰਦਰ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੭੩੧ |
| ੨੪ ਵਿਸਾਖ ਸ਼ ਸੰ ੧ | ਹਰਭਜਨ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੭੩੪ |
| ੨੪ ਵਿਸਾਖ ਸ਼ ਸੰ ੧ | ਪਾਲ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੭੩੫ |
| ੩੧ ਵਿਸਾਖ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੩੭ |
| ਪਹਿਲੀ ਜੇਠ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੩੮ |
| ੦੨ ਜੇਠ ਸ਼ ਸੰ ੧ | ਹਜ਼ਾਰਾ ਸਿੰਘ ਦੇ ਗ੍ਰਹਿ | ਛੀਨੇ ਜਸਤਰਵਾਲ | ਅੰਮ੍ਰਿਤਸਰ | ੭੪੮ |
| ੦੩ ਜੇਠ ਸ਼ ਸੰ ੧ | ਛੀਨੇ ਤੋਂ ਮਾਨਾਂਵਾਲੇ ਔਂਦੇ ਸਮੇਂ | ਭਾਗ ਸਿੰਘ ਦੇ ਨਵਿਤ | ਅੰਮ੍ਰਿਤਸਰ | ੭੫੩ |
| ੦੩ ਜੇਠ ਸ਼ ਸੰ ੧ | ਨਾਜਰ ਸਿੰਘ ਦੇ ਗ੍ਰਹਿ | ਮਾਨਾਂ ਆਲਾ | ਅੰਮ੍ਰਿਤਸਰ | ੭੫੫ |
| ੦੩ ਜੇਠ ਸ਼ ਸੰ ੧ | ਚਰਨ ਸਿੰਘ ਦੇ ਘਰ | ਮਾਨਾਂ ਆਲਾ | ਅੰਮ੍ਰਿਤਸਰ | ੭੫੯ |
| ੦੩ ਜੇਠ ਸ਼ ਸੰ ੧ | ਸੁਰਿੰਦਰ ਸਿੰਘ ਦੇ ਘਰ | ਭੁਲਰ | ਅੰਮ੍ਰਿਤਸਰ | ੭੬੨ |
| ੦੪ ਜੇਠ ਸ਼ ਸੰ ੧ | ਅਰਜਨ ਸਿੰਘ ਦੇ ਗ੍ਰਹਿ | ਭੁਲਰ | ਅੰਮ੍ਰਿਤਸਰ | ੭੬੭ |
| ੦੪ ਜੇਠ ਸ਼ ਸੰ ੧ | ਮੰਗਲ ਸਿੰਘ ਦੇ ਘਰ | ਸਾਰੰਗੜਾ | ਅੰਮ੍ਰਿਤਸਰ | ੭੬੯ |
| ੦੪ ਜੇਠ ਸ਼ ਸੰ ੧ | ਹਜਾਰਾ ਸਿੰਘ ਦੇ ਗ੍ਰਹਿ | ਕਾਉਂਕੇ | ਅੰਮ੍ਰਿਤਸਰ | ੭੭੩ |
| ੦੫ ਜੇਠ ਸ਼ ਸੰ ੧ | ਅਵਤਾਰ ਸਿੰਘ ਦੇ ਗ੍ਰਹਿ | ਕਾਉਂਕੇ | ਅੰਮ੍ਰਿਤਸਰ | ੭੭੬ |

| | | | |
|---|---|---|---|
| ੦੫ ਜੇਠ ਸ਼ ਸੰ ੧ ਬੂਟਾ ਸਿੰਘ ਦੇ ਗ੍ਰਿਹਿ | ਕਾਉਂਕੇ | ਅੰਮ੍ਰਿਤਸਰ | ੭੭੯ |
| ੦੫ ਜੇਠ ਸ਼ ਸੰ ੧ ਮਹਿੰਦਰ ਸਿੰਘ ਦੇ ਗ੍ਰਿਹਿ | ਕਾਉਂਕੇ | ਅੰਮ੍ਰਿਤਸਰ | ੭੮੦ |
| ੦੫ ਜੇਠ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੮੨ |
| ੦੯ ਜੇਠ ਸ਼ ਸੰ ੧ ਜਸਵੰਤ ਸਿੰਘ ਦੇ ਗ੍ਰਿਹਿ | ਕਰਤਾਰ ਪੁਰ | ਜਲੰਧਰ | ੭੮੯ |
| ੧੦ ਜੇਠ ਸ਼ ਸੰ ੧ ਬੀਬੀ ਤੇਜ ਕੌਰ | ਰੁੜਕਾ | ਜਲੰਧਰ | ੭੯੭ |
| ੧੧ ਜੇਠ ਸ਼ ਸੰ ੧ ਦੁਆਬਾ ਸੰਗਤ ਦੇ ਨਵਿਤ | ਕਰਤਾਰ ਪੁਰ | ਜਲੰਧਰ | ੮੦੦ |
| ੧੧ ਜੇਠ ਸ਼ ਸੰ ੧ ਲਛਮਣ ਸਿੰਘ ਦੇ ਖੂਹ ਉਤੇ | ਰੁੜਕਾ ਕਲਾ | ਅੰਮ੍ਰਿਤਸਰ | ੮੦੩ |
| ੧੧ ਜੇਠ ਸ਼ ਸੰ ੧ ਨਛੱਤਰ ਸਿੰਘ ਦੇ ਗ੍ਰਿਹਿ | ਦੁਰਾਹਾ ਸੰਗਤ | ਲੁਧਿਆਣਾ | ੮੦੪ |
| ੧੨ ਜੇਠ ਸ਼ ਸੰ ੧ ਜਸਵੰਤ ਕੌਰ ਦੇ ਗ੍ਰਿਹਿ | ਦੁਰਾਹਾ ਮੰਡੀ | ਲੁਧਿਆਣਾ | ੮੧੪ |
| ੧੨ ਜੇਠ ਸ਼ ਸੰ ੧ ਗੁਰਨਾਮ ਕੌਰ ਦੇ ਗ੍ਰਿਹਿ | ਦੁਰਾਹਾ ਮੰਡੀ | ਲੁਧਿਆਣਾ | ੮੧੬ |
| ੧੨ ਜੇਠ ਸ਼ ਸੰ ੧ ਨਛੱਤਰ ਸਿੰਘ ਦੇ ਗ੍ਰਿਹਿ | ਦੁਰਾਹਾ ਮੰਡੀ | ਲੁਧਿਆਣਾ | ੮੧੮ |
| ੧੪ ਜੇਠ ਸ਼ ਸੰ ੧ ਹਰਬੰਸ ਸਿੰਘ ਦੇ ਗ੍ਰਿਹਿ | ਠੀਕਰੀ ਛੰਨਾ | ਕਰਨਾਲ | ੮੨੦ |
| ੧੫ ਜੇਠ ਸ਼ ਸੰ ੧ ਬਲਵੰਤ ਸਿੰਘ ਦੇ ਗ੍ਰਿਹਿ | ਸੇਵਕ ਕਲੋਨੀ | ਪਟਿਆਲਾ | ੮੨੪ |
| ੧੬ ਜੇਠ ਸ਼ ਸੰ ੧ ਸੰਤਾਂ ਦੇ ਨਾਲ | ਕਾਠਗੜ੍ਹ | ਪਟਿਆਲਾ | ੮੩੧ |
| ੧੬ ਜੇਠ ਸ਼ ਸੰ ੧ ਜਾਗੀਰ ਕੌਰ | ਕਾਠਗੜ੍ਹ | ਪਟਿਆਲਾ | ੮੩੧ |
| ੧੬ ਜੇਠ ਸ਼ ਸੰ ੧ ਤ੍ਰਿਲੋਕ ਸਿੰਘ ਦੇ ਗ੍ਰਿਹਿ | ਸਨਾਮ | ਪਟਿਆਲਾ | ੮੩੩ |
| ੧੭ ਜੇਠ ਸ਼ ਸੰ ੧ ਫਿਰੋਜ਼ਸ਼ਾਹ, | ਸੜਕ ਉਤੇ | ਫਿਰੋਜ਼ਪੁਰ | ੮੪੦ |
| ੧੭ ਜੇਠ ਸ਼ ਸੰ ੧ ਸੰਪੂਰਨ ਸਿੰਘ ਦੇ ਗ੍ਰਿਹਿ ਫਿਰੋਜਸ਼ਾਹ | ਮਾਲਵਾ ਸੰਗਤ | ਫਿਰੋਜਪੁਰ | ੮੪੨ |
| ੧੮ ਜੇਠ ਸ਼ ਸੰ ੧ ਸੁੰਦਰ ਸਿੰਘ ਦੇ ਗ੍ਰਿਹਿ ਫਿਰੋਜਸ਼ਾਹ (ਮਾਲਵਾ ਸੰਗਤ) ਫਿਰੋਜਪੁਰ | | | ੮੪੮ |
| ੧੯ ਜੇਠ ਸ਼ ਸੰ ੧ ਸੁੰਦਰ ਸਿੰਘ ਦੇ ਗ੍ਰਿਹਿ | ਫਿਰੋਜਸ਼ਾਹ, | ਫਿਰੋਜਪੁਰ | ੮੫੩ |
| ੧੯ ਜੇਠ ਸ਼ ਸੰ ੧ ਜਗਤਾਰ ਸਿੰਘ ਦੇ ਗ੍ਰਿਹਿ | ਫਿਰੋਜਸ਼ਾਹ | ਫਿਰੋਜਪੁਰ | ੮੫੬ |
| ੧੯ ਜੇਠ ਸ਼ ਸੰ ੧ ਰਾਮ ਸਿੰਘ ਦੇ ਗ੍ਰਿਹਿ | ਗਵਾਲ ਟੋਲੀ | ਫਿਰੋਜਪੁਰ | ੮੫੭ |

| | | | |
|---|---|---|---|
| ੨੦ ਜੇਠ ਸ਼ ਸੰ ੧ ਸੁਰਜਨ ਸਿੰਘ ਦੇ ਗ੍ਰਹਿ | | ਫਿਰੋਜਪੁਰ | ੮੬੨ |
| ੨੦ ਜੇਠ ਸ਼ ਸੰ ੧ ਗੁਰਚਰਨ ਕੌਰ ਦੇ ਘਰ | ਹੀਰਾ ਮੰਡੀ ਗੇਟ | ਫਿਰੋਜਪੁਰ | ੮੬੩ |
| ੨੦ ਜੇਠ ਸ਼ ਸੰ ੧ ਸੁਲੱਖਣ ਸਿੰਘ ਦੇ ਗ੍ਰਹਿ | ਮੂੰਗਲਾ | ਫਿਰੋਜਪੁਰ | ੮੬੪ |
| ੨੦ ਜੇਠ ਸ਼ ਸੰ ੧ ਕਿਰਪਾਲ ਸਿੰਘ ਦੇ ਗ੍ਰਹਿ | ਗੋਲੇਵਾਲਾ | ਫਿਰੋਜਪੁਰ | ੮੬੬ |
| ੨੦ ਜੇਠ ਸ਼ ਸੰ ੧ ਸੁਦਾਗਰ ਸਿੰਘ ਪੂਰਨ ਸਿੰਘ | ਨਾਬੇਵਾਲਾ | ਫਿਰੋਜਪੁਰ | ੮੬੭ |
| ੨੧ ਜੇਠ ਸ਼ ਸੰ ੧ ਬੂੜ ਸਿੰਘ ਦੇ ਗ੍ਰਹਿ | ਨਾਬੇਵਾਲਾ | ਫਿਰੋਜਪੁਰ | ੮੬੯ |
| ੨੧ ਜੇਠ ਸ਼ ਸੰ ੧ ਨਾਜ਼ਰ ਸਿੰਘ, ਭਾਗ ਸਿੰਘ, ਜਗੀਰ ਸਿੰਘ ਮਾੜੀ | | ਫਿਰੋਜਪੁਰ | ੮੭੧ |
| ੨੧ ਜੇਠ ਸ਼ ਸੰ ੧ ਸੰਤ ਗੁਰਮੇਲ ਸਿੰਘ ਦੇ ਨਾਲ ਬਚਨ ਅਤੇ ਪੁਛ ਗਿਛ | ਬਾਘਾ ਪੁਰਾਣਾ | ਫਿਰੋਜਪੁਰ | ੮੭੨ |
| ੨੧ ਜੇਠ ਸ਼ ਸੰ ੧ ਕਪੂਰ ਸਿੰਘ ਦੇ ਗ੍ਰਹਿ | ਮੋਗਾ | ਫਿਰੋਜਪੁਰ | ੮੭੫ |
| ੨੨ ਜੇਠ ਸ਼ ਸੰ ੧ ਜਰਨੈਲ ਸਿੰਘ ਦੇ ਗ੍ਰਹਿ | ਸ਼ਾਹ ਵਾਲਾ | ਫਿਰੋਜਪੁਰ | ੮੭੬ |
| ੨੩ ਜੇਠ ਸ਼ ਸੰ ੧ ਦਲੀਪ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੮੭੬ |
| ੨੪ ਜੇਠ ਸ਼ ਸੰ ੧ ਬਲਾਕਾ ਸਿੰਘ, ਪਿਆਰਾ ਸਿੰਘ | ਬਾਬੂਪੁਰ | ਗੁਰਦਾਸਪੁਰ | ੮੭੮ |
| ੨੫ ਜੇਠ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੭੮ |
| ੩੧ ਜੇਠ ਸ਼ ਸੰ ੧ ਹਰਭਜਨ ਸਿੰਘ ਗੁਰਦਿਆਲ ਸਿੰਘ | ਮਹਿਣੀਆਂ | ਅੰਮ੍ਰਿਤਸਰ | ੮੭੯ |
| ਪਹਿਲੀ ਹਾੜ ਸ਼ ਸੰ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੮੨ |
| ੦੨ ਹਾੜ ਸ਼ ਸੰ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੯੫ |
| ੦੩ ਹਾੜ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੯੮ |
| ੧੪ ਹਾੜ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੦੩ |
| ੧੬ ਹਾੜ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੦੫ |
| ੧੭ ਹਾੜ ਸ਼ ਸੰ ੧ ਲੰਗਰ ਅਸਥਾਨ | ਜੇਠੂਵਾਲ | ਅੰਮ੍ਰਿਤਸਰ | ੯੦੯ |
| ੧੭ ਹਾੜ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੧੧ |

| | | | | |
|---|---|---|---|---|
| ੧੮ ਹਾੜ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੨੭ |
| ੧੮ ਹਾੜ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੩੦ |
| ੧੯ ਹਾੜ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੩੪ |
| ੧੯ ਹਾੜ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੭੬ |
| ੨੦ ਹਾੜ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੫੭ |
| ੨੮ ਹਾੜ ਸ਼ ਸੰ ੧ | ਊਧਮ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੯੫੯ |
| ੨੯ ਹਾੜ ਸ਼ ਸੰ ੧ | ਚੇਲਾ ਸਿੰਘ ਦੇ ਗ੍ਰਿਹਿ | ਵਜ਼ਾਰਤ ਰੋਡ | ਜੰਮੂ | ੯੬੩ |
| ੩੦ ਹਾੜ ਸ਼ ਸੰ ੧ | ਸਤਿਸੰਗ ਭਵਨ | ਰਾਣੀ ਤਾਲਾਬ | ਜੰਮੂ | ੯੬੭ |
| ੩੦ ਹਾੜ ਸ਼ ਸੰ ੧ | ਆਰ0 ਐਲ0 ਸ਼ਰਮਾ ਦੇ ਗ੍ਰਿਹਿ | ਕਰਨ ਨਗਰ | ਜੰਮੂ | ੯੭੧ |
| ੩੦ ਹਾੜ ਸ਼ ਸੰ ੧ | ਵਿਦਿਆ ਨੰਦ ਸੂਦਨ ਪਦਮਨੀ ਦੇਵੀ ਦੇ ਗ੍ਰਿਹਿ | ਕਰਨ ਨਗਰ | | ੯੭੬ |
| ੩੦ ਹਾੜ ਸ਼ ਸੰ ੧ | ਚੇਲਾ ਸਿੰਘ ਦੇ ਗ੍ਰਿਹਿ | ਵਜ਼ਾਰਤ ਰੋਡ ਜੰਮੂ | ਜੰਮੂ | ੯੭੮ |
| ੩੧ ਹਾੜ ਸ਼ ਸੰ ੧ | ਗੁਰਮੋਹਣ ਸਿੰਘ ਦੇ ਗ੍ਰਿਹਿ | ਪਠਾਨਕੋਟ | ਗੁਰਦਾਸਪੁਰ | ੯੮੨ |
| ੩੧ ਹਾੜ ਸ਼ ਸੰ ੧ | ਸਰਦੂਲ ਸਿੰਘ ਦੇ ਗ੍ਰਿਹਿ | ਪਠਾਨਕੋਟ | ਗੁਰਦਾਸਪੁਰ | ੯੮੭ |
| ੩੧ ਹਾੜ ਸ਼ ਸੰ ੧ | ਕਰਮ ਸਿੰਘ ਦੇ ਗ੍ਰਿਹਿ | ਨਯਾਸ਼ਾਲਾ | ਗੁਰਦਾਸਪੁਰ | ੯੮੯ |
| ੩੨ ਹਾੜ ਸ਼ ਸੰ ੧ | ਮਹਿੰਦਰ ਸਿੰਘ, ਦਰਸ਼ਨ ਸਿੰਘ | ਨਯਾਸ਼ਾਲਾ | ਗੁਰਦਾਸਪੁਰ | ੯੯੨ |
| ੩੨ ਹਾੜ ਸ਼ ਸੰ ੧ | ਨੁਸ਼ਹਿਰਾ ਮਜਾ ਸਿੰਘ, ਸੰਤ ਹਰਨਾਮ ਸਿੰਘ ਦੇ ਡੇਰੇ | | ਗੁਰਦਾਸਪੁਰ | ੯੯੪ |
| ੩੨ ਹਾੜ ਸ਼ ਸੰ ੧ | ਅਜੀਤ ਸਿੰਘ ਦੇ ਘਰ ਤੋਤੀ ਵਾਲਾ ਖੂਹ | ਬਟਾਲਾ | ਗੁਰਦਾਸਪੁਰ | ੯੯੫ |
| ਪਹਿਲੀ ਸਾਵਣ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੯੬ |
| ੨੪ ਸਾਵਣ ਸ਼ ਸੰ ੧ | ਲਾਲ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੧੦੦੫ |
| ੦੧ ਭਾਦਰੋਂ ਸ਼ ਸੰ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੦੬ |
| ੦੩ ਭਾਦਰੋਂ ਸ਼ ਸੰ ੧ | ਬਖਸ਼ੀਸ਼ ਸਿੰਘ | ਕਾਦਰਾਬਾਦ | ਅੰਮ੍ਰਿਤਸਰ | ੧੦੧੮ |
| ੦੪ ਭਾਦਰੋਂ ਸ਼ ਸੰ ੧ | ਪਿਆਰਾ ਸਿੰਘ ਦੇ ਗ੍ਰਿਹਿ | ਸੈਦਪੁਰ | ਅੰਮ੍ਰਿਤਸਰ | ੧੦੨੪ |

15 ੧੮

16
੧੮

| | | | |
|---|---|---|---|
| ੦੫ ਭਾਦਰੋਂ ਸ਼ ਸੰ ੧ ਕੇਸਰ ਸਿੰਘ ਦੇ ਗ੍ਰਹਿ | ਮੈਸਮ ਪੁਰਾ ਖ਼ੁਰਦ | ਅੰਮ੍ਰਿਤਸਰ | ੧੦੩੨ |
| ੦੫ ਭਾਦਰੋਂ ਸ਼ ਸੰ ੧ ਭਗਵਾਨ ਸਿੰਘ ਦੇ ਗ੍ਰਹਿ | ਸੈਦਪੁਰ | ਅੰਮ੍ਰਿਤਸਰ | ੧੦੩੩ |
| ੦੫ ਭਾਦਰੋਂ ਸ਼ ਸੰ ੧ ਡੇਰ੍ਹੀ ਵਾਲਾ ਤਾਰਾ ਸਿੰਘ ਦੇ ਨਵਿਤ | | ਅੰਮ੍ਰਿਤਸਰ | |
| (ਧਰਮਸਾਲਾ ਵਿਚ ਸੰਤ ਲਛਮਣ ਸਿੰਘ ਅੰਦਰੋਂ ਬਾਹਰ ਨਹੀਂ ਨਿਕਲਿਆ) | | | ੧੦੩੮ |
| ੦੫ ਭਾਦਰੋਂ ਸ਼ ਸੰ ੧ ਡੇਰ੍ਹੀ ਵਾਲਾ ਬੋਹੜ ਦੇ ਥੱਲੇ | | ਅੰਮ੍ਰਿਤਸਰ | ੧੦੩੯ |
| ੧੭ ਭਾਦਰੋਂ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੪੨ |
| ੧੮ ਭਾਦਰੋਂ ਸ਼ ਸੰ ੧ ਵੇਦਾਂਤ ਸਮੇਲਨ | ਕਪੂਰਥਲਾ | ਕਪੂਰਥਲਾ | ੧੦੪੪ |
| ੧੯ ਭਾਦਰੋਂ ਸ਼ ਸੰ ੧ ਸਾਧਾਂ ਨਾਲ ਬਚਨ | ਕਪੂਰਥਲਾ | ਕਪੂਰਥਲਾ | ੧੦੪੫ |
| ੧੯ ਭਾਦਰੋਂ ਸ਼ ਸੰ ੧ ਸਵਾਮੀ ਪਰਮਾ ਨੰਦ ਕਾਹਨਪੁਰੀ ਨਾਲ ਬਚਨ | | ਕਪੂਰਥਲਾ | ੧੦੪੯ |
| ੨੦ ਭਾਦਰੋਂ ਸ਼ ਸੰ ੧ ਅਵਤਾਰ ਸਿੰਘ ਦੇ ਗ੍ਰਹਿ | ਸ਼ੇਖ਼ਪੁਰਾ | ਕਪੂਰਥਲਾ | ੧੦੫੧ |
| ੨੦ ਭਾਦਰੋਂ ਸ਼ ਸੰ ੧ ਜਾਗੀਰ ਸਿੰਘ ਦੇ ਗ੍ਰਹਿ | ਟਿਬਾਬਸਤੀ ਸ਼ਿਕਾਰਪੁਰ | ਕਪੂਰਥਲਾ | ੧੦੫੪ |
| ੨੧ ਭਾਦਰੋਂ ਸ਼ ਸੰ ੧ ਸਰੂਪ ਸਿੰਘ ਦੇ ਘਰ | ਮੰਗੂਪੁਰ | ਕਪੂਰਥਲਾ | ੧੦੬੧ |
| ੨੬ ਭਾਦਰੋਂ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੬੧ |
| ੨੭ ਭਾਦਰੋਂ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੬੪ |
| ੨੮ ਭਾਦਰੋਂ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੭੨ |
| ਪਹਿਲੀ ਅੱਸੂ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੭੬ |
| ੩, ੪ ਅੱਸੂ ਦੀ ਰਾਤ ਸਾਢੇ ਬਾਰਾਂ ਵੱਜੇ ਸ਼ ਸੰ ੧ ਹਰਿਭਗਤ ਦਵਾਰ ਜੇਠੂਵਾਲ | | ਅੰਮ੍ਰਿਤਸਰ | ੧੦੮੦ |
| ੦੪ ਅੱਸੂ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੯੨ |
| ੧੫ ਅੱਸੂ ਸ਼ ਸੰ ੧ ਸਿੰਘਾਸਣ ਉਪਰ | ਦਿੱਲੀ | ਦਿੱਲੀ | ੧੦੯੫ |
| ੧੬ ਅੱਸੂ ਸ਼ ਸੰ ੧ ਅਵਤਾਰ ਸਿੰਘ ਨਾਲ | ਨਿਰੰਕਾਰੀ ਕਾਲੋਨੀ | ਦਿੱਲੀ | ੧੧੦੦ |
| ੧੭ ਅੱਸੂ ਸ਼ ਸੰ ੧ ਬਿਸ਼ਨ ਸਿੰਘ ਦੇ ਗ੍ਰਹਿ | ਗੁੜਗਾਉਂ | ਗੁੜਗਾਉਂ | ੧੧੦੩ |
| ੨੧ ਅੱਸੂ ਸ਼ ਸੰ ੧ ਚੇਲਾ ਸਿੰਘ ਦੇ ਗ੍ਰਹਿ | ਵਜਾਰਤ ਰੋਡ ਜੰਮੂ | | ੧੧੦੬ |

17 ੧੮

| | | | |
|---|---|---|---|
| ੨੨ ਅੱਸੂ ਸ਼ ਸੰ ੧ ਮੁਣਸ਼ਾ ਸਿੰਘ ਦੇ ਗ੍ਰਿਹਿ | ਓਗਰਾ | ਗੁਰਦਾਸਪੁਰ | ੧੧੦੯ |
| ੨੨ ਅਸੂ ਸ਼ ਸੰ ੧ ਹਰਿਸੰਗਤ | ਬਾਬੂਪੁਰ | ਗੁਰਦਾਸਪੁਰ | ੧੧੧੧ |
| ੨੩ ਅੱਸੂ ਸ਼ ਸੰ ੧ ਪਿਆਰਾ ਸਿੰਘ ਦੇ ਘਰ | ਬਾਬੂਪੁਰ | ਗੁਰਦਾਸਪੁਰ | ੧੧੧੩ |
| ੨੩ ਅੱਸੂ ਸ਼ ਸੰ ੧ ਬਲਵੰਤ ਕੌਰ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੧੫ |
| ੨੩ ਅੱਸੂ ਸ਼ ਸੰ ੧ ਦੀਦਾਰ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੧੬ |
| ੨੩ ਅੱਸੂ ਸ਼ ਸੰ ੧ ਮੁਨਸ਼ਾ ਸਿੰਘ, ਮੇਲਾ ਸਿੰਘ | ਬਾਬੂਪੁਰ | ਗੁਰਦਾਸਪੁਰ | ੧੧੧੭ |
| ੨੩ ਅੱਸੂ ਸ਼ ਸੰ ੧ ਦਲੀਪ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੧੮ |
| ੨੩ ਅੱਸੂ ਸ਼ ਸੰ ੧ ਬੀਬੀ ਨੰਤੀ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੨੦ |
| ੨੩ ਅੱਸੂ ਸ਼ ਸੰ ੧ ਦਲੀਪ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੧੨੧ |
| ੨੪ ਅੱਸੂ ਸ਼ ਸੰ ੧ ਕਿਸ਼ਨ ਸਿੰਘ ਦੇ ਗ੍ਰਿਹਿ | ਅਲੜਪਿੰਡੀ | ਗੁਰਦਾਸਪੁਰ | ੧੧੨੧ |
| ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੧ (ਬਿਕ੍ਰਮੀ ੨੦੨੨) (ਈਸਵੀ ੧੯੬੫) (ਸੰਨ ਹਿਜਰੀ ੧੩੮੫) | ਘਵਿੰਡ (ਭਾਵ ਘਨਕਪੁਰੀ) | | ੧੧੨੨ |
| ਘਵਿੰਡ ਦੇ ਬੁੱਢੇ ਮੁਸਲਮਾਨ ਸੁਲਖਣ ਦੇ ਨਾਲ ਤੇ ਉਹ ਦੀ ਭੈਣ ਦੇ ਨਵਿਤ | | | ੧੧੨੩ |
| ਪਹਿਲੀ ਕੱਤਕ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੨੪ |
| ੨ ਕੱਤਕ ਸ਼ ਸੰ ੧ ਠਾਕਰ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੧੧੨੯ |
| ੫ ਕੱਤਕ ਸ਼ ਸੰ ੧ ਦਿੱਲੀ ਦਰਬਾਰ ਦੀ ਨੀਂਹ ਰਖਣ ਸਮੇਂ | ਧੀਰਪੁਰ | ਦਿੱਲੀ | ੧੧੩੧ |
| ੧੦ ਕੱਤਕ ਸ਼ ਸੰ ੧ | ਧੀਰ ਪੁਰ | ਦਿੱਲੀ | ੧੧੩੫ |
| ੧੧ ਕੱਤਕ ਸ਼ ਸੰ ੧ ਸਪਤ ਰਿਸ਼ੀ ਆਸ਼ਰਮ, | ਹਰਿਦਵਾਰ | ਯੂ੦ ਪੀ੦ | ੧੧੩੭ |
| ੧੫ ਕੱਤਕ ਸ਼ ਸੰ ੧ ਦਿੱਲੀ ਹਰਿ ਭਗਤ ਦਵਾਰ ਬਣੌਣ ਦੇ ਸਮੇਂ, | ਧੀਰਪੁਰ | ਦਿੱਲੀ | ੧੧੪੧ |
| ਪਹਿਲੀ ਮੱਘਰ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੪੬ |
| ੨ ਮੱਘਰ ਸ਼ ਸੰ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੬੫ |

17 ੧੮



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ





## ✻ ਸੋਲਾਂ ਪੋਹ ੨੦੨੧ ਬਿਕ੍ਰਮੀ ਮੁਨਸ਼ਾ ਸਿੰਘ ਦੇ ਗ੍ਰਹਿ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✻

ਸੱਤ ਰੰਗ ਕਹਿਣ ਜਿਸ ਵੇਲੇ ਗੁਰ ਹਰਿਗੋਬਿੰਦ ਧਾਰ ਪਹਿਨੀ ਸੀ ਮੀਰੀ ਪੀਰੀ, ਤਨ ਖ਼ਾਕੀ ਦਿਤੀ ਵਡਿਆਈਆ । ਓਸ ਸਮੇਂ ਉਸ ਦੇ ਮਸਤਕ ਉਤੇ ਸੱਤ ਰੰਗ ਦੀ ਨਜ਼ਰ ਆਈ ਲਕੀਰੀ, ਆਪਣਾ ਨੂਰ ਨੂਰ ਪਰਗਟਾਈਆ । ਉਸ ਦੇ ਗਲ ਵਿਚ ਸੋਹੇ ਮਣਕਿਆਂ ਵਾਲੀ ਸੱਤ ਰੰਗ ਦੀ ਜ਼ੰਜੀਰੀ, ਜਿਹੜੀ ਹੀਰੇ ਲਾਲ ਮੋਤੀ ਪੰਨੇ ਨਾਉਂ ਧਰਾਈਆ । ਓਧਰੋਂ ਇਕ ਸਾਧ ਆਇਆ ਤਕਦੀਰੀ, ਪੰਜ ਫੁੱਟ ਲਕੜੀ ਹੱਥ ਉਠਾਈਆ । ਉਸ ਦੇ ਕੋਲ ਸੀ ਇਕ ਨਿੱਕੀ ਜਿਹੀ ਗਡੀਰੀ, ਜੋ ਖਿੱਚੀ ਆਇਆ ਵਾਹੋ ਦਾਹੀਆ । ਉਤੇ ਰੱਖੀ ਸਵਾ ਫੁਟ ਦੀ ਪੀੜ੍ਹੀ, ਖ਼ੁਸ਼ੀਆਂ ਨਾਲ ਬਣਾਈਆ । ਅਗੇ ਸੰਗਤ ਬੜੀ ਸੀ ਭੀੜੀ, ਰਾਹ ਖੈੜਾ ਨਾ ਕੋਈ ਸਮਝਾਈਆ । ਉਸ ਨੇ ਮੂੰਹ ਵਿਚ ਉਂਗਲਾਂ ਲੈ ਕੇ ਮਾਰੀ ਸੀਟੀ, ਉਚੀ ਅਵਾਜ਼ ਲਗਾਈਆ । ਸਾਰੇ ਹੱਸਣ ਲਗ ਪਏ ਇਹ ਕਿਧਰ ਦਾ ਆਇਆ ਟੀਟੀ, ਆਪਣਾ ਹੁਕਮ ਜਣਾਈਆ । ਓਸ ਨੇ ਕਿਹਾ ਮੈਂ ਦੱਸਣ ਆਇਆ ਕਹਾਣੀ ਬੀਤੀ, ਪਿਛਲਾ ਲੇਖਾ ਦਿਆਂ ਜਣਾਈਆ । ਜਿਸ ਵੇਲੇ ਸੁਦਾਮੇ ਦਾ ਕ੍ਰਿਸ਼ਨ ਬਣਿਆ ਸੀ ਨਜ਼ਦੀਕੀ, ਗ਼ਰੀਬ ਨਿਮਾਣੇ ਮੇਲ ਮਿਲਾਈਆ । ਜਿਹੜੀ ਉਹਦੀ ਬ੍ਰਾਹਮਣੀ ਨੇ ਤੰਦਲਾ ਵਾਲੀ ਕੁਲਰ ਪੀਠੀ, ਖ਼ੁਸ਼ੀਆਂ ਨਾਲ ਗੰਢ ਬੰਧਾਈਆ । ਓਸ ਵੇਲੇ ਓਸ ਦੇ ਸੱਟ ਲੱਗੀ ਸੀ ਉਪਰ ਚੀਚੀ, ਸਵਾ ਰਤੀ ਖ਼ੂਨ ਨਿਕਲਿਆ ਚਾਈਂ ਚਾਈਂਆ । ਓਨ ਪੀੜ ਵਿਚ ਵਟੀ ਕਸੀਸੀ, ਮੱਥੇ ਵਟ ਚੜ੍ਹਾਈਆ । ਓਧਰੋਂ ਸੁਦਾਮੇ ਦੀ ਆ ਗਈ ਭਤੀਜੀ, ਗਿਆਰਾਂ ਸਾਲ ਦੀ ਉਮਰ ਲਿਖਾਈਆ । ਓਹਦੇ ਕੋਲ ਸੀ ਇਕ ਨਿੱਕੀ ਜਿਹੀ ਸ਼ੀਸ਼ੀ, ਜਿਸ ਦੇ ਵਿਚ ਤੇਲ ਨਜ਼ਰੀ ਆਈਆ । ਓਨ ਉਤੇ ਲਾਇਆ ਨਾਲ ਪ੍ਰੀਤੀ, ਪਿਆਰ ਨਾਲ ਸਮਝਾਈਆ । ਓਧਰੋਂ ਮਾਲਣ ਇਕ ਆ ਗਈ ਵਿਚੋਂ ਬਾਗ਼ੀਚੀ, ਫੁੱਲਾਂ ਹਾਰ ਗੁੰਦਾਈਆ । ਏਧਰੋਂ ਸੁਦਾਮੇ ਦੀ ਹੋਈ ਨੀਤੀ, ਚਲਣਾ ਪੰਧ ਮੁਕਾਈਆ । ਓਧਰੋਂ ਓਹਦੀ ਸਵਾਣੀ ਦੱਸੇ ਠੀਕੀ, ਆਪਣਾ ਠਾਕਰ ਲੈਣਾ ਮਨਾਈਆ । ਮੈਂ ਵਸਤ ਅਮੋਲਕ ਇਕ ਲਪੇਟੀ, ਇਹ ਓਸ ਦੀ ਭੇਟ ਚੜ੍ਹਾਈਆ । ਓਹ ਪਟੋਲ੍ਹਾ ਜਿਸ ਦੇ ਸੱਤ ਰੰਗ ਟੋਟੇ ਨਿੱਕੇ ਨਿੱਕੇ ਕੀਤੀ, ਇਕੱਠਾ ਕਰਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸੱਤ ਰੰਗ ਕਹੇ ਜਿਸ ਵੇਲੇ ਤੰਦਲਾਂ ਦਾ ਤੁਲਿਆ ਤੋਲ, ਸੁਦਾਮਾ ਯਾਰ ਅਗੇ ਰਖਾਈਆ । ਓਸ ਹੌਲੀ ਕਿਹਾ ਬੋਲ, ਕੀ ਭਾਬੀ ਘੱਲੀ ਮਠਿਆਈਆ । ਓਸ ਅਗੇ ਰਖੀ ਅਡੋਲ, ਚਰਨਾਂ ਉਤੇ ਟਿਕਾਈਆ । ਕ੍ਰਿਸ਼ਨ ਨੇ ਸੱਤਾਂ ਉਂਗਲਾਂ

ਨਾਲ ਲਈ ਖੋਲ੍ਹ, ਸੱਤਾਂ ਰੰਗਾਂ ਉਤੇ ਇਕ ਇਕ ਉਂਗਲੀ ਲਾਈਆ । ਫੇਰ ਨਾਲ ਕਿਹਾ ਮਖ਼ੌਲ, ਇਹ ਗ਼ਰੀਬਾਂ ਦਾ ਨਿਸ਼ਾਨਾ ਚੁਕ ਕੇ ਕਿਥੋਂ ਲਿਆਈਆ । ਮੈਂ ਵੇਖਿਆ ਇਸ ਦਾ ਦੋ ਜਹਾਨਾਂ ਵਜਣਾ ਢੋਲ, ਇਹਦੇ ਥੱਲੇ ਸਭ ਨੇ ਢੋਲਾ ਗੌਣਾ ਬੇਪਰਵਾਹੀਆ । ਓਸ ਨੇ ਕਿਹਾ ਮੈਂ ਅਨਭੋਲ, ਸਮਝ ਕੋਇ ਨਾ ਆਈਆ । ਕ੍ਰਿਸ਼ਨ ਨੇ ਤਿੰਨ ਵਾਰ ਲਿਆ ਹੱਥਾਂ ਨਾਲ ਟਟੋਲ, ਵੇਖ ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜਿਸ ਵੇਲੇ ਹਰਿਗੋਬਿੰਦ ਆਵੇ ਜੋਬਨਵੰਤਾ ਸਰੀਰ ਸਡੌਲ, ਮਸਤਕ ਆਪਣੇ ਸੱਤੇ ਰੰਗ ਵਖਾਈਆ । ਓਸ ਵੇਲੇ ਸੁਦਾਮੇ ਤੇਰੀ ਇਛਿਆ ਹੋਵੇ ਕੋਲ, ਤੈਨੂੰ ਦਿਆਂ ਜਣਾਈਆ । ਓਸ ਨੇ ਸਭ ਦੇ ਨਾਲ ਮਾਰ ਕੇ ਰੋਲ, ਭੁਲੇਖੇ ਵਿਚ ਪੜਦਾ ਦੇਣਾ ਪਾਈਆ । ਅੰਦਰੋਂ ਕਰਕੇ ਧਿਆਨ ਅਡੋਲ, ਪੁਰਖ ਅਕਾਲ ਇਕ ਮਨਾਈਆ । ਕਲਜੁਗ ਅੰਤਮ ਇਹ ਤੇਰੀ ਵਸਤ ਆਵੇ ਤੇਰੇ ਕੋਲ, ਸਤਿ ਸਤਿਵਾਦੀ ਸੱਤਾਂ ਦੀਪਾਂ ਦੇਣਾ ਆਪ ਝੁਲਾਈਆ । ਸੱਤ ਰੰਗ ਕਹਿਣ ਜਿਸ ਵੇਲੇ ਹਰਿਗੋਬਿੰਦ ਪੈਂਦੇ ਖਾਂ ਦੇ ਨਾਲ ਕਰਦਾ ਸੀ ਘੋਲ, ਸੱਤਾਂ ਰੰਗਾਂ ਵਾਲਾ ਕੈਂਚ ਆਪਣੇ ਤਨ ਛੁਹਾਈਆ । ਨਾਲ ਵਜਦੇ ਸੀ ਡਮੱਕੇ ਢੋਲ, ਸੋਹਣਾ ਅਖਾੜਾ ਵੇਖੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ ।

### ❊ ਸੋਲਾਂ ਪੋਹ ੨੦੨੧ ਬਿਕ੍ਰਮੀ ਤ੍ਰਿਲੋਕ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ❊

ਸੱਤ ਰੰਗ ਕਹਿਣ ਜਿਸ ਵੇਲੇ ਪ੍ਰਹਿਲਾਦ ਨੂੰ ਸਾੜਨ ਲਗੀ ਸੀ ਹੋਲੀ, ਹਰਨਾਕਸ਼ ਦਿਤੀ ਵਡਿਆਈਆ । ਓਸ ਵੇਲੇ ਸੱਤਾਂ ਰੰਗਾਂ ਦੀ ਗਲ ਵਿਚ ਪਾਈ ਸੀ ਚੋਲੀ, ਬਹੁਰੂਪੀਆ ਵੇਸ ਵਟਾਈਆ । ਪ੍ਰਹਿਲਾਦ ਨੂੰ ਚੁਕ ਕੇ ਆਪਣੀ ਡੋਲੀ, ਆਪਣੀ ਗੋਦੀ ਵਿਚ ਟਿਕਾਈਆ । ਭਗਤ ਨੇ ਭਗਵਾਨ ਨੂੰ ਮਾਰੀ ਬੋਲੀ, ਅੰਦਰੇ ਅੰਦਰ ਆਵਾਜ਼ ਸੁਣਾਈਆ । ਹੁਣ ਆਪਣੇ ਕੰਡੇ ਤੋਲੀਂ, ਸਚ ਤਰਾਜ਼ੂ ਹੱਥ ਉਠਾਈਆ । ਵੇਖੀਂ ਖ਼ਾਕ ਵਿਚ ਨਾ ਵਿਰੋਲੀਂ, ਤਨ ਮਾਟੀ ਭਸਮ ਕਰਾਈਆ । ਤੇਰੇ ਉਤੋਂ ਆਪਾ ਵਾਰ ਘੋਲ ਘੋਲੀ, ਘਾਲਨਾ ਤੇਰੀ ਝੋਲੀ ਪਾਈਆ । ਸ੍ਰੀ ਭਗਵਾਨ ਕਿਹਾ ਬੱਚਾ ਨਾ ਪਾ ਰੌਲੀ, ਮਿਹਰ ਨਜ਼ਰ ਦਿਆਂ ਰਖਾਈਆ । ਇਹ ਸੱਤ ਰੰਗ ਪੌਣ ਵਾਲੀ ਸੜ ਜਾਏ ਹੋਲੀ, ਸੱਤਾਂ ਦਾ ਮਾਲਕ ਸਿਰ ਤੇਰੇ ਹੱਥ ਰਖਾਈਆ । ਜਿਨ੍ਹਾਂ ਰੰਗਾਂ ਪਿੱਛੇ ਰੱਖਿਆ ਕਰਾਂ ਤੇਰੀ ਉਪਰ ਧੌਲੀ, ਧਰਤੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸੱਤਾਂ ਰੰਗਾਂ ਅੰਦਰ ਭਗਤ ਕੀਤੀ ਰਛਿਆ, ਮਿਹਰਵਾਨ ਦਇਆ ਕਮਾਈਆ । ਨਾਲੇ ਅਗਲੀ ਪਾ ਕੇ ਭਿਛਿਆ, ਸਚ ਦਿਤਾ ਸਮਝਾਈਆ । ਨਾਲੇ ਵਖਰਾ ਲੇਖ ਲਿਖਿਆ, ਧੁਰ ਦੀ ਧਾਰ ਸਮਝਾਈਆ । ਜਿਸ ਵੇਲੇ ਕਲਜੁਗ ਅੰਧ ਅੰਧੇਰਾ ਹੋਵੇ ਰੈਣ ਮਸਿਆ, ਮੁਸ਼ਕਲ ਹਲ ਨਾ ਕੋਇ ਕਰਾਈਆ । ਓਸ ਵੇਲੇ ਸ੍ਰੀ ਭਗਵਾਨ ਨਿਰਗੁਣ ਸਰੂਪ ਆਵੇ ਨੱਸਿਆ, ਨਰ ਨਿਰੰਕਾਰ ਫੇਰਾ ਪਾਈਆ । ਸੱਤਾਂ ਰੰਗਾਂ ਦਾ ਨਿਸ਼ਾਨ ਬਣਾ ਕੇ ਸਾਢੇ ਤਿੰਨ ਹੱਥਿਆ, ਦੇਵੇ ਲੋਕਮਾਤ ਵਡਿਆਈਆ । ਜਿਸ ਦੇ ਪਿੱਛੇ ਪ੍ਰਹਿਲਾਦ ਤੈਨੂੰ ਰਖਿਆ, ਇਸੇ ਦੇ ਪਿੱਛੇ ਚਾਰ ਜੁਗ ਦੇ ਵਿਛੜੇ ਭਗਤ ਤਰਾਈਆ । ਮਾਣ ਵਡਿਆਈ ਦੇ ਕੇ ਹੱਕਿਆ, ਹਾਕਮ ਧੁਰ ਦੇ ਦਿਆਂ ਬਣਾਈਆ । ਸੱਤਾਂ ਰਖ ਕੇ ਲੱਜਿਆ, ਘਰ ਘਰ ਦਿਆਂ ਝੁਲਾਈਆ । ਕੋੜ੍ਹਿਆਂ ਕਮਲਿਆਂ ਬਣਾ ਕੇ ਚੰਗਿਆ, ਚੰਗੀ ਤਰਾ ਆਪਣਾ ਵਜੂਦ ਦਿਆਂ ਵਖਾਈਆ । ਜਿਸ ਤਰਾ ਤੇਰਾ ਰੰਗ ਰੰਗਿਆ, ਇਸੇ ਤਰਾ ਸੱਤਾਂ

ਰੰਗਾਂ ਦੀ ਧਾਰ ਤੇਰੇ ਅੰਦਰੋਂ ਵਖਾਈਆ । ਨਾਲੇ ਮੌਜ ਦੇਵਾਂ ਨਾਲ ਪਲੰਘਿਆ, ਨਾਲੇ ਬਿਨ ਦੀਵੇ ਬਾਤੀ ਜੋਤ ਕਰਾਂ ਰੁਸ਼ਨਾਈਆ । ਨਾਲੇ ਪਾਰ ਕਰਾਂ ਡੂੰਘੇ ਵਹਿਣ ਵਹੰਦਿਆ, ਅਣਤਾਰੂ ਪਾਰ ਲੰਘਾਈਆ । ਨਾਲੇ ਪੂਰਬ ਕਰਮ ਦਾ ਲੇਖ ਅਗਾੜੀ ਜੋ ਦਬਿਆ, ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਨਿਸ਼ਾਨਾ ਲਹਿਣਾ ਜਗਤ ਜਹਾਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰਬ ਦੇਵਣਹਾਰਾ ਦਾਨਾ, ਦਾਤਾ ਹੋ ਕੇ ਸਾਚੀ ਭਿੱਛਿਆ ਝੋਲੀ ਰਿਹਾ ਪਾਈਆ ।

ਸਪਤ ਰਿਖੀਆਂ ਆਈ ਦਲੀਲ, ਇਕ ਦੂਜੇ ਨੂੰ ਸਾਰੇ ਰਹੇ ਜਣਾਈਆ । ਦਰਗਾਹੋਂ ਹੁਕਮ ਆਇਆ ਸਾਰੇ ਬਣੋ ਸ਼ੌਕੀਨ, ਆਪੋ ਆਪਣਾ ਵੇਸ ਵਟਾਈਆ । ਨਾਲ ਇਕ ਤੇ ਕਰੋ ਯਕੀਨ, ਯਕਤਰਫ਼ਾ ਧਿਆਨ ਲਗਾਈਆ । ਓਧਰੋਂ ਫਿਰਦਾ ਤੁਰਦਾ ਨਾਰਦ ਆਇਆ ਵਕੀਲ, ਜੋ ਝਗੜਿਆਂ ਦਾ ਝਗੜਾ ਬਿਨ ਝਗੜਿਉਂ ਦਏ ਬਣਾਈਆ । ਉਸ ਦੇ ਕੋਲ ਸਾਰਿਆਂ ਕੀਤੀ ਅਪੀਲ, ਕੁਝ ਸਾਨੂੰ ਦੇ ਸਮਝਾਈਆ । ਕਿਹੜਾ ਬਸਤਰ ਲਈਏ ਪਹਿਨ, ਸੋਹਣਾ ਚੰਗਾ ਨਜ਼ਰੀ ਆਈਆ । ਉਸ ਨੇ ਕਿਹਾ ਮੈਂ ਗੱਲ ਨਹੀਂ ਕਰਨੀ ਕੋਈ ਲੋਕ ਤੀਨ, ਤਿੰਨਾਂ ਲੋਕਾਂ ਵਿਚ ਨਾ ਕੋਇ ਵਡਿਆਈਆ । ਜਿਸ ਸਾਹਿਬ ਸਤਿ ਦੇ ਸਾਰੇ ਅਧੀਨ, ਬੈਠੇ ਸੀਸ ਨਿਵਾਈਆ । ਓਸ ਦੇ ਹੋ ਕੇ ਦੀਨ, ਦੁਨੀਆ ਵਾਲੀ ਮੰਗ ਓਸੇ ਦੇ ਅਗੇ ਝੋਲੀ ਡਾਹੀਆ । ਹਿਰਦੇ ਅੰਦਰ ਲਓ ਚੀਨ, ਨਿਜ ਆਤਮ ਰਾਹ ਤਕਾਈਆ । ਉਹ ਤੁਹਾਨੂੰ ਆਪਣਾ ਆਪੇ ਦੱਸ ਦਏ ਸੀਨ, ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਣਤ ਬਣਾਈਆ । ਸਪਤ ਰਿਖੀ ਆਈ ਉਮੰਗ, ਅੰਦਰ ਅੰਦਰ ਧਿਆਨ ਲਗਾਈਆ । ਸੱਤਾਂ ਸੱਤੇ ਨਜ਼ਰੀ ਆਏ ਰੰਗ, ਪੁਰਖ ਅਕਾਲ ਦਏ ਸਮਝਾਈਆ । ਇਹ ਸਾਰੇ ਪਹਿਨੋਂ ਨਿਸ਼ੰਗ, ਨਿਸ਼ਾਨਾ ਆਪਣਾ ਦਿਤਾ ਵਖਾਈਆ । ਲਾਲ ਕੰਚਨ ਸੂਹਾ ਚਿੱਟਾ ਪੀਲਾ ਨੀਲਾ ਕਾਲਾ ਸੋਹਣਾ ਲਗੇ ਚੰਦ, ਚਮਕ ਚਮਕ ਨਾਲ ਚਮਕਾਈਆ । ਵਖਰੋ ਵਖਰੀ ਦਾਤ ਤੁਹਾਨੂੰ ਦਿਤਾ ਧਨ, ਲੋਕਮਾਤ ਦੇਵੇ ਵਡਿਆਈਆ । ਕਲਜੁਗ ਅੰਤਮ ਸੱਤਾਂ ਨੂੰ ਇਕੱਠਾ ਕਰ ਕੇ ਦਏ ਬੰਨ੍ਹ, ਮਾਨਸਾਂ ਵਾਲੀ ਦਏ ਵਡਿਆਈਆ । ਸੱਤਾਂ ਸਚ ਕਰ ਕੇ ਲੈਣਾ ਮੰਨ, ਮਨਸਾ ਸਭ ਦੀ ਪੂਰ ਕਰਾਈਆ । ਓਸ ਨੂੰ ਚਾੜ੍ਹੇ ਇਕੋ ਪੁਰਖ ਅਕਾਲ ਦਾ ਸਚਾ ਚੰਨ, ਸ਼ਬਦ ਦੁਲਾਰਾ ਰੂਪ ਵਟਾਈਆ । ਜਿਸ ਜਗਤ ਵਿਕਾਰ ਨੂੰ ਦੇਣਾ ਡੰਨ, ਹੰਕਾਰ ਦੇਣਾ ਗਵਾਈਆ । ਗ਼ਰੀਬ ਨਿਮਾਣਿਆਂ ਦਾ ਬੇੜਾ ਬੰਨ੍ਹ, ਜਨ ਭਗਤਾਂ ਹੋਏ ਸਹਾਈਆ । ਓਸ ਵੇਲੇ ਸਾਰਿਆਂ ਮਿਲ ਕੇ ਕਹਿਣਾ ਧੰਨ ਧੰਨ, ਧੰਨ ਪ੍ਰਭੂ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਤੇਰਾ ਲਹਿਣਾ ਵੇਲੇ ਵਕ਼ਤ ਨਾਲ ਮੁਕਾਈਆ ।

ਬ੍ਰਾਹਮਣ ਦੀਆਂ ਇੱਕੀਆਂ ਪੱਗਾਂ ਵਿਚੋਂ ਰੰਗ ਸੱਤ, ਆਪਣਾ ਰੂਪ ਵਖਾਈਆ । ਜਿਸ ਵੇਲੇ ਓਸ ਗਠੜੀ ਨੂੰ ਰਵਿਦਾਸ ਦਾ ਲੱਗਾ ਹੱਥ, ਉਹ ਅੰਦਰੇ ਅੰਦਰ ਨੱਚਣ ਟੱਪਣ ਕੁੱਦਣ ਚਾਈਂ ਚਾਈਆ । ਕਰਨ ਪੁਕਾਰ ਰਵੀ ਸਾਨੂੰ ਕੁਝ ਦੱਸ, ਅਗਲਾ ਹਾਲ ਸਮਝਾਈਆ । ਜੋ ਤੇਰੇ ਅੰਦਰ ਰਿਹਾ

ਵਸ, ਉਹ ਸਾਨੂੰ ਦੇਣਾ ਮਿਲਾਈਆ । ਜਿਸ ਦੀ ਯਾਦ ਅੰਦਰ ਟੁੱਟਿਆਂ ਜੋੜਿਆਂ ਡੋਰੀ ਲਾਵੇਂ ਕਸ ਕਸ, ਕੱਚਾ ਤੰਦ ਦੰਦਾਂ ਨਾਲ ਖਿਚਾਈਆ । ਤੇਰਾ ਸਬਰ ਸੰਤੋਖ ਵਾਲਾ ਵੇਖ ਕੇ ਹਠ, ਸਾਡੀ ਧੀਰਜ ਰਹੀ ਨਾ ਰਾਈਆ । ਕਿਹੜਾ ਰਾਮ ਕਿਹੜਾ ਨਾਮ ਰਿਹਾ ਰਟ, ਜਿਸ ਨੇ ਝੂਠੇ ਰੱਟੇ ਦਿਤੇ ਮੁਕਾਈਆ । ਰਵਿਦਾਸ ਨੇ ਓਸੇ ਵੇਲੇ ਤਿੱਖੀ ਆਰ ਉਤੇ ਦਿਤੀ ਰਖ, ਥੋੜੀ ਜਿਹੀ ਦਬਾਈਆ । ਇਸੇ ਤਰਾ ਪ੍ਰਭ ਮੇਰਾ ਅੰਦਰੋਂ ਖੋਲ੍ਹ ਦੇਵੇ ਅੱਖ, ਪ੍ਰਤੱਖ ਨਜ਼ਰੀ ਆਈਆ । ਉਹ ਸੱਤੇ ਪਏ ਹਸ, ਖ਼ੁਸ਼ੀਆਂ ਵਿਚ ਸੁਣਾਈਆ । ਅਸੀਂ ਕਿਵੇਂ ਕਰੀਏ ਉਹਦਾ ਜਸ, ਸਾਨੂੰ ਦੇ ਸਮਝਾਈਆ । ਰਵਿਦਾਸ ਕਿਹਾ ਉਹ ਮੇਰਾ ਪੁਰਖ ਸਮਰਥ, ਸਭ ਦੀ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਸੱਤ ਰੰਗ ਕਿਹਾ ਸਾਨੂੰ ਬੱਧਾ ਬ੍ਰਾਹਮਣ ਨੇ ਗਠੜੀ, ਆਪਣੀ ਵੰਡ ਵੰਡਾਈਆ । ਉਤੇ ਗੰਢ ਦੇ ਦਿਤੀ ਤਕੜੀ, ਜਿਹੜੀ ਛੇਤੀ ਖੁਲ੍ਹ ਕਦੇ ਨਾ ਜਾਈਆ । ਸਾਡੇ ਉਤੇ ਚਾਰ ਵੇਰਾਂ ਲਪੇਟੀ ਅਖ਼ੀਰੀ ਪਗੜੀ, ਇਕ ਦੂਜੇ ਉਤੇ ਦਿਤਾ ਬੰਧਾਈਆ । ਸਾਡੇ ਉਤੇ ਆਪਣੇ ਹੱਥ ਵਿਚ ਫੜਨ ਵਾਲੀ ਅੜਾ ਦਿਤੀ ਲਕੜੀ, ਗੰਢ ਵਿਚੋਂ ਆਰ ਪਾਰ ਲੰਘਾਈਆ । ਤਿੰਨ ਰੰਗ ਕਹਿਣ ਸਾਨੂੰ ਲਈ ਜਾਂਦਾ ਸੀ ਖਤਰੀ, ਆਪਣਿਆਂ ਬੱਚਿਆਂ ਵਾਸਤੇ ਜਿਨ੍ਹਾਂ ਦੀ ਸਗਨਾਂ ਜੰਞ ਚੜ੍ਹਾਈਆ । ਇਸ ਬ੍ਰਾਹਮਣ ਨੇ ਰਾਹ ਵਿਚ ਖੋਲ੍ਹ ਕੇ ਪਤਰੀ, ਐਵੇਂ ਝੂਠਾ ਪਤਾ ਦਿਤਾ ਬਣਾਈਆ । ਬੁਢਿਆ ਤੇਰੀ ਉਮਰ ਸੱਤਰ ਬਹੱਤਰੀ, ਜੇ ਦਾਨ ਨਾ ਦੇਵੇਂ ਤੇਰੀ ਖ਼ਾਲੀ ਰਹੇ ਕੁੜਮਾਈਆ । ਆਹ ਵੇਖ ਇਹ ਕੁੰਡਲਾਂ ਵਾਲੀ ਮੇਰੀ ਅੱਖਰੀ, ਜਿਹੜੀ ਬਾਰਾਂ ਰਾਸ਼ੀ ਵਿਚੋਂ ਨਜ਼ਰੀ ਆਈਆ ਉਨੇਂ ਚਿਰ ਨੂੰ ਇਕ ਜੱਟ ਹੱਥ ਫੜੀ ਆਉਂਦਾ ਸੀ ਬਕਰੀ, ਰੱਸੀ ਹੱਥ ਵਿਚ ਲਟਕਾਈਆ । ਬ੍ਰਾਹਮਣ ਕਿਹਾ ਇਹ ਨਹੀਂ ਅੰਦਰੋਂ ਤਗੜੀ, ਕੋਈ ਰੋਗ ਅੰਦਰੋਂ ਰਿਹਾ ਸਤਾਈਆ । ਜੇ ਤੇਰੇ ਘਰ ਜਾ ਕੇ ਮਰ ਗਈ, ਤੇਰਾ ਟੱਬਰ ਇਹ ਖਪਾਈਆ । ਜੇ ਤੂੰ ਦੱਛਣਾ ਕਰਕੇ ਮੇਰੇ ਕੋਲ ਛਡ ਜਾਏਂ, ਬੇੜਾ ਤੇਰਾ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਦੋ ਰੰਗ ਕਹਿਣ ਸਾਨੂੰ ਲਿਆਈ ਸੀ ਇਕ ਮਾਈ, ਇਕਵੰਜਾ ਸਾਲ ਦੀ ਉਮਰ ਜਣਾਈਆ । ਉਹਦੇ ਘਰ ਔਂਣੇ ਸੀ ਪਹਿਲੀ ਵਾਰ ਦੋ ਜੁਆਈ, ਜਿਨ੍ਹਾਂ ਦੇ ਸਿਰ ਤੇ ਚੀਰੇ ਦਏ ਬੰਨ੍ਹਾਈਆ । ਅਧ ਵਿਚ ਪੰਡਤ ਮਿਲਿਆ ਓਹਨੇ ਕਿਹਾ ਉਹ ਤੇ ਪਿਛਲੇ ਸੁਦਾਈ, ਜੇ ਤੇਰੇ ਘਰ ਗਏ ਤੇਰਾ ਕੋੜਮਾ ਦੇਣ ਖਪਾਈਆ । ਤੇਰੀਆਂ ਧੀਆਂ ਨੂੰ ਮਿਲੇ ਨਾ ਕੋਇ ਥਾਈਂ, ਜਗਤ ਜੁਗ ਨਾ ਕੋਇ ਜਣਾਈਆ । ਜੇ ਤੂੰ ਇਹ ਦੋਵੇਂ ਚੀਰੇ ਮੈਨੂੰ ਭੇਟ ਦਏਂ ਚੜ੍ਹਾਈ, ਫੇਰ ਤੈਨੂੰ ਤੱਤੀ ਵਾਅ ਨਾ ਲਗੇ ਰਾਈਆ । ਓਸ ਨੇ ਕਿਹਾ ਮਿਸ਼ਰ ਜੀ ਮੈਨੂੰ ਉਹਨਾਂ ਕੋਲੋਂ ਬਚਾਈਂ, ਜੋ ਕੁਛ ਮੇਰਾ ਮੈਂ ਤੇਰੇ ਅਗੇ ਰਖਾਈਆ । ਦਾਨ ਲੈ ਕੇ ਪੰਡਤ ਨੇ ਕਿਹਾ ਹੁਣ ਜਾ ਮਾਈ ਚਾਈਂ ਚਾਈਂ, ਆਪਣੇ ਘਰ ਦਾ ਪੰਧ ਮੁਕਾਈਆ । ਪਿਛੋਂ ਖ਼ੁਸ਼ੀ ਨਾਲ ਕਿਹਾ ਵਾਹ ਕਿਰਪਾ ਕਰੀ ਗੁਸਾਈਂ, ਮਿਹਰ ਨਜ਼ਰ ਇਕ ਉਠਾਈਆ । ਏਨੇਂ ਚਿਰ ਨੂੰ ਉਧਰੋਂ ਇਕ ਝੀਵਰ ਤੇ ਇਕ ਆ ਗਿਆ ਨਾਈ, ਜਜਮਾਨਾਂ ਘਰੋਂ ਫੇਰਾ ਪਾਈਆ । ਇਕ ਇਕ ਪਗੜੀ ਸੀ ਉਹਨਾਂ ਭੇਟ ਚੜ੍ਹਾਈ, ਸੋਹਣੇ ਰੰਗ ਰੰਗਾਈਆ । ਅਗੋਂ ਬ੍ਰਾਹਮਣ ਮਿਲ ਪਿਆ ਆਸਣ ਲਾਈ, ਇਸ਼ਾਰੇ ਨਾਲ ਰਿਹਾ ਜਣਾਈਆ । ਨੇੜੇ ਆਓ ਮੇਰੇ ਭਾਈ, ਮੇਰੀ ਪਤਰੀ ਤੁਹਾਨੂੰ ਰਹੀ ਬੁਲਾਈਆ । ਤੁਹਾਡੀ ਜ਼ਿੰਦਗੀ ਦੇ ਦਿਨ ਰਹਿ ਗਏ ਢਾਈ, ਕਿਉਂ ਸਿਰ ਤੇ ਬੈਠੇ ਭਾਰ ਉਠਾਈਆ । ਇਹ ਬ੍ਰਾਹਮਣ ਪ੍ਰੋਹਤ ਤੁਹਾਡੀ ਕਲਿਆਣ ਦਏ ਕਰਾਈ, ਜੇ ਆਪੋ ਆਪਣੇ ਦਸਤਾਰ ਮੇਰੀ ਭੇਟ ਦਿਉ ਕਰਾਈਆ ।

ਉਸੇ ਵੇਲੇ ਰੋ ਕੇ ਕਰਨ ਲਗੇ ਦੁਹਾਈ, ਬਹੁੜੀ ਸਾਡਾ ਕਾਲ ਕਿਧਰੋਂ ਆਈਆ । ਬ੍ਰਾਹਮਣ ਕਿਹਾ ਛੇਤੀ ਛੇਤੀ ਕਰ ਮੇਰੇ ਹੱਥ ਦਿਉ ਫੜਾਈ, ਵੇਲਾ ਗਿਆ ਹੱਥ ਕਿਸੇ ਨਾ ਆਈਆ । ਉਹਨਾਂ ਰੋ ਕੇ ਕਿਹਾ ਅਸੀਂ ਤੇਰੀ ਭੇਟ ਚੜ੍ਹਾਈ, ਸਾਨੂੰ ਜਮਾਂ ਤੋਂ ਦੇਣਾ ਛੁਡਾਈਆ । ਪੰਡਤ ਕਿਹਾ ਹੁਣ ਭੱਜੋ ਵਾਹੋ ਦਾਹੀ, ਪਿਛਾ ਨਾ ਵੇਖਿਓ ਇਸੇ ਨਾਲ ਹੋਵੇ ਵਡਿਆਈਆ । ਸੱਤਾਂ ਦੀ ਬੰਨ੍ਹ ਕੇ ਗਠੜੀ ਆਪ ਚਲਿਆ ਬਣਕੇ ਰਾਹੀ, ਸੋਹਣੀ ਪੰਡ ਬੰਨ੍ਹਾਈਆ । ਚੌਦਾਂ ਦੇ ਵਿਚ ਲਿਆ ਟਿਕਾਈ, ਇੱਕੀਆਂ ਜੋੜ ਜੁੜਾਈਆ । ਉਹਨਾਂ ਸੱਤਾਂ ਰੰਗਾਂ ਨੂੰ ਰਵਿਦਾਸ ਦਿਤੀ ਵਡਿਆਈ, ਧੁਰ ਦਾ ਹੁਕਮ ਇਕ ਸੁਣਾਈਆ । ਕਲਜੁਗ ਅੰਤ ਮੇਰਾ ਨਿਰੰਕਾਰ ਤੁਹਾਡਾ ਲੇਖਾ ਦਏ ਚੁਕਾਈ, ਸਤਿ ਸਤਿਵਾਦੀ ਸੱਤਾਂ ਨੂੰ ਸੱਤਾਂ ਦੀਪਾਂ ਵਿਚ ਦਏ ਝੁਲਾਈ, ਉਪਰ ਆਪਣਾ ਨਾਮ ਲਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਾਂ ਰੰਗਾਂ ਬਖ਼ਸ਼ਣਹਾਰ ਸਰਨਾਈਆ ।

### ❊ ਸੋਲਾਂ ਪੋਹ ੨੦੨੧ ਬਿਕ੍ਰਮੀ ਅਤਰ ਸਿੰਘ ਦੇ ਗ੍ਰਿਹ ਓਗਰਾ ਜ਼ਿਲਾ ਗੁਰਦਾਸਪੁਰ ❊

ਸੱਤ ਰੰਗ ਕਹਿਣ ਸਾਨੂੰ ਪਿਛਲੀ ਯਾਦ ਹਦੀਸ, ਆਪਣੇ ਅੰਦਰ ਟਿਕਾਈਆ । ਜਿਸ ਵੇਲੇ ਈਸਾ ਨੂੰ ਦੇਣ ਲਗੇ ਸੀ ਸਲੀਬ, ਖ਼ਲੀਫ਼ੇ ਹੁਕਮ ਸੁਣਾਈਆ । ਓਸ ਵੇਲੇ ਖ਼ੁਦਾਵੰਦ ਆਇਆ ਕ਼ਰੀਬ, ਨੂਰੀ ਜਲਵਾ ਨੂਰ ਰੁਸ਼ਨਾਈਆ । ਤਕ ਕੇ ਜਲਵਾ ਇਹ ਅਜੀਬ, ਅਜਬ ਖ਼ੁਸ਼ੀ ਮਨਾਈਆ । ਪਰਵਰਦਿਗਾਰ ਤੇਰੀ ਨਸੀਹਤ, ਮੈਂ ਸਭ ਨੂੰ ਆਇਆ ਸੁਣਾਈਆ । ਮੈਂ ਲਿਖਣ ਲੱਗਾ ਇਕ ਵਸੀਅਤ, ਲੋਕਮਾਤ ਜਣਾਈਆ । ਜਿਸ ਦੇ ਵਿਚ

੫
ਇਕ ਅਸਲੀਅਤ, ਅਸਲ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇਣਾ ਵਖਾਈਆ । ਈਸਾ ਕਿਹਾ ਮੈਨੂੰ ਵੱਜਾ ਇਕ ਚਮਤਕਾਰ, ਕੋਹਤੂਰ ਨਾਲੋਂ ਚੰਗਾ ਨਜ਼ਰੀ ਆਈਆ । ਜਿਸ ਵਿਚੋਂ ਨਜ਼ਰੀ ਆਇਆ ਮੇਰਾ ਯਾਰ, ਮਹਿਬੂਬ ਬੇਪਰਵਾਹੀਆ । ਉਹਦਿਆਂ ਰੰਗਾਂ ਦਾ ਨਹੀਂ ਸੁਮਾਰ, ਪਰ ਰੰਗਾਂ ਵਿਚੋਂ ਰੰਗ ਸੱਤ ਸੋਹਣੇ ਲਏ ਲਹਿਰਾਈਆ । ਮੈਂ ਕਿਹਾ ਇਹ ਕੀ ਪਰਵਰਦਿਗਾਰ, ਮੈਨੂੰ ਅੰਤ ਦੇ ਜਣਾਈਆ । ਓਸ ਨੇ ਕਿਹਾ ਜਿਸ ਵੇਲੇ ਈਸਾ ਮੂਸਾ ਆਉਣ ਵਾਲੇ ਪੈਗ਼ੰਬਰ ਜਾਣ ਹਾਰ, ਆਪਣਾ ਬਲ ਮੁਕਾਈਆ । ਓਸ ਵੇਲੇ ਆਪਣੀ ਧਾਰ ਵਿਚੋਂ ਇਹ ਰੰਗ ਕਰਾਂ ਤਿਆਰ, ਲੋਕਮਾਤ ਦਿਆਂ ਪਰਗਟਾਈਆ । ਸਚ ਨਿਸ਼ਾਨਾ ਇਕ ਚਾੜ੍ਹ, ਦੋ ਜਹਾਨਾਂ ਵੇਖ ਵਖਾਈਆ । ਈਸਾ ਓਸੇ ਵੇਲੇ ਹੋ ਕੇ ਖ਼ਬਰਦਾਰ, ਹੈਰਾਨੀ ਵਿਚ ਅੱਖ ਉਠਾਈਆ । ਵੇਲਾ ਵਕ਼ਤ ਦੱਸ ਸਾਂਝੇ ਯਾਰ, ਭੇਵ ਅਭੇਦਾ ਦੇ ਖੁਲ੍ਹਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਤੁਹਾਡਾ ਬਾਪ ਬਣ ਕੇ ਆਵਾਂ ਵਿਚ ਸੰਸਾਰ, ਨਿਰਗੁਣ ਨਿਰਵੈਰ ਨਿਰਾਕਾਰ ਨਿਹਕਲੰਕ ਰੂਪ ਵਟਾਈਆ । ਓਸ ਵੇਲੇ ਇਹਨੂੰ ਲਿਆਵਾਂ ਨਾਲ, ਸਾਚਾ ਸੰਗ ਬਣਾਈਆ । ਜਨ ਭਗਤ ਦਵਾਰੇ ਦੇਵਾਂ ਚਾੜ੍ਹ, ਚਾਰੋਂ ਕੁੰਟ ਵਧਾਈਆ । ਵੀਹ ਸੌ ਇੱਕੀ ਬਿਕ੍ਰਮੀ ਆਪ ਖ਼ਾਸ ਲੈਣੀ ਵਿਚਾਰ, ਸਰਗੁਣ ਤੋਂ ਨਿਰਗੁਣ ਹੋ ਕੇ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਾਂ ਰੰਗਾਂ ਲੇਖਾ ਰਿਹਾ ਵਖਾਈਆ । ਈਸਾ ਕਿਹਾ ਮੈਂ ਵੇਖੀ ਸੱਤ ਰੰਗ ਦੀ ਚਮਕ, ਕੂਕ ਕੂਕ ਸੁਣਾਈਆ । ਉਹਨੂੰ ਸਮਝ ਨਾ ਸਕੇ ਕੋਈ ਅਹਿਮਕ, ਮਨ ਮਤਿ ਬੁਧਿ ਕੋਈ ਸਮਝ ਨਾ ਸਕੇ ਪਾਈਆ । ਐਉਂ ਜਾਪੇ ਜਿਵੇਂ ਸੱਤਾਂ ਮਿਲ ਕੇ ਇਕ ਸੋਹਣੀ ਬਣਾਈ ਤਹਿਮਤ, ਜੋ ਸਾਢੇ ਤਿੰਨ ਤਿੰਨ ਹੱਥ ਨਜ਼ਰੀ

ਆਈਆ । ਹੋਰ ਤਕਿਆ ਭਗਵਾਨ ਉਹਨਾਂ ਨਾਲ ਸਹਿਮਤ, ਸਹਿਮ ਚਿੰਤਾ ਰਿਹਾ ਗਵਾਈਆ । ਹੋਰ ਤਕਿਆ ਮਿਹਰਵਾਨ ਕਰੇ ਰਹਿਮਤ, ਮਿਹਰ ਨਜ਼ਰ ਉਠਾਈਆ । ਹੋਰ ਵੇਖਿਆ ਸ਼ਬਦ ਇਸ਼ਾਰਾ ਮਾਰੇ ਸੈਨਤ, ਆਪਣਾ ਹੁਕਮ ਮਨਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਈਆ । ਸੱਤ ਰੰਗ ਕਹਿਣ ਸਾਡੀ ਚਮਕ ਨਿਰਾਲੀ, ਨਿਰਾਲਮ ਆਲਮ ਆਪ ਬਣਾਈਆ । ਸਾਨੂੰ ਪਰਗਟਾਵੇ ਆਪ ਜੋਤ ਅਕਾਲੀ, ਅਕਲ ਕਲ ਆਪਣੀ ਖੇਲ ਵਖਾਈਆ । ਆਦਿ ਸ਼ਕਤ ਸਾਨੂੰ ਬੈਠੀ ਰਹੀ ਸੰਭਾਲੀ, ਲਾਲ ਗੁਲਾਲਾ ਰੰਗ ਚੜ੍ਹਾਈਆ । ਇਸੇ ਦਰ ਦੇ ਸਾਰੇ ਬਣੇ ਰਹੇ ਸਵਾਲੀ, ਗੁਰ ਅਵਤਾਰ ਪੀਰ ਪੈਗ਼ੰਬਰ ਝੋਲੀਆਂ ਡਾਹੀਆ । ਪੁਰਖ ਅਕਾਲ ਦੀਨ ਦਿਆਲ ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਈਸੇ ਵਖਾ ਕੇ ਇਕ ਨਿਸ਼ਾਨੀ, ਸ੍ਰਿਸ਼ਟ ਸਬਾਈ ਦੱਸ ਕੇ ਫ਼ਾਨੀ, ਤੁਗ਼ਿਆਨੀ ਵਿਚ ਜਗਤ ਰੁੜ੍ਹਾਈਆ । ਜਿਸ ਵੇਲੇ ਕਲਜੁਗ ਅੰਤ ਭਗਤਾਂ ਉਤੇ ਕਰਾਂ ਮਿਹਰਵਾਨੀ, ਮਹਿਰਮ ਹੋ ਕੇ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਤ ਰੰਗ ਸਤਿ ਪੁਰਖ ਆਪਣੀ ਧਾਰ ਵਿਚੋਂ ਪਰਗਟਾਈਆ ।

### ❊ ੧੬ ਪੋਹ ੨੦੨੧ ਬਿਕ੍ਰਮੀ ਹਰਦੀਪ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ❊



ਸੱਤ ਰੰਗ ਕਹੇ ਮੇਰੀ ਜੁਗ ਜੁਗ ਮੰਗ, ਬੈਠੇ ਸਾਰੇ ਧਿਆਨ ਲਗਾਈਆ । ਕੌਣ ਵੇਲਾ ਪ੍ਰਭ ਚਾੜ੍ਹੇ ਰੰਗ, ਰੰਗਤ ਆਪਣੀ ਦਏ ਵਖਾਈਆ । ਵਜੇ ਵਧਾਈ ਵਿਚ ਵਰਭੰਡ, ਬ੍ਰਹਿਮੰਡ ਖ਼ੁਸ਼ੀ ਮਨਾਈਆ । ਸੀਸ ਨਿਵਾਵਣ ਸੂਰਜ ਚੰਦ, ਮੰਡਲ ਮੰਡਪ ਆਪਣੀ ਸੇਵ ਕਮਾਈਆ । ਕਰੇ ਖੇਲ ਆਪ ਬਖ਼ਸ਼ੰਦ, ਬਖ਼ਸ਼ਿਸ਼ ਮਿਹਰ ਇਕ ਵਰਤਾਈਆ । ਕਲਜੁਗ ਕੂੜੀ ਕਿਰਿਆ ਮੁਕ ਜਾਏ ਪੰਧ, ਸਤਿਜੁਗ ਸਾਚੀ ਧਾਰ ਬੰਧਾਈਆ । ਜਨ ਭਗਤਾਂ ਭੇਵ ਖੁਲ੍ਹਾਵੇ ਹੰ ਬ੍ਰਹਮ, ਪਾਰਬ੍ਰਹਮ ਦਏ ਜਣਾਈਆ । ਚਾਰ ਵਰਨ ਬਣਾਏ ਇਕ ਧਰਮ, ਸਾਚਾ ਵਰਨ ਸਤਿ ਸਰਨਾਈਆ । ਸੰਤ ਸੁਹੇਲੇ ਆਵੇ ਫੜਨ, ਨਿਰਗੁਣ ਹੋ ਕੇ ਵੇਸ ਵਟਾਈਆ । ਗੁਰਮੁਖਾਂ ਅੰਦਰ ਆਵੇ ਵੜਨ, ਪੜਦਾ ਓਹਲਾ ਆਪ ਚੁਕਾਈਆ । ਸਾਚੀ ਸੇਜਾ ਆਵੇ ਚੜ੍ਹਨ, ਸਚ ਸਿੰਘਾਸਣ ਖ਼ੁਸ਼ੀ ਮਨਾਈਆ । ਸਾਚਾ ਢੋਲਾ ਆਵੇ ਪੜ੍ਹਨ, ਧੁਰ ਦਾ ਰਾਗ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸੱਤ ਰੰਗ ਕਹੇ ਮੇਰੀ ਜੁਗ ਜੁਗ ਦੀ ਉਡੀਕ, ਘੜੀਆਂ ਪਲ ਧਿਆਨ ਲਗਾਈਆ । ਕਈਆਂ ਸਦੀਆਂ ਦੀ ਸਦੀਆਂ ਵਿਚੋਂ ਬਦਲਕੇ ਰੀਤ, ਤਾਰੀਖ਼ ਤਵਾਰੀਖ਼ ਲਿਖ ਲਿਖ ਲੇਖਾ ਕ਼ਲਮ ਸ਼ਾਹੀਆ । ਧੰਨ ਸੋ ਵੇਲਾ ਮੇਰਾ ਜਾਗੇ ਭਾਗ ਨਸੀਬ, ਹਰਿ ਸਤਿਗੁਰ ਵੇਖ ਵਖਾਈਆ । ਸਾਨੂੰ ਜੜਕੇ ਨਾਲ ਤਰਤੀਬ, ਸਚ ਦਾ ਮੇਲਾ ਦਿਤਾ ਮਿਲਾਈਆ । ਇਕ ਪਾਤਸ਼ਾਹ ਇਕ ਵਜ਼ੀਰ, ਚਾਰ ਜੁਗ ਦੇਣ ਗਵਾਹੀਆ । ਸੱਤਵਾਂ ਸਭ ਦਾ ਮਾਲਕ ਅਖ਼ੀਰ, ਜੋ ਹੁਕਮ ਵਿਚ ਰਖਾਈਆ । ਸੱਤਾਂ ਦੀ ਸਾਢੇ ਤਿੰਨ ਹੱਥ ਦੀ ਸੋਹਣੀ ਬਣੀ ਤਸਵੀਰ, ਜੋ ਅਗੰਮੜਾ ਰੰਗ ਰਹੀ ਚਮਕਾਈਆ । ਨਾ ਕੋਈ ਸ਼ਰਅ ਰਹੀ ਜ਼ੰਜੀਰ, ਬੰਧਨ ਬੰਧਪ ਨਾ ਕੋਇ ਰਖਾਈਆ । ਸਜਦੇ ਕਰਨ ਪੀਰ ਫ਼ਕੀਰ, ਫ਼ਿਕਰਿਆਂ ਵਿਚ ਸੁਣਾਈਆ । ਸਾਹਿਬ ਦੇ ਹੱਥ ਨੰਗੀ ਸ਼ਮਸ਼ੀਰ, ਕੂੜ ਫ਼ਰੰਗੀ ਰਿਹਾ ਧਮਕਾਈਆ । ਲਹਿਣਾ ਮੁਕਣਾ ਸ਼ਾਹ ਹਕੀਰ, ਸ਼ਹਿਨਸ਼ਾਹ ਦੇਵੇ ਵਡਿਆਈਆ । ਸੰਤ ਸੁਹੇਲਾ

ਹੋਏ ਨਾ ਕੋਇ ਦਿਲਗੀਰ, ਦਿਲ ਦਾ ਦਲਿਦਰ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇਵੇ ਬੇਨਜ਼ੀਰ, ਨਿਰਗੁਣ ਆਪਣਾ ਖੇਲ ਖਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਘਤ ਵਹੀਰ, ਸੋਹਣਾ ਮਾਰਗ ਰਿਹਾ ਵਖਾਈਆ ।

### ✻ ੧੬ ਪੋਹ ੨੦੨੧ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਨਵਿਤ, ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✻

ਸੱਤ ਰੰਗ ਕਹਿਣ ਸਾਨੂੰ ਕਰੇ ਇਕੱਠਾ, ਲੜੀ ਲੜੀ ਨਾਲ ਬੰਧਾਈਆ । ਜਨ ਭਗਤਾਂ ਲੇਖ ਚੁਕਾ ਕੇ ਤੱਤ ਅੱਠਾਂ, ਚਰਨ ਸਰਨ ਦਏ ਵਡਿਆਈਆ । ਨੌਂ ਦਵਾਰੇ ਪਾਰ ਕਰਾ ਕੇ ਚੁੱਕੇ ਆਪਣੇ ਹੱਥਾਂ, ਸੇਵਕ ਹੋ ਕੇ ਸੇਵ ਕਮਾਈਆ । ਜਨ ਭਗਤਾਂ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵੇਖੇ ਆਪਣੀਆਂ ਅੱਖਾਂ, ਆਖ਼ਰ ਅਖ਼ੀਰੀ ਆਪਣਾ ਮੇਲ ਮਿਲਾਈਆ । ਮੈਨੂੰ ਮਾਣ ਦਵਾਏ ਘਰ ਘਰ ਕੁੱਲੀ ਕੱਖਾਂ, ਧੁਰ ਦਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਾ ਮਾਰਗ ਇਕ ਲਗਾਈਆ । ਸੱਤ ਰੰਗ ਕਹਿਣ ਸਾਡਾ ਜੋੜ ਜੁੜਾਇਆ, ਜੋੜੀ ਆਪਣੇ ਨਾਲ ਬਣਾਈਆ । ਭਗਤਾਂ ਆਸਾ ਮਨਸਾ ਪੂਰੀ ਲੋੜ ਕਰਾਇਆ, ਸਾਚੀ ਰਚਨਾ ਨਾਲ ਰਖਾਈਆ । ਸੱਸੇ ਉਪਰ ਹੋੜਾ ਇਕ ਲਗਾਇਆ, ਹਾਹੇ ਟਿੱਪੀ ਦਏ ਵਡਿਆਈਆ । ਸਾਜਣ ਬਣਕੇ ਫੇਰਾ ਪਾਇਆ, ਨਿਰਗੁਣ ਰੂਪ ਧਰਾਈਆ । ਰਾਜਨ ਬਣਕੇ ਮੈਨੂੰ ਰਿਹਾ ਝੁਲਾਇਆ, ਦੋ ਜਹਾਨਾਂ ਹੁਲਾਰਾ ਇਕ ਰਖਾਈਆ । ਸੰਤ ਸੁਹੇਲੇ ਰਿਹਾ ਤਰਾਇਆ, ਗੁਰਮੁਖ ਵਜੇ ਵਧਾਈਆ । ਗੁਰਸਿਖ ਮਿਲ ਮਿਲ ਮੰਗਲ ਗਾਇਆ, ਗੀਤ ਗੋਬਿੰਦ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸੱਤ ਰੰਗ ਕਹਿਣ ਸਾਨੂੰ ਨਾਪਿਆ ਨਾਲ ਫ਼ੀਤਾ, ਨੌਂ ਨੌਂ ਇੰਚ ਸਾਡੀ ਵੰਡ ਵੰਡਾਈਆ । ਵਡਿਆਈ ਦੇ ਕੇ ਘਰ ਅਤੀਤਾ, ਤ੍ਰੈਲੋਕੀ ਦਾ ਮਾਲਕ ਦਿਤਾ ਬਣਾਈਆ । ਸਾਬ ਕਲਮਾ ਦਸ ਹਦੀਸਾ, ਸੋਹੰ ਢੋਲਾ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ੀ ਇਕ ਸਰਨਾਈਆ । ਸੱਤ ਰੰਗ ਕਹੇ ਮੇਰੇ ਉਤੇ ਇਕ ਜੈਕਾਰਾ, ਹਰਿ ਕਰਤਾ ਆਪ ਲਗਾਈਆ । ਜੋ ਭਗਤਾਂ ਲਗੇ ਪਿਆਰਾ, ਗੁਰਮੁਖਾਂ ਮੁਖ ਸਲਾਹੀਆ । ਸਿਖਾਂ ਦਏ ਅਧਾਰਾ, ਸੰਤਾਂ ਮਾਣ ਵਡਿਆਈਆ । ਕੂੜੀ ਕਿਰਿਆ ਕਰੇ ਖ਼ੁਆਰਾ, ਸਚ ਸੁਚ ਰਾਹ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਬਣਕੇ ਸੇਵਾਦਾਰਾ, ਧੁਰ ਦੀ ਸੇਵ ਕਮਾਈਆ ।

### ✻ ੧੬ ਪੋਹ ੨੦੨੧ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਿਹ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸਪੁਰ ✻

ਸੱਤ ਰੰਗ ਕਹਿਣ ਸਾਨੂੰ ਆਈ ਪਵਣ ਠੰਡੀ, ਠੰਡਕ ਇਕ ਵਰਤਾਈਆ । ਓਸ ਦੇ ਵਿਚੋਂ ਮਿਲੀ ਸਚੀ ਸੁਗੰਧੀ, ਸੁਗੰਦ ਖਾ ਕੇ ਕਹਾਂ ਇਹੋ ਜਿਹੀ ਵਸਤ ਨਜ਼ਰ ਕੋਇ ਨਾ ਆਈਆ । ਜਿਹੜਾ ਬਾਲਮੀਕ ਦਾ ਲਹਿਣਾ ਦਿਤਾ ਰਾਵੀ ਪਾਰ ਕੰਢੀ, ਉਰਾਰ ਓਸੇ ਦੀ ਧਾਰ ਨਜ਼ਰੀ ਆਈਆ । ਜਿਸ ਨੇ ਅਠਾਸੀ ਦਿਨ ਚੁਰਾਸੀਆਂ ਸਾਧਾਂ ਦੀ ਇਕੱਠੀ ਕਰ ਕੇ ਮੰਡੀ, ਮੰਡਲੀ ਇਕ ਬਣਾਈਆ । ਓਥੇ ਵਸਤ ਇਕ ਵੰਡੀ, ਰਾਮ ਨਾਮ ਸਰਬ

ਸਮਝਾਈਆ । ਵੇਖੇ ਮੈਂ ਪਿਛਲਾ ਕਿੱਡਾ ਪਖੰਡੀ, ਚੋਰ ਡਾਕੂ ਰੂਪ ਵਟਾਈਆ । ਜਿਸ ਵੇਲੇ ਮਾਰਗ ਮਿਲਿਆ ਸਿੱਧੀ ਡੰਡੀ, ਪ੍ਰਭ ਦੇ ਡੰਡੇ ਸਿੱਧਾ ਲਿਆ ਕਰਾਈਆ । ਓਸ ਦੀ ਮਿਹਰਵਾਨੀ ਮੈਨੂੰ ਲਗੀ ਚੰਗੀ, ਸਭਨਾ ਦਿਆਂ ਜਣਾਈਆ । ਉਹਨਾਂ ਚੁਰਾਸੀਆਂ ਵਿਚ ਇਕ ਵੈਰਾਗਣ ਸੀ ਜੋ ਵਿਅਉਂਦਿਆਂ ਸਾਰ ਹੋਈ ਰੰਡੀ, ਕੰਤ ਸੇਜ ਨਾ ਕੋਇ ਹੰਢਾਈਆ । ਓਸ ਨੇ ਮੰਗ ਇਕ ਮੰਗੀ, ਜੋਗੀਸ਼ਰ ਦਿਤਾ ਜਣਾਈਆ । ਮੇਰੀ ਕ਼ਿਸਮਤ ਕਿਸ ਤਰਾ ਹੋਵੇ ਚੰਗੀ, ਲੇਖਾਂ ਦੇਵੇ ਬਦਲਾਈਆ । ਓਸ ਨੇ ਕਿਹਾ ਤੂੰ ਬਣੇ ਭੀਲਣੀ ਫੇਰ ਤੇਰਾਂ ਦੰਦਿਆਂ ਵਾਲੀ ਵਾਹੀਂ ਕੰਘੀ, ਆਪਣੇ ਸੀਸ ਫਿਰਾਈਆ । ਇਸੇ ਕਰਕੇ ਇਹ ਧਰਤੀ ਚੰਗੀ, ਜਿਸ ਉਤੇ ਡੇਰਾ ਲਾਈਆ । ਇਹ ਲੜੀ ਅਜੇ ਪਿਛੋਂ ਨਹੀਂ ਗੰਢੀ, ਸਤਿਜੁਗ ਦਾ ਲੇਖਾ ਬਾਕੀ ਤ੍ਰੇਤਾ ਹਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚੁਰਾਸੀਆਂ ਵਿਚੋਂ ਇਕ ਹਵਦੂਤ, ਭੋਲਾ ਭਾਉ ਨਜ਼ਰੀ ਆਈਆ । ਓਸ ਬਾਲਮੀਕ ਨੂੰ ਕਿਹਾ ਮੈਂ ਕਰਕੇ ਆਇਆ ਕੂਚ, ਕੂਚਾ ਗਲੀ ਤੇਰਾ ਵੇਖਾਂ ਥਾਉਂ ਥਾਈਆ । ਮੇਰਾ ਵੀ ਤੇਰੇ ਤੱਤਾਂ ਵਰਗਾ ਕਲਬੂਤ, ਕਿਉਂ ਨਾ ਮੈਨੂੰ ਮਿਲਿਆ ਬੇਪਰਵਾਹੀਆ । ਬਟਵਾਰੇ ਕਿਹਾ ਮੈਂ ਓਸੇ ਦਾ ਇਕ ਦੂਤ, ਜੋ ਸੇਵਕ ਹੋ ਕੇ ਸਾਚਾ ਹੁਕਮ ਸੁਣਾਈਆ । ਓਹ ਸਾਹਿਬ ਸਵਾਮੀ ਬੜਾ ਮਜ਼ਬੂਤ, ਡਾਢਿਆਂ ਦਾ ਡਾਢਾ ਨਜ਼ਰੀ ਆਈਆ । ਜਿਸ ਵੇਲੇ ਆਪ ਹੋਵੇ ਮੌਜੂਦ, ਕੋਝੇ ਕਮਲੇ ਸਾਰੇ ਪਾਰ ਲੰਘਾਈਆ । ਓਸ ਕਿਹਾ ਉਹ ਕਿਹੜਾ ਵਕ਼ਤ ਜਿਸ ਵੇਲੇ ਮੇਰਾ ਕਾਰਜ ਹੋਵੇ ਸੂਤ, ਸੁੱਤਿਆਂ ਲਏ ਉਠਾਈਆ । ਬਾਲਮੀਕ ਕਿਹਾ ਇਹ ਭੇਵ ਦੁਰਾਡਾ ਗੂੜ੍ਹ, ਸਤਿ ਸਚ ਦਿਆਂ ਸਮਝਾਈਆ । ਜਿਸ ਵੇਲੇ ਪੁਰਖ ਅਕਾਲ ਆਪ ਆਵੇ ਜਿਸ ਵਿਚ ਨਜ਼ਰ ਨਾ ਆਵੇ ਕੋਈ ਦੂਜ, ਦੁਤੀਆ ਭਾਉ ਨਾ ਕੋਇ ਰਖਾਈਆ । ਉਹ ਵੇਖਣਹਾਰਾ ਤੱਤਾਂ ਵਾਲਾ ਕਲਬੂਤ, ਮੱਤਾਂ ਦਾ ਮਾਲਕ ਆਪ ਹੋ ਜਾਈਆ । ਸੱਤਾਂ ਦਾ ਸਾਲਸ ਬਣ ਕੇ ਦੇਵੇ ਆਪ ਸਬੂਤ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਤੇਰਾ ਲੇਖੇ ਵਿਚ ਪਾਈਆ । ਹਵਦੂਤ ਕਿਹਾ ਆਹ ਵੇਖ ਮੇਰੀ ਕਮਲੀ ਅਲਫ਼ੀ, ਤੈਨੂੰ ਦਿਆਂ ਵਖਾਈਆ । ਮੇਰੀ ਨਿੱਕੀ ਜਿਹੀ ਬਾਤ ਦੋਹਰਫ਼ੀ, ਬਹੁਤਾ ਝਗੜਾ ਨਾ ਕੋਇ ਜਣਾਈਆ । ਜੇ ਮਾਲਕ ਉਹ ਧੁਰ ਦਾ ਦਰਦੀ, ਕਿਉਂ ਨਾ ਮੇਰਾ ਦਰਦ ਵੰਡਾਈਆ । ਓਸ ਵੇਲੇ ਸੋਲਾਂ ਪੋਹ ਠੰਡੀ ਪੈਂਦੀ ਸੀ ਸਰਦੀ, ਸਰਦ ਆਹ ਲੈ ਕੇ ਰਿਹਾ ਸੁਣਾਈਆ । ਬਾਲਮੀਕ ਕਿਹਾ ਇਹ ਖੇਲ ਓਸੇ ਦੇ ਘਰ ਦੀ, ਉਹ ਮਾਲਕ ਇਕ ਅਖਵਾਈਆ । ਜਿਸ ਵੇਲੇ ਲੋਕਮਾਤ ਖੇਲ ਕਰੇ ਨਰਾਇਣ ਨਰ ਦੀ, ਨਿਰਗੁਣ ਨਿਰਵੈਰ ਵੇਸ ਵਟਾਈਆ । ਓਸ ਵੇਲੇ ਤੇਰਾ ਲੇਖ ਚੁਕਾਵੇ ਭੇਵ ਮਿਟਾਵੇ ਗਰਮੀ ਸਰਦੀ, ਸਰਦੀ ਗਰਮੀ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਰਿਹਾ ਸਮਝਾਈਆ । ਹਵਦੂਤ ਕਿਹਾ ਮੈਂ ਜਾਣਾ ਕੀ ਨਿਸ਼ਾਨੀ, ਆਪਣੀ ਬੁਧਿ ਨਾ ਕੋਇ ਰਖਾਈਆ । ਬਾਲਮੀਕ ਕਿਹਾ ਉਹ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਬੇਪਰਵਾਹੀਆ । ਜੁਗ ਚੌਕੜੀ ਕਰੇ ਪਹਿਚਾਨੀ, ਬੇਪਹਿਚਾਨ ਰਹਿਣ ਨਾ ਕੋਇ ਪਾਈਆ । ਜਿਸ ਵੇਲੇ ਆਵੇ ਰੁੱਤ ਮਹਾਨੀ, ਬੀਸ ਇਕੀਸਾ ਖ਼ੁਸ਼ੀ ਮਨਾਈਆ । ਤੇਰੀ ਪਹਿਲੀ ਸੁਣਾ ਕੇ ਕਹਾਣੀ, ਅਗੇ ਨਾਤਾ ਧੁਰ ਦਾ ਦਏ ਬਣਾਈਆ । ਜਨ ਭਗਤਾਂ ਨਾਲ ਕਦੇ ਨਾ ਕਰੇ ਬੇਈਮਾਨੀ, ਸ਼ੈਤਾਨੀ ਵਿਚ ਕਦੇ ਨਾ ਆਈਆ । ਪਹਿਲੋਂ ਵਸਤ ਬਖ਼ਸ਼ ਕੇ ਨੂਰਾਨੀ, ਰੂਹਾਨੀ ਈਮਾਨੀ ਈਮਾਨ ਆਪਣੇ ਉਤੇ ਰਖਾਈਆ । ਮਿਹਰ ਕਰਨ ਲਗਾ ਕ਼ੀਮਤ ਲਵੇ ਨਾ ਕੋਇ ਦਵਾਨੀ ਚਵਾਨੀ,

ਟਕਿਆਂ ਵਾਲਾ ਹਿੱਸਾ ਨਾ ਕੋਇ ਵੰਡਾਈਆ । ਚਰਨ ਕਵਲ ਬਖ਼ਸ਼ ਕੇ ਧਿਆਨੀ, ਹਰਿ ਸੰਗਤ ਜੋੜ ਜੁੜਾਈਆ । ਪਹਿਲੋਂ ਚੌਦਾਂ ਪੋਹ ਓਸੇ ਕੋਲੋਂ ਖਾ ਮਹਿਮਾਨੀ, ਫਿਰ ਵੇਲਾ ਵਕ਼ਤ ਸੁਹਾਈਆ । ਓਨੇ ਚਿਰ ਨੂੰ ਹਵਦੂਤ ਦੀ ਆ ਗਈ ਨਾਨੀ, ਸਹਿਜ ਸੁਭਾਉ ਆਪਣਾ ਡੇਰਾ ਲਾਈਆ । ਉਠ ਕੇ ਕਿਹਾ ਛੱਡ ਪਾਗ਼ਲਾਂ ਵਾਲੀ ਕਹਾਣੀ, ਕਿਉਂ ਐਵੇਂ ਵਕ਼ਤ ਲੰਘਾਈਆ । ਬਾਲਮੀਕ ਕਿਹਾ, ਨਹੀਂ, ਇਹ ਵੱਡਾ ਵਿਦਵਾਨੀ, ਇਹਦੇ ਅੰਦਰ ਵਿਦਿਆ ਹੋਰ ਟਿਕਾਈਆ । ਇਸ ਦਾ ਮਾਲਕ ਨਰ ਹਰਿ ਭਗਵਾਨੀ, ਭਗਵਨ ਹੋਏ ਸਹਾਈਆ । ਕਲਜੁਗ ਅੰਤ ਰੁੱਤ ਸੁਹਾਏ ਦੋ ਜਹਾਨੀ, ਲੋਕਮਾਤ ਵਜੇ ਵਧਾਈਆ । ਸੋਲਾਂ ਪੋਹ ਯਾਦ ਕਰਾ ਕੇ ਬਖ਼ਸ਼ਿਸ਼ ਕਰੇ ਚਰਨ ਧਿਆਨੀ, ਧਿਆਨ ਆਪਣੇ ਨਾਲ ਰਖਾਈਆ । ਮਹਿੰਦਰ ਸਿੰਘ ਪਹਿਲਾ ਜਨਮ ਜਿਸ ਦੀ ਕੀਤੀ ਆਪ ਪਹਿਚਾਨੀ, ਚੁਰਾਸੀਆਂ ਵਾਲਾ ਝੁੰਡ ਅਠਾਸੀਵੇਂ ਦਿਨ ਲੇਖ ਚੁਕਾਈਆ । ਹਵਦੂਤ ਕਿਹਾ ਉਹ ਕਵਣ ਧਰਤੀ, ਜਿਸ ਭੂਮਿਕਾ ਮਿਲੇ ਵਡਿਆਈਆ । ਜਿਥੇ ਚਰਨ ਛੁਹਾਏ ਅਰਸ਼ੀ, ਫ਼ਰਸ਼ੀ ਸੋਭਾ ਪਾਈਆ । ਉਹ ਮਿੱਟੀ ਖ਼ਾਕ ਕਰ ਲਏ ਆਪਣੇ ਵਰਗੀ, ਆਪਣੇ ਵਰਗਾ ਰੰਗ ਰੰਗਾਈਆ । ਬਾਲਮੀਕ ਕਿਹਾ ਜਿਥੇ ਗ਼ਰੀਬਾਂ ਦਾ ਹੋਣਾ ਦਰਦੀ, ਦੁਖੀਆਂ ਦਾ ਹੋਣਾ ਸਹਾਈਆ । ਰਵਿਦਾਸ ਦਾ ਕ਼ਰਜ਼ੀ, ਲਾਲੋ ਦੀ ਮਰਜ਼ੀ, ਨਾਨਕ ਭੇਵ ਖੁਲ੍ਹਾਈਆ । ਕਲਜੁਗ ਦੀ ਸਰਦੀ, ਪਵਣ ਅਗੰਮੀ ਠੰਡੀ ਵਗਦੀ, ਤਪਦੇ ਹਿਰਦੇ ਸਾਂਤ ਕਰਾਈਆ । ਓਸ ਵੇਲੇ ਓਹ ਆਵੇ ਅਵਤਾਰ ਕਲਕੀ, ਆਪਣੇ ਨਾਲ ਲੈ ਕੇ ਆਵੇ ਆਪਣੇ ਨਾਮ ਦੀ ਵੰਨਗੀ, ਦੂਜੇ ਦੀ ਆਸ ਨਾ ਕੋਇ ਰਖਾਈਆ । ਘੁਮਿਆਰਾਂ ਦੀ ਆਸਾ ਜਿਸ ਦੀ ਆਸ ਰਖਦੀ, ਕੁਹਾਰਾਂ ਦਾ ਰਾਖਾ ਜਿਨ੍ਹਾਂ ਦੀ ਆਤਮ ਇਕੋ ਢੋਲਾ ਪੜ੍ਹਦੀ, ਚਮਿਆਰਾਂ ਦਾ ਦਾਸਾ ਜਿਨ੍ਹਾਂ ਦੇ ਅੰਦਰ ਜੋਤ ਅਕਾਲਣ ਵੜਦੀ, ਤੇਲੀ ਦਾ ਭਰਵਾਸਾ ਜਿਸ ਦੀ ਆਤਮ ਕਦੇ ਨਾ ਮਰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣਾ ਦਏ ਚੁਕਾਈਆ । ਹਵਦੂਤ ਕਿਹਾ ਇਹ ਕਿੱਡਾ ਸੋਹਣਾ ਚੰਗਾ, ਮੈਨੂੰ ਹਾਲ ਦਿਤਾ ਸੁਣਾਈਆ । ਕੀ ਓਹ ਹੋਊ ਸਾਡੇ ਵਰਗਾ ਬੰਦਾ, ਕਿ ਜਲਵਾ ਨੂਰ ਖ਼ੁਦਾਈਆ । ਬਾਲਮੀਕ ਕਿਹਾ ਉਹ ਨੂਰਾਂ ਦਾ ਨੂਰ, ਚੰਦਾਂ ਦਾ ਚੰਦ ਰੁਸ਼ਨਾਈਆ । ਉਹ ਓਸ਼ਨਾਂ ਦਾ ਓਸ਼ਨ ਬਹਰਾਂ ਦਾ ਬਹਰ, ਬਹਰਹਾਲ ਆਪਣਾ ਇਕ ਪਰਗਟਾਈਆ । ਉਹ ਅਨੰਦਾਂ ਦਾ ਨੰਦ, ਚੰਦਾਂ ਦਾ ਚੰਦ, ਗੀਤਾਂ ਦਾ ਗੀਤ ਅਤੀਤ ਬੇਪਰਵਾਹੀਆ । ਉਹਦੇ ਕੋਲ ਵਖਰਾ ਢੰਗ, ਜਿਹਦੇ ਚਰਨ ਦਵਾਰੇ ਆਵੇ ਜਮਨਾ ਸੁਰਸਤੀ ਗੰਗ, ਅੰਮ੍ਰਿਤ ਬ੍ਰਾਹਮਣ ਕੋਲੋਂ ਬਣਵਾਈਆ । ਦੂਜਾ ਕੋਈ ਨਾ ਪਾਵੇ ਡੰਡ, ਡਾਂਗਾਂ ਸੋਟੇ ਹੱਥਾਂ ਵਿਚ ਰਖਾਈਆ । ਗ਼ਰੀਬਾਂ ਨੂੰ ਪ੍ਰੇਮ ਦੀ ਦਾਤ ਜਾਏ ਵੰਡ, ਚੁਰਾਸੀਆਂ ਦੇ ਪਿੱਛੇ ਚੁਰਾਸੀ ਸਭ ਦੀ ਦਏ ਕਟਾਈਆ । ਜਿਨ੍ਹਾਂ ਅਠਾਸੀ ਅਠਾਸੀ ਹਜ਼ਾਰ ਤਪ ਕੀਤੇ ਬਰਸ ਉਹਨਾਂ ਨੂੰ ਆਇਆ ਨਹੀਂ ਉਹ ਅਨੰਦ, ਜਿਹੜਾ ਘਰ ਬੈਠਿਆਂ ਝੋਲੀ ਪਾਈਆ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਦਏ ਵਰਤਾਈਆ । ਉਨੇਂ ਚਿਰ ਨੂੰ ਧਰਤੀ ਨੇ ਮੰਗ ਲਈ ਮੰਗ, ਬਾਲਮੀਕ ਅਗੇ ਝੋਲੀ ਡਾਹੀਆ । ਮੇਰੀ ਨੰਗੀ ਨਾ ਹੋਵੇ ਕੰਡ, ਮੇਰੀ ਪਿੱਠ ਨਾ ਕੋਇ ਵਡਿਆਈਆ । ਬਾਲਮੀਕ ਕਿਹਾ ਉਹ ਵੇਖ ਖੇਲ ਸੂਰਾ ਸਰਬੰਗ, ਭਗਤਾਂ ਦਾ ਦਏ ਸੰਗ, ਜਿਨ੍ਹਾਂ ਦਾ ਭਾਗ ਚਰਨਾਂ ਲਾ ਲਾ ਤੇਰੇ ਉਤੇ ਰਖਾਈਆ । ਧੌਲ ਅਗੋਂ ਹਸ ਕੇ ਕਢ ਲਏ ਦੰਦ, ਛਿਆਨਵੇਂ ਯੋਜਨ ਅੱਖ ਖੁਲ੍ਹਾਈਆ । ਜੇ ਪ੍ਰਭੂ ਉਹ ਭਗਤ ਮੇਰੇ ਅੰਦਰ ਜਾਣ ਲੰਘ, ਮੈਂ ਸੁਖ ਨਾਲ ਦੇਵਾਂ ਸਵਾਈਆ । ਬਾਲਮੀਕ ਕਿਹਾ ਉਹ ਕੋੜੀਏ ਕਮਲੀਏ ਉਹਨਾਂ ਭਗਵਾਨ ਦਾ ਮਿਲਿਆ ਅਨੰਦ, ਤੇਰੀ ਲੋੜ ਰਹੀ ਨਾ ਰਾਈਆ । ਤੂੰ ਉਹਨਾਂ ਦੇ ਪੈਰਾਂ ਹੇਠਾਂ ਡਾਹ


੯

ਕੇ ਆਪਣੀ ਕੰਡ, ਚਰਨ ਛੂਹ ਨਾਲ ਆਪਣਾ ਭਾਗ ਲੈਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਧਰਤੀ ਵਿਚੋਂ ਬੋਲਿਆ ਜਲ, ਆਪਣਾ ਹਾਲ ਸੁਣਾਈਆ । ਜਿਸ ਤਰਾ ਮੈਂ ਇਹਦੇ ਵਿਚ ਗਿਆ ਰਲ, ਇਸੇ ਤਰਾ ਦਾ ਭਗਤਾਂ ਵਿਚ ਇਹ ਵੇਖਿਆ ਚਾਈਂ ਚਾਈਂਆ । ਜਿਸ ਵੇਲੇ ਗੁਰਮੁਖਾਂ ਨੂੰ ਮਿਲਣ ਲਗੇਗਾ ਫਲ, ਮੈਂ ਵੀ ਭੱਜਾ ਆਵਾਂ ਵਾਹੋ ਦਾਹੀਆ । ਇਸੇ ਕਰ ਕੇ ਕਲ੍ਹ ਰਾਵੀ ਤੇ ਲੰਘ ਲੰਘ ਕੇ ਚਰਨ ਦਵਾਰਾ ਲਿਆ ਮਲ, ਆਪਣੀ ਖ਼ੁਸ਼ੀ ਮਨਾਈਆ । ਦਸਾਂ ਪੋਟਿਆਂ ਨਾਲ ਹੌਲੀ ਜਿਹੀ ਜਿਸ ਵੇਲੇ ਤਕਿਆ ਉਹਦੇ ਵਲ, ਉਹ ਉਸੇ ਵੇਲੇ ਆਪਣਾ ਪਿਛਲਾ ਲੇਖਾ ਲੈ ਕੇ ਅਗੇ ਆਈਆ । ਰਾਤ ਦਾ ਸੁੱਤਿਆਂ ਸੁੱਤਿਆਂ ਤੁਹਾਡੇ ਨਾਲ ਗਿਆ ਰਲ, ਅੱਜ ਆਇਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ । ਜਲ ਕਹੇ ਮੈਂ ਸਭ ਤੋਂ ਪਵਿੱਤਰ, ਦੇਵਾਂ ਵਿਚੋਂ ਦੇਵ ਨਜ਼ਰੀ ਆਈਆ । ਮਿੱਟੀ ਖ਼ਾਕ ਵਿਚੋਂ ਨਿਤਰ, ਸੋਹਣਾ ਸਾਫ਼ ਰੂਪ ਵਟਾਈਆ । ਇਸੇ ਤਰਾ ਭਗਤ ਭਗਵਾਨ ਵਿਚੋਂ ਆਵਣ ਨਿਕਲ, ਤੱਤਾਂ ਵਾਲਾ ਸਰੀਰ ਹੰਢਾਈਆ । ਮੇਰੇ ਬਣ ਕੇ ਮਿਤਰ, ਚਰਨ ਮੇਰੇ ਵਿਚ ਰਖਾਈਆ । ਇਸੇ ਕਰ ਕੇ ਮੇਰਾ ਤੀਰਥਾਂ ਉਤੇ ਹੁੰਦਾ ਜ਼ਿਕਰ, ਤਟ ਦੇਣ ਗਵਾਹੀਆ । ਜਲ ਕਹੇ ਜੇ ਰਵਿਦਾਸ ਦੇ ਟੁੱਟੇ ਮੇਰੇ ਵਿਚ ਨਾ ਪੈਂਦੇ ਛਿੱਤਰ, ਮੇਰਾ ਅੰਮ੍ਰਿਤ ਰੂਪ ਨਜ਼ਰ ਕੋਇ ਨਾ ਆਈਆ । ਮੈਨੂੰ ਭਗਤਾਂ ਦੇ ਮਿਲਣ ਦਾ ਇਸ਼ਕ, ਇਸੇ ਕਰ ਕੇ ਸੰਗ ਰਿਹਾ ਬਣਾਈਆ । ਤੁਹਾਡੇ ਵੇਂਹਦਿਆਂ ਵੇਂਹਦਿਆਂ ਰਾਵੀ ਵਿਚੋਂ ਥੋੜਾ ਆਇਆ ਖ਼ਿਸਕ, ਆਪਣਾ ਰੂਪ ਬਦਲਾਈਆ । ਜਿਸ ਵੇਲੇ ਰਾਤ ਨੂੰ ਤੁਹਾਨੂੰ ਲਗਣਾ ਤਿਲਕ, ਮੈਂ ਵਿਚ ਹਿੱਸਾ ਦੇਣਾ ਪਾਈਆ । ਦੱਸਾਂ, ਵੇਂਹਦਾ ਰਿਹਾ ਕਿਉਂ ਕਿਸ਼ਨ ਸਿੰਘ ਦੀ ਨਿਕਲਦੀ ਰਹੀ ਕਿਲਕ, ਨੇਤਰ ਰੋਵੇ ਮਾਰੇ ਧਾਈਆ । ਅਜੇ ਤਕ ਪ੍ਰਭੂ ਨਹੀਂ ਦਿਤਾ ਝਿੜਕ, ਧੱਕਾ ਦੇ ਨਾ ਪਰੇ ਹਟਾਈਆ । ਮੈਂ ਜਾਚ ਸਿਖ ਕੇ ਰਖਿਆ ਸਿਦਕ, ਭਰੋਸੇ ਵਿਚ ਮੰਗੀ ਸਰਨਾਈਆ । ਬੇਸ਼ਕ ਮੈਨੂੰ ਤਾਅਨੇ ਦੇਵਣ ਨਿੰਦਕ, ਮੈਨੂੰ ਚੋਟ ਲੱਗੇ ਨਾ ਰਾਈਆ । ਮੈਂ ਭਗਤਾਂ ਦੇ ਅਗੇ ਕਰਾਂ ਮਿੰਨਤ, ਸੱਜਣੋ ਮੇਰਾ ਸੰਗ ਲੈਣਾ ਬਣਾਈਆ । ਤੁਸੀਂ ਕੋਈ ਨਾ ਜਾਇਓ ਤੀਰਥ ਕਰ ਕੇ ਆਪਣੀ ਹਿੰਮਤ, ਤੁਹਾਨੂੰ ਪਿਛਲਾ ਲੇਖਾ ਯਾਦ, ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਹਾਡੇ ਏਥੇ ਚਰਨ ਧੋਵਣ ਆਈਆ । ਤੁਹਾਡੀ ਖ਼ੁਆਰੀ ਨਾ ਹੋਵੇ ਜ਼ਿੱਲਤ, ਦੁਸ਼ਵਾਰੀ ਦਿਆਂ ਗਵਾਈਆ । ਤੁਹਾਨੂੰ ਖ਼ਿਤਾਬ ਮਿਲਿਆ ਧੁਰ ਦਾ ਖ਼ਿਲਤ, ਪੁਰਖ ਅਬਿਨਾਸ਼ੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਰਿਹਾ ਵਖਾਈਆ । ਸੁਣ ਕੇ ਬਚਨ ਬੋਲਿਆ ਅਸਥਾਨ ਚੁਰਾਸੀ, ਕੁਛ ਮੈਨੂੰ ਦਿਉ ਜਣਾਈਆ । ਬਾਲਮੀਕ ਜਿਥੇ ਬੈਠਾ ਰਿਹੋਂ ਦਿਨ ਅਠਾਸੀ, ਆਪਣਾ ਧਿਆਨ ਲਗਾਈਆ । ਬਤਾਲੀਵੇਂ ਦਿਨ ਜਿਸ ਵੇਲੇ ਤੈਨੂੰ ਆਈ ਸੀ ਖਾਂਸੀ, ਹੌਕਾ ਲੈ ਕੇ ਦਿਤਾ ਜਣਾਈਆ । ਓਧਰੋਂ ਤੇਰੀ ਘਰ ਵਾਲੀ ਦੀ ਆਈ ਸੀ ਮਾਸੀ, ਤੈਨੂੰ ਥੋੜਾ ਜਿਹਾ ਦੁਸ਼ਾਂਦਾ ਦਿਤਾ ਪਿਆਈਆ । ਫੇਰ ਉਠ ਕੇ ਆਈ ਤੇਰੀ ਚਾਚੀ, ਜੋ ਗਰਮ ਪਾਣੀ ਨਾਲ ਗਈ ਨੁਹਾਈਆ । ਤੂੰ ਹੌਲੀ ਜਿਹੀ ਉਹਨਾਂ ਇਕ ਗੱਲ ਆਖੀ, ਬੇਨੰਤੀ ਨਾਲ ਸੁਣਾਈਆ । ਤੁਸੀਂ ਸੱਜਣ ਮੇਰੇ ਝੂਠੇ ਸਾਥੀ, ਮੈਂ ਸੱਜਣ ਲਭਣਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਰਿਹਾ ਉਠਾਈਆ । ਸਭ ਕੁਛ ਸੁਣ ਬੋਲੀ ਭੂਮੀ, ਭੂਮਿਕਾ ਰਹੀ ਜਣਾਈਆ । ਬੇਸ਼ਕ ਮੈਂ ਰਸਨਾ ਨਾਲ ਨਹੀਂ ਕੂੰਦੀ, ਇਸ਼ਾਰਿਆਂ ਨਾਲ ਦਰਸਾਈਆ । ਤੈਨੂੰ

ਨਜ਼ਰ ਨਹੀਂ ਔਂਦਾ ਜਿਸ ਵੇਲੇ ਉਹ ਮਾਲਕਾਂ ਦਾ ਮਾਲਕ ਆਵੇ ਉਸ ਦੇ ਹੱਥ ਵਿਚ ਹੋਣੀ ਇਕ ਖੂੰਡੀ, ਜਿਸ ਦਾ ਰੂਪ ਆਦਿ ਸ਼ਕਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਭੂਮਿਕਾ ਦਰ ਸਾਚੇ ਆਪ ਸੁਹਾਈਆ । ਭੂਮਿਕਾ ਕਹੇ ਏਥੇ ਚੁਰਾਸੀਆਂ ਕੀਤਾ ਇਕ ਹਵਨ, ਟੋਆ ਢਾਈ ਹੱਥ ਪੁਟਾਈਆ । ਘਿਰਤ ਦੀਪ ਸੁਗੰਧੀ ਲਈ ਪਵਣ, ਅਗਨੀ ਤਤ ਤਪਾਈਆ । ਵੇਦ ਮੰਤਰਾਂ ਗਾਇਆ ਗਵਣ, ਸ਼ਾਸਤਰ ਕਰ ਪੜ੍ਹਾਈਆ । ਫੂਲ ਵਿਚ ਕੀਤਾ ਦਮਨ, ਤੁਲਸੀ ਪੱਤੇ ਭੇਟ ਚੜ੍ਹਾਈਆ । ਲਾਲ ਅੰਗਿਆਰਾਂ ਵਾਲਾ ਚਮਨ, ਸੋਹਣਾ ਲਿਆ ਬਣਾਈਆ । ਪ੍ਰਭ ਕਾ ਭੇਵ ਜਾਣੇ ਕਵਣ, ਸਾਚੀ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਜੁਗਾ ਜੁਗੰਤਰ ਜਿਸ ਆਪਣੀ ਧਾਰ ਆਪਣੇ ਵਿਚ ਰਖਾਈਆ ।

### ✻ ੧੯ ਪੋਹ ੨੦੨੧ ਬਿਕ੍ਰਮੀ ਬੀਬੀ ਲਾਜੀ ਦੇ ਘਰ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✻

ਤੇਜਾ ਸਿੰਘ ਕਿਹਾ ਤੁਹਾਨੂੰ ਨਹੀਂ ਕੁਛ ਇਲਮ, ਚੁਰਾਸੀਆਂ ਵਿਚੋਂ ਇਕ ਮੈਂ ਵੀ ਨਜ਼ਰੀ ਆਈਆ । ਮੇਰਾ ਪਿਛਲਾ ਤ੍ਰੇਤੇ ਦਾ ਨਾਮ ਸੀ ਚਮਨ, ਦਮਕ ਚਮਕ ਚੇਹਰੇ ਨੂਰ ਰੁਸ਼ਨਾਈਆ । ਓਸ ਵੇਲੇ ਮੈਂ ਸੂਟਾ ਮਾਰ ਕੇ ਖਿਚਦਾ ਸਾਂ ਚਿਲਮ, ਨਸ਼ਾ ਖ਼ੁਮਾਰ ਰਖਾਈਆ । ਮੇਰਾ ਸੋਹਣਾ ਸੁਡੋਲ ਸੀ ਜਿਸਮ, ਵੇਖਣਹਾਰੇ ਵੇਖ ਵੇਖ ਖ਼ੁਸ਼ੀ ਰਖਾਈਆ । ਮੇਰਾ ਇਕੋ ਸੀ ਸਚਾ ਇਸਮ, ਇਕ ਧਿਆਨ ਲਗਾਈਆ । ਸਾਰੀਆਂ ਜਿੰਨਸਾਂ ਨਾਲੋਂ

ਮੈਨੂੰ ਤਮਾਕੂ ਦੀ ਚੰਗੀ ਲਗੀ ਕਿਸਮ, ਆਪਣੀ ਕਿਸਮਤ ਨਾਲ ਅਜ਼ਮਾਈਆ । ਜਿਸ ਵੇਲੇ ਵੇਂਹਦਾ ਸਾਂ ਆਪਣੀ ਨਾਲ ਚਸ਼ਮ, ਅੱਖੀਂ ਧਿਆਨ ਲਗਾਈਆ । ਓਸ ਵੇਲੇ ਮੈਨੂੰ ਚੰਗੀ ਲਗਦੀ ਸੀ ਭਸਮ, ਸਾਧੂਆਂ ਵਾਲਾ ਭੇਸ ਵਟਾਈਆ । ਮੈਂ ਬਾਲਮੀਕ ਨੂੰ ਕਿਹਾ ਖਾ ਕੇ ਕ਼ਸਮ, ਕੁਛ ਅਗਲਾ ਹਾਲ ਜਣਾਈਆ । ਭਗਤ ਭਗਵਾਨ ਦੀ ਕਿਹੜੀ ਰਸਮ, ਕਿਹੜਾ ਖੇਲ ਦੇਣਾ ਵਖਾਈਆ । ਉਹਨੇ ਸੁਣਾਇਆ ਗਾ ਕੇ ਇਕ ਨਜ਼ਮ, ਦਾਸਾਂ ਦਾ ਦਾਸ ਰੂਪ ਵਟਾਈਆ । ਓਸ ਵੇਲੇ ਮੈਂ ਇਕ ਹੋਰ ਸੂਟਾ ਖਿਚਿਆ ਮੇਰਾ ਖਾਣਾ ਹੋਇਆ ਹਜ਼ਮ, ਮੇਰੇ ਅੰਦਰ ਹੋਈ ਰੁਸ਼ਨਾਈਆ । ਮੈਂ ਨੱਚਿਆ ਉਹ ਕਿਹੜੇ ਥਾਂ ਵਸਣ, ਕਵਣ ਦਵਾਰੇ ਸੋਭਾ ਪਾਈਆ । ਮੈਨੂੰ ਦੱਸ ਦੇ ਉਹਦੇ ਸਾਰੇ ਲੱਛਣ, ਜੇ ਮੁੜ ਕੇ ਮਿਲਾਂ ਭੁਲ ਨਾ ਕਦੇ ਭੁਲਾਈਆ । ਬਾਲਮੀਕ ਕਿਹਾ ਉਹ ਆਪੇ ਆਵੇ ਭਗਤਾਂ ਦੀ ਪੈਜ ਰੱਖਣ, ਜੁਗ ਜੁਗ ਵੇਸ ਵਟਾਈਆ । ਨਾਮ ਵਿਰੋਲੇ ਵਿਚੋਂ ਮੱਖਣ, ਨਾਮ ਮਧਾਣਾ ਇਕੋ ਪਾਈਆ । ਰਵਿਦਾਸ ਵਰਗੇ ਕਲਜੁਗ ਤੈਨੂੰ ਆਪੇ ਦੱਸਣ, ਹੌਲੀ ਹੌਲੀ ਸਮਝਾਈਆ । ਓਸ ਜਨਮ ਤੇਰੇ ਪਰਦੇ ਆਵੇ ਫੇਰ ਢਕਣ, ਮਿਹਰ ਨਜ਼ਰ ਉਠਾਈਆ । ਓਸ ਨੇ ਕਿਹਾ ਉਹ ਕਿਹੜਾ ਸੁਣਾਵੇ ਭਾਸ਼ਣ, ਸਿਫ਼ਤ ਕੀ ਜਣਾਈਆ । ਕਿਹੜੇ ਬਹੇ ਆਸਣ, ਕਵਣ ਧਾਮ ਡੇਰਾ ਲਾਈਆ । ਬਾਲਮੀਕ ਕਿਹਾ ਉਹਦਾ ਭਗਤਾਂ ਘਰ ਸਿੰਘਾਸਣ, ਦੂਜੀ ਥਾਂ ਨਾ ਕੋਇ ਹੰਢਾਈਆ । ਤੇਰਾ ਲਹਿਣਾ ਚੁਕਾਵੇ ਅੰਤ ਲੋਕਮਾਤਨ, ਮਾਨਸ ਜਨਮ ਆਪਣੀ ਝੋਲੀ ਪਾਈਆ । ਓਸ ਅਗੋਂ ਕਿਹਾ ਹਸ ਕੇ ਇਹ ਚੰਗੀ ਸੁਣਾਈ ਬਾਤਨ, ਮੈਨੂੰ ਪਹਿਲੋਂ ਦਿਤਾ ਜਣਾਈਆ । ਮੈਨੂੰ ਆਦਤ ਤਮਾਕੂ ਖਾਵਾਂ ਬਦਲੇ ਦਾਤਨ, ਦੰਦਾਂ ਨਾਲ ਹੋਰ ਵਸਤ ਨਾ ਕੋਇ ਛੁਹਾਈਆ । ਜੇ ਮੇਰਾ ਤਮਾਕੂ ਦੇਵੇ ਮੇਰਾ ਸਾਥਣ, ਫੇਰ ਪ੍ਰਭ ਦਾ ਦਰਸ਼ਨ ਪਾਈਆ । ਮੇਰੀ ਪ੍ਰੀਤ ਚੁਰਾਸੀ ਸਾਰੇ

ਨਾਲ ਆਪੇ ਆਖਣ, ਜਿਸ ਨੇ ਮੇਰੀ ਲਿਵ ਅੰਦਰੇ ਅੰਦਰ ਬਣਾਈਆ । ਇਹ ਕੋਈ ਨਹੀਂ ਮੈਂ ਕੀਤਾ ਪਾਪਣ, ਇਕੋ ਨਾਲ ਪ੍ਰੇਮ ਲਗਾ ਕੇ ਜੁਗ ਜਨਮ ਆਪਣੇ ਨਾਲ ਬਿਤਾਈਆ । ਮੈਨੂੰ ਭਗਵਾਨ ਵਰਗਾ ਇਹ ਦਿਸੇ ਜਿਸ ਨਾਲ ਮੇਰੀ ਪੂਰੀ ਹੁੰਦੀ ਵਾਸਣ, ਚਿੰਤਾ ਚਿਖਾ ਦਏ ਗਵਾਈਆ । ਮੈਂ ਇਸੇ ਕਾਰਨ ਸ੍ਰਿਸ਼ਟੀ ਵਿਚ ਸਾਰਿਆਂ ਨੂੰ ਆਉਂਦਾ ਆਖਣ, ਜੇ ਪ੍ਰੇਮ ਪਾਓ ਛਡ ਨਾ ਜਾਓ ਦੂਜਾ ਭਾਉ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਆਪਣੇ ਹੱਥ ਰਖਾਈਆ । ਚਮਨ ਕਹੇ ਮੇਰਾ ਸੁਲਫ਼ਾ ਵੇਖੋ ਥਲਿਉਂ ਲੀਰੋ ਲੀਰ, ਸਵਾ ਗਿਠ ਨਜ਼ਰੀ ਆਈਆ । ਜਿਸ ਵੇਲੇ ਇਸਨੂੰ ਥੱਲਿਉਂ ਇਕੱਠਾ ਕਰਕੇ ਖਿੱਚਾਂ ਮੈਨੂੰ ਨਜ਼ਰੀ ਆਵੇ ਮੇਰਾ ਪੀਰ, ਗੁਣੀ ਗਹੀਰ ਬੇਪਰਵਾਹੀਆ । ਮੈਂ ਮਸਤਾਨਾ ਹੋ ਕੇ ਤੱਕਾਂ ਉਹਦੀ ਤਸਵੀਰ, ਬਿਨਾ ਤਸਬੀਆਂ ਮਾਲਾ ਬੈਠਾ ਸ਼ਹਿਨਸ਼ਾਹੀਆ । ਓਸ ਮੈਨੂੰ ਦਸਿਆ ਇਕ ਵਾਰੀ ਅਖ਼ੀਰ, ਆਖ਼ਰ ਆਪਣਾ ਹੁਕਮ ਜਣਾਈਆ । ਕਲਜੁਗ ਅੰਤਮ ਤੇਰੇ ਨਾਲੋਂ ਇਕ ਹੋਰ ਚੰਗਾ ਬਣਾਵਾਂ ਤੇਰਾ ਵੀਰ, ਜਿਸ ਦੀ ਤਦਬੀਰ ਆਪਣੇ ਹੱਥ ਰਖਾਈਆ । ਰਵਿਦਾਸ ਚੁਮਾਰਾ ਨਾਨਕ ਨਿਰਗੁਣ ਸਰਗੁਣ ਓਸੇ ਦੇ ਪੀਰ, ਉਹਨਾਂ ਪੀਰਾਂ ਦਾ ਮਾਲਕ ਮੈਂ ਇਕ ਅਖਵਾਈਆ । ਜਨਮ ਜਨਮ ਦੇ ਕਟ ਜ਼ੰਜੀਰ, ਲੇਖਾ ਅਗਲਾ ਦਿਆਂ ਮੁਕਾਈਆ । ਅਗੋਂ ਬੋਲਿਆ ਹੋ ਕੇ ਹਕੀਰ, ਅਦਨਾ ਹੋ ਕੇ ਦਿਤਾ ਸੁਣਾਈਆ । ਮੇਰੀ ਮੰਨੀ ਅਰਜ਼ ਇੱਕ ਅਖ਼ੀਰ, ਮੇਰੀ ਬੂਟੀ ਸੂਟਿਆਂ ਵਾਲੀ ਮੇਰੇ ਨਾਲ ਨਿਭਾਈਆ । ਹੁਕਮ ਮਿਲਿਆ ਇਸੇ ਨਾਲ ਦੇ ਕੇ ਧੀਰ, ਤੇਰੀ ਧੀਰਜ ਦਿਆਂ ਬੰਧਾਈਆ । ਭਗਤਾਂ ਨਾਲ ਮਿਲਾ ਕੇ ਬਖ਼ਸ਼ਾਂ ਉਹ ਜਾਗੀਰ, ਜਿਸ ਦਾ ਹਿੱਸਾ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲੇਖਾ ਵੇਖ ਵੇਖ ਰਿਹਾ ਸਮਝਾਈਆ । ਚਮਨ ਕਹੇ ਸੁਲਫ਼ੇ ਦੀ ਜਗਹ ਮਿਲਿਆ ਹੁੱਕਾ, ਹਕੂਮਤ ਪ੍ਰਭ ਨੇ ਦਿਤੀ ਬਦਲਾਈਆ । ਜਿਸ ਦੇ ਨੇਚੇ ਵਿਚੋਂ ਪਾਣੀ ਅਜੇ ਨਾ ਮੁੱਕਾ, ਗਟੇ ਦੇ ਥਾਂ ਤੁੱਕਾ ਦਿਤਾ ਫਸਾਈਆ । ਟੋਪੀ ਵਿਚ ਰੋੜਾ ਰਖਕੇ ਸੁੱਕਾ, ਉਤੇ ਕੋਲਿਆਂ ਅੱਗ ਟਿਕਾਈਆ । ਜਿਸ ਵੇਲੇ ਮੈਂ ਖਿਚਿਆਂ ਪਹਿਲਾ ਘੁੱਟਾ, ਘੁਟ ਘੁਟ ਅੰਦਰੋਂ ਕੋਈ ਜਫੀਆਂ ਪਾਈਆ । ਮੈਂ ਇਕ ਦਿਨ ਅਚਾਨਕ ਸੀ ਸੁੱਤਾ, ਮੈਨੂੰ ਮਿਲਿਆ ਬੇਪਰਵਾਹੀਆ । ਮੈਂ ਪੁਛਦਾ ਰਿਹਾ ਪੁੱਛਾਂ, ਹੌਲੀ ਹੌਲੀ ਸੁਣਾਈਆ । ਵੇਖੀਂ ਮੇਰੀ ਗੱਲ ਦਾ ਕਿਤੇ ਕਰ ਨਾ ਲਵੀਂ ਗ਼ੁੱਸਾ, ਆਪਣੀ ਅੱਖ ਬਦਲਾਈਆ । ਮੈਂ ਵੀ ਵੱਡਾ ਹੁੰਦਾ ਸਾਂ ਗੱਭਰੂ ਤਾਅ ਦਿੰਦਾ ਸਾਂ ਮੁੱਛਾਂ, ਆਪਣਾ ਬਲ ਜਣਾਈਆ । ਹੁਣ ਵਸ ਪੈ ਗਿਆ ਪੁੱਤਾਂ, ਅੰਦਰੇ ਅੰਦਰ ਤੇਰਾ ਰਾਹ ਤਕਾਈਆ । ਹੁੱਕੇ ਬਦਲੇ ਜੇ ਲੇਖੇ ਲਗ ਜਾਏ ਮੇਰਾ ਜੁੱਸਾ, ਜਿਸਮ ਤੇਰੀ ਭੇਟ ਚੜ੍ਹਾਈਆ । ਮੈਂ ਆਪਣਿਆਂ ਛੱਡਾਂ ਪੁੱਤਾਂ, ਤੂੰ ਮੈਨੂੰ ਕਹੀਂ ਪੁੱਤਾ, ਪਿਤਾ ਬਣਕੇ ਗੋਦ ਉਠਾਈਆ । ਮੈਂ ਸਭ ਨੂੰ ਕਹਾਂ ਜਿਸ ਹੁੱਕੇ ਪਿਛੇ ਮੇਰਾ ਪੈਂਡਾ ਮੁੱਕਾ, ਕਿਉਂ ਮੇਰੀ ਪ੍ਰੀਤ ਹੁੱਕੇ ਨਾਲ ਧੁਰਦੀ ਬਣੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਬਿਨਾਸ਼ੀ ਅਚੁਤਾ, ਗੁਰ ਸਤਿਗੁਰ ਸਤਿਗੁਰ ਗੁਰ ਆਪਣੀ ਦਇਆ ਕਮਾਈਆ ।

### ❊ ਦਲੀਪ ਸਿੰਘ ਦੇ ਬੂਹੇ ਨਾਲ ਦਰਵਾਜ਼ੇ ਅਗੇ ❊

ਅਗੇ ਲਿਖਾਰੀ ਪਿਛੇ ਦਰਬਾਰੀ, ਅਚਰਜ ਖੇਲ ਰਚਾਇੰਦਾ । ਭਗਤਾਂ ਦੇਣ ਚਲਿਆ ਸਰਦਾਰੀ, ਮਾਣ ਤਾਣ ਦੋ ਜਹਾਨ ਵਧਾਇੰਦਾ । ਜਨਮ

੧੨

ਜਨਮ ਦੀ ਕੱਟਣ ਚਲਿਆ ਬੀਮਾਰੀ, ਰੋਗ ਸੋਗ ਗਵਾਇੰਦਾ । ਦੇਵਣ ਚਲਿਆ ਨਾਮ ਖ਼ੁਮਾਰੀ, ਅੰਮ੍ਰਿਤ ਰਸ ਜਾਮ ਪਿਆਇੰਦਾ । ਗੰਢਣ ਚਲਿਆ ਧੁਰ ਦੀ ਯਾਰੀ, ਨਾਤੇ ਕੂੜੇ ਤੋੜ ਤੁੜਾਇੰਦਾ । ਕਰਜ਼ਾ ਲੌਹਣ ਚਲਿਆ ਉਧਾਰੀ, ਪਿਛਲਾ ਲੇਖਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਇੰਦਾ । ਜਨ ਭਗਤਾਂ ਦੇਣ ਚਲਿਆ ਇਨਾਮ, ਵਸਤ ਅਮੋਲਕ ਇਕ ਵਰਤਾਈਆ । ਸੁਣੌਣ ਚਲਿਆ ਪੈਗ਼ਾਮ, ਧੁਰ ਦਾ ਰਾਗ ਅਲਾਈਆ । ਮਿਲੌਣ ਚਲਿਆ ਰਾਮ, ਰਾਮ ਆਪੇ ਨਜ਼ਰੀ ਆਈਆ । ਮਿਟੌਣ ਚਲਿਆ ਸ਼ਾਮ, ਸਾਚਾ ਚੰਦ ਚਮਕਾਈਆ । ਦਵੌਣ ਚਲਿਆ ਆਰਾਮ, ਸਾਚੀ ਸੇਜ ਸੁਹਾਈਆ । ਕਰੌਣ ਚਲਿਆ ਅਸ਼ਨਾਨ, ਦੁਰਮਤ ਮੈਲ ਧੁਆਈਆ । ਉਠੌਣ ਚਲਿਆ ਨਿਧਾਨ, ਸੋਈ ਸੁਰਤ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੇਵਣ ਚਲਿਆ ਧੂੜ, ਟਿੱਕਾ ਨਾਮ ਲਗਾਈਆ । ਬਖ਼ਸ਼ਣ ਚਲਿਆ ਨੂਰ, ਜੋਤ ਕਰੇ ਰੁਸ਼ਨਾਈਆ । ਵਜਾਵਣ ਚਲਿਆ ਤੂਰ, ਨਾਦ ਧੁਨ ਸ਼ਨਵਾਈਆ । ਭੰਡਾਰੇ ਕਰਨ ਚਲਿਆ ਭਰਪੂਰ, ਖ਼ਾਲੀ ਆਪ ਭਰਾਈਆ । ਚਤੁਰ ਸੁਘੜ ਬਣਾਉਣ ਚਲਿਆ ਮੂੜ੍ਹ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਲਗਾਈਆ । ਖੁਲ੍ਹੌਣ ਚਲਿਆ ਦਰਵਾਜ਼ਾ, ਦਰਦੀ ਹੋ ਕੇ ਦਰਦ ਵੰਡਾਈਆ । ਲੌਣ ਚਲਿਆ ਮਸਤਕ ਖ਼ਾਕਾ, ਧੂੜੀ ਇਕ ਵਖਾਈਆ । ਬਣਾਉਣ ਚਲਿਆ ਸੱਜਣ ਸਾਕਾ, ਬੇਪਰਵਾਹ ਬੇਪਰਵਾਹੀਆ । ਵਸੌਣ ਚਲਿਆ ਉਜੜਿਆ ਮਾਝਾ, ਗੁਲਸ਼ਨ ਨਾਮ ਮਹਿਕਾਈਆ । ਬਣੌਣ ਚਲਿਆ ਧੁਰ ਦੇ ਸਾਕਾ, ਸੱਜਣ ਇਕ ਅਖਵਾਈਆ । ਟਿਕੌਣ ਚਲਿਆ ਸਾਚਾ ਮਾਥਾ, ਮਸਤਕ ਜੋਤ ਕਰੇ ਰੁਸ਼ਨਾਈਆ । ਜਪੌਣ ਚਲਿਆ ਸੱਚੀ ਗਾਥਾ, ਸਾਚਾ ਨਾਮ ਅਲਾਈਆ । ਪਿਔਣ ਚਲਿਆ ਸਾਚਾ ਬਾਟਾ, ਅੰਮ੍ਰਿਤ ਜਾਮ ਮੁਖ ਲਗਾਈਆ । ਪੂਰਨ ਕਰਨ ਚਲਿਆ ਘਾਟਾ, ਨਾਮ ਭੰਡਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੇਵਣ ਚਲਿਆ ਦਾਨ, ਆਪਣੀ ਦਇਆ ਕਮਾਈਆ । ਬਖ਼ਸ਼ਣ ਆਇਆ ਗਿਆਨ, ਕਲਮਾ ਇਕ ਪੜ੍ਹਾਈਆ । ਬਣਾਵਣ ਆਇਆ ਨਿਜ਼ਾਮ, ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਵਰਤਾਈਆ । ਦੇਵਣ ਆਇਆ ਜੋਗ, ਜੁਗੀਸ਼ਰ ਦਇਆ ਕਮਾਇੰਦਾ । ਮਿਲਾਵਣ ਆਇਆ ਸੰਜੋਗ, ਵਿਛੜੇ ਜੋੜ ਜੁੜਾਇੰਦਾ । ਕੱਟਣ ਆਇਆ ਰੋਗ, ਹਉਮੇ ਗੜ੍ਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਦੇਵਣ ਆਇਆ ਸਹਾਰਾ, ਸਾਹਿਬ ਸਚਾ ਗੁਸਾਈਆ । ਜਿਸ ਕਰਨਾ ਪਾਰ ਕਿਨਾਰਾ, ਅਧਵਿਚਕਾਰ ਨਾ ਕੋਇ ਅਟਕਾਈਆ । ਸਾਚਾ ਬਖ਼ਸ਼ਣਾ ਇਕ ਦਵਾਰਾ, ਦਰਗਾਹ ਸਾਚੀ ਮਿਲੇ ਵਡਿਆਈਆ । ਗੀਤ ਸੁਣੌਣਾ ਇਕ ਜੈਕਾਰਾ, ਸੋਹੰ ਢੋਲਾ ਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਸਿਰ ਆਪਣਾ ਹੱਥ ਟਿਕਾਈਆ । ਭਗਤ ਕਹਿਣ ਸਾਡੇ ਜਾਗੇ ਭਾਗ, ਮਿਲੀ ਮਾਣ ਵਡਿਆਈਆ । ਜਨਮ ਜਨਮ ਦੀ ਤ੍ਰਿਖਾ ਬੁਝੀ ਆਗ, ਸਾਂਤਕ ਸਤਿ ਵਰਤਾਈਆ । ਨਿਰਮਲ ਜੋਤ ਹੋਵੇ ਪਰਕਾਸ਼, ਨੂਰ ਨੂਰ ਰੁਸ਼ਨਾਈਆ । ਹੰਸ ਬਣੇ ਕਾਗ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਸਮਝਾਈਆ । ਮਸਤਕ ਕਹਿਣ ਸਾਡੀ ਆਸਾ ਪੁੰਨੀ, ਮਿਲੀ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਪੁਕਾਰ

ਸੁਣੀ, ਚਲ ਕੇ ਆਇਆ ਧੁਰਦਰਗਾਹੀਆ । ਨਾਦ ਵਜਾਵੇ ਆਪਣੀ ਧੁਨੀ, ਧੁਰ ਦੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਚੁਕਾਈਆ । ਮਸਤਕ ਕਹਿਣ ਅਸੀਂ ਵੇਖ ਵੇਖ ਹੱਸੇ, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਅੰਦਰ ਵਸੇ, ਬੈਠਾ ਡੇਰਾ ਲਾਈਆ । ਸਾਚੀ ਦੇ ਕੇ ਇਕੋ ਮੱਤੇ, ਸਾਚਾ ਰਾਹ ਰਿਹਾ ਵਖਾਈਆ । ਭਗਤ ਭਗਵਾਨ ਸਰਨਾਈ ਢੱਠੇ, ਦੂਜੇ ਸੀਸ ਨਾ ਕੋਇ ਨਿਵਾਈਆ । ਅੰਮ੍ਰਿਤ ਰਸ ਇਕੋ ਚੱਟੇ, ਸਤਿਗੁਰ ਪੂਰਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖੇ ਥਾਉਂ ਥਾਈਂਆ । ਮਸਤਕ ਕਹਿਣ ਅਸੀਂ ਪਾਇਆ ਦਰਸ, ਨੂਰ ਨੁਰਾਨਾ ਨਜ਼ਰੀ ਆਈਆ । ਜਨਮ ਕਰਮ ਦੀ ਮਿਟ ਗਈ ਹਰਸ, ਹਵਸ ਨਾ ਕੋਈ ਵਧਾਈਆ । ਅਬਿਨਾਸ਼ੀ ਕਰਤੇ ਕੀਤਾ ਤਰਸ, ਮਿਹਰ ਨਜ਼ਰ ਉਠਾਈਆ । ਬੇੜਾ ਹੋਣ ਨਹੀਂ ਦਿਤਾ ਗ਼ਰਕ, ਪਾਰ ਕਿਨਾਰਾ ਆਪ ਵਖਾਈਆ । ਸਾਕ ਸੱਜਣ ਕੀਤੇ ਤਰਕ, ਨਾਤਾ ਤੁਟਿਆ ਜਗਤ ਲੋਕਾਈਆ । ਜਿਹੜੀ ਗੋਬਿੰਦ ਨਾਲ ਸ਼ਰਤ, ਸੋ ਪੂਰੀ ਰਿਹਾ ਕਰਾਈਆ । ਜੋਧਾ ਸੂਰਬੀਰ ਬਣਕੇ ਮਰਦ, ਮਦਦ ਕਰਨ ਆਇਆ ਥਾਉਂ ਥਾਈਂਆ । ਗ਼ਰੀਬ ਨਿਮਾਣਿਆਂ ਸੁਣ ਕੇ ਅਰਜ਼, ਲੇਖਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਪੂਰਾ ਕਰੇ ਫ਼ਰਜ਼, ਫ਼ਰਜ਼ੀ ਰੂਪ ਨਾ ਕੋਇ ਵਖਾਈਆ ।



੧੪

### ✻ ੧੬ ਪੋਹ ੨੦੨੧ ਬਿਕ੍ਰਮੀ ਬੀਬੀ ਬੰਤੀ ਅਤੇ ਦਲੀਪ ਸਿੰਘ, ਪਿੰਡ ਬਾਬੂਪੁਰਾ ਜ਼ਿਲਾ ਗੁਰਦਾਸਪੁਰ ✻

ਸਾਚਾ ਨਿਸ਼ਾਨਾ ਕਹੇ ਵਾਰੀ ਆਈ ਸਵਰਨ, ਸਚਖੰਡ ਦਵਾਰੇ ਸਾਚੇ ਲਏ ਅੰਗੜਾਈਆ । ਜਿਸ ਨੂੰ ਜੀਵਣ ਤੋਂ ਪਹਿਲੋਂ ਮਰਨ ਤੋਂ ਪਿਛੋਂ ਮਿਲੀ ਸਰਨ, ਚਰਨ ਕਵਲ ਪ੍ਰਭ ਵਡਿਆਈਆ । ਉਹ ਸਾਚੀ ਸੇਵਾ ਆਇਆ ਕਰਨ, ਨਿਰਗੁਣ ਧਾਰ ਹੁਕਮੇ ਅੰਦਰ ਫੇਰਾ ਪਾਈਆ । ਸੱਤ ਰੰਗ ਨਿਸ਼ਾਨ ਆਇਆ ਫੜਨ, ਆਕਾਸ਼ ਪਾਤਾਲਾਂ ਪੰਧ ਮੁਕਾਈਆ । ਸਾਚਾ ਢੋਲਾ ਗੀਤ ਗੋਬਿੰਦ ਆਇਆ ਪੜ੍ਹਨ, ਧੁਰ ਦਾ ਰਾਗ ਜਣਾਈਆ । ਸਾਚੇ ਮੰਦਰ ਆਇਆ ਚੜ੍ਹਨ, ਮਹਲ ਅਟਲ ਵੇਖ ਵਖਾਈਆ । ਮੇਟਣ ਆਇਆ ਵਰਨ ਬਰਨ, ਜ਼ਾਤ ਪਾਤ ਊਚ ਨੀਚ ਝਗੜੇ ਦਏ ਚੁਕਾਈਆ । ਏਕਾ ਰੰਗ ਆਇਆ ਰੰਗਣ, ਨਾਮ ਲਲਾਰੀ ਰੂਪ ਵਟਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਲੈ ਕੇ ਆਇਆ ਸੰਗਣ, ਧੁਰ ਦਾ ਸੰਗ ਬਣਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਤੋੜ ਕੇ ਆਇਆ ਫੰਦਨ, ਕਿਰਿਆ ਕੂੜੀ ਸੰਗ ਨਾ ਕੋਇ ਰਲਾਈਆ । ਜਨਮ ਕਰਮ ਦਿਆਂ ਵਿਛੜਿਆਂ ਆਤਮ ਪਰਮਾਤਮ ਆਇਆ ਗੰਢਣ, ਧੁਰ ਦਾ ਮੇਲਾ ਮੇਲ ਮਿਲਾਈਆ । ਬੇੜਾ ਪਾਰ ਕਰਨ ਆਇਆ ਬਿਨਾ ਮੁਹਾਣੇ ਵੰਞਣ, ਖੇਵਟ ਖੇਟਾ ਹੋ ਕੇ ਸੇਵ ਕਮਾਈਆ । ਨਾਉਂ ਨਿਰੰਕਾਰ ਵਜਾਵਣ ਆਇਆ ਮਰਦੰਗਣ, ਬ੍ਰਹਿਮੰਡ ਖੰਡ ਪੁਰੀ ਲੋਅ ਦਏ ਸੁਣਾਈਆ । ਸ਼ਾਹ ਸਵਾਰਾ ਸਾਚੇ ਅਸਵ ਕਸਣ ਆਇਆ ਤੰਗਣ, ਪਾਖਰ ਜ਼ੀਨ ਇਕੋ ਨਜ਼ਰੀ ਆਈਆ । ਜਨ ਭਗਤਾਂ ਮਸਤਕ ਟਿੱਕਾ ਧੂੜੀ ਲਾਵਣ ਆਇਆ ਚੰਦਨ, ਜਨਮ ਜਨਮ ਦੀ ਦੁਰਮਤ ਮੈਲ ਧੁਆਈਆ । ਸਚ ਭੰਡਾਰਾ ਏਕਾ ਨਾਮ ਖ਼ਜ਼ਾਨਾ ਆਇਆ ਵੰਡਣ, ਹੁਕਮ ਮੰਨ ਕੇ ਬੇਪਰਵਾਹੀਆ । ਕੂੜ ਕੁੜਿਆਰਾਂ ਠੱਗਾਂ ਚੋਰਾਂ ਯਾਰਾਂ ਆਇਆ

ਡੰਡਣ, ਖੜਗ ਖੰਡਾ ਇਕੋ ਹੱਥ ਉਠਾਈਆ । ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਪਾਰ ਆਇਆ ਲੰਘਣ, ਬਲਧਾਰੀ ਵੇਸ ਵਟਾਈਆ । ਚੌਦਾਂ ਤਬਕ ਮੁਕਾ ਕੇ ਆਇਆ ਪੰਧਨ, ਪਾਂਧੀ ਹੋ ਕੇ ਫੇਰਾ ਪਾਈਆ । ਈਸਾ ਮੂਸਾ ਬਣ ਦਰਵੇਸ਼ ਸੰਗ ਮੁਹੰਮਦ ਜਿਸ ਦਵਾਰੇ ਕਰਦੇ ਬੰਦਨ, ਸਜਦਿਆਂ ਵਿਚ ਸੀਸ ਝੁਕਾਈਆ । ਜੋ ਪਰਵਰਦਿਗਾਰ ਸਾਂਝਾ ਯਾਰ ਖੇਲੇ ਖੇਲ ਵਿਚ ਬ੍ਰਹਿਮੰਡਣ, ਵਰਭੰਡਣ ਵੇਖ ਵਖਾਈਆ । ਜੋ ਸੂਫ਼ੀਆਂ ਸੰਤਾਂ ਚਰਨ ਧੂੜੀ ਦੇਵੇ ਮਜਨ, ਸਰ ਸਰੋਵਰ ਇਕੋ ਇਕ ਨੁਹਾਈਆ । ਜੋ ਆਦਿ ਜੁਗਾਦਿ ਨਿਤ ਨਵਿਤ ਦੋ ਜਹਾਨਾਂ ਕਰੇ ਅਦਲ, ਅਦਾਲਤ ਆਪਣੀ ਇਕ ਸਮਝਾਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਾਰ ਦੇਵੇ ਬਦਲ, ਲੋਕਮਾਤ ਸਕੇ ਨਾ ਕੋਇ ਅਟਕਾਈਆ । ਜੋ ਸਹਿਜ ਸੁਭਾਏ ਭਗਤਾਂ ਮੁਖ ਲਗਾਏ ਸਗਨ, ਨਾਮ ਰਸ ਇਕ ਚਖਾਈਆ । ਜਿਸ ਦੇ ਲੱਖ ਚੁਰਾਸੀ ਜੀਵ ਜੰਤ ਦੀਪਕ ਜਗਣ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਰੰਗ ਕਹੇ ਵੇਖਿਆ ਸ਼ਹਿਨਸ਼ਾਹ, ਸਚਖੰਡ ਨਿਵਾਸੀ ਬੇਪਰਵਾਹੀਆ । ਜਿਸ ਦੀ ਮਦਦ ਮੰਗ ਕੇ ਅਲੀ ਕਿਹਾ ਖ਼ੁਦਾ, ਪੈਗ਼ੰਬਰ ਨਿਉਂ ਨਿਉਂ ਲਾਗੇ ਪਾਈਆ । ਜਿਸ ਦਾ ਵਾਹਦ ਰੂਪ ਜੁਦਾ, ਜੁਜ਼ ਵਿਚ ਜਗਤ ਲੋਕਾਈਆ । ਜੋ ਨਾਮ ਅਹਿਬਾਬ ਰਬਾਬ ਰਿਹਾ ਵਜਾ, ਨਗ਼ਮਾ ਹਕ ਹਕ ਸੁਣਾਈਆ । ਮੁਕਾਮੇ ਹਕ ਮਹਿਫ਼ਲ ਰਿਹਾ ਲਗਾ, ਤੁਆਰਫ਼ ਆਪਣੇ ਨਾਲ ਜਣਾਈਆ । ਸਚ ਸੰਦੇਸ਼ਾ ਰਿਹਾ ਘਲਾ, ਹੁਕਮ ਇਕੋ ਬੇਪਰਵਾਹੀਆ । ਚੌਦਾਂ ਤਬਕ ਰਿਹਾ ਉਠਾ, ਜ਼ਿਮੀਂ ਅਸਮਾਨਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਪਰਵਰਦਿਗਾਰ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਆਦਿ ਜੁਗਾਦੀ ਸਾਂਝਾ ਯਾਰ, ਆਤਮ ਪਰਮਾਤਮ ਸਗਲਾ ਸੰਗ ਨਿਭਾਈਆ । ਵਸਣਹਾਰਾ ਮਹਲ ਅਟਲ ਉਚ ਮਿਨਾਰ, ਦਰਗਾਹ ਸਾਚੀ ਸੋਭਾ ਪਾਈਆ । ਤਖ਼ਤ ਨਿਵਾਸੀ ਏਕੰਕਾਰ, ਸੋ ਪੁਰਖ ਨਿਰੰਜਣ ਆਪਣੇ ਹੱਥ ਰੱਖੇ ਵਡਿਆਈਆ । ਭਗਤ ਵਛਲ ਗਿਰਵਰ ਗਿਰਧਾਰ, ਮੁਰੀਦ ਮੁਰਸ਼ਦ ਰਿਹਾ ਤਰਾਈਆ । ਨਗ਼ਮਿਆਂ ਦਾ ਸਰਦਾਰ, ਸਦਮਿਆਂ ਦਾ ਖ਼ੁਮਾਰ, ਨਾਮ ਖ਼ੁਮਾਰੀ ਇਕ ਰਖਾਈਆ । ਕ਼ਦਮਾਂ ਦਾ ਉਧਾਰ ਪਦਮਾਂ ਦਾ ਸ਼ਿੰਗਾਰ, ਸੋਹਣਾ ਰੂਪ ਵਟਾਈਆ । ਗ਼ਰੀਬਾਂ ਦਾ ਮਦਦਗਾਰ, ਹੰਕਾਰੀਆਂ ਕਰਨਹਾਰਾ ਖ਼ਾਕ ਛਾਰ, ਖ਼ਾਕੀ ਖ਼ਾਕ ਰੂਪ ਸਮਾਈਆ । ਸਿਫ਼ਤਾਂ ਦਾ ਇਜ਼ਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਇਕ ਹਮੇਸ਼, ਆਦਿ ਪੁਰਖ ਵਡੀ ਵਡਿਆਈਆ । ਜਿਸ ਨੂੰ ਸਜਦੇ ਕਰਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਕੋਟਨ ਕੋਟ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਡਿੱਗੇ ਚਰਨਾਂ ਹੇਠ, ਸੀਸ ਸਕੇ ਨਾ ਕੋਇ ਉਠਾਈਆ । ਜੋ ਵਸੇ ਸਚ ਭੂਮਿਕਾ ਸਚਖੰਡ ਅਗੰਮੇ ਦੇਸ, ਸਚ ਦਵਾਰਾ ਇਕ ਸੁਹਾਈਆ । ਭੂਪਤ ਭੂਪ ਬਣਕੇ ਵਡ ਨਰੇਸ਼, ਨਰ ਨਿਰੰਕਾਰ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਜਿਸ ਦਾ ਦਿੰਦੀ ਗਈ ਸੰਦੇਸ਼, ਲੱਖ ਚੁਰਾਸੀ ਹੁਕਮ ਜਣਾਈਆ । ਸੋ ਸਾਹਿਬ ਸਵਾਮੀ ਧਰ ਕੇ ਭੇਖ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣਾ ਫੇਰਾ ਪਾਈਆ । ਆ ਕੇ ਵਸਿਆ ਸੰਬਲ ਦੇਸ, ਜਿਸ ਦਾ ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਜਨ ਭਗਤਾਂ ਲਿਖੇ ਧੁਰ ਦੇ ਲੇਖ, ਪੂਰਬ ਲਹਿਣੇ ਰਿਹਾ ਚੁਕਾਈਆ । ਸ਼ਹਿਨਸ਼ਾਹ ਬਣ ਕੇ ਆਪ ਦਰਵੇਸ਼, ਗੁਰਮੁਖ ਦਵਾਰੇ ਅਲਖ ਜਗਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਧੁਰ ਦਾ ਫੱਕਰ, ਜੋ ਪੀਰਾਂ ਫ਼ਕੀਰਾਂ ਰਿਹਾ ਤਰਾਈਆ । ਨਿਰਗੁਣ ਧਾਰੋਂ ਆਇਆ ਉਤਰ, ਉੱਤਰ ਪੂਰਬ ਪੱਛਮ ਦੱਖਣ ਦਿਸ਼ਾ ਸਮਝ ਕੋਇ ਨਾ ਪਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜੇ ਬਣਾਏ ਪੁੱਤਰ, ਪਿਤਾ ਆਪਣੀ ਗੋਦ ਉਠਾਈਆ । ਚੌਦਾਂ ਲੋਕ ਕਰਨ ਸ਼ੁਕਰ, ਚੌਦਾਂ ਤਬਕ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਸਚਖੰਡ ਨਿਵਾਸੀ, ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦਾ ਖੇਲ ਅਗੰਮ ਤਮਾਸ਼ੀ, ਮੰਡਲ ਰਾਸੀ ਸਾਰ ਨਾ ਪਾਈਆ । ਸੋ ਸਾਹਿਬ ਭਗਤਾਂ ਬਣਿਆ ਸਾਥੀ, ਸਗਲਾ ਸੰਗ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲਿਖ ਲਿਖ ਦੇ ਕੇ ਗਏ ਪਾਤੀ, ਪਤਣ ਇੱਕੋ ਇਕ ਜਣਾਈਆ । ਸੋ ਸਭ ਦਾ ਲੇਖਾ ਦੇਵੇ ਬਾਕੀ, ਪੂਰਬ ਪੂਰਬ ਝੋਲੀ ਪਾਈਆ । ਕਲਜੁਗ ਵੇਖ ਅੰਧੇਰੀ ਰਾਤੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਮੰਜ਼ਲ ਚੜ੍ਹਕੇ ਆਪਣੀ ਘਾਟੀ, ਪੰਧ ਅਗਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੱਤ ਰੰਗ ਨਿਸ਼ਾਨਾ ਕਹੇ ਵੇਖੀਏ ਮੁਰਸ਼ਦ, ਜੋ ਮੁਰੀਦਾਂ ਦਏ ਵਡਿਆਈਆ । ਧੁਰਦਰਗਾਹੀ ਆਪਣੀ ਕਰਕੇ ਆਇਆ ਫ਼ੁਰਸਤ, ਸਮਾਂ ਸਮੇਂ ਵਿਚੋਂ ਬਦਲਾਈਆ । ਕਲਜੁਗ ਕੂੜੀ ਕਿਰਿਆ ਮੇਟੇ ਗ਼ੁਰਬਤ, ਗ਼ਰੂਰ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਧੋਵੇ ਮੈਲ ਦੁਰਮਤ, ਪਾਕੀ ਪਾਕ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਰੰਗ ਕਹੇ ਮੈਂ ਵੇਖਿਆ ਅਜੀਬ, ਅਜਬ ਨਿਰਾਲਾ ਖੇਲ ਕਰਾਈਆ । ਸ਼ਹਿਨਸ਼ਾਹ ਹੋ ਕੇ ਬਣਿਆ ਆਪ ਗ਼ਰੀਬ, ਨਿਮਾਣਿਆਂ ਨਿਮਾਣ ਰੂਪ ਵਟਾਈਆ । ਜਨ ਭਗਤਾਂ ਬਦਲਣ ਆਇਆ ਨਸੀਬ, ਨਸੀਹਤ ਆਪਣੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਖਿਲਾਈਆ । ਸੱਤ ਰੰਗ ਕਹੇ ਵੇਖੋ ਭਿਖਾਰੀ, ਦਰ ਮਾਂਗਤ ਬੇਪਰਵਾਹੀਆ । ਭਗਤ ਸੁਹੇਲਾ ਆਇਆ ਆਪਣੀ ਵਾਰੀ, ਸਦੀ ਵੀਹਵੀਂ ਵੇਸ ਵਟਾਈਆ । ਜਿਹੜਾ ਆਦਿ ਜੁਗਾਦਿ ਜੁਗ ਚੌਕੜੀ ਮਫ਼ਰੂਰ ਹੋ ਕੇ ਬਣਿਆ ਰਿਹਾ ਇਸ਼ਤਿਹਾਰੀ, ਖੋਜਿਆਂ ਹੱਥ ਕਿਸੇ ਨਾ ਆਈਆ । ਲੁਕਿਆ ਰਿਹਾ ਸਚਖੰਡ ਸਚੇ ਦਰਬਾਰੀ, ਮੁਕਾਮੇ ਹਕ ਮੁਖ ਨਕ਼ਾਬ ਟਿਕਾਈਆ । ਹੁਕਮ ਸੰਦੇਸ਼ਾ ਦੇਂਦਾ ਰਿਹਾ ਵਾਰੋ ਵਾਰੀ, ਅਵਤਾਰਾਂ ਪੈਗ਼ੰਬਰਾਂ ਗੁਰੂਆਂ ਸੇਵ ਲਗਾਈਆ । ਲੇਖ ਲਿਖਾਉਂਦਾ ਰਿਹਾ ਬਣ ਲਿਖਾਰੀ, ਕਾਤਬ ਹੋ ਕੇ ਕ਼ਲਮ ਚਲਾਈਆ । ਹੁਕਮ ਮਨਾਉਂਦਾ ਰਿਹਾ ਬਣ ਕੇ ਵਡ ਸੰਸਾਰੀ, ਧੁਰ ਦੀ ਧਾਰ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਵੇਸ ਵਟਾਈਆ । ਹੁਕਮੇ ਅੰਦਰ ਵਟਿਆ ਵੇਸ, ਵੱਟਾ ਸਭ ਨੂੰ ਲਏ ਲਗਾਈਆ । ਆਪੇ ਸ਼ਾਹ ਆਪੇ ਨਰੇਸ਼, ਦਰਵੇਸ਼ ਆਪਣੀ ਖੇਲ ਕਰਾਈਆ । ਆਪੇ ਰਹਿਣਹਾਰ ਹਮੇਸ਼, ਆਪੇ ਖਿਨ ਖਿਨ ਆਪਣਾ ਫੇਰਾ ਪਾਈਆ । ਆਪੇ ਕਰਨਹਾਰ ਆਦੇਸ, ਆਪੇ ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਆਪੇ ਖ਼ਿਦਮਤਗਾਰ ਆਪਣਾ ਆਪ ਕਰਨਹਾਰਾ ਪੇਸ਼, ਆਪੇ ਸੁਲਤਾਨ ਬਣਕੇ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਪਰਵਰਦਿਗਾਰ ਹੋਇਆ ਦਰਵੇਸ਼, ਤਨ ਮਾਟੀ ਖ਼ਾਕੀ ਚੋਲਾ ਤੱਤ ਹੰਢਾਈਆ । ਦੋ ਜਹਾਨਾਂ ਪੰਧ ਮੁਕਾਉਂਦਾ ਆਇਆ ਓਸੇ ਦੇਸ, ਜਿਸ ਦੀ ਦਿਸ਼ਾ ਸਮਝ ਕਿਸੇ ਨਾ ਆਈਆ । ਜਿਸ ਦੀ ਸਿਫ਼ਤ ਗੌਂਦਾ

ਦੋਏ ਸਹੰਸਰ ਜਿਹਵਾ ਫੰਨ ਸ਼ੇਸ਼, ਸ਼ਾਸਤਰ ਸਿਮਰਤ ਦੇਣ ਗਵਾਹੀਆ । ਸੋ ਸਾਹਿਬ ਸੁਲਤਾਨਾ ਮਿਹਰਵਾਨਾ ਬਖ਼ਸ਼ਣਹਾਰਾ ਟੇਕ, ਟਿੱਕੇ ਮਸਤਕ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖ ਮੌਕਾ, ਇਕੋ ਵਾਰ ਕੁਰਲਾਈਆ । ਸਚਖੰਡ ਦਵਾਰੇ ਦੇਵਾਂ ਹੋਕਾ, ਬ੍ਰਹਿਮੰਡਾਂ ਖੰਡਾਂ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਧਿਆਨ ਕਰ ਕੇ ਚੌਦਾਂ ਲੋਕਾ, ਚੌਦਾਂ ਤਬਕਾਂ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਫੇਰਾ ਪਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਗੁਰ ਅਵਤਾਰ ਪੀਰ ਪੈਗ਼ੰਬਰ ਸੱਦਾਂ, ਸੰਦੇਸ਼ਾ ਨਾਮ ਸੁਣਾਈਆ । ਸਭ ਦੇ ਪਿਛੇ ਉਠ ਉਠ ਭੱਜਾਂ, ਵਾਹੋ ਦਾਹੀ ਪੰਧ ਮੁਕਾਈਆ । ਆਓ ਵੇਖੋ ਸਾਰੇ ਆਪਣਾ ਅਗਾ, ਪਿਛਲਾ ਲੇਖ ਮੁਕਾਈਆ । ਜਿਹੜਾ ਸ਼ਬਦੀ ਗੋਬਿੰਦ ਪਾਇਆ ਝੱਗਾ, ਉਹ ਦਰਵੇਸ਼ ਆਪਣੇ ਤਨ ਛੁਹਾਈਆ । ਸਭ ਨਾਲੋਂ ਲਗਾ ਚੰਗਾ, ਚਾਰ ਕੁੰਟ ਕਰੇ ਰੁਸ਼ਨਾਈਆ । ਜਨ ਭਗਤ ਦਵਾਰੇ ਆ ਕੇ ਗੁਰਮੁਖਾਂ ਕੋਲੋਂ ਮੰਗੇ ਮੰਗਾਂ, ਆਪਣੀ ਝੋਲੀ ਅਗੇ ਡਾਹੀਆ । ਮੈਂ ਪੈਰਾਂ ਤੋਂ ਨੰਗਾ, ਭੁਜਾਂ ਤਾਨ ਨਾ ਕੋਇ ਰਖਾਈਆ । ਵੇਖਣ ਵਾਲਾ ਬੰਦਿਆਂ ਵਰਗਾ ਬੰਦਾ, ਤੱਤਾਂ ਦਾ ਆਧਾਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਰੰਗ ਨਿਸ਼ਾਨਾ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਤੱਕੋ ਜਲਵਾ, ਨੂਰ ਜ਼ਹੂਰ ਖ਼ੁਦਾਈਆ । ਜਿਸ ਦੇ ਨਾਂ ਦਾ ਨਿਆਜ਼ਾਂ ਅੰਦਰ ਖਾਂਦੇ ਆਏ ਹਲਵਾ, ਸੋ ਅਹਿਵਾਲਾ ਦੇ ਕੇ ਰਿਹਾ ਜਣਾਈਆ । ਜਿਸ ਦਾ ਲਹਿਣਾ ਦੇਣਾ ਸਗਵਾਂ, ਸਨਮੁਖ ਹੋ ਕੇ ਰਿਹਾ ਮੁਕਾਈਆ । ਜਿਸ ਦਾ ਦੀਪਕ ਇਕੋ ਜਗਣਾ, ਲੋਕ ਪਰਲੋਕ ਕਰੇ ਰੁਸ਼ਨਾਈਆ । ਜਿਸ ਦਾ ਨਗਾਰਾ ਇਕੋ ਵਜਣਾ, ਬ੍ਰਹਿਮੰਡਾਂ ਖੰਡਾਂ ਕਰੇ ਸ਼ਨਵਾਈਆ । ਜਿਸ ਦਾ ਮੰਦਰ ਇਕੋ ਸਜਣਾ, ਸਤਿ ਸਵਾਮੀ ਨਜ਼ਰੀ ਆਈਆ । ਜਿਸ ਦਾ ਚੌਦਾਂ ਤਬਕਾਂ ਇਕੋ ਅਦਲਾ, ਇਨਸਾਫ਼ ਵਿਚ ਰਖੇ ਲੋਕਾਈਆ । ਜਿਸ ਦਾ ਸੀਸ ਧੜ ਕਿਸੇ ਤੋਂ ਹੋਵੇ ਕਦੇ ਨਾ ਕ਼ਤਲਾ, ਕ਼ਾਤਲ ਮਕ਼ਤੂਲ ਨਜ਼ਰ ਕੋਇ ਨਾ ਆਈਆ । ਜਿਸ ਦਾ ਸਭ ਤੋਂ ਵਖਰਾ ਵਸਲਾ, ਵਸਲੇ ਯਾਰ ਇਕ ਰਖਾਈਆ । ਉਹ ਤਾਰੇ ਆਅਲਾ ਅਦਨਾ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਕਲਜੁਗ ਕੋਲੋਂ ਸਤਿਜੁਗ ਲਏ ਬਦਲਾ, ਉਲਟੀ ਧਾਰਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਤੱਕੋ ਉਹ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਵੇਖੋ ਆਪਣਾ ਦੇਵਣ ਆਇਆ ਸਬੂਤ, ਲੋਕਮਾਤ ਫੇਰਾ ਪਾਈਆ । ਦਰਵੇਸ਼ਾਂ ਵਾਲਾ ਕਲਬੂਤ, ਸ਼ਹਿਨਸ਼ਾਹ ਆਪਣੀ ਸੇਵ ਕਮਾਈਆ । ਆਪਣੀ ਉਤਾਰਨ ਆਇਆ ਭੁਖ, ਜਨ ਭਗਤਾਂ ਅਗੇ ਝੋਲੀ ਡਾਹੀਆ । ਮੈਂ ਹਾਜ਼ਰ ਹੋਇਆ ਮੌਜੂਦ, ਮੁਫ਼ਲਿਸ ਹੋ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਗੇ ਇਕ ਦਰ, ਜਨ ਭਗਤ ਦਿਓ ਵਡਿਆਈਆ । ਜਨ ਭਗਤੋ ਕਰੋ ਸਚ ਪਿਆਰ, ਪ੍ਰੇਮ ਪ੍ਰੀਤੀ ਮੰਗ ਮੰਗਾਇੰਦਾ । ਤੁਸੀਂ ਸ਼ਹਿਨਸ਼ਾਹ ਮੇਰੇ ਸਰਦਾਰ, ਮੈਂ ਖ਼ਾਦਮ ਨਜ਼ਰੀ ਆਇੰਦਾ । ਮੈਂ ਤੁਆਰਫ਼ ਕਰਾਂ ਵਿਚ ਸੰਸਾਰ, ਸਿਫ਼ਤਾਂ ਨਾਲ ਸਲਾਹਿੰਦਾ । ਤੁਹਾਡੇ ਨਾਲ ਮਿਲ ਕੇ ਹੋਵਾਂ ਨਾ ਕਦੇ ਖ਼ੁਆਰ, ਖ਼ੁਆਰੀ ਸਭ ਦੀ ਆਪਣੀ ਝੋਲੀ ਪਾਇੰਦਾ । ਫੜਿਆਂ ਕਿਸੇ ਤੋਂ ਨਾ ਹੋਵਾਂ ਗ੍ਰਿਫ਼ਤਾਰ, ਬੰਦੀਖ਼ਾਨੇ ਸਰਬ ਰਖਾਇੰਦਾ । ਜੋਤਾਂ ਵਿਚੋਂ ਮੇਰਾ ਨੂਰ ਉਜਿਆਰ, ਜ਼ਹੂਰਾਂ ਵਿਚੋਂ ਜ਼ਾਹਰਾ ਜ਼ਹੂਰ ਕਲ ਰਖਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਅਲਖ ਜਗਾਇੰਦਾ । ਸ਼ਾਹ ਸੁਲਤਾਨ ਮਿਹਰਵਾਨ ਜਗਾਏ ਅਲਖ, ਨਾਅਰਾ ਹਕ ਸੁਣਾਈਆ । ਧੁਰ ਦਰਬਾਰ ਹੋ ਪ੍ਰਤੱਖ, ਆਪਣਾ ਵੇਸ ਵਟਾਈਆ । ਸਾਚਾ ਮਾਰਗ ਇਕ ਦੱਸ, ਦੋ ਜਹਾਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਜਨ ਭਗਤ ਦਰ ਤੇਰੇ ਆਇਆ, ਧੁਰ ਦੀ ਆਸ ਰਖਾਈਆ । ਮੇਰਾ ਦਲਿਦਰ ਦਿਓ ਗਵਾਇਆ, ਭੁਖ ਰਹੇ ਨਾ ਰਾਈਆ । ਕਲਜੁਗ ਅੰਤਮ ਝੂਠੀ ਮੰਗੇ ਮਾਇਆ, ਮਮਤਾ ਨਾਲ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਕਹੇ ਪ੍ਰਭ ਤੇਰੀ ਸਿਖਿਆ ਚੰਗੀ ਸਿੱਖੀ, ਸਿੱਖੀ ਵਿਚੋਂ ਸਿਖ ਨਜ਼ਰੀ ਆਈਆ । ਸਾਨੂੰ ਯਾਦ ਆਈ ਗੋਬਿੰਦ ਵਾਲੀ ਚਿੱਠੀ, ਜਿਹੜੀ ਦਸਤ ਗਿਆ ਫੜਾਈਆ । ਜਿਸ ਵੇਲੇ ਸੰਮਤ ਆਵੇ ਵੀਹ ਸੌ ਇੱਕੀ, ਇੱਕੀਆਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਰਿਹਾ ਬਣਾਈਆ । ਚਿੱਠੀ ਵਿਚ ਗੁਰਮੁਖਾਂ ਦਿਤਾ ਇਖ਼ਤਿਆਰ, ਹੁਕਮ ਇਕ ਜਣਾਈਆ । ਪੁਰਖ ਅਕਾਲ ਤੁਹਾਡਾ ਸਾਂਝਾ ਯਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਦਰ ਤੇ ਆਵੇ ਬਣ ਭਿਖਾਰ, ਅਲਫ਼ੀ ਤਨ ਛੁਹਾਈਆ । ਮੰਗੇ ਮੰਗ ਭਰੇ ਵਿਚ ਦਰਬਾਰ, ਆਪਣੀ ਆਸ ਵਧਾਈਆ । ਓਸ ਵੇਲੇ ਭਿਛਿਆ ਦੇਣੀ ਡਾਰ, ਪ੍ਰੇਮ ਪ੍ਰੀਤੀ ਝੋਲੀ ਪਾਈਆ । ਵੀਹ ਸੌ ਇੱਕੀ ਦਾ ਇੱਕੀ ਸੈਂਕੜਿਆਂ ਵਾਲਾ ਹਾਰ, ਹਰਿ ਹਰਿ ਹਰਿ ਹਰ ਰੰਗ ਸਮਾਈਆ । ਅਗੇ ਤੋਂ ਭਗਤਾਂ ਦਾ ਕਰੇ ਇਤਬਾਰ, ਬੇਇਤਬਾਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇੱਕੀ ਸੌ ਦਾ ਹਾਰ ਨਹੀਂ ਇਹ ਗੁਰਮੁਖਾਂ ਦੇ ਸਿਖ, ਸਿੱਖਾਂ ਦੇ ਗੁਰਮੁਖ ਨਜ਼ਰੀ ਆਈਆ । ਜਿਨ੍ਹਾਂ ਦਾ ਲੇਖਾ ਗੋਬਿੰਦ ਗਿਆ ਲਿਖ, ਲਿਖਤ ਕੀਤੀ ਕ਼ਲਮ ਸ਼ਾਹੀਆ । ਜਿਨ੍ਹਾਂ ਨਾਲ ਬਣਿਆ ਭਵਿੱਖ, ਵਾਕ ਭਵਿਖਤ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀਆਂ ਦਾ ਹਾਰ ਇੱਕੀ ਸਿਰ, ਗੁਰਮੁਖ ਆਪਾ ਭੇਟ ਚੜ੍ਹਾਈਆ । ਜਿਨ੍ਹਾਂ ਦੀ ਸਾਹਿਬ ਸੁਲਤਾਨ ਬਣਿਆ ਧਿਰ, ਪੁਰਖ ਅਕਾਲ ਹੋਇਆ ਸਹਾਈਆ । ਉਹਨਾਂ ਦੀ ਕਹਾਣੀ ਅਗੇ ਜਾਣੀ ਛਿੜ, ਭੇਵ ਅਭੇਦਾ ਦਏ ਖੁਲ੍ਹਾਈਆ । ਕਲਜੁਗ ਉਲਟਾ ਗੇੜਾ ਜਾਣਾ ਗਿੜ, ਲੱਖ ਚੁਰਾਸੀ ਲਠ ਆਪ ਭਵਾਈਆ । ਸ਼ਾਹ ਸੁਲਤਾਨਾਂ ਮਰਨਾਂ ਭਿੜ ਭਿੜ, ਧੀਰਜ ਧੀਰ ਨਾ ਕੋਇ ਧਰਾਈਆ । ਇਕ ਦਰਵੇਸ਼ ਨੇ ਖ਼ਾਲੀ ਕਰਨਾ ਪਿੜ, ਨੌ ਖੰਡ ਪ੍ਰਿਥਮੀ ਇੱਕੋ ਹੁਕਮ ਵਰਤਾਈਆ । ਗੁਰਮੁਖ ਵਿਰਲਾ ਰਹਿਣਾ ਥਿਰ, ਜਿਸ ਸਿਰ ਆਪਣਾ ਹੱਥ ਰਖਾਈਆ । ਕੱਚੇ ਬੇਰ ਜਾਣੇ ਝਿਰ, ਪਤ ਟਹਿਣੀ ਰਹੇ ਕੁਰਲਾਈਆ । ਇਕੋ ਭਬਕ ਮਾਰੇ ਸ਼ੇਰ, ਦੋ ਜਹਾਨ ਦਏ ਹਿਲਾਈਆ । ਲੱਖ ਚੁਰਾਸੀ ਹੁਕਮੇ ਅੰਦਰ ਘੇਰ, ਰਾਏ ਧਰਮ ਹੱਥ ਫੜਾਈਆ । ਗੁਰਮੁਖਾਂ ਦੀ ਗ਼ਰੀਬੀ ਇੱਕੀਆਂ ਪਿੱਛੇ ਦਏ ਨਬੇੜ, ਨਾਮ ਦੇ ਧਨੀ ਸਾਰੇ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਦਾ ਹਾਰ ਰਿਹਾ ਦੱਸ, ਸੋਹਣਾ ਹਾਲ ਜਣਾਈਆ । ਇਕ ਵੇਰਾਂ ਸਤਿਜੁਗ ਮੈਂ ਆਇਆ ਕਪਲ ਮੁਨੀ ਦੇ ਹੱਥ, ਓਸ ਅਮਾਨਤ ਦਿਤਾ ਟਿਕਾਈਆ । ਫਿਰ ਰਾਮ ਗਲ ਛੁਹਾਇਆ ਦਸਰਥ, ਪਿਤਾ ਪੂਤ ਪਿਆਰ ਵਖਾਈਆ । ਰਾਮ ਨੇ ਅੰਦਰ ਦਿਤਾ ਟੰਗ, ਫਿਰ ਹੱਥ ਨਾ ਕੋਇ ਛੁਹਾਈਆ । ਤੀਜੀ ਵੇਰ ਸੁਦਾਮੇ ਨੇ ਕ੍ਰਿਸ਼ਨ ਗਲ ਪਾਇਆ ਹਸ, ਜਿਸ ਵੇਲੇ ਤੰਦਲ ਲੈ ਕੇ ਦਵਾਰੇ

ਜਾਈਆ । ਉਸ ਨੇ ਅਗੋਂ ਜੋੜ ਕੇ ਹੱਥ, ਕਰ ਬੇਨੰਤੀ ਦਿਤਾ ਸੁਣਾਈਆ । ਇਹ ਸਾਡਾ ਤੈਨੂੰ ਪਾਉਣਾ ਹਕ, ਕੀ ਹੋਇਆ ਜੇ ਗ਼ਰੀਬ ਤੇਰੀ ਮਾਇਆ ਵਾਲੀ ਸੇਵ ਨਾ ਕੋਇ ਕਮਾਈਆ । ਇਸੇ ਤਾਅਨੇ ਅੰਦਰ ਉਹਦੇ ਮੰਦਰ ਦਿਤੇ ਛੱਤ, ਅਸਥਲ ਰੂਪ ਵਟਾਈਆ । ਕਾਹਨ ਨੇ ਅਗੋਂ ਕਿਹਾ ਹਸ, ਇਸ ਦੀ ਵਾਰੀ ਅਜੇ ਨਾ ਆਈਆ । ਕਲਜੁਗ ਅੰਤਮ ਜਿਸ ਵੇਲੇ ਆਵੇ ਪੁਰਖ ਸਮਰਥ, ਨਾਲ ਗੋਬਿੰਦ ਸੁਤ ਮਿਲਾਈਆ । ਉਹ ਗੁਰਮੁਖਾਂ ਦੇ ਕੇ ਆਪਣੀ ਮਤਿ, ਸਾਚੇ ਮਾਰਗ ਲਏ ਲਗਾਈਆ । ਅੰਦਰੋਂ ਖੋਲ੍ਹ ਕੇ ਓਨ੍ਹਾਂ ਦੀ ਅੱਖ, ਪ੍ਰਤੱਖ ਰੂਪ ਦਸਾਈਆ । ਇਸੇ ਪਿਆਰ ਦੀ ਖ਼ਾਤਰ ਬਿਨ ਸੱਦਿਆਂ ਪੁੱਛਿਆਂ ਆਏ ਨਠ, ਬਣ ਕੇ ਪਾਂਧੀ ਰਾਹੀਆ । ਚਾਰ ਜੁਗ ਦੇ ਵਿਛੜਿਆਂ ਕਰ ਇਕੱਠ, ਰਾਵੀ ਕੰਢੇ ਖ਼ੁਸ਼ੀ ਮਨਾਈਆ । ਦਰਵੇਸ਼ ਬਣ ਕੇ ਓਨ੍ਹਾਂ ਕੋਲੋਂ ਮੰਗੇ ਝਟ, ਆਪ ਆਪਣਾ ਨਾਅਰਾ ਲਾਈਆ । ਚਾਰ ਜੁਗ ਦਾ ਉਧਾਰ ਜੋ ਸਾਂਭ ਕੇ ਛਡਿਆ ਰਖ, ਅੰਤਮ ਆਪਣੀ ਝੋਲੀ ਪਾਈਆ । ਅਗੇ ਦੇ ਕੇ ਭਗਤਾਂ ਹਕ, ਹਾਕਮ ਧੁਰ ਦੇ ਦਏ ਬਣਾਈਆ । ਗੁਰਮੁਖੇ ਪ੍ਰਭ ਮਿਲਣ ਦਾ ਰਹਿ ਨਾ ਜਾਏ ਕੋਈ ਸ਼ਕ, ਸੰਸਾ ਨਜ਼ਰ ਕੋਇ ਨਾ ਆਈਆ । ਦਰਸ ਦਿਖਾ ਕੇ ਨੂਰ ਨੁਰਾਨਾ ਜੋਤ ਲਟ ਲਟ, ਅੰਧ ਅੰਧੇਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀ ਸੌ ਕਹੇ ਮੈਂ ਵੇਖਿਆ ਇਕੀਸਾ, ਚਾਰ ਜੁਗ ਅੱਖ ਨਾ ਕੋਇ ਖੁਲ੍ਹਾਈਆ । ਦਰਬਾਨ ਬਣਿਆ ਹਰਿ ਜਗਦੀਸ਼ਾ, ਸ਼ਹਿਨਸ਼ਾਹ ਫੇਰਾ ਪਾਈਆ । ਜਿਸ ਦੇ ਤਾਜ ਸੀਸ ਸੋਹੇ ਸੀਸਾ, ਪੰਚਮ ਮੁਖ ਮਿਲੀ ਵਡਿਆਈਆ । ਓਸ ਦੀ ਗ਼ਰੀਬਾਂ ਨਾਲ ਪ੍ਰੀਤਾ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਗੁਰਮੁਖਾਂ ਦਾ ਖ਼ਾਲੀ ਰਹੇ ਨਾ ਖ਼ੀਸਾ, ਖ਼ਿਲਤ ਬਖ਼ਸ਼ੇ ਹਰਿ ਰਘੁਰਾਈਆ । ਨਾਲੇ ਪੂਰਬ ਲਹਿਣੇ ਦਾ ਬਣਾ ਕੇ ਆਪ ਤਰੀਕ਼ਾ, ਪਿਛਲੀ ਮੰਗ ਮੰਗਾਈਆ । ਨਾਲੇ ਕਢ ਕੇ ਜਾਏ ਨਤੀਜਾ, ਵਸਤ ਧੁਰ ਦੀ ਹੱਥ ਫੜਾਈਆ । ਗੁਰੂਆਂ ਦਾ ਗੁਰਮੁਖ ਬਣੇ ਨਾ ਕੋਈ ਭਤੀਜਾ, ਪਿਤਾ ਪੁਰਖ ਅਕਾਲ ਇਕੋ ਇਕ ਮਨਾਈਆ । ਜਿਸ ਦੀਆਂ ਸਾਰੇ ਕਰਦੇ ਰਹੇ ਉਡੀਕਾ, ਨੇਤਰਾਂ ਨਾਲ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਹੋ ਕੇ ਫੇਰਾ ਪਾਈਆ । ਹਾਰ ਕਹੇ ਮੈਂ ਵੇਖਿਆ ਹਿਰਦਾ, ਗੁਰਮੁਖਾਂ ਅੰਦਰ ਧਿਆਨ ਲਗਾਈਆ । ਜਿਨ੍ਹਾਂ ਵਿਛੋੜਾ ਪਿਛਲਾ ਚਿਰ ਦਾ, ਅਗਲਾ ਪੰਧ ਮੁਕਾਈਆ । ਧਾਮ ਵਖਾਵਾਂ ਘਰ ਥਿਰ ਦਾ, ਜਿਸ ਗ੍ਰਿਹਿ ਵਜੇ ਇਕ ਵਧਾਈਆ । ਮੇਲ ਮਿਲਾਵਾਂ ਅਗੰਮੀ ਪਿਰ ਦਾ, ਪ੍ਰੀਤਮ ਜੋੜ ਜੁੜਾਈਆ । ਜਿਹੜਾ ਮਿਲ ਕੇ ਫੇਰ ਕਦੇ ਨਾ ਵਿਛੜਦਾ, ਵਿਛੋੜੇ ਵਿਚ ਰਖੇ ਲੋਕਾਈਆ । ਉਹਦਾ ਲਹਿਣਾ ਹਕੋ ਹਕ ਨਿਬੜਦਾ, ਝਗੜਾ ਅਗੇ ਨਾ ਕੋਇ ਜਣਾਈਆ । ਜਿਸ ਦਾ ਜੁਗ ਬਦਲਦਿਆਂ ਕੁਛ ਨਹੀਂ ਵਿਗੜਦਾ, ਹੁਕਮ ਨਾਲ ਹੁਕਮ ਸੁਣਾਈਆ । ਉਹ ਸਾਹਿਬ ਸਵਾਮੀ ਭਗਤਾਂ ਕਦੇ ਨਾ ਵਿਸਰਦਾ, ਸਦ ਬਿਛਰਤ ਲਏ ਮਿਲਾਈਆ । ਉਹ ਅੰਧ ਅੰਧਿਆਰੇ ਵਿਚੋਂ ਜੋਤ ਸਰੂਪ ਹੋ ਕੇ ਨਿਕਲਦਾ, ਚੰਦਾਂ ਦਾ ਚੰਦ ਕਰੇ ਰੁਸ਼ਨਾਈਆ । ਸਤਿਗੁਰ ਨਾਮ ਕੋਈ ਗਹਿਣਾ ਨਹੀਂ ਮੁਲੱਮੇ ਪਿਤਲ ਦਾ, ਸੁਵਰਨਾਂ ਦਾ ਸੁਵਰਨ ਨਜ਼ਰੀ ਆਈਆ । ਉਹ ਮਾਲਕ ਨਹੀਂ ਇਕ ਸ਼ਕਲ ਦਾ, ਕੋਟਨ ਕੋਟ ਰੂਪ ਧਰਾਈਆ । ਉਹ ਆਦੀ ਨਹੀਂ ਕਿਸੇ ਅਕਲ ਦਾ, ਅਨਭਵ ਆਪਣੀ ਧਾਰ ਚਲਾਈਆ । ਉਹ ਮੁਹਤਾਜ ਨਹੀਂ ਕਿਸੇ ਯਤਨ ਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਉਹ ਮਲਾਹ ਸਾਚੇ ਪਤਣ ਦਾ, ਜਿਥੇ ਗੁਰਮੁਖ ਡੇਰਾ ਲਾਈਆ । ਕਲਜੁਗ ਅੰਤਮ ਵੇਲਾ ਉਹਦੇ ਰੱਖਣ ਦਾ, ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾਈਆ । ਜਨ ਭਗਤੋ ਸੁਖ

ਵੇਖੋ ਓਸੇ ਦੇ ਘਰ ਵਸਣ ਦਾ, ਜੋ ਕੰਤ ਕੰਤੂਹਲ ਸਭ ਦਾ ਇਕ ਅਖਵਾਈਆ । ਹੁਣ ਵੇਲਾ ਬਣਿਆ ਪੈਰਾਂ ਨਾਲ ਨੱਠਣ ਦਾ, ਫੜ ਬਾਹੋਂ ਦੋ ਜਹਾਨ ਪਾਰ ਕਰਾਈਆ । ਵਕਤ ਸੁਹੇਲਾ ਸੋਹੰ ਨਾਮ ਜਪਣ ਦਾ, ਤੂੰ ਮੇਰਾ ਮੈਂ ਤੇਰਾ ਦੋਹਾਂ ਨਾ ਹੋਏ ਜੁਦਾਈਆ । ਜੀਵਣ ਵਿਚ ਵਕਤ ਸੁਹੰਜਣਾ ਟੱਪਣ ਦਾ, ਖ਼ੁਸ਼ੀਆਂ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਆਪਣੇ ਵਿਚ ਰਖਾਈਆ । ਇੱਕੀ ਕਹਿਣ ਅਸੀਂ ਕਾਗ਼ਜ਼ਾਂ ਵਾਲੇ ਨੋਟ, ਨੋਟਸ ਸਭ ਨੂੰ ਰਹੇ ਜਣਾਈਆ । ਮਾਇਆਧਾਰੀ ਛਤਰਧਾਰੀ ਸਭ ਨੂੰ ਲੱਗੀ ਮਾਇਆ ਦੀ ਚੋਟ, ਚਾਰੋਂ ਕੁੰਟ ਖ਼ੁਆਰੀ ਨਜ਼ਰੀ ਆਈਆ । ਵੀਹ ਸੌ ਇੱਕੀ ਬਿਕ੍ਰਮੀ ਅਖ਼ੀਰੀ ਲਓ ਸੋਚ, ਫਿਰ ਸੋਚ ਸਮਝ ਨਾ ਚਲਣੀ ਰਾਈਆ । ਮੰਦਰਾਂ ਵਾਲੀ ਲਭਣੀ ਨਹੀਂ ਕਿਸੇ ਮੌਜ, ਸੇਜਾਂ ਵਾਲੀ ਲਭਣੀ ਨਾ ਕਿਸੇ ਲੇਫ ਤਲਾਈਆ । ਸ਼ਾਹਾਂ ਦੇ ਕੋਲ ਨਾ ਰਹਿਣੀ ਫ਼ੌਜ, ਦਰਵੇਸ਼ ਬਣ ਕੇ ਸਾਰੇ ਦਰਵੇਸ਼ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਇੱਕੀ ਨੋਟ ਕਹਿਣ ਅਸਾਂ ਸਾਂਗ ਬਣਾਇਆ ਨਟੂਆਂ, ਜਗਤ ਨਾਟਕ ਰਹੇ ਵਖਾਈਆ । ਮਾਨਸ ਬੁੱਧੀ ਹੋ ਗਈ ਪਸ਼ੂਆਂ, ਢੋਰਾਂ ਵਰਗੇ ਨਜ਼ਰੀ ਆਈਆ । ਸ਼ਰਅ ਸ਼ਰੀਅਤ ਬੱਧੇ ਨਾਲ ਰੱਸੀਆਂ, ਜ਼ਾਤ ਪਾਤ ਫੰਦ ਨਾ ਕੋਇ ਕਟਾਈਆ । ਮਨ ਵਾਸਨਾ ਸਾਰੀਆਂ ਫਿਰਨ ਨੱਸੀਆਂ, ਭੱਜਣ ਵਾਹੋ ਦਾਹੀਆ । ਹਰਿ ਕੰਤ ਮਿਲਕੇ ਸਚ ਘਰ ਕਦੇ ਨਾ ਵੱਸੀਆਂ, ਧੁਰ ਦੀ ਹੋਈ ਜੁਦਾਈਆ । ਕੋਟਨ ਕੋਟ ਰੁਲ ਕੇ ਮਰ ਗਏ ਪੁਨੂੰ ਸੱਸੀਆਂ, ਸੌਹਰੇ ਪਈਏ ਨਾ ਕੋਇ ਵਡਿਆਈਆ । ਜਿਨ੍ਹਾਂ ਦੀਆਂ ਸਾਹਿਬ ਸਤਿਗੁਰ ਨਾਲ ਲੱਗੀਆਂ ਅੱਖੀਆਂ, ਉਹ ਆਖ਼ਿਰ ਖ਼ੁਸ਼ੀ ਮਨਾਈਆ । ਰਾਏ ਧਰਮ ਦੀ ਮੂਲ ਨਾ ਭਰਨ ਚੱਟੀਆਂ, ਚੇਟਕ ਹੋਰ ਨਾ ਕੋਇ ਲਗਾਈਆ । ਇੱਕੋ ਪ੍ਰੀਤਮ ਦੇ ਚਰਨੀਂ ਢਠੀਆਂ, ਜੋ ਫੜ ਕੇ ਗਲੇ ਲਗਾਈਆ । ਖ਼ੁਸ਼ੀਆਂ ਨਾਲ ਹਸਦਿਆਂ ਪੀੜ ਕਰਦੀਆਂ ਦਿਸਣ ਵੱਖੀਆਂ, ਜਿਸ ਵਖਰੀ ਧਾਰ ਚਲਾਈਆ । ਉਹ ਆਪੇ ਸ਼ੌਹ ਨਾਲ ਰੱਤੀਆਂ, ਜਿਨ੍ਹਾਂ ਦੇ ਗਲ ਵਿਚ ਰਤਨ ਅਮੋਲਕ ਹੀਰੇ ਆਪ ਲਟਕਾਈਆ । ਦੂਸਰ ਅੰਗ ਕਦੇ ਨਾ ਲੱਗੀਆਂ, ਦੁਹਾਗਣ ਰੂਪ ਨਾ ਕੋਇ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੁਰਖ ਅਕਾਲ ਚਲਾਉਂਦਾ ਰਿਹਾ ਦੀਨ ਮਜ਼੍ਹਬਾਂ ਦੀਆਂ ਡੰਡੀਆਂ, ਵੰਡੀਆਂ ਵਿਚ ਰੱਖੀ ਲੋਕਾਈਆ । ਅੰਤ ਭਗਵੰਤ ਹੁਕਮੇ ਅੰਦਰ ਸਭ ਬੱਧੀਆਂ, ਪੱਲੂ ਸਕੇ ਨਾ ਕੋਇ ਛੁਡਾਈਆ । ਪੰਧ ਮੁਕਾ ਕੇ ਆ ਗਈਆਂ ਲੋਕਮਾਤ ਸੱਦੀਆਂ, ਸੱਦੇ ਦੇ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਨੋਟ ਕਹੇ ਗੁਰਮੁਖਾਂ ਕੀਤਾ ਭੇਟ, ਭੇਟਾ ਇੱਕੋ ਵਾਰ ਚੜ੍ਹਾਈਆ । ਸਾਨੂੰ ਬਣਾ ਕੇ ਨਾਮ ਭੰਡਾਰੀ ਸੇਠ, ਕੂੜੀ ਕਿਰਿਆ ਆਪਣੇ ਗਲ ਵਿਚ ਪਾਈਆ । ਲੋੜ ਜੋਗੀ ਸਾਨੂੰ ਜ਼ਰੂਰ ਦੇਵੇ ਭੇਜ, ਥੁੜ ਵਿਚ ਨਾ ਕਦੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਤਖ਼ਤ ਤਾਜ ਛਡਿਆ ਕਲਗੀ ਤੋੜਾ, ਆਪ ਆਪਾ ਭੇਟ ਚੜ੍ਹਾਈਆ । ਸ਼ਸਤਰ ਬਸਤਰ ਤਜਿਆ ਘੋੜਾ, ਸ਼ਾਹ ਅਸਵਾਰ ਨਾ ਰੂਪ ਵਟਾਈਆ । ਪੁੱਤਰਾਂ ਦਾ ਵਿਛੜਿਆ ਜੋੜਾ ਜੋੜਾ, ਨਾਤਾ ਜਗਤ ਤੁੜਾਈਆ । ਸੂਲਾਂ ਦੀ ਸੇਜ ਬਣਾ ਕੇ ਸਰ੍ਹਾਣੇ ਰਖ ਰੋੜਾ, ਇਕੋ ਆਸ ਰਖਾਈਆ । ਵਕਤ ਲੰਘਾਇਆ ਹੌਲੀ ਹੌਲੀ ਥੋੜਾ ਥੋੜਾ, ਡੁਬਿਆਂ ਪਾਰ ਕਰਾਈਆ । ਸੱਸੇ ਉਪਰ ਲਾ ਕੇ ਇਕੋ ਹੋੜਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਹੰ ਬ੍ਰਹਮ ਆਪੇ ਬਹੁੜਾ, ਪਾਰਬ੍ਰਹਮ ਆਪਣਾ ਹੁਕਮ ਵਰਤਾਈਆ । ਭਗਤ ਸੁਹੇਲਾ ਹੋ ਕੇ ਦੌੜਾ, ਆਪਣਾ

ਪੰਧ ਮੁਕਾਈਆ । ਕਲਜੁਗ ਵੇਖ ਅੰਧੇਰ ਘੋਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਲਕ ਦੋ ਜਹਾਨਾਂ ਸ਼ਹਿਨਸ਼ਾਹ, ਦਰਵੇਸ਼ ਵੇਸ ਵਟਾਇੰਦਾ । ਰਹਿਮਤਾਂ ਦਾ ਰਹਿਮਾਨ ਖ਼ੁਦਾ, ਰਹੀਮ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਉਤੋਂ ਆਪਣਾ ਆਪ ਕਰ ਫ਼ਿਦਾ, ਫ਼ੈਸਲਾ ਹਕ ਸਚ ਸੁਣਾਇੰਦਾ । ਰੂਹ ਬੁਤ ਦੋਵੇਂ ਕਰ ਜੁਦਾ, ਸੁਲਹਕੁਲ ਆਪਣੇ ਵਿਚ ਸਮਾਇੰਦਾ । ਸ਼ੇਰ ਸਿੰਘ ਦਾ ਇਕੋ ਸ਼ਜਰਾ ਗਿਆ ਬਣਾ, ਤਤ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਵਿਚ ਗੋਬਿੰਦ ਹੋ ਕੇ ਗਿਆ ਸਮਾ, ਸੇਜ ਸੁਹੰਜਣੀ ਆਪਣਾ ਆਸਣ ਲਾਇੰਦਾ । ਜਨ ਭਗਤਾਂ ਦੇ ਢੋਲੇ ਰਿਹਾ ਗਾ, ਆਪਣਾ ਰਾਗ ਨਾ ਕੋਇ ਅਲਾਇੰਦਾ । ਸੇਵਕ ਹੋ ਕੇ ਬਣਿਆ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਜੁਗ ਜਨਮ ਦੇ ਵਿਛੜੇ ਰਿਹਾ ਮਿਲਾ, ਜਾਗਰਤ ਜੋਤ ਇਕੋ ਡਗਮਗਾਇੰਦਾ । ਨਾਲੇ ਸਾਚੀ ਸਿੱਖਿਆ ਰਿਹਾ ਸਿਖਾ, ਇਕੋ ਅੱਖਰ ਪੜ੍ਹਾਇੰਦਾ । ਜੇ ਮੰਗੋ ਤੇ ਇਕੋ ਪੁਰਖ ਅਕਾਲ ਦੁਆ, ਦੂਜਾ ਇਸ਼ਟ ਨਾ ਕੋਇ ਰਖਾਇੰਦਾ । ਗ਼ਰੀਬਾਂ ਦਾ ਗ਼ਰੀਬ ਆਪ ਅਖਵਾ, ਦੋ ਜਹਾਨਾਂ ਦਾ ਮੁਹਤਾਜ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਇੰਦਾ । ਭੁਖਿਆਂ ਨੰਗਿਆਂ ਦਾ ਇਕ ਭਿਖਾਰੀ, ਭਿੱਛਿਆ ਮੰਗਣ ਆਈਆ । ਵਸਤ ਦਿਉ ਉਹ ਅਪਾਰੀ, ਜਿਹੜੀ ਅਪਰੰਪਰ ਤੁਹਾਡੇ ਵਿਚ ਟਿਕਾਈਆ । ਨਾਲੇ ਪਿਆਰ ਨਾਲੇ ਸ਼ਬਦ ਜੋਤ ਜਗੇ ਨਿਰੰਕਾਰੀ, ਦੀਵਾ ਬਾਤੀ ਇਕੋ ਕਰੇ ਰੁਸ਼ਨਾਈਆ । ਸਾਚੇ ਦੀ ਸਚ ਨਾਲ ਯਾਰੀ, ਕੂੜਿਆਂ ਨਾਲੋਂ ਨਾਤਾ ਦਿਤਾ ਤੁੜਾਈਆ । ਵੇਖੇ ਨਾਲੇ ਪ੍ਰੀਤਮ ਨਾਲੇ ਵਪਾਰੀ, ਘਰ ਘਰ ਸੌਦੇ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਆਪ ਵਰਤਾਈਆ । ਭੁਖਿਆਂ ਵਿਚੋਂ ਆਇਆ ਭੁਖੜਾ, ਹਰਿ ਕਰਤਾ ਵਡ ਵਡਿਆਈਆ । ਜੋ ਭਗਤ ਸੁਹੇਲਾ ਹੋ ਕੇ ਵੰਡਾਵੇ ਦੁਖੜਾ, ਦਰਦੀਆਂ ਦਰਦ ਆਪਣੀ ਝੋਲੀ ਪਾਈਆ । ਉਜਲ ਦੋ ਜਹਾਨਾਂ ਕਰ ਕੇ ਜਾਏ ਮੁਖੜਾ, ਦੁਰਮਤ ਮੈਲ ਧਵਾਈਆ । ਸੰਤ ਸੁਹੇਲੇ ਚੁਕ ਕੇ ਕੁਛੜਾ, ਸਚਖੰਡ ਦਵਾਰੇ ਆਪ ਟਿਕਾਈਆ । ਜਿਸ ਧਾਰੋਂ ਨਿਰਗੁਣ ਹੋ ਕੇ ਆਪੇ ਉਤਰਾ, ਅੰਤਮ ਓਸੇ ਵਿਚ ਸਮਾਈਆ । ਪੁਰਖ ਅਕਾਲ ਕਿਸੇ ਨਾ ਕਿਹਾ ਪੁਤਰਾ, ਪੁਰਖ ਅਕਾਲ ਦਾ ਪੁੱਤਰ ਇਕੋ ਗੋਬਿੰਦ ਨਜ਼ਰੀ ਆਈਆ । ਜੋ ਨੌ ਖੰਡ ਪ੍ਰਿਥਮੀ ਸੱਤ ਦੀਪ ਦਹਿ ਦਿਸ਼ਾ ਵੇਖੇ ਚਾਰੇ ਨੁਕਰਾ, ਨਿਵ ਨਿਵ ਦੋ ਜਹਾਨਾਂ ਫੋਲ ਫੋਲਾਈਆ । ਓਸ ਤੋਂ ਬਿਨਾ ਦੂਜਾ ਹੋਰ ਨਹੀਂ ਕੋਈ ਦੂਸਰਾ, ਨਿਰਗੁਣ ਸਰਗੁਣ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭੁਖਿਆਂ ਦਾ ਆਇਆ ਪਹਿਲਾ ਮਿਤਰ, ਮੀਤ ਇਕ ਅਖਵਾਈਆ । ਜਿਸ ਬਾਜ਼ਾਂ ਕੋਲੋਂ ਮਰਵਾਇਆ ਤਿੱਤਰ, ਉਹ ਤਿੱਤਰ ਅਜੇ ਦਏ ਦੁਹਾਈਆ । ਜੋ ਚੋਟੀ ਚੜ੍ਹ ਕੇ ਗੁਰਮੁਖਾਂ ਵੇਖੇ ਸਿਖ਼ਰ, ਸਚ ਦਵਾਰੇ ਡੇਰਾ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਾਜ਼ਰ ਹੋ ਕੇ ਤੁਹਾਡਾ ਕਰੇ ਫ਼ਿਕਰ, ਇਕੇ ਫ਼ਿਕਰੇ ਵਿਚ ਸਾਰੇ ਫ਼ੈਸਲੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਰਨ ਕਵਲ ਕਵਲ ਚਰਨ ਧਰਨੀ ਧਵਲ ਇਕ ਸਰਨਾਈਆ ।

## ❊ ੧੭ ਪੋਹ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਨਵਿਤ ❊

ਪੋਹ ਸਤਾਰਾਂ ਕਹੇ ਮੈਂ ਸੁੱਤਾ ਪਿਆ ਉਠ, ਮੈਨੂੰ ਅਗੰਮੀ ਆਵਾਜ਼ ਇਕ ਸੁਣਾਈਆ । ਮੈਂ ਚਾਰ ਕੁੰਟ ਵੇਖ ਕੇ ਹੋਇਆ ਚੁਪ, ਕਵਣ ਹੁਕਮ ਰਿਹਾ ਵਰਤਾਈਆ । ਜਿਸ ਵੇਲੇ ਧਰਨੀ ਉਤੇ ਵੇਖਿਆ ਭਗਤ ਭਗਵਾਨ ਇਕ ਦੂਜੇ ਨੂੰ ਰਹੇ ਪੁਛ, ਅਗਲਾ ਪਿਛਲਾ ਲੇਖਾ ਲੇਖ ਸਮਝਾਈਆ । ਦਰਸ਼ਨ ਕਰ ਕਰ ਹੁੰਦੇ ਵੇਖੇ ਖ਼ੁਸ਼, ਖ਼ੁਸ਼ੀਆਂ ਵਿਚ ਸਮਾਈਆ । ਥੋੜੀ ਸਮਝ ਵਿਚੋਂ ਆਈ ਮੁਝ, ਆਪਣੀ ਲਈ ਅੰਗੜਾਈਆ । ਮੈਂ ਵੀ ਪੁਛਾਂ ਕੁਝ, ਆਸਾ ਨਾਲ ਮਿਲਾਈਆ । ਚਰਨਾਂ ਉਤੇ ਝੁਕ, ਬੇਨੰਤੀ ਇਕ ਸੁਣਾਈਆ । ਅਗੋਂ ਭਗਤਾਂ ਕਿਹਾ ਗਾ ਇਕ ਤੁਕ, ਜੋ ਨਰ ਹਰਿ ਸਾਨੂੰ ਰਿਹਾ ਪੜ੍ਹਾਈਆ । ਜਿਸ ਦੇ ਨਾਲ ਲੋਕਮਾਤ ਮਿਲਣਾ ਸੁਖ, ਸੰਸੇ ਰੋਗ ਚੁਕਾਈਆ । ਕੂੜੀ ਕਿਰਿਆ ਮਿਟਣਾ ਦੁਖ, ਦੁਖੜੇ ਰਿਹਾ ਗਵਾਈਆ । ਗ਼ਰੀਬ ਨਿਮਾਣਿਆਂ ਮਿਟਣੀ ਭੁਖ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਜਗਤ ਵਿਛੜਿਆਂ ਗੋਦੀ ਲਏ ਚੁਕ, ਬੋਦੀ ਉਚੀ ਦਏ ਕਰਾਈਆ । ਉਠ ਵੇਖ ਵੇਦੀ ਸੋਢੀ ਸਾਰੇ ਰਹੇ ਪੁਛ, ਆਪਣੀ ਝੋਲੀ ਅਗੇ ਡਾਹੀਆ । ਕੁਛ ਹੋਰ ਵੇਖ ਉਹ ਰਵਦਾਸ ਤੋਂ ਬਣਿਆ ਗੁਰਮੁਖ, ਹੁਣ ਸਨਮੁਖ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਸਤਾਰਾਂ ਪੋਹ ਕਹੇ ਜਿਸ ਵੇਲੇ ਮੈਂ ਉਠਣ ਲਗਾ, ਸਾਢੇ ਤਿੰਨ ਲਈ ਅੰਗੜਾਈਆ । ਓਸ ਵੇਲੇ ਮੈਨੂੰ ਤੀਰ ਇਕ ਲੱਗਾ, ਘਾਓ ਡੂੰਘਾ ਦਿਤਾ ਕਰਾਈਆ । ਮੈਂ ਅੰਤਰ ਅੰਤਰ ਉਠ ਕੇ ਭੱਜਾ, ਚਾਰੋਂ ਕੁੰਟ ਵਾਹੋ ਦਾਹੀਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਠਾਂਡਾ ਦਰ ਕੋਈ ਨਾ ਲੱਭਾ, ਧਾਮ ਸਤਿ ਨਾ ਕੋਇ ਸੁਹਾਈਆ । ਓਧਰੋਂ ਯਾਦ ਅੰਦਰ ਗੁਰਮੁਖ ਰੋ ਪਿਆ ਬੱਚਾ, ਬਿਰਹੋਂ ਵਿਚ ਮਾਰੇ ਧਾਈਆ । ਨਾਲੇ ਕਹੇ ਪਰਮ ਪੁਰਖ ਪਰਮਾਤਮ ਮਿਲ ਗਿਆ ਸੱਚਾ, ਸਹਿਬ ਸਤਿਗੁਰ ਬੇਪਰਵਾਹੀਆ । ਮੈਂ ਓਸੇ ਵੇਲੇ ਆਪਣਾ ਹਿਰਦਾ ਕੀਤਾ ਪੱਕਾ, ਵਿਸ਼ਵਾਸ ਲਿਆ ਬਣਾਈਆ । ਮੈਂ ਉਹਨੂੰ ਵੇਖਾਂ ਜਿਹੜਾ ਭਗਤਾਂ ਦਾ ਭਗਵੰਤ ਸਕਾ, ਨਾਤਾ ਧੁਰ ਦਾ ਰਿਹਾ ਬਣਾਈਆ । ਮੈਂ ਫਿਰ ਫਿਰ ਜੰਗਲ ਜੂਹ ਉਜਾੜ ਪਹਾੜਾਂ ਕਾਹੀਆਂ ਬੇਲਿਆਂ ਵਿਚ ਅੱਕਾਂ, ਥੋਹਰਾਂ ਕੰਡਿਆਂ ਪਾਰ ਕਰਾਈਆ । ਓਧਰੋਂ ਪਵਣ ਠੰਡੀ ਦਾ ਠੱਕਾ, ਆਪਣਾ ਜ਼ੋਰ ਵਖਾਈਆ । ਓਧਰੋਂ ਰਾਤ ਅੰਧੇਰੀ ਦਾ ਧੱਕਾ, ਮੂੰਹ ਦੇ ਭਾਰ ਸੁਟਾਈਆ । ਓਧਰੋਂ ਰਾਹ ਦਾ ਨਹੀਂ ਪਤਾ, ਡੰਡੀ ਪਗਡੰਡੀ ਨਜ਼ਰ ਕੋਇ ਨਾ ਪਾਈਆ । ਓਧਰੋਂ ਚਾਨਣ ਨਹੀਂ ਅੱਖਾਂ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਫੇਰ ਮੈਂ ਕਿਹਾ ਬੇਪਰਵਾਹ ਜੋ ਤੇਰੀ ਮਰਜ਼ੀ ਸੋ ਮੈਨੂੰ ਲਗੇ ਅੱਛਾ, ਪਾਗ਼ਲ ਹੋ ਕੇ ਦਿਆਂ ਦੁਹਾਈਆ । ਅਚਾਨਕ ਅਗੰਮੀ ਆਵਾਜ਼ ਨਾਲ ਆਇਆ ਸੱਦਾ, ਹੁਕਮ ਨਾਲ ਜਣਾਈਆ । ਉਠ ਵੇਖ ਭਗਵਾਨ ਭਗਤਾਂ ਦੇ ਪ੍ਰੇਮ ਅੰਦਰ ਬੱਧਾ, ਆਸਣ ਸਿੰਘਾਸਣ ਕੁਟੀਆ ਡੇਰਾ ਲਾਈਆ । ਨਾਲੇ ਢੋਲੇ ਗਾਵੇ ਨਾਲੇ ਛੰਦਾ, ਨਾਲ ਧੁਰ ਦੇ ਗੀਤ ਰਿਹਾ ਸੁਣਾਈਆ । ਪਰਮਾਤਮ ਆਤਮ ਆਤਮ ਪਰਮਾਤਮ ਤੱਤਾਂ ਵਾਲਾ ਬੰਦਾ, ਬਾਹਰੋਂ ਨਜ਼ਰੀ ਆਈਆ । ਨਾਲੇ ਭੇਖ ਨਾਲੇ ਪਖੰਡਾ, ਬ੍ਰਹਿਮੰਡਾਂ ਰਿਹਾ ਤਰਾਈਆ । ਨਾਲੇ ਸੰਤ ਸੁਹੇਲਾ ਪੈਰੋਂ ਦਿਸੇ ਨੰਗਾ, ਪਾਨਹੀ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੋਹ ਸਤਾਰਾਂ ਕਹੇ ਮੇਰੀ ਅਖ਼ੀਰੀ ਅਵਸਥਾ, ਮੈਂ ਆਖ਼ਿਰ ਦਿਆਂ ਜਣਾਈਆ । ਮੈਨੂੰ ਅੰਤਰ ਲਗੀ ਉਠ ਵੇਖ ਰਸਤਾ, ਰਾਵੀ ਦਾ ਆਰ ਪਾਰ ਕਿਨਾਰਾ ਦਿਤਾ ਸਮਝਾਈਆ । ਜਿਸ ਸੰਗ ਰਾਮ ਹਸਤੀ ਵਾਲਾ

ਵਸਦਾ, ਓਸ ਬਸਤੀ ਵਜੀ ਵਧਾਈਆ । ਓਹ ਮਾਲਕ ਨਾਮ ਖ਼ੁਮਾਰੀ ਰਸ ਦਾ, ਰਸਵਾ ਇਕ ਅਖਵਾਈਆ । ਭਗਤਾਂ ਨਾਲ ਹਸਦਾ, ਗੁਰਮੁਖਾਂ ਨਾਲ ਮਿਲ ਮਿਲ ਆਪਣਾ ਝਟ ਲੰਘਾਈਆ । ਅਗਲਾ ਮਾਰਗ ਨਾਲੇ ਦੱਸਦਾ, ਦਹਿ ਦਿਸ਼ਾ ਰਿਹਾ ਸਮਝਾਈਆ । ਸੀਸ ਤਾਜ ਤਾਜ ਸੀਸ ਉਤੋਂ ਲਾਹ ਕੇ ਰਖਦਾ, ਫੱਕਰ ਦਰਵੇਸ਼ ਚਾਕਰ ਪਾਖ਼ਾਕ ਗਦਾਗਰ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਸਤਾਰਾਂ ਪੋਹ ਕਹੇ ਮੈਨੂੰ ਮਿਲ ਗਿਆ ਰਸਤਾ, ਬਹੁਤੀ ਖ਼ੁਸ਼ੀ ਮਨਾਈਆ । ਮੈਂ ਲੇਖਾਂ ਵਾਲਾ ਬੰਨ੍ਹ ਕੇ ਬਸਤਾ, ਪੱਕੀ ਗੰਢ ਪਵਾਈਆ । ਜੇ ਸ੍ਰੀ ਭਗਵਾਨ ਮਿਲ ਜਾਏ ਹਸਦਾ ਹਸਦਾ, ਹਸਤੀ ਮੇਰੀ ਵਿਚ ਸਮਾਈਆ । ਮੈਂ ਢੋਲਾ ਗਾਵਾਂ ਓਸ ਦੇ ਜਸ ਦਾ, ਧੁਰ ਦਾ ਰਾਗ ਅਲਾਈਆ । ਪਰਸ਼ਾਦ ਖਾਵਾਂ ਓਸੇ ਦੇ ਹੱਥ ਦਾ, ਜੋ ਹਾਥੀਆਂ ਗਜ ਤੰਦ ਕਟਾਈਆ । ਦਰਸ਼ਨ ਕਰਾਂ ਓਸ ਅੱਖ ਦਾ, ਜਿਸ ਅੱਖ ਵਿਚੋਂ ਪ੍ਰੱਤਖ ਨੂਰ ਰੁਸ਼ਨਾਈਆ । ਜੋ ਭਗਤਾਂ ਪੈਜ ਰਖਦਾ, ਜੁਗ ਜੁਗ ਹੋਏ ਸਹਾਈਆ । ਜੋ ਮਾਲਕ ਧੁਰ ਦੇ ਹੱਟ ਦਾ, ਸਚ ਖ਼ਜ਼ਾਨਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਲਾ ਲਏ ਮਿਲਾਈਆ । ਸਤਾਰਾਂ ਪੋਹ ਕਹੇ ਰਸਤੇ ਤੁਰਿਆ, ਹੌਲੀ ਹੌਲੀ ਪੰਧ ਮੁਕਾਈਆ । ਮੈਨੂੰ ਅੰਦਰੋਂ ਫੁਰਨਾ ਫੁਰਿਆ, ਜਿਸ ਸਚ ਦਿਤਾ ਸਮਝਾਈਆ । ਵੇਖੀਂ ਹੁਣ ਨਾ ਰਹੀਂ ਨਿਗੁਰਿਆ, ਗੁਰ ਬਿਨ ਪਾਰ ਨਾ ਕੋਇ ਲੰਘਾਈਆ । ਲੱਖ ਚੁਰਾਸੀ ਵਿਚ ਆ ਕੇ ਬਿਨ ਸਤਿਗੁਰ ਕਿਰਪਾ ਪਿਛੇ ਕੋਇ ਨਾ ਮੁੜਿਆ, ਜੋਤੀ ਜੋਤ ਨਾ ਕੋਇ ਮਿਲਾਈਆ । ਬੇੜਾ ਸਭ ਦਾ ਵੇਖ ਜਾਂਦਾ ਰੁੜ੍ਹਿਆ, ਅਗੇ ਹੋ ਨਾ ਕੋਇ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਾਰਾਂ ਪੋਹ ਕਹੇ ਮੈਂ ਸੁਣੀ ਇਹ ਆਵਾਜ਼, ਬਿਨ ਕੰਨਾਂ ਕਿਸੇ ਅੰਦਰ ਦਿਤੀ ਸੁਣਾਈਆ । ਭੋਲਿਆ, ਤੂੰ ਨਹੀਂ ਵੇਖਿਆ ਕਿਸ ਤਰਾ ਸਗਣਾਂ ਵਾਲੀ ਲੰਘੀ ਰਾਤ, ਭਗਤ ਭਗਵਾਨ ਮਿਲ ਮਿਲ ਖ਼ੁਸ਼ੀ ਮਨਾਈਆ । ਅਗਲਾ ਹੋਰ ਦੱਸਾਂ ਰਾਜ਼, ਰਮਜ਼ ਨਾਲ ਸਮਝਾਈਆ । ਸਤਾਰਾਂ ਪੋਹ ਦਾ ਖੇਲ ਤਮਾਸ਼, ਸਤਿ ਸਤਿਵਾਦੀ ਦਏ ਕਰਾਈਆ । ਤਿੰਨ ਵੇਰਾਂ ਸੀਸ ਤੋਂ ਲਾਹਵੇ ਤਾਜ, ਤਿੰਨ ਵੇਰਾਂ ਹੱਥਾਂ ਉਤੇ ਟਿਕਾਈਆ । ਜਨ ਭਗਤਾਂ ਦੇਵੇ ਦਾਤ, ਤ੍ਰੈਲੋਕੀ ਤੋਂ ਬਾਹਰ ਕਢਾਈਆ । ਭਗਤਾਂ ਆਪਣੀ ਦੱਸ ਕੇ ਗਾਥ, ਪਿਛਲੀ ਬੀਤੀ ਦਏ ਸੁਣਾਈਆ । ਸਤਾਰਾਂ ਪੋਹ ਕਹੇ ਰਵਿਦਾਸ ਨੂੰ ਦੇ ਆਖ, ਧੁਰ ਦਾ ਹੁਕਮ ਵਰਤਾਈਆ । ਸਤਾਰਾਂ ਪੋਹ ਕਹੇ ਪਤਣ ਚੜ੍ਹਾਵੇ ਘਾਟ, ਜਿਹੜਾ ਜਨਮ ਤੋਂ ਪਹਿਲਾਂ ਜਨਮ ਤੋਂ ਬਾਹਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਆਪਣੀ ਖੇਲ ਵਖਾਈਆ । ਸਤਾਰਾਂ ਪੋਹ ਕਹੇ ਇਹ ਹੋਣਾ ਕਿੱਥੇ ਵਿਹਾਰ, ਮੈਨੂੰ ਦੇ ਜਣਾਈਆ । ਇਸੇ ਸਤਾਰਾਂ ਪੋਹ ਤੇ ਮੈਂ ਢਾਈ ਪਲ ਰਵਿਦਾਸ ਦਾ ਕੀਤਾ ਸੀ ਦੀਦਾਰ, ਅੱਖਾਂ ਨਾਲ ਅੱਖਾਂ ਮਿਲਾਈਆ । ਓਸ ਨਾਲੋਂ ਹੁਣ ਕਲਜੁਗ ਹੋਰ ਹੋਇਆ ਹੁਸ਼ਿਆਰ, ਕਿਤੇ ਮੈਨੂੰ ਰਾਹ ਵਿਚ ਨਾ ਦਏ ਭੁਲਾਈਆ । ਅੰਦਰੋਂ ਹੋਰ ਆਈ ਅਵਾਜ਼ ਨਰ ਨਿਰੰਕਾਰ, ਹੁਕਮ ਨਾਲ ਸੁਣਾਈਆ । ਸਾਚਿਆਂ ਭਗਤਾਂ ਦੀ ਮਸਤਕ ਧੂੜੀ ਲਾ ਲੈ ਛਾਰ, ਤੈਨੂੰ ਅਧਵਿਚਕਾਰ ਨਾ ਕੋਈ ਅਟਕਾਈਆ । ਜਿਸ ਭਲਾਈਪੁਰ ਵਿਚ ਜਾਣਾ ਆਪ ਨਿਰੰਕਾਰ, ਸਭ ਦਾ ਭਲਾ ਲੋੜੇ ਭੁਲਿਆਂ ਭਟਕਿਆਂ ਲੇਖੇ ਲਾਈਆ । ਜਿਹਨਾਂ ਨੂੰ ਅੱਜ ਦਾ ਮਿਲ ਗਿਆ ਪਿਆਰ, ਉਹਨਾਂ ਦੇ ਮੁਖ ਚੁੰਮ ਚੁੰਮ ਪਰਮ ਪੁਰਖ ਆਪਣੀ ਛਾਤੀ ਉਤੇ ਟਿਕਾਈਆ । ਨਾਲੇ ਗੁਲਸ਼ਨ ਨਾਲੇ ਬਹਾਰ, ਨਾਲ ਬੁਲਬੁਲ ਚਹਿਚਾਈਆ । ਨਾਲੇ ਪ੍ਰੀਤਮ ਸਿੰਘ ਹੱਥ ਖਿੱਚੇ ਕਟਾਰ, ਪ੍ਰਭ

੨੩

ਦੇ ਸੀਸ ਦਏ ਟਿਕਾਈਆ । ਅਗਲਾ ਫੇਰ ਦੱਸੇ ਵਿਹਾਰ, ਏਥੇ ਲੇਖਾ ਬੰਦ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਦੇ ਕੀਤੇ ਵਾਅਦਿਆਂ ਦਾ ਕਰਦਾ ਰਿਹਾ ਇੰਤਜ਼ਾਰ, ਅੰਤਮ ਵੇਲਾ ਗਿਆ ਆਈਆ ।

✳ ੧੭ ਪੋਹ ੨੦੨੧ ਬਿਕ੍ਰਮੀ ਬਲਾਕਾ ਸਿੰਘ, ਪਿਆਰਾ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✳

ਸਤਾਰਾਂ ਪੋਹ ਕਹੇ ਉਠੋ ਮੇਰੇ ਸੱਜਣ, ਸੱਚਾ ਹਾਲ ਸੁਣਾਈਆ । ਬਾਕੀ ਉਨੱਤੀ ਮੈਨੂੰ ਮਿਲ ਕੇ ਪਾਵੋ ਕੱਜਲ, ਸਭਨਾਂ ਦਿਆਂ ਸੁਣਾਈਆ । ਮੈਂ ਅੱਜ ਜਾਣਾ ਸਾਚੀ ਮੰਜ਼ਲ, ਬਣ ਕੇ ਪਾਂਧੀ ਰਾਹੀਆ । ਅਧ ਵਿਚ ਔਣਾ ਖੇੜਾ ਅਚਲ, ਜਿੱਥੇ ਸੱਤ ਸਿੱਧ ਬੈਠੇ ਧਿਆਨ ਲਗਾਈਆ । ਉਹਨਾਂ ਨੂੰ ਨਾਨਕ ਦੱਸ ਕੇ ਗਿਆ ਸੀ ਇਕ ਬਚਨ, ਜਗਤ ਉਡਾਰੀ ਕੰਮ ਕਿਸੇ ਨਾ ਆਈਆ । ਜਿਸ ਨੇ ਮੈਨੂੰ ਨਾਮ ਖ਼ੁਮਾਰੀ ਚਾੜ੍ਹੀ ਰੰਗਣ, ਉਹ ਦਾਤਾ ਬੇਪਰਵਾਹੀਆ । ਜਿਸ ਵੇਲੇ ਭਗਤਾਂ ਕੋਲੋਂ ਆਵੇ ਭਿੱਛਿਆ ਮੰਗਣ, ਏਥੋਂ ਦੀ ਲੰਘੇ ਚਾਈਂ ਚਾਈਆ । ਸਤਾਰਾਂ ਪੋਹ ਸੁਹੰਜਣੀ ਤੁਸੀਂ ਵੇਖਿਓ ਨਾ ਉਤੇ ਗਗਨ, ਉਹ ਖ਼ਾਕੀ ਬੰਦਾ ਹੋ ਕੇ ਪੰਧ ਮੁਕਾਈਆ । ਉਹਦਾ ਚਮੜੇ ਵਾਲਾ ਬਾਹਰੋਂ ਬਦਨ, ਅੰਦਰ ਇਕੋ ਜੋਤ ਰੁਸ਼ਨਾਈਆ । ਤੁਹਾਡੇ ਮੁਖ ਨੂੰ ਚਰਨਾਂ ਦੀ ਧੂੜੀ ਲਾ ਕੇ ਜਾਵੇ ਸਗਨ, ਆਸਾ ਪੂਰ ਕਰਾਈਆ । ਸੱਤਾਂ ਨੇ ਪੁਛਿਆ ਨਾਨਕ ਅਸੀਂ ਕਿਹੜਾ ਕਰੀਏ ਭਜਨ, ਸਾਨੂੰ ਅਗਲਾ ਦੇ ਸਮਝਾਈਆ । ਸਾਡਾ ਹੰਕਾਰ ਵਿਕਾਰ ਕਰੇ ਦਝਨ, ਅਗਨੀ ਤੱਤ ਰਹੇ ਨਾ ਰਾਈਆ । ਜਿਸ ਬਿਧ ਸਾਨੂੰ ਲਾਏ ਅੰਗਣ, ਅੰਕ ਸੁਹੇਲੀ ਲਏ ਬਣਾਈਆ । ਦਰਸ ਵਖਾ ਕੇ ਮੂਰਤ ਗੋਪਾਲ ਮਦਨ, ਮਧੁਸੂਦਨ ਆਪਣੀ ਸੇਵਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲੇਖੇ ਰਿਹਾ ਚੁਕਾਈਆ । ਨਾਨਕ ਕਿਹਾ ਸੁਣੋ ਸਿੱਧੋ, ਸਿਧਾ ਰਾਹ ਵਖਾਈਆ । ਜੇ ਸਚ ਮੈਥੋਂ ਪੁੱਛੋ, ਪੇਸ਼ਤਰ ਦਿਆਂ ਜਣਾਈਆ । ਜੇ ਓਸ ਨੂੰ ਤੁਸੀਂ ਨਾ ਬੁੱਝੋ, ਉਹ ਤੁਹਾਡਾ ਲਹਿਣਾ ਆਪੇ ਦਏ ਚੁਕਾਈਆ । ਓਸ ਦੇ ਨਾਂ ਵਿਚ ਐਸ ਤਰਾ ਰੁੱਝੋ, ਜਿਸ ਤਰਾ ਮੈਂ ਸੋਹੰ ਢੋਲਾ ਰਿਹਾ ਗਾਈਆ । ਭਾਵੇਂ ਦਾੜ੍ਹੀ ਮੁੱਛਾਂ ਮੂਲ ਨਾ ਮੁੰਡੋ, ਮੂੰਡ ਮੁੰਡਾਏ ਕੇਸਾਧਾਰੀ ਸਾਰੇ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵਡੀ ਵਡਿਆਈਆ । ਸਿੱਧਾਂ ਕਿਹਾ ਕੀ ਉਹ ਨਾਨਕ ਹੋਵੇ ਸਾਧ, ਸਾਧਾਂ ਵਰਗਾ ਨਜ਼ਰੀ ਆਈਆ । ਸਿੱਧਾਂ ਕਿਹਾ ਕੀ ਉਹ ਹੋਵੇ ਰਾਜਨ ਰਾਜ, ਸ਼ਾਹ ਸਵਾਰਾ ਫੇਰਾ ਪਾਈਆ । ਨਾਨਕ ਕਿਹਾ ਨਹੀਂ ਉਹ ਭਗਤਾਂ ਦਾ ਮੁਹਤਾਜ, ਭਿਖਾਰੀ ਹੋ ਕੇ ਅਲਖ ਜਗਾਈਆ । ਸਚ ਪੁਛੋ ਉਹ ਮਾਲਕ ਦੋ ਜਹਾਨਾਂ ਸਭ ਨੂੰ ਦੇਵਣਹਾਰ ਖ਼ਰਾਜ, ਨਾਮ ਨਿਧਾਨਾ ਇਕ ਅਖਵਾਈਆ । ਓਸ ਦਾ ਆਪੇ ਸਵਾਲ ਤੇ ਆਪੇ ਜਵਾਬ, ਲਾਜਵਾਬ ਸਭ ਨੂੰ ਦਏ ਕਰਾਈਆ । ਭਗਤਾਂ ਮਿਲਣ ਦੀ ਰਖ ਕੇ ਖ਼ਾਹਿਸ਼, ਨਿਰਗੁਣ ਹੋ ਕੇ ਫੇਰਾ ਪਾਈਆ । ਓਸ ਦੇ ਚਰਨ ਦੀ ਧੂੜੀ ਲਾ ਲਿਉ ਖ਼ਾਕ, ਮਸਤਕ ਨੂਰ ਕਰੇ ਰੁਸ਼ਨਾਈਆ । ਸਿੱਧਾਂ ਕਿਹਾ ਉਹਦਾ ਕਿਹੋ ਜਿਹਾ ਮਜਾਜ਼, ਕਿਹੜੇ ਰੰਗ ਸਮਾਈਆ । ਨਾਨਕ ਕਿਹਾ ਓਹ ਸਦਾ ਸੁਖ ਸ਼ਾਂਤ, ਵਿਸ਼ਵ ਆਪਣੀ ਧਾਰ ਚਲਾਈਆ । ਪ੍ਰੇਮ ਨਾਲ ਸਭ ਨਾਲ ਕਰਦਾ ਬਾਤ, ਵਡਿਆਂ ਛੋਟਿਆਂ ਇਕੋ ਜਿਹੀ ਦਏ ਵਡਿਆਈਆ । ਕੀ ਨਾਨਕ ਉਹਦੇ ਨਾਲ ਹੋਰ ਵੀ ਹੋਣਾ ਨਾਲ ਸਾਥ, ਸਾਨੂੰ ਦੇ ਦਰਸਾਈਆ । ਨਾਨਕ ਕਿਹਾ ਉਹਦੀ ਇੱਕੀਆਂ ਦੀ ਜਮਾਤ, ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

## ✼ ੧੭ ਪੋਹ ੨੦੨੧ ਬਿਕ੍ਰਮੀ ਬਾਜੀ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✼

ਸਾਲ ਉਨਤਾਲੀਵੇਂ ਤੇਗ ਬਹਾਦਰ ਬੈਠਾ ਸੀ ਮਾਰ ਕੇ ਬੁੱਕਲ, ਹੁਕਮੇ ਅੰਦਰ ਧਿਆਨ ਲਗਾਈਆ । ਆਤਮ ਅੰਤਰ ਪ੍ਰਭ ਨੂੰ ਲੱਗਾ ਪੁੱਛਣ, ਆਪਣੀ ਆਸ ਰਖਾਈਆ । ਪੁਰਖ ਅਕਾਲ ਕੁਛ ਆਪਣੇ ਦੱਸ ਲੱਛਣ, ਕੀ ਤੇਰੀ ਵਡਿਆਈਆ । ਧੁਰ ਅਵਾਜ਼ ਆਈ ਤੇਰੇ ਪਰਗਟੌਣ ਦਾ ਵਿਚੋਲਾ ਬਣਾਵਾਂ ਮੱਖਣ, ਪਹਿਲੀ ਰਮਜ਼ ਲਗਾਈਆ । ਫਿਰ ਗੋਬਿੰਦ ਹੋ ਕੇ ਆਵਾਂ ਤੇਰੀ ਪਤ ਰੱਖਣ, ਦੇਵਾਂ ਮਾਣ ਵਡਿਆਈਆ । ਅੰਤ ਪਰਤ ਕੇ ਜਾਵਾਂ ਦੱਖਣ, ਨੰਦੇੜ ਦਿਆਂ ਸੁਹਾਈਆ । ਓਥੇ ਲਾ ਕੇ ਆਪਣਾ ਆਸਣ, ਸਚਖੰਡ ਬਹਿ ਕੇ ਖ਼ੁਸ਼ੀ ਮਨਾਈਆ । ਫੇਰ ਹੋ ਕੇ ਪੁਰਖ ਅਬਿਨਾਸ਼ਣ, ਨਿਰਗੁਣ ਆਪਣਾ ਵੇਸ ਧਰਾਈਆ । ਜੋਤੀ ਨੂਰ ਕਰ ਪਰਕਾਸ਼ਣ, ਦੋ ਜਹਾਨ ਖੇਲ ਖਿਲਾਈਆ । ਭਗਤ ਸੁਹੇਲਾ ਬਣ ਕੇ ਸਾਥਣ, ਜੁਗ ਜਨਮ ਦੇ ਵਿਛੜੇ ਫੇਰ ਮਿਲਾਈਆ । ਤੇਗ ਬਹਾਦਰ ਕਿਹਾ ਮੇਰੀ ਇਕ ਅਰਜੋਈ ਬਾਤਨ, ਜ਼ਾਹਰ ਦਿਆਂ ਸੁਣਾਈਆ । ਮੈਂ ਵੇਖਾਂ ਤੇਰਾ ਉਹ ਵੀ ਆਸਣ, ਜਿਸ ਆਸਣ ਵਿਚ ਹੋ ਕੇ ਤੇਰਾ ਧਿਆਨ ਲਗਾਈਆ । ਪੁਰਖ ਅਕਾਲ ਕਿਹਾ ਸ਼ਾਬਾਸਣ, ਸ਼ਾਬਾਸ਼ ਤੈਨੂੰ ਦਿਆਂ ਵਡਿਆਈਆ । ਤੂੰ ਗੋਬਿੰਦ ਦਾ ਬਾਪਨ, ਪਿਤਾ ਜਗਤ ਵਲੋਂ ਅਖਵਾਈਆ । ਕਲਜੁਗ ਅੰਤ ਵਖਾਵਾਂ ਖੇਲ ਤਮਾਸ਼ਣ, ਧੁਰ ਦਾ ਸੰਗ ਆਪ ਬਣਾਈਆ । ਮਾਣ ਦਵਾ ਕੇ ਉਪਰ ਅਕਾਸ਼ਣ, ਜ਼ਿਮੀਂ ਅਸਮਾਨਾਂ ਹੁਕਮ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਿਤੀ ਵਡਿਆਈਆ । ਗੁਰ ਤੇਗ ਬਹਾਦਰ ਕਿਹਾ ਮੈਨੂੰ ਇੱਕੋ ਮਸਤੀ, ਤੇਰੀ ਨਜ਼ਰੀ ਆਈਆ । ਮੈਂ ਨਾ ਸਮਝਾਂ ਆਪਣੀ ਹਸਤੀ, ਤੇਰੀ ਹਸਤੀ ਮੇਰੀ ਸਮਝ ਨਾ ਕੋਇ ਸਮਝਾਈਆ । ਮੈਂ ਇਕੋ ਮੰਗ ਮੰਗਾਂ ਜੇ ਵਸੇਂ ਤੇ ਭਗਤਾਂ ਬਸਤੀ, ਆਪਣੀ ਦਇਆ ਕਮਾਈਆ । ਤੇਰੀ ਭਗਤੀ ਪ੍ਰਭੂ ਨਹੀਂ ਕਰਨੀ ਸਸਤੀ, ਕੋਟਾਂ ਵਿਚੋਂ ਪੂਰਾ ਨਜ਼ਰ ਕੋਇ ਨਾ ਆਈਆ । ਜੇ ਤੂੰ ਮਾਲਕ ਸਭ ਦਾ ਅਰਸ਼ੀ, ਕਿਉਂ ਨਾ ਫ਼ਰਸ਼ ਦਏਂ ਵਡਿਆਈਆ । ਮੇਰੀ ਗੁਫ਼ਾ ਅੰਦਰ ਅਰਜ਼ੀ, ਜਨ ਭਗਤਾਂ ਦੀ ਕਾਇਆ ਗੁਫ਼ਾ ਅੰਦਰ ਆਪਣਾ ਆਸਣ ਲਾਈਆ । ਜੇ ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਫ਼ਰਜ਼ੀ, ਫਿਰ ਕਿਉਂ ਸਾਨੂੰ ਰਿਹਾ ਸਤਾਈਆ । ਪੁਰਖ ਅਕਾਲ ਕਿਹਾ ਤੇਰੀ ਤੇ ਤੇਰੇ ਪੁਤ ਦੀ ਕਲਾ ਕਰ ਕੇ ਚੜ੍ਹਦੀ, ਚਾਰੋਂ ਕੁੰਟ ਵੇਖ ਵਖਾਈਆ । ਧਰਤ ਮਾਤ ਅਜੇ ਤੇਰੇ ਪੋਤਰਿਆਂ ਨੂੰ ਯਾਦ ਕਰਦੀ, ਜੋ ਨੀਂਹਾ ਹੇਠਾਂ ਦੇਣੇ ਦਬਾਈਆ । ਕੂੜ ਕਲਜੋਗਣ ਵੇਖ ਲੜਦੀ, ਗੋਬਿੰਦ ਰਾਹ ਰਹੀ ਤਕਾਈਆ । ਉਧਰੋਂ ਹੇਮਕੁੰਡ ਤੇ ਪੈਂਦੀ ਸਰਦੀ, ਦੁਸ਼ਟ ਦਮਨ ਇਕੋ ਆਸ ਰਖਾਈਆ । ਮੈਂ ਤੁਹਾਡਾ ਦੋਹਾਂ ਦਾ ਬਣ ਕੇ ਦਰਦੀ, ਨਾਤਾ ਇਕੋ ਦਿਆਂ ਬਣਾਈਆ । ਇਹ ਕਹਾਣੀ ਇਸ ਘਰ ਦੀ, ਅਗਲੀ ਰੀਤ ਆਪਣੇ ਨਾਲ ਮਿਲਾਈਆ । ਕਲਜੁਗ ਅੰਤਮ ਕਰਾਂ ਆਪਣੀ ਮਰਜ਼ੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੋ ਕੇ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਤੇਗ ਬਹਾਦਰ ਕਿਹਾ ਕੀ ਇਹ ਪਿੰਡ ਬਕਾਲਾ, ਬੁੱਕਲ ਵਿਚੋਂ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਨਹੀਂ ਸਾਢੇ ਤਿੰਨ ਹੱਥ ਮੰਦਰ ਤੇਰਾ ਆਲਾ, ਜਿਸ ਵਿਚ ਆਪਣੀ ਵਸਤ ਟਿਕਾਈਆ । ਇਕ ਉਠਾਵਾਂ ਮੱਖਣ ਲੁਬਾਣਾ, ਜਿਹੜਾ ਰਾਮ ਦਾ ਮਿਤਰ ਸੁਗਰੀਵ ਨਜ਼ਰੀ ਆਈਆ । ਇਸ ਤੋਂ ਅਗੇ ਫੇਰ ਵਰਤੇ ਭਾਣਾ, ਕਲਜੁਗ ਕੂੜ ਕੁੜਿਆਰਾ ਦਏ ਗਵਾਹੀਆ । ਬੀਸ ਇਕੀਸਾ ਖੇਲ ਕਰੇ ਆਪ ਭਗਵਾਨਾ, ਭਗਵਨ ਹੋ ਕੇ ਲੇਖ ਚੁਕਾਈਆ । ਜਨ ਭਗਤਾਂ ਨੂੰ ਦੇਂਦਾ ਦੇਂਦਾ ਆ ਜਾਏ ਦਾਨਾ, ਦਾਤਾ ਦਾਨੀ

ਬੇਪਰਵਾਹੀਆ । ਜਿਸ ਵੇਲੇ ਲੰਘਣਾ ਕੋਲ ਬਕਾਲਾ, ਮੇਰੀ ਪਿਛਲੀ ਬੁੱਕਲ ਵੇਖ ਵਖਾਈਆ । ਓਥੇ ਅਜੇ ਤਕ ਲੁਬਾਣਾ, ਲਬਾਂ ਉਤੇ ਇੱਕੋ ਨਾਮ ਟਿਕਾਈਆ । ਜਿਸ ਵੇਲੇ ਇਥੋਂ ਲੰਘੇ ਸਚਾ ਰਾਣਾ, ਮੈਂ ਨਿਉਂ ਕੇ ਸੀਸ ਨਿਵਾਈਆ । ਤੇਗ਼ ਬਹਾਦਰ ਕਿਹਾ ਨਹੀਂ ਤੂੰ ਓਸ ਦੇ ਨਾਲ ਅਗੇ ਜਾਣਾ, ਜਿਥੇ ਭਗਤਾਂ ਰਿਹਾ ਤਰਾਈਆ । ਓਸ ਪੁੱਛਿਆ ਕਿਹੜਾ ਟਿਕਾਣਾ, ਮੈਨੂੰ ਸਚ ਦਿਉ ਜਣਾਈਆ । ਗੁਰੂ ਤੇਗ਼ ਬਹਾਦਰ ਕਿਹਾ ਜਿਥੇ ਬਾਲਮੀਕ ਇੱਕੀ ਸਾਲ ਬੈਠਾ ਰਿਹਾ ਵਿਚ ਮਸਾਣਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਓਥੇ ਖੇਲ ਕਰੇ ਆਪ ਮਿਹਰਵਾਨਾ, ਮਿਹਰ ਨਜ਼ਰ ਟਿਕਾਈਆ । ਰਵਿਦਾਸ ਦਾ ਜਨਮ ਜਨਮ ਕਰਮਾਂ ਵਾਲਾ ਭਾਣਾ, ਭਾਵੀ ਚਰਨਾਂ ਹੇਠ ਦਬਾਈਆ । ਗੁਰਮੁਖ ਸਿੰਘ ਗੁਰ ਸਤਿਗੁਰ ਦੋਹਾਂ ਦਾ ਮਿਲ ਕੇ ਝੁੱਲੇ ਇਕ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਈਆ । ਭਲਾਈਪੁਰ ਨਹੀਂ ਇਹ ਭਲਿਆਂ ਦਾ ਘਰਾਨਾ, ਜਿਥੇ ਬਾਲਮੀਕ ਰਵਦਾਸ ਦੋਵੇਂ ਮਿਲ ਕੇ ਡੇਰਾ ਲਾਈਆ । ਸਭ ਦਾ ਮਾਲਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਜੋ ਆਉ ਭਗਤ ਲਈ ਜਾਵੇ ਚਾਈਂ ਚਾਈਆ ।

ਬ੍ਰਾਹਮਣ ਜੀ ਤੁਸੀਂ ਵੇਖੋ ਆਪਣੀ ਨਾਲ ਦ੍ਰਿਸ਼ਟ, ਦ੍ਰਿਸ਼ਟ ਇਕ ਖੁਲ੍ਹਾਈਆ । ਤ੍ਰੇਤੇ ਧਾਰ ਹੋਇਆ ਰਾਮ ਵਸ਼ਿਸ਼ਟ, ਗੁਰ ਚੇਲਾ ਰੂਪ ਵਟਾਈਆ । ਹੁਣ ਭਗਤਾਂ ਲਗਣਾ ਤਿਲਕ, ਤੁਹਾਡੀ ਸੇਵ ਸਮਝਾਈਆ । ਵੇਖਿਉ ਕਿਤੇ ਰਾਤ ਦੇ ਦਸ ਵਜੇ ਨਾ ਜਾਣਾ ਖ਼ਿਸਕ, ਹੱਥ ਸ਼ੀਸ਼ਿਆਂ ਵਿਚ ਪਾਈਆ । ਪ੍ਰਭ ਨੇ ਸਭ ਦੀ ਪਿਛਲੀ ਕਢ ਕੇ ਲਿਸਟ, ਅੱਜ ਲੇਖੇ ਦੇਣੇ ਚੁਕਾਈਆ । ਤੁਹਾਡਿਆਂ ਚਰਨਾਂ ਹੇਠਾਂ ਰਾਤ ਨੂੰ ਸਵਾਣੇ ਸਵਰਗ ਬਹਿਸ਼ਤ, ਸੋਹਣੀ ਸੇਜ ਬਣਾਈਆ । ਇਸ਼ਕਾਂ ਤੋਂ ਵਖਰਾ ਦੱਸਣਾ ਇਸ਼ਕ, ਮਾਸ਼ੂਕਾਂ ਦਾ ਮਾਸ਼ੂਕ ਬਣ ਕੇ ਮਿਲੇ ਬੇਪਰਵਾਹੀਆ । ਜਨਮ ਕਰਮ ਦੀ ਮੇਟ ਕੇ ਹਿਰਸ, ਹਰਸ ਹਵਸ ਦਏ ਚੁਕਾਈਆ । ਜੇ ਅਗੇ ਨਹੀਂ ਕੀਤਾ ਤੇ ਹੁਣ ਕਰ ਕੇ ਜਾਏ ਤਰਸ, ਤਸਲੀਮ ਆਪਣਾ ਆਪ ਕਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵੇਖਣ ਆਉਣਾ ਕੀ ਹੋਇਆ ਖੇਲ ਅਸਚਰਜ, ਅਚਰਜ ਲੀਲਾ ਕੀ ਵਰਤਾਈਆ । ਜੁਲਾਹੇ ਕਬੀਰ ਵਰਗੇ ਆਉਣਾ ਵੇਖਾਂ ਕਿਦਾਂ ਭਗਤਾਂ ਵੰਡੇ ਦਰਦ, ਕਿਵੇਂ ਦਰਦੀਆਂ ਦੁਖ ਵੰਡਾਈਆ । ਪੰਜਾਂ ਉਤੋਂ ਚਲ ਕੇ ਆਉਣਾ ਵੇਖੀਏ ਪ੍ਰਭੂ ਦੀ ਪ੍ਰੇਮ ਵਾਲੀ ਭਟਕ, ਕਿਸ ਬਿਧ ਗੁਰਮੁਖਾਂ ਆਪਣੇ ਅੰਗ ਲਗਾਈਆ । ਓਹ ਰਾਜਾ ਬਲ ਕਹੇ ਮੈਂ ਰਾਜਿਆਂ ਦਾ ਰਾਜਾ ਸਿਧੀ ਕਰ ਦਿਆਂ ਸੜਕ, ਅੱਜ ਮੇਰੀ ਵਾਰੀ ਆਈਆ । ਭਗਤ ਕੋਈ ਨਾ ਜਾਵੇ ਅਧ ਵਿਚ ਅਟਕ, ਸਿਧਾ ਨਿਸ਼ਾਨਾ ਅਗੋਂ ਰਿਹਾ ਵਖਾਈਆ । ਤੁਸੀਂ ਉਚੀ ਬੋਲ ਕੂਕਣਾ ਖੜਕ, ਧੁਰ ਫ਼ਰਮਾਣ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਰਦਾਨਾ ਮਰਦ, ਮਦਦ ਵਾਸਤੇ ਆਪਣਾ ਫੇਰਾ ਪਾਈਆ । ਮੱਖਣ ਲੁਬਾਣੇ ਕਿਹਾ ਜੇ ਮੇਰੇ ਉਤੇ ਕਰਨੀ ਮਿਹਰ, ਅਗਲੀ ਗਲ ਦਿਆਂ ਸੁਣਾਈਆ । ਇਕ ਮੇਰਾ ਸਾਥੀ ਸੀ ਉਸ ਵੇਲੇ ਸਿੰਘ ਸ਼ੇਰ, ਬੱਚਾ ਝੀਂਰਾਂ ਦਾ ਨਜ਼ਰੀ ਆਈਆ । ਓਸ ਤੇਗ਼ ਬਹਾਦਰ ਦੇ ਚਰਨਾਂ ਦੇ ਨਾਲ ਆਪਣੇ ਬੁਲ੍ਹ ਲਏ ਸੀ ਲਬੇੜ, ਚਰਨਾਂ ਦੀ ਧੂੜੀ ਖਾ ਖਾ ਖ਼ੁਸ਼ੀ ਮਨਾਈਆ । ਓਸ ਵੇਲੇ ਤੇਗ਼ ਬਹਾਦਰ ਕਿਹਾ ਸੀ ਤੈਨੂੰ ਜਨਮ ਦਵਾਵਾਂ ਫੇਰ, ਮਾਣਸ ਤੋਂ ਮਾਣਸ ਰੂਪ ਬਦਲਾਈਆ । ਤੇਰਾ ਲੇਖਾ ਸਚ ਦਵਾਰੇ ਦਿਆਂ ਨਬੇੜ, ਮਾਲਕ ਸਚ ਦੇ ਹੱਥ ਫੜ੍ਹਾਈਆ । ਮੱਖਣ ਕਹੇ ਬੇਸ਼ਕ ਸ੍ਰਿਸ਼ਟੀ ਨੂੰ ਦਿਸੇ ਬਹੁਤੀ ਹੋ ਗਈ ਡੇਰ, ਮੈਨੂੰ ਐਉਂ ਜਾਪੇ ਜਿਉਂ ਘੜੀ ਪਲ ਗਏ ਵਿਹਾਈਆ । ਪ੍ਰਭੂ ਅੱਜ ਤੇਰੇ ਨਾਲ ਜਾ

ਕੇ ਉਹਨੂੰ ਮਿਲਣਾ ਪਹਿਲੀ ਵੇਰ, ਵੀਰਾਂ ਵਾਂਗ ਆਪਣੇ ਗਲੇ ਲਗਾਈਆ । ਕੀ ਹੋਇਆ ਜੇ ਉਹ ਗੁਰਮੁਖ ਦਾ ਪੁਤ ਸਿੰਘ ਅਜਮੇਰ, ਮੇਰੇ ਨਾਲੋਂ ਅਜੇ ਜੁਦਾ ਨਾ ਕੋਇ ਕਰਾਈਆ । ਅਗਲੀ ਕਹਾਣੀ ਓਥੇ ਦੇਵਾਂਗੇ ਛੇੜ, ਜਿਹੜੇ ਰਲ ਮਿਲਕੇ ਤੇਰੀ ਯਾਦ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਦੀਨ ਦਿਆਲ ਵਡੀ ਵਡਿਆਈਆ ।

### ☀ ੧੭ ਪੋਹ ੨੦੨੧ ਬਿਕ੍ਰਮੀ ਮੁਨਸ਼ਾ ਸਿੰਘ, ਮੇਲਾ ਸਿੰਘ ਦੇ ਗ੍ਰਿਹ ਬਾਬੂਪੁਰ ☀

ਮੱਖਣ ਦੀ ਆਸਾ ਕਹੇ ਪ੍ਰਭੂ ਇਕ ਬਚਨ ਅਨਮੋਲ, ਮੈਂ ਸਚ ਦੇਣਾ ਸੁਣਾਈਆ । ਗੁਰ ਤੇਗ਼ ਬਹਾਦਰ ਕੋਲ ਨਾ ਡੱਗਾ ਨਾ ਕੋਈ ਢੋਲ, ਨੌਬਤ ਜਗਤ ਨਾ ਕੋਇ ਵਜਾਈਆ । ਉਸ ਦੇ ਪ੍ਰੇਮ ਦਾ ਇਕ ਪਰਿੰਦਾ ਬਾਹਰੋਂ ਕਾਲਾ ਤੇ ਓਸ ਨੂੰ ਕਹਿੰਦੇ ਕੋਇਲ, ਉਚੀ ਕੂਕ ਕੂਕ ਸੁਣਾਈਆ । ਉਹ ਠੀਕ ਸਾਢੇ ਤਿੰਨ ਵਜੇ ਪੈਂਦੀ ਸੀ ਬੋਲ, ਆਪਣੀ ਸੇਵਾ ਸਚ ਕਮਾਈਆ । ਗੁਰ ਤੇਗ਼ ਬਹਾਦਰ ਉਠ ਪੈਂਦਾ ਸੀ ਅਡੋਲ, ਆਪਣੀ ਅੱਖ ਖੁਲ੍ਹਾਈਆ । ਇਕ ਦਿਨ ਕਲਜੁਗ ਨੇ ਕਾਂ ਬਣ ਕੇ ਮਾਰਿਆ ਰੋਲ, ਆਪਣੀ ਆਵਾਜ਼ ਸੁਣਾਈਆ । ਤੇਗ਼ ਬਹਾਦਰ ਕਿਹਾ ਕੂੜੇ ਕਦੇ ਨਾ ਤੁਲੇ ਗੁਰਮੁਖਾਂ ਤੋਲ, ਇਹ ਆਵਾਜ਼ ਮੋਹੇ ਨਾ ਭਾਈਆ । ਜੋ ਪ੍ਰੇਮ ਵਿਚ ਮੰਨੇ ਆਪਣਾ ਆਪ ਚਰਨਾਂ ਉਤੋਂ ਗਏ ਘੋਲ, ਉਹਨਾਂ ਦਾ ਸੁਰਤਾਲ ਕਿਸੇ ਨਾਲ ਕਦੇ ਰਲ ਨਾ ਪਾਈਆ । ਸਹਿਜ ਸੁਭਾਉ ਕਿਹਾ, ਓ ਜੂਠਿਆ ਝੂਠਿਆ, ਮੈਂ ਨਹੀਂ ਮੇਰੇ ਭਗਵਾਨ ਦੇ ਭਗਤ ਤੈਨੂੰ ਚਰਨਾਂ ਹੇਠਾਂ ਦੇਣਗੇ ਵਰੋਲ, ਡਾਢੀ ਮਿਲੇ ਸਜ਼ਾਈਆ । ਓਸ ਕੋਇਲ ਨੂੰ ਮਾਣ ਮਿਲਣਾ ਉਪਰ ਧੌਲ, ਧਰਨੀ ਦਏ ਗਵਾਹੀਆ । ਮੱਖਣ ਕਹੇ ਪ੍ਰਭੂ ਤੇਰੇ ਬਿਨਾ ਕਵਣ ਪੂਰੀ ਕਰੇ ਲੋੜ, ਲੋੜੀਂਦੀ ਆਸਾ ਪੂਰ ਕਰਾਈਆ । ਮੈਂ ਬੇਨੰਤੀ ਕਰਨੀ ਹੱਥ ਜੋੜ, ਜਿਸ ਵੇਲੇ ਕੋਲ ਲੰਘਦਾ ਮੈਨੂੰ ਨਜ਼ਰੀ ਆਈਆ । ਉਹਦੀ ਆਸ਼ਾ ਦੀ ਅਜੇ ਤਕ ਤੇਰੇ ਨਾਲੋਂ ਟੁੱਟੀ ਨਹੀਂ ਡੋਰ, ਡੋਰਾਂ ਦੇ ਮਾਲਕ ਆਪਣੇ ਨਾਲ ਬੰਧਾਈਆ । ਤੇਰੇ ਨਾਲ ਚਮਿਆਰ ਢੋਣ ਵਾਲਾ ਢੋਰ, ਜੋ ਪਸ਼ੂਆਂ ਖੱਲ ਲੁਹਾਈਆ । ਤੂੰ ਉਹਨਾਂ ਦੇ ਕਰ ਜਾ ਭਾਗ ਮਥੇਰ, ਜੋ ਮਿਥ ਕੇ ਤੇਰੀ ਸੇਵ ਕਮਾਈਆ । ਤੂੰ ਜਗਤ ਜਹਾਨ ਵਾਸਤੇ ਚੋਰ, ਭਗਤਾਂ ਵਾਸਤੇ ਸਾਹਮਣੇ ਨਜ਼ਰੀ ਆਈਆ । ਸ੍ਰੀ ਭਗਵਾਨ ਕਿਹਾ ਮੈਂ ਜਾਂਦਾ ਜਾਂਦਾ ਲਹਿਣੇ ਦੇਣੇ ਸਭ ਦੇ ਜਾਵਾਂ ਨਬੇੜ, ਲੇਖਾ ਕੋਇ ਰਹਿਣ ਨਾ ਪਾਈਆ । ਜਿਸ ਨੂੰ ਇਕ ਵਾਰ ਮਿਲਾਂ ਉਹ ਮੁੜ ਕੇ ਆਵੇ ਨਾ ਫੇਰ, ਫੇਰੇ ਸਾਰੇ ਦੇਵਾਂ ਮੁਕਾਈਆ । ਇਸੇ ਕਰ ਕੇ ਗੁਰ ਅਵਤਾਰ ਪੀਰ ਪੈਗ਼ੰਬਰ ਮੇਰੀ ਮੰਗਦੇ ਗਏ ਮਿਹਰ, ਮਿਹਰ ਨਜ਼ਰ ਨਾਲ ਸਰਬ ਤਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਿਲਾਰੀ ਹੋ ਕੇ ਸ਼ਿਕਾਰੀ ਹੋ ਕੇ ਵਪਾਰੀ ਹੋ ਕੇ ਵਿਵਹਾਰੀ ਹੋ ਕੇ ਖੇਲਦਾ ਫਿਰਦਾ ਆਪਣੀ ਖੇਲ, ਖੇਡ ਆਪਣੀ ਆਪ ਰਚਾਈਆ । ਕੋਇਲ ਕਹੇ ਮੈਂ ਕਾਲੀ ਕੋਝੀ ਕਮਲੀ, ਕਮਲਾਪਤ ਤੇਰੀ ਸਾਰ ਕੋਇ ਨਾ ਆਈਆ । ਪ੍ਰੇਮ ਪਿਆਰ ਅੰਦਰ ਹੋ ਗਈ ਯਮਲੀ, ਯਾਦਾਸ਼ਤ ਰਹੀ ਨਾ ਰਾਈਆ । ਨਾਮ ਖ਼ੁਮਾਰਨ ਹੋ ਗਈ ਅਮਲੀ, ਆਪਣਿਆਂ ਅਮਲਾਂ ਗਈ ਭੁਲਾਈਆ । ਬਿਰਹੋਂ ਵੈਰਾਗਣ ਹੋ ਗਈ ਪਗ਼ਲੀ, ਹੋਸ਼ ਹਵਾਸ ਰਹੀ ਨਾ ਰਾਈਆ । ਮੈਂ ਫਿਰਦੀ ਰਹੀ ਜੂਹਾਂ ਜੰਗਲੀ, ਭੱਜੀ ਵਾਹੋ ਦਾਹੀਆ । ਮੇਰੀ ਕਹਾਣੀ ਸੁਣੀ ਨਹੀਂ ਕਿਸੇ ਅਗਲੀ, ਪਿਛਾ ਨਾ ਯਾਦ ਕਰਾਈਆ । ਧੰਨ ਭਾਗ ਜੇ ਤੂੰ ਅੱਜ ਆਪਣੇ ਦਵਾਰੇ ਸੱਦ ਲਈ, ਮੱਖਣ ਨਾਲ ਮਿਲਾਈਆ ।

ਅੱਜ ਤੋਂ ਕੋੜਿਆਂ ਕਮਲਿਆਂ ਦੀ ਵੇਲ ਵਧ ਗਈ, ਜੋ ਅੰਦਰੋਂ ਤੇਰੇ ਹੋ ਕੇ ਤੇਰੇ ਵਿਚ ਸਮਾਈਆ । ਧੰਨ ਭਾਗ ਜੇ ਟੁੱਟੀ ਫੇਰ ਗੰਢ ਲਈ, ਨਾਤਾ ਆਪਣੇ ਨਾਲ ਜੁੜਾਈਆ । ਮੈਂ ਦਰਸ਼ਨ ਕਰਨ ਆਉਣਾ ਵਾਸਤੇ ਠੰਡ ਲਈ, ਜੋ ਭਗਤਾਂ ਅੰਦਰ ਆਪਣਾ ਅੰਮ੍ਰਿਤ ਮੇਘ ਬਰਸਾਈਆ । ਮੈਂ ਪਿਆਸੀ ਉਦਾਸੀ ਗੁਜਰੀ ਦੇ ਚੰਦ ਲਈ, ਜਿਸ ਦੇ ਪਿਤਾ ਦਿਤੀ ਵਡਿਆਈਆ । ਮੈਂ ਭੱਜੀ ਨੱਠੀ ਓਸੇ ਦੇ ਸੰਗ ਲਈ, ਜੋ ਸਗਲਾ ਸੰਗ ਨਿਭਾਈਆ । ਮੈਂ ਨੱਠੀ ਕੁਠੀ ਓਸੇ ਦੇ ਅਨੰਦ ਲਈ, ਜੋ ਅਨੰਦਪੁਰੀ ਗਿਆ ਤਜਾਈਆ । ਜਿਸ ਹਰਿ ਸੰਗਤ ਪ੍ਰੇਮ ਅੰਦਰ ਬੰਨ੍ਹ ਲਈ, ਮੈਂ ਓਸ ਦੀ ਬੰਦਨਾ ਵਿਚ ਬਹਿ ਕੇ ਖ਼ੁਸ਼ੀ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੇ ਕੋਈ ਕਹੇ ਬਖ਼ਸ਼ੰਦ ਨਹੀਂ, ਮੈਂ ਲਾਅਨਤ ਦੇਵਾਂ ਪਾਈਆ । ਜਿਸ ਜਨਮ ਜਨਮ ਦੀ ਵਿਛੜੀ ਆਪਣੇ ਰੰਗ ਵਿਚ ਰੰਗ ਲਈ, ਜਾਂਦੇ ਰਾਹੀਆਂ ਪਾਰ ਲੰਘਾਈਆ ।

### ✻ ੧੭ ਪੋਹ ੨੦੨੧ ਬਿਕ੍ਰਮੀ ਮਹਿੰਗਾ ਸਿੰਘ ਦੇ ਗ੍ਰਿਹ ✻

੨੮ ਸਧਨਾ ਕਹੇ ਮੈਂ ਤਰਦਾ ਵੇਖਿਆ ਬੱਕਰਾ, ਜਿਸ ਦਾ ਦਿਤਾ ਅੰਗ ਕਟਾਈਆ । ਓਸ ਦੇ ਪਿਛੇ ਮੇਰੀ ਪੂਰੀ ਹੋਈ ਸਧਰਾ, ਸਦਕੇ ਘੋਲ ਘੁਮਾਈਆ । ਪਿਛਲਾ ਲਹਿਣਾ ਮੁਕਿਆ ਵਕ਼ਤ ਸੁਹੇਲਾ ਆਇਆ ਅਗਲਾ, ਅਗੇ ਮੇਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲਹਿਣੇ ਰਿਹਾ ਚੁਕਾਈਆ । ਲਹਿਣੇਦਾਰ ਹਰਿ ਨਿਰੰਕਾਰ, ਨਿਰਗੁਣ ਦਇਆ ਕਮਾਇੰਦਾ । ਜੁਗ ਚੌਕੜੀ ਜਿਸ ਨਾਲ ਕੀਤਾ ਇਕ਼ਰਾਰ, ਕਲਜੁਗ ਅੰਤਮ ਓਸੇ ਦਾ ਮੂਲ ਮੁਕਾਇੰਦਾ । ਜੇਠ ਮਹੀਨਾ ਕੁਛ ਕਰ ਕੇ ਗਿਆ ਇਜ਼ਹਾਰ, ਥੋੜਾ ਲੇਖ ਦ੍ਰਿੜਾਇੰਦਾ । ਪੋਹ ਸਤਾਰਾਂ ਲੇਖੇ ਲਾ ਕੇ ਸਰਬ ਪਰਵਾਰ, ਪਰਮ ਪੁਰਖ ਪ੍ਰਭ ਆਪਣਾ ਰੰਗ ਰੰਗਾਇੰਦਾ । ਨੇਤਰ ਰੋ ਕੇ ਕਹੇ ਓਹ ਛੁਰੀ ਕਟਾਰ, ਤਿੱਖੀ ਧਾਰ ਜੋ ਬਣਾਇੰਦਾ । ਮੈਂ ਕੋਟਨ ਕੋਟ ਬੱਕਰੇ ਸ਼ਾਹਰਗੋਂ ਮਾਰ ਕੇ ਕੀਤੇ ਪਾਰ, ਜੀਉਂਦਾ ਨਜ਼ਰ ਕੋਇ ਨਾ ਆਇੰਦਾ । ਇਕ ਬੱਕਰੇ ਕਿਹਾ, ਜੇ ਮੇਰੀ ਸ਼ਾਹਰਗ ਤੋਂ ਉਤੇ ਮੈਨੂੰ ਦੇਵੇਂ ਦਰਸ ਦੀਦਾਰ, ਫੇਰ ਬਿਨ ਛੁਰੀ ਹਲਾਲ ਜ਼ਿਬਹ ਆਪਣਾ ਆਪ ਕਰਾਇੰਦਾ । ਓਧਰੋਂ ਆਈ ਧੁਰ ਦੀ ਆਵਾਜ਼, ਸ਼ਬਦ ਸੰਦੇਸ਼ਾ ਇਕ ਸੁਣਾਇੰਦਾ । ਜਿਸ ਵੇਲੇ ਕਲਜੁਗ ਅੰਤਮ ਆਵਾਂ ਖ਼ਾਸ, ਲੇਖੇ ਸਭ ਦੇ ਲੇਖੇ ਲਾਇੰਦਾ । ਪ੍ਰੇਮ ਪ੍ਰੀਤੀ ਬਖ਼ਸ਼ ਕੇ ਦੇਵਾਂ ਸਚ ਨਿਵਾਸ, ਨਿਜ ਸਿੰਘਾਸਣ ਇਕ ਦਰਸਾਇੰਦਾ । ਨਾਮ ਜਪਾ ਕੇ ਸਵਾਸ ਸਵਾਸ, ਆਤਮ ਪਰਮਾਤਮ ਢੋਲਾ ਰਾਗ ਅਲਾਇੰਦਾ । ਭਗਤਾਂ ਨਾਲ ਬਣਾ ਕੇ ਧੁਰ ਦਾ ਸਾਥ, ਸਾਚਾ ਮੇਲ ਮਿਲਾਇੰਦਾ । ਪਿਛਲੀ ਭੁਲ ਨਾ ਜਾਏ ਯਾਦ, ਯਦੀ ਆਪਣਾ ਹੁਕਮ ਮਨਾਇੰਦਾ । ਕਰੇ ਖੇਲ ਪਰਵਰਦਿਗਾਰ ਵਾਹਿਦ, ਵਾਹਿਗੁਰੂ ਆਪਣੀ ਕਾਰ ਕਮਾਇੰਦਾ । ਨਿਤ ਨਵਿਤ ਰਖਣਹਾਰਾ ਲਾਜ, ਮਿਹਰ ਨਜ਼ਰ ਨਾਲ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਧਨਾ ਕਹੇ ਮੇਰਾ ਇਕ ਹੋਰ ਸੁਹੇਲਾ, ਸਈਆ ਨਜ਼ਰੀ ਆਈਆ । ਓਸ ਨਾਲ ਕਰਾਉਣਾ ਮੇਲਾ, ਮਿਲ ਕੇ ਖ਼ੁਸ਼ੀ ਮਨਾਈਆ । ਉਹ ਭਗਤਾਂ ਵਿਚ ਭਗਤ ਚੇਲਿਆਂ ਵਿਚ ਚੇਲਾ, ਸੰਤਾਂ ਵਿਚ ਸੰਤ ਸਤਿ ਸਰੂਪ ਸਮਾਈਆ । ਮੇਰਾ ਪਿਛਲਾ ਲੇਖਾ ਮੁਕੇ ਵਕ਼ਤ ਦੁਹੇਲਾ, ਦੂਜਾ ਭਉ ਨਾ ਕੋਇ ਨਜ਼ਰੀ ਆਈਆ । ਪੁਰਖ ਅਬਿਨਾਸ਼ੀ ਕਿਹਾ ਸਤਾਰਾਂ ਪੋਹ ਤੋਂ ਬਾਰਾਂ ਦਿਨ ਪਿਛੋਂ ਫੇਰ ਇਕ ਅਵੱਲੜਾ ਆਏ ਵੇਲਾ, ਵਕ਼ਤ ਆਪਣਾ


੨੮

ਦਏ ਦ੍ਰਿੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਸ਼ਕ ਤਾਰਨ ਆਇਆ ਇਕ ਅਕੇਲਾ, ਇਕ ਇਕ ਕਰਕੇ ਬਹੁਤਿਆਂ ਭਗਤਾਂ ਜੋੜ ਜੁੜਾਈਆ ।

### ❊ ੧੭ ਪੋਹ ੨੦੨੧ ਬਿਕ੍ਰਮੀ ਅਚਲ (ਬਟਾਲਾ) ਜ਼ਿਲਾ ਗੁਰਦਾਸਪੁਰ ❊

ਸਿੱਧੋ ਕਾਰਜ ਹੋਇਆ ਸਿਧ, ਸਿਧਾ ਮਿਲਿਆ ਬੇਪਰਵਾਹੀਆ । ਨਾਨਕ ਜਣਾਈ ਸਾਚੀ ਬਿਧ, ਬਿਧਾਤਾ ਹੋਇਆ ਸਹਾਈਆ । ਤੁਹਾਡੇ ਕੋਲ ਬੈਠਾ ਸੀ ਇਕ ਗਿਧ, ਜੋ ਸੁਣ ਸੁਣ ਖ਼ੁਸ਼ੀ ਮਨਾਈਆ । ਉਹ ਵੀ ਸਰਪ ਬਣਿਆ ਰਿੜਦਾ ਭਾਰ ਢਿੱਡ, ਆਪਣਾ ਜ਼ੋਰ ਲਗਾਈਆ । ਓਸ ਵੇਲੇ ਮਰਦਾਨੇ ਆਈ ਸੀ ਇਕ ਛਿੱਕ, ਛਿੱਕ ਦੇ ਪਿਛੋਂ ਸਤਿਨਾਮ ਢੋਲਾ ਗਾਈਆ । ਗਿਧ ਓਸੇ ਨੂੰ ਗਿਆ ਸਿਖ, ਇਸ ਦੇ ਵਿਚ ਕੋਈ ਵਡਿਆਈਆ । ਜੇ ਮੈਂ ਵੀ ਕਰਾਂ ਹਿਤ, ਮੇਰਾ ਲੇਖਾ ਲੇਖੇ ਪਾਈਆ । ਓਧਰੋਂ ਨਾਨਕ ਕਿਹਾ ਠੀਕ, ਮੇਰਾ ਠਾਕਰ ਬੇਪਰਵਾਹੀਆ । ਅਜੇ ਹੋਰ ਜਨਮ ਲੈਣੇ ਤੂੰ ਤੀਹ ਕੁ, ਅੰਡਜ ਰੂਪ ਵਟਾਈਆ । ਫੇਰ ਤੇਰੀ ਓਸ ਨਾਲ ਲੱਗੇ ਪ੍ਰੀਤ, ਜੋ ਸਭ ਦਾ ਸੱਜਣ ਸਾਈਂਆ । ਉਹਨੇ ਨਿਉਂ ਕੇ ਝੁਕਾਇਆ ਸੀਸ, ਵਿਸ਼ਟੇ ਵਾਲੀ ਚੁੰਝ ਧੂੜੀ ਨਾਲ ਘਸਾਈਆ । ਓਸੇ ਵੇਲੇ ਹੋਇਆ ਠੰਡਾ ਸੀਤ, ਅਗਨੀ ਅੱਗ ਰਹੀ ਨਾ ਰਾਈਆ । ਮੈਂ ਕਿੰਨਾਂ ਚਿਰ ਰੱਖਾਂ ਉਡੀਕ, ਸਤਿ ਸਚ ਦੇ ਸਮਝਾਈਆ । ਨਾਨਕ ਕਿਹਾ ਬੀਸ ਇਕੀਸ, ਲਹਿਣਾ ਦਏ ਚੁਕਾਈਆ । ਸਿੱਧਾਂ ਨਾਲ ਤੁਹਾਡੀ ਚਲੇ ਰੀਤ, ਬਿਧਾਂ ਨਾਲ ਜੋੜ ਜੁੜਾਈਆ । ਤਪੱਸਵੀਆਂ ਨੇ ਆਪਣੇ ਉਦਾਲੇ ਮਾਰੀ ਲੀਕ, ਵਲਗਣ ਲਿਆ ਬਣਾਈਆ । ਓਨਾਂ ਚਿਰ ਸਾਡੇ ਕੋਲ ਨਾ ਨੇੜੇ ਆਵੇ ਨਜ਼ਦੀਕ, ਸੁੱਤਿਆਂ ਲਏ ਉਠਾਈਆ । ਨਾਨਕ ਕਿਹਾ ਉਹ ਤੁਹਾਨੂੰ ਕਿਰਪਾ ਕਰ ਕੇ ਅਸਮਾਨਾਂ ਤੋਂ ਪਰੇ ਜ਼ਮੀਨ ਤੋਂ ਥੱਲੇ ਲੁਕਿਆਂ ਨੂੰ ਲਿਆਵੇ ਘਸੀਟ, ਸ਼ਬਦ ਇਸ਼ਾਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਾਨਕ ਵੇਖ ਕੇ ਆਹ ਸੋਹਣੀ ਧਰਤੀ, ਦਿਤੀ ਮਾਣ ਵਡਿਆਈਆ । ਜਿਸ ਵੇਲੇ ਕਿਰਪਾ ਕਰੇ ਮੇਰਾ ਪ੍ਰੀਤਮ ਅਰਸ਼ੀ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਓਸ ਦੀ ਸੁਹੰਜਣੀ ਆਵੇ ਬੀਸ ਇਕੀਸੀ ਬਰਸੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਆਪਣੀ ਧਾਰ ਚਲਾਈਆ । ਭਗਤ ਸੁਹੇਲਾ ਹੋ ਕੇ ਬਣੇ ਦਰਦੀ, ਗੁਰ ਚੇਲਾ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸਿੱਧਾਂ ਕਿਹਾ ਕਵਣ ਸਰਨ, ਸਰਨਗਤ ਕਵਣ ਅਖਵਾਈਆ । ਜੀਵਣ ਪਹਿਲੋਂ ਮਿਲਣਾ ਮਰਨ, ਮਰਨ ਪਿਛੋਂ ਸਮਝ ਕੋਇ ਨਾ ਪਾਈਆ । ਲੱਖ ਚੁਰਾਸੀ ਕਿਹੜੀ ਜੂਨੇ ਭਵਣ, ਚਾਰੇ ਖਾਣੀ ਵੇਖ ਵਖਾਈਆ । ਸਮਝ ਨਹੀਂ ਵਸੇਰਾ ਹੋਵੇ ਅਵਣ ਗਵਣ, ਅਗਲਾ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਨਾਨਕ ਕਿਹਾ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਿੰਦਾ ਆਇਆ ਦਾਨ, ਦਾਤਾ ਦਾਨੀ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਪਛਾਣ, ਬੇਪਛਾਣ ਆਪਣਾ ਫੇਰਾ ਪਾਈਆ । ਜਿਨ੍ਹਾਂ ਨੇ ਮੰਨੀ ਮੇਰੀ ਆਣ, ਓਹਨਾਂ ਦਾ ਲੇਖੇ ਲੱਗਾ ਨਿਸ਼ਾਨ, ਨਿਸ਼ਾਨਾ ਸਤਿਗੁਰ ਆਪਣਾ ਦਏ ਸਮਝਾਈਆ । ਅੰਤਮ ਲੈ ਕੇ ਜਾਏ ਨਾਲ, ਬਿਨ

ਤੱਤਾਂ ਤੋਂ ਹੋਣ ਨਾ ਦਏ ਬੇਹਾਲ, ਦੂਰ ਦੁਰਾਡਾ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਰਿਹਾ ਚੁਕਾਈਆ । ਸਿੱਧ ਉਠਣ ਕਰਨ ਤਿਆਰੀ, ਤ੍ਰੈਗੁਣ ਅਤੀਤਾ ਦਇਆ ਕਮਾਇੰਦਾ । ਚਲੋ ਵੇਖੀਏ ਜੋਤ ਨਿਰੰਕਾਰੀ, ਜੋ ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਅਖਵਾਇੰਦਾ । ਭਗਤ ਸੁਹੇਲਾ ਇਕ ਅਕੇਲਾ ਸਾਚੇ ਸੰਤ ਸੱਜਣ ਰਿਹਾ ਉਭਾਰੀ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਜੁਗ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਲਾ ਰਿਹਾ ਫੁਲਵਾੜੀ, ਗੁਰਮੁਖ ਬੂਟੇ ਮਾਤ ਪਰਗਟਾਇੰਦਾ । ਓਸ ਦਾ ਵੇਖੀਏ ਸਚ ਸਚਾ ਦਰਬਾਰੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਲੋਕਮਾਤ ਵਕ਼ਤ ਸੁਹਾਇੰਦਾ । ਓਸ ਦੀ ਚਰਨ ਸਰਨ ਸਰਨ ਚਰਨ ਕਰੀਏ ਨਿਮਸਕਾਰੀ, ਜੋ ਗ਼ਰੀਬ ਨਿਮਾਣਿਆਂ ਆਪਣੀ ਗੋਦ ਬਹਾਇੰਦਾ । ਜੋ ਦੋ ਜਹਾਨਾਂ ਵਣਜ ਕਰੇ ਬਣ ਵਪਾਰੀ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਤਰ ਆਤਮ ਖੋਜ ਖੁਜਾਇੰਦਾ । ਜਿਸ ਨੇ ਲੇਖਾ ਚੁਕੌਣਾ ਰਵਿਦਾਸ ਚੁਮਾਰੀ, ਚਮਰੇਟਾ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਇੰਦਾ । ਸਿੱਧ ਕਹਿਣ ਅਸੀਂ ਬਣ ਗਏ ਰਾਹੀ, ਭੱਜੇ ਵਾਹੋ ਦਾਹੀਆ । ਢੋਲਾ ਗਾਈਏ ਚਾਈਂ ਚਾਈਂ, ਜੋ ਨਾਨਕ ਨਿਰਗੁਣ ਸਰਗੁਣ ਗਿਆ ਸਮਝਾਈਆ । ਜਾ ਕੇ ਵੇਖੀਏ ਸੱਚਾ ਥਾਈਂ, ਜਿਸ ਥਾਨ ਭੂਮਿਕਾ ਮਾਟੀ, ਖ਼ਾਕ ਮਿਲੇ ਵਡਿਆਈਆ । ਦਰਸ਼ਨ ਪਾਈਏ ਬੇਪਰਵਾਹੀ, ਜਿਸ ਦਾ ਜਲਵਾ ਨੂਰ ਇਲਾਹੀ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਸਾਡੀ ਵਾਟ ਨੇੜੇ ਆਈ, ਅਗਲਾ ਪੰਧ ਰਹੇ ਨਾ ਰਾਈਆ । ਦੋ ਜਹਾਨਾਂ ਲੇਖਾ ਆਪ ਮੁਕਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਿੱਧ ਕਹਿਣ ਪਹਿਲੋਂ ਚਰਨ ਲਈਏ ਝੁਕ, ਇਕੱਠੇ ਹੋ ਕੇ ਸੀਸ ਨਿਵਾਈਆ । ਫੇਰ ਰਸਤਾ ਲਈਏ ਪੁਛ, ਸਾਨੂੰ ਮਾਰਗ ਦੇ ਸਮਝਾਈਆ । ਜੇ ਜਗ ਨੇਤਰ ਨਜ਼ਰ ਨਹੀਂ ਆਉਂਦਾ ਕਿਥੇ ਬੈਠੋਂ ਲੁਕ, ਨਿਜ ਨੇਤਰ ਦੇ ਖੁਲ੍ਹਾਈਆ । ਧੁਰ ਦੀ ਅਵਾਜ਼ ਆਈ ਸ੍ਰੀ ਭਗਵਾਨ ਕਹੇ ਜਿਸ ਰਾਹ ਉਤੇ ਭੱਜਦੇ ਸਾਚੇ ਸੁਤ, ਓਸੇ ਰਾਹ ਭੱਜੋ ਵਾਹੋ ਦਾਹੀਆ । ਆਵਣ ਜਾਵਣ ਪੈਂਡਾ ਜਾਏ ਮੁਕ, ਮੁਕੰਮਲ ਆਪਣੇ ਘਰ ਵਸਾਈਆ । ਵੇਖੋ ਜਗਤ ਵਾਸਨਾ ਵਿਚ ਨਾ ਜਾਣਾ ਘੁਸ, ਔਝੜ ਰਾਹ ਪਾਰ ਨਾ ਕੋਇ ਲੰਘਾਈਆ । ਤੁਹਾਡਾ ਲਹਿਣਾ ਦੇਣਾ ਤੁਹਾਡੀ ਝੋਲੀ ਪਾ ਕੇ ਉਜਲ ਕਰਾਂ ਮੁਖ, ਮੁਖੜਾ ਸਿਫ਼ਤ ਸਾਲਾਹੀਆ । ਅਗੇ ਲੇਖਾ ਬਹੁਤ ਕੁਛ, ਇਕੱਠਿਆਂ ਕਰਕੇ ਸਾਰਿਆਂ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਇਸ਼ਾਰੇ ਨਾਲ ਸਾਰੇ ਅਗੇ ਲਾਈਆ ।



### ✻ ੧੭ ਪੋਹ ੨੦੨੧ ਬਿਕ੍ਰਮੀ ਬਾਬਾ ਬਕਾਲਾ ✻

ਚਰਨ ਛੋਹ ਮਿਲੀ ਸ਼ਾਂਤ, ਧਰਨੀ ਹਸ ਹਸ ਖ਼ੁਸ਼ੀ ਮਨਾਈਆ । ਜਿਸ ਦੀ ਕਰਦੇ ਰਹੇ ਯਾਦ, ਯਾਦ ਕਰਕੇ ਆਪਣਾ ਫੇਰਾ ਪਾਈਆ । ਸਦੀਆਂ ਪਿਛੋਂ ਸੁਣ ਫ਼ਰਿਆਦ, ਬਿਨ ਸੱਦਿਆਂ ਆਇਆ ਵਾਹੋ ਦਾਹੀਆ । ਸਾਡਾ ਖੇੜਾ ਕਰਕੇ ਜਾਏ ਆਬਾਦ, ਆਪਣਾ ਰੰਗ ਰੰਗਾਈਆ । ਚਰਨ ਕਵਲ ਬਖ਼ਸ਼ ਨਿਵਾਸ, ਦੇਵੇ ਮਾਣ ਵਡਿਆਈਆ । ਮੱਖਣ ਆਸ਼ਾ ਕੋਇਲ ਭਰਵਾਸਾ ਦੋਵੇਂ ਮਿਲ ਕੇ ਤੁਰ ਪਏ ਸਾਥ, ਖ਼ੁਸ਼ੀਆਂ ਨਾਲੋਂ ਬਹੁਤੀ ਖ਼ੁਸ਼ੀ

ਵੱਡੀ ਆਜ ਸੁਹੰਜਣੀ ਆਈ ਰਾਤ, ਪ੍ਰਭ ਦੇਵੇ ਮਾਣ ਵਡਿਆਈਆ । ਭਗਤਾਂ ਦੇ ਹੋ ਕੇ ਰਹੀਏ ਦਾਸ, ਸਾਚੀ ਸੇਵ ਕਮਾਈਆ । ਜਿਨ੍ਹਾਂ ਦਾ ਮੀਤਾ ਪੁਰਖ ਅਬਿਨਾਸ਼, ਪਿਛਲਾ ਕੀਤਾ ਸਭ ਦੀ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬਲੀ ਜੋੜੀ ਆਉਂਦਾ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ ।

## ✻ ੧੭ ਪੋਹ ੨੦੨੧ ਬਿਕ੍ਰਮੀ ਡਾ੦ ਪਾਲ ਸਿੰਘ ਦੇ ਗ੍ਰਿਹਿ ਪਿੰਡ ਭਲਾਈਪੁਰ ਜ਼ਿਲਾ ਅੰਮ੍ਰਿਤਸਰ ✻

ਸਤਿਗੁਰ ਸ਼ਬਦ ਕਰੇ ਖ਼ਬਰਦਾਰ, ਦੋ ਜਹਾਨਾਂ ਖ਼ਬਰ ਸੁਣਾਈਆ । ਸਚਖੰਡ ਦਵਾਰ ਵੇਖੋ ਲੱਗਾ ਦਰਬਾਰ, ਧੁਰ ਦਰਬਾਰੀ ਆਪ ਲਗਾਈਆ । ਜਿਸ ਦਾ ਸੰਦੇਸ਼ਾ ਦੇਂਦੇ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਹੁਕਮ ਜਣਾਈਆ । ਸੇਵਾ ਕਰਦੇ ਰਹੇ ਜੁਗ ਚਾਰ, ਚੌਕੜੀ ਅਪਣਾ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਜਿਸ ਨੂੰ ਕਰਦੇ ਰਹੇ ਨਿਮਸਕਾਰ, ਨਿਉਂ ਨਿਉਂ ਲਾਗਣ ਪਾਈਆ । ਭਗਤ ਸੁਹੇਲਾ ਇਕ ਅਕੇਲਾ ਜੋ ਪੈਜ ਰਖਦਾ ਵਿਚ ਸੰਸਾਰ, ਨਿਤ ਨਵਿਤ ਆਪਣਾ ਵੇਸ ਵਟਾਈਆ । ਜਿਸ ਦਾ ਭਵਿਖਤਾਂ ਵਿਚ ਇਜ਼ਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਸਤਿਗੁਰ ਦਏ ਸੰਦੇਸ਼ਾ, ਹਰਿ ਕਰਤਾ ਵਡ ਵਡਿਆਈਆ । ਉਠੋ ਗੁਰ ਅਵਤਾਰ ਪੀਰ ਪੈਗ਼ੰਬਰੋ ਵੇਖੋ ਨਰ ਨਰੇਸ਼ਾ, ਨਿਰਗੁਣ ਨਿਰਵੈਰ ਪੁਰਖ ਅਕਾਲ ਵੇਸ ਵਟਾਈਆ । ਭਗਤ ਉਧਾਰਨ ਜਿਸ ਦਾ ਪੇਸ਼ਾ, ਸੰਤ ਸੁਹੇਲੇ ਲਏ ਤਰਾਈਆ । ਜੁਗ ਚੌਕੜੀ ਨਿਤ ਨਵਿਤ ਬਦਲਣਹਾਰਾ ਵੇਸਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸੁਣ ਸੰਦੇਸ਼ਾ ਉਠਿਆ ਗੋਬਿੰਦ, ਸਚਖੰਡ ਦਵਾਰ ਲਏ ਅੰਗੜਾਈਆ । ਸਭ ਦੀ ਮੇਟਾਂ ਸਗਲੀ ਚਿੰਦ, ਆਲਸ ਨਿੰਦਰਾ ਦੂਰ ਕਰਾਈਆ । ਦਰਸ ਦਿਖਾਵਾਂ ਗੁਣੀ ਗਹਿੰਦ, ਗਹਿਰ ਗੰਭੀਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਮੇਰੀ ਸੇਵਾ ਅਗੰਮ ਦੋ ਜਹਾਨ, ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਖੇਲ ਭਗਵਾਨ, ਦਰਗਾਹ ਸਾਚੀ ਵੇਖਾਂ ਬੈਠਾ ਚਾਈਂ ਚਾਈਂਆ । ਜਿਸ ਦਾ ਝੁਲਦਾ ਸਚ ਨਿਸ਼ਾਨ, ਲੋਕਮਾਤ ਨਜ਼ਰ ਕਿਸੇ ਨਾ ਆਈਆ । ਮੈਂ ਹੁਕਮੇ ਅੰਦਰ ਦੇ ਕੇ ਆਇਆ ਬਿਆਨ, ਸ਼ਬਦਾਂ ਨਾਦਾਂ ਰਾਗਾਂ ਵਿਚ ਸੁਣਾਈਆ । ਗ੍ਰੰਥਾਂ ਪੰਥਾਂ ਦੇ ਕੇ ਆਇਆ ਧਿਆਨ, ਸਾਚੀ ਸਿਖਿਆ ਇਕ ਦ੍ਰਿੜਾਈਆ । ਭੇਵ ਚੁਕਾ ਕੇ ਆਇਆ ਗੋਪੀ ਕਾਹਨ, ਸੀਤਾ ਰਾਮ ਪਰਦਾ ਲਾਹੀਆ । ਈਸਾ ਮੂਸਾ ਮੁਹੰਮਦ ਵੇਖ ਕੇ ਆਇਆ ਕਲਾਮ, ਕਲਮਾ ਕਾਇਨਾਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਆਪਣੇ ਹੱਥ ਰਖਾਈਆ । ਧੁਰ ਦਾ ਲੇਖਾ ਹਰਿ ਭਗਵੰਤ, ਹਰਿ ਕਰਤਾ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਵੇਸ ਵਟਾਇੰਦਾ । ਜਿਸ ਦਾ ਹੁਕਮ ਸਦਾ ਸਦਾ ਚਲੇ ਆਦਿ ਅੰਤ, ਨਿਤ ਨਵਿਤ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਹਰਿ ਨਿਰੰਕਾਰਾ, ਹਰਿ ਕਰਤਾ ਆਪ ਕਰਾਈਆ । ਸਚਖੰਡ ਨਿਵਾਸੀ ਹੋ ਉਜਿਆਰਾ, ਜੋਤੀ ਜਾਤਾ

ਪੁਰਖ ਬਿਧਾਤਾ ਆਪਣਾ ਫੇਰਾ ਪਾਈਆ । ਲੇਖਾ ਜਾਣ ਧੁਰ ਦਰਬਾਰਾ, ਭੇਵ ਅਭੇਦਾ ਆਪ ਖੁਲ੍ਹਾਈਆ । ਗੋਬਿੰਦ ਸੁਤ ਕਰ ਪਿਆਰਾ, ਪਰਮ ਪੁਰਖ ਦਏ ਵਡਿਆਈਆ । ਦਰ ਘਰ ਮੇਲਾ ਮੇਲਣਹਾਰਾ, ਜਗਤ ਜਗਦੀਸ਼ ਆਪਣੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਪੁਰਖ ਅਬਿਨਾਸ਼, ਹਰਿ ਕਰਤਾ ਆਪ ਜਣਾਈਆ । ਗੋਬਿੰਦ ਸੂਰਾ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਦੋ ਜਹਾਨਾਂ ਖੋਜ ਖੁਜਾਈਆ । ਦੋਵੇਂ ਜੋੜ ਕਰੇ ਅਰਦਾਸ, ਸਚ ਬੇਨੰਤੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚ ਬੇਨੰਤੀ ਕਰੇ ਏਕ, ਏਕਾ ਏਕ ਜਣਾਈਆ । ਪਰਮ ਪੁਰਖ ਸਚ ਦੱਸ ਆਪਣੀ ਟੇਕ, ਟਿੱਕਾ ਹੋ ਕੇ ਸੀਸ ਨਿਵਾਈਆ । ਕਵਣ ਸੁਹੰਜਣਾ ਤੇਰਾ ਦੇਸ, ਜਿਸ ਘਰ ਬੈਠਾ ਆਸਣ ਲਾਈਆ । ਭੂਪਤ ਭੂਪ ਬਣ ਨਰੇਸ਼, ਦੋ ਜਹਾਨਾਂ ਹੁਕਮ ਚਲਾਈਆ । ਸਜਦੇ ਕਰਦੇ ਵੇਖੇ ਗੁਰ ਅਵਤਾਰ ਪੀਰ ਪੈਗ਼ੰਬਰ ਨੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਆਪ ਜਣਾਈਆ । ਸਾਚੀ ਕਰਨੀ ਹਰਿ ਕਰਤਾਰ, ਹਰਿ ਕਰਤਾ ਆਪ ਜਣਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਭੇਦ ਆਪਣੇ ਵਿਚ ਛੁਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਜੁਗ ਚੌਕੜੀ ਹੁਕਮੇ ਵਿਚ ਭਵਾਈਆ । ਲੱਖ ਚੁਰਾਸੀ ਦੇ ਭੰਡਾਰ, ਅੰਡਜ ਜੇਰਜ ਉਤਭੁਜ ਸੇਤਜ ਰਚਨ ਰਚਾਈਆ । ਤੱਤਾਂ ਵਾਲਾ ਕਰ ਆਕਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਵਖਾਈਆ । ਆਤਮ ਜੋਤੀ ਦੇ ਅਧਾਰ, ਪਾਰਬ੍ਰਹਮ ਬ੍ਰਹਮ ਆਪਣਾ ਵੇਸ ਵਟਾਈਆ । ਸ਼ਬਦ ਸੰਦੇਸ਼ਾ ਵਾਰੋ ਵਾਰ, ਜੁਗ ਚੌਕੜੀ ਆਪ ਸੁਣਾਈਆ । ਹੁਕਮੇ ਅੰਦਰ ਕਰ ਖ਼ਬਰਦਾਰ, ਦੋ ਜਹਾਨਾਂ ਨੇਤਰ ਅੱਖ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੇਤਾ ਵਿਚ ਸੰਸਾਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਗਏ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਨਿਰੰਕਾਰਾ, ਹਰਿ ਕਰਤਾ ਵਡ ਵਡਿਆਈਆ । ਕਲਜੁਗ ਅੰਤਮ ਖੇਲ ਨਿਆਰਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਵਖਾਈਆ । ਆਦਿ ਜੁਗਾਦਿ ਜਿਸ ਦਾ ਅੰਤ ਨਾ ਪਾਰਾਵਾਰਾ, ਸੋ ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਈਆ । ਜਿਸ ਨੂੰ ਝੁਕਦੇ ਗਏ ਗੁਰ ਅਵਤਾਰਾ, ਪੀਰ ਪੈਗ਼ੰਬਰ ਸਜਦਿਆਂ ਵਿਚ ਸੀਸ ਨਿਵਾਈਆ । ਜਿਸ ਦੇ ਦਰ ਤੇ ਭਗਤ ਸੰਤ ਬਣੇ ਰਹੇ ਭਿਖਾਰਾ, ਦਰ ਠਾਂਡੇ ਅਲਖ ਜਗਾਈਆ । ਸੋ ਵੇਖਣ ਆਇਆ ਮੀਤ ਮੁਰਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਰਿਹਾ ਖੁਲ੍ਹਾਈਆ । ਗੋਬਿੰਦ ਕਰੇ ਅਗੇ ਅਰਜੋਈ, ਪੁਰਖ ਅਕਾਲ ਜਣਾਈਆ । ਸੂਰਬੀਰ ਵਿਰਲਾ ਕੋਈ, ਕੋਟਾਂ ਵਿੱਚੋਂ ਨਜ਼ਰੀ ਆਈਆ । ਜਿਸ ਨੂੰ ਸਚਖੰਡ ਦਵਾਰੇ ਮਿਲੇ ਢੋਈ, ਦਰਗਾਹ ਮਾਣ ਵਡਿਆਈਆ । ਭਗਤਾਂ ਆਤਮ ਅੰਤਰ ਰੋਈ, ਨਿਜ ਨੇਤਰ ਨੀਰ ਵਹਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਹੁਕਮੇ ਅੰਦਰ ਸਭ ਨੇ ਪਤ ਖੋਈ, ਪਤਿਪਰਮੇਸ਼ਵਰ ਨਾ ਕੋਇ ਮਨਾਈਆ । ਦੁਰਮਤ ਮੈਲ ਕਿਸੇ ਨਾ ਧੋਈ, ਪਾਪਾਂ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੋਬਿੰਦ ਕਹੇ ਮੈਂ ਵੇਖ ਕੇ ਜਗਤ ਜੁਗ ਦੁਨੀਆ, ਕਾਇਨਾਤ ਖੋਜ ਖੁਜਾਈਆ । ਸਾਚਾ ਨਜ਼ਰ ਨਾ ਆਵੇ ਕੋਈ ਰਿਖੀਆ ਮੁਨੀਆ, ਧੁਨੀਆ ਵਿਚ ਰਾਗ ਨਾ ਕੋਇ ਸੁਣਾਈਆ । ਆਤਮ ਪਰਮਾਤਮ ਦਾ ਮਿਲੇ ਕੋਇ

ਨਾ ਗੁਨੀਆ, ਜਗਤ ਵਿਦਿਆ ਹੋਈ ਹਲਕਾਈਆ । ਤੇਰੀਆਂ ਰਬਾਬਾਂ ਸਤਾਰਾਂ ਕਾਇਆ ਮੰਦਰ ਅੰਦਰ ਕਿਸੇ ਨਾ ਸੁਣੀਆਂ, ਬਾਹਰੋਂ ਸਾਰੰਗੇ ਰਹੇ ਵਜਾਈਆ । ਭਾਗ ਲੱਗਾ ਨਾ ਕਿਸੇ ਕਾਇਆ ਕੁੱਲੀਆਂ, ਮਹਲਾਂ ਅਟਲਾਂ ਵਿਚ ਬਹਿ ਕੇ ਜਗਤ ਖ਼ੁਸ਼ੀਆਂ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਿਹਾ ਸੁਣ ਗੋਬਿੰਦ ਬੱਚੇ, ਅੰਤ ਦਿਆਂ ਜਣਾਈਆ । ਕਲਜੁਗ ਜੀਵ ਭਾਂਡੇ ਕੱਚੇ, ਚਾਰੋਂ ਕੁੰਟ ਨਜ਼ਰੀ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਚਾਰ ਜੁਗ ਦੇ ਲਿਖਾਏ ਪਟੇ, ਅੰਤਮ ਲੇਖਾ ਦਿਆਂ ਮੁਕਾਈਆ । ਬੀਸ ਅਕੀਸੇ ਰਹਿ ਜਾਣ ਹੱਕੇ ਬੱਕੇ, ਹਕ਼ੀਕ਼ਤ ਸਮਝ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਵਿਚ ਫਿਰ ਫਿਰ ਥੱਕੇ, ਬਣ ਬਣ ਪਾਂਧੀ ਰਾਹੀਆ । ਕਿਸੇ ਨੇ ਹੱਜ ਕਰਾਇਆ ਮਦੀਨੇ ਮੱਕੇ, ਕੋਈ ਕਾਅਬਿਆਂ ਸੀਸ ਨਿਵਾਈਆ । ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ ਦੱਸੇ, ਦਹਿ ਦਿਸ਼ਾ ਕਰੇ ਪੜ੍ਹਾਈਆ । ਕੋਈ ਖਾਣੀ ਬਾਣੀ ਰਸਨਾ ਜਿਹਵਾ ਬੱਤੀ ਦੰਦ ਰਟੇ, ਸਿਫ਼ਤਾਂ ਵਾਲੇ ਢੋਲੇ ਗਾਈਆ । ਕੋਈ ਫਿਰਦੇ ਤੀਰਥ ਅਠਸਠੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਕੋਈ ਸੀਸ ਪੁਵਾ ਕੇ ਘੱਟੇ, ਤਨ ਭਬੂਤ ਰਹੇ ਰਮਾਈਆ । ਕੋਈ ਪਾਣੀ ਨਹਾ ਕੇ ਠੰਡੇ, ਜਲਧਾਰਾ ਰਹੇ ਵਹਾਈਆ । ਕੋਈ ਲਟਕੇ ਪੁਠੇ ਨਾਲ ਡੰਡੇ, ਸਿਰ ਤਲੇ ਉਪਰ ਪਾਉਂ ਕਰਾਈਆ । ਕੋਈ ਫਿਰਦੇ ਪੈਰਾਂ ਨੰਗੇ, ਬਨ ਖੰਡ ਫੇਰੀਆਂ ਪਾਈਆ । ਕੋਈ ਵਾਹੋ ਦਾਹੀ ਫਿਰਦੇ ਭੱਜੇ, ਦਰ ਦਰ ਅਲਖ ਜਗਾਈਆ । ਕੋਈ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਵਿਚ ਸਜੇ, ਆਪਣਾ ਆਸਣ ਲਾਈਆ । ਕੋਈ ਕੂੜ ਕੁੜਿਆਰਾ ਖਾ ਕੇ ਰੱਜੇ, ਮਾਇਆ ਮਮਤਾ ਹੋਈ ਹਲਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨੂੰ ਗੁਰ ਗੋਬਿੰਦ ਸੂਰਾ ਦੱਸੇ, ਇਕੋ ਵਾਰ ਜਣਾਈਆ । ਜਿਧਰ ਵੇਖਾਂ ਓਢਣ ਸਭ ਦੇ ਸਿਰ ਤੋਂ ਲੱਥੇ, ਸੀਸ ਜਗਦੀਸ਼ ਹੱਥ ਨਾ ਕੋਇ ਟਿਕਾਈਆ । ਕੋਟਨ ਕੋਟਾਂ ਵਿੱਚੋਂ ਭਗਤ ਸੁਹੇਲੇ ਥੋੜੇ ਲੱਭੇ, ਜਿਨ੍ਹਾਂ ਇਕ ਤੇਰੀ ਓਟ ਤਕਾਈਆ । ਇਕੋ ਦਰਸ਼ਨ ਕਰਨਾ ਤੇਰਾ ਤੀਜੀ ਅੱਖੇ, ਦੋਏ ਲੋਚਣ ਬੰਦ ਕਰਾਈਆ । ਪੁਰਖ ਅਕਾਲ ਤੇਰੀ ਸਰਨਾਈ ਢੱਠੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਕਿਸੇ ਨੂੰ ਪੂਜਣ ਲਾਇਆ ਵੱਟੇ, ਪੱਥਰਾਂ ਰਾਹ ਵਖਾਈਆ । ਕੋਈ ਸੂਰੀਆ ਪਾਣੀ ਝੱਟੇ, ਦੇਵਤ ਰਿਹਾ ਮਨਾਈਆ । ਕੋਈ ਦੀਨ ਮਜ਼੍ਹਬ ਦੇ ਪਾ ਕੇ ਰੱਟੇ, ਕਲਮਾ ਗਿਆ ਸੁਣਾਈਆ । ਕੋਈ ਮੂੰਹ ਦੇ ਭਾਰ ਢੱਠੇ, ਕੋਹਤੂਰ ਵਜੇ ਵਧਾਈਆ । ਕੋਈ ਹੁਜਰਿਆਂ ਵਿਚ ਸਜੇ, ਕੋਈ ਹੁਜਰਿਆਂ ਨਾਚ ਨਚਾਈਆ । ਕੋਈ ਕੁੰਦਰਾਂ ਵਿਚੋਂ ਲੱਭੇ, ਕੋਈ ਸਾਗਰ ਫੋਲ ਫੁਲਾਈਆ । ਕੋਈ ਅਗਨੀ ਨਾਲ ਤਪੇ, ਤਨ ਮਾਟੀ ਰਿਹਾ ਸੁਕਾਈਆ । ਕੋਈ ਸਿਫ਼ਤਾਂ ਵਾਲਾ ਨਾਮ ਜਪੇ, ਚਾਰ ਜੁਗ ਦੀ ਕਰੇ ਪੜ੍ਹਾਈਆ । ਗੁਰ ਗੋਬਿੰਦ ਕਿਹਾ ਮੈਂ ਵੇਖੇ ਨੇਤਰ ਸਭੇ, ਸਾਹਿਬ ਤੂੰ ਮਿਲਿਆ ਨਜ਼ਰ ਕੋਇ ਨਾ ਆਈਆ । ਇਸੇ ਕਰਕੇ ਸਦੀ ਵੀਹਵੀਂ ਹੋਇਆ ਸਭ ਤੋਂ ਅਗੇ, ਅਗਲਾ ਕ਼ਦਮ ਉਠਾਈਆ । ਮੈਂ ਜੀਵ ਜੰਤ ਵੇਖੇ ਖਾਂਦੇ ਕੱਟੇ ਵੱਛੇ, ਸੂਰਾਂ ਤਾਈਂ ਚਬਾਈਆ । ਤੇਰੇ ਪ੍ਰੇਮ ਕੋਈ ਨਾ ਬੱਝੇ, ਗੁਰ ਕਾ ਨੇਮ ਨਜ਼ਰ ਕੋਇ ਨਾ ਆਈਆ । ਕਲਜੁਗ ਵਾ ਤੱਤੀ ਵਗੇ, ਅਗਨੀ ਅੱਗ ਨਾ ਕੋਇ ਬੁਝਾਈਆ । ਸੰਤ ਸੁਹੇਲੇ ਅੰਦਰੋਂ ਮੂਲ ਨਾ ਰਹਿ ਗਏ ਸੱਚੇ, ਕਲਜੁਗ ਗੁਰੂ ਚੇਲੇ ਦੋਵੇਂ ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਗੋਬਿੰਦ ਕਹੇ ਮੇਰੇ ਨਿਰੰਕਾਰਾ, ਸਚ ਦਿਆਂ ਦ੍ਰਿੜਾਈਆ । ਜੋ ਵੇਖਿਆ ਵਿਚ ਸੰਸਾਰਾ, ਦੀਦ ਚਸ਼ਮ

ਨੈਣ ਉਠਾਈਆ । ਭਰਮੇ ਭੁਲਿਆ ਨਾਰੀ ਨਾਰਾ, ਨਰ ਨਰਾਇਣ ਨਾ ਕੋਇ ਮਨਾਈਆ । ਕਾਇਆ ਮੰਦਰ ਦੀਆ ਬਾਤੀ ਹੋਏ ਨਾ ਕੋਇ ਉਜਿਆਰਾ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਸ਼ਬਦ ਨਾਦ ਨਾ ਵਜੇ ਨਗਾਰਾ, ਨੌਬਤ ਨਾਮ ਨਾ ਕੋਇ ਸੁਣਾਈਆ । ਆਤਮ ਸੇਜਾ ਪਰਮਾਤਮ ਕਰੇ ਨਾ ਕੋਇ ਪਿਆਰਾ, ਲੱਖ ਚੁਰਾਸੀ ਕੂੜੀ ਸੇਜ ਹੰਢਾਈਆ । ਮੁਕਾਮੇ ਹਕ ਨਾ ਮਿਲਿਆ ਪਰਵਰਦਿਗਾਰਾ, ਤੁਆਰਫ਼ ਕਰੇ ਨਾ ਕੋਇ ਲੋਕਾਈਆ । ਜਲਵਾ ਨੂਰ ਨਾ ਕੋਇ ਨਜ਼ਾਰਾ, ਪਰਵਰਦਿਗਾਰ ਮੇਲ ਨਾ ਕੋਇ ਮਿਲਾਈਆ । ਚੌਦਾਂ ਲੋਕ ਚੌਦਾਂ ਤਬਕ ਤੱਕ ਕੇ ਵੇਖਿਆ ਤੇਰੀ ਮਜਲਸ ਦਾ ਦਿਸੇ ਨਾ ਕੋਇ ਅਖਾੜਾ, ਧੁਰ ਦਾ ਨਾਚ ਨਾ ਕੋਇ ਨਚਾਈਆ । ਕਲਜੁਗ ਸਾਧ ਸੰਤ ਚਾਰ ਕੁੰਟ ਫਿਰਦੇ ਕੋਟਨ ਕੋਟ ਲੱਖ ਹਜ਼ਾਰਾ, ਹਜ਼ਰਤ ਤੇਰਾ ਮੇਲ ਨਾ ਕੋਇ ਮਿਲਾਈਆ । ਮੈਂ ਇਸੇ ਕਰਕੇ ਸਤਾਰਾਂ ਪੋਹ ਦਿਵਸ ਵਿਚਾਰਾ, ਸ਼ਬਦ ਇਸ਼ਤਿਹਾਰ ਵਿਚ ਜਣਾਈਆ । ਫੜ ਉਠਾਵਾਂ ਤੇਈ ਅਵਤਾਰਾ, ਸੋਇਆ ਰਹਿਣ ਕੋਇ ਨਾ ਪਾਈਆ । ਈਸਾ ਮੂਸਾ ਮੁਹੰਮਦ ਕਰਕੇ ਖ਼ਬਰਦਾਰਾ, ਅਗਲੇ ਖ਼ੁਆਬ ਦਿਆਂ ਵਖਾਈਆ । ਭਗਤ ਅਠਾਰਾਂ ਦੱਸਾਂ ਇਕ ਅਖਾੜਾ, ਸਚ ਦਰਬਾਰਾ ਤੇਰਾ ਇਕ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਇਹ ਆਇਆ ਤੇਰਾ ਮਾਤ ਵਿਹਾਰਾ, ਜਿਸ ਦਾ ਲੇਖਾ ਵੇਦ ਪੁਰਾਨ ਸ਼ਾਸਤਰ ਸਿਮਰਤ ਸਮਝ ਕੋਇ ਨਾ ਪਾਈਆ । ਤੂੰ ਠਾਕਰਾਂ ਦਾ ਠਾਕਰ ਅਵਤਾਰਾਂ ਦਾ ਅਵਤਾਰਾ, ਗੁਰੂਆਂ ਦਾ ਗੁਰ ਸਤਿਗੁਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇ ਮਾਣ ਵਡਿਆਈਆ । ਪੁਰਖ ਅਕਾਲ ਕਿਹਾ ਗੋਬਿੰਦ ਉਹ ਚਿੱਠੀ ਖੋਲ੍ਹ, ਜਿਹੜੀ ਮਾਛੂਵਾੜੇ ਦਿਤੀ ਫੜਾਈਆ । ਜਿਸ ਦੇ ਵਿਚ ਨਾਮ ਸ਼ਬਦ ਅਨਮੋਲ, ਨਿਰਗੁਣ ਸਰਗੁਣ ਦਏ ਗਵਾਹੀਆ । ਜਿਸ ਦਾ ਤੇਰੇ ਬਿਨਾ ਤੋਲੇ ਕੋਈ ਨਾ ਤੋਲ, ਤੋਲਣਹਾਰਾ ਤੇਰੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਗੋਬਿੰਦ ਗੁਰ ਚਿੱਠੀ ਖੋਲ੍ਹ ਉਹ, ਜਿਸ ਦਾ ਲੇਖ ਬਿਨ ਅੱਖਰਾਂ ਦਿਤਾ ਲਿਖਾਈਆ । ਉਸ ਦੇ ਉਤੇ ਦਿਹਾੜਾ ਲਿਖਿਆ ਸਤਾਰਾਂ ਪੋਹ, ਵੀਹ ਸੌ ਬਿਕ੍ਰਮੀ ਨਾਲ ਰਲਾਈਆ । ਇਕੀਵੇਂ ਸਾਲ ਦਾ ਜੋਤੀ ਜਾਤਾ ਜਿਸ ਵੇਲੇ ਜਾਵੇ ਹੋ, ਹੋਕਾ ਦੇ ਕੇ ਦਏ ਸੁਣਾਈਆ । ਸਭ ਦੇ ਹਕ ਹਕੂਕ ਲਵੇ ਖੋਹ, ਖ਼ਾਲਸ ਆਪਣਾ ਹੁਕਮ ਮਨਾਈਆ । ਧੋਖੇ ਨਾਲ ਨਾ ਕਰੇ ਧ੍ਰੋਹ, ਧੁਰ ਦਾ ਹੁਕਮ ਇਕ ਵਰਤਾਈਆ । ਇਕੋ ਨਾਮ ਜਪਾਵੇ ਸੋ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਹੰ ਬ੍ਰਹਮ ਕਰਕੇ ਲੋ, ਨਿਰਾਕਾਰ ਦਏ ਵਡਿਆਈਆ । ਅੰਮ੍ਰਿਤ ਰਸ ਗੁਰਮੁਖਾਂ ਅੰਤਰ ਦੇਵੇ ਚੋ, ਬਾਹਰੋਂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਚਿੱਠੀ ਦਾ ਦੂਜਾ ਅੱਖਰ ਸੋਹਣਾ ਅੰਕ, ਹਰਿ ਕਰਤਾ ਆਪ ਜਣਾਈਆ । ਗੋਬਿੰਦ ਇੱਕੋ ਸੋਹੇ ਤੇਰਾ ਬੰਕ, ਸੰਬਲ ਵਜੇ ਸਚ ਵਧਾਈਆ । ਓਸ ਵੇਲੇ ਲਹਿਣਾ ਦੇਣਾ ਚੁਕਣਾ ਭਗਤ ਸੁਹੇਲੇ ਜਨਕ, ਅਸ਼ਟਾਬਕਰ ਨਾਲ ਰਲਾਈਆ । ਬਟਵਾਰੇ ਵਜਣੀ ਤਨਕ, ਬਾਲਮੀਕ ਭੇਵ ਖੁਲ੍ਹਾਈਆ । ਰਵਿਦਾਸੇ ਚੁਕਣਾ ਸ਼ੰਕ, ਪੜਦਾ ਦਏ ਉਠਾਈਆ । ਅਗਲਾ ਅੱਖਰ ਭਗਤਾਂ ਨੂੰ ਮਿਲਣੀ ਸਨਦ, ਜੋ ਹਰਿ ਜੂ ਆਪ ਬਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੂੜੀ ਕਿਰਿਆ ਨਾਲ ਕਰਨਾ ਅੰਤ, ਅੰਤਮ ਲੇਖਾ ਮਾਤ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਵੇਖ ਅੱਖਰ ਤੀਜਾ, ਤ੍ਰੈਲੋਕ ਰਿਹਾ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਆਪ ਕਰੇ ਰੀਝਾ, ਨਿਰਗੁਣ ਹੋ ਕੇ ਸੇਵ

ਕਮਾਈਆ । ਕਾਇਆ ਮੰਦਰ ਅੰਦਰ ਲੰਘੇ ਸਚ ਦਹਲੀਜ਼ਾ, ਨੌ ਦਵਾਰੇ ਪੰਧ ਮੁਕਾਈਆ । ਸਦੀ ਚੌਧਵੀਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਕਢ ਕੇ ਜਾਏ ਨਤੀਜਾ, ਧੁਰ ਦਾ ਮਾਲਕ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਅਲੇਖ ਦਏ ਦ੍ਰਿੜਾਈਆ । ਚੌਥਾ ਅੱਖਰ ਲਿਖਿਆ ਵੀਹ ਸੌ ਇੱਕੀ, ਏਕੰਕਾਰਾ ਦਇਆ ਕਮਾਈਆ । ਗੋਬਿੰਦ ਚਾਰ ਵਰਨ ਦੀ ਬਣਨੀ ਸਾਚੀ ਸਿੱਖੀ, ਸਿਖਿਆ ਇਕੋ ਇਕ ਸਮਝਾਈਆ । ਵੱਡੀ ਸੋਹਣੀ ਸੁਹਾਵਣੀ ਹੋਣੀ ਮਿਤੀ, ਮਿਤਰ ਪਿਆਰਾ ਮੇਲ ਮਿਲਾਈਆ । ਰਹਿ ਜਾਣੀ ਪਿਛੇ ਕਹਾਣੀ ਬੀਤੀ, ਅਗਲੀ ਰੀਤੀ ਹੋਰ ਚਲਾਈਆ । ਜਨ ਭਗਤਾਂ ਬਣ ਪ੍ਰਭੂ ਆਪ ਨਜ਼ਦੀਕੀ, ਦੂਰ ਦੁਰਾਡਾ ਪੰਧ ਮੁਕਾਈਆ । ਚਾਰ ਵਰਨ ਜੋ ਸ਼ਰਅ ਕੀਤੀ, ਚਾਰ ਜੁਗ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਦੂਜੀ ਲਾਈਨ ਦਾ ਪਹਿਲਾ ਅੱਖਰ, ਗੋਬਿੰਦ ਧਿਆਨ ਲਗਾਈਆ । ਉਹ ਇਕੋ ਰੰਗ ਦੀ ਨਜ਼ਰੀ ਆਏ ਸਤਰ, ਜਿਸ ਦਾ ਰੂਪ ਨਾ ਕੋਇ ਬਦਲਾਈਆ । ਨਾਲੇ ਸੰਦੇਸ਼ਾ ਨਾਲੇ ਪੱਤਰ, ਹੁਕਮ ਨਾਲ ਵਡਿਆਈਆ । ਜਿਸ ਵੇਲੇ ਨਿਰਗੁਣ ਹੋ ਕੇ ਆਵਾਂ ਉਤਰ, ਨਿਹਕਲੰਕਾ ਨਾਉਂ ਧਰਾਈਆ । ਚਾਰ ਜੁਗ ਦੇ ਵਿਛੜੇ ਭਗਤ ਸੁਹੇਲੇ ਚੁੱਕਾਂ ਕੁੱਛੜ, ਫੜ ਬਾਹੋਂ ਗੋਦ ਉਠਾਈਆ । ਓਸ ਸਤਰ ਦੀ ਵੇਖ ਅਗਲੀ ਨੁੱਕਰ, ਜਿਸ ਦਾ ਨੁਕਤਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੁਕਤੇ ਅਗੇ ਨਾਂ ਬਾਲਮੀਕ, ਬਾਲਮ ਦਏ ਜਣਾਈਆ । ਇਸ ਦਾ ਲਹਿਣਾ ਕਲਜੁਗ ਅੰਤਮ ਠੀਕ, ਠਾਕਰ ਰਿਹਾ ਸਮਝਾਈਆ । ਪੁਰਖ ਅਬਿਨਾਸ਼ੀ ਵੇਖਣਾ ਹੋ ਅਤੀਤ, ਤ੍ਰੈਗੁਣ ਪੰਧ ਮੁਕਾਈਆ । ਲੇਖੇ ਲਾਉਣਾ ਨੀਚਾਂ ਦਾ ਨੀਚ, ਊਚੋਂ ਊਚ ਦਏ ਬਣਾਈਆ । ਪੁਰਖ ਅਕਾਲ ਕਿਹਾ ਇਸ ਤੇ ਗੋਬਿੰਦ ਕਰ ਤਸਦੀਕ, ਸ਼ਹਾਦਤ ਤੇਰੀ ਲਵਾਂ ਰਖਾਈਆ । ਵੀਹ ਸੌ ਇੱਕੀ ਬਿਕ੍ਰਮੀ ਸਤਾਰਾਂ ਪੋਹ ਓਸ ਦੀ ਅਖ਼ੀਰੀ ਤਾਰੀਖ਼, ਤਰੀਕੇ ਨਾਲ ਸਮਝਾਈਆ । ਤ੍ਰੇਤੇ ਜਿਸ ਧਾਮ ਤੇ ਇੱਕੀ ਸਾਲ ਬਹਿ ਕੇ ਰਿਹਾ ਉਡੀਕ, ਅੰਤਮ ਓਸੇ ਭੂਮਿਕਾ ਦਏ ਵਡਿਆਈਆ । ਗੋਬਿੰਦ ਕਿਹਾ ਪ੍ਰਭੂ ਮੈਨੂੰ ਨਜ਼ਰ ਆਇਆ ਕੁਛ ਹੋਰ ਠੀਕ, ਰਾਵੀ ਕੰਢਾ ਧਿਆਨ ਲਗਾਈਆ । ਮੈਂ ਥੋੜੀ ਦੱਸਾਂ ਤਾਰੀਫ਼, ਜਿਸ ਧਾਮ ਮਿਲੀ ਵਡਿਆਈਆ । ਦਿਨ ਅਠਾਸੀ ਬੈਠਾ ਵਿਚ ਰਮਣੀਕ, ਚੁਰਾਸੀਆਂ ਰੰਗ ਰੰਗਾਈਆ । ਓਥੇ ਰਖ ਕੇ ਇਕ ਉਡੀਕ, ਧਿਆਨ ਗਿਆ ਧਰਾਈਆ । ਉਹਦਾ ਸੱਜਣ ਕੋਲ ਨਜ਼ਦੀਕ, ਭੇਵ ਰਿਹਾ ਖੁਲ੍ਹਾਈਆ । ਜਿਸ ਸਾਹਿਬ ਦੇ ਨਾਲ ਸਚੀ ਪ੍ਰੀਤ, ਓਸੇ ਨਾਲ ਦਿਆਂ ਮਿਲਾਈਆ । ਉਹ ਕਰਨਹਾਰ ਬਖ਼ਸ਼ੀਸ਼, ਰਹਿਮਤ ਨਾਲ ਤਰਾਈਆ । ਤੇਰੇ ਬੰਸ ਦੇ ਤਰਨ ਨਾਲ ਨਸੀਬ, ਨਾਤਾ ਦੋਹਰਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਭੇਵ ਖੁਲ੍ਹਾਈਆ । ਗੋਬਿੰਦ ਕਹੇ ਨੁਕਤੇ ਅਗੇ ਮਿਲਿਆ ਨੁਕਤਾ, ਜੋ ਮੈਨੂੰ ਰਿਹਾ ਜਣਾਈਆ । ਜਿਸ ਵੇਲੇ ਆਵੇ ਕਰਤਾ ਭੁਗਤਾ, ਭਗਵਨ ਆਪਣਾ ਵੇਸ ਵਟਾਈਆ । ਉਹ ਭਗਤ ਸੁਹੇਲੇ ਸੱਜਣ ਪੁਛਦਾ, ਪਿਛਲਾ ਲਹਿਣਾ ਵੇਖ ਵਖਾਈਆ । ਦੋ ਜਹਾਨ ਲੁਕਾਇਆ ਮਾਇਆ ਪੜਦਿਆਂ ਵਿਚ ਨਾ ਲੁਕਦਾ, ਮੰਦਰਾਂ ਅੰਦਰਾਂ ਵਿਚ ਬੰਦ ਨਾ ਕੋਇ ਕਰਾਈਆ । ਤੂੰ ਮਾਲਕ ਬਣਕੇ ਆਵੇਂ ਸਚ ਸੁਚ ਦਾ, ਸਤਿ ਸਤਿਵਾਦੀ ਦਇਆ ਕਮਾਈਆ । ਗੁਰ ਗੋਬਿੰਦ ਕਿਹਾ ਮੈਂ ਅਗੇ ਕੁਛ ਨਹੀਂ ਪੁਛਦਾ, ਪੁਰਖ ਅਕਾਲ ਸਭ ਕੁਛ ਰਿਹਾ ਵਖਾਈਆ । ਜਿਸ ਵੇਲੇ ਸਚਖੰਡ ਨਿਵਾਸੀ ਆਪਣੀ ਧਾਰੋਂ ਉਠਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਉਹ ਮਾਲਕ ਖ਼ਾਲਕ ਹੋ

ਕੇ ਭਗਤਾਂ ਉਤੇ ਤੁਠਦਾ, ਭਗਵਨ ਆਪਣਾ ਰੰਗ ਰੰਗਾਈਆ । ਉਹਨਾਂ ਦਾ ਮੰਜ਼ਲ ਪੈਂਡਾ ਮੁਕਦਾ, ਦਰਗਾਹ ਸਾਚੀ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਵੇਖ ਵਖਾਈਆ । ਗੋਬਿੰਦ ਕਹੇ ਮੈਂ ਨੀਚੀ ਸਤਰ ਨੂੰ ਮਾਰਿਆ ਧਿਆਨ, ਤਰਾ ਤਰਾ ਜਣਾਈਆ । ਉਸ ਦੇ ਵਿਚ ਇਕ ਗਿਆਨ, ਸੋਹੰ ਢੋਲਾ ਦਿਤਾ ਸਮਝਾਈਆ । ਜਿਸ ਨੂੰ ਭੱਥਾ ਕਹਿ ਕੇ ਆਇਆ ਤੀਰ ਕਮਾਨ, ਚਿੱਲਾ ਬੇਪਰਵਾਹੀਆ । ਜਿਸ ਦਾ ਭੈ ਜ਼ਿਮੀਂ ਅਸਮਾਨ, ਦੋ ਜਹਾਨ ਨਾ ਸੀਸ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਨਣ ਆਣ, ਹੁਕਮੇ ਅੰਦਰ ਭੱਜਣ ਵਾਹੋ ਦਾਹੀਆ । ਪੀਰ ਪੈਗ਼ੰਬਰ ਕਰਨ ਸਲਾਮ, ਸਜਦਾ ਇਕ ਰਖਾਈਆ । ਉਹ ਅਮਾਮਾਂ ਦਾ ਅਮਾਮ, ਨਜ਼ਾਮਾਂ ਦਾ ਨਜ਼ਾਮ, ਨਰ ਨਿਰੰਕਾਰ ਵੱਡੀ ਵਡਿਆਈਆ । ਗ਼ੁਲਾਮਾਂ ਦਾ ਗ਼ੁਲਾਮ, ਖ਼ਿਦਮਤਗਾਰ ਹੋ ਕੇ ਸੇਵ ਕਮਾਈਆ । ਨਿਸ਼ਾਨਾਂ ਦਾ ਨਿਸ਼ਾਨ, ਦੋ ਜਹਾਨਾਂ ਰਿਹਾ ਝੁਲਾਈਆ । ਗੋਬਿੰਦ ਕਿਹਾ ਮੈਂ ਸਚ ਕਰੀ ਪਹਿਚਾਨ, ਸੱਤ ਰੰਗ ਨਿਸ਼ਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਦਰਸਾਈਆ । ਗੋਬਿੰਦ ਕਹੇ ਚੌਥੀ ਸਤਰ ਦਾ ਸੋਹਣਾ ਲੇਖ, ਕਾਤਬ ਲਿਖਣ ਕੋਇ ਨਾ ਪਾਈਆ । ਜੇ ਜਾਤਾ ਤੇ ਇਕ ਦਸਮੇਸ਼, ਦੂਜਾ ਪੜ੍ਹਨ ਕੋਇ ਨਾ ਪਾਈਆ । ਉਸ ਦਾ ਅੰਕ ਤੇਰੇ ਪੂਤ ਸਪੂਤੇ ਕਰਨੇ ਭੇਟ, ਕਲਜੁਗ ਨੀਂਹ ਉਖੜਾਈਆ । ਨਾਲ ਜਣਾਈ ਅਰਜਨ ਸੀਸ ਪਈ ਤੱਤੀ ਰੇਤ, ਰਾਵੀ ਦਏ ਗਵਾਹੀਆ । ਸ਼ਹਾਦਤ ਮਿਲੀ ਬਹਾਦਰ ਤੇਗ਼, ਆਪਾ ਵਾਰ ਵਖਾਈਆ । ਨਾਮ ਜਣਾਇਆ ਜੋ ਨਾਨਕ ਨਿਰਗੁਣ ਸਰਗੁਣ ਦੱਸ ਕੇ ਗਿਆ ਭੇਤ, ਭੇਵ ਆਪ ਜਣਾਈਆ । ਮਾਰ ਕੇ ਬੁੱਕਲ ਢਾਈ ਗਜ਼ ਦਾ ਖੇਸ, ਖੂੰਡੀ ਹੱਥ ਲਟਕਾਈਆ । ਜਿਸ ਦੇ ਚਰਨ ਚੁੰਮੇ ਬਾਸ਼ਕ ਸ਼ੇਸ਼, ਵਿਸ਼ਨੂੰ ਖ਼ੁਸ਼ੀ ਮਨਾਈਆ । ਜਿਸ ਦਾ ਮਾਲਕ ਖ਼ਾਲਕ ਏਕ, ਨਰ ਨਿਰੰਕਾਰ ਧਿਆਈਆ । ਉਹ ਸਭ ਨੂੰ ਦੇ ਕੇ ਗਿਆ ਟੇਕ, ਸ਼ਬਦ ਰਾਗ ਸੁਣਾਈਆ । ਕਲਜੁਗ ਅੰਤਮ ਹਰਿ ਹਰਿ ਧਰਨਾ ਭੇਖ, ਕੋਈ ਜਨਮੇ ਪਿਤਾ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਸਾਚੀ ਸਤਰ ਦਾ ਲੇਖ ਅਖ਼ੀਰੀ, ਅੱਖਰਾਂ ਵਾਲਾ ਜਣਾਈਆ । ਜਿਸ ਦੇ ਹੁਕਮੇ ਅੰਦਰ ਮਿਲੀ ਪੀਰੀ ਮੀਰੀ, ਸ਼ਾਹ ਹਕੀਰੀ ਵੇਖ ਵਖਾਈਆ । ਓਸ ਦਾ ਨੂਰ ਬੇਨਜ਼ੀਰੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਦੋ ਜਹਾਨ ਹੋਣ ਦੇਵੇ ਨਾ ਕਦੇ ਦਿਲਗੀਰੀ, ਦਿਲਬਰ ਬਣੇ ਸੱਚਾ ਮਾਹੀਆ । ਜਿਸ ਨੇ ਕਲਜੁਗ ਅੰਤ ਗੁਰੂਆਂ ਦੇ ਬਦਲੇ ਭਗਤਾਂ ਦੀ ਚਲੌਣੀ ਪੀੜ੍ਹੀ, ਪਿਰਹੜੀ ਆਪ ਅਖਵਾਈਆ । ਉਸ ਦਾ ਮੇਲ ਹੋਣਾ ਤਕਦੀਰੀ, ਸਚ ਖ਼ੁਲਾਸਾ ਨਾ ਕੋਇ ਸੁਣਾਈਆ । ਜਿਸ ਦਾ ਨਾਮ ਖੰਡਾ ਸ਼ਮਸ਼ੀਰੀ, ਸ਼ਹਿਨਸ਼ਾਹ ਬੇਪਰਵਾਹੀਆ । ਉਸ ਦੇ ਹੱਥ ਦੋ ਜਹਾਨਾਂ ਤਦਬੀਰੀ, ਤਕਦੀਰ ਸਭ ਦੀ ਦਏ ਬਦਲਾਈਆ । ਨਾਲੇ ਲਿਖੇ ਹਰਫ਼ ਨਾਲੇ ਅਗੇ ਮਾਰੇ ਲਕੀਰੀ, ਜਗਤ ਵਿਦਿਆ ਲਾਈਨ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਤੱਕੀ ਪ੍ਰੇਮ ਨਾਲ ਲਕੀਰ, ਜੋ ਬਿਨ ਕ਼ਲਮ ਸ਼ਾਹੀ ਲਗਾਈਆ । ਓਸ ਵਿਚ ਵੱਡਾ ਹੇਰ ਫੇਰ, ਭੇਵ ਅਭੇਦ ਨਾ ਕੋਇ ਜਣਾਈਆ । ਗੋਬਿੰਦ ਕਿਹਾ ਪ੍ਰਭ ਕਰ ਆਪਣੀ ਮਿਹਰ, ਪਰਦਾ ਦੇ ਉਠਾਈਆ । ਪੁਰਖ ਅਬਿਨਾਸ਼ੀ ਕਿਹਾ ਇਹਦਾ ਭਾਓ ਨਾ ਕੋਈ ਮੇਰ ਨਾ ਕੋਈ ਤੇਰ, ਤੇਰਾ ਮੇਰਾ ਰੂਪ ਇਕੋ ਨਜ਼ਰੀ ਆਈਆ । ਦੋਹਾਂ ਨੇ ਮਿਲ ਕੇ ਕਲਜੁਗ ਲੇਖਾ ਦੇਣਾ ਨਬੇੜ, ਲੋਕਮਾਤ ਰਹਿਣ ਨਾ ਪਾਈਆ । ਭਗਤ ਸੁਹੇਲੇ ਚਰਨ ਲਿਆਉਣੇ ਘੇਰ, ਸਚ

ਘਰਾਨੇ ਵੇਖ ਵਖਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਮਾਇਆ ਮਮਤਾ ਅੰਤਰ ਵੇਖੇ ਭੇੜ, ਜਗਤ ਕੂੜ ਲੜਾਈਆ । ਹੁਕਮੇ ਅੰਦਰ ਗੇੜਨਾ ਗੇੜ, ਉਲਟੀ ਲਠ ਭਵਾਈਆ । ਜਗਤ ਹਰੂਫ਼ਾਂ ਕਿਸੇ ਕੰਮ ਨਾ ਆਵੇ ਜ਼ਬਰ ਜ਼ੇਰ, ਜ਼ਾਹਰਾ ਪੀਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਲਕੀਰ ਦੇ ਅਗੇ ਇਕ ਮਿਲ ਗਈ ਸਿਹਾਰੀ, ਜੋ ਆਪਣਾ ਹਾਲ ਰਹੀ ਜਣਾਈਆ । ਗੋਬਿੰਦ ਵੇਖੀ ਤੇਰੀ ਪੁਰਖ ਅਕਾਲ ਨਾਲ ਯਾਰੀ, ਯਾਰ ਸਾਂਝਾ ਇਕ ਮਨਾਈਆ । ਉਸ ਦਾ ਲੇਖਾ ਲੇਖ ਅਗੰਮ ਅਪਾਰੀ, ਬੋਧ ਅਗਾਧ ਵਡੀ ਵਡਿਆਈਆ । ਉਸ ਦੇ ਪ੍ਰੇਮ ਦਾ ਸਿਧਾ ਬਣਿਆ ਨਾ ਕੋਇ ਵਪਾਰੀ, ਸੌਦਾ ਹਕ ਵਸਤ ਝੋਲੀ ਕੋਇ ਨਾ ਪਾਈਆ । ਮੈਂ ਸਚ ਦੱਸਾਂ ਉਹ ਸ਼ਾਹ ਪਾਤਸ਼ਾਹ ਜਿਸ ਦੀ ਸਚੀ ਸਰਦਾਰੀ, ਸਿਕਦਾਰ ਇਕ ਅਖਵਾਈਆ । ਉਹ ਜੁਗ ਚੌਕੜੀ ਪੀਰ ਪੈਗ਼ੰਬਰ ਭੇਜੇ ਵਾਰੋ ਵਾਰੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਸਿਹਾਰੀ ਕਹੇ ਇਕ ਹੋਰ ਵਡਿਆਈ, ਗੋਬਿੰਦ ਦਿਆਂ ਜਣਾਈਆ । ਉਹ ਭਗਤਾਂ ਨਾਲ ਕਰੇ ਕੁੜਮਾਈ, ਸਿਧਾ ਆਪਣਾ ਮੇਲ ਮਿਲਾਈਆ । ਅੰਦਰ ਵੜ ਕੇ ਸੋਈ ਸੁਰਤ ਲਏ ਉਠਾਈ, ਸਚ ਸੁਆਣੀ ਅੱਖ ਖੁਲ੍ਹਾਈਆ । ਨਿਰਗੁਣ ਨੂਰ ਕਰ ਰੁਸ਼ਨਾਈ, ਅੰਧ ਅੰਧੇਰ ਦਏ ਮਿਟਾਈਆ । ਆਪਣੇ ਨਾਮ ਸ਼ਬਦ ਮੇਲ ਕੇ ਧੁਰ ਦਾ ਹਾਣੀ, ਅੰਮ੍ਰਿਤ ਜਾਮ ਪਾਨ ਦਏ ਕਰਾਈਆ । ਸਚ ਸੁਨੇਹੜਾ ਸੁਣਾ ਕੇ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਲੇਖਾ ਚੁਕਾ ਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾਈਆ । ਮਾਣ ਦੇ ਕੇ ਬਖ਼ਸ਼ੇ ਚਰਨ ਧਿਆਨੀ, ਸਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਿਹਾਰੀ ਕਹੇ ਮੈਂ ਹੋਰ ਕੁਛ ਵੇਖਿਆ ਤੱਕਿਆ, ਤੇਰੇ ਅਗੇ ਦਿਆਂ ਜਣਾਈਆ । ਪੁਰਖ ਅਬਿਨਾਸ਼ੀ ਖੇਲ ਕਰੇ ਸਮਰਥਿਆ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਮੇਰੇ ਅੰਦਰ ਇਕ ਉਸਨੇ ਪੜਦਾ ਢਕਿਆ, ਜਿਸ ਨੂੰ ਸਕੇ ਨਾ ਕੋਇ ਖੁਲ੍ਹਾਈਆ । ਉਹ ਭਗਤਾਂ ਜੋਗਾ ਹਿੱਸਾ ਰੱਖਿਆ, ਦੂਸਰ ਹੱਥ ਨਾ ਕਦੇ ਫੜਾਈਆ । ਇਕ ਦਿਨ ਪੁਰਖ ਅਕਾਲ ਰਵਿਦਾਸ ਨੂੰ ਕਿਹਾ ਮੇਰੇ ਬੱਚਿਆ, ਥੋੜੇ ਸਮੇਂ ਲਈ ਤੈਨੂੰ ਪੁੱਤਰ ਲਿਆ ਬਣਾਈਆ । ਤੇਰਾ ਵੇਖ ਕੇ ਢੋਰਾਂ ਵਾਲਾ ਚੰਮ ਕੱਚਿਆ, ਕਾਚੀ ਮਾਟੀ ਰੰਗ ਚੜ੍ਹਾਈਆ । ਰਵਿਦਾਸ ਟਕਿਆਂ ਵਾਲਾ ਵਿਹਾਰ ਦੱਸਿਆ, ਆਪਣੀ ਸੇਵ ਕਮਾਈਆ । ਬਾਕੀ ਲੇਖਾ ਵੇਖ ਕੇ ਹੱਸਿਆ, ਵਾਹਵਾ ਤੇਰੀ ਬੇਪਰਵਾਹੀਆ । ਜਿਸ ਨੇ ਚਾਰ ਕੁਹਾਰ ਕੀਤੇ ਅਕੱਠਿਆਂ, ਪੰਚਮ ਤੇਲੀ ਮੇਲ ਮਿਲਾਈਆ । ਜਿਸ ਨੇ ਡੋਲੀ ਵਾਲੀ ਦੁਲ੍ਹਣ ਦਾ ਸੀਨਾ ਫਟਿਆ, ਨਾਮ ਕਟਾਰ ਤੀਰ ਚਲਾਈਆ । ਜਿਸ ਨੇ ਪਿਓ ਪੁਤ ਪੰਜ ਘੁਮਿਆਰਾਂ ਨੂੰ ਚਰਨਾਂ ਸੱਦਿਆ, ਹੋਕਾ ਹਕ ਸੁਣਾਈਆ । ਜਿਸ ਬ੍ਰਾਹਮਣ ਨਾਲ ਖੇਲਿਆ ਖੇਲ ਵੇਖੀ ਸਮੱਸਿਆ, ਸਮਾਂ ਖ਼ੁਸ਼ੀਆਂ ਨਾਲ ਵਿਹਾਈਆ । ਜਿਸ ਦੀ ਸਪੁੱਤਰੀ ਨੇ ਪਾਨਹਾ ਗੰਢਣ ਵਾਲਾ ਰਸ ਚਟਿਆ, ਲਬਾਂ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਿਹਾਰੀ ਕਹੇ ਮੈਂ ਇਕ ਹੋਰ ਦੱਸਾਂ ਸਵਾਲ, ਸਹਿਜ ਸਹਿਜ ਜਣਾਈਆ । ਇਕ ਦਿਨ ਖ਼ੁਸ਼ੀ ਵਿਚ ਆ ਕੇ ਦੀਨ ਦਿਆਲ, ਮੈਨੂੰ ਠੋਕਰ ਦਿਤੀ ਲਗਾਈਆ । ਓਸ ਦੇ ਵਿੱਚੋਂ ਨਿਕਲਿਆ ਇਕ ਰੁਮਾਲ, ਜੋ ਗੋਬਿੰਦ ਤੇਰੇ ਹੱਥ ਫੜਾਈਆ । ਜਿਸ ਦਾ ਨਾਮ ਧੁਰ ਦੀ ਢਾਲ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਇਸ ਨੂੰ ਰੱਖਣਾ ਆਪ ਸੰਭਾਲ, ਤੱਤਾਂ ਵਾਲਾ


੩੭

ਹੱਥ ਨਾ ਕੋਇ ਲਗਾਈਆ । ਕਲਜੁਗ ਅੰਤ ਇਹਦਾ ਆਉਣਾ ਖ਼ਿਆਲ, ਅੰਤਰ ਅੰਤਰ ਦਏ ਜਣਾਈਆ । ਜਿਸ ਵੇਲੇ ਨਿਰਗੁਣ ਹੋ ਕੇ ਬਣੇ ਦਲਾਲ, ਸ਼ਬਦੀ ਵੇਸ ਵਟਾਈਆ । ਪੁਰਖ ਅਕਾਲਾ ਹੋਵੇ ਤੇਰੇ ਨਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਸੰਬਲ ਨਗਰ ਬਣੇ ਮੰਦਰ ਸਚੀ ਧਰਮਸਾਲ, ਆਸਣ ਸਿੰਘਾਸਣ ਇਕ ਵਿਛਾਈਆ । ਹੁਕਮੇ ਅੰਦਰ ਰਖ ਕੇ ਕਾਲ ਮਹਾਕਾਲ, ਮਾਅਕੂਲ ਹੁਕਮ ਜਣਾਈਆ । ਲੱਖ ਚੁਰਾਸੀ ਕੂੜੀ ਕਿਰਿਆ ਵੇਖ ਕੇ ਚਾਲ, ਅਬਿਨਾਸ਼ੀ ਕਰਤੇ ਦੇਈਂ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਵਣ ਬੇਹਾਲ, ਬੇਹਬਲ ਹੋ ਕੇ ਦੇਣ ਦੁਹਾਈਆ । ਸੁਰਤੀ ਕਰੇ ਨਾ ਕੋਇ ਸੰਭਾਲ, ਸ਼ਬਦੀ ਜੋੜ ਨਾ ਕੋਇ ਜੁੜਾਈਆ । ਦੁਖ ਭੁਖ ਦੇ ਨਾਲ ਰੋਵਣ ਕੰਗਾਲ, ਰੋਇਆਂ ਰੋਗ ਨਾ ਕੋਇ ਮਿਟਾਈਆ । ਤ੍ਰੈਗੁਣ ਮਾਇਆ ਤੋੜੇ ਨਾ ਕੋਇ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਓਸ ਵੇਲੇ ਪਰਗਟ ਹੋਵੇ ਪਤਿਪਰਮੇਸ਼ਵਰ ਸਾਹਿਬ ਸੁਵਾਮੀ ਆਪ, ਆਪਣਾ ਰੂਪ ਧਰਾਈਆ । ਤੇਰੇ ਨਾਲ ਮਿਲ ਕੇ ਤੇਰਾ ਰੂਪ ਸਤਿ ਸਰੂਪ ਦਏ ਜਾਪ, ਸੋਹੰ ਢੋਲਾ ਨਾਦ ਵਜਾਈਆ । ਤੂੰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਕੇ ਵਸਣਾ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਿਹਾਰੀ ਤੋਂ ਅਗੇ ਬੋਲੀ ਬਿਹਾਰੀ, ਬਹੁੜੀ ਕਰ ਸੁਣਾਈਆ । ਗੋਬਿੰਦ ਸਚ ਦੱਸਾਂ ਉਹ ਮੇਰਾ ਪੁਰਖ ਅਕਾਲ ਨਿਰੰਕਾਰੀ, ਨਿਰਵੈਰ ਨਜ਼ਰੀ ਆਈਆ । ਜਿਸ ਨੇ ਕਲਜੁਗ ਅੰਤਮ ਬਣਨਾ ਆਪ ਵਪਾਰੀ, ਲੱਖ ਚੁਰਾਸੀ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡਾਂ ਖੰਡਾਂ ਫਿਰਨਾ ਵਾਰੋ ਵਾਰੀ, ਵਾਰਤਾ ਸਭ ਦੀ ਦਏ ਦੋਹਰਾਈਆ । ਦੂਜੇ ਉਤੇ ਕਰੇ ਨਾ ਕੋਇ ਇਤਬਾਰੀ, ਯਕੀਨ ਆਪਣਾ ਆਪਣੇ ਉਤੇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਜ਼ਦੂਰੀ ਕਰ ਕੇ ਗਏ ਦਿਹਾੜੀ, ਲੋਕਮਾਤ ਸੇਵ ਕਮਾਈਆ । ਮੰਗਾਂ ਮੰਗਦੇ ਗਏ ਅੰਤਮ ਵਾਰੀ, ਖ਼ਾਲੀ ਝੋਲੀ ਆਪਣੀ ਡਾਹੀਆ । ਈਸਾ ਮੂਸਾ ਮੁਹੰਮਦ ਕਿਹਾ ਵਡ ਅਮਾਮ ਸਾਡਾ ਸਿਕਦਾਰੀ, ਸਦੀ ਚੌਧਵੀਂ ਵੇਖ ਵਖਾਈਆ । ਨਾਨਕ ਗੋਬਿੰਦ ਕਿਹਾ ਸੂਰਬੀਰ ਬਲਕਾਰੀ, ਪਤਿਪਰਮੇਸ਼ਵਰ ਵਡ ਵਡਿਆਈਆ । ਪਰਗਟ ਹੋਵੇ ਵਡ ਸੰਸਾਰੀ, ਦੋ ਜਹਾਨਾਂ ਹੁਕਮ ਮਨਾਈਆ । ਭਗਤ ਸੁਹੇਲਾ ਹੋ ਕੇ ਮੀਤ ਮੁਰਾਰੀ, ਗੁਰਮੁਖ ਮਿਤਰਾਂ ਦਏ ਵਡਿਆਈਆ । ਮੇਰੇ ਵਿਚੋਂ ਲੇਖਾ ਨਜ਼ਰੀ ਆਏ ਕਲਜੁਗ ਅੰਤਮ ਰਵਿਦਾਸ ਬਟਵਾਰੇ ਦੀ ਲਗਣੀ ਯਾਰੀ, ਧੁਰ ਦਾ ਮੇਲਾ ਮੇਲ ਮਿਲਾਈਆ । ਜਿਨ੍ਹਾਂ ਦੇ ਪਿਛੇ ਭਗਤ ਸੁਹੇਲੇ ਜਾਵੇ ਤਾਰੀ, ਬੇਲੇ ਜੰਗਲ ਕਾਹੀ ਪਾਰ ਕਰਾਈਆ । ਜਿਹੜਾ ਕੰਡਾ ਤਿੱਖੀ ਸੂਲ ਦਾ ਬਾਲਮੀਕ ਵੱਜਾ ਰਾਵੀ ਅਧਵਿਚਕਾਰੀ, ਜਿਸ ਦਾ ਨਿਸ਼ਾਨਾ ਅਜੇ ਮਿਟ ਨਾ ਜਾਈਆ । ਓਥੋਂ ਦੀ ਵਿਥਿਆ ਲਿਖ ਕੇ ਸਾਰੀ, ਸ਼ਬਦ ਕਹਾਣੀ ਲਈ ਬਣਾਈਆ । ਗੁਰ ਅਰਜਨ ਦੀ ਖ਼ਾਹਸ਼ ਅੰਤਮ ਵਾਰੀ, ਜੋ ਰਾਵੀ ਕੰਢੇ ਪਰਗਟਾਈਆ । ਓਸ ਭਠਿਆਲੇ ਦਾ ਕ਼ਰਜ਼ਾ ਲਾਹ ਕੇ ਭਾਰੀ, ਜੋ ਅਗਨੀ ਤੱਤ ਤਪਾਈਆ । ਓਸ ਕੰਨਿਆ ਦੀ ਕਰ ਕੇ ਪਾਰ ਕਿਨਾਰੀ, ਜੋ ਸੀਸ ਸਾਹਿਬ ਝੁਕਾਈਆ । ਓਸ ਦਰਬਾਨ ਨੂੰ ਦੇ ਕੇ ਸਚ ਸਰਦਾਰੀ, ਬਖ਼ਸ਼ੀ ਮਾਣ ਵਡਿਆਈਆ । ਜੁਗ ਚੌਕੜੀ ਦੇ ਵਿਛੜੇ ਕੱਠੇ ਕਰ ਕੇ ਇਕੋ ਵਾਰੀ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਬਿਹਾਰੀ ਕਹੇ ਮੈਂ ਹੋਰ ਕੁਛ ਦੱਸਾਂ, ਦਸਮੇਸ਼ ਤੈਨੂੰ ਸੀਸ ਨਿਵਾਈਆ । ਖ਼ੁਸ਼ੀਆਂ ਨਾਲ ਹਸਾਂ, ਚਿੰਤਾ ਗ਼ਮ ਰਿਹਾ ਨਾ ਰਾਈਆ । ਜੋ ਨਾਨਕ ਸਰਗੁਣ ਨਾਨਕ ਲੇਖ ਲਿਖਿਆ ਆਪਣਿਆਂ ਹੱਥਾਂ, ਦਿਤੀ ਮਾਣ ਵਡਿਆਈਆ । ਓਨ੍ਹਾਂ ਪੰਜਾਂ ਦੇ ਨਾਮ ਰੱਟਾਂ, ਜਿਨ੍ਹਾਂ ਨੂੰ ਦਰਗਾਹ ਮਿਲੀ

ਵਡਿਆਈਆ । ਧੂੜੀ ਖ਼ਾਕ ਓਨ੍ਹਾਂ ਦੇ ਚਰਨਾਂ ਦੀ ਚੱਟਾਂ, ਆਪਣਾ ਮੁਖ ਪਵਿਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬਿਹਾਰੀ ਕਹੇ ਮੈਂ ਵੇਖਿਆ ਪ੍ਰਭ ਨੂੰ ਲਿਖਦਾ, ਬਿਨ ਅੱਖਰਾਂ ਅੱਖਰ ਬਣਾਈਆ । ਉਹ ਪਿਆਰਾ ਤੇਰੇ ਸਾਚੇ ਗੁਰਸਿਖ ਦਾ, ਜੋ ਗੁਰਮਖ ਰੂਪ ਵਟਾਈਆ । ਜੋ ਪਿਆਸਾ ਸਤਿਗੁਰ ਚਰਨ ਪ੍ਰੀਤੀ ਭੁਖ ਦਾ, ਮਨਸਾ ਆਪ ਜਣਾਈਆ । ਓਸ ਦਾ ਸੰਗੀ ਹੋਵੇ ਆਪ ਦੁਖ ਸੁਖ ਦਾ, ਦੁਖ ਸੁਖ ਵਿਚ ਬਦਲਾਈਆ । ਗੋਬਿੰਦ ਤੇਰਾ ਪਹਿਲਾ ਨਾਤਾ ਗੁਜਰੀ ਕੁੱਖ ਦਾ, ਹੁਣ ਸ਼ਬਦੀ ਰੂਪ ਵਟਾਈਆ । ਇਹ ਨਾਤਾ ਕਦੇ ਨਾ ਤੁਟਦਾ, ਨਿਰਗੁਣ ਨਿਰਗੁਣ ਜੋੜ ਜੁੜਾਈਆ । ਹੁਣ ਵੇਲਾ ਰਹਿਣਾ ਨਹੀਂ ਕੋਈ ਲੁਕ ਦਾ, ਹੋਕਾ ਦੇ ਕੇ ਦੇਣਾ ਸੁਣਾਈਆ । ਵੇਖੋ ਮੇਲਾ ਪਿਉ ਪੁਤ ਦਾ, ਲੋਕਮਾਤ ਵਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬਿਹਾਰੀ ਕਹੇ ਵੇਖ ਗੋਬਿੰਦ ਪੰਜ ਖਲੋਤੇ, ਸਚਖੰਡ ਦਵਾਰੇ ਪ੍ਰਭ ਚਰਨ ਮਿਲੀ ਸਰਨਾਈਆ । ਜਿਨ੍ਹਾਂ ਦੀ ਰਸਨਾ ਇਕੋ ਪ੍ਰਭ ਦਾ ਦਰਸ਼ਨ ਲੋਚੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਦਾਦੇ ਨਾਲ ਨਜ਼ਰ ਆਉਂਦੇ ਪੋਤੇ, ਧੁਰ ਦਾ ਸੋਹਣਾ ਜੋੜ ਜੁੜਾਈਆ । ਭਗਤਾਂ ਨਾਲ ਭਗਤ ਮਿਲ ਕੇ ਵਸੇ ਧਾਮ ਓਸੇ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਇਸ ਦੀ ਸੋਚ ਕਿਆ ਕੋਈ ਸੋਚੇ, ਸਮਝ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਨਜ਼ਰ ਉਠਾਈਆ । ਬਿਹਾਰੀ ਕਿਹਾ ਵੇਖ ਗੁਰਮੁਖ ਸੋਹਣੇ ਚੰਗੇ, ਜੋਬਨ ਰੱਤੇ ਨਜ਼ਰੀ ਆਈਆ । ਸਾਹਿਬ ਸਵਾਮੀ ਜਿਨ੍ਹਾਂ ਦੀਆਂ ਮੰਨੇ, ਪਤਿਪਰਮੇਸ਼ਵਰ ਹੋਏ ਸਹਾਈਆ । ਉਹ ਦਰਗਾਹ ਦੇ ਬਣੇ ਸਾਚੇ ਚੰਦੇ, ਜੋਤੀ ਨੂਰ ਨੂਰ ਰੁਸ਼ਨਾਈਆ । ਅੰਦਰੋਂ ਬਾਹਰੋਂ ਸੀਤਲ ਧਾਰ ਠੰਡੇ, ਅਗਨੀ ਅੱਗ ਨਾ ਕੋਇ ਲਗਾਈਆ । ਮੰਜ਼ਲ ਚੜ੍ਹ ਕੇ ਅਖ਼ੀਰੀ ਡੰਡੇ, ਡੰਡੌਤ ਹਰਿ ਨੂੰ ਰਹੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਹਾਰੀ ਕਹੇ ਵੇਖ ਪੰਜ ਹੋਏ ਮਨਜ਼ੂਰ, ਪ੍ਰਭ ਦੇਵੇ ਮਾਣ ਵਡਿਆਈਆ । ਜਿਨ੍ਹਾਂ ਦੇ ਪਿਛੇ ਕਲਜੁਗ ਨਾਤਾ ਤੁੱਟਾ ਕੂੜ, ਕੂੜੀ ਕਿਰਿਆ ਦਏ ਗਵਾਈਆ । ਭਗਤ ਭਗਵਾਨ ਲੋਕਮਾਤ ਹੋਏ ਮਸ਼ਹੂਰ, ਮਸ਼ਵਰਿਆਂ ਵਿਚ ਪਵੇ ਲੋਕਾਈਆ । ਜਗਤ ਹੰਕਾਰੀ ਤੁਟਣਾ ਗ਼ਰੂਰ, ਗ਼ੁਰਬਤ ਸਭ ਦੀ ਮੇਟ ਮਿਟਾਈਆ । ਜੋਤੀ ਜਲਵਾ ਜ਼ਾਹਰ ਕਰਨਾ ਨੂਰ, ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਨਜ਼ਰੀਆ ਆਪ ਬਦਲਾਈਆ । ਜਨ ਭਗਤਾਂ ਭੰਡਾਰਾ ਕਰਨਾ ਭਰਪੂਰ, ਨਾਮ ਪਦਾਰਥ ਝੋਲੀ ਪਾਈਆ । ਪੂਰਬ ਜਨਮ ਦੇ ਬਖ਼ਸ਼ ਕ਼ਸੂਰ, ਦਸ਼ਮਲਵ ਨਾਲ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬਿਹਾਰੀ ਕਹੇ ਪੰਜਾਂ ਦੀ ਸੇਵਾ ਅਨੋਖੀ, ਹਰਿ ਕਰਤੇ ਆਪ ਲਗਾਈਆ । ਪਤਾ ਨਹੀਂ ਓਸ ਕਿਵੇਂ ਸੋਚ ਸੋਚੀ, ਆਪਣੀ ਬਣਤ ਬਣਾਈਆ । ਉਹ ਠਾਕਰ ਸਵਾਮੀ ਧੁਰ ਦਾ ਮੌਜੀ, ਦੂਜਾ ਸੰਗ ਨਾ ਕੋਇ ਨਿਭਾਈਆ । ਦੋ ਜਹਾਨਾਂ ਸੱਚਾ ਖੋਜੀ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਮੈਂ ਪੰਜ ਵੇਖੇ, ਸੋਹਣੇ ਗੁਰਮੁਖ ਨਜ਼ਰੀ ਆਈਆ । ਏਨ੍ਹਾਂ ਦੇ ਮੇਰੇ ਕੋਲ ਓਸੇ ਚਿੱਠੀ ਵਿਚ ਲੇਖੇ, ਪੰਜਵੀਂ ਸਤਰ ਰਹੀ ਸਮਝਾਈਆ । ਜਿਨ੍ਹਾਂ ਨੂੰ ਸਾਹਿਬ ਰਖਿਆ ਚੇਤੇ, ਅਭੁਲ ਭੁਲ ਕਦੇ ਨਾ ਜਾਈਆ । ਕਲਜੁਗ ਅੰਤਮ ਲਾਏ ਲੇਖੇ, ਸੋਹਣੀ ਵੰਡ ਵੰਡਾਈਆ । ਸਤਿ ਨਿਸ਼ਾਨਾ ਦੇ ਕੇ ਭੇਜੇ, ਲੋਕਮਾਤ ਭਗਤਾਂ ਦਏ ਵਡਿਆਈਆ । ਕੂੜੀ ਕਿਰਿਆ ਕੱਢ ਕੇ ਭਰਮ ਭੁਲੇਖੇ, ਭਾਂਡਾ ਭਰਮ ਭੌ

ਭੰਨਾਈਆ । ਸੱਤ ਰੰਗ ਨਿਸ਼ਾਨਾ ਵੇਖ ਕੇ ਚਾਰ ਜੁਗ ਦੇ ਪਿਛਲੇ ਮੁਕ ਜਾਣ ਠੇਕੇ, ਠੇਕੇਦਾਰੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਗੋਬਿੰਦ ਕਹੇ ਮੈਂ ਵੇਖਿਆ ਪੰਜਾਂ ਦਾ ਮੁਖੜਾ, ਮੇਰੇ ਅੰਤਰ ਖ਼ੁਸ਼ੀ ਆਈਆ । ਜਿਸ ਦਾ ਸੁਤ ਦੁਲਾਰਾ ਪੁਤਰਾ, ਸੋ ਆਪਣੇ ਰੰਗ ਸਮਾਈਆ । ਜਿਸ ਦਾ ਨਜ਼ਾਰਾ ਵੇਖਿਆ ਲੋਚਣਾ, ਨੇਤਰ ਅੱਖ ਖੁਲ੍ਹਾਈਆ । ਉਹਦੇ ਪੁਤ ਦੇ ਪੁੱਤਾਂ ਦਾ ਕੀ ਸੋਚਣਾ, ਜੋ ਆਪਾ ਵਾਰ ਭੇਟ ਕਰਾਈਆ । ਉਹਦਾ ਭਾਣਾ ਕਿਸੇ ਨਾ ਰੋਕਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬਿਹਾਰੀ ਦੇ ਅਗੇ ਆ ਗਿਆ ਔਂਕੜ, ਔਂਕੜ ਅਗਲੀ ਰਿਹਾ ਜਣਾਈਆ । ਜੁਗ ਚੌਕੜੀ ਖੇਲ ਸਾਰ ਪਾਸ਼ ਚੌਂਕੜ, ਚਾਰੇ ਜੁਗ ਚਾਰ ਕੁੰਟ ਭਵਾਈਆ । ਕੋਟਨ ਕੋਟਾਂ ਵਿਚੋਂ ਭਗਤ ਭਗਵੰਤ ਕੋਲ ਪਹੁੰਚਣ, ਮੈਂ ਸਚ ਦਿਆਂ ਸੁਣਾਈਆ । ਬਾਕੀ ਕਿਸੇ ਦਰਸ ਮਿਲੇ ਨਾ ਕਰਨਾ ਲੋਚਣ, ਲੋਚਾ ਪੂਰ ਨਾ ਕੋਇ ਵਖਾਈਆ । ਔਂਕੜ ਕਿਹਾ ਮੈਂ ਵਡਿਆਈ ਦੇਵਾਂ ਓਸ ਮੋਚਣ, ਜੋ ਚਮਿਆਰੀ ਰਵਿਦਾਸ ਕੁੱਖ ਟਿਕਾਈਆ । ਔਂਕੜ ਕਿਹਾ ਮੇਰਾ ਪਰਮ ਪੁਰਖ ਪਰਮਾਤਮ ਜੁਗ ਜੁਗ ਸਭ ਦੇ ਹਿਰਦੇ ਆਵੇ ਸੋਧਣ, ਸੁਧ ਆਪਣੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਔਂਕੜ ਕਹੇ ਪ੍ਰਭ ਪਰਗਟਾਏ ਆਪਣੇ ਲਾਲ, ਦੇਵਣਹਾਰ ਵਡਿਆਈਆ । ਸਾਚੀ ਸਿਖਿਆ ਇਕੋ ਸਿਖਾਲ, ਧੁਰ ਦਾ ਹੁਕਮ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜੋ ਬੈਠੇ ਆਪਣੀ ਧਰਮਸਾਲ, ਅੰਤਮ ਲੇਖਾ ਲੇਖੇ ਲਏ ਪਾਈਆ । ਬ੍ਰਹਮਾ ਕਰੇ ਆਪ ਬਹਾਲ, ਸਿੰਘ ਪਾਲ ਦਏ ਵਡਿਆਈਆ । ਸ਼ੰਕਰ ਲਹਿਣਾ ਚੁਕੇ ਆਣ, ਜਗਤ ਜਗਦੀਸ਼ ਵਜੇ ਵਧਾਈਆ । ਇੰਦਰ ਚਰਨ ਡਿੱਗੇ ਆਣ, ਆਪਣਾ ਪੰਧ ਮੁਕਾਈਆ । ਸਿੰਘ ਮਨਜੀਤ ਨੌਜਵਾਨ, ਤਖ਼ਤ ਬੈਠੇ ਚਾਈਂ ਚਾਈਂਆ । ਧਰੂ ਕਹੇ ਮੇਰਾ ਲੇਖਾ ਚੁੱਕਿਆ ਦਰ ਦਰਬਾਨ, ਦਰ ਦਰਵੇਸ਼ ਹੋ ਕੇ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸਿੰਘ ਸਵਰਨ ਦਿਤੀ ਵਡਿਆਈਆ । ਗੋਬਿੰਦ ਔਹ ਵੇਖ ਕਰ ਪਹਿਚਾਨ, ਸਤਿਜੁਗ ਧਿਆਨ ਲਗਾਈਆ । ਜਿਸ ਰਾਜੇ ਬਲ ਨੇ ਆਪਣਾ ਆਪ ਕੀਤਾ ਦਾਨ, ਬਾਵਨ ਭੇਟ ਚੜ੍ਹਾਈਆ । ਮਗਰ ਮਿਣਾਈ ਵਿਚ ਜਹਾਨ, ਢਾਈ ਕਰਮ ਲੇਖ ਪੂਰ ਕਰਾਈਆ । ਉਹਦਾ ਪਿਛਲਾ ਲਹਿਣਾ ਦੇਣਾ ਦੇਵੇ ਸ੍ਰੀ ਭਗਵਾਨ, ਕਲਜੁਗ ਅੰਤਮ ਹੋ ਸਹਾਈਆ । ਪੰਜਾਂ ਤੱਤਾਂ ਦਾ ਚੋਲਾ ਦੇ ਕੇ ਨਾਂ ਰਖ ਸਿੰਘ ਗੁਰਦਿਆਲ, ਲਾਲ ਧੁਰ ਦਾ ਲਿਆ ਬਣਾਈਆ । ਆਦਿ ਆਦਿ ਦਾ ਸੱਤ ਰੰਗ ਨਿਸ਼ਾਨ, ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦ ਵਿਚ ਵਖਾਈਆ । ਉਸ ਦੀ ਲੋਕਮਾਤ ਨੌ ਖੰਡ ਪ੍ਰਿਥਮੀ ਸੱਤ ਦੀਪ ਪਾਵੇ ਆਣ, ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤ ਸੁਹੇਲੇ ਲੈ ਕੇ ਨਾਲ, ਦੀਨ ਦਿਆਲ ਖ਼ੁਸ਼ੀ ਮਨਾਈਆ । ਜਨਮ ਕਰਮ ਦੇ ਲੇਖੇ ਵਿਚੋਂ ਸਾਰੇ ਕਰੇ ਬਹਾਲ, ਚੁਰਾਸੀ ਗੇੜ ਨਾ ਕੋਇ ਰਖਾਈਆ । ਸਚ ਦਵਾਰੇ ਕੱਠੇ ਕੀਤੇ ਆਣ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ , ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਔਂਕੜ ਕਹੇ ਮੈਂ ਵੇਖੇ ਪੰਜ ਜੋਧੇ, ਦਰਗਾਹ ਸਾਚੀ ਸੋਭਾ ਪਾਈਆ । ਜਿਨ੍ਹਾਂ ਨੇ ਆਪਣੇ ਆਪ ਸੋਧੇ, ਸਿਧਾ ਮੇਲ ਮਿਲਿਆ ਬੇਪਰਵਾਹੀਆ । ਉਹ ਕਲਜੁਗ ਅੰਤਮ ਹੋ ਗਏ ਭਗਤਾਂ ਜੋਗੇ, ਲੋਕਮਾਤ ਸੇਵ ਕਮਾਈਆ । ਕੰਧੇ ਚੁਕ ਕੇ ਆਪਣੇ ਬੋਝੇ, ਭਗਤਾਂ ਹੌਲੇ ਭਾਰ ਰਖਾਈਆ । ਸੱਤ ਰੰਗ ਨਿਸ਼ਾਨਾ ਇਕ ਸੋਚੇ, ਸਚਖੰਡ ਧਿਆਨ

ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਨੌ ਸੌ ਚੁਰਾਨਵੇ ਚੌਕੜੀ ਜੁਗ ਰਿਹਾ ਬਣਦਾ, ਸਚਖੰਡ ਬਹਿ ਬਹਿ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਜੋ ਸ੍ਰੀ ਭਗਵਾਨ ਰਿਹਾ ਜਣਦਾ, ਜਨ ਜਨਨੀ ਹੋ ਕੇ ਦਏ ਵਡਿਆਈਆ । ਖੇਲ ਵੇਖਿਆ ਜੋ ਲੱਖ ਚੁਰਾਸੀ ਘੜਦਾ ਭੰਨਦਾ, ਹੁਕਮੇ ਅੰਦਰ ਹੁਕਮ ਸਮਾਈਆ । ਲਹਿਣਾ ਦੇਣਾ ਵੇਖਿਆ ਗੁਜਰੀ ਚੰਨ ਦਾ, ਜੋ ਚਿੰਤਾ ਸਰਬ ਮੁਕਾਈਆ । ਪੁਰਖ ਅਕਾਲ ਓਸ ਦੀ ਮੰਨਦਾ, ਉਹ ਓਸ ਦੀ ਚਲੇ ਰਜ਼ਾਈਆ । ਉਹ ਓਸ ਦਾ ਭਾਣਾ ਮੰਨਦਾ, ਉਹ ਓਸੇ ਦਾ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸੱਤ ਰੰਗ ਕਹੇ ਮੈਂ ਸਦ ਰੰਗਾਂ ਸਤਿ, ਸਤਿ ਸਤਿ ਵਰਤਾਈਆ । ਪੁਰਖ ਅਬਿਨਾਸ਼ੀ ਸ੍ਰਿਸ਼ਟ ਸਬਾਈ ਦੇ ਮਤਿ, ਗੁਰਮਤਿ ਇਕ ਜਣਾਈਆ । ਮੈਂ ਬਿਨਾਂ ਭਗਤਾਂ ਕਿਸੇ ਨੂੰ ਲਾਉਣ ਨਾ ਦੇਵਾਂ ਹੱਥ, ਅੰਗੀਕਾਰ ਨਾ ਕੋਇ ਕਰਾਈਆ । ਜਿਸ ਵੇਲੇ ਹੁਕਮ ਦੇਵੇ ਪੁਰਖ ਸਮਰਥ, ਲੋਕਮਾਤ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਲੰਘ, ਸਦੀ ਵੀਹਵੀਂ ਦਏ ਦੁਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸੁਹਾਵਣਹਾਰਾ ਆਤਮ ਸੇਜ ਪਲੰਘ, ਸਾਢੇ ਤਿੰਨ ਹੱਥ ਮੰਦਰ ਡੇਰਾ ਲਾਈਆ । ਸਾਢੇ ਤਿੰਨ ਹੱਥ ਦਾ ਨਿਸ਼ਾਨਾ ਦੋ ਜਹਾਨਾਂ ਦੇਵੇ ਟੰਗ, ਸਤਿ ਸਤਿਵਾਦੀ ਧਾਰ ਚਲਾਈਆ । ਤੇਰਾਂ ਚੌਦਾਂ ਪੰਦਰਾਂ ਸੋਲਾਂ ਪੋਹ ਖੇਲ ਹੁੰਦਾ ਵੇਖਿਆ ਸੂਰੇ ਸਰਬੰਗ, ਸੋਹਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਸਤਾਰਾਂ ਪੋਹ ਕਹੇ ਮੈਂ ਆਇਆ ਜਗ, ਵੀਹ ਸੌ ਇੱਕੀ ਬਿਕ੍ਰਮੀ ਮਿਲੀ ਵਡਿਆਈਆ । ਸਚ ਦਵਾਰੇ ਚੜ੍ਹਿਆ ਭਜ, ਆਪਣਾ ਪਰਦਾ ਲਾਹੀਆ । ਓਸ ਦੇ ਹੱਥ ਵਿਚ ਰਿਹਾ ਸਜ, ਜਿਸ ਨੂੰ ਦਰਗਾਹ ਮਿਲੀ ਵਡਿਆਈਆ । ਗੁਰਦਿਆਲ ਸਿੰਘ ਕਹੇ ਮੈਂ ਲੇਖਾ ਮੰਗਣਾ ਅੱਜ, ਪ੍ਰਭ ਅਗੇ ਝੋਲੀ ਡਾਹੀਆ । ਜਿਸ ਦੇ ਪਿਛੇ ਤਖ਼ਤ ਤਾਜ ਦਿਤਾ ਛਡ, ਆਪਣਾ ਆਪ ਗੁਆਈਆ । ਪ੍ਰੇਮ ਪ੍ਰੀਤੀ ਅੰਦਰ ਬੱਝ, ਖ਼ਾਲੀ ਹੱਥ ਦਿਤੇ ਵਖਾਈਆ । ਓਸ ਦੇ ਕੋਲੋਂ ਪੂਰੀ ਕਰਨੀ ਆਸ, ਮਨਸਾ ਨਾਲ ਮਿਲਾਈਆ । ਪ੍ਰਭੂ ਜੇ ਤੂੰ ਭਗਤਾਂ ਦਾ ਦਾਸ, ਸੇਵਾ ਕਰ ਕੇ ਦੇ ਵਖਾਈਆ । ਤੇਰੇ ਸੰਤ ਸੁਹੇਲੇ ਸਿਧੇ ਆਉਣ ਤੇਰੇ ਪਾਸ, ਰਾਹ ਵਿਚ ਨਾ ਕੋਇ ਅਟਕਾਈਆ । ਜੇ ਕੋਈ ਬਿਖੜਾ ਪੈਂਡਾ ਡੂੰਘਾ ਦਿਸੇ ਘਾਟ, ਔਝੜ ਰਾਹ ਦੇ ਵਖਾਈਆ । ਮੈਂ ਵੇਖਣਾ ਅੱਜ ਸੋਹਣੀ ਕਿਹੜੀ ਭਗਤਾਂ ਜਮਾਤ, ਕਵਣ ਕਰਨ ਪੜ੍ਹਾਈਆ । ਓਧਰੋਂ ਖ਼ੁਸ਼ੀਆਂ ਨਾਲ ਗੀਤ ਗਾਉਂਦੀ ਆਈ ਸੁਹੰਜਣੀ ਰਾਤ, ਭਿੰਨੜੀ ਰੂਪ ਵਟਾਈਆ । ਮੈਂ ਵੀ ਵੇਖਾਂ ਮੁਖ ਨਕਾਬ ਪੜਦਾ ਚੁਕ ਕੇ ਮਾਰਾਂ ਝਾਤ, ਨੇਤਰ ਨੈਣਾਂ ਨਾਲ ਮਿਲਾਈਆ । ਜਿਨ੍ਹਾਂ ਦਾ ਪ੍ਰਭ ਦੇ ਨਾਲ ਨਾਤਾ ਜੁੜਿਆ ਸਾਕ, ਸੱਜਣ ਇਕ ਬਣਾਈਆ । ਉਹਨਾਂ ਨਾਲ ਕਿਵੇਂ ਹੋਇਆ ਇਤਫ਼ਾਕ, ਪਤਿਪਰਮੇਸ਼ਵਰ ਆਇਆ ਚਾਈਂ ਚਾਈਂਆ । ਕਿਸ ਬਿਧ ਕਰੇ ਸੋਹਣੀ ਬਾਤ, ਵਾਤਾਵਰਨ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰਦਿਆਲ ਸਿੰਘ ਕਹੇ ਮੇਰੀ ਵਾਰੀ, ਮੇਰੇ ਹੱਥ ਵਿਚ ਸੱਤ ਰੰਗ ਦਾ ਝੰਡਾ, ਝੰਡਿਆਂ ਵਾਲਿਆਂ ਦਿਆਂ ਜਣਾਈਆ । ਪਰਮ ਪੁਰਖ ਦਾ ਨਿਸ਼ਾਨਾ ਝੁਲਦਾ ਵਿਚ ਬ੍ਰਹਿਮੰਡਾ, ਵਰਭੰਡਾ ਦਿਆਂ ਜਣਾਈਆ । ਜਿਸ ਦੇ ਹੱਥ ਵਿਚ ਅਗੰਮੀ ਡੰਡਾ, ਡੰਡੌਤ ਸਾਰਿਆਂ ਦਏ ਸਿਖਾਈਆ । ਜਿਸ ਦਾ ਅਰਜਨ ਨਾਲ ਲੇਖਾ ਰਾਵੀ ਕੰਢਾ, ਬਾਲਮੀਕ ਲਹਿਣਾ ਆਇਆ ਚੁਕਾਈਆ । ਜਿਸ ਦੀ ਅੱਡੀ ਵਿਚੋਂ ਚੁਭਿਆ ਅਜੇ ਨਾ ਕੱਢਿਆ ਕੰਡਾ,

ਜੋਬਨ ਵਾਲੀ ਪੱਟੀ ਬੱਧੀ ਨਾ ਕਿਸੇ ਲਾਹੀਆ । ਉਸ ਦੇ ਦਵਾਰੇ ਸ੍ਰੀ ਭਗਵਾਨ ਆਇਆ ਨੱਠਾ, ਬਣ ਕੇ ਪਾਂਧੀ ਰਾਹੀਆ । ਇੱਕੀ ਸਾਲ ਜਿਸ ਥਾਂ ਤੇ ਬਹਿ ਕੇ ਮਸਾਣਾ ਵਿਚ ਫੋਲਦਾ ਰਿਹਾ ਸੀ ਘੱਟਾ, ਹੱਥਾਂ ਨਾਲ ਉਡਾਈਆ । ਓਸ ਭੂਮਿਕਾ ਉਤੇ ਪ੍ਰਭੂ ਦਾ ਸਿੰਘਾਸਣ ਡੱਠਾ, ਸਨਮੁਖ ਭਗਤ ਸੁਹੇਲੇ ਨਜ਼ਰੀ ਆਈਆ । ਵੇਖੋ ਰੋਂਦਾ ਆਇਆ ਧੰਨਾ ਜੱਟਾ, ਊਚੀ ਕੂਕ ਕੂਕ ਸੁਣਾਈਆ । ਕੀ ਹੋਇਆ ਜੇ ਮੈਨੂੰ ਪਹਿਲੇ ਮਿਲਿਉਂ ਵਿਚੋਂ ਪੱਥਰ ਵੱਟਾ, ਹੁਣ ਮੋਢਿਆਂ ਉਪਰ ਚੁਕ ਕੇ ਖ਼ੁਸ਼ੀ ਮਨਾਈਆ । ਨਾਮਾ ਕਹੇ ਨਹੀਂ ਛਪਰੀ ਵਾਲਾ ਰਿਹਾ ਰੱਟਾ, ਭਗਤ ਦਵਾਰੇ ਸੋਭਾ ਪਾਈਆ । ਰਵਿਦਾਸ ਕਹੇ ਮੈਂ ਲੋਕਾਂ ਦੱਸਾਂ, ਦਹਿ ਦਿਸ਼ਾ ਦਿਆਂ ਜਣਾਈਆ । ਜਿਸ ਨੇ ਹਰਿ ਦਾ ਦਰਸ਼ਨ ਪੌਣਾ ਅੱਖਾਂ, ਲੋਚਨ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਔਂਕੜ ਅਗੇ ਆਏ ਦੁਲੈਂਕੜੇ, ਦੂਹਰਾ ਤਾਲ ਵਜਾਈਆ । ਪ੍ਰਭ ਨੂੰ ਮਿਲਣ ਵਾਸਤੇ ਜੁਗ ਬੀਤ ਗਏ ਸੈਂਕੜੇ, ਗਣਤੀ ਗਣਤ ਨਾ ਕੋਇ ਗਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸਦੇ ਗਏ ਉਹਦੇ ਖੇਲ ਮੁਹੱਬਤ ਮਿਹਰ ਦੇ, ਸਾਖਿਆਤ ਨਾ ਕੋਇ ਮਿਲਾਈਆ । ਹੁਕਮ ਮੰਨਦੇ ਰਹੇ ਭੈ ਵਿਚ ਪ੍ਰਭ ਸ਼ੇਰ ਦੇ, ਸਿੰਘ ਭਬਕ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਦੁਲੈਂਕੜੇ ਕਹਿਣ ਮੈਂ ਵੇਖੀ ਦੋਹਰੀ ਲਗਦੀ ਚੋਟ, ਹਰਿ ਕਰਤਾ ਆਪ ਲਗਾਈਆ । ਨਾਲੇ ਨੂਰ ਨਿਰਮਲ ਜੋਤ, ਦੂਜਾ ਸ਼ਬਦ ਨਾਦ ਵਜਾਈਆ । ਤੀਜੇ ਭਗਤਾਂ ਕਰਕੇ ਖੋਜ, ਚੌਥੇ ਘਰ ਜੋੜ ਜੁੜਾਈਆ । ਪੰਜਵੇਂ ਆਸਾ ਮਨਸਾ ਪੂਰੀ ਕਰਕੇ ਲੋਚ, ਛੇਵੇਂ ਦਰ ਦੇਵੇ ਮਾਣ ਵਡਿਆਈਆ । ਸਤਵੇਂ ਸਤਿ ਸਤਿਵਾਦੀ ਉਥੇ ਗਿਆ ਪਹੁੰਚ, ਜਿਥੇ ਭਗਤ ਸੁਹੇਲਾ ਬੈਠਾ ਆਪਣਾ ਧਿਆਨ ਲਗਾਈਆ । ਅੱਠਵੇਂ ਅੱਠਾਂ ਤੱਤਾਂ ਲੋਕਮਾਤ ਨਿਤ ਰਹਿਣਾ ਨਹੀਂ ਰੋਜ਼, ਅੰਤਮ ਲੇਖਾ ਜਾਣ ਚੁਕਾਈਆ । ਨਾਵੇਂ ਨੌ ਦਰਾਂ ਵਿਚ ਮਿਲਣੀ ਨਹੀਂ ਇਹ ਮੌਜ, ਕੂੜੇ ਰਸਾਂ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਦੁਲੈਂਕੜੇ ਕਹਿਣ ਗੋਬਿੰਦ ਤਕ, ਚੌਂਹ ਤਰਫ਼ ਧਿਆਨ ਲਗਾਈਆ । ਗੋਬਿੰਦ ਕਹੇ ਅਵਤਾਰ ਗੁਰ ਪੈਗ਼ੰਬਰ ਆਓ ਝਟ, ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਸੁਣੋ ਨਠ, ਮੰਗੋ ਸਚ ਸਰਨਾਈਆ । ਭਗਤ ਸੁਹੇਲੇ ਚਰਨ ਜਾਓ ਢਠ, ਮਾਣ ਅਭਿਮਾਨ ਗਵਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਸਾਰੇ ਕਰੋ ਇਕੱਠ, ਵੇਲਾ ਵਕ਼ਤ ਦਏ ਗਵਾਹੀਆ । ਨੇਤਰ ਰੋਵੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੁਲ੍ਹੀ ਮੀਢੀ ਸੀਸ ਪੱਟੀ ਨਾ ਕੋਇ ਗੁੰਦਾਈਆ । ਕਲਜੁਗ ਭੱਜਾ ਫਿਰੇ ਕੂੜਾ ਖੇਲ ਵੇਖੇ ਬਾਜ਼ੀਗਰ ਨਟ, ਨਟੂਆ ਆਪਣਾ ਸਵਾਂਗ ਵਰਤਾਈਆ । ਸ਼ਬਦ ਅਗੰਮੀ ਸਚ ਸੰਦੇਸ਼ਾ ਜਨ ਭਗਤਾਂ ਰਿਹਾ ਦੱਸ, ਘਰ ਘਰ ਸੁੱਤਿਆਂ ਰਿਹਾ ਉਠਾਈਆ । ਗੁਰਮੁਖ ਸੱਜਣ ਸਹੇਲਿਓ ਸਤਿਗੁਰ ਦਵਾਰੇ ਖੋਲ੍ਹੋ ਆਪਣੀ ਅੱਖ, ਪ੍ਰਤੱਖ ਗੁਸਾਈਂ ਨਜ਼ਰੀ ਆਈਆ । ਜਿਹੜਾ ਗੋਬਿੰਦ ਅੰਦਰ ਰਿਹਾ ਵਸ, ਕਰੇ ਖੇਲ ਹੋ ਕੇ ਪੁਰਖ ਸਮਰਥ ਮਹਿੰਮਾ ਅਕਥ ਕਥ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਕਿਹਾ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਆਓ ਨਜ਼ਦੀਕ, ਬਿਨ ਕ਼ਦਮਾਂ ਪੰਧ ਮੁਕਾਈਆ । ਵੇਖੋ ਇਹ ਉਹ ਜਿਸ ਦੀ ਸਦਾ ਇਕ ਤੌਫ਼ੀਕ਼, ਤੋਹਫ਼ੇ ਜੁਗ ਜੁਗ ਸਭ ਦੀ ਝੋਲੀ ਪਾਈਆ । ਜਿਸ ਨੂੰ ਵਾਹਦ ਕਹਿੰਦੇ ਲਾਸ਼ਰੀਕ, ਗਾਡ ਹੋ ਕੇ ਗੁਡ ਰੀਮਾਰਕਸ ਦੇ ਕੇ ਸਭ ਦੇ ਲੇਖੇ ਪਾਈਆ । ਇਸ ਦੀ ਧਾਰ

ਬੇਨਜ਼ੀਰ ਬਾਰੀਕ, ਤਾਰੀਫ਼ ਵਿਚ ਨਾ ਕੋਇ ਸੁਣਾਈਆ । ਜਿਸ ਨੂੰ ਝੁਕਦੇ ਗਏ ਸਭ ਦੇ ਸੀਸ, ਸੁਲਹਕੁਲ ਅਖਵਾਈਆ । ਉਸ ਦੇ ਨਾਲ ਕਰੋ ਪ੍ਰੀਤ, ਜੋ ਪ੍ਰੀਤਮ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜੋ ਪਾਰ ਉਤਾਰੇ ਊਚ ਨੀਚ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜਿਸ ਦਾ ਨਾਮ ਨਿਸ਼ਾਨਾ ਦੋ ਜਹਾਨਾਂ ਲਗੇ ਠੀਕ, ਕੂੜੇ ਠੀਕਰ ਭੰਨ ਵਖਾਈਆ । ਤ੍ਰੈਭਵਨ ਧਨੀ ਤ੍ਰੈਗੁਣ ਅਤੀਤਾ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜਿਸ ਦਾ ਵਸੇਰਾ ਲੱਖ ਚੁਰਾਸੀ ਹਸਤ ਕੀਟ, ਘਟ ਘਟ ਅੰਦਰ ਰਿਹਾ ਸਮਾਈਆ । ਸੋ ਲਹਿਣਾ ਦੇਣਾ ਚੁਕਾਵਣ ਆਇਆ ਬਾਲਮੀਕ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜਿਸ ਦੇ ਪਿਛੇ ਸ਼ਹਾਦਤਾਂ ਦੇ ਕੇ ਹੁੰਦੇ ਗਏ ਸ਼ਹੀਦ, ਆਪਾ ਵਾਰ ਖ਼ੁਸ਼ੀ ਮਨਾਈਆ । ਉਸ ਦੀ ਸਾਰੇ ਸੁਣ ਲਓ ਇਕ ਨਸੀਹਤ, ਜੋ ਹੁਕਮ ਨਾਲ ਸੁਣਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਸਚ ਸਮਝੋ ਤੁਹਾਡੀ ਇਕੋ ਸਰਬ ਵਲਦੀਅਤ, ਵਾਲਦ ਪਿਤਾ ਬਾਪ ਫ਼ਾਦਰ ਇਕੋ ਨਜ਼ਰੀ ਆਈਆ । ਗੋਬਿੰਦ ਕਹੇ ਮੈਂ ਕਰਨ ਆਇਆ ਤਸਦੀਕ਼, ਲੇਖ ਲਿਖਿਆ ਬਿਨ ਕ਼ਲਮ ਸ਼ਾਹੀਆ । ਬੀਸ ਇਕੀਸਾ ਹਰਿ ਜਗਦੀਸਾ ਜਨ ਭਗਤਾਂ ਆਪਣੇ ਨਾਮ ਦੀ ਕਰ ਜਾਏ ਵਸੀਅਤ, ਦਾਖ਼ਲ ਖ਼ਾਰਜ ਆਪੇ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖ ਚੁਕਾਈਆ । ਗੋਬਿੰਦ ਕਹੇ ਮੈਂ ਤਕਿਆ ਨਜ਼ਾਰਾ, ਬੇਨਜ਼ੀਰ ਰਿਹਾ ਵਖਾਈਆ । ਵੇਖਿਆ ਉਹ ਕਿਨਾਰਾ, ਜਿਥੇ ਭਠਿਆਲੇ ਭੱਠੀ ਤਤ ਤਪਾਈਆ । ਵੇਖਿਆ ਉਹ ਦਰਬਾਰਾ, ਜਿਸ ਦਰਬਾਰ ਦਾ ਮਾਲਕ ਬੇਪਰਵਾਹੀਆ । ਵੇਖਿਆ ਉਹ ਅਖਾੜਾ, ਜਿਸ ਗ੍ਰਿਹਿ ਗੁਰਮੁਖ ਆਪਣੀ ਖ਼ੁਸ਼ੀ ਮਨਾਈਆ । ਵੇਖਿਆ ਰਵਿਦਾਸ ਚੁਮਾਰਾ, ਜੋ ਮਾਣਸ ਜਨਮ ਵਿਚੋਂ ਮਾਣਸ ਆਇਆ ਬਦਲਾਈਆ । ਪੁਰਖ ਅਕਾਲ ਕੀਤਾ ਪਿਆਰਾ, ਦਰ ਦਵਾਰ ਦਿਤੀ ਵਡਿਆਈਆ । ਲਹਿਣੇ ਵਿਚ ਪਿਛਲਾ ਲੇਖ ਦੇਣੇ ਵਿਚ ਅਗਲਾ ਲਿਖਾਰਾ, ਧੁਰ ਦੀ ਧਾਰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਕਹੇ ਬਾਲਮੀਕ ਵੇਖਿਆ, ਜਿਸ ਹਰਿ ਹਰਿ ਬਣਤ ਬਣਾਈਆ । ਜਨਮ ਕਰਮ ਦੀ ਮੇਟ ਕੇ ਰੇਖਿਆ, ਰਿਖੀਆਂ ਮੁਨੀਆਂ ਵਿਚੋਂ ਦਿਤੀ ਵਡਿਆਈਆ । ਸੈਰ ਕਰਾ ਕੇ ਆਪਣੇ ਦੇਸਿਆ, ਪਰਦਾ ਉਹਲਾ ਦਿਤਾ ਉਠਾਈਆ । ਪਿਛਲਾ ਚੁਕਾ ਕੇ ਪੇਸ਼ਿਆ, ਅਗਲਾ ਮਾਰਗ ਇਕ ਸਮਝਾਈਆ । ਆਪ ਬਣ ਕੇ ਦਰ ਦਰਵੇਸ਼ਿਆ, ਸਾਚੀ ਸੇਵ ਕਮਾਈਆ । ਭੂਪਤ ਭੂਪ ਰੂਪ ਵਟਾ ਕੇ ਨਰ ਨਰੇਸ਼ਿਆ, ਸ਼ਾਹ ਸੁਲਤਾਨ ਹੋਇਆ ਆਪ ਸਹਾਈਆ । ਜਿਸ ਵੇਲੇ ਬਾਲਮੀਕ ਨੇ ਤਖ਼ਤ ਨਿਵਾਸੀ ਏਕਾ ਵੇਖਿਆ, ਸੀਸ ਜਗਦੀਸ ਪੰਚ ਮੁਖੀ ਤਾਜ ਸੁਹਾਈਆ । ਉਸੇ ਵੇਲੇ ਬਿਨ ਚਰਨਾਂ ਤੋਂ ਚਰਨਾਂ ਉਤੇ ਲੇਟਿਆ, ਕ਼ਦਮਾਂ ਉਤੇ ਆਪਣਾ ਸੀਸ ਟਿਕਾਈਆ । ਮੈਂ ਤੇਰੇ ਉਤੋਂ ਸਭ ਕੁਛ ਵੇਚਿਆ, ਮੈਂ ਮੇਰਾ ਰਿਹਾ ਨਾ ਰਾਈਆ । ਪੁਰਖ ਅਕਾਲ ਹਸ ਕੇ ਕਿਹਾ ਬੇਟਿਆ, ਤੇਰੇ ਪ੍ਰੇਮ ਪਿਛੇ ਸੀਸ ਦਾ ਤਾਜ ਭਗਤਾਂ ਭੇਟ ਚੜ੍ਹਾਈਆ । ਬਾਲਮੀਕ ਦਰਸ਼ਨ ਕਰਕੇ ਨੇਤ ਨੇਤਿਆ, ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਬਾਲਮੀਕ ਵੇਖਿਆ ਕਿਉਂ ਤਾਜ ਲੱਥਾ, ਸੀਸ ਜਗਦੀਸ ਖ਼ਾਲੀ ਨਜ਼ਰੀ ਆਈਆ । ਓਨ ਆਪਣੇ ਹੱਥ ਮਾਰਿਆ ਉਤੇ ਹੱਥਾ, ਮਸਤਕ ਰੇਖ ਦਿਤੀ ਬਦਲਾਈਆ । ਜਾਂ ਵੇਖਿਆ ਪਰਮ ਪੁਰਖ ਪਰਮਾਤਮ ਸਥਰ ਸੇਜ ਲੱਥਾ, ਆਪਣਾ ਮਾਣ ਤਾਣ ਮਿਟਾਈਆ । ਭਗਤਾਂ ਨਾਲੋਂ ਪਹਿਲੇ ਜਨ ਭਗਤਾਂ ਅਗੇ ਢੱਠਾ, ਨੀਵਾਂ ਹੋ ਕੇ ਸੇਵ ਕਮਾਈਆ । ਸ਼ਬਦ ਸੁਣਾਇਆ ਬਟਵਾਰੇ

ਹੰਕਾਰ ਵਿਕਾਰ ਦਾ ਮੇਰੇ ਦਰ ਤੇ ਰਹੇ ਨਾ ਰੱਟਾ, ਕੂੜੇ ਰੱਟੇ ਦਿਆਂ ਮੁਕਾਈਆ । ਓਸ ਨੇ ਕਿਹਾ ਹੇ ਪਰਮ ਪੁਰਖ ਪਰਮਾਤਮ ਤੂੰ ਆਦਿ ਜੁਗਾਦੀ ਸੱਚਾ, ਸਚ ਤੇਰੀ ਵਡਿਆਈਆ । ਬੇਸ਼ਕ ਤੇਰਾ ਜਗਤ ਮਿੱਟੀ ਦਾ ਪੁਤਲਾ ਭਾਂਡਾ ਕੱਚਾ, ਕਾਚੀ ਗਗਰੀਆ ਬੈਠਾ ਡੇਰਾ ਲਾਈਆ । ਮਨ ਵਾਸਨਾ ਸੰਸਾਰ ਵਿਚ ਨੱਚਾ, ਮਨਸਾ ਨਾਲ ਰਖਾਈਆ । ਫੇਰ ਵੀ ਕਿਰਪਾ ਕਰ ਏਕੰਕਾਰਿਆ ਆਪ ਬਣਾਇਆ ਆਪਣਾ ਬੱਚਾ, ਬੱਚਾ ਕਹਿ ਕੇ ਲਿਆ ਬੁਲਾਈਆ । ਪ੍ਰਭੂ ਇਕ ਤੇਰੇ ਕੋਲੋਂ ਮੰਗ ਮੰਗਾਂ, ਸਿੱਧੀ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਦੇਣੀ ਮਾਣ ਵਡਿਆਈਆ । ਪੁਰਖ ਅਕਾਲ ਕਿਹਾ ਕੀ ਤੈਨੂੰ ਲੋੜ ? ਆਪਣੀ ਕਹਾਣੀ ਦੇ ਜਣਾਈਆ । ਬਾਲਮੀਕ ਕਿਹਾ ਹੱਥ ਜੋੜ, ਬੇਨੰਤੀ ਇਕ ਸੁਣਾਈਆ । ਜਿਵੇਂ ਠਗ ਚੋਰ ਯਾਰ ਨੂੰ ਮੈਨੂੰ ਲਿਆ ਜੋੜ, ਆਪਣਾ ਬੰਧਨ ਪਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਵੇ ਘੋਰ, ਤੇਰੇ ਭਗਤਾਂ ਨੂੰ ਮੇਲਾ ਕਵਣ ਲਏ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਜਾਵਣ ਛੋੜ, ਸੱਜਣ ਸਖ਼ਾ ਸਖ਼ਾਈ ਨਜ਼ਰ ਕੋਇ ਨਾ ਆਈਆ । ਦੱਸ ਕੌਣ ਪਕੜੇ ਉਹਨਾਂ ਦੀ ਡੋਰ, ਜਿਹੜੇ ਡੋਰ ਤੇਰੇ ਉਤੇ ਰਖਾਈਆ । ਸ੍ਰੀ ਭਗਵਾਨ ਕਿਹਾ ਮੈਨੂੰ ਭਗਤਾਂ ਦੀ ਸਦਾ ਲੋੜ, ਬਿਨ ਭਗਤਾਂ ਮੇਰੀ ਮਾਤਲੋਕ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਾਲਮੀਕ ਕਿਹਾ ਮੇਰੀ ਹੋਰ ਅਰਜ਼, ਤੇਰੇ ਅਗੇ ਅਰਜ਼ੋਈਆ । ਜੇ ਤੂੰ ਭਗਤਾਂ ਵੰਡੇਂ ਦਰਦ, ਦੁਖੀਆਂ ਦੁਖ ਗਵਾਈਆ । ਆਪਣੇ ਨਾਲ ਕਰ ਕੇ ਲਿਖਤ ਪੜ੍ਹਤ, ਸਿਧਾ ਜੋੜ ਜੁੜਾਈਆ । ਕਿਸੇ ਦਾ ਭਰਨ ਨਾ ਦੇਵੇਂ ਧੜਤ, ਮਜ਼ਦੂਰੀ ਅਵਰ ਨਾ ਕੋਇ ਕਰਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਨਿਰਗੁਣ ਨਿਰੰਕਾਰ ਨਿਰਾਕਾਰ ਹੋ ਕੇ ਆਵਾਂ ਪਰਤ, ਪਤਿਪਰਮੇਸ਼ਵਰ ਰੂਪ ਵਟਾਈਆ । ਬਾਲਮੀਕ ਤੇਰੇ ਦਵਾਰੇ ਤੇ ਜਨ ਭਗਤਾਂ ਕੋਲੋਂ ਆਪਣੇ ਸਿਰ ਤੇ ਰਖਾਵਾਂ ਖੜਗ, ਭੈ ਵਿਚ ਭਗਤਾਂ ਸੇਵ ਕਮਾਈਆ । ਬਣ ਕੇ ਜੋਧਾ ਸੂਰਬੀਰ ਮਰਦਾਨਾ ਮਰਦ, ਮਦਦ ਕਰਾਂ ਥਾਉਂ ਥਾਈਂਆ । ਭਗਤ ਉਧਾਰਦਿਆਂ ਮੇਰਾ ਕੀ ਹੋਣਾ ਹਰਜ, ਹਾਜ਼ਰ ਹਜ਼ੂਰ ਹੋ ਕੇ ਦਰਸ ਦਿਆਂ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲਹਿਣੇ ਬਿਨ ਲਹਿਣਿਉਂ ਝੋਲੀ ਪਾਈਆ । ਬਾਲਮੀਕ ਕਿਹਾ ਇਕ ਹੋਰ ਸੰਦੇਸ਼ਾ, ਧੁਰ ਦਰਬਾਰੀ ਦਿਆਂ ਜਣਾਈਆ । ਕੀ ਧਾਰੇਂ ਆਪਣਾ ਭੇਸਾ, ਨਿਰਗੁਣ ਸਾਹਿਬ ਦੇ ਸਮਝਾਈਆ । ਪੁਰਖ ਅਕਾਲ ਕਿਹਾ ਪਹਿਲੋਂ ਸੁਤ ਬਣਾਵਾਂ ਦਸ ਦਸਮੇਸ਼ਾ, ਦਹਿ ਦਿਸ਼ਾ ਵਜੇ ਵਧਾਈਆ । ਉਸ ਦੇ ਅੰਦਰ ਬਾਹਰ ਰਹਾਂ ਹਮੇਸ਼ਾ, ਘੜੀ ਪਲ ਵਿਛੜ ਨਾ ਜਾਈਆ । ਜਿਸ ਵੇਲੇ ਮਾਛੂਵਾੜੇ ਸੁਆਵਾਂ ਸੂਲਾਂ ਸੇਜਾ, ਜੰਗਲਾਂ ਵਿਚ ਫਿਰਾਈਆ । ਸਚ ਸੰਦੇਸ਼ਾ ਇਕੋ ਭੇਜਾਂ, ਧੁਰ ਦਾ ਹੁਕਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬਾਲਮੀਕ ਕਿਹਾ ਪ੍ਰਭ ਮੇਰੀ ਮੰਨ, ਦੋਏ ਜੋੜ ਸੀਸ ਨਿਵਾਈਆ । ਆਪਣੇ ਸੀਸ ਤਾਜ ਉਹੋ ਬੰਨ੍ਹ, ਮੈਂ ਵੇਖ ਕੇ ਖ਼ੁਸ਼ੀ ਮਨਾਈਆ । ਤੇਰੇ ਹੁੰਦਿਆਂ ਪਾਤਸ਼ਾਹ ਤੇਰੇ ਭਗਤਾਂ ਦੇਵੇ ਕੋਇ ਨਾ ਡੰਨ, ਡੰਕਾ ਹੋਰ ਨਾ ਕੋਇ ਵਜਾਈਆ । ਸਾਰੇ ਰਸਨਾ ਕਹਿਣ ਧੰਨ ਧੰਨ, ਪ੍ਰਭੂ ਧੰਨ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣਾ ਝੋਲੀ ਪਾਈਆ । ਪੁਰਖ ਅਕਾਲ ਕਿਹਾ ਮੈਂ ਸੁਹੌਣਾ ਸੀਸ, ਦੇਵਾਂ ਮਾਣ ਵਡਿਆਈਆ । ਰੂਪ ਧਰ ਕੇ ਹਰਿ ਜਗਦੀਸ਼, ਜਗਦੀਸ਼ਰ ਖੇਲ ਵਖਾਈਆ । ਸਭ ਤੋਂ ਵਖਰੀ ਨਿਰਾਲੀ ਚਲਾ ਕੇ ਰੀਤ, ਧੁਰ ਦਾ ਹੁਕਮ ਦਿਆਂ

ਵਰਤਾਈਆ । ਸਿੱਧੀ ਭਗਤਾਂ ਨਾਲ ਕਰ ਕੇ ਪ੍ਰੀਤ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਮੇਰਾ ਭਗਤ ਨਾ ਕੋਇ ਜਾਏ ਮੰਦਰ ਮਸੀਤ, ਸ਼ਿਵਦਵਾਲਾ ਮਠ ਕਿਸੇ ਕੰਮ ਨਾ ਆਈਆ । ਉਹਨਾਂ ਦੇ ਅੰਦਰ ਵੜ ਕੇ ਦੱਸਾਂ ਆਪਣਾ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਰਹਿਮਤ ਨਾਲ ਕਰਾਂ ਬਖ਼ਸ਼ੀਸ਼, ਬਖ਼ਸ਼ਿਸ਼ ਸਭ ਦੀ ਝੋਲੀ ਪਾਈਆ । ਬਾਲਮੀਕ ਦੀ ਰੋ ਕੇ ਨਿਕਲੀ ਚੀਕ, ਉਚੀ ਕੂਕ ਸੁਣਾਈਆ । ਵੇਖੀਂ ਕਿਤੇ ਮੇਰੇ ਵਾਂਗ ਨਾ ਪਾਈਂ ਕਿਸੇ ਦੀ ਲੰਮੀ ਤਰੀਕ, ਅਧਵਾਟਿਆਂ ਵਿਚ ਫਿਰਾਈਆ । ਬਿਨ ਤੇਰੀ ਕਿਰਪਾ ਕਾਇਆ ਕਿਸੇ ਨਾ ਹੋਵੇ ਠੰਡੀ ਸੀਤ, ਕੋਟਨ ਕੋਟ ਗਏ ਧੂਣੀਆਂ ਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਨਾਲ ਮਿਲਾਈਆ । ਸ੍ਰੀ ਭਗਵਾਨ ਕਹੇ ਸੁਣ ਬਾਲਮੀਕ ਸੁਹੇਲੇ, ਸਚ ਦਿਆਂ ਜਣਾਈਆ । ਤੂੰ ਇੱਕੀ ਸਾਲ ਰਹਿਣਾ ਬੇਲੇ, ਨਾਤਾ ਜਗਤ ਨਾਲੋਂ ਤੁੜਾਈਆ । ਤੇਰੇ ਕੋਲ ਰਹਿਣੇ ਦੋ ਲੇਲੇ, ਜਿਨ੍ਹਾਂ ਦੀ ਬਕਰੀ ਇਕੋ ਮਾਈਆ । ਉਹਨਾਂ ਦੇ ਨਾਲ ਖੇਲ ਪ੍ਰਭੂ ਖੇਲੇ, ਖ਼ਾਲਕ ਮਾਲਕ ਦਇਆ ਕਮਾਈਆ । ਓਧਰੋਂ ਸ਼ਿਕਾਰ ਖੇਲਣ ਵਾਲੇ ਹੱਥੀਂ ਫੜ ਕੇ ਆਵਣ ਨੇਜ਼ੇ, ਬਲਮਾਂ ਨਾਉਂ ਧਰਾਈਆ । ਜੀਵ ਮਾਰਨੇ ਜਿਨ੍ਹਾਂ ਦੇ ਪੇਸ਼ੇ, ਤੇਰੇ ਵਾਲੀ ਅਦਾ ਰਖਾਈਆ । ਜਿਸ ਵੇਲੇ ਆਵਣ ਤੇਰੇ ਨੇੜੇ, ਤੂੰ ਹੱਥ ਦੇਣਾ ਉਠਾਈਆ । ਓਹ ਮਿਤਰੋ ਦੋਸਤੋ ਸੱਜਣੋ ਮੈਂ ਵੀ ਮਨੁਸ਼ ਲੁੱਟੇ ਬਥੇਰੇ, ਮਗਰ ਕੰਮ ਕੋਈ ਨਾ ਆਈਆ । ਕਿਉਂ ਝੂਠੇ ਕਰਦੇ ਝੇੜੇ, ਝਗੜਾ ਦਿਓ ਮੁਕਾਈਆ । ਆਉ ਵੇਖੋ ਅੰਦਰ ਵੜ ਕੇ ਮੇਰੇ ਖੇੜੇ, ਕੁੰਡੀ ਖਿੜਕੀ ਦਿਆਂ ਖੁਲ੍ਹਾਈਆ । ਓਨੇ ਚਿਰ ਨੂੰ ਇਕ ਜੰਗਲ ਵਿਚੋਂ ਆਇਆ ਸ਼ੇਰੇ, ਆਪਣੀ ਭਬਕ ਲਗਾਈਆ । ਓਥੇ ਆ ਗਏ ਸਾਰੇ ਘੇਰੇ, ਪੱਲੂ ਸਕੇ ਨਾ ਕੋਇ ਛੁਡਾਈਆ । ਹਕੀਕਤ ਹਕ ਕਿਹੜਾ ਨਬੇੜੇ, ਮਾਰਨ ਆਏ, ਮੌਤ ਸਾਨੂੰ ਅਗੇ ਰਹੀ ਡਰਾਈਆ । ਓਧਰੋਂ ਇਕ ਰਿਖੀ ਆ ਜਾਏ ਓਸੇ ਡੇਰੇ, ਹੱਥ ਕਰਮੰਡਲੀ ਇਕ ਰਖਾਈਆ । ਢੋਲਾ ਗਾਵੇ ਮੇਰੇ ਮੇਰੇ, ਸੋਹੰ ਰਾਗ ਅਲਾਈਆ । ਹੱਥੋਂ ਉਹਨਾਂ ਦੇ ਡਿਗ ਪਏ ਨੇਜ਼ੇ, ਨਿਗਾਹ ਦਿਤੀ ਬਦਲਾਈਆ । ਨੇਤਰ ਨੀਵਾਂ ਹੋ ਕੇ ਵੇਖੇ, ਅੱਖ ਨਾ ਕੋਇ ਉਠਾਈਆ । ਬਾਲਮੀਕ ਤਕਿਆ ਪ੍ਰਭ ਚੜ੍ਹਿਆ ਆਤਮ ਸੇਜੇ, ਸੋਹਣਾ ਜੋੜ ਜੁੜਾਈਆ । ਓਸ ਸ਼ੇਰ ਨੇ ਕਿਹਾ ਮੇਰੇ ਕਿਸ ਬਿਧ ਲੱਗਣ ਲੇਖੇ, ਲੇਖਾ ਦਏ ਚੁਕਾਈਆ । ਬਲਮੀਕ ਕਿਹਾ ਜਿਹੜਾ ਮੈਨੂੰ ਏਥੇ ਭੇਜੇ, ਓਹ ਲਹਿਣੇ ਰਿਹਾ ਮੁਕਾਈਆ । ਧੁਰ ਦੀ ਆਵਾਜ਼ ਆਈ ਕਲਜੁਗ ਅੰਤਮ ਰਖੇ ਚੇਤੇ, ਅਭੁਲ ਭੁਲ ਕਦੇ ਨਾ ਜਾਈਆ । ਜਿਸ ਵੇਲੇ ਬਾਲਮੀਕ ਪਾਲ ਸਿੰਘ ਹੋ ਕੇ ਪ੍ਰਭ ਨੂੰ ਪਹਿਲੀ ਵਾਰ ਵੇਖੇ, ਨੇਤਰ ਨੈਣਾਂ ਨਾਲ ਮਿਲਾਈਆ । ਉਹੋ ਸ਼ੇਰ ਫਿਰ ਦਰਵਾਜ਼ੇ ਉਤੇ ਖੜਾ ਪ੍ਰਭ ਨੇ ਪਾਏ ਭੁਲੇਖੇ, ਭੁਲੇਖੇ ਵਾਲਾ ਬੇਪਰਵਾਹੀਆ । ਬਿਨਾ ਹਿਸਾਬ ਕਿਤਾਬ ਪਰਦਾ ਫੋਲ ਨਾ ਖੋਲ੍ਹੇ ਭੇਤੇ, ਆਦਿ ਜੁਗਾਦੀ ਸਭ ਕੁਛ ਆਪਣੇ ਵਿਚ ਬੰਦ ਰਖਾਈਆ । ਓਸੇ ਦਾ ਕਾਰਨ ਹਰਿਸੰਗਤ ਹਰਿਭਗਤ ਸਾਚੇ ਸੰਤ ਨਿਜ ਨੇਤਰ ਨਰ ਨਰਾਇਣ ਆਪ ਪੇਖੇ, ਪੇਖ ਪੇਖ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬਾਲਮੀਕ ਇਕ ਹੋਰ ਮੰਗ ਮੰਗੀ, ਆਪਣੀ ਆਸ ਰਖਾਈਆ । ਪ੍ਰਭੂ ਦੱਸ ਮੇਰਾ ਫੇਰ ਹੋਵੇ ਕੌਣ ਸੰਗੀ, ਜੋ ਤੇਰਾ ਜੋੜ ਜੁੜਾਈਆ । ਸ੍ਰੀ ਭਗਵਾਨ ਕਿਹਾ ਓਸ ਅਜੇ ਰੰਬੀ ਨਹੀਂ ਚੰਡੀ, ਤਿੱਖੀ ਆਰ ਨਾ ਕੋਇ ਕਰਾਈਆ । ਓਸ ਦੀ ਮਾਂ ਅਜੇ ਨਹੀਂ ਜੰਮੀਂ, ਜਿਸ ਨੇ ਪੁੱਤਰ ਜੰਮਣਾ ਨੂਰ ਨੁਰਾਨਾ ਨੂਰ ਖ਼ੁਦਾਈਆ । ਉਸ ਨੇ ਬਣਨਾ ਤੇਰਾ ਤਨੀ, ਮੇਲਾ ਸਹਿਜ ਸੁਭਾਈਆ । ਘੁਟ ਕੇ ਬੰਨ੍ਹਣੀ ਗੰਢ ਕੰਨੀ, ਖੁਲ੍ਹ ਕਦੇ ਨਾ ਜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖੇ ਪਾਈਆ । ਬਾਲਮੀਕ ਕਿਹਾ ਪ੍ਰਭੂ ਮੈਨੂੰ ਆਇਆ ਇਕ ਖ਼ਿਆਲ, ਖ਼ਿਮਾ ਕਰ ਕੇ ਦੇਣਾ ਜਣਾਈਆ । ਥੋੜ੍ਹਾ ਮੈਨੂੰ ਦੱਸ ਦੇ ਉਹਦਾ ਅਹਿਵਾਲ, ਮੈਂ ਨਿਸ਼ਾਨੀਆਂ ਤੋਂ ਲਵਾਂ ਪਹਿਚਾਣ, ਆਪਣੀ ਪਹਿਚਾਣ ਉਹਦੇ ਨਾਲ ਮਿਲਾਈਆ । ਅਬਿਨਾਸ਼ੀ ਕਰਤੇ ਕਿਹਾ ਹੋ ਕੇ ਮਿਹਰਵਾਨ, ਮਿਹਰ ਨਜ਼ਰ ਟਿਕਾਈਆ । ਬੰਦਿਆਂ ਵਰਗਾ ਬੰਦਾ ਇਨਸਾਨ, ਪੰਜਾਂ ਤੱਤਾਂ ਵਾਲਾ ਰੂਪ ਵਟਾਈਆ । ਉਸ ਦੇ ਅੰਦਰ ਨੂਰ ਮਹਾਨ, ਸਚ ਪ੍ਰੇਮ ਸ੍ਰੀ ਭਗਵਾਨ, ਰਸਨਾ ਬੋਲੇ ਨਾ ਕੋਇ ਜ਼ਬਾਨ, ਸਤਿ ਸਰੂਪੀ ਨਜ਼ਰੀ ਆਈਆ । ਗੁਰਮੁਖ ਸਿੰਘ ਕਹਿ ਕੇ ਮਾਪੇ ਉਹਨੂੰ ਬੁਲਾਣ, ਭਾਈ ਭੈਣ ਕਹਿਣ ਸਾਡਾ ਨਾਤਾ ਜੁੜਿਆ ਜਹਾਨ, ਨਾਰ ਕਹੇ ਸੁਹਾਗੀ ਕੰਤ ਮਿਲਿਆ ਆਣ, ਬਟਵਾਰੇ, ਪੁਰਖ ਅਬਿਨਾਸ਼ੀ ਉਹਨੂੰ ਕਹੇ ਇਹ ਭਗਤਾਂ ਦਾ ਨਿਸ਼ਾਨ, ਨਿਸ਼ਾਨਾ ਉਚਾ ਨਜ਼ਰੀ ਆਈਆ । ਜਿਸ ਦਾ ਲੇਖਾ ਪਰੇ ਜ਼ਿਮੀਂ ਅਸਮਾਨ, ਤਬਕ ਸਬਕ ਪੜ੍ਹ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਬਾਲਮੀਕ ਕਹੇ ਪ੍ਰਭ ਮੇਲ ਕਿਵੇਂ ਮਿਲਦਾ, ਸਤਿ ਸਚ ਦੇ ਸਮਝਾਈਆ । ਭੇਵ ਖੁਲ੍ਹੇ ਕਿਵੇਂ ਦਿਲ ਦਾ, ਆਸ ਆਸ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਕਿਹਾ ਬਿਨ ਹੁਕਮੋਂ ਕੋਈ ਨਾ ਹਿਲਦਾ, ਵੇਸ ਅਵੇਸ ਨਾ ਕੋਇ ਵਟਾਈਆ । ਜਿਸ ਵੇਲੇ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਖੇਲਦਾ, ਭਗਤ ਭਗਵੰਤ ਲਏ ਪਰਗਟਾਈਆ । ਓਹ ਮਾਲਕ ਬਣਾ ਕੇ ਸੱਜਣ ਸੁਹੇਲ ਦਾ, ਸੰਤ ਸੁਹੇਲੇ ਲਏ ਉਠਾਈਆ । ਇਹ ਰੰਗ ਵਖਰਾ ਓਸ ਨਵੇਲ ਦਾ, ਜੋ ਸਚਖੰਡ ਬੈਠਾ ਬੇਪਰਵਾਹੀਆ । ਓਸ ਦੇ ਹੱਥ ਪਰਚਾ ਪਾਸ ਫ਼ੇਲ ਦਾ, ਜੋ ਅੰਦਰ ਬਾਹਿਰ ਗੁਪਤ ਜ਼ਾਹਿਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਬਾਲਮੀਕ ਕਿਹਾ ਕੀ ਓਹ ਸੋਹਣਾ ਚੰਗਾ, ਚੰਗੀ ਤਰਾ ਦੇ ਜਣਾਈਆ । ਸ੍ਰੀ ਭਗਵਾਨ ਕਿਹਾ ਜਿਸ ਦੀ ਸੇਵਾ ਕਰਨ ਗਿਆ ਗੰਗਾ, ਕਸੀਰਾ ਕੰਗਣ ਰੂਪ ਵਟਾਈਆ । ਪ੍ਰਭ ਨੇ ਓਸ ਨੂੰ ਦਿਤਾ ਇਕ ਅਨੰਦਾ, ਨਿਜ ਆਤਮ ਰਸ ਚਖਾਈਆ । ਢੋਆ ਢੋਵਣ ਵਾਲਾ ਹੋਵੇ ਬੰਦਾ, ਪ੍ਰਭ ਦੀ ਬੰਦਗੀ ਵਿਚ ਸਮਾਈਆ । ਕੋਈ ਸਮਝ ਨਾ ਸਕੇ ਨੇਤਰ ਅੰਧਾ, ਭਗਤਾਂ ਮੇਲ ਮਿਲਾਈਆ । ਓਹ ਸੀਤਲ ਧਾਰ ਸਭ ਨਾਲੋਂ ਠੰਡਾ, ਸਾਂਤਕ ਸਤਿ ਵਰਤਾਈਆ । ਓਹ ਟੁੱਟੀਆਂ ਨੂੰ ਪਾਵੇ ਗੰਢਾਂ, ਪਾਨਹੀ ਗੰਢ ਕੇ ਝਟ ਲੰਘਾਈਆ । ਓਸ ਦਾ ਪੁਰਖ ਅਕਾਲ ਨਾਲ ਹੋਵੇ ਸੰਗਾ, ਸੋਹਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲਮੀਕ ਰਿਹਾ ਜਣਾਈਆ । ਬਾਲਮੀਕ, ਰਵਿਦਾਸ ਤੋਂ ਹੋਵੇ ਗੁਰਮੁਖ, ਗੁਰ ਸਤਿਗੁਰ ਦਏ ਵਡਿਆਈਆ । ਅੰਤਰ ਪ੍ਰਭ ਨੂੰ ਮਿਲਣ ਦੀ ਰਖੇ ਭੁਖ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜਿਸ ਦੇ ਨਾਲ ਮਿਲ ਕੇ ਧੁਰ ਦਾ ਮਿਲਦਾ ਸੁਖ, ਸੁਖ ਸਾਗਰ ਵਿਚ ਸਮਾਈਆ । ਜਿਸ ਦੀ ਭਾਗ ਲਗਣਾ ਕੁਖ, ਉਹ ਧੰਨ ਜਣੇਂਦੀ ਮਾਈਆ । ਓਸ ਦਾ ਸੋਹਣਾ ਲਾਡਲਾ ਪੁਤ, ਪਾਟੇ ਚੀਥੜ ਤਨ ਹੰਢਾਈਆ । ਬਾਕੀ ਦੀ ਲਿਵ ਜਨਮ ਤੋਂ ਬਾਅਦ ਜਾਵੇ ਛੁਟ, ਓਸ ਦੀ ਲਿਵ ਦੂਣ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਛ ਭੇਵ ਦਏ ਖੁਲ੍ਹਾਈਆ । ਪੁਰਖ ਅਕਾਲ ਕਿਹਾ ਬਾਲਮੀਕ ਵੇਖ ਭੇਵ ਖੁਲ੍ਹਦਾ, ਹਰਿ ਪਰਦਾ ਆਪ ਉਠਾਈਆ । ਪੁਰਖ ਅਬਿਨਾਸ਼ੀ ਮਾਲਕ ਹੋਵੇ ਭਗਤਾਂ ਦੀ ਕੁਲ ਦਾ, ਕੁਲ ਮਾਲਕ ਦਇਆ ਕਮਾਈਆ । ਲਹਿਣਾ ਚੁਕਾਵੇ ਆਪਣੇ ਪਿਆਰ ਮੁਲ ਦਾ, ਘਰ ਸਾਚੇ ਜੋੜ ਜੁੜਾਈਆ । ਗੁਰਮੁਖ ਬੂਟਾ ਕਦੇ ਨਾ ਹੁਲਦਾ, ਪਤ ਟਹਿਣੀ ਦਏ ਮਹਿਕਾਈਆ ।


੪੬

ਦੋ ਜਹਾਨ ਫਲਦਾ ਫੁਲਦਾ, ਸੁਗੰਧੀ ਮਹਿਕ ਵਾਂਗ ਮਹਿਕਾਈਆ । ਗੁਲਸ਼ਨ ਅੰਦਰ ਗ਼ੁੰਚਾ ਅਗੰਮੀ ਖਿਲਦਾ, ਆਪਣਾ ਰੂਪ ਵਟਾਈਆ । ਸਾਚੇ ਕੰਡੇ ਤਰਾਜ਼ੂ ਤੁਲਦਾ, ਕੂੜੇ ਤੱਕੜ ਨਾ ਕੋਇ ਚੜ੍ਹਾਈਆ । ਰਸ ਮਿਲਦਾ ਪ੍ਰਭੂ ਦੇ ਨਾਮ ਜਪਿਆਂ ਬੁਲ ਦਾ, ਅੰਤਰ ਆਤਮ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਆਪਣੇ ਰੰਗ ਰੰਗਾਈਆ । ਬਲਮੀਕ ਕਿਹਾ ਕੀ ਹੋਰ ਵਡਿਆਈ, ਵਡ ਵੱਡੇ ਦੇ ਸਮਝਾਈਆ । ਸ੍ਰੀ ਭਗਵਾਨ ਕਿਹਾ ਜਦ ਮੇਰੀ ਵਾਰੀ ਆਈ, ਲੋਕਮਾਤ ਦਿਆਂ ਜਣਾਈਆ । ਜਿਨ੍ਹਾਂ ਬਖ਼ਸ਼ਾਂ ਸਚ ਸਰਨਾਈ, ਸਤਿ ਸਤਿਵਾਦੀ ਦਿਆਂ ਬਣਾਈਆ । ਆਤਮ ਪਰਮਾਤਮ ਕਰ ਕੁੜਮਾਈ, ਨਾਤਾ ਧੁਰ ਦਾ ਜੋੜ ਜੁੜਾਈਆ । ਸੋਹੰ ਢੋਲਾ ਰਾਗ ਸੁਣਾਈ, ਪੂਰਬ ਲੇਖਾ ਝੋਲੀ ਪਾਈਆ । ਆਤਮ ਧੁਨ ਕਰ ਸ਼ਨਵਾਈ, ਸੰਸਾ ਰੋਗ ਮਿਟਾਈਆ । ਰਵਿਦਾਸ ਚੁਮਾਰਾ ਲੇਖਾ ਦਏ ਲਿਖਾਈ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਵੇਲੇ ਵੀਹ ਸੌ ਇੱਕੀ ਬਿਕ੍ਰਮੀ ਆਈ, ਏਕੰਕਾਰ ਕਰੇ ਰੁਸ਼ਨਾਈਆ । ਤੇਰੀ ਇੱਕੀ ਸਾਲ ਦੀ ਘਾਲ ਲੇਖੇ ਲਾਈ, ਪੂਰਬ ਲਹਿਣਾ ਦਏ ਮੁਕਾਈਆ । ਭਗਤ ਸੁਹੇਲੇ ਸੰਗ ਬਣਾਈ, ਧੁਰ ਦਾ ਜੋੜ ਜੁੜਾਈਆ । ਦੂਰ ਦੁਰਾਡੇ ਨੇਰਨ ਨੇਰੇ ਇਕੱਠੇ ਕਰਕੇ ਲਿਆਏ ਗੁਸਾਈਂ, ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਪੂਰਬ ਜਨਮ ਦੇ ਵਿਛੜੇ ਨਾਲ ਮਿਲਾਈ, ਆਸਾ ਤ੍ਰਿਸ਼ਨਾ ਪੂਰ ਕਰਾਈਆ । ਨਾਨਕ ਦੀ ਲੇਖਣੀ ਲੇਖੇ ਲਾਈ, ਸਿੱਧਾਂ ਸਿਧਾ ਰਾਹ ਵਖਾਈਆ । ਔਹ ਵੇਖੋ ਸੱਤੇ ਬੈਠੇ ਚਾਈਂ ਚਾਈਂ, ਨੇਤਰ ਨੈਣਾਂ ਨੀਰ ਵਹਾਈਆ । ਗਿਧ ਕਹੇ ਮੈਨੂੰ ਮਿਲੀ ਵਡਿਆਈ, ਜਿਸ ਵਿਸ਼ਟੇ ਤੋਂ ਲਿਆ ਬਚਾਈਆ । ਮੱਖਣ ਲੁਬਾਣਾ ਕਹੇ ਮੈਂ ਵੇਖਾਂ ਆਪਣਾ ਭਾਈ, ਜੋ ਸਿੰਘ ਅਜਮੇਰ ਨਾਉਂ ਧਰਾਈਆ । ਕੋਇਲ ਕਹੇ ਮੈਂ ਗਾਵਾਂ ਚਾਈਂ ਚਾਈਂ, ਤੇਗ਼ ਬਹਾਦਰ ਦਾ ਬੇਟਾ, ਦੋ ਜਹਾਨਾਂ ਦਾ ਨੇਤਾ, ਭਗਤਾਂ ਦਾ ਮੀਤਾ, ਪੂਰਬ ਦਾ ਚੇਤਾ, ਵਿਚੋਂ ਖੇਤਾਂ ਆਪਣੇ ਨਾਲ ਮਿਲਾਈਆ । ਅਗੇ ਧੁਰ ਦਰਗਾਹ ਦਾ ਲੈ ਕੇ ਠੇਕਾ, ਜਨ ਭਗਤਾਂ ਸੁਨੇਹੜਾ ਇਕੋ ਭੇਜਾ, ਸੱਤ ਰੰਗ ਨਿਸ਼ਾਨਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬਾਲਮੀਕ ਕਿਹਾ ਪ੍ਰਭ ਸਚ ਦ੍ਰਿੜ੍ਹਾ ਦੇ, ਦਿਆਲੂ ਹੋ ਕੇ ਦਇਆ ਕਮਾਈਆ । ਅੱਜ ਦਾ ਪੂਰਾ ਭੇਵ ਖੁਲ੍ਹਾ ਦੇ, ਕਿਉਂ ਸਤਾਰਾਂ ਪੋਹ ਮਿਲੀ ਵਡਿਆਈਆ । ਪੁਰਖ ਅਬਿਨਾਸ਼ੀ ਕਿਹਾ ਦੂਜੀ ਵਾਰ ਸਿਰ ਤੋਂ ਤਾਜ ਲਾਹ ਦੇ, ਪਰਦਾ ਦਿਆਂ ਉਠਾਈਆ । ਜਿਸ ਵੇਲੇ ਮੇਰੇ ਭਗਤ ਮੇਰਾ ਧਿਆਨ ਲਗਾਂਦੇ, ਮੈਂ ਨਿਉਂ ਨਿਉਂ ਕੇ ਉਹਨਾਂ ਚਰਨਾਂ ਉਤੇ ਸੀਸ ਟਿਕਾਈਆ । ਓਹ ਆਪਣੇ ਭੈ ਦਾ ਖੰਡਾ ਮੇਰੇ ਉਤੇ ਚਮਕਾਂਦੇ, ਪ੍ਰਭੂ ਭੁਲ ਕਦੇ ਨਾ ਜਾਈਆ । ਮੈਂ ਵੇਖਾਂ ਜੇ ਹੋਵਣ ਥੱਕੇ ਮਾਂਦੇ, ਫੜਕੇ ਆਪਣੇ ਗਲੇ ਲਗਾਈਆ । ਜੇ ਉਹ ਢੋਲੇ ਆਵਣ ਗਾਂਦੇ, ਗਹਿਰ ਗੰਭੀਰ ਹੋ ਕੇ ਦਰਸ ਦਿਖਾਈਆ । ਸਤਾਰਾਂ ਪੋਹ ਕਬੀਰ ਜੁਲਾਹਾ ਮਿਲਿਆ ਸੀ ਘਰ ਆਪਣਾਂ ਦੇ, ਆਪਣ ਦੇ ਅੰਦਰ ਦਰਸ਼ਨ ਪਾਈਆ । ਓਸ ਤੋਂ ਬਾਅਦ ਪਿਆਰ ਹੋਏ ਸੀ ਸਾਂਝੇ, ਸਗਲਾ ਸੰਗ ਨਿਭਾਈਆ । ਭਗਤ ਭਗਵਾਨ ਮਿਲ ਕੇ ਢੋਲੇ ਗਾਂਦੇ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਰਿਹਾ ਨਾ ਰਾਈਆ । ਇਕ ਦੂਜੇ ਤੋਂ ਬਲਿਹਾਰੀ ਬਲਿਹਾਰ ਬਲ ਬਲ ਜਾਂਦੇ, ਆਪ ਆਪਣਾ ਮੇਟ ਮਿਟਾਈਆ । ਵਕ਼ਤ ਸੁਹੰਜਣੇ ਸੋਹਣੇ ਸੁਹਾਂਦੇ, ਦੋ ਜਹਾਨ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਮਨਾਂਦੇ, ਵਾਹਵਾ ਪ੍ਰਭੂ ਦੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਾਲਮੀਕ ਕਿਹਾ ਭਗਤਾਂ ਫ਼ਰਜ਼ ਤੈਨੂੰ ਝੁਕਣਾ, ਕਿਉਂ ਪ੍ਰਭੂ ਤੂੰ ਝੁਕ ਕੇ ਸੀਸ


੪੭

ਨਿਵਾਈਆ । ਅਬਿਨਾਸ਼ੀ ਕਰਤੇ ਕਿਹਾ ਬਿਨ ਮੇਰੀ ਕਿਰਪਾ ਪੈਂਡਾ ਕਿਸੇ ਨਾ ਮੁਕਣਾ, ਭਗਤ ਨਜ਼ਰ ਕੋਇ ਨਾ ਆਈਆ । ਬਿਨ ਮਿਹਰਵਾਨ ਗੋਦੀ ਕਿਸੇ ਨਾ ਚੁਕਣਾ, ਕੂੜਾ ਨਾਤਾ ਜਗਤ ਲੋਕਾਈਆ । ਮੈਂ ਬਿਨ ਭਗਤਾਂ ਆਦਿ ਜੁਗਾਦਿ ਕਿਸੇ ਨਾ ਝੁਕਣਾ, ਹੰਕਾਰੀਆਂ ਮੇਟਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਭੇਵ ਚੁਕਾਈਆ । ਬਾਲਮੀਕ ਕਿਹਾ ਪ੍ਰਭ ਸੀਸ ਤਾਜ ਰਖ, ਮੇਰੀ ਮੰਨ ਅਰਜ਼ੋਈਆ । ਤੇਰਾ ਦਰਸ ਕਰਾਂ ਪ੍ਰਤੱਖ, ਸਾਖ਼ਿਆਤ ਤੂੰ ਹੀ ਨਜ਼ਰੀ ਆਈਆ । ਧੰਨ ਵਡਿਆਈ ਜੇ ਭਗਤਾਂ ਅਗੇ ਗਿਉਂ ਢਠ, ਢਠਿਆਂ ਲਏਂ ਉਠਾਈਆ । ਨਾਤਾ ਤੋੜ ਕੇ ਤੱਤ ਅੱਠ, ਨੌਂ ਦਵਾਰੇ ਪਾਰ ਲੰਘਾਈਆ । ਦਸਮ ਦਵਾਰੀ ਸੇਜ ਸੁਹਾ ਕੇ ਪਲੰਘ, ਰੰਗ ਆਪਣਾ ਦਏਂ ਰੰਗਾਈਆ । ਥੋੜ੍ਹਾ ਦੇ ਕੇ ਏਥੇ ਅਨੰਦ, ਫੇਰ ਅਗੇ ਲਏਂ ਚਲਾਈਆ । ਸੁੰਨ ਅਗੰਮ ਦਾ ਮੇਟ ਕੇ ਪੰਧ, ਥਿਰ ਘਰ ਸਾਚੇ ਦਏਂ ਵਡਿਆਈਆ । ਜਿਥੇ ਸ਼ਬਦ ਦੁਲਾਰਾ ਤੇਰਾ ਗਾਵੇ ਛੰਦ, ਸੋਹੰ ਢੋਲਾ ਰਾਗ ਅਲਾਈਆ । ਓਸ ਤੋਂ ਅਗੇ ਹੋਵੇ ਸੰਗ, ਸ਼ਬਦ ਧੁਨ ਰਾਗ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਸੋਭਾ ਪਾਈਆ । ਪੁਰਖ ਅਬਿਨਾਸ਼ੀ ਕਹੇ ਵੇਖ ਸੀਸ ਤਾਜ ਰਖਿਆ, ਰੱਖਿਆ ਕਰਾਂ ਹਰ ਘਟ ਥਾਈਂਆ । ਸ੍ਰਿਸ਼ਟ ਸਬਾਈ ਵੇਖ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਓਧਰੋਂ ਗੋਬਿੰਦ ਖੋਲ੍ਹ ਵਖਾਈ ਚਿਠੀਆ, ਜਿਸ ਦਾ ਅੰਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚਿਠੀ ਵਿਚੋਂ ਲੱਭਾ ਇਕ ਨਿਸ਼ਾਨ, ਸਚ ਨਿਸ਼ਾਨਾ ਦਏ ਜਣਾਈਆ । ਜਿਸ ਵੇਲੇ ਕਿਰਪਾ ਕਰੇ ਸ੍ਰੀ ਭਗਵਾਨ, ਵੀਹ ਸੌ ਇੱਕੀ ਮਿਲੇ ਵਡਿਆਈਆ । ਉਹ ਭਗਤ



ਸੁਹੇਲਾ ਇਕ ਅਕੇਲਾ ਸਾਚੇ ਸੰਤਾਂ ਮਿਲੇ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਮਿਹਰਵਾਨ ਹੋ ਕੇ ਦੇਵੇ ਦਾਨ, ਦਾਤਾ ਹੋ ਕੇ ਦਇਆ ਕਮਾਈਆ । ਜੁਗ ਜਨਮ ਦੇ ਵਿਛੜੇ ਇਕੱਠੇ ਕੀਤੇ ਆਣ, ਸਚ ਦਵਾਰੇ ਲਏ ਬਹਾਈਆ । ਪਹਿਲੋਂ ਬਾਲਮੀਕ ਦੀਆਂ ਆਸਾ ਮਨਸਾ ਪੂਰੀਆਂ ਕਰਕੇ ਵਿਚ ਜਹਾਨ, ਮਿਹਰਵਾਨ ਹੋ ਕੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਧਰਤ ਧਵਲ ਵੇਖ ਵਖਾਈਆ । ਪੋਹ ਸਤਾਰਾਂ ਵੇਖ ਕੇ ਧਰਨੀ, ਆਪਣਾ ਹਾਲ ਸੁਣਾਈਆ । ਓਧਰੋਂ ਗੁਰ ਅਵਤਾਰ ਪੀਰ ਪੈਗ਼ੰਬਰ ਡਿਗ ਪਏ ਚਰਨੀ, ਚਰਨੋਦਕ ਲੈ ਲੈ ਖ਼ੁਸ਼ੀ ਮਨਾਈਆ । ਓਧਰੋਂ ਵਿਸ਼ਨ ਬ੍ਰਹਮਾ ਸ਼ਿਵ ਆਪਣੀ ਦੱਸਣ ਕਰਨੀ, ਨਵ ਨੌ ਚਾਰ ਜੋ ਸੇਵ ਕਮਾਈਆ । ਓਧਰੋਂ ਦੇਵਤ ਸੁਰ ਪੁਛਣ ਆਪਣੀ ਮਰਨੀ, ਕਿਸ ਬਿਧ ਲੇਖੇ ਦਏ ਮੁਕਾਈਆ । ਓਧਰੋਂ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਕਹੇ ਤੇਰੀ ਕਿਹੜੀ ਤੁਕ ਪੜ੍ਹਨੀ, ਜੋ ਤੁਖ਼ਮ ਤਾਸੀਰ ਤੇਰੇ ਨਾਲ ਮਿਲਾਈਆ । ਓਧਰੋਂ ਤ੍ਰੈਗੁਣ ਮਾਇਆ ਪੰਜ ਤਤ ਪ੍ਰਕਿਰਤੀ ਦਵਾਰੇ ਆਈ ਡਰਦੀ, ਮਰਦੀ ਮਰਦੀ ਹਾਲ ਸੁਣਾਈਆ । ਮੈਂ ਦੋ ਜਹਾਨਾਂ ਵਿਚ ਕੋਈ ਜ਼ਾਤ ਨਾ ਵੇਖੀ ਜੋ ਤੇਰੇ ਅਗੇ ਅੜਦੀ, ਜੋ ਨਿਉਂ ਨਿਉਂ ਨਾ ਤੇਰੇ ਅਗੇ ਸੀਸ ਝੁਕਾਈਆ । ਕਲਮਾ ਕਾਇਨਾਤ ਕਹੇ ਤੇਰੇ ਹੁਕਮ ਤੋਂ ਬਿਨਾ ਰਸੂਲਾਂ ਦੀ ਆਸਾ ਨਿਮਾਜ਼ ਕੋਇ ਨਾ ਪੜ੍ਹਦੀ, ਸਜਦਾ ਸੀਸ ਨਾ ਕੋਇ ਨਿਵਾਈਆ । ਸੁਰਤੀ ਕਿਸੇ ਨਾ ਹੁੰਦੀ ਮਾਲਕ ਆਪਣੇ ਘਰ ਦੀ, ਦਰ ਦਰ ਧੱਕੇ ਖਾਈਆ । ਪ੍ਰਭ ਘੜੀ ਸੁਹੰਜਣੀ ਦੱਸ ਆਪਣਾ ਖੇਲ ਕਰਨ ਦੀ, ਕਰਤੇ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਕਹੇ ਮੈਂ ਦੱਸਾਂ ਮਹਿਬੂਬ, ਮੁਹੱਬਤ ਵਿਚ ਜਣਾਈਆ । ਜੋ ਵਸੇ

ਮਹਲ ਅਟਲ ਉਚ ਅਰੂਜ, ਅਰਸ਼ ਫ਼ਰਸ਼ ਸਮਝ ਕੋਇ ਨਾ ਪਾਈਆ । ਜੋ ਦਰਗਾਹ ਸਾਚੀ ਮੁਕਾਮੇ ਹੱਕ ਵਸੇ ਮਹਿਫ਼ੂਜ਼, ਹਿਫ਼ਾਜ਼ਤ ਅਵਰ ਨਾ ਕੋਇ ਜਣਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਮਝੇ ਨਾ ਕੋਈ ਹਦੂਦ, ਬੇਹਦ ਬੇਪਰਵਾਹੀਆ । ਜਹਾਂ ਤਕੋ ਤਹਾਂ ਸਦਾ ਮੌਜੂਦ, ਦੋ ਜਹਾਨਾਂ ਰਿਹਾ ਸਮਾਈਆ । ਸਦੀ ਵੀਹਵੀਂ ਪਿਛਲਾ ਹੁਕਮ ਕਰੇ ਮੌਕੂਫ਼, ਮੁਕੰਮਲ ਆਪਣਾ ਹੁਕਮ ਜਣਾਈਆ । ਜਿਸ ਦੀ ਸਿਫ਼ਤ ਕਲਮਿਆਂ ਕਲਾਮਾਂ ਨਗ਼ਮਿਆਂ ਨਾਮਾਂ ਵਿਚ ਲਿਖਦੇ ਆਏ ਹਰੂਫ਼, ਹਜ਼ਰਤ ਪੈਗ਼ੰਬਰ ਕਰ ਕੇ ਗਏ ਪੜ੍ਹਾਈਆ । ਸੋ ਆਪਣੀ ਕਰਨੀ ਵਿਚ ਹੋਇਆ ਮਸਰੂਫ਼, ਸਾਹਿਬ ਮੁਸਾਹਿਬ ਹੋ ਕੇ ਸੇਵ ਕਮਾਈਆ । ਜਨ ਭਗਤਾਂ ਦੇਣ ਆਇਆ ਸਬੂਤ, ਸਾਬਤ ਸੂਰਤ ਇਕ ਵਖਾਈਆ । ਬਾਹਰੋਂ ਤਕੋ ਤੱਤਾਂ ਵਾਲਾ ਕਲਬੂਤ, ਅੰਦਰ ਨਾ ਆਦਮ ਜੇ ਵੇਖੋ ਤੇ ਖ਼ਾਦਮ ਨਜ਼ਰੀ ਆਈਆ । ਜਿਸ ਨੇ ਭਗਤਾਂ ਕੀਤਾ ਤੁਆਵਣ, ਲੇਖਾ ਚੁਕਾਇਆ ਬਲ ਰਾਜਾ ਬਾਵਨ, ਸੱਤ ਰੰਗ ਹੱਥ ਝੁਲਾਈਆ । ਗੁਰ ਅਵਤਾਰ ਪੈਗ਼ੰਬਰ ਭਗਤ ਕਹਿਣ ਇਕਾਵਨ, ਏਕੰਕਾਰ ਤੇਰੀ ਸਰਨਾਈਆ । ਸਰਬ ਸਵਾਮੀ ਭਗਤਨ ਪਕੜੀਂ ਦਾਮਨ, ਪਲੂ ਗੰਢ ਬੰਧਾਈਆ । ਅਸੀਂ ਵੇਖਿਆ ਤੂੰ ਸਭ ਦੇ ਸਾਹਮਣੇ ਹੋਵੇਂ ਜ਼ਾਮਨ, ਜ਼ੁਮੇਂਵਾਰੀ ਆਪਣੇ ਉਤੇ ਟਿਕਾਈਆ । ਨਾ ਕੋਈ ਸ਼ੱਤਰੀ ਰਿਹਾ ਬ੍ਰਾਹਮਣ, ਸ਼ੂਦਰ ਵੈਸ਼ ਦਿਤੇ ਮਿਟਾਈਆ । ਕਲਜੁਗ ਵੇਖ ਅੰਧੇਰੀ ਸ਼ਾਮਨ, ਸਾਚਾ ਚੰਦ ਕੀਤਾ ਰੁਸ਼ਨਾਈਆ । ਨੂਰ ਨੁਰਾਨਾ ਕੋਟਨ ਭਾਨਣ, ਸੂਰਜ ਚੰਦ ਨੈਣ ਸ਼ਰਮਾਈਆ । ਭਗਤ ਭਗਵਾਨ ਮਿਲ ਮਿਲ ਦਰਸ਼ਨ ਪਾਵਣ, ਪਤਿਤ ਪੁਨੀਤ ਰੂਪ ਵਟਾਈਆ । ਮਨ ਹੰਕਾਰੀ ਰਹੇ ਨਾ ਰਾਵਣ, ਕੂੜੀ ਲੰਕਾ ਗੜ੍ਹ ਤੁੜਾਈਆ । ਸੁਰਤੀ ਸ਼ਬਦੀ ਮੇਲ ਕੇ ਕਾਹਨਣ, ਘਨਈਆ ਬੰਸਰੀ ਨਾਮ ਸਚ ਸੁਣਾਈਆ । ਨਾਮ ਦ੍ਰਿੜਾ ਕੇ ਧੁਰ ਦਾ ਸਤਿ ਨਾਮਨ, ਨਮੋ ਨਮੋ ਦਏ ਸਮਝਾਈਆ । ਡੰਕਾ ਵਜੇ ਦੋ ਜਹਾਨਣ, ਫ਼ਤਹਿ ਇਕੋ ਹੱਥ ਰਖਾਈਆ । ਜਨ ਭਗਤ ਸੁਹੇਲਾ ਬਣ ਕੇ ਆਇਆ ਤਾਰਨ, ਜਗਤ ਦੁਹੇਲਾ ਵਕ਼ਤ ਚੁਕਾਈਆ । ਲੱਖ ਚੁਰਾਸੀ ਵਿਚੋਂ ਆਇਆ ਉਭਾਰਨ, ਫੜ ਬਾਹੋਂ ਪਾਰ ਕਰਾਈਆ । ਆਇਆ ਪੈਜ ਸਵਾਰਨ, ਸਿਰ ਆਪਣਾ ਹੱਥ ਟਿਕਾਈਆ । ਵਿਛੜੇ ਆਇਆ ਮਿਲਾਵਣ, ਮਿਲਣੀ ਜਗਦੀਸ਼ ਕਰਾਈਆ । ਤ੍ਰਿਸ਼ਨਾ ਮੇਟਣ ਆਇਆ ਤਾਮਨ, ਤ੍ਰਿਖਾ ਦੂਰ ਕਰਾਈਆ । ਦੇਵਣ ਆਇਆ ਨਾਮ ਨਿਧਾਨਣ, ਨਿਜ ਆਤਮ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਲਮੀਕ ਕਹੇ ਮੈਂ ਬਣਿਆ ਪਾਲ, ਪ੍ਰਿਤਪਾਲਕ ਤੇਰੀ ਸਰਨਾਈਆ । ਮੈਨੂੰ ਖ਼ੁਸ਼ੀ ਹੋਈ ਮੈਂ ਤਕੇ ਤੇਰੇ ਲਾਲ, ਜੋ ਸਨਮੁਖ ਸੋਭਾ ਪਾਈਆ । ਜਿਨ੍ਹਾਂ ਦੇ ਪਿਛੇ ਪੂਰਬ ਜਨਮ ਦੇ ਰਸਤਿਆਂ ਵਿਚ ਬੈਠੇ ਕੀਤੇ ਬਹਾਲ, ਬਾਹਰੋਂ ਫੜ ਕੇ ਨਾਲ ਲਿਆਈਆ । ਉਹਨਾਂ ਦਾ ਮਿਲ ਕੇ ਵਜੇ ਤਾਲ, ਨਿਰਗੁਣ ਸਰਗੁਣ ਦੋਹਰੀ ਚੋਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਪਾਲ ਸਿੰਘ ਕਹੇ ਮੈਂ ਵੇਖਿਆ ਖ਼ੁਦ, ਨੇਤਰ ਅੱਖ ਖੁਲ੍ਹਾਈਆ । ਜੋ ਸਤਾਰਾਂ ਪੋਹ ਇਸ ਭੂਮਿਕਾ ਗਏ ਪੁਜ, ਆਪਣਾ ਪੰਧ ਮੁਕਾਈਆ । ਉਹ ਪਾਣੀ ਦਾ ਪਾਣੀ ਨਹੀਂ ਵਿਰੋਲਿਆ ਚਿੱਟਾ ਦੁੱਧ, ਸਤਿ ਸਰੂਪ ਨਜ਼ਰੀ ਆਈਆ । ਉਹਨਾਂ ਦਾ ਭੇਵ ਪਿਛਲਾ ਕੁਝ, ਕਛ ਮਛ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ । ਭਗਵਾਨ ਕਹੇ ਸੁਣ ਬਾਲਮੀਕ ਬਟਵਾਰੇ, ਬਜਵਾੜੇ ਦਿਆਂ ਜਣਾਈਆ । ਜਿਹੜੇ ਲੁੱਟੇ ਦਿਨ ਦਿਹਾੜੇ, ਉਹ ਰਾਤੀਂ ਸਾਰੇ ਪਾਰ ਲੰਘਾਈਆ । ਦੋਵੇਂ ਇਕੱਠੇ ਹੋ ਗਏ ਇਕ ਕਿਨਾਰੇ, ਜਿਨ੍ਹਾਂ ਦਾ ਤਟ

ਬਨਿਆ ਇਕ ਬੇਪਰਵਾਹੀਆ । ਇਕੱਠੇ ਕੀਤੇ ਏਕੰਕਾਰੇ, ਅਕਲ ਕਲ ਆਪ ਵਰਤਾਈਆ । ਮੁਫ਼ਲਿਸ ਗ਼ਰੀਬ ਦਰ ਆਏ ਸਾਰੇ ਪਾਰ ਉਤਾਰੇ, ਅਧਵਿਚਕਾਰ ਨਾ ਕੋਇ ਰਖਾਈਆ । ਕੀ ਹੋਇਆ ਜੇ ਕਬੀਰ ਚੜ੍ਹ ਕੇ ਆਪਣੇ ਮਹਲ ਮੁਨਾਰੇ, ਉਚੀ ਕੂਕ ਦਿਤਾ ਸੁਣਾਈਆ । ਰਵਿਦਾਸ ਨਾਲ ਰਖ ਕੇ ਰੰਬੀ ਆਰੇ, ਚਮਿਆਰੇ ਚੰਮ ਦ੍ਰਿਸ਼ਟੀ ਦਿਤੀ ਗਵਾਈਆ । ਜਿਨ੍ਹਾਂ ਦੇ ਦਰ ਦਾ ਭਿਖਾਰੀ ਆਪ ਕਰਤਾਰੇ, ਕੁਦਰਤ ਕ਼ਾਦਰ ਵੇਖਣ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤਕ ਤਕ ਹਾਰੇ, ਨੇਤਰ ਨੈਣ ਅੱਖ ਖੁਲ੍ਹਾਈਆ । ਕੀ ਕਰੇ ਖੇਲ ਪਰਵਰਦਿਗਾਰੇ, ਮਹਿਬੂਬ ਮੁਹੱਬਤ ਵਿਚ ਸਮਾਈਆ । ਓਹ ਵਾਹਵਾ ਗੋਬਿੰਦ ਬੋਲੇ ਇਕ ਜੈਕਾਰੇ, ਧੁਰ ਦਾ ਨਾਦ ਵਜਾਈਆ । ਜਿਸ ਹੇਮਕੁੰਡ ਬਰਫ਼ਾਂ ਵਿਚ ਠਾਰੇ, ਸੋ ਠਾਕਰ ਆਪਣੇ ਨਾਲ ਮਿਲਾਈਆ । ਜੋ ਦਿਸੇ ਸਚਖੰਡ ਦਵਾਰੇ, ਨਿਰਗੁਣ ਹੋ ਕੇ ਸੋਭਾ ਪਾਈਆ । ਉਹ ਕਲਜੁਗ ਅੰਤਮ ਭਗਤਾਂ ਦੇ ਹੋਇਆ ਦਵਾਲੇ, ਦੋਹਾਂ ਧਿਰਾਂ ਦਾ ਮਾਲਕ ਆਪਣਾ ਫੇਰਾ ਪਾਈਆ । ਨਾਲੇ ਪਿਛਲੇ ਦੇਵੇ ਹਵਾਲੇ, ਅਗੇ ਰਖੇ ਨਾਲੇ, ਵਿਛੋੜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬਾਲਮੀਕ ਕਹੇ ਦੱਸ ਕੀ ਮੈਂ ਇਹ ਸਾਰੇ ਸਚੇ, ਜਿਹੜੇ ਤੇਰਾ ਸੰਗ ਬਣਾ ਕੇ ਆਈਆ । ਪੁਰਖ ਅਕਾਲ ਕਹੇ ਇਹਨਾਂ ਵਿਚੋਂ ਇੱਕੀ ਬਚੇ, ਬਾਕੀ ਸਾਰੇ ਤੇਰੇ ਧੱਕੇ ਖਾ ਖਾ ਮੇਰਾ ਨਾਮ ਧਿਆਈਆ । ਉਹਨਾਂ ਕਿਹਾ ਜੇ ਇਸ ਦੀ ਪਤ ਰਖੇਂ, ਕਿਉਂ ਨਾ ਸਾਨੂੰ ਮਿਲੇ ਵਡਿਆਈਆ । ਪੁਰਖ ਅਕਾਲ ਕਿਹਾ ਮੇਰੇ ਕੋਲ ਹਕੀਕ਼ਤ ਹਕੇ, ਹਕ ਸਭ ਦੀ ਝੋਲੀ ਪਾਈਆ । ਜਨ ਭਗਤੋ ਤੁਸੀਂ ਮੇਰੇ ਇਕੋ ਜਿਹੇ ਬੱਚੇ, ਦੂਜੀ ਵੰਡ ਨਾ ਕੋਇ ਵੰਡਾਈਆ । ਵੇਖੋ, ਗੁਰ ਅਵਤਾਰ ਪੀਰ ਪੈਗ਼ੰਬਰ ਤੁਹਾਨੂੰ ਅਗੇ ਕਹਿਣ ਸੱਚੇ, ਝੂਠਾ ਇਲਜ਼ਾਮ ਨਾ ਕੋਇ ਲਗਾਈਆ । ਜੋ ਪਰਮ ਪੁਰਖ ਦੀ ਆਵੀ ਵਿਚ ਪੱਕੇ, ਉਸ ਦਾ ਕੱਚਾ ਪਾਸਾ ਰਹਿਣ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਅਗੋਂ ਨਾ ਕੋਈ ਕੁਛ ਦੱਸੇ, ਸਾਰੇ ਨਿਉਂ ਨਿਉਂ ਸੀਸ ਨਿਵਾਈਆ । ਮੇਰਾ ਭਗਤ ਸੁਹੇਲਾ ਏਥੇ ਓਥੇ ਦੋ ਜਹਾਨ ਖ਼ੁਸ਼ੀਆਂ ਨਾਲ ਹੱਸੇ, ਹਸਤੀ ਆਪਣੀ ਹਸਰਤਾਂ ਨਾਲ ਪ੍ਰਭ ਦੀ ਝੋਲੀ ਪਾਈਆ । ਓਸ ਦਰਗਾਹ ਵਿਚ ਵਸੇ, ਜਿਸ ਦਾ ਮਾਲਕ ਇਕੋ ਬੇਪਰਵਾਹੀਆ । ਉਹ ਕਿਉਂ ਨਾ ਤੁਹਾਡੀ ਪਤ ਰਖੇ, ਜੋ ਪਤਣ ਜਾ ਕੇ ਆਪਣੇ ਘਾਟ ਲਏ ਲੰਘਾਈਆ । ਕ੍ਰਿਸ਼ਨ ਦੇ ਯਾਰ ਬਧਕ ਵਰਗੇ ਸੱਦੇ, ਜਿਨ੍ਹਾਂ ਤੀਰ ਨਿਸ਼ਾਨਾ ਦਿਤਾ ਲਗਾਈਆ । ਉਹਦੇ ਤੀਰ ਉਹਦੇ ਨਾਲ ਬੱਝੇ, ਉਹਦੇ ਸੂਕਰ ਉਤੇ ਆਪਣਾ ਰੰਗ ਰੰਗਾਈਆ । ਜੋ ਪੰਛੀ ਅਸਮਾਨਾਂ ਉਤੋਂ ਡਿੱਗੇ, ਫਿਰ ਭੱਠੀ ਡਾਹੀ ਅੱਗੇ, ਅਰਜਨ ਲੋਹ ਤਪਾਈਆ । ਉਸ ਦੇ ਸਿਰ ਰਖ ਕੇ ਆਇਆ ਹੱਥੇ, ਸਮਰਥ ਬੇਪਰਵਾਹੀਆ । ਇਹ ਕਿਉਂ ਸਾਰੇ ਕੀਤੇ ਇਕੱਠੇ, ਸੱਚੀ ਦਿਆਂ ਜਣਾਈਆ । ਤ੍ਰੇਤੇ ਅੰਦਰ ਇਕ ਵਾਰ ਇਹ ਸਾਰੇ ਅੰਦਰੋਂ ਮੰਗ ਰਹੇ ਮੰਗੇ, ਜਿਸ ਵੇਲੇ ਬਟਵਾਰਾ ਲੁਟ ਲੁਟ ਖ਼ੀਸੇ ਖ਼ਾਲੀ ਰਿਹਾ ਕਰਾਈਆ । ਇਹਦੇ ਕੋਲੋਂ ਸਾਡੀ ਕਿਹੜਾ ਪਤ ਰੱਖੇ, ਜੋ ਹੋਵੇ ਆਣ ਸਹਾਈਆ । ਸ੍ਰੀ ਭਗਵਾਨ ਕਿਹਾ ਤੁਸੀਂ ਬੱਚਿਆਂ ਦੇ ਬੱਚੇ, ਇਹ ਮੇਰੀ ਬੇਪਰਵਾਹੀਆ । ਯਾਦ ਰੱਖੋ ਕਲਜੁਗ ਅੰਤ ਬਣਾਵਾਂਗਾ ਅੰਦਰੋਂ ਆਤਮ ਵਾਲੇ ਬੱਚੇ, ਜਿਸ ਤਨ ਖ਼ਾਕੀ ਮਗਰ ਆਪੇ ਭੱਜੇ ਵਾਹੋ ਦਾਹੀਆ । ਉਹ ਕਿਹੜੀ ਹੋਵੇ ਰਾਤੀ, ਸਾਰੇ ਮੰਗ ਮੰਗਾਈਆ । ਪੁਰਖ ਅਕਾਲ ਕਿਹਾ ਸਤਾਰਾਂ ਪੋਹ ਦੀ ਉਹ ਪਰਭਾਤੀ, ਪ੍ਰਭ ਦੇਵੇ ਮਾਣ ਵਡਿਆਈਆ । ਜਨਮ ਜਨਮ ਦੇ ਵਿਛੜਿਆਂ, ਕਰਮ ਕਰਮ ਦੇ ਨਿਖੜਿਆਂ, ਧਰਮ ਧਰਮ ਦੇ ਬਿਖੜਿਆਂ ਆਪਣੀ ਨਾਲ ਲਗਾਏ ਛਾਤੀ, ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਘਰ ਵਿਚ ਘਰ

ਜਗਾਏ ਦੀਵਾ ਬਾਤੀ, ਨਿਜ ਨੇਤਰ ਕਰੇ ਰੁਸ਼ਨਾਈਆ । ਬਾਲਮੀਕ ਨਾਲ ਮਿਲਾਏ ਉਸ ਦਾ ਸਾਥੀ, ਜਿਸ ਦਾ ਜਨਮ ਰਵਿਦਾਸ ਪਹਿਲਾ ਰਹੇ ਗਾਈਆ । ਉਸ ਦਾ ਲਹਿਣਾ ਅਗਲੇ ਦਿਨ ਮਕੌਣਾ ਬਾਕੀ, ਬਾਕ਼ਾਇਦਾ ਤਰਤੀਬ ਨਾਲ ਲਿਖਾਈਆ । ਜਨ ਭਗਤੋ ਤੁਹਾਡੀ ਐਸ ਜਨਮ ਦੀ ਬਦਲ ਗਈ ਹਯਾਤੀ, ਹਾਜ਼ਰ ਹੋ ਕੇ ਦਇਆ ਕਮਾਈਆ । ਪਰਮ ਪੁਰਖ ਪਰਮਾਤਮ ਆਇਆ ਸਚਖੰਡ ਨਿਵਾਸੀ, ਨਿਵਾਸ ਆਪਣੇ ਚਰਨ ਰਖਾਈਆ । ਅਗੇ ਤੋਂ ਪਿਛੇ ਤੋਂ ਤੁਹਾਡੇ ਪ੍ਰੇਮ ਦਾ ਬਣਿਆ ਰਿਹਾ ਪਾਠੀ, ਜਨ ਭਗਤਾਂ ਢੋਲੇ ਗਾਈਆ । ਕੀ ਹੋਇਆ ਜੇ ਤੁਸੀਂ ਕ਼ਦਮਾਂ ਨਾਲ ਚਲ ਕੇ ਵਾਟੀ, ਉਹ ਸਚਖੰਡ ਛਡ ਕੇ ਭੱਜਾ ਵਾਹੋ ਦਾਹੀਆ । ਜਾਂ ਵੇਖੇ ਤੇ ਗੁਰਸਿਖ ਵੇਖੇ ਇਕ ਜਮਾਤੀ, ਇਕੋ ਢੋਲਾ ਰਹੇ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਇਹ ਕਿੱਡੀ ਸੋਹਣੀ ਸਾਖੀ, ਸਾਖ਼ਿਆਤ ਰਿਹਾ ਸਮਝਾਈਆ । ਜਿਸ ਦਾ ਹਿੱਸਾ ਨਾ ਵੰਡਿਆ ਤੇ ਨਾ ਵੰਡੇ ਉਰਦੂ ਫ਼ਾਰਸੀ, ਅੰਗਰੇਜ਼ੀ ਹਿੰਦੀ ਪੰਜਾਬੀ ਸਭ ਦਾ ਸਾਂਝਾ ਰਾਹ ਵਖਾਈਆ । ਕੋਈ ਤੰਦ ਸਿਤਾਰ ਨਾ ਵਜਾਏ ਰਬਾਬੀ, ਏਹੀ ਲੇਖਾ ਰਿਹਾ ਜਣਾਈਆ । ਸਭ ਦੀ ਆਤਮ ਸਭ ਦਾ ਪਰਮਾਤਮ ਸਭ ਦਾ ਸਾਥੀ, ਸਗਲਾ ਸੰਗ ਦਏ ਜਣਾਈਆ । ਉਹ ਅਨਾਥਾਂ ਦਾ ਨਾਥੀ, ਦਾਸਾਂ ਦਾ ਦਾਸੀ, ਸਵਾਸਾਂ ਦਾ ਸਵਾਸੀ, ਮੰਡਲਾਂ ਦਾ ਰਾਸੀ, ਗੋਪੀ ਕਾਹਨ ਨਾਚ ਨਚਾਈਆ । ਭਗਤਾਂ ਦੀ ਪਰਭਾਤੀ, ਸੁੱਖਾਂ ਦੀ ਰਾਤੀ, ਅੰਮ੍ਰਿਤ ਦੀ ਬੂੰਦ ਸਵਾਂਤੀ, ਕਰਨ ਆਇਆ ਠੰਡੀ ਛਾਤੀ, ਸਤਿ ਸਾਂਤਕ ਰੂਪ ਵਟਾਈਆ । ਵੇਸ ਵਟਾ ਕੇ ਲੋਕਮਾਤੀ, ਗੁਰਮੁਖਾਂ ਦੇਵੇ ਦਾਨ ਅੰਦਰ ਵੜਕੇ ਮਾਰੇ ਧਿਆਨ ਬਜਰ ਕਪਾਟੀ ਖੋਲ੍ਹ ਕੇ ਤਾਕੀ, ਤਕਵਾ ਆਪਣਾ ਦਏ ਜਣਾਈਆ । ਸਚ ਸਮਝੋ ਇਹ ਮਿਲਿਆ ਇਤਫ਼ਾਕੀ, ਲਹਿਣਾ ਦੇਣਾ ਚੁਕਾਏ ਬਾਕੀ, ਮਿਹਰਵਾਨ ਮਹਿਬੂਬ ਹੋਇਆ ਸਹਾਈਆ । ਨਿਗਾਹ ਮਾਰੇ ਵਿਚ ਮਹਿਰਾਬੀ, ਪਿਆਵਣਹਾਰਾ ਜਾਮ ਹਯਾਤੇ ਆਬੀ, ਬਖ਼ਸ਼ਣਹਾਰਾ ਜਨਮ ਕਰਮ ਦੀ ਆਜ਼ਾਦੀ, ਬਰਬਾਦੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ । ਵੀਹ ਸੌ ਇੱਕੀ ਦੂਰੋਂ ਪਈ ਬੋਲ, ਗੋਬਿੰਦ ਲਏ ਅੰਗੜਾਈਆ । ਜਗਤ ਸਿੰਘਾਸਣ ਸਾਰੇ ਗਏ ਡੋਲ, ਅਡੁਲ ਨਜ਼ਰ ਕੋਇ ਨਾ ਆਈਆ । ਪ੍ਰਭ ਦਾ ਨਾਉਂ ਲੈ ਕੇ ਸਾਰੇ ਮਾਰਦੇ ਰੋਲ, ਰੌਲੇ ਵਿਚ ਲੋਕਾਈਆ । ਸਭ ਦੇ ਪਰਦੇ ਆ ਕੇ ਫੋਲ, ਜੋ ਕਲਜੁਗ ਕੂੜੇ ਗੁਰੂ ਰੂਪ ਵਟਾਈਆ । ਲੇਖਾ ਆ ਕੇ ਵੇਖ ਉਪਰ ਧੌਲ, ਧਰਨੀ ਰਹੀ ਕੁਰਲਾਈਆ । ਬੀਸ ਇਕੀਸੇ ਤੇਰਾ ਕੌਲ, ਇਕ਼ਰਾਰ ਗਿਆ ਆਈਆ । ਫ਼ਰਕ ਪੈਣ ਨਹੀਂ ਦੇਣਾ ਰਤੀ ਚੌਲ, ਚੌਗਿਰਦ ਦੇਣਾ ਜਣਾਈਆ । ਆਪਣੇ ਨਾਮ ਦਾ ਵਜਾਵੇ ਸੱਚਾ ਢੋਲ, ਮਰਦੰਗਾ ਇਕੋ ਹੱਥ ਉਠਾਈਆ । ਜਿਹੜੇ ਤੇਰੇ ਭਗਤ ਉਹਨਾਂ ਸੱਦੇ ਕੋਲ, ਕੁਲ ਆਪਣੀ ਲਏ ਬਦਲਾਈਆ । ਝੂਠੀ ਮਾਇਆ ਵਿਚੋਂ ਰੋਲ, ਵਰੋਲ ਕੇ ਆਪਣੇ ਗਲੇ ਲਗਾਈਆ । ਦਏ ਵਡਿਆਈ ਉਪਰ ਧੌਲ, ਧਰਨੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੋਬਿੰਦ ਕਹੇ ਮੈਂ ਵੇਖਿਆ ਧੁਰ ਦਾ ਹਾਕਮ, ਤਖ਼ਤ ਨਿਵਾਸੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਹੋਇਆ ਮਾਤਮ, ਗ਼ਮੀ ਖ਼ੁਸ਼ੀ ਨਾ ਕੋਇ ਬਦਲਾਈਆ । ਹਰਿ ਕੇ ਰੂਪ ਦੇ ਪਿਛੇ ਨਾ ਕੋਇ ਮਹਾਤਮ, ਮਹਾਤਮਾ ਆਤਮਾ ਨਾ ਕੋਇ ਉਠਾਈਆ । ਜਲਵਾ ਕਰੇ ਕੋਈ ਨਾ ਬਾਤਨ, ਨੂਰ ਨੂਰ ਨਾ ਕੋਇ ਮਿਲਾਈਆ । ਰੂਹ ਬੁਤ ਨਾ ਦਿਸੇ ਪਾਕਨ, ਖ਼ਾਕੀ ਵਜੂਦ ਨਾ ਕੋਇ ਵਡਿਆਈਆ । ਜਨ ਭਗਤ ਸੁਹੇਲੇ ਥੋੜ੍ਹੇ ਦਿਸਣ ਦਾਸਨ, ਜੋ ਦਰਸੀ ਹੋ ਕੇ ਦਰਸ਼ਨ ਕਰਕੇ ਦਹਿ ਦਿਸ਼ਾ ਪ੍ਰੇਮ ਪ੍ਰੀਤੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਜ਼ਰ ਵਿਚੋਂ ਕਢਾਈਆ । ਸਿੰਘਾਸਣ ਤੋਂ ਪਹਿਲੋਂ ਧਰਤੀ ਕਰੇ ਪੁਕਾਰ, ਜਨ ਭਗਤਾਂ ਰਹੀ ਸੁਣਾਈਆ । ਮੈਨੂੰ ਕਰਾਓ ਉਹਦਾ ਦੀਦਾਰ, ਜਿਸ ਦਾ ਦੀਦ ਇਕ ਰੁਸ਼ਨਾਈਆ । ਜਿਸ ਦੇ ਸਭ ਕੁਛ ਅਖ਼ਤਿਆਰ, ਦੋ ਜਹਾਨਾਂ ਸ੍ਰੀ ਭਗਵਾਨਾ ਹੁਕਮ ਸੁਣਾਈਆ । ਜੋ ਆਦਿ ਜੁਗਾਦੀ ਧੁਰ ਦਾ ਯਾਰ, ਯਰਾਨੇ ਭਗਤਾਂ ਸੂਫ਼ੀਆਂ ਨਾਲ ਰਖਾਈਆ । ਜਿਸ ਦਾ ਜੱਨਤਾਂ ਤੋਂ ਬਾਹਰ ਮਜ਼ਾਰ, ਦਰਗਾਹ ਸਾਚੀ ਧਾਮ ਬੈਠਾ ਆਸਣ ਲਾਈਆ । ਜਿਸ ਦੀ ਕਲਮਿਆਂ ਤੋਂ ਬਾਹਰ ਕਲਾਮ, ਜਿਸ ਦਾ ਅੱਖਰਾਂ ਤੋਂ ਬਾਹਰ ਨਿਸ਼ਾਨ, ਜਗਤ ਜਹਾਨ ਵੇਖਣ ਕੋਇ ਨਾ ਪਾਈਆ । ਜਿਸ ਦਾ ਸਦਾ ਸਦਾ ਨਿਤ ਨਵਾਂ ਨਿਜ਼ਾਮ, ਹੁਕਮ ਸੰਦੇਸ਼ਾ ਧੁਰ ਪੈਗ਼ਾਮ, ਪੈਗ਼ੰਬਰਾਂ ਦਾ ਪੈਗ਼ੰਬਰ ਧੁਰ ਦਾ ਅਮਾਮ, ਅਮਨ ਦਾ ਦਾਤਾ ਇਕੋ ਨਜ਼ਰੀ ਆਈਆ । ਭਗਤਾਂ ਦਾ ਭਗਵਾਨ, ਸੰਤਾਂ ਦਾ ਮਿਹਰਵਾਨ, ਬਟਵਾਰੇ ਦੇ ਦਰ ਤੇ ਬੈਠਾ ਆਣ, ਗੋਪੀਆਂ ਦਾ ਕਾਹਨ, ਸੀਤਾ ਦਾ ਰਾਮ, ਸੁਰਤੀ ਦਾ ਬਿਸਰਾਮ, ਮੂਰਤੀ ਦਾ ਧਿਆਨ, ਅਕਾਲ ਅਕਾਲ ਨਜ਼ਰੀ ਆਈਆ । ਦਰਦੀਆਂ ਦਾ ਦਰਬਾਨ, ਦਰਵੇਸ਼ਾਂ ਦਾ ਧਿਆਨ, ਨਰੇਸ਼ਾਂ ਦਾ ਕਾਲ ਨਿਰੰਕਾਰ ਇਕ ਅਖਵਾਈਆ । ਸ਼ਬਦਾਂ ਦਾ ਗਿਆਨ, ਅਨੰਤਾਂ ਦਾ ਦਾਨ, ਸੁਤਾਂ ਦਾ ਭਾਨ, ਨੂਰ ਚੰਦ ਰੁਸ਼ਨਾਈਆ । ਕਰਤਿਆਂ ਦਾ ਕਲਿਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਧਰਨੀ ਕਹੇ ਮੇਰੀ ਰੁਤੀ ਵੇਖ ਮਿੱਟੀ, ਜੋ ਧੂੜ ਨਜ਼ਰੀ ਆਈਆ । ਜਿਸ ਵੇਲੇ ਬੈਠਾ ਸੀ ਬਾਲਮੀਕ ਰਿਖੀ, ਆਪਣਾ ਆਸਣ ਲਾਈਆ । ਇਕ ਦਿਨ ਉਸ ਨੇ ਹੱਥ ਵਿਚ ਸੋਟੀ ਫੜ ਕੇ ਤਿੱਖੀ, ਮੇਰੇ ਵਿਚ ਦਿਤੀ ਚੁਭਾਈਆ । ਮੈਂ ਡਾਹ ਕੇ ਆਪਣੀ ਪਿੱਠੀ, ਬੈਠੀ ਸੀਸ ਨਿਵਾਈਆ । ਅੰਦਰੋਂ ਦੁਹੱਥੜਾ ਮਾਰ ਕੇ ਪਿੱਟੀ, ਰੋ ਰੋ ਕੁਰਲਾਈਆ । ਮੈਂ ਵਜੂਦੋਂ ਨਿੱਕੀ, ਮੇਰੀ ਚਲੇ ਨਾ ਕੋਇ ਚਤੁਰਾਈਆ । ਓਧਰੋਂ ਇਕ ਰਾਹੀ ਆਇਆ ਜਿਸ ਦੇ ਉਤੇ ਚਾਦਰ ਚਿੱਟੀ, ਓਢਣ ਇਕੋ ਨਜ਼ਰੀ ਆਈਆ । ਉਸ ਨੇ ਵੇਖਿਆ ਮੈਂ ਰੋਂਦੀ ਉਹਨੂੰ ਦਿਸੀ, ਹੌਕਿਆਂ ਨਾਲ ਸੁਣਾਈਆ । ਉਹ ਮੈਨੂੰ ਮਿਲ ਕੇ ਇਕ ਦੇ ਗਿਆ ਚਿੱਠੀ, ਤਿੰਨਾਂ ਹਰਫ਼ਾਂ ਵਿਚ ਵਡਿਆਈਆ । ਜਿਸ ਵੇਲੇ ਪਰਮ ਪੁਰਖ ਪਰਮਾਤਮ ਸੰਤਾਂ ਦੀ ਬਣਾਵੇ ਸਿੱਖੀ, ਸਾਖ਼ਿਆਤ ਹੋਏ ਸਹਾਈਆ । ਉਸ ਵੇਲੇ ਕਮਲੀਏ ਉਸ ਨੂੰ ਲੇਖਾ ਦੱਸੀਂ, ਆਪਣਾ ਹਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਭੁਲ ਭੁਲ ਕਦੇ ਨਾ ਜਾਈਆ । ਮਿੱਟੀ ਕਹੇ ਮਿੱਟੀ ਪ੍ਰਭ ਦੀ, ਸਿੰਘਾਸਣ ਥੱਲੇ ਧਿਆਨ ਲਗਾਈਆ । ਜੋ ਸਾਂਭ ਰੱਖੀ ਚਿਰ ਦੀ, ਚਿਰੀ ਵਿਛੁੰਨੀ ਆਪਣੀ ਝੋਲੀ ਪਾਈਆ । ਜਿਸ ਵਿਚ ਆਸ ਉਸ ਪਿਰ ਦੀ, ਜੋ ਪ੍ਰੇਮੀਆਂ ਦਾ ਪ੍ਰੇਮੀ, ਨੇਮੀਆਂ ਦਾ ਨੇਮੀ, ਹੇਮੀਆਂ ਦਾ ਹੇਮੀ, ਹੇਮਕੁੰਡ ਵਾਲੇ ਨੂੰ ਨਾਲ ਮਿਲਾਈਆ । ਜਿਸ ਨੇ ਤਾਰੇ ਸਧਨਾ ਸੈਣੀ, ਰਵਿਦਾਸ ਚੁਮਾਰੇ ਦਿਤੀ ਵਡਿਆਈਆ । ਉਸ ਦਾ ਦਰਸ਼ਨ ਕਰਾਂ ਨੈਣੀਂ, ਨਿਜ ਘਰ ਦਰਸ਼ਨ ਆਪਣੇ ਪਾਈਆ । ਉਹਦੀ ਭਗਤਾਂ ਦੀ ਸੰਗਤ ਦੀ ਚੰਗੀ ਲਗੀ ਬਹਿਣੀ, ਜਿਹੜੇ ਚੁਪ ਚੁਪੀਤੇ ਆਤਮ ਅਤੀਤੇ ਸਚ ਪ੍ਰੀਤੇ ਵਿਚ ਸਮਾਈਆ । ਨਾ ਢੋਲਕ ਤੇ ਨਾ ਛੈਣੇ, ਪਰਮ ਪੁਰਖ ਦੇ ਭਾਣੇ ਜਿਨ੍ਹਾਂ ਨੇ ਸਹਿਣੇ, ਸਦ ਸਦ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਮੁਕੇ ਪਿਛਲੇ ਲਹਿਣੇ, ਅਗਲੇ ਦੇਣੇ ਦੇਵਣਹਾਰ ਦੇ ਦੇ ਆਪਣੀ ਖ਼ੁਸ਼ੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਉਹ ਮਿੱਟੀ ਕਹੇ ਮੇਰੀ ਆਸ ਅੰਦਰੂਨੀ, ਬਾਹਰੋਂ ਸੁਣਨ ਕੋਇ ਨਾ ਪਾਈਆ । ਮੇਰਾ ਨਾਤਾ ਤੁਟਿਆ ਬੈਰੂਨੀ, ਸਚ ਦਿਆਂ ਸਮਝਾਈਆ । ਮੈਂ ਦਰ ਮਾਲਕ ਦੇ ਹੋਈ ਮਮਨੂਨੀ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਸਾਹਿਬ

ਬੜਾ ਅਸੂਲੀ, ਅਸਲੀਅਤ ਦੇ ਸਮਝਾਈਆ । ਤੇਰਾ ਭਗਤਾਂ ਨੂੰ ਮਿਲਣਾ ਗੱਲ ਮਾਮੂਲੀ, ਤੈਨੂੰ ਲਭਣਾ ਦੁਸ਼ਵਾਰ ਲਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਮਿੱਟੀ ਕਹੇ ਮੈਂ ਮਿੱਟੀ ਨਹੀਂ ਮਾਟੀ, ਮਟਕੇ ਬਣੌਣ ਵਾਲੀ ਨਜ਼ਰੀ ਆਈਆ । ਜਿਸ ਵਿਚ ਗਵਾਲਿਆਂ ਦੇ ਘਰੋਂ ਦੁਧ ਜੰਮਿਆਂ ਵਿਚ ਚਾਟੀ, ਚਟੂਰੇ ਕਹਿਕੇ ਖ਼ੁਸ਼ੀ ਵਖਾਈਆ । ਜਿਸ ਵੇਲੇ ਗੋਬਿੰਦ ਹੋ ਕੇ ਭੰਨੇ ਮਾਰ ਸਾਟੀ, ਠੀਕਰੀਆਂ ਤੋੜ ਵਖਾਈਆ । ਓਸ ਵੇਲੇ ਯਾਦ ਰਖੀਂ ਮੈਨੂੰ ਇਕ ਗੱਲ ਆਖੀ, ਹੌਲੀ ਜਿਹੀ ਦਿਤੀ ਸਮਝਾਈਆ । ਜੇ ਤੂੰ ਨਾ ਮੇਰੀ ਪਤ ਰਾਖੀ, ਤੈਨੂੰ ਗੋਬਿੰਦ ਕਹੇ ਕੋਈ ਨਾ ਰਾਈਆ । ਓਸ ਨੇ ਕਿਹਾ ਆਹ ਲੈ ਮੇਰੀ ਪਾਤੀ, ਪਤਣ ਦੇ ਕੰਢੇ ਤੈਨੂੰ ਦਿਆਂ ਫੜਾਈਆ । ਜਿਸ ਵੇਲੇ ਆਇਆ ਮੇਰਾ ਪੁਰਖ ਅਬਿਨਾਸ਼ੀ, ਧੁਰ ਦਾ ਮੇਰਾ ਜੋੜ ਜੁੜਾਈਆ । ਉਹਨੇ ਬਟਵਾਰੇ ਦਾ ਲਹਿਣਾ ਦੇਣਾ ਬਾਕੀ, ਹਿਸਾਬ ਕਿਤਾਬ ਲੇਖੇ ਵਿਚੋਂ ਚੁਕਾਈਆ । ਉਹ ਤਾਜਾਂ ਦਾ ਮਾਲਕ, ਖ਼ਲਕ ਦਾ ਖ਼ਾਲਕ, ਭਗਤਾਂ ਦਾ ਪਾਲਕ, ਸੰਤਾਂ ਦਾ ਸਾਲਸ ਹੋ ਕੇ ਵੇਸ ਵਟਾਈਆ । ਖ਼ਾਲਸਾਂ ਦਾ ਖ਼ਾਲਸ, ਭਗਤਾਂ ਦੀ ਅਮਾਨਤ, ਸਹੀ ਸਲਾਮਤ ਉਹਨਾਂ ਦੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਖ਼ਾਲਕ ਕਹੇ ਮੈਂ ਬੇਸ਼ਕ ਖ਼ਾਕੀ, ਖ਼ਾਕੇ ਸਭ ਦੇ ਰਿਹਾ ਬਣਾਈਆ । ਜਿੰਨਾਂ ਚਿਰ ਮੇਰੀ ਧੂੜ ਕਿਸੇ ਮਸਤਕ ਲਗੇ ਨਾ ਓਨਾਂ ਚਿਰ ਨਾ ਮੁਕਦੀ ਵਾਟੀ, ਗੁਰ ਪੀਰ ਰਹਿਮ ਨਾ ਕੋਇ ਕਮਾਈਆ । ਮੈਂ ਭਗਤਾਂ ਦਾ ਸਦਾ ਸਾਥ ਦੇਵਾਂ ਬਣਕੇ ਸਾਥੀ, ਸਗਲਾ ਸੰਗ ਨਿਭਾਈਆ । ਜੇ ਗੁਰਮੁਖ ਮੰਨਣ ਮੇਰੀ ਆਖੀ, ਗੁਰਮੁਖ ਮੇਰੇ ਵਾਂਗ ਖ਼ਾਕ ਹੋ ਕੇ ਪ੍ਰਭ ਚਰਨ ਧੂੜ ਲਗਾ ਕੇ ਆਪਣਾ ਆਪ ਦੇਣ ਤਜਾਈਆ । ਕਿਉਂ ਨਾ ਜਗੇ ਉਹਨਾਂ ਦਾ ਦੀਵਾ ਬਾਤੀ, ਘਰ ਆਏ ਕਿਉਂ ਨਾ ਸੱਚਾ ਮਾਹੀਆ । ਉਹ ਕਿਸ ਤਰਾ ਵਿਛੋੜਾ ਹੋਵੇ ਭਗਤਾਂ ਦਾ ਸਾਰੀ ਰਾਤੀ, ਇਕੱਲਿਆਂ ਨੀਂਦ ਕਦੇ ਨਾ ਆਈਆ । ਗੋਬਿੰਦ ਲੇਖਾ ਪੁਰਖ ਸਮਰਾਥੀ, ਦਾਸਾਂ ਦਾ ਦਾਸ, ਸਵਾਸਾਂ ਦਾ ਸਵਾਸ, ਆਸਾਂ ਦਾ ਆਸ, ਪਰਕਾਸ਼ਾਂ ਦਾ ਪਰਕਾਸ਼, ਨਿਵਾਸਾਂ ਦਾ ਨਿਵਾਸ, ਬਹੁਭਾਂਤੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਹਰਿਜਨ ਸਾਚੇ ਪਾਰ ਲੰਘਾਈਆ । ਖ਼ਾਕ ਕਹੇ ਤਾਂ ਮੰਨਾਂ ਜੇ ਸਿਰ ਤੋਂ ਲਾਹਵੇਂ ਕਲਗੀ, ਕਲਗੀ ਵਾਲੇ ਆਪਣੀ ਕਲ ਵਰਤਾਈਆ । ਮੇਰਾ ਗ਼ਰੀਬਣੀ ਦਾ ਹੋਵੇਂ ਦਰਦੀ, ਭਗਵਨ ਹੋ ਕੇ ਦਰਦ ਵੰਡਾਈਆ । ਮੈਨੂੰ ਤੇਰੇ ਥੱਲੇ ਬੈਠਿਆਂ ਲਗੇ ਮੂਲ ਨਾ ਸਰਦੀ, ਜਗਤ ਠੰਡਕ ਨਜ਼ਰ ਨਾ ਆਈਆ । ਪਿਛਲੀ ਰਾਤ ਧੂੜ ਭਗਤਾਂ ਦੀ ਸੇਵਾ ਰਹੀ ਕਰਦੀ, ਟਿੱਕੇ ਮਸਤਕ ਸਭ ਦੇ ਲਾਈਆ । ਮੈਂ ਬੈਠੀ ਰਹੀ ਡਰਦੀ, ਆਪਣੀ ਨਾ ਅੱਖ ਖੁਲ੍ਹਾਈਆ । ਜਿਸ ਵੇਲੇ ਰੈਣ ਆਈ ਮੇਰੇ ਯਾਰ ਦੀ, ਯਰਾਨਾ ਪਿਛਲਾ ਯਾਦ ਕਰਾਈਆ । ਬਾਲਮੀਕ ਹੁਣ ਲੋੜ ਨਹੀਂ ਕਿਸੇ ਵਿਚਾਰ ਦੀ, ਵਿਚਰੇ ਹੋਏ ਲੇਖੇ ਪੂਰ ਕਰਾਈਆ । ਮੈਂ ਓਸ ਨੂੰ ਕਦੇ ਨਾ ਵਿਸਾਰਦੀ, ਜੋ ਵਿਸਰ ਗਿਆਂ ਆਪਣੇ ਨਾਲ ਜੁੜਾਈਆ । ਮੈਂ ਭੁੱਖੀ ਓਸ ਦੇ ਪਿਆਰ ਦੀ, ਜਿਸ ਦਾ ਪ੍ਰੇਮ ਪ੍ਰੇਮਿਕਾ ਸਕੇ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਛਲੀ ਧੂੜੀ ਦੀ ਲੇਖੇ ਲਾਏ ਮਜ਼ਦੂਰੀ, ਜ਼ਰੂਰੀ ਆਪਣੇ ਚਰਨਾਂ ਨਾਲ ਛੁਹਾਈਆ । ਚਰਨਾਂ ਨਾਲ ਛੋਹ ਕੇ ਗਾਉਂਦੀ ਉਠੀ ਗੀਤ, ਭਗਤਾਂ ਰਹੀ ਸੁਣਾਈਆ । ਵੀਰੋ ਤੁਹਾਡਾ ਮੀਤ, ਪੀਰੋ ਤੁਹਾਡਾ ਬੇਪਰਵਾਹੀਆ । ਗੁਰ ਅਵਤਾਰੋ ਤੁਹਾਡਾ ਮਿਤਰ ਠੀਕ, ਪਰਮੇਸ਼ਵਰ ਨੂਰ ਖ਼ੁਦਾਈਆ । ਜਿਸ ਦੇ ਵਿਚ ਇਕ

ਤੌਫ਼ੀਕ, ਤੁਆਰਫ਼ ਸਿੱਧਾ ਆਪਣੇ ਨਾਲ ਕਰਾਈਆ । ਨਾ ਭਾਗ ਵੇਖੇ ਨਾ ਨਸੀਬ, ਨਾ ਕਰਮ ਜਨਮ ਸਮਝਾਈਆ । ਜਿਸ ਉਪਰ ਕਿਰਪਾ ਕੀਤੀ ਓਸ ਦਾ ਲੇਖੇ ਲਗਾ ਸੀਸ, ਜਗਦੀਸ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਇਕ ਅਖਵਾਈਆ । ਧੁਰ ਕਹੇ ਪ੍ਰਭ ਬੰਨ੍ਹ ਲੈ ਸੇਹਰਾ, ਤਾਜ ਤਖ਼ਤ ਤੇਰਾ ਤੋਹੇ ਭਾਈਆ । ਸ਼ਹਿਨਸ਼ਾਹ ਹੋ ਕੇ ਕਰੇਂ ਮਿਹਰਾ, ਰਹਿਮਤ ਮੇਘ ਬਰਸਾਈਆ । ਭਗਤਾਂ ਅੰਦਰ ਲਾ ਕੇ ਡੇਰਾ, ਡੰਕਾ ਇਕ ਵਜਾਈਆ । ਸੰਤਾਂ ਵਸਾ ਕੇ ਸਾਚੇ ਖੇੜਾ, ਘਰ ਮੰਦਰ ਸੁਹਾਈਆ । ਗੁਰਮੁਖਾਂ ਭੇਵ ਚੁਕਾ ਕੇ ਮੇਰਾ ਤੇਰਾ, ਪੜਦਾ ਦਿਤਾ ਉਠਾਈਆ । ਗੁਰਮੁਖਾਂ ਕਰ ਕੇ ਸਚ ਨਿਬੇੜਾ, ਬੇੜਾ ਬੰਨੇ ਦਿਤਾ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਜਾਣੇ ਕਿਹੜਾ, ਵੇਦ ਕਤੇਬ ਸ਼ਾਸਤਰ ਸਿਮਰਤ ਪੁਰਾਨ ਅੰਜੀਲ ਕੁਰਾਨ ਤੇਰੀਆਂ ਸਿਫ਼ਤਾਂ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਭੇਵ ਖੁਲ੍ਹਾਈਆ ।

ਸਭ ਦੇ ਬਚਨ ਅਨੋਖੇ ਸੁਣ ਕੇ ਬੋਲੀ ਰੈਣ ਭਿੰਨੜੀ, ਭੁਲਿਆਂ ਭਟਕਿਆਂ ਰਹੀ ਸੁਣਾਈਆ । ਪਤਾ ਨਹੀਂ ਅਗੇ ਖੇਲ ਕਿੰਨੜੀ, ਵੱਡੀ ਛੋਟੀ ਨਾ ਕੋਈ ਸਮਝਾਈਆ । ਇਕੋ ਵੇਖਿਆ ਭਗਤਾਂ ਨਾਲ ਭਗਵਾਨ ਦੀ ਹੁੰਦੀ ਮਿਲਣੀ, ਮਿਲਾਪ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਆਪਣੀ ਦਇਆ ਕਮਾਈਆ । ਭਿੰਨੜੀ ਰੈਣ ਕਹੇ ਮੇਰਾ ਨਿਕਲਿਆ ਹਾਸਾ, ਹਸਤੀ ਵੇਖੀ ਬੇਪਰਵਾਹੀਆ ।

ਮੈਂ ਸਮਝ ਨਾ ਸਕੀ ਇਹ ਕੀ ਖੇਲ ਕਿਹੜਾ ਤਮਾਸ਼ਾ, ਕਿਹੜਾ ਨਟੂਆ ਆਪਣਾ ਸਾਂਗ ਵਰਤਾਈਆ । ਮੈਂ ਜਾਣ ਨਾ ਸਕੀ ਦਾਸੀ ਕੇ ਦਾਸਾ, ਕਿ ਦਸਤਗੀਰ ਹੋ ਕੇ ਆਪਣਾ ਦਸਤ ਮਿਲਾਈਆ । ਮੈਨੂੰ ਕਿਸੇ ਦੱਸਿਆ ਇਹਦਾ ਓਹਨਾਂ ਨਾਲ ਸਾਥਾ, ਜਿਨ੍ਹਾਂ ਨੂੰ ਬਖ਼ਸ਼ੇ ਆਪ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਉਹਨਾਂ ਦਾ ਮੰਨੇ ਆਖਾ, ਜਿਨ੍ਹਾਂ ਨਾਲ ਇਹਦਾ ਜੁੜਿਆ ਨਾਤਾ, ਬਿਧਾਤਾ ਬਿਧ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਭਿੰਨੜੀ ਰੈਣ ਕਹੇ ਮੋਹੇ ਚਾਉ ਘਨੇਰਾ, ਘੜੀ ਪਲ ਖ਼ੁਸ਼ੀ ਮਨਾਈਆ । ਮੇਰੇ ਅੰਤਰ ਅੰਦਰ ਲਾਇਆ ਸਚ ਵਸੇਰਾ, ਸਿੰਘਾਸਣ ਸਾਹਿਬ ਸੁਹਾਈਆ । ਚਾਰੋਂ ਕੁੰਟ ਭਗਤਾਂ ਘੇਰਾ, ਸੋਹਣਾ ਰੰਗ ਚੜ੍ਹਾਈਆ । ਇਕੱਠਿਆਂ ਦਾ ਇਕੱਠਾ ਕਰੇ ਨਿਬੇੜਾ, ਵਖਰੀ ਵੰਡ ਨਾ ਕੋਇ ਜਣਾਈਆ । ਬੇੜੀ ਉਤੇ ਚਾੜ੍ਹ ਕੇ ਤਾਰਿਆ ਬੇੜਾ, ਬੇੜੇ ਦਾ ਮਾਲਕ ਖੇਵਟ ਖੇਟਾ, ਪਿਉ ਪਿਤਾ ਪੂਤ ਬੇਟਾ, ਆਪਣਾ ਖੇਲ ਵਖਾਈਆ । ਆਰ ਪਾਰ ਵਖਾ ਕੇ ਲੇਖਾ, ਲਹਿਣਾ ਆਇਆ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾਰ ਦਇਆਵਾਨ ਵਿਚ ਧਿਆਨ ਸਰਬ ਰਖਾਈਆ । ਭਿੰਨੜੀ ਰੈਣ ਕਹੇ ਮੈਂ ਵੇਖੇ ਚੋਟੀ ਪਰਬਤ, ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਖੋਜ ਖੁਜਾਈਆ । ਹੇਮਕੁੰਡ ਦਾ ਮਾਲਕ ਕਹੇ ਵੇਖਿਆ ਸੋਹਣਾ ਕਰਤਬ, ਕਲ ਕਰਤਾ ਆਪਣਾ ਆਪ ਪਰਗਟਾਈਆ । ਜਨ ਭਗਤਾਂ ਲੇਖਾ ਜਾਣੇ ਹਰਦਮ, ਅੰਤਰ ਆਤਮ ਖੋਜ ਖੁਜਾਈਆ । ਮਿਹਰਵਾਨ ਹੋ ਕੇ ਹੋਇਆ ਮਹਿਰਮ, ਮਹਿਬੂਬ ਨੂਰ ਖ਼ੁਦਾਈਆ । ਪਿਆਰ ਮੁਹੱਬਤ ਵਿਚ ਹੋਇਆ ਸਹਿਮਤ, ਜਨਮ ਮਰਨ ਦਾ ਸਹਿਮ ਗਵਾਈਆ । ਰਹੀਮਾਂ ਦਾ ਮਾਲਕ ਕਰਨ ਆਇਆ ਰਹਿਮਤ, ਰਹਿਮਾਨ ਆਪਣੀ

ਰਮਜ਼ ਲਗਾਈਆ । ਜਨ ਭਗਤੋ ਤੁਹਾਨੂੰ ਕਰਨੀ ਪਏ ਨਾ ਕੋਈ ਮਿਹਨਤ, ਸ਼ਬਦ ਇਸ਼ਾਰੇ ਨਾਲ ਪਾਰ ਲੰਘਾਈਆ । ਜਿਸ ਨੂੰ ਪਰਮ ਪੁਰਖ ਦੀ ਇਕ ਵਾਰ ਲਗ ਗਈ ਸੈਨਤ, ਓਹ ਸੈਂਕੜੇ ਜਨਮਾਂ ਦਾ ਪਾਪ ਗਿਆ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਏ ਬਹਾਈਆ । ਭਿੰਨੜੀ ਰੈਣ ਕਹੇ ਮੈਂ ਤਕਿਆ ਸ਼ਾਹੋ ਭੂਪ, ਰਾਜ ਰਾਜਾਨਾ ਨਜ਼ਰੀ ਆਈਆ । ਨੂਰਾਂ ਦਾ ਨੂਰ ਸਤਿ ਸਰੂਪ, ਜ਼ਹੂਰਾਂ ਦਾ ਜ਼ਹੂਰ ਜਲਵਾਗਰ ਆਪ ਅਖਵਾਈਆ । ਜਿਸ ਦਾ ਵਸੇਰਾ ਚਾਰੇ ਕੂਟ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਓਹ ਨਾਤਾ ਤੋੜੇ ਝੂਠ, ਕੂੜ ਦਏ ਮਿਟਾਈਆ । ਸੰਤ ਸੁਹੇਲੇ ਬਣਾ ਕੇ ਪੂਤ, ਪਿਤਾ ਪੂਤ ਗੋਦ ਉਠਾਈਆ । ਉਜਲ ਕਰ ਕੇ ਮੁਖ, ਮੁਫ਼ਤ ਆਪਣਾ ਨਾਮ ਝੋਲੀ ਪਾਈਆ । ਮਾਤ ਗਰਭ ਦਾ ਦਸ ਦਸ ਮਾਸ ਅਗਨ ਤਪਣ ਦਾ ਰਹੇ ਕਿਸੇ ਨਾ ਦੁਖ, ਉਲਟਾ ਰੁਖ਼ ਨਾ ਕੋਇ ਲਟਕਾਈਆ । ਅੰਤਕਾਲ ਅੰਤ ਪਤਿਪਰਮੇਸ਼ਵਰ ਆਪਣੀ ਗੋਦੀ ਲਏ ਚੁਕ, ਚਾਰ ਕੁੰਟ ਚੁਕੰਨਾ ਹੋ ਕੇ ਆਪਣੀ ਸੇਵ ਕਮਾਈਆ । ਜੇ ਕੋਈ ਭਗਤ ਅਗੋਂ ਲਏ ਪੁੱਛ, ਪ੍ਰਭੂ ਤੇਰਾ ਕਿਹੜਾ ਘਰ ਕਿਹੜਾ ਦਰ ਕਿਹੜਾ ਥਾਂ, ਕਿਹੜਾ ਪਿਤਾ ਕਿਹੜੀ ਮਾਂ, ਕਿਹੜਾ ਗੋਦ ਉਠਾਈਆ । ਓਥੇ ਸ੍ਰੀ ਭਗਵਾਨ ਨੂੰ ਇਕੋ ਕਰਨੀ ਪਏ ਹਾਂ, ਹਮਾਰਾ ਦੇਸ ਗੁਰਮੁਖ ਭੇਖ, ਜਿਸ ਵਿਚ ਅਲੇਪ ਨਿਰਗੁਣ ਬੈਠਾ ਆਸਣ ਲਾਈਆ । ਉਠ ਬੱਚਿਆ ਨਿਜ ਨੇਤਰ ਪੇਖ, ਤੈਨੂੰ ਦੱਸਾਂ ਆਪਣਾ ਦੇਸ, ਜਿਥੇ ਕੋਟਨ ਕੋਟ ਰੁਲਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਵਾਸਤਾ ਪਾਈਆ । ਆਦਿ ਜੁਗਾਦਿ ਸਦਾ ਰਹਾਂ ਹਮੇਸ਼, ਨਿਤ ਨਵਿਤ ਇਕੋ ਰੰਗ ਸਮਾਈਆ । ਜਿਸ ਘਰ ਵਿਚ ਮਿਲਦੀ ਪ੍ਰਭ ਚਰਨ ਦੀ ਟੇਕ, ਟਿੱਕਾ ਇਕੋ ਦੇਵੇ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜੇ ਕੋਈ ਭਗਤ ਪੁਛੇ ਪ੍ਰਭ ਤੇਰਾ ਕਿਹੜਾ ਇਸ਼ਕ, ਆਸ਼ਕਾਂ ਨਾਲੋਂ ਵਖਰਾ ਦੇ ਸਮਝਾਈਆ । ਪੁਰਖ ਅਕਾਲ ਕਹੇ ਓਹ ਭਗਤ, ਵੇਖ ਮੇਰੇ ਚਰਨਾਂ ਦਾ ਇਸ਼ਕ ਖੁਲ੍ਹੇ ਤੇਰੀ ਦ੍ਰਿਸ਼ਟ, ਜਿਸ ਨੂੰ ਤਰਸੇ ਰਾਮ ਤੇ ਵਸ਼ਿਸ਼ਟ, ਵਿਸ਼ਿਆਂ ਵਾਲਾ ਰਾਮ ਪਰਨਾਮ ਕਰ ਕਰ ਸੀਸ ਨਿਵਾਈਆ । ਅੱਖ ਖੋਲ੍ਹ ਆਹ ਵੇਖ ਮੇਰੇ ਕੋਲ ਫ਼ਰਿਸਤ, ਜਿਸ ਨਾਲ ਫ਼ੈਸਲੇ ਹਕ ਸੁਣਾਈਆ । ਓਹ ਭਗਤੋ, ਵੇਖੋ ਰੋਂਦੇ ਤੁਹਾਡੇ ਥੱਲੇ ਸਵਰਗ ਤੇ ਬਹਿਸ਼ਤ, ਤੁਹਾਡੇ ਚਰਨ ਚੁੰਮ ਚੁੰਮ ਆਪਣੀ ਖ਼ੁਸ਼ੀ ਮਨਾਈਆ । ਕਿਉਂ ਮੇਰਾ ਹੱਥ ਤੁਹਾਡੀ ਪਨਾਹ ਪੁਸ਼ਤ, ਤੁਹਾਡੇ ਨੇੜ ਨਾ ਆਵੇ ਕੋਈ ਦੁਸ਼ਟ, ਦੂਤੀ ਸਾਰੇ ਦਿਆਂ ਖਪਾਈਆ । ਜੋ ਕਿਹਾ ਸੋ ਦਰੁਸਤ, ਰਵਿਦਾਸ ਚੁਮਾਰਾ ਲਿਖ ਲਿਖ ਦਏ ਗਵਾਹੀਆ । ਸਭ ਨੇ ਆਪਣੀ ਕਰਨੀ ਲੈਣੀ ਭੁਗਤ, ਬਿਨ ਭਗਤੀਉਂ ਭਗਤ ਪਾਰ ਲੰਘਾਈਆ । ਇਹੋ ਜਿਹਾ ਅਗੇ ਸਮਾਂ ਕਿਸੇ ਨੂੰ ਨਹੀਂ ਮਿਲਿਆ ਵਕ਼ਤ, ਜੋ ਵਕ਼ਤ ਦਾ ਮਾਲਕ ਆਪਣੇ ਗਲੇ ਲਗਾਈਆ । ਨਾ ਕਿਸੇ ਵਿਚ ਆਪਣੀ ਆਈ ਸ਼ਕਤ, ਸਾਰੇ ਨਿਉਂ ਨਿਉਂ ਸੀਸ ਨਿਵਾਈਆ । ਹੁਕਮੇ ਅੰਦਰ ਕਰਦੇ ਰਹੇ ਹਰਕਤ, ਲੋਕਮਾਤ ਫੇਰਾ ਪਾਈਆ । ਇਕੋ ਪ੍ਰਭ ਦੇ ਵਿਚ ਬਰਕਤ, ਜੋ ਬੰਦੀਖ਼ਾਨਾ ਦਏ ਖੁਲ੍ਹਾਈਆ । ਜੇ ਕੋਈ ਪਿਛੇ ਰਹਿ ਗਿਆ ਫ਼ਰਕ, ਬਾਲਮੀਕ ਹੁਣ ਲੇਖਾ ਸਾਫ਼ ਲੈ ਕਰਾਈਆ । ਔਹ ਵੇਖ ਗੋਬਿੰਦ ਨਾਲ ਲੱਗੀ ਸ਼ਰਤ, ਸਾਹਮਣੇ ਹੁਕਮ ਰਿਹਾ ਮਨਾਈਆ । ਮੈਂ ਵੇਖਣੇ ਦੋਵੇਂ ਤਰਫ਼, ਇਕ ਗੋਬਿੰਦ ਤੇ ਇਕ ਭਗਤ, ਦੋਹਾਂ ਦਾ ਮੇਲਾ ਸਹਿਜ ਸੁਭਾਈਆ । ਇਹੋ ਖੇਲ ਅਸਚਰਜ, ਜਿਸਨੂੰ ਸਮਝਣ ਵਾਲਾ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮਰਦਾਂ ਦਾ ਮਰਦ, ਦਰਦਾਂ ਦਾ ਦਰਦ, ਕਰਦਾਂ ਦਾ ਕਰਦ, ਲੱਖ ਚੁਰਾਸੀ ਕਟ ਵਢ ਠੀਕ ਕਰਾਈਆ ।

ਇਹ ਗੋਬਿੰਦ ਦੀ ਅਰਜ਼, ਆਪਣਾ ਪੂਰਾ ਕਰਨਾ ਫ਼ਰਜ਼, ਦੋ ਜਹਾਨਾਂ ਵਜੌਣਾ ਆਪਣਾ ਤਾਲ ਤਰਜ਼, ਤਲਵਾੜਾ ਇਕੋ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤੋ ਤੁਹਾਨੂੰ ਫੇਰੇ ਜਹਾਨ ਵਿਚ ਨਿਧੜਕ, ਚਿਤਰ ਗੁਪਤ ਰਾਏ ਧਰਮ ਤੁਹਾਡੇ ਪੈਰਾਂ ਹੇਠਾਂ ਆਪਣੇ ਹੱਥ ਰਿਹਾ ਵਿਛਾਈਆ । ਨਾਲੇ ਡਰੇ ਨਾਲੇ ਰੋਵੇ ਨਾਲੇ ਪੁੱਛੇ ਭਗਤੋ ਤੁਹਾਡਾ ਜੇ ਕੋਈ ਹੋ ਗਿਆ ਹਰਜ, ਮੈਥੋਂ ਹਰਜਾਨਾ ਲਓ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲੇ ਸਹਿਜ ਸੁਭਾਉ ਕਰਾਈਆ । ਭਿੰਨੜੀ ਰੈਣ ਕਹੇ ਵੇਖੋ ਨੀ ਮੈਂ ਅੰਦਰੋਂ ਹਸਦੀ, ਹਸਤੀ ਵੇਖ ਬੇਪਰਵਾਹੀਆ । ਖ਼ੁਸ਼ੀਆਂ ਨਾਲ ਨਸਦੀ, ਪਿਛਲਾ ਪੰਧ ਮੁਕਾਈਆ । ਭਗਤਾਂ ਨੂੰ ਦੱਸਦੀ, ਦਹਿ ਦਿਸ਼ਾ ਸੁਣਾਈਆ । ਖੇਲ ਪੁਰਖ ਸਮਰਥ ਦੀ, ਵੇਖੋ ਜਗਤ ਲੋਕਾਈਆ । ਇਕ ਗਲ ਸਚੀ, ਇਹਨੂੰ ਕੋਈ ਬਖ਼ਸ਼ੀ ਹੋਈ ਅੱਖ ਤਕਦੀ, ਦੂਜਾ ਵੇਖਣ ਕੋਇ ਨਾ ਪਾਈਆ । ਕਿਉਂ ਇਸ ਦੇ ਵਿਚ ਨੂਰੀ ਚਮਕ ਹਕ ਦੀ, ਜੋ ਹਕੀਕਤ ਦਏ ਸਮਝਾਈਆ । ਗੁਰਮੁਖ ਸਖੀ ਵੇਖ ਕਦੀ ਨਾ ਥਕਦੀ, ਥਕਾਵਟ ਆਪਣੀ ਲਏ ਗਵਾਈਆ । ਭਗਤ ਸੁਹੇਲੀ ਕਦੇ ਨਾ ਅਕਦੀ, ਆਕ਼ਬਤ ਵਿਚ ਵੇਖੇ ਨੂਰ ਖ਼ੁਦਾਈਆ । ਸਿਰ ਚਰਨਾਂ ਉਤੇ ਸਟਦੀ, ਕ਼ਦਮਬੋਸੀ ਲੈ ਲੈ ਆਪਣਾ ਰਸ ਮਖ਼ਮੂਰੀ ਵਿਚ ਬਦਲਾਈਆ । ਇਹ ਖੇਲ ਨਹੀਂ ਕਿਸੇ ਦੇ ਵਸ ਦੀ, ਜਿਸ ਨੂੰ ਭਾਵੇ ਆਪਣੇ ਨਾਲ ਲਏ ਮਿਲਾਈਆ । ਗੋਬਿੰਦ ਕਿਹਾ ਇਹ ਧਾਰ ਤਿੱਖੀ ਓਸ ਫੱਟ ਦੀ, ਜਿਸ ਦਾ ਫੱਟੜ ਕੀਤਾ ਉਠ ਕੋਇ ਨਾ ਜਾਈਆ । ਪੁਰਖ ਅਕਾਲ ਕਿਹਾ ਗੋਬਿੰਦ ਇਹ ਭਗਤ ਜੜ੍ਹ ਤੇਰੀ ਰਤ ਦੀ, ਜੋ ਗੁਰਮੁਖ ਨਜ਼ਰੀ ਆਈਆ । ਨੀਆਂ ਵਾਲੀ ਕਹਾਣੀ ਸਚ ਦਸਦੀ, ਛੋਟੇ ਬੱਚੇ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਭਿੰਨੜੀ ਰੈਣ ਕਹੇ ਮੇਰੇ ਨੇਤਰਾਂ ਅਥਰੂ ਕਿਰੇ ਮੋਤੀ, ਅੰਬਰ ਧਾਰ ਵਹਾਈਆ । ਮੈਂ ਪੁਛਿਆ ਕਿਉਂ, ਓਹਨਾਂ ਕਿਹਾ ਕਮਲੀਏ ਤੂੰ ਤਕਿਆ ਨਹੀਂ ਉਹ ਮਾਲਕਾਂ ਦਾ ਮਾਲਕ ਨੂਰਾਂ ਦਾ ਨੂਰ ਜੋਤੀ, ਜੋਤ ਸਰੂਪ ਬੈਠਾ ਆਸਣ ਲਾਈਆ । ਤੂੰ ਕਿਥੇ ਰਹੀ ਸੋਤੀ, ਸੁੱਤੀ ਨਾ ਲਈ ਅੰਗੜਾਈਆ । ਤੈਨੂੰ ਅਜੇ ਤਕ ਕ਼ਲਮ ਦੀ ਹੁੱਜ ਨਹੀਂ ਮਾਰੀ ਮੋਚੀ, ਜਿਹੜਾ ਲੇਖੇ ਰਿਹਾ ਲਿਖਾਈਆ । ਉਹ ਗੁਰਮੁਖਾਂ ਦਾ ਗੁਰਮੁਖ ਗੁਰਸਿਖਾਂ ਨੂੰ ਦੇਵੇ ਸੋਝੀ, ਦੂਜਾ ਭੌ ਚੁਕਾਈਆ । ਕਿਉਂ ਮੇਲਾ ਮਿਲਿਆ ਨਾਲ ਪ੍ਰੀਤਮ ਚੋਜੀ, ਚੁਗਲੀ ਨਿੰਦਿਆ ਸਾਰੀ ਦਿਤੀ ਤਜਾਈਆ । ਉਹ ਪਿਛਲਾ ਪ੍ਰਭ ਦਾ ਖੋਜੀ, ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਵੇਖੇ ਭੱਜੇ ਵਾਹੋ ਦਾਹੀਆ । ਉਹ ਪ੍ਰੇਮ ਪਿਆਰ ਦਾ ਰੋਗੀ, ਦੁਖੜਾ ਆਪਣਾ ਰਿਹਾ ਫੁਲਾਈਆ । ਪ੍ਰਭੂ ਤੇਰੀ ਮੇਰੀ ਗੱਲ ਘਰੋਗੀ, ਘਰ ਦੀ ਘਰ ਵਿਚ ਦੇ ਸਮਝਾਈਆ । ਹੁਣ ਸਾਥੋਂ ਕਿਹੜੀ ਕਰੌਣੀ ਗੋਡੀ, ਰੰਬੇ ਹੱਥ ਫੜਾਈਆ । ਤੈਨੂੰ ਲਭਦੇ ਚਲੇ ਗਏ ਬੇਦੀ ਸੋਢੀ, ਗੋਬਿੰਦ ਦਏ ਗਵਾਹੀਆ । ਤੂੰ ਮੇਲੀ ਧੁਰ ਸੰਜੋਗੀ, ਮਿਲਾਪ ਆਪਣੇ ਨਾਲ ਰਖਾਈਆ । ਸਾਨੂੰ ਦਿਸੇ ਨਾ ਕੋਈ ਵਿਰੋਧੀ, ਸਭ ਘਟ ਤੇਰਾ ਨੂਰ ਨਜ਼ਰੀ ਆਈਆ । ਜਿਹੜਾ ਬੁਰਾ ਕਹੇ ਉਹਨੂੰ ਅਜੇ ਤੇਰੀ ਨਹੀਂ ਆਈ ਸੋਝੀ, ਜੇ ਸਮਝਾ ਦੇਵੇਂ ਓਹਵੀ ਸਾਡੇ ਵਰਗਾ ਬਹਿ ਬਹਿ ਖ਼ੁਸ਼ੀ ਮਨਾਈਆ । ਆਪੇ ਭਗਤਾਂ ਦੇ ਹੱਥ ਲਾਵੇ ਗੋਡੀ, ਗੋਡਿਆਂ ਤੋਂ ਥੱਲੇ ਚਰਨਾਂ ਵਲ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇ ਸਮਝਾਈਆ । ਭਿੰਨੜੀ ਰੈਣ ਕਹੇ ਪ੍ਰਭੂ ਵੇਖੋ ਰੰਗੀਲਾ, ਰੰਗਾਂ ਵਾਲਿਓ ਸਭ ਦੀ ਰੰਗਤ ਰਿਹਾ ਬਦਲਾਈਆ । ਜਿਸ ਦਾ ਕਲਜੁਗ ਸਤਿਜੁਗ ਸਤਿਜੁਗ ਕਲਜੁਗ ਦੋਹਾਂ ਦਾ ਇਕ ਵਸੀਲਾ, ਵਾਸਤਾ ਆਪਣੇ ਨਾਲ ਜੁੜਾਈਆ । ਪਹਿਲੋਂ

ਭਗਤਾਂ ਦਾ ਵੇਖ ਕ਼ਬੀਲਾ, ਫੇਰ ਕ਼ਬਰਾਂ ਵਿਚੋਂ ਪੀਰ ਪੈਗ਼ੰਬਰ ਲਏ ਉਠਾਈਆ । ਅਗੇ ਲੈਣ ਨਾ ਦੇਵੇ ਭੇਟਾ, ਤਾਬੇਦਾਰੀ ਦਾ ਇਕੋ ਹੁਕਮ ਮਨਾਈਆ । ਸਤਾਰਾਂ ਪੋਹ ਕਹੇ ਵੇਖੋ ਕਿੱਡਾ ਸੋਹਣਾ ਠੰਡਾ ਮਹੀਨਾ, ਮਿਹਰ ਉਤੇ ਮਿਹਰ ਰਿਹਾ ਬਰਸਾਈਆ । ਕਿਰਪਾ ਕਰੇ ਤੇ ਬਖ਼ਸ਼ੇ ਏਕ ਯਕੀਨਾ, ਬੇਇਤਬਾਰੀ ਹੋਈ ਸਰਬ ਲੋਕਾਈਆ । ਦਇਆ ਕਰੇ ਬਣਾਏ ਆਪਣੇ ਅਧੀਨਾ, ਹੰਕਾਰੀ ਹੋ ਕੇ ਸਾਰੇ ਰਹੇ ਕੁਰਲਾਈਆ । ਕਿਰਪਾ ਕਰੇ ਠੰਡਾ ਕਰੇ ਸੀਨਾ, ਚਾਰ ਕੁੰਟ ਕਲਜੁਗ ਅਗਨੀ ਅੱਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਾਰਸ ਹੋ ਕੇ ਆਪਣੀ ਸੇਵ ਕਮਾਈਆ । ਭਿੰਨੜੀ ਰੈਣ ਕਹੇ ਮੈਂ ਵੇਖਿਆ ਵਾਰਸ ਦਿੰਦਾ ਵਿਰਸਾ, ਵਸਤ ਅਮੋਲਕ ਇਕ ਵਰਤਾਈਆ । ਜਨਮ ਕਰਮ ਬਦਲ ਕੇ ਮੇਟੇ ਅਗਲੀ ਹਿਰਸਾ, ਹਵਸ ਦੇਵੇ ਬੁਝਾਈਆ । ਜਨਮ ਮਰਨ ਦੀ ਖੇਲ ਕਰ ਕੇ ਬਿਰਥਾ, ਸਿੱਧਾ ਇਕੋ ਰਾਹ ਵਖਾਈਆ । ਪਰਦਾ ਲਾਹ ਕੇ ਘਰ ਥਿਰ ਦਾ, ਸਾਚੇ ਮੰਦਰ ਦਏ ਵਡਿਆਈਆ । ਜਿਨ੍ਹਾਂ ਦਾ ਲੇਖਾ ਚਿਰ ਦਾ, ਚਿਰੀ ਵਿਛੁਨਿਆਂ ਲੇਖਾ ਲੇਖੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਿਛੇ ਆਪੇ ਫਿਰਦਾ, ਫ਼ਾਇਦਾ ਘਰ ਘਰ ਰਿਹਾ ਪਹੁੰਚਾਈਆ ।



ਜੇ ਹੋਵੇ ਨਾ ਸੂਮ, ਜਗ ਲੁਟ ਲੁਟ ਸਾਰਾ ਖਾਈਆ । ਪਹਿਲੋਂ ਭਗਤਾਂ ਨਾਲ ਮਿਲਾ ਕੇ ਤਾਸੀਰ ਆਪਣੇ ਖ਼ੂਨ, ਖ਼ਾਲਸ ਲਵਾਂ ਬਣਾਈਆ । ਫੇਰ ਅੰਮ੍ਰਿਤ ਪੀਣ ਦਾ ਜਾਮ ਨਾਲੇ ਦੱਸਾਂ ਮਾਜੂਨ, ਕਿਸ ਬਿਧ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਕੁਛ ਦੇਵਣਹਾਰ ਵਡਿਆਈਆ । ਜੇ ਸੂਮ ਨਾ ਹੁੰਦਾ ਕਲਜੁਗ ਲੈਂਦਾ ਲੁਟ, ਠਗ ਚੋਰ ਯਾਰ ਬਹੁਤੇ ਨਜ਼ਰੀ ਆਈਆ । ਵੇਖੋ ਕਿੰਨਿਆਂ ਤੋਂ ਓਹਲੇ ਕਿੰਨਿਆਂ ਤੋਂ ਪੜਦੇ ਵਿਚ ਲੁਕਾ ਕੇ ਰਖਿਆ ਤੁਹਾਡਾ ਘੁਟ, ਕੋਲ ਬਹਿਣ ਵਾਲਿਆਂ ਨੂੰ ਸਮਝ ਨਾ ਦਿਤੀ ਰਾਈਆ । ਜਿਨ੍ਹਾਂ ਨੂੰ ਪਿਔਣਾ ਉਹਨਾਂ ਨੂੰ ਹੌਲੀ ਹੌਲੀ ਰਿਹਾ ਪੁਛ, ਦੂਰ ਦੁਰਾਡੇ ਲਹਿਣੇ ਰਿਹਾ ਚੁਕਾਈਆ । ਜਿੰਨਾਂ ਚਿਰ ਪਿਓ ਕੋਲੋਂ ਪੁਤ ਨਾ ਹੋਵਣ ਖ਼ੁਸ਼, ਓਨਾਂ ਚਿਰ ਕੌਣ ਇੱਜ਼ਤ ਕਰ ਕੇ ਖ਼ੁਸ਼ੀ ਦਏ ਵਖਾਈਆ । ਜੇ ਰਵਿਦਾਸ ਤੂੰ ਰਿਹੋਂ ਚੁਪ, ਮੈਂ ਵੀ ਰਿਹਾ ਲੁਕ, ਤੂੰ ਪਿਉਂ ਬੁੱਕ, ਮੈਂ ਵੀ ਪਵਾਂ ਉਠ, ਭਗਤਾਂ ਉਪਰ ਤੁਠ, ਘੁਟ ਅੰਮ੍ਰਿਤ ਦਿਆਂ ਵਰਤਾਈਆ । ਇਹ ਗੁਸਤਾਖ਼ੀ ਨਹੀਂ ਕਹਿਣਾ ਮੁਆਫ਼ੀ ਵਾਲੀ ਸੁਖ, ਵਿਛੋੜੇ ਵਾਲਾ ਦੁਖ ਅੰਦਰੋਂ ਦਿਆਂ ਕਢਾਈਆ । ਗੋਦੀ ਵਿਚ ਚੁਕ, ਉਜਲ ਕਰਕੇ ਮੁਖ, ਨਾਭੀ ਵਿਚੋਂ ਅੰਮ੍ਰਿਤ ਪਿਆਵਾਂ ਆਪਣਾ ਘੁਟ, ਘੁੱਟ ਕੇ ਆਪਣੇ ਨਾਲ ਲਗਾਈਆ । ਫੇਰ ਕਿਹੜਾ ਜਾਵੇ ਛੁਟ, ਕਿਹੜਾ ਜਾਵੇ ਰੁਠ, ਜਿਸ ਵੇਲੇ ਰੁਸਿਆਂ ਲਏ ਮਨਾਈਆ । ਮੇਰੇ ਕੋਲ ਸਭ ਕੁਛ, ਕਿਸੇ ਹੋਰ ਨੂੰ ਨਹੀਂ ਦੇਣਾ ਕੁਛ, ਸਭ ਤੁਹਾਡੀ ਝੋਲੀ ਪਾਈਆ । ਜਿਸ ਬੱਚੇ ਲਈ ਲਿਆ ਪੁਛ, ਉਹ ਬਾਲਾ ਤੇਰੀ ਅੰਦਰ ਕੁੱਖ, ਨਿਰਗੁਣ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਜੇ ਸੂਮ ਨਾ ਹੁੰਦਾ ਤੇਰਾ ਪਿਤਾ ਮਨ ਦਾ, ਅੰਦਰੋਂ ਦਿੰਦਾ ਹਿਲਾਈਆ । ਫੇਰ ਨਾਤਾ ਜੋੜਦਾ ਤਨ ਦਾ, ਬ੍ਰਹਮ ਦਿੰਦਾ ਭੁਲਾਈਆ । ਤੇਰੀ ਬੇਨੰਤੀ ਹੁਣ ਮੰਨਦਾ, ਅਗੇ ਦਿਆਂ ਸਮਝਾਈਆ । ਜਿਸ ਨੂੰ ਘੜਦਾ ਓਸ ਨੂੰ ਭੰਨਦਾ, ਭੰਨ ਕੇ ਫੇਰ ਆਪਣੇ ਵਿਚ

ਮਿਲਾਈਆ । ਕਿਉਂ ਉਹ ਤੇਰੇ ਵਰਗਾ ਸੋਹਣਾ ਬਾਲ ਜਣਦਾ, ਜਿਸ ਦਾ ਨੂਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਵੇਲੇ ਉਹਦਾ ਲੇਖਾ ਚੁਕਣਾ ਕਾਇਆ ਮਾਟੀ ਖਲ ਦਾ, ਜਾਣ ਤੋਂ ਪਹਿਲੋਂ ਖ਼ਾਲਸ ਆਪਣਾ ਦਰਸ ਦਏ ਦਿਖਾਈਆ । ਅਗੇ ਵਸੇਰਾ ਕਰੇ ਓਸ ਘਰ ਦਾ, ਜਿਸ ਘਰ ਗੁਰਮੁਖ ਨਜ਼ਰੀ ਆਈਆ । ਇਸੇ ਕਾਰਨ ਹਾਰ ਨਹੀਂ ਸੀ ਲਭਦਾ, ਜੇ ਲਭ ਜਾਂਦਾ ਫਿਰ ਬੇਨੰਤੀ ਕਰਨ ਦੀ ਲੋੜ ਰਹਿੰਦੀ ਨਾ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਮੇਂ ਅਨੁਸਾਰ ਭਗਤਾਂ ਦਿੰਦਾ ਫੱਬਦਾ, ਆਪਣੀ ਲੋੜ ਰੱਖੇ ਨਾ ਰਾਈਆ ।

### ☀ ੧੮ ਪੋਹ ੨੦੨੧ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ☀

ਹੁਕਮ ਦੇਵੇ ਪੁਰਖ ਅਕਾਲ ਗ਼ਰੀਬ ਨਿਵਾਜ਼ੇ, ਵਾਜਬ ਆਪਣਾ ਹੁਕਮ ਸੁਣਾਈਆ । ਸੁਤ ਦੁਲਾਰੇ ਥਿਰ ਘਰ ਦੇ ਪਿਆਰੇ ਖੋਲ੍ਹ ਚਾਰੇ ਦਰਵਾਜ਼ੇ, ਉੱਤਰ ਪੂਰਬ ਪੱਛਮ ਦੱਖਣ ਦਿਸ਼ਾ ਬੰਦ ਰਹਿਣ ਕੋਇ ਨਾ ਪਾਈਆ । ਸੱਤ ਰੰਗ ਨਿਸ਼ਾਨਾ ਮਾਰੇ ਵਾਜੇ, ਕੂਕ ਕੂਕ ਸੁਣਾਈਆ । ਪੀਰ ਪੈਗ਼ੰਬਰੋ ਛਡ ਕੇ ਆ ਜਾਓ ਮੱਕੇ ਕਾਅਬੇ, ਆਪਣਾ ਪੰਧ ਮੁਕਾਈਆ । ਗੁਰ ਅਵਤਾਰੋ ਮੰਦਰਾਂ ਵਾਲੇ ਤੋੜ ਦਿਓ ਨਾਤੇ, ਨਾਤਵਾਂ ਸਾਰੇ ਨਜ਼ਰੀ ਆਈਆ । ਜਨ ਭਗਤ ਸੁਹੇਲੇ ਟਿਕੌਣੇ ਛੱਡੋ ਮਾਥੇ, ਸੀਸ ਇਕੋ ਇਕ ਨਿਵਾਈਆ । ਸਾਚੇ ਸੰਤੋ ਭੁਲ ਜਾਓ ਰਕਤ ਬੂੰਦ ਵਾਲੇ ਮਾਪੇ, ਪਿਤਾ ਪੁਰਖ ਅਕਾਲ ਇਕ ਮਨਾਈਆ । ਗੁਰਮੁਖੋ ਪੂਰੇ ਕਰ ਲਓ ਘਾਟੇ, ਦੇਵਣਹਾਰ ਸਦਾ ਵਡਿਆਈਆ । ਗੁਰਸਿਖੋ ਗੋਬਿੰਦ ਵੇਖੋ ਸਾਥੇ, ਸਗਲਾ ਸੰਗ ਬਣਾਈਆ । ਜੋ ਵੜਿਆ ਨਿਰਗੁਣ ਹੋ ਕੇ ਜਨ ਭਗਤਾਂ ਦੇ ਅਹਾਤੇ, ਚਾਰ ਦੀਵਾਰੀ ਗੁਰਮੁਖਾਂ ਦੀ ਨਜ਼ਰੀ ਆਈਆ । ਜੋਧੇ ਸੂਰਬੀਰ ਵੱਡੇ ਬੈਠੇ ਰਾਠੇ, ਆਪਣਾ ਬਲ ਧਰਾਈਆ । ਹੁਣ ਅਸਾਂ ਰਹਿਣ ਨਹੀਂ ਦੇਣੇ ਆਪਣੇ ਚੀਥੜ ਪਾਟੇ, ਪਿਛਲੇ ਤੇਰੀ ਝੋਲੀ ਭਰਾਈਆ । ਚਲਣਾ ਅਗੇ ਪਿਛੇ ਨਹੀਂ ਅਧਵਾਟੇ, ਮੰਜ਼ਲ ਤੇਰੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਸ਼ਬਦ ਸੁਤ ਕਹੇ ਮੇਰੇ ਭਗਵਾਨ, ਚਰਨ ਕਵਲ ਸਰਨਾਈਆ । ਮੈਂ ਵੇਖ ਕੇ ਤੇਰਾ ਨਿਸ਼ਾਨ, ਚਾਰੋਂ ਕੁੰਟ ਦਿਆਂ ਦੁਹਾਈਆ । ਜਨ ਭਗਤੋ ਤੁਹਾਡਾ ਖੁਲ੍ਹ ਗਿਆ ਮਕਾਨ, ਜਿਸ ਦਾ ਕੁਫ਼ਲ ਬੰਦ ਨਾ ਕੋਇ ਕਰਾਈਆ । ਨਾਲੇ ਇਛਿਆ ਨਾਲੇ ਭਿਛਿਆ ਨਾਲੇ ਦਾਨ, ਨਾਲੇ ਸਿਖਿਆ ਰਿਹਾ ਸੁਣਾਈਆ । ਨਾਲੇ ਪ੍ਰੀਤੀ ਨਾਲੇ ਮਾਣ, ਨਾਲੇ ਨੀਤੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰ ਦਰਵਾਜ਼ੇ ਕਹਿਣ ਅਸੀਂ ਗਏ ਖੁਲ੍ਹ, ਸ਼ਬਦ ਸੁਤ ਦਿਤੀ ਵਡਿਆਈਆ । ਜਨ ਭਗਤਾਂ ਜਿਸ ਨੇ ਪੌਣਾ ਮੁਲ, ਓਸੇ ਦੀ ਸੇਵ ਕਮਾਈਆ । ਅਸਾਂ ਵੇਖਿਆ ਮਾਲਕ ਖ਼ਾਲਕ ਬੇਪਰਵਾਹ ਸੁਲਹਕੁਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਖਵਾਈਆ । ਜੋ ਤੋਲ ਕੇ ਆਪਣਾ ਤੋਲ, ਗੁਰਮੁਖ ਗੁਰਸਿਖ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਜਨ ਭਗਤ ਕਹਿਣ ਵੇਖੋ ਘਰ ਆਇਆ ਪ੍ਰਭ ਸੂਮ, ਜਿਸ ਨੇ ਗੰਢ ਨਾ ਕਦੇ ਖੁਲ੍ਹਾਈਆ । ਜੁਗ ਚੌਕੜੀ ਬੱਚੇ ਰੋਂਦੇ ਗਏ ਮਾਸੂਮ, ਥੋੜ੍ਹੀ ਥੋੜ੍ਹੀ ਵਸਤ ਮਾਮੂਲੀ ਮਾਤ ਵਰਤਾਈਆ । ਬਾਕੀ ਸਭ ਨੂੰ ਕਰ ਕੇ ਮਹਿਰੂਮ, ਖ਼ਾਲੀ ਹੱਥ ਰਿਹਾ ਫਿਰਾਈਆ । ਰਵਿਦਾਸ ਕਹੇ ਮੈਨੂੰ ਰੀਤੀ ਇਹਦੀ ਮਾਲੂਮ, ਬਿਨਾ ਮੰਗਿਆਂ ਕਿਸੇ ਨੂੰ ਦੇਵੇ ਕੁਛ


੫੮

ਨਾ ਰਾਈਆ । ਇਹਦਾ ਸਭ ਤੋਂ ਵਖਰਾ ਕ਼ਾਨੂੰਨ, ਜਿਸ ਦਾ ਲਾਅ ਨਾ ਕੋਇ ਸਮਝਾਈਆ । ਅੱਖਰਾਂ ਵਾਲਾ ਨਹੀਂ ਮਜ਼ਮੂਨ, ਰਸਨਾ ਵਾਲੀ ਨਾ ਕੋਇ ਪੜ੍ਹਾਈਆ । ਗੁਰੂਆਂ ਵਾਲਾ ਨਹੀਂ ਅਸੂਲ, ਪੀਰਾਂ ਵਾਲੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦਰਵਾਜ਼ੇ ਕਹਿਣ ਅਸੀਂ ਵੇਖਿਆ ਦਰ, ਦਰਦੀ ਬੇਪਰਵਾਹੀਆ । ਸਾਰੇ ਰਹੇ ਬੈਠੇ ਡਰ, ਸਿਰ ਨਾ ਕੋਇ ਉਠਾਈਆ । ਪਤਾ ਨਹੀਂ ਕੀ ਕੁਛ ਕਰਨੀ ਦਏ ਕਰ, ਕਰਤਾ ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਸਮਝਾਈਆ । ਜਨ ਭਗਤ ਕਹਿਣ ਵੇਖੋ ਘੇਰਾ, ਗੁਰਮੁਖ ਲਿਆ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਖੁੱਲ੍ਹਾ ਵੇਖ ਕੇ ਵਿਹੜਾ, ਅੰਤਰ ਆਪਣਾ ਆਸਣ ਲਾਈਆ । ਨਾਲੇ ਕਟਦਾ ਜਾਏ ਚੁਰਾਸੀ ਦਾ ਗੇੜਾ, ਨਾਲੇ ਆਪਣੇ ਨਾਲ ਮਿਲਾਈਆ । ਨਾਲੇ ਬੰਨ੍ਹਦਾ ਜਾਏ ਬੇੜਾ, ਭਾਰ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਚਾਰ ਦਰਵਾਜ਼ੇ ਰਹੇ ਬੋਲ, ਚਾਰ ਕੁੰਟ ਜਣਾਈਆ । ਭਗਤ ਸੁਹੇਲੇ ਆ ਜਾ ਭਗਤਾਂ ਕੋਲ, ਭਗਵਨ ਆਪਣੀ ਦਇਆ ਕਮਾਈਆ । ਜੇ ਤੂੰ ਕਰੇਂ ਟਾਲ ਮਟੋਲ, ਤੇਰਾ ਨਿਸ਼ਾਨਾ ਕੰਮ ਕਿਸੇ ਨਾ ਆਈਆ । ਅਗੇ ਮਾਰਨ ਦੇਣਾ ਨਹੀਂ ਰੋਲ, ਵਲ ਛਲ ਤੇਰੀ ਚਲੇ ਨਾ ਕੋਇ ਚਤੁਰਾਈਆ । ਹੁਣ ਬਹਿਣ ਨਹੀਂ ਦੇਣਾ ਤੈਨੂੰ ਅਡੋਲ, ਚਾਰੋਂ ਕੁੰਟ ਦੇਣਾ ਭੁਆਈਆ । ਨਹੀਂ ਤੇ ਸਾਡੀਆਂ ਅੰਦਰੋਂ ਘੁੰਡੀਆਂ ਖੋਲ੍ਹ, ਕਿਉਂ ਬੈਠਾ ਮੁਖ ਭਵਾਈਆ । ਰਵਿਦਾਸ ਹਨੇਰੇ ਨਾਲ ਕਹੇ ਤੇਰੇ ਸਭ ਕੁਛ ਕੋਲ, ਮੇਰੀ ਕਾਇਆ ਕੁੱਲੀ ਦੇ ਵਡਿਆਈਆ । ਜੇ ਆਇਆ ਉਪਰ ਧਰਨੀ ਧੌਲ, ਭਾਗਾਂ ਵਾਲੇ ਸਾਰੇ ਦੇ ਬਣਾਈਆ । ਤੈਨੂੰ ਚੰਗਾ ਨਹੀਂ ਲਗਦਾ ਕਰਨਾ ਮਖ਼ੌਲ, ਮਸਖ਼ਰਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਭਗਤ ਕਹਿਣ ਕੀ ਹੋਇਆ ਜੇ ਮੰਗੀਆਂ ਮੰਗਾਂ, ਮੰਗਣ ਦੀ ਆਦਤ ਤੇਰੀ ਨਜ਼ਰੀ ਆਈਆ । ਇਹ ਸਭ ਤੋਂ ਹੋਇਆ ਚੰਗਾਂ, ਤੂੰ ਫਿਰਦਾ ਫਿਰਦਾ ਘਰ ਗ਼ਰੀਬਾਂ ਫੇਰਾ ਪਾਈਆ । ਏਥੇ ਲੋੜ ਰਹੀ ਨਾ ਮਾਈ ਗੰਗਾ, ਤੇਰੀ ਧੂੜ ਬੇਪਰਵਾਹੀਆ । ਤੇਰਾ ਸ਼ਬਦੀ ਇਕੋ ਡੰਡਾ, ਬ੍ਰਹਿਮੰਡਾਂ ਰਿਹਾ ਡਰਾਈਆ । ਰਵਿਦਾਸ ਦੇ ਕੋਲ ਉਹਵੀ ਹੈ ਨਹੀਂ ਸੁੱਕਾ ਮੰਡਾ, ਜਿਹੜਾ ਝੋਲੇ ਵਿਚ ਰਖਾਈਆ । ਨਾ ਕੋਈ ਸੁੱਕਾ ਹੋਇਆ ਗੰਡਾ, ਜੋ ਲਾਜ਼ਮਾ ਦਏ ਬਣਾਈਆ । ਨਾ ਕੋਈ ਭੇਖ ਨਾ ਪਖੰਡਾ, ਨਾ ਚਲੇ ਕੋਈ ਚਤੁਰਾਈਆ । ਜੇ ਬਖ਼ਸ਼ੇਂ ਤੇ ਇਕ ਅਨੰਦਾ, ਆਨੰਦ ਆਤਮ ਦੇ ਵਖਾਈਆ । ਜੇ ਚਾੜ੍ਹੇ ਤੇ ਨੂਰੀ ਚੰਦਾ, ਚੰਦ ਵਾਂਗ ਰੁਸ਼ਨਾਈਆ । ਜੇ ਹੋਵੇ ਆਪ ਬਖ਼ਸ਼ੰਦਾ, ਫਿਰ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਜਿੰਦਾ ਰਿਹਾ ਖੁਲ੍ਹਾਈਆ । ਜਨ ਭਗਤ ਕਹਿਣ ਆਏ ਨੂਰ ਰੱਬੀ, ਕੁਛ ਲੇਖਾ ਦੇ ਜਣਾਈਆ । ਤੇਰੀ ਵਸਤ ਸਾਨੂੰ ਹੱਥਾਂ ਵਿਚ ਨਾ ਲੱਭੀ, ਤੱਤਾਂ ਵਾਲੀ ਨਜ਼ਰ ਕੋਇ ਨਾ ਆਈਆ । ਦੋਏ ਖਲੋਤੇ ਹੱਥ ਬੱਧੀ, ਦੋਏ ਜੋੜ ਚਰਨ ਸਰਨਾਈਆ । ਰਵਿਦਾਸ ਕਿਹਾ ਇਕ ਦਿਨ ਮਾਂ ਮੇਰੀ ਸੀ ਅੱਕੀ, ਮੇਰੇ ਸਿਰ ਵਿਚ ਲਫੜ ਦਿਤਾ ਲਗਾਈਆ । ਮੈਂ ਓਸ ਵੇਲੇ ਚਬਦਾ ਸਾਂ ਦਾਣੇ ਮੱਕੀ, ਦੰਦਾਂ ਨਾਲ ਦਬਾਈਆ । ਫੇਰ ਓਸ ਮੇਰੀ ਘੁੱਟੀ ਸੰਘੀ, ਕਿੱਥੋਂ ਮੇਰਾ ਜੰਮਿਆ ਪੁਤ ਸ਼ੁਦਾਈਆ । ਮੈਂ ਰੋ ਕੇ ਉਚੀ ਭੁੱਬੀਂ, ਦਿਤੀ ਹਾਲ ਦੁਹਾਈਆ । ਉਸ ਨੇ ਮੈਨੂੰ ਹੋਰ ਮਾਰ ਮਾਰੀ ਗੁਝੀ, ਵੱਖੀ ਖੱਬੀ ਵਿਚ ਸੱਟ ਟਿਕਾਈਆ । ਮੈਂ ਕਿਹਾ ਡੁੱਬ

ਮਰਾਂ ਕਿਸੇ ਵਿਚ ਨਦੀ, ਜੀਵਣ ਨਾਲੋਂ ਮਰਨਾ ਚੰਗਾ ਆਈਆ । ਜੇ ਕੋਈ ਟੁੱਟ ਜਾਂਦੀ ਹੱਡੀ, ਮੇਰਾ ਸਾਥੀ ਸਾਥ ਨਾ ਕੋਇ ਰਖਾਈਆ । ਜੇ ਕੋਈ ਮੈਨੂੰ ਸਿਖਿਆ ਦੇਵੇ ਚੰਗੀ, ਮੈਂ ਆਪਣੀ ਕਾਰ ਕਰਕੇ ਝਟ ਲਵਾਂ ਲੰਘਾਈਆ । ਮੈਨੂੰ ਘਰ ਦੇ ਰੋਟੀ ਨਹੀਂ ਦੇਂਦੇ ਮੰਗੀ, ਦਬਕਿਆਂ ਨਾਲ ਦੁਰਕਾਈਆ । ਮੈਥੋਂ ਝੱਲੀ ਨਹੀਂ ਜਾਂਦੀ ਤੰਗੀ, ਦੁਖੀਆ ਹੋ ਕੇ ਰਿਹਾ ਸੁਣਾਈਆ । ਫੇਰ ਵੀਚਾਰ ਆਈ ਮੈਂ ਸੁਣਦਾ ਖ਼ੁਦਾ ਪਰਮਾਤਮ ਬੜਾ ਢੰਗੀ, ਉਹ ਸਭ ਨੂੰ ਦੇਵੇ ਰਿਜ਼ਕ ਸਬਾਈਆ । ਗ਼ਰੀਬਾਂ ਦੀ ਕਟੇ ਤੰਗੀ, ਦੁਖੀਆਂ ਦਾ ਦਰਦ ਵੰਡਾਈਆ । ਪਿਠ ਹੋਣ ਨਾ ਦੇਵੇ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਤੋੜ ਕੇ ਕੂੜੀ ਕਿਰਿਆ ਖ਼ਾਨਾਬੰਦੀ, ਆਪਣੀ ਬੰਦਗੀ ਦਏ ਸਮਝਾਈਆ । ਇਹਵੀ ਕਿਰਪਾ ਕਰਕੇ ਜੇ ਮੇਰੀ ਆਤਮਾ ਵਿਚ ਭਰ ਦੇਵੇ ਸੁਗੰਧੀ, ਸੋਹਣਾ ਰਸ ਚਖਾਈਆ । ਓਨੇਂ ਚਿਰ ਨੂੰ ਇਕ ਪੈ ਗਿਆ ਟੇਡੀ ਡੰਡੀ, ਤਿੰਨ ਸੌ ਕਰਮ ਨਗਰ ਤੋਂ ਬਾਹਰ ਡੇਰਾ ਲਾਈਆ । ਓਥੇ ਇਕ ਸਾਧ ਮਿਲਿਆ ਪਖੰਡੀ, ਜਿਸ ਨੇ ਮਾਲਾ ਦਿਤੀ ਫੜਾਈਆ । ਇਸ ਦੇ ਵਿਚ ਇਕੋ ਧਾਰ ਚੰਗੀ, ਜੋ ਘਰ ਦੇ ਲੜਿਆਂ ਬੱਚਿਆਂ ਨੂੰ ਮੇਰੀ ਸੇਵਾ ਵਿਚ ਲਗਾਈਆ । ਅਗੋਂ ਰਵਿਦਾਸ ਨੇ ਮੂੰਹ ਵਿੰਗਾ ਕਰ ਕੇ ਕੱਢ ਕੇ ਕਿਹਾ ਦੰਦੀ, ਤੇਰੇ ਵਰਗਿਆਂ ਦੀ ਮੈਨੂੰ ਲੋੜ ਰਹੀ ਨਾ ਰਾਈਆ । ਤੂੰ ਭੁੱਖਾ ਮੈਂ ਨੰਗਾ ਸਾਡਾ ਕਿਸ ਤਰਾ ਬਣੇ ਸੰਗੀ, ਸੱਜਣਾ ਤੇਰੀ ਮੇਰੀ ਬਣਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਰਵਿਦਾਸ ਕਹੇ ਕਿਉਂ ਮੈਨੂੰ ਪਈ ਮਾਰ, ਅੰਦਰੇ ਅੰਦਰ ਰਿਹਾ ਪਛਤਾਈਆ । ਜੇ ਕੋਈ ਮੈਂ ਸਿੱਖ ਲਵਾਂ ਵਿਹਾਰ, ਆਪਣਾ ਬਲ ਧਰਾਈਆ । ਕਿਉਂ ਮੈਂ ਜੰਮਿਆ ਘਰ ਚਮਿਆਰ, ਚਮਰੇਟਾ ਮੇਰਾ ਪਿਤਾ ਮਾਈਆ । ਜਿਹੜਾ ਢੋਰਾਂ ਦਾ ਠੇਕੇਦਾਰ,
੬੦ ਸਾਢੇ ਤਿੰਨ ਰੁਪਈਏ ਦਿਹਾੜੀ ਰੋਜ਼ ਕਮਾਈਆ । ਅਸੀਂ ਛੇ ਭੈਣ ਭਰਾ ਤੇ ਸਾਡਾ ਸਤਵਾਂ ਇਕ ਹੋਰ ਯਾਰ, ਜੋ ਬਾਲਿਆਂ ਵਾਂਗੂ ਬਾਲਾ ਹੋ ਕੇ ਸੋਹਣਾ ੬੦
ਪਿਆਰ ਵਖਾਈਆ । ਬਹੁਤਾ ਟੱਬਰ ਕਰ ਕੇ ਸਾਨੂੰ ਦੇਂਦਾ ਨਹੀਂ ਕੋਈ ਉਧਾਰ, ਭੁੱਖੇ ਰਹਿ ਰਹਿ ਝਟ ਲੰਘਾਈਆ । ਇਕ ਦਿਨ ਕੋਲ ਚਲਿਆ ਗਿਆ ਲੁਹਾਰ, ਜਾ ਕੇ ਅਰਜ਼ ਦਿਤੀ ਸੁਣਾਈਆ । ਜੇ ਕੋਈ ਮੈਨੂੰ ਰੰਬੀ ਬਣਾ ਦਏਂ ਆਰ, ਤੇਰਾ ਧੰਨ ਧੰਨ ਕਹਿ ਕਹਿ ਸ਼ੁਕਰ ਮਨਾਈਆ । ਓਹਨੇ ਘਰੋਂ ਦਿਤਾ ਦੁਰਕਾਰ, ਫੜ ਬਾਹੋਂ ਬਾਹਰ ਕਢਾਈਆ । ਕਿੱਥੋਂ ਕਮਲਾ ਆ ਗਿਆ ਚਮਿਆਰ, ਐਵੇਂ ਰਿਹਾ ਸਤਾਈਆ । ਨਿਰਾਸਾ ਹੋ ਕੇ ਉਦਾਸੀ ਵਿਚ ਘਰੋਂ ਚਲਿਆ ਗਿਆ ਬਾਹਰ, ਟੁੱਟੀ ਚਾਦਰ ਹੇਠਾਂ ਲਈ ਵਿਛਾਈਆ । ਪਹਿਲੋਂ ਦੱਖਣ ਦਿਸ਼ਾ ਡਿੱਗਾ ਮੂੰਹ ਦੇ ਭਾਰ, ਫੇਰ ਉੱਤਰ ਆਪਣੇ ਨੈਣ ਉਪਰ ਉਠਾਈਆ । ਫੇਰ ਪੂਰਬ ਹੋਇਆ ਵੱਖੀ ਭਾਰ, ਪੱਛਮ ਹੋ ਕੇ ਆਪਣੇ ਹੱਥ ਲਏ ਫੈਲਾਈਆ । ਜੇ ਤੂੰ ਗ਼ਰੀਬਾਂ ਦਾ ਯਾਰ, ਦੁਖੀਆਂ ਦਾ ਦਿਲਦਾਰ, ਨਿਮਾਣਿਆਂ ਦਾ ਸਹਾਰ, ਧੁਰ ਦਾ ਕਰਤਾਰ ਕੁਦਰਤ ਦਾ ਮਾਲਕ ਇਕ ਅਖਵਾਈਆ । ਮੈਨੂੰ ਬਖ਼ਸ਼ ਕੋਈ ਰੁਜ਼ਗਾਰ, ਮੈਂ ਜ਼ਿੰਦਗੀ ਦੇ ਦਿਨ ਕਟ ਲਵਾਂ ਚਾਰ, ਇਹੋ ਮੇਰੇ ਅੰਦਰ ਭਾਈਆ । ਥੱਲਿਉਂ ਚਾਦਰ ਖਿਚ ਕੇ ਉਪਰ ਲਈ ਤਾਣ, ਨਾਲੇ ਰੋਵੇ ਨਾਲੇ ਕਹੇ ਮੇਰੇ ਭਗਵਾਨ, ਕਿਉਂ ਮੇਰੀ ਬਣਤ ਬਣਾਈਆ । ਜੇ ਤੂੰ ਮੈਨੂੰ ਬਣਾਇਆ ਇਨਸਾਨ, ਕੁਝ ਦੇ ਦੇ ਪੀਣ ਖਾਣ, ਦੇਂਦਿਆਂ ਤੈਨੂੰ ਤੋਟ ਰਹੇ ਨਾ ਰਾਈਆ । ਉਸ ਨੇ ਕਿਹਾ ਰਵਿਦਾਸ ਤੂੰ ਅਜੇ ਅੰਞਾਣ, ਤੇਰਾ ਲਹਿਣਾ ਦੇਣਾ ਫੇਰ ਵਿਚ ਜਹਾਨ, ਜਿਸ ਵੇਲੇ ਬਣ ਕੇ ਮਹਿਮਾਨ ਤੇਰੇ ਦਰ ਤੇ ਆਈਆ । ਆਹ ਲੈ ਮੇਰਾ ਨਿਸ਼ਾਨ, ਇਕ ਰੰਬੀ ਤੇ ਇਕ ਆਰ, ਜਿਸ ਨਾਲ ਚਲੇ ਤੇਰਾ ਵਿਹਾਰ, ਇਹਨੂੰ ਬਦਲ ਨਾ ਲਈਂ ਜ਼ਿੰਦਗੀ ਵਿਚ

ਦੂਜੀ ਵਾਰ, ਬਿਨ ਇਸ ਦੇ ਤੇਰਾ ਕੰਮ ਨਾ ਕੋਇ ਚਲਾਈਆ । ਉਸ ਫੜ ਕੇ ਚਾਰ ਚੁਫੇਰੇ ਵੇਖਿਆ ਕਿਸ ਘੜੀ ਲੁਹਾਰ, ਕਿਸ ਹੱਥਾ ਬਣਾਇਆ ਤਰਖਾਣ, ਕਿਸ ਮੁੱਠੀ ਦਿਤੀ ਲਗਾਈਆ । ਓਹਦੇ ਵਿਚੋਂ ਇਕ ਅੱਖਰ ਮਿਲਿਆ ਜਿਸ ਉਤੇ ਲਿਖਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਤੇਰੇ ਉਤੇ ਦਇਆ ਕਮਾਈਆ । ਉਸ ਨੇ ਕਿਹਾ ਧੰਨ ਮਿਹਰਵਾਨ ਮਿਹਰਵਾਨ ਮਿਹਰਵਾਨ, ਤੇਰੀ ਬੇਪਰਵਾਹੀਆ । ਜਿਸ ਵੇਲੇ ਰੰਬੀ ਚੁਕ ਕੇ ਹੱਥ ਵਿਚ ਲੱਗਾ ਉਠਾਣ, ਓਹਨੂੰ ਆਇਆ ਇਕ ਗਿਆਨ, ਸੁਰਤੀ ਆਪਣੀ ਆਪ ਲਏ ਅੰਗੜਾਈਆ । ਅੰਦਰੋਂ ਆਵਾਜ਼ ਆਈ ਬਿਨਾ ਜ਼ਬਾਨ, ਉਚੀ ਉਚੀ ਕਰੇ ਕਲਾਮ, ਤੂੰ ਹੀ ਤੂੰ ਹੀ ਰਾਗ ਅਲਾਈਆ । ਰਵਿਦਾਸ ਚਾਰੋਂ ਕੁੰਟ ਮਾਰੇ ਧਿਆਨ, ਕੌਣ ਗਾਣਾ ਗਾਵੇ ਗਾਣ, ਨਜ਼ਰ ਨਾ ਆਵੇ ਕੋਈ ਇਨਸਾਨ, ਜੋ ਮੈਨੂੰ ਰਿਹਾ ਸੁਣਾਈਆ । ਓਨੇਂ ਚਿਰ ਨੂੰ ਹੌਲੀ ਜਿਹੀ ਸਿਰ ਵਿਚ ਇੰਞ ਕਰ ਕੇ ਧੱਪੜ ਮਾਰਿਆ ਪ੍ਰਭ ਨੇ ਆਣ, ਉਸ ਨੂੰ ਦਿਸ ਪਿਆ ਦੋ ਜਹਾਨ, ਅੰਦਰੋਂ ਖ਼ੁਸ਼ੀ ਤੇ ਬਾਹਰੋਂ ਨੇਤਰ ਨੀਰ ਵਹਾਣ, ਵਾਹ ਵਾਹ ਤੇਰੀ ਬੇਪਰਵਾਹੀਆ । ਪ੍ਰਭੂ ਨੇ ਕਿਹਾ ਚੁੱਪ ਨਾ ਬੋਲੀਂ ਜ਼ਬਾਨ, ਜੇ ਬੋਲਿਉਂ ਤੇ ਸ੍ਰਿਸ਼ਟੀ ਤੇ ਆ ਜਾਊ ਤੁਫ਼ਾਨ, ਦ੍ਰਿਸ਼ਟੀ ਕਿਸੇ ਦੀ ਸਾਬਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਦਾ ਆਪਣੀ ਵਡਿਆਈਆ । ਜਿਸ ਵੇਲੇ ਰਵਿਦਾਸ ਹੱਥ ਵਿਚ ਫੜੀ ਰੰਬੀ, ਰਾਮ ਰਹੀਮ ਨਜ਼ਰੀ ਆਈਆ । ਓਧਰੋਂ ਭੱਜੀ ਆ ਗਈ ਉਹਦੀ ਅੰਮੀਂ, ਜਿਸ ਨੇ ਧੱਕਾ ਦਿਤਾ ਲਾਈਆ । ਉਸਨੂੰ ਬੈਠਾ ਅਡੋਲ ਵੇਖ ਕੇ ਕੰਬੀ, ਹਾਏ ਸ਼ੁਦਾਈਆਂ ਤੋਂ ਪਰੇ ਹੋ ਗਿਆ ਸ਼ੁਦਾਈਆ । ਉਸਨੂੰ ਵੇਖ ਕੇ ਰਵਿਦਾਸ ਨੇ ਆਪਣਿਆਂ ਗੋਡਿਆਂ ਉਤੋਂ ਪਾੜ ਦਿਤੀ ਤੰਬੀ, ਜਾਮਾ ਲੀਰੋ ਲੀਰ ਵਖਾਈਆ । ਓਸ ਦੀ ਮਾਂ ਨੇ ਕਿਹਾ ਅੱਜ ਇਹਨੂੰ ਕੋਈ ਹੋਰ ਮਿਲ ਗਿਆ ਪਖੰਡੀ, ਜਿਹੜਾ ਉਲਟਾ ਰਾਹ ਗਿਆ ਵਖਾਈਆ । ਉਸ ਨੇ ਆਪਣੀ ਪਿਠ ਕਰ ਕੇ ਨੰਗੀ, ਪੁੱਠੇ ਹੱਥਾਂ ਦੀ ਪਿਛੇ ਦੁਹੱਥੜ ਦਿਤੀ ਲਾਈਆ । ਮੇਰੇ ਪ੍ਰਭ ਦੀ ਮੇਰੀ ਪਿਠ ਉਤੇ ਮੰਜੀ, ਸਿੰਘਾਸਣ ਸੋਹਣਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਰਵਿਦਾਸ ਹੱਥ ਵਿਚ ਫੜ ਲਈ ਆਰ, ਆਰ ਪਾਰ ਵੇਖ ਵਖਾਈਆ । ਜਿਸ ਦੀ ਨੋਕ ਉਤੇ ਸੋਹੰ ਧਾਰ, ਪਾਰਬ੍ਰਹਮ ਬ੍ਰਹਮ ਰਹੀ ਸਮਝਾਈਆ । ਓਸ ਉਲਟਾ ਕਰ ਕੇ ਤਕਿਆ ਨਜ਼ਰ ਆਇਆ ਨਿਹਕਲੰਕ ਕਲ ਕਲਕੀ ਅਵਤਾਰ, ਜੋ ਕਾਲਖ ਟਿੱਕੇ ਦਏ ਧਵਾਈਆ । ਰਵਿਦਾਸ ਨੇ ਓਸੇ ਵੇਲੇ ਰੰਬੀ ਨੂੰ ਕਰ ਕੇ ਨਿਮਸਕਾਰ, ਓਸ ਆਰ ਨਾਲ ਧੂੜੀ ਟਿੱਕਾ ਮਸਤਕ ਲਾਈ ਛਾਰ, ਥੋੜ੍ਹੀ ਜਿਹੀ ਅੰਦਰ ਦਿਤੀ ਖੁਭਾਈਆ । ਲਹੂ ਦੀ ਥਾਂ ਜੋਤ ਜਗੀ ਨਿਰੰਕਾਰ, ਨੂਰੋ ਨੂਰ ਡਗਮਗਾਈਆ । ਅੰਦਰੇ ਗੁਲਸ਼ਨ ਅੰਦਰੇ ਬਹਾਰ, ਅੰਦਰੇ ਮੁਰੀਦ ਅੰਦਰੇ ਮੁਰਸ਼ਦ ਦਏ ਦੀਦਾਰ, ਬਾਹਰੋਂ ਮਿਲਣ ਦੀ ਫ਼ੁਰਸਤ ਰਹੀ ਨਾ ਰਾਈਆ । ਫੇਰ ਸੋਚਿਆ ਕਿਸ ਕੰਮ ਆਵੇ ਰੰਬੀ ਇਹ ਆਰ, ਖ਼ਾਲੀ ਹੱਥਾਂ ਉਤੇ ਰਿਹਾ ਟਿਕਾਈਆ । ਓਨੇਂ ਚਿਰ ਨੂੰ ਅਬਿਨਾਸ਼ੀ ਕਰਤੇ ਕੰਨ ਤੋਂ ਫੜ ਕੇ ਹਲੂਣਾ ਦਿਤਾ ਮਾਰ, ਕਰ ਕੇ ਖ਼ਬਰਦਾਰ, ਉਠ ਵੇਖ ਦਿਲਦਾਰ, ਦਿਲ ਦਾ ਜਾਨੀ ਦਇਆ ਕਮਾਈਆ । ਔਹ ਆਦਿ ਸ਼ਕਤ ਖੜੀ ਨਾਰ ਮੁਟਿਆਰ, ਦੁਰਗਾ ਦੋਵੇਂ ਹੱਥ ਬੰਧੇ ਨੇਤਰ ਨੀਰ ਵਹਾਵੇ ਜ਼ਾਰੋ ਜ਼ਾਰ, ਲਾਲ ਭੂਸਣ ਤਨ ਪਹਿਨਾਈਆ । ਮੇਰੇ ਕੱਚੇ ਤੰਦ ਦੇ ਨਾਲ ਕਰ ਪਿਆਰ, ਜਿਸ ਦੀ ਗੰਢ ਪਵੇ ਜੁਗ ਚਾਰ, ਨੇਤਰ ਵੇਖ ਨਾ ਸਕੇ ਕੋਈ ਸੰਸਾਰ, ਬੰਧਨ ਧੁਰ ਦਾ ਦੇਵੇ ਪਾਈਆ । ਰਵਿਦਾਸ ਕਿਹਾ ਇਹਦੀ ਕੀ ਕ਼ੀਮਤ ਕਿਤਨਾ ਤੋਲਿਆਂ ਵਿਚ ਭਾਰ,

ਲੰਮਾਂ ਕਿੰਨਾਂ ਲਿਆ ਬਣਾਈਆ । ਉਹਨਾਂ ਕਿਹਾ ਇਹ ਧੁਰ ਦੀ ਸਵਾਣੀ ਲਿਆਈ ਕਰ ਕੇ ਤਿਆਰ, ਜਿਸ ਦਾ ਤੰਦ ਟੁੱਟੇ ਨਾ ਵਿਚ ਸੰਸਾਰ, ਜੋੜੇ ਗੰਢਦਾ ਰਹੇ ਜੁਗ ਚਾਰ, ਪਾਨਹੀ ਸਭ ਦੀ ਠੀਕ ਕਰਾਈਆ । ਇਹ ਓਨਾਂ ਚਿਰ ਰਹੇ ਤੇਰੇ ਨਾਲ, ਜਿੰਨਾਂ ਚਿਰ ਨਿਰਗੁਣ ਹੋ ਕੇ ਆਏ ਨਾ ਦੀਨ ਦਿਆਲ, ਤੇਰੇ ਮੰਦਰ ਅੰਦਰ ਬਹਿ ਕੇ ਵੇਖੇ ਤੇਰਾ ਹਾਲ, ਹਾਲਤ ਪਿਛਲੀ ਦਏ ਜਣਾਈਆ । ਅਗੋਂ ਫੇਰ ਰਵਿਦਾਸ ਨੇ ਕੀਤਾ ਸਵਾਲ, ਆਪਣੀ ਆਸ਼ਾ ਦਿਤੀ ਪਰਗਟਾਈਆ । ਇਹਨੂੰ ਮੈਂ ਰਖਣਾ ਕਿਥੇ ਸੰਭਾਲ, ਮੈਥੋਂ ਚੋਰ ਯਾਰ ਠਗ ਲੁਟ ਕੋਇ ਨਾ ਜਾਈਆ । ਆਦਿ ਸ਼ਕਤ ਕਿਹਾ ਤੂੰ ਆਪਣੇ ਖੱਬੇ ਚਰਨ ਦੇ ਅੰਗੂਠੇ ਨਾਲ ਮਾਰੀਂ ਵਲ ਚਾਰ, ਸਵਾ ਗਿਠ ਖਿੱਚ ਕੇ ਫੇਰ ਆਪਣੇ ਨਾਲ ਮੁਖ ਲਗਾਈਆ । ਇਹ ਦਿਵਸ ਰੈਣ ਵਧਦਾ ਰਹੇ ਦੁਗਣੇ ਤੋਂ ਚੌਗੁਣਾ ਜਿਸ ਦੀ ਗਿਣਤੀ ਦਾ ਨਹੀਂ ਸ਼ੁਮਾਰ, ਨਾਪਾਂ ਵਿਚ ਨਾਪ ਨਾ ਕੋਇ ਕਰਾਈਆ । ਦੁਰਗਾ ਕਿਹਾ ਮੈਂ ਆਪਣੀ ਹੱਥੀਂ ਵਟ ਦਿਉਂ ਚਾੜ੍ਹ, ਪਾਣੀ ਪਾਨਹੇ ਵਾਲਾ ਨਾਲ ਲਗਾਈਆ । ਓਧਰੋਂ ਆਵਾਜ਼ ਆਈ ਹਰਿ ਕਰਤਾਰ, ਸ਼ਬਦੀ ਰਾਗ ਸੁਣਾਈਆ । ਇਸ ਦੀ ਸੇਵਾ ਦੱਸਾਂ ਅਪਾਰ, ਹੁਕਮ ਨਾਲ ਲਗਾਈਆ । ਦਸਾਂ ਦਾ ਲੇਖਾ ਵੀਹਾਂ ਦਾ ਉਧਾਰ, ਝਟ ਇਸੇ ਨਾਲ ਲੰਘਾਈਆ । ਜਿਸ ਵੇਲੇ ਤੇਰਾ ਖੇੜਾ ਬੇੜਾ ਹੋਵੇ ਤਿਆਰ, ਵਿਹੜਾ ਖੁਲ੍ਹਾ ਦਿਆਂ ਵਖਾਈਆ । ਸਾਰੇ ਇਕੱਠੇ ਕਰ ਕੇ ਯਾਰ, ਯਰਾਨਾ ਨੁਰਾਨਾ ਜ਼ਿਮੀਂ ਅਸਮਾਨਾਂ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਜਿਸ ਵੇਲੇ ਰਵਿਦਾਸ ਨੇ ਰੰਬੀ ਦਾ ਉਤਲਾ ਵੇਖਿਅ ਹੱਥਾ, ਚੌੜੇ ਸਿਰ ਵਾਲਾ ਨਜ਼ਰੀ ਆਈਆ । ਉਸ ਦੇ ਵਿਚ ਨੌਂ ਸੌ ਚੁਰਾਨਵੇ ਅੱਖਾਂ, ਜੁਗ ਚੌਕੜੀ ਦਾ ਲੇਖਾ ਰਹੀਆਂ ਸਮਝਾਈਆ । ਨਾਲੇ ਦੱਸਣ ਉਹ ਰਵਿਦਸ ਤੂੰ ਅਜੇ ਨਿੱਕਾ ਜਿਹਾ ਬੱਚਾ, ਤਨ ਮਾਟੀ ਦਾ ਕੱਚਾ, ਤੈਨੂੰ ਨਹੀਂ ਪਤਾ ਕੀ ਕਰੇ ਤੇਰਾ ਬੇਪਰਵਾਹੀਆ । ਤੂੰ ਪਿਛਲਾ ਚੇਤਾ ਯਾਦ ਨਹੀਂ ਰੱਖਾ, ਜਿਸ ਵੇਲੇ ਹੋਇਆ ਸੈਂ ਸਨਮੁਖਾ, ਬ੍ਰਹਮੇਂ ਦਾ ਬੇਟਾ ਨਜ਼ਰੀ ਆਈਆ । ਹੁਣ ਮਿਲ ਗਿਉਂ ਫੇਰ ਮਸਾਂ ਮਸਾਂ, ਮੱਠ ਕਹੇ ਮੈਂ ਨਾਲ ਖ਼ੁਸ਼ੀਆਂ ਦੇ ਹੱਸਾਂ, ਦਿਲੋਂ ਜਾਣੀਂ ਮੈਂ ਤੇਰੇ ਨਾਲ ਵਸਾਂ, ਵਿਛੋੜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡੀ ਵਡਿਆਈਆ । ਹੱਥਾ ਕਹੇ ਇਸ ਰੰਬੀ ਦੀ ਵੇਖ ਪਿਛਲੀ ਤਰਫ਼, ਰਵਿਦਾਸ ਪਿਛੇ ਹੋ ਕੇ ਧਿਆਨ ਲਗਾਈਆ । ਜਿਸ ਦੇ ਉਤੇ ਲਿਖਿਆ ਇਕੋ ਹਰਫ਼, ਹੂਬਹੂ ਸੋਹੰ ਨਜ਼ਰੀ ਆਈਆ । ਉਸ ਦੇ ਉਤੇ ਲੱਗਾ ਸੀ ਇਕ ਸੋਹਣਾ ਜਿਹਾ ਵਰਕ, ਨਾ ਚਾਂਦੀ ਨਾ ਸੁਵਰਨ ਬਣੌਣ ਵਾਲਾ ਸੁਨਿਆਰ ਨਜ਼ਰ ਕੋਇ ਨਾ ਆਈਆ । ਨਾਲੇ ਲਿਖੀ ਸੀ ਓਸ ਦੇ ਉਤੇ ਇਹ ਸ਼ਰਤ, ਜਿਸ ਵੇਲੇ ਪਰਮ ਪੁਰਖ ਪਰਮੇਸ਼ਵਰ ਆਵੇ ਪਰਤ, ਮਾਣ ਵਡਿਆਈ ਦੇਵੇ ਉਤੇ ਧਰਤ, ਧਰਨੀ ਹੌਲਾ ਭਾਰ ਕਰਾਈਆ । ਜਨ ਭਗਤ ਸੁਹੇਲੇ ਹੁਕਮ ਨਾਲ ਲਏ ਵਰਜ, ਪੁੱਠੀ ਨਰਦ ਸਿੱਧੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਆਰ ਕਹੇ ਰਵਿਦਾਸ ਵੇਖ ਮੇਰੇ ਅਧ, ਅਧਵਾਟੇ ਬੈਠਾ ਧੁਰਦਰਗਾਹੀਆ । ਜਿਸ ਵੇਲੇ ਤੂੰ ਉਤੋਂ ਲਾਵੇਂ ਸੱਟ, ਥੱਲਿਉਂ ਦਏਂ ਦਬਾਈਆ । ਓਸ ਵੇਲੇ ਉਹਦੀ ਖੁਲ੍ਹੇ ਅੱਖ, ਤੇਰੇ ਵਲ ਧਿਆਨ ਲਗਾਈਆ । ਜੇ ਡੋਲਣ ਲਗੇਂ ਤੈਨੂੰ ਦੱਸ ਦੇਵੇ ਸਚ, ਝੂਠ ਕੰਮ ਕਿਸੇ ਨਾ ਆਈਆ । ਜੇ ਤੇਰਾ ਅੰਦਰੋਂ ਮਨ ਪਏ ਨਚ, ਫੜ ਕੇ ਮੂੰਹ ਦੇ ਭਾਰ ਸੁਟਾਈਆ । ਸਿਰ ਤੇ ਰਖ ਆਪਣਾ ਹੱਥ, ਹਥੇਲੀ ਤੇਰੇ ਨਾਲ ਘਸਾਈਆ । ਤੂੰ ਮੇਰਾ ਮੈਂ ਤੇਰੇ ਵਸ, ਜਹਾਨਾਂ ਮੈਦਾਨਾਂ ਪਵੇ ਨਾ ਕਦੇ ਜੁਦਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪਣੀ ਆਪ ਉਠਾਈਆ । ਦਸਤਾ ਕਹੇ ਮੇਰੇ ਉਤੇ ਵੇਖੋ ਚੜ੍ਹਿਆ ਛੱਲਾ, ਚਾਰ ਕੁੰਟ ਬੈਠਾ ਘੇਰਾ ਪਾਈਆ । ਉਹਦੇ ਅੰਦਰ ਵੇਖੀ ਉਹਦੀ ਰਾਣੀ ਅੱਲਾ, ਖੁਲ੍ਹੀ ਗੁੱਤ ਦੇਵੇ ਹਾਲ ਦੁਹਾਈਆ । . . . . . . . . . . ਦਾਤਾ ਬੇਪਰਵਾਹੀਆ । ਉਸ ਨੇ ਸੱਤ ਰੰਗ ਨਿਸ਼ਾਨੇ ਦਾ ਮੇਰੇ ਵਲ ਸੁਟ ਦਿਤਾ ਪੱਲਾ, ਕੰਨੀ ਮੇਰੇ ਹੱਥ ਫੜਾਈਆ । ਓਧਰੋਂ ਆਦਿ ਸ਼ਕਤ ਪ੍ਰੇਮ ਦਾ ਪਾਣੀ ਲੈ ਆਈ ਛੰਨਾ, ਚਰਨੋਦਕ ਪ੍ਰਭ ਦਾ ਮੰਗ ਮੰਗਾਈਆ । ਤੇਰਾ ਵੀ ਹੋ ਜਾਏ ਭਲਾ, ਭਲਿਆ ਮਾਣਸਾ ਤੇਰੇ ਮੁਖ ਲਗਾਈਆ । ਰਵਿਦਾਸ ਕਿਹਾ ਇਸ ਦਾ ਕੀ ਫਲਾ, ਮੈਨੂੰ ਦੇ ਸਮਝਾਈਆ । ਓਨੇਂ ਚਿਰ ਨੂੰ ਪ੍ਰਭ ਦੇ ਚਰਨ ਕਵਲ ਦਾ ਨਜ਼ਰੀ ਆਇਆ ਤਲਾ, ਜਿਸ ਦੀ ਪਾਨਹੀ ਪਾਨਹੀ ਦਾ ਰੂਪ ਸਕੇ ਨਾ ਕੋਇ ਸਮਝਾਈਆ । ਨਾ ਕੋਈ ਜਾਣੇ ਢੋਰੀ ਬਣੇ ਕਿ ਖੱਲਾ, ਢੋਰਾਂ ਦਾ ਢੋਰ ਨਜ਼ਰ ਕੋਇ ਨਾ ਆਈਆ । ਰਵਿਦਾਸ ਕਿਹਾ ਇਹਵੀ ਕੂੜ ਛਲਾ, ਵਲ ਛਲਧਾਰੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਲੇਖੇ ਵਿਚ ਰਖਾਈਆ । ਰੰਬੀ ਕਹੇ ਉਹ ਵੇਖ ਆਪਣੀ ਫਟੀ ਚਾਦਰ, ਜਿਹੜੀ ਸੱਤਾਂ ਗੰਢਾਂ ਨਾਲ ਜੋੜ ਜੁੜਾਈਆ । ਸੱਤ ਰੰਗ ਦਾ ਮਾਲਕ ਉਤੇ ਬੈਠਾ ਕਰੀਮ ਕ਼ਾਦਰ, ਕਰਤਾ ਬੇਪਰਵਾਹੀਆ । ਤੈਨੂੰ ਦੇਵਣ ਆਇਆ ਆਦਰ, ਮਿਹਰ ਨਜ਼ਰ ਇਕ ਉਠਾਈਆ । ਫਿਰ ਆਵਾਜ਼ ਆਈ ਇਹ ਰਵੀ ਤੇਰੀ ਨਹੀਂ ਇਹ ਤੇਗ਼ ਬਹਾਦਰ ਦੀ ਚਾਦਰ, ਜਿਸ ਦਾ ਰਾਹ ਚਾਂਦਨੀ ਚੌਕ ਤਕਾਈਆ । ਜਿਸ ਦਾ ਸੁਤ ਹੋਣਾ ਉਜਾਗਰ, ਗੋਬਿੰਦ ਮਿਲੇ ਵਡਿਆਈਆ । ਉਸ ਨੇ ਮੰਨਣਾ ਮੇਰਾ ਆਰਡਰ, ਹੁਕਮੇ ਸੀਸ ਨਿਵਾਈਆ । ਲੇਖਾ ਚੁਕੌਣਾ ਮਕਤੂਲ ਕ਼ਾਤਲ, ਦੋ ਜਹਾਨਾਂ ਵੇਖ ਵਖਾਈਆ । ਫਿਰ ਦਰਸ਼ਨ ਦੇਵਾਂ ਬਾਤਨ, ਜ਼ਾਹਰ ਕਰਾਂ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਢੋਲੇ ਸਿਫ਼ਤੀ ਆਖਣ, ਆਖ਼ਰ ਓਹੋ ਰੂਪ ਵਟਾਈਆ । ਤੇਰਾ ਕਰ ਕੇ ਆਪਣਾ ਸਾਥਣ, ਧੁਰ ਦਾ ਸੰਗੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਗੰਮਾ ਆਪਣੇ ਹੱਥ ਰਖਾਈਆ । ਰਵਿਦਾਸ ਕਿਹਾ ਕਿਸ ਬਿਧ ਆਰ ਨਾਲ ਕਢਾਂ ਮੋਰੀ, ਉਤੇ ਭਾਰ ਰਖਾਈਆ । ਕਿਸ ਬਿਧ ਵੱਟਾਂ ਡੋਰੀ, ਸੋਹਣਾ ਵਟ ਚੜ੍ਹਾਈਆ । ਕਿਸ ਬਿਧ ਟੁੱਟਿਆਂ ਲਵਾਂ ਜੋੜੀ, ਮੇਲਾ ਦਿਆਂ ਮਿਲਾਈਆ । ਕਿਸ ਬਿਧ ਲਾਵਾਂ ਉਤੇ ਕੋਰੀ, ਆਪਣੀ ਸੇਵ ਕਮਾਈਆ । ਆਵਾਜ਼ ਆਈ ਐਵੇਂ ਨਾ ਕਰ ਬਹੁੜੀ ਬਹੁੜੀ, ਤੇਰਾ ਲੇਖਾ ਆਪੇ ਦਏ ਭੁਗਤਾਈਆ । ਕਿਸੇ ਆਏ ਨੂੰ ਨਾ ਮੋੜੀਂ, ਦਰ ਤੋਂ ਨਾ ਹੋੜੀਂ, ਪ੍ਰੇਮ ਨਾਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਜਿਸ ਵੇਲੇ ਪਹਿਲੀ ਵਾਰ ਰਵਦਾਸ ਨੇ ਆਰ ਦੱਬੀ, ਸੁੱਕਾ ਚੰਮ ਪਿਆ ਕੁਰਲਾਈਆ । ਓਹ ਤੇਰੇ ਅੰਦਰ ਚਮਿਆਰਾ ਨੂਰ ਰੱਬੀ, ਕਿਉਂ ਮੋਇਆਂ ਨੂੰ ਮਾਰ ਮੁਕਾਈਆ । ਉਹ ਥਾਂ ਸੀ ਪਿਛਲਾ ਹਿਸਾ ਵਾਲਾ ਅੱਡੀ, ਜੋ ਸਖ਼ਤੀ ਨਾਲ ਸੁਣਾਈਆ । ਮੇਰੀ ਵਿਨ੍ਹ ਦਿਤੀ ਤਿੰਨਾਂ ਤਹਿਵਾਂ ਵਾਲੀ ਹੱਡੀ, ਦੁਖ ਨਾਲ ਦੁਖ ਦਿਤਾ ਮਿਲਾਈਆ । ਰਵਿਦਾਸ ਹੈਰਾਨ ਹੋ ਕੇ ਓਥੇ ਆਰ ਛੱਡੀ, ਇਹ ਸੇਵਾ ਨਾ ਮੈਨੂੰ ਭਾਈਆ । ਮੈਂ ਗੁਜ਼ਾਰਾ ਕਰ ਲਾਂ ਖਾ ਕੇ ਅੱਧੀ, ਅੱਧੀ ਨਾਲੋਂ ਅੱਧੀ ਆਪਣੇ ਨਾਲ ਰਖਾਈਆ । ਓਧਰੋਂ ਜੋਤ ਅਕਾਲਣ ਧਾਰ ਸ਼ਬਦ ਹੋ ਕੇ ਆਈ ਭੱਜੀ, ਹੌਲੀ ਜਿਹੀ ਕੰਨ ਵਿਚ ਦਿਤਾ ਸੁਣਾਈਆ । ਵੇਖੀਂ ਇਹ ਕਾਰ ਨਾ ਛੱਡੀਂ, ਇਹ ਸਾਹਿਬ ਹੁਕਮ ਗੁਸਾਈਂਆ । ਤੂੰ ਉਹਨੂੰ ਕਹਿ ਮੈਂ ਟੁੱਟਿਆਂ ਰਿਹਾ ਗੰਢੀ, ਦੁਖੀਆਂ ਦਾ ਦੁਖ ਪ੍ਰਭ ਦੀ ਝੋਲੀ ਪਾਈਆ । ਇਹ ਬਚਨ ਸੁਣ ਕੇ ਉਹ ਟੁੱਟੀ

ਪਾਨਹੀ ਹਸੀ, ਖ਼ੁਸ਼ੀ ਹੋ ਕੇ ਅੰਦਰ ਖ਼ੁਸ਼ੀ ਮਨਾਈਆ । ਇਹ ਗੱਲ ਸੱਚੀ ਜਿਹੜੀ ਓਸ ਸਵਾਣੀ ਦੱਸੀ, ਰਵਿਦਾਸ ਬੰਨ੍ਹੇ ਡੋਰੀ ਨਾਲ ਰੱਸੀ, ਹੱਥਾਂ ਨਾਲ ਖਿਚ ਕੇ ਜਾਵੇ ਕਸੀ, ਧੁਰ ਦੀ ਗੰਢ ਪਵਾਈਆ । ਓਨੇ ਚਿਰ ਨੂੰ ਉਹਦੀ ਪੀੜ ਹੋ ਗਈ ਮੱਠੀ, ਫੇਰ ਚਰਨਾਂ ਉਤੇ ਢੱਠੀ, ਮੈਨੂੰ ਦੱਸ ਉਹ ਕਿਹੜੀ ਸੂਤਰ ਵਾਲੀ ਅੱਟੀ, ਜਿਸ ਦੇ ਵਿਚੋਂ ਤੰਦ ਖਿਚਾਈਆ । ਮੈਂ ਵੇਖਾਂ ਉਹ ਹੱਟੀ, ਜਿਥੋਂ ਮਿਲਦੀ ਇਹ ਖੱਟੀ, ਜਿਸ ਦੇ ਨਾਲ ਆਪਣੀ ਕਾਰ ਕਮਾਈਆ । ਰਵਿਦਾਸ ਕਿਹਾ ਓਹ ਕਮਲੀਏ ਇਹ ਪ੍ਰਭ ਦੀ ਰਤੀ ਸਮਝ ਨਾ ਸਕੇ ਮਤੀ, ਤੂੰ ਸਮਝ ਨਾ ਸਕੀ ਸਖ਼ੀ, ਕਿਉਂ ਤੇਰਾ ਕਾਹਨ ਤੈਨੂੰ ਨਜ਼ਰ ਨਾ ਆਈਆ । ਜਿਸ ਵੇਲੇ ਮੇਰੇ ਪ੍ਰਭ ਦਾ ਦਰਸ਼ ਪਾਵੇਂ ਅੱਖੀਂ, ਤੂੰ ਨੰਗੇ ਪੈਰੀਂ ਆਵੇਂ ਨੱਠੀ, ਤੈਨੂੰ ਭੁਲ ਜਾਏ ਆਪਣੀ ਖੱਟੀ, ਤੇਰੇ ਹਿਰਦੇ ਉਤੋਂ ਆਪੇ ਪਾਗ਼ਲਾਂ ਵਾਲੀ ਖੁਲ੍ਹ ਜਾਏ ਪੱਟੀ, ਦੁਹਾਗਣ ਵੈਰਾਗਣ ਹੋ ਕੇ ਦਏ ਦੁਹਾਈਆ । ਇਹ ਗੱਲ ਸੱਚੀ ਪਾਨਹੀ ਕਹੇ ਕਿ ਪੱਕੀ, ਉਸ ਨੇ ਕਿਹਾ ਹਾਂ ਹੋਰ ਕਿਸੇ ਨਾ ਦੱਸੀਂ, ਤੇਰਾ ਦੱਸਿਆ ਕੰਮ ਕਿਸੇ ਨਾ ਆਈਆ । ਜਿੰਨਾਂ ਚਿਰ ਮੈਂ ਨਾ ਦੇਵਾਂ ਮਤੀ, ਉਨਾ ਚਿਰ ਵਾ ਨਾ ਲਗੇ ਤੱਤੀ, ਕੋਈ ਦਰਸ ਪਾਵੇ ਨਾ ਅੱਖੀਂ, ਹਕ਼ੀਕ਼ਤ ਮਿਲੇ ਕਿਸੇ ਨਾ ਹਕੀ, ਹਾਕਮ ਰੋਂਦੇ ਮਾਰਨ ਧਾਹੀਆ । ਜਿਨ੍ਹਾਂ ਦਾ ਮਾਲਕ ਬਣਿਆ ਧੁਰ ਦਾ ਪਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਵਿਦਾਸ ਨੇ ਜਿਸ ਵੇਲੇ ਰੰਬੀ ਦਾ ਪਾਇਆ ਚੀਰ, ਟੁਕੜਾ ਢਾਈ ਉਂਗਲਾ ਦਾ ਪਰੇ ਹਟਾਈਆ । ਉਹ ਗ਼ਰੀਬਾਂ ਦੀ ਜੁੱਤੀ ਕਹੇ ਹਾਏ ਮੈਨੂੰ ਹੋਈ ਪੀੜ, ਹੋਕਾ ਦੇ ਕੇ ਰਹੀ ਸੁਣਾਈਆ । ਓਹ ਗ਼ਰੀਬਾਂ ਨੂੰ ਦੇ ਕੇ ਅੱਧ ਵਿਚੋਂ ਚੀਰ, ਦੋ ਟੁਕੜੇ ਦਿਤੇ ਕਰਾਈਆ । ਨਹੀਂ, ਤਲੇ ਕਿਹਾ ਕੋਈ ਸੂਫ਼ੀਆਂ ਵਰਗਾ ਫ਼ਕੀਰ, ਸੁਫ਼ਨੇ ਵਿਚ ਪਾਰ ਲੰਘਾਈਆ । ਪਤਾ ਨਹੀਂ ਇਸ ਮੈਨੂੰ ਕਰਨਾਂ ਲੀਰੋ ਲੀਰ, ਮੇਰਾ ਅੰਗ ਅੰਗ ਕਟਾਈਆ । ਨਾਲੇ ਰੋਵੇ ਨਾਲੇ ਨੇਤਰ ਵਹਾਵੇ ਨੀਰ, ਹੰਝੂਆਂ ਜਲਧਾਰ ਬੰਧਾਈਆ । ਰਵਿਦਾਸ ਨੇ ਓਸੇ ਵੇਲੇ ਜੁੱਤੀ ਦੇ ਚਾਰ ਤਰਫ਼ ਮਾਰ ਦਿਤੀ ਲਕੀਰ, ਰੰਬੀ ਚਾਰੋਂ ਤਰਫ਼ ਘੁੰਮਾਈਆ । ਓਸੇ ਵੇਲੇ ਆ ਗਈ ਧੀਰ, ਕਹੇ, ਹੈਂ ! ਇਹ ਕੀ ਤੇਰੀ ਵਡਿਆਈਆ । ਓਸ ਨੇ ਕਿਹਾ ਗ਼ਰੀਬਾਂ ਨੂੰ ਵੇਖ ਕੇ ਮੇਰਾ ਪ੍ਰਭੂ ਹੋਵੇ ਦਿਲਗੀਰ, ਨਿਰਾਲੇ ਕਰ ਕੇ ਸੇਵ ਕਮਾਈਆ । ਮੈਂ ਨੀਚਾਂ ਦਾ ਨੀਚ, ਜ਼ਾਤ ਕਮੀਨੀ ਵਿਚ ਜਨਮ ਆਪਣਾ ਲਿਆ ਬਦਲਾਈਆ । ਬਿਨਾ ਮੇਰੇ ਪ੍ਰਭ ਤੋਂ ਸੁਣੀ ਨਹੀਂ ਜਾਂਦੀ ਦੁਖੀਆ ਦੀ ਚੀਕ, ਜੋ ਓਸ ਦੇ ਦੁਖ ਵਿਚ ਰਹੇ ਕੁਰਲਾਈਆ । ਉਹ ਭਗਤਾਂ ਨੂੰ ਸਦਾ ਰਿਹਾ ਉਡੀਕ, ਨੇਤਰ ਨੈਣ ਅੱਖ ਖੁਲ੍ਹਾਈਆ । ਕੋਈ ਕਰਕੇ ਵੇਖੋ ਪ੍ਰੀਤ, ਅੰਦਰੋਂ ਬਾਹਰੋਂ ਕਰ ਦਏ ਠਾਂਡਾ ਸੀਤ, ਸਤਿ ਸਤਿ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੀਰਜ ਧੀਰ ਰਿਹਾ ਵਖਾਈਆ । ਜਿਸ ਵੇਲੇ ਰੰਬੀ ਦੀ ਅਗਲੀ ਲੱਗੀ ਨੋਕ, ਥੋੜ੍ਹਾ ਮੁਖ ਛੁਹਾਈਆ । ਓਸ ਵੇਲੇ ਜਾਗ ਪਏ ਚੌਦਾਂ ਲੋਕ, ਚੌਦਾਂ ਤਬਕ ਲੈਣ ਅੰਗੜਾਈਆ । ਰਵਿਦਾਸ ਨੇ ਗਾਇਆ ਅੰਦਰੋਂ ਸੋਹੰ ਸਲੋਕ, ਤੂੰ ਮੇਰਾ ਮੈਂ ਤੇਰਾ ਸਦਾ ਚਲਾਂ ਤੇਰੀ ਰਜ਼ਾਈਆ । ਪੁਰਖ ਅਕਾਲ ਕਿਹਾ ਤੂੰ ਨਾ ਜਾਣੇਂ ਤੂੰ ਮੇਰਾ ਮੈਂ ਤੇਰੀ ਜੋਤ, ਜੋਤ ਨਾਲ ਮੇਰੀ ਰੁਸ਼ਨਾਈਆ । ਅੰਦਰ ਵੜ ਕੇ ਵੇਖ ਤੇਰੀ ਮੇਰੀ ਇਕੋ ਗੋਤ, ਦੂਜਾ ਬਰਨ ਨਾ ਕੋਈ ਬਣਾਈਆ । ਮੈਨੂੰ ਐ ਜਾਪਦਾ ਰਵਿਦਾਸਾ ਕਦੇ ਤੇਰੇ ਨਾਲ ਮਿਲ ਕੇ ਮਾਣਨੀ ਮੌਜ, ਮਜਲਸ ਭਗਤਾਂ ਵਿਚ ਲਗਾਈਆ । ਫੇਰ ਓਥੇ ਕਰਾਂਗੇ ਕੋਈ ਹੋਰ ਸੋਚ, ਜਿਸ ਬਿਧ ਨਾਲ ਕਲਜੁਗ ਸਤਿਜੁਗ ਰੂਪ ਵਟਾਈਆ । ਰਵਿਦਾਸ ਕਿਹਾ ਮੈਂ ਕੀ ਜਾਣਾਂ ਤੇਰੀ ਖੋਜ, ਤੂੰ ਖੋਜਿਆਂ ਹੱਥ ਕਿਸੇ

੬੪

ਨਾ ਆਈਆ । ਪੁਰਖ ਅਕਾਲ ਕਿਹਾ ਮੈਂ ਨਿਤ ਦਰਸ਼ਨ ਦੇਵਾਂ ਰੋਜ਼, ਤੇਰੇ ਦਰਸ ਦੀ ਰੋਜ਼ੀ ਆਪਣਾ ਉਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਿਸ ਵੇਲੇ ਰੰਬੀ ਨੇ ਕੀਤਾ ਟੁਕੜਾ, ਹਿੱਸਾ ਦਿਤਾ ਵੰਡਾਈਆ । ਓਸ ਵੇਲੇ ਆਵਾਜ਼ ਆਈ ਚਾਰੇ ਨੁੱਕਰਾ, ਨੁਕਤਿਆਂ ਨਾਲ ਸਮਝਾਈਆ । ਵਾਹ ਮੇਰੇ ਪੁੱਤਰਾ, ਮੇਰੀ ਪਤ ਰਖਣੀ, ਬੋਲਿਆ ਧੁਰਦਰਗਾਹੀਆ । ਰਵਿਦਾਸ ਕਿਹਾ ਮੈਂ ਤੇਰੇ ਕੁਛੜੋਂ ਕਦੇ ਨਾ ਉਤਰਾਂ, ਬਾਲਕ ਹੋ ਕੇ ਗੋਦੀ ਵਿਚ ਸੋਭਾ ਪਾਈਆ । ਪੁਰਖ ਅਕਾਲ ਕਿਹਾ ਮੈਂ ਵੀ ਕੀਤੇ ਇਕ਼ਰਾਰ ਤੋਂ ਕਦੇ ਨਾ ਮੁਕਰਾਂ, ਲਹਿਣਾ ਜੁਗ ਜੁਗ ਝੋਲੀ ਪਾਈਆ । ਸਮੇਂ ਸਿਰ ਇਹੋ ਜਿਹਾਂ ਪੁੱਤਰਾਂ, ਪੁਖ਼ਤਾ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਆਪਣੇ ਹੱਥ ਰਖਾਈਆ । ਇਕ ਦਿਨ ਰੰਬੀ ਨੇ ਟੁਕੜੇ ਕੀਤੇ ਤਿੰਨ, ਤਿੰਨੇ ਰਹੇ ਕੁਰਲਾਈਆ । ਜੇ ਸਾਨੂੰ ਰੱਬ ਦਾ ਨਜ਼ਰ ਆਵੇ ਚਿੰਨ੍ਹ, ਉਸ ਨੂੰ ਫੜ ਕੇ ਦਈਏ ਸਮਝਾਈਆ । ਕਿਉਂ ਸਾਨੂੰ ਰੰਬੀਆਂ ਆਰਾਂ ਨਾਲ ਰਿਹਾਂ ਵਿੰਨ੍ਹ, ਦੁਖੀਆਂ ਨੂੰ ਦੁਖ ਨਾਲ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਰੰਬੀ ਆਰ ਕਹੇ ਮੈਨੂੰ ਐਂ ਜਾਪਦੀ, ਪ੍ਰਭ ਕੁਛ ਅਗਲਾ ਲੇਖਾ ਰਿਹਾ ਜਣਾਈਆ । ਜਿਸ ਵੇਲੇ ਕਲਜੁਗ ਸ੍ਰਿਸ਼ਟੀ ਭਰਨੀ ਪਾਪ ਦੀ, ਦੁਰਮਤ ਰੰਗ ਰੰਗਾਈਆ । ਮਦਦ ਮੁਕਣੀ ਗੁਰ ਅਵਤਾਰ ਪੀਰ ਪੈਗ਼ੰਬਰ ਸਾਥ ਦੀ, ਸਗਲਾ ਸੰਗ ਨਾ ਕੋਇ ਬਣਾਈਆ । ਪਤ ਰਹਿਣੀ ਨਾ ਤੀਰਥ ਤਾਟ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪਰਦਾ ਰਹਿਣ ਕੋਈ ਨਾ ਪਾਈਆ । ਸਮਝ ਮੁਕਣੀ ਰਸੂਲ ਪਾਕ ਦੀ, ਖ਼ਾਕੀ ਬੰਦੇ ਦੇਣ ਦੁਹਾਈਆ । ਨਿਮਾਜ਼ ਮੁਕਣੀ ਸਚ ਮਹਿਰਾਬ ਦੀ, ਮਹਿਬੂਬ ਮਿਲਣ ਕੋਇ ਨਾ ਆਈਆ । ਮੁਲਾਕਾਤ ਚੁਕਣੀ ਵਾਹਦ ਜਨਾਬ ਦੀ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਵਡਿਆਈ ਮੁਕਣੀ ਸਚ ਆਦਾਬ ਦੀ, ਧੁਰ ਸਲਾਮ ਨਾ ਕੋਇ ਕਰਾਈਆ । ਲੜੀ ਟੁਟਣੀ ਸਾਚੇ ਸਤਿਨਾਮ ਦੀ, ਰਾਮ ਰਾਮ ਹਿਰਦੇ ਨਾ ਕੋਇ ਵਸਾਈਆ । ਖੇਲ ਮੁਕਣੀ ਦੀਨ ਮਜ਼੍ਹਬ ਸ਼ੈਤਾਨ ਦੀ, ਜ਼ਾਤ ਪਾਤ ਦਏ ਗਵਾਈਆ । ਐਉਂ ਭਾਸੇ, ਰਵਿਦਾਸਾ, ਓਸ ਵੇਲੇ ਲੋੜ ਪੈਣੀ ਸੋਹੰ ਜਾਪ ਦੀ, ਤੇਰੇ ਅੰਦਰ ਦੀ ਧਾਰ ਤੇਰੀ ਕ਼ਲਮ ਦਾ ਪਿਆਰ ਤੇਰੇ ਅੱਖਰਾਂ ਦਾ ਵਿਸਥਾਰ ਰਿਹਾ ਜਣਾਈਆ । ਰਵਿਦਾਸ ਕਿਹਾ ਚੁਪ ਰੌਲਾ ਨਾ ਪਾ ਵਿਚ ਸੰਸਾਰ, ਇਹ ਹੁਕਮ ਦਿਤਾ ਮੇਰੇ ਯਾਰ, ਜਿਸ ਵੇਲੇ ਖੇਲ ਕਰਾਂ ਬਣ ਕਰਤਾਰ, ਨਿਰੰਕਾਰ ਹੋ ਕੇ ਤੇਰਾ ਆਕਾਰ ਦੇਵਾਂ ਪਰਗਟਾਈਆ । ਮੇਰੇ ਸ਼ਬਦਾਂ ਦਾ ਇਸ਼ਤਿਹਾਰ, ਦੋ ਜਹਾਨ ਕਰੇ ਖ਼ਬਰਦਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਿਆਂ ਜਗਾਈਆ । ਭਗਤ ਸੁਹੇਲੇ ਉਠਾ ਕੇ ਵਾਰੋ ਵਾਰ, ਖਿਚ ਕੇ ਲਿਆਵਾਂ ਚਰਨ ਦਵਾਰ, ਜਿਥੇ ਬੈਠਾ ਸਰਦਾਰਾਂ ਦਾ ਸਰਦਾਰ, ਤਖ਼ਤ ਨਿਵਾਸੀ ਗਹਿਰ ਗੰਭੀਰ ਬੇਨਜ਼ੀਰ ਆਸਣ ਲਾਈਆ । ਜਿਸ ਦਾ ਕਿਸੇ ਨਹੀਂ ਕੀਤਾ ਇਤਬਾਰ, ਅਗੇ ਗੁਰਮੁਖ ਕਰ ਕੇ ਜਾਏ ਹੁਸ਼ਿਆਰ, ਹੁਸ਼ਿਆਰੀ ਆਪਣੇ ਨਾਲ ਰਖਾਈਆ । ਚਰਨ ਪ੍ਰੀਤੀ ਬਖ਼ਸ਼ ਪਿਆਰ, ਆਤਮ ਅਤੀਤੀ ਕਰੇ ਆਧਾਰ, ਨੀਤੀ ਵਿਚੋਂ ਨੀਤੀ ਦਏ ਬਦਲਾਈਆ । ਰੰਬੀ ਕਹੇ ਫੇਰ ਸਾਡਾ ਕੀ ਵਿਹਾਰ, ਜੇ ਤੂੰ ਨਾ ਰਿਹੋਂ ਚਮਿਆਰ, ਅਸੀਂ ਕਿਹੜੀ ਕਰੀਏ ਕਾਰ, ਸਾਨੂੰ ਦੇ ਸਮਝਾਈਆ । ਰਵਿਦਾਸ ਕਿਹਾ ਮੇਰਾ ਪ੍ਰਭੂ ਹੋਵੇ ਦਿਆਲ, ਤੁਹਾਨੂੰ ਮਾਰਗ ਦਏ ਸਿਖਾਲ, ਪ੍ਰਤੱਖ ਵਖਾ ਕੇ ਆਪਣੇ ਲਾਲ, ਨੇਤਰ ਨੈਣ ਅੱਖ ਖੁਲ੍ਹਾਈਆ । ਤੁਸਾਂ ਸੇਵਾ ਕਰਨੀ ਵਾਰੋ ਵਾਰ, ਅੰਦਰ ਵੜ ਕੇ ਚੋਭੇ ਦੇਣੇ ਮਾਰ, ਆਰ ਤੇਰੀ ਇਹ ਵਡਿਆਈਆ । ਰੰਬੀ ਤੂੰ ਕੂੜ ਕੁੜਿਆਰਾ


੬੫

ਦੇਣਾ ਪਾੜ, ਅੰਦਰ ਸਾਫ਼ ਕਰਨੀ ਬਹੱਤਰ ਨਾੜ, ਬਾਹਰ ਕਢਣਾ ਕਰੋਧ ਹੰਕਾਰ, ਸ਼ੈਤਾਨ ਤੇਰੇ ਹੁੰਦਿਆ ਰਹਿਣ ਕੋਇ ਨਾ ਪਾਈਆ । ਡੋਰੀ ਤੂੰ ਮਿਲੌਣਾ ਓਸ ਸਾਂਝੇ ਯਾਰ, ਜਿਸ ਦੀ ਗੰਢ ਰਹੇ ਜੁਗ ਚਾਰ, ਜਿਸ ਦਾ ਵਿਛੋੜਾ ਮਿਲ ਕੇ ਵਿਛੋੜਿਆਂ ਵਿਚੋਂ ਬਾਹਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣੇ ਨਾਲ ਸਮਝਾਈਆ । ਰੰਬੀ ਕਿਹਾ ਕਿਸ ਬਿਧ ਵੜਾਂ ਅੰਦਰ, ਗੁਰਮੁਖਾਂ ਡੇਰਾ ਲਾਈਆ । ਆਰ ਕਿਹਾ ਕਿਸ ਬਿਧ ਜਾਵਾਂ ਅੰਧੇਰੀ ਕੰਦਰ, ਆਪਣਾ ਫੇਰਾ ਪਾਈਆ । ਰਵਿਦਾਸ ਕਿਹਾ ਜਿਸ ਵੇਲੇ ਉਹ ਸਮਾਂ ਆਇਆ ਮੇਰਾ ਸਾਹਿਬ ਚਾਰ ਤਰਫ਼ ਦੇ ਖੋਲ੍ਹ ਦੇਵੇ ਜੰਦਰ, ਗੁਰਮੁਖਾਂ ਦਾ ਸਿੱਧਾ ਰਾਹ ਚਾਰੋਂ ਕੁੰਟ ਰਖਾਈਆ । ਸਚਖੰਡ ਕੀ ਪ੍ਰਭੂ ਨੇ ਵਾੜਨੇ ਡੰਗਰ, ਕੀ ਢੋਰਾਂ ਖਲ ਟੰਗਾਈਆ । ਕੀ ਪ੍ਰਭੂ ਨੇ ਉਥੇ ਕੋਈ ਨਚੌਣੇ ਬੰਦਰ, ਜੋ ਮਨ ਵਾਸਨਾ ਵਿਚ ਭੱਜਣ ਵਾਹੋ ਦਾਹੀਆ । ਕੀ ਉਥੇ ਲਟਕੌਣੇ ਸੂਰਜ ਚੰਦਰ, ਜੋ ਹੁਕਮੇ ਅੰਦਰ ਦੇਣ ਰੁਸ਼ਨਾਈਆ । ਸਚ ਪੁਛੋ, ਓਥੇ ਭਗਤ ਸੁਹੇਲੇ ਸਦਾ ਦਵਾਰ ਤੇ ਮੰਗਣ, ਪ੍ਰੇਮ ਝੋਲੀ ਅਗੇ ਡਾਹੀਆ । ਜਿਨ੍ਹਾਂ ਨੂੰ ਲੋਕਮਾਤ ਆਏ ਸੱਦਣ, ਸੱਦਾ ਹੁਕਮ ਸੁਣਾਈਆ । ਫੇਰ ਉਹ ਇਸ ਡੋਰੀ ਵਿਚ ਬੱਝਣ, ਜਿਹੜੀ ਰਵਿਦਾਸ ਚੁਮਾਰੇ ਹੱਥ ਫੜਾਈਆ । ਅੱਠੇ ਪਹਿਰ ਰਹਿਣ ਮਗਨ, ਅੰਤਰ ਆਤਮ ਇਕ ਲਿਵ ਲਾਈਆ । ਜੇ ਕੋਈ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਰਾਜਿਆਂ ਦਾ ਰਾਜਾ ਮੇਰੇ ਭਗਤ ਨੂੰ ਆਪਣੀ ਬੇਟੀ ਦਾ ਦੇਣ ਆਵੇ ਸਗਣ, ਮੇਰਾ ਭਗਤ ਧੱਕੇ ਨਾਲ ਪਰੇ ਸੁਟਾਈਆ । ਮੈਨੂੰ ਓਸ ਦੀ ਲਗੀ ਲਗਨ, ਜਿਹੜਾ ਅੰਦਰ ਬਾਹਰ ਸੇਜ ਹੰਢਾਈਆ । ਮੈਂ ਆ ਕੇ ਓਸ ਮਾਹੀ ਦੇ ਪਤਣ, ਆਪਣਾ ਪਤਾ ਦਿਤਾ ਗਵਾਈਆ । ਭਗਤ ਕਹੇ ਮੈਂ ਇਕੋ ਜਾਣਿਆ ਇਕੋ ਮੇਰਾ ਸੱਜਣ, ਬਾਕੀ ਝੂਠੀ ਜਗਤ ਲੋਕਾਈਆ । ਜੋ ਭਗਤਾਂ ਭੱਜਾ ਆਇਆ ਲੱਭਣ, ਦਾਤਾ ਦਾਨ ਆਇਆ ਵੰਡਣ, ਚਾਰੋਂ ਕੁੰਟ ਵੇਖ ਵਖਾਈਆ । ਟੁੱਟੀ ਆਇਆ ਗੰਢਣ, ਆਪਣੀ ਪਿੱਠ ਬਦਲਾਈਆ । ਕਰਵਟ ਲੈ ਕੇ ਗੁਰਮੁਖਾਂ ਦੇ ਅੰਦਰ ਆਇਆ ਲੰਘਣ, ਵੱਡਿਉਂ ਨਿੱਕਾ ਰੂਪ ਵਟਾਈਆ । ਜਨਮ ਕਰਮ ਦੇ ਤੋੜਨ ਆਇਆ ਬੰਧਨ, ਬੰਦੀਖ਼ਾਨਾ ਦਏ ਗਵਾਈਆ । ਪ੍ਰੇਮ ਰਸ ਦਾ ਦੇਵੇ ਅਨੰਦਨ, ਅਨੰਦ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਦਾਤਾ ਬੇਪਰਵਾਹੀਆ । ਰੰਬੀ ਕਹੇ ਮੈਂ ਹੁੰਗਾਰਾ ਦੇਵਾਂ ਨਾਲ ਹੂੰ, ਹੌਲੀ ਜਿਹੀ ਸੁਣਾਈਆ । ਜਿਸ ਵੇਲੇ ਆਵੇਂ ਪ੍ਰਭ ਤੂੰ, ਤੂੰਹੀ ਤੂੰਹੀ ਰਾਗ ਸਰਬ ਸੁਣਾਈਆ । ਭਗਤਾਂ ਦੀ ਲੰਘੇ ਬਿਨਾ ਸਰਦਲ ਵਾਲੀ ਬਰੂਹ, ਜਿਸ ਦਾ ਦਰਵਾਜ਼ਾ ਆਪਣੇ ਹੁਕਮ ਨਾਲ ਖੁਲ੍ਹਾਈਆ । ਓਸ ਮੰਦਰ ਅੰਦਰ ਵੜ ਕੇ ਪਏਂ ਕੂ, ਜਿਥੇ ਕੂਕ ਫ਼ਰਿਆਦ ਸੁਣਨ ਵਾਲਾ ਨਜ਼ਰ ਕੋਇ ਨਾ ਆਈਆ । ਜੇ ਭਗਤ ਲੱਭਣ ਤੇ ਨਜ਼ਰ ਆਵੇਂ ਹੂਬਹੂ, ਹੁਲੀਆ ਆਪਣਾ ਫੇਰ ਬਦਲਾਈਆ । ਪਾਕ ਕਰ ਕੇ ਬੁਤ ਰੂਹ, ਦੇਵੇਂ ਮਾਣ ਵਡਿਆਈਆ । ਭਗਤ ਉਧਾਰਨਾ ਪੰਜਾਬੀ ਲੱਛਣ ਕਰਨਾ ਛੂਹ, ਇਸ਼ਾਰੇ ਨਾਲ ਪਾਰ ਲੰਘਾਈਆ । ਅਸਾਂ ਵੇਖਿਆ ਤੂੰ ਝਟ ਬਦਲ ਦਿਤਾ ਧਰੂ, ਸਵਰਨ ਦਿਤੀ ਵਡਿਆਈਆ । ਬ੍ਰਹਮਾ ਪਾ ਕੇ ਆਪਣੇ ਵੱਡੇ ਖੂਹ, ਪਾਲ ਸਿੰਘ ਪਾਲਕੀ ਦਿਤਾ ਚੜ੍ਹਾਈਆ । ਸ਼ੰਕਰ ਆਪਣੀ ਧਾਰ ਪਰੋ, ਜਗਤ ਜਗਦੀਸ਼ ਹੁਕਮ ਮਨਾਈਆ । ਇੰਦ ਇੰਦਰਾਸਣ ਰਹੀ ਨਾ ਲੋ, ਸਿੰਘਾਸਣ ਗਿਆ ਤਜਾਈਆ । ਹੁਕਮੇਂ ਅੰਦਰ ਬਿਠਾਏ ਓਹ, ਜਿਸ ਬਾਲੇ ਮਿਲੀ ਵਡਿਆਈਆ । ਭਗਤਾਂ ਬਖ਼ਸ਼ ਕੇ ਮੋਹ, ਮੁਹੱਬਤ ਨਾਤੇ ਰਿਹਾ ਜੁੜਾਈਆ । ਪਾਲ ਸਿੰਘਾ ਯਾਦ ਈ ਸੋਲਾਂ ਮੱਘਰ

ਓਹ, ਵੀਹ ਸੌ ਦਸ ਬਿਕ੍ਰਮੀ ਜਿਸ ਵੇਲੇ ਆਦਿ ਸ਼ਕਤ ਦੁਰਗਾ ਅਸ਼ਟਮ ਕਾਲਕਾ ਕਮਲੀ ਤੇਰੇ ਸਾਹਮਣੇ ਹੋ ਕੇ ਰੋ ਰੋ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚਾਦਰ ਟੁੱਟੀ ਹੋਈ ਕਹੇ ਮੈਂ ਬਣ ਗਈ ਫੂੜ੍ਹੀ, ਰਵਿਦਾਸ ਹੱਥਾਂ ਲਈ ਦਬਾਈਆ । ਇਕ ਦਿਨ ਮੈਂ ਉਹਦੇ ਤੋਂ ਮੰਗੀ ਮਜ਼ਦੂਰੀ, ਮੇਰਾ ਲੇਖਾ ਦੇ ਮੁਕਾਈਆ । ਓਸ ਨੇ ਕਿਹਾ ਮੈਂ ਦੇਵਾਂ ਜ਼ਰੂਰੀ, ਕ਼ਰਜ਼ਾ ਪਿਛਲਾ ਦਿਆਂ ਮੁਕਾਈਆ । ਇਕ ਦਿਨ ਉਹ ਢਿੱਡੋਂ ਭੁੱਖਾ ਓਹਦੇ ਮੋਢੇ ਉਤੇ ਕਾਲੀ ਸੀ ਭੂਰੀ, ਉਹ ਵੀ ਉਤੋਂ ਲਾਹ ਕੇ ਮੇਰੇ ਉਤੇ ਦਿਤੀ ਪਾਈਆ । ਨੰਗਾ ਹੋ ਕੇ ਪੈਰੋਂ ਬਹਿ ਗਿਆ ਇਹ ਵੀ ਮੇਰੀ ਮਜ਼ਬੂਰੀ, ਖ਼ਾਲੀ ਹੱਥ ਦਏ ਵਖਾਈਆ । ਓਨੇ ਚਿਰ ਨੂੰ ਇਹ ਹਾਲਤ ਵੇਖ ਕੇ ਰੋ ਪਈ ਫੂੜ੍ਹੀ, ਫੁਰਨਿਆਂ ਵਿਚ ਦਏ ਦੁਹਾਈਆ । ਰਵਿਦਾਸਾ ਤੇਰੀ ਕਿਹਦੇ ਨਾਲ ਯਾਰੀ ਗੂੜ੍ਹੀ, ਜਿਸ ਨੇ ਸਬਰ ਪਿਆਲਾ ਦਿਤਾ ਪਿਆਈਆ । ਓਸੇ ਵੇਲੇ ਪ੍ਰਭ ਨੇ ਦਰਸ਼ਨ ਦਿਤਾ ਹਾਜ਼ਰ ਹਜ਼ੂਰੀ, ਸਨਮੁਖ ਹੋ ਕੇ ਨਜ਼ਰੀ ਆਈਆ । ਸ੍ਰੀ ਭਗਵਾਨ ਨੇ ਇਸੇ ਤਰਾ ਥੱਲਿਉਂ ਫੜ ਕੇ ਚਰਨ ਦੀ ਧੂੜੀ, ਆਪਣੇ ਮਸਤਕ ਲਈ ਘਸਾਈਆ । ਜਨ ਭਗਤੋ ਤੁਹਾਡੀ ਫੇਰ ਦੇਵਾਂ ਮਜ਼ਦੂਰੀ, ਹਰਿ ਸੰਗਤ ਲੇਖੇ ਆਪਣਾ ਨਾਮ ਲਗਾਈਆ । ਰਵਿਦਾਸ ਨੇ ਰੋ ਕੇ ਕਿਹਾ ਪ੍ਰਭੂ ਤੇਰੀ ਇਹ ਖੇਲ ਮੈਂ ਨਾ ਜਾਣਾ ਕੂੜੀ, ਤੂੰ ਕੂੜਿਆਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਉਹ ਫੂੜ੍ਹੀ ਕਹੇ ਇਕ ਦਿਨ ਰਵਿਦਾਸ ਭੁੱਖਾ ਸੀ ਤਿੰਨ ਦਿਨ ਦਾ, ਖ਼ੁਸ਼ੀਆਂ ਨਾਲ ਗੰਢ ਪੁਆਈਆ । ਬਿਨ ਮਣਕਿਆਂ ਮਾਲਾ ਆਪਣੀ ਗਿਣਦਾ, ਹਿਰਦੇ ਹਰਿ ਹਰਿ ਰਿਹਾ ਧਿਆਈਆ । ਜਾਂ ਪਾਸਾ ਵੱਟਿਆ ਉਹਦੇ ਗੋਡੇ ਤੋਂ ਸੱਤ ਉਂਗਲਾਂ ਉਪਰ ਚੁਭਿਆ ਇਕ ਤਿਨਕਾ, ਆਪਣਾ ਜ਼ੋਰ ਲਗਾਈਆ । ਉਸ ਦਾ ਥੋੜ੍ਹਾ ਜਿਹਾ ਅੰਦਰ ਰਹਿ ਗਿਆ ਛਿਲਕਾ, ਜੋ ਖ਼ੂਨ ਨਾਲ ਮਿਲਕੇ ਆਪਣਾ ਰੰਗ ਰੰਗਾਈਆ । ਓਸ ਅੰਦਰ ਵੜ ਕੇ ਵੇਖਿਆ ਖੇਲ ਓਸ ਦੇ ਦਿਲ ਦਾ, ਅਜਬ ਕਹਾਣੀ ਨਜ਼ਰੀ ਆਈਆ । ਜਿਸ ਵੇਲੇ ਲੋਕ ਕਹਿਣ ਰਵਿਦਾਸ ਹੁਣ ਭੁੱਖਾ ਓਸੇ ਦਿਨ ਪ੍ਰਭੂ ਮਿਲਦਾ, ਇਸੇ ਕਰ ਕੇ ਤ੍ਰਿਪਤ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖਾ ਲੇਖਾ ਆਪਣੇ ਹੱਥ ਰਖਾਈਆ । ਫੂੜ੍ਹੀ ਕਹੇ ਮੈਂ ਇਕ ਦਿਨ ਇਕੱਲੀ ਹੱਸਾਂ, ਏਧਰ ਓਧਰ ਸਾਥੀ ਨਜ਼ਰ ਕੋਇ ਨਾ ਆਈਆ । ਮੈਂ ਆਖਿਆ ਮੈਂ ਆਪਣੀ ਖ਼ੁਸ਼ੀ ਕਿਹਨੂੰ ਦੱਸਾਂ, ਕਿਹਨੂੰ ਦਿਆਂ ਸੁਣਾਈਆ । ਨਾ ਮੇਰੀਆਂ ਅੱਖਾਂ, ਕਿਹੜੇ ਮੱਥੇ ਉਤੇ ਹੱਥ ਰਖਾਈਆ । ਚਾਰੋਂ ਕੁੰਟ ਧਿਆਨ ਮਾਰਿਆ ਨਾ ਪੈਰਾਂ ਨਾ ਲੱਤਾਂ, ਮੈਂ ਕਿਧਰ ਉਠ ਕੇ ਨੱਠਾਂ, ਬਣ ਪਾਂਧੀ ਪੰਧ ਮੁਕਾਈਆ । ਸਬਰ ਕਰ ਕੇ ਕਹਿੰਦੀ ਮੈਂ ਓਸ ਦੀਆਂ ਆਸਾਂ ਰੱਖਾਂ, ਜੋ ਹਰ ਘਟ ਹਰ ਥਾਂ ਹੋਏ ਸਹਾਈਆ । ਓਧਰੋਂ ਪਰਮ ਪੁਰਖ ਪਰਮਾਤਮ ਰਵਦਾਸ ਨੂੰ ਮਿਲਣ ਆਇਆ ਨੱਠਾ, ਬਹੁਰੂਪੀਆ ਆਪਣਾ ਰੂਪ ਵਟਾਈਆ । ਹੱਥ ਵਿਚ ਦੋ ਡੰਡੇ ਸੁਥਰੇ ਵਾਂਗ ਮਾਰੇ ਸੱਟਾਂ, ਸੋਹਣਾ ਤਾਲ ਬਣਾਈਆ । ਪੈਰਾਂ ਨਾਲ ਨੱਚ ਕੇ ਉਡਾਇਆ ਘੱਟਾ, ਰਵਿਦਾਸ ਦੇ ਮੁਖ ਦੇ ਉਤੇ ਪਾਈਆ । ਫੂੜ੍ਹੀ ਕਿਹਾ ਮੈਂ ਓਸ ਨੂੰ ਜਾ ਕੇ ਚੱਟਾਂ, ਜਿਸ ਦਾ ਰਸ ਅੰਮ੍ਰਿਤ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਕਮਲੀਏ ਆ ਤੈਨੂੰ ਹੋਰ ਕੁਛ ਦੱਸਾਂ, ਅਗਲੀ ਕਹਾਣੀ ਸੁਣਾਈਆ । ਜਿਸ ਵੇਲੇ ਮੈਂ ਨਿਰਗੁਣ ਜੋਤੀ ਜਾਮਾ ਧਰ ਕੇ ਵੇਸ ਵਟਾਵਾਂ ਵਿਚ ਜੱਟਾਂ, ਜੱਟ ਤੇਰਾ ਭਗਤ ਲਵਾਂ ਬਣਾਈਆ । ਤੈਨੂੰ ਇਹੋ ਰਵਿਦਾਸ ਫੇਰ ਵਖਾਵਾਂ ਅੱਖਾਂ, ਆਖ਼ਰ ਆਪਣਾ ਰੰਗ ਰੰਗਾਈਆ । ਖ਼ੁਸ਼ੀਆਂ ਨਾਲ ਬਹਿ ਕੇ ਰਾਹ ਦੱਸੇ ਚਰਨਾਂ ਵਿਚ ਕੱਖਾਂ, ਕਾਮਲ ਮੁਰਸ਼ਦ ਹੋ ਕੇ ਆਪਣੀ ਦਇਆ

੬੭

ਕਮਾਈਆ । ਮਨਮੁਖਾਂ ਤੋਂ ਦੋ ਜਹਾਨਾਂ ਬਾਹਰ ਨੱਠਾਂ, ਲੱਭਿਆਂ ਹੱਥ ਕਿਸੇ ਨਾ ਆਈਆ । ਓਨੇ ਚਿਰ ਨੂੰ ਰਵਿਦਾਸ ਆਪਣਾ ਹੱਥ ਮਾਰਿਆ ਓਤੇ ਪੱਟਾਂ, ਥੋੜ੍ਹੀ ਜਿਹੀ ਧਾਰ ਲਹੂ ਦੀ ਨਜ਼ਰੀ ਆਈਆ । ਓਸ ਨੇ ਕਿਹਾ ਇਸ ਨੂੰ ਪ੍ਰਭੂ ਵਾਸਤੇ ਸਾਂਭ ਕੇ ਰੱਖਾਂ, ਜਿਸ ਵੇਲੇ ਆਵੇ ਉਹਨੂੰ ਮਸਤਕ ਦਿਆਂ ਲਗਾਈਆ । ਫਿਰ ਕਲਜੁਗ ਭਗਤਾਂ ਨੂੰ ਦੱਸਾਂ, ਸਚ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਦਾ ਮਾਲਕ ਕੁਦਰਤੀ ਮੇਲ ਮਿਲਾਈਆ । ਫੂੜ੍ਹੀ ਕਹੇ ਇਕ ਦਿਨ ਮੇਰੇ ਵਿਚ ਪੈ ਗਿਆ ਵਟ, ਵਿਚੋਂ ਉਚੀ ਨਜ਼ਰੀ ਆਈਆ । ਜਿਸ ਵੇਲੇ ਰਵਿਦਾਸ ਕਰਨ ਲਗਾ ਸੀ ਸਾਫ਼, ਉਤੇ ਆਪਣਾ ਹੱਥ ਫਿਰਾਈਆ । ਮੇਰੇ ਜਰਮ ਕਰਮ ਦਾ ਉਤਰ ਗਿਆ ਤਾਪ, ਦੁਖ ਰੋਗ ਰਿਹਾ ਨਾ ਰਾਈਆ । ਜਿਸ ਵੇਲੇ ਓਨ੍ਹ ਕੰਨੀ ਖਿੱਚੀ ਆਪ, ਸਿੱਧਾ ਦਿਤਾ ਕਰਾਈਆ । ਮੇਰੇ ਮੂੰਹ ਵਿਚੋਂ ਨਿਕਲਿਆ ਸੋਹੰ ਜਾਪ, ਵਾਹ ਵਾਹ ਤੇਰੀ ਵਡ ਵਡਿਆਈਆ । ਓਸੇ ਵੇਲੇ ਰਵਿਦਾਸ ਨੇ ਕਿਹਾ ਮੈਂ ਨਹੀਂ ਉਹ ਮੇਰਾ ਬਾਪ, ਜਿਹੜਾ ਦੋਹਾਂ ਦਾ ਨਾਤਾ ਰਿਹਾ ਜੁੜਾਈਆ । ਦੂਜੀ ਕੰਨੀ ਖਿਚ ਕੇ ਕਿਹਾ ਉਠ ਉਹਦੇ ਵਲ ਝਾਕ, ਆਪਣੀ ਅੱਖ ਖੁਲ੍ਹਾਈਆ । ਤੀਜੀ ਕੰਨੀ ਨੂੰ ਮਾਰਕੇ ਹਾਥ, ਸੁੱਤੀ ਨੂੰ ਲਿਆ ਉਠਾਈਆ । ਚੌਥੀ ਆਪੇ ਪਈ ਜਾਗ, ਆਲਸ ਨਿੰਦਰਾ ਦੂਰ ਕਰਾਈਆ । ਰਵਿਦਾਸ ਉਹ ਕਿਥੇ ਤੇਰਾ ਰਸੂਲ ਪਾਕ, ਓਸ ਦਾ ਇਸਮ ਦੇ ਵਖਾਈਆ । ਰਵਿਦਾਸ ਨੇ ਹੌਲੀ ਜਿਹੀ ਆਪਣੇ ਥਲਿਉਂ ਚੁਕ ਕੇ ਸਾਫ਼, ਪੜਦਾ ਦਿਤਾ ਉਠਾਈਆ । ਇਕ ਮਾਰ ਕੇ ਮੱਥੇ ਤੇ ਹਾਥ, ਫੇਰ ਦਿਤਾ ਸਮਝਾਈਆ । ਜਾਂ ਤੱਕਿਆ ਨਿਰਗੁਣ ਨੂਰ ਜੋਤ ਪਰਕਾਸ਼, ਨੂਰੋ ਨੂਰ ਕਰੇ ਰੁਸ਼ਨਾਈਆ । ਸਫ਼ ਕਹੇ ਵੇ ਰਵਿਦਾਸ ਇਹ ਕੀ ਤੇਰੇ ਮਾਥ, ਜਿਸ ਦਾ ਨੂਰ ਮੈਥੋਂ ਨਾ ਝਲਿਆ ੯੮
੯੮ ਜਾਈਆ । ਵੇਖ ਕੇ ਜਲਵਾ ਥੱਲੇ ਡਿੱਗੀ ਸਾਫ਼, ਹੋਸ਼ ਹਵਾਸ ਰਹੀ ਨਾ ਰਾਈਆ । ਉਤੋਂ ਰਵਿਦਾਸ ਨੇ ਹੌਲੀ ਜਿਹੀ ਲਾਈ ਥਾਪ, ਥਪਕੀ ਨਾਲ ਉਠਾਈਆ । ਇਹ ਸਾਰਿਆਂ ਦਾ ਸੱਜਣ ਸਾਕ, ਡਰੌਂਦਾ ਨਹੀਂ ਡਰਦਿਆਂ ਨੂੰ ਆਪਣੇ ਗਲੇ ਲਗਾਈਆ । ਤੂੰ ਸੁਣਿਆ ਈ ਇਹਦਾ ਕੋਈ ਭਖਿਵਤ ਵਾਕ, ਇਹ ਕੀ ਰਿਹਾ ਜਣਾਈਆ । ਦੱਸਦਾ ਜਿਸ ਵੇਲੇ ਆਵਾਂ ਲੋਕਮਾਤ, ਨਿਹਕਲੰਕ ਰੂਪ ਵਟਾਈਆ । ਜਨ ਭਗਤਾਂ ਸਾਰਿਆਂ ਦਾ ਇਕੇ ਵਾਰ ਬਣਾਂ ਬਾਪ, ਇਕੱਠੇ ਗੋਦੀ ਲਵਾਂ ਉਠਾਈਆ । ਜਨਮ ਕਰਮ ਦੀ ਬਦਲ ਕੇ ਜ਼ਾਤ, ਜ਼ਾਤ ਆਪਣੀ ਵਿਚ ਮਿਲਾਈਆ । ਏਥੇ ਓਥੇ ਦੋ ਜਹਾਨਾਂ ਦੇ ਕੇ ਸਾਥ, ਸਗਲਾ ਸੰਗ ਬਣਾਈਆ । ਚਾਰ ਕੁੰਟ ਦਾ ਖੋਲ੍ਹ ਕੇ ਤਾਕ, ਕੁਫ਼ਲ ਸਾਰੇ ਦਿਆਂ ਤੁੜਾਈਆ । ਚਲਾ ਕੇ ਸਚ ਰਿਵਾਜ, ਰਿਆਇਤ ਰਵਾਇਤ ਝੋਲੀ ਪਾਈਆ । ਮੇਰਾ ਭਗਤ ਕਿਸੇ ਦਾ ਨਾ ਹੋਵੇ ਮੁਹਤਾਜ, ਦੂਜੇ ਦਰ ਨਾ ਮੰਗਣ ਜਾਈਆ । ਜਿਸ ਦਾ ਧਨਾਢ ਹੋਵੇ ਬਾਪ, ਕਿਉਂ ਚਾਚਿਆਂ ਅਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਧੁਰ ਦੇ ਧਨੀ ਲਏ ਬਣਾਈਆ । ਸਫ਼ ਕਹੇ ਰਵਿਦਾਸ ਤੂੰ ਕਿਸ ਤਰਾ ਉਲਟਿਆ ਮੇਰਾ ਸਫ਼ਾ, ਫਿਰ ਦੇ ਵਖਾਈਆ । ਉਹਦੇ ਅੰਦਰ ਬੇਪਰਵਾਹ ਦਾ ਗੱਫ਼ਾ, ਅਤੋਟ ਅਤੁਟ ਜਣਾਈਆ । ਉਹ ਕਹਿੰਦੀ ਹਾਏ ਮੇਰਿਆ ਰੱਬਾ, ਕਿਉਂ ਬੈਠਾ ਛੁਪਾ ? ਇਹ ਭੁੱਖਾ ਤੇਰੇ ਪਿਆਰ ਦਾ ਬੱਧਾ, ਤੇਰੀ ਸੇਵ ਕਮਾਈਆ । ਪਤਾ ਨਹੀਂ ਕਿਸ ਦੇ ਨਾਲ ਰੱਜਾ, ਤਿੰਨ ਤਿੰਨ ਦਿਨ ਰੋਟੀ ਖਾਣ ਵਾਲਾ ਮੁਖ ਮੁਖ ਨਾ ਕਦੇ ਖੁਲ੍ਹਾਈਆ । ਔਹ ਵੇਖ ਜਿਹੜਾ ਉਹਦੀ ਸਵਾਣੀ ਰਖ ਗਈ ਡੱਬਾ, ਸੁੱਕੇ ਟੁਕੜੇ ਉਹਦੇ ਵਿਚੋਂ ਚੂਹੇ ਗਏ ਚੁਰਾਈਆ । ਗ਼ਰੀਬਣੀ ਕੋਲ ਪੜਦਾ ਨਹੀਂ ਸੀ ਜਿਸ

ਦੇ ਨਾਲ ਉਹਨੂੰ ਕੱਜਾ, ਖ਼ਾਲੀ ਹੱਥ ਗਈ ਫੜਾਈਆ । ਰਵਿਦਾਸ ਕਿਹਾ ਚੁਪ ਕਰ ਸੜੇ, ਤੂੰ ਕੀ ਜਾਣੇ, ਮੈਨੂੰ ਕਿਹੜਾ ਮਿਲਦਾ ਮਜ਼ਾ, ਰਸੀਆ ਦਾ ਰਸ ਮੇਰੇ ਅੰਦਰ ਗਿਆ ਵਸ, ਹਸ ਹਸ ਆਪਣੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਖੇਲ ਰਿਹਾ ਵਖਾਈਆ । ਫੂੜ੍ਹੀ ਕਹੇ ਰਵਿਦਾਸ ਮੇਰੇ ਵੇਖ ਤਾਣੇ ਪੇਟੇ ਵਾਲੇ ਧਾਗੇ, ਆਰ ਪਾਰ ਸਭ ਨੇ ਦਿਤੇ ਲੰਘਾਈਆ । ਵਿਚੋਂ ਬਹੁਤੇ ਸੋਏ ਥੋੜ੍ਹੇ ਜਾਗੇ, ਜਾਗਦਿਆਂ ਨੂੰ ਜਗਤ ਦਾ ਮਾਲਕ ਨਜ਼ਰੀ ਆਈਆ । ਰਵਿਦਾਸ ਕਿਹਾ ਨਹੀਂ ਇਹ ਵੀ ਵਡਭਾਗੇ, ਜੋ ਤੇਰੇ ਮੇਰੇ ਨਾਲ ਮਿਲ ਕੇ ਖ਼ੁਸ਼ੀ ਮਨਾਈਆ । ਅਜੇ ਤੂੰ ਹੋਰ ਵੇਖਣੇ ਕਲਜੁਗ ਵਾਧੇ, ਸਦੀ ਵੀਹਵੀਂ ਰਾਹ ਤਕਾਈਆ । ਓਸ ਵੇਲੇ ਘਰ ਘਰ ਪੈਣੇ ਸਿਆਪੇ, ਬਿਨ ਹਰਿ ਨਾਮੇ ਰੋਵੇ ਕੁਰਲਾਈਆ । ਪੁੱਤਰਾਂ ਨੇ ਮਾਰਨੇ ਮਾਪੇ, ਮਾਪੇ ਧੀਆਂ ਕੋਲੋਂ ਦੋਹਰੇ ਖ਼ਸਮ ਕਰਾਈਆ । ਕਵਾਰੀਆਂ ਪਹਿਨਣ ਕੰਗਣ ਛੱਲਾ ਛਾਪੇ, ਕਜਲ ਨੈਣਾਂ ਧਾਰ ਵਖਾਈਆ । ਰਵਿਦਾਸ ਵਰਗੇ ਕਿਸੇ ਦੇ ਲੱਭਣੇ ਨਹੀਂ ਚੀਥੜ ਪਾਟੇ, ਜਗਤ ਲਿਬਾਸ ਲਏ ਬਦਲਾਈਆ । ਇਸੇ ਕਰਕੇ ਪੈਣੇ ਘਾਟੇ, ਕਲਜੁਗ ਸ਼ਾਹ ਪਾਤਸ਼ਾਹ ਹੱਥ ਕਿਸੇ ਨਾ ਆਈਆ । ਇਕ ਸਚੀ ਦੱਸਾਂ ਬਾਤੇ, ਅਗਲੀ ਕਹਾਣੀ ਦਿਆਂ ਸੁਣਾਈਆ । ਪ੍ਰਭ ਨੇ ਕਿਰਪਾ ਕਰ ਕੇ ਸਭ ਤੋਂ ਵਖਰੀ ਬਣੌਣੀ ਇਕ ਜਮਾਤੇ, ਇਕੋ ਅੱਖਰ ਦੇਣਾ ਪੜ੍ਹਾਈਆ । ਜਿਨ੍ਹਾਂ ਮਿਲ ਕੇ ਗੌਣੀ ਸੋਹੰ ਗਾਥੇ, ਗਾ ਗਾ ਸ਼ੁਕਰ ਮਨਾਈਆ । ਓਥੇ ਮੰਗਣ ਅਨਾਥ ਅਨਾਥੇ, ਦੀਨਾਂ ਦੁਖੀਆਂ ਦਰਦ ਵੰਡਾਈਆ । ਫੇਰ ਸਭ ਦੇ ਪੂਰੇ ਕਰੇ ਘਾਟੇ, ਘਾਟੀ ਆਪਣੀ ਲਏ ਚੜ੍ਹਾਈਆ । ਗੁਰਮੁਖ ਗੁਰਸਿਖ ਭੁਲ ਜਾਣ ਆਪਣੇ ਮਾਪੇ, ਜਿਨ੍ਹਾਂ ਨੂੰ ਆਪਣੀ ਗੋਦ ਬਹਾਈਆ । ਚਰਨ ਪ੍ਰੀਤੀ ਜੋੜ ਕੇ ਨਾਤੇ, ਸਗਲਾ ਸੰਗ ਦਏ ਵਖਾਈਆ । ਕੌਣ, ਰਵਿਦਾਸ ਕਹੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ, ਦੂਜਾ ਸੰਗ ਨਾ ਕੋਇ ਰਖਾਈਆ । ਰਵਿਦਾਸ ਤੇਰਾ ਸਦਾ ਸਾਥੇ, ਸੰਗ ਆਪਣਾ ਲਏ ਬਣਾਈਆ । ਅਜੇ ਗੋਬਿੰਦ ਦੇ ਦੋਂਹ ਪੁੱਤਰਾਂ ਦੇ ਹੋਰ ਤੁਹਾਡੇ ਨਾਲ ਜੁੜਨੇ ਨਾਤੇ, ਜਿਨ੍ਹਾਂ ਦਾ ਲੇਖਾ ਹਿਸਾਬ ਵਿਚ ਨਾ ਅਜੇ ਲਿਆਈਆ । ਛੱਬੀ ਪੋਹ ਉਹਨਾਂ ਦੇ ਫੋਲਣੇ ਖਾਤੇ, ਕਿਉਂ ਵੇਲਾ ਵਕ਼ਤ ਦਏ ਗਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਕੇ ਨਾਲੇ ਅੰਮ੍ਰਿਤ ਪਿਆਏ ਆਪਣੇ ਓਸ ਸਚੇ ਬਾਟੇ, ਜਿਸ ਦੇ ਉਤੇ ਸੱਤ ਰੰਗ ਨਿਸ਼ਾਨਾ ਝੁਲ ਕੇ ਖ਼ੁਸ਼ੀ ਮਨਾਈਆ । ਬਾਟਾ ਕਹਿੰਦਾ ਮੈਂ ਨਹੀਂ ਬਣਨਾ ਬਰਤਨ, ਮੈਨੂੰ ਠਠਿਆਰ ਨਾ ਕੋਇ ਬਣਾਈਆ । ਮੈਂ ਭਗਤਾਂ ਦੇ ਨਾਲ ਰਖਣਾ ਮਿਲਵਰਤਣ, ਅੰਦਰ ਬਹਿ ਕੇ ਡੇਰਾ ਲਾਈਆ । ਜਿਨ੍ਹਾਂ ਦੇ ਨੇਤਰ ਅੰਦਰੋਂ ਫਰਕਣ, ਬਾਹਰੋਂ ਪ੍ਰਭ ਦੇ ਨਾਲ ਰਖਾਈਆ । ਆਪੇ ਮਿਲਾਂ ਉਹਨਾਂ ਦੀ ਸਾਰੀ ਮੇਟਾਂ ਧੜਕਣ, ਦਰਦੀਆਂ ਦਰਦ ਵੰਡਾਈਆ । ਅਗੇ ਜਾਦਿਆਂ ਰਹੇ ਕੋਈ ਨਾ ਅੜਚਣ, ਸਿੱਧਾ ਰਸਤਾ ਦਿਆਂ ਬਣਾਈਆ । ਜਿਹੜੇ ਤੇਰੇ ਵਿਛੋੜੇ ਵਿਚ ਪ੍ਰਭੂ ਤੜਫਣ, ਉਹਨਾਂ ਗਲੇ ਦਿਆਂ ਮਿਲਾਈਆ । ਮੈਨੂੰ ਮਿਲ ਕੇ ਫੇਰ ਲੋਕਮਾਤ ਨਾ ਪਰਤਣ, ਜੋ ਤੇਰੇ ਭਗਤ ਤੇਰੇ ਵਿਚ ਸਮਾਈਆ । ਬੇਸ਼ਕ ਗੁਰ ਅਵਤਾਰ ਪੀਰ ਪੈਗ਼ੰਬਰ ਮੈਨੂੰ ਵਰਜਣ, ਮੈਂ ਕਿਸੇ ਦੇ ਰੋਕਿਆਂ ਪਿਛੇ ਹਟ ਕਦੇ ਨਾ ਜਾਈਆ । ਜੇ ਯਾਦ ਕੀਤਾ ਰਾਵੀ ਦੇ ਕੰਢੇ ਅਰਜਨ, ਉਸ ਦਾ ਲੇਖਾ ਆਇਆ ਮੁਕਾਈਆ । ਉਹ ਮੱਛੀ ਨਾ ਦਿਤੀ ਤੜਫਨ, ਚਰਨ ਛੋਹ ਨਾਲ ਪਾਰ ਲੰਘਾਈਆ । ਬਾਲਮੀਕ ਦੀ ਪੂਰੀ ਕੀਤੀ ਹਰਸਣ, ਪਿਛਲਾ ਲੇਖਾ ਫੋਲ ਫੁਲਾਈਆ । ਸਵਾਧਾਨ ਹੋ ਕੇ ਮਰਦ ਮਰਦਨ, ਮਦਦ ਕਰੇ ਚਾਈਂ ਚਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਕਰੇ ਸਚਾ ਅਦਲ,


੬੯

ਇਨਸਾਫ਼ ਆਪਣਾ ਹੁਕਮ ਵਰਤਾਈਆ । ਫੂੜ੍ਹੀ ਕਹੇ ਇਕ ਦਿਨ ਰਵਿਦਾਸ ਨੇ ਮੇਰੇ ਹੱਥ ਰਖਿਆ ਛਾਤੀ, ਹੌਲੀ ਜਿਹੀ ਉਤੇ ਟਿਕਾਈਆ । ਮੇਰੀ ਸਹਿਜ ਨਾਲ ਖੁਲ੍ਹ ਗਈ ਤਾਕੀ, ਅਵਰ ਦਾ ਅਵਰਾ ਰੂਪ ਵਟਾਈਆ । ਨਜ਼ਰ ਆਇਆ ਉਹ ਕਮਲਾਪਾਤੀ, ਜਿਹੜਾ ਤੁਹਾਡੇ ਸਾਹਮਣੇ ਬਹਿ ਕੇ ਦਰਸ ਦਿਖਾਈਆ । ਮੈਨੂੰ ਨੁਹਾਰ ਤੋਂ ਨਜ਼ਰ ਆਇਆ ਉਹ ਸਾਥੀ, ਪਿਛਲਾ ਅਗੇ ਹੋ ਕੇ ਫੇਰਾ ਪਾਈਆ । ਮੈਂ ਤੁਹਾਨੂੰ ਨਹੀਂ ਤਕਦੀ ਮੈਂ ਅੰਦਰੋਂ ਵੇਖਾਂ ਉਹਦੀ ਜ਼ਾਤੀ, ਜੋ ਜ਼ਾਹਰ ਜ਼ਹੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਜੋ ਆਪਣੀ ਦਇਆ ਕਮਾਈਆ । ਫੂੜ੍ਹੀ ਕਹੇ ਇਕ ਦਿਨ ਮੈਨੂੰ ਰਵਿਦਾਸ ਨੇ ਲਿਆ ਲਪੇਟ, ਆਪਣੀ ਬਗ਼ਲ ਵਿਚ ਟਿਕਾਈਆ । ਮੈਂ ਪੁਛਿਆ ਇਹ ਕੀ ਖੇਡ, ਮੈਨੂੰ ਦੇ ਸਮਝਾਈਆ । ਉਸਨੇ ਕਿਹਾ ਅਜੇ ਮੇਰਾ ਮਾਹੀ ਔਣਾ ਮੈਂ ਉਹਦੀ ਵਿਛੌਣੀ ਸੇਜ, ਖ਼ੁਸ਼ੀਆਂ ਨਾਲ ਉਤੇ ਬਹਾਈਆ । ਮੈਂ ਸੁੱਕੇ ਟੁਕੜਿਆਂ ਦੀ ਉਹਦੇ ਲਈ ਰਖਣੀ ਦੇਗ, ਕੱਚਿਆਂ ਚਨਿਆਂ ਨਾਲੋਂ ਸਖ਼ਤ ਨਜ਼ਰੀ ਆਈਆ । ਫਿਰ ਵਖੌਣੀ ਉਹਨੂੰ ਆਪਣੀ ਜੇਬ, ਕਿਤੇ ਜੇਬਕਤਰਾ ਬਣ ਕੇ ਮੇਰਾ ਪ੍ਰੇਮ ਨਾ ਲਏ ਚੁਰਾਈਆ । ਫੂੜ੍ਹੀ ਕਿਹਾ ਰਵਿਦਾਸ ਮੈਨੂੰ ਕੁਛ ਹੋਰ ਨਜ਼ਰੀ ਆਇਆ ਉਹਦਾ ਲੇਖਾ ਕੁਛ ਕੁੰਟ ਹੇਮ, ਭੇਵ ਰਿਹਾ ਜਣਾਈਆ । ਓਸ ਨੇ ਕਿਸੇ ਨਾਲ ਨਿਭੌਣਾ ਨੇਮ, ਜਿਸਦਾ ਇਕ਼ਰਾਰ ਨੇੜੇ ਆਈਆ । ਰਵਿਦਾਸ ਕਿਹਾ ਚੁਪ ਕਰ ਇਹ ਉਹਦਾ ਲੈਣ ਦੇਣ, ਉਹ ਆਪੇ ਵੇਖ ਵਖਾਈਆ । ਫੂੜ੍ਹੀ ਕਹੇ ਮੈਨੂੰ ਐਂ ਨਜ਼ਰ ਆਉਂਦਾ ਜਿਵੇਂ ਸਭ ਦਾ ਸਾਂਝਾ ਸੈਣ, ਸੱਜਣ ਇਕ ਅਖਵਾਈਆ । ਜਿਨ ਮਾਵਾਂ ਨੂੰ ਹਟੌਣਾ ਪੁੱਤਰਾਂ ਮਰਿਆਂ ਪਿਛੋਂ ਕੋਈ ਨਾ ਪਾਵੇ ਵੈਣ, ਉਹ ਗੋਬਿੰਦ ਰੂਪ ਵਟਾਈਆ । ਰਵਿਦਾਸ ਮੈਂ ਇਹੋ ਲਗੀ ਤੈਨੂੰ ਕਹਿਣ, ਉਹ ਕਿਹੋ ਜਿਹਾ, ਰਵਿਦਾਸ ਕਿਹਾ ਛਡ

੭੦ ਠਾਂਹ ਉਹ ਕਲਗੀ ਵਾਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਫ਼ ਕਹੇ ੭੦

ਮੇਰੇ ਲਪੇਟ ਆਏ ਢਾਈ ਵਲ, ਸਿੱਧੀ ਤੋਂ ਗੋਲਮੋਲ ਦਿਤਾ ਬਣਾਈਆ । ਇੰਜ ਜਾਪੇ ਇਹਦਾ ਕੁਛ ਮੈਨੂੰ ਮਿਲਣਾ ਫਲ, ਲਾਭ ਲੈਣਾ ਝੋਲੀ ਪਾਈਆ । ਰਵਿਦਾਸ ਕਿਹਾ ਤੈਨੂੰ ਪਤਾ ਨਹੀਂ ਅਜੇ ਤੂੰ ਜਾਣਾ ਮਾਛੂਵਾੜੇ ਦੀ ਝਲ, ਕੱਖ ਕਾਹੀ ਰੂਪ ਵਟਾਈਆ । ਜਿਸ ਵੇਲੇ ਗੋਬਿੰਦ ਨੂੰ ਪ੍ਰਭ ਮਿਲਣ ਦਾ ਵਜਣਾ ਸਲ, ਜਲ ਥਲ ਸਾਰੇ ਦੇਣ ਦੁਹਾਈਆ । ਓਨ ਤਕਣਾ ਉਹਦੇ ਵਲ, ਸਿੱਧੀ ਅੱਖ ਕਰਾਈਆ । ਓਸ ਕਹਿਣਾ ਦੂਜੀ ਵਾਰ ਮੇਰੇ ਸੁਤ ਤੂੰ ਮਾਤ ਚਲ, ਮੈਂ ਤੇਰੇ ਅੰਦਰ ਵੜ ਕੇ ਡੇਰਾ ਲਾਈਆ । ਪਰਬਤਾਂ ਦਾ ਪਰਬਤ ਕਿਸੇ ਕੋਲੋਂ ਨਾ ਜਾਵਾਂ ਹਲ, ਜ਼ਿਮੀਂ ਅਸਮਾਨਾਂ ਵਿਚ ਮੇਰਾ ਭਾਰ ਨਾ ਕੋਇ ਉਠਾਈਆ । ਜਿਸ ਵੇਲੇ ਕਿਰਪਾ ਕਰ ਕੇ ਮਿਹਰ ਨਜ਼ਰ ਨਾਲ ਤਕਾਂ ਭਗਤਾਂ ਵਲ, ਵਲਵਲੇ ਸਾਰੇ ਦਿਆਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਨਿਹਚਲ ਧਾਮ ਅਟਲ, ਅਟਲ ਪਦਵੀਂ ਦਿਆਂ ਬਣਾਈਆ । ਸਫ਼ ਕਹੇ ਰਵਿਦਾਸ ਮੈਨੂੰ ਬਗ਼ਲ ਵਿਚ ਨਾ ਘੁਟ, ਕਿਉਂ ਰਿਹਾ ਦਬਾਈਆ । ਮੈਂ ਤੇਰੇ ਹੱਥੋਂ ਨਹੀਂ ਜਾਂਦੀ ਛੁਟ, ਤੇਰੇ ਨਾਲ ਪ੍ਰੇਮ ਲਿਆ ਪਾਈਆ । ਰਵਿਦਾਸ ਕਿਹਾ ਤੂੰ ਕਰ ਚੁਪ, ਤੈਨੂੰ ਦਿਆਂ ਸਮਝਾਈਆ । ਇਸੇ ਤਰਾ ਪ੍ਰਭੂ ਨੇ ਭਗਤ ਚੁਕਣੇ ਆਪਣੀ ਕੁੱਖ, ਜਿਸ ਤਰਾ ਮੈਂ ਤੈਨੂੰ ਆਪਣੇ ਰੰਗ ਰੰਗਾਈਆ । ਸਫ਼ ਕਹੇ ਮੈਂ ਤੈਨੂੰ ਕੁਛ ਹੋਰ ਲਵਾਂ ਪੁਛ, ਬੇਨੰਤੀ ਇਕ ਸੁਣਾਈਆ । ਰਵਿਦਾਸ ਕਿਹਾ ਕੀ ਲੋੜ, ਉਹ ਬਾਪ ਭਗਤ ਉਹਦੇ ਪੁਤ, ਫ਼ਰਕ ਰਿਹਾ ਨਾ ਰਾਈਆ । ਜਿਹਨਾਂ ਨੇ ਉਹਨੂੰ ਜਾਣਾ ਝੁਕ, ਝੁਕਿਆਂ ਲਏ ਉਠਾਈਆ । ਰੰਬੀ ਉਠ ਕੇ ਭੱਜੀ ਕਹਿਣ ਲਗੀ ਨੀ ਸਫ਼ੇ, ਮੇਰੀਏ ਭੈਣੇ, ਉਹਨਾਂ

ਬੋਲਣੀ ਇਕ ਤੁਕ, ਅੰਦਰ ਵੇਖ ਜੋ ਮੇਰੇ ਵਿਚ ਦਿਤੀ ਟਿਕਾਈਆ । ਉਹਨਾਂ ਦਾ ਪੈਂਡਾ ਅਗੇ ਜਾਣਾ ਮੁਕ, ਫੇਰ ਅਗੇ ਜਨਮ ਕੋਇ ਨਾ ਪਾਈਆ । ਸਫ਼ ਕਹੇ ਕੀ ਭਗਤਾਂ ਨੂੰ ਪ੍ਰਭ ਨੇ ਦੇਣਾ ਸਭ ਕੁਛ, ਬਿਨ ਮੰਗਿਆਂ ਝੋਲੀ ਪਾਈਆ । ਰਵਿਦਾਸ ਕਹੇ ਪਿਤਾ ਦੇ ਘਰ ਦਾ ਮਾਲਕ ਹੋਵੇ ਪੁਤ, ਪੁੱਤਰਾਂ ਬਿਨਾ ਧਨ ਦੌਲਤ ਕੰਮ ਕਿਸੇ ਨਾ ਆਈਆ । ਭਗਤਾਂ ਬਿਨਾ ਪ੍ਰਭ ਨੂੰ ਲੋਕਮਾਤ ਕੋਈ ਨਾ ਲਏ ਪੁਛ, ਔਂਤਰਾ ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਰਵਿਦਾਸ ਕਹੇ ਸਫੇ ਛਡ ਅੱਜ ਦੀ ਕਹਾਣੀ ਏਥੇ ਜਾਏ ਮੁਕ, ਮੇਰਾ ਲਹਿਣਾ ਦੇਣਾ ਪ੍ਰਭ ਦੇ ਘਰੋਂ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖੋ ਗੁਰਸਿਖੋ ਸਾਚੇ ਸੰਤੋ ਸਾਚੇ ਭਗਤੋ ਪਿਆਰ ਨਾਲ ਤੁਹਾਡੇ ਅਗੇ ਜਾਵੇ ਝੁਕ, ਵਿਹਾਰ ਨਾਲ ਅਰਸ਼ਾਂ ਤੋਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਰ ਦੁਰਾਡਾ ਨੇੜੇ ਆਇਆ ਢੁਕ, ਪਾਂਧੀ ਬਣ ਕੇ ਆਪਣਾ ਪੰਧ ਮੁਕਾਈਆ ।

### ❊ ੧੮ ਪੋਹ ੨੦੨੧ ਬਿਕ੍ਰਮੀ ਪਾਲ ਸਿੰਘ ਦੇ ਨਵਿਤ ਪਿੰਡ ਭਲਾਈ ਪੁਰ ਜ਼ਿਲਾ ਅੰਮ੍ਰਿਤਸਰ ❊

ਸਫ਼ ਕਹੇ ਮੈਨੂੰ ਇਕ ਦਿਨ ਕਿਸੇ ਨੇ ਕਿਹਾ ਨੀ ਤੂੰ ਤਪੜੀ, ਕੱਚੇ ਤੰਦਾਂ ਵਾਲੀ ਨਜ਼ਰੀ ਆਈਆ । ਮੈਂ ਕਿਹਾ ਮੈਂ ਓਸ ਥਾਂ ਅੱਪੜੀ, ਜਿਥੇ ਮੰਜ਼ਲ ਬੇਪਰਵਾਹੀਆ । ਓਥੇ ਨਾ ਕੋਈ ਬ੍ਰਾਹਮਣ ਨਾ ਕੋਈ ਖਤਰੀ, ਸ਼ੂਦਰ ਵੈਸ਼ ਰੂਪ ਨਾ ਕੋਇ ਵਟਾਈਆ । ਓਥੇ ਨਾ ਕੋਈ ਪੰਡਤ ਵਾਚੇ ਪਤਰੀ, ਨਾ ਕੋਈ ਮੁਲਾ ਸ਼ੇਖ਼ ਮੁਸਾਇਕ ਮਸਲੇ ਰਿਹਾ ਸੁਣਾਈਆ । ਨਾ ਕੋਈ ਮੱਝ ਗਾਂ ਲਵੇਰੀ ਬਕਰੀ, ਨਾ ਕੋਈ ਚਰਵਾਹਾ ਨਜ਼ਰੀ ਆਈਆ । ਨਾ ਕੋਈ ਧੜੀ ਵੱਟਾ ਜਗਤ ਤਰਾਜ਼ੂ ਤੱਕੜੀ, ਇਕੋ ਕੰਡਾ ਬੇਪਰਵਾਹੀਆ । ਨਾ ਰੰਬੀ ਆਰ ਨਾ ਸਥਰੀ, ਜਗਤ ਸਮੱਗਰੀ ਵੇਖਣ ਕੋਇ ਨਾ ਪਾਈਆ । ੭੧
ਕੀ ਦੱਸਾਂ ਓਥੇ ਇਕੋ ਨਿਰਮਲ ਜੋਤ ਇਕੱਗਰੀ, ਏਕੰਕਾਰਾ ਇਕੋ ਸੋਭਾ ਪਾਈਆ । ਜਿਸ ਦੇ ਕੋਲ ਪ੍ਰੇਮ ਪ੍ਰੀਤੀ ਭਗਤਾਂ ਦੀ ਸਮੱਗਰੀ, ਜੁਗ ਜੁਗ ਰਿਹਾ ਵਰਤਾਈਆ । ਪਾਤਸ਼ਾਹਾਂ ਦਾ ਪਾਤਸ਼ਾਹ ਆਦਲਾਂ ਦਾ ਅਦਲੀ, ਅਦਾਲਤ ਇਕ ਲਗਾਈਆ । ਜਿਸ ਵੇਲੇ ਚਾਹੇ ਜੁਗਾਂ ਦੀ ਕਰ ਦੇਵੇ ਬਦਲੀ, ਤਬਾਦਲੇ ਆਪਣੇ ਹੱਥ ਰਖਾਈਆ । ਜਗਤ ਵਿਦਿਆ ਜਿਸ ਵਿਚ ਪਗ਼ਲੀ, ਮਨ ਮਤਿ ਬੁਧਿ ਦੀ ਕਰਦੇ ਰਹੇ ਲੜਾਈਆ । ਕੋਈ ਸਮਝ ਨਾ ਜਾਣੇ ਅਗਲੀ, ਅੱਖਰਾਂ ਵਾਲੀ ਡਿਗਰੀ ਕੰਮ ਕਿਸੇ ਨਾ ਆਈਆ । ਮੈਂ ਮੰਜ਼ਲ ਉਹ ਲੰਘ ਗਈ, ਆਪਣਾ ਪੰਧ ਮੁਕਾਈਆ । ਮੈਂ ਦਰਸ਼ਨ ਕਰਨ ਨੰਦ ਚੰਦ ਲਈ, ਜੋ ਨੂਰੀ ਜੋਤ ਰੁਸ਼ਨਾਈਆ । ਮੈਂ ਭੱਜੀ ਓਸ ਦੇ ਸੰਗ ਲਈ, ਜੋ ਧੁਰ ਦਾ ਨਾਤਾ ਰਿਹਾ ਬਣਾਈਆ । ਮੈਂ ਪਿਆਸੀ ਓਸ ਦੀ ਠੰਡ ਲਈ, ਜੋ ਤਪਦਿਆਂ ਹਿਰਦਿਆਂ ਸ਼ਾਂਤ ਕਰਾਈਆ । ਜਿਸ ਨੇ ਸਦਾ ਸਦਾ ਆਪਣੀ ਬਖ਼ਸ਼ਿਸ਼ ਭਗਤਾਂ ਨੂੰ ਵੰਡ ਲਈ, ਗੁਰਮੁਖਾਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਰਿਹਾ ਵਖਾਈਆ । ਤਪੜੀ ਕਹੇ ਮੈਨੂੰ ਇਕ ਦਿਨ ਪੁੱਛਣ ਆਈ ਸਹੇਲੀ, ਸਖ਼ੀ ਸਚ ਦੇ ਸੁਣਾਈਆ । ਤੂੰ ਕਿਸ ਤਰਾ ਰਹੇਂ ਅਕੇਲੀ, ਮਿੱਟੀ ਉਤੇ ਆਸਣ ਲਾਈਆ । ਮੈਂ ਕਿਹਾ ਮੇਰੇ ਮਾਲਕ ਦਾ ਇਕ ਹੋਰ ਮਾਲਕ ਜੋ ਸਭਨਾ ਦਾ ਬੇਲੀ, ਬੇਲਿਆਂ ਵਿਚ ਆਪਣੀ ਦਇਆ ਕਮਾਈਆ । ਦਿਵਸ ਰੈਣ ਮੈਨੂੰ ਕੋਈ ਨਾ ਸਮਝਿਓ ਵੇਲ੍ਹੀ, ਮੈਂ ਓਸੇ ਪੀਰ ਦੇ ਪੈਰਾਂ ਹੇਠਾਂ ਆਪਣਾ ਆਪ ਵਿਛਾਈਆ । ਇਹੋ ਖੇਲ ਭਗਤਾਂ ਨਾਲ ਪ੍ਰਭ ਨੇ ਖੇਲੀ, ਖ਼ਲਕਤ ਵਾਲਿਓ ਖ਼ਾਲਕ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਤਪੜੀ ਕਹੇ ਇਕ ਦਿਨ ਮੈਨੂੰ ਕਿਸੇ ਪੁੱਛਿਆ ਆਣ, ਮੈਨੂੰ ਚੋਰੀ

ਚੋਰੀ ਦੇ ਸਮਝਾਈਆ । ਨੀ ਉਹ ਕਿਹੋ ਜਿਹਾ ਭਗਵਾਨ, ਜਿਹੜਾ ਭਗਤਾਂ ਅੰਦਰ ਡੇਰਾ ਲਾਈਆ । ਮੈਂ ਹਸ ਕੇ ਕਿਹਾ ਤੁਸੀਂ ਕੀ ਸਮਝੋ ਉਹਨੂੰ ਅੰਞਾਣ, ਅੱਖਾਂ ਦਿਓ ਅੰਧਿਓ, ਖ਼ੁਦਾ ਦਿਓ ਬੰਦਿਓ, ਵਿਕਾਰ ਦਿਓ ਗੰਦਿਓ, ਮਨ ਮਮਤਾ ਦੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਖੇਲ ਖਿਲਾਈਆ । ਫੂੜ੍ਹੀ ਕਹੇ ਇਕ ਦਿਨ ਮੇਰੀ ਆਈ ਸਾਥਣ, ਨੇੜੇ ਆ ਕੇ ਰਹੀ ਸੁਣਾਈਆ । ਉਠ ਛਡ ਇਹ ਥਾਂ ਤੇਰਾ ਮਹਲਾਂ ਵਿਚ ਕਰਾਂ ਆਸਣ, ਸੋਹਣਾ ਰੂਪ ਵਟਾਈਆ । ਜਿਥੇ ਮਹਾਰਾਜਿਆਂ ਦੀ ਰਾਣੀ ਮਾਇਆ ਤ੍ਰੈਗੁਣ ਬਹਵੇ ਕਰ ਕੇ ਦਾਤਣ, ਦੰਦਾਸਾ ਰੂਪ ਚੜ੍ਹਾਈਆ । ਸੋਹਣੇ ਸਾਫ਼ ਸੁਥਰੇ ਭੂਸ਼ਣ ਪਾ ਕੇ ਬਣੇ ਫੁਲ ਗੁਲਾਬਣ ਜੋਬਨਵੰਤੀ ਆਪਣਾ ਜੋਬਨ ਰਹੀ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਵਿਚੋਂ ਲਏ ਪਰਗਟਾਈਆ । ਮੈਂ ਕਿਹਾ ਸੁਣ ਮੇਰੀ ਭੈਣ, ਤੈਨੂੰ ਦਿਆਂ ਜਣਾਈਆ । ਮੈਨੂੰ ਚੰਗਾ ਮੰਦਰਾਂ ਨਾਲੋਂ ਏਥੇ ਰਹਿਣ, ਇਹ ਭੂਮਿਕਾ ਸੋਹਣੀ ਨਜ਼ਰੀ ਆਈਆ । ਜਿਸ ਉਤੇ ਭਗਤ ਭਗਵਾਨ ਇਕੱਠੇ ਹੋ ਕੇ ਬਹਿਣ, ਓਥੇ ਜਗਤ ਦੁਸ਼ਾਲਿਆਂ ਦੀ ਲੋੜ ਰਹੇ ਨਾ ਰਾਈਆ । ਉਹਨਾਂ ਨੂੰ ਤਕ ਕੇ ਮੇਰੇ ਖ਼ੁਸ਼ੀ ਹੁੰਦੇ ਨੈਣ, ਮੇਰਾ ਅੰਤਰ ਮਰਦੰਗ ਇਕ ਵਜਾਈਆ । ਮੈਂ ਕੂੜੇ ਵਹਿਣ ਵਿਚ ਨਹੀਂ ਜਾਣਾ ਵਹਿਣ, ਆਪਣਾ ਆਪ ਰੁੜ੍ਹਾਈਆ । ਮੇਰਾ ਮਾਲਕ ਆਪੇ ਦੇਵੇ ਮੇਰਾ ਦੇਣ, ਲੇਖਾ ਧੁਰ ਦਾ ਝੋਲੀ ਪਾਈਆ । ਓਸ ਦੇ ਕੋਲ ਸਾਚੇ ਨਾਮ ਦੀ ਵਡੀ ਰਸੈਣ, ਜਿਸ ਰਸੈਣ ਨਾਲ ਭਗਤਾਂ ਦੇ ਸੁਵਰਨਾਂ ਦੇ ਮੰਦਰ ਰਿਹਾ ਬਣਾਈਆ । ਮੈਂ ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਨਹੀਂ ਜਾਣਾ ਖਹਿਣ, ਆਸਾ ਮਨਸਾ ਨਾਲ ਕਰਨੀ ਨਾ ਕੋਇ ਲੜਾਈਆ । ਕਿਉਂ ਮੈਨੂੰ ਇਕੋ ਆਸਾ ਭਰਵਾਸਾ ਪਰਮ ਪੁਰਖ ਮੇਰਾ ਮੈਨੂੰ ਮਿਲੇ ਨਰਾਇਣ, ਜਿਸ ਦੇ ਨੈਣ ਮੇਰੇ ਨੈਣਾਂ ਗਏ ਚੁਰਾਈਆ । ਜਿਸ ਵੇਲੇ ਉਹ ਮੈਨੂੰ ਆਵੇ ਲੈਣ, ਮੈਂ ਭੱਜਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਤਪੜੀ ਕਹੇ ਇਕ ਦਿਨ ਰਵਿਦਾਸ ਆ ਗਿਆ ਚੁਪ ਚੁਪੀਤਾ, ਹੱਥ ਮੱਥੇ ਉਤੇ ਰਖਾਈਆ । ਕੋਲ ਢਾਈਆਂ ਹੱਥਾਂ ਦਾ ਫ਼ੀਤਾ, ਧਰਤੀ ਦਿਤੀ ਮਿਣਾਈਆ । ਉਹਦੇ ਅੰਦਰ ਪ੍ਰੇਮ ਦਾ ਲਾਇਆ ਬਾਗ਼ੀਚਾ, ਚਾਰੋਂ ਕੁੰਟ ਲਕੀਰ ਖਿਚਾਈਆ । ਫੇਰ ਵੇਖਿਆ ਤਕ ਕੇ ਨਾਲ ਰੀਝਾਂ, ਨੇਤਰ ਨੈਣ ਮਿਲਾਈਆ । ਅਗੋਂ ਨਜ਼ਰੀ ਆਇਆ ਮਾਰਗ ਸਿੱਧਾ, ਜੋ ਸਿੱਧਾ ਰਸਤਾ ਰਿਹਾ ਵਖਾਈਆ । ਮੰਦਰ ਦਿਸਿਆ ਨਿੱਘਾ, ਸਰਦੀ ਗਰਮੀ ਦੋਵੇਂ ਗਿਆ ਭੁਲਾਈਆ । ਪ੍ਰਭ ਨੂੰ ਵੇਖਿਆ ਪਿੰਡਿਉਂ ਨੰਗਾ ਨਾ ਕੋਈ ਝੱਗਾ, ਝੌਂਪੜੀ ਨਜ਼ਰ ਕੋਇ ਨਾ ਆਈਆ । ਨਾ ਕਾਲਾ ਨਾ ਦਿਸੇ ਬੱਗਾ, ਇਕੋ ਰੰਗ ਸਮਾਈਆ । ਨਾ ਨਜ਼ਰ ਆਏ ਅੱਗਾ ਨਾ ਪਿੱਛਾ, ਕਿੰਨਾਂ ਲੰਮਾਂ ਕਿੰਨਾਂ ਚੌੜਾ ਕਿਹੜੇ ਧਾਮ ਆਸਣ ਲਾਈਆ । ਉਸੇ ਵੇਲੇ ਚਰਨੀ ਢਹਿ ਕੇ ਡਿੱਗਾ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮ ਪੁਰਖ ਪਤਿਪਰਮੇਸ਼ਵਰ ਬਣ ਕੇ ਪਿਤਾ, ਪਤਵੰਤਾ ਹੋ ਕੇ ਸਤਵੰਤਿਆਂ ਆਪਣੀ ਗੋਦ ਉਠਾਈਆ । ਰਵਿਦਾਸ ਇਕ ਦਿਨ ਆਪਣੀ ਪੁਰਾਣੀ ਗਠੜੀ, ਗੋਡੇ ਹੇਠਾਂ ਲਈ ਟਿਕਾਈਆ । ਉਹ ਰਗੜ ਦੇ ਨਾਲ ਸੀ ਗਈ ਰਗੜੀ, ਹੇਠੋਂ ਰਹੀ ਕੁਰਲਾਈਆ । ਓਨੇ ਚਿਰ ਨੂੰ ਇਕ ਜੋਕਾਂ ਲੌਂਣ ਵਾਲੀ ਕੋਲ ਆ ਗਈ ਗਗੜੀ, ਮਿੱਟੀ ਦਾ ਕੁੱਜਾ ਹੱਥ ਉਠਾਈਆ । ਓਸ ਨੇ ਕਿਹਾ ਇਹ ਕੋਈ ਪਾਗ਼ਲ ਬੈਠਾ ਜੰਗਲੀ, ਆਪਣਾ ਆਸਣ ਲਾਈਆ । ਇਸ ਤੋਂ ਵਸਤ ਕੀ ਮੰਗਣੀ, ਭੁੱਖਿਆਂ ਵਾਲਾ ਵੇਸ ਧਰਾਈਆ । ਗਠੜੀ ਬੋਲੀ ਮੇਰੀ ਗੱਲ ਸੁਣ ਅਗਲੀ, ਤੈਨੂੰ ਦਿਆਂ

ਜਣਾਈਆ । ਇਹ ਪ੍ਰੇਮੀ ਪਿਆਰਾ ਆਇਆ ਜਗ ਲਈ, ਇਹਨੂੰ ਆਪਣੀ ਲੋੜ ਨਾ ਰਾਈਆ । ਕੁਛ ਇਸ ਦੇ ਕੋਲੋਂ ਮੰਗ ਲਈਂ, ਭਗਤਾਂ ਝੋਲੀ ਰਿਹਾ ਭਰਾਈਆ । ਉਹ ਅਗੋਂ ਦੀ ਨੀਵੀਂ ਅੱਖੀਂ ਲੰਘ ਗਈ, ਹਿਰਦੇ ਵਿਚ ਇਕੋ ਆਸ ਤਕਾਈਆ । ਜੇ ਬਖ਼ਸ਼ੇਂ ਤੇ ਆਪਣਾ ਸੰਗ ਦਈਂ, ਹੋਰ ਲੋੜ ਨਾ ਕੋਇ ਜਣਾਈਆ । ਚੁਰਾਸੀ ਦੇ ਗੇੜ ਵਿਚੋਂ ਕੱਢ ਲਈਂ, ਆਪਣਾ ਪ੍ਰਭੂ ਦੇਣਾ ਮਿਲਾਈਆ । ਭੈਣ ਭਰਾਵਾਂ ਵਾਂਗੂ ਮਿਲ ਕੇ ਵਸਤ ਵੰਡ ਲਈਂ, ਹਿੱਸਾ ਮੇਰਾ ਮੇਰੀ ਝੋਲੀ ਪਾਈਆ । ਰਵਿਦਾਸ ਨੇ ਓਸੇ ਵੇਲੇ ਇਕ ਲਕੀਰ ਆਪਣੀ ਛਾਤੀ ਉਤੇ ਕੱਢ ਲਈ, ਹੌਲੀ ਜਿਹੀ ਦਿਤਾ ਸੁਣਾਈਆ । ਤੂੰ ਆਪਣਾ ਅੱਧ ਮੇਰੇ ਕੋਲੋਂ ਵੰਡ ਲਈਂ, ਪਰਦਾ ਉਹਲਾ ਨਾ ਕੋਈ ਰਖਾਈਆ । ਇਸੇ ਕਾਰਨ ਪਾਲ ਸਿੰਘ ਤੇਰੀ ਭਰਾ ਵਾਲੀ ਗੰਢ ਪਈ, ਮਾਲਕ ਦੋਹਾਂ ਦਾ ਇਕੋ ਨਜ਼ਰੀ ਆਈਆ । ਹਰਿਸੰਗਤ ਹਰਿਭਗਤ ਇਸੇ ਰੰਗਣ ਵਿਚ ਰੰਗ ਲਈ, ਰੰਗ ਆਪਣਾ ਦਿਤਾ ਚੜ੍ਹਾਈਆ । ਮਹਾਰਾਜ ਆਇਆ ਕਿਸੇ ਕਾਰਨ ਮਾਰਨ ਪੰਧ ਨਹੀਂ, ਪਾਂਧੀਆਂ ਨੂੰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਰੇ ਆਪਣੇ ਅਨੰਦ ਲਈ, ਬਿਨ ਭਗਤਾਂ ਦੇ ਪ੍ਰਭ ਨੂੰ ਅਨੰਦ ਨਾ ਕੋਇ ਵਖਾਈਆ । ਜੇ ਹੋਰ ਕੁਛ ਹੋਇਆ ਤੇ ਉਹ ਗੁਜਰੀ ਦੇ ਚੰਦ ਲਈ, ਨਿਰਗੁਣ ਸਰਗੁਣ ਅਪਣੀ ਖੇਲ ਵਖਾਈਆ । ਜਿਸ ਜੁਗ ਜਨਮ ਦੀ ਟੁੱਟੀ ਗੰਢ ਲਈ, ਰੁੱਸਿਆਂ ਲਿਆ ਮਨਾਈਆ । ਜੇ ਆਇਆ ਤੇ ਪ੍ਰੇਮ ਪ੍ਰੀਤੀ ਦੇ ਫੰਦ ਲਈ, ਜਮ ਦੀ ਫ਼ਾਸੀ ਰਿਹਾ ਕਟਾਈਆ । ਸੋਹਣਾ ਹੋਇਆ ਸੋਹਣੀ ਮੰਗ ਮੰਗ ਲਈ, ਪ੍ਰਭ ਖ਼ਾਲੀ ਝੋਲੀ ਦਏ ਭਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਸੇ ਕਾਰਨ ਹਰਿ ਸੰਗਤ ਸਦ ਲਈ, ਬਿਨਾ ਕਾਰਨੋਂ ਕਿਸੇ ਦੇ ਕੰਮ ਦਾ ਹਰਜਾਨਾ ਨਾ ਕੋਇ ਕਰਾਈਆ । ਪ੍ਰੇਮ ਡੋਰੀ ਅੰਦਰ ਬੰਧ ਲਈ, ਚਾਰੋਂ ਕੁੰਟ ਗੰਢ ਦਿਤੀ ਪਵਾਈਆ । ਹੁਣ ਅੰਦਰ ਉਹਲਾ ਨਾ ਕੰਧ ਰਹੀ, ਪਰਦਾ ਦਿਤਾ ਉਠਾਈਆ । ਨਾ ਕਰਮਾਂ ਵਾਲੀ ਤੁਹਾਡੇ ਸਿਰ ਤੇ ਪੰਡ ਰਹੀ, ਝਗੜਾ ਦਿਤਾ ਮੁਕਾਈਆ । ਨਾ ਸੁਰਤ ਤੁਹਾਡੀ ਰੰਡ ਰਹੀ, ਕੰਤ ਸੁਹਾਗੀ ਹਰਿ ਆਪਣਾ ਜੋੜ ਜੁੜਾਈਆ । ਨਾ ਬ੍ਰਹਿਮੰਡਾਂ ਵਾਲੀ ਵੰਡ ਰਹੀ, ਸਚਖੰਡ ਸਾਚੇ ਧਾਮ ਬਹਾਈਆ । ਨਾ ਕੁਆਰੀਆਂ ਵਾਲੀ ਕੱਚੀ ਵੰਗ ਰਹੀ, ਨਾਮ ਕੰਗਣ ਹੱਥ ਵਿਚ ਦਿਤਾ ਪਾਈਆ । ਨਾ ਰੁਸ਼ਨਾਈ ਵਾਲੀ ਸੂਰਜ ਚੰਦ ਰਹੀ, ਜੋਤੀ ਜੋਤ ਵਿਚ ਮਿਲਾਈਆ । ਨਾ ਅੰਮ੍ਰਿਤ ਧਾਰ ਪਾਣੀ ਵਾਲੀ ਠੰਡ ਰਹੀ, ਸਾਚੇ ਸੋਮੇ ਵਿਚ ਦਿਤਾ ਨੁਹਾਈਆ । ਓ ਗੁਰਮੁਖੋ ਤੁਹਾਡੇ ਚਰਨਾਂ ਦੀ ਸੇਵਾ ਕਰਨ ਵਾਲੀ ਨਾ ਮਾਈ ਗੰਗ ਰਹੀ, ਗੋਦਾਵਰੀ ਸੁਰਸਤੀ ਜਮਨਾ ਦੂਰ ਦੁਰਾਡੀਆਂ ਵੇਖੋ ਰੋਵਣ ਮਾਰਨ ਧਾਈਆ । ਵੇਖ ਕੇ ਪ੍ਰਭ ਦੀ ਖੇਲ ਅਸ਼ਟਭੁਜ ਦੁਰਗਾ ਦੰਗ ਰਹੀ, ਜਿਸ ਨੇ ਦੰਗਾ ਸੁੰਭ ਨਸੁੰਭ ਨਾਲ ਦਿਤਾ ਕਰਾਈਆ । ਬ੍ਰਹਮਾ ਵਿਸ਼ਨ ਸ਼ਿਵ ਕਹਿਣ ਭਗਤਾਂ ਦੀ ਆਸ਼ਾ ਐਥੋਂ ਦੀ ਲੰਘ ਗਈ, ਜਾਂਦੀ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਫ਼ ਕਿਹਾ ਲੋਕਮਾਤ ਇਕ ਪ੍ਰੀਤੀ ਭਗਤਾਂ ਦੀ ਭਗਵਾਨ ਨਾਲ ਹੰਢ ਗਈ, ਬਾਕੀ ਕੂੜੇ ਨਾਤੇ ਸਾਰੇ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤੋ ਤੁਹਾਨੂੰ ਮਾਣ ਤਾਣ ਦੇ ਕੇ ਭਗਵਾਨ ਫੇਰ ਚੜ੍ਹੇ ਸ਼ਬਦ ਸਰੂਪੀ ਜੰਗ ਲਈ, ਜੰਗਜੂ ਬਹਾਦਰ ਇਕੋ ਇਕ ਅਖਵਾਈਆ । ਹੁਕਮ ਦੇਵੇ ਅਸਵ ਦੇ ਤੰਗ ਲਈ, ਸ਼ਾਹ ਅਸਵਾਰਾ ਆਪਣੀ ਦਇਆ ਕਮਾਈਆ । ਹੁਕਮ ਦੇਵੇ ਨਾਮ ਦੇ ਮਰਦੰਗ ਲਈ, ਸਚ ਨਗਾਰਾ ਇਕ ਵਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਮਿਲ ਭਗਤਾਂ ਨਾਲ ਵੰਡ ਲਈ, ਵਖਰੀ ਰਖੀ ਨਾ ਕੋਇ ਲੁਕਾਈਆ ।

## ✻ ੧੮ ਪੋਹ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਨਵਿਤ ਪਿੰਡ ਟਾਗਰਾਂ ਜ਼ਿਲਾ ਅੰਮ੍ਰਿਤਸਰ ✻

ਸ੍ਰੀ ਭਗਵਾਨ ਕਹੇ ਭਗਤਾਂ ਦਾ ਸੋਹਣਾ ਖੇੜਾ, ਸਚਖੰਡ ਦਵਾਰਾ ਨਜ਼ਰੀ ਆਈਆ । ਜਿਥੇ ਜੁਗ ਚੌਕੜੀ ਥੋੜ੍ਹਿਆਂ ਦਾ ਵਸੇਰਾ, ਸਨਮੁਖ ਬੈਠੇ ਸੋਭਾ ਪਾਈਆ । ਢੋਲਾ ਗਾਵਣ ਤੂੰ ਮੇਰਾ ਮੈਂ ਤੇਰਾ, ਪਾਰਬ੍ਰਹਮ ਬ੍ਰਹਮ ਵਿਛੜ ਕਦੇ ਨਾ ਜਾਈਆ । ਦਿਵਸ ਰੈਣ ਨਾ ਕੋਈ ਚੰਦ ਨਾ ਅੰਧੇਰਾ, ਇਕੋ ਜੋਤ ਕਰੇ ਰੁਸ਼ਨਾਈਆ । ਮਨ ਮਤਿ ਬੁਧਿ ਜਗਤ ਵਿਦਿਆ ਨਾ ਦਿਸੇ ਕੋਈ ਝੇੜਾ, ਦੀਨ ਮਜ਼੍ਹਬ ਜ਼ਾਤ ਪਾਤ ਨਾ ਕੋਇ ਲੜਾਈਆ । ਸਤਿ ਸਰੂਪ ਸ਼ਾਹੋ ਭੂਪ ਨਿਰਗੁਣ ਨਿਰਵੈਰ ਜਨ ਭਗਤਾਂ ਸਦ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਨਾ ਕੋਇ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਦੇਵਣਹਾਰਾ ਗੇੜਾ, ਲੱਖ ਚੁਰਾਸੀ ਹੁਕਮੇ ਅੰਦਰ ਭਵਾਈਆ । ਜਿਸ ਵੇਲੇ ਜਨ ਭਗਤਾਂ ਉਤੇ ਕਰੇ ਮਿਹਰਾ, ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਕਰੇ ਰੁਸ਼ਨਾਈਆ । ਗੜ੍ਹ ਹੰਕਾਰੀ ਤੋੜ ਕੇ ਜੰਦਰ, ਬੇਘਰੇ ਘਰ ਦੇ ਮਾਲਕ ਦਏ ਬਣਾਈਆ । ਨਿਰਗੁਣ ਨੂਰ ਜੋਤ ਪਰਕਾਸ਼ ਕਰ ਕੇ ਡੂੰਘੀ ਕੰਦਰ, ਸਤਿ ਸਰੂਪ ਦਏ ਵਖਾਈਆ । ਮਨ ਵਾਸਨਾ ਬੰਨ੍ਹ ਕੇ ਬੰਦਰ, ਚੇਤਨ ਸੁਰਤੀ ਸੋਈ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਭਗਤਾਂ ਹੋਏ ਸਹਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਸੁਹੇਲਾ, ਦੋ ਜਹਾਨਾਂ ਵਿਚੋਂ ਨਜ਼ਰੀ ਆਈਆ । ਜਿਸ ਨੂੰ ਮਿਲਾਂ ਇਕ ਅਕੇਲਾ, ਨਿਰਗੁਣ ਸਰਗੁਣ ਹੋ ਕੇ ਫੇਰਾ ਪਾਈਆ । ਕੋਟਨ ਕੋਟ ਵਿਚੋਂ ਥੋੜਿਆਂ ਹੋਵੇ ਮੇਲਾ, ਬੇਪਰਵਾਹ ਜਿਨ੍ਹਾਂ ਉਪਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ ।



ਜਨ ਭਗਤ ਕਹੇ ਮੇਰਾ ਭਗਵਨ ਗੁਸਾਈਂ, ਗਹਿਰ ਗੰਭੀਰ ਨਜ਼ਰੀ ਆਇੰਦਾ । ਜੋ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਕੜੇ ਬਾਹੀਂ, ਨਿਰਗੁਣ ਸਰਗੁਣ ਆਪਣਾ ਜੋੜ ਜੁੜਾਇੰਦਾ । ਕਮਲਾਪਾਤੀ ਦੀਆ ਬਾਤੀ ਨਿਰਗੁਣ ਜੋਤ ਕਰੇ ਰੁਸ਼ਨਾਈ, ਮਹਲ ਅਟਲ ਇਕੋ ਸੋਭਾ ਪਾਇੰਦਾ । ਸ਼ਬਦ ਅਨਾਦ ਧੁਨ ਬੋਧ ਅਗਾਧ ਅਗੰਮ ਸੁਣਾਈ, ਨਿਸ਼ਅੱਖਰ ਆਪਣੀ ਧਾਰ ਸਮਝਾਇੰਦਾ । ਅੰਤਰ ਆਤਮ ਅੰਮ੍ਰਿਤ ਜਾਮ ਪਿਆਈ, ਅਨੋਖਾ ਰਸ ਦੇਵੇ ਹਸ ਨਿਝਰ ਝਿਰਨਾ ਆਪ ਝਿਰਾਇੰਦਾ । ਨੇਤਰ ਲੋਚਣ ਨੈਣ ਅੱਖ ਖੁਲ੍ਹਾਈ, ਕੂੜੀ ਕਿਰਿਆ ਮੇਟੇ ਬੀਨਾਈ, ਏਕ ਨੂਰ ਜ਼ਹੂਰ ਜ਼ਾਹਰ ਆਪ ਅਖਵਾਇੰਦਾ । ਆਤਮ ਪਰਮਾਤਮ ਮੇਲਾ ਕਰੇ ਸਹਿਜ ਸੁਭਾਈ, ਪੜਦਾ ਉਹਲਾ ਇਕ ਉਠਾਈ, ਘਰ ਵਿਚ ਘਰ ਮਿਲ ਮਿਲ ਖ਼ੁਸ਼ੀ ਮਨਾਇੰਦਾ । ਆਤਮ ਸੇਜਾ ਡੇਰਾ ਲਾਈ, ਸ਼ਬਦ ਅਨਾਦ ਧੁਨ ਸ਼ਨਵਾਈ, ਜੋਤੀ ਨੂਰ ਡਗਮਗਾਈ, ਸਤਿ ਸਤਿਵਾਦੀ ਆਪਣੀ ਖ਼ੁਸ਼ੀ ਵਖਾਇੰਦਾ । ਭਗਤਾਂ ਸੰਗ ਭਗਵਾਨ ਕਰੇ ਕੁੜਮਾਈ, ਦੋ ਜਹਾਨਾਂ ਵਜਦੀ ਰਹੇ ਵਧਾਈ, ਏਥੇ ਓਥੇ ਹੋਏ ਸਹਾਈ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਰਵਿਦਾਸ ਚਮਿਆਰਾ ਦਏ ਗਵਾਹੀ, ਗੁਰਮੁਖੋ ਵੇਖੋ ਨੈਣ ਉਠਾਈ, ਨਿਜ ਨੇਤਰ ਹਰਿਜੂ ਆਪਣਾ ਰੰਗ ਰੰਗਾਇੰਦਾ । ਸੰਤਾਂ ਦਾ ਮੀਤ ਭਗਤਾਂ ਦਾ ਗੁਸਾਈਂ, ਗੁਰਮੁਖਾਂ ਦੇਵਣਹਾਰਾ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇੰਦਾ । ਤਾਰਨਹਾਰਾ ਜਾਂਦਿਆਂ ਰਾਹੀ, ਪੂਰਬ ਜਨਮ ਲੇਖੇ ਰਿਹਾ ਮੁਕਾਈ, ਨਿਤ ਨਵਿਤ ਦਾ ਲਹਿਣਾ ਦੇਣਾ ਝੋਲੀ ਆਪੇ ਪਾਇੰਦਾ । ਸੱਚੀ ਸਿਖਿਆ ਇਕ ਦ੍ਰਿੜਾਈ, ਆਪਣੀ ਵਿਦਿਆ ਆਪ ਪੜ੍ਹਾਈ, ਅਲਿਫ਼ ਯੇ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਇਕੋ ਰੰਗ ਵਖਾਇੰਦਾ । ਭਗਵਾਨ

ਕਹੇ ਮੇਰਾ ਭਗਤ ਸਭ ਤੋਂ ਚੰਗਾ, ਲੱਖ ਚੁਰਾਸੀ ਵਿਚੋਂ ਨਜ਼ਰੀ ਆਈਆ । ਜਿਸ ਦੇ ਚਰਨ ਚੁੰਮੇ ਗੰਗਾ, ਕਬੀਰ ਮਿਲੀ ਵਡਿਆਈਆ । ਰਵਿਦਾਸ ਕਸੀਰੇ ਪਿਛੇ ਕੰਗਣ ਇਕ ਵੰਡਾ, ਸੋਹਣੀ ਜੜਤ ਜੜਾਈਆ । ਸਚ ਦਵਾਰੇ ਧੁਰ ਦਰਬਾਰੇ ਮਿਲੇ ਇਕ ਅਨੰਦਾ, ਅਨੰਦ ਆਤਮ ਵਿਚੋਂ ਪਰਗਟਾਈਆ । ਬਾਹਰੋਂ ਪੰਜਾਂ ਤੱਤਾਂ ਵਾਲਾ ਬੰਦਾ, ਅੰਤਰ ਨਿਰਗੁਣ ਨੂਰ ਜੋਤ ਰੁਸ਼ਨਾਈਆ । ਅਗਨੀ ਅੱਗ ਨਾ ਕੋਇ ਤਪਾਏ ਸਦਾ ਠੰਡਾ, ਸੀਤਲ ਧਾਰਾ ਵਿਚ ਸਮਾਈਆ । ਪਰਮ ਪੁਰਖ ਅਬਿਨਾਸ਼ੀ ਕਰਤਾ ਲਾਏ ਆਪਣੇ ਅੰਗਾ, ਅੰਗੀਕਾਰ ਇਕ ਹੋ ਜਾਈਆ । ਕਾਇਆ ਚੋਲੀ ਚਾੜ੍ਹੇ ਸਾਚਾ ਰੰਗਾ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਅਖਵਾਈਆ । ਜਨ ਭਗਤ ਕਹੇ ਮੇਰਾ ਊਚੋ ਊਚ ਭਗਵੰਤ, ਅਗੰਮ ਅਥਾਹ ਬੇਪਰਵਾਹ ਅਖਵਾਈਆ । ਜਿਸ ਦਾ ਲੇਖਾ ਆਦਿ ਅੰਤ, ਜੁਗਾ ਜੁਗੰਤ ਵੇਖ ਵਖਾਈਆ । ਜੋ ਲੱਖ ਚੁਰਾਸੀ ਦਾ ਸਾਚਾ ਕੰਤ, ਪਤਿਪਰਮੇਸ਼ਵਰ ਵੱਡੀ ਵਡਿਆਈਆ । ਸੋ ਪਰਗਟ ਹੋ ਕੇ ਕਲਜੁਗ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਗੁਰਮੁਖਾਂ ਜਪਾਵੇ ਇਕੋ ਨਾਮ ਮੰਤ, ਢੋਲਾ ਧੁਰ ਦਾ ਦਏ ਸੁਣਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਮਨਮਤ ਰਹਿਣ ਕੋਇ ਨਾ ਪਾਈਆ । ਬੋਧ ਅਗਾਧਾ ਬਣ ਕੇ ਪੰਡਤ, ਭੇਵ ਅਭੇਦਾ ਦਏ ਖੁਲ੍ਹਾਈਆ । ਨਾਤਾ ਤੋੜ ਕੇ ਜੇਰਜ ਅੰਡਜ, ਉਤਭੁਜ ਸੇਤਜ ਲੇਖਾ ਦਏ ਮੁਕਾਈਆ । ਮੇਲ ਮਿਲਾ ਕੇ ਭਗਤਾਂ ਸੰਗਤ, ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤ ਕਹੇ ਮੇਰਾ ਠਾਕਰ ਸਵਾਮੀ, ਹਰਿ ਕਰਤਾ ਇਕ ਅਖਵਾਇੰਦਾ । ਜੋ ਹਰ ਘਟ ਵਸਿਆ ਹਰ ਘਟ ਅੰਤਰਜਾਮੀ, ਗ੍ਰਿਹਿ ਗ੍ਰਿਹਿ ਆਪਣੀ ਧਾਰ ਚਲਾਇੰਦਾ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗੰਬਰਾਂ ਦੇਵਣਹਾਰਾ ਅਗੰਮੀ ਬਾਣੀ, ਸ਼ਬਦ ਵਸਤ ਅਮੋਲਕ ਝੋਲੀ ਪਾਇੰਦਾ । ਅੰਮ੍ਰਿਤ ਰਸ ਧੁਰ ਦਾ ਜਾਮ ਆਬੇ ਹਯਾਤ ਪਿਆਵਣਹਾਰਾ ਪਾਣੀ, ਬੂੰਦ ਸਵਾਂਤੀ ਇਕੋ ਇਕ ਟਪਕਾਇੰਦਾ । ਲੇਖਾ ਚੁਕਾਵਣਹਾਰਾ ਚਾਰੇ ਖਾਣੀ, ਚਾਰੋਂ ਕੁੰਟ ਖੋਜ ਖੁਜਾਇੰਦਾ । ਸੁਰਤੀ ਸ਼ਬਦ ਮਿਲਾਵਣਹਾਰਾ ਹਾਣੀ, ਜੁਗ ਵਿਛੜੇ ਧੁਰ ਸੰਜੋਗੀ ਮੇਲ ਮਿਲਾਇੰਦਾ । ਰਾਗਾਂ ਨਾਦਾਂ ਤੋਂ ਬਾਹਰ ਦੱਸੇ ਆਪਣੀ ਕਹਾਣੀ, ਜਲਵਾ ਜੋਤ ਨੂਰ ਨੁਰਾਨੀ, ਸਿਫ਼ਤਾਂ ਵਿਚ ਨਾ ਕੋਇ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭਗਤਨ ਮੀਤਾ ਠਾਂਡਾ ਸੀਤਾ ਤ੍ਰੈਗੁਣ ਅਤੀਤਾ ਨਿਰਗੁਣ ਸਰਗੁਣ ਆਪਣੀ ਧਾਰ ਚਲਾਇੰਦਾ । ਜਨ ਭਗਤ ਕਹੇ ਮੇਰਾ ਪਾਰਬ੍ਰਹਮ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਸਭ ਤੋਂ ਵਖਰਾ ਨਿਰਾਲਾ ਧਰਮ, ਦੀਨਾਂ ਵਿਚੋਂ ਦੀਨ ਇਕੋ ਦਏ ਸਮਝਾਈਆ । ਜਿਸ ਦਾ ਸਮਝ ਨਾ ਸਕੇ ਕੋਈ ਕਰਮ, ਨਿਹਕਰਮੀ ਆਪਣੀ ਕਾਰ ਕਮਾਈਆ । ਜਿਸ ਦਾ ਝਗੜਾ ਨਹੀਂ ਕੋਈ ਵਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਨੂਰ ਰਿਹਾ ਦਰਸਾਈਆ । ਜਨ ਭਗਤਾਂ ਦੇਵੇ ਸਾਚੀ ਸਰਨ, ਚਰਨ ਪ੍ਰੀਤੀ ਇਕ ਸਮਝਾਈਆ । ਨੇਤਰ ਖੋਲ੍ਹੇ ਹਰਨ ਫਰਨ, ਜਗਤ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਭਗਵਨ ਕਹੇ ਮੇਰਾ ਭਗਤ ਮੀਤ, ਧੁਰ ਦਾ ਮਿਤਰ ਨਜ਼ਰੀ ਆਈਆ । ਜਿਸ ਨਾਲ ਜਗਤ ਜਹਾਨ ਚਲੇ ਧੁਰ ਦੀ ਰੀਤ, ਸਾਚਾ ਮਾਰਗ ਇਕ ਲਗਾਈਆ । ਤਨ ਮਾਟੀ ਖ਼ਾਕੀ ਕਰ ਕੇ ਠਾਂਡੀ ਸੀਤ, ਅਗਨੀ ਤੱਤ ਦਏ ਬੁਝਾਈਆ । ਭੇਵ ਚੁਕਾ ਕੇ ਊਚ ਨੀਚ, ਹਸਤ ਕੀਟ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਭ ਦਾ ਮਾਲਕ ਇਕ ਅਖਵਾਈਆ । ਭਗਤ ਭਗਵਾਨ ਇਕ ਸਰੂਪ, ਜੋਤ ਜੋਤੀ ਵਿਚ ਸਮਾਈਆ । ਇਕੋ ਦਿਸ਼ਾ ਇਕੋ ਕੂਟ, ਇਕੋ ਘਰ ਵਜੇ ਵਧਾਈਆ । ਇਕੋ ਹੁਲਾਰਾ ਰਹੇ ਝੂਟ, ਦੋ ਜਹਾਨਾਂ ਪਾਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭਗਤੀ ਵਿਚ ਰਖਾਈਆ । ਭਗਤ ਭਗਵਾਨ ਇਕੋ ਸੰਗ, ਜੁਗ ਚੌਕੜੀ ਨਜ਼ਰੀ ਆਈਆ । ਇਕੋ ਨਾਮ ਇਕੋ ਮਰਦੰਗ, ਇਕੋ ਢੋਲਾ ਰਾਗ ਗਾਈਆ । ਇਕੋ ਸੇਜ ਇਕੋ ਪਲੰਘ, ਇਕੋ ਬੈਠਾ ਆਸਣ ਲਾਈਆ । ਇਕੋ ਪ੍ਰੇਮ ਇਕੋ ਅਨੰਦ, ਰਸ ਇਕੋ ਇਕ ਚਖਾਈਆ । ਇਕੋ ਮੰਦਰ ਇਕੋ ਅੰਦਰ ਜਾਣ ਲੰਘ, ਇਕ ਦੂਜੇ ਨੂੰ ਮਿਲ ਮਿਲ ਖ਼ੁਸ਼ੀ ਮਨਾਈਆ । ਭਗਵਾਨ ਭਗਤਾਂ ਬਖ਼ਸ਼ੰਦ, ਭਗਤ ਭਗਵਾਨ ਗਾਵਣ ਛੰਦ, ਦੋਹਾਂ ਮਿਲ ਕੇ ਪਏ ਠੰਡ, ਠਾਕਰ ਕ਼ਾਦਰ ਕਰਤਾ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜਨਮ ਦਾ ਲੇਖਾ ਪੂਰਬ ਵੇਖ ਵਖਾਈਆ ।

### ❊ ੧੮ ਪੋਹ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ❊

ਬਧਕ ਆਹ ਵੇਖ ਤੇਰੇ ਸਾਥੀ ਸ਼ਿਕਾਰੀ, ਸ਼ਿਕਾਰ ਖੇਡਣ ਲੋਕਮਾਤ ਆਈਆ । ਬਹੱਤਰ ਸਾਲ ਜਿਨ੍ਹਾਂ ਨਾਲ ਰਹੀ ਯਾਰੀ, ਪਿਛਲਾ ਹਿਸਾਬ ਸਮਝਾਈਆ । ਕਿਸ ਬਿਧ ਮੌਕਾ ਮਿਲਿਆ ਵਿਚ ਸੰਸਾਰੀ, ਪ੍ਰਭ ਪੜਦਾ ਦਏ ਉਠਾਈਆ । ਸੁਰੈਣ ਸਿੰਘ ਹਮੇਸ਼ਾਂ ਹੱਥ ਰਖਦਾ ਸੀ ਕੁਹਾੜੀ, ਝਾੜੀਆਂ ਵਿਚ ਲੁਕੇ ਹੋਏ ਸ਼ਿਕਾਰ ਬਾਹਰ ਕਢਾਈਆ । ਇਸ ਦੀ ਓਸ ਵੇਲੇ ਢਾਈ ਫੁਟ ਲੰਮੀਂ ਸੀ ਦਾੜ੍ਹੀ, ਰਿਸ਼ੀਆਂ ਵਰਗਾ ਰਿਸ਼ੀ ਨਜ਼ਰੀ ਆਈਆ । ਇਕ ਦਿਨ ਇਹਦੇ ਕੋਲੋਂ ਇਕ ਤਿੱਤਰ ਮਾਰ ਗਿਆ ਉਡਾਰੀ, ਆਪਣੇ ਖੰਭ ਫੈਲਾਈਆ । ਇਸ ਨੂੰ ਬਧਕ ਕਿਹਾ ਤੂੰ ਚੰਗਾ ਨਹੀਂ ਸ਼ਿਕਾਰੀ, ਤੇਰਾ ਨਿਸ਼ਾਨਾ ਨਿਸ਼ਾਨੇ ਵਿਚ ਪੂਰਾ ਨਜ਼ਰ ਨਾ ਆਈਆ । ਓਸ ਨੇ ਕਿਹਾ ਅੱਛਾ ਮੈਂ ਫੇਰ ਵੇਖਾਂ ਦੂਜੀ ਵਾਰੀ, ਆਪਣਾ ਬਲ ਧਰਾਈਆ । ਅਗੇ ਜਾਂਦਿਆਂ ਨੂੰ ਕ੍ਰਿਸ਼ਨ ਸੁੱਤਾ ਸੀ ਪੈਰ ਪਸਾਰੀ, ਚਰਨ ਗੋਡੇ ਉਤੇ ਟਿਕਾਈਆ । ਬਧਕ ਮਾਰਿਆ ਬਾਣ ਪਹਿਲੀ ਵਾਰੀ, ਪਦਮ ਵਿਚ ਦੀ ਪਾਰ ਲੰਘਾਈਆ । ਇਹਦਾ ਨਾਮ ਸੀ ਮਦਨ, ਸੁੱਟ ਕੇ ਹਥੋਂ ਕੁਹਾੜੀ, ਭੱਜਾ ਵਾਹੋ ਦਾਹੀਆ । ਕ੍ਰਿਸ਼ਨ ਦਾ ਚਰਨ ਚੁੰਮਿਆ ਨਾਲੇ ਲਹੂ ਸਾਫ਼ ਕੀਤਾ ਨਾਲ ਦਾੜ੍ਹੀ, ਨੇਤਰ ਨੈਣਾਂ ਨੀਰ ਵਹਾਈਆ । ਓਸੇ ਵੇਲੇ ਆਪਣੇ ਸਿਰ ਤੋਂ ਪਗੜੀ ਲਾਹ ਕੇ ਪਾੜੀ, ਪੱਟੀ ਉਤੇ ਦਿਤੀ ਬੰਧਾਈਆ । ਗ਼ੁੱਸੇ ਵਿਚ ਕਿਹਾ, ਬਧਕ, ਇਹ ਚੰਗੀ ਨਹੀਂ ਹੋਈ ਕਾਰੀ, ਕ੍ਰਿਸ਼ਨ ਦਿਤਾ ਬਾਣ ਲਗਾਈਆ । ਬਧਕ ਕਿਹਾ ਮੈਂ ਵੀ ਇਸੇ ਤੋਂ ਬਲਿਹਾਰੀ, ਜਿਸ ਆਪਣੇ ਹੁਕਮ ਵਿਚ ਮੇਰੀ ਸੇਵ ਲਗਾਈਆ । ਅਗੋਂ ਕ੍ਰਿਸ਼ਨ ਕਿਹਾ ਅਜੇ ਲੇਖਾ ਹੋਰ ਤੁਹਾਡਾ ਵਿਚ ਸੰਸਾਰੀ, ਸਗਲਾ ਦਿਆਂ ਜਣਾਈਆ । ਜਿਸ ਵੇਲੇ ਆਵੇ ਕਲਜੁਗ ਅੰਤਮ ਵਾਰੀ, ਪਿਛਲੀ ਵਾਰਤਾ ਪ੍ਰਭੂ ਦਏ ਦੁਹਰਾਈਆ । ਤੁਸਾਂ ਦੋਹਾਂ ਕੱਠਿਆਂ ਹੋਣਾ ਫੇਰ ਬਣਨਾ ਸ਼ਿਕਾਰੀ, ਸ਼ਿਕਾਰ ਇਕੋ ਪੁਰਖ ਅਕਾਲ ਅਗੇ ਨਜ਼ਰੀ ਆਈਆ । ਆਓ ਅਗੇ, ਜੇ ਤੀਰ ਨਹੀਂ ਤਲਵਾਰ ਨਹੀਂ ਛੁਰਾ ਨਹੀਂ ਕਟਾਰ ਨਹੀਂ ਸੀਨੇ ਦੇ ਉਤੇ ਹੱਥ ਮਾਰੋ ਇਕੋ ਇਕ ਵਾਰੀ, ਪਿਆਰ ਦੀ ਧਾਰੀ ਤੁਹਾਡੇ ਵਿਚ ਸਮਾਈਆ । ਤੁਸੀਂ ਭੁਲ ਗਏ ਮੈਂ ਨਹੀਂ ਭੁਲਿਆ, ਤੁਸੀਂ ਛੱਡੋ ਮੈਂ ਨਾ ਛੱਡਾਂ ਇਹ ਮੇਰੀ ਖੇਲ ਨਿਆਰੀ, ਨਿਆਰਾ ਹੋ ਕੇ ਸਭ

ਤੋਂ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਹੋਏ ਸਹਾਈਆ । ਸੁਰੈਣ ਸਿੰਘਾ ਕੁਛ ਪਿਛਲਾ ਕਰ ਚੇਤਾ, ਤੈਨੂੰ ਦਿਆਂ ਜਣਾਈਆ । ਦਵਾਰਕਾ ਤੋਂ ਪਰੇ ਨੌਂ ਮੀਲ ਤੇ ਸੀ ਤੇਰਾ ਖੇਤਾ, ਸੋਹਣਾ ਹਲ ਚਲਾਈਆ । ਪੰਜ ਸਾਲ ਤੂੰ ਆਪਣੀ ਜ਼ਮੀਨ ਦਾ ਸਵਰਨ ਸਿੰਘ ਕੋਲੋਂ ਲਿਆ ਸੀ ਠੇਕਾ, ਬਿਨ ਪਟਿਉਂ ਪਟੇਦਾਰੀ ਦਿਤੀ ਬਣਾਈਆ । ਇਕ ਹੋਰ ਖੇਲ ਵੇਖਾ, ਪੂਰਬ ਦਿਆਂ ਦ੍ਰਿੜਾਈਆ । ਤੇਰਾ ਆਂਢ ਗਵਾਂਢ ਬੜਾ ਨੇਕਾ, ਨੇਕੀ ਕਰਨ ਵਾਲਾ ਬਦੀ ਕੋਲ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਕੁਛ ਵੇਖ ਪਿਛਲੀ ਕਥਾ, ਯਥਾਰਥ ਦਿਆਂ ਜਣਾਈਆ । ਜਿਸ ਵੇਲੇ ਕ੍ਰਿਸ਼ਨ ਨੂੰ ਟੇਕਣ ਲੱਗਾ ਸੈਂ ਮੱਥਾ, ਓਸ ਵੇਲੇ ਇਹ ਦੋਵੇਂ ਸੇਵਕ ਉਸ ਦੇ ਕੋਲ ਬੈਠੇ ਵੇਖ ਵਖਾਈਆ । ਜਿਨ੍ਹਾਂ ਦਾ ਰੂਪ ਨਜ਼ਰ ਆਵੇ ਤੇਜਾ ਸਿੰਘ ਅਤੇ ਦਲੀਪ ਸਿੰਘ ਦੇਵਤ, ਵਡ ਦੇਵਾ ਦੇਵਣਹਾਰ ਵਡਿਆਈਆ । ਕਰੇ ਖੇਲ ਅਲਖ ਅਭੇਵਤ, ਮਿਹਰਵਾਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਸ਼ਿਕਾਰੀਓ ਜੇ ਸ਼ਿਕਾਰ ਖੇਡਣ ਦੀ ਲੋੜ, ਸੋਹਣਾ ਤਰੀਕਾ ਦਿਆਂ ਸਮਝਾਈਆ । ਨੱਠਣ ਭੱਜਣ ਦੀ ਰਹੇ ਨਾ ਲੋੜ, ਜੰਗਲ ਜੂਹਾਂ ਵਿਚ ਲੱਭਣ ਕੋਇ ਨਾ ਜਾਈਆ । ਫਿਰਨਾ ਪਏ ਨਾ ਅੰਧੇਰੇ ਘੋਰ, ਡੂੰਘੀ ਕੰਦਰ ਨਾ ਫੋਲ ਫੁਲਾਈਆ । ਸਵਾਨਾਂ ਦੀ ਛਡਣੀ ਪਏ ਨਾ ਡੋਰ, ਤੀਰ ਚਿੱਲ੍ਹੇ ਨਾ ਕੋਇ ਚੜ੍ਹਾਈਆ । ਭਜੌਣਾ ਪਏ ਨਾ ਕੋਈ ਘੋੜ, ਨੇਜ਼ਾ ਹੱਥ ਨਾ ਕੋਇ ਉਠਾਈਆ । ਜਿਸ ਵੇਲੇ ਦੋਵੇਂ ਹੱਥ ਦਿਉ ਜੋੜ, ਤੁਹਾਡਾ ਸ਼ਿਕਾਰ ਸ਼ੇਰ ਅਗੇ ਪੈ ਕੇ ਆਪਣਾ ਆਪ ਭੇਟ ਚੜ੍ਹਾਈਆ । ਸ਼ੇਰ ਨੂੰ ਮਾਰ ਕੇ ਤੁਸੀਂ ਹੋਏ ਦਲੇਰ, ਦੋਹਾਂ ਮੁਖਾਂ ਵਾਲਾ ਤੀਰ ਨਜ਼ਰ ਨਾ ਆਈਆ । ਨਿਰਗੁਣ ਹੋ ਕੇ ਤੁਹਾਨੂੰ ਲਿਆਇਆ ਘੇਰ, ਚੌਤਰਫ਼ਾ ਕੱਠੇ ਦਿਤੇ ਕਰਾਈਆ । ਸ਼ਿਕਾਰੀਆਂ ਵਾਂਗੂ, ਵੇਖਿਓ, ਕਿਤੇ ਸੋਟੀ ਲਾ ਕੇ ਇਹਨੂੰ ਨਾ ਦਿਓ ਛੇੜ, ਜੇ ਛੇੜੋ ਤੇ ਪ੍ਰੇਮ ਪ੍ਰੀਤੀ ਨਾਲ ਉਠਾਈਆ । ਆਪਣਾ ਆਪ ਤੁਹਾਡੇ ਅਗੇ ਕਰ ਕੇ ਢੇਰ, ਮਾਣ ਤਾਣ ਤੁਹਾਡੀ ਝੋਲੀ ਪਾਈਆ । ਜੇ ਬਖ਼ਸ਼ਿਸ਼ ਕਰੇ ਤੇ ਮਿਹਰ, ਮਿਹਰਵਾਨ ਹੋ ਕੇ ਹੋਏ ਸਹਾਈਆ । ਰਾਮ ਸਿੰਘ ਬੇਸ਼ਕ ਅੱਜ ਦੇ ਦਿਨ ਦੀ ਹੋ ਗਈ ਦੇਰ, ਇਕ ਜੁਗ ਪਿਛੇ ਇਕ ਦਿਨ ਲੇਖੇ ਲਾਈਆ । ਇਸੇ ਕਾਰਨ ਨਹੀਂ ਦਿਤਾ ਭੇਜ, ਆਪਣੀ ਬਿਧ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਬਿਧ ਨਾਲ ਆਪੇ ਮੇਲੇ ਰਿਹਾ ਮਿਲਾਈਆ ।


੭੭

ਜਨ ਭਗਤ ਕਹੇ ਪ੍ਰਭ ਤੇਰੀ ਕਿਹੜੀ ਮਨੌਤ, ਅਗਲੀ ਪਿਛਲੀ ਰੀਤੀ ਦੇ ਸਮਝਾਈਆ । ਕੀ ਲੰਮੇਂ ਪੈ ਕੇ ਕਰੀਏ ਡੰਡੌਤ, ਧੂੜੀ ਵਿਚ ਸਮਾਈਆ । ਕੀ ਤੇਰੇ ਦਰ ਤੇ ਜਾਈਏ ਪਹੁੰਚ, ਆਪਣਾ ਪੰਧ ਮੁਕਾਈਆ । ਕੀ ਘਰ ਬਹਿ ਕੇ ਲਈਏ ਸੋਚ, ਅੰਤਰ ਆਤਮ ਧਿਆਨ ਲਗਾਈਆ । ਜਿਸ ਬਿਧ ਦਰਸ਼ਨ ਦੇਵੇਂ ਰੋਜ਼, ਸੁੱਤਿਆਂ ਲਏਂ ਜਗਾਈਆ । ਪ੍ਰੀਤਮ ਆਪਣੇ ਦੱਸ ਦੇ ਚੋਜ, ਪਰਦਾ ਦੇ ਉਠਾਈਆ । ਜਿਸ ਬਿਧ ਮਾਣੀਏ ਤੇਰੀ ਮੌਜ, ਮੌਜੂਦਾ ਘਰ ਘਰ ਨਜ਼ਰੀ ਆਈਆ । ਕੀ ਹੋਈਏ ਅਗਾਧ ਬੋਧ, ਪੜ੍ਹੀਏ ਤੇਰੀ ਪੜ੍ਹਾਈਆ । ਕੀ ਹਿਰਦਾ ਲਈਏ ਸੋਧ, ਤੇਰੇ ਚਰਨਾਂ ਹੇਠ ਰਖਾਈਆ । ਕੀ ਕੱਟੀਏ ਹਉਮੇ ਰੋਗ, ਮਨਸਾ ਮੋਹ ਤਜਾਈਆ । ਕੀ ਚੁਕਾਈਏ ਪਿਛਲਾ ਵਿਜੋਗ, ਨਾਤਾ ਕੂੜ ਤੁੜਾਈਆ । ਕੀ ਕਰੀਏ

ਸਚ ਸੰਜੋਗ, ਮੇਲਾ ਸਹਿਜ ਸੁਭਾਈਆ । ਕੀ ਜੀਵਣ ਨਾਲੋਂ ਚੰਗੀ ਸਮਝੀਏ ਮੌਤ, ਜੀਵਣ ਤੇਰੀ ਝੋਲੀ ਪਾਈਆ । ਕੀ ਭੱਜੇ ਫਿਰੀਏ ਚੌਦਾਂ ਲੋਕ, ਬਣ ਬਣ ਪਾਂਧੀ ਰਾਹੀਆ । ਕੀ ਨੇਤਰ ਕਜਲਾ ਪਾਈਏ ਨਾਲ ਸ਼ੌਕ, ਸੋਹਣੀ ਧਾਰ ਬੰਧਾਈਆ । ਕੀ ਤਨ ਤੇ ਵਟਣਾ ਲਾਈਏ ਇਕ ਔਂਸ, ਪਿਛਲੇ ਮਹਾਰਾਣਿਆਂ ਵਾਲੀ ਰੀਸ ਜਣਾਈਆ । ਕੀ ਪੈਸੇ ਟਕੇ ਦੀ ਥਾਂ ਮੱਥੇ ਟੇਕੀਏ ਨਾਲ ਪੌਂਡ, ਜੋ ਸੁਵਰਨ ਦਿਤੇ ਘੜਾਈਆ । ਕੀ ਬਣ ਕੇ ਆਈਏ ਕੁਤਬ ਗੌਂਸ, ਬਹੁਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇਣਾ ਜਣਾਈਆ । ਕੀ ਆਈਏ ਵਿਦਿਆ ਪੜ੍ਹ ਕੇ, ਬੁਧਿ ਬਿਬੇਕ ਕਰਾਈਆ । ਕੀ ਆਈਏ ਸੀਸ ਤੇਰੇ ਚਰਨਾਂ ਧਰ ਕੇ, ਨਿਉਂ ਨਿਉਂ ਧੂੜ ਰਮਾਈਆ । ਕੀ ਆਈਏ ਜੀਂਵਦਿਆਂ ਜਗ ਮਰ ਕੇ, ਜੀਵਣ ਮਰਨ ਦੋਵੇਂ ਤੇਰੇ ਲੇਖੇ ਪਾਈਆ । ਕੀ ਆਈਏ ਘੋੜੀ ਚੜ੍ਹ ਕੇ, ਸਿਹਰਾ ਸੀਸ ਨਾਲ ਬੰਧਾਈਆ । ਕੀ ਆਈਏ ਰਾਤੀਂ ਸਵੇਰੇ ਤੜਕੇ, ਭੇਵ ਅਭੇਦਾ ਦੇ ਜਣਾਈਆ । ਕੀ ਆਈਏ ਘਰਦਿਆਂ ਨਾਲ ਲੜ ਕੇ, ਨਾਤੇ ਜਗਤ ਵਾਲੇ ਛੁਡਾਈਆ । ਕੀ ਆਈਏ ਹੱਥ ਮੱਥੇ ਉਤੇ ਧਰ ਕੇ, ਭਾਗ ਆਪਣੇ ਵੇਖ ਵਖਾਈਆ । ਕੀ ਆਈਏ ਸਚ ਦਵਾਰੇ ਖੜ੍ਹ ਕੇ, ਮਹਲ ਅਟਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇ ਸਮਝਾਈਆ । ਕੀ ਆਈਏ ਪੜ੍ਹ ਕੇ ਨਿਮਾਜ਼, ਸਜਦਾ ਸੀਸ ਝੁਕਾਈਆ । ਕੀ ਲੈ ਕੇ ਆਈਏ ਨਿਆਜ਼, ਪਰੌਂਠੇ ਨਾਲ ਪਕਾਈਆ । ਕੀ ਲੈ ਕੇ ਆਈਏ ਤਾਜ, ਜਿਹੜਾ ਤੇਰੇ ਸੀਸ ਬੰਧਾਈਆ । ਕੀ ਲੈ ਕੇ ਆਈਏ ਸਾਜ, ਜੋ ਸਾਜਣ ਦਰ ਵਜਾਈਆ । ਕੀ ਬਣ ਕੇ ਆਈਏ ਸਾਕ, ਸੱਜਣ ਇਕ ਅਖਵਾਈਆ । ਕੀ ਖੋਲ੍ਹ ਕੇ ਆਈਏ ਤਾਕ, ਪਰਦਾ ਅੰਤ ਉਠਾਈਆ । ਕੀ ਕਰਦੇ ਆਈਏ ਨਾਚ, ਘੁੰਗਟ ਮੁਖ ਉਠਾਈਆ । ਕੀ ਮਲਦੇ ਆਈਏ ਨਾਕ, ਟੇਢਾ ਮੁਖ ਕਰਾਈਆ । ਕੀ ਜੋੜਦੇ ਆਈਏ ਹਾਥ, ਦੋਏ ਦੋਏ ਸਰਨਾਈਆ । ਕੀ ਗੌਂਦੇ ਆਈਏ ਗਾਥ, ਤੇਰਾ ਨਾਮ ਧਿਆਈਆ । ਕੀ ਖੋਲ੍ਹ ਕੇ ਆਈਏ ਆਂਖ, ਨੇਤਰ ਨੈਣ ਉਠਾਈਆ । ਕੀ ਧੂੜੀ ਮਲ ਕੇ ਆਈਏ ਰਾਖ, ਤਨ ਭਬੂਤ ਰਮਾਈਆ । ਕੀ ਨਹਾ ਕੇ ਆਈਏ ਤੀਰਥ ਤਾਟ, ਸਰੋਵਰ ਇਸ਼ਨਾਨ ਕਰਾਈਆ । ਕੀ ਆਈਏ ਪਹਿਨ ਕੇ ਬਸਤਰ ਪਾਟ, ਵੇਸ ਅਵੇਸਾ ਰੂਪ ਵਟਾਈਆ । ਕੀ ਆਈਏ ਸੌਂ ਕੇ ਉਤੇ ਖਾਟ, ਖਟੀਆ ਨਾਲ ਲਿਆਈਆ । ਕੀ ਕਟ ਕੇ ਆਈਏ ਨੰਗੀ ਪੈਰੀਂ ਵਾਟ, ਸਤਿ ਸਾਚੀ ਸੇਵ ਕਮਾਈਆ । ਕੀ ਆਈਏ ਦਿਵਸ ਰੈਣ ਕਿ ਰਾਤ, ਵੇਲਾ ਸਾਚਾ ਦੇ ਸਮਝਾਈਆ । ਕੀ ਲੈ ਕੇ ਆਈਏ ਨਾਲ ਕ਼ਲਮ ਦਵਾਤ, ਜੇ ਕੁਛ ਲੇਖਾ ਦਏਂ ਗਣਾਈਆ । ਕੀ ਬਣ ਕੇ ਆਈਏ ਅਨਾਥ, ਗ਼ਰੀਬਾਂ ਹੋਏਂ ਸਹਾਈਆ । ਕੀ ਕਰ ਕੇ ਆਈਏ ਪੂਜਾ ਪਾਠ, ਮੰਦਰ ਟਲ ਖੜਕਾਈਆ । ਕੀ ਆ ਕੇ ਕਰੀਏ ਬਾਤ, ਸਨਮੁਖ ਹੋ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਕੀ ਆਈਏ ਸੀਸ ਨਵੌਂਦੇ, ਮਾਣ ਅਭਿਮਾਨ ਮਿਟਾਈਆ । ਕੀ ਆਈਏ ਢੋਲੇ ਗੌਂਦੇ, ਧੁਰ ਦਾ ਰਾਗ ਸੁਣਾਈਆ । ਕੀ ਆਈਏ ਰਾਗ ਅਲੌਂਦੇ, ਆਪਣਾ ਤਾਲ ਵਜਾਈਆ । ਕੀ ਆਈਏ ਅੱਖ ਸ਼ਰਮੌਂਦੇ, ਨੇਤਰ ਨੈਣ ਨਾ ਕੋਇ ਉਠਾਈਆ । ਕੀ ਆਈਏ ਗਲ ਵਿਚ ਪਲੂ ਪੌਂਦੇ, ਭੈ ਭੌ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਕੀ ਆਈਏ ਰਖ ਕੇ ਰੋਜ਼ੇ, ਫ਼ਾਕੇ ਵਿਚ ਫੇਰਾ ਪਾਈਆ । ਕੀ ਆਈਏ ਪੈਰੋਂ ਲਾਹ ਕੇ ਮੌਜ਼ੇ, ਜੋੜਾ ਸੰਗ ਨਾ ਕੋਇ ਰਖਾਈਆ । ਕੀ ਆਈਏ

ਖ਼ਾਲੀ ਕਰ ਕੇ ਬੋਝੇ, ਕਿ ਮਾਇਆ ਢੇਰ ਲਗਾਈਆ । ਕੀ ਵਜੌਂਦੇ ਆਈਏ ਨਗੋਜੇ, ਬੰਸਰੀਆਂ ਨਾਲ ਸ਼ਨਵਾਈਆ । ਕੀ ਉਠੌਂਦੇ ਆਈਏ ਤੋਤੇ, ਜੋ ਮਨੁੱਖਾਂ ਕਰਨ ਪੜ੍ਹਾਈਆ । ਕੀ ਨੈਣਾਂ ਆਈਏ ਰੋਂਦੇ, ਬਹੁੜੀ ਕਰ ਸੁਣਾਈਆ । ਕੀ ਕੱਪੜੇ ਆਈਏ ਧੋਂਦੇ, ਸਾਫ਼ ਸੁਥਰੇ ਰੂਪ ਵਟਾਈਆ । ਕੀ ਫਿਰ ਕੇ ਆਈਏ ਪਟਨੇ ਪੌਂਟੇ, ਬਣ ਕੇ ਪਾਂਧੀ ਰਾਹੀਆ । ਕੀ ਆਈਏ ਆਪਣਾ ਆਪ ਤੇਰੇ ਚਰਨਾਂ ਹੇਠ ਵਛੌਂਦੇ, ਤਨ ਮਾਟੀ ਖ਼ਾਕੀ ਤੇਰੀ ਭੇਟ ਚੜ੍ਹਾਈਆ । ਕੀ ਆਈਏ ਤੇਰਾ ਧਿਆਨ ਲਗੌਂਦੇ, ਧੀਆਂ ਪੁੱਤਰ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਕੀ ਆਈਏ ਗਲ ਵਿਚ ਪਾ ਕੇ ਫਾਸੀ, ਅੰਤਰ ਤੇਰੇ ਲੇਖੇ ਲਾਈਆ । ਕੀ ਕਰਦੇ ਆਈਏ ਹਾਸੀ, ਖ਼ੁਸ਼ੀਆਂ ਮੁਖ ਵਖਾਈਆ । ਕੀ ਚੜ੍ਹ ਕੇ ਆਈਏ ਘਾਟੀ, ਮੰਜ਼ਲ ਪੰਧ ਚੁਕਾਈਆ । ਕੀ ਮੁਕਾ ਕੇ ਆਈਏ ਵਾਟੀ, ਪਿਛਲਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਕੀ ਕਹਿੰਦੇ ਆਈਏ ਸਤਿਨਾਮ, ਢੋਲਾ ਤੇਰਾ ਗਾਈਆ । ਕੀ ਕਹਿੰਦੇ ਆਈਏ ਦਸਰਥ ਬੇਟਾ ਰਾਮ, ਰਾਮ ਸੀਤਾ ਬੇਪਰਵਾਹੀਆ । ਕੀ ਕਹਿੰਦੇ ਆਈਏ ਕਾਹਨ, ਘਨਈਆ ਕ੍ਰਿਸ਼ਨ ਦਏ ਵਡਿਆਈਆ । ਕੀ ਕਹਿੰਦੇ ਆਈਏ ਮੂਸਾ ਅਲੈ ਅਸਲਾਮ, ਕੀ ਸਲਲ ਤੇਰੀ ਸਰਨਾਈਆ । ਕੀ ਮਸੀਹ ਕਹੀਏ ਅਮਾਮ, ਕੀ ਇਬਰਾਹੀਮ ਵਡਿਆਈਆ । ਕੀ ਮੁਹੰਮਦ ਦਾ ਸੁਣੌਂਦੇ ਆਈਏ ਪੈਗ਼ਾਮ, ਯਾਮੁਬੀਨ ਰਾਗ ਅਲਾਈਆ । ਕੀ ਕਲਮਾ ਪੜ੍ਹਦੇ ਆਈਏ ਕਲਾਮ, ਪੱਲਾ ਕਇਨਾਤ ਵਿਚੋਂ ਛੁਡਾਈਆ । ਕੀ ਬਣ ਕੇ ਆਈਏ ਗ਼ੁਲਾਮ, ਬਰਦੇ ਹੋ ਕੇ ਸੇਵ ਕਮਾਈਆ । ਕੀ ਛਡ ਕੇ ਆਈਏ ਕਾਮ, ਹਿਰਸ ਹਵਸ ਗਵਾਈਆ । ਕੀ ਖਾ ਕੇ ਆਈਏ ਬਾਦਾਮ, ਪਿਸਤੇ ਮੁਖ ਛੁਹਾਈਆ । ਕੀ ਕਰ ਕੇ ਆਈਏ ਆਰਾਮ, ਸੁਖ ਸਾਗਰ ਰੂਪ ਵਟਾਈਆ । ਕੀ ਕਰ ਕੇ ਆਈਏ ਇਸ਼ਨਾਨ, ਜਲ ਧਾਰਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਕੀ ਹੋ ਕੇ ਆਈਏ ਨੀਵੇਂ, ਨੀਂਵਿਆਂ ਦਏਂ ਵਡਿਆਈਆ । ਕੀ ਘਰਾਂ ਵਿਚ ਜਗਾ ਕੇ ਆਈਏ ਦੀਵੇ, ਘਿਰਤ ਦੀਪਕਾਂ ਵਿਚ ਪਾਈਆ । ਕੀ ਮਸਤੀ ਵਿਚ ਹੋ ਕੇ ਆਈਏ ਖੀਵੇ, ਖ਼ਿਮਾਂ ਵਿਚ ਦਏਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਕਾਈਆ । ਕੀ ਬਣ ਕੇ ਆਈਏ ਚਿਰਾਗ਼, ਤੇਰਾ ਦੀਪ ਜਗਾਈਆ । ਕੀ ਬਣ ਕੇ ਆਈਏ ਕੰਤ ਸੁਹਾਗ, ਸੋਹਣਾ ਰੂਪ ਵਟਾਈਆ । ਕੀ ਬਣ ਕੇ ਆਈਏ ਨਾਰ ਪਿਆਰੀ ਵੈਰਾਗ, ਬਿਰਹੋਂ ਵਿਚ ਕੁਰਲਾਈਆ । ਕੀ ਬੁਝਾ ਕੇ ਆਈਏ ਆਗ, ਅਗਨੀ ਤੱਤ ਗਵਾਈਆ । ਕੀ ਧੋ ਕੇ ਆਈਏ ਦਾਗ਼, ਦੁਰਮਤ ਮੈਲ ਸਾਫ਼ ਕਰਾਈਆ । ਕੀ ਬਣ ਕੇ ਆਈਏ ਜਗਤ ਸਮਾਜ, ਦੀਨ ਮਜ਼੍ਹਬ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦੇ ਉਠਾਈਆ । ਕੀ ਦੱਸੀਏ ਹਾਲ ਦਿਲ ਦਾ, ਜਨ ਭਗਤ ਰਹੇ ਜਣਾਈਆ । ਤੂੰ ਸਾਹਿਬ ਕਿਸ ਬਿਧ ਮਿਲਦਾ, ਮਿਲਣੀ ਲਏਂ ਕਰਾਈਆ । ਕਿਸ ਵੇਲੇ ਆਪਣੇ ਆਸਣ ਸਿੰਘਾਸਣ ਤੋਂ ਹਿਲਦਾ, ਸਾਚੀ ਲਏਂ ਅੰਗੜਾਈਆ । ਕਿਸ ਵੇਲੇ ਮਾਲਕ ਬਣੇਂ ਭਗਤਾਂ ਦੇ ਦਿਲ ਦਾ, ਵੇਲਾ ਵਕਤ ਦੇ ਦ੍ਰਿੜਾਈਆ । ਕਿਸ ਵੇਲੇ ਤੇਰਾ ਪ੍ਰੇਮ ਗ਼ੁੰਚਾ ਖਿਲਦਾ, ਸੁਗੰਧੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣਾ ਸਮਝਾਈਆ । ਕੀ ਆਈਏ ਤੇਰੇ ਕੋਲ ਬਣ ਕੇ ਨਿੱਕੇ, ਨਿੱਕਿਆਂ ਦਏਂ ਵਡਿਆਈਆ । ਕੀ ਆਈਏ ਤੇਰੇ ਕੋਲ


੭੯

ਬਣ ਕੇ ਚਿੱਟੇ, ਪਵਿੱਤਰਾਂ ਪੁਨੀਤ ਦਏਂ ਕਰਾਈਆ । ਕੀ ਆਈਏ ਤੇਰੇ ਕੋਲ ਲੈ ਕੇ ਫਲ ਮਿੱਠੇ, ਜਿਸ ਨੂੰ ਖਾ ਕੇ ਖ਼ੁਸ਼ੀ ਮਨਾਈਆ । ਕੀ ਲੈ ਕੇ ਆਈਏ ਤੇਰੇ ਕੋਲ ਸਾਚੇ ਸਿੱਟੇ, ਜਿਸ ਸਿੱਟੇ ਨਾਲ ਬਾਜ਼ੀ ਸਭ ਦੀ ਜਿੱਤ ਵਖਾਈਆ । ਕੀ ਲੈ ਕੇ ਆਈਏ ਪਿਛਲੇ ਚਿੱਠੇ, ਜਿਨ੍ਹਾਂ ਉਤੇ ਰਵਿਦਾਸ ਚੁਮਾਰਾ ਦਏ ਗਵਾਹੀਆ । ਕੀ ਲੈ ਕੇ ਆਈਏ ਪਤੇ, ਜੋ ਪਾਤੀ ਰਾਹੀਂ ਦਏ ਜਣਾਈਆ । ਕੀ ਲੈ ਕੇ ਆਈਏ ਉਹ ਤੀਰ ਬਧਕ ਛੁੱਟੇ, ਜੋ ਕ੍ਰਿਸ਼ਨ ਚਰਨ ਛੋਹ ਕੇ ਖ਼ੁਸ਼ੀ ਮਨਾਈਆ । ਕੀ ਲੈ ਕੇ ਆਈਏ ਜਿਨ੍ਹਾਂ ਨੂੰ ਅਜੇ ਨਹੀਂ ਪਤੇ, ਕੀ ਉਹਨਾਂ ਸੰਜੋਗ ਬਣਾਈਆ । ਕੀ ਲੈ ਕੇ ਆਈਏ ਨਰਾਇਣ ਸਿੰਘ ਜਿਹੇ ਸੱਚੇ, ਜੋ ਨੌਜਵਾਨ ਦਾ ਪਿਤਾ ਇਕ ਅਖਵਾਈਆ । ਕੀ ਲੈ ਕੇ ਆਈਏ ਉਹ ਬੱਚੇ, ਜਿਹਨਾਂ ਨੂੰ ਜਨਮ ਜਨਮ ਵਿਚੋਂ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕੀ ਬਣ ਕੇ ਆਈਏ ਸੁਥਰੇ, ਡੰਡਿਆਂ ਤਾਲ ਵਜਾਈਆ । ਕੀ ਕਰਦੇ ਆਈਏ ਮੁਜਰੇ, ਵੇਸਵਾ ਨਾਚ ਨਚਾਈਆ । ਕੀ ਬਹਿ ਕੇ ਆਈਏ ਹੁਜਰੇ, ਸਾਚੀ ਰੀਤ ਸੁਹਾਈਆ । ਕੀ ਹਾਲ ਦੱਸੀਏ ਗੁਜ਼ਰੇ, ਪਿਛਲੀ ਕਹਾਣੀ ਸਭ ਨੂੰ ਰਹੀ ਸਤਾਈਆ । ਬਿਨ ਤੇਰੀ ਕਿਰਪਾ ਕੋਈ ਨਾ ਪੁੱਛ ਲੇ, ਭੇਵ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਦੇ ਕਮਾਈਆ । ਪੁਰਖ ਅਬਿਨਾਸ਼ੀ ਕਿਹਾ ਮੈਂ ਕਿਸੇ ਬਿਧ ਕਦੇ ਨਾ ਰੀਝਾਂ, ਭਗਤਾਂ ਦਿਆਂ ਸਮਝਾਈਆ । ਬਿਨਾ ਚਰਨ ਪ੍ਰੀਤੀ ਨਾ ਕਦੇ ਪਤੀਜਾਂ, ਬਾਕੀ ਲੋੜ ਨਾ ਕੋਇ ਰਖਾਈਆ । ਵੇਖੋ ਤੁਹਾਡੇ ਸਾਹਮਣੇ ਕੱਢੀ ਜਾਂਦਾ ਨਤੀਜਾ, ਜੁਗ ਜੁਗ ਦੇ ਪਰਚੇ ਵੇਖ ਵਖਾਈਆ । ਨਰੈਣ ਸਿੰਘ ਬਧਕ ਦਾ ਪਿਛਲਾ ਸੀ ਭਤੀਜਾ, ਜਿਸ ਦਾ ਬੇਟਾ ਨੌਜਵਾਨ ਨਜ਼ਰੀ ਆਈਆ । ੮੦ ਉਨੀ ਸਾਲ ਦੀ ਉਮਰ ਓਸ ਦੀ ਠੀਕਾ, ਅੱਛੀ ਤਰਾ ਦ੍ਰਿੜਾਈਆ । ਜਿਸ ਦੀ ਕਲਜੁਗ ਵਿਚ ਪਈ ਤਰੀਕਾ, ਤਰਾ ਤਰਾ ਨਾਲ ਦਿਤਾ ਸਮਝਾਈਆ । ਭਾਵੇਂ ਕੋਈ ਕੋਲ ਲਿਖਣ ਵਾਲਾ ਨਹੀਂ ਸੀ ਵਸੀਕਾ, ਵਸੀਅਤ ਭਗਵਨ ਆਪਣੀ ਆਪ ਲਿਖਾਈਆ । ਨਾਲ ਹੁਕਮ ਨਾਲ ਹਦੀਸਾ, ਸਭ ਕੁਛ ਦਿਤਾ ਸਮਝਾਈਆ । ਬਧਕ ਦੇ ਭਤੀਜੇ ਦਾ ਬੇਟਾ, ਬਧਕ ਨਾਲ ਲੇਖਾ ਬਦਲ ਕੇ ਆਇਆ ਵੇਸਾ, ਬੇਟੇ ਦਾ ਬੇਟਾ ਬੇਟੀ ਸ਼ਾਨ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਦੇ ਵਿਛੜੇ ਦੋਵੇਂ ਪਿਉ ਪੁਤ ਦਿਆਂ ਮਿਲਾਈਆ ।

### ❊ ੧੯ ਪੋਹ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ❊

ਭਗਤੀ ਕਹੇ ਮੈਂ ਕੀ ਕਰਾਂ ਭਗਵਾਨ, ਹਾਏ ਹਾਏ ਕਰ ਸੁਣਾਈਆ । ਮੈਂ ਕਿਸ ਬਿਧ ਵਸਾਂ ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਟਿੱਲੇ ਪਰਬਤ ਆਪਣਾ ਡੇਰਾ ਲਾਈਆ । ਕਿਸ ਬਿਧ ਫਿਰਾਂ ਜਹਾਨ, ਚਾਰ ਕੁੰਟ ਦਹਿ ਦਿਸ਼ਾ ਅੱਖ ਉਠਾਈਆ । ਕਿਸ ਬਿਧ ਦਿਆਂ ਗਿਆਨ, ਸਚ ਦੇ ਦ੍ਰਿੜਾਈਆ । ਕਿਸ ਬਿਧ ਕਰਾਵਾਂ ਧਿਆਨ, ਅੰਤਰ ਲਿਵ ਲਗਾਈਆ । ਕਿਸ ਬਿਧ ਕਰਾਵਾਂ ਇਸ਼ਨਾਨ, ਤੀਰਥ ਤੱਟਾਂ ਹੋ ਸਹਾਈਆ । ਕਿਸ ਬਿਧ ਦੇਵਾਂ ਮਾਣ, ਮਿਹਰ ਨਜ਼ਰ ਤਕਾਈਆ । ਕਿਸ ਬਿਧ ਸੁਣਾਵਾਂ ਰਾਗ ਕਾਨ, ਧੁਰ ਦੀ ਧਾਰ ਜਣਾਈਆ । ਬੌਹੜੀ ਬੌਹੜੀ ਕਰ ਕੇ ਨੇਤਰ ਨੀਰ ਲਗੀ ਵਹਾਣ, ਖੁਲ੍ਹੜੀ ਮੀਢੀ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੈਨੂੰ ਬਖ਼ਸ਼ਦਾ ਰਿਹੋਂ ਦਾਨ, ਦਾਤਾ ਹੋ ਕੇ ਦਇਆ

ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਦੁਹਾਈ ਕਿਉਂ ਮਿਲਿਉਂ ਭਗਤਾਂ ਸਿੱਧਾ ਆਣ, ਮੇਰੀ ਲੋੜ ਉਹਨਾਂ ਰਹੀ ਨਾ ਰਾਈਆ । ਮੇਰਾ ਕਿਧਰੋਂ ਬਣੂ ਪੀਣ ਖਾਣ, ਮੇਰੀ ਸੇਵਾ ਕੌਣ ਕਮਾਈਆ । ਮੈਨੂੰ ਕੌਣ ਦਊ ਪਕਵਾਨ, ਅਗੇ ਭੇਟ ਚੜ੍ਹਾਈਆ । ਮੇਰੀ ਕੌਣ ਕਰੂ ਪਹਿਚਾਨ, ਵਿਚੋਲਣ ਕੌਣ ਬਣਾਈਆ । ਤੂੰ ਸਿੱਧਾ ਆਪ ਹੋਇਉਂ ਮਿਹਰਵਾਨ, ਭਗਤਾਂ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਦੇ ਸਮਝਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤੀ ਪੁੱਤਰੀ, ਤੈਨੂੰ ਦਿਆਂ ਜਣਾਈਆ । ਪਹਿਲੋਂ ਭਗਤ ਜਨ ਤੇਰੇ ਚੁਕੌਂਦਾ ਰਿਹਾ ਕੁਛੜੀ, ਹੌਲੀ ਹੌਲੀ ਲੋਰੀਆਂ ਨਾਲ ਪਰਚਾਈਆ । ਨਾਮ ਨਿਧਾਨ ਦੀ ਦੇ ਕੇ ਬੁਰਕੀ, ਧੀਰਜ ਦਇਆ ਰਖਾਈਆ । ਜੋਗ ਅਭਿਆਸ ਤਪ ਸਾਧਨ ਹਠ ਵਿਚ ਕਰਾ ਕੇ ਸੁਰਤੀ, ਥੋੜ੍ਹੀ ਥੋੜ੍ਹੀ ਕਰੀ ਰੁਸ਼ਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਇਹ ਖੇਲ ਅਗੰਮੀ ਕੀਤਾ ਕੁਦਰਤੀ, ਕ਼ਾਦਰ ਦੀ ਬੇਪਰਵਾਹੀਆ । ਜਿਸ ਧਾਰੋਂ ਤੂੰ ਆਦਿ ਜੁਗਾਦਿ ਉਤਰਦੀ, ਆਪਣੀ ਸੇਵਾ ਮਾਤ ਕਰਾਈਆ । ਜਨ ਭਗਤ ਉਧਾਰੇ ਤੇਰੇ ਵੀ ਉਪਰ ਦੀ, ਤੇਰਾ ਲੇਖਾ ਰਿਹਾ ਮੁਕਾਈਆ । ਹੁਣ ਖੇਲ ਪੁਰਖ ਅਕਾਲ ਤੇ ਗੋਬਿੰਦ ਪੁੱਤਰ ਦੀ, ਦੂਜੀ ਸਵਾਣੀ ਦੀ ਲੋੜ ਰਹੀ ਨਾ ਰਾਈਆ । ਕਮਲੀਏ ਹੁਣ ਤੇਰੀ ਘੜੀ ਭਗਤਾਂ ਨਾਲ ਮਿਲ ਕੇ ਸ਼ੁਕਰ ਦੀ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤੀ ਕਹੇ ਮੈਂ ਕੀ ਕਰਾਂ, ਸਮਝ ਕਿਛ ਨਾ ਆਈਆ । ਜੀਵਾਂ ਕਿ ਮਰਾਂ, ਕਿ ਭੱਜਾਂ ਵਾਹੋ ਦਾਹੀਆ । ਬਲ ਧਰਾਂ ਕਿ ਡਰਾਂ, ਭਿਆਨਕ ਖੇਲ ਖਿਲਾਈਆ । ਅੜਾਂ ਕਿ ਲੜਾਂ, ਝੜਾਂ ਕਿ ਸੀਸ ਨਿਵਾਈਆ । ਖੜ੍ਹਾਂ ਕਿ ਸਰਨੀ ਪੜਾਂ ਧੜਾਂ, ਬਹੱਤਰ ਨਾੜਾਂ

ਵੇਖ ਵਖਾਈਆ । ਅੰਦਰੋਂ ਆਵਾਜ਼ ਆਈ ਹੱਬ ਕੁਛ ਛਡ ਇਕੋ ਲੜ ਫੜਾਂ, ਪੱਲੂ ਆਪਣੇ ਨਾਲ ਗੰਢਾਈਆ । ਉਹਨਾਂ ਭਗਤਾਂ ਨਾਲ ਰਲਾਂ, ਜਿਹੜੇ ਰਲਕੇ ਪ੍ਰਭ ਦਾ ਦਰਸ਼ਨ ਰਹੇ ਪਾਈਆ । ਉਹਨਾਂ ਦੇ ਅੰਦਰ ਪ੍ਰੇਮ ਬਾਤੀ ਹੋ ਕੇ ਬਲਾਂ, ਨਿਰਗੁਣ ਨੂਰ ਹੋ ਕੇ ਨਜ਼ਰੀ ਆਈਆ । ਉਹਨਾਂ ਦੇ ਹਿਜਰ ਅੰਦਰ ਸੜਾਂ, ਆਪਣਾ ਆਪ ਭੇਟ ਚੜ੍ਹਾਈਆ । ਉਹਨਾਂ ਦੇ ਮੰਦਰ ਅੰਦਰ ਚੜ੍ਹਾਂ, ਸਚ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਓਹਨਾਂ ਦੇ ਨਾਲ ਮਿਲ ਕੇ ਉਹੋ ਸੋਹੰ ਢੋਲਾ ਪੜ੍ਹਾਂ, ਜਿਸ ਬਿਧ ਮਿਲਿਆ ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਸੁਣ ਭਗਤੀ ਨਿੱਕੀ, ਨਿੱਕੀ ਨਿੱਕੀ ਦਿਆਂ ਜਣਾਈਆ । ਕੁਛ ਯਾਦ ਰਖ ਗੋਬਿੰਦ ਨੇ ਬਣੌਣੀ ਵਡੀ ਉਚੀ ਸਿਖੀ, ਜਿਸ ਨੂੰ ਅਵਤਾਰ ਪੈਗ਼ੰਬਰ ਦੇਣ ਵਡਿਆਈਆ । ਜਿਸ ਦੀ ਧਾਰ ਨਿਰਾਲੀ ਤਿੱਖੀ, ਸਦੀ ਵੀਹਵੀਂ ਤਕ ਸਮਝ ਕਿਸੇ ਨਾ ਆਈਆ । ਹੁਣ ਓਸ ਹੁਕਮ ਦੀ ਖੋਲ੍ਹਣ ਲੱਗਾ ਚਿੱਠੀ, ਜੋ ਆਪਣੀ ਹੱਥੀਂ ਬੰਦ ਕਰਾਈਆ । ਉਹਦੇ ਅੰਦਰ ਇਕੋ ਧਾਰ ਚਿੱਟੀ, ਕਾਲੇ ਹਰਫ਼ਾਂ ਵਾਲਾ ਰੂਪ ਨਾ ਕੋਇ ਵਟਾਈਆ । ਪੁਰਖ ਅਕਾਲ ਦੀਨ ਦਿਆਲ ਮਾਣ ਦੇਵੇ ਸਾਚੀ ਇੱਕੀ, ਇੱਕੀ ਇੱਕੀ ਇੱਕੀ ਨਾਲ ਜੁੜਾਈਆ । ਸਭ ਦੀ ਤਾਰ ਅੰਦਰ ਬਹਿ ਕੇ ਰਿਹਾ ਖਿੱਚੀ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਇਹ ਖੇਲ ਕਰਨੀ ਅਨਡਿਠੀ, ਸਚ ਸਿੰਘਾਸਣ ਅਧਵਿਚਕਾਰੇ ਦੇਣਾ ਲਗਾਈਆ । ਰਵਿਦਾਸ ਨੂੰ ਦੱਸਣੀ ਕਹਾਣੀ ਬੀਤੀ, ਪਰਦਾ ਉਹਲਾ ਆਪ ਉਠਾਈਆ । ਖ਼ੂਨ ਕੱਢ ਕੇ ਆਪਣੀ ਚੀਚੀ, ਚੇਤਨ ਸੁਰਤੀ ਦੇਣੀ ਕਰਾਈਆ । ਭਗਤ ਦਵਾਰੇ ਕਰ ਕੇ ਰੀਤੀ, ਇੱਕੀ ਇੱਕੀ ਹੱਥ ਵੰਡ ਵੰਡਾਈਆ । ਨਾਲੇ ਦੂਰ ਨਾਲੇ ਨਜ਼ਦੀਕੀ, ਸਨਮੁਖ ਹੋ ਕੇ ਖੇਲ ਵਖਾਈਆ । ਅਧਵਿਚਕਾਰ ਬਹਿ ਕੇ ਕਰੇ ਸਭ ਦੇ ਨਾਲ ਪ੍ਰੀਤੀ, ਸੰਗਤ ਚਾਰੋ ਤਰਫ਼ ਨਜ਼ਰੀ ਆਈਆ । ਫੁਲਵਾੜੀ ਵੇਖੇ

ਆਪਣੀ ਬਗ਼ੀਚੀ, ਬੂਟਾ ਮਹਿਕ ਨਾਲ ਮਹਿਕਾਈਆ । ਅਗੇ ਸਭ ਤੋਂ ਧਾਰ ਵਖਰੀ ਵਿਚ ਸੰਸਾਰ ਚਲੇ ਤੀਜੀ, ਤ੍ਰੈਲੋਕਾਂ ਆਪਣਾ ਹੁਕਮ ਮਨਾਈਆ । ਕਲਮਿਆਂ ਦੀ ਕਲਾਮ ਚਲੇ ਹਦੀਸੀ, ਹਜ਼ਰਤਾਂ ਦਾ ਹਜ਼ਰਤ ਇਕੋ ਬੇਪਰਵਾਹੀਆ । ਹੁਕਮੇ ਅੰਦਰ ਸਿੰਘ ਬਿਸ਼ਨ ਮਾਰੇ ਸੀਟੀ, ਸਿੱਟਾ ਇਕੋ ਵਾਰ ਜਣਾਈਆ । ਨੌਂ ਗੁਰਮੁਖ ਨੌਂ ਦਵਾਰੇ ਬਣਨ ਟੀਟੀ, ਬਿਨਾ ਟਿਕਟ ਅੰਦਰ ਲੰਘਣ ਕੋਇ ਨਾ ਪਾਈਆ । ਪ੍ਰਭੂ ਕਰੇ ਖੇਲ ਜੋ ਆਪਣੀ ਰੀਤੀ, ਰੀਤੀਵਾਨ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਇੱਕੀ ਇੱਕੀ ਇੱਕੀ ਗੰਢ, ਗੰਢਣਹਾਰ ਗੋਪਾਲ ਦਇਆ ਕਮਾਇੰਦਾ । ਇੱਕੀ ਵਾਰ ਇੱਕੀ ਦੇਵੇ ਵੰਡ, ਹੁਕਮ ਇਕੋ ਵਾਰ ਸੁਣਾਇੰਦਾ । ਢੋਲੇ ਗਾਵਣ ਧੁਰ ਦੇ ਛੰਦ, ਇੱਕੀ ਗੇੜ ਆਪ ਦਵਾਇੰਦਾ । ਨਾਲ ਪੁਰਖ ਅਕਾਲ ਨਾਲੇ ਗੁਜਰੀ ਚੰਦ, ਦੋਹਾਂ ਦਾ ਦਰਸ ਇਕੋ ਵਾਰ ਕਰਾਇੰਦਾ । ਨਾਲੇ ਨੇਤਰ ਨੈਣ ਪਾਵੇ ਠੰਡ, ਨਾਲੇ ਆਤਮ ਰੰਗ ਚੜ੍ਹਾਇੰਦਾ । ਨਾਲੇ ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਗੀ ਇਕੋ ਇਕ ਦ੍ਰਿੜ੍ਹਾਇੰਦਾ । ਨਾਲੇ ਕਟੇ ਭੁਖ ਨੰਗ, ਦੁਖ ਦਲਿਦਰ ਦੂਰ ਕਰਾਇੰਦਾ । ਨਾਲੇ ਦਾਤਾ ਹੋ ਕੇ ਬਣੇ ਸੰਗ, ਸਗਲਾ ਸੰਗ ਨਿਭਾਇੰਦਾ । ਨਾਲੇ ਭਿਖਾਰੀ ਹੋ ਕੇ ਲਏ ਮੰਗ, ਜਨ ਭਗਤਾਂ ਅਗੇ ਝੋਲੀ ਡਾਹਿੰਦਾ । ਨਾਲੇ ਦਰਸ ਨਾਲੇ ਅਨੰਦ, ਨਾਲੇ ਅਨੰਦਪੁਰੀ ਵਾਲਾ ਦਇਆ ਕਮਾਇੰਦਾ । ਨਾਲੇ ਕਰਮਾਂ ਕੁਕਰਮਾਂ ਦੀ ਚੁੱਕੇ ਸਿਰ ਆਪਣੇ ਪੰਡ, ਹੌਲੇ ਭਾਰ ਸਰਬ ਰਖਾਇੰਦਾ । ਨਾਲੇ ਮਿਹਰ ਨਾਲੇ ਮੁਹੱਬਤ, ਮਿਹਰਵਾਨ ਹੋ ਕੇ ਝੋਲੀ ਡਾਹਿੰਦਾ । ਨਾਲੇ ਪ੍ਰੇਮ ਰਸ ਦਾ ਸੋਹਣਾ ਸ਼ਰਬਤ, ਇੱਕੀ ਸੇਰ ਨਾਲ ਆਪ ਬਣਾਇੰਦਾ । ਨਾਲੇ ਮੇਟ ਕੇ ਜਾਏ ਗ਼ੁਰਬਤ, ਨਾਲੇ ਉਲਫ਼ਤ ਵਿਚ ਵਡਿਆਇੰਦਾ । ਨਾਲੇ ਭੱਜਿਆਂ ਟੁੱਟਿਆਂ ਭਾਂਡਿਆਂ ਸਾਢੇ ਤਿੰਨ ਹੱਥ ਕਾਇਆ ਦੀ ਕਰ ਕੇ ਜਾਏ ਮੁਰੰਮਤ, ਮੁਰਸ਼ਦ ਮੁਰੀਦ ਆਪਣੇ ਰੰਗ ਰੰਗਾਇੰਦਾ । ਨਾਲੇ ਮਾਲਕ ਮਲੂਕ ਜਗੀਰ ਦੇ ਕੇ ਜਾਵੇ ਖ਼ਿੱਲਤ, ਖ਼ਾਲਸ ਇਕੋ ਘਰ ਵਖਾਇੰਦਾ । ਨਾਲੇ ਅਗੇ ਪਿਛੇ ਦੀ ਕਟ ਕੇ ਜਾਏ ਦਿੱਕ਼ਤ, ਵਕ਼ਤ ਸੁਹੇਲਾ ਆਪ ਬਣਾਇੰਦਾ । ਨਾਲੇ ਦੋ ਜਹਾਨਾਂ ਬਣਾ ਕੇ ਜਾਵੇ ਇੱਜ਼ਤ, ਆਬਰੂ ਗੁਰਮੁਖਾਂ ਹੱਥ ਫੜਾਇੰਦਾ । ਨਾਲੇ ਮੇਲ ਮਿਲਾਪ ਕਰ ਕੇ ਮਿੱਲਤ, ਮਿਲਣੀ ਜਗਦੀਸ਼ ਆਪਣੇ ਨਾਲ ਕਰਾਇੰਦਾ । ਨਾਲੇ ਲੱਖ ਚੁਰਾਸੀ ਕਢ ਕੇ ਨਿਸਬਤ, ਕ਼ਿਸਮਤ ਸਭ ਦੀ ਆਪ ਬਦਲਾਇੰਦਾ । ਨਾਲੇ ਜਨ ਭਗਤਾਂ ਮਿਲੇ ਆਪ ਆਪਣੀ ਕਰ ਕੇ ਹਿੰਮਤ, ਔਝੜ ਰਾਹ ਨਾ ਕੋਇ ਵਖਾਇੰਦਾ । ਨਾਲੇ ਭਗਤੀ ਕੋਲੋਂ ਭਗਤਾਂ ਦੀ ਕਰਾਵੇ ਮਿੰਨਤ, ਸਾਲਸ ਹੋ ਕੇ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਆਪ ਹੋਵੇ ਉਚਾ ਸਾਢੇ ਤਿੰਨ ਹੱਥ, ਸਾਹਿਬ ਸਤਿਗੁਰ ਬੇਪਰਵਾਹੀਆ । ਚਾਰੋਂ ਕੁੰਟ ਚਲੇ ਰਥ, ਭੱਜੇ ਵਾਹੋ ਦਾਹੀਆ । ਚਾਰੋਂ ਕੁੰਟ ਨਜ਼ਰ ਆਏ ਭਗਤ ਪਿਆਰਿਆਂ ਇਕੱਠ, ਹਰਿ ਸੰਗਤ ਰੂਪ ਵਟਾਈਆ । ਉਹਨਾਂ ਵਿਚੋਂ ਸੇਵਾ ਲੈਣੇ ਅੱਠ, ਜੋ ਅੱਠਾਂ ਤੱਤਾਂ ਰੋਗ ਗਵਾਈਆ । ਉਹਨਾਂ ਵਿਚੋਂ ਪੰਜ ਲੈਣੇ ਝਟ, ਆਪਣਾ ਹੁਕਮ ਵਰਤਾਈਆ । ਉਹਨਾਂ ਵਿਚੋਂ ਦੋਹਾਂ ਦੇ ਖ਼ਾਲੀ ਰਖਣੇ ਹੱਥ, ਪਲੂ ਆਪਣੀ ਗੰਢ ਪੁਆਈਆ । ਸਭ ਤੋਂ ਉਪਰ ਰਖਣੀ ਆਪਣੀ ਅੱਖ, ਨੇਤਰ ਦੋਵੇਂ ਲਏ ਖੁਲ੍ਹਾਈਆ । ਨਾਲੇ ਹਕ਼ੀਕਤ ਦੇਵੇ ਹਕ, ਨਾਲੇ ਹਾਕਮ ਨਜ਼ਰੀ ਆਈਆ । ਇੱਕੀ ਪੋਹ ਨੂੰ ਹਰਿ ਸੰਗਤ ਨੂੰ ਲਿਖੇ ਲੇਖ ਗੋਬਿੰਦ ਦੀ ਨਾਲ ਰਤ, ਰਤ ਤਨ ਵਿਚੋਂ ਕਢਾਈਆ । ਨਾਲੇ ਬ੍ਰਹਮ ਨਾਲੇ ਮਤਿ, ਕਮਲਾਪਤ ਨਜ਼ਰੀ ਆਈਆ । ਨਾਲੇ ਰਾਗ ਨਾਲੇ ਜਸ, ਨਾਲੇ ਢੋਲੇ ਰਿਹਾ ਸੁਣਾਈਆ । ਨਾਲੇ ਹੋਏ ਭਗਤਾਂ ਵਸ, ਵਾਸਤੇ ਕਰ ਕਰ ਰਿਹਾ ਮਨਾਈਆ । ਨਾਲੇ

ਹੋ ਪੁਰਖ ਸਮਰਥ, ਮਹਿੰਮਾ ਅਕਥ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਨਾਲੇ ਸੰਗਤ ਨਾਲੇ ਪੰਗਤ, ਦੋਵੇਂ ਧਾਰ ਚਲਾਇੰਦਾ । ਨਾਲੇ ਨਾਮ ਨਾਲੇ ਰੰਗਤ, ਰੰਗ ਮਜੀਠੀ ਇਕ ਰੰਗਾਇੰਦਾ । ਨਾਲੇ ਸ਼ੂਦਰ ਨਾਲੇ ਪੰਡਤ, ਬ੍ਰਹਮ ਆਪਣਾ ਖੇਲ ਵਖਾਇੰਦਾ । ਨਾਲੇ ਜੇਰਜ ਨਾਲੇ ਅੰਡਜ, ਉਤਭੁਜ ਸੇਤਜ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਇੰਦਾ । ਰਤ ਨਾਲ ਲਿਖੇ ਲੇਖ ਨੌ, ਸੋਹੰ ਅੰਕ ਬਣਾਈਆ । ਨੌ ਖੰਡ ਪ੍ਰਿਥਮੀ ਆਵੇ ਭੌਂ, ਬੇਪਰਵਾਹ ਆਪਣਾ ਫੇਰਾ ਪਾਈਆ । ਨਾਲੇ ਧਰਨੀ ਉਤੇ ਜਾਵੇ ਸੌਂ, ਸਿੰਘਾਸਣ ਹੋਰ ਨਾ ਕੋਇ ਵਿਛਾਈਆ । ਨਾਲੇ ਖਾ ਕੇ ਢਾਈ ਜੌਂ, ਰਾਤ ਦਾ ਡੰਗ ਲਏ ਕਟਾਈਆ । ਨਾਲੇ ਭਗਤਾਂ ਮਿਲਣ ਦਾ ਗੌਂ, ਇੱਕੀ ਸੌ ਨੂੰ ਇਕੇ ਰਾਤ ਦਰਸ ਦਿਖਾਈਆ । ਨਾਲੇ ਲਾ ਕੇ ਲੱਖ ਚੁਰਾਸੀ ਨੂੰ ਦਾਉ, ਸਾਧਾਂ ਸੰਤਾਂ ਅੰਦਰੋਂ ਸੁਰਤੀ ਸਭ ਦੀ ਖਿੱਚ ਲਿਆਈਆ । ਨਾਲੇ ਗੁਰਮੁਖ ਬਿਖੜੇ ਜਾਂਦਾ ਰਾਹੋਂ, ਔਝੜ ਜਾਂਦੇ ਲਏ ਤਰਾਈਆ । ਨਾਲੇ ਪ੍ਰੇਮ ਬਖ਼ਸ਼ੇ ਭਾਉ, ਭਗਤੀ ਚਰਨਾਂ ਹੇਠ ਦਬਾਈਆ । ਨਾਲੇ ਪਿਤਾ ਬਣੇ ਮਾਉਂ, ਭਗਤ ਆਪਣੀ ਗੋਦ ਉਠਾਈਆ । ਨਾਲੇ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਾਲੇ ਇੱਕੀਆਂ ਕੋਲੋਂ ਕਰੇ ਆਪਣਾ ਇਸ਼ਨਾਨ, ਆਪਣੀ ਦਇਆ ਕਮਾਇੰਦਾ । ਨਾਲੇ ਭਗਤ ਨਾਲੇ ਭਗਵਾਨ, ਦੋਵੇਂ ਰੂਪ ਵਟਾਇੰਦਾ । ਨਾਲੇ ਦਾਤਾ ਨਾਲੇ ਦੇਵੇ ਦਾਨ, ਦਇਆਵਾਨ ਦਇਆ ਕਮਾਇੰਦਾ । ਨਾਲੇ ਚਰਨ ਕਵਲ ਬਹਾਏ ਸੀਤਾ ਰਾਮ, ਦੂਰ ਦੁਰਾਡਾ ਰਹਿਣ ਕੋਇ ਨਾ ਪਾਇੰਦਾ । ਨਾਲੇ ਕ੍ਰਿਸ਼ਨ ਨਾਲੇ ਗੋਪੀ ਨਾਲੇ ਕਾਹਨ, ਸਭ ਨੂੰ ਆਪਣਾ ਹੁਕਮ ਮਨਾਇੰਦਾ । ਨਾਲੇ ਪੀਰ ਪੈਗ਼ੰਬਰ ਸਜਦੇ ਕਰਨ ਸਲਾਮ, ਸਿਰ ਉਪਰ ਨਾ ਕੋਇ ਉਠਾਇੰਦਾ । ਨਾਲੇ ਗੁਰ ਸਤਿਗੁਰ ਦੇਵੇ ਮਾਣ, ਮਿਹਰ ਨਜ਼ਰ ਨਾਲ ਤਰਾਇੰਦਾ । ਵਕ਼ਤ ਸੁਹੇਲਾ ਗੁਰ ਚੇਲਾ ਗੋਬਿੰਦ ਪੁਰਖ ਅਕਾਲ ਮਿਲਿਆ ਆਣ, ਆਣ ਸਭ ਨੂੰ ਇਕ ਜਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੱਬੀ ਪੋਹ ਸੋਹਣਾ ਰੰਗ ਵਖਾਇੰਦਾ ।


੮੩

### ✻ ੧੯ ਪੋਹ ੨੦੨੧ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹਿ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✻

ਭਗਤੀ ਕਹੇ ਪ੍ਰਭ ਕਿਰਪਾ ਕੀਤੀ ਚੰਗੀ, ਦਇਆਵਾਨ ਦਇਆ ਕਮਾਈਆ । ਅਗੇ ਮੈਨੂੰ ਵੀ ਮਿਲ ਜਾਊ ਸੌਣ ਨੂੰ ਮੰਜੀ, ਮਿੱਟੀ ਖ਼ਾਕੀ ਡੇਰਾ ਤਜਾਈਆ । ਮੇਰਾ ਖਹਿੜਾ ਛੁਟ ਜਾਊ ਜੰਗਲਾਂ ਵਿਚ ਫਿਰਨਾ ਨਾ ਪਊ ਪੈਰੀਂ ਨੰਗੀ, ਤੱਟਾਂ ਵਿਚ ਫਿਰ ਫਿਰ ਪਾਣੀ ਵਿਚ ਠਰਨ ਦੀ ਲੋੜ ਰਹੀ ਨਾ ਰਾਈਆ । ਮੈਂ ਕੁਕਰਮੀਆਂ ਦੇ ਭਾਰ ਚੁਕ ਚੁਕ ਸਿਰੋਂ ਹੋ ਗਈ ਗੰਜੀ, ਕਲਜੁਗ ਸਾਧ ਬਹੁਤੇ ਕੁਕਰਮੀ ਨਜ਼ਰੀ ਆਈਆ । ਮੈਂ ਭੇਖੀਆਂ ਪਖੰਡੀਆਂ ਵਿਚ ਬਹਿ ਕੇ ਹੋ ਗਈ ਗੰਦੀ, ਯਤਿ ਸਤਿ ਰਿਹਾ ਨਾ ਰਾਈਆ । ਪ੍ਰਭ ਕੰਤ ਹੁੰਦਿਆਂ ਮੈਨੂੰ ਕੂੜ ਕੁੜਿਆਰਾਂ ਕੀਤਾ ਰੰਡੀ, ਸੁਹਾਗੀ ਮੇਲ ਨਾ ਕੋਇ ਮਿਲਾਈਆ । ਮਾਰਗ ਹੁੰਦਿਆਂ ਮੈਨੂੰ ਲੈ ਗਏ ਟੇਢੀ ਡੰਡੀ, ਇਸ਼ਾਰਿਆਂ ਨਾਲ ਬੁਲਾਈਆ । ਚਾਰ ਕੁੰਟ ਦਹਿ ਦਿਸ਼ਾ ਮੈਂ ਆਪਣੀ ਹੁੰਦੀ ਵੇਖੀ ਭੰਡੀ, ਸਾਰੇ ਦੇਣ ਦੁਹਾਈਆ । ਮੇਰੀ ਔਧ ਇਸੇ ਕਰਕੇ ਹੰਢੀ, ਵੇਲਾ ਵਕ਼ਤ ਗਿਆ ਆਈਆ । ਪ੍ਰਭੂ ਕੱਟਣ ਲੱਗਾ ਤੰਗੀ, ਦੁਸ਼ਵਾਰੀ

ਰਿਹਾ ਮਿਟਾਈਆ । ਫੇਰਾ ਪਾ ਕੇ ਵਿਚ ਨਵਖੰਡੀ, ਬ੍ਰਹਿਮੰਡਾਂ ਖੋਜ ਖੁਜਾਈਆ । ਮੇਰੀ ਵੇਖ ਕੇ ਕੰਡਿਆਂ ਨਾਲ ਪਾਟੀ ਅੰਗੀ, ਸਾਹਿਬ ਨੂੰ ਤਰਸ ਗਿਆ ਆਈਆ । ਮੇਰੀ ਵੇਖ ਕੇ ਵਿਚੋਂ ਭੱਜੀ ਹੋਈ ਦੰਦੀ, ਮਿਹਰ ਰਿਹਾ ਕਮਾਈਆ । ਮੇਰੀ ਵੇਖ ਕੇ ਪਿੱਠ ਨਗੀ, ਉਤੇ ਓਢਣ ਰਿਹਾ ਟਿਕਾਈਆ । ਮੇਰੀ ਵੇਖ ਕੇ ਕੰਨੋਂ ਲੱਥੀ ਡੰਡੀ, ਡੰਡੌਤ ਆਪਣੀ ਰਿਹਾ ਸੁਣਾਈਆ । ਮੈਂ ਭਗਤਾਂ ਦੀ ਬਣਨਾ ਸੰਗੀ, ਨਾਤਾ ਲੈਣਾ ਜੁੜਾਈਆ । ਜਿਨ੍ਹਾਂ ਦੇ ਅੰਦਰ ਨੂਰ ਚੜ੍ਹਨਾ ਨੌਚੰਦੀ, ਚੰਦ ਚਾਂਦਨਾ ਕਰੇ ਰੁਸ਼ਨਾਈਆ । ਜਿਹੜੇ ਪੁਰਖ ਅਕਾਲ ਬਣੌਣੇ ਆਪਣੇ ਭੁਜੰਗੀ, ਉਹਨਾਂ ਨਾਲ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਭਗਤੀ ਕਹੇ ਮੇਰਾ ਹੋਣਾ ਛੁਟਕਾਰਾ, ਪ੍ਰਭੂ ਕਲਜੁਗ ਕਸਾਈਆਂ ਕੋਲੋਂ ਲਏ ਬਚਾਈਆ । ਜਿਹੜੇ ਮੇਰਾ ਤਕਦੇ ਸਹਾਰਾ, ਬਗ ਬੱਪੜੇ ਬਣ ਕੇ ਬੈਠੇ ਡੇਰਾ ਲਾਈਆ । ਮੇਰਾ ਦੇ ਇਸ਼ਾਰਾ, ਜਗਤ ਵਿਕਾਰ ਰਹੇ ਕਮਾਈਆ । ਮੇਰਾ ਦੇ ਅਧਾਰਾ, ਦੂਸਰਿਆਂ ਰਹੇ ਭਰਮਾਈਆ । ਇਹੋ ਜਿਹੇ ਸਾਧਾਂ ਤੋਂ ਪ੍ਰਭ ਕਰਨ ਲੱਗਾ ਕਿਨਾਰਾ, ਕੂੜਿਆਂ ਦੀ ਕਿਸ਼ਤੀ ਰਿਹਾ ਡੁਬਾਈਆ । ਸਾਚੇ ਭਗਤਾਂ ਬਖ਼ਸ਼ੇ ਪਿਆਰਾ, ਪ੍ਰੀਤੀ ਪ੍ਰੀਤਮ ਇਕੋ ਵਾਰ ਜੁੜਾਈਆ । ਜਿਨ੍ਹਾਂ ਦਾ ਠਾਕਰ ਸਚਾ ਮੀਤ ਮੁਰਾਰਾ, ਗਹਿਰ ਗੰਭੀਰ ਸਾਗਰ ਨਜ਼ਰੀ ਆਈਆ । ਉਨ੍ਹਾਂ ਨਾਲ ਮਿਲਕੇ ਓਸੇ ਦੀ ਕਰਾਂ ਨਿਮਸਕਾਰਾ, ਜਿਸ ਦੇ ਹੁਕਮੇ ਅੰਦਰ ਭੱਜੀ ਫਿਰੀ ਵਾਹੋ ਦਾਹੀਆ । ਓਹ ਸਜਨਾਂ ਦਾ ਸਜਨ ਮੀਤਾਂ ਦਾ ਮੀਤਾ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਭਗਤਾਂ ਦਾ ਵਣਜਾਰਾ, ਸੇਵਾਦਾਰਾ ਨਜ਼ਰੀ ਆਈਆ । ਊਚੋ ਊਚ ਜਿਸ ਦਾ ਦਰਬਾਰਾ, ਲੱਖ ਚੁਰਾਸੀ ਘੜਨ ਭੰਨਣਹਾਰਾ, ਸਚਖੰਡ ਦਵਾਰੇ ਬੈਠਾ ਸੋਭਾ ਪਾਈਆ । ਭਗਤ ਸੁਹੇਲਾ ਏਕੰਕਾਰਾ, ਬਖ਼ਸ਼ੇ ਸਚਾ ਸਚ ਪਿਆਰਾ, ਚਰਨ ਪ੍ਰੀਤੀ ਜੋੜ ਜੁੜਾਈਆ । ਜਿਸ ਦਾ ਸੋਹੰ ਇਕ ਜੈਕਾਰਾ, ਦੋ ਜਹਾਨਾਂ ਕਰੇ ਖ਼ਬਰਦਾਰਾ, ਪੀਰ ਪੈਗ਼ੰਬਰਾਂ ਰਿਹਾ ਉਠਾਈਆ । ਉਸ ਦਾ ਕਰਾਂ ਦਰਸ ਦੀਦਾਰਾ, ਜੋ ਸਾਂਝਾ ਦਿਸੇ ਯਾਰਾ, ਯਾਰੜਾ ਇਕੋ ਨਜ਼ਰੀ ਆਈਆ । ਚਰਨ ਧੂੜੀ ਟਿੱਕਾ ਮਸਤਕ ਲਾਵਾਂ ਛਾਰਾ, ਘੋਲੀ ਘੋਲ ਆਪਣਾ ਆਪ ਵਾਰਾਂ, ਮਾਣ ਤਾਣ ਅਭਿਮਾਨ ਰਹਿਣ ਕੋਇ ਨਾ ਪਾਈਆ । ਚੰਗਾ ਹੋਇਆ ਪ੍ਰਭ ਨੇ ਬਣਾ ਕੇ ਇਕੋ ਭਗਤ ਦਵਾਰਾ, ਭਗਤਾਂ ਨੂੰ ਇਕੋ ਘਰ ਦਿਤਾ ਬਹਾਈਆ । ਜੇ ਕਿਸੇ ਨੂੰ ਲੱਭਣਾ ਪਏ ਨਿਰੰਕਾਰਾ, ਓਥੇ ਆਵੇ ਭੱਜਾ ਵਾਹੋ ਦਾਹੀਆ । ਸਾਖ਼ਿਆਤ ਦਰਸ਼ਨ ਪਾਏ ਨੇਤਰ ਲੋਚਨ ਨੈਣ ਕਰੇ ਦੀਦਾਰਾ, ਅਗਨੀ ਤਤ ਆਤਮ ਅੰਤਰ ਦਏ ਬੁਝਾਈਆ । ਇਸੇ ਕਾਰਨ ਭਗਤੀ ਕਹੇ ਮੈਂ ਭਗਵਾਨ ਦੀ ਕਿਰਪਾ ਭਾਗਾਂ ਵਾਲੀ ਹੋ ਕੇ ਉਸ ਦਰ ਆ ਕੇ ਕਰਾਂ ਨਿਮਸਕਾਰਾ, ਨਿਮਸਕਾਰ ਕਰ ਕੇ ਫੇਰ ਬਾਹਰ ਨਿਕਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਹਰਿ ਦਾਤਾਰ, ਜਿਸ ਦਾ ਦੀਰਘ ਵਖਰਾ ਪਿਆਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਜਨਾਂ ਦਾ ਭਜਨ ਬੰਦਗੀ ਦੀ ਬੰਦਗੀ, ਭਗਤੀ ਦੀ ਸ਼ਕਤੀ, ਸ਼ਕਤੀ ਦੀ ਮੁਕਤੀ, ਸਖ਼ਤੀ ਨਾਲ ਆਪਣੇ ਚਰਨਾਂ ਵਿਚ ਟਿਕਾਈਆ ।

ਭਗਤੀ ਕਹੇ ਜਿਸ ਵੇਲੇ ਭਗਤ ਦਵਾਰ ਜਾਵਾਂਗੀ । ਰਾਹ ਵਿਚ ਇਕ ਲਕੀਰ ਖਿੱਚ ਵਖਾਵਾਂਗੀ । ਓਸ ਦੇ ਅੰਦਰ ਪ੍ਰਭੂ ਦੀ ਤਸਵੀਰ ਬਣਾਵਾਂਗੀ । ਉਹਨੂੰ ਤਕ ਕੇ ਨਾਲ ਨਜ਼ੀਰ, ਨਜ਼ਰ ਓਹਦੇ ਵਿਚ ਰਖਾਵਾਂਗੀ । ਜਿਸ ਦੇ ਵਿਚੋਂ ਮੇਰੀ ਲੱਭੇ ਤਕਦੀਰ, ਪਰਦਾ ਓਹਲਾ ਪਰੇ ਹਟਾਵਾਂਗੀ । ਜੇ

ਮੈਨੂੰ ਦਿਸ ਪੈਣ ਉਹ ਸੰਤ ਸੁਹੇਲੇ ਮੇਰੇ ਵੀਰ, ਓਹਨਾਂ ਵੇਖ ਗਲ ਘੁਟ ਕੇ ਜੱਫੀ ਪਾਵਾਂਗੀ । ਓਹਨਾਂ ਵਿਚੋਂ ਜੇ ਇੱਕੀ ਦੇ ਦਏ ਮੈਨੂੰ ਧੀਰ, ਮੈਂ ਧੁਰ ਦਾ ਸਾਕ ਬਣਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਇਕ ਵਰ, ਜਿਸ ਦੀ ਕਿਰਪਾ ਆਪਣਾ ਰੰਗ ਰੰਗਾਵਾਂਗੀ । ਭਗਤੀ ਕਹੇ ਜਿਸ ਵੇਲੇ ਅੰਦਰ ਜਾਵਾਂ ਲੰਘ, ਹੌਲੀ ਜਿਹੀ ਆਪਣਾ ਮੁਖ ਤੋਂ ਘੁੰਗਟ ਉਠਾਈਆ । ਮੇਰੀ ਸਾਰੀ ਲਹਿ ਜਾਏ ਸੰਗ, ਅੱਖਾਂ ਵਾਲਾ ਹਯਾ ਪਰੇ ਹਟਾਈਆ । ਇਕੋ ਅਕਾਲ ਦਿਆਲ ਸਾਖ਼ਿਆਤ ਨਜ਼ਰੀ ਆਵੇ ਉਤੇ ਪਲੰਘ, ਜਿਸ ਦਾ ਰੰਗ ਜਲਵਾ ਨੂਰ ਇਲਾਹੀਆ । ਮੈਂ ਓਸ ਦੇ ਚਰਨਾਂ ਡਿੱਗਾਂ ਨਿਸ਼ੰਗ, ਨਿਸ਼ਾਵਰ ਆਪਣਾ ਆਪ ਕਰਾਈਆ । ਓਥੇ ਸਾਰੇ ਰੋਵਣ ਦੀਪਕ ਸਾਰੇ ਰੋਣ ਪਤੰਗ, ਕਿਉਂ ਪਤੰਗਿਆਂ ਦਾ ਮਰਨ ਦੇ ਪਿੱਛੋਂ ਓਹਨਾਂ ਦਾ ਵਜੂਦ ਨਜ਼ਰੀ ਆਈਆ । ਇਹਦਾ ਨਾ ਕੋਈ ਵਜੂਦ ਨਾ ਕੋਈ ਅੰਗ, ਇੱਛਿਆ ਭਿੱਛਿਆ ਵਿਚ ਝੋਲੀ ਪਾਈਆ । ਚਰਨ ਨਾਲ ਛੋਹ ਕੇ ਓਹਦੇ ਜੋਗੀ ਹੋ ਕੇ, ਦੱਸਾਂ ਹਾਲ ਰੋ ਕੇ, ਮੈਨੂੰ ਰਖੀਂ ਭਗਤਾਂ ਸੰਗ, ਸਚਾ ਸੰਗ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਵਿਚੋਂ ਦਇਆ ਦਇਆ ਦਇਆ ਦਏ ਕਮਾਈਆ ।

❊ ੧੯ ਪੋਹ ੨੦੨੧ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹਿ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ❊

ਭਗਤੀ ਕਹੇ ਤੇਰੇ ਭਗਤ ਤੈਨੂੰ ਕਿਵੇਂ ਧਿਔਣਗੇ । ਕਿਹੜਾ ਆਸਣ ਕਿਹੜੀ ਸੇਜ ਕਿਹੜੀ ਦਿਸ਼ਾ ਮੁਖ ਰਖੌਣਗੇ । ਕਿਹੜੀ ਕਹਾਣੀ ਕਿਹੜਾ ਕ਼ਿੱਸਾ, ਕਿਹੜਾ ਨਾਦ ਵਜੌਣਗੇ । ਕਿਹੜੀ ਕੂਟ ਕਿਹੜੀ ਦਿਸ਼ਾ, ਕਿਹੜਾ ਰਾਹ ਤਕੌਣਗੇ । ਕਿਹੜਾ ਰਸ ਮਾਨਣ ਮਿੱਠਾ, ਕੂੜੀ ਕਿਰਿਆ ਪਰੇ ਹਟੌਣਗੇ । ਕਿਹੜੀ ਵਸਤ ਦੇਵਾਂ ਹਿੱਸਾ, ਖ਼ਾਲੀ ਭਾਂਡੇ ਭਰੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਖੁਲਾਵੇ ਸਾਚੇ ਦਰ, ਕਿਸ ਬਿਧ ਤੇਰਾ ਦਰਸ਼ਨ ਪੌਣਗੇ । ਜਿਨ੍ਹਾਂ ਆਪਣੀ ਦਇਆ ਕਮਾਵਾਂਗਾ । ਸਿੱਧਾ ਚਰਨਾਂ ਵਿਚ ਲਗਾਵਾਂਗਾ । ਦੂਜਾ ਧਿਆਨ ਨਾ ਕੋਇ ਰਖਾਵਾਂਗਾ । ਚਾਰੋਂ ਕੁੰਟ ਨਜ਼ਰੀ ਆਵਾਂਗਾ । ਜ਼ਿਮੀਂ ਅਸਮਾਨ ਇਕੋ ਰੰਗ ਰੰਗਾਵਾਂਗਾ । ਇਕੋ ਢੋਲਾ ਨਾਮ ਪੜ੍ਹਾਵਾਂਗਾ । ਦੂਜਾ ਵਿਚੋਲਾ ਨਾ ਕੋਇ ਰਖਾਵਾਂਗਾ । ਸੋਹੰ ਸੋ ਬੋਲਾ ਇਕ ਸਿਖਾਵਾਂਗਾ । ਭਗਤਾਂ ਵਰਗਾ ਆਪੇ ਹੋ, ਭਗਤਾਂ ਵਿਚ ਆਪਣਾ ਡੇਰਾ ਲਾਵਾਂਗਾ । ਵਖਰਾ ਨਿਰਾਲਾ ਸ੍ਰਿਸ਼ਟੀ ਦ੍ਰਿਸ਼ਟੀ ਨਾਲੋਂ ਕਰਕੇ ਮੋਹ, ਇਸ਼ਟੀ ਆਤਮ ਨਜ਼ਰੀ ਆਵਾਂਗਾ । ਬਿਨ ਅੱਖਾਂ ਆਤਮ ਕਰਕੇ ਲੋ, ਸਾਚਾ ਘਰ ਇਕ ਸਮਝਾਵਾਂਗਾ । ਮਨ ਵਾਸਨਾ ਖੋਹ, ਆਪਣੇ ਰੰਗ ਰੰਗਾਵਾਂਗਾ । ਜੋ ਇਕ ਵਾਰ ਚਰਨ ਕਵਲ ਕਵਲ ਚਰਨਾਂ ਉਤੇ ਗਿਆ ਛੋਹ, ਉਸ ਦਾ ਲੱਖ ਚੁਰਾਸੀ ਗੇੜ ਕਟਾਵਾਂਗਾ । ਭਗਤਾਂ ਨਾਲ ਨਾ ਕਰਾਂ ਧਰੋ, ਲੱਖ ਚੁਰਾਸੀ ਜੂਨ ਵਿਚ ਨਾ ਫਿਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਵਾਂਗਾ । ਭਗਤੀ ਕਹੇ ਉਹ ਕਿਹੜਾ ਦਵਾਰ, ਸਚ ਦੇ ਸਮਝਾਈਆ । ਜਿਥੇ ਕਰੇਂ ਸਚ ਪਿਆਰ, ਸਚ ਸਿੰਘਾਸਣ ਬਹਿ ਕੇ ਖ਼ੁਸ਼ੀ ਮਨਾਈਆ । ਗ਼ਰੀਬ ਨਿਮਾਣਿਆਂ ਦੇਵੇਂ ਤਾਰ, ਬਿਰਧ ਬਾਲਾਂ ਹੋਏਂ ਸਹਾਈਆ । ਜੁਗ ਚੌਕੜੀ ਨਿਰਗੁਣ ਹੋ ਕੇ ਸਰਗੁਣ ਵੇਖੇਂ ਸੰਸਾਰ, ਮਹਾਸਾਰਥੀ ਆਪਣਾ ਨਾਉਂ ਧਰਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਵੇਖੀਂ ਖ਼ੁਆਰ, ਘਰ ਘਰ ਹੈਰਾਨੀ ਛਾਈਆ । ਦਰ ਠਾਂਡਾ ਦਿਸੇ ਨਾ ਕੋਇ ਦਰਬਾਰ, ਅਗਨੀ ਅੱਗ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਦੇ ਸਮਝਾਈਆ । ਸਚ ਦਵਾਰਾ ਇਕ ਰਖਾਵਾਂਗਾ । ਭਗਤ

ਸੁਹੇਲਾ ਸੇਵ ਕਮਾਵਾਂਗਾ । ਇਕ ਅਕੇਲਾ ਵੇਸ ਵਟਾਵਾਂਗਾ । ਗੁਰ ਚੇਲਾ ਰੰਗ ਰੰਗਾਵਾਂਗਾ । ਆਤਮ ਸੇਜ ਪਲੰਘ ਡੇਰਾ ਲਾਵਾਂਗਾ । ਜਿਥੇ ਦੂਸਰ ਕੋਈ ਨਾ ਸਕੇ ਲੰਘ, ਉਹ ਘਰ ਆਪਣਾ ਆਪ ਬਣਾਵਾਂਗਾ । ਨਾਮ ਨਿਧਾਨ ਸ਼ਬਦ ਮਰਦੰਗ, ਢੋਲਾ ਰਾਗ ਅਗੰਮੀ ਰਾਗ ਸੁਣਾਵਾਂਗਾ । ਲੇਖਾ ਚੁਕਾ ਕੇ ਸੂਰਜ ਚੰਦ, ਜੋਤੀ ਦੀਪਕ ਇਕ ਜਗਾਵਾਂਗਾ । ਪਾਰਬ੍ਰਹਮ ਬ੍ਰਹਮ ਦੇ ਕੇ ਅਨੰਦ, ਰਸ ਆਪਣਾ ਆਪ ਵਖਾਵਾਂਗਾ । ਆਤਮ ਪਰਮਾਤਮ ਟੁੱਟੀ ਗੰਢ, ਧੁਰ ਦਾ ਜੋੜ ਜੁੜਾਵਾਂਗਾ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਭਗਤਾਂ ਝੋਲੀ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਭਗਤੀ ਕਹੇ ਕਿੱਡੀ ਸੋਹਣੀ ਚੰਗੀ ਗੱਲ, ਸੁਖੱਲੀ ਇਕੱਲੀ ਆਪਣੀ ਦਿਤੀ ਜਣਾਈਆ । ਨਾ ਕੋਈ ਕੀਤਾ ਵਲ ਛਲ, ਸਿੱਧਾ ਮਾਰਗ ਦਿਤਾ ਲਾਈਆ । ਜਿਸ ਨੂੰ ਲੱਭਦੇ ਭਗਤ ਉਹ ਆਇਆ ਭਗਤਾਂ ਵੱਲ, ਭਗਤ ਵਛਲ ਆਪਣਾ ਫੇਰਾ ਪਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਰਲ, ਰਲ ਮਿਲ ਸੋਹਣਾ ਝਟ ਲੰਘਾਈਆ । ਤੀਰ ਨਿਸ਼ਾਨੇ ਨਾਲ ਮਾਰਿਆ ਸਲ, ਸ਼ਬਦੀ ਧਾਰ ਆਰ ਪਾਰ ਲੰਘਾਈਆ । ਭਗਤਾਂ ਗੁਰਮੁਖਾਂ ਦੇ ਅੰਦਰ ਡੇਰਾ ਬੈਠਾ ਮੱਲ, ਅੰਦਰੇ ਅੰਦਰ ਪ੍ਰੇਮ ਰਿਹਾ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਭਗਤੀ ਕਹੇ ਮੈਂ ਕੀ ਕਰਾਂ ਨਿਮਾਣੀ, ਨਿਮਾਣਿਆਂ ਵਰਗੀ ਬੈਠੀ ਸੀਸ ਨਿਵਾਈਆ । ਜਨ ਭਗਤਾਂ ਮਿਲਿਆ ਧੁਰ ਦਾ ਸਿਧਾ ਸਚਾ ਹਾਣੀ, ਜੋੜਾ ਜੋੜੀ ਆਪਣਾ ਲਿਆ ਬਣਾਈਆ । ਸਚ ਸੁਣਾ ਕੇ ਧੁਰ ਦੀ ਬਾਣੀ, ਸਾਚਾ ਰਾਗ ਦਿਤਾ ਸਮਝਾਈਆ । ਅੰਮ੍ਰਿਤ ਬਖ਼ਸ਼ ਕੇ ਆਤਮ ਪਾਣੀ, ਅੰਤਰ ਦਿਤੀ ਵਡਿਆਈਆ । ਪੂਰਬਲੇ ਜਨਮਾਂ ਦੀ ਦੱਸ ਕਹਾਣੀ, ਚਾਰੇ ਖਾਣੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਈਆ । ਦੀਨ ਦਿਆਲ ਵੇਖੋ ਦਇਆ ਕਮੌਂਦਾ, ਵੱਖੋ ਵਖ ਵੇਖ ਵਖਾਇੰਦਾ । ਪੂਰਬ ਜਨਮ ਦਾ ਵਿਛੋੜਾ ਮੇਲ ਮਿਲੌਂਦਾ, ਪਰਦਾ ਉਹਲਾ ਆਪ ਉਠਾਇੰਦਾ । ਪੰਜਾਂ ਸਾਲਾਂ ਵਾਲਾ ਪਟਾ ਪਾੜ ਵਖੌਂਦਾ, ਅਗਲਾ ਪਟਾ ਧੁਰ ਦਾ ਆਪ ਬਣਾਇੰਦਾ । ਕਿਸੇ ਧਰਨੀ ਵਿਚ ਨਹੀਂ ਹਲ ਚਲੌਂਦਾ, ਆਤਮ ਅੰਤਰ ਵੇਖ ਵਖਾਇੰਦਾ । ਪਿਛਲਾ ਬੀਜਿਆ ਫਲ ਹੁਣ ਝੋਲੀ ਪੌਂਦਾ, ਛੇਤੀ ਛੇਤੀ ਸਭ ਦੇ ਭਾਰ ਵੰਡਾਇੰਦਾ । ਸ੍ਰੀ ਭਗਵਾਨ ਬਾਹਰੋਂ ਕੁਛ ਅੰਦਰੋਂ ਕੁਛ ਕਮੌਂਦਾ, ਕੱਛੂ ਮੱਛੂ ਸਾਰੇ ਚਰਨਾਂ ਹੇਠ ਦਬਾਇੰਦਾ । ਕੱਛਕ ਮੱਛਕ ਨਾਲ ਕਹੇ ਕਸ਼ਪ, ਕਪਲ ਮੁਨੀ ਨਾਲ ਵਡਿਆਈਆ । ਜਿਹੜਾ ਸਿੰਘਾਸਣ ਥਲੇ ਵੜਿਆ ਸੀ ਸਰਪ, ਸਾਂਖ ਯੋਗ ਸਿੱਖਣ ਆਈ ਕਪਲ ਦੀ ਮਾਈਆ । ਢਾਈ ਘੰਟੇ ਥਲੇ ਆ ਕੇ ਰਿਹਾ ਸੀ ਤੜਪ, ਦਏ ਹਾਲ ਦੁਹਾਈਆ । ਕੋਈ ਮੇਰੀ ਕਰੇ ਮਦਦ, ਥਲਿਉਂ ਬਾਹਰ ਕਢਾਈਆ । ਫੇਰ ਪ੍ਰਭ ਅਗੇ ਕੀਤੀ ਅਰਜ਼, ਪਾਈ ਹਾਲ ਦੁਹਾਈਆ । ਪ੍ਰਭੂ ਜੇ ਮੈਨੂੰ ਵੀ ਬਣੌਂਦਾ ਮਰਦ, ਬੰਦਾ ਹੋ ਕੇ ਇਸ ਬੰਦੇ ਦਾ ਭਾਰ ਪਰਾਂ ਦਿੰਦਾ ਸੁਟਾਈਆ । ਆਵਾਜ਼ ਆਈ ਮੇਰੀ ਤੇਰੇ ਨਾਲ ਸ਼ਰਤ, ਤੈਨੂੰ ਦਿਆਂ ਸਮਝਾਈਆ । ਜਿਸ ਵੇਲੇ ਕਲਜੁਗ ਅੰਤਮ ਆਪ ਆਇਆ ਪਰਤ, ਤੇਰਾ ਲਹਿਣਾ ਦਿਆਂ ਮੁਕਾਈਆ । ਓਸੇ ਦਾ ਲੇਖਾ ਤੇ ਓਸੇ ਦਾ ਲਹਿਣਾ ਦੇਣ ਆਇਆ ਧੜਤ, ਸਵਰਨ ਸਿੰਘ ਤੇਰਾ ਹਿਸਾਬ ਕਿਤਾਬ ਪਿਛਲਾ ਪੂਰ ਕਰਾਈਆ । ਕ੍ਰਿਸ਼ਨ ਵਾਲੀ ਕਹਾਣੀ ਨਾਲੋਂ ਉਹ ਹਿਸਾਬ ਅਗਲਾ ਫ਼ਰਕ, ਪਹਿਲੇ ਤੋਂ ਪਹਿਲਾ ਦਿਤਾ ਸਮਝਾਈਆ । ਅਜੇ ਵਿਚਲਾ ਨਹੀਂ ਫੋਲਿਆ ਕੋਈ ਵਰਕ, ਤਿੰਨ ਸੌ ਨੜ੍ਹਿਨਵੇਂ ਜਨਮ ਦਾ ਲੇਖਾ ਨਾ ਕੋਇ ਲਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰਾ ਕੇ ਦਰਸ, ਤੇਰੀ ਤ੍ਰਿਖਾ ਦਿਤੀ ਬੁਝਾਈਆ ।

## ❊ ੧੯ ਪੋਹ ੨੦੨੧ ਬਿਕ੍ਰਮੀ ਜੇਠੂਵਾਲ ❊

ਭਗਤੀ ਕਹੇ ਹੁਕਮ ਮੰਨਿਆ ਪ੍ਰਭ ਦਾ, ਦੇਵੇ ਮਾਣ ਵਡਿਆਈਆ । ਮੈਂ ਨਾਤਾ ਤੋੜ ਕੇ ਸਭ ਦਾ, ਸਗਲੀ ਚਿੰਤ ਗਵਾਈਆ । ਪਿਛਲੇ ਲੇਖਾਂ ਦਾ ਬੰਨ੍ਹ ਕੇ ਬਸਤਾ, ਆਪਣੇ ਸੀਸ ਉਠਾਈਆ । ਸ਼ਬਦੀ ਧਾਰ ਪੁਛ ਕੇ ਰਸਤਾ, ਪਾਂਧੀ ਹੋ ਕੇ ਪੰਧ ਮੁਕਾਈਆ । ਬੋਲ ਜੈਕਾਰਾ ਇਕ ਅਲਖ ਦਾ, ਨਾਅਰਾ ਦਿਤਾ ਸੁਣਾਈਆ । ਖੇਲ ਵੇਖਾਂ ਪੁਰਖ ਸਮਰਥ ਦਾ, ਜੋ ਸਚ ਦਵਾਰੇ ਰਿਹਾ ਕਰਾਈਆ । ਜਨ ਭਗਤਾਂ ਪੈਜ ਜੋ ਰਖਦਾ, ਸਿਰ ਆਪਣਾ ਹੱਥ ਟਿਕਾਈਆ । ਗ਼ਰੀਬਾਂ ਨੂੰ ਵੇਖ ਕੇ ਹਸਦਾ, ਖ਼ੁਸ਼ੀਆਂ ਵਿਚ ਸਮਾਈਆ । ਭੇਵ ਖੁਲ੍ਹਾਵੇ ਆਪਣੀ ਹਦ ਦਾ, ਪੜਦਾ ਦਏ ਉਠਾਈਆ । ਮੇਲ ਮਿਲਾਵੇ ਆਪਣੀ ਅੱਖ ਦਾ, ਨਿਜ ਨੇਤਰ ਜੋੜ ਜੁੜਾਈਆ । ਸੌਦਾ ਵਖਾਵੇ ਆਪਣੇ ਹੱਟ ਦਾ, ਜੋ ਨਿਰਗੁਣ ਹੋ ਕੇ ਰਿਹਾ ਵਰਤਾਈਆ । ਮੈਂ ਲਾਹਾ ਲਵਾਂ ਉਹਦੇ ਸਖ਼ਾਵਤ ਵਾਲੇ ਹੱਥ ਦਾ, ਜੋ ਮਿਹਰ ਰਿਹਾ ਵਰਤਾਈਆ । ਮੇਰੇ ਕੋਲ ਕਿਰਾਇਆ ਨਹੀਂ ਸੀ ਬਸ ਦ, ਭੱਜੀ ਵਾਹੋ ਦਾਹੀਆ । ਖ਼ਾਲੀ ਬਾਈਸਿਕਲ ਵੇਖਿਆ ਕਿਸ਼ਨ ਸਿੰਘ ਜੱਟ ਦਾ, ਮਗਰ ਚੜ੍ਹ ਗਈ ਚਾਈਂ ਚਾਈਂਆ । ਜੋ ਅੰਤਰ ਆਤਮ ਮਾਲਾ ਰਟਦਾ, ਰੱਟਾ ਕੂੜ ਦਿਤਾ ਸਰਬ ਮਿਟਾਈਆ । ਜੋ ਭਾਣੇ ਅੰਦਰ ਵਸਦਾ, ਧੁਰ ਦਾ ਰਾਣਾ ਰਿਹਾ ਰਿਝਾਈਆ । ਸਿਰ ਕ਼ਦਮਾਂ ਉਤੇ ਸਟਦਾ, ਧੂੜੀ ਖ਼ਾਕ ਰਮਾਈਆ । ਕਰਮਾਂ ਦੀ ਗਠੜੀ ਉਲਟਦਾ, ਜਨਮਾਂ ਦਾ ਡੇਰਾ ਢਾਹੀਆ । ਸੰਸਾਰ ਤੋਂ ਪਾਸਾ ਵਟਦਾ, ਪਿਆਰ ਦੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਭਗਤੀ ਕਹੇ ਮੈਂ ਹੌਲੀ ਆਈ ਨਿਕਲ, ਆਪਣਾ ਆਪ ਛੁਪਾਈਆ । ਜਿਸ ਵੇਲੇ ਚੜ੍ਹੀ ਉਪਰ ਬਾਈਸਿਕਲ, ਕਲਜੁਗ ਸਾਧ ਵਾਜਾਂ ਰਹੇ ਲਗਾਈਆ । ਮੈਂ ਆਖਿਆ ਮੈਂ ਨਾਤਾ ਛਡਿਆ ਮੁਲੱਮਾ ਪਿੱਤਲ, ਸੁਵਰਨ ਹੋ ਕੇ ਪਾਰਸ ਅੰਗ ਲਗਾਈਆ । ਓਸ ਨੂੰ ਮਿਲਣਾ ਜਿਸ ਦਾ ਰੂਪ ਕੋਈ ਨਾ ਸਕੇ ਚਿਤਰ, ਚਲਿਤ੍ਰ ਸਕੇ ਨਾ ਕੋਇ ਜਣਾਈਆ । ਮੈਂ ਸਾਰੇ ਛਡ ਕੇ ਫ਼ਿਕਰ, ਖ਼ਾਕਿਆਂ ਵਾਲਿਆਂ ਨਾਲੋਂ ਪੱਲੇ ਗਈ ਛੁਡਾਈਆ । ਮੇਰੀ ਸੁੱਤੀ ਉਠੀ ਅਕਲ, ਰਮਜ਼ ਰਹੀ ਲਗਾਈਆ । ਜਿਸ ਦਾ ਭਗਤਾਂ ਨਾਲ ਤੁਅਲਕ, ਓਸੇ ਨਾਲ ਆਪਣਾ ਜੋੜ ਜੁੜਾਈਆ । ਜੋ ਸਿੱਧਾ ਆਇਆ ਗੁਰਮੁਖਾਂ ਮੁਤਅੱਲਕ, ਮੁਤਾਲਾ ਕਰਕੇ ਰਿਹਾ ਜਣਾਈਆ । ਜਿਸ ਨੂੰ ਪੀਰ ਪੈਗ਼ੰਬਰਾਂ ਮੰਨਿਆ ਮੁਤਬਰਕ, ਪਾਕੀਜ਼ਾ ਰੂਪ ਨੂਰ ਇਲਾਹੀਆ । ਓਸ ਦੇ ਚਰਨ ਦਵਾਰੇ ਬਹਿਣਾ ਕਰਕੇ ਸਫ਼ਰ, ਸਫ਼ਾ-ਏ-ਹਸਤੀ ਆਪਣੀ ਆਪ ਮਿਟਾਈਆ । ਜਿਸ ਦਾ ਦਰਦੀਆਂ ਵਾਲਾ ਸੋਹਣਾ ਟੱਬਰ, ਬਿਨ ਭਗਤੀ ਭਗਤ ਨਜ਼ਰੀ ਆਈਆ । ਜਿਨ੍ਹਾਂ ਦਾ ਮਾਲਕ ਸ਼ੇਰ ਬੱਬਰ, ਸੂਰਬੀਰ ਬੇਪਰਵਾਹੀਆ । ਜਿਨ੍ਹਾਂ ਦਾ ਲੇਖਾ ਚੁੱਕਣਾ ਮੜ੍ਹੀ ਕਬਰ, ਕਾਅਬਿਆਂ ਵਿਚ ਨਾ ਸੀਸ ਨਿਵਾਈਆ । ਓਸ ਦਾ ਸੋਹਣਾ ਵੇਖ ਕੇ ਅਦਲ, ਆਦਤ ਪਿਛਲੀ ਰਹੀ ਬਦਲਾਈਆ । ਮੈਂ ਹੁਣ ਭਗਤਾਂ ਦੀ ਲੈਣੀ ਮਦਦ, ਮਦਦ ਦੇਣ ਵਾਲੀ ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰੇਮ ਪਿਆਰ ਦੀ ਮੈਨੂੰ ਦੇਵਣ ਵਸਤ, ਰਸਦ ਧੁਰ ਦੀ ਝੋਲੀ ਪਾਈਆ । ਮੈਂ ਵੀ ਮਾਲਕ ਤੱਕਾਂ ਜਿਸ ਦਾ ਵਸੇਰਾ ਉਤੇ ਅਰਸ਼, ਫ਼ਰਸ਼ ਧਰਨੀ ਦਏ ਵਡਿਆਈਆ । ਮੈਂ ਨਿਮਾਣੀ ਕਰ ਕੇ ਤਰਸ, ਹਰਿਜਨ ਸਾਚੇ ਜੋੜ ਜੁੜਾਈਆ । ਕਿਤੇ ਪਿੱਛਾ ਨਾ ਦੇਵੇ ਪਰਤ, ਅਭਾਗਣ ਦਰ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਭਗਤੀ ਕਹੇ ਮੈਂ ਆ ਕੇ ਹੀਰਾ ਘਾਟ ਕੰਢੇ, ਆਪਣਾ ਨੱਕ ਲਿਆ ਡੁਬਾਈਆ । ਮਾਰ ਕੇ ਛਾਲ ਉਪਰੋਂ ਡੰਡੇ,


੮੭

ਸਿੱਧੀ ਨਹਾਵਣ ਤੀਰਥ ਜਾਈਆ । ਓਥੇ ਬੈਠੀ ਵੇਖੀ ਰੋਂਦੀ ਮਾਤਾ ਗੰਗੇ, ਗੰਗਾ ਆਪਣਾ ਨੀਰ ਵਹਾਈਆ । ਮੈਨੂੰ ਦੱਸਣ ਲਗੀ ਇਹ ਸਾਰੇ ਹੋ ਗਏ ਸਾਥੋਂ ਚੰਗੇ, ਜੋ ਨਿਤ ਪ੍ਰਭ ਦਾ ਦਰਸ਼ਨ ਪਾਈਆ । ਅਗੇ ਸਾਡੇ ਅੰਮ੍ਰਿਤ ਕਿੱਲੀਆਂ ਉਤੇ ਰਹਿ ਜਾਣੇ ਟੰਗੇ, ਰਸ ਰਹਿਣ ਕੋਇ ਨਾ ਪਾਈਆ । ਸਾਡੇ ਚੁੰਡੇ ਹੋਣੇ ਨੰਗੇ, ਓਢਣ ਸੀਸ ਨਾ ਕੋਇ ਰਖਾਈਆ । ਜਨ ਭਗਤ ਸੁਹੇਲੇ ਪ੍ਰਭੂ ਨਾਲ ਰਹੇ ਹੰਢੇ, ਧੁਰ ਦਾ ਜੋੜ ਜੁੜਾਈਆ । ਜੋ ਨਾਮ ਨਿਧਾਨਾ ਇਕੋ ਵੰਡੇ, ਵਸਤ ਅਮੋਲਕ ਝੋਲੀ ਪਾਈਆ । ਚਲ ਬੇਨੰਤੀ ਕਰੀਏ ਜੇ ਤੇਰੇ ਨਾਲ ਸਾਡੀ ਮੰਨੇ, ਮਿੰਨਤਾਂ ਨਾਲ ਲਈਏ ਮਨਾਈਆ । ਜਿਸ ਉਧਾਰੇ ਜਟ ਧੰਨੇ, ਰਵਿਦਾਸੇ ਰੰਗ ਰੰਗਾਈਆ । ਜਿਸ ਨਾਮੇ ਦੇ ਫੜ ਕੇ ਛੰਨੇ, ਦੁਧ ਕਟੋਰਾ ਭੋਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ੇ ਸਚ ਸਰਨਾਈਆ । ਭਗਤੀ ਕਹੇ ਮੈਂ ਤਿੰਨ ਵੇਰਾਂ ਰਾਹ ਵਿਚ ਡਿੱਗੀ, ਆਪਣੀਆਂ ਰਗੜਾਂ ਰਹੀ ਵਖਾਈਆ । ਮੇਰੀ ਪਾਟ ਗਈ ਸੋਲਾਂ ਤਣੀਆਂ ਵਾਲੀ ਝੱਗੀ, ਲਹਿੰਗਾ ਲੀਰੋ ਲੀਰ ਵਖਾਈਆ । ਮੇਰੇ ਸਿਰ ਵਿਚੋਂ ਡਿੱਗ ਪਈ ਕੰਘੀ, ਦੰਦਾਸੇ ਵਾਲੀ ਦਾਤਨ ਆਈ ਗਵਾਈਆ । ਮੈਂ ਹੋ ਗਈ ਪੈਰੀਂ ਨਗੀ, ਮਸਤਕ ਟਿੱਕਾ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੇ ਲਾ ਕੇ ਬੈਠਾ ਪਾਬੰਦੀ, ਬਿਨ ਭਗਤਾਂ ਦਰ ਠਾਂਡੇ ਲੰਘਣ ਕੋਇ ਨਾ ਪਾਈਆ । ਭਗਤੀ ਕਹੇ ਕੁਛ ਕਰਾਂ ਮਿੰਨਤ, ਦੋਏ ਜੋੜ ਸਰਨਾਈਆ । ਮੈਂ ਵੇਖਿਆ ਚਾਰੋਂ ਸਿੰਮਤ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਮੇਰੀ ਮੇਟ ਖ਼ੁਆਰੀ ਜ਼ਿੱਲਤ, ਜ਼ਾਹਰ ਜ਼ਹੂਰ ਦਇਆ ਕਮਾਈਆ । ਜਨ ਭਗਤਾਂ ਬਖ਼ਸ਼ ਮਿੱਲਤ, ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੰਗਾ ਕਹੇ ਸੁਣ ਭੈਣ ਅੜੀਏ, ਤੈਨੂੰ ਦਿਆਂ ਜਣਾਈਆ । ਉਠ ਦੋਵੇਂ ਢੋਲਾ ਇਕੋ ਪੜ੍ਹੀਏ, ਸੋਹੰ ਜੈ ਜੈਕਾਰ ਕਰਾਈਆ । ਅੰਦਰ ਅਰਜ਼ੋਈ ਇਕ ਕਰੀਏ, ਆਸਾ ਸਚ ਰਖਾਈਆ । ਕਿਸ ਬਿਧ ਤੇਰੇ ਦਵਾਰੇ ਵੜੀਏ, ਪ੍ਰਭੂ ਭੇਦ ਦੇ ਖੁਲ੍ਹਾਈਆ । ਸਚ ਸਰਨਾਈ ਇਕੋ ਫੜੀਏ, ਢਹਿ ਢਹਿ ਮਾਣ ਮਿਟਾਈਆ । ਪ੍ਰਭੂ ਆਪਣੇ ਮਿਲਣ ਦੇ ਆਪੇ ਦੱਸ ਦੇਵੇ ਜ਼ਰੀਏ, ਜੋ ਜ਼ੱਰੇ ਜ਼ੱਰੇ ਵਿਚ ਸਮਾਈਆ । ਸਾਨੂੰ ਕਟਣੇ ਨਾ ਪੈਣ ਤਸੀਹੇ, ਤਸਬੀ ਮਾਲਾ ਬਾਹਰ ਆਈ ਸੁਟਾਈਆ । ਭਗਤਾਂ ਸੰਗ ਮਿਲ ਕੇ ਰਹੀਏ, ਨਾਤਾ ਸਚ ਜੁੜਾਈਆ । ਜੋ ਕਹਿਣ ਓਹੋ ਕੁਛ ਕਹੀਏ, ਆਪਣੀ ਦੱਸੀਏ ਨਾ ਕੋਈ ਚਤੁਰਾਈਆ । ਜਿਥੇ ਕਹਿਣ ਓਥੇ ਬਹੀਏ, ਭੂਮਿਕਾ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਭਗਤੀ ਕਹੇ ਮੇਰੇ ਹਰਿ ਨਰਾਇਣ, ਨਰ ਅਵਤਾਰ ਤੇਰੀ ਸਰਨਾਈਆ । ਕੁਛ ਬੇਨੰਤੀ ਆਈ ਕਹਿਣ, ਸਚ ਦਿਆਂ ਸੁਣਾਈਆ । ਮੈਂ ਮੰਨਿਆ ਤੇਰਾ ਕਹਿਣ, ਹੁਕਮੇਂ ਅੰਦਰ ਦੁਹਾਈਆ । ਕੁਛ ਦੇ ਦੇ ਮੇਰਾ ਦੇਣ, ਖ਼ਾਲੀ ਝੋਲੀ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਅਗੇ ਆ ਨੇੜੇ, ਪਰਦਾ ਦਿਆਂ ਉਠਾਈਆ । ਭਗਤਾਂ ਵੇਖ ਵਸਦੇ ਖੇੜੇ, ਕੁੰਡੀ ਖਿੜਕੀ ਦਿਆਂ ਖੁਲ੍ਹਾਈਆ । ਜਿਨ੍ਹਾਂ ਮੇਰੇ ਪ੍ਰੇਮ ਪਿਆਰ ਅੰਦਰ ਚਰਨੀ ਲਾ ਲਏ ਡੇਰੇ, ਚਰਨ ਚਰਨੋਦਕ ਮੁਖ ਛੁਹਾਈਆ । ਉਹਨਾਂ ਦੇ ਬਾਹਰ ਅੰਦਰ ਦੇ ਮੁਕ ਗਏ ਗੇੜੇ, ਜੰਗਲਾਂ ਵਾਲੇ ਝੇੜੇ ਰਹਿਣ ਨਾ ਪਾਈਆ । ਜੇ ਤੂੰ ਆਈ ਉਹਨਾਂ ਦੇ ਵਿਹੜੇ, ਤੇਰਾ ਵਿਲਕਣਾ ਦਿਆਂ ਗਵਾਈਆ । ਉਠ ਵੇਖ ਸਵਾਣੀ ਉਹ ਢੋਲੇ ਗੌਂਦੇ ਮੇਰੇ ਮੇਰੇ, ਦੂਜੀ ਓਟ ਨਾ ਕੋਇ ਰਖਾਈਆ । ਲੱਖ

ਚੁਰਸੀ ਵਿਚੋਂ ਥੋੜੇ ਬਥੇਰੇ, ਜਿਨ੍ਹਾਂ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਾਰ ਆਪ ਕਮਾਈਆ । ਪ੍ਰਭੂ ਜਿਸ ਵੇਲੇ ਮੈਂ ਪਹਿਲੋਂ ਉਠ ਕੇ ਭੱਜੀ, ਜਨ ਭਗਤ ਰਾਹ ਤਕਾਈਆ । ਮੇਰੇ ਕੰਡਾ ਚੁੱਭ ਗਿਆ ਸੱਜੀ ਅੱਡੀ, ਹੇਠੋਂ ਉਪਰ ਮੁਖ ਰਖਾਈਆ । ਮੈਂ ਹੋ ਗਈ ਭਾਰ ਪੱਬੀਂ, ਕੁਛ ਅਗੇ ਨੇੜੇ ਆਈਆ । ਮੈਨੂੰ ਦਰਦ ਡਾਢੀ ਲਗੀ, ਮੈਂ ਰੋ ਕੇ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਇਕ ਪੈਰ ਵਿਚ ਕੰਡਾ ਗਿਆ ਚੁਭ, ਅਗਲਾ ਦੁਖ ਵਖਾਈਆ । ਦੂਜਾ ਚਿੱਕੜ ਵਿਚ ਗਿਆ ਖੁਭ, ਜ਼ੋਰ ਬਥੇਰਾ ਲਾਈਆ । ਫੇਰ ਹਉਕੇ ਨਾਲ ਨਿਕਲੀ ਮੇਰੀ ਭੁੱਬ, ਉਚੀ ਕੂਕ ਦਿਤਾ ਜਣਾਈਆ । ਕੂਕ ਨਾਲ ਮੈਨੂੰ ਆਈ ਸੁਝ, ਕਿਸੇ ਅੰਦਰੋਂ ਪਰਦਾ ਦਿਤਾ ਉਠਾਈਆ । ਮੈਂ ਨਾ ਸਕਾਂ ਬੁੱਝ, ਕਵਣ ਰਿਹਾ ਜਣਾਈਆ । ਅਚਾਨਕ ਵੱਜੀ ਹੁੱਝ, ਮੇਰੀ ਵੱਖੀ ਦਿਤੀ ਭੰਨਾਈਆ । ਧੌਣੋਂ ਫੜ ਕੇ ਦਿਤਾ ਟੁੰਬ, ਅੱਖ ਦਿਤੀ ਖੁਲ੍ਹਾਈਆ । ਜਾਂ ਵੇਖਿਆ ਤੇ ਸ਼ਾਹ ਸੁਵਾਰ ਦੇ ਘੋੜੇ ਦਾ ਵੱਜਾ ਸੁੰਬ, ਜਿਸ ਸੁਰਤੀ ਦਿਤੀ ਬਦਲਾਈਆ । ਜਿਸ ਦੀ ਸੁਨਿਹਰੀ ਦਿਸੀ ਦੁੰਬ, ਨੇਤਰ ਨੈਣ ਅੱਖ ਵੇਖ ਸ਼ਰਮਾਈਆ । ਮੈਂ ਕੁਰਲਾਈ ਵਾਂਗ ਕੂੰਜ, ਕੂਕ ਕੇ ਸੁਣਾਈਆ । ਮੇਰੇ ਹੰਝੂ ਕਿਸੇ ਨਹੀਂ ਦਿਤੇ ਪੂੰਝ, ਮਾਣਕ ਮੋਤੀ ਰੂਪ ਵਟਾਈਆ । ਓਸ ਵਖਾਇਆ ਮੈਨੂੰ ਆਪਣਾ ਇਕ ਅਰੂਜ, ਜੋ ਅਚਰਜ ਨਜ਼ਰੀ ਆਈਆ । ਜਿਥੇ ਨਾ ਕੋਈ ਏਕ ਨਾ ਦੂਜ, ਦੁਤੀਆ ਰੂਪ ਨਾ ਕੋਇ ਵਟਾਈਆ । ਇਕ ਮੰਜ਼ਲ ਤੇ ਇਕ ਮਕ਼ਸੂਦ, ਇਕ ਬੈਠਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਭਗਤੀ ਕਹੇ ਸੁੰਬ ਨਾਲ ਮੈਂ ਵੇਖਿਆ ਘੋੜਾ, ਹੱਕ ਦਿਆਂ ਜਣਾਈਆ । ਮੈਨੂੰ ਨਜ਼ਰੀ



ਆਇਆ ਜੋੜਾ, ਇਕ ਗੋਬਿੰਦ ਦੂਜਾ ਗੋਬਿੰਦ ਦਾ ਮਾਹੀਆ । ਜਿਨ੍ਹਾਂ ਦਾ ਫ਼ਰਕ ਰੁਹਾਨੀ ਥੋੜ੍ਹਾ, ਅਸਮਾਨੀ ਨੂਰ ਇਕ ਰੁਸ਼ਨਾਈਆ । ਓਸ ਦੀ ਧੂੜ ਦਾ ਮੇਰੇ ਮਸਤਕ ਲਗ ਗਿਆ ਭੋਰਾ, ਮੇਰਾ ਭਰਮ ਰਿਹਾ ਨਾ ਰਾਈਆ । ਮੈਂ ਸਮਝ ਗਈ ਇਹ ਓਹੋ ਜੋਧਾ ਸੂਰਾ, ਬੀਰਤਾ ਜਿਸ ਦੀ ਕਰੇ ਵਡਿਆਈਆ । ਇਸ ਦੇ ਚਰਨਾ ਬਿਨਾ ਹੋਰ ਨਾਤਾ ਦਿਸੇ ਕੂੜਾ, ਜੀਵਣ ਜਗਤ ਨਾ ਕੋਇ ਵਡਿਆਈਆ । ਫੇਰ ਵੇਖਿਆ ਭਗਤਾਂ ਦਾ ਦਿਸਿਆ ਮਜ਼ਦੂਰਾ, ਜੋ ਪ੍ਰੇਮ ਅੰਦਰ ਨੇਮ ਅੰਦਰ ਰਾਮ ਹੋ ਕੇ ਸੇਵ ਕਮਾਈਆ । ਹੋਰ ਤਕਿਆ ਓਹ ਬਖ਼ਸ਼ ਜਾਏ ਜਨਮ ਕਰਮ ਦੇ ਕੀਤੇ ਕ਼ਸੂਰਾ, ਸਿਰ ਆਪਣਾ ਹੱਥ ਰਖਾਈਆ । ਓਸ ਵੇਲੇ ਭਗਤੀ ਕਹੇ ਮੈਂ ਆਖਿਆ ਹੁਣ ਮੇਰਾ ਮਤਲਬ ਹੋ ਜਾਏ ਪੂਰਾ, ਅਧੂਰਾ ਰਹਿਣ ਕੋਇ ਨਾ ਪਾਈਆ । ਮੇਰੇ ਨਾਲੋਂ ਮੇਰੇ ਉਤੇ ਚਾੜ੍ਹ ਦੇਵੇ ਰੰਗ ਗੂੜ੍ਹਾ, ਜਿਸ ਦਾ ਰੰਗ ਲਲਾਰੀ ਰੰਗਣ ਵਾਲਾ ਨਜ਼ਰ ਕੋਇ ਨਾ ਆਈਆ । ਫੇਰ ਮੈਂ ਕਹਾਂ ਮੇਰੀ ਹੱਥੀਂ ਬਾਹੀਂ ਸਗਨਾਂ ਵਾਲਾ ਸੋਹੇ ਚੂੜਾ, ਜਿਸ ਦੀ ਬਣਤ ਕਿਸੇ ਸੁਨਿਆਰ ਨਾ ਕਦੇ ਬਣਾਈਆ । ਫੇਰ ਵੇਖਾਂ ਰਵਿਦਾਸ ਮਾਰੀ ਫਿਰੇ ਬੁਕਲ ਇਕ ਭੂਰਾ, ਹੌਲੀ ਹੌਲੀ ਆਪਣਾ ਕ਼ਦਮ ਉਠਾਈਆ । ਮੈਨੂੰ ਖ਼ੁਸ਼ੀ ਹੋਈ ਮੈਂ ਹੁਣ ਭਗਤ ਦਵਾਰੇ ਦਾ ਹੂੰਝਾਂ ਕੂੜਾ, ਸੋਹਣੀ ਸੁਚੱਜੀ ਸੇਵ ਕਮਾਈਆ । ਜੋ ਸ੍ਰੀ ਭਗਵਾਨ ਦਾ ਸਚ ਦਸਤੂਰਾ, ਚਲਾਂ ਓਸ ਰਜ਼ਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਮਨਸਾ ਕਰੇ ਪੂਰਾ, ਪੂਰੀ ਪ੍ਰਭ ਪੂਰਨ ਆਪਣੀ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਸਗਲਾ ਮੇਟੇ ਦੁਖ ਵਸੂਰਾ, ਵਿਛੋੜਾ ਅਗਲਾ ਦਏ ਚੁਕਾਈਆ ।

## ❊ ੨੦ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❊

ਭਗਤੀ ਕਹੇ ਮੈਂ ਵੇਖਿਆ ਖੇਲ ਪ੍ਰਭ ਦਾ ਸੰਗ ਭਗਤਾਂ, ਸਾਜਣ ਹੋ ਕੇ ਦਇਆ ਕਮਾਈਆ । ਸੁਹੰਜਣੀ ਰੈਣ ਸੁਹਾਵੇ ਵੇਲਾ ਵਕਤਾ, ਵਾਹਵਾ ਆਪਣਾ ਰੰਗ ਰੰਗਾਈਆ । ਸ਼ਹਿਨਸ਼ਾਹ ਹੋ ਕੇ ਵੇਖਿਆ ਬਣਿਆ ਮੰਗਤਾ, ਦਰ ਦਰਵੇਸ਼ ਫੇਰਾ ਪਾਈਆ । ਵੱਡਾ ਮਾਣ ਦੇਵੇ ਗੁਰਸਿਖ ਸਾਚੀ ਸੰਗਤਾ, ਸੰਗ ਆਪਣਾ ਨਾਲ ਰਖਾਈਆ । ਗਿਆਨ ਦੇਵੇ ਬੋਧ ਅਗਾਧਾ ਬਣ ਕੇ ਪੰਡਤਾ, ਧੁਰ ਦਾ ਸੋਹਲਾ ਆਪ ਸੁਣਾਈਆ । ਕੂੜੀ ਕਿਰਿਆ ਗੜ੍ਹ ਤੋੜ ਕੇ ਹਉਮੇ ਹੰਗਤਾ, ਹੰ ਬ੍ਰਹਮ ਦਏ ਜਣਾਈਆ । ਨਾਤਾ ਜੋੜਕੇ ਨਾਰ ਕੰਤਾ, ਕ਼ਦਰ ਕਰੇ ਥਾਉਂ ਥਾਈਂਆ । ਮੇਲ ਮਿਲਾ ਕੇ ਸਾਚੇ ਸੰਤਾ, ਸਤਿ ਸਤਿਵਾਦੀ ਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਤਰਾਈਆ । ਭਗਤੀ ਕਹੇ ਰਾਤੀਂ ਮੂਲ ਨਾ ਸੁੱਤੀ, ਭੱਜੀ ਵਾਹੋ ਦਾਹੀਆ । ਪਹਿਲੀ ਵੇਰ ਕਟ ਕੇ ਆਪਣੀ ਬੁੱਤੀ, ਚਾਰ ਕੁੰਟ ਗੁਰਮੁਖ ਵੇਖ ਖ਼ੁਸ਼ੀ ਮਨਾਈਆ । ਸਭ ਦੀ ਅੰਤਰ ਪਰਮਾਤਮ ਆਤਮ ਲਗੀ ਵੇਖੀ ਰੁੱਚੀ, ਨੀਂਦਰ ਵਿਚ ਰਹੇ ਧਿਆਈਆ । ਇਹਨਾਂ ਬੁੱਧੀ ਹੋਈ ਸੁੱਚੀ, ਸੁਰਤੀ ਸੂਖ਼ਮ ਰੂਪ ਵਟਾਈਆ । ਉਜਲ ਵੇਖੇ ਮੁਖੀ, ਨੂਰ ਜ਼ਹੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਗਤੀ ਕਹੇ ਮੈਂ ਫਿਰਦੀ ਰਹੀ ਰੈਣ ਭੌਂਦੀ, ਆਪਣਾ ਪੰਧ ਮੁਕਾਈਆ । ਭਗਤਾਂ ਤਾਲ ਰਹੀ ਵਜੌਂਦੀ, ਧੁਰ ਦਾ ਰਾਗ ਸੁਣਾਈਆ । ਸੋਹੰ ਢੋਲਾ ਰਹੀ ਗੌਂਦੀ, ਭੈਣ ਭਾਈਆਂ ਰਹੀ ਜਣਾਈਆ । ਸਾਚਾ ਦਰ ਰਹੀ ਸੁਹੌਂਦੀ, ਘਰ ਆਪਣੇ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦੇਵਣਹਾਰ ਵਡਿਆਈਆ । ਭਗਤੀ ਕਹੇ ਮੈਂ ਵੇਖਿਆ ਰੈਣ ਸਬਾਈ, ਸਭਨਾ ਧਿਆਨ ਲਗਾਈਆ । ਅੰਤਰ ਯਾਦ ਇਕੋ ਆਈ, ਹਿਰਦੇ ਹਰਿ ਰਹੇ ਵਸਾਈਆ । ਜਗਤ ਕੁਰੀਤੀ ਪ੍ਰੀਤੀ ਨਾਤਾ ਗਏ ਤੁੜਾਈ, ਸਾਚੀ ਰੀਤੀ ਇਕ ਅਪਨਾਈਆ । ਮੰਦਰ ਮਸੀਤੀ ਗਏ ਤਜਾਈ, ਢੋਲਾ ਗੀਤੀ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਿਹਰਵਾਨ ਦਇਆ ਕਮਾਈਆ । ਭਗਤੀ ਕਹੇ ਮੈਂ ਵੇਖਿਆ ਭਜ ਭਜ, ਰੈਣ ਸਬਾਈ ਵਾਹੋ ਦਾਹੀਆ । ਭਗਤ ਸੁਹੇਲੇ ਭਗਵਨ ਰਹੇ ਸੱਦ, ਅੰਤਰ ਆਤਮ ਖ਼ਾਹਿਸ਼ ਵਧਾਈਆ । ਸਾਹਿਬ ਸਵਾਮੀ ਲੰਘ ਆ ਹੱਦ, ਜਗਤ ਹਦੂਦ ਪਰੇ ਹਟਾਈਆ । ਸਾਚਾ ਢੋਲਾ ਸੁਣਾ ਛੰਦ, ਸੋਹਣਾ ਰਾਗ ਅਲਾਈਆ । ਭਗਤਾਂ ਵਾਲਾ ਦੇ ਅਨੰਦ, ਸੰਤਾਂ ਵਾਲਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਗਤੀ ਕਹੇ ਮੇਰਾ ਚੁਕਿਆ ਭੌ, ਭੈ ਦੂਜਾ ਰਹਿਣ ਕੋਇ ਨਾ ਪਾਈਆ । ਏਕਾ ਨਈਆ ਨੌਕਾ ਨਾਉਂ, ਨਾਮ ਨਿਧਾਨਾ ਲਏ ਤਰਾਈਆ । ਏਕਾ ਸਾਹਿਬ ਸਵਾਮੀ ਪਕੜੇ ਬਾਹੋਂ, ਜਗਤ ਚੁਰਾਸੀ ਵਿਚੋਂ ਬਾਹਰ ਕਢਾਈਆ । ਨਿਥਾਵਿਆਂ ਦੇਵੇ ਥਾਉਂ, ਨਿਆਸਰਿਆਂ ਆਸ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਭਗਤੀ ਕਹੇ ਮੈਂ ਵੇਖਿਆ ਮਿਹਰਵਾਨ, ਮਹਿਬੂਬ ਬੇਪਰਵਾਹੀਆ । ਜਿਸ ਦਾ ਝੁਲਦਾ ਇਕ ਨਿਸ਼ਾਨ, ਦੋ ਜਹਾਨਾਂ ਆਪ ਉਡਾਈਆ । ਜਿਸ ਦਾ ਹੁਕਮ ਇਕ ਤਮਾਮ, ਸਕੇ ਨਾ ਕੋਇ ਮਿਟਾਈਆ । ਜਿਸ ਦਾ ਨਾਉਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਭਗਤਾਂ ਪਾਰ ਲੰਘਾਈਆ । ਸੋਹੰ ਦੇ ਕੇ ਆਪਣਾ ਦਾਨ, ਦਾਤੇ ਰਿਹਾ ਬਣਾਈਆ । ਓਸੇ ਦੀ ਚਰਨੀ ਡਿੱਗੀ ਆਣ,


੯੦

ਨਿਉਂ ਨਿਉਂ ਸੀਸ ਨਿਵਾਈਆ । ਚਰਨ ਕਵਲ ਉਪਰ ਧਵਲ ਦੇ ਮਾਣ, ਮਿਹਰ ਨਜ਼ਰ ਟਿਕਾਈਆ । ਅਬਿਨਾਸ਼ੀ ਕਰਤੇ ਦੇ ਫ਼ਰਮਾਣ, ਸੁਖਨ ਸਚ ਦਿਤਾ ਜਣਾਈਆ । ਸਦ ਵਸਣਾ ਭਗਤਾਂ ਨਾਲ, ਧੁਰ ਦਾ ਨਾਤਾ ਦਿਆਂ ਬਣਾਈਆ । ਇਹਨਾਂ ਨਾਲ ਹੋਵੇ ਕਲਿਆਣ, ਕਰਮਾਂ ਕਾਂਡਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਮਰਥ ਹੱਥ ਆਪਣਾ ਆਪ ਰਖਾਈਆ ।

### ❊ ੨੧ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❊

ਇੱਕੀ ਪੋਹ ਕਹੇ ਪਹਿਲੋਂ ਇਕ ਕਰ ਮੁਆਫ਼, ਇਕ ਨਾਲ ਇੱਕੀ ਦੇ ਵਡਿਆਈਆ । ਇੱਕੀਆਂ ਦਾ ਇੱਕੀ ਇੱਕੀ ਸਾਥ, ਏਕੰਕਾਰ ਜੋੜ ਜੁੜਾਈਆ । ਇੱਕੀ ਇੱਕੀ ਸਭ ਨੂੰ ਦੇਵੇ ਦਾਤ, ਗੁਰਮੁਖ ਆਪਣੇ ਰੰਗ ਰੰਗਾਈਆ । ਸਾਰੇ ਭਗਤਾਂ ਦੀ ਇੱਕੀ ਬਣਾਦੇ ਇੱਕੀ ਵਾਲੀ ਰਾਤ, ਪ੍ਰਭ ਦੀ ਇੱਕੀ ਵਿਚੋਂ ਬਾਹਰ ਰਹਿਣ ਕੋਇ ਨਾ ਪਾਈਆ । ਪ੍ਰਭ ਦੀ ਇੱਕੀ ਗੋਬਿੰਦ ਦੀ ਜਮਾਤ, ਸ਼ਬਦ ਦੀ ਦਾਤ ਝੋਲੀ ਦੇ ਭਰਾਈਆ । ਧੁਰ ਦੀ ਸੌਗ਼ਾਤ ਚਰਨ ਕਵਲ ਨਾਤ, ਆਤਮ ਜ਼ਾਤ ਪਰਮਾਤਮ ਆਪਣੇ ਵਿਚ ਸਮਾਈਆ । ਭਗਤ ਅਗੇ ਰਹੇ ਨਾ ਕੋਇ ਬਦਮਾਸ਼, ਛੱਬੀ ਪੋਹ ਦੇਣਾ ਹੁਕਮ ਸੁਣਾਈਆ । ਨੌਂ ਜਨਮ ਪਿੱਛੋਂ ਪੁੱਛੀ ਜਿਸ ਦੀ ਵਾਤ, ਨਿਰਗੁਣ ਹੋ ਕੇ ਦਇਆ ਕਮਾਈਆ । ਉਸ ਦਾ ਲਹਿਣਾ ਕਰਕੇ ਸਾਫ਼, ਪਿਛਲਾ ਪਾਪ ਦਿਤਾ ਧੁਆਈਆ । ਅਗਲਾ ਹੁਕਮ ਦਿਤਾ ਆਖ, ਅਕਲ ਚਲੇ ਨਾ ਕੋਇ ਵਡਿਆਈਆ । ਹਰਿ ਸਰਨਾਈ ਭਗਤਾਂ ਪਿਤ ਮਾਤ, ਸੰਤਾਂ ਜੋੜ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਵਡਿਆਈਆ । ਫੜਿਆ ਠਗ ਲੱਭਿਆ ਚੋਰ, ਛਲੀਆ ਨਠ ਕੋਇ ਨਾ ਜਾਈਆ । ਵੇਖੇ ਜਗ ਪ੍ਰਭ ਖੇਲ ਕਰੇ ਹੋਰ, ਬਲੀਆ ਆਪਣਾ ਬਲ ਪਰਗਟਾਈਆ । ਚਰਨ ਸੱਦ ਆਪਣੀ ਪੂਰੀ ਕਰੇ ਲੋੜ, ਅੰਧਘੋਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੁਕਮ ਅੰਤਰ ਰਿਹਾ ਸੁਣਾਈਆ । ਤਾਰਾ ਸਿੰਘ ਅਗੇ ਫੇਰ ਨਾ ਕਰੀਂ ਠੱਗੀ, ਠੱਗਾਂ ਵਾਲੀ ਰੀਤੀ ਕੰਮ ਕਿਸੇ ਨਾ ਆਈਆ । ਕੂੜੀ ਸ੍ਰਿਸ਼ਟੀ ਮਾਇਆ ਵਾਲੀ ਤਜੀਂ, ਤਜ ਅਭਿਮਾਨ ਭਗਵਾਨ ਸ੍ਰੀ ਸੀਸ ਨਿਵਾਈਆ । ਚਰਨ ਕਵਲ ਇਕੋ ਲਗੀਂ, ਚਾਰ ਕੁੰਟ ਭੱਜੀਂ ਨਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਤਾਰਾ ਸਿੰਘ ਕਹੇ ਮੈਂ ਨਾ ਚੋਰ ਰਹਾਂ ਨਾ ਠਗ, ਯਾਰੀ ਨਾ ਕੋਇ ਕਮਾਈਆ । ਬ੍ਰਾਹਮਣੀ ਦੇ ਮਿਲਣ ਦੀ ਮੇਰੀ ਅਜੇ ਨਹੀਂ ਬੁਝੀ ਅੱਗ, ਥੋੜ੍ਹੀ ਹਿਰਸ ਨਾਲ ਰਖਾਈਆ । ਜੇ ਉਹਨੂੰ ਦੇਵਾਂ ਛਡ, ਮੇਰਾ ਲੇਖਾ ਕਵਣ ਚੁਕਾਈਆ । ਸਤਿਗੁਰ ਕਹੇ ਪੁਰਖ ਅਕਾਲ ਕਹੇ ਦੀਨ ਦਿਆਲ ਕਹੇ ਕੁਝ ਪਿਛਲਾ ਕਰ ਯਾਦ, ਸਚ ਦਿਆਂ ਸਮਝਾਈਆ । ਜਿਸ ਵੇਲੇ ਸਹਿਜ ਸਭਾਉ ਇੱਕੀ ਸੌ ਵਾਲੀ ਆਈ ਸੀ ਆਵਾਜ਼, ਮਿਹਰ ਨਜ਼ਰ ਨਾਲ ਦ੍ਰਿੜਾਈਆ । ਤੇਰੇ ਸਾਹਮਣੇ ਉਹ ਪੂਰਾ ਕਰਕੇ ਕਾਜ, ਸਾਖ਼ਿਆਤ ਦਿਤਾ ਵਖਾਈਆ । ਕਿਸੇ ਕੰਮ ਨਹੀਂ ਔਣਾ ਸੌਹਰਿਆਂ ਵਾਲਾ ਦਾਜ, ਜਗਤ ਮਾਇਆ ਨਾ ਕੋਇ ਵਡਿਆਈਆ । ਜੇ ਰਵਿਦਾਸ ਨਾਲ ਮਿਲਕੇ ਕੁਝ ਕਰਾ ਲੈਂਦੋਂ ਹਿਸਾਬ, ਦਾਤਾ ਦਾਨੀ ਦੇਂਦਾ ਝੋਲੀ ਪਾਈਆ । ਇੱਕੀਆਂ ਬਸਤਰਾਂ ਵਾਲਾ ਖ਼ਿਤਾਬ, ਫੇਰ ਵੀ ਤੇਰੇ ਤਨ ਪਹਿਨਾਈਆ । ਇੱਕੀਆਂ ਤੋਲਿਆਂ ਵਾਲਾ ਹਿਸਾਬ, ਨਾਮ ਦਾ ਮੁੰਦਰਾ ਤੇਰੇ ਗਲ ਲਟਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਕਰ ਕੇ ਪਿਛਲਾ ਲੇਖ ਮੁਕਾਈਆ । ਇੱਕੀ ਪੋਹ ਆਖਿਆ ਮੈਂ ਇੱਕੀ ਅੱਜ, ਅਜਬ ਕਹਾਣੀ ਰਹੀ ਸੁਣਾਈਆ । ਭਗਤ ਦਵਾਰੇ ਅੰਦਰ ਕੋਈ ਨਾ ਰਹੇ ਠਗ, ਠਗੋਰੀ ਸਕੇ ਨਾ ਕੋਇ ਕਮਾਈਆ । ਠਗ ਸਭਨਾਂ ਨੂੰ ਦੇਵੇ ਦੱਸ, ਉਚੀ ਕੂਕ ਸੁਣਾਈਆ । ਮੈਂ ਪੈ ਗਿਆ ਓਸ ਦੇ ਵਸ, ਜਿਹੜਾ ਲੇਖੇ ਰਿਹਾ ਚੁਕਾਈਆ । ਸਵਾ ਘੰਟਾ ਸਾਹਮਣੇ ਖੜ੍ਹੋ ਕੇ ਲੈਣਾ ਤਕ, ਅਣਥਕ ਅੱਖ ਉਠਾਈਆ । ਪੁਰਖ ਅਬਿਨਾਸ਼ੀ ਪੁਰਖ ਸਮਰਥ, ਦਇਆ ਦਏ ਕਮਾਈਆ । ਗ਼ਰੀਬ ਨਿਮਾਣਿਆਂ ਪਿੱਛੇ ਢਾਈ ਜੌਂ ਆਪ ਛਕ, ਗੁਰਮੁਖ ਭੰਡਾਰੇ ਨਾਲ ਰਜਾਈਆ । ਸਵਾ ਇੱਕੀ ਸੇਰ ਦੁੱਧ ਬਣਾ ਕੇ ਭੱਤ, ਮਿੱਠਾ ਰਸ ਚਖਾਈਆ । ਆਪ ਲਾ ਕੇ ਆਪਣੀ ਬਾਹਰੋਂ ਅੱਖ, ਅੰਦਰੋਂ ਸਾਰੀ ਰੈਣ ਭੱਜੇ ਵਾਹੋ ਦਾਹੀਆ । ਜਨ ਭਗਤਾਂ ਦਰਸ਼ਨ ਦੇਵੇ ਜਿਹਨੂੰ ਮਿਲੇ ਉਹਨੂੰ ਛਾਤੀ ਨਾਲ ਲਾਵੇ ਝਟ, ਝਟਕਿਆਂ ਨਾਲ ਉਠਾਈਆ । ਨਾਲੇ ਅਪਣਾ ਵਾਸਤਾ ਅਗੇ ਘੱਤ, ਘਰ ਦਾ ਭੇਵ ਖੁਲ੍ਹਾਈਆ । ਫੇਰ ਹੌਲੀ ਜਿਹੀ ਹਸ, ਸ਼ਬਦ ਰਾਗ ਜਣਾਈਆ । ਬੱਚਿਆਂ ਨਾਲ ਪਿਤਾ ਹੋ ਕੇ ਜਾਏ ਵਸ, ਨਾਤਾ ਧੁਰ ਦਾ ਆਪ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਧਰਮ ਵਰਮ ਸਰਨ ਦੁਖੜੇ ਦਿਤੇ ਕਟ, ਪਿਛਲਾ ਲੇਖਾ ਰਿਹਾ ਨਾ ਰਾਈਆ ।

ਪੱਲੂ ਕਹੇ ਪ੍ਰਭ ਵੇਖ ਪਲਕ, ਆਪਣਾ ਧਿਆਨ ਲਗਾਈਆ । ਮੇਰਾ ਨਾਤਾ ਛੁਟਿਆ ਖ਼ਲਕ, ਜਗਤ ਖ਼ੁਦੀ ਦਿਤੀ ਗਵਾਈਆ । ਤੇਰਾ ਕਰਕੇ ਦਰਸ, ਆਪਣੀ ਅੱਖ ਖੁਲ੍ਹਾਈਆ । ਧੰਨ ਵਡਿਆਈ ਜੇ ਭਗਤਾਂ ਦੇਵੇਂ ਵਰਜ, ਕੂੜੀ ਕਿਰਿਆ ਨਾ ਸੰਗ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਮਨਜ਼ੂਰ ਕਰਨੀ ਅਰਜ਼, ਤੇਰੇ ਭਗਤਾਂ ਦੇ ਗਲ ਵਿਚ ਇਹੋ ਜਿਹੀ ਫਾਂਸੀ ਨਾ ਕੋਇ ਲਟਕਾਈਆ । ਧੁਰ ਸਿੰਘਾਸਣ ਕਹੇ ਮੈਨੂੰ ਕਰਕੇ ਖ਼ਾਲੀ, ਕਿਉਂ ਆਪਣਾ ਆਸਣ ਲਾਈਆ । ਨਾ ਕੋਈ ਲੇਫ਼ ਨਾ ਨਿਹਾਲੀ, ਤਕੀਆ ਉਪਰ ਨਾ ਕੋਇ ਟਿਕਾਈਆ । ਸ੍ਰੀ ਭਗਵਾਨ ਕਹੇ ਪਿੱਛੇ ਵੇਖ ਮਾਰ ਧਿਆਨੀ, ਜਿਸ ਵੇਲੇ ਨੌ ਜਨਮ ਦੀ ਤੈਨੂੰ ਦਿਤੀ ਵਡਿਆਈਆ । ਓਸ ਵੇਲੇ ਰਵਿਦਾਸ ਦੇ ਕੋਲ ਕੋਈ ਸੋਹਣਿਆਂ ਬਸਤਰਾਂ ਵਾਲੀ ਨਹੀਂ ਸੀ ਨਿਸ਼ਾਨੀ, ਇਕੋ ਖ਼ਾਲੀ ਮੰਜੀ ਦਿਤੀ ਡਾਹੀਆ । ਓਸੇ ਦਾ ਮੁਕ਼ਦਮਾ ਪਿਛਲਾ ਲਹਿਣਾ ਚੁਕਣਾ ਦੀਵਾਨੀ, ਗ੍ਰਿਫ਼ਤਾਰੀ ਵਰੰਟ ਤੇਰੇ ਆਪਣੇ ਨਾਲ ਲਿਆਈਆ । ਪੂਰਬਲੇ ਜਨਮਾਂ ਦੀ ਇਕੱਠੀ ਕਰਕੇ ਬਾਹਰੋਂ ਫੜੀ ਸ਼ੈਤਾਨੀ, ਅੰਦਰ ਲਿਆ ਕੇ ਸਿੰਘਾਸਣ ਹੇਠਾਂ ਦਿਤੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿੰਘਾਸਣ ਜਿਉਂ ਭਾਵੇ ਤਿਉਂ ਕਰਦਾ ਕਾਰ, ਲਹਿਣਾ ਦੇਣਾ ਦੇਵੇ ਵਿਚ ਸੰਸਾਰ, ਰਵਿਦਾਸ ਨਾਲ ਪਿਛਲਾ ਉਧਾਰ, ਬ੍ਰਾਹਮਣ ਦਾ ਬੇੜਾ ਕਰਨਾ ਪਾਰ, ਇਸੇ ਕਾਰਨ ਤੇਰਾ ਪਰਦਾ ਦਿਤਾ ਉਠਾਈਆ । ਗੋਬਿੰਦ ਕਿਹਾ ਮੈਨੂੰ ਯਾਦ, ਸਤਾਰਾਂ ਸੌ ਬੱਤੀ ਬਿਕ੍ਰਮੀ ਪਿਛਲੀ ਯਾਦ ਕਰਾਈਆ । ਇੱਕੀ ਪੋਹ ਜਗਤ ਸਿੰਘਸਣ ਸੁੱਤਾ ਸੀ ਰਾਤ, ਤਨ ਸੁਖ ਆਸਣ ਡੇਰਾ ਲਾਈਆ । ਪੁਰਖ ਅਕਾਲ ਮਾਰੀ ਇਕ ਆਵਾਜ਼, ਧੁਰ ਸੰਦੇਸ਼ਾ ਆਪ ਜਣਾਈਆ । ਉਠ ਸੁਤ ਲੈ ਧੁਰ ਦੀ ਦਾਤ, ਅਨਮੋਲ ਅਨਮੁਲ ਅਨਡਿਠੜੀ ਤੇਰੀ ਝੋਲੀ ਪਾਈਆ । ਨੈਣ ਨੇਤਰ ਖੋਲ੍ਹ ਕੇ ਵੇਖਿਆ ਨੇਤਰ ਮਾਰ ਕੇ ਝਾਤ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸਾਖ਼ਿਆਤ ਨਜ਼ਰੀ ਆਈਆ । ਫੜ

ਕੇ ਬਾਹੋਂ ਹਲੂਣੇ ਨਾਲ ਦਿਤਾ ਆਖ, ਹੁਕਮ ਨਾਲ ਜਣਾਈਆ । ਉਠ ਤੈਨੂੰ ਵਖਾਵਾਂ ਕੁਛ ਸਵਾਦ, ਸਚ ਰਸ ਬਿਨ ਰਸਨਾ ਮੁਖ ਲਗਾਈਆ । ਮੈਂ ਮੁਠ ਚੋਂ ਕਢ ਕੇ ਢਾਈ ਦਾਣੇ ਦਿਤੇ ਦਾਦ, ਕਣਕ ਨਾਲੋਂ ਜੌਂ ਲਏ ਵਟਾਈਆ । ਫੇਰ ਹੌਲੀ ਜਿਹੀ ਦਿਤਾ ਆਖ, ਪ੍ਰੇਮ ਨਾਲ ਦ੍ਰਿੜਾਈਆ । ਧੁਰ ਦੀ ਕਹਾਣੀ ਦੱਸਾਂ ਬਾਤ, ਅਗੰਮੜਾ ਭੇਵ ਖੁਲ੍ਹਾਈਆ । ਵੀਹ ਸੌ ਇੱਕੀ ਬਿਕ੍ਰਮੀ ਦੀ ਇੱਕੀ ਪੋਹ ਦੀ ਜਿਸ ਵੇਲੇ ਆਵੇ ਰਾਤ, ਸਚ ਰਸ ਤੇਰਾ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਗੋਬਿੰਦ ਆਹ ਲੈ ਢਾਈ ਦਾਣਾ, ਧੁਰ ਦਾ ਹਿੱਸਾ ਤੇਰੀ ਝੋਲੀ ਪਾਈਆ । ਇਹ ਇਕ ਦਿਨ ਤੇਰੀ ਮਾਤਾ ਗੁਜਰੀ ਨੂੰ ਦੇ ਗਿਆ ਸੀ ਤੇਰਾ ਨਾਨਾ, ਪ੍ਰੇਮ ਨਾਲ ਹੱਥ ਫੜਾਈਆ । ਜਿਸ ਵੇਲੇ ਤੇਰੇ ਘਰ ਜੰਮੇ ਬਾਲ ਅੰਞਾਣਾ, ਓਸ ਦੇ ਮੁਖ ਸਗਨ ਦੇਣਾ ਲਗਾਈਆ । ਸਤਾਰਾਂ ਸੌ ਤੇਈ ਬਿਕ੍ਰਮੀ ਭੁਲ ਗਈ ਤੈਨੂੰ ਖਵਾਣਾ, ਅਮਾਨਤ ਤੇਗ਼ ਬਹਾਦਰ ਹੱਥ ਰਖਾਈਆ । ਓਹ ਛਡ ਕੇ ਪਟਣੇ ਵਾਲਾ ਟਿਕਾਣਾ, ਦੇਸ ਅਸਾਮ ਡੇਰਾ ਲਾਈਆ । ਤੂੰ ਮੰਗ ਮੰਗੀ ਮੇਰਾ ਦਿਉ ਪੀਣ ਖਾਣਾ, ਸਮਝ ਕਿਸੇ ਨਾ ਆਈਆ । ਮੈਂ ਜਾਨਣਹਾਰ ਸਭ ਕੁਛ ਜਾਣਾ, ਦੋ ਜਹਾਨਾਂ ਵੇਖ ਵਖਾਈਆ । ਓਧਰੋਂ ਤੇਗ਼ ਬਹਾਦਰ ਪ੍ਰੇਮ ਨਾਲ ਚਬ ਕੇ ਕਿਹਾ ਕਿੱਡਾ ਰਸ ਮਹਾਨਾ, ਸਾਂਤਕ ਸਤਿ ਸਤਿ ਵਰਤਾਈਆ । ਇਹੋ ਜਿਹਾ ਪੁਰਖ ਅਕਾਲ ਸਦਾ ਦੇਂਦਾ ਰਹੇ ਖਾਣਾ, ਨਾਲੇ ਭਾਣੇ ਵਿਚ ਰਖਾਈਆ । ਧੁਰ ਦੀ ਆਵਾਜ਼ ਆਈ ਇਸ ਦੀ ਮੰਗ ਮੰਗੇ ਬਾਲ ਨਾਦਾਨਾ, ਜੋ ਜੀਵ ਜੋਤ ਕਰੇ ਰੁਸ਼ਨਾਈਆ । ਤੇਗ਼ ਬਹਾਦਰ ਕਿਹਾ ਮੇਰੇ ਪਿਛੋਂ ਇਹ ਸਭ ਕੁਛ ਇਸੇ ਨੇ ਪੀਣਾ ਖਾਣਾ, ਆਪਣਾ ਲੇਖਾ ਇਸੇ ਦੀ ਝੋਲੀ ਪਾਈਆ । ਨੌਂ ਖੰਡ ਇਸੇ ਦੇ ਅਧੀਨਾ, ਇਸੇ ਦਾ ਹੁਕਮ ਮਨਾਈਆ । ਇਸੇ ਦਾ ਠਾਂਡਾ ਸੀਨਾ, ਇਸੇ ਦਾ ਅੰਮ੍ਰਿਤ ਰਸ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਤੇਗ਼ ਬਹਾਦਰ ਕੀ ਆਇਆ ਰਸ, ਰਸਤੇ ਵਿਚ ਪੁਛ ਪੁਛਾਈਆ । ਸਾਥ ਮੁਖੋਂ ਕਿਹਾ ਹਸ, ਕਵਣ ਇਸ ਦੀ ਵੰਡ ਵੰਡਾਈਆ । ਓਸ ਕਿਹਾ ਝਟ, ਪੁਰਖ ਅਕਾਲ ਤੇਰੀ ਬੇਪਰਵਾਹੀਆ । ਪੁਰਖ ਅਕਾਲ ਕਿਹਾ ਕੁਛ ਇਸ ਤੋਂ ਅਗੇ ਦੱਸ, ਤੇਗ਼ ਬਹਾਦਰ ਨਿਉਂ ਕੇ ਸੀਸ ਝੁਕਾਈਆ । ਦੀਨ ਦਿਆਲ ਮਸਤਕ ਉਤੇ ਰੱਖ ਕੇ ਹੱਥ, ਉਂਗਲੀ ਨਾਲ ਦਬਾਈਆ । ਉਹ ਬੋਲ ਪਿਆ ਸਚ, ਸਚ ਤੇਰੀ ਵਡਿਆਈਆ । ਪੁਰਖ ਅਕਾਲ ਫੇਰ ਕਿਹਾ ਇਸ਼ਾਰੇ ਨਾਲ ਤਕ, ਸ਼ਬਦੀ ਨਾਦ ਵਜਾਈਆ । ਜਾਂ ਤਕਿਆ ਗੋਬਿੰਦ ਤੱਤਾਂ ਵਾਲਾ ਸਰੀਰ ਗਿਆ ਛਡ, ਤਨ ਮਾਟੀ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਿਹਾ ਫੇਰ ਖੋਲ੍ਹ ਅੱਖ, ਧੁਰ ਦਾ ਹੁਕਮ ਜਣਾਈਆ । ਫੇਰ ਵੇਖਿਆ ਗੋਬਿੰਦ ਸ਼ਬਦ ਰੂਪ ਪ੍ਰਤੱਖ, ਆਦਿ ਜੁਗਾਦੀ ਨਜ਼ਰੀ ਆਈਆ । ਤੇਗ਼ ਬਹਾਦਰ ਕਿਹਾ ਪ੍ਰਭੂ ਇਹ ਕੀ ਕਹਾਣੀ ਅਕਥ, ਭੇਵ ਦੇ ਖੁਲ੍ਹਾਈਆ । ਸ੍ਰੀ ਭਗਵਾਨ ਕਿਹਾ ਜਿਸ ਵੇਲੇ ਮੈਂ ਹੋਵਾਂ ਪਰਗਟ, ਨਿਰਗੁਣ ਹੋ ਕੇ ਵੇਸ ਵਟਾਈਆ । ਇਹ ਸ਼ਬਦ ਸੁਹੇਲਾ ਗੋਬਿੰਦ ਹੋਵੇ ਮੇਰੇ ਸਾਥ, ਰੂਪ ਅਨੂਪ ਧਰਾਈਆ । ਸ੍ਰਿਸ਼ਟ ਸਬਾਈ ਚਾਰ ਕੁੰਟ ਦਹਿ ਦਿਸ਼ਾ ਕਲਜੁਗ ਅਗਨੀ ਚੜ੍ਹੇ ਤਾਪ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਰੋਗ ਸੋਗ ਚਿੰਤਾ ਦੁਖ ਵਧੇ ਸੰਤਾਪ, ਭੁਖਿਆਂ ਭੁਖ ਨਾ ਕੋਇ ਮਿਟਾਈਆ । ਓਸ ਵੇਲੇ ਜਨ ਭਗਤਾਂ ਮਾਣ ਰੱਖਣ ਵਾਸਤੇ ਮਾਤ, ਹਰਿ ਗੋਬਿੰਦ ਖੇਲ ਖਿਲਾਈਆ । ਦੁਖੀਆਂ ਦਾ ਦੇ ਕੇ ਸਾਥ, ਦਰਦੀਆਂ ਦਾ ਦਰਦ ਵੰਡਾਈਆ । ਗੁਰਮੁਖਾਂ ਨੂੰ ਖਵਾ ਕੇ ਸਾਚੇ ਸੀਰ ਦੀ ਭਾਤ, ਆਪ ਇਸੇ ਢਾਈ ਦਾਣੇ ਨਾਲ

ਝਟ ਲੰਘਾਈਆ । ਓਸੇ ਦੇ ਪਿੱਛੋਂ ਖ਼ੁਸ਼ੀਆਂ ਨਾਲ ਘਰ ਘਰ ਦੇਂਦਾ ਰਹੇ ਸੌਗਾਤ, ਵਸਤ ਅਮੋਲਕ ਆਪਣੀ ਝੋਲੀ ਪਾਈਆ । ਤੇਗ਼ ਬਹਾਦਰ ਕਿਹਾ ਪ੍ਰਭੂ ਮੇਰਾ ਕਿਉਂ ਨੱਪਿਆ ਮਸਤਕ ਮਾਥ, ਉਂਗਲੀ ਨਾਲ ਦਬਾਈਆ । ਪੁਰਖ ਅਕਾਲ ਕਿਹਾ ਤੈਨੂੰ ਦੱਸੀ ਜਾਚ, ਤੂੰ ਆਪਣੇ ਸੁਤ ਦੇਣਾ ਸਮਝਾਈਆ । ਜਗਤ ਸ਼ਹੀਦੀ ਖੇਲ ਤਮਾਸ਼, ਕੋਟਨ ਕੋਟ ਗਏ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਪਰਗਟਾਈਆ । ਤੇਗ਼ ਬਹਾਦਰ ਕਿਉਂ ਤੇਰੇ ਮਸਤਕ ਉਂਗਲੀ ਦੱਬੀ, ਸਚ ਦਿਆਂ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤ ਮੈਂ ਆਪਣਾ ਨੂਰ ਪਰਗਟ ਕੀਤਾ ਰੱਬੀ, ਦੋ ਜਹਾਨਾਂ ਕਰ ਰੁਸ਼ਨਾਈਆ । ਓਸ ਵੇਲੇ ਹੋਵੇਗੀ ਵੀਹ ਸੌ ਇਕੀਵੀਂ ਸਦੀ, ਸੱਦਾ ਦੇ ਦੇ ਦਿਆਂ ਜਣਾਈਆ । ਤੇਰੇ ਸੁਤ ਦੁਲਾਰੇ ਨੂੰ ਬਖ਼ਸ਼ਣੀ ਉਹ ਗੱਦੀ, ਜਿਹੜਾ ਜਗਤ ਗੁਰੂ ਫੇਰ ਕੋਈ ਨਾ ਸਕੇ ਬਦਲਾਈਆ । ਪੰਜਾਂ ਤੱਤਾਂ ਵਾਲੀ ਦੇਹ ਸਭ ਨੇ ਛੱਡੀ, ਤੱਤਾਂ ਵਾਲਾ ਗੋਬਿੰਦ ਰਹਿਣ ਕੋਇ ਨਾ ਪਾਈਆ । ਓਸ ਵੇਲੇ ਤੇਗ਼ ਬਹਾਦਰ ਆਪਣੇ ਮਸਤਕ ਵਿਚੋਂ ਥੋੜ੍ਹੀ ਖ਼ੂਨ ਦੀ ਧਾਰ ਕੱਢੀ, ਪ੍ਰਭ ਚਰਨ ਦਿਤੀ ਲਗਾਈਆ । ਓਸ ਜੋਤ ਸਰੂਪ ਅਗੰਮੜੇ ਅਗੰਮੜੀ ਮਾਰ ਕੇ ਅੱਡੀ, ਧਰਨੀ ਹੇਠਾਂ ਸਾਢੇ ਤਿੰਨ ਹੱਥ ਦਿਤੀ ਦਬਾਈਆ । ਤੇਰਾ ਲੇਖਾ ਲਗੌਣਾ ਸਾਚੀ ਯੱਦੀ, ਪੁਤ ਪੋਤਰੇ ਹੁਕਮ ਮਨਾਈਆ । ਜਿਸ ਦਾ ਲਹਿਣਾ ਫੇਰ ਦੇਵਾਂ ਕਦੀ, ਕੁਦਰਤ ਦਾ ਮਾਲਕ ਹੋ ਕੇ ਖ਼ਲਕ ਦਾ ਦਾਤਾ ਬੇਪਰਵਾਹੀਆ । ਤੇਗ਼ ਬਹਾਦਰ ਕਿਹਾ ਉਹ ਕਿਹੜੀ ਸੁਹੰਜਣੀ ਘੜੀ, ਕਵਣ ਰੁਤ ਵਡਿਆਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਪ੍ਰੇਮ ਪਿਆਰ ਮਿਹਰ ਮੁਹੱਬਤ ਦੀ ਭਗਤਾਂ ਉਤੇ ਲਾਵਾਂ ਝੜੀ, ਅੰਮ੍ਰਿਤ ਇਕ ਬਰਸਾਈਆ । ਚਾਰ ਜੁਗ ਦੇ ਵਿਛੜਿਆਂ ਬਣਾਵਾਂ ਲੜੀ, ਆਪਣੇ ਗੋਬਿੰਦ ਲੜਕੇ ਵਰਗੇ ਲੜਨ ਭਿੜਨ ਵਾਲੇ ਲਵਾਂ ਬਣਾਈਆ । ਜੋ ਚੜ੍ਹਨ ਪੌੜੇ ਹਰਿ ਦੇ, ਹਿਰਦੇ ਹਰਿ ਹਰਿ ਵਸਾਈਆ । ਬਿਨਾ ਪੁਰਖ ਅਕਾਲ ਕਿਸੇ ਤੋਂ ਨਾ ਡਰਦੇ, ਭੈ ਸਿਰ ਨਾ ਕੋਇ ਟਿਕਾਈਆ । ਉਹਨਾਂ ਦੇ ਵਾਸਤੇ ਦਰਵਾਜ਼ੇ ਖੋਲ੍ਹ ਦੇਵਾਂ ਲਹਿੰਦੇ ਚੜ੍ਹਦੇ, ਦੱਖਣ ਪਹਾੜ ਨਾ ਕੋਇ ਅਟਕਾਈਆ । ਉਹਨਾਂ ਨੂੰ ਮਾਲਕ ਬਣਾ ਦੇਵਾਂ ਓਸ ਘਰ ਦੇ, ਜਿਸ ਦਾ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਤੇਗ਼ ਬਹਾਦਰ ਕਿਹਾ ਇਹ ਕਿਹੜੀ ਰਮਜ਼, ਇਸ਼ਾਰਿਆਂ ਤੋਂ ਬਾਹਰ ਜਣਾਈਆ । ਇਸ ਨੂੰ ਕਿਹੜਾ ਜਾਵੇ ਸਮਝ, ਕਵਣ ਦੇਵੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਇਹ ਕੋਈ ਵੱਡਾ ਨਹੀਂ ਗ਼ਜ਼ਬ, ਹੈਰਾਨੀ ਨਾ ਕੋਇ ਵਖਾਈਆ । ਇਹ ਨਿਰਾਲਾ ਖੇਲ ਵਖਰਾ ਅਜਬ, ਅੱਛੀ ਤਰਾ ਦ੍ਰਿੜਾਈਆ । ਜਿਸ ਵੇਲੇ ਗੁਰ ਅਵਤਾਰਾਂ ਪੀਰ ਪੈਗੰਬਰਾਂ ਦਾ ਰਿਹਾ ਨਾ ਕੋਇ ਅਦਬ, ਅਦਾਲਤ ਸਚ ਨਾ ਕੋਇ ਕਰਾਈਆ । ਚਾਰ ਕੁੰਟ ਝਗੜਾ ਨਜ਼ਰੀ ਆਵੇ ਦੀਨ ਮਜ਼੍ਹਬ, ਸਾਚਾ ਸਲਾਮ ਨਾ ਕੋਇ ਸਮਝਾਈਆ । ਗੋਬਿੰਦ ਇਸ਼ਾਰੇ ਉਤੇ ਚਲੇ ਨਾ ਕੋਈ ਕ਼ਦਮ, ਸਚ ਮਾਰਗ ਨਾ ਕੋਇ ਅਪਣਾਈਆ । ਓਸ ਵੇਲੇ ਪ੍ਰਭ ਖੇਲ ਕਰੇ ਆਪ ਅਵਲ, ਇਲਾਹੀ ਨੂਰ ਕਰ ਰੁਸ਼ਨਾਈਆ । ਦੇਵੇ ਵਡਿਆਈ ਧਰਨੀ ਧਵਲ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਦੇਵੇ ਬਦਲ, ਅਦਲ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਪੁਰਖ ਅਕਾਲ ਕਿਹਾ ਤੇਗ਼ ਬਹਾਦਰ ਇਹ ਬਿਨਾ ਸਤਰਾਂ ਤੋਂ ਮਜ਼ਮੂਨ, ਸ਼ਬਦ ਇਸ਼ਾਰੇ ਨਾਲ ਤੈਨੂੰ ਦਿਆਂ ਜਣਾਈਆ । ਜਿਸ ਵੇਲੇ ਸਚਖੰਡ ਦਾ ਬਦਲਣ ਲੱਗਾ ਕਾਨੂੰਨ, ਡੋਰੀ ਤੇਰੇ ਹੱਥ ਫੜਾਈਆ । ਸਾਚਾ ਧੁਰ ਦਾ ਦੱਸ ਅਸੂਲ, ਅਸਲੀਅਤ ਦਿਆਂ ਵਖਾਈਆ । ਕੀ ਤੈਨੂੰ ਮੇਰਾ ਹੁਕਮ ਕ਼ਬੂਲ,

ਕਿ ਸੀਸ ਦੇਵੇਂ ਫਿਰਾਈਆ । ਫੜ ਜ਼ੋਰ ਨਾਲ ਦਿਤਾ ਹਲੂਣ, ਅੰਦਰ ਬਾਹਰ ਦਿਤਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸੁਣਾਈਆ । ਧੁਰ ਦਾ ਹੁਕਮ ਦੱਸੇ ਆਪ ਨਿਰੰਕਾਰ, ਆਪਣੇ ਹੱਥ ਰੱਖੇ ਵਡਿਆਈਆ । ਗੋਬਿੰਦ ਦਾ ਹੋਵੇ ਗੋਬਿੰਦ ਨਾਲ ਪਿਆਰ, ਗੋਬਿੰਦ ਗੋਬਿੰਦ ਮੇਲਾ ਸਹਿਜ ਸੁਭਾਈਆ । ਗੋਬਿੰਦ ਦਾ ਲਹਿਣਾ ਦੇਣਾ ਦੇਵੇ ਜੁਗ ਚਾਰ, ਚੌਥਾ ਜੁਗ ਦਏ ਗਵਾਹੀਆ । ਗੋਬਿੰਦ ਗੋਬਿੰਦ ਪਿੱਛੇ ਬੇਟੇ ਵਾਰ ਜਾਏ ਚਾਰ, ਚਾਰ ਯਾਰੀ ਨਾਤਾ ਜਗਤ ਤੁੜਾਈਆ । ਗੋਬਿੰਦ ਗੋਬਿੰਦ ਪਿੱਛੇ ਮੰਗੇ ਵਸਤ ਅਪਾਰ, ਸੂਲਾਂ ਸਥਰ ਸੇਜ ਹੰਢਾਈਆ । ਗੋਬਿੰਦ ਗੋਬਿੰਦ ਪਿੱਛੇ ਹੋਏ ਬੇਦਾਰ, ਆਪਣੀ ਅੱਖ ਖੁਲ੍ਹਾਈਆ । ਗੋਬਿੰਦ ਗੋਬਿੰਦ ਪਿੱਛੇ ਕਰੇ ਉਧਾਰ, ਲਹਿਣਾ ਦੇਣਾ ਧੁਰ ਦਾ ਵੇਖ ਵਖਾਈਆ । ਗੋਬਿੰਦ ਗੋਬਿੰਦ ਪਿੱਛੇ ਲੇਖਾ ਦਏ ਨਿਵਾਰ, ਬਾਕੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਤੇਗ਼ ਬਹਾਦਰ ਕਹੇ ਭਗਵਨ ਕਿਹੜੀ ਤੇਰੀ ਰੀਤੀ, ਕਲਜੁਗ ਅੰਤ ਲਏਂ ਪਰਗਟਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਮੈਂ ਢਈਏ ਪਿੱਛੋਂ ਆਵਾਂ ਗੋਬਿੰਦ ਦੀ ਵੇਖਣ ਬਾਗ਼ੀਚੀ, ਗੋਬਿੰਦ ਆਪਣੀ ਉਂਗਲੀ ਨਾਲ ਲਗਾਈਆ । ਗੁਰਮੁਖਾਂ ਬਖ਼ਸ਼ ਕੇ ਸਚ ਪ੍ਰੀਤੀ, ਪ੍ਰੀਤਮ ਇਕੋ ਦਿਆਂ ਜਣਾਈਆ । ਹੁਕਮੀ ਧਾਰ ਖੇਲ ਅਨਡੀਠੀ, ਅਗੰਮੜਾ ਹੋ ਕੇ ਵੇਖ ਵਖਾਈਆ । ਭਗਤ ਭਗਵਾਨ ਗੋਬਿੰਦ ਜਵਾਨ, ਤਿੰਨਾਂ ਦੀ ਬਣਾਵਾਂ ਇਕੋ ਰੀਤੀ, ਰੀਤੀਵਾਨ ਆਪ ਅਖਵਾਈਆ । ਤੂੰ ਮੇਰਾ ਮੈਂ ਤੇਰਾ ਸਾਂਝਾ ਬਣ ਕੇ ਲਾਸ਼ਰੀਕੀ, ਸ਼ਿਰਕਤ ਕੂੜੀ ਦਿਆਂ ਗਵਾਈਆ । ਭੇਵ ਖੁਲ੍ਹਾ ਕੇ ਆਪਣਾ ਇਕ ਹਕ਼ੀਕੀ, ਹਿਕਮਤ ਆਪਣੀ ਦਿਆਂ ਦ੍ਰਿੜਾਈਆ । ਸੋਹੰ ਰੂਪ ਸਭ ਤੋਂ ਨਜ਼ਦੀਕੀ, ਆਤਮ ਪਰਮਾਤਮ ਇਕੇ ਘਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਤੇਗ਼ ਬਹਾਦਰ ਜਿਸ ਵੇਲੇ ਚਬ ਗਿਆ ਢਾਈ ਜੌਂ, ਖ਼ੁਸ਼ੀਆਂ ਨਾਲ ਅੰਦਰ ਲਏ ਲੰਘਾਈਆ । ਜਿਸ ਵੇਲੇ ਰਾਤੀ ਗਿਆ ਸੌਂ, ਆਪ ਆਪਣੇ ਵਿਚ ਸਮਾਈਆ । ਓਸ ਵੇਲੇ ਉਹ ਖਾਧੇ ਹੋਏ ਕੁਰਲੌਣ ਲਗੇ ਵਾਂਗ ਕਾਉਂ, ਕੂਕ ਕੂਕ ਸੁਣਾਈਆ । ਜੇ ਗੁਜਰੀ ਨਾ ਭੁਲ ਜਾਂਦੀ ਮਾਉਂ, ਗੋਬਿੰਦ ਆਪਣੇ ਮੁਖ ਲੈਂਦਾ ਲਗਾਈਆ । ਝਟ ਤੇਗ਼ ਬਹਾਦਰ ਕਿਹਾ ਤੁਸੀਂ ਨਾ ਪਛਤਾਓ, ਪਸ਼ਚਾਤਾਪ ਨਾ ਕੋਇ ਰਖਾਈਆ । ਇਹ ਹੁਕਮ ਬੇਪਰਵਾਹੋ, ਜੋ ਆਪਣੇ ਭਾਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਜੌਂ, ਪਸ਼ਚਾਤਾਪ ਨਾ ਕਰੋ ਆਪ, ਪ੍ਰਭ ਉਤੇ ਓਟ ਲਊ ਤਕਾਈਆ । ਉਹ ਸਭ ਦਾ ਦੇਵਣਹਾਰਾ ਸਾਥ, ਸਗਲਾ ਸੰਗ ਨਿਭਾਈਆ । ਜਿਸ ਵੇਲੇ ਕਲਜੁਗ ਅੰਤ ਰੂਹ ਬੁਤ ਕੋਈ ਨਹੀਂ ਦਿਸਣਾ ਪਾਕ, ਦੁਰਮਤ ਮੈਲ ਨਾ ਕੋਇ ਧੁਆਈਆ । ਗੁਰ ਅਵਤਾਰਾਂ ਪੀਰ ਪਗ਼ੰਬਰਾਂ ਛਡ ਦੇਣਾ ਸਾਥ, ਧੁਰ ਦਾ ਸੰਗ ਨਾ ਕੋਇ ਨਿਭਾਈਆ । ਓਸ ਵੇਲੇ ਪੁਰਖ ਅਕਾਲ ਪ੍ਰਭ ਆਪ ਔਣਾ ਬਣ ਕੇ ਧੁਰ ਦਾ ਬਾਪ, ਪਤਿਪਰਮੇਸ਼ਵਰ ਰੂਪ ਵਟਾਈਆ । ਓਸ ਸੋਹਣਾ ਸੁਖਾਲਾ ਦੱਸਣਾ ਜਾਪ, ਗੁਰਮੁਖਾਂ ਕਰੇ ਪੜ੍ਹਾਈਆ । ਨਾਲ ਗੋਬਿੰਦ ਪੈਣਾ ਜਾਗ, ਸ਼ਬਦੀ ਸ਼ਬਦ ਲਏ ਅੰਗੜਾਈਆ । ਫੇਰ ਮਿਲੇ ਉਹ ਦਾਤ, ਪਾਰਬ੍ਰਹਮ ਪ੍ਰਭ ਦਇਆਵਾਨ ਦਇਆ ਕਮਾਈਆ । ਇੱਕੀ ਇੱਕੀ ਦੀ ਆਵੇ ਰਾਤ, ਇਕ ਇਕੱਲਾ ਹੋਏ ਸਹਾਈਆ । ਨਾਲ ਭਗਤਾਂ ਹੋਵੇ ਜਮਾਤ, ਸੋਹਣੀ ਬਣਤ ਬਣਾਈਆ । ਮਾਤ ਪਿਤਾ ਵਾਲਾ ਪਿਛਲਾ ਤੋੜ ਕੇ ਨਾਤ, ਗੁਰਮੁਖਾਂ ਨਾਤਾ ਆਪਣੇ ਨਾਲ ਜੋੜ ਜਨਮ ਸਤਿਗੁਰ ਘਰ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਮਿਹਰ ਨਜ਼ਰ ਨਾਲ ਤਰਾਈਆ । ਤੇਗ਼ ਬਹਾਦਰ ਕਿਹਾ ਜੌਂ ਨਾ ਕਰ ਭਰਮ, ਕੂੜਾ ਭਾਂਡਾ ਦੇ ਭੰਨਾਈਆ । ਜਿਸ ਵੇਲੇ ਨਿਹਕਰਮੀ ਕੀਤਾ ਕਰਮ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਦੀ ਮਿਲੀ ਸ਼ਰਨ, ਸਰਨ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜੁਗ ਜੁਗ ਰਿਹਾ ਚੁਕਾਈਆ । ਜੁਗ ਜੁਗ ਲੇਖ ਚੁਕਾਵਣਹਾਰਾ, ਹਰਿ ਕਰਤਾ ਵਡ ਵਡਿਆਈਆ । ਕਲਜੁਗ ਅੰਤ ਨਿਰਗੁਣ ਨੂਰ ਜੋਤ ਕਰੇ ਉਜਿਆਰਾ, ਜੋਤੀ ਜਾਤਾ ਆਪ ਅਖਵਾਈਆ । ਲਹਿਣਾ ਦੇਣਾ ਚੁਕਾਵੇ ਉਧਾਰਾ, ਗੋਬਿੰਦ ਲੇਖਾ ਲੇਖੇ ਵਿਚ ਰਖਾਈਆ । ਢਈਆ ਦਾ ਢਾਈ ਢਾਈਆਂ ਦਾ ਬੇਪਰਵਾਹੀ ਕਰੇ ਸਚ ਪਿਆਰਾ, ਵਿਹਾਰਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਨਾਲ ਨਾਤਾ ਜੋੜੇ ਬੂੰਦ ਰਕਤ, ਜਗਤ ਮਾਤ ਪਿਤਾ ਧੁਰ ਦਾ ਸੰਗ ਨਾ ਕੋਇ ਨਿਭਾਈਆ । ਆਪਣੀ ਬਖ਼ਸ਼ ਕੇ ਸਾਚੀ ਸ਼ਕਤ, ਸ਼ਖ਼ਸੀਅਤ ਇਕੋ ਦਏ ਦ੍ਰਿੜਾਈਆ । ਜਿਸ ਵੇਲੇ ਸੁਹੰਜਣਾ ਆਇਆ ਵਕਤ, ਲਹਿਣਾ ਦੇਣਾ ਸਭ ਦਾ ਵੇਖ ਵਖਾਈਆ । ਗੁਰਮੁਖ ਬਣਾ ਕੇ ਭਗਤ, ਭਗਵਨ ਕਰੇ ਪੜ੍ਹਾਈਆ । ਨੇਤਰ ਕਰਾ ਕੇ ਦਰਸ, ਲੋਚਣ ਖ਼ੁਸ਼ੀ ਮਨਾਈਆ । ਅੰਮ੍ਰਿਤ ਮੇਘ ਬਰਸ, ਇਕੋ ਰਸ ਚਖਾਈਆ । ਸੋਹੰ ਢੋਲਾ ਬੋਲ ਖੜਕ, ਸੋਈ ਸੁਰਤ ਉਠਾਈਆ । ਜਿਨ੍ਹਾਂ ਪਿੱਛੇ ਆਇਆ ਪਰਤ, ਉਹਨਾਂ ਲਏ ਜਗਾਈਆ । ਜਿਨ੍ਹਾਂ ਪਿੱਛੇ ਗੋਬਿੰਦ ਲਾਈ ਸ਼ਰਤ, ਉਹਨਾਂ ਸ਼ਰਅ ਦਏ ਵਖਾਈਆ । ਗੁਰਮੁਖੋ ਅਰਸ਼ ਫ਼ਰਸ਼ ਤੋਂ ਪਾਰ ਪ੍ਰਭ ਦਾ ਮਜ਼੍ਹਬ, ਅਦਬ ਵਿਚ ਸਦਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇਹ ਬਚਨ ਸੁਣ ਕੇ ਜਬਰਾਈਲ ਆਇਆ ਫ਼ਰਿਸ਼ਤਾ, ਨਿਉਂ ਨਿਉਂ ਰਿਹਾ ਸੀਸ ਨਿਵਾਈਆ । ਇਹ ਖੇਲ ਕਿਸ ਕਿਸ ਦਾ, ਕੁਛ ਮੈਨੂੰ ਦਿਓ ਜਣਾਈਆ । ਮੈਨੂੰ ਕੁਛ ਨਹੀਂ ਦਿਸਦਾ, ਸੁਣ ਕੇ ਭੱਜਾ ਵਾਹੋ ਦਾਹੀਆ । ਪੁਰਖ ਅਕਾਲ ਕਿਹਾ ਮੇਰਾ ਇਹ ਖੇਲ ਨਿਤ ਦਾ, ਜੁਗ ਜੁਗ ਆਪਣੇ ਹੱਥ ਰਖਾਈਆ । ਕੋਟਨ ਕੋਟ ਮੁਹੰਮਦ ਇਸ ਦਵਾਰੇ ਉਤੇ ਵਿਕਦਾ, ਕ਼ੀਮਤ ਨਜ਼ਰ ਕੋਇ ਨਾ ਆਈਆ । ਤੇਰਾ ਸੰਦੇਸ਼ਾ ਹੁਣ ਅਗੇ ਕੋਈ ਨਹੀਂ ਲਿਖਦਾ, ਧੁਰ ਦਾ ਹੁਕਮ ਆਪ ਜਣਾਈਆ । ਇਹ ਮਾਰਗ ਚਲਣਾ ਪਿਓ ਪੁਤ ਦਾ, ਬੂਟਾ ਸਭ ਦਾ ਪੁੱਟ ਵਖਾਈਆ । ਝਗੜਾ ਰਹਿਣਾ ਨਹੀਂ ਕੋਈ ਲੁਟ ਦਾ, ਕੂੜੀ ਲੁਟ ਕਰੇ ਕੋਈ ਨਾ ਰਾਈਆ । ਰਿਸ਼ਤਾ ਜੁੜਨਾ ਖ਼ੂਨ ਵਿਚ ਖ਼ੂਨ ਅਬਿਨਾਸ਼ੀ ਅਚੁਤ ਦਾ, ਚੇਤਨ ਆਪਣੀ ਧਾਰ ਵਖਾਈਆ । ਜਿਸ ਦਾ ਲਹਿਣਾ ਕਦੇ ਨਹੀਂ ਮੁਕਦਾ, ਦੇਂਦਾ ਰਹੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜੌਂ ਕਹਿਣ ਕਦੋਂ ਆਵੇ ਵਕਤ ਸੁਹੇਲਾ, ਗੋਬਿੰਦ ਮੁਖ ਲਗਾਈਆ । ਪੁਰਖ ਅਕਾਲ ਨਾਲ ਹੋਵੇ ਮੇਲਾ, ਮਿਲਣੀ ਜਗਦੀਸ਼ ਆਪਣੇ ਘਰ ਜਣਾਈਆ । ਇਕੋ ਰੰਗ ਹੋ ਜਾਏ ਗੁਰੂ ਚੇਲਾ, ਚੇਲਾ ਗੁਰੂ ਸਮਝ ਕੋਇ ਨਾ ਪਾਈਆ । ਭਗਤਾਂ ਬਣ ਕੇ ਸੱਜਣ ਸੁਹੇਲਾ, ਗੁਰਮੁਖਾਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਢਾਈ ਜੌਂ ਕਹਿਣ ਕੀ ਭੁੱਖੇ ਖਾ ਕੇ ਪੋਹ ਦੀ ਰਾਤ ਇੱਕੀ, ਧਿਆਨ ਇਕ ਨਾਲ ਲਗਾਈਆ । ਪੁਰਖ ਅਕਾਲ ਕਿਹਾ ਨਹੀਂ ਭੁੱਖਾ ਉਹ ਭੁਖਿਆਂ ਦੀ ਬਣਾਏ ਸਿੱਖੀ, ਜਿਸ ਸਿੱਖੀ ਵਿਚੋਂ ਸਾਖ਼ਿਆਤ ਨਜ਼ਰੀ ਆਈਆ । ਖੋਲ੍ਹ ਕੇ ਵੇਖੇ ਆਪਣੀ ਚਿੱਠੀ, ਜੋ ਬਿਨਾ ਚਿੱਠੀ ਰਸਾਇਣ ਅਗੰਮੀ ਮਾਲਕ ਦਿਤੀ ਫੜਾਈਆ । ਜਿਸ ਦੀ ਧਾਰ ਸਦਾ ਚਿੱਟੀ, ਦੂਜਾ ਰੰਗ ਨਾ ਕੋਈ ਚੜ੍ਹਾਈਆ ।

ਜਿਸ ਦੀ ਪ੍ਰੇਮ ਨਾਲ ਪ੍ਰੀਤੀ, ਪਿਆਰ ਨਾਲ ਵਡਿਆਈਆ । ਜਿਸ ਭਗਤ ਸੁਹੇਲੇ ਲਗੌਣੀ ਸਚ ਬਾਗ਼ੀਚੀ, ਬੂਟੇ ਧੁਰ ਦੇ ਮਾਤ ਪਰਗਟਾਈਆ । ਆਪ ਕਰੇ ਸਚ ਤਸਦੀਕੀ, ਤਸੱਲੀ ਨਾਲ ਆਪਣਾ ਆਪ ਤਸਲੀਮ ਕਰਾਈਆ । ਹੁਕਮ ਸੰਦੇਸ਼ਾ ਸ਼ਬਦ ਹਦੀਸੀ, ਹਰਿਜਨ ਦਏ ਜਣਾਈਆ । ਪਿਆਰ ਦਾ ਖ਼ੂਨ ਮੁਹੱਬਤ ਦਾ ਮਜ਼ਮੂਨ, ਮਿਹਰਵਾਨ ਦਏ ਲਿਖਾਈਆ । ਸੋਹੰ ਦਾ ਕ਼ਾਨੂੰਨ, ਕਲਜੁਗ ਮੇਟ ਫਿਰਊਨ, ਕੂੜੇ ਫ਼ਾਰਮ ਸਾਰੇ ਪਾੜ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਣ ਕੇ ਬਚਨ ਆਤਮ ਬੋਲਾ, ਭਗਤਾਂ ਵਲੋਂ ਰਿਹਾ ਸੁਣਾਈਆ । ਪ੍ਰਭੂ ਤੇਰੇ ਘਰ ਦਾ ਗੋਲਾ, ਸੇਵਕ ਨਜ਼ਰੀ ਆਈਆ । ਇਕ ਭਗਤ ਇਕ ਭਗਵਾਨ ਹੋਰ ਕਾਹਦਾ ਰੌਲਾ, ਤੀਜਾ ਹਿਸਾ ਕੌਣ ਵੰਡਾਈਆ । ਪੁਰਖ ਅਕਾਲ ਕਿਹਾ ਮੇਰਾ ਗੋਬਿੰਦ ਨਾਲ ਕੌਲਾ, ਜਿਸ ਵੇਲੇ ਆਵਾਂ ਉਪਰ ਧੌਲਾ, ਤੇਰਾ ਮੇਲਾ ਸਹਿਜ ਸੁਭਾਈਆ । ਓਹ ਭਗਤੋ ਤੁਹਾਡਾ ਵਿਚੋਲਾ, ਸੇਵਕ ਸੇਵਾ ਵਾਲਾ ਗੋਲਾ, ਮੌਲਾ ਵਾਲਾ ਮੌਲਾ, ਹਰਿ ਕਰਤਾ ਨਾਲ ਰਖਾਈਆ । ਬਿਨ ਗੋਬਿੰਦ ਬਿਨ ਮੇਰੇ ਕੋਈ ਰੂਪ ਬਣੇ ਨਾ ਸੋਹੰ ਸ਼ਬਦ ਢੋਲਾ, ਅੱਖਰਾਂ ਵਾਲਾ ਸ਼ਬਦ ਕੰਮ ਕਿਸੇ ਨਾ ਆਈਆ । ਗੁਰਮੁਖੋ, ਬਿਨਾ ਗੋਬਿੰਦ ਸਚ ਪਿਆਰ ਦਾ ਖੇਲੇ ਕੋਈ ਨਾ ਹੋਲਾ, ਹੁਲੀਆ ਬਦਲ ਕੇ ਕੁੱਲੀਆਂ ਵਿਚ ਡੇਰਾ ਕੋਇ ਨਾ ਲਾਈਆ । ਬਿਨ ਸ੍ਰੀ ਭਗਵਾਨ ਬਣੇ ਕੋਈ ਨਾ ਤੋਲਾ, ਤਰਾਜ਼ੂ ਧੁਰ ਹੱਥ ਨਾ ਕੋਈ ਉਠਾਈਆ । ਜਨ ਭਗਤ ਕਹਿਣ ਪ੍ਰਭੂ ਜੇ ਕੋਈ ਧੋਖੇ ਵਿਚ ਪਾ ਦਏ ਰੌਲਾ, ਓਸ ਦਾ ਭੇਦ ਦੇ ਸਮਝਾਈਆ । ਪੁਰਖ ਅਬਿਨਾਸ਼ੀ ਕਿਹਾ ਉਹ ਖੋਲ੍ਹ ਕੇ ਪਰਦਾ ਉਹਲਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹਿਣ ਪ੍ਰਭੂ ਕਿਵੇਂ ਲਗੇ ਪਤਾ ਇਹ ਗੋਬਿੰਦ, ਸ਼ਬਦ ਦੁਲਾਰਾ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਜਿਸ ਤਰਾ ਮੈਂ ਬਣਾਇਆ ਗੋਬਿੰਦ ਆਪਣੀ ਬਿੰਦ, ਇਸੇ ਤਰਾ ਗੋਬਿੰਦ ਆਪਣੀ ਬਿੰਦ ਤੁਹਾਨੂੰ ਲਏ ਬਣਾਈਆ । ਤੁਹਾਡੀ ਮੇਟ ਕੇ ਸਗਲੀ ਚਿੰਦ, ਚਿੰਤਾ ਪਰੇ ਦਏ ਹਟਾਈਆ । ਭਰਮ ਭੁਲੇਖੇ ਵਿਚ ਸ੍ਰਿਸ਼ਟੀ ਕੋਲੋਂ ਆਪਣੀ ਕਰਾਏ ਨਿੰਦ, ਓਸ ਦਾ ਫਲ ਤੁਹਾਡੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਹ ਖੇਲ ਕਰੇ ਇੰਵ, ਜਿਸ ਤਰਾ ਜਨਨੀ ਜਨ ਮਿਲ ਮਿਲ ਬਾਲੇ ਰਹੀ ਜਾਈਆ । ਭਗਤ ਜਨ ਹੋਏ ਹੈਰਾਨ, ਪ੍ਰਭੂ ਨੂੰ ਰਹੇ ਜਣਾਈਆ । ਉਹ ਕਿਸ ਬਿਧ ਸਾਨੂੰ ਬਾਲੇ ਬਣਾਏਗਾ ਆਣ, ਬੱਚਿਆਂ ਵਾਂਗ ਗੋਦ ਉਠਾਈਆ । ਸ੍ਰੀ ਭਗਵਾਨ ਕਿਹਾ ਉਹ ਮੇਰਾ ਮੇਰੇ ਨਾਲ ਮਿਲ ਕੇ ਹੋਵੇ ਮਿਹਰਵਾਨ, ਮਿਹਰ ਨਜ਼ਰ ਆਪਣੀ ਇਕ ਜਣਾਈਆ । ਪਹਿਲੋਂ ਸੱਤ ਰੰਗ ਦਾ ਸਤਿ ਨਿਸ਼ਾਨ, ਭਗਤਾਂ ਘਰ ਉਠਾਈਆ । ਫੇਰ ਬਟਵਾਰੇ ਦਾ ਬਣ ਮਹਿਮਾਨ, ਰਵਿਦਾਸੇ ਦਾ ਲੇਖ ਝੋਲੀ ਪਾਈਆ । ਜੁਗ ਚੌਕੜੀ ਦੇ ਵਿਛੜੇ ਲਏ ਵੇਖ, ਵਿਛੜਿਆਂ ਮੇਲ ਮਿਲਾਈਆ । ਫਿਰ ਹੁਕਮ ਨਾਲ ਖੋਲ੍ਹੇ ਭੇਤ, ਸ਼ਬਦੀ ਪਰਦਾ ਲਾਹੀਆ । ਲਹਿਣਾ ਦੇ ਕੇ ਅਰਜਨ ਦੀ ਤੱਤੀ ਰੇਤ, ਦੁਖੀਆਂ ਦੁਖ ਮਿਟਾਈਆ । ਫੇਰ ਭਗਤਾਂ ਨਾਲ ਕਰ ਕੇ ਹੇਤ, ਸਚ ਪਿਆਰ ਲਏ ਬਣਾਈਆ । ਆਪਣੀ ਇਕ ਚੀਚੀ ਵਿਚ ਮਾਰ ਕੇ ਨੌ ਛੇਕ, ਛੇਕੜ ਤੁਹਾਡਾ ਲੇਖਾ ਦਏ ਬਣਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਲਿਖਕੇ ਦਏ ਭੇਜ, ਬਿਨ ਰਕਤ ਬੂੰਦ ਤੋਂ ਖ਼ੂਨ ਨਾਲ ਖ਼ੂਨ ਤਾਸੀਰ ਨਾਲ ਤਾਸੀਰ ਆਪਣੀ ਲਏ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਚਾ ਦਾਨ, ਦਇਆਵਾਨ ਆਪਣੀ ਦਇਆ ਕਮਾਈਆ ।


੯੭

ਸੁਣ ਕੇ ਬਚਨ ਖ਼ੁਸ਼ੀ ਹੋਈ ਚੀਚੀ, ਦਸਾਂ ਰਹੀ ਸੁਣਾਈਆ । ਭਗਤ ਭਗਵਾਨ ਗੋਬਿੰਦ ਦੀ ਚਲਣ ਲਗੀ ਰੀਤੀ, ਤੀਜੀ ਧਾਰ ਖ਼ੁਸ਼ੀ ਵਖਾਈਆ । ਝੋਲੀ ਪੈਣ ਲਗੀ ਪਿਛਲੀ ਕੋਈ ਕੀਤੀ, ਕਰਤਬ ਆਪਣਾ ਰਹੀ ਵਖਾਈਆ । ਭਗਤਾਂ ਦੀ ਬਣਨ ਲਗੀ ਰੀਤੀ, ਨੀਤੀਵਾਨ ਰਿਹਾ ਸਮਝਾਈਆ । ਲੋੜ ਨਾ ਰਹਿਣੀ ਮੰਦਰ ਮਸੀਤੀ, ਮਸਲਾ ਇਕੋ ਵਾਰ ਹਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚੀਚੀ ਕਹੇ ਮੇਰੇ ਉਤੇ ਨੰਬਰ ਲਾਓ ਨੌਂ, ਨਵ ਨੌਂ ਚਾਰ ਲੇਖ ਮੁਕਾਈਆ । ਪ੍ਰਭ ਦਾ ਪੂਰਾ ਹੋ ਜਾਏ ਗੌਂ, ਆਸਾ ਵਿਚ ਸਮਾਈਆ । ਲੇਖਾ ਮੁਕ ਜਾਏ ਢਾਈ ਜੌਂ, ਜੋ ਬੈਠੇ ਰਾਹ ਤਕਾਈਆ । ਅਬਿਨਾਸ਼ੀ ਕਰਤਾ ਨੌ ਖੰਡ ਪ੍ਰਿਥਮੀ ਆਵੇ ਭੌਂ, ਆਪਣਾ ਫੇਰਾ ਪਾਈਆ । ਗੋਬਿੰਦ ਸੂਰਾ ਨਾਲ ਦਰਸ਼ਨ ਦੇ ਕੇ ਆਵੇ ਇੱਕੀ ਸੌ, ਇਕ ਇਕ ਨਾਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਚੀਚੀ ਕਹੇ ਮੈਂ ਆਖਾਂ ਨਾਲ ਰੋਹਬ, ਹੁਕਮ ਨਾਲ ਸੁਣਾਈਆ । ਜਿਨ੍ਹਾਂ ਗੋਬਿੰਦ ਦੀ ਮਾਣਨੀ ਮੌਜ, ਖ਼ੁਸ਼ੀਆਂ ਵਿਚ ਸਮਾਈਆ । ਜੰਗਲਾਂ ਦੀ ਛਡਣੀ ਖੋਜ, ਪਰਬਤਾਂ ਦਾ ਡੇਰਾ ਢਾਹੀਆ । ਹੰਗਤਾ ਦਾ ਕਟਣਾ ਰੋਗ, ਭਾਂਡਾ ਭਰਮ ਭੰਨਾਈਆ । ਗ਼ਮੀ ਦਾ ਕਟਣਾ ਸੋਗ, ਹੰਗਤਾ ਦਾ ਗੜ੍ਹ ਤੁੜਾਈਆ । ਪ੍ਰੇਮ ਦੀ ਚੁਗਣੀ ਚੋਗ, ਸੋਹੰ ਦਾ ਢੋਲਾ ਗਾਈਆ । ਪਾਲ ਸਿੰਘ ਨੌ ਵਾਰੀ ਤਿੱਖੀ ਧਾਰ ਦਏ ਚੋਬ, ਰਤ ਗੋਬਿੰਦ ਬਾਹਰ ਕਢਾਈਆ । 'ਸੋਹੰ' ਗੁਰਮੁਖ ਸਿੰਘ ਲਿਖ ਦੇਣਾ ਹਿਰਦਾ ਸੋਧ, ਸ਼ੁਧ ਆਪਣਾ ਆਪ ਕਰਾਈਆ । ਪੁਰਖ ਅਕਾਲ ਦੇ ਵੇਖ ਚੋਜ, ਚਾਰੋਂ ਕੁੰਟ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਝੋਲੀ ਪਾਈਆ । ਖ਼ੂਨ ਕਹੇ ਮੈਂ ਬਣ ਕੇ ਲਹੂ, ਲਾਲਾਂ ਸੱਚਿਆਂ ਦਿਆਂ ਜਣਾਈਆ । ਅੰਦਰ ਵੜ ਕੇ ਸਭ ਨੂੰ ਕਹੂੰ, ਸੁਤਿਆਂ ਦਿਆਂ ਉਠਾਈਆ । ਉਹਨਾਂ ਦੇ ਨਾਲ ਰਲ ਕੇ ਬਹੂੰ, ਜੋ ਭਗਵਨ ਰਹੇ ਮਨਾਈਆ । ਉਹਨਾਂ ਦੀ ਸੇਜੇ ਚੜ੍ਹ ਕੇ ਸਊਂ, ਜੋ ਆਸਣ ਰਹੇ ਵਿਛਾਈਆ । ਉਹਨਾਂ ਦਾ ਲਹਿਣਾ ਦਊਂ, ਜੋ ਆਪਣਾ ਆਪ ਸਰਸੇ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਦਿਤੀ ਲਗਾਈਆ । ਗੋਬਿੰਦ ਕਹੇ ਮੇਰੇ ਖ਼ੂਨ ਦਾ ਕ਼ਤਰਾ, ਕ਼ਾਤਲ ਮਕ਼ਤੂਲ ਦੋਵੇਂ ਪਾਰ ਕਰਾਇੰਦਾ । ਗੁਰਮੁਖਾਂ ਅਗੇ ਰਿਹਾ ਕੋਈ ਨਾ ਖ਼ਤਰਾ, ਖ਼ਤਰੇ ਵਿਚੋਂ ਬਾਹਰ ਕਢਾਇੰਦਾ । ਪੜ੍ਹਨਾ ਪਏ ਨਾ ਕੋਇ ਪਤਰਾ, ਪੁਸਤਕ ਹੱਥ ਨਾ ਕੋਇ ਵਖਾਇੰਦਾ । ਲੇਖਾ ਕੋਈ ਨਾ ਜਾਣੇ ਸਤਰਾਂ, ਹਰਫ਼ਾਂ ਨਾਲ ਨਾ ਕੋਇ ਸਲਾਹਿੰਦਾ । ਜਿਨ੍ਹਾਂ ਦੇ ਵਾਸਤੇ ਅਰਸ਼ੀ ਪ੍ਰੀਤਮ ਉਤਰਾ, ਦਾਤਾ ਬੇਪਰਵਾਹੀਆ । ਗੋਬਿੰਦ ਬਣਾਇਆ ਪੁੱਤਰਾ, ਪਿਤਾ ਪੂਤ ਮਿਲੇ ਵਡਿਆਈਆ । ਕੌਲ ਇਕਰਾਰੋਂ ਮੂਲ ਨਾ ਮੁਕਰਾ, ਲਹਿਣੇ ਦਾ ਲਹਿਣਾ ਦੇਣੇ ਦਾ ਦੇਣਾ ਦੇਵਣਹਾਰ ਆਇਆ ਵਾਹੋ ਦਾਹੀਆ । ਸੰਤ ਸੁਹੇਲੇ ਚੁੱਕੇ ਕੁਛੜਾ, ਆਪਣੀ ਗੋਦੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਖ਼ੂਨ ਕਹੇ, ਨਹੀਂ ਮੈਂ ਖ਼ੂਨ ਦਾ ਕ਼ਤਰਾ, ਤਬਕਾਂ ਸਬਕ ਰਿਹਾ ਸਿਖਾਈਆ । ਜਨ ਭਗਤਾਂ ਲੇਖਾ ਮੁਕੇ ਦੁਖ ਦਾ, ਦਰਦੀਆਂ ਦਰਦ ਵੰਡਾਈਆ । ਨਾਤਾ ਜੋੜ ਕੇ ਪਿਤਾ ਪੁਤ ਦਾ, ਪਤਣ ਆਪਣੇ ਲਏ ਬਹਾਈਆ । ਜਿਥੇ ਦੂਜਾ ਅਵਰ ਨਾ ਕੋਇ ਪੁਛਦਾ, ਇਕੋ ਸ੍ਰੀ ਭਗਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਖ਼ੂਨ ਕਹੇ ਮੈਂ ਸੇਵਾ ਕੀਤੀ ਰਾਤ ਇੱਕੀ, ਬੀਸ ਇਕੀਸ ਵਜੇ

੯੮

ਵਧਾਈਆ । ਜਨ ਭਗਤਾਂ ਧੁਰ ਦਾ ਮਜ਼ਮੂਨ ਮਿਲੇ ਚਿੱਠੀ, ਸੋਹੰ ਲਾਲ ਗੁਲਾਲਾ ਨਜ਼ਰੀ ਆਈਆ । ਗੋਬਿੰਦ ਯਾਦ ਆਏ ਪਿੱਛੀ, ਪਿਛਲਾ ਲੇਖ ਦ੍ਰਿੜਾਈਆ । ਕਿੱਡੀ ਸੋਹਣੀ ਹੋਣੀ ਛੱਬੀ ਪੋਹ ਮਿਤੀ, ਮਿਤਰਾਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦਏ ਲਗਾਈਆ । ਸਾਚਾ ਮਾਰਗ ਕਹੇ ਪ੍ਰਭੂ ਮੇਰੀ ਅਰਦਾਸ, ਅਰਦਾਸੇ ਕਰਨ ਵਾਲਾ ਪੂਰੀ ਨਾ ਕੋਇ ਕਰਾਈਆ । ਗੋਬਿੰਦ ਤੇਰਾ ਤੂੰ ਗੋਬਿੰਦ ਦੇ ਪਾਸ, ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਦਿਸਦੇ ਤੇਰੀ ਨਿੱਕੀ ਨਿੱਕੀ ਸ਼ਾਖ਼, ਬਹਾਰ ਦੀਆਂ ਟਹਿਣੀਆਂ ਵਾਂਗ ਆਪਣਾ ਆਪ ਗਏ ਮਹਿਕਾਈਆ । ਬਿਨ ਤੇਰੀ ਕਿਰਪਾ ਭਗਤਾਂ ਮਿਲੇ ਨਾ ਕੋਇ ਸਾਖ਼ਿਆਤ, ਸਿੱਧਾ ਮੇਲ ਨਾ ਕੋਇ ਮਿਲਾਈਆ । ਜਿਹੜੀ ਵਸਤ ਤੇਗ਼ ਬਹਾਦਰ ਮੰਗੀ ਦਾਤ, ਉਹ ਅਨੁਭਵਤਾ ਵਿਚ ਦੇ ਜਣਾਈਆ । ਜਿਸ ਵੇਲੇ ਦਿੱਲੀ ਦਰਬਾਰੇ ਦੇਣ ਲਗਾ ਸੀ ਸਾਸ, ਢਾਈ ਇੰਚ ਤੇਗ਼ ਗਰਦਨ ਤੋਂ ਨੇੜੇ ਨਜ਼ਰੀ ਆਈਆ । ਓਸ ਵੇਲੇ ਇਕ ਬਚਨ ਦਿਤਾ ਸੀ ਆਖ, ਢਾਈ ਅੱਥਰੂ ਨੇਤਰਾਂ ਵਿਚੋਂ ਵਹਾਈਆ । ਇਹ ਮੇਰਾ ਕ਼ਤਰਾ ਫੁੱਲ ਗੁਲਾਬ, ਮਹਿਕ ਵਿਚ ਦੇਣਾ ਮਹਿਕਾਈਆ । ਜੋ ਮੈਨੂੰ ਦੱਸਿਆ ਲੇਖਾ ਹਿਸਾਬ, ਸ਼ਬਦੀ ਧਾਰ ਪਰਗਟਾਈਆ । ਓਸ ਦਾ ਮੈਂ ਅੰਤ ਮੰਗਣਾ ਹਿਸਾਬ, ਤੇਰੇ ਅਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਤੇਗ਼ ਬਹਾਦਰ ਕਿਹਾ ਜਿਸ ਵੇਲੇ ਖੰਡਾ ਨੇੜੇ ਆਇਆ ਢਾਈ ਇੰਚ, ਸੀਸ ਦਾ ਦਰਸ਼ਨ ਪਾਈਆ । ਓਸ ਕੀਤੀ ਇਕ ਮਿੰਨਤ, ਅਰਜ਼ ਕਰ ਸੁਣਾਈਆ । ਇਹ ਸ਼ਰਅ ਸ਼ੈਤਾਨ ਦੀ ਇੱਲਤ, ਜਲਾਦਾਂ ਹੱਥ ਵਡਿਆਈਆ । ਮੇਰੀ ਤੇਰੇ ਨਾਲ ਮਿਲਤ, ਮੁਲਾਕਾਤ ਵਾਸਤੇ ਭੱਜਾ ਵਾਹੋ ਦਾਹੀਆ । ਦੱਸ ਕੀ ਮੇਰੀ ਸਿਫ਼ਤ, ਪੜਦਾ ਦੇ ਉਠਾਈਆ । ਤੇਗ਼ ਬਹਾਦਰ ਕਿਹਾ ਤੇਰੀ ਪੁਰਖ ਅਕਾਲ ਬਦਲੇ ਕ਼ਿਸਮਤ, ਗੋਬਿੰਦ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਸੰਦੇਸ਼ਾ ਇਕ ਸੁਣਾਈਆ । ਜਗਤ ਖੰਡੇ ਕਰ ਵਾਰ, ਤੇਰੀ ਵਾਰੀ ਆਈਆ । ਤੈਨੂੰ ਘੜਿਆ ਲੁਹਾਰ ਤਰਖਾਣ, ਜਗਤ ਰਾਜਾਨਾਂ ਹੱਥ ਫੜਾਈਆ । ਜਿਸ ਵੇਲੇ ਮੇਰਾ ਸਾਹਿਬ ਹੋਵੇ ਮਿਹਰਵਾਨ, ਪੁਰਖ ਅਕਾਲ ਵੇਸ ਵਟਾਈਆ । ਗੋਬਿੰਦ ਸੂਰਾ ਨੌਜਵਾਨ, ਆਪਣੇ ਅੰਗ ਲਗਾਈਆ । ਓਸ ਵੇਲੇ ਆਪਣਾ ਇਕੋ ਖੰਡਾ ਕਰੇ ਪਰਧਾਨ, ਸ਼ਬਦੀ ਸ਼ਬਦ ਪਰਗਟਾਈਆ । ਤੁਹਾਡਾ ਲੇਖਾ ਮੁਕਾ ਕੇ ਜਹਾਨ, ਕੂੜੀ ਸਫ਼ਾ ਦਏ ਉਠਾਈਆ । ਓਸ ਵੇਲੇ ਪ੍ਰਭ ਦੇ ਹੁੰਦਿਆਂ ਭਗਤ ਹੋਵੇ ਨਾ ਕੋਇ ਕ਼ੁਰਬਾਨ, ਸਿੱਖਾਂ ਦਾ ਸੀਸ ਨਾ ਕੋਇ ਕਟਾਈਆ । ਪਰਗਟ ਹਾਜ਼ਰ ਹੋਏ ਆਪ ਆਣ, ਨਿਰਗੁਣ ਹੋ ਕੇ ਫੇਰਾ ਪਾਈਆ । ਜਿਸ ਦੀ ਕਰੇ ਨਾ ਕੋਈ ਪਹਿਚਾਨ, ਸ਼ਬਦੀ ਸ਼ਬਦ ਖੇਲ ਵਖਾਈਆ । ਘਾਉ ਲਾ ਕੇ ਰਾਜ ਰਾਜਾਨ, ਸ਼ਾਹ ਸੁਲਤਾਨਾਂ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਖੰਡਾ ਕਹੇ ਮੈਂ ਜਿਸ ਵੇਲੇ ਛੋਹਿਆ ਨਾਲ ਗਰਦਨ, ਗਰਦਸ਼ ਚਾਰੋਂ ਕੁੰਟ ਨਜ਼ਰੀ ਆਈਆ । ਮੈਨੂੰ ਨਜ਼ਰੀ ਆਇਆ ਗੁਰੂ ਅਰਜਨ, ਜੋ ਤੱਤੀ ਤਵੀ ਬੈਠਾ ਖ਼ੁਸ਼ੀ ਮਨਾਈਆ । ਮੇਰੇ ਅੰਦਰ ਉਠਿਆ ਦਰਦਨ, ਦੁਖ ਲੈਣ ਅੰਗੜਾਈਆ । ਮੈਂ ਆਪਣੇ ਆਪ ਨੂੰ ਕਰ ਕੇ ਮਰਦਨ, ਮਰਦ ਦਿਤਾ ਬਣਾਈਆ । ਦੋਏ ਜੋੜ ਪੁਰਖ ਅਬਿਨਾਸ਼ੀ ਅਗੇ ਕੀਤੀ ਅਰਜ਼ਨ, ਅਰਜ਼ੋਈ ਇਕ ਸੁਣਾਈਆ । ਤੇਰਾ ਖੇਲ ਅਸਚਰਜਨ, ਅਚਰਜ ਤੇਰੀ ਵਡਿਆਈਆ । ਮੈਂ ਵੇਖੇ ਪਿਆਰੇ ਤੇਰੇ ਹਰਿਜਨ, ਜੋ ਹਰਦਮ ਤੇਰਾ ਨਾਮ ਧਿਆਈਆ । ਬੇਸ਼ਕ ਮੈਂ ਓਨ੍ਹਾਂ ਦਾ ਅੱਡ ਕੀਤਾ ਸਿਰ


੯੯

ਧੜ ਤਨ, ਓਨ੍ਹਾਂ ਦਾ ਤੱਤ ਫੇਰ ਤੇਰੇ ਵਿਚ ਸਮਾਈਆ। ਉਹ ਖੰਡਾ ਕਹੇ ਮੈਨੂੰ ਐਂ ਦਿਸਦਾ ਉਹ ਗੁਜਰੀ ਦਾ ਚੰਨ, ਖੰਡਾ ਤੇਰਾ ਤੇਰੇ ਕੋਲੋਂ ਮੰਗ ਮੰਗਾਈਆ। ਪਹਿਲੋਂ ਪੰਜਾਂ ਤੱਤਾਂ ਦੇ ਕੂੜੇ ਭਾਂਡੇ ਲਏ ਭੰਨ, ਫੇਰ ਸ਼ਬਦੀ ਹੋ ਕੇ ਸ਼ਬਦੀ ਧਾਰ ਨਾਲ ਕਰੇ ਸਫ਼ਾਈਆ। ਭਗਤ ਸੁਹੇਲੇ ਬੇੜਾ ਬੰਨ੍ਹ, ਗੁਰ ਚੇਲੇ ਜੋੜ ਜੁੜਾਈਆ। ਓਸ ਦੀ ਧਾਰ ਪੀਰ ਪੈਗ਼ੰਬਰਾਂ ਲੈਣੀ ਮੰਨ, ਨਾ ਕੋਈ ਮੇਟੇ ਮੇਟ ਮਿਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਸੰਦੇਸ਼ਾ ਇਕ ਸੁਣਾਈਆ। ਖੰਡਾ ਕਹੇ ਮੈਨੂੰ ਵੀਹ ਸੌ ਇੱਕੀ ਬਿਕ੍ਰਮੀ ਦਿਸਦੀ ਨੇੜੇ, ਢਾਈ ਜੌਂ ਦੇਣ ਗਵਾਹੀਆ। ਜਿਸ ਵੇਲੇ ਸ੍ਰੀ ਭਗਵਾਨ ਭਗਤਾਂ ਦੇ ਔਣਾ ਵਿਚ ਘੇਰੇ, ਚਾਰੋਂ ਕੁੰਟ ਗੁਰਮੁਖ ਨਜ਼ਰੀ ਆਈਆ। ਗੋਬਿੰਦ ਦੇ ਅੰਦਰ ਲਗਣੇ ਡੇਰੇ, ਡੇਰੇ ਦਾ ਮਾਲਕ ਮਾਲਕ ਦਾ ਸਾਲਸ ਇਕੋ ਰੰਗ ਵਖਾਈਆ। ਗੁਰਸਿੱਖਾਂ ਚਾਓ ਘਨੇਰੇ ਮਿਟਦੇ ਜਾਣ ਅੰਧੇਰੇ, ਚਾਂਦਨੀ ਚੰਦ ਚਮਕਾਈਆ। ਇੱਕੀ ਇੱਕੀ ਜਿਸ ਵੇਲੇ ਇੱਕੀ ਮਾਰੇ ਗੇੜੇ, ਦੂਰ ਦੁਰਾਡਾ ਦਿਸੇ ਨੇੜੇ, ਪੰਧ ਆਪਣਾ ਆਪ ਮੁਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ। ਇੱਕੀ ਕਹੇ ਇੱਕੀ ਇੱਕੀ ਲੜੀ, ਇੱਕੀ ਜੋੜ ਜੁੜਾਈਆ। ਜਿਸ ਵੇਲੇ ਆਵੇ ਉਹ ਘੜੀ, ਸਾਢੇ ਦਸ ਵਕਤ ਸੁਹਾਈਆ। ਛੱਬੀ ਪੋਹ ਦੀ ਰਾਤ ਪਹਿਲੋਂ ਲਗੀ ਰਹੇ ਝੜੀ, ਓਸ ਝੜੀ ਦੇ ਨਾਲ ਜੜੀ ਛਬੀ ਦੀ ਸਤਾਈ, ਸਤਾਈ ਦਾ ਮਾਹੀ ਮੁੜ ਕੇ ਫੇਰਾ ਪਾਈਆ। ਓਸ ਵੇਲੇ ਵਜਣੀ ਇਕ ਵਧਾਈ, ਹਰਿ ਸੰਗਤ ਢੋਲਾ ਲੈਣਾ ਗਾਈ, ਜੋ ਆਪਣੀ ਰਤ ਨਾਲ ਲਿਖਾਈਆ। ਜਿਸ ਨੇ ਤਾਰਿਆ ਸੱਧਨਾ ਕਸਾਈ, ਉਹ ਤੁਹਾਡਾ ਬਣਿਆ ਰਾਹੀ, ਰਤ ਆਪਣੀ ਬਾਹਰ ਕਢਾਈਆ। ਲੇਖਾ ਤੁਹਾਡੀ ਝੋਲੀ ਪਾਈ, ਵਿਛੜੇ ਰਿਹਾ ਮਿਲਾਈਆ। ਢੋਲੇ ਰਿਹਾ ਸੁਣਾਈ, ਫੜ ਕੇ ਤਾਰੇ ਬਾਹੀਂ, ਗਲ ਆਪਣੇ ਨਾਲ ਲਗਾਈਆ। ਅੱਠਾਂ ਸੇਵਾ ਦਏ ਸਮਝਾਈ, ਪੰਜਾਂ ਹੱਥ ਕਟਾਰ ਫੜਾਈ, ਦੋ ਹੱਥ ਜੋੜ ਪੈਣ ਸਰਨਾਈਆ। ਇਕ ਫੁੱਲਾਂ ਹਾਰ ਤਨ ਛੁਹਾਈ, ਚਾਰ ਕੁੰਟ ਹਰਿ ਸੰਗਤ ਖ਼ੁਸ਼ੀਆਂ ਇਕ ਵਖਾਈਆ। ਸਿੰਘਾਸਣ ਕਹੇ ਸੁਹੰਜਣੀ ਰੁੱਤ ਆਈ, ਦਿਲਾਂ ਦਾ ਮਾਲਕ ਸਚ ਦਵਾਰੇ ਸੋਭਾ ਪਾਈਆ। ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀ, ਆਪਣਾ ਖੇਲ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ। ਛੱਬੀ ਪੋਹ ਦਾ ਖੇਲ ਵੇਖਣ ਵਾਸਤੇ, ਪਾਲ ਸਿੰਘ, ਉਹ ਰੁਪਇਆ ਰੋਇਆ, ਜਿਹੜਾ ਖ਼ੂਨ ਰਤ ਨਾਲ ਦਿਤਾ ਰੰਗਾਈਆ। ਉਹ ਕਹੇ ਮੈਂ ਇਕ ਤੋਂ ਸਵਾ ਹੋਇਆ, ਆਪਣਾ ਵਾਧਾ ਰਿਹਾ ਵਖਾਈਆ। ਪੁਰਖ ਅਬਿਨਾਸ਼ੀ ਨਵਾਂ ਨਰੋਆ, ਭਗਤ ਦਵਾਰੇ ਬਹਿ ਬਹਿ ਭਗਤਾਂ ਦਏ ਵਡਿਆਈਆ। ਮੈਂ ਇੱਕੀ ਨੂੰ ਲੈ ਕੇ ਜਾਣਾ ਢੋਆ, ਆਪਣਾ ਆਪ ਭੇਟ ਚੜ੍ਹਾਈਆ। ਗੁਰਮੁਖ ਗੁਰਸਿਖ ਉਹ ਕਦੇ ਨਾ ਮੋਆ, ਜੋ ਪ੍ਰੇਮ ਪਿਆਰ ਅਰਦਾਸਾ ਪ੍ਰਭ ਦੇ ਅਗੇ ਦਏ ਸੁਣਾਈਆ। ਇੱਕੀਆਂ ਦਾ ਇੱਕੀ ਇੱਕੀਆਂ ਦੇ ਅਗੇ ਖਲੋਇਆ, ਏਕੰਕਾਰ ਬੇਪਰਵਾਹੀਆ। ਜਿਸ ਨੂੰ ਆਪਣੀ ਲੜੀ ਨਾਲ ਪਰੋਇਆ, ਉਹ ਓਸੇ ਵਰਗਾ ਹੋਇਆ, ਜੋ ਹੋਕਾ ਦੇ ਕੇ ਰਿਹਾ ਸੁਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ। ਇਕ ਕਹੇ ਮੈਂ ਸਵਾ ਹੋ ਕੇ ਚੜ੍ਹਨਾ ਭੇਟਾ, ਭਗਤੋ ਆਪਣਾ ਆਪ ਤੁਹਾਡੇ ਨਾਲ ਮਿਲਾਈਆ। ਮੈਂ ਤਕ ਕੇ ਵੇਂਹਦਾ ਰਿਹਾ ਕਿਵੇਂ ਭਗਤ ਭਗਵਾਨ ਦਾ ਬਣੇ ਬੇਟਾ, ਨਾਤਾ ਧੁਰ ਦਾ ਲਏ ਜੁੜਾਈਆ। ਮੈਨੂੰ ਉਨੀ ਕੱਤਕ ਦਾ ਅਜੇ ਚੇਤਾ, ਵੀਹ ਸੌ ਅਠਾਰਾਂ ਦਏ ਗਵਾਹੀਆ। ਗੁਰਮੁਖੋ ਇਹ ਅਰਦਾਸੇ ਦਾ ਤੁਹਾਡਾ ਅਖ਼ੀਰੀ ਲੇਖਾ, ਅਗੇ ਹਿਸਾਬ ਲੈਣ


੧੦੦

ਵਾਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇੱਕੀ ਇੱਕੀ ਇੱਕੀ ਇੱਕੀ ਸਾਰੇ ਲੈਣੇ ਵੰਡ, ਬਚਿਆ ਕੋਇ ਰਹਿਣ ਨਾ ਪਾਈਆ । ਇੱਕੀ ਇੱਕੀ ਇੱਕੀ ਇੱਕੀ ਪਾਏ ਗੰਢ, ਆਪਣਾ ਨਾਤਾ ਲੈਣਾ ਜੁੜਾਈਆ । ਇੱਕੀ ਇੱਕੀ ਇੱਕੀ ਚਾੜ੍ਹ ਕੇ ਚੰਦ, ਚਾਰ ਕੁੰਟ ਕਰੇ ਰੁਸ਼ਨਾਈਆ । ਇੱਕੀ ਇੱਕੀ ਇੱਕੀ ਹੋਏ ਬਖ਼ਸ਼ੰਦ, ਸਿਰ ਆਪਣਾ ਹੱਥ ਰਖਾਈਆ । ਇੱਕੀ ਇੱਕੀ ਵਿਚ ਕਰ ਕੇ ਬੰਦ, ਬੰਦਗੀ ਦਏ ਦ੍ਰਿੜਾਈਆ । ਇੱਕੀ ਇੱਕੀ ਨਿਭਾਏ ਸੰਗ, ਧੁਰ ਦਾ ਸਾਥ ਬਣਾਈਆ । ਇੱਕੀ ਦੇਵੇ ਆਪ ਅਨੰਦ, ਰਸ ਇਕੋ ਇਕ ਚਖਾਈਆ । ਇੱਕੀ ਮੰਦਰ ਵੇਖੇ ਲੰਘ, ਸਰਗੁਣ ਨਿਰਗੁਣ ਪਰਦਾ ਲਾਹੀਆ । ਸਚ ਸਿੰਘਾਸਣ ਬੈਠ ਸੂਰਾ ਸਰਬੰਗ, ਚਾਰੋਂ ਕੁੰਟ ਵੇਖ ਵਖਾਈਆ । ਖੜੇ ਕਰ ਪਿਆਰੇ ਪੰਜ, ਪੰਜਾਂ ਖੜਗ ਖੰਡਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸੁਲਤਾਨ ਬੇਪਰਵਾਹੀਆ । ਸਾਢੇ ਦਸ ਕਹੇ ਮੇਰੀ ਕਿਉਂ ਇਹ ਵੰਡ, ਪ੍ਰਭ ਨੇ ਦਿਤੀ ਪਾਈਆ । ਪਤਾ ਨਹੀਂ ਕੀ ਇਹਦਾ ਅਨੰਦ, ਸਿਫ਼ਤ ਕੀ ਜਣਾਈਆ । ਪੁਰਖ ਅਕਾਲ ਕਹੇ ਤੂੰ ਕੀ ਜਾਣੇਂ ਇਹ ਖੇਲ ਸੂਰਾ ਸਰਬੰਗ, ਖੇਲ ਬੇਪਰਵਾਹੀਆ । ਜਿਸ ਵੇਲੇ ਢਾਈ ਜੌਂ ਖਾ ਕੇ ਤੇਗ਼ ਬਹਾਦਰ ਮੰਗੀ ਸੀ ਮੰਗ, ਦਿਨ ਦਾ ਵਕਤ ਸਾਢੇ ਦਸ ਦਾ ਨਜ਼ਰੀ ਆਈਆ । ਦਸ ਸਾਲ ਇਹਦਾ ਭੇਤ ਰਖਿਆ ਬੰਦ, ਵੀਹ ਸੌ ਤੇਰਾਂ ਬਿਕ੍ਰਮੀ ਪਹਿਲੀ ਵਾਰ ਤੇਰੀ ਵੰਡ ਵੰਡਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸਾਢੇ ਦਸ ਦੇ ਕੇ ਦੰਡ, ਡੰਡਾ ਆਪਣਾ ਮਗਰ ਵਖਾਈਆ । ਅਗੇ ਭਗਤਾਂ ਬੇੜਾ ਬੰਨ੍ਹ, ਦਿਨ ਦੀਵੀਂ ਦਏ ਤਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਬਣ ਕੇ ਸੰਗ, ਸਾਥ ਇਕੋ ਨਜ਼ਰੀ ਆਈਆ । ਸੁਣ ਕੇ ਬਚਨ ਰੈਣ ਭਿੰਨੜੀ ਆ ਗਈ ਭੱਜੀ, ਆਪਣਾ ਪੰਧ ਮੁਕਾਈਆ । ਕੀ ਪ੍ਰਭੂ ਤੂੰ ਅੱਜ ਭਗਤਾਂ ਮਿਲਣਾ ਸਚੀਂ, ਸਚ ਦੇ ਦ੍ਰਿੜਾਈਆ । ਮੈਂ ਵੀ ਓਨ੍ਹਾਂ ਦਾ ਦਰਸ਼ਨ ਕਰਾਂ ਅੱਖੀਂ, ਸਾਰੀ ਰਾਤ ਅੱਖ ਖੁਲ੍ਹਾਈਆ । ਔਂਦਾ ਜਾਂਦਾ ਤਾਰਦਾ ਨਵਾਰਦਾ ਮਿਹਰਵਾਨ ਮੇਰੇ ਨਾਲ ਹੱਸੀਂ, ਹੰਸਮੁਖ ਤੇਰੀ ਬੇਪਰਵਾਹੀਆ । ਮੈਂ ਪਿਛਲੀ ਗੱਲ ਯਾਦ ਰਖੀ, ਜਿਹੜੀ ਮਾਛੂਵਾੜੇ ਗੋਬਿੰਦ ਦਿਤੀ ਸਮਝਾਈਆ । ਤੇਰੇ ਪ੍ਰੇਮ ਪਿਆਰ ਦੀ ਖ਼ੂਨ ਰਤੀ, ਰਤਨ ਅਮੋਲਕ ਹੀਰੇ ਗੁਰਮੁਖ ਦਏ ਬਣਾਈਆ । ਇਕੋ ਨਾਮ ਦੀ ਦੱਸ ਕੇ ਪਟੀ, ਪਟੇਦਾਰੀ ਪਿਛਲੀ ਖ਼ਤਮ ਕਰਾਈਆ । ਸੱਜਣ ਹੋ ਕੇ ਭਰੇ ਨਾ ਚੱਟੀ, ਅਗੇ ਮਿਲੇ ਨਾ ਕੋਇ ਸਜ਼ਾਈਆ । ਮੈਂ ਇਸੇ ਕਾਰਨ ਆਈ ਨੱਠੀ, ਭੱਜੀ ਵਾਹੋ ਦਾਹੀਆ । ਪਹਿਲਾਂ ਵੇਖਾਂ ਓਹ ਜੋ ਗੁਰਮੁਖਾਂ ਦੀ ਸੰਗਤ ਇਕੱਠੀ, ਇਕੱਠੇ ਹੋ ਕੇ ਪ੍ਰਭ ਦਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਣਾ ਸਹਾਈਆ । ਭਿੰਨੜੀ ਰੈਣ ਕਹੇ ਮੈਂ ਬਣਨਾ ਚੋਬਦਾਰ, ਭਗਤਾਂ ਦੇ ਘਰ ਘਰ ਡੇਰਾ ਲਾਈਆ । ਜਿਸ ਵੇਲੇ ਉਹਨਾਂ ਦੇ ਦਰ ਲੰਘੇ ਕਰਤਾਰ, ਦਰਸ਼ਨ ਕਰ ਕੇ ਖ਼ੁਸ਼ੀ ਮਨਾਈਆ । ਫੇਰ ਉਚੀ ਕੂਕਾਂ ਕੂਕਾਂ ਮਾਰ, ਬਹੁੜੀ ਬਹੁੜੀ ਕਰ ਕੇ ਦਿਆਂ ਸੁਣਾਈਆ । ਸਾਰੇ ਉਠੋ ਹੋਵੋ ਖ਼ਬਰਦਾਰ, ਗੁਰਮੁਖ ਆਪਣੀ ਅੱਖ ਖੁਲ੍ਹਾਈਆ । ਜਿਸ ਨੇ ਖ਼ੂਨ ਦਾ ਸਾਂਝਾ ਤੁਹਾਡੇ ਨਾਲ ਕਰਿਆ ਪਿਆਰ, ਸੋਹੰ ਮਜ਼ਮੂਨ ਦਿਤਾ ਲਿਖਾਈਆ । ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕ ਘਰ ਬਾਰ, ਜਗਤ ਜਹਾਨ ਦੁਨੀਆ ਦਿਤੀ ਤਜਾਈਆ । ਇਕ ਦਾ ਸਵਾ ਉਧਾਰ, ਰੁਪਈਆ ਰੋ ਕੇ ਕਰੇ ਪੁਕਾਰ, ਭੇਟਾ ਚੜ੍ਹਨਾ ਸਾਚੇ ਯਾਰ, ਜੋ ਯਾਰੜਾ ਸਥਰ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਖਾਈਆ । ਭਿੰਨੜੀ ਰੈਣ ਕਹੇ ਮੈਂ ਵੇਖਣੇ


੧੦੧

ਅੱਜ ਇੱਕੀ ਸੌ ਘਰਾਨੇ, ਸਾਢੇ ਤਿੰਨ ਹੱਥਾਂ ਵਾਲੇ ਨਜ਼ਰੀ ਆਈਆ । ਜਿਨ੍ਹਾਂ ਮਿਲਣਾ ਸ੍ਰੀ ਭਗਵਾਨੇ, ਭਗਵਨ ਆਪਣਾ ਫੇਰਾ ਪਾਈਆ । ਓਨ੍ਹਾਂ ਦੀ ਹਿਲਦੀ ਵੇਖਣੀ ਜ਼ਬਾਨੇ, ਕਿਸ ਬਿਧ ਪ੍ਰਭ ਦੇ ਢੋਲੇ ਗਾਈਆ । ਕਿਸ ਤਰਾ ਬਦਲ ਗਏ ਆਪਣੇ ਜ਼ਮਾਨੇ, ਨਾਤਾ ਸ੍ਰਿਸ਼ਟੀ ਨਾਲੋਂ ਤੁੜਾਈਆ । ਸਾਫ਼ ਕਰਾ ਕੇ ਬਹੀਖ਼ਾਨੇ, ਲੇਖਾ ਧੁਰ ਦਾ ਰਿਹਾ ਮੁਕਾਈਆ । ਜਿਨ੍ਹਾਂ ਦੇ ਗ੍ਰਿਹਿ ਪ੍ਰਭ ਸੁਹੌਣੇ ਮਹਿਮਾਨਖ਼ਾਨੇ, ਮਹਿਵ ਆਪਣਾ ਦਰਸ ਕਰਾਈਆ । ਓਨ੍ਹਾਂ ਤੋਂ ਬਲਿਹਾਰ ਜਾਵਾਂ ਕ਼ੁਰਬਾਨੇ, ਕਰਬਲਾ ਵਾਲਾ ਓਨ੍ਹਾਂ ਨੂੰ ਸੀਸ ਨਿਵਾਈਆ । ਕਿਉਂ, ਜਿਨ੍ਹਾਂ ਨੂੰ ਪ੍ਰਭੂ ਆਪ ਪਹਿਚਾਨੇ, ਪਿਛਲਾ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ, ਭਗਵਨ ਆਪਣੇ ਘਰ ਵਸਾਈਆ ।

✳ ੨੨ ਪੋਹ ੨੦੨੧ ਬਿਕ੍ਰਮੀ ਆਤਮਾ ਸਿੰਘ ਫ਼ੌਜਾ ਸਿੰਘ, ਪਿਆਰਾ ਸਿੰਘ, ਦਰਬਾਰਾ ਸਿੰਘ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ✳

ਬ੍ਰਹਿਮੰਡ ਖੰਡ ਦੋ ਜਹਾਨ ਪਏ ਨਚ, ਪੁਰੀ ਲੋਅ ਆਕਾਸ਼ ਪਾਤਾਲ ਆਪਣੀ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਪਏ ਹਸ, ਕਰੋੜ ਤੇਤੀਸਾ ਸੁਰਪਤ ਆਪਣਾ ਰਾਗ ਅਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਪਏ ਨਠ, ਭੱਜਣ ਵਾਹੋ ਦਾਹੀਆ । ਤਟ ਕਿਨਾਰੇ ਮਾਰਨ ਉਛਾਲੇ ਅਠਸਠ, ਸਮੁੰਦ ਸਾਗਰ ਲੈਣ ਅੰਗੜਾਈਆ । ਚਾਰ ਕੁੰਟ ਦਹਿ ਦਿਸ਼ਾ ਜ਼ਿਮੀਂ ਅਸਮਾਨ ਅੱਖ ਖੋਲ੍ਹ ਕੇ ਝਟ, ਮੁਖ ਪੜਦਾ ਲਿਆ ਉਠਾਈਆ । ਚਲੋ ਵੇਖੀਏ ਖੇਲ ਪੁਰਖ ਸਮਰਥ, ਜੋ ਨਿਰਗੁਣ ਕਰਤਾ ਰਿਹਾ ਕਰਾਈਆ । ਬੀਸ ਇਕੀਸਾ ਦੇਵੇ ਧੁਰ ਦਾ ਹਕ, ਹਕੀਕਤ ਧੁਰ ਦੀ ਝੋਲੀ ਪਾਈਆ । ਸ਼ਬਦ ਅਗੰਮੀ ਲਿਆ ਸੱਦ, ਸੰਦੇਸ਼ਾ ਹੁਕਮ ਆਪ ਸੁਣਾਈਆ । ਧੁਰ ਦਾ ਮਾਰਗ ਰਿਹਾ ਦੱਸ, ਸਤਿ ਸਤਿ ਕਰੇ ਪੜ੍ਹਾਈਆ । ਲੇਖਾ ਚੁਕਾ ਕੇ ਤੱਤ ਅਠ, ਨਵ ਦਸ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਾਰੇ ਉਠੇ ਲੈਣ ਅੰਗੜਾਈ, ਬੇਦਾਰ ਆਪਣਾ ਆਪ ਕਰਾਈਆ । ਚਲੋ ਵੇਖੀਏ ਬੇਪਰਵਾਹੀ, ਨਰ ਨਿਰੰਕਾਰਾ ਦਰਸ਼ਨ ਪਾਈਆ । ਜਿਸ ਦੇ ਹੁਕਮੇਂ ਅੰਦਰ ਦੋ ਜਹਾਨ ਬੈਠੇ ਸੀਸ ਨਿਵਾਈ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਅੰਤਮ ਮੇਟਣਹਾਰਾ ਕੂੜੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਸਾਚਾ ਮਾਰਗ ਰਿਹਾ ਲਗਾਈ, ਜਨ ਭਗਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਲੋ ਵੇਖੀਏ ਹਰਿ ਨਿਰੰਕਾਰਾ, ਨਿਰਗੁਣ ਨਿਰਵੈਰ ਬੇਪਰਵਾਹੀਆ । ਜਿਸ ਦਾ ਖੁਲ੍ਹਿਆ ਇਕ ਦਰਬਾਰਾ, ਚਾਰ ਕੁੰਟ ਦਏ ਵਡਿਆਈਆ । ਭਗਤ ਵਛਲ ਜਨ ਸੰਤਾਂ ਕਰੇ ਪਿਆਰਾ, ਗੁਰਮੁਖਾਂ ਗੋਦ ਉਠਾਈਆ । ਜਿਸ ਦਾ ਗੁਰੂ ਗੁਰਦੇਵ ਦੇ ਕੇ ਗਏ ਲਾਰਾ, ਇਸ਼ਾਰਾ ਇਕ ਸਮਝਾਈਆ । ਸੋ ਕ਼ਰਜ਼ਾ ਲਾਹੇ ਉਧਾਰਾ, ਪੂਰਬ ਝੋਲੀ ਪਾਈਆ । ਚਰਨ ਕਵਲ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੀਏ ਇੱਕੀ, ਏਕੰਕਾਰ ਰਿਹਾ ਬਣਾਈਆ । ਸ਼ਬਦ ਸੁਤ ਕਹੇ ਇਹ ਖੇਲ ਪ੍ਰਭੂ ਅਨਡਿੱਠੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਬਿਨ ਹਰਿ ਭਗਤ ਕਿਸੇ ਨਾ ਦਿਸੀ, ਮਨਮੁਖ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਮਿਹਰ ਨਜ਼ਰ ਇਕ ਉਠਾਈਆ । ਸਾਚੀ ਇੱਕੀ ਦੱਸ ਭਗਵਾਨ, ਗੁਰ ਅਵਤਾਰ ਰਹੇ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਗੌਂਦੇ ਗਏ ਗਾਨ, ਗਹਿਰ ਗੰਭੀਰ ਕਰ ਵਡਿਆਈਆ । ਗੋਬਿੰਦ ਸਿੱਖੀ ਬਣਾਈ ਨਾਲ ਕਿਰਪਾਨ, ਖੰਡਾ ਖੜਗ ਉਠਾਈਆ । ਉਸ ਤੋਂ ਪਰੇ ਕਿਹੜਾ ਨਿਸ਼ਾਨ, ਸਚ ਨਿਸ਼ਾਨ ਦੇ ਸਮਝਾਈਆ । ਸਚ ਸਵਾਮੀ ਹੋ ਮਿਹਰਵਾਨ, ਪੜਦਾ ਓਹਲਾ ਦੇ ਖੁਲ੍ਹਾਈਆ । ਪੁਰਖ ਅਬਿਨਾਸ਼ੀ ਦਇਆਵਾਨ, ਦੀਨ ਦਿਆਲ ਦਏ ਸਮਝਾਈਆ । ਜਿਥੇ ਨਾ ਕੋਈ ਖੰਡਾ ਖੜਗ ਦਿਸੇ ਕਿਰਪਾਨ, ਜਗਤ ਰੂਪ ਨਾ ਕੋਇ ਵਖਾਈਆ । ਨਾ ਕੋਈ ਘਾੜਤ ਘੜੇ ਲੁਹਾਰ ਤਰਖਾਣ, ਬਾਢੀ ਸੇਵ ਨਾ ਕੋਇ ਕਮਾਈਆ । ਨਾ ਕੋਈ ਸ਼ਾਹ ਪਾਤਸ਼ਾਹ ਹੋਵੇ ਹੁਕਮਰਾਨ, ਰਈਅਤ ਰਾਓ ਨਜ਼ਰ ਕੋਇ ਨਾ ਆਈਆ । ਨਾ ਕੋਈ ਹਟ ਵਣਜਾਰਾ ਹੋਵੇ ਦੁਕਾਨ, ਕ਼ੀਮਤ ਸਕੇ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਕਿਹੜੀ ਤੇਰੀ ਇੱਕੀ ਇਕ, ਇਕੋ ਵਾਰ ਸਮਝਾਈਆ । ਸਚ ਦਵਾਰੇ ਆਵੇ ਦਿਸ, ਪਰਦਾ ਰਹਿਣ ਕੋਇ ਨਾ ਪਾਈਆ । ਜਿਸ ਦੇ ਅੰਦਰ ਬਾਹਰ ਕੋਈ ਨਹੀਂ ਭਿੱਟ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪਣੇ ਰੰਗ ਰੰਗਾਈਆ । ਜਿਨ੍ਹਾਂ ਨੂੰ ਦਰਸ਼ਨ ਦੇਵੇਂ ਨਿਤ, ਨਿਜ ਨੇਤਰ ਕਰ ਰੁਸ਼ਨਾਈਆ । ਜਿਨ੍ਹਾਂ ਦਾ ਪਤਿਪਰਮੇਸ਼ਵਰ ਹੋ ਕੇ ਬਣਿਉਂ ਪਿਤ, ਪੁਰਖ ਅਕਾਲ ਆਪ ਅਖਵਾਈਆ । ਜਿਨ੍ਹਾਂ ਦੀ ਨੰਗੀ ਹੋਣ ਨਾ ਦੇਵੇਂ ਪਿਠ, ਸਿਰ ਆਪਣਾ ਹੱਥ ਟਿਕਾਈਆ । ਜਿਨ੍ਹਾਂ ਦੇ ਹੱਥ ਵਿਚ ਦੇਣੀ ਚਿਟ, ਧੁਰ ਦੇ ਟਿਕਟ ਆਪ ਫੜਾਈਆ । ਅਗੇ ਦਾ ਝਗੜਾ ਮੁਕਣਾ ਨਿਤ, ਲੋਕਮਾਤ ਫੇਰ ਨਾ ਕੋਇ ਸਤਾਈਆ । ਦੱਸ ਵਡਿਆਈ ਦੇਣੀ ਕਿਸ ਕਿਸ, ਕਿਸਮਤ ਨਾਲ ਬਦਲਾਈਆ ।
੧੦੩ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਪੈਗ਼ੰਬਰ ਕਹਿਣ ਗੁਰੂ ਅਵਤਾਰ ਸਚ ਸਿੱਖੀ ਦਾ ਕਿਹੜਾ ਰੂਪ, ਏਕੰਕਾਰ ਦੇ ਜਣਾਈਆ । ਜਿਸ ਦਾ ਡੰਕਾ ਚਾਰ ਕੂਟ, ਦਹਿ ਦਿਸ਼ਾ ਕਰੇ ਸ਼ਨਵਾਈਆ । ਜਿਸ ਦਾ ਝਗੜਾ ਮੁਕਣਾ ਜੂਠ ਝੂਠ, ਸਚ ਸੁਚ ਸਮਝਾਈਆ । ਜਿਸ ਦਾ ਸੋਭਾਵੰਤ ਸੁਹਾਣਾ ਪੰਜ ਤੱਤ ਕਲਬੂਤ, ਕਾਇਆ ਕਾਅਬਾ ਨੂਰ ਖ਼ੁਦਾਈਆ । ਜਿਸ ਦੇ ਘਰ ਸਵਾਮੀ ਮਿਲਣਾ ਮਹਿਬੂਬ, ਸ੍ਰੀ ਭਗਵਾਨ ਆਪਣਾ ਫੇਰਾ ਪਾਈਆ । ਜਿਸ ਦਾ ਮਹਲ ਅਟਲ ਸੁਹਾਣਾ ਅਰੂਜ, ਅਰਸ਼ ਕੁਰਸ਼ ਦੋਵੇਂ ਭੇਵ ਖੁਲ੍ਹਾਈਆ । ਜਿਨ੍ਹਾਂ ਦੀ ਮੰਜ਼ਲ ਇਕ ਮਕਸੂਦ, ਚਰਨ ਕਵਲ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦੇ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਸਿੱਖੀ ਦਾ ਕਿਹੜਾ ਰੰਗ, ਰੰਗ ਰੰਗੀਲੇ ਦੇ ਜਣਾਈਆ । ਕਵਣ ਆਤਮ ਕਵਣ ਪਰਮਾਤਮ ਕਵਣ ਦੇਵੇ ਅਨੰਦ, ਨਿਜਾਨੰਦ ਕਵਣ ਸਮਾਈਆ । ਕਵਣ ਢੋਲਾ ਕਵਣ ਗੀਤ ਕਵਣ ਛੰਦ, ਕਵਣ ਬਖ਼ਸ਼ੰਦ ਹੋਏ ਸਹਾਈਆ । ਕਵਣ ਕਰਮ ਕੁਕਰਮ ਕਰੇ ਖੰਡ ਖੰਡ, ਨਾਤਾ ਤੋੜ ਕੇ ਜੇਰਜ ਅੰਡ, ਬ੍ਰਹਿਮੰਡ ਖੰਡ ਪੁਰੀ ਲੋਅ ਪਾਰ ਲੰਘਾਈਆ । ਕਵਣ ਖ਼ੁਸ਼ੀ ਕਰੇ ਬੰਦ ਬੰਦ, ਨਿਰਗੁਣ ਨੂਰ ਚਾੜ੍ਹ ਚੰਦ, ਜਗਤ ਅੰਧ ਅੰਧੇਰ ਦਏ ਗਵਾਈਆ । ਕਵਣ ਸਾਜਣ ਮੀਤ ਹੋਵੇ ਸੰਗ, ਕਵਣ ਨਾਮ ਵਜਾਏ ਮਰਦੰਗ, ਕਵਣ ਸ਼ਬਦ ਢੋਲਾ ਗਾਈਆ । ਕਵਣ ਵਸਤ ਦੇਵੇ ਵੰਡ, ਅੰਤਰ ਆਤਮ ਪਾਵੇ ਠੰਡ, ਤ੍ਰੈਗੁਣ ਮਾਇਆ ਅਗਨ ਨਾ ਲਾਗੇ ਰਾਈਆ । ਕਵਣ ਦਵਾਰੇ ਮੇਲ ਕਰੇ ਸੂਰੇ ਸਰਬੰਗ, ਕੂੜੀ ਕਿਰਿਆ ਮੇਟ ਕੇ ਭੇਖ ਭਖੰਡ, ਪਲੂ ਗੰਢ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ

ਦੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਸਿੱਖੀ ਦਾ ਕਿਹੜਾ ਕੱਪੜ, ਓਢਣ ਕਵਣ ਸੀਸ ਟਿਕਾਈਆ । ਪੁਰਖ ਅਕਾਲ ਦੀਨ ਦਿਆਲ ਕਿਹਾ ਮੇਰਾ ਪ੍ਰੇਮ ਸਹਾਰਾ ਉਹਨਾਂ ਦਾ ਛੱਪਰ, ਦੂਜੀ ਓਟ ਨਾ ਕੋਇ ਰਖਾਈਆ । ਓਹ ਪੜ੍ਹ ਕੇ ਇਕੋ ਸਤਰ, ਸਤਿ ਭੂਮਿਕਾ ਬੈਠਣ ਆਸਣ ਲਾਈਆ । ਓਹਨਾਂ ਦਾ ਇਕੋ ਮਾਲਕ ਇਕੋ ਮਿਤਰ, ਸੱਜਣ ਮੀਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖ ਦੇ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਸਿੱਖਾਂ ਦੀ ਕਿਹੜੀ ਗਿਣਤੀ, ਜੋ ਏਕੰਕਾਰ ਇੱਕੀ ਆਪ ਬਣਾਈਆ । ਕਿਸ ਹਿਸਾਬ ਪੈਮਾਨੇ ਵਿਚ ਮਿਣਤੀ, ਨਾਪ ਕਵਣ ਜਣਾਈਆ । ਕਵਣ ਵੇਖੇ ਜੋਧਾ ਸੂਰਬੀਰ ਹਿੰਮਤੀ, ਬਲਧਾਰੀ ਫੇਰਾ ਪਾਈਆ । ਪੁਰਖ ਅਕਾਲ ਦੀਨ ਦਿਆਲ ਕਿਹਾ ਮੇਰਾ ਭਗਤ ਉਪਜੇ ਚਾਰ ਸਿਮਤੀ, ਚਾਰੋਂ ਕੁੰਟ ਵਡਿਆਈਆ । ਉਹਨਾਂ ਦੀ ਲੰਬਾਈ ਚੌੜਾਈ ਨਹੀਂ ਕੋਈ ਇੰਚੀ, ਢਾਈ ਇੰਚ ਦਾ ਲੇਖਾ ਤੇਗ਼ ਬਹਾਦਰ ਗਿਆ ਸਮਝਾਈਆ । ਜਿਨ੍ਹਾਂ ਦਾ ਮਾਲਕ ਜੋਧਾ ਬੀਰ ਪੁਰਖ ਅਕਾਲ ਇਕੋ ਹਿੰਮਤੀ, ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਉਹਨਾਂ ਕਰਨ ਨਾ ਦੇਵੇ ਕਿਸੇ ਦੀ ਮਿੰਨਤੀ, ਮਿੰਨਤਾਂ ਵਿਚ ਸੀਸ ਨਾ ਕੋਇ ਝੁਕਾਈਆ । ਉਹਨਾਂ ਲੋੜ ਰਹੇ ਨਾ ਕਿਸੇ ਕਾਇਆ ਪਿੰਡ ਦੀ, ਬ੍ਰਹਿਮੰਡ ਦੇਣ ਤਜਾਈਆ । ਧਾਰ ਦੇ ਕੇ ਆਪਣੇ ਅਨੰਦ ਦੀ, ਸਤਿ ਸਚ ਵਿਚ ਸਮਾਈਆ । ਓਹ ਖੇਲ ਸ੍ਰੀ ਭਗਵਾਨ ਦੀ, ਦੂਜਾ ਸਕੇ ਨਾ ਕੋਇ ਜਣਾਈਆ । ਇਹ ਵਸਤ ਸੱਤ ਰੰਗ ਨਿਸ਼ਾਨ ਦੀ, ਨਿਸ਼ਾਨੇ ਤੀਰ ਰਿਹਾ ਚਲਾਈਆ । ਗੁਰਮੁਖ ਗੋਪੀ ਓਸ ਕਾਹਨ ਦੀ, ਜੋ ਕਾਹਨਾਂ ਵਰਗੇ ਕਾਹਨ ਰਿਹਾ ਪਰਗਟਾਈਆ । ਹਰਿਜਨ ਸੀਤਾ ਓਸ ਰਾਮ ਦੀ, ਜੋ ਕੋਟਨ ਕੋਟ ਸੁਰਤੀਆਂ ਰਿਹਾ ਉਪਜਾਈਆ । ਇਹ ਖੇਲ ਦੋ ਜਹਾਨ ਦੀ, ਦੂਆ ਪਹਿਲਾ ਦਏ ਗਵਾਹੀਆ । ਏਕਾ ਕਹੇ ਇਹ ਨਿਸ਼ਾਨੀ ਓਸ ਨੌਜਵਾਨ ਦੀ, ਜਿਹੜਾ ਨਈਆ ਨੌਕਾ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸ੍ਰੀ ਭਗਵਾਨ ਕਹੇ ਮੇਰੀ ਇੱਕੀ ਦਾ ਏਕਾ, ਇਕੋ ਵਾਰ ਬਣਾਈਆ । ਦੂਏ ਦੀ ਦੋ ਜਹਾਨ ਟੇਕਾ, ਟੇਕ ਇਕੋ ਇਕ ਸਮਝਾਈਆ । ਦੋਹਾਂ ਮਿਲ ਕੇ ਹੋਏ ਏਕਾ ਭੇਖਾ, ਵੇਸ ਅਵੱਲੜਾ ਆਪ ਜਣਾਈਆ । ਲੇਖਾ ਚੁਕ ਜਾਏ ਮੁੱਲਾ ਸ਼ੇਖ਼ਾ, ਪੰਡਤ ਪਾਂਧਾ ਲੋੜ ਰਹੇ ਨਾ ਰਾਈਆ । ਪ੍ਰਭ ਦੀ ਇੱਕੀ ਵਿਚ ਮਿਲ ਕੇ ਹੋ ਜਾਏ ਬੁੱਧ ਬਿਬੇਕਾ, ਅਠਸਠ ਤੀਰਥ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗੁਰ ਅਵਤਾਰ ਕਹਿਣ ਪ੍ਰਭ ਇੱਕੀ ਦਾ ਦੱਸ ਮੂਲ, ਅਮੁਲ ਦੇ ਜਣਾਈਆ । ਓਧਰੋਂ ਸ਼ੰਕਰ ਸੁੱਟ ਕੇ ਹੱਥੋਂ ਤ੍ਰਿਸੂਲ, ਬਹਿ ਗਿਆ ਆਸਣ ਲਾਈਆ । ਬ੍ਰਹਮਾ ਕਹੇ ਦੱਸ ਪ੍ਰਭੂ ਅਸੂਲ, ਸਚ ਸਚ ਸਮਝਾਈਆ । ਵਿਸ਼ਨੂੰ ਕਹੇ ਇਹ ਖੇਲ ਮਾਮੂਲ, ਬੇਪਰਵਾਹ ਦੀ ਬੇਪਰਵਾਹੀਆ । ਜਿਨ੍ਹਾਂ ਚਰਨ ਕਵਲ ਬਖ਼ਸ਼ੇ ਆਪਣੀ ਧੂਲ, ਧਵਲ ਉਤੇ ਲਏ ਪਰਗਟਾਈਆ । ਹੋ ਕੇ ਸਾਜਣ ਧੁਰ ਦਾ ਕੰਤ ਕੰਤੂਹਲ, ਕਰਨੀ ਕਾਰ ਲਏ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਦਏ ਵਡਿਆਈਆ । ਸ੍ਰੀ ਭਗਵਾਨ ਕਹੇ ਮੇਰੀ ਸਿੱਖੀ ਸੁਣੋ ਅਸਲ, ਅਸਲੀਅਤ ਦਿਆਂ ਦ੍ਰਿੜਾਈਆ । ਜਿਨ੍ਹਾਂ ਦਾ ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਕਰੇ ਵਸਲ, ਮੇਲਾ ਆਪਣੇ ਨਾਲ ਮਿਲਾਈਆ । ਸੋ ਸਾਹਿਬ ਸੁਲਤਾਨ ਦੀ ਸਾਚੀ ਨਸਲ, ਰੂਪ ਰੂਪ ਵਿਚੋਂ ਪਰਗਟਾਈਆ । ਜਿਨ੍ਹਾਂ ਦੀ ਪੂਰੀ ਹੋ ਜਾਏ ਮਜ਼ਲ, ਪਾਂਧੀਆਂ ਵਾਲਾ ਪੰਧ ਚੁਕਾਈਆ । ਓਹ ਢੋਲਾ ਗਾ ਕੇ ਗ਼ਜ਼ਲ, ਇਕੋ ਨਾਮ ਖ਼ੁਸ਼ੀ ਮਨਾਈਆ ।


੧੦੪

ਕਾਇਆ ਵਿਚੋਂ ਕਾਇਆ ਜਾਵੇ ਬਦਲ, ਬਦਲੀ ਜਗਦੀਸ਼ ਕਰਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹਿ ਕੇ ਕਰੇ ਅਦਲ, ਅਦਾਲਤ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਮੇਰੀ ਸਿੱਖੀ ਸਤਿ, ਸਤਿ ਸਤਿਵਾਦੀ ਹੋ ਕੇ ਦਿਆਂ ਜਣਾਈਆ । ਅੰਦਰ ਵੜ ਕੇ ਦੇਵਾਂ ਮਤਿ, ਬਾਹਰੋਂ ਕਰਾਂ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਦੇ ਕੇ ਰਸ, ਨਿਝਰ ਧਾਰਾ ਇਕ ਚਵਾਈਆ । ਸਚ ਦਵਾਰ ਮਿਲਣ ਦੀ ਅੱਖ, ਪ੍ਰਤੱਖ ਦਿਆਂ ਖੁਲ੍ਹਾਈਆ । ਸ੍ਰਿਸ਼ਟ ਸਬਾਈ ਨਾਲੋਂ ਕਰਕੇ ਵਖ, ਵਖਰਾ ਰਾਹ ਜਣਾਈਆ । ਸ਼ਬਦ ਅਨਾਦੀ ਦੇ ਕੇ ਹਕ, ਝੋਲੀ ਖ਼ਾਲੀ ਦਿਆਂ ਭਰਾਈਆ । ਉਹ ਤੇਰਾ ਮੇਰਾ ਗਾਵਣ ਗਾਥ, ਸੋਹੰ ਢੋਲਾ ਇਕ ਸੁਣਾਈਆ । ਪਹਿਲੋਂ ਬਣ ਕੇ ਭਗਤ ਜਮਾਤ, ਸਮਾਜ ਸਾਚਾ ਲੈਣ ਪਰਗਟਾਈਆ । ਫੇਰ ਇੱਕੀ ਦਾ ਏਕੰਕਾਰ ਖੇਲੇ ਖੇਲ ਤਮਾਸ਼, ਲੋਕਮਾਤ ਵੇਖ ਵਖਾਈਆ । ਸਾਚੇ ਸੰਤ ਕਰ ਪਰਕਾਸ਼, ਨੂਰੋ ਨੂਰ ਦਏ ਚਮਕਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਤੁਹਾਡੀ ਖ਼ਾਹਿਸ਼, ਖ਼ਾਲਸ ਆਪਣਾ ਰੰਗ ਵਖਾਈਆ । ਕਿਸੇ ਨੂੰ ਹੋਣ ਨਾ ਦੇਵੇ ਨਿਰਾਸ਼, ਬੀਸ ਇਕੀਸਾ ਬੇਪਰਵਾਹੀਆ । ਸਾਚੀ ਸਿੱਖੀ ਦਾ ਸਾਚਾ ਸਾਥ, ਸੰਗੀ ਹੋ ਕੇ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਇਹ ਕਿਸ ਮੰਗੀ ਮੰਗ, ਸਿੱਖੀ ਭਗਤਾਂ ਦੇ ਬਣਾਈਆ । ਅਬਿਨਾਸ਼ੀ ਕਰਤੇ ਕਿਹਾ ਇਹ ਖੇਲ ਮੇਰਾ ਬਹੁਰੰਗ, ਸਮਝ ਕੋਇ ਨਾ ਪਾਈਆ । ਜਿਸ ਵੇਲੇ ਸਰਗੁਣ ਨਿਰਗੁਣ ਚੜ੍ਹਾਇਆ ਚੰਦ, ਜੋਤੀ ਜੋਤ ਕਰ ਰੁਸ਼ਨਾਈਆ । ਓਸ ਵੇਲੇ ਸ਼ਬਦੀ ਸੁਤ ਆਪਣੀ ਝੋਲੀ ਅੱਡ, ਨੇਤਰ ਰੋ ਰੋ ਆਪ ਸੁਣਾਈਆ । ਪ੍ਰਭੂ ਵੇਖੀਂ, ਕਰੀਂ ਨਾ ਮੈਨੂੰ ਅਡ, ਤੱਤਾਂ ਵਿਚ ਫਸਾਈਆ । ਮੈਂ ਤੇਰਾ ਰੂਪ ਤੇਰੀ ਯਦ, ਵਿਸ਼ਵ ਨਾਉਂ ਧਰਾਈਆ । ਕਦੇ ਨਾ ਹੋਵਾਂ ਤੈਥੋਂ ਅਲਗ, ਵਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇ ਸਮਝਾਈਆ । ਸ਼ਬਦ ਸੁਤ ਕਿਹਾ ਨਮੋਂ ਆਦਿ, ਪ੍ਰਭ ਅਗੇ ਸੀਸ ਨਿਵਾਈਆ । ਤੇਰਾ ਖੇਲ ਸਦਾ ਬ੍ਰਹਿਮਾਦ, ਬ੍ਰਹਿਮਾਂਡ ਤੇਰੀ ਸ਼ਰਨਾਈਆ । ਤੂੰ ਨਿਤ ਨਵਿਤ ਭੇਖ ਵਟਾਏਂ ਸਵਾਂਗ, ਨਿਰਗੁਣ ਸਰਗੁਣ ਖੇਲ ਖਿਲਾਈਆ । ਮੈਂ ਸਾਚੀ ਮੰਗਾਂ ਮਾਂਗ, ਤੇਰੇ ਅਗੇ ਝੋਲੀ ਡਾਹੀਆ । ਮੇਰੀ ਆਸ਼ਾ ਇਕੋ ਤਾਂਘ, ਤ੍ਰਿਸ਼ਨਾ ਦਏ ਦੁਹਾਈਆ । ਕਵਣ ਵੇਲਾ ਪ੍ਰਭ ਭਗਤਾਂ ਦੇਵੇਂ ਸਾਥ, ਧੁਰ ਦਾ ਸੰਗ ਬਣਾਈਆ । ਢੋਲਾ ਸੁਣਾ ਕੇ ਗਾਥ, ਇਕੋ ਕਰੇਂ ਪੜ੍ਹਾਈਆ । ਦੀਨਾਂ ਵੇਖੇਂ ਨਾਥ, ਅਨਾਥਾਂ ਸਿਰ ਹੱਥ ਟਿਕਾਈਆ । ਸੰਤਾਂ ਪੁੱਛੇਂ ਬਾਤ, ਸਤਿਗੁਰ ਫੇਰਾ ਪਾਈਆ । ਲੇਖਾ ਲਿਖ ਕੇ ਕ਼ਲਮ ਦਵਾਤ, ਕਾਗ਼ਜ਼ ਸ਼ਾਹੀ ਦਏਂ ਵਡਿਆਈਆ । ਆਪਣੇ ਨਾਲ ਬੰਧਾ ਕੇ ਨਾਤ, ਨਾਤਾ ਚਰਨ ਜੁੜਾਈਆ । ਦਰਸ ਦਿਖਾ ਕੇ ਸਾਖ਼ਿਆਤ, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਭੁਲੇਖਾ ਦੇ ਕਢਾਈਆ । ਸੁਤ ਦੁਲਾਰਾ ਕਹੇ ਮੇਰੇ ਪ੍ਰਭ ਠਾਕਰ, ਭਗਵਨ ਦੇ ਜਣਾਈਆ । ਦੋ ਇਕ ਦਾ ਕਿਹੜਾ ਕ਼ਾਦਰ, ਕ਼ੁਦਰਤ ਦੇ ਸਮਝਾਈਆ । ਭਗਤ ਸੁਹੇਲਾ ਕਿਹੜਾ ਆਦਲ, ਅਦਲੀ ਬਦਲੀ ਵੇਖ ਵਖਾਈਆ । ਸਚ ਇੱਕੀ ਦਾ ਦੱਸ ਮਹਾਤਮ, ਮਤਲਬ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੁਰਖ ਅਕਾਲ ਕਹੇ ਮੈਂ ਏਕੰਕਾਰ, ਨਵ ਨੌ ਚਾਰ ਪਿਛੋਂ ਫੇਰਾ ਪਾਈਆ । ਮੰਗਦੇ ਰਹਿਣ ਸਦਾ ਜੁਗ ਚਾਰ, ਚੌਕੜੀ ਆਪਣਾ ਧਿਆਨ ਲਗਾਈਆ ।


੧੦੫

ਬਰਦੇ ਰਹਿਣ ਗੁਰ ਅਵਤਾਰ, ਖ਼ਾਦਮ ਨਜ਼ਰੀ ਆਈਆ । ਸ਼ਾਸਤਰ ਸਿਮਰਤ ਕਰਦੇ ਰਹਿਣ ਪੁਕਾਰ, ਅੰਜੀਲ ਕ਼ੁਰਾਨ ਕੂਕ ਕੂਕ ਸੁਣਾਈਆ । ਰੋਂਦੇ ਰਹਿਣ ਜੁਗ ਚੌਕੜੀ ਚਾਰ, ਨੇਤਰ ਨੈਣਾਂ ਨੀਰ ਵਹਾਈਆ । ਦੀਨ ਮਜ਼੍ਹਬ ਦਾ ਹੁੰਦਾ ਰਹੇ ਪਸਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਕਲਮਿਆਂ ਹੁੰਦਾ ਰਹੇ ਇਜ਼ਹਾਰ, ਸ਼ਰਅ ਕਰਦੀ ਰਹੇ ਲੜਾਈਆ । ਨਾਮ ਦੀ ਵਜਦੀ ਰਹੇ ਸਤਾਰ, ਰਸਨਾ ਜਿਹਵਾ ਢੋਲੇ ਗਾਈਆ । ਸਭ ਤੋਂ ਵਖਰੀ ਨਿਰਾਲੀ ਪ੍ਰਭ ਦੀ ਕਾਰ, ਹਰਿ ਕਰਤਾ ਦਏ ਜਣਾਈਆ । ਸ਼ਬਦ ਸੁਤ ਲੈਣਾ ਵਿਚਾਰ, ਅਬਿਨਾਸ਼ੀ ਅਚੁਤ ਬੂਝ ਬੁਝਾਈਆ । ਜਿਸ ਵੇਲੇ ਭਿੱਛਿਆ ਮੰਗ ਕੇ ਜਾਵਣ ਗੁਰੂ ਅਵਤਾਰ, ਪੀਰ ਪੈਗ਼ੰਬਰ ਮੇਰੀ ਓਟ ਰਖਾਈਆ । ਸਾਰੇ ਕਹਿਣ ਤੂੰ ਹੀ ਨਿਰੰਕਾਰ, ਤੇਰੇ ਹੱਥ ਵਡਿਆਈਆ । ਤੂੰ ਦਾਤਾ ਪਰਵਰਦਿਗਾਰ, ਜਲਵਾ ਨੂਰ ਖ਼ੁਦਾਈਆ । ਰਹਿਮਤ ਕਰ ਆਪ ਮਿਹਰਵਾਨ, ਮਹਿਬੂਬ ਅੱਖ ਖੁਲ੍ਹਾਈਆ । ਓਸ ਵੇਲੇ ਵੇਖਾਂ ਮਾਰ ਧਿਆਨ, ਆਪਣਾ ਪੜਦਾ ਆਪ ਉਠਾਈਆ । ਚਾਰੋਂ ਕੁੰਟ ਦਿਸੇ ਸ਼ੈਤਾਨ, ਸ਼ਰਅ ਕਰੇ ਲੜਾਈਆ । ਸਾਬਤ ਦਿਸੇ ਨਾ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਓਸ ਵੇਲੇ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਦਿਆਂ ਜਣਾਈਆ । ਦੀਨਾਂ ਮਜ਼੍ਹਬਾਂ ਤੋਂ ਬਾਹਰ ਨਿਸ਼ਾਨ, ਦੋ ਜਹਾਨਾਂ ਦਿਆਂ ਵਖਾਈਆ । ਸਭ ਤੋਂ ਵਖਰਾ ਨਿਰਾਲਾ ਬਣਾ ਕੇ ਵਿਧਾਨ, ਵਾਧਾ ਆਪਣੇ ਹੱਥ ਰਖਾਈਆ । ਸਿੱਧਾ ਭਗਤਾਂ ਮਿਲਾਂ ਆਣ, ਦੂਸਰ ਨਾਤਾ ਨਾ ਕੋਇ ਜੁੜਾਈਆ । ਓਹਨਾਂ ਨਾਲ ਮਿਲ ਕੇ ਖੇਲਾਂ ਵਿਚ ਜਹਾਨ, ਖ਼ਾਲਸ ਆਪਣਾ ਰੰਗ ਰੰਗਾਈਆ । ਆਤਮ ਅੰਤਰ ਦੇ ਕੇ ਬ੍ਰਹਮ ਗਿਆਨ, ਸਾਚੀ ਵਿਦਿਆ ਕਰਾਂ ਪੜ੍ਹਾਈਆ । ਓਹਨਾਂ ਦਾ ਮੰਦਰ ਸੁਹਾਵਾ ਬਣਾ ਕੇ ਮਕਾਨ, ਮਕਬਰਿਆਂ ਵਿਚੋਂ ਬਾਹਰ ਕਢਾਈਆ । ੧੦੬ ਝੁਲਾ ਕੇ ਧਰਮ ਸਤਿ ਦਾ ਇਕ ਨਿਸ਼ਾਨ, ਦੋ ਜਹਾਨਾਂ ਕਰਾਂ ਸ਼ਨਵਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਆਉ ਵੇਖੋ ਧੁਰ ਦਾ ਕਾਹਨ, ਧੁਰ ਦਰਬਾਰੀ ਹਰਿ ਨਿਰੰਕਾਰੀ ਜੋਤੀ ਜ਼ਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਕਰੇ ਰੁਸ਼ਨਾਈਆ । ਦੋ ਇਕ ਦਾ ਖੇਲ ਮਹਾਨ, ਇਕੋ ਇੱਕੀ ਹੋਏ ਪਰਧਾਨ, ਸਾਚੀ ਸਿੱਖੀ ਪ੍ਰਭ ਦਰ ਪਰਵਾਨ, ਜਿਸ ਦੀ ਜ਼ਾਤ ਪਾਤ ਦੀਨ ਮਜ਼੍ਹਬ ਸਮਝ ਕੋਇ ਨਾ ਪਾਈਆ । ਊਚ ਨੀਚ ਰਾਉ ਰੰਕ ਵੇਖੇ ਰਾਜ ਰਾਜਾਨ, ਸ਼ਾਹ ਪਾਤਸ਼ਾਹ ਇਕੋ ਹੁਕਮ ਸੁਣਾਈਆ । ਸੋ ਇੱਕੀ ਜੋ ਕਿਸੇ ਦਰ ਨਾ ਵਿਕੀ, ਇਸ਼ਟ ਪੁਰਖ ਅਕਾਲ ਰਹੀ ਮਨਾਈਆ । ਓਹਨਾਂ ਦੇ ਪਿਛੇ ਗੋਬਿੰਦ ਨੇ ਖੋਲ੍ਹ ਕੇ ਪੜ੍ਹੀ ਚਿੱਠੀ, ਜਿਸ ਅੰਦਰ ਹੁਕਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਰਿਹਾ ਕਮਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਸਿੱਖੀ ਵੇਖਣੀ ਸਾਖ਼ਿਆਤ, ਹਰਿ ਸਤਿਗੁਰ ਆਪ ਬਣਾਈਆ । ਲੇਖਾ ਲਿਖ ਕੇ ਨਾਲ ਕ਼ਲਮ ਦਵਾਤ, ਕਲਮਿਆਂ ਵਾਲਿਆਂ ਲਏ ਨਿਵਾਈਆ । ਹੁਕਮ ਦੇ ਕੇ ਕਾਇਨਾਤ, ਦੋ ਜਹਾਨਾਂ ਕਰੇ ਪੜ੍ਹਾਈਆ । ਜਲਵਾ ਨੂਰ ਨੇਤਰ ਨੈਣ ਸ਼ਰਮਾਏ ਆਫ਼ਤਾਬ, ਉਚ ਅਰੂਜ ਸ਼ਾਹ ਪਾਤਸ਼ਾਹ ਇਕੋ ਬੈਠਾ ਸੋਭਾ ਪਾਈਆ । ਜਗਤ ਜਗਦੀਸ਼ਰ ਸਭ ਦਾ ਈਸ਼ਰ ਜਨ ਭਗਤਾਂ ਹੋਣ ਨਾ ਦੇਵੇ ਕਿਸੇ ਦਾ ਮੁਹਤਾਜ, ਮੁਹੱਬਤ ਆਪਣਾ ਰੰਗ ਰੰਗਾਈਆ । ਇਸ ਇੱਕੀ ਨੂੰ ਕਦੇ ਨਾ ਲਗੇ ਦਾਗ਼, ਦੁਰਮਤ ਮੈਲ ਨਜ਼ਰ ਕੋਇ ਨਾ ਆਈਆ । ਇੱਕੀ ਦਾ ਮਾਲਕ ਇਕ ਸੁਹਾਗ, ਪਤਿਪਰਮੇਸ਼ਵਰ ਧੁਰ ਦਾ ਮਾਹੀਆ । ਜਿਸ ਅੰਤਰ ਆਤਮ ਲਾਈ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸਾਂ ਸਿੱਖੀ ਦੀ ਵੇਖਣੀ ਰਸਮ, ਰਸਤਾ ਦੇਵੇ

ਕੌਣ ਜਣਾਈਆ । ਗੋਬਿੰਦ ਕਿਹਾ ਪ੍ਰਭੂ ਮੇਰੇ ਨਾਲ ਖਾਧੀ ਕ਼ਸਮ, ਕ਼ਸਮ ਨਾਲ ਕਿਸਮਤ ਸਭ ਦੀ ਦਿਆਂ ਬਦਲਾਈਆ । ਇਕੋ ਜਣਾ ਕੇ ਆਪਣਾ ਇਸਮ, ਇਸ਼ਾਰਾ ਇਕੋ ਇਕ ਲਗਾਈਆ । ਤੱਤਾਂ ਵਾਲਾ ਤਾਰ ਕੇ ਜਿਸਮ, ਜੋਤੀ ਨੂਰ ਕਰਾਂ ਰੁਸ਼ਨਾਈਆ । ਦਰਸ਼ ਦਿਖਾਵਾਂ ਨੂਰੇ ਚਸ਼ਮ, ਬਾਤਨ ਜ਼ਾਹਰ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਧੂੜੀ ਟਿੱਕਾ ਲਾਵੇ ਭਸਮ, ਜੋ ਵੀਹ ਸੌ ਦਸ ਬਿਕ੍ਰਮੀ ਸਿੰਘਾਸਣ ਹੇਠਾਂ ਦਿਤੀ ਦਬਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਇਹ ਸ਼ਬਦ ਗੁਰ ਦੀ ਸਿੱਖੀ, ਜਿਹੜਾ ਜਨਮ ਮਰਨ ਵਿਚ ਕਦੇ ਨਾ ਆਈਆ । ਇਹਦੀ ਉਹੋ ਪੁਰਾਣੀ ਦੱਸੀ ਹੋਈ ਮਿਤੀ, ਜੋ ਗੋਬਿੰਦ ਗਿਆ ਸਮਝਾਈਆ । ਜਿਸ ਵੇਲੇ ਆਵੇ ਵੀਹ ਸੌ ਇੱਕੀ, ਏਕੰਕਾਰ ਦੇਵੇ ਮਾਣ ਵਡਿਆਈਆ । ਕਲਜੁਗ ਕੂੜ ਕੁੜਿਆਰੀ ਰੈਣ ਦੁਹੱਥੜ ਮਾਰ ਪਿੱਟੀ, ਬਹੁੜੀ ਬਹੁੜੀ ਕਰ ਕੇ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸੁਲਤਾਨ ਵੇਖ ਵਖਾਈਆ । ਸਾਹਿਬ ਸੁਲਤਾਨ ਕਹੇ ਵੇਖੋ ਗੁਰਦੇਵ, ਅੰਤਰ ਆਪਣਾ ਧਿਆਨ ਲਗਾਈਆ । ਅਬਿਨਾਸ਼ੀ ਕਰਤੇ ਲੇਖੇ ਲੈਣੀ ਸੇਵ, ਜੋ ਜਨ ਸੇਵਕ ਹੋ ਕੇ ਗਏ ਕਮਾਈਆ । ਧਾਮ ਸੁਹਾ ਕੇ ਇਕ ਨਿਹਕੇਵ, ਨਿਹਚਲ ਡੇਰਾ ਲਾਈਆ । ਪਰਦਾ ਖੋਲ੍ਹ ਕੇ ਅਲਖ ਅਭੇਵ, ਭੇਦ ਦਏ ਸਮਝਾਈਆ । ਜਨਮ ਰਸ ਦਾ ਸਾਚਾ ਮੇਵ, ਧੁਰ ਦਾ ਫਲ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਪੁਰਖ ਅਕਾਲ ਕਹੇ ਇਹ ਇੱਕੀ ਦੀ ਆਸ਼ਾ, ਅਰਸ਼ ਫ਼ਰਸ਼ ਦੋਵੇਂ ਰਹੇ ਲਗਾਈਆ । ਇਸ ਇੱਕੀ ਦਾ ਖੁਲਾਸਾ, ਖ਼ੁਦ ਸਕਿਆ ਨਾ ਕੋਇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੇ ਅਗੇ ਕਰਦੇ ਗਏ ਅਰਦਾਸਾ, ਨਿਉਂ ਨਿਉਂ ਸੀਸ ਨਿਵਾਈਆ । ਕਲਮਿਆਂ ਵਿਚ ਪੜ੍ਹਦੇ ਗਏ ਨਿਮਾਜ਼ਾਂ, ਹੁਜਰਿਆਂ ਵਿਚ ਧੂੜੀ ਟਿੱਕਾ ਖ਼ਾਕ ਰਮਾਈਆ । ਮਨੌਂਦੇ ਗਏ ਵਿਚ ਕਾਇਆ ਕਾਅਬਾ, ਮੱਕਾ ਮੁਕੰਮਲ ਇਕੋ ਧਿਆਨ ਲਗਾਈਆ । ਸਚ ਮਹਿਬੂਬ ਵੇਖਦਾ ਰਿਹਾ ਤਮਾਸ਼ਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਆਪਣਾ ਭੇਵ ਨਾ ਦੱਸਿਆ ਕਿਸੇ ਖ਼ੁਲਾਸਾ, ਵਜ਼ਾਹਤ ਨਾਲ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਅਬਿਨਾਸ਼ੀ ਕਰਤਾ ਕਹੇ ਇਹ ਇੱਕੀ ਕਿਸੇ ਵਿਚ ਨਾ ਆਈ ਅਕਲ, ਵਿਦਿਆ ਮਿਲੇ ਨਾ ਕੋਇ ਵਡਿਆਈਆ । ਜਿਸ ਦਾ ਸਿਧਾ ਪ੍ਰਭ ਦੇ ਨਾਲ ਤੁਅੱਲਕ, ਨਾਤਾ ਇਕੋ ਨਾਲ ਜੁੜਾਈਆ । ਉਸ ਦਾ ਲੇਖਾ ਕਿਹੜਾ ਕਰੇ ਮੁਅੱਤਲ, ਧੁਰ ਦਾ ਹੁਕਮ ਨਾ ਕੋਈ ਮੇਟੇ ਮੇਟ ਮਿਟਾਈਆ । ਚਾਰ ਵਰਨਾਂ ਦੀ ਇਕੋ ਜਿਹੀ ਸ਼ਕਲ, ਸ਼ਨਾਖ਼ਤ ਆਪਣੇ ਹੱਥ ਰਖਾਈਆ । ਅਬਿਨਾਸ਼ੀ ਕਰਤੇ ਬੀਸ ਇਕੀਸੇ ਹੋਇਆ ਆਪਣਾ ਮਤਲਬ, ਭਗਤਾਂ ਕਾਰਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਭੇਵ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਨਾਲ ਜ਼ੋਰ, ਹਨੋਰਿਆਂ ਨਾਲ ਜਣਾਈਆ । ਪ੍ਰਭੂ ਸਚ ਸਿੱਖੀ ਦੀ ਕਿਹੜੀ ਲੋੜ, ਪਰਦਾ ਦੇ ਉਠਾਈਆ । ਵੇਖ ਕੋਟਨ ਕੋਟ ਮੰਦਰਾਂ ਮਸਜਿਦਾਂ ਸ਼ਿਵਦਵਾਲਿਆਂ ਮੱਠਾਂ ਵਿਚ ਤੇਰੇ ਅਗੇ ਰਹੇ ਹੱਥ ਜੋੜ, ਗੁਰਦੁਆਰੇ ਅਰਦਾਸੇ ਰਹੇ ਸੁਣਾਈਆ । ਪੁਰਖ ਅਬਿਨਾਸ਼ੀ ਕਹੇ ਵੇਖੋ ਤੁਸੀਂ ਆਪ ਤਕ ਕੇ ਗ਼ੌਰ, ਆਪਣਾ ਆਪਣਾ ਧਿਆਨ ਲਗਾਈਆ । ਇਹ ਬਾਹਰੋਂ ਸਾਫ਼ ਤੇ ਅੰਦਰੋਂ ਚੋਰ, ਯਰਾਨੇ ਕੂੜੇ ਰਹੇ ਨਿਭਾਈਆ । ਇਹਨਾਂ ਦੀ ਦਰਗਾਹ ਸਚ ਨਹੀਂ ਕੋਈ ਲੋੜ, ਕਲਜੁਗ ਅੰਤਮ ਰਿਹਾ ਕੁਰਲਾਈਆ । ਇਸੇ ਕਾਰਨ ਆਪ ਗਿਆ ਬਹੁੜ, ਨਿਰਗੁਣ ਹੋ ਕੇ

ਫੇਰਾ ਪਾਈਆ । ਗੁਰ ਅਵਤਾਰੋ ਪੀਰੋ ਪੈਗ਼ੰਬਰੋ ਤੁਹਾਡੀ ਪਿਛਲੀ ਮੁਕ ਗਈ ਦੌੜ, ਅਗਲਾ ਪੰਧ ਦਿਤਾ ਚੁਕਾਈਆ । ਤੁਸੀਂ ਸਦੀ ਵੀਹਵੀਂ ਮਿੱਠਾ ਰਸ ਕਲਜੁਗ ਕਰ ਨਾ ਸਕੇ ਕੌੜ, ਕੂੜੀ ਕਿਰਿਆ ਨਾ ਕੋਇ ਗਵਾਈਆ । ਸਤਿ ਧਰਮ ਦਾ ਸਿਰ ਤੇ ਝੁਲੇ ਕਿਸੇ ਨਾ ਚੌਰ, ਸਚਖੰਡ ਮਿਲੇ ਨਾ ਮਾਣ ਵਡਿਆਈਆ । ਕਲਜੁਗ ਸਾਧ ਸੰਤ ਅੰਦਰੋਂ ਹੋਰ ਤੇ ਬਾਹਰੋਂ ਹੋਰ, ਜਗਤ ਮਿਸਾਲਾਂ ਦੇਣ ਚੰਦ ਚਕੋਰ, ਆਪਣੀ ਪ੍ਰੀਤ ਨਾ ਕੋਇ ਲਗਾਈਆ । ਬੀਸ ਇਕੀਸ ਤੋਂ ਬਾਅਦ ਜੋ ਦਰਗਾਹ ਆਵੇ ਵਾਪਿਸ ਦੇਵਾਂ ਮੋੜ, ਬਿਨ ਮੇਰੀ ਕਿਰਪਾ ਸਚਖੰਡ ਵੜਨ ਕੋਇ ਨਾ ਪਾਈਆ । ਸਭ ਨੂੰ ਪਏ ਪੁਰਖ ਅਕਾਲ ਦੀ ਲੋੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਇਹ ਤੇਰੀ ਧਾਰ ਨੀਕੀ, ਨਿੱਕਿਆਂ ਨਿੱਕਿਆਂ ਵਿਚੋਂ ਨਜ਼ਰੀ ਆਈਆ । ਤੇਰੀ ਖੇਲ ਲੱਖ ਚੁਰਾਸੀ ਜੀਵ ਜੀ ਕੀ, ਘਟ ਘਟ ਰਿਹਾ ਸਮਾਈਆ । ਤੇਰੀ ਭਗਤੀ ਸਾਚੀ ਦਸ ਕਿਨ ਕੀਤੀ, ਭਗਤਾਂ ਦੇ ਜਣਾਈਆ । ਪੁਰਖ ਅਕਾਲ ਕਹੇ ਜਿਸਨੂੰ ਬਖ਼ਸ਼ੀ ਚਰਨ ਪ੍ਰੀਤੀ, ਉਸਨੂੰ ਭਗਤੀ ਦੀ ਲੋੜ ਰਹੀ ਨਾ ਰਾਈਆ । ਨਾਲ ਉਠ ਖਲੋਤਾ ਗੋਬਿੰਦ ਸੁਤ ਓਸ ਕਿਹਾ ਜਿਨ੍ਹਾਂ ਦਾ ਲੇਖ ਲਿਖਿਆ ਗਿਆ ਨਾਲ ਖ਼ੂਨ ਚੀਚੀ, ਉਹਨਾਂ ਦਾ ਚਾਰ ਕੁੰਟ ਇਕੋ ਮਾਲਕ ਨਜ਼ਰੀ ਆਈਆ । ਦੋ ਜਹਾਨ ਦੀ ਸਚੀ ਆਵਾਜ਼ ਸ਼ਬਦ ਦੀ ਵਜਣੀ ਸੀਟੀ, ਸਤਿਗੁਰ ਆਪਣਾ ਨਾਦ ਸੁਣਾਈਆ । ਝੋਲੀ ਪੌਣੀ ਸਭ ਦੀ ਘਾਲ ਕੀਤੀ, ਲੇਖਾ ਹੱਥੋ ਹੱਥ ਵਰਤਾਈਆ । ਹਰਿ ਦਾ ਭਗਤ ਲੇਖਾ ਚੁਕਾ ਜਾਏ ਮੰਦਰ ਮਸੀਤੀ, ਸ਼ਿਵਦਵਾਲੇ ਮੱਠਾਂ ਵਿਚੋਂ ਲੱਭਣ ਕਿਛ ਨਾ ਜਾਈਆ । ਜਿਸ ਦੀ ਖੇਲ ਓਸੇ ਨੇ ਕੀਤੀ, ਨਿਰੰਕਾਰ ਦੀ ਇਕੋ ਰੀਤੀ, ਦੇਵਣਹਾਰ ਦੋ ਜਹਾਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਵਿਚ ਰਖਾਈਆ । ਇੱਕੀ ਕਹੇ ਮੈਂ ਏਕੇ ਪਿੱਛੇ ਵੇਖਿਆ ਦੂਆ, ਦੋ ਜਹਾਨ ਨਜ਼ਰੀ ਆਈਆ । ਦੋ ਜਹਾਨਾਂ ਦੇ ਮਾਲਕ ਨੇ ਭਗਤਾਂ ਵਾਸਤੇ ਖੋਲ੍ਹਿਆ ਬੂਹਾ, ਦਰਵਾਜ਼ਾ ਬੰਦ ਨਾ ਕੋਇ ਕਰਾਈਆ । ਬਖ਼ਸ਼ ਲਈਆਂ ਉਹ ਵਿਛੜੀਆਂ ਰੂਹਾਂ, ਪੂਰਬ ਜਨਮਾਂ ਮੇਲ ਮਿਲਾਈਆ । ਜਗਤ ਅੰਧੇਰ ਮਿਟਾ ਕੇ ਧੂੰਆਂ, ਸਾਚਾ ਚੰਦ ਦਿਤਾ ਚਮਕਾਈਆ । ਖ਼ੁਸ਼ੀ ਕਰਕੇ ਸਾਢੇ ਤਿੰਨ ਕਰੋੜ ਲੂਆਂ, ਰੋਮ ਰੋਮ ਵਜੇ ਵਧਾਈਆ । ਮਾਣ ਵਡਿਆਈ ਦੇ ਕੇ ਦੋਹਾਂ, ਚੇਲੇ ਗੁਰੂ ਪਾਰ ਕਰਾਈਆ । ਪੁਰਖ ਅਕਾਲ ਕਹੇ ਮੈਂ ਉਹਨਾਂ ਜੋਗਾ ਹੋਵਾਂ, ਜੋ ਹੌਕਿਆਂ ਨਾਲ ਮੇਰਾ ਨਾਮ ਧਿਆਈਆ । ਅਬਿਨਾਸ਼ੀ ਕਰਤਾ ਕਹੇ ਮੈਂ ਉਹਨਾਂ ਦੇ ਵੈਰਾਗ ਵਿਚ ਰੋਵਾਂ, ਜੋ ਅੰਤਰ ਆਤਮ ਮੇਰਾ ਧਿਆਨ ਲਗਾਈਆ । ਉਹਨਾਂ ਦੀ ਆਤਮ ਸੇਜਾ ਸੋਵਾਂ, ਜੋ ਪ੍ਰੇਮ ਸਿੰਘਾਸਣ ਰਹੇ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵਣਹਾਰਾ ਥਾਉਂ ਥਾਈਆ । ਇੱਕੀ ਕਹੇ ਮੈਂ ਪੌਣੀ ਗੋਪਾਲ ਨਾਲ ਗੰਢ, ਪਰਮ ਪੁਰਖ ਦਏ ਵਡਿਆਈਆ । ਜਨਮ ਕਰਮ ਦੀ ਤਪਦੀ ਨੂੰ ਪਾਵੇ ਠੰਡ, ਅੰਮ੍ਰਿਤ ਮੇਘ ਵਰਸਾਈਆ । ਇਕ ਇੱਕੀ ਦੀ ਅੱਜੇ ਪਾਏ ਗੰਢ, ਏਕੰਕਾਰ ਆਪਣੇ ਨਾਲ ਜੁੜਾਈਆ । ਜਿਸ ਨੂੰ ਖੋਲ੍ਹ ਨਾ ਸਕੇ ਕੋਈ ਦੰਦ, ਜਗਤ ਹੱਥਾਂ ਚਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਇੱਕੀ ਕਹੇ ਮੈਨੂੰ ਯਾਦ ਆਇਆ ਪਿਛਲਾ ਚੇਤਾ, ਗੋਬਿੰਦ ਖ਼ੁਸ਼ੀ ਨਾਲ ਜਣਾਈਆ । ਜਿਸ ਵੇਲੇ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਪੀਰਾਂ ਦਾ ਮੁਕਣਾ ਠੇਕਾ, ਠੇਕੇਦਾਰ ਨਜ਼ਰ ਕੋਇ ਨਾ ਆਈਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਹੋਣਾ ਭੇਟਾ, ਆਪਣਾ ਆਪ ਮੂਲ ਚੁਕਾਈਆ । ਓਸ ਵੇਲੇ ਪਰਮ ਪੁਰਖ ਦੇ ਨਾਲ ਨਿਰਗੁਣ

ਧਾਰ ਸ਼ਬਦ ਅਗੰਮੀ ਹੋਣਾ ਬੇਟਾ, ਨਿਰਵੈਰ ਰੂਪ ਨਜ਼ਰੀ ਆਈਆ । ਜੋ ਸਚ ਸਿੰਘਾਸਣ ਹੋਣਾ ਲੇਟਾ, ਸੋਭਾਵੰਤ ਆਪਣਾ ਡੇਰਾ ਲਾਈਆ । ਓਸ ਬਣ ਕੇ ਖੇਵਟ ਖੇਟਾ, ਬੇੜਾ ਭਗਤਾਂ ਲੈਣਾ ਉਠਾਈਆ । ਧਰ ਅਵੱਲੜਾ ਵੇਸਾ, ਜੋਤੀ ਨੂਰ ਰੁਸ਼ਨਾਈਆ । ਡੇਰਾ ਲਾ ਕੇ ਮਾਝੇ ਦੇਸਾ, ਸੰਬਲ ਦੇਣੀ ਵਡਿਆਈਆ । ਜਨ ਭਗਤਾਂ ਚੁਕਾ ਕੇ ਲੇਖਾ, ਲਿਖਤੀ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਹੋਏ ਸਹਾਈਆ । ਇੱਕੀ ਕਹੇ ਮੈਂ ਇੱਕੀਆਂ ਨਾਲ ਪੌਣਾ ਜੋੜ, ਇਕ ਇਕ ਦਿਆਂ ਵਡਿਆਈਆ । ਜਿਵੇਂ ਗੋਬਿੰਦ ਪੁਰਖ ਅਕਾਲ ਦੀ ਨਿਭੇ ਤੋੜ, ਇਸੇ ਤਰਾ ਭਗਤ ਭਗਵਾਨ ਇਕ ਦੂਜੇ ਦਾ ਸਗਲਾ ਸੰਗ ਨਿਭਾਈਆ । ਪ੍ਰਭ ਦੀ ਸਿੱਖੀ ਨੂੰ ਸਕੇ ਨਾ ਕੋਇ ਵਿਛੋੜ, ਵਿਛੋੜਾ ਨਜ਼ਰ ਕੋਇ ਨਾ ਆਈਆ । ਸ਼ੌਹ ਦਰਿਆਏ ਸਕੇ ਨਾ ਕੋਈ ਰੋੜ੍ਹ, ਲੱਖ ਚੁਰਾਸੀ ਵਿਚ ਨਾ ਕੋਇ ਭਵਾਈਆ । ਜਿਸ ਰਵਿਦਾਸ ਨੇ ਢੋਏ ਢੋਰ, ਖਲੜੀ ਖਲ ਲੁਹਾਈਆ । ਉਹ ਸਦਾ ਵਸੇ ਕੋਲ, ਨਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਖਿਆ ਵਾਲੀ ਸਿੱਖੀ ਇਕ ਪਰਗਟਾਈਆ । ਸਿਖਿਆ ਦਿਤੀ ਆਪ ਪ੍ਰਭ, ਪੜ੍ਹਾਵਣ ਵਾਲਾ ਦੂਜਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਵਿਚੋਂ ਲਭ, ਮੇਲ ਮਿਲਾਇਆ ਸਹਿਜ ਸੁਭਾਈਆ । ਸਚ ਦਵਾਰ ਵਖਾ ਕੇ ਹਦ, ਹਦੂਦ ਅੰਦਰ ਲਿਆ ਟਿਕਾਈਆ । ਕਿਰਿਆ ਕੂੜੀ ਵਿਚੋਂ ਕਢ, ਰੰਗ ਧੁਰ ਦੇ ਲਏ ਰੰਗਾਈਆ । ਸੰਤ ਸੁਹੇਲੇ ਸੱਜਣ ਸੱਦ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਸਚ ਪ੍ਰੇਮ ਦੀ ਪਿਆ ਕੇ ਮਧ, ਨਾਮ ਖ਼ੁਮਾਰੀ ਦਿਤੀ ਚੜ੍ਹਾਈਆ । ਵਡਿਆਈ ਦੇ ਕੇ ਵਿਚ ਜਗ, ਜੀਵਣ ਜੁਗਤ ਦਿਤੀ ਸਮਝਾਈਆ । ਸਚ ਪ੍ਰੇਮ ਨਾਲ ਬੱਝ, ਆਪਣਾ ਬੰਧਨ ਪਾਈਆ ।
੧੦੯ ਇੱਕੀ ਇੱਕੀ ਦਾ ਜੋੜੇ ਤੰਦ, ਤੰਦ ਸਿਤਾਰ ਆਪਣਾ ਨਾਮ ਰਬਾਬ ਵਜਾਈਆ । ਅੰਦਰ ਬਾਹਰ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ੧੦੯
ਢੋਲਾ ਸੁਣਾ ਕੇ ਛੰਦ, ਸੰਸੇ ਦਏ ਚੁਕਾਈਆ । ਘਰ ਸਵਾਮੀ ਦੇ ਕੇ ਪਰਮਾਨੰਦ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਇਹ ਸਿੱਖੀ ਦੀ ਸੋਹਣੀ ਵੰਡ, ਜਿਸ ਨੂੰ ਵੇਖਣ ਆਵੇ ਗੁਜਰੀ ਚੰਦ, ਗੁਰ ਅਵਤਾਰ ਪੀਰ ਪੈਗ਼ੰਬਰ ਹੋਵਣ ਸੰਗ, ਵਿਸ਼ਨ ਬ੍ਰਹਮਾ ਸ਼ਿਵ ਵਜਾਏ ਮਰਦੰਗ, ਕਰੋੜ ਤੇਤੀਸਾ ਨਾਲ ਪਾਵੇ ਡੰਡ, ਉਚੀ ਕੂਕੇ ਦਏ ਸੁਣਾਈਆ । ਆਉ ਵੇਖੀਏ ਓਸ ਦਵਾਰੇ ਲੰਘ, ਜਿਥੇ ਬੈਠਾ ਸਾਹਿਬ ਬਖ਼ਸ਼ੰਦ, ਨਾਤੇ ਜੋੜ ਕੇ ਬ੍ਰਹਮ ਹੰ, ਪਾਰਬ੍ਰਹਮ ਦੇਵਣਹਾਰ ਵਡਿਆਈਆ । ਜਨ ਭਗਤਾਂ ਲਾ ਕੇ ਅੰਗ, ਕੂੜੀ ਕਿਰਿਆ ਮੇਟ ਕੇ ਭੇਖ ਪਖੰਡ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਇੱਕੀ ਕਹੇ ਮੇਰੇ ਵਿਚ ਨਾ ਹੋਣੀ ਅਲਾਮਤ, ਆਲਮ ਉਲਮਾ ਆਲਮੀਨ ਦਿਆਂ ਜਣਾਈਆ । ਮੈਂ ਰਹਿਣਾ ਸਹੀ ਸਲਾਮਤ, ਸਦ ਆਪਣੇ ਰੰਗ ਸਮਾਈਆ । ਮੈਨੂੰ ਲਗਣੀ ਨਹੀਂ ਕੋਈ ਅਲਾਮਤ, ਕੂੜਾ ਰੰਗ ਨਾ ਕੋਇ ਰੰਗਾਈਆ । ਮੈਂ ਪ੍ਰਭੂ ਦੀ ਸਦਾ ਅਮਾਨਤ, ਭਗਤਾਂ ਦਾ ਰੂਪ ਵਟਾਈਆ । ਮੇਰੀ ਇਕੋ ਸ਼ਬਦ ਗੁਰ ਦੇਵੇ ਜ਼ਮਾਨਤ, ਜ਼ੁਮੇਵਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਹੁਕਮ ਆਪ, ਆਪਣਾ ਆਪ ਜਣਾਈਆ । ਨਵ ਨੌ ਚਾਰ ਪਿਛੋਂ ਖੇਲਿਆ ਖੇਲ ਤਮਾਸ਼, ਲੋਕਮਾਤ ਵੇਸ ਵਟਾਈਆ । ਧੁਰ ਦਾ ਦੇ ਕੇ ਸਾਥ, ਭਗਤਾਂ ਜੋੜ ਜੁੜਾਈਆ । ਇੱਕੀ ਇੱਕੀ ਇੱਕੀ ਇੱਕੀ ਦੇ ਕੇ ਗਾਠ, ਗਠੜੀ ਆਪਣੇ ਸਿਰ ਉਠਾਈਆ । ਜੁਗ ਚੌਕੜੀ ਦਾ ਲਹਿਣਾ ਦੇ ਕੇ ਇਕੋ ਰਾਤ, ਰਾਤੀਂ

ਸੁੱਤਿਆਂ ਪਾਰ ਲੰਘਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਦਾ ਸਾਥ, ਸਮਰਥ ਪੁਰਖ ਸਿਰ ਆਪਣਾ ਹੱਥ ਰਖਾਈਆ ।

### ❊ ੨੩ ਪੋਹ ੨੦੨੧ ਬਿਕ੍ਰਮੀ ਜੀਵਣ ਸਿੰਘ ਦੇ ਗ੍ਰਹਿ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ❊

ਪਿਛਲੇ ਬਚਨ ਦਾ ਲੇਖਾ ਗਿਆ ਮੁਕ, ਸਾਢੇ ਬਾਈ ਸਾਲ ਦੇਣ ਦੁਹਾਈਆ । ਦੁੱਖਾਂ ਵਿਚੋਂ ਗਿਆ ਦੁਖ, ਦਰਦਾਂ ਵਿਚੋਂ ਦਰਦ ਮਿਟਾਈਆ । ਸੁਖਾਂ ਵਿਚੋਂ ਉਪਜਾ ਕੇ ਸੁਖ, ਸੁਖ ਅਗਲਾ ਦਏ ਵਖਾਈਆ । ਲਹਿਣਾ ਕੁਛ ਦੇਣਾ ਕੁਛ, ਦੋਹਾਂ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਦੋ ਦਾ ਅਗਲਾ ਕਹੇ ਢਈਆ, ਬਾਈ ਸਾਢੇ ਅੰਕ ਬਣਾਈਆ । ਜਗਤ ਜਹਾਨ ਪ੍ਰਭ ਕਿਰਪਾ ਨਾਲ ਚਲਦੀ ਨਈਆ, ਸੰਸਾਰ ਸਾਗਰ ਵਿਚ ਤਾਰੀਆਂ ਲਾਈਆ । ਜਿਨ੍ਹਾਂ ਸਾਹਿਬ ਸਤਿਗੁਰ ਮਿਲਿਆ ਧੁਰ ਦਾ ਸਈਆ, ਸਚ ਕਿਨਾਰਾ ਦਏ ਵਖਾਈਆ । ਰਾਏ ਧਰਮ ਨਾ ਕੱਢੇ ਵਹੀਆ, ਵਾਹਿਦ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਾਢੇ ਬਾਈ ਸਾਲ ਕਹਿਣ ਜਿਸ ਵੇਲੇ ਸਿੰਘ ਦਿਲਬੀਰ ਨੂੰ ਪਈ ਸੀ ਪੀੜ, ਦਰਦ ਦੇ ਕੇ ਦੁਖ ਦਿਤਾ ਜਣਾਈਆ । ਓਧਰੋਂ ਸਿੰਘ ਪੂਰਨ ਦੀ ਹੋਈ ਸੀ ਅਖ਼ੀਰ, ਤਨ ਮਾਟੀ ਅਗਨੀ ਤੱਤ ਤਪਾਈਆ । ਉਧਰੋਂ ਸ਼ੇਰ ਸਿੰਘ ਤਨ ਤੋਂ ਲਾਹ ਕੇ ਚੀਰ, ਨਹਿਰ ਕਿਨਾਰੇ ਨਜ਼ਰੀ ਆਈਆ । ਬਾਹੋਂ ਫੜ ਕੇ ਗੁਰਸਿਖਾਂ ਦਾ ਨਿੱਕਾ ਜਿਹਾ ਵੀਰ, ਤਿੰਨ ਵਾਰ ਪਾਣੀ ਵਿਚ ਡੁਬਾਈਆ । ਸ਼ਬਦ ਹੁਕਮ ਜੀਵਣ ਸਿੰਘ ਸਾਡੀ ਭੇਟਾ ਦੇ ਦੇ ਚੀਜ਼, ਜੋ ਮੁਖ ਵਿਚੋਂ ਬਾਹਰ ਕਢਾਈਆ । ਸਾਡਾ ਲਹਿਣਾ ਸਦਾ ਠੀਕ, ਦੇਵਣ ਵਿਚ ਕੰਨੀ ਨਾ ਕੋਇ ਕਤਰਾਈਆ । ਇਸ ਨੇ ਅਗੇ ਪਾਈ ਤਾਰੀਖ਼, ਅਸਾਂ ਲੇਖਾ ਦਿਤਾ ਚੁਕਾਈਆ । ਓਸ ਦਿਨ ਤੋਂ ਅਜੇ ਤਕ ਨਹੀਂ ਹੋਇਆ ਠੀਕ, ਸਿਰਫ਼ ਰੁਪਈਏ ਪੰਜ ਦੇ ਕੇ ਥੋੜ੍ਹਾ ਥੋੜ੍ਹਾ ਝਟ ਲੰਘਾਈਆ । ਅਗੇ ਵਾਸਤੇ ਕਰ ਕੇ ਜਾਏ ਤਸਦੀਕ, ਹੁਕਮ ਨਾਲ ਲੇਖਾ ਪਿਛਲਾ ਸਾਫ਼ ਕਰਾਈਆ । ਅਗੇ ਘਰਾਨਿਆਂ ਵਰਗਾ ਘਰ ਗੁਰਮੁਖਾਂ ਵਰਗਾ ਗੁਰਮੁਖ ਹੋਏ ਵਸਨੀਕ, ਸੋਹਣੀ ਬਣਤ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੇ ਲੇਖੇ ਉਤੇ ਮਾਰ ਕੇ ਜਾਏ ਲੀਕ, ਅਗੇ ਦੁਖ ਨਾ ਲਾਗੇ ਰਾਈਆ ।



### ❊ ੨੩ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❊

ਇੱਕੀ ਕਹੇ ਤੇਰਾ ਕਿਹੜਾ ਤਾਜ ਤਖ਼ਤ, ਤਖ਼ਤ ਨਿਵਾਸੀ ਦੇ ਦ੍ਰਿੜਾਈਆ । ਕਵਣ ਕ਼ਾਨੂੰਨ ਮਜ਼ਮੂਨ ਹੋਵੇ ਸਖ਼ਤ, ਰਮਜ਼ ਸਮਝ ਦੇ ਜਣਾਈਆ । ਕਵਣ ਲੇਖਾ ਹੋਵੇ ਅਰਸ਼ ਫ਼ਰਸ਼, ਦੋ ਜਹਾਨ ਪੜਦਾ ਲਾਹੀਆ । ਕਵਣ ਹੁਕਮ ਦੇਵੇਂ ਸਖ਼ਤ, ਧੁਰ ਫ਼ਰਮਾਣਾ ਇਕ ਜਣਾਈਆ । ਕਿਹੜੀ ਗੋਬਿੰਦ ਨਾਲ ਸ਼ਰਤ, ਸ਼ਰਅ ਦੇ ਵਖਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਤਰਸ, ਰਹਿਮਤ ਅੱਖ ਖੁਲ੍ਹਾਈਆ । ਨਿਰਵੈਰ ਹੋ ਕੇ ਆਇਉਂ ਪਰਤ, ਪ੍ਰੇਮ ਪ੍ਰੀਤੀ ਇਕ ਵਡਿਆਈਆ । ਜਨ ਭਗਤਾਂ ਕਿਹੜਾ ਦਸੇਂ ਇਸ਼ਕ, ਮਾਸ਼ੂਕ ਰੰਗ ਰੰਗਾਈਆ । ਮਸਤਕ ਕਿਹੜਾ ਲਾਵੇਂ ਤਿਲਕ, ਜੋਤ ਲਲਾਟ

ਕਰੇਂ ਰੁਸ਼ਨਾਈਆ । ਕਿਸ ਬਿਧ ਮੇਟੇਂ ਕੂੜੀ ਹਿਰਸ, ਸਾਂਤਕ ਸਤਿ ਵਰਤਾਈਆ । ਕਿਸ ਬਿਧ ਲਾਹਵੇਂ ਆਪਣਾ ਕਰਜ਼, ਮਕਰੂਜ਼ ਹਿਸਾਬ ਚੁਕਾਈਆ । ਇੱਕੀ ਕਹੇ ਮੈਂ ਹੋਈ ਅਸਚਰਜ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਦੇ ਦਰਸਾਈਆ । ਇੱਕੀ ਕਹੇ ਦੱਸ ਮੰਜ਼ਲ ਘਾਟੀ, ਸ਼ਹਿਨਸ਼ਾਹ ਤੇਰੀ ਸਰਨਾਈਆ । ਮੁਕੇ ਪੰਧ ਅਗਲੀ ਵਾਟੀ, ਦੂਰ ਦੁਰਾਡਾ ਡੇਰਾ ਢਾਹੀਆ । ਸਾਚਾ ਢੋਲਾ ਸੁਣਾ ਧੁਰ ਦੀ ਸਾਖੀ, ਸਖ਼ਾ ਸੋਦਰਾ ਇਕੋ ਨਜ਼ਰੀ ਆਈਆ । ਸੁਨੇਹੜਾ ਦੇ ਅਗੰਮੀ ਪਾਤੀ, ਸ਼ਬਦੀ ਧਾਰਾ ਨਾਮ ਸਮਝਾਈਆ । ਲੇਖੇ ਲਗਾ ਰੂਹ ਬੁਤ ਖ਼ਾਕੀ, ਖ਼ਾਲਸ ਆਪਣਾ ਰੰਗ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਇੱਕੀ ਕਹੇ ਮੈਨੂੰ ਦੇ ਸੰਦੇਸ਼ਾ, ਬਿਨ ਕੰਨਾਂ ਕੰਨ ਜਣਾਈਆ । ਜੋਤੀ ਜਾਮਾ ਧਾਰ ਕੇ ਭੇਸਾ, ਕਿਉਂ ਬੈਠਾ ਮੁਖ ਛੁਪਾਈਆ । ਇਹ ਕਿਹੜੀਆਂ ਤੇਰੀਆਂ ਖੇਡਾਂ, ਖ਼ਾਲਕ ਖ਼ਲਕ ਰਿਹਾ ਵਖਾਈਆ । ਇਹ ਕਿਹੜੀਆਂ ਤੇਰੀਆਂ ਤੇਗ਼ਾਂ, ਜੋ ਚਮਕ ਨਾਲ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀ ਕਹੇ ਦੱਸ ਆਪਣਾ ਇਕੀਸਾ, ਸਤਿ ਸਚ ਸਮਝਾਈਆ । ਕਵਣ ਹੁਕਮ ਸਚ ਹਦੀਸਾ, ਹਜ਼ਰਤ ਕਰ ਪੜ੍ਹਾਈਆ । ਰੂਪ ਧਰ ਨੀਕਣ ਨੀਕਾ, ਨਿਰਵੈਰ ਖੇਲ ਖਿਲਾਈਆ । ਜੁਗ ਚੌਕੜੀ ਪਿੱਛੋਂ ਜਗਤ ਆਈ ਇਹ ਤਾਰੀਖਾ, ਤਰੀਕਾ ਤਰਤੀਬ ਵਾਰ ਦੇ ਦ੍ਰਿੜਾਈਆ । ਤੇਰੇ ਲਹਿਣੇ ਦੇਣੇ ਦਾ ਰਹੇ ਹੋਰ ਨਾ ਕੋਇ ਤਸਨੀਫ਼ਾ, ਵਸੀਕਾ ਇਕੋ ਨਜ਼ਰੀ ਆਈਆ । ਤੇਰੀ ਨਾਮ ਕਹਾਣੀ ਨਜ਼ਮ ਦਾ ਬਣੇ ਨਾ ਕੋਇ ਲਤੀਫ਼ਾ, ਨਗ਼ਮਾ ਇਕੋ ਇਕ ਸੁਣਾਈਆ । ਪੈਗ਼ੰਬਰ ਪੀਰ ਰਹੇ ਨਾ ਕੋਇ ਖ਼ਲੀਫ਼ਾ, ਖ਼ੁਫ਼ੀਆ ਰਾਜ਼ ਨਾ ਕੋਇ ਛੁਪਾਈਆ । ਜਨ ਭਗਤਾਂ ਆਪਣਿਆਂ ਦੇ ਵਜ਼ੀਫ਼ਾ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖਾਂ ਕੋਲੋਂ ਹੁੰਦੀਆਂ ਨਹੀਂ ਬਹੁਤੀਆਂ ਤਾਰੀਫ਼ਾਂ, ਥੋੜ੍ਹੇ ਲੇਖੇ ਬਹੁਤੇ ਵਿਚ ਗਿਣਾਈਆ । ਤੂੰ ਤਾਰਨਹਾਰਾ ਬਾਲ ਅਜ਼ੀਜ਼ਾਂ, ਮਿਹਰ ਨਜ਼ਰ ਆਪਣੀ ਇਕ ਟਿਕਾਈਆ । ਸਾਚੇ ਭਗਤਾਂ ਕਰੇਂ ਰੀਝਾਂ, ਜਗਤ ਜਗਦੀਸ਼ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਇੱਕੀ ਕਹੇ ਮੈਂ ਕਿਉਂ ਬਣਾਈ ਨਿੱਕੀ, ਏਕੰਕਾਰ ਦੇ ਜਣਾਈਆ । ਪੁਰਖ ਅਕਾਲ ਕਹੇ ਤੂੰ ਕਲਜੁਗ ਖੇਲ ਲੈਣੀ ਨਜਿੱਠੀ, ਸਤਿਗੁਰ ਵੰਡ ਵੰਡਾਈਆ । ਡੂੰਘੀ ਧਾਰ ਦੀ ਅਨੋਖੀ ਚਿੱਠੀ, ਚਿੱਠੀਆਂ ਦਾ ਮਾਲਕ ਲਏ ਖੁਲ੍ਹਾਈਆ । ਜੋ ਅੰਦਰੋਂ ਬਾਹਰੋਂ ਚਿੱਟੀ, ਕਾਲਾ ਹਰਫ਼ ਲਿਖਿਆ ਨਾ ਕਿਸੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਸਰਨਾਈਆ । ਇੱਕੀ ਕਹੇ ਦੱਸ ਮੇਰੀ ਸੇਵਾ, ਚਰਨ ਕਵਲ ਸੀਸ ਨਿਵਾਈਆ । ਤੂੰ ਮਾਲਕ ਵਡ ਦੇਵੀ ਦੇਵਾ, ਦੇਵਤ ਸੁਰ ਤੇਰਾ ਧਿਆਨ ਲਗਾਈਆ । ਤੂੰ ਵਸਣਹਾਰਾ ਸਚਖੰਡ ਨਿਵਾਸੀ ਸਾਚੇ ਧਾਮ ਨਿਹਕੇਵਾ, ਨਿਹਚਲ ਧਾਮ ਡੇਰਾ ਲਾਈਆ । ਤੂੰ ਆਦਿ ਜੁਗਾਦੀ ਅਲਖ ਅਭੇਵਾ, ਅਗੰਮ ਅਥਾਹ ਤੇਰੀ ਬੇਪਰਵਾਹੀਆ । ਸਚ ਦਵਾਰ ਦਾ ਗੁਰਮੁਖ ਸਾਚੇ ਦੇ ਦੇ ਮੇਵਾ, ਅੰਮ੍ਰਿਤ ਰਸ ਅੰਮਿਉਂ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਦਇਆ ਕਮਾਈਆ । ਇੱਕੀ ਕਹੇ ਇੱਕੀਆਂ ਦਾ ਮਾਲਕ, ਸਰਗੁਣ ਨਿਰਗੁਣ ਨਜ਼ਰੀ ਆਈਆ । ਜਿਸ ਦਾ ਰੂਪ ਸ੍ਰਿਸ਼ਟ ਸਬਾਈ ਖ਼ਾਲਕ, ਖ਼ਾਲਸ ਗੁਰਮੁਖ ਰਿਹਾ ਜਗਾਈਆ । ਸਦਾ ਸੁਹੇਲਾ ਬਣ ਕੇ ਪਾਲਕ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਹਰਿਜਨ ਸੁਹੇਲੇ ਉਠਾ ਕੇ ਆਪਣੇ ਬਾਲਕ, ਬਾਲਮੀਕ ਨਾਲੋਂ ਅਗੇ ਲਏ

ਲੰਘਾਈਆ । ਜਿਥੇ ਨਾਮ ਦੀ ਸਚ ਅਦਾਲਤ, ਅਦਲ ਇਕੋ ਇਕ ਜਣਾਈਆ । ਗੁਰਮੁਖਾਂ ਲੇਖਾ ਪਾਰ ਕਰੇ ਬਿਨ ਸਿਫ਼ਾਰਸ਼, ਸਿਰ ਆਪਣਾ ਹੱਥ ਟਿਕਾਈਆ । ਦੂਸਰ ਕਰੇ ਨਾ ਕੋਈ ਮੁਜ਼ਾਹਮਤ, ਮਿਸਲ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਵਡੀ ਬੇਪਰਵਾਹੀਆ । ਇੱਕੀ ਕਹੇ ਕੀ ਮੇਰੀ ਸੇਵਾ ਕੋਈ ਗੁਰਮੁਖਾਂ ਦੇ ਗੱਟ, ਕੰਨੀ ਲੜੀ ਤੰਦ ਬੰਧਾਈਆ । ਜਿਸ ਦਾ ਲੇਖਾ ਨਾ ਜਾਵੇ ਛੁਟ, ਛੁੱਟੇ ਸਰਬ ਲੋਕਾਈਆ । ਭਗਤ ਭਗਵਾਨ ਦੋਹਾਂ ਦਾ ਉਜਲ ਹੋਵੇ ਮੁਖ, ਸੁਖ ਸਾਗਰ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਇੱਕੀ ਦਾ ਅਗਲਾ ਏਕਾ, ਭਗਤਾਂ ਦੇਵੇ ਸਾਚੀ ਟੇਕਾ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ ।

### ❊ ੨੪ ਪੋਹ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਨਵਿਤ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਦੋ ਜਹਾਨ ਕਹਿਣ ਦੇਖੋ ਬਿਪ ਦਾ ਮਿਟਿਆ ਸਦਮਾ, ਸੁਦਾਮੇ ਸਧਰ ਪੂਰ ਕਰਾਈਆ । ਸਚ ਸਰਨਾਈ ਮਿਲੀ ਵਿਚ ਕ਼ਦਮਾਂ, ਕ਼ੁਦਰਤ ਦਾ ਕ਼ਾਦਰ ਹੋਏ ਸਹਾਈਆ । ਮਾਣ ਦਵਾ ਦੇ ਵਿਚੋਂ ਕੋਟਨ ਕੋਟ ਅਰਬਾਂ ਪਦਮ ਪਦਮਾਂ, ਪਦ ਇਕੋ ਇਕ ਦਿਤਾ ਦਰਸਾਈਆ । ਅਬਿਨਾਸ਼ੀ ਕਰਤੇ ਸ੍ਰੀ ਭਗਵਾਨ ਨਾਮ ਅਗੰਮਾ ਸੁਣਾਇਆ ਨਗ਼ਮਾ, ਧੁਰ ਦਾ ਢੋਲਾ ਆਪ ਜਣਾਈਆ । ਸਚ ਸਰਨਾਈ ਚਰਨ ਧੂੜ ਕਰਾਇਆ ਮਜਨਾ, ਦੁਰਮਤ ਮੈਲ ਰਹੀ ਨਾ ਰਾਈਆ । ਸਚ ਦਵਾਰ ਹਰਿ ਕਰਤਾਰ ਕਿਰਪਾ ਧਾਰ ਅਲਖ ਅਗੰਮ ਅਥਾਹ ਆਪੇ ਸਦਣਾ, ਦੇਵਣਹਾਰ ਸਚੀ ਵਡਿਆਈਆ । ਪ੍ਰੇਮ ਪ੍ਰੀਤੀ ਸਾਚੀ ਨੀਤੀ ਅੰਦਰ ਕਰੇ ਮਗਨਾ, ਜੋਤੀ ਨੂਰ ਜ਼ਾਹਰ ਜ਼ਹੂਰ ਏਕੰਕਾਰ ਕਰ ਰੁਸ਼ਨਾਈਆ । ਮਹਲ ਅਟਲ ਉਚ ਮਨਾਰ ਬਹਾਇਆ ਅਦਨਾ, ਨੀਚੋਂ ਊਚ ਬਖ਼ਸ਼ਣਹਾਰ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬ੍ਰਹਿਮੰਡ ਖੰਡ ਕਹਿਣ ਵੇਖੋ ਬਿਪ, ਜਿਸ ਦੀ ਬਿਪਤਾ ਰਹੀ ਨਾ ਰਾਈਆ । ਪੁਰਖ ਅਕਾਲ ਪ੍ਰਭ ਮਿਲਿਆ ਇਕੋ ਪਿਤ, ਪਤਿਪਰਮੇਸ਼ਵਰ ਵੱਡੀ ਵਡਿਆਈਆ । ਜਿਸ ਦਾ ਵਖਰਾ ਨਿਰਾਲਾ ਅਨੋਖਾ ਸਭ ਤੋਂ ਹਿਤ, ਹਿਤਕਾਰੀ ਹੋ ਕੇ ਜੋੜ ਜੁੜਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਮੇਲਾ ਕਰੇ ਨਿਤ, ਨਵਿਤ ਆਪਣੀ ਖੇਲ ਖਿਲਾਈਆ । ਦੋ ਜਹਾਨ ਸ੍ਰੀ ਭਗਵਾਨ ਰਖੇ ਸਾਇਆ ਹੇਠ, ਅਗਨੀ ਤੱਤ ਪੋਹ ਨਾ ਸਕੇ ਰਾਈਆ । ਜੁਗ ਜਨਮ ਦਾ ਲਹਿਣਾ ਦੇਣਾ ਦੇਵਣਹਾਰਾ ਹੱਥੋ ਹੱਥ, ਧੁਰ ਦਾ ਲੇਖਾ ਝੋਲੀ ਪਾਈਆ । ਬੋਧ ਅਗਾਧਾ ਸ਼ਬਦ ਅਨਾਦਾ ਸਾਹਿਬ ਸੁਲਤਾਨ ਪੁਰਖ ਸਮਰਥ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਧੁਰ ਸੰਦੇਸ਼ਾ ਨਰ ਨਿਰੰਕਾਰਾ ਇਕ ਅਕੇਲਾ ਇਕ ਦੇਵੇ ਦੱਸ, ਅੰਤਰ ਆਤਮ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿੰਦੇ ਵੇਖੋ ਬਿਪ ਦਾ ਮੀਤ, ਹਰਿ ਕਰਤਾ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਵਸੇ ਸਦਾ ਅਤੀਤ, ਤ੍ਰੈਗੁਣ ਲੇਖਾ ਰਿਹਾ ਮੁਕਾਈਆ । ਜੋ ਸਦਾ ਸਹਾਰਾ ਨੀਚਣ ਨੀਚ, ਨੀਕਣ ਨੀਕੇ ਵੱਡੇ ਵਡ ਦਏ ਬਣਾਈਆ । ਜਿਸ ਦੇ ਵਿਚ ਇਕ ਤੌਫ਼ੀਕ਼, ਮਿਹਰ ਨਜ਼ਰ ਮੁਹੱਬਤ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਕਹਿਣ ਪੈਗੰਬਰ ਵੇਖੇ ਜਗਤ ਦਲਿਦ੍ਰੀ, ਜਿਸ ਘਰ ਦੀਵਾ ਬਾਤੀ ਨਜ਼ਰ ਕੋਇ ਨਾ ਆਈਆ ।
ਜਿਸ ਨੂੰ ਜਗਤ ਜਹਾਨ ਕਹਿੰਦਾ ਇਸ ਦੀ ਕਾਇਆ ਬਿਗੜੀ, ਸੁਹੱਪਣ ਨਜ਼ਰ ਕੋਇ ਨਾ ਆਈਆ । ਇਕ ਦਿਨ ਬਿਪ ਖਾਣ ਲਗਾ ਸੀ ਖਿਚੜੀ,
ਚਾਵਲ ਮੋਠਾਂ ਨਾਲ ਰਲਾਈਆ । ਓਧਰੋਂ ਅੱਠਾਂ ਗੁਰਮੁਖਾਂ ਦੀ ਟੋਲੀ ਨਿਕਲੀ, ਆਏ ਵਾਹੋ ਦਾਹੀਆ । ਉਹਨਾਂ ਸੁਦਾਮੇ ਦੀ ਕੁੱਲੀ ਪੁੱਛ ਲਈ,
ਆਂਢ ਗੁਆਂਢ ਦਿਤੀ ਜਣਾਈਆ । ਗ੍ਰਿਹ ਆ ਕੇ ਓਸੇ ਦੇ ਵਸਤ ਮੰਗ ਲਈ, ਅਗੇ ਆਪਣੀ ਝੋਲੀ ਡਾਹੀਆ । ਸਾਡਾ ਭੁਖਿਆਂ ਦਾ ਕੋਈ ਸੰਗ
ਦਈਂ, ਤ੍ਰਿਸ਼ਨਾਂ ਤ੍ਰਿਪਤ ਮਿਟਾਈਆ । ਜੋ ਕੁੱਛ ਪੱਕਾ ਸੋ ਸਾਡੇ ਹਿੱਸੇ ਡੰਗ ਦਈਂ, ਨੇਤਰ ਰੋ ਕੇ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੰਗੀ ਮੰਗ ਬਿਪ ਦਵਾਰ, ਆਪਣੀ ਝੋਲੀ ਡਾਹੀਆ । ਉਸਦੇ ਘਰ ਖਿਚੜੀ ਦੇ ਚਮਚੇ
ਚਾਰ, ਸਵਾ ਪਾਉ ਨਜ਼ਰੀ ਆਈਆ । ਬ੍ਰਾਹਮਣ ਕਰਕੇ ਨਿਮਸਕਾਰ, ਦੋਏ ਜੋੜ ਸੀਸ ਨਿਵਾਈਆ । ਪਹਿਲੋਂ ਤੁਹਾਨੂੰ ਲਵਾਂ ਖੁਆਲ, ਫਿਰ ਆਪਣਾ
ਪੇਟ ਭਰਾਈਆ । ਅੱਠਾਂ ਨੂੰ ਇਕੋ ਦਿਤਾ ਥਾਲ, ਪ੍ਰੇਮ ਨਾਲ ਹੱਥ ਫੜਾਈਆ । ਓਹਨਾਂ ਵਿਚੋਂ ਇਕ ਤੇਰਾਂ ਸਾਲ ਦਾ ਸੀ ਬਾਲ, ਜੋ ਰੋ ਕੇ ਦਏ
ਦੁਹਾਈਆ । ਮੈਨੂੰ ਭੁਖ ਨੇ ਕੀਤਾ ਨਿਢਾਲ, ਮੇਰੀ ਤ੍ਰਿਸ਼ਨ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ
ਨਜ਼ਰ ਇਕ ਉਠਾਈਆ । ਓਧਰੋਂ ਛੋਟਾ ਗਿਆ ਬਿਟਰ, ਆਪਣਾ ਮੁਖ ਭਵਾਈਆ । ਓਧਰੋਂ ਉਡਦਾ ਆ ਗਿਆ ਇਕ ਤਿੱਤਰ, ਕੋਲ ਬਹਿ ਕੇ
ਰਾਗ ਅਲਾਈਆ । ਤਿਸ ਦਾ ਸਭ ਤੋਂ ਵਡਾ ਮਿਤਰ, ਕ੍ਰਿਸ਼ਨਾ ਨਜ਼ਰੀ ਆਈਆ । ਇਹ ਓਸੇ ਵਿਚ ਰਲ ਕੇ ਹੋਇਆ ਉਹਦਾ ਖਿੱਚੜ, ਜਿਹੜੀ
ਖਿਚੜੀ ਤੁਹਾਨੂੰ ਰਿਹਾ ਖਵਾਈਆ । ਵਿਚੋਂ ਚੌਂਹ ਨੇ ਕਿਹਾ ਤੈਨੂੰ ਕਿਹੜਾ ਫ਼ਿਕਰ, ਤੂੰ ਘਰ ਦੀ ਸਵਾਣੀ ਵਾਂਗ ਰਿਹਾ ਸਮਝਾਈਆ । ਪਤਾ ਨਹੀਂ
ਉਹ ਸੁਦਾਮੇ ਗਿਆ ਵਿਸਰ, ਯਾਦ ਵਿਚ ਯਾਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ
ਵਡਿਆਈਆ । ਤਿੱਤਰ ਕਹੇ ਮੈਂ ਦੇਵਾਂ ਭਾਖਿਆ, ਫ਼ਰਮਾਣਾ ਧੁਰ ਜਣਾਈਆ । ਜੋ ਮੇਰੇ ਸਾਹਿਬ ਮੈਨੂੰ ਆਖਿਆ, ਸੋ ਭਗਤ ਦਵਾਰੇ ਦਿਤਾ ਦ੍ਰਿੜਾਈਆ ।
ਸੁਣ ਰੋਣ ਵਾਲੇ ਨਿੱਕੇ ਕਾਕਿਆ, ਤੁਹਾਨੂੰ ਚੌਹਾਂ ਦਿਆਂ ਸਮਝਾਈਆ । ਤੁਹਾਡਾ ਹਿੱਸਾ ਲਹਿਣਾ ਦੇਣਾ ਬਾਕਿਆ, ਲੋਕਮਾਤ ਨਜ਼ਰੀ ਆਈਆ ।
ਜਿਸ ਵੇਲੇ ਕਲਜੁਗ ਅੰਤ ਆਵੇ ਪੁਰਖ ਅਬਿਨਾਸ਼ਿਆ, ਨਿਰਗੁਣ ਆਪਣਾ ਫੇਰਾ ਪਾਈਆ । ਓਸ ਵੇਲੇ ਤੁਹਾਡਾ ਸੁਦਾਮਾ ਬਣੇ ਬਾਪਿਆ,
ਜਗਤ ਪਿਤਾ ਅਖਵਾਈਆ । ਜੋ ਤੁਸਾਂ ਮੈਨੂੰ ਸਵਾਣੀ ਰੂਪ ਆਖਿਆ, ਚੌਹਾਂ ਦਾ ਨਾਤਾ ਨਾਰੀ ਰੂਪ ਵਖਾਈਆ । ਜੋ ਬੈਠੇ ਚੁਪ ਚਪਾਤਿਆ, ਮਾਣਖ
ਵਿਚੋਂ ਮਾਣਸ ਦੇਹੀ ਲੈਣ ਪਲਟਾਈਆ । ਅੱਠਾਂ ਦਾ ਹੋਵੇ ਇਕੋ ਬਾਪਿਆ, ਸਿਰ ਸਭ ਦੇ ਹੱਥ ਰਖਾਈਆ । ਓਧਰੋਂ ਆਈ ਅਗੰਮੀ ਆਵਾਜ਼ਿਆ,
ਤਿੱਤਰ ਚੁਪ ਕਰਾਈਆ । ਨਾ ਬੋਲ ਸਚੀ ਭਾਸ਼ਿਆ, ਭਾਖਿਆ ਅਗਲੀ ਨਾ ਕੋਈ ਸਮਝਾਈਆ । ਤੇਰਾ ਲਹਿਣਾ ਇਕ ਵਾਰ ਪਹਿਲੋਂ ਗੁਰ ਦਸਮੇਸ਼ਿਆ,
ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਤਿੱਤਰ ਕਿਹਾ ਕੀ ਆਈ
ਆਵਾਜ਼, ਮੈਨੂੰ ਸਮਝ ਲਗੀ ਨਾ ਰਾਈਆ । ਮੇਰੇ ਮਾਲਕ ਖੋਲ੍ਹ ਦੇ ਰਾਜ਼, ਪੜਦਾ ਦੇ ਉਠਾਈਆ । ਤੇਰੇ ਅਗੇ ਮੇਰੀ ਅਰਦਾਸ, ਬੇਨੰਤੀ ਕਰ
ਜਣਾਈਆ । ਧੁਰ ਦਰਗਾਹੀ ਹੁਕਮ ਆਇਆ ਸਾਚ, ਭਗਤ ਦਵਾਰ ਵਰ ਸਰਾਪ ਦੇਣ ਦੀ ਕੀਤੀ ਕਿਉਂ ਵਡਿਆਈਆ । ਇਸ ਦਾ ਲਹਿਣਾ


੧੧੩

੧੧੪

ਸਤਿਗੁਰ ਹਾਥ, ਗੁਰ ਗੁਰ ਲੇਖਾ ਦਏ ਮੁਕਾਈਆ । ਤੇਰਾ ਮੂਲ ਚੁਕੌਣਾ ਗੋਬਿੰਦ ਬਾਜ਼, ਬਾਜ਼ੀ ਆਪਣੇ ਹੱਥ ਰਖਾਈਆ । ਉਸਦਾ ਅਗਲਾ ਖੇਲ ਤਮਾਸ਼, ਸਚ ਦਏ ਵਡਿਆਈਆ । ਨੀਚਾਂ ਵਿਚੋਂ ਬਿਪ ਦਾ ਸਾਥ, ਸਗਲਾ ਨਜ਼ਰੀ ਆਈਆ । ਅਗੇ ਗੋਬਿੰਦ ਜਾਏ ਆਖ, ਧੁਰ ਸੰਦੇਸ਼ ਸੁਣਾਈਆ । ਜਿਸ ਵੇਲੇ ਮੇਰਾ ਪੁਰਖ ਅਕਾਲ ਆਵੇ ਬਾਪ, ਪਤਿਪਰਮੇਸ਼ਵਰ ਵੇਸ ਵਟਾਈਆ । ਓਸ ਵੇਲੇ ਇਹਦਾ ਵੱਡਾ ਕਰੇ ਪਰਤਾਪ, ਸਿਰ ਆਪਣਾ ਹੱਥ ਰਖਾਈਆ । ਚਰਨ ਪ੍ਰੀਤੀ ਦੇ ਕੇ ਬਣਾਵੇ ਦਾਸ, ਸੇਵਕ ਸਾਚੀ ਸੇਵ ਕਮਾਈਆ । ਮੰਜ਼ਲ ਚਾੜ੍ਹ ਕੇ ਆਪਣੇ ਘਾਟ, ਪੰਧ ਅਗਲਾ ਪਿਛਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤਿੱਤਰ ਕਿਹਾ ਹੱਥ ਜੋੜ, ਨਮੋ ਨਮੋ ਸੀਸ ਨਿਵਾਈਆ । ਗੋਬਿੰਦ ਮੇਰੀ ਤੇਰੇ ਹੱਥ ਡੋਰ, ਜੋੜੀ ਧੁਰ ਦੀ ਲਏ ਜੁੜਾਈਆ । ਜੇ ਤੇਰੇ ਬਿਨਾ ਕੋਈ ਹੋਰ, ਉਸਦਾ ਪੱਲੂ ਦੇ ਫੜਾਈਆ । ਮੈਨੂੰ ਓਸੇ ਦੀ ਲੋੜ, ਜੋ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਓਧਰੋਂ ਖਿਚੜੀ ਰਹੀ ਬੋਲ, ਆਪਣਾ ਹਾਲ ਸੁਣਾਈਆ । ਮੈਨੂੰ ਥਾਲ ਵਿਚੋਂ ਕਢ ਕੇ ਪਾ ਦਿਉ ਵਿਚ ਕੌਲ, ਹਿਸਾ ਅੱਠਵਾਂ ਬਾਹਰ ਕਢਾਈਆ । ਬਾਕੀ ਖਾਵੇ ਇਕ ਇਕ ਚੌਲ, ਮੋਠਾਂ ਦਾਣਾ ਮੁਖ ਨਾ ਕੋਇ ਲਗਾਈਆ । ਮੈਂ ਸਚ ਜਣਾਵਾਂ ਆਪਣਾ ਅੰਦਰ ਫੋਲ, ਧੁਰ ਦਾ ਭੇਵ ਸੁਣਾਈਆ । ਜਿਸ ਵੇਲੇ ਕਲਜੁਗ ਅੰਤ ਅਬਿਨਾਸ਼ੀ ਕਰਤਾ ਉਪਰ ਆਵੇ ਧੌਲ, ਧਰਨੀ ਉਤੇ ਫੇਰਾ ਪਾਈਆ । ਜੋਤੀ ਜਾਤਾ ਹੋ ਕੇ ਜਾਏ ਮੌਲ, ਹਰ ਘਟ ਵਾਸੀ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅੱਠੇ ਖਾਵਣ ਦਾਣਾ ਇਕ ਇਕ, ਅੱਠਾਂ ਤੱਤਾਂ ਮਾਣ ਗਵਾਈਆ । ਸਚ ਦਵਾਰਿਉਂ ਮੰਗ ਕੇ ਭਿਖ, ਝੋਲੀ ਅਗੇ ਡਾਹੀਆ । ਅਬਿਨਾਸ਼ੀ ਕਰਤੇ ਮਿਹਰਵਾਨ ਲੇਖਾ ਦੇ ਲਿਖ, ਲਹਿਣਾ ਮੂਲ ਚੁਕਾਈਆ । ਤੇਰਾ ਦਰਸ਼ਨ ਕਰੀਏ ਨਿਤ, ਨਿਜ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਖਿਚੜੀ ਕਹੇ ਮੈਂ ਬਣਕੇ ਭੱਪਾ, ਭਲਾ ਦਿਤਾ ਜਣਾਈਆ । ਭੱਪੇ ਦਾ ਅਖ਼ੀਰੀ ਅੱਖਰ ਪੱਪਾ, ਪੱਪੇ ਦਾ ਕੰਨਾ ਪਾਲ ਸਿੰਘ ਦਏ ਵਡਿਆਈਆ । ਜਿਸ ਦਾ ਕਿਸੇ ਨੂੰ ਨਹੀਂ ਕੁਛ ਪਤਾ, ਪਤਿਪਰਮੇਸ਼ਵਰ ਇਕੋ ਗੰਢ ਪਵਾਈਆ । ਉਹਦਾ ਲੇਖਾ ਬੰਸ ਸਰਬੰਸ ਸਭਾ, ਅੱਬਾ ਇਕੋ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਵੇਖ ਵਖਾਈਆ । ਖਿਚੜੀ ਕਹੇ ਮੈਂ ਬਣਕੇ ਗਈ ਮਿਲ, ਆਪਣਾ ਰੂਪ ਵਟਾਈਆ । ਮੇਰਾ ਕੋਈ ਸਮਝ ਨਾ ਸਕੇ ਦਿਲ, ਦਲੀਲ ਕੀਹਦੇ ਨਾਲ ਰਖਾਈਆ । ਮੈਨੂੰ ਖਾਣ ਵਾਲਿਓ ਕਰਿਓ ਕੋਈ ਨਾ ਢਿਲ, ਇਕੋ ਢੋਲਾ ਲੈਣਾ ਗਾਈਆ । ਪਰੇ ਹਟਾ ਕੇ ਕੂੜੀ ਸਿਲ, ਪਰਦਾ ਓਹਲਾ ਲੈਣਾ ਉਠਾਈਆ । ਕਰ ਪਰਕਾਸ਼ ਆਪਣੇ ਤਿਲ, ਜਲਵਾ ਜੋਤੀ ਦਰਸ਼ਨ ਪਾਈਆ । ਵੇਖਿਓ, ਬਚਨ ਕਰਕੇ ਨਾ ਜਾਇਉ ਹਿਲ, ਹਿੰਮਤ ਨਾਲ ਤੋੜ ਨਿਭਾਈਆ । ਅਗੰਮ ਅਥਾਹ ਪ੍ਰਭ ਕਾ ਖੇਲ, ਹਰਿ ਕਰਤਾ ਆਪ ਖਿਲਾਈਆ । ਬੇਸ਼ਕ ਵਸਣਹਾਰਾ ਧਾਮ ਨਵੇਲ, ਘਟ ਘਟ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਓਧਰੋਂ ਤਿੱਤਰ ਬੋਲਕੇ ਕਰੇ ਵਾਅਦਾ, ਮੈਂ ਧੁਰ ਦੀ ਕਥਾ ਦਿਆਂ ਸੁਣਾਈਆ । ਜਿਸ ਵਿਚੋਂ ਮੈਨੂੰ ਨਜ਼ਰੀ ਆਏ ਫ਼ਾਇਦਾ, ਸੋ ਕਹਾਣੀ ਦਿਆਂ ਸਮਝਾਈਆ । ਮੇਰਾ ਗੋਬਿੰਦ ਨਾਲ ਹੋਇਆ ਮੁਆਇਦਾ, ਨਾਤਾ ਸਕੇ ਨਾ ਕੋਇ ਤੁੜਾਈਆ ।

ਸਾਹਿਬ ਸਤਿਗੁਰ ਦਾ ਇਕੋ ਕ਼ਾਇਦਾ, ਅਸਲ ਅਸੂਲ ਸਕੇ ਨਾ ਕੋਇ ਬਦਲਾਈਆ । ਬੇਸ਼ਕ ਤਨ ਮਾਟੀ ਕਰਕੇ ਹੋਣਾ ਅਲਾਹਿਦਾ, ਆਤਮ ਪਰਮਾਤਮ ਜੋੜ ਜੁੜਾਈਆ । ਕਲਜੁਗ ਅੰਤ ਜਿਸ ਵੇਲੇ ਗੋਬਿੰਦ ਪਰਮ ਪੁਰਖ ਦਾ ਬਣਕੇ ਔਣਾ ਨੁਮਾਇੰਦਾ, ਲੋਕਮਾਤ ਵੇਸ ਵਟਾਈਆ । ਓਸ ਵੇਲੇ ਬਿਪ ਸੁਦਾਮੇ ਗੋਬਿੰਦ ਨਾਲ ਮਿਲ ਕੇ ਇਕੋ ਹੋਣਾ ਦਾਦਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਖਿਚੜੀ ਵਿਚ ਆ ਗਏ ਤਿੰਨ ਰੋੜ, ਜੋ ਆਪਣੀ ਆਵਾਜ਼ ਸੁਣਾਈਆ । ਪ੍ਰਭੂ ਆਪਣੇ ਨਾਲ ਜੋੜ, ਜੋੜੀ ਧੁਰ ਦੀ ਲੈ ਬਣਾਈਆ । ਜਾਂ ਭਗਤ ਦਵਾਰੇ ਛੋੜ, ਦੂਜੇ ਹੱਥ ਨਾ ਕਿਸੇ ਫੜਾਈਆ । ਸਾਡਾ ਕੋਈ ਮਾਣਸਾਂ ਵਰਗਾ ਨਹੀਂ ਬੋਲ, ਰਸਨਾ ਜਿਹਵਾ ਨਜ਼ਰ ਕੋਇ ਨਾ ਆਈਆ । ਜੇ ਬਿਪ ਸੁਆਣੀ ਸਾਨੂੰ ਲਿਆ ਘੋਲ, ਚਾਵਲ ਵਿਚ ਮਿਲਾਈਆ । ਤੂੰ ਕੱਢਕੇ ਬਾਹਰ ਅਡੋਲ, ਆਪਣੇ ਚਰਨ ਦੇਣੀ ਸਰਨਾਈਆ । ਸਾਡਾ ਤੋਲ ਕੇ ਜਾਣਾ ਤੋਲ, ਤੁਲ੍ਹਾ ਆਪਣਾ ਨਾਮ ਵਖਾਈਆ । ਵੇਖੀਂ ਮਾਤ ਨਾ ਦੇਵੀਂ ਵਰੋਲ, ਸਾਡੀ ਕ਼ੀਮਤ ਕਿਸੇ ਨਾ ਪਾਈਆ । ਸਾਡੇ ਧੰਨ ਭਾਗ ਜੇ ਆਏ ਤੇਰੇ ਕੋਲ, ਤਿੰਨਾਂ ਨੂੰ ਦੇਣੀ ਇਕ ਸ਼ਰਨਾਈਆ । ਓਨੇ ਚਿਰ ਨੂੰ ਸੁਦਾਮੇ ਆਪਣੀ ਗਠੜੀ ਲਈ ਖੋਲ੍ਹ, ਜਿਸ ਵਿਚ ਨੌ ਦਾਣੇ ਜੌਂ ਰਿਹਾ ਟਿਕਾਈਆ । ਉਸ ਹੌਲੀ ਜਿਹੀ ਕਿਹਾ ਬੋਲ, ਆਪਣਾ ਬਚਨ ਸੁਣਾਈਆ । ਤੁਹਾਨੂੰ ਤਿੰਨਾਂ ਨੂੰ ਵਿਚੋਂ ਵਰੋਲ, ਅਗੇ ਆਪਣੀ ਗੰਢ ਬੰਨ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤਿੰਨੇ ਰੋੜ ਸੁਦਾਮੇ ਫੜ, ਆਪਣੀ ਗੰਢ ਬੰਧਾਈਆ । ਪੁਰਖ ਅਕਾਲ ਕਿਹਾ ਵੇਖੀਂ ਨਾ ਜਾਈਂ ਛਡ, ਪੱਲੂ ਝਾੜ ਵਖਾਈਆ । ਬੇਸ਼ਕ ਇਹਨਾਂ ਦਾ ਤਨ ਮਾਟੀ ਨਹੀਂ ਹੱਡ, ਖ਼ਾਕੀ ਰੂਪ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤੇ ਕਿਹਾ ਸੁਦਾਮੇ ਇਹਨਾਂ ਨਾਲ ਚਲਣੀ ਤੇਰੀ ਯਦ, ਕਲਜੁਗ ਅੰਤ ਮਿਲੇ ਵਡਿਆਈਆ । ਮੈਂ ਨਿਰਗੁਣ ਹੋ ਕੇ ਆਵਾਂ ਭੱਜ, ਬਣ ਕੇ ਪਾਂਧੀ ਰਾਹੀਆ । ਇਹ ਜੋ ਸੱਜਣ ਬੈਠੇ ਅੱਠ, ਅੱਠਾਂ ਨਾਤਾ ਤੇਰੇ ਨਾਲ ਜੁੜਾਈਆ । ਤੇਰੇ ਸਤਾਰੇ ਬਣਾ ਕੇ ਅੱਖ, ਪਰਤਖ ਦਿਆਂ ਵਖਾਈਆ । ਚਾਰ ਚਾਰ ਦੀ ਵੰਡ ਵਖ, ਇਸਤਰੀ ਪੁਰਸ਼ ਨਜ਼ਰੀ ਆਈਆ । ਧੀ ਪੁੱਤਰ ਬਣਾ ਕੇ ਨਤ, ਧੁਰ ਦਾ ਲੇਖਾ ਦਿਆਂ ਮੁਕਾਈਆ । ਆਪ ਵਸਾਂ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਮੇਲ ਮਿਲਾ ਕੇ ਨਾਲ ਰਵਿਦਾਸ, ਰਸਤਾ ਆਪਣਾ ਇਕ ਸਮਝਾਈਆ । ਇਕ ਪ੍ਰਭ ਨੂੰ ਲੋੜ ਖ਼ਾਸ, ਆਪਣੀ ਗ਼ਰਜ਼ ਦਏ ਜਣਾਈਆ । ਜਿਸ ਵੇਲੇ ਕਲਜੁਗ ਆਈ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਓਸ ਵੇਲੇ ਬਣੌਣੀ ਇਕ ਜਮਾਤ, ਚਾਰ ਵਰਨਾਂ ਜੋੜ ਜੁੜਾਈਆ । ਜਿਸ ਦੀ ਗੋਬਿੰਦ ਪਹਿਲੋਂ ਗਾ ਕੇ ਜਾਏ ਗਾਥ, ਅੱਖਰਾਂ ਨਾਲ ਪੜ੍ਹਾਈਆ । ਇਹ ਤਿੱਤਰ ਮਾਰ ਕੇ ਜਾਏ ਨਾਲ ਬਾਜ਼, ਫੇਰ ਮਿਤਰ ਦਏ ਬਣਾਈਆ । ਉਹ ਮਿਤਰ ਸਿੰਘ ਵਰਿਆਮ, ਜਿਸ ਦਾ ਤੇਰਾ ਜੋੜ ਜੁੜਾਈਆ । ਦੂਰ ਦੁਰਾਡਾ ਛਡ ਕੇ ਆਇਆ ਗਾਮ, ਪ੍ਰੇਮ ਪ੍ਰੀਤੀ ਇਕ ਵਖਾਈਆ । ਦੋਹਾਂ ਦਾ ਮਾਲਕ ਸ੍ਰੀ ਭਗਵਾਨ, ਅਭੁਲ ਭੁਲ ਕਦੇ ਨਾ ਜਾਈਆ । ਅਗੇ ਖੇਲ ਇਕ ਮਹਾਨ, ਕਲਜੁਗ ਵੇਲਾ ਵਕਤ ਦਏ ਗਵਾਹੀਆ । ਵੀਹ ਸੌ ਇੱਕੀ ਹੋਇਆ ਪਰਧਾਨ, ਬਲ ਆਪਣਾ ਆਪ ਪਰਗਟਾਈਆ । ਛੱਬੀ ਪੋਹ ਖੇਲ ਨੌਜਵਾਨ, ਨੌਬਤ ਆਪਣਾ ਨਾਮ ਜਣਾਈਆ । ਸਤਾਈ ਪੋਹ ਬਣਾ ਕੇ ਵਿਧਾਨ, ਸਾਚੀ ਸਿਖਿਆ ਦਏ ਸਮਝਾਈਆ । ਪਾਲ ਸਿੰਘ ਦਾ ਸੁਤ ਨੌਜਵਾਨ, ਗੋਬਿੰਦ ਰੰਗ ਰੰਗਾਈਆ । ਗੋਬਿੰਦ ਬਾਲੇ ਕਰ ਪਰਵਾਨ, ਦੋ ਨੀਹਾਂ ਹੇਠ ਦਬਾਈਆ । ਦੋਹਾਂ ਨੂੰ ਦੇ ਕੇ ਸਚਾ

ਮਾਣ, ਇੱਕੀ ਸੇਰ ਦਾ ਅੰਮ੍ਰਿਤ ਰਸ ਪਹਿਲੋਂ ਉਹਨਾਂ ਮੁਖ ਲਗਾਈਆ । ਫੇਰ ਰਵਿਦਾਸ ਚੁਮਾਰੇ ਮਿਲ ਕੇ ਤੁਸਾਂ ਅੰਮ੍ਰਿਤ ਕਰਨਾ ਪਾਨ, ਪੰਜ ਪੰਜ ਵਾਰ ਰਸਨਾ ਨਾਲ ਛੁਹਾਈਆ । ਪੰਜਾਂ ਪਿਆਰਿਆਂ ਮਿਲ ਕੇ ਗੌਣਾ ਗਾਨ, ਧੁਰ ਦਾ ਢੋਲਾ ਇਕ ਅਲਾਈਆ । ਇੱਕੀਆਂ ਏਕਾ ਵਾਰ ਕਰੇ ਪਰਵਾਨ, ਇੱਕੀ ਇੱਕੀ ਜੋੜ ਜੁੜਾਈਆ । ਜਿਸ ਵੇਲੇ ਇੱਕੀ ਕਰੌਣ ਇਸ਼ਨਾਨ, ਓਸੇ ਵੇਲੇ ਇੱਕੀਆਂ ਕੋਲੋਂ ਇੱਕੀ ਸੇਰ ਪਾਣੀ ਬਾਹਰ ਲਏ ਕਢਾਈਆ । ਜੋ ਪਹਿਲੋਂ ਚਰਨ ਛੋਹੇ ਆਣ, ਅੰਮ੍ਰਿਤ ਬਣੇ ਭਗਵਾਨ, ਸੰਗਤ ਨੂੰ ਮਿਲੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਨਾਲ ਹੱਥ ਵਿਚ ਉਠੌਣਾ ਸੱਤ ਰੰਗ ਨਿਸ਼ਾਨ, ਸਿੰਘ ਪ੍ਰੀਤਮ ਤੇਰੀ ਸੇਵਾ ਇਕ ਲਗਾਈਆ । ਭੁਲ ਨਾ ਜਾਣਾ ਬਣ ਨਾਦਾਨ, ਅਭੁਲ ਰਿਹਾ ਸਮਝਾਈਆ । ਓਸ ਵੇਲੇ ਤੇਰੇ ਕੋਲੋਂ ਇਕ ਰਸ ਲੈਣਾ ਖਾਣ, ਅੰਤਰ ਆਤਮ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਓਧਰੋਂ ਤਿੱਤਰ ਰੋ ਕੇ ਪਿਆ ਹਸ, ਆਪਣਾ ਹਾਲ ਸੁਣਾਈਆ । ਮੈਂ ਉਜੜ ਕੇ ਜਾਣਾ ਵਸ, ਦਰ ਘਰ ਸਾਚੇ ਸੋਭਾ ਪਾਈਆ । ਪ੍ਰਭ ਦਾ ਗੌਣਾ ਜਸ, ਢੋਲਾ ਨਾਮ ਜਣਾਈਆ । ਕਰੇ ਖੇਲ ਪੁਰਖ ਸਮਰਥ, ਮਹਿੰਮਾ ਅਕਥ ਦਏ ਜਣਾਈਆ । ਜਿਸ ਵੇਲੇ ਇੱਕੀ ਇੱਕੀ ਚਾਰ ਕੁੰਟ ਚਲਣਾ ਰਥ, ਗਰਦਸ਼ ਵਿਚ ਸਰਬ ਲੋਕਾਈਆ । ਉਸ ਵੇਲੇ ਕਦੀ ਕਦੀ ਪ੍ਰਭ ਖੋਲ੍ਹ ਕੇ ਦੋਵੇਂ ਅੱਖ, ਪਰਤਖ ਆਪਣਾ ਦਰਸ ਦਏ ਕਰਾਈਆ । ਜਿਨ੍ਹਾਂ ਚਮਕੌਰ ਵਿਚ ਆਇਆ ਰਖ, ਖੜਗ ਖੰਡਾ ਮੇਲ ਮਿਲਾਈਆ । ਉਹਨਾਂ ਦਾ ਪਰਦਾ ਲਾਹ ਕੇ ਝਟ, ਸਿਰ ਆਪਣਾ ਹੱਥ ਰਖਾਈਆ । ਹਰਿ ਸੰਗਤ ਦੇਵੇ ਦੱਸ, ਗੋਬਿੰਦ ਦਾ ਗੋਬਿੰਦ ਮੇਲ ਮਿਲਾਵੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਹਰਿ ਨਿਰੰਕਾਰਾ, ਅਭੁਲ ਭੁਲ ਕਦੇ ਨਾ ਜਾਈਆ । ਬਿਪ ਸੁਦਾਮੇ ਤੇਰਾ ਵਿਹਾਰਾ, ਵਿਵਹਾਰੀ ਆਪ ਕਰਾਈਆ । ਨੌਬਤਾਂ ਵਾਲਾ ਨਾਮ ਨਗਾਰਾ, ਤੁਰੀਆ ਵਾਲਾ ਰਾਗ ਸੁਣਾਈਆ । ਕਲੀਆਂ ਵਾਲਾ ਕਲ ਅਵਤਾਰਾ, ਕਲ ਕਲੇਸ਼ ਦਏ ਮਿਟਾਈਆ । ਰਵਿ ਦਾ ਮੀਤ ਮੁਰਾਰਾ, ਦਾਸਾਂ ਦਾ ਦਾਸ ਵੇਸ ਵਟਾਈਆ । ਕਵੀਆਂ ਦਾ ਸਹਾਰਾ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਬਿਪ ਸੁਦਾਮਾ ਹੋ ਕੇ ਚੁਪ, ਅੰਤਰ ਧਿਆਨ ਲਗਾਈਆ । ਬਿਨ ਰਸਨਾ ਜਿਹਵਾ ਹਲਾਇਆਂ ਲਿਆ ਪੁਛ, ਪ੍ਰਭੂ ਕੀ ਰਿਹਾ ਤੂੰ ਗਾਈਆ । ਕੀ ਜੋ ਕੁਛ ਕਿਹਾ ਇਹ ਸਚਮੁਚ, ਕਿ ਵਲ ਛਲ ਕਰਕੇ ਰਿਹਾ ਸੁਣਾਈਆ । ਸ੍ਰੀ ਭਗਵਾਨ ਕਿਹਾ ਇਸ ਵਿਚ ਝੂਠ ਨਹੀਂ ਤੁਛ, ਤਿਲ ਮਾਤਰ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਮੈਂ ਨਿਰਗੁਣ ਧਾਰੋਂ ਆਇਆ ਉਠ, ਲੋਕਮਾਤ ਫੇਰਾ ਪਾਈਆ । ਭਗਤ ਵਛਲ ਹੋ ਕੇ ਜਾਵਾਂ ਤੁਠ, ਮਿਹਰ ਨਜ਼ਰ ਨਾਲ ਤਰਾਈਆ । ਪਿਛਲਾ ਲਹਿਣਾ ਦੇਣਾ ਇਸੇ ਤਰਾ ਨਿਬੇੜਾਂ ਹੋ ਕੇ ਚੁਪ, ਰੌਲਾ ਜਗਤ ਨਾ ਕੋਇ ਰਖਾਈਆ । ਇਹਨਾਂ ਦਾ ਨਾਤਾ ਤੇਰੇ ਨਾਲ ਜੋੜਾਂ ਧੀਆਂ ਪੁਤ, ਜੋ ਅੱਠੇ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲੇਖਾ ਲਿਖ ਲਿਖ ਸਭ ਦੀ ਝੋਲੀ ਪਾਈਆ ।

੧੧੬

## ❊ ੨੫ ਪੋਹ ੨੦੨੧ ਬਿਕ੍ਰਮੀ ਸਵੇਰੇ ਪੰਜ ਵਜੇ ਹਰਿ ਭਗਤ ਦਵਾਰ ਜੇਠੂਵਾਲ ❊

ਪੰਝੀ ਪੋਹ ਕਹੇ ਮੈਨੂੰ ਯਾਦ ਆਈ ਉਹ ਪੰਝੀ, ਵੀਹ ਸੌ ਬਾਰਾਂ ਬਿਕ੍ਰਮੀ ਪਿੱਛੇ ਧਿਆਨ ਲਗਾਈਆ । ਉਨੀਂ ਹਾੜ ਜਿਨ੍ਹਾਂ ਨੂੰ ਵਸਤ ਵੰਡੀ, ਸਚ ਭੰਡਾਰਾ ਇਕ ਵਰਤਾਈਆ । ਜਨ ਭਗਤ ਚਲਾ ਕੇ ਮਾਰਗ ਸਿੱਧੀ ਡੰਡੀ, ਡੰਡੌਤ ਧੁਰ ਦੀ ਦਿਤੀ ਸਿਖਾਈਆ । ਸੰਤ ਸੁਹੇਲੇ ਚਾੜ੍ਹ ਕੇ ਚੰਦ ਨੌਚੰਦੀ, ਦੋ ਜਹਾਨ ਕਰੀ ਰੁਸ਼ਨਾਈਆ । ਅੰਤਰ ਕਢ ਕੇ ਵਾਸਨਾ ਗੰਦੀ, ਸਚ ਸੁਗੰਧੀ ਵਿਚ ਭਰਾਈਆ । ਪੁਰਖ ਅਕਾਲ ਨਾਲ ਮਿਲਣ ਦੀ ਲਾ ਕੇ ਪਾਬੰਦੀ, ਬੰਦੀਖ਼ਾਨੇ ਸਰਬ ਤੁੜਾਈਆ । ਢੋਲਾ ਸੁਣਾ ਕੇ ਸੋਹੰ ਛੰਦੀ, ਸੋਹਣਾ ਰੂਪ ਦਿਤਾ ਬਦਲਾਈਆ । ਬਿਨ ਮੰਗਿਆਂ ਵਸਤ ਝੋਲੀ ਪਾਈ ਅਨਮੰਗੀ, ਵੱਡੇ ਵੱਡੀ ਕੀਤੀ ਬੇਪਰਵਾਹੀਆ । ਅਬਿਨਾਸ਼ੀ ਕਰਤੇ ਸਭ ਤੋਂ ਲਗੀ ਖੇਲ ਇਹ ਚੰਗੀ, ਜੋ ਅਚਰਜ ਆਪਣੀ ਆਪ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅਕੱਠੇ ਕਰਕੇ ਸਾਰੇ ਬਣਾਏ ਸੰਗੀ, ਸਗਲਾ ਸੰਗ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦਰ ਦਰਵੇਸ਼ ਰਹੇ ਮੰਗੀ, ਅਲਖ ਅਗੋਚਰ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਝੀ ਪੋਹ ਕਹੇ ਮੇਰਾ ਦੋ ਪੰਜ ਦਾ ਮੇਲਾ, ਸਰਗੁਣ ਪੰਜਾਂ ਨਾਲ ਦੇਵੇ ਵਡਿਆਈਆ । ਲੇਖਾ ਮੁਕਣਾ ਗੁਰ ਚੇਲਾ, ਚੇਲਾ ਗੁਰੂ ਇਕੋ ਘਰ ਨਜ਼ਰੀ ਆਈਆ । ਨਵ ਨੌ ਚਾਰ ਪਿੱਛੋਂ ਹੋਇਆ ਵਕਤ ਸੁਹੇਲਾ, ਸੁਹੰਜਣੀ ਘੜੀ ਖ਼ੁਸ਼ੀ ਵਖਾਈਆ । ਜੋਬਨਵੰਤਾ ਹਰਿ ਅਲਬੇਲਾ, ਬਲਧਾਰੀ ਆਪਣੀ ਕਲ ਵਰਤਾਈਆ । ਵਸਣਹਾਰਾ ਧਾਮ ਨਵੇਲਾ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਪੰਝੀ ਕਹੇ ਦੋ ਪੰਜ ਦਾ ਯਾਰ, ਨਿਰਗੁਣ ਨਿਰੰਕਾਰ ਨਜ਼ਰੀ ਆਈਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਚੌਕੜ ਬੈਠੀ ਸੀਸ ਝੁਕਾਈਆ । ਜਿਸ ਨੂੰ ਸਜਦੇ ਕਰਦੇ ਗੁਰ ਅਵਤਾਰ, ਪੀਰ ਪੈਗ਼ੰਬਰ ਚਰਨ ਧਿਆਨ ਰਖਾਈਆ । ਜਿਸਦੇ ਵਿਸ਼ਨ ਬ੍ਰਹਮਾ ਸ਼ਿਵ ਬਰਖ਼ੁਰਦਾਰ, ਨੱਢੇ ਬਾਲੇ ਸੇਵ ਲਗਾਈਆ । ਉਹ ਸੁਣਨ ਸੰਦੇਸ਼ਾ ਏਕੋ ਵਾਰ, ਹਰਿ ਕਰਤਾ ਆਪ ਜਣਾਈਆ । ਸਚਖੰਡ ਦਾ ਸਚ ਵਿਹਾਰ, ਲੋਕਮਾਤ ਰਿਹਾ ਪਰਗਟਾਈਆ । ਜਿਸਦਾ ਲਹਿਣਾ ਇਕ ਤੋਂ ਦੋ ਦੋ ਤੋਂ ਚਾਰ, ਚਾਰ ਦਾ ਮਾਲਕ ਇਕ ਅਖਵਾਈਆ । ਪੂਰਬ ਕਰਜ਼ ਦੇਣਾ ਉਤਾਰ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਝੀ ਪੋਹ ਕਹੇ ਮੈਂ ਲਾਇਆ ਪੰਜਾ, ਸ਼ਹਾਦਤ ਪਿਛਲੀ ਦਿਆਂ ਜਣਾਈਆ । ਜਿਸ ਵੇਲੇ ਦੀਨ ਦਿਆਲ ਕਿਰਪਾਲ ਪ੍ਰਭ ਠਾਕਰ ਗੋਬਿੰਦ ਦਿਤਾ ਇਕ ਅਨੰਦਾ, ਅਨੰਦ ਆਪਣੇ ਵਿਚੋਂ ਪਰਗਟਾਈਆ । ਸਚ ਸਿੰਘਾਸਣ ਸੁਹਾ ਕੇ ਇਕ ਮੰਜਾ, ਮਜਲਸ ਆਪਣੇ ਨਾਲ ਲਗਾਈਆ । ਇਕ ਨਾਨਕ ਇਕ ਸੁਰੰਗਾ, ਇਕ ਤਾਰ ਸਤਾਰ ਹਿਲਾਈਆ । ਇਕ ਸਾਹਿਬ ਸੂਰਾ ਸਰਬੰਗਾ, ਹੁਕਮੀ ਹੁਕਮ ਵਰਤਾਈਆ । ਇਕ ਮੰਜ਼ਲ ਪੌੜੀ ਡੰਡਾ, ਅਗੰਮ ਅਥਾਹ ਵਖਾਈਆ । ਇਕ ਰਵਿਦਾਸ ਵਾਲਾ ਸੁੱਕਾ ਮੰਡਾ, ਟੁਕੜਾ ਹਿੱਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੰਝੀ ਪੋਹ ਕਹੇ ਇਕ ਦਿਨ ਆਈ ਪੰਝੀ ਪੋਹ ਦੀ ਰੈਣ, ਰਾਮ ਦਸਰਥ ਬੇਟੇ ਮਿਲੀ ਵਡਿਆਈਆ । ਸੀਤਾ ਸਵਾਣੀ ਉਠ ਕੇ ਆਈ ਕਹਿਣ, ਰਘੁਨਾਥ, ਬੇਨੰਤੀ ਇਕ ਸੁਣਾਈਆ । ਮੈਂ ਕੁਛ ਨੇਤਰ ਤਕਿਆ ਨੈਣ, ਪਤਾ ਨਹੀਂ ਕੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ


੧੧੭

ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨਕ ਸਪੁੱਤਰੀ ਕਿਹਾ ਜਿਸ ਵੇਲੇ ਹੋਏ ਸਵਾ ਪੰਜ, ਮੇਰੇ ਅੰਤਰ ਅੰਤਰ ਨਜ਼ਰੀ ਇਹ ਕੁਛ ਆਈਆ । ਨਾਲੇ ਖ਼ੁਸ਼ੀ ਗ਼ਮੀ ਨਾਲੇ ਰੰਜ, ਨਾਲੇ ਹਸਤੀ ਵੇਖੀ ਬੇਪਰਵਾਹੀਆ । ਨਾਲੇ ਧਨੁਸ਼ ਚਿੱਲਾ ਵੇਖਿਆ ਤੀਰ ਕਮੰਦ, ਭੱਥਾ ਅਗੰਮ ਰੂਪ ਵਟਾਈਆ । ਮੈਂ ਨੂਰੀ ਨੂਰ ਚਮਕਦਾ ਵੇਖਿਆ ਚੰਦ, ਕਲਗੀ ਤੋੜਾ ਸੀਸ ਟਿਕਾਈਆ । ਮੈਂ ਵੇਖ ਕੇ ਹੋਈ ਅਨੰਦ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਤਕ ਕੇ ਵੇਖਿਆ ਉਹਦੀ ਇਕੋ ਨਾਲ ਗੰਢ, ਜਿਸ ਨੂੰ ਸਕੇ ਨਾ ਕੋਇ ਖੁਲ੍ਹਾਈਆ । ਅਗੇ ਉਹਦੇ ਹਿੱਸੇ ਟੁਕੜੇ ਕੀਤੇ ਚਾਰ ਵੰਡ, ਚੌਥਾ ਜੁਗ ਦਏ ਗਵਾਹੀਆ । ਦੋਹਾਂ ਨੂੰ ਨੀਹਾਂ ਹੇਠਾਂ ਦਿਤਾ ਦੱਬ, ਮੇਰੇ ਉਤੇ ਹੈਰਾਨੀ ਆਈਆ । ਦੋਹਾਂ ਨੂੰ ਧਾਰ ਤਲਵਾਰ ਦਿਤਾ ਕਟ, ਫਟ ਆਪਣਾ ਇਕ ਚਲਾਈਆ । ਮੈਂ ਵੇਖ ਕੇ ਸੀਨੇ ਉਤੇ ਰੱਖੇ ਹੱਥ, ਨੇਤਰ ਨੈਣ ਬੰਦ ਲਏ ਕਰਾਈਆ । ਇਹ ਕੀ ਖੇਲ ਪੁਰਖ ਸਮਰਥ, ਸਮਝ ਕੁਛ ਨਾ ਆਈਆ । ਅੱਗੋਂ ਆਈ ਇਕ ਆਵਾਜ਼, ਬੇਪਰਵਾਹ ਦਿਤਾ ਸਮਝਾਈਆ । ਕਲਜੁਗ ਵੇਖਾਂ ਖੇਲ ਤਮਾਸ਼, ਤ੍ਰੇਤਾ ਦੁਆਪਰ ਪੰਧ ਮੁਕਾਈਆ । ਸੁਤ ਦੁਲਾਰਾ ਕਰ ਕੇ ਇਕ ਪਰਕਾਸ਼, ਨੂਰ ਨੁਰਾਨਾ ਨੂਰ ਕਰ ਰੁਸ਼ਨਾਈਆ । ਗੋਬਿੰਦ ਕਰ ਕੇ ਦਾਸੀ ਦਾਸ, ਸੇਵਾ ਸਚ ਦ੍ਰਿੜਾਈਆ । ਅੰਤਮ ਪਰਗਟ ਹੋਵਾਂ ਆਪ, ਜੋਤੀ ਜਾਤਾ ਵੇਸ ਵਟਾਈਆ । ਭਗਤ ਸੁਹੇਲਾ ਬਣ ਕੇ ਬਾਪ, ਨਾਤਾ ਧੁਰ ਦਾ ਲਵਾਂ ਜੁੜਾਈਆ । ਸੰਤ ਸੁਹੇਲਾ ਹੋ ਕੇ ਸਾਖ਼ਿਆਤ, ਸੱਜਣ ਸਾਚੇ ਲਵਾਂ ਉਠਾਈਆ । ਬੀਸ ਇਕੀਸਾ ਹਰਿ ਜਗਦੀਸਾ ਪੁੱਛੇ ਫੇਰ ਵਾਤ, ਪਾਂਧੀ ਹੋ ਕੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੀਤਾ ਕਿਹਾ ਸੁਣ ਮੇਰੇ ਰਘੁਪਤ, ਰਘੁਨਾਥ ਦਿਆਂ ਜਣਾਈਆ । ਵਿਚੋਂ ਮੇਰੀ ਥੋੜਾ ਚਿਰ ਖੁਲ੍ਹੀ ਅੱਖ, ਮੈਂ ਵੇਖ ਵੇਖ ਹੈਰਾਨੀ ਆਪਣੇ ਅੰਦਰ ਲਿਆਈਆ । ਉਧਰੋਂ ਨੀਂਦ ਆ ਗਈ ਫੇਰ ਝਟ, ਮੈਨੂੰ ਸੁਰਤ ਰਹੀ ਨਾ ਰਾਈਆ । ਅਗਲਾ ਹੁਕਮ ਪੁਰਖ ਅਬਿਨਾਸ਼ੀ ਇਕ ਹੋਰ ਦਿਤਾ ਦੱਸ, ਭੇਵ ਅਭੇਦਾ ਭੇਵ ਖੁਲ੍ਹਾਈਆ । ਇਕੋ ਗ੍ਰਿਹ ਮੰਦਰ ਵਖਾਇਆ ਜੋ ਰਿਹਾ ਵਸ, ਬਾਕੀ ਖੇੜਾ ਨਜ਼ਰ ਕੋਇ ਨਾ ਆਈਆ । ਓਥੇ ਭਗਤ ਭਗਵਾਨ ਦਾ ਗੌਂਦੇ ਜਸ, ਸੋਹੰ ਨਾਮ ਸੁਣਾਈਆ । ਦੋ ਜਹਾਨਾਂ ਨਾਲੋਂ ਬੈਠੇ ਵਖ, ਵਖਰਾ ਡੇਰਾ ਲਾਈਆ । ਖ਼ੁਸ਼ੀਆਂ ਅੰਦਰ ਰਹੇ ਨਚ, ਪ੍ਰੇਮੀ ਤਾਲ ਵਜਾਈਆ । ਪ੍ਰਭੂ ਵੇਖਿਆ ਹੋਰ ਖੇਲ ਤਮਾਸ਼, ਅਚਰਜ ਲੀਲ੍ਹਾ ਹਰਿ ਜਣਾਈਆ । ਪਤਿ ਪਰਮੇਸ਼ਵਰ ਦੇਵੇ ਸਾਥ, ਇਕ ਗੋਬਿੰਦ ਨੂਰ ਸੰਗ ਮਿਲਾਈਆ । ਉਸ ਦਾ ਫੜ ਕੇ ਸੱਜਾ ਹੱਥ, ਸਾਜਨ ਲਿਆ ਬਣਾਈਆ । ਉਸ ਦੀ ਚੀਚੀ ਵਿਚੋਂ ਕੱਢਕੇ ਰਤ, ਰਤੀ ਰਤ ਲੇਖੇ ਪਾਈਆ । ਜਨ ਭਗਤਾਂ ਧੁਰ ਦਾ ਲੇਖਾ ਲਿਖ ਕੇ ਸਾਚੋ ਸਚ, ਸਚ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸੀਤਾ ਕਹੇ ਮੈਂ ਥੋੜੀ ਸੁੱਤੀ, ਮੇਰੀ ਸੁਰਤੀ ਕਿਸੇ ਦਿਤੀ ਸਮਝਾਈਆ । ਜਿਧਰ ਵੇਖਾਂ ਭਗਤਾਂ ਭਗਵਾਨ ਨਾਲ ਲਗੀ ਰੁਚੀ, ਸੀਤਾ ਰਾਮ ਨਾ ਕੋਇ ਧਿਆਈਆ । ਮੈਂ ਵੇਖਿਆ ਸਭ ਦੀ ਔਧ ਮੁਕੀ, ਘਨਈਆ ਬੰਸਰੀ ਨਾ ਕੋਇ ਸੁਣਾਈਆ । ਮੈਂ ਜਾਣਿਆ ਪੀਰ ਪੈਗ਼ੰਬਰਾਂ ਕੁਰਾਨਾਂ ਵਾਲੀ ਬਗ਼ਲੇ ਰਹਿ ਗਈ ਗੁੱਛੀ, ਮਸਲਾ ਪੜ੍ਹ ਨਾ ਕੋਇ ਸੁਣਾਈਆ । ਮੈਂ ਸਮਝਿਆ ਵੇਦਾਂ ਪੁਰਾਨਾਂ ਸ਼ਾਸਤਰਾਂ ਵਾਲੀ ਗਈ ਰੁੱਤੀ, ਬਹਾਰ ਖ਼ਿਜ਼ਾਂ ਰੂਪ ਵਟਾਈਆ । ਮੈਂ ਸਮਝਿਆ ਭਗਤ ਭਗਵਾਨ ਨਾਤਾ ਜੁੜਿਆ ਪਿਉ ਪੁੱਤੀਂ, ਪਤਿਪਰਮੇਸ਼ਵਰ ਆਪਣੇ ਰੰਗ ਰੰਗਾਈਆ । ਬ੍ਰਹਿਮੰਡ ਖੰਡ ਵੇਖੇ ਓਸ ਨੂੰ ਰਹੇ ਝੁਕੀ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ



੧੧੮

ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਝੀ ਪੋਹ ਕਹੇ ਵਿਚੋਂ ਥੋੜ੍ਹੀ ਆਈ ਜਾਗ, ਢਾਈ ਸਕਿੰਟ ਸੋਝੀ ਪਾਈਆ । ਪ੍ਰਭ ਦਾ ਵੇਖਿਆ ਇਕ ਵੈਰਾਗ, ਭਗਤਾਂ ਪਿੱਛੇ ਨੀਰ ਵਹਾਈਆ । ਭਗਤਾਂ ਵੇਖਿਆ ਇਕ ਸੁਹਾਗ, ਜੋ ਪ੍ਰਭ ਦੀ ਓਟ ਤਕਾਈਆ । ਸ਼ਬਦ ਅਗੰਮੀ ਸੁਣੀ ਆਵਾਜ, ਮੈਨੂੰ ਰਹੀ ਸੁਣਾਈਆ । ਨਿਰਗੁਣ ਸਰਗੁਣ ਦਾ ਹੋਵੇ ਪਰਤਾਪ, ਦੂਆ ਪਹਿਲਾ ਦਏ ਗਵਾਹੀਆ । ਪੰਜਾਂ ਨਾਲ ਪੰਚ ਪੰਚਾਇਣ ਪਤਿਪਰਮੇਸ਼ਵਰ ਸਚ ਚਲੌਣਾ ਰਾਜ, ਦੋ ਜਹਾਨਾਂ ਹੁਕਮ ਮਨਾਈਆ । ਪੰਝੀ ਪੋਹ ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਹੁਕਮ ਸੰਦੇਸੇ ਨਾਲ ਰਖਾਏ ਸਾਥ, ਸਾਚਾ ਜੋੜ ਬਣਾਈਆ । ਉਠੋ ਵੇਖੋ ਮਾਰ ਝਾਤ, ਝਾਕੀ ਇਕੋ ਇਕ ਜਣਾਈਆ । ਨੌ ਸੌ ਚੁਰਾਨਵੇ ਚੌਕੜੀ ਪਿਛੋਂ ਭਗਤਾਂ ਮਿਲੀ ਇਹ ਰਾਤ, ਜਿਨ੍ਹਾਂ ਨੂੰ ਰਾਤੀਂ ਸੁਤਿਆਂ ਅਰਸ਼ ਤੇ ਲਿਆ ਉਠਾਈਆ । ਪਰਭਾਤਾਂ ਵਿਚੋਂ ਆਈ ਉਹ ਪਰਭਾਤ, ਜੋ ਪ੍ਰਭੂ ਨੇ ਆਪਣੀ ਝੋਲੀ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਝੀ ਪੋਹ ਕਹੇ ਮੈਨੂੰ ਯਾਦ ਆਈ ਪਿਛਲੀ ਪੰਝੀ, ਜੋ ਭਗਤ ਦਵਾਰੇ ਗੁਰਮੁਖਾਂ ਮਿਲੀ ਵਡਿਆਈਆ । ਗ਼ਮੀ ਚੁਕਾ ਕੇ ਜਗਤ ਰੰਜੀ, ਪ੍ਰਭ ਰੰਜਸ਼ ਦਿਤੀ ਮਿਟਾਈਆ । ਖ਼ਾਨਾ ਤੋੜ ਕੇ ਕੂੜ ਕੁੜਿਆਰਾ ਬੰਦੀ, ਬੰਦਨਾ ਇਕੋ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੰਝੀ ਪੋਹ ਕਹੇ ਮੈਂ ਬਣ ਕੇ ਪੰਝੀ ਦੀ ਪੰਗਤ, ਲੋਕਮਾਤ ਬੈਠੀ ਆਸਣ ਲਾਈਆ । ਓਸ ਵੇਲੇ ਵੇਖੀ ਪਹਿਲੀ ਵਾਰ ਸੋਹਣੀ ਸੰਗਤ, ਜੋ ਗੁਰਮੁਖ ਰੂਪ ਨਜ਼ਰੀ ਆਈਆ । ਓਧਰੋਂ ਬ੍ਰਹਮਾ ਫਿਰਦਾ ਆਇਆ ਪੰਡਤ, ਧੁਰ ਸੰਦੇਸ਼ ਨਾਲ ਸੁਣਾਈਆ । ਜਿਸ ਦਾ ਲਹਿਣਾ ਜੇਰਜ ਅੰਡਜ, ਉਤਭੁਜ ਸੇਤਜ ਰਿਹਾ ਸਮਾਈਆ । ਉਸ ਦਾ ਇਕੋ ਚਲਣਾ ਮੰਤਰ, ਸਾਚੀ ਬਣਤਰ ਰਿਹਾ ਬਣਾਈਆ । ਭਗਤ ਸੁਹੇਲਾ ਹੋਣਾ ਅੰਤਰ, ਅੰਤਸ਼ਕਰਨ ਵੇਖ ਵਖਾਈਆ । ਕਰ ਪਰਕਾਸ਼ ਬ੍ਰਹਮ ਨਿਰੰਤਰ, ਜੋਤੀ ਜੋਤ ਡਗਮਗਾਈਆ । ਦੇ ਵਡਿਆਈ ਸਾਚੇ ਸੰਤਨ, ਗੁਰਮੁਖ ਆਪਣੇ ਰੰਗ ਰੰਗਾਈਆ । ਭਾਗ ਲਗਾਏ ਕਾਇਆ ਮਾਟੀ ਨਵ ਤਨ, ਦਹਿ ਦਿਸ਼ਾ ਭੇਵ ਚੁਕਾਈਆ । ਸੁਰਤ ਸਵਾਣੀ ਕਰੇ ਮਰਦਨ, ਮਦਦ ਆਪਣੀ ਨਾਲ ਉਠਾਈਆ । ਲੇਖੇ ਲਾਏ ਬਿਨਾ ਭੇਟ ਕਰਾਏ ਸੀਸ ਗਰਦਨ, ਬਲੀਦਾਨ ਆਪਣਾ ਆਪ ਕਰਾਈਆ । ਨੇਤਰ ਨੀਰ ਵਹਾ ਕੇ ਵੇਖੇ ਗੋਵਰਧਨ, ਆਪਣਾ ਮੁਖ ਸ਼ਰਮਾਈਆ । ਜਿਨ੍ਹਾਂ ਦੇ ਉਪਰ ਪੁਰਖ ਅਕਾਲ ਪਾਵੇ ਪੜਦਨ, ਓਨ੍ਹਾਂ ਤੱਤੀ ਵਾ ਨਾ ਲਾਗੇ ਰਾਈਆ । ਜਿਨ੍ਹਾਂ ਨੂੰ ਸ੍ਰੀ ਭਗਵਾਨ ਘਰ ਘਰ ਨੇਂਦਾ ਆਏ ਵਰਜਣ, ਭਗਤ ਭੰਡਾਰਾ ਦਏ ਖਵਾਈਆ । ਪਿਛਲਾ ਲੇਖਾ ਮੁਕ ਜਾਏ ਕ਼ਰਜ਼ਨ, ਮਕ਼ਰੂਜ਼ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਸੀਤਾ ਕਹੇ ਮੈਂ ਵੇਖਿਆ ਖੇਲ ਪ੍ਰਭ, ਪ੍ਰਭੂ ਦਿਆਂ ਜਣਾਈਆ । ਜਿਸ ਵੇਲੇ ਪੰਝੀ ਪੋਹ ਦੀ ਆਵੇ ਹੱਦ, ਕਲਜੁਗ ਅੰਤ ਦਏ ਗਵਾਹੀਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਨੇ ਲਏ ਸੱਦ, ਸਾਥ ਮੈਨੂੰ ਹੁਕਮ ਸੁਣਾਈਆ । ਮੈਂ ਵੀ ਉਠ ਕੇ ਚਲਾਂ ਭੱਜ, ਆਪਣਾ ਪੰਧ ਮੁਕਾਈਆ । ਚਰਨੀ ਲਗਾਂ ਢਠ, ਧੂੜੀ ਟਿੱਕਾ ਲਾਈਆ । ਕੁਛ ਸੇਵਾ ਪ੍ਰਭੂ ਦੱਸ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੀਤਾ ਕਹੇ ਮੈਂ ਹੁਕਮ ਸੁਣਿਆ ਸਤਿ, ਪੁਰਖ ਅਕਾਲ ਦਿਤਾ ਜਣਾਈਆ । ਜਿਸ ਵੇਲੇ ਵਕ਼ਤ ਸੁਹੰਜਣਾ ਆਵੇ ਵਤ, ਵਸਤ ਧੁਰ ਦੀ ਆਪ ਵਰਤਾਈਆ । ਭਗਤ ਸੁਹੇਲਾ ਹੋ ਪਰਗਟ, ਨਿਰਗੁਣ ਨੂਰ ਕਰੇ ਰੁਸ਼ਨਾਈਆ ।

੧੧੯

ਤੈਨੂੰ ਸੱਦਾ ਦੇ ਕੇ ਝਟ, ਧੁਰ ਦਾ ਹੁਕਮ ਮਨਾਈਆ । ਤੂੰ ਪਾਂਧੀ ਹੋ ਕੇ ਔਣਾ ਨਠ, ਘਰ ਸਾਚੇ ਫੇਰਾ ਪਾਈਆ । ਤੇਰਾ ਸੇਵਾ ਕਰਨ ਦਾ ਇਕੋ ਹਕ, ਤੈਨੂੰ ਦਿਆਂ ਜਣਾਈਆ । ਪਹਿਲੋਂ ਆਪਣਾ ਰਾਮ ਲਵੀਂ ਲਭ, ਜਿਸ ਦੇ ਨਾਲ ਨਾਤਾ ਤਨ ਜੁੜਾਈਆ । ਫੇਰ ਅਗੇ ਵੇਖੀਂ ਵਧ, ਆਪਣਾ ਪੰਧ ਮੁਕਾਈਆ । ਨਜ਼ਰੀ ਆਏ ਪੁਰਖ ਸਮਰਥ, ਦਾਤਾ ਦਾਨੀ ਸ਼ਹਿਨਸ਼ਾਹੀਆ । ਜਿਸ ਦਾ ਲਹਿਣਾ ਇੱਕੀ ਹੱਥ, ਇੱਕੀ ਇੱਕੀ ਵੰਡ ਵੰਡਾਈਆ । ਭਗਤਾਂ ਦੇਣਾ ਹਕ, ਭਗਵਨ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਨਾਲ ਸੇਵਾ ਦੱਸੇ, ਸਚ ਸਚ ਸਮਝਾਈਆ । ਜਿਸ ਵੇਲੇ ਇੱਕੀ ਗੁਰਮੁਖ ਹੋਵਣ ਇਕੱਠੇ, ਇਕ ਦੂਜਾ ਸੰਗ ਮਿਲਾਈਆ । ਪੁਰਖ ਅਬਿਨਾਸ਼ੀ ਨਿਰਗੁਣ ਸਰਗੁਣ ਖੇਲ ਕਰਨਾ ਸਮਰਥੇ, ਸਮਰਥ ਆਪਣਾ ਜੋੜ ਜੁੜਾਈਆ । ਗੋਬਿੰਦ ਦੇ ਅੰਦਰ ਹੋ ਕੇ ਵਸੇ, ਦੋਹਾਂ ਦਾ ਮੇਲਾ ਸਹਿਜ ਸੁਭਾਈਆ । ਅਗਲਾ ਮਾਰਗ ਇਕੋ ਦੱਸੇ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤੇਰੀ ਸੇਵਾ ਦੱਸੇ ਨਿਰੰਕਾਰ, ਨਿਰਗੁਣ ਆਪ ਜਣਾਈਆ । ਜਿਸ ਵੇਲੇ ਕਿਰਪਾ ਕਰੇ ਸਤਿ ਕਰਤਾਰ, ਕਰਤਾ ਪੁਰਖ ਬੇਪਰਵਾਹੀਆ । ਇੱਕੀਆਂ ਨਾਲ ਕਰ ਪਿਆਰ, ਏਕਾ ਗੰਢ ਦਏ ਪੁਆਈਆ । ਧੁਰ ਦਾ ਹੁਕਮ ਦੱਸੇ ਸਰਕਾਰ, ਸਤਿ ਸਚ ਦਏ ਜਣਾਈਆ । ਦੋਹਾਂ ਦਾ ਲੇਖਾ ਵਿਚ ਸੰਸਾਰ, ਲਹਿਣਾ ਝੋਲੀ ਪਾਈਆ । ਤੂੰ ਆਪਣਾ ਲਹਿੰਗਾ ਲੈਣਾ ਸੁਆਰ, ਸਿਰ ਓਢਨ ਇਕ ਟਿਕਾਈਆ । ਓਧਰੋਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਹੋਵਨ ਤੇਰੇ ਨਾਲ, ਆਵਣ ਪੰਧ ਮੁਕਾਈਆ । ਜਲ ਭਰਿਆ ਸੁਹਾਵਾ ਹੋਵੇ ਤਾਲ, ਸਚ ਸੁਗੰਧ ਸਮਾਈਆ । ਤੁਸਾਂ ਹੌਲੀ ਹੌਲੀ ਜਨ ਭਗਤਾਂ ਵਿਚ ਮਿਲਣਾ ਆਣ, ਚੜ੍ਹਦੀ ਦਿਸ਼ਾ ਮੁਖ ਰਖਾਈਆ । ਜਿਸ ਵੇਲੇ ਪ੍ਰਭੂ ਦਾ ਹੋਣ ਲਗੇ ਇਸ਼ਨਾਨ, ਇੱਕੀ ਸੇਰ ਵੰਡ ਵੰਡਾਈਆ । ਤੂੰ ਓਸ ਵੇਲੇ ਚਰਨ ਮਲਣੇ ਆਣ, ਚਰਨੋਦਕ ਚੁਲੀ ਮੁਖ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੀਤਾ ਕਹੇ ਕਰ ਨਿਮਸਕਾਰ, ਪ੍ਰਭੂ ਤੇਰੀ ਸਰਨਾਈਆ । ਮੈਂ ਵੇਖਾਂ ਤੇਰਾ ਇਹ ਵਿਹਾਰ, ਕਲਜੁਗ ਅੰਤਮ ਸਰਨ ਮਿਲੇ ਸਰਨਾਈਆ । ਜਿਹੜਾ ਅੰਮ੍ਰਿਤ ਤੂੰ ਕਰਨਾ ਤਿਆਰ, ਰਸ ਆਪਣਾ ਵਿਚ ਭਰਾਈਆ । ਪਹਿਲੋਂ ਓਨ੍ਹਾਂ ਦੇਣਾ ਪਿਆਲ, ਜੋ ਤੇਰੇ ਹੋ ਕੇ ਆਪਣਾ ਆਪ ਤੇਰੀ ਭੇਟ ਚੜ੍ਹਾਈਆ । ਫੇਰ ਫਲ ਲਗੌਣਾ ਓਸ ਡਾਲ੍ਹ, ਜੋ ਗੋਬਿੰਦ ਬੂਟਾ ਗਿਆ ਲਗਾਈਆ । ਓਨ੍ਹਾਂ ਤੋਂ ਬਚਿਆ ਮੈਨੂੰ ਦੇਣਾ ਪਿਆਲ, ਓਸੇ ਨੂੰ ਆਪਣੀ ਝੋਲੀ ਖ਼ੁਸ਼ੀ ਨਾਲ ਪਾਈਆ । ਮੇਰਾ ਏਹੋ ਮੰਨ ਸਵਾਲ, ਬੇਨੰਤੀ ਇਕ ਜਣਾਈਆ । ਤੂੰ ਪਾਤਸ਼ਾਹਾਂ ਦਾ ਪਾਤਸ਼ਾਹ ਤੂੰ ਲੇਖੇ ਲੌਣੇ ਕੰਗਾਲ, ਕੋੜ੍ਹਿਆਂ ਕਮਲਿਆਂ ਗੋਦ ਉਠਾਈਆ । ਓਸ ਵੇਲੇ ਮੈਂ ਆਖਾਂ ਆਪਣੇ ਰਾਮ ਵੇਖ ਰਾਮ, ਉਹ ਰਾਮ ਸਭ ਦਾ ਪਿਤਾ ਮਾਈਆ । ਜਿਸ ਦੀ ਕਰੇ ਨਾ ਕੋਇ ਪਹਿਚਾਨ, ਜਗਤ ਗਿਆਨ ਨਾ ਕੋਇ ਦ੍ਰਿੜਾਈਆ । ਜਿਸ ਨੂੰ ਬਨਵਾਸ ਕੱਟਣਾ ਪਏ ਨਾ ਵਿਚ ਬੀਆਬਾਨ, ਜੰਗਲਾਂ ਵਿਚ ਨਾ ਡੇਰਾ ਲਾਈਆ । ਤਖ਼ਤ ਨਿਵਾਸੀ ਨੌਜਵਾਨ, ਜੋਬਨਮੱਤਾ ਇਕ ਅਖਵਾਈਆ । ਗੁਰ ਅਵਤਾਰਾਂ ਮਾਰ ਇਕ ਆਵਾਜ਼, ਰਾਮ ਰਾਮ ਦੇਣਾ ਸਮਝਾਈਆ । ਆਓ ਵੇਖੋ ਜਿਸ ਦੇ ਸੀਸ ਉਤੇ ਸੋਹਣਾ ਤਾਜ, ਤਾਜਾਂ ਵਾਲਿਓ ਤਜਰਬਾ ਇਹਦੇ ਕੋਲ ਬੇਪਰਵਾਹੀਆ । ਸਾਰੇ ਰਲ ਮਿਲ ਕਰੋ ਆਦਾਬ, ਅਦਬ ਨਾਲ ਸੀਸ ਨਿਵਾਈਆ । ਜਿਸ ਪੰਛੀ ਪੋਹ ਦੀ ਸਾਰੀ ਰਾਤ, ਦੋ ਜਹਾਨਾਂ ਵਿਚ ਫਿਰ ਫਿਰ ਆਪਣੀ ਖ਼ੁਸ਼ੀ ਵਖਾਈਆ । ਜਨਕ ਸਪੁਤਰੀ ਕਹੇ ਮੇਰੀ ਰੱਖੀਂ ਲਾਜ, ਪਿਛਲੀ

ਯਾਦ ਜਿਸ ਨੂੰ ਚੇਤੇ ਆਈਆ । ਮੇਰਾ ਪੂਰਾ ਕੀਤਾ ਖ਼ਵਾਬ, ਸੁਫ਼ਨਾ ਸਚ ਰਿਹਾ ਵਖਾਈਆ । ਦੁਆਪਰ ਨਾ ਖੁੱਲ੍ਹੀ ਆਂਖ, ਕਲਜੁਗ ਅੰਤ ਲਿਆ ਜਗਾਈਆ । ਮੈਂ ਭਗਤਾਂ ਦੀ ਹੋ ਕੇ ਦਾਸੀ ਦਾਸ, ਭਗਤ ਦਵਾਰੇ ਸਾਚੀ ਸੇਵ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲਾ ਲੇਖਾ ਅਗੇ ਖੋਲ੍ਹੇ ਆਪ, ਜਿਸ ਦਾ ਸਭ ਤੋਂ ਵੱਡਾ ਪਰਤਾਪ, ਜਾਪ ਇਕੋ ਇਕ ਜਪਾਈਆ ।

### ੨੫ ਪੋਹ ੨੦੨੧ ਬਿਕ੍ਰਮੀ ਅਮਰਜੀਤ ਸਿੰਘ, ਸੁਰਜੀਤ ਸਿੰਘ ਦੇ ਨਵਿਤ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਪੱਚੀ ਪੋਹ ਸਚਖੰਡ ਨਿਵਾਸੀ ਸਾਰੇ ਵੇਖਣ, ਸ਼ਬਦ ਸਿੰਘਾਸਣ ਧਿਆਨ ਲਗਾਈਆ । ਯਾਦ ਕਰਨ ਪੂਰਬ ਸਵਾ ਰਤੀ ਕੇਸਰ, ਜਿਸ ਦਾ ਲੇਖਾ ਪ੍ਰਭ ਦੇ ਹੱਥ ਨਜ਼ਰੀ ਆਈਆ । ਵੀਹ ਸੌ ਪੰਦਰਾਂ ਬਿਕ੍ਰਮੀ ਜਿਸ ਦਾ ਭੇਵ ਖੁਲ੍ਹਾਇਆ ਥਾਨੇਸਰ, ਧੁਰ ਦਾ ਰਾਗੀ ਨਾਦ ਸੁਣਾਈਆ । ਓਸ ਦਾ ਅੰਤਮ ਚੁਕਣਾ ਲੇਖਣ, ਲੇਖਾ ਆਪਣੇ ਹੱਥ ਜਣਾਈਆ । ਦੂਰ ਦੁਰਾਡਾ ਚਲ ਕੇ ਆਇਆ ਨੇਤ ਨੇਤਨ, ਨਿਜ ਗ੍ਰਿਹਿ ਆਪਣਾ ਡੇਰਾ ਲਾਈਆ । ਜੁਗ ਚੌਕੜੀ ਲਹਿਣਾ ਆਇਆ ਨਬੇੜਨ, ਝਗੜਾ ਦੋ ਜਹਾਨ ਮੁਕਾਈਆ । ਧੁਰ ਦਾ ਗੇੜਾ ਆਇਆ ਗੇੜਨ, ਲੱਖ ਚੁਰਾਸੀ ਲਠ ਭਵਾਈਆ । ਭਗਤ ਸੁਹੇਲੇ ਆਇਆ ਮੇਲਣ, ਗੁਰ ਚੇਲੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬ੍ਰਹਿਮੰਡ ਖੰਡ ਵੇਖਣ ਉਹ ਸਵਾ ਰਤੀ, ਜਿਸ ਦੀ ਰਤ ਗੋਬਿੰਦ ਨਾਲ ਰੰਗਾਈਆ । ਜਿਸ ਦਾ ਮਾਲਕ ਇਕੋ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਗੁਰਮੁਖ ਸੁਆਣੀ ਸੱਚੀ ਸਖ਼ੀ, ਭਗਤ ਸੁਹੇਲੀ ਨਜ਼ਰੀ ਆਈਆ । ਜਿਸ ਦੇ ਕੋਲ ਪਵਣ ਅਗੰਮੀ ਪੱਖੀ, ਸਾਂਤਕ ਸਤਿ ਸਤਿ ਵਰਤਾਈਆ । ਜਿਸ ਦਾ ਹੁਕਮ ਸੰਦੇਸ਼ਾ ਸਾਰੇ ਆਈ ਦੱਸੀ, ਦਹਿ ਦਿਸ਼ਾ ਕਰ ਪੜ੍ਹਾਈਆ । ਜਿਸ ਦੇ ਪਿੱਛੇ ਜੰਗਲ ਜੂਹ ਉਜਾੜ ਪਹਾੜ ਫਿਰਦੇ ਰਹੇ ਜਪੀ ਤਪੀ ਹਠੀ, ਜੋਗ ਅਭਿਆਸ ਜਗਤ ਕਮਾਈਆ । ਜਿਸ ਦੇ ਹੁਕਮੇ ਅੰਦਰ ਖਾਣੀ ਬਾਣੀ ਚਾਰ ਜੁਗ ਲਿਖੀ, ਲਿਖਤ ਭਵਿਖਤ ਨਾਲ ਰਖਾਈਆ । ਤਿਸ ਸਾਹਿਬ ਦੀ ਸਭ ਨੇ ਵੇਖਣ ਔਣਾ ਨਿਰਾਲੀ ਸਿੱਖੀ, ਜਿਸ ਦੀ ਸਮਝ ਕਿਸੇ ਨਾ ਆਈਆ । ਓਸੇ ਵੇਲੇ ਗੋਬਿੰਦ ਪੜ੍ਹ ਕੇ ਸੁਣੌਣੀ ਉਹ ਅਗੰਮੀ ਚਿੱਠੀ, ਜਿਸ ਦੀਆਂ ਸਤਰਾਂ ਅੰਕ ਨਾ ਕੋਇ ਬਣਾਈਆ । ਜਿਸ ਦੇ ਹੁਕਮੇ ਅੰਦਰ ਅਰਜਨ ਤਪਿਆ ਭੱਠੀ, ਤੱਤੀ ਰੇਤ ਸੀਸ ਪਵਾਈਆ । ਜਿਸ ਦੇ ਹੁਕਮੇਂ ਅੰਦਰ ਗੋਬਿੰਦ ਬੱਚੇ ਨੀਹਾਂ ਹੇਠ ਗਿਆ ਰੱਖੀ, ਨਿਉਂ ਨਿਉਂ ਬੈਠਾ ਸੀਸ ਨਿਵਾਈਆ । ਉਸ ਦਾ ਖੇਲ ਵੇਖਣਾ ਸਭ ਨੇ ਅੱਖੀਂ, ਲੋਚਨ ਨੈਣ ਅੱਖ ਖੁਲ੍ਹਾਈਆ । ਜਿਸ ਦਾ ਰਾਗ ਕਿਸੇ ਨਾ ਗੌਣਾ ਭਟ ਭੱਟੀ, ਭਟਕਣਾ ਸਭ ਦੀ ਆਪ ਮਿਟਾਈਆ । ਜਿਸ ਦਾ ਨਾਮ ਕਿਸੇ ਨਾ ਮਿਲਣਾ ਵਿਚੋਂ ਹੱਟੀ, ਬਣ ਵਣਜਾਰਾ ਆਪ ਵਰਤਾਈਆ । ਜਿਸ ਦੀ ਇਕੋ ਸ਼ਬਦ ਸਰੂਪੀ ਮੱਤੀ, ਮਤ ਮਤਾਂਤਰ ਹੋਰ ਨਾ ਕੋਈ ਰਖਾਈਆ । ਜਿਸ ਦੀ ਪੜ੍ਹਨ ਵਾਲੀ ਅਗੰਮੀ ਪੱਟੀ, ਢੋਲਾ ਇਕੋ ਇਕ ਸੁਣਾਈਆ । ਜਿਸ ਦੀ ਕੁੱਲੀ ਕਦੀ ਨਾ ਢਠੀ, ਛੱਪਰੀ ਛੰਨ ਨਾ ਕੋਈ ਬਦਲਾਈਆ । ਸੋ ਸਾਹਿਬ ਸੁਵਾਮੀ ਹਰਿਸੰਗਤ ਕਰਕੇ ਕੱਠੀ, ਇਕੱਠੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਭਗਤ ਜਨ ਕੇਸਰ ਸਵਾ ਰਤੀ ਰਹੇ ਤਕ, ਚਾਰ ਜੁਗ ਦੇ ਧਿਆਨ ਲਗਾਈਆ । ਕਿਸ ਬਿਧ ਭਗਤਾਂ ਮਿਲੇ ਹਕ, ਪੁਰਖ

ਅਬਿਨਾਸ਼ੀ ਦਏ ਵਡਿਆਈਆ । ਜਿਸ ਦੀ ਕਰਨੀ ਕਰ ਕਰ ਗਏ ਥਕ, ਥਕਾਵਟ ਵਿਚ ਬੈਠੀ ਸਰਬ ਲੋਕਾਈਆ । ਉਹ ਖੇਲ ਕਰੇ ਸਮਰਥ, ਮਹਿੰਮਾ ਅਕਥ ਦਏ ਦ੍ਰਿੜਾਈਆ । ਜਿਸ ਦਾ ਲੇਖਾ ਇੱਕੀ ਹੱਥ, ਏਕੰਕਾਰ ਆਪਣੀ ਖੇਲ ਖਿਲਾਈਆ । ਸੀਤਾ ਸੁਆਣੀ ਜੋ ਰਹੀ ਦੱਸ, ਨੇਤਰ ਨੈਣ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਓਧਰੋਂ ਕੇਸਰ ਸਵਾ ਰਤੀ ਲਏ ਅੰਗੜਾਈ, ਆਪਣੀ ਅੱਖ ਖੁਲ੍ਹਾਈਆ । ਚੌਥੇ ਜੁਗ ਮੇਰੀ ਵਾਰੀ ਆਈ, ਵਾਰਤਾ ਆਪਣੀ ਰਿਹਾ ਦ੍ਰਿੜਾਈਆ । ਪੁਰਖ ਅਬਿਨਾਸ਼ੀ ਖੇਲ ਰਚਾਈ, ਰਚ ਰਚ ਵੇਖੇ ਸਚਾ ਮਾਹੀਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਹਿਣਾ ਰਿਹਾ ਚੁਕਾਈ, ਦੇਣਾ ਸਭ ਦੀ ਝੋਲੀ ਪਾਈਆ । ਭਗਤ ਸੁਹੇਲੇ ਰਿਹਾ ਮਿਲਾਈ, ਅੰਗੀਕਾਰ ਆਪ ਅਖਵਾਈਆ । ਗੋਬਿੰਦ ਮੇਲਾ ਸਹਿਜ ਸੁਭਾਈ, ਧੁਰ ਦਰਗਾਹੀ ਆਪ ਕਰਾਈਆ । ਸੁਤ ਦੁਲਾਰੇ ਦਏ ਵਡਿਆਈ, ਦੂਲ੍ਹਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਪਾਈਆ । ਸਵਾ ਰਤੀ ਕਹੇ ਮੈਂ ਆਸਾ ਪੁੰਨੀ, ਆਸ਼ਾ ਹੋਰ ਵਧਾਈਆ । ਪ੍ਰਭ ਠਾਕਰ ਮਿਲਿਆ ਵਡ ਗੁਣ ਗੁਣੀ, ਗਹਿਰ ਗੰਭੀਰ ਵਡੀ ਵਡਿਆਈਆ । ਜਿਸ ਨੇ ਪੁਕਾਰ ਸਚ ਦਵਾਰੇ ਸੁਣੀ, ਰਹਿਮਤ ਰਹਿਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਵਾ ਰਤੀ ਕਹੇ ਮੈਂ ਦੱਸਾਂ ਪਿਆਰ, ਆਦਿ ਜੁਗਾਦੀ ਦਿਆਂ ਜਣਾਈਆ । ਜਿਸ ਵੇਲੇ ਨਵ ਨੌਂ ਚਾਰ ਪਿੱਛੋਂ ਆਵੇ ਕਲ ਕਲਕੀ ਅਵਤਾਰ, ਨਿਹਕਲੰਕਾ ਆਪਣਾ ਨਾਉਂ ਧਰਾਈਆ । ਗੋਬਿੰਦ ਦੁਲਾਰਾ ਹੋਵੇ ਨਾਲ, ਘਰ ਮੇਲਾ ਸਹਿਜ ਸੁਭਾਈਆ । ਭਗਤ ਸੁਹੇਲੇ ਲਏ ਉਠਾਲ, ਗੁਰਮੁਖ ਆਣ ਜਗਾਈਆ । ੧੨੨
ਸਚ ਦਵਾਰੇ ਲਏ ਬਹਾਲ, ਮੰਦਰ ਇਕ ਵਧਾਈਆ । ਲੇਖ ਚੁਕਾ ਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਦਏ ਵਡਿਆਈਆ । ਮੁਰੀਦਾਂ ਪੁੱਛੇ ਮੁਰਸ਼ਦ ਹਾਲ, ਹਾਲਤ ਸਭ ਦੀ ਖੋਜ ਖੁਜਾਈਆ । ਚਾਰ ਜੁਗ ਦੇ ਚਾਰੇ ਲਾਲ, ਗੋਬਿੰਦ ਆਪਣਾ ਪਰਦਾ ਲਾਹੀਆ । ਦੋ ਨੀਹਾਂ ਹੇਠ ਸਵਾਲ, ਭਗਤ ਦਵਾਰ ਸੋਭਾ ਪਾਈਆ । ਉਤੇ ਰਖ ਕੇ ਚਾਰ ਮੀਨਾਰ, ਚਾਰੋਂ ਰੰਗ ਦਏ ਰੰਗਾਈਆ । ਲਾਲ ਗੁਲਾਲਾ ਨਜ਼ਰੀ ਆਵੇ ਦੋ ਜਹਾਨ, ਖ਼ੂਨ ਰਤ ਨਾਲ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤਕਦੇ ਰਹੇ ਵਾਰੋ ਵਾਰ, ਵਾਰਤਾ ਆਪਣੀ ਨਾਲ ਸੁਣਾਈਆ । ਜਿਸ ਵੇਲੇ ਨਿਹਕਲੰਕ ਕਲ ਆਵੇ ਕਲਕੀ ਅਵਤਾਰ, ਜੋਤੀ ਜਾਤਾ ਵੇਸ ਵਟਾਈਆ । ਭਗਤ ਵਛਲ ਮੀਤ ਮੁਰਾਰ, ਮੁਰਾਰੀ ਸਭ ਦਾ ਬੇਪਰਵਾਹੀਆ । ਸੱਤ ਰੰਗ ਨਿਸ਼ਾਨਾ ਸਚਖੰਡ ਨਿਵਾਸੀ ਦੇਵੇ ਚਾੜ੍ਹ, ਚਵੀ ਹੱਥ ਮਾਣ ਰਖਾਈਆ । ਵੀਹ ਸੌ ਇੱਕੀ ਬਿਕ੍ਰਮੀ ਰਾਹ ਤਕੇ ਸਾਂਝੇ ਯਾਰ, ਪਲਕ ਆਪਣੀ ਅੱਖ ਖੁਲ੍ਹਾਈਆ । ਕਿਸ ਵੇਲੇ ਦੇਵੇ ਦਰਸ ਦੀਦਾਰ, ਦੀਦਾਂ ਦਾ ਦੀਦ ਕਰੇ ਰੁਸ਼ਨਾਈਆ । ਚੌਹਾਂ ਦਾ ਲੇਖਾ ਵਿਚ ਸੰਸਾਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਚਾਰ ਨਿਸ਼ਾਨੇ ਛੱਤੀ ਫੁਟ ਦੇ ਉਤੇ ਦੇਵੇ ਚਾੜ੍ਹ, ਸ਼ਾਹ ਪਾਤਸ਼ਾਹ ਆਪਣਾ ਹੁਕਮ ਮਨਾਈਆ । ਚਾਰ ਰੱਖੇ ਸਿੰਘਾਸਣ ਚਾਰ ਦੀਵਾਰ, ਸਾਢੇ ਤਿੰਨ ਹੱਥ ਉਪਰ ਸੋਭਾ ਪਾਈਆ । ਨੌਵਾਂ ਪ੍ਰੀਤਮ ਸਿੰਘ ਲਏ ਉਠਾਲ, ਜਿਸ ਦਾ ਲੇਖਾ ਜਾਣੇ ਹਰਿ ਰਘੁਰਾਈਆ । ਸਵਾ ਰਤੀ ਕਹੇ ਮੈਂ ਫੇਰ ਭਗਤਾਂ ਕਰਾਂ ਪਿਆਰ, ਆਪ ਆਪਣੀ ਸੇਵ ਕਮਾਈਆ । ਗੋਬਿੰਦ ਦਾ ਸੁਤ ਦੁਲਾਰ, ਵਡ ਵੱਡਾ ਸੋਭਾ ਪਾਈਆ । ਅਮਰਜੀਤ ਸਿੰਘ ਕਰ ਕੇ ਖ਼ਬਰਦਾਰ, ਇੱਕੀ ਹਾਰ ਹੱਥ ਫੜਾਈਆ । ਇੱਕੀਆਂ ਨੂੰ ਪਾਵੇ ਏਕਾ ਏਕ ਵਾਰ, ਨਿਉਂ ਨਿਉਂ ਸੀਸ ਨਿਵਾਈਆ । ਅੰਦਰ ਅੰਦਰ ਦੇ ਆਧਾਰ, ਸਾਚਾ ਮੰਦਰ ਦਏ

ਵਖਾਈਆ । ਉਚੀ ਬੋਲ ਸ਼ਬਦ ਜੈਕਾਰ, ਸਾਚਾ ਨਾਅਰਾ ਦਏ ਲਗਾਈਆ । ਬਾਹਰਲੀ ਇੱਕੀ ਕਰ ਵੀਚਾਰ, ਸਾਚੀ ਸਿੱਖੀ ਦਾ ਸਿਦਕ ਦਏ ਨਿਭਾਈਆ । ਸੁਰਜੀਤ ਸਿੰਘ ਸਾਚੀ ਸਿਖਿਆ ਆਪ ਸਿਖਾਲ, ਦੇਵੇ ਭਿਛਿਆ ਮਾਣ ਵਡਿਆਈਆ । ਇੱਕੀਆਂ ਦਾ ਹੋਰ ਪਿਆਰ, ਇੱਕੀ ਹਾਰਾਂ ਨਾਲ ਲੜੀ ਦਏ ਬੰਧਾਈਆ । ਉਹਨਾਂ ਦਾ ਇਕ ਹੋਰ ਉਧਾਰ, ਸਤਿਜੁਗ ਦਾ ਝੋਲੀ ਪਾਈਆ । ਜਿਸ ਦਾ ਲਹਿਣਾ ਸਨਕ ਸਨਾਤਨ ਅਗੰਮ ਅਪਾਰ, ਭੇਵ ਅਭੇਦਾ ਦਏ ਖੁਲ੍ਹਾਈਆ । ਉਹਨਾਂ ਵਿਚੋਂ ਸੰਤ ਨਾਲ ਪਿਆਰ, ਬ੍ਰਹਮਾ ਸੁਤ ਭੇਵ ਖੁਲ੍ਹਾਈਆ । ਜਿਸ ਨੇ ਮੰਗੀ ਮੰਗ ਅਪਾਰ, ਦੂਰ ਦੁਰਾਡੀ ਅੱਖ ਖੁਲ੍ਹਾਈਆ । ਜਿਸ ਵੇਲੇ ਸਾਖ਼ਿਆਤ ਨਿਰਗੁਣ ਨਿਰਵੈਰ ਆਪ ਲਏ ਅਵਤਾਰ, ਲੋਕਮਾਤ ਫੇਰਾ ਪਾਈਆ । ਮੈਂ ਤੇਰਾ ਦਰਸ ਕਰਾਂ ਸਚ ਸਚੇ ਦਰਬਾਰ, ਜਿਥੇ ਭਗਤ ਸੁਹੇਲੇ ਡੇਰਾ ਲਾਈਆ । ਉਹਨਾਂ ਵਿਚੋਂ ਪ੍ਰੀਤਮ ਸਿੰਘ ਦਾ ਸੁਤ ਬਲਦੇਵ ਸਿੰਘ ਕੁਮਾਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਵਾ ਰਤੀ ਕਹੇ ਮੈਂ ਰਹੀ ਉਡੀਕ, ਜੁਗ ਚੌਕੜੀ ਗਏ ਵਿਹਾਈਆ । ਧੰਨ ਭਾਗ ਮੇਰੀ ਨੇੜੇ ਆਏ ਤਾਰੀਖ਼, ਬੁੱਢੀ ਦਾਦੀ ਦਏ ਗਵਾਹੀਆ । ਜਿਸ ਦੀ ਗੋਬਿੰਦ ਕੁੱਖ ਰਿਹਾ ਠੀਕ, ਠੀਕਰ ਕਾਇਆ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਵਾ ਰਤੀ ਕਹੇ ਮੈਂ ਪਹਿਲੋਂ ਓਸ ਦੀ ਹੋਣਾ ਭੇਟਾ, ਜਿਸ ਮਿਲੀ ਮਾਣ ਵਡਿਆਈਆ । ਜਿਸ ਜਾਇਆ ਗੋਬਿੰਦ ਬੇਟਾ, ਗਹਿਰ ਗੰਭੀਰ ਆਪਣਾ ਰੰਗ ਰੰਗਾਈਆ । ਜੋ ਖੇਵਟ ਬਣਿਆ ਖੇਟਾ, ਦੋ ਜਹਾਨਾਂ ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੧੨੩
ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਸਵਾ ਰਤੀ ਕਹੇ ਮੈਂ ਚਾੜ੍ਹਨਾ ਰੰਗ, ਰੰਗ ਰੰਗੀਲਾ ਇਕ ਰੰਗਾਈਆ । ਜਿਸ ਪਤਨੀ ਮਾਣੀ ਗੋਬਿੰਦ ਸੇਜ ਸਚ ਪਲੰਘ, ਨਾਤਾ ਜਗਤ ਜੁਗਤ ਜੁੜਾਈਆ । ਦੇ ਕੇ ਅੰਤਰ ਆਤਮ ਅਨੰਦ, ਪਰਮਾਨੰਦ ਵਿਚ ਸਮਾਈਆ । ਜਨਮ ਕਰਮ ਦੀ ਟੁੱਟੀ ਗੰਢ, ਅਗੇ ਲੇਖਾ ਜੋੜ ਜੁੜਾਈਆ । ਫੇਰ ਖਾ ਕੇ ਆਪਣੀ ਸੁਗੰਦ, ਕ਼ਸਮ ਨਾਲ ਕਿ਼ਸਮਤ ਭਗਤਾਂ ਦੇਣੀ ਬਦਲਾਈਆ । ਜਿਸ ਦੇ ਪਿੱਛੇ ਜੁਗ ਚੌਕੜੀ ਮਾਣਦੀ ਰਹੀ ਅਨੰਦ, ਰਸ ਆਪਣਾ ਆਪਣੇ ਨਾਲ ਰਖਾਈਆ । ਉਹ ਸੂਰਬੀਰ ਜੋਧੇ ਹੋਣੇ ਬਲੰਦ, ਜਿਨ੍ਹਾਂ ਦੇ ਪਿੱਛੇ ਬੁਲੰਦੀ ਉਤੇ ਨਿਸ਼ਾਨੇ ਦਿਤੇ ਝੁਲਾਈਆ । ਮਨਜੀਤ, ਜਗਦੀਸ਼, ਹੇਠੋਂ ਨਿਕਲ ਕੇ ਭਗਤ ਦਵਾਰੇ ਦੀ ਕੰਧ, ਚੰਦ ਲੋਕਮਾਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਵਾ ਰਤੀ ਕਹੇ ਮੈਂ ਵੇਖਣੇ ਉਹ ਅੱਠ, ਪੰਜ ਕਟਾਰਾਂ ਵਾਲੇ ਨਜ਼ਰੀ ਆਈਆ । ਪੰਜੇ ਪਿਆਰੇ ਜਿਨ੍ਹਾਂ ਦੇ ਅੰਦਰ ਰਿਹਾ ਵਸ, ਵਾਸਤਾ ਆਪਣੇ ਨਾਲ ਰਖਾਈਆ । ਉਹ ਦੋ ਖ਼ਾਲੀ ਹੱਥ ਜੋ ਪਿਛਲੇ ਜਨਮ ਦੇ ਸ਼ੇਰ, ਵੇਦ ਵਿਆਸਾ ਲਹਿਣਾ ਰਿਹਾ ਨਬੇੜ, ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਵਾ ਰਤੀ ਕਹੇ ਮੈਂ ਵੇਖਣੇ ਦੋ ਹੱਥ ਖ਼ਾਲੀ, ਆਪਣੀ ਅੱਖ ਖੁਲ੍ਹਾਈਆ । ਜਿਨ੍ਹਾਂ ਦਾ ਮਾਲਕ ਇਕ ਬਨਵਾਲੀ, ਸ਼ਾਹ ਪਾਤਸ਼ਾਹ ਨਜ਼ਰੀ ਆਈਆ । ਜਿਸ ਦੇ ਦਰ ਤੇ ਖੜੇ ਸਵਾਲੀ, ਸੋ ਭਿਛਿਆ ਦਏ ਵਰਤਾਈਆ । ਫਲ ਲਗਾਏ ਕਾਇਆ ਡਾਲ੍ਹੀ, ਅੰਮ੍ਰਿਤ ਰਸ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਵਾ ਰਤੀ ਕਹੇ ਮੈਂ ਬਦਲ ਦੇਣੀ ਤਕਦੀਰ, ਤਦਬੀਰ ਆਪਣੀ

ਇਕ ਜਣਾਈਆ । ਸ਼ਰਅ ਦੀ ਕੱਟ ਜ਼ੰਜੀਰ, ਲਾਸ਼ਰੀਕ ਦੇਣਾ ਮਿਲਾਈਆ । ਮੇਰੇ ਵਿਚ ਇਕ ਤੌਫ਼ੀਕ, ਮੈਂ ਅਦਨਿਆਂ ਤਖ਼ਤ ਬਹਾਈਆ । ਜਿਹੜਾ ਸਾਹਿਬ ਦੇ ਵਸਿਆ ਨਜ਼ਦੀਕ, ਉਹ ਨਜ਼ਦੀਕੀ ਧੁਰ ਦਾ ਨਜ਼ਰੀ ਆਈਆ । ਦੋਹਾਂ ਸ਼ੇਰਾਂ ਵਿਚੋਂ ਇਕ ਜਸਬੀਰ ਇਕ ਮਨਜੀਤ, ਉੱਤਰ ਪੱਛਮ ਦੋਵੇਂ ਦਿਸ਼ਾ ਵਖਾਈਆ । ਅੱਠਵਾਂ ਖੇਲ ਕਰੇ ਪ੍ਰਭ ਠੀਕ, ਠਾਕਰ ਬੇਪਰਵਾਹੀਆ । ਨੌਵੇਂ ਦੀ ਕਰ ਬਖ਼ਸ਼ੀਸ਼, ਨਵ ਰਸ ਕੂੜੇ ਦਏ ਚਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰਖ ਆਪਣੀ ਤੌਫ਼ੀਕ, ਤੋਹਫ਼ੇ ਸਭ ਦੀ ਝੋਲੀ ਪਾਈਆ । ਸੀਤਾ ਸੁਆਣੀ ਦਏ ਦੁਹਾਈ, ਗਲ ਵਿਚ ਪੱਲੂ ਪਾਈਆ । ਪਾਰਬ੍ਰਹਮ ਪ੍ਰਭ ਤੇਰੇ ਹੱਥ ਵਡਿਆਈ, ਵਡ ਵਡੇ ਕੀ ਤੇਰੀ ਸਿਫ਼ਤ ਸਾਲਾਹੀਆ । ਇਸਤਰੀ ਪੁਰਸ਼ ਇਕੋ ਜਿਹੀ ਦੇਣੀ ਸਰਨਾਈ, ਵੱਡਾ ਛੋਟਾ ਨਾ ਕੋਇ ਬਣਾਈਆ । ਵੀਹ ਸੌ ਇੱਕੀ ਸਭ ਦੀ ਆਸ਼ਾ ਮੰਗਣ ਆਈ, ਦਰ ਤੇਰੇ ਅਲਖ ਜਗਾਈਆ । ਵਡਿਆਂ ਛੋਟਿਆਂ ਨੱਢਿਆਂ ਬਾਲਿਆਂ ਵਿਚ ਨਾ ਫ਼ਰਕ ਰਖਾਈਂ, ਜੋ ਤੇਰਾ ਚਰਨ ਧਿਆਨ ਰਖਾਈਆ । ਕੀ ਹੋਇਆ ਜੇ ਪਿੱਛੇ ਤਾਰੇ ਸਧਨੇ ਵਰਗੇ ਕਸਾਈ, ਜਿਨ੍ਹਾਂ ਛੁਰੀ ਪਰੇ ਸੁਟਾਈਆ । ਮੈਂ ਇਕੋ ਵਾਰ ਬੇਨੰਤੀ ਕਰ ਕੇ ਵਸਤ ਮੰਗਣ ਆਈ, ਦਰ ਠਾਂਡੇ ਫੇਰਾ ਪਾਈਆ । ਕੋਟਨ ਕੋਟ ਜਨਮ ਦੇ ਵਿਛੜੇ ਪਾਪੀ ਦੇਣੇ ਤਰਾਈ, ਜੋ ਤੇਰੇ ਗੁਰਮੁਖਾਂ ਵਿਚ ਮਿਲਕੇ ਤੇਰਾ ਢੋਲਾ ਗਾਈਆ । ਮੈਂ ਫੇਰ ਪੈਗ਼ੰਬਰਾਂ ਨਾਲ ਸੁਵੰਬਰਾਂ ਵਿਚ ਮਿਲ ਕੇ ਦਿਆਂ ਵਧਾਈ, ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਤਿੰਨ ਜੁਗ ਮੈਂ ਰਖ ਬੈਠੀ ਰਹੀ ਆਸ, ਧਿਆਨ ਤੇਰੇ ਚਰਨ ਲਗਾਈਆ । ਬੇਸ਼ਕ ਮੇਰਾ ਰਾਮ ਮੇਰੇ ਪਾਸ, ਰਾਮ ਦੇ ਰਾਮ ਤੇਰੀ ਬੇਪਰਵਾਹੀਆ । ਮੈਂ ਕਰਨ ਆਈ ਇਕ ਬਾਤ, ਬੇਨੰਤੀ ਰਹੀ ਸੁਣਾਈਆ । ਜਿਸ ਵੇਲੇ ਅੱਜ ਹੋਈ ਸੀ ਅੱਧੀ ਰਾਤ, ਅਧਵਾਟੇ ਆ ਕੇ ਮਿਲਿਉਂ ਮਾਹੀਆ । ਨਾਲ ਵੇਖੀ ਰਵਿਦਾਸ ਦੇ ਹੱਥ ਕ਼ਲਮ ਦਵਾਤ, ਕਲਮੇ ਵਾਲਿਆਂ ਰਿਹਾ ਸਮਝਾਈਆ । ਆਓ ਵੇਖੋ ਤੱਕੋ ਮਾਰੋ ਝਾਤ, ਝਟਪਟ ਆਪਣਾ ਭੇਸ ਬਦਲਾਈਆ । ਜਿਸ ਨੂੰ ਮਿਲਿਆਂ ਸਚਖੰਡ ਦਵਾਰੇ ਦੀ ਮਿਲ ਗਈ ਸਚ ਜਮਾਤ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਤੇਰਾ ਨੂਰ ਤਕ ਕੇ ਵਾਹਿਦ, ਮੈਂ ਜਨਕ ਸਪੁੱਤਰੀ ਆਪਣੀ ਵਲਦੀਅਤ ਗਈ ਭੁਲਾਈਆ । ਮੈਂ ਵੇਖਣਾ ਤੇਰਾ ਉਹ ਸਮਾਜ, ਜਿਹੜਾ ਅਸ਼ਟਾਵਕ੍ਰ ਦੇ ਹਿਰਦੇ ਵਿਚ ਰਖਾਈਆ । ਮੈਂ ਲੈ ਕੇ ਔਣਾ ਇਕ ਬਵੰਜਾ ਪੰਖੜੀਆਂ ਵਾਲਾ ਫੁਲ ਗੁਲਾਬ, ਜਿਸ ਦੀ ਮਹਿਕ ਮਹਵ ਤੇਰੇ ਵਿਚ ਸਮਾਈਆ । ਤੇਰੇ ਚਰਨਾਂ ਰਖ ਕੇ ਧੂੜੀ ਮਸਤਕ ਲਾਵਾਂ ਖ਼ਾਕ, ਖ਼ਾਲਸ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ । ਮਿਹਰ ਨਜ਼ਰ ਦੇ ਮਾਲਕ, ਮਹਿਬੂਬ ਸਚ ਗੁਸਾਈਆ । ਆਦਿ ਜੁਗਾਦੀ ਧੁਰ ਦੇ ਪਾਲਕ, ਤੇਰੀਆਂ ਬੇਪਰਵਾਹੀਆਂ । ਮੈਂ ਵੇਖਣ ਆਈ ਤੇਰੇ ਭਗਤ ਸੁਹੇਲੇ ਖ਼ਾਲਸ, ਜਿਨ੍ਹਾਂ ਨੂੰ ਗੋਬਿੰਦ ਖ਼ਾਲਸ ਗਿਆ ਸਮਝਾਈਆ । ਜਿਨ੍ਹਾਂ ਦੀ ਸਾਖ਼ਿਆਤ ਤੂੰ ਸਚਖੰਡ ਦਵਾਰੇ ਸਚ ਸਿੰਘਾਸਣ ਬਹਿ ਕੇ ਕਰਨੀ ਅਦਾਲਤ, ਅਦਲ ਆਪਣਾ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮੇਰੀ ਸੁਰਤੀ ਕਹੇ ਮੈਂ ਸਦਾ ਤਕਦੀ ਆਈ ਇੱਕੀ, ਇੱਕੀ ਇੱਕੀ ਧਿਆਨ ਲਗਾਈਆ । ਜਿਸ ਵਿਚੋਂ ਤੇਰੀ ਧਾਰ ਨਿਕਲੇ ਤਿੱਖੀ, ਤਿੱਖੇ ਤੀਰ ਨਿਸ਼ਾਨੇ ਰਹੀ ਚਲਾਈਆ । ਜਿਸ ਦੇ ਵਿਚ ਅਗੰਮੀ ਚਿੱਠੀ, ਬਿਨਾਂ ਚਿੱਠੀ ਰਸੈਣ ਹੱਥ ਫੜਾਈਆ । ਉਹ ਗੋਬਿੰਦ ਅਜੇ ਪੂਰੀ ਖੋਲ੍ਹ ਕੇ ਨਹੀਂ ਡਿੱਠੀ, ਅਨਡਿਠੜੀ

ਕਹਾਣੀ ਕਿਆ ਕੋਈ ਸਕੇ ਸਮਝਾਈਆ । ਮੈਨੂੰ ਤ੍ਰੇਤੇ ਦੀ ਯਾਦ ਜਿਸ ਵੇਲੇ ਪ੍ਰਭੂ ਨੇ ਕਿਹਾ ਆਵੇ ਵੀਹ ਸੌ ਇੱਕੀ, ਏਕਾ ਏਕੰਕਾਰ ਫੇਰਾ ਪਾਈਆ । ਦਸ ਗਿਆਰਾਂ ਦੀ ਧਾਰ ਕਰ ਇਕੱਠੀ, ਰਤੀ ਆਪਣਾ ਰੰਗ ਰੰਗਾਈਆ । ਇਸਤਰੀ ਪੁਰਸ਼ ਬਣਾ ਕੇ ਬੱਚੀਆਂ ਬੱਚੀ, ਬਚਪਨ ਆਪਣੀ ਗੋਦ ਵਖਾਈਆ । ਮੈਨੂੰ ਯਕੀਨ ਆਇਆ ਉਹ ਧਾਰ ਸ਼ਬਦ ਹੋਣ ਲਗੀ ਸੱਚੀ, ਸਚਮੁਚ ਉਹ ਵੇਲਾ ਵਕਤ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਖੇਲ ਵਖਾਏ ਅਖੀਂ, ਮੁੜ ਕੇ ਮੁੜਦੀ ਪੈਰੀਂ ਫੇਰਾ ਪਾਈਆ ।

ਸਾਚੀ ਸਿਖਿਆ ਧੁਰ ਦਾ ਦਾਨ, ਪੁਰਖ ਅਕਾਲ ਦਇਆ ਕਮਾਈਆ । ਪਿਤਾ ਪੁਤ ਵਾਲਾ ਨਾਤਾ ਸਮਝੇ ਨਾ ਵਿਚ ਜਹਾਨ, ਕੂੜਾ ਨਾਤਾ ਦਿਤਾ ਤਜਾਈਆ । ਜਦ ਤਕੋ ਸ੍ਰੀ ਭਗਵਾਨ, ਭਗਵਨ ਬੇਪਰਵਾਹੀਆ । ਸਿੱਖਾਂ ਵਿਚ ਸਿਖ ਗੁਰਮੁਖਾਂ ਵਿਚ ਗੁਰਮੁਖ ਸੰਤਾਂ ਵਿਚ ਸੰਤ ਭਗਤਾਂ ਵਿਚ ਭਗਤ ਹੋ ਕੇ ਮਿਲੋ ਆਣ, ਮਾਣ ਹੰਕਾਰ ਨੇੜ ਨਾ ਕੋਇ ਰਖਾਈਆ । ਜਿਨ੍ਹਾਂ ਨੂੰ ਪ੍ਰਭੂ ਕੀਤਾ ਪਰਵਾਨ ਉਹ ਤੁਹਾਡੇ ਸਦਾ ਮਹਿਮਾਨ, ਦਰ ਆਵਣ ਚਾਈਂ ਚਾਈਂਆ । ਜਿਨ੍ਹਾਂ ਦੇ ਹੱਥ ਮੇਰਾ ਨਿਸ਼ਾਨ ਉਹਨਾਂ ਸਿਰ ਮੇਰਾ ਅਹਿਸਾਨ ਅਹਿਸਾਨ ਭੁਲ ਕਦੇ ਨਾ ਜਾਈਆ । ਕੂੜੀ ਸ੍ਰਿਸ਼ਟੀ ਕੂੜਾ ਜਹਾਨ, ਥਿਰ ਰਿਹਾ ਨਾ ਕੋਈ ਨੌਜਵਾਨ, ਪੀਰ ਪੈਗ਼ੰਬਰ ਸਾਰੇ ਸਫ਼ਾ ਗਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਿੱਖੀ ਵਿਚ ਸਿਖ ਹੋ ਕੇ ਜਾਣਾ ਮਿਲ, ਧੁਰ ਦੀ ਕਰੇ ਪੜ੍ਹਾਈਆ । ਪ੍ਰੇਮ ਪ੍ਰੀਤੀ ਅੰਦਰ ਫ਼ਰਕ ਨਾ ਆਵੇ ਤਿਲ, ਤਿਲਕਣ ਬਾਜ਼ੀ ਸ੍ਰਿਸ਼ਟੀ ਨਜ਼ਰੀ ਆਈਆ । ਦੁਨੀਦਾਰਾਂ ਵਰਗਾ ਰਖਣਾ ਨਹੀਂ ਦਿਲ, ਦਿਲਗੀਰ ਹੋ ਕੇ ਰੰਜਸ਼ ਨਾ ਕੋਇ ਵਧਾਈਆ । ੧੨੫
ਜਿਨ੍ਹਾਂ ਨੂੰ ਸਵਾਮੀ ਪ੍ਰਭੂ ਆਪ ਗਿਆ ਮਿਲ, ਮਿਲਕੇ ਗੋਬਿੰਦ ਗੋਦ ਬਹਾਈਆ । ਜਿਸ ਦਾ ਆਸਣ ਸਿੰਘਾਸਣ ਬ੍ਰਹਿਮੰਡਾਂ ਖੰਡਾਂ ਵਿਚ ਕਦੇ ਨਾ ਜਾਏ ਹਿਲ, ਦੋ ਜਹਾਨਾਂ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਬੱਚੇ ਨਹੀਂ ਭਗਤ ਪਿਆਰ, ਗੁਰਮੁਖਾਂ ਰੰਗ ਰੰਗਾਈਆ । ਗੁਰਮੁਖਾਂ ਪਿੱਛੇ ਤੁਹਾਡਾ ਵਿਹਾਰ, ਸਤਿਕਾਰ ਕਰੇ ਲੋਕਾਈਆ । ਇਹ ਜ਼ਿੰਦਗੀ ਦਿਨ ਦੋ ਚਾਰ, ਸਾਲ ਮਹੀਨੇ ਬਰਸ ਲੰਘਦਿਆਂ ਦੇਰ ਲਗੇ ਨਾ ਰਾਈਆ । ਪ੍ਰਭੂ ਦਾ ਆਦਿ ਜੁਗਾਦਿ ਕਦੀ ਨਾ ਟੁੱਟੇ ਪਿਆਰ, ਜੁਗ ਚੌਕੜੀ ਆਪਣੇ ਨਾਲ ਰਖਾਈਆ । ਖਾ ਖਾ ਸ੍ਰਿਸ਼ਟ ਸਬਾਈ ਸੁੱਤੀ ਪੈਰ ਪਸਾਰ, ਛੱਤੀ ਭੋਜਨ ਪਦਾਰਥ ਕੰਮ ਕਿਸੇ ਨਾ ਆਈਆ । ਸਾਧ ਸੰਤ ਜੋ ਜਨ ਚੜ੍ਹ ਕੇ ਮੰਜ਼ਲ ਉਪਰ ਪਹਾੜ, ਤਨ ਮਾਟੀ ਠੰਡਕ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਮਾਲਕ ਬੇਪਰਵਾਹੀਆ । ਸੁਤ ਦੁਲਾਰੇ ਗੋਬਿੰਦ ਦੇ ਕਰੋ ਸ਼ੁਕਰ, ਖ਼ੁਦੀ ਨੇੜ ਕੋਈ ਨਾ ਆਈਆ । ਕੀ ਹੋਇਆ ਜੇ ਓਸ ਦੇ ਪੁਤਰ, ਜੋ ਪੁਤਰਾਂ ਭੇਟ ਚੜ੍ਹਾਈਆ । ਪੁਰਖ ਅਕਾਲ ਓਸ ਦਾ ਲਹਿਣਾ ਦੇਣ ਤੋਂ ਗਿਆ ਨਹੀਂ ਮੁਕਰ, ਮੁਕੰਮਲ ਆਪਣਾ ਵੇਸ ਵਟਾਈਆ । ਮਿਹਰਵਾਨ ਹੋ ਕੇ ਚੁੱਕੇ ਕੁੱਛੜ, ਕੁਛ ਸਿਖਿਆ ਦਏ ਸਮਝਾਈਆ । ਵੇਖਿਓ, ਕਿਤੇ ਲਾਲਚ ਨਾ ਕਰਨਾ ਜਗਤ ਰੋਟੀ ਟੁੱਕਰ, ਭਗਤਾਂ ਦੀ ਸੇਵਾ ਵਿਚ ਭਗਵਨ ਦਏ ਵਡਿਆਈਆ । ਇਸੇ ਕਾਰਨ ਸਾਹਿਬ ਸਤਿਗੁਰ ਨਿਰਗੁਣ ਧਾਰੋਂ ਆਇਆ ਉਤਰ, ਉੱਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਭ ਦਾ ਝੋਲੀ ਪਾਈਆ । ਬੱਚੇ ਬਣਨਾ ਤੇ ਭਗਤ ਬੱਚੇ,

ਜਗਤ ਬੱਚਿਆਂ ਮਿਲੇ ਨਾ ਕੋਇ ਵਡਿਆਈਆ । ਸੱਚੇ ਬਣਨਾ ਤੇ ਸਤਿਗੁਰ ਦੇ ਸੱਚੇ, ਸਚ ਸਾਂਚੇ ਵਿਚ ਢਾਲ ਕੇ ਰਿਹਾ ਵਖਾਈਆ । ਆਪੇ ਪਤ ਤੁਹਾਡੀ ਰਖੇ, ਪਤਿਪਰਮੇਸ਼ਵਰ ਬੇਪਰਵਾਹੀਆ । ਤੁਹਾਡੇ ਮਸਤਕ ਲੌਣੇ ਟਿੱਕੇ, ਟਿਕਟਿਕੀ ਇਕੋ ਰੰਗ ਰੰਗਾਈਆ । ਅਜੇ ਤਕ ਦਾਤ ਬਖ਼ਸ਼ਣ ਵਲੋਂ ਰਖੇ ਸਭ ਦੇ ਕਾਗ਼ਜ਼ ਚਿੱਟੇ, ਪ੍ਰੇਮ ਪ੍ਰੀਤੀ ਨਾਲ ਆਪਣੇ ਨਾਲ ਰਿਹਾ ਫਿਰਾਈਆ । ਜਿਸ ਵੇਲੇ ਆਪਣੀ ਵਸਤ ਅਮੋਲਕ ਧਾਰਾ ਕਾਇਆ ਮੰਦਰ ਅੰਦਰ ਰੱਖੇ, ਬੋਧ ਬੋਧੀ ਦਏ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੇ ਨਾਤੇ ਸਾਰੇ ਛੱਡੇ, ਨਾਲ ਭਗਤਾਂ ਅੱਡੇ ਬੈਠਾ ਜਮਾਈਆ । ਅਮਰਜੀਤ ਜੇ ਰਹਿਣਾ ਅਮਰ, ਅੰਮ੍ਰਿਤ ਰੂਪੀ ਸ਼ਬਦ ਇਕ ਜਣਾਇੰਦਾ । ਛੱਬੀ ਪੋਹ ਸਾਢੇ ਦਸ ਵਜੇ ਬੰਨ੍ਹਣੀ ਕਮਰ, ਕਮਰਕਸਾ ਇਕ ਵਖਾਇੰਦਾ । ਸੋਹਣਾ ਰਚਕੇ ਆਪ ਸਵੰਬਰ, ਭਗਵਨ ਵੰਡ ਵੰਡਾਇੰਦਾ । ਛੋਟਾ ਵੀਰ ਤੇਰੇ ਮਗਰ, ਸਗਣ ਇਕੋ ਮੁਖ ਲਗਾਇੰਦਾ । ਮਸਤਕ ਟਿੱਕਾ ਦੇਵੇ ਰੰਗਣ, ਜਨਮ ਜਨਮ ਦਾ ਲੇਖ ਝੋਲੀ ਪਾਇੰਦਾ । ਚਾਰ ਕੁੰਟ ਉਠ ਕੇ ਮੇਰੇ ਭਗਤਾਂ ਦੀ ਵੇਖਣੀ ਸ਼ਕਲ, ਜਿਨ੍ਹਾਂ ਦੀ ਅਕਲ ਆਪਣੇ ਨਾਲ ਮਿਲਾਇੰਦਾ । ਨਾ ਮੈਂ ਬਦਲਾਂ ਤੇ ਨਾ ਮੇਰੇ ਭਗਤ ਜਾਣ ਬਦਲ, ਬਦਲਾ ਸਭ ਦੀ ਝੋਲੀ ਆਪੇ ਪਾਇੰਦਾ । ਇਹੋ ਇਨਸਾਫ਼ ਇਹੋ ਅਦਲ, ਜੋ ਸਨਮੁਖ ਹੋ ਕੇ ਦਇਆ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਹਿ ਕੇ ਧੁਰ ਦੇ ਪਤਣ, ਗੁਰਮੁਖ ਸੁਹੇਲੇ ਆਪ ਤਰਾਇੰਦਾ ।

### ✻ ੨੫ ਪੋਹ ੨੦੨੧ ਬਿਕ੍ਰਮੀ ਬੀਬੀ ਚਰਨੋ ਦੇ ਗ੍ਰਿਹਿ ਜੇਠੂਵਾਲ ✻



੧੨੬

ਭਗਤ ਭਗਵੰਤ ਹਰਿ ਹਰਿ ਤਾਰਨਾ, ਤਰਨੀ ਤਰਨ ਦਇਆ ਕਮਾਈਆ । ਜਨਮ ਜਨਮ ਦਾ ਕਰਮ ਸਵਾਰਨਾ, ਸਵਾਰਥ ਇਕੋ ਦਏ ਰਖਾਈਆ । ਕੂੜ ਕੁੜਿਆਰਾ ਰੋਗ ਨਿਵਾਰਨਾ, ਧੁਰ ਦੀ ਸਿਖਿਆ ਇਕ ਸਮਝਾਈਆ । ਹਿਰਦੇ ਹਰਿ ਕਾ ਸ਼ਬਦ ਵਿਚਾਰਨਾ, ਦੂਜੀ ਅਵਰ ਨਾ ਕੋਈ ਪੜ੍ਹਾਈਆ । ਪੁਰਖ ਅਕਾਲ ਸਰਨ ਨਿਮਸਕਾਰਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਭਗਤ ਉਧਾਰਨ ਸਾਹਿਬ ਸਵਾਮੀ, ਪੁਰਖ ਅਕਾਲ ਅਖਵਾਇੰਦਾ । ਆਦਿ ਜੁਗਾਦੀ ਅੰਤਰਜਾਮੀ, ਜੁਗ ਚੌਕੜੀ ਵੇਖ ਵਖਾਇੰਦਾ । ਸਤਿਜੁਗ ਜਿਸ ਦੇ ਨਾਲ ਬਾਕੀ ਰਹੀ ਕਹਾਣੀ, ਉਸ ਦਾ ਲਹਿਣਾ ਬਾਕੀ ਕਲਜੁਗ ਅੰਤਮ ਝੋਲੀ ਪਾਇੰਦਾ । ਵੇਖਣਹਾਰਾ ਦੋ ਜਹਾਨੀ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੀ ਭਗਤੀ ਦੀ ਚਰਨ ਪ੍ਰੀਤੀ ਨਿਸ਼ਾਨੀ, ਨਿਸ਼ਾ ਨਾਲ ਨਿਸ਼ਾਨਾ ਇਕ ਲਗਾਇੰਦਾ ।

### ✻ ੨੫ ਪੋਹ ੨੦੨੧ ਬਿਕ੍ਰਮੀ ਸੁਰਜੀਤ ਕੌਰ ਦੇ ਨਵਿਤ ਜੇਠੂਵਾਲ ✻

ਜੋਬਨ ਬੈਠੀ ਰਹੀ ਅਤੀਤ, ਤ੍ਰੇਤੇ ਪੱਟੀ ਬੰਨ੍ਹ ਕੇ ਖ਼ੁਸ਼ੀ ਮਨਾਈਆ । ਅੰਤਰ ਹੋਇਆ ਸੀਤ, ਸਾਂਤਕ ਸਤਿ ਸਮਾਈਆ । ਬਾਲਮੀਕ ਦੱਸਿਆ ਇਕ ਗੀਤ, ਸੋਹੰ ਢੋਲਾ ਦਿਤਾ ਸੁਣਾਈਆ । ਜਿਸ ਵੇਲੇ ਮੇਰੇ ਰਾਮ ਦੀ ਬਦਲੀ ਰੀਤ, ਦੋ ਜਹਾਨਾਂ ਵੇਖ ਵਖਾਈਆ । ਉਹ ਸਭ ਦੀ ਵੇਖਣਹਾਰਾ ਨੀਤ, ਲੱਖ ਚੁਰਾਸੀ ਖੋਜ ਖੁਜਾਈਆ । ਮੈਂ ਬੱਚੀ ਤੈਨੂੰ ਦੇਵਾਂ ਅਸੀਸ, ਇਸ਼ਾਰੇ ਨਾਲ ਸਮਝਾਈਆ । ਉਹ ਠਾਕਰ ਧੁਰ ਦਾ ਜਗਦੀਸ਼, ਜਗਦੀਸ਼ਰ

ਇਕ ਅਖਵਾਈਆ । ਲਹਿਣਾ ਚੁਕਾਵੇ ਹਸਤ ਕੀਟ, ਲੇਖਾ ਸਭ ਦੀ ਝੋਲੀ ਪਾਈਆ । ਚਾੜ੍ਹੇ ਰੰਗ ਮਜੀਠ, ਸ਼ਬਦ ਲਲਾਰੀ ਵੇਖ ਵਖਾਈਆ । ਮਿੱਠੇ ਕਰਕੇ ਕੌੜੇ ਰੀਠ, ਅੰਮ੍ਰਿਤ ਰਸ ਭਰਾਈਆ । ਦੋ ਜਹਾਨਾਂ ਲੇਖਾ ਜਾਣੇ ਠੀਕ, ਅਭੁਲ ਭੁਲ ਕਦੇ ਨਾ ਜਾਈਆ । ਜਿਸ ਵੇਲੇ ਡੱਲੇ ਦੀ ਗੋਬਿੰਦ ਨਾਲ ਹੋਵੇ ਪ੍ਰੀਤ, ਨਾਤਾ ਜੁੜੇ ਧੁਰ ਦਰਗਾਹੀਆ । ਓਸ ਵੇਲੇ ਮਿਹਰਵਾਨ ਮਿਹਰ ਕਰਕੇ ਤੇਰੇ ਉਤੇ ਕਰੇ ਬਖ਼ਸ਼ੀਸ਼, ਮੇਲਾ ਅਗਲਾ ਲਏ ਮਿਲਾਈਆ । ਤੇਰਾ ਨਾਉਂ ਅੱਖਰਾਂ ਵਾਲਾ ਸੁਰਜੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਦਇਆ ਕਮਾਈਆ ।

✻ ੨੫ ਪੋਹ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਨਵਿਤ ਜੇਠੂਵਾਲ ✻

ਸਾਹਿਬ ਸਤਿਗੁਰ ਖੇਲ ਅਪਾਰ, ਹਰਿ ਕਰਤਾ ਵੇਖ ਵਖਾਈਆ । ਨਿਤ ਨਵਿਤ ਵੇਖਣਹਾਰ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਪੰਦਰਾਂ ਸੌ ਪੈਂਤੀ ਦਾ ਸ਼ੁਭ ਦਿਹਾੜ, ਪੰਝੀ ਪੋਹ ਰੁਤ ਗਿਣਾਈਆ । ਨਾਨਕ ਨਾਲ ਖੇਡਦੇ ਸੀ ਬਾਲ ਚਾਰ, ਚੌਹਾਂ ਦੇ ਵਿਚੋਂ ਛੋਟਾ ਨੰਤਾ ਨਾਮ ਅਖਵਾਈਆ । ਓਸ ਦੇ ਹਿਰਦੇ ਆਇਆ ਵਿਚਾਰ, ਸੁਰਤੀ ਸੁਰਤ ਲਏ ਅੰਗੜਾਈਆ । ਬੱਚਿਆਂ ਵਾਲਾ ਛਡ ਕੇ ਵਿਹਾਰ, ਚਰਨੀ ਸੀਸ ਦਿਤਾ ਨਿਵਾਈਆ । ਤੂੰ ਦੱਸ ਮੈਨੂੰ ਯਾਰ, ਨਾਨਕ ਕਿਹੜਾ ਯਾਰ ਤੇਰੇ ਨਾਲ ਅੰਗ ਲਗਾਈਆ । ਜਿਸ ਦੀ ਮਸਤੀ ਅੰਦਰ ਰਹਿੰਦਾ ਤੇਰਾ ਧਿਆਨ, ਚੁਪ ਚੁਪੀਤਾ ਬਹਿ ਕੇ ਝਟ ਲੰਘਾਈਆ । ਨਾਨਕ ਓਸੇ ਵੇਲੇ ਨੇਤਰ ਨੈਣ ਲਿਆ ਉਠਾਲ, ਦੋਏ ਨੈਣਾਂ ਨਾਲ ਤਕਾਈਆ । ਮੇਰਾ ਸੱਜਣ ਮੀਤ ਮੁਰਾਰ, ਦੋ ਜਹਾਨਾਂ ਮਾਲਕ ਆਪ ਅਖਵਾਈਆ । ਮੈਂ ਓਸ ਦਾ ਕਰ ਦੀਦਾਰ, ਦਿਵਸ ਰੈਣ ਖ਼ੁਸ਼ੀਆਂ ਵਿਚ ਸਮਾਈਆ । ਨੰਤੇ ਕਿਹਾ ਪੁਕਾਰ, ਕੂਕ ਕੂਕ ਸੁਣਾਈਆ । ੧੨੭
ਮੈਨੂੰ ਵੀ ਦੇ ਵਖਾਲ, ਕਿਸ ਘਰ ਬੈਠਾ ਆਸਣ ਲਾਈਆ । ਅਗੋਂ ਬੋਲ ਕੇ ਦੀਨ ਦਿਆਲ, ਕੰਨ ਵਿਚ ਆਵਾਜ਼ ਜਣਾਈਆ । ਜਿਸ ਵੇਲੇ ਕਲਜੁਗ ਅੰਤ ਲੋਕਮਾਤ ਆਏ ਜਾਮਾ ਧਾਰ, ਨਿਹਕਲੰਕਾ ਰੂਪ ਵਟਾਈਆ । ਤੇਰਾ ਲਹਿਣਾ ਦੇਣਾ ਦਏ ਨਿਵਾਰ, ਆਸਾ ਮਨਸਾ ਪੂਰ ਕਰਾਈਆ । ਅੱਠੇ ਪਹਿਰ ਦਰਸ ਦੀਦਾਰ, ਨੇਤਰ ਅੱਖ ਰੰਗ ਚੜ੍ਹਾਈਆ । ਤੇਰਾ ਬੱਚਿਆ ਬੱਚਿਆਂ ਵਾਲਾ ਪਿਆਰ, ਬਚਪਨ ਆਪਣੀ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੋਵੇ ਆਪ ਸਹਾਰ, ਦਰਸ਼ਨ ਦੀਦ ਦੇਵੇ ਦੀਦਾਰ, ਗੁਰਮੀਤ ਗੁਰ ਗੁਰ ਚਰਨ ਸਰਨਾਈਆ ।

✻ ੨੫ ਪੋਹ ੨੦੨੧ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਨਵਿਤ ਜੇਠੂਵਾਲ ✻

ਕਬੀਰ ਕਹੇ ਵੇਖੋ ਲੇਖਾ ਪਾਲ ਸਿੰਘ ਦੀ ਕੁਲ ਦਾ, ਕ਼ਲਮ ਸ਼ਾਹੀ ਹੈਰਾਨੀਆਂ ਨਾਲ ਜਣਾਈਆ । ਲੇਖਾ ਚੁਕਦਾ ਵੇਖੋ ਪਿਛਲੀ ਕ਼ੀਮਤ ਮੁਲ ਦਾ, ਅਨਮੁਲੜਾ ਰਿਹਾ ਚੁਕਾਈਆ । ਦੇਵਣਹਾਰ ਦਾਤਾਰ ਕਦੇ ਨਾ ਭੁਲਦਾ, ਅਭੁਲ ਬੇਪਰਵਾਹੀਆ । ਜਿਸ ਦਾ ਗੁਰਮੁਖ ਲੋਕਮਾਤ ਕਦੇ ਨਾ ਰੁਲਦਾ, ਡੁਬਦਿਆਂ ਪਾਰ ਲੰਘਾਈਆ । ਜਿਸ ਗ੍ਰਹਿ ਸੱਤ ਰੰਗ ਨਿਸ਼ਾਨਾ ਝੁਲਦਾ, ਸਭਨਾਂ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਕਬੀਰ ਕਹੇ ਮੈਂ ਵੇਖੀ ਨਿਰਾਲੀ ਭਗਤੀ, ਸਚ ਦਿਆਂ ਜਣਾਈਆ । ਕਿਰਪਾ ਕਰ ਕੇ ਪ੍ਰੀਤਮ ਅਰਸ਼ੀ, ਫ਼ਰਸ਼ ਉਤੇ ਵੇਖਣ ਆਈਆ । ਤੂੰ ਦਾਤਾ ਹੋ ਕੇ ਦੇਵੇਂ ਦਰਸੀ, ਦਰਸ ਦੀਦਾਰ ਕਰਾਈਆ । ਇਕ ਦਿਨ ਕਬੀਰ ਕਿਹਾ

ਸਾਢੇ ਗਿਆਰਾਂ ਸਾਲ ਦੀ ਮੈਨੂੰ ਮਿਲ ਗਈ ਲੜਕੀ, ਰਾਹ ਵਿਚ ਬੈਠੀ ਰਹੀ ਕੁਰਲਾਈਆ । ਉਹਦੀ ਮਾਂ ਨੇ ਉਹਦੇ ਨਾਲ ਕੀਤੀ ਸਖ਼ਤੀ, ਮਤਰੇਈ ਘਰੋਂ ਦਿਤਾ ਕਢਾਈਆ । ਉਸ ਦੇ ਕੋਲ ਸੀ ਇਕ ਤਖ਼ਤੀ, ਫੱਟਾ ਢਾਈ ਫੁਟ ਨਜ਼ਰੀ ਆਈਆ । ਉਸ ਦੇ ਉਤੇ ਇਕ ਪੱਟੀ ਲਗੀ ਸੀ ਜਿਸਤੀ, ਚੌੜੀ ਢਾਈ ਇੰਚ ਗਿਣਾਈਆ । ਉਸ ਨੂੰ ਉਹਦੇ ਵਿਚੋਂ ਕਬੀਰ ਦੀ ਸ਼ਕਲ ਸੀ ਦਿਸਦੀ, ਨੇੜੇ ਆਏ ਤੋਂ ਵੇਖ ਕੇ ਖ਼ੁਸ਼ੀ ਮਨਾਈਆ । ਮੈਨੂੰ ਦੱਸ ਆਹ ਤਸਵੀਰ ਕਿਸ ਦੀ, ਜਿਨ ਮੇਰੀ ਫੱਟੀ ਉਤੇ ਦਿਤੀ ਚਮਕਾਈਆ । ਕਬੀਰ ਕਿਹਾ ਇਹ ਉਸ ਦੀ, ਜਿਸ ਤੇਰੀ ਮੇਰੀ ਬਣਤ ਬਣਾਈਆ । ਬੱਚੀ ਕਿਹਾ ਮੈਨੂੰ ਕੁਛ ਹੋਸ਼ ਨਹੀਂ, ਸਚਮੁਚ ਦੇ ਦ੍ਰਿੜਾਈਆ । ਓਸ ਕਿਹਾ ਕੁਝ ਖ਼ਾਮੋਸ਼ ਰਹੀਂ, ਵੇਲਾ ਵਕਤ ਦੂਰ ਦੁਰਾਡਾ ਨਜ਼ਰੀ ਆਈਆ । ਆਪਣੇ ਨੇਤਰ ਅੱਖਾਂ ਵੇਖ ਲਈਂ, ਸਨਮੁਖ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਰਖਾਈਆ । ਕਬੀਰ ਨੇ ਕਿਹਾ ਜਾਂ ਨੈਣ ਤਕਿਆ, ਅੰਤਰ ਧਿਆਨ ਲਗਾਈਆ । ਅਗੋਂ ਬਚਨ ਮਿਲਿਆ ਸੱਚਿਆ, ਸਚ ਦਿਤਾ ਸਮਝਾਈਆ । ਇਹ ਕਾਇਆ ਮਾਟੀ ਕਚਿਆ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਬੀਰ ਕਿਹਾ ਹਸ ਕੇ ਸੁਣ ਬੱਚਾ, ਤੈਨੂੰ ਦਿਆਂ ਜਣਾਈਆ । ਮੈਂ ਓਸ ਦਾ ਲੇਖਾ ਦੱਸਾਂ, ਜੋ ਦਹਿ ਦਿਸ਼ਾ ਵੇਖ ਵਖਾਈਆ । ਜਿਸ ਦੇ ਨਾਲ ਮਿਲ ਕੇ ਵਸਾਂ, ਝਟ ਆਪਣਾ ਰਿਹਾ ਲੰਘਾਈਆ । ਹੁਣ ਉਹ ਦਿਸਦਾ ਨਹੀਂ ਜਗਤ ਵਾਲੀਆਂ ਅੱਖਾਂ, ਮੇਰੇ ਨਾਲ ਪ੍ਰੀਤੀ ਅੰਦਰੇ ਅੰਦਰ ਰਖਾਈਆ । ਮੈਂ ਬੜੀ ਮੁਸ਼ਕਲ ਨਾਲ ਲਭਿਆ ਮਸਾਂ, ਦਿਵਸ ਰੈਣ ਮਿੰਨਤਾਂ ਕਰ ਕਰ ਰਿਹਾ ਮਨਾਈਆ । ਇਸ ਵਿਚੋਂ ਕੀ ਦੇਵਾਂ ਹਿੱਸਾ, ਤੇਰੀ ਝੋਲੀ ਪਾਈਆ । ਲੜਕੀ ਕਿਹਾ ਉਹ ਸਭ ਦਾ ਪਿਤਾ, ਮਾਲਕ ਇਕ ਅਖਵਾਈਆ । ਕੀ ਹੋਇਆ ਜੇ ਤੈਨੂੰ ਦਿਤਾ, ਸਾਡੀ ਝੋਲੀ ਓਸੇ ਕੋਲੋਂ ਦੇ ਭਰਾਈਆ । ਕਬੀਰ ਨੇ ਕਿਹਾ ਮੈਨੂੰ ਇਕ ਵੇਖ ਲੈਣ ਦੇ ਚਿੱਠਾ, ਜਿਸ ਦਾ ਲੇਖਾ ਬੇਪਰਵਾਹੀਆ । ਉਹ ਕਾਗ਼ਜ਼ ਕੋਰਾ ਚਿੱਟਾ, ਹਰਫ਼ ਹਰੂਫ਼ ਨਾ ਕੋਇ ਦ੍ਰਿੜਾਈਆ । ਓਸ ਵਿਚੋਂ ਨਜ਼ਰ ਆਇਆ ਜਿਸ ਦਾ ਅਗੇ ਅਖ਼ੀਰੀ ਸਿੱਟਾ, ਕਲਜੁਗ ਦਏ ਗਵਾਹੀਆ । ਜਿਨ੍ਹਾਂ ਦਾ ਪਾਲ ਸਿੰਘ ਹੋਵੇ ਪਿਤਾ, ਪਤਾ ਪਤਿਪਰਮੇਸ਼ਵਰ ਦਏ ਜਣਾਈਆ । ਇਹ ਓਸੇ ਦਾ ਹੋਵੇ ਪੁਤ ਨਿੱਕਾ, ਨਿਕਿਉਂ ਵੱਡੇ ਦਏ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਹ ਪਿਛਲਾ ਯਾਦ ਰਖਿਆ ਚੇਤਾ, ਚਿਤਾਵਣੀ ਨਾਲ ਦਏ ਸਮਝਾਈਆ ।

### ❊ ੨੫ ਪੋਹ ੨੦੨੧ ਬਿਕ੍ਰਮੀ ਬੀਬੀ ਪਾਲੋ ਦੇ ਨਵਿਤ ਜੇਠੂਵਾਲ ❊

ਲੇਖਿਆਂ ਵਿਚੋਂ ਲੇਖ ਕਰ ਕੇ ਪੂਰਾ, ਲਿਖਤੀ ਲਿਖਤ ਨਾਲ ਤਰਾਈਆ । ਗੁਰਮੁਖਾਂ ਸਭ ਹਿੱਸਾ ਕਰ ਕੇ ਪੂਰਾ, ਪੂਰਨ ਪੂਰਨ ਵਿਚ ਸਮਾਈਆ । ਅਗੇ ਨਾਤਾ ਰਹੇ ਨਾ ਕੂੜਾ, ਸਚ ਬਿਧਾਤਾ ਮੇਲ ਮਿਲਾਈਆ । ਬਖ਼ਸ਼ਿਸ਼ ਕਰਕੇ ਚਰਨ ਧੂੜਾ, ਗੂੜ੍ਹਾ ਰੰਗ ਦਏ ਰੰਗਾਈਆ । ਨਾਮ ਖ਼ੁਮਾਰੀ ਦੇ ਸਰੂਰਾ, ਸੁਰਤ ਸ਼ਬਦੀ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਮਿਹਰ ਨਜ਼ਰ ਨਾਲ ਵੇਖੇ ਪਾਰ ਲੰਘਦੇ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਨਾਤੇ ਜੁੜ ਗਏ ਨਾਲ ਗੁਜਰੀ ਚੰਦ ਦੇ, ਅਨੰਦ ਮੰਗਲ

ਵਿਚ ਸਮਾਈਆ । ਉਨ੍ਹਾਂ ਦੇ ਪੈਂਡੇ ਮੁਕ ਗਏ ਪੰਧ ਦੇ, ਲੱਖ ਚੁਰਾਸੀ ਵਿਚ ਨਾ ਕੋਇ ਭੁਆਈਆ । ਉਹ ਕਰ ਇਸ਼ਨਾਨ ਸਚ ਸਰੋਵਰ ਗੰਗ ਦੇ, ਦੁਰਮਤ ਮੈਲ ਗਏ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਦੇਵਣਹਾਰ ਵਡਿਆਈਆ । ਸਦਾ ਸੁਹੇਲੇ ਕੀ ਤੇਰੀ ਸਿਫ਼ਤ, ਸਿਫ਼ਤਾਂ ਵਾਲਿਆ ਦੇ ਜਣਾਈਆ । ਪੁਰਖ ਅਕਾਲ ਕਿਹਾ ਮੈਨੂੰ ਭਗਤਾਂ ਮਿਲਣ ਦਾ ਇਸ਼ਕ, ਜਿਹੜਾ ਇਸ਼ਕ ਆਸ਼ਕ ਮਾਅਸ਼ੂਕ ਦੋਵੇਂ ਨਾ ਸਕਣ ਕੋਇ ਕਮਾਈਆ । ਜਿਨ੍ਹਾਂ ਦੇ ਮਸਤਕ ਲੌਣਾ ਤਿਲਕ, ਲਿਲਾਟੀ ਲਾਟ ਵਖਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਦ੍ਰਿਸ਼ਟ, ਦ੍ਰਿਸ਼ ਇਕੋ ਦਿਤਾ ਵਖਾਈਆ । ਜਿਨ੍ਹਾਂ ਦੀ ਭਗਤਾਂ ਨਾਲ ਅਗੇ ਪੱਕੀ ਨਹੀਂ ਸੀ ਫ਼ਰਿਸਤ, ਉਨ੍ਹਾਂ ਦਾ ਲੇਖਾ ਅਗੇ ਦਿਤਾ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੀਰਜ ਸੰਤੋਖ ਦੇਵੇ ਸਿਦਕ, ਸਦਮਾ ਰੋਗ ਦਏ ਗਵਾਈਆ ।

### ❊ ੨੫ ਪੋਹ ੨੦੨੧ ਬਿਕ੍ਰਮੀ ਕਿਰਪਾਲ ਸਿੰਘ ਦੇ ਨਵਿਤ ਜੇਠੂਵਾਲ ❊

ਕਿਰਪਾਲ ਉਪਰ ਹੋਏ ਕਿਰਪਾਲਾ, ਕਿਰਪਨ ਗਲੇ ਲਗਾਇੰਦਾ । ਮਾਰਗ ਦੇ ਕੇ ਸਚ ਸੁਖਾਲਾ, ਸਾਚੀ ਸਿਖਿਆ ਸਿਖ ਸਮਝਾਇੰਦਾ । ਆਤਮ ਪਰਮਾਤਮ ਸੋਹੰ ਮਾਲਾ, ਸਚ ਪ੍ਰੀਤੀ ਨਾਲ ਜੁੜਾਇੰਦਾ । ਸਚਖੰਡ ਦਵਾਰ ਦੇ ਕੇ ਸਚੀ ਧਰਮਸਾਲਾ, ਧਰਮ ਦਾ ਧਰਮ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਰਖ ਹੱਥ ਆਪ ਨਿਰੰਕਾਰ, ਨਿਰਵੈਰ ਦਇਆ ਕਮਾਈਆ । ਭਗਤ ਸੁਹੇਲਾ ਬਣ ਕੇ ਮੀਤ ਮੁਰਾਰ, ਨਿਰਧਨ ਹੋ ਕੇ ਫੇਰਾ ਪਾਈਆ । ਸੰਤ ਸੁਹੇਲੇ ਲਏ ਉਭਾਰ, ਗੁਰ ਚੇਲੇ ਜੋੜ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਕਰ ਕੇ ਆਰ ਪਾਰ, ਸੁਮਾਰ ਗੁਰਮੁਖਾਂ ਵਿਚ ਕਰਾਈਆ ।

### ❊ ੨੫ ਪੋਹ ੨੦੨੧ ਬਿਕ੍ਰਮੀ ਸਾਧੂ ਸਿੰਘ ਦੇ ਨਵਿਤ ਜੇਠੂਵਾਲ ❊

ਹਰਿ ਜੂ ਲੇਖਾ ਲੇਖ ਪੂਰਬ ਲਭਦਾ, ਖੋਜਣਹਾਰਾ ਹਰ ਘਟ ਥਾਈਂਆ । ਜਿਸ ਦਾ ਲਹਿਣਾ ਹੋਵੇ ਸਚ ਦਾ, ਜਨ ਓਸੇ ਮੇਲ ਮਿਲਾਈਆ । ਇਹ ਖੇਲ ਨਹੀਂ ਕਿਸੇ ਦੇ ਵਸ ਦਾ, ਸ੍ਰੀ ਭਗਵਾਨ ਆਪਣੇ ਹੱਥ ਰਖੀ ਵਡਿਆਈਆ । ਜੁਗ ਜੁਗ ਪੈਜ ਭਗਤਾਂ ਰਖਦਾ, ਸੰਤਾਂ ਹੋਏ ਸਹਾਈਆ । ਗੁਰਮੁਖਾਂ ਨਾਤਾ ਜੋੜ ਕੇ ਆਪਣੀ ਅੱਖ ਦਾ, ਆਖ਼ਰ ਆਪਣਾ ਮੇਲ ਮਿਲਾਈਆ । ਫੇਰ ਅੰਦਰ ਹੋ ਕੇ ਵਸਦਾ, ਘਰ ਮੰਦਰ ਡੇਰਾ ਲਾਈਆ । ਦੇ ਪ੍ਰੇਮ ਆਪਣੇ ਰਸ ਦਾ, ਰਸਤਾ ਸਿੱਧਾ ਦਏ ਸਮਝਾਈਆ । ਹੁਣ ਵੇਲਾ ਪੁਰਖ ਅਕਾਲ ਦੇ ਜਸ ਦਾ, ਦੂਜੀ ਲੋੜ ਰਹੀ ਨਾ ਰਾਈਆ । ਜੋ ਘੜਿਆ ਜੋ ਬਣਿਆ ਸੋ ਢਠਦਾ, ਜੁਗ ਚੌਕੜੀ ਗਏ ਫੇਰੀਆਂ ਪਾਈਆ । ਨਾਤਾ ਰਿਹਾ ਨਾ ਕਿਸੇ ਤੱਤ ਅੱਠ ਦਾ, ਨੌ ਦਰ ਬੈਠਣ ਪੰਧ ਮੁਕਾਈਆ । ਜਨ ਭਗਤਾਂ ਇਕੋ ਨਾਮ ਸ਼ਬਦ ਵਸੀਲਾ ਹਕ ਦਾ, ਦਲੀਲਾਂ ਕੂੜੀਆਂ ਦਏ ਬਦਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਹਨਾਂ ਦਰਸ ਪਾਇਆ ਸਮਰਥ ਦਾ, ਸੋਹਣਾ ਸਮਾਂ ਗਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਚਾਰ ਜੁਗ ਦੇ ਰਥ ਦਾ, ਬਣ ਰਥਵਾਹੀ ਬੇਪਰਵਾਹੀ ਭਗਤ ਸੁਹੇਲੇ ਉਪਰ ਰਿਹਾ ਚੜ੍ਹਾਈਆ ।

## ✻ ੨੫ ਪੋਹ ੨੦੨੧ ਬਿਕ੍ਰਮੀ ਰੂਪ ਸਿੰਘ ਦੇ ਨਵਿਤ ਜੇਠੂਵਾਲ ✻

ਭਗਤਨ ਆਸ਼ਾ ਕਹੇ ਪ੍ਰਭ ਜੋੜੀ ਜੋੜੀ ਜਾ, ਜੋੜੀ ਆਪਣੇ ਨਾਲ ਜੁੜਾਈਆ । ਕੂੜ ਕੁਕਰਮਾਂ ਨੂੰ ਕੂੜੀ ਧਾਰ ਰੋੜ੍ਹੀ ਜਾ, ਆਪਣੀ ਦਇਆ ਕਮਾਈਆ । ਜਗਤ ਵਿਕਾਰ ਤੋਂ ਹੋੜੀ ਜਾ, ਹੁਕਮ ਨਾਲ ਸਮਝਾਈਆ । ਮਨਮੁਖਾਂ ਤੋਂ ਚੋਰੀ ਜਾ, ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਡੋਰੀ ਆਪਣੇ ਨਾਲ ਬੰਧਾ, ਬੰਧਨ ਪ੍ਰੇਮ ਦਾ ਇਕੋ ਪਾਈਆ । ਮਸਤਕ ਟਿੱਕਾ ਚੰਦਨ ਲਾ, ਜਲਵਾ ਨੂਰ ਕਰ ਰੁਸ਼ਨਾਈਆ । ਜਿਨ੍ਹਾਂ ਦੇ ਅੰਗਣ ਗਿਆ ਆ, ਓਨ੍ਹਾਂ ਦਾ ਲੇਖਾ ਰਹਿਣ ਕੋਇ ਨਾ ਪਾਈਆ । ਜਗਤ ਦਲਿਦਰੀਆਂ ਦਲਿਦਰ ਦੇ ਗਵਾ, ਪ੍ਰੇਮ ਆਪਣਾ ਰੰਗ ਰੰਗਾਈਆ । ਜਨ ਭਗਤ ਕਹਿਣ ਪ੍ਰਭੂ ਤੇਰੇ ਤੋਂ ਵਡਾ ਹੋਰ ਕਿਹੜਾ ਖ਼ੁਦਾ, ਖ਼ੁਦ ਖ਼ੁਦੀ ਦੇ ਮਿਟਾਈਆ । ਜੇ ਤੂੰ ਭਗਤਾਂ ਵਲ ਹੋਵੇਂ ਸਿੱਧਾ, ਸਿੱਧਾ ਆਪਣਾ ਮੇਲ ਮਿਲਾਈਆ । ਫੇਰ ਕਿਉਂ ਨਾ ਉਧਰੇ ਵੱਡਾ ਨਿੱਕਾ, ਗ਼ਰੀਬ ਨਿਮਾਣਾ ਪਿੱਛੇ ਰਹਿਣ ਕੋਇ ਨਾ ਪਾਈਆ । ਜਨ ਭਗਤ ਕਹਿਣ ਪ੍ਰਭੂ ਵੇਖੀਂ ਮੇਲ ਕੇ ਨਾ ਦੇਵੀਂ ਕਿਸੇ ਸਜ਼ਾ, ਅਪਣੀ ਅੱਖ ਬਦਲਾਈਆ । ਜੇ ਬਖ਼ਸ਼ੀਂ ਚਰਨ ਪ੍ਰੀਤੀ ਸਾਚਾ ਮਜ਼ਾ, ਮਜਲਸ ਗੁਰਮੁਖਾਂ ਵਿਚ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਤੇਰੇ ਹੁਕਮੇਂ ਅੰਦਰ ਬੱਧਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇ ਕੇ ਧੁਰ ਦਾ ਸੱਦਾ, ਘਰ ਸਾਚੇ ਲਿਆ ਮਿਲਾਈਆ ।



## ✻ ੨੫ ਪੋਹ ੨੦੨੧ ਬਿਕ੍ਰਮੀ ਜਰਨੈਲ ਸਿੰਘ ਦੇ ਨਵਿਤ ਜੇਠੂਵਾਲ ✻

ਹਰਿ ਸਤਿਗੁਰ ਸੇਵਾ ਅਗੰਮਾ ਫਲ, ਅੰਮ੍ਰਿਤਾਂ ਵਿਚੋਂ ਅੰਮ੍ਰਿਤ ਨਜ਼ਰੀ ਆਈਆ । ਜਿਸ ਨੂੰ ਖਾਧਿਆਂ ਮਿਲੇ ਨਿਹਚਲ ਧਾਮ ਅਟਲ, ਪਦਵੀ ਇਕੋ ਇਕ ਜਣਾਈਆ । ਸਚ ਦਵਾਰਾ ਲੈਣ ਮਲ, ਚਰਨ ਕਵਲ ਸਰਨਾਈਆ । ਕਿਸੇ ਦੇ ਹਿਲਾਇਆਂ ਮੂਲ ਨਾ ਜਾਣ ਹਲ, ਪਾਸਾ ਸਕੇ ਨਾ ਕੋਇ ਬਦਲਾਈਆ । ਪੁਰਖ ਅਬਿਨਾਸ਼ੀ ਹੋਇਆ ਜਿਨ੍ਹਾਂ ਦੇ ਵਲ, ਵਲਵਲੇ ਸਾਰੇ ਦਏ ਚੁਕਾਈਆ । ਲੋੜ ਰਹੀ ਨਾ ਗੰਗਾ ਜਲ, ਮੰਦਰਾਂ ਸੀਸ ਨਾ ਕੋਇ ਨਿਵਾਈਆ । ਸਿੱਧਾ ਸਚ ਦਵਾਰੇ ਦੇਵੇ ਘਲ, ਘੜੀ ਪਲ ਨਾ ਕੋਇ ਅਟਕਾਈਆ । ਸੋਹੰ ਨਾਮ ਦਾ ਵਜਦਾ ਜਾਏ ਟੱਲ, ਟੱਲੀਆਂ ਵਾਲੇ ਬੈਠਣ ਮੁਖ ਸ਼ਰਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਜਨਮ ਕਰਮ ਦਾ ਲੇਖਾ ਦਿਤਾ ਉਥਲ, ਪਿੱਛੇ ਬਾਕੀ ਨਾ ਕੋਇ ਰਖਾਈਆ ।

## ✻ ੨੫ ਪੋਹ ੨੦੨੧ ਬਿਕ੍ਰਮੀ ਆਸਾ ਸਿੰਘ ਦੇ ਗ੍ਰਹਿ ਜੇਠੂਵਾਲ ✻

ਆ ਯਾਰ ਪਿਆਰੇ ਸੰਗੀ, ਪਿਛਲਾ ਸੰਗ ਜਣਾਈਆ । ਉਹ ਤੇਰੀ ਗਾਥਾ ਲਗੀ ਚੰਗੀ, ਜਿਹੜੀ ਹਿਰਦਿਉਂ ਲਈ ਪਰਗਟਾਈਆ । ਭਾਵੇਂ ਮੈਨੂੰ ਆਵੇ ਤੰਗੀ, ਮੇਰੇ ਗੋਬਿੰਦ ਨੂੰ ਅੱਖ ਸਕੇ ਨਾ ਕੋਇ ਉਠਾਈਆ । ਹੱਥ ਪਾ ਕੇ ਆਪਣੀ ਚੰਡੀ, ਚੰਡਕਾ ਰੂਪ ਵਟਾਈਆ । ਮੈਂ ਸਭ ਨੂੰ ਦੇਵਾਂ ਦੰਡੀ, ਹੁਕਮ ਮੇਰੇ ਬੇਪਰਵਾਹੀਆ । ਓਸ ਵੇਲੇ ਧੁਰ ਦੀ ਆਈ ਇਕ ਸੁਗੰਧੀ, ਪਵਣ ਵਿਚ ਸਮਾਈਆ । ਤੇਰਾ ਲੇਖਾ ਚੁਕਣਾ ਵਿਚੋਂ

ਖ਼ਾਨੇ ਬੰਦੀ, ਬੰਦਗੀ ਅਗਲੀ ਦਿਆਂ ਜਣਾਈਆ । ਜਿਸ ਵੇਲੇ ਡੇਰਾ ਲੌਣਾ ਰਾਵੀ ਕੰਢੀ, ਕਾਇਆ ਕੁੱਲੀ ਜਗਤ ਹੰਢਾਈਆ । ਓਸ ਵੇਲੇ ਹੋਣਾ ਸਾਹਿਬ ਸੂਰਾ ਸਰਬੰਗੀ, ਤੇਰਾ ਲੇਖਾ ਵੇਖ ਵਖਾਈਆ । ਚਰਨ ਪ੍ਰੀਤੀ ਦੇ ਕੇ ਠੰਡੀ, ਆਤਮ ਠੰਡ ਦਏ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਨਸਾ ਪੂਰ ਕਰਾਏ ਮੰਗੀ, ਬਹੁਰੰਗੀ ਆਪਣਾ ਰੰਗ ਰੰਗਾਈਆ ।

### ❈ ੨੫ ਪੋਹ ੨੦੨੧ ਬਿਕ੍ਰਮੀ ਗੁਰਨਾਮ ਸਿੰਘ ਦੇ ਨਵਿਤ ❈

ਪ੍ਰੀਤਮ ਦਾ ਪਿਛਲਾ ਮਿਤਰ, ਮਿਤਰਾਂ ਵਾਲੇ ਦਇਆ ਕਮਾਈਆ । ਕਾਇਆ ਮਾਟੀ ਬਾਹਰੋਂ ਪਿੱਤਲ, ਅੰਤਰ ਸੁਵਰਨ ਨੂਰ ਡਗਮਗਾਈਆ । ਜਿਸ ਦੀ ਧਾਰੋਂ ਆਇਆ ਨਿੱਕਲ, ਉਹ ਆਪੇ ਵੇਖ ਵਖਾਈਆ । ਯਾਦ ਕਰਾ ਕੇ ਪਿਛਲੀ ਮਿਸਲ, ਮਸਲਾ ਅਗੇ ਰਿਹਾ ਸਮਝਾਈਆ । ਹਰਿ ਸਰਨਾਈ ਸਾਚਾ ਵਸਣ, ਧਾਮ ਦਵਾਰਾ ਇਕ ਵਡਿਆਈਆ । ਸ੍ਰਿਸ਼ਟ ਸਬਾਈ ਦਿਸੇ ਮਿਥਨ, ਮਿਥਿਆ ਹੋਈ ਸਰਬ ਲੋਕਾਈਆ । ਜੋ ਆਪਣਾ ਆਪ ਆਇਆ ਜਿੱਤਣ, ਸੋ ਹਰਿ ਚਰਨ ਕਵਲ ਧਿਆਨ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪਿਆਰ ਪ੍ਰੀਤੀ ਨਾਲ ਅੰਦਰੋਂ ਬਾਹਰੋਂ ਕਰਕੇ ਸਿਕਲ, ਸੋਹਣਾ ਰੰਗ ਦਏ ਚਮਕਾਈਆ ।



### ❈ ੨੫ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❈

ਅਗੰਮ ਅਥਾਹ ਖੇਲ ਪੁਰਖ ਅਬਿਨਾਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿੱਛੋਂ ਭਿੰਨੜੀ ਆਈ ਰੈਣ ਰਾਤ, ਦਿਵਸ ਘੜੀਆਂ ਪਲਾਂ ਵਿਚ ਪੰਧ ਮੁਕਾਈਆ । ਚਾਰ ਜੁਗ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਜਾਗ, ਸਚਖੰਡ ਦਵਾਰੇ ਅੱਖ ਖੁਲ੍ਹਾਈਆ । ਵੇਖੋ ਖੇਲ ਪੁਰਖ ਅਬਿਨਾਸ਼, ਕਰਤਾ ਕਰਨੀ ਆਪਣੀ ਕਾਰ ਕਮਾਈਆ । ਜਿਸ ਦੀ ਨਿਤ ਨਵਿਤ ਰਸਨਾ ਜਿਹਵਾ ਬੱਤੀ ਦੰਦ ਕਰਦੇ ਰਹੇ ਯਾਦ, ਖਾਣੀ ਬਾਣੀ ਰਾਗਾਂ ਨਾਦਾਂ ਵਿਚ ਰਾਗ ਅਲਾਈਆ । ਜਿਸ ਦਾ ਵੇਸ ਅਨੇਕਾ ਬ੍ਰਹਿਮੰਡ ਖੰਡ ਵਿਚ ਬ੍ਰਹਿਮਾਦ, ਬ੍ਰਹਿਮਾਂਡ ਕਰੇ ਰੁਸ਼ਨਾਈਆ । ਜਿਸ ਦਾ ਨਾਮ ਨਗਾਰਾ ਨੌਬਤ ਵਜੇ ਆਦਿ ਜੁਗਾਦਿ, ਜੁਗ ਚੌਕੜੀ ਹੁਕਮ ਸੁਣਾਈਆ । ਏਥੇ ਓਥੇ ਦੋ ਜਹਾਨਾਂ ਸਤਿ ਸਤਿਵਾਦੀ ਸਚਾ ਰਾਜ, ਸ਼ਬਦ ਹਕੂਮਤ ਇਕ ਸਮਝਾਈਆ । ਜਿਸ ਦੇ ਸੀਸ ਸੁਹੰਜਣਾ ਸਚਾ ਧੁਰ ਦਾ ਤਾਜ, ਤਖ਼ਤ ਨਿਵਾਸੀ ਵੱਡੀ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਇਕ ਅਕੇਲਾ ਖੋਲ੍ਹਣ ਆਇਆ ਰਾਜ਼, ਬੇਪਰਵਾਹ ਪਰਦਾ ਆਪ ਉਠਾਈਆ । ਪੀਰ ਪੈਗ਼ੰਬਰ ਸਜਦੇ ਕਰਕੇ ਅਰਸ਼ਾਂ ਫ਼ਰਸ਼ਾਂ ਜਿਸ ਦੇ ਕ਼ਦਮਾਂ ਪੜ੍ਹਨ ਨਿਮਾਜ਼, ਰੋਜ਼ਾ ਹਕ਼ੀਕ਼ਤ ਹਕ ਵਿਚ ਜਣਾਈਆ । ਜੋ ਸਦਾ ਸੁਹੇਲਾ ਭਗਤਨ ਮੀਤਾ ਦੇਵਣਹਾਰਾ ਸਾਥ, ਨਿਰਗੁਣ ਸਰਗੁਣ ਆਪਣਾ ਜੋੜ ਜੁੜਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਗਾਵੇ ਗਾਥ, ਅੰਜੀਲ ਕ਼ੁਰਾਨ ਸਿਫ਼ਤ ਸਾਲਾਹੀਆ । ਜਿਸ ਨੂੰ ਖਾਣੀ ਬਾਣੀ ਕਹੇ ਪੁਰਖ ਸਮਰਾਥ, ਅਲਖ ਅਗੋਚਰ ਅਗੰਮ ਅਥਾਹ ਵਡ ਵਡਾ ਇਕ ਅਖਵਾਈਆ । ਜਿਸ ਦਾ ਆਤਮ ਪਰਮਾਤਮ ਲੱਖ ਚੁਰਾਸੀ

ਨਾਲ ਨਾਤ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਭਿੰਨੜੀ ਰੈਣ ਕਹੇ ਮੈਂ ਵੇਖਾਂ ਵਕਤ ਸੁਹੇਲਾ, ਹਰਿ ਕਰਤਾ ਖੇਲ ਰਚਾਈਆ । ਪਤਿਪਰਮੇਸ਼ਵਰ ਇਕ ਅਕੇਲਾ, ਨਿਰਗੁਣ ਹੋ ਕੇ ਵੇਸ ਵਟਾਈਆ । ਲੇਖਾ ਜਾਣ ਗੁਰੂ ਗੁਰ ਚੇਲਾ, ਗੁਰ ਗੋਬਿੰਦ ਮੇਲ ਮਿਲਾਈਆ । ਦੋ ਜਹਾਨ ਵਾਲੀ ਜੋਤ ਅਕਾਲੀ ਬਣ ਕੇ ਸੱਜਣ ਸੁਹੇਲਾ, ਸਾਖ਼ਿਆਤ ਸਤਿ ਸਰੂਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਰੈਣ ਕਹੇ ਮੈਂ ਵੇਖਾਂ ਗੋਬਿੰਦ ਮੀਤ, ਮਿਤਰ ਪਿਆਰਾ ਇਕੋ ਨਜ਼ਰੀ ਆਈਆ । ਜਿਸ ਦੀ ਵਖਰੀ ਨਿਰਾਲੀ ਸਭ ਤੋਂ ਵਖਰੀ ਰੀਤ, ਧਾਰ ਅਗੰਮੀ ਰਿਹਾ ਦ੍ਰਿੜਾਈਆ । ਆਤਮ ਪਰਮਾਤਮ ਜੋੜ ਕੇ ਸਚ ਪ੍ਰੀਤ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਧਾਮ ਵਖਾ ਕੇ ਇਕ ਅਨਡੀਠ, ਸਚਖੰਡ ਸਾਚਾ ਰਿਹਾ ਸਮਝਾਈਆ । ਧੁਰ ਦਾ ਢੋਲਾ ਗਾ ਕੇ ਗੀਤ, ਦੇਵਣਹਾਰ ਵਡੀ ਵਡਿਆਈਆ । ਲੇਖਾ ਚੁਕਾ ਕੇ ਹਸਤ ਕੀਟ, ਊਚ ਨੀਚ ਰੰਗ ਰੰਗਾਈਆ । ਘਰ ਮਿਟਾ ਕੇ ਮੰਦਰ ਮਸੀਤ, ਮਸਲਾ ਇਕੋ ਹਕ ਸੁਣਾਈਆ । ਜੋ ਪੁਰਖ ਅਕਾਲ ਦੀਨ ਦਿਆਲ ਗੋਬਿੰਦ ਕਰ ਕੇ ਗਿਆ ਵਸੀਅਤ, ਉਹ ਪਰਦਾ ਦਏ ਉਠਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅਗੇ ਰਖੇ ਇਕ ਅਸਲੀਅਤ, ਅਸਲ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਿੰਨੜੀ ਰੈਣ ਕਹੇ ਮੋਹੇ ਚਾਓ ਘਨੇਰਾ, ਅੰਦਰ ਬਾਹਰ ਵਜੀ ਵਧਾਈਆ । ਹਰਿ ਠਾਕਰ ਸਵਾਮੀ ਮਿਲਿਆ ਮੇਰਾ, ਗਹਿਰ ਗੰਭੀਰ ਬੇਪਰਵਾਹੀਆ । ਜਿਸ ਨੇ ਦੋ ਜਹਾਨ ਚੁਕੌਣਾ ਝੇੜਾ, ਝਗੜਾ ਮੇਟੇ ਜਗਤ ਲੋਕਾਈਆ । ਭਗਤਾਂ ਬੰਨ੍ਹਣਾ ਬੇੜਾ, ਸੰਤਾਂ ਹੋਏ ਸਹਾਈਆ । ਗੁਰਮੁਖਾਂ ਵਸੌਣਾ ਖੇੜਾ, ਕਾਇਆ ਮਾਟੀ ਸਾਢੇ ਤਿੰਨ ਹੱਥ ਡੇਰਾ ਲਾਈਆ । ਗੁਰਸਿਖਾਂ ਨਜ਼ਰੀ ਔਣਾ ਨੇਰਨ ਨੇਰਾ, ਨਿਜ ਨੇਤਰ ਕਰ ਰੁਸ਼ਨਾਈਆ । ਸਚ ਸੁਹੇਲਾ ਜਾਨਣਹਾਰਾ ਆਪਣਾ ਵੇਲਾ, ਵਾਰ ਥਿਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਦ੍ਰਿੜਾਈਆ । ਭਿੰਨੜੀ ਰੈਣ ਕਹੇ ਮੈਂ ਵੇਖ ਵੇਖ ਥੱਕੀ, ਜੁਗ ਚੌਕੜੀ ਗਏ ਵਿਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਮਿਲਿਆ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੇ ਹੱਥ ਲਹਿਣਾ ਦੇਣਾ ਸਵਾ ਰਤੀ, ਕੇਸਰ ਆਪਣਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਇਕ ਅਖਵਾਈਆ । ਭਿੰਨੜੀ ਰੈਣ ਕਹੇ ਮੈਂ ਦੇਵਾਂ ਸੰਦੇਸ਼ਾ, ਨੇਤਰ ਅੱਖ ਸਰਬ ਖੁਲ੍ਹਾਈਆ । ਫੜ ਉਠਾਵਾਂ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਗਣਪਤ ਗ਼ਫ਼ਲਤ ਵਿਚ ਨਜ਼ਰ ਕੋਇ ਨਾ ਆਈਆ । ਭੇਵ ਅਭੇਦਾ ਅਛਲ ਅਛੇਦਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਾਂ ਕਰ ਕੇ ਹੇਤਾ, ਹਿਤਕਾਰੀ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਿਛਲਾ ਕਰ ਲਉ ਚੇਤਾ, ਭਵਿਖਤ ਵਾਕਾਂ ਨਾਲ ਸਮਝਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਰੇ ਮੰਨਦੇ ਨੇਤਾ, ਮਾਲਕ ਦੋ ਜਹਾਨ ਅਖਵਾਈਆ । ਜਿਸ ਦੇ ਕੋਲੋਂ ਦੀਨ ਮਜ਼੍ਹਬ ਦਾ ਲੋਕਮਾਤ ਪੰਜਾਂ ਤੱਤਾਂ ਵਾਲਾ ਮਿਲਦਾ ਠੇਕਾ, ਚਾਰ ਕੁੰਟ ਦਹਿ ਦਿਸ਼ਾ ਆਪਣੀ ਵੰਡ ਵੰਡਾਈਆ । ਸੋ ਸਵਾਮੀ ਅੰਤਰਜਾਮੀ ਅੰਦਰ ਵੜ ਕੇ ਮੰਦਰ ਚੜ੍ਹ ਕੇ ਦੱਸਣਹਾਰਾ ਭੇਤਾ, ਅਨੁਭਵ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਚੁਕਾਈਆ । ਭਿੰਨੜੀ ਰੈਣ ਕਹੇ

੧੩੨

ਮੈਂ ਕੀ ਦੱਸਾਂ, ਮੇਰੇ ਉਤੇ ਹੈਰਾਨੀ ਆਈਆ । ਸਦੀ ਵੀਹਵੀਂ ਇਕੋ ਓਟ ਤੱਕਾਂ, ਪ੍ਰਭ ਚਰਨ ਸਰਨ ਸਰਨਾਈਆ । ਦੋਵੇਂ ਮੀਟ ਕੇ ਆਪਣੀਆਂ ਅੱਖਾਂ, ਨਿਜ ਨੇਤਰ ਰਾਹ ਤਕਾਈਆ । ਕਵਣ ਦਵਾਰੇ ਮਿਲੇ ਪੁਰਖ ਸਮਰਥਾ, ਸਚ ਸਿੰਘਾਸਣ ਡੇਰਾ ਲਾਈਆ । ਵਾਹੋ ਦਾਹੀ ਉਠ ਕੇ ਨੱਠਾਂ, ਭੱਜਾਂ ਪੰਧ ਮੁਕਾਈਆ । ਸੀਸ ਉਹਦੇ ਕਦਮਾਂ ਉਤੇ ਸੁੱਟਾਂ, ਜੋ ਸਗਲੀ ਚਿੰਦ ਮਿਟਾਈਆ । ਜਿਸ ਗੋਬਿੰਦ ਨਾਲ ਸੁਹੌਣੀਆਂ ਰੁੱਤਾਂ, ਰੁਤੜੀ ਆਪਣੇ ਰੰਗ ਰੰਗਾਈਆ । ਜਿਸ ਮਾਣ ਰਖੌਣਾ ਗੁਰਮੁਖ ਪੁੱਤਾਂ, ਪਿਤਾ ਆਪਣੀ ਦਏ ਵਡਿਆਈਆ । ਉਸ ਦੇ ਕੋਲੋਂ ਸਚ ਦੀ ਨਿਸ਼ਾਨੀ ਇਕੋ ਪੁੱਛਾਂ, ਜਿਸਦੀ ਸਮਝ ਨਾ ਕੋਇ ਸਮਝਾਈਆ । ਜਿਹੜਾ ਅੰਮ੍ਰਿਤ ਦਿਤਾ ਨਾਲ ਘੁੱਟਾਂ, ਪੰਚਮ ਮੁਖ ਲਗਾਈਆ । ਜਿਸ ਦੇ ਨਾਲ ਬਦਲ ਗਿਆ ਜੁੱਸਾ, ਜਿਸਮ ਇਸਮ ਆਪਣਾ ਦਿਤਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਭਿੰਨੜੀ ਰੈਣ ਕਹੇ ਮੈਂ ਪੁਛਣੀ ਬਾਤ, ਪ੍ਰਭੂ ਅਗੇ ਕਰ ਅਰਜ਼ੋਈਆ । ਸਾਹਿਬ ਸਵਾਮੀ ਗੋਬਿੰਦ ਤੇਰੇ ਸਾਥ, ਸ਼ਬਦੀ ਬੇਟਾ ਸੇਵ ਕਮਾਈਆ । ਥਿਰ ਘਰ ਨਿਵਾਸੀ ਤੇਰਾ ਖੇਲ ਤਮਾਸ਼, ਸਚਖੰਡ ਤੇਰੀ ਬੇਪਰਵਾਹੀਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿੱਛੋਂ ਇਹ ਸੁਹੰਜਣੀ ਆਈ ਰਾਤ, ਜਿਸ ਦੀ ਰੁਤੜੀ ਇਕ ਮਹਿਕਾਈਆ । ਮੈਂ ਰਾਹ ਤਕਦੇ ਵੇਖੇ ਪ੍ਰਿਥਮੀ ਆਕਾਸ਼, ਗਗਨ ਮੰਡਲ ਬ੍ਰਹਿਮੰਡ ਖੰਡ ਅੱਖ ਖੁਲ੍ਹਾਈਆ । ਜਿਸ ਦੀ ਪੀਰ ਪੈਗ਼ੰਬਰ ਕਰਦੇ ਗਏ ਤਲਾਸ਼, ਚੌਦਾਂ ਤਬਕਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਭਿੰਨੜੀ ਰੈਣ ਕਹੇ ਜਿਸ ਵੇਲੇ ਈਸਾ ਮੂਸਾ ਮੁਹੰਮਦ ਪਰਵਰਦਿਗਾਰ ਮਾਰੀ ਰਮਜ਼, ਮਹੀਨਾ ਰਮਜ਼ਾਨ ਦਿਤਾ ਜਣਾਈਆ । ਅੰਦਰੇ ਅੰਦਰ ਥੋੜ੍ਹੀ ਦੇ ਕੇ ਸਮਝ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਜਿਸ ਵੇਲੇ ਸਦੀ ਚੌਧਵੀਂ ਹੋਵੇ ਗ਼ਜ਼ਬ, ਚਾਰੋਂ ਕੁੰਟ ਹੈਰਾਨੀ ਛਾਈਆ । ਝਗੜਾ ਹੋਵੇ ਦੀਨ ਮਜ਼੍ਹਬ, ਜ਼ਾਤ ਪਾਤ ਕਰੇ ਲੜਾਈਆ । ਖਾਣੀ ਬਾਣੀ ਰਹੇ ਕੋਈ ਨਾ ਅਦਬ, ਸਤਿਗੁਰ ਸੀਸ ਨਾ ਕੋਈ ਨਿਵਾਈਆ । ਧਰਮ ਦਵਾਰੇ ਚੁਕੇ ਕੋਈ ਨਾ ਕ਼ਦਮ, ਅਧਰਮ ਰੂਪ ਲੋਕਾਈਆ । ਬਾਹਰੋਂ ਮਾਟੀ ਪੋਚਿਆ ਦਿਸੇ ਬਦਨ, ਅੰਤਰ ਕਾਮ ਕਰੋਧ ਲੋਭ ਮੋਹ ਹਲਕਾਈਆ । ਸੋਹਣੀ ਤੱਤਾਂ ਵਾਲੀ ਨਜ਼ਰੀ ਆਵੇ ਸ਼ਕਲ, ਅੰਦਰੋਂ ਬੇਅਕਲ ਭੁਲਿਆ ਬੇਪਰਵਾਹੀਆ । ਆਸ਼ਾ ਕਾਰਨ ਪੂਰਾ ਕਰਨ ਮਤਲਬ, ਤੁਅੱਲਕ ਪ੍ਰਭ ਦੇ ਨਾਲ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਖੇ ਖੇਲ ਬੇਪਰਵਾਹੀਆ । ਭਿੰਨੜੀ ਰੈਣ ਕਹੇ ਜਿਸ ਵੇਲੇ ਪੀਰ ਪੈਗ਼ੰਬਰ ਪ੍ਰਭ ਸੁਣਾਈ ਅਗੰਮੀ ਆਵਾਜ਼, ਅਵਲ ਨੂਰ ਕਰ ਜਣਾਈਆ । ਸਜਦਿਆਂ ਵਿਚ ਦੱਸੀ ਨਿਮਾਜ, ਹੁਕਮੇਂ ਅੰਦਰ ਵਡਿਆਈਆ । ਭੇਵ ਅੰਦਰ ਖੋਲ੍ਹ ਕੇ ਰਾਜ਼, ਰਹਿਮਤ ਦਿਤੀ ਕਮਾਈਆ । ਬਖ਼ਸ਼ਿਸ਼ ਦੀ ਮੁਖ ਲਗਾ ਕੇ ਨਿਆਜ਼, ਨਿਆਮਤ ਇਕ ਵਰਤਾਈਆ । ਮੁਹੰਮਦ ਦੋਵੇਂ ਜੋੜ ਕੇ ਹਾਥ, ਚਰਨ ਪਿਆ ਸਰਨਾਈਆ । ਪਰਵਰਦਿਗਾਰ ਸਾਂਝੇ ਯਾਰ ਲਾਸ਼ਰੀਕ ਤੇਰਾ ਸਾਥ, ਸਭ ਤੋਂ ਚੰਗਾ ਨਜ਼ਰੀ ਆਈਆ । ਆਪਣੇ ਮਿਲਣ ਦਾ ਕੀਤਾ ਆਪ ਇਤਫ਼ਾਕ, ਮਿਹਰ ਨਜ਼ਰ ਅੱਖ ਖੁਲ੍ਹਾਈਆ । ਮੇਰਾ ਇਕੋ ਤੇਰੇ ਨਾਲ ਵਾਕ, ਅਗਲਾ ਵਾਕਿਆ ਦੇ ਸਮਝਾਈਆ । ਜਿਸ ਵੇਲੇ ਪਰਗਟ ਹੋ ਕੇ ਆਵੇਂ ਆਪ, ਪੀਰਾਂ ਦੇ ਪੀਰ ਪੈਗ਼ੰਬਰਾਂ ਦੇ ਪੈਗ਼ੰਬਰ ਅਮਾਮਾਂ ਦੇ ਅਮਾਮ, ਜਲਵਾ ਨੂਰ ਕਰ ਰੁਸ਼ਨਾਈਆ । ਕਿਸ ਦਾ ਦੇਵੇਂ ਸਚਾ ਸਾਥ, ਮੁਰਸ਼ਦ ਮੁਰੀਦ ਕਵਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਜਣਾਈਆ । ਭੇਵ ਅਭੇਦਾ ਦੱਸ

੧੩੩

ਦੇ ਮਾਲਕ, ਪੈਗ਼ੰਬਰ ਬੈਠੇ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਖ਼ਾਲਕ, ਗਹਿਰ ਗੰਭੀਰ ਤੇਰੀ ਵਡਿਆਈਆ । ਤੂੰ ਨਿਤ ਨਵਿਤ ਬਣੇਂ ਸਾਲਸ, ਦੋ ਜਹਾਨਾਂ ਅਦਲ ਕਮਾਈਆ । ਤੂੰ ਭਗਤ ਭਗਵਾਨ ਤੂੰ ਸੂਫ਼ੀਆਂ ਦੀ ਸਿਫ਼ਤ ਕਰੇਂ ਖ਼ਾਲਸ, ਆਲਸ ਨਿੰਦਰਾ ਜਗਤ ਚੁਕਾਈਆ । ਤੂੰ ਲਾਵੇਂ ਸਚ ਅਦਾਲਤ, ਸਚ ਸਿੰਘਾਸਣ ਸੋਭਾ ਪਾਈਆ । ਮੁਹੰਮਦ ਕਿਹਾ ਤੇਰੇ ਦਰ ਤੇ ਲੰਘੇ ਨਾ ਕੋਈ ਬਿਨਾ ਇਜਾਜ਼ਤ, ਦੂਰ ਦੁਰਾਡੇ ਸਾਰੇ ਡੇਰਾ ਲਾਈਆ । ਤੇਰਾ ਦਰਸ ਅਪਾਰਾ ਧੁਰਦਰਗਾਹੀ ਨਿਆਮਤ, ਰਸ ਇਕੋ ਇਕ ਵਖਾਈਆ । ਸਦੀ ਚੌਧਵੀਂ ਜਿਸ ਵੇਲੇ ਆਈ ਕ਼ਿਆਮਤ, ਆਪਣੀ ਕ਼ਿਆਮਗਾਹ ਦੇ ਸਮਝਾਈਆ । ਜਿਥੇ ਆਪਣਿਆਂ ਦੀ ਦਏਂ ਜ਼ਮਾਨਤ, ਬਰੀਖ਼ਾਨਾ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਭਿੰਨੜੀ ਰੈਣ ਕਹੇ ਪ੍ਰਭ ਧੁਰਦਰਗਾਹੀ ਦਇਆ ਕਮੌਂਦਾ ਏ । ਆਦਿ ਪੁਰਖ ਅਬਿਨਾਸ਼ੀ ਕਰਤਾ, ਸ਼ਬਦ ਅਗੰਮੀ ਹੁਕਮ ਸੁਣੌਂਦਾ ਏ । ਕਲਮਾ ਕਾਇਨਾਤ ਦਾ ਬਰਦਾ, ਚੌਦਾਂ ਤਬਕ ਵੇਖ ਵਖੌਂਦਾ ਏ । ਸਚ ਸੰਦੇਸ਼ਾ ਇਕੋ ਘਲਦਾ, ਨਰ ਨਰੇਸ਼ਾ ਹੁਕਮ ਵਰਤੌਂਦਾ ਏ । ਲੇਖਾ ਜਾਣੇ ਨਿਹਚਲ ਧਾਮ ਅਟਲ ਦਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮਹਿਫ਼ਲ ਆਪਣੇ ਘਰ ਲਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਉਂਦਾ ਏ । ਮਿਹਰ ਨਜ਼ਰ ਆਪ ਉਠੌਂਦਾ ਏ । ਪਤਿਪਰਮੇਸ਼ਵਰ ਵੇਖ ਵਖੌਂਦਾ ਏ । ਧੁਰ ਸੰਦੇਸ਼ ਇਕ ਸੁਣੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠੌਂਦਾ ਏ । ਗੁਰ ਅਵਤਾਰ ਪੈਗ਼ੰਬਰ ਦੇ ਸੰਦੇਸ਼, ਆਲਸ ਨਿੰਦਰਾ ਦੂਰ ਕਰੌਂਦਾ ਏ । ਉਠੋ ਨੇਤਰ ਤਕੋ, ਸਚ ਦਵਾਰਾ ਲੈਣਾ ਪੇਖ, ਜੋ ਲੋਕਮਾਤ ਵਡਿਔਂਦਾ ਏ । ਨਿਰਗੁਣ ਧਰ ਕੇ ਆਇਆ ਭੇਖ, ਜੋਤੀ ਜਾਮਾ ਵੇਸ ਵਟੌਂਦਾ ਏ । ਸੰਬਲ ਵਸਿਆ ਆਪਣੇ ਦੇਸ, ਗੋਬਿੰਦ ਮੇਲਾ ਮੇਲ ਕਰੌਂਦਾ ਏ । ਧੁਰਦਰਗਾਹੀ ਨਰ ਨਰੇਸ਼, ਨਿਰੰਕਾਰਾ ਇਕੋ ਇਕ ਅਖਵੌਂਦਾ ਏ । ਜੋ ਕਲਜੁਗ ਅੰਤਮ ਖੇਲੇ ਅਗੰਮੀ ਖੇਡ, ਜਿਸ ਦਾ ਭੇਵ ਕੋਇ ਨਾ ਪੌਂਦਾ ਏ । ਜੋਤੀ ਜਲਵਾ ਕਰਕੇ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪ ਜਗੌਂਦਾ ਏ । ਜਨ ਭਗਤਾਂ ਕਰਕੇ ਧੁਰ ਦਾ ਹੇਤ, ਹਿਤਕਾਰੀ ਹੋ ਕੇ ਮੇਲ ਮਿਨੌਂਦਾ ਏ । ਨਿਜ ਆਤਮ ਪਰਮਾਤਮ ਲਏ ਵੇਖ, ਲੋਚਨ ਇਕੋ ਅੱਖ ਖੁਲੌਂਦਾ ਏ । ਲਹਿਣਾ ਦੇਣਾ ਗੁਰ ਦਸਮੇਸ਼, ਦਹਿ ਦਿਸ਼ਾ ਝੋਲੀ ਪੌਂਦਾ ਏ । ਜਿਸ ਦੀ ਸ਼ਬਦ ਅਗੰਮੀ ਦੋ ਧਾਰੀ ਦਿਸੇ ਤੇਗ਼, ਖੰਡਾ ਖੜਗ ਨਾਮ ਚਮਕੌਂਦਾ ਏ । ਜਿਸ ਮਾਛੂਵਾੜੇ ਹੰਢਾਈ ਸੇਜ, ਸੂਲਾਂ ਸੱਥਰ ਡੇਰਾ ਲੌਂਦਾ ਏ । ਓਹਦਾ ਮਾਲਕ ਪ੍ਰਿਤਪਾਲਕ ਖ਼ਾਲਕ ਸਭ ਕੁਛ ਰਿਹਾ ਵੇਖ, ਅਨਡਿਠੜੀ ਕਾਰ ਕਮੌਂਦਾ ਏ । ਜਿਸ ਦੇ ਪਿਛੇ ਅਰਜਨ ਤੱਤੀ ਪਵਾਈ ਸੀਸ ਰੇਤ, ਅਗਨੀ ਮਠ ਤਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਕਰਨੀ ਕਾਰ ਕਮੌਂਦਾ ਏ । ਭਿੰਨੜੀ ਰੈਣ ਕਹੇ ਪ੍ਰਭ ਕਾਰ ਕਮੌਂਦਾ ਏ । ਨਿਹਕਲੰਕਾ ਨਾਉਂ ਰਖੌਂਦਾ ਏ । ਕਾਲ ਮਹਾਕਾਲ ਚਰਨਾਂ ਨਾਲ ਰਖੌਂਦਾ ਏ । ਦੋ ਜਹਾਨਾਂ ਪਾਵੇ ਸਾਰ, ਬ੍ਰਹਿਮੰਡ ਖੰਡ ਖੋਜ ਖੁਜੌਂਦਾ ਏ । ਜੁਗ ਚੌਕੜੀ ਪਿੱਛੋਂ ਨਿਰਗੁਣ ਕਰਨ ਆਇਆ ਵਿਹਾਰ, ਵਿਵਹਾਰੀ ਆਪਣੀ ਰਚਨ ਰਚੌਂਦਾ ਏ । ਕਲਜੁਗ ਕੂੜੀ ਕਿਰਿਆ ਦਏ ਨਿਵਾਰ, ਸਤਿਗੁਰ ਸਾਚਾ ਮਾਰਗ ਲੌਂਦਾ ਏ । ਜਿਸ ਇੱਕੀ ਦੀ ਗੋਬਿੰਦ ਕਰਕੇ ਗਿਆ ਪੁਕਾਰ, ਉਹ ਇੱਕੀ ਏਕੰਕਾਰ ਆਪ ਬਣੌਂਦਾ ਏ । ਚਾਰ ਵਰਨ ਦੀ ਸਿੱਖੀ ਕਰ ਤਿਆਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜੋੜ ਜੁੜੌਂਦਾ ਏ । ਸਾਚਾ ਗੁਲਸ਼ਨ ਖਿਲੇ ਬਹਾਰ, ਬੂਟਾ ਗੁਰਮੁਖ ਆਪ ਪਰਗਟੌਂਦਾ ਏ । ਭਗਤ ਸੁਹੇਲਾ ਮੀਤ ਮੁਰਾਰ, ਇਕ ਅਕੇਲਾ

ਵੇਖ ਵਖੌਂਦਾ ਏ । ਜਿਸ ਦਾ ਰਾਹ ਤਕਦੇ ਰਹੇ ਜੁਗ ਚਾਰ, ਚੌਕੜੀ ਆਪਣਾ ਹੁਕਮ ਵਰਤੌਂਦਾ ਏ । ਸੋ ਪਰਗਟ ਹੋ ਕੇ ਆਏ ਵਿਚ ਸੰਸਾਰ, ਕਲ ਕਲਕੀ ਨਾਮ ਪਰਗਟੌਂਦਾ ਏ । ਬੀਸ ਇਕੀਸਾ ਹਰਿ ਜਗਦੀਸਾ ਹੋ ਕੇ ਖ਼ਬਰਦਾਰ, ਖ਼ਬਰ ਸੰਦੇਸ਼ਾ ਇਕ ਸੁਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠੌਂਦਾ ਏ । ਬੇਖ਼ਬਰ ਦੇਵੇ ਧੁਰ ਦੀ ਖ਼ਬਰ, ਸ਼ਬਦ ਸੰਦੇਸ਼ ਸੁਣੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਬੈਠੇ ਰਹੇ ਕਰਕੇ ਸਬਰ, ਸਬਰ ਸਬੂਰੀ ਸਭ ਦੀ ਲੇਖੇ ਲੌਂਦਾ ਏ । ਵੀਹ ਸੌ ਇੱਕੀ ਬਿਕ੍ਰਮੀ ਕਰਨ ਆਇਆ ਅਦਲ, ਅਦਾਲਤ ਇਕੋ ਇਕ ਜਣੌਂਦਾ ਏ । ਜਿਸ ਨੇ ਕਲਜੁਗ ਕੂੜੀ ਕਿਰਿਆ ਦੇਣੀ ਬਦਲ, ਸਤਿਜੁਗ ਸਾਚਾ ਰਾਹ ਵਖੌਂਦਾ ਏ । ਮਾਇਆ ਮਮਤਾ ਮੋਹ ਹੰਕਾਰ ਕਰਕੇ ਕ਼ਤਲ, ਸ਼ਬਦ ਖੰਡਾ ਇਕ ਚਮਕੌਂਦਾ ਏ । ਭਗਤ ਸੁਹੇਲੇ ਮੇਲ ਕੇ ਪਤਣ, ਗੋਬਿੰਦ ਤੇਰੇ ਨਾਮ ਰੰਗੌਂਦਾ ਏ । ਸੰਤ ਸੁਹੇਲੇ ਆਇਆ ਰਖਣ, ਸਿਰ ਆਪਣਾ ਹੱਥ ਟਿਕੌਂਦਾ ਏ । ਸ਼ਬਦ ਅਗੰਮੀ ਕਰ ਕੇ ਯਤਨ, ਯਥਾ ਯੋਗ ਆਪਣੀ ਸੇਵ ਕਮੌਂਦਾ ਏ । ਪੁਰਖ ਅਬਿਨਾਸ਼ੀ ਹੋ ਕੇ ਬੇਵਤਨ, ਵਤਨ ਗੁਰਮੁਖਾਂ ਆਪ ਸੁਹੌਂਦਾ ਏ । ਸੰਤ ਸੁਹੇਲੇ ਗੁਰਮੁਖ ਅਨਮੋਲ ਕੱਢਕੇ ਰਤਨ, ਰਤੀ ਰਤ ਰੰਗ ਨਾਲ ਰੰਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਆਪ ਬਣੌਂਦਾ ਏ । ਸਾਚੀ ਬਣਤ ਬਣਾਵਣ ਆਇਆ, ਪਾਰਬ੍ਰਹਮ ਕਰਤਾਰ । ਭਗਤ ਸੁਹੇਲੇ ਲਏ ਉਠਾਇਆ, ਗੁਰ ਚੇਲੇ ਮੀਤ ਮੁਰਾਰ । ਗੋਬਿੰਦ ਮੇਲਾ ਸਹਿਜ ਸੁਭਾਇਆ, ਅੰਦਰ ਬਾਹਰ ਕਰੇ ਪਿਆਰ । ਸਾਚਾ ਮੰਦਰ ਇਕ ਵਡਿਆਇਆ, ਸਾਢੇ ਤਿੰਨ ਹੱਥ ਮਨਾਰ । ਜੋਤੀ ਜਾਤਾ ਡਗਮਗਾਇਆ, ਨੂਰੋ ਨੂਰ ਕਰੇ ਚਮਤਕਾਰ । ਸ਼ਬਦ ਅਗੰਮੀ ਰਾਗ ਸੁਣਾਇਆ, ਅਨਹਦ ਵਜੀ ਇਕ ਧੁਨਕਾਰ । ਅੰਮ੍ਰਿਤ ਆਤਮ ਜਾਮ ਪਿਲਾਇਆ, ਨਿਝਰ ਝਿਰਨਾ ਝਿਰੇ ਠੰਡਾ ਠਾਰ । ਬੂੰਦ ਸਵਾਂਤੀ ਮੁਖ ਚੁਆਇਆ, ਅੰਮ੍ਰਿਤ ਰਸ ਦੇਵੇ ਅਪਰ ਅਪਾਰ । ਵੇਲਾ ਵਕਤ ਜਿਸ ਸੁਹਾਇਆ, ਥਿਤ ਵਾਰ ਰਲਾਈ ਨਾਲ । ਭਗਤਨ ਮੀਤਾ ਚਲ ਕੇ ਆਇਆ, ਸਚਖੰਡ ਨਿਵਾਸੀ ਵਿਚ ਸੰਸਾਰ । ਜਗਤ ਜਗਦੀਸ਼ਾ ਫੇਰਾ ਪਾਇਆ, ਕਲ ਕਲਕੀ ਹੋ ਮਿਹਰਵਾਨ । ਨਾਮ ਹਦੀਸਾ ਇਕ ਸੁਣਾਇਆ, ਗਾਥਾ ਗਾਏ ਦੋ ਜਹਾਨ । ਮੰਦਰ ਮਸੀਤਾਂ ਵਕ਼ਤ ਚੁਕਾਇਆ, ਆਤਮ ਪਰਮਾਤਮ ਮੇਲਾ ਮੇਲ ਮਿਲਾਏ ਆਣ । ਊਚਾਂ ਨੀਚਾਂ ਰਾਓ ਰੰਕਾਂ ਇਕੋ ਰੰਗ ਰੰਗਾਇਆ, ਇਕੋ ਸਮਝਾਏ ਸਚਾ ਗਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਆਇਆ ਤਰਾਣ । ਭਿੰਨੜੀ ਰੈਣ ਕਹੇ ਜੁਗ ਚੌਕੜੀ ਪਿੱਛੋਂ ਆਈ ਪੋਹ ਛੱਬੀ, ਸ਼ਾਹ ਪਾਤਸ਼ਾਹ ਵੇਖ ਵਖਾਈਆ । ਜਿਸ ਦੇ ਹੁਕਮੇਂ ਅੰਦਰ ਬੱਧੀ, ਲੱਖ ਚੁਰਾਸੀ ਦਿਸੇ ਲੋਕਾਈਆ । ਇਹ ਜੋਤ ਅਗੰਮੀ ਰੱਬੀ, ਰਹਿਮਤ ਵਿਚ ਸਮਾਈਆ । ਜਿਹੜੀ ਜੰਗਲ ਜੂਹ ਉਜਾੜ ਪਹਾੜਾਂ ਵਿਚੋਂ ਕਿਸੇ ਨਾ ਲਭੀ, ਮੱਠਾਂ ਵਿਚੋਂ ਹੱਥ ਕਿਸੇ ਨਾ ਆਈਆ । ਭਗਤ ਪ੍ਰੇਮਣ ਸੰਤ ਸੁਹੇਲਣ ਪ੍ਰੀਤੀ ਅੰਦਰ ਬੱਧੀ, ਜੁਗ ਜੁਗ ਆਪਣਾ ਫੇਰਾ ਪਾਈਆ । ਕਲਜੁਗ ਵੇਖ ਕੇ ਵੀਹਵੀਂ ਸਦੀ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਭਗਤਾਂ ਦੇ ਪ੍ਰੇਮ ਵਿਚ ਰੰਗੀ, ਰੰਗਤ ਆਪਣੀ ਰਹੀ ਵਖਾਈਆ । ਸੰਤ ਸੁਹੇਲੇ ਬਣ ਗਏ ਸੰਗੀ, ਧੁਰ ਦਾ ਸੰਗ ਇਕ ਜਣਾਈਆ । ਕੂੜਾ ਨਾਤਾ ਤੁੱਟਾ ਜਗਤ ਪਖੰਡੀ, ਭੇਖਾਧਾਰੀ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਸਤਿ ਧਰਮ ਦੀ ਲੌਣੀ ਇਕੋ ਡੰਡੀ, ਡੰਡੌਤ ਸਾਚੀ ਦਏ ਜਣਾਈਆ । ਸੁਰਤ ਸਵਾਣੀ ਰਹਿਣੀ ਕੋਈ ਨਾ ਰੰਡੀ, ਗੋਬਿੰਦ ਮੇਲਾ ਸਹਿਜ ਸੁਭਾਈਆ । ਆਤਮ ਪਰਮਾਤਮ ਮਿਲਣਾ ਇਕ ਅਨੰਦੀ,

ਪੁਰੀ ਅਨੰਦ ਵਾਲਾ ਦੇਵੇ ਸਚਾ ਮਾਹੀਆ । ਜੁਗ ਜਨਮ ਦੇ ਵਿਛੜਿਆਂ ਰਹੀ ਗੰਢੀ, ਡੋਰੀ ਸ਼ਬਦੀ ਤੰਦ ਜੁੜਾਈਆ । ਵੀਹ ਸੌ ਇੱਕੀ ਬਿਕ੍ਰਮੀ ਆਈ ਸਭ ਤੋਂ ਚੰਗੀ, ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀ ਮਨਾਈਆ । ਭਗਤ ਦਵਾਰੇ ਔਣਾ ਚਲ ਕੇ ਪੈਰੀਂ ਨੰਗੀ, ਜੋੜਾ ਚਰਨ ਨਾ ਕੋਇ ਛੁਹਾਈਆ । ਢੋਲਾ ਗੌਣਾ ਇਕੋ ਸੋਹੰ ਛੰਦੀ, ਨਾਨਕ ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਗਿਆ ਸਮਝਾਈਆ । ਜੋ ਗੋਬਿੰਦ ਮੰਗ ਅੰਤਮ ਵੇਲੇ ਮੰਗੀ, ਪੁਰਖ ਅਕਾਲ ਅਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਵੇਲਾ ਵਕ਼ਤ ਸੁਹਾਈਆ । ਵੇਲਾ ਵਕ਼ਤ ਸੁਹਾਵਣਾ, ਸੋਹਣੀ ਮਿਲੇ ਵਡਿਆਈਆ । ਪੋਹ ਛੱਬੀ ਰੁਤ ਸੁਹਾਵਣਾ, ਰੁਤੜੀ ਨਾਲ ਮਹਿਕਾਈਆ । ਹਰਿ ਭਗਤਾਂ ਰੰਗ ਰੰਗਾਵਣਾ, ਸਤਿ ਮਜੀਠੀ ਦਏ ਚੜ੍ਹਾਈਆ । ਗੋਬਿੰਦ ਮੇਲਾ ਮੇਲ ਕਰਾਵਣਾ, ਵਿਛੋੜਾ ਪਿਛਲਾ ਮੇਟੇ ਜੁਦਾਈਆ । ਇੱਕੀਆਂ ਇੱਕੀਆਂ ਸੰਗ ਨਿਭਾਵਣਾ, ਸਗਲਾ ਸੰਗ ਬਣਾਈਆ । ਪ੍ਰੇਮ ਡੋਰੀ ਨਾਲ ਬੰਧਾਵਣਾ, ਨਾਤਾ ਸਕੇ ਨਾ ਕੋਇ ਤੁੜਾਈਆ । ਮਸਤਕ ਟਿੱਕਾ ਇਕੋ ਲਾਵਣਾ, ਸਵਾ ਰਤੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਿੰਨੜੀ ਰੈਣ ਕਹੇ ਮੈਂ ਵੇਖੀ ਵੀਹ ਸੌ ਇੱਕੀ ਦੀ ਆਸ, ਆਸਾ ਭਰੀ ਖ਼ੁਸ਼ੀ ਮਨਾਈਆ । ਮੈਂ ਦਰਸ਼ਨ ਤਕ ਕੇ ਪੁਰਖ ਅਬਿਨਾਸ਼, ਆਪ ਆਪਣਾ ਗਈ ਭੁਲਾਈਆ । ਮੈਨੂੰ ਪਿਛਲੇ ਭਗਤ ਦੀ ਆਈ ਯਾਦ, ਮੇਰੀ ਅੱਖ ਪਰਤਖ ਲਈ ਅੰਗੜਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਲੱਖ ਚੁਰਾਸੀ ਸੁਣੇ ਨਾ ਕੋਇ ਫ਼ਰਿਆਦ, ਇਕੋ ਦਾਤਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਟ ਕੇ ਗਏ ਆਪਣੀ ਵਾਟ, ਜੁਗ ਚੌਕੜੀ ਪਾਂਧੀ ਹੋ ਕੇ ਫੇਰਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਗੀਤਾ ਵਾਲੀ ਲਿਖ ਕੇ ਗਾਥ, ਸ੍ਰਿਸ਼ਟ ਸਬਾਈ ਦ੍ਰਿਸ਼ਟੀ ਗਏ ਜਣਾਈਆ । ਮੰਜ਼ਲ ਚੜ੍ਹਨ ਵਾਲੀ ਦੱਸ ਕੇ ਬਾਤ, ਕਹਾਣੀਆਂ ਵਾਲੀ ਕਹਾਵਤ ਗਏ ਬਣਾਈਆ । ਅੰਤ ਕੂਕ ਪੁਕਾਰ ਕਰਦੇ ਰਹੇ ਦਿਵਸ ਰਾਤ, ਪੁਰਖ ਅਬਿਨਾਸ਼ੀ ਅਗੇ ਸੀਸ ਝੁਕਾਈਆ । ਜਿਸ ਵੇਲੇ ਕਲਜੁਗ ਅੰਤ ਹੋਵੇ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਤੁਧ ਬਿਨ ਸਹਾਈ ਹੋਵੇ ਨਾ ਪੁਰਖ ਅਬਿਨਾਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਗੋਬਿੰਦ ਮੀਤਾ ਠਾਂਡਾ ਸੀਤਾ ਅੰਤਮ ਗਿਆ ਆਖ, ਸ਼ਬਦ ਸੰਦੇਸ਼ਾ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਵੀਹ ਸੌ ਇੱਕੀ ਕਹੇ ਮੈਂ ਆਈ ਏਕ, ਏਕੰਕਾਰ ਦੇਵੇ ਵਡਿਆਈਆ । ਮੈਂ ਸਾਚੀ ਬਖ਼ਸ਼ਣੀ ਇਕ ਟੇਕ, ਭਗਤ ਭਗਵਾਨ ਦੇਣੀ ਸਰਨਾਈਆ । ਗੋਬਿੰਦ ਲੇਖਾ ਧੁਰ ਸੰਦੇਸ਼, ਸੰਤ ਸੁਹੇਲੇ ਦੇਣਾ ਜਣਾਈਆ । ਕਲਜੁਗ ਕੂੜੀ ਮਿਟਣੀ ਖੇਡ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸੰਤ ਸੁਹੇਲਾ ਇਕ ਅਕੇਲਾ ਭਗਤਾਂ ਮਿਲ ਕੇ ਦਏ ਸੰਦੇਸ਼, ਧੁਰ ਦਾ ਢੋਲਾ ਇਕ ਜਣਾਈਆ । ਸਚ ਦਵਾਰੇ ਹਰਿ ਨਿਰੰਕਾਰਾ ਲੈਣਾ ਪੇਖ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜਾਮਾ ਸ੍ਰੀ ਭਗਵਾਨ ਧਰ ਕੇ ਆਇਆ ਭੇਖ, ਬਿਨ ਰੰਗ ਰੂਪੀ ਆਪਣਾ ਫੇਰਾ ਪਾਈਆ । ਗੁਰਮੁਖ ਗੁਰਸਿਖ ਲਿਖਣ ਆਇਆ ਲੇਖ, ਲੇਖਾ ਆਪਣੇ ਹੱਥ ਜਣਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਮੰਨਦੇ ਸੰਬਲ ਦੇਸ, ਸੋ ਸਾਢੇ ਤਿੰਨ ਹੱਥ ਕਾਇਆ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਧੁਰ ਦੀ ਕਰਨੀ ਕਰੇ ਕਰਤਾ ਪੁਰਖ, ਪਾਰਬ੍ਰਹਮ ਵਡੀ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ

ਗ਼ਮ ਨਾ ਕੋਇ ਰਖਾਈਆ । ਲੱਖ ਚੁਰਾਸੀ ਨਾਮ ਕਸਵੱਟੀ ਪਰਖ, ਗੁਰਮੁਖ ਥੋੜ੍ਹੇ ਬਾਹਰ ਕਢਾਈਆ । ਦੀਨ ਦੁਨੀ ਦੋਵੇਂ ਕਰ ਕੇ ਤਰਕ, ਤੁਰਤ ਆਪਣਾ ਮੇਲ ਮਿਲਾਈਆ । ਜਿਹੜੀ ਗੋਬਿੰਦ ਨਾਲ ਸ਼ਰਤ, ਉਹ ਸ਼ਰਅ ਵਿਚ ਪੂਰ ਕਰਾਈਆ । ਪਿੱਛੇ ਰਹਿਣ ਨਾ ਦੇਵੇ ਫ਼ਰਕ, ਅਗਲਾ ਨਾਤਾ ਜੋੜੇ ਬੇਪਰਵਾਹੀਆ । ਜਿਸ ਦੇ ਵੈਰਾਗ ਅੰਦਰ ਵੈਰਾਗੀ ਹੋ ਕੇ ਤਿਆਗੀ ਹੋ ਕੇ ਬੈਰਾਗੀ ਰਹੇ ਤੜਪ, ਸੋ ਤੜਪਣਾ ਦਏ ਬੁਝਾਈਆ । ਨਿਰਗੁਣ ਨਿਰਵੈਰ ਨਿਰੰਕਾਰ ਹੋ ਕੇ ਆਵੇ ਪਰਤ, ਪਰਤੀਨਿਧ ਹੋ ਕੇ ਫੇਰਾ ਪਾਈਆ । ਵੀਹ ਸੌ ਇੱਕੀ ਬਿਕ੍ਰਮੀ ਦਾ ਸੋਹਣਾ ਬਰਸ, ਬਰਸੀ ਗੁਰ ਅਵਤਾਰ ਪੀਰ ਪੈਗ਼ੰਬਰ ਮਿਲ ਕੇ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਇਕ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹ ਕੇ ਅੱਖ, ਪਰਤਖ ਵੇਖਣ ਹਰਿ ਗੁਸਾਈਆ । ਇਕ ਦੂਜੇ ਨੂੰ ਰਹੇ ਦੱਸ, ਖ਼ੁਸ਼ੀਆਂ ਢੋਲੇ ਗਾਈਆ । ਚਲੋ ਚਲੀਏ ਓਥੇ ਨਠ, ਆਪਣਾ ਪੰਧ ਮੁਕਾਈਆ । ਪੋਹ ਛੱਬੀ ਨੂੰ ਜਿਥੇ ਭਗਤਾਂ ਹੋਣਾ ਇਕੱਠ, ਪੁਰਖ ਅਕਾਲ ਦਏ ਵਡਿਆਈਆ । ਜਿਥੇ ਗੋਬਿੰਦ ਦੀ ਲੇਖੇ ਲਗੀ ਰਤ, ਰਤੀ ਰਤ ਨੂਰ ਚਮਕਾਈਆ । ਤੇਈ ਅਵਤਾਰ ਕਹਿਣ ਸਿਰ ਕ਼ਦਮਾਂ ਉਤੇ ਦਈਏ ਸਟ, ਮਿਟੇ ਮਾਣ ਵਡਿਆਈਆ । ਈਸਾ ਮੂਸਾ ਮੁਹੰਮਦ ਕਹਿਣ ਬੋਲੀਏ ਨਾਅਰਾ ਹਕ, ਜੋ ਹਕ਼ੀਕ਼ਤ ਦਏ ਜਣਾਈਆ । ਨਾਨਕ ਗੋਬਿੰਦ ਕਹਿਣ ਪੁਰਖ ਅਕਾਲ ਇਕੋ ਸਚ, ਜੋ ਸਭ ਦਾ ਪਿਤਾ ਮਾਈਆ । ਭਗਤ ਅਠਾਰਾਂ ਕਹਿਣ ਚਰਨੀ ਜਾਈਏ ਢਠ, ਧੂੜੀ ਟਿੱਕਾ ਮਸਤਕ ਲਾਈਆ । ਸਤਿਜੁਗ ਕਹੇ ਮੈਨੂੰ ਲੋਕਮਾਤ ਰਖ, ਵੇਲਾ ਵਕਤ ਦਏ ਗਵਾਹੀਆ । ਕਲਜੁਗ ਕਹੇ ਮੈਨੂੰ ਕਰ ਵਖ, ਕੂੜ ਕੁੜਿਆਰਿਆਂ ਕੋਲੋਂ ਪੱਲੂ ਦੇ ਛੁਡਾਈਆ । ਸਤਿ ਧਰਮ ਕਹੇ ਮੈਨੂੰ ਸਾਰੇ ਗਏ ਛਡ, ਸੰਗੀ ਨਜ਼ਰ ਕੋਇ ਨਾ ਆਈਆ । ਨੇਤਰ ਰੋਵਣ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਮੇਰੀ ਰਹੀ ਕੋਈ ਨਾ ਪਤਿ, ਪਤਿਪਰਮੇਸ਼ਵਰ ਤੇਰੇ ਅਗੇ ਦੁਹਾਈਆ । ਧਾਹਾਂ ਮਾਰਨ ਮੰਦਰ ਸ਼ਿਵਦਵਾਲੇ ਮਠ, ਗੁਰੂਦਵਾਰ ਹਾਹਾਕਾਰ ਕਰ ਸੁਣਾਈਆ । ਪ੍ਰਭੂ ਤੇਰੇ ਮਿਲਣ ਦੀ ਸਾਫ਼ ਰਹੀ ਨਾ ਕਿਸੇ ਦੀ ਅੱਖ, ਨੇਤਰ ਨੈਣ ਨਾ ਕੋਇ ਰੁਸ਼ਨਾਈਆ । ਧਰਮ ਦਵਾਰਿਆਂ ਉਤੇ ਧੀਆਂ ਭੈਣਾਂ ਰਹੇ ਤਕ, ਗੁਰ ਕਾ ਭੈ ਸੀਸ ਨਾ ਕੋਇ ਰਖਾਈਆ । ਧੁਰ ਦਾ ਇਸ਼ਟ ਸਾਰੇ ਗਏ ਛਡ, ਦ੍ਰਿਸ਼ਟ ਸਚ ਨਾ ਕਿਸੇ ਖੁਲ੍ਹਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਜਗਤ ਵਾਸਨਾ ਹੋਏ ਹਲਕਾਈਆ । ਗੋਬਿੰਦ ਸੂਰਾ ਸੂਰਬੀਰ ਬੋਲੇ ਸਰਬਗ, ਧੁਰ ਦਾ ਹੁਕਮ ਸੁਣਾਈਆ । ਪ੍ਰਭੂ ਦੇ ਹੁਕਮੇਂ ਅੰਦਰ ਇਹ ਲਗੀ ਚਾਰੇ ਕੁੰਟ ਅੱਗ, ਦਹਿ ਦਿਸ਼ਾ ਰਹੀ ਤਪਾਈਆ । ਕਾਅਬੇ ਵਾਲਿਆਂ ਭੁੱਲਿਆ ਹੱਜ, ਮੱਕੇ ਵਾਲਿਆਂ ਮਸਲਾ ਹਲ ਨਾ ਕੋਇ ਕਰਾਈਆ । ਕੂੜੀ ਮਾਇਆ ਕੂੜਾ ਲਬ, ਲੁਬੇ-ਲੁਆਬ ਰਹੇ ਕੁਰਲਾਈਆ । ਪਰਵਰਦਿਗਾਰ ਸਾਂਝਾ ਯਾਰ ਮਿਲੇ ਨਾ ਕਿਸੇ ਰੱਬ, ਰੱਬੀ ਨੂਰ ਨਾ ਕੋਇ ਰੁਸ਼ਨਾਈਆ । ਸਚ ਸਵਾਮੀ ਅੰਤਰਜਾਮੀ ਕਾਇਆ ਗਰਾਮੀ ਘਰ ਲਏ ਕੋਈ ਨਾ ਸੱਦ, ਬੰਕ ਦਵਾਰੇ ਮਾਤ ਬਹਾਈਆ । ਅਬਿਨਾਸ਼ੀ ਕਰਤੇ ਤੇਰੇ ਤੋਂ ਹੋ ਗਏ ਸਾਰੇ ਅੱਡ, ਵਖਰਾ ਬੈਠੇ ਰਾਹ ਜਣਾਈਆ । ਇਸੇ ਕਾਰਨ ਬੀਸ ਇਕੀਸਾ ਕਹੇ ਸਦੀ ਚੌਧਵੀਂ ਹੋਈ ਹਦ, ਹਜ਼ਰਤ ਹਜ਼ਰਤਾਂ ਲੇਖਾ ਦੇ ਮੁਕਾਈਆ । ਅਗੇ ਚਾੜ੍ਹ ਕੇ ਆਪਣਾ ਰੰਗ, ਸਾਚਾ ਕਲਮਾ ਦੇ ਸਮਝਾਈਆ । ਤੇਰੇ ਨਾਮ ਦਾ ਵਜੇ ਮਰਦੰਗ, ਨਗ਼ਮਾ ਇਕ ਸ਼ਨਵਾਈਆ । ਭਗਤ ਸੁਹੇਲਾ ਹੋ ਕੇ ਰਹਿਣਾ ਸੰਗ, ਧੁਰ ਦਾ ਸੰਗ ਨਿਭਾਈਆ । ਇਹ ਅੰਤ ਅਖ਼ੀਰੀ ਤੇਰੀ ਵੰਡ, ਬ੍ਰਹਿਮੰਡ ਰਾਹ ਤਕਾਈਆ । ਕੀ ਹੋਇਆ ਜੇ ਪੂਰੀ ਛਡ


੧੩੭

ਗਿਉਂ ਅਨੰਦ, ਅਨੰਦ ਭਗਤਾਂ ਵਿਚ ਸਦਾ ਰਖਾਈਆ । ਉਹਨਾਂ ਪਿੱਛੇ ਨਿਰਗੁਣ ਹੋ ਕੇ ਮਾਰਿਆ ਪੰਧ, ਮੰਜ਼ਲ ਪਿਛਲੀ ਦੂਰ ਰਖਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸੁਣਾ ਕੇ ਛੰਦ, ਸੋਹੰ ਸਚ ਸਰੂਪ ਸਮਾਈਆ । ਵਾਹਵਾ ਗੁਰੂ ਗੁਰਦੇਵ ਸਵਾਮੀ ਪਾਏ ਠੰਡ, ਧੁਰ ਦਾ ਜੋੜਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਕਰਨੀ ਕਾਰ ਇਕ, ਏਕਾ ਇੱਕੀ ਦਿਆਂ ਵਡਿਆਈਆ । ਜਿਸ ਵੇਲੇ ਪਰਮ ਪਿਆਰੇ ਪ੍ਰਭ ਦੇ ਮਿਤਰ ਵੇਖਾਂ ਸਿੱਖ, ਜਿਨ੍ਹਾਂ ਦੇ ਅੰਤਰ ਸਿਖਿਆ ਸਾਚੀ ਭਾਈਆ । ਓਸੇ ਵੇਲੇ ਦੋ ਜਹਾਨਾਂ ਵਾਲੀ ਮੈਨੂੰ ਆਵੇ ਦਿਸ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਮੈਂ ਵਡਿਆਵਾਂ ਕਿਸ ਕਿਸ, ਸਿਫ਼ਤਾਂ ਕੀ ਸਲਾਹੀਆ । ਪੁਰਖ ਅਕਾਲ ਜਿਸ ਦੇ ਹੱਥ ਰਖਿਆ ਪਿਠ, ਸੋ ਮੂਰਖ ਮੂੜ੍ਹਾ ਮੁਗਧ ਅੰਞਾਣ ਗੁਰਮੁਖ ਰੂਪ ਵਟਾਈਆ । ਜਿਸ ਵੇਲੇ ਤੇਈ ਪੋਹ ਗੋਬਿੰਦ ਖੋਲ੍ਹ ਕੇ ਪੜ੍ਹੀ ਆਪਣੀ ਚਿਟ, ਜੋ ਚਿੱਠੀ ਪੁਰਖ ਅਕਾਲ ਆਪਣੀ ਹੱਥ ਫੜਾਈਆ । ਓਸ ਵਿਚ ਅਗੰਮ ਦਾ ਲੇਖਾ ਦਿਤਾ ਲਿਖ, ਜਿਸ ਦੀ ਅੱਜ ਤਕ ਸਮਝ ਕਿਸੇ ਨਾ ਆਈਆ । ਜਗ ਨੇਤਰ ਨਾ ਆਏ ਦਿਸ, ਦੋਏ ਲੋਚਨ ਜਗਤ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਚਿੱਠੀ ਕਹੇ ਮੇਰਾ ਗੋਬਿੰਦ ਚੁਕਣਾ ਪੜਦਾ, ਪੜਦਿਆਂ ਵਾਲਿਉ ਦਿਆਂ ਜਣਾਈਆ । ਜਿਸ ਜਗਤ ਜਹਾਨ ਬਚੌਣਾ ਸੜਦਾ, ਅੰਮ੍ਰਿਤ ਮੇਘ ਬਰਸਾਈਆ । ਜਿਸ ਦੇ ਅਗੇ ਕੋਈ ਨਾ ਅੜਦਾ, ਭੈ ਵਿਚ ਸਰਬ ਲੋਕਾਈਆ । ਜੋ ਪੁਰਖ ਅਕਾਲ ਦਾ ਬਰਦਾ, ਸੁਤ ਦੁਲਾਰਾ ਨਜ਼ਰੀ ਆਈਆ । ਉਹਦਾ ਨਾਤਾ ਪਿਛਲਾ ਚਿਰ ਦਾ, ਨਵੀਂ ਕਹਾਣੀ ਨਾ ਕੋਇ ਸੁਣਾਈਆ । ਉਹ ਮਾਲਕ ਦਿਲਾਂ ਦੇ ਦਿਲ ਦਾ, ਦਿਲਬਰ ਬੇਪਰਵਾਹੀਆ । ਜਿਸ ਦੇ ਹੁਕਮ ਅੰਦਰ ਦੋ ਜਹਾਨ ਕਦੇ ਨਾ ਹਿਲਦਾ, ਬ੍ਰਹਿਮੰਡ ਖੰਡ ਰਿਹਾ ਭੁਆਈਆ । ਉਹ ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਦਿਨੇ ਜਾਗਦਿਆਂ ਰਾਤੀਂ ਸੁੱਤਿਆਂ ਸੁਫ਼ਨ ਸਖੋਪਤ ਜਾਗਰਤ ਤੁਰੀਆ ਵਿਚ ਮਿਲਦਾ, ਤੁਰਤ ਆਪਣਾ ਮੇਲ ਮਿਲਾਈਆ । ਲੇਖਾ ਚੁਕਾਏ ਅੰਬਰ ਨੀਲ ਦਾ, ਨੀਲੇ ਵਾਲਾ ਆਪਣਾ ਫੇਰਾ ਪਾਈਆ । ਓਥੇ ਲੇਖਾ ਨਹੀਂ ਕਿਸੇ ਦਲੀਲ ਦਾ, ਮਨ ਮਤਿ ਬੁਧਿ ਨਾ ਕੋਇ ਚਤੁਰਾਈਆ । ਓਥੇ ਝਗੜਾ ਨਹੀਂ ਕਿਸੇ ਵਕੀਲ ਦਾ, ਵੁਕਲਾ ਦੇਵੇ ਨਾ ਕੋਇ ਸਫ਼ਾਈਆ । ਓਥੇ ਵਕ਼ਤ ਨਹੀਂ ਕਿਸੇ ਅਪੀਲ ਦਾ, ਧੁਰ ਫ਼ਰਮਾਣਾ ਇਕੋ ਵਾਰ ਸੁਣਾਈਆ । ਇਹ ਲੇਖਾ ਛੈਲ ਛਬੀਲ ਦਾ, ਜੋ ਧੁਰ ਦਾ ਬਾਂਕਾ ਦਿਸੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਕਹੇ ਮੇਰਾ ਗੋਬਿੰਦ ਸੁਤ, ਪੁਰਖ ਅਕਾਲ ਦੇਵੇ ਵਡਿਆਈਆ । ਜਿਸ ਨਾਲ ਮੌਲਣੀ ਦੋ ਜਹਾਨਾਂ ਰੁਤ, ਕਲਜੁਗ ਵੱਜੇ ਅੰਤ ਵਧਾਈਆ । ਗੁਰਮੁਖ ਗੁਰਸਿਖ ਹੋਏ ਖ਼ੁਸ਼, ਮਨਮੁਖ ਨੇਤਰ ਨੈਣਾਂ ਨੀਰ ਵਹਾਈਆ । ਕੂੜੀ ਕਿਰਿਆ ਸਚ ਦਵਾਰਿਉਂ ਕੱਢੇ ਕੁੱਟ, ਭੇਖ ਪਾਖੰਡ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਡਿਆਈ ਦੇਵੇ ਇਕ ਇਕੱਲਾ, ਅਕਲ ਕਲ ਬੇਪਰਵਾਹੀਆ । ਗੁਰਮੁਖਾਂ ਵਸਾ ਕੇ ਸਚ ਮਹੱਲਾ, ਮਹਿਫ਼ਲ ਆਪਣੇ ਨਾਲ ਲਗਾਈਆ । ਇੱਕੀਆਂ ਦਾ ਇਕ ਇਕ ਨਾਲ ਬੰਨ੍ਹੌਣਾ ਪੱਲਾ, ਪੱਲੂ ਆਪਣੀ ਗੰਢ ਜੁੜਾਈਆ । ਦੂਈ ਦਵੈਤੀ ਮੇਟ ਕੇ ਸੱਲਾ, ਸਲਲ ਆਪਣਾ ਰੰਗ ਰੰਗਾਈਆ । ਧਾਮ ਵਖਾ ਕੇ ਨਿਹਚਲ ਇਕ ਅਟੱਲਾ, ਉਚ ਮਨਾਰਾ ਦੇਣਾ ਸਮਝਾਈਆ । ਲੇਖਾ ਚੁਕਾਏ ਜਲਾਂ ਥਲਾਂ, ਮਹੀਅਲ ਬੇੜਾ ਪਾਰ ਲੰਘਾਈਆ । ਸ਼ਬਦ ਸਰੂਪੀ ਬੋਲ ਕੇ ਇਕੋ ਹੱਲਾ, ਹਾਲਤ ਸਭ ਦੀ ਦੇਣੀ ਬਦਲਾਈਆ ।

੧੩੮

ਕੋਈ ਨਹੀਂ ਕਰਨਾਂ ਵਲਾ ਛਲਾ, ਸਾਖ਼ਿਆਤ ਹੋ ਕੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਦਾ ਖੇਲ ਅਗੰਮ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਭਗਤਾਂ ਨਾਲ ਭਗਤਾਂ ਬੰਨ੍ਹ, ਕੰਨ ਨਾਲ ਮਿਲਾਏ ਕੰਨ, ਮਨ ਨਾਲ ਮਨ ਦਏ ਮਿਲਾਈਆ । ਇਕੋ ਰਾਗ ਸੁਣਾਏ ਕੰਨ, ਕਮਲਿਆਂ ਕੋਝਿਆਂ ਸੋਝੀ ਦੇਵੇ ਪਾਈਆ । ਸ਼ਬਦ ਅਗੰਮੀ ਪਦਾਰਥ ਝੋਲੀ ਪਾਏ ਧਨ, ਧੁਰ ਦੇ ਧਨੀ ਦਏ ਬਣਾਈਆ । ਧਰਤਮਾਤ ਦੇ ਸੋਹਣੇ ਚਾੜ੍ਹਨੇ ਚੰਦ, ਚੌਧਵੀਂ ਚੰਦ ਨੈਣ ਸ਼ਰਮਾਈਆ । ਅੰਦਰੋਂ ਬਾਹਰੋਂ ਖ਼ੁਸ਼ੀ ਕਰਕੇ ਬੰਦ ਬੰਦ, ਬੰਦਗੀ ਇਕੋ ਦਏ ਵਖਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਅਨੰਦ, ਅਨੰਦਪੁਰੀ ਵਾਲਾ ਗੁਰਮੁਖ ਗੁਰਸਿਖ ਆਪਣੀ ਗੋਦ ਬਹਾਈਆ । ਅਖ਼ੀਰ ਨੰਗੀ ਹੋਣ ਨਾ ਦੇਵੇ ਕੰਡ, ਬ੍ਰਹਿਮੰਡ ਖੰਡ ਬੈਠੇ ਸੀਸ ਨਿਵਾਈਆ । ਜਿਸ ਦੀ ਤਿੱਖੀ ਧਾਰ ਵਾਲੀ ਚੰਡ ਪਰਚੰਡ, ਚੰਡਕਾ ਆਪਣਾ ਨੂਰ ਰਹੀ ਚਮਕਾਈਆ । ਲੇਖਾ ਜਾਣ ਕੇ ਜੇਰਜ ਅੰਡ, ਉਤਭੁਜ ਸੇਤਜ ਖੋਜ ਖੁਜਾਈਆ । ਸੋ ਭਗਤ ਸੁਹੇਲਾ ਬਣਕੇ ਆਇਆ ਸੰਗ, ਧੁਰ ਦਾ ਸੰਗ ਵਖਾਈਆ । ਦਿਨ ਦੀਵੀਂ ਸਨਮੁਖ ਹੋ ਕੇ ਨੇਤਰਾਂ ਅੰਦਰ ਪਾਵੇ ਠੰਡ, ਮੰਤਰ ਆਪਣਾ ਇਕ ਸਮਝਾਈਆ । ਦਾਤਾ ਹੋ ਕੇ ਦਾਤ ਦੇਵੇ ਵੰਡ, ਭਿਖਾਰੀ ਹੋ ਕੇ ਭਿਛਿਆ ਪ੍ਰੇਮ ਦੀ ਆਪਣੀ ਝੋਲੀ ਪਾਈਆ । ਬਖ਼ਸ਼ਿਸ਼ਾਂ ਦਾ ਮਾਲਕ ਹੋ ਕੇ ਬਖ਼ਸ਼ੰਦ, ਰਹਿਮਤਾਂ ਦਾ ਮਾਲਕ ਰਹੀਮ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਜਾਣੇ ਸੂਰਾ ਸਰਬੰਗ, ਦੂਜਾ ਹਿੱਸਾ ਨਾ ਕੋਇ ਵੰਡਾਈਆ । ਓਧਰੋਂ ਬੋਲ ਪਿਆ ਸਤਾਈ ਪੋਹ ਦਾ ਦਿਨ, ਆਪਣੀ ਕਹਾਣੀ ਰਿਹਾ ਜਣਾਈਆ । ਜਿਸ ਦਾ ਲੇਖਾ ਹਿਸਾਬ ਲਿਆ ਮਿਣ, ਮਿਣਤੀ ਹੱਥਾਂ ਵਿਚ ਵੰਡਾਈਆ । ਓਸ ਗੋਬਿੰਦ ਦੇ ਦੱਸਣੇ ਚਿੰਨ੍ਹ, ਚਿੰਤਾ ਸਾਰੀ ਦੇਣੀ ਗਵਾਈਆ । ਜਿਸ ਦਾ ਲੇਖਾ ਤਿੰਨ ਦਿਨ, ਪੰਝੀ ਪੋਹ ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਸਮਰਥ ਪੁਰਖ ਵੱਡੀ ਵਡਿਆਈਆ । ਧਰਨੀ ਧਰਤ ਧਵਲ ਕਹੇ ਪ੍ਰਭੂ ਮਿਹਰਵਾਨ, ਮੈਂ ਨਿਮਾਣੀ ਆਸ਼ਾਵੰਤੀ ਆਸਾ ਪੂਰ ਕਰਾਈਆ । ਦਾਤੇ ਦਾਨੀ ਦਇਆਵਾਨ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਨਵ ਨੌਂ ਚਾਰ ਚੌਕੜੀ ਜੁਗ ਪਿੱਛੋਂ ਵੇਖਿਆ ਤੇਰਾ ਸੱਤ ਰੰਗ ਨਿਸ਼ਾਨ, ਸੱਤਾਂ ਦੀਪਾਂ ਇਕੋ ਹੁਕਮ ਮਨਾਈਆ । ਜਿਸ ਦੇ ਥੱਲੇ ਪਰਮ ਪੁਰਖ ਦਾ ਚਲਣਾ ਇਕ ਵਿਧਾਨ, ਨੌਂ ਖੰਡ ਪ੍ਰਿਥਮੀ ਇਕੋ ਰਾਹ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਜਿਸ ਨੂੰ ਸਜਦੇ ਕਰਨ ਆਣ, ਨਿਉਂ ਨਿਉਂ ਬੰਦਨਾ ਡੰਡੌਤ ਵਿਚ ਸੀਸ ਝੁਕਾਈਆ । ਜਿਸ ਦਾ ਮਾਲਕ ਦੋ ਜਹਾਨਾਂ ਹੁਕਮਰਾਨ, ਸ਼ਬਦ ਸੰਦੇਸ਼ਾ ਇਕੋ ਰਿਹਾ ਦ੍ਰਿੜਾਈਆ । ਉਸ ਦਾ ਪੈਮਾਨਾ ਨਾ ਜਾਣੇ ਕੋਈ ਵਿਚ ਜਹਾਨ, ਜਗਤ ਬੁੱਧੀ ਚਲੇ ਨਾ ਕੋਇ ਵਡਿਆਈਆ । ਮੈਂ ਝੋਲੀ ਅੱਡ ਕੇ ਚਰਨੀਂ ਢੱਠਕੇ ਮੰਗਾਂ ਧੁਰ ਦਾ ਦਾਨ, ਦਰ ਤੇਰੇ ਅਲਖ ਜਗਾਈਆ । ਤੂੰ ਕਾਹਨਾਂ ਦਾ ਕਾਹਨ ਰਾਮਾਂ ਦਾ ਰਾਮ, ਪੁਰਖ ਅਬਿਨਾਸ਼ੀ ਤੇਰੀ ਸਚ ਸਰਨਾਈਆ । ਕਿਰਪਾ ਕਰ ਇਕ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਧਰਨੀ ਕਹੇ ਮੈਂ ਦਰ ਤੇ ਮਾਂਗਤ, ਭਿਖਾਰਨ ਨਜ਼ਰੀ ਆਈਆ । ਮੇਰੀ ਤੇਰੇ ਕੋਲ ਅਮਾਨਤ, ਨਵ ਨੌਂ ਚਾਰ ਦੇਣ ਗਵਾਹੀਆ । ਜਿਨ੍ਹਾਂ ਮੇਰੀ ਭਰੀ ਜ਼ਮਾਨਤ, ਆਪ ਆਪਾ ਭੇਟ ਚੜ੍ਹਾਈਆ । ਉਹਨਾਂ ਦਾ ਲੇਖਾ ਸਹੀ ਸਲਾਮਤ, ਤੇਰੇ ਦਰ ਤੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ


੧੩੯

ਵਡਿਆਈਆ । ਧਰਨੀ ਕਹੇ ਮੇਰੇ ਪੁਰਖ ਸਮਰਥ, ਮਾਲਕਾਂ ਦੇ ਮਾਲਕ ਖ਼ਾਲਕਾਂ ਦੇ ਖ਼ਾਲਕ ਤੇਰੀ ਇਕ ਸਰਨਾਈਆ । ਤੇਰੇ ਭਗਤਾਂ ਮੇਰੀ ਖੋਲ੍ਹੀ ਅੱਖ, ਸੁੱਤੀ ਲਈ ਜਗਾਈਆ । ਮੈਨੂੰ ਦਿਤਾ ਦੱਸ, ਸ਼ਬਦੀ ਢੋਲਾ ਗਾਈਆ । ਪੁਰਖ ਅਕਾਲਾ ਦੀਨ ਦਿਆਲਾ ਹੋਇਆ ਪਰਗਟ, ਜੋਤੀ ਜਾਤਾ ਵੇਸ ਵਟਾਈਆ । ਸਚ ਦਵਾਰਾ ਖੋਲ੍ਹ ਕੇ ਹੱਟ, ਭਗਤ ਦਵਾਰੇ ਸੋਭਾ ਪਾਈਆ । ਸਾਚੀ ਸਿਖਿਆ ਦੇ ਕੇ ਮਤਿ, ਬ੍ਰਹਮ ਵਿਦਿਆ ਰਿਹਾ ਪੜ੍ਹਾਈਆ । ਕੂੜਾ ਤੋੜ ਕੇ ਜਗਤ ਨਤ, ਸਾਚਾ ਮੇਲਾ ਆਪ ਮਿਲਾਈਆ । ਗੁਰਮੁਖਾਂ ਖੋਲ੍ਹ ਕੇ ਅੰਤਰ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਇੱਕੀਆਂ ਇੱਕੀਆਂ ਦੀ ਪਾ ਕੇ ਵੰਡ, ਬ੍ਰਹਿਮੰਡ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਕਰਾਈਆ । ਧਰਨੀ ਕਹੇ ਪ੍ਰਭੂ ਪਾ ਦੇ ਗੰਢ, ਗੰਢਣਹਾਰ ਗੋਪਾਲ ਸੁਵਾਮੀ ਤੇਰੀ ਬੇਪਰਵਾਹੀਆ । ਤੇਰੇ ਭਗਤ ਸੁਹੇਲੇ ਲੋਕਮਾਤ ਦੇ ਅਗੰਮੀ ਚੰਦ, ਬਿਨ ਚੰਦ ਸਤਾਰ ਕਰਨ ਰੁਸ਼ਨਾਈਆ । ਮੇਰੀ ਓਹਨਾਂ ਨਾਲ ਮਿਲ ਕੇ ਪ੍ਰੇਮ ਵਾਲੀ ਮੰਗ, ਮਾਂਗਤ ਹੋ ਕੇ ਰਹੀ ਸੁਣਾਈਆ । ਤੇਰਾ ਨਿਸ਼ਾਨਾ ਸ੍ਰੀ ਭਗਵਾਨਾ ਉਚਾ ਹੋਵੇ ਸਾਢੇ ਤਿੰਨ ਹੱਥ, ਕਮਰ ਆਪਣੀ ਨਾਲ ਬੰਧਾਈਆ । ਨਾ ਵੱਧ ਨਾ ਘੱਟ, ਪੈਮਾਨਾ ਇਕੋ ਇਕ ਜਣਾਈਆ । ਸਭ ਕੁਛ ਤੇਰੇ ਵਸ, ਵਾਸਤਾ ਕਰ ਕੇ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਪੁਰਖ ਸਮਰਥ, ਭਗਤ ਨਿਸ਼ਾਨਾ ਫੜਾ ਕੇ ਸਾਢੇ ਤਿੰਨ ਹੱਥ, ਹਦ ਅਗਲੀ ਇਕ ਜਣਾਈਆ ।



## ❊ ੨੬ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❊

ਜਗਤ ਵਿਛੋੜਾ ਮੁਕੇ ਚੋਰੀ, ਚੋਰਾਂ ਦਾ ਚੋਰ ਮਾਲਕ ਦਇਆ ਕਮਾਇੰਦਾ । ਪ੍ਰੇਮ ਪ੍ਰੀਤੀ ਚਰਨ ਕਵਲ ਨਾਤਾ ਬੰਨ੍ਹੇ ਸ਼ਬਦ ਡੋਰੀ, ਧੁਰ ਦੀ ਤੰਦੀ ਤੰਦ ਆਪਣੇ ਹੱਥ ਰਖਾਇੰਦਾ । ਜਨਮ ਕਰਮ ਦੇ ਵਿਛੜਿਆਂ ਨਾਤਾ ਪੂਰਬ ਰਿਹਾ ਜੋੜੀ, ਲਹਿਣਾ ਦੇਣਾ ਝੋਲੀ ਪਾਇੰਦਾ । ਸ਼ਬਦ ਅਗੰਮੀ ਚਾੜ੍ਹ ਕੇ ਘੋੜੀ, ਸ਼ਾਹ ਅਸਵਾਰਾ ਵਾਗਾਂ ਆਪਣੇ ਹੱਥ ਰਖਾਇੰਦਾ । ਜਿਹੜੀ ਵਸਤ ਜਨ ਭਗਤਾਂ ਸਦਾ ਲੋੜੀ, ਸੋ ਅਮੋਲਕ ਝੋਲੀ ਆਪ ਪਾਇੰਦਾ । ਅਗੇ ਵਾਸਤੇ ਸਭ ਨੂੰ ਦੇਵੇ ਹੋੜੀ, ਹੋਕਾ ਦੇ ਕੇ ਇਕ ਦ੍ਰਿੜਾਇੰਦਾ । ਜੋ ਮਾਲਕ ਖ਼ਾਲਕ ਆਤਮ ਪਰਮਾਤਮ ਦਾ ਅਗਲਾ ਮੋਹਰੀ, ਮਿਹਰਵਾਨ ਇਕੋ ਨਜ਼ਰੀ ਆਇੰਦਾ । ਓਸ ਦੇ ਕੋਲੋਂ ਅੰਦਰ ਬਾਹਰ ਗੁਪਤ ਜ਼ਾਹਰ ਕਿਆ ਕਰੇ ਕੋਈ ਚੋਰੀ, ਪਰਦਾ ਕੌਣ ਛੁਪਾਇੰਦਾ । ਚੋਰੀ ਨਸਣਾ ਕੀਹਦੇ ਕੋਲੋਂ ਜਗ, ਕ਼ਦਮਾਂ ਵਾਲਾ ਪੰਧ ਮੁਕਾਈਆ । ਜੋ ਬੈਠਾ ਉਪਰ ਸ਼ਾਹ ਰਗ, ਘਰ ਆਪਣੇ ਡੇਰਾ ਲਾਈਆ । ਜਿਸ ਹੁਕਮੇਂ ਅੰਦਰ ਕਾਇਆ ਤੱਤਾਂ ਅੰਦਰ ਲਿਆ ਸੱਦ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਈਆ । ਜੋ ਕੋਟ ਜਨਮ ਦੇ ਵਿਛੜੇ ਲਏ ਲਭ, ਮੇਲ ਮਿਲਾਏ ਸਹਿਜ ਸੁਭਾਈਆ । ਜੇ ਓਸ ਕੋਲੋਂ ਦੱਬੇ ਪੈਰ ਜਾਏ ਕੋਈ ਲੰਘ, ਉਹ ਅਨਸੁਰਤ ਸੁਰਤੀ ਨਾ ਆਪਣੀ ਕਦੇ ਬੰਨ੍ਹਾਈਆ । ਉਹ ਜਗਤ ਸਿੰਘਾਸਣ ਸੁੱਤਾ ਨਾ ਵੇਖੇ ਪਲੰਘ, ਹਰ ਘਟ ਆਤਮ ਸੇਜਾ ਡੇਰਾ ਲਾਈਆ । ਜੇ ਓਸਦਾ ਗਾ ਕੇ ਜਾਓ ਛੰਦ, ਢੋਲਾ ਨਾਮ ਸੁਣਾਈਆ । ਸੋ ਸਾਹਿਬ ਸਵਾਮੀ ਪ੍ਰੀਤਮ ਪਿਆਰਾ ਪਰਮ ਪੁਰਖ ਸਚ ਚੜ੍ਹਾਵਣਹਾਰਾ ਰੰਗ, ਕੂੜੀ ਕਿਰਿਆ ਦੁਰਮਤ ਮੈਲ ਧੁਆਈਆ । ਗੁਰਮੁਖੋ ਤੁਸੀਂ ਓਸ ਦੇ ਨੂਰੀ ਚੰਦ, ਕਿਉਂ ਕਲਜੁਗ ਬਦਲਾਂ ਹੇਠ

ਆ ਕੇ ਆਪਣਾ ਮੁਖ ਛੁਪਾਈਆ । ਜਿਸ ਦਾ ਖੇਲ ਕੋਟਨ ਕੋਟ ਬ੍ਰਹਿਮੰਡ, ਖੰਡ ਖੰਡ ਸਭ ਨੂੰ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਮੁਕਾਈਆ । ਚੋਰੀ ਕਰ ਜੇ ਕੋਈ ਲਾਵੇ ਦਾਅ, ਪਲੂ ਆਪਣਾ ਲਏ ਛੁਡਾਈਆ । ਫੇਰ ਇਹ ਪਰਮ ਪੁਰਖ ਕਾਹਦਾ ਮਲਾਹ, ਜੋ ਆਤਮ ਪਰਮਾਤਮ ਬੇੜੇ ਰਿਹਾ ਤਰਾਈਆ । ਇਹਦੇ ਕੋਲੋਂ ਕਾਹਦੀ ਲੈਣੀ ਸਲਾਹ, ਜਿਹੜਾ ਸੁੱਤਿਆਂ ਗ਼ਫ਼ਲਤ ਵਿਚ ਆਪਣਾ ਆਪ ਭੁਲਾਈਆ । ਜੇ ਮਨੋਂ ਜਾਣੇ ਸਮਝੇ ਪੁਰਖ ਅਕਾਲ ਸਚਾ ਸ਼ਹਿਨਸ਼ਾਹ, ਫੇਰ ਸਦਾ ਚਲੋ ਹੁਕਮ ਰਜ਼ਾਈਆ । ਉਹ ਆਦਿ ਜੁਗਾਦੀ ਧੁਰ ਦਾ ਪਿਤਾ ਮਾਂ, ਗੁਰਮੁਖ ਬਾਲ ਅੰਞਾਣੇ ਆਪਣੀ ਗੋਦ ਉਠਾਈਆ । ਜਿਸ ਤ੍ਰੇਤਾ ਦੁਆਪਰ ਕਲਜੁਗ ਪਕੜੀ ਬਾਂਹ, ਜਨਮ ਜਨਮ ਆਪਣੇ ਚਰਨ ਦਿਤੀ ਵਡਿਆਈਆ । ਉਸ ਦੇ ਕੋਲੋਂ ਕਿਆ ਲਏ ਕੋਈ ਛੁਪਾ, ਉਹਲਾ ਪਰਦਾ ਵਿਚ ਨਾ ਕੋਇ ਰਖਾਈਆ । ਗੁਰਮੁਖ ਕਦੇ ਨਾ ਸਤਿਗੁਰੂ ਨੂੰ ਸਕੇ ਉਠਾ, ਸਤਿਗੁਰ ਸਦਾ ਜਾਗਦਾ ਨੀਂਦਰ ਵਿਚ ਨਾ ਕਦੇ ਆਈਆ । ਬੇਸ਼ਕ ਉਹ ਬੜਾ ਬੇਪਰਵਾਹ, ਆਪਣੀ ਬੇਪਰਵਾਹੀ ਵਿਚ ਸਮਾਈਆ । ਜੇ ਕੋਈ ਕਹੇ ਇਸਨੂੰ ਨਹੀਂ ਕੁਛ ਪਤਾ, ਪੱਲੇ ਆਪਣੇ ਲਓ ਛੁਡਾਈਆ । ਇਹ ਖੇਲ ਪੁਰਖ ਸਮਰਥਾ, ਅਬਿਨਾਸ਼ੀ ਕਰਤਾ ਆਪਣੇ ਵਿਚ ਛੁਪਾਈਆ । ਜਿਸ ਕਾਰਨ ਇਹ ਵਿਹਾਰ ਵਖੌਣਾ ਸੀ ਅੱਖਾਂ, ਇਸੇ ਕਾਰਨ ਚੋਰੀ ਦਿਤੇ ਭਜਾਈਆ । ਜੋ ਅੰਦਰ ਵੜਕੇ ਦਿੰਦਾ ਮੱਤਾਂ, ਮਨ ਮਣਕਾ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਗੁਰਮੁਖ ਕਦੇ ਨਾ ਹੁੰਦੇ ਚੋਰ, ਚੋਰਾਂ ਵਾਲੀ ਰੀਤ ਨਾ ਕੋਈ ਕਮਾਈਆ । ਗੁਰਮੁਖੋ ਪ੍ਰਭ ਦੇ ਅਗੇ ਕਾਹਦਾ ਜ਼ੋਰ, ਜੋ ਆਪਣੇ ਗੇੜੇ ਵਿਚ ਰਖਾਈਆ । ਜਿਸ ਵਿਹਾਰ ਤੇ ਵਿਵਹਾਰੀ ਨੂੰ ਆਪਣੀ ਸੀ ਲੋੜ, ਓਸੇ ਦਾ ਲੁੜੀਂਦਾ ਵਕਤ ਲਿਆ ਸੁਹਾਈਆ । ਬਿਨਾ ਸੱਦਿਆਂ ਪੁੱਛਿਆਂ ਦਰ ਤੋਂ ਦਿਤੇ ਤੋਰ, ਤੁਰਤ ਆਪਣਾ ਹੁਕਮ ਫੇਰ ਸੁਣਾਈਆ । ਬਧਕ ਤਿੰਨਾਂ ਨੇ ਹੱਥ ਫੜਨਾ ਪੰਖ ਖੰਭ ਮੋਰ, ਇਕ ਇਕ ਸੱਜੇ ਹੱਥ ਟਿਕਾਈਆ । ਸਾਢੇ ਦਸ ਇਕੋ ਵਾਰ ਕਰਕੇ ਉਪਰ ਚੌਰ, ਸੀਸ ਨਿਵਾ ਕੇ ਲੱਖ ਲੱਖ ਸ਼ੁਕਰ ਲੈਣਾ ਮਨਾਈਆ । ਅਗਲਾ ਖੇਲ ਕਰਨਾ ਪ੍ਰਭ ਕੁਛ ਹੋਰ, ਲੇਖਾ ਫੇਰ ਦਏ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਰੀਖ਼ਾਨੇ ਵਿਚੋਂ ਬਰੀ ਕਰ ਦਏ ਚੋਰ, ਅਦਾਲਤ ਵਿਚੋਂ ਅਦਲੀ ਹੁਕਮ ਇਕ ਸੁਣਾਈਆ । ਸਤਿਗੁਰ ਦੁਆਬਾ ਜਿਥੇ ਦੋਹਾਂ ਦਾ ਮੇਲ, ਭੂਮਿਕਾ ਵਖਰੀ ਦਏ ਜਣਾਈਆ । ਜਿਸ ਗ੍ਰਹਿ ਦੀਪਕ ਬਲੇ ਬਿਨ ਬਾਤੀ ਤੇਲ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਥੇ ਸਾਹਿਬ ਸਵਾਮੀ ਸੱਜਣ ਸੁਹੇਲ, ਮੰਦਰ ਰਿਹਾ ਸੁਹਾਈਆ । ਓਸ ਦੁਆਬੇ ਦਾ ਦੋਹਰਾ ਖੇਲ, ਬਿਨ ਖ਼ਾਲਕ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਰਿਹਾ ਵਰਤਾਈਆ । ਜਿਥੇ ਦੋਹਾਂ ਦਾ ਮੇਲ ਓਥੇ ਹੁੰਦਾ ਸੂਮ, ਸੁਰਤ ਸ਼ਬਦ ਦੋਹਾਂ ਰਿਹਾ ਤੜਫਾਈਆ । ਕਲਜੁਗ ਅੰਤਮ ਬਦਲਣਹਾਰਾ ਕ਼ਾਨੂੰਨ, ਕਾਇਦਾ ਆਪਣਾ ਹੋਰ ਜਣਾਈਆ । ਭਗਵਨ ਭਗਤਾਂ ਪਿੱਛੇ ਲਿਖ ਕੇ ਕ਼ਾਨੂੰਨ, ਹੁਕਮ ਧੁਰ ਦਾ ਦਏ ਸੁਣਾਈਆ । ਸੂਮਾਂ ਤੋਂ ਬਣਾ ਕੇ ਪ੍ਰੇਮਾਂ ਦਾ ਮਜ਼ਮੂਨ, ਮਜਮੂਆ ਇਕੋ ਦਏ ਬਣਾਈਆ । ਨੁਕਤਾ ਉੜਾ ਕੇ ਨੂਨ, ਨਜ਼ਰ ਆਪਣੀ ਨਾਲ ਤਕਾਈਆ । ਮਨ ਹੰਕਾਰੀ ਮੇਟਕੇ ਫਰਊਣ, ਫ਼ੈਸਲਾ ਧੁਰ ਦਾ ਇਕ ਸੁਣਾਈਆ । ਪ੍ਰੀਤੀ ਅੰਦਰ ਕਰਕੇ ਮਮਨੂਨ, ਨਮੋਂ ਨਮੋਂ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਬੇਪਰਵਾਹੀਆ । ਸੂਮਾਂ ਵਿਚੋਂ ਸੂਮ ਕਹਿਣ ਦੁਆਬਾ, ਅੰਤਰ ਭੇਵ ਸਮਝ ਕੋਇ ਨਾ ਪਾਈਆ ।


੧੪੧

ਜਿਨ੍ਹਾਂ ਦਾ ਲਹਿਣਾ ਪਿਛਲਾ ਹਿਸਾਬਾ, ਲੇਖਾ ਰਿਹਾ ਵਖਾਈਆ । ਸਤਿ ਸਚ ਜੋੜ ਕੇ ਨਾਤਾ, ਬਿਧਾਤਾ ਆਪਣਾ ਰੰਗ ਰੰਗਾਈਆ । ਪਿਛਲਾ ਖੋਲ੍ਹ ਕੇ ਖ਼ੁਲਾਸਾ, ਖ਼ਾਲਸ ਸਿਖਿਆ ਦਏ ਸਮਝਾਈਆ । ਜੋ ਚੁਕ ਕੇ ਲਿਆਂਦਾ ਸਿਰਾਂ ਉਤੇ ਆਟਾ, ਆਟਾ ਨਹੀਂ ਇਹ ਗੋਬਿੰਦ ਬਾਟਾ ਨਜ਼ਰੀ ਆਈਆ । ਜਿਸ ਵੇਲੇ ਮਾਛੂਵਾੜੇ ਆਈ ਸੀ ਇਕ ਰਾਤਾ, ਰੈਣ ਭਿੰਨੜੀ ਆਪਣੀ ਖ਼ੁਸ਼ੀ ਮਨਾਈਆ । ਓਸ ਵੇਲੇ ਓਸ ਮੰਗੀ ਦਾਤਾ, ਖ਼ਾਲੀ ਝੋਲੀ ਅਗੇ ਵਖਾਈਆ । ਕੁਛ ਮੈਨੂੰ ਬਖ਼ਸ਼ ਸੌਗ਼ਾਤਾ, ਦੇਵਣਹਾਰ ਤੇਰੀ ਸਰਨਾਈਆ । ਗੋਬਿੰਦ ਆਖਿਆ, ਅੱਜ ਇਸ ਤੋਂ ਅਗਲਾ ਕੋਈ ਹੋਰ ਸਾਕਾ, ਜਿਸ ਦੀ ਸਾਖ਼ੀ ਕਦੇ ਨਾ ਅਗੇ ਬਣਾਈਆ । ਜਿਸ ਵੇਲੇ ਆਵੇ ਮੇਰਾ ਪ੍ਰਭੂ ਅਬਿਨਾਸ਼ਾ, ਦੇਵਣਹਾਰ ਵੱਡੀ ਵਡਿਆਈਆ । ਮੈਂ ਵੀ ਹੋਵਾਂ ਉਸ ਦੇ ਸਾਥਾ, ਧੁਰ ਦਾ ਸੰਗ ਰਖਾਈਆ । ਜਨ ਭਗਤਾਂ ਵੇਖਣਹਾਰ ਤਮਾਸ਼ਾ, ਧਰਮ ਅਖਾੜਾ ਸਚ ਲਗਾਈਆ । ਓਨੇ ਚਿਰ ਨੂੰ ਓਸ ਰੈਣ ਅੰਧੇਰੀ ਵਿਚ ਇਕ ਨਿੱਕੀ ਜਿਹੀ ਕੀੜੀ ਚੁੱਕੀ ਔਂਦੀ ਸੀ ਆਟਾ, ਆ ਕੇ ਗੋਬਿੰਦ ਭੇਟ ਚੜ੍ਹਾਈਆ । ਮੈਂ ਵਜੂਦੋਂ ਨਿੱਕੀ ਤੇਰੀ ਭੇਟਾ ਕਰਾਂ ਜੋ ਵਸਤ ਮੇਰੇ ਕੋਲ ਦਾਤਾ, ਦਇਆਵਾਨ ਤੇਰੀ ਇਕ ਸਰਨਾਈਆ । ਓਧਰੋਂ ਪ੍ਰਹਿਲਾਦ ਨੇ ਮਾਰੀ ਇਕ ਆਵਾਜ਼ਾ, ਪਿਛਲਾ ਲੇਖਾ ਰਿਹਾ ਜਣਾਈਆ । ਤੇਰਾ ਥੰਮਾਂ ਵਾਲਾ ਨਾਤਾ, ਮੈਨੂੰ ਪੂਰਬ ਰਿਹਾ ਉਠਾਈਆ । ਗੋਬਿੰਦ ਕਿਹਾ ਇਹ ਇਕ ਹੋਰ ਅਚਰਜ ਨਾਤਾ, ਤੈਨੂੰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕੀੜੀ ਕਿਹਾ ਆਹ ਲੈ ਆਪਣੀ ਭੇਟਾ, ਸਭ ਕੁਛ ਤੇਰੇ ਭੇਟ ਚੜ੍ਹਾਈਆ । ਮੇਰਾ ਰੱਖੀਂ ਚੇਤਾ, ਅਭੁਲ ਭੁਲ ਕਦੇ ਨਾ ਜਾਈਆ । ਜਿਸ ਵੇਲੇ ਅਕਾਲ ਪੁਰਖ ਫੇਰ ਬਣਾਵੇ ਆਪਣਾ ਬੇਟਾ, ਜੋਤੀ ਸ਼ਬਦੀ ਜੋੜ ਜੁੜਾਈਆ । ਓਸ ਵੇਲੇ ਮੈਂ ਤੇਰੀ ਧਾਰ ਦੇਖਾਂ, ਮੇਰਾ ਨੇਤਰ ਨੈਣ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਵਾਹ ਪ੍ਰੇਮਮੱਤੀ ਕੀੜੀ, ਚੀਉਂਟੀ ਤੈਨੂੰ ਦਿਆਂ ਵਡਿਆਈਆ । ਜਿਸ ਵੇਲੇ ਪੁਰਖ ਅਕਾਲ ਦੀ ਚਲਣ ਲਗੀ ਪੀੜ੍ਹੀ, ਜਨ ਭਗਤਾਂ ਦਏ ਵਡਿਆਈਆ । ਕਲਜੁਗ ਵੇਲਾ ਹੋਵੇ ਅਖ਼ੀਰੀ, ਆਖ਼ਰ ਦਿਆਂ ਸਮਝਾਈਆ । ਆਪਣਾ ਖੇਲ ਕਰਾਂ ਤਕ਼ਦੀਰੀ, ਸਮਝ ਸਕੇ ਕੋਇ ਨਾ ਰਾਈਆ । ਆਪੇ ਪਾਤਸ਼ਾਹ ਆਪ ਆਪਣੇ ਹੱਥ ਰੱਖਾਂ ਵਜ਼ੀਰੀ, ਮੁਸਾਹਿਬ ਦੂਜਾ ਨਾ ਕੋਇ ਜਣਾਈਆ । ਆਪੇ ਸ਼ਰਅ ਆਪੇ ਜ਼ੰਜੀਰੀ, ਡੋਰੀ ਆਪਣਾ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕੀੜੀ ਕਿਹਾ ਮੈਂ ਬਾਲੀ ਨਿੱਕੀ, ਨਿੱਕਿਆਂ ਵਿਚੋਂ ਨਜ਼ਰੀ ਆਈਆ । ਗੋਬਿੰਦ ਕੋਈ ਮੈਨੂੰ ਦੇ ਦੇ ਚਿੱਠੀ, ਧੁਰ ਦਾ ਲੇਖਾ ਦੇ ਸਮਝਾਈਆ । ਗੋਬਿੰਦ ਕਿਹਾ ਜਿਸ ਵੇਲੇ ਮੈਂ ਗ਼ਰੀਬਾਂ ਦੀ ਪਰਗਟ ਕੀਤੀ ਸਿੱਖੀ, ਸਾਖ਼ਿਆਤ ਰੂਪ ਪਰਗਟਾਈਆ । ਓਸ ਵੇਲੇ ਹੋਵੇਗੀ ਵੀਹ ਸੌ ਇੱਕੀ ਮਿਤੀ, ਤੈਨੂੰ ਦਿਆਂ ਜਣਾਈਆ । ਤੂੰ ਚੀਊਂਟੀ ਮੈਂ ਕੋਈ ਵੱਡਾ ਰਿਖੀ, ਪੂਰਬ ਦਾ ਨਾਤਾ ਮੇਰੇ ਨਾਲ ਜੁੜਾਈਆ । ਉਹ ਦੁਹੱਥੜਾ ਮਾਰ ਕੇ ਪਿੱਟੀ, ਰੋ ਰੋ ਰਹੀ ਸੁਣਾਈਆ । ਨਾਲੇ ਆਪਣੀ ਨੀਵੀਂ ਕਰ ਕੇ ਧੌਣ ਨਿੱਕੀ, ਚਰਨਾਂ ਉਤੇ ਟਿਕਾਈਆ । ਦੱਸ ਮੈਨੂੰ ਉਹ ਰੀਤੀ, ਜਿਸ ਨਾਲ ਤੇਰੀ ਪ੍ਰੀਤੀ ਲਗੇ ਬੇਪਰਵਾਹੀਆ । ਗੋਬਿੰਦ ਕਿਹਾ ਜਿਸ ਵੇਲੇ ਮੇਰੇ ਭਗਤਾਂ ਦਾ ਪਕਵਾਨ ਬਣੇ ਠੀਕੀ, ਇਹ ਤੇਰਾ ਆਟਾ ਗੋਬਿੰਦ ਆਪਣਾ ਬਾਟਾ ਭਰਕੇ ਆਪਣੇ ਵਿਚ ਟਿਕਾਈਆ । ਓਸ ਵੇਲੇ ਵਰਤਾਵਾਂ ਹੋ ਕੇ ਸਾਖ਼ਿਆਤਾ, ਹੱਥੋ ਹੱਥ ਆਪਣੀ ਸੇਵ ਕਮਾਈਆ । ਉਸ ਕਿਹਾ ਮੈਂ ਨਹੀਂ ਜਾਤਾ, ਕੀ ਤੇਰੀ ਵਡਿਆਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਕੀੜੀ ਕਿਹਾ ਕੁਛ ਖੋਲ੍ਹ ਕੇ ਦੱਸ, ਆਪਣਾ ਭੇਵ ਜਣਾਈਆ । ਕਿਸ ਖੇੜੇ ਨਗਰ ਗ੍ਰਿਹ ਜਾਏਂ ਵਸ, ਧਾਮ ਸਿੰਘਾਸਣ ਕਵਣ ਦੇਵੇਂ ਵਡਿਆਈਆ । ਗੋਬਿੰਦ ਕਿਹਾ ਹਸ, ਸੰਬਲ ਡੇਰਾ ਨਾਲ ਮੇਰਾ ਦਾਤਾ ਬੇਪਰਵਾਹੀਆ । ਤੇਰਾ ਲਹਿਣਾ ਦੇਣਾ ਝੋਲੀ ਪਾਵਾਂ ਹਕ, ਮਿਹਰ ਨਜ਼ਰ ਨਾਲ ਤਰਾਈਆ । ਓਸ ਕਿਹਾ ਮੈਂ ਇਕੱਲੀ ਕਿਸ ਤਰਾ ਤੇਰੇ ਕੋਲ ਆਵਾਂ ਨਠ, ਆਪਣਾ ਪੰਧ ਮੁਕਾਈਆ । ਓਸ ਕਿਹਾ ਇਹ ਤੇਰੇ ਸੰਗੀ ਅਠਸਠ, ਅੱਠ ਸੌ ਅੰਕੜੇ ਸੱਠਾਂ ਹਿੰਦਸਿਆਂ ਨਾਲ ਵਡਿਆਈਆ । ਉਹਨਾਂ ਦਾ ਤੇਰੇ ਨਾਲ ਕਰਕੇ ਇਕੱਠ, ਆਪਣਾ ਮੇਲ ਮਿਲਾਈਆ । ਦੁਆਬਾ ਨਹੀਂ ਉਹ ਪ੍ਰੇਮ ਦਾ ਰਸ, ਜਿਸ ਰਸ ਵਿਚ ਆਪਣਾ ਅੰਮ੍ਰਿਤ ਰਿਹਾ ਭਰਾਈਆ । ਇਸੇ ਕਰਕੇ ਆਪਣਾ ਹੁਕਮ ਦੱਸ, ਘਰੋ ਘਰੀ ਸੰਦੇਸ਼ੇ ਦਿਤੇ ਪਹੁੰਚਾਈਆ । ਕਿਸੇ ਨੇ ਭਾਰ ਨਹੀਂ ਚੁਕਣਾ ਸਿਰ ਤੇ ਗਠ, ਉਹ ਪ੍ਰਭ ਨੂੰ ਸੇਵਾ ਹੱਥੀਂ ਕਰਨੀ ਆਈਆ । ਸੁਆਂਗੀ ਬਣ ਕੇ ਕਰੇ ਖੇਲ ਨਟੂਆ ਨਟ, ਬਾਜ਼ੀਗਰ ਹੋ ਕੇ ਆਪਣਾ ਡੰਕ ਵਜਾਈਆ । ਕੀ ਹੋਇਆ ਜੇ ਇਹ ਆਪਣੇ ਸਿਰ ਤੇ ਚਕ, ਪਿਛਲਾ ਲੇਖਾ ਚਕਨਾਂ ਚੂਰ ਲਿਆ ਕਰਾਈਆ । ਅਗੇ ਹੌਲੇ ਭਾਰ ਦੇਵੇ ਰਖ, ਸਾਰਿਆਂ ਦਾ ਭਾਰ ਇਕੋ ਉਤੇ ਪਾਈਆ । ਇਸ ਤੋਂ ਭਾਰ ਆਪਣੇ ਉਤੇ ਲਏ ਰਖ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋ ਇਸ ਲੰਗਰ ਨੂੰ ਲਏ ਛਕ, ਸੰਸਾ ਰੋਗ ਰਹੇ ਨਾ ਰਾਈਆ । ਨਾਲੇ ਪਿਛਲਾ ਇਕੱਠ, ਸੰਗ ਪੁਰਖ ਸਮਰਥ, ਗੋਬਿੰਦ ਦਾ ਹੱਥ, ਦਾਤਾ ਹੋਰ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਥੇ ਹੁਣ ਕਰੇ ਬਸ, ਅਗਲਾ ਲੇਖਾ ਫੇਰ ਦਏ ਲਿਖਾਈਆ ।

੧੪੩ ੧੪੩

ਮੱਕੀ ਕਹੇ ਮੈਥੋਂ ਚੰਗਾ ਸਾਗ, ਜੋ ਸਗਵਾਂ ਨਾਤਾ ਰਿਹਾ ਜੁੜਾਈਆ । ਸਾਗ ਕਹੇ ਮੱਕੀ ਨੂੰ ਮਿਲਿਆ ਮੈਥੋਂ ਚੰਗਾ ਸੁਹਾਗ, ਜੋ ਮਾਲਕ ਦਾਤਾ ਬੇਪਰਵਾਹੀਆ । ਪੁਰਖ ਅਬਿਨਾਸ਼ੀ ਦੋਹਾਂ ਨੂੰ ਕਹੇ ਤੁਹਾਡਾ ਇਕੋ ਜਿਹਾ ਮੇਰੇ ਨਾਲ ਜੁੜਿਆ ਨਾਤ, ਵਡਾ ਛੋਟਾ ਰਹਿਣ ਕੋਇ ਨਾ ਪਾਈਆ । ਜਿਹੋ ਜਿਹਾ ਮੈਂ ਓਹੋ ਜਿਹਾ ਤੁਹਾਡਾ ਸੁਆਦ, ਤੁਹਾਡੇ ਸੁਆਦ ਦਾ ਰਸ ਮੇਰੇ ਅੰਤਰ ਅੰਮ੍ਰਿਤ ਨਜ਼ਰੀ ਆਈਆ । ਜਿਸ ਦੇ ਨਾਲ ਭਗਤਾਂ ਮਿਲਣ ਦਾ ਉਪਜੇ ਇਕ ਵੈਰਾਗ, ਬਿਰਹੋਂ ਵਿਛੋੜਾ ਤੀਰ ਲਗਾਈਆ । ਇਸੇ ਦਾ ਕਾਰਨ ਹੰਸ ਬਣੌਂਣੇ ਕਾਗ, ਕਾਗੋਂ ਹਸ ਉਡਾਈਆ । ਸਭ ਤੋਂ ਵਡੀ ਵਸਤ ਪ੍ਰੇਮ ਵਾਲੀ ਮਿਲੀ ਆਜ, ਸੁਹੰਜਣੀ ਘੜੀ ਰਹੀ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਛੱਡਿਆ ਨਹੀਂ ਅਜੇ ਰਿਵਾਜ, ਭਗਤਾਂ ਕਾਰਨ ਸੁੱਕੇ ਟੁਕੜੇ ਖਾ ਕੇ ਆਪਣੀ ਖ਼ੁਸ਼ੀ ਮਨਾਈਆ ।

ਸਰਸਾ ਕਿਹਾ ਮੇਰੀ ਇਕੋ ਆਹ, ਹੌਕਿਆਂ ਨਾਲ ਸੁਣਾਈਆ । ਜਿਨ੍ਹਾਂ ਗੋਬਿੰਦ ਬਣਿਆ ਮਲਾਹ, ਬੇੜਾ ਲੋਕਮਾਤ ਤਰਾਈਆ । ਉਹਨਾਂ ਦਿਤੀ ਸਚ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਤੁਸਾਂ ਰਖਣੀ ਆਸ ਤਕਾ, ਆਸਾ ਆਪਣੀ ਨਾਲ ਜਣਾਈਆ । ਜਿਸ ਵੇਲੇ ਆਵੇ ਬੇਪਰਵਾਹ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਸਭ ਦਾ ਲੇਖਾ ਲਹਿਣਾ ਦੇਣਾ ਦਏ ਚੁਕਾ, ਮੂਲ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਲਏ

ਬੁਲਾ, ਹੁਕਮ ਸੰਦੇਸ਼ਾ ਨਾਮ ਸੁਣਾਈਆ । ਚਰਨ ਕਵਲ ਬਖ਼ਸ਼ ਸਰਨਾ, ਸਿਰ ਆਪਣਾ ਹੱਥ ਟਿਕਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਇਕੋ ਰੰਗ ਰੰਗਾਈਆ । ਧੁਰ ਦਾ ਮਾਲਕ ਬਣੇ ਪਿਤਾ ਮਾਂ, ਪੂਤ ਸਪੂਤੇ ਗੋਦ ਉਠਾਈਆ । ਸਚ ਦਵਾਰੇ ਦੇਵੇ ਥਾਂ, ਮਹਲ ਅਟਲ ਕਰ ਰੁਸ਼ਨਾਈਆ । ਇਕ ਦ੍ਰਿੜਾਵੇ ਆਪਣਾ ਨਾਂ, ਢੋਲਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਕੜਨਹਾਰਾ ਓਹਨਾਂ ਬਾਂਹ, ਜਿਨ੍ਹਾਂ ਸਰਸੇ ਕਰਕੇ ਗਿਆ ਜੁਦਾਈਆ ।

ਇਹ ਪਿਛਲਾ ਲੇਖਾ ਸਾਕਾ, ਸਾਖ਼ੀ ਧੁਰ ਦੀ ਰਿਹਾ ਜਣਾਈਆ । ਮੋਦੀਖ਼ਾਨੇ ਲੈਣ ਗਏ ਸੀ ਆਟਾ, ਝੋਲੀ ਨਾਨਕ ਅਗੇ ਡਾਹੀਆ । ਓਸ ਭਰ ਕੇ ਮਾਰਿਆ ਛਾਬਾ, ਬਿਨ ਕ਼ੀਮਤ ਪੱਲੇ ਪਾਈਆ । ਇਹਨਾਂ ਪੁੱਛਿਆ ਕੋਇ ਹਿਸਾਬਾ, ਰਕਮ ਦੇ ਸਮਝਾਈਆ । ਓਸ ਨੇ ਕਿਹਾ ਇਹੋ ਤੁਹਾਨੂੰ ਲਾਭਾ, ਮੇਰਾ ਦਰਸ਼ਨ ਲਿਆ ਪਾਈਆ । ਹੋ ਕੇ ਲਾਜਵਾਬਾ, ਢਹਿ ਪਏ ਸਰਨਾਈਆ । ਮੁਸਲਿਆਂ ਨੂੰ ਨਜ਼ਰੀ ਆਇਆ ਓਹੋ ਕਾਅਬਾ, ਜਿਸ ਦਾ ਮੰਬਾ ਮਨਾਰ ਚਰਨ ਦਵਾਰੇ ਸੀਸ ਨਿਵਾਈਆ । ਨਿਉਂ ਕੇ ਕੀਤਾ ਆਦਾਬਾ, ਕਲਮਾ ਇਕ ਦ੍ਰਿੜਾਈਆ । ਸਾਡਾ ਲੇਖਾ ਵੇਖ ਕਿਹੜੀ ਕਿਤਾਬਾ, ਕੁਤਬਖ਼ਾਨੇ ਫੋਲ ਫੁਲਾਈਆ । ਨਾਨਕ ਕਿਹਾ, ਜਿਸ ਵੇਲੇ ਆਵੇ ਪਰਵਰਦਿਗਾਰ ਸਾਂਝਾ, ਬੇਪਰਵਾਹ ਫੇਰਾ ਪਾਈਆ । ਉਹ ਤੁਹਾਡਾ ਬਣੇ ਪਿਤਾ ਮਾਤਾ, ਸਿਰ ਆਪਣਾ ਹੱਥ ਰਖਾਈਆ । ਤੁਹਾਡਾ ਅਗਲਾ ਪਿਛਲਾ ਮੇਟੇ ਹਿਸਾਬਾ, ਦੋ ਜਹਾਨ ਰਹਿਣ ਕੋਇ ਨਾ ਪਾਈਆ । ਇਹ ਮੇਰਾ ਤੁਹਾਡੇ ਨਾਲ ਵਾਅਦਾ, ਮੁਕੰਮਲ ਨਾਤਾ ਰਿਹਾ ਜੁੜਾਈਆ । ਪੁਰਖ ਅਕਾਲ ਮਿਲੇ ਸਚ ਬਾਕ਼ਾਇਦਾ, ਬਾਕੀ ਲੇਖਾ ਵੇਖ ਵਖਾਈਆ । ਤੁਸੀਂ ਓਸ ਦੇ ਨਾਲੋਂ ਬੇਸ਼ਕ ਅਲਾਹਿਦਾ, ਉਹ ਤੁਹਾਡਾ ਨੂਰ ਆਪਣੇ ਵਿਚ ਸਮਾਈਆ । ਤੁਹਾਡਾ ਲੇਖਾ ਉਸ ਦੇ ਨਾਲ ਰਹੇਗਾ, ਏਥੇ ਓਥੇ ਧੁਰ ਦਾ ਸੰਗ ਬਣਾਈਆ । ਜਿਸ ਵੇਲੇ ਪਰਮ ਪੁਰਖ ਤਖ਼ਤ ਨਿਵਾਸੀ ਸਾਡੇ ਬਹੇਗਾ, ਸਚ ਸਿੰਘਾਸਣ ਸੋਭਾ ਪਾਈਆ । ਦੋ ਆਬੇ ਦਾ ਵਹੀਰ ਦੋਹਾਂ ਦੀ ਧਾਰ ਵਿਚੋਂ ਵਹੇਗਾ, ਵਹਿਣ ਪ੍ਰੇਮ ਇਕ ਵਹਾਈਆ । ਓਸ ਵੇਲੇ ਥੋੜ੍ਹਾ ਲੇਖਾ ਤੁਹਾਡੇ ਕੋਲੋਂ ਲਵੇਗਾ, ਸਵਾ ਮਣ ਜੋੜ ਦੇਵੇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦੇ ਮੋਦੀਖ਼ਾਨੇ ਦਾ ਆਟਾ ਓਸ ਵੇਲੇ ਖਾਵੇਗਾ । ਪੱਲੇ ਤੁਹਾਡੇ ਗੰਢ ਬੰਧਾਵੇਗਾ । ਵੇਲੇ ਨਾਲ ਖੁਲ੍ਹਾਵੇਗਾ । ਗਠੜੀ ਸਭ ਦੀ ਫੋਲ ਫੁਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਸਭ ਦੀ ਝੋਲੀ ਪਾਵੇਗਾ ।

ਜਨ ਭਗਤੋ ਤੁਹਾਡੇ ਨਾਲ ਹੰਢਾਂ, ਭਗਤਾਂ ਬਿਨਾ ਭਗਤ ਦਵਾਰੇ ਕੰਮ ਕੁਛ ਨਾ ਆਈਆ । ਬਿਨ ਸਾਚਿਆਂ ਭਗਤਾਂ ਕੂੜਾ ਖੇੜਾ ਰੰਡਾ, ਮਾਟੀ ਇੱਟ ਮਿਲੇ ਨਾ ਕੋਇ ਵਡਿਆਈਆ । ਬਿਨ ਸਾਚਿਆਂ ਭਗਤਾਂ ਨਾ ਕੋਈ ਮੰਜ਼ਲ ਨਾ ਕੋਇ ਡੰਡਾ, ਪਾਂਧੀ ਪੰਧ ਨਾ ਕੋਇ ਮੁਕਾਈਆ । ਬਿਨ ਸਾਚਿਆਂ ਭਗਤਾਂ ਨਾ ਕੋਇ ਢੋਲਾ ਨਾ ਕੋਇ ਛੰਦਾ, ਪ੍ਰਭ ਦਾ ਰਾਗ ਨਾ ਕੋਇ ਸੁਣਾਈਆ । ਜੇ ਭਗਤ ਨਾ ਹੋਣ ਪ੍ਰਭੂ ਕਿਨ੍ਹਾਂ ਦਾ ਬਣੇ ਬਖ਼ਸ਼ੰਦਾ, ਬਖ਼ਸ਼ਿਸ਼

ਕਿਸ ਦੀ ਝੋਲੀ ਪਾਈਆ । ਇਸੇ ਕਰਕੇ ਭਗਤੋ ਤੁਹਾਡੇ ਪਿੱਛੇ ਆਪ ਬਣਿਆ ਅੰਧਾ, ਤੁਹਾਡੇ ਨੇਤਰ ਦਿਤੇ ਖੁਲ੍ਹਾਈਆ । ਤੁਹਾਡੇ ਚਰਨਾਂ ਹੇਠ ਵਗਾ ਕੇ ਗੰਗਾ, ਪੂਰਬ ਲਹਿਣਾ ਮਾਣ ਮਿਟਾਈਆ । ਅੰਤਰ ਆਤਮ ਦੇ ਕੇ ਅਨੰਦਾ, ਅਨੰਦਪੁਰ ਵਾਸੀ ਮੇਲਾ ਮੇਲਿਆ ਸਹਿਜ ਸੁਭਾਈਆ । ਵੇਖਣ ਆਇਆ ਸੂਰਾ ਸਰਬੰਗਾ, ਘਰ ਭਗਤਾਂ ਵਜੇ ਸ਼ਨਵਾਈਆ । ਬਿਨਾ ਬੰਦਗੀ ਕਿਸੇ ਕੰਮ ਨਹੀਂ ਔਣਾ ਬੰਦਾ, ਬੰਦਿਆਂ ਵਿਚੋਂ ਬੰਦਾ ਗੁਰਮੁਖ ਗੁਰਸਿਖ ਹਰਿ ਆਪਣਾ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਲੇਖੇ ਰਿਹਾ ਲਗਾਈਆ ।

ਜੇਠੂਵਾਲ ਕਹੇ ਮੈਂ ਕੂੜ ਕੁੜਿਆਰਾ, ਜਗਤ ਮਾਣ ਨਾ ਕੋਇ ਵਡਿਆਈਆ । ਜਿਨ੍ਹਾਂ ਭਗਤਾਂ ਮਿਲਿਆ ਨਰ ਨਿਰੰਕਾਰਾ, ਨਿਰਗੁਣ ਆਪਣਾ ਜੋੜ ਜੁੜਾਈਆ । ਓਹਨਾਂ ਪਿੱਛੇ ਬਣ ਗਿਆ ਭਗਤ ਦਵਾਰਾ, ਦੋ ਜਹਾਨ ਵਜੀ ਵਧਾਈਆ । ਮੈਂ ਉਹਨਾਂ ਨੂੰ ਨਿਉਂ ਨਿਉਂ ਕਰਾਂ ਨਿਮਸਕਾਰਾ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਤੁਹਾਡੇ ਨਾਲ ਮਿਲ ਕੇ ਮੇਰਾ ਵਜਿਆ ਨਗਾਰਾ, ਨੌਬਤ ਆਪਣੀ ਸੇਵ ਕਮਾਈਆ । ਜਿਸ ਵੇਲੇ ਅੰਦਰ ਤੱਕਾਂ, ਤੁਹਾਡੇ ਨਾਲੋਂ ਚੰਗਾ ਨਹੀਂ ਕੋਈ ਹੋਰ ਦਵਾਰਾ, ਸੋਭਨੀਕ ਮੰਦਰ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੇ ਅੰਤਰ ਇਕੋ ਨਾਦ ਸ਼ਬਦ ਧੁਨ ਜੈਕਾਰਾ, ਸੋਹੰ ਢੋਲਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਮਾਲਵਾ ਛਡ ਆ ਵਸਿਆ ਮਾਝੇ, ਮਜਲਸ ਭਗਤਾਂ ਨਾਲ ਰਖਾਇੰਦਾ । ਮਾਲਵੇ ਤੋਂ ਵਖਰੇ ਨਹੀਂ ਵਸਣ ਵਾਲੇ ਦੁਆਬੇ, ਦੋਹਾਂ ਦਾ ਇਕੋ ਰੰਗ ਰੰਗਾਇੰਦਾ ।
੧੪੫ ਸੋਹਣਾ ਮਿਲਕੇ ਬਣਾਵਣ ਆਇਆ ਸਮਾਜੇ, ਸਮਝ ਭਗਤਾਂ ਦੀ ਆਪਣੇ ਨਾਲ ਰਖਾਇੰਦਾ । ਪਿਛਲੇ ਕੌਲ ਇਕਰਾਰ ਦੇ ਪੂਰੇ ਕਰੇ ਵਾਅਦੇ, ਵਾਅਦਾ ੧੪੫
ਖ਼ਿਲਾਫ਼ ਨਾ ਆਪ ਅਖਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਇਕ ਸ਼ਬਦ ਕਹੇਗਾ, ਜਿਸ ਦਾ ਕਹਿਣਾ ਦੋ ਜਹਾਨ ਨਾ ਕੋਇ ਉਲਟਾਇੰਦਾ ।

ਸੋ ਪੁਰਖ ਨਿਰੰਜਣ ਅਗੰਮ ਅਥਾਹ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਏਕੰਕਾਰਾ ਸ਼ਹਿਨਸ਼ਾਹ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਾਲੀ ਦੋ ਜਹਾਂ, ਸ੍ਰੀ ਭਗਵਾਨ ਜੋਧਾ ਸੂਰਬੀਰ ਅਖਵਾਈਆ । ਪਾਰਬ੍ਰਹਮ ਪ੍ਰਭ ਸੁਹਾਏ ਸਾਚਾ ਥਾਂ, ਤਖ਼ਤ ਨਿਵਾਸੀ ਵਡ ਵਡਿਆਈਆ । ਸਚਖੰਡ ਦਵਾਰਾ ਰਚਨ ਰਚਾ, ਬਿਨ ਛੱਪਰ ਛੰਨ ਦਏ ਵਡਿਆਈਆ । ਦੀਵਾ ਬਾਤੀ ਕਮਲਾਪਾਤੀ ਜੋੜ ਜੁੜਾ, ਸਾਚਾ ਨੂਰ ਜ਼ਹੂਰ ਕਰੇ ਰੁਸ਼ਨਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਅਖਵਾ, ਧੁਰ ਦੀ ਧਾਰ ਆਪਣੇ ਹੱਥ ਰਖਾਈਆ । ਹਕ ਮੁਕਾਮੇ ਡੇਰਾ ਲਾ, ਪਰਵਰਦਿਗਾਰ ਆਪਣੀ ਕਲ ਧਰਾਈਆ । ਲਾਸ਼ਰੀਕ ਨੂਰ ਖ਼ੁਦਾ, ਸਚ ਤੌਫ਼ੀਕ ਇਕ ਰਖਾਈਆ । ਪੜਦਾ ਓਹਲਾ ਆਪ ਉਠਾ, ਮੁਖ ਨਕ਼ਾਬ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਸਚ ਦਵਾਰਾ ਸੋਭਾਵੰਤ, ਹਰਿ ਕਰਤਾ ਆਪ ਸੁਹਾਇੰਦਾ । ਸਾਹਿਬ ਸਵਾਮੀ ਸ੍ਰੀ ਭਗਵੰਤ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਸਣ ਲਾਇੰਦਾ । ਆਦਿ ਅੰਤ ਇਕੋ ਕੰਤ, ਕੰਤ ਕੰਤੂਹਲ ਸੋਭਾ ਪਾਇੰਦਾ । ਆਪੇ ਜਾਣੇ ਆਪਣੀ ਬਣਤ, ਘੜਨ ਭੰਨਣ ਸਮਰਥ ਸਵਾਮੀ ਆਪ ਅਖਵਾਇੰਦਾ । ਆਪਣੀ ਮਹਿੰਮਾ ਆਪ ਜਾਣੇ ਅਗਣਤ, ਲੇਖਾ ਲੇਖ ਨਾ ਕੋਇ

ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਰਬਾਰਾ ਇਕ ਸੁਹਾਇੰਦਾ । ਧੁਰ ਦਰਬਾਰਾ ਧਾਮ ਸੁਹੰਜਣਾ, ਹਰਿ ਕਰਤਾ ਦਏ ਵਡਿਆਈਆ । ਆਦਿ ਪੁਰਖ ਆਦਿ ਨਿਰੰਜਣਾ, ਜੋਤੀ ਜਾਤਾ ਬੇਪਰਵਾਹੀਆ । ਅਲਖ ਅਗੋਚਰ ਅਗੰਮ ਅਥਾਹ ਸਾਚਾ ਸੱਜਣਾ, ਮੀਤ ਮੁਰਾਰਾ ਇਕ ਅਖਵਾਈਆ । ਤਖ਼ਤ ਨਿਵਾਸੀ ਸ਼ਾਹੋ ਭੂਪ ਸੁਲਤਾਨ ਦਰਗਾਹ ਸਾਚੀ ਸਜਣਾ, ਦਰ ਦਵਾਰਾ ਇਕੋ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਆਪਣੀ ਖੇਲ ਖਿਲਾਈਆ । ਸੋ ਸਾਹਿਬ ਸਵਾਮੀ ਹਰਿ ਕਰਤਾਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦਰਗਾਹੀ ਵੇਸ ਵਟਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਅਪਰ ਅਪਾਰਾ, ਅਪਰੰਪਰ ਸੁਵਾਮੀ ਆਪਣੀ ਧਾਰ ਰਖਾਇੰਦਾ । ਜੁਗ ਚੌਕੜੀ ਵੇਖਣਹਾਰਾ, ਨਿਤ ਨਵਿਤ ਕਰ ਕਰ ਹਿਤ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਫੇਰਾ ਪਾਇੰਦਾ । ਸ਼ਬਦ ਸੰਦੇਸ਼ਾ ਨਰ ਨਰੇਸ਼ਾ ਦੇਵਣਹਾਰਾ ਸਦਾ ਜੁਗ ਚਾਰਾ, ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਮਨਾਇੰਦਾ । ਰੂਪ ਅਨੂਪ ਸਤਿ ਸਰੂਪ ਨਿਰਾਕਾਰ ਨਿਰਵੈਰ ਧਰਨੇਹਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਕਾਇਆ ਮਾਟੀ ਚੋਲਾ ਤੱਤ ਤਨ ਹੰਢਾਇੰਦਾ । ਬੋਧ ਅਗਾਧਾ ਸ਼ਬਦ ਅਨਾਦਾ ਅਨੁਰਾਗੀ ਰਾਗ ਸੁਣਾਵਣਹਾਰਾ, ਧੁਰ ਦਾ ਢੋਲਾ ਮੰਤਰ ਨਾਮ ਕਲਮਾ ਹਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਵੇਖ ਵਖਾਇੰਦਾ । ਸਚ ਦਵਾਰੇ ਦਾ ਮਾਲਕ ਆਪ, ਹਰਿ ਵਡਾ ਵਡ ਵਡਿਆਈਆ । ਆਦਿ ਜੁਗਾਦੀ ਵਡ ਪਰਤਾਪ, ਪਤਿਪਰਮੇਸ਼ਵਰ ਬੇਪਰਵਾਹੀਆ । ਜੁਗ ਚੌਕੜੀ ਥਾਪਣ ਥਾਪ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਲੱਖ ਚੁਰਾਸੀ ਘੜਤ ਘੜਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੇਵਣਹਾਰਾ ਜਾਪ, ਰਸਨਾ ਜਿਹਵਾ ਢੋਲਾ ਬੱਤੀ ਦੰਦ ਜਗਤ ਸੁਣਾਈਆ । ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਕਰ ਮੁਹਤਾਜ, ਭੇਵ ਅਭੇਦਾ ਅਛਲ ਅਛੇਦਾ ਆਪਣੀ ਕਾਰ ਕਮਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਬ੍ਰਹਿਮੰਡਾਂ ਖੰਡਾਂ ਕਰਨਹਾਰਾ ਰਾਜ, ਪੁਰੀ ਲੋਅ ਆਕਾਸ਼ ਪਾਤਾਲ ਆਪਣਾ ਹੁਕਮ ਮਨਾਈਆ । ਉਤਭੁਜ ਸੇਤਜ ਜੇਰਜ ਅੰਡਜ ਰੱਖਣਹਾਰਾ ਨਿਵਾਸ, ਚਾਰੇ ਖਾਣੀ ਆਪਣਾ ਰੰਗ ਰੰਗਾਈਆ । ਚਾਰੇ ਜੁਗ ਚਾਰੇ ਬਾਣੀ ਕਰਨਹਾਰਾ ਪਰਕਾਸ਼, ਪਰਾ ਪਸੰਤੀ ਮਧਮ ਬੈਖਰੀ ਢੋਲਾ ਰਾਗ ਅਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਸਾਥ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਸੇਵਾ ਲਾਈਆ । ਵਾਕ ਭਵਿਖਤ ਬੋਲਣਹਾਰਾ ਵਾਕ, ਧੁਰ ਸੰਦੇਸ਼ਾ ਨਰ ਨਰੇਸ਼ਾ ਅਗੰਮ ਅਗੰਮੜਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ , ਸ਼ਾਹ ਪਾਤਸ਼ਾਹ ਸਚੀ ਵਡਿਆਈਆ । ਸ਼ਾਹ ਪਾਤਸ਼ਾਹ ਹਰਿ ਸ਼ਹਿਨਸ਼ਾਹ, ਪੁਰਖ ਅਕਾਲਾ ਇਕ ਅਖਵਾਇੰਦਾ । ਸਚਖੰਡ ਨਿਵਾਸੀ ਸਚ ਦਵਾਰੇ ਡੇਰਾ ਲਾ, ਦਰਗਾਹ ਸਾਚੀ ਸੋਭਾ ਪਾਇੰਦਾ । ਸ਼ਬਦ ਅਨਾਦੀ ਸੁਤ ਏਕਾ ਜਾ, ਪੂਤ ਸਪੂਤਾ ਆਪ ਵਡਿਆਇੰਦਾ । ਥਿਰ ਘਰ ਸਾਚੇ ਦਏ ਬਹਾ, ਚਰਨ ਕਵਲ ਸੁਹਾਇੰਦਾ । ਸੁੰਨ ਅਗੰਮ ਭੇਵ ਚੁਕਾ, ਪਰਦਾ ਓਹਲਾ ਆਪ ਉਠਾਇੰਦਾ । ਲੇਖਾ ਜਾਣੇ ਥਾਉਂ ਥਾਂ, ਥਾਨ ਥਨੰਤਰ ਗਗਨ ਗਗਨੰਤਰ ਵੇਖ ਵਖਾਇੰਦਾ । ਮੰਤਰ ਢੋਲਾ ਇਕ ਸੁਣਾ, ਆਪਣਾ ਨਾਮ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰਨੇਹਾਰਾ, ਹਰਿ ਕਰਤਾ ਵਡ ਵਡਿਆਈਆ । ਲੇਖਾ ਜਾਣ ਸਦਾ

ਜੁਗ ਚਾਰਾ, ਚੌਕੜੀ ਆਪਣਾ ਹੁਕਮ ਵਰਤਾਈਆ । ਲੱਖ ਚੁਰਾਸੀ ਕਰ ਪਸਾਰਾ, ਪੰਜ ਤੱਤ ਮੇਲਾ ਸਹਿਜ ਸੁਭਾਈਆ । ਤ੍ਰੈਗੁਣ ਮਾਇਆ ਲਾ ਅਖਾੜਾ, ਦੋ ਜਹਾਨਾਂ ਨਾਚ ਨਚਾਈਆ । ਹੁਕਮ ਸੰਦੇਸ਼ਾ ਵਾਰੋ ਵਾਰਾ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਕਾਗਤ ਕਲਮ ਨਾ ਲਿਖਣਹਾਰਾ, ਭੇਵ ਅਭੇਦਾ ਨਾ ਕੋਇ ਸਮਝਾਈਆ । ਨਮੋ ਨਮੋ ਨਮੋ ਕਰਨ ਸਰਬ ਨਿਮਸਕਾਰਾ, ਸਜਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਸਦ ਵਡਿਆਈ ਦੇਵੇ ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਨਿਹਕਰਮੀ ਜਾਣੇ ਆਪਣਾ ਕਰਮ, ਦੋ ਜਹਾਨ ਸਮਝ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਢਹਿੰਦੀ ਰਹੇ ਸਰਨ, ਸਰਨਗਤ ਇਕ ਦ੍ਰਿੜਾਈਆ । ਕੋਟਨ ਕੋਟਾਂ ਵਿਚੋਂ ਭਗਤ ਸੁਹੇਲੇ ਮੰਜ਼ਲ ਚੜ੍ਹਨ, ਜਿਨ੍ਹਾਂ ਆਪਣਾ ਰਾਹ ਜਣਾਈਆ । ਸਚ ਦਵਾਰੇ ਦਰਸਨ ਕਰਨ, ਜਲਵਾ ਤਕ ਨੂਰ ਇਲਾਹੀਆ । ਹਕੀਕਤ ਵਾਲਾ ਕਲਮਾ ਇਕੋ ਪੜ੍ਹਨ, ਨਾਤਾ ਕਾਇਨਾਤ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਇਕ ਅਖਵਾਈਆ । ਧੁਰ ਦਾ ਮਾਲਕ ਪਰਵਰਦਿਗਾਰ, ਬੇਪਰਵਾਹੀ ਵਿਚ ਸਮਾਇੰਦਾ । ਹੁਕਮ ਸੰਦੇਸ਼ੇ ਦੇ ਕੇ ਗਿਆ ਵਾਰੋ ਵਾਰ, ਗੁਰ ਅਵਤਾਰ ਪੈਗ਼ੰਬਰ ਆਪ ਪੜ੍ਹਾਇੰਦਾ । ਜੁਗ ਚੌਕੜੀ ਵੇਖਣਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੋਜ ਖੁਜਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਪਾਵਣਹਾਰਾ ਸਾਰ, ਅੰਜੀਲ ਕ਼ੁਰਾਨ ਖਾਣੀ ਬਾਣੀ ਪਰਦਾ ਆਪ ਉਠਾਇੰਦਾ । ਲਹਿਣਾ ਦੇਣਾ ਦੇਵਣਹਾਰਾ ਤੀਰਥ ਅਠਸਠ ਕਿਨਾਰ, ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਇੰਦਾ । ਭੇਵ ਅਭੇਦਾ ਖੋਲਣਹਾਰਾ ਲੇਖਾ ਜਾਣੇ ਸਚ ਸਚੇ ਦਰਬਾਰ, ਧੁਰ ਦਰਬਾਰੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰਦਾ ਏਕ, ਏਕੰਕਾਰ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਬਖ਼ਸ਼ ਕੇ ਟੇਕ, ਦਰ ਇਕੋ ਇਕ ਸਮਝਾਈਆ । ਤੇਈ ਅਵਤਾਰਾਂ ਲਿਖ ਕੇ ਲੇਖ, ਭਵਿਖਤ ਗਿਆ ਸਮਝਾਈਆ । ਈਸਾ ਮੂਸਾ ਮੁਹੰਮਦ ਨੇਤਰ ਪੇਖ, ਲੋਚਨ ਨੂਰ ਕਰੇ ਰੁਸ਼ਨਾਈਆ । ਨਿਰਗੁਣ ਸਰਗੁਣ ਦੇ ਕੇ ਭੇਤ, ਨਾਨਕ ਗੋਬਿੰਦ ਬੂਝ ਬੁਝਾਈਆ । ਅਗਲਾ ਲਿਖ ਕੇ ਅਗੰਮੀ ਲੇਖ, ਸਤਿ ਸਤਿਵਾਦੀ ਦਿਤਾ ਸੁਣਾਈਆ । ਕਲਜੁਗ ਅੰਤਮ ਕਲਕਾਤੀ ਬਦਲੇ ਰੇਖ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਵਸੇ ਅਗੰਮੜੇ ਦੇਸ, ਸਚਖੰਡ ਬੈਠਾ ਡੇਰਾ ਲਾਈਆ । ਜਿਸ ਦਾ ਸ਼ਬਦ ਨਿਰਾਲਾ ਸੰਦੇਸ਼, ਦੋ ਜਹਾਨਾਂ ਕਰੇ ਸ਼ਨਵਾਈਆ । ਲੱਖ ਚੁਰਾਸੀ ਲਏ ਵੇਖ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸਦੀ ਵੀਹਵੀਂ ਖੇਲੇ ਆਪਣੀ ਖੇਡ, ਧੁਰ ਦਰਬਾਰੀ ਆਪਣਾ ਫੇਰਾ ਪਾਈਆ । ਸਚ ਦਵਾਰਾ ਹਰਿ ਨਿਰੰਕਾਰਾ ਇਕ ਇਕੱਲਾ ਮਾਣੇ ਆਪਣੀ ਸੇਜ, ਸੇਜ ਸੁਹੰਜਣੀ ਸੋਭਾ ਪਾਈਆ । ਸ਼ਬਦ ਸੰਦੇਸ਼ਾ ਨਰ ਨਰੇਸ਼ਾ ਸਚ ਦਵਾਰੇ ਦੇਵੇ ਭੇਜ, ਹੁਕਮੀ ਹੁਕਮ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਜੋ ਸ੍ਰਿਸ਼ਟ ਸਬਾਈ ਥਾਪਨ ਰਿਹਾ ਥਾਪ, ਲੱਖ ਚੁਰਾਸੀ ਵੇਖ ਵਖਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਆਖ, ਵਾਹਦ ਮਾਲਕ ਜਲਵਾ ਨੂਰ ਖ਼ੁਦਾਈਆ । ਜਿਸ ਨੂੰ ਮੂਸਾ ਈਸਾ ਨੂਰੀ ਮੰਨਿਆ ਗਾਡ, ਰਹਿਬਰ ਦੋ ਜਹਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਕਰਤਾਰਾ, ਕ਼ੁਦਰਤ

ਕਰਤਾ ਵੇਖ ਵਖਾਇੰਦਾ । ਜਿਸ ਨੂੰ ਨਮੋ ਨਮੋ ਨਿਮਸਕਾਰਾ ਕਰਦੇ ਗਏ ਤੇਈ ਅਵਤਾਰਾ, ਚਰਨ ਧੂੜੀ ਸਰਬ ਲਗਾਇੰਦਾ । ਜਿਸ ਦੇ ਦਰ ਤੇ ਈਸਾ ਮੂਸਾ ਬਣੇ ਭਿਖਾਰਾ, ਖ਼ਾਲੀ ਝੋਲੀ ਸਰਬ ਭਰਾਇੰਦਾ । ਜਿਸ ਨੂੰ ਨਾਨਕ ਗੋਬਿੰਦ ਕਿਹਾ ਪੁਰਖ ਅਕਾਲਾ, ਅਕਲ ਕਲਧਾਰੀ ਵੇਸ ਵਟਾਇੰਦਾ । ਜਿਸ ਦਾ ਦੋ ਜਹਾਨਾਂ ਸ਼ਬਦ ਅਗੰਮੀ ਲੈਂਦੇ ਨਾਅਰਾ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਨਾ ਕੋਇ ਸਲਾਹਿੰਦਾ । ਜਿਸ ਦਾ ਰੂਪ ਰੰਗ ਰੇਖ ਵਰਨ ਬਰਨ ਜ਼ਾਤ ਪਾਤ ਨਾ ਸਕੇ ਕੋਈ ਵਿਚਾਰਾ, ਹਰਫ਼ ਹਰੂਫ਼ ਅੱਖਰਾਂ ਵਾਲੀ ਵੰਡ ਨਾ ਕੋਇ ਰਖਾਇੰਦਾ । ਜਿਸ ਦਾ ਜਲਵਿਆਂ ਤੋਂ ਬਾਹਰ ਨਜ਼ਾਰਾ, ਕਲਮਿਆਂ ਤੋਂ ਬਾਹਰ ਨਗਾਰਾ ਰਾਗਾਂ ਨਾਦਾਂ ਬ੍ਰਹਿਮਾਦਾਂ ਵਿਚ ਹੱਥ ਕਿਸੇ ਨਾ ਆਇੰਦਾ । ਜਿਸ ਦਾ ਖੇਲ ਅਗੰਮ ਅਪਾਰਾ, ਕਰੇ ਕਰਾਏ ਕਰਨੇਹਾਰਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਰਕੇ ਗਏ ਸਜਦਾ, ਨਿਉਂ ਨਿਉਂ ਸੀਸ ਝੁਕਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਾਚੇ ਧਾਮ ਵਸਦਾ, ਸਚ ਸਿੰਘਾਸਣ ਸੋਭਾ ਪਾਈਆ । ਜੋ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਹਿਣਾ ਦੇਵੇ ਹਕ ਦਾ, ਹਕੂਕ ਸਭ ਦੀ ਝੋਲੀ ਪਾਈਆ । ਜੋ ਨਿਤ ਨਵਿਤ ਦੋ ਜਹਾਨ ਗੁਰ ਅਵਤਾਰ ਪੀਰ ਪੈਗ਼ੰਬਰ ਘਲਦਾ, ਲੋਕਮਾਤ ਸੇਵਾ ਲਾਈਆ । ਜੋ ਮਾਲਕ ਖ਼ਾਲਕ ਨਿਹਚਲ ਧਾਮ ਅਟੱਲ ਦਾ, ਅਛਲ ਛਲ ਕਰੇ ਬੇਪਰਵਾਹੀਆ । ਸੋ ਲੇਖਾ ਚੁਕਾਵੇ ਪੂਰਬ ਲਿਖੀ ਗੱਲ ਦਾ, ਜੋ ਪੀਰ ਪੈਗ਼ੰਬਰ ਗਏ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਪੂਰਬ ਲੇਖ ਕਹੇ ਧੁਰ ਦਾ ਸਲੋਕ, ਅਨਰਾਗੀ ਰਾਗ ਜਣਾਈਆ । ਹਰਿ ਕਾ ਭਾਣਾ ਕੋਈ ਨਾ ਸਕੇ ਰੋਕ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੰਦੇਸ਼ਾ ਦਿਤਾ ਜਿਸ ਵੇਲੇ ਪਰਗਟ ਹੋਵੇ ਨਿਰਮਲ ਜੋਤ, ਜੋਤੀ ਜਾਤਾ ਬੇਪਰਵਾਹੀਆ । ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਕਰੇ ਖੋਜ, ਬ੍ਰਹਿਮੰਡ ਖੰਡ ਪੁਰੀ ਲੋਅ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੁਗ ਚੌਕੜੀ ਜਿਸ ਦੀ ਮੰਗਦੇ ਗਏ ਮੰਗ, ਆਪਣੀ ਝੋਲੀ ਅਗੇ ਡਾਹੀਆ । ਜਿਸ ਨੂੰ ਕਹਿੰਦੇ ਸੂਰਾ ਸਰਬੰਗ, ਸੂਰਬੀਰ ਬੇਪਰਵਾਹੀਆ । ਜਿਸ ਦਾ ਵਜਦਾ ਨਾਮ ਮਰਦੰਗ, ਨਿਤ ਨਵਿਤ ਕਰੇ ਸ਼ਨਵਾਈਆ । ਜਿਸ ਦਾ ਨੂਰੀ ਚਮਕੇ ਚੰਦ, ਜੋਤੀ ਜੋਤ ਡਗਮਗਾਈਆ । ਜਿਸ ਦੀ ਸਰਗੁਣ ਨਾਲ ਗੰਢ, ਨਿਰਗੁਣ ਆਪਣਾ ਮੇਲ ਮਿਲਾਈਆ । ਜਿਸ ਦੇ ਹੁਕਮ ਅੰਦਰ ਜੁਗ ਚੌਕੜੀ ਜਾਣ ਲੰਘ, ਥਿਰ ਰਹਿਣ ਕੋਇ ਨਾ ਪਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਕਰ ਮਾਨਣ ਇਕ ਅਨੰਦ, ਅੰਤਰ ਅੰਤਰ ਇਕ ਲਿਵ ਲਾਈਆ । ਜਿਸ ਦਾ ਢੋਲਾ ਆਦਿ ਜੁਗਾਦਿ ਜੁਗ ਚੌਕੜੀ ਗੌਂਦੇ ਸੋਹਣਾ ਛੰਦ, ਸੋ ਸਾਹਿਬ ਸਵਾਮੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਜੁਗ ਚੌਕੜੀ ਗਏ ਸੁਣਾਈਆ । ਕਲਜੁਗ ਅੰਤਮ ਜਿਸ ਨੇ ਲੇਖ ਮਿਟੌਣਾ, ਭੇਖ ਅਵੱਲੜਾ ਰੂਪ ਵਟਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਾਉਂ ਧਰੌਣਾ, ਨਰ ਨਿਰੰਕਾਰ ਵੱਡੀ ਵਡਿਆਈਆ । ਕਲ ਕਲਕੀ ਹਰਿ ਫੇਰਾ ਪੌਣਾ, ਸੰਬਲ ਦੇਸ ਸੁਹਾਈਆ । ਪੂਰਬ ਲੇਖਾ ਸਰਬ ਚੁਕੌਣਾ, ਆਸਾ ਪੂਰ ਵਖਾਈਆ । ਸੁਤ ਦੁਲਾਰਾ ਸ਼ਬਦੀ ਇਕ ਪਰਗਟੌਣਾ, ਚਾਰੋਂ ਕੁੰਟ ਦਏ ਦੁੜਾਈਆ । ਪਰਦਾ ਓਹਲਾ ਆਪ ਉਠੌਣਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਬੀਸ ਇਕੀਸਾ ਹਰਿ ਜਗਦੀਸਾ ਵਕਤ ਸੁਹੌਣਾ,

ਤੀਸ ਬਤੀਸਾ ਭੇਵ ਦਏ ਖੁਲ੍ਹਾਈਆ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਇਕੋ ਰੰਗ ਰੰਗੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਗੋਬਿੰਦ ਲਹਿਣਾ ਵੇਖ ਵਖੌਣਾ, ਮਾਛੂਵਾੜਾ ਯਾਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਲੇਖਾ ਅਗੰਮ ਅਥਾਹ, ਚੌਦਾਂ ਵਿਦਿਆ ਸਮਝ ਕੋਇ ਨਾ ਆਈਆ । ਚੌਦਾਂ ਲੋਕ ਭੇਵ ਸਕੇ ਨਾ ਪਾ, ਚੌਦਾਂ ਤਬਕ ਨਾ ਕੋਇ ਜਣਾਈਆ । ਚੌਦਸ ਚੰਦ ਕਰ ਨਾ ਸਕਿਆ ਕੋਇ ਰੁਸ਼ਨਾ, ਅਮਾਵਸ ਕੂੜ ਨਾ ਕੋਇ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਗਏ ਧਿਆ, ਧਿਆਨ ਇਕੋ ਨਾਲ ਲਗਾਈਆ । ਦਰ ਦਰਵੇਸ਼ ਹੋ ਕੇ ਮੰਗਦੇ ਗਏ ਦੁਆ, ਤੋਬਾ ਤੋਬਾ ਕਰਕੇ ਸੀਸ ਨਿਵਾਈਆ । ਨਾਮਾਂ ਸਲਾਮਾਂ ਵਾਲੇ ਢੋਲੇ ਗਏ ਗਾ, ਘਰ ਘਰ ਜਗਤ ਪੜ੍ਹਾਈਆ । ਵਡ ਅਮਾਮਾ ਕਰਕੇ ਗਏ ਸਲਾਹ, ਸਿਫ਼ਤ ਸਿਫ਼ਤਾਂ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਈਆ । ਆਪਣੀ ਖੇਲ ਕਰੇ ਕਰਤਾਰ, ਕਲਜੁਗ ਅੰਤਮ ਵੇਸ ਵਟਾਈਆ । ਹੁਕਮੇਂ ਅੰਦਰ ਗੁਰ ਅਵਤਾਰ, ਪੀਰ ਪੈਗ਼ੰਬਰ ਲਏ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਹੋਇਆ ਇਹ ਵਿਹਾਰ, ਵਿਵਹਾਰੀ ਆਪ ਦ੍ਰਿੜਾਈਆ । ਜਿਸ ਦਾ ਇਸ਼ਾਰਾ ਦੇ ਕੇ ਗਏ ਨਾਲ ਪਿਆਰ, ਪ੍ਰੇਮ ਨਾਲ ਸਮਝਾਈਆ । ਕਲ ਕਲਕੀ ਲਏ ਅਵਤਾਰ, ਨਿਹਕਲੰਕ ਵਡੀ ਵਡਿਆਈਆ । ਜਿਸ ਨੂੰ ਜਨਮੇ ਜਣੇ ਨਾ ਕੋਈ ਵਿਚ ਸੰਸਾਰ, ਮਾਤ ਪਿਤ ਨਾ ਕੋਇ ਅਖਵਾਈਆ । ਜਿਸ ਦਾ ਗੋਬਿੰਦ ਸੁਤ ਦੁਲਾਰ, ਜੋਬਨਵੰਤਾ ਨਜ਼ਰੀ ਆਈਆ । ਜਿਸ ਦਾ ਖੰਡਾ ਸ਼ਬਦ ਕਟਾਰ, ਬ੍ਰਹਿਮੰਡਾਂ ਰਿਹਾ ਚਮਕਾਈਆ । ਜਿਸ ਦਾ ਹੁਕਮ ਚਲੇ ਜੁਗ ਚਾਰ, ਚੌਕੜੀ ਮੇਟੇ ਕੋਇ ਨਾ ਰਾਈਆ । ਸੋ ਖੇਲ ਕਰੇ ਅਪਾਰ, ਅਪਰੰਪਰ ਬੇਪਰਵਾਹੀਆ । ਪੂਰਬ ਲਹਿਣਾ ਸਭ ਦਾ ਦਏ ਨਿਵਾਰ, ਮਕਰੂਜ਼ ਕਰਜ਼ੇ ਦਏ ਚੁਕਾਈਆ । ਲੱਖ ਚੁਰਾਸੀ ਕਰ ਕੇ ਭਾਲ, ਭਗਤ ਸੁਹੇਲੇ ਲਏ ਉਠਾਈਆ । ਨਿਰਗੁਣ ਸਰਗੁਣ ਬਣੇ ਦਲਾਲ, ਸ਼ਬਦ ਵਿਚੋਲਾ ਨਜ਼ਰੀ ਆਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਦੀਵਾ ਬਾਤੀ ਇਕੋ ਬਾਲ, ਕਮਲਾਪਾਤੀ ਵੇਖ ਵਖਾਈਆ । ਆਤਮ ਪਰਮਾਤਮ ਵਸੇ ਨਾਲ, ਮਹਾਤਮ ਆਪਣਾ ਦਏ ਜਣਾਈਆ । ਚਾਰ ਜੁਗ ਦੀ ਆਸਾ ਸਭ ਦੀ ਰਖੇ ਨਾਲ, ਸੋਇਆ ਕੋਇ ਰਹਿਣ ਨਾ ਪਾਈਆ । ਸੋ ਵਕ਼ਤ ਸੁਹੰਜਣਾ ਹੋਏ ਦਿਹਾੜ, ਵਾਰ ਥਿਤ ਮਿਲੇ ਵਡਿਆਈਆ । ਦੱਸ ਕੇ ਗਏ ਗੁਰੂ ਅਵਤਾਰ, ਗੋਬਿੰਦ ਆਪਣੀ ਸ਼ਹਾਦਤ ਗਿਆ ਭੁਗਤਾਈਆ । ਜਿਸ ਵੇਲੇ ਵੀਹ ਸੌ ਇੱਕੀ ਬਿਕ੍ਰਮੀ ਆਵੇ ਵਿਚ ਸੰਸਾਰ, ਵਡ ਸੰਸਾਰੀ ਆਪਣਾ ਫੇਰਾ ਪਾਈਆ । ਹੁਕਮ ਸੰਦੇਸ਼ਾ ਦੇਵੇ ਇਕੋ ਵਾਰ, ਇਕ ਇਕੱਲਾ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੁਗ ਚੌਕੜੀ ਮੁਕਦਿਆਂ ਮੁਕਦਿਆਂ ਆ ਗਿਆ ਬੀਸ ਇਕੀਸ, ਵਜੇ ਸਚ ਵਧਾਈਆ । ਪਰਗਟ ਹੋ ਕੇ ਹਰਿ ਜਗਦੀਸ਼, ਜਗਦੀਸ਼ਰ ਖੇਲ ਵਖਾਈਆ । ਨਵ ਨੌਂ ਚਾਰ ਗਏ ਬੀਤ, ਆਪਣਾ ਪੰਧ ਮੁਕਾਈਆ । ਅਗੇ ਹੁਕਮ ਚਲਣਾ ਠੀਕ, ਧੁਰਦਰਗਾਹੀ ਆਪ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਬੈਠੇ ਹੋ ਅਤੀਤ, ਨਾਤਾ ਤ੍ਰੈਗੁਣ ਤੁੜਾਈਆ । ਓਹਨਾਂ ਦੀ ਪਿਛਲੀ ਵੇਖਣੀ ਵਸੀਅਤ, ਜੋ ਹੁਕਮੇਂ ਅੰਦਰ ਦਿਤੀ ਲਿਖਾਈਆ । ਜਿਸ ਦੇ ਅੰਦਰ ਸਭ ਦੀ ਇਕੋ ਵਲਦੀਅਤ, ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਓਸ ਨੇ ਦੱਸਣੀ ਸਚ ਅਸਲੀਅਤ, ਅਸਲ ਆਪਣਾ ਰੂਪ ਦਰਸਾਈਆ । ਦੋ ਜਹਾਨ ਬਿਨਾ ਪੁਰਖ ਅਕਾਲ ਕਿਸੇ ਦੀ ਨਹੀਂ

ਕੋਈ ਮਲਕੀਅਤ, ਮਾਲਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਵੇਖੇ ਕਰਦਾ, ਕੁਦਰਤ ਦਾ ਮਾਲਕ ਫੇਰਾ ਪਾਈਆ । ਹੁਕਮ ਸੰਦੇਸ਼ਾ ਇਕੋ ਘਲਦਾ, ਵੀਹ ਸੌ ਇੱਕੀ ਵਜੇ ਵਧਾਈਆ । ਜੋ ਮਾਲਕ ਨਿਹਚਲ ਧਾਮ ਅਟਲ ਦਾ, ਸਚਖੰਡ ਨਿਵਾਸੀ ਰਿਹਾ ਅਖਵਾਈਆ । ਉਹ ਲਹਿਣਾ ਦੇਣਾ ਜਾਣੇ ਘੜੀ ਪਲ ਦਾ, ਕੋਟਨ ਕੋਟ ਜੁਗ ਚੌਕੜੀ ਆਪਣੇ ਪਲਕ ਵਿਚ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਦ੍ਰਿੜਾਈਆ । ਧੁਰ ਫ਼ਰਮਾਣਾ ਦਏ ਸੰਦੇਸ਼, ਵੀਹ ਸੌ ਇੱਕੀ ਬਿਕ੍ਰਮੀ ਖ਼ੁਸ਼ੀ ਮਨਾਈਆ । ਦੋ ਜਹਾਨਾਂ ਨਰ ਨਰੇਸ਼, ਲੋਕਮਾਤ ਫੇਰਾ ਪਾਈਆ । ਵੇਖੋ ਵਸਿਆ ਸੰਬਲ ਦੇਸ, ਸਾਢੇ ਤਿੰਨ ਹੱਥ ਸੋਭਾ ਪਾਈਆ । ਜਿਸ ਦਾ ਰੂਪ ਰੰਗ ਨਾ ਕੋਇ ਰੇਖ, ਚਕਰ ਚਿਹਨ ਨਾ ਕੋਇ ਜਣਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਜੋਤ ਸਰੂਪੀ ਧਰ ਕੇ ਭੇਖ, ਅਛਲ ਛਲਧਾਰੀ ਆਪਣਾ ਫੇਰਾ ਪਾਈਆ । ਦੋ ਜਹਾਨਾਂ ਖੇਲੇ ਖੇਡ, ਬ੍ਰਹਿਮੰਡ ਖੰਡ ਕਾਰ ਕਮਾਈਆ । ਜ਼ਾਹਰ ਜ਼ਹੂਰ ਕਰ ਕੇ ਤੇਜ, ਜੋਤੀ ਜਲਵਾ ਕਰੇ ਰੁਸ਼ਨਾਈਆ । ਚਾਰ ਜੁਗ ਦਾ ਪਿਛਲਾ ਵੇਖੇ ਲੇਖ, ਜੋ ਕਾਤਬ ਕ਼ਲਮ ਨਾਲ ਗਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਰਿਸਤ ਸਭ ਦੀ ਰਿਹਾ ਕਢਾਈਆ । ਚਾਰ ਜੁਗ ਦਾ ਵੇਖ ਹਿਸਾਬ, ਹਰਿ ਕਰਤਾ ਖ਼ੁਸ਼ੀ ਮਨਾਇੰਦਾ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਯਾਦ, ਯਾਦਾਸ਼ਤ ਸਭ ਦੀ ਆਪਣੇ ਵਿਚ ਰਖਾਇੰਦਾ । ਓਹਨਾਂ ਦਾ ਲੇਖਾ ਵੇਖ ਕੇ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਦੱਸ ਕੇ ਗਏ ਰਾਜ਼, ਭੇਵ ਅਭੇਦਾ ਆਪ ਸਮਝਾਇੰਦਾ । ਨਿਤ ਨਵਿਤ ਪ੍ਰੇਮ ਪ੍ਰੀਤੀ ਅੰਦਰ ਜੋ ਰਖ ਕੇ ਗਏ ਆਸ, ਆਸਾ ਮਨਸਾ ਵੇਖ ਵਖਾਇੰਦਾ । ਗਹਿਰ ਗੰਭੀਰ ਸਰਬ ਗੁਣਤਾਸ, ਬੇਅੰਤ ਦਇਆ ਕਮਾਇੰਦਾ । ਨੌਂ ਸੌ ਚੁਰਾਨਵੇ ਜੁਗ ਪਿੱਛੋਂ ਸੁਹੰਜਣੀ ਰੁਤ ਆਈ ਛੱਬੀ ਪੋਹ ਦੀ ਰਾਤ, ਰੁਤੜੀ ਆਪਣੀ ਲਏ ਬਦਲਾਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਚੁਕਾਈਆ । ਛੱਬੀ ਪੋਹ ਦੀ ਰਾਤ ਆਈ ਜਗ, ਵੀਹ ਸੌ ਇੱਕੀ ਬਿਕ੍ਰਮੀ ਖ਼ੁਸ਼ੀ ਮਨਾਈਆ । ਨੇਤਰ ਰੋ ਕੇ ਕਹੇ ਪ੍ਰਭੂ ਗੁਰ ਅਵਤਾਰ ਪੈਗ਼ੰਬਰ ਸਾਰੇ ਸੱਦ, ਹੁਕਮ ਸੰਦੇਸ਼ਾ ਇਕ ਸੁਣਾਈਆ । ਸਚਖੰਡ ਦਵਾਰੇ ਖੁਲ੍ਹੇ ਓਹਨਾਂ ਦੀ ਅੱਖ, ਆਲਸ ਨਜ਼ਰ ਕੋਇ ਨਾ ਆਈਆ । ਤੇਰਾ ਵੇਖਣ ਖੇਲ ਪਰਤਖ, ਸਾਖ਼ਿਆਤ ਬੇਪਰਵਾਹੀਆ । ਦੂਰ ਦੁਰਾਡੇ ਨੇੜੇ ਆਵਣ ਭੱਜ, ਬਣ ਕੇ ਪਾਂਧੀ ਰਾਹੀਆ । ਸਚ ਦਵਾਰੇ ਜਾਵਣ ਸਜ, ਚਰਨ ਕਵਲ ਖ਼ੁਸ਼ੀ ਮਨਾਈਆ । ਵੇਖ ਪ੍ਰਭੂ ਸਦੀ ਵੀਹਵੀਂ ਰਹੀ ਲੰਘ, ਮੁਹੰਮਦ ਕਹੇ ਚੌਧਵੀਂ ਦਏ ਦੁਹਾਈਆ । ਚਾਰੋਂ ਕੁੰਟ ਅੰਧੇਰਾ ਅੰਧ, ਸਾਚਾ ਚੰਦ ਨਾ ਕੋਇ ਚਮਕਾਈਆ । ਸੁਰਤੀ ਸਭ ਦੀ ਹੋਈ ਰੰਡ, ਸ਼ਬਦੀ ਕੰਤ ਨਾ ਕੋਇ ਹੰਢਾਈਆ । ਨਾਮ ਚਿੱਲਾ ਖਿੱਚੇ ਨਾ ਕੋਈ ਕਮੰਦ, ਧਨੁਸ਼ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖੇ ਦੇ ਮੁਕਾਈਆ । ਰੈਣ ਕਹੇ ਪ੍ਰਭ ਤੇਰਾ ਲੇਖਾ ਲਹਿਣਾ, ਮੈਨੂੰ ਪਿਛਲਾ ਨਜ਼ਰੀ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਮੰਨ ਕੇ ਕਹਿਣਾ, ਤੂੰ ਆਇਓਂ ਨਿਰਗੁਣ ਹੋ ਕੇ ਵੇਸ ਵਟਾਈਆ । ਭਗਤ ਸੁਹੇਲੇ ਹੋ ਕੇ ਬਹਿਣਾ, ਭਗਵਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣਾ ਇਕ ਦਰਸਾਈਆ । ਛੱਬੀ ਪੋਹ ਦੀ

੧੫੦

ਰਾਤ ਕਹੇ ਸੁਣ ਮੇਰੇ ਠਾਕਰ, ਠੋਕਰ ਸਭ ਨੂੰ ਦੇ ਲਗਾਈਆ । ਤੇਰੇ ਦਰ ਦੇ ਬਰਦੇ ਬਣਨ ਚਾਕਰ, ਚਕਰਵਰਤੀ ਭੱਜਣ ਵਾਹੋ ਦਾਹੀਆ । ਤੇਰੇ ਚਰਨ ਕਵਲਾਂ ਵਿਚ ਝੁਕ ਕੇ ਕਰਨ ਸੱਚੇ ਆਦਰ, ਆਦਰਸ਼ ਆਪਣਾ ਦੇ ਵਖਾਈਆ । ਤੂੰ ਜੋਧਾ ਸੂਰਬੀਰ ਬਹਾਦਰ, ਬਲ ਆਪਣਾ ਇਕ ਵਖਾਈਆ । ਤੂੰ ਰਹਿਮਤਾਂ ਦਾ ਕ਼ਾਦਰ, ਕ਼ੁਦਰਤਾਂ ਦਾ ਸਾਬਰ, ਅਦਲ ਇਕੋ ਇਕ ਕਮਾਈਆ । ਕੂੜੀ ਕਿਰਿਆ ਕਰ ਕ਼ਤਲ, ਮਕ਼ਤੂਲ ਲੇਖੇ ਦੇ ਚੁਕਾਈਆ । ਤੂੰ ਪਿਆਰ ਮੁਹੱਬਤ ਦਾ ਫ਼ਾਜ਼ਲ, ਕਿਉਂ ਸਦੀ ਵੀਹਵੀਂ ਹੋਇਆਂ ਗ਼ਾਫ਼ਲ, ਗ਼ਫ਼ਲਤ ਸਭ ਦੀ ਦੇ ਮਿਟਾਈਆ । ਈਸਾ ਮੂਸਾ ਮੁਹੰਮਦ ਤੇਰਾ ਕਰਕੇ ਗਏ ਤੁਆਰਫ਼, ਸਦੀ ਚੌਧਵੀਂ ਮੰਨ ਸਿਫ਼ਾਰਸ਼, ਖ਼ਾਲਸ ਆਪਣਾ ਨੂਰ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਝੋਲੀ ਪਾਈਆ । ਛੱਬੀ ਪੋਹ ਕਹੇ ਮੇਰੇ ਗਹਿਰ ਗੰਭੀਰ, ਉਠ ਨਿਰਗੁਣ ਲੈ ਅੰਗੜਾਈਆ । ਤੇਰੇ ਹੱਥ ਮੇਰੀ ਤਕ਼ਦੀਰ, ਤਕ਼ਸੀਰ ਦੇ ਬਦਲਾਈਆ । ਨੇਤਰ ਖੋਲ੍ਹ ਗੁਰੂ ਅਵਤਾਰ ਪੀਰ, ਪੈਗ਼ੰਬਰ ਆਪਣਾ ਹੁਕਮ ਵਰਤਾਈਆ । ਕੂੜੀ ਕਿਰਿਆ ਕਰ ਅਖ਼ੀਰ, ਆਖ਼ਰ ਆਪਣਾ ਹੁਕਮ ਮਨਾਈਆ । ਕੂੜੀ ਸ਼ਰਅ ਕਟ ਜ਼ੰਜੀਰ, ਤੰਦ ਰਹਿਣ ਕੋਇ ਨਾ ਪਾਈਆ । ਝਗੜਾ ਚੁਕ ਜਾਏ ਗ਼ਰੀਬ ਅਮੀਰ, ਬੇਨਜ਼ੀਰ ਹੋ ਸਹਾਈਆ । ਆਪਣੀ ਦੱਸ ਸਚ ਤਸਵੀਰ, ਲੇਖਾ ਚੁਕੇ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਛੱਬੀ ਪੋਹ ਕਹੇ ਮੈਨੂੰ ਯਾਦ ਆਇਆ ਪਿਛਲਾ ਚੇਤਾ, ਚੇਤਾਵਨੀ ਨਾਲ ਦਿਆਂ ਜਣਾਈਆ । ਗੋਬਿੰਦ ਕਹਿ ਕੇ ਗਿਆ ਮੇਰਾ ਪੁਰਖ ਅਕਾਲ ਆਵੇ ਇਕੋ ਨੇਤਾ, ਮਾਲਕ ਦੋ ਜਹਾਨ ਅਖਵਾਈਆ । ਗੁਰ ਅਵਤਾਰਾਂ ਦਾ ਚੁਕਾਏ ਲੋਕਮਾਤੀ ਠੇਕਾ, ਪੈਗ਼ੰਬਰਾਂ ਮੂਲ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇ ਸਰਨਾਈਆ । ਛੱਬੀ ਪੋਹ ਕਹੇ ਮੈਂ ਆ ਗਈ ਮਾਤ, ਆਪਣਾ ਫੇਰਾ ਪਾਈਆ । ਸੋ ਪੁਰਖ ਨਿਰੰਜਣ ਦੇ ਦੇ ਦਾਤ, ਧੁਰ ਦੀ ਵਸਤ ਇਕ ਵਰਤਾਈਆ । ਹਰਿ ਪੁਰਖ ਨਿਰੰਜਣ ਹੋ ਜਾ ਸਾਥ, ਸਗਲਾ ਸੰਗ ਬਣਾਈਆ । ਏਕੰਕਾਰ ਪੁਛ ਵਾਤ, ਕਿਉਂ ਬੈਠਾ ਮੈਨੂੰ ਭੁਲਾਈਆ । ਆਦਿ ਨਿਰੰਜਣ ਕਰ ਪਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਅਬਿਨਾਸ਼ੀ ਕਰਤੇ ਸਾਚਾ ਜੋੜ ਨਾਤ, ਚਰਨ ਮਿਲੇ ਸਰਨਾਈਆ । ਸ੍ਰੀ ਭਗਵਾਨ ਸੁਣਾ ਗਾਥ, ਢੋਲਾ ਬੇਪਰਵਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਬਣ ਕੇ ਮਾਈ ਬਾਪ, ਗੋਦੀ ਆਪਣੀ ਲੈ ਉਠਾਈਆ । ਜੁਗ ਚੌਕੜੀ ਦਾ ਲੇਖਾ ਮੈਨੂੰ ਯਾਦ, ਵੇਦ ਵਿਆਸਾ ਦਏ ਗਵਾਹੀਆ । ਮੂਸਾ ਹੁਕਮੇਂ ਅੰਦਰ ਮੰਨ ਕੇ ਗਿਆ ਪਾਕ, ਪਰਵਰਦਿਗਾਰ ਨੂਰ ਖ਼ੁਦਾਈਆ । ਈਸੇ ਕਿਹਾ ਮੇਰਾ ਆਵੇ ਬਾਪ, ਮੇਰੇ ਪਿੱਛੇ ਫੇਰਾ ਪਾਈਆ । ਮੁਹੰਮਦ ਕਿਹਾ ਮੇਰਾ ਅਮਾਮ ਵੱਡਾ ਸਾਕ, ਸੱਜਣ ਨੂਰ ਖ਼ੁਦਾਈਆ । ਨਾਨਕ ਕਿਹਾ ਨਿਰਗੁਣ ਨਿਰਵੈਰ ਆਵੇ ਆਪ, ਕਲ ਕਲਕੀ ਫੇਰਾ ਪਾਈਆ । ਗੋਬਿੰਦ ਕਿਹਾ ਪਰਗਟ ਹੋਵੇ ਸਾਖ਼ਿਆਤ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਸ਼ਬਦ ਇਕੋ ਵਜਣਾ ਨਾਦ, ਮੁਰਲੀਆਂ ਵਾਲਾ ਰਹਿਣ ਕੋਇ ਨਾ ਪਾਈਆ । ਦੋ ਜਹਾਨ ਜਿਸ ਨੇ ਖੋਲ੍ਹਣਾ ਰਾਜ਼, ਪਰਦਾ ਆਪ ਉਠਾਈਆ । ਸਚਖੰਡ ਦਾ ਸਚ ਰਿਵਾਜ, ਲੋਕਮਾਤ ਚਲਾਈਆ । ਪੰਚਮ ਮੁਖ ਦਾ ਰਖ ਤਾਜ, ਕਲਗੀ ਤੋੜੇ ਦਏ ਵਡਿਆਈਆ । ਨਾਮ ਸੰਦੇਸ਼ਾ ਬੋਧ ਅਗਾਧ, ਅਗੰਮੀ ਕਰੇ ਪੜ੍ਹਾਈਆ । ਸਤਿ ਸਤਿਵਾਦੀ ਸਾਚੀ ਧਾਰਾ ਲਾਵੇ ਮਾਤ, ਲੋਕ ਪਰਲੋਕ ਹੁਕਮ ਸੁਣਾਈਆ । ਭਗਤ ਸੁਹੇਲੇ ਰਖ ਕੇ ਸਾਥ, ਸੰਤ ਸੱਜਣ ਲਏ ਮਨਾਈਆ । ਗੁਰਮੁਖਾਂ ਪੁੱਛੇ ਵਾਤ, ਗੁਰਸਿੱਖਾਂ

ਗੋਦ ਉਠਾਈਆ । ਕੂੜੀ ਕਿਰਿਆ ਝੋਲੀ ਜਾਵੇ ਪਾਟ, ਓਢਣ ਸੀਸ ਰਹਿਣ ਨਾ ਪਾਈਆ । ਕਲਮਿਆਂ ਵਾਲੀ ਨਾ ਰਹੇ ਜਮਾਤ, ਨਾਮਾਂ ਵਾਲੀ ਨਾ ਰਹੇ ਸੁਗ਼ਾਤ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਅੱਖਰਾਂ ਵਾਲੀ ਨਾ ਰਹੇ ਲੁਗਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵਰਤਾਈਆ । ਛੱਬੀ ਪੋਹ ਕਹੇ ਪ੍ਰਭ ਲਾ ਦੇ ਛਹਿਬਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਤੂੰ ਨਿਰਗੁਣ ਦਾਤਾ ਸਭ ਦਾ ਰਹਿਬਰ, ਤੇਰੀ ਰਹਿਮਤ ਬੇਪਰਵਾਹੀਆ । ਤੈਨੂੰ ਝੁਕਦੇ ਵੇਖੇ ਮੁਹੰਮਦ ਅਹਿਮਦ, ਵਲੀਆਂ ਦੇ ਵਲੀ ਤੇਰੀ ਵਡਿਆਈਆ । ਗੁਰ ਅਵਤਾਰ ਤੇਰੇ ਨਾਲ ਹੋਏ ਸਹਿਮਤ, ਜੁਗ ਜੁਗ ਸਿਮਤਾਂ ਵਿਚ ਫੇਰਾ ਪਾਈਆ । ਤੇਰੇ ਨਾਮ ਕਰਕੇ ਮਿਹਨਤ, ਮਿਹਨਤ ਕਰ ਕੇ ਗਏ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਛੱਬੀ ਪੋਹ ਕਹੇ ਮੈਨੂੰ ਯਾਦ ਆਈ ਕਹਾਣੀ ਬੀਤੀ, ਦੇਵਾਂ ਸਚ ਸੁਣਾਈਆ । ਤੇਰੀ ਜੁਗ ਚੌਕੜੀ ਪਿਛਲੀ ਰੀਤੀ, ਰੀਤੀਵਾਨ ਦਿਆਂ ਸਮਝਾਈਆ । ਤੇਰਾ ਲੇਖਾ ਵੇਖਿਆ ਸਦੀ ਚੌਧਵੀਂ ਮੰਦਰ ਮਸੀਤੀ, ਸ਼ਿਵਦਵਾਲੇ ਮਠ ਖੋਜ ਖੁਜਾਈਆ । ਪ੍ਰਭੂ ਤੇਰੇ ਨਾਲ ਕਿਸੇ ਦੀ ਲਗੀ ਨਹੀਂ ਪ੍ਰੀਤੀ, ਜਗਤ ਯਰਾਨੇ ਰਹੇ ਹੰਢਾਈਆ । ਸਾਧਾਂ ਸੰਤਾਂ ਸਾਫ਼ ਰਹੀ ਨਾ ਨੀਤੀ, ਧੀਰਜ ਯਤਿ ਸੰਤੋਖ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਤੇਰੇ ਇਕ ਅਰਜ਼ੋਈਆ । ਛੱਬੀ ਪੋਹ ਕਹੇ ਮੇਰੀ ਅਰਜ਼ੋਈ ਅਰਜ਼, ਆਰਜ਼ੂ ਇਕ ਸੁਣਾਈਆ । ਪੂਰਾ ਕਰ ਆਪਣਾ ਫ਼ਰਜ਼, ਕਿਉਂ ਬੈਠਾ ਮੁਖ ਛੁਪਾਈਆ । ਪਿਛਲਾ ਗੋਬਿੰਦ ਦਾ ਤੇਰੇ ਸਿਰ ਕਰਜ਼, ਲੇਖਾ ਦੇ ਚੁਕਾਈਆ । ਤੇਰਾ ਕੁਛ ਨਹੀਂ ਹੁੰਦਾ ਹਰਜ, ਬੇਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਭਿੰਨੜੀ ਰੈਣ ਦਏ ਵਡਿਆਈਆ । ਜੁਗ ਚੌਕੜੀ ਪਿੱਛੋਂ ਹੋਇਆ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੈਗ਼ੰਬਰ ਜੋ ਦੇ ਕੇ ਗਏ ਪੈਗ਼ਾਮ, ਕਲਮਿਆਂ ਵਿਚ ਬੰਦ ਕਰਾਈਆ । ਨਿਉਂ ਨਿਉਂ ਮੰਗਦੇ ਗਏ ਦਾਨ, ਖ਼ਾਲੀ ਝੋਲੀਆਂ ਅਗੇ ਡਾਹੀਆ । ਸਦੀ ਵੀਹਵੀਂ ਮੇਰੇ ਸਿਰ ਕਰਦੇ ਗਏ ਅਹਿਸਾਨ, ਆਪਣਾ ਅਹਿਸਾਨ ਚੜ੍ਹਾਈਆ । ਜਿਸ ਵੇਲੇ ਆਵੇ ਸ੍ਰੀ ਭਗਵਾਨ ਲੇਖੇ ਸਭ ਦੇ ਦਏ ਮੁਕਾਈਆ । ਸ਼ਰਅ ਲੜੇ ਨਾ ਕੋਇ ਸ਼ੈਤਾਨ, ਸ਼ਰੀਅਤ ਨਾ ਕੋਇ ਚਤੁਰਾਈਆ । ਦੀਨ ਮਜ਼੍ਹਬ ਨਾ ਕੋਈ ਆਣ, ਦੂਜਾ ਹੁਕਮ ਨਾ ਕੋਇ ਮਨਾਈਆ । ਇਕੋ ਹੁਕਮ ਇਕ ਫ਼ਰਮਾਣ, ਇਕੋ ਹਾਕਮ ਦਏ ਸੁਣਾਈਆ । ਇਕ ਗੋਬਿੰਦ ਲੇਖਾ ਲਿਖ ਕੇ ਗਿਆ ਮਹਾਨ, ਸ੍ਰਿਸ਼ਟ ਸਬਾਈ ਭੇਵ ਚੁਕਾਈਆ । ਸਾਚੀ ਸਿੱਖੀ ਲੋਕਮਾਤ ਹੋਣੀ ਪਰਧਾਨ, ਚਾਰ ਵਰਨਾਂ ਰੰਗ ਚੜ੍ਹਾਈਆ । ਜਿਨ੍ਹਾਂ ਦਾ ਪੁਰਖ ਅਕਾਲ ਇਸ਼ਟ ਈਮਾਨ, ਦੂਜਾ ਗੁਰਦੇਵ ਨਜ਼ਰ ਕੋਇ ਨਾ ਆਈਆ । ਤੀਰਥ ਤਟ ਮੂਲ ਨਾ ਜਾਣ, ਸਰ ਸਰੋਵਰ ਨਾ ਕੋਇ ਨਹਾਈਆ । ਨਾਤਾ ਤੋੜ ਕੇ ਸ਼ਾਸਤਰ ਸਿਮਰਤ ਵੇਦ ਪੁਰਾਨ, ਇਕੋ ਪੁਰਖ ਅਕਾਲ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਹੋਏ ਸਹਾਈਆ । ਭਿੰਨੜੀ ਰੈਣ ਕਹੇ ਕਿਉਂ ਹੋਇਆ ਪ੍ਰਭੂ ਚੁਪ, ਖ਼ਾਮੋਸ਼ੀ ਵਿਚ ਸਮਾਈਆ । ਉਠ ਵੇਖ ਅੰਧੇਰਾ ਘੁੱਪ, ਚਾਰ ਵਰਨ ਨਾ ਕੋਇ ਰੁਸ਼ਨਾਈਆ । ਦੀਨ ਦਿਆਲ ਹੋ ਕੇ ਤੁਠ, ਮਿਹਰ ਨਜ਼ਰ ਉਠਾਈਆ । ਆਪਣੇ ਭਗਤਾਂ ਆਪੇ ਪੁੱਛ, ਜੋ ਤੈਨੂੰ ਰਹੇ ਧਿਆਈਆ । ਕਿਉਂ ਨਿਰਗੁਣ ਹੋ ਕੇ ਬੈਠਾ ਲੁਕ, ਸਾਖ਼ਿਆਤ ਰੂਪ ਧਰਾਈਆ । ਕਲਜੁਗ ਪੈਂਡਾ ਜਾਏ ਮੁਕ, ਸਤਿਜੁਗ ਸਾਚੇ ਦੇ ਵਡਿਆਈਆ । ਗੋਬਿੰਦ ਵੇਖ

ਦੁਲਾਰਾ ਸੁਤ, ਪਿਤਾ ਪੂਤ ਜੋੜ ਜੁੜਾਈਆ । ਜਿਸ ਦੇ ਨਾਲ ਮੌਲੇ ਤੇਰੀ ਰੁਤ, ਸੁਹੰਜਣੀ ਰੈਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦੇ ਵਖਾਈਆ । ਭਿੰਨੜੀ ਰੈਣ ਕਹੇ ਪ੍ਰਭ ਵੇਖ ਆਪਣੇ ਭਗਤ, ਭਉ ਆਪਣਾ ਦੇ ਜਣਾਈਆ । ਜਿਨ੍ਹਾਂ ਵਿਛੋੜਾ ਆਇਆ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਸਚ ਦਵਾਰੇ ਕਰ ਤਰਸ, ਦੀਦਾਰ ਆਪਣਾ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਅਭੇਵ ਆਪ ਖੁਲ੍ਹਾਈਆ । ਪੁਰਖ ਅਬਿਨਾਸ਼ੀ ਆਪ ਸੁਣੌਂਦਾ ਏ । ਭਿੰਨੜੀ ਰੈਣ ਆਪ ਸਮਝੌਂਦਾ ਏ । ਜਿਸ ਦਾ ਲਹਿਣਾ ਦੇਣਾ ਓਹੋ ਮੂਲ ਚੁਕੌਂਦਾ ਏ । ਸਚ ਸੰਦੇਸ਼ਾ ਆਇਆ ਕਹਿਣ, ਸ਼ਬਦੀ ਢੋਲਾ ਰਾਗ ਅਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮੌਂਦਾ ਏ । ਸਚ ਕਰਨੀ ਕਾਰ ਕਮਾਵਾਂਗਾ । ਛੱਬੀ ਪੋਹ ਤੇਰੀ ਰੁਤ ਸੁਹਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਕੇ ਆਪਣੀ ਸੋ, ਸਚਖੰਡ ਦਵਾਰੇ ਆਪ ਉਠਾਵਾਂਗਾ । ਜਿਸ ਜਗਤ ਵਿਚੋਂ ਹੋ ਕੇ ਗਏ ਨਿਰਮੋਹ, ਮੁਹੱਬਤ ਉਸੇ ਨਾਲ ਜੁੜਾਵਾਂਗਾ । ਨਿਰਗੁਣ ਜੋਤੀ ਕਰ ਕੇ ਲੋ, ਪਰਕਾਸ਼ ਇਕ ਪਰਗਟਾਵਾਂਗਾ । ਭਗਤਾਂ ਮੀਤਾ ਆਪੇ ਹੋ, ਭਗਵਨ ਹੋ ਕੇ ਖੇਲ ਖਿਲਾਵਾਂਗਾ । ਜੋ ਵਿਛੋੜੇ ਅੰਦਰ ਰਹੇ ਰੋ, ਤਿਨ੍ਹਾਂ ਆਪਣਾ ਰੰਗ ਰੰਗਾਵਾਂਗਾ । ਦੋ ਜਹਾਨਾਂ ਢੋਆ ਢੋ, ਵਸਤ ਅਮੋਲਕ ਝੋਲੀ ਪਾਵਾਂਗਾ । ਚਾਰ ਜੁਗ ਦੀ ਪਿਛਲੀ ਵਸਤ ਖੋਹ, ਖ਼ਾਲੀ ਹੱਥ ਸਰਬ ਫਿਰਾਵਾਂਗਾ । ਸਾਚੇ ਭਗਤਾਂ ਨਾਲ ਕਰੇ ਨਾ ਕੋਈ ਧਰੋ, ਦਰੋਹੀ ਆਪਣਾ ਨਾਮ ਜਣਾਵਾਂਗਾ । ਸਤਿਜੁਗ ਨਿਸ਼ਾਨੀ ਰਹਿ ਜਾਏ ਛੱਬੀ ਪੋਹ, ਵਦੀ ਸੁਦੀ ਉਹਨਾਂ ਨਾਲ ਮਿਲਾਵਾਂਗਾ । ਮੈਂ ਇਕ ਦਾ ਇਕ ਦੋਹਾਂ ਦਾ ਦੋ, ਦੋਹਾਂ ਦਾ ਇਕ ਆਪਣਾ ਨੂਰ ਚਮਕਾਵਾਂਗਾ । ਜਿਸ ਦੇ ਨਾਲ ਪਰਮਾਤਮ ਹੋ ਕੇ ਗਿਆ ਛੋਹ, ਉਸ ਦੀ ਆਤਮ ਆਪਣੇ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਵਾਂਗਾ । ਧੁਰ ਦਾ ਹੁਕਮ ਇਕ ਮਨਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਵਾਂਗਾ । ਸੁਰਪਤ ਇੰਦ ਅੱਖ ਖੁਲ੍ਹਾਵਾਂਗਾ । ਕਰੋੜ ਤੇਤੀਸਾ ਫੜ ਹਿਲਾਵਾਂਗਾ । ਤ੍ਰੈਗੁਣ ਮਾਇਆ ਨਾਲ ਰਲਾਵਾਂਗਾ । ਪੰਜ ਤੱਤ ਪਰਦਾ ਆਪ ਉਠਾਵਾਂਗਾ । ਆਸਾ ਮਨਸਾ ਖੋਜ ਖੁਜਾਵਾਂਗਾ । ਮਨ ਮਤਿ ਬੁਧਿ ਆਪ ਸਮਝਾਵਾਂਗਾ । ਸਾਚੇ ਅਸਵ ਬਹਿ ਕੇ ਕੁਦ, ਦੋ ਜਹਾਨਾਂ ਪੰਧ ਮੁਕਾਵਾਂਗਾ । ਗੋਬਿੰਦ ਹੁਣ ਕਰਨਾ ਪਏ ਨਾ ਯੁੱਧ, ਸ਼ਬਦ ਧਾਰ ਇਕ ਵਖਾਵਾਂਗਾ । ਲੋਕਮਾਤ ਰਹੇ ਨਾ ਕੋਈ ਲੁਕ, ਪੜਦਾ ਸਚਾ ਆਪ ਚੁਕਾਵਾਂਗਾ । ਪੀਰ ਪੈਗ਼ੰਬਰਾਂ ਪੈਂਡਾ ਜਾਏ ਮੁਕ, ਸਦੀ ਚੌਧਵੀਂ ਆਪਣੇ ਲੇਖੇ ਲਾਵਾਂਗਾ । ਜੋ ਭਗਤ ਸੁਹੇਲੇ ਗਏ ਰੁੱਸ, ਫੜ ਬਾਹੋਂ ਗਲੇ ਲਗਾਵਾਂਗਾ । ਜਿਹੜੇ ਇਸ ਨਿਸ਼ਾਨਿਉਂ ਗਏ ਉਕ, ਉਹਨਾਂ ਲੱਖ ਚੁਰਾਸੀ ਵਿਚ ਭੁਆਵਾਂਗਾ । ਗੇੜਾ ਕਦੀ ਨਾ ਜਾਵੇ ਮੁਕ, ਮਾਤ ਗਰਭ ਵਿਚ ਟਿਕਾਵਾਂਗਾ । ਲੇਖਾ ਕਦੀ ਨਾ ਜਾਵੇ ਛੁਟ, ਬੰਧਨ ਕੂੜਾ ਇਕੋ ਪਾਵਾਂਗਾ । ਜਿਨ੍ਹਾਂ ਨੂੰ ਗੋਬਿੰਦ ਬਣਾਇਆ ਪੁਤ, ਉਹਨਾਂ ਨੂੰ ਆਪਣੀ ਗੋਦ ਬਹਾਵਾਂਗਾ । ਉਜਲ ਕਰ ਕੇ ਸਾਚਾ ਮੁਖ, ਜਨਮ ਜਨਮ ਦਾ ਰੋਗ ਗਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਕ਼ਤ ਆਪ ਸੁਹਾਵਾਂਗਾ । ਸਾਚਾ ਵਕਤ ਸਚ ਸੁਹਾਵਾਂਗਾ । ਕਲ ਕਲਕੀ ਆਪ ਅਖਵਾਵਾਂਗਾ । ਸਾਚਾ ਡੰਕਾ ਸ਼ਬਦ ਵਜਾਵਾਂਗਾ । ਰਾਓ ਰੰਕਾਂ ਆਪ ਉਠਾਵਾਂਗਾ । ਦਵਾਰ ਬੰਕਾ ਇਕ ਸੁਹਾਵਾਂਗਾ । ਜੋਤੀ ਤਨਕਾ ਸ਼ਬਦ ਲਗਾਵਾਂਗਾ । ਜਨ ਭਗਤਾਂ ਮਨ ਦਾ ਫੇਰ ਕੇ ਮਣਕਾ, ਮਨੋਂ ਕਾਮਨਾ

ਪੂਰ ਕਰਾਵਾਂਗਾ । ਭੇਵ ਖੁਲ੍ਹਾ ਕੇ ਸਾਢੇ ਤਿੰਨ ਹੱਥ ਤਨ ਕਾ, ਤੰਦ ਸਤਾਰ ਇਕ ਹਿਲਾਵਾਂਗਾ । ਭਾਂਡਾ ਕੂੜੀ ਕਿਰਿਆ ਭੰਨ ਕੇ ਭਰਮ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਵਾਂਗਾ । ਛੱਬੀ ਪੋਹ ਕਹੇ ਪ੍ਰਭ ਹੁਣ ਲੈ ਸੱਦ, ਗੁਰ ਅਵਤਾਰ ਆਪਣੇ ਦਰ ਬੁਲਾਈਆ । ਜਿਥੇ ਭਗਤ ਸੁਹੇਲੇ ਰਹੇ ਸਜ, ਤਖ਼ਤ ਨਿਵਾਸੀ ਤੇਰੀ ਮਿਲੀ ਸਰਨਾਈਆ । ਲੇਖਾ ਮੁਕਿਆ ਮੱਕੇ ਕਾਅਬੇ ਹੱਜ, ਹੁਜਰਾ ਹਕ ਦਿਤਾ ਵਖਾਈਆ । ਮੰਦਰ ਮੁਨਾਰੇ ਬੈਠੇ ਤਜ, ਸਜਦਾ ਇਕੋ ਇਕ ਕਰਾਈਆ । ਨਗ਼ਮਾ ਨਾਮ ਸੁਣ ਕੇ ਨਦ, ਸਦਮਾ ਪਿਛਲਾ ਰਹੇ ਚੁਕਾਈਆ । ਆਬੇਹਯਾਤ ਪੀ ਕੇ ਮਦਿ, ਅੰਮ੍ਰਿਤ ਰਸ ਮੁਖ ਚਵਾਈਆ । ਸਾਚੀ ਸੇਜਾ ਚੜ੍ਹੇ ਭਜ, ਸਿੰਘਾਸਣ ਇਕੋ ਡੇਰਾ ਲਾਈਆ । ਤੇਰਾ ਦਰਸ ਕਰਨ ਰਜ, ਤ੍ਰਿਸ਼ਨਾ ਤ੍ਰਿਖਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੈਗ਼ੰਬਰ ਲਏ ਬੁਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਖਾਲ ਆਪਣਾ ਘਰ, ਘਰੋਗੀ ਪਰਦਾ ਦੇ ਉਠਾਈਆ । ਪਿਛਲਾ ਪੂਰਾ ਕਰਦੇ ਵਰ, ਵਾਰਤਾ ਅਗਲੀ ਦੇ ਜਣਾਈਆ । ਨਿਰਭਉ ਚੁਕਾ ਦੇ ਡਰ, ਭੈ ਡਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੁਰਖ ਅਬਿਨਾਸ਼ੀ ਆਇਆ ਇਕ ਵੈਰਾਗ, ਪ੍ਰੇਮ ਵਿਚ ਬਿਗਸਾਈਆ । ਹੁਕਮ ਦੇਵੇ ਗ਼ਰੀਬ ਨਿਵਾਜ਼, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਾਓ ਜਾਗ, ਬਿਨ ਅੱਖਾਂ ਅੱਖ ਖੁਲ੍ਹਾਈਆ । ਲੋਕਮਾਤ ਵੇਖੋ ਲੱਗਾ ਭਾਗ, ਭਗਤ ਦਵਾਰ ਵਜੀ ਵਧਾਈਆ । ਜਿਥੇ ਬੈਠਾ ਸ਼ਹਿਨਸ਼ਾਹ ਆਪ, ਨਿਰਗੁਣ ਦਾਤਾ ਬੇਪਰਵਾਹੀਆ । ਰੂਹ ਬੁਤ ਜਨ ਭਗਤਾਂ ਦੋਹਾਂ ਕਰੇ ਪਾਕ, ਪਤਿਤ ਪੁਨੀਤ ਦਏ ਬਣਾਈਆ । ਨਾਮ ਭੰਡਾਰਾ ਦੇ ਕੇ ਦਾਤ, ਖ਼ਾਲੀ ਝੋਲੀ ਰਿਹਾ ਭਰਾਈਆ । ਮੇਲ ਮਿਲਾ ਕੇ ਸਾਚੀ ਰਾਤ, ਰੈਣ ਖ਼ੁਸ਼ੀ ਵਖਾਈਆ । ਚਾਰ ਵਰਨ ਦੀ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਅੰਦਰ ਬਾਹਰ ਗੁਪਤ ਜ਼ਾਹਰ ਹੋ ਕੇ ਸਦਾ ਸਾਥ, ਬਾਤਨ ਆਪਣੀ ਸੇਵ ਕਮਾਈਆ । ਲਹਿਣਾ ਦੇਣਾ ਚੁਕਾ ਕੇ ਮਸਤਕ ਮਾਥ, ਪੂਜਾ ਪਾਠ ਇਕੋ ਇਕ ਸਮਝਾਈਆ । ਪੁਰਖ ਅਕਾਲ ਸਭ ਨੇ ਮੰਨਣਾ ਬਾਪ, ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਜੋੜ ਕੇ ਨਾਤ, ਬਿਧਾਤਾ ਆਪਣੀ ਗੰਢ ਪੁਆਈਆ । ਉਠ ਕੇ ਚਲੋ ਵੇਖੋ ਖੇਲ ਤਮਾਸ਼, ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਇਕੱਠੇ, ਸਚਖੰਡ ਸਾਚੇ ਲੈਣ ਅੰਗੜਾਈਆ । ਚਲੋ ਵੇਖੀਏ ਪੁਰਖ ਸਮਰਥੇ, ਜੋ ਬੈਠਾ ਵੇਸ ਵਟਾਈਆ । ਭਗਤ ਸੁਹੇਲਾ ਭਗਤਾਂ ਪੈਜ ਰੱਖੇ, ਸਿਰ ਆਪਣਾ ਹੱਥ ਟਿਕਾਈਆ । ਜਿਨ੍ਹਾਂ ਨੇ ਮੰਦਰ ਮਸਜਿਦ ਸ਼ਿਵਦਵਾਲੇ ਸਾਰੇ ਛੱਡੇ, ਭਗਤ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਇਕੋ ਪ੍ਰੇਮ ਪਿਆਰ ਅੰਦਰ ਰੱਤੇ, ਰਤੀ ਰੱਤ ਨਾਲ ਰੰਗਾਈਆ । ਇਕੋ ਨੂਰ ਵੇਖਣ ਇਕੋ ਅੱਖੇ, ਦੋਏ ਲੋਚਨ ਬੰਦ ਕਰਾਈਆ । ਜਿਨ੍ਹਾਂ ਦੇ ਪਿਛਲੇ ਲਹਿਣੇ ਦੇਣੇ ਉਹਨਾਂ ਦੀ ਝੋਲੀ ਘੱਤੇ, ਗਹਿਰ ਗੰਭੀਰ ਹੋਇਆ ਸਹਾਈਆ । ਗੁਰ ਅਵਤਾਰਾਂ ਪੀਰਾਂ ਪੈਗ਼ੰਬਰਾਂ ਦੇ ਪਾੜ ਕੇ ਪਿਛਲੇ ਪਟੇ, ਮਾਲਕ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਾਰੇ ਉਠੇ ਤੇਈ ਅਵਤਾਰ, ਇਕ ਦੂਜੇ ਵਲ ਰਹੇ ਤਕਾਈਆ । ਚਲੋ ਚਲੀਏ ਆਪਣਾ ਪੰਧ ਮਾਰ, ਭੱਜੀਏ ਵਾਹੋ ਦਾਹੀਆ । ਹੁਕਮ ਸੁਣ ਕੇ ਈਸਾ ਮੂਸਾ ਮੁਹੰਮਦ ਆਪਣੀ ਅੱਖ ਉਠਾਣ, ਚਾਰੋਂ ਕੁੰਟ ਨੈਣ ਖੁਲ੍ਹਾਈਆ ।

੧੫੪

ਕੀ ਸੰਦੇਸ਼ਾ ਦੇਵੇ ਪਰਵਰਦਿਗਾਰ, ਸਾਂਝਾ ਯਾਰ ਰਿਹਾ ਜਣਾਈਆ । ਨਾਨਕ ਗੋਬਿੰਦ ਹੋ ਕੇ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਮਿਲੇ ਮੇਲ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਜੁਗ ਚੌਕੜੀ ਲਹਿਣਾ ਦੇਣਾ ਲੇਖਾ ਰਿਹਾ ਨਿਵਾਰ, ਪੂਰਬ ਝੋਲੀ ਰਿਹਾ ਪਾਈਆ । ਅਗਲਾ ਹੁਕਮ ਵਰਤੇ ਕਰਤਾਰ, ਕਰਤਾ ਪੁਰਖ ਵਡੀ ਵਡਿਆਈਆ । ਜੋ ਬੈਠਾ ਸਚ ਦਵਾਰ, ਭਗਤ ਸਿੰਘਾਸਣ ਡੇਰਾ ਲਾਈਆ । ਦੇਵੇ ਦਰਸ ਇਕ ਦੀਦਾਰ, ਦੀਦ ਈਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਆਪ ਮਨਾਈਆ । ਗੁਰ ਅਵਤਾਰ ਪੈਗ਼ੰਬਰ ਗਏ ਹਲ, ਆਪਣਾ ਕ਼ਦਮ ਉਠਾਈਆ । ਦੂਰ ਦੁਰਾਡੇ ਆਵਣ ਚਲ, ਬਣ ਕੇ ਪਾਂਧੀ ਰਾਹੀਆ । ਸਚ ਦਵਾਰਾ ਲੈਣ ਮੱਲ, ਦਰ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੂਰ ਦੁਰਾਡੇ ਆਏ ਨੇੜੇ, ਆਪਣਾ ਪੰਧ ਮੁਕਾਈਆ । ਚਲੋ ਵੇਖੀਏ ਭਗਤ ਕਿਹੜੇ ਕਿਹੜੇ, ਚਾਰ ਜੁਗ ਦੇ ਵਿਛੜੇ ਜੋੜ ਜੁੜਾਈਆ । ਪ੍ਰਭ ਚਰਨ ਲਗਾਏ ਜਿਨ੍ਹਾਂ ਡੇਰੇ, ਆਸਣ ਬੈਠੇ ਜਮਾਈਆ । ਉਹਨਾਂ ਦੇ ਅੰਦਰੋਂ ਮੁਕੇ ਅੰਧੇਰੇ, ਕੂੜ ਕੁੜਿਆਰਾ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਝਗੜੇ ਨਬੇੜੇ, ਹਉਮੇ ਹੰਗਤਾ ਗਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਆ ਕੇ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਹਰਿ ਕਰਤੇ ਕਲ ਕਲਕੀ ਅਵਤਾਰ, ਤੇਰੇ ਹੱਥ ਵਡਿਆਈਆ । ਤੇਰਾ ਸੋਹਣਾ ਲੱਗਾ ਦਰਬਾਰ, ਸੋਹਣੀ ਬਣਤ ਬਣਾਈਆ । ਸੰਤ ਸੁਹੇਲੇ ਦੇ ਵਖਾਲ, ਜੋ ਬੈਠੇ ਸੋਭਾ ਪਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਧੁਰ ਦਾ ਹੁਕਮ ਸੁਣਾਈਆ । ਉਠੋ ਚਲੋ ਮੇਰੇ ਨਾਲ, ਆਪਣੀ ਉਂਗਲੀ ਲਵਾਂ ਲਗਾਈਆ । ਉਹਨਾਂ ਦਾ ਦੱਸਾਂ ਹਾਲ, ਜਿਨ੍ਹਾਂ ਮਿਲਿਆ ਪ੍ਰਭ ਬੇਪਰਵਾਹੀਆ । ਨਾਤਾ ਤੋੜ ਕੇ ਕਾਲ ਮਹਾਕਾਲ, ਚਰਨ ਕਵਲ ਦਿਤੀ ਸਰਨਾਈਆ । ਤ੍ਰੈਗੁਣ ਮਾਇਆ ਨਾ ਕੋਇ ਜੰਜਾਲ, ਜੀਵਣ ਜੁਗਤ ਦਿਤੀ ਸਮਝਾਈਆ । ਅਗੇ ਬੈਠਾ ਵੇਖ ਸਿੰਘ ਪਾਲ, ਜੋ ਪਲ ਪਲ ਦਰਸ਼ਨ ਪਾਈਆ । ਗੋਬਿੰਦ ਓਸੇ ਦਾ ਸੋਹਣਾ ਲਾਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਜਿਸ ਦੇ ਫਲ ਲੱਗਾ ਡਾਲ੍ਹ, ਗੁਰਮੁਖ ਬੂਟੇ ਨਜ਼ਰੀ ਆਈਆ । ਉਸ ਦਾ ਦੇਵੇ ਨਾ ਕੋਈ ਅਹਿਵਾਲ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਆਈਆ । ਚਾਰ ਜੁਗ ਦਾ ਲੇਖਾ ਵੇਖੇ ਮਹਾਨ, ਜੋ ਗੁਰ ਅਵਤਾਰ ਪੀਰ ਪੈਗ਼ੰਬਰ ਬਿਆਨਾ ਗਏ ਕਰਾਈਆ । ਨਿਰਗੁਣ ਦਾਤਾ ਹੋ ਕੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਮੇਰਾ ਭਗਤ ਸੁਹੇਲਾ ਕਾਹਨਾਂ ਦਾ ਕਾਹਨ, ਭਗਤ ਜਨਾਂ ਨੂੰ ਵੇਖ ਵੇਖ ਪ੍ਰਭ ਆਪਣੀ ਖ਼ੁਸ਼ੀ ਮਨਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਜਿਨ੍ਹਾਂ ਦੀ ਚਰਨ ਧੂੜ ਕਰੇ ਇਸ਼ਨਾਨ, ਆਪਣੀ ਰੱਖੇ ਨਾ ਕੋਈ ਮਾਣ ਵਡਿਆਈਆ । ਉਹ ਭਗਤ ਸੁਹੇਲੇ ਗੁਰ ਅਵਤਾਰ ਪੀਰ ਪੈਗ਼ੰਬਰੋ ਪ੍ਰਭ ਦੇ ਹੋਏ ਮਹਿਮਾਨ, ਧੁਰਦਰਗਾਹੀ ਪਰੌਹਣੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਦੇਵੇ ਸਦ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਆਉ ਲਉ ਤਕ, ਤੁਹਾਨੂੰ ਦਿਆਂ ਵਖਾਈਆ । ਜਿਨ੍ਹਾਂ ਦਾ ਤੁਹਾਡੇ ਜਿੰਨਾ ਹਕ, ਓਹਨਾਂ ਦੀ ਝੋਲੀ ਪਾਈਆ । ਇਸ ਵਿਚ ਰਹੇ ਨਾ ਕੋਈ ਸ਼ਕ, ਸ਼ਕੂਕ ਸਾਰੇ ਦਿਆਂ ਗਵਾਈਆ । ਹਿਰਦੇ ਅੰਦਰ ਹਰਿ ਜੂ ਵਸ, ਡੇਰੇ ਘਰ ਘਰ ਰਿਹਾ ਜਮਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਤੀਰਥ ਤਟ ਨਾ ਕੋਇ ਨੁਹਾਈਆ । ਇਕੋ ਸੋਹਲਾ ਇਕੋ

ਢੋਲਾ ਜਣਾ ਕੇ ਗਾਥ, ਸੋਹੰ ਕਰੇ ਪੜ੍ਹਾਈਆ । ਚਾਰ ਵਰਨਾਂ ਬਣਾ ਕੇ ਜਮਾਤ, ਊਚ ਨੀਚ ਮੇਲ ਮਿਲਾਈਆ । ਨਿਰਗੁਣ ਹੋ ਕੇ ਹੋਇਆ ਸਾਥ, ਸਗਲਾ ਸੰਗ ਨਿਭਾਈਆ । ਏਕਾ ਗੋਬਿੰਦ ਬਣਾ ਕੇ ਬਾਪ, ਪਿਤਾ ਪੁਰਖ ਵਜੀ ਵਧਾਈਆ । ਵੇਖੇ ਰਸੂਲ ਪਾਕ, ਜੋ ਵਾਹਿਦ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਪੀਰ ਅਵਤਾਰੋ ਪੈਗ਼ੰਬਰੋ ਵੇਖ ਲਓ ਸੋਹਣੇ ਸਿੱਖ, ਹਰਿ ਸਾਚਾ ਸਚ ਦ੍ਰਿੜਾਈਆ । ਜਿਨ੍ਹਾਂ ਦਾ ਲਹਿਣਾ ਦੇਣਾ ਰਿਹਾ ਲਿਖ, ਪਿਛਲੇ ਲੇਖੇ ਪੂਰ ਕਰਾਈਆ । ਏਥੇ ਉਨ੍ਹਾਂ ਨਾ ਦੇਵੇ ਪਿਠ, ਸਨਮੁਖ ਹੋ ਕੇ ਨਜ਼ਰੀ ਆਈਆ । ਹਿਰਦੇ ਵਸੇ ਸਦਾ ਸੁਹੇਲਾ ਨਿਤ, ਨਵਿਤ ਆਪਣੀ ਕਾਰ ਕਮਾਈਆ । ਭਗਤ ਭਗਵਾਨ ਦਵਾਰੇ ਗਿਆ ਵਿਕ, ਵੇਖੋ ਕ਼ੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਮੇਰਾ ਲਾਲ, ਹਰਿ ਆਪਣੇ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋਂ ਕਰਕੇ ਭਾਲ, ਚਰਨ ਸਰਨ ਦਿਤੀ ਵਡਿਆਈਆ । ਧੂੜ ਸਰੋਵਰ ਨੁਹਾਏ ਤਾਲ, ਦੁਰਮਤ ਮੈਲ ਧੁਆਈਆ । ਓਥੇ ਕਿਸੇ ਦੀ ਨਹੀਂ ਮਜਾਲ, ਦੂਜੀ ਮਜਲਸ ਨਾ ਕੋਇ ਲਗਾਈਆ । ਜਿਨ੍ਹਾਂ ਦਾ ਕੀਤਾ ਹਲ ਆਪ ਸਵਾਲ, ਓਨ੍ਹਾਂ ਦਾ ਲੇਖਾ ਰਹੇ ਨਾ ਰਾਈਆ । ਲੱਖ ਚੁਰਾਸੀ ਵਿਚੋਂ ਭਾਲ, ਭਗਤ ਭਗਵਾਨ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਿਚੋਂ ਬੋਲਿਆ ਗੋਬਿੰਦ, ਸ਼ਬਦੀ ਆਵਾਜ਼ ਲਗਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਗਹਿਰ ਗੰਭੀਰ ਗੁਣੀ ਗਹਿੰਦ, ਤੇਰੀ ਇਹ ਵਡ ਵਡਿਆਈਆ । ਭਗਤ ਸੁਹੇਲੇ ਵੇਖੇ ਤੇਰੀ ਅਨਾਦੀ ਬਿੰਦ, ਮਾਤ ਪਿਤ ਨਾ ਕੋਇ ਪਿਤਾ ਮਾਈਆ । ਜਿਨ੍ਹਾਂ ਦੇ ਅੰਤਰ ਅੰਮ੍ਰਿਤ ਰਸ ਵਹਾਇਆ ਸਾਗਰ ਸਿੰਧ, ਨਿਝਰ ਝਿਰਨਾ ਦਿਤਾ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਗੁਰਮੁਖ, ਹਰਿਜਨ ਸਾਚੇ ਨਜ਼ਰੀ ਆਈਆ । ਜਿਨ੍ਹਾਂ ਦਾ ਜਨਮ ਜਨਮ ਦਾ ਮੇਟਿਆ ਦੁਖ, ਕਰਮ ਕਰਮ ਦਾ ਰੋਗ ਗਵਾਈਆ । ਮਮਤਾ ਮਿਟਾ ਕੇ ਚਿੰਤਾ ਭੁਖ, ਸਿਰ ਆਪਣਾ ਹੱਥ ਟਿਕਾਈਆ । ਕੂੜੀ ਕਿਰਿਆ ਬੂਟਾ ਰਿਹਾ ਪੁਟ, ਸਾਚਾ ਫੁੱਲ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੈਂਦੇ ਹੌਕਾ, ਆਹ ਇਕੋ ਵਾਰ ਸੁਣਾਈਆ । ਸਚਮੁਚ ਉਹੋ ਆ ਗਿਆ ਮੌਕਾ, ਜੋ ਦੱਸ ਕੇ ਗਏ ਜਣਾਈਆ । ਜਿਸ ਦਾ ਦੇ ਕੇ ਗਏ ਹੋਕਾ, ਸੋ ਹਾਕਮ ਬੇਪਰਵਾਹੀਆ । ਜਿਸ ਦਾ ਭਾਣਾ ਕਿਸੇ ਨਾ ਰੋਕਾ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਦਾ ਗੋਬਿੰਦ ਸੁਤ ਤੇ ਗੁਰਮੁਖ ਪੋਤਾ, ਪਿਤਾ ਪੂਤ ਵਜੇ ਵਧਾਈਆ । ਜਿਸ ਦੇ ਦਰ ਤੇ ਨਾ ਕੋਈ ਵੱਡਾ ਨਾ ਕੋਈ ਛੋਟਾ, ਇਕੋ ਰੰਗ ਸਰਬ ਰੰਗਾਈਆ । ਜਿਸ ਦਾ ਨਾਮ ਇਕੋ ਸਲੋਕਾ, ਇਕੋ ਕਰੇ ਪੜ੍ਹਾਈਆ । ਇਕੋ ਵਸਣਹਾਰਾ ਕੋਠਾ, ਦੂਜੀ ਛੱਪਰ ਛੰਨ ਨਾ ਕੋਇ ਛੁਹਾਈਆ । ਇਕੋ ਨੂਰ ਇਕੋ ਜੋਤਾ, ਇਕੋ ਜ਼ਹੂਰ ਰਿਹਾ ਵਖਾਈਆ । ਇਕੋ ਸਰੋਵਰ ਮਾਰੇ ਗੋਤਾ, ਦੂਜੀ ਧਾਰ ਨਾ ਕੋਈ ਬਣਾਈਆ । ਇਕੋ ਪੁਸਤਕ ਇਕੋ ਪੋਥਾ, ਇਕੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਆ ਗਏ ਫਿਰਦੇ, ਆਪਣਾ ਪੰਧ ਮੁਕਾਈਆ । ਵੇਖਿਆ ਖੇਲ ਵਿਛੁੰਨੇ ਚਿਰ ਦੇ, ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਅੰਤਮ ਵੇਸ ਵਟਾਈਆ । ਨਜ਼ਾਰੇ ਤਕ ਨਰਾਇਣ ਨਿਰ ਦੇ, ਨਿਰਾਕਾਰ ਖੇਲ ਵਖਾਈਆ । ਜੋ ਭਗਤਾਂ ਵਸੇ ਹਿਰਦੇ, ਜਿਨ੍ਹਾਂ ਦਾ ਹਿਰਦਾ ਸਮਝ ਕੋਇ ਨਾ ਪਾਈਆ । ਇਹ ਪਿਆਰੇ ਹੋਏ ਓਸੇ ਦੇ ਬਰਦੇ, ਜੋ ਪ੍ਰੀਤਮ ਸਭ ਦਾ ਨਜ਼ਰੀ ਆਈਆ । ਇਹਨਾਂ ਗੇੜ ਅੰਦਰੋਂ ਬਾਹਰੋਂ ਗਿੜਦੇ, ਸਤਿਗੁਰ ਪੂਰੇ ਲਠ ਭਵਾਈਆ । ਇਹ ਮਾਲਕ ਬਣ ਗਏ ਓਸ ਪਿੜ ਦੇ, ਜਿਥੇ ਗੋਪੀ ਕਾਹਨ ਨਾਚ ਨਚਾਈਆ । ਇਹਨਾਂ ਭੰਡਾਰੇ ਮਿਲ ਗਏ ਹਰਿ ਦੇ, ਸਮਰਥ ਪੁਰਖ ਦਿਤਾ ਵਰਤਾਈਆ । ਇਹ ਸੇਵਕ ਹੋ ਗਏ ਓਸ ਬੱਬਰ ਸ਼ੇਰ ਕੇਹਰ ਦੇ, ਜਿਸ ਦਾ ਭੈ ਮੰਨੇ ਸਰਬ ਲੋਕਾਈਆ । ਨਾਤੇ ਛਡ ਕੇ ਮਿੱਟੀ ਦੇ ਢੇਰ ਦੇ, ਅੰਤਮ ਜੋਤੀ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੀਰ ਪੈਗ਼ੰਬਰ ਕਹਿਣ ਸਾਨੂੰ ਥੋੜ੍ਹੀ ਮਿਲੀ ਫ਼ੁਰਸਤ, ਸਚ ਕਹਾਣੀ ਰਹੇ ਜਣਾਈਆ । ਦਰ ਦਵਾਰ ਓਸ ਦੇ , ਜਿਹੜਾ ਅਰਸ਼ਾਂ ਤੋਂ ਪਰੇ ਡੇਰਾ ਲਾਈਆ । ਜਿਸ ਦਾ ਹੁਕਮ ਸਦਾ ਦਰੁਸਤ, ਕੂੜੀ ਕਿਰਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੀਰ ਪੈਗ਼ੰਬਰ ਗੁਰ ਆਏ ਵੇਖ ਕੇ ਬੋਲੀ ਧਰਨੀ, ਧਰਤੀ ਰਹੀ ਜਣਾਈਆ । ਮੈਨੂੰ ਠੰਡ ਪਈ ਲਗ ਕੇ ਉਸਦੇ ਚਰਨੀ, ਜੋ ਆਪਣਾ ਕ਼ਦਮ ਟਿਕਾਈਆ । ਰਸ ਵੇਖਿਆ ਇਸ ਦੀ ਸਰਨੀ, ਸਰਨਗਤ ਸਰਨਾਈਆ । ਮੈਨੂੰ ਭੁਲ ਗਈ ਵਿਦਿਆ ਪੜ੍ਹਨੀ, ਜਗਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਝੁਕ, ਵਾਹਵਾ ਪ੍ਰਭੂ ਤੇਰੀ ਵਡਿਆਈਆ । ਅਸੀਂ ਆ ਕੇ ਵੇਖਿਆ ਇਹਨਾਂ ਦਾ ਮੁਖ, ਜਿਹੜੇ ਤੇਰਾ ਨਾਮ ਧਿਆਈਆ । ਨਾਲ ਵੇਖਿਆ ਤੇਰਾ ਗੋਬਿੰਦ ਸੁਤ, ਜਿਸ ਦਾ ਜਲਵਾ ਨੂਰ ਖ਼ੁਦਾਈਆ । ਤੇਰੀ ਧਾਰੋਂ ਆਇਆ ਉਠ, ਜੋਤੀ ਜਾਤਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਵਖਾਈਆ । ਸਾਰੇ ਲੇਖਾ ਲਓ ਮੰਗ, ਹਰਿ ਕਰਤਾ ਆਪ ਜਣਾਇੰਦਾ । ਗੁਰ ਅਵਤਾਰ ਪੈਗ਼ੰਬਰ ਲਓ ਨਿਸ਼ੰਗ, ਨਿਸ਼ਾ ਨਾਲ ਸਭ ਦੀ ਝੋਲੀ ਭਰਾਇੰਦਾ । ਜੋ ਬ੍ਰਹਿਮੰਡ ਖੰਡ ਪੁਰੀਆਂ ਲੋਆਂ ਆਇਆ ਲੰਘ, ਵਿਸ਼ਨ ਬ੍ਰਹਮਾ ਸ਼ਿਵ ਚਰਨਾਂ ਹੇਠ ਦਬਾਇੰਦਾ । ਜਿਸ ਦਾ ਨਾਮ ਅਗੰਮਾ ਵਜੇ ਮਰਦੰਗ, ਤਾਲ ਤਲਵਾੜਾ ਨਜ਼ਰ ਕਿਸੇ ਨਾ ਆਇੰਦਾ । ਜੋ ਸਵਾਮੀ ਠਾਕਰ ਪਰਵਰਦਿਗਾਰ ਹੋ ਕੇ ਵਸਿਆ ਭਗਤਾਂ ਸੰਗ, ਮੁਰੀਦ ਮੁਰਸ਼ਦ ਦਇਆ ਕਮਾਇੰਦਾ । ਜਿਸ ਦਾ ਲਹਿਣਾ ਦੇਣਾ ਆਤਮ ਅੰਤਰ ਇਕ ਅਨੰਦ, ਪਰਮਾਨੰਦ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਾਚੀ ਕਾਰ ਕਮਾਇੰਦਾ । ਗੁਰੂਆਂ ਵਿਚੋਂ ਕਹਿਣ ਗੁਰਦੇਵ, ਦੇਵਤ ਸੁਰ ਸੀਸ ਨਿਵਾਈਆ । ਪ੍ਰਭੂ ਸਾਡੀ ਲੇਖੇ ਲਾ ਲੈ ਸੇਵ, ਜੁਗ ਚੌਕੜੀ ਜੋ ਕਮਾਈਆ । ਤੂੰ ਦਾਤਾ ਅਲਖ ਅਭੇਵ, ਅਗੰਮ ਅਥਾਹ ਤੇਰੀ ਵਡਿਆਈਆ । ਤੂੰ ਵਸੇਂ ਨਿਹਚਲ ਧਾਮ ਸਦਾ ਨਿਹਕੇਵ, ਸਚ ਸਿੰਘਾਸਣ ਸੋਭਾ ਪਾਈਆ । ਤੇਰੀ ਸਿਫ਼ਤ ਕਰੇ ਕਿਆ ਕੋਈ ਰਸਨਾ ਜਿਹਵ, ਬੁੱਧੀਵਾਨ ਨਾ ਕੋਇ ਵਡਿਆਈਆ । ਜੁਗ ਚੌਕੜੀ ਸਾਨੂੰ ਦਿਤਾ ਭੇਜ, ਲੋਕਮਾਤ ਸੇਵ ਲਗਾਈਆ । ਅੰਤਮ ਵਸੇ ਤੇਰੇ ਦੇਸ, ਸਰਨ ਮਿਲੀ ਸਰਨਾਈਆ । ਲੇਖਾ ਲਿਖ ਕੇ ਗਏ ਲੇਖ, ਜੋ ਹੁਕਮ ਦਿਤਾ ਜਣਾਈਆ । ਕੁਝ ਲਹਿਣਾ ਗੁਰ ਦਸਮੇਸ਼, ਦਹਿ ਦਿਸ਼ਾ ਵੇਖ ਵਖਾਈਆ । ਜੇ ਹੁਕਮ ਦੇਵੇਂ ਤੇ ਕਰਾਂ ਪੇਸ਼, ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਰਖਾਈਆ । ਪੁਰਖ ਅਕਾਲ

ਹੋ ਦਿਆਲ, ਆਪਣੀ ਦਇਆ ਕਮਾਇੰਦਾ । ਸਾਚਾ ਲੇਖਾ ਦੱਸ ਦੇ ਲਾਲ, ਸਿਰ ਤੇਰੇ ਹੱਥ ਰਖਾਇੰਦਾ । ਭੇਵ ਅਭੇਦਾ ਖੋਲ੍ਹ ਦੇਵਾਂ ਅਹਿਵਾਲ, ਪੜਦਾ ਉਹਲਾ ਪਰੇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਇੰਦਾ । ਗੋਬਿੰਦ ਕਿਹਾ ਪ੍ਰਭੂ ਇਹ ਤੇਰੀ ਚਿੱਠੀ, ਜਿਹੜੀ ਆਪਣੇ ਆਪ ਫੜਾਈਆ । ਹਰਫ਼ਾਂ ਨਾਲ ਨਹੀਂ ਇਹ ਲਿਖੀ, ਕ਼ਲਮ ਚਲੀ ਨਾ ਕੋਇ ਸ਼ਾਹੀਆ । ਜਗਤ ਨੇਤਰ ਕਿਸੇ ਨਾ ਦਿਸੀ, ਦੋਏ ਲੋਚਣ ਰਹੇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਪੁਰਖ ਅਕਾਲ ਕਿਹਾ ਗੋਬਿੰਦ ਇਹ ਖੋਲ੍ਹ, ਭੇਵ ਦਿਆਂ ਜਣਾਈਆ । ਇਸ ਦੇ ਅੰਦਰ ਇਕ ਬੋਲ, ਸੋਹੰ ਢੋਲਾ ਦਿਤਾ ਲਿਖਾਈਆ । ਤੈਨੂੰ ਬਣੌਣਾ ਧੁਰ ਦਾ ਵਿਚੋਲ, ਵਿਚੋਲਾ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਤੋਲਣਾ ਤੋਲ, ਨਾਮ ਤਰਾਜ਼ੂ ਹੱਥ ਉਠਾਈਆ । ਕਲਜੁਗ ਕੂੜੀ ਕਿਰਿਆ ਦੇਣੀ ਵਿਰੋਲ, ਭਾਂਡਾ ਭਰਮ ਭੌ ਭੰਨਾਈਆ । ਪ੍ਰਭ ਦਾ ਨਾਮ ਵਜੌਣਾ ਢੋਲ, ਡੰਕਾ ਇਕੋ ਹੱਥ ਉਠਾਈਆ । ਸਤਿ ਧਰਮ ਦਾ ਦਵਾਰਾ ਦੇਣਾ ਖੋਲ੍ਹ, ਕੂੜੀ ਕਿਰਿਆ ਰਹਿਣ ਨਾ ਪਾਈਆ । ਹਰ ਘਟ ਅੰਦਰ ਜਾਣਾ ਮੌਲ, ਮੌਲਾ ਹੋ ਕੇ ਨਜ਼ਰੀ ਆਈਆ । ਤੇਰੇ ਨਾਲ ਕਰਾਂ ਕੌਲ, ਇਕ਼ਰਾਰ ਦਿਆਂ ਲਿਖਾਈਆ । ਜਿਸ ਵੇਲੇ ਪਰਗਟ ਹੋਵਾਂ ਉਪਰ ਧੌਲ, ਨਿਹਕਲੰਕਾ ਰੂਪ ਵਟਾਈਆ । ਮੈਨੂੰ ਸਮਝ ਨਾ ਸਕੇ ਕੋਈ ਪੰਡਤ ਪਾਂਧਾ ਰੌਲ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਨੌ ਖੰਡ ਪ੍ਰਿਥਮੀ ਮਾਰ ਕੇ ਰੋਲ, ਭਗਤ ਸੁਹੇਲੇ ਲਵਾਂ ਜਗਾਈਆ । ਅੰਮ੍ਰਿਤ ਆਤਮ ਦੇ ਕੇ ਪੌਹਲ, ਰਸ ਇਕੋ ਦਿਆਂ ਵਖਾਈਆ । ਸਵਾਮੀ ਹੋ ਕੇ ਵਸਾਂ ਕੋਲ, ਜਗਤ ਵਿਛੋੜਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਵੇਖ ਅਗਲਾ ਲੇਖਾ, ਸੋ ਕਰਤਾ ਆਪ ਜਣਾਈਆ । ਜਿਸ ਦਾ ਨੂਰ ਦਸ ਦਸਮੇਸ਼ਾ, ਓਹ ਮਾਲਕ ਧੁਰ ਦਾ ਮਾਹੀਆ । ਕਲਜੁਗ ਅੰਤ ਧਾਰਨਾ ਭੇਖਾ, ਜੋਤੀ ਜਾਮਾ ਵੇਸ ਵਟਾਈਆ । ਡੇਰਾ ਲੌਣਾ ਤੇਰੇ ਦੇਸਾ, ਸੰਬਲ ਨਾਉਂ ਸਾਲਾਹੀਆ । ਭਗਤ ਉਧਾਰਨ ਮੇਰਾ ਹੋਣਾ ਪੇਸ਼ਾ, ਪੇਸ਼ੀਨਗੋਈ ਦਿਆਂ ਜਣਾਈਆ । ਜਨਮ ਕਰਮ ਦਾ ਮੇਟ ਕੇ ਲੇਖਾ, ਭਰਮ ਭੁਲੇਖਾ ਦੂਰ ਕਰਾਈਆ । ਤੇਰੇ ਸੁਤ ਦੁਲਾਰੇ ਚਾੜ੍ਹ ਕੇ ਭੇਟਾ, ਸੇਵਾ ਇਕ ਸੁਣਾਈਆ । ਆਪ ਬਣ ਕੇ ਖੇਵਟ ਖੇਟਾ, ਬੇੜਾ ਆਪਣੇ ਕੰਧ ਰਖਾਈਆ । ਸਦੀ ਵੀਹਵੀਂ ਫੇਰ ਕਰਾਵਾਂ ਚੇਤਾ, ਇੱਕੀ ਅਗਲੀ ਗੰਢ ਪੁਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਾ ਲੋਕਮਾਤ ਰਹੇ ਕੋਈ ਨਾ ਠੇਕਾ, ਦੀਨਾਂ ਮਜ਼੍ਹਬਾਂ ਝਗੜਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਪੜ੍ਹ ਅਗਲੀ ਸਤਰ, ਸਤਿ ਸਤਿਵਾਦੀ ਦਏ ਜਣਾਈਆ । ਜਿਹੜਾ ਲੇਖ ਅਗੰਮੀ ਪਤਰ, ਪਤਰਕਾ ਵਿਚ ਸਮਝ ਨਾ ਕੋਇ ਸਮਝਾਈਆ । ਉਸ ਦਾ ਸ਼ਿਖ਼ਰ ਪੁਰਖ ਅਬਿਨਾਸ਼ੀ ਆਵੇ ਉਤਰ, ਜੋਤੀ ਧਾਰ ਆਪ ਪਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਸ਼ੁਕਰ, ਸ਼ੁਕਰੀਏ ਵਿਚ ਸੀਸ ਨਿਵਾਈਆ । ਜੋ ਭਗਤ ਸੁਹੇਲੇ ਚੁਕ ਕੇ ਕੁੱਛੜ, ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਵੇਖ ਅਗਲੀ ਧਾਰ ਨਿੱਕੀ, ਜੋ ਆਖ਼ਰ ਦਿਆਂ ਜਣਾਈਆ । ਕੀ ਕੁਛ ਕਹਿੰਦੀ ਪ੍ਰਭੂ ਦੀ ਚਿੱਠੀ, ਫ਼ਰਮਾਣਾ ਕੀ ਸਮਝਾਈਆ । ਕਿਹੜਾ ਲੇਖ ਕਿਹੜੀ ਮਿਤੀ, ਮਿਤਰ ਪਿਆਰਾ ਰਿਹਾ ਬਣਾਈਆ । ਕਿਹੜੀ ਵਾਰ ਕਿਹੜੀ ਥਿਤੀ, ਘੜੀ ਪਲ ਕਵਣ ਸੁਹਾਈਆ । ਗੋਬਿੰਦ ਵੇਖ ਕੇ ਆਪਣੀ

ਅੱਖੀਂ, ਅੰਤਰ ਖ਼ੁਸ਼ੀ ਮਨਾਈਆ । ਪੁਰਖ ਅਕਾਲ ਕਹਾਣੀ ਦੱਸੀ ਸੱਚੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਿਤਾ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤਮ ਨਾਰੀ ਨਾਤਾ ਤੋੜ ਕੇ ਪਤੀ, ਦੁਹਾਗਣ ਰੂਪ ਵਟਾਈਆ । ਸਾਧ ਰਹੇ ਕੋਈ ਨਾ ਸਤੀ, ਮਨ ਵਾਸਨਾ ਕਾਮ ਚਲਾਈਆ । ਬੁਧਿ ਮਤਿ ਰਹੇ ਨਾ ਰਤੀ, ਮਨਮਤ ਹੋਏ ਹਲਕਾਈਆ । ਭਾਈ ਤੱਕੇ ਭੈਣ ਸਕੀ, ਪਿਤਾ ਪੁਤਰ ਧੀ ਅੱਖ ਉਠਾਈਆ । ਸਾਚੀ ਪੜ੍ਹੇ ਕੋਈ ਨਾ ਪੱਟੀ, ਹਰਿ ਕਾ ਨਾਮ ਨਾ ਕੋਇ ਧਿਆਈਆ । ਗੁਰ ਕਾ ਸ਼ਬਦ ਕ਼ੀਮਤ ਪਏ ਨਾ ਰਤੀ, ਰਤੀ ਰੱਤ ਨਾ ਕੋਇ ਸੁਕਾਈਆ । ਸਾਚੀ ਚਲੇ ਕੋਈ ਨਾ ਹੱਟੀ, ਵਣਜਾਰਾ ਕੂੜ ਕੁੜਿਆਰਾ ਨਜ਼ਰੀ ਆਈਆ । ਕਾਹਨ ਨੂੰ ਮਿਲਣ ਵਾਲੀ ਰਹੇ ਕੋਈ ਨਾ ਸਖ਼ੀ, ਸੀਤਾ ਸੁਰਤੀ ਰਾਮ ਨਾ ਕਰੇ ਕੁੜਮਾਈਆ । ਸਭ ਦੀ ਨਰਦ ਪੈ ਜਾਏ ਨੱਟੀ, ਸਾਰ ਪਾਸ਼ ਖੇਲ ਉਲਟਾਈਆ । ਚਾਰੋਂ ਕੁੰਟ ਤਪੇ ਭੱਠੀ, ਤ੍ਰੈਗੁਣ ਅਗਨੀ ਤੱਤ ਤਪਾਈਆ । ਜੋਤ ਬੁਝ ਜਾਏ ਮੋਮ ਬੱਤੀ, ਨੂਰੀ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਅਗਲੀ ਪੜ੍ਹ ਸਤਰ, ਹਰਿ ਸਤਿਗੁਰ ਆਖ ਸੁਣਾਇਆ । ਕਲਜੁਗ ਰਹਿਣਾ ਕੋਈ ਨਾ ਮਿਤਰ, ਮਿਤਰ ਧਰੋਹੀ ਜਗਤ ਸਬਾਇਆ । ਉਸ ਵੇਲੇ ਗੋਬਿੰਦ ਕਰਨਾ ਫ਼ਿਕਰ, ਤੈਨੂੰ ਦਿਆਂ ਸਮਝਾਇਆ । ਤੇਰਾ ਮੇਰਾ ਸਭ ਨੇ ਛਡਣਾ ਜ਼ਿਕਰ, ਸੀਸ ਜਗਦੀਸ਼ ਨਾ ਕੋਇ ਨਿਵਾਇਆ । ਉਸ ਵੇਲੇ ਮੈਂ ਆਪਣੀ ਧਾਰੋਂ ਆਵਾਂ ਨਿਤਰ, ਜੋਤੀ ਜਾਮਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਨੇਕਾ ਰੂਪ ਵਟਾਇਆ । ਗੋਬਿੰਦ ਵੇਖ ਅੱਖ ਖੋਲ੍ਹ, ਪੁਰਖ ਅਬਿਨਾਸ਼ੀ ਰਿਹਾ ਜਣਾਈਆ । ਕਲਜੁਗ ਕੂੜਾ ਡੰਕਾ ਵਜਣਾ ਢੋਲ, ਮੰਦਰ ਮਸਜਿਦ ਸ਼ਿਵਦਵਾਲੇ ਮਠ ਦੇਣ ਦੁਹਾਈਆ । ਮਾਇਆ ਮਮਤਾ ਪੈਣਾ ਰੋਲ, ਕੂੜੀ ਕਿਰਿਆ ਭੱਜੇ ਵਾਹੋ ਦਾਹੀਆ । ਸਾਚੀ ਵਸਤ ਰਹਿਣੀ ਨਾ ਕਿਸੇ ਕੋਲ, ਖ਼ਾਲੀ ਹੱਥ ਫਿਰੇ ਲੋਕਾਈਆ । ਨੇਤਰ ਨੈਣ ਰੋਣਾ ਧਰਨੀ ਧੌਲ, ਆਪਣਾ ਹਾਲ ਸੁਣਾਈਆ । ਤੇਰੇ ਨਾਲ ਮੇਰਾ ਕੌਲ, ਕਲਮਿਆਂ ਵਾਲਿਆਂ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਗੋਬਿੰਦ ਅਗੇ ਬੋਲ ਕੀ ਪੜ੍ਹਨਾ, ਸਚ ਦਿਆਂ ਜਣਾਈਆ । ਕਲਜੁਗ ਅਗਨੀ ਕੂੜੀ ਵਿਚ ਸਭ ਨੇ ਸੜਨਾ, ਤੇਰੇ ਮੇਰੇ ਨਾਲੋਂ ਹੋਏ ਸਰਬ ਜੁਦਾਈਆ । ਕਾਇਆ ਮੰਦਰ ਕਿਸੇ ਨਾ ਵੜਨਾ, ਹਿਰਦੇ ਹਰਿ ਨਜ਼ਰ ਕਿਸੇ ਨਾ ਆਈਆ । ਠਗ ਚੋਰ ਯਾਰ ਹੋ ਸਭ ਨੇ ਮੰਦਰਾਂ ਅੰਦਰ ਫਿਰਨਾ, ਬਹੁ ਰੂਪੀ ਭੇਖ ਵਟਾਈਆ । ਸਤਿਗੁਰ ਪਲੂ ਕਿਸੇ ਨਾ ਫੜਨਾ, ਕੂੜੇ ਨਾਤੇ ਜਗਤ ਜੁੜਾਈਆ । ਧੁਰ ਸਵਾਮੀ ਮਿਲੇ ਕੋਇ ਨਾ ਸਰਨਾ, ਮਰਨਾ ਮਰਨਾ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਿਹਾ ਜਿਸ ਵੇਲੇ ਹਾਲਤ ਹੋਵੇ ਇਹ ਜਗਤ, ਸਿਦਕੀ ਨਜ਼ਰ ਕੋਇ ਨਾ ਆਈਆ । ਤੂੰ ਕਿਹੜੇ ਵਸੇਂ ਉਤੇ ਅਰਸ਼, ਅਰਸ਼ੀ ਪ੍ਰੀਤਮ ਡੇਰਾ ਲਾਈਆ । ਕਿਉਂ ਨਾ ਤੈਨੂੰ ਆਵੇ ਤਰਸ, ਰਹਿਮਤ ਦੇ ਦਾਤੇ ਮੇਰੀ ਇਕ ਅਰਜ਼ੋਈਆ । ਉਸ ਵੇਲੇ ਪੁਰਖ ਅਬਿਨਾਸ਼ੀ ਕਿਹਾ ਮੈਂ ਨਿਰਵੈਰ ਹੋ ਕੇ ਆਵਾਂ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਵੇਖ ਕੇ ਭਗਤ, ਸੰਤ ਸੁਹੇਲੇ ਜੋੜ ਜੁੜਾਈਆ । ਜਿਨ੍ਹਾਂ ਦੇ ਰਾਹ ਵਿਚ ਰਹਿਣ ਨਾ ਦੇਵਾਂ ਕੋਈ ਅਟਕ, ਮਾਰਗ ਇਕੋ ਇਕ ਵਖਾਈਆ । ਉਨ੍ਹਾਂ ਦੀ ਆਪਣੇ ਕੋਲ ਰੱਖਾਂ ਫ਼ਰਦ, ਫ਼ਰਿਸ਼ਤ ਹੱਥ ਨਾ ਕਿਸੇ ਫੜਾਈਆ । ਜਿਸ ਵੇਲੇ ਵੀਹ ਸੌ ਇੱਕੀ ਬਿਕ੍ਰਮੀ ਦਾ ਆਇਆ ਵਕ਼ਤ, ਰੈਣ ਭਿੰਨੜੀ ਨਾਲ ਰਲਾਈਆ । ਨਿਰਗੁਣ

ਹੋ ਕੇ ਦੇਵਾਂ ਦਰਸ, ਗੋਬਿੰਦ ਤੇਰਾ ਨਿਤ ਨੂਰ ਰੁਸ਼ਨਾਈਆ । ਸਭ ਦੀ ਤਪਦੀ ਕਾਇਆ ਮਨ ਆਤਮਾ ਸੀਤਲ ਕਰ ਦਿਆਂ ਸਰਦ, ਠੰਡਕ ਇਕ ਵਰਤਾਈਆ । ਗ਼ਰੀਬ ਨਿਮਾਣਿਆਂ ਨਾਲ ਵੰਡ ਕੇ ਦਰਦ, ਦੁਖੀਆਂ ਦਾ ਦੁਖ ਆਪਣੀ ਝੋਲੀ ਪਾਈਆ । ਜਗਤ ਕਸਾਈ ਹੱਥ ਫੜੇ ਨਾ ਕੋਈ ਕਰਦ, ਕ਼ਤਲਗਾਹ ਨਾ ਕੋਇ ਬਣਾਈਆ । ਸੂਰ ਗਾਂ ਖਾਣ ਵਾਲੇ ਸਾਰੇ ਆਵਾਂ ਵਰਜ, ਧੁਰ ਦਾ ਹੁਕਮ ਸੁਣਾਈਆ । ਜੋਧਾ ਸੂਰਬੀਰ ਬਣ ਕੇ ਮਰਦਾਨਾ ਮਰਦ, ਮੁੱਦਾ ਸਭ ਦਾ ਵੇਖ ਵਖਾਈਆ । ਕਰਾਂ ਖੇਲ ਇਕ ਅਸਚਰਜ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਚਿੱਠੀ ਕਰੇ ਮੇਰਾ ਵਾਹਵਾ ਲਿਖਿਆ ਸਿਰਲੇਖ, ਲਿਖਤ ਮਿਲੀ ਵਡਿਆਈਆ । ਜਿਸ ਦਾ ਜਲਵਾ ਇਕੋ ਤੇਜ, ਤਜਰਬਾ ਓਸ ਦਾ ਬੇਪਰਵਾਹੀਆ । ਓਸ ਆਪਣਾ ਖੋਲ੍ਹਣਾ ਭੇਵ, ਪਰਦਾ ਇਕ ਚੁਕਾਈਆ । ਮਾਲਕ ਹੋ ਕੇ ਦੇਵੀ ਦੇਵ, ਦੇਵਤ ਸੁਰ ਲਏ ਹਿਲਾਈਆ । ਜਨ ਭਗਤਾਂ ਵੇਖ ਕੇ ਪਿਛਲੀ ਸੇਵ, ਸੇਵਕ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚਿੱਠੀ ਕਹੇ ਮੇਰੇ ਵਿਚ ਲਿਖੀ ਇਕ ਇੱਕੀ, ਸਰਗੁਣ ਨਿਰਗੁਣ ਨਜ਼ਰੀ ਆਈਆ । ਨਾਲ ਸੁਹਾਵੇ ਸੋਹਣੀ ਮਿਤੀ, ਬਿਨ ਅੱਖਰਾਂ ਵੰਡ ਵੰਡਾਈਆ । ਜਿਹੜੀ ਜਗਤ ਜਹਾਨ ਨਾ ਦਿਸੀ, ਦਹਿ ਦਿਸ਼ਾ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖ ਰਿਹਾ ਵਖਾਈਆ । ਚਿੱਠੀ ਦਾ ਲੇਖ ਵਖੌਂਦਾ ਏ । ਗੋਬਿੰਦ ਅੱਖ ਇਕ ਖਲੌਂਦਾ ਏ । ਪਰਤਖ ਓਟ ਇਕ ਵਡਿਔਂਦਾ ਏ । ਮੌਜੂਦ ਹੋ ਕੇ ਇਕ ਸੁਣੌਂਦਾ ਏ । ਹਦੂਦ ਆਪਣੀ ਵੰਡ ਵਡੌਂਦਾ ਏ । ਮਕ਼ਰੂਜ਼ ਆਪਣਾ ਆਪ ਬਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖਲ੍ਹੌਂਦਾ ਏ । ਭੇਵ ਅਭੇਦਾ ਸਚ ਖੁਲ੍ਹਾਵਾਂਗਾ । ਗੋਬਿੰਦ ਤੇਰਾ ਲੇਖ ਲਿਖਾਵਾਂਗਾ । ਵਸ ਕੇ ਸਾਚੇ ਦੇਸ, ਸੋਹਣਾ ਰੰਗ ਰੰਗਾਵਾਂਗਾ । ਸ਼ਬਦ ਅਗੰਮੀ ਭੇਜ, ਭਾਂਡਾ ਭਰਮ ਭੰਨਾਵਗਾ । ਸੁਹੰਜਣੀ ਮਾਣ ਕੇ ਸੇਜ, ਆਸਣ ਇਕ ਵਿਛਾਵਾਂਗਾ । ਭਗਤ ਭਗਵਾਨ ਦੀ ਰਚ ਕੇ ਖੇਡ, ਖ਼ਾਲਕ ਖ਼ਲਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਏਗਾ । ਤੇਰਾ ਪਰਮੇਸ਼ਵਰ ਵੇਸ ਵਟਾਏਗਾ । ਜਗਤੇਸ਼ਵਰ ਦਇਆ ਕਮਏਗਾ । ਮਹੇਸ਼ਵਰ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਏਗਾ । ਆਪਣੀ ਕਲ ਧਰਾਵਾਂਗਾ । ਜੋਤੀ ਜਾਤਾ ਵੇਸ ਵਟਾਵਾਂਗਾ । ਵੇਦੀ ਸੋਢੀ ਦੋਵੇਂ ਅੰਤ ਤਜਾਵਾਂਗਾ । ਮੌਜੀ ਹੋ ਕੇ ਠਾਕਰ ਆਵਾਂਗਾ । ਚੋਜੀ ਹੋ ਕੇ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਗੋਬਿੰਦ ਵੇਖ ਅਗਲੀ ਕਹਾਣੀ, ਚਿੱਠੀ ਵਿਚੋਂ ਦਿਆਂ ਜਣਾਈਆ । ਜਿਸ ਦੀ ਸਤਿ ਇਕ ਨਿਸ਼ਾਨੀ, ਦੋ ਜਹਾਨ ਦੇਣ ਗਵਾਹੀਆ । ਜਿਸ ਦਾ ਪਦ ਇਕ ਨਿਰਬਾਣੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੋ ਜਹਾਨਾਂ ਬਣ ਕੇ ਹੁਕਮਰਾਨੀ, ਸੰਦੇਸ਼ਾ ਇਕੋ ਇਕ ਸਮਝਾਈਆ । ਲੱਖ ਚੁਰਾਸੀ ਬਣ ਕੇ ਬਾਨੀ, ਬਾਣਾ ਆਪਣਾ ਲਵਾਂ ਬਦਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਚਾਰ ਜੁਗ ਦੀ ਕੱਠੀ ਕਰਕੇ ਢਾਣੀ, ਘਰ ਇਕੋ ਦਿਆਂ ਵਖਾਈਆ । ਜਿਥੇ ਪਰਮ ਪੁਰਖ ਦੀ ਪਰਮ ਪੁਰਖ ਗਾਵੇ ਬਾਣੀ, ਵਿਦਿਆ ਪੜ੍ਹਨ ਵਾਲਾ ਨਜ਼ਰ ਕੋਇ ਨਾ ਆਈਆ । ਜਿਸ ਦੇ ਤੀਰਥ ਓਸੇ ਦਾ ਪਾਣੀ, ਜਿਸ ਦੀ ਆਤਮਾ ਓਸੇ

ਦਾ ਪਰਮਾਤਮਾ ਹਾਣੀ, ਨਿਰਾਲੀ ਆਪਣੀ ਖੇਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਚ ਕਰਨੀ ਕਾਰ ਕਮਾਵਾਂਗਾ । ਸਤਿਜੁਗ ਸਾਚੀ ਧਾਰ ਪਰਗਟਾਵਾਂਗਾ । ਭਗਤ ਸੁਹੇਲੇ ਯਾਰ ਬਣਾਵਾਂਗਾ । ਮੰਦਰ ਮੁਨਾਰ ਸਰਬ ਤਜਾਵਾਂਗਾ । ਸਾਢੇ ਤਿੰਨ ਹੱਥ ਅੰਦਰ ਡੇਰਾ ਲਾਵਾਂਗਾ । ਰਵਿਦਾਸ ਚਮਿਆਰ ਨਾਲ ਮਿਲਾਵਾਂਗਾ । ਸ਼ਬਦ ਖੰਡਾ ਇਕ ਹਥਿਆਰ ਪਰਗਟਾਵਾਂਗਾ । ਲੇਖਾ ਜਾਣ ਕੇ ਕੋਟ ਬ੍ਰਹਿਮੰਡਾਂ, ਨਵ ਖੰਡਾਂ ਚਰਨਾਂ ਹੇਠ ਦਬਾਵਾਂਗਾ । ਗੋਬਿੰਦ ਤੇਰਾ ਚਾੜ੍ਹ ਕੇ ਨੂਰੀ ਚੰਦਾ, ਨੁਰਾਨਾ ਆਪਣੇ ਨਾਲ ਮਿਲਾਵਾਂਗਾ । ਦੀਨ ਦਿਆਲ ਹੋ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਝੋਲੀ ਪਾਵਾਂਗਾ । ਮੈਂ ਬਾਹਰੋਂ ਸ੍ਰਿਸ਼ਟੀ ਨੂੰ ਨਜ਼ਰੀ ਆਵਾਂ ਬੰਦਾ, ਅੰਦਰ ਪੁਰਖ ਅਕਾਲ ਹੋ ਕੇ ਡੇਰਾ ਲਾਵਾਂਗਾ । ਲੱਖ ਚੁਰਾਸੀ ਤੋੜ ਕੇ ਮਾਣ ਘਮੰਡਾ, ਸ਼ਬਦ ਡੰਡਾ ਸਭ ਦੇ ਸੀਸ ਟਿਕਾਵਾਂਗਾ । ਭਗਤਾਂ ਅੰਦਰ ਰਹਿਣ ਨਾ ਪਾਵੇ ਕੋਈ ਗੰਦਾ, ਕੂੜ ਕੁੜਿਆਰਾਂ ਪਰੇ ਹਟਾਵਾਂਗਾ । ਗੁਰਸਿੱਖਾਂ ਦੇ ਚਰਨਾਂ ਹੇਠ ਵਗਾ ਕੇ ਗੰਗਾ, ਪਿਛਲਾ ਮਾਣ ਸਰਬ ਮਿਟਾਵਾਂਗਾ । ਜੋਗ ਅਭਿਆਸ ਰਹੇ ਕੋਈ ਨਾ ਧੰਦਾ, ਸੋਹੰ ਅੱਖਰ ਇਕ ਪੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਇਕ ਕਰਾਵਾਂਗਾ । ਸਾਚੀ ਸਰਨੀ ਇਕ ਰਖਾਵਾਂਗਾ । ਸਾਚੀ ਖ਼ੁਸ਼ੀ ਇਕ ਸਮਝਾਵਾਂਗਾ । ਸਾਚੀ ਪੜ੍ਹਨੀ ਇਕ ਪੜ੍ਹਾਵਾਂਗਾ । ਸਾਚੀ ਮਰਨੀ ਇਕ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਵਾਂਗਾ । ਗੋਬਿੰਦ ਕਹੇ ਮੈਂ ਸੁਣ ਕੇ ਹੋਇਆ ਖ਼ੁਸ਼, ਪ੍ਰਭ ਤੇਰੀ ਬੇਪਰਵਾਹੀਆ । ਤੇਰੇ ਭਾਣੇ ਅੰਦਰ ਹੋ ਕੇ ਚੁਪ, ਬੈਠਾ ਸੀਸ ਨਿਵਾਈਆ । ਜਿਸ ਵੇਲੇ ਅੰਧੇਰਾ ਹੋਵੇ ਘੁਪ, ਕਲਜੁਗ ਰੈਣ ਅੰਧੇਰੀ ਛਾਈਆ । ਤੂੰ ਕਿਥੇ ਬਹੇਂ ਲੁਕ, ਆਪਣਾ ਆਸਣ ਲਾਈਆ । ਕਿਥੇ ਵੇਖਾਂ ਤੇਰਾ ਮੁਖ, ਜੋਤੀ ਦਰਸ਼ਨ ਪਾਈਆ । ਕੁਛ ਦੱਸ ਮੈਨੂੰ ਦਰ ਤੇਰੇ ਰਿਹਾ ਪੁਛ, ਬੰਦਨਾ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਪਿਆ ਤੁਠ, ਸਹਿਜ ਨਾਲ ਸਮਝਾਈਆ । ਸੁਣ ਮੇਰੇ ਲਾਡਲੇ ਪੁਤ, ਤੈਨੂੰ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਪੈਂਡਾ ਰਿਹਾ ਹੋਵੇ ਮੁਕ, ਨਿਰਗੁਣ ਹੋ ਕੇ ਆਵਾਂ ਚਾਈਂ ਚਾਈਆ । ਤੇਰਾ ਬੂਟਾ ਨਾ ਜਾਵੇ ਸੁਕ, ਪੱਤ ਡਾਲ੍ਹੀ ਵੇਖ ਵਖਾਈਆ । ਸਚ ਹਰਿਆਵਲ ਜਾਵੇ ਫੁਟ, ਰੁਤ ਬਸੰਤ ਬਹਾਰ ਬਣਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਗੋਦੀ ਲਵਾਂ ਚੁਕ, ਫੜ ਬਾਹੋਂ ਗਲੇ ਲਗਾਈਆ । ਅੰਦਰ ਵੜ ਕੇ ਲਵਾਂ ਪੁਛ, ਡੂੰਘਾ ਮੰਦਰ ਖੋਜ ਖੋਜਾਈਆ । ਆਪਣੇ ਨਾਮ ਦੀ ਪੜ੍ਹਾ ਕੇ ਤੁਕ, ਤੁਖ਼ਮ ਤਾਸੀਰ ਦਿਆਂ ਬਦਲਾਈਆ । ਸਚ ਭੰਡਾਰਾ ਵੰਡਾਂ ਮੁਫ਼ਤ, ਕ਼ੀਮਤ ਸਕੇ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਰਖਾਈਆ । ਗੋਬਿੰਦ ਮਾਰਗ ਸਚ ਲਗਾਵਾਂਗਾ । ਕਾਇਆ ਮਾਟੀ ਕਚ ਵੇਖ ਵਖਾਵਾਂਗਾ । ਜੋ ਮਨੂਆ ਰਿਹਾ ਨਚ, ਪ੍ਰੇਮ ਡੋਰੀ ਨਾਲ ਬੰਧਾਵਾਂਗਾ । ਜੋ ਅਗਨੀ ਰਹੀ ਤਪ, ਅੰਮ੍ਰਿਤ ਮੇਘ ਨਾਲ ਸਾਂਤਕ ਸਤਿ ਕਰਾਵਾਂਗਾ । ਜੋ ਸੁਰਤੀ ਰਹੀ ਕੂੜੀ ਵਾਸਨਾ ਨਠ, ਸਚ ਸੁਚ ਇਕ ਦ੍ਰਿੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਵਾਂਗਾ । ਸਾਚਾ ਖੇਲ ਕਰ ਵਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਵੀਹ ਸੌ ਇੱਕੀ ਰੁਤ ਸੁਹਾਏਗਾ । ਸਾਚੀ ਸਿੱਖੀ ਫੇਰ ਬਣਾਏਗਾ । ਜਿਸ ਦੀ ਧਾਰ ਹੋਵੇ ਤਿੱਖੀ, ਜਗਤ ਖੰਡਾ ਮੁਖ ਸ਼ਰਮਾਏਗਾ । ਇਹ ਇਸੇ ਕਾਰਨ ਦਿਤੀ ਚਿੱਠੀ, ਧੁਰ ਦਾ ਹੁਕਮ ਆਪ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੬੧

ਕਰ, ਸਿਰ ਆਪਣਾ ਹੱਥ ਰਖਾਏਗਾ । ਗੋਬਿੰਦ ਕਿਹਾ ਸਿੱਖੀ ਕਿਹੜੀ, ਪ੍ਰਭ ਮੈਨੂੰ ਦੇ ਜਣਾਈਆ । ਪੁਰਖ ਅਕਾਲ ਕਿਹਾ ਜਿਨ੍ਹਾਂ ਨੂੰ ਆਪਣੀ ਚਾੜ੍ਹਾਂ ਬੇੜੀ, ਬੇੜਾ ਆਪਣੇ ਕੰਧ ਉਠਾਈਆ । ਉਹਨਾਂ ਦੀ ਲੋਕਮਾਤ ਫੇਰ ਨਾ ਹੋਵੇ ਫੇਰੀ, ਜਨਮ ਜਨਮ ਨਾ ਕੋਇ ਭੁਆਈਆ । ਮੈਂ ਉਹਨਾਂ ਦਾ ਠਾਕਰ ਉਹ ਸਿੱਖੀ ਮੇਰੀ ਚੇਰੀ, ਚੇਲਾ ਗੁਰ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਵਿਚੋਂ ਮੈਨੂੰ ਥੋੜ੍ਹੀ ਜਹੀ ਬਥੇਰੀ, ਜਿਸ ਦੀ ਘਾਲ ਕੀਤੀ ਬਿਰਥਾ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਿਹਾ ਪ੍ਰਭੂ ਅੱਛਾ, ਤੇਰੀ ਬੇਪਰਵਾਹੀਆ । ਸ੍ਰੀ ਭਗਵਾਨ ਕਿਹਾ ਸੁਣ ਬੱਚਾ, ਤੈਨੂੰ ਦਿਆਂ ਸਮਝਾਈਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਵਾਲਾ ਭਾਂਡਾ ਕੱਚਾ, ਪਿੱਲਾ ਵਿਚੋਂ ਨਜ਼ਰੀ ਆਈਆ । ਦੋਹਾਂ ਨੇ ਮਿਲ ਕੇ ਢਾਲਣਾ ਸੱਚਾ, ਜਿਸ ਦੀ ਕ਼ਿਸਮ ਨਾ ਕੋਇ ਸਮਝਾਈਆ । ਹੁਣ ਤੈਨੂੰ ਥੋੜ੍ਹਾ ਜਿਹਾ ਦਿਤਾ ਪਤਾ, ਫੇਰ ਬਹੁਤਾ ਦਿਆਂ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਂਡਾ ਭਰਮ ਭੌ ਭੰਨਾਈਆ । ਗੋਬਿੰਦ ਓਹ ਸਿੱਖੀ ਹੋਵਨ ਮੇਰੇ ਭਗਤ, ਭਾਗਾਂ ਵਾਲੇ ਨਜ਼ਰੀ ਆਈਆ । ਜਿਨ੍ਹਾਂ ਦੀ ਲੇਖੇ ਲਾ ਕੇ ਬੂੰਦ ਰਕਤ, ਆਪਣਾ ਰੰਗ ਦਿਆਂ ਚੜ੍ਹਾਈਆ । ਅੰਤਰ ਆਤਮ ਦੇ ਕੇ ਸ਼ਕਤ, ਸੁਰਤੀ ਸ਼ਬਦ ਮਿਲਾਈਆ । ਵਿਚ ਰਹਿਣ ਨਾ ਦੇਵਾਂ ਫ਼ਰਕ, ਧੁਰ ਦਾ ਜੋੜ ਜੁੜਾਈਆ । ਤਹਿਰੀਰੀ ਕਰ ਕੇ ਲਿਖਤ ਪੜ੍ਹਤ, ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਣ ਕੇ ਬਚਨ ਛੱਬੀ ਪੋਹ ਹੱਸੀ, ਖ਼ੁਸ਼ੀਆਂ ਰੰਗ ਵਖਾਈਆ । ਵਾਹਵਾ ਪ੍ਰਭੂ ਤੂੰ ਸਭ ਦਾ ਕਮਲਾਪਤੀ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਮੈਂ ਤੇਰੀ ਸਿੱਖੀ ਵੇਖਾਂ ਅੱਖੀਂ, ਜੋ ਭਗਤਾਂ ਦਏਂ ਵਡਿਆਈਆ । ਚਰਨ ਪ੍ਰੀਤੀ ਤੇਰੀ ਢੱਠੀ, ਧੂੜੀ ਖ਼ਾਕ ਰਮਾਈਆ । ਰਾਹ ਤਕੇ ਸਵਾ ਰਤੀ, ਕੇਸਰ ਆਪਣੀ ਅੱਖ ਖੁਲ੍ਹਾਈਆ । ਮੇਰੀ ਓਹਨਾਂ ਨਾਲ ਬਾਤ ਸੱਚੀ, ਜਿਨ੍ਹਾਂ ਨੂੰ ਬਾਤਨ ਮਿਲਦਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਹੋਏ ਸਹਾਈਆ । ਸਵਾ ਰਤੀ ਕੇਸਰ ਕਹੇ ਹਸ, ਸੋਹਣਾ ਢੋਲਾ ਗਾਈਆ । ਪ੍ਰਭੂ ਮੇਰੀ ਖੋਲਣੀ ਅੱਖ, ਦਰਸ਼ਨ ਦੇਣਾ ਕਰਾਈਆ । ਜਿਸ ਵੇਲੇ ਪਰਗਟ ਹੋਵੇਂ ਪੁਰਖ ਸਮਰਥ, ਆਪਣਾ ਫੇਰਾ ਪਾਈਆ । ਸੰਤ ਸੁਹੇਲੇ ਕਰੇਂ ਵਖ, ਗੁਰ ਚੇਲੇ ਮੇਲ ਮਿਲਾਈਆ । ਉਹਨਾਂ ਨਾਲ ਮਿਲਾ ਕੇ ਹੱਥ, ਧੁਰ ਦਾ ਜੋੜ ਲਏਂ ਜੁੜਾਈਆ । ਧੁਰ ਦਾ ਮਾਰਗ ਦੱਸ, ਕਰੇਂ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਿਆਂ ਰੰਗਾਈਆ । ਮੈਂ ਧੁਰ ਦਾ ਰੰਗ ਰੰਗਾਵਾਂਗਾ । ਸਾਚਾ ਧੁਰ ਦਾ ਤਾਲ ਵਜਾਵਾਂਗਾ । ਅਨੰਦਪੁਰ ਦਾ ਵਕ਼ਤ ਸੁਹਾਵਾਂਗਾ । ਧੁਰ ਦਾ ਜੋੜ ਜੁੜਾਵਾਂਗਾ । ਮੋਰ ਤੋਰ ਦਾ ਲੇਖ ਮੁਕਾਵਾਂਗਾ । ਅੰਧ ਘੋਰ ਦਾ ਵਕਤ ਚੁਕਾਵਾਂਗਾ । ਪੰਜ ਚੋਰ ਦਾ ਡੇਰਾ ਢਾਵਾਂਗਾ । ਸੁਰਤ ਸ਼ਬਦ ਦਾ ਨਾਤਾ ਜੋੜ, ਸੋਹਣਾ ਘਰ ਵਸਾਵਾਂਗਾ । ਭਾਂਡਾ ਭਰਮ ਦਾ ਫੋੜ, ਫੁਰਨਾ ਇਕੋ ਨਾਮ ਫੁਰਾਵਾਂਗਾ । ਡੂੰਘੇ ਵਹਿਣ ਵਿਚ ਰੁੜ੍ਹਿਆ ਜਾਂਦਾ ਲਵਾਂ ਮੋੜ, ਡੰਡਾ ਸ਼ਬਦ ਇਕ ਉਠਾਵਾਂਗਾ । ਕਲਜੁਗ ਫੇਰ ਨਾ ਪਾਵੇ ਸ਼ੋਰ, ਸ਼ਹਿਨਸ਼ਾਹ ਹੋ ਕੇ ਹੁਕਮ ਮਨਾਵਾਂਗਾ । ਇਕੋ ਮੰਤਰ ਫੁਰਨਾ ਫੁਰੇ ਫੋਰ, ਫੁਰਨੇ ਸਭ ਦੇ ਬੰਦ ਕਰਾਵਾਂਗਾ । ਭਗਤ ਭਗਵਾਨ ਦਾ ਨਾਤਾ ਜੋੜ, ਜੋੜੀ ਆਪਣੇ ਨਾਲ ਰਲਾਵਾਂਗਾ । ਸਾਚੇ ਚਾੜ੍ਹ ਕੇ ਸ਼ਬਦ ਘੋੜ, ਵਾਗਾਂ ਆਪਣੇ ਹੱਥ ਰਖਾਵਾਂਗਾ । ਜਿਸ ਵੇਲੇ ਗੋਬਿੰਦ ਮੈਨੂੰ ਆਪਣੇ ਭਗਤਾਂ ਦੀ ਪਈ ਲੋੜ, ਉਸ ਵੇਲੇ ਸਿੱਖੀ ਸਚ ਪਰਗਟਾਵਾਂਗਾ ।

ਜਿਨ੍ਹਾਂ ਦੇ ਵਿਚ ਨਾ ਕੋਈ ਠਗ ਰਹੇ ਨਾ ਚੋਰ, ਕੂੜਿਆਂ ਨਾ ਨਾਲ ਰਲਾਵਾਂਗਾ । ਅੱਗੇ ਆਪਣੇ ਲਵਾਂ ਤੋਰ, ਪਿੱਛੇ ਆਪਣਾ ਹੁਕਮ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਨਿਰਗੁਣ ਹੋ ਕੇ ਫੇਰਾ ਪਾਵੇਗਾ । ਸੰਤ ਸੁਹੇਲੇ ਆਪ ਜਗਾਵੇਗਾ । ਗੁਰ ਚੇਲੇ ਮੇਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਵੇਗਾ । ਗੋਬਿੰਦ ਕਹੇ ਉਹ ਭਗਤ ਸੁਹੇਲੇ, ਮੈਂ ਨੇਤਰ ਵੇਖ ਵੇਖ ਬਿਗਸਾਈਆ । ਜਿਸ ਵੇਲੇ ਹੋਵਣ ਮੇਲੇ, ਮਿਲ ਮਿਲ ਖ਼ੁਸ਼ੀ ਮਨਾਈਆ । ਸਾਚੀ ਸਿੱਖੀ ਦੀ ਸੁਣੋ ਬਣਤ, ਹਰਿ ਸਤਿਗੁਰ ਆਪ ਬਣਾਈਆ । ਚਾਰ ਜੁਗ ਦੇ ਪਿਛਲੇ ਸੰਤ, ਭਗਵਨ ਵੇਖ ਵਖਾਈਆ । ਚਿਰੀ ਵਿਛੁੰਨਿਆਂ ਮੇਲਾ ਕੰਤ, ਆਤਮ ਸੇਜ ਸੁਹਾਈਆ । ਸੋਹਣੀ ਬਣਾਏ ਬਣਤ, ਸਮਰਥ ਬੇਪਰਵਾਹੀਆ । ਲੇਖਾ ਚੁਕਾ ਕੇ ਆਦਿ ਅੰਤ, ਅੰਤਸ਼ਕਰਨ ਖੋਜ ਖੁਜਾਈਆ । ਨਾਮ ਖ਼ੁਮਾਰੀ ਚਾੜ੍ਹ ਕੇ ਰੰਗਤ, ਰੰਗ ਆਪਣਾ ਦਏ ਰੰਗਾਈਆ । ਗੁਰਮੁਖ ਕੋਈ ਨਾ ਰਹੇ ਮੰਗਤ, ਦੂਜੇ ਦਰ ਨਾ ਝੋਲੀ ਡਾਹੀਆ । ਵੀਹ ਸੌ ਇੱਕੀ ਬਿਕ੍ਰਮੀ ਛੱਬੀ ਪੋਹ ਜਿਨ੍ਹਾਂ ਨੂੰ ਮਿਲਾਵੇ ਆਪਣੀ ਸੰਗਤ, ਤਿਨ੍ਹਾਂ ਦਾ ਸਗਲਾ ਸੰਗ ਨਿਭਾਈਆ । ਉਹਨਾਂ ਨੂੰ ਲੋੜ ਰਹੇ ਨਾ ਕਿਸੇ ਪੰਡਤ, ਮੁੱਲਾ ਸ਼ੇਖ਼ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਇਕ ਸਰਨਾਈਆ । ਜਿਨ੍ਹਾਂ ਸਰਨ ਦੇਵੇ ਸਵਾਮੀ, ਸਾਹਿਬ ਆਪਣੀ ਦਇਆ ਕਮਾਈਆ । ਸ਼ਬਦ ਸਰੂਪੀ ਦੇ ਨਿਸ਼ਾਨੀ, ਨਿਸ਼ਾਨਾ ਅਣਿਆਲਾ ਤੀਰ ਚਲਾਈਆ । ਬੋਧ ਅਗਾਧ ਸੁਣਾ ਕੇ ਬਾਣੀ, ਭਾਂਡਾ ਭਰਮ ਭੌ ਭੰਨਾਈਆ । ਅੰਤਰ ਆਤਮ ਦੇ ਕੇ ਪਦ ਨਿਰਬਾਣੀ, ਘਰ ਸਾਚੇ ਦਏ ਬਹਾਈਆ । ਜਲਵਾ ਦੇ ਕੇ ਜੋਤ ਨੂਰਾਨੀ, ਨਿਰੰਜਣ ਨੂਰ ਕਰੇ ਰੁਸ਼ਨਾਈਆ । ਆਤਮ ਸੇਜ ਇਕ ਸੁਹਾਨੀ, ਸੋਭਾਵੰਤ ਵਖਾਈਆ । ਆਤਮ ਰਸ ਦੇ ਕੇ ਪਾਣੀ, ਸਾਂਤਕ ਸਤਿ ਕਰਾਈਆ । ਨਾਤਾ ਤੋੜ ਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵਿਚੋਂ ਬਾਹਰ ਕਢਾਈਆ । ਚਰਨ ਕਵਲ ਬਖ਼ਸ਼, ਧਿਆਨੀ, ਇਸ਼ਟ ਇਕੋ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਿੱਖੀ ਇਕ ਸਮਝਾਈਆ । ਸਾਚੀ ਸਿੱਖੀ ਦਾ ਇਕ ਅਸੂਲ, ਹਰਿ ਕਰਤਾ ਆਪ ਬਣਾਇੰਦਾ । ਧੁਰ ਸੰਦੇਸ਼ਾ ਦੇ ਮਾਅਕ਼ੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਚਾਰ ਵਰਨ ਨਾ ਜਾਵਣ ਭੂਲ, ਅਭੁਲ ਆਪ ਦਰਸਾਇੰਦਾ । ਸਭ ਦਾ ਲੇਖਾ ਚੁਕੇ ਮੂਲ, ਲਹਿਣਾ ਹਿਸਾਬ ਮੁਕਾਇੰਦਾ । ਨਾਤਾ ਜੁੜੇ ਕੰਤ ਕੰਤੂਹਲ, ਹਰਿ ਕੰਤ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰਾਹ ਆਪ ਵਖਾਇੰਦਾ । ਸਾਚੀ ਸਿੱਖੀ ਦਾ ਸਚਾ ਰਸਤਾ, ਰਹਿਬਰ ਦਏ ਵਖਾਈਆ । ਸਭ ਨਾਲੋਂ ਛੋਟਾ ਸਭ ਨਾਲੋਂ ਸਸਤਾ, ਸਹਿਜੇ ਦਏ ਸਮਝਾਈਆ । ਪੋਥੀਆਂ ਵਾਲਾ ਬੰਨ੍ਹਣਾ ਨਾ ਪਏ ਬਸਤਾ, ਇਕੋ ਸੋਹੰ ਢੋਲਾ ਗਾਈਆ । ਇਕੱਠਾ ਕਰਨਾ ਨਾ ਪਏ ਕਾਗ਼ਜ਼ਾਂ ਦਸਤਾ, ਇਸ਼ਾਰਾ ਅਵਰ ਨਾ ਕੋਇ ਜਣਾਈਆ । ਪਾਰ ਕਰਾਏ ਅਰਸ਼ਾਂ ਫ਼ਰਸ਼ਾਂ, ਸਾਚੇ ਚਰਨਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚਾ ਲੇਖਾ ਆਪ ਮੁਕੌਂਦਾ ਏ । ਸਾਚੀ ਕਰਨੀ ਆਪ ਕਮੌਂਦਾ ਏ । ਜੁਗ ਜੁਗ ਆਪਣਾ ਹੁਕਮ ਵਰਤੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹੌਂਦਾ ਏ । ਸੰਤ ਸੁਹੇਲਾ ਸਦਾ ਜਗੌਂਦਾ ਏ । ਗੁਰ ਚੇਲੇ ਜੋੜ ਜੁੜੌਂਦਾ ਏ । ਜਗ ਮੇਲੇ ਆਪ ਮਿਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚੀ ਖੇਲ ਆਪ ਖਿਲੌਂਦਾ ਏ । ਸਾਚੀ ਖੇਲ ਕਹੇ ਮੈਂ ਹੋਈ ਰਾਤ, ਰੁਤੜੀ ਨਾਲ ਮਿਲਾਈਆ । ਸਤਾਈ ਪੋਹ ਦੀ ਦਿਸੇ ਪਰਭਾਤ, ਜੋ ਬੈਠੀ ਅੱਖ ਖੁਲ੍ਹਾਈਆ । ਭਗਤਾਂ ਮਿਲਿਆ ਸਾਚਾ ਬਾਪ, ਦਾਤਾ ਧੁਰਦਰਗਾਹੀਆ । ਸੋਹੰ ਦੱਸਿਆ ਜਾਪ, ਆਤਮ ਪਰਮਾਤਮ ਕਰੀ ਪੜ੍ਹਾਈਆ । ਆਤਮ ਪਰਮਾਤਮ ਜੋੜ ਕੇ ਨਾਤ, ਨਾਤਾ ਧੁਰ ਦਾ ਲਿਆ ਬਣਾਈਆ । ਦਰਸ਼ਨ ਦੇ ਕੇ ਸਾਖ਼ਿਆਤ, ਸਗਲੀ ਚਿੰਦ ਮਿਟਾਈਆ । ਗੁਰਮੁਖ ਬਣਾ ਕੇ ਪਾਰਜਾਤ, ਇਕੋ ਰੰਗ ਰੰਗਾਈਆ । ਪਰਦਾ ਖੋਲ੍ਹ ਕੇ ਦੱਸੇ ਨਾਲ ਵਜ਼ਾਹਤ, ਸਿਫ਼ਤਾਂ ਨਾਲ ਸਲਾਹੀਆ । ਜਨ ਭਗਤਾਂ ਦੇਣੀ ਇਕ ਸੁਗ਼ਾਤ, ਧੁਰ ਦੀ ਦਾਤ ਵਰਤਾਈਆ । ਊਚ ਨੀਚ ਦੋਵੇਂ ਕਰਕੇ ਪਾਕ, ਸਾਫ਼ ਸੁਥਰੇ ਦਏ ਬਣਾਈਆ । ਇੱਕੀਆਂ ਇੱਕੀਆਂ ਦੀ ਸਤਿ ਜਮਾਤ, ਸੋਹਣੀ ਵੰਡ ਵੰਡਾਈਆ । ਸਾਚੇ ਤਖ਼ਤ ਬਹਿ ਪ੍ਰਭ ਆਪ, ਸਾਢੇ ਤਿੰਨ ਹੱਥ ਸੋਭਾ ਪਾਈਆ । ਚਾਰੋਂ ਕੁੰਟ ਕਰ ਤਲਾਸ਼, ਸ਼ਬਦ ਸੰਤ ਸੁਹੇਲੇ ਲਏ ਉਠਾਈਆ । ਆਪਣੀ ਪੂਰੀ ਕਰ ਕੇ ਖ਼ਾਹਿਸ਼, ਭਗਤਾਂ ਆਪਣੇ ਨਾਲ ਮਿਲਾਈਆ । ਨਾਤਾ ਤੋੜ ਕੇ ਹੱਡ ਮਾਸ, ਨਾੜ ਨਾੜ ਕਰੇ ਰੁਸ਼ਨਾਈਆ । ਸਦਾ ਸੁਹੇਲਾ ਵਸੇ ਪਾਸ, ਦੂਰ ਦੁਰਾਡਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਜਣਾਈਆ । ਧੁਰ ਦਾ ਲੇਖਾ ਜਣਾਵਣ ਆਇਆ, ਹਰਿ ਕਰਤਾ ਬੇਪਰਵਾਹ । ਸਾਚਾ ਮਾਰਗ ਲਾਵਣ ਆਇਆ, ਨੂਰ ਨੁਰਾਨਾ ਇਕ ਖ਼ੁਦਾ । ਪੀਰ ਪੈਗ਼ੰਬਰ ਦਰ ਬੁਲਾਇਆ, ਸੱਦਾ ਹੁਕਮ ਸੁਣਾ । ਗੁਰ ਅਵਤਾਰ ਚਰਨ ਟਿਕਾਇਆ, ਸਿਰ ਸਕੇ ਨਾ ਕੋਇ ਉਠਾ । ਸਚ ਦਵਾਰ ਇਕ ਵਖਾਇਆ, ਭਗਤ ਭਗਵੰਤ ਆਪ ਸੁਹਾ । ਧੁਰ ਦਾ ਢੋਲਾ ਇਕੋ ਗਾਇਆ, ਸ਼ਬਦ ਅਗੰਮ ਦਿਤਾ ਜਣਾ । ਕੂੜੀ ਕਿਰਿਆ ਵਕ਼ਤ ਚੁਕਾਇਆ, ਸਤਿਜੁਗ ਸਾਚਾ ਸਮਾਂ ਰਿਹਾ ਸੁਹਾ । ਪਿਛਲੀ ਆਦਤ ਦਏ ਬਦਲਾਇਆ, ਮਾਰਗ ਅਗਲਾ ਇਕ ਵਖਾ । ਕ਼ੁਦਰਤ ਕ਼ਾਦਰ ਖੇਲ ਰਚਾਇਆ, ਮਾਰਗ ਦੋ ਜਹਾਨਾਂ ਲਾ । ਸਾਜਣ ਮੀਤਾ ਬਣ ਕੇ ਆਇਆ, ਪੁਰਖ ਅਬਿਨਾਸ਼ੀ ਵੇਸ ਵਟਾ । ਗੋਬਿੰਦ ਸੁਤ ਨਾਲ ਰਲਾਇਆ, ਦੋ ਜਹਾਨਾਂ ਸੁੱਤਿਆਂ ਰਿਹਾ ਜਗਾ । ਸ਼ਬਦ ਖ਼ੁਮਾਰੀ ਨਾਮ ਚੜ੍ਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾ । ਸਾਚੀ ਕਰਨੀ ਕਰਨੇਹਾਰਾ, ਹਰਿ ਵਡਾ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਭਗਤ ਦਵਾਰਾ, ਭਗਵਨ ਆਪਣਾ ਰੰਗ ਰੰਗਾਈਆ । ਜਿਥੇ ਸ਼ਬਦੀ ਇਕ ਇਸ਼ਾਰਾ, ਦੂਜੀ ਸੈਨਤ ਨਾ ਕੋਇ ਲਗਾਈਆ । ਉਠ ਕੇ ਵੇਖੇ ਗੁਰਸਿਖ ਰਿਹਾ ਨਾ ਕੋਈ ਕਵਾਰਾ, ਹਰਿ ਕੰਤ ਲਿਆ ਪਰਨਾਈਆ । ਜਿਨ੍ਹਾਂ ਦਾ ਵਜਦਾ ਸਚ ਨਗਾਰਾ, ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਨਿਵਾਈਆ । ਜਿਨ੍ਹਾਂ ਦਾ ਸਤਾਈ ਪੋਹ ਲਗਣਾ ਅਖਾੜਾ, ਪੁਰਖ ਅਬਿਨਾਸ਼ੀ ਹੁਕਮ ਸੁਣਾਈਆ । ਧੁਰਦਰਗਾਹੀ ਵੇਖਣ ਆਇਆ ਲਾੜਾ, ਜੋਤੀ ਜਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹ ਪ੍ਰਭ, ਤੇਰੀ ਵਡ ਵਡਿਆਈਆ । ਜੁਗ ਜਨਮ ਦੇ ਵਿਛੜੇ ਜਿਸ ਲਏ ਲਭ, ਖੋਜੀ ਹੋ ਕੇ ਖੋਜ ਖੁਜਾਈਆ । ਪ੍ਰੇਮ ਪਿਆਰ ਅੰਦਰ ਲਏ ਸੱਦ, ਦੂਜਾ ਹੁਕਮ ਨਾ ਕੋਇ ਸੁਣਾਈਆ । ਜਿਨ੍ਹਾਂ ਦੇ ਨਾਲ ਮਿਲ ਕੇ ਅਗਲਾ ਲੌਣਾ ਮਘ, ਰਸਤਾ ਇਕ ਵਖਾਈਆ । ਸਚ ਦਵਾਰ ਹਰਿ ਨਿਰੰਕਾਰ ਇਕੋ ਕਰੌਣਾ ਹੱਜ, ਮਹਿਬੂਬ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਦਰਸ਼ਨ ਪਾਉਗੇ । ਜਿਸ


੧੬੪

ਵੇਲੇ ਪਰਮ ਪੁਰਖ ਦਾ ਚਲਿਆ ਰਥ, ਬ੍ਰਹਿਮੰਡ ਖੰਡ ਸੀਸ ਨਿਵਾਉਗੇ । ਜਿਸ ਦਾ ਲੇਖਾ ਇੱਕੀ ਹੱਥ, ਹੱਥਾਂ ਵਾਲਿਓ ਆਪਣੇ ਖ਼ਾਲੀ ਹੱਥ ਸਰਬ ਕਰਾਉਗੇ । ਜੇ ਨਾਲ ਭਗਤਾਂ ਮਿਲ ਕੇ ਗਾਓ ਜਸ, ਫੇਰ ਦਰਸ਼ਨ ਪ੍ਰਭ ਦਾ ਪਾਉਗੇ । ਜਿਨ੍ਹਾਂ ਦੇ ਹੋ ਕੇ ਆਇਆ ਵਸ, ਵਸਤੂ ਉਹਨਾਂ ਨਾਲ ਆਪਣੀ ਝੋਲੀ ਭਰਾਉਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਬੂਝ ਬੁਝਾਓਗੇ । ਧੁਰ ਸੰਦੇਸਾ ਧੁਰ ਫ਼ਰਮਾਣਾ, ਧੁਰ ਦਰਗਾਹੀ ਆਖ ਸੁਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿੱਛੋਂ ਵਕ਼ਤ ਇਕ ਸੁਹਾਣਾ, ਸੁਹੰਜਣੀ ਘੜੀ ਨਾਲ ਮਿਲਾਈਆ । ਤਖ਼ਤ ਨਿਵਾਸੀ ਹੋ ਕੇ ਧੁਰ ਦਾ ਰਾਣਾ, ਸ਼ਹਿਨਸ਼ਾਹ ਆਪਣਾ ਡੇਰਾ ਲਾਈਆ । ਜਨ ਭਗਤਾਂ ਦੇਵੇ ਇਕੋ ਦਾਨਾ, ਦਾਤਾ ਹੋ ਕੇ ਝੋਲੀ ਪਾਈਆ । ਦੂਜੇ ਦਰ ਮੰਗਣ ਕਿਸੇ ਨਾ ਜਾਣਾ, ਪਿਛਲਾ ਲੇਖਾ ਸਰਬ ਮੁਕਾਈਆ । ਹਰਿ ਸੰਗਤ ਮਿਲ ਕੇ ਇਕੋ ਗਾਣਾ, ਸੋਹੰ ਢੋਲਾ ਆਪ ਪੜ੍ਹਾਈਆ । ਇੱਕੀ ਇੱਕੀ ਜੋੜ ਜੁੜਾਣਾ, ਏਕੰਕਾਰ ਰੰਗ ਰੰਗਾਈਆ । ਸਾਚੀ ਗੰਢ ਇਕ ਪਵਾਣਾ, ਪੰਡਤ ਪਾਂਧਾ ਨਾ ਕੋਇ ਸਮਝਾਈਆ । ਸਾਚਾ ਮਾਰਗ ਇਕ ਲਗਾਣਾ, ਚਾਰ ਵਰਨਾਂ ਅਠਾਰਾਂ ਬਰਨਾਂ ਮੇਲ ਮਿਲਾਈਆ । ਚਾਰੋਂ ਕੁੰਟ ਆਪ ਭਵਾਣਾ, ਦਹਿ ਦਿਸ਼ਾ ਵੇਖ ਵਖਾਈਆ । ਲਹਿਣਾ ਦੇਣਾ ਜ਼ਿਮੀਂ ਅਸਮਾਨਾਂ, ਗਗਨ ਮੰਡਲ ਡੇਰਾ ਢਾਹੀਆ । ਦਵਾਰ ਦੱਸੇ ਇਕ ਭਗਵਾਨਾ, ਚਰਨ ਕਵਲ ਸਚ ਵਖਾਈਆ । ਜਨ ਭਗਤੋ ਤੁਹਾਡਾ ਇਕ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰੋ, ਜਿਸ ਵੇਲੇ ਇੱਕੀ ਇੱਕੀ ਹੋਏ ਇਕੱਠੇ, ਆਪਣਾ ਜੋੜ ਜੁੜਾਈਆ । ਤੁਹਾਡੇ ਵੇਂਹਦਿਆਂ ਸਭ ਦੇ ਢਹਿ ਜਾਣੇ ਭੱਠੇ, ਪਿਛਲਾ ਲੇਖਾ ਦਏ ਮੁਕਾਈਆ । ਤੁਸੀਂ ਰਲ ਕੇ ਬਣ ਜਾਓ ਭਾਈ ਸਕੇ, ਮਤਰੇਆ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੇ ਲੱਖ ਚੁਰਾਸੀ ਵਿਚੋਂ ਬੱਚੇ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦਰਸਾਈਆ । ਜਿਸ ਵੇਲੇ ਇੱਕੀ ਇੱਕੀ ਗੰਢ ਪਵੌਣਗੇ । ਸਾਚੀ ਸਿੱਖੀ ਉਹ ਅਖਵੌਣਗੇ । ਗੋਬਿੰਦ ਨੂੰ ਦਿਤੀ ਚਿੱਠੀ, ਚਿੱਠੀ ਦਾ ਮੁਲ ਪਵੌਣਗੇ । ਚਾਰ ਕੁੰਟ ਵਿਚੋਂ ਥੋੜੀ ਜਿਹੀ ਦਿਸੀ, ਦਹਿ ਦਿਸ਼ਾ ਫੇਰ ਅਲਖ ਅਲੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਵਿਚ ਸਮੌਣਗੇ । ਜਨ ਭਗਤ ਕਹਿਣ ਪ੍ਰਭ ਧੁਰ ਦੇ ਠਾਕਰ, ਸਚ ਦੇ ਸਮਝਾਈਆ । ਸਾਢੇ ਤਿੰਨ ਹੱਥ ਭਾਗ ਲਗਾ ਦੇ ਕਾਇਆ ਗਾਗਰ, ਗਹਿਰ ਗੰਭੀਰ ਤੇਰੀ ਸਰਨਾਈਆ । ਦਰ ਆਇਆ ਘਰ ਦੇ ਦੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਤੇਰੇ ਬਿਰਹੋਂ ਵਿਛੋੜੇ ਅੰਦਰ ਹੋਏ ਪਾਗ਼ਲ, ਜਗਤ ਜਹਾਨ ਕਹੇ ਸ਼ੁਦਾਈਆ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧਵਾਈਆ । ਇਹ ਭਗਤ ਤੇਰੇ ਸੌਦਾਗਰ, ਸਾਚਾ ਵਣਜ ਦੇ ਵਖਾਈਆ । ਤੇਰਾ ਕਰਮ ਕਰਤੇ ਕ਼ਾਦਰ, ਕ਼ੁਦਰਤਾਂ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਝੋਲੀ ਦੇ ਭਰਾਈਆ । ਜਨ ਭਗਤ ਕਹਿਣ ਪ੍ਰਭ ਤੇਰੇ ਦਰ ਦੇ ਮੰਗਤੇ, ਮੰਗਣ ਅੰਤਮ ਆਈਆ । ਸਾਨੂੰ ਅੰਦਰੋਂ ਬਾਹਰੋਂ ਰੰਗ ਦੇ, ਰੰਗਣ ਇਕ ਚੜ੍ਹਾਈਆ । ਅਨੰਦਪੁਰੀ ਵਾਲੇ ਆਪਣਾ ਉਹ ਅਨੰਦ ਦੇ, ਜਿਸ ਵਿਚ ਆਪਣਾ ਆਪ ਸਮਾਈਆ । ਸਾਡੀ ਜਨਮ ਜਨਮ ਦੀ ਟੁੱਟੀ ਗੰਢ ਦੇ, ਗੰਢਣਹਾਰ ਗੋਪਾਲ ਸਵਾਮੀ ਤੇਰੀ ਬੇਪਰਵਾਹੀਆ । ਸਾਡਾ ਮਾਣ ਹੰਕਾਰ ਤੋੜ ਕੇ ਹੰ ਬ੍ਰਹਮ ਦੇ, ਪਾਰਬ੍ਰਹਮ ਤੇਰੀ ਸਰਨਾਈਆ । ਬਿਨ ਤੇਰੀ ਕਿਰਪਾ ਭਗਤ ਕਦੀ ਨਾ ਜੰਮਦੇ, ਮਾਤ ਗਰਭ ਕਦੇ


੧੬੫

ਨਾ ਆਈਆ । ਲੇਖੇ ਮੁਕਾ ਦੇ ਚਿੰਤਾ ਗ਼ਮ ਦੇ, ਇਕੋ ਖ਼ੁਸ਼ੀ ਦੇ ਵਖਾਈਆ । ਨਾਤਾ ਤੋੜ ਦੇ ਕਾਇਆ ਤਨ ਦੇ, ਨਿਰਮਲ ਜੋਤ ਕਰ ਰੁਸ਼ਨਾਈਆ । ਹੁਣ ਅਸੀਂ ਮਨ ਦੀ ਆਖੀ ਕਦੇ ਨਹੀਂ ਮੰਨਦੇ, ਮਨਸਾ ਤੇਰੇ ਨਾਲ ਰਲਾਈਆ । ਜੇ ਬਰਦੇ ਹੋ ਗਏ ਗੁਜਰੀ ਦੇ ਚੰਦ ਦੇ, ਦੂਜੇ ਸੀਸ ਨਾ ਕਦੇ ਨਿਵਾਈਆ । ਜੇ ਕਿਰਪਾ ਕਰੇਂ ਅੰਮ੍ਰਿਤ ਪੀਤੇ ਤੇਰੀ ਪ੍ਰੇਮ ਪਿਆਰੀ ਖੰਡ ਦੇ, ਇੱਕੀਆਂ ਆਪਣਾ ਰਸ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਝੋਲੀ ਆਏ ਅਡਦੇ, ਤੇਰੇ ਅਗੇ ਡਾਹੀਆ । ਹੁਣ ਪੈਂਡੇ ਵੇਖ ਅਖ਼ੀਰੀ ਹਦ ਦੇ, ਆਪਣੀ ਹਾਲਤ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਸਤਾਈ ਪੋਹ ਰੰਗ ਰੰਗਾਉਗੇ । ਸਾਚੇ ਸੰਤੋ ਧਰਮ ਦਾ ਸੰਗ ਬਣਾਉਗੇ । ਦੂਰ ਹੋਏ ਆਪਣੇ ਮਨ ਤੋਂ, ਕਾਇਆ ਮੰਦਰ ਇਕ ਵਸਾਉਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਮਨਾਉਗੇ । ਜਨ ਭਗਤੋ ਸਾਚੇ ਘਰ ਬਹਾਵਾਂਗਾ । ਪੰਧ ਮੁਕਾ ਕੇ ਨੌਂ ਦਰ, ਦਸਵਾਂ ਸਹਿਜ ਸਹਿਜ ਖੁਲ੍ਹਾਵਾਂਗਾ । ਪੰਜਾਂ ਚੋਰਾਂ ਦਾ ਚੁੱਕੇ ਡਰ, ਪੰਚਮ ਨਾਦ ਸ਼ਬਦ ਸੁਣਾਵਾਂਗਾ । ਸੁਰਤੀ ਤੁਹਾਡੀ ਅੰਦਰ ਵੜ, ਗੁੜਤੀ ਆਪਣਾ ਨਾਮ ਦਵਾਵਾਂਗਾ । ਤੁਹਾਡੀ ਮੰਜ਼ਲ ਪੌੜੀ ਚੜ੍ਹ, ਗ੍ਰਿਹ ਮੰਦਰ ਸੋਭਾ ਪਾਵਾਂਗਾ । ਸਚ ਪੁੱਛੋ ਦਰਸ ਦੇਵਾਂ ਘਰ ਘਰ, ਇਸੇ ਤਰਾ ਨਜ਼ਰੀ ਆਵਾਂਗਾ । ਜੇ ਤਨ ਛੋੜ ਕੇ ਜਾਓ ਮਰ, ਮਰਨ ਤੋਂ ਪਹਿਲਾਂ ਆਪਣੀ ਗੋਦ ਟਿਕਾਵਾਂਗਾ । ਜਿਨ੍ਹਾਂ ਸੋਹੰ ਢੋਲਾ ਲਿਆ ਪੜ੍ਹ, ਉਹਨਾਂ ਦਾ ਜ਼ਾਮਨ ਦੋ ਜਹਾਨ ਬਣ ਜਾਵਾਂਗਾ । ਜਿਹੜੇ ਇੱਕੀਆਂ ਵਿਚ ਗਏ ਰਲ, ਉਹਨਾਂ ਨਾਲ ਮਿਲ ਕੇ ਆਪਣਾ ਝਟ ਲੰਘਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਰਖਾਵਾਂਗਾ । ਸਿਰ ਸਭ ਦੇ ਹੱਥ ਰੱਖਾਂਗਾ । ਭਗਤਾਂ ਅਗਲਾ ਮਾਰਗ ਦੱਸਾਂਗਾ । ਪਿੱਛਾ ਦੇ ਕਦੀ ਨਾ ਨੱਸਾਂਗਾ । ਹਿਰਦੇ ਅੰਦਰ ਵਸਾਂਗਾ । ਸਦ ਸਨਮੁਖ ਹੋ ਕੇ ਹੱਸਾਂਗਾ । ਤੁਹਾਡੇ ਪ੍ਰੇਮ ਦਾ ਢੋਲਾ ਰਟਾਂਗਾ । ਵਿਚੋਲਾ ਹੋ ਕੇ ਚੱਕਾਂਗਾ । ਆਉਂਦਾ ਜਾਂਦਾ ਕਦੇ ਨਾ ਅੱਕਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਫੜ ਆਪਣੇ ਚਰਨਾਂ ਹੇਠਾਂ ਰੱਖਾਂਗਾ । ਜਨ ਭਗਤ ਕਹਿਣ ਕੀ ਦੇਵੇਂ ਲਾਰਾ, ਅਛਲ ਛਲਧਾਰੀ ਆਪਣਾ ਛਲ ਵਖਾਈਆ । ਸ੍ਰੀ ਭਗਵਾਨ ਕਹੇ ਮੇਰਾ ਤੁਹਾਡੇ ਅਗੇ ਹਾੜਾ, ਦੋਏ ਜੋੜ ਸੀਸ ਨਿਵਾਈਆ । ਧੁਰ ਦਾ ਕਰਾਂ ਇਕ ਪਿਆਰਾ, ਜੋ ਲਗੀ ਪ੍ਰੀਤ ਨਾ ਕੋਇ ਤੁੜਾਈਆ । ਤੁਹਾਡਾ ਬਣ ਕੇ ਆਵਾਂ ਵਣਜਾਰਾ, ਨਿਰਗੁਣ ਹੋ ਕੇ ਫੇਰਾ ਪਾਈਆ । ਅਗੇ ਬਣਨਾ ਨਹੀਂ ਬੇਇਤਬਾਰਾ, ਇਤਬਾਰ ਆਪਣਾ ਦੇਣਾ ਕਰਾਈਆ । ਇਹ ਕੂੜਾ ਨਹੀਂ ਯਾਰਾ, ਯਰਾਨਾ ਧੁਰ ਦਾ ਰਿਹਾ ਲਗਾਈਆ । ਇਹ ਮਾਲਕ ਫਿਰਦਾ ਆਇਆ ਨਹੀਂ ਆਵਾਰਾ, ਤੁਹਾਡੇ ਕਾਰਨ ਵੇਸ ਵਟਾਈਆ । ਜਿਹੜਾ ਗੋਬਿੰਦ ਨਾਲ ਉਧਾਰਾ, ਇੱਕੀਆਂ ਦੀ ਝੋਲੀ ਪਾਈਆ । ਇਹ ਸਿੱਖਾਂ ਦਾ ਸਿਕਦਾਰਾ, ਅੰਤਰ ਆਤਮ ਆਸ਼ਾ ਪੂਰ ਕਰਾਈਆ । ਤੁਹਾਡਾ ਭਰ ਕੇ ਜਾਏ ਭੰਡਾਰਾ, ਭਾਂਡਾ ਖ਼ਾਲੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸੇਵਾ ਆਪ ਕਮਾਈਆ । ਜਨ ਭਗਤ ਕਹਿਣ ਪ੍ਰਭ ਅਸੀਂ ਬੈਠੇ ਅਨਭੋਲ, ਸਮਝ ਕੁਛ ਨਾ ਆਈਆ । ਝੂਠਾ ਮਾਰ ਕੇ ਨਾ ਜਾਈਂ ਰੋਲ, ਰੌਲੇ ਵਿਚ ਰਖਾਈਆ । ਸਾਹਿਬ ਸਤਿਗੁਰ ਕਹੇ ਮੈਂ ਪੂਰਾ ਤੋਲ ਕੇ ਜਾਵਾਂ ਤੋਲ, ਆਪਣਾ ਕੰਡਾ ਆਪ ਉਠਾਈਆ । ਪਹਿਲੋਂ ਵਡਿਆਈ ਦੇਵਾਂ ਉਪਰ ਧੌਲ, ਫੇਰ ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ ਜਾਤਾ ਹੋ ਕੇ ਜਾਵਾਂ ਮੌਲ, ਗੁਰਮੁਖਾਂ

ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਕਹਿਣ ਵੇਖੋ ਪ੍ਰਭ ਦਾ ਯਰਾਨਾ, ਯਾਰੀ ਭਗਤਾਂ ਨਾਲ ਰਖਾਈਆ । ਨਾਲੇ ਗਾਵੇ ਸਚ ਤਰਾਨਾ, ਤਰਾ ਤਰਾ ਰਿਹਾ ਸਮਝਾਈਆ । ਪਾਰ ਕਰਾਏ ਬਾਲ ਨਾਦਾਨਾ, ਛੋਟੇ ਬੱਚਿਆਂ ਗੋਦ ਉਠਾਈਆ । ਵੇਖੋ ਖੇਲ ਕਰੇ ਸ੍ਰੀ ਭਗਵਾਨਾ, ਭਗਵਨ ਆਪਣੀ ਧਾਰ ਵਖਾਈਆ । ਇਹਨਾਂ ਨੂੰ ਦੱਸ ਕੇ ਇਕ ਟਿਕਾਣਾ, ਇੱਕੀ ਇੱਕੀ ਜੋੜ ਜੁੜਾਈਆ । ਇਕੋ ਝੁੱਲੇ ਸੱਤ ਰੰਗ ਨਿਸ਼ਾਨਾ, ਸੱਤਾਂ ਦੀਪਾਂ ਦਏ ਵਡਿਆਈਆ । ਜੋਤ ਸਰੂਪ ਪਹਿਰ ਕੇ ਬਾਣਾ, ਬਾਣ ਨਿਰਾਲਾ ਤੀਰ ਚਲਾਈਆ । ਜਿਸ ਤਖ਼ਤੋਂ ਲਾਹ ਕੇ ਜਾਣਾ ਰਾਜਾ ਰਾਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਟਿਕਾਣਾ, ਚਰਨ ਕਵਲ ਮਿਲੇ ਵਡਿਆਈਆ । ਗੁਰ ਅਵਤਾਰ ਕਹਿਣ ਪੈਗ਼ੰਬਰੋ ਕਰੋ ਤੋਬਾ, ਤੋਬਾ ਤੋਬ ਸੁਣਾਈਆ । ਜਿਸ ਦੀ ਸੁਣਦੇ ਰਹੇ ਸੋਭਾ, ਸੋ ਸਾਹਿਬ ਫੇਰਾ ਪਾਈਆ । ਕੋਈ ਨਜ਼ਰ ਨਾ ਆਵੇ ਦੂਜਾ, ਨਿਰਗੁਣ ਆਪਣੀ ਖੇਲ ਵਖਾਈਆ । ਜਿਸ ਦਾ ਭੇਵ ਅਗੰਮੀ ਗੂਝਾ, ਬਿਨਾ ਰਮਜ਼ ਨਾ ਕੋਇ ਸਮਝਾਈਆ । ਸਾਨੂੰ ਐਉਂ ਜਾਪਦਾ ਜਿਵੇਂ ਸਾਡਾ ਪੰਧ ਮੁਕਾ, ਹੁੱਕਾ ਖ਼ਾਲੀ ਨਜ਼ਰੀ ਆਈਆ । ਗੱਟੇ ਦੀ ਥਾਂ ਵਿਚ ਦੇਣਾ ਤੁੱਕਾ, ਤੁਖ਼ਮ ਸਭ ਦਾ ਰਿਹਾ ਗਵਾਈਆ । ਤਾਅ ਚੜ੍ਹਿਆ ਨਾ ਰਹਿਣਾ ਮੁੱਛਾਂ, ਲਬਾਂ ਸਭ ਦੀਆਂ ਰਿਹਾ ਕਟਾਈਆ । ਮਾਣ ਰਹਿਣਾ ਇਕੋ ਗੋਬਿੰਦ ਸੁਤਾ, ਸੁਤ ਦੁਲਾਰੇ ਵਜੇ ਵਧਾਈਆ । ਵੇਖੋ ਖ਼ੁਦਾਵੰਦ ਕਰੀਮ ਕਿਧਰੋਂ ਉਠਿਆ ਸੁੱਤਾ, ਬੇਨਜ਼ੀਰ ਆਪਣਾ ਫੇਰਾ ਪਾਈਆ । ਸਿੱਧਾ ਮੁਰਸ਼ਦ ਮੁਰੀਦਾਂ ਵਲ ਝੁਕਾ, ਆਪਣਾ ਸੀਸ ਨਿਵਾਈਆ । ਇਹ ਰਿਵਾਜ ਤੋਰ ਕੇ ਪੁੱਠਾ, ਸਾਡੀ ਸਮਝ ਦਿਤੀ ਬਦਲਾਈਆ । ਅਗੇ ਕਿਸੇ ਨਹੀਂ ਖਾਣਾ ਕੁੱਠਾ, ਝਟਕਾ ਹਲਾਲੀ ਦੋਹਾਂ ਕਰੇ ਸਫ਼ਾਈਆ । ਕੂੜੀ ਕਿਰਿਆ ਪੁਟ ਕੇ ਬੂਟਾ, ਸਚ ਫੁਲਵਾੜੀ ਇਕ ਲਗਾਈਆ । ਭਗਤਾਂ ਦੇ ਕੇ ਪ੍ਰੇਮ ਦਾ ਹੂਟਾ, ਸ਼ਬਦ ਹੁਲਾਰੇ ਇਕ ਚੜ੍ਹਾਈਆ । ਭੇਵ ਚੁਕਾ ਕੇ ਏਕਾ ਦੂਜਾ, ਦੁਤੀਆ ਰੂਪ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਕ਼ਾਦਰ ਬੇਪਰਵਾਹੀਆ । ਪੀਰ ਪੈਗ਼ੰਬਰ ਕਹਿਣ ਕਿੱਥੋਂ ਆ ਗਿਆ ਸਾਡਾ ਸ਼ਰੀਕ, ਲਾਸ਼ਰੀਕ ਫੇਰਾ ਪਾਈਆ । ਆਪਣੇ ਹੱਥ ਰੱਖ ਤੌਫ਼ੀਕ, ਸਾਡੀ ਤਬ੍ਹਾ ਦਿਤੀ ਬਦਲਾਈਆ । ਦੂਰ ਦੁਰਾਡਾ ਚਲ ਕੇ ਆਇਆ ਨਜ਼ਦੀਕ, ਨਿਰਗੁਣ ਬਣ ਕੇ ਪਾਂਧੀ ਰਾਹੀਆ । ਸਾਡੇ ਨਾਲ ਹੁਣ ਕਿਹੜਾ ਕਰੂ ਪ੍ਰੀਤ, ਜਿਨ੍ਹਾਂ ਨੂੰ ਮਿਲਿਆ ਪਰਵਰਦਿਗਾਰ ਨੂਰ ਇਲਾਹੀਆ । ਅਸੀਂ ਰਹਿ ਗਏ ਬੀਚ ਦੇ ਬੀਚ, ਆਰ ਪਾਰ ਨਾ ਕੋਇ ਸਮਝਾਈਆ । ਮੁਹੰਮਦ ਕਹੇ ਮੈਂ ਕਾਹਨੂੰ ਕੀਤੀ ਤਸਦੀਕ, ਮੇਰਾ ਅਮਾਮ ਆਵੇ ਨੂਰ ਖ਼ੁਦਾਈਆ । ਈਸਾ ਕਹੇ ਮੈਂ ਕਾਹਨੂੰ ਰੱਖੀ ਉਡੀਕ, ਜਿਸ ਮੇਰਾ ਲੇਖਾ ਦਿਤਾ ਮੁਕਾਈਆ । ਮੂਸਾ ਕਹੇ ਮੈਂ ਕਿਉਂ ਕੋਹਤੂਰ ਉਤੇ ਨਕ ਨਾਲ ਕੱਢੀ ਲੀਕ, ਵਾਸਤਾ ਇਕੋ ਪਾਈਆ । ਨਾਨਕ ਕਹੇ ਮੈਂ ਆਖਿਆ ਠੀਕ, ਧੁਰ ਫ਼ਰਮਾਣ ਜਣਾਈਆ । ਗੋਬਿੰਦ ਕਹੇ ਉਸੇ ਦੀ ਸਭ ਬਖ਼ਸ਼ੀਸ਼, ਜੋ ਝੋਲੀ ਰਿਹਾ ਭਰਾਈਆ । ਬੀਸ ਇਕੀਸੇ ਜਿਸ ਨੇ ਬਦਲਣੀ ਰੀਤ, ਮੰਦਰ ਮਸੀਤ ਪੰਧ ਮੁਕਾਈਆ । ਝਗੜਾ ਮੁਕੌਣਾ ਊਚ ਨੀਚ, ਜ਼ਾਤ ਪਾਤ ਦਏ ਗਵਾਈਆ । ਜਨ ਭਗਤਾਂ ਔਣਾ ਕ਼ਰੀਬ, ਮੰਜ਼ਲ ਪਿਛਲੀ ਪਿੱਛੇ ਹਟਾਈਆ । ਅਗੇ ਦੇਣੀ ਸਚ ਤਰਤੀਬ, ਜਗਤ ਜਹਾਨ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੀਰ ਪੈਗ਼ੰਬਰ ਕਹਿਣ ਕਿਧਰੋਂ ਆਇਆ ਸ਼ੌਕੀਨ, ਤਾਜਾਂ ਵਾਲਾ

ਫੇਰਾ ਪਾਈਆ । ਸਾਡੇ ਉਤੋਂ ਸਭ ਦਾ ਚੁਕਿਆ ਜਾਣਾ ਯਕੀਨ, ਜੋ ਯਕੇ ਬਾਅਦ ਦੀਗਰੇ ਜਗਤ ਆਏ ਸਮਝਾਈਆ । ਹਾਏ ਬਹੁੜੀ ਦਰੋਹੀ ਇਸ ਦੀ ਸਭ ਤੋਂ ਵਖਰੀ ਤਲੀਮ, ਨਗ਼ਮਾ ਇਕੋ ਰਿਹਾ ਸੁਣਾਈਆ । ਇਸ ਦੀ ਸ਼ਾਨ ਵੇਖ ਅਜ਼ੀਮ, ਸਾਡੇ ਨੈਣ ਰਹੇ ਸ਼ਰਮਾਈਆ । ਸਾਨੂੰ ਕਰਨਾ ਪਏ ਤਸਲੀਮ, ਸਦੀ ਚੌਧਵੀਂ ਰਹੀ ਸਮਝਾਈਆ । ਇਹ ਮਾਲਕ ਗੁਣੀ ਗ਼ਨੀਮ, ਗਹਿਰ ਗੰਭੀਰ ਬੇਪਰਵਾਹੀਆ । ਜਿਸ ਦੀ ਸਿਫ਼ਤ ਕਰੇ ਅਲਿਫ਼ ਯੇ ਨੁਕਤੇ ਬਿਨਾ ਨੂਨ ਮੀਮ, ਸੀਨ ਸਮਝ ਕੋਇ ਨਾ ਪਾਈਆ । ਜਿਸ ਨੇ ਸਾਡੀ ਦੀਨਾਂ ਮਜ਼੍ਹਬਾਂ ਵਾਲੀ ਰਹਿਣ ਨਹੀਂ ਦੇਣੀ ਤਕਸੀਮ, ਇਕੋ ਰੰਗ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੀਰ ਪੈਗ਼ੰਬਰ ਕਹਿਣ ਕਿੱਥੋਂ ਵਾਹਿਦ ਆ ਕੇ ਲਾ ਲਿਆ ਮੁਜਰਾ, ਮੁਫ਼ਲਿਸ ਆਪਣਾ ਫੇਰਾ ਪਾਈਆ । ਮੱਕੇ ਕਾਅਬੇ ਵਾਲਾ ਚਰਨਾਂ ਹੇਠ ਦਬਾ ਕੇ ਹੁਜਰਾ, ਹਜ਼ਰਤਾਂ ਆਪਣਾ ਹੁਕਮ ਮਨਾਈਆ । ਸਾਡੇ ਹੱਥੀਂ ਡੰਡੇ ਫੜਾ ਕੇ ਵਾਂਗ ਸੁਥਰਾ, ਆਪਣੇ ਢੋਲੇ ਰਿਹਾ ਸੁਣਾਈਆ । ਹੁਣ ਲੁਕੀਏ ਕਿਹੜੀ ਨੁਕਰਾ, ਚਾਰੋਂ ਕੁੰਟ ਇਕੋ ਨਜ਼ਰੀ ਆਈਆ । ਜਿਸ ਦੀ ਸ੍ਰਿਸ਼ਟੀ ਕਹਿੰਦੇ ਰੂਪ ਕ਼ੁਤਰਾ, ਓਸ ਕ਼ੁਤਰ ਕ਼ੁਤਬ ਦਾ ਮਾਲਕ ਬੇਪਰਵਾਹੀਆ । ਜਿਸ ਗੋਬਿੰਦ ਨੂੰ ਆ ਕੇ ਕਿਹਾ ਉਠ ਮੇਰਿਆ ਪੁਤਰਾ, ਤੇਰੇ ਨਾਮ ਦੀ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਹਿਮਤ ਰਿਹਾ ਕਮਾਈਆ । ਪੀਰ ਪੈਗ਼ੰਬਰ ਕਹਿਣ ਕਿੱਥੋਂ ਆ ਗਿਆ ਦਾਊਦ, ਦੋਹਰਾ ਫੇਰਾ ਪਾਈਆ । ਜਿਸ ਸਾਡੀ ਮੰਜ਼ਲ ਦੱਸੀ ਮਕ਼ਸੂਦ, ਮਕਸਦ ਆਪਣਾ ਰਿਹਾ ਜਣਾਈਆ । ਸਭ ਤੋਂ ਹੋ ਕੇ ਊਚੋ ਊਚ, ਅਗੰਮ ਅਥਾਹ ਦਏ ਵਡਿਆਈਆ । ਓਥੇ ਸਾਡੀ ਨਹੀਂ ਕੋਈ ਸੂਝ, ਸਮਝ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੈਗ਼ੰਬਰ ਪੀਰ ਕਹਿਣ ਕਿੱਥੋਂ ਆ ਗਿਆ ਮਲੰਗ, ਸ਼ਬਦ ਮਤੈਹਰਾ ਹੱਥ ਫੜਾਈਆ । ਜਿਸ ਨੂੰ ਵੇਖ ਸਾਨੂੰ ਬਾਹਰੋਂ ਆਵੇ ਰੰਜ, ਅੰਦਰੋਂ ਖ਼ੁਸ਼ੀ ਵਖਾਈਆ । ਜਿਸ ਨੇ ਸਾਡਾ ਭੰਨਣਾ ਗੰਜ, ਠੋਕਰ ਇਕ ਲਗਾਈਆ । ਜਿਸ ਦਾ ਮੁਹਾਣਾ ਅਗੰਮੀ ਵੰਝ, ਚੱਪੂ ਦੋ ਜਹਾਨ ਵਖਾਈਆ । ਜੋ ਮੁਰੀਦਾਂ ਹੋਇਆ ਸੰਗ, ਮੁਰਸ਼ਦ ਬੇਪਰਵਾਹੀਆ । ਜਿਸ ਦਾ ਰਾਹ ਤਕੇ ਚੌਧਵੀਂ ਚੰਦ, ਨੇਤਰ ਅੱਖ ਉਠਾਈਆ । ਜਿਸ ਨੇ ਪੌਣੀ ਕਾਇਨਾਤ ਠੰਡ, ਕਲਮਾ ਇਕ ਪੜ੍ਹਾਈਆ । ਦੀਨ ਦਿਆਲ ਹੋਣਾ ਬਖ਼ਸ਼ੰਦ, ਮਿਹਰ ਨਜ਼ਰ ਟਿਕਾਈਆ । ਸਾਡੀ ਮੇਟ ਦੇਣੀ ਓਸ ਵੰਡ, ਵਰਭੰਡ ਇਕੋ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੀਰ ਪੈਗ਼ੰਬਰ ਕਹਿਣ ਕਿਧਰੋਂ ਆ ਗਿਆ ਕਲਮਿਆਂ ਦਾ ਮਾਲਕ, ਬਿਨ ਅੱਖਰਾਂ ਜੋ ਕਲਮਾ ਰਿਹਾ ਜਣਾਈਆ । ਇਸੇ ਨੂੰ ਦੱਸਦੇ ਰਹੇ ਸਭ ਤੋਂ ਓਹਲੇ ਵਸੇ ਖ਼ਾਲਕ, ਖ਼ਲਕ ਹੱਥ ਕਿਸੇ ਨਾ ਆਈਆ । ਸਚਮੁਚ ਬਣ ਕੇ ਆ ਗਿਆ ਸਾਲਸ, ਨੂਰ ਨੁਰਾਨਾ ਵੇਸ ਵਟਾਈਆ । ਜਿਸ ਦਾ ਰੂਪ ਅਗੰਮੀ ਖ਼ਾਲਸ, ਸੋ ਖ਼ਾਲਸ ਖ਼ਾਲਸੇ ਲਏ ਬਣਾਈਆ । ਦੀਨਾਂ ਮਜ਼੍ਹਬਾਂ ਵਾਲੀ ਚੜ੍ਹੀ ਰਹੇ ਨਾ ਕੋਈ ਪਾਲਿਸ਼, ਅੰਦਰੋਂ ਬਾਹਰੋਂ ਸਾਫ਼ ਕਰਾਈਆ । ਸ਼ਰਅ ਵਾਲੀ ਰਹੇ ਨਾ ਨਾਲਿਸ਼, ਕੂੜਾ ਨਾਤਾ ਦਏ ਤੁੜਾਈਆ । ਸਾਚੀ ਦੇ ਕੇ ਇਕ ਇਬਾਦਤ, ਇਕੋ ਨਾਮ ਸਮਝਾਈਆ । ਜਿਸ ਦਾ ਇੱਕੋ ਭੇਖ ਇਕ ਇਬਾਰਤ, ਇੱਕੋ ਸਤਰ ਵਡਿਆਈਆ । ਜਿਸ ਦੀ ਕਰਦੇ ਗਏ ਸਫ਼ਾਰਸ਼, ਸੋ ਸ਼ਫ਼ਾਖ਼ਾਨਾ ਆਪ ਰਿਹਾ ਖੁਲ੍ਹਾਈਆ । ਜਨ ਭਗਤੋ ਤੁਹਾਡਾ ਬਣ ਕੇ ਗਿਆ ਵਾਰਸ, ਵਾਸਤਾ ਤੁਹਾਡੇ ਨਾਲ ਰਖਾਈਆ । ਕੋਈ ਮੱਕੇ ਲੱਭੇ ਕੋਈ ਕਾਅਬੇ

ਲੱਭੇ ਕੋਈ ਦੀਨ ਲੱਭੇ ਕੋਈ ਦੁਨੀ ਲੱਭੇ ਕੋਈ ਮਜ਼੍ਹਬ ਲੱਭੇ ਕੋਈ ਪੁਰਾਨ ਦੇ ਫੋਲੇ ਪਾਤੇ, ਕੋਈ ਮੰਦਰ ਲਭੇ ਕੋਈ ਮਸੀਤ ਲਭੇ ਕੋਈ ਗੁਰੂਦਵਾਰੇ ਦੇ ਵੇਖਣ ਅਹਾਤੇ, ਕੋਈ ਸ਼ਾਸਤਰ ਲਭਣ ਕੋਈ ਪੁਰਾਨ ਕੋਈ ਵੇਦਾਂ ਦੇ ਦੱਸਣ ਖ਼ੁਲਾਸੇ, ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ, ਓਹ ਸਾਰੇ ਉਠੋ ਵੇਖੋ ਸਾਖ਼ਿਆਤੇ, ਸਭ ਦਾ ਮਾਲਕ ਇਕੋ ਨਜ਼ਰੀ ਆਈਆ । ਜਿਸ ਦੀ ਬਣਨੀ ਇਕ ਜਮਾਤੇ, ਕਰੇ ਇਕ ਪੜ੍ਹਾਈਆ । ਜੇ ਸਚ ਪੁੱਛੋ ਓਹਨੇ ਪੜ੍ਹ ਕੇ ਸਭ ਦੇ ਅੰਤਮ ਫ਼ਾਤੇ, ਫ਼ਤਵਾ ਸਭ ਤੇ ਦੇਣਾ ਲਗਾਈਆ । ਜਨ ਭਗਤਾਂ ਦੇ ਕੇ ਨਜਾਤੇ, ਨਿਜ ਘਰ ਆਪਣਾ ਦੇਣਾ ਵਖਾਈਆ । ਓਹ, ਇਸਦੇ ਕੋਲ ਪਿਛਲੇ ਸਭ ਦੇ ਖਾਤੇ, ਪਰਦਾ ਸਕੇ ਨਾ ਕੋਇ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਖੇਲ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਿੱਥੋਂ ਆ ਗਿਆ ਫਿਰਦਾ ਤੁਰਦਾ, ਮਜਲਸਾਂ ਦਾ ਮਾਲਕ ਬੇਪਰਵਾਹੀਆ । ਦੁਨੀਆ ਕਹੇ ਪ੍ਰਭੂ ਆਦਿ ਜੁਗਾਦੀ ਮੁਰਦਾ, ਬੰਦਿਆਂ ਵਾਲਾ ਰੂਪ ਨਜ਼ਰ ਕੋਇ ਨਾ ਆਈਆ । ਸਚ ਪੁੱਛੋ ਇਹ ਮਾਲਕ ਆਇਆ ਧੁਰ ਦਾ, ਸ਼ਹਾਦਤ ਸਾਡੀ ਰਿਹਾ ਰਖਾਈਆ । ਪੀਰ ਪੈਗ਼ੰਬਰ ਕਹਿਣ ਇਹ ਕਿਸੇ ਦੇ ਮੋੜਿਆਂ ਨਹੀਂ ਮੁੜਦਾ, ਜੋ ਮੁੜਕੇ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਿ ਅੰਤ ਸ਼ੁਰੂ ਦਾ, ਸ਼ਰਅ ਦਾ ਮਾਲਕ ਆਪ ਹੋ ਜਾਈਆ । ਪੀਰ ਪੈਗ਼ੰਬਰ ਕਹਿਣ ਓਹ ਵੇਖੋ ਸ਼ਰਅ ਸ਼ਰਮੌਂਦੀ, ਆਪਣੀ ਅੱਖ ਨਾ ਕੋਇ ਉਠਾਈਆ । ਨੇਤਰ ਨੈਣਾ ਨੀਰ ਵਹੌਂਦੀ, ਹੰਝੂਆਂ ਹਾਰ ਬਣਾਈਆ । ਹੌਲੀ ਹੌਲੀ ਬੋਲ ਸੁਣੌਂਦੀ, ਜ਼ਬਾਨ ਨਾ ਕੋਇ ਹਿਲਾਈਆ । ਮੈਂ ਜਿਸ ਦਾ ਰਾਹ ਤਕੌਂਦੀ, ਉਹ ਆਇਆ ਬੇਪਰਵਾਹੀਆ । ਈਸਾ ਮੂਸਾ ਮੁਹੰਮਦ ਤੇਰੇ ਕੋਲੋਂ ਪਲੂ ਛੁਡੌਂਦੀ, ਨਾਤਾ ਓਸ ਦੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਆਪਣਾ ਰਿਹਾ ਵਖਾਈਆ । ਸ਼ਰਅ ਕਹੇ ਮੈਂ ਬੇਸ਼ਕ ਹੋਈ ਸ਼ਰਮਾਕਲ, ਨੈਣ ਨਾ ਸਕਾਂ ਉਠਾਈਆ । ਮੇਰੀ ਚੌਧਵੀਂ ਸਦੀ ਦਾ ਮਾਤਮ, ਸਾਰੇ ਮੇਰੇ ਨਾਲ ਰਲਕੇ ਸੋਗ ਲਓ ਮਨਾਈਆ । ਅਗੇ ਮਾਲਕ ਸਭ ਦਾ ਬਣਨਾ ਸਾਥਣ, ਸਗਲਾ ਸੰਗ ਨਿਭਾਈਆ । ਮੈਨੂੰ ਕੋਝੀ ਕਮਲੀ ਨੂੰ ਕਰਨੀ ਪੈਣੀ ਨਹੀਂ ਫੇਰ ਦਾਤਨ, ਦੰਦਾਸਾ ਮੁਖ ਦੇ ਨਾਲ ਛੁਹਾਈਆ । ਨੈਣੀ ਕੱਜਲ ਪਾ ਕੇ . . . . . । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਇਕ ਸੁਹਾਈਆ । ਸ਼ਰਅ ਕਹੇ ਮੈਂ ਵੇਖਿਆ ਗ੍ਰਿਹ, ਮੰਦਰ ਧੁਰ ਦਾ ਨਜ਼ਰੀ ਆਈਆ । ਜਿਥੇ ਭਗਤਾਂ ਦਾ ਸਵਾਮੀ ਬਹੇ, ਅਬਿਨਾਸ਼ੀ ਕਰਤਾ ਡੇਰਾ ਲਾਈਆ । ਓਥੇ ਦੀਨ ਮਜ਼੍ਹਬ ਕੋਈ ਨਾ ਰਹੇ, ਜ਼ਾਤ ਪਾਤ ਨਾ ਵੰਡ ਵੰਡਾਈਆ । ਆਤਮ ਪਰਮਾਤਮ ਦਾ ਢੋਲਾ ਕਹੇ, ਦੂਜੀ ਸਿਫ਼ਤ ਨਾ ਕੋਇ ਸੁਣਾਈਆ । ਚਾਰ ਜੁਗ ਦੇ ਪਿਛਲੇ ਵਕ਼ਤ ਗਏ, ਅਗਲਾ ਲੇਖਾ ਨਜ਼ਰੀ ਆਈਆ । ਜਿਸ ਦਾ ਸਿੰਘਾਸਣ ਭਗਤਾਂ ਦੇ ਵਿਚਕਾਰੇ ਜਾਣਾ ਡਹਿ, ਸੋਹਣਾ ਰੰਗ ਰੰਗਾਈਆ । ਓਸ ਨੇ ਹੁਕਮੇਂ ਅੰਦਰ ਸ੍ਰਿਸ਼ਟੀ ਕਰ ਕੇ ਲੈ, ਲਹਿਣਾ ਸਭ ਦਾ ਦੇਣਾ ਮੁਕਾਈਆ । ਗੁਰਮੁਖ ਵਿਰਲੇ ਜਾਣੇ ਰਹਿ, ਜਿਨ੍ਹਾਂ ਦਾ ਲੇਖਾ ਆਪਣੇ ਹੱਥ ਰਖਾਈਆ । ਸ਼ੌਹ ਦਰਿਆ ਦੀ ਵਗਣੀ ਨੈ, ਨਈਆ ਨੌਕਾ ਸਭ ਦੀ ਦਏ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੀਰ ਪੈਗ਼ੰਬਰ ਕਹਿਣ ਸਵੇਰੇ ਵੇਖਣੀ ਖੇਲ ਅਗੰਮ, ਹਰਿ ਅਗੰਮੜਾ ਕਾਰ ਕਮਾਈਆ । ਜਿਸ ਭਾਗ ਲਗੌਣਾ ਕਾਇਆ ਮਾਟੀ ਚੰਮ, ਅੰਤਰ ਦ੍ਰਿਸ਼ਟੀ ਆਪ ਖੁਲ੍ਹਾਈਆ । ਭਗਤਾਂ ਦਾ ਭਗਤਾਂ ਨਾਲ ਪੱਲੂ ਬੰਨ੍ਹ, ਸੋਹਣੀ ਗੰਢ ਵਖਾਈਆ । ਨਾਮ ਪਦਾਰਥ ਦੇ


੧੬੯

ਕੇ ਧਨ, ਖ਼ਾਲੀ ਝੋਲੀ ਦੇਣੀ ਭਰਾਈਆ । ਲੇਖ ਚੁਕਾਏ ਗੁਜਰੀ ਚੰਨ, ਬੰਧਨ ਸਾਰੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਆ । ਥਾਨ ਥਨੰਤਰ ਲੇਖਾ ਦੇਣਾ, ਮਜਲਸ ਬੇਪਰਵਾਹੀਆ । ਭਗਤ ਭਗਵਾਨ ਮੰਨਣਾ ਕਹਿਣਾ, ਦੋਵੇਂ ਇਕ ਰਜ਼ਾਈਆ । ਇਕ ਦੂਜੇ ਦਾ ਦਰਸ਼ਨ ਨੈਣਾ, ਦੀਦ ਚਸ਼ਮ ਵਡਿਆਈਆ । ਇਕੋ ਮੰਦਰ ਦੋਹਾਂ ਬਹਿਣਾ, ਦੂਜੀ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਕਹੇ ਮੇਰਾ ਉਹ ਨਜ਼ਰੀਆ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਨੇ ਚੀਰ ਵਖਾਇਆ ਜ਼ਕਰੀਆ, ਜ਼ਿਕਰ ਨਾਲ ਰਹੀ ਜਣਾਈਆ । ਜਿਸ ਮਨਸੂਰ ਸੂਲੀ ਚੜ੍ਹਾਇਆ ਸਿਖ਼ਰੀਆ, ਚੋਟੀ ਆਪਣੀ ਦਿਤੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਹੁਕਮ ਵਰਤਣਾ ਇਕ ਨਵਾਬ ਦਾ । ਖੇਲ ਹੋਣਾ ਹਕ ਜਨਾਬ ਦਾ । ਨਗਮਾ ਸੁਣਨਾ ਰੱਬੀ ਰਬਾਬ ਦਾ । ਸਜਦਾ ਵੇਖਣਾ ਇਕ ਅਦਾਬ ਦਾ । ਨਜ਼ਾਰਾ ਤਕਣਾ ਇਕ ਮਹਿਰਾਬ ਦਾ । ਲੇਖਾ ਵੇਖਣਾ ਇਕ ਹਿਸਾਬ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਖ਼ਤਾਬ ਦਾ । ਧੁਰ ਖ਼ਤਾਬ ਇਕ ਜਣੌਂਦਾ ਏ । ਸਚ ਮਹਿਬੂਬ ਦਇਆ ਕਮੌਂਦਾ ਏ । ਮੰਜ਼ਲ ਇਕ ਚੜ੍ਹੌਂਦਾ ਏ । ਜਨ ਭਗਤੋ ਤੁਹਾਡਾ ਅਸਲ ਦਾ ਮੁਕਾ ਕੇ ਸੂਦ, ਕੁਲਜ਼ਰ ਰਕਮ ਆਪ ਬਣੌਂਦਾ ਏ । ਨਾਤਾ ਤੋੜ ਕੇ ਕੂੜ ਝੂਠ, ਸਚ ਸੁਚ ਨਾਲ ਪਰਨੌਂਦਾ ਏ । ਧਰਮ ਦਵਾਰੇ ਬਣਾਕੇ ਪੂਤ, ਪਿਤਾ ਪੁਤ ਜੋੜ ਜੁੜੌਂਦਾ ਏ । ਇਕੋ ਧਾਗਾ ਇਕੋ ਸੂਤ, ਤਾਣਾ ਪੇਟਾ ਆਪ ਅਖਵੌਂਦਾ ਏ । ਤੁਹਾਡਾ ਕਾਇਆ ਤਤ ਕਲਬੂਤ, ਕਾਇਆ ਕਾਅਬਾ ਇਕ ਦਰਸੌਂਦਾ ਏ । ਸਾਢੇ ਤਿੰਨ ਹੱਥ ਕਰ ਮਹਿਫੂਜ਼, ਚਾਰੋਂ ਕੁੰਟ ਵੇਖ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮੌਂਦਾ ਏ । ਸਾਢੇ ਤਿੰਨ ਹੱਥ ਕਹੇ ਮੈਂ ਤੇਰਾ ਮੁਨਾਰਾ, ਦੂਜਾ ਮਾਲਕ ਨਜ਼ਰ ਕੋਇ ਨਾ ਆਈਆ । ਤੇਰੀ ਜੋਤ ਤੇਰਾ ਨਜ਼ਾਰਾ, ਜਲਵਾ ਤੇਰਾ ਬੇਪਰਵਾਹੀਆ । ਤੇਰਾ ਅੰਮ੍ਰਿਤ ਤੇਰਾ ਫੁਹਾਰਾ, ਤੇਰਾ ਰਸ ਇਕੋ ਮਜ਼ਾ ਰਿਹਾ ਚਖਾਈਆ । ਦੱਸ ਛਡ ਕੇ ਤੇਰਾ ਦਵਾਰਾ, ਹੋਰ ਦਰ ਕਿਹੜਾ ਵੇਖ ਵਖਾਈਆ । ਜੇ ਤੂੰ ਨਹੀਂ ਪਰਵਰਦਿਗਾਰਾ, ਸਾਨੂੰ ਸਚ ਦੇ ਸਮਝਾਈਆ । ਜੁਗ ਚੌਕੜੀ ਤੂੰ ਦੇਂਦਾ ਰਿਹੋਂ ਲਾਰਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਸ਼ਾਰੇ ਨਾਲ ਸਮਝਾਈਆ । ਜੁਗ ਚੌਕੜੀ ਪਿੱਛੋਂ ਜਨ ਭਗਤਾਂ ਨੂੰ ਮਿਲਿਆ ਛੱਬੀ ਪੋਹ ਦਾ ਦਿਹਾੜਾ, ਵੇਲਾ ਵਕਤ ਆਪਣੀ ਦਏ ਗਵਾਹੀਆ । ਪ੍ਰਭੂ ਤੇਰੇ ਕੋਲ ਹੁਣ ਭਗਤਾਂ ਨਹੀਂ ਕੱਢਣਾ ਹਾੜ੍ਹਾ, ਆਪਣਾ ਲੇਖਾ ਤੇਰੇ ਕੋਲੋਂ ਝੋਲੀ ਪੁਆਈਆ । ਯਾਦ ਰਖ ਬਿਨ ਭਗਤਾਂ ਹੋਵੇਂ ਖ਼ੁਆਰਾ, ਤੇਰਾ ਮੇਲੀ ਵਿਚ ਸੰਸਾਰ ਨਜ਼ਰ ਕੋਇ ਨਾ ਆਈਆ । ਅਸੀਂ ਪ੍ਰਭੂ ਤੇਰਾ ਸਹਾਰਾ, ਜਦ ਆਵੇਂ ਤੈਨੂੰ ਆਪਣੇ ਵਿਚ ਲੁਕਾਈਆ । ਸਾਥੋਂ ਬਾਹਰ ਕਰਕੇ ਵੇਖ ਕਿਨਾਰਾ, ਤੇਰਾ ਨਾਮ ਕੋਈ ਲੈਣ ਨਾ ਪਾਈਆ । ਕਿਉਂ ਕਿਹਾ ਗੋਬਿੰਦ ਨੇ ਸਥਰ ਚੰਗਾ ਯਾਰਾ, ਬਿਨ ਯਾਰੜੇ ਸਥਰ ਸੇਜ ਨਾ ਕੋਇ ਹੰਢਾਈਆ । ਤੂੰ ਭਗਤਾਂ ਬਿਨਾ ਕਵਾਰਾ, ਤੇਰਾ ਨਾਤਾ ਲੋਕਮਾਤ ਨਾ ਕੋਇ ਜੁੜਾਈਆ । ਤੂੰ ਫਿਰਦਾ ਰਹੇਂ ਆਵਾਰਾ, ਤੈਨੂੰ ਆਪਣੇ ਘਰ ਕੋਈ ਵੜਨ ਨਾ ਦੇਵੇ ਰਾਈਆ । ਤੂੰ ਸਾਡਾ ਸ਼ੁਕਰ ਕਰ ਭਗਤਾਂ ਲੰਘਣ ਦਿਤਾ ਆਪਣਾ ਭਗਤ ਦਵਾਰਾ, ਟਿਕਟ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇ ਵਖਾਈਆ । ਪੁਰਖ ਅਕਾਲ ਤੂੰ ਲੈ ਕੇ ਭਗਤਾਂ ਕੋਲੋਂ ਟਿਕਟ, ਅੰਦਰ ਲੰਘਿਆ ਚਾਈਂ ਚਾਈਆ । ਦੱਸ

ਹੁਣ ਕਿਥੇ ਜਾਵੇਂ ਖ਼ਿਸਕ, ਚਾਰੇ ਕੁੰਟ ਬੈਠੇ ਨਜ਼ਰੀ ਆਈਆ । ਜਿਨ੍ਹਾਂ ਨੂੰ ਤੇਰੇ ਨਾਲ ਇਸ਼ਕ, ਓਹ ਜਗਤ ਮਾਸ਼ੂਕਾਂ ਗਏ ਭੁਲਾਈਆ । ਜਿੰਨਾਂ ਚਿਰ ਮਸਤਕ ਲਾ ਕੇ ਨਾ ਜਾਵੇਂ ਤਿਲਕ, ਤੇਰੀ ਹੋਣ ਨਹੀਂ ਦੇਣੀ ਜੁਦਾਈਆ । ਸਚ ਪੁੱਛੇਂ ਤੇਰੇ ਵੈਰਾਗ ਅੰਦਰ ਤੇਰੇ ਵਿਛੋੜੇ ਅੰਦਰ ਸਾਰੇ ਰਹੇ ਵਿਲਕ, ਅੰਦਰੇ ਅੰਦਰ ਧਾਹੀਂ ਰਹੇ ਸੁਣਾਈਆ । ਵੇਖੀਂ ਕਿਤੇ ਭਗਵਾਨ, ਭਗਤਾਂ ਨਾਲ ਕਰ ਕੇ ਨਾ ਜਾਵੀਂ ਇੱਲਤ, ਆਪਣਾ ਇਲਮ ਦੇਣਾ ਸਮਝਾਈਆ । ਤੇਰੇ ਪਿੱਛੇ ਲਗ ਕੇ ਜੇ ਸਾਡੀ ਹੋਵੇ ਜ਼ਿੱਲਤ, ਖ਼ੁਆਰੀ ਤੇਰੀ ਝੋਲੀ ਪਾਈਆ । ਅਸੀਂ ਹੁਣ ਨਹੀਂ ਕਰਨੀ ਮਿੰਨਤ, ਕੱਠੇ ਹੋ ਕੇ ਤੇਰੇ ਉਤੇ ਜ਼ੋਰ ਦੇਣਾ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿੱਛੋਂ ਸਾਡੇ ਵਿਚ ਆਈ ਹਿੰਮਤ, ਹੌਸਲਾ ਰਹੇ ਵਧਾਈਆ । ਅਸਾਂ ਹੁਣ ਕਿਹੜੀ ਕਰਨੀ ਸੁੰਨਤ, ਜੋ ਲਬਾਂ ਲੈਣੀਆਂ ਮੁੰਡਾਈਆ । ਸਭ ਦੀ ਚੁਕੀ ਮਲਕੀਅਤ, ਭਗਤਾਂ ਦਾ ਇਕੋ ਵੇਲਾ ਰਿਹਾ ਸੁਹਾਈਆ । ਦਸ ਪ੍ਰਭੂ ਇਹ ਕਿਹਨੂੰ ਦੇਣੀ ਦੌਲਤ, ਜਿਹੜੀ ਆਪਣੇ ਅੰਦਰ ਛੁਪਾਈਆ । ਤੇਰਾ ਰਾਗ ਸਦਾ ਅਨਬੋਲਤ, ਛੱਤੀ ਰਾਗ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇ ਵਡਿਆਈਆ । ਪ੍ਰਭੂ ਭਗਤਾਂ ਵਿਚ ਆ ਗਈ ਸ਼ਕਤੀ, ਸ਼ਖ਼ਸੀਅਤ ਆਪਣੀ ਗਏ ਬਦਲਾਈਆ । ਬਿਨ ਭਗਤਾਂ ਤੇਰੀ ਸਾਢੇ ਤਿੰਨ ਹੱਥ ਦੀ ਕਿਹੜਾ ਚੁੱਕੇ ਅਰਥੀ, ਫ਼ਰਸ਼ ਦੇਵੇ ਕੌਣ ਵਡਿਆਈਆ । ਭਗਤਾਂ ਨਾਲ ਮਿਲ ਕੇ ਤੇਰੀ ਬਣਦੀ ਹਸਤੀ, ਹਸਤ ਕੀਟ ਤੇਰਾ ਢੋਲਾ ਗਾਈਆ । ਹੁਣ ਆਇਉਂ, ਸਾਡੀ ਬਸਤੀ, ਬਿਸਤਰਾ ਤੇਰਾ ਦਿਤਾ ਲਗਾਈਆ । ਹੁਣ ਤੇਰੀ ਚਲਣ ਨਹੀਂ ਦੇਣੀ ਮਰਜ਼ੀ, ਕੁਛ ਆਪਣੀ ਅਰਜ਼ ਦੇਣੀ ਸੁਣਾਈਆ । ਪ੍ਰਭੂ ਜੇ ਤੂੰ ਸਾਡਾ ਦਰਦੀ, ਦੁਖ ਆਪਣੀ ਝੋਲੀ ਲੈ ਪਾਈਆ । ਜੇ ਵਡਿਆਈ ਦੇਣੀ ਅਗੇ ਵਰਗੀ, ਥੰਮ੍ਹਾਂ ਨਾਲ ਤਪਾਈਆ । ਜੇ ਕਿਸੇ ਨੂੰ ਅੱਗ ਨਾਲ ਸਾੜਨਾ ਠਾਰਨਾ ਨਾਲ ਸਰਦੀ, ਜਲਧਾਰਾ ਵਿਚ ਭੁਆਈਆ । ਜੇ ਕਿਸੇ ਨੂੰ ਉਠੌਣਾ ਵੇਲੇ ਸਰਘੀ, ਸੰਧਿਆ ਪੂਜਾ ਦੇਣੀ ਜਣਾਈਆ । ਜੇ ਭੇਖਾਂ ਵਾਲੀ ਸਾਡੇ ਤਨ ਤੇ ਪੌਣੀ ਵਰਦੀ, ਕਪੜੇ ਦੇਣੇ ਰੰਗਾਈਆ । ਇਹ ਗੱਲ ਸਾਨੂੰ ਦਿਸੇ ਅਸਚਰਜ ਦੀ, ਅਚਰਜ ਕਹਾਣੀ ਰਹੇ ਜਣਾਈਆ । ਜੇ ਓਟ ਲੈ ਲਈ ਮਰਦ ਮਰਦਾਨੇ ਮਰਦ ਦੀ, ਫਿਰ ਲੋੜ ਰਹੇ ਕਿਉਂ ਦੂਜੀ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦੀ ਝੋਲੀ ਪਾਈਆ । ਜਨ ਭਗਤ ਕਹਿਣ ਸੁਣ ਅਵਤਾਰਾਂ ਦੇ ਅਵਤਾਰ, ਗੁਰੂਆਂ ਦੇ ਸਤਿਗੁਰ ਤੇਰੀ ਬੇਪਰਵਾਹੀਆ । ਤੇਰੀ ਮਹਿੰਮਾ ਦਾ ਨਹੀਂ ਸੁਮਾਰ, ਕੋਟਨ ਕੋਟ ਸ਼ਮਅ ਜਗ ਜਗ ਕਾਇਆ ਮੰਦਰ ਅੰਦਰ ਕਰਨ ਰੁਸ਼ਨਾਈਆ । ਅਸੀਂ ਮੰਗਦੇ ਮੰਗ ਬਣ ਭਿਖਾਰ, ਤੇਰੇ ਅਗੇ ਝੋਲੀ ਡਾਹੀਆ । ਚਾਰ ਵਰਨ ਬਣਾ ਦੇ ਯਾਰ, ਇਕੋ ਜੋੜ ਜੁੜਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਈ ਬੀਮਾਰ, ਸਾਚੇ ਜਾਮ ਦਾ ਦਾਰੂ ਦੇ ਪਿਆਈਆ । ਵਡਿਆਂ ਛੋਟਿਆਂ ਰਹੇ ਨਾ ਕੋਈ ਸੁਮਾਰ, ਸਾਚੀ ਗਣਤ ਦੇ ਵਖਾਈਆ । ਗੁਰ ਅਵਤਾਰ ਪੀਰ ਪੈਗੰਬਰਾਂ ਕੋਲੋਂ ਤੇਰੇ ਹੱਥ ਆਇਆ ਇਖ਼ਤਿਆਰ, ਆਖ਼ਰ ਆਪਣਾ ਹੁਕਮ ਸੁਣਾਈਆ । ਅਗੋਂ ਬੋਲ ਕੇ ਕਿਹਾ ਅਕਾਲ, ਭਗਤੋ ਥੋੜ੍ਹਾ ਦਿਆਂ ਸਮਝਾਈਆ । ਮੈਂ ਗੋਬਿੰਦ ਨੂੰ ਬਣਾ ਕੇ ਆਪਣਾ ਮੁਖ਼ਤਿਆਰ, ਹਕ ਉਸ ਦੇ ਕੋਲ ਫੜਾਈਆ । ਜਿਸ ਦਾ ਪਹਿਲੋਂ ਤੁਹਾਨੂੰ ਕਰਨਾ ਪਏ ਦੀਦਾਰ, ਪਿੱਛੋਂ ਉਹਦੇ ਵਿਚੋਂ ਮੇਰਾ ਨੂਰ ਨਜ਼ਰੀ ਆਈਆ । ਇਹ ਕੱਟਣ ਨਹੀਂ ਆਇਆ ਬੇਗਾਰ, ਸੇਵਕ ਹੋ ਕੇ ਸੇਵ ਕਮਾਈਆ । ਇਹਦੀ ਨਵੀਂ ਨਵੀਂ ਰਫ਼ਤਾਰ, ਰਫ਼ਤਾ ਰਫ਼ਤਾ ਲੇਖਾ ਰਿਹਾ ਚੁਕਾਈਆ । ਪ੍ਰੇਮ ਪਿਆਰ ਦੀ ਕਰੇ ਗੁਫ਼ਤਾਰ, ਸਤਿ ਸਚ ਪੜ੍ਹਾਈਆ । ਸੱਜਣਾਂ ਦਾ ਸੱਜਣ ਯਾਰਾਂ ਦਾ

ਯਾਰ, ਮਿਤਰਾਂ ਦਾ ਮਿਤਰ ਨਜ਼ਰੀ ਆਈਆ । ਕੁਦਰਤਾਂ ਦਾ ਕ਼ਾਦਰ ਪੈਗ਼ੰਬਰਾਂ ਦਾ ਸਰਦਾਰ, ਅਵਤਾਰਾਂ ਦਾ ਅਵਤਾਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਜਲਸ ਇਕ ਲਗਾਈਆ । ਜਨ ਭਗਤ ਕਹਿਣ ਤੇਰੀ ਮਜਲਸ ਕਿਥੇ, ਹਰਿ ਕਰਤੇ ਦੇ ਜਣਾਈਆ । ਪੁਰਖ ਅਕਾਲ ਕਿਹਾ ਭਗਤ ਸੁਹੇਲੇ ਵਸਦੇ ਜਿਥੇ, ਉਹ ਡੇਰਾ ਨਜ਼ਰੀ ਆਈਆ । ਜਿਸ ਦੇ ਪੋਹ ਸਤਾਈ ਨਿਕਲਣੇ ਸਿੱਟੇ, ਸੀਟੀ ਭਗਤ ਹੱਥ ਫੜਾਈਆ । ਇਸੇ ਕਾਰਨ ਪੀਰ ਪੈਗ਼ੰਬਰ ਪਿੱਟੇ, ਬਹੁੜੀ ਬਹੁੜੀ ਕਰ ਕੁਰਲਾਈਆ । ਸਭ ਦੇ ਰਸ ਹੋਏ ਫਿਕੇ, ਮਿੱਠਾ ਗੁਰਮੁਖਾਂ ਵਿਚ ਸਮਾਈਆ । ਉਤੋਂ ਮਾਰਨੀ ਧੌਲ ਥੱਲਿਉਂ ਖਿੱਚਣੇ ਗਿੱਟੇ, ਦਾਅ ਜੱਟਾਂ ਵਾਲਾ ਲਾਈਆ । ਮੂੰਹ ਦੇ ਭਾਰ ਸਭ ਨੂੰ ਸਿੱਟੇ, ਉਤੋਂ ਹੌਲੀ ਜਿਹੀ ਦਬਾਈਆ । ਸਭ ਦੇ ਲੇਖ ਹੋ ਜਾਣ ਚਿੱਟੇ, ਕਲਮੇ ਲਿਖਣ ਵਾਲੀ ਸ਼ਾਹੀ ਰਹੇ ਨਾ ਰਾਈਆ । ਤੇਈ ਅਵਤਾਰ ਜਾਪਣ ਬੱਚੇ ਨਿੱਕੇ, ਨਿੱਕਿਆਂ ਬਾਲਿਆਂ ਵਰਗੇ ਨਜ਼ਰੀ ਆਈਆ । ਰਾਮ ਕ੍ਰਿਸ਼ਨ ਫਿਰਦੇ ਪਿੱਛੇ ਪਿੱਛੇ, ਝੋਲੀ ਆਪਣੀ ਰਹੇ ਵਖਾਈਆ । ਪ੍ਰਭ ਸਾਡੇ ਕਿਹੜੇ ਆਏ ਹਿੱਸੇ, ਕਿਹੜੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਮਾਲਕ ਵੇਖ ਵਖਾਈਆ । ਰਾਮ ਕ੍ਰਿਸ਼ਨ ਕ੍ਰਿਸ਼ਨ ਰਾਮ ਐਹ ਵੇਖੋ ਆਪਣੀ ਸੀਤਾ, ਚਰਨ ਦਵਾਰੇ ਨਜ਼ਰੀ ਆਈਆ । ਕਾਹਨ ਵੇਖ ਲੈ ਆਪਣੀ ਗੀਤਾ, ਜੋ ਅਠ ਦਸ ਬੈਠੀ ਸੀਸ ਨਿਵਾਈਆ । ਯਾਦ ਕਰ ਲਓ ਵੇਲਾ ਬੀਤਾ, ਪਿਛਲੀ ਕਹਾਣੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ ।
ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਨਿਮਸਕਾਰ, ਦਰ ਤੇਰੇ ਸੀਸ ਨਿਵਾਈਆ । ਸਾਡਾ ਲਹਿਣਾ ਚੁਕਿਆ ਸੰਸਾਰ, ਵਕ਼ਤ ਗਿਆ ਵਿਹਾਈਆ ।
੧੭੨ ਅਸੀਂ ਤੇਰੇ ਬਰਖ਼ੁਰਦਾਰ, ਨੰਨ੍ਹੇ ਨੰਨ੍ਹੇ ਨਜ਼ਰੀ ਆਈਆ । ਤੂੰ ਆਦਿ ਜੁਗਾਦੀ ਸਰਦਾਰ, ਸ਼ਹਿਨਸ਼ਾਹ ਬੇਪਰਵਾਹੀਆ । ਤੇਰਾ ਹੁਕਮ ਮੰਨਿਆ ਜੁਗ ਚਾਰ, ਚੌਕੜੀ ਗਈ ਵਿਹਾਈਆ । ਅਗੇ ਤੇਰੇ ਹੋਏ ਪਨਿਹਾਰ, ਦਰ ਤੇ ਸੇਵ ਕਮਾਈਆ । ਭਗਤਾਂ ਕਰ ਪਿਆਰ, ਭਗਵਨ ਆਪਣਾ ਰੰਗ ਰੰਗਾਈਆ । ਸਵੇਰੇ ਤੇਰਾ ਹੋਰ ਚੰਗਾ ਵਿਹਾਰ, ਸਾਨੂੰ ਸਭ ਨੂੰ ਨਜ਼ਰੀ ਆਈਆ । ਤੇਰਿਆਂ ਭਗਤਾਂ ਤੈਨੂੰ ਦੇਣਾ ਨੁਹਾਲ, ਅਗੰਮੀ ਸੇਵ ਕਮਾਈਆ । ਜਿਥੋਂ ਅੰਮ੍ਰਿਤ ਕਰਨਾ ਪਾਨ, ਭਗਵਾਨ ਤੇਰੀ ਵਡਿਆਈਆ । ਇਹੋ ਜਿਹਾ ਜ਼ਾਹਰ ਜ਼ਹੂਰ ਕਿਸੇ ਨੂੰ ਮਿਲਿਆ ਨਹੀਂ ਦਾਨ, ਮਸ਼ਹੂਰ ਮਿਸਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਸੁਣੋ ਇਕ ਬਾਤ, ਸੱਚੀ ਦਿਆਂ ਜਣਾਈਆ । ਜਿਸ ਵੇਲੇ ਲੰਘ ਗਈ ਛੱਬੀ ਪੋਹ ਦੀ ਰਾਤ, ਸਤਾਈ ਦੀ ਸੁਬਹ ਲਏ ਅੰਗੜਾਈਆ । ਓਸ ਵੇਲੇ ਵੰਡਣੀ ਇਕ ਸੌਗ਼ਾਤ, ਧੁਰ ਦੀ ਆਪ ਰਖਾਈਆ । ਭਗਤਾਂ ਦੀ ਇੱਕੀਆਂ ਦੀ ਬਣਨੀ ਜਮਾਤ, ਇੱਕੀ ਇੱਕੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਆਪਣਾ ਕਰਮ ਕਮਾਈਆ । ਨਿਹਕਰਮੀ ਆਪਣਾ ਕਰਮ ਕਮੌਣਾ ਏ । ਭਗਤ ਭਗਵਾਨ ਰੰਗ ਰੰਗੌਣਾ ਏ । ਧੁਰ ਦਾ ਸੰਗ ਬਣੌਣਾ ਏ । ਨਾਮ ਮਰਦੰਗ ਵਜੌਣਾ ਏ । ਅੰਮ੍ਰਿਤ ਜਾਮ ਪਿਔਣਾ ਏ । ਰਸ ਇਕੋ ਇਕ ਵਖੌਣਾ ਏ । ਹਸ ਹਸ ਮੇਲ ਮਿਲੌਣਾ ਏ । ਦੱਸ ਦੱਸ ਮਾਰਗ ਸਮਝੌਣਾ ਏ । ਵਾਰਸ ਹੋ ਕੇ ਹਕ ਸਮਝੌਣਾ ਏ । ਖ਼ਾਲਸ ਹੋ ਕੇ ਖ਼ਾਲਸਾ ਫੇਰ ਪਰਗਟੌਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਡਿਔਣਾ ਏ । ਸਚ ਦਵਾਰਾ ਇਕ ਵਡਿਆਵਾਂਗਾ । ਭਗਤ ਮੁਨਾਰਾ


੧੭੨

ਇਕ ਸੁਹਾਵਾਂਗਾ । ਚਾਰ ਨਿਸ਼ਾਨ ਆਪ ਝੁਲਾਵਾਂਗਾ । ਤਖ਼ਤ ਸੋਹਣਾ ਇਕ ਬਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਤਖ਼ਤ ਸਾਹਿਬ ਸੁਲਤਾਨ ਇਕੋ ਸਜੇਗਾ । ਭਗਤ ਦਰਬਾਰ ਧੁਰ ਦਾ ਲਗੇਗਾ । ਚਾਰੋਂ ਕੁੰਟ ਚਾਰ ਨਿਸ਼ਾਨ ਸਜੇਗਾ । ਧਰਮ ਨਗਾਰਾ ਇਕੋ ਵਜੇਗਾ । ਖ਼ੁਦ ਮੁਖ਼ਤਿਆਰ ਭਗਤ ਸੁਹੇਲੇ ਆਪੇ ਸੱਦੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਖੇਲ ਆਪੇ ਹੱਸੇਗਾ । ਜਨ ਭਗਤ ਖ਼ੁਸ਼ੀ ਮਨੌਣਗੇ । ਸਾਚੇ ਸੰਤ ਢੋਲੇ ਗੌਣਗੇ । ਗੁਰਮੁਖ ਦਰਸ਼ਨ ਪੌਣਗੇ । ਗੁਰਸਿਖ ਅੱਖ ਖੁਲ੍ਹੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਕ਼ਤ ਸੁਹੰਜਣਾ ਆਪ ਸੁਹੌਣਗੇ । ਵਕ਼ਤ ਸੁਹੰਜਣਾ ਆਪ ਸੁਹਾਵਾਂਗਾ । ਤਿਲਕ ਲਲਾਟੀ ਇਕ ਲਗਾਵਾਂਗਾ । ਔਖੀ ਘਾਟੀ ਪਾਰ ਚੜ੍ਹਾਵਾਂਗਾ । ਦੂਰ ਵਾਟੀ ਨੇਰਨ ਨੇਰ ਵਖਾਵਾਂਗਾ । ਧੁਰ ਦਾ ਬਣ ਕੇ ਸਾਥੀ, ਸਗਲਾ ਸੰਗ ਨਿਭਾਵਾਂਗਾ । ਆਤਮ ਪਰਮਾਤਮ ਹੋ ਕੇ ਪਾਠੀ, ਜਸ ਆਪਣਾ ਆਪ ਦ੍ਰਿੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਪੂਰੀ ਕਰ ਕੇ ਆਖੀ, ਆਖ਼ਰ ਆਪਣਾ ਹੁਕਮ ਮਨਾਵਾਂਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦਾ ਭਾਗੀ ਸੰਤਾਂ ਦਾ ਵੈਰਾਗੀ, ਵੈਰਾਗ ਤਿਆਗ ਆਪਣੇ ਨਾਲ ਪਰਨਾਵਾਂਗਾ ।



### ❊ ੨੭ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਇਸ਼ਨਾਨ ਕਰਨ ਸਮੇਂ ਜੇਠੂਵਾਲ ❊

ਗੁਰ ਅਵਤਾਰ ਪੀਰ ਪੈਗ਼ੰਬਰ ਚਰਨੀਂ ਢੱਠੇ, ਆਪਣਾ ਮਾਣ ਮਿਟਾਈਆ । ਵੇਖੋ ਖੇਲ ਪੁਰਖ ਸਮਰਥੇ, ਹਰਿ ਕਰਤਾ ਆਪ ਕਰਾਈਆ । ਭਗਤ ਸੁਹੇਲੇ ਕਰ ਕੇ ਕੱਠੇ, ਧੁਰ ਦੀ ਸੇਵ ਲਗਾਈਆ । ਅੰਮ੍ਰਿਤ ਅਮਿਉਂ ਰਸ ਰਹੇ ਝੱਟੇ, ਸੋਹਣੀ ਬਰਖਾ ਲਾਈਆ । ਸਤਿ ਰਹੇ ਨਾ ਕਿਸੇ ਤੀਰਥ ਤਟੇ, ਸਰ ਸਰੋਵਰ ਖ਼ਾਲੀ ਦਏ ਕਰਾਈਆ । ਕਲਜੁਗ ਅੰਤ ਅਖ਼ੀਰੀ ਮਾਣ ਇਕ ਦਵਾਰੇ ਰਖੇ, ਦੂਜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੀ ਖੇਲ ਆਪ ਖਿਲਾਈਆ । ਅਠਸਠ ਤੀਰਥ ਆਵਣ ਭੱਜੇ, ਆਪਣਾ ਪੰਧ ਮੁਕਾਈਆ । ਅਸਾਂ ਚਰਨ ਚੁੰਮਣੇ ਸੱਜੇ ਖੱਬੇ, ਦੋਵੇਂ ਰਸ ਵਖਾਈਆ । ਸਾਡੀ ਲੋਕਮਾਤ ਵਿਚੋਂ ਮੁਕ ਗਈ ਹਦੇ, ਲੇਖਾ ਰਹਿਣ ਕੋਇ ਨਾ ਪਾਈਆ । ਇਕੋ ਹੁਕਮ ਸੂਰੇ ਸਰਬੱਗੇ, ਸਭ ਨੇ ਮੰਨਣਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਈਆ । ਅੰਮ੍ਰਿਤ ਕਹੇ ਵੇਖੋ ਮੇਰਾ ਪੈਂਦਾ ਮੁੱਲ, ਕ਼ੀਮਤ ਹਰਿ ਹਰਿ ਆਪ ਚੁਕਾਈਆ । ਮੇਰਾ ਜਨਮ ਹੋ ਗਿਆ ਭਗਤਾਂ ਦੀ ਵਿਚ ਕੁਲ, ਦੂਜਾ ਪਿਤਾ ਨਾ ਕੋਇ ਅਖਵਾਈਆ । ਜਿਸ ਦੇ ਲਗ ਜਾਵਾਂ ਨਾਲ ਬੁੱਲ, ਅੰਤਰ ਆਤਮ ਰਸ ਦਿਆਂ ਬਣਾਈਆ । ਕਵਲ ਨਾਭੀ ਖਿਲੇ ਸੱਚਾ ਫੁਲ, ਪੰਖੜੀਆਂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਰਿਹਾ ਬਣਤ ਬਣਾਈਆ । ਅੰਮ੍ਰਿਤ ਕਿਹਾ ਮੈਂ ਆਇਆ ਓਸ ਕੰਢੇ, ਜਿਸ ਦਾ ਕਿਨਾਰਾ ਇਕ ਦਰਸਾਈਆ । ਅਗੇ ਪਾਏ ਭਗਤਾਂ ਵੰਡੇ, ਦੂਜਾ ਹੱਥ ਨਾ ਕੋਇ ਲਗਾਈਆ । ਜਿਨ੍ਹਾਂ ਦੇ ਸੀਨੇ ਹੋਏ ਠੰਡੇ, ਅਗਨੀ ਅੱਗ ਬੁਝਾਈਆ । ਅਬਿਨਾਸ਼ੀ ਕਰਤਾ ਇਨ੍ਹਾਂ ਦੀ ਮੰਨੇ, ਚਲੇ ਸਦ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚੀ ਕਰਨੀ ਕਾਰ ਕਮਾਈਆ । ਅੰਮ੍ਰਿਤ ਕਹੇ ਮੇਰੇ ਵਿਚ ਮਿਲਣਾ ਮਿੱਠਾ, ਜਿਸ ਦੀ ਧਾਰ ਅਗੰਮੀ ਨਜ਼ਰੀ ਆਈਆ । ਮੇਰਾ ਖੇਲ ਹੋਣਾ ਅਨਡਿੱਠਾ, ਅਨਭਵ ਪਰਕਾਸ਼ ਰਿਹਾ ਕਰਾਈਆ । ਹੁਕਮ ਦੇ ਅਬਿਨਾਸ਼ੀ ਅਚੁਤਾ, ਸੇਵਾ ਸਾਚੀ ਸਚ ਸਮਝਾਈਆ । ਭਗਤਾਂ ਸੁਹੌਣੀ ਸਾਚੀ ਰੁੱਤਾ, ਪੱਤ ਡਾਲ਼ੀ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਅੰਮ੍ਰਿਤ ਕਹੇ ਮੈਂ ਔਣਾ ਓਸ ਬਾਟੇ, ਜਿਸ ਦਾ ਵਜ਼ਨ ਨਾ ਕੋਇ ਕਰਾਈਆ । ਭਗਤਾਂ ਪੂਰੇ ਕਰਨੇ ਘਾਟੇ, ਘਾਟੀ ਮੰਜ਼ਲ ਆਪ ਚੜ੍ਹਾਈਆ । ਪੁਰਖ ਅਬਿਨਾਸ਼ੀ ਨਾਲ ਜੋੜਨੇ ਨਾਤੇ, ਸਾਕ ਸੱਜਣ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਰਿਹਾ ਬਣਾਈਆ । ਸਾਚਾ ਅੰਮ੍ਰਿਤ ਕਹੇ ਮੈਂ ਅੰਦਰ ਵੜਨਾ, ਜਨ ਭਗਤਾਂ ਡੇਰਾ ਲਾਈਆ । ਸਾਚੇ ਮੰਦਰ ਚੜ੍ਹਨਾ, ਬਹਿ ਬਹਿ ਖ਼ੁਸ਼ੀ ਵਖਾਈਆ । ਢੋਲਾ ਸਾਚਾ ਪੜ੍ਹਨਾ, ਇਕੋ ਨਾਮ ਧਿਆਈਆ । ਜਨ ਭਗਤਾਂ ਅੰਦਰ ਰਲਣਾ, ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸਾਚੀ ਬਣਤ ਬਣਾਈਆ । ਅੰਮ੍ਰਿਤ ਕਹੇ ਮੈਂ ਜੀ ਆਇਆਂ ਨੂੰ ਕਹਾਂ ਜੀ, ਭਗਤਾਂ ਆਪ ਸੁਣਾਈਆ । ਪੰਜ ਵਾਰ ਮੈਨੂੰ ਲੈਣਾ ਪੀ, ਪੀਆ ਪ੍ਰੀਤਮ ਦਿਆਂ ਮਿਲਾਈਆ । ਨਾਤਾ ਤੁਟ ਜਾਏ ਪੁਤਰ ਧੀ, ਸਾਕ ਸਜਣ ਸੰਗੀ ਨਜ਼ਰ ਕੋਇ ਨਾ ਆਈਆ । ਲੇਖਾ ਚੁਕਾਵਾਂ ਸਾਢੇ ਤਿੰਨ ਹੱਥ ਸੀਂ, ਸੱਜਣ ਸੁਹੇਲੇ ਦੇਵਾਂ ਮਾਣ ਵਡਿਆਈਆ । ਸਤਿ ਸਤਿਵਾਦੀ ਪਾਰਬ੍ਰਹਮ ਪਤਿਪਰਮੇਸ਼ਵਰ ਸਤਿਜੁਗ ਰਖਾਈ ਨੀਂਹ, ਸਾਚਾ ਮੰਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅੰਮ੍ਰਿਤ ਕਹੇ ਮੈਂ ਕੋਟਨ ਕੋਟ ਜੁਗਾਂ ਪਿੱਛੋਂ ਬਣਿਆ, ਨਵ ਨੌਂ ਚਾਰ ਮੇਰਾ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਮਿਹਰਵਾਨ ਮਿਹਰ ਕਰਿਆ, ਕਰਨੀ ਆਪਣੀ ਵਿਚ ਟਿਕਾਈਆ । ਅੰਮ੍ਰਿਤ ਸੋਹਣਾ ਜਲ ਭਰਿਆ, ਏਕਾ ਇੱਕੀ ਰਹੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਇੱਕੀ ਕਹੇ ਇਹ ਵਸਤ ਅਨਮੁੱਲੀ, ਸਾਚੀ ਨਜ਼ਰੀ ਆਈਆ । ਜਿਸ ਵਿਚੋਂ ਪ੍ਰਭ ਭਰ ਕੇ ਇਕ ਚੁਲੀ, ਆਪਣੇ ਮੁਖ ਲਗਾਈਆ । ਜਿਸ ਵੇਲੇ ਮੈਂ ਭਗਤਾਂ ਦੀ ਲੱਗਾ ਬੁੱਲੀਂ, ਕੋਟਨ ਬੁੱਲ੍ਹੇ ਬੈਠਣ ਸੀਸ ਨਿਵਾਈਆ । ਭਾਗ ਲਗਾਵਾਂ ਓਸ ਕੁਲੀ, ਜਿਸ ਕੁਲ ਦਾ ਮਾਲਕ ਕੁੱਲ ਅਖਵਾਈਆ । ਜੇ ਸਿੱਖੀ ਪਿੱਛੇ ਰਹੇ ਭੁੱਲੀ, ਅਗੇ ਮਾਰਗ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਬਦ ਅਸੂਲੀ, ਪਿਛਲੀ ਕਹਾਣੀ ਮਾਮੂਲੀ ਰਿਹਾ ਵਖਾਈਆ ।



੧੭੪

### ❊ ੨੭ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❊

ਵੀਹ ਸੌ ਇੱਕੀ ਬਿਕ੍ਰਮੀ ਕਹੇ ਮੋਹੇ ਚੜ੍ਹਿਆ ਚਾ, ਸਚਖੰਡ ਦਵਾਰ ਵਜੀ ਵਧਾਈਆ । ਕਿਰਪਾ ਕੀਤੀ ਕਰਤੇ ਪੁਰਖ ਬੇਪਰਵਾਹ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਸਚ ਸਿੰਘਾਸਣ ਇਕ ਸੁਹਾ, ਦੋ ਜਹਾਨਾਂ ਵਾਲੀ ਸੋਭਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਬੁਲਾ, ਨਿਰਗੁਣ ਰੂਪ ਨਜ਼ਰੀ ਆਈਆ । ਇਕਾਵਨ ਬਾਵਨ ਰਹੇ ਸੀਸ ਨਿਵਾ, ਸਿਰ ਸਕੇ ਨਾ ਕੋਇ ਉਠਾਈਆ । ਚਾਰੋਂ ਕੁੰਟ ਮੰਗਲ ਰਹੇ ਗਾ, ਦਹਿ

ਦਿਸ਼ਾ ਵਜੇ ਵਧਾਈਆ । ਬ੍ਰਹਿਮੰਡ ਖੰਡ ਹੋ ਕੇ ਸਹਿਜ ਸੁਭਾ, ਨਿਮਰਤਾ ਆਪਣੀ ਰਹੇ ਵਖਾਈਆ । ਸਰ ਸਰੋਵਰ ਤੀਰਥ ਤਟ ਗਏ ਆ, ਆਪਣਾ ਪੰਧ ਮੁਕਾਈਆ । ਭਗਤ ਸੁਹੇਲੇ ਝੋਲੀ ਰਹੇ ਡਾਹ, ਆਸ਼ਾ ਆਪਣੀ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਦਇਆ ਕਮਾਈਆ । ਵੀਹ ਸੌ ਇੱਕੀ ਕਹੇ ਮੇਰਾ ਸੁਣ ਲਉ ਢੋਲਾ, ਸਭ ਨੂੰ ਦਿਆਂ ਜਣਾਈਆ । ਚਾਰ ਜੁਗ ਦੇ ਪੀਰ ਪੈਗ਼ੰਬਰੋ ਪਰਮ ਪੁਰਖ ਪ੍ਰਭ ਬਣਿਆ ਵਿਚੋਲਾ, ਧੁਰ ਦਾ ਮਾਲਕ ਫੇਰਾ ਪਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਇਕੋ ਬੋਲਾ, ਸ਼ਬਦ ਅਗੰਮੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵੀਹ ਸੌ ਇੱਕੀ ਕਹੇ ਮੈਨੂੰ ਵਧਾਈ ਦਿਉ ਆਜ, ਦੋ ਜਹਾਨ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਭਗਤਾਂ ਬਣਾਵਣ ਆਇਆ ਸਮਾਜ, ਸਮਗਰੀ ਸਾਚੀ ਨਾਲ ਲਿਆਈਆ । ਦੁਰਮਤ ਮੈਲ ਧੋਵਣ ਆਇਆ ਦਾਗ਼, ਕਾਇਆ ਕੱਪੜ ਸਾਫ਼ ਕਰਾਈਆ । ਨਿਰਗੁਣ ਜੋਤ ਕਰਨ ਆਇਆ ਪਰਕਾਸ਼, ਘਰ ਘਰ ਦੀਵਾ ਬਾਤੀ ਆਪ ਜਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰੀ ਕਰਨ ਆਇਆ ਆਸ, ਨਵ ਨੌ ਚਾਰ ਤ੍ਰਿਸ਼ਨਾ ਰਿਹਾ ਬੁਝਾਈਆ । ਖਹਿੜਾ ਮੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਇਆ ਰਹਿਣ ਕੋਇ ਨਾ ਪਾਈਆ । ਨੇਤਰ ਲੋਚਨ ਖੋਲ੍ਹ ਵੇਖੇ ਪੁਰਖ ਅਬਿਨਾਸ਼, ਹਰਿ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਈਆ । ਵੀਹ ਸੌ ਇੱਕੀ ਬਿਕ੍ਰਮੀ ਕਹੇ ਵੇਖੋ ਮੇਰਾ ਰੰਗ, ਚਾਰ ਕੁੰਟ ਦਿਆਂ ਵਖਾਈਆ । ਸਭ ਦਾ ਮਾਲਕ ਸੂਰਾ ਸਰਬੰਗ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੇ ਭਗਤ ਸੁਹੇਲੇ ਲਾਏ ਅੰਗ, ਅੰਗੀਕਾਰ ਆਪ ਅਖਵਾਈਆ । ਨਾਮ ਢੋਲਾ ਸੁਣਾਏ ਮਰਦੰਗ, ਮਰਦ ਮਰਦਾਨੇ ਦਏ ਬਣਾਈਆ । ਕੂੜੀ ਕਿਰਿਆ ਮੇਟ ਕੇ ਭੇਖ ਪਾਖੰਡ, ਸਾਚਾ ਮਾਰਗ ਇਕ ਸਮਝਾਈਆ । ਨਾਲ ਮਿਲਾਏ ਨੂਰੀ ਚੰਦ, ਗੋਬਿੰਦ ਆਪਣੀ ਧਾਰ ਵਖਾਈਆ । ਸੰਤ ਸੁਹੇਲਿਆਂ ਪਾਏ ਗੰਢ, ਗੁਰ ਚੇਲੇ ਜੋੜ ਜੁੜਾਈਆ । ਗੁਰਮੁਖਾਂ ਆਤਮ ਸੇਜ ਹੰਢਾਏ ਪਲੰਘ, ਸਿੰਘਾਸਣ ਸੋਹਣਾ ਇਕ ਵਿਛਾਈਆ । ਗੁਰਮੁਖਾਂ ਖ਼ੁਸ਼ੀ ਕਰਾਏ ਬੰਦ ਬੰਦ, ਬੰਦਨਾ ਇਕੋ ਰਿਹਾ ਦ੍ਰਿੜਾਈਆ । ਸਦੀ ਵੀਹਵੀਂ ਰਹੀ ਲੰਘ, ਕਰੇ ਖੇਲ ਹਰਿ ਰਘੁਰਾਈਆ । ਜੁਗ ਜਨਮ ਦੀ ਪੂਰੀ ਮੰਗ, ਵਸਤ ਅਮੋਲਕ ਦਏ ਵਰਤਾਈਆ । ਮਾਨਸ ਜਨਮ ਗੁਰਮੁਖਾਂ ਦਾ ਕਦੇ ਨਾ ਹੋਵੇ ਭੰਗ, ਜੋ ਚਲ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਵੀਹ ਸੌ ਇੱਕੀ ਕਹੇ ਮੈਨੂੰ ਦਿਉ ਵਧਾਈ, ਹਰਿ ਵਾਧਾ ਰਿਹਾ ਵਧਾਈਆ । ਜਨ ਭਗਤਾਂ ਨਾਲ ਕਰ ਕੁੜਮਾਈ, ਨਾਤਾ ਧੁਰ ਦਾ ਰਿਹਾ ਜੁੜਾਈਆ । ਸਚ ਧਰਮ ਦਾ ਮਾਰਗ ਰਿਹਾ ਵਖਾਈ, ਕੂੜੀ ਕਿਰਿਆ ਪਰੇ ਹਟਾਈਆ । ਚਾਰ ਵਰਨਾਂ ਮੇਲਾ ਲਿਆ ਮਿਲਾਈ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਲਏ ਬਹਾਈਆ । ਆਦਿ ਜੁਗਾਦੀ ਨਾਮ ਰਿਹਾ ਜਪਾਈ, ਸੋਹੰ ਨਾਦ ਸੁਣਾਈਆ । ਗੁਰਮੁਖੋ, ਰਲ ਮਿਲ ਦਰਸ਼ਨ ਪਾਉ ਧੁਰ ਦੇ ਮਾਹੀ, ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਵੀਹ ਸੌ ਇੱਕੀ ਕਹੇ ਮੈਂ ਵੇਖਣਾ ਰੰਗ ਚਲੂਲ, ਸ੍ਰੀ ਭਗਵਾਨ ਭਗਤਾਂ ਦਏ ਚੜ੍ਹਾਈਆ । ਲੇਖਾ ਨਾ ਗਿਆ ਭੂਲ, ਅਭੁਲ ਦਇਆ ਕਮਾਈਆ । ਸਾਚਾ ਦੱਸ ਕੇ ਇਕ ਅਸੂਲ, ਅਸਲੀਅਤ ਆਪਣੀ ਦਏ ਦ੍ਰਿੜਾਈਆ । ਮਾਲਕ ਦੱਸ ਕੇ ਇਕ ਕੰਤੂਹਲ, ਨਾਤਾ ਸਤਿ ਲਿਆ ਜੁੜਾਈਆ । ਮਹਲ


੧੭੫

ਅਟਲ ਇਕ ਅਰੂਜ, ਅਰਸ਼ੀ ਪ੍ਰੀਤਮ ਰਿਹਾ ਵਖਾਈਆ । ਭਗਤ ਦਵਾਰੇ ਕਰ ਮਹਿਫ਼ੂਜ਼, ਸੇਵਾ ਆਪਣੀ ਸਚ ਕਮਾਈਆ । ਗੁਰੂ ਗੋਬਿੰਦ ਸੰਗੀ ਗਏ ਝੂਜ, ਤਿਨ੍ਹਾਂ ਲੇਖਾ ਫੇਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰੀ ਨਾਲ ਤਰਾਈਆ । ਵੀਹ ਸੌ ਇੱਕੀ ਬਿਕ੍ਰਮੀ ਕਹੇ ਵੇਖੋ ਗੁਰੂ ਗੋਬਿੰਦ ਆਇਆ, ਅਚਰਜ ਖੇਲ ਰਚਾਈਆ । ਪਤਿਪਰਮੇਸ਼ਵਰ ਵੇਸ ਵਟਾਇਆ, ਪੁਰਖ ਅਕਾਲ ਬੇਪਰਵਾਹੀਆ । ਧੁਰ ਸੰਦੇਸ਼ਾ ਰਿਹਾ ਸੁਣਾਇਆ, ਸ਼ਬਦੀ ਨਾਦ ਵਜਾਈਆ । ਸੰਤ ਸੁਹੇਲੇ ਰਿਹਾ ਪਰਗਟਾਇਆ, ਸੁਰਤੀ ਸ਼ਬਦ ਮਿਲਾਈਆ । ਪਿਛਲਾ ਲੇਖਾ ਫੋਲ ਫੁਲਾਇਆ, ਗੁਰ ਅਵਤਾਰ ਪੈਗ਼ੰਬਰ ਦੇਣ ਵਧਾਈਆ । ਜਿਸ ਦਾ ਸੰਦੇਸ਼ਾ ਗਏ ਸੁਣਾਇਆ, ਓਹ ਠਾਕਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਕਰੇ ਨਿਰੰਕਾਰ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਅੰਤਮ ਖੇਲ ਅਪਾਰ, ਪਰਮ ਪੁਰਖ ਆਪ ਵਖਾਈਆ । ਲਹਿਣਾ ਚੁਕਾਏ ਸਦੀ ਚੌਧਵੀਂ ਅੰਤਮ ਵਾਰ, ਚੌਦਾਂ ਤਬਕ ਦਏ ਸਮਝਾਈਆ । ਵਦੀ ਸੁਦੀ ਨਾ ਕੋਇ ਸੁਮਾਰ, ਏਕਾ ਅੰਕ ਦਏ ਦ੍ਰਿੜਾਈਆ । ਜਗੀ ਜੋਤ ਅਗੰਮ ਅਪਾਰ, ਦੋ ਜਹਾਨ ਕਰੇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪਿਆਰ, ਸਾਚੀ ਰੀਤੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਇੱਕੀ ਕਹੇ ਮੇਰਾ ਵੇਖੋ ਮਾਲਕ ਮਿਤਰ, ਪੀਆ ਪ੍ਰੀਤਮ ਨਜ਼ਰੀ ਆਈਆ । ਜੋ ਨਿਰਗੁਣ ਧਾਰੋਂ ਆਇਆ ਨਿਕਲ, ਜੋਤੀ ਨੂਰ ਕਰੇ ਰੁਸ਼ਨਾਈਆ । ਇਸਦੀ ਕਿਸੇ ਦੇ ਨਾਲ ਨਹੀਂ ਮਿਲਦੀ ਸ਼ਕਲ, ਬੇਅਕਲ ਸਮਝ ਲੋਕਾਈਆ । ਇਸ ਦਾ ਸਭ ਤੋਂ ਨਿਰਾਲਾ ਪਤਣ ਜਿਥੇ ਭਗਤ ਸੁਹੇਲੇ ਵਸਣ, ਡੇਰਾ ਬੈਠੇ ਜਮਾਈਆ । ਓਹਨਾਂ ਦਾ ਲਹਿਣਾ ਦੇਵੇ ਹਕਣ, ਹਕੁਲਯਕੀਨ ਦੇ ਜਣਾਈਆ । ਸਿੱਧਾ ਆਪਣੇ ਨਾਲ ਕਰੇ ਤੁਅੱਲਕਨ, ਤੁਆਰਫ਼ ਸਭ ਨੂੰ ਦਏ ਕਰਾਈਆ । ਪਿਛਲੇ ਸਾਰੇ ਕਰੇ ਮੁਅੱਤਲ, ਅਗਲਾ ਹੁਕਮ ਇਕ ਮਨਾਈਆ । ਧਾਮ ਵਖਾਏ ਸਾਚਾ ਬੈਤੁਲ, ਭਗਤ ਦਵਾਰ ਰਿਹਾ ਸਮਝਾਈਆ । ਸ਼ਬਦ ਇਸ਼ਾਰਾ ਮਾਰ ਕੇ ਸੈਨਤ, ਲੱਖ ਚੁਰਾਸੀ ਵਿਚੋਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਰਿਹਾ ਵਖਾਈਆ । ਧੁਰ ਦਾ ਲੇਖਾ ਭਗਤ ਦਵਾਰ, ਵੀਹ ਸੌ ਇੱਕੀ ਆਸ ਰਖਾਈਆ । ਸਭ ਦਾ ਲਹਿਣਾ ਦਏ ਨਵਾਰ, ਬਾਕੀ ਰਹਿਣ ਕੋਇ ਨਾ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਲਾਏ ਇਕ ਦਰਬਾਰ, ਦਰਗਾਹ ਸਾਚੀ ਪਰਦਾ ਦਏ ਉਠਾਈਆ । ਕ਼ੁਦਰਤ ਦਾ ਕ਼ਾਦਰ ਭਗਤਾਂ ਦਾ ਸਾਲਸ, ਗੁਰਮੁਖਾਂ ਨਾਤਾ ਜੋੜ ਜੁੜਾਈਆ । ਸੰਤ ਸੁਹੇਲੇ ਕਢ ਕੇ ਖ਼ਾਲਸ, ਖ਼ਾਲਸ ਖ਼ਾਲਸਾ ਦਏ ਵਖਾਈਆ । ਓਹਨਾਂ ਦੇ ਅੰਦਰ ਮੇਲਾ ਕਰੇ ਬਾਤਨ, ਬਾਹਰ ਨੂਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿੰਦੇ, ਵਾਹਵਾ ਪ੍ਰਭ ਤੇਰੀ ਵਡਿਆਈਆ । ਅਸੀਂ ਚਾਰੇ ਕੂਟਾਂ ਫਿਰ ਕੇ ਉੱਤਰ ਪੂਰਬ ਪੱਛਮ ਦੱਖਣ ਚੜ੍ਹਦੇ ਲਹਿੰਦੇ, ਆਪਣਾ ਫੇਰਾ ਪਾਈਆ । ਜੰਗਲ ਜੂਹ ਉਜਾੜ ਪਹਾੜ ਗਾਰ ਆਏ ਖਹਿੰਦੇ, ਆਪਣਾ ਪੰਧ ਮੁਕਾਈਆ । ਨੇਤਰ ਲੋਚਨ ਅੱਖ ਆਏ ਵੇਂਹਦੇ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਸੰਤ ਸੁਹੇਲੇ ਭਗਤ ਭਗਵੰਤ ਰਲ ਮਿਲ ਇਕੱਠੇ ਬਹਿੰਦੇ, ਕਵਣ ਭੂਮਿਕਾ ਮਿਲੇ ਵਡਿਆਈਆ । ਇਕ ਦੂਜੇ ਦਾ ਢੋਲਾ ਸੋਹਲਾ ਨਾਮ ਕਿੱਥੇ ਲੈਂਦੇ, ਸੋਹੰ ਕਰਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਖੇਲ ਦਏ ਵਖਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਸਦਕੇ ਘੋਲੀ, ਵਾਰੀ ਬਲ ਬਲ ਜਾਈਆ । ਧੰਨ ਭਾਗ ਜੇ ਤੁਸਾਂ ਭਗਤਾਂ ਦੀ ਸੁਣ ਲਈ ਬੋਲੀ, ਦੋ ਜਹਾਨਾਂ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਦੀ ਸਾਹਿਬ ਸਤਿਗੁਰ ਚੁੱਕੀ ਡੋਲੀ, ਭਾਰ ਆਪਣੇ ਕੰਧ ਉਠਾਈਆ । ਜੋਤ ਅਕਾਲਣ ਬਣ ਵਿਚੋਲੀ, ਧੁਰ ਦਾ ਮੇਲ ਰਹੀ ਮਿਲਾਈਆ । ਸਚ ਦਵਾਰਾ ਇਕੋ ਖੋਲ੍ਹੀ, ਖ਼ਬਰ ਦਏ ਵਡਿਆਈਆ । ਨਿਜ ਨੇਤਰ ਕਰ ਕੇ ਇਕ ਮਚੋਲੀ, ਸੋਈ ਸੁਰਤ ਜਗਾਈਆ । ਪ੍ਰੇਮ ਰੰਗਣ ਦੀ ਖੇਲ ਕੇ ਹੋਲੀ, ਹੁਲੀਆ ਭਗਤਾਂ ਦਿਤਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਵਖਾਈਆ । ਦੋ ਹਜ਼ਾਰ ਇੱਕੀ ਬਿਕ੍ਰਮੀ ਕਹੇ ਮੈਂ ਦੇਵਾਂ ਹੋਕਾ, ਪ੍ਰਭ ਦਾ ਹੁਕਮ ਸੁਣਾਈਆ । ਨੇਤਰ ਵੇਖੇ ਚੌਦਾਂ ਲੋਕਾ, ਚੌਦਾਂ ਦਾ ਮਾਲਕ ਇਕ ਅਖਵਾਈਆ । ਭੇਵ ਖੁਲ੍ਹਾਵਾਂ ਜਗਤ ਪੋਥਾ, ਪੁਸਤਕਾਂ ਦਿਆਂ ਦ੍ਰਿੜਾਈਆ । ਪ੍ਰਭ ਮਿਲਣ ਦਾ ਅੰਤਮ ਮੌਕਾ, ਜਿਹੜਾ ਗੋਬਿੰਦ ਗਿਆ ਸਮਝਾਈਆ । ਜਿਸ ਨੇ ਲਾਇਆ ਢਈਏ ਦਾ ਇਕੋ ਢੌਂਕਾ, ਅੰਤਮ ਆਪਣੀ ਅੱਖ ਖੁਲ੍ਹਾਈਆ । ਨਈਆ ਨਾਮ ਚਲਾਏ ਨੌਕਾ, ਪਤਣ ਬੈਠਾ ਧੁਰ ਦਾ ਮਾਹੀਆ । ਭਗਤ ਮਿਲਣ ਦਾ ਰਖ ਕੇ ਸ਼ੌਂਕਾ, ਸਚ ਦਰ ਬੈਠਾ ਡੇਰਾ ਲਾਈਆ । ਜਿਸ ਨੇ ਗੁੱਟ ਨਾ ਫੜਿਆ ਪੌਂਚਾ, ਡੋਰੀ ਤੰਦ ਨਾਲ ਬੰਧਾਈਆ । ਜਨ ਭਗਤਾਂ ਜਨਮ ਮਰਨ ਦਾ ਮੇਟ ਕੇ ਹੌਕਾ, ਲੱਖ ਚੁਰਾਸੀ ਗੇੜ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਵੀਹ ਸੌ ਇੱਕੀ ਕਹੇ ਧੰਨ ਵਡਿਆਈ ਗੁਰ ਪੈਗ਼ੰਬਰ ਪੀਰ, ਅਵਤਾਰ ਮਿਲ ਮਿਲ ਖ਼ੁਸ਼ੀ ਮਨਾਈਆ । ਵੇਖੋ ਆਇਆ ਦਾਤਾ ਗੁਣੀ ਗਹੀਰ, ਗਹਿਰ ਗਵਰ ਵੇਸ ਵਟਾਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਤਸਵੀਰ,

੧੭੭ ਸੋ ਤਸੱਵਰ ਆਪਣਾ ਆਪ ਰਿਹਾ ਕਰਾਈਆ । ਜਨ ਭਗਤਾਂ ਕਟ ਕੇ ਸ਼ਰਅ ਜ਼ੰਜੀਰ, ਸ਼ਰੀਅਤ ਸਾਰੀ ਰਿਹਾ ਬਦਲਾਈਆ । ਨੇਤਰ ਵੇਖੋ ਪੀਰ ੧੭੭

ਫ਼ਕੀਰ, ਸੂਫ਼ੀ ਦੇਣ ਦੁਹਾਈਆ । ਭਗਤ ਸੁਹੇਲੇ ਹਰਦਿਲ ਅਜ਼ੀਜ਼, ਅੰਦਰ ਇਕੋ ਆਸ ਰਖਾਈਆ । ਗੁਰ ਚੇਲੇ ਇਕੱਠੇ ਕਰੇ ਸ਼ਬਦ ਨਿਰਾਲਾ ਮਾਰੇ ਤੀਰ, ਅਣਿਆਲਾ ਆਪ ਚਲਾਈਆ । ਓਧਰੋਂ ਅੰਮ੍ਰਿਤ ਪਿਆਏ ਠੰਡਾ ਸੀਰ, ਇੱਕੀ ਸੇਰ ਵੰਡ ਵੰਡਾਈਆ । ਅੰਦਰ ਵੜ ਕੇ ਜਿਸ ਨੇ ਬਦਲ ਦੇਣੀ ਤਕ਼ਦੀਰ, ਤੋਹਫ਼ਾ ਧੁਰ ਦਾ ਝੋਲੀ ਪਾਈਆ । ਦੋ ਜਹਾਨਾਂ ਕੱਟਣ ਆਇਆ ਭੀੜ, ਔਖੀ ਮੰਜ਼ਲ ਪਾਰ ਕਰਾਈਆ । ਕਾਲੀ ਮਾਰੀ ਜਾਏ ਚਿੱਟੇ ਉਤੇ ਲਕੀਰ, ਲਾਅਨਤ ਦੇਵੇ ਸਰਬ ਲੋਕਾਈਆ । ਨਾ ਕੋਈ ਮੁਨੀ ਰਿਹਾ ਪੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵੀਹ ਸੌ ਇੱਕੀ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਦੱਸੋ ਧੁਰ ਦਾ ਕਲਮਾ, ਕਾਇਨਾਤ ਦਿਉ ਜਣਾਈਆ । ਮਾਣ ਤੁਟੇ ਵੱਡੇ ਉਲਮਾ, ਆਲਮ ਰਹਿਣ ਕੋਇ ਨਾ ਪਾਈਆ । ਨੇਤਰ ਵੇਖੇ ਜਨ ਭਗਤਾਂ ਪ੍ਰੇਮ ਪਿਆਰ ਦਾ ਪੈਂਦਾ ਸੁਰਮਾ, ਨਿਜ ਲੋਚਨ ਕਰੇ ਰੁਸ਼ਨਾਈਆ । ਜਿਨ੍ਹਾਂ ਦੇ ਅੰਦਰ ਇਕੋ ਮੰਤਰ ਫੁਰਨਾ, ਦੂਜੇ ਫੁਰਨੇ ਬੰਦ ਕਰਾਈਆ । ਜਿਨ੍ਹਾਂ ਪੁਰਖ ਅਕਾਲ ਦੀ ਪ੍ਰੀਤੀ ਨਾਲ ਜੁੜਨਾ, ਨਾਤੇ ਕੂੜੇ ਜਗਤ ਤੁੜਾਈਆ । ਸਾਚੇ ਮੰਦਰ ਜਿਨ੍ਹਾਂ ਚੜ੍ਹਨਾ, ਭਗਵਨ ਮੇਲਾ ਸਹਿਜ ਸੁਭਾਈਆ । ਜਿਨ੍ਹਾਂ ਮੁਕਿਆ ਮਰਨਾ ਡਰਨਾ, ਆਵਣ ਜਾਵਣ ਪੰਧ ਮੁਕਾਈਆ । ਜਿਨ੍ਹਾਂ ਢੋਲਾ ਇਕੋ ਪੜ੍ਹਨਾ, ਸੋਹੰ ਰਾਗ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗੋ ਓਸ ਦੀ ਸਰਨਾ, ਸਰਬ ਸਵਾਮੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਦਵਾਰੇ

੧੭੮ ਆ ਕੇ ਹੋਏ ਹੈਰਾਨ, ਹੈਰਾਨੀ ਸਭ ਦੇ ਉਤੇ ਛਾਈਆ । ਵੇਖੇ ਖੇਲ ਸ੍ਰੀ ਭਗਵਾਨ, ਹਰਿ ਕਰਤਾ ਆਪ ਕਰਾਈਆ । ਸਾਚੇ ਅੰਮ੍ਰਿਤ ਕਰਾਏ ਪਾਨ, ਰਸ ਇਕੋ ਇਕ ਵਖਾਈਆ । ਅਗੇ ਸੋਹਣਾ ਦਿਸੇ ਵਿਧਾਨ, ਜਿਸ ਦਾ ਲਾਅ ਨਾ ਕੋਇ ਸਮਝਾਈਆ । ਜਿਸ ਦਾ ਝੁਲਦਾ ਸਚ ਨਿਸ਼ਾਨ, ਚਾਰ ਮੁਨਾਰ ਦੇਣ ਗਵਾਹੀਆ । ਛੱਤੀ ਜੁਗ ਦਾ ਇਹ ਅਹਿਸਾਨ, ਗੁਰਮੁਖੋ ਤੁਹਾਡੇ ਸਿਰ ਦੇ ਉਤੋਂ ਲਾਹੀਆ । ਚਾਰੇ ਕੂਕਣ ਉਤੇ ਮੁਨਾਰ, ਚਾਰ ਕੁੰਟ ਸੁਣਾਈਆ । ਦੋ ਜਹਾਨ ਹੋ ਜਾਓ ਖ਼ਬਰਦਾਰ, ਬੇਖ਼ਬਰ ਖ਼ਬਰ ਰਿਹਾ ਦ੍ਰਿੜਾਈਆ । ਇਹ ਦਾਤਾ ਕਰਤਾ ਭੁਗਤਾ ਦੋ ਜਹਾਨਾਂ ਨਿਹਕਲੰਕ ਨਰਾਇਣ ਨਰ ਅਵਤਾਰ, ਭਰਮ ਭੁਲੇਖਾ ਰਹਿਣ ਕੋਇ ਨਾ ਪਾਈਆ । ਜਿਸ ਦਾ ਗੋਬਿੰਦ ਸੁਤ ਦੁਲਾਰ, ਸ਼ਬਦੀ ਰੂਪ ਵਟਾਈਆ । ਸੋਹਣਾ ਸਜਿਆ ਵੇਖੋ ਦਰਬਾਰ, ਦਰਗਾਹ ਸਾਚੀ ਰਿਹਾ ਵਖਾਈਆ । ਜੋ ਸਚਖੰਡ ਦਾ ਵਿਹਾਰ, ਸੋ ਲੋਕਮਾਤ ਪਰਗਟਾਈਆ । ਇਹੋ ਜਿਹਾ ਕਦੀ ਨਹੀਂ ਮਿਲਿਆ ਕਿਸੇ ਨੂੰ ਯਾਰ, ਯਾਰਾਨੇ ਆਪਣੇ ਨਾਲ ਰਖਾਈਆ । ਨਾਮ ਤਰਾਨੇ ਗਾਵੇ ਤੁਹਾਡੀ ਵਾਰ, ਗੀਤ ਆਪਣਾ ਨਾ ਕੋਇ ਸੁਣਾਈਆ । ਮਸਤਾਨੇ ਹੋ ਕੇ ਮਾਰੋ ਤੁਸੀਂ ਛਾਲ, ਦੁਰਮਤ ਸੰਗ ਨਾ ਕੋਇ ਰਖਾਈਆ । ਦੀਵਾਨੇ ਹੋ ਕੇ ਛਡ ਦਿਉ ਸੰਸਾਰ, ਦੁਨੀ ਦੀ ਲੋੜ ਰਹੇ ਨਾ ਰਾਈਆ । ਜਿਨ੍ਹਾਂ ਦਾ ਨਾਤਾ ਜੁੜ ਗਿਆ ਨਾਲ ਨਿਰੰਕਾਰ, ਦੂਜਾ ਦਰ ਮੰਗਣ ਨਾ ਜਾਈਆ । ਮੇਰੇ ਕੋਲ ਨਹੀਂ ਕੋਈ ਇਸ਼ਤਿਹਾਰ, ਅੱਖਰਾਂ ਵਾਲੀ ਨਹੀਂ ਲਿਖਾਈਆ । ਜਿਨ੍ਹਾਂ ਤੇ ਕਿਰਪਾ ਕਰਾਂ ਅੰਦਰ ਵੜਕੇ ਲਵਾਂ ਉਠਾਲ, ਮਿਹਰ ਨਜ਼ਰ ਨਾਲ ਤਰਾਈਆ । ਸ਼ਬਦ ਸਰੂਪੀ ਬਣ ਦਲਾਲ, ਵਿਚੋਲਾ ਦੋ ਜਹਾਨ ਅਖਵਾਈਆ । ਵੇਖਾਂ ਲੇਖਾ ਸ਼ਾਹ ਕੰਗਾਲ, ਵੱਡਾ ਛੋਟਾ ਨਾ ਕੋਇ ਰਖਾਈਆ । ਗੋਬਿੰਦ ਸੂਰਾ ਵੇਖ ਧੁਰ ਦਾ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਸਚ ਦਵਾਰ ਸੱਚੀ ਧਰਮਸਾਲ, ਪੁਰਖ ਅਬਿਨਾਸ਼ੀ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੀ ਰਸਮ, ਹਰਿ ਸੱਚਾ ਰਿਹਾ ਵਖਾਈਆ । ਕਿਸੇ ਮਸਤਕ ਤਨ ਲਾਈ ਨਹੀਂ ਕੋਈ ਭਸਮ, ਤ੍ਰਿਸੂਲ ਨਜ਼ਰ ਕਿਸੇ ਨਾ ਆਈਆ । ਪੀਰ ਪੈਗ਼ੰਬਰ ਕਹਿਣ ਅਸੀਂ ਖਾ ਕੇ ਕਹੀਏ ਕ਼ਸਮ, ਸੁਗੰਦ ਨਾਲ ਰਖਾਈਆ । ਜਿਹੜੇ ਭਗਤ ਭਗਤ ਦਵਾਰੇ ਵਸਣ, ਉਹਨਾਂ ਦਾ ਭਗਵਾਨ ਇਕੋ ਮਾਹੀਆ । ਉਹਨਾਂ ਨੂੰ ਲੋੜ ਰਹੀ ਨਾ ਮੰਦਰ ਮਸਜਿਦ ਗੁਰੂਦਵਾਰੇ ਲੰਘਣ, ਜਗਤ ਜਹਾਨ ਵਿਚ ਨਾ ਕੋਇ ਅਟਕਾਈਆ । ਇਕੋ ਓਟ ਅਕਾਲ ਦੀ ਰੱਖਣ, ਦੀਨ ਦਿਆਲ ਸੀਸ ਨਿਵਾਈਆ । ਇਕੋ ਬੂੰਦ ਅੰਮ੍ਰਿਤ ਰਸ ਚੱਖਣ, ਰਸ ਨਿਝਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਖੇਲ ਅਪਾਰ, ਅਪਰੰਪਰ ਦਏ ਜਣਾਈਆ । ਨਵਾਂ ਖੰਡਾਂ ਦਾ ਸ਼ਿੰਗਾਰ, ਨਵਾਂ ਰੰਗਾਂ ਦਾ ਹਾਰ ਨਜ਼ਰੀ ਆਈਆ । ਨਿਰਗੁਣ ਹੋ ਕੇ ਵੇਖੇ ਦਹਿ ਦਿਸ਼ਾ ਅੱਖ ਉਘਾੜ, ਓਹਲਾ ਰਹਿਣ ਕੋਇ ਨਾ ਪਾਈਆ । ਪੂਰਬ ਲਹਿਣਾ ਦੇਵਣਹਾਰ ਉਧਾਰ, ਸਵਾ ਰਤੀ ਕੇਸਰ ਆਸਾ ਪੂਰ ਕਰਾਈਆ । ਉਹ ਸੁੱਤਿਆਂ ਲਏ ਉਠਾਲ, ਜਿਸ ਦੀ ਆਸ਼ਾ ਪਿਛਲੀ ਆਪਣੇ ਨਾਲ ਰਖਾਈਆ । ਜਿਸ ਦਾ ਸੁਤ ਦੁਲਾਰਾ ਸੋਹਣਾ ਲਾਲ, ਤੱਤਾਂ ਵਾਲਾ ਨਜ਼ਰੀ ਆਈਆ । ਜਿਸ ਦਾ ਮੇਲਾ ਦੀਨ ਦਿਆਲ, ਭਗਵਨ ਜੋੜਾ ਰਿਹਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਖੇਲ ਅਪਾਰ, ਅਪਰੰਪਰ ਰਿਹਾ ਕਰਾਈਆ । ਪੰਜਾਂ ਪਿਆਰਿਆਂ ਦਏ ਅਧਾਰ,

ਸਿਰ ਆਪਣਾ ਹੱਥ ਟਿਕਾਈਆ । ਜਨਮ ਕਰਮ ਦਾ ਰੋਗ ਨਵਾਰ, ਭਾਂਡਾ ਭਰਮ ਭਉ ਭੰਨਾਈਆ । ਜੰਜਾਲ ਤੋੜ ਕੇ ਵਿਚ ਜਹਾਨ, ਦੋ ਜਹਾਨਾਂ ਦਏ ਵਡਿਆਈਆ । ਲੜਨਾ ਪਏ ਨਾ ਵਿਚ ਮੈਦਾਨ, ਸ਼ੈਤਾਨ ਨੇੜ ਕੋਇ ਨਾ ਆਈਆ । ਬੋਲਣਾ ਪਏ ਨਾ ਨਾਲ ਜ਼ਬਾਨ, ਅੰਦਰ ਕਲਮਾ ਦਏ ਜਣਾਈਆ । ਝੁਕਣਾ ਪਏ ਨਾ ਵਿਚ ਜਹਾਨ, ਸੀਸ ਆਪਣੇ ਲੇਖੇ ਲਾਈਆ । ਪੜ੍ਹਨਾ ਪਏ ਨਾ ਗੀਤਾ ਗਿਆਨ, ਵੇਦ ਪੁਰਾਨ ਨਾ ਕੋਇ ਜਣਾਈਆ । ਕਰਨਾ ਪਏ ਨਾ ਅਠਸਠ ਇਸ਼ਨਾਨ, ਅੰਮ੍ਰਿਤ ਜਲ ਧੁਆਈਆ । ਲਭਣਾ ਪਏ ਨਾ ਕਾਹਨ, ਸ਼ਾਮ ਨਾਮ ਨਾ ਦਏ ਜਣਾਈਆ । ਸੁਰਤੀ ਫਿਰੇ ਨਾ ਪਿੱਛੇ ਰਾਮ, ਬਨ ਖੋਜੇ ਨਾ ਥਾਉਂ ਥਾਈਂਆ । ਗ੍ਰੰਥਾਂ ਵਾਲੀ ਲਭਣੀ ਨਾ ਪਏ ਦੁਕਾਨ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਜੋ ਇਕ ਵਾਰ ਸਚ ਦਵਾਰੇ ਗਾਵਣ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹਨਾਂ ਦਾ ਸਿੱਧਾ ਲੇਖਾ ਦਏ ਮੁਕਾਈਆ । ਪਾਰ ਕਰਾਏ ਜ਼ਿਮੀਂ ਅਸਮਾਨ, ਗਗਨ ਮੰਡਲ ਆਪਣੇ ਡੇਰਾ ਲਾਈਆ । ਥਿਰ ਘਰ ਵਖਾ ਕੇ ਝੁਲਦਾ ਇਕ ਨਿਸ਼ਾਨ, ਚਾਰੋਂ ਕੁੰਟ ਲਏ ਜਣਾਈਆ । ਸਚਖੰਡ ਦਵਾਰੇ ਦਰਸ ਸ੍ਰੀ ਭਗਵਾਨ, ਸਾਖ਼ਿਆਤ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਸਦ ਦੇਵਣਹਾਰ ਵਡਿਆਈਆ । ਸਵਾ ਰਤੀ ਕੇਸਰ ਕਹੇ ਮੈਂ ਲੱਗਾਂ ਲਲਾਟ, ਮਿਲੇ ਮਾਣ ਵਡਿਆਈਆ । ਮੇਰੀ ਪੂਰੀ ਹੋਈ ਆਸ, ਤ੍ਰਿਸ਼ਨਾ ਦਿਤੀ ਮਿਟਾਈਆ । ਪੁਰਖ ਅਕਾਲਾ ਗੋਬਿੰਦ ਸਾਥ, ਦੋਹਾਂ ਵਜੀ ਵਧਾਈਆ । ਸਚ ਦਵਾਰੇ ਮਿਲੀ ਦਾਤ, ਦੋ ਜਹਾਨਾਂ ਖ਼ੁਸ਼ੀ ਮਨਾਈਆ । ਅੱਜ ਖੋਲ੍ਹੀ ਉਹ ਕਿਤਾਬ, ਜਿਸ ਦਾ ਵਰਕਾ ਨਾ ਕੋਇ ਉਲਟਾਈਆ । ਜਿਸ ਦੇ ਅਗੇ ਸਾਰੇ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਧੁਰ ਦਰਗਾਹੀ ਸੁਣਾਏ ਅਵਾਜ਼, ਢੋਲਾ ਅਗੰਮ ਜਣਾਈਆ । ਵੀਹ ਸੌ ਇੱਕੀ ਦਾ ਸੱਚਾ ਰਿਵਾਜ, ਹਰਿ ਕਰਤਾ ਦਏ ਜਣਾਈਆ । ਸੀਸ ਜਗਦੀਸ ਰਖ ਕੇ ਤਾਜ, ਤਾਜਾਂ ਵਾਲਿਆਂ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਇਕ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਨਿਸ਼ਾਨ ਝੁਲਦੇ, ਆਪਣਾ ਰੰਗ ਰਹੇ ਚਮਕਾਈਆ । ਇਹ ਕਰਤਬ ਮਾਲਕ ਕੁੱਲ ਦੇ, ਕੁੱਲ ਆਲਮ ਰਿਹਾ ਜਣਾਈਆ । ਜਿਸ ਦੇ ਸਚ ਦਵਾਰੇ ਵੇਖੇ ਖੁਲ੍ਹਦੇ, ਭਗਤਾਂ ਮਿਲੇ ਵਡਿਆਈਆ । ਭਗਤ ਸੁਹੇਲੇ ਅਡੋਲ ਕਦੇ ਨਾ ਡੁਲਦੇ, ਜਿਨ੍ਹਾਂ ਅੰਤਰ ਆਤਮ ਆਪਣਾ ਜਾਪ ਸੁਣਾਈਆ । ਹੁਣ ਜਾਪ ਨਹੀਂ ਰਹੇ ਬੁੱਲ ਦੇ, ਅਜਪਾ ਜਾਪ ਦੇਣਾਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਕਰ ਧਿਆਨ, ਭਗਤਾਂ ਦਿਤੀ ਵਡਿਆਈਆ । ਸਜਦਾ ਕਰਨ ਦੋ ਜਹਾਨ, ਨਿਉਂ ਨਿਉਂ ਲਾਗਣ ਪਾਈਆ । ਭਗਤ ਸੁਹੇਲੇ ਉਸ ਦਵਾਰੇ ਬੈਠੇ ਆਣ, ਜਿਥੇ ਇਕੋ ਰੰਗ ਰੰਗਾਈਆ । ਗੋਬਿੰਦ ਸੂਰਾ ਨਾਲ ਬਲਵਾਨ, ਸ਼ਬਦੀ ਦਾਤਾ ਬੇਪਰਵਾਹੀਆ । ਓਸ ਦਾ ਹੁਕਮ ਉਹ ਫ਼ਰਮਾਣ, ਧੁਰ ਸੰਦੇਸ਼ ਸੁਣਾਈਆ । ਸਾਚੇ ਭਗਤਾਂ ਬਣੇ ਵਿਧਾਨ, ਵਾਧਾ ਜਗਤ ਕਰਾਈਆ । ਗੋਬਿੰਦ ਦੁਲਾਰੇ ਕਰ ਪਰਵਾਨ, ਹੁਕਮ ਇਕ ਸੁਣਾਈਆ । ਪੁਰਖ ਅਕਾਲ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਬਿਸ਼ਨ ਸਿੰਘ ਕਰ ਧਿਆਨ, ਨੇਤਰ ਅੱਖ ਖੁਲ੍ਹਾਈਆ । ਵਿਸਲ ਮਾਰ ਨੌਜਵਾਨ, ਗੁਰਮੁਖ ਲੈਣ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਅਗੰਮੀ ਸੀਟੀ ਗਈ ਵੱਜ, ਸੰਸਾ ਹਰਿ ਜੂ ਆਪ ਕਢਾਇੰਦਾ । ਸੰਤ ਸੁਹਲੇ ਆਏ ਭੱਜ, ਘਰ ਸਾਚੇ ਮੇਲ ਮਿਲਾਇੰਦਾ । ਇੱਕੀ ਇੱਕੀ ਵਿਚ ਗਏ ਬੱਝ, ਬੱਝੀ ਗੰਢ ਨਾ

ਕੋਇ ਖੁਲ੍ਹਾਇੰਦਾ । ਕਿਉਂ ਕਾਅਬੇ ਮੁਰਸ਼ਦ ਦਾ ਕਰਨਾ ਹੱਜ, ਵੇਲਾ ਅੰਤ ਸੁਹਾਇੰਦਾ । ਜਿਸ ਨੂੰ ਚਾਰ ਜੁਗ ਰਹੇ ਲਭ, ਸੋ ਸਨਮੁਖ ਸੋਭਾ ਪਾਇੰਦਾ । ਤੁਹਾਡੀ ਮਜ਼੍ਹਬਾਂ ਵਾਲੀ ਤੋੜ ਕੇ ਹਦ, ਦੀਨਾਂ ਵਿਚੋਂ ਬਾਹਰ ਕਢਾਇੰਦਾ । ਨਾਮ ਸੁਣਾਏ ਸੋਹੰ ਛੰਦ, ਢੋਲਾ ਇਕੋ ਇਕ ਪੜ੍ਹਾਇੰਦਾ । ਜੋ ਪਿੱਛੇ ਰਹੇ ਅੱਡ, ਅਗੇ ਆਪਣਾ ਜੋੜ ਜੁੜਾਇੰਦਾ । ਪਾਰ ਕਰ ਕੇ ਕੂੜੀ ਹਦ, ਸਾਚਾ ਮਾਰਗ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਕਰਨੀ ਕਾਰ ਕਮਾਇੰਦਾ । ਇੱਕੀ ਕਹੇ ਮੈਂ ਵੇਖੇ ਇੱਕੀ ਇੱਕੀ, ਅਕਲਾਂ ਵਾਲੇ ਨਜ਼ਰੀ ਆਈਆ । ਜਿਨ੍ਹਾਂ ਸ੍ਰਿਸ਼ਟੀ ਸਾਰੀ ਜਿੱਤੀ, ਨਾਤਾ ਜੁੜਿਆ ਬੇਪਰਵਾਹੀਆ । ਸ਼ਰਅ ਸ਼ਰੀਅਤ ਰਹੀ ਪਿੱਟੀ, ਨੇਤਰ ਰੋਵੇ ਦਏ ਦੁਹਾਈਆ । ਇਹ ਕਿਧਰੋਂ ਪ੍ਰਭ ਨੇ ਲੇਖ ਲਿਖੀ, ਲਿਖਤਾਂ ਵਾਲਾ ਕੀ ਕੀ ਕਾਰ ਕਮਾਈਆ । ਨਾਤਾ ਤੋੜ ਕੇ ਸਵਰਗ ਬਹਿਸ਼ਤੀ, ਦ੍ਰਿਸ਼ਟੀ ਸਭ ਦੀ ਆਪਣੇ ਨਾਲ ਮਿਲਾਈਆ । ਵੇਖੋ ਦਰ ਤੇ ਸਾਰੇ ਇਕੱਠੇ ਬੈਠੇ ਗ੍ਰਿਹਿਸਤੀ, ਜੰਗਲਾਂ ਪਹਾੜਾਂ ਵਾਲੇ ਬੈਠੇ ਦੇਣ ਦੁਹਾਈਆ । ਜਨ ਭਗਤੋ ਇਹ ਬੜੀ ਸੁਹਾਵਣੀ ਆਈ ਮਿਤੀ, ਵੀਹ ਸੌ ਇੱਕੀ ਵਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਹ ਵੇਖੋ ਸੁਤ ਦੁਲਾਰੇ ਅਤੀਤ, ਤ੍ਰੈਗੁਣ ਵਿਚੋਂ ਬਾਹਰ ਨਜ਼ਰੀ ਆਈਆ । ਬਾਲੀ ਬਾਲੇ ਕਰਨ ਸੱਚੀ ਪ੍ਰੀਤ, ਨਾਤਾ ਇਕੋ ਨਾਲ ਰਖਾਈਆ । ਜਿਨ੍ਹਾਂ ਨੂੰ ਹੋਈ ਇਕ ਬਖ਼ਸ਼ੀਸ਼, ਅੰਦਰ ਬਾਹਰ ਵੰਡ ਵੰਡਾਈਆ । ਸ੍ਰੀ ਭਗਵਾਨ ਦੱਸੇ ਠੀਕ, ਧੁਰ ਦਾ ਹੁਕਮ ਸੁਣਾਈਆ । ਉਠ ਸਿੰਘ ਅਮਰਜੀਤ, ਅਮਲਾਂ ਨਾਲ ਜਣਾਈਆ । ਬਾਹਰ ਲੇਖ ਵੇਖ ਸੁਰਜੀਤ, ਸੋਏ ਸੁੱਤੇ ਸਰਬ ਉਠਾਈਆ । ਜਿਹੜੀ ਕਿਸੇ ਨੇ ਕੀਤੀ ਨਹੀਂ ਰੀਤ, ਉਹ ਆਪਣੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੀਰ ਪੈਗ਼ੰਬਰ ਕਹਿਣ ਇਸ ਨੂੰ ਭੁੱਲੀ ਨਹੀਂ ਵਾਦੀ, ਪਿਛਲੀ ਖੇਲ ਖਿਲਾਈਆ । ਤਿਲਕ ਲਗਾ ਕੇ ਗੁਰਮੁਖਾਂ ਦੀ ਕੋਲੋਂ ਦਾਦੀ, ਏਕਾ ਆਪਣੀ ਦਏ ਵਡਿਆਈਆ । ਪੰਜਾਂ ਪਿਆਰਿਆਂ ਮਸਤਕ ਲਾਏ ਤਿਲਕ ਲਿਲਾਟੀ, ਜੋਤੀ ਜੋਤ ਕਰੀ ਰੁਸ਼ਨਾਈਆ । ਜਿਸ ਦਾ ਗੋਬਿੰਦ ਬਣਿਆ ਸਾਥੀ, ਨਾਤਾ ਤਨ ਜਗਤ ਹੰਢਾਈਆ । ਅਗੇ ਹੋਰ ਵਖਰੀ ਸਾਖੀ, ਸ਼ਬਦੀ ਧਾਰ ਜਣਾਈਆ । ਜਿਨ੍ਹਾਂ ਦੀ ਵੇਦ ਵਿਆਸ ਸਮੇਂ ਦੀ ਆਸੀ, ਤ੍ਰਿਸ਼ਨਾ ਪੰਜਾਂ ਵਿਚੋਂ ਵਧਾਈਆ । ਅੰਤਮ ਹੋਏ ਤੇਰੀ ਦਾਸੀ, ਚਰਨ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਹੋਰ, ਅਗਲਾ ਲੇਖ ਜਣਾਈਆ । ਏਥੇ ਤਰਦੇ ਵੇਖੇ ਠਗ ਚੋਰ, ਜਿਨ੍ਹਾਂ ਉਪਰ ਮਿਹਰ ਨਜ਼ਰ ਉਠਾਈਆ । ਕਿਉਂ ਕਲਜੁਗ ਅੰਤਮ ਪ੍ਰਭ ਨੂੰ ਪਈ ਭਗਤਾਂ ਦੀ ਲੋੜ, ਲੋੜ ਕਾਰਨ ਹੋਇਆ ਸਹਾਈਆ । ਸਾਰੇ ਉਠ ਕੇ ਦੋਵੇਂ ਹੱਥ ਦਿਉ ਜੋੜ, ਨਮੋਂ ਨਮੋਂ ਸੀਸ ਨਿਵਾਈਆ । ਜਿਸ ਪ੍ਰਭ ਦੀ ਸਭ ਨੂੰ ਪਈ ਲੋੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਰਨਾ ਦਰਸ ਪ੍ਰਤੱਖ, ਸਨਮੁਖ ਹੋ ਕੇ ਸੀਸ ਨਿਵਾਈਆ । ਅਗੇ ਰਹਿਣਾ ਮੂਲ ਨਹੀਂ ਵਖ, ਵਿਚ ਭਗਤਾਂ ਡੇਰਾ ਲਾਈਆ । ਇਕ ਵੇਰਾਂ ਪ੍ਰਭ ਸਾਚੇ ਖੋਲ੍ਹ ਦੇ ਅੱਖ, ਚਾਰੋਂ ਕੁੰਟ ਦਰਸ ਦਿਖਾਈਆ । ਸਭ ਦੇ ਅੰਦਰ ਜਾਵੀਂ ਵਸ, ਇਹੋ ਤੇਰੀ ਵਡਿਆਈਆ । ਸਾਨੂੰ ਖ਼ੁਸ਼ੀ ਹੋਈ ਤੇਰਾ ਦਵਾਰਾ ਵੇਖ ਕੇ ਇੱਕੀ ਹੱਥ, ਇੱਕੀ ਇੱਕੀ ਦੇਣ ਗਵਾਹੀਆ । ਇਹਨਾਂ ਦਾ ਰੁਖ਼ ਬਦਲ ਦੇ ਝਟ, ਸੱਜਾ ਪਾਸਾ ਇਕ ਬਦਲਾਈਆ ।

ਇਕੋ ਵਾਰ ਸਾਰੇ ਸੱਜਾ ਕਦਮ ਅਗੇ ਲੈਣ ਰਖ, ਹੌਲੀ ਹੌਲੀ ਚਲਣ ਵਾਹੋ ਦਾਹੀਆ । ਨਾਲ ਜੈਕਾਰੇ ਬੋਲੋ ਸਤਿ, ਸਤਿ ਸਤਿ ਸਲਾਹੀਆ । ਬ੍ਰਹਿਮੰਡ ਖੰਡ ਪਏ ਨਠ, ਭੱਜਣ ਵਾਹੋ ਦਾਹੀਆ । ਜਿਸ ਨੇ ਫੇਰ ਦਿਤੀ ਉਲਟੀ ਲਠ, ਗੇੜਾ ਚਾਰ ਕੁੰਟ ਦਵਾਈਆ । ਸਭ ਦੇ ਕੋਲੋਂ ਖੋਹ ਕੇ ਹਕ, ਖ਼ਾਲੀ ਸਭ ਨੂੰ ਰਿਹਾ ਕਰਾਈਆ । ਹੁਣ ਰਹਿਣਾ ਨਹੀਂ ਕੋਈ ਸ਼ਕ, ਸ਼ਿਕਵੇ ਰਿਹਾ ਮਿਟਾਈਆ । ਕਿਰਪਾ ਕਰੇ ਪੁਰਖ ਸਮਰਥ, ਜਨ ਭਗਤਾਂ ਦਏ ਵਡਿਆਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਚਾਰ ਵਰਨਾਂ ਦਏ ਜਣਾਈਆ । ਦੂਈ ਦਵੈਤੀ ਮੇਟ ਕੇ ਫੱਟ, ਪੱਟੀ ਇਕੋ ਨਾਮ ਬੰਧਾਈਆ । ਲੇਖੇ ਲਾ ਕੇ ਗੋਬਿੰਦ ਰੱਤ, ਰੰਗ ਆਪਣਾ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਘੁੰਮਦਾ ਵੇਖਿਆ ਬ੍ਰਹਿਮੰਡ, ਸੋਹਣਾ ਚਕਰ ਲਗਾਈਆ । ਭਗਤ ਸੁਹੇਲੇ ਗੌਂਦੇ ਵੇਖੇ ਛੰਦ, ਚਾਰੇਂ ਕੁੰਟ ਇਕੋ ਰੂਪ ਨਜ਼ਰੀ ਆਈਆ । ਜਿਨ੍ਹਾਂ ਦਾ ਮਾਲਕ ਇਕ ਬਖ਼ਸ਼ੰਦ, ਰਹਿਮਤ ਨਾਲ ਤਰਾਈਆ । ਇੱਕੀਆਂ ਇੱਕੀ ਇੱਕੀ ਵਾਰ ਦੇਵੇ ਵੰਡ, ਵੰਡਣ ਸੋਹਣੀ ਆਪ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇੱਕੀਆਂ ਦੇ ਅੰਦਰ ਬਾਹਰ ਹਾਰ, ਹਰਿ ਕਾ ਰੂਪ ਨਜ਼ਰੀ ਆਈਆ । ਇਹ ਭਗਤਾਂ ਦਾ ਪਿਆਰ, ਸੰਤਾਂ ਦਾ ਸ਼ਿੰਗਾਰ ਹਰਿ ਸ਼ਹਿਨਸ਼ਾਹੀਆ । ਇਹ ਲਹਿਣਾ ਕ਼ਰਜ਼ਾ ਰਿਹਾ ਉਤਾਰ, ਧੁਰ ਦਾ ਲਹਿਣਾ ਝੋਲੀ ਪਾਈਆ । ਇਕ ਵਾਰ ਮੁਹੰਮਦ ਨੇ ਕਰ ਕੇ ਨਿਮਸਕਾਰ, ਇਹ ਆਸਾ ਦਿਤੀ ਜਣਾਈਆ । ਜਿਸ ਵੇਲੇ ਆਵੇਂ ਸਾਂਝੇ ਯਾਰ, ਜਲਵਾ ਨੂਰ ਕਰ ਰੁਸ਼ਨਾਈਆ । ਕਿਹੜਾ ਕਰੇਂ ਆਪ ਵਿਹਾਰ, ਵਿਵਹਾਰੀ ਦੇ ਦ੍ਰਿੜ੍ਹਾਈਆ । ਪਰਵਰਦਿਗਾਰ ਕਿਹਾ ਨਾਲ ਪਿਆਰ, ਹੌਲੀ ਜਿਹੀ ਸਮਝਾਈਆ । ਮੁਰਸ਼ਦ ਹੋਕੇ ਮੁਰੀਦਾਂ ਦਿਆਂ ਦੀਦਾਰ, ਦਿਲਬਰ ਹੋ ਕੇ ਦਲਿਦਰ ਦਿਆਂ ਗੁਆਈਆ । ਕਲਮਿਆਂ ਕਲਾਮਾਂ ਤੋਂ ਕਢ ਕੇ ਬਾਹਰ, ਅਮਾਮ ਇਕੋ ਮੇਲ ਮਿਲਾਈਆ । ਗੋਬਿੰਦ ਹੋਵੇ ਨਾਲ ਨਾਲ ਪਿਆਰ ਤ੍ਰੈਗੁਣ ਅਤੀਤਾ ਵੇਸ ਜਣਾਈਆ । ਸੁਤ ਦੁਲਾਰੇ ਕਰ ਪਿਆਰ, ਪ੍ਰੇਮ ਪ੍ਰੀਤੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹਾਰ ਕਹਿਣ ਅਸੀਂ ਅਗੇ ਪਿੱਛੇ, ਜਨ ਭਗਤਾਂ ਸੇਵ ਕਮਾਈਆ । ਜਗਤ ਕਹਾਣੀ ਵਾਲੇ ਗੌਣੇ ਨਹੀਂ ਕ਼ਿੱਸੇ, ਕ਼ਿਸਮਤ ਸਭ ਦੀ ਰਿਹਾ ਬਦਲਾਈਆ । ਜੋ ਪ੍ਰਭ ਦਵਾਰੇ ਵਿਕੇ, ਕ਼ੀਮਤ ਉਹਨਾਂ ਰਿਹਾ ਚੁਕਾਈਆ । ਸਭ ਤਾਰੇ ਵੱਡੇ ਨਿੱਕੇ, ਮਿਹਰ ਨਜ਼ਰ ਨਾਲ ਤਰਾਈਆ । ਬਿਸ਼ਨ ਸਿੰਘ ਤੇਰੀ ਸੀਟੀ ਵੀ ਇਹ ਦੱਸੇ, ਸਾਂਝਾ ਯਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਜਾਏ ਦੱਸ, ਆਪਣੀ ਵਾਰ ਜਣਾਈਆ । ਵਿਸਲ ਸੁਣ ਕੇ ਹੋਵਣ ਖੜ੍ਹੇ, ਆਪਣਾ ਆਪ ਧਿਆਨ ਲਗਾਈਆ । ਪਿੱਛੇ ਜਨਮ ਭੋਗ ਲਏ ਬੜੇ, ਲੱਖ ਚੁਰਾਸੀ ਡੇਰਾ ਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਥੇਰੇ ਪੜ੍ਹੇ, ਕ਼ੁਰਾਨ ਅੰਜੀਲਾਂ ਮਸਲੇ ਕਰ ਸੁਣਾਈਆ । ਪਹਾੜਾਂ ਪੱਥਰਾਂ ਵਿਚ ਵੜੇ, ਅਗਨੀ ਤਨ ਤੱਤ ਤਪਾਈਆ । ਡੂੰਘੀਆਂ ਕੰਦਰਾਂ ਵਿਚ ਵੜੇ, ਜੰਗਲਾਂ ਖੋਜ ਖੁਜਾਈਆ । ਅੰਤਮ ਕਾਰਜ ਸਾਡੇ ਕਿਤੋਂ ਨਾ ਸਰੇ, ਸਾਲਸ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪੇ ਆ ਕੇ ਫੜੇ, ਧੁਰ ਦੀ ਜੋੜੀ ਲਏ ਉਠਾਈਆ । ਆਓ ਭਗਤੋ ਆਪਣੇ ਘਰੇ, ਕਿਉਂ ਆਪਣਾ ਘਰ ਗਏ ਭੁਲਾਈਆ । ਜਿਥੇ ਵਸੇ ਨਰ ਨਰਾਇਣ ਹਰੇ, ਹਰਿ ਜੂ ਆਪਣਾ ਡੇਰਾ ਲਾਈਆ । ਓਥੇ ਚਾਰ ਜੁਗ ਵੇਖੇ ਖੜ੍ਹੇ, ਚਾਰੇ ਮੁਨਾਰੇ ਦੇਣ ਗਵਾਹੀਆ । ਜਿਥੇ ਸੱਤ

੧੮੧

ਰੰਗ ਨਿਸ਼ਾਨੇ ਖੜ੍ਹੇ, ਦੋ ਜਹਾਨਾਂ ਰਹੇ ਜਣਾਈਆ । ਇਹ ਚਾਉ ਭਗਤ ਦਵਾਰੇ ਭਗਤ ਸੁਹੇਲੇ ਸਦਾ ਜੀਉਂਦੇ ਮਰੇ, ਮਰਿਆਂ ਦੇ ਪਿੱਛੋਂ ਇਹਨਾਂ ਦਾ ਜੀਵਣ ਨਜ਼ਰੀ ਆਈਆ । ਇਹ ਚਾਰੇ ਕਹਿਣ ਇਹ ਖੋਟੇ ਨਹੀਂ ਹੁਣ ਹੋਏ ਖਰੇ, ਨਾਮ ਘਸਵੱਟੀ ਉਤੇ ਲਏ ਘਸਾਈਆ । ਇਹਨਾਂ ਨੂੰ ਰਹੇ ਨਾ ਕੋਈ ਡਰੇ, ਭੈ ਅਵਰ ਨਾ ਕੋਇ ਰਖਾਈਆ । ਜਿਨ੍ਹਾਂ ਨੇ ਧੁਰ ਦੇ ਢੋਲੇ ਪੜ੍ਹੇ, ਇਕੋ ਗਾਇਆ ਬੇਪਰਵਾਹੀਆ । ਇਹਨਾਂ ਦੇ ਕਾਰਜ ਵੇਖੇ ਸਰੇ, ਵੀਹ ਸੌ ਇੱਕੀ ਦਏ ਗਵਾਹੀਆ । ਉਹ ਮਿਲ ਗਏ ਇਕੋ ਧੜੇ, ਧਵਲ ਦੇਣ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ ।

ਸੋਹੰ ਸ਼ਬਦ ਸਚ ਜੈਕਾਰਾ, ਜੈ ਜੈ ਜੈਕਾਰ ਦਿਤਾ ਕਰਾਈਆ । ਦੋ ਜਹਾਨ ਤੱਕਣ ਇਹ ਨਜ਼ਾਰਾ, ਨਿਗਾਹ ਨੈਣ ਉਠਾਈਆ । ਕਰੇ ਖੇਲ ਆਪ ਕਰਤਾਰਾ, ਹਰਿ ਕਰਤਾ ਵਡ ਵਡਿਆਈਆ । ਗੋਬਿੰਦ ਦਾ ਕ਼ਰਜ਼ਾ ਉਧਾਰਾ, ਹਰਿ ਸਰਬ ਰਿਹਾ ਚੁਕਾਈਆ । ਭਗਤਨ ਦਾ ਮੀਤ ਮੁਰਾਰਾ, ਸੱਜਣ ਇਕ ਸਮਝਾਈਆ । ਭਾਗ ਲਗਾਏ ਭਗਤ ਦਵਾਰਾ, ਭਾਗ ਅਗਲਾ ਹਿੱਸਾ ਝੋਲੀ ਪਾਈਆ । ਕੂੜਾ ਨਾਤਾ ਜਗਤ ਸੰਸਾਰਾ, ਗੁਰਸਿਖਾਂ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰਮੁਖੇ ਹੁਣ ਚਲਣਾ ਚੁਪ ਚਾਪ, ਦਸ ਚਕਰ ਪੂਰ ਕਰਾਈਆ । ਏਕੇ ਨਾਲ ਇਕ ਦਾ ਹੋਇਆ ਮਿਲਾਪ, ਦੋਹਾਂ ਦਾ ਅੰਕ ਇਕੋ ਇਕ ਨਜ਼ਰੀ ਆਈਆ । ਧੁਰ ਦਾ ਮਾਲਕ ਮਿਲ
੧੮੨ ਗਿਆ ਬਾਪ, ਪਿਤਾ ਪੁਰਖ ਵਡੀ ਵਡਿਆਈਆ । ਜਿਸ ਨੇ ਆਤਮ ਪਰਮਾਤਮ ਦਿਤਾ ਜਾਪ, ਜੀਵਣ ਜੁਗਤ ਬਦਲਾਈਆ । ਪਿਛਲੇ ਮੇਟ ਕੇ ੧੮੨
ਰੋਗ ਸੰਤਾਪ, ਸਤਿ ਸਤਿ ਦਿਤਾ ਸਮਝਾਈਆ । ਸੇਵਾ ਕਰੇ ਬਣ ਕੇ ਦਾਸੀ ਦਾਸ, ਆਪਣਾ ਵੇਸ ਵਟਾਈਆ । ਹੁਕਮੇਂ ਅੰਦਰ ਰਖ ਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਰਿਹਾ ਭੁਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਅਰਦਾਸ, ਗਲ ਵਿਚ ਪੱਲੂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਕਮਾਈਆ । ਏਕਾ ਕਹੇ ਮੇਰਾ ਏਕਾ ਹੋਇਆ, ਇਕੋ ਰੰਗ ਵਖਾਈਆ । ਪੁਰਖ ਅਬਿਨਾਸ਼ੀ ਉਠਿਆ ਸੋਇਆ, ਨੈਣ ਅੱਖ ਉਠਾਈਆ । ਜਨ ਭਗਤਾਂ ਲੈ ਕੇ ਆਇਆ ਢੋਆ, ਅੰਮ੍ਰਿਤ ਮੇਘ ਬਰਸਾਈਆ । ਗੁਰਮੁਖ ਕਰ ਕੇ ਜਾਏ ਨਵਾਂ ਨਰੋਇਆ, ਜਨਮ ਕਰਮ ਦਾ ਰੋਗ ਰਹਿਣ ਨਾ ਪਾਈਆ । ਸਤਿ ਪਰਕਾਸ਼ ਕਰੇ ਲੋਇਆ, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਏਕਾ ਕਹੇ ਮੈਂ ਏਕੇ ਨਾਲ ਜੁੜ ਕੇ, ਜੋੜੀ ਸਚ ਬਣਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨਿਰਗੁਣ ਆਇਆ ਮੁੜ ਕੇ, ਆਪਣਾ ਵੇਸ ਵਟਾਈਆ । ਕਰੇ ਖੇਲ ਆਪਣੀ ਧਾਰ ਧੁਰ ਦੇ, ਗਹਿਰ ਗੰਭੀਰ ਆਪਣਾ ਭੇਵ ਖੁਲ੍ਹਾਈਆ । ਪੰਧ ਮੁਕਾਏ ਅਨੰਦਪੁਰ ਦੇ, ਲੋਆਂ ਪੁਰੀਆਂ ਕ਼ਰਜ਼ਾ ਲਾਹੀਆ । ਲੇਖੇ ਮੁਕਾਵੇ ਲਹਿਣੇ ਧੁਰ ਦੇ, ਹਰਿ ਸੰਗਤ ਝੋਲੀ ਪਾਈਆ । ਭਗਤ ਦਵਾਰੇ ਮਿਲੇ ਫੇਰ ਨਾ ਵਿਛੜਦੇ, ਵਿਛੜਿਆਂ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਏਕਾ ਕਹੇ ਮੈਂ ਵੇਖਿਆ ਏਕੰਕਾਰ, ਇਕੱਲਾ ਨਜ਼ਰੀ ਆਈਆ । ਲਹਿਣਾ ਮੁਕਾਏ ਤੇਈ ਅਵਤਾਰ, ਪਿਛਲਾ ਮੂਲ ਲੇਖੇ ਲਾਈਆ ।

ਈਸਾ ਮੂਸਾ ਮੁਹੰਮਦ ਸਤਿ ਸੱਚੇ ਦਰਬਾਰ, ਦਰਗਾਹ ਸਾਚੀ ਦਏ ਸਮਝਾਈਆ । ਸਜਦਾ ਕਰੋ ਏਕੋ ਵਾਰ, ਨਿਉਂ ਨਿਉਂ ਲਾਗੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੀ ਤੇਰੀ ਰੀਤੇ, ਰੁਤੜੀ ਆਪਣੇ ਰੰਗ ਰੰਗਾਈਆ । ਭਗਤ ਸੁਹੇਲੇ ਫਿਰਦੇ ਚੁਪ ਚੁਪੀਤੇ, ਬ੍ਰਹਿਮੰਡ ਖੰਡ ਫੇਰਾ ਪਾਈਆ । ਜਿਨ੍ਹਾਂ ਮਿਲਿਆ ਧੁਰ ਦਾ ਮੀਤੇ, ਮਸਤਕ ਨਿਉਂ ਨਿਉਂ ਸੀਸ ਝੁਕਾਈਆ । ਮੇਲ ਮਿਲਾਏ ਊਚ ਨੀਚੇ, ਏਕੋ ਰੰਗ ਚੜ੍ਹਾਈਆ । ਇੰਦਰ ਸਿੰਘ ਕਹੇ ਪ੍ਰਭ ਆ ਦਹਿਲੀਜ਼ੇ, ਕਾਇਆ ਖਿੜਕੀ ਦੇ ਖੁਲ੍ਹਾਈਆ । ਆਤਮ ਪਰਮਾਤਮ ਕਰੇ ਰੀਝੇ, ਸੋਹਣਾ ਤਨ ਸ਼ਿੰਗਾਰ ਵਖਾਈਆ । ਲੇਖ ਚੁਕਾਏ ਪਿਛਲੇ ਦਿਨ ਬੀਤੇ, ਅਗੇ ਏਕਾ ਦਏ ਵਡਿਆਈਆ । ਖ਼ਾਲੀ ਰਹਿਣ ਨਾ ਦੇਵੇ ਖ਼ੀਸੇ, ਸਚ ਭੰਡਾਰਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਏਕਾ ਕਹੇ ਮੈਂ ਏਕਾ ਵਾਰ ਕਰਾਂ ਸਲਾਮ, ਸਹੀ ਸਲਾਮਤ ਨਜ਼ਰੀ ਆਈਆ । ਪੈਗ਼ੰਬਰਾਂ ਦਾ ਅਮਾਮ, ਦਰਗਾਹ ਸਾਚੀ ਸੋਭਾ ਪਾਈਆ । ਅੰਤਮ ਖੇਲ ਕਰਨ ਆਇਆ ਜਹਾਨ, ਨੌਬਤ ਆਪਣਾ ਨਾਮ ਵਜਾਈਆ । ਕੂੜੀ ਕਿਰਿਆ ਮੇਟ ਸ਼ੈਤਾਨ, ਸ਼ਰਅ ਦਿਤੀ ਬਦਲਾਈਆ । ਭਗਤ ਸੁਹੇਲੇ ਇਕੱਠੇ ਕੀਤੇ ਆਣ, ਧੁਰ ਦਾ ਜੋੜ ਜੁੜਾਈਆ । ਵੰਡਾਂ ਵੰਡ ਸ੍ਰੀ ਭਗਵਾਨ, ਗੰਢ ਗੋਬਿੰਦ ਨਾਲ ਰਖਾਈਆ । ਇੱਕੀ ਇੱਕੀ ਦਾ ਪਿਛਲਾ ਦਾਨ, ਵੀਹ ਸੌ ਇੱਕੀ ਝੋਲੀ ਨਾਲ ਭਰਾਈਆ । ਮਾਲਕ ਬਣ ਕੇ ਰਾਜ ਰਾਜਾਨ, ਤਖ਼ਤ ਨਿਵਾਸੀ ਹੁਕਮ ਸੁਣਾਈਆ । ਤੁਹਾਡੀ ਇੱਕੀ ਦਾ ਦਿਲਦਾਰ ਕਾਹਨ, ਘਨਈਆ ਵੇਖ ਵਖਾਈਆ । ਜਿਸ ਦਾ ਝੁਲਦਾ ਰਹੇ ਨਿਸ਼ਾਨ, ਚਾਰ ਕੁੰਟ ਨਾ ਕੋਇ ਨਿਵਾਈਆ । ਜਿਸ ਦਾ ਬਣਿਆ ਰਹੇ ਵਿਧਾਨ, ਚਾਰ ਜੁਗ ਨਾ ਕੋਇ ਬਦਲਾਈਆ । ਜਿਸ ਦਾ ਚਲਦਾ ਰਹੇ ਪੈਗ਼ਾਮ, ਆਤਮ ਕਰੇ ਪੜ੍ਹਾਈਆ । ਜਿਸ ਦਾ ਹੁੰਦਾ ਰਹੇ ਮਾਣ, ਲੱਖ ਚੁਰਾਸੀ ਸੀਸ ਨਿਵਾਈਆ । ਜਿਸ ਦਾ ਦੇਂਦਾ ਰਹੇ ਦਾਨ, ਸੰਤ ਸੁਹੇਲੇ ਝੋਲੀ ਰਹੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਏਕਾ ਕਹੇ ਮੈਂ ਲੇਖਾ ਵੇਖਿਆ ਇਕ, ਭਗਤ ਸੁਹੇਲੇ ਵੇਖ ਵਖਾਈਆ । ਜਿਹੜੇ ਏਥੇ ਚਲ ਕੇ ਆਏ ਗੁਰਮੁਖ ਗੁਰਸਿਖ, ਬਣ ਕੇ ਪਾਂਧੀ ਰਾਹੀਆ । ਇਹਨਾਂ ਨਾਮ ਦੀ ਪਾਈ ਭਿਛ, ਭਿੱਛਿਆ ਇਕ ਵਰਤਾਈਆ । ਕਰਵਟ ਬਦਲ ਨਾ ਦੇਵੇ ਪਿਠ, ਸਨਮੁਖ ਦਿਸੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਏਕਾ ਕਹੇ ਮੈਂ ਵੇਖਾਂ ਆਕਾ, ਮਾਲਕ ਨਜ਼ਰੀ ਆਈਆ । ਜਿਸ ਦੇ ਕੋਲ ਅਗੰਮੀ ਖ਼ਾਕਾ, ਬ੍ਰਹਿਮੰਡ ਖੰਡ ਰਿਹਾ ਟਿਕਾਈਆ । ਜਿਸ ਦਾ ਗ੍ਰੰਥਾਂ ਤੋਂ ਬਾਹਰ ਸਾਕਾ, ਜਗਤ ਵਿਦਿਆ ਨਾ ਕੋਇ ਸਮਝਾਈਆ । ਜਿਸ ਦਾ ਨਾ ਕੋਈ ਮਾਈ ਨਾ ਬਾਪਾ, ਸਿਰ ਆਪਣਾ ਹੱਥ ਦੇਵੇ ਟਿਕਾਈਆ । ਨਾ ਕੋਈ ਤਾਇਆ ਨਾ ਕੋਈ ਚਾਚਾ, ਸੱਜਣ ਸੈਣ ਨਾ ਕੋਇ ਬਣਾਈਆ । ਨਾਰੀ ਕੰਤ ਨਾ ਜੋੜੇ ਨਾਤਾ, ਧੀ ਪੁਤਰ ਨਾ ਕੋਇ ਵਖਾਈਆ । ਪੂਜਾ ਪਾਠ ਨਾ ਕੋਈ ਗਾਥਾ, ਜੋਗ ਅਭਿਆਸ ਨਾ ਕੋਇ ਕਰਾਈਆ । ਸਰੋਵਰ ਤੀਰਥ ਨਾ ਕੋਇ ਤਾਟਾ, ਮੱਜਨ ਕਰਨ ਕੋਇ ਨਾ ਪਾਈਆ । ਵਣਜਾਰਾ ਰੂਪ ਖੋਲ੍ਹ ਕੇ ਹਾਟਾ, ਸੌਦਾ ਹੱਟ ਨਾ ਕੋਇ ਵਖਾਈਆ । ਰਾਹੀ ਪਾਂਧੀ ਪੰਧ ਨਾ ਮਾਰੇ ਵਾਟਾ, ਭੱਜੇ ਨਾ ਵਾਹੋ ਦਾਹੀਆ । ਖੇਲੇ ਖੇਲ ਜਗਤ ਤਮਾਸ਼ਾ, ਆਪਣੀ ਧੁਰ ਦੀ ਕਾਰ ਕਮਾਈਆ । ਕਲਜੁਗ ਅੰਤਮ ਕਿਰਪਾ ਕਰੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਗੁਰਮੁਖ ਵੇਖੇ ਚਲਦੇ, ਅੰਦਰੇ ਅੰਦਰ ਇਕੋ ਨਾਮ ਧਿਆਈਆ । ਸਚ ਦਵਾਰਾ ਵੇਖੇ ਮਲਦੇ, ਸਚਖੰਡ ਸਾਚੇ ਡੇਰਾ ਲਾਈਆ । ਜਿਥੇ ਨਾਤੇ ਤੁਟਣ ਅੰਨ ਜਲ ਦੇ, ਤ੍ਰਿਸ਼ਨਾ ਰਹਿਣ ਕੋਇ ਨਾ ਪਾਈਆ । ਦੀਪ ਅਗੰਮੀ ਇਕੋ ਬਲਦੇ, ਨੂਰ ਨੂਰ ਨੂਰ ਰੁਸ਼ਨਾਈਆ । ਇਹ ਮਾਲਕ ਓਸ ਘਰ ਦੇ, ਜਿਥੇ ਵਸੇ ਬੇਪਰਵਾਹੀਆ । ਕਿਸੇ ਕੋਲੋਂ ਮੂਲ ਨਹੀਂ ਡਰਦੇ, ਨਿਰਭੈ ਹੋ ਕੇ ਚਲਣ ਵਾਹੋ ਦਾਹੀਆ । ਪਿਛਲਾ ਕਲਮਾ ਕੋਈ ਨਹੀਂ ਪੜ੍ਹਦੇ, ਮੰਤਰਾਂ ਵਾਲੀ ਨਾ ਕੋਇ ਸ਼ਨਵਾਈਆ । ਇਕੋ ਤੂੰਹੀ ਤੂੰਹੀ ਕਰਦੇ, ਸੋਹੰ ਰਹੇ ਰਾਗ ਸੁਣਾਈਆ । ਮੰਜ਼ਲ ਆਪਣੀ ਆਪੇ ਚੜ੍ਹਦੇ, ਸਤਿਗੁਰ ਪੂਰੇ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਮੁਕਾਈਆ । ਏਕਾ ਏਕਾ ਕਹੇ ਵੇਖੋ ਸੰਤ ਸੁਹੇਲੜਿਓ, ਸਚ ਦਿਆਂ ਜਣਾਈਆ । ਵਕਤ ਸੁਹੰਜਣਾ ਵੇਖੋ ਵੇਲੜਿਓ, ਮਿਲਣੀ ਜਗਦੀਸ਼ ਕਰਾਈਆ । ਸਦ ਵਸੋ ਰੰਗ ਨਵੇਲੜਿਓ, ਦਰਗਾਹ ਸਾਚੀ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਸੁਣੋ ਸਿੱਖ ਮੀਤੋ, ਮਿਤਰੋ ਦਿਆਂ ਜਣਾਈਆ । ਇਹ ਠਾਕਰ ਸਵਾਮੀ ਠਾਂਡਾ ਸੀਤੋ, ਸਤਿਗੁਰ ਇਕੋ ਇਕ ਅਖਵਾਈਆ । ਇਸੇ ਦਾ ਨਾਮ ਸਦਾ ਚੀਤੋ, ਹਿਰਦੇ ਵਿਚ ਵਸਾਈਆ । ਕਾਇਆ ਚੋਲੀ ਚਾੜ੍ਹੋ ਰੰਗ ਮਜੀਠੋ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਏਕਾ ਕਹੇ ਵੇਖੋ ਇਕ ਇਕੱਲਾ, ਹਰਿ ਆਇਆ ਧੁਰ ਦਾ ਮਾਹੀਆ । ਭਗਤ ਦਵਾਰ ਸੁਹਾਏ ਮਹੱਲਾ, ਸਚ ਦਵਾਰ ਦਏ ਵਡਿਆਈਆ । ਸਚ ਨਿਸ਼ਾਨ ਝੁਲਾਏ ਉਪਰ ੧੮੪
੧੮੪ ਮਹੱਲਾ, ਮਹਿਫ਼ਲ ਇਕ ਲਗਾਈਆ । ਜਨਮ ਕਰਮ ਦਾ ਮੇਟ ਦੇ ਸੱਲਾ, ਸੋਹਣਾ ਰੰਗ ਰੰਗਾਈਆ । ਗੁਰਮੁਖਾਂ ਦਾ ਇਕ ਦੂਜੇ ਨਾਲ ਫੜਾ ਕੇ ਪੱਲਾ, ਪ੍ਰਭ ਸੋਹਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਏਕਾ ਕਹੇ ਮੈਂ ਵੇਖੀ ਫਿਰਦੀ ਇੱਕੀ, ਇੱਕੀ ਚਕਰ ਲਾਈਆ । ਅਗੋਂ ਸੋਹਣੀ ਦੱਸੀ ਚਿੱਠੀ, ਗੋਬਿੰਦ ਕਢ ਵਖਾਈਆ । ਨਾਲੇ ਅੱਖਰ ਨਾਲੇ ਨਿਸ਼ਅੱਖਰ ਇਹ ਵਖਰੀ ਧਾਰ ਵਾਲੀ ਮਿਤੀ, ਮਿਤਰਾਂ ਦਏ ਜਣਾਈਆ । ਜਿਸ ਵਿਚ ਪਰਗਟ ਕੀਤੀ ਸਾਚੀ ਸਿੱਖੀ, ਭਿੱਖੀ ਆਪਣੀ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਸੁਹੇਲੇ ਲਾਏ ਚਕਰ ਇੱਕੀ, ਏਕੰਕਾਰ ਲਿਆ ਮਨਾਈਆ । ਜਿਸ ਨੇ ਆਪਣੀ ਬਣਾਈ ਸਾਚੀ ਸਿੱਖੀ, ਮਸਤਕ ਟਿੱਕੇ ਸਭ ਨੂੰ ਲਾਈਆ । ਆਤਮ ਪਰਮਾਤਮ ਜਾਏ ਖਿੱਚੀ, ਅੰਤਰ ਅੰਤਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵੀਹ ਸੌ ਇੱਕੀ ਕਹੇ ਵੇਖੋ ਸੋਹਣਾ ਸੰਮਤ, ਸੰਮਤੀ ਨਾਲ ਮਿਲਾਈਆ । ਪੁਰਖ ਅਕਾਲ ਕੀਤੀ ਰਹਿਮਤ, ਪਰਵਰਦਿਗਾਰ ਦਇਆ ਕਮਾਈਆ । ਜਨ ਭਗਤੋ ਤੁਹਾਡੇ ਨਾਲ ਹੋਇਆ ਸਹਿਮਤ, ਸਹਿਮ ਕੂੜਾ ਦਏ ਗਵਾਈਆ । ਸ਼ਬਦ ਇਸ਼ਾਰਾ ਮਾਰ ਕੇ ਸੈਨਤ, ਸੋਏ ਕਲਜੁਗ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਆ । ਵੀਹ ਸੌ ਇੱਕੀ ਕਹੇ ਹੋਰ ਨਹੀਂ ਕੋਈ ਸ਼ਹਿਨਸ਼ਾਹ, ਪਾਤਸ਼ਾਹ ਨਜ਼ਰੀ ਆਈਆ । ਜੋ ਸਚ ਸਿੰਘਾਸਣ ਬੈਠਾ ਲਾ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਸੱਤ ਰੰਗ ਨਿਸ਼ਾਨੇ ਰਿਹਾ ਝੁਲਾ, ਸੋਹਣੀ ਬਣਤ ਬਣਾਈਆ । ਚਾਰੋਂ ਕੁੰਟ ਰਿਹਾ

ਸਮਝਾ, ਸ਼ਬਦ ਸੰਦੇਸ਼ ਦ੍ਰਿੜਾਈਆ । ਭਗਤਾਂ ਦਏ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਇਕੋ ਪ੍ਰਭ ਦਰ ਲਿਆ ਮਨਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਾ ਕੋਈ ਸੂਰ ਖਾਏ ਨਾ ਕੋਈ ਗਾਂ, ਦੋਹਾਂ ਦਾ ਮਾਲਕ ਇਕੋ ਨਜ਼ਰੀ ਆਈਆ । ਮੰਦਰ ਮੱਠ ਕੋਈ ਮਾਣ ਰਿਹਾ ਨਾ, ਚਾਰੋਂ ਕੁੰਟ ਦਏ ਦੁਹਾਈਆ । ਪੀਰ ਪੈਗ਼ੰਬਰ ਇਕੱਠੇ ਹੋ ਕੇ ਗਏ ਆ, ਆਪਣਾ ਪੰਧ ਮੁਕਾਈਆ । ਉਚੀ ਕੂਕ ਰਹੇ ਸੁਣਾ, ਤੇਰੀ ਬੇਪਰਵਾਹੀਆ । ਪੁਰਖ ਅਬਿਨਾਸ਼ੀ ਰਿਹਾ ਜਣਾ, ਸ਼ਬਦੀ ਸਹਿਜ ਸੁਭਾਈਆ । ਰਲ ਮਿਲ ਇਕੱਠੇ ਹੋ ਕੇ ਕਰੋ ਇਕ ਦੁਆ, ਖ਼ਾਲੀ ਝੋਲੀ ਲਉ ਭਰਾਈਆ । ਪੂਰਬ ਲੇਖਾ ਲਵੇ ਮੁਕਾ, ਮੁਕੰਮਲ ਹੁਕਮ ਦਏ ਸੁਣਾਈਆ । ਇਕੋ ਹੁਕਮ ਚਲੇ ਖ਼ੁਦਾ, ਖ਼ੁਦੀ ਰਹਿਣ ਕੋਇ ਨਾ ਪਾਈਆ । ਭਗਤਾਂ ਨਾਲ ਮਿਲ ਕੇ ਚੱਖੇ ਮਜ਼ਾ, ਮਜਲਸ ਇਕੋ ਨਜ਼ਰੀ ਆਈਆ । ਕਲਜੁਗ ਕੂੜ ਕੁੜਿਆਰ ਦੀ ਦੱਸੇ ਵਜਹ, ਕਿਉਂ ਚਾਰੋਂ ਕੁੰਟ ਬੈਠਾ ਡੇਰਾ ਲਾਈਆ । ਕਿਉਂ ਤੁਸੀਂ ਦੇ ਨਹੀਂ ਸਕਦੇ ਇਸ ਨੂੰ ਸਜ਼ਾ, ਆਪਣਾ ਬਲ ਪਰਗਟਾਈਆ । ਕਲਜੁਗ ਅੰਧੇਰਾ ਵੇਖਿਆ ਜਗਹ ਜਗਹ, ਮੰਦਰ ਮਸਜਿਦ ਰਹੇ ਕੁਰਲਾਈਆ । ਕੂੜੀ ਸ਼ਰਅ ਅੰਦਰ ਬੱਧਾ, ਜਗਤ ਜਹਾਨ ਨਜ਼ਰੀ ਆਈਆ । ਮਾਇਆ ਮਮਤਾ ਅੰਦਰ ਵੱਡਾ, ਹੰਕਾਰੀ ਗੜ੍ਹ ਵਖਾਈਆ । ਹਰਿ ਸਰਨਾਈ ਕੋਈ ਨਾ ਲੱਗਾ, ਕਿਉਂ ਬੈਠਾ ਮਾਤ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰ, ਝੁਕ ਝੁਕ ਸੀਸ ਨਿਵਾਈਆ । ਕਿਰਪਾ ਕਰ ਪਰਵਰਦਿਗਾਰ, ਸ੍ਰੀ ਭਗਵਾਨ ਤੇਰੀ ਸਰਨਾਈਆ । ਵੀਹ ਸੌ ਇੱਕੀ ਤੋਂ ਬਾਅਦ ਸਾਡਾ ਲੇਖਾ ਨਾ ਰਹੇ ਵਿਚ ਸੰਸਾਰ, ਪੱਲੂ ਸਾਰੇ ਰਹੇ ਛੁਡਾਈਆ । ਤੇਰੇ ਹੁਕਮੇਂ ਅੰਦਰ ਸੇਵਾ ਕਰੀਏ ਬਣ ਕੇ ਬਰਖ਼ੁਰਦਾਰ, ਬਾਲੇ ਨੱਢੇ ਰੂਪ ਵਟਾਈਆ । ਗੋਬਿੰਦ ਕਿਹਾ ਮੇਰਾ ਦੇ ਉਧਾਰ, ਵਸਤ ਪਿਛਲੀ ਝੋਲੀ ਪਾਈਆ । ਸਾਚੀ ਸਿੱਖੀ ਕਰ ਤਿਆਰ, ਤ੍ਰੈਭਵਣ ਧਨੀ ਤੇਰੀ ਸਰਨਾਈਆ । ਚਾਰ ਵਰਨਾਂ ਦਾ ਤੁਟੇ ਨਾ ਕੋਇ ਪਿਆਰ, ਬਰਨ ਕਰੇ ਨਾ ਕੋਇ ਲੜਾਈਆ । ਨਜ਼ਰੀ ਆਏ ਆਪ ਨਿਰੰਕਾਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਵੇਖ ਸਚ ਬਣਾਈ ਬਣਤ, ਤੈਨੂੰ ਦਿਆਂ ਜਣਾਈਆ । ਇਹ ਗੁਰਮੁਖ ਸਾਚੇ ਸੰਤ, ਹਰਿ ਸਤਿਗੁਰ ਲਏ ਪਰਗਟਾਈਆ । ਦੇਵੇ ਵਡਿਆਈ ਵਿਚ ਜਗਤ, ਸਿਰ ਆਪਣਾ ਹੱਥ ਟਿਕਾਈਆ । ਨਾਲ ਰਖਾਏ ਸਾਚੇ ਭਗਤ, ਹਰਿ ਭਗਤ ਦਵਾਰੇ ਮੇਲ ਮਿਲਾਈਆ । ਆਸਾ ਮਨਸਾ ਪੂਰੀ ਕਰ ਕੇ ਹਰਸ, ਹਵਸ ਦਿਤੀ ਗਵਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਕੇ ਤਰਸ, ਕੋਝੇ ਕਮਲੇ ਲਏ ਉਠਾਈਆ । ਜਿਨ੍ਹਾਂ ਦੇ ਕਾਰਨ ਨਿਰਗੁਣ ਹੋ ਕੇ ਆਇਆ ਪਰਤ, ਸਰਗੁਣ ਨਾਤਾ ਮਾਤ ਤੁੜਾਈਆ । ਹੁਣ ਪੈਣ ਨਹੀਂ ਦੇਣਾ ਫ਼ਰਕ, ਪਿਛਲਾ ਘਾਟਾ ਪੂਰ ਵਖਾਈਆ । ਕਿਸੇ ਨੂੰ ਰਖਣਾ ਪਏ ਨਾ ਵਰਤ, ਦੇਵਤਿਆਂ ਸੀਸ ਨਾ ਕੋਇ ਨਿਵਾਈਆ । ਗੁਰੂਆਂ ਦਾ ਰਹੇ ਨਾ ਕੋਈ ਧੜਤ, ਪੈਗ਼ੰਬਰਾਂ ਨੂੰ ਨਿਆਜ਼, ਨਾ ਕੋਇ ਖਵਾਈਆ । ਜੇ ਮੰਗਣ ਤੇ ਇਕੋ ਹਰਿ ਕਾ ਦਰਸ, ਇਕੋ ਓਟ ਤਕਾਈਆ । ਬਿਰਹੋਂ ਵਿਛੋੜੇ ਅੰਦਰ ਰਹੇ ਤੜਪ, ਜਲ ਮੀਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਸੁਣਿਆ ਸੰਦੇਸ਼, ਪ੍ਰਭੂ ਤੇਰੀ ਸਰਨਾਈਆ । ਭਗਤੋ ਏਦੂੰ ਵੱਡਾ ਨਹੀਂ ਕੋਈ ਨਰੇਸ਼, ਸ਼ਹਿਨਸ਼ਾਹ ਰੂਪ ਨਾ ਕੋਇ ਧਰਾਈਆ । ਜਿਸ ਦਾ ਹੁਕਮ ਸਦਾ ਹਮੇਸ਼, ਜੁਗ ਚੌਕੜੀ ਸੇਵ ਕਮਾਈਆ । ਗੁਰ

ਅਵਤਾਰ ਪੀਰ ਪੈਗ਼ੰਬਰ ਓਸੇ ਨੂੰ ਕਰਨ ਆਦੇਸ, ਤੁਸੀਂ ਸਾਰੇ ਦਿਉ ਸੀਸ ਝੁਕਾਈਆ । ਜੋ ਨਿਰਗੁਣ ਹੋ ਕੇ ਬਦਲ ਕੇ ਆਇਆ ਭੇਖ, ਜੋਤੀ ਜਾਤਾ ਵੇਸ ਵਟਾਈਆ । ਭਾਗ ਲਗਾ ਕੇ ਸੰਬਲ ਦੇਸ, ਸਾਢੇ ਤਿੰਨ ਹੱਥ ਡੇਰਾ ਲਾਈਆ । ਜੋਤੀ ਜਾਤਾ ਹੋ ਪਰਵੇਸ, ਸ਼ਬਦੀ ਡੰਕ ਸੁਣਾਈਆ । ਇੱਕੀਆਂ ਇੱਕੀਆਂ ਦੀ ਰਚ ਕੇ ਖੇਡ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਜਨ ਭਗਤੋ ਏਦੂੰ ਵੱਡਾ ਨਹੀਂ ਕੋਈ ਤਖ਼ਤ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਇਸ ਤੋਂ ਪਰੇ ਨਹੀਂ ਕੋਈ ਅਰਸ਼, ਅਰਸ਼ਾਂ ਨੂੰ ਚਰਨਾਂ ਹੇਠ ਦਬਾਈਆ । ਇਸ ਤੋਂ ਵੱਡਾ ਨਹੀਂ ਕੋਈ ਜੋਧਾ ਮਰਦ, ਸੂਰਬੀਰ ਅਖਵਾਈਆ । ਇਸ ਤੋਂ ਬਿਨਾ ਵੰਡੇ ਨਾ ਕੋਈ ਦਰਦ, ਦੁਖੀਆਂ ਦਾ ਮਾਹੀ ਬੇਪਰਵਾਹੀਆ । ਗੁਰ ਅਵਤਾਰ ਸੁਣ ਕੇ ਅਰਜ਼, ਪੈਗ਼ੰਬਰਾਂ ਪਿੱਛੇ ਫੇਰਾ ਪਾਈਆ । ਸਭ ਦਾ ਲਾਹ ਕੇ ਜਾਏ ਕਰਜ਼, ਹਿਸਾਬ ਅਗਲਾ ਦਏ ਖੁਲ੍ਹਾਈਆ । ਤੁਹਾਨੂੰ ਦੇਣਾ ਪਵੇ ਨਾ ਕਿਸੇ ਦਾ ਧੜਤ, ਸਾਫ਼ ਬਰੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਜਨ ਭਗਤੋ ਇਸ ਤੋਂ ਵੱਡਾ ਨਹੀਂ ਕੋਈ ਨਰਾਇਣ, ਨਰ ਹਰਿ ਇਕੋ ਨਜ਼ਰੀ ਆਇੰਦਾ । ਜੋ ਸਭ ਦਾ ਸਾਕ ਸੈਣ, ਜਨ ਸੱਜਣ ਮੇਲ ਮਿਲਾਇੰਦਾ । ਜਿਸ ਦਾ ਜੁਗ ਜੁਗ ਲਹਿਣਾ ਦੇਣ, ਚੌਕੜੀ ਵੇਖ ਵਖਾਇੰਦਾ । ਸਾਚਾ ਢੋਲਾ ਆਇਆ ਕਹਿਣ, ਸੋਹੰ ਰਾਗ ਅਲਾਇੰਦਾ । ਕਲਜੁਗ ਕਿਰਿਆ ਨਾ ਵਹਿਣਾ ਵਹਿਣ, ਸ਼ੌਹ ਦਰਿਆਏ ਪਾਰ ਕਰਾਇੰਦਾ । ਨਾਤਾ ਤੋੜ ਕੇ ਭਾਈ ਭੈਣ, ਆਤਮ ਪਰਮਾਤਮ ਮੇਲ ਮਿਲਾਇੰਦਾ । ਦਰਸ ਦਿਖਾ ਕੇ ਆਪਣੇ ਨੈਣ, ਨਿਜ ਆਤਮ ਪਰਮਾਤਮ ਇਕੋ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤੋ ਇਸ ਤੋਂ ਵੱਡਾ ਨਹੀਂ ਕੋਈ ਰਾਜ, ਦੋ ਜਹਾਨ ਸੀਸ ਨਿਵਾਈਆ । ਇਸ ਤੋਂ ਸੋਹਣਾ ਨਹੀਂ ਕੋਈ ਤਾਜ, ਜਗਤ ਸੀਸ ਨਾ ਕੋਇ ਬੰਧਾਈਆ । ਇਸ ਤੋਂ ਵੱਡਾ ਨਹੀਂ ਕੋਈ ਕਾਜ, ਬਿਨਾ ਭਗਤੀਉਂ ਭਗਤ ਪਾਰ ਕਰਾਈਆ । ਇਸ ਤੋਂ ਵੱਡਾ ਨਹੀਂ ਕੋਈ ਦਾਸ, ਮਾਲਕ ਬਣ ਕੇ ਨਫ਼ਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸਾਂ ਵੇਖਿਆ ਅਦਲੀ, ਅਦਾਲਤ ਇਕ ਲਗਾਈਆ । ਜਿਸ ਨੇ ਕੀਤੀ ਧੁਰ ਦੀ ਬਦਲੀ, ਲੇਖਾ ਸਭ ਦਾ ਰਿਹਾ ਮੁਕਾਈਆ । ਉਹ ਨਜ਼ਰ ਨਾ ਆਵੇ ਸ਼ਕਲੀ, ਸ਼ਹਿਨਸ਼ਾਹ ਆਪਣੀ ਖੇਲ ਵਰਤਾਈਆ । ਜਿਹੜੇ ਕਲਜੁਗ ਭੁਲ ਗਏ ਉਹ ਬੇਅਕਲਾਂ ਦੇ ਬੇਅਕਲੀ, ਵਿਦਿਆ ਕੰਮ ਨਾ ਆਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਗੁਰ ਅਵਤਾਰ ਕਹਿਣ ਤੇਰਾ ਵੇਖਿਆ ਇਨਸਾਫ਼, ਸਭ ਦੀ ਆਸ ਪੁਜਾਈਆ । ਇਨ੍ਹਾਂ ਇੱਕੀਆਂ ਦੇ ਕ਼ਸੂਰ ਕੀਤੇ ਮੁਆਫ਼, ਜੋ ਬੈਠੇ ਡੇਰਾ ਲਾਈਆ । ਬਾਕੀ ਸਭ ਦੇ ਧੋ ਦਏ ਪਾਪ, ਦੁਰਮਤ ਮੈਲ ਧਵਾਈਆ । ਰੂਹ ਬੁਤ ਦੋਵੇਂ ਕਰਕੇ ਪਾਕ, ਸਾਫ ਸੁਥਰੇ ਦਏ ਬਣਾਈਆ । ਅੰਦਰ ਵੜ ਕੇ ਖੋਲ੍ਹ ਦੇ ਤਾਕ, ਪਰਦਾ ਆਪ ਉਠਾਈਆ । ਕੂੜੀ ਕਿਰਿਆ ਕਰ ਦੇ ਚਾਕ, ਝੂਠੀ ਜੜ੍ਹ ਉਖੜਾਈਆ । ਪਰਮਾਤਮ ਦੇ ਦੇ ਸਾਥ, ਆਤਮ ਮੰਗ ਮੰਗਾਈਆ । ਤੂੰ ਹੈਂ ਅਨਾਥਾਂ ਦਾ ਅਨਾਥ, ਨਿਮਾਣਿਆਂ ਦਾ ਮਾਣ ਨਜ਼ਰੀ ਆਈਆ । ਪਤਣ ਦਸਦੇ ਆਪਣਾ ਘਾਟ, ਬੇੜਾ ਦੇ ਜਣਾਈਆ । ਲੱਖ ਚੁਰਾਸੀ ਮੁਕੇ ਵਾਟ, ਫੇਰਾ ਅਵਰ ਨਾ ਕੋਇ ਰਖਾਈਆ । ਤੇਰਾ ਦਰਸ ਕਰ ਕੇ ਸਾਖ਼ਿਆਤ, ਜਨਮ ਜਨਮ ਦਾ ਗੇੜਾ ਰਹਿਣ

ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਜਨ ਭਗਤੋ ਸਾਨੂੰ ਮਿਲ ਗਈ ਛੁੱਟੀ, ਛੁਟਕਾਰਾ ਜਗਤ ਕੋਲੋਂ ਕਰਾਈਆ । ਅਸੀਂ ਬਹਿਣਾ ਓਸ ਦੀ ਕੁਟੀ, ਜੋ ਕੋਟਨ ਕੋਟਾਂ ਰਿਹਾ ਜਗਾਈਆ । ਭਾਗ ਲੱਗਾ ਵੇਖਣਾ ਉਹਦੀ ਪੁੱਤੀਂ, ਜਿਸ ਉਤੇ ਆਪਣਾ ਰੰਗ ਰੰਗਾਈਆ । ਗੋਬਿੰਦ ਨਾਲ ਮਿਲ ਕੇ ਹੋਈ ਖ਼ੁਸ਼ੀ, ਵਜੇ ਸਚ ਵਧਾਈਆ । ਪਿਤਾ ਪੁਤ ਦੀ ਇਕੋ ਰੁਚੀ, ਇਕੋ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਝੋਲੀ ਪਾਈਆ । ਗੁਰ ਅਵਤਾਰ ਕਹਿਣ ਜਨ ਭਗਤੋ ਅਗੇ ਤੁਹਾਡਾ ਲੇਖਾ, ਲਿਖਤ ਲਿਖਾਰੀ ਦਏ ਜਣਾਈਆ । ਜਿਸ ਧਾਰ ਅਗੰਮੀ ਭੇਖਾ, ਪਖੰਡੀ ਦੇਣੇ ਮਿਟਾਈਆ । ਗੁਰਮੁਖਾਂ ਰਖਿਆ ਚੇਤਾ, ਵਿਛੜੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਕਹਿਣ ਅੱਖ ਖੋਲ੍ਹ ਦੇ, ਖ਼ਾਲਕ ਖ਼ਲਕ ਬੇਪਰਵਾਹ । ਇਕੇ ਨਜ਼ਰ ਨਾਲ ਸਾਰੇ ਤੋਲ ਦੇ, ਰਹਿਮਤ ਕੰਡਾ ਹੱਥ ਉਠਾ । ਜਨਮ ਜਨਮ ਦੇ ਪਰਦੇ ਫੋਲ ਦੇ, ਦੂਈ ਦਵੈਤੀ ਪਰੇ ਹਟਾ । ਰਾਹ ਦੱਸ ਦੇ ਆਪਣੇ ਤੋਲ ਦੇ, ਝਗੜੇ ਝੂਠੇ ਪੰਧ ਚੁਕਾ । ਦੋ ਜਹਾਨ ਤੈਨੂੰ ਫੋਲ ਦੇ, ਲਭਣ ਥਾਉਂ ਥਾਂ । ਨਗਾਰੇ ਵਜ ਗਏ ਢੋਲ ਦੇ, ਬ੍ਰਹਿਮੰਡ ਖੰਡ ਰਹੇ ਨੈਣ ਉਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾ । ਵੀਹ ਸੌ ਇੱਕੀ ਕਹੇ ਵੇਖੋ ਨਗਾਰਾ ਵਜਦਾ, ਜਿਸ ਦਾ ਵਜੂਦ ਨਜ਼ਰ ਕੋਇ ਨਾ ਆਈਆ । ਗੋਬਿੰਦ ਸੂਰਾ ਇਕੋ ਸਜਦਾ, ਸ਼ਬਦੀ ਰੂਪ ਵਟਾਈਆ । ਇੱਕੀਆਂ ਦੇ ਪ੍ਰੇਮ ਅੰਦਰ ਬੱਝਦਾ, ਨਾਤਾ ਨਾ ਕੋਇ ਤੁੜਾਈਆ । ਝਗੜਾ ਮੁਕ ਗਿਆ ਅਗੇ ਰਹਿਣਾ ਅੱਡ ਦਾ, ਵਖਰੀ
੧੮੭ ਧਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ੧੮੭
ਪੈਗ਼ੰਬਰ ਕਹਿਣ ਵੇਖ ਕੇ ਤੇਰਾ ਰੂਪ, ਖ਼ੁਸ਼ੀਆਂ ਵਿਚੋਂ ਖ਼ੁਸ਼ੀ ਪਰਗਟਾਈਆ । ਤੇਰੀ ਮਹਿੰਮਾ ਸਦਾ ਅਨੂਪ, ਕਥਨੀ ਕਥ ਨਾ ਸਕੇ ਰਾਈਆ । ਤੇਰਾ ਲਹਿਣਾ ਚਾਰੇ ਕੂਟ, ਦਹਿ ਦਿਸ਼ਾ ਤੇਰੀ ਵਡਿਆਈਆ । ਕਿਰਪਾ ਕਰ ਸਚ ਮਹਿਬੂਬ, ਮੁਹੱਬਤ ਧੁਰ ਦੀ ਦਿਤੀ ਵਖਾਈਆ । ਭਗਤ ਦਵਾਰਾ ਉਚ ਅਰੂਜ, ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਕਹੇ ਸੁਣੋ ਸੰਦੇਸ਼ਾ ਏਕੋ ਵਾਰ, ਸ਼ਬਦੀ ਸ਼ਬਦ ਜਣਾਈਆ । ਜਿਹੜੇ ਸੁਤ ਨੀਹਾਂ ਹੇਠਾਂ ਦਿਤੇ ਸਵਾਲ, ਫੜ ਬਾਹੋਂ ਬਾਹਰ ਕਢਾਈਆ । ਸੋਹਣੇ ਵੇਖ ਕੇ ਜੋੜਾ ਜੋੜਾ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਲੇਖੇ ਲਾਏ ਪਿਛਲੀ ਘਾਲ, ਪੂਰਬ ਝੋਲੀ ਪਾਈਆ । ਜਿਨ੍ਹਾਂ ਦੇ ਮੁਖ ਪੂੰਝੇ ਨਾਲ ਰੁਮਾਲ, ਇਕੱਠੇ ਕੀਤੇ ਚਾਈਂ ਚਾਈਂਆ । ਜਿਹੜੇ ਨੁਹਾਏ ਸਰਸੇ ਵਾਲੇ ਤਾਲ, ਤਲਵਾੜੇ ਉਹਨਾਂ ਦੇ ਦਿਤੇ ਵਜਾਈਆ । ਇੱਕੀਆਂ ਇੱਕੀਆਂ ਦਾ ਬੰਨ੍ਹ ਕੇ ਹਾਰ, ਹਰਿ ਆਪਣਾ ਰੂਪ ਸਮਾਈਆ । ਜਨਮ ਮਰਨ ਦਾ ਅਗੇ ਛਡਿਓ ਵਿਚਾਰ, ਝਗੜਾ ਅੱਜ ਤੋਂ ਦਿਤਾ ਮੁਕਾਈਆ । ਧਰਮ ਰਾਏ ਨਾ ਕਰੇ ਖ਼ੁਆਰ, ਜਮ ਕਾ ਰੂਪ ਨੇੜ ਨਾ ਆਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਕਾਲ ਭੱਜੇ ਨਾ ਵਾਹੋ ਦਾਹੀਆ । ਮਹਾਬਲੀ ਹੋ ਕੇ ਰੱਖੇ ਨਾਲ, ਸੇਵਾ ਮਹਾਕਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਚ ਸਰਨਾਈ ਦੇਵਣ ਆਇਆ, ਕਲ ਕਲਕੀ ਇਕ ਅਵਤਾਰ । ਠਾਂਡਾ ਦਰ ਵਖਾਵਣ ਆਇਆ, ਭਗਤ ਸੁਹੇਲਾ ਭਗਤ ਦਵਾਰ । ਧਰਮ ਦਾ ਮੇਲਾ

ਮੇਲ ਮਿਲਾਵਣ ਆਇਆ, ਜਿਸ ਦੇ ਪਿੱਛੇ ਲੰਘ ਗਏ ਕੋਟਨ ਜੁਗ ਚੌਕੜੀ ਚਾਰ । ਸੱਜਣ ਸੁਹੇਲਾ ਬਣ ਕੇ ਆਇਆ, ਧੁਰ ਦਾ ਮੀਤ ਮੁਰਾਰ । ਜਿਨ੍ਹਾਂ ਸਨਮੁਖ ਦਰਸ਼ਨ ਪਾਇਆ, ਬੇੜਾ ਕਰ ਜਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਨਵਾਰ । ਧੁਰ ਦਾ ਲੇਖਾ ਆਪ ਚੁਕਾਵਣਾ, ਕਰਨੀ ਕਾਰ ਕਮਾਈਆ । ਇੱਕੀਆਂ ਦਾ ਏਕਾ ਰੰਗ ਰੰਗਾਵਣਾ, ਨਾਮ ਮਜੀਠੀ ਦਏ ਚੜ੍ਹਾਈਆ । ਧੁਰ ਦਾ ਆਪਣਾ ਸੰਗ ਨਿਭਾਵਣਾ, ਮੇਲਾ ਸਹਿਜ ਸੁਭਾਈਆ । ਇੱਕੀਆਂ ਨੇ ਇੱਕੀ ਵਾਰ ਇਕੋ ਵਾਰ ਸੀਸ ਝੁਕਾਵਣਾ, ਨਮੋ ਨਮੋ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇੱਕੀ ਇੱਕੀ ਚੁਕਿਆ ਮੂਲ, ਅਮੁਲ ਦਇਆ ਕਮਾਈਆ । ਬਾਕੀ ਦਿਆਂ ਦਾ ਲਹਿਣਾ ਦੇਣਾ ਕਰਨਾ ਵਸੂਲ, ਆਪਣਾ ਹੁਕਮ ਸੁਣਾਈਆ । ਸਾਰੇ ਕਰੋ ਕ਼ਬੂਲ, ਕਾਅਬਾ ਇਕੋ ਦੇਣਾ ਵਖਾਈਆ । ਕਰਤਾ ਕਦੇ ਨਾ ਜਾਵੇ ਭੂਲ, ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਚ ਸਿੰਘਾਸਣ ਕਹੇ ਸਾਢੇ ਤਿੰਨ ਹੱਥ, ਪਹਿਲੀ ਵਾਰ ਆਪਣਾ ਡੇਰਾ ਲਾਈਆ । ਭਗਤ ਭਗਵਾਨ ਖੇਲ ਵੇਖ ਸਮਰਥ, ਆਪਣੀ ਖ਼ੁਸ਼ੀ ਦਿਆਂ ਜਣਾਈਆ । ਜਨ ਭਗਤੋ ਖ਼ੁੱਲ੍ਹੀ ਵੇਖੋ ਅੱਖ, ਨੈਣਾਂ ਨੈਣ ਮਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਆਪਣੀ ਬੇਪਰਵਾਹੀ ਵਿਚ ਸਮਾਈਆ । ਇੱਕੀ ਇੱਕੀ ਮੱਥਾ ਟੇਕ ਕੇ ਜਾਣਾ ਪਿੱਛੇ ਹਟ, ਵੇਲਾ ਵਕ਼ਤ ਸੁਹਾਈਆ । ਬਾਕੀ ਸੰਗਤ ਔਣੀ ਝਟ, ਡੇਰਾ ਸੋਹਣੇ ਦਰ ਤੇ ਲਾਈਆ । ਪਿਛਲੇ ਰਹਿਣੇ ਓਹੋ ਅੱਠ, ਬਦਲੀ ਹੋਰ ਨਾ ਕੋਇ ਜਣਾਈਆ । ਓਹੋ ਪ੍ਰੇਮ ਪਿਆਰ ਦੀ ਰਤ, ਮਸਤਕ ਤਿਲਕ ਨੂਰ ਰੁਸ਼ਨਾਈਆ । ਓਹੋ ਸਭ ਦਾ ਦੇਣਾ ਹਕ, ਹਕੀਕ਼ਤ ਖੋਜ ਖੁਜਾਈਆ । ਇੱਕੀ ਮਿੰਟ ਵਿਚ ਵਕ਼ਫ਼ਾ ਦਿਤਾ ਦੱਸ, ਫਿਰ ਆਪਣੀ ਖੇਲ ਲਏ ਰਚਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫਿਰ ਸਾਰੇ ਗਾ ਕੇ ਜਸ, ਫੇਰ ਸੀਸ ਨਿਵਾ ਕੇ ਸਾਰੇ ਪਿੱਛੇ ਜਾਓ ਹਟ, ਏਕਾ ਦੂਜਾ ਇਕੋ ਰੰਗ, ਰੰਗ ਰੱਤਾ ਆਪ ਰੰਗਾਇੰਦਾ । ਅਗਲਾ ਪਿਛਲਾ ਏਕੋ ਸੰਗ, ਦੋਹਾਂ ਜੋੜ ਜੁੜਾਇੰਦਾ । ਆਦਿ ਜੁਗਾਦਿ ਇਕ ਮਰਦੰਗ, ਹਰਿ ਕਰਤਾ ਆਪ ਵਜਾਇੰਦਾ । ਨਿਤ ਨਵਿਤ ਦਏ ਏਕਾ ਅਨੰਦ, ਅਨੰਦ ਆਤਮ ਰਸ ਚਖਾਇੰਦਾ । ਦੋ ਜਹਾਨਾਂ ਸਾਚਾ ਛੰਦ, ਸਾਚਾ ਢੋਲਾ ਆਪ ਅਲਾਇੰਦਾ । ਜੁਗ ਜਨਮ ਦੀ ਪੂਰੀ ਕਰਕੇ ਮੰਗ, ਭਿਛਿਆ ਆਪਣੀ ਝੋਲੀ ਪਾਇੰਦਾ । ਭਗਤ ਸੁਹੇਲਾ ਭਗਤਾਂ ਬੇੜਾ ਬੰਨ੍ਹ, ਹਰਿ ਆਪਣੇ ਕੰਧ ਉਠਾਇੰਦਾ । ਸਚ ਦਵਾਰ ਦੇ ਚਾੜ੍ਹ ਕੇ ਚੰਨ, ਦਰਗਾਹ ਸਾਚੀ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਇੰਦਾ । ਅਗਲਾ ਪਿਛਲਾ ਜੁੜਿਆ ਜੋੜ, ਹਰਿ ਜੋੜਾ ਆਪ ਜੁੜਾਈਆ । ਗੋਬਿੰਦ ਲੱਗੀ ਨਿਭੀ ਤੋੜ, ਅੱਧਵਿਚਕਾਰ ਨਾ ਕੋਇ ਅਟਕਾਈਆ । ਸਚ ਦਵਾਰੇ ਲੇਖਾ ਚੁਕਿਆ ਮੋਰ ਤੋਰ, ਤੇਰਾ ਮੇਰਾ ਇਕੋ ਰੂਪ ਦਿਸਾਈਆ । ਕਰ ਪਰਕਾਸ਼ ਅੰਧੇਰੇ ਘੋਰ, ਸਾਚਾ ਚਾਨਣ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਅਗਲੇ ਪਿਛਲੇ ਹੋਏ ਇਕੱਠੇ, ਸੋਹਣਾ ਸੰਗ ਬਣਾਈਆ । ਪ੍ਰੇਮ ਪ੍ਰੀਤੀ ਅੰਦਰ ਰੱਤੇ, ਆਤਮ ਪਰਮਾਤਮ ਵੇਖ ਵਖਾਈਆ । ਏਥੇ ਓਥੇ ਕਰਕੇ ਸੱਚੇ, ਸਚ ਸਮਝਣ ਦਏ ਬਣਾਈਆ । ਜਨ ਭਗਤੋ ਤੁਸੀਂ ਓਸ ਦੇ ਦਵਾਰੇ ਜਨਮੇਂ ਬੱਚੇ, ਜੋ ਗੁਰਮੁਖ ਆਪਣੀ ਗੋਦ ਉਠਾਈਆ । ਅਗੇ ਤੋਂ ਨਾਤੇ ਹੋ ਗਏ ਪੱਕੇ, ਪੱਕੀ ਤਰਾ ਸਮਝਾਈਆ । ਜਿਨ੍ਹਾਂ ਨੇ

੧੮੮

ਅੰਮ੍ਰਿਤ ਬਾਟੇ ਛਕੇ, ਘਰ ਮਿਲੇ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਕਹੇ ਮੈਂ ਵੇਖੇ ਆਪ, ਆਪਣੀ ਅੱਖ ਖੁਲਾਈਆ । ਜੋ ਮੇਰੇ ਪ੍ਰਭ ਦਾ ਕਰਦੇ ਜਾਪ, ਧੁਰ ਦਾ ਰਾਗ ਅਲਾਈਆ । ਮੈਂ ਉਹਨਾਂ ਦਾ ਹੋ ਕੇ ਦਾਸ, ਸੇਵਕ ਬਣ ਸੇਵ ਕਮਾਈਆ । ਪਤਣ ਲਾ ਕੇ ਆਪਣੇ ਘਾਟ, ਬੇੜਾ ਜਗਤ ਜਹਾਨ ਪਾਰ ਲੰਘਾਈਆ । ਕੂੜੀ ਮੇਟ ਅੰਧੇਰੀ ਰਾਤ, ਸਚ ਨੂਰ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਹੇ ਮੈਂ ਪਿਛਲਾ ਸੱਜਣ, ਸਾਂਝੀ ਨਜ਼ਰੀ ਆਈਆ । ਕਲਜੁਗ ਸ਼ਬਦ ਨਗਾਰਾ ਹੋ ਕੇ ਆਇਆ ਵੱਜਣ, ਬੇਖ਼ਬਰਾਂ ਖ਼ਬਰ ਸੁਣਾਈਆ । ਪ੍ਰੇਮ ਪ੍ਰੀਤੀ ਅੰਦਰ ਸਦਾ ਰਿਹਾ ਮਗਨ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਦਏ ਵਖਾਈਆ । ਗੋਬਿੰਦ ਕਹੇ ਮੇਰੇ ਸਿੱਖ ਸੁਹੇਲੇ, ਸੋਹਣਾ ਸਮਾਂ ਸੁਹਾਈਆ । ਦੋ ਇਕ ਦੇ ਹੋ ਗਏ ਮੇਲੇ, ਧੁਰ ਦਾ ਜੋੜ ਜੁੜਾਈਆ । ਇਕੋ ਰੰਗ ਹੋ ਗਏ ਗੁਰੂ ਚੇਲੇ, ਚੇਲਾ ਗੁਰੂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੁਰਖ ਅਕਾਲ ਕਹੇ ਸੁਣ ਗੋਬਿੰਦ ਸੱਜਣਾ, ਇਕੋ ਵਾਰ ਦਿਆਂ ਦ੍ਰਿੜਾਈਆ । ਜੋ ਕਰਨ ਆਏ ਪਰਦਖਣਾ, ਚਾਰੋਂ ਕੁੰਟ ਕ਼ਦਮ ਉਠਾਈਆ । ਉਹ ਗੁਰਮੁਖ ਕੋਈ ਨਾ ਰਹੇ ਸਖਣਾ, ਖ਼ਾਲੀ ਝੋਲੀ ਦਿਆਂ ਭਰਾਈਆ । ਗੁਰਮੁਖ ਨੇਤਰ ਖੋਲ੍ਹ ਕੇ ਤਕਣਾ, ਲੋਚਨ ਨੈਣਾਂ ਨਾਲ ਮਿਲਾਈਆ । ਬਿਨ ਪੁਰਖ ਅਕਾਲ ਕਿਸੇ ਨਹੀਂ ਕਹਿਣਾ ਆ ਮੇਰਿਆ ਮੱਖਣਾ, ਫੜ ਬਾਹੋਂ ਗੋਦ ਉਠਾਈਆ । ਚਰਨਾਂ ਵਿਚ ਕਿਸੇ ਨਹੀਂ ਵਸਣਾ, ਭਰਮੇ ਭੁੱਲੀ ਸਰਬ ਲੋਕਾਈਆ । ਅੰਮ੍ਰਿਤ
੧੮੯ ਦਾ ਰਸ ਸੰਤ ਸੁਹੇਲੇ ਚਖਣਾ, ਭਾਰ ਇਕੋ ਨਜ਼ਰੀ ਆਈਆ । ਜਿਸ ਬਿਰਹੋਂ ਵਿਛੋੜਾ ਕਟਣਾ, ਨਾਤਾ ਤੋੜੇ ਜੁਦਾਈਆ । ਪ੍ਰੇਮ ਪਿਆਰ ਦਾ ਮਲਕੇ ੧੮੯
ਵਟਣਾ, ਸੋਹਣਾ ਸਗਣ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਰਨੀ ਰਿਹਾ ਕਮਾਈਆ । ਗੁਰਮੁਖ ਸਾਚੇ ਵੇਖ ਕੇ ਭੌਂਦੇ, ਬ੍ਰਹਿਮੰਡ ਖੰਡ ਖ਼ੁਸ਼ੀ ਮਨਾਈਆ । ਗੀਤ ਸੁਹਾਗੀ ਢੋਲੇ ਗੌਂਦੇ, ਰਾਗਾਂ ਨਾਲ ਵਡਿਆਈਆ । ਨਿਉਂ ਨਿਉਂ ਸਾਰੇ ਸੀਸ ਨਿਵੌਂਦੇ, ਝੁਕ ਝੁਕ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਦਰਸ਼ਨ ਪੌਂਦੇ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਸਚ ਬੇਨੰਤੀ ਇਕ ਸੁਣੌਂਦੇ, ਹੌਲੀ ਹੌਲੀ ਦ੍ਰਿੜਾਈਆ । ਪ੍ਰਭੂ ਵਾਸਤਾ ਇਕੋ ਪੌਂਦੇ, ਬਖ਼ਸ਼ਣੀ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਬਿਨਾਸ਼ੀ ਸਚ ਦ੍ਰਿੜੌਂਦਾ ਏ । ਇਕ ਅੱਖਰ ਆਪ ਸੁਣੌਂਦਾ ਏ । ਸੋਹਣਾ ਵੇਲਾ ਵਕ਼ਤ ਵਡਿਔਂਦਾ ਏ । ਭਗਤ ਦਵਾਰਾ ਇਕ ਜਣੌਂਦਾ ਏ । ਜਿਥੇ ਨਰ ਹਰਿ ਆਸਣ ਲੌਂਦਾ ਏ । ਕਿਰਪਾ ਕਰ ਕਰ ਗੁਰਮੁਖ ਪਾਰ ਲੰਘੌਂਦਾ ਏ । ਕੂੜੀ ਕਿਰਿਆ ਮੇਟ ਕੇ ਡਰ, ਭਾਂਡਾ ਭੌ ਭੰਨੌਂਦਾ ਏ । ਇਕ ਦੂਜੇ ਨਾਲ ਫੜਾ ਕੇ ਪੱਲੂ ਲੜ, ਇਕ ਦੂਜੇ ਨਾਲ ਗੰਢ ਪਵੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪ ਅਖਵੌਂਦਾ ਏ । ਮਿਹਰਵਾਨ ਕਹੇ ਸੁਣੋ ਮੇਰੇ ਮੀਤੋ, ਮਿਤਰਾਂ ਵਾਂਗ ਜਣਾਈਆ । ਇਕੋ ਨਾਂ ਪ੍ਰਭ ਦਾ ਚੀਤੋ, ਚਿਤਵਿਤ ਠਗੋਰੀ ਰਹਿਣ ਕੋਇ ਨਾ ਪਾਈਆ । ਮਾਣ ਮਿਟਾ ਕੇ ਹੋ ਜਾਓ ਨੀਚਨ ਨੀਚੋ, ਹੰਕਾਰ ਨਜ਼ਰ ਕੋਇ ਨਾ ਆਈਆ । ਸਾਚੀ ਕਰੋ ਚਰਨ ਪ੍ਰੀਤੋ, ਪ੍ਰੀਤਮ ਮਿਲੇ ਬੇਪਰਵਾਹੀਆ । ਹਰਿ ਕਰਨਹਾਰ ਬਖ਼ਸ਼ੀਸ਼ੋ, ਰਹਿਮਤ ਝੋਲੀ ਪਾਈਆ । ਸਦ ਦੇਵਣਹਾਰ ਅਸੀਸੋ, ਹਦੀਸ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਲਗਾਈਆ । ਜਨ ਭਗਤ ਕਹਿਣ ਫੇਰੇ ਫਿਰਦੇ, ਇੱਕੀ ਇੱਕੀ ਚਕਰ ਲਗਾਈਆ । ਨਾਲੇ ਦਰਸ਼ਨ ਕਰੀਏ ਓਸੇ ਸ਼ੇਰ ਦੇ, ਜੋ ਸਿੰਘ ਰੂਪ ਅਖਵਾਈਆ । ਜੋ ਲਹਿਣਾ ਦੇਣਾ ਨਬੇੜ ਦਏ, ਹੁਕਮ ਇਕ ਸੁਣਾਈਆ । ਚਰਨਾਂ ਵਿਚ ਲਪੇਟ ਲਏ, ਬਖ਼ਸ਼ੇ ਸਚ ਸਰਨਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਵੇਖ ਲਏ, ਗ਼ਫ਼ਲਤ ਵਿਚ ਕਦੇ ਨਾ ਆਈਆ । ਅੰਤਮ ਸਚ ਦਵਾਰ ਸਚਖੰਡ ਆਪਣਾ ਦੇਸ ਦਏ, ਮਿਹਰ ਨਜ਼ਰ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਵੇਖ ਕੇ ਹਰਿ, ਹਰਿ ਜਸ ਸਾਰੇ ਰਹੇ ਗਾਈਆ । ਭੈ ਅੰਦਰ ਰਹੇ ਡਰ, ਭਉ ਇਕ ਜਣਾਈਆ । ਦਰ ਖਲੋਤੇ ਬਿਨਾ ਸੀਸ ਧੜ, ਆਸਾ ਨਾਲ ਵਧਾਈਆ । ਸੋਹੰ ਢੋਲਾ ਰਹੇ ਪੜ੍ਹ, ਤੂੰ ਹੀ ਤੂੰ ਰਾਗ ਅਲਾਈਆ । ਚਾਰੋਂ ਕੁੰਟ ਵੇਖ ਵੇਖ ਇਸ਼ਾਰੇ ਰਹੇ ਕਰ, ਸੈਨਤ ਨਾਲ ਰਹੇ ਜਣਾਈਆ । ਜਿਨ੍ਹਾਂ ਨੂੰ ਪ੍ਰਭ ਦੇਵਣ ਆਇਆ ਵਰ, ਵਸਤ ਅਮੋਲਕ ਝੋਲੀ ਪਾਈਆ । ਇਹਨਾਂ ਵਿਦਿਆ ਕੋਈ ਨਹੀਂ ਲੈਣੀ ਪੜ੍ਹ, ਨਾਤਾ ਜਗਤ ਨਾ ਕੋਇ ਰਖਾਈਆ । ਇਕੋ ਮਰਨੀ ਗਏ ਮਰ, ਡਰ ਆਪਣਾ ਗਏ ਚੁਕਾਈਆ । ਇਹਨਾਂ ਉਤੇ ਕਿਰਪਾ ਰਿਹਾ ਕਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਰਿਹਾ ਮੁਕਾਈਆ । ਧੁਰ ਦਾ ਲਹਿਣਾ ਵੇਖੇ ਮੁਕਦਾ, ਖ਼ੁਸ਼ੀ ਚਾਰੋਂ ਕੁੰਟ ਲਏ ਅੰਗੜਾਈਆ । ਵੀਹ ਸੌ ਇੱਕੀ ਕਹੇ ਭਗਤਾਂ ਕੋਲੋਂ ਪੁਛਦਾ, ਅੰਦਰ ਬਾਹਰ ਖੋਜ ਖੁਜਾਈਆ । ਹੁਣ ਲੇਖਾ ਸਾਚਾ ਸਚ ਸੁਚ ਦਾ, ਕੂੜਾ ਨਾਤਾ ਰਿਹਾ ਤੁੜਾਈਆ । ਲੇਖਾ ਚੁਕਿਆ ਜਗਤ ਦੁਖ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਸਚ ਸਰਨਾਈ ਦੇਵਣਹਾਰਾ, ਹਰਿ ਕਰਤਾ ਬੇਪਰਵਾਹੀਆ । ਭਗਤ ਵਛਲ ਹਰਿ ਗਿਰਧਾਰਾ, ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਚਰਨ ਕਵਲ ਦਏ ਸਹਾਰਾ, ਸਿਰ ਆਪਣਾ ਹੱਥ ਰਖਾਈਆ । ਕਾਗ਼ਜ਼ ਕ਼ਲਮ ਨਾ ਲਿਖਣਹਾਰਾ, ਦੂਜੀ ਦਿਸੇ ਨਾ ਕੋਇ ਗਵਾਹੀਆ । ਜਿਨ੍ਹਾਂ ਬਖ਼ਸ਼ੇ ਚਰਨ ਪਿਆਰਾ, ਹਿਰਦੇ ਅੰਦਰ ਡੇਰਾ ਲਾਈਆ । ਭਗਤਾਂ ਵਖਾਏ ਸਚ ਦਰਬਾਰਾ, ਜਿਥੇ ਗੁਰਮੁਖ ਬੈਠੇ ਆਈਆ । ਚਾਰੋਂ ਕੁੰਟ ਇਕ ਨਜ਼ਾਰਾ, ਜਲਵਾ ਇਕੋ ਨੂਰ ਖ਼ੁਦਾਈਆ । ਚਾਰੋਂ ਕੁੰਟ ਇਕ ਹੁਲਾਰਾ, ਸੱਤ ਰੰਗ ਨਿਸ਼ਾਨਾ ਰਿਹਾ ਵਖਾਈਆ । ਚਾਰੋਂ ਕੁੰਟ ਇਕ ਮਨਾਰਾ, ਦਹਿ ਦਿਸ਼ਾ ਰਿਹਾ ਸਮਝਾਈਆ । ਚਾਰੋਂ ਕੁੰਟ ਇਕ ਜੈਕਾਰਾ, ਸੋਹੰ ਢੋਲਾ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹੱਥ ਰਖਦਾ ਵੇਖਿਆ ਸਵਾਮੀ, ਗੁਰ ਅਵਤਾਰ ਰਹੇ ਜਸ ਗਾਈਆ । ਸ਼ਬਦ ਅਗੰਮੀ ਸੁਣਾਵੇ ਬਾਣੀ, ਧੁਰ ਦਾ ਨਾਦ ਜਣਾਈਆ । ਅੰਮ੍ਰਿਤ ਦੇਵੇ ਠੰਡਾ ਪਾਣੀ, ਰਸ ਇਕੋ ਇਕ ਚਖਾਈਆ । ਨਾਤਾ ਤੋੜ ਕੇ ਚਾਰੇ ਖਾਣੀ, ਚਾਰੇ ਬਾਣੀ ਆਪਣੀ ਝੋਲੀ ਪਾਈਆ । ਜਨ ਭਗਤ ਬਣਾਏ ਸੁਘੜ ਸੁਚੱਜੀ ਸਵਾਣੀ, ਘਰ ਮੰਦਰ ਦਏ ਬਹਾਈਆ । ਦੀਪ ਜਗਾਏ ਜੋਤ ਨੂਰਾਨੀ, ਨੂਰੋ ਨੂਰ ਕਰੇ ਰੁਸ਼ਨਾਈਆ । ਜਨਮ ਕਰਮ ਦਾ ਲੇਖ ਮੁਕਾ ਆਸਾਨੀ, ਮੁਸ਼ਕਲ ਸਾਰੇ ਹਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਨਾਲ ਪ੍ਰਭ ਤਕਦਾ, ਦੋ ਜਹਾਨਾਂ ਸੱਜਣ ਮੀਤ । ਭੇਵ ਖੁਲ੍ਹਾਵੇ ਆਪਣੀ ਅੱਖ ਦਾ, ਸ਼ਬਦ ਜਣਾਵੇ ਧੁਰ ਦਾ ਮੀਤ । ਪਰਦਾ ਲਾਹਵੇ ਸਾਚੇ ਸਚ ਦਾ, ਬਖ਼ਸ਼ਣਹਾਰਾ ਚਰਨ ਪ੍ਰੀਤ । ਜੋ ਭਗਤਾਂ ਅੰਦਰ ਵਸਦਾ, ਸੋ ਪਰਖਣਹਾਰਾ ਨੀਤ । ਲੱਖ ਚੁਰਾਸੀ ਵਿਚੋਂ ਰਖਦਾ, ਕਾਇਆ ਚਾੜ੍ਹ ਕੇ ਰੰਗ ਮਜੀਠ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਸਣਹਾਰਾ ਧਾਮ ਅਨਡੀਠ । ਧਾਮ ਅਨਡਿਠੜਾ ਖੁਲ੍ਹਦਾ, ਪੜਦਾ ਹਰਿਜੂ ਦਿਤਾ ਉਠਾਈਆ । ਘਰ ਵਖਾਇਆ ਏਕੋ ਹਰਿ ਦਾ, ਭਗਤ ਦਵਾਰੇ ਸੋਭਾ ਪਾਈਆ । ਇਹ ਲਹਿਣਾ ਦੇਣਾ ਚਿਰ ਦਾ, ਜੁਗ ਚੌਕੜੀ ਰਾਹ ਤਕਾਈਆ । ਕਲਜੁਗ ਅੰਤਮ ਸ਼ਾਂਤ ਕਰੇ ਹਿਰਦਾ, ਗੁਰਮੁਖਾਂ ਦਵਾਰੇ ਅੰਮ੍ਰਿਤ ਬਰਸਾਈਆ । ਵੇਖੇ ਗੇੜਾ ਕਿਵੇਂ ਗਿੜਦਾ, ਚਾਰੋਂ ਕੁੰਟ ਜਗਤ ਭਵਾਈਆ । ਪ੍ਰਭ ਮਾਲਕ ਬਣੇ ਇਕੋ ਪਿਰ ਦਾ, ਦੂਜਾ ਰਹਿਣ ਕੋਇ ਨਾ ਪਾਈਆ । ਵੇਖੋ ਖੇਲ ਅਗੰਮੀ ਸ਼ੇਰ ਦਾ, ਜੋ ਸ਼ਹਿਨਸ਼ਾਹ ਅਖਵਾਈਆ । ਭਾਣਾ ਮੰਨੋਂ ਇਕੋ ਦਲੇਰ ਦਾ, ਜੋ ਧੀਰਜ ਰਿਹਾ ਧਰਾਈਆ । ਅੰਤਮ ਲੇਖੇ ਸਰਬ ਨਬੇੜਦਾ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਡਿਆਈ ਕਹੇ ਭਗਤੋ ਮੈਂ ਦੇਵਾਂ ਵਡਿਆਈ, ਵੱਡੇ ਵੱਡੇ ਨਜ਼ਰੀ ਆਈਆ । ਜਿਨ੍ਹਾਂ ਨੂੰ ਚਾਰੋਂ ਕੁੰਟ ਰਿਹਾ ਭਵਾਈ, ਭਾਵਨਾ ਪਿਛਲੀ ਪੂਰ ਕਰਾਈਆ । ਵੇਖੋ ਨਾਲ ਆਈ ਸੀਤਾ ਮਾਈ, ਬਵੰਜਾ ਪੰਖੜੀਆਂ ਵਾਲਾ ਹਾਰ ਉਠਾਈਆ । ਮੈਂ ਉਹਨਾਂ ਪੌਣਾ ਚਾਈਂ ਚਾਈਂ, ਜੋ ਪ੍ਰਭ ਦੀ ਸੇਵ ਕਮਾਈਆ । ਜੋ ਮਾਲਣ ਵਖਰੀ ਬਣ ਕੇ ਆਈ, ਸ਼ੱਤਰੀ ਬ੍ਰਾਹਮਣ ਸਾਰੇ ਦਿੱਤੇ ਤਜਾਈਆ । ਬਿਨਾ ਤੇਰੀ ਬੋਲੀ ਭੱਜੀ ਆਈ, ਬੈਠੀ ਪੰਧ ਮੁਕਾਈਆ । ਜੋ ਸਭ ਦਾ ਵੇਖਿਆ ਗੁਸਾਈਂ, ਬਖ਼ਸ਼ਣਹਾਰਾ ਇਕੋ ਨਜ਼ਰੀ ਆਈਆ । ਜਿਸ ਨਿਰਮਲ ਜੋਤ ਜਗਾਈ, ਨੂਰੀ ਨੂਰ ਕਰੇ ਰੁਸ਼ਨਾਈਆ । ਜਿਸ ਧੁਰ ਦਾ ਜੋੜ ਦਿਤਾ ਜੁੜਾਈ, ਸੱਚਾ ਮੇਲ ਮਿਲਾਈਆ । ਸਾਚੀ ਪੱਟੀ ਨਾਮ ਪੜ੍ਹਾਈ, ਧੁਰ ਦਾ ਹੁਕਮ ਇਕ ਸੁਣਾਈਆ । ਗੁਰਮੁਖ ਸਖ਼ੀ ਕਰੀ ਕੁੜਮਾਈ, ਹਕੋ ਹਕ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬ੍ਰਹਿਮੰਡ ਖੰਡ ਕਹੇ ਮੈਂ ਵੇਖਿਆ ਗੁਰਮੁਖ ਘੁੰਮਦਾ, ਘੁੰਮਣ ਘੇਰੀ ਰਹੇ ਤਜਾਈਆ । ਸੰਤ ਸੁਹੇਲਾ ਵੇਖਿਆ ਸਤਿਗੁਰ ਚਰਨ ਚੁੰਮਦਾ, ਨਾਲ ਮਿਲਾਈਆ । ਝਗੜਾ ਚੁਕਿਆ ਪਾਪ ਪੁੰਨ ਦਾ, ਦੂਜਾ ਰੰਗ ਨਾ ਕੋਇ ਰੰਗਾਈਆ । ਮੰਤਰ ਰਹਿ ਗਿਆ ਇਕੋ ਫੁਨ ਦਾ, ਵਿਚੋਂ ਫੁਰਨੇ ਦਏ ਗੁਆਈਆ । ਰਾਗ ਇਕੋ ਦੱਸੇ ਧੁਨ ਦਾ, ਅਗੰਮੀ ਨਾਦ ਵਜਾਈਆ । ਸੰਤ ਸੁਹੇਲੇ ਸੱਜਣ ਚੁਣਦਾ, ਲੱਖ ਚੁਰਾਸੀ ਖੋਜ ਖੁਜਾਈਆ । ਫੜ ਫੜ ਬਾਹੋਂ ਬੇੜੇ ਬੰਨ੍ਹਦਾ, ਇਕੋ ਨਾਤਾ ਜੋੜ ਜੁੜਾਈਆ । ਕਰੇ ਖੇਲ ਨਿਹਚਲ ਧਾਮ ਅਟਲ ਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਰਲਦਾ, ਦੂਜਾ ਧਾਮ ਨਾ ਕੋਇ ਵਖਾਈਆ । ਧਾਮ ਕਹੇ ਮੈਂ ਧਾਮਾਂ ਦਾ ਧਾਮ, ਧਰਨੀ ਉਤੇ ਮਿਲੇ ਵਡਿਆਈਆ । ਜਿਸ ਦੇ ਉਤੇ ਬੈਠਾ ਰਾਮਾਂ ਦਾ ਰਾਮ, ਹਰਿ ਦਾਤਾ ਬੇਪਰਵਾਹੀਆ । ਨਜ਼ਰੀ ਆਵੇ ਕਾਹਨਾਂ ਦਾ ਕਾਹਨ, ਹਰਿ ਕਰਤਾ ਖੇਲ ਖਿਲਾਈਆ । ਭਗਤ ਸੁਹੇਲੇ ਇਕੱਠੇ ਕੀਤੇ ਆਣ, ਗੁਰਮੁਖ ਜੋੜ ਜੁੜਾਈਆ । ਚਰਨ ਪ੍ਰੀਤੀ ਬਖ਼ਸ਼ ਧਿਆਨ, ਸਾਚੀ ਰੀਤੀ ਇਕ ਸਿਖਾਈਆ । ਕਾਇਆ ਗੜ੍ਹ ਤੋੜੇ ਮਾਣ ਅਭਿਮਾਨ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਨਾਲ ਗੁਰਮੁਖ ਤਰਦਾ, ਬੀਸ ਇਕੀਸਾ ਦਏ ਗਵਾਹੀਆ । ਜੋ ਬਣਿਆ ਦਰ ਘਰ ਸਾਚੇ ਦਾ ਬਰਦਾ, ਬੰਦੀਖ਼ਾਨਾ ਗਿਆ ਤੁੜਾਈਆ । ਜੋ ਸਾਹਿਬ ਸਵਾਮੀ ਪਲੂ ਫੜਦਾ, ਅਗਲਾ ਜੋੜ ਜੁੜਾਈਆ । ਉਹ ਨਾ ਜੰਮਦਾ ਨਾ ਮਰਦਾ, ਲੱਖ ਚੁਰਾਸੀ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ

੧੯੧

ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਪ੍ਰਭ ਕਰਨੇ ਆਇਆ, ਕਰਤਾ ਪੁਰਖ ਕਰਤਾਰ । ਵੀਹ ਸੌ ਇੱਕੀ ਰੁਤ ਸੁਹਾਇਆ, ਗੁਰਮੁਖਾਂ ਕਰੇ ਪਿਆਰ । ਸੁਤ ਲਾਡਲੇ ਲਏ ਉਠਾਇਆ, ਜੋ ਵਿਛੜੇ ਜੁਗ ਚਾਰ । ਸਚ ਦਵਾਰੇ ਮੇਲ ਮਿਲਾਇਆ, ਕਿਰਪਾ ਕਰ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰ ਦਾ ਮਾਲਕ ਸਵਾਮੀ, ਸਮਰਥ ਵੱਡੀ ਵਡਿਆਈਆ । ਆਦਿ ਜੁਗਾਦੀ ਜਾਣੇ ਕਹਾਣੀ, ਜੁਗ ਜੁਗ ਖੇਲ ਖਿਲਾਈਆ । ਭਗਤ ਸੁਹੇਲਾ ਬਣ ਕੇ ਬਾਨੀ, ਰਹਿਬਰ ਨਜ਼ਰੀ ਆਈਆ । ਉਹ ਦਾਤਾ ਹੋ ਕੇ ਆਇਆ ਦਾਨੀ, ਦਇਆਵਾਨ ਦਇਆ ਕਮਾਈਆ । ਸਚ ਦਵਾਰਿਉਂ ਦੇਵੇ ਇਕ ਨਿਸ਼ਾਨੀ, ਨਿਸ਼ਾਨਾ ਸਿੱਧਾ ਤੀਰ ਚਲਾਈਆ । ਜਨ ਭਗਤੇ ਪ੍ਰਭ ਨੂੰ ਮਿਲਣਾ ਹੋਇਆ ਅਸਾਨੀ, ਸੋਹਲਾ ਇਕੋ ਇਕ ਪੜ੍ਹਾਈਆ । ਸਚੇ ਦਰ ਦੇਵੇ ਪਦ ਨਿਰਬਾਨੀ, ਮਹਲ ਅਟਲ ਉਤੇ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਪਾਰ ਲੰਘਾਈਆ । ਕਿਰਪਾ ਕਰਦਾ ਵੇਖਿਆ, ਪਾਰਬ੍ਰਹਮ ਕਰਤਾਰ । ਸਚ ਸਿੰਘਾਸਣ ਕਹੇ ਮੈਨੂੰ ਆਇਆ ਚੇਤਿਆ, ਕੁੱਲ ਪਿਛਲਾ ਲੇਖ ਵਖਾਲ । ਜਿਸ ਵੇਲੇ ਗੋਬਿੰਦ ਮਾਣੀ ਸੇਜਿਆ, ਜੰਗਲ ਜੂਹ ਵਿਚ ਪਹਾੜ । ਓਥੇ ਕਿਹੜਾ ਸੰਦੇਸ਼ਾ ਭੇਜਿਆ, ਕਿਰਪਾ ਕਰ ਕੇ ਆਪ ਕਿਰਪਾਲ । ਉਹ ਅਜੇ ਤਕ ਕਿਸੇ ਨਹੀਂ ਵੇਖਿਆ, ਸਭ ਦੇ ਠਾਕਰ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖ ਆਪਣੇ ਲਾਲ । ਸਚ ਸਿੰਘਾਸਣ ਕਹੇ ਮੈਨੂੰ ਕੁਝ ਸੁਝਦੀ, ਸਚ ਦਿਆਂ ਸਮਝਾਈਆ । ਭਗਤਾਂ ਆਸ਼ਾ ਤੈਥੋਂ ਪੁਛਦੀ, ਕਰੇ ਹਾਲ ਦੁਹਾਈਆ । ਕਦੋਂ ਖੇਲ ਛਡਣੀ ਲੁਕ ਦੀ, ਲੁਕਿਆਂ ਕੰਮ ਰਾਸ ਕੋਇ ਨਾ ਆਈਆ । ਜੇ ਤੇਰਾ ਨਾਤਾ ਜੁੜਿਆ ਖੇਲ ਹੋਣੀ ਪਿਓ ਪੁਤ ਦੀ, ਪੁੱਤਰੀਂ ਭਾਗ ਲਗਾਈਆ । ਕੀ ਵਡਿਆਈ ਗੁਜਰੀ ਸੁਤ ਦੀ, ਸਚ ਦੇ ਸਮਝਾਈਆ । ਪੁਰਖ ਅਬਿਨਾਸ਼ੀ ਕਿਹਾ ਇਹ ਖੇਲ ਓਸੇ ਦੀ ਰੁਤ ਦੀ, ਪੱਤ ਡਾਲ੍ਹੀ ਰਿਹਾ ਮਹਿਕਾਈਆ । ਜਿਸ ਦੀ ਕਥਾ ਕਹਾਣੀ ਨਹੀਂ ਮੁਕਦੀ, ਸੋ ਮੁਕੰਮਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿੰਘਾਸਣ ਕਹੇ ਮੈਂ ਸੁਚੱਜਾ, ਤੇਰੀ ਕਿਰਪਾ ਦਿਤਾ ਬਣਾਈਆ । ਤੇਰੇ ਹੁਕਮੇਂ ਅੰਦਰ ਬੱਧਾ, ਬੈਠਾ ਸੇਵ ਕਮਾਈਆ । ਮੈਨੂੰ ਆਪਣਾ ਸਮਝ ਨਾ ਆਵੇ ਅੱਗਾ, ਪਿੱਛੇ ਦੀ ਨਹੀਂ ਕੋਇ ਚਤੁਰਾਈਆ । ਇਸੇ ਕਰ ਕੇ ਆਇਆ ਭੱਜਾ, ਦਰ ਤੇਰੇ ਅਲਖ ਜਗਾਈਆ । ਤੂੰ ਓਸ ਦਾ ਦੱਸ ਮਜ਼ਾ, ਜੋ ਭਗਤਾਂ ਰਿਹਾ ਖੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਚ ਸਿੰਘਾਸਣ ਤੂੰ ਵੇਖ ਮੇਰਾ ਰਾਜ਼, ਹੰਕਾਰ ਵਿਕਾਰ ਨਾ ਕੋਇ ਰਖਾਈਆ । ਸਾਚੀ ਸਾਜਣ ਰਿਹਾ ਸਾਜ, ਚਾਰ ਵਰਨ ਦਿਆਂ ਵਡਿਆਈਆ । ਕੋਈ ਰਹੇ ਨਾ ਕਿਸੇ ਮੁਹਤਾਜ, ਖ਼ਾਲੀ ਭਾਂਡੇ ਦਿਆਂ ਭਰਾਈਆ । ਸਚ ਧਰਮ ਦਾ ਸਾਚਾ ਕਰਾਂ ਰਾਜ, ਲੋਕਮਾਤ ਵੇਖ ਵਖਾਈਆ । ਸੀਸ ਜਗਦੀਸ਼ ਧਰ ਕੇ ਤਾਜ, ਗੋਬਿੰਦ ਮੇਲੇ ਸਹਿਜ ਸੁਭਾਈਆ । ਰਸਮਾਂ ਨਾਲੋਂ ਵਖਰਾ ਰਚ ਕੇ ਕਾਜ, ਸਾਚਾ ਦਰ ਦਏ ਸਮਝਾਈਆ । ਨਾਤਾ ਤੋੜ ਕੇ ਜਗਤ ਸਮਾਜ, ਸਮਗਰੀ ਗੁਰਮੁਖਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚ ਸਿੰਘਾਸਣ ਕਹੇ ਮੈਂ ਕਿੱਡਾ ਚੰਗਾ, ਚੰਗਿਆਂ ਵਿਚੋਂ ਨਜ਼ਰੀ ਆਈਆ । ਮੇਰਾ ਚਰਨ ਚੁੰਮਣ ਆਵੇ ਸੁਰਸਤੀ ਜਮਨਾ ਗੰਗਾ, ਬਣ ਬਣ ਪਾਂਧੀ ਰਾਹੀਆ । ਮੇਰੇ

੧੯੨

ਉਤੇ ਬੈਠਾ ਸਰਬੰਗਾ, ਅਪਰੰਪਰ ਸੋਭਾ ਪਾਈਆ । ਬਖ਼ਸ਼ ਕੇ ਇਕ ਅਨੰਦਾ, ਸਿਰ ਆਪਣਾ ਹੱਥ ਟਿਕਾਈਆ । ਹਰਿ ਸੰਗਤ ਵਿਚ ਰਹੇ ਨਾ ਕੋਈ ਗੰਦਾ, ਕੱਚੇ ਭਾਂਡੇ ਭੰਨ ਵਖਾਈਆ । ਜਨ ਭਗਤੋ ਇਸ ਤੋਂ ਅਗੇ ਹੋਰ ਨਹੀਂ ਕੋਈ ਡੰਡਾ, ਬਿਨ ਸ੍ਰੀ ਭਗਵਾਨ ਅਗਲਾ ਪੰਧ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿੰਘਾਸਣ ਕਹੇ ਇਹ ਇੱਕੀ ਇੱਕੀ ਆਈ ਦੂਜੀ ਵਾਰ, ਦੋਹਰਾ ਤਾਲ ਵਜਾਈਆ । ਇਹਨਾਂ ਦੇ ਅੰਦਰ ਵਸੇ ਨਿਰੰਕਾਰ, ਨਿਰਗੁਣ ਸੋਭਾ ਪਾਈਆ । ਜਿਸ ਵੇਲੇ ਸੌਂ ਜਾਣ ਪੈਰ ਪਸਾਰ, ਉਪਰ ਲੇਫ ਟਿਕਾਈਆ । ਓਸ ਵੇਲੇ ਦੇਵਾਂ ਦਰਸ ਦੀਦਾਰ, ਘਰ ਘਰ ਫੇਰਾ ਪਾਈਆ । ਜੋ ਮਜਲਸਾਂ ਦਾ ਯਾਰ, ਭਗਤਾਂ ਦਾ ਉਧਾਰ, ਸੰਤਾਂ ਦਾ ਪਿਆਰ, ਗੁਰਮੁਖਾਂ ਦੀ ਧਾਰ, ਧਾਰ ਰਿਹਾ ਪਰਗਟਾਈਆ । ਸਖ਼ੀਆਂ ਦਾ ਕੰਤ ਭਤਾਰ, ਸੱਜਣਾਂ ਦਾ ਸਿਰਜਣਹਾਰ, ਮਰਦਾਂ ਦਾ ਮਦਦਗਾਰ, ਬੇਪਰਵਾਹੀ ਬੇਅੰਤ ਬੇਅੰਤਾ ਕੱਲਿਆਂ ਨੂੰ ਕੱਲਾ ਹੋ ਕੇ ਦਰਸ ਦਿਖਾਈਆ । ਸਭ ਤੋਂ ਵੱਡਾ ਵਡ ਦਰਬਾਰ, ਜਿਥੇ ਵਸੇ ਆਪ ਨਿਰੰਕਾਰ, ਚਾਰੋਂ ਕੁੰਟ ਵੇਖੇ ਸੰਸਾਰ, ਜ਼ਿਮੀਂ ਅਸਮਾਨਾਂ ਪੜਦਾ ਪਾੜ, ਬ੍ਰਹਿਮੰਡਾਂ ਖੰਡਾਂ ਖੋਲ੍ਹ ਕਿਵਾੜ, ਨਿਰਗੁਣ ਨੂਰੀ ਜੋਤ ਕਰ ਰੁਸ਼ਨਾਈਆ । ਮੈਂ ਸਭ ਦਾ ਸਾਜਣ ਮੀਤਾ, ਵਖਰੀ ਦੱਸਾਂ ਰੀਤਾ, ਨਾਤਾ ਤੋੜ ਮੰਦਰ ਮਸੀਤਾ, ਤਪਾਵਣ ਤਪੇ ਨਾ ਕੋਇ ਅੰਗੀਠਾ, ਧੱਕਾ ਦੇਵੇ ਨਾ ਕੋਇ ਨੀਚਾ, ਊਚੋ ਊਚ ਆਪਣਾ ਘਰ ਵਖਾਈਆ । ਮੇਰਾ ਖੇਲ ਸਦਾ ਅਨਡੀਠਾ, ਜਨ ਭਗਤਾਂ ਭਾਣਾ ਮੀਠਾ, ਲਹਿਣਾ ਝੋਲੀ ਪਾਏ ਪਿਛਲਾ ਕੀਤਾ, ਮਜ਼ਦੂਰੀ ਸਭ ਦੀ ਰਿਹਾ ਚੁਕਾਈਆ । ਜਨ ਭਗਤੋ ਅਗੇ ਤੁਹਾਨੂੰ ਲਵਾ ਦਿਤਾ ਵਜ਼ੀਫ਼ਾ, ਧੁਰ ਦਾ ਹਕ ਫ਼ੱਕ ਤੁਹਾਡੇ ਨਾਂ ਕਰਾਈਆ । ਬੇਸ਼ਕ ਤੁਸੀਂ ਤੋੜ ਜਾਓ ਪ੍ਰੀਤਾ, ਪ੍ਰੀਤਮ ਭੁਲ ਕਦੇ ਨਾ ਜਾਈਆ । ਵੇਖੋ ਦਰਸ਼ਨ ਸਿੰਘ ਦੇ ਹੱਥ ਵਸੀਕਾ, ਸੋਹਣਾ ਲੇਖਾ ਰਿਹਾ ਲਿਖਾਈਆ । ਪੰਜਾਂ ਪਿਆਰਿਆਂ ਦੇ ਹੱਥ ਨਤੀਜਾ, ਨੀਤੀਵਾਨ ਦਏ ਸਮਝਾਈਆ । ਜੋ ਲੱਖ ਚੁਰਾਸੀ ਸਖ਼ੀਆਂ ਦਾ ਸੋਹਣਾ ਜੀਜਾ, ਜੀਵਣ ਜੁਗਤੀ ਰਿਹਾ ਜਣਾਈਆ । ਅਗੇ ਨਾ ਕੋਈ ਗੁਰੂਆਂ ਦਾ ਭਤੀਜਾ, ਇਕੋ ਪੁਰਖ ਅਕਾਲ ਨਜ਼ਰੀ ਆਈਆ । ਨਾ ਕੋਈ ਹਿੱਸਾ ਮੰਗੇ ਵਿਚ ਕਨਾਲਾਂ ਬੀਘਾ, ਬ੍ਰਹਿਮੰਡ ਖੰਡ ਤੁਹਾਡਿਆਂ ਚਰਨਾਂ ਹੇਠ ਦਬਾਈਆ । ਜਿਸ ਨੂੰ ਕਹਿੰਦੇ ਸੰਤ ਖੁਲ੍ਹੇ ਨੈਣ ਤੀਜਾ, ਇਸ ਤੀਜੇ ਨੈਣ ਤੋਂ ਪਰੇ ਡੇਰਾ ਲਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਨੇ ਰਾਮ ਨੂੰ ਕਿਹਾ ਮੇਲ ਮਿਲਾਇਆ ਆਪਣੇ ਨਾਲ ਸੀਤਾ, ਸੀਤਾ ਦੇ ਰਾਮ ਦਾ ਰਾਮ ਨਜ਼ਰੀ ਆਈਆ । ਏਕਾ ਰੂਪ ਸੁਹਾਇਆ ਹਸਤ ਕੀਟਾ, ਜਿਸ ਦੇ ਪਿੱਛੇ ਗੋਬਿੰਦ ਤਾਇਆ ਅੰਗੀਠਾ, ਸਾਢੇ ਤਿੰਨ ਹੱਥ ਲੇਖਾ ਗਿਆ ਚੁਕਾਈਆ । ਉਸ ਦਾ ਭਰ ਕੇ ਨਾਮ ਦਾ ਸ਼ੀਸਾ, ਜਨ ਭਗਤੋ ਤੁਹਾਨੂੰ ਦਏ ਹਦੀਸਾ, ਜਗਦੀਸ਼ ਏਕਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਸਭ ਦੇ ਰਿਹਾ ਮੁਕਾਈਆ । ਵੀਹ ਸੌ ਇੱਕੀ ਕਹੇ ਮੇਰੀ ਆਸਾ ਪੁੰਨੀ, ਪੂਰਨ ਪਤਿਪਰਮੇਸ਼ਵਰ ਪਾਇਆ । ਭਗਤ ਸੁਹੇਲੇ ਮਿਲ ਗਏ ਗੁਣੀ, ਗਹਿਰ ਗੰਭੀਰ ਜਿਨ੍ਹਾਂ ਆਪਣੇ ਨਾਲ ਮਿਲਾਇਆ । ਮੈਂ ਦੋਹਾਂ ਦੀ ਕਹਾਣੀ ਸੁਣੀ, ਜੋ ਸੋਹੰ ਢੋਲਾ ਰਹੇ ਗਾਇਆ । ਓਥੇ ਝੁਕ ਗਏ ਸਾਰੇ ਮੁਨੀ, ਜੋਗੀਸ਼ਰ ਸੀਸ ਨਾ ਕੋਇ ਉਠਾਇਆ । ਇਹ ਵਖਰੀ ਵੇਖ ਕੇ ਧੁਨੀ, ਧੁਨ ਆਤਮਕ ਰਾਗ ਸ਼ਰਮਾਇਆ । ਜਿਸ ਲੱਖ ਚੁਰਾਸੀ ਛਾਣੀ ਪੁਣੀ, ਜੀਵ ਜੰਤ ਖੋਜ ਖੁਜਾਇਆ । ਜਨ ਭਗਤਾਂ ਪੁਕਾਰ ਸੁਣੀ, ਦੂਰ ਦੁਰਾਡਾ ਚਲ ਕੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਭਗਤ ਦਵਾਰ ਇਕ ਵਸਾਇਆ । ਭਗਤ ਦਵਾਰਾ ਵਸਿਆ ਏਕ, ਏਕਾ ਮਿਲੇ ਵਡਿਆਈਆ । ਦਰ ਘਰ ਸਾਚੇ ਬਖ਼ਸ਼ੇ ਟੇਕ, ਸਿਰ ਆਪਣਾ ਹੱਥ ਰਖਾਈਆ । ਚਾਰ ਮੁਨਾਰੇ ਦੁਰਾਡੇ ਰਹੇ ਵੇਖ, ਚਾਰ ਨਿਸ਼ਾਨੇ ਨਾਲ ਝੁਲਾਈਆ । ਜਿਸ ਨੇ ਚਾਰੋਂ ਕੁੰਟ ਹੁਕਮ ਦਿਤੇ ਭੇਜ, ਧੁਰ ਫ਼ਰਮਾਨੇ ਬੇਪਰਵਾਹੀਆ । ਸਚ ਸਿੰਘਾਸਣ ਬਹਿ ਕੇ ਸੇਜ, ਸਾਚੀ ਗਾਥਾ ਰਿਹਾ ਗਾਈਆ । ਚਾਰੋਂ ਕੁੰਟ ਰਿਹਾ ਵੇਖ, ਲੁਕਿਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇੱਕੀ ਇੱਕੀਆਂ ਪਾਵਣ ਇੱਕੀਆਂ, ਆਪਣੀ ਕਲ ਵਰਤਾਈਆ । ਵਾਹਵਾ ਠੰਡੀਆਂ ਹੋਈਆਂ ਅੱਖੀਆਂ, ਪ੍ਰਭ ਦਰਸ਼ਨ ਸਾਂਤ ਕਰਾਈਆ । ਬਿਨ ਜਲ ਮੀਨ ਨਾ ਹੋ ਤੜਫੀਆਂ ਮੱਛੀਆਂ, ਮਾਹੀਗੀਰ ਮਿਲਿਆ ਬੇਪਰਵਾਹੀਆ । ਕੋਝੀਆਂ ਕਮਲੀਆਂ ਕਰ ਕੇ ਅੱਛੀਆਂ, ਬਿਨਾਂ ਰੂਪ ਦਿਤੀ ਵਡਿਆਈਆ । ਜਿਹੜੀਆਂ ਥਲਾਂ ਵਿਚ ਰੁਲ ਕੇ ਮਰ ਗਈਆਂ ਸੱਸੀਆਂ, ਉਹਨਾਂ ਤੋਂ ਅਗੇ ਗੁਰਮੁਖ ਪੁਚਾਈਆ । ਵਜੀ ਵਧਾਈ ਅਗੇ ਦੀਆਂ ਗੰਢਾਂ ਹੋ ਗਈਆਂ ਪੱਕੀਆਂ, ਫੇਰ ਨਾ ਕੋਇ ਖੁਲ੍ਹਾਈਆ । ਮਾਣ ਮਿਲ ਗਿਆ ਸਵਾ ਰਤੀਆਂ, ਜੋ ਰਤਨ ਰੰਗ ਰੰਗਾਈਆ । ਇਹਨਾਂ ਦਾ ਲੇਖਾ ਦੇਣਾ ਸੱਚੀਆਂ, ਰੈਣ ਭਿੰਨੜੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰੈਣ ਕਹੇ ਮੈਂ ਲੈਣੀ ਰੇਣ, ਧੂੜੀ ਮਸਤਕ ਟਿੱਕਾ ਲਾਈਆ । ਮੈਂ ਬਣਨਾਂ ਉਹਨਾਂ ਦੀ ਭੈਣ, ਜੋ ਭਗਵਨ ਰਹੇ ਧਿਆਈਆ । ਮੈਂ ਇਕੋ ਵਾਰ ਰੋ ਕੇ ਪੌਣਾ ਵੈਣ, ਦੁਖੜਾ ਦੇਣਾ ਸੁਣਾਈਆ । ਜਿਸ ਨੂੰ ਮੰਦਰ ਮਸਜਿਦਾਂ ਵਿਚ ਲੋਕੀਂ ਕਹਿਣ, ਬ੍ਰਾਹਮਣ ਮੁਲਾਂ ਸ਼ੇਖ਼ ਮੁਸਾਇਕ ਕੂੜੀ ਅੱਖ ਨਾਲ ਤਕਾਈਆ । ਸਤਿਜੁਗ ਮਿਲਿਆ ਨਾ ਕੋਈ ਸੱਜਣ ਸੈਣ, ਕਲਜੁਗ ਸਾਧ ਪੱਲੇ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਇੱਕੀ ਕਹੇ ਸੁਣ ਨਿਮਾਣੀ, ਤੈਨੂੰ ਦਿਆਂ ਜਣਾਈਆ । ਜੇ ਮਿਲ ਜਾਏ ਪ੍ਰਭ ਇਕੋ ਹਾਣੀ, ਹਾਣ ਲਾਭ ਰਹੇ ਨਾ ਰਾਈਆ । ਸਾਚੇ ਘਰ ਦੀ ਬਣ ਸਵਾਣੀ, ਸੁਘੜ ਸੁਚੱਜੀ ਰੂਪ ਵਟਾਈਆ । ਮੈਂ ਛੱਡ ਕੇ ਚਾਰੇ ਖਾਣੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਕੋਇ ਭਵਾਈਆ । ਮੈਂ ਭੁਲ ਕੇ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਤੇਰੇ ਅੰਦਰ ਸੋਭਾ ਪਾਈਆ । ਹੁਜਰਾ ਵੇਖ ਨੂਰ ਨੁਰਾਨੀ, ਜੋਤੀ ਜ਼ਾਤਾ ਕਰੇ ਰੁਸ਼ਨਾਈਆ । ਅੰਮ੍ਰਿਤ ਪ੍ਰੇਮ ਠੰਡਾ ਪਾਣੀ, ਨਿਝਰ ਝਿਰਨਾ ਦਏ ਝਿਰਾਈਆ । ਇਕੋ ਮਿਲੇ ਪ੍ਰਭ ਨਿਸ਼ਾਨੀ, ਧੁਰ ਦਰਗਾਹੀ ਝੋਲੀ ਪਾਈਆ । ਇਹ ਇੱਕੀਆਂ ਦੀ ਖੇਲ ਮਹਾਨੀ, ਇੱਕੀ ਇੱਕੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀ ਇੱਕੀ ਵਾਰੀ ਕਰੋ ਅਰਦਾਸ, ਹਿਰਦੇ ਅੰਦਰ ਇਕ ਧਿਆਈਆ । ਸਾਹਿਬ ਸਤਿਗੁਰ ਸਦਾ ਵਸਣਾ ਸਾਡੇ ਪਾਸ, ਵਿਛੜ ਕਦੇ ਨਾ ਜਾਈਆ । ਵੀਹ ਸੌ ਇੱਕੀ ਪੂਰੀ ਹੋਵੇ ਆਸ, ਤ੍ਰਿਸ਼ਨਾ ਦੇ ਬੁਝਾਈਆ । ਜੇ ਅਸੀਂ ਆਤਮ ਤੇਰੀ ਜ਼ਾਤ, ਕਿਉਂ ਪਰਮਾਤਮ ਦੂਰ ਕਰਾਈਆ । ਤੇਰੀ ਸੋਈਏ ਸੁੰਦਰ ਖਾਟ, ਸੇਜਾ ਆਪਣੀ ਲੈਣਾ ਟਿਕਾਈਆ । ਅਸੀਂ ਤਕ ਕੇ ਆਏ ਦੂਰ ਦੁਰਾਡੀ ਵਾਟ, ਬਣ ਕੇ ਪਾਂਧੀ ਰਾਹੀਆ । ਸਾਚੀ ਮਿਲ ਕੇ ਭਗਤ ਜਮਾਤ, ਭਗਵਨ ਆਪਣਾ ਆਪ ਗਵਾਈਆ । ਸਾਨੂੰ ਸੋਹਣੀ ਦਿਸੇ ਆਉਣ ਵਾਲੀ ਰਾਤ, ਜੋ ਬੈਠੀ ਅੱਖ ਖੁਲ੍ਹਾਈਆ । ਜਿਸ ਵਿਚ ਮਿਲਣੀ ਓਹੋ ਦਾਤ, ਜੋ ਦਇਆਵਾਨ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀ ਅੰਦਰੋਂ ਬਾਹਰੋਂ ਜਾਓ ਝੁਕ, ਨਿਉਂ ਨਿਉਂ ਸੀਸ

੧੯੪

ਨਿਵਾਈਆ। ਸਾਰੇ ਕਹੋ ਸਾਡਾ ਪੈਂਡਾ ਗਿਆ ਮੁਕ, ਅਗੇ ਪੰਧ ਰਿਹਾ ਨਾ ਰਾਈਆ। ਨਾਤਾ ਜੁੜ ਗਿਆ ਪਿਉ ਪੁਤ, ਗੋਬਿੰਦ ਮਿਲਿਆ ਧੁਰ ਦਾ ਮਾਹੀਆ। ਸਾਡੀ ਝੋਲੀ ਪਾ ਦੇ ਕੁਛ, ਖ਼ਾਲੀ ਝੋਲੀ ਦੇ ਭਰਾਈਆ। ਦੁਖੀਆਂ ਦਰਦ ਵੰਡ ਦੁਖ, ਦਰਦੀਆਂ ਦਰਦ ਆਪਣੇ ਕੋਲ ਰਖਾਈਆ। ਅੰਦਰ ਬਹਿ ਕੇ ਜਾਈਂ ਛੁਪ, ਆਤਮ ਸੇਜਾ ਆਸਣ ਲਾਈਆ। ਸੋਹਣੀ ਵੇਖ ਮੌਲੀ ਰੁਤ, ਸੁਹੰਜਣੀ ਵਜੀ ਵਧਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਰਖਾਈਆ। ਹੱਥ ਰਖੇ ਹਰਿ ਨਿਰੰਕਾਰਾ, ਮਿਹਰਵਾਨ ਦਇਆ ਕਮਾਈਆ। ਤੁਹਾਡਾ ਪਿਛਲਾ ਚੁਕਿਆ ਉਧਾਰਾ, ਸੀਸ ਨਿਵਾ ਕੇ ਭੱਜੋ ਵਾਹੋ ਦਾਹੀਆ। ਤੁਹਾਡੇ ਪਿਛੇ ਹੋਰਨਾਂ ਦੀ ਵਾਰਾ, ਜੋ ਬੈਠੇ ਆਸ ਤਕਾਈਆ। ਇਹ ਸਭਨਾਂ ਦਾ ਮਿਤਰ ਪਿਆਰਾ, ਦੂਜੀ ਵੰਡ ਨਾ ਕੋਇ ਵੰਡਾਈਆ। ਨਿਕਿਆਂ ਵਡਿਆਂ ਦਾ ਇਕੱਠਾ ਕਰਾਏ ਇਕ ਦਵਾਰਾ, ਮਿਹਰ ਨਜ਼ਰ ਅਗੇ ਉਠਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਸਿਰ ਸਭਨਾ ਆਪਣਾ ਹੱਥ ਟਿਕਾਈਆ।

ਬਾਲਾਂ ਨੱਢਿਆਂ ਜੋੜ ਜੁੜਦਾ, ਧੁਰ ਦਾ ਰੰਗ ਰੰਗਾਈਆ। ਦਰ ਆਇਆ ਖ਼ਾਲੀ ਕੋਈ ਨਾ ਮੁੜਦਾ, ਘਰ ਵਜੇ ਸਚ ਵਧਾਈਆ। ਇਹ ਖੇਲ ਅਗੰਮੀ ਗੁਰ ਦਾ, ਹਰਿ ਕਰਤਾ ਆਪ ਕਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ। ਭੇਵ ਅਭੇਦਾ ਖੋਲ੍ਹ ਦੇ ਸਵਾਮੀ, ਸ਼ਬਦ ਕਹਾਣੀ ਇਕ ਸੁਣਾਈਆ। ਨਾਤਾ ਤੋੜ ਕੇ ਚਾਰੇ ਖਾਣੀ, ਹਰਿ ਖ਼ਾਵੰਦ ਇਕ ਮਿਲਾਈਆ। ਪਦ ਦੇ ਕੇ ਧੁਰ ਨਿਰਬਾਣੀ, ਪਰਮਾਨੰਦ ਵਿਚ ਸਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਚਾਈਂ ਚਾਈਂਆ। ਜਨ ਭਗਤ ਸੁਹੇਲੇ ਚਾਉ ਘਨੇਰਾ, ਆਤਮ ਘਰ ਵਜੇ ਵਧਾਈਆ। ਠਾਕਰ ਮਿਲਿਆ ਪ੍ਰਭ ਏਕੋ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ। ਜਿਸ ਦਾ ਏਥੇ ਉਥੇ ਦੋ ਜਹਾਨ ਖੁਲ੍ਹਾ ਵਿਹੜਾ, ਸੰਤ ਸੁਹੇਲੇ ਗੁਰੂ ਗੁਰ ਚੇਲੇ ਚਰਨ ਕਵਲ ਰਿਹਾ ਬਹਾਈਆ। ਝਗੜਾ ਚੁਕਾ ਕੇ ਮੇਰਾ ਤੇਰਾ, ਇਕੋ ਰੰਗ ਰਿਹਾ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਾਰ ਕਮਾਈਆ। ਵੇਖ ਨਜ਼ਾਰਾ ਹਰਿ ਨਿਰੰਕਾਰ, ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਲੈਣ ਅੰਗੜਾਈਆ। ਸਤਿ ਪੁਰਖ ਨਿਰੰਜਣ ਕਰੇ ਕਰਾਏ ਅਗੰਮ ਵਿਹਾਰ, ਵਿਵਹਾਰੀ ਆਪਣੀ ਕਾਰ ਕਮਾਈਆ। ਲਹਿਣਾ ਦੇਣਾ ਮੁਕਾਏ ਗੁਰੂ ਅਵਤਾਰ, ਪੀਰ ਪੈਗ਼ੰਬਰ ਪਰਦਾ ਦਏ ਉਠਾਈਆ। ਭਗਤ ਸੁਹੇਲਾ ਇਕ ਅਕੇਲਾ ਪਾਵੇ ਸਾਰ, ਆਪਣੇ ਹੱਥ ਰਖੇ ਵਡਿਆਈਆ। ਵਸਣਹਾਰਾ ਸਦਾ ਜੁਗ ਚਾਰ, ਖਾਣੀ ਬਾਣੀ ਪਾਵੇ ਸਾਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਏ ਉਭਾਰ, ਗੁਰ ਚੇਲੇ ਮੇਲੇ ਆਣ, ਸ਼ਬਦ ਨਿਰਾਲਾ ਲਾਏ ਬਾਣ, ਅਣਿਆਲਾ ਤੀਰ ਚਲਾਈਆ। ਆਤਮ ਅੰਤਰ ਦੇ ਕੇ ਗਿਆਨ, ਕੂੜੀ ਕਿਰਿਆ ਮੇਟੇ ਜਹਾਨ, ਧਰਮ ਵਖਾਏ ਇਕ ਨਿਸ਼ਾਨ, ਭਗਤ ਦਵਾਰੇ ਰਿਹਾ ਝੁਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ। ਬੇਪਰਵਾਹ ਦਾ ਖੇਲ ਅਨੋਖਾ, ਜੁਗ ਚੌਕੜੀ ਰਹੇ ਜਸ ਗਾਈਆ। ਜਨ ਭਗਤਾਂ ਨਾਲ ਕਰੇ ਕਦੇ ਨਾ ਧੋਖਾ, ਸਾਚੇ ਸੰਤਾਂ ਗੋਦ ਉਠਾਈਆ। ਸ਼ਬਦ ਅਗੰਮੀ ਲਗਾ ਕੇ ਕਾਇਆ ਮੰਦਰ ਅੰਦਰ ਚੋਟਾ, ਸੋਈ ਸੁਰਤੀ ਦਏ ਉਠਾਈਆ। ਕਰੇ ਪਰਕਾਸ਼ ਨਿਰਮਲ ਜੋਤਾ, ਨੂਰ ਨੁਰਾਨਾ ਡਗਮਗਾਈਆ। ਲੇਖਾ ਮੁਕਾ ਕੇ ਚੌਦਾਂ ਲੋਕਾ, ਚੌਦਾਂ ਵਿਦਿਆ ਦਾ ਲਹਿਣਾ ਦੇਣਾ ਦਏ ਮੁਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ

ਭਗਤਾਂ ਦੇਵਣਹਾਰਾ ਵਰ, ਮਿਹਰ ਨਜ਼ਰ ਇਕ ਟਿਕਾਈਆ । ਜਨ ਭਗਤ ਸੁਹੇਲੀਓ ਤੁਹਾਡਾ ਵਖਰਾ ਪੰਥ, ਪਸ਼ੂ ਪੰਛੀ ਰਹੇ ਜਸ ਗਾਈਆ । ਤੁਹਾਡਾ ਪੁਰਖ ਅਕਾਲ ਇਕੋ ਕੰਤ, ਜਿਸ ਦਾ ਅੱਖਰ ਸਮਝ ਕਿਸੇ ਨਾ ਆਈਆ । ਤੁਹਾਡੀ ਕਾਇਆ ਮੰਦਰ ਅੰਦਰ ਵਜਦਾ ਸੰਖ, ਧੁਨ ਆਪਣਾ ਰਾਗ ਸ਼ਨਵਾਈਆ । ਤੁਹਾਡੀ ਮਹਿੰਮਾ ਸਦਾ ਅਗਣਤ, ਬੇਅੰਤ ਰਿਹਾ ਗਿਣਾਈਆ । ਤੁਸਾਂ ਢੋਲਾ ਪੜ੍ਹਨਾ ਸੋਹੰ ਮੰਤ, ਦੂਜੀ ਲੋੜ ਰਹੀ ਨਾ ਰਾਈਆ । ਸੁਰਤ ਸਵਾਣੀ ਸ਼ਬਦ ਹਾਣੀ ਮਿਲਿਆ ਕੰਤ, ਕੰਤੂਹਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਲਿਖਾਈਆ । ਧੁਰ ਦਾ ਲੇਖਾ ਕਹੇ ਮੈਂ ਵੇਖੇ ਨੰਨ੍ਹੇ ਨੰਨ੍ਹੇ ਬੱਚੇ, ਗੁਰਮੁਖ ਰੂਪ ਵਟਾਈਆ । ਬਾਹਰੋਂ ਦਿਸਣ ਮਿੱਟੀ ਭਾਂਡੇ ਕੱਚੇ, ਕਾਇਆ ਮਾਟੀ ਪੋਚ ਪੁਚਾਈਆ । ਅੰਤਰ ਪ੍ਰੇਮ ਪ੍ਰੀਤੀ ਰੱਤੇ, ਰਤਨ ਅਮੋਲਕ ਹੀਰੇ ਰੂਪ ਵਟਾਈਆ । ਸਾਹਿਬ ਸਰਨਾਈ ਸਾਚੀ ਢੱਠੇ, ਪੁਰਖ ਅਕਾਲ ਇਸ਼ਟ ਮਨਾਈਆ । ਇਹਨਾਂ ਦੇ ਲਹਿਣੇ ਦੇਣੇ ਮੁਕੇ ਇਕੱਠੇ, ਹਿਸਾਬ ਸਕੇ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਨੰਨ੍ਹੇ ਨੰਨ੍ਹੇ ਬੱਚੇ ਅੰਤਰ ਕਰਨ ਪੁਕਾਰ, ਧੁਰ ਦਾ ਢੋਲਾ ਗਾਈਆ । ਸਾਡੀ ਬੁੱਧੀ ਦਾ ਮਾਲਕ ਤੂੰ ਨਿਰੰਕਾਰ, ਮਨ ਮਤਿ ਨਾ ਕੋਇ ਚਤੁਰਾਈਆ । ਤੇਰੀ ਸੋਝੀ ਆਈ ਨਾ ਵਿਚ ਸੰਸਾਰ, ਗਿਆਨੀ ਬੋਧੀ ਬੈਠੇ ਮੁਖ ਭਵਾਈਆ । ਹਉਮੇ ਰੋਗੀ ਰੋਣ ਜ਼ਾਰੋ ਜ਼ਾਰ, ਜਗਤ ਵਿਜੋਗੀ ਅੱਖ ਨਾ ਕੋਇ ਖੁਲ੍ਹਾਈਆ । ਇਹ ਭਗਤਨ ਮੌਜੀ ਢੋਲੇ ਗੌਂਦੇ ਸੋਹੰ ਜੈਕਾਰ, ਨਾਅਰਾ ਇਕੋ ਇਕ ਲਗਾਈਆ । ਜਿਸ ਨੂੰ ਵੇਂਹਦਿਆਂ ਤਕਦਿਆਂ ਲਭਦਿਆਂ ਲੰਘ ਗਏ ਜੁਗ ਚੌਕੜੀ ਕੋਟਨ ਵਾਰ, ਬਣ ਬਣ ਪਾਂਧੀ ਰਾਹੀਆ । ਸੋ ਸਾਹਿਬ ਸਵਾਮੀ ਕਲ ਕਲਕੀ

੧੯੬ ਅਵਤਾਰ, ਕਲ ਕਾਤੀ ਫੇਰਾ ਪਾਈਆ । ਡੇਰਾ ਲਾਏ ਭਗਤ ਦਵਾਰ, ਆਸਣ ਸਿੰਘਾਸਣ ਸੋਭਾ ਪਾਈਆ । ਗੋਬਿੰਦ ਲਹਿਣਾ ਕਰਜ਼ ਉਤਾਰ, ਦੇਣਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਖ਼ੁਦਾਈਆ । ਸਚ ਖ਼ੁਦਾਈ ਧੁਰ ਦਾ ਨੂਰ, ਪਰਵਰਦਿਗਾਰ ਆਪ ਅਖਵਾਇੰਦਾ । ਜੋਤੀ ਜਾਤਾ ਬਣ ਮਸ਼ਹੂਰ, ਮਸਲਾ ਹਕ ਹਕ ਸੁਣਾਇੰਦਾ । ਜਿਸ ਦੇ ਪਿੱਛੇ ਸੂਲੀ ਚੜ੍ਹਿਆ ਮਨਸੂਰ, ਸ਼ਮਸ ਪੁੱਠੀ ਖੱਲ ਲੁਹਾਇੰਦਾ । ਸੋ ਸਾਹਿਬ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਇੰਦਾ । ਜਨ ਭਗਤਾਂ ਦਾ ਮਜ਼ਦੂਰ, ਸੇਵਕ ਹੋ ਕੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਲੇਖਾ ਲੇਖ ਚੁਕਾਇੰਦਾ । ਲੇਖਾ ਚੁਕਾ ਕਹੇ ਸਿੰਘਾਸਣ, ਸਚ ਸਚ ਦ੍ਰਿੜਾਈਆ । ਮੇਰੇ ਸਾਹਿਬ ਸ੍ਰੀ ਭਗਵਾਨ ਪੁਰਖ ਅਬਿਨਾਸ਼ਣ, ਤੇਰੀ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਤੈਨੂੰ ਭਾਲਣ, ਭੱਜਣ ਵਾਹੋ ਦਾਹੀਆ । ਤੇਰਾ ਰੂਪ ਨਜ਼ਰ ਨਾ ਆਏ ਕਿਸੇ ਜੋਤ ਅਕਾਲਣ, ਅਕਲ ਕਲ ਤੇਰੀ ਵਡਿਆਈਆ । ਧੰਨ ਭਾਗ ਜੇ ਭਗਤਾਂ ਆਇਉਂ ਮੰਤਰ ਨਾਮ ਸਿਖਾਲਣ, ਸੋਹਣਾ ਧੁਰ ਦਾ ਰਾਗ ਜਣਾਈਆ । ਗੂੜ੍ਹੀ ਨੀਂਦ ਸੁੱਤਿਆਂ ਆਇਉਂ ਉਠਾਲਣ, ਨੇਤਰ ਨੈਣ ਅੱਖ ਖੁਲ੍ਹਾਈਆ । ਪ੍ਰੇਮ ਪ੍ਰੀਤੀ ਅੰਦਰ ਬਣ ਕੇ ਆਇਉਂ ਮਾਲਣ, ਸੋਹਣੇ ਫੂਲਨ ਹਾਰ ਚੜ੍ਹਾਈਆ । ਸਖੀ ਸੁਹੇਲੀ ਬਣ ਕੇ ਆਇਉਂ ਗਵਾਲਣ, ਪ੍ਰੇਮ ਮਟਕੀ ਸੀਸ ਉਠਾਈਆ । ਸ਼ਬਦ ਅਗੰਮੀ ਵਜਾਵਣ ਆਇਉਂ ਤਾਲਣ, ਨਾਨਕ ਗੋਬਿੰਦ ਧਾਰ ਜਣਾਈਆ । ਦੂਈ ਦਾ ਪੜਦਾ ਆਇਉਂ ਉਠਾਲਣ, ਦੀਨ ਮਜ਼੍ਹਬ ਲੇਖ ਮੁਕਾਈਆ । ਗੂੜ੍ਹੀ ਨੀਂਦੇ ਆਇਉਂ ਸਵਾਲਣ, ਸਿਰ ਆਪਣਾ ਹੱਥ ਰਖਾਈਆ । ਸਚ ਦਵਾਰਾ ਆਇਉਂ ਵਖਾਲਣ, ਸਚਖੰਡ ਪੜਦਾ ਆਪੇ ਲਾਹੀਆ । ਜੁਗ ਚੌਕੜੀ ਜਨਮ

ਦੇ ਵਿਛੜੇ ਆਇਉਂ ਭਾਲਣ, ਚਾਰੋਂ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚ ਸਿੰਘਾਸਣ ਕਹੇ ਮੇਰੇ ਮਹਿਬੂਬ, ਤੇਰੀ ਮੁਹੱਬਤ ਬੇਪਰਵਾਹੀਆ । ਇਹਨਾਂ ਵਖਾ ਆਪਣੀ ਮੰਜ਼ਲੇ ਮਕਸੂਦ, ਜੋ ਆਏ ਪਾਂਧੀ ਰਾਹੀਆ । ਨਾਮ ਸੰਦੇਸ਼ਾ ਦੇ ਕੇ ਇਕ ਦਾਊਦ, ਹਜ਼ਰਤ ਕੀਤੀ ਪੜ੍ਹਾਈਆ । ਸਾਚਾ ਕਲਮਾ ਦੱਸਿਆ ਜਿਸ ਦਾ ਨਹੀਂ ਕੋਈ ਵਜੂਦ, ਵਸਲ ਘਰ ਘਰ ਰਿਹਾ ਕਮਾਈਆ । ਭਗਤ ਦਵਾਰੇ ਕਰ ਮਹਿਫ਼ੂਜ਼, ਹਿਫ਼ਾਜ਼ਤ ਨਾਲ ਦਿਤੇ ਟਿਕਾਈਆ । ਸੰਤਾਂ ਸੰਗ ਸਦਾ ਮੌਜੂਦ, ਗੁਰਮੁਖਾਂ ਅੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਚ ਸਿੰਘਾਸਣ ਕਹੇ ਮੇਰੇ ਭਗਵਾਨ, ਵਾਹਵਾ ਤੇਰੀ ਵਡ ਵਡਿਆਈਆ । ਮੈਂ ਵੇਖਾਂ ਝੁਲਦੇ ਨਿਸ਼ਾਨ, ਜੋ ਜ਼ਿਮੀਂ ਅਸਮਾਨਾਂ ਵਿਚ ਦੇਣ ਗਵਾਹੀਆ । ਸਚ ਸੰਦੇਸ਼ਾ ਸੁਣਾਨ, ਧੁਰ ਫ਼ਰਮਾਨਾ ਇਕ ਜਣਾਈਆ । ਉਠੋ ਵੇਖੋ ਨੇਤਰ ਖੋਲ੍ਹੋ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜਨ ਭਗਤ ਦਵਾਰੇ ਬਣ ਮਹਿਮਾਨ, ਪਰਦੇਸੀ ਆਪਣਾ ਫੇਰਾ ਪਾਈਆ । ਜੋ ਤਾਰਨ ਆਇਆ ਬਿਰਧ ਬਾਲ ਜਵਾਨ, ਨੰਨ੍ਹੇ ਆਪਣੀ ਉਂਗਲੀ ਲਾਈਆ । ਜਿਸ ਨੇ ਨਾਤਾ ਮੁਕਾ ਕੇ ਕੂੜ ਜਹਾਨ, ਨਾਤਾ ਸਚ ਦਿਤਾ ਜੁੜਾਈਆ । ਅਗਲੀ ਮੁਸ਼ਕਲ ਕਰੇ ਅਸਾਨ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਰਾਈਆ । ਮਿਹਰ ਨਜ਼ਰ ਦਾ ਮਾਲਕ ਸਵਾਮੀ, ਸਾਹਿਬ ਸਤਿਗੁਰ ਇਕ ਅਖਵਾਇੰਦਾ । ਸਰਬ ਘਟਾਂ ਦਾ ਅੰਤਰਜਾਮੀ, ਲੱਖ ਚੁਰਾਸੀ ਖੋਜ ਖੁਜਾਇੰਦਾ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਪੜ੍ਹਦੇ ਬਾਣੀ, ਸ਼ਬਦ ਸੰਦੇਸ਼ਾ ਇਕ ਸੁਣਾਇੰਦਾ । ਜਿਸ ਦਾ ਵਾਸਾ ਚਾਰੇ ਖਾਣੀ, ਹਰ ਘਟ ਬਹਿ ਬਹਿ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਇੰਦਾ । ਸਚ ਸਿੰਘਾਸਣ ਲੱਗਾ ਵੇਖ ਕੇ ਦੌੜੀ ਆਈ ਟਿਕਟ, ਟਿਕਟਿਕੀ ਆਪਣੀ ਇਕ ਲਗਾਈਆ । ਪ੍ਰਭੂ ਤੇਰਾ ਵੱਡਾ ਵੇਖਿਆ ਭਰੋਸਾ ਸਿਦਕ, ਨੌਂ ਸੌ ਚੁਰਾਨਵੇ ਚੌਕੜੀ ਅੱਖ ਨਾ ਕੋਇ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਭਗਤ ਸੁਹੇਲੇ ਰਹੇ ਵਿਲਕ, ਨੇਤਰ ਨੈਣਾਂ ਨੀਰ ਵਹਾਈਆ । ਜੇ ਆਇਉਂ ਥੋੜ੍ਹੀ ਦੇਰ ਦੇ ਕੇ ਦਰਸ ਗਿਉਂ ਖਿਸਕ, ਨਿਰਗੁਣ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣਾ ਦਏ ਮੁਕਾਈਆ । ਟਿਕਟ ਕਹੇ ਮੈਂ ਕਾਗ਼ਜ਼ ਨਹੀਂ ਗੱਤਾ, ਅੱਖਰਾਂ ਵਾਲਾ ਰੂਪ ਨਾ ਕੋਇ ਵਟਾਈਆ । ਮੈਂ ਜਨ ਭਗਤਾਂ ਲੈਣਾ ਯਾਰ ਮਲਾ, ਜੋ ਮਾਲਕ ਇਕ ਅਖਵਾਈਆ । ਜਿਸ ਦਾ ਲਗੇ ਕਿਸੇ ਨਾ ਪਤਾ, ਸਮਝ ਵਿਚ ਨਾ ਕੋਇ ਸਮਝਾਈਆ । ਜੋ ਬਿਰਹੋਂ ਬੈਰਾਗੀ ਹੋ ਕੇ ਫਿਰੇ ਨੱਠਾ, ਚਾਰੋਂ ਕੁੰਟ ਰਿਹਾ ਜਗਾਈਆ । ਜਿਸ ਨੇ ਦਰਸ਼ਨ ਦਿਤਾ ਧੰਨੇ ਨੂੰ ਵਿਚੋਂ ਵੱਟਾ, ਪੱਥਰਾਂ ਵਿਚੋਂ ਆਪਣਾ ਫੇਰਾ ਪਾਈਆ । ਉਹ ਸ਼ਬਦ ਸੁਣਾਏ ਸੱਚਾ, ਆਤਮ ਪਰਮਾਤਮ ਨਾਤਾ ਦਿਤਾ ਜੁੜਾਈਆ । ਗੋਬਿੰਦ ਬਣਾ ਕੇ ਬੱਚਾ, ਪਿਤਾ ਪੂਤ ਖੇਲ ਵਖਾਈਆ । ਝੋਲੀ ਪਾ ਕੇ ਹਕੀਕ਼ਤ ਹਕਾ, ਹਕੂਮਤ ਸਾਚੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਲੱਖਣਾ ਅਲੱਖਾ, ਅਲਖ ਅਗੋਚਰ ਆਪਣੇ ਹੱਥ ਰੱਖੇ ਵਡਿਆਈਆ । ਟਿਕਟ ਕਹੇ ਮੇਰਾ ਮੁੱਲ ਨਹੀਂ ਕੋਈ ਟਕਾ, ਕੀਮਤ ਜਗਤ ਕੋਇ ਨਾ ਪਾਈਆ । ਮੈਂ ਛਡ ਕੇ ਆਈ ਮਦੀਨਾ ਮੱਕਾ, ਹੁਜਰਿਆਂ ਪਰੇ ਸੁਟਾਈਆ । ਮੈਂ ਛੱਡਿਆ ਮੰਦਰ ਮਸੀਤ ਮੱਠਾ, ਗੁਰੂਦਵਾਰ ਨਾ ਫੇਰਾ ਪਾਈਆ । ਭਗਤ

ਦਵਾਰ ਲੱਗਾ ਅੱਛਾ, ਜਿਥੇ ਗੁਰਮੁਖ ਡੇਰਾ ਲਾਈਆ। ਜਿਥੇ ਇਕੋ ਨਾਮ ਰਟਾ, ਦੀਨ ਮਜ਼ਬ ਨਾ ਕੋਇ ਲੜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਵਖਾਈਆ। ਟਿਕਟ ਕਹੇ ਮੈਂ ਨਹੀਂ ਵਿਚੋਲੀ, ਵਿਚਲਾ ਭੇਵ ਜਣਾਈਆ। ਮੈਂ ਓਸ ਦਰ ਦੀ ਗੋਲੀ, ਜੋ ਗੋਲਿਆਂ ਗਲੇ ਲਗਾਈਆ। ਮੈਂ ਸਮਝਣ ਆਈ ਪਰਮ ਪੁਰਖ ਦੀ ਬੋਲੀ, ਜੋ ਭਗਤਾਂ ਰਿਹਾ ਸਮਝਾਈਆ। ਜਿਹੜੀ ਗਠੜੀ ਪੁਰਖ ਅਕਾਲ ਅਗੰਮੀ ਖੋਲ੍ਹੀ, ਉਹਦੇ ਅਗੇ ਝੋਲੀ ਡਾਹੀਆ। ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਾਚਾ ਤੋਲ ਤੋਲੀਂ, ਤੇਰੇ ਅਗੇ ਅਰਜ਼ੋਈਆ। ਵੱਡਿਆਂ ਛੋਟਿਆਂ ਇਕੋ ਰੰਗ ਮੌਲੀਂ, ਮੌਲਾ ਹੋ ਕੇ ਨਜ਼ਰੀ ਆਈਆ। ਤੇਰੇ ਭਗਤ ਤੇਰੇ ਪ੍ਰੇਮ ਦੀ ਖੇਲਣ ਹੋਲੀ, ਦੂਜਾ ਰੰਗ ਨਾ ਕੋਇ ਚੜ੍ਹਾਈਆ। ਜੇ ਬਹਾਵੇਂ ਤੇ ਅੰਤਮ ਆਪਣੀ ਡੋਲੀ, ਦੂਜੇ ਹੱਥ ਨਾ ਕਿਸੇ ਫੜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ। ਟਿਕਟ ਕਹੇ ਮੈਨੂੰ ਮਿਲ ਗਏ ਮੌਕੇ, ਮਿਲੀ ਮਾਣ ਵਡਿਆਈਆ। ਜਿਸ ਨੇ ਨੌਂ ਦਵਾਰੇ ਰੋਕੇ, ਗੁਰਮੁਖ ਆਪਣੇ ਨਾਲ ਮਿਲਾਈਆ। ਅਗੇ ਜਾਣ ਨੂੰ ਪੁੱਛਣ ਵਾਲੇ ਖਲੋਤੇ, ਹੁਕਮ ਰਹੇ ਸੁਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ। ਟਿਕਟ ਕਹੇ ਮੈਂ ਬੋਲਾਂ ਸਚ, ਸਚ ਦਿਆਂ ਜਣਾਈਆ। ਜਿਸ ਵੇਲੇ ਗੁਰਮੁਖ ਮੈਨੂੰ ਲੈਂਦੇ ਹੱਥ, ਨੌਂ ਦਵਾਰੇ ਅੰਦਰ ਸੋਭਾ ਪਾਈਆ। ਮੇਰੀ ਪਿਛਲੀ ਮਿਟ ਗਈ ਮਤਿ, ਭਗਤਾਂ ਵਾਲੀ ਰੀਤੀ ਮੈਨੂੰ ਚੰਗੀ ਭਾਈਆ। ਉਹਨਾਂ ਨਾਲ ਮਿਲ ਕੇ ਗਾਵਾਂ ਜਸ, ਢੋਲਾ ਰਾਗ ਸੁਣਾਈਆ। ਗ਼ਰੀਬ ਨਿਮਾਣੀ ਮਿਲ ਗਿਆ ਹਕ, ਖ਼ਾਲੀ ਝੋਲੀ ਲਈ ਭਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇਵੇ ਮਾਣ ਵਡਿਆਈਆ। ਟਿਕਟ ਕਹੇ ਜਿਸ ਵੇਲੇ ਮੇਰੇ ਉਤੇ ਗੁਰਮੁਖ ਕੀਤੇ ਦਸਖ਼ਤ, ਨਾਮ ਸੱਚਾ ਦਿਤਾ ਲਿਖਾਈਆ। ਮੇਰੀ ਓਸੇ ਵੇਲੇ ਗਈ ਦੁਰਮਤ, ਗੁਰਮਤ ਇਕੋ ਨਜ਼ਰੀ ਆਈਆ। ਧੁਰ ਦਰਗਾਹੀ ਵੇਖਿਆ ਸਮਰਥ, ਹਰਿ ਦਾਤਾ ਬੇਪਰਵਾਹੀਆ। ਮੇਰੀ ਪਿਛਲੀ ਗਈ ਗ਼ੁਰਬਤ, ਕੂੜੀ ਕਿਰਿਆ ਪਰੇ ਸੁਟਾਈਆ। ਮੇਰੀ ਕੋਝੀ ਕਮਲੀ ਦੀ ਹੋ ਗਈ ਮੁਰੰਮਤ, ਸਚ ਠਠਿਆਰ ਹੱਥ ਲਿਆ ਉਠਾਈਆ। ਮਿਹਰਵਾਨ ਕੀਤੀ ਰਹਿਮਤ, ਰਹਿਮ ਨਾਲ ਪਾਰ ਲੰਘਾਈਆ। ਮੈਂ ਭਗਤਾਂ ਨਾਲ ਹੋ ਗਈ ਸਹਿਮਤ, ਆਪਣਾ ਨਾਤਾ ਲਿਆ ਜੁੜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨਾਤਾ ਰਿਹਾ ਬੰਧਾਈਆ। ਟਿਕਟ ਕਹੇ ਮੈਂ ਵੇਖਿਆ ਅੰਦਰ ਨਜ਼ਾਰਾ, ਹਰਿ ਕਰਤਾ ਰਿਹਾ ਵਖਾਈਆ। ਜਿਨ੍ਹਾਂ ਨੇ ਇਕ ਵਾਰ ਕੀਤੀ ਚਰਨ ਨਿਮਸਕਾਰਾ, ਨਿਉਂ ਨਿਉਂ ਲਾਗੇ ਪਾਈਆ। ਤਿਨ੍ਹਾਂ ਦਾ ਹੋਇਆ ਸਚ ਦਰਬਾਰਾ, ਦਰਗਾਹ ਸਾਚੀ ਮੂਲ ਚੁਕਾਈਆ। ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਿਤਾ ਇਹਨਾਂ ਸਹਾਰਾ, ਸਦਾ ਆਪਣੇ ਨਾਲ ਮਿਲਾਈਆ। ਮੱਜਨ ਨਾ ਕੋਈ ਤੀਰਥ ਤਟ ਕਿਨਾਰਾ, ਚਰਨ ਧੂੜ ਇਸ਼ਨਾਨ ਕਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ। ਟਿਕਟ ਕਹੇ ਜਿਸ ਵੇਲੇ ਮੈਨੂੰ ਭਗਤਾਂ ਕੀਤਾ ਕ਼ਬੂਲ, ਆਪਣੇ ਨਾਲ ਮਿਲਾਈਆ। ਮੈਂ ਕਿਹਾ ਮੇਰਾ ਲਹਿਣਾ ਹੋਇਆ ਵਸੂਲ, ਪਿਛਲਾ ਲੇਖਾ ਦਿਤਾ ਮੁਕਾਈਆ। ਇਹਨਾਂ ਨਾਲ ਮਿਲਕੇ ਬਣਾਇਆ ਅਸੂਲ, ਅਸਲੀਅਤ ਵੇਖਾਂ ਚਾਈਂ ਚਾਈਂਆ। ਜਿਨ੍ਹਾਂ ਦਾ ਇਕੋ ਸੱਚਾ ਮਹਿਬੂਬ, ਸਦ ਸਤਿ ਵਿਚ ਰਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ। ਟਿਕਟ ਕਹੇ ਜਨ ਭਗਤ ਵੇਖੋ ਮੇਰੇ ਅਲਖ, ਵੀਹ ਸੌ ਇੱਕੀ ਦਏ ਗਵਾਹੀਆ। ਇਹ ਧੁਰ ਫ਼ਰਮਾਣਾ ਤੁਹਾਨੂੰ

ਹੋਇਆ ਸਤਿ, ਦੂਸਰ ਹੱਥ ਨਾ ਕਿਸੇ ਫੜਾਈਆ । ਮੇਰੀ ਪ੍ਰਭ ਨੇ ਮਾਨਣੀ ਸੇਜ, ਦਰ ਘਰ ਸਾਚੇ ਆਸਣ ਲਾਈਆ । ਜਨਮ ਕਰਮ ਦੀ ਤੁਹਾਡੀ ਮਿਟ ਗਈ ਰੇਖ, ਲੇਖਾ ਅਵਰ ਨਾ ਕੋਇ ਜਣਾਈਆ । ਭਗਤ ਦਵਾਰਾ ਤੁਹਾਡਾ ਦੇਸ, ਨਰ ਨਿਰੰਕਾਰਾ ਤੁਹਾਡਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਈਆ । ਟਿਕਟ ਕਹੇ ਮੈਂ ਹੋ ਗਈ ਖ਼ੁਸ਼, ਖ਼ੁਸ਼ੀਆਂ ਨਾਲ ਜਣਾਈਆ । ਮੇਰੇ ਮਹਿਬੂਬ ਸੁਲਤਾਨ ਸਭ ਨੂੰ ਲਿਆ ਪੁਛ, ਜੋ ਅੰਦਰ ਆਏ ਖ਼ੁਸ਼ੀ ਜਣਾਈਆ । ਸਚ ਦਵਾਰਿਉਂ ਕੋਈ ਨਾ ਜਾਵੇ ਰੁਸ, ਰੁਸਿਆਂ ਰਿਹਾ ਮਨਾਈਆ । ਜਨ ਭਗਤੋ ਜੇ ਮੈਨੂੰ ਲਉ ਪੁਛ, ਤੁਹਾਨੂੰ ਦਿਆਂ ਦ੍ਰਿੜਾਈਆ । ਜਿਹੜੇ ਕੂੜੇ ਚੀਥੜ ਸਿਰ ਤੇ ਲਏ ਚੁਕ, ਅੰਤਮ ਕੰਮ ਕਿਸੇ ਨਾ ਆਈਆ । ਪਿੱਛੇ ਕੋਟਨ ਕੋਟ ਜਨਮ ਗਏ ਮੁਕ, ਲੱਖ ਚੁਰਾਸੀ ਜੂਨ ਫੰਦ ਮੁਕਾਈਆ । ਕਿਸੇ ਨੇ ਸੋਚੀ ਨਹੀਂ ਇਹ ਸੋਚ, ਕਿਵੇਂ ਮਿਲੇ ਬੇਪਰਵਾਹੀਆ । ਚਾਰੇ ਖਾਣੀ ਆਏ ਭੋਗ, ਕੂਕਰ ਸੂਕਰ ਰੂਪ ਵਟਾਈਆ । ਧੰਨ ਭਾਗ ਕਰੋ ਹੁਣ ਮਿਲਿਆ ਨਾਲ ਸੰਜੋਗ, ਕਿਉਂ ਪਲੂ ਰਹੇ ਛੁਡਾਈਆ । ਜਿਨ੍ਹਾਂ ਨੂੰ ਠਾਕਰ ਦੀ ਮਿਲ ਗਈ ਮੌਜ, ਓਹ ਠੋਕਰ ਜਗਤ ਗਏ ਲਗਾਈਆ । ਸਤਿਗੁਰ ਮਿਲਣਾ ਨਹੀਂ ਰੋਜ਼, ਵੇਲਾ ਗਿਆ ਹੱਥ ਨਾ ਆਈਆ । ਪਿੱਛੋਂ ਕਿਸ ਦੀ ਕਰੋ ਖੋਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਟਿਕਟ ਕਹੇ ਮੈਂ ਤੁਹਾਡੀ ਬਣ ਕੇ ਸਾਥਨ, ਸੱਚਾ ਸੰਗ ਵਖਾਈਆ । ਤੁਹਾਨੂੰ ਆਈ ਆਖਣ, ਧੁਰ ਸੰਦੇਸ਼ ਸੁਣਾਈਆ । ਜਿਹੜਾ ਘਨਈਆ ਖਾਂਦਾ ਰਿਹਾ ਮਾਖਣ, ਮਟਕੀਆਂ ਭੰਨ ਵਖਾਈਆ । ਜਿਹੜਾ ਰਾਮ ਲੌਂਦਾ ਰਿਹਾ ਆਸਣ, ਦਸਰਥ ਬੇਟਾ ਨਜ਼ਰੀ ਆਈਆ । ਜਿਹੜਾ ਮੂਸਾ ਮੂੰਹ ਦੇ ਭਾਰ ਡਿੱਗਾ ਜਲਵਾ ਤਕੇ ਬਾਤਨ, ਚੰਦ ਨੂਰ ਰੁਸ਼ਨਾਈਆ । ਜਿਹੜਾ ਈਸਾ ਦੱਸੇ ਸਾਚਣ, ਖ਼ੁਦਾਵੰਦ ਇਕੋ ਇਕ ਜਣਾਈਆ । ਜਿਸ ਨੂੰ ਮੁਹੰਮਦ ਝੁਕ ਝੁਕ ਕੀਤਾ ਅਦਾਬਣ, ਸੀਸ ਸੀਸ ਨਿਵਾਈਆ । ਜਿਸ ਨਾਨਕ ਨਿਰਗੁਣ ਨੂਰ ਕੀਤਾ ਪਰਕਾਸ਼ਣ, ਜੋਤੀ ਜੋਤ ਡਗਮਗਾਈਆ । ਜਿਸ ਗੋਬਿੰਦ ਲੇਖੇ ਲਾਇਆ ਲਾਲਣ, ਬਾਲ ਬਾਲਾ ਸੇਵ ਕਮਾਈਆ । ਹਰਿ ਸਾਹਿਬ ਸਵਾਮੀ ਅੰਤਰਜਾਮੀ ਭਗਤ ਸੁਹੇਲੇ ਆਇਆ ਭਾਲਣ, ਲੱਖ ਚੁਰਾਸੀ ਖੋਜ ਖੁਜਾਈਆ । ਗੁਰਮੁਖੋ ਮੈਂ ਤੁਹਾਡੇ ਅਗੇ ਸਵਾਲਣ, ਸਾਚੀ ਝੋਲੀ ਦਿਤੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਸਭ ਦੇ ਰਿਹਾ ਮੁਕਾਈਆ । ਟਿਕਟ ਕਹੇ ਮੇਰਾ ਇਕ ਸਲੋਕ, ਸੋਹਲਿਆਂ ਵਾਲਾ ਜਣਾਈਆ । ਤੀਜੀ ਵਾਰ ਲੇਖਾ ਮੁਕਾਏ ਤੀਨ ਲੋਕ, ਤਿੰਨਾਂ ਪਾਰ ਲੰਘਾਈਆ । ਜਿਸ ਦੀ ਖੋਜ ਕੋਈ ਨਾ ਸਕਿਆ ਸੋਚ, ਸਮਝ ਰਮਜ਼ ਵਿਚ ਸਮਝਾਈਆ । ਬਾਹਰੋਂ ਵੇਖ ਕੇ ਕਾਇਆ ਮਾਟੀ ਪੋਸ਼, ਅੰਦਰ ਆਤਮ ਦੇਵੇ ਮਾਣ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿਰ ਹੱਥ ਰਖ ਕੇ ਕਹੇ ਗੋਬਿੰਦ, ਮਿਲੇ ਮਾਣ ਵਡਿਆਈਆ । ਜਨ ਭਗਤੋ ਮਿਟ ਗਈ ਚਿੰਦ, ਚਿਖਾ ਦਿਤੀ ਬੁਝਾਈਆ । ਦਾਤਾ ਹੋ ਕੇ ਗਹਿਰ ਗੁਣੀ ਗਹਿੰਦ, ਝੋਲੀ ਖ਼ਾਲੀ ਦਿਤੀ ਭਰਾਈਆ । ਭਾਗ ਲਗਾਵਾਂ ਤੁਹਾਡੇ ਕਾਇਆ ਮਾਟੀ ਪਿੰਡ, ਸਾਢੇ ਤਿੰਨ ਹੱਥ ਦਿਆਂ ਵਡਿਆਈਆ । ਝਗੜਾ ਮੁਕ ਜਾਏ ਸੁਰਪਤ ਰਾਜਾ ਇੰਦ, ਮੇਘਧਾਰ ਮੰਗਣ ਦੀ ਲੋੜ ਰਹੇ ਨਾ ਰਾਈਆ । ਅੰਮ੍ਰਿਤ ਧਾਰ ਵਹਾ ਕੇ ਸਾਗਰ ਸਿੰਧ, ਤਾਲ ਸੁਹਾਵਾ ਦਿਆਂ ਜਣਾਈਆ । ਭਗਤ ਅਨਾਦੀ ਬਣਾ ਕੇ ਬਿੰਦ, ਸਚ ਦੁਲਾਰੇ ਗੋਦ ਉਠਾਈਆ । ਦੀਨ ਦਿਆਲ ਕਹੇ ਬਖ਼ਸ਼ਿੰਦ, ਬਖ਼ਸ਼ਿਸ਼ ਸਾਚੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਅੰਤਮ ਲੇਖਾ ਦਏ ਮੁਕਾਈਆ । ਅੰਤਮ ਲੇਖਾ ਵੇਖੋ ਮੁਕਦਾ, ਹਰਿ ਕਰਤਾ ਆਪ ਮੁਕਾਈਆ । ਜੋ ਸਚ ਸਰਨਾਈ ਝੁਕਦਾ, ਨਿਵਿਆਂ ਉਪਰ ਲਏ ਚੜ੍ਹਾਈਆ । ਨਾਤਾ ਜੋੜ ਕੇ ਪਿਉ ਪੁਤ ਦਾ, ਸੰਗ ਧੁਰ ਦਾ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਵਡਿਆਈ ਮਿਲੀ ਪ੍ਰਭੂ ਦਰ ਆ ਕੇ, ਆਦਰ ਸ਼ਬਦ ਜਣਾਈਆ । ਖ਼ੁਸ਼ੀ ਖ਼ੁਸ਼ੀ ਜਾਉ ਸੀਸ ਨਿਵਾ ਕੇ, ਇਕ ਦਾ ਸਵਾ ਸਭ ਨੂੰ ਦਿਤਾ ਜਣਾਈਆ । ਭਗਤਾਂ ਵਿਚ ਮਿਲੋ ਜਾ ਕੇ, ਸੋਹੰ ਢੋਲਾ ਆਤਮ ਪਰਮਾਤਮ ਗਾ ਕੇ, ਜਗਤ ਵਿਛੋੜਾ ਲੈਣਾ ਗਵਾਈਆ । ਵੀਹ ਸੌ ਇੱਕੀ ਬਿਕ੍ਰਮੀ ਰੁਤ ਸੁਹਾ ਕੇ, ਸੋਹਣਾ ਰੰਗ ਚੜ੍ਹਾਈਆ । ਸੱਤ ਪੋਹ ਦਾ ਸਤਿ ਆਪਣੀ ਝੋਲੀ ਪਾ ਕੇ, ਸਤਿ ਸਤਿਵਾਦੀ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਪਾ ਕੇ, ਹਰਸ ਸਰਬ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਟਿੱਕਾ ਪ੍ਰੇਮ ਪਿਆਰ ਦਾ ਮਸਤਕ ਲਾਈਆ ।

### ❊ ੨੭ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਰਾਤ ਦੇ ਸਮੇਂ ❊



ਪੁਰਖ ਅਕਾਲ ਗਿਆ ਤੁਠ, ਦਇਆਵਾਨ ਦਇਆ ਕਮਾਇੰਦਾ । ਗੋਬਿੰਦ ਸੁਤ ਦੁਲਾਰੇ ਉਠ, ਧੁਰ ਦਾ ਹੁਕਮ ਸੁਣਾਇੰਦਾ । ਚਲ ਵੇਖੀਏ ਤੇਰੇ ਗੁਰਸਿਖ ਸੁਤ, ਜਿਨ੍ਹਾਂ ਪੂਰਬ ਮੇਲ ਮਿਲਾਇੰਦਾ । ਜਿਨ੍ਹਾਂ ਅੰਮ੍ਰਿਤ ਪੀਤਾ ਘੁਟ, ਰਸਨਾ ਮੁਖ ਨਾਲ ਛੁਹਾਇੰਦਾ । ਉਹਨਾਂ ਕੋਲੋਂ ਦੋਵੇਂ ਲਈਏ ਪੁਛ, ਭੇਵ ਅਭੇਦ ਆਪ ਸੁਣਾਇੰਦਾ । ਗੁਰਮੁਖੋ ਬੋਲ ਕੇ ਦੱਸੋ ਆਪਣਾ ਦੁਖ, ਦੁਖੀਆਂ ਦੁਖ ਆਪ ਵੰਡਾਇੰਦਾ । ਜੇ ਅਗਨੀ ਲਗੀ ਮਾਤ ਕੁੱਖ, ਜਨਮ ਕਰਮ ਦਾ ਰੋਗ ਮਿਟਾਇੰਦਾ । ਜੇ ਤ੍ਰਿਸ਼ਨਾ ਦੀ ਲਗੀ ਭੁਖ, ਮਮਤਾ ਮੋਹ ਚੁਕਾਇੰਦਾ । ਜੇ ਕੋਈ ਘਾਟਾ ਧੀ ਪੁਤ, ਉਹ ਵੀ ਝੋਲੀ ਪਾਇੰਦਾ । ਜੇ ਬੂਟਾ ਰਿਹਾ ਸੁਕ, ਉਹ ਵੀ ਹਰਾ ਕਰਾਇੰਦਾ । ਜੇ ਸਤਿਗੁਰ ਨਾਲੋਂ ਗਏ ਰੁਠ, ਰੁਠਿਆਂ ਫੇਰ ਮਨਾਇੰਦਾ । ਜੇ ਓਹਲੇ ਹੋ ਕੇ ਗਏ ਲੁਕ, ਲੁਕਿਆਂ ਆ ਕੇ ਬਾਹਰ ਕਢਾਇੰਦਾ । ਜੇ ਭੁਲ ਕੇ ਬਣ ਗਏ ਕਪੁਤ, ਫਿਰ ਵੀ ਪੁਤਰ ਬਣਾ ਕੇ ਗੋਦ ਉਠਾਇੰਦਾ । ਜੇ ਪ੍ਰੀਤੀ ਕਰਨੋਂ ਗਏ ਛੁਟ, ਉਹ ਵੀ ਪ੍ਰੀਤਮ ਹੋ ਕੇ ਜੋੜ ਜੁੜਾਇੰਦਾ । ਜੇ ਗ਼ੁੱਸੇ ਵਿਚ ਆ ਕੇ ਗਏ ਰੁਸ, ਉਹ ਵੀ ਰੁਸਿਆਂ ਫੇਰ ਮਨਾਇੰਦਾ । ਜੇ ਰਸਤੇ ਜਾਂਦਿਆਂ ਗਏ ਘੁੱਸ, ਉਹ ਵੀ ਫੜ ਕੇ ਰਾਹੇ ਪਾਇੰਦਾ । ਜੇ ਬਿਰਹੋਂ ਵਿਛੋੜੇ ਵਿਚ ਹੋਏ ਚੁਪ, ਉਹ ਵੀ ਸ਼ਬਦੀ ਨਾਦ ਵਜਾਇੰਦਾ । ਜੇ ਪੈਂਡਾ ਕਰ ਕਰ ਗਏ ਥੱਕ, ਉਹ ਵੀ ਥਕਾਵਟ ਦੂਰ ਕਰਾਇੰਦਾ । ਜੇ ਦਰਸ ਕਰ ਕਰ ਗਏ ਅੱਕ, ਉਹ ਵੀ ਨੇਤਰ ਨੈਣ ਨਾਲ ਮਿਲਾਇੰਦਾ । ਜੇ ਸੇਵਾ ਕਰ ਕਰ ਗਏ ਘਸ ਤੁਹਾਡੇ ਹੱਥ, ਆਪਣੇ ਹੱਥ ਤੁਹਾਡਿਆਂ ਪੈਰਾਂ ਹੇਠਾਂ ਵਿਛਾਇੰਦਾ । ਜੇ ਦਮ ਚੜ੍ਹ ਗਿਆ ਨਠ ਨਠ, ਅਗਲ ਵਾਢੀ ਹੋ ਕੇ ਮੇਲ ਮਿਲਾਇੰਦਾ । ਜੇ ਕੋਈ ਤੁਹਾਡੇ ਅੰਦਰ ਝਗੜਾ ਅਠਸਠ, ਉਹ ਵੀ ਕਿਰਤੀ ਕਿਰਿਆ ਬਾਹਰ ਕਢਾਇੰਦਾ । ਗੁਰਮੁਖ ਸੰਤ ਸੁਹੇਲਿਓ ਅੰਤਰ ਖ਼ਾਹਿਸ਼ ਦੇਣੀ ਸਚ ਦੱਸ, ਦਹਿ ਦਿਸ਼ਾ ਆਪ ਜਣਾਇੰਦਾ । ਜੇ ਪ੍ਰਭ ਨਾਲੋਂ ਹੋ ਗਏ ਵਖ, ਵਿਛੜੇ ਫੜ ਕੇ ਫੇਰ ਜੁੜਾਇੰਦਾ । ਜੇ ਤੁਹਾਡੀ ਵੇਖਣ ਵਾਲੀ ਰਹਿ ਨਹੀਂ ਗਈ ਅੱਖ, ਉਹ ਵੀ ਨਿਜ ਨੇਤਰ ਨੈਣ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਉਠ

੨੦੦

ਗੋਬਿੰਦ ਕੁਛ ਪਿਛਲੀ ਕਰ ਯਾਦ, ਤੈਨੂੰ ਦਿਆਂ ਵਖਾਈਆ । ਜਿਨ੍ਹਾਂ ਕੀਤੀ ਅੰਤਮ ਫ਼ਰਿਆਦ, ਅੰਤਮ ਲੇਖੇ ਦਿਆਂ ਲਗਾਈਆ । ਉਹਨਾਂ ਦਾ ਖੇੜਾ ਹੋਣ ਨਹੀਂ ਦਿਤਾ ਬਰਬਾਦ, ਉਜੜੇ ਫੇਰ ਲਏ ਵਸਾਈਆ । ਸਤਿ ਸਰੂਪ ਵਿਚ ਕਰ ਕੇ ਵਿਸਮਾਦ, ਬਿਸਮਲ ਇਕੋ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਆਜ਼ਾਦ, ਬੰਦੀਖ਼ਾਨਾ ਦਿਤਾ ਤੁੜਾਈਆ । ਧੁਰ ਦਰਗਾਹੀ ਬਖ਼ਸ਼ ਕੇ ਰਾਜ, ਦਰਗਾਹ ਸਾਚੀ ਦੇ ਰਾਜੇ ਦਿਤੇ ਬਣਾਈਆ । ਤੇਰੇ ਸਿਰ ਤੇ ਰਖ ਕੇ ਤਾਜ, ਤਖ਼ਤ ਸਾਰੇ ਦਿਤੇ ਉਲਟਾਈਆ । ਭਗਤੋ ਤੁਹਾਡੀ ਰਖੇ ਲਾਜ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਤੁਹਾਡਾ ਮੁਹਤਾਜ, ਆਤਮ ਦਰਸੀ ਨਜ਼ਰੀ ਆਈਆ । ਇਹਦਾ ਅਗਲਾ ਵੇਖੋ ਰਿਵਾਜ, ਸੋਹਣੀ ਬਣਤ ਬਣਾਈਆ । ਦਾਸਾਂ ਦਾ ਦਾਸ, ਸੇਵਕਾਂ ਦਾ ਸੇਵਕ ਨਜ਼ਰੀ ਆਈਆ । ਪਾਕਾਂ ਦਾ ਪਾਕ, ਰਸੂਲਾਂ ਦਾ ਰਸੂਲ ਨੂਰ ਖ਼ੁਦਾਈਆ । ਆਸਾਂ ਦਾ ਆਸ, ਆਸਾ ਮਨਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਗੋਬਿੰਦ ਮੈਨੂੰ ਐਉਂ ਜਾਪਦਾ ਜਿਵੇਂ ਗੁਰਸਿਖ ਅੰਦਰ ਕਰਦੇ ਘੁਸ ਘੁਸ, ਉਚੀ ਆਵਾਜ਼ ਨਾ ਕੋਇ ਸੁਣਾਈਆ । ਬਹੁਤੇ ਕਹਿੰਦੇ ਸਾਨੂੰ ਮਿਲਿਆ ਨਹੀਂ ਕੁਛ, ਲਾਰੇ ਲੱਪਿਆਂ ਵਿਚ ਲੰਘਾਈਆ । ਵੀਹ ਸੌ ਇੱਕੀ ਰਹੀ ਮੁਕ, ਪ੍ਰਭ ਦੀ ਸਮਝ ਕੋਇ ਨਾ ਆਈਆ । ਕੋਈ ਕਹੇ ਐਵੇਂ ਦੂਰ ਦੁਰਾਡੇ ਆਏ ਪੁਜ, ਆਪਣਾ ਪੰਧ ਮੁਕਾਈਆ । ਕੋਈ ਕਹੇ ਸਾਨੂੰ ਕੁਛ ਨਹੀਂ ਗਿਆ ਸੁਝ, ਸਮਝ ਵਿਚ ਨਾ ਕੋਇ ਸਮਝਾਈਆ । ਕੋਈ ਕਹੇ ਪਤਾ ਨਹੀਂ ਕਿੱਥੇ ਬੈਠਾ ਲੁਕ, ਜਗਤ ਨੇਤਰ ਨਜ਼ਰ ਨਾ ਆਈਆ । ਕੋਈ ਕਹੇ ਐਵੇਂ ਦੱਸੇ ਗੋਬਿੰਦ ਦਾ ਬੁਤ, ਸੰਬਲ ਨਗਰੀ ਨਾਉਂ ਧਰਾਈਆ । ਗੋਬਿੰਦ ਕਹੇ ਮੈਂ ਠੀਕ ਉਸੇ ਦਾ ਸੁਤ, ਜੋ ਦਾਤਾ ਇਕ ਅਖਵਾਈਆ । ਜਨ ਭਗਤੋ ਗੁਰਮੁਖੋ ਸਾਚੇ ਸੰਤੋ ਮੈਂ ਤੁਹਾਡੇ ਅਗੇ ਗਿਆ ਝੁਕ, ਦੋ ਜਹਾਨ ਆਪਣੇ ਅਗੇ ਝੁਕਾਈਆ । ਲੱਖ ਚੁਰਾਸੀ ਵਿਚੋਂ ਲੱਭੇ ਮੈਨੂੰ ਥੋੜ੍ਹੇ ਮੁਠ, ਜਿਨ੍ਹਾਂ ਦੀ ਗਿਣਤੀ ਇੱਕੀ ਵਿਚ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤੂੰ ਵੇਖੇਂ ਚੜ੍ਹਦੇ ਲਹਿੰਦੇ, ਦੱਖਣ ਪਹਾੜ ਫੇਰਾ ਪਾਈਆ । ਮੈਨੂੰ ਐਂ ਭਾਸਦਾ ਸੰਤ ਸੁਹੇਲੇ ਵਿਚੋਂ ਥੋੜ੍ਹੇ ਨੀਤੀ ਨਾਲ ਚਰਨੀਂ ਢਹਿੰਦੇ, ਬਹੁਤੇ ਵੇਖੋ ਵੇਖੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਰਤਾਈਆ । ਪੁਰਖ ਅਕਾਲ ਕਹੇ ਗੋਬਿੰਦ ਤੈਨੂੰ ਕੁਛ ਹੋਰ ਦੱਸਾਂ, ਅਗਲੀ ਕਹਾਣੀ ਦਿਆਂ ਜਣਾਈਆ । ਮੇਰੀਆਂ ਤੇਰੀਆਂ ਹੋਈਆਂ ਪੱਕੀਆਂ ਗੱਠਾਂ, ਅੰਦਰ ਲੇਖਾ ਸਭ ਕੁਛ ਦਿਆਂ ਜਣਾਈਆ । ਲੱਖ ਚੁਰਾਸੀ ਦੀ ਪੌਣ ਆਇਆ ਅੱਖੀਂ ਘੱਟਾ, ਓਹਲਾ ਪੜਦਾ ਇਕ ਜਣਾਈਆ । ਨਾਲੇ ਲਾਵਣ ਆਇਆ ਵੱਟਾ, ਮਾਣਸ ਮਾਨੁਖ ਦਿਤੇ ਭੁਲਾਈਆ । ਨਾਲੇ ਘਰ ਘਰ ਪਾਇਆ ਰੱਟਾ, ਦੀਨ ਮਜ਼੍ਹਬ ਛੇੜ ਛਿੜਾਈਆ । ਨਾਲੇ ਕੂੜੀ ਕਿਰਿਆ ਨਾਲ ਫਟਾ, ਪੱਟੀ ਸਕੇ ਨਾ ਕੋਇ ਬੰਧਾਈਆ । ਖੇਲ ਕਰ ਕੇ ਬਾਜ਼ੀਗਰ ਨਟਾ, ਸਵਾਂਗੀ ਸਾਂਗ ਦਿਤਾ ਵਰਤਾਈਆ । ਨਾਲੇ ਹੋ ਕੇ ਤੀਰਥ ਤਟਾ, ਜਮਨਾ ਗੋਦਾਵਰੀ ਸੁਰਸਤੀ ਗੰਗਾ ਮੀਂਢੀ ਦਿਤੀ ਖੁਲ੍ਹਾਈਆ । ਨਾਲੇ ਹੋ ਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠਾ, ਸਾਧਾਂ ਸੰਤਾਂ ਸੁਰਤ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਗੋਬਿੰਦ ਕਹੇ ਪ੍ਰਭ ਕੁਛ ਗੁਰਸਿਖ ਆਏ ਦੱਸਣ, ਆਪਣਾ ਹਾਲ ਸੁਣਾਈਆ । ਬਹੁਤੇ ਵੀਹ ਸੌ ਇੱਕੀ ਤੋਂ ਬਾਅਦ ਆਏ ਨੱਸਣ, ਪੱਲੂ ਲਏ ਛੁਡਾਈਆ । ਬਹੁਤੇ ਚਰਨੀ ਢਠ ਪਿੱਛੇ ਹਟਣ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਇਹ ਕਿਹੜੀ ਗੱਲ, ਪ੍ਰਭ ਮੈਨੂੰ ਦਿਤੀ ਸੁਣਾਈਆ । ਮੈਂ ਅਜੇ ਇਕ ਖੇਲ ਵੇਖਿਆ ਕਲ੍ਹ, ਕਲਮੇ ਵਾਲੇ ਤੇਰੇ ਦਰ ਤੇ ਸੀਸ ਨਿਵਾਈਆ । ਤੇਰਾ ਵਰਤੇ ਸਵਾਂਗ ਤੇ ਵਡਾ ਛਲ, ਘੜੀ ਪਲ ਸਮਝ ਕਿਸੇ ਨਾ ਆਈਆ । ਤੇਰਾ ਖੇਲ ਜਲ ਥਲ, ਮਹੀਅਲ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਹੇ ਸੁਣੋ ਗੁਰਸਿੱਖੋ, ਸਚ ਸਚ ਦੇਵਾਂ ਸਮਝਾਈਆ । ਪ੍ਰਭ ਮਿਲਣਾ ਤੁਹਾਨੂੰ ਕਿੱਥੋਂ, ਉਹ ਖੇੜਾ ਦਿਓ ਦਰਸਾਈਆ । ਉਹ ਨਿਕਲਣਾ ਕਿਹੜੀ ਵਿੱਥੋਂ, ਆਪਣਾ ਰੂਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਸੁਣਾਈਆ । ਗੋਬਿੰਦ ਕਹੇ ਪ੍ਰਭ ਇਹ ਮੈਨੂੰ ਦਿਸਦੇ ਚਾਰ ਜੁਗ ਦੇ ਵਿਛੜੇ, ਗ਼ੌਰ ਨਾਲ ਤਕ ਕੇ ਰਿਹਾ ਜਣਾਈਆ । ਜਿਨ੍ਹਾਂ ਵਿਚੋਂ ਬਹੁਤੇ ਚੜ੍ਹੇ ਚੋਟੀ ਸਿਖ਼ਰੇ, ਥੋੜ੍ਹੇ ਅਧ ਵਿਚਕਾਰ ਡੇਰਾ ਲਾਈਆ । ਵੇਖਣ ਕੋਟਨ ਕੋਟਾਂ ਵਿਚੋਂ ਥੋੜ੍ਹੇ ਨਿਤਰੇ, ਜੋ ਆਪਣਾ ਆਪ ਸਾਫ਼ ਕਰਾਈਆ । ਜਿਨ੍ਹਾਂ ਤੇਰੇ ਮੇਰੇ ਪੜ੍ਹੇ ਫ਼ਿਕਰੇ, ਫ਼ਿਕਰ ਸਾਚੇ ਗਏ ਗਵਾਈਆ । ਮੈਂ ਨਹੀਂ ਜਾਣਦਾ ਪੁਰਖ ਅਕਾਲ ਤੂੰ ਕਿਵੇਂ ਇਨ੍ਹਾਂ ਦੇ ਚਿਤ੍ਰ ਚਿਤਰੇ, ਸੋਹਣੇ ਮੁਖੜੇ ਦਿਤੇ ਬਣਾਈਆ । ਤੇਰੀ ਪ੍ਰੇਮ ਪ੍ਰੀਤੀ ਧਾਰ ਵਿਚੋਂ ਨਿਕਲੇ, ਸੋਹਣਾ ਆਪਣਾ ਰੰਗ ਵਖਾਈਆ । ਮੈਂ ਹੈਰਾਨ ਹੋਵਾਂ ਜਿਸ ਵੇਲੇ ਬਿਸ਼ਨ ਸਿੰਘ ਨੇ ਮਾਰੀ ਵਿਸਲੇ, ਆਵਾਜ਼ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਮੈਂ ਪਹਿਲੀ ਵਾਰ ਵਜਦੀ ਵੇਖੀ ਵਿਸਲ, ਲੋਕਮਾਤ ਗੁਰਮੁਖਾਂ ਹੱਥ ਫੜਾਈਆ । ਜਿਸ ਦੇ ਵਿਚੋਂ ਤੇਰਾ ਰੂਪ ਨਜ਼ਰੀ ਆਇਆ ਅਸਲ, ਅਸਲੀਅਤ ਦਿਤੀ ਸਮਝਾਈਆ ।
੨੦੨ ਹੁਣ ਅਗੇ ਵਾਸਤੇ ਮੈਨੂੰ ਐਂ ਜਾਪਦਾ ਜਿਵੇਂ ਤੂੰ ਭਗਤਾਂ ਦੀ ਸੇਜੇ ਚੜ੍ਹ ਕੇ ਕਰਨਾ ਵਸਲ, ਆਤਮ ਅੰਤਰ ਡੇਰਾ ਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਭਗਤਾਂ ਨੂੰ ਦਵਾ ਕੇ ਦਖ਼ਲ, ਮਲਕੀਅਤ ਸਾਚੀ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇਂ ਮਾਣ ਵਡਿਆਈਆ । ਪੁਰਖ ਅਕਾਲ ਕਹੇ ਸੁਣ ਮੇਰੇ ਗੋਬਿੰਦ, ਖ਼ਾਲਸ ਤੈਨੂੰ ਦਿਆਂ ਵਡਿਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਦੇ ਕੋਲੋਂ ਲੈ ਲੈ ਚਾਰਜ, ਖ਼ਾਲੀ ਸਭ ਨੂੰ ਦੇ ਕਰਾਈਆ । ਸਚ ਮਲਕੀਅਤ ਤੇਰੇ ਨਾਂ ਕਰਾ ਦਿਆਂ ਦਾਖ਼ਲ, ਖ਼ਾਰਜ ਹੁਕਮ ਇਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਦੂਜਾ ਹੋਰ ਨਾ ਕੋਇ ਵਾਰਸ, ਵਾਅਦਾ ਤੇਰੇ ਨਾਲ ਰਖਾਈਆ । ਜੇ ਤੂੰ ਇਨ੍ਹਾਂ ਦੀ ਕੀਤੀ ਸਫ਼ਾਰਸ਼, ਜੋ ਬੈਠੇ ਡੇਰਾ ਲਾਈਆ । ਮੈਂ ਕਰ ਕੇ ਸਚ ਅਦਾਲਤ, ਸਭ ਨੂੰ ਪਾਰ ਕਰਾਈਆ । ਵੇਖੋ ਕਿਹੜੀ ਲਿਖੀ ਇਬਾਰਤ, ਕਲਮਿਆਂ ਦੀ ਲੋੜ ਰਹੀ ਨਾ ਰਾਈਆ । ਜਿਨ੍ਹਾਂ ਨੇਤਰ ਨੈਣਾਂ ਇਕੋ ਵਾਰ ਕੀਤੀ ਜ਼ਿਆਰਤ, ਜ਼ਾਹਰ ਜ਼ਹੂਰ ਏਕਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਗੋਬਿੰਦ ਕਹੇ ਪ੍ਰਭ ਆਦਿ ਜੁਗਾਦਿ ਤੇਰਾ ਹਕੂਕ, ਮੈਨੂੰ ਇਕੋ ਨਜ਼ਰੀ ਆਈਆ । ਜਿਧਰ ਵੇਖਾਂ ਓਧਰ ਮੌਜੂਦ, ਖ਼ਾਲੀ ਥਾਂ ਨਾ ਕੋਇ ਵਖਾਈਆ । ਤੂੰ ਸਾਡੀ ਆਇਓਂ ਹਦੂਦ, ਲੋਕਮਾਤ ਫੇਰਾ ਪਾਈਆ । ਤੈਨੂੰ ਕੋਈ ਨਾ ਸਕੇ ਬੂਝ, ਸਮਝ ਸਕੇ ਨਾ ਕੋਇ ਚਤੁਰਾਈਆ । ਜਿਸ ਦੀ ਸੇਵਾ ਪਿੱਛੇ ਬੰਸ ਸਰਬੰਸ ਗਿਆ ਝੂਜ, ਆਪ ਆਪਾ ਭੇਟ ਚੜ੍ਹਾਈਆ । ਉਹ ਲੇਖਾ ਤੁੜਾਏ ਏਕਾ ਦੂਜ, ਦੂਆ ਏਕੇ ਨਾਲ ਮਿਲਾਈਆ । ਮਾਲਕ ਬਣ ਕੇ ਹਰਿ ਮਹਿਬੂਬ, ਮੁਹੱਬਤ ਖ਼ਾਨਾ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਗੁਰਮੁਖ ਵੇਖੇ ਚਾਈਂ ਚਾਈਂਆ । ਗੁਰਮੁਖੇ ਦੱਸੋ ਆਪਣਾ ਹਾਲ, ਹਾਲਤ ਤੁਹਾਡੀ ਵੇਖ ਵਖਾਈਆ । ਕੋਟ ਜਨਮ ਤੁਹਾਨੂੰ ਖਾਂਦਾ ਰਿਹਾ ਕਾਲ, ਲਾੜੀ ਮੌਤ ਕਰਦੀ ਰਹੀ ਕੁੜਮਾਈਆ । ਜਨਮ ਜਨਮ ਦੀ ਘਾਲਦੇ ਰਹੇ ਘਾਲ, ਜੂਨ ਅਜੂਨੀ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਅਗੇ ਕਰਦੇ ਰਹੇ ਸਵਾਲ, ਆਪਣੀ ਝੋਲੀ ਡਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਜਾਂਦੇ ਰਹੇ ਧਰਮਸਾਲ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸੀਸ ਨਿਵਾਈਆ । ਤੀਰਥ ਤੱਟਾਂ ਉਤੇ ਵਹਿਣ ਵਹਿੰਦੇ ਵੇਂਹਦੇ ਰਹੇ ਤਾਲ, ਜਲ ਧਾਰਾ ਨਾਲ ਰਲਾਈਆ । ਸਰਦੀ ਵਿਚ ਠਰਦੇ ਰਹੇ ਸਿਆਲ, ਗਰਮੀ ਵਿਚ ਅਗਨੀ ਤੱਤ ਤਪਾਈਆ । ਜੰਗਲਾਂ ਵਿਚ ਫਿਰਦੇ ਰਹੇ ਮਿਰਗਾਂ ਵਾਲੀ ਚਾਲ, ਮਿਰਗਸ਼ਾਲਾ ਹੇਠ ਵਛਾਈਆ । ਪਹਾੜਾਂ ਉਤੇ ਘਾਲਦੇ ਰਹੇ ਘਾਲ, ਚੋਟੀਆਂ ਉਤੇ ਡੇਰੇ ਜਮਾਈਆ । ਬ੍ਰਾਹਮਣ ਸਾਧ ਬਣ ਕੇ ਪਰੌਂਠੇ ਰਖੌਂਦੇ ਰਹੇ ਵਿਚ ਥਾਲ, ਖੀਰਾਂ ਭੋਗ ਲਗਾਈਆ । ਫ਼ਕੀਰ ਫੱਕਰ ਹੋ ਕੇ ਨਿਆਜ਼ਾਂ ਦਾ ਲਭਦੇ ਰਹੇ ਸੁਵਾਦ, ਜਿਹਵਾ ਰਸ ਵਧਾਈਆ । ਬੈਰਾਗੀ ਹੋ ਕੇ ਸੁਣੌਂਦੇ ਰਹੇ ਆਵਾਜ਼, ਢੋਲੇ ਨਾਦ ਵਜਾਈਆ । ਸੰਗਤਾਂ ਵਿਚ ਖੋਲ੍ਹਦੇ ਰਹੇ ਰਾਜ਼, ਬੱਤੀ ਦੰਦ ਸਿਫ਼ਤ ਸਾਲਾਹੀਆ । ਲੇਖੇ ਲਿਖਦੇ ਰਹੇ ਨਾਲ ਕ਼ਲਮ ਦਵਾਤ, ਸ਼ਾਹੀ ਨਾਤਾ ਜੋੜ ਜੁੜਾਈਆ । ਨਹੌਂਦੇ ਰਹੇ ਉਠ ਕੇ ਪਰਭਾਤ, ਸੰਧਿਆ ਮੱਠਾਂ ਵਿਚ ਲੰਘਾਈਆ । ਧਿਆਨ ਰਖਦੇ ਰਹੇ ਇਸ਼ਟ ਦੁਰਗਾ ਮਾਤ, ਸਿੰਘ ਸਵਾਰ ਧਿਆਨ ਲਗਾਈਆ । ਹੱਥ ਜੋੜਦੇ ਰਹੇ ਉਤੇ ਆਕਾਸ਼, ਦੇਵਤਾ ਸੂਰਜ ਚੰਦ ਮਨਾਈਆ । ਧਰਤੀ ਦੀ ਖੋਜਦੇ ਰਹੇ ਖ਼ਾਕ, ਤਨ ਵਜੂਦ ਉਤੇ ਰਮਾਈਆ । ਜਟਾ ਜੂਟ ਵਧੌਂਦੇ ਰਹੇ ਝਾਟ, ਭਸਮ ਭਸਮ ਤਨ ਰੰਗਾਈਆ । ਸਾਧਾਂ ਨੂੰ ਮਿਲਣ ਪਿੱਛੇ ਕਟਦੇ ਰਹੇ ਵਾਟ, ਰਾਤੀਂ ਉਠ ਉਠ ਦੂਰ ਦੁਰਾਡੇ ਨੇੜੇ ਆਈਆ । ੨੦੩
ਤਨ ਵੇਸ ਵਟੌਂਦੇ ਰਹੇ ਜਨੇਊ ਨਾਲ, ਕੱਪੜ ਕੱਛ ਤਹਿਮਤ ਵੇਸ ਵਟਾਈਆ । ਕਲਮਿਆਂ ਨਾਮਾਂ ਨਗ਼ਮਿਆਂ ਦਾ ਲੈਂਦੇ ਰਹੇ ਸਵਾਦ, ਢੋਲਿਆਂ ਵਿਚ ਵਜਦੀ ਰਹੀ ਵਧਾਈਆ । ਗਿਆਨਾਂ ਵਿਚ ਹੁੰਦੇ ਰਹੇ ਬਰਬਾਦ, ਕਾਇਆ ਚੋਲੇ ਕੋਟ ਬਦਲਾਈਆ । ਕਿਸੇ ਦੀ ਦੱਸ ਸੰਖਾਂ ਵਾਲੀ ਆਵਾਜ਼, ਕੋਈ ਬੰਸਰੀ ਦਿਤੀ ਸੁਣਾਈਆ । ਕਿਸੇ ਨੇ ਦੱਸਿਆ ਉਹਦਾ ਖੇਲ ਤਮਾਸ਼, ਜੋ ਅੰਦਰੇ ਅੰਦਰ ਵਖਾਈਆ । ਕਿਸੇ ਨੇ ਗੋਪੀਆਂ ਵਾਲਾ ਕਰ ਕੇ ਨਾਚ, ਨਟੂਆਂ ਵਰਗਾ ਸਾਂਗ ਬਦਲਾਈਆ । ਕਿਸੇ ਨੇ ਬਣਾ ਕੇ ਜਗਤ ਸਮਾਜ, ਹਿੱਸੇ ਦਿਤੇ ਵੰਡਾਈਆ । ਕਿਸੇ ਨੇ ਗਾ ਕੇ ਛੱਤੀ ਰਾਗ, ਢੋਲੇ ਦਿਤੇ ਸੁਣਾਈਆ । ਕਿਸੇ ਨੇ ਧੋ ਕੇ ਦੁਰਮਤ ਦਾਗ਼, ਦੋ ਚਾਰ ਦਿਤੇ ਤਰਾਈਆ । ਕਿਸੇ ਨੇ ਕੱਪੜ ਲਾਹ ਕੇ ਹੋਏ ਨਾਂਗ, ਤਨ ਲੰਗੋਟ ਨਾ ਕੋਇ ਰਖਾਈਆ । ਕਿਸੇ ਨੇ ਹੱਥ ਵਿਚ ਫੜ ਮਤੈਹਰੇ ਡਾਂਗ, ਮੁੱਛਾਂ ਵੱਟ ਲਏ ਚੜ੍ਹਾਈਆ । ਕਿਸੇ ਦਾ ਤਨ ਪਾਕਨ ਪਾਕ, ਕਿਸੇ ਪਲੀਤ ਦਿਤਾ ਜਣਾਈਆ । ਕਿਸੇ ਦਾ ਥੋੜ੍ਹਾ ਜਿਹਾ ਖੋਲ੍ਹ ਕੇ ਤਾਕ, ਨਿੱਕੀ ਜਿਹੀ ਬੱਤੀ ਦਿਤੀ ਜਗਾਈਆ । ਕਿਸੇ ਨੂੰ ਦੱਸ ਕੇ ਭਵਿਖਤ ਵਾਕ, ਅਗਲਾ ਖੇਲ ਸਮਝਾਈਆ । ਕਿਸੇ ਨੂੰ ਸੂਰਬੀਰ ਬਣਾ ਕੇ ਰਾਠ, ਹੱਥ ਖੜਗ ਦਿਤੀ ਉਠਾਈਆ । ਕਿਸੇ ਦੇ ਹੱਥ ਫੜਾ ਕੇ ਨਾਦ, ਤੰਬੂਰੇ ਦਿਤੇ ਵਜਾਈਆ । ਕਿਸੇ ਦੀ ਰਾਤੀਂ ਸੁੱਤਿਆਂ ਖੋਲ੍ਹ ਕੇ ਜਾਗ, ਜੁਗਤ ਇਕ ਦ੍ਰਿੜਾਈਆ । ਕਿਸੇ ਦੀ ਆਪਣੇ ਹੱਥ ਵਿਚ ਫੜ ਕੇ ਵਾਗ, ਚਾਰੋਂ ਕੁੰਟ ਭਵਾਈਆ । ਕਿਸੇ ਦਾ ਨਿਮ੍ਹਾਂ ਜਿਹਾ ਜਗਾ ਕੇ ਚਿਰਾਗ਼, ਸਾਢੇ ਤਿੰਨ ਹੱਥ ਕੀਤੀ ਰੁਸ਼ਨਾਈਆ । ਕਿਸੇ ਨੂੰ ਹੌਲੀ ਜਿਹੀ ਵਿਚੋਂ ਕਾਢ, ਆਪਣੀ ਗੋਦ ਉਠਾਈਆ । ਕਿਸੇ ਨੂੰ ਲਡਾ ਕੇ ਧੁਰ ਦਾ ਲਾਡ, ਸੁਤ ਦੁਲਾਰਾ ਲਿਆ ਬਣਾਈਆ । ਸਚ ਪੁੱਛੇਂ ਗੋਬਿੰਦ ਤੇਰੇ ਬਿਨਾ ਕਿਸੇ ਨੂੰ ਦਿਤਾ ਨਹੀਂ ਤਾਜ, ਮਹਾਰਾਜ ਹੋ ਕੇ ਤਖ਼ਤ

ਨਾ ਕੋਇ ਸੁਹਾਈਆ । ਹੁਣ ਉਠ ਵੇਖ ਸਿੱਖਾਂ ਦੇ ਹਾਲਾਤ, ਪੁਛਦੇ ਥਾਉਂ ਥਾਈਆ । ਜੇ ਕਿਸੇ ਨੇ ਪਿੱਛੇ ਜਨਮ ਵਿਚ ਕੱਟੀ ਹਵਾਲਾਤ, ਓਨ੍ਹਾਂ ਦਾ ਲੇਖਾ ਪੂਰ ਕਰਾਈਆ । ਉਹਦਾ ਲੇਖਾ ਮੁਕਾਵਾਂ ਨਾਲ ਕ਼ਲਮ ਦਵਾਤ, ਅਗੇ ਫੜਨ ਵਾਲਾ ਨੇੜ ਕੋਇ ਨਾ ਆਈਆ । ਜੇ ਕੋਈ ਹੋਰ ਡੂੰਘੀ ਰਾਜ਼ ਵਾਲੀ ਬਾਤ, ਉਹ ਵੀ ਦੇ ਜਣਾਈਆ । ਗੋਬਿੰਦ ਕਹੇ ਪ੍ਰਭ ਤੇਰਾ ਮੇਲਾ ਹੋਇਆ ਨਾਲ ਇਤਫ਼ਾਕ, ਤੂੰ ਲੱਭਿਆਂ ਹੱਥ ਕਿਸੇ ਨਾ ਆਈਆ । ਕੀ ਹੋਇਆ ਹੀਰ ਪਿੱਛੇ ਰੋਂਦੇ ਗਏ ਚਾਕ, ਇਹ ਤੇਰੇ ਚਾਕਰ ਮੈਨੂੰ ਨਜ਼ਰੀ ਆਈਆ । ਅਗੇ ਮੇਟ ਦੇ ਇਨ੍ਹਾਂ ਦੀ ਵਾਟ , ਪਿਛਲਾ ਪੰਧ ਮੁਕਾਈਆ । ਫੜ ਕੇ ਚਾੜ੍ਹਦੇ ਆਪਣੇ ਘਾਟ, ਘਾਟੇ ਪੂਰ ਵਖਾਈਆ । ਇਹ ਸੁਹੰਜਣੀ ਆ ਗਈ ਰਾਤ, ਜਿਹੜੀ ਦਿਨ ਦੀ ਖ਼ੁਸ਼ੀ ਨਾਲ ਨੱਚੇ ਟੱਪੇ ਕੁੱਦੇ ਚਾਈਂ ਚਾਈਆ । ਜੇ ਤੂੰ ਮੇਰਾ ਇਨ੍ਹਾਂ ਦੀ ਆਪਣੇ ਨਾਲ ਮਿਲਾਵੇਂ ਜ਼ਾਤ, ਫ਼ਰਕ ਰਹਿਣ ਕੋਇ ਨਾ ਪਾਈਆ । ਜੇ ਤੇਰੇ ਮੇਰੇ ਹੁੰਦਿਆਂ ਇਨ੍ਹਾਂ ਨੂੰ ਕਰਨਾ ਪਏ ਪਾਠ, ਪੂਜਾ ਕੰਮ ਕਿਸੇ ਨਾ ਆਈਆ । ਤੂੰ ਸੂਰਬੀਰ ਗੋਬਿੰਦ ਕਹੇ ਮੈਂ ਜੱਟ ਤੇ ਦੋਵੇਂ ਰਾਠ, ਰੱਟਾ ਦਿਆਂ ਮੁਕਾਈਆ । ਮੇਰੀ ਤੇਰੇ ਅੰਦਰ ਆਈ ਗਾਂਠ, ਲੋਕਮਾਤ ਖੋਲ੍ਹ ਨਾ ਕੋਇ ਵਖਾਈਆ । ਜਗਤ ਕਹੇ ਜਿਹੜੀ ਪੀਚੀ ਜਾਏ ਉਹ ਖੁਲ੍ਹੇ ਨਾਲ ਦਾਂਤ, ਦੰਦੀਆਂ ਨਾਲ ਤੁੜਾਈਆ । ਗੋਬਿੰਦ ਕਹੇ ਤੇਰਾ ਮੇਰਾ ਲੇਖਾ ਲਿਖਦੇ ਨਾਲ ਕ਼ਲਮ ਦਵਾਤ, ਬਿਨ ਕ਼ਲਮ ਕਦੇ ਹੋਰ ਨਾ ਕੋਇ ਜਣਾਈਆ । ਉਹ ਵੀ ਵੇਖੇ ਭਗਤਾਂ ਨਾਲ ਕੀ ਸਵਾਦ, ਅੰਦਰ ਵੜ ਕੇ ਖ਼ੁਸ਼ੀ ਮਨਾਈਆ । ਨਾਲੇ ਮੈਂ ਤੈਥੋਂ ਹੋਰ ਸਿਖ ਲਵਾਂ ਜਾਚ, ਕਿਉਂ ਭਗਤਾਂ ਦਿਤੀ ਵਡਿਆਈਆ । ਅਗੋਂ ਹਸ ਕੇ ਕਿਹਾ ਪੁਰਖ ਅਬਿਨਾਸ਼, ਓਹ ਕੁਛ ਤੈਨੂੰ ਦਿਆਂ ਸਮਝਾਈਆ । ਕਿਉਂ, ਇਨ੍ਹਾਂ ਨੇ ਗਾਈ ਮੇਰੀ ਗਾਥ, ਆਪ ਆਪਣਾ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੋਬਿੰਦ ਲਾਹ ਦੇ ਪਿਛਲਾ ਆਲਸ, ਜਗਤ ਦਲਿਦਰ ਰਹਿਣ ਕੋਇ ਨਾ ਪਾਈਆ । ਗੋਬਿੰਦ ਕਹੇ ਬਣ ਤੂੰ ਮੇਰਾ ਸਾਲਸ, ਸਾਚਾ ਲੇਖਾ ਦੇ ਮੁਕਾਈਆ । ਪੁਰਖ ਅਕਾਲ ਕਹੇ ਉਠ ਵੇਖ ਆਪਣੇ ਖ਼ਾਲਸ, ਖ਼ਾਲਸ ਤੈਨੂੰ ਦੇਵਾਂ ਜਣਾਈਆ । ਜਿਨ੍ਹਾਂ ਨੂੰ ਬਿਨ ਤੇਰੇ ਮੇਰੇ ਹੋਰ ਨਹੀਂ ਕੋਈ ਲਾਲਚ, ਦਰਸ ਪਿਆਸੇ ਬੈਠੇ ਆਸਣ ਲਾਈਆ । ਇਹ ਕੋਈ ਕਹਾਣੀ ਨਹੀਂ ਰਸਨਾ ਵਾਲੀ ਵਾਚਕ, ਸ਼ਬਦ ਅਗੰਮੀ ਧਾਰ ਜਣਾਈਆ । ਇਹ ਬੱਚੇ ਨੱਢੇ ਮੇਰੇ ਤੇਰੇ ਯਾਚਕ, ਯਥਾਰਥ ਇਕੋ ਆਸ ਰਖਾਈਆ । ਮੇਰਾ ਹੁਕਮ ਤੂੰ ਬਣ ਜਾ ਕਾਤਬ, ਤੇਰੀ ਲੇਖਣੀ ਕ਼ਲਮ ਸ਼ਾਹੀ ਦਏ ਵਡਿਆਈਆ । ਹੁਣ ਇਕ ਦੂਜੇ ਦੇ ਹੋ ਕੇ ਮੁਖ਼ਾਤਬ, ਮੁਫ਼ਤ ਭਗਤਾਂ ਦਈਏ ਤਰਾਈਆ । ਕਿਉਂ ਤੂੰ ਮੇਰਾ ਮੈਂ ਤੇਰਾ ਵਾਕਫ਼, ਇਹ ਪੁਰਾਣੀ ਰੀਤੀ ਚਲੀ ਆਈਆ । ਭਗਤ ਤਾਰਨਾ ਸਾਨੂੰ ਦੋਹਾਂ ਨੂੰ ਵਾਜਬ, ਗ਼ਰੀਬ ਨਿਮਾਣੇ ਗਲੇ ਲਗਾਈਆ । ਇਨ੍ਹਾਂ ਨੂੰ ਕਿਹੜੀ ਲੋੜ ਲਭਣ ਦੀ ਗੀਤਾ ਵਾਲੇ ਮਹਾਤਮ, ਜਿਹੜੇ ਅਠਾਰਾਂ ਧਿਆਇਆਂ ਵਿਚ ਸੁਣਾਈਆ । ਮੈਂ ਜ਼ਾਹਰ ਤੂੰ ਅੰਦਰ ਹੋ ਜਾ ਬਾਤਨ, ਦੋਵੇਂ ਇਕੋ ਰੰਗ ਤੇਰਾ ਮੇਰਾ ਨਜ਼ਰੀ ਆਈਆ । ਸੰਤ ਸੁਹੇਲੇ ਸੋਹੰ ਢੋਲਾ ਆਖਣ, ਵਜੇ ਸਚ ਵਧਾਈਆ । ਉਹ ਅਸੀਂ ਕੋਈ ਨਹੀਂ ਕਰਨਾ ਹਾਜਨ, ਸ਼ਾਹਾਂ ਦੇ ਸ਼ਾਹ ਦਿਤੀ ਸਰਨਾਈਆ । ਅਸੀਂ ਕੋਈ ਨਹੀਂ ਦੁਰਗਾ ਵਾਲੀ ਕਰਨੀ ਦਾਤਨ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਅਸਾਂ ਲਭਣਾ ਨਹੀਂ ਹੋਰ ਕੋਈ ਸਾਥਨ, ਦੋਹਾਂ ਮਿਲ ਕੇ ਸਿੱਧਾ ਦੋ ਜਹਾਨ ਪਾਰ ਲੰਘਾਈਆ । ਜੇ ਕੋਈ ਸਾਡੀ ਕਹਾਣੀ ਆਵੇ ਵਾਚਣ, ਓਸ ਦੀ ਸੋਚ ਸਮਝ ਚਲੇ ਕੋਈ ਨਾ ਰਾਈਆ । ਉਠ ਸੂਰਬੀਰ ਆਪਣੇ ਘੋੜੇ ਉਤੇ ਪਾ ਪਾਖਰ, ਜ਼ੀਨ ਸ਼ਬਦੀ ਤੰਗ ਕਸਾਈਆ । ਸਾਹਿਬ ਸੁਲਤਾਨ ਨਾਲ ਮਿਲ ਕੇ

ਲਾ ਆਸਨ, ਸ਼ਾਹਸਵਾਰ ਆਪਣੀ ਲੈ ਅੰਗੜਾਈਆ । ਤੈਨੂੰ ਕਿਹੜੀ ਲੋੜ ਦੇਣ ਦੀ ਭਾਸ਼ਣ, ਜਿਨ੍ਹਾਂ ਦੇ ਅੰਦਰ ਵੜ ਜਾਏਂ ਉਹਨਾਂ ਨੂੰ ਲਏਂ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਗੁਰਮੁਖੋ ਦੱਸੋ ਤੁਹਾਨੂੰ ਕੀ ਤੰਗੀ, ਆਪਣਾ ਹਾਲ ਰਿਹਾ ਜਣਾਈਆ । ਅੱਜ ਵਸਤ ਮਿਲੇ ਮੂੰਹੋਂ ਮੰਗੀ, ਸਚ ਨਾਲ ਸਮਝਾਈਆ । ਜਿਹੜੀ ਕਦੀ ਕਿਸੇ ਨੂੰ ਨਹੀਂ ਵੰਡੀ, ਤੁਹਾਡੀ ਝੋਲੀ ਦੇਵਾਂ ਪਾਈਆ । ਤੁਹਾਡੀ ਆਤਮ ਨਾ ਹੋਵੇ ਰੰਡੀ, ਮਾਲਕ ਹੋ ਕੇ ਆਪਣੇ ਨਾਲ ਮਿਲਾਈਆ । ਤੁਹਾਡੀ ਜਨਮ ਜਨਮ ਦੀ ਕਟੀ ਗਈ ਤੰਗੀ, ਉਹ ਵੇਖੋ ਤੁਹਾਡੇ ਮੁਖ ਸਲਾਹੀਆ । ਸ੍ਰਿਸ਼ਟ ਸਬਾਈ ਕਹੇ ਪਖੰਡੀ, ਮੈਂ ਪਖੰਡਾਂ ਦਾ ਪਖੰਡ ਕਰ ਕੇ ਰਿਹਾ ਵਖਾਈਆ । ਪਰ ਤੁਹਾਨੂੰ ਲਾ ਸਿੱਧੀ ਡੰਡੀ, ਡੰਡੌਤ ਇਕੋ ਦਿਤੀ ਜਣਾਈਆ । ਅਗੇ ਰਹੀ ਨਾ ਕੋਈ ਪਾਬੰਦੀ, ਸ਼ਰਅ ਵਾਲੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਤੁਹਾਡਾ ਦਰਸ਼ਨ ਕਰ ਕੇ ਖ਼ੁਸ਼ੀ ਮਨਾਈਆ । ਸਾਰੇ ਕਹਿਣ ਇਹ ਸਾਥੋਂ ਚੰਗੀ, ਜਿਹੜੀ ਤੇਰੇ ਹੁਕਮ ਅੰਦਰ ਖੇਲ ਨਜ਼ਰੀ ਆਈਆ । ਅਸੀਂ ਇਸ ਕਰ ਕੇ ਖ਼ੁਸ਼ੀ ਏਥੇ ਕੋਈ ਸਾਧਾਂ ਸੰਤਾਂ ਵਾਲੀ ਨਹੀਂ ਮੰਡੀ, ਇਕੋ ਦਾਤਾ ਬੇਪਰਵਾਹੀਆ । ਨਾ ਕੋਈ ਹੰਕਾਰੀ ਨਾ ਕੋਈ ਘੁਮੰਡੀ, ਆਤਮ ਰਸੀਏ ਬੈਠੇ ਡੇਰੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ ਇਹਨਾਂ ਨੂੰ ਚੱਕ ਲੈ ਆਪਣੀ ਕੰਧੀਂ, ਭਾਰ ਆਪਣੇ ਉਤੇ ਉਠਾਈਆ । ਪੁਰਖ ਅਕਾਲ ਕਿਹਾ ਸੁਣ ਗੋਬਿੰਦ ਪੁਤਰ, ਵਾਹਵਾ ਦਿਤੀ ਜਣਾਈਆ । ਇਹਨਾਂ ਨੂੰ ਚੁਕ ਕੇ ਆਪਣੇ ਕੁਛੜ, ਲੋਰੀਆਂ ਨਾਲ ਲਵਾਂ ਪਰਚਾਈਆ । ਜੇ ਮੈਥੋਂ ਬਦੋਬਦੀ ਜਾਣ ਉਤਰ, ਫੜ ਕੇ ਉਪਰ ਲਵਾਂ ਉਠਾਈਆ । ਜਿਸ ਆਪਣਾ ਕੀਤਾ ਸ਼ੁਕਰ, ਧੰਨ ਭਾਗ ਜੇ ਚਾਰ



ਜੁਗ ਦੇ ਵਿਛੜੇ ਮੈਨੂੰ ਮਿਲੇ ਆਈਆ । ਜੇ ਮੈਨੂੰ ਇਹ ਪੁੱਛਣ, ਮੈਂ ਸਭ ਕੁਛ ਦਿਆਂ ਸਮਝਾਈਆ । ਜੇ ਭੁਲ ਕੇ ਸੱਚਾ ਰਾਹ ਘੁੱਸਣ, ਫਿਰ ਵੀ ਅੰਦਰ ਵੜ ਕੇ ਮੂਹਰੇ ਦਿਆਂ ਲਗਾਈਆ । ਜੇ ਡਾਗਾਂ ਸੋਟੇ ਫੜ ਕੇ ਮੈਨੂੰ ਕੁੱਟਣ, ਫਿਰ ਵੀ ਹੌਸਲਾ ਕਰ ਕੇ ਛਾਤੀ ਅਗੇ ਦਿਆਂ ਡਾਹੀਆ । ਜੇ ਮੇਰੇ ਨੇੜੇ ਲੱਗਣ ਢੁੱਕਣ, ਨਾਲ ਲੈ ਕੇ ਆਪਣੀ ਛਾਤੀ ਲਵਾਂ ਲਗਾਈਆ । ਜੇ ਸ਼ੇਰ ਬਘੇਲੇ ਹੋ ਕੇ ਲੱਗਣ ਬੁੱਕਣ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਜੇ ਕੋਈ ਜਨਮ ਕਰਮ ਦਾ ਦੱਸਣ ਦੁਖਣ, ਦੁਖੜੇ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਹੇ ਪ੍ਰਭੂ ਇਹ ਕੋਝੇ ਕਮਲੇ, ਆਪਣੀ ਬੁੱਧੀ ਨਾ ਕੋਇ ਰਖਾਈਆ । ਇਹ ਬਾਵਰ ਦਿਸਦੇ ਬਵਲੇ, ਚਤੁਰ ਨਾ ਕੋਇ ਵਡਿਆਈਆ । ਕੁਛ ਦਿਸਦਾ ਇਹਨਾਂ ਨੂੰ ਇਕੋ ਚੜ੍ਹਿਆ ਅਮਲੇ, ਜਗਤ ਅਮਲਾਂ ਤੋਂ ਆਪਣਾ ਕ਼ਦਮ ਬਾਹਰ ਰਖਾਈਆ । ਇਹ ਜੱਟ ਸਿਰਾਂ ਤੇ ਰੱਖਣ ਵਾਲੇ ਸ਼ਮਲੇ, ਟੌਹਰ ਆਪਣਾ ਰਹੇ ਵਖਾਈਆ । ਇਹਨਾਂ ਨੂੰ ਕਿਉਂ ਪ੍ਰਭ ਕਰਦਾ ਬੰਦ ਵਿਚ ਕਾਇਆ ਗਮਲੇ, ਪੱਥਰ ਪਾੜਨ ਵਾਲੇ ਮੈਨੂੰ ਨਜ਼ਰੀ ਆਈਆ । ਮੇਰੇ ਘਰ ਜੰਮ ਪਏ, ਪਿਤਾ ਇਕੋ ਲਿਆ ਬਣਾਈਆ । ਇਹਨਾਂ ਨੂੰ ਤਾਰਨ ਬਿਨਾ ਹੋਰ ਕਿਹੜਾ ਕੰਮ ਬਾਕੀ ਰਹੇ, ਲੇਖਾ ਅਵਰ ਤੂੰ ਜਣਾਈਆ । ਜੇ ਪ੍ਰਭੂ ਤੂੰ ਇਹਨਾਂ ਦੇ ਕੋਲ ਸਦਾ ਰਹੇਂ, ਅੰਦਰ ਮੇਰਾ ਡੇਰਾ ਲਾਈਆ । ਫੇਰ ਇਹਨਾਂ ਕੀ ਕੋਈ ਕੁਛ ਕਹੇ, ਧਰਮ ਰਾਏ ਵਰਗੇ ਨਿਉਂ ਨਿਉਂ ਲੱਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦਾਤਾ ਇਕ ਅਖਵਾਈਆ । ਗੋਬਿੰਦ ਕਿਹਾ ਪ੍ਰਭੂ ਇਹ ਨਿੱਕੇ ਅਜੇ ਬੱਚੇ, ਬੱਚਿਆਂ ਵਾਲੀ ਬੁੱਧੀ ਇਹਨਾਂ ਵਿਚ ਰਖਾਈਆ । ਪੁਰਖ ਅਕਾਲ ਕਿਹਾ ਨਹੀਂ,

ਇਹ ਸਭ ਦੇ ਨਾਲੋਂ ਚੰਗੇ, ਚੰਗੀ ਇਹਨਾਂ ਦੀ ਵਡਿਆਈਆ । ਜਿਨ੍ਹਾਂ ਮਿਲਿਆ ਤੇਰਾ ਸੰਗੇ, ਸਾਥੀ ਬਣ ਕੇ ਸੋਭਾ ਪਾਈਆ । ਇਹਨਾਂ ਚੜ੍ਹਨਾ ਓਸ ਡੰਡੇ, ਜਿਸ ਦੀ ਮੰਜ਼ਲ ਨਾ ਕੋਇ ਸਮਝਾਈਆ । ਪੁਰਖ ਅਕਾਲ ਉਠੌਣਾ ਆਪਣੇ ਕੰਧੇ, ਮਿਹਰਵਾਨ ਹੋ ਕੇ ਸੇਵਾ ਸਚ ਕਮਾਈਆ । ਦੋ ਜਹਾਨ ਚਰਨਾਂ ਹੇਠ ਲਤਾੜ ਕੇ ਲੰਘੇ, ਬ੍ਰਹਿਮੰਡ ਖੰਡ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਈਆ । ਗੋਬਿੰਦ ਕਿਹਾ ਕਰਨੀ ਦੇ ਕਰਤੇ, ਕੁਛ ਮੈਨੂੰ ਦੇ ਜਣਾਈਆ । ਕਿਸ ਬਿਧ ਉਪਰ ਆਏ ਧਰਤੇ, ਧਰਨੀ ਉਪਰ ਫੇਰਾ ਪਾਈਆ । ਪੀਰ ਪੈਗ਼ੰਬਰ ਤੈਥੋਂ ਡਰਦੇ, ਸਜਦੇ ਕਰ ਕਰ ਸੀਸ ਨਿਵਾਈਆ । ਸੂਫ਼ੀ ਤੇਰਾ ਕਲਮਾ ਪੜ੍ਹਦੇ, ਇਸ਼ਟ ਤੇਰਾ ਇਕ ਜਣਾਈਆ । ਗੁਰ ਅਵਤਾਰ ਤੇਰੇ ਬਰਦੇ, ਦੋਏ ਜੋੜ ਪੈਣ ਸਰਨਾਈਆ । ਦੋ ਜਹਾਨ ਪਾਣੀ ਤੇਰਾ ਭਰਦੇ, ਅਠਸਠ ਚਰਨ ਰਹੇ ਧੁਆਈਆ । ਬ੍ਰਹਿਮੰਡ ਖੰਡ ਅਗੇ ਨਾ ਖੜ੍ਹਦੇ, ਸਿਰ ਸਕੇ ਨਾ ਕੋਇ ਉਠਾਈਆ । ਤੇਰੇ ਖੇਲ ਅਗੰਮੀ ਨਰ ਦੇ, ਨਰ ਨਰਾਇਣ ਤੇਰੀ ਬੇਪਰਵਾਹੀਆ । ਪਰਦੇ ਲਾਹਦੇ ਓਸ ਘਰ ਦੇ, ਜਿਸ ਘਰ ਬੈਠਾ ਆਸਣ ਲਾਈਆ । ਗੁਰਸਿੱਖਾਂ ਨੂੰ ਹੁਣ ਹੋਰ ਕੋਈ ਵਰ ਦੇ, ਪਿਛਲੀ ਕੀਤੀ ਸਾਰੇ ਗਏ ਭੁਲਾਈਆ । ਪ੍ਰਭੂ ਤੂੰ ਹੁਣ ਆਪਣੀ ਰੀਤੀ ਛਡ ਦੇ, ਮੈਂ ਤੈਨੂੰ ਸਚੀ ਰਿਹਾ ਸੁਣਾਈਆ । ਜੇ ਮੇਰੇ ਪਿੱਛੇ ਇਹ ਲੜ ਕੇ ਮਰ ਗਏ, ਆਪਣਾ ਆਪ ਮਿਟਾਈਆ । ਹੁਣ ਇਹਨਾਂ ਦੇ ਭੰਡਾਰ ਭਰਦੇ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇ ਵਡਿਆਈਆ । ਗੋਬਿੰਦ ਕੀ ਦਿਤਾ ਆਖ, ਮੈਨੂੰ ਫਿਰ ਦੇ ਸਮਝਾਈਆ । ਪ੍ਰਭੂ ਜੇ ਸੱਚ ਦੱਸਾਂ ਤੂੰ ਆਖਣਾ ਗੁਸਤਾਖ਼, ਕਿਉਂ ਤੈਨੂੰ ਸਕੇ ਨਾ ਕੋਇ ਜਣਾਈਆ । ਤੂੰ ਮੇਰਾ ਪਿਤਾ ਮਾਤ, ਮੈਂ ਤੇਰਾ ਪੂਤ ਅਖਵਾਈਆ । ਜੇ ਤੂੰ ਮੈਨੂੰ ਨਾ ਦੇਵੇਂ ਆਪ, ਦੱਸ ਕਿਹਦੀ ਝੋਲੀ ਪਾਈਆ । ਦੱਸ ਮੇਰੇ ਬਿਨਾ ਕਿਹੜਾ ਨਾਥ, ਸੱਜਣ ਸਚ ਅਖਵਾਈਆ । ਤੇਰੇ ਹੁਕਮੇਂ ਅੰਦਰ ਮੈਂ ਚਰਨਾਂ ਹੇਠ ਦਬਾਏ ਪ੍ਰਿਥਮੀ ਆਕਾਸ਼, ਪਰਕਾਸ਼ ਤੇਰਾ ਨੂਰ ਰੁਸ਼ਨਾਈਆ । ਜੇ ਮੇਰੇ ਭਗਤਾਂ ਦੀ ਨਾ ਪੁੱਛੀ ਵਾਤ, ਪੁਰਖ ਅਕਾਲ ਤੇਰੀ ਮੇਰੀ ਹੋਵੇ ਸਦਾ ਲੜਾਈਆ । ਇਹ ਆਏ ਮੇਰੇ ਘਾਟ, ਪਤਣ ਆਪਣਾ ਦੇ ਵਖਾਈਆ । ਨਹੀਂ ਤੇ ਮੈਂ ਤੇਰੇ ਨਾਲ ਕਦੀ ਨਹੀਂ ਕਰਨੀ ਬਾਤ, ਰੁੱਸ ਕੇ ਪਿੱਛਾ ਲਵਾਂ ਭਵਾਈਆ । ਪੁਰਖ ਅਕਾਲ ਕਿਹਾ ਵਾਹ ਗੋਬਿੰਦ ਸ਼ਾਬਾਸ਼, ਏਹੋ ਤੇਰੀ ਵਡਿਆਈਆ । ਫ਼ਿਕਰ ਨਾ ਕਰੀਂ ਸਾਰਿਆਂ ਦਾ ਖੋਲ੍ਹ ਦੇਵਾਂ ਤਾਕ, ਅੰਦਰ ਵੜ ਕੇ ਕਰਾਂ ਰੁਸ਼ਨਾਈਆ । ਪਿੱਛੇ ਐਵੇਂ ਕਹਿੰਦੇ ਰਹੇ ਬਾਤ, ਸਾਧਾਂ ਹੱਥ ਕੁੰਜੀ ਆਈਆ । ਜਿਸ ਕਾਰਨ ਉਹ ਲਿਖਣ ਵਾਲੇ ਲਿਖਾਇਆ ਇਹ ਵਾਕ, ਉਹ ਅੱਜ ਤਕ ਸਮਝ ਕਿਸੇ ਨਾ ਆਈਆ । ਐਵੇਂ ਬਣਦੇ ਰਹੇ ਰਾਠ, ਅੱਖਰਾਂ ਨਾਲ ਕਰ ਕਰ ਪੜ੍ਹਾਈਆ । ਦੂਰੋਂ ਸੁਣਦੇ ਰਹੇ ਬਾਤ, ਸਾਹਮਣੇ ਖੜਾ ਕਰਕੇ ਕਿਸੇ ਸਮਝ ਨਾ ਦਏ ਸਮਝਾਈਆ । ਪਿੱਛੋਂ ਕਹਾਣੀ ਪੌਂਦੇ ਬਾਤ, ਉਂਗਲਾਂ ਸਤਰਾਂ ਉਤੇ ਫਿਰਾਈਆ । ਸਭ ਕੁਛ ਓਸ ਦੇ ਹਾਥ, ਓਹ ਦਾਤਾ ਬੇਪਰਵਾਹੀਆ । ਜਿਸ ਦੇ ਚਰਨ ਚੁੰਮਦੇ ਕੋਟਨ ਕੋਟ ਤ੍ਰੈਲੋਕੀ ਨਾਥ, ਰਾਮ ਦਸਰਥ ਬੈਠੇ ਸੀਸ ਨਿਵਾਈਆ । ਝੁਕਦੇ ਵੇਖੇ ਪ੍ਰਿਥਮੀ ਆਕਾਸ਼, ਗਗਨ ਮੰਡਲ ਦੇਣ ਦੁਹਾਈਆ । ਨਾਤਾ ਨਹੀਂ ਜੁੜਿਆ ਕਿਸੇ ਦਾ ਸਾਕ, ਜੋ ਸੱਜਣ ਹੋ ਕੇ ਗਲੇ ਲਗਾਈਆ । ਗੋਬਿੰਦ ਕਿਹਾ ਮੈਂ ਮੰਨਦਾ ਤੂੰ ਸਾਂਝਾ ਸਾਰਿਆਂ ਦਾ ਬਾਪ, ਇਹ ਤੇਰੀ ਬੇਪਰਵਾਹੀਆ । ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... (ਤਕਰੀਬਨ ੨੦ ਪੰਨੇ) ।

## ❋ ੨੮ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❋

ਦੁਆਬੇ ਦੇ ਦਿਨ ਪੰਜ, ਪੰਜਾਂ ਪੰਜਾਂ ਜੋੜ ਜੁੜਾਈਆ । ਬਾਕੀ ਉਹਨਾਂ ਨਾਲ ਮਿਲਕੇ ਕਰਨ ਸੰਗ, ਪਲੂ ਗੰਢ ਬੰਧਾਈਆ । ਇੱਕੀ ਮਾਘ ਜਿਥੇ ਮਰਜ਼ੀ ਡਾਹ ਲਿਉ ਪਲੰਘ, ਮਿਲਕੇ ਖ਼ੁਸ਼ੀ ਮਨਾਈਆ । ਪਾ ਕੇ ਆਵਾਂ ਸਭ ਨੂੰ ਠੰਡ, ਅੰਮ੍ਰਿਤ ਮੇਘ ਬਰਸਾਈਆ । ਦੇ ਕੇ ਆਵਾਂ ਅਨੰਦ, ਸਾਂਤਕ ਸਤਿ ਵਰਤਾਈਆ । ਤੁਹਾਡੇ ਕਰਮਾਂ ਕੁਕਰਮਾਂ ਦੀ ਚੁਕ ਕੇ ਆਵਾਂ ਪੰਡ, ਸਿਰ ਆਪਣੇ ਭਾਰ ਉਠਾਈਆ । ਕੁਛ ਹੋਰ ਦੱਸ ਕੇ ਆਵਾਂ ਛੰਦ, ਕਿਸ ਬਿਧ ਸਾਰਿਆਂ ਦਾ ਨਾਤਾ ਜੋੜ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਪੂਰੀ ਕਰੇ ਆਪ ਮੰਗ, ਮੰਗਤਿਆਂ ਅਗੇ ਮਾਂਗਤ ਹੋ ਕੇ ਆਪਣੀ ਝੋਲੀ ਡਾਹੀਆ ।

## ❋ ੨੯ ਪੋਹ ੨੦੨੧ ਬਿਕ੍ਰਮੀ ਬੀਬੀ ਪਿਆਰੋ ਦੇ ਗ੍ਰਹਿ ❋

ਅੰਮ੍ਰਿਤ ਕਹੇ ਮੈਂ ਦੱਸਾਂ ਕੀ, ਅਮਰਾਪਦ ਮਿਲੇ ਵਡਿਆਈਆ । ਬਲਿਹਾਰੀ ਹਰਿ ਚਰਨ ਕਵਲ ਜਾਵਾਂ ਬੀ, ਸਚਖੰਡ ਨਿਵਾਸੀ ਦਿਤੀ ਮਾਣ ਵਡਿਆਈਆ । ਜੁਗ ਚੌਕੜੀ ਬਦਲ ਕੇ ਲੀਹ, ਲੇਖਾ ਆਪਣੇ ਹੱਥ ਰਖਾਈਆ । ਸਤਿ ਧਰਮ ਦੀ ਰਖਕੇ ਨੀਂਹ, ਹੁਕਮ ਆਪਣਾ ਇਕ ਸੁਣਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਸੀਂ, ਪੜਦਾ ਓਹਲਾ ਵੇਖ ਵਖਾਈਆ । ਜਨ ਭਗਤ ਬਣਾ ਕੇ ਪੁਤਰ ਧੀ, ਨਾਤਾ ਬਣਿਆ ਬੇਪਰਵਾਹੀਆ । ਮੈਂ ਖ਼ੁਸ਼ ਹੋਇਆ ਮੈਨੂੰ ਭਗਤਾਂ ਲਿਆ ਪੀ, ਪਿਆਲਾ ਹੱਥਾਂ ਵਾਲਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅੰਮ੍ਰਿਤ ਕਹੇ ਜਿਸ ਵੇਲੇ ਹੱਥਾਂ ਦਾ ਬਣਿਆ ਪਿਆਲਾ, ਮੇਰੀ ਪਲਕ ਲਈ ਅੰਗੜਾਈਆ । ਵੇਖਿਆ ਖੇਲ ਦੀਨ ਦਿਆਲਾ, ਦਇਆਨਿਧ ਦਇਆ ਕਮਾਈਆ । ਮੇਰਾ ਅੰਤਰ ਹੋਇਆ ਖ਼ੁਸ਼ਹਾਲਾ, ਖ਼ੁਸ਼ੀ ਗ਼ਮੀ ਇਕੋ ਰੰਗ ਸਮਾਈਆ । ਕਰਿਆ ਖੇਲ ਸ੍ਰੀ ਭਗਵਾਨਾ, ਮਿਹਰ ਨਜ਼ਰ ਉਠਾਈਆ । ਜਿਨ੍ਹਾਂ ਹੱਥਾਂ ਨਾਲ ਭਗਤਾਂ ਕਰਾਇਆ ਇਸ਼ਨਾਨਾ, ਆਪਣੀ ਸੇਵ ਕਮਾਈਆ । ਉਹਨਾਂ ਹੱਥਾਂ ਨਾਲ ਮੁਖ ਸੁਹਾਨਾ, ਰਸ ਜਾਮ ਲਬ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅੰਮ੍ਰਿਤ ਕਹੇ ਚੰਗਾ ਹੋਇਆ ਮੈਨੂੰ ਹੱਥਾਂ ਨਾਲ ਪੀਤਾ, ਬਰਤਨ ਅਗੇ ਨਾ ਕੋਇ ਰਖਾਈਆ । ਹੱਥ ਕਹਿਣ ਸਾਡਾ ਅੰਤਰ ਹੋਇਆ ਠਾਂਡਾ ਸੀਤਾ, ਜਿਸ ਵੇਲੇ ਤਲੀ ਉਪਰ ਟਿਕਾਈਆ । ਤਲੀ ਕਹੇ ਮੈਂ ਤਕ ਕੇ ਵੇਖਿਆ ਨਾਲ ਨੀਝਾਂ, ਆਪਣੀ ਅੱਖ ਖੁਲ੍ਹਾਈਆ । ਸਚ ਦਿਸਿਆ ਜਿਵੇਂ ਇਹ ਹੱਥ ਪ੍ਰਭ ਚਰਨ ਛੋਹ ਕੇ ਕਰਨ ਪ੍ਰੀਤਾ, ਧੂੜੀ ਖ਼ਾਕ ਇਹਨਾਂ ਨਾਲ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਵਖਾਈਆ । ਅੰਮ੍ਰਿਤ ਕਹੇ ਜਿਹੜੇ ਹੱਥ ਭਗਤਾਂ ਪ੍ਰਭ ਚਰਨ ਲਗੇ, ਸੀਸ ਨਾਲ ਮਿਲਾਈਆ । ਓਹੋ ਹੱਥ ਗੁਰਮੁਖਾਂ ਡਾਹੇ ਅਗੇ, ਪਿਆਰ ਨਾਲ ਮੈਨੂੰ ਵਿਚ ਲਿਆ ਟਿਕਾਈਆ । ਓਸ ਵੇਲੇ ਮੇਰੇ ਸਾਰੇ ਸੰਸੇ ਲੱਥੇ, ਸੋਗ ਰਿਹਾ ਨਾ ਰਾਈਆ । ਜਿਸ ਵੇਲੇ ਗੁਰਮੁਖ ਪੀਣ ਲਗੇ ਅੰਦਰੋਂ ਹੱਸੇ, ਖ਼ੁਸ਼ੀ ਮੇਰੇ ਉਤੇ ਆਈਆ । ਮੈਂ ਉਠ ਕੇ ਵੇਖਿਆ ਪ੍ਰੇਮ ਦੀ ਖ਼ਾਤਰ ਇਕ ਦੂਜੇ ਨੂੰ ਪੈਂਦੇ ਧੱਕੇ, ਵੱਡੇ ਛੋਟੇ ਇਕ ਦੂਜੇ ਦੇ ਹੇਠਾਂ ਉਤੋਂ ਥੱਲੇ ਦੀ ਹੱਥ ਲੰਘਾਈਆ । ਕਈ ਗੋਡਿਆਂ

ਭਾਰ ਢੱਠੇ, ਬਹੁਤਿਆਂ ਜ਼ੋਰ ਦਿਤਾ ਵਖਾਈਆ । ਮੈਨੂੰ ਬੜੀ ਖ਼ੁਸ਼ੀ ਔਂਦੀ ਜਿਸ ਵੇਲੇ ਗੁਰਮੁਖ ਅਗੇ ਹੱਥ ਵਖੌਂਦੇ ਇਕੱਠੇ, ਇਕ ਦੇ ਦੋ ਦੋ ਨਜ਼ਰੀ ਆਈਆ । ਮੈਂ ਓਸ ਵੇਲੇ ਪ੍ਰਭੂ ਅਗੇ ਵਾਸਤੇ ਘੱਤੇ, ਬੇਨੰਤੀ ਕਰ ਸੁਣਾਈਆ । ਹੇ ਪ੍ਰਭੂ ਜਿਹੜਾ ਗੁਰਮੁਖ ਅੱਜ ਮੇਰਾ ਰਸ ਚੱਟੇ, ਉਹ ਤੇਰੇ ਵਿਚ ਸਮਾਈਆ । ਜਨਮ ਕਰਮ ਦੇ ਰਹਿਣ ਨਾ ਰੱਟੇ, ਝਗੜਾ ਅਗੇ ਨਾ ਕੋਇ ਵਖਾਈਆ । ਇਨ੍ਹਾਂ ਦੇ ਲੇਖੇ ਲੌਣੇ ਟੇਕੇ ਮੱਥੇ, ਮਸਤਕ ਆਪਣਾ ਤਿਲਕ ਛੁਹਾਈਆ । ਬਿਨ ਤੇਰੀ ਕਿਰਪਾ ਕਦੇ ਕੋਈ ਭਾਂਡੇ ਨਾ ਹੋਏ ਪੱਕੇ, ਕੱਚੇ ਸਾਰੇ ਨਜ਼ਰੀ ਆਈਆ । ਮੈਨੂੰ ਐਂ ਦਿਸਦਾ ਜਿਵੇਂ ਇਹ ਸਾਰੇ ਮੇਰੇ ਨਾਲੋਂ ਅੱਛੇ, ਜਿਨ੍ਹਾਂ ਦੇ ਪਿੱਛੇ ਮੈਨੂੰ ਮਿਲੀ ਵਡਿਆਈਆ । ਪ੍ਰਭੂ ਇਹ ਰਸ ਬਿਨ ਤੇਰਿਆਂ ਭਗਤਾਂ ਹੋਰ ਕਦੀ ਕਿਸੇ ਨੂੰ ਨਾ ਪਚੇ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਅੰਮ੍ਰਿਤ ਕਹੇ ਚੰਗਾ ਹੋਇਆ, ਪ੍ਰਭ ਚੰਗੀ ਦਿਤੀ ਵਡਿਆਈਆ । ਮੈਂ ਸਮਝ ਚੁਕਾ ਸਾਂ ਕਿ ਮੈਂ ਵੀਹਵੀਂ ਸਦੀ ਅਖ਼ੀਰੀ ਮੋਇਆ, ਮੇਰਾ ਸਾਥੀ ਨਜ਼ਰ ਕੋਇ ਨਾ ਆਈਆ । ਕਿਉਂ ਗੋਬਿੰਦ ਵਰਗਾ ਸਿੱਖ ਮੁੜ ਕੇ ਗੋਬਿੰਦ ਰੂਪ ਨਾ ਹੋਇਆ, ਕਾਇਆ ਗੋਰ ਦਰਸ ਕੋਇ ਨਾ ਪਾਈਆ । ਧੰਨ ਭਾਗ ਤੂੰ ਮੁੜ ਕੇ ਫੇਰ ਲੈ ਕੇ ਆਇਉਂ ਢੋਆ, ਧੁਰਦਰਗਾਹੀ ਆਪਣਾ ਫੇਰਾ ਪਾਈਆ । ਹੁਣ ਕੋਈ ਮੈਨੂੰ ਪੁੱਛੇ ਮੈਂ ਫੇਰ ਨਵਾਂ ਨਰੋਇਆ, ਅਗੇ ਨਾਲੋਂ ਵੱਡਾ ਨਜ਼ਰੀ ਆਈਆ । ਜਿਸ ਵੇਲੇ ਗੁਰਮੁਖਾਂ ਨੇ ਮੈਨੂੰ ਆਪਣੇ ਮੁਖ ਅੰਦਰ ਚੋਇਆ, ਮੈਂ ਚੁਸਤੀ ਚਲਾਕੀ ਨਾਲ ਥੱਲੇ ਦੀ ਬਜਾਏ ਕੁਛ ਉਤੇ ਚੜ੍ਹ ਕੇ ਆਪਣਾ ਆਸਣ ਲਾਈਆ । ਮੇਰਾ ਭੇਤ ਤੇਰੇ ਬਿਨਾ ਜਾਣੇ ਨਾ ਕੋਇਆ, ਕਾਇਆ ਕ਼ੁਫ਼ਲ ਨਾ ਕੋਇ ਖੁਲ੍ਹਾਈਆ । ਮੈਂ ਪ੍ਰਭੂ ਸੇਵਾ ਕਰ ਕੇ ਦੁਰਮਤ ਮੈਲ ਨੂੰ ਬਾਹਰੋਂ ਕਰ ਕੇ ਆਇਆ ਵਿਛੋਇਆ, ਹੌਲੀ ਹੌਲੀ ਦਿਤਾ ਵਹਾਈਆ । ਇਸੇ ਕਰ ਕੇ ਅਠਾਈ ਦੀ ਰਾਤ ਖ਼ੁਸ਼ੀ ਨਾਲ ਸੋਇਆ, ਪ੍ਰਭੂ ਨੇ ਮੈਨੂੰ ਥਾਪੜ ਕੇ ਦਿਤਾ ਸਵਾਈਆ । ਹੁਣ ਫੇਰ ਉਠ ਖਲੋਇਆ, ਭੱਜਾਂ ਵਾਹੋ ਦਾਹੀਆ । ਜਿਸ ਦੇ ਰਸਨਾ ਨਾਲ ਛੋਇਆ, ਉਸਨੂੰ ਛੋਹਰ ਬਾਂਕਾ ਦਿਤਾ ਬਣਾਈਆ । ਸੂਤਰ ਸਾਚੇ ਤੁਹਾਡੇ ਨਾਲ ਪਰੋਇਆ, ਰਵਦਾਸ ਦੇ ਪਾਣੇ ਵਾਲੀ ਚਸ ਦਿਤੀ ਜਣਾਈਆ । ਭੇਵ ਚੁਕਾ ਕੇ ਏਕਾ ਦੋਇਆ, ਦੁਤੀਆ ਭਾਉ ਦਿਤਾ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੈਰਾਨ ਹੋ ਕੇ ਕਹਿਣ ਇਹ ਕੀ ਹੋਇਆ, ਅਨਹੋਣੀ ਖੇਲ ਪ੍ਰਭ ਨੇ ਦਿਤੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਅੰਮ੍ਰਿਤ ਕਿਹਾ ਜਿਸ ਵੇਲੇ ਭਰੇ ਪੰਜ ਘੁੱਟ, ਗੁਰਮੁਖ ਮੁਖ ਲਗਾਈਆ । ਮੈਂ ਓਸੇ ਵੇਲੇ ਹੋ ਕੇ ਖ਼ੁਸ਼, ਖ਼ੁਸ਼ਹਾਲੀ ਆਪਣੀ ਦਿਤੀ ਜਣਾਈਆ । ਤੁਹਾਡੀ ਮੌਲੇ ਸੋਹਣੀ ਰੁੱਤ, ਪੱਤ ਡਾਲ੍ਹੀ ਰੰਗ ਰੰਗਾਈਆ । ਸਚ ਫੁਲਵਾੜੀ ਆਵੇ ਫੁੱਟ, ਧੁਰ ਦੀ ਮਹਿਕ ਮਹਿਕਾਈਆ । ਏਥੇ ਓਥੇ ਤੁਹਾਨੂੰ ਲਏ ਪੁੱਛ, ਪੁਸ਼ਤ ਪਨਾਹ ਪ੍ਰਭ ਆਪਣਾ ਹੱਥ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਤਾ ਜੋੜ ਕੇ ਸਾਚੇ ਸੁਤ, ਸਤਿ ਸਤਿਵਾਦੀ ਲਿਆ ਬਣਾਈਆ । ਅੰਮ੍ਰਿਤ ਆਖੇ ਪ੍ਰਭੂ ਮੈਨੂੰ ਇਕ ਵੇਰਾਂ ਵਿਚੋਂ ਆ ਗਿਆ ਰੋਣ, ਮੈਂ ਅੱਖਾਂ ਉਤੇ ਹੱਥ ਲਏ ਟਿਕਾਈਆ । ਕਿਉਂ ਵਿਸ਼ਨ ਬ੍ਰਹਮਾ ਸ਼ਿਵ ਥੋੜ੍ਹਾ ਜਿਹਾ ਆਏ ਸੀ ਵਿਚੋਂ ਖੋਹਣ, ਮੈਂ ਆਪਣਾ ਆਪ ਆਪਣੇ ਵਿਚ ਲਿਆ ਲੁਕਾਈਆ । ਫੇਰ ਕਰ ਕੇ ਉਚੀ ਧੌਣ, ਤੇਰੇ ਵਲ ਲਈ ਉਠਾਈਆ । ਪ੍ਰਭੂ ਇਹ ਕੌਣ, ਮੈਨੂੰ ਦੇ ਸਮਝਾਈਆ । ਓਸੇ ਵੇਲੇ ਤੇਰਾ ਗੋਬਿੰਦ ਪਿੱਛੇ ਆ ਗਿਆ ਹਟੌਣ, ਅਗਿਉਂ ਪਿੱਛੇ ਦਿਤੇ ਹਟਾਈਆ । ਫੇਰ ਪ੍ਰੇਮ ਨਾਲ ਪਿਆਰਾ ਹੋ ਕੇ ਲੱਗਾ ਆਪ ਵਰਤੌਣ, ਕਿਉਂ ਆਪਣਾ

੨੦੮

ਆਪ ਪੰਜਾਂ ਪਿਆਰਿਆਂ ਦੀ ਭੇਟ ਚੜ੍ਹਾਈਆ । ਮੈਂ ਓਸੇ ਵੇਲੇ ਲੱਗਾ ਗੌਣ, ਗੋਬਿੰਦ ਢੋਲਾ ਬੇਪਰਵਾਹੀਆ । ਨਾਲੇ ਕਹਾਂ ਧੰਨ ਵਡਿਆਈ ਜਿਹੜਾ ਉਜੜੇ ਆਇਆ ਵਸੌਣ, ਸੋਹਣੇ ਮੰਦਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਓਨੇ ਚਿਰ ਨੂੰ ਅੰਮ੍ਰਿਤ ਦਾ ਬੋਲ ਪਿਆ ਨਿੱਕਾ ਜਿਹਾ ਡਿੱਗਾ ਹੋਇਆ ਤੁਬਕਾ, ਕਰੇ ਹਾਲ ਦੁਹਾਈਆ । ਬੌਹੜੀ ਮੈਂ ਹੋ ਗਿਆ ਮੁਰਦਾ, ਗੁਰਮੁਖ ਮੈਨੂੰ ਹੱਥ ਨਾ ਕੋਇ ਲਗਾਈਆ । ਮੈਥੋਂ ਨਾਤਾ ਤੁਟ ਗਿਆ ਸਤਿਗੁਰ ਦਾ, ਭਗਤਾਂ ਨਾਲੋਂ ਹੋਈ ਜੁਦਾਈਆ । ਓਹਦਾ ਦੁਖ ਸੁਣ ਕੇ ਵੇਖ ਕੇ ਝੁਰਦਾ, ਪ੍ਰਭ ਰਹਿਮਤ ਆਪ ਕਮਾਈਆ । ਓਸੇ ਵੇਲੇ ਇੱਕੀ ਮਿੰਟ ਦਾ ਵਕਫ਼ਾ ਦੇ ਕੇ ਆਇਆ ਤੁਰਦਾ, ਚਰਨ ਛੁਹਾ ਕੇ ਲੇਖਾ ਲਿਆ ਮੁਕਾਈਆ । ਇੱਕੀਆਂ ਇੱਕੀਆਂ ਇੱਕੀਆਂ ਦਾ ਮਾਲਕ ਕਿਉਂ ਨਾ ਸਭ ਨੂੰ ਪੁਛਦਾ, ਜੋ ਦਰ ਤੇ ਆਸ ਰਖਾਈਆ । ਜਿਨ ਕਤਰੇ ਦਾ ਲਹਿਣਾ ਬਣੌਣਾ ਇਕ ਘੁਟ ਦਾ, ਘੁਟ ਤੋਂ ਅਤੁਟ ਦਿਤਾ ਵਰਤਾਈਆ । ਅੰਮ੍ਰਿਤ ਕਹੇ ਮੇਰੀ ਜੇ ਬੂੰਦ ਕੋਲੋਂ ਓਸ ਵੇਲੇ ਪੁਛਦਾ, ਉਹ ਆਪਣੀ ਅਗੰਮੀ ਕਹਾਣੀ ਦਏ ਸੁਣਾਈਆ । ਜਨ ਭਗਤੋ ਇਹ ਪਿਆਰਾ ਦੁਖੀਆਂ ਦੇ ਦੁਖ ਦਾ, ਦਰਦੀਆਂ ਦਾ ਦਰਦ ਵੰਡਾਈਆ । ਜੇ ਇਹਨੂੰ ਮੇਰਾ ਦਰਦ ਨਾ ਹੁੰਦਾ ਕਿਉਂ ਸਿੰਘਾਸਣ ਉਤੋਂ ਉਠਦਾ, ਆਪਣਾ ਪੰਧ ਮੁਕਾਈਆ । ਮੈਂ ਖ਼ੁਸ਼ ਹੋਈ ਇਸ ਦੇ ਕੋਲ ਭੰਡਾਰਾ ਉਹ ਸੁਖ ਦਾ, ਜਿਹੜਾ ਸੁਖਣਾ ਲੈਣ ਵਾਲਿਆਂ ਹੱਥ ਕਿਸੇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਉਜਲ ਮੁਖ ਦਾ, ਜੋ ਮੁਖ ਮੁਖ ਆਪਣੇ ਅੰਮ੍ਰਿਤ ਲਾਈਆ ।



## ❊ ੨੯ ਪੋਹ ੨੦੨੧ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਨਵਿਤ ਜੇਠੂਵਾਲ ❊

ਇਕ ਦਿਨ ਬਾਲੇ ਨਾਨਕ ਨੂੰ ਗੰਨਾ ਦਿਤਾ ਜਿਸ ਦੀ ਇੱਕੀ ਪੋਰੀ, ਢਾਈ ਹੱਥ ਉਤਲਾ ਹਿੱਸਾ ਬਾਕੀ ਦਿਤਾ ਰਖਾਈਆ । ਹੱਥ ਨਾਲ ਦਿਤਾ ਮਰੋੜੀ, ਹਿੱਸਾ ਅੱਡ ਵੰਡਾਈਆ । ਉਸ ਓਸ ਵੇਲੇ ਕੀਤਾ ਬਹੁੜੀ, ਦਿਤੀ ਹਾਲ ਦੁਹਾਈਆ । ਬਾਲਿਆ ਬਾਕੀ ਨਾਨਕ ਨਾਲ ਮਿਲ ਕੇ ਹੁੰਦੇ ਜੋੜੀ ਜੋੜੀ, ਮੈਨੂੰ ਵਖਰਾ ਦਿਤਾ ਬਹਾਈਆ । ਬਾਲੇ ਕਿਹਾ ਅੱਜ ਦਿਨ ਲੋਹੜੀ, ਰਸ ਚਖਣ ਨੂੰ ਸਾਡਾ ਵੀ ਜੀ ਕਰ ਆਈਆ । ਗੰਨੇ ਕਿਹਾ ਮੇਰਾ ਨਹੀਂ ਕੋਈ ਜ਼ੋਰੀ, ਪਰ ਅਧੀਨ ਰਿਹਾ ਕੁਰਲਾਈਆ । ਓਧਰੋਂ ਨਾਨਕ ਬੋਲ ਪਿਆ ਹੌਲੀ, ਹੌਲੀ ਜਿਹੀ ਆਖ ਸੁਣਾਈਆ । ਇਹ ਕੀ ਗੱਲ ਕਿਹੜੀ ਘੁੰਡੀ ਖੋਲ੍ਹੀ, ਮੈਨੂੰ ਦਿਉ ਜਣਾਈਆ । ਬਾਲੇ ਕਿਹਾ ਇਹ ਐਵੇਂ ਪੌਂਦਾ ਰੌਲੀ, ਗੰਨਾ ਦੇਵੇ ਪਿਆ ਦੁਹਾਈਆ । ਓਸ ਕਿਹਾ ਮੇਰੀ ਰੁੱਤ ਅਜੇ ਪੂਰੀ ਨਹੀਂ ਮੌਲੀ, ਆਪਣਾ ਰੰਗ ਵਖਾਈਆ । ਓਧਰੋਂ ਬਾਲੇ ਨੇ ਜੇਬ ਵਿਚੋਂ ਕੱਢ ਲਈ ਕੌਲੀ, ਪੈਰ ਹੇਠਾਂ ਦੱਬ ਕੇ ਜ਼ੋਰ ਨਾਲ ਵਟ ਦਿਤਾ ਚੜ੍ਹਾਈਆ । ਓਸ ਗੰਨੇ ਨੇ ਆਪਣੀ ਰਤ ਰਸ ਧਾਰ ਡੋਲ੍ਹੀ, ਹਾਏ ਸੀ ਨਾ ਕੋਇ ਸੁਣਾਈਆ । ਉਧਰੋਂ ਗੁਰੂ ਨਾਨਕ ਨੇ ਸੱਜੇ ਹੱਥ ਦੀ ਉਂਗਲੀ ਵਿਚ ਡੁਬੋ ਲਈ, ਪੋਟੇ ਨੂੰ ਲਾ ਕੇ ਆਪਣੇ ਮੁਖ ਵਿਚ ਲਾਈਆ । ਓਸ ਵੇਲੇ ਉਸ ਨੇ ਕਿਹਾ ਮੈਂ ਘੋਲ ਘੋਲੀ, ਆਪਣਾ ਆਪ ਗਵਾਈਆ । ਸਤਿਗੁਰ ਮੈਨੂੰ ਰਖ ਲੈ ਆਪਣੀ ਕਾਇਆ ਅੰਦਰ ਚੋਲੀ, ਮੇਰਾ ਦੁਖੜਾ ਦੇ ਮਿਟਾਈਆ । ਗੁਰੂ ਨਾਨਕ ਕਿਹਾ ਬਹੁਤਾ ਨਾ ਬੋਲੀਂ, ਤੈਨੂੰ ਦਿਆਂ ਸਮਝਾਈਆ । ਤੇਰੇ ਪਿਆਰ ਰਸ ਦੀ ਰਸ ਬਣਨਾ ਵਿਚੋਲੀ, ਭਗਵਨ ਰਿਹਾ ਜਣਾਈਆ । ਓਸ ਕਿਹਾ ਇਹ ਧਾਰ ਵਖਰੀ ਨਿਰੋਲੀ, ਸਮਝ

ਕੋਇ ਨਾ ਪਾਈਆ । ਨਾਨਕ ਕਿਹਾ ਜਿਸ ਵੇਲੇ ਮੇਰਾ ਮਾਲਕ ਆਪਣਿਆਂ ਭਗਤਾਂ ਦੀ ਚੁਕਣ ਆਵੇ ਡੋਲੀ, ਲੋਕਮਾਤ ਫੇਰਾ ਪਾਈਆ । ਓਸੇ ਵੇਲੇ ਤੇਰੀ ਗੰਢ ਫੇਰ ਲਵੇ ਖੋਲ੍ਹੀ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਇੱਕੀ ਗੰਢਾਂ ਪਾ ਬੈਠੀਆਂ ਝਗੜਾ, ਇਕੱਠੀਆਂ ਰਹੀਆਂ ਜਣਾਈਆ । ਕੁਛ ਸਾਨੂੰ ਦੱਸ ਭੇਦ ਅਗਲਾ, ਤੇਰੇ ਅਗੇ ਵਾਸਤਾ ਪਾਈਆ । ਜਿਸ ਵੇਲੇ ਉਹ ਮਾਲਕ ਆਇਆ ਸਗਲਾ, ਮਿਤਰ ਬੇਪਰਵਾਹੀਆ । ਉਹ ਇੱਕੀਆਂ ਵਿਚੋਂ ਕਿਹਨੂੰ ਚੰਗਾ ਲਗਣਾ, ਕਿਸ ਨਾਲ ਪ੍ਰੇਮ ਵਧਾਈਆ । ਨਾਨਕ ਕਿਹਾ ਉਸ ਸਭ ਦਾ ਇਕੋ ਜਿਹਾ ਹਿੱਸਾ ਰਖਣਾ, ਵੱਡੀ ਛੋਟੀ ਨਾ ਕੋਇ ਵਡਿਆਈਆ । ਓਸ ਦਾ ਹਿਸਾਬ ਓਸੇ ਨੂੰ ਜਚਣਾ, ਓਸੇ ਦੇ ਹੱਥ ਵਡਿਆਈਆ । ਉਹਨਾਂ ਕਿਹਾ ਕਿਤਨਾ ਕਿ ਕਿਤਨਾ, ਸਾਨੂੰ ਦੇ ਸਮਝਾਈਆ । ਨਾਨਕ ਹਸ ਦੇ ਕਿਹਾ ਨਿੱਕੀਉਂ ਇਤਨਾ, ਜਿਹਨੂੰ ਇੱਕੀ ਸੇਰ ਦਿਤਾ ਬਣਾਈਆ । ਤੁਸਾਂ ਭਗਤਾਂ ਦੇ ਦਵਾਰੇ ਵਿਕਣਾ, ਇੱਕੀ ਇੱਕੀ ਗੰਢ ਪਵਾਈਆ । ਮੈਂ ਤੁਹਾਡੀਆਂ ਸਿਫ਼ਤਾਂ ਦਾ ਲੇਖ ਲਿਖਣਾ, ਸ਼ਬਦੀ ਦੇਵਾਂ ਗਵਾਹੀਆ । ਤੁਹਾਡਾ ਪ੍ਰੇਮ ਪਿਆਰ ਰਸ ਮਿਠਣਾ, ਗੁਰਮੁਖਾਂ ਦਿਆਂ ਚਖਾਈਆ । ਤੁਸਾਂ ਕਿਸੇ ਹੋਰ ਉਤੇ ਨਹੀਂ ਵਿਸਣਾ, ਥੋੜ੍ਹਾ ਜਿਹਾ ਪੜਦਾ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।



### ✲ ੨੯ ਪੋਹ ੨੦੨੧ ਬਿਕ੍ਰਮੀ ਸੰਤੋਖ ਸਿੰਘ ਦੇ ਨਵਿਤ ਜੇਠੂਵਾਲ ✲

੨੧੦

ਇੱਕੀ ਗੰਢ ਵਾਲੀ ਇੱਕੀ ਮੱਟੀ, ਮਟਕੀ ਆਪਣੀ ਲਈ ਭਰਾਈਆ । ਨਿੱਕੀ ਤੋਂ ਹੋ ਕੇ ਵੱਡੀ, ਵੱਡੀ ਖੇਲ ਵਖਾਈਆ । ਸਦੀਆਂ ਪਿੱਛੋਂ ਖਟੀ ਖਟੀ, ਵਾਧਾ ਸਤਿਗੁਰਾਂ ਹੱਥ ਨਜ਼ਰੀ ਆਈਆ । ਪ੍ਰੇਮ ਪਿਆਰ ਦੀ ਖੋਲ੍ਹ ਕੇ ਹੱਟੀ, ਭਗਤ ਦਵਾਰੇ ਆਪਣੀ ਵਸਤ ਵਿਕਾਈਆ । ਸੇਵਾ ਕਰਨ ਵਿਚ ਹੋ ਗਈ ਅੱਛੀ, ਆਪਾ ਭੇਟ ਕਰਾਈਆ । ਇੱਕੀ ਸੇਰ ਜਲ ਵਿਚ ਗਈ ਝੱਸੀ, ਆਪਣਾ ਵਜੂਦ ਗਈ ਮਿਟਾਈਆ । ਫੇਰ ਖ਼ੁਸ਼ੀਆਂ ਨਾਲ ਹੱਸੀ, ਸਾਹਿਬ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖ ਆਪਣੇ ਹੱਥ ਰਖਾਈਆ ।

### ✲ ੨੯ ਪੋਹ ੨੦੨੧ ਬਿਕ੍ਰਮੀ ਮਿਲਖਾ ਸਿੰਘ ਦੇ ਨਵਿਤ ਜੇਠੂਵਾਲ ✲

ਇੱਕੀ ਸੇਰ ਆਖਿਆ ਪ੍ਰਭੂ ਮੇਰੀ ਵੇਖ ਮਿਠਾਸ, ਮਿੱਠਤ ਤੇਰਾ ਰੂਪ ਸਮਾਈਆ । ਮੈਨੂੰ ਆਇਆ ਇਕ ਕਿਆਸ, ਅੰਦਰੋਂ ਦਲੀਲ ਦਿਤੀ ਗਵਾਈਆ । ਜੇ ਤੂੰ ਵਸਣਾ ਭਗਤਾਂ ਸਾਥ, ਪਹਿਲੋਂ ਆਪਣਾ ਆਪ ਦੇ ਮਿਟਾਈਆ । ਮੈਂ ਸਮਝਿਆ ਇਹ ਠੀਕ ਬਾਤ, ਜਿਹੜੀ ਮੈਨੂੰ ਦਿਤੀ ਜਣਾਈਆ । ਜਿੰਨਾਂ ਚਿਰ ਨਾ ਮਿਟੇ ਆਪ, ਓਨਾਂ ਚਿਰ ਬਾਪ ਨਾ ਗੋਦ ਉਠਾਈਆ । ਫੇਰ ਮੈਂ ਸੋਚਿਆ ਕਿਹਦੇ ਨਾਲ ਬਣਾਵਾਂ ਸਾਕ, ਕਿਸ ਵਿਚ ਆਪਣਾ ਆਪ ਮਿਲਾਈਆ । ਓਧਰੋਂ ਆਈ ਇਕ ਆਵਾਜ਼, ਸ਼ਬਦ ਸੰਦੇਸ਼ਾ ਦਿਤਾ ਸੁਣਾਈਆ । ਉਠ ਵੇਖ ਚਰਨ ਚਰਨੋਦਕ ਪ੍ਰਭ ਦਾ ਸਾਫ਼, ਪਵਿਤ ਰੂਪ ਵਟਾਈਆ । ਜੇ ਇਸ ਦੇ ਵਿਚ ਮਿਲ ਜਾਏਂ ਤੇਰੇ ਪਿਛਲੇ ਜਨਮ ਕਰਮ ਕਰ ਦੇਵੇ ਮੁਆਫ਼, ਮਾਫ਼ੀ ਅਗਲੀ ਤੇਰੀ ਝੋਲੀ ਪਾਈਆ ।

ਓਸ ਵੇਲੇ ਮੈਂ ਹੈਰਾਨੀ ਵਿਚ ਹੋ ਗਈ ਲਾਜਵਾਬ, ਚਾਰੋਂ ਕੁੰਟ ਅੱਖ ਉਠਾਈਆ । ਕੀ ਇਹ ਸਚ ਕਿ ਕੋਈ ਖ਼ਵਾਬ, ਕਿ ਖ਼ਾਹਮਖ਼ਾਹ ਕੋਈ ਮੈਨੂੰ ਰਿਹਾ ਭੁਲਾਈਆ । ਓਨੇ ਚਿਰ ਨੂੰ ਮੇਰੀ ਖੁਲ੍ਹ ਗਈ ਜਾਗ, ਮੈਂ ਆਪਣੀ ਅੱਖ ਖੁਲ੍ਹਾਈਆ । ਜਾਂ ਤਕਿਆਂ ਤੇ ਨਜ਼ਰੀ ਆਇਆ ਖ਼ੁਦਾਵੰਦ ਪਾਕ, ਨੂਰੋ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਓਸੇ ਵੇਲੇ ਮੈਨੂੰ ਦਿਤਾ ਆਖ, ਉਠ ਆਪਣੀ ਸੇਵ ਕਮਾਈਆ । ਮੈਂ ਜੋੜ ਕੇ ਦੋਵੇਂ ਹਾਥ, ਚਰਨ ਕਵਲ ਸੀਸ ਨਿਵਾਈਆ । ਪ੍ਰਭੂ ਮੈਨੂੰ ਨਹੀਂ ਕੋਈ ਜਾਚ, ਕੁਛ ਆਪ ਦੇ ਸਮਝਾਈਆ । ਓਸ ਕਿਹਾ ਇਹਨਾਂ ਭਗਤਾਂ ਦਾ ਦੇ ਸਾਥ, ਜੋ ਸਾਥੀ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਇੱਕੀ ਸੇਰ ਵਰਤੌਣਾ ਆਪਣੇ ਹਾਥ, ਮੇਰੀ ਝੋਲੀ ਪਾਈਆ । ਮੈਂ ਓਸੇ ਵੇਲੇ ਕਿਹਾ ਮੈਨੂੰ ਮਨਜ਼ੂਰ ਇਹ ਨਾਤ, ਰਿਸ਼ਤਾ ਇਹਨਾਂ ਨਾਲ ਰਖਾਈਆ । ਕੁਛ ਪਿਛਲੀ ਦੱਸ ਯਾਦ, ਮੈਨੂੰ ਸਮਝ ਕੁਛ ਨਾ ਆਈਆ । ਸ਼ਬਦੀ ਨਾਦ ਵਜਿਆ ਨਾਨਕ ਅਗੇ ਕੀਤੀ ਫ਼ਰਿਆਦ, ਨਾਨਕ ਦਾ ਦਾਦਕ ਦੇਵਣਹਾਰਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਆਸਾ ਤ੍ਰਿਸ਼ਨਾ ਪੂਰਬ ਪ੍ਰਭ ਪੂਰਨ ਵੇਖ ਵਖਾਈਆ । ਪੋਰੀ ਕਹੇ ਇਕ ਦਿਨ ਨਚੋੜ ਕੇ ਮੇਰੇ ਰਸ ਦੀ ਭਰ ਲਈ ਮਟਕੀ, ਅਮਰਦਾਸ ਆਪਣੇ ਸਿਰ ਉਪਰ ਉਠਾਈਆ । ਗੁਰ ਅੰਗਦ ਦੇ ਅਗੇ ਰਖ ਦੀ, ਰੱਖਣ ਲਗੇ ਗਾਗਰ ਦਿਤੀ ਭਵਾਈਆ । ਮੈਂ ਓਸ ਵੇਲੇ ਜਿਹੜੀ ਹਾਲਤ ਵੇਖੀ ਅਮਰੂ ਦੀ ਅੱਖ ਦੀ, ਦੱਸ ਸਕਾਂ ਨਾ ਰਾਈਆ । ਮੈਂ ਜਾਣਿਆ ਇਹ ਸੇਵਾ ਕਰੇ ਹਕ ਦੀ, ਜਿਹੜਾ ਮੈਨੂੰ ਆਪਣੇ ਸਿਰ ਤੇ ਚੁਕ ਕੇ ਲਿਆਈਆ । ਮੈਂ ਸ਼ਰਮ ਨਾਲ ਅੰਦਰ ਲੁਕ ਗਾਗਰ ਦੇ ਬਚਦੀ, ਨਾਲੇ ਵੇਖਾਂ ਕੌਣ ਛੇਤੀ ਨਾਲ ਮੇਰੇ ਉਤੇ ਪਰਦਾ ਦੇਵੇ ਪਾਈਆ । ਉਨੇ ਚਿਰ ਨੂੰ ਇਕ ਸਠ ਸਾਲ ਦੀ ਬੁਢੜੀ ਆ ਗਈ ਡਿਗਦੀ ਢਠਦੀ, ਡੰਗੋਰੀ ਆਪਣੇ ਹੱਥ ਉਠਾਈਆ । ਮੇਰੇ ਆ ਕੇ ਕੋਲ ਉਹ ਹੌਲੀ ਜਿਹੀ ਪਾਸਾ ਵਟ ਦੀ, ਮੇਰਾ ਪਾਸਾ ਦਿਤਾ ਬਦਲਾਈਆ । ਮੈਂ ਆਪਣੀ ਵੱਖੀ ਠਾਂਹ ਰਖਦੀ, ਟੇਢੀ ਹੋ ਗਈ ਮੈਨੂੰ ਸਕੇ ਨਾ ਕੋਇ ਉਠਾਈਆ । ਫੇਰ ਮੇਰੇ ਅੰਦਰੋਂ ਆਵਾਜ਼ ਆਈ ਗਟ ਗਟ ਦੀ, ਥੋੜ੍ਹੀ ਡੁਲ੍ਹ ਕੇ ਅੰਗਦ ਦੇ ਚਰਨਾਂ ਲਗ ਕੇ ਖ਼ੁਸ਼ੀ ਮਨਾਈਆ । ਓਸ ਹਸ ਕੇ ਕਿਹਾ ਕਿਥੋਂ ਆ ਗਈ ਪਿਆਰੀ ਜੱਟ ਦੀ, ਖੇਤਾਂ ਵਿਚੋਂ ਸਾਧਾਂ ਵਿਚ ਡੇਰਾ ਲਾਈਆ । ਮੈਂ ਓਸੇ ਵੇਲੇ ਹਸ ਪਈ, ਦੋਵੇਂ ਹੱਥ ਚਰਨਾਂ ਉਤੇ ਦਿਤੇ ਘਸਾਈਆ । ਇਹ ਗੱਲ ਨਹੀਂ ਮੇਰੇ ਵਸ ਦੀ, ਮੈਨੂੰ ਕੋਈ ਹੋਰ ਰਿਹਾ ਮਿਲਾਈਆ । ਅੰਗਦ ਕਿਹਾ ਇਹਦੀ ਆਵਾਜ਼ ਸਚ ਦੀ, ਜੋ ਸਚ ਰਹੀ ਦ੍ਰਿੜਾਈਆ । ਓਸ ਕਿਹਾ ਮੇਰੀ ਪਤ ਰਖ ਲਈਂ, ਤੇਰੇ ਦਰ ਤੇ ਆਈਆ । ਅੰਗਦ ਕਿਹਾ ਮੈਨੂੰ ਐਂ ਦਿਸਦਾ ਤੂੰ ਮੇਰੇ ਭਗਵਾਨ ਕੋਲੋਂ ਜਸ ਲਈਂ, ਜਿਸ ਦੀ ਸਿਫ਼ਤ ਬੇਪਰਵਾਹੀਆ । ਮੈਂ ਓਸ ਵੇਲੇ ਓਹਦੇ ਪੱਟਾਂ ਉਤੇ ਢੱਠ ਪਈ, ਕਿਉਂ ਕਿਸੇ ਬੱਚੇ ਨੇ ਮੇਰੇ ਉਤੇ ਸੋਟੀ ਦਿਤੀ ਲਾਈਆ । ਮੈਂ ਤੁਬਕਾ ਹੋ ਕੇ ਟਪ ਪਈ, ਗਿਆਰਾਂ ਉਂਗਲਾਂ ਉਭਰ ਕੇ ਆਪਣਾ ਅੰਗ ਲਿਆ ਛੁਹਾਈਆ । ਜਿਥੇ ਮੈਂ ਲਗੀ ਓਥੇ ਹੀ ਅੰਗਦ ਨੇ ਉਂਗਲ ਰਖ ਲਈ, ਉਤੋਂ ਭਾਰ ਦਿਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰੱਖੀ ਉਂਗਲ ਦਿਤੀ ਚੋਭ, ਹੌਲੀ ਜਿਹੀ ਦਿਤੀ ਦਬਾਈਆ । ਮੈਂ ਕਿਹਾ ਖ਼ੂਬ, ਮੈਨੂੰ ਆਪਣੇ ਵਿਚ ਲਿਆ ਮਿਲਾਈਆ । ਅੰਗਦ ਕਿਹਾ ਨਹੀਂ ਅਜੇ ਔਣਾ ਮੇਰਾ ਮਹਿਬੂਬ, ਇਹ ਮੁਹੱਬਤ ਉਹਦੇ ਨਾਲ ਰਖਾਈਆ । ਜਿਸ ਦਾ ਆਪਣਾ ਨਹੀਂ ਹੋਣਾ ਵਜੂਦ, ਫੇਰ ਤੇਰਾ ਵਜੂਦ ਦਏ ਗਵਾਈਆ । ਓਸ ਨੇ ਕਿਹਾ ਕੋਈ ਸਬੂਤ, ਅੰਗਦ ਨੇ ਕਿਹਾ ਭਗਤ ਤੇ ਭਗਵਾਨ ਦੇਣ ਗਵਾਹੀਆ ।

ਜਿਨ੍ਹਾਂ ਨੇ ਤੇਰਾ ਰਸ ਲੈਣਾ ਚੂਪ, ਇੱਕੀਆਂ ਇੱਕੀਆਂ ਦਾ ਜੋੜ ਜੁੜਾਈਆ । ਓਹਨੇ ਕਿਹਾ ਇਹ ਤੇ ਹੋਇਆ ਮੇਰਾ ਅਸਲ ਹੋਰ ਕਿਹੜਾ ਦੇਵੇਂ ਸੂਦ, ਮੈਨੂੰ ਦੇ ਸਮਝਾਈਆ । ਅੰਗਦ ਕਿਹਾ ਤੇਰੇ ਪਿੱਛੇ ਦਰ ਆਇਆਂ ਦਾ ਕਟ ਦਏ ਸੋਗ ਦੁਖ, ਦੁਖੀਆਂ ਦੁਖੜੇ ਆਪਣੀ ਝੋਲੀ ਪਾਈਆ । ਭਗਤਾਂ ਨੂੰ ਚਾੜ੍ਹ ਕੇ ਮੰਜ਼ਲੇ ਮਕ਼ਸੂਦ, ਮਕ਼ਸਦ ਤੇਰਾ ਹਲ ਕਰਾਈਆ । ਓਸੇ ਵੇਲੇ ਸਾਫ਼ ਕਰਨ ਵਾਲਿਆਂ ਅਗੋਂ ਰਸ ਦਿਤੀ ਹੂੰਝ, ਸਾਫ਼ ਸੁਥਰੇ ਬਸਤਰ ਅੰਗਦ ਦੇ ਚਰਨਾਂ ਹੇਠਾਂ ਦਿਤੇ ਵਿਛਾਈਆ । ਰਸ ਕਹੇ ਮੈਂ ਰੋ ਪਈ ਵਾਂਗ ਕੂੰਜ, ਦੇਂਦੀ ਰਹੀ ਦੁਹਾਈਆ । ਫੇਰ ਮੈਨੂੰ ਆਈ ਸੂਝ, ਕਿਸੇ ਵਿਚੋਂ ਦਿਤਾ ਸਮਝਾਈਆ । ਸਬਰ ਕਰ ਤੇਰਾ ਵਕ਼ਤ ਔਣਾ ਜਿਸ ਵੇਲੇ ਜਾਣਾ ਝੂਜ, ਭਗਵਨ ਦਿਆਂ ਚਰਨਾਂ ਵਿਚ ਆਪਣਾ ਆਪ ਲਿਆ ਮਿਲਾਈਆ । ਬੀਸ ਇਕੀਸਾ ਹੋਏ ਮੌਜੂਦ, ਲੇਖਾ ਆਪਣਾ ਲੈਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਵੇ ਅਸਲ ਦਾ ਜ਼ਰ ਸੂਦ ਨਾਲ ਸੂਦ, ਕੁਲਜ਼ਰ ਸਭ ਦੀ ਝੋਲੀ ਪਾਈਆ ।

### ❊ ੨੯ ਪੋਹ ੨੦੨੧ ਬਿਕ੍ਰਮੀ ਠਾਕਰ ਸਿੰਘ ਦੇ ਨਵਿਤ ਜੇਠੂਵਾਲ ❊

ਜਿਸ ਵੇਲੇ ਮੈਂ ਆਪਣਾ ਆਪ ਕੀਤਾ ਭੇਟ, ਭੇਟਾ ਪ੍ਰਭ ਦੇ ਚਰਨ ਰਖਾਈਆ । ਮੈਨੂੰ ਦਿਸਿਆ ਇਕ ਨਰੇਸ਼, ਨਰ ਨਿਰੰਕਾਰ ਬੇਪਰਵਾਹੀਆ । ਜਿਸ ਦਾ ਅਗੰਮ ਅਗੰਮੜਾ ਦੇਸ, ਸਚਖੰਡ ਬੈਠਾ ਡੇਰਾ ਲਾਈਆ । ਨਿਰਗੁਣ ਹੋ ਕੇ ਸਰਗੁਣ ਲੱਖ ਚੁਰਾਸੀ ਰਿਹਾ ਵੇਖ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਓਸ ਨੂੰ ਕਰਦੇ ਵੇਖੇ ਆਦੇਸ, ਨਿਉਂ ਨਿਉਂ ਸੀਸ ਨਿਵਾਈਆ । ਓਸ ਨੇ ਆਪਣਾ ਰਾਜ਼ ਖੋਲ੍ਹ ਕੇ ਭੇਤ, ਭਾਂਡਾ ਭਰਮ ਦਿਤਾ ਭੰਨਾਈਆ । ਹੁਕਮ ਦਿਤਾ ਉਠ ਕੇ ਵੇਖ, ਨੇਤਰ ਲੋਚਨ ਅੱਖ ਖੁਲ੍ਹਾਈਆ । ਜਿਨ੍ਹਾਂ ਦਾ ਪੂਰਬ ਜਨਮ ਦਾ ਲੇਖ, ਓਹਨਾਂ ਦਾ ਲੇਖਾ ਵੇਖਣ ਆਈਆ । ਜੋਤੀ ਜਾਮਾ ਬਦਲ ਕੇ ਭੇਸ, ਭੇਖਾਧਾਰੀ ਆਪਣੀ ਕਲ ਧਰਾਈਆ । ਕਿਸੇ ਨਜ਼ਰ ਨਾ ਆਏ ਰੂਪ ਰੰਗ ਰੇਖ, ਚਕਰ ਚੇਹਨ ਨਾ ਕੋਇ ਜਣਾਈਆ । ਭਗਤਾਂ ਨਾਲ ਮਿਲ ਕੇ ਖੇਡੇ ਖੇਡ, ਵਡ ਖਿਲਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਚਰਨੀ ਡਿਗ ਕੇ ਤਕਿਆ ਅਸਾਂ ਨਜ਼ਾਰਾ, ਦੋ ਜਹਾਨ ਹੋਈ ਰੁਸ਼ਨਾਈਆ । ਸਤਿ ਸਤਿਵਾਦੀ ਨਜ਼ਰੀ ਆਇਆ ਇਕ ਨਿਰੰਕਾਰਾ, ਨਿਰਵੈਰ ਬੇਪਰਵਾਹੀਆ । ਜਿਸ ਦਾ ਸ਼ਬਦੀ ਇਕ ਇਸ਼ਾਰਾ, ਆਦਿ ਜੁਗਾਦਿ ਰਿਹਾ ਉਠਾਈਆ । ਉਹ ਭਗਤਾਂ ਦਾ ਬਣ ਕੇ ਪਿਆਰਾ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਚਰਨਾਂ ਦਾ ਦੇ ਸਹਾਰਾ, ਸਿਦਕ ਭਰੋਸਾ ਇਕ ਵਖਾਈਆ । ਅੰਮ੍ਰਿਤ ਦਾ ਖੋਲ੍ਹ ਭੰਡਾਰਾ, ਰਸ ਆਪਣੇ ਵਿਚ ਰਲਾਈਆ । ਮੈਨੂੰ ਯਾਦ ਆ ਗਿਆ ਅੰਗਦ ਵਾਲਾ ਲਾਰਾ, ਜੋ ਪ੍ਰੇਮ ਨਾਲ ਦਿਤਾ ਦ੍ਰਿੜਾਈਆ । ਮੈਨੂੰ ਦਿਸ ਪਿਆ ਨਾਨਕ ਵਾਲਾ ਉਧਾਰਾ, ਲਹਿਣਾ ਪਿਛਲਾ ਰਿਹਾ ਮੁਕਾਈਆ । ਮੈਂ ਕਰਕੇ ਨਿਮਸਕਾਰਾ, ਆਪਣੀ ਖ਼ੁਸ਼ੀ ਪ੍ਰਭ ਦੇ ਦਰ ਤੋਂ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਿੱਠਾ ਕਹੇ ਮੈਂ ਘੁਲ ਕੇ ਆਪਣਾ ਆਪ ਲਿਆ ਗਵਾ, ਗਹਿਰ ਗੰਭੀਰ ਵਿਚ ਸਮਾਈਆ । ਰਸ ਸੋਹਣਾ ਲਿਆ ਬਣਾ, ਧੁਰ ਦੀ ਵੰਡ ਵੰਡਾਈਆ । ਜਨ ਭਗਤਾਂ ਮੁਖ ਲਿਆ

ਲਗਾ, ਲਾਗਤ ਲਗੀ ਕੋਇ ਨਾ ਰਾਈਆ । ਜਿਹੜਾ ਰੁਪਈਆ ਭਗਤ ਦਵਾਰੇ ਥੱਲੇ ਦਿਤਾ ਦਬਾ, ਵੀਹ ਸੌ ਅਠਾਰਾਂ ਬਿਕ੍ਰਮੀ ਉਹ ਖ਼ੁਸ਼ੀਆਂ ਨਾਲ ਬਾਹਰ ਆਈਆ । ਓਸ ਕਿਹਾ ਮੈਂ ਇਕ ਤੋਂ ਹੋਇਆ ਸਵਾ, ਸਵਾਏ ਤੋਂ ਡਿਉਢੇ ਡਿਉਢੇ ਤੋਂ ਦੁਗਣੇ ਦੁਗਣੇ ਤੋਂ ਚੌਗਣੇ ਗੁਰਮੁਖ ਦਿਆਂ ਬਣਾਈਆ । ਇਹ ਇੱਕੀ ਇੱਕੀ ਗੋਬਿੰਦ ਦੇ ਪਿਛਲੇ ਗਵਾਹ, ਇਕ ਇੱਕੀ ਨਾਲ ਇੱਕੀ ਇੱਕੀ ਹੋਰ ਦਿਤੇ ਰਲਾਈਆ । ਰਸ ਅਗੰਮਾ ਇਕ ਪਿਆ, ਆਬੇਹਯਾਤ ਦਿਤਾ ਵਖਾਈਆ । ਦਮ ਦਮ ਦੇ ਵਿਚ ਰਲਾ, ਸਾਹ ਸਾਹ ਵਿਚ ਸਮਾਈਆ । ਰਗ ਰਗ ਦੇ ਵਿਚ ਛੁਪਾ, ਖ਼ੂਨ ਖ਼ੂਨ ਵਿਚ ਟਪਕਾਈਆ । ਮਧ ਮਧ ਦੇ ਵਿਚ ਪਿਆ, ਰੰਗ ਆਪਨਾ ਇਕ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀਤੀ ਖੇਲ ਬੇਪਰਵਾਹੀਆ । ਰਸ ਕਹੇ ਮੈਂ ਵੇਖਿਆ ਰਸੀਆ, ਰਸਮ ਓਸ ਦੀ ਬੇਪਰਵਾਹੀਆ । ਭਗਤ ਸੁਹੇਲੇ ਬੰਧੇ ਪ੍ਰੇਮ ਡੋਰੀ ਨਾਲ ਰੱਸੀਆ, ਰਸਤਾ ਏਕਾ ਦਿਤਾ ਵਖਾਈਆ । ਸਚ ਦਵਾਰ ਖੋਲ੍ਹ ਕੇ ਹੱਟੀਆ, ਅੰਮ੍ਰਿਤ ਭੰਡਾਰਾ ਦਿਤਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੁਹੇਲਾ ਹੋਇਆ ਸਹਾਈਆ । ਮਿੱਠਾ ਕਹੇ ਮੇਰੇ ਨਾਲੋਂ ਚੰਗਾ ਜਲ, ਮੈਨੂੰ ਨਜ਼ਰੀ ਆਈਆ । ਜਿਹੜਾ ਉਪਰੋਂ ਆਇਆ ਚਲ, ਚਰਨ ਛੂਹ ਕੇ ਖ਼ੁਸ਼ੀ ਮਨਾਈਆ । ਕੋਈ ਨਹੀਂ ਜਾਣਦਾ ਵਿਸ਼ਨੂੰ ਨੂੰ ਕਿਸ ਤਰਾ ਇਹਦਾ ਮਿਲਿਆ ਫਲ, ਜਿਸਨੇ ਬ੍ਰਹਮਾ ਲਿਆ ਪਰਗਟਾਈਆ । ਕੋਈ ਨਾ ਜਾਣੇ ਓਹ ਕਿਹੜਾ ਫੁਲ ਕਵਲ, ਜਿਸ ਵਿਚੋਂ ਨੂਰੀ ਜੋਤ ਕਰੇ ਰੁਸ਼ਨਾਈਆ । ਜਿਸ ਨੇ ਬੋਲਿਆ ਪ੍ਰਭ ਕਹੇ ਓਹਨੂੰ ਥੋੜ੍ਹਾ ਕਮਲ, ਪੂਰਾ ਭੇਵ ਨਾ ਕੋਇ ਜਣਾਈਆ । ਜੇ ਨਾਨਕ ਕਬੀਰ ਕਿਹਾ ਲੇਖਾ ਨੂਰ ਅਵਲ, ਅੱਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਾਣੀ ਕਹੇ ਮੈਂ ਨਹੀਂ ਜਲ, ਨਾ ਮੇਰੀ ਕੋਈ ਵਡਿਆਈਆ । ਇਹ ਪ੍ਰਭ ਦਾ ਵਲ ਛਲ, ਜਿਸ ਸਭ ਦੀ ਬਣਤ ਬਣਾਈਆ । ਕੀ ਹੋਇਆ ਜੇ ਤੂੰ ਮੇਰੇ ਵਿਚ ਗਿਉਂ ਰਲ, ਆਪਣਾ ਆਪ ਛੁਪਾਈਆ । ਮੈਂ ਪ੍ਰਭ ਦੇ ਚਰਨ ਸੇਵਾ ਕਰਾਂ ਸਦਾ ਧਰਤੀ ਤੋਂ ਥੱਲੇ ਪਹਾੜਾਂ ਤੋਂ ਉਤੇ ਦੂਰ ਦੁਰਾਡਾ ਆਵਾਂ ਚਲ, ਕੋਈ ਪ੍ਰੇਮੀ ਮੈਨੂੰ ਚੁਕ ਕੇ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਸਭ ਦੀ ਰਖੇ ਵਡਿਆਈਆ । ਜਲ ਕਹੇ ਮੈਂ ਨਹੀਂ ਚੰਗਾ, ਸਚ ਦਿਆਂ ਸਮਝਾਈਆ । ਹੁਣ ਦਸ ਕਿਉਂ ਨਹੀਂ ਮਾਣ ਗੰਗਾ, ਗੋਦਾਵਰੀ ਦਏ ਦੁਹਾਈਆ । ਜਮਨਾ ਦਾ ਚਲੇ ਨਾ ਕੋਈ ਢੰਗਾ, ਸੁਰਸਤੀ ਰਹੀ ਕੁਰਲਾਈਆ । ਤੀਰਥ ਤਟ ਹੋਇਆ ਨੰਗਾ, ਪਰਦਾ ਨਾ ਕੋਇ ਪਾਈਆ । ਜਿਧਰ ਵੇਖਾਂ ਮੈਂ ਰੰਡੇ ਦਾ ਰੰਡਾ, ਸਾਥੀ ਸੰਗ ਨਾ ਕੋਇ ਬਣਾਈਆ । ਜਿਸ ਵਿਚ ਗੋਬਿੰਦ ਫੇਰ ਕੇ ਗਿਆ ਸੱਚਾ ਖੰਡਾ, ਓਸ ਨੇ ਆਪਣਾ ਖੰਡਾ ਬਾਹਰ ਲਿਆ ਕਢਾਈਆ । ਪ੍ਰਭ ਨਾਲ ਮਿਲਕੇ ਓਹ ਦਰ ਦੇਵੇ ਸੰਗਾ, ਧੁਰ ਹੁਕਮ ਸੀਸ ਟਿਕਾਈਆ । ਉਹ ਸਵਾਮੀ ਸਾਹਿਬ ਬਖ਼ਸ਼ੰਦਾ, ਰਹਿਮਤ ਕਰਕੇ ਪਾਣੀ ਕਹੇ ਮੈਨੂੰ ਭਗਤਾਂ ਹੱਥ ਫੜਾਈਆ । ਇੱਕੀ ਇੱਕੀ ਪਾ ਕੇ ਵੰਡਾਂ, ਇਕ ਇਕ ਸੇਰ ਗੰਢ ਤੇਰੇ ਨਾਲ ਰਖਾਈਆ । ਹੁਣ ਨਾ ਤੂੰ ਮੈਨੂੰ ਕਹੀਂ ਨਾ ਮੈਂ ਤੈਨੂੰ ਕਹਾਂ ਕਵਣ ਚੰਗਾ ਤੇ ਕਵਣ ਮੰਦਾ, ਦੋਹਾਂ ਰਲਮਿਲ ਭਗਤਾਂ ਦੇ ਅੰਦਰ ਸੇਵਾ ਲਈ ਕਮਾਈਆ । ਪਿੱਛੋਂ ਖਾ ਕੇ ਸ਼ੁਕਰ ਮਨਾਇਆ ਗੋਬਿੰਦ ਦੇ ਅਧਾਰ ਦਾ ਪੂਰਬ ਮੰਡਾ, ਜਿਸ ਨੇ ਤ੍ਰਿਪਤ ਦਿਤਾ ਕਰਾਈਆ । ਖ਼ੁਸ਼ੀਆਂ ਨਾਲ ਗੁਰਮੁਖਾਂ ਮਸਤਕ ਲਾ ਕੇ ਬਿੰਦਾ, ਬਿੰਦਰਾਬਨ ਵਾਲਾ ਆਪਣੇ ਨਾਲ ਮਿਲਾਈਆ । ਅਗੇ ਵੇਖਿਆ ਭਗਤ ਭਗਵਾਨ ਨੂੰ ਪਕਵਾਨ ਡੱਬੇ ਵਿਚ ਦੇਂਦਾ, ਰੋਟੀ ਅੱਧੀ ਹੱਥ ਫੜਾਈਆ । ਫੇਰ ਵੀ ਉਹ ਸ਼ੁਕਰ ਕਹਿੰਦਾ, ਖ਼ੁਸ਼ੀਆਂ ਨਾਲ

ਖਾਈਆ । ਅੰਦਰ ਬਾਹਰ ਹਰਿਸੰਗਤ ਸਾਰੀ ਵੇਂਹਦਾ, ਭੁੱਖਾ ਰਹਿਣ ਕੋਇ ਨਾ ਪਾਈਆ । ਕਿਉਂ ਅੰਮ੍ਰਿਤ ਕਹੇ ਭਗਤਾਂ ਨੂੰ ਸੱਦਿਆ ਸੀ ਵਰਜ ਕੇ ਨੇਂਦਾ, ਛੱਬੀ ਪੋਹ ਰੁਤ ਸੁਹਾਈਆ । ਅਗੇ ਭਗਤ ਕਿਉਂ ਖਾਂਦੇ ਠੇਡਾ, ਰਾਹ ਵਿਚ ਕੋਈ ਹੋਰ ਲਏ ਅਟਕਾਈਆ । ਬੇਸ਼ਕ ਜਨ ਭਗਤ ਜਗਤ ਵਿਚ ਚਲੇ ਕਰਕੇ ਧੌਣ ਟੇਢਾ, ਆਕੜ ਨਾਲ ਮੁੱਛਾਂ ਵੱਟ ਚੜ੍ਹਾਈਆ । ਕਹੇ ਮੈਂ ਪੁੱਤ ਓਸ ਪੇ ਦਾ, ਜਿਹੜਾ ਭਗਤਾਂ ਦਏ ਵਡਿਆਈਆ । ਅੰਮ੍ਰਿਤ ਕਹੇ ਸਾਨੂੰ ਮਜ਼ਾ ਆ ਗਿਆ ਗੋਬਿੰਦ ਦੇ ਨੇਂਹ ਦਾ, ਜਿਸ ਨਾਤਾ ਅਗੇ ਲਿਆ ਜੁੜਾਈਆ । ਰਸ ਮਾਣ ਲਿਆ ਭਗਤਾਂ ਦੇ ਥੇਂ ਦਾ, ਥਾਨ ਥਨੰਤਰ ਵਜੀ ਵਧਾਈਆ । ਪਿਆਰ ਲੈ ਲਿਆ ਜੋਤ ਅਕਾਲਣ ਮਾਈ ਦਾ, ਜੋ ਖ਼ੁਸ਼ੀਆਂ ਨਾਲ ਆਈਆ । ਗੀਤ ਸੁਣ ਲਿਆ ਸੋਹਣਾ ਵਧਾਈ ਦਾ, ਜੋ ਭਗਤਾਂ ਮੁਖ ਸਲਾਹੀਆ । ਨਾਤਾ ਜੁੜ ਗਿਆ ਬੇਪਰਵਾਹੀ ਦਾ, ਜੋ ਪਿਛਲਾ ਵਿਛੋੜਾ ਪੰਧ ਮੁਕਾਈਆ । ਜਿਸ ਨੇ ਇਕੱਠਾ ਜਾਮ ਦਿਤਾ ਪਿਆ, ਪੀ ਕੇ ਗੁਰਮੁਖ ਉਸ ਦੇ ਵਿਚ ਸਮਾਈ ਦਾ । ਰਲ ਮਿਲ ਇਕੱਠਿਆਂ ਦਏ ਵਡਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰਾ ਮੇਲਾ ਹੋਇਆ ਸੱਚੇ ਸ਼ਹਿਨਸ਼ਾਹੀ ਦਾ ।

### ❊ ਪਹਿਲੀ ਮਾਘ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❊



ਸ਼ਬਦ ਸੁਤ ਸਾਚੇ ਝੁਕ, ਸਚਖੰਡ ਦਵਾਰੇ ਪੁਰਖ ਅਕਾਲ ਸੀਸ ਨਿਵਾਈਆ । ਕਰੇ ਬੇਨੰਤੀ ਪ੍ਰਭ ਤੇਰੇ ਕੋਲੋਂ ਕੁਛ ਲਏ ਪੁੱਛ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਸ੍ਰੀ ਭਗਵਾਨ ਕਿਹਾ ਮੇਰੇ ਲਾਡਲੇ ਪੁਤ, ਮਿਹਰ ਨਜ਼ਰ ਦੇਵਾਂ ਟਿਕਾਈਆ । ਸੁਤ ਦੁਲਾਰਾ ਹੋ ਗਿਆ ਖ਼ੁਸ਼, ਖ਼ੁਸ਼ੀ ਆਪਣੀ ਆਪਣੇ ਵਿਚੋਂ ਪਰਗਟਾਈਆ । ਓਸੇ ਵੇਲੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਲ ਕਰਕੇ ਮੁਖ, ਨੇਤਰ ਨੈਣ ਇਸ਼ਾਰਾ ਦਿਤਾ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜਾਓ ਉਠ, ਹੁਕਮ ਇਕ ਦ੍ਰਿੜਾਈਆ । ਵੇਲਾ ਵਕ਼ਤ ਵੇਖੋ ਸੁਹੰਜਣੀ ਰੁਤ, ਦਰਗਾਹ ਸਾਚੀ ਵਜੀ ਵਧਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਪਰਦਾ ਰਿਹਾ ਮੁਖ, ਸੋ ਨਕ਼ਾਬ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ਼ਬਦ ਸੁਤ ਕਹੇ ਮੈਂ ਤੇਰਾ ਬਰਦਾ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਮੈਂ ਲੇਖਾ ਪੁਛਿਆ ਤੇਰੇ ਘਰ ਦਾ, ਪਰਦਾ ਓਹਲਾ ਦੇ ਚੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੈਥੋਂ ਰਿਹਾ ਡਰਦਾ, ਚਾਰ ਕੁੰਟ ਸਿਰ ਨਾ ਕੋਇ ਉਠਾਈਆ । ਨਮੋ ਨਮੋ ਨਿਉਂ ਨਿਉਂ ਸਜਦੇ ਸਰਬ ਤੈਨੂੰ ਰਿਹਾ ਕਰਦਾ, ਨਿਉਂ ਨਿਉਂ ਲਗਾਂ ਪਾਈਆ । ਤੇਰਾ ਸਿਫ਼ਤ ਸਾਲਾਹੀ ਢੋਲਾ ਰਿਹਾ ਪੜ੍ਹਦਾ, ਕਾਇਆ ਕਾਅਬਾ ਨਾਲ ਜਣਾਈਆ । ਤੇਰੀ ਚਰਨ ਧੂੜੀ ਟਿੱਕਾ ਮਸਤਕ ਲਾ ਲਾ ਖ਼ੁਸ਼ੀਆਂ ਰਿਹਾ ਕਰਦਾ, ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਜਣਾਈਆ । ਪੁਰਖ ਅਕਾਲ ਕਿਹਾ ਸੁਣ ਸੁਤ ਦੁਲਾਰ, ਤੈਨੂੰ ਦਿਆਂ ਜਣਾਈਆ । ਜੋ ਕੁਛ ਪੁਛਣਾ ਦੱਸਾਂ ਨਾਲ ਪਿਆਰ, ਭੇਵ ਸਚ ਦਿਆਂ ਖੁਲ੍ਹਾਈਆ । ਕਿਉਂ, ਤੇਰਾ ਮੇਰਾ ਇਕ ਵਿਹਾਰ, ਦੂਜਾ ਨਜ਼ਰ ਕੋਇ ਨਾ ਆਈਆ । ਉਠ ਵੇਖ ਮੇਰਾ ਸਚਖੰਡ ਦਰਬਾਰ, ਬਿਨ ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਰੁਸ਼ਨਾਈਆ । ਇਕ ਇਕੱਲਾ ਏਕੰਕਾਰ, ਅਕਲ ਕਲਧਾਰੀ ਬੈਠਾ ਸੋਭਾ ਪਾਈਆ । ਸ਼ਾਹੋ ਭੂਪ

੨੧੪

ਸੱਚੀ ਸਰਕਾਰ, ਸ਼ਹਿਨਸ਼ਾਹ ਇਕ ਅਖਵਾਈਆ । ਅਗੰਮ ਅਥਾਹ ਨਿਸ਼ਾਨਾ ਝੁੱਲੇ ਸਾਂਝੇ ਯਾਰ, ਪਰਵਰਦਿਗਾਰ ਨੂਰ ਖ਼ੁਦਾਈਆ । ਰੂਪ ਰੰਗ ਨਾ ਕੋਇ ਸੁਮਾਰ, ਚਕਰ ਚਿਹਨ ਨਾ ਕੋਇ ਵਡਿਆਈਆ । ਮੈਂ ਤੇਰਾ ਤੂੰ ਮੇਰੀ ਧਾਰ, ਧੁਰ ਦੀ ਧਾਰ ਸਮਝ ਕੋਇ ਨਾ ਪਾਈਆ । ਬਿਨ ਨੇਤਰ ਅੱਖਾਂ ਤੈਨੂੰ ਦਿਆਂ ਵਖਾਲ, ਪੜਦਾ ਓਹਲਾ ਆਪ ਚੁਕਾਈਆ । ਬਿਨ ਛੱਪਰ ਛੰਨ ਚਾਰ ਦੀਵਾਰ ਵੇਖ ਧਰਮਸਾਲ, ਭਗਤ ਦੁਲਾਰ ਇਕੋ ਨਜ਼ਰੀ ਆਈਆ । ਸੁਤ ਦੁਲਾਰ ਹੋ ਖ਼ੁਸ਼ਹਾਲ, ਬਹਿ ਬਹਿ ਸੀਸ ਨਿਵਾਈਆ । ਪੁਰਖ ਅਕਾਲ ਕਿਹਾ ਉਠ ਮੇਰੇ ਲਾਡਲੇ ਲਾਲ, ਤੈਨੂੰ ਆਪਣੀ ਗੋਦ ਲਵਾਂ ਬਹਾਈਆ । ਸੁਤ ਸ਼ਬਦ ਕਿਹਾ ਮੈਨੂੰ ਪਹਿਲੋਂ ਕਰ ਲੈਣ ਦੇ ਪਰਨਾਮ, ਪ੍ਰਭ ਚਰਨਾਂ ਸੀਸ ਨਿਵਾਈਆ । ਦੀਨ ਦਿਆਲ ਕਿਹਾ ਮੈਂ ਬਖ਼ਸ਼ਾਂ ਮਾਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੁਤ ਕਿਹਾ ਪ੍ਰਭੂ ਕੁਛ ਦੱਸ ਹਾਲ, ਆਪਣੀ ਹਾਲਤ ਦੇ ਜਣਾਈਆ । ਪੁਰਖ ਅਕਾਲ ਕਿਹਾ ਇਹ ਮਿਸਲ ਬੇਮਿਸਾਲ, ਅਸਲ ਸਮਝ ਕੋਇ ਨਾ ਪਾਈਆ । ਤੂੰ ਮੇਰਾ ਨੱਢਾ ਬਾਲ ਅੰਞਾਣ, ਤੈਨੂੰ ਬਖ਼ਸ਼ਾਂ ਚਰਨ ਕਵਲ ਸੱਚੀ ਸਰਨਾਈਆ । ਇਸ ਤੋਂ ਉਤੇ ਤੇਰਾ ਕਦੇ ਨਾ ਜਾਏ ਧਿਆਨ, ਸੇਵਾ ਕਰਨੀ ਸਾਚੀ ਸਿਖਿਆ ਦੇਵਾਂ ਦ੍ਰਿੜਾਈਆ । ਓਸ ਹਸ ਕੇ ਕਿਹਾ ਬਾਪ ਤੂੰ ਦਾਤਾ ਦਾਨੀ ਮੈਂ ਤੈਥੋਂ ਮੰਗਾਂ ਦਾਨ, ਆਪਣੀ ਝੋਲੀ ਡਾਹੀਆ । ਮੈਨੂੰ ਸਚ ਦੱਸ ਪ੍ਰਭੂ ਤੂੰ ਮੈਨੂੰ ਕਿਸ ਤਰਾ ਜੰਮਿਆਂ ਬਾਲ, ਕਿਹੜਾ ਪਿਤਾ ਕਿਹੜੀ ਮੇਰੀ ਮਾਈਆ । ਸ੍ਰੀ ਭਗਵਾਨ ਹਸ ਕੇ ਕਿਹਾ ਵਾਹ ਮੇਰੇ ਲਾਲ, ਤੇਰੀ ਖ਼ੁਸ਼ੀ ਮੇਰੀ ਖ਼ੁਸ਼ੀ ਵਿਚ ਸਮਾਈਆ । ਕੁਛ ਤੇਰੇ ਨਾਲ ਮੇਰਾ ਅਗਲਾ ਹੋਰ ਅਹਿਵਾਲ, ਜੋ ਆਪਣੇ ਵਿਚ ਰਖਾਈਆ । ਮੈਂ ਖੇਲਣਾ ਖੇਲ ਤੇਰੇ ਨਾਲ ਮਿਲ ਕੇ ਕਮਾਲ, ਦੇਣੀ ਮਾਣ ਵਡਿਆਈਆ । ਸੁਤ ਦੁਲਾਰੇ ਤੇਰਾ ਧਾਮ ਸੁਹਾ ਕੇ ਥਿਰ ਘਰ ਸੱਚੀ ਧਰਮਸਾਲ, ਪਰਦਾ ਉਹਲਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ਼ਬਦ ਸੁਤ ਕਿਹਾ ਮੇਰੇ ਸਾਹਿਬ ਵਾਹ, ਵਾਹ ਤੇਰੀ ਵਡਿਆਈਆ । ਤੂੰ ਪਰਵਰਦਿਗਾਰ ਬੇਪਰਵਾਹ, ਸਚ ਤੌਫ਼ੀਕ਼ ਇਕ ਖ਼ੁਦਾਈਆ । ਮੁਕਾਮੇ ਹਕ ਡੇਰਾ ਲਾ, ਜਲਵਾ ਨੂਰ ਰੁਸ਼ਨਾਈਆ । ਚਰਨ ਕਵਲ ਦੇ ਥਾਂ, ਇਹੋ ਮੰਗ ਧੁਰਦਰਗਾਹੀ ਝੋਲੀ ਪਾਈਆ । ਆਦਿ ਜੁਗਾਦਿ ਰਹਾਂ ਤੇਰੇ ਸੰਗ, ਸਗਲਾ ਸੰਗ ਨਿਭਾਈਆ । ਸਾਹਿਬ ਸੁਲਤਾਨ ਕਿਹਾ ਚਾੜ੍ਹਾਂ ਅਗੰਮੀ ਰੰਗ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸ਼ਬਦ ਸੁਤ ਕਿਹਾ ਪ੍ਰਭੂ ਇਹ ਠੀਕ, ਜੋ ਕੁਛ ਤੇਰੇ ਦਰ ਤੇ ਮੰਗ ਮੰਗਾਈਆ । ਪੁਰਖ ਅਕਾਲ ਕਿਹਾ ਹਾਂ, ਮੈਂ ਕਰਾਂ ਤਸਦੀਕ਼, ਅਭੁਲ ਹੋ ਕੇ ਭੁਲ ਕਦੇ ਨਾ ਜਾਈਆ । ਜਿਸ ਵੇਲੇ ਨਵ ਨੌਂ ਚਾਰ ਚੌਕੜੀ ਜਾਵੇ ਬੀਤ, ਲੋਕਮਾਤ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰੇ ਨਾਮ ਦਾ ਗਾ ਕੇ ਜਾਣ ਗੀਤ, ਸੋਹਲੇ ਢੋਲੇ ਰਾਗ ਸੁਣਾਈਆ । ਸ਼ਬਦ ਸੁਤ ਤੇਰੀ ਨਿਰਗੁਣ ਸਰਗੁਣ ਬੰਨ੍ਹਾਂ ਪ੍ਰੀਤ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਅੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦਿਤਾ ਸੁਣਾਈਆ । ਸ਼ਬਦ ਸੁਤ ਅੱਗੋਂ ਕਹਿੰਦਾ ਹਸ, ਪ੍ਰਭੂ ਪਿਛਲੀ ਕਹਾਣੀ ਮੈਨੂੰ ਸਾਰੀ ਨਜ਼ਰੀ ਆਈਆ । ਮੈਂ ਚਾਹੁੰਦਾ ਅੱਜ ਦਾ ਖੇਲ ਦੱਸ, ਜਿਸ ਵਾਸਤੇ ਬੇਨੰਤੀ ਰਿਹਾ ਸੁਣਾਈਆ । ਜੁਗ ਚੌਕੜੀ ਮੈਂ ਨਿਰਗੁਣ ਸਰਗੁਣ ਹੋ ਕੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਆਇਆ ਵਸ, ਭਗਤਾਂ ਨਾਲ ਮਿਲ ਮਿਲ ਤੇਰਾ ਰਾਗ ਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਆਇਆ


੨੧੫

੨੧੬

ਲਖ, ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਆਪਣਾ ਹੁਕਮ ਵਰਤਾਈਆ । ਸਿਫ਼ਤ ਸਾਲਾਹੀ ਰਸਨਾ ਜਿਹਵਾ ਬੱਤੀ ਦੰਦ ਜਣਾ ਕੇ ਆਇਆ ਜਸ, ਆਤਮ ਪਰਮਾਤਮ ਸੁਰਤੀ ਸ਼ਬਦੀ ਢੋਲੇ ਨਾਦ ਵਜਾਈਆ । ਤੀਰ ਅਣਿਆਲਾ ਬਿਰਹੋਂ ਵਿਛੋੜੇ ਅੰਦਰ ਮਾਰ ਕੇ ਆਇਆ ਕਸ, ਚਿੱਲਾ ਕਮਾਨ ਖੰਡਾ ਇਕੋ ਇਕ ਉਠਾਈਆ । ਭੇਵ ਖੁਲ੍ਹਾ ਕੇ ਆਇਆ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਹੁਕਮੇ ਅੰਦਰ ਭਵਾਈਆ । ਖੇਲ ਖਿਲਾ ਕੇ ਆਇਆ ਬੁਧਿ ਮਨ ਮਤਿ, ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਹੋ ਕੇ ਫੇਰਾ ਪਾਈਆ । ਭਾਗ ਲਗਾ ਕੇ ਆਇਆ ਪੰਜ ਤਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਧੁਰ ਦਾ ਬੰਧਨ ਪਾਈਆ । ਬਖ਼ਸ਼ਦਾ ਰਿਹਾ ਸਦਾ ਤ੍ਰੈਗੁਣ ਮਾਇਆ ਦਾਤ, ਰਜੋ ਤਮੋ ਸਤੋ ਧੁਰ ਦੇ ਹੁਕਮ ਭਵਾਈਆ । ਜੁਗ ਚੌਕੜੀ ਵੇਂਹਦਾ ਰਿਹਾ ਖੇਲ ਤਮਾਸ਼, ਗੋਪੀ ਕਾਹਨ ਮੰਡਲ ਮੰਡਪ ਰਾਸ ਵਖਾਈਆ । ਪਰਮ ਪੁਰਖ ਪਤਿਪਰਮੇਸ਼ਵਰ ਇਕ ਅਗੰਮੀ ਉਪਜੀ ਆਸ, ਸੋ ਸਾਹਿਬ ਦੇਣੀ ਸਮਝਾਈਆ । ਕਿਸ ਬਿਧ ਮੇਰਾ ਕੀਤਾ ਪਰਕਾਸ਼, ਨੂਰ ਵਿਚੋਂ ਨੂਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਪੁਰਖ ਅਕਾਲ ਕਿਹਾ ਸੁਣ ਮੇਰੇ ਬੱਚੇ, ਧੁਰ ਦੀ ਧਾਰ ਦਿਆਂ ਜਣਾਈਆ । ਮੇਰੇ ਕੋਲ ਕੋਈ ਲੋਹਾਰ ਤਰਖਾਣ ਦੇ ਬਣੇ ਹੋਏ ਨਹੀਂ ਸੱਚੇ, ਰਕਤ ਬੂੰਦ ਨਜ਼ਰ ਕੋਇ ਨਾ ਆਈਆ । ਮੇਰੇ ਕੋਲ ਮਹਲ ਅਟਲ ਮੁਨਾਰ ਨਹੀਂ ਕੋਈ ਪੱਕੇ, ਛੱਪਰ ਛੰਨ ਨਾ ਕੋਈ ਛੁਹਾਈਆ । ਮੇਰੇ ਕੋਲ ਕੋਈ ਦੂਜੀ ਜਨਨੀ ਨਹੀਂ ਜਿਹੜੀ ਬਣੇ ਨਾਰ ਜੱਚੇ, ਜੱਚਾ ਬੱਚਾ ਆਪਣੀ ਗੋਦ ਉਠਾਈਆ । ਮੈਂ ਆਦਿ ਪੁਰਖ ਅਬਿਨਾਸ਼ੀ ਕਰਤਾ ਮੇਰੇ ਕਿਸੇ ਨੂੰ ਨਹੀਂ ਕੁਛ ਪਤੇ, ਪਤਿਪਰਮੇਸ਼ਵਰ ਕਹਿ ਕੇ ਸਾਰੇ ਸ਼ੁਕਰ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਹੁਕਮੇ ਅੰਦਰ ਰੱਖੇ, ਆਪਣਾ ਭੇਵ ਨਾ ਕਿਸੇ ਖੁਲ੍ਹਾਈਆ । ਜੇ ਦੱਸਿਆ ਤੇ ਚਰਨ ਕਵਲ ਓਸੇ ਸਰਨਾਈ ਢੱਠੇ, ਸਿਰ ਆਪਣਾ ਹੱਥ ਟਿਕਾਈਆ । ਉਪਰ ਅੱਖ ਕੋਈ ਨਾ ਤੱਕੇ, ਕਵਣ ਰੂਪ ਬੇਪਰਵਾਹ ਬੈਠਾ ਆਸਣ ਲਾਈਆ । ਹੁਣ ਵੇਖ ਬੀਸ ਇਕੀਸਾ ਹਰਿ ਜਗਦੀਸ਼ਾ ਸਚ ਦਵਾਰੇ ਕਰ ਕੇ ਕੱਠੇ, ਤੇਰੇ ਨਾਲ ਦਿਤੇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਪਰਵਾਹੀਆ । ਪੁਰਖ ਅਕਾਲ ਕਿਹਾ ਕੁਛ ਇਨ੍ਹਾਂ ਤੋਂ ਪੁਛ, ਜਿਹੜੇ ਚਾਰ ਜੁਗ ਦੇ ਜਗਤ ਮਾਲਕ ਨਜ਼ਰੀ ਆਈਆ । ਇਨ੍ਹਾਂ ਕੋਲ ਕੀ ਕੁਛ, ਦੇਵਣ ਤੈਨੂੰ ਸਮਝਾਈਆ । ਸ਼ਬਦ ਸੁਤ ਬਲਕਾਰੀ ਹੁਕਮੇ ਅੰਦਰ ਗਿਆ ਉਠ, ਧੁਰ ਸੰਦੇਸ਼ ਸੁਣਾਈਆ । ਵਿਸ਼ਨੂੰ ਕੁਛ ਤੁਠ, ਮੈਨੂੰ ਦੇ ਦ੍ਰਿੜਾਈਆ । ਉਹ ਓਸੇ ਵੇਲੇ ਗਿਆ ਝੁਕ, ਪ੍ਰਭ ਦਾ ਭੇਵ ਕੋਈ ਨਾ ਪਾਈਆ । ਓ ਬ੍ਰਹਮੇ ਤੂੰ ਕਿਉਂ ਬੈਠਾ ਚੁੱਪ, ਵੇਦਾਂ ਦੇ ਵੇਦਾਂਤੀ ਕੁਛ ਮੈਨੂੰ ਦੇ ਸਮਝਾਈਆ । ਬਿਨ ਹਰਿ ਕਿਰਪਾ ਮੈਨੂੰ ਸਾਰਾ ਦਿਸਦਾ ਅੰਧੇਰਾ ਘੁੱਪ, ਮੇਰੀ ਅੱਖ ਉਪਰ ਨਜ਼ਰ ਨਾ ਕੋਇ ਉਠਾਈਆ । ਮੇਰੀ ਤੇਰੇ ਚਰਨਾਂ ਵਿਚ ਬਸ, ਅਗੇ ਵਾਸਤਾ ਨਾ ਕੋਇ ਰਖਾਈਆ । ਸ਼ਬਦ ਕਿਹਾ ਸ਼ੰਕਰ ਖੋਲ੍ਹ ਅੱਖ, ਕੁਛ ਮੈਨੂੰ ਦੇ ਜਣਾਈਆ । ਓਸ ਕਿਹਾ ਮੈਂ ਸਿਰਫ਼ ਤੇਰੇ ਚਰਨਾਂ ਜਾਵਾਂ ਢੱਠ, ਇਹੋ ਮੇਰੀ ਵਡਿਆਈਆ । ਅਗੇ ਕੀ ਸਕਾਂ ਦੱਸ, ਭੇਵ ਪ੍ਰਭ ਆਪਣੇ ਵਿਚ ਰਿਹਾ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਕਿਹਾ ਉਠ ਬ੍ਰਹਮੇ ਸੁਤ ਕੁਮਾਰ, ਸੰਤ ਕੁਛ ਪਰਦਾ ਦੇ ਉਠਾਈਆ । ਪਰਮ ਪੁਰਖ ਦਾ ਦੱਸ ਹਾਲ, ਕਿਸ ਬਿਧ ਇਸ ਤੁਹਾਡੀ ਬਣਤ ਬਣਾਈਆ । ਉਹ ਕਰ ਕੇ ਨਿਮਸਕਾਰ, ਬੈਠਾ ਸੀਸ ਝੁਕਾਈਆ । ਸੁਤ ਫੇਰ ਮਾਰੀ ਆਵਾਜ਼, ਬਰਾਹ ਆਪਣੀ ਲਏ ਅੰਗੜਾਈਆ । ਕੁਛ ਖੋਲ੍ਹ ਕੇ ਦੱਸ ਰਾਜ਼,

ਕਵਣ ਤੇਰੀ ਧਾਰ ਚਲਾਈਆ । ਓਸ ਕਿਹਾ ਇਹ ਮੇਰੇ ਦੱਸਣ ਤੋਂ ਬਾਹਰ, ਮੇਰੀ ਚਲੇ ਨਾ ਕੋਇ ਚਤੁਰਾਈਆ । ਸ਼ਬਦ ਫੇਰ ਕਿਹਾ ਯਗੇਪੁਰਸ਼ ਖੋਲ੍ਹ ਰਾਜ਼, ਪਰਦਾ ਇਕ ਉਠਾਈਆ । ਓਸ ਕਿਹਾ ਮੈਂ ਦਾਸਾਂ ਦਾ ਦਾਸ, ਸ਼ਹਿਨਸ਼ਾਹ ਦਾ ਭੇਵ ਕੋਇ ਨਾ ਆਈਆ । ਹੁਕਮ ਹੋਇਆ ਅੰਗੜਾਈ ਲੈ ਹਾਵ-ਗਰੀਬ, ਕਰਵਟ ਲੈ ਬਦਲਾਈਆ । ਪੁਰਖ ਅਕਾਲ ਦੇ ਖੇਲ ਦੀ ਦੱਸ ਤਰਤੀਬ, ਕਿਸ ਬਿਧ ਆਪਣੀ ਰਚਨ ਰਚਾਈਆ । ਓਸ ਕਿਹਾ ਮੈਂ ਗ਼ਰੀਬ, ਪ੍ਰਭੂ ਦਾ ਭੇਵ ਕੋਇ ਨਾ ਆਈਆ । ਹੁਕਮ ਹੋਇਆ ਉਠ ਨਰਾਇਣ, ਕੁਛ ਪਰਦਾ ਦੇ ਉਠਾਈਆ । ਓਸ ਨੇ ਕਿਹਾ ਮੈਂ ਕੁਛ ਨਾ ਸਕਾਂ ਕਹਿਣ, ਮੇਰਾ ਦਾਤਾ ਬੇਪਰਵਾਹੀਆ । ਧੰਨ ਵਡਿਆਈ ਜੇ ਓਸ ਆਪਣਿਆਂ ਚਰਨਾਂ ਦਿਤਾ ਬਹਿਣ, ਧੂੜੀ ਟਿੱਕਾ ਮਸਤਕ ਲਾਈਆ । ਫ਼ਰਮਾਣ ਹੋਇਆ ਉਠ ਕਪਲ ਮੁਨੀ, ਆਪਣੀ ਮਨਸਾ ਦੇ ਜਣਾਈਆ । ਕਿਥੇ ਪ੍ਰਭ ਦੀ ਧੁੰਨੀ, ਜਿਥੋਂ ਤੁਹਾਨੂੰ ਲਏ ਪਰਗਟਾਈਆ । ਓਸ ਕਿਹਾ ਉਹ ਵੱਡਾ ਗਹਿਰ ਗੰਭੀਰ ਗੁਣ ਗੁਣੀ, ਬੇਨਜ਼ੀਰ ਅਖਵਾਈਆ । ਸੰਦੇਸ਼ਾ ਦਿਤਾ ਉਠ ਦੱਤਾ ਤ੍ਰੈ, ਤ੍ਰੈਗੁਣੀ ਅਤੀਤਾ ਦੇ ਜਣਾਈਆ । ਜਿਸ ਦਾ ਖੇਲ ਅਗੰਮਾ ਧਾਰ ਅਨੋਖੀ ਵਹੇ, ਆਦਿ ਜੁਗਾਦਿ ਜੁਗ ਚੌਕੜੀ ਖੇਲ ਰਿਹਾ ਖਿਲਾਈਆ । ਓਸ ਕਿਹਾ ਮੈਂ ਨਿਮਾਣਾ ਕਿਹੜੀ ਸ਼ੈ, ਜੋ ਪ੍ਰਭ ਦਾ ਪਰਦਾ ਦਿਆਂ ਉਠਾਈਆ । ਹੁਕਮ ਹੋਇਆ ਰਿਖਪ ਦੇਵ, ਕੁਛ ਲੇਖਾ ਦੇ ਜਣਾਈਆ । ਜਿਸ ਦੀ ਕਰੇਂ ਤੂੰ ਸੇਵ, ਉਸ ਦਾ ਖੇਲ ਦੇ ਸਮਝਾਈਆ । ਓਸ ਕਿਹਾ ਉਹ ਵਸਣਹਾਰਾ ਨਿਹਚਲ ਧਾਮ ਸਦਾ ਨਿਹਕੇਵ, ਸਚ ਸਿੰਘਾਸਣ ਸੋਭਾ ਪਾਈਆ । ਮੈਂ ਕੀ ਜਾਣਾ ਉਸਦਾ ਭੇਵ, ਨਿਉਂ ਨਿਉਂ ਬੈਠਾ ਸੀਸ ਨਿਵਾਈਆ । ਸ਼ਬਦ ਕਿਹਾ ਪਿਰਥੂ ਲੈ ਅੰਗੜਾਈ, ਕੁਛ ਮੈਨੂੰ ਦੇ ਜਣਾਈਆ । ਜਿਸ ਤੇਰੀ ਮੇਰੀ ਬਣਤ ਬਣਾਈ, ਕਿਸ ਬਿਧ ਰਿਹਾ ਪਰਗਟਾਈਆ । ਓਸ ਨੇ ਕਿਹਾ ਮੈਂ ਨਾ ਜਾਣਾ ਰਾਈ, ਉਹ ਬੇਅੰਤ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਫੜ ਉਠਾਇਆ ਮੱਤਸ, ਹੁਕਮ ਇਕ ਜਣਾਈਆ । ਸ਼ਬਦ ਸੁਤ ਕਿਹਾ ਜਿਸ ਦਾ ਨੂਰ ਤੇਰੇ ਵਿਚ ਅਕਸ, ਅਕਲ ਦਿਤੀ ਵਡਿਆਈਆ । ਓਸ ਦਾ ਦੱਸ ਕਿਹੜਾ ਤਖ਼ੱਲਸ, ਕਵਣ ਨਾਮ ਕਹਿ ਕੇ ਸਿਫ਼ਤ ਸਾਲਾਹੀਆ । ਓਸ ਕਿਹਾ ਮੈਂ ਬੇਅਕਲ, ਮੈਨੂੰ ਸਮਝ ਕੁਛ ਨਾ ਆਈਆ । ਮੇਰਾ ਉਸ ਦੀ ਕਿਰਪਾ ਨਾਲ ਤਅੱਲੁਕ, ਜੋ ਮਿਹਰ ਨਜ਼ਰ ਨਾਲ ਦੇਵੇ ਮਾਣ ਵਡਿਆਈਆ । ਸ਼ਬਦ ਨੇ ਫੇਰ ਆਖਿਆ ਉਠ ਕਛਪ, ਜਲ ਨਿਵਾਸੀ ਅੱਖ ਖੁਲ੍ਹਾਈਆ । ਤੇਰਾ ਪ੍ਰਭ ਦੇ ਨਾਲ ਕੀ ਬੰਧਪ, ਮੈਨੂੰ ਦੇ ਜਣਾਈਆ । ਕੀ ਤੇਰੇ ਕੋਲ ਸਨਦ, ਆਪਣਾ ਲੇਖਾ ਦੇ ਦ੍ਰਿੜਾਈਆ । ਤੂੰ ਨਹੀਂ ਜਾਣਦਾ ਉਹਦਾ ਕਿਥੇ ਹੁੰਦਾ ਅੰਤ, ਹਦ ਮਹਿਦੂਦ ਰਖਾਈਆ । ਓਸ ਨੇ ਕਿਹਾ ਬੇਅੰਤ, ਮੈਂ ਸਮਝ ਸਕਾਂ ਨਾ ਰਾਈਆ । ਸ਼ਬਦ ਨੇ ਕਿਹਾ ਓਏ ਵੇਖ ਧਨੰਤਰ, ਇਧਰ ਧਿਆਨ ਲਗਾਈਆ । ਜਿਸ ਦਾ ਤੂੰ ਪੜ੍ਹਦਾ ਮੰਤਰ, ਉਸ ਦੀ ਕੁਛ ਗੱਲ ਦੇ ਸਮਝਾਈਆ । ਓਸ ਕਿਹਾ ਉਹ ਸਭ ਦਾ ਕੰਤਨ, ਕੰਤੂਹਲ ਇਕ ਅਖਵਾਈਆ । ਅਸੀਂ ਸਾਰੇ ਓਸੇ ਦੇ ਦਰ ਦੇ ਮੰਗਤਣ, ਖ਼ਾਲੀ ਝੋਲੀ ਅਗੇ ਡਾਹੀਆ । ਸ਼ਬਦ ਨੇ ਕਿਹਾ ਉਹ ਕੁਛ ਦੱਸ ਭੇਖੀ ਬਾਵਨ, ਬਿਰਧ ਬ੍ਰਾਹਮਣ ਰੂਪ ਵਟਾਈਆ । ਜਿਸ ਤੇਰਾ ਖੇਲ ਖੇਲਿਆ ਬਲ ਦਵਾਰੇ ਪਕੜਾ ਕੇ ਆਪਣਾ ਦਾਮਨ, ਦਾਮਨਗੀਰ ਦੇ ਜਣਾਈਆ । ਕਿਸ ਬਿਧ ਪਰਗਟੇ ਪਰਗਟਾਏ ਖੇਲ ਦੋ ਜਹਾਨਣ, ਨਿਰਗੁਣ ਸਰਗੁਣ ਧਾਰ ਚਲਾਈਆ । ਓਸ ਕਿਹਾ ਉਹ ਸਾਹਿਬ ਸਦਾ ਬੇਪਛਾਨਣ, ਨਜ਼ਰ ਵਿਚ ਨਜ਼ਰ ਕਿਸੇ ਨਾ ਆਈਆ । ਜ਼ੋਰ ਨਾਲ ਕਿਹਾ ਦੱਸ ਹੰਸ, ਕੀ ਹਸਤੀ ਬੇਪਰਵਾਹੀਆ । ਜਿਸ ਸਰਬ ਬਣਾਇਆ ਬੰਸ, ਲੱਖ ਚੁਰਾਸੀ ਜੋੜ ਜੁੜਾਈਆ । ਓਸ ਕਿਹਾ ਮੈਨੂੰ ਕੁਛ ਨਹੀਂ ਔਂਦਾ


੨੧੭

ਅੰਤ, ਢਹਿ ਕੇ ਪਿਆ ਸਰਨਾਈਆ । ਸ਼ਬਦ ਨੇ ਕਿਹਾ ਵੇਖ ਨਰਸਿੰਘ, ਆਪਣਾ ਬਲ ਧਰਾਈਆ । ਜਿਸ ਨੇ ਨਿਰਗੁਣ ਤੋਂ ਮੈਨੂੰ ਸਰਗੁਣ ਦਿਤਾ ਜੀਓ ਪਿੰਡ, ਥੋੜ੍ਹੇ ਸਮੇਂ ਲਈ ਤੱਤਾਂ ਵਾਲਾ ਰੂਪ ਵਟਾਈਆ । ਉਹ ਕਿਹੜੇ ਰੂਪ ਰਹੇ ਬਖ਼ਸ਼ੰਦ, ਉਸ ਦਾ ਪੂਰਾ ਲੇਖਾ ਦੇ ਜਣਾਈਆ । ਓਸ ਕਿਹਾ ਓਹ ਗਹਿਰ ਗੰਭੀਰ ਗੁਣੀ ਗਹਿੰਦ, ਆਪਣੀ ਖੇਲ ਸਦ ਆਪਣੇ ਵਿਚ ਲੁਕਾਈਆ । ਫੜ ਉਠਾਇਆ ਹਰੀ, ਹੁਕਮ ਇਕ ਜਣਾਈਆ । ਤੂੰ ਕਿਸ ਬਿਧ ਭਗਤਾਂ ਆਤਮ ਵਰੀ, ਮੇਲਾ ਲਿਆ ਮਿਲਾਈਆ । ਓਸ ਦੀ ਦੱਸ ਉਹ ਸੁਹੰਜਣੀ ਘੜੀ, ਜਿਸ ਵੇਲੇ ਓਸ ਆਪਣਾ ਆਪ ਲਿਆ ਪਰਗਟਾਈਆ । ਓਨ ਓਸੇ ਵੇਲੇ ਹੱਥ ਜੋੜ ਕੇ ਕਿਹਾ ਮੈਂ ਇਸ ਲੇਖੇ ਵਿਚੋਂ ਬਰੀ, ਸਚ ਸਕਾਂ ਨਾ ਕੋਇ ਜਣਾਈਆ । ਸ਼ਬਦ ਨੇ ਕਿਹਾ ਨਰਾਇਣ ਸਚ ਦੱਸ, ਭੇਵ ਦੇ ਖੁਲ੍ਹਾਈਆ । ਜਿਸ ਨੇ ਤੈਨੂੰ ਭੇਜ ਕੇ ਰਛਿਆ ਕਰਾਈ ਗਜ, ਮਾਣ ਮਿਲੀ ਵਡਿਆਈਆ । ਓਸ ਦਾ ਖੇਲ ਦੱਸ ਸਚ, ਭੇਵ ਅਭੇਵ ਖੁਲ੍ਹਾਈਆ । ਓਸ ਨੇ ਓਸੇ ਵੇਲੇ ਆਪਣਾ ਫੜ ਕੇ ਨਕ, ਤਿੰਨ ਵਾਰ ਦਿਤਾ ਹਲਾਈਆ । ਉਹ ਪ੍ਰਭੂ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਸਮਰਥ, ਮਹਿੰਮਾ ਅਕਥ ਨਾ ਕੋਇ ਜਣਾਈਆ । ਸ਼ਬਦ ਸੁਤ ਚਾਰ ਕੁੰਟ ਫੇਰ ਵੇਖਿਆ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਉਹਨੂੰ ਨਜ਼ਰੀ ਆਇਆ ਇਕ ਨਿੱਕਾ ਜਿਹਾ ਪਰਸ ਰਾਮ, ਜਿਉਂ ਖਲੌਣਿਆਂ ਨਾਲ ਖੇਲਣ ਵਾਲਾ ਬਾਲ ਆਪਣੀ ਖ਼ੁਸ਼ੀ ਮਨਾਈਆ । ਉਹਨੂੰ ਪੁੱਛਿਆ ਦੱਸ ਉਹ ਅਗੰਮੀ ਰਾਮ, ਜਿਸ ਦੀ ਨਾ ਕੋਈ ਪਿਤਾ ਨਾ ਕੋਈ ਮਾਈਆ । ਓਨੇ ਚਿਰ ਨੂੰ ਓਥੇ ਆ ਗਿਆ ਓਹੀ ਰਾਮ, ਜੋ ਬੇਟਾ ਦਸਰਥ ਅਖਵਾਈਆ । ਉਹਨੂੰ ਸ਼ਬਦ ਸੁਤ ਨੇ ਕਿਹਾ ਕੀ ਤੈਨੂੰ ਕੋਈ ਪਹਿਚਾਨ, ਕਿਸ ਬਿਧ ਮੇਰੇ ਰਾਮ ਮੇਰੀ ਬਣਤ ਬਣਾਈਆ । ਓਸ ਹੋ ਕੇ ਹੈਰਾਨ ਕਿਹਾ ਮੇਰੇ ਵਰਗੇ ਕੋਟਨ ਕੋਟ ਰਾਮ, ਓਥੇ ਬੈਠੇ ਸੀਸ ਝੁਕਾਈਆ । ਸ਼ਬਦ ਸੁਤ ਫੇਰ ਉਠਿਆ ਬਲਵਾਨ, ਆਪਣਾ ਬਲ ਪਰਗਟਾਈਆ । ਹੁਕਮ ਦਿਤਾ ਇਧਰ ਆ ਬੰਸਰੀ ਵਾਲੇ ਕਾਹਨ, ਮੁਰਲੀ ਵਾਲੇ ਮੁਕੰਦ ਕੁਛ ਮੈਨੂੰ ਦੇ ਜਣਾਈਆ । ਜਿਸ ਤੇਰਾ ਤੱਤਾਂ ਵਾਲਾ ਬਣਾਇਆ ਨਿਸ਼ਾਨ, ਉਸਦਾ ਨਿਸ਼ਾਨਾ ਦੇ ਸਮਝਾਈਆ । ਕਿੱਡਾ ਵੱਡਾ ਓਸ ਦਾ ਅਸਥਾਨ, ਜਿਥੇ ਬਹਿ ਕੇ ਡੇਰਾ ਲਾਈਆ । ਓਸ ਕਿਹਾ ਮੈਂ ਓਸ ਤੋਂ ਲੈ ਕੇ ਆਇਆ ਤ੍ਰੈਲੋਕੀ ਦਾ ਦਾਨ, ਅਗੇ ਸਮਝ ਕੁਛ ਨਾ ਪਾਈਆ । ਸ਼ਬਦ ਸੁਤ ਨੇ ਫੇਰ ਗ਼ੁੱਸੇ ਨਾਲ ਕਿਹਾ ਵੇਦ ਵਿਆਸਾ ਜ਼ਰਾ ਇਧਰ ਕਰ ਧਿਆਨ, ਕੁਛ ਤੈਥੋਂ ਮੈਂ ਪੁਛ ਪੁਛਾਈਆ । ਕੀ ਹੋਇਆ ਕੁਵਾਰੀ ਨੂੰ ਜੰਮਿਆ ਆਣ, ਪ੍ਰਭ ਨੇ ਬਣਤ ਦਿਤੀ ਬਣਾਈਆ । ਉਹ ਦੱਸ ਮੇਰਾ ਕਿਹੜਾ ਭਗਵਾਨ, ਕਿਸ ਬਿਧ ਸੁਤ ਸ਼ਬਦ ਕਹੇ ਓਸ ਮੈਨੂੰ ਲਿਆ ਉਪਜਾਈਆ । ਵੇਦ ਵਿਆਸ ਕਿਹਾ ਮੈਂ ਕਰਨ ਵਾਲਾ ਕਲਿਆਣ, ਅੱਖਰਾਂ ਵਾਲੇ ਢੋਲੇ ਗਾਈਆ । ਸ਼ਬਦ ਸੁਤ ਠੋਕਰ ਮਾਰੀ ਉਠਾ ਦਿਤਾ ਬੁੱਧ, ਬੁਧੀ ਦਿਤੀ ਹਲਾਈਆ । ਕੀ ਕੁਛ ਤੈਨੂੰ ਆਈ ਸੁਧ, ਸਿੱਧਾ ਦੇ ਦ੍ਰਿੜਾਈਆ । ਜਿਸ ਨੇ ਤੈਨੂੰ ਬਣਾਇਆ ਪੁਤ, ਉਸ ਦਾ ਭੇਵ ਦੇ ਖੁਲ੍ਹਾਈਆ । ਓਸ ਨੇ ਕਿਹਾ ਮੈਂ ਨਾ ਜਾਣਾ ਕੁਛ, ਉਸ ਦੇ ਹੁਕਮੇ ਅੰਦਰ ਮਿਲੀ ਮਾਤ ਵਡਿਆਈਆ । ਓਧਰੋਂ ਸ਼ਬਦ ਸੁਤ ਨੇ ਚਾਰੋਂ ਤਰਫ਼ ਮਾਰ ਕੇ ਗੇੜਾ, ਚੱਕਰ ਆਪਣਾ ਲਿਆ ਲਗਾਈਆ । ਮੂਸੇ ਨੂੰ ਹੌਲੀ ਜਿਹੀ ਦੋ ਉਂਗਲਾਂ ਦਾ ਮਾਰ ਲਫੇੜਾ, ਅੱਖ ਦਿਤੀ ਖੁਲ੍ਹਾਈਆ । ਮੂੰਹ ਦੇ ਭਾਰ ਡਿੱਗਣ ਵਾਲਿਆ ਕਦੀ ਉਤੇ ਵੀ ਵੇਖਿਆ ਈ ਵਿਹੜਾ, ਜਿਸ ਘਰ ਬੈਠਾ ਬੇਪਰਵਾਹੀਆ । ਜਿਹੜਾ ਪਿਤਾ ਮੇਰਾ, ਉਸ ਦਾ ਲੇਖਾ ਦੇ ਜਣਾਈਆ । ਓਸ ਨੇ ਕਿਹਾ ਉਸ ਦਾ ਭੇਵ ਜਾਣੇ ਕਿਹੜਾ, ਮੈਂ ਝਲਕ ਪਲਕ ਝਲ ਨਾ ਸਕਾਂ ਰਾਈਆ । ਸ਼ਬਦ ਹੁਕਮ ਨਾਲ ਉਠਾ ਲਿਆ

ਈਸਾ ਉਲ ਸਲਾਮ, ਇਸ਼ਾਰਾ ਇਕ ਜਣਾਈਆ । ਮੈਨੂੰ ਸਚ ਦੱਸ ਕਿੱਡਾ ਵੱਡਾ ਤੇਰਾ ਅਮਾਮ, ਕਿਸ ਬਿਧ ਰਿਹਾ ਬਣਤ ਬਣਾਈਆ । ਓਸ ਨੇ ਕਿਹਾ ਮੈਂ ਓਸ ਦੀ ਸੁਣਨ ਵਾਲਾ ਅਗੰਮੀ ਕਲਾਮ, ਜੋ ਨਗਮੇ ਨਾਲ ਜਣਾਈਆ । ਓਸ ਦਾ ਅਗਲਾ ਖੇਲ ਬੇਪਛਾਣ, ਮੇਰੀ ਸਮਝ ਵਿਚ ਨਾ ਆਈਆ । ਸ਼ਬਦ ਸੁਤ ਚਾਰੋਂ ਕੁੰਟ ਵੇਖ ਕੇ ਇਕ ਆਪਣੀ ਮਾਰੀ ਰਮਜ਼, ਰਹਿਮਤ ਸਚ ਕਮਾਈਆ । ਝਟ ਉਠਿਆ ਮੁੰਹਮਦ, ਆਪਣੀ ਲਈ ਅੰਗੜਾਈਆ । ਉਧਰੋਂ ਸ਼ਬਦ ਨੇ ਮਾਰੀ ਚਮਕ, ਕਲਮਾ ਨੂਰ ਰੁਸ਼ਨਾਈਆ । ਨਾਲ ਪੁਛਿਆ ਕੁਛ ਮਹਿਬੂਬ ਦੀ ਦੱਸ ਸਮਝ, ਕਿਸ ਅਰੂਜ ਅੰਦਰ ਬੈਠਾ ਆਸਣ ਲਾਈਆ । ਮੁਹੰਮਦ ਕਿਹਾ ਹਾਏ ਇਹ ਐਡਾ ਵੱਡਾ ਗ਼ਜ਼ਬ, ਓਹ ਸੱਚੇ ਪੀਰਾਂ ਦੇ ਪੀਰ ਦਾ ਮੈਂ ਕੀ ਸਕਾਂ ਸਮਝਾਈਆ । ਮੈਂ ਇਕੋ ਜਾਣਦਾ ਬਰਦਾ ਹੋ ਕੇ ਸਜਦਿਆਂ ਵਿਚ ਕਰਾਂ ਅਦਬ, ਸੀਸ ਨਿਵਾ ਨਿਵਾ ਖ਼ੁਸ਼ੀ ਮਨਾਈਆ । ਸ਼ਬਦ ਸੁਤ ਕਿਹਾ ਵੇਖੇ ਅਵਤਾਰਾਂ ਪੈਗ਼ੰਬਰਾਂ ਦਾ ਕਿੱਡਾ ਵੱਡਾ ਵਫ਼ਦ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਮੇਰਾ ਉਨ੍ਹਾਂ ਦੇ ਕੋਲ ਸ਼ਬਦ ਸੁਤ ਨੇ ਅਗੇ ਪੁੱਟਿਆ ਕ਼ਦਮ, ਆਪਣਾ ਚਰਨ ਟਿਕਾਈਆ । ਜਾਂ ਵੇਖਿਆ ਤਕਿਆ ਨਾਨਕ ਨਿਰਗੁਣ ਪ੍ਰਭ ਦੀ ਲੱਗਾ ਸਰਨ, ਚਰਨ ਕਵਲ ਸੀਸ ਟਿਕਾਈਆ । ਸ਼ਬਦ ਕਿਹਾ ਤੇਰਾ ਕਵਣ ਵਰਨ, ਮੈਨੂੰ ਦੇ ਜਣਾਈਆ । ਨਾਨਕ ਨਿਰਗੁਣ ਕਿਹਾ ਤੂੰ ਨਹੀਂ ਜਾਣਦਾ ਤੇਰਾ ਮੇਰਾ ਦਾਤਾ ਕਰਨੀ ਕਰਨ, ਦੋਹਾਂ ਦੀ ਜਿਸ ਨੇ ਬਣਤ ਬਣਾਈਆ । ਸ਼ਬਦ ਨੇ ਕਿਹਾ ਕੋਈ ਦੱਸ ਨਿਸ਼ਾਨੀ ਓਸ ਦੀ ਸਗਣ, ਪੜਦਾ ਦੇ ਉਠਾਈਆ । ਨਾਨਕ ਕਿਹਾ ਆਦਿ ਜੁਗਾਦਿ ਆਪਣੇ ਸਤਿ ਸਰੂਪ ਵਿਚ ਮਗਨ, ਸਚਖੰਡ ਨਿਵਾਸੀ ਸਚ ਸਿੰਘਾਸਣ ਬੈਠਾ ਸੋਭਾ ਪਾਈਆ । ਨਿਤ ਨਵਿਤ ਦੋ ਜਹਾਨਾਂ ਕਰੇ ਅਦਲ, ਅਦਾਲਤ ਇਕੋ ਇਕ ਸਮਝਾਈਆ । ਜੋਤੀ ਧਾਰੋਂ ਕਦੇ ਨਾ ਜਾਵੇ ਬਦਲ, ਤੱਤਾਂ ਵਾਲੇ ਗੁਰੂ ਅਵਤਾਰ ਪੈਗ਼ੰਬਰ ਕੋਟਾਂ ਮਾਤ ਦੇਵੇ ਬਦਲਾਈਆ । ਓਸ ਦਾ ਨਾ ਵਜੂਦ ਨਾ ਬਦਨ, ਤਤਵ ਤੱਤ ਨਾ ਕੋਇ ਰਖਾਈਆ । ਜੋਤੀ ਧਾਰ ਸ਼ਬਦੀ ਰੰਗਣ, ਸ਼ਬਦੀ ਧਾਰ ਨਾਨਕ ਨਜ਼ਰੀ ਆਈਆ । ਸ਼ਬਦ ਕਿਹਾ ਇਹ ਕੀ ਦੱਸਿਆ, ਮੈਨੂੰ ਦੇ ਦ੍ਰਿੜਾਈਆ । ਨਾਨਕ ਕਿਹਾ ਸ਼ਬਦ ਤੂੰ ਮੇਰੇ ਵਿਚ ਵਸਿਆ, ਤੇਰਾ ਮੇਰਾ ਇਕੋ ਬੇਪਰਵਾਹੀਆ । ਜਿਸ ਦਾ ਲੇਖਾ ਲੇਖੇ ਵਿਚ ਕਿਸੇ ਨਾ ਲਿਖਿਆ, ਅਗੰਮ ਅਥਾਹ ਵੱਡੀ ਵਡਿਆਈਆ । ਜਿਸ ਨੇ ਤੈਨੂੰ ਅਜੇ ਤਕ ਭੇਤ ਨਹੀਂ ਦੱਸਿਆ, ਦੱਸ ਤੇਰੇ ਪਰਗਟਾਏ ਅਸੀਂ ਕੀ ਤੈਨੂੰ ਦਈਏ ਜਣਾਈਆ । ਓਸ ਵੇਲੇ ਸ਼ਬਦ ਖ਼ੁਸ਼ੀਆਂ ਨਾਲ ਹੱਸਿਆ, ਤਾੜੀ ਦਿਤੀ ਲਗਾਈਆ । ਨਾਨਕ ਕਿਹਾ ਮੇਰੀ ਧਾਰ ਤੇਰੀ ਧਾਰ ਰਹਿਣ ਇਕੱਠਿਆ, ਕੁਛ ਪਰਦਾ ਦਿਆਂ ਉਠਾਈਆ । ਜਿਸ ਵੇਲੇ ਗੋਬਿੰਦ ਪੁਰਖ ਅਕਾਲ ਬਣਾਇਆ ਬੱਚਿਆ, ਰੰਗ ਆਪਣਾ ਦਏ ਰੰਗਾਈਆ । ਸ਼ਬਦ ਕਿਹਾ ਮੈਨੂੰ ਆਇਆ ਦਲਾਸਾ, ਥਿਰ ਘਰ ਵਜੀ ਵਧਾਈਆ । ਇਹ ਵੇਖਣਾ ਜ਼ਰੂਰ ਤਮਾਸ਼ਾ, ਲੋਕਮਾਤ ਖ਼ੁਸ਼ੀ ਮਨਾਈਆ । ਨਿਰਗੁਣ ਧਾਰ ਨਾਨਕ ਕਿਹਾ ਇਹ ਨਿੱਕੀ ਜਿਹੀ ਆਸਾ, ਵੱਡੀ ਕਹਾਣੀ ਨਾ ਕੋਇ ਜਣਾਈਆ । ਇਸ ਤੋਂ ਪਰੇ ਅਪਰੰਪਰ ਜਿਸ ਦੇ ਉਤੇ ਸਰਬ ਭਰਵਾਸਾ, ਦੇਵੇ ਮਾਣ ਵਡਿਆਈਆ । ਓਸ ਦੇ ਅੰਦਰ ਇਕ ਹੋਰ ਖ਼ਾਹਸ਼ਾ, ਸਾਚੀ ਦਿਆਂ ਜਣਾਈਆ । ਓਸ ਜਨ ਭਗਤਾਂ ਦੇਣਾ ਸਾਥਾ, ਸਗਲਾ ਸੰਗ ਨਿਭਾਈਆ । ਨਿਰਗੁਣ ਹੋ ਕੇ ਅੰਦਰ ਕਰਨਾ ਵਾਸਾ, ਸਰਗੁਣ ਭੇਵ ਚੁਕਾਈਆ । ਗੋਬਿੰਦ ਧਾਰ ਸ਼ਬਦੀ ਪਿਆਰ ਓਸੇ ਦਾ ਸਾਥਾ, ਸਾਥੀ ਇਕ ਅਖਵਾਈਆ । ਸ਼ਬਦ ਕਿਹਾ ਮੈਨੂੰ ਆਈ ਧੀਰਜ, ਮੇਰੀ ਧਾਰ ਨੇ ਧਾਰ ਦਿਤੀ ਬਣਾਈਆ । ਮੇਰਾ ਰੂਪ ਗੋਬਿੰਦ ਸੁਤ ਪ੍ਰਭ ਦਾ ਹੋਣਾ ਬੀਰਜ, ਪੁਰਖ ਅਕਾਲ ਓਸੇ ਦੀ ਮਾਈਆ । ਇਹ ਖੇਲ ਅਗੰਮੀ

ਸਦਾ ਅਖ਼ੀਰਤ, ਆਖ਼ਰ ਦਿਆਂ ਜਣਾਈਆ । ਸ਼ਬਦ ਸੁਤ ਇਹ ਸਭ ਕੁਛ ਸੁਣਿਆ, ਆਪਣੇ ਅੰਦਰ ਖ਼ੁਸ਼ੀ ਮਨਾਈਆ । ਪ੍ਰਭ ਗਹਿਰ ਗੰਭੀਰ ਵਡ ਗੁਣ ਗੁਣਿਆ, ਅਗੰਮ ਅਥਾਹ ਅਖਵਾਈਆ । ਜਿਸ ਗੋਬਿੰਦ ਸ਼ਬਦ ਦੁਲਾਰਾ ਸੁਤ ਚੁਣਿਆ, ਮੇਰਾ ਰੂਪ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਸੁਤ ਦੀ ਸੁਣ ਕੇ ਗਾਥਾ, ਆਦਿ ਸ਼ਕਤ ਭਵਾਨੀ ਗਈ ਆਈਆ । ਓਸ ਕਿਹਾ ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਦੱਸ ਨਾ ਸਕੇ ਖ਼ਲਾਸਾ, ਭੇਵ ਅਭੇਦ ਜਣਾਈਆ । ਮੈਨੂੰ ਹੁਕਮ ਮਿਲਿਆ ਤੂੰ ਵੇਖ ਜਾ ਤਮਾਸ਼ਾ, ਸੋਹਣਾ ਰੰਗ ਵਟਾਈਆ । ਹੁਣ ਕਰਨ ਆਈ ਹਾਸਾ, ਖ਼ੁਸ਼ੀਆਂ ਵਿਚ ਵਧਾਈਆ । ਸ਼ਬਦ ਆ ਤੈਨੂੰ ਦੱਸਾਂ ਜਿਥੇ ਤੇਰਾ ਵਾਸਾ, ਵਾਸਤਾ ਜਿਸਦੇ ਨਾਲ ਰਖਾਈਆ । ਸ਼ਬਦ ਸੁਤ ਕਿਹਾ ਮੈਨੂੰ ਇਕ ਹੋਰ ਆਈ ਵਿਚਾਰ, ਪੂਰਬ ਵੇਖ ਵਖਾਈਆ । ਮੇਰੇ ਰੂਪ ਨਾਨਕ ਨਿਰਗੁਣ ਨੇ ਗਾਇਆ ਵਿਚ ਸੰਸਾਰ, ਢੋਲੇ ਗਿਆ ਸੁਣਾਈਆ । ਓਸ ਨੇ ਮੇਰੀ ਧਾਰ ਸ਼ਬਦ ਨਾਲ ਕਿਹਾ ਉਹ ਆਪੇ ਪੁਰਖ ਆਪੇ ਨਾਰ, ਨਾਰ ਪੁਰਖ ਦਾ ਵਿਹਾਰ ਦੋਹਾਂ ਹੱਥਾਂ ਵਾਲਾ ਰਿਹਾ ਵਖਾਈਆ । ਇਹ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਸੱਚੀ ਸਰਕਾਰ, ਇਹ ਖ਼ਾਦਮਾਂ ਦਾ ਖ਼ਾਦਮ ਸੇਵਕਾਂ ਦਾ ਸੇਵਾਦਾਰਾ ਨਾਰੀ ਰੂਪ ਵਟਾਈਆ । ਦੋਹਾਂ ਦਾ ਇਕੋ ਜਿਹਾ ਵਿਹਾਰ, ਕੋਈ ਸਮਝ ਸਕੇ ਨਾ ਰਾਈਆ । ਇਹ ਜੋਬਨਵੰਤਾ ਸਰਦਾਰ, ਜਿਸ ਨੇ ਅਗੰਮੀ ਖੇਲ ਰਚਾਈਆ । ਇਹ ਆਦਿ ਪੁਰਖ ਦਾ ਵਿਹਾਰ, ਆਪਣਾ ਸਗਣ ਆਪ ਮਨਾਈਆ । ਇਹ ਜੋਤ ਅਕਾਲਣ ਨਾਰ ਮੁਟਿਆਰ, ਹੱਥ ਸ਼ਕੰਗਣ ਰਹੀ ਵਖਾਈਆ । ਇਹਨਾਂ ਦੋਹਾਂ ਦਾ ਸਰੂਪ ਇਕ ਇਕ ਦੇ ਵਿਚੋਂ ਨਿਕਲ ਸ਼ਬਦ ਦੀ ਧਾਰ, ਬੇਪਰਵਾਹ ਆਪਣੀ ਦਇਆ ਕਮਾਈਆ । ਓਸ ਧਾਰ ਦਾ ਰੂਪ ਸਰਬ ਸੰਸਾਰ, ਆਦਿ ਜੁਗਾਦਿ ਨਜ਼ਰੀ ਆਈਆ । ਜੋਧਾ ਸੂਰਬੀਰ ਬਲਕਾਰ, ਬਲਧਾਰੀ ਇਕ ਅਖਵਾਈਆ । ਜਿਸ ਦੇ ਹੱਥ ਨਾ ਖੰਡਾ ਨਾ ਕਟਾਰ, ਸ਼ਸਤਰ ਤੀਰ ਕਮਾਨ, ਬਾਣ ਨਾ ਕੋਇ ਚਲਾਈਆ । ਓਸ ਦਾ ਹੁਕਮ ਆਦਿ ਜੁਗਾਦਿ ਸੱਚਾ ਫ਼ਰਮਾਣ, ਦੋ ਜਹਾਨ ਨਾ ਕੋਈ ਮੇਟੇ ਮੇਟ ਮਿਟਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਰੇ ਖੇਲ ਮਹਾਨ, ਮਹਾਵਾਕ ਮੁਖਵਾਕ ਵਾਲਾ ਗਾ ਨਾ ਸਕੇ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਦਵਾਰੇ ਬੈਠੇ ਸਾਰੇ ਹੋ ਗਏ ਹੈਰਾਨ, ਨੇਤਰ ਅੱਖ ਨਾ ਕੋਇ ਉਠਾਈਆ । ਸ਼ਬਦ ਨੇ ਕਿਹਾ ਮੇਰਾ ਸ਼ਬਦ ਰੂਪ ਗੋਬਿੰਦ ਨੌਜਵਾਨ, ਬਿਰਧ ਬਾਲ ਨਜ਼ਰ ਕੋਇ ਨਾ ਆਈਆ । ਜਿਸ ਦੀ ਸੇਵਾ ਲਗੀ ਮਹਾਨ, ਪ੍ਰੀਤਮ ਪ੍ਰੀਤੀ ਇਕ ਜਣਾਈਆ । ਉਹਨਾਂ ਭਗਤਾਂ ਦੀ ਕਰ ਪਹਿਚਾਣ, ਜਿਹੜੇ ਜੁਗ ਚੌਕੜੀ ਦੇ ਬੈਠੇ ਰਾਹ ਤਕਾਈਆ । ਦਰਗਾਹ ਸਾਚੀ ਦੇ ਬਣਾ ਮਹਿਮਾਨ, ਸਚਖੰਡ ਦਵਾਰੇ ਦੇਣੇ ਸੁਹਾਈਆ । ਜਿਥੇ ਕੋਈ ਨਾ ਜਗਾਵੇ ਆਣ, ਸੁੱਤਿਆਂ ਆਵਾਜ਼ ਨਾ ਕੋਇ ਲਗਾਈਆ । ਉਹਨਾਂ ਦਾ ਮੇਲਾ ਸ਼ਬਦ ਕਰ ਦੇ ਨਾਲ ਭਗਵਾਨ, ਭਾਗ ਉਹਨਾਂ ਦਾ ਉਹਨਾਂ ਦੀ ਝੋਲੀ ਪਾਈਆ । ਵੇਲਾ ਸੋਹਣਾ ਖ਼ੁਸ਼ੀਆਂ ਨਾਲ ਦੇ ਦੇ ਦਾਨ, ਦਾਤਾ ਦਾਨੀ ਹੋਏ ਸਹਾਈਆ । ਓਧਰੋਂ ਇਕ ਹੋਰ ਆ ਗਿਆ ਫ਼ਰਮਾਣ, ਧੁਰ ਦਾ ਹੁਕਮ ਸਮਝਾਈਆ । ਸੁਣੋ ਜਿਸ ਵੇਲੇ ਇਕ ਸਾਲ ਦਾ ਸੀ ਗੋਬਿੰਦ ਬਾਲ ਅੰਞਾਣ, ਗੁਜਰੀ ਗੋਦ ਸੁਹਾਈਆ । ਓਸ ਵੇਲੇ ਲਤੋਂ ਲੰਙੀ ਇਕ ਵਣਜਾਰਨ ਆਈ ਚੂੜੀਆਂ ਚੜ੍ਹਾਣ, ਖ਼ੁਸ਼ੀਆਂ ਨਾਲ ਉਂਗਲੀ ਉਤੇ ਭੁਆਈਆ । ਚਾਉ ਘਨੇਰਾ ਮੈਂ ਦਰਸ ਕਰਾਂ ਓਸ ਜਿਸ ਦਾ ਮੇਰੇ ਅੰਦਰ ਧਿਆਨ, ਮੇਰੀ ਸੁਰਤੀ ਖਿਚ ਵਖਾਈਆ । ਮੈਂ ਦੱਸ ਕੇ ਆਈ ਮੇਰੇ ਕਾਹਨ ਤੋਂ ਚੰਗਾ ਕਾਹਨ, ਜਿਸ

੨੨੦

ਦਾ ਨਾਮ ਗੋਬਿੰਦ ਰਹੇ ਗਾਈਆ । ਜਿਸ ਵੇਲੇ ਘਰ ਆਈ ਓਹਨ ਖ਼ੁਸ਼ੀ ਨਾਲ ਗਾਇਆ ਰਾਗ ਤਰਾਨ, ਨਚ ਟਪ ਕੇ ਰੌਲਾ ਦਿਤਾ ਪਾਈਆ । ਓਧਰੋਂ ਗੋਬਿੰਦ ਦਾ ਮਾਮਾ ਆਇਆ ਕਿਰਪਾਲ, ਉਹ ਧੱਕੇ ਮਾਰ ਕੇ ਬਾਹਰ ਕਢਾਈਆ । ਕਿਥੋਂ ਆ ਗਈ ਸ਼ੈਤਾਨ, ਐਵੇਂ ਘੱਟਾ ਰਹੀ ਉਡਾਈਆ । ਉਸ ਨੇ ਕਿਹਾ ਮੇਰੇ ਅੰਦਰ ਸਧਰਾਂ ਦਾ ਇਕ ਮਾਣ, ਉਹ ਗੋਬਿੰਦ ਤੇਰੀ ਭੇਟ ਕਰਾਈਆ । ਗੋਬਿੰਦ ਬੱਚਾ ਜਾਣੀਜਾਣ, ਇਸ਼ਾਰੇ ਨਾਲ ਸਮਝਾਈਆ । ਚੁਪ ਕਰ ਜਿਸ ਵੇਲੇ ਮੈਂ ਤੇ ਮੇਰੇ ਨਾਲ ਆਵੇ ਭਗਵਾਨ, ਤੇਰਾ ਲੇਖਾ ਦਿਆਂ ਮੁਕਾਈਆ । ਨਾਲੇ ਚਾਰ ਜੁਗ ਦਾ ਕਰਾਂ ਕਲਿਆਣ, ਚੌਥੇ ਜੁਗ ਦਾ ਡੇਰਾ ਢਾਹੀਆ । ਨਾਲੇ ਭਗਤਾਂ ਕਰਾਂ ਪਰਵਾਨ, ਪੱਲੇ ਧੁਰ ਦਰਗਾਹੀ ਦਿਆਂ ਫੜਾਈਆ । ਅੰਮ੍ਰਿਤ ਆਤਮ ਪਿਆ ਕੇ ਜਾਮ, ਨਾਮ ਖ਼ੁਮਾਰੀ ਦਿਆਂ ਚੜ੍ਹਾਈਆ । ਸਚ ਪ੍ਰੇਮ ਪਿਆਰ ਨਾਲ ਉਹਨਾਂ ਮੇਲ ਕੇ ਕਰਾਂ ਇਸ਼ਨਾਨ, ਏਕਾ ਇੱਕੀ ਸੇਵਾ ਲਾਈਆ । ਇਹ ਖੇਲ ਖ਼ਾਲਕ ਖ਼ਲਕ ਕਰੇ ਵਿਚ ਜਹਾਨ, ਮਹਿਬੂਬ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਏਨੇਂ ਚਿਰ ਨੂੰ ਭੱਜੀ ਆਈ ਨੂਰ ਇਲਾਹੀ ਰੱਬੀ, ਕੂਕ ਕੂਕ ਦਏ ਦੁਹਾਈਆ । ਮੈਂ ਪੰਧ ਮੁਕਾਇਆ ਉਚੀ ਅੱਡੀ, ਨੱਠੀ ਵਾਹੋ ਦਾਹੀਆ । ਮੈਨੂੰ ਪਤਾ ਲਗ ਗਿਆ ਬੀਤਦੀ ਜਾਏ ਚੌਧਵੀਂ ਸਦੀ, ਸੱਦੇ ਘਰ ਘਰ ਰਹੀ ਸੁਣਾਈਆ । ਜਿਸ ਨੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖੇ ਲਾ ਲਈ ਪਿਛਲੀ ਗੱਦੀ, ਗ੍ਰਿਹ ਆਪਣੇ ਲਿਆ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚੂੜੀ ਕਹੇ ਕਿਉਂ ਮੈਨੂੰ ਕਹਿੰਦੇ ਕੰਗਣ, ਸਚ ਸਚ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਸ਼ਬਦ ਸੁਤ ਲੱਗਾ ਸੀ ਮੰਗਣ, ਆਪਣੀ ਝੋਲੀ ਅਗੇ ਡਾਹੀਆ । ਓਸ ਵੇਲੇ ਮੈਂ ਭਗਤਾਂ ਸੰਤਾਂ ਵਾਸਤੇ ਇਹ ਦਿਤਾ ਸੀ ਸਗਣ, ਨਾਤਾ ਸਤਿਗੁਰ ਨਾਲ ਜੁੜਾਈਆ । ਚੌਥੇ ਪਦ ਵਾਸਤੇ ਸੱਦਣ, ਸਦਾ ਇਕੋ ਵਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਚੂੜੀ ਕਹੇ ਨੀ ਵੇਖੋ ਸਾਡੇ ਨਾਲੋਂ ਚੰਗਾ ਤਵੀਤ, ਭਗਤੋ ਜਿਹਨੂੰ ਮਿਲੀ ਵਡਿਆਈਆ । ਉਹ ਪ੍ਰਭੂ ਦੇ ਸੀਨੇ ਨਾਲ ਲਗ ਕੇ ਠੀਕ, ਸ਼ਾਂਤ ਗਿਆ ਕਰਾਈਆ । ਤਵੀਤ ਕਿਹਾ ਸਖੀਏ ਮੈਨੂੰ ਐਉਂ ਜਾਪੇ ਤੁਹਾਡੀ ਮੇਰੇ ਨਾਲੋਂ ਜ਼ਿਆਦਾ ਪ੍ਰੀਤ, ਜੋ ਹੱਥਾਂ ਉਤੇ ਚੜ੍ਹ ਕੇ ਪ੍ਰਭ ਦੇ ਚਰਨਾਂ ਨਾਲ ਲਗ ਕੇ ਮਿਲੀ ਵੱਡੀ ਵਡਿਆਈਆ । ਚੂੜੀ ਕਿਹਾ ਨੀ ਇਹ ਕੌਣ ਸਾਡਾ ਸ਼ਰੀਕ, ਜਿਹੜਾ ਤਾਹਨੇ ਰਿਹਾ ਸੁਣਾਈਆ । ਤਵੀਤ ਕਿਹਾ ਮੈਂ ਦੱਸਿਆ ਠੀਕ, ਬਿਨਾ ਸੇਵਾ ਕਿਸੇ ਨੂੰ ਫਲ ਹੱਥ ਕਿਛ ਨਾ ਆਈਆ । ਜਿਸ ਨੇ ਗੋਬਿੰਦ ਦੇ ਨਾਲ ਕਰਨੀ ਪ੍ਰੀਤ, ਉਹ ਬੈਠੇ ਧਾਮ ਅਤੀਤ, ਤ੍ਰੈਗੁਣ ਨਾਤਾ ਗਏ ਤੁੜਾਈਆ । ਮੈਂ ਸਚ ਦੱਸਾਂ ਜਿਥੇ ਗੁਰ ਅਵਤਾਰ ਪੈਗ਼ੰਬਰ ਹੋਏ ਵਸਨੀਕ, ਉਹ ਧਾਮ ਉਹਨਾਂ ਲਈ ਨਜ਼ਰੀ ਆਈਆ । ਇਕ ਹੋਰ ਦੱਸਾਂ ਹੁਣ ਭਗਤਾਂ ਦੀ ਪ੍ਰਭ ਨੂੰ ਸਭ ਦੇ ਨਾਲੋਂ ਚੰਗੀ ਉਡੀਕ, ਬਿਨ ਅੱਖਾਂ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਖੇਲੇ ਖੇਲ ਆਪ ਅਨਡੀਠ, ਅਨਡਿੱਠੜੀ ਕਾਰ ਕਮਾਈਆ ।


੨੨੧

### ❊ ੨ ਮਾਘ ੨੦੨੧ ਬਿਕ੍ਰਮੀ ਹਰਭਜਨ ਸਿੰਘ ਦੇ ਗ੍ਰਿਹ ਜੇਠੂਵਾਲ ❊

ਚੂੜੀ ਕਹੇ ਮੈਂ ਭਾਗਾਂਵੰਤ, ਚੂੜਾ ਕੰਗਣ ਰੂਪ ਨਜ਼ਰੀ ਆਈਆ । ਕਿਰਪਾ ਕਰੀ ਆਪ ਭਗਵੰਤ, ਸ੍ਰੀ ਭਗਵਾਨ ਦਿਤੀ ਵਡਿਆਈਆ ।

ਜਿਸ ਵੇਲੇ ਦੁਰਗਾ ਦੀ ਬਣਾਈ ਬਣਤ, ਅਸ਼ਟਭੁਜ ਰੂਪ ਦਿਤਾ ਵਖਾਈਆ । ਓਸ ਵੇਲੇ ਦੱਸਿਆ ਇਕ ਮੰਤ, ਸਿਖਿਆ ਸਚ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸੰਖ ਵਿਚੋਂ ਨਾਦ ਵਜੌਣਾ ਵੰਤ, ਧੁਰ ਦੀ ਆਵਾਜ਼ ਸੁਣਾਈਆ । ਜਿਸ ਨਾਲ ਉਠਣ ਸਾਰੇ ਸੰਤ, ਸੁਰਤੀ ਲਏ ਅੰਗੜਾਈਆ । ਓਸ ਨੇ ਕਿਹਾ ਕੀ ਇਸੇ ਨਾਲ ਅੰਤ, ਅੰਤਮ ਦੇ ਜਣਾਈਆ । ਅਬਿਨਾਸ਼ੀ ਕਰਤੇ ਕਿਹਾ ਨਹੀਂ ਇਹ ਖੇਲ ਅਗੰਮੀ ਕੰਤ, ਜੋ ਮਾਲਕ ਕੁੱਲ ਅਖਵਾਈਆ । ਜਿਸ ਨੂੰ ਸਾਰੇ ਕਰਨ ਡੰਡਾਵਤ, ਨਿਉਂ ਨਿਉਂ ਸੀਸ ਝੁਕਾਈਆ । ਦੁਰਗਾ ਕਿਹਾ ਮੈਂ ਵੀ ਓਸੇ ਦੀ ਕਰਾਂ ਮਨਾਵਤ, ਮਨਸਾ ਓਸੇ ਨਾਲ ਰਖਾਈਆ । ਪੁਰਖ ਅਕਾਲ ਕਿਹਾ ਮੇਰੀ ਆਦਿ ਜੁਗਾਦੀ ਰੌਂਸ, ਰਸਤਾ ਦਿਆਂ ਵਖਾਈਆ । ਬਿਨ ਮੇਰੀ ਕਿਰਪਾ ਵੱਜੇ ਨਾ ਕਿਸੇ ਦੀ ਧੌਂਸ, ਲੋਕਮਾਤ ਨਾ ਕੋਇ ਵਡਿਆਈਆ । ਮੇਰੀ ਮਿਹਰ ਦੇ ਤੋਲ ਵਿਚ ਨਾ ਆਏ ਰਤੀ ਤੋਲੇ ਮਾਸੇ ਔਂਸ, ਸੇਰਾਂ ਧੜੀਆਂ ਨਾਲ ਨਾ ਕੋਇ ਮਿਣਾਈਆ । ਜਿਸ ਦੇ ਸਿਰ ਉਤੇ ਹੱਥ ਰੱਖਾਂ ਓਸੇ ਦੇ ਵਿਚ ਹੋਵੇ ਪਹੁੰਚ, ਪਹੁੰਚਾਣ ਵਾਲਾ ਸਿਰ ਹੇਠਾਂ ਦਿਆਂ ਬਣਾਈਆ । ਹੁਕਮ ਸੁਣਾ ਕੇ ਕੋਟਨ ਕੋਟ, ਕੋਟੀ ਕੋਟ ਲੇਖ ਚੁਕਾਈਆ । ਹੁਕਮ ਜਣਾ ਕੇ ਚੋਟ, ਨਗਾਰੇ ਦਿਆਂ ਵਜਾਈਆ । ਹੁਕਮੇ ਅੰਦਰ ਤੇਰੇ ਅੰਦਰ ਰਖ ਕੇ ਜੋਤ, ਸੋਹਣੀ ਸਵਾਣੀ ਦਿਤਾ ਬਣਾਈਆ । ਫੇਰ ਵੇਖੀਂ ਮੇਰੇ ਬਿਨਾ ਹੋਰ ਲੱਭਣੀ ਨਹੀਂ ਕਿਤੇ ਮੌਜ, ਮਜਲਸ ਹੋਰ ਨਾ ਕੋਇ ਬਣਾਈਆ । ਫਿਰ ਨਾਲ ਖੇਲ ਕਰਨਾ ਸ੍ਰਿਸ਼ਟੀ ਮੌਜ, ਮੌਜਦਾਰ ਹੁਕਮ ਸੁਣਾਈਆ । ਓਸ ਕਿਹਾ ਕੁਛ ਮੈਨੂੰ ਆਈ ਹੋਸ਼, ਮੈਂ ਆਪਣੀ ਅੱਖ ਖੁਲ੍ਹਾਈਆ । ਮੇਰੇ ਤੱਕਣ ਲਗੇ ਲੋਚ, ਨੈਣ ਚਾਈਂ ਚਾਈਆ । ਤੇਰਾ ਕਦੇ ਨਾ ਹੋਏ ਵਿਜੋਗ, ਪੁਰਖ ਅਕਾਲ ਤੇਰੀ ਸਰਨਾਈਆ । ਮੈਨੂੰ ਬਖ਼ਸ਼ ਆਪਣਾ ਧੁਰ ਸੰਜੋਗ, ਧੁਰ ਸੰਜੋਗੀ ਵਿਛੜ ਕਦੇ ਨਾ ਜਾਈਆ । ਸ੍ਰੀ ਭਗਵਾਨ ਕਿਹਾ ਤੂੰ ਜਾਣਾ ਮਾਤਲੋਕ, ਤਤ ਰੂਪ ਵਟਾਈਆ । ਤੂੰ ਗੌਣਾ ਸੋਹੰ ਸਲੋਕ, ਤੇਰਾ ਮੇਰਾ ਰਾਗ ਅਲਾਈਆ । ਤੈਨੂੰ ਕੋਈ ਨਾ ਸਕੇ ਰੋਕ, ਅਗੇ ਪਿਛੇ ਨਾ ਕੋਇ ਅਟਕਾਈਆ । ਓਸ ਕਿਹਾ ਪ੍ਰਭੂ ਮੈਨੂੰ ਖ਼ੁਸ਼ੀ ਨਾਲ ਔਂਦਾ ਜੋਸ਼, ਮਸੱਰਤ ਵਿਚ ਅੰਗੜਾਈਆ । ਮੇਰਾ ਕਾਇਆ ਮਾਟੀ ਹੋਵੇ ਪੋਸ਼, ਜਗਤ ਸਵਾਣੀ ਰੂਪ ਧਰਾਈਆ । ਮੈਂ ਰਹਿਣਾ ਨਹੀਂ ਖ਼ਾਮੋਸ਼, ਆਪਣਾ ਬਲ ਵਡਿਆਈਆ । ਮੈਨੂੰ ਕੁਛ ਹੋਰ ਦੱਸ ਅਗਲੀ ਸੋਚ, ਭੇਵ ਅਭੇਦਾ ਦੇ ਖੁਲ੍ਹਾਈਆ । ਪੁਰਖ ਅਕਾਲ ਕਿਹਾ ਇਕ ਮੇਰੀ ਰੱਖੀਂ ਓਟ, ਦੂਜਾ ਰੂਪ ਨਾ ਕੋਇ ਦਿਸਾਈਆ । ਦੁਰਗਾ ਕਿਹਾ ਮੇਰਾ ਪਰਦਾ ਦੇ ਖੋਲ੍ਹ, ਆਪ ਆਪਣੇ ਰੰਗ ਰੰਗਾਈਆ । ਸਚ ਦੱਸ ਪ੍ਰਭੂ ਕੀ ਆਵੇਂ ਮੇਰੇ ਕੋਲ, ਆਪਣਾ ਫੇਰਾ ਪਾਈਆ । ਸਾਹਿਬ ਕਿਹਾ ਜਿਸ ਵੇਲੇ ਮਰਦੰਗਾ ਵਜਾਵੇਂ ਢੋਲ, ਸੰਖ ਨਾਦ ਸੁਣਾਈਆ । ਓਸ ਵੇਲੇ ਅਗੰਮੀ ਧਾਰੋਂ ਪਵਾਂ ਬੋਲ, ਧੁਰ ਦਾ ਹੁਕਮ ਜਣਾਈਆ । ਤੂੰ ਆਪਣੇ ਨੇਤਰ ਲੈਣੇ ਖੋਲ੍ਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅਸ਼ਟਭੁਜ ਕਿਹਾ ਪ੍ਰਭ ਤੇਰੀ ਮਿਹਰਬਾਨੀ, ਸ੍ਰੀ ਭਗਵਾਨ ਤੇਰੀ ਸਰਨਾਈਆ । ਕੋਈ ਆਪਣੀ ਦੇ ਨਿਸ਼ਾਨੀ, ਤੇਰੇ ਅਗੇ ਝੋਲੀ ਡਾਹੀਆ । ਮੈਂ ਤੇਰਾ ਨੂਰ ਨੁਰਾਨੀ, ਜਲਵੇ ਵਿਚ ਸਮਾਈਆ । ਚਰਨ ਸਰਨ ਇਕ ਧਿਆਨੀ, ਕਵਲ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ ਪਕੜ ਕੇ ਖੱਬੀ ਬਾਂਹ, ਹੌਲੀ ਜਿਹੀ ਹਲੂਣਾ ਦਿਤਾ ਲਗਾਈਆ । ਉਠ ਨਿਮਾਣੀ ਕਰ ਧਿਆਂ, ਸਵਾਣੀ ਦਿਆਂ ਬਣਾਈਆ । ਇਕ ਲੈ ਮੇਰਾ ਨਿਸ਼ਾਂ, ਤੇਰੇ ਹੱਥ ਦਿਆਂ ਫੜਾਈਆ । ਤੇਰੀ ਸੋਹੇ ਨਾਲ ਬਾਂਹ, ਬਾਜ਼ੂ ਮਿਲੇ ਵਡਿਆਈਆ । ਚਾਰ ਜੁਗ ਰਹੇ ਨਾਂ, ਸਤਿਜੁਗ

੨੨੨

ਤ੍ਰੇਤਾ ਦੁਆਪਰ ਕਲਜੁਗ ਆਪਣਾ ਰੰਗ ਰੰਗਾਈਆ । ਜਿਸ ਵੇਲੇ ਧੂੜ ਉਡੇ ਜ਼ਿਮੀਂ ਅਸਮਾਂ, ਗਰਦੋ ਗੁਬਾਰ ਦਿਸੇ ਲੋਕਾਈਆ । ਨਾਤਾ ਤੁਟ ਜਾਏ ਪੁਤਰਾਂ ਮਾਂ, ਪਿਤਾ ਪੂਤ ਮੇਲ ਨਾ ਕੋਇ ਮਿਲਾਈਆ । ਨਾਰੀ ਕੰਤ ਦਏ ਤਜਾ, ਵੇਸਵਾ ਰੂਪ ਵਖਾਈਆ । ਸਾਧ ਸੰਤ ਭਗਵੰਤ ਨਾਲ ਮਿਲੇ ਕੋਈ ਨਾ, ਆ ਬੈਠਣ ਮੁਖ ਭਵਾਈਆ । ਧਰਨੀ ਧਰਤ ਰੋਵੇ ਮਾਰੇ ਧਾ, ਨੇਤਰ ਨੈਣਾਂ ਨੀਰ ਵਹਾਈਆ । ਸੂਰਜ ਚੰਦ ਨੈਣ ਕੁਰਲਾ, ਮੰਡਲ ਮੰਡਪ ਹਾਹਾਕਾਰ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਲੂ ਜਾਣ ਛੁਡਾ, ਲੋਕਮਾਤ ਨਾ ਕੋਇ ਸਹਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਕਾਮ ਕਰੋਧ ਲੋਭ ਮੋਹ ਹੰਕਾਰ ਹੋਵੇ ਹਲਕਾ, ਆਸਾ ਤ੍ਰਿਸ਼ਨਾ ਭੱਜੇ ਵਾਹੋ ਦਾਹੀਆ । ਤੀਰਥ ਤੱਟਾਂ ਇਸਤਰੀ ਪੁਰਸ਼ ਨੰਗੇ ਲੈਣ ਨਹਾ, ਪਰਦਾ ਉਤੇ ਨਾ ਕੋਇ ਰਖਾਈਆ । ਮਨ ਵਾਸਨਾ ਸ੍ਰਿਸ਼ਟੀ ਬੁੱਧੀ ਹੋਵੇ ਕਾਂ, ਗੁਰਮਤ ਬੈਠੇ ਮੁਖ ਛੁਪਾਈਆ । ਭਾਈ ਭੈਣਾਂ ਲੈਣ ਤਕਾ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਚਾਰੋਂ ਕੁੰਟ ਅੰਧੇਰਾ ਜਾਏ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਹਰਿ ਹਿਰਦੇ ਨਾ ਲਏ ਕੋਈ ਵਸਾ, ਗੁਰ ਮੰਤਰ ਨਾ ਕੋਇ ਪੜ੍ਹਾਈਆ । ਭਰਮੇ ਭੁਲੇ ਸਰਬ ਲੁਕਾ, ਲੁਕਿਆ ਭੇਤ ਨਾ ਕੋਇ ਖੁਲ੍ਹਾਈਆ । ਸ਼ਰੀਅਤ ਵਿਚੋਂ ਨਜ਼ਰ ਨਾ ਆਏ ਖ਼ੁਦਾ, ਤੌਫ਼ੀਕ ਜਾਣੇ ਨਾ ਕੋਇ ਬੇਪਰਵਾਹੀਆ । ਵਾਹਿਦ ਜਲਵਾ ਵੇਖੇ ਨਾ ਕੋਇ ਰੁਸ਼ਨਾ, ਪਰਵਰਦਿਗਾਰ ਸਜਦਾ ਨਾ ਕੋਇ ਕਰਾਈਆ । ਸਾਚਾ ਰਾਮ ਲਏ ਨਾ ਕੋਈ ਮਨਾ, ਰਾਮ ਰੂਪ ਨਾ ਕੋਇ ਸਮਾਈਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨਾਂ ਮਿਲੇ ਨਾ ਕੋਈ ਥਾਂ, ਭੂਮਿਕਾ ਸਤਿ ਨਾ ਕੋਇ ਵਡਿਆਈਆ । ਦਿਵਸ ਰੈਣ ਘੜੀ ਪਲ ਵੈਰਾਗੀ ਹੋ ਕੇ ਮਾਰਨ ਧਾ, ਬਹੁੜੀ ਬਹੁੜੀ ਕਰ ਸੁਣਾਈਆ । ਜਗਤ ਅਦਾਲਤ ਸਚ ਦਿਸੇ ਨਾ ਕੋਈ ਗਵਾਹ, ਸ਼ਹਾਦਤ ਹਕ ਨਾ ਕੋਇ ਭੁਗਤਾਈਆ । ਰਾਜ ਰਾਜਾਨ ਕੂੜੀ ਕਿਰਿਆ ਮੁਖ ਲਗਾਵਣ ਛਾਹ, ਦੁਰਮਤ ਮੈਲ ਨਾ ਕੋਇ ਧਵਾਈਆ । ਧੀਆਂ ਮਾਵਾਂ ਦਾ ਧਨ ਲੈਣ ਚੁਰਾ, ਚੋਰੀ ਯਾਰੀ ਘਰ ਘਰ ਨਜ਼ਰੀ ਆਈਆ । ਅਸ਼ਟਭੁਜ ਤੈਨੂੰ ਦਿਆਂ ਸੁਣਾ, ਸਹਿਜ ਨਾਲ ਸਮਝਾਈਆ । ਤੂੰ ਕਿਸੇ ਦੀ ਨਹੀਂ ਰਹਿਣਾ ਮਾਂ, ਮਈਆ ਆਖਣ ਵਾਲੇ ਸਾਰੇ ਮੁਖ ਭਵਾਈਆ । ਫੇਰ ਓਸੇ ਵੇਲੇ ਇਕ ਰੁਸ਼ਨਾਈ ਤੈਨੂੰ ਦੇਵਾਂ ਵਖਾ, ਚੂੜਾ ਤੇਰੇ ਹੱਥਾਂ ਨਾਲ ਪਹਿਨਾਈਆ । ਚਾਰ ਜੁਗ ਦੇ ਵੇਲੇ ਅੰਤ ਤੇਰਾ ਲਹਿਣਾ ਦਿਆਂ ਮੁਕਾ, ਗਹਿਣਾ ਆਪਣੇ ਤਨ ਪਹਿਨਾਈਆ । ਓਸ ਕਿਹਾ ਪ੍ਰਭੂ ਨਾ, ਇਹ ਮੌਜ ਵੱਡੀ ਬੇਪਰਵਾਹੀਆ । ਸ੍ਰੀ ਭਗਵਾਨ ਕਿਹਾ ਹਾਂ, ਤੈਨੂੰ ਭਗਤਾਂ ਨਾਲ ਲਵਾਂ ਮਲਾ, ਦਰ ਆਪਣੇ ਲਵਾਂ ਬਹਾਈਆ । ਤੇਰੇ ਮੰਗਣ ਵਾਸਤੇ ਜਨ ਭਗਤਾਂ ਵਾਲਾ ਸਗਣ ਝੋਲੀ ਦੇਵਾਂ ਪਾ, ਜਿਹੜਾ ਤੇਰੇ ਮਸਤਕ ਟਿੱਕਾ ਇਹੋ ਭਗਤਾਂ ਮਸਤਕ ਲਾਈਆ । ਤੂੰ ਇਕ ਇਕੱਲੀ ਤੂੰ ਵੇਖੀਂ ਮੈਂ ਕਿਤਨੇ ਲੈਣੇ ਪਰਨਾ, ਜੋ ਦਰ ਤੇ ਆ ਕੇ ਸਦਾ ਖ਼ੁਸ਼ੀ ਮਨਾਈਆ । ਉਨ੍ਹਾਂ ਖੰਡਾ ਖੜਗ ਸੰਖ ਚਕਰ ਗਦਾ ਕੁਛ ਨਹੀਂ ਲੈਣਾ ਉਠਾ, ਚਾਰ ਕੁੰਟ ਨਾ ਭੱਜਣ ਵਾਹੋ ਦਾਹੀਆ । ਇਕੋ ਓਟ ਲੈਣੀ ਤਕਾ, ਪ੍ਰਭ ਮਿਲੇ ਸਰਨ ਸਰਨਾਈਆ । ਅਸ਼ਟਭੁਜ ਕਿਹਾ ਪ੍ਰਭੂ ਤੂੰ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਤੇਰੇ ਹੁਕਮ ਅੰਦਰ ਕੋਈ ਨਾ ਕਰੇ ਨਾ, ਅਗੇ ਅੜ ਸਿਰ ਨਾ ਕੋਇ ਉਠਾਈਆ । ਜੇ ਤੇਰੇ ਭਗਤਾਂ ਮਿਲੇ ਮੈਨੂੰ ਥਾਂ, ਓਥੇ ਆ ਕੇ ਖ਼ੁਸ਼ੀ ਮਨਾਈਆ । ਫੇਰ ਮੈਂ ਵੇਖਾਂ ਪ੍ਰਭੂ ਆਪਣੇ ਨਾਲੋਂ ਚੰਗੀ ਤੇਰੀ ਚੂੜੀ ਵਾਲੀ ਬਾਂਹ, ਚੌਕੜੀ ਜੁਗ ਜਾਏ ਵਿਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਹਾ ਇਹ ਖੇਲ ਮੇਰਾ ਦੂਸਰ ਜਾਣੇ ਕੋਈ ਨਾ, ਅਨਜਾਣਤ ਚਾਰ ਜੁਗ ਸਰਗੁਣ ਸਾਰੀ ਸ੍ਰਿਸ਼ਟੀ ਨਜ਼ਰੀ ਆਈਆ । ਦੁਰਗਾ ਕਿਹਾ ਪੁਰਖ ਸਮਰਥ, ਮੈਨੂੰ

੨੨੩

ਪਿਛਲੀ ਯਾਦ ਆਈਆ । ਤੈਨੂੰ ਪਤਾ ਜਿਸ ਵੇਲੇ ਕੰਗਣ ਪੌਣ ਲਗਿਆਂ ਮੇਰੇ ਹੱਥ ਨੂੰ ਲਾਇਆ ਸੀ ਹੱਥ, ਉਂਗਲਾਂ ਨਾਲ ਉਂਗਲਾਂ ਦਿਤੀਆਂ ਛੁਹਾਈਆ । ਓਸ ਵੇਲੇ ਮੈਂ ਤੇਰੇ ਹੋ ਗਈ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਪਰ ਇਕ ਗੱਲ ਰਹੀ ਜਿਹੜਾ ਮੈਂ ਖ਼ੁਸ਼ੀ ਨਾਲ ਤਕਿਆ ਨਹੀਂ ਅੱਖ, ਸ਼ਰਮ ਦੀ ਮਾਰੀ ਨੀਵੀਂ ਅੱਖ ਰਖਾਈਆ । ਤੂੰ ਓਸ ਵੇਲੇ ਹੌਲੀ ਜਿਹੀ ਇਕ ਨਿੱਕੀ ਜਿਹੀ ਚੁਟਕੀ ਮਾਰੀ ਚਟਕ, ਮੇਰੇ ਮੱਥੇ ਬਿੰਦੀ ਦਿਤੀ ਲਾਈਆ । ਮੈਂ ਡਰਦੀ ਪਿੱਛੇ ਗਈ ਹਟ, ਤੂੰ ਹੌਲੀ ਜਿਹੀ ਮੇਰੇ ਸੀਨੇ ਉਤੇ ਠੋਕਰ ਦਿਤੀ ਲਾਈਆ । ਮੈਂ ਹੋ ਗਈ ਬੇਵਸ, ਆਪਣਾ ਆਪ ਗਈ ਭੁਲਾਈਆ । ਤੂੰ ਹੌਲੀ ਜਿਹੀ ਮੇਰੇ ਸਿਰ ਉਤੇ ਹੱਥ ਦਿਤਾ ਰਖ, ਮੈਂ ਚਰਨ ਦਵਾਰੇ ਢਹਿ ਕੇ ਖ਼ੁਸ਼ੀ ਮਨਾਈਆ । ਤੇਰੇ ਚਰਨਾਂ ਦੀ ਧੂੜ ਲਈ ਚਟ, ਬਲ ਆਇਆ ਬੇਪਰਵਾਹੀਆ । ਫੇਰ ਮੈਂ ਕਿਹਾ ਹੁਣ ਲੋਕਮਾਤ ਜਾਵਾਂ ਡਟ, ਚਾਰ ਕੁੰਟ ਆਪਣਾ ਹੁਕਮ ਵਰਤਾਈਆ । ਪ੍ਰਭੂ ਔਹ ਵੇਖ ਮੈਨੂੰ ਨਜ਼ਰੀ ਔਂਦੀ ਤੇਰੀ ਉਹ ਢਾਈ ਇੰਚ ਗੋਲ ਨੱਥ, ਨੌ ਬਲਾਕਾਂ ਨਾਲ ਜੁੜਾਈਆ । ਉਹ ਪਾਈ ਨਹੀਂ ਮੇਰੇ ਨੱਕ, ਜੇ ਨੱਕ ਪਾ ਦੇਂਦੋ ਫੇਰ ਤੇਰੀ ਮੇਰੀ ਹੋਣੀ ਨਹੀਂ ਸੀ ਕਦੇ ਜੁਦਾਈਆ । ਵੇਖ ਮੈਂ ਗੁੱਤ ਨਾਲ ਛੱਡੀ ਬੰਨ੍ਹ, ਪਿੱਛੇ ਹਾਰ ਬਣਾਈਆ । ਓਸ ਨੇ ਕਿਹਾ ਦੁਰਗਾ ਤੇਰੇ ਨਾਲੋਂ ਸੋਹਣਾ ਮੇਰਾ ਇਕ ਹੋਰ ਚੰਨ, ਜਿਹੜਾ ਗੋਬਿੰਦ ਦੇਣਾ ਚੜ੍ਹਾਈਆ । ਤੇਰੀ ਗੁੱਤ ਪਿੱਛੋਂ ਕੱਢ ਉਹਦੇ ਗਲ ਨਾਲ ਦੇਣਾ ਬੰਨ੍ਹ, ਸੋਹਣਾ ਰੰਗ ਵਖਾਈਆ । ਦੁਰਗਾ ਨੇ ਦੋਵੇਂ ਫੜ ਲਏ ਕੰਨ, ਮੈਂ ਤੇ ਜਾਣਦੀ ਮੈਥੋਂ ਵੱਡਾ ਹੋਰ ਕੋਈ ਨਹੀਂ ਇਹ ਵੀ ਤੇਰੀ ਬੇਪਰਵਾਹੀਆ । ਸ੍ਰੀ ਭਗਵਾਨ ਕਿਹਾ ਤੂੰ ਆਪੇ ਜਾਈਂ ਮੰਨ, ਜਿਸ ਵੇਲੇ ਤੈਨੂੰ ਦਰ ਤੇ ਸੱਦ ਕੇ ਆਪਣੇ ਦਵਾਰੇ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦੁਰਗਾ ਕਹੇ ਪ੍ਰਭੂ ਮੈਨੂੰ ਯਾਦ ਜਿਸ ਵੇਲੇ ਢਾਈ ਗਜ਼ ਦੁਪੱਟਾ ਦਿਤਾ ਦੁਸ਼ਾਲ, ਓਢਣ ਮੇਰੇ ਉਤੇ ਟਿਕਾਈਆ । ਮੈਂ ਰਖਿਆ ਉਹ ਸੰਭਾਲ, ਆਪਣੇ ਅੰਗਣ ਵਿਚ ਛੁਪਾਈਆ । ਤੇਰਾ ਹੁਕਮ ਸੁਣਦੀ ਰਹੀ ਫ਼ਰਮਾਣ, ਜੁਗ ਚੌਕੜੀ ਧਿਆਨ ਲਗਾਈਆ । ਮੈਂ ਭੁੱਲੀ ਨਹੀਂ ਅੰਞਾਣ, ਤੇਰੀ ਓਟ ਰਖਾਈਆ । ਚਰਨ ਕਵਲ ਰਖ ਧਿਆਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਿਆ ਲੰਘਾਈਆ । ਜਿਸ ਵੇਲੇ ਤੂੰ ਕਿਰਪਾ ਕੀਤੀ ਲਾਲੋ ਤਰਖਾਣ, ਮਿਹਰ ਨਜ਼ਰ ਉਠਾਈਆ । ਜਨਮ ਦੇ ਪਿੱਛੇ ਜਨਮ ਦਾ ਦੇ ਕੇ ਦਾਨ, ਕਰਮ ਆਪਣੇ ਨਾਲ ਮਿਲਾਈਆ । ਮੇਰੇ ਕੋਲੋਂ ਲੈ ਕੇ ਵਸਤ ਮਹਾਨ, ਓਸ ਦੇ ਹੱਥ ਫੜਾਈਆ । ਤੂੰ ਸਭ ਦਾ ਜਾਣੀ ਜਾਣ, ਤੇਰੇ ਹੱਥ ਵਡਿਆਈਆ । ਜੇ ਕਿਸ਼ਨ ਸਿੰਘ ਨਹੀਂ ਸੀ ਸਕਿਆ ਪਹਿਚਾਣ, ਅੱਖ ਓਸੇ ਦੀ ਆਪ ਖੁਲ੍ਹਾਈਆ । ਓਸੇ ਦੀ ਸਵਾਣੀ ਇਕ ਨਾਦਾਨ, ਜਿਸਨੂੰ ਰਵਦਾਸ ਦਿਤੀ ਵਡਿਆਈਆ । ਓਸੇ ਦਾ ਸ਼ਿੰਗਾਰ ਇਕ ਮਹਾਨ, ਜੋ ਖ਼ੁਸ਼ੀਆਂ ਨਾਲ ਵਖਾਈਆ । ਓਸ ਦਾ ਲੇਖਾ ਇਕ ਨਾਲ ਨਾਦਾਨ, ਜੋ ਰਵਿਦਾਸ ਦਾ ਮਿਤਰ ਨਜ਼ਰੀ ਆਈਆ । ਇਸ ਤੋਂ ਪਹਿਲੋਂ ਦੁਰਗਾ ਦੇ ਵੇਲੇ ਇਹ ਦੋਵੇਂ ਸੀ ਦਰਬਾਨ, ਦਰ ਠਾਂਡੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਪੂਰਬ ਨਸੀਬ, ਦੁਰਗਾ ਦਾ ਲਹਿਣਾ ਗੋਬਿੰਦ ਦਾ ਤਵੀਤ, ਮੁਰਸ਼ਦ ਦਾ ਕਹਿਣਾ ਮੰਨਣਾ ਮੁਰੀਦ, ਕੋਈ ਨਾ ਜਾਣੇ ਪ੍ਰਭ ਨੇ ਕੀ ਕੀ ਕਿਸ ਨਾਲ ਕੀਤੀ ਵਸੀਅਤ, ਅਸਲੀਅਤ ਸਮਝ ਸਕੇ ਨਾ ਕੋਈ ਰਾਈਆ ।

## ✻ ੩ ਮਾਘ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✻

ਕਲਜੁਗ ਕੂੜ ਕੁੜਿਆਰ ਕਹੇ ਵਾਹ ਪੁਰਖ ਸਮਰਥੇ, ਬੇਪਰਵਾਹ ਤੇਰੀ ਵਡਿਆਈਆ । ਮਾਇਆ ਮਮਤਾ ਕੂੜਾ ਮੋਹ ਕਹੇ ਮੈਂ ਹੱਥ ਰਖਿਆ ਮੱਥੇ, ਭਾਗ ਨਸੀਬ ਆਪਣਾ ਵੇਖ ਵਖਾਈਆ । ਜਿਸ ਵੇਲੇ ਤਕਿਆ ਜਨ ਭਗਤ ਹੋਏ ਇਕੱਠੇ, ਸਚ ਦਵਾਰੇ ਡੇਰਾ ਲਾਈਆ । ਮੇਰੀ ਸ਼ਰਮੌਣ ਲਗੀ ਅੱਖੇ, ਨੇਤਰ ਨੈਣ ਬੈਠੇ ਆਪਣਾ ਆਪ ਭੁਆਈਆ । ਇਸ ਦੇ ਕੋਲੋਂ ਕਿਹੜਾ ਬਚੇ, ਜੋ ਦੋ ਜਹਾਨਾਂ ਵੇਖ ਵਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਹੇ ਅਸੀਂ ਉਠ ਨੱਠੇ, ਭੱਜੀਏ ਵਾਹੋ ਦਾਹੀਆ । ਪਤਾ ਨਹੀਂ ਹੁਣ ਕਿਹੜੇ ਖ਼ਾਨੇ ਘੱਤੇ, ਗੁਰਮੁਖਾਂ ਅੰਦਰੋਂ ਬਾਹਰ ਕਢਾਈਆ । ਕਲਜੁਗ ਵਾਲੇ ਝੂਠੇ ਲੈਣ ਨਹੀਂ ਦੇਣੇ ਇਸ ਰਸੇ, ਜਿਹੜਾ ਰਸ ਆਤਮਕ ਰਿਹਾ ਜਣਾਈਆ । ਜੋ ਇਸਦੇ ਪ੍ਰੇਮ ਪਿਆਰ ਵਿਚ ਫਸੇ, ਸਾਡੀ ਮੁਹੱਬਤ ਗਏ ਤੁੜਾਈਆ । ਤੇਰੇ ਚਰਨਾਂ ਨਾਲੋਂ ਜਨ ਭਗਤ ਕਦੇ ਨਾ ਹਟੇ, ਜਗਤ ਹਟਵਾਣੇ ਡੇਰਾ ਢਾਹੀਆ । ਰੰਗ ਅਗੰਮੀ ਇਕੋ ਰੱਤੇ, ਗੂੜ੍ਹਾ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਕੂੜ ਕੁੜਿਆਰ ਕਹੇ ਮੈਂ ਹੋ ਗਿਆ ਅੰਧਾ, ਨੇਤਰ ਨਜ਼ਰ ਕੁਛ ਨਾ ਆਈਆ । ਮੈਂ ਭੁਲ ਕੇ ਸਮਝ ਬੈਠਾ ਪ੍ਰਭੂ ਕੋਈ ਬੰਦਿਆਂ ਵਰਗਾ ਬੰਦਾ, ਤੱਤਾਂ ਵਾਲਾ ਰੂਪ ਵਟਾਈਆ । ਨੇੜੇ ਆ ਕੇ ਵੇਖਿਆ ਸਭ ਦੇ ਸਿਰ ਵਿਚ ਮਾਰੀ ਜਾਏ ਡੰਡਾ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਢੋਲਾ ਸੁਣਾ ਕੇ ਛੰਦਾ, ਸੰਸੇ ਰਿਹਾ ਮੁਕਾਈਆ । ਜੋ ਜਨਮ ਕਰਮ ਦਾ ਗੰਦਾ, ਫੜ ਬਾਹੋਂ ਗਲੇ ਲਗਾਈਆ । ਨਾਮ ਨਿਧਾਨਾ ਫੜਾ ਕੇ ਡੰਡਾ, ਪੌੜੇ ਆਪਣੇ ਲਏ ਚੜ੍ਹਾਈਆ । ਜਿਥੇ ਨਾ ਕੋਈ ਕੁੰਜੀ ਨਾ ਕੋਈ ਜੰਦਾ, ਦਰਬਾਨ ਨਜ਼ਰ ਕੋਇ ਨਾ ਆਈਆ । ਇਕੋ ਇਕ ਇਕੱਲਾ ਸਾਹਿਬ ਬਖ਼ਸ਼ੰਦਾ, ਸਤਿ ਦਵਾਰੇ ਡੇਰਾ ਲਾਈਆ । ਜਿਸ ਨੂੰ ਚਾਹੇ ਆਪਣੀ ਕਿਰਪਾ ਨਾਲ ਚਰਨ ਪ੍ਰੀਤੀ ਦੇਂਦਾ, ਦੂਸਰ ਮਿਲੇ ਨਾ ਕੋਇ ਵਡਿਆਈਆ । ਪ੍ਰੇਮ ਪਿਆਰ ਮੁਹੱਬਤ ਵਿਚ ਨਿਉਂਦਾ, ਨਿਵ ਨਿਵ ਸੀਸ ਝੁਕਾਈਆ । ਹੁਕਮ ਸੰਦੇਸ਼ ਸਤਿ ਜਨ ਭਗਤਾਂ ਕਹਿੰਦਾ, ਕਹਿ ਕਹਿ ਆਪ ਸਮਝਾਈਆ । ਆਦਿ ਜੁਗਾਦਿ ਜੁਗ ਚੌਕੜੀ ਆਪਣਾ ਭਾਣਾ ਆਪ ਸਹਿੰਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਵਹਿਣ ਵੇਖ ਕੇ ਵਹਿੰਦਾ, ਵਾਹਵਾ ਆਪਣਾ ਫੇਰਾ ਪਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹਿੰਦਾ, ਧੁਰ ਫ਼ਰਮਾਣਾ ਹੁਕਮ ਜਣਾਈਆ । ਵੇਖੋ ਖੇਲ ਜੋ ਹੋਣਾ ਆਇੰਦਾ, ਭੇਵ ਅਭੇਦ ਖੁਲ੍ਹਾਈਆ । ਚਾਰ ਜੁਗ ਦਾ ਜੋ ਥੱਕਾ ਮਾਂਦਾ, ਦੇਵੇ ਸਚ ਸਰਨਾਈਆ । ਕੂੜ ਕੁੜਿਆਰਾ ਕਹੇ ਮੈਂ ਕੀ ਕਰਾਂ ਜਿਧਰ ਵੇਖਾਂ ਗੁਰਮੁਖ ਸੋਹੰ ਢੋਲਾ ਗਾਂਦਾ, ਮੇਰਾ ਤੇਰਾ ਰਾਗ ਅਲਾਈਆ । ਜਿਸ ਦਾ ਗੋਬਿੰਦ ਨਾਲ ਵਾਅਦਾ, ਵਾਹਿਦ ਇਕੋ ਗਿਆ ਆਈਆ । ਗੁਰਮੁਖਾਂ ਤਕੇ ਫ਼ਾਇਦਾ, ਬਾਕੀ ਫਾਕੇ ਵਿਚ ਲੋਕਾਈਆ । ਜਿਸ ਦਾ ਕ਼ਾਨੂੰਨ ਇਕ ਕ਼ਾਇਦਾ, ਹੁਕਮ ਇਕ ਜਣਾਈਆ । ਉਹ ਖੇਲ ਕਰੇ ਬਾਕ਼ਾਇਦਾ, ਤਰਤੀਬ ਆਪਣੇ ਹੱਥ ਰਖਾਈਆ । ਕੂੜੀ ਕਿਰਿਆ ਕਰ ਕੇ ਅਲਿਹਦਾ, ਦਰ ਦਵਾਰਿਉਂ ਦਿਤੀ ਦੁਰਕਾਈਆ । ਜਿਹੜਾ ਆਤਮ ਪਰਮਾਤਮ ਨਾਲ ਕੀਤਾ ਮੁਆਇਦਾ, ਓਸੇ ਨੂੰ ਤੋੜ ਚੜ੍ਹਾਈਆ । ਗੁਰਮੁਖਾਂ ਦੇ ਕੇ ਰਿਆਇਤਾ, ਰਵਾਇਤ ਨਾਲ ਪਾਰ ਰਿਹਾ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੂੜ ਕੁੜਿਆਰ ਕਹੇ ਜਿਸ ਵੇਲੇ ਮਸਤਕ ਹੱਥ ਧਰਿਆ, ਉਂਗਲਾਂ ਮੁਖ ਨਾਲ ਛੁਹਾਈਆ । ਓਸ ਵੇਲੇ ਅੰਦਰੇ ਅੰਦਰ ਕੂੜ ਕੁੜਿਆਰਾ ਡਰਿਆ, ਭੈ ਭਉ ਸਿਰ ਮਨਾਈਆ ।

ਮੈਂ ਕਿੱਥੇ ਗਿਆ ਫੜਿਆ, ਛੁਡਾਵਣ ਵਾਲਾ ਨਜ਼ਰ ਕੋਇ ਨਾ ਆਈਆ । ਓਸ ਵੇਲੇ ਇਕੋ ਤਰਲਾ ਕਰਿਆ, ਤ੍ਰਿਸ਼ਨਾ ਲਈ ਵਧਾਈਆ । ਤੂੰ ਅਬਿਨਾਸ਼ੀ ਕਰਤਾ ਆਦਿ ਜੁਗਾਦਿ ਕਦੇ ਨਾ ਮਰਿਆ, ਸਦ ਜੀਵਣ ਰੂਪ ਵਖਾਈਆ । ਹੇ ਪ੍ਰਭੂ ਤੇਰੇ ਦਵਾਰੇ ਆ ਕੇ ਜੇ ਕੂੜ ਵਿਕਾਰ ਨਾ ਤਰਿਆ, ਹੋਰ ਦੱਸ ਕਿਹੜੇ ਦਵਾਰੇ ਜਾਈਆ । ਕਿਰਪਾ ਕਰ ਨਰਾਇਣ ਨਰਿਆ, ਸ਼ਹਿਨਸ਼ਾਹ ਤੇਰੀ ਸਰਨਾਈਆ । ਤੂੰ ਸਚ ਦੱਸ ਕੀ ਤੂੰ ਸਾਡਾ ਨਹੀਂ ਘਾੜਨ ਘੜਿਆ, ਜਗਤ ਨਾਤਾ ਲਿਆ ਜੁੜਾਈਆ । ਕਿਉਂ ਸਾਨੂੰ ਕੁਕਰਮੀ ਕਰਕੇ ਫੜਿਆ, ਤੇਰੇ ਹੁਕਮੇਂ ਅੰਦਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਕੁਕਰਮ ਕਹੇ ਮੈਂ ਬੇਸ਼ਕ ਕੂੜ, ਕੁੜਿਆਰਾ ਨਜ਼ਰੀ ਆਈਆ । ਜਗਤ ਵਿਦਿਆ ਵਲੋਂ ਮੂੜ੍ਹ, ਮੂਰਖ ਰੂਪ ਵਟਾਈਆ । ਪ੍ਰਭੂ ਤੇਰੇ ਭਗਤਾਂ ਨਾਲ ਮਿਲ ਕੇ ਮੈਂ ਵੀ ਲਾ ਲਈ ਮਸਤਕ ਧੂੜ, ਧੂੜੀ ਟਿੱਕਾ ਇਕ ਰਮਾਈਆ । ਕਿਉਂ ਨਹੀਂ ਮੇਰੇ ਮੁਆਫ਼ ਕਰਦਾ ਕ਼ਸੂਰ, ਰਹਿਮਤ ਇਕ ਵਖਾਈਆ । ਮੈਂ ਜਾਣਦਾ ਤੂੰ ਭਗਤ ਵਛਲ ਜ਼ਰੂਰ, ਸੰਤਾਂ ਹੋਏਂ ਸਹਾਈਆ । ਹੁਣ ਕਿਹੜਾ ਤੂੰ ਦੂਰ, ਸਨਮੁਖ ਬੈਠਾ ਨਜ਼ਰੀ ਆਈਆ । ਤੇਰਾ ਭੰਡਾਰਾ ਸਦਾ ਭਰਪੂਰ, ਦੇਂਦਿਆਂ ਤੋਟ ਰਹੇ ਨਾ ਰਾਈਆ । ਕੂੜ ਕੁੜਿਆਰਾ ਕਹੇ ਹੇ ਪ੍ਰਭੂ ਜੇ ਅਸੀਂ ਨਾ ਹੋਈਏ ਤੂੰ ਕਿਸ ਦਾ ਬਖ਼ਸ਼ੇਂ ਕ਼ਸੂਰ, ਰਹਿਮਤ ਕਿਸ ਦੇ ਉਤੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਲੈਣਾ ਤਰਾਈਆ । ਕੂੜ ਕੁੜਿਆਰਾ ਕਹੇ ਜੇ ਮੈਂ ਨਾ ਹੁੰਦਾ, ਭਗਵਨ ਸਚ ਦਿਆਂ ਜਣਾਈਆ । ਫੇਰ ਤੈਨੂੰ ਕਿਹੜਾ ਧਿਔਂਦਾ, ਤੇਰੀ ਲੋੜ ਰਹਿੰਦੀ ਨਾ ਰਾਈਆ । ਜੇ ਤੂੰ ਸਭ ਨੂੰ ਇਕੋ ਜਿਹਾ ਬਣੌਂਦਾ, ਇਕੋ ਘਰ ਵਖਾਈਆ । ਫੇਰ ਕਿਹੜਾ ਤੇਰੇ ਚਰਨੀ ਸੀਸ ਨਿਵੌਂਦਾ, ਟਿੱਕੇ ਮਸਤਕਾਂ ਨਾਲ ਛੁਹਾਈਆ । ਬਿਨਾ ਮੇਰੇ ਤੇਰੇ ਸਤਿ ਸਚ ਨੂੰ ਕੌਣ ਪਰਗਟੌਂਦਾ, ਉਸ ਦਾ ਰੂਪ ਕਵਣ ਸਮਝਾਈਆ । ਮੈਂ ਤੇਰੇ ਅਗੇ ਝੋਲੀ ਡਾਹੁੰਦਾ, ਭਿਛਿਆ ਇਕੋ ਮੰਗ ਮੰਗਾਈਆ । ਜੋ ਤੇਰਾ ਦਰਸ਼ਨ ਪੌਂਦਾ, ਉਸ ਦਾ ਲਹਿਣਾ ਦੇਣਾ ਪੂਰਬ ਪਾਪ ਕੁਕਰਮ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਕੂੜ ਕੁੜਿਆਰ ਕਹੇ ਪ੍ਰਭੂ ਹੋਇਆ ਚੰਗਾ, ਤੂੰ ਸਾਹਿਬ ਸਵਾਮੀ ਸਹਿਜੇ ਮਿਲਿਆ ਆਈਆ । ਜਾਣਾ ਪਿਆ ਨਾ ਕੋਲ ਗੰਗਾ, ਆਪਣਾ ਪੰਧ ਮੁਕਾਈਆ । ਵਜੌਂਣਾ ਪਿਆ ਨਾ ਕੋਇ ਸੁਰੰਗਾ, ਕਿੱਲੀ ਤੰਦ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੂੜ ਕੁੜਿਆਰਾ ਕਹੇ ਬੇਸ਼ਕ ਮੈਂ ਕੁਕਰਮ, ਅਭੁਲ ਤੇਰੀ ਸਰਨਾਈਆ । ਪ੍ਰਭੂ ਜੇ ਮੈਂ ਚੰਗਾ ਨਹੀਂ ਸਾਂ ਤੇ ਮੈਨੂੰ ਕਾਹਨੂੰ ਦਿਤਾ ਜਨਮ, ਘਰ ਘਰ ਵਿਚ ਦਿਤਾ ਵਸਾਈਆ । ਮੈਨੂੰ ਇਸ ਦੇ ਵਿਚ ਭਰਮ, ਮੇਰਾ ਭੁਲੇਖਾ ਦੂਰ ਕਰਾਈਆ । ਮੈਨੂੰ ਸਾਰੇ ਉਠੇ ਫੜਨ, ਆਪਣੇ ਹੱਥ ਫੈਲਾਈਆ । ਮੈਂ ਮੰਗੀ ਤੇਰੀ ਸਰਨ, ਸਚ ਮਿਲੇ ਵਡਿਆਈਆ । ਬਖ਼ਸ਼ ਦੇ ਆਪਣਾ ਚਰਨ, ਚਰਨੋਦਕ ਮੁਖ ਚਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਪਾਈਆ । ਕੂੜ ਕੁੜਿਆਰਾ ਕਹੇ ਮੇਰਾ ਖੇਲ ਸੁਹੰਜਣਾ, ਘਰ ਘਰ ਆਪ ਵਖਾਈਆ । ਮੈਂ ਕਿਸੇ ਦੇ ਉਤੇ ਚੜ੍ਹਨ ਨਹੀਂ ਦਿਤੀ ਤੇਰੀ ਰੰਗਣਾ, ਆਪਣਾ ਬਲ ਵਧਾਈਆ । ਹੁਣ ਤੇਰੇ ਕੋਲੋਂ ਦਾਨ ਇਕ ਮੰਗਣਾ, ਆਪਣੀ ਝੋਲੀ ਡਾਹੀਆ । ਮੈਂ ਜਨ ਭਗਤਾਂ ਨੂੰ ਜਾਂਦੀ ਵਾਰ ਕਰ ਲਵਾਂ ਬੰਦਨਾ, ਨਿਉਂ ਕੇ ਸੀਸ ਨਿਵਾਈਆ । ਮੁੜ ਕੇ ਫੇਰ ਭਗਤ ਦਵਾਰਾ ਨਹੀਂ ਲੰਘਣਾ, ਤੇਰਾ ਰੂਪ ਅਨੂਪ ਨਾ ਕੋਇ ਵਖਾਈਆ । ਤੇਰਾ


੨੨੯

ਟੁਟਿਆ ਨਾਤਾ ਆਪਣੇ ਨਾਲ ਗੰਢਣਾ, ਸਾਚਾ ਮੇਲਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕੂੜ ਕੁੜਿਆਰਾ ਕਹੇ ਮੈਂ ਕਲਜੁਗ ਕੀਤੀ ਸੇਵਾ, ਚਾਕਰ ਰੂਪ ਵਟਾਈਆ । ਕਿਸੇ ਨੂੰ ਨਜ਼ਰ ਨਹੀਂ ਔਣ ਦਿਤਾ ਦੇਵੀ ਦੇਵਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਭ ਦੇ ਮਸਤਕ ਲਾ ਕੇ ਥੇਵਾ, ਕੂੜੀ ਕਿਰਿਆ ਦਿਤੀ ਜਣਾਈਆ । ਸਾਚਾ ਮੰਤਰ ਜਪਿਆ ਨਹੀਂ ਗਿਆ ਕਿਸੇ ਕੋਲੋਂ ਜਿਹਵਾ, ਆਤਮ ਰੰਗ ਨਾ ਕੋਇ ਰੰਗਾਈਆ । ਤੇਰੇ ਕੋਲ ਪ੍ਰਭੂ ਇਕ ਬੜਾ ਤਿੱਖਾ ਦਿਸਦਾ ਸੰਧੇਵਾ, ਜਿਸ ਦੇ ਨਾਲ ਜੜ੍ਹਾਂ ਦਏਂ ਉਖੜਾਈਆ । ਅਬਿਨਾਸ਼ੀ ਕਰਤੇ ਤੇਰਾ ਨੌਜਵਾਨਾਂ ਵਰਗਾ ਭਰੇਵਾ, ਬਸਤਰ ਭੂਸ਼ਣ ਸੋਹਣੇ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੂੜ ਕੁੜਿਆਰਾ ਕਹੇ ਮੈਂ ਗਿਆ ਪੁਠਾ, ਸ਼ਬਦੀ ਚੋਟ ਲਗਾਈਆ । ਮੈਂ ਲੰਮਾ ਰਹਿ ਗਿਆ ਇਕ ਮੁੱਠਾ, ਆਪਣਾ ਆਪ ਮਿਟਾਈਆ । ਹੁਣ ਮੈਂ ਚਲਿਆ ਲਹਿੰਦੀ ਗੁੱਠਾ, ਪੱਲਾ ਭਗਤਾਂ ਨਾਲੋਂ ਲੈਣਾ ਛੁਡਾਈਆ । ਮੈਂ ਵੇਖਣਾ ਜਾ ਕੇ ਉਹ ਅੰਗੂਠਾ, ਜੋ ਕਾਗ਼ਜ਼ ਕੋਰੇ ਉਤੇ ਟਿਕਾਈਆ । ਦਰਸ਼ਨ ਕਰਨਾ ਤੇਰੇ ਗੋਬਿੰਦ ਪੁੱਤਾ, ਜੋ ਪਤਿਪਰਮੇਸ਼ਵਰ ਤੇਰੇ ਵਿਚ ਸਮਾਈਆ । ਉਸ ਦੇ ਹੁਕਮ ਅੰਦਰ ਸਾਡੀ ਬਦਲ ਕੇ ਰੁੱਤਾ, ਰੁਤੜੀ ਆਪਣਾ ਮੁਖ ਭਵਾਈਆ । ਸਭ ਦਾ ਪੰਧ ਮੁੱਕਾ, ਬੈਠੇ ਢੇਰੀਆਂ ਢਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਬਿਨਾਸ਼ੀ ਅਚੁਤਾ, ਭਗਤ ਸੁਹੇਲੇ ਪਾਰ ਲੰਘਾਈਆ । ਕੂੜ ਕੁੜਿਆਰ ਕਹੇ ਪ੍ਰਭੂ ਔਹ ਵੇਖ ਕਾਮ ਕਰੋਧ ਮੇਰੇ ਆਏ ਕੁੜਮ, ਦੋਵੇਂ ਇਕ ਦੂਜੇ ਨਾਲ ਪੱਗਾਂ ਰਹੇ ਬਦਲਾਈਆ । ਭੁਲੇਖਾ ਪਾਈਏ ਸਾਡੇ ਉਤੇ ਕੋਈ ਨਾ ਲਗੇ ਜੁਰਮ, ਵੇਸ ਆਪਣਾ ਰਹੇ ਬਦਲਾਈਆ । ਹੌਲੀ ਜਿਹੀ ਚੋਰੀ ਚੋਰੀ ਪਿੱਛੇ ਲਗੇ ਮੁੜਨ, ਆਪਣੀ ਅੱਖ ਚੁਰਾਈਆ । ਅਜੇ ਪਹਿਲਾ ਪੈਰ ਚੁਕ ਕੇ ਲਗੇ ਸੀ ਤੁਰਨ, ਤੁਰਤ ਉਪਰੋਂ ਹੁਕਮ ਗਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹੁਕਮ ਹੋਇਆ ਇਧਰ ਆਉ ਕੁੜਮ ਕੁੜਮੇਟੇ, ਤੁਹਾਡੀ ਮਿਲਣੀ ਦਿਆਂ ਕਰਾਈਆ । ਪਿਛਲੇ ਪੂਰੇ ਕਰ ਕੇ ਠੇਕੇ, ਅਗੇ ਦਾ ਲੇਖਾ ਦਿਆਂ ਚੁਕਾਈਆ । ਕਾਮ ਕਰੋਧ ਕੂੜ ਕੁੜਿਆਰ ਅੱਖ ਚੁਕ ਕੇ ਵੇਖੇ, ਸਾਨੂੰ ਕੌਣ ਰਿਹਾ ਸੁਣਾਈਆ । ਹੁਕਮ ਹੋਇਆ ਤੁਸੀਂ ਨਹੀਂ ਜਾਣਦੇ ਜਿਸ ਭਗਵਾਨ ਦੇ ਭਗਤ ਬੇਟੇ, ਉਹੋ ਰਿਹਾ ਡਰਾਈਆ । ਜੋ ਜੁਗ ਚੌਕੜੀ ਲੋਕਮਾਤ ਸਭ ਨੂੰ ਭੇਜੇ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਸੋ ਸਾਹਿਬ ਸੁਵਾਮੀ ਅੰਤਰ ਵੇਖੇ, ਅੰਤਮ ਕਲਜੁਗ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣੇਦਾਰ ਇਕ ਅਖਵਾਈਆ । ਕੂੜ ਕੁੜਿਆਰ ਕਹੇ ਨਾ ਕੁੜਮ ਰਹੇ ਨਾ ਕੁੜਮਾਈ, ਕੁੜਮੇਟਾ ਬੈਠਾ ਮੁਖ ਭਵਾਈਆ । ਨਾ ਧੀ ਰਹੀ ਨਾ ਜਵਾਈ, ਨਾਤਾ ਬੰਧਨ ਨਾ ਕੋਇ ਬੰਧਾਈਆ । ਇਕੋ ਮਿਲਿਆ ਬੇਪਰਵਾਹੀ, ਜੋ ਸਤਿ ਸਤਿਵਾਦੀ ਨਜ਼ਰੀ ਆਈਆ । ਦਰਸ਼ਨ ਕਰ ਕੇ ਪਿਛਲੀ ਮਿਟੀ ਜੁਦਾਈ, ਦੁਖ ਦਲਿਦਰ ਡੇਰਾ ਢਾਹੀਆ । ਤੇਰੇ ਭਗਤਾਂ ਅੰਦਰੋਂ ਨਿਕਲ ਕੇ ਜਾਈਏ ਚਾਈਂ ਚਾਈਂ, ਮੁਆਫ਼ ਕਰ ਕੇ ਸਾਡੀ ਭੁਲ ਦੇਣੀ ਬਖ਼ਸ਼ਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਸਰਨਾਈ, ਤੂੰ ਸਭ ਦਾ ਮਾਲਕ ਇਕੋ ਨਜ਼ਰੀ ਆਈਆ ।


੨੨੭

## ❊ ੪ ਮਾਘ ੨੦੨੧ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਿਹਿ ਜੇਠੂਵਾਲ ❊

ਹਰਿ ਸ਼ਬਦ ਕਹੇ ਹਰਿ ਸਤਿ ਸਵਾਮੀ, ਆਦਿ ਜੁਗਾਦਿ ਜੁਗ ਚੌਕੜੀ ਇਕ ਅਖਵਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਤਰਜਾਮੀ, ਘਟ ਘਟ ਅੰਦਰ ਭੇਵ ਅਭੇਦਾ ਆਪ ਖੁਲ੍ਹਾਇੰਦਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸੁਲਤਾਨੀ, ਨਰ ਨਿਰੰਕਾਰਾ ਇਕ ਅਖਵਾਇੰਦਾ । ਜੁਗ ਚੌਕੜੀ ਖ਼ਾਲਕ ਖ਼ਲਕ ਖੇਲੇ ਖੇਲ ਮਹਾਨੀ, ਬੇਪਰਵਾਹੀ ਧੁਰ ਦਰਗਾਹੀ ਆਪਣਾ ਹੁਕਮ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਗਾ ਕੇ ਗਏ ਸ਼ਬਦ ਅਗੰਮੀ ਬਾਣੀ, ਰਾਗਾਂ ਨਾਦਾਂ ਵੇਦਾਂ ਸਿਫ਼ਤ ਸਲਾਹਿੰਦਾ । ਚਾਰ ਕੁੰਟ ਦਹਿ ਦਿਸ਼ਾ ਜਿਸ ਦਾ ਜਲਵਾ ਨੂਰ ਨੁਰਾਨੀ, ਜੋਤੀ ਜਾਤਾ ਡਗਮਗਾਇੰਦਾ । ਸੋ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਉਤੇ ਕਰੇ ਮਿਹਰਵਾਨੀ, ਮਹਿਬੂਬ ਮਿਹਰ ਨਜ਼ਰ ਇਕ ਉਠਾਇੰਦਾ । ਆਤਮ ਪਰਮਾਤਮ ਦੇਵੇ ਸਚ ਧਿਆਨੀ, ਨਿਜ ਨੇਤਰ ਲੋਚਨ ਨੈਣ ਅੱਖ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਤਿਗੁਰ ਸ਼ਬਦ ਕਹੇ ਪ੍ਰਭ ਇਕੋ ਦਾਤਾ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਵੇਖਣਹਾਰ ਤਮਾਸ਼ਾ, ਨਿਰਗੁਣ ਸਰਗੁਣ ਵੇਸ ਵਟਾਈਆ । ਜਨ ਭਗਤਾਂ ਦੇਵਣਹਾਰਾ ਨਾਮ ਸੁਗਾਤਾ, ਵਸਤ ਅਮੋਲਕ ਝੋਲੀ ਪਾਈਆ । ਕਲਜੁਗ ਅੰਤ ਮਿਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਨੂਰ ਚੰਦ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਦਿ ਜੁਗਾਦਿ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਣਹਾਰਾ ਸਾਚੀ ਗਾਥਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਢੋਲਾ ਇਕ ਸੁਣਾਈਆ । ਵਸਣਹਾਰਾ ਬਾਹਰ ਰਾਗਾਂ ਨਾਦਾਂ, ਸ਼ਾਸਤਰ ਵੇਦ ਪੁਰਾਨਾਂ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਾਰਬ੍ਰਹਮ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਪ੍ਰਭ ਇਕ ਇਕੱਲਾ ਏਕੰਕਾਰ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਵਸਣਹਾਰਾ ਠਾਂਡੇ ਦਰਬਾਰ, ਸਚਖੰਡ ਸਾਚੇ ਸੋਭਾ ਪਾਈਆ । ਬੋਲਣਹਾਰਾ ਨਾਮ ਜੈਕਾਰ, ਮੰਤਰ ਆਪਣਾ ਇਕ ਸੁਣਾਈਆ । ਲਿਔਣਹਾਰਾ ਮਾਤ ਅਵਤਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਲੇਖਾ ਜਾਣ ਸਰਬ ਸੰਸਾਰ, ਲੱਖ ਚੁਰਾਸੀ ਖੋਜ ਖੁਜਾਈਆ । ਸੰਤ ਸੁਹੇਲੇ ਲਏ ਉਬਾਰ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਗੁਰਸਿਖਾਂ ਬਖ਼ਸ਼ੇ ਚਰਨ ਪਿਆਰ, ਸਚ ਪ੍ਰੀਤੀ ਇਕ ਦ੍ਰਿੜਾਈਆ । ਅੰਤਰ ਆਤਮ ਖੋਲ੍ਹ ਕਿਵਾੜ, ਪਰਦਾ ਉਹਲਾ ਦਏ ਉਠਾਈਆ । ਮੇਟ ਮਿਟਾ ਕੇ ਪੰਚਮ ਧਾੜ, ਭੇਵ ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਸਰਬ ਵਿਆਪੀ, ਘਟ ਘਟ ਬੈਠਾ ਨਜ਼ਰੀ ਆਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਵੱਡਾ ਪਰਤਾਪੀ, ਦੋ ਜਹਾਨਾਂ ਸੋਭਾ ਪਾਈਆ । ਨਿਤ ਨਵਿਤ ਜਿਸ ਦਾ ਅਗੰਮ ਅਗੰਮੜਾ ਜਾਪੀ, ਪੀਰ ਪੈਗ਼ੰਬਰ ਢੋਲੇ ਸੋਹਲੇ ਰਾਗਾਂ ਨਾਦਾਂ ਵਿਚ ਸੁਣਾਈਆ । ਜੋ ਜਨ ਭਗਤਾਂ ਲਹਿਣਾ ਦੇਣਾ ਦੇਵੇ ਬਾਕੀ, ਪੂਰਬ ਜਨਮ ਵੇਖ ਵਖਾਈਆ । ਭਾਗ ਲਗਾ ਕੇ ਕਾਇਆ ਮਾਟੀ, ਖ਼ਾਕੀ ਪੰਜ ਤੱਤ ਭੇਵ ਚੁਕਾਈਆ । ਅੰਮ੍ਰਿਤ ਆਤਮ ਜਾਮ ਪਿਆਏ ਬਣਕੇ ਸਾਕੀ, ਰਸ ਨਿਝਰ ਮੁਖ ਲਗਾਈਆ । ਮੰਜ਼ਲ ਚੜ੍ਹਾਏ ਔਖੀ ਘਾਟੀ, ਫੜ ਬਾਹੋਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਇਕ ਅਖਵਾਈਆ । ਸਾਹਿਬ ਸਤਿਗੁਰ ਹਰਿ ਸਮਰਥ, ਭੇਵ ਅਭੇਦ ਨਾ ਕੋਇ ਜਣਾਇੰਦਾ । ਜੁਗ ਚੌਕੜੀ

ਚਲਾਵਣਹਾਰਾ ਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਇੰਦਾ । ਸੰਤ ਸੁਹੇਲੇ ਮਾਰਗ ਦੱਸ, ਪੜਦਾ ਓਹਲਾ ਆਪ ਉਠਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਗਵਾਇੰਦਾ । ਸੁਰਤੀ ਸ਼ਬਦੀ ਗੋਪੀ ਕਾਹਨ ਵਖਾਏ ਰਾਸ, ਮੰਡਲ ਮੰਡਪ ਆਪ ਨਚਾਇੰਦਾ । ਕੂੜੀ ਕਿਰਿਆ ਵਿਚੋਂ ਕਾਢ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਮੇਟਣਹਾਰਾ ਵਾਦ ਵਿਵਾਦ, ਮਾਇਆ ਮਮਤਾ ਮੋਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਸਤਿ ਇਕ ਅਖਵਾਇੰਦਾ । ਹਰਿ ਸਤਿਗੁਰ ਸਤਿ ਸ੍ਰੀ ਭਗਵਾਨ, ਪਾਰਬ੍ਰਹਮ ਵੱਡੀ ਵਡਿਆਈਆ । ਜਨ ਭਗਤਾਂ ਦੇਵੇ ਸਾਚਾ ਦਾਨ, ਨਾਮ ਭੰਡਾਰ ਝੋਲੀ ਪਾਈਆ । ਸਚ ਦਵਾਰ ਵਖਾਏ ਇਕ ਨਿਸ਼ਾਨ, ਕੂੜ ਨਿਸ਼ਾਨੇ ਸਰਬ ਮਿਟਾਈਆ । ਚਰਨ ਕਵਲ ਉਪਰ ਧਵਲ ਦੇਵੇ ਮਾਣ, ਬਖ਼ਸ਼ੇ ਸਰਨ ਸਚੀ ਸਰਨਾਈਆ । ਕੂੜ ਕੁੜਿਆਰਾ ਮੇਟੇ ਵਿਚ ਜਹਾਨ, ਦੂਤੀਆ ਭਾਉ ਰਹਿਣ ਨਾ ਪਾਈਆ । ਘਰ ਸਵਾਮੀ ਮਿਲੇ ਆਣ, ਅੰਤਰਜਾਮੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਸੋਈ ਸੁਰਤ ਆਪ ਉਠਾਈਆ । ਸਤਿਗੁਰ ਸ਼ਬਦ ਸਦਾ ਮਿਹਰਵਾਨ, ਆਲਸ ਨਿੰਦਰਾ ਦੂਰ ਕਰਾਇੰਦਾ । ਮੇਲ ਮਿਲਾ ਕੇ ਧੁਰ ਦੇ ਕਾਹਨ, ਬੰਸਰੀ ਇਕੋ ਨਾਮ ਸੁਣਾਇੰਦਾ । ਵਿਛੋੜਾ ਮੁਕੇ ਸੀਆ ਰਾਮ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਇੰਦਾ । ਸਾਚਾ ਸ਼ਬਦ ਸੁਣੇ ਧੁਨਕਾਨ, ਅਨਹਦ ਨਾਦੀ ਨਾਦ ਵਜਾਇੰਦਾ । ਠਾਕਰ ਗਹਿਰ ਗੰਭੀਰ ਮਿਲੇ ਆਣ, ਬੇਨਜ਼ੀਰ ਦਰਸ ਵਖਾਇੰਦਾ । ਆਸਾ ਮਨਸਾ ਪੂਰੀ ਕਰੇ ਸ੍ਰੀ ਭਗਵਾਨ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਸੁਹਾਇੰਦਾ । ਸਤਿਗੁਰ ਸ਼ਬਦ ਸੁਹਾਵੇ ਮੰਦਰ ਗ੍ਰਹਿ, ਸਾਢੇ ਤਿੰਨ ਹੱਥ ਕਾਇਆ ਮਾਟੀ ਵਜੇ ਵਧਾਈਆ । ਜਿਸ ਘਰ ਪੁਰਖ ਅਕਾਲਾ ਦੀਨ ਦਿਆਲਾ ਰਹੇ, ਨਿਰਗੁਣ ਬੈਠਾ ਡੇਰਾ ਲਾਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਸ਼ਬਦ ਅਗੰਮੀ ਕਹੇ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਸਦਾ ਸਦ ਸੱਚਾ, ਆਦਿ ਜੁਗਾਦਿ ਇਕ ਜਣਾਇੰਦਾ । ਨਿਰਵੈਰ ਪੁਰਖ ਕਦੇ ਨਾ ਹੋਵੇ ਕੱਚਾ, ਕਾਚੀ ਗਗਰੀਆ ਆਪਣਾ ਰੰਗ ਰੰਗਾਇੰਦਾ । ਸਚ ਦਵਾਰ ਸ਼ਬਦ ਸੰਦੇਸ਼ਾ ਦੇਵੇ ਪੱਕਾ, ਕੂੜੀ ਵੰਡ ਨਾ ਕੋਇ ਵੰਡਾਇੰਦਾ । ਨਿਜ ਨੇਤਰ ਲੋਚਨ ਦਰਸ ਕਰਾਏ ਅੱਖਾਂ, ਸਨਮੁਖ ਆਪੇ ਨਜ਼ਰੀ ਆਇੰਦਾ । ਅੰਮ੍ਰਿਤ ਆਤਮ ਜਾਮ ਪਿਆਏ ਸਾਚਾ ਰਸਾ, ਰਸ ਰਸੀਆ ਇਕ ਪਰਗਟਾਇੰਦਾ । ਜਿਨ੍ਹਾਂ ਭਗਤਾਂ ਦੇ ਅੰਤਰ ਵਸਾ, ਵਸਲ ਆਪਣਾ ਸਚ ਸਮਝਾਇੰਦਾ । ਕੂੜ ਕੁੜਿਆਰਾ ਓਨ੍ਹਾਂ ਦਾ ਮਥਾ, ਜੂਠ ਝੂਠ ਮਾਇਆ ਮਮਤਾ ਮੋਹ ਮਿਟਾਇੰਦਾ । ਦੋ ਜਹਾਨਾਂ ਬਣੇ ਸਖਾਈ ਸਖ਼ਾ, ਸਗਲਾ ਸੰਗ ਨਿਭਾਇੰਦਾ । ਨਾਤਾ ਤੋੜ ਕੇ ਤੱਤਾਂ ਅੱਠਾਂ, ਨੌਂ ਦਵਾਰੇ ਪੰਧ ਚੁਕਾਇੰਦਾ । ਦਸਮ ਦਵਾਰੀ ਬਹਿ ਕੇ ਹੱਸਾ, ਹਸਤੀ ਆਪਣੀ ਵਿਚ ਮਿਲਾਇੰਦਾ । ਭਗਤ ਵਛਲ ਭਗਵਨ ਜਨ ਭਗਤਾਂ ਪਿੱਛੇ ਫਿਰੇ ਨੱਸਾ, ਜੁਗ ਚੌਕੜੀ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸ਼ਬਦ ਵਡ ਵੱਡਾ ਇਕ ਅਖਵਾਇੰਦਾ । ਸਤਿਗੁਰ ਸ਼ਬਦ ਕਹੇ ਮੇਰੀ ਕੋਈ ਨਾ ਸੋਚੇ ਸੋਚ, ਸੋਚ ਵਿਚ ਕਦੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰਾ ਦਰਸ਼ਨ ਰਹੇ ਲੋਚ, ਨਿਜ ਨੇਤਰ ਅੱਖ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਮੇਰੀ ਕਰਦੇ ਖੋਜ, ਛਤੀਸ ਰਾਗ ਪਰਦਾ ਰਹੇ ਉਠਾਈਆ । ਮੇਰਾ ਖੇਲ

੨੨੯

ਸਦਾ ਲੋਕ ਪਰਲੋਕ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਅੰਦਰ ਵੜ ਕੇ ਮਾਣਾ ਸੱਚੀ ਮੌਜ, ਆਤਮ ਸੇਜਾ ਬਹਿ ਕੇ ਸੋਹਣੀ ਖ਼ੁਸ਼ੀ ਮਨਾਈਆ । ਦੂਈ ਦਵੈਤੀ ਹਉਮੇ ਕਟ ਕੇ ਰੋਗ, ਧੁਰ ਸੰਜੋਗ ਦਿਆਂ ਕਰਾਈਆ । ਚਰਨਾਂ ਹੇਠ ਦਬਾ ਕੇ ਮੁਕਤੀ ਮੋਖ, ਮੁਫ਼ਤ ਆਪਣੇ ਨਾਲ ਮਿਲਾਈਆ । ਜਨਮ ਕਰਮ ਦਾ ਹੋਏ ਨਾ ਕੋਈ ਵਿਜੋਗ, ਨਾਤਾ ਧੁਰ ਦਾ ਦਿਆਂ ਜੁੜਾਈਆ । ਨਾਮ ਅਗੰਮੀ ਲਾ ਕੇ ਚੋਟ, ਸ਼ਬਦ ਨਗਾਰਾ ਦਿਆਂ ਵਜਾਈਆ । ਕਰ ਪਰਕਾਸ਼ ਨਿਰਮਲ ਜੋਤ, ਘਰ ਵਿਚ ਘਰ ਕਰਾਂ ਰੁਸ਼ਨਾਈਆ । ਜਿਨ੍ਹਾਂ ਗੁਰਮੁਖਾਂ ਸੋਹੰ ਢੋਲਾ ਗਾਇਆ ਸਲੋਕ, ਤੂੰ ਮੇਰਾ ਮੈਂ ਤੇਰਾ ਦੂਜਾ ਭੇਵ ਰਿਹਾ ਨਾ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਦਿ ਜੁਗਾਦਿ ਸਦਾ ਨਿਰਦੋਸ਼, ਦੋਸ਼ੀ ਲੱਖ ਚੁਰਾਸੀ ਰਿਹਾ ਠਹਿਰਾਈਆ ।

## ❊ ੪ ਮਾਘ ੨੦੨੧ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹ ਜੇਠੂਵਾਲ ❊

ਸਾਹਿਬ ਸਤਿਗੁਰ ਸਦਾ ਕਿਰਪਾਲ, ਦੀਨ ਦਿਆਲ ਦਇਆਨਿਧ ਅਖਵਾਇੰਦਾ । ਸ੍ਰਿਸ਼ਟ ਸਬਾਈ ਵੇਖਣਹਾਰ ਜਹਾਨ, ਲੋਕ ਪਰਲੋਕ ਖੋਜ ਖੁਜਾਇੰਦਾ । ਦਾਤਾ ਦਾਨੀ ਦੇਵਣਹਾਰਾ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਗੁਰਮੁਖ ਸੁਹੇਲੇ ਵੇਖੇ ਆਣ, ਨਿਤ ਨਵਿਤ ਵੇਸ ਵਟਾਇੰਦਾ । ਪੂਰਬ ਲਹਿਣਾ ਚੁਕਾਏ ਬਖ਼ਸ਼ੇ ਮਾਣ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਇੰਦਾ । ਸਾਹਿਬ ਸਤਿਗੁਰ ਸਰਬ ਜਗ ਮੀਤ, ਮਿਤਰ ਪਿਆਰਾ ਇਕ ਅਖਵਾਇੰਦਾ । ਜਨ ਭਗਤਾਂ ਦੱਸ ਕੇ ਸਾਚੀ ਰੀਤ, ਰਹਿਬਰ ਰਾਹ ਇਕ ਦ੍ਰਿੜਾਇੰਦਾ । ਲੇਖਾ ਚੁਕਾ ਕੇ ਹਸਤ ਕੀਟ, ਊਚ ਨੀਚ ਇਕੋ ਰੰਗ ਰੰਗਾਇੰਦਾ । ਪੁਰਖ ਅਕਾਲ ਸਚ ਪ੍ਰੀਤ, ਚਰਨ ਸਰਨ ਸਰਨਾਈ ਇਕ ਸਮਝਾਇੰਦਾ । ਸੰਤ ਸਾਜਨ ਢੋਲਾ ਗੀਤ, ਧੁਰ ਦਵਾਰ ਰਾਗ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਸਤਿਗੁਰ ਸਮਰਥ ਸਰਬ ਗੁਣਵੰਤਾ, ਗਹਿਰ ਗੰਭੀਰ ਵੱਡੀ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਚੌਕੜੀ ਆਪਣਾ ਹੁਕਮ ਮਨਾਈਆ । ਲੱਖ ਚੁਰਾਸੀ ਬਣਾ ਬਣਤਾ, ਘੜਨ ਭੰਨਣ ਸਮਰਥ ਸੁਵਾਮੀ ਹਰ ਘਟ ਖੋਜ ਖੁਜਾਈਆ । ਸੁਰਤ ਸ਼ਬਦ ਨਾਰ ਕੰਤਾ, ਸੋਭਾਵੰਤ ਸੁਹਾਗਣ ਦਏ ਵਡਿਆਈਆ । ਨਾਮ ਨਿਧਾਨ ਧੁਰ ਦਾ ਮੰਤਾ, ਮੰਤਰ ਆਪਣਾ ਇਕ ਪੜ੍ਹਾਈਆ । ਪਤਿਪਰਮੇਸ਼ਵਰ ਸਰਬ ਪਤਵੰਤਾ, ਸਿਰ ਆਪਣਾ ਹੱਥ ਟਿਕਾਈਆ । ਦੇ ਵਡਿਆਈ ਜੀਵ ਜੰਤਾ, ਜ਼ਾਤ ਆਪਣੀ ਵਿਚ ਮਿਲਾਈਆ । ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਸਤਿਗੁਰ ਪੂਰਾ ਏਕਾ ਏਕ, ਅਕਲ ਕਲ ਅਖਵਾਇੰਦਾ । ਲੋਕਮਾਤ ਬਖ਼ਸ਼ੇ ਚਰਨ ਟੇਕ, ਸਚਖੰਡ ਦਵਾਰੇ ਜੋਤੀ ਜੋਤ ਮਿਲਾਇੰਦਾ । ਧਾਮ ਵਖਾ ਕੇ ਅਗੰਮੜਾ ਦੇਸ, ਮਹਲ ਅਟਲ ਇਕ ਵਖਾਇੰਦਾ । ਜਿਥੇ ਵਸੇ ਨਰ ਨਰੇਸ਼, ਨਰ ਨਿਰੰਕਾਰਾ ਸੋਭਾ ਪਾਇੰਦਾ । ਜਨ ਭਗਤਾਂ ਖੋਲ੍ਹ ਕੇ ਆਪਣਾ ਭੇਤ, ਅਭੇਵ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਸਤਿਗੁਰ ਪੂਰਾ ਸਰਬ ਦਾ ਸੰਗ, ਸੰਗੀ ਧੁਰ ਦਾ ਨਜ਼ਰੀ ਆਈਆ । ਧੁਨ ਨਾਦ ਵਜਾਏ ਮਰਦੰਗ, ਸ਼ਬਦ ਰਾਗ ਸੁਣਾਈਆ । ਕਾਇਆ ਚੋਲੀ ਚਾੜ੍ਹੇ

ਰੰਗ, ਦੁਰਮਤ ਮੈਲ ਧਵਾਈਆ । ਆਤਮ ਵਿਛੋੜਾ ਕੱਟੇ ਰੰਡ, ਪਰਮਾਤਮ ਮੇਲਾ ਸਹਿਜ ਸੁਭਾਈਆ । ਨਿਜ ਆਤਮ ਨਿਜ ਘਰ ਨਿਜ ਗ੍ਰਿਹਿ ਬਖ਼ਸ਼ੇ ਨਿਜਾਨੰਦ, ਅਨੰਦ ਵਿਚੋਂ ਪਰਮਾਨੰਦ ਪਰਗਟਾਈਆ । ਜਿਨ੍ਹਾਂ ਬਖ਼ਸ਼ਿਆ ਸਾਚਾ ਛੰਦ, ਸੋਹੰ ਰਾਗ ਦਿਤਾ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੋਰੀ ਬੰਨ੍ਹ ਕੇ ਤੰਦ, ਗੰਢ ਆਪਣੇ ਨਾਲ ਪੁਆਈਆ ।

❊ ੧੧ ਮਾਘ ੨੦੨੧ ਬਿਕ੍ਰਮੀ ਕਪੂਰ ਸਿੰਘ ਬਰਾੜ ਦੇ ਗ੍ਰਿਹਿ ਮੋਗਾ ❊

ਜਨ ਭਗਤ ਕਹੇ ਪ੍ਰਭ ਅਬਿਨਾਸ਼, ਪਤਿਪਰਮੇਸ਼ਵਰ ਦੇ ਦ੍ਰਿੜਾਈਆ । ਚਾਰ ਕੁੰਟ ਦਹਿ ਦਿਸ਼ਾ ਅੰਧੇਰੀ ਰਾਤ, ਨਵ ਨੌਂ ਚਾਰ ਨਜ਼ਰੀ ਆਈਆ । ਨਵ ਸੱਤ ਵੇਖਿਆ ਮਾਰ ਝਾਤ, ਦਹਿ ਦਿਸ਼ਾ ਅੱਖ ਉਠਾਈਆ । ਸਾਚਾ ਦਿਸੇ ਨਾ ਕੋਇ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਅੰਤਰ ਆਤਮ ਖੋਲ੍ਹੇ ਨਾ ਕੋਈ ਤਾਕ, ਪਰਦਾ ਦੁਵੈਤ ਨਾ ਕੋਇ ਉਠਾਈਆ । ਨਿਰਮਲ ਨੂਰ ਜੋਤ ਨਾ ਕੋਇ ਪਰਕਾਸ਼, ਅਗੰਮੀ ਚੰਦ ਨਾ ਕੋਇ ਚਮਕਾਈਆ । ਸਾਚੀ ਧੂੜੀ ਟਿੱਕਾ ਮਸਤਕ ਲਾਵੇ ਕੋਈ ਨਾ ਖ਼ਾਕ, ਨਿਰਮਲ ਨੂਰ ਨਾ ਕੋਇ ਰੁਸ਼ਨਾਈਆ । ਮੰਜ਼ਲ ਪੌੜੀ ਚੜ੍ਹੇ ਕੋਈ ਨਾ ਘਾਟ, ਪਾਂਧੀ ਪੰਧ ਨਾ ਕੋਇ ਮੁਕਾਈਆ । ਅੰਦਰ ਬਾਹਰ ਗੁਪਤ ਜ਼ਾਹਰ ਪਤ ਕੋਈ ਨਾ ਸਕੇ ਰਾਖ, ਸਿਰ ਹੱਥ ਨਾ ਕੋਇ ਰਖਾਈਆ । ਸਾਚੀ ਸੇਵਾ ਦਾ ਚਾਕਰ ਦਿਸੇ ਕੋਈ ਨਾ ਚਾਕ, ਦਰ ਦਰਵੇਸ਼ ਰੂਪ ਨਾ ਕੋਇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੇ ਨਾ ਕੋਈ ਬਾਤ, ਅੰਤਰ ਨਾਤ ਨਾ ਕੋਇ ਜੁੜਾਈਆ । ਪੀਰ ਪੈਗ਼ੰਬਰ ਪੂਰੀ ਕਰੇ ਕੋਈ ਨਾ ਆਸ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇ ਮਾਣ ਵਡਿਆਈਆ । ਜਨ ਭਗਤ ਕਹਿਣ ਪ੍ਰਭ ਖੋਲ੍ਹ ਭੇਵ, ਅਨੁਭਵ ਆਪਣੀ ਦਇਆ ਕਮਾਈਆ । ਅੰਮ੍ਰਿਤ ਆਤਮ ਰਸ ਮਿਲੇ ਕੋਈ ਨਾ ਮੇਵ, ਸਚ ਜਾਮ ਨਾ ਕੋਇ ਪਿਆਈਆ । ਨਿਹਚਲ ਧਾਮ ਦੱਸੇ ਨਾ ਕੋਈ ਨਿਹਕੇਵ, ਅਟਲ ਮਹਲ ਨਾ ਕੋਇ ਵਖਾਈਆ । ਸਾਚੀ ਦੱਸੇ ਨਾ ਕੋਈ ਸੇਵ, ਧੁਰ ਦਾ ਰੰਗ ਨਾ ਕੋਇ ਰੰਗਾਈਆ । ਰਸਨਾ ਪੜ੍ਹ ਪੜ੍ਹ ਥੱਕੀ ਜਿਹਵ, ਬੱਤੀ ਦੰਦ ਦੇਣ ਦੁਹਾਈਆ । ਸਚ ਸਵਾਮੀ ਅੰਤਰਜਾਮੀ ਘਟ ਹੋਇਆ ਤੇਰਾ ਨਾ ਮੇਲ, ਪੀਆ ਪ੍ਰੀਤਮ ਜੋੜ ਨਾ ਕੋਇ ਜੁੜਾਈਆ । ਦੀਪਕ ਜਗਿਆ ਨਾ ਬਿਨ ਬਾਤੀ ਤੇਲ, ਗ੍ਰਿਹਿ ਮੰਦਰ ਨਾ ਕੋਇ ਰੁਸ਼ਨਾਈਆ । ਸਾਚਾ ਮਿਲਿਆ ਨਾ ਸੱਜਣ ਸੁਹੇਲ, ਅਬਿਨਾਸ਼ੀ ਕਰਤੇ ਤੇਰਾ ਅਨੰਦ ਨਾ ਕੋਇ ਵਖਾਈਆ । ਰੋਂਦੇ ਵੇਖੇ ਗੁਰੂ ਗੁਰ ਚੇਲ, ਚਾਰ ਕੁੰਟ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਦੇ ਉਠਾਈਆ । ਜਨ ਭਗਤ ਕਹਿਣ ਪ੍ਰਭ ਦੱਸ ਦੇ ਹਾਲ, ਆਪਣਾ ਭੇਵ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰਾ ਦੇਂਦੇ ਅਹਿਵਾਲ, ਅੰਜੀਲ ਕੁਰਾਨ ਦੇਣ ਗਵਾਹੀਆ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਵੇਖੇ ਭਾਲ, ਸਮੁੰਦ ਸਾਗਰ ਹੱਥ ਕਿਸੇ ਨਾ ਆਈਆ । ਸਰ ਸਰੋਵਰ ਤਟ ਕਿਨਾਰੇ ਮਾਰ ਕੇ ਵੇਖੀ ਛਾਲ, ਡੂੰਘੀ ਭਵਰ ਫੋਲ ਫੁਲਾਈਆ । ਰਾਗ ਨਾਦ ਵਜਾ ਕੇ ਵੇਖੇ ਤਾਲ, ਸੁਰੰਗੇ ਹੱਥ ਉਠਾਈਆ । ਮਿਰਗਾਂ ਵਾਲੀ ਚਲ ਕੇ ਵੇਖੀ ਚਾਲ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸ਼ਸਤਰ ਤੀਰ ਕਮਾਨ ਹੱਥ ਵਿਚ ਫੜ ਕੇ ਰੱਖੀ ਢਾਲ, ਖੜਗ ਖੰਡਾ ਇਕ ਚਮਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਰਮ ਪੁਰਖ ਪਤਿਪਰਮੇਸ਼ਵਰ ਸਚ ਦਵਾਰੇ ਮਿਲਿਉਂ ਕਿਸੇ ਨਾ ਆਣ, ਮਹਿਬੂਬ ਹੋ ਕੇ ਮੁਹੱਬਤ ਸਚ ਕਮਾਈਆ । ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਦਿਤੀ ਨਾ ਕੋਇ

ਪਹਿਚਾਨ, ਮੁਖ਼ਾਤਬ ਹੋ ਕੇ ਦਿਤਾ ਸਮਝਾਈਆ । ਦੀਆ ਬਾਤੀ ਕਮਲਾਪਾਤੀ ਮਹਲ ਅਟਲ ਜਗਾਇਆ ਕੋਈ ਨਾ ਆਣ, ਨੂਰੀ ਜੋਤ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਰਸ ਨਿਝਰ ਮਿਲਿਆ ਨਾ ਪੀਣ ਖਾਣ, ਤ੍ਰਿਸ਼ਨਾ ਭੁਖ ਨਾ ਕੋਇ ਮਿਟਾਈਆ । ਪੜ੍ਹ ਪੜ੍ਹ ਥੱਕੇ ਵਿਚ ਜਹਾਨ, ਦਿਵਸ ਰੈਣ ਘੜੀ ਪਲ ਢੋਲੇ ਗਾਈਆ । ਤੇਰਾ ਰੂਪ ਅਨੂਪ ਸਤਿ ਸਰੂਪ ਨਜ਼ਰੀ ਆਇਆ ਨਾ ਵਿਚ ਜਹਾਨ, ਬੇਨਜ਼ੀਰ ਨਜ਼ਰ ਨਾਲ ਨਜ਼ਰ ਨਾ ਕੋਇ ਮਿਲਾਈਆ । ਸਚ ਸੰਦੇਸ਼ਾ ਸੁਣਿਆ ਨਾ ਕੋਈ ਫ਼ਰਮਾਣ, ਧੁਰ ਦਾ ਨਾਦ ਨਾ ਕੋਇ ਵਜਾਈਆ । ਸਦੀ ਵੀਹਵੀਂ ਸਾਰੇ ਹੋਏ ਹੈਰਾਨ, ਸੰਤ ਸੁਹੇਲੇ ਨੇਤਰ ਨੈਣ ਅੱਖ ਖੁਲ੍ਹਾਈਆ । ਕਿਰਪਾ ਕਰ ਪ੍ਰਭੂ ਮਿਹਰਵਾਨ, ਭੇਵ ਅਭੇਦਾ ਅਛਲ ਅਛੇਦਾ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇ ਵਡਿਆਈਆ । ਜਨ ਭਗਤ ਕਹਿਣ ਪ੍ਰਭ ਖੋਲ੍ਹ ਪਰਦਾ, ਕਿਉਂ ਬੈਠਾ ਮੁਖ ਛੁਪਾਈਆ । ਹਉਂ ਬਾਲਕ ਦਰ ਦਰਵੇਸ਼ ਤੇਰੇ ਘਰ ਦਾ, ਦਰ ਠਾਂਡੇ ਅਲਖ ਜਗਾਈਆ । ਵਸਤ ਅਮੋਲਕ ਨਾਮ ਨਿਧਾਨ ਇਕੋ ਮੰਗਦਾ, ਧੁਰ ਦੀ ਦਾਤ ਝੋਲੀ ਪਾਈਆ । ਲੇਖਾ ਮੁਕ ਜਾਏ ਹੰ ਬ੍ਰਹਮ ਦਾ, ਪਾਰਬ੍ਰਹਮ ਪ੍ਰਭ ਆਪਣਾ ਆਪ ਸਮਝਾਈਆ । ਕਰ ਖੇਲ ਨਿਹਕਰਮੀ ਆਪਣੇ ਕਰਮ ਦਾ, ਕਰਮ ਕਾਂਡ ਕੂੜੀ ਕਿਰਿਆ ਦੇ ਮਿਟਾਈਆ । ਸਚ ਨਿਸ਼ਾਨ ਵਖਾ ਆਪਣੇ ਧਰਮ ਦਾ, ਜਿਥੇ ਜ਼ਾਤ ਪਾਤ ਵਰਨ ਬਰਨ ਨਜ਼ਰ ਕੋਇ ਨਾ ਆਈਆ । ਝਗੜਾ ਮੁਕ ਜਾਏ ਕੂੜੇ ਵਰਨ ਦਾ, ਸਚ ਸਰਨ ਇਕ ਸਮਝਾਈਆ । ਨੇਤਰ ਖੋਲ੍ਹ ਦੇ ਹਰਨ ਫਰਨ ਦਾ, ਲੋਚਨ ਅੱਖ ਖੁਲ੍ਹਾਈਆ । ਸਾਚਾ ਮਾਰਗ ਦੱਸ ਦੇ ਕਾਇਆ ਮੰਦਰ ਅੰਦਰ ਚੜ੍ਹਨ ਦਾ, ਸੁਰਤੀ ਸ਼ਬਦ ਨਾਲ ਮਿਲਾਈਆ । ਲੇਖਾ ਮੁਕ ਜਾਏ ਜਨਮ ਮਰਨ ਦਾ, ਆਵਣ ਜਾਵਣ ਪਤਿਤ ਪਾਵਨ ਲੱਖ ਚੁਰਾਸੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦੇ ਸਮਝਾਈਆ । ਜਨ ਭਗਤ ਕਹਿਣ ਪ੍ਰਭ ਖੋਲ੍ਹ ਦੇ ਅੱਖ, ਆਖ਼ਰ ਮੰਗ ਮੰਗਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਜ਼ਰ ਆਏਂ ਪਰਤਖ, ਪਤਿਪਰਮੇਸ਼ਵਰ ਜਲਵਾ ਨੂਰ ਕਰ ਰੁਸ਼ਨਾਈਆ । ਪਰਵਰਦਿਗਾਰ ਸਾਂਝੇ ਯਾਰ ਤੂੰ ਸਾਹਿਬ ਸਵਾਮੀ ਸਮਰਥ, ਮਹਿੰਮਾ ਅਕਥ ਦੇ ਦ੍ਰਿੜਾਈਆ । ਅੰਤਰ ਆਤਮ ਪ੍ਰੇਮ ਪ੍ਰੀਤੀ ਦੇ ਰਸ, ਅਨਰਸ ਸਾਰੇ ਮੂਲ ਚੁਕਾਈਆ । ਲੱਖ ਚੁਰਾਸੀ ਵਿਚੋਂ ਕੱਢ, ਘਰ ਆਪਣੇ ਮੇਲ ਮਿਲਾਈਆ । ਲੇਖੇ ਲਾ ਕੇ ਨਾੜੀ ਮਾਸ ਹੱਡ, ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ, ਧੁਰ ਸੰਦੇਸ਼ਾ ਦਿਆਂ ਸੁਣਾਈਆ । ਅਬਿਨਾਸ਼ੀ ਕਰਤਾ ਵੇਖਣਹਾਰਾ ਵੇਲਾ ਵਕਤ, ਜੁਗ ਚੌਕੜੀ ਖੋਜ ਖੁਜਾਈਆ । ਮਿਹਰਵਾਨ ਹੋ ਕੇ ਦੇਵੇ ਨਾਮ ਖ਼ੁਮਾਰੀ ਮਸਤ, ਅਲਮਸਤ ਦਏ ਬਣਾਈਆ । ਲਹਿਣਾ ਚੁਕਾ ਕੇ ਕੀਟ ਹਸਤ, ਇਕੋ ਰੰਗ ਦਏ ਰੰਗਾਈਆ । ਆਤਮ ਪਰਮਾਤਮ ਦੱਸ ਕੇ ਸਾਚਾ ਇਸ਼ਟ, ਦ੍ਰਿਸ਼ਟ ਦਏ ਖੁਲ੍ਹਾਈਆ । ਚਰਨਾਂ ਹੇਠ ਦਬਾ ਕੇ ਸਵਰਗ ਬਹਿਸ਼ਤ, ਮਾਰਗ ਅਗਲਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਮੀਤ, ਮਿਤਰ ਪਿਆਰਾ ਹੋ ਕੇ ਦਿਆਂ ਜਣਾਈਆ । ਕਲਜੁਗ ਅੰਤਮ ਪਿਛਲੀ ਚੁਕਣੀ ਰੀਤ, ਸਾਚਾ ਮਾਰਗ ਇਕ ਦ੍ਰਿੜਾਈਆ । ਦੋ ਜਹਾਨਾਂ ਧੁਰ ਫ਼ਰਮਾਣਾ ਮੰਨਣਾ ਠੀਕ, ਠਾਕਰ ਕਰਤਾ ਆਪ ਦ੍ਰਿੜਾਈਆ । ਚੌਦਾਂ ਤਬਕ ਰਹੇ ਨਾ ਕੋਈ ਸ਼ਰੀਕ, ਲਾਸ਼ਰੀਕ ਹੋਏ ਸਹਾਈਆ । ਪਤਿਪਰਮੇਸ਼ਵਰ ਇਕ ਤੌਫ਼ੀਕ਼, ਪਰਵਰਦਿਗਾਰ ਵੱਡੀ ਵਡਿਆਈਆ । ਸਾਚਾ

ਕਲਮਾ ਹਕ ਹਦੀਸ, ਮੰਤਰ ਨਾਮ ਇਕ ਪੜ੍ਹਾਈਆ । ਪੁਰਖ ਅਕਾਲ ਸਚ ਪ੍ਰੀਤ, ਗੁਰ ਅਵਤਾਰ ਦੇਣ ਗਵਾਹੀਆ । ਪੀਰ ਪੈਗ਼ੰਬਰ ਕਹਿਣ ਨਜ਼ਦੀਕ, ਦੂਰ ਦੁਰਾਡਾ ਨਜ਼ਰੀ ਆਈਆ । ਸੰਤ ਸੁਹੇਲਿਉ ਤੁਹਾਡਾ ਧਾਮ ਇਕ ਅਤੀਤ, ਤ੍ਰੈਗੁਣ ਲੇਖਾ ਦਏ ਮੁਕਾਈਆ । ਮਾਣਸ ਜਨਮ ਸਭ ਨੇ ਜਾਣਾ ਜੀਤ, ਜਿਸ ਮਿਲਿਆ ਬੇਪਰਵਾਹੀਆ । ਕੋਈ ਮਿਸਾਲ ਨਹੀਂ ਪੱਥਰਾਂ ਵਾਲੀ ਲੀਕ, ਬੇਮਿਸਾਲ ਆਪਣੇ ਵਿਚ ਸਮਾਈਆ । ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਹੋ ਕੇ ਕਰੇ ਆਪ ਤਸਦੀਕ਼, ਦੂਸਰ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਸੱਜਣ, ਸਤਿ ਸਚ ਦਿਆਂ ਦ੍ਰਿੜ੍ਹਾਈਆ । ਚਰਨ ਧੂੜ ਕਰਾ ਕੇ ਮੱਜਨ, ਦੁਰਮਤ ਮੈਲ ਧੁਆਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਲੱਖ ਚੁਰਾਸੀ ਵਿਚੋਂ ਆਵੇ ਕੱਢਣ, ਸ਼ਬਦੀ ਡੋਰੀ ਪਕੜ ਉਠਾਈਆ । ਨਾਮ ਅਨਮੁਲੀ ਰੰਗਤ ਆਵੇ ਰੰਗਣ, ਰੰਗ ਮਜੀਠੀ ਇਕ ਚੜ੍ਹਾਈਆ । ਸਚ ਸਮਝਾਵਣ ਆਵੇ ਬੰਦਨ, ਡੰਡਾਵਤ ਇਕ ਦਰਸਾਈਆ । ਅੰਤਰ ਆਤਮ ਦੇਵਣ ਆਏ ਅਨੰਦਣ, ਪਰਮਾਨੰਦ ਵਿਚ ਵਖਾਈਆ । ਜੁਗ ਜਨਮ ਦੇ ਵਿਛੜਿਆਂ ਆਤਮ ਪਰਮਾਤਮ ਆਵੇ ਗੰਢਣ, ਨਾਤਾ ਧੁਰ ਦਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜਨ ਭਗਤ ਕਹੇ ਪ੍ਰਭ ਧੁਰ ਦੇ ਠਾਕਰ, ਸਚ ਸਚ ਦੇ ਦ੍ਰਿੜ੍ਹਾਈਆ । ਕਲਜੁਗ ਗਹਿਰ ਗੰਭੀਰ ਗਵਰ ਸਾਗਰ, ਅਣਤਾਰੂ ਤਰਨ ਕੋਇ ਨਾ ਜਾਈਆ । ਸਚ ਦਵਾਰੇ ਮਿਲੇ ਕਿਸੇ ਨਾ ਆਦਰ, ਆਦਰਸ਼ ਇਕ ਨਾ ਕੋਇ ਰਖਾਈਆ । ਪੀਰ ਪੈਗ਼ੰਬਰ ਕਹਿਣ ਜਲਵਾ ਨੂਰ ਖ਼ੁਦਾਈ ਇਕੋ ਕ਼ਾਦਰ, ਕ਼ੁਦਰਤ ਮਾਲਕ ਬੇਪਰਵਾਹੀਆ । ਗੁਰ ਅਵਤਾਰ ਕਹਿਣ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਬੀਰ ਬਹਾਦਰ, ਪੁਰਖ ਅਕਾਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਦੇ ਮਿਲਾਈਆ । ਸ੍ਰੀ ਭਗਵਾਨ ਕਹੇ ਸੁਣੋ ਸਚ ਅਕਥ, ਬਿਨ ਕਥਨੀ ਦਿਆਂ ਜਣਾਈਆ । ਮਾਲਕ ਖ਼ਾਲਕ ਆਪ ਸਮਰਥ, ਬੇਅੰਤ ਬੇਪਰਵਾਹੀਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਕਰਾਂ ਰੁਸ਼ਨਾਈਆ । ਮਾਰਗ ਧੁਰ ਦਾ ਸੱਚਾ ਦੱਸ, ਪੰਧ ਅਗਲਾ ਦਿਆਂ ਮੁਕਾਈਆ । ਸ਼ਬਦ ਅਗੰਮੀ ਵਜੇ ਨਦ, ਧੁਨ ਆਤਮਕ ਇਕ ਸ਼ਨਵਾਈਆ । ਜਗਤ ਵਿਕਾਰਾ ਪਾਰ ਹਦ, ਨਿਰੰਕਾਰਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨ ਭਗਤ ਕਹੇ ਪ੍ਰਭ ਕਿਹੜਾ ਪੰਥ, ਸਚ ਦੇ ਸਮਝਾਈਆ । ਪੁਰਖ ਅਕਾਲ ਕਹੇ ਜਿਸ ਨੂੰ ਖੋਜਦੇ ਸਾਰੇ ਗ੍ਰੰਥ, ਬੈਠੇ ਧਿਆਨ ਲਗਾਈਆ । ਜਨ ਭਗਤ ਕਹੇ ਪ੍ਰਭ ਕਿਹੜਾ ਮੰਤ, ਹਰਿ ਨਾਮੋ ਦੇ ਦ੍ਰਿੜ੍ਹਾਈਆ । ਪੁਰਖ ਅਕਾਲ ਕਹੇ ਜਿਸ ਦੀ ਸਿਫ਼ਤ ਕਰਦੇ ਸਾਰੇ ਸੰਤ, ਚਾਰ ਜੁਗ ਢੋਲੇ ਗਾਈਆ । ਜਨ ਭਗਤ ਕਹਿਣ ਕਿਹੜਾ ਕੰਤ, ਨਿਰਗੁਣ ਨਿਰਵੈਰ ਦੇ ਜਣਾਈਆ । ਸ੍ਰੀ ਭਗਵਾਨ ਕਹੇ ਜੋ ਆਦਿ ਅੰਤ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹੇ ਪ੍ਰਭ ਕੰਤ ਕਿਹੜਾ, ਸਚ ਸਵਾਮੀ ਦੇ ਜਣਾਈਆ । ਪੁਰਖ ਅਬਿਨਾਸ਼ੀ ਕਹੇ ਜੋ ਦਿਸੇ ਸਾਢੇ ਤਿੰਨ ਹੱਥ ਕਾਇਆ ਖੇੜਾ, ਗ੍ਰਿਹਿ ਮੰਦਰ ਬੈਠਾ ਡੇਰਾ ਲਾਈਆ । ਜਨ ਭਗਤ ਕਹੇ ਮੈਨੂੰ ਅੰਦਰ ਦਿਸੇ ਅੰਧੇਰਾ, ਸਾਚਾ ਸੱਜਣ ਰੂਪ ਨਾ ਕੋਇ ਦਰਸਾਈਆ । ਪੁਰਖ ਅਬਿਨਾਸ਼ੀ ਕਹੇ ਇਹ ਖੇਲ ਅਗੰਮੀ ਮੇਰਾ, ਦੂਜਾ ਸਮਝੇ ਕੋਈ ਨਾ ਰਾਈਆ । ਜਨ ਭਗਤ

੨੩੩

ਕਹੇ ਮੈਂ ਸੇਵਕ ਤੇਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਸ੍ਰੀ ਭਗਵਾਨ ਕਹੇ ਕੂੜੀ ਕਿਰਿਆ ਚੁਕਿਆ ਡੇਰਾ, ਪਰਦਾ ਉਹਲਾ ਦਿਤਾ ਮੁਕਾਈਆ । ਭਗਤ ਕਹੇ ਨਜ਼ਰ ਆਏ ਨਾ ਕੋਇ ਸੰਝ ਸਵੇਰਾ, ਇਕੋ ਵਕ਼ਤ ਸੁਹੇਲਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਕੂੜਾ ਦਏ ਉਠਾਈਆ । ਜਨ ਭਗਤ ਕਹੇ ਪ੍ਰਭ ਅੰਦਰ ਕੋਈ ਗੁੰਝਲ, ਮੈਨੂੰ ਸਮਝ ਕੁਝ ਨਾ ਆਈਆ । ਮੈਂ ਤਕ ਕੇ ਵੇਖਿਆ ਦਸ ਉਂਗਲ, ਅਗੰਮੀ ਖੇਲ ਖਿਲਾਈਆ । ਜਿਸ ਦੀ ਧਾਰ ਅੰਦਰ ਕਲਜੁਗ ਜੀਵ ਮੂਲ ਨਾ ਪੁਜਣ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਡਰਦੇ ਤੈਥੋਂ ਮੂਲ ਨਾ ਪੁੱਛਣ, ਸਨਮੁਖ ਹੋ ਨਾ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦੇ ਖੁਲ੍ਹਾਈਆ । ਜਨ ਭਗਤ ਕਹੇ ਪ੍ਰਭ ਕਾਇਆ ਮੰਦਰ ਅੰਦਰ ਘੁੰਡੀ, ਸਾਧ ਸੰਤ ਦੇਣ ਦੁਹਾਈਆ । ਕਿਸੇ ਕੋਲੋਂ ਨਹੀਂ ਖੁਲ੍ਹਦੀ ਕੁੰਡੀ, ਤਾਕੀ ਬੰਦ ਕੋਇ ਨਾ ਲਾਹੀਆ । ਕੋਟਨ ਫਿਰਦੇ ਚੋਟੀਆਂ ਮੁੰਡੀ, ਤਨ ਭਸਮ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਪ੍ਰਭੂ ਅੰਦਰ ਕੋਈ ਓਹਲਾ, ਸਚ ਸਵਾਮੀ ਨਜ਼ਰੀ ਆਈਆ । ਜਿਸ ਘਰ ਵਜੇ ਅਗੰਮੀ ਢੋਲਾ, ਓਸ ਦਾ ਨਾਦ ਨਾ ਕੋਈ ਸ਼ਨਵਾਈਆ । ਜਿਸ ਦਾ ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੌਂਦੇ ਸੋਹਲਾ, ਸਿਫ਼ਤੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਆਪਣਾ ਦੇ ਜਣਾਈਆ । ਜਨ ਭਗਤ ਕਹਿਣ ਕੁਛ ਅੰਦਰ ਕੂੜ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਜਿਸ ਦੇ ਪਿੱਛੇ ਵਜੇ ਤੰਬੂਰ, ਅਗੰਮੀ ਨਾਦ ਸੁਣਾਈਆ । ਜਿਸ ਦੇ ਬਾਹਰੋਂ ਡਿੱਗੇ ਨਿਮੀ ਨਿਮੀ ਭੂਰ, ਅੰਮ੍ਰਿਤ ਧਾਰ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਜਣਾਈਆ । ਜਨ ਭਗਤ ਕਹੇ ਪ੍ਰਭ ਅੰਦਰ ਕੋਈ ਧੁਨ, ਜਿਹੜੀ ਆਪਣਾ ਰਾਗ ਅਲਾਈਆ । ਸਰਵਣ ਦੋਏ ਨਾ ਸਕੇ ਸੁਣ, ਬੁੱਧੀ ਸਮਝ ਕੋਇ ਨਾ ਪਾਈਆ । ਜਿਸ ਤੋਂ ਪਰੇ ਅਨੋਖੀ ਮੁਨ, ਸੁਨ ਰੂਪ ਵਟਾਈਆ । ਉਸਦਾ ਭੇਵ ਖੋਲ੍ਹਦੇ ਹੁਣ, ਕਿਉਂ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਦ੍ਰਿੜਾਈਆ । ਜਨ ਭਗਤ ਕਹਿਣ ਪ੍ਰਭੂ ਅੰਦਰ ਕੋਈ ਜੋਤੀ, ਜੋ ਆਪਣੇ ਆਪ ਡਗਮਗਾਈਆ । ਦਿਵਸ ਰੈਣ ਕਦੇ ਨਾ ਸੋਤੀ, ਆਲਸ ਨਿੰਦਰਾ ਨਾ ਕੋਇ ਰਖਾਈਆ । ਜੋ ਆਪਣੀ ਮੰਜ਼ਲ ਚੜ੍ਹ ਕੇ ਚੋਟੀ, ਬੈਠੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਜਣਾਈਆ । ਜਨ ਭਗਤ ਕਹੇ ਪ੍ਰਭ ਅੰਦਰ ਕੋਈ ਸੁਰਤੀ, ਜੋ ਥੋੜਾ ਥੋੜਾ ਤੇਰਾ ਧਿਆਨ ਲਗਾਈਆ । ਜਿਸ ਨੂੰ ਯਾਦ ਸ਼ਬਦ ਗੁਰ ਦੀ, ਗੁਰਦੇਵ ਇਕ ਮਨਾਈਆ । ਜਿਹੜੀ ਨਜ਼ਰ ਨਾ ਆਵੇ ਤੁਰਦੀ, ਭੱਜੇ ਵਾਹੋ ਦਾਹੀਆ । ਉਹਦੀ ਸਮਝੇ ਕੋਈ ਨਾ ਫੁਰਤੀ, ਰਸਨਾ ਜਿਹਵਾ ਨਾ ਕੋਇ ਜਣਾਈਆ । ਉਸ ਨੂੰ ਲੋੜ ਇਕੋ ਧੁਰ ਦੀ, ਬੈਠੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਹਾਣੀ ਦੇ ਜਣਾਈਆ । ਜਨ ਭਗਤ ਕਹਿਣ ਪ੍ਰਭ ਅੰਦਰ ਕੋਈ ਪਰਕਾਸ਼, ਨੂਰੋ ਨੂਰ ਨਜ਼ਰੀ ਆਈਆ । ਅੰਦਰ ਕੋਈ ਸਾਥ, ਸੋਹਣਾ ਸੰਗ ਬਣਾਈਆ । ਅੰਤਰ ਕੋਈ ਨਾਦ, ਅਗੰਮੀ ਰਾਗ ਸੁਣਾਈਆ । ਅੰਦਰ ਕੋਈ ਸੁਆਦ, ਅੰਮ੍ਰਿਤ ਰਸ ਚਖਾਈਆ । ਅੰਦਰ ਕੋਈ ਰਾਜ, ਤਖ਼ਤ ਨਿਵਾਸੀ ਰਿਹਾ ਕਮਾਈਆ । ਅੰਦਰ ਕੋਈ ਸਮਾਜ, ਸੁਰਤੀ ਸ਼ਬਦ ਜੋੜ ਜੁੜਾਈਆ । ਅੰਦਰ ਕੋਈ ਤਾਜ, ਸਾਹਿਬ ਸੁਲਤਾਨ ਰਿਹਾ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਡਾ ਉਹਲਾ ਦੇ ਮਿਟਾਈਆ । ਜਨ ਭਗਤ ਕਹਿਣ ਪ੍ਰਭ ਅੰਦਰ ਕੋਈ ਮੀਤਾ, ਮਿਤਰ ਪਿਆਰਾ ਨਜ਼ਰੀ ਆਈਆ । ਅੰਦਰ ਕੋਈ ਅਗੰਮੀ ਗੀਤਾ, ਜਿਹੜੀ ਬਿਨ ਅੱਖਰਾਂ ਰਾਗ ਸੁਣਾਈਆ । ਅੰਦਰ ਕੋਈ ਅੰਗੀਠਾ, ਜਿਹੜਾ ਧੂਣੀ ਰਿਹਾ ਤਪਾਈਆ । ਅੰਦਰ ਕੋਈ ਸ਼ੀਸ਼ਾ, ਜੋ ਸਨਮੁਖ ਤੇਰਾ ਰੂਪ ਰਿਹਾ ਦਰਸਾਈਆ । ਅੰਦਰ ਤੇਰਾ ਬਾਗ਼ੀਚਾ, ਜੋ ਗੁਲਸ਼ਨ ਰਿਹਾ ਮਹਿਕਾਈਆ । ਅੰਦਰ ਤੇਰੀ ਪ੍ਰੀਤਾ, ਜੋ ਪ੍ਰੇਮ ਪ੍ਰੀਤੀ ਇਕ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਕੱਪੜ ਪੜਦਾ ਦੇ ਉਠਾਈਆ । ਜਨ ਭਗਤ ਕਹੇ ਪ੍ਰਭ ਅੰਦਰ ਕੋਈ ਸੰਜੋਗੀ, ਜੋ ਵਿਛੜੇ ਮੇਲ ਮਿਲਾਈਆ । ਅੰਦਰ ਕੋਈ ਜੋਗੀ, ਜੋ ਸਚ ਸਾਧਨਾ ਰਿਹਾ ਦਰਸਾਈਆ । ਪ੍ਰਭੂ ਅੰਦਰ ਕੋਈ ਭੋਗੀ, ਜੋ ਆਤਮ ਸੇਜਾ ਰਿਹਾ ਹੰਢਾਈਆ । ਸਵਾਮੀ ਅੰਦਰ ਕੋਈ ਚੋਜੀ, ਜੋ ਪ੍ਰੀਤਮ ਹੋ ਕੇ ਗਲੇ ਲਗਾਈਆ । ਸਾਹਿਬ ਅੰਦਰ ਕੋਈ ਮੌਜੀ, ਜੋ ਅੱਠੇ ਪਹਿਰ ਮਜਲਸ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਜਣਾਈਆ । ਜਨ ਭਗਤ ਕਹੇ ਪ੍ਰਭ ਅੰਦਰ ਕੋਈ ਸੋਹਣਾ ਸੰਗੀ, ਜਿਹੜਾ ਸੰਗੀਤ ਅਗੰਮ ਸੁਣਾਇੰਦਾ । ਪ੍ਰਭ ਅੰਦਰ ਕੋਈ ਅਨੰਦੀ, ਜੋ ਪੂਰੀ ਅਨੰਦ ਵਾਲਾ ਮੇਲ ਮਿਲਾਇੰਦਾ । ਪ੍ਰਭ ਅੰਦਰ ਕੋਈ ਢੰਗੀ, ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰਬ ਲੇਖਾ ਆਪ ਸਮਝਾਇੰਦਾ । ਪ੍ਰਭ ਅੰਦਰ ਕੋਈ ਛੰਦੀ, ਜੋ ਸੰਸੇ ਰੋਗ ਸਰਬ ਮੁਕਾਇੰਦਾ । ਪ੍ਰਭ ਅੰਦਰ ਕੋਈ ਗੰਗੀ, ਜੋ ਗਹਿਰ ਗੰਭੀਰ ਅੰਮ੍ਰਿਤ ਮੇਘ ਬਰਸਾਇੰਦਾ । ਪ੍ਰਭ ਅੰਦਰ ਸੂਰਾ ਸਰਬੰਗੀ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਦਰ ਤੇਰਾ ਰਹੇ ਮੰਗੀ, ਵਰਭੰਡੀ ਡੇਰਾ ਸਰਬ ਮੁਕਾਇੰਦਾ । ਸ੍ਰੀ ਭਗਵਾਨ ਕਹੇ ਸਾਢੇ ਤਿੰਨ ਹੱਥ ਕਾਇਆ ਮਾਟੀ, ਸੋਹਣੀ ਬਣਤ ਬਣਾਈਆ । ਪੁਰਖ ਅਕਾਲ ਖੋਲ੍ਹ ਕੇ ਹਾਟੀ, ਗੁਰ ਸ਼ਬਦ ਵਣਜਾਰਾ ਵਿਚ ਟਿਕਾਈਆ । ਮੰਜ਼ਲ ਵਖਾ ਕੇ ਆਪਣੀ ਘਾਟੀ, ਆਸਣ ਸੋਹਣਾ ਦਿਤਾ ਸੁਹਾਈਆ । ਨਿਰਮਲ ਜੋਤ ਇਕ ਪਰਕਾਸ਼ੀ, ਨੂਰੋ ਨੂਰ ਕਰੇ ਰੁਸ਼ਨਾਈਆ । ਨਾਮ ਨਿਧਾਨ ਵਜਾਏ ਅਨਾਦੀ, ਨਾਦ ਧੁਨ ਸ਼ਨਵਾਈਆ । ਅੰਮ੍ਰਿਤ ਬੂੰਦ ਸਵਾਂਤੀ, ਨਿਝਰ ਝਿਰਨਾ ਆਪ ਝਿਰਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤੀ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਲੇਖੇ ਲਾ ਕੇ ਮਿੱਟੀ ਖ਼ਾਕੀ, ਤਨ ਵਜੂਦ ਕਰੇ ਸਫ਼ਾਈਆ । ਆਤਮ ਪਰਮਾਤਮ ਮੇਲ ਮਿਲਾਵਾ ਕਮਲਾਪਾਤੀ, ਕਵਲ ਨੈਣ ਇਕੋ ਨਜ਼ਰੀ ਆਈਆ । ਆਵਣ ਜਾਵਣ ਦੀ ਪਾਰ ਕਰ ਕੇ ਘਾਟੀ, ਮੰਜ਼ਲ ਸਾਚੀ ਦਿਆਂ ਵਖਾਈਆ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਇਕੋ ਗਾਥੀ, ਮੰਤਰ ਧੁਰ ਦਾ ਆਪ ਜਣਾਈਆ । ਮਧੁਰ ਰਸ ਪਿਆਲਾ ਦੇਵਾਂ ਬਣ ਕੇ ਸਾਕੀ, ਜਾਮ ਇਕੋ ਇਕ ਪਿਆਈਆ । ਸਚ ਪ੍ਰੀਤੀ ਜੋੜ ਕੇ ਨਾਤੀ, ਸਾਥੀ ਧੁਰ ਦੇ ਲਵਾਂ ਬਣਾਈਆ । ਮਨ ਮਨੂਆ ਰਹੇ ਕੋਇ ਨਾ ਆਕੀ, ਮਤ ਮਤਵਾਲੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭੇਤ ਦਏ ਖੁਲ੍ਹਾਈਆ । ਜਨ ਭਗਤੋ ਤੁਹਾਡੇ ਅੰਦਰ ਭੇਵ ਖੁਲ੍ਹਾਵਾਂਗਾ । ਸਾਢੇ ਤਿੰਨ ਹੱਥ ਕਾਇਆ ਮੰਦਰ, ਬਿਨ ਦੀਵੇ ਬਾਤੀ ਆਪ ਰੁਸ਼ਨਾਵਾਂਗਾ । ਕਰ ਪਰਕਾਸ਼ ਅੰਧੇਰੀ ਕੰਦਰ, ਨੂਰੋ ਨੂਰ ਡਗਮਗਾਵਾਂਗਾ । ਬਜਰ ਕਪਾਟੀ ਤੋੜ ਕੇ ਜੰਦਰ, ਪੜਦਾ ਦਵੈਤ ਪਰੇ ਹਟਾਵਾਂਗਾ । ਸਾਚਾ ਸੋਹਲਾ ਸੁਣਾ ਕੇ ਛੰਦਨ, ਧੁਰ ਦਾ ਰਾਗ ਅਲਾਵਾਂਗਾ । ਧੂੜੀ ਟਿੱਕਾ ਮਸਤਕ ਲਾ ਕੇ ਚੰਦਨ, ਨੂਰੀ ਜੋਤ ਡਗਮਗਾਵਾਂਗਾ । ਦੀਨ ਦਿਆਲ ਹੋ ਕੇ ਬਖ਼ਸ਼ੰਦਨ, ਬਖ਼ਸ਼ਸ਼ ਰਹਿਮਤ ਆਪ ਕਮਾਵਾਂਗਾ । ਨਿਜ


੨੩੫

ਆਤਮ ਦੇ ਕੇ ਨਿਜ ਅਨੰਦਨ, ਨਿਜਾਨੰਦ ਰਸ ਚਖਾਵਾਂਗਾ । ਧੁਰ ਦਾ ਸੁਵਾਮੀ ਹੋ ਕੇ ਲਾਵਾਂ ਅੰਗਣ, ਅੰਗੀਕਾਰ ਆਪ ਬਣ ਜਾਵਾਂਗਾ । ਜਨ ਭਗਤ ਸੁਹੇਲਾ ਦੂਜੇ ਦਰ ਜਾਏ ਕੋਇ ਨਾ ਮੰਗਣ, ਨਾਮ ਵਸਤ ਅਮੋਲਕ ਝੋਲੀ ਆਪ ਪਾਵਾਂਗਾ । ਡੰਡੌਤ ਧੁਰ ਦੀ ਦੱਸ ਕੇ ਸਾਚੀ ਬੰਦਨ, ਸਜਦਾ ਇਕੋ ਇਕ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਰੰਗ ਰੰਗਾਵਾਂਗਾ । ਜਨ ਭਗਤੋ ਅੰਦਰ ਆਤਮ ਪਰਦਾ ਲਾਹਵਾਂਗਾ । ਸਚ ਮਹਾਤਮ ਇਕ ਸਮਝਾਵਾਂਗਾ । ਭੇਵ ਅਭੇਦਾ ਖੋਲ੍ਹ ਕੇ ਬਾਤਨ, ਜਲਵਾ ਜ਼ਾਹਰ ਆਪ ਦਰਸਾਵਾਂਗਾ । ਨਿਰਗੁਣ ਹੋ ਕੇ ਬਣਾਂ ਸਾਥਣ, ਸਰਗੁਣ ਸਾਚਾ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮਾਟੀ ਪੋਚ ਪੁਚਾਵਾਂਗਾ । ਜਨ ਭਗਤੋ ਕਾਇਆ ਮਾਟੀ ਸੋਹਣੀ ਮਟਕੀ, ਹਰਿ ਕਰਤੇ ਆਪ ਬਣਾਈਆ । ਖੇਲ ਅਗੰਮ ਅਥਾਹ ਪੁਰਖ ਸਮਰਥ ਦੀ, ਮਨ ਮਤਿ ਬੁਧਿ ਸਮਝ ਸਕੇ ਨਾ ਰਾਈਆ । ਵਸਤ ਅਮੋਲਕ ਜਨ ਭਗਤਾਂ ਹਕ ਦੀ, ਹਕ਼ੀਕਤ ਵਾਲਾ ਝੋਲੀ ਪਾਈਆ । ਰਮਜ਼ ਲਗਾ ਕੇ ਨਿਜ ਨੇਤਰ ਅੱਖ ਦੀ, ਪ੍ਰਤੱਖ ਰੂਪ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਭੇਵ ਖੁਲ੍ਹਾਈਆ । ਜਨ ਭਗਤੋ ਘਰ ਘਰ ਵਿਚ ਭੇਵ ਖੁਲ੍ਹਾਵਾਂਗਾ । ਦਰ ਦਰ ਦਾ ਲੇਖ ਚੁਕਾਵਾਂਗਾ । ਨਰ ਨਰ ਦਾ ਰੂਪ ਵਟਾਵਾਂਗਾ । ਭੌ ਡਰ ਦਾ ਵਕ਼ਤ ਮੁਕਾਵਾਂਗਾ । ਸਨਮੁਖ ਹੋ ਕੇ ਦਰਸ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਜਨ ਭਗਤ ਕਹੇ ਪ੍ਰਭ ਤੇਰਾ ਨਹੀਂ ਭਰਵਾਸਾ, ਅਛਲ ਛਲਧਾਰੀ ਤੇਰੀ ਬੇਪਰਵਾਹੀਆ । ਜੁਗ ਚੌਕੜੀ ਤੂੰ ਵੇਂਹਦਾ ਆਇਉਂ ਤਮਾਸ਼ਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਡੀ ਤੇਰੇ ਅਗੇ ਇਕ ਅਰਦਾਸਾ, ਅਰਜ਼ ਬੇਨੰਤੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਈਆ । ਜਨ ਭਗਤ ਕਹਿਣ ਪ੍ਰਭ ਤੂੰ ਅਛਲ ਅਛੱਲ ਅਛੇਦਾ, ਵਲ ਛਲ ਧਾਰੀ ਨਜ਼ਰੀ ਆਈਆ । ਤੇਰਾ ਕਿਸੇ ਨਾ ਆਇਆ ਭੇਦਾ, ਅਭੇਦ ਸਕੇ ਨਾ ਕੋਇ ਸਮਝਾਈਆ । ਤੇਰੀ ਸਿਫ਼ਤ ਅੰਦਰ ਹੋਕਾ ਦੇਣ ਚਾਰੇ ਵੇਦਾ, ਪੁਰਾਨ ਅਠਾਰਾਂ ਰਹੇ ਕੁਰਲਾਈਆ । ਸਿਮਰਤ ਪੁਰਾਨ ਤੇਰਾ ਕੋਈ ਨਾ ਜਾਣੇ ਲੇਖਾ, ਬੇਅੰਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਦੇ ਜਣਾਈਆ । ਸ੍ਰੀ ਭਗਵਾਨ ਕਹੇ, ਮੈਂ ਸਚ ਦ੍ਰਿੜੌਂਦਾ ਹਾਂ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਆਦਿ ਜੁਗਾਦਿ ਨਿਰਗੁਣ ਸਰਗੁਣ ਧਾਰ ਰਹੇ, ਸੋ ਹੁਕਮੇ ਅੰਦਰ ਸਰਬ ਨਾਲ ਮਲੌਂਦਾ ਹਾਂ । ਕਲਜੁਗ ਅੰਤਮ ਵਾਰ ਧੁਰ ਸੰਦੇਸ਼ਾ ਇਕੋ ਕਹੇ, ਦੂਜਾ ਰਾਗ ਨਾ ਕੋਇ ਅਲੌਂਦਾ ਹਾਂ । ਸਤਿਜੁਗ ਸਾਚਾ ਸਚ ਦਵਾਰ ਬਹੇ, ਧਰਨੀ ਧਰਤ ਧਵਲ ਆਪ ਟਿਕੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਮਨੌਂਦਾ ਹਾਂ । ਜਨ ਭਗਤੋ ਧੁਰ ਦਾ ਹੁਕਮ ਆਪ ਮਨਾਵਾਂਗਾ । ਚਾਰ ਜੁਗ ਚਾਰ ਕੁੰਟ ਚਾਰ ਖਾਣੀ ਚਾਰ ਬਾਣੀ ਪੁੱਛਣ, ਝੋਲੀ ਸਭ ਦੀ ਆਪ ਭਰਾਵਾਂਗਾ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਆਇਆ ਗੋਦੀ ਚੁੱਕਣ, ਫੜ ਬਾਹੋਂ ਗਲੇ ਲਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ ਅਖਵਾਵਾਂਗਾ । ਜਨ ਭਗਤ ਬੇਨੰਤੀ ਡੂੰਘਾ ਰਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਜਣਾਈਆ । ਪੁਰਖ ਅਬਿਨਾਸ਼ੀ ਬਦਲਣਹਾਰਾ ਸਮਾਜ, ਸਾਹਿਬ ਸੁਲਤਾਨ

ਬੇਪਰਵਾਹੀਆ । ਜਿਸ ਦਾ ਸਮਝੇ ਨਾ ਕੋਇ ਰਿਵਾਜ, ਰਵਾਦਾਰ ਨਾ ਕੋਇ ਅਖਵਾਈਆ । ਜੋ ਅੰਦਰੇ ਅੰਦਰ ਦੇਵਣਹਾਰਾ ਦਾਤ, ਵਸਤ ਅਮੋਲਕ ਝੋਲੀ ਪਾਈਆ । ਜਗਤ ਇੱਛਿਆ ਪੂਰਨ ਕਰਨਹਾਰਾ ਆਸ, ਭਿੱਛਿਆ ਇਕ ਵਰਤਾਈਆ । ਕੂੜੀ ਕਿਰਿਆ ਰੋਗਾਂ ਸੋਗਾਂ ਕਰਨਹਾਰਾ ਨਾਸ, ਵਿਜੋਗਾਂ ਜੋੜ ਜੁੜਾਈਆ । ਰੈਣ ਅੰਧੇਰੀ ਅੰਦਰ ਉਜਾਲਾ ਕਰਨਹਾਰਾ ਪਰਭਾਤ, ਸਚ ਸਤਿ ਨੂਰ ਕਰ ਰੁਸ਼ਨਾਈਆ । ਮਨਸਾ ਆਸਾ ਖ਼ਾਹਿਸ਼ ਪੁਛਣਹਾਰਾ ਬਾਤ, ਜ਼ਾਹਰ ਬਾਤਨ ਖੋਜ ਖੁਜਾਈਆ । ਜੋ ਰਸਨਾ ਨਹੀਂ ਸਕਦੀ ਆਖ, ਸਵਾਸ ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰਸਨਾ ਕਹੇ ਮੈਂ ਨਾ ਸੱਕਾਂ ਬੋਲ, ਮੇਰੀ ਚਲੇ ਨਾ ਕੋਇ ਚਤੁਰਾਈਆ । ਸਭ ਵਸਤ ਓਸ ਦੇ ਕੋਲ, ਜੋ ਮਾਲਕ ਬੇਪਰਵਾਹੀਆ । ਜਿਉਂ ਭਾਵੇ ਤਿਉਂ ਆਪਣੇ ਕੰਡੇ ਲਵੇ ਤੋਲ, ਨਾਮ ਤਰਾਜ਼ੂ ਵੇਖ ਵਖਾਈਆ । ਸਤਿਗੁਰ ਸਵਾਮੀ ਕਦੀ ਨਾ ਹੋਇਆ ਅਨਭੋਲ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਗੁਰਮੁਖਾਂ ਰਖੇ ਸਦਾ ਅਡੋਲ, ਧੀਰਜ ਧਰਵਾਸ ਇਕ ਰਖਾਈਆ । ਦਿਵਸ ਰੈਣ ਅੱਠੇ ਪਹਿਰ ਅੰਦਰ ਬਾਹਰ ਵਸੇ ਕੋਲ, ਜਗਤ ਵਿਛੋੜਾ ਦੂਰ ਕਰਾਈਆ । ਅੰਤਰ ਆਤਮ ਪਰਮਾਤਮ ਹੋ ਕੇ ਜਾਏ ਮੌਲ, ਸੁਰਤੀ ਸ਼ਬਦ ਜੋੜ ਜੁੜਾਈਆ । ਮਿਹਰਵਾਨ ਹੋ ਕੇ ਜੋ ਕਰੇ ਸਾਚਾ ਕੌਲ, ਇਕਰਾਰ ਆਪਣਾ ਦਏ ਨਿਭਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਤੋਂ ਪਰੇ ਪ੍ਰੀਤਮ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲੇਖੇ ਵਿਚ ਰਖਾਈਆ । ਰਸਨਾ ਕਹੇ ਮੈਂ ਕੀ ਦੱਸਾਂ, ਮੇਰੀ ਚਲੇ ਨਾ ਕੋਇ ਵਡਿਆਈਆ । ਜਾਂ ਤੱਕਾਂ ਤੇ ਵੇਖਾਂ ਪੁਰਖ ਸਮਰਥਾ ਬਿਨ ਅੱਖਾਂ, ਲੱਖ ਚੁਰਾਸੀ ਖੋਜ ਖੁਜਾਈਆ । ਸਰਨ ਸਰਨਾਈ ਸਚ ਦਵਾਰੇ ਇਕੋ ਵਾਰ ਢੱਠਾਂ, ਮੁੜ ਕੇ ਢਹਿਣ ਦੀ ਲੋੜ ਰਹੇ ਨਾ ਰਾਈਆ । ਲੇਖਾ ਮੁਕ ਜਾਏ ਤੱਤ ਅੱਠਾਂ, ਨੌ ਦਵਾਰੇ ਪੰਧ ਚੁਕਾਈਆ । ਓਸ ਘਰ ਬਹਿ ਕੇ ਹੱਸਾਂ, ਜਿਸ ਘਰ ਵਸੇ ਧੁਰਦਰਗਾਹੀਆ । ਓਸੇ ਨੂੰ ਦੁਖੜਾ ਦੱਸਾਂ, ਜੋ ਦੁਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬੇਨੰਤੀ ਕਹੇ ਮੇਰੀ ਓਸ ਅਗੇ ਅਰਦਾਸ, ਜੋ ਹਾਜ਼ਰ ਹਜ਼ੂਰ ਆਦਿ ਜੁਗਾਦਿ ਨਜ਼ਰੀ ਆਇੰਦਾ । ਜੋ ਸਦਾ ਵਸੇ ਭਗਤਾਂ ਪਾਸ, ਭਗਵਨ ਹੋ ਕੇ ਅੰਦਰ ਆਪਣਾ ਡੇਰਾ ਲਾਇੰਦਾ । ਜਗਤ ਜਹਾਨ ਵਿਚ ਹੋਣ ਨਾ ਦੇਵੇ ਉਦਾਸ, ਨਿਰਾਸਾ ਰੂਪ ਨਾ ਕੋਇ ਵਟਾਇੰਦਾ । ਸਦਾ ਸੁਹੇਲਾ ਇਕ ਅਕੇਲਾ ਸਦ ਰਖੇ ਸਿਰ ਦੇ ਕਰ ਹਾਥ, ਪੁਸ਼ਤ ਪਨਾਹ ਆਪਣੀ ਨਿਗਾਹ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅਗਲਾ ਪਿਛਲਾ ਲੇਖਾ ਕਰਮ ਕੁਕਰਮਾ ਜਨਮ ਅਜਨਮਾ ਦੋਹਾਂ ਵਿਚੋਂ ਪਾਰ ਕਰਾਇੰਦਾ । ਧਰਨੀ ਕਹੇ ਕਿਉਂ ਬੈਠੀ ਏਥੇ ਸੰਗਤ, ਮੇਰੀ ਛਾਤੀ ਉਤੇ ਆਸਣ ਲਾਈਆ । ਕਿਸ ਬਿਧ ਚੜ੍ਹੀ ਸੋਹਣੀ ਰੰਗਤ, ਬਿਨ ਪੰਖੜੀਆਂ ਗੁਲ ਮਹਿਕਾਈਆ । ਇਕ ਵਾਰ ਮੈਂ ਹੋਈ ਮੰਗਤ, ਆਪਣਾ ਹਾਲ ਸੁਣਾਈਆ । ਮੇਰਾ ਭੇਵ ਕਿਸੇ ਨਾ ਖੋਲ੍ਹਿਆ ਪੰਡਤ, ਪਾਂਧੀ ਸਕਿਆ ਨਾ ਕੋਇ ਜਣਾਈਆ । ਮੈਂ ਦੋਏ ਜੋੜ ਕੀਤੀ ਮਿੰਨਤ, ਸੀਸ ਜਗਦੀਸ ਨਿਵਾਈਆ । ਮੇਰੇ ਵਿਚ ਪਤਾ ਨਹੀਂ ਕਿਧਰੋਂ ਆਈ ਹਿੰਮਤ, ਮੈਂ ਬਲ ਲਿਆ ਪਰਗਟਾਈਆ । ਓਧਰੋਂ ਚਲਦੇ ਚਲਦੇ ਫ਼ਰੀਦ ਨੇ ਏਥੇ ਆਣ ਕੇ ਮਾਰੀ ਕਿਲਕ, ਨਾਅਰਾ ਦਿਤਾ ਸੁਣਾਈਆ । ਓ ਕਮਲੀਏ, ਕਿਉਂ ਰਹੀ ਵਿਲਕ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਨਹੀਂ ਜਾਣਦੀ ਪਰਮ ਪੁਰਖ ਦਾ ਇਸ਼ਕ, ਸਚ ਮਾਸ਼ੂਕ ਨਾ ਰੂਪ ਵਟਾਈਆ । ਤੇਰੀ

ਖੁਲ੍ਹੀ ਨਹੀਂ ਅਜੇ ਦ੍ਰਿਸ਼ਟ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਛਾਤੀ ਉਤੇ ਲਟਾਈਆ । ਮੈਨੂੰ ਅੱਖੀਂ ਜਾਪਦਾ ਜਿਵੇਂ ਅਗੰਮੀ ਵਜੇ ਲਿਸ਼ਕ, ਨੂਰੋ ਨੂਰ ਹੋਵੇ ਰੁਸ਼ਨਾਈਆ । ਜਿਸ ਦੇ ਚਰਨਾਂ ਹੇਠਾਂ ਦੱਬੇ ਪਏ ਕੋਟਨ ਕੋਟ ਬਹਿਸ਼ਤ, ਮਹਿਬੂਬ ਬੇਪਰਵਾਹੀਆ । ਜਿਸ ਦੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਨਾਮ ਸਬੂਰੀ ਬਖ਼ਸ਼ਣ ਵਾਲਾ ਸਿਦਕ, ਸਾਹਿਬ ਸੁਲਤਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰਾ ਵਡਿਆਈਆ । ਧਰਨੀ ਕਿਹਾ ਕਵਣ ਦਏ ਸੰਦੇਸ਼ਾ, ਮੈਨੂੰ ਸਮਝ ਕੁਛ ਨਾ ਆਈਆ । ਫ਼ਰੀਦ ਕਿਹਾ ਮੈਂ ਦਰਵੇਸ਼ਾ, ਦਰਦੀ ਹੋ ਕੇ ਦਰਦ ਵੰਡਾਈਆ । ਧਰਨੀ ਕਿਹਾ ਤੂੰ ਕੀ ਖੇਲ ਵੇਖਾ, ਮੈਨੂੰ ਪਰਦਾ ਦੇ ਖੁਲ੍ਹਾਈਆ । ਓਸ ਕਿਹਾ ਮੈਨੂੰ ਅਗਲਾ ਜਾਪਦਾ ਲੇਖਾ, ਜੋ ਪਰਵਰਦਿਗਾਰ ਰਿਹਾ ਜਣਾਈਆ । ਧਰਨੀ ਕਿਹਾ ਕੁਛ ਹੋਰ ਦੇ ਸੰਦੇਸ਼ਾ, ਤੇਰੇ ਅਗੇ ਮੰਗ ਮੰਗਾਈਆ । ਓਸ ਕਿਹਾ ਜਿਸ ਵੇਲੇ ਆਵੇ ਨਰ ਨਰੇਸ਼ਾ, ਨਰ ਨਰਾਇਣ ਫੇਰਾ ਪਾਈਆ । ਸ਼ਬਦੀ ਧਾਰ ਉਸ ਦਾ ਬੇਟਾ, ਧੁਰ ਦਾ ਜੋੜ ਜੁੜਾਈਆ । ਉਹ ਬਣ ਕੇ ਖੇਵਟ ਖੇਟਾ, ਪਤਣ ਆਵੇ ਬਣ ਕੇ ਸੱਚਾ ਮਾਹੀਆ । ਇਹ ਯਾਦ ਰੱਖੀਂ ਓਸ ਨੇ ਯਾਦ ਰਖਣਾ ਤੇਰਾ ਚੇਤਾ, ਚੇਤਨ ਭੁਲ ਕਦੇ ਨਾ ਜਾਈਆ । ਧਰਨੀ ਕਿਹਾ ਮੈਂ ਕਿਸ ਬਿਧ ਓਸ ਨੂੰ ਵੇਖਾਂ, ਬਿਧ ਆਪਣੀ ਦੇ ਜਣਾਈਆ । ਫ਼ਰੀਦ ਕਿਹਾ ਉਹ ਸਭ ਦਾ ਨੇਤਾ, ਨਰ ਨਿਰੰਕਾਰ ਇਕ ਅਖਵਾਈਆ । ਜਿਸ ਵੇਲੇ ਮਿਹਰਵਾਨ ਹੋ ਕੇ ਜਨ ਭਗਤਾਂ ਖੋਲ੍ਹੇ ਆਪਣਾ ਭੇਤਾ, ਭੇਵ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਧਰਨੀ ਕਹੇ ਕਿਹੜੀ ਹੋਵੇ ਰੁਤ, ਮੈਨੂੰ ਰੁਤੜੀ ਦੇ ਸਮਝਾਈਆ । ਆਵੇ ਅਬਿਨਾਸ਼ੀ ਅਚੁਤ, ਪਤਿਪਰਮੇਸ਼ਵਰ ਵੇਸ ਵਟਾਈਆ । ੨੩੮
ਜਨ ਭਗਤਾਂ ਉਪਰ ਜਾਏ ਤੁਠ, ਮਿਹਰ ਨਜ਼ਰ ਉਠਾਈਆ । ਮੇਰੀ ਲੇਖੇ ਲਾਏ ਖ਼ਾਕ ਮਿੱਟੀ ਮੁਠ, ਧੂੜੀ ਆਪਣੀ ਚਰਨ ਛੁਹਾਈਆ । ਮੇਰਾ ਲਹਿਣਾ ਜਾਏ ਮੁਕ, ਮੁਫ਼ਤ ਦਏ ਵਡਿਆਈਆ । ਫ਼ਰੀਦ ਨੇ ਕਿਹਾ ਓਸ ਵੇਲੇ ਮੇਰੀ ਆਸ਼ਾ ਹੋਵੇ ਖ਼ੁਸ਼, ਮਨਸਾ ਵਜੇ ਵਧਾਈਆ । ਮੈਂ ਰਹਿਣਾ ਨਹੀਂ ਚੁਪ, ਆ ਕੇ ਹੋਕਾ ਦੇਣਾ ਸੁਣਾਈਆ । ਜਿਸ ਦਾ ਮੇਲ ਹੋਇਆਂ ਪੈਂਡਾ ਜਾਏ ਮੁਕ, ਮੰਜ਼ਲ ਮਿਲੇ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖ ਰਿਹਾ ਵਖਾਈਆ । ਧਰਨੀ ਕਹੇ ਮੇਰੇ ਵਡ ਵਡਭਾਗ, ਭਾਗਾਂ ਭਰੀ ਖ਼ੁਸ਼ੀ ਮਨਾਈਆ । ਜਿਨ੍ਹਾਂ ਗੁਰਮੁਖਾਂ ਪਿੱਛੇ ਮੇਲਾ ਹੋਇਆ ਆਜ, ਘੜੀ ਸੁਹੰਜਣੀ ਖ਼ੁਸ਼ੀ ਮਨਾਈਆ । ਮੈਂ ਅਗੰਮ ਅਗੰਮੜੇ ਦੇ ਗਾਵਾਂ ਰਾਗ, ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਮੇਰਾ ਲੇਖਾ ਚੁਕਿਆ ਪੁੰਨੀ ਆਸ, ਤ੍ਰਿਸ਼ਨਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਦੀ ਪੂਰੀ ਕਰ ਕੇ ਖ਼ਾਹਿਸ਼, ਖ਼ਾਲਸ ਭਗਤਾਂ ਰੰਗ ਚੜ੍ਹਾਈਆ ।

## ❊ ੧੨ ਮਾਘ ੨੦੨੧ ਬਿਕ੍ਰਮੀ ਕਪੂਰ ਸਿੰਘ ਬਰਾੜ ਮੋਗਾ ❊

ਜੋਤ ਕਹੇ ਮੇਰਾ ਪਰਕਾਸ਼, ਲੱਖ ਚੁਰਾਸੀ ਦੀਵਾ ਬਾਤੀ ਡਗਮਗਾਈਆ । ਸ਼ਬਦ ਕਹੇ ਮੇਰਾ ਖੇਲ ਤਮਾਸ਼, ਦਰ ਦਰ ਘਰ ਘਰ ਅਗੰਮੀ ਨਾਦ ਵਜਾਈਆ । ਬ੍ਰਹਮ ਕਹੇ ਮੈਂ ਸਭ ਦੇ ਸਾਥ, ਆਦਿ ਜੁਗਾਦਿ ਜੁਗ ਚੌਕੜੀ ਵੇਸ ਵਟਾਈਆ । ਆਤਮ ਕਹੇ ਮੇਰਾ ਰੂਪ ਅਬਿਨਾਸ਼, ਪੁਰਖ

ਅਬਿਨਾਸ਼ੀ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਬਣਾਈਆ । ਜੋਤ ਕਹੇ ਮੇਰਾ ਰੂਪ ਅਗੰਮਾ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਸ਼ਬਦ ਕਹੇ ਮੇਰਾ ਨਾਦ ਸੁਣੇ ਨਾ ਕੋਈ ਕੰਨਾਂ, ਧਾਮ ਅਗੰਮੜੇ ਆਪ ਵਜਾਇੰਦਾ । ਬ੍ਰਹਮ ਕਹੇ ਮਾਤ ਪਿਤ ਕੁੱਖ ਕਿਸੇ ਨਾ ਜੰਮਾ, ਤੱਤ ਵਜੂਦ ਨਾ ਕੋਇ ਵਖਾਇੰਦਾ । ਆਤਮ ਕਹੇ ਮੇਰਾ ਨੂਰ ਨੁਰਾਨਾ, ਸ਼ਾਹ ਸੁਲਤਾਨ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਇੰਦਾ । ਜੋਤ ਕਹੇ ਮੈਂ ਆਦਿ ਨਿਰੰਜਣ, ਜੋਤੀ ਵੰਡ ਵੰਡਾਈਆ । ਸ਼ਬਦ ਕਹੇ ਮੈਂ ਆਦਿ ਅਨੰਦਣ, ਘਰ ਘਰ ਨਿਜਾਨੰਦ ਰਿਹਾ ਵਖਾਈਆ । ਬ੍ਰਹਮ ਕਹੇ ਮੈਂ ਸੂਰਾ ਸਰਬੰਗਣ, ਮੇਰੇ ਬਿਨਾ ਤਨ ਖ਼ਾਕੀ ਮਾਟੀ ਨਾ ਕੋਇ ਵਡਿਆਈਆ । ਆਤਮ ਕਹੇ ਮੈਂ ਸਦਾ ਵਸਾਂ ਓਸ ਦੇ ਸੰਗਣ, ਜੋ ਸਭ ਦਾ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਜੋਤ ਕਹੇ ਮੇਰਾ ਸਚ ਵਸੇਰਾ, ਘਰ ਸਚ ਮਿਲੇ ਵਡਿਆਈਆ । ਸ਼ਬਦ ਕਹੇ ਮੇਰਾ ਚਾਉ ਘਨੇਰਾ, ਅਨੁਰਾਗੀ ਖ਼ੁਸ਼ੀ ਵਖਾਈਆ । ਬ੍ਰਹਮ ਕਹੇ ਤੇਰਾ ਵਖਰਾ ਡੇਰਾ, ਆਸਣ ਸਿੰਘਾਸਣ ਸੋਭਾ ਪਾਈਆ । ਆਤਮ ਕਹੇ ਮੇਰਾ ਵਸੇ ਖੇੜਾ, ਬੰਕ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਆਪਣਾ ਲਹਿਣਾ ਦੇਣਾ ਆਪ ਚੁਕਾਈਆ । ਜੋਤ ਕਹੇ ਮੈਨੂੰ ਆਦਿ ਜੁਗਾਦਿ ਖ਼ੁਸ਼ੀ, ਜਨ ਭਗਤਾਂ ਵਿਚੋਂ ਨਜ਼ਰੀ ਆਈਆ । ਸ਼ਬਦ ਕਹੇ ਮੇਰੀ ਸੰਤਾਂ ਨਾਲ ਰੁਚੀ, ਦੂਸਰ ਨਾਤਾ ਨਾ ਕੋਇ ਰਖਾਈਆ । ਬ੍ਰਹਮ ਕਹੇ ਗੁਰਮੁਖਾਂ ਅੰਦਰ ਮੇਰੀ ਵਸਤ ਸੁੱਚੀ, ਕੂੜਾ ਰੰਗ ਨਾ ਕੋਇ ਰੰਗਾਈਆ । ਆਤਮ ਕਹੇ ਗੁਰਸਿਖਾਂ ਅੰਦਰ ਮੈਂ ਇਹੋ ਧਾਰ ਉਲਟੀ, ਜੋ ਪਰਮਾਤਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਰ ਵੇਖੇ ਖੇਲ ਹਰਿ ਰਘੁਰਾਈਆ । ਜੋਤ ਕਹੇ ਬਣ ਸੰਤ ਸਹੇਲੀ, ਨਿਤ ਨਿਤ ਸੇਵ ਕਮਾਈਆ । ਸ਼ਬਦ ਕਹੇ ਮੈਂ ਭਗਤਾਂ ਬੇਲੀ, ਗੁਪਤ ਜ਼ਾਹਰ ਹਾਲ ਜਣਾਈਆ । ਬ੍ਰਹਮ ਕਹੇ ਮੈਂ ਅਚਰਜ ਖੇਲ ਖੇਲੀ, ਨਿਤ ਨਵਿਤ ਵੇਸ ਵਟਾਈਆ । ਆਤਮ ਕਹੇ ਮੈਂ ਸਦ ਵਸਾਂ ਰੰਗ ਨਵੇਲੀ, ਸਚ ਦਵਾਰੇ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਰਿਹਾ ਚਲਾਈਆ । ਜੋਤ ਕਹੇ ਮੇਰਾ ਰੂਪ ਜੋਤੀ ਜਾਤਾ, ਨੂਰ ਨੁਰਾਨਾ ਨਜ਼ਰੀ ਆਈਆ । ਸ਼ਬਦ ਕਹੇ ਮੇਰਾ ਇਕੋ ਪਿਤਾ ਮਾਤਾ, ਪੁਰਖ ਅਕਾਲ ਵੱਡੀ ਵਡਿਆਈਆ । ਬ੍ਰਹਮ ਕਹੇ ਬੇਪਰਵਾਹ ਮੇਰਾ ਦਾਤਾ, ਨਿਰਗੁਣ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਆਤਮ ਕਹੇ ਮੈਂ ਓਸੇ ਦੀ ਜ਼ਾਤਾ, ਜੋ ਅਜ਼ਾਤੀ ਨਜ਼ਰੀ ਆਈਆ । ਜੁਗ ਚੌਕੜੀ ਵੇਖਣਹਾਰ ਤਮਾਸ਼ਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਵਰਨ ਬਰਨ ਸੁਣਾਏ ਗਾਥਾ, ਅਗੰਮ ਅਥਾਹ ਕਰੇ ਪੜ੍ਹਾਈਆ । ਭਗਤਾਂ ਜੋੜਨਹਾਰਾ ਨਾਤਾ, ਧੁਰ ਦਾ ਸੰਗ ਰਖਾਈਆ । ਵਕ਼ਤ ਵੇਲਾ ਸੁਹੰਜਣਾ ਜਿਸ ਪਛਾਤਾ, ਪਰਦਾ ਓਹਲਾ ਪਰੇ ਹਟਾਈਆ । ਕਿਰਪਾਲ ਹੋ ਕੇ ਕਿਰਪਨ ਪੂਰੀ ਕਰੇ ਆਸਾ, ਨਿਰਧਨ ਦਏ ਵਡਿਆਈਆ । ਮਾਲਕ ਹੋ ਕੇ ਜੋਤੀ ਸ਼ਬਦੀ ਪੂਰਾ ਕਰੇ ਘਾਟਾ, ਬ੍ਰਹਮ ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਨਵ ਨੌਂ ਚਾਰ ਪਿੱਛੋਂ ਮੁਕੀ ਵਾਟਾ, ਪਿਛਲਾ ਅਗਲਾ ਪੰਧ ਮੁਕਾਈਆ । ਕਿਰਪਾ ਕਰ ਪੁਰਖ ਸਮਰਾਥਾ, ਸਮਝ ਆਪਣੀ ਦੇਣੀ ਜਣਾਈਆ । ਚੌਹਾਂ ਮੇਲਾ ਇਕੋ ਘਾਟਾ, ਪਤਣ ਇਕੋ ਦਿਤਾ ਵਖਾਈਆ । ਘਰ ਮੰਦਰ ਸਾਢੇ ਤਿੰਨ ਹੱਥ ਬਣਾ ਕੇ ਅਹਾਤਾ, ਚਾਰ ਦੀਵਾਰੀ ਹੱਡ

ਮਾਸ ਨਾੜੀ ਨਜ਼ਰੀ ਆਈਆ । ਸੇਜ ਸੁਹੰਜਣੀ ਵਿਛਾ ਕੇ ਖਾਟਾ, ਖਟੀਆ ਇਕੋ ਦਿਤੀ ਸੁਹਾਈਆ । ਸਤਿ ਸਵਾਮੀ ਅੰਤਰਜਾਮੀ ਪੁਰਖ ਅਕਾਲ ਆਪ ਬਰਾਜਾ, ਨਿਰਵੈਰ ਨਿਰਾਕਾਰ ਡੇਰਾ ਲਾਈਆ । ਮਿਹਰਵਾਨ ਹੋ ਕੇ ਜੋਤੀ ਨੂਰ ਕਰ ਪਰਕਾਸ਼ਾ, ਸ਼ਬਦ ਕਹੇ ਮੇਰਾ ਰਾਗ ਦਿਤਾ ਜਣਾਈਆ । ਬ੍ਰਹਮ ਕਹੇ ਮੇਰਾ ਪਰਦਾ ਪਾਟਾ, ਓਹਲਾ ਨਜ਼ਰ ਕੋਇ ਨਾ ਆਈਆ । ਆਤਮ ਕਹੇ ਮੈਂ ਸਾਖ਼ਿਆਤਾ, ਸਤਿ ਸਰੂਪ ਦਰਸ਼ਨ ਪਾਈਆ । ਚਾਰੇ ਮਿਲ ਕੇ ਕਹਿਣ ਇਕੋ ਵਰ ਇਕੋ ਦਰ ਇਕੋ ਘਰ ਪੈਂਦੀ ਵੇਖੀ ਰਾਸਾ, ਬਿਨ ਗੋਪੀ ਕਾਹਨ ਆਪਣਾ ਨਾਚ ਨਚਾਈਆ । ਚਾਰ ਕੁੰਟ ਦਹਿ ਦਿਸ਼ਾ ਕੋਈ ਨਾ ਦਿਸੇ ਨਿਰਾਸਾ, ਮਨਸਾ ਪੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਚਾਰੇ ਕਹਿਣ ਪ੍ਰਭ ਕਿਰਪਾ ਕੀਤੀ, ਦਿਤੀ ਮਾਣ ਵਡਿਆਈਆ । ਪਿਛਲੀ ਕਹਾਣੀ ਪਿੱਛੇ ਬੀਤੀ, ਅਗੇ ਦਏ ਸਮਝਾਈਆ । ਭਗਤਾਂ ਚਲੇ ਸਾਚੀ ਰੀਤੀ, ਰੀਤੀਵਾਨ ਆਪਣਾ ਹੁਕਮ ਵਰਤਾਈਆ । ਏਕਾ ਰੰਗ ਰੰਗਾ ਕੇ ਹਸਤ ਕੀਟੀ, ਚਿਉਂਟੀ ਗਜ ਵੇਖ ਵਖਾਈਆ । ਆਤਮ ਬਖ਼ਸ਼ੇ ਸਚ ਪ੍ਰੀਤੀ, ਬ੍ਰਹਮ ਆਪਣਾ ਮੇਲ ਮਿਲਾਈਆ । ਸ਼ਬਦ ਸੁਣਾਏ ਅਗੰਮੀ ਸੀਟੀ, ਧੁਰ ਦਾ ਰਾਗ ਅਲਾਈਆ । ਜੋਤੀ ਨੂਰ ਸਦ ਨਜ਼ਦੀਕੀ, ਦੂਰ ਦੁਰਾਡਾ ਪੰਧ ਮੁਕਾਈਆ । ਇਹ ਖੇਲ ਭਗਤ ਜਨ ਜੀਅ ਕੀ, ਚਾਰੇ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਅਖਵਾਈਆ । ਆਤਮ ਕਹੇ ਮੈਂ ਵੇਖਿਆ ਭਗਤਾਂ ਮੰਦਰ, ਸੋਹਣਾ ਸੁਹੰਜਣਾ ਪ੍ਰਭੂ ਦਿਤਾ ਬਣਾਈਆ । ਬ੍ਰਹਮ ਕਹੇ ਮੈਂ ਓਸੇ ਅੰਦਰ, ਬੈਠਾ ਡੇਰਾ ਲਾਈਆ । ਸ਼ਬਦ ਕਹੇ ਮੈਂ ਤੋੜ ਕੇ ਜੰਦਰ, ਕੁੰਡਾ ਦਿਤਾ ਲਾਹੀਆ । ਜੋਤ ਕਹੇ ਮੇਰਾ ਨੂਰੀ ਸੀਤਲ ਚੰਦਨ, ਅਨੂਪ

੨੪੦
ਰੂਪ ਵਟਾਈਆ । ਸਚ ਪੁੱਛੋ ਜਿਥੇ ਮਿਲ ਕੇ ਗੁਰ ਅਵਤਾਰ ਪੀਰ ਪੈਗ਼ੰਬਰ ਕਾਇਆ ਮੰਦਰ ਅੰਦਰ ਆਪਣੀ ਮੰਜ਼ਲ ਲੰਘਣ, ਬਿਨ ਕ਼ਦਮਾਂ ਕ਼ਦਮ ਉਠਾਈਆ । ਦਰ ਦਰਵੇਸ਼ ਭਿਖਾਰੀ ਹੋ ਕੇ ਮੰਗਣ, ਆਪਣੀ ਅਲਖ ਜਗਾਈਆ । ਦੇਵਣਹਾਰ ਸੂਰਾ ਸਰਬੰਗਣ, ਪੁਰਖ ਅਕਾਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਆਤਮ ਕਹੇ ਮੇਰਾ ਹੋਇਆ ਨਿਰਨਾ, ਭਗਤ ਦਵਾਰੇ ਵਜੀ ਵਧਾਈਆ । ਬ੍ਰਹਮ ਕਹੇ ਮੈਂ ਓਸੇ ਦੀ ਕਿਰਨਾ, ਜਿਸ ਦਾ ਜਲਵਾ ਸਮਝ ਕੋਇ ਨਾ ਪਾਈਆ । ਸ਼ਬਦ ਕਹੇ ਮੈਂ ਓਸੇ ਦੇ ਹੁਕਮੇਂ ਅੰਦਰ ਫਿਰਨਾ, ਦੋ ਜਹਾਨਾਂ ਭੱਜਾਂ ਵਾਹੋ ਦਾਹੀਆ । ਜੋਤ ਕਹੇ ਮੇਰਾ ਪਰਕਾਸ਼ ਓਸੇ ਦੀ ਖ਼ੁਸ਼ੀ ਵਿਚ ਚੜ੍ਹਨਾ, ਜੋ ਸਚ ਦਵਾਰੇ ਬੈਠਾ ਡੇਰਾ ਲਾਈਆ । ਚਾਰੇ ਕਹਿਣ ਅਸਾਂ ਮਿਲ ਕੇ ਇਕੋ ਢੋਲਾ ਪੜ੍ਹਨਾ, ਤੇਰਾ ਮੇਰਾ ਰਾਗ ਅਲਾਈਆ । ਸਤਿ ਸਤਿਵਾਦੀ ਹੋ ਕੇ ਖੇਲ ਕਰਨਾ, ਸਤਿ ਦਵਾਰੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਜੋਤ ਕਹੇ ਮੈਂ ਵੇਖਿਆ ਜੋਤਾਂ ਦਾ ਮਾਲਕ, ਅਨਭਵ ਪਰਕਾਸ਼ ਕਰਾਈਆ । ਸ਼ਬਦ ਕਹੇ ਮੈਂ ਵੇਖਾਂ ਸਾਲਸ, ਜੋ ਹੁਕਮੇ ਅੰਦਰ ਮੇਰੀ ਸੇਵ ਲਗਾਈਆ । ਬ੍ਰਹਮ ਕਹੇ ਮੈਂ ਵੇਖਿਆ ਖ਼ਾਲਸ, ਪਾਰਬ੍ਰਹਮ ਪ੍ਰਭ ਇਕੋ ਨਜ਼ਰੀ ਆਈਆ । ਆਤਮ ਕਹੇ ਮੈਂ ਓਸੇ ਦੀ ਅਮਾਨਤ, ਜੋ ਹੁਕਮੇ ਅੰਦਰ ਖੇਲ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨ ਕਰਾਵਣਹਾਰ ਇਕ ਅਖਵਾਈਆ । ਆਤਮ ਕਹੇ ਮੇਰੀ ਨਹੀਂ ਕੋਈ ਮਰਜ਼ੀ, ਮਾਲਕ ਇਕੋ ਨਜ਼ਰੀ ਆਈਆ । ਬ੍ਰਹਮ ਕਹੇ ਮੈਂ ਤਨ ਵਜੂਦ ਹੰਢਾਏ ਕੋਟਨ ਫ਼ਰਜ਼ੀ, ਕੱਪੜ ਕਾਇਆ ਜਗਤ ਹੰਢਾਈਆ । ਸ਼ਬਦ ਕਹੇ ਮੈਂ ਸ੍ਰਿਸ਼ਟੀ ਕਾਰਨੇ ਬਣਿਆ

ਰਿਹਾ ਗ਼ਰਜ਼ੀ, ਆਸਾ ਤ੍ਰਿਸ਼ਨਾ ਮਮਤਾ ਮੋਹ ਦਿਤੀ ਵਡਿਆਈਆ । ਜੋਤ ਕਹੇ ਮੈਂ ਬੇਸ਼ਕ ਘਰ ਘਰ ਰਹੀ ਬਲਦੀ, ਆਪਣਾ ਨੂਰ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਵਰਤਾਈਆ । ਜੋਤ ਕਹੇ ਮੇਰਾ ਪਰਕਾਸ਼ ਬਿਨ ਦੀਵੇ ਬਾਤੀ, ਘਟ ਘਟ ਸੋਭਾ ਪਾਈਆ । ਸ਼ਬਦ ਕਹੇ ਮੇਰੀ ਅਗੰਮੀ ਗਾਥੀ, ਬਿਨ ਅੱਖਰਾਂ ਕਰਾਂ ਪੜ੍ਹਾਈਆ । ਬ੍ਰਹਮ ਕਹੇ ਮੇਰਾ ਇਕੋ ਸਾਕੀ, ਜਿਸ ਨੇ ਪ੍ਰੇਮ ਪਿਆਲਾ ਦਿਤਾ ਪਿਲਾਈਆ । ਆਤਮ ਕਹੇ ਮੇਰਾ ਸਾਹਿਬ ਪੁਰਖ ਅਬਿਨਾਸ਼ੀ, ਅਬਗਤ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਆਤਮ ਕਹੇ ਮੈਂ ਭਾਗਾਂ ਭਰੀ, ਮਿਲੀ ਮਾਣ ਵਡਿਆਈਆ । ਬ੍ਰਹਮ ਕਹੇ ਸੁਲਖਣੀ ਘੜੀ, ਥਿਤ ਵਾਰ ਖ਼ੁਸ਼ੀ ਮਨਾਈਆ । ਸ਼ਬਦ ਕਹੇ ਅਣੋਖੀ ਝੜੀ, ਛਹਿਬਰ ਦਿਤੀ ਲਗਾਈਆ । ਜੋਤ ਕਹੇ ਹਰਿ ਕਿਰਪਾ ਕਰੀ, ਮਿਹਰ ਨਜ਼ਰ ਉਠਾਈਆ । ਚੌਹਾਂ ਮਿਲ ਕੇ ਇਕੋ ਤੁਕ ਅਨੋਖੀ ਪੜ੍ਹੀ, ਮੇਰਾ ਤੇਰਾ ਰਾਗ ਅਲਾਈਆ । ਬਿਨਾ ਭਗਤਾਂ ਹੋਰ ਦਵਾਰ ਕਦੇ ਨਾ ਖੜ੍ਹੀ, ਚੌਹਾਂ ਦਾ ਮੇਲਾ ਦੂਜੇ ਦਰ ਨਜ਼ਰ ਕੋਇ ਨਾ ਆਈਆ । ਬੇਸ਼ਕ ਤੇਰੀ ਖ਼ਲਕ ਖ਼ੁਦਾ ਬੜੀ, ਬੇਨਜ਼ੀਰ ਤੇਰੀ ਬੇਪਰਵਾਹੀਆ । ਸਚ ਸੁਣਾਈ ਤੈਨੂੰ ਖਰੀ, ਕਹਿ ਕੇ ਦਿਤਾ ਜਣਾਈਆ । ਬਿਨ ਸੰਤਾਂ ਸਾਨੂੰ ਕੋਈ ਨਾ ਰਿਹਾ ਵਰੀ, ਸਾਚਾ ਮੀਤ ਨਾ ਕੋਇ ਸਖ਼ਾਈਆ । ਗੁਰਮੁਖਾਂ ਅੰਦਰ ਆ ਕੇ ਅਸੀਂ ਕਰਮ ਕਾਂਡ ਤੋਂ ਹੁੰਦੇ ਬਰੀ, ਮਾਇਆ ਮਮਤਾ ਮੋਹ ਕਿਰਤੀ ਪ੍ਰਕਿਰਤੀ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇਣਾ ਮੁਕਾਈਆ । ਆਤਮ ਕਹੇ ਮੈਂ ਵੇਖੀ ਤੇਰੀ ਜੁਗਤ, ਆਦਿ ਜੁਗਾਦੀ ਜਨ ਭਗਤਾਂ ਮੇਲ ਮਿਲਾਈਆ । ਬ੍ਰਹਮ ਕਹੇ ਤੂੰ ਤਾਰਨਹਾਰਾ ਮੁਫ਼ਤ, ਕਰਤੇ ਕ਼ੀਮਤ ਨਾ ਕੋਇ ਲਗਾਈਆ । ਸ਼ਬਦ ਕਹੇ ਤੂੰ ਕਦੇ ਨਹੀਂ ਹੋਇਆ ਸੁਸਤ, ਹੋਕਾ ਮੇਰਾ ਘਰ ਘਰ ਦਏਂ ਜਣਾਈਆ । ਜੋਤ ਕਹੇ ਮੇਰਾ ਪਰਕਾਸ਼ ਕਰੇਂ ਅਰਸ਼ ਕੁਰਸ਼, ਦੋ ਜਹਾਨਾਂ ਸਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਜੋਤ ਸ਼ਬਦ ਕਹੇ ਸਾਡਾ ਹੋਇਆ ਮਿਲਾਪ, ਮਿਲ ਕੇ ਖ਼ੁਸ਼ੀ ਮਨਾਈਆ । ਆਤਮ ਬ੍ਰਹਮ ਕਹੇ ਮੇਰਾ ਇਕੋ ਸਾਥ, ਸਗਲਾ ਨਜ਼ਰੀ ਆਈਆ । ਚਾਰੋਂ ਮਿਲ ਕੇ ਸੁਣਾਈ ਇਕ ਆਵਾਜ਼, ਸੋਹੰ ਢੋਲਾ ਗਾਈਆ । ਨਾ ਕੋਈ ਪਰਦਾ ਨਾ ਕੋਈ ਰਾਜ਼, ਓਹਲਾ ਨਾ ਕੋਇ ਵਖਾਈਆ । ਵਜੇ ਵਧਾਈ ਪ੍ਰਿਥਮੀ ਆਕਾਸ਼, ਗਗਨ ਮੰਡਲ ਖ਼ੁਸ਼ੀ ਜਣਾਈਆ । ਸਾਰੇ ਤੱਕਣ ਇਹ ਕਿੱਥੇ ਬਣਿਆ ਸਾਥ, ਕਵਣ ਦਵਾਰ ਨਜ਼ਰੀ ਆਈਆ । ਸ਼ਬਦ ਨੇ ਕਿਹਾ ਇਹ ਮੇਲਾ ਭਗਤਾਂ ਹਾਟ, ਗੁਰਮੁਖਾਂ ਰੰਗ ਰੰਗਾਈਆ । ਚੌਹਾਂ ਦੀ ਹੋ ਗਈ ਇਕੋ ਜ਼ਾਤ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸਾਚਾ ਮਾਲਕ ਮਿਲਿਆ ਆਪ, ਪਤਿਪਰਮੇਸ਼ਵਰ ਬੇਪਰਵਾਹੀਆ । ਏਥੇ ਕਰਨ ਕੀ ਪੰਜ ਬਦਮਾਸ਼, ਚੋਰ ਯਾਰ ਰਹਿਣ ਕੋਇ ਨਾ ਪਾਈਆ । ਆਤਮ ਕਹੇ ਮੈਂ ਓਸ ਦਾ ਕਰ ਲਿਆ ਜਾਪ, ਜਿਸ ਮੇਰੀ ਬਣਤ ਬਣਾਈਆ । ਬ੍ਰਹਮ ਕਹੇ ਮੈਂ ਓਸ ਨੂੰ ਆਖਿਆ ਬਾਪ, ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਸ਼ਬਦ ਕਹੇ ਮਿਟ ਗਏ ਸਰਬ ਰੋਗ ਸੰਤਾਪ, ਦੁਖ ਦਰਦ ਰਿਹਾ ਨਾ ਰਾਈਆ । ਜੋਤ ਕਹੇ ਜਨ ਭਗਤੋ ਮੇਰਾ ਤੁਹਾਡੇ ਘਰ ਘਰ ਹੋਣਾ ਪਰਕਾਸ਼, ਅੰਧ ਅੰਧੇਰਾ ਦਿਆਂ ਗਵਾਈਆ । ਧੀਰਜ ਨਾਲ ਬੰਧਾਵਾਂ ਵਿਸ਼ਵਾਸ, ਮਨ ਮਮਤਾ ਦੂਰ ਕਰਾਈਆ । ਅਗਲੀ ਹੋਰ ਪੂਰੀ ਕਰਾਵਾਂ ਖ਼ਾਹਸ਼, ਸਚ ਖ਼ਸੂਸੀਅਤ ਦਿਆਂ ਜਣਾਈਆ । ਜਿਹੜੀ ਵਸਤ ਕਿਸੇ ਨੂੰ ਲੱਭਿਆਂ ਨਾ ਆਵੇ ਹਾਥ, ਨੌਂ ਖੰਡ ਪ੍ਰਿਥਮੀ ਸੱਤ ਦੀਪ


੨੪੧

ਭੱਜਣ ਵਾਹੋ ਦਾਹੀਆ । ਜਿਸ ਦੇ ਕਾਰਨ ਪੂਜਾ ਸਿਮਰਨ ਹੁੰਦਾ ਪਾਠ, ਰਾਗਾਂ ਨਾਦਾਂ ਢੋਲੇ ਗਾਈਆ । ਸੋ ਸਵਾਮੀ ਹੋ ਕੇ ਦਰਸ ਕਰਾਏ ਸਾਖ਼ਿਆਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਈਆ ।

### ✻ ੧੨ ਮਾਘ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਹਿ ਨਿਧਾਂ ਵਾਲੀ ✻

ਜੋਤ ਸ਼ਬਦ ਕਹੇ ਕੁਛ ਕਹੀਏ ਕਹਾਣੀ, ਮਿਲ ਕੇ ਸੇਵ ਕਮਾਈਆ । ਬ੍ਰਹਮ ਕਹੇ ਕੀ ਉਹ ਧੁਰ ਦੀ ਰਾਣੀ, ਸਚ ਸਾਚੀ ਨਜ਼ਰੀ ਆਈਆ । ਆਤਮ ਕਹੇ ਉਹ ਸਿਫ਼ਤ ਸ੍ਰੀ ਭਗਵਾਨੀ, ਮਹਿੰਮਾ ਬੇਪਰਵਾਹੀਆ । ਜਿਸ ਨੂੰ ਜੁਗ ਚੌਕੜੀ ਕਲਮਿਆਂ ਨਾਮਾਂ ਵਾਲੀ ਕਹਿੰਦੇ ਬਾਣੀ, ਸੰਦੇਸ਼ੇ ਧੁਰ ਦ੍ਰਿੜਾਈਆ । ਜਿਸ ਦਾ ਹੁਕਮ ਮੰਨ ਕੇ ਰਸਤਾ ਲੱਭੇ ਚਾਰੇ ਖਾਣੀ, ਚਾਰ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਸ਼ਬਦ ਕਹੇ ਜੋਤੀ ਮੈਂ ਦੱਸਾਂ ਗਾਥਾ, ਲੇਖਾ ਧੁਰਦਰਗਾਹੀਆ । ਬ੍ਰਹਮ ਕਹੇ ਮੈਂ ਵੇਖਾਂ ਸਾਖ਼ਿਆਤਾ, ਸਨਮੁਖ ਦਰਸ਼ਨ ਪਾਈਆ । ਆਤਮ ਕਹੇ ਇਹ ਅਜਬ ਖੇਲ ਤਮਾਸ਼ਾ, ਅਨਡਿਠ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਰਿਹਾ ਵਰਤਾਈਆ । ਜੋਤ ਕਹੇ ਸ਼ਬਦੀ ਗੀਤ ਗੌਣਾ ਕਿਥੇ, ਮੈਨੂੰ ਦੇ ਸਮਝਾਈਆ । ਬ੍ਰਹਮ ਕਿਹਾ ਵੇਖੋ ਪ੍ਰਭ ਨੇ ਵੰਡੇ ਸੋਹਣੇ ਹਿੱਸੇ, ਸੋਹਣੀ ਬਣਤ ਬਣਾਈਆ । ਆਤਮ ਕਿਹਾ ਜਿਸ ਦਵਾਰੇ ਇਕੋ ਇਕ ਦਿਸੇ, ਦੂਜਾ ਨਜ਼ਰ ਕੋਇ ਨਾ ਆਈਆ । ਓਥੇ ਭਗਤ
੨੪੨ ਭਗਵਾਨ ਲੇਖ ਲਿਖੇ, ਸੋਹਣੀ ਬਣਤ ਬਣਾਈਆ । ਕੋਈ ਅੱਖਰਾਂ ਵਾਲੇ ਨਹੀਂ ਚਿੱਠੇ, ਧੁਰ ਦੀ ਧਾਰ ਆਪ ਜਣਾਈਆ । ਜਿਸ ਦੇ ਕੋਲੋਂ ਗੁਰ ਅਵਤਾਰ ਪੀਰ ਪੈਗ਼ੰਬਰ ਸਿੱਖੇ, ਸਾਚੀ ਸਿਖਿਆ ਝੋਲੀ ਪਾਈਆ । ਉਹ ਸਾਹਿਬ ਸਵਾਮੀ ਵਸਦਾ ਜਿਥੇ, ਓਥੇ ਰਾਗ ਨਾਦ ਦੇਣਾ ਜਣਾਈਆ । ਆਤਮ ਕਿਹਾ ਕੋਈ ਮੈਨੂੰ ਪੁੱਛੇ, ਮੈਂ ਸਚ ਦਿਆਂ ਸਮਝਾਈਆ । ਸਾਰੇ ਵੇਖੋ ਉਠੋ ਤੱਕੋ ਪ੍ਰਭ ਆਇਆ ਭਗਤਾਂ ਹਿੱਸੇ, ਭਗਵਨ ਆਪਣੀ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਡੋਰੀ ਆਪੇ ਖਿੱਚੇ, ਦੂਜਾ ਨਜ਼ਰ ਕੋਇ ਨਾ ਆਈਆ । ੨੪੨

### ✻ ੧੨ ਮਾਘ ੨੦੨੧ ਬਿਕ੍ਰਮੀ ਸਮਪੂਰਨ ਸਿੰਘ, ਸੁੰਦਰ ਸਿੰਘ ਦੇ ਗ੍ਰਹਿ ਫੇਰੂ ਸ਼ਹਿਰ ✻

ਆਤਮ ਕਹੇ ਮੇਰਾ ਅੰਤਰ ਰੂਪ, ਸਤਿ ਸਤਿਵਾਦੀ ਨਜ਼ਰੀ ਆਇੰਦਾ । ਵਿਸਮਾਦੀ ਹੋਵਾਂ ਸਤਿ ਸਰੂਪ, ਅਬਿਨਾਸ਼ੀ ਕਰਤੇ ਵਿਚ ਸਮਾਇੰਦਾ । ਵੇਖ ਵਖਾਣਾਂ ਚਾਰੇ ਕੂਟ, ਦਹਿ ਦਿਸ਼ਾ ਖੋਜ ਖੁਜਾਇੰਦਾ । ਮੇਰਾ ਨਾਤਾ ਕਦੇ ਨਾ ਜੁੜਿਆ ਜੂਠ ਝੂਠ, ਮਾਇਆ ਮਮਤਾ ਮੋਹ ਨਾ ਕੋਇ ਰਖਾਇੰਦਾ । ਸਦ ਮੇਲ ਮਿਲਾਵਾਂ ਕਾਇਆ ਬੁਤ, ਅਬਿਨਾਸ਼ੀ ਅਚੁਤ ਜੋੜ ਜੁੜਾਇੰਦਾ । ਸਾਚੀ ਧਾਰੋਂ ਪਰਗਟ ਹੋ ਕੇ ਪਵਾਂ ਉਠ, ਜਨਨੀ ਜਨ ਨਾ ਕੋਇ ਵਖਾਇੰਦਾ । ਜਨ ਭਗਤਾਂ ਅੰਦਰ ਮੌਲੇ ਰੁੱਤ, ਫੁਲ ਫੁਲਵਾੜੀ ਸਚ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਇੰਦਾ । ਆਤਮ ਕਹੇ ਮੇਰਾ ਸਚ ਅਸਥਾਨ, ਭੂਮਿਕਾ ਇਕ ਜਣਾਈਆ । ਜਿਥੇ ਝੂਲਦਾ ਧਰਮ ਨਿਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ ।

ਨਾ ਜ਼ਿਮੀਂ ਨਾ ਅਸਮਾਨ, ਬ੍ਰਹਿਮੰਡ ਖੰਡ ਵੰਡ ਨਾ ਕੋਇ ਵੰਡਾਈਆ । ਨਾ ਸ਼ਾਸਤਰ ਸਿਮਰਤ ਵੇਦ ਪੁਰਾਨ, ਕਥਨੀ ਕਥ ਨਾ ਕੋਇ ਵਡਿਆਈਆ । ਸੂਰਜ ਚੰਦ ਨਾ ਕੋਇ ਭਾਨ, ਦਿਵਸ ਰੈਣ ਨਾ ਕੋਇ ਵਖਾਈਆ । ਨਾ ਗੋਪੀ ਨਾ ਦਿਸੇ ਕਾਹਨ, ਨਟੂਆ ਵੇਸ ਨਾ ਕੋਇ ਧਰਾਈਆ । ਜਿਸ ਗ੍ਰਿਹ ਵਸੇ ਸ੍ਰੀ ਭਗਵਾਨ, ਤਿਸ ਚਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅਨਾਦੀ ਮੇਲਾ ਆਪ ਕਰਾਈਆ । ਆਤਮ ਕਹੇ ਮੇਰਾ ਧਾਮ ਅਵੱਲਾ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਘਰ ਵਿਚ ਘਰ ਵਸਾਂ ਇਕ ਇਕੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਸਚ ਪ੍ਰੀਤੀ ਅੰਦਰ ਰਲਾ, ਪਰਮਾਤਮ ਇਕੋ ਇਕ ਵੇਖ ਵਖਾਇੰਦਾ । ਜਿਸ ਦੀ ਧਾਰ ਵਿਚੋਂ ਪਲਾ, ਆਪ ਆਪਣਾ ਬੰਸ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਦਇਆ ਕਮਾਇੰਦਾ । ਆਤਮ ਕਹੇ ਮੇਰਾ ਸੋਹਣਾ ਮਕਾਨ, ਜਨ ਭਗਤ ਬਣਤ ਬਣਾਈਆ । ਜਿਥੇ ਇਕੋ ਸ਼ਰਅ ਇਕੋ ਈਮਾਨ, ਸਤਿ ਧਰਮ ਇਕ ਰਖਾਈਆ । ਇਕੋ ਕਲਮਾ ਇਕ ਕਲਾਮ, ਇਕੋ ਕਾਅਬਾ ਰਿਹਾ ਦ੍ਰਿੜਾਈਆ । ਇਕੋ ਨਾਮ ਗੁਣ ਨਿਧਾਨ, ਸਾਹਿਬ ਸਤਿਗੁਰ ਆਪ ਸਮਝਾਈਆ । ਇਕ ਸਰੋਵਰ ਇਕ ਇਸ਼ਨਾਨ, ਪਤਿਤ ਪੁਨੀਤ ਆਪ ਬਣਾਈਆ । ਇਕੋ ਗੀਤ ਇਕੋ ਗਾਨ, ਇਕੋ ਢੋਲਾ ਰਿਹਾ ਜਣਾਈਆ । ਸੋ ਘਰ ਦਵਾਰ ਦਿਸੇ ਮਹਾਨ, ਮਹਿੰਮਾ ਕਥ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇੜਾ ਰਿਹਾ ਵਸਾਈਆ । ਆਤਮ ਕਹੇ ਮੇਰਾ ਸੁਹੰਜਣਾ ਖੇੜਾ, ਦਿਵਸ ਰੈਣ ਰਹੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਦਿਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਚੋਰਾਂ ਯਾਰਾਂ ਠੱਗਾਂ ਨਾ ਕੋਈ ਝੇੜਾ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਨਾ ਕੋਇ ਲੜਾਈਆ । ਸ਼ੌਹ ਦਰਿਆ ਨਾ ਡੁੱਬੇ ਬੇੜਾ, ਵੈਂਹਦੀ ਧਾਰ ਨਾ ਕੋਇ ਵਹਾਈਆ । ਕੂੜੀ ਕਿਰਿਆ ਨਾ ਕੋਈ ਡੇਰਾ, ਹਉਮੇ ਹੰਗਤਾ ਗੜ੍ਹ ਨਾ ਕੋਈ ਬਣਾਈਆ । ਪ੍ਰਭ ਸਰਨਾਈ ਸਚ ਵਸੇਰਾ, ਚਰਨ ਕਵਲ ਇਕ ਸਮਝਾਈਆ । ਦਿਵਸ ਰੈਣ ਕਦੇ ਨਾ ਹੋਏ ਅੰਧੇਰਾ, ਇਕੋ ਜੋਤੀ ਨੂਰ ਡਗਮਗਾਈਆ । ਬਿਨ ਸਾਹਿਬ ਸਤਿਗੁਰ ਪੁੱਛੇ ਕਿਹੜਾ, ਜੀਵਾਂ ਜੰਤਾਂ ਸਮਝ ਜਗਤ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਆਤਮ ਕਹੇ ਮੇਰਾ ਨਿਵਾਸ ਚੰਗਾ, ਅਬਿਨਾਸ਼ੀ ਦਿਤੀ ਵਡਿਆਈਆ । ਲੋੜ ਰਹੀ ਨਾ ਕਿਸੇ ਗੰਗਾ, ਅਠਸਠ ਨਾ ਕੋਇ ਸਰਨਾਈਆ । ਲੇਖਾ ਚੁਕਣਾ ਨਾਦ ਮਰਦੰਗਾ, ਜਗਤ ਤੰਬੂਰ ਨਾ ਕੋਇ ਵਜਾਈਆ । ਰਸਨਾ ਜਿਹਵਾ ਛੁਟਿਆ ਅਨੰਦਾ, ਅਨੰਦ ਇਕੋ ਇਕ ਸਮਝਾਈਆ । ਠਾਕਰ ਸਵਾਮੀ ਮਿਲਿਆ ਬਖ਼ਸ਼ੰਦਾ, ਮਿਹਰਵਾਨ ਹੋਇਆ ਸਹਾਈਆ । ਸੋ ਗੁਰਮੁਖ ਸੁਹੇਲਾ ਸਾਜਣ ਖ਼ਾਕੀ ਬੰਦਾ, ਜਿਸ ਬੰਧਨ ਦਿਤਾ ਤੁੜਾਈਆ । ਘਰ ਪਰਕਾਸ਼ ਕਰ ਕੇ ਚੰਦਾ, ਨੂਰੋ ਨੂਰ ਦਿਤਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਆਤਮ ਕਹੇ ਮੈਂ ਨੂਰ ਨੂਰਾਨਾ, ਬੇਨਜ਼ੀਰ ਦਿਤੀ ਵਡਿਆਈਆ । ਦੀਆ ਬਾਤੀ ਇਕ ਮਹਾਨਾ, ਕਮਲਾਪਾਤੀ ਦਿਤਾ ਜਗਾਈਆ । ਸਾਢੇ ਤਿੰਨ ਹੱਥ ਸੁਹਾ ਕੇ ਸਚ ਮਕਾਨਾ, ਜਨ ਭਗਤਾਂ ਭੇਵ ਖੁਲ੍ਹਾਈਆ । ਬੋਧ ਅਗਾਧਾ ਦੇ ਗਿਆਨਾ, ਹੁਕਮੀ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਆਤਮ ਕਹੇ ਮੇਰਾ ਘਰ ਥਿਰ, ਪੁਰਖ ਅਬਿਨਾਸ਼ੀ ਦਿਤਾ ਬਣਾਈਆ । ਜਿਥੋਂ ਕਦੀ ਨਾ ਜਾਵਾਂ ਗਿਰ, ਅਸਥਲ ਹੋ ਕੇ ਡੇਰਾ ਲਾਈਆ । ਮੇਰਾ ਮੇਲਾ ਨਾਲ ਨਿਰਵੈਰ

ਨਿਰ, ਨਰ ਨਿਰੰਕਾਰ ਜੋੜ ਜੁੜਾਈਆ । ਭਗਤਾਂ ਅੰਦਰ ਵੜ ਕੇ ਨਾ ਆਵਾਂ ਫਿਰ, ਦੂਜਾ ਵੇਸ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਤਮ ਕਹੇ ਮੈਂ ਸਦਾ ਅਨਮੋਲ, ਸਤਿ ਸਰੂਪੀ ਰੂਪ ਵਟਾਇੰਦਾ । ਮੇਰਾ ਕੋਈ ਨਾ ਤੋਲੇ ਤੋਲ, ਮਾਸ਼ਾ ਰਤੀ ਟੰਕ ਵਜ਼ਨ ਨਾ ਕੋਇ ਰਖਾਇੰਦਾ । ਮੇਰਾ ਪਰਦਾ ਸਕੇ ਨਾ ਕੋਇ ਫੋਲ, ਬਿਨ ਸਤਿਗੁਰ ਪੂਰੇ ਹੱਥ ਕਿਸੇ ਨਾ ਆਇੰਦਾ । ਹਰ ਘਟ ਅੰਦਰ ਬੈਠਾ ਰਹਾਂ ਅਡੋਲ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਆਤਮ ਕਹੇ ਮੇਰਾ ਮੇਲਾ ਬਿਛਰਤ, ਜੁਗ ਜਨਮ ਵਿਛੜੇ ਮੇਲ ਮਿਲਾਈਆ । ਮੇਰਾ ਲਹਿਣਾ ਚੁਕਿਆ ਕੂੜ ਕੁੜਿਆਰੀ ਐਸ਼ੋਂ ਇਸ਼ਰਤ, ਸਚ ਪ੍ਰੇਮੀ ਰੂਪ ਵਟਾਈਆ । ਮੈਂ ਵੇਖ ਵਖਾਵਾਂ ਸਭ ਦੀ ਫ਼ਿਤਰਤ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ੇ ਸਤਿ ਸਚ ਸਰਨਾਈਆ । ਆਤਮ ਕਹੇ ਮੇਰਾ ਅਨੰਦ ਮਲੂਕ, ਕੋਮਲ ਨਾਜ਼ਕ ਨਜ਼ਰੀ ਆਈਆ । ਮੇਰਾ ਸੰਤਾਂ ਭਗਤਾਂ ਕੋਲ ਸਬੂਤ, ਦੂਜਾ ਸਕੇ ਨਾ ਕੋਇ ਸਮਝਾਈਆ । ਮੇਰਾ ਵਸੇਰਾ ਕਾਇਆ ਕਲਬੂਤ, ਤੱਤਾਂ ਅੰਦਰ ਡੇਰਾ ਲਾਈਆ । ਮੇਰਾ ਕਿਲ੍ਹਾ ਕੋਟ ਮਜ਼ਬੂਤ, ਬਜਰ ਕਪਾਟੀ ਗੜ੍ਹ ਨਾ ਕੋਇ ਤੁੜਾਈਆ । ਮੈਂ ਘਰ ਵਿਚ ਘਰ ਬੈਠਾ ਹੋ ਮਹਿਫ਼ੂਜ਼, ਬਾਹਰ ਸਕੇ ਨਾ ਕੋਇ ਕਢਾਈਆ । ਮੇਰਾ ਅਰਸ਼ ਕੁਰਸ਼ ਤੋਂ ਉਚਾ ਅਰੂਜ, ਮਹਲ ਅਟਲ ਸੋਭਾ ਪਾਈਆ । ਮੇਰਾ ਇਕੋ ਇਕ ਮਹਿਬੂਬ, ਮੁਹੱਬਤ ਜਿਸ ਦੇ ਨਾਲ ਰਖਾਈਆ । ਜਿਧਰ ਵੇਖਾਂ ਓਧਰ ਮੌਜੂਦ, ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਆਤਮ ਕਹੇ ਮੇਰਾ ਅੰਤਰਜਾਮੀ, ਆਦਿ ਪੁਰਖ ਇਕ ਅਖਵਾਇੰਦਾ । ਜਿਸ ਦਾ ਹੁਕਮ ਸ਼ਬਦ ਅਗੰਮੀ ਬਾਣੀ, ਦੋ ਜਹਾਨਾਂ ਆਪ ਸੁਣਾਇੰਦਾ । ਜਿਸ ਦਾ ਖੇਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਜਿਸ ਦੀ ਸੰਤ ਸੁਹੇਲੇ ਲੋਕਮਾਤ ਸੱਚੀ ਨਿਸ਼ਾਨੀ, ਭਗਤ ਭਗਵੰਤ ਆਪ ਪਰਗਟਾਇੰਦਾ । ਸੋ ਵੇਖਣਹਾਰਾ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਫੇਰਾ ਪਾਇੰਦਾ । ਗੁਰਸਿਖ ਸਚ ਦਵਾਰ ਬਖ਼ਸ਼ ਕੇ ਚਰਨ ਕਵਲ ਧਿਆਨੀ, ਇਸ਼ਟ ਇਕੋ ਇਕ ਸਮਝਾਇੰਦਾ । ਅੰਮ੍ਰਿਤ ਆਤਮ ਨਿਝਰ ਰਸ ਦੇ ਕੇ ਠੰਡਾ ਪਾਣੀ, ਤ੍ਰਿਸ਼ਨਾ ਭੁਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਕਹੇ ਮੇਰਾ ਪਰਮਾਤਮ ਬਾਨੀ, ਜੋ ਨਿਤ ਨਵਿਤ ਜੁਗੋ ਜੁਗ ਬਾਣਾ ਜਗਤ ਬਦਲਾਇੰਦਾ ।



### ❊ ੧੨ ਮਾਘ ੨੦੨੧ ਬਿਕ੍ਰਮੀ ਅਰਜਨ ਸਿੰਘ ਦੇ ਗ੍ਰਿਹ ਬਸਤੀ ਖਲੀਲ ❊

ਜੋਤ ਕਹੇ ਮੈਂ ਜਾਗਦੀ, ਜਾਗਰਤ ਰੂਪ ਨਜ਼ਰੀ ਆਈਆ । ਸ਼ਬਦ ਕਹੇ ਸੁਣੋ ਆਵਾਜ਼ ਮੇਰੇ ਨਾਦ ਦੀ, ਅਗੰਮ ਅਥਾਹ ਰਿਹਾ ਸੁਣਾਈਆ । ਬ੍ਰਹਮ ਕਹੇ ਵੇਖ ਖੇਲ ਮੇਰੇ ਮਹਾਰਾਜ ਦੀ, ਮਿਹਰਵਾਨ ਆਪਣੀ ਧਾਰ ਚਲਾਈਆ । ਆਤਮ ਕਹੇ ਮੈਂ ਓਸ ਦੀ ਪੈਜ ਸੁਆਰਦੀ, ਜਿਸ ਮੇਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਜੋਤ ਕਹੇ ਸੁਣ ਸ਼ਬਦੀ ਸੰਗੀ, ਸਚ ਦਿਆਂ ਦ੍ਰਿੜਾਈਆ । ਸ਼ਬਦ ਕਹੇ ਸੁਣ ਬ੍ਰਹਮ ਭੁਯੰਗੀ, ਕੁਛ ਤੈਨੂੰ ਦਿਆਂ ਬਤਾਈਆ । ਬ੍ਰਹਮ ਕਹੇ ਆਤਮ ਪਰਦਾ ਲਾਹ ਕੇ ਹੋ ਜਾ ਨੰਗੀ, ਓਹਲਾ ਦੇ ਉਠਾਈਆ ।

ਚਾਰ ਕੁੰਟ ਦਹਿ ਦਿਸ਼ਾ ਵੇਖ ਕੂੜੀ ਕਿਰਿਆ ਜਗਤ ਪਖੰਡੀ, ਸਤਿ ਸਚ ਨਾ ਕੋਇ ਸਮਝਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਅੰਤਰ ਆਤਮ ਮਿਲੇ ਕੋਈ ਨਾ ਡੰਡੀ, ਰਹਿਬਰ ਰਾਹ ਨਾ ਕੋਇ ਵਖਾਈਆ । ਧੁਰ ਦਾ ਢੋਲਾ ਗੀਤ ਗੋਬਿੰਦ ਸਾਹਿਬ ਸਵਾਮੀ ਗਾਏ ਕੋਇ ਨਾ ਛੰਦੀ, ਸ਼ਹਿਨਸ਼ਾਹ ਸੀਸ ਨਾ ਕੋਇ ਨਿਵਾਈਆ । ਵਰਨ ਬਰਨ ਚਾਰ ਕੁੰਟ ਦਹਿ ਦਿਸ਼ਾ ਜਗਤ ਵਿਕਾਰਾ ਝੂਠੀ ਪਾਬੰਦੀ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਦੀਨ ਦੁਨੀ ਹੋਈ ਨੰਗੀ, ਓਢਨ ਸੀਸ ਨਾ ਕੋਇ ਟਿਕਾਈਆ । ਵਸਤ ਮਿਲੇ ਨਾ ਕੋਇ ਮੰਗੀ, ਖ਼ਾਲੀ ਹੱਥ ਸਰਬ ਕੁਰਲਾਈਆ । ਜੀਵਾਂ ਜੰਤਾਂ ਆਈ ਤੰਗੀ, ਤੰਗਦਸਤ ਦਿਸੇ ਲੋਕਾਈਆ । ਸੁਰਤ ਸਵਾਣੀ ਹੋ ਗਈ ਰੰਡੀ, ਹਰਿ ਜੂ ਕੰਤ ਨਾ ਕੋਇ ਹੰਢਾਈਆ । ਕਾਇਆ ਚੋਲੀ ਬਿਨ ਭਗਤ ਕਿਸੇ ਨਾ ਰੰਗੀ, ਰੰਗ ਚਲੂਲ ਨਾ ਕੋਇ ਚੜ੍ਹਾਈਆ । ਮੇਰੀ ਦਰੋਹੀ ਵਿਚ ਵਰਭੰਡੀ, ਬ੍ਰਹਿਮੰਡ ਰਹੇ ਕੁਰਲਾਈਆ । ਜਗਤ ਵਿਦਿਆ ਹੋਈ ਅੰਧੀ, ਨੇਤਰ ਗਿਆਨ ਨਾ ਕੋਇ ਖੁਲ੍ਹਾਈਆ । ਫਿਰੀ ਦਰੋਹੀ ਤਟ ਕਿਨਾਰੇ ਕੰਢੀ, ਸਰੋਵਰ ਮਾਰਨ ਧਾਹੀਆ । ਸੱਜਣ ਸਹੇਲੀ ਸਖ਼ੀ ਮਿਲੇ ਕੋਇ ਨਾ ਚੰਗੀ, ਚਾਤਰਕ ਰੂਪ ਨਾ ਕੋਇ ਵਟਾਈਆ । ਸਚ ਪ੍ਰੇਮ ਪ੍ਰੀਤਮ ਨਾਲ ਕੋਈ ਨਾ ਹੰਢੀ, ਜਗਤ ਪ੍ਰੇਮਿਕਾ ਬੈਠੀ ਰੂਪ ਵਟਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਆਵੇ ਦੁਰਗੰਧੀ, ਸੁਗੰਧੀ ਸਚ ਨਾ ਕੋਇ ਭਰਾਈਆ । ਸਾਧਾਂ ਸੰਤਾਂ ਜਗਤ ਵਿਕਾਰਾਂ ਲਾਈ ਮੰਡੀ, ਨਿਰਵੈਰ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸ਼ਬਦ ਕਹੇ ਸੁਣ ਜੋਤ ਅਕਾਲਣ, ਸਤਿ ਸਚ ਦਿਆਂ ਦ੍ਰਿੜਾਈਆ । ਬ੍ਰਹਮ ਕਹੇ ਮੈਂ ਕਰਾਂ ਸਵਾਲਣ, ਆਪਣੀ ਝੋਲੀ ਡਾਹੀਆ । ਆਤਮ ਕਹੇ ਮੈਂ ਬਣ ਕੇ ਸਾਚੀ ਮਾਲਣ, ਸੋਹਣੀ ਸੇਵ ਕਮਾਈਆ । ਚਾਰੇ ਮਿਲ ਕੇ ਬਣੀਏ ਮਾਤ ਦਲਾਲਣ, ਸਤਿ ਦਲਾਲੀ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਤਮ ਕਹੇ ਸੁਣ ਬ੍ਰਹਮ ਮੀਤਾ, ਸਚ ਦਿਆਂ ਦ੍ਰਿੜਾਈਆ । ਸ਼ਬਦ ਰਹੇ ਸਦਾ ਅਤੀਤਾ, ਅਪਣੇ ਵਿਚ ਸਮਾਈਆ । ਜੋਤ ਪਰਕਾਸ਼ ਇਕੋ ਕੀਤਾ, ਨੂਰ ਨੂਰ ਰੁਸ਼ਨਾਈਆ । ਚਾਰੋਂ ਮਿਲ ਕੇ ਹੋਏ ਠਾਂਡੇ ਸੀਤਾ, ਅਗਨੀ ਤੱਤ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰ ਕਹਿਣ ਕੁਛ ਕਰੀਏ ਖੇਲ, ਆਪਣੀ ਕਾਰ ਕਮਾਈਆ । ਪੰਜਾਂ ਤੱਤਾਂ ਕਰਕੇ ਮੇਲ, ਧੁਰ ਮੇਲਾ ਜੋੜ ਜੁੜਾਈਆ । ਘਰ ਮੰਦਰ ਬਣਾ ਨਵੇਲ, ਗ੍ਰਿਹ ਆਪਣਾ ਰੰਗ ਰੰਗਾਈਆ । ਦੀਪ ਜਗਾ ਬਿਨ ਬਾਤੀ ਤੇਲ, ਸਤਿ ਸਚ ਕਰ ਰੁਸ਼ਨਾਈਆ । ਅਚਰਜ ਕਰ ਅਗੰਮਾ ਖੇਲ, ਸ਼ਬਦ ਨਾਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ਼ਬਦ ਜੋਤ ਆਤਮ ਬ੍ਰਹਮ ਚਾਰੇ ਕਹਿਣ ਬਣਾਈਏ ਬੰਕ, ਪੰਜ ਤੱਤ ਕਾਇਆ ਸੋਭਾ ਪਾਈਆ । ਕਰੀਏ ਖੇਲ ਬਹੁ ਬਿਧ ਅਨਕ, ਅਗਣਤ ਧਾਰ ਚਲਾਈਆ । ਦੇ ਵਡਿਆਈ ਜੀਵ ਜੰਤ, ਲੱਖ ਚੁਰਾਸੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਚਾਰ ਕਹਿਣ ਸਾਡਾ ਲੱਗਾ ਨੇਂਹ, ਨਾਤਾ ਇਕੋ ਜੋੜ ਜੁੜਾਈਆ । ਏਨ੍ਹਾਂ ਮਿਲ ਕੇ ਬਣਾਈ ਦੇਹ, ਸੋਹਣਾ ਰੰਗ ਰੰਗਾਈਆ । ਵਸਤ ਅਮੋਲਕ ਅਗੰਮੀ ਸ਼ੈ, ਪੁਰਖ ਅਕਾਲ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੰਜ ਤਤ ਕਹਿਣ ਕਿਉਂ ਸਾਨੂੰ ਕੀਤਾ ਕੱਠਾ, ਮੇਲਾ ਲਿਆ ਮਿਲਾਈਆ ।

ਭੇਵ ਖੋਲ੍ਹ ਕੇ ਦੱਸ ਦਿਓ ਰਤਾ, ਸਮਝ ਸਮਝ ਵਿਚ ਪਰਗਟਾਈਆ । ਜੋਤ ਕਿਹਾ ਇਹ ਸ਼ਬਦ ਬਣਾਇਆ ਸੱਚਾ, ਘਾੜਤ ਲਿਆ ਘੜਾਈਆ । ਬ੍ਰਹਮ ਕਿਹਾ ਮੈਨੂੰ ਇਸੇ ਰੱਖਾ, ਦਿਤੀ ਮਾਣ ਵਡਿਆਈਆ । ਆਤਮ ਕਹੇ ਮੈਂ ਅੰਦਰੇ ਵਸਾਂ, ਸੋਹਣਾ ਡੇਰਾ ਲਾਈਆ । ਪੰਜਾਂ ਤੱਤਾਂ ਕਿਹਾ ਕੁਛ ਹੋਰ ਦੱਸਾਂ, ਆਪਣਾ ਹਾਲ ਜਣਾਈਆ । ਮੈਨੂੰ ਕਿਹੜਾ ਮਿਲਣਾ ਭੱਤਾ, ਧੀਰਜ ਕਵਣ ਧਰਾਈਆ । ਮੈਂ ਕਿਸ ਦੀ ਆਸ ਰੱਖਾਂ, ਨੇਤਰ ਨੈਣ ਉਠਾਈਆ । ਕਿਸ ਦੇ ਸਹਾਰੇ ਵਸਾਂ, ਬੈਠਾਂ ਰਾਹ ਤਕਾਈਆ । ਸ਼ਬਦ ਕਿਹਾ ਮੈਂ ਕਹਾਣੀ ਤੈਨੂੰ ਇਕੋ ਵਾਰ ਦੱਸਾਂ, ਭੇਵ ਅਭੇਦਾ ਆਪ ਖੁਲ੍ਹਾਈਆ । ਕਰੇ ਖੇਲ ਪੁਰਖ ਸਮਰਥਾ, ਨਿਰਗੁਣ ਨਿਰਵੈਰ ਵੇਸ ਵਟਾਈਆ । ਖੇਲ ਕਰਾਏ ਹਕਾ, ਹਕ਼ੀਕ਼ਤ ਖੋਜ ਖੁਜਾਈਆ । ਤੇਰਾ ਲਹਿਣਾ ਦੇਣਾ ਗੋਬਿੰਦ ਹੱਥਾ, ਪੰਚਮ ਮੇਲਾ ਸਹਿਜ ਸੁਭਾਈਆ । ਤੇਰਾ ਪਹਿਲਾ ਲੇਖ ਇਕ ਪਾਉ ਦਾ ਵੱਟਾ, ਸੋਹਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਖੇਲ ਵਖਾਈਆ । ਪੰਜ ਤੱਤ ਸੁਣੋ ਕਰ ਧਿਆਨ, ਸ਼ਬਦੀ ਸ਼ਬਦ ਜਣਾਈਆ । ਤੁਹਾਡਾ ਲੇਖਾ ਵਿਚ ਜਹਾਨ, ਹਰਿ ਕਰਤਾ ਆਪ ਚੁਕਾਈਆ । ਜੁਗ ਚੌਕੜੀ ਚਲਦਾ ਰਹੇ ਪਕਵਾਨ, ਸਾਚੀ ਵੰਡ ਨਾ ਕੋਇ ਵੰਡਾਈਆ । ਸੇਵਾ ਕਰ ਕੇ ਜਾਣ ਸੀਤਾ ਰਾਮ, ਗੋਪੀ ਕਾਹਨ ਫੇਰੀਆਂ ਪਾਈਆ । ਈਸਾ ਮੂਸਾ ਮੁਹੰਮਦ ਦੇ ਕੇ ਜਾਣ ਪੈਗ਼ਾਮ, ਨਾਨਕ ਗੋਬਿੰਦ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਪੰਜਾਂ ਤੱਤਾਂ ਦੀ ਧਾਰ ਪੰਜ ਕਰੇ ਪਰਵਾਨ, ਪੰਜਾਂ ਦੇਵੇ ਮਾਣ ਵਡਿਆਈਆ । ਗੋਬਿੰਦ ਇਕ ਫ਼ਰਮਾਣ, ਸਚ ਸੰਦੇਸ਼ਾ ਦਏ ਸੁਣਾਈਆ । ਇਕ ਦੋ ਪਾਓ ਆਟਾ ਪਲੂ ਸਾਰੇ ਗੰਢ ਬੰਧਾਣ, ਪੰਜਾਂ ਪਿਆਰਿਆਂ ਝੋਲੀ ਦਏ ਭਰਾਈਆ । ਓਸ ਵੇਲੇ ਓਨ੍ਹਾਂ ਦਾ ਧੜਵਾਈ ਇਕ ਤਰਖਾਣ, ਚੁਤਾਲੀ ਸਾਲ ਉਮਰ ਗਣਾਈਆ । ਓਸ ਸਭ ਦੀ ਝੋਲੀ ਪਾਇਆ ਦਾਨ, ਹੁਕਮ ਮੰਨਿਆ ਬੇਪਰਵਾਹੀਆ । ਗੋਬਿੰਦ ਫੇਰ ਕਿਹਾ ਨਾਲ ਜ਼ਬਾਨ, ਧੁਰ ਸੰਦੇਸ਼ਾ ਦਿਤਾ ਜਣਾਈਆ । ਕੁਛ ਮੰਗੋ ਬਾਲ ਅੰਞਾਣ, ਦੇਵਣਹਾਰ ਦਇਆ ਕਮਾਈਆ । ਅਗੋਂ ਬੋਲਿਆ ਉਹ ਬਾਢੀ ਨੀਵਾਂ ਕਰ ਧਿਆਨ, ਨੇਤਰ ਅੱਖ ਸ਼ਰਮਾਈਆ । ਮੇਰਾ ਵਾਧਾ ਕਰ ਜਹਾਨ, ਵਾਅਦਾ ਇਕ ਸਮਝਾਈਆ । ਹੁਕਮ ਹੋਇਆ ਚਾਰੇ ਕਰ ਕੇ ਬਲੀਦਾਨ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਜਿਸ ਵੇਲੇ ਮੇਰੇ ਨਾਲ ਹੋਵੇ ਮੇਰਾ ਭਗਵਾਨ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਤੇਰੇ ਇਕ ਪਾਓ ਦਾ ਇਕ ਸੇਰ ਬਣੇ ਆਣ, ਇਕ ਤੋਂ ਚਾਰ ਦਏ ਵਖਾਈਆ । ਪੰਜਾਂ ਪਿੱਛੇ ਹਰਿਸੰਗਤ ਖਾਏ ਤੇਰਾ ਪਕਵਾਨ, ਮੰਗਤ ਰਹਿਣ ਕੋਇ ਨਾ ਪਾਈਆ । ਤੂੰ ਹੋਣਾ ਵੱਡਾ ਧੰਨਵਾਨ, ਭਗਤ ਬਲਵਾਨ ਰੂਪ ਵਟਾਈਆ । ਤੇਰਾ ਲਹਿਣਾ ਚੁਕਾਵੇ ਆਣ, ਅਭੁਲ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪਾਓ ਕਹੇ ਮੇਰੇ ਗੁਣੇ ਚੌਗੁਣੇ ਚਾਰ, ਚੌਥੇ ਜੁਗ ਅੰਤ ਮਿਲੀ ਵਡਿਆਈਆ । ਇਹੋ ਜਿਹਾ ਜੇ ਸਭ ਨੂੰ ਮਿਲੇ ਆਧਾਰ, ਭੁੱਖਾ ਰਹਿਣ ਕੋਇ ਨਾ ਪਾਈਆ । ਭਰਿਆ ਰਹੇ ਭੰਡਾਰ, ਅਤੋਟ ਅਤੁਟ ਵਰਤਾਈਆ । ਗੋਬਿੰਦ ਨਹੀਂ ਪ੍ਰੇਮੀਆਂ ਦਾ ਪਿਆਰ, ਨਿਮਾਣਿਆਂ ਦਾ ਮਾਣ ਨਜ਼ਰੀ ਆਈਆ । ਸੱਜਣਾਂ ਦਾ ਸੱਜਣ ਵਿਚ ਸੰਸਾਰ, ਦਾਤਿਆਂ ਦਾ ਦਾਤਾ ਨੂਰ ਖ਼ੁਦਾਈਆ । ਕਰਨਹਾਰਾ ਸਚ ਵਿਹਾਰ, ਬਿਵਹਾਰੀ ਆਪਣੀ ਖੇਲ ਵਖਾਈਆ । ਪਿਛਲਾ ਕਰਜ਼ਾ ਦਿਤਾ ਉਤਾਰ, ਧੁਰ ਦਾ ਲੇਖਾ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੇ ਬਣਿਆ ਰਹੇ ਸਦਾ ਦਲਾਲ, ਵਿਚੋਲਾ ਹੋ ਕੇ ਸੇਵ ਕਮਾਈਆ ।



੨੪੬

## ✲ ੧੩ ਮਾਘ ੨੦੨੧ ਬਿਕ੍ਰਮੀ ਹਰੀ ਸਿੰਘ ਦੇ ਗ੍ਰਿਹਿ ਪਿੰਡ ਖਲੀਲ ਬਸਤੀ ✲

ਇਕ ਤੋਂ ਬਣਿਆ ਚਾਰ, ਚਾਰ ਕੁੰਟ ਕਰਾਂ ਜਣਾਈਆ । ਚੌਥੇ ਜੁਗ ਦਾ ਸਚ ਪਿਆਰ ਪਤਿਪਰਮੇਸ਼ਵਰ ਇਕ ਰਖਾਈਆ । ਪੂਰਬ ਲਹਿਣਾ ਦੇਣਾ ਦੇਵੇ ਵਿਚ ਸੰਸਾਰ, ਵਡ ਸੰਸਾਰੀ ਦਇਆ ਕਮਾਈਆ । ਭਗਤ ਸੁਹੇਲਾ ਬਣ ਗਿਰਵਰ ਗਿਰਧਾਰ, ਗਹਿਰ ਗੰਭੀਰ ਵੇਖੇ ਥਾਉਂ ਥਾਈਂਆ । ਜਨਮ ਕਰਮ ਦਾ ਲੇਖਾ ਰਿਹਾ ਵਿਚਾਰ, ਪੂਰਬ ਪਿਛਲਾ ਖੋਜ ਖੁਜਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਦੇਵਣਹਾਰ ਵਡਿਆਈਆ । ਸਚ ਦਵਾਰੇ ਦੇ ਕੇ ਮਾਣ, ਅਭਿਮਾਨ ਦਿਤਾ ਗਵਾਈਆ । ਮੇਲਾ ਮੇਲ ਕੇ ਵਿਚ ਜਹਾਨ, ਜਨ ਭਗਤਾਂ ਸੰਗ ਕਰੀ ਕੁੜਮਾਈਆ । ਮੈਨੂੰ ਖ਼ੁਸ਼ੀ ਹੋਈ ਮਹਾਨ, ਅੰਤਰ ਅੰਤਰ ਲਏ ਅੰਗੜਾਈਆ । ਮੈਂ ਦੇਵਾਂ ਇਕ ਬਿਆਨ, ਆਪਣੀ ਆਵਾਜ਼ ਸੁਣਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸੰਤ ਸੁਹੇਲੇ ਕਰੇ ਪਰਵਾਨ, ਧਰਨਾਪਤ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪਾਓ ਕਹੇ ਪ੍ਰਭ ਕੀਤੀ ਮਿਹਰ, ਦੀਨ ਦਿਆਲ ਦਇਆ ਕਮਾਈਆ । ਮੈਂ ਇਕ ਚਾਰ ਤੋਂ ਹੋਇਆ ਸੇਰ, ਵਾਧਾ ਆਪਣੇ ਹੱਥ ਰਖਾਈਆ । ਕਿਰਪਾ ਕੀਤੀ ਸਿੰਘ ਸ਼ੇਰ, ਸ਼ੇਅਰ ਹਿੱਸਾ ਆਪਣਾ ਨਾਲ ਮਿਲਾਈਆ । ਪੂਰਬ ਜਨਮ ਦੇ ਵਿਛੜੇ ਭਗਵਨ ਆਂਦੇ ਘੇਰ, ਘੇਰਾ ਬੰਦੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੇਰ ਕਹੇ ਮੈਂ ਵਕਤ ਦਾ ਰਿਹਾ ਹੋ ਕੇ ਸਵਾ, ਸੰਮਤ ਸੋਲਾਂ ਧਿਆਨ ਲਗਾਈਆ । ਚੌਥਾ ਹਿੱਸਾ ਮਿਲਿਆ ਸੀ ਬਾਵਾ ਆਦਮ ਮਾਈ ਹਵਾ, ਪਰਵਰਦਿਗਾਰ ਝੋਲੀ ਪਾਈਆ । ਦਰ ਬੇਨੰਤੀ ਦੋਏ ਜੋੜ

੨੪੭ ਉਨ੍ਹਾਂ ਮੰਗੀ ਦੁਆ, ਦਾਅਵਾ ਇਕੋ ਘਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ੨੪੭

ਸੇਰ ਕਹੇ ਮੇਰਾ ਸਵਾ ਸਵਾਇਆ, ਨਾਨਕ ਨਿਰਗੁਣ ਸਰਗੁਣ ਧਾਰ ਚਲਾਈਆ । ਕਿਰਪਾ ਕਰੀ ਹਰਿ ਰਘੁਰਾਇਆ, ਪੁਰਖ ਅਕਾਲ ਵਸਤ ਅਮੋਲਕ ਝੋਲੀ ਪਾਈਆ । ਸਚ ਭੰਡਾਰ ਜਿਸ ਵਰਤਾਇਆ, ਜਗਤ ਫ਼ਕੀਰਾਂ ਦਿਤਾ ਖਵਾਈਆ । ਕਾਲੂ ਧਨ ਕੂੜ ਲੁਟਾਇਆ, ਮਾਇਆ ਮਮਤਾ ਮੋਹ ਚੁਕਾਈਆ । ਓਸ ਵੇਲੇ ਇਕ ਪਾਓ ਇਕ ਸਾਧੂ ਨੇ ਪੱਲੇ ਗੰਢ ਬੰਧਾਇਆ, ਨਾਨਕ ਚਰਨਾਂ ਨਾਲ ਛੁਹਾਈਆ । ਨਾਨਕ ਨਿਰਗੁਣ ਸਰਗੁਣ ਬੋਲ ਜਣਾਇਆ, ਭੇਵ ਅਭੇਦਾ ਦਏ ਖੁਲ੍ਹਾਈਆ । ਸਚ ਦੱਸ ਇਹ ਕਿਉਂ ਚੁਰਾਇਆ, ਆਪਣੀ ਗੰਢ ਬਣਾਈਆ । ਓਸ ਕਿਹਾ ਮੈਨੂੰ ਅੰਦਰੋਂ ਕਿਸੇ ਹੁਕਮ ਸੁਣਾਇਆ, ਧੁਰ ਦੀ ਧਾਰ ਰਿਹਾ ਦ੍ਰਿੜਾਈਆ । ਇਕ ਪਾਉ ਦਾ ਲੇਖਾ ਗੋਬਿੰਦ ਹੱਥ ਨਜ਼ਰੀ ਆਇਆ, ਇਸੇ ਕਰ ਕੇ ਪੋਟਲੀ ਲਈ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਵੇਖ ਵਖਾਈਆ । ਇਕ ਪਾਉ ਕਹੇ ਮੈਨੂੰ ਆਇਆ ਪਿਛਲਾ ਖ਼ਿਆਲ, ਮੈਂ ਸਚ ਦਿਆਂ ਦ੍ਰਿੜਾਈਆ । ਜਿਸ ਵੇਲੇ ਰਾਵਣ ਸੀਤਾ ਪਿੱਛੇ ਹੋ ਬੇਹਾਲ, ਬਨਖੰਡ ਆਪਣਾ ਫੇਰਾ ਪਾਈਆ । ਓਸ ਵੇਲੇ ਇਕ ਪਾਓ ਸੀਤਾ ਦੇਣ ਲਗੀ ਸੀ ਦਾਨ, ਸੱਜਾ ਹੱਥ ਖੱਪਰੀ ਵਾਲਾ ਉਠਾਈਆ । ਓਧਰੋਂ ਰਾਵਣ ਹੰਕਾਰੀ ਬਲਵਾਨ, ਬਲ ਆਪਣਾ ਦਿਤਾ ਪਰਗਟਾਈਆ । ਜਿਸ ਵੇਲੇ ਬਾਂਹ ਫੜੀ ਉਹ ਹੋਈ ਹੈਰਾਨ, ਨੇਤਰ ਨੈਣਾਂ ਨੀਰ ਵਹਾਈਆ । ਹਾਏ ਕੀ ਹੋਇਆ ਰਾਮ, ਰਮਈਆ ਸਮਝ ਕੁਛ ਨਾ ਆਈਆ । ਓਸ ਵੇਲੇ ਇਕ ਪਾਓ ਆਟਾ ਡੁਲ੍ਹਿਆ ਜਿਸ ਦੀ ਧੂੜ ਉਡੀ ਜ਼ਿਮੀਂ ਅਸਮਾਨ, ਆਪਣਾ ਰੂਪ ਬਦਲਾਈਆ । ਸੀਤਾ ਕਿਹਾ ਇਸ ਵਿਚੋਂ ਮੇਰਾ ਭਗਵਾਨ ਖਾਂਦਾ

ਸੀ ਪਕਵਾਨ, ਪ੍ਰੇਮ ਰਸ ਰਸ ਵਿਚ ਮਿਲਾਈਆ । ਧੁਰ ਦਰਗਾਹੋਂ ਆਵਾਜ਼ ਆਈ ਮਹਾਨ, ਨਿਰਗੁਣ ਆਪਣਾ ਹੁਕਮ ਜਣਾਈਆ । ਪਸ਼ਚਾਤਾਪ ਨਾ ਕਰ ਬਾਲ ਅੰਞਾਣ, ਧੁਰ ਦੀ ਧਾਰ ਦਿਆਂ ਜਣਾਈਆ । ਇਸ ਦਾ ਲੇਖਾ ਕਲਜੁਗ ਅੰਤਮ ਚੁਕਣਾ ਆਣ, ਹਰਿ ਕਰਤਾ ਆਪ ਮੁਕਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਹੋਵੇ ਪਰਧਾਨ, ਜੋਤੀ ਜਾਤਾ ਵੇਸ ਵਟਾਈਆ । ਓਸ ਵੇਲੇ ਜਨ ਭਗਤਾਂ ਗ਼ਰੀਬ ਨਿਮਾਣਿਆਂ ਦੇ ਕੇ ਧੁਰ ਦਾ ਦਾਨ, ਸਾਚਾ ਵਕਤ ਲਏ ਸੁਹਾਈਆ । ਇਕ ਇਕ ਦਾ ਚਾਰ ਨਿਸ਼ਾਨ, ਚਾਰ ਚਾਰ ਦਾ ਮਾਲਕ ਨੌਜਵਾਨ, ਸ੍ਰੀ ਭਗਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣੇ ਹੱਥ ਰਖਾਈਆ । ਸੁਣ ਕੇ ਬਚਨ ਸੀਆ ਹੋ ਗਈ ਚੁਪ, ਅੰਤਰ ਅੰਤਰ ਧਿਆਨ ਲਗਾਈਆ । ਓਧਰੋਂ ਰਾਵਣ ਲਈ ਚੁਕ, ਭੱਜਾ ਵਾਹੋ ਦਾਹੀਆ । ਇਕ ਖ਼ਿਆਲ ਆਇਆ ਮੈਂ ਕਰ ਨਾ ਸਕੀ ਕੁਛ, ਫੜ ਕੇ ਆਪਣੀ ਝੋਲੀ ਲੈਂਦੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਓਧਰੋਂ ਇਕ ਪਾਓ ਕਹੇ ਮੈਂ ਡਿੱਗਾ ਨਹੀਂ ਧਰਤ, ਧਵਲ ਦੀ ਆਸਾ ਪੂਰ ਕਰਾਈਆ । ਮੇਰੀ ਤੇਰੇ ਨਾਲ ਸ਼ਰਤ, ਸ਼ਰਤੀਆ ਦਿਆਂ ਸਮਝਾਈਆ । ਜਿਸ ਵੇਲੇ ਤੇਰੇ ਰਾਮ ਦਾ ਰਾਮ ਆਇਆ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਓਸ ਵੇਲੇ ਮੈਂ ਕੀ ਕਰਾਂ ਦਰਸ, ਆਪਣੇ ਨੇਤਰ ਨੈਣ ਖੁਲ੍ਹਾਈਆ । ਦੋਏ ਜੋੜ ਬੇਨੰਤੀ ਕਰਾਂ ਅਰਜ਼, ਆਰਜ਼ੂ ਸਚ ਸੁਣਾਈਆ । ਜੇ ਪ੍ਰਭੂ ਤੈਨੂੰ ਦੁਖੀਆਂ ਦਾ ਦਰਦ, ਗ਼ਰੀਬਾਂ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਮੁਕਾਈਆ । ਸੀਆ ਕਿਹਾ ਸੁਣ ਮੇਰੀ ਬਾਤ, ਸਚ ਦਿਆਂ ਜਣਾਈਆ । ਤੂੰ ਰਖਣੀ ਯਾਦ, ਬਿਨ ਲੇਖਿਓਂ ਲਿਖਤ ਤੇਰੇ ਹੱਥ ਫੜਾਈਆ । ਜਿਸ ਵੇਲੇ ਕਿਰਪਾ ਕਰ ਆਪ ਮਹਾਰਾਜ, ਮਿਹਰਵਾਨ ਫੇਰਾ ਪਾਈਆ । ਓਸ ਵੇਲੇ ਮੈਨੂੰ ਖਾਣ ਵਾਲੇ ਹੋਣ ਸੰਤ ਭਗਤ ਸੱਚੇ ਸਾਧ, ਗੁਰਮੁਖ ਗੁਰਸਿਖ ਰੂਪ ਵਟਾਈਆ । ਓਨ੍ਹਾਂ ਨੂੰ ਇਕੋ ਜਿਹਾ ਆਵੇ ਸੁਆਦ, ਰਸ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਮੁਕਾਈਆ । ਆਟਾ ਕਹੇ ਮੈਂ ਰਲਿਆ ਨਹੀਂ ਧੂੜ, ਮਿੱਟੀ ਵਿਚ ਨਾ ਕੋਇ ਰਲਾਈਆ । ਮੈਨੂੰ ਨਜ਼ਰੀ ਆਇਆ ਇਕੋ ਨੂਰ, ਨੂਰ ਨੁਰਾਨਾ ਸ਼ਹਿਨਸ਼ਾਹੀਆ । ਜਿਸ ਦੇ ਹੁਕਮ ਅੰਦਰ ਮਜਬੂਰ, ਚਲੇ ਨਾ ਕੋਇ ਵਡਿਆਈਆ । ਜੋ ਬਖ਼ਸ਼ਣਹਾਰਾ ਕਸੂਰ, ਜਨਮ ਜਨਮ ਦੀ ਦੁਰਮਤ ਮੈਲ ਧਵਾਈਆ । ਜੋ ਵਸਣਹਾਰਾ ਨੇੜੇ ਦੂਰ, ਸਨਮੁਖ ਹੋ ਕੇ ਦਰਸ ਵਖਾਈਆ । ਸੋ ਸਾਹਿਬ ਸੁਵਾਮੀ ਮੇਰੀ ਅਰਜ਼ ਕਰੇ ਮਨਜ਼ੂਰ, ਬੇਨੰਤੀ ਬਿਨਾ ਚਰਨ ਟਿਕਾਈਆ । ਜੇ ਸੀਆ ਸਚ ਪੁਛੇਂ ਜਿਸ ਦਿਨ ਸੂਲੀ ਚੜ੍ਹਨਾ ਮਨਸੂਰ, ਇਕ ਪਾਓ ਦਾ ਭੋਜਨ ਢਾਈ ਪਹਿਰ ਪਹਿਲੋਂ ਉਹ ਖਾਈਆ । ਓਸ ਨੇ ਫੇਰ ਦੱਸਣਾ ਇਕ ਦਸਤੂਰ, ਧੁਰ ਦਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਸੀਆ ਕਹੇ ਸੁਣ ਇਕ ਪਾਓ ਆਟੇ, ਤੈਨੂੰ ਦਿਆਂ ਜਣਾਈਆ । ਮੈਨੂੰ ਐਂ ਜਾਪਦਾ ਜਿਸ ਵੇਲੇ ਗੋਬਿੰਦ ਅੰਮ੍ਰਿਤ ਪਿਔਣਾ ਇਕ ਬਾਟੇ, ਗ਼ਰੀਬ ਨਿਮਾਣਿਆਂ ਰੰਗ ਚੜ੍ਹਾਈਆ । ਓਸ ਵੇਲੇ ਤੂੰ ਪੂਰੇ ਕਰਨੇ ਘਾਟੇ, ਪੰਜਾਂ ਦੇਣੀ ਵਡਿਆਈਆ । ਤੇਰਾ ਤੋਲ ਤੋਲੇ ਜਿਸ ਦੇ ਬਸਤਰ ਹੋਣ ਪਾਟੇ, ਹੰਕਾਰ ਵਿਕਾਰ ਨਜ਼ਰ ਕੋਇ ਨਾ ਆਈਆ । ਉਸ ਦਾ ਲਹਿਣਾ ਅਗੇ ਹੋਰ ਜਾਪੇ, ਤੈਨੂੰ ਦਿਆਂ ਜਣਾਈਆ । ਜਿਸ ਵੇਲੇ ਆਵੇ ਪਰਮ ਪੁਰਖ ਸਮਰਾਥੇ, ਲੋਕਮਾਤ ਵੇਸ ਵਟਾਈਆ । ਉਸ ਨੂੰ ਇਕੱਠੀ ਕਰ ਕੇ ਦੇਵੇ ਦਾਤੇ, ਇਕ ਤੋਂ ਚਾਰ

੨੪੮

ਮਿਲੇ ਵਡਿਆਈਆ । ਇਹ ਪ੍ਰਭ ਦੇ ਡੂੰਘੇ ਖਾਤੇ, ਜੁਗ ਚੌਕੜੀ ਹੱਥ ਨਾ ਕਿਸੇ ਫੜਾਈਆ । ਜਿਸ ਵੇਲੇ ਜਨ ਭਗਤਾਂ ਬੰਨ੍ਹੇ ਆਪਣੇ ਨਾਤੇ, ਭਗਤਾਂ ਮੇਲ ਮਿਲਾਈਆ । ਓਸ ਵੇਲੇ ਇਕੋ ਹੁਕਮ ਸੰਦੇਸ਼ਾ ਆਖੇ, ਸ਼ਬਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਆਟਾ ਕਹੇ ਇਹ ਕੀ ਦੱਸਿਆ, ਹੈਰਾਨੀ ਮੇਰੇ ਉਤੇ ਆਈਆ । ਪੁਰਖ ਅਕਾਲ ਕਿਵੇਂ ਆਵੇ ਨੱਸਿਆ, ਲੋਕਮਾਤ ਫੇਰਾ ਪਾਈਆ । ਸੀਤਾ ਕਿਹਾ ਜਿਸ ਵੇਲੇ ਰੈਣ ਅੰਧੇਰੀ ਹੋਵੇ ਮਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਕੂੜ ਗੁਬਾਰ ਉਡੇ ਘੱਟਿਆ, ਅੰਧਾ ਧੁੰਦ ਲੋਕਾਈਆ । ਪਿਤਾ ਪੂਤ ਪੈਣ ਰਟਿਆ, ਭੈਣ ਭਾਈ ਕਰੇ ਲੜਾਈਆ । ਸਾਚਾ ਤੋਲ ਤੋਲੇ ਨਾ ਕਿਸੇ ਵਟਿਆ, ਠੱਗੀ ਚੋਰੀ ਯਾਰੀ ਘਰ ਘਰ ਨਜ਼ਰੀ ਆਈਆ । ਓਸ ਵੇਲੇ ਇਕ ਭਗਤ ਇਕ ਭਗਵਾਨ ਵਿਚ ਰਹਿ ਜਾਏ ਸਤਿਆ, ਬਾਕੀ ਸਾਬਤ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਤੇਰੀ ਮੇਰੀ ਹਲ ਕਰੇ ਸਮਸਿਆ, ਸਮਰਥ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਟਾ ਕਹੇ ਬੜਾ ਸਮਾਂ ਲੰਮਾ, ਕਲਜੁਗ ਅੰਤ ਦਿਤਾ ਜਣਾਈਆ । ਸੀਤਾ ਕਹੇ ਪਤਾ ਨਹੀਂ ਓਸ ਦੇ ਘਰ ਇਹ ਇਕ ਨਿੱਕਾ ਜਿਹਾ ਦਮਾ, ਸਾਹ ਲੈਂਦਿਆਂ ਕੋਟਨ ਜੁਗ ਜਾਣ ਵਿਹਾਈਆ । ਜਿਸ ਧਰਤੀ ਵਿਚੋਂ ਤੂੰ ਜੰਮਾ, ਮਿਲੀ ਮਾਣ ਵਡਿਆਈਆ । ਮੈਨੂੰ ਪੱਥਰਾਂ ਨਾਲ ਭੰਨਾਂ, ਪੀਸ ਪੀਸ ਕੇ ਚਕਨਾ ਚੂਰ ਦਿਤਾ ਕਰਾਈਆ । ਇਹ ਮੇਰਾ ਕਟੋਰਾ ਜਿਹੜਾ ਇਕ ਪਾ ਦਾ ਛੰਨਾ, ਇਹ ਅਸ਼ਟਾਵਕ੍ਰ ਮੇਰੇ ਪਿਤਾ ਜਨਕ ਨੂੰ ਦੇ ਕੇ ਗਿਆ ਚਾਈਂ ਚਾਈਂਆ । ਓਸ ਨੂੰ ਮੈਂ ਅੱਜ ਪਹਿਲੀ ਵਾਰ ਮਿਣਾ, ਬਾਹਰ ਆ ਕੇ ਹੱਥੋਂ ਦਿਤਾ ਡੁਲ੍ਹਾਈਆ । ਪਤਾ ਨਹੀਂ ਇਹਦਾ ੨੪੯
ਹੋਰ ਖੇਲ ਕਿੰਨਾ, ਮੇਰੀ ਸਮਝ ਨਾ ਕੋਇ ਸਮਝਾਈਆ । ਅਗੰਮੀ ਆਵਾਜ਼ ਆਈ ਇਹਦਾ ਲੇਖਾ ਜੁਗ ਤਿੰਨਾਂ, ਤ੍ਰੇਤਾ ਦੁਆਪਰ ਕਲਜੁਗ ਰਾਹ ਤਕਾਈਆ । ਜਿਸ ਵੇਲੇ ਆਵੇ ਸ੍ਰੀ ਭਗਵਨਾ, ਭਗਵਨ ਆਪਣਾ ਫੇਰਾ ਪਾਈਆ । ਫੇਰ ਇਕ ਤੋਂ ਹੋ ਕੇ ਚਵੰਨਾ, ਸੇਰ ਆਪਣਾ ਨਾਉਂ ਧਰਾਈਆ । ਸਵਾ ਸਵਾ ਖੇਲ ਕਿਸੇ ਨਾ ਮੰਨਾ, ਸਾਹਿਬ ਹੱਥ ਵਡਿਆਈਆ । ਜਿਸ ਵੇਲੇ ਭਾਗ ਲਗਾਇਆ ਸੀ ਰੋਟੀ ਧੰਨਾ, ਓਸ ਵੇਲੇ ਇਕੋ ਪਾਓ ਆਟਾ ਲਿਆ ਗੁਨ੍ਹਾਈਆ । ਜਿਸ ਵੇਲੇ ਭੋਗ ਲਗਾਇਆ ਨਾਮੇ ਦੇ ਛੰਨਾ, ਇਕ ਪਾਓ ਦੁਧ ਓਹਦੇ ਵਿਚ ਟਿਕਾਈਆ । ਜਿਸ ਵੇਲੇ ਕਬੀਰ ਭੁੱਖਾ ਡਰਦਾ ਕਰਦਾ ਸੀ ਅੰਨਾ ਅੰਨਾ, ਇਕ ਪਾਓ ਰਸਦ ਓਹਦੇ ਘਰ ਮੰਗਾਈਆ । ਮੈਂ ਕੀ ਦੱਸਾਂ ਇਸ ਪ੍ਰਭੂ ਦਾ ਨਹੀਂ ਕੋਈ ਬੰਨਾ, ਪਤਾ ਨਹੀਂ ਕਿਸ ਬਿਧ ਕਿਹੜੇ ਵੇਲੇ ਕਿਹੜੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਪਾਉ ਕਹੇ ਵੇਖੋ ਮੇਰਾ ਹੋਇਆ ਵਾਧਾ, ਪ੍ਰਭ ਅਪਣੀ ਦਇਆ ਕਮਾਈਆ । ਇਕ ਦਿਨ ਹੁਕਮ ਮਿਲਿਆ ਧਰੂ ਦੇ ਦਾਦਾ, ਸ਼ਬਦ ਦਿਤਾ ਜਣਾਈਆ । ਇਕ ਪਾਓ ਧਰਨੀ ਵਿਚ ਗਾਡਾ, ਉਤੇ ਸਵਾ ਗਿਠ ਮਿੱਟੀ ਦਿਤੀ ਚੜ੍ਹਾਈਆ । ਓਸ ਪੁੱਛਿਆ ਕੀ ਇਹ ਰਾਜ਼ਾ, ਸਮਝ ਨਾ ਕੋਇ ਵਡਿਆਈਆ । ਹੁਕਮ ਹੋਇਆ ਜਿਸ ਵੇਲੇ ਆਵੇ ਆਪਾ, ਆਪਣਾ ਫੇਰਾ ਪਾਈਆ । ਓਸ ਵੇਲੇ ਇਹ ਲੇਖਾ ਪੂਰ ਕਰਾਏ ਘਾਟਾ, ਘਾਟੀ ਮੰਜ਼ਲ ਇਕ ਜਣਾਈਆ । ਸ਼ਾਹਾਂ ਨਾਲੋਂ ਗ਼ਰੀਬਾਂ ਕਰੇ ਵਾਧਾ, ਅਦਲੀ ਬਦਲੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਿ ਜੁਗਾਦਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਪਾਓ ਕਹੇ ਇਕ ਦਿਨ ਬਨਾਰਸ ਜਾਂਦੀ ਆ ਗਈ ਸ਼ਾਹਣੀ, ਪਾਓ ਆਟਾ

ਆਪਣੀ ਗੰਢ ਬੰਧਾਈਆ । ਰਵਿਦਾਸ ਦੇ ਕੋਲ ਆ ਕੇ ਗੰਢਾਵਣ ਲੱਗੀ ਸੀ ਪਾਨਹੀ, ਟੁੱਟੇ ਚਮੜੇ ਗੰਢ ਪਵਾਈਆ । ਹੌਲੀ ਜਿਹੀ ਰਵਿਦਾਸ ਦੀ ਫੂਹੜੀ ਉਤੇ ਰੱਖ ਕੇ ਪੀਣ ਲੱਗੀ ਸੀ ਪਾਣੀ, ਅੱਸੀ ਕ਼ਦਮਾਂ ਉਤੇ ਕੂਆਂ ਨਜ਼ਰੀ ਆਈਆ । ਰਵਿਦਾਸ ਖ਼ੁਸ਼ੀ ਨਾਲ ਮੈਨੂੰ ਰੰਬੀ ਲਾ ਕੇ ਕਿਹਾ ਇਹ ਕੀ ਚੁਕ ਲਿਆਈ ਸਵਾਣੀ, ਥੋੜ੍ਹਾ ਭਾਰ ਉਠਾਈਆ । ਓਸ ਵੇਲੇ ਮੈਨੂੰ ਸੁਣੀ ਇਕ ਅਗੰਮੀ ਬਾਣੀ, ਧੁਰ ਦੀ ਆਵਾਜ਼ ਆਈਆ । ਇਸ ਰਵਿਦਾਸ ਕੋਲੋਂ ਕੋਈ ਲੈ ਕੇ ਜਾਈਂ ਨਿਸ਼ਾਨੀ, ਚੰਮ ਗੰਢਣ ਵਾਲਾ ਚਮੜੇ ਰਿਹਾ ਤਰਾਈਆ । ਮੈਂ ਵੇਖਿਆ ਗੰਢ ਦੇ ਅੰਦਰੋਂ ਮਾਰ ਧਿਆਨੀ, ਆਪਣੀ ਅੱਖ ਖੁਲ੍ਹਾਈਆ । ਮੈਨੂੰ ਨਜ਼ਰ ਆਇਆ ਉਹਦਾ ਚਿਹਰਾ ਨੂਰ ਨੁਰਾਨੀ, ਦੋਏ ਲੋਚਨ ਪ੍ਰਭ ਨੇਤਰ ਨਾਲ ਮਿਲਾਈਆ । ਮੈਂ ਵੇਖ ਕੇ ਉਹਦੀ ਪੇਸ਼ਾਨੀ, ਆਪਣਾ ਪਸਚਾਤਾਪ ਦਿਤਾ ਗਵਾਈਆ । ਇਸ ਦੇ ਕੋਲ ਨਹੀਂ ਕੋਈ ਬੇਈਮਾਨੀ, ਕੂੜੀ ਕਿਰਿਆ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਓਧਰੋਂ ਆਈ ਸ਼ਾਹਣੀ ਓਹਨ ਵੇਖਿਆ ਮੇਰੀ ਗੰਢ ਨੂੰ ਲੱਗੀ ਰੰਬੀ, ਕਿਉਂ ਚਮਿਆਰ ਦਿਤੀ ਲਗਾਈਆ । ਓਹ ਅੰਦਰੋਂ ਬਾਹਰੋਂ ਕੰਬੀ, ਅੱਖ ਗ਼ੁੱਸੇ ਵਾਲੀ ਬਦਲਾਈਆ । ਕਿੱਥੋਂ ਠਗ ਬੈਠਾ ਪਖੰਡੀ, ਰੰਬੀ ਆਪਣਾ ਵੇਸ ਵਟਾਈਆ । ਚਮਿਆਰਾ ਨਹੀਂ ਇਹ ਤੈਨੂੰ ਦਿਸਦੀ ਮੇਰੀ ਗੰਢ ਬੰਨ੍ਹੀ, ਘੁੱਟ ਕੇ ਉਤੇ ਦੋ ਗੰਢਾਂ ਪਾਈਆ । ਤੇਰੀ ਕਿਉਂ ਆਸਾ ਹੋ ਗਈ ਮੰਦੀ, ਇਸ ਨੂੰ ਹੱਥ ਦਿਤਾ ਲਗਾਈਆ । ਮੈਂ ਆਪਣੇ ਭਗਵਾਨ ਨੂੰ ਕਹਾਂ ਇਹਦੀ ਚਮਿਆਰੀ ਹੋ ਜਾਏ ਰੰਡੀ, ਜਿਸ ਮੇਰਾ ਜਨਮ ਭ੍ਰਿਸ਼ਟ ਦਿਤਾ ਕਰਾਈਆ । ਮੈਂ ਇਹ ਕਿਸੇ ਮੰਦਰ ਚੜ੍ਹੌਣੀ ਸੀ ਅੱਛੀ ਸੁਗੰਧੀ, ਸੁਗੰਦ ਖਾ ਕੇ ਘਰੋਂ ਆਈਆ । ਜੇ ਮੈਨੂੰ ਪਤਾ ਹੁੰਦਾ ਮੈਂ ਪੈ ਜਾਂਦੀ ਕਿਸੇ ਹੋਰ ਡੰਡੀ, ਆਪਣਾ ਰਾਹ ਬਦਲਾਈਆ । ਗ਼ੁੱਸੇ ਨਾਲ ਕਿਹਾ ਕੀ ਤੇਰੀ ਕੋਈ ਅੱਖ ਅੰਧੀ, ਤੈਨੂੰ ਪਤਾ ਨਹੀਂ ਮੈਂ ਵੱਡੇ ਘਰਾਨੇ ਵਾਲੀ ਸੋਹਣੀ ਹਾਰ ਸ਼ਿੰਗਾਰ ਲਾ ਕੇ ਏਥੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਖਿਲਾਈਆ । ਹਸ ਕੇ ਕਿਹਾ ਰਵਿਦਾਸ ਮਾਈ ਰੰਬੀ ਨਹੀਂ ਚੰਗੀ ਮੈਂ ਲਾ ਦੇਵਾਂ ਆਰ, ਉਹਦੇ ਵੇਂਹਦਿਆਂ ਆਰ ਦਿਤੀ ਛੁਹਾਈਆ । ਉਹ ਰੋ ਪਈ ਧਾਹਾਂ ਮਾਰ, ਦੁਹੱਥੜ ਪੱਟਾਂ ਉਤੇ ਲਗਾਈਆ । ਇਹ ਵਾਕਿਆ ਕੋਈ ਠਗ ਚਮਿਆਰ, ਜਿਹੜਾ ਮੇਰਾ ਆਟਾ ਲੁੱਟਣ ਵਾਸਤੇ ਮੈਨੂੰ ਰਿਹਾ ਸਤਾਈਆ । ਹੁਣ ਕੀ ਕਰਾਂ ਕਿਸ ਨੂੰ ਦੱਸਾਂ ਹਾਲ, ਬਿਹਬਲ ਹੋ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਗ਼ੁੱਸੇ ਵਿਚ ਸ਼ਾਹਣੀ ਫੜਨ ਲੱਗੀ ਗੰਢ, ਹੱਥ ਹੌਲੀ ਜਿਹੀ ਦਿਤਾ ਹਿਲਾਈਆ । ਹੱਥ ਲਗਦਿਆਂ ਉਹਦੇ ਅੰਦਰ ਪੈ ਗਈ ਠੰਡ, ਸਾਖ਼ਿਆਤ ਇਕੋ ਨਜ਼ਰੀ ਆਈਆ । ਚਰਨੀਂ ਡਿੱਗ ਕੇ ਕਹੇ ਤੂੰ ਬਖ਼ਸ਼ੰਦ, ਮੇਰੀ ਭੁਲ ਦੇ ਬਖ਼ਸ਼ਾਈਆ । ਇਹ ਇਕ ਪਾਓ ਜਿਥੇ ਚਾਹੇਂ ਓਥੇ ਦੇ ਵੰਡ, ਮੈਨੂੰ ਲੋੜ ਰਹੀ ਨਾ ਰਾਈਆ । ਓਸ ਨੇ ਕਿਹਾ ਤੂੰ ਅਜੇ ਅਗੇ ਹੋਰ ਕਰਨਾ ਪੰਧ, ਜੋ ਢਾਈ ਕੋਸ ਨਜ਼ਰੀ ਆਈਆ । ਜੇ ਆਖੇਂ ਇਹ ਤੇਰੀ ਆਪਣੇ ਸਿਰ ਉਤੇ ਚੁਕ ਕੇ ਪੰਡ, ਅਗੇ ਦੇਵਾਂ ਪੁਚਾਈਆ । ਓਸ ਕਿਹਾ ਹੁਣ ਏਥੇ ਆਪਣੀ ਕਥਾ ਕਰ ਦੇ ਬੰਦ, ਮੈਂ ਆਪਣਾ ਆਪ ਗਈ ਭੁਲਾਈਆ । ਮੈਨੂੰ ਦੱਸ ਤੈਨੂੰ ਕਿਸ ਨੇ ਦੱਸਿਆ ਇਹ ਢੰਗ, ਤਪਦੇ ਹਿਰਦੇ ਸ਼ਾਂਤ ਦਏ ਕਰਾਈਆ । ਰਵਿਦਾਸ ਕਿਹਾ ਇਕ ਮੇਰਾ ਸਾਹਿਬ ਜਿਸ ਦਾ ਨਾ ਕੋਈ ਰੂਪ ਨਾ ਕੋਈ ਰੰਗ, ਰੇਖ ਸਕੇ ਨਾ ਕੋਇ ਸਮਝਾਈਆ । ਜਿਸ ਵੇਲੇ ਉਹ ਕਿਰਪਾ ਕਰੇ ਓਸੇ ਵੇਲੇ ਆ ਜਾਏ ਅਨੰਦ, ਦੁਖ ਸੁਖ ਇਕੋ ਰੰਗ ਵਖਾਈਆ । ਓਸ ਨੇ ਓਸੇ ਵੇਲੇ ਖੋਲ੍ਹ ਕੇ ਆਪਣੀ ਗੰਢ, ਰਵਿਦਾਸ

ਦੇ ਚਰਨਾਂ ਉਤੇ ਦਿਤੀ ਟਿਕਾਈਆ । ਉਸ ਨੇ ਛੇਤੀ ਨਾਲ ਫੜ ਕੇ ਮਿੱਟੀ ਦੇ ਭਾਂਡੇ ਵਿਚ ਲਈ ਰਖ, ਪੰਜ ਉਂਗਲਾਂ ਨਾਲ ਛੁਹਾਈਆ । ਨਾਲੇ ਤੱਕ ਕੇ ਨਾਲ ਆਪਣੀ ਅੱਖ, ਸੋਹਣੀ ਦ੍ਰਿਸ਼ਟੀ ਦਿਤੀ ਪਾਈਆ । ਇਕ ਪਾਓ ਤੇਰਾ ਗੋਬਿੰਦ ਹੱਥ, ਜਸ ਉਹੋ ਦੇਵੇ ਵਡਿਆਈਆ । ਇਕ ਪਾ ਨੇ ਕਿਹਾ ਮੇਰਾ ਪੂਰਾ ਨਹੀਂ ਹੋਇਆ ਹਕ, ਮੈਂ ਪਾਓ ਦਾ ਪਾਓ ਨਜ਼ਰੀ ਆਈਆ । ਓਧਰੋਂ ਸੀਤਾ ਦੀ ਖ਼ਾਹਿਸ਼ ਆ ਗਈ ਝਟ, ਉਹ ਆਪਣਾ ਹਾਲ ਰਹੀ ਸੁਣਾਈਆ । ਰਵਿਦਾਸ ਇਕ ਵਾਰੀ ਬੋਲ ਕੁਛ ਦੱਸ, ਹੋਰ ਵਾਧਾ ਇਹਦਾ ਦੇ ਕਰਾਈਆ । ਉਸ ਕਿਹਾ ਜਿਸ ਵੇਲੇ ਫੇਰ ਮੈਨੂੰ ਮੇਰਾ ਭਗਵਾਨ ਲਏ ਸੱਦ, ਆਪਣਾ ਮੇਲ ਮਿਲਾਈਆ । ਇਕ ਤੋਂ ਦੁਗਣਾ ਮੇਰਾ ਅੱਧ, ਦੁਗਣੇ ਤੋਂ ਚੌਗੁਣਾ ਗੋਬਿੰਦ ਦਏ ਕਰਾਈਆ । ਚਾਰ ਚਾਰ ਦਾ ਪੰਜਾਂ ਨੂੰ ਇਕੋ ਜਿਹਾ ਹਕ, ਕਿਉਂ ਰਵਿਦਾਸ ਨੇ ਪੰਜਾ ਦਿਤਾ ਲਗਾਈਆ । ਸਾਰੇ ਖ਼ੁਸ਼ੀ ਨਾਲ ਪਏ ਹਸ, ਪ੍ਰਭ ਦਾ ਸ਼ੁਕਰ ਮਨਾਈਆ । ਆਟੇ ਕਿਹਾ ਸੁਣੋ ਮੇਰੀ ਬਾਤ, ਮੈਂ ਤੁਹਾਨੂੰ ਦਿਆਂ ਜਣਾਈਆ । ਤੁਸੀਂ ਸਾਰੇ ਯਾਦ ਰਖਣਾ ਬਾਰਾਂ ਮਾਘ ਦੀ ਰਾਤ, ਜਿਸ ਦੀ ਵਦੀ ਸੁਦੀ ਸਕੇ ਨਾ ਕੋਇ ਬਦਲਾਈਆ । ਇਹ ਲੇਖਾ ਲਹਿਣਾ ਦੇਣਾ ਹੱਥ ਪੁਰਖ ਅਬਿਨਾਸ਼, ਕਰਤਾ ਅਬਿਨਾਸ਼ੀ ਹੋਏ ਸਹਾਈਆ । ਉਸੇ ਵੇਲੇ ਜਨ ਭਗਤਾਂ ਦੀ ਇਕੱਠੀ ਹੋਏ ਜਮਾਤ, ਸਤਿ ਸਤਿਵਾਦੀ ਰੂਪ ਵਟਾਈਆ । ਪੰਜਾਂ ਸੇਰਾਂ ਦੀ ਸੋਹਣੀ ਗੁੱਝੇ ਪਰਾਤ, ਪਾਣੀ ਠੰਡਾ ਨਾਲ ਮਿਲਾਈਆ । ਉਸ ਵੇਲੇ ਸਾਰਿਆਂ ਮਾਰਨੀ ਝਾਤ, ਆਪਣਾ ਪਰਦਾ ਲਾਹੀਆ । ਇਸ ਤੋਂ ਅਗੇ ਜਨ ਭਗਤਾਂ ਮਿਲਣੀ ਦਾਦ, ਧੁਰ ਦੀ ਦੌਲਤ ਹਰੀ ਹਰਿ ਹਰਿਜਨ ਝੋਲੀ ਪਾਈਆ । ਸੀਤਾ ਕਿਹਾ ਇਹ ਖਾਣਾ ਨਹੀਂ ਇਹ ਹੋਵੇਗਾ ਉਹ ਰਾਮ ਵਾਲਾ ਖਾਜ, ਜਿਸ ਖਾਜ ਨੂੰ ਰਾਮ ਖਾ ਕੇ ਰਾਮ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲਹਿਣਾ ਦੇਣਾ ਲੇਖਾ ਪੂਰ ਕਰਾਵੇ ਖ਼ਾਸ, ਖ਼ਾਹਸ਼ ਸਭ ਦੀ ਆਪਣੇ ਨਾਲ ਰਲਾਈਆ ।



੨੫੧

## ❋ ੧੩ ਮਾਘ ੨੦੨੧ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹਿ ਫ਼ਿਰੋਜ਼ਪੁਰ ਛਾਉਣੀ ❋

ਪੁਰਖ ਅਕਾਲ ਬਦਲ ਕੇ ਆਪਣਾ ਸਫਾ, ਸਫ਼ਾ ਸਭ ਦੀ ਦਿਤੀ ਉਠਾਈਆ । ਕੂੜਾ ਲੇਖਾ ਕਰ ਕੇ ਰਫ਼ਾ, ਅੰਦਰੋਂ ਬਾਹਰੋਂ ਦੂਰ ਕਰਾਈਆ । ਸਚ ਦਵਾਰ ਪਕਾ ਕੇ ਮਤਾ, ਹੁਕਮ ਧੁਰ ਦਾ ਇਕ ਸੁਣਾਈਆ । ਦੋ ਜਹਾਨ ਸੰਦੇਸ਼ਾ ਪਤਾ, ਪਤਿਪਰਮੇਸ਼ਵਰ ਆਪ ਸਮਝਾਈਆ । ਦੋ ਜਹਾਨ ਸਾਚਾ ਸਖ਼ਾ, ਸਾਹਿਬ ਸੁਲਤਾਨ ਇਕ ਅਖਵਾਈਆ । ਜੁਗ ਚੌਕੜੀ ਜਿਸ ਭਗਤਾਂ ਪਰਦਾ ਰੱਖਾ, ਮਿਹਰ ਨਜ਼ਰ ਇਕ ਉਠਾਈਆ । ਉਸ ਦਾ ਖੇਲ ਸਦਾ ਅਕਥਾ, ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਚਲਾਇਆ ਰਥਾ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜਿਸ ਭਾਗ ਲਗਾਇਆ ਮਸਤਕ ਮੱਥਾ, ਜੋਤੀ ਨੂਰ ਕਰ ਰੁਸ਼ਨਾਈਆ । ਸੰਤ ਸੁਹੇਲੇ ਜਿਸ ਨਿਰਗੁਣ ਸਰਗੁਣ ਦਰਸ ਕਰਾਇਆ ਅੱਖਾ, ਪ੍ਰਤੱਖ ਪਰਦਾ ਲਾਹੀਆ । ਸੋ ਸਾਹਿਬ ਸੁਵਾਮੀ ਅੰਤਰਜਾਮੀ ਨਿਰਗੁਣ ਦਾਤਾ ਪੁਰਖ ਬਿਧਾਤਾ ਨਿਰਗੁਣ ਧਾਰੋਂ ਆਇਆ ਨੱਠਾ, ਨੇਰਨ ਨੇਰਾ ਆਪਣਾ ਪੰਧ ਮੁਕਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਗਾਵੇ ਜੱਸਾ, ਅੱਖਰ ਹਰੂਫ਼ ਢੋਲਿਆਂ ਸਿਫ਼ਤਾਂ ਨਾਲ ਸਲਾਹੀਆ । ਜਿਸ ਦਾ ਆਦਿ ਅਨਾਦੀ ਸਾਚਾ ਸੁਤ ਇਕੋ ਬੱਚਾ, ਪਿਤਾ ਪੂਤ ਵੇਖ ਵਖਾਈਆ । ਸੋ ਸੱਜਣ ਸੁਹੇਲਾ ਇਕ ਇਕੇਲਾ ਪ੍ਰੇਮ

ਪ੍ਰੀਤੀ ਦੇਵਣਹਾਰਾ ਰਸਾ, ਆਤਮ ਰਸ ਹੋ ਕੇ ਵਸ ਆਪਣਾ ਆਪ ਜਣਾਈਆ । ਜੋ ਨਿਤ ਨਵਿਤ ਜੁਗਾ ਜੁਗੰਤਰ ਲਹਿਣਾ ਦੇਣਾ ਪੂਰਬ ਜਨਮਾਂ ਸਾਹਿਬ ਮੁਕਾਏ ਹੱਥੋ ਹੱਥਾ, ਜਗਤ ਉਧਾਰ ਨਾ ਕੋਇ ਰਖਾਈਆ । ਜਿਸ ਦਾ ਘਟ ਵਸੇਰਾ ਨੇਰਨ ਨੇਰਾ ਧਾਮ ਸੁਹਾਏ ਉਪਰ ਸ਼ਾਹਰਗਾ, ਆਸਣ ਸਿੰਘਾਸਣ ਇਕ ਵਡਿਆਈਆ । ਜਿਸ ਦਾ ਨੂਰ ਪਰਕਾਸ਼ ਜੋਤੀ ਦੀਪਕ ਅਗੰਮ ਅਥਾਹ ਇਕੋ ਜਗਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜਿਸ ਦਾ ਸ਼ਬਦ ਅਨਾਦ ਅਨਹਦ ਅਨਾਹਤ ਬਿਨ ਤਾਲ ਤਲਵਾੜਿਉਂ ਵੱਜਾ, ਸੁਰੰਗੀ ਸਾਰੰਗ ਨਜ਼ਰ ਕੋਇ ਨਾ ਆਈਆ । ਜਿਸ ਦੇ ਹੱਥ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਲੱਜਾ, ਲਾਜਾਵੰਤ ਸ੍ਰੀ ਭਗਵੰਤ ਧੁਰ ਦਾ ਕੰਤ ਇਕੋ ਨਜ਼ਰੀ ਆਈਆ । ਜਿਸ ਦਾ ਨਗਾਰਾ ਜੁਗ ਚੌਕੜੀ ਚਾਰਾ ਗੁਰ ਅਵਤਾਰ ਪੀਰ ਪੈਗ਼ੰਬਰ ਹੋ ਕੇ ਵੱਜਾ, ਵਜੂਦ ਵਸਲ ਅਸਲ ਆਤਮ ਪਰਮਾਤਮ ਇਕ ਕਰਾਈਆ । ਸੋ ਦਰ ਦਰਵੇਸ਼ ਨਰ ਨਰੇਸ਼ ਸ਼ਾਹ ਪਾਤਸ਼ਾਹ ਪ੍ਰੇਮ ਪ੍ਰੀਤੀ ਅੰਦਰ ਬੱਝਾ, ਡੋਰੀ ਤੰਦ ਬ੍ਰਹਿਮੰਡ ਖੰਡ ਇਕੋ ਇਕ ਵਖਾਈਆ । ਜਿਸ ਦਾ ਮੱਕਾ ਕਾਅਬਾ ਪੀਰ ਫ਼ਕੀਰ ਔਲੀਆ ਗੌਂਸ ਸ਼ਾਹ ਹਕੀਰ ਕਰਦੇ ਹੱਜਾ, ਲਾਤਸਵੀਰ ਬੇਨਜ਼ੀਰ ਪੀਰਨ ਪੀਰ ਆਪਣਾ ਫੇਰਾ ਪਾਈਆ । ਜੋ ਨਿਤ ਨਵਿਤ ਲੱਖ ਚੁਰਾਸੀ ਨਾਲ ਕਰੇ ਦਗ਼ਾ, ਜਨਮ ਜਨਮ ਦੇਵੇ ਸਜ਼ਾ, ਕਰਮ ਕਰਮ ਗੇੜ ਵਿਚ ਰਖਾਈਆ । ਜਿਸ ਦਾ ਕੋਈ ਬਿਆਨ ਕਰ ਨਾ ਸਕੇ ਵਜਹ, ਖੋਜਿਆਂ ਹੱਥ ਕਿਸੇ ਨਾ ਲੱਭਾ, ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਦੇਣ ਦੁਹਾਈਆ । ਜਿਸ ਦਾ ਖੇਲ ਸਦਾ ਸਦਾ, ਬਿਰਧ ਬਾਲ ਜੁਆਨ ਵੱਡਾ ਛੋਟਾ ਨੱਢਾ, ਗਹਿਰ ਗੰਭੀਰ ਚੋਟੀ ਚੜ੍ਹ ਅਖ਼ੀਰ ਸ਼ਾਹ ਮਨੀਰ ਆਪਣੀ ਖੇਲ ਵਖਾਈਆ । ਜਿਸ ਦਾ ਏਥੇ ਓਥੇ ਦੋ ਜਹਾਨ ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਪੁਰੀ ਲੋਅ ਦਬਾ, ਹੁਕਮ ਧੁਰ ਦਾ ਇਕ ਸੁਣਾਈਆ । ਜਿਸ ਦਾ ਆਦਿ ਅੰਤ ਜੁਗਾ ਜੁਗੰਤ ਵੱਡਾ ਛੋਟਾ ਉਚਾ ਲੰਮਾ ਕੋਈ ਜਾਣ ਨਾ ਸਕਿਆ ਕ਼ੱਦਾ, ਸਚ ਸਬੂਤ ਬਿਨ ਕਲਬੂਤ ਮਹਿਬੂਬ ਭੇਵ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਧੁਰ ਦਾ ਮਾਲਕ ਹੈ ਕਿਹੜਾ, ਕਵਣ ਦਏ ਜਣਾਈਆ । ਜਿਸ ਨੇ ਦੀਨ ਮਜ਼੍ਹਬ ਗੁਰ ਅਵਤਾਰ ਪੀਰ ਪੈਗ਼ੰਬਰ ਪਾਇਆ ਝੇੜਾ, ਝਗੜੇ ਵਿਚ ਸਰਬ ਲੋਕਾਈਆ । ਜਿਸ ਦਾ ਵਖਰਾ ਨਿਰਾਲਾ ਉਚਾ ਮੰਦਰ ਦਿਹੁਰਾ, ਬਾਂਕਾ ਛੋਹਰਾ ਆਸਣ ਲਾਈਆ । ਜਿਸ ਦਾ ਸਭ ਨਾਲੋਂ ਵਖਰਾ ਤਾਜੀ ਅਸਵ ਘੋੜਾ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਜਿਸ ਦਾ ਮਿਹਰ ਵਾਲਾ ਮੁਹੱਬਤ ਵਿਚੋਂ ਨਿਕਲਿਆ ਨਿੱਕਾ ਜਿਹਾ ਭੋਰਾ, ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਵਰਤਾਈਆ । ਸੋ ਸਮਰਥ ਸਵਾਮੀ ਅੰਤਰਜਾਮੀ ਦੂਰ ਦੁਰਾਡਾ ਵਸਿਆ ਆ ਕੇ ਕੋਲਾ, ਨੇਰਨ ਨੇਰਾ ਸੋਭਾ ਪਾਈਆ । ਜਿਸ ਵੇਲੇ ਜਨ ਭਗਤਾਂ ਰਲ ਮਿਲ ਇਕੱਠੇ ਹੋ ਕੇ ਇਕੋ ਵਾਰ ਕਿਹਾ ਤੇਰਾ ਝੱਲਿਆ ਨਾ ਜਾਏ ਵਿਛੋੜਾ, ਵਿਛੜੇ ਜਨਮ ਕਰਮ ਪੂਰਬ ਮੇਲ ਮਿਲਾਈਆ । ਨਾਲ ਲਹਿਣਾ ਦੇਣਾ ਮੁਕਾ ਕੇ ਰਵਿਦਾਸ ਚਮਾਰੇ ਜੋ ਢੋਵਣਹਾਰਾ ਢੋਰਾ, ਜੋੜੀ ਜੋੜਾ ਆਪਣੇ ਨਾਲ ਰਖਾਈਆ । ਭੇਵ ਅਭੇਦਾ ਅਛਲ ਅਛੇਦਾ ਪਰਦਾ ਲਾਹੇ ਥੋੜ੍ਹਾ ਥੋੜ੍ਹਾ, ਹੌਲੀ ਹੌਲੀ ਆਪਣਾ ਰੰਗ ਰੰਗਾਈਆ । ਜਿਸ ਦੇ ਅਗੇ ਵਡਿਆਈ ਚਤੁਰਾਈ ਨਾ ਚਲੇ ਕੋਈ ਜ਼ੋਰਾ, ਜੋਰੂ ਜ਼ਰ ਬੈਠੇ ਸੀਸ ਨਿਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਸਾਚੇ ਸੰਤਾਂ ਪੈ ਗਈ ਲੋੜਾ, ਸੱਸੇ ਉਪਰ ਲਾ ਕੇ ਹੋੜਾ, ਹੰ ਬ੍ਰਹਮ ਟਿੱਪੀ ਬਿੰਦੀ ਆਪਣਾ ਰੰਗ ਵਖਾਈਆ । ਨੌ ਨਵ ਚਾਰ ਜਿਹੜਾ ਕਾਗ਼ਜ਼ ਰਖਿਆ ਕੋਰਾ, ਕ਼ਲਮ ਸ਼ਾਹੀ ਲੇਖ ਨਾ ਕੋਇ ਲਿਖਾਈਆ । ਓਸ ਦੇ ਉਤੇ ਲਿਖਣਾ ਇਕੋ ਭਗਤਾਂ ਦੇ ਪਿਆਰ ਵਾਲਾ ਮਰੋੜਾ, ਮੁੜ ਕੇ

ਲੇਖ ਨਾ ਕੋਇ ਬਦਲਾਈਆ । ਇਹ ਕੋਈ ਜਗਤ ਕਹਾਣੀ ਨਹੀਂ ਕਹਾਵਤ ਟੈਗੋਰਾ, ਟਕਿਆਂ ਵਾਲੀ ਕ਼ੀਮਤ ਨਾ ਕੋਇ ਪਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਸਰਗੁਣ ਬਣ ਕੇ ਆਪ ਵਿਚੋਲਾ, ਅਗਲਾ ਪਿਛਲਾ ਮੇਲਾ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਖਿਲਾਈਆ । ਸਾਚੀ ਖੇਲ ਹੁੰਦੀ ਕਿਥੇ, ਜੁਗ ਚੌਕੜੀ ਧਿਆਨ ਲਗਾਈਆ । ਇਧਰ ਓਧਰ ਅੰਦਰ ਬਾਹਰ ਗੁਪਤ ਜ਼ਾਹਰ ਜਗਤ ਨੈਣ ਕਿਸੇ ਨਾ ਦਿਸੇ, ਅੱਖ ਪ੍ਰੱਤਖ ਦਰਸ ਨਾ ਕੋਇ ਗੁਸਾਂਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਉਤੇ ਦੀਨ ਮਜ਼੍ਹਬ ਜ਼ਾਤ ਪਾਤ ਛੋਟੇ ਵੱਡੇ ਰਾਓ ਰੰਕ ਰਾਜ ਰਾਜਾਨ ਸਾਰੇ ਵਿਸੇ, ਇਸ਼ਟ ਆਪਣਾ ਆਪ ਰਖਾਈਆ । ਬੀਸ ਇਕੀਸਾ ਹਰਿ ਜਗਦੀਸਾ ਆਪਣਾ ਅਗੰਮੀ ਲੇਖ ਲਿਖ ਕੇ ਘੱਲੇ ਸਾਰੇ ਚਿੱਠੇ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਇਕਾਵਨ ਬਾਵਨ ਸਾਰੇ ਹੋ ਗਏ ਇਕੱਠੇ, ਤਰਿਪਣ ਬੈਠੇ ਸੀਸ ਨਿਵਾਈਆ । ਪੰਜ ਚਾਰ ਹਟ ਗਏ ਰੱਟੇ, ਛੇ ਸੱਤ ਲੇਖਾ ਗਏ ਮੁਕਾਈਆ । ਅੱਠ ਨੌ ਰੋ ਰੋ ਪਿੱਟੇ, ਕੂਕਣ ਦੇਣ ਦੁਹਾਈਆ । ਦਸ ਦਸ ਮਿਲ ਕੇ ਨਿਕਲਣ ਸਿੱਟੇ, ਬੀਸ ਇਕੀਸ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੱਜਣ ਇਕ ਅਖਵਾਈਆ । ਸਾਹਿਬ ਸੱਜਣ ਕੌਣ, ਕਵਣ ਦਏ ਬੁਝਾਈਆ । ਜਿਸ ਦੇ ਚਰਨ ਛੋਹ ਨਾ ਸਕੇ ਉਨੰਜਾ ਪੌਣ, ਵਿਸ਼ਨ ਬ੍ਰਹਮਾ ਸ਼ਿਵ ਅੱਖ ਪ੍ਰੱਤਖ ਦਰਸ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਢੋਲੇ ਸੋਹਲੇ ਗੌਣ, ਰਾਗ ਨਾਦ ਬੋਧ ਅਗਾਧ ਸ਼ਬਦ ਨਾਦ ਧੁਰ ਦਾ ਹਾਲ ਸੁਣਾਈਆ । ਭਗਤ ਭਗਵਾਨ ਮਿਲ ਮਿਲ ਜਿਸ ਦੀ ਸੇਜੇ ਸੌਣ, ਸੁਹੰਜਣੀ ਰੁੱਤ ਘੜੀ ਪਲ ਦਿਵਸ ਰੈਣ ਮਿਲੇ ਮਾਣ ਵਡਿਆਈਆ । ਹੈਰਾਨ ਹੋ ਕੇ ਸਾਰੇ ਪਛਤੌਣ, ਹੱਥ ਮੱਥੇ ਉਤੇ ਟਿਕਾਈਆ । ਝਟ ਸੰਦੇਸ਼ਾ ਆਇਆ ਕੋਈ ਸੁਣੌਣ, ਬੇਖ਼ਬਰ ਉਠੋ ਵੇਖੋ ਨੇਤਰ ਖੋਲ੍ਹੋ ਜਾਗਰਤ ਜੋਤ ਆਇਆ ਜਗੌਣ, ਸਰਬ ਸਵਾਮੀ ਅੰਤਰਜਾਮੀ ਪਤਿਪਰਮੇਸ਼ਵਰ ਬੇਪਰਵਾਹੀਆ । ਰੁਠੜੇ ਆਇਆ ਮਨੌਣ, ਦੁਰਮਤ ਮੈਲ ਆਇਆ ਧਵੌਣ, ਸਚ ਸਰੂਪ ਆਇਆ ਨਹੌਣ, ਤਾਲ ਇਕੋ ਇਕ ਵਖਾਈਆ । ਲੱਖ ਚੁਰਾਸੀ ਵਿਚੋਂ ਆਇਆ ਕਢੌਣ, ਸਚ ਦਵਾਰ ਆਇਆ ਬਹੌਣ, ਮਹਲ ਅਟਲ ਇਕੋ ਦਏ ਜਣਾਈਆ । ਜੁਗ ਜਨਮ ਦਾ ਪਿਛਲਾ ਲੇਖਾ ਝੋਲੀ ਆਇਆ ਪੌਣ, ਇਕ ਪਾ ਦਾ ਸਵਾ ਆਇਆ ਕਰੌਣ, ਵਾਧਾ ਅਗੇ ਆਇਆ ਕਰੌਣ, ਬਿਧ ਆਪਣੀ ਆਪ ਕਰਾਈਆ । ਡੁਬਦੇ ਪਾਹਨ ਆਇਆ ਤਰੌਣ, ਹੈਵਾਨ ਇਨਸਾਨ ਦੋਵੇਂ ਲੇਖੇ ਆਇਆ ਲੌਣ, ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਭਗਤ ਭਗਵਾਨ ਇਕ ਰੰਗ ਆਇਆ ਰੰਗੌਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਜੜੇ ਆਇਆ ਵਸੌਣ, ਦਰਦੀਆਂ ਦੁਖੜੇ ਆਇਆ ਵੰਡੌਣ, ਦੂਜੀ ਆਸ ਨਾ ਕੋਇ ਰਖਾਈਆ ।


੨੫੩

### ❊ ੧੩ ਮਾਘ ੨੦੨੧ ਬਿਕ੍ਰਮੀ ਸਾਧੂ ਸਿੰਘ ਦੇ ਘਰ ਬਸਤੀ ਤੇਗਾ ਸਿੰਘ ਵਾਲੀ ❊

ਪੰਜ ਸ਼ੇਰ ਕਹੇ ਮੋਹੇ ਆਇਆ ਅਨੰਦ, ਸੁਖ ਸਾਂਤਕ ਰੂਪ ਸਮਾਈਆ । ਮੇਰਾ ਲੇਖਾ ਮੁਕਾ ਕੇ ਗੁਜਰੀ ਚੰਦ, ਚੰਦ ਚਾਂਦਨਾ ਰਿਹਾ ਚਮਕਾਈਆ । ਜਿਸ ਦੀ ਸਿਫ਼ਤ ਰਸਨਾ ਜਿਹਵਾ ਕਰੇ ਨਾ ਕੋਈ ਬੱਤੀ ਦੰਦ, ਅਗੰਮ ਅਥਾਹ ਵਡੀ ਵਡਿਆਈਆ । ਜਿਸ ਦਾ ਰਾਹ ਤਕਦਿਆਂ ਜੁਗ ਚੌਕੜੀ ਗਏ

ਲੰਘ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਜਿਸ ਦਾ ਨਾਮ ਸੰਦੇਸ਼ਾ ਦੇਂਦਿਆਂ ਗੁਰ ਅਵਤਾਰਾਂ ਪੀਰ ਪੈਗੰਬਰਾਂ ਖਾਣੀ ਬਾਣੀ ਲਿਖੇ ਛੰਦ, ਰਾਗਾਂ ਨਾਦਾਂ ਵਿਚ ਜਣਾਈਆ । ਜਿਸ ਦਾ ਜੁਗ ਚੌਕੜੀ ਨਿਤ ਨਵਿਤ ਘਰ ਘਰ ਵਜਦਾ ਰਿਹਾ ਮਰਦੰਗ, ਬਿਨ ਤੰਦੀ ਤੰਦ ਸਤਾਰ ਹਿਲਾਈਆ । ਜੋ ਮਾਲਕ ਖ਼ਾਲਕ ਦੋ ਜਹਾਨਾਂ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਖਵਾਈਆ । ਜਿਸ ਦੀ ਏਥੇ ਓਥੇ ਦੋ ਜਹਾਨ ਬ੍ਰਹਿਮੰਡ ਖੰਡ ਸਾਚੀ ਵੰਡ, ਆਕਾਸ਼ ਪਾਤਾਲ ਪੁਰੀ ਲੋਅ ਆਪਣਾ ਹੁਕਮ ਚਲਾਈਆ । ਜੋ ਸਾਹਿਬ ਸੁਹੇਲਾ ਇਕ ਅਕੇਲਾ ਜਨ ਭਗਤਾਂ ਨੰਗੀ ਹੋਣ ਨਾ ਦੇਵੇ ਕੰਡ, ਸਮਰਥ ਸਵਾਮੀ ਅੰਤਰਜਾਮੀ ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਅਨੰਦ ਕਹੇ ਮੋਹੇ ਆਇਆ ਸੁਖ, ਹਰਿ ਸਾਂਤਕ ਸਤਿ ਦਿਤਾ ਕਰਾਈਆ । ਦਰਸ਼ਨ ਪਾ ਕੇ ਹੋਇਆ ਖ਼ੁਸ਼, ਗ੍ਰਿਹ ਵੱਜੀ ਸਚ ਵਧਾਈਆ । ਜਨਮ ਕਰਮ ਦਾ ਮਿਟਿਆ ਦੁਖ, ਦਰਦ ਰਿਹਾ ਨਾ ਰਾਈਆ । ਖਾਣ ਪੀਣ ਤ੍ਰਿਸ਼ਨਾ ਮਿਟੀ ਭੁਖ, ਹਉਮੇ ਮਮਤਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸਾਚੀ ਬਣਤ ਬਣਾਈਆ । ਪੰਜ ਕਹੇ ਮੈਂ ਵੇਖਿਆ ਖੇਲ ਅਪਾਰ, ਅਪਰੰਪਰ ਸਵਾਮੀ ਰਿਹਾ ਕਰਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਨਵ ਨਵ ਚਾਰ ਪਿਛੋਂ ਲਿਆ ਅਵਤਾਰ, ਜੋਤੀ ਜਾਮਾ ਹਰਿ ਹਰਿ ਰਾਮਾ ਨਿਰਗੁਣ ਆਪਣਾ ਨੂਰ ਕਰੇ ਰੁਸ਼ਨਾਈਆ । ਦੋ ਜਹਾਨਾਂ ਕਰਨਹਾਰਾ ਖ਼ਬਰਦਾਰ, ਮਰਦ ਮਰਦਾਨਾ ਆਪਣਾ ਹੁਕਮ ਸੁਣਾਈਆ । ਉਠੋ ਵੇਖੋ ਨੇਤਰ ਖੋਲ੍ਹੋ ਨਿਜ ਲੋਚਣ ਦਰਸ ਕਰੋ ਨਿਰੰਕਾਰ, ਗ੍ਰਿਹ ਮੰਦਰ ਘਟ ਘਟ ਆਤਮ ਸੇਜਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਸਮਾਈਆ । ਪੰਜ ਕਹਿਣ ਜਿਨ੍ਹਾਂ ਸਾਡਾ ਲਿਆ ਰਸ ਸੁਆਦ, ਰਸਨਾ ਜਿਹਵਾ ਭੋਗ ਲਗਾਈਆ । ਪਰਮ ਪੁਰਖ ਪਤਿਪਰਮੇਸ਼ਵਰ ਦਾ ਕੀਤਾ ਧੰਨਵਾਦ, ਸ੍ਰੀ ਭਗਵਾਨ ਨਿਉਂ ਨਿਉਂ ਸੀਸ ਨਿਵਾਈਆ । ਅੰਦਰ ਬਾਹਰ ਗੁਪਤ ਜ਼ਾਹਰ ਸੁਣਨ ਇਕ ਅਵਾਜ਼, ਤੇਰਾ ਮੇਰਾ ਢੋਲਾ ਸੋਹੰ ਸਚ ਸੁਣਾਈਆ । ਉਹਨਾਂ ਲੇਖਾ ਮਿਟ ਗਿਆ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਦਵੇ ਬਣਾਈਆ । ਸੋ ਸੰਤ ਸੁਹੇਲੇ ਧੁਰ ਦੇ ਸਾਧ, ਜਿਨ੍ਹਾਂ ਸੱਦੇ ਦੇਕੇ ਆਪਣੇ ਅੰਗ ਲਗਾਈਆ । ਕੂੜੀ ਕਿਰਿਆ ਮਾਇਆ ਮਮਤਾ ਵਿਚੋਂ ਦੇਵੇ ਕਾਢ, ਨਿਰਲੇਪ ਅਲੇਪ ਆਪਣੇ ਵਿਚ ਸਮਾਈਆ । ਸਚ ਦਵਾਰ ਹਰਿ ਨਿਰੰਕਾਰ ਪੁਰਖ ਅਕਾਲ ਕਰੇ ਲਾਡ, ਪਿਤਾ ਪੂਤ ਵੇਖ ਵਖਾਈਆ । ਦੇਵਣਹਾਰਾ ਸਾਚੀ ਦਾਦ, ਦੇਵਤ ਸੁਰ ਰਿਖ ਮੁਨ ਜਨ ਝੋਲੀ ਸਰਬ ਭਰਾਈਆ । ਬਿਸਮਲ ਰੂਪ ਹੋਵਣਵਾਲਾ ਵਿਸਮਾਦ, ਘਟ ਘਟ ਰਿਹਾ ਸਮਾਈਆ । ਬਿਨ ਆਲਸ ਨਿੰਦਰਾ ਨੇਤਰ ਲੋਚਨ ਨੈਣ ਅੱਖਾਂ ਰਿਹਾ ਜਾਗ, ਜਗਜੀਵਣ ਦਾਤਾ ਵਡ ਵਡਿਆਈਆ । ਵਸਤ ਅਮੋਲਕ ਕਾਇਆ ਗੋਲਕ ਨਾਮ ਭੰਡਾਰਾ ਦੇਵਣਹਾਰਾ ਦਾਤ, ਅਨਮੰਗੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੰਜ ਸੇਰ ਕਹੇ ਮੈਂ ਪੰਚਮ ਪਾਇਆ, ਦਰਗਾਹ ਸਾਚੀ ਏਥੇ ਓਥੇ ਵਜੀ ਵਧਾਈਆ । ਜਿਸ ਦਾ ਢੋਲਾ ਨਾਨਕ ਨਿਰਗੁਣ ਸਰਗੁਣ ਬਣਾਇਆ, ਗਹਿਰ ਗੰਭੀਰ ਬੇਨਜ਼ੀਰ ਚੋਟੀ ਚੜ੍ਹ ਅਖ਼ੀਰ ਦਹਿ ਦਿਸ਼ਾ ਵੇਖ ਵਖਾਈਆ । ਠਾਕਰ ਸਵਾਮੀ ਅੰਤਰਜਾਮੀ ਮੌਲਾ ਬਣਕੇ ਆਇਆ, ਧੁਰ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਆਪ ਦ੍ਰਿੜਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਪੂਰਬ ਲਹਿਣਾ ਰਿਹਾ ਮੁਕਾਇਆ, ਨਿਤ ਨਵਿਤਾ ਕਰ ਕਰ ਹਿਤ ਅਬਿਨਾਸ਼ੀ ਅਚੁਤਾ ਗੁਰਮੁਖ

੨੫੫

ਗੁਰਸਿਖ ਆਪਣੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਬੇਪਰਵਾਹੀਆ । ਬੇਪਰਵਾਹ ਸਾਹਿਬ ਸਵਾਮੀ, ਹਰਿ ਕਰਤਾ ਇਕ ਅਖਵਾਇੰਦਾ । ਉਸਦੀ ਸੁਣੋ ਅਗੰਮ ਕਹਾਣੀ, ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਭੇਵ ਕੋਇ ਨਾ ਪਾਇੰਦਾ । ਜੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਜਨ ਭਗਤਾਂ ਦੇਵਣਹਾਰਾ ਸਚ ਨਿਸ਼ਾਨੀ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮਹਿਵ ਇਕੋ ਰੰਗ ਰੰਗਾਇੰਦਾ । ਜੋ ਆਦਿ ਜੁਗਾਦੀ ਤਖ਼ਤ ਨਿਵਾਸੀ ਸ਼ਾਹ ਪਾਤਸ਼ਾਹ ਸੱਚਾ ਸੁਲਤਾਨੀ, ਰਾਜਨ ਰਾਜ ਭੂਪਤ ਭੂਪ ਭਗਵਨ ਆਪਣੇ ਰੰਗ ਸਮਾਇੰਦਾ । ਜਿਸ ਦੇ ਪਿਛੇ ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਆਪਣੀ ਗਏ ਕ਼ੁਰਬਾਨੀ, ਕਰਬਲਾ ਦੇਵਣਹਾਰ ਗਵਾਹੀਆ । ਜਿਸ ਦਾ ਲੇਖਾ ਕੋਇ ਨਾ ਜਾਣੇ ਜ਼ਿਮੀਂ ਆਸਮਾਨੀ, ਬ੍ਰਹਿਮੰਡ ਖੰਡ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜਿਸ ਦਾ ਜਲਵਾ ਇਕੋ ਨੂਰ ਨੂਰਾਨੀ, ਪਰਵਰਦਿਗਾਰ ਬੇਪਰਵਾਹ ਹਕ ਮੁਕਾਮੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਪੰਚ ਕਹੇ ਮੈਂ ਪਾਇਆ ਪੰਚਾਇਣ, ਗੁਰ ਸਤਿਗੁਰ ਦੇਵਣਹਾਰ ਵਡਿਆਈਆ । ਖੇਲ ਅਗੰਮੀ ਵੇਖਿਆ ਨਿਜ ਨੇਤਰ ਨੈਣ, ਜਗਤ ਨੈਣਾਂ ਵਾਲਿਆਂ ਨਜ਼ਰ ਕਿਸੇ ਨਾ ਆਈਆ । ਸਚ ਸਵਾਮੀ ਮਿਲਿਆ ਇਕ ਰਸੈਣ, ਦਰ ਘਰ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੇਰੀ ਸਦਾ ਆਦਤ, ਅਦਲ ਆਦਲ ਹੋ ਕੇ ਇਕ ਕਮਾਈਆ । ਮੁਰਸ਼ਦ ਹੋ ਕੇ ਮੁਰੀਦ ਵੇਖਾਂ ਕਰਨ ਵਾਲੇ ਅਬਾਦਤ, ਸਤਿਗੁਰ ਹੋ ਕੇ ਸੰਤ ਸੁਹੇਲੇ ਗੁਰ ਚੇਲੇ ਖੋਜ ਖੁਜਾਈਆ । ਜੁਗ ਚੌਕੜੀ ਮੇਟਣਹਾਰਾ ਕੂੜੀ ਕਿਰਿਆ ਬਗ਼ਾਵਤ, ਮਾਇਆ ਮਮਤਾ ਹਉਮੇ ਹੰਗਤਾ ਆਸਾ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਰਨਾਈ ਕਹੇ ਮੈਂ ਓਸਦੀ ਸਰਨਗਤ, ਜੋ ਸਾਹਿਬ ਸਵਾਮੀ ਇਕ ਅਖਵਾਇੰਦਾ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਨਾਮ ਗਏ ਜਪ, ਸਚਖੰਡ ਦਵਾਰੇ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸੋਭਾ ਪਾਇੰਦਾ । ਜਿਸ ਦੇ ਹੁਕਮੇ ਅੰਦਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰਹੇ ਨਚ, ਨਟੂਆ ਹੋ ਕੇ ਆਪਣਾ ਸਾਂਗ ਵਰਤਾਇੰਦਾ । ਜਿਸ ਦੇ ਹੁਕਮੇ ਅੰਦਰ ਕਾਇਆ ਮਾਟੀ ਪੰਜ ਤੱਤ ਬਣੀ ਕਚ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ । ਉਹ ਸਾਹਿਬ ਸਵਾਮੀ ਲੇਖਾ ਜਾਣੇ ਪੁਰਖ ਸਮਰਥ, ਪੁਰਖ ਅਕਾਲਾ ਦੀਨ ਦਿਆਲਾ ਸਾਚੀ ਧਰਮਸਾਲਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਰਦਾ ਉਹਲਾ ਆਪ ਚੁਕਾਇੰਦਾ । ਪੰਜ ਕਹਿਣ ਕਿਉਂ ਅਸੀਂ ਹੋਏ ਪਰਧਾਨ, ਮਿਲੀ ਮਾਣ ਵਡਿਆਈਆ । ਇਹ ਖੇਲ ਸ੍ਰੀ ਭਗਵਾਨ, ਬੁੱਧੀਵਾਨ ਨਾ ਕੋਇ ਸਮਝਾਈਆ । ਇਸਦਾ ਲੇਖ ਨਾ ਵਿਚ ਜਹਾਨ, ਕਾਗ਼ਜ਼ ਕ਼ਲਮ ਸ਼ਾਹੀ ਦੇਵੇ ਨਾ ਕੋਇ ਗਵਾਹੀਆ । ਇਸ ਦਾ ਅੱਖਰਾਂ ਵਾਲਾ ਨਹੀਂ ਫ਼ਰਮਾਨ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਇਸਦਾ ਢੋਲਾ ਗਾਇਆ ਨਾ ਜਾਏ ਨਾਲ ਜ਼ਬਾਨ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰਾ ਆਪ ਬੰਧਾਈਆ । ਧੁਰ ਦੀ ਧਾਰ ਦੀ ਖੇਲ ਧਰਤ, ਧਰਨੀ ਧਵਲ ਵਜੀ ਵਧਾਈਆ । ਪ੍ਰਤੀਨਿਧ ਹੋ ਕੇ ਪਤਿਪਰਮੇਸ਼ਵਰ ਆਇਆ ਪਰਤ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਕੀਤਾ ਕੌਲ ਇਕ਼ਰਾਰ ਗੁਰ ਅਵਤਾਰਾਂ ਨਾਲ ਪੂਰੀ ਕਰੇ ਸ਼ਰਤ, ਸ਼ਰਅ ਸ਼ਰੀਅਤ ਅਸਲੀਅਤ ਆਪਣੀ ਦਏ ਸਮਝਾਈਆ । ਬੀਸ

ਇਕੀਸਾ ਹਰਿ ਜਗਦੀਸਾ ਨਿਰਗੁਣ ਸਰਗੁਣ ਰਹਿਣ ਨਾ ਦੇਵੇ ਕੋਈ ਫ਼ਰਕ, ਫ਼ੈਸਲਾ ਧੁਰ ਦਾ ਆਪ ਜਣਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਈਆ । ਗੁਰਮੁਖ ਸਾਚੇ ਸੰਤ ਜਨਾਂ ਜਨਮ ਕਰਮ ਦੀ ਪਿਛਲੀ ਵੇਖੇ ਫ਼ਰਦ, ਅਭੁਲ ਭੁਲ ਕਦੇ ਨਾ ਜਾਈਆ । ਖ਼ਾਲਕ ਖ਼ਲਕ ਵਿਚ ਖੇਲ ਕਰੇ ਅਸਚਰਜ, ਅਚਰਜ ਲੀਲ੍ਹਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੰਜ ਕਹਿਣ ਸਾਨੂੰ ਆਈ ਖ਼ੁਸ਼ਹਾਲੀ, ਮਿਲ ਮਿਲ ਆਪਣੀ ਖ਼ੁਸ਼ੀ ਬਣਾਈਆ । ਸ੍ਰੀ ਭਗਵਾਨ ਸਾਡੀ ਕਰੇ ਦਲਾਲੀ, ਵਿਚੋਲਾ ਇਕੋ ਬੇਪਰਵਾਹੀਆ । ਖੇਲ ਵੇਖ ਜੋਤ ਅਕਾਲੀ, ਅਕਲ ਬੈਠੀ ਮੁਖ ਭਵਾਈਆ । ਠਾਕਰ ਸਵਾਮੀ ਹੋ ਕੇ ਜਨ ਭਗਤਾਂ ਦਰ ਬਣੇ ਸਵਾਲੀ, ਅਲਖ ਅਗੋਚਰ ਅਗੰਮ ਅਥਾਹ ਆਪਣੀ ਅਲਖ ਜਗਾਈਆ । ਸਾਚੀ ਵਸਤ ਅਮੋਲਕ ਹੱਥ ਨਾ ਆਵੇ ਭਾਲੀ, ਲੱਖ ਚੁਰਾਸੀ ਭੱਜੇ ਵਾਹੋ ਦਾਹੀਆ । ਬਿਨ ਭਗਤ ਭਗਵਾਨ ਵਜੇ ਨਾ ਕੋਇ ਸੱਚੀ ਤਾਲੀ, ਧੁਰ ਦਾ ਤਾਲ ਨਾ ਕੋਇ ਵਜਾਈਆ । ਸਾਚੀ ਵਸਤ ਕਿਸੇ ਨਜ਼ਰ ਨਾ ਆਵੇ ਥਾਲੀ, ਪਰਦਾ ਸਕੇ ਨਾ ਕੋਇ ਉਠਾਈਆ । ਅੰਮ੍ਰਿਤ ਫਲ ਨਜ਼ਰ ਨਾ ਆਏ ਕੋਈ ਡਾਲ੍ਹੀ, ਸਿੰਮਲ ਕੂੜ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਵੇਖਿਆ ਕਰਦਾ, ਹਰਿ ਕਰਤਾ ਦਇਆ ਕਮਾਇੰਦਾ । ਗੁਰ ਅਵਤਾਰ ਪੈਗ਼ੰਬਰ ਜਿਸ ਤੋਂ ਡਰਦਾ, ਸਿਰ ਉਪਰ ਨਾ ਕੋਇ ਉਠਾਇੰਦਾ । ਸੋ ਗੁਰਮੁਖਾਂ ਕਾਇਆ ਮੰਦਰ ਅੰਦਰ ਵੜਦਾ, ਸਾਢੇ ਤਿੰਨ ਹੱਥ ਖੋਜ ਖੁਜਾਇੰਦਾ । ਆਤਮ ਪਰਮਾਤਮ ਹੋ ਕੇ ਵਰਦਾ, ਧੁਰ ਦਾ ਜੋੜ ਜੁੜਾਇੰਦਾ । ਕੂੜ ਕੁੜਿਆਰਾ ਅੰਦਰੋਂ ਕਢਦਾ, ਨਾਮ ਖੰਡਾ ਇਕ ਚਮਕਾਇੰਦਾ । ਸਾਚਾ ਮਾਰਗ ਸਤਿ ਸਤਿਵਾਦੀ ਦੱਸਦਾ, ਮੰਤਰ ਇਕੋ ਇਕ ਸਮਝਾਇੰਦਾ । ਲੇਖਾ ਮੁਕਾ ਕੇ ਸੀਆਂ ਸਾਢੇ ਤਿੰਨ ਹੱਥ ਦਾ, ਜਨਮ ਮਰਨ ਭਾਂਡਾ ਭਰਮ ਭੌ ਭੰਨਾਇੰਦਾ । ਵੇਲੇ ਅੰਤ ਕੰਤ ਭਗਵੰਤ ਪਤ ਰਖਦਾ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਸੰਦੇਸ਼ਾ ਦੇ ਕੇ ਧੁਰ ਦੇ ਜਸ ਦਾ, ਸੋਹੰ ਢੋਲਾ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਕਰਨੀ ਕਹੇ ਮੇਰਾ ਵੱਡਾ ਕਰਤਾ, ਕ਼ੁਦਰਤ ਦਾ ਮਾਲਕ ਇਕ ਅਖਵਾਈਆ । ਨਾ ਜਨਮੇ ਨਾ ਕਦੇ ਮਰਦਾ, ਜੁਗ ਚੌਕੜੀ ਖੇਲ ਵਖਾਈਆ । ਨਿਰਭੌ ਹੋ ਕਦੇ ਨਾ ਡਰਦਾ, ਭੈ ਵਿਚ ਸਰਬ ਲੋਕਾਈਆ । ਜੋ ਵੇਸ ਅਨੇਕ ਕਰਦਾ, ਜੁਗ ਚੌਕੜੀ ਫੇਰਾ ਪਾਈਆ । ਭਗਤ ਭਗਵਾਨ ਬਣਾ ਬਰਦਾ, ਬੰਦਨਾ ਇਕੋ ਇਕ ਸਮਝਾਈਆ । ਮੇਲ ਮਿਲਾ ਸਾਚੇ ਹਰਿ ਦਾ, ਹਰਿ ਰੰਗ ਦਏ ਰੰਗਾਈਆ । ਖੇਲ ਅਨੋਖਾ ਨਰਾਇਣ ਨਰ ਦਾ, ਸਮਝ ਕਿਸੇ ਨਾ ਆਈਆ । ਸਚ ਭੰਡਾਰਾ ਆਪੇ ਭਰਦਾ, ਸਚ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗੀ ਇਕ ਅਖਵਾਈਆ । ਧੁਰ ਦਾ ਸੰਗੀ ਹਰਿ ਭਗਵੰਤ, ਹਰਿ ਕਰਤਾ ਇਕ ਅਖਵਾਇੰਦਾ । ਨਾਮ ਪਦਾਰਥ ਦੇ ਕੇ ਮਣੀਆ ਮੰਤ, ਮਾਇਆ ਮਮਤਾ ਮੋਹ ਚੁਕਾਇੰਦਾ । ਤਨ ਵਜੂਦ ਚਾੜ੍ਹ ਕੇ ਰੰਗਤ, ਕਾਇਆ ਮਾਟੀ ਆਪ ਸੁਹਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਸ਼ਬਦ ਅਨਾਦੀ ਨਾਦ ਜਣਾਇੰਦਾ । ਭੇਵ ਖੁਲ੍ਹਾ ਕੇ ਧੁਰ ਦੀ ਸੰਗਤ, ਹਰਿ ਸਗਲਾ ਜੋੜ ਜੁੜਾਇੰਦਾ । ਦੂਜੇ ਦਰ ਹੋਵੇ ਕੋਈ ਨਾ ਮੰਗਤ, ਗੁਰਮੁਖ ਗੁਰ ਗੁਰ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਕਰਨੀ ਕਹੇ

੨੫੬

੨੫੭

ਮੈਂ ਵੇਖਿਆ ਕ਼ਾਦਰ, ਕਰਤਾ ਬੇਪਰਵਾਹੀਆ । ਆਦਿ ਜੁਗਾਦੀ ਧੁਰ ਦਾ ਆਦਲ, ਅਦਾਲਤ ਇਕੋ ਇਕ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ
ਕਲਜੁਗ ਕਰਦਾ ਰਹੇ ਤਬਾਦਲ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਲੱਖ ਚੁਰਾਸੀ ਜੀਵ ਜੰਤ ਜਿਸ ਸਦੀ ਚੌਧਵੀਂ ਕੀਤੇ ਪਾਗ਼ਲ, ਸੁਰਤੀ ਸੁਰਤ
ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਰਿਹਾ ਵਖਾਈਆ । ਕਰਨੀ ਕਹੇ ਮੈਂ ਵੇਖਿਆ
ਕਰਮ ਜੁਗ, ਕਾਂਡਾਂ ਵਿਚ ਆਪਣਾ ਆਪ ਗਵਾਈਆ । ਸਾਚੀ ਚੋਗ ਲਏ ਕੋਈ ਨਾ ਚੁਗ, ਰਸਨਾ ਰਸ ਨਾ ਕੋਇ ਭਰਾਈਆ । ਕਲਜੁਗ ਕੂੜੀ
ਕਿਰਿਆ ਸ੍ਰਿਸ਼ਟੀ ਭਰਿਆ ਦੁਖ, ਸਾਂਤਕ ਸਤਿ ਨਾ ਕੋਇ ਵਰਤਾਈਆ । ਉਜਲ ਕਰੇ ਨਾ ਕੋਇ ਮੁਖ, ਦੁਰਮਤ ਮੈਲ ਨਾ ਕੋਇ ਧਵਾਈਆ ।
ਬਿਨ ਭਗਵਾਨ ਜਨ ਭਗਤ ਬਣਾਏ ਨਾ ਕੋਇ ਸੁਤ, ਦੁਲਾਰੇ ਰੂਪ ਨਾ ਕੋਇ ਵਖਾਈਆ । ਕਲਜੁਗ ਅੰਤਮ ਪੈਂਡਾ ਰਿਹਾ ਮੁਕ, ਵੇਲਾ ਵਕਤ ਦਏ
ਗਵਾਹੀਆ । ਪੁਰਖ ਅਕਾਲਾ ਦੀਨ ਦਿਆਲਾ ਸਾਚੀ ਧਾਰੋਂ ਆਵੇ ਉਠ, ਆਪ ਆਪਣਾ ਫੇਰਾ ਪਾਈਆ । ਜਗਤ ਜਹਾਨ ਗੁਰਮੁਖਾਂ ਉਪਰ ਜਾਏ
ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸਤਿਗੁਰ
ਰੰਗ ਸਦਾ ਅਨਡੀਠ, ਕਾਇਆ ਕੱਪੜ ਆਪ ਚੜ੍ਹਾਈਆ । ਵੇਖਣਹਾਰਾ ਧੁਰ ਦਾ ਮੀਤ, ਮਿਤਰ ਪਿਆਰਾ ਨਜ਼ਰੀ ਆਈਆ । ਕਲਜੁਗ ਬਦਲਣਹਾਰਾ
ਰੀਤ, ਸਤਿਜੁਗ ਸਾਚਾ ਰਾਹ ਵਖਾਈਆ । ਲਹਿਣਾ ਦੇਣਾ ਮੁਕਾ ਕੇ ਹਸਤ ਕੀਟ, ਉਚ ਨੀਚ ਡੇਰਾ ਢਾਹੀਆ । ਜਨ ਭਗਤ ਵਸਾਵਣਹਾਰਾ
ਧਾਮ ਅਤੀਤ, ਤੈਗੁਣ ਲੇਖਾ ਦਏ ਮੁਕਾਈਆ । ਪੰਜ ਬਹਿਣ ਜਿਨ੍ਹਾਂ ਗਾਇਆ ਸੋਹੰ ਗੀਤ, ਤੂੰ ਮੇਰਾ ਮੈਂ ਤੇਰਾ ਇਕੋ ਰੰਗ ਸਮਾਈਆ । ਓਨ੍ਹਾਂ
ਲੇਖਾ ਮੁੱਕਿਆ ਮੰਦਰ ਮਸੀਤ, ਕਾਇਆ ਕਾਅਬਾ ਕਾਇਆ ਅੰਦਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ
ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਆਪ, ਹਰਿ ਕਰਤਾ ਦਇਆ ਕਮਾਈਆ । ਭਗਤ ਸੁਹੇਲਾ ਮਾਈ ਬਾਪ, ਪਤਿਪਰਮੇਸ਼ਵਰ ਨਜ਼ਰੀ
ਆਈਆ । ਕੂੜੀ ਕਿਰਿਆ ਮੇਟ ਰੋਗ ਸੰਤਾਪ, ਹਉਮੇ ਹੰਗਤਾ ਦਏ ਗਵਾਈਆ । ਸਤਿ ਸਤਿਵਾਦੀ ਦੱਸੇ ਜਾਪ, ਸੋਹੰ ਢੋਲਾ ਦਏ ਪੜ੍ਹਾਈਆ ।
ਰੂਹ ਬੁਤ ਕਰ ਕੇ ਪਾਕੀ ਪਾਕ, ਖ਼ਾਕੀ ਮਾਟੀ ਸੋਭਾ ਪਾਈਆ । ਲੇਖਾ ਲਹਿਣਾ ਦੇਣਾ ਕਰ ਕੇ ਬੇਬਾਕ, ਭਵਿਖਤ ਵਾਕ ਅਗਲਾ ਦਏ ਜਣਾਈਆ ।
ਜਨ ਭਗਤੋ ਤੁਹਾਡਾ ਬਣਿਆ ਧੁਰ ਦਾ ਸਾਥ, ਹਰਿ ਸੰਗੀ ਸਗਲਾ ਸੰਗ ਨਿਭਾਈਆ । ਚਾਰ ਵਰਨ ਬਣਾ ਕੇ ਇਕ ਜਮਾਤ, ਸ਼ੱਤਰੀ ਬ੍ਰਾਹਮਣ
ਸ਼ੂਦਰ ਵੈਸ਼ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਧੁਰ ਦੀ ਕਰਨੀ
ਕਰਨਹਾਰਾ, ਹਰਿ ਕਰਤਾ ਇਕ ਅਖਵਾਇੰਦਾ । ਕਲ ਕਲਕੀ ਲੈ ਅਵਤਾਰਾ, ਨਿਰਗੁਣ ਆਪਣਾ ਫੇਰਾ ਪਾਇੰਦਾ । ਸ਼ਬਦੀ ਸ਼ਬਦ ਬੋਲ ਜੈਕਾਰਾ,
ਧੁਰ ਦਾ ਢੋਲਾ ਸਚ ਸੁਣਾਇੰਦਾ । ਲੇਖ ਚੁਕਾਵਣਹਾਰਾ ਵਾਰੋ ਵਾਰਾ, ਨਿਤ ਨਵਿਤ ਵੇਖ ਵਖਾਇੰਦਾ । ਪੂਰਬ ਜਿਨ੍ਹਾਂ ਦੇਵਣਹਾਰ ਆਧਾਰਾ, ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਮੁਕਾਇੰਦਾ । ਸਾਚਾ ਲੇਖਾ ਮੁਕੇ ਜਗ, ਜਗ ਜੀਵਣ ਦਾਤਾ ਦਏ ਵਡਿਆਈਆ ।
ਸੰਤ ਸੁਹੇਲੇ ਸੱਜਣ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਨਾਮ ਖ਼ੁਮਾਰ ਚਾੜ੍ਹ ਕੇ ਰੰਗ, ਰੰਗਤ ਇਕੋ ਦਏ ਵਖਾਈਆ । ਮਾਨਸ ਜਨਮ ਨਾ
ਹੋਵੇ ਭੰਗ, ਏਥੇ ਓਥੇ ਦਏ ਵਡਿਆਈਆ । ਸਤਿ ਪ੍ਰੇਮ ਦਾ ਦੇ ਕੇ ਅਨੰਦ, ਅਨੰਦ ਇਕੋ ਇਕ ਜਣਾਈਆ । ਗੁਰਸਿਖ ਗੋਬਿੰਦ ਚਾੜ੍ਹ ਕੇ ਆਪਣੇ

ਚੰਦ, ਚੰਦ ਨੂਰ ਕਰੇ ਰੁਸ਼ਨਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਬ੍ਰਹਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਆਪਣੇ ਰੰਗ ਰੰਗਾਈਆ । ਗੁਰਮੁਖ ਰੰਗ ਰੰਗੇ ਹਰਿ ਸਤਿਗੁਰ, ਸ਼ਬਦ ਲਲਾਰੀ ਸੇਵ ਕਮਾਈਆ । ਪੂਰਬ ਲੇਖਾ ਝੋਲੀ ਪਾਏ ਧੁਰ, ਧੁਰ ਮਸਤਕ ਵੇਖ ਵਖਾਈਆ । ਸ੍ਰੀ ਭਗਵਾਨ ਜਨ ਭਗਤਾਂ ਪਈ ਲੋੜ, ਲੋੜੀਂਦੇ ਸੱਜਣ ਵੇਖ ਵਖਾਈਆ । ਆਤਮ ਪਰਮਾਤਮ ਵਿਛੜੀ ਰਿਹਾ ਜੋੜ, ਦੁਖੜੇ ਦਰਦ ਕਟਾਈਆ । ਕਰ ਪਰਕਾਸ਼ ਅੰਧੇਰੇ ਘੋਰ, ਸਾਚਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਵਸੇ ਸਦਾ ਕੋਲ, ਪਰਦਾ ਉਹਲਾ ਪਰੇ ਹਟਾਈਆ ।

## ✻ ੧੪ ਮਾਘ ੨੦੨੧ ਬਿਕ੍ਰਮੀ ਮਹਾਲਮ ਰੇਲਵੇ ਸਟੇਸ਼ਨ ਉਤੇ ✻

ਵੀਹ ਸੌ ਬਾਰਾਂ ਬਿਕ੍ਰਮੀ ਦੀ ਆ ਗਈ ਯਾਦ, ਪਿਛਲਾ ਲੇਖਾ ਰਹੀ ਜਣਾਈਆ । ਜਿਸ ਵੇਲੇ ਹਰਿ ਸੰਗਤ ਕੀਤੀ ਸੀ ਆਬਾਦ, ਲੋਕਮਾਤ ਖੇੜਾ ਦਿਤਾ ਵਸਾਈਆ । ਓਸ ਵੇਲੇ ਥੋੜ੍ਹਾ ਜਿਹਾ ਰੱਖਿਆ ਵਿਚ ਰਾਜ਼, ਪੜਦਾ ਆਪਣੇ ਵਿਚ ਛੁਪਾਈਆ । ਭਗਤਾਂ ਸੰਗ ਖੇਲਣਾ ਇਕ ਤਮਾਸ਼, ਭਗਵਨ ਬੇਪਰਵਾਹੀਆ । ਸੰਤ ਸੁਹੇਲੇ ਬਣਾ ਸਮਾਜ, ਧੁਰ ਦੀ ਵੰਡ ਵੰਡਾਈਆ । ਸਚਖੰਡ ਦਵਾਰ ਦਾ ਦੇ ਕੇ ਪਾਸ, ਦੋ ਜਹਾਨਾਂ ਪਾਸ ਕਰਾਈਆ । ਜਨਮ ਜਨਮ ਦੀ ਪੂਰੀ ਕਰ ਕੇ ਆਸ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਗੋਬਿੰਦ ਦੀ ਇਕ ਪਿਛਲੀ ਖ਼ਾਹਸ਼, ਸਨਮੁਖ ਹੋ ਕੇ ਰਹੀ ਸੁਣਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਵਡ ਵੱਡੇ ਤੇਰੀ ਬੇਪਰਵਾਹੀਆ । ਇਕ ਵਾਰ ਨਾਨਕ ਕੀਤਾ ਸੀ ਯਾਦ, ਕਾਲੇ ਰੰਗ ਕਫ਼ਨੀ ਹੇਠ ਵਿਛਾਈਆ । ਪਤਿਪਰਮੇਸ਼ਵਰ ਹੁਕਮ ਦਿਤਾ ਸੀ ਖ਼ਾਸ, ਧੁਰ ਸੰਦੇਸ਼ ਜਣਾਈਆ । ਅਗੰਮ ਅਥਾਹ ਸੰਦੇਸ਼ਾ ਦੇ ਭਵਿਖਤ ਵਾਕ, ਦੂਆ ਏਕਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖੇ ਥਾਉਂ ਥਾਈਂਆ । ਬਾਰਾਂ ਕਹੇ ਮੇਰਾ ਲੇਖਾ, ਹਰਿ ਕਰਤਾ ਆਪ ਚੁਕਾਈਆ । ਜੁਗ ਚੌਕੜੀ ਭੁੱਲਿਆ ਕਦੇ ਨਾ ਚੇਤਾ, ਸ਼ਾਹ ਪਾਤਸ਼ਾਹ ਆਪਣਾ ਫੇਰਾ ਪਾਈਆ । ਭਾਗ ਲਗਾ ਕੇ ਮਾਲਵੇ ਦੇਸਾ, ਦੇਸ ਦਸੰਤਰ ਖੋਜ ਖੁਜਾਈਆ । ਅਚਨ ਅਚਾਨਕ ਗੋਬਿੰਦ ਇਕ ਦਿਨ ਗੱਡਿਆ ਸੀ ਏਥੇ ਨੇਜ਼ਾ, ਨੌ ਫੁਟ ਨਜ਼ਰੀ ਆਈਆ । ਕੋਲ ਬਹਿ ਕੇ ਕੀਤਾ ਹੇਤਾ, ਪ੍ਰੇਮ ਪਿਆਰ ਵਧਾਈਆ । ਅਗੰਮੀ ਆਵਾਜ਼ ਆਈ ਸੁਣ ਸੁਤ ਦੁਲਾਰੇ ਸਾਚੇ ਬੇਟਾ, ਪਿਤਾ ਪੁਰਖ ਅਕਾਲ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜਿਸ ਵੇਲੇ ਨੇਜ਼ਾ ਪੰਜ ਉਂਗਲ ਗਿਆ ਖੁਭ, ਤਿੱਖੀ ਧਾਰ ਜਣਾਈਆ । ਮੇਰਾ ਸੁਣ ਦੁਖ, ਦਰਦੀ ਦਰਦ ਵੰਡਾਈਆ । ਮੈਂ ਧਰਨੀ ਅੰਦਰ ਗਿਆ ਲੁਕ, ਦੁਹਾਈ ਤੇਰਾ ਦਰਸ ਨਾ ਕੋਈ ਕਰਾਈਆ । ਮੈਨੂੰ ਛੇਤੀ ਬਾਹਰ ਪੁਟ, ਵਿਛੋੜਾ ਝੱਲਾਂ ਨਾ ਕੋਈ ਜੁਦਾਈਆ । ਗੋਬਿੰਦ ਕਿਹਾ ਕਰ ਚੁਪ, ਤੈਨੂੰ ਦਿਆਂ ਸਮਝਾਈਆ । ਸਚ ਪੁੱਛੇਂ ਜਿਸ ਰਾਜੇ ਰਾਣੇ ਨੇ ਤੈਨੂੰ ਬਣਾਇਆ ਪੁਤ, ਆਪਣੀ ਗੋਦ ਬਹਾਈਆ । ਓਸ ਦੇ ਕੋਲੋਂ ਚਨੇ ਲੈ ਕੇ ਮੁਠ, ਪੂੜੀਆਂ ਭੋਗ ਲਗਾਈਆ । ਮੈਂ ਓਸ ਦੇ ਵਾਸਤੇ ਵੇਖੀ ਸੋਹਣੀ ਗੁਠ, ਨਿਸ਼ਾਨ ਦਿਤਾ ਲਗਾਈਆ । ਜਿਸ ਵੇਲੇ

ਮੇਰਾ ਭਗਵਾਨ ਗਿਆ ਤੁਠ, ਧੁਰ ਦਾ ਜੋੜ ਜੁੜਾਈਆ । ਓਹ ਬਦਲ ਕੇ ਆਇਆ ਰੁਖ਼, ਚਲ ਕੇ ਆਵੇ ਪਾਂਧੀ ਰਾਹੀਆ । ਕੋਈ ਨਾ ਜਾਣੇ ਮਾਨਸ ਮਨੁਖ, ਮਨੁਸ਼ ਨਾ ਕੋਈ ਵਡਿਆਈਆ । ਠਾਕਰ ਸਵਾਮੀ ਹੋ ਕੇ ਹੋਵੇ ਖ਼ੁਸ਼, ਖ਼ੁਸ਼ੀਆਂ ਹਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨੇਜ਼ੇ ਕਿਹਾ ਕੀ ਗੋਬਿੰਦ ਸੱਚੀ ਆਖੀ, ਮੈਨੂੰ ਦੇ ਸਮਝਾਈਆ । ਓਸ ਕਿਹਾ ਇਹ ਧੁਰ ਦੀ ਸਾਖੀ, ਪੁਰਖ ਅਬਿਨਾਸ਼ੀ ਬਣਤ ਬਣਾਈਆ । ਮੈਂ ਸੇਵਕ ਓਸੇ ਦੀ ਦਾਸੀ, ਦਾਸੀ ਦਾਸ ਰੂਪ ਵਟਾਈਆ । ਕਾਇਆ ਮਾਟੀ ਭਾਂਡਾ ਕਾਚੀ, ਤਨ ਗਗਰੀਆ ਰਿਹਾ ਹੰਢਾਈਆ । ਓਹ ਸਾਹਿਬ ਪੁਰਖ ਸਮਰਾਥੀ, ਬੇਪਰਵਾਹ ਅਖਵਾਈਆ । ਜਿਹੜਾ ਰਾਜਾ ਚੜ੍ਹਦਾ ਉਪਰ ਹਾਥੀ, ਉਸ ਨੂੰ ਚਰਨਾਂ ਨਾਲ ਫਿਰਾਈਆ । ਇਹ ਤੇਰੀ ਮੇਰੀ ਅਗਲੀ ਸਾਂਝੀ ਭਾਜੀ, ਹਿੱਸਾ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨੇਜ਼ੇ ਕਿਹਾ ਕੀ ਮੈਂ ਨਾਚੀਜ਼, ਇਹ ਵੇਲਾ ਵਕਤ ਵੇਖ ਵਖਾਈਆ । ਮੈਂ ਲਕੜੀ ਕਾਠ ਨਹੀਂ ਤਮੀਜ਼, ਸਮਝ ਨਾ ਕੋਇ ਚਤੁਰਾਈਆ । ਗੋਬਿੰਦ ਕਿਹਾ ਮੇਰੀ ਤੇਰੇ ਨਾਲ ਪ੍ਰੀਤ, ਸਦ ਆਪਣੇ ਹੱਥ ਰਖਾਈਆ । ਜਿਸ ਵੇਲੇ ਵਕਤ ਸੁਹਾਵਾਂ ਠੀਕ, ਠਾਕਰ ਆਪਣਾ ਨਾਲ ਮਿਲਾਈਆ । ਓਸ ਵੇਲੇ ਸ਼ਹਾਦਤ ਦੇ ਕਰਾਂ ਤਸਦੀਕ, ਤਸੱਲੀ ਨਾਲ ਸਮਝਾਈਆ । ਮੈਂ ਬੀਸ ਇਕੀਸਾ ਰਖ ਉਡੀਕ, ਤਾਰੀਖ਼ ਦਿਤੀ ਦ੍ਰਿੜਾਈਆ । ਜਿਉਂ ਭਾਵੇ ਤਿਸ ਬਿਧ ਲਿਆਵਾਂ ਘਸੀਟ, ਖਿੱਚਾਂ ਵਾਹੋ ਦਾਹੀਆ । ਓਸ ਵੇਲੇ ਨੇਜ਼ੇ ਕਿਹਾ ਮੈਨੂੰ ਦੇ ਰਸੀਦ, ਆਪਣੇ ਹੱਥ ਲਿਖਾਈਆ । ਗੋਬਿੰਦ ਕਿਹਾ ਠੀਕ, ਵਾਹ ਵਾਹ ਤੇਰੀ ਵਡਿਆਈਆ । ਜ਼ਰਾ ਅਗੇ ਵੇਖ ਨਜ਼ਦੀਕ, ਤੈਨੂੰ ਹੋਰ ਕੁਛ ਦਿਆਂ ਵਖਾਈਆ । ਜਿਸ ਦੀ ਧਾਰ ਬਾਰੀਕ, ਸ਼ਾਹ ਪਾਤਸ਼ਾਹ ਬੈਠਾ ਆਸਣ ਲਾਈਆ । ਜਿਸ ਦਾ ਦੂਸਰ ਨਹੀਂ ਕੋਈ ਸ਼ਰੀਕ, ਲਾਸ਼ਰੀਕ ਇਕ ਅਖਵਾਈਆ । ਸਿਫ਼ਤਾਂ ਨਾਲ ਕਰੇ ਨਾ ਕੋਇ ਤਾਰੀਫ਼, ਤੁਆਰਫ਼ ਕਰ ਕੇ ਖ਼ੁਸ਼ੀ ਜਣਾਈਆ । ਜਿਸ ਵੇਲੇ ਉਹ ਆਪ ਕਰੇ ਬਖ਼ਸ਼ੀਸ਼, ਰਹਿਮਤ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨੇਜ਼ੇ ਕਿਹਾ ਤੇਰੀ ਰਸੀਦ ਦਾ ਸਬੂਤ ਕਿਹੜਾ, ਮੈਨੂੰ ਦੇ ਸਮਝਾਈਆ । ਓਸ ਵੇਲੇ ਪੈ ਨਾ ਜਾਏ ਝੇੜਾ, ਦੂਰ ਦੁਰਾਡਾ ਚਲ ਕੇ ਕਿਸ ਤਰਾ ਆਈਆ । ਗੋਬਿੰਦ ਕਿਹਾ ਮੇਰਾ ਵੱਡਾ ਖੁਲ੍ਹਾ ਵਿਹੜਾ, ਦੋ ਜਹਾਨ ਛੋਟਾ ਘਰ ਬਣਾਈਆ । ਜਿਸ ਵੇਲੇ ਜਨ ਭਗਤਾਂ ਬੰਨ੍ਹਾ ਬੇੜਾ, ਗੁਰਮੁਖਾਂ ਕੰਧ ਉਠਾਈਆ । ਲੱਖ ਚੁਰਾਸੀ ਨਾਲ ਕਰ ਕੇ ਹੇਰਾ ਫੇਰਾ, ਆਪਣੀ ਬਣਤ ਲਵਾਂ ਬਣਾਈਆ । ਆਦਿ ਜੁਗਾਦਿ ਜੁਗ ਚੌਕੜੀ ਕਰਾਂ ਹਕ ਨਬੇੜਾ, ਹਕ਼ੀਕ਼ਤ ਵੇਖਾਂ ਥਾਉਂ ਥਾਈਆ । ਮਿਹਰਵਾਨ ਹੋ ਕੇ ਕਰਾਂ ਮਿਹਰਾ, ਮੁਹੱਬਤ ਵਿਚ ਰਖਾਈਆ । ਤੂੰ ਨਹੀਂ ਜਾਣਦਾ ਕਿਸ ਬਿਧ ਪਾਵੇ ਫੇਰਾ, ਫਿਰ ਫਿਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨੇਜ਼ੇ ਕਿਹਾ ਕੀ ਪ੍ਰਭੂ ਉਹ ਸਚ ਆਏਗਾ । ਗੋਬਿੰਦ ਕਿਹਾ ਹਾਂ, ਉਹ ਮੇਰਾ ਦਰਸ਼ਨ ਪਾਏਗਾ । ਓਸ ਕਿਹਾ ਕਿਹੜਾ ਥਾਂ, ਗੋਬਿੰਦ ਕਿਹਾ ਭੂਮਿਕਾ ਇਹ ਸੁਹਾਏਗਾ । ਜਿਸ ਦਾ ਕੋਈ ਨਿਸ਼ਾਨਾ ਨਾ, ਜਗਤ ਤਾਰੀਖ਼ ਨਾ ਕੋਇ ਵਡਿਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਏਗਾ । ਨੇਜ਼ਾ ਕਹੇ ਕੀ ਇਹ ਦਰੁਸਤ, ਧੁਰਦਰਗਾਹੀ ਦੇ ਜਣਾਈਆ । ਗੋਬਿੰਦ ਕਿਹਾ ਹਾਂ ਇਹ ਖੇਲ ਬੜਾ ਮੁਫ਼ਤ, ਕਰਤਾ ਹੋ ਕੇ ਕ਼ੀਮਤ ਨਾ ਕੋਇ ਲਗਾਈਆ । ਭਾਵੇਂ ਰਾਜਾ ਬਣ ਕੇ

ਵੱਡਾ ਬਣਿਆ ਚੁਸਤ, ਬੁੱਧੀਵਾਨ ਅਖਵਾਈਆ । ਮਹਲ ਅਟਲ ਵੇਖਣਹਾਰਾ ਅਰਸ਼, ਕੁਰਸ਼ਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨੇਜ਼ੇ ਥਲਿਉਂ ਜ਼ਮੀਨ ਕੀਤੀ ਪੁਕਾਰ, ਧਰਨੀ ਦਿਤੀ ਦੁਹਾਈਆ । ਕਿਹੜਾ ਗੋਬਿੰਦ ਤੇਰਾ ਯਾਰ, ਮੈਨੂੰ ਦੇ ਵਖਾਈਆ । ਜਿਸ ਮੇਰਾ ਸੀਨਾ ਪਾੜ, ਤੈਨੂੰ ਦਿਤੀ ਵਡਿਆਈਆ । ਕਿਉਂ ਆਇਆ ਵਿਚ ਉਜਾੜ, ਜੰਗਲ ਫੇਰਾ ਪਾਈਆ । ਕੀ ਇਹ ਕੋਈ ਡਾਕੂ ਜਾਂ ਮਾਰਨ ਆਇਆ ਧਾੜ, ਲੁਟੇਰਾ ਨਜ਼ਰੀ ਆਈਆ । ਨੇਜ਼ੇ ਕਿਹਾ ਨਹੀਂ ਕਮਲੀਏ ਇਹ ਵਸਦੇ ਖੇੜੇ ਕਦੀ ਨਾ ਦੇਵੇ ਉਜਾੜ, ਉਜੜਿਆਂ ਰਿਹਾ ਵਸਾਈਆ । ਜਿਸ ਵੇਲੇ ਆਵੇ ਸਾਂਝਾ ਹੋ ਕੇ ਯਾਰ, ਮਿਤਰ ਪਿਆਰਾ ਇਕ ਅਖਵਾਈਆ । ਓਸ ਵੇਲੇ ਤੇਰਾ ਲਾਹਵੇ ਉਧਾਰ, ਕਰਜ਼ਾ ਮੂਲ ਚੁਕਾਈਆ । ਰਾਜਾ ਰਾਣੀ ਖਿੱਚ ਲਿਆਵੇ ਦਵਾਰ, ਪਟਨੇ ਦੀ ਘਟਣਾ ਏਥੇ ਦਏ ਵਖਾਈਆ । ਤੇਰੀ ਰਸੀਦ ਵਾਲਾ ਇਜ਼ਹਾਰ, ਅਗਲਾ ਲੇਖਾ ਦਏ ਸਮਝਾਈਆ । ਭੁਲ ਨਾ ਜਾਏ ਵਿਚ ਸੰਸਾਰ, ਅਭੁਲ ਵੱਡੀ ਵਡਿਆਈਆ । ਓਸ ਕਿਹਾ ਇਸ ਤੋਂ ਪਿਛੇ ਫੇਰ ਕੀ ਵਿਹਾਰ, ਮੈਨੂੰ ਦੇ ਸਮਝਾਈਆ । ਗੋਬਿੰਦ ਕਿਹਾ ਚਾਲੀ ਦਿਨ ਰੱਖੇ ਚਰਨਾਂ ਨਾਲ, ਦਿਵਸ ਰੈਣ ਆਪਣੇ ਅੰਗ ਲਗਾਈਆ । ਖੇਲ ਵਖਾ ਬੇਸ਼ੁਮਾਰ, ਸ਼ਮਅ ਬੁਝੀ ਦਏ ਜਗਾਈਆ । ਗੁਲਸ਼ਨ ਵਖਾ ਬਹਾਰ, ਗ਼ੁੰਚੇ ਫੁਲ ਖਿਲਾਈਆ । ਸੁਗੰਧੀ ਭਰ ਭੰਡਾਰ, ਦੁਰਗੰਧੀ ਦਏ ਕਢਾਈਆ । ਪਿਛਲੇ ਸੱਜਣ ਯਾਰ, ਸਾਰੇ ਸੰਗ ਮਿਲਾਈਆ । ਸੋਲਾਂ ਦਾ ਸ਼ਿੰਗਾਰ, ਆਪਣੀ ਗੰਢ ਪਵਾਈਆ । ਦੁਖੀਆਂ ਦਾ ਦਿਲਦਾਰ, ਦਰਦੀਆਂ ਦਰਦ ਵੰਡਾਈਆ । ਸਖ਼ੀਆਂ ਦਾ ਸੁਲਤਾਨ, ਸਾਹਿਬ ਬੇਪਰਵਾਹੀਆ । ਅੱਖੀਆਂ ਦਾ ਮਸਤਾਨ, ਨੂਰੀ ਚੰਦ ਚਮਕਾਈਆ । ਭਗਤਾਂ ਵਡ ਮਿਹਰਵਾਨ, ਮਹਿਬੂਬ ਨਜ਼ਰੀ ਆਈਆ । ਮਿੱਟੀ ਖ਼ਾਕ ਕਰ ਪਰਵਾਨ, ਚਰਨ ਧੂੜੀ ਦਏ ਬਦਲਾਈਆ । ਪਿਛਲਾ ਅਗਲਾ ਹਰਜਾਨਾ ਦੇਵੇ ਆਣ, ਸਚ ਖ਼ਜ਼ਾਨਾ ਇਕ ਖੁਲ੍ਹਾਈਆ । ਇਹ ਬਾਰਾਂ ਟਿਕਟਾਂ ਦਾ ਨਿਸ਼ਾਨ, ਬਾਹਰੋ ਬਾਹਰ ਪੂਰਾ ਦਏ ਕਰਾਈਆ । ਇਸ ਦੇ ਅੰਦਰ ਹੋਰ ਇਕ ਗਿਆਨ, ਜਿਸ ਨੂੰ ਗਿਆਨੀ ਸਕੇ ਨਾ ਕੋਇ ਸਮਝਾਈਆ । ਚਾਲੀ ਦਿਨਾਂ ਵਿਚ ਖੇਲ ਕਰੇ ਮਹਾਨ, ਰਾਤੀ ਸੁੱਤਿਆਂ ਦਿਨੇ ਜਾਗਦਿਆਂ ਚਾਰੋਂ ਕੁੰਟ ਨਜ਼ਰੀ ਆਈਆ । ਰੋਜ਼ ਇਕ ਵਾਰ ਸਿਰ ਤੇ ਹੱਥ ਰਖੇ ਆਣ, ਭਗਤ ਭਗਵਾਨ ਦਇਆ ਕਮਾਈਆ । ਇਕ ਘੜੀ ਦੇ ਪਿਛੇ ਚਾਲੀ ਦਿਨ ਹੁਣ ਬਣਾਏ ਮਹਿਮਾਨ, ਗੋਬਿੰਦ ਪਿਛਲਾ ਲੇਖਾ ਮੂਲ ਚੁਕਾਈਆ । ਇਹ ਟਿਕਟਾਂ ਦਾ ਉਹਨਾਂ ਨੂੰ ਦੇਦੇ ਜਾ ਕੇ ਦਾਨ, ਜਿਨ੍ਹਾਂ ਕੋਲੋਂ ਖ਼ਰੀਦ ਕੇ ਆਪਣੀ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੇ ਨਾਲੋ ਨਾਲ ਦਏ ਸਮਝਾਈਆ । ਅੰਦਰੋਂ ਬੋਲੀ ਇਕੱਲੀ ਇਕੱਲੀ ਟਿਕਟ, ਟਿਕਟਿਕੀ ਚਰਨਾਂ ਵਿਚ ਲਗਾਈਆ । ਜਿਨ੍ਹਾਂ ਦਾ ਤੇਰੇ ਨਾਲ ਲੱਗਾ ਇਸ਼ਕ, ਉਹਨਾਂ ਨੂੰ ਸਾਡੀ ਲੋੜ ਰਹੀ ਨਾ ਰਾਈਆ । ਅਸੀਂ ਸ਼ਰਮਿੰਦਾਂ ਹੋਈਆਂ ਸਾਨੂੰ ਪੈ ਗਈ ਫਿਟਕ, ਕਿਉਂ ਇਹਨੂੰ ਪਹਿਲੋਂ ਗੱਡੀ ਰਹੀਆਂ ਚੜ੍ਹਾਈਆ । ਕਿਉਂ ਇਹਨਾਂ ਚਾਲੀ ਦਿਨ ਅਜੇ ਹੋਰ ਵੇਖਣਾ ਸਿਦਕ, ਸਬਰ ਸਬੂਰੀ ਨਾਲ ਬੰਧਾਈਆ । ਜੇ ਇਸ ਮੰਜ਼ਲ ਤੋਂ ਪੈਰ ਜਾਂਦਾ ਖ਼ਿਸਕ, ਫੇਰ ਬਾਹੋਂ ਪਕੜ ਗਲੇ ਕੌਣ ਲਗਾਈਆ । ਜੇ ਜ਼ੋਰ ਲਾ ਕੇ ਜਾਂਦਾ ਖ਼ਿਸਕ, ਫੇਰ ਵਿਛੜੇ ਕਵਣ ਮਿਲਾਈਆ । ਅਜੇ ਤੇ ਬਾਕੀ ਬਹੁਤੀ ਸਾਰੀ ਲਿਸਟ, ਜਿਸ ਦਾ ਲੇਖਾ ਦਿਤਾ ਜਣਾਈਆ । ਕਿਉਂ ਇਹਦਾ ਲਹਿਣਾ ਕੁਛ ਨਾਲ ਵਸ਼ਿਸ਼ਟ, ਰਾਮ ਚੰਦਰ ਦੇਣ ਔਣਾ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਸੇ ਕਾਰਨ ਕਰਨੀ ਕਰਤਾ ਨਾਲ ਚਲ ਕੇ ਪੰਧ ਮੁਕਾਈਆ । ਟਿਕਟ

ਕਹੇ ਸਾਨੂੰ ਨਹੀਂ ਪਤਾ ਕੀ ਇਹਦਾ ਵਿਹਾਰ, ਕਿਸ ਬਿਧ ਆਪਣਾ ਖੇਲ ਖਿਲਾਈਆ । ਪਤਾ ਨਹੀਂ ਲਗਦਾ ਇਹ ਕਿਸ ਕਿਸ ਦਾ ਯਾਰ, ਕਿਸ ਦਾ ਸੰਗ ਨਿਭਾਈਆ । ਕੁਛ ਬਧਕ ਦਾ ਪਿਆਰ, ਕੁਛ ਉਹਦੇ ਸੱਜਣਾ ਦਾ ਖ਼ਿਆਲ, ਕੁਛ ਭਗਤਾਂ ਦਾ ਦਲਾਲ, ਮਿਲ ਕੇ ਸਾਰਾ ਰੰਗ ਵਖਾਈਆ । ਹੌਲੀ ਹੌਲੀ ਸਭ ਦਾ ਦਈ ਜਾਏ ਅਹਿਵਾਲ, ਹਾਲ ਹਾਲਤ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗਾਂ ਵਿਚੋਂ ਭਾਗ ਹਿੱਸਿਆਂ ਵਿਚੋਂ ਹਿੱਸਾ ਸਭ ਦੀ ਝੋਲੀ ਪਾਈਆ ।

### ☼ ੧੪ ਮਾਘ ੨੦੨੧ ਬਿਕ੍ਰਮੀ ਸਾਧੂ ਸਿੰਘ, ਹਰਜੀਤ ਸਿੰਘ ਦੇ ਗ੍ਰਿਹ ਬਸਤੀ ਤੇਗਾ ਸਿੰਘ ਵਾਲੀ ☼

ਸ੍ਰੀ ਭਗਵਾਨ ਕਹੇ ਜਨ ਭਗਤਾਂ ਲੇਖਾ ਲਿਖਿਆ, ਏਥੇ ਉਥੇ ਦੋ ਜਹਾਨਾਂ ਮੂਲ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤੇ ਕਰਤਾ ਪੁਰਖ ਨਿਰਵੈਰ ਪੁਰਖ ਗੋਦੀ ਚੁੱਕਿਆ, ਜ਼ਿਮੀਂ ਅਸਮਾਨਾਂ ਦੋ ਜਹਾਨਾਂ ਲੇਖਾ ਪਾਰ ਕਰਾਈਆ । ਨਰ ਨਿਰੰਕਾਰ ਸ਼ਾਹ ਸਿਕਦਾਰ ਹੋ ਕੇ ਪੁਛਿਆ, ਧਰਨੀ ਧਰਤ ਧਵਲ ਖੋਜ ਖੁਜਾਈਆ । ਭਾਗ ਲਗਾਏ ਤਨ ਵਜੂਦ ਜੁੱਸਿਆ, ਤਨ ਮਾਟੀ ਖ਼ਾਕੀ ਖੋਜ ਖੁਜਾਈਆ । ਭੇਵ ਅਭੇਦਾ ਖੋਲ੍ਹ ਜਣਾਏ ਲੁਕਿਆ, ਆਤਮ ਪਰਮਾਤਮ ਦਏ ਵਡਿਆਈਆ । ਪੰਚ ਵਿਕਾਰਾ ਕੂੜ ਕੁੜਿਆਰਾ ਸ਼ਬਦੀ ਡੰਡੇ ਨਾਲ ਕੁੱਟਿਆ, ਭੈ ਭਓ ਇਕ ਰਖਾਈਆ । ਅੰਮ੍ਰਿਤ ਜਾਮ ਸ੍ਰੀ ਭਗਵਾਨ ਪਿਆਇਆ ਘੁੱਟਿਆ, ਸਚ ਖ਼ੁਮਾਰੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਡਿਆਈ ਕਹੇ ਮੈਂ ਭਗਤ ਸੁਹੇਲੀ, ਜੁਗ ਚੌਕੜੀ ਸੇਵ ਕਮਾਈਆ । ਸਾਹਿਬ ਸਵਾਮੀ ਜਿਨ੍ਹਾਂ ਦਾ ਬੇਲੀ, ਬਲਧਾਰੀ ਇਕ ਅਖਵਾਈਆ । ਜਿਸ ਦੀ ਸੇਜ ਸੁਹੰਜਣੀ ਸਦਾ ਨਵੇਲੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹ ਮਾਲਕ ਖ਼ਾਲਕ ਖੇਲ ਅਵੱਲੜੀ ਰਿਹਾ ਖੇਲੀ, ਮਹਿਬੂਬ ਮੁਹੱਬਤ ਵਿਚ ਫੇਰਾ ਪਾਈਆ । ਉਸ ਦੀ ਜਵਾਨੀ ਮਸਤੀ ਜੋਬਨ ਵਾਲੀ ਅਲਬੇਲੀ, ਰੂਪ ਰੰਗ ਰੇਖ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਮੇਲਾਂ ਮਹਿਬੂਬ, ਹਰਿ ਕਰਤਾ ਜੋੜ ਜੁੜਾਈਆ । ਆਦਿ ਜੁਗਾਦਿ ਭਗਤ ਸੁਹੇਲੇ ਮੇਰਾ ਦੇਣ ਸਬੂਤ, ਹਕ ਹਕ ਦੇਣ ਦ੍ਰਿੜਾਈਆ । ਮੈਂ ਥਾਂ ਵਖਾਵਾਂ ਉਚ ਅਰੂਜ, ਮਹਲ ਅਟਲ ਬੇਪਰਵਾਹੀਆ । ਫੜ ਚੜ੍ਹਾਵਾਂ ਮੰਜ਼ਲੇ ਮਕਸੂਦ, ਦਰ ਠਾਂਡਾ ਇਕ ਵਖਾਈਆ । ਮਾਲਕ ਨਜ਼ਰੀ ਆਏ ਬਿਨ ਤਤ ਵਜੂਦ, ਜੋ ਵਸਲ ਅਸਲ ਸਚ ਕਰਾਈਆ । ਸਚ ਦਵਾਰ ਕਰੇ ਮਹਿਫ਼ੂਜ਼, ਚਾਰ ਕੁੰਟ ਹੋਏ ਸਹਾਈਆ । ਲੇਖੇ ਲਾਏ ਕਾਇਆ ਕਲਬੂਤ, ਕ਼ਲਮਾ ਆਪਣਾ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਬੇਪਰਵਾਹੀਆ । ਸਾਹਿਬ ਸਵਾਮੀ ਬੇਪਰਵਾਹ, ਬੇਅੰਤ ਇਕ ਅਖਵਾਈਆ । ਸੰਤ ਸੁਹੇਲੇ ਗੁਰ ਲਏ ਉਠਾ, ਆਲਸ ਨਿੰਦਰਾ ਦੂਰ ਕਰਾਈਆ । ਜੋਤੀ ਜ਼ਾਤਾ ਪੁਰਖ ਬਿਧਾਤਾ ਦੀਵਾ ਬਾਤੀ ਕਮਲਾਪਾਤੀ ਦਏ ਜਗਾ, ਜਾਗਰਤ ਜੋਤ ਨੂਰ ਨੂਰ ਰੁਸ਼ਨਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਆਤਮ ਧੁਨ ਦਏ ਸੁਣਾ, ਅਨਹਦ ਰਾਗੀ ਰਾਗ ਅਲਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਬੂੰਦ ਸਵਾਂਤੀ ਦਏ ਚਵਾ, ਕੂੜੀ ਕਿਰਿਆ ਤ੍ਰਿਸ਼ਨਾ ਭੁਖ ਮਿਟਾਈਆ । ਜੁਗ ਜਨਮ ਦੇ ਵਿਛੜੇ ਪਾਰਬ੍ਰਹਮ ਪ੍ਰੀਤਮ ਮੇਲਾ ਲਏ ਕਰਾ,

ਸੁਰਤੀ ਸ਼ਬਦੀ ਆਪਣਾ ਰੰਗ ਰੰਗਾਈਆ । ਸੇਜ ਸੁਹੰਜਣੀ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਲਏ ਬਹਾ, ਮਹਲ ਅਟਲ ਇਕ ਵਡਿਆਈਆ । ਜੋਤੀ ਨੂਰ ਜ਼ਹੂਰ ਕਰੇ ਰੁਸ਼ਨਾ, ਖੇਲ ਅਵੱਲਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਖ਼ੁਸ਼ੀ ਵਖਾਈਆ । ਦਰ ਠਾਂਡਾ ਕਹੇ ਧੁਰ ਦਰਬਾਰਾ, ਸਚਖੰਡ ਸਾਚਾ ਨਜ਼ਰੀ ਆਈਆ । ਜਿਥੇ ਵਸੇ ਏਕਾ ਏਕੰਕਾਰਾ, ਪਰਵਰਦਿਗਾਰ ਸੋਭਾ ਪਾਈਆ । ਜਲਵਾ ਨੂਰ ਇਕ ਉਜਿਆਰਾ, ਸਚ ਦਵਾਰ ਕਰੇ ਰੁਸ਼ਨਾਈਆ । ਖੇਲ ਅਗੰਮਾ ਅਪਰ ਅਪਾਰਾ, ਅਪਰੰਪਰ ਸਵਾਮੀ ਆਪ ਅਖਵਾਈਆ । ਕਾਗਤ ਕ਼ਲਮ ਨਾ ਲਿਖਣਹਾਰਾ, ਜਗਤ ਸ਼ਹਾਦਤ ਨਾ ਕੋਇ ਜਣਾਈਆ । ਸਭ ਦੇਂ ਅੰਦਰ ਸਭ ਦੇ ਬਾਹਰ ਗੁਪਤ ਜ਼ਾਹਰਾ, ਆਪਣਾ ਨਾਮ ਕਰੇ ਸ਼ਨਵਾਈਆ । ਜੁਗ ਚੌਕੜੀ ਵੇਸ ਵਟਾਵੇ ਵਾਰੋ ਵਾਰਾ, ਨਰ ਨਰੇਸ਼ਾ ਆਪਣਾ ਖੇਲ ਵਖਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਦੋ ਜਹਾਨਾਂ ਸ੍ਰੀ ਭਗਵਾਨਾ ਬ੍ਰਹਿਮੰਡਾਂ ਖੰਡਾਂ ਪੁਰੀ ਲੋਅ ਕਰੇ ਪੜ੍ਹਾਈਆ । ਭਗਤ ਸੁਹੇਲਾ ਇਕ ਅਕੇਲਾ ਬਣ ਵਣਜਾਰਾ, ਜਗਤ ਮੁਸਾਫ਼ਰ ਫੇਰਾ ਪਾਈਆ । ਦਰ ਦਰਵੇਸ਼ਾ ਬਣ ਭਿਖਾਰਾ, ਅਲਖ ਅਗੋਚਰ ਅਗੰਮ ਅਥਾਹ ਆਪਣੀ ਅਲਖ ਲਏ ਜਗਾਈਆ । ਦੇਵਣਹਾਰਾ ਵਸਤ ਅਮੋਲਕ ਥਾਰਾ, ਧੁਰ ਦੀ ਧਾਰ ਆਪ ਵਰਤਾਈਆ । ਜਨ ਭਗਤਾਂ ਭਰਨਹਾਰਾ ਭੰਡਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭੰਡਾਰਾ ਕਹੇ ਮੈਂ ਸਦਾ ਭਰਪੂਰ, ਪ੍ਰਭ ਅਤੋਟ ਅਤੁਟ ਦਿਤਾ ਬਣਾਈਆ । ਮੇਰੇ ਵਿਚ ਵਸਤ ਅਨਮੋਲ, ਹਰਿ ਕਰਤੇ ਆਪ ਰਖਾਈਆ । ਬਿਨ ਸਤਿਗੁਰ ਕੰਡੇ ਕੋਈ ਨਾ ਤੋਲੇ ਤੋਲ, ਜਗਤ ਤਰਾਜ਼ੂ ਕੰਮ ਕਿਸੇ ਨਾ ਆਈਆ । ਸਚ ਦਵਾਰ ਸਕੇ ਕੋਈ ਨਾ ਖੋਲ੍ਹ, ਪੜਦਾ ਸਕੇ ਨਾ ਕੋਇ ਉਠਾਈਆ । ਧਰਮ ਸਚ ਦਵਾਰ ਦਾ ਬਣੇ ਨਾ ਕੋਈ ਵਿਚੋਲ, ਸਾਚਾ ਜੋੜ ਨਾ ਕੋਇ ਜੁੜਾਈਆ । ਨਾਮ ਨਿਧਾਨ ਅਗੰਮ ਵਜਾਏ ਨਾ ਕੋਈ ਢੋਲ, ਸ਼ਬਦ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਆਦਿ ਜੁਗਾਦੀ ਆਪ ਕਰਾਇੰਦਾ । ਸੰਮਤ ਸੰਮਤੀ ਫੜਾਏ ਪੱਲਾ, ਗੁਰਮੁਖ ਗੁਰ ਗੁਰ ਰੰਗ ਰੰਗਾਇੰਦਾ । ਜੋਤੀ ਜਾਤਾ ਕਮਲਾਪਾਤੀ ਦੀਪਕ ਹੋ ਕੇ ਬਲਾ, ਅਗਿਆਨ ਅੰਧੇਰ ਮਿਟਾਇੰਦਾ । ਸਤਿ ਦਵਾਰੇ ਸਚ ਸਵਾਮੀ ਆ ਕੇ ਖਲਾ, ਖ਼ਾਲਕ ਖ਼ਲਕ ਇਕੋ ਮਾਲਕ ਨਜ਼ਰੀ ਆਇੰਦਾ । ਦੇਵਣਹਾਰ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਥਲਾ, ਜਲ ਥਲ ਆਪਣਾ ਖੇਲ ਵਖਾਇੰਦਾ । ਜੋਤੀ ਸ਼ਬਦੀ ਧਾਰ ਨਿਰਗੁਣ ਨੂਰ ਹੋ ਕੇ ਰਲਾ, ਸਰਗੁਣ ਇਕੋ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਮੁਕਾਇੰਦਾ । ਧੁਰ ਦਾ ਲੇਖਾ ਕਹੇ ਮੈਂ ਰਿਹਾ ਉਡੀਕ, ਨਿਤ ਨਵਿਤ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਕਰੇ ਬਖ਼ਸ਼ੀਸ਼, ਜਨ ਭਗਤਾਂ ਝੋਲੀ ਪਾਈਆ । ਸਾਚਾ ਕ਼ਲਮਾ ਦੇ ਹਦੀਸ, ਹਜ਼ਰਤ ਕਰੇ ਪੜ੍ਹਾਈਆ । ਏਕਾ ਨਾਮ ਜਪਾਏ ਬੀਸ ਇਕੀਸ, ਹਰਿ ਜਗਦੀਸ ਸੱਚਾ ਸ਼ਹਿਨਸ਼ਾਹੀਆ । ਕੂੜੀ ਕਿਰਿਆ ਬਦਲ ਦਏ ਰੀਤ, ਸਤਿਜੁਗ ਸਚ ਦਏ ਵਡਿਆਈਆ । ਪੁਰਖ ਅਕਾਲਾ ਬਣੇ ਮੀਤ, ਮਿਤਰ ਪਿਆਰਾ ਗੋਬਿੰਦ ਦਏ ਜਣਾਈਆ । ਭੇਵ ਚੁਕਾਵੇ ਊਚ ਨੀਚ, ਰਾਓ ਰੰਕ ਰਾਜ ਰਾਜਾਨ ਇਕੋ ਘਰ ਵਸਾਈਆ । ਸਚ ਖ਼ੁਦਾਏ ਹੋਵੇ ਇਕ ਤੌਫ਼ੀਕ, ਮਹਿਬਾਨ ਬੀਦੋ ਜਲਵਾ ਨੂਰ ਖ਼ੁਦਾਈਆ । ਦੂਜਾ ਦਿਸੇ ਨਾ ਕੋਇ ਫ਼ਰੀਕ, ਲਾਸ਼ਰੀਕ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਰ ਤਸਦੀਕ, ਤਸੱਵਰ ਆਪਣਾ ਆਪ ਦਏ ਸਮਝਾਈਆ । ਜਨ ਭਗਤ ਸੁਹੇਲੇ ਸਚ

ਦਵਾਰੇ ਕਰ ਵਸਨੀਕ, ਵਾਸਤਾ ਆਪਣੇ ਨਾਲ ਜੁੜਾਈਆ । ਦੂਜੇ ਦਰ ਕੋਈ ਨਾ ਮੰਗੇ ਭੀਖ, ਜਿਨ੍ਹਾਂ ਦਾ ਘਰ ਠਾਂਡਾ ਦਿਤਾ ਵਖਾਈਆ । ਪੁਰਖ ਅਕਾਲ ਇਕ ਅਕੇਲਾ ਸਾਚੀ ਕਰਨਹਾਰਾ ਪ੍ਰੀਤ, ਪ੍ਰੀਤੀ ਦਾਤਾ ਪ੍ਰੀਤਮ ਬੇਪਰਵਾਹੀਆ । ਇਕੋ ਰੰਗ ਰੰਗਾਵੇ ਹਸਤ ਕੀਟ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਪਰਗਟਾਈਆ । ਧੁਰ ਦਾ ਖੇਲ ਕਹੇ ਮੇਰੀ ਆਈ ਵਾਰੀ, ਜੁਗ ਚੌਕੜੀ ਧਿਆਨ ਲਗਾਈਆ । ਕਿਰਪਾ ਕਰੇ ਨਰ ਨਿਰੰਕਾਰੀ, ਨਿਰਵੈਰ ਹੋਏ ਸਹਾਈਆ । ਲੋਕਮਾਤ ਜਨ ਭਗਤਾਂ ਸੰਗ ਮੇਰਾ ਉਧਾਰੀ, ਸੋਹਣਾ ਜੋੜ ਜੁੜਾਈਆ । ਮੈਂ ਬੋਲਾਂ ਇਕ ਜੈਕਾਰੀ, ਢੋਲਾ ਇਕ ਸੁਣਾਈਆ । ਸਾਚੇ ਸੰਤੋ ਸਾਹਿਬ ਸਤਿਗੁਰ ਜਾਓ ਚਰਨ ਬਲਿਹਾਰੀ, ਮਿਲ ਮਿਲ ਆਪਣਾ ਆਪ ਭੇਟ ਚੜ੍ਹਾਈਆ । ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਕੱਢੋ ਬੀਮਾਰੀ, ਜੂਠਾ ਝੂਠਾ ਰੋਗ ਰਹਿਣ ਨਾ ਪਾਈਆ । ਗੋਬਿੰਦ ਨਾਲ ਰਖਾਓ ਇਕੋ ਯਾਰੀ, ਜਿਸ ਦੀ ਯਾਰੀ ਪੁਰਖ ਅਕਾਲ ਨਾਲ ਨਜ਼ਰੀ ਆਈਆ । ਦੋਹਾਂ ਦਾ ਮੇਲਾ ਇਕੋ ਵਾਰੀ, ਦਰ ਠਾਂਡੇ ਦਏ ਜੁੜਾਈਆ । ਨੈਣ ਲੋਚਨ ਦਰਸ ਕਰੋ ਦੀਦਾਰੀ, ਈਦ ਚੰਦ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਜਣ ਸੁਹੇਲੇ ਮੇਲ ਮਿਲਾਈਆ । ਸੱਜਣ ਸੁਹੇਲੇ ਮੇਲ ਮਿਲਾਵਾ ਆਪ, ਹਰਿ ਕਰਤਾ ਦਇਆ ਕਮਾਇੰਦਾ । ਜੀਵਣ ਜੁਗਤ ਦੱਸ ਕੇ ਜਾਪ, ਅਜਪਾ ਜਾਪ ਸਮਝਾਇੰਦਾ । ਕੋਟ ਜਨਮ ਉਤਾਰ ਕੇ ਪਾਪ, ਪਤਿਤ ਪੁਨੀਤ ਵੇਖ ਵਖਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਾਚਾ ਚੰਦ ਚਮਕਾਇੰਦਾ । ਤੂੰ ਮੇਰਾ ਮੈਂ ਤੇਰਾ ਗਾ ਕੇ ਗਾਥ, ਗਹਿਰ ਗੰਭੀਰ ਪਰਦਾ ਲਾਹਿੰਦਾ । ਹੋ ਸਹਾਈ ਅਨਾਥਾਂ ਨਾਥ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਨਾਮ ਭੰਡਾਰਾ ਦੇ ਕੇ ਦਾਤ, ਵਸਤ ਅਮੋਲਕ ਇਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਇੰਦਾ । ਰੰਗ ਰੰਗਾਵੇ ਏਕ ਏਕੰਕਾਰ, ਅਕਲ ਕਲ ਵਡੀ ਵਡਿਆਈਆ । ਵਸਤ ਅਮੋਲਕ ਝੋਲੀ ਡਾਰ, ਥਿਰ ਘਰ ਮੇਲਾ ਮੇਲ ਮਿਲਾਵੇ ਸਹਿਜ ਸੁਭਾਈਆ । ਜੁਗ ਚੌਕੜੀ ਦਾ ਕ਼ਰਜ਼ਾ ਲਾਹ ਉਧਾਰ, ਅਗਲਾ ਲੇਖਾ ਦਏ ਵਖਾਈਆ । ਦੀਆ ਬਾਤੀ ਕਰ ਉਜਿਆਰ, ਗ੍ਰਿਹ ਮੰਦਰ ਸਾਚੇ ਘਰ ਕਰੇ ਰੁਸ਼ਨਾਈਆ । ਮਾਨਸ ਜਨਮ ਪੈਜ ਦੇਵੇ ਸਵਾਰ, ਮਨ ਮਤਿ ਬੁਧਿ ਆਤਮ ਪਰਮਾਤਮ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸਚ ਸਰਨਾਈਆ । ਸਚ ਸਰਨਾਈ ਦੇਵੇ ਹਰਿ ਸਵਾਮੀ ਚਰਨ, ਦਵਾਰਾ ਆਪ ਖੁਲ੍ਹਾਇੰਦਾ । ਨੇਤਰ ਖੋਲ੍ਹ ਕੇ ਹਰਨ ਫਰਨ, ਪਰਦਾ ਓਹਲਾ ਆਪ ਉਠਾਇੰਦਾ । ਝਗੜਾ ਮੁਕਾ ਕੇ ਜ਼ਾਤ ਪਾਤ ਵਰਨ ਬਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਇੰਦਾ । ਸੰਤ ਸੁਹੇਲੇ ਗੁਰੂ ਚੇਲੇ ਆਏ ਫੜਨ, ਫੜ ਬਾਹੋਂ ਗਲੇ ਲਗਾਇੰਦਾ । ਕਾਇਆ ਮਾਟੀ ਸਾਚੀ ਖਾਟੀ ਆਤਮ ਸੇਜਾ ਆਇਆ ਚੜ੍ਹਨ, ਮੰਜ਼ਲ ਪੰਧ ਆਪ ਮੁਕਾਇੰਦਾ । ਸਚ ਪਰਕਾਸ਼ ਆਇਆ ਕਰਨ, ਜੋਤ ਨਿਰੰਜਣ ਡਗਮਗਾਇੰਦਾ । ਸਾਚਾ ਢੋਲਾ ਆਇਆ ਪੜ੍ਹਨ, ਆਤਮ ਪਰਮਾਤਮ ਰਾਗ ਸੁਣਾਇੰਦਾ । ਸਚ ਦਵਾਰੇ ਆਇਆ ਖੜਨ, ਸਵੱਛ ਸਰੂਪੀ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਆਪ ਮਿਲਾਇੰਦਾ । ਭਗਤ ਸੁਹੇਲਾ ਸਾਹਿਬ ਸਵਾਮੀ, ਸਚ ਦਾ ਮਾਲਕ ਇਕ ਅਖਵਾਈਆ । ਲੱਖ ਚੁਰਾਸੀ ਘਟ ਘਟ ਅੰਤਰਜਾਮੀ, ਅੰਤਰ ਆਤਮ ਖੋਜ ਖੁਜਾਈਆ । ਬੋਧ ਅਗਾਧ ਸ਼ਬਦ ਅਨਾਦ ਦੱਸਣਹਾਰਾ ਧੁਰ ਦੀ ਬਾਣੀ, ਰਸਨਾ ਜਿਹਵਾ ਬੱਤੀ ਦੰਦ ਦਾ ਵਾਚਕ ਕਹਾਣੀ ਨਾ ਕੋਇ ਪੜ੍ਹਾਈਆ । ਅੰਮ੍ਰਿਤ ਆਤਮ

ਰਸ ਨਿਝਰ ਝਿਰਨਾ ਬਖ਼ਸ਼ਣਹਾਰਾ ਠੰਡਾ ਪਾਣੀ, ਸਰ ਸਰੋਵਰ ਸੁਹਾਵਾ ਤਾਲ ਇਕੋ ਦਏ ਜਣਾਈਆ । ਸੁਰਤ ਸਵਾਣੀ ਸ਼ਬਦ ਹਾਣੀ, ਮਿਲਾ ਕੇ ਧੁਰ ਦੀ ਬਾਣੀ, ਮਹਲ ਅਟਲ ਉਚ ਮਿਨਾਰ ਘਰ ਸਾਚੇ ਦਏ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਉਤੇ ਕਰੇ ਆਪ ਮਿਹਰਵਾਨੀ, ਦੇਣੀ ਪਏ ਨਾ ਕੋਈ ਕੁਰਬਾਨੀ, ਨਾਮ ਨਿਸ਼ਾਨੀ ਦੇ ਕੇ ਪਾਰ ਲੰਘਾਈਆ ।

### ✻ ੨੦ ਮਾਘ ੨੦੨੧ ਬਿਕ੍ਰਮੀ ਜਗੀਰ ਸਿੰਘ ਦੇ ਘਰ ਪਿੰਡ ਰੰਗੀਲਪੁਰ ਜ਼ਿਲਾ ਰੋਪੜ ✻

ਧਰਨੀ ਕਹੇ ਮੇਰੀ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਧਰਤ ਕਹੇ ਮੈਂ ਡੰਡਾਵਤ ਕਰਾਂ ਅਨਕ ਬਾਰ, ਬੇਅੰਤ ਤੇਰੀ ਬੇਪਰਵਾਹੀਆ । ਧੌਲ ਕਹੇ ਮੈਂ ਜਾਵਾਂ ਬਲਿਹਾਰ, ਬਲਿਹਾਰੀ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਠਾਕਰ ਸਵਾਮੀ ਕਿਰਪਾ ਕੀਤੀ ਅਪਰ ਅਪਾਰ, ਅਪਰੰਪਰ ਆਪਣੀ ਦਇਆ ਕਮਾਈਆ । ਜੁਗ ਚੌਕੜੀ ਤਕਦੀ ਰਹੀ ਵਿਚ ਸੰਸਾਰ, ਬਿਨ ਅੱਖਾਂ ਅੱਖ ਉਠਾਈਆ । ਸ਼ਬਦ ਸੰਦੇਸ਼ਾ ਦੇ ਕੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਨਾਦ ਵਜਾਈਆ । ਭਗਤ ਭਗਵਾਨ ਗੌਂਦੇ ਗਏ ਵਾਰ, ਅਖਸ਼ਰ ਅੱਖਰਾਂ ਨਾਲ ਮਿਲਾਈਆ । ਸੰਤ ਸੁਹੇਲੇ ਲੱਭਦੇ ਗਏ ਧੁਰ ਦਾ ਯਾਰ, ਨੇਤਰ ਲੋਚਨ ਨੈਣ ਅੱਖ ਸ਼ਰਮਾਈਆ । ਗੁਰਮੁਖ ਮੰਗਦੇ ਗਏ ਦੀਦਾਰ, ਸੂਫ਼ੀ ਆਪਣਾ ਨਾਤਾ ਇਕ ਜੁੜਾਈਆ । ਗੁਰਸਿਖ ਧੂੜੀ ਮੰਗਦੇ ਰਹੇ ਛਾਰ, ਨਿਤ ਨਵਿਤ ਆਸ ਰਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਦੇ ਗਏ ਪੁਕਾਰ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਮੇਰੀ ਬੰਦਨਾ ਏਕ, ਏਕੰਕਾਰ ਤੇਰੀ ਸਰਨਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਿਤ ਨਵਿਤ ਤੈਨੂੰ ਰਹੀ ਵੇਖ, ਭੇਦ ਅਭੇਦੇ ਅਛਲ ਅਛੇਦੇ ਤੇਰੀ ਸਮਝ ਕੋਇ ਨਾ ਆਈਆ । ਨਿਤ ਨਵਿਤ ਸਰਗੁਣ ਨਿਰਗੁਣ ਜੋਤੀ ਜ਼ਾਤਾ ਧਾਰੇ ਭੇਸ, ਅਛਲ ਛਲ ਆਪਣੀ ਖੇਲ ਖਿਲਾਈਆ । ਧੁਰ ਦਾ ਦੇਵੇ ਇਕ ਸੰਦੇਸ਼, ਅਕਲ ਕਲਧਾਰੀ ਆਪਣਾ ਹੁਕਮ ਸੁਣਾਈਆ । ਸਚਖੰਡ ਦਵਾਰ ਹਰਿ ਨਿਰੰਕਾਰ ਨਾ ਕੋਈ ਰੂਪ ਰੰਗ ਨਾ ਰੇਖ, ਚਕਰ ਚਿਹਨ ਨਾ ਕੋਇ ਜਣਾਈਆ । ਪਰਵਰਦਿਗਾਰ ਸਾਂਝੇ ਯਾਰ ਮੁਕਾਮੇ ਹਕ ਵਸੇ ਅਗੰਮੜੇ ਦੇਸ, ਛੱਪਰ ਛੰਨ ਨਾ ਚਾਰ ਦੀਵਾਰ ਸੂਰਜ ਚੰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਮੇਰੇ ਜਾਗੇ ਭਾਗ, ਖ਼ਾਕੀ ਖ਼ਾਕ ਮਿਲੀ ਵਡਿਆਈਆ । ਮੇਰੇ ਅੰਤਰ ਇਛਿਆ ਇਕ ਵੈਰਾਗ, ਬਿਰਹੋਂ ਤੀਰ ਲਗਾਈਆ । ਜੁਗ ਚੌਕੜੀ ਪਿਛੋਂ ਮੇਰੀ ਬੁਝੀ ਆਗ, ਤ੍ਰਿਸ਼ਨਾ ਤ੍ਰਿਖਾ ਗਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰਾ ਧੋਵਣਹਾਰਾ ਦੁਰਮਤ ਮੈਲ ਦਾਗ਼, ਪਤਿਤ ਪੁਨੀਤ ਦਏ ਕਰਾਈਆ । ਸਚ ਸੁਹੇਲਾ ਇਕ ਅਕੇਲਾ ਮਰਦ ਮਰਦਾਨਾ ਅਨਹਦ ਅਗੰਮੀ ਵਜਾ ਕੇ ਨਾਦ, ਅਨਾਦੀ ਧੁਨ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਧਰਨੀ ਕਹੇ ਮੈਨੂੰ ਆਵੇ ਹਾਸਾ, ਖ਼ੁਸ਼ੀਆਂ ਰਾਗ ਅਲਾਈਆ । ਪਰਮ ਪੁਰਖ ਪਰਮਾਤਮ ਨਿਰਗੁਣ ਨਿਰਵੈਰ ਨਿਰਾਕਾਰ ਵੇਖਣ ਆਇਆ ਸ਼ਬਦੀ ਜੋਤੀ ਜਗਤ ਤਮਾਸ਼ਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦ ਰਖਾ ਕੇ ਆਪਣੇ ਸਾਥਾ, ਧੁਰ ਦਾ ਸੰਗੀ ਇਕ ਅਖਵਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਮੈਨੂੰ ਆਈ ਖ਼ੁਸ਼ਹਾਲੀ, ਖ਼ੁਸ਼ੀ ਮੇਰੇ ਅੰਦਰ ਆਈਆ । ਅਬਿਨਾਸ਼ੀ ਕਰਤਾ ਠਾਕਰ ਸਵਾਮੀ ਜਨ ਭਗਤਾਂ ਕਰਨ ਆਇਆ ਦਲਾਲੀ, ਬਣ ਵਣਜਾਰਾ ਫੇਰਾ ਪਾਈਆ । ਸਦਾ ਸੁਹੇਲਾ ਇਕ ਅਕੇਲਾ ਸਚ ਦਵਾਰੇ ਬਣ ਭਿਖਾਰਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੀ ਅਲਖ ਜਗਾਈਆ । ਭਗਤਨ ਮੀਤਾ ਠਾਂਡਾ ਸੀਤਾ ਤ੍ਰੈਗੁਣ ਅਤੀਤਾ ਕਰੇ ਖੇਲ ਅਪਰ ਅਪਾਰਾ, ਮਨ ਮਤਿ ਬੁਧਿ ਸਮਝ ਕੋਇ ਨਾ ਪਾਈਆ । ਕਾਗਤ ਕ਼ਲਮ ਸ਼ਾਹੀ ਨਾ ਲਿਖਣਹਾਰਾ, ਕਾਤਬ ਮਿਲੇ ਨਾ ਕੋਇ ਵਡਿਆਈਆ । ਦੋ ਜਹਾਨ ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਪੁਰੀ ਲੋਅ ਕਰਨ ਨਿਮਸਕਾਰਾ, ਚੌਦਾਂ ਲੋਕ ਚੌਦਾਂ ਤਬਕ ਸੀਸ ਨਾ ਕੋਇ ਉਠਾਈਆ । ਸਮੁੰਦ ਸਾਗਰ ਲੱਖ ਚੁਰਾਸੀ ਕਾਇਆ ਗਾਗਰ ਕੋਈ ਨਾ ਜਾਣੇ ਪਾਰ ਦਵਾਰਾ, ਅੰਤਰ ਖੋਜ ਨਾ ਕੋਇ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਕਰਨੀ ਕਹੇ ਸੁਣੋ ਮੇਰੀ ਸਚ ਪੁਕਾਰ, ਦੋ ਜਹਾਨਾਂ ਦਿਆਂ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਨੈਣ ਅੱਖ ਲਉ ਉਘਾੜ, ਲੋਚਨ ਬੰਦ ਨਾ ਕੋਇ ਕਰਾਈਆ । ਤੇਈ ਅਵਤਾਰ ਹੋਵੇ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਗ਼ਫ਼ਲਤ ਵਿਚੋਂ ਹੋਣਾ ਬੇਦਾਰ, ਈਸਾ ਮੂਸਾ ਮੁਹੰਮਦ ਸਚ ਨਗਾਰਾ ਇਕ ਵਜਾਈਆ । ਗੁਫ਼ਤ ਸ਼ਨੀਦ ਕਰਨਹਾਰਾ ਗੁਫ਼ਤਾਰ, ਬੇਐਬ ਖ਼ੁਦਾਈ ਪਰਵਰਦਿਗਾਰ ਜਲਵਾ ਨੂਰ ਕਰੇ ਰੁਸ਼ਨਾਈਆ । ਨਾਮ ਨਗਾਰਾ ਨੌਬਤ ਵਜਾਏ ਅਗੰਮ ਅਪਾਰ, ਡੰਕਾ ਇਕੋ ਹੱਥ ਫੜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨੇਤਰ ਲੋਚਨ ਅੱਖ ਲਓ ਉਘਾੜ, ਨਿਜ ਆਪਣਾ ਪਰਦਾ ਲਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਜਿਸ ਦੀ ਅੱਖਰਾਂ ਨਾਲ ਕਰੇ ਪੁਕਾਰ, ਸੋ ਨਿਰਅੱਖਰ ਨਿਰਗੁਣ ਆਪਣਾ ਰਿਹਾ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਧੁਰ ਸੰਦੇਸ਼ਾ ਦੇਵੇ ਇਕੋ ਵਾਰ, ਅਕਲ ਕਲਧਾਰੀ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧਰਨੀ ਕਹੇ ਮੋਹੇ ਚਾਉ ਘਨੇਰਾ, ਮੇਰੇ ਅੰਦਰ ਬਾਹਰ ਵਜੀ ਵਧਾਈਆ । ਪੁਰਖ ਅਬਿਨਾਸ਼ੀ ਪਾਇਆ ਫੇਰਾ, ਘਟ ਘਟ ਵਾਸੀ ਆਪਣੀ ਜੋਤ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਢਾਹਵੇ ਡੇਰਾ, ਭਾਂਡਾ ਭਰਮ ਭਉ ਭੰਨਾਈਆ । ਧਰਨੀ ਕਹੇ ਮੇਰਾ ਖੁਲ੍ਹਾ ਕਰੇ ਵਿਹੜਾ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਅੰਦਰ ਵੜ ਕੇ ਬੰਨ੍ਹੇ ਬੇੜਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਸਾਢੇ ਤਿੰਨ ਹੱਥ ਵਸਾਏ ਕਾਇਆ ਖੇੜਾ, ਕਾਇਆ ਖਿੜਕੀ ਕੁੰਡੀ ਬਜਰ ਕਪਾਟੀ ਆਪ ਖੁਲ੍ਹਾਈਆ । ਭੇਵ ਚੁਕਾਏ ਤੇਰਾ ਮੇਰਾ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਧਰਨੀ ਕਹੇ ਘਰ ਪਾਇਆ ਪੁਰਖ ਅਬਿਨਾਸ਼ੀ ਸੱਜਣ, ਸਹਿਜ ਸੁਭਾਉ ਵਜੀ ਵਧਾਈਆ । ਦੂਰ ਦੁਰਾਡਾ ਲੁਕ ਕੇ ਆਇਆ ਪੰਧਨ, ਬਣ ਕੇ ਪਾਂਧੀ ਫੇਰਾ ਪਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲਿਆਂ ਜੋਤ ਲਲਾਟੀ ਲਾਵੇ ਧੁਰ ਦਾ ਚੰਦਨ, ਧੂੜੀ ਟਿੱਕਾ ਖ਼ਾਕ ਰਮਾਈਆ । ਸਚ ਡੰਡਾਵਤ ਦੱਸੇ ਇਕੋ ਬੰਦਨ, ਬੰਦਗੀ ਇਕੋ ਇਕ ਸਮਝਾਈਆ । ਨਿਜ ਘਰ ਮਾਲਕ ਖ਼ਾਲਕ ਦੇਵੇ ਇਕ ਅਨੰਦਨ, ਅਨੰਦ ਅਨੰਦ ਵਿਚੋਂ ਜਣਾਈਆ । ਲੱਖ ਚੁਰਾਸੀ ਤੋੜਨਹਾਰਾ ਫੰਦਨ, ਜਮ ਕੀ ਫ਼ਾਸੀ ਦਏ ਤੁੜਾਈਆ । ਮਾਣ ਅਭਿਮਾਨ ਮਿਟਾ ਕੇ ਹੰ ਬ੍ਰਹਮਨ, ਹਉਮੇ ਹੰਗਤਾ ਦਏ ਮਿਟਾਈਆ । ਅੰਮ੍ਰਿਤ ਜਾਮ ਮੁਖ ਲਗਾ ਕੇ


੨੬੫

ਧੁਰ ਦਾ ਸਗਨ, ਨਾਤਾ ਇਕੋ ਇਕ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਧਰਨੀ ਕਹੇ ਮੇਰਾ ਵਕ਼ਤ ਸੁਹੇਲਾ, ਸੁਹੰਜਣੀ ਰੈਣ ਦੇਵੇ ਗਵਾਹੀਆ । ਸਾਹਿਬ ਸਵਾਮੀ ਕਰ ਕਰ ਮੇਲਾ, ਜੁਗ ਜਨਮ ਦੇ ਵਿਛੜੇ ਰਿਹਾ ਮਿਲਾਈਆ । ਏਕੋ ਰੰਗ ਰੰਗਾਏ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਹੋ ਜਾਈਆ । ਵਸਣਹਾਰਾ ਧਾਮ ਨਵੇਲਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਜੋਤੀ ਜ਼ਾਤਾ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਲੀਲ੍ਹਾ ਆਪ ਵਖਾਈਆ । ਧਰਨੀ ਕਹੇ ਮੈਂ ਕੀ ਦੱਸਾਂ, ਹਕ਼ੀਕਤ ਬੇਪਰਵਾਹੀਆ । ਪਹਿਲੋਂ ਚਰਨਾਂ ਉਪਰ ਢੱਠਾਂ, ਨਿਉਂ ਨਿਉਂ ਸੀਸ ਨਿਵਾਈਆ । ਫੇਰ ਧੂੜੀ ਰਮਾ ਕੇ ਖ਼ਾਕ ਅੱਖਾਂ, ਨੇਤਰ ਨੈਣ ਲਵਾਂ ਖੁਲ੍ਹਾਈਆ । ਸਾਚੀ ਸੇਵਾ ਕਰ ਕੇ ਬਿਨ ਹੱਥਾਂ, ਚਾਕਰ ਰੂਪ ਵਟਾਈਆ । ਇਕੋ ਨਾਮ ਅਗੰਮਾ ਰੱਟਾਂ, ਰੱਟੇ ਸਰਬ ਮਿਟਾਈਆ । ਬੇਸ਼ਕ ਮੇਰਾ ਰੂਪ ਮਿੱਟੀ ਘੱਟਾ, ਪ੍ਰਭ ਚਰਨ ਲਗ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਧੁਰ ਦਾ ਖੇਲ ਵੇਖੋ ਅਗੰਮ, ਧਰਨੀ ਧਰਤ ਧਵਲ ਦਏ ਗਵਾਹੀਆ । ਬੀਸ ਇਕੀਸਾ ਹਰਿ ਜਗਦੀਸਾ ਨਿਰਗੁਣ ਆਪਣਾ ਕਰਨ ਆਇਆ ਕੰਮ, ਨਿਹਕਰਮੀ ਆਪਣਾ ਵੇਸ ਵਟਾਈਆ । ਹੱਡ ਮਾਸ ਨਾੜੀ ਕੋਈ ਨਾ ਜਾਣੇ ਚੰਮ, ਤੱਤਵ ਵੰਡ ਨਾ ਕੋਇ ਵੰਡਾਈਆ । ਪਵਣ ਸੁਵਾਸੀ ਲਏ ਕੋਈ ਨਾ ਦਮ, ਸਾਹ ਸਾਹ ਨਾ ਰੂਪ ਵਟਾਈਆ । ਜਨਣੀ ਕੋਈ ਨਾ ਲਏ ਜਣ, ਗੋਦੀ ਬਾਲ ਨਾ ਕੋਇ ਉਠਾਈਆ । ਬੁਧਿ ਮਤਿ ਨਾ ਕੋਈ ਮਨ, ਪ੍ਰਕਿਰਤੀ ਕਰੇ ਨਾ ਕੋਇ ਕੁੜਮਾਈਆ । ਮੁਖ ਨੈਣ ਨਾ ਕੋਈ ਕੰਨ, ਪਾਉਂ ਚਲ ਨਾ ਕੋਇ ਵਡਿਆਈਆ । ਸਾਹਿਬ ਸਵਾਮੀ ਵਸਣਹਾਰਾ ਜਲ ਥਲ, ਮਹੀਅਲ ਆਪਣਾ ਖੇਲ ਖਿਲਾਈਆ । ਕਰੇ ਵਸੇਰਾ ਨਿਹਚਲ ਧਾਮ ਅਟਲ, ਸਚ ਦਵਾਰੇ ਡੇਰਾ ਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਰੂਪ ਨਰਾਇਣ ਨਰ ਜੋਤੀ ਧਾਰੋਂ ਆਇਆ ਚਲ, ਔਂਦਾ ਜਾਂਦਾ ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਕਰੇ ਵਲ ਛਲ, ਅਛਲ ਛਲਧਾਰੀ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਇਕ ਅਖਵਾਈਆ । ਆਦਿ ਜੁਗਾਦੀ ਧੁਰ ਦਾ ਮਾਲਕ, ਮਖ਼ਲੂਕ ਦਏ ਵਡਿਆਈਆ । ਅਗੰਮੀ ਦੱਸ ਅਬਾਦਤ, ਕ਼ਲਮਾ ਕਾਇਨਾਤ ਪੜ੍ਹਾਈਆ । ਰਾਮ ਨਾਮ ਕਰ ਸਖ਼ਾਵਤ, ਵਸਤ ਅਮੋਲਕ ਝੋਲੀ ਪਾਈਆ । ਕੂੜੀ ਕਿਰਿਆ ਮੇਟ ਅਦਾਵਤ, ਪ੍ਰੇਮ ਪ੍ਰੀਤੀ ਇਕ ਸਿਖਾਈਆ । ਮਾਇਆ ਮਮਤਾ ਲਾਹ ਕੇ ਅਲਾਮਤ, ਜੋਤੀ ਸ਼ਬਦੀ ਜੋੜ ਜੁੜਾਈਆ । ਸੰਤ ਸੁਹੇਲੇ ਭਗਤ ਭਗਵਾਨ ਬਣਾ ਬਨਾਵਟ, ਆਤਮ ਪਰਮਾਤਮ ਇਕੋ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰ ਘਟ ਥਾਈਂਆ । ਧਰਨੀ ਕਹੇ ਮੈਨੂੰ ਦਿਉ ਵਧਾਈ, ਬ੍ਰਹਿਮੰਡ ਖੰਡ ਸੁਣਾਈਆ । ਕਿਰਪਾਲ ਠਾਕਰ ਸਵਾਮੀ ਮੇਰਾ ਲਹਿਣਾ ਰਿਹਾ ਚੁਕਾਈ, ਪੂਰਬ ਕਰਮਾਂ ਵੇਖ ਵਖਾਈਆ । ਮਾਇਆ ਮਮਤਾ ਬਿਰਹੋਂ ਅਗਨ ਰਿਹਾ ਬੁਝਾਈ, ਅੰਮ੍ਰਿਤ ਮੇਘ ਇਕ ਬਰਸਾਈਆ । ਦਰਦੀ ਹੋ ਕੇ ਦਰਦ ਰਿਹਾ ਵੰਡਾਈ, ਦੁਖੀਆਂ ਦੁਖੜੇ ਆਪਣੀ ਝੋਲੀ ਪਾਈਆ । ਭਗਤਾਂ ਦੀ ਕੱਟਣ ਆਇਆ ਜੁਦਾਈ, ਜਨਮ ਕਰਮ ਦਾ ਲੇਖਾ ਰਹੇ ਨਾ ਰਾਈਆ । ਆਤਮ ਅੰਤਰ ਕਾਇਆ ਮੰਦਰ ਅੰਦਰ ਸੁਣੌਣ ਆਇਆ ਸ਼ਨਵਾਈ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਜਾਮ ਨਿਝਰ ਝਿਰਨਾ ਰਿਹਾ ਪਿਆਈ, ਬੂੰਦ ਸਵਾਂਤੀ ਇਕ ਟਪਕਾਈਆ । ਜੋਤ ਨਿਰੰਜਣ ਕਰਨ ਆਇਆ ਰੁਸ਼ਨਾਈ, ਆਦਿ ਨਿਰੰਜਣ

ਆਪਣੀ ਦਇਆ ਕਮਾਈਆ । ਕੂੜੀ ਕਿਰਿਆ ਜਗਤ ਅੰਧੇਰਾ ਮੇਟਣਹਾਰਾ ਬੇਪਰਵਾਹੀ, ਬੇਪਰਵਾਹ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਮੇਰੇ ਪ੍ਰਭ, ਮੇਰੀ ਸੁਣ ਇਕ ਅਰਜ਼ੋਈਆ । ਸੰਤ ਸੁਹੇਲੇ ਲੋਕਮਾਤ ਕਿਵੇਂ ਲੈਣੇ ਲਭ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਅਬਿਨਾਸ਼ੀ ਕਰਤਾ ਕਹੇ ਇਹ ਮੇਰੀ ਯਦ, ਆਦਿ ਜੁਗਾਦਿ ਚਲੀ ਆਈਆ । ਪ੍ਰੇਮ ਪ੍ਰੀਤੀ ਅੰਦਰ ਲਵਾਂ ਬੰਨ੍ਹ, ਡੋਰੀ ਧੁਰ ਦੀ ਹੱਥ ਰਖਾਈਆ । ਅੰਤਰ ਕਰ ਪਰਕਾਸ਼ ਜੋਤ ਚਾੜ੍ਹ ਕੇ ਚੰਨ, ਭੇਵ ਅਭੇਦ ਦਿਆਂ ਖੁਲ੍ਹਾਈਆ । ਸ਼ਬਦ ਅਨਾਦ ਬੋਧ ਅਗਾਧ ਆਪ ਸੁਣਾਵਾਂ ਬਿਨ ਸਰਵਣ ਕੰਨ, ਧੁਨ ਆਤਮਕ ਰਾਗ ਸੁਣਾਈਆ । ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਦੇਵਾਂ ਡੰਨ, ਡੰਡਾ ਖੰਡਾ ਸ਼ਬਦ ਹੱਥ ਉਠਾਈਆ । ਰੰਗ ਅਗੰਮਾ ਚਾੜ੍ਹ ਕੇ ਕਾਇਆ ਚੋਲੀ ਤਨ, ਸਤਿ ਸਰੂਪ ਦਿਆਂ ਵਖਾਈਆ । ਨਿਜ ਨੇਤਰ ਲੋਚਨ ਨੈਣ ਦਰਸਨ ਦੇਵਾਂ ਜੋਤ ਸਰੂਪ ਹੋ ਸ੍ਰੀ ਭਗਵਨ, ਭਾਂਡਾ ਭਰਮ ਭਉ ਭੰਨਾਈਆ । ਪ੍ਰੇਮ ਪ੍ਰੀਤੀ ਅੰਦਰ ਬੰਨ੍ਹ ਕੇ ਵਾਸਨਾ ਮਨ, ਦਹਿ ਦਿਸ਼ਾ ਲੇਖਾ ਦਿਆਂ ਚੁਕਾਈਆ । ਸੋ ਗੁਰਮੁਖ ਗੁਰਸਿਖ ਸੱਜਣ ਆਪੇ ਕਹਿਣ ਧੰਨ ਧੰਨ, ਜਿਨ੍ਹਾਂ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦੇ ਚੁਕਾਈਆ । ਧਰਨੀ ਕਹੇ ਪ੍ਰਭੂ ਤੇਰੀ ਕਿਹੜੀ ਖੋਜ, ਵੇਖੀ ਜਗਤ ਲੋਕਾਈਆ । ਅਬਿਨਾਸ਼ੀ ਕਰਤਾ ਕਹੇ ਮੇਰੀ ਘਟ ਘਟ ਜੋਤ, ਗ੍ਰਿਹਿ ਗ੍ਰਿਹਿ ਡੇਰਾ ਲਾਈਆ । ਧਰਨੀ ਕਹੇ ਮੈਂ ਵੇਖਿਆ ਤੈਨੂੰ ਖ਼ਾਮੋਸ਼, ਅਨਬੋਲਤ ਰਾਗ ਨਾ ਕੋਇ ਅਲਾਈਆ । ਅਬਿਨਾਸ਼ੀ ਕਰਤਾ ਕਹੇ ਮੇਰੀ ਕਰ ਸਕੇ ਨਾ ਕੋਈ ਸੋਚ, ਸੋਚ ਸਮਝ ਵਿਚ ਕਦੇ ਨਾ ਆਈਆ । ਧਰਨੀ ਕਹੇ ਮੇਰੇ ਨੇਤਰ ਸਦਾ ਨਿਰਦੋਸ਼, ਦੋਸ਼ੀ ਰੂਪ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਉਹਨਾਂ ਉਤੇ ਮੋਹਤ, ਜੋ ਮੇਰਾ ਧਿਆਨ ਲਗਾਈਆ । ਧਰਨੀ ਕਹੇ ਮੈਂ ਵੇਖਿਆ ਸਚ ਜੁਗ ਚੌਕੜੀ ਜਨ ਭਗਤ ਤੇਰੇ ਨਾਮ ਦੀ ਮਾਣਦੇ ਮੌਜ, ਮਜਲਸ ਤੇਰੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਧਰਨੀ ਕਹੇ ਕੋਈ ਮੈਥੋਂ ਪੁੱਛੇ ਬਾਤ, ਮੈਂ ਦੇਵਾਂ ਸਚ ਸਮਝਾਈਆ । ਘੜੀ ਸੁਲਖਣੀ ਸੋਹਣੀ ਰਾਤ, ਰੈਣ ਭਿੰਨੜੀ ਲਏ ਅੰਗੜਾਈਆ । ਵਜੀ ਵਧਾਈ ਲੋਕਮਾਤ, ਦੋ ਜਹਾਨ ਖ਼ੁਸ਼ੀ ਮਨਾਈਆ । ਭਗਤ ਭਗਵਾਨ ਬਣਿਆ ਸਾਥ, ਸੋਹਣਾ ਸੰਗ ਜਣਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗੌਂਦੇ ਗਾਥ, ਕਰਨੀ ਇਕ ਪੜ੍ਹਾਈਆ । ਆਤਮ ਪਰਮਾਤਮ ਜੁੜਿਆ ਨਾਤ, ਦੂਜਾ ਬੰਧਪ ਨਾ ਕੋਇ ਬਣਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਗਏ ਭਾਖ, ਭਾਖਿਆ ਭਾਸ਼ਾ ਵਿਚ ਸਮਾਈਆ । ਸੋ ਸਾਹਿਬ ਸਵਾਮੀ ਵੇਖਣਹਾਰਾ ਆਪ, ਘਰ ਆਪਣੇ ਡੇਰਾ ਲਾਈਆ । ਸਾਢੇ ਤਿੰਨ ਹੱਥ ਦੇ ਕੇ ਸਾਚੀ ਦਾਤ, ਦੌਲਤਮੰਦ ਰਿਹਾ ਬਣਾਈਆ । ਪਤਣ ਵਖਾ ਕੇ ਆਪਣਾ ਘਾਟ, ਗੁਰਮੁਖ ਬੇੜੇ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਦ੍ਰਿੜ੍ਹਾਈਆ । ਧਰਨੀ ਕਹੇ ਵਕਤ ਚੰਗੇਰਾ, ਚੰਗੀ ਤਰਾ ਦਿਆਂ ਸਮਝਾਈਆ । ਘਰ ਸਵਾਮੀ ਠਾਕਰ ਆਇਆ ਮੇਰਾ, ਮੈਂ ਮਮਤਾ ਦਿਤੀ ਮਿਟਾਈਆ । ਕੂੜੀ ਕਿਰਿਆ ਢਾਹ ਕੇ ਡੇਰਾ, ਸਚ ਸਮਗਰੀ ਦਿਤੀ ਵਖਾਈਆ । ਭਾਗਾਂ ਭਰਿਆਂ ਭਗਤਾਂ ਵਿਹੜਾ, ਸੋਹਣਾ ਰੰਗ ਰੰਗਾਈਆ । ਮਨ ਮਤ ਨਾ ਕੋਇ ਝੇੜਾ, ਗੁਰਮਤ ਇਕ ਸਮਝਾਈਆ । ਘਰ ਸਵਾਮੀ ਮੰਨ ਕੇ ਵਸਾਇਆ ਸਾਚਾ ਖੇੜਾ, ਦੀਵਾ ਬਾਤੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ

ਜਾਣੇ ਧੁਰਦਰਗਾਹੀਆ । ਧਰਨੀ ਕਹੇ ਮੇਰਾ ਜਗਿਆ ਦੀਪ, ਦੀਪਕ ਹੋਈ ਰੁਸ਼ਨਾਈਆ । ਭਗਤ ਭਗਵਾਨ ਲਗਦੀ ਵੇਖੀ ਪ੍ਰੀਤ, ਪ੍ਰੀਤਮ ਆਪਣੇ ਨਾਲ ਰਿਹਾ ਜੁੜਾਈਆ । ਕਲਜੁਗ ਅੰਦਰ ਸਤਿਜੁਗ ਚਲਦੀ ਵੇਖੀ ਰੀਤ, ਰੀਤੀਵਾਨ ਆਪ ਦ੍ਰਿੜਾਈਆ । ਪਤਿਤ ਪਾਪੀ ਹੁੰਦੇ ਵੇਖੇ ਪੁਨੀਤ, ਦੁਰਮਤ ਮੈਲ ਰਿਹਾ ਧਵਾਈਆ । ਤਪਦੇ ਹਿਰਦੇ ਹੁੰਦੇ ਵੇਖੇ ਠਾਂਡੇ ਸੀਤ, ਅਗਨੀ ਅੱਗ ਨਾ ਕੋਇ ਲਗਾਈਆ । ਇਕੋ ਘਰ ਵਸਦੇ ਵੇਖੇ ਹਸਤ ਕੀਟ, ਊਚ ਨੀਚ ਨਾ ਕੋਇ ਜਣਾਈਆ । ਸਾਢੇ ਤਿੰਨ ਹੱਥ ਕਾਇਆ ਚੋਲੀ ਰੰਗ ਚੜ੍ਹਦੇ ਵੇਖੇ ਮਜੀਠ, ਦੂਜੀ ਵਾਰ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਮੇਰਾ ਪੂਰਾ ਹੋਇਆ ਵੇਖੋ ਵਾਅਦਾ, ਵਾਅਦੇ ਖ਼ਿਲਾਫ਼ ਨਜ਼ਰ ਕੋਇ ਨਾ ਆਈਆ । ਓਸ ਮਾਲਕ ਖ਼ਾਲਕ ਦਾ ਕਾਨੂੰਨ ਇਕੋ ਕਾਇਦਾ, ਦੋ ਜਹਾਨ ਹੁਕਮ ਵਰਤਾਈਆ । ਜਿਸ ਨੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕੀਤਾ ਮੁਆਹਦਾ, ਜੁਗ ਚੌਕੜੀ ਬਿਨ ਅੱਖਰਾਂ ਲੇਖ ਲਿਖਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਖੇਲੇ ਖੇਲ ਆਪ ਬਾਕਾਇਦਾ, ਅਭੁਲ ਭੁਲ ਕਦੇ ਨਾ ਜਾਈਆ । ਜਨ ਭਗਤਾਂ ਦੇਵਣਹਾਰਾ ਆਇਤਾਂ, ਰਵਾਇਤ ਆਪਣੀ ਆਪ ਵਖਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਰਹੇ ਹਮੇਸ਼ਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਰਿਹਾ ਮੁਕਾਈਆ । ਧਰਨੀ ਕਹੇ ਸੁਣ ਜਨ ਭਗਤ, ਸਦੀ ਚੌਧਵੀਂ ਦਏ ਗਵਾਹੀਆ । ਈਸਾ ਮੂਸਾ ਮੁਹੰਮਦ ਵੇਖਦੇ ਆਪਣਾ ਵੇਲਾ ਵਕਤ, ਘੜੀ ਪਲ ਦਏ ਗਵਾਹੀਆ । ਗੁਰ ਅਵਤਾਰ ਕਹਿਣ ਜਿਸ ਦੇ ਨਾਲ ਲੱਗੀ ਅਗੰਮੀ ਸ਼ਰਤ, ਜੋ ਸ਼ਰਅ ਰਿਹਾ ਬਦਲਾਈਆ । ਜਿਸ ਦੇ ਹੁਕਮੇਂ ਅੰਦਰ ਕਦੇ ਨਾ ਹੋਵੇ ਫ਼ਰਕ, ਫ਼ੈਸਲੇ ਵਿਚ ਨਾ ਕੋਇ ਫਸਾਈਆ । ਜਿਸ ਦਾ ਲੇਖਾ ਲਿਖ ਨਾ ਸਕੇ ਕੋਈ ਕ਼ਲਮ ਸ਼ਾਹੀ ਹਰਫ਼, ਹਰੂਫ਼ ਨਾ ਕੋਇ ਦ੍ਰਿੜਾਈਆ । ਜੋ ਸਭ ਦੇ ਨਾਲੋਂ ਹੋਏ ਬੇਤਰਫ਼, ਯਕਤਰਫ਼ ਕਾਰ ਕਮਾਈਆ । ਜਿਸ ਦਾ ਖੇਲ ਫ਼ਰਸ਼ ਅਰਸ਼, ਦੋ ਜਹਾਨਾਂ ਹੁਕਮ ਵਰਤਾਈਆ । ਸੋ ਸਾਹਿਬ ਸਵਾਮੀ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਸ੍ਰੀ ਭਗਵੰਤ ਗ਼ਰੀਬ ਨਿਮਾਣਿਆਂ ਉਤੇ ਕਰ ਕੇ ਤਰਸ, ਰਹਿਮਤ ਆਪਣੀ ਆਪ ਕਮਾਈਆ । ਨਿਰਗੁਣ ਨਿਰਵੈਰ ਨਿਰਾਕਾਰ ਜੋਤੀ ਜਾਮਾ ਧਰ ਕੇ ਆਇਆ ਧਰਤ, ਧਰਨੀ ਧਵਲ ਕਹੇ ਮੇਰੀ ਖ਼ੁਸ਼ੀ ਆਪਣੇ ਨਾਲ ਮਿਲਾਈਆ । ਮੇਰੀ ਜੁਗ ਜੁਗ ਦੀ ਪਿਛਲੀ ਮੇਟੀ ਤੜਪ, ਸਾਂਤਕ ਸਤਿ ਰਿਹਾ ਕਰਾਈਆ । ਮੇਰੀ ਚਿੰਤਾ ਮੇਟ ਕੇ ਸੋਗ ਹਰਖ਼, ਗ਼ਮੀ ਦਿਤੀ ਗਵਾਈਆ । ਕਲਜੁਗ ਵਿਚ ਸਤਿਜੁਗ ਧਾਰ ਕੱਢਕੇ ਆਪਣੀ ਧਾਰ ਫ਼ਰਦ, ਪਰਦਾ ਓਹਲਾ ਰਿਹਾ ਉਠਾਈਆ । ਵੇਖੋ ਕੀ ਖੇਲ ਕਰੇ ਪ੍ਰਭੂ ਅਸਚਰਜ, ਅਚਰਜ ਆਪਣੀ ਕਾਰ ਕਮਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮਰਦੰਗਾ ਇਕੋ ਦਏ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗੰਮੀ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਇਕ ਤੌਫ਼ੀਕ਼, ਤੋਬਾ ਤੋਬਾ ਕਰ ਕੇ ਸਰਬ ਸੁਣਾਈਆ । ਸਦੀ ਚੌਧਵੀਂ ਵਕ਼ਤ ਆਇਆ ਨਜ਼ਦੀਕ, ਦੂਰ ਦੁਰਾਡਾ ਪਿਛਲਾ ਪੰਧ ਮੁਕਾਈਆ । ਵੇਖੋ ਮੁਹੰਮਦ ਮੂਸਾ ਈਸਾ ਆਪਣਾ ਲਹਿਣਾ ਕਰਨ ਆਏ ਤਸਦੀਕ਼, ਵੇਲਾ ਵਕ਼ਤ ਦਏ ਗਵਾਹੀਆ । ਪਰਵਰਦਿਗਾਰ ਸਾਂਝਾ ਯਾਰ ਕਰੇ ਕਰਾਏ ਆਪ ਠੀਕ, ਹਦੀਸ ਕ਼ਲਮਾ ਸਚ ਪੜ੍ਹਾਈਆ । ਜਿਸ ਦਾ ਨੂਰ ਜ਼ਹੂਰ ਧਾਰ ਅਗੰਮੀ ਬਾਰੀਕ, ਜਿਸ ਦੀ ਤਾਰੀਖ ਲੇਖ ਨਾ ਕੋਇ ਜਣਾਈਆ । ਉਹ ਦਰਗਾਹ

ਸਾਚੀ ਦਾ ਵਸਨੀਕ, ਸੂਫ਼ੀਆਂ ਰੱਖੇ ਸਚ ਪ੍ਰੀਤ, ਵਾਹਿਦ ਇਕੋ ਨਾਮ ਜਣਾਈਆ । ਜਿਸ ਗਾਡ ਦੀ ਮੂਸਾ ਈਸਾ ਕਰਦੇ ਗਏ ਉਡੀਕ, ਗਿਰਜਿਆਂ ਚਰਚਾਂ ਵਿਚ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪਰਦਾ ਰਿਹਾ ਉਠਾਈਆ । ਧਰਨੀ ਕਹੇ ਮੇਰਾ ਮਾਲਕ ਖ਼ਾਲਕ ਖ਼ੁਦਾਵੰਦ ਵੇਖੋ ਆਇਆ ਡਾਰੈਕਟ, ਆਪਣਾ ਪੰਧ ਮੁਕਾਈਆ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਕੀਤੇ ਸਲੈਕਟ, ਲੋਕਮਾਤ ਮਿਲੀ ਵਡਿਆਈਆ । ਸੋ ਕਲਜੁਗ ਅੰਤਮ ਦੂਰ ਕਰਨ ਆਇਆ ਵਿਚੋਂ ਇਫੈਕਟ, ਬੇਪਰਵਾਹ ਹੋ ਕੇ ਫੇਰਾ ਪਾਈਆ । ਨਿਰਗੁਣ ਨਾਲ ਨਿਰਗੁਣ ਕੁਨੈਕਸ਼ਨ ਕਰ ਕੇ ਆਪ ਕੁਨੈਕਟ, ਕੂੜੀ ਕਿਰਿਆ ਦਏ ਗਵਾਈਆ । ਲੱਖ ਚੁਰਾਸੀ ਵਿਚ ਬੰਦ ਕਰ ਕੇ ਆਪਣੀ ਬਰੈਕਟ, ਬੰਦੀਖ਼ਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਵੇਖ ਵਖਾਈਆ । ਧਰਨੀ ਕਹੇ ਵੇਖੋ ਦੋ ਜਹਾਨ ਝੁਕਦੇ, ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਪੁਛਦੇ, ਨਿਰਗੁਣ ਹੋ ਕੇ ਨਿਰਗੁਣ ਕਰਨ ਸਲਾਹੀਆ । ਅੰਤਮ ਪੈਂਡੇ ਬੀਸ ਇਕੀਸੇ ਸਭ ਦੇ ਮੁਕਦੇ, ਪਾਂਧੀ ਨਜ਼ਰ ਕੋਇ ਨਾ ਆਈਆ । ਕਲਜੁਗ ਲੇਖੇ ਮੁਕਣੇ ਹੁਕਮ ਚਲਣੇ ਪਿਓ ਪੁਤ ਦੇ, ਪਿਤਾ ਪੁਰਖ ਅਕਾਲ ਗੋਬਿੰਦ ਸ਼ਬਦ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮਾ ਹੁਕਮ ਵਰਤਾਈਆ । ਧਰਨੀ ਕਹੇ ਮੈਂ ਵੇਖਿਆ ਧੁਰ ਦਾ ਸ਼ਬਦ ਅਗੰਮੀ ਆਇਆ, ਅਕਲ ਬੇਅਕਲ ਸਮਝ ਕੋਇ ਨਾ ਪਾਈਆ । ਜਿਸ ਦਾ ਖੇਲ ਤ੍ਰੈਗੁਣ ਮਾਇਆ, ਰਜੋ ਤਮੋ ਸਤੋ ਖੇਲ ਵਖਾਈਆ । ਜਿਸ ਦਾ ਹੁਕਮ ਪੰਜ ਤੱਤ ਕਰੇ ਕੁੜਮਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਈਆ । ਜਿਸ ਦਾ ਰੂਪ ਲੱਖ ਚੁਰਾਸੀ ਘਾੜਤ ਵਿਚੋਂ ਨਜ਼ਰੀ ਆਇਆ, ਗ੍ਰਿਹਿ ਗ੍ਰਿਹਿ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਅੰਤਮ ਵੇਖਣ ਆਇਆ, ਨਿਰਗੁਣ ਆਪਣਾ ਵੇਸ ਵਟਾਈਆ । ਧਰਨੀ ਕਹੇ ਅੱਜ ਦਾ ਵਕਤ ਸੋਹਣਾ ਚੰਗਾ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਦੋ ਜਹਾਨ ਵਜਾਏ ਇਕ ਮਰਦੰਗਾ, ਨੌਬਤ ਨਾਮ ਸਰਬ ਸੁਣਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਵਿਚ ਜਹਾਨਾ ਨੰਗੀ ਹੋਵੇ ਕੰਡਾ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਹੱਥ ਉਠਾਏ ਸ਼ਬਦ ਖੰਡਾ, ਬ੍ਰਹਿਮੰਡਾਂ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਦਰ ਦਰਵੇਸ਼ ਗ਼ੁਲਾਮੀ ਬੰਦਾ, ਬਰਦਾ ਰੂਪ ਵਟਾਈਆ । ਸੋ ਵੇਖਣ ਆਇਆ ਖੇਲ ਵਿਚ ਵਰਭੰਡਾ, ਨਵ ਖੰਡਾਂ ਖੋਜ ਖੁਜਾਈਆ । ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਸਾਚੇ ਸੰਤਾਂ ਸੂਫ਼ੀਆਂ ਬਖ਼ਸ਼ ਕੇ ਨੂਰੀ ਚੰਦਾ, ਜੋਤੀ ਜੋਤ ਕਰੇ ਰੁਸ਼ਨਾਈਆ । ਲੇਖਾ ਚੁਕਾ ਕੇ ਅਠਸਠ ਤੀਰਥ ਜਮਨਾ ਸੁਰਸਤੀ ਗੋਦਾਵਰੀ ਗੰਗਾ, ਅੰਤਰ ਆਤਮ ਅੰਮ੍ਰਿਤ ਜਾਮ ਇਕ ਪਿਆਈਆ । ਨਿਜ ਘਰ ਨਿਜ ਸਵਾਮੀ ਨਿਜ ਮੰਦਰ ਦੇ ਕੇ ਨਾਮ ਅਨੰਦਾ, ਅਨੰਦ ਇਕੋ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾ ਕੇ ਆਪਣਾ ਬੰਦਾ, ਬੰਦਗੀ ਇਕੋ ਦਏ ਸਮਝਾਈਆ । ਧਰਨੀ ਕਹੇ ਮੇਰਾ ਭਾਗ ਅਨੋਖਾ, ਘਰ ਮਿਲੀ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਜਨ ਭਗਤਾਂ ਮਾਰਗ ਦੱਸੇ ਸੌਖਾ, ਸਹਿਜ ਸੁਭਾਓ ਰਿਹਾ ਮਿਲਾਈਆ । ਆਤਮ ਪਰਮਾਤਮ ਮਿਲਣ ਵਿਚ ਹੋਵੇ ਕਿਸੇ ਨਾ ਧੋਖਾ, ਕੂੜੀ ਵੰਡ ਨਾ ਕੋਇ ਵੰਡਾਈਆ । ਦੀਵਾ ਬੱਤੀ ਜਗਾ ਕੇ ਕਾਇਆ ਕੋਠਾ, ਘਰ ਵਿਚ ਘਰ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਲਗਾ ਕੇ ਚੋਟਾ,

ਸੋਈ ਸੁਰਤ ਉਠਾਈਆ । ਮਨ ਮਨੂਆ ਰਹੇ ਮੂਲ ਨਾ ਖੋਟਾ, ਜਿਸ ਦੇ ਸਿਰ ਤੇ ਆਪਣਾ ਹੱਥ ਟਿਕਾਈਆ । ਕੂੜੀ ਕਿਰਿਆ ਸ਼ੌਹ ਦਰਿਆਏ ਗੁਰਮੁਖ ਲਾਏ ਕੋਈ ਨਾ ਗੋਤਾ, ਭਵਰੀ ਭਵਰ ਨਾ ਕੋਇ ਭਵਾਈਆ । ਵਜ਼ੂਹ ਨਿਮਾਜ਼ ਰਖਣਾ ਪਏ ਨਾ ਰੋਜ਼ਾ, ਰਹਿਮਤ ਆਪਣੀ ਨਾਲ ਤਰਾਈਆ । ਜੀਂਵਦਿਆਂ ਕਿਸੇ ਨੂੰ ਦੇਣਾ ਪਏ ਨਾ ਮੂਲ ਮੋਛਾ, ਮੁਸ਼ਕਲ ਅਗਲੀ ਹਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਧਰਨੀ ਕਹੇ ਮੈਂ ਵੇਖਿਆ ਖੇਲ ਬੇਨਜ਼ੀਰ, ਨਜ਼ਰ ਆਪਣੀ ਨਾਲ ਤਕਾਈਆ । ਜੋ ਭਗਤਾਂ ਦੀ ਮੰਜ਼ਲ ਚੋਟੀ ਚੜ੍ਹ ਕੇ ਬੈਠਾ ਆਪ ਅਖ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦੀ ਮਸੱਵਰ ਖਿੱਚੇ ਨਾ ਕੋਈ ਤਸਵੀਰ, ਤਸੱਵਰ ਨਾ ਕੋਇ ਕਰਾਈਆ । ਸੋ ਤੋੜ ਕੇ ਸ਼ਰਅ ਜ਼ੰਜੀਰ, ਜਗਤ ਜੰਜਾਲਾ ਰਿਹਾ ਗਵਾਈਆ । ਧੁਰ ਦਾ ਮਾਲਕ ਬਣ ਕੇ ਵਡ ਪੀਰਨ ਪੀਰ, ਦਸਤਗੀਰ ਆਪ ਹੋ ਜਾਈਆ । ਲੇਖੇ ਲਾ ਕੇ ਸ਼ਾਹ ਹਕੀਰ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਪੁਰਖ ਹਰਿ ਕ਼ਾਦਰ ਵੇਖਣਹਾਰਾ ਚਾਈਂ ਚਾਈਂਆ । ਧਰਨੀ ਕਹੇ ਮੈਨੂੰ ਆਈ ਖ਼ੁਸ਼ੀ, ਅੰਦਰੋਂ ਬਾਹਰੋਂ ਰਹੀ ਮਨਾਈਆ । ਮੇਰੀ ਪਰਮ ਪੁਰਖ ਨਾਲ ਲਗੀ ਰੁਚੀ, ਆਤਮ ਪਰਮਾਤਮ ਜੋੜ ਜੁੜਾਈਆ । ਜਨ ਭਗਤਾਂ ਸੰਗਤ ਵੇਖੀ ਸੁੱਚੀ, ਜਿਨ੍ਹਾਂ ਦੇ ਅੰਦਰ ਇਕੋ ਵਸਿਆ ਬੇਪਰਵਾਹੀਆ । ਓਹਨਾਂ ਦੀ ਆਤਮਾ ਸੋਈ ਉਠੀ, ਜਾਗਰਤ ਹੋ ਕੇ ਲਏ ਅੰਗੜਾਈਆ । ਮਾਤ ਗਰਭ ਪੰਜ ਤੱਤ ਕਾਇਆ ਫੇਰ ਨਾ ਲਟਕੇ ਪੁੱਠੀ, ਦਸ ਦਸ ਮਾਸ ਨਾ ਅਗਨ ਤਪਾਈਆ । ਰਾਏ ਧਰਮ ਲੇਖਾ ਕੋਇ ਨਾ ਸਕੇ ਪੁਛੀ, ਚਿਤਰ ਗੁਪਤ ਨੇੜ ਕੋਇ ਨਾ ਆਈਆ । ਓਹਨਾਂ ਭਗਤਾਂ ਦੀ ਮੰਜ਼ਲ ਅਗਲੀ ਵਾਟ ਮੁਕੀ, ਲੱਖ ਚੁਰਾਸੀ ਡੇਰਾ ਢਾਹੀਆ । ਓਹਨਾਂ ਨੂੰ ਲੋੜ ਰਹੀ ਨਾ ਕੋਈ ਵਿਚ ਵੜਨ ਦੀ ਤ੍ਰੈਕੁਟੀ, ਈੜਾ ਪਿੰਗਲ ਸੁਖਮਨ ਬੈਠਣ ਮੁਖ ਸ਼ਰਮਾਈਆ । ਜਿਨ੍ਹਾਂ ਦੇ ਅੰਦਰ ਸਤਿਗੁਰ ਸ਼ਬਦ ਦੀ ਧਾਰ ਫੁੱਟੀ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਓਹ ਗੁਰਮੁਖ ਸਵਾਣੀ ਕਦੀ ਨਾ ਜਾਏ ਲੁੱਟੀ, ਕਾਮ ਕਰੋਧ ਲੋਭ ਮੋਹ ਹੰਕਾਰ ਲੁਟੇਰਾ ਨਜ਼ਰ ਕੋਇ ਨਾ ਆਈਆ । ਓਹਨਾਂ ਭਗਤਾਂ ਦੀ ਮੰਜ਼ਲ ਸਭ ਨਾਲੋਂ ਉਚੀ, ਜਿਨ੍ਹਾਂ ਨੂੰ ਪਰਮ ਪੁਰਖ ਪਰਮਾਤਮ ਆਤਮ ਨਾਲ ਮਿਲਕੇ ਜੋਤੀ ਜੋਤ ਦਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਮੁਕਾਈਆ । ਧਰਨੀ ਕਹੇ ਮੈਨੂੰ ਕਹੋ ਸੁਹਾਗਣ, ਕੰਤ ਕੰਤੂਹਲ ਅਗੰਮੀ ਪਾਇਆ । ਮੈਂ ਓਸ ਦਾ ਗਾਵਾਂ ਰਾਗਣ, ਜਿਸ ਦਾ ਰਾਗਾਂ ਨਾਦਾਂ ਬਾਹਰ ਡੇਰਾ ਨਜ਼ਰੀ ਆਇਆ । ਜੋ ਭਗਤਾਂ ਮਾਰੇ ਆਵਾਜ਼ਨ, ਸੁੱਤਿਆਂ ਰਿਹਾ ਉਠਾਇਆ । ਸੇਵਕ ਬਣ ਕੇ ਦਾਸੀ ਦਾਸਨ, ਸੋਹਣੀ ਸਾਚੀ ਸੱਜਣ ਸੇਵ ਕਮਾਇਆ । ਜਿਸ ਦੀ ਮਹਿੰਮਾ ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਆਖਣ, ਗੁਰ ਅਵਤਾਰ ਪੈਗ਼ੰਬਰ ਰਹੇ ਜਸ ਗਾਇਆ । ਤਿਸ ਸਾਹਿਬ ਨਾਲ ਮੇਰਾ ਜੁੜਿਆ ਨਾਤਨ, ਸਾਕ ਸੱਜਣ ਇਕੋ ਨਜ਼ਰੀ ਆਇਆ । ਜੋ ਘਰ ਘਰ ਘਟ ਘਟ ਕਰੇ ਵਾਸਨ, ਵਸੇਰਾ ਸਾਢੇ ਤਿੰਨ ਹੱਥ ਬੰਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲਖ ਅਗੋਚਰ ਆਪਣੀ ਖੇਲ ਰਿਹਾ ਵਖਾਇਆ । ਧਰਨੀ ਕਹੇ ਭਗਤੋ ਤੁਹਾਡੀ ਖੁਲ੍ਹੇ ਸੁਰਤੀ, ਪ੍ਰਭ ਸੁੱਤਿਆਂ ਲਏ ਜਗਾਈਆ । ਨੂਰ ਦਰਸਾ ਕੇ ਅਕਾਲ ਮੂਰਤੀ, ਨੂਰੋ ਨੂਰ ਕਰੇ ਰੁਸ਼ਨਾਈਆ । ਨਾਦ ਸੁਣਾ ਕੇ ਨਾਮ ਧੁਰ ਦਾ ਤੂਰਤੀ, ਨਗ਼ਮਾ ਇਕ ਜਣਾਈਆ । ਆਸਾ ਮਨਸਾ ਸਭ ਦੀ ਪੂਰਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਵੇਖੋ ਖੇਲ ਓਸ ਭਰਪੂਰ ਦੀ, ਜੋ ਖ਼ਾਲੀ ਭਾਂਡੇ ਰਿਹਾ ਭਰਾਈਆ ।

੨੭੧

ਸਫ਼ਾ ਵਲ੍ਹੇਟ ਕੇ ਜੂਠ ਝੂਠ ਦੀ, ਸਚ ਸੁਚ ਦਏ ਪਰਗਟਾਈਆ । ਸੁਰਤ ਬਦਲਾ ਕੇ ਮੂਰਖ ਮੁਗਧ ਮੂੜ੍ਹ ਦੀ, ਗੁਰਮੁਖ ਗੁਰਸਿਖ ਦਏ ਵਖਾਈਆ । ਬਖ਼ਸ਼ਿਸ਼ ਕਰ ਕੇ ਚਰਨ ਧੂੜ ਦੀ, ਦੁਰਮਤ ਮੈਲ ਦਏ ਧੁਵਾਈਆ । ਕਿਰਨ ਦੇ ਕੇ ਜੋਤੀ ਸਾਚੇ ਨੂਰ ਦੀ, ਜ਼ਹੂਰ ਕਰੇ ਰੁਸ਼ਨਾਈਆ । ਗੜ੍ਹੀ ਰਹੇ ਨਾ ਗੜ੍ਹ ਹੰਕਾਰ ਮਨ ਫ਼ਤੂਰ ਦੀ, ਫ਼ਤਵਾ ਸਭ ਦੇ ਉਪਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੈਨੂੰ ਕਹੋ ਰੰਗੀਲ, ਰੰਗ ਰੱਤਾ ਮਿਲਿਆ ਬੇਪਰਵਾਹੀਆ । ਜੋ ਧੁਰ ਧਾਮ ਦਾ ਬਣ ਵਕੀਲ, ਜਗਤ ਜਹਾਨੋਂ ਲਏ ਛੁਡਾਈਆ । ਜਿਸ ਦੇ ਦਰ ਤੇ ਮਨਜ਼ੂਰ ਹੋ ਗਈ ਅਪੀਲ, ਬਰੀਖ਼ਾਨਾ ਦਏ ਵਖਾਈਆ । ਏਥੇ ਚਲੇ ਨਾ ਕਿਸੇ ਦੀ ਕੋਈ ਦਲੀਲ, ਦਿਲ ਦਾ ਮਾਲਕ ਬੇਪਰਵਾਹੀਆ । ਜਿਸ ਨੇ ਬਸਤਰ ਪਹਿਨੇ ਨੀਲ, ਨੀਲੀ ਧਾਰੋਂ ਪਾਰ ਸਮਾਈਆ । ਜੋ ਚੋਟੀ ਚੜ੍ਹ ਅਖ਼ੀਰ, ਆਖ਼ਰ ਬੈਠਾ ਡੇਰਾ ਲਾਈਆ । ਜਿਸ ਦੀ ਨਜ਼ਰ ਨਾ ਆਏ ਕੋਈ ਤਸਵੀਰ, ਤਸਬੀ ਮਾਲਾ ਨਾ ਗਲ ਲਟਕਾਈਆ । ਸੋ ਸੰਤ ਸੁਹੇਲਾ ਇਕ ਅਕੇਲਾ ਗੁਰਮੁਖ ਮੇਲਾ ਕਰੇ ਸਿੰਘ ਜਾਗੀਰ, ਜਾਗਰਤ ਜੋਤ ਕਰ ਰੁਸ਼ਨਾਈਆ । ਸੱਜਣ ਸੁਹੇਲੇ ਲਾ ਕੇ ਇਕੋ ਦਰ ਬਣਾ ਕੇ ਭੀੜ, ਭੀੜੀ ਗਲੀ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਧਰਨੀ ਕਹੇ ਪ੍ਰਭ ਸੁਣ ਮੇਰੀ ਅਰਜ਼, ਸਚਖੰਡ ਨਿਵਾਸੀ ਤੈਨੂੰ ਦਿਆਂ ਜਣਾਈਆ । ਤੇਰਾ ਖੇਲ ਇਕ ਅਸਚਰਜ, ਮਰਦ ਮਰਦਾਨੇ ਤੇਰੀ ਵਡ ਵਡਿਆਈਆ । ਭਗਤ ਉਧਾਰਨਾ ਤੇਰਾ ਫ਼ਰਜ਼, ਸੰਤਾਂ ਹੋਣਾ ਸਹਾਈਆ । ਕਲਜੁਗ ਕੂੜੀ ਕਿਰਿਆ ਵੇਖ ਕਸਾਈ ਕਰਦ, ਜੀਵ ਜੰਤ ਦੇਣ ਦੁਹਾਈਆ । ਕੂੜੇ ਰਾਜੇ ਮੰਗਦੇ ਧੜਤ, ਸਾਚਾ ਤੋਲ ਨਾ ਕੋਇ ਤੁਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੁੜ ਕੇ ਫੇਰ ਕੋਈ ਆਇਆ ਨਾ ਪਰਤ, ਲੋਕਮਾਤ ਆਪਣਾ ਫੇਰਾ ਗਏ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਧਰਨੀ ਕਹੇ ਤੇਰਾ ਵੇਖਾਂ ਭੇਵ ਖੁਲ੍ਹਦਾ, ਪਰਦਾ ਦੇ ਉਠਾਈਆ । ਲਹਿਣਾ ਚੁਕਦਾ ਵੇਖਾਂ ਭਗਤਾਂ ਦੀ ਕੁਲ ਦਾ, ਕੁੱਲ ਮਾਲਕ ਦੇ ਸਮਝਾਈਆ । ਤੇਰਾ ਬੂਟਾ ਗੁਰਮੁਖ ਵੇਖਾਂ ਫੁਲਦਾ, ਪੱਤ ਡਾਲ੍ਹੀ ਮਾਤ ਮਹਿਕਾਈਆ । ਰੂਪ ਚੜ੍ਹਦਾ ਵੇਖਾਂ ਗੁਲਸ਼ਨ ਗੁਲ ਦਾ, ਸਾਚੀ ਪੰਖੜੀਆਂ ਦੇ ਪਰਗਟਾਈਆ । ਤੇਰਾ ਸੰਤ ਸੁਹੇਲਾ ਵੇਖਾਂ ਤੇਰੇ ਤੋਲ ਤੁਲਦਾ, ਨਾਤਾ ਛਡ ਕੇ ਜਗਤ ਲੋਕਾਈਆ । ਗੁਰਮੁਖ ਵੇਖਾਂ ਚਰਨ ਪ੍ਰੀਤੀ ਘੋਲ ਘੁਲਦਾ, ਵਾਰੀ ਘੋਲੀ ਸੇਵ ਕਮਾਈਆ । ਗੁਰਸਿਖ ਵੇਖਾਂ ਜੋ ਤੇਰੀ ਧੂੜੀ ਵਿਚ ਰੁਲਦਾ, ਮਨਸਾ ਮਾਣ ਨਾ ਕੋਇ ਜਣਾਈਆ । ਵੇਲਾ ਸੁਹੰਜਣਾ ਹੋਵੇ ਤੇਰੀ ਕ਼ੀਮਤ ਸਾਚੇ ਮੁਲ ਦਾ, ਅਮੁਲ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅੱਜ ਦਾ ਦੇ ਜਣਾਈਆ । ਧਰਨੀ ਕਹੇ ਦੱਸ ਕੀ ਹਿਸਾਬ, ਭਿੰਨੜੀ ਰੈਣ ਮੰਗ ਮੰਗਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦੇ ਇਕ ਨਵਾਬ, ਨਰ ਨਿਰੰਕਾਰ ਪਰਦਾ ਦੇ ਉਠਾਈਆ । ਦਰਗਾਹ ਸਾਚੀ ਕਿਹੜੀ ਤੇਰੇ ਕੋਲ ਕਿਤਾਬ, ਹਰਫ਼ਾਂ ਕਿਹੜਿਆਂ ਵਿਚ ਲਿਖਾਈਆ । ਕਿਸ ਹੁਜਰੇ ਰੱਖੀ ਮਹਿਰਾਬ, ਕਿਸ ਕਾਅਬੇ ਦਿਤੀ ਟਿਕਾਈਆ । ਪੁਰਖ ਅਕਾਲ ਸ਼ਬਦ ਅਗੰਮੀ ਕਿਹਾ ਮਾਰ ਆਵਾਜ਼, ਧੁਰ ਸੰਦੇਸ਼ਾ ਇਕ ਸੁਣਾਈਆ । ਵੀਹ ਸੌ ਇੱਕੀ ਬਿਕ੍ਰਮੀ ਵੀਹ ਮਾਘ ਦੀ ਸੁਣ ਲੈ ਰਾਤ, ਰੁਤੜੀ ਨਾਲ ਮਿਲਾਈਆ । ਜਿਸ ਵੇਲੇ ਸਪਤ ਰਿਖੀਆਂ ਦੀ ਆਈ ਸੀ ਏਥੇ ਜਮਾਤ, ਸੱਤ ਦਿਨ ਡੇਰਾ ਗਏ ਲਾਈਆ । ਅੰਤਮ ਧੂੜੀ ਟਿੱਕਾ ਮਸਤਕ ਲਾ ਕੇ ਖ਼ਾਕ, ਨੇਤਰ ਉਪਰ ਅੱਖ ਉਠਾਈਆ ।

ਦੋਏ ਦੋਏ ਜੋੜਕੇ ਹਾਥ, ਬੰਦਨਾ ਦਿਤੀ ਸੁਣਾਈਆ । ਓ ਸਾਹਿਬ ਪੁਰਖ ਅਬਿਨਾਸ਼, ਤੇਰੀ ਬੇਪਰਵਾਹੀਆ । ਜੁਗ ਚੌਕੜੀ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਸਾਨੂੰ ਐਂ ਰਿਹਾ ਭਾਖ, ਇਹ ਵੀ ਤੇਰੀ ਬੇਪਰਵਾਹੀਆ । ਕਲਜੁਗ ਅੰਤਮ ਤੇਰਾ ਖੁਲ੍ਹਣਾ ਹਾਟ, ਸੌਦਾ ਸਚ ਵਿਕਾਈਆ । ਚਾਰ ਵਰਨਾਂ ਦੇਣੀ ਦਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਝੋਲੀ ਪਾਈਆ । ਪਤਣ ਇਕ ਵਖੌਣਾ ਘਾਟ, ਬੇੜਾ ਇਕ ਚਲਾਈਆ । ਜਿਸ ਦੇ ਕੋਲ ਕੱਟੀ ਰਾਤ, ਇਹ ਅਨਾਥਾਂ ਦਾ ਨਾਥ ਸੇਵਾ ਸਪਤ ਰਿਖੀ ਕਮਾਈਆ । ਇਸ ਦੀ ਨਾਈਆਂ ਘਰ ਵਾਲੀ ਜ਼ਾਤ, ਪਿਛਲੀ ਨਜ਼ਰੀ ਆਈਆ । ਇਕ ਸੌ ਚੌਦਾਂ ਸਾਲ ਵਿਚ ਪਾਈ ਵਫ਼ਾਤ, ਲੋਕਮਾਤ ਦਿਤਾ ਤਜਾਈਆ । ਕਲਜੁਗ ਅੰਤਮ ਪਿਆ ਜਾਗ, ਪੁਰਖ ਅਬਿਨਾਸ਼ੀ ਅੱਖ ਖੁਲ੍ਹਾਈਆ । ਧਰਨੀ ਦਾ ਦੇ ਕੇ ਸਾਥ, ਸੋਹਣਾ ਜੋੜ ਜੁੜਾਈਆ । ਜੋ ਸਪਤ ਗਏ ਸੀ ਆਖ, ਸੋ ਸਤਿ ਸਤਿਵਾਦ ਪੂਰ ਕਰਾਈਆ । ਧੁਰ ਦਾ ਲੇਖਾ ਵੇਖ ਹਿਸਾਬ, ਜੁਗ ਚੌਕੜੀ ਵਿਛੜੇ ਰਿਹਾ ਮਿਲਾਈਆ । ਧਰਨੀ ਕਹੇ ਮੈਂ ਓਸ ਨੂੰ ਦਿਆਂ ਸ਼ਾਬਾਸ, ਜਿਹੜਾ ਭਗਤ ਭਗਵਾਨ ਨਾਲ ਆਤਮ ਰਿਹਾ ਮਿਲਾਈਆ । ਓਸ ਦੇ ਕੋਲੋਂ ਸਚ ਪ੍ਰੀਤੀ ਕਰਨ ਦੀ ਸਿੱਖਾਂ ਜਾਚ, ਯਾਚਕ ਹੋ ਕੇ ਸੇਵ ਕਮਾਈਆ । ਸ਼ੰਕਰ ਤਕਦਾ ਵੇਖੇ ਉਤੇ ਕੈਲਾਸ਼, ਨੇਤਰ ਅੱਖ ਉਠਾਈਆ । ਬ੍ਰਹਮਾ ਕਹੇ ਮੈਂ ਵੇਖਾਂ ਸਰਬ ਪਰਕਾਸ਼, ਨੂਰੋ ਨੂਰ ਨਜ਼ਰੀ ਆਈਆ । ਵਿਸ਼ਨੂੰ ਕਹੇ ਮੈਂ ਮੰਗਣਹਾਰਾ ਦਾਤ, ਦਰ ਭਿਖਾਰੀ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਨਜ਼ਰੀ ਆਏ ਸਾਖ਼ਿਆਤ, ਸਤਿ ਸਰੂਪੀ ਸ਼ਹਿਨਸ਼ਾਹੀਆ । ਜੋ ਪਿਆਵਣਹਾਰਾ ਆਬੇ ਹਯਾਤ, ਮਧੁਰ ਖ਼ੁਮਾਰੀ ਨਾਮ ਚੜ੍ਹਾਈਆ । ਜੋ ਖੋਲ੍ਹਣਹਾਰਾ ਤਾਕ, ਤਕਵਾ ਇਕ ਜਣਾਈਆ । ਜੋ ਚਮਕਾਵਣਹਾਰਾ ਆਫ਼ਤਾਬ, ਮਹਿਰਾਬ

੨੧੨ ਕਰੇ ਰੁਸ਼ਨਾਈਆ । ਜਿਸ ਦਾ ਨੂਰ ਅਗੰਮਾ ਵਾਹਦ, ਲਾਸ਼ਰੀਕ ਤੌਫ਼ੀਕ ਬੇਪਰਵਾਹੀਆ । ਤਿਸ ਦੇਣੀ ਵਡਿਆਈ ਧਰਨੀ ਧਰਤ ਧਵਲ ਮਾਟੀ ਖ਼ਾਕ, ਖ਼ਾਲਸ ਆਪਣਾ ਰੰਗ ਰੰਗਾਈਆ । ਸਚ ਦਵਾਰ ਕਰ ਕੇ ਨਿਵਾਸ, ਭੂਮਿਕਾ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੇ ਗਲੇ ਲਗਾਈਆ । ਧਰਨੀ ਕਹੇ ਮੇਰੀ ਅੰਤਮ ਅਰਦਾਸ, ਬੇਨੰਤੀ ਸਚ ਸੁਣਾਈਆ । ਭਗਵਨ ਸਦ ਵਸਣਾ ਭਗਤਾਂ ਸਾਥ, ਝਲੀ ਨਾ ਜਾਏ ਜੁਦਾਈਆ । ਬੇਸ਼ਕ ਤੇਰਾ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਤੇਰੀ ਵਡਿਆਈਆ । ਜ਼ੱਰੇ ਜ਼ੱਰੇ ਤੇਰਾ ਨਿਵਾਸ, ਘਰ ਘਰ ਸੋਭਾ ਪਾਈਆ । ਬਿਨ ਭਗਤਾਂ ਤੇਰੀ ਸਾਚੀ ਕਰੇ ਕੋਈ ਨਾ ਖ਼ਾਹਸ਼, ਆਸ਼ਾ ਵਿਚ ਧਿਆਨ ਨਾ ਕੋਇ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦਰ ਠਾਂਡੇ ਤੇਰੇ ਹੋਏ ਦਾਸ, ਦਾਸੀ ਦਾਸ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸ੍ਰੀ ਭਗਵਾਨ ਸਚ ਦ੍ਰਿੜ੍ਹੌਂਦਾ ਏ । ਸੋ ਪੁਰਖ ਨਿਰੰਜਣ ਹੁਕਮ ਜਣੌਂਦਾ ਏ । ਹਰਿ ਪੁਰਖ ਨਿਰੰਜਣ ਦਇਆ ਕਮੌਂਦਾ ਏ । ਏਕੰਕਾਰਾ ਵੇਖ ਵਖੌਂਦਾ ਏ । ਆਦਿ ਨਿਰੰਜਣ ਨੂਰੋ ਨੂਰ ਡਗਮਗੌਂਦਾ ਏ । ਅਬਿਨਾਸ਼ੀ ਕਰਤਾ ਪਰਦਾ ਲਾਹੁੰਦਾ ਏ । ਸ੍ਰੀ ਭਗਵਾਨ ਭੇਵ ਅਭੇਦ ਖੁਲ੍ਹੌਂਦਾ ਏ । ਪਾਰਬ੍ਰਹਮ ਬ੍ਰਹਮ ਆਤਮ ਆਪਣਾ ਮੇਲ ਮਿਲੌਂਦਾ ਏ । ਦਰਸ ਦੇ ਕੇ ਜ਼ਾਹਰ ਬਾਤਨ, ਪਰਦਾ ਓਹਲਾ ਆਪ ਚੁਕੌਂਦਾ ਏ । ਨਿਜ ਘਰ ਆਤਮ ਕਰ ਕੇ ਵਾਸਨ, ਘਟ ਸਵਾਮੀ ਸੋਭਾ ਪੌਂਦਾ ਏ । ਸੇਜ ਸੁਹੰਜਣੀ ਲਾ ਕੇ ਆਸਣ, ਸਿੰਘਾਸਣ ਇਕ ਵਡਿਔਂਦਾ ਏ । ਗਹਿਰ ਗੰਭੀਰ ਬਣ ਕੇ ਸਰਬ ਗੁਣ ਤਾਸਨ, ਗੁਰਮੁਖ ਸੱਜਣ ਵੇਖ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਧਰਤ ਧਵਲ ਤੇਰੀ

ਆਸਾ ਪੂਰ ਕਰੌਂਦਾ ਏ । ਧਰਨੀ ਧੌਲ ਤੇਰੀ ਆਸਾ ਪੂਰ ਕਰਾਵਾਂਗਾ । ਜਨ ਭਗਤਾਂ ਅੰਤਰ ਆਤਮ ਮਵਲ, ਆਪਣਾ ਰੰਗ ਰੰਗਾਵਾਂਗਾ । ਉਲਟਾ ਕਰ ਕੇ ਨਾਭੀ ਕਵਲ, ਝਿਰਨਾ ਆਪਣਾ ਸਚ ਝਿਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲਾਵਾਂਗਾ । ਤੇਰਾ ਲੇਖਾ ਲੇਖੇ ਲਾਵਾਂਗਾ । ਭਗਤ ਸੁਹੇਲੇ ਆਪ ਤਰਾਵਾਂਗਾ । ਦੋ ਜਹਾਨਾਂ ਪਾਰ ਕਰਾਵਾਂਗਾ । ਲੱਖ ਚੁਰਾਸੀ ਵਿਚੋਂ ਬਾਹਰ ਕਢਾਵਾਂਗਾ । ਸ਼ਬਦੀ ਸ਼ਬਦ ਰੂਪ ਵਖਾਵਾਂਗਾ । ਜੋਤੀ ਜੋਤ ਜੋਤ ਮਿਲਾਵਾਂਗਾ । ਸਚ ਦਵਾਰ ਕਿਲ੍ਹਾ ਕੋਟ, ਸਚਖੰਡ ਇਕ ਦ੍ਰਿੜਾਵਾਂਗਾ । ਜਿਥੇ ਪਰਕਾਸ਼ ਨਿਰਮਲ ਜੋਤ, ਦੀਵਾ ਬੱਤੀ ਨਾ ਕੋਇ ਰਖਾਵਾਂਗਾ । ਚਰਨਾਂ ਹੇਠਾਂ ਦਬ ਕੇ ਚੌਦਾਂ ਲੋਕ, ਸਚ ਸਲੋਕ ਇਕ ਪੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਤੇਰੀ ਸੁਣ ਪੁਕਾਰ, ਭਗਤ ਉਧਾਰੇ ਸਿਰਜਣਹਾਰ, ਦੇਵੇ ਮਾਣ ਸੱਚੀ ਵਡਿਆਈਆ । ਧਰਨੀ ਕਹੇ ਮੇਰੇ ਹਸਦੇ ਨੈਣ, ਛਹਿਬਰ ਪ੍ਰੇਮ ਲਗਾਈਆ । ਮੈਂ ਜੋ ਕੁਛ ਆਈ ਸੀ ਕਹਿਣ, ਸੋ ਸਚ ਦਿਤਾ ਸੁਣਾਈਆ । ਭਗਵਨ ਤੇਰੇ ਭਗਤਾਂ ਲਾੜੀ ਮੌਤ ਨਾ ਖਾਏ ਡੈਣ, ਵੇਲੇ ਅੰਤ ਨਾ ਕੋਇ ਪਰਨਾਈਆ । ਜੇ ਤੂੰ ਬਣਿਓ ਸਾਕ ਸੱਜਣ ਸੈਣ, ਦੋ ਜਹਾਨਾਂ ਸਗਲਾ ਸੰਗ ਨਿਭਾਈਆ । ਅੱਜ ਦੀ ਸੁਲਖਣੀ ਘੜੀ ਲੇਖੇ ਲੌਣੀ ਭਿੰਨੜੀ ਰੈਣ, ਰੇਣ ਤੇਰੀ ਚਰਨ ਧੂੜੀ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਕ਼ਦਮਾਂ ਉਤੇ ਕੋਟਨ ਕੋਟ ਵਾਰ ਸੀਸ ਝੁਕਾਈਆ । ਪੁਰਖ ਅਕਾਲ ਕਿਹਾ ਹੁਣ ਕਰ ਬਸ, ਧੁਰ ਦਾ ਹੁਕਮ ਸੁਣਾਈਆ । ਜੋ ਮੇਰਾ ਮੈਂ ਓਸ ਦੇ ਹੋ ਗਿਆ ਵਸ, ਅਜੋੜ ਰਹੇ ਨਾ ਰਾਈਆ । ਜਿਨ੍ਹਾਂ ਢੋਲਾ ਗਾਇਆ ਧੁਰ ਦਾ ਜਸ, ਸਿਫ਼ਤਾਂ ਨਾਲ ਸਲਾਹੀਆ । ਓਨ੍ਹਾਂ ਦੀ ਖੋਲ੍ਹ ਕੇ ਅੰਦਰੋਂ ਅੱਖ, ਪ੍ਰਤੱਖ ਦਰਸ ਦਿਆਂ ਜਣਾਈਆ । ਆਤਮ ਪਰਮਾਤਮ ਨਾਲੋਂ ਰਹਿਣ ਨਾ ਦੇਵਾਂ ਵਖ, ਧੁਰ ਦਾ ਮੇਲਾ ਸਹਿਜ ਸੁਭਾਈਆ । ਪੁਰਖ ਅਕਾਲ ਦੀਨ ਦਿਆਲ ਸਰਬ ਕਲਾ ਸਮਰਥ, ਮਹਿੰਮਾ ਅਕਥ ਕਥ ਸਮਝਾਈਆ । ਧਰਨੀ ਧਰਤ ਧਵਲ ਤੂੰ ਭਗਤਾਂ ਨਾਲ ਮਿਲ ਕੇ ਵਸ, ਵਸਲ ਇਕੋ ਦਏ ਕਰਾਈਆ । ਹਕ਼ੀਕ਼ਤ ਵਿਚੋਂ ਕੱਢਕੇ ਹਕ, ਸਭ ਦੀ ਝੋਲੀ ਦਏ ਭਰਾਈਆ । ਅਗੇ ਰਹਿਣ ਨਾ ਦੇਵੇ ਕੋਈ ਸ਼ਕ, ਸ਼ਿਕਵੇ ਰਿਹਾ ਗਵਾਈਆ । ਜਨ ਭਗਤਾਂ ਸ਼ਬਦੀ ਸ਼ਬਦ ਧੁਰ ਦੀ ਧਾਰ ਪਿਆ ਕੇ ਅਗੰਮਾ ਰਸ, ਨਿਝਰ ਝਿਰਨਾ ਦਏ ਝਿਰਾਈਆ । ਜਨਮ ਕਰਮ ਦਾ ਰੋਗ ਵਿਜੋਗ ਲੇਖਾ ਕਰ ਕੇ ਭਠ, ਸੰਜੋਗ ਅਗਲਾ ਦਏ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਦੇ ਹਿਰਦੇ ਗਿਆ ਵਸ, ਓਨ੍ਹਾਂ ਆਪਣੀ ਬਸਤੀ ਵਿਚ ਲਏ ਵਸਾਈਆ ।



### ❊ ੨੧ ਮਾਘ ੨੦੨੧ ਬਿਕ੍ਰਮੀ ਹਰੀ ਪੁਰ ਮਹਿੰਗਾ ਸਿੰਘ ਦੇ ਗ੍ਰਹਿ ❊

ਹੋਏ ਪਰਵਾਨ ਦਰ ਗੁਰਮੁਖ ਟੁੱਕਰ, ਟੁਕੜਾ ਟੁਕੜਾ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੀਨ ਦਿਆਲ ਜੋ ਅਗੰਮੀ ਧਾਰੋਂ ਆਇਆ ਉਤਰ, ਨਿਰਗੁਣ ਨਿਰਵੈਰ ਨਿਰਾਕਾਰ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜੋ ਕਦੇ ਨਾ ਜਾਏ ਮੁਕਰ, ਏਥੇ ਓਥੇ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਕੀਤਾ ਕੌਲ ਤੋੜ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਜਿਸ ਦਾ ਕਰਨ ਸ਼ੁਕਰ, ਚਰਨ ਕਵਲ ਉਪਰ ਧਵਲ ਨਿਉਂ ਨਿਉਂ ਲਾਗਣ ਪਾਈਆ । ਜਿਸ ਸਾਹਿਬ ਸੁਹੇਲੇ ਇਕ ਅਕੇਲੇ ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਬਣਾਇਆ ਆਪਣਾ ਪੁਤਰ, ਪਿਤਾ ਏਕ ਏਕ ਵਡਿਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਇਕ ਇਕ ਟੁਕੜਾ ਕਰੇ ਪੁਕਾਰ, ਬੇਨੰਤੀ ਦਰ ਸੁਣਾਈਆ । ਸੋ ਪੁਰਖ ਨਿਰੰਜਣ ਤੇਰਾ ਠਾਂਡਾ ਦਰਬਾਰ, ਹਰਿ ਪੁਰਖ ਨਿਰੰਜਣ ਤੇਰੀ ਸਚ ਸਰਨਾਈਆ । ਏਕੰਕਾਰ ਤੇਰੇ ਚਰਨ ਕਵਲ ਬਲਿਹਾਰ, ਆਦਿ ਨਿਰੰਜਣ ਤੇਰਾ ਜੋਤੀ ਨੂਰ ਨਜ਼ਰੀ ਆਈਆ । ਅਬਿਨਾਸ਼ੀ ਕਰਤੇ ਕਿਰਪਾ ਧਾਰ, ਸ੍ਰੀ ਭਗਵਾਨ ਸਾਂਝੇ ਯਾਰ ਪਰਵਰਦਿਗਾਰ ਖ਼ੁਸ਼ੀ ਮਨਾਈਆ । ਪਾਰਬ੍ਰਹਮ ਪ੍ਰਭ ਦੇ ਆਧਾਰ, ਬ੍ਰਹਮ ਮੀਤਾ ਸਾਜਨ ਇਕ ਸੰਸਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਅਗੰਮੀ ਧਾਰ ਚਲਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਂਹਦੇ ਰਹੇ ਨੇਤਰ ਨੈਣ ਉਘਾੜ, ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਆਪਣਾ ਧਿਆਨ ਲਗਾਈਆ । ਟਿੱਲੇ ਪਰਬਤ ਸਮੁੰਦ ਸਾਗਰ ਵੇਖੇ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਟੁਕੜੇ ਕਹਿਣ ਪ੍ਰਭ ਖੋਲ੍ਹ ਦੇ ਭੇਤ, ਅਨੁਭਵ ਤੇਰੀ ਬੇਪਰਵਾਹੀਆ । ਕਿਸ ਬਿਧ ਰਚਿਆ ਆਪਣਾ ਖੇਲ, ਰੰਗ ਨਵੇਲ ਦੇ ਸਮਝਾਈਆ । ਮਹਿਬੂਬ ਮੁਹੱਬਤ ਵਿਚ ਆ ਕੇ ਕਰ ਮਿਹਰ, ਬੇਨਜ਼ੀਰ ਨਜ਼ਰ ਉਠਾਈਆ । ਲਹਿਣਾ ਦੇਣਾ ਹਕ ਹਕ਼ੀਕ਼ਤ ਵਿਚੋਂ ਦੇ ਨਬੇੜ, ਪੂਰਬ ਸਭ ਦਾ ਝੋਲੀ ਪਾਈਆ । ਜੁਗ ਚੌਕੜੀ ਪਿਛੋਂ ਫਿਰਦਿਆਂ ਫਿਰਦਿਆਂ ਹੋਇਆ ਤੇਰਾ ਮੇਲ, ਘਰ ਵਜੇ ਸਚ ਵਧਾਈਆ । ਲੇਖਾ ਚੁਕ ਜਾਏ ਗੁਰੂ ਚੇਲ, ਚੇਲਾ ਗੁਰੂ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇ ਸਮਝਾਈਆ । ਨਿੱਕੇ ਨਿੱਕੇ ਟੁਕੜਿਓ ਸੁਣੋ ਅਗੰਮੀ ਬਾਤ, ਆਦਿ ਜੁਗਾਦੀ ਦਿਆਂ ਜਣਾਈਆ । ਜਿਸ ਵੇਲੇ ਸ਼ਬਦ ਸੁਤ ਰਚਨਾ ਰਚੀ ਸੀ ਆਦਿ, ਪੁਰਖ ਅਕਾਲ ਆਪਣੀ ਦਇਆ ਕਮਾਈਆ । ਇੱਛਿਆ ਵਿਚੋਂ ਅਗੰਮ ਅਥਾਹ ਬੇਪਰਵਾਹ ਵਜਾਇਆ ਨਾਦ, ਧੁਨ ਆਪਣੀ ਨਾਲ ਮਿਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਕਰ ਆਪ ਵਿਸਮਾਦ, ਮਹਲ ਅਟਲ ਦਿਤੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਸਾਜਣ ਦਿਤਾ ਸੀ ਸਾਜ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਸ੍ਰੀ ਭਗਵਾਨ, ਹਰਿ ਕਰਤਾ ਬੇਪਰਵਾਹੀਆ । ਸਚਖੰਡ ਨਿਵਾਸੀ ਨੌਜਵਾਨ, ਮਰਦ ਮਰਦਾਨਾ ਦਇਆ ਕਮਾਈਆ । ਸੁਤ ਦੁਲਾਰਾ ਕਰ ਪਰਧਾਨ, ਥਿਰ ਘਰ ਦੇਵਣਹਾਰ ਵਡਿਆਈਆ । ਵਿਸ਼ਨੂੰ ਸ਼ਬਦ ਸੰਦੇਸ਼ਾ ਦਿਤਾ ਏਕੋ ਏਕ ਹੁਕਮਰਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਪਰਮ ਪੁਰਖ ਪਰਮਾਤਮ ਆਤਮ ਦਿਤਾ ਇਕ ਪਕਵਾਨ, ਵਸਤ ਅਮੋਲਕ ਆਪਣੀ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਰਿਹਾ ਜਣਾਈਆ । ਧੁਰ ਦੀ ਕਰਨੀ ਹਰਿ ਕਰਤਾਰ, ਹਰਿ ਕਰਤਾ ਆਪ ਜਣਾਈਆ । ਸਚ ਸੰਦੇਸ਼ਾ ਦੇ ਕੇ ਏਕਾ ਵਾਰ, ਵਿਸ਼ਨ ਦਿਤਾ ਦ੍ਰਿੜਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਵਿਚ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਵੇਸ ਵਟਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਪੀਰ ਪੈਗ਼ੰਬਰ ਹਰਿ ਹਰਿ ਖੇਲ ਖਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬੋਲ ਜੈਕਾਰ, ਅੰਜੀਲ ਕ਼ੁਰਾਨਾਂ ਦਏ ਵਡਿਆਈਆ । ਰਸਨਾ ਜਿਹਵਾ ਬੱਤੀ ਦੰਦ ਕਰ ਇਜ਼ਹਾਰ, ਕਾਗ਼ਜ਼ ਕ਼ਲਮ ਸ਼ਾਹੀ ਮੇਲਾ ਸਹਿਜ ਸੁਭਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਿਸ ਵੇਲੇ ਕਲ ਕਲਕੀ ਲਏ ਅਵਤਾਰ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ


੨੭੪

ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵਿਸ਼ਨੂੰ ਕਹੇ ਸਚ ਪ੍ਰਭ ਮੈਨੂੰ ਦੇ ਦੱਸ, ਧੁਰ ਦੀ ਮੰਗ ਮੰਗਾਈਆ । ਜਿਹੜੀ ਵਸਤ ਦਿਤੀ ਮੇਰੇ ਹੱਥ, ਆਦਿ ਪੁਰਖ ਫੜਾਈਆ । ਜੁਗ ਚੌਕੜੀ ਸਾਂਭ ਕੇ ਛੱਡਾਂ ਰਖ, ਧੁਰ ਦੀ ਸੇਵ ਕਮਾਈਆ । ਸ੍ਰੀ ਭਗਵਾਨ ਕਿਹਾ ਧੁਰ ਸੰਦੇਸ਼ਾ ਦੇਵਾਂ ਸਚ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਵੇਲੇ ਪਰਗਟ ਹੋਵਾਂ ਆਪ, ਵਡ ਪਰਤਾਪ ਨੂਰ ਖ਼ੁਦਾਈਆ । ਤੇਰਾ ਮੇਰਾ ਢੋਲਾ ਸੋਹਲਾ ਇਕੋ ਹੋਵੇ ਜਾਪ, ਪਤਿਪਰਮੇਸ਼ਵਰ ਰਿਹਾ ਦ੍ਰਿੜਾਈਆ । ਭਗਤ ਸੁਹੇਲਾ ਹੋ ਕੇ ਦੇਵਾਂ ਸਾਥ, ਧੁਰ ਦਾ ਸੰਗ ਨਿਭਾਈਆ । ਲੋਕਮਾਤ ਵੇਖਾਂ ਖੇਲ ਤਮਾਸ਼, ਚਾਰ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਿਸ਼ਨੂੰ ਦੋਏ ਜੋੜ ਕਰ ਅਰਦਾਸ, ਪ੍ਰਭ ਅਗੇ ਸੀਸ ਨਿਵਾਈਆ । ਤੇਰੀ ਵਡਿਆਈ ਤੇਰੇ ਹਾਥ, ਬੇਅੰਤ ਤੇਰੀ ਸ਼ਰਨਾਈਆ । ਸਚ ਸੁਹੇਲੇ ਇਕ ਅਕੇਲੇ ਮੈਂ ਵੇਖਾਂ ਮਾਰ ਝਾਤ, ਪਰਦਾ ਇਕ ਉਠਾਈਆ । ਪੁਰਖ ਅਬਿਨਾਸ਼ੀ ਖੋਲ੍ਹ ਕੇ ਆਂਖ, ਨੇਤਰ ਨੈਣ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੀ ਖੇਲ ਰਿਹਾ ਵਖਾਈਆ । ਪੁਰਖ ਅਕਾਲ ਖੇਲ ਅਗੰਮ, ਹਰਿ ਕਰਤਾ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਨ, ਪਾਰਬ੍ਰਹਮ ਬੇਪਰਵਾਹੀਆ । ਕਲਜੁਗ ਅੰਤਮ ਜੋਤੀ ਨੂਰ ਅਗੰਮੀ ਚਾੜ੍ਹ ਕੇ ਚੰਨ, ਦੋ ਜਹਾਨ ਕਰੇ ਰੁਸ਼ਨਾਈਆ । ਭਗਤਾਂ ਬੇੜਾ ਬੰਨ੍ਹ, ਆਪਣੇ ਕੰਧ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਸੰਦੇਸ਼ਾ ਲੈਣਾ ਮੰਨ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਭੇਵ ਅਭੇਦਾ ਸਚ ਖਲੌਂਦਾ ਹਾਂ । ਵਿਸ਼ਨੂੰ ਤੈਨੂੰ ਇਕ ਜਣੌਂਦਾ ਹਾਂ । ਕਲਜੁਗ ਅੰਤਮ ਰਾਹ ਵਖੌਂਦਾ ਹਾਂ । ਬੀਸ ਇਕੀਸਾ ਵਕਤ ਸੁਹੌਂਦਾ ਹਾਂ । ਜਗਤ ਜਗਦੀਸਾ ਇਕ ਅਖਵੌਂਦਾ ਹਾਂ । ਸਚ ਹਦੀਸਾ ਇਕ ਪੜ੍ਹੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਰਗ ਇਕ ਜਣੌਂਦਾ ਹਾਂ । ਧੁਰ ਦਾ ਮਾਰਗ ਸਚ ਵਖਾਵਾਂਗਾ । ਕਲ ਕਲਕੀ ਵੇਸ ਵਟਾਵਾਂਗਾ । ਜੋਤੀ ਜਾਤਾ ਰੂਪ ਧਰਾਵਾਂਗਾ । ਕੋਟਨ ਕੋਟੀ ਜੀਵ ਭੁਲਾਵਾਂਗਾ । ਗੁਰਮੁਖ ਵਿਰਲੇ ਨਿਰਮਲ ਜੋਤੀ, ਗ੍ਰਿਹਿ ਮੰਦਰ ਆਪ ਟਿਕਾਵਾਂਗਾ । ਜਨ ਭਗਤਾਂ ਸੁਰਤ ਉਠਾ ਕੇ ਸੋਤੀ, ਸੋਹਣਾ ਰੰਗ ਰੰਗਾਵਾਂਗਾ । ਵਿਸ਼ਨੂੰ ਤੇਰੇ ਭੰਡਾਰੇ ਦੀ ਗ਼ਰੀਬਾਂ ਘਰ ਪਕਾ ਕੇ ਰੋਟੀ, ਰੱਟਾ ਪਿਛਲਾ ਸਰਬ ਚੁਕਾਵਾਂਗਾ । ਉਹਨਾਂ ਚਾੜ੍ਹ ਕੇ ਮੰਜ਼ਲ ਆਪਣੀ ਚੋਟੀ, ਚੋਟ ਇਕੋ ਨਾਮ ਲਗਾਵਾਂਗਾ । ਅੰਦਰੋਂ ਕੱਢਕੇ ਵਾਸ਼ਨਾ ਖੋਟੀ, ਦੁਰਮਤ ਮੈਲ ਧੁਆਵਾਂਗਾ । ਇਸ ਦੀ ਸੋਚ ਮੂਲ ਤੂੰ ਨਾ ਸੋਚੀਂ, ਸੋਚਿਆਂ ਹੱਥ ਕਿਸੇ ਨਾ ਆਵਾਂਗਾ । ਮੇਰਾ ਲੇਖਾ ਲੱਭੇ ਵਿਚੋਂ ਕਿਸੇ ਨਾ ਪੋਥੀ, ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤਾਂ ਵਿਚ ਸਲਾਹਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਵਿਸ਼ਨੂੰ ਕਹੇ ਪ੍ਰਭ ਮੈਂ ਹੋਇਆ ਖ਼ੁਸ਼, ਬੰਦਨਾ ਇਕ ਸਰਨਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਰਹਾਂ ਚੁੱਪ, ਬੱਤੀ ਦੰਦ ਰਸਨਾ ਜਿਹਵਾ ਸਿਫ਼ਤ ਨਾ ਕੋਇ ਸਲਾਹੀਆ । ਜਿਸ ਵੇਲੇ ਕਲਜੁਗ ਅੰਧੇਰਾ ਹੋਵੇ ਘੁੱਪ, ਸਾਚਾ ਨੂਰ ਨਾ ਕੋਇ ਚਮਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜਾਣ ਲੁਕ, ਸਨਮੁਖ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਲਗੇ ਦੁਖ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਗ਼ਰੀਬ ਨਿਮਾਣਿਆਂ ਸਤਾਵੇ ਕੂੜੀ ਕਿਰਿਆ ਭੁਖ, ਆਸਾ ਤ੍ਰਿਸ਼ਨਾ ਪੂਰ ਨਾ ਕੋਇ ਵਖਾਈਆ । ਜਨਨੀ ਭਾਗ ਲਗੇ ਨਾ ਕਿਸੇ


੨੭੫

ਕੁੱਖ, ਸਤਿ ਸਰੂਪ ਨਾ ਕੋਇ ਸਮਾਈਆ । ਓਸ ਵੇਲੇ ਤੇਰੀ ਕਿਰਪਾ ਨਾਲ ਪਵਾਂ ਉਠ, ਨਿਰਗੁਣ ਨਿਰਗੁਣ ਲਵਾਂ ਅੰਗੜਾਈਆ । ਤੇਰੇ ਸੰਤ ਸੁਹੇਲੇ ਵੇਖਾਂ ਸਾਚੇ ਸੁਤ, ਅਬਿਨਾਸ਼ੀ ਅਚੁਤ ਆਪਣਾ ਫੇਰਾ ਪਾਈਆ । ਜਿਨ੍ਹਾਂ ਦੀ ਤੇਰੇ ਨਾਲ ਮੌਲੇ ਰੁਤ, ਘਰ ਘਰ ਬੈਠੇ ਖ਼ੁਸ਼ੀ ਮਨਾਈਆ । ਉਹਨਾਂ ਦਾ ਪਕਵਾਨ ਜਗਤ ਸੁੱਕਾ ਟੁਕ, ਟੁਕੜੇ ਰੂਪ ਵਟਾਈਆ । ਠਾਕਰ ਸਵਾਮੀ ਅੰਤਰਜਾਮੀ ਜਿਸ ਵੇਲੇ ਲਗੇ ਤੇਰੇ ਮੁਖ, ਦੋ ਜਹਾਨ ਤਰਸਨ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਖੇਲ ਖਿਲਾਈਆ । ਸੁੱਕਾ ਟੁੱਕੜ ਕਹੇ ਮੈਂ ਦੱਸਾਂ ਕੀ, ਜੁਗ ਚੌਕੜੀ ਮੇਰੀ ਕ਼ੀਮਤ ਕਿਸੇ ਨਾ ਪਾਈਆ । ਲੱਖ ਚੁਰਾਸੀ ਖਾਂਦਾ ਰਿਹਾ ਜੀਅ, ਜੀਵਣ ਜੁਗਤ ਵਿਚ ਵਡਿਆਈਆ । ਮੈਨੂੰ ਪੱਥਰਾਂ ਅੰਦਰ ਲਿਆ ਪੀਹ, ਪੀਸਣ ਪੀਸ ਸੇਵ ਨਾ ਕੋਇ ਕਮਾਈਆ । ਕਿਸੇ ਨੇ ਪੁਤਰ ਪਾਲਿਆ ਕਿਸੇ ਨੇ ਪਾਲੀ ਧੀ, ਕੋਈ ਕੁਟੰਬ ਰਿਹਾ ਰਜਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਮੇਰੀ ਸਾਚੀ ਰੱਖੀ ਕਿਸੇ ਨਾ ਨੀਂਹ, ਲੋਕਮਾਤ ਜੜ੍ਹ ਨਾ ਕੋਇ ਲਗਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਲੰਮਾ ਪੈਂਡਾ ਵਸੀਹ, ਚਲਦਿਆਂ ਚਲਦਿਆਂ ਨੇੜੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਟੁਕੜਿਆਂ ਵੇਖ ਕੇ ਲੱਗਾ ਭੋਗ, ਸਚਖੰਡ ਵਜੀ ਵਧਾਈਆ । ਹੋਇਆ ਪਰਕਾਸ਼ ਨਿਰਮਲ ਜੋਤ, ਨੂਰ ਅਗੰਮ ਰੁਸ਼ਨਾਈਆ । ਸ਼ਬਦ ਅਗੰਮੀ ਲੱਗੀ ਚੋਟ, ਡੰਕਾ ਇਕ ਸ਼ਨਵਾਈਆ । ਗੁਰ ਅਵਤਾਰ ਰਹੇ ਸੋਚ, ਪੀਰ ਪੈਗ਼ੰਬਰ ਲੈਣ ਅੰਗੜਾਈਆ । ਭਗਤ ਭਗਵਾਨ ਦੀ ਵੇਖਣ ਮੌਜ, ਮਜਲਸ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਕਰੀਏ ਖੋਜ, ਭੱਜੀਏ ਵਾਹੋ ਦਾਹੀਆ । ਸਾਹਿਬ ਸੁਲਤਾਨ ਦੇ ਵੇਖੀਏ ਚੋਜ, ਚੋਜੀ ਹੋ ਕੇ ਵੇਖ ਵਖਾਈਆ । ਜਨ ਭਗਤਾਂ ਸੁਣਾ ਕੇ ਆਪਣਾ ਸਲੋਕ, ਧੁਰ ਦੇ ਵਿਛੜੇ ਲਏ ਮਿਲਾਈਆ । ਦੂਈ ਦਵੈਤ ਕਟ ਕੇ ਹਉਮੇ ਰੋਗ, ਹੰ ਬ੍ਰਹਮ ਦਿਤਾ ਸਮਝਾਈਆ । ਭਾਗ ਲਗਾ ਕੇ ਕਾਇਆ ਕੋਟ, ਪੰਜ ਤੱਤ ਦਿਤੀ ਵਡਿਆਈਆ । ਪ੍ਰੇਮ ਪਿਆਰ ਦੀ ਦੇ ਕੇ ਚੋਗ, ਤ੍ਰਿਸ਼ਨਾ ਭੁਖ ਬੁਝਾਈਆ । ਨਾ ਕੋਈ ਹਰਖ਼ ਨਾ ਸੋਗ, ਚਿੰਤਾ ਗ਼ਮ ਨਾ ਕੋਇ ਜਣਾਈਆ । ਵਿਸ਼ਨੂੰ ਕਹੇ ਮੇਰੇ ਭੰਡਾਰੇ ਨਾਲੋਂ ਚੰਗਾ ਰੋਟ, ਦੋ ਜਹਾਨਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਟੁਕੜਾ ਕਹੇ ਮੈਂ ਸਭ ਤੋਂ ਵੱਡਾ, ਪ੍ਰਭ ਵੱਡੇ ਦਿਤੀ ਵਡਿਆਈਆ । ਮੈਨੂੰ ਵਿਸ਼ਨੂੰ ਜਾਪੇ ਬਾਲਾ ਨੱਢਾ, ਚਰਨਾਂ ਵਿਚ ਸੀਸ ਨਿਵਾਈਆ । ਇਸੇ ਕਾਰਨ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੈਣ ਲਗਾ ਸੱਦਾ, ਧੁਰ ਦਾ ਹੁਕਮ ਇਕ ਸੁਣਾਈਆ । ਤੁਹਾਡਾ ਹਿੱਸਾ ਵੇਖੋ ਅੱਧਾ, ਜੋ ਪੂਰਬ ਰੱਖਿਆ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਟੁਕੜਾ ਕਹੇ ਮੈਂ ਦਸਾਂ ਅਹਿਵਾਲ, ਆਪਣਾ ਆਪ ਜਣਾਈਆ । ਜੁਗ ਚੌਕੜੀ ਬੀਤੇ ਕਾਲ, ਕਾਲ ਗਰਾਸ ਕਰੇ ਲੋਕਾਈਆ । ਨਿਤ ਨਵਿਤ ਹੋ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਸੇਵ ਕਮਾਈਆ । ਮੇਰਾ ਕਿਸੇ ਨਾ ਕੀਤਾ ਉਧਾਰ, ਅਦਲ ਸਚ ਨਾ ਕੋਇ ਕਮਾਈਆ । ਗ਼ਰੀਬ ਨਿਮਾਣਿਆਂ ਕੋੜਿਆਂ ਕਮਲਿਆਂ ਭੁੱਖਿਆਂ ਨੰਗਿਆਂ ਬਣਿਆ ਨਾ ਕੋਇ ਦਲਾਲ, ਸਚ ਵਿਚੋਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਦੇਵਣ ਆਇਆ ਵਡਿਆਈਆ । ਟੁਕੜਾ ਕਹੇ ਮੈਂ ਲਾਵਾਂ ਟੱਕਰ, ਦੋ ਜਹਾਨਾਂ ਵੇਖ ਵਖਾਈਆ । ਮੇਰਾ ਭੇਵ ਕੋਈ ਨਾ ਜਾਣੇ ਫ਼ੱਕਰ, ਫ਼ਿਕਰਿਆਂ ਵਿਚ ਨਾ ਕੋਇ ਜਣਾਈਆ । ਪੁਰਖ ਅਕਾਲ ਨੇ ਜਿਹੜੀ ਸੱਤਵੀਂ ਲਿਖੀ ਸਤਰ,

ਗੋਬਿੰਦ ਇਕ ਜਣਾਈਆ । ਜਿਹੜਾ ਮਾਛੂਵਾੜੇ ਦਿਤਾ ਪੱਤਰ, ਓਸੇ ਦੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸੱਤਵੀਂ ਸਤਰ ਦਾ ਅਖ਼ੀਰੀ ਸਲੋਕ, ਏਕੰਕਾਰ ਦਿਤਾ ਜਣਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਦੇ ਕੇ ਰੋਜ਼ੀ ਰੋਜ਼, ਰਾਜ਼ਕ ਰਹੀਮ ਹੋਏ ਸਹਾਈਆ । ਜਿਨ੍ਹਾਂ ਦੀ ਆਸ਼ਾ ਮਨਸਾ ਪੂਰੀ ਕਰੇ ਲੋਚ, ਲੋਚਨ ਨੈਣ ਮਿਲੇ ਵਡਿਆਈਆ । ਭੰਡਾਰਾ ਰਹੇ ਬਹੁਤ ਅਤੋਟ, ਅਤੁਟ ਦਏ ਕਰਾਈਆ । ਧੁਰ ਦਾ ਹੁਕਮ ਨਾ ਕੋਈ ਸਕੇ ਰੋਕ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਰਿਹਾ ਵਖਾਈਆ । ਸਚ ਭੰਡਾਰੇ ਤੋਂ ਲਾਹ ਕੇ ਪਰਦਾ, ਬ੍ਰਹਿਮੰਡ ਖੰਡ ਦਏ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਢੋਲਾ ਪੜ੍ਹਦਾ, ਤੇਰਾ ਮੇਰਾ ਰਾਗ ਅਲਾਈਆ । ਧੰਨ ਵਡਿਆਈ ਜੋ ਠਾਕਰ ਸਵਾਮੀ ਖੇਲ ਕਰਦਾ, ਕਰਤਾ ਬੇਪਰਵਾਹੀਆ । ਭਗਤਨ ਪਿਤਾ ਹੋ ਕੇ ਬਰਦਾ, ਅਦਲਾ ਬਦਲੀ ਰਿਹਾ ਕਰਾਈਆ । ਜਿਸ ਦਾ ਰਸ ਕੋਈ ਨਾ ਚਖਦਾ, ਬੇਅੰਤ ਕਹਿ ਸਰਬ ਸਮਝਾਈਆ । ਜੋ ਮਾਲਕ ਆਪਣੇ ਦੇਸ ਦਾ, ਸਚਖੰਡ ਬੈਠਾ ਡੇਰਾ ਲਾਈਆ । ਸੋ ਕਲਜੁਗ ਅੰਤਮ ਵੇਖਦਾ, ਜੋਤੀ ਜਾਤਾ ਵੇਸ ਵਟਾਈਆ । ਲਹਿਣਾ ਮੁੱਕੇ ਪਿਛਲੀ ਰੇਖ ਦਾ, ਅਗੇ ਖੇਲ ਹੋਰ ਵਰਤਾਈਆ । ਹੁਕਮ ਚਲਣਾ ਇਕ ਨਰੇਸ਼ ਦਾ, ਨਰ ਨਰਾਇਣ ਆਪ ਵਰਤਾਈਆ । ਇਹ ਟੁਕੜਾ ਨਹੀਂ ਮੁਹਤਾਜ ਭੁੱਖਿਆਂ ਦੇ ਪੇਟ ਦਾ, ਭੁੱਖਿਆਂ ਦੀ ਭੁਖ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਸਭ ਦਾ ਵੇਖ ਵਖਾਈਆ । ਟੁਕੜਾ ਕਹੇ ਮੈਂ ਰੋਵਾਂ ਮਾਰਾਂ ਧਾਹ, ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਤੇਰੀ ਬੇਪਰਵਾਹੀਆ । ਨਜ਼ਰੀ ਆਇਆ ਚਾਰ ਕੁੰਟ ਵੇਖਿਆ ਨੈਣ ਉਠਾ, ਦਹਿ ਦਿਸ਼ਾ ਅੱਖ ਖੁਲ੍ਹਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜ੍ਹੇ ਮੈਨੂੰ ਰਹੇ ਧਿਆ, ਅੰਤਰ ਆਤਮ ਧਿਆਨ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਕੁਰਲਾ, ਉਚੀ ਕੂਕ ਕੂਕ ਦੇਣ ਦੁਹਾਈਆ । ਅਠਸਠ ਤੀਰਥ ਨੈਣ ਰਹੇ ਸ਼ਰਮਾ, ਨੇਤਰ ਅੱਖ ਨਾ ਕੋਇ ਉਠਾਈਆ । ਕਲਜੁਗ ਸਾਧ ਸੰਤ ਜੀਵ ਜੰਤ ਰਹੇ ਨਹਾ, ਦੁਰਮਤ ਮੈਲ ਨਾ ਕੋਇ ਧੁਆਈਆ । ਸ਼ਾਹ ਸੁਲਤਾਨ ਰਾਜ ਰਾਜਾਨ ਭੁੱਖਿਆਂ ਭੁਖ ਨਾ ਸਕੇ ਕੋਈ ਗਵਾ, ਦੁਖੀਆਂ ਦੁਖ ਦਰਦ ਨਾ ਕੋਇ ਵੰਡਾਈਆ । ਜਿਸ ਕੱਲਰ ਵਿਚ ਦਿਸੇ ਕਾਹੀ ਕਾਨਾ ਉਡਦੀ ਛਾਹ, ਧੂੜ ਵਾਹੋ ਦਾਹੀਆ । ਓਥੇ ਖੇਲ ਬੇਪਰਵਾਹ, ਪਾਰਬ੍ਰਹਮ ਆਪ ਵਖਾਈਆ । ਇਕ ਇਕ ਕ਼ਤਰਾ ਕੋਟਨ ਕੋਟਾਂ ਦਏ ਰਜਾ, ਭੰਡਾਰੇ ਸਤਿ ਸਚ ਕਰਾਈਆ । ਜਨ ਭਗਤੋ ਤੁਹਾਥੋਂ ਵਖਰਾ ਨਹੀਂ ਖ਼ੁਦਾ, ਜੁਦਾ ਅੰਗ ਨਾ ਕੋਇ ਰਖਾਈਆ । ਤੁਹਾਡੇ ਹਿਰਦੇ ਵਸੇ ਸ਼ਾਮ ਸੁਬਹ, ਨਿਜ ਘਰ ਬੈਠਾ ਡੇਰਾ ਲਾਈਆ । ਮਾਣਸ ਵਿਚੋਂ ਮਾਣਸ ਜਨਮ ਦਏ ਬਦਲਾ, ਸੁਰਤੀ ਸ਼ਬਦ ਨਾਲ ਦਏ ਜੁੜਾਈਆ । ਨੇਤਰ ਨਾਮ ਨਿਧਾਨਾ ਕੱਜਲ ਦੇਵੇ ਪਾ, ਲੋਚਨ ਨੂਰ ਕਰ ਰੁਸ਼ਨਾਈਆ । ਅਗਲਾ ਲੇਖਾ ਦਏ ਸਮਝਾ, ਪਿਛਲਾ ਪੰਧ ਮੁਕਾਈਆ । ਜੋ ਸੁੱਕਾ ਟੁਕੜਾ ਲਿਆਂਦਾ ਨਾਲ ਚਾਅ, ਚਾਓ ਘਨੇਰਾ ਇਕ ਵਖਾਈਆ । ਇਸੇ ਨੂੰ ਖਾ ਕੇ ਆਪਣਾ ਆਪ ਲਏ ਰਜਾ, ਦੁਖੀਆਂ ਦੁਖ ਦਏ ਗਵਾਈਆ । ਤੁਹਾਡਾ ਟੁਕੜਾ ਖਾ ਕੇ ਤੁਹਾਡਾ ਬਣੇ ਮਲਾਹ, ਬੇੜਾ ਦੋ ਜਹਾਨਾਂ ਪਾਰ ਕਰਾਈਆ । ਸ਼ਬਦੀ ਦੇਵੇ ਸਚ ਸਲਾਹ, ਕਰੇ ਇਕ ਪੜ੍ਹਾਈਆ । ਰਾਤੀ ਸੁੱਤਿਆਂ ਦਏ ਜਗਾ, ਜਾਗਦਿਆਂ ਦਰ ਆਈਆ । ਦਰਸ਼ਨ ਦੇਵੇ ਉਠਾ, ਬਜਰ ਕਪਾਟੀ ਕੁੰਡਾ ਲਾਹੀਆ । ਮਰਨ ਤੋਂ ਪਹਿਲੋਂ ਜਨਮ ਦੀ ਦੇਵੇ ਦੁਆ, ਜਨਮ ਆਪਣੇ ਲੇਖੇ ਲਾਈਆ । ਕਰਮਾਂ ਦਾ

ਰੋਗ ਦੇਵੇ ਗਵਾ, ਲੱਖ ਚੁਰਾਸੀ ਡੇਰਾ ਢਾਹੀਆ । ਸਾਚੀ ਮੰਜ਼ਲ ਦੇਵੇ ਚੜ੍ਹਾ, ਜਿਸ ਘਰ ਵਸੇ ਬੇਪਰਵਾਹੀਆ । ਈੜਾ ਪਿੰਗਲ ਸੁਖਮਨ ਟੇਢੀ ਬੰਕ ਆਸਾ ਮਨਸਾ ਤ੍ਰਿਸ਼ਨਾ ਪੰਜ ਵਿਕਾਰ ਕੋਈ ਨਾ ਸਕੇ ਉਠਾ, ਅਧ ਵਿਚ ਡੇਰਾ ਨਾ ਕੋਇ ਲਾਈਆ । ਸ਼ਬਦ ਅਗੰਮੀ ਅਨਾਦ ਅਨਾਦੀ ਅਨਾਦ ਧੁਨ ਗੁਰੂ ਅਵਤਾਰ ਗਏ ਸੁਣਾ, ਸੁਰਤੀ ਆਪਣਾ ਤਾਲ ਵਜਾਈਆ । ਸਚ ਸਿੰਘਾਸਣ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਇਕੋ ਦਏ ਵਖਾ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਦੀਵਾ ਬਾਤੀ ਕਮਲਾਪਾਤੀ ਗ੍ਰਿਹਿ ਮੰਦਰ ਕਾਇਆ ਅੰਦਰ ਦਏ ਜਗਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਵਖਾਈਆ । ਸੁੱਕਾ ਟੁੱਕਰ ਵੇਖ ਗੁਰੂ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਸਾਰੇ ਕਹਿਣ ਹੋਵੋ ਖ਼ਬਰਦਾਰ, ਉਠੋ ਚਾਈਂ ਚਾਈਂਆ । ਵਿਸ਼ਨ ਬ੍ਰਹਮਾ ਸ਼ਿਵ ਕਹੇ ਚਲੋ ਚਲੀਏ ਯਾਰ, ਯਾਰੜਾ ਪੰਧ ਮੁਕਾਈਆ । ਲੋਕਮਾਤ ਵੇਖੀਏ ਉਹ ਵਿਹਾਰ, ਜੋ ਵਿਵਹਾਰੀ ਰਿਹਾ ਕਰਾਈਆ । ਜਿਸ ਦਾ ਰਾਹ ਤਕਦੇ ਰਹੇ ਚੌਕੜੀ ਜੁਗ ਚਾਰ, ਭਵਿਖਤਾਂ ਵਿਚ ਸਲਾਹੀਆ । ਜਿਸ ਦੀ ਰਾਗਾਂ ਨਾਦਾਂ ਵਿਚ ਗੌਂਦੇ ਰਹੇ ਵਾਰ, ਢੋਲਿਆਂ ਕਲਮਿਆਂ ਨਾਲ ਸਲਾਹੀਆ । ਜਿਸ ਨੂੰ ਮੰਨਦੇ ਰਹੇ ਪਰਵਰਦਿਗਾਰ, ਪਰਮ ਪੁਰਖ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਤਕਦੇ ਰਹੇ ਸਚਖੰਡ ਸੱਚਾ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸੋਹੇ ਬੰਕ ਦਵਾਰ, ਭਗਵਨ ਆਪਣਾ ਵੇਸ ਵਟਾਈਆ । ਸਾਚੀ ਸਿਖਿਆ ਸੰਤਾਂ ਆਪ ਸਿਖਾਲ, ਸਾਖ਼ਿਆਤ ਕਰੇ ਪੜ੍ਹਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵਿਸ਼ਨੂੰ ਤੇਰਾ ਹਲ ਕਰੇ ਸੁਆਲ, ਭੇਵ ਅਭੇਦਾ ਦਏ ਜਣਾਈਆ । ਉਠ ਵੇਖ ਨੇਤਰ ਖੋਲ੍ਹ ਤਕ ਟੁੱਕਰ ਬਿਨਾ ਦਾਲ, ਦਲਿਦ੍ਰੀਆਂ ਦਲਿਦਰ ਰਿਹਾ ਗਵਾਈਆ । ਇਸੇ ਦੇ ਪਿਛੇ ਆਤਮਾ ਪਰਮਾਤਮਾ ਪਰਮਾਤਮਾ ਆਤਮਾ ਦਾ ਪੁੱਛੇ ਹਾਲ, ਅੰਦਰ ਵੜ ਕੇ ਖੋਜ ਖੁਜਾਈਆ । ਗੁਰਮੁਖੋ ਤੁਹਾਡੇ ਭਾਗ ਲਗਾਵੇ ਕਾਇਆ ਧਰਮਸਾਲ, ਧਰਮ ਦਵਾਰਾ ਇਕੋ ਇਕ ਵਖਾਈਆ । ਜੋਤ ਜਗਾ ਕੇ ਬੇਮਿਸਾਲ, ਮਿਸਲ ਆਪਣੀ ਦਏ ਸਮਝਾਈਆ । ਤੁਹਾਡੇ ਨੇੜ ਨਾ ਆਵੇ ਕਾਲ, ਰਾਏ ਧਰਮ ਚਿਤਰ ਗੁਪਤ ਅੱਖ ਨਾ ਕੋਇ ਉਠਾਈਆ । ਜਿਨ੍ਹਾਂ ਪ੍ਰੇਮ ਪਿਆਰ ਨਾਲ ਧੁਰ ਦਾ ਟੁਕੜਾ ਦਿਤਾ ਖਵਾਲ, ਖ਼ਾਹ ਮਖ਼ਾਹ ਆਪਣੀ ਸੇਵ ਕਮਾਈਆ । ਇਸੇ ਕਾਰਨ ਸਤਿਜੁਗ ਚਲੇ ਅਵੱਲੜੀ ਚਾਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਗ਼ਰੀਬ ਨਿਮਾਣਿਆਂ ਸਾਚੇ ਤਖ਼ਤ ਦੇਵੇ ਬਹਾਲ, ਜਿਸ ਦਾ ਮਾਲਕ ਇਕ ਅਖਵਾਈਆ । ਲੱਖ ਚੁਰਾਸੀ ਵਿਚੋਂ ਭਾਲ, ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਗੁਰਮੁਖ ਕੋਝੇ ਕਮਲੇ ਨਹੀਂ ਇਹ ਸੱਚੇ ਲਾਲ, ਜੋ ਚਲ ਆਏ ਸਰਨਾਈਆ । ਜਿਨ੍ਹਾਂ ਦੇ ਅੰਤਰ ਆਤਮ ਸੋਹੇ ਤਾਲ, ਨਿਝਰ ਝਿਰਨਾ ਰਿਹਾ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਆ । ਟੁੱਕਰ ਕਹੇ ਮੈਨੂੰ ਜੁਗ ਜੁਗ ਗਏ ਟੁੱਕ, ਆਪਣਾ ਹੁਕਮ ਸੁਣਾਈਆ । ਕੋਟਨ ਕੋਟ ਰਸਨਾ ਨਾਲ ਖਾ ਕੇ ਫੇਰ ਦੇਣ ਥੁੱਕ, ਸੱਚਾ ਰਸ ਸਮਝ ਕਿਸੇ ਨਾ ਆਈਆ । ਜਿਸ ਵੇਲੇ ਭਗਵਾਨ ਭਗਤਾਂ ਬਣਾ ਲਏ ਆਪਣੇ ਪੁੱਤ, ਆਪਣੇ ਸੁਤ ਦੁਲਾਰੇ ਆਪਣੀ ਗੋਦ ਉਠਾਈਆ । ਨਿਰਗੁਣ ਹੋ ਕੇ ਨਿਰਗੁਣ ਧਾਰੋਂ ਪਏ ਉਠ, ਸਰਗੁਣ ਦੇਵੇ ਮਾਣ ਵਡਿਆਈਆ । ਓਸ ਵੇਲੇ ਵਸਤ ਲਿਆਵੇ ਕੁਛ, ਜਨ ਭਗਤਾਂ ਭੇਟ ਚੜ੍ਹਾਈਆ । ਓਹਨੂੰ ਕੋਈ ਨਾ ਸਕੇ ਬੁੱਝ, ਭਰਮੇ ਭੁੱਲੇ ਸਰਬ ਲੋਕਾਈਆ । ਇਹੋ ਭੇਵ ਪ੍ਰਭੂ ਦਾ ਗੁਝ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਜਗਤ ਵਿਹਾਰਾਂ ਵਿਚ ਸ੍ਰਿਸ਼ਟੀ ਗਈ ਰੁਝ, ਰੁਚੀ ਆਤਮਾ

੨੭੮

ਪਰਮਾਤਮਾ ਨਾਲ ਨਾ ਸਕੇ ਜੁੜਾਈਆ । ਸ਼ਬਦੀ ਧਾਰ ਇਕੋ ਸੱਚੀ ਸੁੱਚ, ਸੂਖ਼ਮ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਟੁਕੜਾ ਕਹੇ ਮੇਰੇ ਵੇਖੋ ਟੋਟੇ, ਟੁੱਟਿਆਂ ਰਿਹਾ ਜੁੜਾਈਆ । ਗੁਰਸਿਖ ਗੋਬਿੰਦ ਦੇ ਪੁੱਤ ਪੁਰਖ ਅਕਾਲ ਦੇ ਪੋਤੇ, ਪਿਤਾ ਪੂਤ ਪੋਤਰੇ ਇਕੋ ਰੰਗ ਰੰਗਾਈਆ । ਜਿਨ੍ਹਾਂ ਦੇ ਅੰਤਰ ਸ਼ਬਦ ਅਗੰਮੀ ਲੱਗੇ ਚੋਟੇ, ਨਾਦੀ ਧੁਨ ਕਰੇ ਸ਼ਨਵਾਈਆ । ਸੋ ਇਕੋ ਰੰਗ ਵੱਡੇ ਛੋਟੇ, ਬੁੱਢਾ ਬਾਲ ਬਿਰਧ ਨਜ਼ਰ ਕੋਇ ਨਾ ਆਈਆ । ਇਕੋ ਧਾਰ ਅੰਦਰ ਪਰੋਤੇ, ਮਨ ਕਾ ਮਣਕਾ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਚਾਈਂ ਚਾਈਂਆ । ਸੁੱਕਾ ਟੁੱਕਰ ਕਹੇ ਮੈਂ ਵੇਖਿਆ ਰਾਹ ਸੁਖਾਲਾ, ਸੁਖ ਸਾਗਰ ਨਜ਼ਰੀ ਆਈਆ । ਜਿਸ ਵੇਲੇ ਕਲਜੁਗ ਦਾ ਨਿਕਲਣ ਲਗਾ ਦਵਾਲਾ, ਚਾਰੋਂ ਕੁੰਟ ਪਈ ਦੁਹਾਈਆ । ਸੱਚਾ ਦਿਸੇ ਨਾ ਕੋਇ ਪ੍ਰਿਤਪਾਲਾ, ਪ੍ਰਿਤਪਾਲਕ ਹੋ ਕੇ ਸੇਵ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ਼ਰੀਬਾਂ ਦਾ ਲੇਖਾ ਨਸੀਬਾਂ ਵਿਚੋਂ ਬਾਹਰ ਕਢਾਈਆ । ਟੁਕੜੇ ਕਹਿਣ ਪੰਜ ਪੰਜ ਹੁੰਦੇ ਵੇਖੇ ਇਕੱਠੇ, ਗੁਰਮੁਖ ਟੁਕੜਾ ਰਹਿਣ ਕੋਇ ਨਾ ਪਾਈਆ । ਇਕੋ ਨਾਮ ਚਾਰ ਵਰਨ ਜਾਣ ਰਤੇ, ਸ਼ੂਦਰ ਵੈਸ਼ ਸ਼ੱਤਰੀ ਬ੍ਰਾਹਮਣ ਨਜ਼ਰ ਕੋਇ ਨਾ ਆਈਆ । ਵਸਤ ਅਮੋਲਕ ਨਾਮ ਪਦਾਰਥ ਵਿਕੇ ਇੱਕੋ ਹੱਟੇ, ਪੁਰਖ ਅਕਾਲ ਦੇਵਣਹਾਰ ਆਦਿ ਜੁਗਾਦਿ ਬੇਪਰਵਾਹੀਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਦੇ ਰਹਿਣ ਮੂਲ ਨਾ ਰੱਟੇ, ਆਤਮ ਪਰਮਾਤਮ ਪਰਮਾਤਮ ਆਤਮ ਹਰ ਘਟ ਨਜ਼ਰੀ ਆਈਆ । ਸ਼ਬਦ ਸੂਰਾ ਹਾਜ਼ਰ ਹਜ਼ੂਰਾ ਮਾਰਗ ਅਗੰਮਾ ਇਕੋ ਦੱਸੇ, ਚਾਰ ਕੁੰਟ ਦਹਿ ਦਿਸ਼ਾ ਸਚ ਸਮਝਾਈਆ । ਭਗਤ ਭਗਵਾਨ ਦੋ ਜਹਾਨ ਸਚਖੰਡ ਦਵਾਰ ਸਦਾ ਵਸੇ, ਦੂਜਾ ਧਾਮ ਮੁਕਾਮ ਨਜ਼ਰ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਸਾਚੀ ਨੀਤੀ ਸੰਤ ਸੁਹੇਲੇ ਫਿਰਨ ਨੱਠੇ, ਗੁਰਮੁਖ ਗੁਰਸਿਖ ਭੱਜਣ ਵਾਹੋ ਦਾਹੀਆ । ਪਤਿਪਰਮੇਸ਼ਵਰ ਸਰਨ ਸਰਨਾਈ ਜੋ ਜਨ ਲਗੇ, ਸੋ ਅਗਨੀ ਅੱਗ ਗਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਟੁਕੜੇ ਕਹਿਣ ਅਸੀਂ ਹੁੰਦਾ ਵੇਖਿਆ ਜੋੜ, ਪੰਚਮ ਪੰਚ ਮਿਲੇ ਵਡਿਆਈਆ । ਸੁਰਤੀ ਬੱਧੀ ਸ਼ਬਦੀ ਡੋਰ, ਧੁਰ ਮਾਲਕ ਧੁਰ ਦੀ ਗੰਢ ਪਵਾਈਆ । ਨਾਮ ਨਿਧਾਨੇ ਸਚ ਬਬਾਣੇ ਚੜ੍ਹਾ ਕੇ ਆਪਣੇ ਘੋੜ, ਦੋ ਜਹਾਨਾਂ ਪਾਰ ਕਰਾਈਆ । ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਮਿਲਣ ਦੀ ਸਦਾ ਲੋੜ, ਜੁਗ ਚੌਕੜੀ ਵੇਖੇ ਚਾਈਂ ਚਾਈਂਆ । ਕੂੜੀ ਕਿਰਿਆ ਮਨ ਵਾਸਨਾ ਚੰਮ ਦ੍ਰਿਸ਼ਟੀ ਦਿਸੇ ਢੋਰ, ਗੁਰਮੁਖ ਗੁਰਸਿਖ ਸਹੰਸਾ ਵਿਚੋਂ ਹੰਸ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਗ੍ਰਿਹਿ ਗ੍ਰਿਹਿ ਘਰ ਘਰ ਦਿਸੇ ਚੋਰ, ਦਿਵਸ ਰੈਣ ਘੜੀ ਪਲ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਰੰਗਾਈਆ । ਟੁਕੜੇ ਕਹਿਣ ਹੁੰਦਾ ਵੇਖਿਆ ਮਿਲਾਪ, ਹਰਿ ਕਰਤਾ ਦਇਆ ਕਮਾਇੰਦਾ । ਜਨਮ ਜਨਮ ਦਾ ਮੇਟ ਕੇ ਪਾਪ, ਦੁਰਮਤ ਮੈਲ ਧੁਆਇੰਦਾ । ਆਤਮ ਪਰਮਾਤਮ ਬਣਾ ਕੇ ਸਾਕ, ਨਾਤਾ ਧੁਰ ਦਾ ਆਪ ਵਖਾਇੰਦਾ । ਕੂੜੀ ਕਿਰਿਆ ਮੇਟ ਕੇ ਤਾਪ, ਤ੍ਰੈਗੁਣ ਡੇਰਾ ਆਪ ਢਾਇੰਦਾ । ਦਰਸ ਵਖਾਏ ਸਾਖ਼ਿਆਤ, ਨਿਜ ਨੇਤਰ ਆਪ ਖੁਲ੍ਹਾਇੰਦਾ । ਪੂਰਾ ਕਰ ਕੇ ਭਵਿਖਤ ਵਾਕ, ਵਾਸਤਾ ਆਪਣੇ ਨਾਲ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਰੰਗ ਰੰਗਾਇੰਦਾ । ਪੰਚਮ ਕਹਿਣ ਸਾਡਾ ਮਿਟਿਆ ਪਰਪੰਚ, ਕੂੜੀ ਕਿਰਿਆ ਰਹਿਣ ਨਾ ਪਾਈਆ । ਜਗਤ ਵਿਕਾਰੇ


੨੭੯

ਹੋਇਆ ਅੰਤ, ਅੰਤਸ਼ਕਰਨ ਖੋਜ ਖੁਜਾਈਆ । ਠਾਕਰ ਮਿਲਿਆ ਸ੍ਰੀ ਭਗਵੰਤ, ਭਗਵਨ ਦਏ ਵਡਿਆਈਆ । ਸੋ ਸੱਜਣ ਸਵਾਮੀ ਕਹੇ ਸੰਤ, ਜੋ ਸਤਿ ਵਿਚ ਰਹੇ ਸਮਾਈਆ । ਦੇਵਣਹਾਰ ਵਡਿਆਈ ਵਿਚੋਂ ਜੀਵ ਜੰਤ, ਜੀਵਣ ਜੁਗਤ ਆਪ ਸਮਝਾਈਆ । ਟੁਕੜੇ ਕਹਿਣ ਸਾਡਾ ਭੰਡਾਰ ਹੋਵੇ ਬੇਅੰਤ, ਦੁਖੀਆਂ ਦਾ ਦੁਖ ਭੁਖਿਆਂ ਦੀ ਭੁਖ ਰਹੇ ਨਾ ਰਾਈਆ । ਪੰਚ ਕਹਿਣ ਮਿਲ ਕੇ ਸਭ ਨੇ ਗਾਇਆ ਇਕੋ ਛੰਦ, ਸੋਹਲਾ ਢੋਲਾ ਰਾਗ ਜਣਾਈਆ । ਜਿਸ ਨਾਲ ਵਿਛੜਿਆ ਮਿਲਿਆ ਹਰਿ ਕੰਤ, ਵਜੀ ਘਰ ਵਧਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਵਣਹਾਰ ਵਡਿਆਈਆ । ਪੰਚ ਕਹਿਣ ਹੋਇਆ ਸੰਜੋਗ, ਘਰ ਮੇਲਾ ਸਹਿਜ ਸੁਭਾਈਆ । ਜਨਮ ਕਰਮ ਦਾ ਮਿਟਿਆ ਵਿਜੋਗ, ਵਿਛੋੜਾ ਦਿਤਾ ਚੁਕਾਈਆ । ਸਚ ਭੰਡਾਰੇ ਦੀ ਦੇ ਕੇ ਚੋਗ, ਚੁਗਲੀ ਨਿੰਦਿਆ ਕੋਲੋਂ ਦਿਤਾ ਹਟਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦਿਤਾ ਮੁਕਾਈਆ । ਭਗਤ ਭਗਵਾਨ ਇਕੋ ਰੰਗ ਵਖਾ ਕੇ ਆਪਣੀ ਮੌਜ, ਮਜਲਸ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵੇਖੇ ਥਾਉਂ ਥਾਈਂਆ । ਪੰਚ ਕਹੇ ਹਰਿ ਪਾਇਆ ਠਾਕਰ, ਅਵਰ ਲੋੜ ਰਹੀ ਨਾ ਰਾਈਆ । ਪਾਰ ਕਿਨਾਰਾ ਡੂੰਘੇ ਸਾਗਰ, ਗਹਿਰ ਗਵਰ ਦਿਤਾ ਕਰਾਈਆ । ਨਿਹਕਰਮੀ ਕਰ ਕੇ ਕਰਮ ਉਜਾਗਰ, ਜਨਮ ਕਰਮ ਦਿਤਾ ਬਦਲਾਈਆ । ਸਚ ਦਵਾਰੇ ਦੇ ਕੇ ਆਦਰ, ਆਦਰਸ਼ ਆਪਣਾ ਦਿਤਾ ਵਖਾਈਆ । ਮਿਹਰਵਾਨ ਹੋ ਕੇ ਕਰੀਮ ਕ਼ਾਦਰ, ਕ਼ੁਦਰਤ ਪਰਦਾ ਰਿਹਾ ਉਠਾਈਆ । ਸਚ ਵਣਜਾਰੇ ਬਣਾ ਸੌਦਾਗਰ, ਸਾਚਾ ਹੱਟ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਚੁਕਾਏ ਚਾਈਂ ਚਾਈਂਆ । ਟੁਕੜਿਓ ਤੁਹਾਡੀ ਸੋਹਣੀ ਵੰਡ, ਹਰਿ ਕਰਤਾ ਆਪ ਰਖਾਈਆ । ਜਨ ਭਗਤਾਂ ਅੰਦਰ ਪੌਣੀ ਠੰਡ, ਮਨਮੁਖਾਂ ਅਗਨ ਤਪਾਈਆ । ਪੰਚਮ ਆਵੇ ਇਕ ਅਨੰਦ, ਸੀਤਲ ਧਾਰ ਵਹਾਈਆ । ਤੁਹਾਡਾ ਮਾਲਕ ਇਕ ਬਖ਼ਸ਼ੰਦ, ਬੇਪਰਵਾਹ ਹੋਏ ਸਹਾਈਆ । ਜਿਸ ਨਾਲ ਛੋਹ ਦੰਦ, ਦੰਦ ਦੰਦ ਵਿਚ ਸਮਾਈਆ । ਭਗਤ ਉਧਾਰਨ ਤੁਹਾਡਾ ਕੰਮ, ਕਮੀ ਕੋਈ ਰਹਿਣ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਆਸਾ ਮਨਸਾ ਪੁਕਾਰ ਲਈ ਮੰਨ, ਦਰ ਆਇਆਂ ਲੇਖਾ ਲੇਖੇ ਵਿਚ ਰਖਾਈਆ ।



### ❊ ੨੨ ਮਾਘ ੨੦੨੧ ਬਿਕ੍ਰਮੀ ਹਰੀਪੁਰ ਬੱਚਿਆਂ ਦੇ ਭੰਗੜੇ ਸਮੇਂ ❊

ਭੰਗੜੇ ਅੰਦਰ ਛੋਟੇ ਬੱਚੇ ਬਾਲੇ ਨੱਢੇ ਨੱਚੇ, ਪ੍ਰੇਮ ਬਸਤਰ ਤਨ ਰਮਾਈਆ । ਅੰਤਰ ਬਾਹਰ ਪ੍ਰੇਮ ਪ੍ਰੀਤੀ ਅੰਦਰ ਹੱਸੇ, ਧੁਨ ਖ਼ੁਸ਼ੀਆਂ ਰਾਗ ਅਲਾਈਆ । ਗੁਰਮੁਖ ਸੱਜਣ ਵੇਖੇ ਸੱਚੇ, ਸਤਿ ਸਚ ਦ੍ਰਿੜਾਈਆ । ਜਗਤ ਸ਼ਿੰਗਾਰ ਕਾਇਆ ਮਾਟੀ ਭਾਂਡੇ ਕੱਚੇ, ਤਨ ਵਜੂਦ ਸੋਭਾ ਪਾਈਆ । ਜੇ ਇਸੇ ਤਰਾ ਅੰਦਰੋਂ ਜਾਓ ਰੱਤੇ, ਨਾਮ ਰੰਗਣ ਹਕ ਚੜ੍ਹਾਈਆ । ਦਰਸ਼ਨ ਪਾਓ ਸਾਚੀ ਅੱਖੇ, ਨਿਜ ਲੋਚਨ ਨੈਣ ਖੁਲ੍ਹਾਈਆ । ਢੋਲੇ ਗਾਓ ਧੁਰ ਦੇ ਟੱਪੇ, ਸਿਫ਼ਤ ਬੇਪਰਵਾਹੀਆ । ਜਿਥੇ ਮਰਦੰਗ ਅਗੰਮੀ ਇਕੋ ਵੱਜੇ, ਅਨਹਦ ਸੇਵ ਕਮਾਈਆ । ਸੰਤ ਸੁਹੇਲਾ ਸਚ ਦਵਾਰਾ ਕੋਈ ਲੰਘੇ, ਜਿਸ ਸਤਿਗੁਰ ਆਪ ਲੰਘਾਈਆ । ਨੇਤਰ ਲੋਚਨ ਨੈਣ ਅੱਖ ਪਰਤਖ ਸ੍ਰੀ ਭਗਵਾਨ ਸਤਿ ਸਰੂਪ ਇਕੋ ਦਿਸੇ ਸਚ ਸਿੰਘਾਸਣ ਉਚੇ ਪਲੰਘੇ, ਮਹਲ

ਅਟਲ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਢੋਲ ਕਹੇ ਮੇਰਾ ਸੁਣ ਲਉ ਡੱਗਾ, ਦੋ ਜਹਾਨ ਰਿਹਾ ਜਣਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਾਮਾ ਚੰਗਾ, ਮਨੁਖਤਾ ਮਿਲੇ ਵਡਿਆਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜਾਂ ਤੱਤਾਂ ਘਾੜਤ ਘੜਿਆ ਬੰਦਾ, ਮਨ ਮਤਿ ਬੁਧਿ ਨਾਲ ਰਲਾਈਆ । ਇਸਦੇ ਅੰਦਰ ਅਗੰਮ ਅਥਾਹ ਮਰਦੰਗਾ, ਜੋ ਦਿਵਸ ਰੈਣ ਕਰੇ ਸ਼ਨਵਾਈਆ । ਜਨ ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਸਾਚਾ ਟੀਚਰ ਮਿਲ ਗਿਆ ਸੰਗਾ, ਸਤਿਗੁਰ ਦਾਤਾ ਬੇਪਰਵਾਹੀਆ । ਉਹਨਾਂ ਦਾ ਪੈਰ ਸੋਹਵੇ ਨੰਗਾ, ਜੋ ਧਰਨੀ ਨਾਲ ਛੁਹਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਵੇਖੋ ਸ਼ੌਹ ਦਰਿਆ ਕਿਸੇ ਨਾ ਲੰਘਾ, ਪਾਂਧੀ ਪੰਧ ਨਾ ਕੋਇ ਮੁਕਾਈਆ । ਗਹਿਰ ਗੰਭੀਰ ਬੇਨਜ਼ੀਰ ਢੋਲਾ ਸ਼ਬਦ ਗਾਓ ਇਕ ਛੰਦਾ, ਨਾਅਰਾ ਹਕ ਹਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਢੋਲ ਉਤੇ ਲੱਗੀ ਬੋਲੇ ਖੱਲ, ਕੂਕ ਕੂਕ ਸੁਣਾਈਆ । ਹੋਏ ਵਿਛੋੜਾ ਨਾ ਘੜੀ ਪਲ, ਝਲੀ ਨਾ ਜਾਏ ਜੁਦਾਈਆ । ਜਿਥੇ ਗੁਰਮੁਖ ਗੁਰਸਿੱਖ ਹਰਿਜਨ ਬੈਠੇ ਰਲ, ਤਾਲ ਇਕੋ ਵੱਜੇ ਚਾਈਂ ਚਾਈਂਆ । ਨੇਤਰ ਰੋਂਦੇ ਵੇਖੋ ਜਲ ਥਲ, ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਦੇਣ ਦੁਹਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਮੇਟ ਕੇ ਵੇਖੋ ਸਲ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਬੱਚੇ ਨੱਢੇ ਕਰਿਆ ਹਾਸਾ, ਖ਼ੁਸ਼ੀਆਂ ਖੇਲ ਵਖਾਈਆ । ਇਹ ਨਾਚ ਨਹੀਂ ਕੋਈ ਜਗਤ ਤਮਾਸ਼ਾ, ਨਟੂਆ ਵੇਸ ਨਾ ਕੋਈ ਵਖਾਈਆ । ਇਹਨਾਂ ਦੇ ਅੰਤਰ ਪ੍ਰੇਮ ਪ੍ਰੀਤ ਦੀ ਸੱਚੀ ਖ਼ਾਹਸ਼ਾ, ਖ਼ਾਲਸ ਇਕੋ ਧਿਆਨ ਲਗਾਈਆ । ਬਣ ਕੇ ਸੇਵਕ ਦਾਸੀ ਦਾਸਾ, ਦਰ ਘਰ ਠਾਂਡੇ ਸੇਵ ਕਮਾਈਆ । ਜਨਮ ਕਰਮ ਦੀ ਪੂਰੀ ਕਰ ਜਾਏ ਆਸਾ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੇ ਚਰਨ ਕਵਲ ਉਪਰ ਧਰਨੀ ਧਰਨ ਮਿਲੇ ਭਰਵਾਸਾ, ਟੇਕ ਏਕ ਨਜ਼ਰੀ ਆਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਗਗਨੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਲੇ ਨੱਢੇ ਕਰਨ ਪੁਕਾਰ, ਆਤਮ ਅੰਤਰ ਕੂਕ ਸੁਣਾਈਆ । ਤੂੰ ਸਾਹਿਬ ਸਵਾਮੀ ਸਿਰਜਨਹਾਰ, ਬੇਅੰਤ ਤੇਰੀ ਵਡਿਆਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਮਿਲਿਆ ਅਪਾਰ, ਅਪਰੰਪਰ ਤੇਰੀ ਓਟ ਤਕਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਲੱਖ ਚੁਰਾਸੀ ਜਨਮ ਜਨਮ ਭਵਾਈਆ । ਖ਼ੁਸ਼ੀਆਂ ਨਾਲ ਗੀਤ ਗੌਂਦੇ ਆਏ ਸੱਚੇ ਦਰਬਾਰ, ਬਣ ਕੇ ਪਾਂਧੀ ਪੰਧ ਮੁਕਾਈਆ । ਢੋਲ ਢਮੱਕਾ ਵੱਜੇ ਨਾਲ ਅਪਾਰ, ਸੋਹਣਾ ਤਾਲ ਵਖਾਈਆ । ਜਗਤ ਸ਼ਿੰਗਾਰ ਘੁੰਗਰੂ ਆਪਣੀ ਕਰਨ ਪੁਕਾਰ, ਅੰਦਰ ਵੜ ਵੜ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਬੰਦ ਕਿਵਾੜੀ ਦੇ ਖੁਲ੍ਹਾਈਆ । ਜਿਥੇ ਸਦਾ ਸਦਾ ਤੇਰੀ ਇਕ ਗੁਫ਼ਤਾਰ, ਸ਼ਬਦੀ ਨਾਦ ਅਲਾਈਆ । ਸੋ ਮੰਦਰ ਸਚ ਵਖਾਲ, ਜਿਸ ਘਰ ਬੈਠਾ ਬੇਪਰਵਾਹੀਆ । ਦੀਆ ਬਾਤੀ ਕਮਲਾਪਾਤੀ ਇਕੋ ਵਾਰ ਬਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇ ਮਾਣ ਵਡਿਆਈਆ । ਭੰਗੜਾ ਪਾਇਆ ਬੋਲ ਜੈਕਾਰੇ, ਢੋਲੇ ਜਗਤ ਸੁਣਾਈਆ । ਸੁਣ ਪੁਕਾਰ ਆਪ ਦਾਤਾਰੇ, ਦਰ ਠਾਂਡੇ ਅਲਖ ਜਗਾਈਆ । ਨੇਤਰ ਲੋਚਨ ਨੈਣ ਦਰਸ ਦੇ ਅਗੰਮ ਅਪਾਰੇ, ਅੰਤਰ ਆਤਮ ਪਰਦਾ ਲਾਹੀਆ । ਤੇਰੇ ਰੰਗ ਬਰੰਗੇ ਜੋਤੀ ਜਾਤੇ ਵੇਖੀਏ ਓਹ ਨਜ਼ਾਰੇ, ਜੋ ਜਗਤ ਨੇਤਰ ਨਜ਼ਰ ਕਿਸੇ

ਨਾ ਆਈਆ । ਸਾਚੇ ਮੰਦਰ ਲੱਗੇ ਜਿਥੇ ਅਖਾੜੇ, ਸੁਰਤੀ ਸ਼ਬਦੀ ਬੈਠੇ ਨਾਚ ਨਚਾਈਆ । ਸੰਤ ਸੁਹੇਲੇ ਸੱਜਣ ਸੋਹਣੇ ਲਾੜੇ, ਦਰ ਠਾਂਡੇ ਸੋਭਾ ਪਾਈਆ । ਮਨਮਤਿ ਬੁਧਿਹੀਣ ਸਮਝੇ ਨਾ ਕੋਈ ਵਿਚਾਰੇ, ਚਲੇ ਨਾ ਕੋਇ ਚਤੁਰਾਈਆ । ਦਰ ਆਏ ਤੇਰੇ ਦਵਾਰੇ, ਦਰਗਾਹ ਸਾਚੀ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਿਨ ਭੰਗੜਾ ਪਾਇਆ ਆਣ, ਮਿਲੇ ਮਾਣ ਵਡਿਆਈਆ । ਤਾਰਨਹਾਰਾ ਬਾਲ ਅੰਞਾਣ, ਬਾਲਿਆਂ ਹੋਏ ਸਹਾਈਆ । ਰਾਤੀ ਸੁੱਤਿਆਂ ਘਰ ਘਰ ਦਰਸ ਦੇਵੇ ਭਗਵਾਨ, ਜੋਤੀ ਜਾਤਾ ਵੇਸ ਵਟਾਈਆ । ਨਾਲੇ ਦੱਸ ਕੇ ਜਾਵੇ ਆਪਣਾ ਗਾਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਈ ਨਾ ਆਈਆ । ਸ਼ਬਦ ਅਗੰਮ ਸੁਣਾ ਧੁਨਕਾਨ, ਸੋਈ ਸੁਰਤ ਉਠਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਮਕਾਨ, ਘਰ ਘਰ ਵਿਚ ਕਰੇ ਰੁਸ਼ਨਾਈਆ । ਦੂਰ ਦੁਰਾਡਾ ਸੱਜਣ ਮਿਲੇ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਚਰਨ ਪ੍ਰੀਤੀ ਦੇ ਕੇ ਦਾਨ, ਸਾਚੀ ਰੀਤੀ ਦਏ ਵਖਾਈਆ । ਲੇਖਾ ਮੁਕ ਜਾਵੇ ਆਵਣ ਜਾਣ, ਲੱਖ ਚੁਰਾਸੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਛੋਟੇ ਬੱਚੇ ਜੋ ਆਏ ਬਣ ਦਰਵੇਸ਼, ਦਰ ਠਾਂਡੇ ਅਲਖ ਜਗਾਈਆ । ਤਿਨ੍ਹਾਂ ਵਖਾਵੇ ਆਪਣਾ ਦੇਸ, ਸਚਖੰਡ ਵਾਸੀ ਬੇਪਰਵਾਹੀਆ । ਜਿਥੇ ਆਦਿ ਪੁਰਖ ਅਬਿਨਾਸ਼ੀ ਕਰਤਾ ਜੋਤੀ ਧਾਰ ਸਦਾ ਪਰਵੇਸ਼, ਰੂਪ ਰੰਗ ਰੇਖ ਨਾ ਕੋਈ ਸਮਝਾਈਆ । ਦੋ ਜਹਾਨਾਂ ਮਾਲਕ ਖ਼ਾਲਕ ਬਣ ਨਰੇਸ਼, ਨਰ ਨਰਾਇਣ ਹੁਕਮ ਸੁਣਾਈਆ । ਪ੍ਰੇਮ ਪਿਆਰ ਦੀ ਲੇਖੇ ਲਾ ਕੇ ਖੇਡ, ਖੇਲ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸੁਭਾਈਆ । ਬਾਲ



ਅੰਞਾਣਿਆਂ ਵੇਖੇ ਸੋਹਣੇ ਰੰਗ, ਰੰਗ ਰਤਾ ਦਏ ਵਡਿਆਈਆ । ਪਰਮ ਪੁਰਖ ਦਾ ਇਕੋ ਅਨੰਦ, ਆਤਮ ਪਰਮਾਤਮ ਜੋੜ ਜੁੜਾਈਆ । ਜਨਮ ਕਰਮ ਦੀ ਪੂਰਬ ਟੁੱਟੀ ਦੇਵੇ ਗੰਢ, ਸੁਰਤੀ ਸ਼ਬਦ ਮਿਲਾਈਆ । ਮਾਨਸ ਜਨਮ ਨਾ ਹੋਵੇ ਭੰਗ, ਕੂੜੀ ਕਿਰਿਆ ਡੇਰਾ ਢਾਹੀਆ । ਲੇਖੇ ਲਾਵੇ ਇਕ ਇਕ ਢੋਲਾ ਛੰਦ, ਸੰਸਾ ਰਹਿਣ ਕੋਇ ਨਾ ਪਾਈਆ । ਜਿਸ ਨੇ ਮਿਲਦੇ ਵੇਖੇ ਬੰਦ, ਸੋ ਬੰਦੀਖ਼ਾਨਾ ਦਏ ਤੁੜਾਈਆ । ਜਿਹੜੀ ਵਸਤ ਬਾਲੇ ਮੂਲ ਨਾ ਮੰਗਣ ਮੰਗ, ਸੋ ਅਨਮੰਗੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਾਣ ਵੇਖਿਆ ਬੱਚਿਆਂ ਮਿਲਦਾ, ਧਰਨੀ ਰਹੀ ਸੁਣਾਈਆ । ਤੂੰ ਮਾਲਕ ਹਰ ਘਟ ਦਿਲ ਦਾ, ਲੱਖ ਚੁਰਾਸੀ ਵਿਚ ਸਮਾਈਆ । ਜੁਗ ਚੌਕੜੀ ਭਗਤਾਂ ਮਿਲਦਾ, ਨਿਤ ਨਵਿਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦਏ ਵਖਾਈਆ । ਸਾਚੀ ਖੇਲ ਦੱਸ ਮੇਰੇ ਮਹਿਬੂਬ, ਦਰ ਤੇਰੇ ਅਰਜ਼ੋਈਆ । ਮਹਲ ਅਟਲ ਤੇਰਾ ਉਚ ਅਰੂਜ, ਅਰਸ਼ ਕੁਰਸ਼ ਸੀਸ ਨਿਵਾਈਆ । ਭੇਵ ਖੁਲ੍ਹਾ ਦੇ ਆਪਣੀ ਮੰਜ਼ਲ ਸਚ ਮਕ਼ਸੂਦ, ਦਰਗਾਹ ਸਾਚੀ ਪਰਦਾ ਲਾਹੀਆ । ਜੋ ਤੇਰੇ ਪ੍ਰੇਮ ਪਿਆਰ ਅੰਦਰ ਜਾਂਦੇ ਜੂਝ, ਬਿਸਮਲ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਦੇ ਦ੍ਰਿੜਾਈਆ । ਸੁਣ ਸੰਦੇਸ਼ਾ ਧਰਨੀ ਧਵਲ, ਹਰਿ ਕਰਤਾ ਆਪ ਜਣਾਈਆ । ਪ੍ਰਭ ਦਾ ਖੇਲ ਅਲਾਹੀ ਅਵਲ, ਨੂਰੋ ਨੂਰ ਨੂਰ ਰੁਸ਼ਨਾਈਆ । ਲੱਖ ਚੁਰਾਸੀ ਘਟ ਘਟ ਵਾਸੀ ਜੋਤੀ ਜਾਤਾ ਆਤਮ ਪਰਮਾਤਮ ਰਿਹਾ ਮਵਲ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ

ਕਰੇ ਪ੍ਰਭ ਏਕ, ਏਕਾ ਏਕ ਦਏ ਵਡਿਆਈਆ । ਬਖ਼ਸ਼ਣਹਾਰਾ ਸਾਚੀ ਟੇਕ, ਟਿੱਕਾ ਮਸਤਕ ਦਏ ਲਗਾਈਆ । ਬਾਲੀ ਬੁਧਿ ਬੁਧਿ ਬਿਬੇਕ, ਦੁਰਮਤ ਮੈਲ ਧੁਆਈਆ । ਕੂੜੀ ਕਿਰਿਆ ਨਾ ਲਗੇ ਸੇਕ, ਅਗਨੀ ਤੱਤ ਨਾ ਕੋਈ ਤਪਾਈਆ । ਸੋਹਣਾ ਖੇਲ ਜਿਸ ਸਵਾਮੀ ਲਿਆ ਵੇਖ, ਪੇਖ ਖ਼ੁਸ਼ੀ ਮਨਾਈਆ । ਓਸੇ ਦਾ ਓਹੋ ਲੇਖ, ਭਵਿਖਤ ਦਿਤਾ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਭੰਗੜਾ ਕਹੇ ਮੈਂ ਹੋਇਆ ਖ਼ੁਸ਼ਹਾਲ, ਖ਼ੁਸ਼ੀ ਮੇਰੇ ਅੰਦਰੋਂ ਨਜ਼ਰੀ ਆਈਆ । ਸੋਹਣੇ ਚੰਗੇ ਲੱਗੇ ਨਿੱਕੇ ਬਾਲ, ਆਪਣਾ ਤਾਲ ਵਖਾਈਆ । ਮੈਂ ਪ੍ਰਭ ਦੇ ਅਗੇ ਕਰਾਂ ਇਕ ਸਵਾਲ, ਦੋਏ ਜੋੜ ਬੇਨੰਤੀ ਸਚ ਸੁਣਾਈਆ । ਤੂੰ ਸਮਰਥ ਸਵਾਮੀ ਸਦਾ ਵਸਣਾ ਏਹਨਾਂ ਨਾਲ, ਅੰਦਰ ਬਾਹਰ ਹੋਣਾ ਸਹਾਈਆ । ਵੇਲੇ ਅੰਤ ਅੰਤ ਨਾ ਖਾਏ ਕਾਲ, ਜਮ ਨੇੜੇ ਕੋਇ ਨਾ ਆਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਰਾਏ ਧਰਮ ਨਾ ਦਏ ਸਜ਼ਾਈਆ । ਲੈ ਕੇ ਜਾਣਾ ਆਪਣੇ ਸਚਖੰਡ ਸੱਚੀ ਧਰਮਸਾਲ, ਦਰਗਾਹ ਸਾਚੀ ਮੇਲ ਮਿਲਾਈਆ । ਤੂੰ ਦਾਤਾ ਮਾਲਕ ਖ਼ਾਲਕ ਸਦਾ ਪ੍ਰਿਤਪਾਲ, ਪ੍ਰਿਤਪਾਲਕ ਤੇਰੀ ਬੇਪਰਵਾਹੀਆ । ਤੇਰਾ ਸ਼ਬਦ ਸੁਤ ਸਚ ਸਦਾ ਦਲਾਲ, ਵਿਚੋਲਾ ਇਕੋ ਨਜ਼ਰੀ ਆਈਆ । ਇਹ ਖੇਲ ਜਗਤ ਨਹੀਂ ਭਗਤ ਨਿਸ਼ਾਨ, ਨਿਸ਼ਾਨਿਆਂ ਵਿਚੋਂ ਨਿਸ਼ਾਨਾ ਦਿਤਾ ਪਰਗਟਾਈਆ । ਜਿਨ੍ਹਾਂ ਨੂੰ ਮਿਲਿਆ ਆਪ ਸ੍ਰੀ ਭਗਵਾਨ, ਜੋਤੀ ਜਾਤਾ ਨਜ਼ਰੀ ਆਈਆ । ਓਹਨਾਂ ਦਾ ਲੇਖਾ ਮੁਕੇ ਦੋ ਜਹਾਨ, ਏਥੇ ਓਥੇ ਹੋਏ ਆਪ ਸਹਾਈਆ । ਬੱਚਿਓ ਤੁਹਾਡਾ ਭੰਗੜਾ ਹੋਇਆ ਪਰਵਾਨ, ਪਰਵਾਨੇ ਧੁਰ ਦੇ ਤੁਹਾਡੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕੋ ਚਰਨ ਧਿਆਨ, ਨੇਤਰ ਲੋਚਨ ਨੈਣ ਨਿਜ ਆਪਣੀ ਅੱਖ ਖੁਲ੍ਹਾਈਆ । ਅੱਖ ਕਹੇ ਮੇਰਾ ਚੁਕ ਦੇ ਪਰਦਾ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਜੋ ਤੇਰੇ ਵਿਛੋੜੇ ਅੰਦਰ ਸੜਦਾ, ਤਿਸ ਦੀ ਅਗਨੀ ਦੇ ਬੁਝਾਈਆ । ਜੋ ਤੇਰਾ ਗੀਤ ਗਹਿਰ ਗੰਭੀਰ ਪੜ੍ਹਦਾ, ਢੋਲਾ ਰਾਗ ਅਲਾਈਆ । ਕਿਉਂ ਨਹੀਂ ਓਸ ਦੇ ਅੰਦਰ ਵੜਦਾ, ਨਿਰਗੁਣ ਹੋ ਕੇ ਫੇਰਾ ਪਾਈਆ । ਤੂੰ ਮਾਲਕ ਸਾਚੇ ਘਰ ਦਾ, ਗ੍ਰਿਹਿ ਮੰਦਰ ਦੇ ਵਡਿਆਈਆ । ਨਿੱਕਾ ਬਾਲਾ ਨੱਢਾ ਤੇਰਾ ਖੇਲ ਕਰਦਾ, ਵੇਖਣਹਾਰ ਜਗਤ ਲੋਕਾਈਆ । ਇਹ ਧੋਖਾ ਵਲ ਛਲ ਦਾ, ਭਰਮ ਭੁਲੇਖਾ ਦੇ ਮਿਟਾਈਆ । ਤੇਰਾ ਵਾਸਾ ਨਿਹਚਲ ਧਾਮ ਅਟਲ ਦਾ, ਪਦਵੀ ਇਕੋ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਾ ਦੇ ਢੋਲ ਖੱਲ ਦਾ, ਡੱਗਾ ਆਪਣਾ ਨਾਲ ਮਿਲਾਈਆ ।



### ❊ ੨੨ ਮਾਘ ੨੦੨੧ ਬਿਕ੍ਰਮੀ ਪਿਆਰਾ ਸਿੰਘ ਦੇ ਘਰ ਪਿੰਡ ਡਰੋਲੀ ਕਲਾਂ ਜ਼ਿਲਾ ਜਲੰਧਰ ❊

ਜਨ ਭਗਤਾਂ ਅੰਦਰ ਰਾਗ ਸੰਗੀਤ, ਸ਼ਬਦੀ ਦਾਤਾ ਸ਼ਬਦ ਸੁਣਾਈਆ । ਜਨ ਭਗਤਾਂ ਅੰਦਰ ਠਾਕਰ ਮੀਤ, ਸੋ ਪੁਰਖ ਨਿਰੰਜਣ ਸੋਭਾ ਪਾਈਆ । ਜਨ ਭਗਤਾਂ ਅੰਦਰ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਰਿਹਾ ਸਮਾਈਆ । ਜਨ ਭਗਤਾਂ ਅੰਦਰ ਠਾਂਡਾ ਸੀਤ, ਅੰਮ੍ਰਿਤ ਰਸ ਨਜ਼ਰੀ ਆਈਆ । ਜਨ ਭਗਤਾਂ ਅੰਦਰ ਰੂਪ ਵਖਾਏ ਹਸਤ ਕੀਟ, ਏਕਾ ਨੂਰ ਰਿਹਾ ਚਮਕਾਈਆ । ਜਨ ਭਗਤਾਂ ਅੰਦਰ ਧਾਮ ਅਨਡੀਠ, ਮਹਲ ਅਟਲ ਵੇਖ ਵਖਾਈਆ । ਜਨ ਭਗਤਾਂ ਅੰਦਰ ਆਤਮ ਪਰਮਾਤਮ ਕਰ ਕੇ ਸਚ ਪ੍ਰੀਤ, ਪ੍ਰੀਤਮ ਆਪਣਾ ਜੋੜ ਜੁੜਾਈਆ । ਜਨ ਭਗਤਾਂ ਅੰਦਰ ਬੰਕ ਦਵਾਰ ਬਣਾ ਕੇ ਸਚ

ਮਸੀਤ, ਕ਼ਲਮਾ ਹਕ ਹਕ ਜਣਾਈਆ । ਜਨ ਭਗਤਾਂ ਅੰਦਰ ਪਾਰਬ੍ਰਹਮ ਬ੍ਰਹਮ ਕਰੇ ਤਾਰੀਫ਼, ਸਿਫ਼ਤਾਂ ਸਿਫ਼ਤ ਸਾਲਾਹੀਆ । ਜਨ ਭਗਤਾਂ ਅੰਦਰ ਜਣਾ ਕੇ ਇਕ ਹਦੀਸ, ਹਜ਼ਰਤ ਰਿਹਾ ਸਮਝਾਈਆ । ਜਨ ਭਗਤਾਂ ਅੰਦਰ ਜੋਤੀ ਧਾਰ ਅਗੰਮੀ ਲੀਕ, ਜਗਤ ਨੇਤਰ ਨਜ਼ਰ ਕੋਈ ਨਾ ਆਈਆ । ਜਨ ਭਗਤਾਂ ਅੰਦਰ ਕੂੜੀ ਕਿਰਿਆ ਮੇਟੇ ਠੀਕ, ਮਾਇਆ ਮਮਤਾ ਮੋਹ ਚੁਕਾਈਆ । ਜਨ ਭਗਤਾਂ ਅੰਦਰ ਸਤਿ ਸਚ ਦੀ ਕਰੇ ਆਪ ਤਸਦੀਕ਼, ਸ਼ਹਾਦਤ ਆਪਣੀ ਦਏ ਭੁਗਤਾਈਆ । ਜਨ ਭਗਤਾਂ ਅੰਦਰ ਆਦਿ ਜੁਗਾਦੀ ਬਣ ਵਸਨੀਕ, ਘਰ ਠਾਂਡੇ ਸੋਭਾ ਪਾਈਆ । ਜਨ ਭਗਤਾਂ ਅੰਦਰ ਪਰਖਣਹਾਰਾ ਸਾਚਾ ਨੀਤ, ਨਿਤ ਨਵਿਤਾ ਬੇਪਰਵਾਹੀਆ । ਜਨ ਭਗਤਾਂ ਅੰਦਰ ਰੂਪ ਅਨੂਪ ਜਣਾ ਕੇ ਨੀਕ, ਨੀਕੋ ਨੀਕਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਨ ਭਗਤਾਂ ਅੰਦਰ ਵਜਾ ਮਰਦੰਗਾ, ਮਰਦੰਗ ਇਕ ਸੁਣਾਈਆ । ਜਨ ਭਗਤਾਂ ਅੰਦਰ ਨੂਰੀ ਚੰਦਾ, ਜੋਤੀ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਅੰਦਰ ਅੰਮ੍ਰਿਤ ਧਾਰ ਇਕੋ ਗੰਗਾ, ਨਿਝਰ ਝਿਰਨਾ ਆਪ ਝਿਰਾਈਆ । ਜਨ ਭਗਤ ਅੰਦਰ ਇਕੋ ਪਿਆਰਾ ਪ੍ਰੇਮ ਪ੍ਰੀਤੀ ਆਪ ਜਣਾ ਇਕੋ ਛੰਦਾ, ਸੋਹੰ ਢੋਲਾ ਰਿਹਾ ਗਾਈਆ । ਜਨ ਭਗਤਾਂ ਅੰਦਰ ਇਕੋ ਕਿਨਾਰਾ ਇਕੋ ਕੰਢਾ, ਪਤਣ ਬੈਠਾ ਬੇਪਰਵਾਹੀਆ । ਜਨ ਭਗਤਾਂ ਅੰਦਰ ਪਾਣੀ ਧੁਰ ਦਾ ਠੰਡਾ, ਸੋਮਾ ਨਿਝਰ ਦਿਆਂ ਝਿਰਾਈਆ । ਜਨ ਭਗਤਾਂ ਅੰਦਰ ਲਾਲ ਗੁਲਾਲਾ ਇਕੋ ਰੰਗ ਰੰਗਾ, ਏਥੇ ਓਥੇ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਨ ਭਗਤਾਂ ਅੰਦਰ ਇਕੋ ਰਸ, ਹਰਿ ਰਸੀਆ ਆਪ ਜਣਾਈਆ । ਜਨ ਭਗਤਾਂ ਅੰਦਰ ਇਕੋ ਰਿਹਾ ਵਸ, ਪਤਿਪਰਮੇਸ਼ਵਰ ਡੇਰਾ ਲਾਈਆ । ਜਨ ਭਗਤਾਂ ਅੰਦਰ ਇਕੋ ਰਿਹਾ ਹਸ, ਸੋ ਪੁਰਖ ਨਿਰੰਜਣ ਸਵਾਮੀ ਖ਼ੁਸ਼ੀ ਮਨਾਈਆ । ਜਨ ਭਗਤਾਂ ਅੰਦਰ ਇਕੋ ਖੇਲ ਕਰੇ ਸਮਰਥ, ਪੁਰਖ ਅਕਾਲ ਵੱਡੀ ਵਡਿਆਈਆ । ਜਨ ਭਗਤਾਂ ਅੰਦਰ ਇਕੋ ਨਾਮ ਬਾਣੀ ਗਾਏ ਅਕਥ, ਕਥਨੀ ਸਮਝ ਕੋਈ ਨਾ ਆਈਆ । ਜਨ ਭਗਤਾਂ ਅੰਦਰ ਇਕੋ ਆਤਮ ਪਰਮਾਤਮ ਗਾਏ ਜਸ, ਧੁਰ ਦਾ ਢੋਲਾ ਸਿਫ਼ਤ ਸਾਲਾਹੀਆ । ਜਨ ਭਗਤਾਂ ਅੰਦਰ ਇਕੋ ਖੋਲ੍ਹਣਹਾਰਾ ਅੱਖ, ਪ੍ਰਤੱਖ ਰੂਪ ਗੁਸਾਈਆ । ਜਨ ਭਗਤਾਂ ਅੰਦਰ ਦੇਵਣਹਾਰਾ ਸਾਚਾ ਹਕ, ਹਕ਼ੀਕ਼ਤ ਸਭ ਦੀ ਝੋਲੀ ਪਾਈਆ । ਜਨ ਭਗਤਾਂ ਅੰਦਰ ਸੁਰਤੀ ਸ਼ਬਦੀ ਮੇਲਾ ਕਰੇ ਝਬ, ਜਗਤ ਵਿਛੋੜਾ ਪੰਧ ਮੁਕਾਈਆ । ਜਨ ਭਗਤਾਂ ਅੰਦਰ ਨੌਂ ਦਵਾਰੇ ਪਾਰ ਕਰ ਕੇ ਹਦ, ਘਰ ਆਪਣਾ ਦਏ ਵਖਾਈਆ । ਜਨ ਭਗਤਾਂ ਅੰਦਰ ਤ੍ਰੈਗੁਣ ਮਾਇਆ ਮੇਟ ਕੇ ਅੱਗ, ਸਾਂਤਕ ਸਤਿ ਦਏ ਕਰਾਈਆ । ਜਨ ਭਗਤਾਂ ਅੰਦਰ ਬਿਨ ਮੱਕੇ ਕਾਅਬੇ ਕਰਾਏ ਹੱਜ, ਹੁਜਰਾ ਸਾਚਾ ਦਏ ਸਮਝਾਈਆ । ਜਨ ਭਗਤਾਂ ਅੰਦਰ ਨਜ਼ਰੀ ਆਏ ਨੂਰੀ ਰੱਬ, ਜੋਤੀ ਜੋਤ ਜੋਤ ਚਮਕਾਈਆ । ਜਨ ਭਗਤਾਂ ਅੰਦਰ ਸਚ ਸਿੰਘਾਸਣ ਵੇਖੇ ਲੰਘ, ਮੰਜ਼ਲ ਮੰਜ਼ਲ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ । ਜਨ ਭਗਤਾਂ ਅੰਦਰ ਸਾਚਾ ਡੇਰਾ, ਹਰਿ ਕਰਤਾ ਆਪ ਲਗਾਈਆ । ਜਨ ਭਗਤਾਂ ਅੰਦਰ ਨੇਰਨ ਨੇਰਾ, ਦੂਰ ਦੁਰਾਡਾ ਖ਼ੁਸ਼ੀ ਵਖਾਈਆ । ਜਨ ਭਗਤਾਂ ਅੰਦਰ ਸਾਚਾ ਖੇੜਾ, ਕਾਇਆ ਖਿੜਕੀ ਦਏ ਖੁਲ੍ਹਾਈਆ । ਜਨ ਭਗਤਾਂ ਅੰਦਰ ਖੁਲ੍ਹਾ ਵਿਹੜਾ, ਆਤਮ ਪਰਮਾਤਮ ਵੇਖ ਵਖਾਈਆ । ਜਨ ਭਗਤਾਂ ਅੰਦਰ ਝਗੜਾ ਚੁਕੇ ਤੇਰਾ ਮੇਰਾ, ਹਉਮੇ ਹੰਗਤਾ ਨਾ ਕੋਇ ਲੜਾਈਆ । ਜਨ ਭਗਤਾਂ ਅੰਦਰ ਚਾਓ ਘਨੇਰਾ, ਗ਼ਮੀ ਖ਼ੁਸ਼ੀ ਇਕੋ

ਰੰਗ ਵਖਾਈਆ । ਜਨ ਭਗਤਾਂ ਅੰਦਰ ਭਗਵਨ ਕਰੇ ਸਦ ਵਸੇਰਾ, ਨਿਜ ਘਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਜਨ ਭਗਤਾਂ ਅੰਦਰ ਗਾਵੇ ਧੁਨ, ਧੁਨ ਆਤਮਕ ਰਾਗ ਸੁਣਾਈਆ । ਜਨ ਭਗਤਾਂ ਅੰਦਰ ਪੁਕਾਰ ਲਏ ਸੁਣ, ਪਤਿਪਰਮੇਸ਼ਵਰ ਬੇਪਰਵਾਹੀਆ । ਜਨ ਭਗਤਾਂ ਅੰਦਰ ਵਖਾਏ ਸਾਚੇ ਗੁਣ, ਅਵਗੁਣ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਅੰਦਰ ਕ਼ੀਮਤ ਕਰਤਾ ਪਾਏ ਮੁਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤਾਂ ਅੰਦਰ ਨਿਰਮਲ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਅੰਦਰ ਸ਼ਬਦ ਨਗਾਰੇ ਲਾ ਕੇ ਚੋਟ, ਸੋਈ ਸੁਰਤੀ ਦਏ ਉਠਾਈਆ । ਜਨ ਭਗਤਾਂ ਅੰਦਰ ਹਉਮੇ ਹੰਗਤਾ ਕਟ ਕੇ ਰੋਗ, ਮਾਇਆ ਮਮਤਾ ਮੋਹ ਮਿਟਾਈਆ । ਜਨ ਭਗਤਾਂ ਅੰਦਰ ਖੋਲ੍ਹ ਕੇ ਨੇਤਰ ਲੋਚਣ ਲੋਚ, ਆਸਾ ਮਨਸਾ ਵੇਖ ਵਖਾਈਆ । ਜਨ ਭਗਤਾਂ ਅੰਦਰ ਲਹਿਣਾ ਚੁਕਾ ਕੇ ਹਰਖ਼ ਸੋਗ, ਚਿੰਤਾ ਗ਼ਮ ਦਏ ਗਵਾਈਆ । ਜਨ ਭਗਤਾਂ ਅੰਦਰ ਆਤਮ ਪਰਮਾਤਮ ਕਰ ਕੇ ਧੁਰ ਸੰਜੋਗ, ਧੁਰ ਦਾ ਜੋੜ ਦਏ ਬਣਾਈਆ । ਜਨ ਭਗਤਾਂ ਅੰਦਰ ਸ਼ਬਦ ਅਗੰਮੀ ਦੇਵਣਹਾਰਾ ਚੋਗ, ਕੂੜੀ ਕਿਰਿਆ ਭੁਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜਨ ਭਗਤਾਂ ਅੰਦਰ ਇਕ ਪਿਆਰ, ਪਰਮ ਪੁਰਖ ਪ੍ਰਭ ਆਪ ਕਰਾਇੰਦਾ । ਜਨ ਭਗਤਾਂ ਅੰਦਰ ਇਕ ਵਿਹਾਰ, ਬਿਵਹਾਰੀ ਆਪ ਸਮਝਾਇੰਦਾ । ਜਨ ਭਗਤਾਂ ਅੰਦਰ ਇਕ ਉਜਿਆਰ, ਜੋਤੀ ਜ਼ਾਤਾ ਨਜ਼ਰੀ ਆਇੰਦਾ । ਜਨ ਭਗਤਾਂ ਅੰਦਰ ਇਕ ਧੁਨਕਾਰ, ਅਨਹਦ ਨਾਦੀ ਨਾਦ ਸੁਣਾਇੰਦਾ । ਜਨ ਭਗਤਾਂ ਅੰਦਰ ਇਕ ਬਹਾਰ, ਕਾਇਆ ਗੁਲਸ਼ਨ ਆਪ ਮਹਿਕਾਇੰਦਾ । ਜਨ ਭਗਤਾਂ ਅੰਦਰ ਇਕ ਦਰਬਾਰ, ਧੁਰ ਦਰਬਾਰੀ ਆਪ ਸੁਹਾਇੰਦਾ । ਜਨ ਭਗਤਾਂ ਅੰਦਰ ਇਕ ਆਵਾਜ਼, ਅਗੰਮੀ ਆਪ ਲਗਾਇੰਦਾ । ਜਨ ਭਗਤਾਂ ਅੰਦਰ ਖੋਲ੍ਹ ਕੇ ਰਾਜ਼, ਪਰਦਾ ਉਹਲਾ ਆਪ ਚੁਕਾਇੰਦਾ । ਜਨ ਭਗਤਾਂ ਅੰਦਰ ਕਰ ਨਿਵਾਸ, ਸਚ ਸਿੰਘਾਸਣ ਸੋਭਾ ਪਾਇੰਦਾ । ਜਨ ਭਗਤਾਂ ਅੰਦਰ ਹੋ ਕੇ ਦਾਸੀ ਦਾਸ, ਨਿਰਗੁਣ ਨਿਰਗੁਣ ਸੇਵ ਕਮਾਇੰਦਾ । ਜਨ ਭਗਤਾਂ ਅੰਦਰ ਜਨਮ ਕਰਮ ਦੀ ਪੂਰੀ ਕਰੇ ਆਸ, ਆਵਣ ਜਾਵਣ ਲੱਖ ਚੁਰਾਸੀ ਫੰਦ ਮੁਕਾਇੰਦਾ । ਜਨ ਭਗਤਾਂ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਗੋਪੀ ਕਾਹਨ ਪਾ ਕੇ ਸਾਚੀ ਰਾਸ, ਮੰਡਲ ਮੰਡਪ ਆਪ ਸੁਹਾਇੰਦਾ । ਜਨ ਭਗਤਾਂ ਅੰਦਰ ਸਾਚਾ ਦੀਪਕ, ਦੀਵਾ ਇਕੋ ਨਜ਼ਰੀ ਆਈਆ । ਕਰੇ ਖੇਲ ਪ੍ਰਭ ਠਾਕਰ ਸੁਵਾਮੀ ਪ੍ਰੀਤਮ, ਪਤਿਪਰਮੇਸ਼ਵਰ ਬੇਪਰਵਾਹੀਆ । ਧੁਰਦਰਗਾਹੀ ਇਕੋ ਮੀਤਨ, ਮਿਤਰ ਪਿਆਰਾ ਨਜ਼ਰੀ ਆਈਆ । ਜਨ ਭਗਤਾਂ ਅੰਦਰ ਹੋ ਨਜ਼ਦੀਕਨ, ਦੂਰ ਦੁਰਾਡਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਜਨ ਭਗਤਾਂ ਅੰਦਰ ਸੋਹਣਾ ਰੰਗ, ਹਰਿ ਕਰਤਾ ਆਪ ਰੰਗਾਈਆ । ਜਨ ਭਗਤਾਂ ਅੰਦਰ ਸੋਹਣਾ ਪਲੰਘ, ਸਤਿ ਸਤਿਵਾਦੀ ਆਪ ਵਿਛਾਈਆ । ਜਨ ਭਗਤਾਂ ਅੰਦਰ ਸੋਹਣਾ ਮਰਦੰਗ, ਵਡ ਮਰਦਾਨਾ ਆਪ ਵਜਾਈਆ । ਜਨ ਭਗਤਾਂ ਅੰਦਰ ਸੋਹਣਾ ਅਨੰਦ, ਬਿਨ ਰਸਨਾ ਜਿਹਵਾ ਦਏ ਵਖਾਈਆ । ਜਨ ਭਗਤਾਂ ਅੰਦਰ ਸੋਹਣਾ ਚੰਦ, ਜਲਵਾ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਅੰਦਰ ਸੋਹਣਾ ਅੰਗ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਜਨ ਭਗਤਾਂ ਅੰਦਰ ਸਚ ਸਮਾਜ,



੨੮੫

ਸਮਗਰੀ ਆਪ ਟਿਕਾਈਆ । ਜਨ ਭਗਤਾਂ ਅੰਦਰ ਸਤਿ ਰਿਵਾਜ, ਜੂਠ ਝੂਠ ਨਾ ਕੋਇ ਵਖਾਈਆ । ਜਨ ਭਗਤਾਂ ਅੰਦਰ ਧੁਰ ਦੀ ਦਾਤ, ਵਸਤ ਅਮੋਲਕ ਨਾਮ ਟਿਕਾਈਆ । ਜਨ ਭਗਤਾਂ ਅੰਦਰ ਮੇਟ ਅੰਧੇਰੀ ਰਾਤ, ਚਾਂਦਨੀ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਅੰਦਰ ਅੱਠੇ ਪਹਿਰ ਰਹੇ ਪਰਭਾਤ, ਸੰਧਿਆ ਵਕ਼ਤ ਨਾ ਕੋਇ ਸੁਹਾਈਆ । ਜਨ ਭਗਤਾਂ ਅੰਦਰ ਇਕੋ ਖੋਲ੍ਹੇ ਤਾਕ, ਪਰਦਾ ਉਹਲਾ ਆਪ ਉਠਾਈਆ । ਜਨ ਭਗਤਾਂ ਅੰਦਰ ਭਗਵਨ ਸਦਾ ਵਸੇ ਸਾਥ, ਸੰਗੀ ਹੋ ਕੇ ਧੁਰ ਦਾ ਸੰਗ ਨਿਭਾਈਆ । ਜਿਸ ਤਕਿਆ ਸੋ ਸਤਿ ਸਤਿ ਕਰ ਕੇ ਗਿਆ ਆਖ, ਆਖ਼ਰ ਆਪਣਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਕਰ ਕੇ ਪੂਰੀ ਆਸ, ਆਹਿਸਤਾ ਆਹਿਸਤਾ ਆਪਣੀ ਮੰਜ਼ਲ ਰਿਹਾ ਚੜ੍ਹਾਈਆ ।

### ❊ ੨੨ ਮਾਘ ੨੦੨੧ ਬਿਕ੍ਰਮੀ ਸੰਸਾਰ ਸਿੰਘ ਦੇ ਗ੍ਰਿਹ ਡਵਿਡਾ ਰਿਹਾਣਾ ❊

ਧਰਨੀ ਕਹੇ ਕਿਉਂ ਮੇਲ ਹੋਇਆ ਪੰਜਾਂ, ਪੰਜ ਪੰਜਾਹ ਦੇ ਸਮਝਾਈਆ । ਮੈਂ ਲੇਖਾ ਲਿਖ ਥੱਕੀ ਇਕਵੰਜਾ ਬਵੰਜਾ, ਬਾਵਨ ਅੱਖਰੀ ਸਿਫ਼ਤ ਸਾਲਾਹੀਆ । ਜੁਗ ਚੌਕੜੀ ਧਾਰ ਵੇਖੀ ਸ਼ਤਰੰਜਾ, ਸ਼ਾਹ ਸੁਲਤਾਨ ਆਪਣੀ ਆਪ ਬਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਿੰਘਾਸਣ ਲੌਂਦੇ ਰਹੇ ਉਤੇ ਮੰਜਾ, ਪੰਜ ਤੱਤ ਕਾਇਆ ਚੋਲੀ ਦੇ ਵਡਿਆਈਆ । ਮਨ ਮਤਿ ਬੁਧਿ ਧਾਰ ਖੇਲਦੇ ਰਹੇ ਖ਼ਾਕੀ ਬੰਦਾ, ਬੰਦਗੀ ਅਗੰਮੀ ਇਕ ਦ੍ਰਿੜਾਈਆ । ਜੋਤੀ ਨੂਰੀ ਚਾੜ੍ਹਦੇ ਗਏ ਚੰਦਾ, ਘਟ ਮੰਦਰ ਕਰ ਰੁਸ਼ਨਾਈਆ । ਸੰਤ ਸੁਹੇਲਿਆਂ ਲੌਂਦੇ ਗਏ ਅੰਗਾ, ਅੰਗੀਕਾਰ ਅਖਵਾਈਆ । ਤੀਰਥ ਤਟ ਸੁਹੌਂਦੇ ਗਏ ਜਮਨਾ ਸੁਰਸਤੀ ਗੋਦਾਵਰੀ ਗੰਗਾ, ਗਹਿਰ ਗੰਭੀਰ ਹੁਕਮ ਸੁਣਾਈਆ । ਢੋਲਾ ਸੋਹਲਾ ਰਾਗ ਸੁਣੌਂਦੇ ਗਏ ਛੰਦਾ, ਮੰਤਰ ਰਸਨਾ ਨਾਲ ਪੜ੍ਹਾਈਆ । ਭੇਵ ਖੁਲ੍ਹੌਂਦੇ ਗਏ ਜੀਉ ਪਿੰਡਾ, ਬ੍ਰਹਿਮੰਡ ਖੰਡ ਦ੍ਰਿੜਾਈਆ । ਲੇਖ ਚੁਕੌਂਦੇ ਗਏ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦਾ, ਇੰਦ ਇੰਦਰਾਸਨ ਖੋਜ ਖੁਜਾਈਆ । ਗੁਰਮੁਖਾਂ ਅੰਦਰ ਨਾਮ ਕੁੰਜੀ ਲਾ ਕੇ ਖੋਲ੍ਹਦੇ ਗਏ ਜਿੰਦਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਸ਼ਬਦ ਅਨਾਦੀ ਦੱਸ ਕੇ ਗਏ ਬਿੰਦਾ, ਮਾਤ ਪਿਤ ਨਾ ਕੋਇ ਵਡਿਆਈਆ । ਹੁਕਮ ਸੰਦੇਸ਼ਾ ਦੇਂਦੇ ਗਏ ਗੁਣੀ ਗਹਿੰਦਾ, ਧੁਰ ਦੀ ਧਾਰ ਇਕ ਦ੍ਰਿੜਾਈਆ । ਅੰਮ੍ਰਿਤ ਰਸ ਵਹੌਂਦੇ ਗਏ ਸਾਗਰ ਸਿੰਧਾ, ਜਲ ਥਲ ਮਹੀਅਲ ਵੇਖ ਵਖਾਈਆ । ਤੰਦ ਸਤਾਰ ਵਜੌਂਦੇ ਗਏ ਸਰੰਗਾ, ਮਰਦੰਗਾ ਹੱਥ ਉਠਾਈਆ । ਕੂੜੀ ਕਿਰਿਆ ਹਉਮੇ ਹੰਗਤਾ ਮੇਟਦੇ ਗਏ ਚਿੰਦਾ, ਸਤਿ ਸਤਿਵਾਦੀ ਧੀਰਜ ਇਕ ਧਰਾਈਆ । ਪਰਮਾਤਮ ਆਤਮ ਦੱਸਦੇ ਗਏ ਸਾਢੇ ਤਿੰਨ ਹੱਥ ਅੰਦਰ ਰਹਿੰਦਾ, ਨਿਰਗੁਣ ਹੋ ਕੇ ਸੋਭਾ ਪਾਈਆ । ਵਡਿਆਂ ਛੋਟਿਆਂ ਮਾਰਗ ਦੱਸਦੇ ਗਏ ਚੰਗਾ, ਚਾਰ ਕੁੰਟ ਦਹਿ ਦਿਸ਼ਾ ਕਰ ਪੜ੍ਹਾਈਆ । ਮਨ ਮਨੂਏ ਨਾਲ ਕਰਦੇ ਗਏ ਦੰਗਾ, ਘਰ ਘਰ ਵਿਚ ਵੇਖ ਲੜਾਈਆ । ਸੰਤ ਸਾਜਨ ਗੁਰਮੁਖਾਂ ਚੜ੍ਹੌਂਦੇ ਗਏ ਰੰਗਾ, ਰੰਗ ਅਗੰਮੀ ਇਕ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਧਰਨੀ ਕਹੇ ਮੈਂ ਵੇਖੇ ਪੰਜ ਅੱਖੀਂ, ਹਰਿ ਕਰਤਾ ਮੇਲ ਮਿਲਾਈਆ । ਕੋਈ ਸਮਝ ਨਾ ਸਕੇ ਸੁਰਤ ਸਵਾਣੀ ਸਖ਼ੀ, ਸਾਖ਼ਿਆਤ ਵੱਜੀ ਵਧਾਈਆ । ਜਿਸ ਦੀ ਕਹਾਣੀ ਆਦਿ ਜੁਗਾਦਿ ਕਿਸੇ ਨਾ ਦੱਸੀ,

ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਓਸ ਦੇ ਚਰਨਾਂ ਹੇਠਾਂ ਢੱਠੀ, ਏਥੇ ਓਥੇ ਦੋ ਜਹਾਨ ਮਿਲੀ ਵਡਿਆਈਆ । ਸਚ ਸਵਾਮੀ ਅੰਤਰਜਾਮੀ ਸ਼ਬਦ ਜਣਾਈ ਇਕੋ ਪੱਟੀ, ਪੱਟਾ ਧੁਰ ਦਾ ਦਿਤਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਧਰਨੀ ਕਹੇ ਕੁਛ ਪੁੱਛੋ ਮੈਥੋਂ ਸਖੀਓ, ਸਤਿ ਸਚ ਦਿਆਂ ਦ੍ਰਿੜਾਈਆ । ਜਿਸ ਪ੍ਰਭੂ ਦੇ ਚਰਨ ਕਵਲ ਸ਼ਰਨਾਈ ਸਾਚੀ ਵਸੀਓ, ਵਾਸਤਾ ਵਸਲ ਇਕੋ ਨਾਲ ਜਣਾਈਆ । ਲੋਕਮਾਤ ਦੀ ਨਿੱਕੀ ਨਿੱਕੀ ਬਤੀਓ, ਜੋਤ ਨਿਰੰਜਣ ਨੂਰੀ ਡਗਮਗਾਈਆ । ਸਾਢੇ ਤਿੰਨ ਹੱਥ ਕਾਇਆ ਅੰਦਰ ਵਿਕ ਗਈ ਹੱਟੀਓ, ਸਚ ਵਣਜਾਰਾ ਨਜ਼ਰ ਕੋਇ ਨਾ ਆਈਆ । ਜਿਸ ਦੇ ਵੈਰਾਗ ਤਿਆਗ ਅੰਦਰ ਫਿਰੋ ਨੱਸੀਓ, ਜੂਨ ਅਜੂਨੀ ਲੱਖ ਚੁਰਾਸੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਧਰਨੀ ਕਹੇ ਮੈਂ ਦੱਸਾਂ ਪਿਛਲੀ ਕਹਾਣੀ, ਪ੍ਰਭ ਦੇਵੇ ਮਾਣ ਵਡਿਆਈਆ । ਜਿਸ ਵੇਲੇ ਏਥੇ ਆਈ ਪੰਚਾਲੀ ਪੰਜਾਂ ਦੀ ਰਾਣੀ, ਨੰਗੇ ਪੈਰਾਂ ਫੇਰਾ ਪਾਈਆ । ਐਸ ਧਾਮ ਬੈਠ ਗਈ ਸੀ ਉਹ ਸਵਾਣੀ, ਆਸਣ ਸਿੰਘਾਸਣ ਇਕ ਵਛਾਈਆ । ਉਸ ਦੇ ਕੋਲ ਸੀ ਠੰਡਾ ਪਾਣੀ, ਜਲ ਪਿਛਲਾ ਨਾਲ ਰਖਾਈਆ । ਓਧਰੋਂ ਖੇਲ ਕਰੇ ਭਗਵਾਨੀ, ਭਗਵਨ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਚਾਈਂ ਚਾਈਂਆ । ਧਰਨੀ ਕਹੇ ਜਿਸ ਵੇਲੇ ਲੱਗਾ ਆਸਣ, ਆਸਾ ਅੰਦਰੋਂ ਇਕ ਵਧਾਈਆ । ਜਿਸ ਨੂੰ ਮਿਲਿਆ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਉਹ ਹੌਲੀ ਹੌਲੀ ਕਰਨ ਲਗੀ ਅੰਤਰ ਆਤਮ ਬਾਤਨ, ਨਿਰਗੁਣ ਨਿਰਗੁਣ ਆਪਣਾ ਮੇਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਗਹਿਰ ਗੰਭੀਰ ਇਸ ਤੋਂ ਵਖਰਾ ਕਿਹੜਾ ਪਾਠਨ, ਪੂਜਾ ਪਾਠ ਇਸ਼ਟ ਦੇਵ ਸਵਾਮੀ ਦੇ ਸਮਝਾਈਆ । ਚਾਰ ਕੁੰਟ ਉਠ ਕੇ ਲਗੀ ਝਾਕਣ, ਨੇਤਰ ਨੈਣ ਅੱਖ ਖੁਲ੍ਹਾਈਆ । ਪਿਛਲੀ ਪੋਥੀ ਲਗੀ ਵਾਚਣ, ਜੋ ਦਰੋਪਦ ਘਰ ਦੀ ਵਾਚ ਲਿਆਈਆ । ਉਸ ਦਾ ਪਹਿਲਾ ਅੰਕ ਇਕੋ ਭਾਸ਼ਣ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਦਰੋਪਦ ਸੁਤ ਪੜ੍ਹ ਕੇ ਪੋਥੀ, ਆਪਣਾ ਅੰਚਲ ਦਿਤਾ ਉਠਾਈਆ । ਓਸ ਵਿਚ ਧਾਰ ਮਿਲੀ ਸੌਖੀ, ਸੋਹਣੀ ਮਿਲੀ ਵਡਿਆਈਆ । ਪੁਰਖ ਅਕਾਲ ਲੱਖ ਚੁਰਾਸੀ ਅੰਦਰ ਸਭ ਦੀ ਜੋਤੀ, ਜੋਤੀ ਜ਼ਾਤਾ ਇਕੋ ਨਜ਼ਰੀ ਆਈਆ । ਜਿਸ ਨੂੰ ਲੱਭਦੇ ਕੋਟਨ ਕੋਟੀ, ਬ੍ਰਹਿਮੰਡ ਖੰਡ ਖੋਜਣ ਥਾਉਂ ਥਾਈਂਆ । ਉਹ ਠਾਕਰ ਸਵਾਮੀ ਧੁਰ ਦਾ ਮੌਜੀ, ਮਜਲਸ ਭਗਤਾਂ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਪਹਿਲੀ ਸਤਰ ਦਾ ਵੇਖਿਆ ਸਤਾਰਾ, ਸਤਾਰਾਂ ਅੱਖਰਾਂ ਵਿਚ ਵਡਿਆਈਆ । ਜਿਸ ਦਾ ਪਹਿਲਾ ਅੰਕ ਨਿਹਕਲੰਕ ਨਰ ਅਵਤਾਰਾ, ਜੋਤੀ ਜਾਤਾ ਬੇਪਰਵਾਹੀਆ । ਨੂਰੋ ਨੂਰ ਚਮਕੇ ਅਗੰਮ ਅਪਾਰਾ, ਤਤ ਵਜੂਦ ਨਾ ਕੋਇ ਰਖਾਈਆ । ਓਸ ਦਾ ਭਗਤਾਂ ਨਾਲ ਪਿਆਰਾ, ਪ੍ਰੀਤਮ ਹੋ ਕੇ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਵੇਲੇ ਕਲਜੁਗ ਹੋਵੇ ਅੰਤ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਚਾਰ ਜੁਗ ਦਾ ਕੰਮ ਨਾ ਆਏ ਵੰਝ ਮੁਹਾਣਾ, ਪਤਣ ਖੇਵਟ ਖੇਟਾ ਬੈਠੇ ਮੁਖ ਭੁਆਈਆ । ਭਰਮੇ ਭੁੱਲੇ ਰਾਜਾ ਰਾਣਾ, ਸ਼ਾਹ ਸੁਲਤਾਨ ਨਾ ਕੋਇ ਵਡਿਆਈਆ । ਓਸ ਵੇਲੇ ਕਿਰਪਾ ਕਰੇ ਸ੍ਰੀ ਭਗਵਾਨਾ, ਭਗਵਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਦਰੋਪਦ ਕਿਹਾ ਇਹ ਕੀ ਆਏ ਭਗਵੰਤ, ਆਪਣਾ

੨੮੭

ਫੇਰਾ ਪਾਈਆ । ਓਧਰੋਂ ਫਿਰਦਾ ਫਿਰਦਾ ਨਾਰਦ ਮੁਨ ਆ ਗਿਆ ਸੰਤ, ਬੋਦੀ ਆਪਣੀ ਰਿਹਾ ਹਿਲਾਈਆ । ਕਿੰਗ ਨਾਲ ਵਜਾ ਕੇ ਪੜ੍ਹੇ ਮੰਤ, ਢੋਲਾ ਧੁਰ ਦਾ ਰਿਹਾ ਸੁਣਾਈਆ । ਓਸ ਦੀ ਮਹਿੰਮਾ ਸਦਾ ਅਗਣਤ, ਬੇਪਰਵਾਹੀ ਵਿਚ ਸਮਾਈਆ । ਜਿਸ ਤੇਰੀ ਬਣਾਈ ਬਣਤ, ਦਿਤੀ ਮਾਣ ਵਡਿਆਈਆ । ਉਹ ਸਭ ਦਾ ਵੱਡਾ ਬੋਧ ਅਗਾਧਾ ਪੰਡਤ, ਆਦਿ ਜੁਗਾਦਿ ਜੁਗ ਚੌਕੜੀ ਕਰੇ ਪੜ੍ਹਾਈਆ । ਨਿਤ ਨਵਿਤ ਕਰਨਹਾਰਾ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਕੂੜੀ ਕਿਰਿਆ ਗੜ੍ਹ ਤੋੜਨਹਾਰਾ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਓਸੇ ਵੇਲੇ ਦਰੋਪਤ ਉਠ ਕੇ ਕੀਤੀ ਮਿੰਨਤ, ਨੇਤਰ ਨੈਣਾਂ ਨੀਰ ਵਹਾਈਆ । ਵੇਖੀਂ ਕੋਈ ਕਰ ਕੇ ਨਾ ਜਾਈਂ ਇੱਲਤ, ਦਗ਼ਾ ਮੇਰੇ ਨਾਲ ਕਮਾਈਆ । ਨਾਰਦ ਕਿਹਾ, ਨਹੀਂ, ਮੈਂ ਲੈਣ ਆਇਆ ਤਿਲਕ, ਸਾਚੀ ਸੇਵ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦੋਹਾਂ ਦਾ ਵਖਰਾ ਨਿਰਾਲਾ ਸਭ ਤੋਂ ਹੋਣਾ ਇਸ਼ਕ, ਆਸ਼ਕ ਮਾਸ਼ੂਕ ਦੋਵੇਂ ਬੈਠਣ ਨੈਣ ਸ਼ਰਮਾਈਆ । ਬੀਸ ਇਕੀਸੇ ਤੇਰੀ ਕੱਢਣ ਫੇਰ ਫ਼ਰਿਸਤ, ਪੂਰਬ ਲੇਖਾ ਵੇਖ ਵਖਾਈਆ । ਜਨ ਭਗਤਾਂ ਖੋਲ੍ਹ ਕੇ ਦ੍ਰਿਸ਼ਟ, ਇਸ਼ਟ ਆਪਣਾ ਦਏ ਮਿਲਾਈਆ । ਸਬਰ ਸਬੂਰੀ ਦੇ ਕੇ ਭਰੋਸਾ ਸਿਦਕ, ਮਨ ਮਮਤਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਦਰੋਪਤ ਕਿਹਾ ਨਾਰਦ ਹੋਵੀਂ ਨਾ ਝੂਠਾ, ਝੂਠੀ ਕਹਾਣੀ ਸੁਣਾਈਆ । ਓਸ ਕਿਹਾ ਮੈਂ ਪੰਜੇ ਵਾਲਾ ਲਾਵਾਂ ਅੰਗੂਠਾ, ਉਂਗਲਾਂ ਚਾਰੇ ਨਾਲ ਮਿਲਾਈਆ । ਉਹ ਸਾਹਿਬ ਸੱਚਾ ਮਹਿਬੂਬਾ, ਸਚ ਮੁਹੱਬਤ ਵਿਚ ਸਮਾਈਆ । ਆਦਿ ਜੁਗਾਦਿ ਸਦਾ ਮੌਜੂਦਾ, ਵਿਛੜ ਕਦੇ ਨਾ ਜਾਈਆ । ਉਸ ਨੇ ਅੱਗੋਂ ਮਾਰ ਕੇ ਕਿਹਾ ਹੂੰਗਾ, ਹੂੰ ਹੂੰ ਕਰ ਕੇ ਦਿਤਾ ਸੁਣਾਈਆ । ਹੌਲੀ ਜਿਹੀ ਓਹਦੇ ਸਿਰ ਵਿਚ ਮਾਰ ਕੇ ਠੂੰਗਾ, ਬੋਦੀ ਦਿਤੀ ਹਿਲਾਈਆ । ਨਾਰਦ ਓਸੇ ਵੇਲੇ ਆਪਣਾ ਮੂਧਾ ਕਰ ਕੇ ਤੂੰਬਾ, ਕਿੰਗ ਵਿਚੋਂ ਕਿੱਲੀ ਦਿਤੀ ਕਢਾਈਆ । ਜਿਸ ਪ੍ਰਭ ਨੂੰ ਸਾਰੇ ਕਹਿੰਦੇ ਗੂੰਗਾ, ਸੋ ਕਲਜੁਗ ਅੰਤ ਜਨ ਭਗਤਾਂ ਢੋਲੇ ਏਥੇ ਗਾਈਆ । ਪੰਜਾਂ ਮੇਲ ਮਿਲਾ ਕੇ ਤੇਰੇ ਕੰਤਾਂ ਨਾਲੋਂ ਚੰਗਾ ਹੋਵੇ ਕੰਤ, ਹਰਿ ਕਰਤਾ ਬੇਪਰਵਾਹੀਆ । ਸਾਚੀ ਰੁੱਤ ਬਹਾਰ ਮੌਲੇ ਬਸੰਤ, ਪੱਤ ਡਾਲ੍ਹੀ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਾਰਦ ਦੇ ਕੇ ਹਟਿਆ ਉਪਦੇਸ਼, ਕਹਾਣੀ ਸਚ ਸੁਣਾਈਆ । ਓਧਰੋਂ ਇਕ ਸਾਧੂ ਬਦਲ ਕੇ ਆ ਗਿਆ ਭੇਸ, ਲੰਗੋਟੀ ਇਕੋ ਤਨ ਛੁਹਾਈਆ । ਖ਼ਾਕ ਉਡਾਵੇ ਮਿੱਟੀ ਨਾਲ ਰਿਹਾ ਖੇਲ, ਧੂੜੀ ਧੂੜ ਰਮਾਈਆ । ਨੇੜੇ ਆ ਕੇ ਕਹਿੰਦਾ ਦਰੋਪਤੀ ਮੈਨੂੰ ਦੇ ਦੇ ਸੇਜ, ਜਿਸ ਓਤੇ ਆਸਣ ਲਿਆ ਲਗਾਈਆ । ਮੈਨੂੰ ਕੁੱਲ ਮਾਲਕ ਦਿਤਾ ਭੇਜ, ਭਜਨ ਬੰਦਗੀ ਇਕੋ ਇਕ ਸਿਖਾਈਆ । ਉਠ ਵੇਖ ਮੇਰਾ ਤੇਜ, ਜੋਤੀ ਨੂਰ ਰੁਸ਼ਨਾਈਆ । ਓਸ ਨੇ ਕਿਹਾ ਕਿਉਂ ਧਰ ਕੇ ਆਇਆ ਭੇਖ, ਪਾਖੰਡੀ ਰੂਪ ਵਟਾਈਆ । ਮੇਰੇ ਨਾਲ ਕਰਦਾਂ ਝੇੜ, ਝਗੜਾ ਰਿਹਾ ਜਣਾਈਆ । ਜਾ ਕੇ ਵਸ ਆਪਣੇ ਦੇਸ, ਜਿਥੇ ਕੋਝੇ ਕਮਲੇ ਡੇਰਾ ਲਾਈਆ । ਓਸ ਕਿਹਾ ਮੇਰਾ ਓਸੇ ਨਾਲ ਹੇਤ, ਜੋ ਸੁਚਜਿਆਂ ਮੇਲਾ ਰਿਹਾ ਮਿਲਾਈਆ । ਇਸ ਦੇ ਅੰਦਰ ਕੋਈ ਭੇਤ, ਡੂੰਘਾ ਰਾਜ਼ ਦਿਆਂ ਵਖਾਈਆ । ਜਿਸ ਵੇਲੇ ਕਲਜੁਗ ਅੰਤ ਜਨ ਭਗਤਾਂ ਬਦਲਣ ਆਇਆ ਰੇਖ, ਰੇਖਾ ਆਪਣੀ ਨਾਲ ਬਦਲਾਈਆ । ਓਸ ਵੇਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗਹਿਰ ਗੰਭੀਰ ਵੱਡੀ ਵਡਿਆਈਆ । ਸਾਧੂ ਕਹੇ ਮੈਂ ਅਵਧੂਤ, ਸਾਧਨਾ ਨਜ਼ਰ ਕੋਇ ਨਾ ਆਈਆ । ਮੇਰੀ ਕਾਇਆ ਪੰਜ ਤੱਤ



੨੮੮

ਭੂਤ, ਪੰਜ ਭੂਤਕ ਰਿਹਾ ਸਮਾਈਆ । ਏਥੋਂ ਸਭ ਨੇ ਕਰ ਕੇ ਜਾਣਾ ਕੂਚ, ਥਿਰ ਰਹਿਣ ਕੋਇ ਨਾ ਪਾਈਆ । ਝਗੜਾ ਮਿਟ ਜਾਏ ਇਕ ਦੂਜ, ਦੂਆ ਏਕੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਉਠਾਈਆ । ਦਰੋਪਤੀ ਕਿਹਾ ਸੁਣ ਅਛਲ ਅਛੱਲ, ਤੈਨੂੰ ਦਿਆਂ ਜਣਾਈਆ । ਨਾਰਦ ਕਹੇ ਮੈਂ ਸਚ ਦੱਸਾਂ ਅੰਤਮ ਕਲਜੁਗ ਕਲ, ਹਰਿ ਕਰਤਾ ਰਿਹਾ ਦ੍ਰਿੜਾਈਆ । ਜਿਸ ਵੇਲੇ ਨਰ ਨਰਾਇਣ ਨਿਰਗੁਣ ਨਿਰਵੈਰ ਆਵੇ ਚਲ, ਅਚਲਤ ਆਪਣੀ ਖੇਲ ਖਿਲਾਈਆ । ਸੋ ਆਪਣੇ ਤੋਂ ਪਹਿਲੋਂ ਇਸੇ ਅਵਧੂਤ ਨੂੰ ਦੇਵੇ ਘਲ, ਧੁਰ ਦਾ ਹੁਕਮ ਇਕ ਮਨਾਈਆ । ਓਹਦੇ ਅੰਤਰ ਵਸੇਰਾ ਕਰਕੇ ਘੜੀ ਪਲ, ਡੇਰਾ ਸਾਚਾ ਲਏ ਜਮਾਈਆ । ਜੋਤੀ ਸ਼ਬਦੀ ਧਾਰ ਜਾਏ ਰਲ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਪੂਰਬ ਜਨਮ ਦਾ ਦੇ ਕੇ ਫਲ, ਫਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਅਵਧੂਤ ਕਹੇ ਮੇਰਾ ਉਹ ਕਰਤਾਰ, ਮਾਲਕ ਕੁਦਰਤ ਇਕ ਅਖਵਾਈਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਨਾ ਕੋਇ ਮੇਟੇ ਮੇਟ ਮਿਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰੇ ਅਪਾਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਲੇਖਾ ਜਾਣ ਗੁਰੂ ਅਵਤਾਰ, ਪੈਗ਼ੰਬਰਾਂ ਪੜਦਾ ਲਾਹੀਆ । ਦਰੋਪਤ ਸੁਣ ਲੈ ਸਚ ਗੁਫ਼ਤਾਰ, ਅਗਲੀ ਦਿਆਂ ਜਣਾਈਆ । ਸਾਹਿਬ ਸਵਾਮੀ ਸਾਚਾ ਕਰੇ ਪਿਆਰ, ਅੰਤਰਜਾਮੀ ਵੇਖ ਵਖਾਈਆ । ਜਿਸ ਦਾ ਕੋਈ ਨਾ ਬਣੇ ਸਹਾਰ, ਸਿਰ ਓਸ ਦੇ ਆਪਣਾ ਹੱਥ ਟਿਕਾਈਆ । ਕੂੜੀ ਕਿਰਿਆ ਵਿਚੋਂ ਕੱਢ ਕੇ ਬਾਹਰ, ਚਰਨ ਪ੍ਰੀਤੀ ਇਕ ਸਮਝਾਈਆ । ਅੰਮ੍ਰਿਤ ਆਤਮ ਚਰਨ ਚਰਨੋਦਕ ਦਏ ਪਿਆਲ, ਦੁਖੀਆਂ ਦੁੱਖ ਗਵਾਈਆ । ਪੂਰਬ ਜਨਮ ਦੀ ਲੇਖੇ ਲਾ ਕੇ ਘਾਲ, ਮਿਹਰ ਨਜ਼ਰ ਨਾਲ ਤਰਾਈਆ । ਉਹ ਭੋਲਾ ਭਾਲਾ ਹੋਵੇ ਵਿਚ ਸੰਸਾਰ, ਸੰਸਾਰ ਨਹੀਂ ਸੰਸਾਰ ਸਿੰਘ ਓਸੇ ਦਾ ਨਾਂ ਰਖਾਈਆ । ਇਹ ਕਥਾ ਜਗਤ ਸ਼ਾਸਤਰ ਸਿਮਰਤ ਵੇਦ ਪੁਰਾਨ ਤੋਂ ਬਾਹਰ, ਇਤਹਾਸਕ ਕ਼ਲਮ ਨਾ ਕੋਇ ਚਲਾਈਆ । ਜਿਸ ਦਾ ਲਹਿਣਾ ਓਸੇ ਨੂੰ ਦੇਣਾ ਦੇਵਣਹਾਰ ਆਪ ਨਿਰੰਕਾਰ, ਨਿਰਗੁਣ ਵੱਡਾ ਵੱਡੀ ਵਡਿਆਈਆ । ਧਰਨੀ ਧਰਤ ਧਵਲ ਤੇਰਾ ਲੱਥਾ ਉਧਾਰ, ਪਿਛਲਾ ਕ਼ਰਜ਼ਾ ਮਕ਼ਰੂਜ਼ ਤੇਰੀ ਝੋਲੀ ਪਾਈਆ । ਧਰਨੀ ਕਹੇ ਮੈਨੂੰ ਕਰ ਲੈਣ ਦਿਓ ਨਿਮਸਕਾਰ, ਏਥੇ ਪੰਜਾਂ ਦਾ ਮਾਲਕ ਬੈਠਾ ਬੇਪਰਵਾਹੀਆ । ਜਿਸ ਦਾ ਜੋਤੀ ਨੂਰ ਆਦਿ ਅੰਤ ਏਕਾ ਏਕੰਕਾਰ, ਅਕਲ ਕਲ ਆਪਣੀ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਦ੍ਰਿੜਾਈਆ । ਧਰਨੀ ਕਹੇ ਮੈਂ ਵਾਰੀ ਘੋਲ ਘੋਲੀ, ਆਪਣਾ ਆਪ ਦਿਆਂ ਮਿਟਾਈਆ । ਉਸਦੇ ਦਰ ਦੀ ਹੋਵਾਂ ਗੋਲੀ, ਜੋ ਪਿਛਲੀ ਖ਼ਾਲੀ ਗੋਲਕ ਰਿਹਾ ਭਰਾਈਆ । ਜਿਸ ਦੀ ਰਮਜ਼ ਵਿਚ ਅਗੰਮੀ ਬੋਲੀ, ਹਰਫ਼ਾਂ ਵਾਲੀ ਨਾ ਕੋਇ ਪੜ੍ਹਾਈਆ । ਮੈਂ ਓਸ ਦੇ ਚਰਨ ਕਵਲ ਉਪਰ ਧਵਲ ਧਰਨੀ ਕਹੇ ਮੌਲੀ, ਮਵਲ ਆਪਣਾ ਆਪ ਮਿਟਾਈਆ । ਜੋ ਚਲ ਕੇ ਆਇਆ ਦੂਰ ਦੁਰਾਡਾ ਹੌਲੀ ਹੌਲੀ, ਦੋ ਜਹਾਨਾਂ ਪੰਧ ਮੁਕਾਈਆ । ਜਗਤ ਨਾਦ ਬ੍ਰਹਮ ਬ੍ਰਹਿਮਾਦ ਪਾਏ ਕੋਈ ਨਾ ਰੌਲੀ, ਕੂੜ ਵਿਵਾਦ ਨਾ ਕੋਇ ਰਖਾਈਆ । ਜਨ ਭਗਤਾਂ ਦੀ ਚੁੱਕਣ ਆਇਆ ਡੋਲੀ, ਸਾਢੇ ਤਿੰਨ ਹੱਥ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਧਰਨੀ ਕਹੇ ਮੈਂ ਵੇਖਿਆ ਗੁਰਮੁਖ ਤਰਦਾ, ਤਾਰਨਹਾਰ ਦਏ ਵਡਿਆਈਆ । ਜੋ ਲੱਖ ਚੁਰਾਸੀ ਜੀਵ ਜੰਤ ਘਾੜਨ ਘੜਦਾ, ਖਾਣੀ ਬਾਣੀ ਆਪਣਾ ਹੁਕਮ ਵਰਤਾਈਆ ।

ਸੋ ਮਾਲਕ ਦਰਵੇਸ਼ ਹੋ ਕੇ ਬਰਦਾ, ਨਿਰਗੁਣ ਨਿਰਵੈਰ ਆਪਣਾ ਵੇਸ ਵਟਾਈਆ । ਲੇਖਾ ਚੁਕਾਵੇ ਭਗਤਨ ਘਰ ਦਾ, ਗ੍ਰਿਹਿ ਮੰਦਰ ਖੋਜ ਖੁਜਾਈਆ । ਬਿਨ ਡਿੱਠਿਆਂ ਬਿਨ ਵੇਖਿਆਂ ਸਾਚੇ ਮੰਦਰ ਚੜ੍ਹਦਾ, ਮੰਜ਼ਲ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਰਿਹਾ ਵਖਾਈਆ । ਧਰਨੀ ਕਹੇ ਕਿਉਂ ਹੋਏ ਪੰਜ ਇਕੱਠੇ, ਪੰਜ ਗਰਾਂ ਖੇੜੇ ਦਿਤੇ ਜਗਤ ਵਸਾਈਆ । ਭਗਤ ਕਹੇ ਅਗੇ ਕੂੜੇ ਮੇਟਣੇ ਰੱਟੇ, ਕਾਇਆ ਮੰਦਰ ਅੰਦਰ ਪੰਜਾਂ ਦਾ ਝਗੜਾ ਰਹੇ ਨਾ ਰਾਈਆ । ਪ੍ਰੇਮ ਪ੍ਰੀਤੀ ਅੰਦਰ ਜਾਣ ਰਤੇ, ਕੂੜੀ ਕਿਰਿਆ ਬਾਹਰ ਕਢਾਈਆ । ਜਿਸ ਨੇ ਧੰਨੇ ਦੇ ਚਾਰੇ ਵੱਛੇ, ਉਹ ਦਰਸ ਦਿਖਾਏ ਸਰੂਪ ਸਵੱਛੇ, ਮਾੜਿਆਂ ਤੋਂ ਅੱਛੇ ਅੱਛਿਆਂ ਤੋਂ ਚੰਗੇ ਆਪਣੇ ਨਾਲ ਮਿਲਾਈਆ । ਜਮ ਕੀ ਫ਼ਾਸੀ ਤੋੜ ਕੇ ਰੱਸੇ, ਪ੍ਰੇਮ ਪ੍ਰੀਤੀ ਡੋਰੀ ਨਾਲ ਫੜਕੇ ਕਸੇ, ਦੋ ਜਹਾਨ ਨਾਤਾ ਸਕੇ ਨਾ ਕੋਇ ਤੁੜਾਈਆ । ਇਹ ਖੇਲ ਵੇਖ ਕੇ ਗੁਰ ਅਵਤਾਰ ਪੈਗ਼ੰਬਰ ਹੱਸੇ, ਭਗਤ ਜਨ ਤਾੜੀਆਂ ਰਹੇ ਵਜਾਈਆ । ਜਿਨ੍ਹਾਂ ਦੇ ਚੀਥੜ ਪਾਟੇ ਫਿਰਦੇ ਨੰਗੇ, ਤਨ ਵਜੂਦ ਓਢਣ ਨਾ ਕੋਇ ਵਖਾਈਆ । ਓਹਨਾਂ ਦਾ ਠਾਕਰ ਬਣਿਆ ਧੁਰ ਦਾ ਸੰਗੇ, ਸਗਲਾ ਸੰਗ ਨਿਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੇ ਲੇਖੇ ਲਹਿਣੇ ਹਿਸਾਬ ਸਭ ਦੇ ਕੱਢੇ ਜੋ ਸਚ ਦਵਾਰੇ ਟੰਗੇ, ਦੂਜੇ ਹੱਥ ਨਾ ਕਿਸੇ ਫੜਾਈਆ ।



### ✻ ੨੩ ਮਾਘ ੨੦੨੧ ਬਿਕ੍ਰਮੀ ਡਵਿਡਾ ਪਿੰਡ ✻

੨੯੦

ਕਰਮ ਕਹੇ ਮੈਂ ਜਨਮ ਦਾ ਸਾਥੀ, ਜੁਗ ਜੁਗ ਸੰਗ ਨਿਭਾਇੰਦਾ । ਜਨਮ ਕਹੇ ਮੈਂ ਕਰਮ ਦੀ ਜਾਣਾ ਸਾਖੀ, ਭੇਵ ਅਭੇਦ ਹਰਿ ਆਪਣਾ ਆਪ ਸਮਝਾਇੰਦਾ । ਕਰਮ ਕਹੇ ਮੈਂ ਨਿਹਕਰਮੀ ਦੀ ਮੰਨਾ ਆਖੀ, ਜੋ ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਜਨਮ ਕਹੇ ਮੈਂ ਵੇਖਾਂ ਧੁਰ ਦਾ ਸਾਥੀ, ਜੋ ਨਾਮ ਪਿਆਲਾ ਜਾਮ ਪਿਆਇੰਦਾ । ਦੋਵੇਂ ਮਿਲਕੇ ਕਹਿਣ ਸਾਡੀ ਪੂਰੀ ਹੋਈ ਆਸੀ, ਆਸਾ ਤ੍ਰਿਸ਼ਨਾ ਵੇਖ ਵਖਾਇੰਦਾ । ਜੋ ਸੰਦੇਸ਼ਾ ਨਾਰਦ ਗਿਆ ਆਖੀ, ਧੁਰ ਫ਼ਰਮਾਨਾ ਹੁਕਮ ਅਲਾਇੰਦਾ । ਪੰਚਾਲੀ ਦੀ ਓਹ ਪਾਤਰ ਪਾਤੀ, ਪਤਿਪਰਮੇਸ਼ਵਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਕਰਮ ਕਹੇ ਜਨਮ ਮੈਂ ਤੈਥੋਂ ਵੱਡਾ, ਜਿਹੜਾ ਜੁਗ ਜੁਗ ਜਗਤ ਭੁਆਈਆ । ਜਨਮ ਕਹੇ ਤੂੰ ਮੇਰਾ ਬੱਚਾ, ਬਿਨ ਮੇਰੇ ਤੇਰੀ ਲੋੜ ਰਹੀ ਨਾ ਰਾਈਆ । ਕਰਮ ਕਹੇ ਮੈਂ ਬੋਲ ਦੱਸਾਂ ਸੱਚਾ, ਬਿਨ ਮੇਰੇ ਤੈਨੂੰ ਲੋਕਮਾਤ ਨਾ ਕੋਇ ਭੁਆਈਆ । ਜਨਮ ਕਹੇ ਤੂੰ ਅਜੇ ਕੱਚਾ, ਪੁਖ਼ਤਾ ਰੂਪ ਨਾ ਕੋਇ ਵਟਾਈਆ । ਕਰਮ ਕਹੇ ਮੈਂ ਤੈਥੋਂ ਅੱਛਾ, ਮੇਰੀ ਸਮਝ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਰਮ ਕਹੇ ਤੂੰ ਪਿਛਲਾ ਹਵਦੂਤ, ਔਧ ਜਗਤ ਰਹਿਣ ਨਾ ਪਾਈਆ । ਮੇਰਾ ਕਰਮਾਂ ਦਾ ਇਹ ਸਬੂਤ, ਮੈਂ ਤੇਰਾ ਮਾਣਸ ਜਨਮ ਦਿਤਾ ਬਦਲਾਈਆ । ਬੇਸ਼ਕ ਮੇਰਾ ਨਹੀਂ ਕੋਈ ਵਜੂਦ, ਹੱਡ ਮਾਸ ਨਾੜੀ ਵੰਡ ਨਾ ਕੋਇ ਵੰਡਾਈਆ । ਬਿਨ ਮੇਰੀ ਕਿਰਪਾ ਮਿਲੇ ਨਾ ਕੋਈ ਨਾਲ ਮਹਿਬੂਬ, ਮੁਹੱਬਤ ਕੋਟਨ ਕੋਟ ਗਏ ਜਗਤ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨਮ ਕਹੇ ਮੈਂ ਜੇ ਜਨਮ ਨਾ ਧਰਦਾ, ਆਪਣਾ ਆਪ ਪਰਗਟਾਈਆ । ਕਰਮ ਤੂੰ

ਕਿਹਨੂੰ ਵਰਦਾ, ਕਿਸ ਦਾ ਸੰਗ ਰਖਾਈਆ । ਕਿਸ ਦੇ ਘਰ ਵੜਦਾ, ਬਹਿ ਕੇ ਡੇਰਾ ਲਾਈਆ । ਕਿਸ ਦਾ ਪਲੂ ਫੜਦਾ, ਆਪਣਾ ਸੰਗ ਬਣਾਈਆ । ਕਿਸ ਦੀ ਮੰਜ਼ਲ ਚੜ੍ਹਦਾ, ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਰਮ ਕਹੇ ਜੇ ਨਾ ਮੈਂ ਬਣੌਂਦਾ ਤੇਰੀ ਬਣਤ, ਦੇਂਦਾ ਮਾਣ ਵਡਿਆਈਆ । ਓਧਰੋਂ ਤੈਨੂੰ ਨਾਰਦ ਨਾ ਮਿਲਦਾ ਸੰਤ, ਸੱਜਣ ਨਾ ਮਿਲੇ ਵਡਿਆਈਆ । ਦਰੋਪਤ ਯਾਦ ਨਾ ਕਰਦੀ ਪੰਜੇ ਕੰਤ, ਪੰਜਾਂ ਦਾ ਜੋੜ ਨਾ ਕੋਇ ਜੁੜਾਈਆ । ਤੂੰ ਮੇਰੀ ਕਰ ਮਿੰਨਤ, ਦੋਏ ਜੋੜ ਲਗ ਸਰਨਾਈਆ । ਵੇਖ ਮੇਰੀ ਹਿੰਮਤ, ਮੈਂ ਵਿਛੜੇ ਦਿਤੇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦਏ ਚੁਕਾਈਆ । ਕਰਮ ਕਹੇ ਵੇਖ ਮੇਰਾ ਬਲ, ਤੈਨੂੰ ਆਪਣਾ ਦਿਆਂ ਜਣਾਈਆ । ਜੋ ਕਰਦਾ ਅਛਲ ਛਲ, ਵਲ ਛਲਧਾਰੀ ਬੇਪਰਵਾਹੀਆ । ਉਹ ਮੇਰੇ ਕਾਰਨ ਤੇਰੇ ਦਵਾਰੇ ਆਇਆ ਚਲ, ਅਸਲੀਅਤ ਰੂਪ ਰਿਹਾ ਵਖਾਈਆ । ਤੇਰਾ ਮੇਟਕੇ ਪਿਛਲਾ ਸਲ, ਜਨਮ ਦਾ ਰੋਗ ਗਵਾਈਆ । ਕਰਮ ਕਹੇ ਜੇ ਕਰਮ ਕਰ ਕੇ ਹੋ ਜਾਏ ਵਿਛੋੜਾ ਪਲ, ਝਲੀ ਨਾ ਜਾਏ ਜੁਦਾਈਆ । ਜਿਸ ਤਰਾ ਮੈਂ ਤੇਰੇ ਅੰਦਰ ਗਿਆ ਰਲ, ਇਸੇ ਤਰਾ ਮੇਰਾ ਮਾਲਕ ਤੇਰੇ ਵਿਚ ਸਮਾਈਆ । ਪਰਬਤਾਂ ਨਾਲੋਂ ਪਰਬਲ, ਦੋ ਜਹਾਨ ਨਾ ਕੋਇ ਹਿਲਾਈਆ । ਇਹ ਮੇਰੀ ਕਿਰਪਾ ਮੈਂ ਪ੍ਰਭ ਦੇ ਮਿਲਣ ਦਾ ਦੱਸਾਂ ਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਈਆ । ਜਨਮ ਕਹੇ ਮੈਂ ਪਿਆ ਜੰਮ, ਜਨਨੀ ਮਿਲੀ ਵਡਿਆਈਆ । ਪੰਜ ਤੱਤ ਕਾਇਆ ਮਾਟੀ ਵੇਖਕੇ ਤਨ, ਤਤਵ ਤਤ ਰੰਗ ਰੰਗਾਈਆ । ਅੰਦਰ ਰਖ ਭੰਡਾਰਾ ਨਾਮ ਧਨ, ਬੈਠਾ ਕੁੰਡਾ ਲਾਈਆ ।
੨੯੧ ਕਰ ਵਸੇਰਾ ਛਪਰ ਛੰਨ, ਆਸਣ ਇਕ ਸੁਹਾਈਆ । ਜੋਤ ਰਵ ਸਸ ਚਾੜ੍ਹ ਚੰਨ, ਅੰਧ ਅੰਧੇਰ ਗਵਾਈਆ । ਰਾਹ ਤਕ ਸ੍ਰੀ ਭਗਵੰਨ, ਆਸਾ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਕਰਮ ਕਹੇ ਕੋਟ ਜਨਮ ਕੀਟਾਂ ਆਸਾ ਬੱਧੀ, ਬੈਠੇ ਧਿਆਨ ਲਗਾਈਆ । ਰਾਹ ਤਕਦੇ ਸੁਦੀ ਵਦੀ, ਕਿਸ਼ਨਾ ਸੁਖਲਾ ਪਖ ਵੰਡ ਵੰਡਾਈਆ । ਕੋਟਨ ਕੋਟ ਆਰ ਪਾਰ ਕਿਨਾਰਾ ਤਕਦੇ ਰਹੇ ਜਗਤ ਨਦੀ, ਸੰਸਾਰ ਸਾਗਰ ਪੰਧ ਨਾ ਕੋਇ ਚੁਕਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਛਡ ਕੇ ਗੱਦੀ, ਗਦਾਗਰ ਹੋ ਕੇ ਘਰ ਘਰ ਫੇਰੀਆਂ ਪਾਈਆ । ਸਾਚੀ ਧਾਰ ਕਿਸੇ ਨਾ ਲੱਭੀ, ਬਨ ਖੋਜਣ ਥਾਉਂ ਥਾਈਂਆ । ਕਰਮ ਕਹੇ ਜਿਸ ਵੇਲੇ ਮੇਰੀ ਪ੍ਰੇਮ ਸਤਾਰ ਵੱਜੀ, ਵਜਹ ਸਾਚੀ ਦਿਤੀ ਸਮਝਾਈਆ । ਆਤਮ ਪਰਮਾਤਮ ਪ੍ਰੀਤੀ ਲਗੀ, ਲਗਾਂ ਮਾਤਰ ਸਿਫ਼ਤ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਗੀਕਾਰ ਇਕ ਹੋ ਜਾਈਆ । ਕਰਮ ਕਹੇ ਮੈਨੂੰ ਸਤਿਗੁਰ ਦਿਤਾ ਜਨਮ, ਜਨਮ ਕਰਮ ਨਾਲ ਮਿਲਾਈਆ । ਮੇਰਾ ਨਾ ਕੋਈ ਮਜ਼੍ਹਬ ਨਾ ਕੋਈ ਬਰਨ, ਜ਼ਾਤ ਵਿਚ ਨਾ ਵੰਡ ਵੰਡਾਈਆ । ਮੈਂ ਕਰਨੀ ਦਾ ਕਰਤਾ ਕਰਤੇ ਦੀ ਕਰਨੀ ਜਿਨ ਭਗਤਾਂ ਬਖ਼ਸ਼ੀ ਸਾਚੀ ਸਰਨ, ਸਰਨਗਤ ਇਕ ਜਣਾਈਆ । ਇਕ ਵੇਰਾਂ ਬਨਵਾਸ ਜਾਂਦਿਆਂ ਮੈਨੂੰ ਰਾਮ ਲੱਗਾ ਸੀ ਫੜਨ, ਕਿਉਂ ਮੇਰੇ ਨਾਲ ਚਲੇਂ ਵਾਹੋ ਦਾਹੀਆ । ਸੀਤਾ ਲਗੀ ਸੀ ਡਰਨ, ਘੁੰਗਟ ਅੱਖਾਂ ਉਤੇ ਟਿਕਾਈਆ । ਲਛਮਣ ਮੇਰੇ ਉਤੇ ਲੱਗਾ ਚੜ੍ਹਨ, ਆਪਣਾ ਬਲ ਵਧਾਈਆ । ਮੈਂ ਕਿਹਾ ਮੈਂ ਬਣ ਕੇ ਹਰਨ, ਸਭ ਨੂੰ ਦੇਣਾ ਹਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਰਮ ਕਹੇ ਇਕ ਦਿਨ ਮੈਂ

ਆ ਗਿਆ ਭੀਲਣੀ ਕੋਲ, ਰਾਤੀਂ ਸੁੱਤਿਆਂ ਲਿਆ ਉਠਾਈਆ । ਸਵਾਂਗੀ ਹੋ ਕੇ ਵਜਾਇਆ ਢੋਲ, ਡੱਗਾ ਅਗੇ ਪਿਛੇ ਲਗਾਈਆ । ਜਿਸ ਵੇਲੇ ਉਸ ਨੇ ਰਾਮ ਲਿਆ ਬੋਲ, ਆਪਣਾ ਧਿਆਨ ਲਗਾਈਆ । ਮੈਂ ਹਸ ਕੇ ਕਿਹਾ ਨਾਲ ਮਖ਼ੌਲ, ਕੀ ਰੌਲਾ ਰਹੀ ਪਾਈਆ । ਓਸ ਨੇ ਕਿਹਾ ਤੂੰ ਕੌਣ ਉਹ ਮੇਰਾ ਮੇਰੇ ਕੋਲ, ਝਲੀ ਨਾ ਜਾਏ ਜੁਦਾਈਆ । ਮੈਂ ਓਸੇ ਵੇਲੇ ਬਣ ਕੇ ਪੰਡਤ ਪਾਂਧਾ ਰੌਲ, ਪਤਰੀ ਉਹਨੂੰ ਦਿਤੀ ਵਖਾਈਆ । ਮੈਨੂੰ ਢਾਈ ਦੇ ਚੌਲ ਤੈਨੂੰ ਅਗਲਾ ਲੇਖਾ ਦਿਆਂ ਸਮਝਾਈਆ । ਓਸ ਨੇ ਪੰਜਾਂ ਰੰਗਾਂ ਵਾਲੀ ਆਪਣੀ ਅੰਗੀ ਲਈ ਫੋਲ, ਵਿਚੋਂ ਦਾਣਾ ਚੌਲ ਇਕ ਬਾਹਰ ਕਢਾਈਆ । ਕਹਿੰਦੀ ਡੇਢ ਦੀ ਅਜੇ ਨਹੀਂ ਲੋੜ, ਵੇਲਾ ਬਾਕੀ ਬਹੁਤਾ ਨਜ਼ਰੀ ਆਈਆ । ਕਰਮ ਕਹੇ ਮੈਂ ਓਸ ਨੂੰ ਕਿਹਾ ਕੋਈ ਆਪਣੇ ਅੰਦਰੋਂ ਅੱਖ ਖੋਲ੍ਹ, ਦੋਵੇਂ ਅੱਖਾਂ ਉਂਗਲਾਂ ਨਾਲ ਦਬਾਈਆ । ਜਿਸ ਵੇਲੇ ਤੇਰਾ ਰਾਮ ਤੇਰਾ ਤੋਲ ਦੇਵੇ ਤੋਲ, ਕੰਡਾ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭੀਲਣੀ ਕਿਹਾ ਤੂੰ ਪੰਡਤ ਕੌਣ, ਆਪਣਾ ਟਿਕਾਣਾ ਦੇ ਜਣਾਈਆ । ਮੈਂ ਕਿਹਾ ਮੈਂ ਸਦਾ ਰਵਿਆ ਵਿਚ ਪੌਣ, ਆਸਣ ਸਿੰਘਾਸਣ ਨਾ ਕੋਇ ਬਣਾਈਆ । ਮੈਂ ਭਗਤਾਂ ਨੂੰ ਨਹੀਂ ਦੇਂਦਾ ਸੌਣ, ਸੁੱਤਿਆਂ ਰਿਹਾ ਜਗਾਈਆ । ਮਨਮੁਖਾਂ ਨੂੰ ਚੁੱਕਣ ਨਹੀਂ ਦੇਂਦਾ ਧੌਣ, ਮੂੰਹ ਦੇ ਭਾਰ ਸੁਟਾਈਆ । ਤੇਰਾ ਰਾਮ ਤੈਨੂੰ ਆਇਆ ਮਿਲੌਣ, ਸ਼ਹਾਦਤ ਦੇਵਾਂ ਨਾਲ ਗਵਾਹੀਆ । ਮੈਨੂੰ ਹੁਕਮ ਦਿਤਾ ਕਰਨੀ ਕਰਤੇ ਕਰੌਣ, ਜੋ ਕਰਤਾ ਪੁਰਖ ਬੇਪਰਵਾਹੀਆ । ਮੈਂ ਤੇਰਾ ਉਜੜਿਆ ਖੇੜਾ ਆਇਆ ਵਸੌਣ, ਵੇਖ ਮੇਰਾ ਰੂਪ ਸਤਿ ਸਰੂਪ ਜੋ ਤੇਰੇ ਵਿਚ ਸਮਾਈਆ । ਭੀਲਣੀ ਉਚੀ ਚੁੱਕਕੇ ਵੇਖਿਆ ਧੌਣ, ਹੱਥ ਮੱਥੇ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬ੍ਰਾਹਮਣ ਦਏ ਸੰਦੇਸ਼ਾ ਇਕ, ਕਰਮ ਆਪਣਾ ਰੂਪ ਵਟਾਈਆ । ਓਧਰੋਂ ਇਕ ਭਿਖਾਰੀ ਆ ਗਿਆ ਮੰਗਦਾ ਭਿਖ, ਚਾਰ ਤਣੀਆਂ ਵਾਲੀ ਗੋਦੜੀ ਹੱਥ ਉਠਾਈਆ । ਓਸ ਨੇ ਕਿਹਾ ਕੁਛ ਇਹਦੇ ਵਿਚ ਸਿੱਟ, ਮੇਰਾ ਭੰਡਾਰਾ ਦੇ ਭਰਾਈਆ । ਓਸ ਬ੍ਰਾਹਮਣ ਨੇ ਕਰਮ ਰੂਪ ਨੇ ਇਕ ਨਿੱਕੀ ਜਿਹੀ ਫੜ ਕੇ ਇੱਟ, ਉਹਦੇ ਵਿਚ ਦਿਤੀ ਟਿਕਾਈਆ । ਉਹ ਦੁਹੱਥੜ ਮਾਰ ਕੇ ਪਿਆ ਪਿਟ, ਉਚੀ ਕੂਕ ਸੁਣਾਈਆ । ਓਧਰੋਂ ਭੀਲਣੀ ਨੂੰ ਆ ਗਈ ਛਿਕ, ਛਿਕ ਦੇ ਨਾਲ ਰਾਮ ਲਿਆ ਧਿਆਈਆ । ਤਿੰਨਾਂ ਦਾ ਵਿਚੋਲਾ ਬਣ ਗਿਆ ਇਕ, ਏਕੰਕਾਰ ਬੇਪਰਵਾਹੀਆ । ਨਾਮ ਅਗੰਮੀ ਮਿਲੀ ਚਿਟ, ਮਾਂਗਤ ਹੱਥ ਫੜਾਈਆ । ਨੇਤਰ ਖੋਲ੍ਹ ਤੈਨੂੰ ਦੁਆਪਰ ਦਾ ਲੇਖਾ ਪਏ ਦਿਸ, ਵਾਰਤਾ ਦੂਹਰੀ ਦਿਤੀ ਦੁਹਰਾਈਆ । ਓਸ ਅੱਗੋਂ ਬੋਲ ਕੇ ਕਿਹਾ ਖਿਝ, ਗ਼ੁੱਸੇ ਨਾਲ ਸੁਣਾਈਆ । ਇਹ ਕੀ ਤੇਰੀ ਬਿਧ, ਮੈਨੂੰ ਦੇ ਬਤਾਈਆ । ਹੁਕਮ ਹੋਇਆ ਨਾ ਕਰ ਜ਼ਿਦ, ਕਲਜੁਗ ਹੋਰ ਨਵਾਂ ਨਜ਼ਰੀ ਆਈਆ । ਤੇਰਾ ਲਹਿਣਾ ਦੇਣਾ ਜਿਸ, ਸੋ ਮਾਲਕ ਰਿਹਾ ਸਮਝਾਈਆ । ਧਰਨੀ ਧਰਤ ਧੌਲ ਮਾਣ ਵਡਿਆਈ ਸਵਾ ਗਿਠ, ਜਿਸ ਉਪਰ ਚਰਨ ਟਿਕਾਈਆ । ਤੇਰੀ ਨੰਗੀ ਨਾ ਹੋਵੇ ਪਿਠ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਭਗਤ ਭਗਵਾਨ ਦਾ ਲੇਖਾ ਦੇਵੇ ਲਿਖ, ਦੂਜਾ ਸੰਗ ਨਾ ਕੋਇ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੂਰਬ ਜਨਮ ਦਾ ਲਹਿਣਾ ਦੇਣਾ ਦੇਵਣਹਾਰਾ ਸੰਸਾਰ ਵਿਚ, ਸੰਸਾਰੀਆਂ ਵਿਚੋਂ ਸੰਸਾਰ ਆਪਣਾ ਲਏ ਵਸਾਈਆ ।


੨੯੨

## ❋ ੨੩ ਮਾਘ ੨੦੨੧ ਬਿਕ੍ਰਮੀ ਹਰਭਜਨ ਸਿੰਘ ਦੇ ਗ੍ਰਿਹਿ ਪਿੰਡ ਡਾਂਡੀਆ ❋

ਵੇਲਾ ਵਕਤ ਹੱਥ ਨਿਰੰਕਾਰ, ਆਦਿ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਸੋ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਨਿਰਗੁਣ ਨਿਰਾਕਾਰ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਖੇਲ ਅਪਾਰ, ਅਲਖ ਅਗੋਚਰ ਆਪਣੇ ਵਿਚ ਸਮਾਈਆ । ਏਕੰਕਾਰ ਜਾਣੇ ਆਪਣੀ ਧਾਰ, ਜਿਸ ਨੂੰ ਜਨਮੇ ਕੋਈ ਪਿਤਾ ਨਾ ਮਾਈਆ । ਆਦਿ ਨਿਰੰਜਣ ਜੋਤ ਉਜਾਲਾ ਨੂਰ ਅਪਾਰ, ਨੂਰੋ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਆਪੇ ਹੋਇਆ ਖ਼ਬਰਦਾਰ, ਆਪ ਆਪਣਾ ਲਏ ਪਰਗਟਾਈਆ । ਸ੍ਰੀ ਭਗਵਾਨ ਆਪ ਉਪਾ ਕੇ ਆਪਣਾ ਸਚ ਨਿਸ਼ਾਨ, ਸਤਿ ਸਤਿਵਾਦੀ ਨਾਉਂ ਧਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪੇ ਕਰ ਕੇ ਆਪਣੀ ਕਾਰ, ਕਰਨੀ ਕਰਤੇ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੀ ਸਕਣ ਜਾਣ, ਬੇਪਹਿਚਾਣ ਸਮਝ ਕੋਇ ਨਾ ਪਾਈਆ । ਜੋ ਖੇਲੇ ਖੇਲ ਨਿਰਗੁਣ ਸਰਗੁਣ ਵਿਚ ਜਹਾਨ, ਜੁਗ ਚੌਕੜੀ ਆਪਣਾ ਵੇਸ ਵਟਾਈਆ । ਜਿਸ ਨੇ ਸੁਤ ਦੁਲਾਰਾ ਸ਼ਬਦੀ ਜੰਮਿਆ ਇਕ ਬਲਵਾਨ, ਸਚਖੰਡ ਨਿਵਾਸੀ ਥਿਰ ਘਰ ਦਏ ਮਾਣ ਵਡਿਆਈਆ । ਸੋ ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਹੁਕਮੀ ਹੁਕਮ ਕਰ ਫ਼ਰਮਾਣ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਆਪਣੀ ਇਛਿਆ ਆਪੇ ਕਰ ਪਰਵਾਨ, ਵੇਖਣਹਾਰਾ ਚਾਈਂ ਚਾਈਂਆ । ਚਰਨ ਕਵਲ ਸਚਖੰਡ ਦਵਾਰ, ਹਰਿ ਪਰਗਟਾਈਆ । ਛੱਪਰ ਛੰਨ ਨਾ ਚਾਰ ਦੀਵਾਰ, ਦੀਵਾ ਬਾਤੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਕੋਈ ਜਾਣੇ ਨਾ ਵੇਲਾ ਕਵਣ, ਰੁੱਤ ਮਾਹ ਥਿਤ ਸਮਝ ਕਿਸੇ ਨਾ ਆਈਆ । ਜਿਸ ਖੇਲ ਖਿਲਾਇਆ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪਵਣ, ਸੋ ਸਾਹਿਬ ਬੇਪਰਵਾਹੀਆ । ਗੁਰ ਅਵਤਾਰ ਜਿਸ ਦੀ ਧਾਰੋਂ ਜੰਮਣ, ਜੋਤੀ ਜੋਤ ਜੋਤ ਪਰਗਟਾਈਆ । ਜਿਸ ਦੀ ਪ੍ਰੀਤੀ ਪ੍ਰੇਮ ਸੇਵਾ ਕਰਨ ਹਵਨ, ਅਹੂਤੀ ਆਪਣਾ ਆਪ ਟਿਕਾਈਆ । ਜਿਸ ਦਾ ਮੇਲ ਆਦਿ ਜੁਗਾਦਿ ਜੁਗ ਚੌਕੜੀ ਅਵਣ ਗਵਣ, ਪੁਰੀ ਲੋਅ ਆਕਾਸ਼ ਪਾਤਾਲ ਆਪਣਾ ਰੰਗ ਵਖਾਈਆ । ਜਿਸ ਦਾ ਦੋ ਜਹਾਨ ਚਮਨ, ਲੱਖ ਚੁਰਸੀ ਫੁਲ ਫੁਲਵਾੜੀ ਆਪ ਮਹਿਕਾਈਆ । ਓਸ ਦਾ ਲੇਖਾ ਜਾਣੇ ਕਵਣ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਵੇਲਾ ਅੰਤ ਥਿਤ ਨਾ ਜਾਣੇ ਮਾਹ, ਬਰਖ਼ ਮਿਲੇ ਨਾ ਕੋਇ ਵਡਿਆਈਆ । ਪੁਰਖ ਅਬਿਨਾਸ਼ੀ ਜਿਸ ਧਾਰੋਂ ਆਪਣਾ ਆਪ ਲਿਆ ਪਰਗਟਾ, ਸੋ ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਜਿਸ ਦਾ ਮਹਲ ਅਟਲ ਸਦਾ ਰੁਸ਼ਨਾ, ਦਰਗਾਹ ਸਾਚੀ ਵਜਦੀ ਰਹੇ ਵਧਾਈਆ । ਕਿਸੇ ਨੇ ਸਿਫ਼ਤੀ ਨਾਮ ਕਿਹਾ ਖ਼ੁਦਾ, ਕੋਈ ਰਾਮ ਵਾਹਿਗੁਰੂ ਕਹਿ ਕੇ ਰਿਹਾ ਮਨਾਈਆ । ਕਿਸੇ ਨੇ ਹਰਫ਼ਾਂ ਵਿਚ ਲੇਖਾ ਦਿਤਾ ਲਿਖਾ, ਕਾਗ਼ਜ਼ ਕ਼ਲਮ ਸ਼ਾਹੀ ਜੋੜ ਜੁੜਾਈਆ । ਕਿਸੇ ਨੇ ਕਹਿ ਕੇ ਬੇਪਰਵਾਹ, ਪਲੂ ਲਿਆ ਛੁਡਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਆਪਣਾ ਲੇਖਾ ਆਪਣੇ ਹੱਥ ਰਿਹਾ ਰਖਾ, ਦੂਸਰ ਮਿਲੇ ਨਾ ਕੋਇ ਵਡਿਆਈਆ । ਜੋ ਪੰਜ ਤੱਤ ਕਾਇਆ ਚੋਲਾ ਲੋਕਮਾਤ ਗਏ ਹੰਢਾ, ਤਨ ਮਾਟੀ ਜੋੜ ਜੁੜਾਈਆ । ਤਿਨ੍ਹਾਂ ਸ਼ਬਦ ਸੰਦੇਸ਼ਾ ਦੇਂਦਾ ਰਿਹਾ ਥਾਉਂ ਥਾਂ, ਨਿਤ ਨਵਿਤ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਪੁਰਖ ਬੇਪਰਵਾਹੀਆ । ਕਵਣ ਵੇਲਾ ਕਵਣ ਵਕ਼ਤ, ਪ੍ਰਭ ਆਪਣੇ



੨੯੩

ਵਿਚ ਸਮਾਈਆ । ਸ੍ਰਿਸ਼ਟ ਸਬਾਈ ਕੀ ਜਾਣੇ ਜਗਤ, ਜਾਗਰਤ ਜੋਤ ਸਮਝ ਕਿਸੇ ਨਾ ਆਈਆ । ਹੁਕਮੇਂ ਅੰਦਰ ਲੋਕਮਾਤ ਸਾਰੇ ਆਏ ਪਰਤ, ਤਨ ਮਾਟੀ ਖ਼ਾਕੀ ਰਹੇ ਹੰਢਾਈਆ । ਕਿਸੇ ਭੇਵ ਜਣਾਇਆ ਥੋੜ੍ਹਾ ਥੋੜ੍ਹਾ ਅਰਸ਼ ਫ਼ਰਸ਼, ਖ਼ਾਲਕ ਖ਼ਲਕ ਮਖ਼ਲੂਕ ਦਿਤਾ ਦ੍ਰਿੜਾਈਆ । ਜਿਸ ਉਤੇ ਕਰੇ ਆਪਣਾ ਪ੍ਰਭੂ ਤਰਸ, ਅੰਤਰ ਆਤਮ ਪਰਦਾ ਦਿਤਾ ਉਠਾਈਆ । ਪ੍ਰੇਮ ਪ੍ਰੀਤੀ ਮੇਘ ਦਿਤਾ ਬਰਸ, ਅਗਨੀ ਤਤ ਬੁਝਾਈਆ । ਕੂੜੀ ਕਿਰਿਆ ਮੇਟ ਕੇ ਸੋਗ ਹਰਖ਼, ਚਿੰਤਾ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਆਪਣੀ ਖੇਲ ਖਿਲਾਈਆ । ਵੇਲਾ ਵਕਤ ਸੁਹੰਜਣਾ, ਸੋਭਾਵੰਤ ਆਪ ਕਰਤਾਰ । ਕਰੇ ਖੇਲ ਆਦਿ ਨਿਰੰਜਣਾ, ਦੂਸਰ ਨਾ ਕੋਈ ਮੀਤ ਮੁਰਾਰ । ਸੂਰਜ ਚੰਦ ਰਵ ਸਸ ਮੰਡਲ ਮੰਡਪ ਜਿਸ ਦਾ ਰੂਪ ਨਾ ਕੋਈ ਰੇਖਨਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਾ ਕੋਇ ਅਧਾਰ । ਪੁਰਖ ਅਬਿਨਾਸ਼ੀ ਸਰਬ ਨਿਵਾਸੀ ਜਿਸ ਵੇਲੇ ਆਪਣਾ ਧਰਿਆ ਭੇਸਣਾ, ਭੇਖਾਧਾਰੀ ਹੋਇਆ ਆਪ ਉਜਿਆਰ । ਸਚ ਦਵਾਰੇ ਵਸੇ ਆਪਣੇ ਦੇਸਣਾ, ਦਹਿ ਦਿਸ਼ਾ ਨਾ ਪਾਵੇ ਕੋਈ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਥਾਹ ਏਕ ਪ੍ਰਭ ਏਕਾ, ਏਕਾ ਏਕ ਹੱਥ ਵਡਿਆਈਆ । ਦੂਸਰ ਉਸ ਦਾ ਕਿਆ ਕੋਈ ਲਿਖੇ ਲੇਖਾ, ਵੇਲਾ ਵਕਤ ਕਵਣ ਸਮਝਾਈਆ । ਬਿਨ ਹਰਿ ਕਿਰਪਾ ਆਪਣਾ ਆਪ ਨਾ ਆਵੇ ਕਿਸੇ ਚੇਤਾ, ਸੁਰਤੀ ਸੁਰਤ ਨਾ ਕੋਇ ਖੁਲ੍ਹਾਈਆ । ਪੁਰਖ ਅਕਾਲ ਦੀਨ ਦਿਆਲ ਗਹਿਰ ਗੰਭੀਰ ਬੇਨਜ਼ੀਰ ਜਗਤ ਜੁਗ ਚੌਕੜੀ ਖੇਲੇ ਖੇਡਾਂ, ਰਾਗ ਨਾਦ ਸ਼ਬਦ ਧੁਨ ਬ੍ਰਹਮ ਬ੍ਰਹਿਮਾਦ ਰਿਹਾ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਧੁਰ ਦੀ ਸੁਣੀ ਆਵਾਜ਼, ਆਸ਼ਾ ਅੰਦਰ ਪੂਰੀ ਹੋਈ ਖਾਹਿਸ਼, ਸਵਾਸ ਸਵਾਸ ਓਸੇ ਦਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਲਾ ਵਕਤ ਆਦਿ ਜੁਗਾਦਿ ਆਪਣੇ ਹੱਥ ਰਖਾਈਆ ।



੨੯੪

### ✻ ੨੩ ਮਾਘ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ✻

ਨੱਕ ਨਾਲ ਲੇਖਾ ਲਿਖਿਆ ਬਾਲਮੀਕ, ਚਾਰ ਕੁੰਟ ਲਕੀਰ ਇਕ ਲਗਾਈਆ । ਪ੍ਰਭੂ ਤੇਰੀ ਰਖਣੀ ਲੰਬੀ ਉਡੀਕ, ਅਗਲਾ ਧਿਆਨ ਵਧਾਈਆ । ਤੇਰਾ ਵੇਖਣਾ ਖੇਲ ਠੀਕ, ਨਿਰਗੁਣ ਦਾਤੇ ਬੇਪਰਵਾਹੀਆ । ਅਬਿਨਾਸ਼ੀ ਕਰਤੇ ਹੋ ਨਜ਼ਦੀਕ, ਨਿਰਵੈਰ ਦਿਤਾ ਸਮਝਾਈਆ । ਇਸ ਦੀ ਕਵਣ ਕਰੇ ਤਸਦੀਕ਼, ਸ਼ਹਾਦਤ ਕਵਣ ਭੁਗਤਾਈਆ । ਮੈਂ ਕਿਹਾ ਪ੍ਰਭੂ ਤੇਰੀ ਮੇਰੀ ਸੱਚੀ ਪ੍ਰੀਤ, ਗਵਾਹ ਇਕੋ ਨਜ਼ਰੀ ਆਈਆ । ਓਸ ਕਿਹਾ ਕੁਛ ਗਾ ਸੱਚਾ ਗੀਤ, ਮੈਨੂੰ ਦੇ ਸੁਣਾਈਆ । ਬਾਲਮੀਕ ਕਿਹਾ ਤੂੰ ਮੇਰਾ ਮੀਤ, ਇਸ ਤੋਂ ਵੱਡਾ ਢੋਲਾ ਨਜ਼ਰ ਕੋਇ ਨਾ ਆਈਆ । ਕਿਰਪਾ ਨਿਧਾਨ ਵਸਿਉਂ ਚੀਤ, ਮਨ ਚਿੰਤਾ ਦਿਤੀ ਗਵਾਈਆ । ਪੁਰਖ ਅਕਾਲ ਕਿਹਾ ਇਸ ਤੋਂ ਲੇਖਾ ਅਜੇ ਹੋਰ ਵਧੀਕ, ਧੁਰ ਦੀ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪਣੇ ਹੱਥ ਰਖਾਈਆ । ਬਾਲਮੀਕ ਫਿਰ ਨੱਕ ਨਾਲ ਲਾਇਆ ਨੁਕਤਾ, ਦੋਵੇਂ ਹੱਥ ਗਰਦਨ ਪਿਛੇ ਟਿਕਾਈਆ । ਹੇ ਭਗਵਾਨ ਮੈਂ ਜਦੋਂ ਵੇਖਿਆ ਤੈਨੂੰ ਫਿਰਦਾ ਤੁਰਦਾ, ਇਨਸਾਨਾਂ ਵਿਚੋਂ ਇਨਸਾਨ ਨਜ਼ਰੀ ਆਈਆ । ਮੇਰੇ

ਅੰਦਰੋਂ ਕੋਈ ਫੁਰਨਾ ਫੁਰਦਾ, ਪਤਾ ਨਹੀਂ ਕੀ ਤੂਹੀਂ ਰਿਹਾ ਸਮਝਾਈਆ । ਮੈਨੂੰ ਲੋਕ ਪਰਲੋਕ ਐਵੇਂ ਨਿੱਕਾ ਜਿਹਾ ਦਿਸਦਾ, ਦੋ ਜਹਾਨ ਤੇਰੀ ਸਰਨਾਈਆ । ਮੈਂ ਏਥੇ ਨਾਂ ਲਵਾਂ ਕਿਸ ਕਿਸ ਦਾ, ਕੋਟਨ ਕੋਟ ਗੁਰੂ ਅਵਤਾਰ ਬੈਠੇ ਸੀਸ ਨਿਵਾਈਆ । ਪਤਾ ਨਹੀਂ ਲਗਦਾ ਹਾਰ ਜਿੱਤ ਦਾ, ਸ਼ਾਹ ਸੁਲਤਾਨ ਤਖ਼ਤ ਤਾਜ ਤੇਰੀ ਭੇਟ ਚੜ੍ਹਾਈਆ । ਸਭ ਤੋਂ ਚੰਗਾ ਲਗੇ ਪਿਆਰ ਤੇਰਾ ਸੱਚੇ ਪਿਤ ਦਾ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਮੇਰਾ ਝਗੜਾ ਮੁਕਾ ਦੇ ਨਿਤ ਦਾ, ਤੇਰੇ ਨਾਲੋਂ ਨਾ ਹੋਏ ਜੁਦਾਈਆ । ਮੈਨੂੰ ਮਾਰਗ ਦੇ ਦੇ ਸਿਖ ਦਾ, ਸਾਚੀ ਸਿਖਿਆ ਇਕੋ ਵਾਰ ਪੜ੍ਹਾਈਆ । ਮੈਂ ਫਿਰ ਕਿਸੇ ਕੋਲੋਂ ਕਦੀ ਨਹੀਂ ਪੁਛਦਾ, ਮਕਤਬ ਪੜ੍ਹਨ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇ ਸਰਨਾਈਆ । ਬਾਲਮੀਕ ਫੇਰ ਨੱਕ ਨਾਲ ਮਿਲਾਇਆ ਨਿੱਕਾ ਜਿਹਾ ਕੰਨਾ, ਡੰਡਾ ਛੋਟਾ ਦਿਤਾ ਜਣਾਈਆ । ਪ੍ਰਭੂ ਤੇਰਾ ਮੇਰਾ ਆਹ ਵੇਖ ਬੰਨਾ, ਭਗਤ ਭਗਵਾਨ ਇਕ ਦੂਜੇ ਦਾ ਸੰਗ ਨਿਭਾਈਆ । ਅਬਿਨਾਸ਼ੀ ਕਿਹਾ ਸੁਣ ਮੇਰਿਆ ਚੰਨਾ, ਤੈਨੂੰ ਸਚ ਦਿਆਂ ਦ੍ਰਿੜਾਈਆ । ਜਿਸ ਵੇਲੇ ਕਲਜੁਗ ਕੂੜਾ ਹੋਇਆ ਅੰਨ੍ਹਾ, ਸਚ ਨੇਤਰ ਨਾ ਕੋਇ ਖੁਲ੍ਹਾਈਆ । ਓਸ ਵੇਲੇ ਨਿਰਗੁਣ ਧਾਰ ਹੋ ਕੇ ਆਵਾਂ ਭੰਨਾ, ਅਗਲਾ ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਚੁਕਾਈਆ । ਬਾਲਮੀਕ ਇਹ ਨਹੀਂ ਕੋਈ ਵੱਡਾ ਆਦਰ, ਅਦਲ ਆਪਣਾ ਸਚ ਦੇ ਸਮਝਾਈਆ । ਭਗਤ ਉਧਾਰ ਕੇ ਬਣਿਆ ਸੂਰਬੀਰ ਬਹਾਦਰ, ਜੋਰਾਵਰ ਅਖਵਾਈਆ । ਕੋਈ ਵਡਿਆਈ ਨਹੀਂ ਜੇ ਪਾਰ ਕਰ ਦੇ ਜਗਤ ਸਾਗਰ, ਲੱਖ ਚੁਰਾਸੀ ਪੰਧ ਮੁਕਾਈਆ । ਸੋਭਾ ਨਹੀਂ ਜੇ ਨਿਰਮਲ ਕਰਮ ਨਾ ਕਰੇਂ ਉਜਾਗਰ, ਦੁਰਮਤ ਮੈਲ ਧੁਵਾਈਆ । ਮੈਂ ਤਦ ਜਾਣਾ ਜੇ ਆਪਣੇ ਉਤੇ ਓਢਣ ਲੈ ਕੇ ਇਕ ਚਾਦਰ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਜਿਹੜੀ ਇੱਕੀਆਂ ਵਾਲੀ ਗਾਗਰ, ਰਸ ਓਸੇ ਦਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬਾਲਮੀਕ ਕਿਹਾ ਪ੍ਰਭੂ ਇਹ ਕੀ ਕੀਤਾ, ਮੈਨੂੰ ਅੰਦਰੋਂ ਦਿਤਾ ਜਗਾਈਆ । ਮੈਂ ਹੋਰ ਕੁਛ ਡੀਠਾ, ਤੈਨੂੰ ਦਿਆਂ ਸਮਝਾਈਆ । ਐਂ ਦਿਸਦਾ ਜਿਸ ਤਰਾ ਪਾਟਾ ਕਿਸੇ ਦਾ ਚੀਥੜ ਨੀਕਾ, ਗ਼ਰੀਬ ਨਿਮਾਣਾ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਕੀ ਬਾਲਮੀਕਾ, ਕੁਛ ਹੋਰ ਦੇ ਦ੍ਰਿੜਾਈਆ । ਰਵਿਦਾਸ ਕਿਹਾ ਮੈਂ ਅਜੇ ਜਨਮ ਨਹੀਂ ਲਿਆ ਮੇਰੀ ਇਸ ਦੇ ਨਾਲ ਪ੍ਰੀਤਾ, ਜੋ ਕਲਜੁਗ ਵਿਚ ਆਪਣਾ ਲੇਖਾ ਇਹਦੀ ਝੋਲੀ ਪਾਈਆ । ਕਲਜੁਗ ਵਿਚ ਮੈਂ ਵੀ ਬਾਲਮੀਕ ਤੇਰੀ ਵੇਖਣ ਔਣੀ ਬਾਲਮੀਕਾ, ਜੋ ਨੱਕ ਨਾਲ ਦਿਤੀ ਖਿਚਾਈਆ । ਪ੍ਰਭੂ ਨੂੰ ਮਿਲਣ ਦਾ ਇਹ ਸਭ ਤੋਂ ਚੰਗਾ ਤਰੀਕਾ, ਨਿਮਾਣੇ ਹੋ ਕੇ ਤੈਨੂੰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਬਾਲਮੀਕ ਕਿਹਾ ਪ੍ਰਭੂ ਮੈਨੂੰ ਅਗਲਾ ਲੇਖਾ ਰਿਹਾ ਭਾਸ, ਮੇਰੀ ਆਤਮ ਦਏ ਗਵਾਹੀਆ । ਮੇਰਾ ਮੇਲਾ ਭਗਤਾਂ ਸਾਥ, ਧੁਰ ਦਾ ਸੰਗ ਬਣਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਆਪਣਾ ਭੇਵ ਖੁਲ੍ਹਾਈਆ । ਇੱਕੀਆਂ ਦੀ ਬੁਝਾ ਕੇ ਪਿਆਸ, ਤ੍ਰਿਖਾ ਦੂਰ ਕਰਾਈਆ । ਮੈਂ ਏਥੇ ਰੱਖੀ ਆਸ, ਜਿਸ ਦੀ ਤ੍ਰਿਸ਼ਨਾ ਨਾ ਕੋਇ ਮਿਟਾਈਆ । ਬੀਸ ਇਕੀਸੇ ਤੇਰਾ ਖੇਲ ਵੇਖਣਾ ਖ਼ਾਸ, ਖ਼ਾਲਸ ਹੋ ਕੇ ਦੇਣਾ ਸਮਝਾਈਆ । ਛੋਟੇ ਵੱਡੇ ਨਿੱਕੇ ਤੇਰੇ ਪ੍ਰੇਮ ਦਾ ਭਰ ਕੇ ਇਕ ਗਲਾਸ, ਤਨ ਤੇਰੇ ਦੇਣ ਛੁਹਾਈਆ । ਤੇਰੇ ਅਗੇ ਸਚਖੰਡ ਜਾਦਿਆਂ ਲਗੇ ਨਾ ਕਿਸੇ ਪਿਆਸ, ਜਗਤ ਤ੍ਰਿਸ਼ਨਾ ਲਗੇ ਨਾ ਰਾਈਆ । ਜਿਸ ਵੇਲੇ ਬਾਲਮੀਕ ਕਿਹਾ ਮੈਂ ਤੇ ਰਵਿਦਾਸ ਦੋਵੇਂ

ਇਕੱਠੇ ਰਹੀਏ ਪਾਸ, ਵਾਹ ਵਾਹ ਪ੍ਰਭੂ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣੇ ਸਭ ਦੇ ਰਿਹਾ ਚੁਕਾਈਆ ।

❊ ੨੩ ਮਾਘ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਖੂਹ ਤੇ, ਸੱਚੇ ਪਾਤਸ਼ਾਹਾਂ ਦਾ ਇਸ਼ਨਾਨ ਕਰਨ ਵੇਲੇ ਸਾਰੀ ਸੰਗਤ ਪਾਸੋਂ ਇਕ ਇਕ ਗਲਾਸ ਪਾਣੀ ਦੀ ਸੇਵਾ ਕਰੌਣੀ ਅਤੇ ਆਪਣੇ ਉਤੇ ਪਵੌਣਾ ❊

ਜਿਸ ਵੇਲੇ ਇਸ ਦੇਹ ਦਾ ਅੰਤਮ ਹੋਇਆ ਇਸ਼ਨਾਨ, ਦੋ ਜਹਾਨ ਜਸ ਅਗੰਮੀ ਗਾਈਆ । ਓਸ ਵੇਲੇ ਹੋਵੇ ਨਾ ਕੋਈ ਹੈਰਾਨ, ਹੈਰਾਨਗੀ ਨਜ਼ਰ ਕੋਇ ਨਾ ਆਈਆ । ਇਸ ਦੀ ਭਸਮ ਦਾ ਸਚ ਨਿਸ਼ਾਨ, ਚਾਰ ਕੁੰਟ ਦਏ ਜਣਾਈਆ । ਲੋਕਮਾਤ ਇੱਕੀ ਬਣਨ ਅਸਥਾਨ, ਏਕਾ ਰੰਗ ਦਏ ਰੰਗਾਈਆ । ਇੱਕੀ ਦਿਵਸ ਪਹਿਲੋਂ ਸਭ ਨੂੰ ਸੰਦੇਸ਼ੇ ਭੇਜੇ ਸ੍ਰੀ ਭਗਵਾਨ, ਭੁਲ ਰਹਿਣ ਕੋਇ ਨਾ ਪਾਈਆ । ਹਰਿ ਸੰਗਤ ਤੇਰਾ ਲੇਖੇ ਲਾਵੇ ਓਸ ਵੇਲੇ ਇਸ਼ਨਾਨ, ਬਚਿਆ ਕੋਇ ਰਹਿਣ ਨਾ ਪਾਈਆ । ਸਭ ਦੀ ਸੇਵਾ ਦਾ ਦੇ ਕੇ ਦਾਨ, ਦਾਤੇ ਧੁਰ ਦੇ ਦਏ ਬਣਾਈਆ । ਵੇਖੋ ਭੁਲ ਨਾ ਜਾਣਾ ਬਣ ਅੰਞਾਣ, ਭਗਤਾਂ ਵਾਲੀ ਰੀਤੀ ਸਮਝਾਈਆ । ਬਾਲਮੀਕ ਖੜਾ ਦਵਾਰੇ ਆਣ, ਆਪਣੀ ਆਸਾ ਰਿਹਾ ਪਰਗਟਾਈਆ । ਰਵਿਦਾਸ ਲਿਖਦਾ ਜਾਏ ਬਿਆਨ, ਭੇਵ ਰਹਿਣ ਕੋਇ ਨਾ ਪਾਈਆ । ਇਹ ਖੇਲ ਸ੍ਰੀ ਭਗਵਾਨ ਹਰਿ ਕਰਤਾ ਆਪ ਰਚਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗਾਂ ਭਰਿਓ ਤੁਹਾਡੇ ਭੰਡਾਰੇ ਆਪਣੇ ਵਿਚੋਂ ਬਾਹਰ ਕਢਾਈਆ । ਬਾਲਮੀਕ ਕਹੇ ਉਠ ਰਵੀ ਗੁਰਮੁਖ ਤੇਰੀ ਆਈ ਖ਼ਾਹਿਸ਼, ਦੋ ਜਹਾਨਾਂ ਖ਼ੁਸ਼ੀ ਨਾਲ ਲਿਆਈਆ । ਹੱਥ ਵਿਚ ਫੜ ਇਕ ਗਲਾਸ, ਉਂਗਲੀਆਂ ਤਿੰਨ ਨਾਲ ਛੁਹਾਈਆ । ਦੂਰ ਦੁਰਾਡਿਆਂ ਗੁਰਮੁਖਾਂ ਦੀ ਬੁਝੇ ਪਿਆਸ, ਗੁਰਮੁਖਾਂ ਦੀ ਤ੍ਰਿਸ਼ਨਾ ਦਏ ਗਵਾਈਆ । ਧੁਰ ਦਵਾਰੇ ਹੋਵੇ ਨਾ ਕੋਈ ਨਿਰਾਸ, ਨਿਰਾਸਤਾ ਸਭ ਦੀ ਮੇਟ ਮਿਟਾਈਆ । ਜਿਸ ਦੇ ਪਿਛੋਂ ਭਗਤਾਂ ਦੀ ਚਲਦੀ ਰਹਿਣੀ ਸ਼ਾਖ਼, ਭਗਵਨ ਆਪਣੀ ਧਾਰ ਬੰਧਾਈਆ । ਫੇਰ ਸੰਦੇਸ਼ਾ ਦੇਵੇ ਧੂੜੀ ਰਾਖ, ਖ਼ਾਕ ਸਭ ਨੂੰ ਦਏ ਸਮਝਾਈਆ । ਜਨ ਭਗਤੋ ਜਿਉਂਦਿਆਂ ਦਰਸ਼ਨ ਦਾ ਇਤਫ਼ਾਕ, ਦੇਹ ਦੇ ਪਿਛੋਂ ਸੀਨੇ ਚਾਕ ਦਏ ਕਰਾਈਆ । ਧੁਰ ਦਾ ਲੇਖਾ ਹਰਿ ਦਾ ਵਾਕ, ਭਵਿਖਤਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗਲਾਸ ਕਹੇ ਸੁਣ ਸਾਹਿਬ ਗੋਬਿੰਦ, ਸਚ ਦਿਆਂ ਦ੍ਰਿੜਾਈਆ । ਜਿਸ ਵੇਲੇ ਪਿਆਸਾ ਮੋੜਿਆ ਬਣਾ ਕੇ ਆਪਣੀ ਬਿੰਦ, ਜੁਝਾਰ ਜੂਝ ਕੇ ਤੇਰਾ ਧਿਆਨ ਰਖਾਈਆ । ਉਹ ਸਾਂਭ ਕੇ ਰੱਖੀ ਤੂੰ ਕਿਸ ਬਿਧ, ਆਪ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਨਣਹਾਰ ਇਕ ਅਖਵਾਈਆ । ਗੋਬਿੰਦ ਕਿਹਾ ਮੈਨੂੰ ਪੁਤਰਾਂ ਦੀ ਨਹੀਂ ਪਿਆਸ, ਸਤਿ ਸਤਿਵਾਦੀ ਹੋ ਕੇ ਦਿਆਂ ਜਣਾਈਆ । ਮੈਨੂੰ ਗੁਰਮੁਖਾਂ ਦੀ ਸਦਾ ਆਸ, ਜੋ ਜੁਗ ਚੌਕੜੀ ਮੇਰਾ ਸੰਗ ਨਿਭਾਈਆ । ਇਹ ਧੁਰ ਸੰਦੇਸ਼ਾ ਦਿਤਾ ਪੁਰਖ ਅਬਿਨਾਸ਼, ਅਗੰਮੀ ਹੁਕਮ ਜਣਾਈਆ । ਗੋਬਿੰਦ ਜਿਸ ਵੇਲੇ ਮੈਂ ਹੋਵਾਂ ਤੇਰੇ ਸਾਥ, ਲੋਕਮਾਤ ਲਵਾਂ ਅੰਗੜਾਈਆ । ਓਸ ਵੇਲੇ ਗੁਰਮੁਖਾਂ ਦੀ ਇਕੱਠੀ ਬੁਝਾ ਦਿਆਂ ਪਿਆਸ, ਜਨਮ ਜਨਮ ਦੀ ਤ੍ਰਿਸ਼ਨਾ ਦਿਆਂ ਗਵਾਈਆ । ਜੋਤੀ


੨੯੬

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਓਸੇ ਦੀ ਬਖ਼ਸ਼ਿਸ਼ ਆਪਾ ਦਾਤ, ਕਰਾਂ ਮਾਤ ਨਾ ਕੋਇ ਜਣਾਈਆ । ਗਲਾਸ ਕਹੇ ਮੈਨੂੰ ਗੁਰਮੁਖ ਭਰ, ਪ੍ਰੇਮ ਪ੍ਰੀਤੀ ਨਾਲ ਰਲਾਈਆ । ਮੇਰਾ ਪੂਰਾ ਹੋਵੇ ਵਰ, ਹਰਿ ਵਰਿਆਮ ਦੇਵੇ ਵਡਿਆਈਆ । ਇਸ ਦੀ ਸੇਵਾ ਲਵਾਂ ਕਰ, ਜਿਸ ਦੇ ਸੇਵਕ ਗੁਰ ਅਵਤਾਰ ਨਜ਼ਰੀ ਆਈਆ । ਬਿਨ ਰੂਪ ਰੰਗ ਰੇਖ ਪਰਗਟ ਹੋਇਆ ਨਰਾਇਣ ਨਰ, ਦਰ ਸਾਚੇ ਡੇਰਾ ਲਾਈਆ । ਸਚ ਸੰਦੇਸ਼ਾ ਜਨ ਭਗਤਾਂ ਦੇਵਾਂ ਘਲ, ਇਕੋ ਵਾਰ ਅਲਾਈਆ । ਗੁਰਮੁਖੋ ਆਖ਼ਰੀ ਮੰਜ਼ਲ ਦਾ ਅਖ਼ੀਰੀ ਜਲ, ਜਲਾਂ ਵਿਚੋਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗਲਾਸ ਕਹੇ ਮੈਨੂੰ ਨਜ਼ਰੀ ਆ ਗਈ ਚਿੱਟੀ ਚਾਦਰ, ਸੋਹਣੀ ਸੇਵਾ ਰਹੀ ਕਮਾਈਆ । ਜਿਸ ਵੇਲੇ ਗੋਬਿੰਦ ਪੰਜਾਂ ਦਿਤਾ ਸੀ ਆਦਰ, ਹੇਠਾਂ ਦਿਤੀ ਵਿਛਾਈਆ । ਜਿਸ ਵੇਲੇ ਅੰਮ੍ਰਿਤ ਕੱਢਿਆ ਸੀ ਵਿਚੋਂ ਬਾਹਰ ਸਾਗਰ, ਚੌਦਾਂ ਰਤਨਾਂ ਖੋਜ ਖੁਜਾਈਆ । ਓਸ ਵੇਲੇ ਪ੍ਰੇਮ ਪਿਆਰ ਨਾਲ ਗੁਪਤ ਦਿਤਾ ਸੀ ਆਦਰ, ਪ੍ਰਭ ਮਿਹਰ ਨਜ਼ਰ ਉਠਾਈਆ । ਸਚ ਦਵਾਰੇ ਕੀਤਾ ਸੀ ਸਚਾ ਆਦਲ, ਇਨਸਾਫ਼ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਵਖਾਈਆ । ਚਾਦਰ ਕਹੇ ਜਿਸ ਵੇਲੇ ਬਾਲਮੀਕ ਮੇਰੀ ਮਾਰੀ ਸੀ ਬੁੱਕਲ, ਮੈਂ ਰੋ ਰੋ ਅੱਖੀਆਂ ਨੀਰ ਵਹਾਈਆ । ਓਸ ਵੇਲੇ ਓਹਦੇ ਅੰਤਰ ਇਕ ਧਾਰ ਆਈ ਸੀ ਉਤਰ, ਜੋਤ ਨੂਰ ਕਰ ਰੁਸ਼ਨਾਈਆ । ਓਸ ਨੇ ਕਿਹਾ ਨਾ ਰੋ ਮੇਰੇ ਪੁੱਤਰ, ਤੈਨੂੰ ਦਿਆਂ ਵਡਿਆਈਆ । ਬਾਲਮੀਕ ਕਿਹਾ ਪਹਿਲੋਂ ਮੈਨੂੰ ਚੁਕ ਕੁੱਛੜ, ਬੱਚਿਆਂ ਵਾਂਗ ਉਂਗਲੀ ਲਾਈਆ । ਫਿਰ ਮੈਂ ਤੇਰਾ ਕਰਾਂ ਸ਼ੁਕਰ, ਖ਼ੁਸ਼ੀਆਂ ਢੋਲਾ ਗਾਈਆ । ਅਗੋਂ ਧੁਰਦਰਗਾਹੀ ਆਇਆ ਉਤਰ, ਸਚ ਸੰਦੇਸ਼ਾ ਦਿਤਾ ਸੁਣਾਈਆ । ਮੈਂ ਕਦੇ ਨਾ ਜਾਵਾਂ ਮੁੱਕਰ, ਅਗਲਾ ਲੇਖਾ ਦਿਆਂ ਵਖਾਈਆ । ਜਿਸ ਵੇਲੇ ਕਲਜੁਗ ਹੋਵੇ ਕੂੜ ਕੁੜਿਆਰਾ ਪੁਰਖ ਅਬਿਨਾਸ਼ੀ ਜਨ ਭਗਤਾਂ ਦਾ ਖਾਵੇ ਲਿਆਂਦਾ ਸੁੱਕਾ ਟੁੱਕੜ, ਟੁਕੜਿਆਂ ਦਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਚਾਦਰ ਕਹੇ ਮੇਰਾ ਖ਼ੁਸ਼ੀ ਹੋਇਆ ਬੰਦ ਬੰਦ, ਮੇਰੇ ਘਰ ਵਜੀ ਵਧਾਈਆ । ਜਿਸ ਵੇਲੇ ਗੋਤਮ ਤਕਿਆ ਸੀ ਚੰਦ, ਹੁਕਮ ਦਿਤਾ ਸੁਣਾਈਆ । ਓਸ ਵੇਲੇ ਮੇਰੀ ਕੰਨੀ ਨੂੰ ਦਿਤੀ ਸੀ ਗੰਢ, ਦੋਹਾਂ ਹੱਥਾਂ ਨਾਲ ਬੰਧਾਈਆ । ਨਾਲੇ ਬੋਲ ਕੇ ਸੋਹੰ ਛੰਦ, ਮੁਖੋਂ ਕਿਹਾ ਤੇਰੀ ਬੇਪਰਵਾਹੀਆ । ਧੁਰ ਆਵਾਜ਼ ਆਈ ਇਹ ਖੇਲ ਵੇਖ ਪਖੰਡ, ਭਰਮੀਆਂ ਭਰਮ ਜਣਾਈਆ । ਜਿਸ ਵੇਲੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਲੰਘ, ਪਰਦਾ ਓਹਲਾ ਦਿਆਂ ਉਠਾਈਆ । ਜਨ ਭਗਤਾਂ ਪਾਵਾਂ ਠੰਡ, ਅੰਮ੍ਰਿਤ ਮੇਘ ਇਕ ਬਰਸਾਈਆ । ਤੇਰੀ ਚਾਦਰ ਦਾ ਹੋਵੇ ਸੰਗ, ਅੰਗ ਆਪਣੇ ਨਾਲ ਛੁਹਾਈਆ । ਗੁਰਮੁਖਾਂ ਦੀ ਹੋਵੇ ਵੰਡ, ਭਗਤਾਂ ਦੀ ਝੋਲੀ ਭਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਮਾਲਕ ਇਕ ਬਖ਼ਸ਼ੰਦ, ਸਬੱਬ ਨਾਲ ਮੇਲਾ ਲਏ ਮਿਲਾਈਆ ।



੨੯੭

ਜਲ ਕਹੇ ਜਿਸ ਵੇਲੇ ਮੈਂ ਪ੍ਰੇਮ ਧਾਰ ਵਿਚ ਵਗਿਆ, ਆਪਣਾ ਰਾਹ ਚਲਾਈਆ । ਉਪਰੋਂ ਆ ਕੇ ਚਰਨਾਂ ਦੇ ਕੋਲੋਂ ਲੰਘਿਆ, ਛੋਹ ਕੇ ਖ਼ੁਸ਼ੀ ਮਨਾਈਆ । ਸਚ ਪੁੱਛੋ ਦੇਵਤ ਸੁਰ ਸਭ ਨੇ ਖ਼ਾਲੀ ਹੱਥ ਡਾਹ ਕੇ ਮੰਗਿਆ, ਧਿਆਨ ਚਰਨਾਂ ਵਿਚ ਟਿਕਾਈਆ । ਦੁਹਾਈ ਦੁਹਾਈ ਕਰਦੀ

ਵੇਖੀ ਗੰਗਿਆ, ਜਮਨਾ ਸੁਰਸਤੀ ਗੋਦਾਵਰੀ ਨਾਲ ਕੁਰਲਾਈਆ । ਦੋ ਜਹਾਨ ਕਹਿਣ ਸਾਨੂੰ ਖੋਜਿਆਂ ਕਿਤੋਂ ਨਾ ਲੱਭਿਆ, ਚਾਰ ਕੁੰਟ ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਗੁਰ ਅਵਤਾਰ ਕਹਿਣ ਇਹ ਰਸ ਅਗੰਮਾ ਮਧਿਆ, ਮਧਰ ਖ਼ੁਮਾਰੀ ਦਏ ਚੜ੍ਹਾਈਆ । ਜਿਸ ਦੀ ਲੰਘ ਗਿਆ ਅੰਦਰ ਸ਼ਾਹ ਰਗਿਆ, ਓਸ ਨੂੰ ਸ਼ਹਿਨਸ਼ਾਹ ਦਿਤਾ ਮਿਲਾਈਆ । ਜਨਮ ਜਨਮ ਦੀ ਬੁਝਾ ਕੇ ਅੱਗਿਆ, ਅਗਿਆਨ ਅੰਧੇਰ ਦਿਤਾ ਮਿਟਾਈਆ । ਕੂੜੀ ਕਿਰਿਆ ਦੀ ਕਰ ਕੇ ਹੱਤਿਆ, ਭਾਂਡਾ ਭਰਮ ਭਉ ਭੰਨਾਈਆ । ਜੁਗ ਚੌਕੜੀ ਜੋ ਪੁਰਖ ਅਬਿਨਾਸ਼ੀ ਸਾਂਭ ਕੇ ਰੱਖਿਆ, ਅਣਮਿਣਤ ਆਪਣੇ ਵਿਚ ਟਿਕਾਈਆ । ਤਿਸ ਦਾ ਖੇਲ ਵੇਖਿਆ ਅੱਖੀਆਂ, ਆਖ਼ਰ ਰਿਹਾ ਜਣਾਈਆ । ਚਾਰ ਜੁਗ ਚਰਨੋਦਕ ਕਿਸੇ ਹੱਥ ਨਾ ਆਇਆ ਸਖ਼ੀਆਂ, ਤਟ ਕਿਨਾਰੇ ਦੇਣ ਦੁਹਾਈਆ । ਵਖਰਾ ਪ੍ਰੇਮ ਵਸਿਆ ਜਲਮੀਨ ਮੱਛੀਆਂ, ਮੱਛਾਂ ਕੱਛਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਜਲ ਕਹੇ ਜਿਸ ਵੇਲੇ ਮੈਂ ਧਰਨੀ ਅੰਦਰ ਤੁਰਿਆ, ਆਪਣਾ ਆਪ ਛੁਪਾਈਆ । ਮੈਂ ਸ਼ੁਕਰ ਕੀਤਾ ਕਿਸੇ ਹੱਥ ਨਹੀਂ ਆਇਆ ਨਿਗੁਰਿਆ, ਮੇਰੀ ਵੰਡ ਨਾ ਕੋਇ ਵੰਡਾਈਆ । ਮੈਂ ਖ਼ਾਕ ਵਿਚ ਜੁੜਿਆ, ਤਾਕ ਅਗਲਾ ਲਿਆ ਖੁਲ੍ਹਾਈਆ । ਯਾਦ ਆਈ ਜਿਸ ਵੇਲੇ ਗੋਬਿੰਦ ਨੂੰ ਫੁਰਨਾ ਫੁਰਿਆ, ਪੁਰਖ ਅਕਾਲ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲਖ ਅਗੰਮ ਅਥਾਹ ਸਾਚੀ ਕਰਨੀ ਰਿਹਾ ਕਰਾਈਆ । ਜਲ ਕਹੇ ਮੈਂ ਫੁਰਨਾ ਦੱਸਾਂ ਗੋਬਿੰਦ ਇਕ, ਜਿਸ ਨੂੰ ਸਕੇ ਨਾ ਕੋਇ ਸਮਝਾਈਆ । ਜਿਸ ਵੇਲੇ ਧੁਰ ਦਾਤੇ ਪੁਰਖ ਅਕਾਲ ਦਿਤਾ ਸੀ ਲਿਖ, ਬਿਨ ਅੱਖਰਾਂ ਹੱਥ ਫੜਾਈਆ । ਨਾਮ ਅਮੋਲਕ ਪਾ ਕੇ ਭਿਖ, ਝੋਲੀ ਦਿਤੀ ਭਰਾਈਆ । ਹੱਥ ਮਾਰ ਕੇ ਪਿਠ, ਸਚ ਬਖ਼ਸ਼ੀ ਸਰਨਾਈਆ । ਗੋਬਿੰਦ ਨੂੰ ਪੁਤ ਬਣਾ ਕੇ ਸਿੱਖ, ਆਪਣੀ ਆਸਾ ਦਿਤੀ ਵਖਾਈਆ । ਓਸ ਨੇ ਕਿਹਾ ਮੈਂ ਤੇਰਾ ਪਿਆਰ ਮੰਗਾਂ ਨਿਤ, ਪੁਤ ਸਿੱਖ ਤੇਰਾ ਰੂਪ ਨਜ਼ਰੀ ਆਈਆ । ਤੂੰ ਸਾਹਿਬ ਮਾਲਕ ਹੋ ਕੇ ਬਣ ਜਾ ਪਿਤ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਪੁਰਖ ਅਕਾਲ ਦੇ ਕੇ ਚਿਟ, ਧੁਰ ਦੀ ਚਿੱਠੀ ਹੱਥ ਫੜਾਈਆ । ਜਿਸ ਵੇਲੇ ਲੋਕਮਾਤ ਕਲਜੁਗ ਅੰਤਮ ਹੋ ਕੇ ਆਇਆ ਇਕ, ਏਕੰਕਾਰ ਰੂਪ ਧਰਾਈਆ । ਫੇਰ ਵਸਾਂ ਤੇਰੇ ਦੇਸ ਵਿਚ, ਸਚ ਸੁਹੰਜਣਾ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੀ ਕਾਰ ਆਪ ਕਰਾਈਆ । ਜਲ ਕਹੇ ਮੈਂ ਨਹੀਂ ਕੀਤੀ ਜਲਦੀ, ਨਵ ਨੌ ਚਾਰ ਚੌਕੜੀ ਬੈਠਾ ਰਿਹਾ ਧਿਆਨ ਲਗਾਈਆ । ਇਹ ਕੋਈ ਖੇਲ ਨਹੀਂ ਅੱਜ ਕੱਲ ਦੀ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਫੇਰੀਆਂ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਖੇਲ ਅਛਲ ਛਲ ਦੀ, ਵਲ ਛਲਧਾਰੀ ਆਪ ਅਖਵਾਈਆ । ਮੇਰੀ ਧਾਰ ਅਨੋਖੀ ਜਲ ਦੀ, ਆਪਣੇ ਉਤੇ ਦਿਤੀ ਵਹਾਈਆ । ਕੀ ਵਡਿਆਈ ਇਸ ਮਾਟੀ ਖੱਲ ਦੀ, ਤੱਤਾਂ ਰੰਗ ਰੰਗਾਈਆ । ਜਿਸ ਵੇਲੇ ਅਰਜਨ ਦੀ ਕਾਇਆ ਦੁਖੜਾ ਸੀ ਝਲਦੀ, ਅੰਦਰੇ ਅੰਦਰ ਧਿਆਨ ਲਗਾਈਆ । ਇਕ ਵੇਰਾਂ ਵਿਛੋੜੇ ਵਿਚ ਜੇ ਤੇਰੀ ਮਾਟੀ ਹੋਵੇ ਬਲਦੀ, ਮੈਂ ਵੇਖਾਂ ਚਾਈਂ ਚਾਈਂਆ । ਪਾਰਬ੍ਰਹਮ ਪਤਿਪਰਮੇਸ਼ਵਰ ਤੈਨੂੰ ਪਤਾ ਨਹੀਂ ਇਸ ਪ੍ਰੇਮ ਪਿਆਰ ਸਲ ਦੀ, ਜਿਸ ਦਾ ਆਰ ਪਾਰ ਨਜ਼ਰ ਕੋਇ ਨਾ ਆਈਆ । ਅਗੋਂ ਆਵਾਜ਼ ਆਈ ਨਿਹਚਲ ਧਾਮ ਅਟਲ ਦੀ, ਸਤਿ ਸਤਿਵਾਦੀ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਪੁਰਖ ਖੇਲ ਵਖਾਈਆ । ਜਲ ਕਹੇ ਮੈਂ ਦੱਸਾਂ ਪਿਛਲੀ ਬਾਤ, ਸਚ ਦਿਆਂ ਦ੍ਰਿੜਾਈਆ ।

ਜਿਸ ਵੇਲੇ ਭੀਲਣੀ ਕੋਲ ਕੱਟੀ ਸੀ ਇਕ ਰਾਤ, ਰਾਮ ਬਨਵਾਸ ਡੇਰਾ ਲਾਈਆ । ਓਸ ਵੇਲੇ ਓਸ ਜਲ ਵਿਚੋਂ ਭਰ ਕੇ ਇਕ ਗਲਾਸ, ਆਪਣੇ ਉਤੇ ਲਿਆ ਪਾਈਆ । ਫੇਰ ਮਸਤਕ ਟਿੱਕਾ ਲਾ ਕੇ ਸਾਚ, ਭੀਲਣੀ ਦਿਤੀ ਵਡਿਆਈਆ । ਹੌਲੀ ਜਿਹੀ ਅੰਦਰੋਂ ਦਿਤਾ ਆਖ, ਤੂੰ ਇਕੋ ਨਾਮ ਲੈਣਾ ਧਿਆਈਆ । ਓਸ ਕਿਹਾ ਮੈਂ ਅਨਾਥ, ਕੋਝੀ ਕਮਲੀ ਨਾ ਕੋਇ ਚਤੁਰਾਈਆ । ਰਾਮ ਕਿਹਾ ਇਹ ਮੇਰੀ ਰਾਖ, ਰੱਖਿਆ ਕਰੇ ਥਾਉਂ ਥਾਈਂਆ । ਓਸ ਕਿਹਾ ਮੈਂ ਦਰਸ਼ਨ ਮੰਗਾਂ ਸਾਖ਼ਿਆਤ, ਸਵੱਛ ਸਰੂਪੀ ਰੂਪ ਵਟਾਈਆ । ਰਾਮ ਕਿਹਾ ਇਹ ਅਗਲਾ ਹਾਲਾਤ, ਤੈਨੂੰ ਦਿਆਂ ਜਣਾਈਆ । ਭੀਲਣੀ ਕਿਹਾ ਲਿਖ ਕ਼ਲਮ ਦਵਾਤ, ਅੱਖਰਾਂ ਵੰਡ ਵੰਡਾਈਆ । ਰਾਮ ਕਿਹਾ ਮੇਰਾ ਰਾਮ ਮੈਨੂੰ ਪਿਛੋਂ ਰਿਹਾ ਆਖ, ਆਪਣਾ ਹੁਕਮ ਮਨਾਈਆ । ਜਿਸ ਵੇਲੇ ਮੈਂ ਆਪ ਆਵਾਂ ਹੋਏ ਪੁਰਖ ਅਬਿਨਾਸ਼, ਲੋਕਮਾਤ ਫੇਰਾ ਪਾਈਆ । ਓਸ ਵੇਲੇ ਸਾਚੇ ਭਗਤਾਂ ਦਾ ਦੇ ਕੇ ਸਾਥ, ਗੁਰਮੁਖਾਂ ਆਪਣੇ ਅੰਗ ਲਗਾਈਆ । ਰਾਮ ਤੇਰੇ ਪ੍ਰੇਮ ਦਾ ਗਲਾਸ, ਓਹਨਾਂ ਦੇ ਹੱਥ ਦਿਆਂ ਫੜਾਈਆ । ਅੱਗੇ ਕਿਸੇ ਦੀ ਕੋਈ ਲੋੜ ਰਹੇ ਨਾ ਆਸ, ਆਸਾਂ ਦਾ ਮਾਲਕ ਇਕੋ ਨਜ਼ਰੀ ਆਈਆ । ਭੀਲਣੀ ਕਿਹਾ ਮੈਨੂੰ ਤੇਰੇ ਉਤੇ ਵਿਸ਼ਵਾਸ, ਭਰੋਸਾ ਧੁਰ ਦਾ ਦੇਣਾ ਬੰਧਾਈਆ । ਰਾਮ ਕਿਹਾ ਭੀਲਣੀਏ ਕਲਜੁਗ ਹੋਣਾ ਬੜਾ ਬਦਮਾਸ਼, ਚਾਰੋਂ ਕੁੰਟ ਕਰੇ ਲੜਾਈਆ । ਭੀਲਣੀ ਕਿਹਾ ਮੇਰਾ ਸਾਹਿਬ ਆਪੇ ਲਵੇ ਰਾਖ, ਜਿਸ ਦੇ ਹੱਥ ਵੱਡੀ ਵਡਿਆਈਆ । ਰਾਮ ਕਿਹਾ ਮੈਨੂੰ ਹੋਰ ਕੁਛ ਰਿਹਾ ਭਾਖ, ਭਵਿਖਤ ਦਿਆਂ ਵਡਿਆਈਆ । ਜਿੰਨਾਂ ਚਿਰ ਆਪਣੇ ਸਿਰ ਤੇ ਰੱਖੇ ਨਾ ਤਾਜ, ਸ਼ਹਿਨਸ਼ਾਹ ਨਜ਼ਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, । ਜਲ ਕਹੇ ਮੈਂ ਸੇਵਕ ਬਰਦਾ, ਆਦਿ ਜੁਗਾਦੀ ਸੇਵ ਕਮਾਈਆ । ਜਨ ਭਗਤੋ ਹੁਣ ਚਾਕਰ ਹੋ ਗਿਆ ਤੁਹਾਡੇ ਘਰ ਦਾ, ਕਾਇਆ ਅੰਦਰੋਂ ਕਰਾਂ ਸਚ ਸਫ਼ਾਈਆ । ਲੱਖ ਚੁਰਾਸੀ ਵਿਚੋਂ ਮੂਲ ਨਾ ਡਰਦਾ, ਭੈ ਸਾਰੇ ਦਿਤੇ ਮਿਟਾਈਆ । ਜੋ ਮੇਰਾ ਮਾਲਕ ਹੁਕਮ ਕਰਦਾ, ਓਸ ਦੀ ਮੰਨਾਂ ਸਤਿ ਰਜ਼ਾਈਆ । ਜੁਗ ਚੌਕੜੀ ਕਦੇ ਨਾ ਮਰਦਾ, ਅੰਦਰ ਬਾਹਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨਾਤਾ ਦੇ ਬੰਧਾਈਆ । ਜਲ ਕਹੇ ਮੈਨੂੰ ਸਮਝਿਓ ਨਾ ਪਾਣੀ, ਮਾਟੀ ਵਿਚੋਂ ਨਜ਼ਰੀ ਆਈਆ । ਜਨ ਭਗਤੋ ਤੁਹਾਡੇ ਅੰਦਰ ਮਿਲਾ ਦਿਆਂ ਤੁਹਾਡਾ ਹਾਣੀ, ਘਰ ਮੇਲਾ ਸਹਿਜ ਸੁਭਾਈਆ । ਤੁਹਾਡੇ ਅੰਦਰੋਂ ਸੁਣਾ ਦਿਆਂ ਤੁਹਾਡੀ ਬਾਣੀ, ਅਗੰਮੀ ਰਾਗ ਅਲਾਈਆ । ਤੁਹਾਡੇ ਅੰਦਰ ਮਿਲਾ ਦਿਆਂ ਤੁਹਾਡੀ ਰਾਣੀ, ਸੁਰਤੀ ਸ਼ਬਦੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਇਕ ਅਖਵਾਈਆ । ਪਾਣੀ ਕਹੇ ਮੈਂ ਐਵੇਂ ਨਹੀਂ ਰਿਹਾ ਰੁੜਦਾ, ਜੁਗ ਜੁਗ ਆਪਣੀ ਸੇਵ ਕਮਾਈਆ । ਵਹਿੰਦੇ ਵਹਿਣ ਐਵੇਂ ਨਹੀਂ ਰਿਹਾ ਤੁਰਦਾ, ਉਚਿਆਂ ਨਿਕਿਆਂ ਪਰਬਤਾਂ ਵਿਚੋਂ ਸਾਗਰ ਵਿਚ ਸਮਾਈਆ । ਮੇਰੇ ਅੰਦਰ ਇਕ ਫੁਰਨਾ ਸੀ ਰਿਹਾ ਫੁਰਦਾ, ਜਿਸ ਦੀ ਰਮਜ਼ ਨਾ ਕੋਇ ਸਮਝਾਈਆ । ਮੈਂ ਮਿਤਰ ਬਣਿਆ ਰਿਹਾ ਸਾਧ ਸੰਤ ਗੁਰ ਦਾ, ਨਾਤਾ ਜਗਤ ਵਿਚ ਰਖਾਈਆ । ਹੁਣ ਪਤਾ ਲੱਗਾ ਨਾਤਾ ਹੋਰ ਕੋਈ ਜੁੜਦਾ, ਜੋੜਨਹਾਰ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਕਰਨੀ ਲੇਖੇ ਲਾਈਆ । ਜਲ ਕਹੇ ਮੈਂ ਮਿਟਣਾ ਨਹੀਂ ਵਾਂਗ ਜਲ ਤਰੰਗ, ਬੁਦਬੁਦਾ ਰੂਪ ਨਾ ਕੋਇ ਵਖਾਈਆ । ਜੁਗਾਂ ਦੀ ਮੰਗ, ਚੌਕੜੀਆਂ ਦੇਣ ਗਵਾਹੀਆ । ਭਗਤਾਂ ਦਾ ਸੰਗ, ਗੁਰਮੁਖਾਂ ਦਿਆਂ ਵਡਿਆਈਆ । ਸੰਤਾਂ ਦਾ ਅਨੰਦ, ਸਿੱਖਾਂ ਦਿਆਂ ਵਖਾਈਆ । ਪੰਜਾਂ

ਦੀ ਵੰਡ, ਗੋਬਿੰਦ ਧਾਰ ਚਲਾਈਆ । ਜਿਸ ਦੇ ਉਤੋਂ ਦੀ ਗਿਆ ਲੰਘ, ਜਿਸ ਦੇ ਨਾਲ ਮਿਲ ਕੇ ਪੈ ਗਈ ਠੰਡ, ਸਾਂਤ ਸਤਿ ਸਰੂਪ ਸਮਾਈਆ । ਜਨ ਭਗਤੋ ਤੁਸਾਂ ਨਹੀਂ ਵੇਖਿਆ ਮੈਂ ਪ੍ਰਭ ਦੀ ਕਿਰਪਾ ਨਾਲ ਤੁਹਾਡੇ ਅੰਦਰ ਗਿਆ ਲੰਘ, ਆਪਣਾ ਪੰਧ ਮੁਕਾਈਆ । ਮੈਂ ਬੈਠਾ ਜਾ ਕੇ ਓਸ ਸੇਜ ਪਲੰਘ, ਸਚ ਸਿੰਘਾਸਣ ਜੋ ਸਾਹਿਬ ਦਿਤਾ ਵਖਾਈਆ । ਕਵਲ ਨਾਲੋਂ ਕਵਲਾਪਤ ਦਾ ਚੰਗਾ ਅਨੰਦ, ਜੋ ਤਪੀਆਂ ਦਾ ਤਪੀ ਕਲੀਆਂ ਦਾ ਕਲਾ ਨਜ਼ਰੀ ਆਈਆ । ਮੈਂ ਗਾਇਆ ਇਕੋ ਛੰਦ, ਵਾਹ ਵਾਹ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਸਤਾ ਦਿਤਾ ਵਖਾਈਆ । ਜਲ ਕਹੇ ਮੈਂ ਵੇਖਿਆ ਸਚਾ ਰਸਤਾ, ਅਪਰੰਪਰ ਦਿਤਾ ਸਮਝਾਈਆ । ਪ੍ਰੇਮ ਖ਼ੁਮਾਰੀ ਅੰਦਰ ਮਸਤਾ, ਮਸਤੀ ਲਈ ਚੜ੍ਹਾਈਆ । ਖ਼ੁਸ਼ੀਆਂ ਵਿਚ ਹੱਸਦਾ, ਸੋਹਣਾ ਤਾਲ ਵਜਾਈਆ । ਚਾਰ ਕੁੰਟ ਨੱਸਦਾ, ਦਹਿ ਦਿਸ਼ਾ ਭੱਜਾਂ ਵਾਹੋ ਦਾਹੀਆ । ਜਿਥੇ ਗੁਰਮੁਖ ਹੋਵੇ ਵਸਦਾ, ਓਸ ਦੇ ਅੰਦਰ ਡੇਰਾ ਲਾਈਆ । ਮਜ਼ਾ ਦੇਵਾਂ ਆਪਣੇ ਰਸ ਦਾ, ਸਵਾਦ ਸਚਾ ਦਿਆਂ ਵਖਾਈਆ । ਢੋਲਾ ਸੁਣ ਲਵਾਂ ਭਗਤ ਭਗਵਾਨ ਜਸ ਦਾ, ਵੇਦ ਪੁਰਾਨਾ ਨਜ਼ਰੀ ਆਈਆ । ਮੇਲਾ ਵੇਖ ਲਵਾਂ ਭਗਤਾਂ ਦੀ ਅੱਖ ਦਾ, ਪਰਤਖ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਜਲ ਕਹੇ ਮੈਂ ਸਭ ਨੂੰ ਦੇ ਦੇਣਾ ਅੱਜ ਜਵਾਬ, ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਦੇਣਾ ਜਣਾਈਆ । ਕਿਸੇ ਤੀਰਥ ਤਟ ਵਿਚ ਅੰਮ੍ਰਿਤ ਨਾ ਰਿਹਾ ਆਬੇ ਹਯਾਤ, ਆਬਰੂ ਸਾਰਿਆਂ ਦੀ ਦਏ ਗਵਾਈਆ । ਇਕੋ ਮਾਲਕ ਇਕੋ ਦਾ ਖ਼ਤਾਬ, ਖ਼ਤਰਾ ਸਭ ਦੇ ਉਤੇ ਛਾਈਆ । ਇਕੋ ਦਾ ਢੋਲਾ ਇਕੋ ਦਾ ਨਾਦ, ਨਰ ਨਿਰੰਕਾਰਾ ਇਕ ਵਜਾਈਆ । ਇਕੋ ਸੰਤ ਤੇ ਇਕੋ ਸਾਧ, ਸਾਹਿਬ ਇਕੋ ਇਕ ਅਖਵਾਈਆ । ਇਕੋ ਦਾ ਮੰਦਰ ਇਕੋ ਦਾ ਰਾਜ਼, ਇਕੋ ਪਰਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਜਲ ਕਹੇ ਮੈਂ ਉਤੋਂ ਨੱਸਾਂ ਸਭ ਨੂੰ ਦੇਣੀ ਖ਼ਬਰ, ਬੇਖ਼ਬਰਾਂ ਦਿਆਂ ਜਣਾਈਆ । ਤੀਰਥ ਤਟ ਅਠਸਠ ਬਹਿ ਜਾਓ ਕਰ ਕੇ ਸਬਰ, ਸਿਦਕ ਇਕੋ ਇਕ ਜਣਾਈਆ । ਜੁਗ ਚੌਕੜੀ ਪਿਛੋਂ ਸਭ ਦੀ ਪੂਰੀ ਹੋ ਗਈ ਸਧਰ, ਸੱਦਾ ਦੇ ਦੇ ਦਿਆਂ ਸੁਣਾਈਆ । ਕਰਤਾ ਪੁਰਖ ਪ੍ਰਭ ਕਰਨ ਆਇਆ ਇਕ ਅਦਲ, ਅਦਾਲਤ ਇਕੋ ਇਕ ਵਖਾਈਆ । ਸ਼ਬਦ ਵਿਹਾਰ ਕਰ ਕੇ ਸਭ ਕੁਛ ਦੇਵੇ ਬਦਲ, ਬਦਲਾ ਆਪੇ ਦਏ ਚੁਕਾਈਆ । ਆਪਣਾ ਨਾਮ ਦ੍ਰਿੜਾ ਕੇ ਢੋਲਾ ਗ਼ਜ਼ਲ, ਨਗ਼ਮਾ ਇਕ ਸੁਣਾਈਆ । ਹੁਕਮੇਂ ਅੰਦਰ ਆਈ ਸਭ ਦੀ ਅਜ਼ਲ, ਅਰਜ਼ ਸਕੇ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਲ ਕਹੇ ਮੈਂ ਦੇਵਾਂ ਹੋਕਾ, ਹੁਕਮੀਂ ਹੁਕਮ ਸੁਣਾਈਆ । ਨਵ ਸਤ ਵੇਖੋ ਅਖ਼ੀਰੀ ਮੌਕਾ, ਮੁਕੰਮਲ ਦਿਆਂ ਦ੍ਰਿੜਾਈਆ । ਅਬਿਨਾਸ਼ੀ ਕਰਤਾ ਕਰੇ ਨਾ ਕਦੇ ਧੋਖਾ, ਕੂੜੀ ਕਾਰ ਨਾ ਕੋਇ ਕਮਾਈਆ । ਜਨ ਭਗਤਾਂ ਮਾਰਗ ਦੱਸ ਕੇ ਸੌਖਾ, ਔਖਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਜਾਣੇ ਧੁਰਦਰਗਾਹੀਆ । ਜਲ ਕਹੇ ਮੈਂ ਸਰਬ ਜਗਾਵਾਂ, ਧੁਰ ਦਾ ਹੁਕਮ ਸੁਣਾਈਆ । ਭਗਤਾਂ ਪਕੜ ਉਠਾਵਾਂ ਬਾਹਵਾਂ, ਆਪਣੀ ਸੇਵ ਕਮਾਈਆ । ਪੁੱਤਰਾਂ ਨਾਲ ਮਿਲਾਵਾਂ ਮਾਵਾਂ, ਜਣ ਜਣੇਂਦੀ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਈਆ । ਜਲ ਕਹੇ ਮੈਂ ਛਡ ਦਿਤਾ ਝਗੜਾ, ਕਰਵਟ ਲਵਾਂ ਬਦਲਾਈਆ । ਨਾਤਾ ਜੋੜ ਕੇ ਭਗਤਾਂ ਸਗਲਾ,

ਸੰਗੀ ਲਏ ਬਣਾਈਆ । ਜਿਨ੍ਹਾਂ ਦਾ ਲੇਖਾ ਮੁੱਕਿਆ ਅਗਲਾ, ਅਗਲਵਾਂਢੀ ਮਿਲੇ ਬੇਪਰਵਾਹੀਆ । ਜਿਨ੍ਹਾਂ ਦਾ ਧਾਮ ਸਚਖੰਡ ਬੰਗਲਾ, ਮਹਲ ਅਟਲ ਸੋਭਾ ਪਾਈਆ । ਉਹਨਾਂ ਦੇ ਨਾਲ ਮਿਲ ਕੇ ਪ੍ਰਭ ਚਰਨ ਕਰੀ ਬੰਦਨਾ, ਸੀਸ ਜਗਦੀਸ ਝੁਕਾਈਆ । ਅਗੇ ਇਹਨਾਂ ਦਾ ਪੱਲਾ ਨਹੀਂ ਛਡਣਾ, ਲੱਖ ਚੁਰਾਸੀ ਨਾਲੋਂ ਹੋ ਜੁਦਾਈਆ । ਸ੍ਰੀ ਭਗਵਾਨ ਅਗੇ ਇਕੋ ਵਾਸਤਾ ਘਤਣਾ, ਬੇਨੰਤੀ ਦੇਣੀ ਦ੍ਰਿੜ੍ਹਾਈਆ । ਹੇ ਪ੍ਰਭੂ ਮੈਂ ਇਹਨਾਂ ਦੇ ਨਾਲ ਵਸਣਾ, ਜੋ ਤੇਰੇ ਵਾਸਤੇ ਆਪਣਾ ਆਪ ਗਏ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਥ ਦੋਹਾਂ ਦਾ ਇਕੋ ਜਿਹਾ ਰੱਖਣਾ, ਅਗੇ ਪਿਛੇ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤੋ ਤੁਹਾਨੂੰ ਦੇ ਕੇ ਜਾਵੇ ਅੰਮ੍ਰਿਤ ਰਸ ਦੀ ਸਾਚੀ ਦੱਛਣਾ, ਉੱਤਰ ਪੂਰਬ ਪੱਛਮ ਦੱਖਣ ਤਕਣਾ ਚਾਈਂ ਚਾਈਆ ।

### ✻ ੨੪ ਮਾਘ ੨੦੨੧ ਬਿਕ੍ਰਮੀ ਜੁਗਿੰਦਰ ਸਿੰਘ ਦੇ ਗ੍ਰਿਹ ਰੁੜਕਾ ਕਲਾਂ ਜ਼ਿਲਾ ਜਲੰਧਰ ✻

ਜਲ ਕਹੇ ਮੈਂ ਠਾਂਡਾ ਸੀਤ, ਪੁਰਖ ਅਕਾਲ ਦਿਤੀ ਵਡਿਆਈਆ । ਸਚ ਦਵਾਰੇ ਅੰਦਰ ਮੇਰੀ ਪ੍ਰੀਤ, ਪ੍ਰੇਮੀ ਰੂਪ ਵਟਾਈਆ । ਜਨ ਭਗਤਾਂ ਅੰਦਰ ਬੈਠਾ ਰਹਾਂ ਅਤੀਤ, ਅਗਨੀ ਪੋਹ ਨਾ ਸਕੇ ਰਾਈਆ । ਜਿਸ ਵੇਲੇ ਸਾਹਿਬ ਸਤਿਗੁਰ ਕਰੇ ਬਖ਼ਸ਼ੀਸ਼, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਨਾਲ ਰਲਾਈਆ । ਜਲ ਕਹੇ ਮੈਂ ਅੰਮ੍ਰਿਤ ਰੂਪ, ਸਤਿਗੁਰ ਦੇਵਣਹਾਰ ਵਡਿਆਈਆ । ਮੇਰੀ ਆਸਾ ਚਾਰ ਕੂਟ, ਦਹਿ ਦਿਸ਼ਾ ਨੈਣ ਉਠਾਈਆ । ਮੇਰਾ ਮੇਲਾ ਸਤਿ ਸਰੂਪ, ਸਤਿ ਸਤਿਵਾਦੀ ਵਿਚ ਸਮਾਈਆ । ਮੈਂ ਝਗੜਾ ਚੁਕਾਵਾਂ ਜੂਠ ਝੂਠ, ਕੂੜੀ ਕਿਰਿਆ ਪਰੇ ਹਟਾਈਆ । ਜਨ ਭਗਤਾਂ ਕੋਲੋਂ ਮੇਰਾ ਲਓ ਸਬੂਤ, ਜੁਗ ਚੌਕੜੀ ਦੇਵਾਂ ਸਦਾ ਗਵਾਹੀਆ । ਮੈਂ ਹਰ ਘਟ ਵਸਾਂ ਕਾਇਆ ਕਲਬੂਤ, ਤਨ ਮੰਦਰ ਡੇਰਾ ਲਾਈਆ । ਪੁਰਖ ਅਬਿਨਾਸ਼ੀ ਰੱਖਿਆ ਆਪ ਮਹਿਫ਼ੂਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇਲ ਖ਼ਾਲਕ ਆਪ ਜਣਾਈਆ । ਜਲ ਕਹੇ ਮੇਰੀ ਅੰਮ੍ਰਿਤ ਧਾਰ, ਧਰਨੀ ਉਤੋਂ ਹੱਥ ਕਿਸੇ ਨਾ ਆਈਆ । ਜਦ ਮਿਲਿਆ ਸਤਿਗੁਰੂ ਦਵਾਰ, ਦੂਸਰ ਸਕੇ ਨਾ ਕੋਇ ਵਰਤਾਈਆ । ਜਾਂ ਚੜ੍ਹਿਆ ਤੇ ਦਿਤਾ ਰਸ ਖ਼ੁਮਾਰ, ਖ਼ੁਮਾਰੀ ਇਕ ਰਖਾਈਆ । ਜਾਂ ਉਤਰਿਆ ਤੇ ਨਿਝਰ ਧਾਰ, ਝਿਰਨਾ ਅਗੰਮ ਝਿਰਾਈਆ । ਜਾਂ ਕੀਤਾ ਤੇ ਸਚ ਪਿਆਰ, ਦੂਸਰ ਨਾਤਾ ਨਾ ਕੋਇ ਰਖਾਈਆ । ਖੇਲ ਵੇਖਿਆ ਸਵਾਮੀ ਕਰਿਆ ਜੁਗ ਚਾਰ, ਚਾਰੇ ਕੁੰਟ ਅੱਖ ਖੁਲ੍ਹਾਈਆ । ਮੰਗਦਾ ਰਿਹਾ ਬਣ ਦਰਵੇਸ਼ ਭਿਖਾਰ, ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਆਪ ਬਣਾਈਆ । ਜਲ ਕਹੇ ਮੈਂ ਅੰਮ੍ਰਿਤ ਜੀਅ ਕਾ, ਜੀਵਣ ਜੁਗਤ ਦਿਆਂ ਬਦਲਾਈਆ । ਮੇਰਾ ਰੂਪ ਅਨੂਪ ਨੀਕਣ ਨੀਕਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਰੱਖਣ ਉਡੀਕਾ, ਬੈਠਣ ਅੱਖ ਖੁਲ੍ਹਾਈਆ । ਮੇਰੀਆਂ ਓਸ ਦੇ ਨਾਲ ਪ੍ਰੀਤਾ, ਜੋ ਪ੍ਰੀਤਮ ਧੁਰਦਰਗਾਹੀਆ । ਜੋ ਭੇਵ ਚੁਕੌਂਦਾ ਊਚਾ ਨੀਚਾ, ਰਾਓ ਰੰਕਾਂ ਮਿਲੇ ਵਡਿਆਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਸ਼ਰੀਕਾ, ਧੁਰ ਦਾ ਮੇਲਾ ਲਿਆ ਮਿਲਾਈਆ । ਆਦਿ ਜੁਗਾਦੀ ਠਾਂਡਾ ਸੀਤਾ, ਸਤਿ ਸਰੂਪ ਸਮਾਈਆ । ਗੁਰਮੁਖ ਬਣਾਵਾਂ ਤੇਰੀ ਰੀਤਾ, ਦਰਦੀਆਂ ਦੁਖ ਗਵਾਈਆ ।

ਰੰਗ ਰੰਗਾਵਾਂ ਹਸਤ ਕੀਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਮੇਰੇ ਨਾਲ ਰਖਾਈਆ । ਜਲ ਕਹੇ ਮੈਂ ਅੰਮ੍ਰਿਤ ਅਮਿਉਂ, ਏਕਾ ਏਕ ਦਿਤੀ ਵਡਿਆਈਆ । ਮੇਰਾ ਭਗਤਾਂ ਨਾਲ ਨਿਹੋਂ, ਨਿਰੰਕਾਰ ਦਿਤਾ ਜੁੜਾਈਆ । ਸਮੁੰਦ ਸਾਗਰ ਸਾਰੇ ਕਹਿੰਦੇ ਕਿਉਂ, ਕੀ ਤੇਰੇ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਲ ਕਹੇ ਮੇਰਾ ਪ੍ਰੀਤਮ ਸਵਾਮੀ, ਮਾਲਕ ਨਜ਼ਰੀ ਆਈਆ । ਜੋ ਅੰਮ੍ਰਿਤ ਬਣਾਏ ਜਗਤ ਜਲ ਪਾਣੀ, ਮਿਹਰ ਨਜ਼ਰ ਉਠਾਈਆ । ਜਿਸ ਦੀ ਧਾਰੋਂ ਉਪਜੇ ਚਾਰੇ ਖਾਣੀ, ਚਾਰੇ ਬਾਣੀ ਨਾਦ ਵਜਾਈਆ । ਜਿਸ ਦੀ ਆਤਮ ਸੁਘੜ ਸੁਚੱਜੀ ਰਾਣੀ, ਸਵਾਣੀ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਮੇਲ ਮਿਲਾਈਆ । ਜਲ ਕਹੇ ਮੈਂ ਅੰਮ੍ਰਿਤ ਚੋਗਾ, ਅਬਿਨਾਸ਼ੀ ਕਰਤੇ ਲਿਆ ਉਪਜਾਈਆ । ਸਿਰਫ਼ ਰੱਖਿਆ ਭਗਤਾਂ ਜੋਗਾ, ਸਰਫ਼ੇ ਨਾਲ ਰਿਹਾ ਵਰਤਾਈਆ । ਬੇਸ਼ਕ ਭੰਡਾਰਾ ਬਹੁਤਾ, ਦੇਵਣਹਾਰਾ ਆਪ ਵਰਤਾਈਆ । ਜਿਸ ਵੇਲੇ ਮੁਹੰਮਦ ਨੇ ਰੱਖਿਆ ਸੀ ਰੋਜ਼ਾ, ਪਹਿਲੀ ਵਾਰ ਇਕ ਕਤਰਾ ਮੁਖ ਵਿਚ ਦਿਤਾ ਪਾਈਆ । ਓਹ ਬੋਲਣ ਤੋਂ ਹੋਇਆ ਖ਼ਾਮੋਸ਼ਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਓਹਦਾ ਅੰਤਰ ਖੋਲ੍ਹ ਕੇ ਲੋਚਾ, ਨੈਣ ਦਿਤਾ ਬਦਲਾਈਆ । ਇਕੋ ਬਖ਼ਸ਼ੀ ਸਾਚੀ ਸੋਚਾ, ਸਮਝ ਦਿਤੀ ਦ੍ਰਿੜਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਸਾਚਾ ਮੌਕਾ, ਜਿਸ ਵਿਚ ਮਿਲੇ ਬੇਪਰਵਾਹੀਆ । ਦੂਜਾ ਸੁਣ ਕੇ ਨਾਦ ਅਗੰਮ ਹੋਕਾ, ਕਲਮਾ ਦਿਤਾ ਦ੍ਰਿੜਾਈਆ । ਚਰਨ ਕਵਲ ਵਖਾ ਕੇ ਕੋਠਾ, ਦਰਗਾਹ ਸਚ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸਾਚੀ ਬਣਤ ਬਣਾਈਆ । ਅੰਮ੍ਰਿਤ ਕਹੇ ਮੈਂ ਪਾਣੀ ਜਲ, ਜਲ ਪਾਣੀ ਅੰਮ੍ਰਿਤ ਰੂਪ ਵਟਾਈਆ । ਮੈਂ ਪਰਗਟ ਹੋ ਕੇ ਵਿਚੋਂ ਥਲ, ਸਲ ਧਰਤੀ ਦਿਆਂ ਗਵਾਈਆ । ਖ਼ਾਕ ਵਿਚ ਰਲ, ਦੇਵਾਂ ਮਾਣ ਵਡਿਆਈਆ । ਜਿਸ ਵੇਲੇ ਭਗਤਾਂ ਅੰਦਰ ਆਵਾਂ ਚਲ, ਰੂਪ ਆਪਣਾ ਹੋਰ ਪਰਗਟਾਈਆ । ਪੂਰਬ ਕਮਾਈ ਦਾ ਦੇਵਾਂ ਫਲ, ਕੀਤੀ ਕਰਨੀ ਝੋਲੀ ਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸ਼ਨਾ ਡੂੰਘੇ ਵੇਖੇ ਝਲ, ਝਲ ਵਿਚੋਂ ਬਾਹਰ ਕਢਾਈਆ । ਅੰਤਰ ਸਾਫ਼ ਸੁਥਰਾ ਕਰ ਕੇ ਦੀਪਕ ਜਾਵਾਂ ਬਲ, ਜੋਤੀ ਨੂਰ ਨੂਰ ਕਰਾਂ ਰੁਸ਼ਨਾਈਆ । ਸ਼ਬਦ ਅਗੰਮੀ ਵਜਾ ਕੇ ਨਦ, ਸੋਈ ਸੁਰਤੀ ਦਿਆਂ ਉਠਾਈਆ । ਸਿਧਾ ਹੋ ਜਾਵਾਂ ਉਹਦੇ ਵਲ, ਜੋ ਬੀਸ ਇਕੀਸ ਧਿਆਨ ਲਗਾਈਆ । ਵੀਹ ਸੌ ਇੱਕੀ ਦਾ ਏਹੋ ਫਲ, ਜੋ ਭਾਈ ਗੁਰਦਾਸ ਗਿਆ ਲਿਖਾਈਆ ।



੩੦੨

### ❊ ੨੪ ਮਾਘ ੨੦੨੧ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਿਹਿ ਪਿੰਡ ਰੁੜਕਾ ਕਲਾ ਜ਼ਿਲਾ ਜਲੰਧਰ ❊

ਅੰਮ੍ਰਿਤ ਕਹੇ ਮੇਰਾ ਸਚ ਭੰਡਾਰ, ਆਦਿ ਜੁਗਾਦਿ ਜੁਗ ਚੌਕੜੀ ਹਰਿ ਕਰਤਾ ਆਪਣੇ ਹੱਥ ਰਖਾਇੰਦਾ । ਸੰਤ ਸੁਹੇਲਾ ਇਕ ਅਕੇਲਾ ਬਣ ਵਰਤਾਰ, ਨਿਤ ਨਵਿਤ ਜਨ ਭਗਤਾਂ ਝੋਲੀ ਪਾਇੰਦਾ । ਵਸਤ ਅਗੰਮੀ ਦੱਸੇ ਆਪਣੀ ਬਾਰ, ਜਗਤ ਮ੍ਰਿਸ਼ਟੀ ਨਜ਼ਰ ਕਿਸੇ ਨਾ ਆਇੰਦਾ । ਸੋ ਗੁਰਮੁਖ ਸੱਜਣ ਜਾਣੇ ਵਿਚ ਸੰਸਾਰ, ਜਿਸ ਸਾਹਿਬ ਸਵਾਮੀ ਅੰਮ੍ਰਿਤ ਰਸ ਚਖਾਇੰਦਾ । ਕਲਜੁਗ ਕ਼ਲਮ ਸ਼ਾਹੀ ਕਰੇ ਸਰਬ ਪੁਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਰਾਗਾਂ ਨਾਦਾਂ ਢੋਲਾ ਗਾਇੰਦਾ । ਦ੍ਰਿਸ਼ਟੀ ਇਸ਼ਟੀ ਵਸਿਆ ਬਾਹਰ, ਭੇਵ ਅਭੇਦਾ ਆਪਣੇ ਵਿਚ ਛੁਪਾਇੰਦਾ । ਜਿਸ ਸੰਤ ਸੁਹੇਲੇ ਮਾਣਸ

ਜਨਮ ਕੀਤਾ ਏਕਾ ਵਾਰ, ਨਿਰਮਲ ਜੀਆ ਆਪ ਕਰਾਇੰਦਾ । ਅਠਾਰਾਂ ਧਿਆਏ ਗੀਤਾ ਕਰੇ ਪੁਕਾਰ, ਬਾਰਾਂ ਅਖਸ਼ਰੀ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜੁਗ ਚੌਕੜੀ ਆਪਣੀ ਕਾਰ ਕਮਾਇੰਦਾ । ਅੰਮ੍ਰਿਤ ਕਹੇ ਮੇਰਾ ਏਕਾ ਭਗਵੰਤ, ਪ੍ਰਭ ਦੇਵਣਹਾਰ ਵਡਿਆਈਆ । ਮੇਰਾ ਮੇਲਾ ਕਰਾਵੇ ਸਾਚੇ ਸੰਤ, ਹਰਿਜਨ ਗੁਰਮੁਖ ਦਏ ਮਿਲਾਈਆ । ਮੇਰੀ ਮਹਿੰਮਾ ਸਿਫ਼ਤ ਸਦਾ ਅਗਣਤ, ਲੇਖਾ ਲਿਖ ਨਾ ਕੋਇ ਸਮਝਾਈਆ । ਮੇਰਾ ਕੋਈ ਨਾ ਜਾਣੇ ਆਦਿ ਅੰਤ, ਕਿਸ ਬਿਧ ਮੇਰੀ ਬਣਤ ਬਣਾਈਆ । ਬਿਨ ਮੇਰੇ ਪੀਤਿਆਂ ਆਤਮ ਸਵਾਣੀ ਮਿਲੇ ਕੋਈ ਨਾ ਕੰਤ, ਹਰਿ ਸੱਜਣ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਹੋ ਕੇ ਗਏ ਅਸੰਖ, ਅਣਗਿਣਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਅੰਮ੍ਰਿਤ ਕਹੇ ਮੈਂ ਅੰਤਰ ਰਸੀਆ, ਰਸਨਾ ਜਿਹਵਾ ਬੱਤੀ ਦੰਦ ਮੇਰੀ ਸਿਫ਼ਤ ਸਕੇ ਕੋਈ ਨਾ ਗਾਈਆ । ਮੇਰਾ ਮਾਲਕ ਖ਼ਾਲਕ ਇਕੋ ਅਰਸ਼ੀਆ, ਫ਼ਰਸ਼ੀ ਦਾਤਾ ਬੇਪਰਵਾਹੀਆ । ਜਿਸ ਰਹਿਮਤ ਅੰਮ੍ਰਿਤ ਅਗੰਮੀ ਧਾਰ ਆਪਣੀ ਬਰਸੀਆ, ਛਿਆਨਵੇਂ ਕਰੋੜ ਮੇਘ ਮਾਲਾ ਸੁਰਪਤ ਇੰਦ ਬੈਠੇ ਨੈਣ ਤਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਤਰਸੀਆ, ਗੁਰ ਅਵਤਾਰ ਪੀਰ ਪੈਗ਼ੰਬਰ ਖ਼ਾਲੀ ਝੋਲੀਆਂ ਅਗੇ ਡਾਹੀਆ । ਨਿਤ ਨਵਿਤ ਜਨ ਭਗਤਾਂ ਆਸਾ ਮਨਸਾ ਭਟਕੀਆ, ਕਬੀਰ ਜੁਲਾਹਾ ਕੂਕ ਕੂਕ ਸੁਣਾਈਆ । ਬਿਨ ਮੇਰੇ ਪ੍ਰੇਮ ਕਾਇਆ ਚੋਲੀ ਕਿਸੇ ਨਾ ਰੰਗੀਆ, ਸਤਿਗੁਰ ਹੱਟ ਨਾ ਕੋਇ ਵਿਕਾਈਆ । ਕਿਸੇ ਤਨ ਵਜੂਦ ਨਾਮ ਰਬਾਬ ਨਾ ਵਜੇ ਮਰਦੰਗੀਆ, ਸੁਰਤੀ ਤਾਲ ਨਾ ਕੋਇ ਸੁਣਾਈਆ । ਬਿਨ ਅੰਮ੍ਰਿਤ ਲੱਖ ਚੁਰਾਸੀ ਜੀਵ ਜੰਤ ਜਗਤ ਸਵਾਣੀ ਰੰਡੀਆ, ਕੰਤ ਕੰਤੂਹਲ ਕੰਠ ਨਾ ਕਿਸੇ ਲਗਾਈਆ । ਇਹ ਵਸਤ ਕਿਸੇ ਹੱਟ ਵਿਚੋਂ ਮਿਲੇ ਨਾ ਮੰਗੀਆ, ਬਿਨ ਸਤਿਗੁਰ ਪੂਰੇ ਲੋਕਮਾਤ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅੰਮ੍ਰਿਤ ਕਹੇ ਮੇਰਾ ਮਾਲਕ ਦੀਨ ਦਿਆਲ, ਹਰਿ ਕਰਤਾ ਇਕ ਅਖਵਾਇੰਦਾ । ਜਿਸ ਵੇਲੇ ਜਨ ਭਗਤਾਂ ਮੇਰਾ ਜਾਮ ਦੇਵੇ ਪਿਆਲ, ਪ੍ਰੀਤਮ ਆਪਣੀ ਅੱਖ ਖੁਲ੍ਹਾਇੰਦਾ । ਜੋਤ ਜਗਾ ਕੇ ਜਲਵਾ ਬੇਮਿਸਾਲ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਸ਼ਾਹ ਬਣਾ ਕੰਗਾਲ, ਸ਼ਹਿਨਸ਼ਾਹ ਰੂਪ ਵਟਾਇੰਦਾ । ਮੁਰੀਦਾਂ ਪੁੱਛੇ ਹਾਲ, ਮੁਰਸ਼ਦ ਫੇਰਾ ਪਾਇੰਦਾ । ਨਾਤਾ ਤੋੜ ਕੇ ਕਾਲ ਮਹਾਕਾਲ, ਸਾਚੀ ਧਰਮਸਾਲ ਇਕ ਵਖਾਇੰਦਾ । ਜਿਸ ਘਰ ਵਸੇ ਪੁਰਖ ਅਕਾਲ, ਅਕਲ ਕਲਧਾਰੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਇੰਦਾ । ਅੰਮ੍ਰਿਤ ਕਹੇ ਮੈਂ ਆਤਮ ਜੀਆ, ਜੀਵੜੇ ਦਿਆਂ ਬਦਲਾਈਆ । ਸਤਿ ਧਰਮ ਦੀ ਮੈਥੋਂ ਚਲੇ ਨੀਂਹਾ, ਨਿਰਗੁਣ ਸਰਗੁਣ ਦਏ ਸਮਝਾਈਆ । ਸਚ ਸੁਚ ਦਾ ਬੀਜਾਂ ਬੀਜ ਬੀਆ, ਫੁਲ ਫੁਲਵਾੜੀ ਇਕ ਮਹਿਕਾਈਆ । ਮਾਣ ਚੁਕਾ ਕੇ ਅਭਿਮਾਨ ਮਿਟਾ ਕੇ ਸਾਢੇ ਤਿੰਨ ਹੱਥ ਸੀਆ, ਕਾਇਆ ਚੋਲੀ ਦਿਆਂ ਬਦਲਾਈਆ । ਜਨ ਭਗਤਾਂ ਪ੍ਰਭ ਮਿਲਣ ਦਾ ਦੱਸ ਕੇ ਹੀਆ, ਧੁਰ ਦਾ ਹੌਸਲਾ ਦਿਆਂ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਪਰਵਾਨ ਮੈਨੂੰ ਕੀਆ, ਬੇਈਮਾਨਾਂ ਈਮਾਨ ਦਿਆਂ ਜਣਾਈਆ । ਅੰਮ੍ਰਿਤ ਕਹੇ ਮੈਨੂੰ ਪੈਗ਼ੰਬਰਾਂ ਕਿਹਾ ਹਯਾਤੇ ਆਬ, ਲਬਾਂ ਨਾਲ ਛੁਹਾਈਆ । ਜਿਨ੍ਹਾਂ ਵੇਖੀ ਇਕ ਮਹਿਰਾਬ, ਕਾਇਆ ਕਾਅਬਾ ਖੋਜ ਖੁਜਾਈਆ । ਜਿਥੇ ਵਜੇ ਇਕ ਰਬਾਬ, ਤਾਲ ਅਗੰਮਾ ਨਾਦ ਸੁਣਾਈਆ । ਓਥੇ ਮਿਤਰ ਇਕ ਅਹਿਬਾਬ, ਬੈਠਾ ਡੇਰਾ ਲਾਈਆ । ਜਿਸ ਦਾ ਸਾਰੇ

ਲੈਂਦੇ ਖ਼ੁਆਬ, ਨੀਂਦਰ ਗ਼ਫ਼ਲਤ ਵਿਚ ਧਿਆਨ ਲਗਾਈਆ । ਸੋ ਸਾਹਿਬ ਸਵਾਮੀ ਸਾਚਾ ਸਜਦਾ ਦੱਸੇ ਅਦਾਬ, ਸੀਸ ਜਗਦੀਸ ਆਪ ਨਿਵਾਈਆ । ਨਜ਼ਰੀ ਆਏ ਮਾਲਕ ਵਾਹਦ, ਵਾਹਵਾ ਗੁਰ ਵੱਡੀ ਵਡਿਆਈਆ । ਜਿਸ ਨੇ ਮੇਰੀ ਰਚਨਾ ਰਚ ਕੇ ਆਦਿ, ਅੰਤ ਆਪਣੇ ਨਾਲ ਰਖਾਈਆ । ਸੋ ਹਰ ਘਟ ਹੋ ਰਿਹਾ ਵਿਸਮਾਦ, ਬੈਠਾ ਡੇਰਾ ਲਾਈਆ । ਸੰਤ ਭਗਤ ਗੁਰਮੁਖ ਗੁਰਸਿਖ ਸਦ ਰੱਖਣ ਮੇਰੀ ਤਾਂਘ, ਮਨਮੁਖਾਂ ਆਸ ਨਾ ਕੋਇ ਰਖਾਈਆ । ਜਿਸ ਵੇਲੇ ਸਤਿਗੁਰ ਪ੍ਰੇਮ ਦੀ ਚੜ੍ਹੇ ਕਾਂਗ, ਲਹਿਰ ਲਹਿਰ ਨਾਲ ਟਕਰਾਈਆ । ਓਸ ਵੇਲੇ ਅੰਤਰ ਅੰਦਰ ਕਾਇਆ ਮੰਦਰ ਆਵੇ ਇਕ ਸਵਾਦ, ਜਿਸ ਦਾ ਸਵਾਦ ਰਸਨਾ ਨਾ ਸਕੇ ਗਾਈਆ । ਜਨ ਭਗਤੋ ਪਰਮ ਪੁਰਖ ਪਰਮਾਤਮ ਤੁਹਾਡੇ ਵਾਸਤੇ ਰੱਖੀ ਇਹ ਦਾਤ, ਦਾਤਾ ਹੋ ਕੇ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਰਸ ਨਾਲ ਬੁਝਾਏ ਪਿਆਸ, ਤ੍ਰਿਸ਼ਨਾ ਕੂੜੀ ਜਗਤ ਦੇਵੇ ਗਵਾਈਆ ।

### ✲ ੨੪ ਮਾਘ ੨੦੨੧ ਬਿਕ੍ਰਮੀ ਗਰਦਾਰਵਰ ਸਿੰਘ ਦੇ ਗ੍ਰਿਹਿ ਪਿੰਡ ਰੁੜਕਾ ਕਲਾ ਜ਼ਿਲਾ ਜਲੰਧਰ ✲

ਅੰਮ੍ਰਿਤ ਕਹੇ ਮੇਰਾ ਜਸ ਦੋ ਜਹਾਨ ਗੌਣ, ਸਿਫ਼ਤਾਂ ਨਾਲ ਕਰਨ ਵਡਿਆਈਆ । ਦੇਵਤ ਸੁਰ ਸਾਰੇ ਧਿਔਣ, ਨੇਤਰ ਮੂੰਦ ਨਾ ਕੋਇ ਵਡਿਆਈਆ । ਇਕ ਦੂਜੇ ਨੂੰ ਕਹਿ ਕਹਿ ਸੁਣੌਣ, ਧੁਰ ਸੰਦੇਸ਼ਾ ਸ਼ਬਦ ਜਣਾਈਆ । ਪਰਮ ਪੁਰਖ ਪਰਮਾਤਮ ਆਤਮ ਭਗਤਾਂ ਆਏ ਰਸ ਪਿਔਣ, ਨਿਝਰ ਝਿਰਨਾ ਦੇਵੇ ਝਿਰਾਈਆ । ਸ੍ਰੀ ਭਗਵਾਨ ਦਾ ਲੇਖਾ ਜਾਣੇ ਕੌਣ, ਮਨ ਮਤਿ ਬੁਧਿ ਚਲੇ ਨਾ ਕੋਇ ਚਤੁਰਾਈਆ । ਕਲਜੁਗ ਕੂੜੀ ਕਿਰਿਆ ਗੜ੍ਹ ਹਉਮੇ ਹੰਗਤਾ ਆਇਆ ਢੌਣ, ਜੂਠ ਝੂਠ ਲੇਖ ਮੁਕਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਆਇਆ ਵਸੌਣ, ਸ਼ਬਦ ਸਵਾਮੀ ਡੇਰਾ ਲਾਈਆ । ਪੌਣ ਅਗੰਮੀ ਆਇਆ ਝੁਲੌਣ, ਓਨੰਜਾ ਪਵਣ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਇਆ ਵਖੌਣ, ਗੁਰਮੁਖਾਂ ਅੰਤਰ ਪਰਦਾ ਆਪ ਉਠਾਈਆ । ਅੰਮ੍ਰਿਤ ਕਹੇ ਆਦਿ ਜੁਗਾਦਿ ਮੈਨੂੰ ਸਾਰੇ ਧਿਆਵਣ, ਬੈਠੇ ਧਿਆਨ ਲਗਾਈਆ । ਬਿਨ ਮੇਰੇ ਕੋਈ ਨਾ ਹੋਇਆ ਪਤਿਤ ਪਾਵਨ, ਪੁਨੀਤ ਰੂਪ ਨਾ ਕੋਇ ਵਟਾਈਆ । ਭਗਤਾਂ ਪਕੜੇ ਕੋਈ ਨਾ ਦਾਮਨ, ਦੁਰਮਤ ਮੈਲ ਨਾ ਕੋਇ ਧੁਆਈਆ । ਸਚ ਪਿਆਏ ਕੋਈ ਨਾ ਜਾਮਨ, ਰਸ ਖ਼ੁਮਾਰੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇਲ ਰਿਹਾ ਕਰਾਈਆ । ਅੰਮ੍ਰਿਤ ਕਹੇ ਮੇਰਾ ਰਸ ਬਣਾਇਆ ਪ੍ਰਭ, ਹਰਿ ਦਿਤੀ ਮਾਣ ਵਡਿਆਈਆ । ਰਤਨਾਂ ਵਿਚੋਂ ਰਤਨ ਲਭ, ਅਮੋਲਕ ਦਿਤਾ ਸਮਝਾਈਆ । ਜਿਸ ਦੇ ਅੰਤਰ ਰੱਖਿਆ ਕਵਲ ਨਭ, ਭਾਂਡਾ ਦਿਤਾ ਭਰਾਈਆ । ਉਸ ਨੂੰ ਨਜ਼ਰੀ ਆਇਆ ਝੱਬ, ਓਹਲਾ ਦਿਤਾ ਚੁਕਾਈਆ । ਉਹ ਕਰ ਕੇ ਪਾਰ ਹਦ, ਨੌਂ ਦਵਾਰੇ ਡੇਰਾ ਢਾਹੀਆ । ਗੁਰਮੁਖ ਵਸ ਕੇ ਘਰ ਦਸ, ਦਹਿ ਦਿਸ਼ਾ ਖੋਜ ਖੁਜਾਈਆ । ਰਾਗ ਸੁਣ ਕੇ ਸ਼ਬਦ ਅਨਹਦ, ਸੋਈ ਸੁਰਤੀ ਲਏ ਉਠਾਈਆ । ਨੂਰੀ ਜੋਤ ਪਰਕਾਸ਼ ਤਕ, ਅੰਧ ਅੰਧੇਰਾ ਦਏ ਗਵਾਈਆ । ਪ੍ਰੇਮ ਪ੍ਰੀਤੀ ਅੰਦਰ ਭਗਤ ਭਗਵਾਨ ਮਿਲ ਕੇ ਪਏ ਹਸ, ਹਸਤੀ ਆਪਣੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਰਸ ਇਕੋ ਇਕ ਵਖਾਈਆ । ਅੰਮ੍ਰਿਤ ਕਹੇ ਮੈਂ ਆਤਮ ਮੀਤਾ, ਮਿਤਰ ਪਿਆਰਾ ਪ੍ਰਭ ਇਕੋ ਨਜ਼ਰੀ ਆਈਆ । ਮੈਂ ਕਿਸੇ ਹੱਥ ਨਾ ਆਵਾਂ ਮੰਦਰ ਮਸੀਤਾ, ਸਤਿਗੁਰ ਪੂਰਾ ਦੇਵਣਹਾਰ

ਵਡਿਆਈਆ । ਮੇਰਾ ਰਸ ਕਦੇ ਨਾ ਹੋਵੇ ਫੀਕਾ, ਪੁਰਖ ਅਕਾਲ ਦੀਨ ਦਿਆਲ ਸਤਿ ਸਚ ਮਿੱਠਾ ਵਿਚ ਦਿਤਾ ਭਰਾਈਆ । ਮੈਂ ਲੇਖਾ ਜਾਣਾ ਜੀਵ ਜੀ ਕਾ, ਲੱਖ ਚੁਰਾਸੀ ਖੋਜ ਖੁਜਾਈਆ । ਸਭ ਨਾਲੋਂ ਉਤਮ ਗੋਬਿੰਦ ਮੇਰਾ ਦੱਸਿਆ ਤਰੀਕਾ, ਪੰਚਮ ਦੇ ਕੇ ਗਿਆ ਵਡਿਆਈਆ । ਨਾਮ ਨਿਧਾਨ ਅੰਮ੍ਰਿਤ ਜਿਸ ਗੁਰਮੁਖ ਪੀਤਾ, ਸਾਂਤਮ ਸਤਿ ਦਏ ਕਰਾਈਆ । ਪੰਜ ਤੱਤ ਕਾਇਆ ਤ੍ਰੈਗੁਣ ਤਪੇ ਨਾ ਫੇਰ ਅੰਗੀਠਾ, ਅਗਨੀ ਅੱਗ ਨਾ ਕੋਇ ਲਗਾਈਆ । ਅੰਦਰ ਬਾਹਰ ਗੁਪਤ ਜ਼ਾਹਰ ਚਾੜ੍ਹੇ ਰੰਗ ਮਜੀਠਾ, ਏਥੇ ਓਥੇ ਦੋ ਜਹਾਨ ਉਤਰ ਕਦੇ ਨਾ ਜਾਈਆ । ਮਾਣ ਦਵਾਏ ਊਚਾਂ ਨੀਚਾਂ, ਰਾਓ ਰੰਕਾਂ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਜਾਮ ਪਿਆ ਨਿਰਧਨ ਸਰਧਨ ਇਕੋ ਜਿਹਾ ਕੀਤਾ, ਵੱਡਾ ਛੋਟਾ ਰਹਿਣ ਕੋਇ ਨਾ ਪਾਈਆ ।

### ❊ ੨੪ ਮਾਘ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਹਿ ਜੰਡਿਆਲਾ ਜ਼ਿਲਾ ਜਲੰਧਰ ❊

ਦਰ ਕਹੇ ਪ੍ਰਭ ਮਿਲਿਆ ਦਰਦੀ, ਦਰਦਵੰਦ ਨਜ਼ਰੀ ਆਈਆ । ਜਿਸ ਮਨਜ਼ੂਰ ਕੀਤੀ ਪਿਛਲੀ ਅਰਜ਼ੀ, ਆਰਜ਼ੂ ਲੇਖੇ ਲਾਈਆ । ਖੇਲੀ ਖੇਲ ਸੀ ਸਿੰਘ ਨਰ ਦੀ, ਨਰ ਸਿੰਘ ਆਪਣਾ ਰੂਪ ਵਟਾਈਆ । ਇਹ ਖੇਲ ਹਰਨਾਕਸ਼ ਘਰ ਦੀ, ਪੂਰਬ ਦਏ ਗਵਾਹੀਆ । ਜਿਸ ਦੇ ਕੋਲੋਂ ਸ੍ਰਿਸ਼ਟੀ ਡਰਦੀ, ਭੈ ਵਿਚ ਲੋਕਾਈਆ । ਇਕ ਭਗਤ ਦੀ ਆਤਮ ਪੜ੍ਹਦੀ, ਢੋਲਾ ਬੇਪਰਵਾਹੀਆ । ਇਹ ਖੇਲ ਸਚ ਅਸਚਰਜ ਦੀ, ਅਚਰਜ ਰਿਹਾ ਕਰਾਈਆ । ਹਰਨਾਕਸ਼ ਦਾ ਇਕ ਚਾਕਰ ਜਿਸ ਦੀ ਮਾਂ ਸਦਾ ਸੀ ਓਸ ਨੂੰ ਵਰਜਦੀ, ਹੌਲੀ ਹੌਲੀ ਸਮਝਾਈਆ । ਬੱਚਿਆ ਇਹ ਕੂੜੀ ਖੇਡ ਇਸ ਦੀ ਫ਼ਰਜ਼ ਦੀ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਦਰ ਕਹੇ ਮੈਨੂੰ ਆ ਗਈ ਯਾਦ, ਬੀਤੀ ਕਹਾਣੀ ਦਿਆਂ ਜਣਾਈਆ । ਜਿਸ ਵੇਲੇ ਰਖ਼ਸ਼ਾ ਕੀਤੀ ਸੀ ਪ੍ਰਹਿਲਾਦ, ਪਰੇ ਤੋਂ ਪਰੇ ਦਾ ਮਾਲਕ ਫੇਰਾ ਪਾਈਆ । ਓਸ ਵੇਲੇ ਹਰਨਾਕਸ਼ ਦੇ ਨਫ਼ਰ ਕੀਤੀ ਫ਼ਰਿਆਦ, ਅੰਦਰੇ ਅੰਦਰ ਧਿਆਨ ਲਗਾਈਆ । ਮੇਰੀ ਮਾਤਾ ਨੇ ਮੈਨੂੰ ਸਿਖਿਆ ਦਿਤੀ ਆਪ, ਬਿਨ ਹਰਿ ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਬਿਨ ਰਸਨਾ ਜਿਹਵਾ ਤੇਰਾ ਕਰਦਾ ਰਿਹਾ ਜਾਪ, ਪ੍ਰਭੂ ਅੰਤਰ ਅੰਤਰ ਧਿਆਨ ਲਗਾਈਆ । ਦਰ ਦਹਲੀਜ਼ੇ ਬੈਠਾ ਵੇਖਾਂ ਸਾਖ਼ਿਆਤ, ਦੂਸਰ ਨਜ਼ਰ ਕਿਸੇ ਨਾ ਆਈਆ । ਚਰਨ ਕਵਲ ਹੋ ਮੁਹਤਾਜ, ਨਿਵਾਜ਼ਸ਼ ਨਾਲ ਸੁਣਾਈਆ । ਕਿਰਪਾ ਕਰ ਪੁਰਖ ਸਮਰਾਥ, ਸਚ ਦੇ ਮਾਣ ਵਡਿਆਈਆ । ਭਗਤ ਉਧਾਰਨ ਪਿਛੇ ਆਇਉਂ ਆਪ, ਨਿਰਗੁਣ ਸਰਗੁਣ ਫੇਰਾ ਪਾਈਆ । ਕਿਉਂ ਨਹੀਂ ਪਰਗਟ ਹੋਇਆ ਸਾਖ਼ਿਆਤ, ਸਵੱਛ ਸਰੂਪ ਆਪਣਾ ਦੇ ਜਣਾਈਆ । ਸ਼ਬਦ ਅਗੰਮੀ ਹਰਿ ਨੇ ਮਾਰ ਆਵਾਜ਼, ਸੰਦੇਸ਼ਾ ਦਿਤਾ ਜਣਾਈਆ । ਜੁਗ ਚੌਕੜੀ ਮੇਰਾ ਖੇਲ ਤਮਾਸ਼, ਆਦਿ ਜੁਗਾਦਿ ਵੱਡੀ ਵਡਿਆਈਆ । ਇਸ ਦਾ ਡੂੰਘਾ ਕੋਈ ਰਾਜ਼, ਅਭੇਵ ਆਪਣੇ ਵਿਚ ਰਖਾਈਆ । ਜਿਸ ਵੇਲੇ ਕਲਜੁਗ ਅੰਤ ਅੰਧੇਰੀ ਆਵੇ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਪਰਗਟ ਹੋ ਕੇ ਆਵਾਂ ਪੁਰਖ ਅਬਿਨਾਸ਼, ਸਾਚਾ ਨੂਰ ਕਰਾਂ ਰੁਸ਼ਨਾਈਆ । ਓਸ ਨਫ਼ਰ ਨੇ ਕਿਹਾ ਸਾਚ, ਸਚ ਤੇਰੀ ਸਰਨਾਈਆ । ਸੁਣ ਬੇਨੰਤੀ ਮੈਂ ਕਰਾਂ ਜੋੜ ਕੇ ਦੋਵੇਂ ਹਾਥ, ਦਰ ਤੇਰੇ ਸੀਸ ਨਿਵਾਈਆ ।

ਮੈਨੂੰ ਸਚ ਦੱਸ ਦੇ ਬਾਤ, ਅਨਮੰਗੀ ਤੈਥੋਂ ਮੰਗ ਮੰਗਾਈਆ । ਜਿਸ ਤਰਾ ਪ੍ਰਹਿਲਾਦ ਦੀ ਰਖ਼ਸ਼ਾ ਕਰਨ ਦੀ ਖ਼ਾਤਰ ਹਰਨਾਕਸ਼ ਦਾ ਕੀਤਾ ਘਾਤ, ਆਪਣਾ ਵੇਸ ਬਦਲਾਈਆ । ਕੀ ਓਸ ਵੇਲੇ ਕੋਈ ਭਗਤ ਤੇਰਾ ਹੋਵੇ ਦਾਸ, ਦਾਸੀ ਰੂਪ ਵਖਾਈਆ । ਪੁਰਖ ਅਕਾਲ ਕਿਹਾ ਮੈਂ ਚਾਰ ਜੁਗ ਦੇ ਵਿਛੜੇ ਸਾਰਿਆਂ ਜੋੜਾ ਨਾਤ, ਚਰਨ ਕਵਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਫ਼ਰ ਕਹੇ ਪ੍ਰਭੂ ਮੇਰਾ ਨਾਮ ਨੰਤਾ, ਭੁਲ ਕਦੀ ਨਾ ਜਾਈਆ । ਜਿਸ ਵੇਲੇ ਕਲਜੁਗ ਬਣਾਵੇਂ ਬਣਤਾ, ਇਹ ਖੇਲ ਦੇਣਾ ਵਖਾਈਆ । ਹੁਣ ਅੰਦਰੇ ਅੰਦਰ ਤੇਰੇ ਅਗੇ ਕਰਾਂ ਮਿੰਨਤਾ, ਰਸਨਾ ਜਿਹਵਾ ਨਾ ਕੋਇ ਸੁਣਾਈਆ । ਭੈ ਵਿਚ ਨਹੀਂ ਕੋਈ ਹਿੰਮਤਾ, ਹੌਸਲਾ ਅਵਰ ਨਾ ਕੋਇ ਵਖਾਈਆ । ਮੈਨੂੰ ਡਰ ਲਗਦਾ ਕੋਲੋਂ ਨਿੰਦਕਾ, ਜੋ ਤੇਰਾ ਨਾਮ ਗਏ ਭੁਲਾਈਆ । ਪੁਰਖ ਅਕਾਲ ਕਿਹਾ ਮੈਂ ਮਾਲਕ ਜੀਓ ਪਿੰਡ ਦਾ, ਤਨ ਮਾਟੀ ਦਿਆਂ ਵਡਿਆਈਆ । ਮੇਰਾ ਖੇਲ ਗਹਿਰ ਗੰਭੀਰ ਗੁਣੀ ਗਹਿੰਦ ਦਾ, ਸਮਝ ਕੋਇ ਨਾ ਪਾਈਆ । ਜਿਸ ਵੇਲੇ ਵਕਤ ਹੋਏ ਸੁਹੰਜਣਾ ਪ੍ਰਭ ਬਖ਼ਸ਼ੰਦ ਦਾ, ਬਖ਼ਸ਼ਿਸ਼ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਫ਼ਰ ਕਿਹਾ ਭਗਤ ਪ੍ਰਹਿਲਾਦ ਪਿਛੇ ਮਾਰੇਂ ਹਰਨਾਕਸ਼, ਹਰਿ ਆਪਣੀ ਖੇਲ ਵਖਾਈਆ । ਪੁਰਖ ਅਕਾਲ ਕਿਹਾ ਮੈਂ ਇਸੇ ਤਰਾ ਕਲਜੁਗ ਅੰਤਮ ਭਗਤ ਸੁਹੇਲੇ ਕਰਾਂ ਖ਼ਾਲਸ, ਕਲਜੁਗ ਕੂੜਾ ਪਾਰ ਕਰਾਈਆ । ਨੰਤੇ ਕਿਹਾ ਕਿਸ ਬਿਧ ਬਣੇਂ ਸਾਲਸ, ਆਪਣਾ ਫੇਰਾ ਪਾਈਆ । ਭਗਵਨ ਕਿਹਾ ਮੈਂ ਜਨਮਾਂ ਕਿਸੇ ਨਾ ਘਰ ਮਾਈ ਬਾਲਕ, ਨਿਰਗੁਣ ਨਿਰਵੈਰ ਹੋ ਕੇ ਫੇਰਾ ਪਾਈਆ । ਸੰਤ ਸੁਹੇਲਾ ਬਣ ਪ੍ਰਿਤਪਾਲਕ, ਰਖ਼ਸ਼ਾ ਕਰਾਂ ਥਾਉਂ ਥਾਈਆ । ਓਸ ਕਿਹਾ ਪ੍ਰਭੂ ਕੀ ਮੇਰੀ ਵੀ ਨਿੰਦਰਾ ਲਾਹੇਂਗਾ ਆਲਸ, ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਸੁਣ ਨਫ਼ਰ ਗ਼ੁਲਾਮ, ਤੇਰੇ ਅੰਤਰ ਰੁਚੀ ਸਚੀ ਨਜ਼ਰੀ ਆਈਆ । ਤੈਨੂੰ ਪਤਾ ਨਹੀਂ ਅਜੇ ਮੈਂ ਪਰਗਟ ਹੋ ਕੇ ਔਣਾ ਰਾਮ, ਤ੍ਰੇਤੇ ਆਪਣਾ ਫੇਰਾ ਪਾਈਆ । ਕਰਨਾ ਖੇਲ ਇਕ ਮਹਾਨ, ਬਨਵਾਸੀ ਹੋ ਕੇ ਵਕ਼ਤ ਲੰਘਾਈਆ । ਫੇਰ ਦੱਸਾਂ ਇਕ ਨਿਸ਼ਾਨ, ਤੈਨੂੰ ਲਵਾਂ ਮਿਲਾਈਆ । ਓਸ ਨੇ ਹੱਥ ਜੋੜ ਕੇ ਕਿਹਾ ਵਾਹ ਮੇਰੇ ਭਗਵਾਨ, ਤੇਰੀ ਬੇਪਰਵਾਹੀਆ । ਮੈਂ ਇਕ ਮੰਗਾਂ ਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਜਿਸ ਵੇਲੇ ਆਪ ਹੋਏਂ ਭਗਤਾਂ ਉਤੇ ਮਿਹਰਵਾਨ, ਮੈਨੂੰ ਆਪਣਾ ਲਹਿਣਾ ਦੇਣਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਡਿਆਈ ਦੇ ਕੇ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਜੁਗ ਪਲਟ ਕੇ ਬਣ ਗਿਆ ਰਾਮ, ਸੀਤਾ ਸਵਾਣੀ ਜਨਕ ਸਪੁਤਰੀ ਆਪ ਪਰਨਾਇੰਦਾ । ਦਸਰਥ ਦੇ ਘਰ ਦੀ ਹੋਏ ਕੈਕਈ ਪਰੇਸ਼ਾਨ, ਤਖ਼ਤ ਤਾਜ ਚਰਨਾਂ ਹੇਠ ਦਬਾਇੰਦਾ । ਕੈਕਈ ਦਾ ਕੂੜ ਵੇਖ ਨਿਸ਼ਾਨ, ਨਾਤਾ ਕੂੜਾ ਮਾਤ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਕਰਨੀ ਕਰਦਾ ਕਰਦਾ ਆ ਗਿਆ ਪੰਚਬਟੀ, ਰਮਈਆ ਆਪਣਾ ਫੇਰਾ ਪਾਈਆ । ਓਥੇ ਇਕ ਭੜਭੂੰਜੇ ਦੀ ਸੀ ਹੱਟੀ, ਜੋ ਚਨੇ ਰਿਹਾ ਵਿਕਾਈਆ । ਉਸ ਨੂੰ ਸਹਿਜ ਨਾਲ ਜਾ ਕੇ ਪੁਛਿਆ ਕੀ ਇਸ ਦੇ ਵਿਚੋਂ ਖਟੀ ਖਟੀ, ਮੈਨੂੰ ਦੇ ਜਣਾਈਆ । ਓਸ ਨੇ ਕਿਹਾ ਨੌਂ ਟਕੇ ਆਮਦਨੀ ਦਸਵਾਂ ਪੈਂਦਾ ਚੱਟੀ, ਮੈਨੂੰ ਹਿਸਾਬ ਕਢਣਾ ਜਾਚ ਨਾ ਕਿਸੇ ਸਿਖਾਈਆ । ਰਾਮ ਨੇ ਹੌਲੀ ਜਿਹੀ ਓਹਦੇ ਮਸਤਕ ਵਿਚ ਮਾਰੀ ਛਿਟੀ,

੩੦੬

ਸੁਰਤੀ ਦਿਤੀ ਭੁਲਾਈਆ । ਉਹਨੂੰ ਪਿਛਲੀ ਯਾਦ ਆ ਗਈ ਜਿਹੜੀ ਹਰਨਾਕਸ਼ ਦੇ ਦਰ ਦਵਾਰੇ ਵਿਚ ਸੀ ਡਿਠੀ, ਸਾਖ਼ਿਆਤ ਓਹੋ ਰੂਪ ਵਖਾਈਆ । ਫੇਰ ਰਾਮ ਨੇ ਹੱਥ ਰਖ ਕੇ ਉਹਦੀ ਗਿਚੀ, ਆਪਣੇ ਚਰਨਾਂ ਉਤੇ ਦਿਤੀ ਛੁਹਾਈਆ । ਉਹਦੀ ਹੰਕਾਰ ਵਾਲੀ ਮਤ ਹੋਈ ਵਿੰਗੀ, ਨਿਮਾਣਾ ਹੋ ਕੇ ਨੇਤਰ ਰੋਵੇ ਮਾਰੇ ਧਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਰਾਮ ਕਿਹਾ ਭੜਭੂੰਜੇ ਤੇਰੀ ਕਿਹੜੀ ਦੁਕਾਨ, ਮੈਨੂੰ ਦੇ ਵਖਾਈਆ । ਉਸ ਨੇ ਕਿਹਾ ਆ ਮੇਰੇ ਮਹਿਮਾਨ, ਤੈਨੂੰ ਦਿਆਂ ਬਹਾਈਆ । ਜਿਸ ਵੇਲੇ ਅੰਦਰ ਲੰਘਿਆ ਓਥੇ ਇਕ ਗੁੱਗਾ ਬੈਠਾ ਸੀ ਜੁਆਨ, ਸਰਪ ਰੂਪ ਵਟਾਈਆ । ਉਹ ਵੇਖ ਕੇ ਹੋਇਆ ਹੈਰਾਨ, ਚਲਦਾ ਫਿਰਦਾ ਰਾਮ ਕਿਧਰੋਂ ਆਈਆ । ਨੇਤਰ ਦਰਸ ਕਰਕੇ ਹੋਇਆ ਪਰੇਸ਼ਾਨ, ਕਿਸ ਮੇਰੇ ਅੰਤਰ ਅੰਮ੍ਰਿਤ ਦਿਤਾ ਚਖਾਈਆ । ਅਗੋਂ ਹੋ ਕੇ ਮੱਥਾ ਟੇਕਿਆ ਆਣ, ਚਰਨਾਂ ਸੀਸ ਛੁਹਾਈਆ । ਉਹ ਭੜਭੂੰਜਾ ਡਰਿਆ ਮਹਾਨ, ਸਾਹ ਵਿਚ ਸਾਹ ਨਾ ਕੋਇ ਰਲਾਈਆ । ਛੇਤੀ ਨਾਲ ਆਪਣੇ ਉਪਰੋਂ ਚਾਦਰ ਸੁਟ ਕੇ ਕਹਿੰਦਾ ਏਥੇ ਬਹਿ ਜਾ ਮੇਰੇ ਮਹਿਮਾਨ, ਅਗੇ ਲੋੜ ਰਹੀ ਨਾ ਰਾਈਆ । ਇਹ ਕਿਧਰੋਂ ਮਿਲ ਗਿਆ ਅਗੋਂ ਸ਼ੈਤਾਨ, ਦੋਹਾਂ ਨੂੰ ਗੂੜ੍ਹੀ ਨੀਂਦ ਨਾ ਦਏ ਸਵਾਈਆ । ਰਾਮ ਨੇ ਓਹੋ ਛਿਟੀ ਓਸ ਸਰਪ ਦੇ ਸਿਰ ਤੇ ਰੱਖੀ ਆਣ, ਮਨੁਖਾਂ ਵਿਚੋਂ ਮਨੁਖ ਲਿਆ ਪਰਗਟਾਈਆ । ਓਹਨੂੰ ਪੁਛਿਆ ਹੋਰ ਗਿਆਨ, ਕੁਛ ਆਪਣਾ ਦੇ ਸੁਣਾਈਆ । ਓਸ ਨੇ ਕਿਹਾ ਇਹਦਾ ਦਸਵਾਂ ਟਕਾ ਤੇਰਾ ਪੀਣ ਖਾਣ, ਮੈਂ ਵਸਤ ਆਪਣੀ ਝੋਲੀ ਪਾਈਆ । ਦੂਜੀ ਵਾਰ ਫੇਰ ਰਾਮ ਨੇ ਕਿਹਾ ਨਾਲ ਜ਼ਬਾਨ, ਕੁਛ ਹੋਰ ਦੇ ਦ੍ਰਿੜਾਈਆ । ਸਰਪ ਨੇ ਕਿਹਾ ਮੈਨੂੰ ਐਂ ਨਜ਼ਰੀ ਔਂਦਾ ਵਿਚ ਜਹਾਨ, ਖੇਲ ਹੋਣਾ ਇਕ ਭਗਤ ਤੇ ਇਕ ਭਗਵਾਨ, ਭਾਗ ਸਾਚੇ ਘਰ ਲਗਾਈਆ । ਪ੍ਰਭੂ ਨੇ ਕਿਹਾ ਓਸ ਦਾ ਕੀ ਨਿਸ਼ਾਨ, ਮੈਨੂੰ ਦੇ ਦ੍ਰਿੜਾਈਆ । ਸਰਪ ਨੇ ਕਿਹਾ ਓਹਦੇ ਪਾਟੇ ਚੀਥੜ ਚਮਿਆਰੀ ਦੀ ਕੁਲ ਪੱਲੇ ਕੁਛ ਨਹੀਂ ਪੀਣ ਖਾਣ, ਭੁੱਖਾ ਨੰਗਾ ਨਜ਼ਰੀ ਆਈਆ । ਓਨੇ ਚਿਰ ਨੂੰ ਲਛਮਣ ਨੇ ਚੁਕ ਕੇ ਤੀਰ ਕਮਾਨ, ਸਰਪ ਨੂੰ ਮਾਰ ਕੇ ਪਾਰ ਦਿਤਾ ਕਰਾਈਆ । ਰਾਮ ਨੇ ਕਿਹਾ ਇਹ ਕੀ ਕੀਤਾ ਨਾਦਾਨ, ਇਹ ਮੈਨੂੰ ਬੜੀ ਸੋਹਣੀ ਗਾਥਾ ਸੀ ਰਿਹਾ ਸੁਣਾਈਆ । ਓਸੇ ਵੇਲੇ ਸੀਤਾ ਨੇ ਓਸ ਉਤੇ ਪਰਦਾ ਪਾਇਆ ਆਣ, ਆਪਣੀ ਸੇਵ ਕਮਾਈਆ । ਰਾਮ ਨੇ ਕਿਹਾ ਜਾ, ਫੇਰ ਮੇਰਾ ਭਗਵਾਨ ਤੈਨੂੰ ਮਿਲੇ ਆਣ, ਮਹਿਮਾਨਾਂ ਵਾਲਾ ਰੂਪ ਵਟਾਈਆ । ਭੜਭੂੰਜੇ ਕਿਹਾ ਇਹ ਕੀ ਗਿਆਨ, ਮੈਨੂੰ ਦੇ ਸਮਝਾਈਆ । ਰਾਮ ਨੇ ਕਿਹਾ ਤੂੰ ਹਰਨਾਕਸ਼ ਦਾ ਦਰਬਾਨ, ਪਿਛਲਾ ਲੇਖਾ ਦਿਆਂ ਵਖਾਈਆ । ਓਸ ਨੇ ਕਿਹਾ ਕੁਛ ਅਗੇ ਦੇ ਦੇ ਦਾਨ, ਝੋਲੀ ਤੇਰੇ ਅਗੇ ਡਾਹੀਆ । ਰਾਮ ਨੇ ਕਿਹਾ ਜਿਸ ਵੇਲੇ ਕਲਜੁਗ ਅੰਤਮ ਹੋਵੇ ਮਹਾਨ, ਮਹਿੰਮਾ ਸਚ ਕੋਇ ਕਹਿਣ ਨਾ ਪਾਈਆ । ਓਸ ਵੇਲੇ ਪੁਰਖ ਅਬਿਨਾਸ਼ੀ ਪਰਗਟ ਹੋਵੇ ਨੌਜੁਆਨ, ਜੋਧਾ ਸੂਰਬੀਰ ਬੇਪਰਵਾਹੀਆ । ਤੇਰੇ ਦਵਾਰੇ ਫਿਰ ਆਵੇ ਵਿਚ ਜਹਾਨ, ਦੋ ਜਹਾਨਾਂ ਮਾਲਕ ਫੇਰਾ ਪਾਈਆ । ਓਸ ਨੇ ਕਿਹਾ ਮੈਂ ਕਿਹੋ ਜਿਹਾ ਬਣਾਵਾਂ ਅਸਥਾਨ, ਜਿਸ ਦੇ ਉਤੇ ਆਪਣਾ ਠਾਕਰ ਲਵਾਂ ਬਹਾਈਆ । ਰਾਮ ਨੇ ਕਿਹਾ ਓਹਨੂੰ ਇਹੋ ਜਿਹਾ ਚੰਗਾ ਲਗੇ ਛੋਟਾ ਜਿਹਾ ਮਕਾਨ, ਜਿਸ ਦੇ ਵਿਚ ਤੇਰਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦਰਬਾਨ ਕਿਹਾ ਹੁਣ ਮੈਂ ਭੜਭੂੰਜਾ, ਦੋਹਾਂ ਜਨਮਾਂ ਦੀ ਸੋਝੀ ਗਈ ਆਈਆ । ਕੋਈ ਹੋਰ ਭੇਵ ਹੈ ਗੂਝਾ, ਮੈਨੂੰ ਦੇ ਸਮਝਾਈਆ । ਓਸ ਨੇ ਕਿਹਾ ਜਿਸ ਵੇਲੇ ਬੁਧੂ ਸ਼ਾਹ ਨੇ ਗੋਬਿੰਦ ਦੇ ਅਗੇ ਰੱਖਿਆ

੩੦੮

ਕੂਜਾ, ਹੇਠਾਂ ਉਤੇ ਟਿਕਾਈਆ । ਓਸ ਵੇਲੇ ਕੋਈ ਹੋਰ ਨਹੀਂ ਹੋਣਾ ਦੂਜਾ, ਇਹੋ ਜਿਹਾ ਵੇਲਾ ਵਕਤ ਵਡਿਆਈਆ । ਜਿਸ ਨੂੰ ਗੋਬਿੰਦ ਨੇ ਕਰ ਕੇ ਮੂਦਾ, ਦੂਜਾ ਭਾਓ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਰਾਮ ਨੇ ਕਿਹਾ ਓਹ ਭੜਭੂੰਜੇ ਤੂੰ ਅਜੇ ਬਣਨਾ ਬੁਧੂ, ਬੁਧ ਤੇਰੀ ਸਮਝ ਕਿਸੇ ਨਾ ਆਈਆ । ਓਹ ਤੈਨੂੰ ਲੱਭੂ, ਜਿਸ ਤੇਰਾ ਲੇਖਾ ਦੇਣਾ ਚੁਕਾਈਆ । ਓਹ ਤੈਨੂੰ ਬੁਝੂ, ਦੂਜਾ ਅੱਖ ਨਾ ਕੋਇ ਮਿਲਾਈਆ । ਤੇਰਾ ਲੇਖਾ ਓਸੇ ਕੋਲੋਂ ਮੁੱਕੂ, ਜੋ ਸਭ ਦਾ ਹੋਏ ਗੁਸਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵੇਲਾ ਵਕਤ ਹੋਇਆ ਤਬਦੀਲ, ਹਰਿ ਕਰਤੇ ਖੇਲ ਰਚਾਈਆ । ਜਿਸ ਦੀ ਸ਼ਹਾਦਤ ਕੋਈ ਨਾ ਦੇਵੇ ਨਾ ਕੋਈ ਵੁਕਲਾ ਹੋਏ ਵਕੀਲ, ਵਕਾਲਤ ਕੰਮ ਕਿਸੇ ਨਾ ਆਈਆ । ਮਨ ਮਤ ਦੀ ਚਲੇ ਨਾ ਕੋਇ ਦਲੀਲ, ਬੁੱਧੀ ਮਿਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬੁਧੂ ਨੇ ਆਪਣੀ ਬੁਧਿ ਤੋਂ ਬਾਹਰ, ਅਚਰਜ ਖੇਲ ਲਈ ਬਣਾਈਆ । ਅੰਤਰ ਅੰਤਰ ਕਰ ਪਿਆਰ, ਸਾਚੀ ਸੁਰਤੀ ਲਈ ਲਗਾਈਆ । ਇਕ ਪਾਸੇ ਦੇਵੀ ਨੂੰ ਕਰ ਸ਼ਿੰਗਾਰ, ਬਸਤਰ ਭੂਸ਼ਣ ਲਏ ਬਣਾਈਆ । ਇਕ ਧਿਰ ਪੰਜਾਂ ਤੱਤਾਂ ਨੂੰ ਦੇ ਅਧਾਰ, ਸੀਸ ਦਸਤਾਰ ਲਏ ਸੁਹਾਈਆ । ਗੋਬਿੰਦ ਨੂੰ ਕੁੱਜੇ ਦੇ ਵਖਾਲ, ਅੰਦਰੋਂ ਇਸ਼ਾਰਾ ਦਿਤਾ ਲਗਾਈਆ । ਇਹਨਾਂ ਦੋਹਾਂ ਵਿਚੋਂ ਤੇਰਾ ਕਿਹਦੇ ਨਾਲ ਵਿਹਾਰ, ਮੈਨੂੰ ਦੇ ਸਮਝਾਈਆ । ਇਹ ਇਸਤਰੀ ਉਹ ਪੁਰਸ਼ ਉਹ ਪੁਰਸ਼ ਇਹ ਨਾਰ, ਨਾਰ ਪੁਰਸ਼ ਕਿਹੜੀ ਵੰਡ ਵੰਡਾਈਆ । ਗੋਬਿੰਦ ਸ਼ਬਦੀ ਮਾਰ ਆਵਾਜ਼, ਧੁਰ ਦਾ ਭੇਵ ਖੁਲ੍ਹਾਈਆ । ਮੈਂ ਸਭ ਦੀ ਪੂਰੀ ਕਰਾਂ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਮੇਰਾ ਇਕੋ ਜਿਹਾ ਸਾਥ, ਏਥੇ ਓਥੇ ਦੋ ਜਹਾਨਾਂ ਨਜ਼ਰੀ ਆਈਆ । ਬੁਧੂ ਕਿਹਾ ਮੈਂ ਵੇਖਾਂ ਸਾਖ਼ਿਆਤ, ਜੋ ਕੁਛ ਕਹੇਂ ਸੋ ਸਚ ਕਰ ਵਖਾਈਆ । ਗੋਬਿੰਦ ਕਿਹਾ ਸ਼ਾਬਾਸ਼, ਤੇਰੇ ਨੇਤਰ ਦਿਆਂ ਜਣਾਈਆ । ਪਰ ਮੈਂ ਹੋਰ ਕੁਛ ਦੱਸਾਂ ਹਾਲਾਤ, ਭੇਵ ਅਭੇਦਾ ਨਾਲ ਰਲਾਈਆ । ਤੂੰ ਲਿਖਦੇ ਨਾਲ ਕ਼ਲਮ ਦਵਾਤ, ਭੁਲ ਰਹੇ ਨਾ ਰਾਈਆ । ਜਿਸ ਵੇਲੇ ਮੈਂ ਪੁਰਖ ਅਕਾਲ ਲੈ ਕੇ ਆਵਾਂ ਸਾਥ, ਲੋਕਮਾਤ ਵੇਸ ਵਟਾਈਆ । ਓਸ ਵੇਲੇ ਭਗਤਾਂ ਦੀ ਹੋਵੇ ਇਕ ਜਮਾਤ, ਧੁਰ ਦਾ ਜੋੜ ਜੁੜਾਈਆ । ਤੇਰੇ ਘਰ ਹੋਵੇ ਨਿਵਾਸ, ਅਸਥਾਨ ਭੂਮਿਕਾ ਦਏ ਸੁਹਾਈਆ । ਵੇਖਣਾ ਨੇਤਰ ਨਾਲ ਖ਼ਾਸ, ਖ਼ਾਲਸ ਹੋ ਕੇ ਦਿਆਂ ਦ੍ਰਿੜਾਈਆ । ਪੁਰਖ ਨਾਰ ਸਭ ਦਾ ਹਿੱਸਾ ਇਕੋ ਜਿਹਾ ਲਵਾਂ ਰਾਖ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਤੇਰੇ ਦਰਵਾਜ਼ੇ ਵਾਲੀ ਯਾਦ ਰੱਖਾਂ ਬਾਤ, ਅਭੁਲ ਹੋ ਕੇ ਭੁਲ ਨਾ ਕਦੀ ਵਖਾਈਆ । ਚੌਥੇ ਜੁਗ ਵਿਚ ਚੌਥੇ ਜਨਮ ਦਾ ਲੇਖਾ ਕਰਾਂ ਹਿਸਾਬ, ਨਿਸਬਤ ਆਪਣੀ ਨਾਲੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਣ ਕੇ ਬਚਨ ਸਹਿਜ ਸੁਭਾਓ, ਅੰਤਰ ਅੰਤਰ ਖ਼ੁਸ਼ੀ ਮਨਾਈਆ । ਨਿਉਂ ਨਿਉਂ ਲੱਗਾ ਗੋਬਿੰਦ ਪਾਉਂ, ਚਰਨ ਧੂੜੀ ਮਸਤਕ ਟਿੱਕਾ ਲਿਆ ਰਮਾਈਆ । ਤੇਰਾ ਖੇਲ ਬੇਪਰਵਾਹੋ, ਸਮਝ ਕੋਇ ਨਾ ਆਈਆ । ਵਸੇਂ ਹਰ ਘਟ ਥਾਉਂ, ਲੱਖ ਚੁਰਾਸੀ ਰਿਹਾ ਸਮਾਈਆ । ਇਕ ਦੱਸ ਕੀ ਹੋਵੇ ਤੇਰਾ ਨਾਉਂ, ਕੀ ਸਿਫ਼ਤ ਤੇਰੀ ਵਡਿਆਈਆ । ਗੋਬਿੰਦ ਕਿਹਾ ਓਹ ਮੇਰਾ ਪਿਤਾ ਜਿਸ ਦਾ ਮੈਂ ਪੁਤ ਉਹ ਪਕੜੇ ਮੇਰੀ ਬਾਹੋਂ, ਬਾਂਹ ਪਕੜ ਸ਼ਬਦੀ ਨਾਉਂ ਮੇਰਾ ਦਏ ਪਰਗਟਾਈਆ । ਦੋ ਜਹਾਨਾਂ ਕਰੇ ਨਿਆਉਂ, ਸਚ ਅਦਾਲਤ ਇਕ ਵਖਾਈਆ । ਚਲ ਕੇ ਆਵੇ ਤੇਰੇ ਗਰਾਉਂ,

ਗਰਾਂ ਤੇਰਾ ਦਏ ਸੁਹਾਈਆ । ਪ੍ਰੇਮ ਪ੍ਰੀਤੀ ਤੇਰੀ ਵੇਖੇ ਵੇਖਣ ਦਾ ਜਿਸ ਚਾਓ, ਪ੍ਰੀਤਮ ਸਿੰਘ ਤੇਰੇ ਨਾਮ ਮਿਲੇ ਵਡਿਆਈਆ । ਸ੍ਰਿਸ਼ਟੀ ਵਿਚ ਸਾਰੇ ਕਹਿੰਦੇ ਪੁਤਰਾਂ ਦੇ ਨਾਲ ਰਹੇ ਨਾਉਂ, ਭਗਤ ਕਹੇ ਭਗਵਾਨ ਬਿਨ ਕੰਮ ਕਿਸੇ ਨਾ ਆਈਆ । ਪੁਰਖ ਅਬਿਨਾਸ਼ੀ ਸਦ ਦੇਵਣਹਾਰ ਠੰਡੀ ਛਾਉਂ, ਸਮਰਥ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਖੇਲ ਪੂਰੀ ਰਿਹਾ ਕਰਾਈਆ । ਦਰ ਕਹੇ ਮੈਨੂੰ ਸਮਝਿਓ ਨਾ ਜਗਤ ਦਰਵਾਜ਼ਾ, ਮਿੱਟੀ ਇੱਟ ਨਾ ਕੋਇ ਚਤੁਰਾਈਆ । ਮੇਰਾ ਚਾਰ ਜੁਗ ਦਾ ਲਹਿਣਾ ਇਸੇ ਕਰਕੇ ਬੈਠਾ ਗ਼ਰੀਬ ਨਿਵਾਜ਼ਾ, ਨਿਮਾਣਿਆਂ ਦਾ ਮਾਣ ਨਜ਼ਰੀ ਆਈਆ । ਜਗਦੀਸ਼ ਹੋ ਕੇ ਸੀਸ ਸੁਹਾਏ ਤਾਜਾ, ਤਖ਼ਤ ਨਿਵਾਸੀ ਫੇਰਾ ਪਾਈਆ । ਸ਼ਹਿਨਸ਼ਾਹਾਂ ਦਾ ਸ਼ਾਹ ਰਾਜਿਆਂ ਦਾ ਰਾਜਾ, ਪਾਤਸ਼ਾਹਾਂ ਦਾ ਪਾਤਸ਼ਾਹ ਨਜ਼ਰੀ ਆਈਆ । ਜਿਸ ਦੇ ਕੋਲ ਸਭ ਤੋਂ ਵੱਡਾ ਇਹ ਵਾਧਾ, ਜੁਗ ਜਨਮ ਦੇ ਵਿਛੜਿਆਂ ਰਿਹਾ ਮਿਲਾਈਆ । ਵੇਖੋ ਕਿਸੇ ਨੂੰ ਪਿਉ ਛਡ ਗਿਆ ਕਿਸੇ ਨੂੰ ਛਡ ਗਿਆ ਬਾਬਾ, ਮਾਤਾ ਕਿਸੇ ਦੀ ਸੰਗ ਨਾ ਕੋਇ ਨਿਭਾਈਆ । ਇਹ ਜੁਗ ਚੌਕੜੀ ਦੀ ਰੱਖੇ ਯਾਦਾ, ਯਾਦਾਸ਼ਤ ਨਾ ਅਜੇ ਭੁਲਾਈਆ । ਇਸ ਤੋਂ ਅਗੇ ਹੋਰ ਚਲਾ ਕੇ ਜਾਏ ਰਿਵਾਜਾ, ਭਗਤਾਂ ਦਏ ਸਮਝਾਈਆ । ਪੂਰੀ ਕਰ ਕੇ ਦ੍ਰਿਸ਼ਟੀ ਵਾਲੀ ਖ਼ਾਹਸ਼ਾ, ਸ੍ਰਿਸ਼ਟੀ ਜਾਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਿਆ ਖੇਲ ਸਾਖ਼ਿਆਤਾ, ਠੱਗੀ ਚੋਰੀ ਯਾਰੀ ਨਾ ਕੋਇ ਕਮਾਈਆ ।



## ❊ ੨੫ ਮਾਘ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ ਜੰਡਿਆਲਾ ਜ਼ਿਲਾ ਜਲੰਧਰ ❊

ਪੁਰਖ ਅਕਾਲ ਕਿਹਾ ਗੋਬਿੰਦ ਇਹ ਗੁਰ ਚੇਲੇ ਦਾ ਸਵੰਬਰ, ਨਾਤੇ ਧੁਰ ਦੇ ਰਿਹਾ ਬੰਧਾਈਆ । ਨਿਵਾਸ ਦੱਸਾਂ ਮੁਨਾਰਿਆਂ ਉਤੇ ਮੰਬਰ, ਮਹਿਬਾਨ ਹੋ ਕੇ ਦਿਆਂ ਜਣਾਈਆ । ਗ੍ਰਹਿ ਦਿਸਾਵਾਂ ਅਸਮਾਨਾਂ ਉਤੇ ਅੰਬਰ, ਅਵਲ ਇਕ ਜਣਾਈਆ । ਮਾਲਕ ਹੋ ਕੇ ਸਰਵ ਪੀਤੰਬਰ, ਪੀਤ ਪੀਤੰਬਰ ਦਿਆਂ ਵਡਿਆਈਆ । ਕਲਜੁਗ ਮੇਟ ਕੂੜਾ ਅਡੰਬਰ, ਲੇਖਾ ਝੂਠ ਚੁਕਾਈਆ । ਪਾਰ ਕਰਾ ਕੇ ਗਗਨ ਗਗਨੰਤਰ, ਦਵਾਰਾ ਇਕ ਦਰਸਾਈਆ । ਤੇਰੇ ਪ੍ਰੇਮ ਦਾ ਬਣਾ ਕੇ ਮੰਤਰ, ਸੋਹੰ ਢੋਲਾ ਦਿਆਂ ਜਣਾਈਆ । ਬਾਹਰਲੀ ਧਾਰ ਵੇਖਾਂ ਅੰਤਰ, ਖੋਜਾਂ ਹਰ ਘਟ ਥਾਈਆ । ਵਿਛੜਿਆਂ ਨੂੰ ਮੇਲ ਕੇ ਨਰ ਹਰਿ ਨਰਾਇਣ ਕੰਤਨ, ਸੁਹਾਗਣ ਦਾ ਸੁਭਾਗ ਦਿਆਂ ਬਣਾਈਆ । ਦੋ ਜਹਾਨ ਬਣਾ ਕੇ ਬਣਤਰ, ਬ੍ਰਹਿਮੰਡਾਂ ਖੰਡਾਂ ਉਤੇ ਦਿਆਂ ਦਰਸਾਈਆ । ਲੇਖੇ ਲਾ ਕੇ ਬ੍ਰਹਮ ਨਿਰੰਤਰ, ਮਾਇਆ ਪਰਦਾ ਦਿਆਂ ਚੁਕਾਈਆ । ਵੱਡਿਆਂ ਵਿਚੋਂ ਵੱਡੇ ਬਣਾ ਕੇ ਸੰਤਨ, ਸਤਿ ਸਤਿਵਾਦੀ ਹੋ ਕੇ ਭੇਦ ਖੁਲ੍ਹਾਈਆ । ਜਿਨ੍ਹਾਂ ਤੇਰੇ ਪਿੱਛੇ ਆਪਣਾ ਕੀਤਾ ਅੰਤਨ, ਅੰਤਸ਼ਕਰਨ ਉਹਨਾਂ ਵੇਖ ਵਖਾਈਆ । ਲੇਖੇ ਲਾ ਕੇ ਨਵਤਨ, ਤਿਨ੍ਹਾਂ ਆਪਣੇ ਰੰਗ ਸਮਾਈਆ । ਭੇਵ ਖੁਲ੍ਹਾ ਕੇ ਮਤਿ ਬੁਧਿ ਮਨ, ਮਨਸਾ ਦਿਆਂ ਚੁਕਾਈਆ । ਢੋਲਾ ਸੁਣਾ ਕੇ ਧੁਰ ਦਾ ਕੰਨ, ਕੰਨੇ ਮੁਕਤੇ ਦਿਆਂ ਹਟਾਈਆ । ਬੇੜਾ ਦੋ ਜਹਾਨ ਬੰਨ੍ਹ, ਸਚ ਦਵਾਰੇ ਦਿਆਂ ਟਿਕਾਈਆ । ਜਿਥੇ ਗੋਬਿੰਦ ਵਸੇਂ ਮੇਰੇ ਚੰਨ, ਓਸੇ ਥਾਂ ਦਿਆਂ ਬਹਾਈਆ । ਜਿਨ੍ਹਾਂ ਨੂੰ ਕੋਈ ਨਾ ਦੇਵੇ ਡੰਨ, ਹੁਕਮ ਅਵਰ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਣਹਾਰ ਬੇਪਰਵਾਹੀਆ । ਸਭ

ਤੋਂ ਉਚਾ ਨਿੱਕਾ ਜਿਹਾ ਟਿਕਾਣਾ, ਧੁਰਦਰਗਾਹੀ ਦਏ ਜਣਾਈਆ । ਜਿਥੇ ਪੁਜੇ ਕੋਈ ਨਾ ਰਾਜਾ ਰਾਣਾ, ਤਾਜਾਂ ਵਾਲਾ ਨਜ਼ਰ ਕੋਇ ਨਾ ਆਈਆ । ਜਿਸ ਨੂੰ ਜੁਗ ਚੌਕੜੀ ਲਭਦੇ ਫਿਰਦੇ ਦੋ ਜਹਾਨਾਂ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਰਸਨਾ ਜਿਹਵਾ ਬੱਤੀ ਦੰਦ ਗੌਂਦੇ ਫਿਰਦੇ ਗਾਣਾ, ਦਿਵਸ ਰੈਣ ਰਾਗ ਨਾਦ ਰਹੇ ਸੁਣਾਈਆ । ਵੇਸ ਅਨੇਕ ਬਦਲ ਕੇ ਵਟੌਂਦੇ ਰਹੇ ਬਾਣਾ, ਬਣਾਂ ਵਿਚ ਆਪਣਾ ਡੇਰਾ ਲਾਈਆ । ਇਸ਼ਟ ਦੇਵ ਮਨੌਂਦੇ ਰਹੇ ਰਾਮਾ, ਨਿਉਂ ਨਿਉਂ ਸੀਸ ਨਿਵਾਈਆ । ਤੱਟਾਂ ਉਤੇ ਵੇਂਹਦੇ ਰਹੇ ਕਾਹਨਾ, ਬੰਸਰੀਆਂ ਧੁਨ ਜਣਾਈਆ । ਤੱਤਾਂ ਵਾਲਾ ਤੱਤ ਲਭਦੇ ਰਹੇ ਨਿਸ਼ਾਨਾ, ਚਾਰ ਕੁੰਟ ਵੇਖਣ ਥਾਉਂ ਥਾਈਆ । ਵਸਤ ਅਮੋਲਕ ਮੰਗਦੇ ਰਹੇ ਦਾਨਾ, ਝੋਲੀ ਖ਼ਾਲੀ ਸਰਬ ਉਠਾਈਆ । ਤੀਰ ਤਰਕਸ਼ ਕੰਧੇ ਉਤੇ ਰਖਦੇ ਰਹੇ ਕਮਾਨਾ, ਚਿੱਲਾ ਭੱਥਾ ਹੱਥ ਉਠਾਈਆ । ਨੇਤਰ ਲੋਚਣ ਨੈਣ ਤਕ ਕੇ ਮਾਰਦੇ ਰਹੇ ਨਿਸ਼ਾਨਾ, ਤਬਾਹ ਆਪਣਾ ਆਪ ਕਰਾਈਆ । ਨਿਰਗੁਣ ਸਰਗੁਣ ਖੇਲ ਵੇਖਦੇ ਰਹੇ ਦੋ ਜਹਾਨਾਂ, ਨਿਤ ਨਵਿਤ ਆਪਣਾ ਫੇਰਾ ਪਾਈਆ । ਹੁਕਮ ਸੁਣਦੇ ਰਹੇ ਧੁਰਦਰਗਾਹੀ ਤੇਰਾ ਪਰਵਾਨਾ, ਪਤਿਪਰਮੇਸ਼ਵਰ ਨਿਉਂ ਨਿਉਂ ਸੀਸ ਨਿਵਾਈਆ । ਬਿਨਾ ਗੋਬਿੰਦ ਗੁਰਮੁਖਾਂ ਪਿੱਛੇ ਹੋਇਆ ਨਾ ਕੋਇ ਕ਼ੁਰਬਾਨਾ, ਬੰਸ ਸਰਬੰਸ ਭੇਟ ਨਾ ਕੋਇ ਚੜ੍ਹਾਈਆ । ਕਿਉਂ ਨਾ ਲੇਖਾ ਦੇਹ ਦਾ ਦੇਵੇ ਭਗਵਾਨਾ, ਭਗਵਨ ਆਪੇ ਹੋਏ ਸਹਾਈਆ । ਲੋਕਮਾਤ ਦੇਵਣਹਾਰਾ ਮਾਨਾ, ਨਿਮਾਣਿਆਂ ਦਇਆ ਕਮਾਈਆ । ਸਚਖੰਡ ਦਾ ਸਚ ਮਕਾਨਾ, ਅਗੰਮੀ ਵੰਡ ਰਖਾਈਆ । ਜਿਥੇ ਵਸੇ ਜੋਧਾ ਸੂਰਬੀਰ ਨੌਜਵਾਨਾ, ਮਰਦ ਮਰਦਾਨਾ ਆਪਣਾ ਡੇਰਾ ਲਾਈਆ । ਓਥੇ ਝੁੱਲੇ ਇਕ ਨਿਸ਼ਾਨਾ, ਸਤਿ ਸਤਿਵਾਦੀ ਰਿਹਾ ਹਿਲਾਈਆ । ਗੋਬਿੰਦ, ਬਿਨ ਤੇਰੇ ਗੁਰਮੁਖਾਂ ਓਥੇ ਹੋਰ ਕਿਸੇ ਦਾ ਨਹੀਂ ਔਣਾ ਜਾਣਾ, ਰਾਹੀ ਪਾਂਧੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਰਿਹਾ ਬਣਾਈਆ । ਇਕ ਦਿਨ ਗੋਬਿੰਦ ਨੇ ਪੁਰਖ ਅਕਾਲ ਨੂੰ ਕਹਿ ਦਿਤਾ ਅੱਬਾ, ਹਸ ਕੇ ਦਿਤਾ ਵਖਾਈਆ । ਪ੍ਰਭੂ ਨੇ ਹੌਲੀ ਜਿਹੀ ਉਤੋਂ ਦੱਬਾ, ਥੋੜਾ ਭਾਰ ਦਿਤਾ ਟਿਕਾਈਆ । ਬੱਲਿਉਂ ਕਿਹਾ ਮੈਨੂੰ ਨਜ਼ਰੀ ਆਇਆ ਸੱਬਾ, ਜੋ ਪ੍ਰਭੂ ਤੂੰ ਆਪਣੀ ਬਣਤ ਬਣਾਈਆ । ਵਿਚੋਂ ਮੈਨੂੰ ਇਕ ਵਖਰਾ ਰਾਹ ਲੱਭਾ, ਜਿਸ ਦੀ ਸਮਝ ਨਾ ਕਿਸੇ ਸਮਝਾਈਆ । ਸ੍ਰੀ ਭਗਵਾਨ ਕਿਹਾ ਕਿਹੜਾ, ਗੋਬਿੰਦ ਕਿਹਾ ਤੂੰ ਬੜਾ ਕੱਬਾ, ਜੁਗ ਜੁਗ ਸਾਰਿਆਂ ਭਵਰਾਂ ਵਿਚ ਭਵਾਈਆ । ਮੈਂ ਅਗੇ ਕਿਸੇ ਦਾ ਨਹੀਂ ਸਹਿਣਾ ਦੱਬਾ, ਦਬਦਬਾ ਹੋਰ ਨਾ ਕੋਈ ਜਣਾਈਆ । ਪੁਰਖ ਅਕਾਲ ਕਿਹਾ ਆ ਵੇਖ ਜਿਹੜਾ ਅੱਖਰ ਬਣਿਆ ਬੱਬਾ, ਬਾਬਾ ਬਕਾਲੇ ਵਿਚ ਬਹਾਦਰ ਤੇਗ਼ ਆਪਣੇ ਸੱਜੇ ਹੱਥ ਦੇ ਅੰਗੂਠੇ ਨਾਲ ਦਿਤਾ ਲਿਖਾਈਆ । ਗੋਬਿੰਦ ਕਿਹਾ ਕੀ ਇਹ ਤੈਨੂੰ ਲੱਗਾ ਅੱਛਾ, ਸਚ ਦੇ ਸਮਝਾਈਆ । ਭਗਵਾਨ ਕਿਹਾ ਜਿਸ ਵੇਲੇ ਮੈਂ ਤਾਰੇ ਸੀ ਕਛਾ ਮਛਾ, ਬਲ ਦਵਾਰ ਫੇਰਾ ਪਾਈਆ । ਓਸ ਵੇਲੇ ਗੋਬਿੰਦ ਇਹ ਤੇਰੇ ਜੋਗਾ ਸੀ ਰੱਖਾ, ਜਿਸ ਬੱਬੇ ਵਿਚ ਬਹੁੜੀ ਬਹੁੜੀ ਕਰੇ ਸਰਬ ਲੋਕਾਈਆ । ਤੂੰ ਇਕ ਵਾਰੀ ਫਿਰ ਖੋਲ੍ਹ ਕੇ ਵੇਖ ਅੱਖਾਂ, ਆਪਣੀ ਪਲਕ ਉਠਾਈਆ । ਤੈਨੂੰ ਹੋਰ ਖੇਲ ਦੱਸਾਂ, ਸਚ ਦਿਆਂ ਜਣਾਈਆ । ਗੋਬਿੰਦ ਓਸੇ ਵੇਲੇ ਚਰਨਾਂ ਓਤੇ ਢੱਠਾ, ਨਿਉਂ ਕੇ ਧੂੜੀ ਟਿੱਕਾ ਲਾਈਆ । ਪੁਰਖ ਅਕਾਲ ਨੇ ਇਕ ਦਿਖਾਇਆ ਜਿਵੇਂ ਤੇਰਾ ਮੇਰਾ ਨਾਤਾ ਹੋਣਾ ਅਕੱਠਾ, ਤੇਰਾ ਮੰਦਰ ਮੇਰਾ ਅੰਦਰ ਬੰਧਨ ਇਕੋ ਦਿਤਾ ਵਖਾਈਆ । ਗੋਬਿੰਦ ਖ਼ੁਸ਼ੀਆਂ ਨਾਲ ਹੱਸਾ, ਪ੍ਰਭੂ ਇਹ ਕੀ ਦਿਤਾ ਜਣਾਈਆ । ਪੁਰਖ ਅਕਾਲ ਕਿਹਾ ਨੌ ਸੌ ਚੁਰਾਨਵੇ ਚੌਕੜੀ ਜੁਗ ਪਿੱਛੋਂ ਵਕਤ ਮਿਲਿਆ ਮਸਾਂ, ਬੇਮਿਸਾਲ ਹੋ ਕੇ ਤੇਰੀ ਮਿਸਲ ਤੇਰੀ ਦਿਆਂ ਬਣਾਈਆ ।

ਮੈਂ ਚਾਹੁੰਦਾ ਸਾਂ ਮੈਂ ਤੇਰੇ ਵਿਚ ਵਸਾਂ, ਵਾਸਤਾ ਤੇਰੇ ਨਾਲ ਰਖਾਈਆ । ਤੇਰੇ ਰੁੜ੍ਹਿਆਂ ਨੂੰ ਵੇਖਾਂ, ਰੱਖਾਂ ਥਾਉਂ ਥਾਈਆ । ਮੇਲ ਮਿਲੌਂਦਿਆਂ ਕਦੇ ਨਾ ਅੱਕਾਂ, ਜਗਤ ਜਨਮ ਵਿਛੜੇ ਨਾਲ ਰਖਾਈਆ । ਤੈਨੂੰ ਪਤਾ ਨਹੀਂ ਅਹਾਰ ਖਾਦਾ ਸੀ ਡੋਡੀਆਂ ਅੱਕਾਂ, ਖੇਲ ਮਰਦਾਨੇ ਨਾਲ ਰਚਾਈਆ । ਓਸ ਵੇਲੇ ਮੇਲਾ ਹੋ ਗਿਆ ਸੀ ਓਹਦਾ ਨਾਲ ਢੱਕਾਂ, ਕੱਲਰ ਬੇਲਾ ਨਜ਼ਰੀ ਆਈਆ । ਓਥੇ ਖਾਣਾ ਫਲ ਤੈਨੂੰ ਦੱਸਾਂ, ਸਚ ਦਿਆਂ ਜਣਾਈਆ । ਕਵਾਰੀ ਕੰਨਿਆ ਸੁੱਟ ਗਈ ਸੀ ਜੰਮ ਕੇ ਬੱਚਾ, ਜੋ ਬਾਲੇ ਲਿਆਂਦਾ ਉਠਾਈਆ । ਓਸ ਨਾਨਕ ਨੂੰ ਵੇਖ ਕੇ ਨੌ ਘੰਟੇ ਜੋੜ ਲਏ ਆਪਣੇ ਦੋਏ ਹੱਥਾ, ਨਿਮਸਕਾਰ ਦਿਤੀ ਜਣਾਈਆ । ਨਾਨਕ ਨੇ ਓਸੇ ਵੇਲੇ ਢਕ ਕੇ ਵਿਚ ਕੱਖਾਂ, ਉਹਦੀ ਸੁਰਤੀ ਸ਼ਬਦ ਵਿਚ ਮਿਲਾਈਆ । ਪਿਆਰ ਨਾਲ ਕਿਹਾ ਬੱਚਾ, ਤੇਰਾ ਲੇਖਾ ਫੇਰ ਦੇਵੇ ਮੇਰਾ ਸਾਹਿਬ ਗੁਸਾਂਈਆ । ਬਾਲੇ ਨੇ ਓਸੇ ਵੇਲੇ ਨੱਕ ਮੂੰਹ ਵੱਟਾ, ਗ਼ੁੱਸੇ ਨਾਲ ਦਿਤਾ ਜਣਾਈਆ । ਅਸੀਂ ਤੇਰੇ ਨਾਲ ਫਿਰਦੇ ਤੂੰ ਸਾਡੇ ਉਤੇ ਕਦੀ ਨਹੀਂ ਰੱਖਿਆ ਹੱਥਾ, ਕਿਉਂ ਏਹਨੂੰ ਦਿਤੀ ਵਡਿਆਈਆ । ਨਾਨਕ ਕਿਹਾ ਇਹਦਾ ਲੇਖਾ ਅਗੇ ਕੋਈ ਹਕਾ, ਹਰਿ ਜੂ ਸ਼ਬਦੀ ਰਿਹਾ ਜਣਾਈਆ । ਜਿਸ ਵੇਲੇ ਪੁਰਖ ਅਕਾਲ ਔਣਾ ਨੱਠਾ, ਨਿਰਗੁਣ ਹੋ ਕੇ ਫੇਰਾ ਪਾਈਆ । ਇਹਦਾ ਵਕਤ ਸੁਹੇਲਾ ਹੋਣਾ ਚੰਗਾ, ਮਾਨਸ ਵਿਚੋਂ ਮਾਨਸ ਮਿਲਣੀ ਵਡਿਆਈਆ । ਮੇਲ ਮਿਲਾਪ ਹੋਵੇ ਸੂਰਾ ਸਰਬੰਗਾ, ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਦ੍ਰਿੜਾਈਆ । ਬਾਲੇ ਕਿਹਾ ਇਹ ਕੀ ਤੇਰੀ ਮਾਇਆ, ਸਚ ਦੇ ਸਮਝਾਈਆ । ਨਾਨਕ ਕਿਹਾ ਪ੍ਰਭ ਖੇਲ ਰਚਾਇਆ, ਓਸੇ ਦੀ ਵਡਿਆਈਆ । ਸਾਚੀ ਸੇਵਾ ਮੈਨੂੰ ਲਾਇਆ, ਗ਼ਰੀਬ ਨਿਮਾਣਿਆਂ ਰਿਹਾ ਤਰਾਈਆ । ਧੁਰ ਦਾ ਸ਼ਬਦ ਰਿਹਾ ਸੁਣਾਇਆ, ਜਗਤ ਕਹਾਣੀ ਨਾ ਕੋਇ ਰਲਾਈਆ । ਪਿਛਲਾ ਲੇਖਾ ਹੋਰ ਨਜ਼ਰੀ ਆਇਆ, ਤੈਨੂੰ ਦਿਆਂ ਵਖਾਈਆ । ਜਿਸ ਭੜਭੂੰਜੇ ਪੰਚਬਟੀ ਸੀ ਡੇਰਾ ਲਾਇਆ, ਇਸ ਬੱਚੇ ਦਾ ਪਹਿਲਾ ਨਾਤਾ ਓਸ ਦੇ ਨਾਲ ਰਿਹਾ ਰਖਾਈਆ । ਅਗੇ ਵਾਧਾ ਹੋਰ ਕਰਾਇਆ, ਲੋਕਮਾਤ ਜਨਮ ਦੇਵੇ ਦਵਾਈਆ । ਬਾਲੇ ਕਿਹਾ ਕਿਉਂ ਸਾਨੂੰ ਰਿਹਾ ਟਰਕਾਇਆ, ਅਗਲੀ ਪਿਛਲੀ ਸਮਝ ਕੋਇ ਨਾ ਪਾਈਆ । ਨਾਨਕ ਕਿਹਾ ਪ੍ਰਭ ਮੇਰਾ ਬੇਪਰਵਾਹਿਆ, ਸਚ ਕਰਨੀ ਰਿਹਾ ਕਮਾਈਆ । ਜਿਸ ਦਾ ਲਹਿਣਾ ਓਸੇ ਦੀ ਝੋਲੀ ਪਾਇਆ, ਦੂਜੇ ਹੱਥ ਨਾ ਕਦੇ ਫੜਾਈਆ । ਕਲਜੁਗ ਅੰਤਮ ਲਏ ਮਿਲਾਇਆ, ਮੇਲਾ ਸਹਿਜ ਸੁਭਾਈਆ । ਨਾਨਕ ਲੇਖ ਨਾ ਕੋਇ ਮਿਟਾਇਆ, ਮਿੱਟੀ ਖ਼ਾਕ ਦਏ ਗਵਾਹੀਆ । ਓਹੋ ਧਾਰ ਬਣ ਕੇ ਮਾਨਸ ਜਨਮ ਵਟਾਇਆ, ਜਗਤ ਤੱਤ ਨਜ਼ਰੀ ਆਈਆ । ਪੁੱਤਰ ਧੀ ਇਕੋ ਰੰਗ ਰੰਗਾਇਆ, ਹਰਿ ਦਾਤੇ ਬੇਪਰਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲੇਖੇ ਦਾ ਪੂਰਾ ਕਰ ਕੇ ਦਾਨ, ਗਿਆਨ ਮੰਦਰ ਵਿਚ ਰਖਾਈਆ ।



੩੧੧

### ❋ ੨੫ ਮਾਘ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਘਰ ਪਿੰਡ ਹੇਰ ਜਲੰਧਰ ❋

ਓ ਪਟਨੇ ਦੇ ਰਾਜੇ ਅੱਜ ਵੇਖਾਂ ਕੇਡਾ ਖ਼ੁਸ਼ਹਾਲ, ਖ਼ੁਸ਼ੀ ਅਗੰਮੀ ਨਜ਼ਰੀ ਆਈਆ । ਜੁਗ ਚੌਕੜੀ ਦਾ ਪਿਛਲਾ ਅਹਿਵਾਲ, ਬੇਹਾਲਾ ਦੇ ਸਮਝਾਈਆ । ਤੱਤਾਂ ਵਾਲਾ ਤਨ ਕੋਟਨ ਕੋਟ ਵਾਰੀ ਖਾਦਾ ਕਾਲ, ਲੱਖ ਚੁਰਾਸੀ ਗੇੜ ਭੁਆਈਆ । ਸਭ ਤੋਂ ਵੱਖਰੀ ਨਿਰਾਲੀ ਭਗਤ ਭਗਵਾਨ

ਦੀ ਚਾਲ, ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਜਿਸ ਦੀ ਸਿਫ਼ਤ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਵਜਾਵੇ ਤਾਲ, ਢੋਲੇ ਸੋਹਲੇ ਰਾਗ ਰਹੀ ਗਾਈਆ । ਅਗੰਮ ਅਥਾਹ ਬੇਪਰਵਾਹ ਪਤਿਪਰਮੇਸ਼ਵਰ ਖੇਲ ਕਰੇ ਕਮਾਲ, ਬੇਨਜ਼ੀਰ ਆਪਣੀ ਦਇਆ ਕਮਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਵਸਣਹਾਰਾ ਸਚਖੰਡ ਸਚੀ ਧਰਮਸਾਲ, ਲੋਕਮਾਤ ਜਗਾ ਜੋਤ ਨਿਰਗੁਣ ਨੂਰ ਕਰੇ ਰੁਸ਼ਨਾਈਆ । ਏਥੇ ਓਥੇ ਦੋ ਜਹਾਨ ਨਿਤ ਨਵਿਤ ਜੋ ਸਦਾ ਰਖਵਾਲ, ਮਿਹਰਵਾਨ ਮਹਿਬੂਬ ਬੇਪਰਵਾਹੀਆ । ਸੋ ਹੁਕਮ ਸੰਦੇਸ਼ਾ ਨਰ ਨਰੇਸ਼ਾ ਰਾਜ ਨਰਾਇਣ ਆਇਆ ਸੁਨਾਣ, ਪਿਛਲਾ ਰਾਜ਼ ਖੁਲ੍ਹਾਈਆ । ਗ਼ੈਰਹਾਜ਼ਰ ਨਹੀਂ ਉਹ ਹਾਜ਼ਰਾਂ ਦਾ ਹਾਜ਼ਰ ਮੇਰਾ ਲਾਲ, ਤਾਜਰਾਂ ਦਾ ਤਾਜਰ ਨਜ਼ਰੀ ਆਈਆ । ਪਿਛਲਾ ਲੇਖਾ ਯਾਦ ਰਖ ਜਿਸ ਵੇਲੇ ਰਾਮ ਦੇ ਸਨਮੁਖ ਵਸ਼ਿਸ਼ਟ ਨੂੰ ਕਰੀ ਸੀ ਪਰਨਾਮ, ਹੱਥ ਮਸਤਕ ਉਤੇ ਟਿਕਾਈਆ । ਡੰਡੌਤ ਕਰ ਕੇ ਕਿਹਾ ਭਗਵਾਨ, ਤੇਰੀ ਬੇਪਰਵਾਹੀਆ । ਓਧਰੋਂ ਆ ਗਿਆ ਸੀ ਤੇਰਾਂ ਸਾਲ ਦਾ ਬਾਲ ਅੰਵਾਣ, ਜਿਸ ਦੀ ਆਰਜ਼ੂ ਗ੍ਰੰਥ ਨਾ ਕਿਸੇ ਸਮਝਾਈਆ । ਉਸ ਦੇ ਹੱਥ ਸੀ ਇਕ ਰੁਮਾਲ, ਉਸ ਨੇ ਤੇਰੇ ਮਸਤਕ ਦਿਤਾ ਲਾਈਆ । ਓਧਰੋਂ ਵਸ਼ਿਸ਼ਟ ਨੇ ਹੋ ਕੇ ਦਿਆਲ, ਦੋਹਾਂ ਦੇ ਸਿਰ ਤੇ ਹੱਥ ਦਿਤਾ ਟਿਕਾਈਆ । ਫੜ ਕੇ ਫੇਰ ਵਖਾਇਆ ਰਾਮ, ਦ੍ਰਿਸ਼ਟੀ ਇਕ ਖੁਲ੍ਹਾਈਆ । ਨਾਲੇ ਬੋਲ ਕੇ ਕਿਹਾ ਜ਼ਬਾਨ, ਸ਼ਬਦੀ ਰਾਗ ਸੁਣਾਈਆ । ਦਸਰਥ ਦੇ ਬੇਟੇ ਇਹਨਾਂ ਦੀ ਕਰ ਪਹਿਚਾਨ, ਭੁਲ ਕਦੇ ਨਾ ਜਾਈਆ । ਓਸੇ ਵੇਲੇ ਫੜ ਕੇ ਉਸਦੀ ਕਮਾਨ, ਚਿੱਲਾ ਦਿਤਾ ਹਲਾਈਆ । ਤੇਰਾਂ ਸਾਲ ਦਾ ਬਾਲ ਸੀ ਇਹ ਲਾਲ, ਜਿਸ ਨੇ ਆਪਣੀ ਅੱਖ ਉਤਾਂਹ ਉਠਾਈਆ । ਵੇਖ ਕੇ ਹੋਇਆ ਹੈਰਾਨ, ਇਸ ਦੇ ਅੰਦਰ ਕੋਈ ਨੂਰ ਬੇਪਰਵਾਹੀਆ । ੩੧੨
ਅੰਦਰੇ ਅੰਦਰ ਚਰਨਾਂ ਉਤੇ ਕਰ ਪ੍ਰਨਾਮ, ਨਮਸਤੇ ਦਿਤੀ ਸੁਣਾਈਆ । ਖ਼ੁਸ਼ੀਆਂ ਨਾਲ ਗੋਦੀ ਚੁੱਕ ਕੇ ਰਾਮ, ਛਾਤੀ ਲਿਆ ਲਗਾਈਆ । ਓਸੇ ਵੇਲੇ ਵਸ਼ਿਸ਼ਟ ਨੇ ਝਟ ਹੁਕਮ ਸੁਣਾਇਆ ਆਣ, ਦੋਹਾਂ ਫੜ ਕੇ ਆਪਣੇ ਪਿਛੇ ਲਿਆ ਬਹਾਈਆ । ਉਹ ਰੋ ਕੇ ਲਗੇ ਕੁਰਲਾਣ, ਦਿਤੀ ਇਕ ਦੁਹਾਈਆ । ਰਾਮ ਨੇ ਫੇਰ ਕੀਤਾ ਫ਼ਰਮਾਣ, ਹੱਥ ਮੁਖ ਉਤੇ ਟਿਕਾਈਆ । ਅੰਦਰੋਂ ਆਇਆ ਇਕ ਗਿਆਨ, ਵਜੀ ਸਚ ਵਧਾਈਆ । ਵਸ਼ਿਸ਼ਟ ਨੇ ਕਿਹਾ ਸੁਣੋ ਨਾਲ ਧਿਆਨ, ਤੁਹਾਨੂੰ ਦਿਆਂ ਸਮਝਾਈਆ । ਤੁਹਾਡਾ ਲੇਖਾ ਵਿਚ ਜਹਾਨ, ਬਹੁਤਾ ਮੈਨੂੰ ਨਜ਼ਰੀ ਆਈਆ । ਰਾਮ ਨੇ ਕਿਹਾ ਕੁਛ ਦੱਸ ਇਸ ਦਾ ਨਿਸ਼ਾਨ, ਸੋਹਣੀ ਵੰਡ ਵੰਡਾਈਆ । ਵਸ਼ਿਸ਼ਟ ਨੇ ਕਿਹਾ ਜਿਸ ਵੇਲੇ ਗੋਬਿੰਦ ਹੋਵੇ ਬਲਵਾਨ, ਪਟਨੇ ਸ਼ਹਿਰ ਫੇਰਾ ਪਾਈਆ । ਵੱਡਿਆ ਤੈਨੂੰ ਦੇਵੇ ਇਨਾਮ, ਰਾਜਿਆਂ ਦਾ ਰਾਜਾ ਹੋ ਕੇ ਰਾਜਨ ਆਪਣੇ ਚਰਨ ਲਗਾਈਆ । ਇਹ ਨਿੱਕਾ ਨਹੀਂ ਇਹ ਕੀੜੀ ਦਾ ਰੂਪ ਭਗਵਾਨ, ਜਿਸ ਨੇ ਜੰਗਲਾਂ ਵਿਚ ਤਰਾਈਆ । ਜਿਸ ਦਾ ਲਹਿਣਾ ਚੁਕੌਣਾ ਕਲਜੁਗ ਅੰਤਮ ਵਿਚ ਸ੍ਰੀ ਭਗਵਾਨ, ਲੇਖਾ ਆਪਣੇ ਹੱਥ ਰਖਾਈਆ । ਉਹ ਦੋਵੇਂ ਰੋ ਪਏ ਬਾਲ ਨਾਦਾਨ, ਨੇਤਰ ਨੈਣਾਂ ਨੀਰ ਵਹਾਈਆ । ਉਚੀ ਕੂਕ ਕੂਕ ਸੁਣੌਣ ਸਾਨੂੰ ਕਿਵੇਂ ਆਵੇ ਪਹਿਚਾਣ, ਹਰਿ ਭੇਵ ਦੇਣਾ ਖੁਲ੍ਹਾਈਆ । ਹੁਕਮ ਆਇਆ ਸੁਣ ਲਾ ਕਰ ਕਾਨ, ਤੁਹਾਨੂੰ ਦਿਆਂ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦਾ ਜਾਣੀ ਜਾਣ, ਅਭੁਲ ਭੁਲ ਕਦੀ ਨਾ ਜਾਈਆ । ਤੈਨੂੰ ਲੇਖਾ ਲਿਖਾਵਾਂ ਮਹਾਨ, ਬੀਸ ਇਕੀਸਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਣ ਕੇ ਬਚਨ ਦੋਹਾਂ ਇਕ ਦੂਜੇ ਵਲ ਲਿਆ ਤਕ, ਵੱਡਾ ਛੋਟਾ ਧਿਆਨ ਲਗਾਈਆ । ਤੂੰ ਜੋ ਕੁਛ ਕਿਹਾ ਸੋ ਹਕੀਕਤ

ਵਿਚ ਹਕ, ਸਚ ਦਿਤਾ ਦ੍ਰਿੜਾਈਆ । ਵਸ਼ਿਸ਼ਟ ਨੇ ਕਿਹਾ ਨਹੀਂ ਕੋਈ ਸ਼ਕ, ਸੰਸਾ ਦਿਆਂ ਮੁਕਾਈਆ । ਰਾਮ ਨੇ ਕਿਹਾ ਇਹ ਖੇਲ ਪੁਰਖ ਸਮਰਥ, ਜੋ ਆਦਿ ਜੁਗਾਦਿ ਆਪਣੀ ਕਾਰ ਕਮਾਈਆ । ਸੋਹਣਾ ਬਣਾਵੇ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਵੱਡਾ ਛੋਟਾ ਦੋਵੇਂ ਇਕ ਦੂਜੇ ਨੂੰ ਮਿਲਾਵਣ ਹੱਥ, ਸੋਹਣੀ ਅੰਦਰੇ ਅੰਦਰ ਖਿਚ ਲਗਾਈਆ । ਓਧਰੋਂ ਰਾਮ ਪਿਆ ਹਸ, ਖ਼ੁਸ਼ੀ ਨਾਲ ਤਾਲੀ ਦਿਤੀ ਵਜਾਈਆ । ਵਸ਼ਿਸ਼ਟ ਨੇ ਸਿਰ ਤੇ ਸੋਟੀ ਰੱਖ ਕੇ ਦੋਹਾਂ ਦੀ ਖੋਲ੍ਹ ਦਿਤੀ ਅੱਖ, ਅੰਦਰੋਂ ਪਰਦਾ ਦਿਤਾ ਚੁਕਾਈਆ । ਕਲਜੁਗ ਅੰਤਮ ਤੁਸਾਂ ਮਾਤ ਪਿਤ ਘਰ ਜੰਮਣਾ ਵਖ ਵਖ, ਭੈਣ ਭਰਾਵਾਂ ਨਾਤਾ ਜਗਤ ਜੁੜਾਈਆ । ਜਿਸ ਵੇਲੇ ਕਿਰਪਾ ਕਰੇ ਆਪ ਰਘੁਨਾਥ, ਰਘੁਪਤ ਦਾਤਾ ਬੇਪਰਵਾਹੀਆ । ਸਾਚਾ ਖੇਲ ਵਖਾਏ ਤਮਾਸ਼, ਸਵਾਂਗੀ ਆਪਣਾ ਸਵਾਂਗ ਰਚਾਈਆ । ਬੀਸ ਇਕੀਸਾ ਪੂਰੀ ਕਰ ਕੇ ਆਸ, ਜਗਦੀਸਾ ਦਏ ਵਡਿਆਈਆ । ਤੁਹਾਡੇ ਤੱਤਾਂ ਵਾਲੀ ਦੇਹੀ ਦੇ ਵਖਰੇ ਵਖਰੇ ਸਵਾਸ, ਆਤਮ ਪਰਮਾਤਮ ਨਾਤਾ ਇਕੋ ਨਜ਼ਰੀ ਆਈਆ । ਓਸ ਵੇਲੇ ਛੋਟੇ ਕਿਹਾ ਮੈਥੋਂ ਚਲਿਆ ਨਹੀਂ ਜਾਣਾ ਕਰ ਕੇ ਲੰਬੀ ਵਾਟ, ਪਾਂਧੀ ਬਣ ਕੇ ਪੰਧ ਮੁਕਾਈਆ । ਵੱਡੇ ਕਿਹਾ ਮੈਂ ਚਲ ਕੇ ਆਵਾਂ ਤੇਰੇ ਹਾਟ, ਗ੍ਰਿਹ ਆਪਣਾ ਫੇਰਾ ਪਾਈਆ । ਛੋਟੇ ਕਿਹਾ ਮੈਂ ਜੇ ਲੁਕ ਜਾਵਾਂ ਓਸ ਰਾਤ, ਦੱਸ ਕਿਵੇਂ ਝਲੇਂ ਜੁਦਾਈਆ । ਵੱਡੇ ਕਿਹਾ ਇਹ ਤੇਰਾ ਖੇਲ ਵੇਖੇ ਮੇਰੀ ਆਂਖ, ਜੋ ਨੇਤਰ ਨੈਣਾਂ ਨੀਰ ਵਹਾਈਆ । ਓਧਰੋਂ ਵਸ਼ਿਸ਼ਟ ਨੇ ਕਿਹਾ ਇਹ ਤੁਹਾਡੀ ਹੋਣੀ ਸੱਚੀ ਬਾਤ, ਫ਼ਰਕ ਰਹਿਣ ਕੋਇ ਨਾ ਪਾਈਆ । ਰਾਮ ਨੇ ਕਿਹਾ ਚਿੰਤਾ ਨਾ ਕਰੋ ਤੁਹਾਡਾ ਸਾਹਿਬ ਹੋਣਾ ਸਾਖ਼ਿਆਤ, ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦੇ ਨਾਲ



ਭਗਤਾਂ ਦੀ ਜਮਾਤ, ਸੰਤ ਸੁਹੇਲੇ ਜੋੜ ਜੁੜਾਈਆ । ਗੁਰਮੁਖਾਂ ਦਾ ਵਜਣਾ ਨਾਦ, ਗੁਰਸਿਖਾਂ ਦੀ ਸ਼ਨਵਾਈਆ । ਜਿਹੜਾ ਚਾਰ ਜੁਗ ਅਸਮੇਧ ਯੱਗਾਂ ਵਿਚੋਂ ਆਇਆ ਨਹੀਂ ਸਵਾਦ, ਸੋ ਰਸ ਓਥੇ ਦਏ ਭਰਾਈਆ । ਬਲ ਵਰਗੇ ਆ ਕੇ ਮੰਗਣ ਦਾਤ, ਝੋਲੀ ਅੱਗੇ ਡਾਹੀਆ । ਵੱਡਾ ਭੰਡਾਰਾ ਡੂੰਘਾ ਖਾਤ, ਗੋਬਿੰਦ ਦੇਣੀ ਮਾਣ ਵਡਿਆਈਆ । ਜਿਹੜਾ ਕੀੜੀ ਦਾ ਨਹੀਂ ਖਾਜ, ਉਹ ਭਗਤਾਂ ਭੇਟ ਚੜ੍ਹਾਈਆ । ਭਗਤ ਉਧਾਰਨ ਧੁਰ ਪ੍ਰਭੂ ਦਾ ਰਿਵਾਜ, ਆਪਣਾ ਆਪੇ ਲਿਆ ਬਣਾਈਆ । ਅੱਗੇ ਹੋਣ ਨਾ ਦੇਵੇ ਕਿਸੇ ਦੇ ਮੁਹਤਾਜ, ਲੋੜਵੰਦ ਇਕੋ ਨਜ਼ਰੀ ਆਈਆ । ਹੁਣ ਰੋ ਰੋ ਕਿਹਨੂੰ ਰਹੇ ਆਖ, ਜੋ ਸਭ ਘਟ ਜਾਨਣਹਾਰਾ ਨਜ਼ਰੀ ਆਈਆ । ਤੁਹਾਨੂੰ ਨਹੀਂ ਜੇ ਦਿਸਦਾ ਤੇ ਲਾਲ ਸਿੰਘ ਖੜਾ ਮੇਰੇ ਪਾਸ, ਚਰਨਾਂ ਵਿਚ ਸੀਸ ਨਿਵਾਈਆ । ਨਾਲੇ ਕਹਿੰਦਾ ਬਾਪੂ ਪੂਰੀ ਕਰ ਦੇ ਖ਼ਾਹਿਸ਼, ਆਸਾ ਮਨਸਾ ਆਪਣੇ ਵਿਚ ਮਿਲਾਈਆ । ਜਿਸ ਤ੍ਰੇਤੇ ਦੇ ਵਿਛੜੇ ਕਲਜੁਗ ਕੀਤੇ ਆਣ ਤਲਾਸ਼, ਉਹ ਸੈਂਕੜਿਆਂ ਕੋਹਾਂ ਦਾ ਪੰਧ ਨਾ ਕਿਉਂ ਮੁਕਾਈਆ । ਜੇ ਨਹੀਂ ਇਤਬਾਰ ਤੇ ਰਾਤੀ ਸੁਤਿਆਂ ਕਰਾ ਦਊਂ ਵਿਸ਼ਵਾਸ, ਪਟਨੇ ਵਾਲਿਆ ਤੈਨੂੰ ਦਿਆਂ ਵਖਾਈਆ । ਜੇ ਨਾ ਵਖਾਵਾਂ ਕਹਿ ਦੇਵੀਂ ਕੋਈ ਬਦਮਾਸ਼, ਲਾਰਿਆਂ ਵਾਲੇ ਯਰਾਨੇ ਰਿਹਾ ਲਗਾਈਆ । ਜ਼ਰਾ ਵੇਖੀ ਜਾ ਅਗੇ ਦਾ ਖੇਲ ਕੀ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਸਾਚੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਖ਼ੁਸ਼ੀ ਕਹੇ ਮੈਨੂੰ ਚੜ੍ਹ ਗਈ ਲਾਲੀ, ਨਵ ਨੌਂ ਚਾਰ ਪਿੱਛੋਂ ਮੇਰੇ ਉਤੇ ਆਈਆ । ਪਤਿਪਰਮੇਸ਼ਵਰ ਪਾਰਬ੍ਰਹਮ ਪ੍ਰਭ ਮਿਲਿਆ ਧੁਰ ਦਾ ਮਾਲੀ, ਮਾਲਕ ਦਾਤਾ ਬੇਪਰਵਾਹੀਆ । ਜੋ ਲਹਿਣਾ ਦੇਣਾ ਚੁਕਾਏ ਆਦਿ ਜੁਗਾਦਿ ਜੁਗ ਚੌਕੜੀ ਦੇ ਵੇਖ ਸਵਾਲੀ, ਭਿਖਿਆ ਭਿਛਿਆ ਆਤਮ ਅੰਤਰ ਗ੍ਰਿਹ ਸਾਚੇ

ਝੋਲੀ ਪਾਈਆ । ਰਾਜ ਨਰੈਣ ਕਿਉਂ ਸੁਰਤ ਹੋਈ ਬੇਹਾਲੀ, ਕਿਉਂ ਨੇਤਰ ਨੈਣ ਦੇਣ ਦੁਹਾਈਆ । ਪ੍ਰੇਮ ਪਿਆਰ ਦੀ ਸਭ ਤੋਂ ਵੱਡੀ ਖ਼ੁਸ਼ਹਾਲੀ, ਬੇਮਿਸਾਲੀ ਬਣਤ ਬਣਾਈਆ । ਜਿਨ੍ਹਾਂ ਦੇ ਅੰਦਰ ਵੜ ਕੇ ਸਾਚੇ ਮੰਦਰ ਚੜ੍ਹ ਕੇ ਪ੍ਰਭੂ ਆਪ ਕਰੇ ਦਲਾਲੀ, ਵਿਚੋਲਾ ਹੋ ਕੇ ਮੇਲ ਮਿਲਾਈਆ । ਨਾ ਪਖੰਡ ਰਹੇ ਨਾ ਬਣੇ ਪਲਾਲੀ, ਜੋ ਕਰਨੀ ਸੋ ਕਰ ਕੇ ਰਿਹਾ ਜਣਾਈਆ । ਇਹ ਖੇਲ ਅਛਲ ਛਲ ਦੁਸ਼ਾਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹੀਆ । ਲਾਲ ਸਿੰਘ ਕਹੇ ਮੈਂ ਤੇਰਾ ਲਾਲ, ਲਾਲਨ ਤੇਰੀ ਬੇਪਰਵਾਹੀਆ । ਤੇਰਾ ਖੇਲ ਵੇਖ ਕਮਾਲ, ਕਮਲਾ ਹੋ ਕੇ ਰਿਹਾ ਸੁਣਾਈਆ । ਕੀ ਹੋਇਆ ਜੇ ਮੇਰੀ ਨਿੱਕੀ ਨਿੱਕੀ ਕੀੜੀ ਵਾਲੀ ਚਾਲ, ਹੌਲੀ ਹੌਲੀ ਪੰਧ ਮੁਕਾਈਆ । ਮੈਨੂੰ ਭਾਸ ਪਿਆ ਤੂੰ ਆਪਣਾ ਹਿੱਸਾ ਹਰਿਸੰਗਤ ਦਿਤਾ ਖਵਾਲ, ਖ਼ਾਹਸ਼ ਮੇਰੀ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

### ❊ ੨੫ ਮਾਘ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ ਪਿੰਡ ਹੇਰ ਜ਼ਿਲਾ ਜਲੰਧਰ ❊

ਤ੍ਰੇਤੇ ਕਿਹਾ ਮੇਰੇ ਵਿਚ ਹੋਇਆ ਇਕ਼ਰਾਰ, ਸ਼ਹਾਦਤ ਦੇਣੀ ਭੁਗਤਾਈਆ । ਰਾਮ ਕਿਹਾ ਉਹ ਸਚ ਦਰਬਾਰ, ਜਿਥੇ ਅਦਲ ਇਕੋ ਨਜ਼ਰੀ ਆਈਆ । ਵਸ਼ਿਸ਼ਟ ਕਿਹਾ ਸਾਰੇ ਕਰੋ ਇਤਬਾਰ, ਭਰਮ ਰਹੇ ਨਾ ਰਾਈਆ । ਵੱਡੇ ਕਿਹਾ ਕੀ ਵਿਹਾਰ, ਮੇਰੀ ਸਮਝ ਸਮਝ ਨਾ ਪਾਈਆ । ਛੋਟੇ ਕਿਹਾ ਵਾਹ ਯਾਰ, ਸੋਚਣ ਦੀ ਲੋੜ ਰਹੀ ਨਾ ਰਾਈਆ । ਜਿਥੇ ਵਿਚੋਲਾ ਆਪ ਨਿਰੰਕਾਰ, ਵੇਖਣਹਾਰਾ ਥਾਉਂ ਥਾਈਆ । ਓਥੇ ਮਨ ਮਤਿ ਬੁਧਿ ਦੀ ਨਹੀਂ ਕੋਈ ਧਾਰ, ਜਗਤ ਵਿਦਿਆ ਨਾ ਕੋਇ ਵਡਿਆਈਆ । ਤ੍ਰੇਤੇ ਕਿਹਾ ਮੈਂ ਕਰਾਂ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜਿਹੜਾ ਸੀਤਾ ਦਾ ਸੋਹਣਾ ਹਾਰ, ਸਧਰਾਂ ਰੂਪ ਵਟਾਈਆ । ਲੈ ਕੇ ਆਵਾਂ ਇਕ ਦਰਬਾਰ, ਧੁਰ ਦੀ ਸਾਚੀ ਸੇਵ ਕਮਾਈਆ । ਆਸਾ ਪੂਰੀ ਕਰ ਕੇ ਬਾਲ, ਨਿਰਾਸਾ ਦੇਵਾਂ ਗਵਾਈਆ । ਆਵਾਜ ਲਗਾ ਕੇ ਸਿੰਘ ਪਾਲ, ਸੋਇਆ ਲਵਾਂ ਜਗਾਈਆ । ਨਾਲੇ ਖੋਲ੍ਹ ਕੇ ਪਿਛਲਾ ਹਾਲ, ਅਹਿਵਾਲ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਸਚ ਲਗਾਈਆ । ਸੁਣ ਕੇ ਬਚਨ ਤ੍ਰੇਤੇ ਜੁਗ, ਕਲਜੁਗ ਆਪਣੀ ਲਏ ਅੰਗੜਾਈਆ । ਕਲਜੁਗ ਤੇਰਾ ਲੇਖਾ ਜਾਣਾ ਮੁਕ, ਵਾਰੀ ਮੇਰੀ ਬੇਪਰਵਾਹੀਆ । ਜਿੰਨਾਂ ਚਿਰ ਮੈਥੋਂ ਨਾ ਲਵੇਂ ਪੁਛ, ਚਲਣ ਦੇਵਾਂ ਨਾ ਕੋਇ ਚਤੁਰਾਈਆ । ਪ੍ਰਭ ਨੇ ਵਸ ਕਰਨਾ ਮੇਰੇ ਸਭ ਕੁਛ, ਬਲਧਾਰੀ ਦੇਣਾ ਬਣਾਈਆ । ਰਾਮ ਵਸ਼ਿਸ਼ਟ ਵੀ ਜਾਣਾਂ ਲੁਕ, ਤੱਤਾਂ ਵਾਲਾ ਨਜ਼ਰ ਕੋਇ ਨਾ ਆਈਆ । ਮਾਨਸ ਨਾ ਜਾਣੇ ਕੋਇ ਮਨੁਖ, ਦੂਜਾ ਸਮਝ ਨਾ ਕੋਇ ਸਮਝਾਈਆ । ਤਿਸ ਦਾ ਲਹਿਣਾ ਜਾਣਾ ਚੁਕ, ਕਵਣ ਦੇਵੇ ਮੁਕਾਈਆ । ਤ੍ਰੇਤਾ ਤੂੰ ਨਹੀਂ ਜਾਣਦਾ ਓਸ ਵੇਲੇ ਪੁਰਖ ਅਕਾਲ ਨੇ ਗੋਬਿੰਦ ਬਣੌਣਾ ਇਕ ਪੁਤ, ਜਿਸ ਦੇ ਹੱਥ ਦਏ ਵਡਿਆਈਆ । ਉਹ ਸੂਰਬੀਰ ਸ਼ਬਦੀ ਧਾਰ ਪਿਆ ਉਠ, ਅਗੰਮ ਅਗੰਮੜਾ ਰੂਪ ਜਣਾਈਆ । ਜਿਸ ਨੂੰ ਬ੍ਰਹਿਮੰਡ ਖੰਡ ਗੁਰ ਅਵਤਾਰ ਪੈਗ਼ੰਬਰ ਭਗਤ ਸਾਰੇ ਜਾਣੇ ਝੁਕ, ਸੀਸ ਨਾ ਕੋਇ ਉਠਾਈਆ । ਜਿਸ ਦਾ ਨਾਮ ਸੰਦੇਸ਼ਾ ਢੋਲਾ ਰਾਗ ਅਨੋਖੀ ਤੁਕ, ਤੁਖ਼ਮ ਸਭ ਦੇ ਦਏ ਬਦਲਾਈਆ । ਓਸ ਨੇ ਸਭ ਦਾ ਬਦਲ ਕੇ ਰੁਖ਼, ਮਾਰਗ ਇਕੋ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਸਾਚਾ ਦੇਣਾ ਲਾਈਆ । ਕਲਜੁਗ


੩੧੪

ਕਹੇ ਸੁਣ ਤ੍ਰੇਤੇ ਮੇਰੀ ਬਾਤ, ਤੁਰੀਆ ਵਾਲੇ ਤੈਨੂੰ ਦਿਆਂ ਜਣਾਈਆ । ਓਸ ਵੇਲੇ ਖੇਲ ਰਹਿਣ ਨਹੀਂ ਦੇਣੀ ਕੋਈ ਸਚੀ ਜਮਾਤ, ਘਰ ਘਰ ਝਗੜਾ ਦੇਣਾ ਪਾਈਆ । ਰਾਮ ਵਕਤ ਵਾਲੀ ਰਹਿਣੀ ਨਹੀਂ ਕੋਈ ਰਾਤ, ਚਾਂਦਨਾ ਨੂਰ ਨਾ ਕੋਇ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਾਲੀ ਭੁਲੌਣੀ ਗਾਥ, ਮੰਤਰਾਂ ਵਾਲੀ ਨਾ ਕੋਇ ਪੜ੍ਹਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵਾਲੀ ਲੱਭੇ ਕੋਈ ਨਾ ਜ਼ਾਤ, ਮਨ ਮਤਿ ਹੋਇ ਹਲਕਾਈਆ । ਨੂਰ ਚਮਕੇ ਨਾ ਕੋਈ ਪ੍ਰਿਥਮੀ ਆਕਾਸ਼, ਗਗਨ ਮੰਡਲ ਨਾ ਕੋਇ ਰੁਸ਼ਨਾਈਆ । ਪੰਡਤ ਪਾਂਧੇ ਲਾਵਣ ਹਿਸਾਬ ਕਿਤਾਬ, ਲਖਣ ਸਚ ਨਾ ਕੋਇ ਜਣਾਈਆ । ਅੰਮ੍ਰਿਤ ਦੇਵੇ ਨਾ ਕੋਇ ਹਯਾਤ ਆਬ, ਆਬਰੂ ਸਾਰੇ ਦੇਣ ਗਵਾਈਆ । ਚਾਰ ਜੁਗ ਦੇ ਮਾਲਕਾਂ ਨੂੰ ਮਿਲਣਾ ਓਸ ਵੇਲੇ ਜਵਾਬ, ਆਦਾਬ ਸੀਸ ਨਾ ਕੋਇ ਝੁਕਾਈਆ । ਜਿਸ ਵੇਲੇ ਖੇਲ ਕਰਨਾ ਮਾਲਕ ਵਾਹਿਦ, ਵਾਹਵਾ ਗੁਰੂ ਆਪ ਅਖਵਾਈਆ । ਓਸ ਵੇਲੇ ਤ੍ਰੇਤਾ ਕਿਸ ਤਰਾ ਮਾਰੇਂ ਆਵਾਜ, ਤੇਰੀ ਸੁਣਨ ਕੋਇ ਨਾ ਪਾਈਆ । ਰਾਮ ਕਿਹਾ ਕਲਜੁਗ ਸ਼ਾਬਾਸ਼, ਸੋਹਣੀ ਸਚ ਦਿਤੀ ਦ੍ਰਿੜਾਈਆ । ਵਸ਼ਿਸ਼ਟ ਪੁਸ਼ਤ ਤੇ ਰਖ ਕੇ ਹਾਥ, ਉਂਗਲੀਆਂ ਪੰਜਾਂ ਨਾਲ ਦਬਾਈਆ । ਕਲਜੁਗ ਓਸੇ ਵੇਲੇ ਖੋਲ੍ਹ ਕੇ ਆਂਖ, ਅਗਲਾ ਵੇਲਾ ਲਿਆ ਤਕਾਈਆ । ਨਜ਼ਰੀ ਆਇਆ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਵੱਡੀ ਵਡਿਆਈਆ । ਨਾਲੇ ਸੁਣ ਲਿਆ ਓਸ ਦਾ ਜਾਪ, ਸੋਹੰ ਢੋਲਾ ਰਿਹਾ ਸੁਣਾਈਆ । ਭਗਤਾਂ ਦਾ ਦੱਸਿਆ ਸਾਥ, ਸਗਲਾ ਸੰਗ ਨਿਭਾਈਆ । ਰਾਮ ਨੇ ਕਿਹਾ ਫੇਰ ਮਾਰ ਆਵਾਜ਼, ਕਲਜੁਗ ਲਏ ਅੰਗੜਾਈਆ । ਉਠ ਵੇਖ ਓਸ ਦਾ ਸੋਹਣਾ ਤਾਜ, ਜੋ ਤਖ਼ਤ ਨਿਵਾਸੀ ਰਿਹਾ ਟਿਕਾਈਆ । ਜਿਸ ਦੇ ਹੱਥ ਭਗਤਾਂ ਦਾ ਹਿਸਾਬ ਕਿਤਾਬ, ਲਹਿਣਾ ਦਏ ਮੁਕਾਈਆ । ਓਧਰੋਂ ਵਸ਼ਿਸ਼ਟ ਨੇ ਕਿਹਾ ਵੱਡਿਆ ਤੂੰ ਪਹਿਲਾਂ ਕਰੀ ਇਕ ਵੇਰਾਂ ਰਾਜ, ਜਗਤ ਹੁਕਮ ਚਲਾਈਆ । ਛੋਟਿਆ ਤੂੰ ਨਿੱਕਾ ਹੋ ਕੇ ਲਈਂ ਭਾਜ, ਆਪਣਾ ਪੰਧ ਮੁਕਾਈਆ । ਜਿਸ ਵੇਲੇ ਸ਼ਾਹਾਂ ਦੇ ਸ਼ਾਹ ਰਾਜਿਆਂ ਦੇ ਰਾਜਾਂ ਦਾ ਬਦਲ ਦਿਤਾ ਰਿਵਾਜ, ਹੁਕਮ ਆਪਣਾ ਇਕ ਵਰਤਾਈਆ । ਓਸ ਵੇਲੇ ਤੁਹਾਨੂੰ ਦੋਹਾਂ ਨੂੰ ਕਰਾਂ ਆਪਣੇ ਦਾਸ, ਦਾਸੀ ਰੂਪ ਵਟਾਈਆ । ਓਸ ਦਿਨ ਏਹੋ ਸਚਾ ਮਹੀਨਾ ਪੰਝੀ ਮਾਘ, ਵਡਭਾਗ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਈਆ । ਧੁਰ ਦਾ ਲੇਖਾ ਲੇਖੇ ਵੇਖ ਲਗਦਾ, ਗੁਰ ਚੇਲਾ ਦੋਵੇਂ ਖ਼ੁਸ਼ੀ ਮਨਾਈਆ । ਇਹ ਮੇਲਾ ਪ੍ਰਭ ਸਬੱਬ ਦਾ, ਜੋ ਵਿਛੜੇ ਰਿਹਾ ਜੁੜਾਈਆ । ਜੋ ਜੰਗਲ ਜੂਹ ਉਜਾੜ ਪਹਾੜਾਂ ਉਚੇ ਟਿੱਲਿਆਂ ਪਰਬਤਾਂ ਵਿਚੋਂ ਹੱਥ ਕਿਸੇ ਨਾ ਲਗਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਜੋ ਦੂਰ ਦੁਰਾਡੇ ਪੂਰਬ ਵਿਛੜੇ ਸਦਦਾ, ਰਾਜ ਨਰੈਣ ਲਿਆ ਬੁਲਾਈਆ । ਤੇਰੇ ਨਾਲ ਸੁਰਸਤੀ ਦਾ ਹਿੱਸਾ ਅਧ ਦਾ, ਮਸਤੀ ਖ਼ੁਮਾਰੀ ਨਾਲ ਚੜ੍ਹਾਈਆ । ਤੂੰ ਲਾਲ ਸਿੰਘ ਦਾ ਪਿਛਲਾ ਸੋਹਣਾ ਸੱਜਣ ਲਗਦਾ, ਜਿਸ ਦੀ ਰਾਮ ਵਸ਼ਿਸ਼ਟ ਦੋਵੇਂ ਦੇਣ ਗਵਾਹੀਆ । ਇਹ ਨਾਤਾ ਨਹੀਂ ਅੱਜ ਦਾ, ਜੁਗ ਚੌਕੜੀ ਵੇਖ ਵਖਾਈਆ । ਤੂੰ ਕਿਸ ਤਰਾ ਟਿਕਟਾਂ ਲੈ ਕੇ ਪਿੱਛੇ ਭੱਜਦਾ, ਇਹ ਭੱਜੇ ਜਾਂਦਿਆਂ ਮੋੜਾ ਲਵੇ ਲਾਈਆ । ਕਿਉਂ ਇਹ ਪਿਛਲੇ ਲੇਖੇ ਕਢਦਾ, ਅਗਲੇ ਖਾਤੇ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਚੁਕਾਈਆ । ਧੁਰ ਦਾ ਲੇਖਾ ਵੇਖ ਚੁਕਦਾ, ਜ਼ਿਮੀਂ ਅਸਮਾਨ ਢੋਲੇ ਗਾਈਆ । ਭਗਤ ਭਗਵਾਨ ਕੋਲੋਂ ਕੀ ਕੀ ਪੁਛਦਾ, ਅੰਤਰ ਆਤਮ ਹਾਲ ਸੁਣਾਈਆ । ਤੁਸੀਂ ਵੇਖੋ ਚਰਨਾਂ ਕੋਲ ਬੈਠਾ ਜੇ ਲਾਲ ਸਿੰਘ ਰੁਸਦਾ, ਜੀਂਵਦਿਆਂ ਨਾਲ ਤਾਅਨੇ ਰਿਹਾ ਲਗਾਈਆ । ਜੇ ਤੂੰ ਨਾਤਾ

ਜੋੜਿਆ ਪਿਤਾ ਪੁਤ ਦਾ, ਕਿਉਂ ਨਾ ਕੱਟੀ ਮਾਤ ਜੁਦਾਈਆ । ਹੁਣ ਵੇਲਾ ਨਹੀਂ ਪਰਮਾਤਮ ਤੇਰਾ ਮੇਰੀ ਆਤਮਾ ਕੋਲੋਂ ਲੁਕ ਦਾ, ਪਰਦਾ ਦੇ ਉਠਾਈਆ । ਤੇਰਾ ਭਗਤ ਭਗਵਾਨ ਤੇਰੇ ਮਾਰਗ ਉਤੋਂ ਕਦੇ ਨਹੀਂ ਘੁਸਦਾ, ਰਹਿਬਰ ਹੋ ਕੇ ਰਸਤੇ ਦੇ ਲਗਾਈਆ । ਤੂੰ ਮਾਲਕ ਸਭ ਕਿਛ ਦਾ, ਜਿਸ ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਆਪ ਉਪਜਾਈਆ । ਤੇਰਾ ਪੈਂਡਾ ਕਦੀ ਨਾ ਮੁਕਦਾ, ਮੰਜ਼ਲ ਉਚੀ ਨਜ਼ਰੀ ਆਈਆ । ਜੇ ਹਾਲ ਸੁਣੇ ਵਿਛੋੜੇ ਦੇ ਦੁਖ ਦਾ, ਰਸਨਾ ਕਹਿ ਸਕੇ ਨਾ ਰਾਈਆ । ਜਿਸ ਵੇਲੇ ਦਰਸ ਦਿਖਾ ਕੇ ਰਾਤੀ ਸੁੱਤਿਆਂ ਸਾਡੇ ਕੋਲੋਂ ਲੁਕਦਾ, ਆਪਣਾ ਆਪ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪਣੇ ਨਾਲ ਰਖਾਈਆ । ਲੇਖਾ ਵੇਖ ਕੇ ਪਿਛਲਾ ਭਗਵਾਨਨ, ਭੇਵ ਰਿਹਾ ਖੁਲ੍ਹਾਈਆ । ਜਿਨ੍ਹਾਂ ਨੇ ਫੜਿਆ ਸਚਾ ਦਾਮਨ, ਦਾਮਨਗੀਰ ਆਪ ਹੋ ਜਾਈਆ । ਤੁਹਾਡਾ ਰਾਮ ਤੇ ਵਸ਼ਿਸ਼ਟ ਸਾਖ਼ਿਆਤ ਖੜਾ ਜ਼ਾਮਨ, ਵਸ਼ਿਸ਼ਟ ਕਰਮੰਡਲ ਆਪਣੇ ਹੱਥ ਉਠਾਈਆ । ਨਾਲੇ ਅੰਚਲ ਪਕੜ ਕੇ ਆਪਣਾ ਦਾਮਨ, ਆਮਨ੍ਹ ਸਾਮਨ੍ਹ ਨੇਤਰ ਨੈਣਾਂ ਅੱਖ ਮਿਲਾਈਆ । ਸੋਹਣਾ ਲੱਗਾ ਖੇੜਾ ਨਗਰ ਗਰਾਮਨ, ਭੂਮਿਕਾ ਮਿਲੀ ਵਡਿਆਈਆ । ਜਗਤ ਤ੍ਰਿਸ਼ਨਾ ਮਿਟੀ ਤਾਮਨ, ਤ੍ਰਿਖਾ ਦਿਤੀ ਬੁਝਾਈਆ । ਜਨਮ ਜਨਮ ਦੇ ਵਿਛੜੇ ਆਇਆ ਮਿਲਾਵਨ, ਮੇਲਾ ਆਪਣੇ ਨਾਲ ਮਿਲਾਈਆ । ਤੋਲ ਦੋਹਾਂ ਦਾ ਤੋਲ ਕੇ ਸਾਵਨ, ਇਕੋ ਕੰਡੇ ਦਏ ਚੜ੍ਹਾਈਆ । ਅਗਲਾ ਲਹਿਣਾ ਝੋਲੀ ਆਇਆ ਪਾਵਨ, ਪਤਿਤ ਪੁਨੀਤ ਪਵਿਤ ਦਏ ਕਰਾਈਆ । ਜਨਮ ਜਨਮ ਦਾ ਗੇੜਾ ਆਇਆ ਕਟਾਵਨ, ਲੱਖ ਚੁਰਾਸੀ ਫੰਦ ਮੁਕਾਈਆ । ਸਚ ਦਵਾਰੇ ਆਇਆ ਬਹਾਵਨ, ਬਾਹੋਂ ਪਕੜ ਆਪ ਉਠਾਈਆ । ਸਚਖੰਡ ਆਇਆ ਵਸਾਵਨ, ਦਰਗਾਹ ਸਾਚੀ ਡੇਰਾ ਲਾਈਆ । ਜੋਤੀ ਜੋਤ ਆਇਆ ਸਮਾਵਨ, ਨੂਰ ਨੂਰ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਧੁਰ ਦੀ ਕਰਨੀ ਵੇਖ ਕਰਤਾਰ, ਕਰਤੇ ਤੇਰੇ ਹੱਥ ਵਡਿਆਈਆ । ਜਿਵੇਂ ਪਿਛਲਾ ਲਹਿਣਾ ਦਿਤਾ ਉਤਾਰ, ਅਗਲਾ ਲੇਖਾ ਆਪਣੇ ਨਾਲ ਰਖਾਈਆ । ਜੇ ਪਹਿਲੋਂ ਰਹੇ ਤੱਤਾਂ ਵਾਲੇ ਯਾਰ, ਤਨ ਪਿਆਰ ਵਖਾਈਆ । ਅਗੇ ਆਤਮ ਦੇ ਆਧਾਰ, ਪਰਮਾਤਮ ਜੋੜ ਜੁੜਾਈਆ । ਤੇਰਾ ਵੇਖੀਏ ਠੰਡਾ ਸਚ ਦਰਬਾਰ, ਅਗਨੀ ਤੱਤ ਨਾ ਕੋਇ ਜਣਾਈਆ । ਕੂੜੀ ਕਿਰਿਆ ਵਿਚੋਂ ਕਢ ਕੇ ਬਾਹਰ, ਧੁਰ ਦਾ ਮੇਲਾ ਲੈਣਾ ਮਿਲਾਈਆ । ਨਰਾਇਣ ਦੀ ਅੱਖ ਦਿਤੀ ਉਘਾੜ, ਨਿਜ ਆਪਣਾ ਆਪ ਵਖਾਈਆ । ਲਾਲ ਨੂੰ ਬਖ਼ਸ਼ ਕੇ ਸਚਾ ਪਿਆਰ, ਅਰਸ਼ਾਂ ਦੇ ਉਤੇ ਦੇਣਾ ਭੁਆਈਆ । ਤੂੰ ਬਖ਼ਸ਼ਸ਼ਾਂ ਦਾ ਮਾਲਕ ਸ਼ਹਿਨਸ਼ਾਹ ਸਚੀ ਸਰਕਾਰ, ਦੋ ਜਹਾਨਾਂ ਤੇਰੀ ਰਈਅਤ ਨਜ਼ਰੀ ਆਈਆ । ਤੇਰਾ ਹੁਕਮ ਚਲੇ ਜੁਗ ਚਾਰ, ਜੁਗ ਚੌਕੜੀ ਨਾ ਕੋਇ ਮਿਟਾਈਆ । ਜਿਨ੍ਹਾਂ ਦੀ ਸ਼ਹਾਦਤ ਦੇਣ ਗੁਰੂ ਅਵਤਾਰ, ਹਾਜ਼ਰ ਹੋ ਕੇ ਸੇਵ ਕਮਾਈਆ । ਤਿਨ੍ਹਾਂ ਦਾ ਤੇਰੇ ਨਾਲ ਰਹੇ ਪਿਆਰ, ਪ੍ਰੀਤਮ ਇਕੋ ਤੂ ਹੀ ਨਜ਼ਰੀ ਆਈਆ । ਯਾਰਾਂ ਦਾ ਯਰਾਨਾਂ ਰਹੇ ਤੇਰੇ ਨਾਲ, ਕਾਹਨਾਂ ਦੇ ਕਾਹਨ ਤੇਰੀ ਸਰਨਾਈਆ । ਘਰ ਆਇਆਂ ਭਗਤਾਂ ਮਹਿਮਾਨਾਂ ਦਾ ਅੰਮ੍ਰਿਤ ਰਸ ਭਰਦੇ ਭੰਡਾਰ, ਵਸ ਆਪਣੇ ਲੈ ਕਰਾਈਆ । ਤੇਰਾ ਜਸ ਗਾਵਣ ਵਿਚ ਸੰਸਾਰ, ਢੋਲਾ ਤੇਰਾ ਨਾਮ ਸੁਣਾਈਆ । ਜੇ ਤੱਤ ਸਰੀਰ ਕਰ ਕੇ ਹਾਜ਼ਰ ਨਹੀਂ ਤੇਰਾ ਲਾਲ, ਹਾਜ਼ਰਾਂ ਨਾਲੋਂ ਹਾਜ਼ਰ ਅੱਗੇ ਬੈਠਾ ਨਜ਼ਰੀ ਆਈਆ । ਨਾਲੇ ਸਵਾਲ ਤੇ ਨਾਲੇ ਕਰੇ ਜਵਾਬ, ਆਦਾਬ ਕਰ ਕੇ ਸੀਸ ਝੁਕਾਈਆ । ਵੈਰਾਗੀਆਂ ਅੰਦਰ ਮੇਰੀ ਉਹ ਸੁਣਾਦੇ ਆਵਾਜ਼, ਜਿਸ ਦੇ ਨਾਲ ਪ੍ਰੇਮ ਦੀ ਵਜਦੀ ਰਹੇ ਵਧਾਈਆ । ਹੇ ਪ੍ਰਭੂ ਮੈਨੂੰ ਇਕੋ

੩੧੬

ਜਾਪਦਾ ਤੂੰ ਸਭ ਦਾ ਸਚਾ ਬਾਪ, ਪੁਰਖ ਅਕਾਲ ਨਜ਼ਰੀ ਆਈਆ । ਜਿਸ ਤਰਾ ਪਹਿਲਾਂ ਕੀਤਾ ਈ ਭਵਿਖਤ ਵਾਕ, ਅਗਲਾ ਤਾਕ ਦੇਣਾ ਖੁਲ੍ਹਾਈਆ । ਸਾਥੋਂ ਬਣਿਆ ਨਹੀਂ ਜਾਂਦਾ ਚਾਕ, ਤੂੰ ਚਾਕਰ ਬਣ ਕੇ ਸਾਡੀ ਸੇਵ ਜਾ ਕਮਾਈਆ । ਨਾਲੇ ਪ੍ਰੇਮ ਕਰਨ ਦੀ ਮੇਰੇ ਦਵਾਰੇ ਤੇ ਭਗਤਾਂ ਨੂੰ ਦੱਸ ਜਾ ਜਾਚ, ਜਾਚਕ ਹੋ ਕੇ ਆਪਣਾ ਫੇਰਾ ਪਾਈਆ । ਮੇਰਾ ਸੱਜਣ ਰਾਜ ਨਰੈਣ ਹੋ ਨਾ ਜਾਵੇ ਉਦਾਸ, ਇਹਦੀ ਉਦਾਸੀ ਦੇਣੀ ਗਵਾਈਆ । ਮੈਂ ਇਹੋ ਰਖ ਕੇ ਆਇਆ ਆਸ, ਤੇਰੇ ਚਰਨਾਂ ਸੀਸ ਨਿਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਪ੍ਰੇਮ ਵਿਚ ਮੇਰੇ ਪਿਆਰ ਦਾ ਲੇਖੇ ਲੱਗੇ ਸਵਾਸ, ਸਵਾਸ ਸਵਾਸ ਤੇਰੀ ਝੋਲੀ ਪਾਈਆ ।

ਗੰਢ ਖੋਲ੍ਹਣ ਨੂੰ ਚੁਕ ਲੈ ਹੱਥ, ਆਪਣੀ ਦਇਆ ਕਮਾਈਆ । ਹੌਲੀ ਜਿਹੀ ਉਤੇ ਰਿਹਾ ਰਖ, ਬੇਪਰਵਾਹ ਹੋ ਸਹਾਈਆ । ਨੌ ਸੌ ਚੁਰਾਨਵੇ ਚੌਕੜੀ ਜੋ ਸਾਂਭ ਕੇ ਰੱਖੀ ਵਥ, ਆਪਣੇ ਵਿਚ ਛੁਪਾਈਆ । ਉਸਨੂੰ ਬਾਹਰ ਕੱਢੇ ਪੁਰਖ ਸਮਰਥ, ਪੜਦਾ ਦਏ ਚੁਕਾਈਆ । ਚੁਪ ਕੀਤਿਆਂ ਰਾਤੀਂ ਸੁਤਿਆਂ ਤੁਹਾਡੇ ਅੰਦਰ ਦੇਵੇ ਢਕ, ਸੇਵਾ ਧੁਰ ਦੀ ਆਪ ਕਮਾਈਆ । ਨਿਰਮਲ ਨੂਰ ਕਰ ਪਰਕਾਸ਼, ਘਰ ਦੀਪਕ ਦਏ ਜਗਾਈਆ । ਸ਼ਬਦ ਸੁਣ ਆਈ ਆਵਾਜ਼, ਰਾਗ ਇਕ ਅਲਾਈਆ । ਚਲਦਿਆਂ ਫਿਰਦਿਆਂ ਦਰਸ ਵਖਾ ਕੇ ਸਾਖ਼ਿਆਤ, ਸਨਮੁਖ ਬੈਠੇ ਚਾਈਂ ਚਾਈਆ । ਹਨੋਰੇ ਸੁਣਨ ਦੀ ਸਦਾ ਇਹਨੂੰ ਖ਼ਾਹਿਸ਼, ਮਰੋੜਿਆਂ ਵਿਚ ਖ਼ੁਸ਼ੀ ਮਨਾਈਆ । ਖ਼ੁਸ਼ੀ ਦੇ ਵਿਚੋਂ ਤੁਹਾਡੀ ਪੂਰੀ ਕਰੇ ਆਸ, ਅਸਲ ਆਪਣਾ ਰੂਪ ਦਏ ਵਖਾਈਆ । ਫੇਰ ਗੁਰਮੁਖ ਤੇਰੀ ਜ਼ਬਾਨ ਵਿਚੋਂ ਨਿਕਲੇ ਤੇਰੀ ਆਵਾਜ਼, ਆਵਾਜ਼ ਨਾਲ ਇਸ਼ਾਰਿਆਂ ਦਏ ਜਣਾਈਆ । ਵਾਕਈ ਇਹ ਸਤਿ ਪੁਰਖ ਸਭ ਦਾ ਬਾਪ, ਜੋ ਭੰਡਾਰੇ ਖ਼ਾਲੀ ਰਿਹਾ ਭਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਵਕਤ ਰਿਹਾ ਤਾਕ, ਲਹਿਣੇ ਦਾ ਲਹਿਣਾ ਝੋਲੀ ਪਾਈਆ ।

### ❊ ੨੬ ਮਾਘ ੨੦੨੧ ਬਿਕ੍ਰਮੀ ਬੀਬੀ ਗੁਰਚਰਨ ਕੌਰ ਦੇ ਨਵਿਤ ਪਿੰਡ ਹੇਰ ❊

ਮਟਕੀ ਗਗਰੀਆ ਜਿਸ ਗੋਬਿੰਦ ਫੋੜੀ, ਨਿਸ਼ਾਨਾ ਤੀਰ ਕਮਾਨ ਲਗਾਈਆ । ਕਰਦਾ ਖੇਲ ਚੋਰੀ ਚੋਰੀ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸਾਢੇ ਤਿੰਨ ਹੱਥ ਦੇਵੇ ਮਾਟੀ ਨਕੋਰੀ, ਨਿਤ ਨਵਿਤ ਦਏ ਬਦਲਾਈਆ । ਵਿਚ ਅੰਮ੍ਰਿਤ ਬੂੰਦ ਪਾ ਕੇ ਥੋੜੀ ਥੋੜੀ, ਰਸ ਧੁਰ ਦਾ ਦਏ ਟਿਕਾਈਆ । ਆਪਣੀ ਆਵਾਜ਼ ਸ਼ਬਦ ਧੁਨ ਸੁਣਾਕੇ ਘਨਘੋਰੀ, ਅਗੰਮ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਟਕੀ ਕਹੇ ਸੁਣੋ ਰੀ ਸਖ਼ੀ, ਅੰਤਰ ਕਹਾਣੀ ਦਿਆਂ ਜਣਾਈਆ । ਮੈਂ ਦਰਸ਼ਨ ਪਾ ਕੇ ਅੱਖੀਂ, ਆਖ਼ਰ ਆਪਣਾ ਆਪ ਗਈ ਤਜਾਈਆ । ਇਹ ਮਾਲਕ ਧੁਰ ਦਾ ਕਮਲਾਪਤੀ, ਸਤਿ ਸਰੂਪੀ ਨਜ਼ਰੀ ਆਈਆ । ਇਹਦੇ ਤੀਰ ਨਿਸ਼ਾਨੇ ਨਾਲ ਮੈਨੂੰ ਸੱਟ ਜ਼ਰਾ ਨਾ ਲੱਗੀ, ਸੋਈ ਸੁਰਤੀ ਦਿਤੀ ਉਠਾਈਆ । ਪ੍ਰੇਮ ਪਿਆਰ ਦੀ ਦੇ ਕੇ ਸਾਚੀ ਰਤੀ, ਮੈਨੂੰ ਰਤਨ ਅਮੋਲਕ ਹੀਰਾ ਦਿਤਾ ਬਣਾਈਆ । ਤੂੰ ਕੀ ਗੁਜਰੀ ਨੂੰ ਰਹੀ ਦੱਸੀ, ਗੁਜਰੀ ਦਾ ਬੇਟਾ ਖੇਵਟ ਖੇਟਾ ਨਜ਼ਰੀ ਆਈਆ । ਇਸ ਦੇ ਸਚ ਭੰਡਾਰੇ ਦੀ ਵੇਖ ਖੁਲ੍ਹੀ ਹੱਟੀ, ਜੋ ਹਟਵਾਣਾ


੩੧੭

ਬਣਕੇ ਰਿਹਾ ਚਲਾਈਆ । ਜਿਸ ਨੇ ਗੁਲੇਲ ਨਿਸ਼ਾਨੇ ਵਾਲੀ ਛੱਡੀ, ਮੇਰੇ ਦਿਤੀ ਚੋਟ ਲਗਾਈਆ । ਉਹ ਮੇਰੀ ਵਿੰਨ੍ਹ ਕੇ ਪਸਲੀ ਹੱਡੀ, ਆਰ ਪਾਰ ਰੰਗ ਚੜ੍ਹਾਈਆ । ਮੈਂ ਓਸੇ ਦੀ ਦਾਸ ਓਸੇ ਦੇ ਚਰਨਾਂ ਦੀ ਬੱਧੀ, ਬੰਦਨਾ ਕਰ ਕਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਗਗਰੀਆ ਕਹੇ ਸੁਣ ਮੈਨੂੰ ਵੱਜਣ ਵਾਲੇ ਤੀਰ, ਤੇਰੀ ਮੁੱਖੀ ਸੋਹਣੀ ਨਜ਼ਰੀ ਆਈਆ । ਜਿਸ ਵੇਲੇ ਪੌਣ ਵਿਚ ਪੈਂਡਾ ਆਇਉਂ ਚੀਰ, ਭੱਜਾ ਵਾਹੋ ਦਾਹੀਆ । ਮੈਨੂੰ ਵੱਜਕੇ ਬਖ਼ਸ਼ੀ ਸਾਚੀ ਧੀਰ, ਸਾਂਤਕ ਸਤਿ ਦਿਤਾ ਕਰਾਈਆ । ਮੈਨੂੰ ਮੰਜ਼ਲ ਆ ਗਈ ਨਜ਼ਰ ਇਕ ਅਖ਼ੀਰ, ਆਖ਼ਰ ਪੜਦਾ ਦਿਤਾ ਉਠਾਈਆ । ਜਿਥੇ ਬੈਠਾ ਮਾਲਕ ਧੁਰ ਦਾ ਪੀਰ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਦਾ ਜਲਵਾ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਆਪ ਸੁਣਾਈਆ । ਮਟਕੀ ਕਹੇ ਸੁਣ ਕਮਾਨ, ਜਿਸ ਵੇਲੇ ਤੰਦ ਦਿਤਾ ਖਿਚਾਈਆ । ਗੋਬਿੰਦ ਬੱਚੇ ਚਿੱਲਾ ਚੜ੍ਹਾਇਆ ਇਕ ਮਹਾਨ, ਸੋਹਣੀ ਖਿਚ ਲਗਾਈਆ । ਖੱਬੇ ਅੰਗੂਠੇ ਉਤੋਂ ਦੀ ਵੇਖ ਨਿਸ਼ਾਨ, ਸਿੱਧਾ ਰਾਹ ਬਣਾਈਆ । ਮੈਂ ਵੇਖ ਕੇ ਹੋਈ ਹੈਰਾਨ, ਇਹ ਕੀ ਖੇਲ ਰਚਾਈਆ । ਮੈਨੂੰ ਦੱਸ ਕੇ ਜਾਈਂ ਅੰਞਾਣ, ਬਾਲੀ ਬੁਧਿ ਨਾ ਸਮਝ ਰਖਾਈਆ । ਇਹ ਸਖ਼ੀ ਨਾ ਸਕੀ ਪਹਿਚਾਣ, ਜੋ ਮਟਕੀ ਸਿਰ ਦੇ ਉਤੇ ਉਠਾਈਆ । ਮੈਂ ਓਸ ਮਾਟੀ ਦਾ ਬਲੀਦਾਨ, ਮੁੜ ਕੇ ਫੇਰਾ ਪਾਈਆ । ਜਿਸ ਨੂੰ ਪ੍ਰਹਿਲਾਦ ਨੇ ਚਰਨ ਛੁਹਾਇਆ ਸੀ ਆਣ, ਬੱਚਿਆਂ ਵਾਲੀ ਆਵੀ ਲੇਖੇ ਪਾਈਆ ।
੩੧੮ ਓਸ ਵੇਲੇ ਹੁਕਮ ਦਿਤਾ ਸੀ ਭਗਵਾਨ, ਹੁਕਮ ਸੰਦੇਸ਼ਾ ਧੁਰ ਸੁਣਾਈਆ । ਤੇਰਾ ਲਹਿਣਾ ਦੇਣਾ ਕਰ ਪਰਵਾਨ, ਕ਼ੀਮਤ ਗੋਬਿੰਦ ਹੱਟ ਪੁਆਈਆ । ੩੧੮
ਇਸੇ ਕਰ ਕੇ ਇਹਦੇ ਟਕਿਆਂ ਦਾ ਨਿਸ਼ਾਨ, ਨੌਂ ਜੋੜੇ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਟਕੀ ਕਹੇ ਸੁਣ ਗੋਬਿੰਦ ਮੀਤ, ਤੇਰੇ ਦਰ ਮੇਰੀ ਅਰਜ਼ੋਈਆ । ਤੂੰ ਖੇਲ ਵਖਾਈ ਅਗੰਮੀ ਰੀਤ, ਆਪਣੀ ਧਾਰ ਜਣਾਈਆ । ਮੈਂ ਜਲ ਵਿਚ ਰਹਿਣ ਵਾਲੀ ਠੰਡੀ ਸੀਤ, ਸਤਿ ਸਾਂਤਕ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਟਕੀ ਅੰਦਰ ਵਸਿਆ ਬੋਲ ਪਿਆ ਜਲ ਪਾਣੀ, ਖ਼ੁਸ਼ੀਆਂ ਹਾਲ ਸੁਣਾਈਆ । ਤੂੰ ਕਾਚੀ ਗਗਰੀਆ ਬਾਲ ਅੰਞਾਣੀ, ਭੇਵ ਨਾ ਜਾਣੇਂ ਰਾਈਆ । ਤੈਨੂੰ ਸਦਾ ਚੁਕਦੀ ਰਹੀ ਜਗਤ ਸਵਾਣੀ, ਸਿਰ ਆਪਣੇ ਉਤੇ ਟਿਕਾਈਆ । ਤੂੰ ਨਹੀਂ ਵੇਖਿਆ ਓਸ ਦਾ ਤੀਰ ਇਕ ਮਹਾਨੀ, ਜੋ ਤੇਰੇ ਵਿਚ ਦੀ ਪਾਰ ਹੋ ਕੇ ਮੇਰੇ ਸੀਨੇ ਲੱਗਾ ਚਾਈਂ ਚਾਈਆ । ਓਹਦੇ ਵਿਚੋਂ ਮੈਂ ਸੁਣੀ ਅਗੰਮੀ ਬਾਣੀ, ਜੋ ਤੇਰਾ ਮੇਰਾ ਢੋਲਾ ਗਾਈਆ । ਕਮਲੀਏ, ਅੱਜ ਇਸ ਨੇ ਮਾਣ ਦੇਣਾ ਪਟਨੇ ਵਾਲੀ ਰਾਣੀ, ਘਰ ਰਾਜਿਆਂ ਭੋਗ ਲਗਾਈਆ । ਤੇਰੀ ਮਟਕੀ ਇਹ ਪਿਛਲੀ ਸੀ ਪੁਰਾਣੀ, ਨਵੀਂ ਹੋਰ ਦੇਈਂ ਬਦਲਾਈਆ । ਇਸ ਤੋਂ ਅਗੇ ਗੋਬਿੰਦੇ ਨੇ ਕਰਨੀ ਫੇਰ ਹੋਰ ਕਹਾਣੀ, ਕਹਾਵਤ ਸਮਝ ਸਕੇ ਕੋਈ ਨਾ ਰਾਈਆ । ਜਿਸ ਵੇਲੇ ਕਲਜੁਗ ਅੰਤਮ ਔਣੀ ਰੈਣ ਅੰਧੇਰੀ ਕਾਲੀ, ਸਾਚਾ ਚੰਦ ਨਾ ਕੋਇ ਚਮਕਾਈਆ । ਮਾਣ ਤਾਣ ਰਹੇ ਨਾ ਕਿਸੇ ਧਰਮਸਾਲੀ, ਮੰਦਰ ਮਠ ਦੇਣ ਦੁਹਾਈਆ । ਤੀਰਥ ਤੱਟਾਂ ਕਰੇ ਨਾ ਕੋਇ ਪਹਿਚਾਨੀ, ਅਠਸਠ ਬੈਠਣ ਮੁਖ ਛੁਪਾਈਆ । ਓਸ ਵੇਲੇ ਸਾਚੀ ਸਿਖੀਆ ਦੀ ਇਸ ਨੇ ਵੇਖਣੀ ਕਾਇਆ ਮਾਟੀ ਇਕ ਮਹਾਨੀ, ਸਾਢੇ ਤਿੰਨ ਹੱਥ ਨਜ਼ਰੀ ਆਈਆ । ਓਹਨਾਂ ਦੇ ਅੰਦਰ ਵੜ ਕੇ ਏਹੋ ਆਪਣਾ ਸ਼ਬਦ ਤੀਰ ਨਿਸ਼ਾਨਾ ਬਣਾ ਕੇ ਜਾਣਾ ਮਾਰੀ, ਆਰ

ਪਾਰ ਦੇਣਾ ਕਰਾਈਆ । ਇਹ ਮੇਰਾ ਜੋ ਤੇਰੇ ਵਿਚ ਭਰਿਆ ਠੰਡਾ ਪਾਣੀ, ਗੁਰਮੁਖਾਂ ਦੇ ਅੰਦਰੋਂ ਦਏ ਪਰਗਟਾਈਆ । ਜਿਨ੍ਹਾਂ ਦੀ ਕੀਮਤ ਆਪ ਚਕੌਣੀ, ਲੱਖ ਕਰੋੜੀ ਕ਼ੀਮਤ ਕੋਇ ਨਾ ਪਾਈਆ । ਨਾ ਕੋਈ ਹੁਣ ਮੰਗੇ ਦਵਾਨੀ ਚਵਾਨੀ, ਰੋਕੜ ਰੋਕ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਮਾਟੀ ਗਗਰੀਆ ਕਹੇ ਨੀ ਇਹ ਸਚ, ਜੋ ਮੈਨੂੰ ਦਿਤਾ ਸਮਝਾਈਆ । ਜਲ ਨੇ ਕਿਹਾ ਇਹ ਖੇਲ ਪੁਰਖ ਸਮਰਥ, ਨਾ ਕੋਈ ਮੇਟੇ ਮੇਟ ਮਿਟਾਈਆ । ਗੋਬਿੰਦ ਸੂਰਾ ਗਹਿਰ ਗੰਭੀਰਾ ਬੇਨਜ਼ੀਰਾ ਆਪ ਵਖਾਏ ਸਦਾ ਪਰਤਖ, ਪਰਦਾ ਓਹਲਾ ਨਾ ਕੋਇ ਰਖਾਈਆ । ਅੰਮ੍ਰਿਤ ਆਤਮ ਅਗੰਮਾ ਜਨ ਭਗਤਾਂ ਦੇਣਾ ਰਸ, ਨਿਝਰ ਝਿਰਨਾ ਦੇਣਾ ਪਰਗਟਾਈਆ । ਲੱਖ ਚੁਰਾਸੀ ਵਿਚੋਂ ਸਾਚੀ ਸਖ਼ੀਆਂ ਤੀਰ ਨਿਸ਼ਾਨਾ ਮਾਰਨਾ ਕਸ, ਚਿੱਲਾ ਨਾਮ ਕਮਾਨ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਮਟਕੀ ਕਹੇ ਉਹ ਚਿੱਲਾ ਕਿਹੜਾ, ਜਿਹੜਾ ਗੋਬਿੰਦ ਫੇਰ ਚਲਾਈਆ । ਜਲ ਕਿਹਾ ਉਹ ਨੇਰਨ ਨੇਰਾ, ਨਿਜ ਨੇਤਰ ਨਜ਼ਰੀ ਆਈਆ । ਜਿਸ ਦੇ ਨਾਲ ਆਵਣ ਜਾਵਣ ਦੋ ਜਹਾਨ ਚੁਕੇ ਗੇੜਾ, ਆਰ ਪਾਰ ਪੰਧ ਮੁਕਾਈਆ । ਲੇਖਾ ਚੁਕਿਆ ਤੇਰਾ ਮੇਰਾ, ਇਕੋ ਰੰਗ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਮਟਕੀ ਕਹੇ ਸੁਣ ਸਖ਼ੀ ਸਤਿ, ਸਤਿ ਤੈਨੂੰ ਦਿਆਂ ਦ੍ਰਿੜਾਈਆ । ਇਸ ਦੇ ਤੀਰ ਅੰਦਰ ਬ੍ਰਹਮ ਮਤ, ਪ੍ਰੇਮ ਵਿਦਿਆ ਰਿਹਾ ਪੜ੍ਹਾਈਆ । ਜਿਸ ਦੇ ਅੰਦਰ ਗਿਆ ਲੰਘ, ਓਹਨੂੰ ਨਜ਼ਰੀ ਆਈਆ । ਸਚ ਸੇਜ ਵਖਾ ਪਲੰਘ, ਸਚ ਸਿੰਘਾਸਣ ਦਏ ਵਖਾਈਆ । ਕਿਉਂ ਹੈਰਾਨ ਹੋਈ ਦੰਗ, ਮੈਨੂੰ ਭੱਜੀ ਨੂੰ ਕਿੱਲੀ ਉਤੇ ਆਵੀਂ ਟੰਗ, ਘਰੋਂ ਫੜ ਕੇ ਬਾਹਰ ਨਾ ਦਈਂ ਸੁਟਾਈਆ । ਤੈਨੂੰ ਇਸ ਦਾ ਖੇਲ ਦੱਸਾਂ ਨਿਸ਼ੰਗ, ਜੋ ਚਾੜ੍ਹਨਹਾਰਾ ਰੰਗ, ਇਹਦੀ ਸਿਫ਼ਤ ਵਿਚ ਕਮੰਦ, ਚਿੱਲਾ ਤੇਰੀ ਗਾਗਰ ਨਾਲ ਛੁਹਾਈਆ । ਇਸੇ ਸੁਰਾਖ਼ ਵਿਚੋਂ ਮੈਨੂੰ ਨਜ਼ਰੀ ਔਂਦਾ ਰਹੇ ਗੁਜਰੀ ਚੰਦ, ਖ਼ੁਸ਼ੀ ਬੰਦ ਬੰਦ ਕਰਾਈਆ । ਕਲਜੁਗ ਅੰਤਮ ਇਸੇ ਧਾਰ ਵਿਚੋਂ ਇਸ ਨੇ ਗੁਰਮੁਖਾਂ ਦੇ ਅੰਦਰ ਜਾਣਾ ਲੰਘ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਗੁਜਰੀ ਕੋਈ ਨਾ ਪਾਵੀਂ ਡੰਡ, ਗੋਬਿੰਦ ਨੂੰ ਕਹੀਂ ਨਾ ਭੇਖ ਭਖੰਡ, ਤੇਰੀ ਕਰਨੀ ਦਾ ਕਰਤਾ ਲਹਿਣਾ ਰਿਹਾ ਮੁਕਾਈਆ । ਇਹ ਗੋਕਲ ਨਾਲੋਂ ਚੰਗਾ ਦੇਵੇ ਅਨੰਦ, ਜਮਨਾ ਦੀ ਧਾਰ ਨਾਲੋਂ ਸੋਹਣਾ ਪਰਮਾਨੰਦ, ਬ੍ਰਹਿਮੰਡ ਖੰਡ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਗੰਮੀ ਰਿਹਾ ਕਰਾਈਆ । ਗੁਜਰੀ ਕਿਹਾ ਮੇਰੀ ਨਮਸਤੇ, ਸੀਸ ਇਕ ਨਿਵਾਈਆ । ਓਧਰੋਂ ਗੋਬਿੰਦ ਆਇਆ ਹਸਦੇ ਹਸਦੇ, ਹੰਸੀ ਦਿਤੀ ਵਖਾਈਆ । ਗੁਜਰੀ ਕਿਹਾ ਸਚ ਲਾਲ ਮੇਰੇ ਦੱਸ ਦੇ, ਖੇਲ ਕੀ ਵਰਤਾਈਆ । ਇਹ ਗਵਾਂਢੀ ਮੇਰੇ ਅੱਕ ਗਏ, ਦੇਵਣ ਹਾਲ ਦੁਹਾਈਆ । ਗੋਬਿੰਦ ਕਿਹਾ ਇਹ ਖੇਲ ਨਹੀਂ ਮੇਰੇ ਵਸ ਦੇ, ਪੁਰਖ ਅਕਾਲ ਹੁਕਮ ਸੁਣਾਈਆ । ਜਿਨ੍ਹਾਂ ਮਟਕਿਆਂ ਨੂੰ ਤੀਰ ਮੇਰੇ ਲਗਦੇ, ਦੋ ਜਹਾਨਾਂ ਨਜ਼ਰੀ ਆਈਆ । ਇਹ ਨਿਸ਼ਾਨੇ ਸੱਜੀ ਅੱਖ ਦੇ, ਜਿਹੜੇ ਭਗਤਾਂ ਅੰਦਰ ਦੇਣੇ ਰਖਾਈਆ । ਮਾਤਾ, ਬੇਸ਼ਕ ਏਹੋ ਜਿਹੇ ਭਾਂਡੇ ਬਥੇਰੇ ਵਿਕਦੇ, ਪਰ ਗੋਬਿੰਦ ਦੇ ਤੀਰ ਵਾਲੇ ਨਜ਼ਰ ਕਿਤੇ ਨਾ ਆਈਆ । ਇਹ ਤੈਨੂੰ ਸੋਹਣੇ ਸਭ ਤੋਂ ਦਿਸਦੇ, ਜਿਨ੍ਹਾਂ ਦੀ ਕ਼ੀਮਤ ਜਗਤ ਨਾ ਕੋਇ ਸਮਝਾਈਆ । ਅੰਤਮ ਇਹ ਬੱਚੇ ਬਣਨੇ ਇਕ ਦੇ, ਏਕੰਕਾਰ ਦਏ ਵਡਿਆਈਆ । ਕਾਚੀ ਗਗਰੀਆ ਰੂਪ ਬਣਨੇ ਸਿੱਖ ਦੇ, ਸਾਚੀ ਸਿਖਿਆ ਝੋਲੀ ਪਾਈਆ । ਜਿਸ ਦੇ ਲੇਖੇ ਨੂੰ ਵੇਦ

ਕਿਤੇਬ ਸ਼ਾਸਤਰ ਪੁਰਾਨ ਨਹੀਂ ਲਿਖਦੇ, ਉਹ ਲਹਿਣਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਮਟਕੀ ਕਹੇ ਮੈਂ ਹੋ ਗਈ ਚੁਪ, ਗੁਜਰੀ ਦਿਤੀ ਨਾ ਕੋਇ ਦੁਹਾਈਆ । ਸਖ਼ੀ ਮੈਂ ਵੇਖਣਾ ਜਿਸ ਵੇਲੇ ਹੋਏ ਅੰਧੇਰਾ ਘੁਪ, ਕੂੜ ਕੁੜਿਆਰਾ ਕਲਜੁਗ ਚਾਰੋਂ ਕੁੰਟ ਨਜ਼ਰੀ ਆਈਆ । ਕਿਸ ਬਿਧ ਗੋਬਿੰਦ ਸ਼ਬਦ ਤੀਰ ਨਿਰਾਲਾ ਮਾਰੇ ਛੁਪ, ਗੁਰਮੁਖਾਂ ਦੇ ਅੰਦਰ ਦਏ ਲੰਘਾਈਆ । ਜਿਥੋਂ ਅੰਮ੍ਰਿਤ ਸੋਮਾ ਪਏ ਫੁੱਟ, ਰਸ ਆਪਣਾ ਦਏ ਜਣਾਈਆ । ਘਰ ਪਰਕਾਸ਼ ਕਰੇ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਸ਼ਬਦ ਲਗਾ ਅਗੰਮੀ ਚੋਟ, ਸੋਈ ਸੁਰਤੀ ਲਏ ਉਠਾਈਆ । ਭਗਤ ਦਵਾਰਾ ਦੱਸ ਕੇ ਕੋਟ, ਘਰ ਘਰ ਵਿਚ ਮੇਲ ਲਏ ਮਿਲਾਈਆ । ਨੇਤਰ ਖੋਲ੍ਹ ਕੇ ਆਪਣਾ ਲੋਚ, ਨਿਜ ਨੈਣ ਦਰਸ ਦਏ ਕਰਾਈਆ । ਮੇਰੀ ਓਸ ਵੇਲੇ ਮਿਟ ਜਾਏ ਸੋਚ, ਬੁਧੀ ਚਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਪਰਗਟਾਈਆ । ਘੜੀਆ ਮਟਕੀ ਕਹੇ ਮੈਂ ਵੇਖਾਂ ਸਾਢੇ ਤਿੰਨ ਹੱਥ, ਤੱਤਾਂ ਵਾਲਾ ਰੂਪ ਨੈਣ ਉਠਾਈਆ । ਕਿਸ ਬਿਧ ਜਨ ਭਗਤਾਂ ਵਥ, ਵਸਤ ਅਮੋਲਕ ਝੋਲੀ ਪਾਈਆ । ਪੂਰਬ ਲਹਿਣਾ ਚੁਕਾਵੇ ਹਕ, ਹਾਕਮ ਬੇਪਰਵਾਹੀਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਪਰਦਾ ਓਹਲਾ ਦਏ ਉਠਾਈਆ । ਸ਼ਬਦ ਨਿਸ਼ਾਨਾ ਤੀਰ ਮਾਰ ਕੇ ਸੱਟ, ਆਲਸ ਨਿੰਦਰਾ ਦਏ ਗਵਾਈਆ । ਸਾਚੀ ਸਖ਼ੀਆਂ ਦਾ ਲਹਿਣਾ ਦੇਣਾ ਦੇ ਕੇ ਝਟ, ਲੇਖਾ ਪੂਰਬ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕ਼ੀਮਤ ਦਏ ਚੁਕਾਈਆ । ਪਾਣੀ ਕਹੇ ਤੂੰ ਵੇਖੀਂ ਨਜ਼ਾਰਾ, ਗੋਬਿੰਦ ਗੁਰ ਗੁਰ ਦਏ ਜਣਾਈਆ । ਜਨ ਭਗਤਾਂ ਦੇ ਕੇ ਇਕ ਸਹਾਰਾ, ਨੱਯਾ ਨੌਕਾ ਨਾਮ ਚੜ੍ਹਾਈਆ । ਖੇਵਟ ਖੇਟਾ ਬਣ ਕੇ ਵਡ ਸੰਸਾਰਾ, ਬੇੜਾ ਆਪਣੇ ਕੰਧ ਉਠਾਈਆ । ਅੰਮ੍ਰਿਤ ਬਖ਼ਸ਼ ਕੇ ਠੰਡਾ ਠਾਰਾ, ਅਗਨੀ ਤੱਤ ਦਏ ਗਵਾਈਆ । ਡੂੰਘੀ ਕੰਦਰ ਪਾਵੇ ਸਾਰਾ, ਭਵਰੀ ਕਵਰੀ ਖੋਜ ਖੁਜਾਈਆ । ਆਤਮ ਪਰਮਾਤਮ ਕਰ ਪਿਆਰਾ, ਸਚ ਪ੍ਰੀਤਮ ਲਏ ਮਿਲਾਈਆ । ਸ਼ਬਦ ਅਗੰਮੀ ਤੀਰ ਨਿਆਰਾ, ਨਿਰਗੁਣ ਧਾਰ ਦਏ ਚਲਾਈਆ । ਚਿੱਲਾ ਖਿੱਚੇ ਇਕੋ ਵਾਰਾ, ਦੂਜਾ ਤੰਦ ਨਾ ਕੋਇ ਬੰਧਾਈਆ । ਭੇਵ ਖੁਲ੍ਹਾ ਕੇ ਗੁਪਤ ਜ਼ਾਹਰਾ, ਪਰਦਾ ਦਏ ਉਠਾਈਆ । ਹਿਸਾਬ ਮੁਕਾ ਕੇ ਪਿਛਲਾ ਉਧਾਰਾ, ਲਹਿਣਾ ਅਗਲਾ ਦਏ ਵਖਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਜਗਤ ਸ਼ਾਹੀ ਨਾ ਕੋਇ ਵਡਿਆਈਆ । ਆਦਿ ਜੁਗਾਦੀ ਜੁਗ ਚੌਕੜੀ ਕਰਨੇਹਾਰਾ, ਹਰਿ ਕਰਤਾ ਵਡ ਵਡਿਆਈਆ । ਮਾਟੀ ਗਗਰੀਆ ਕਰ ਪਿਆਰਾ, ਚਿੰਤਾ ਸਗਲੀ ਮੇਟ ਮਿਟਾਈਆ । ਵਸਤੂ ਰਖ ਕੇ ਇਕੋ ਥਾਰਾ, ਥਿਰ ਘਰ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਮਟਕੀ ਕਹੇ ਮੈਂ ਵੇਖਣੀ ਕਾਇਆ ਗੁਰਮੁਖ ਗੁਰਸਿਖ, ਜਿਨ੍ਹਾਂ ਮਿਲੇ ਮਾਣ ਵਡਿਆਈਆ । ਗੁਰ ਸ਼ਬਦੀ ਹੋ ਕੇ ਪਾਵੇ ਭਿਖ, ਗੋਬਿੰਦ ਬੇਪਰਵਾਹੀਆ । ਲਹਿਣਾ ਦੇਣਾ ਕਰਮਾਂ ਲਈਏ ਨਜਿਠ, ਵਰਨਾਂ ਬਰਨਾਂ ਡੇਰਾ ਢਾਹੀਆ । ਲੇਖਾ ਜਾਣਨਹਾਰਾ ਨਿਤ ਨਵਿਤ, ਹਿਤ ਕਰੇ ਸਚ ਗੁਸਾਈਆ । ਠਾਕਰ ਹੋ ਕੇ ਵਸੇ ਚਿਤ, ਮਨ ਠਗੌਰੀ ਦਏ ਗਵਾਈਆ । ਮੇਲਾ ਮਿਲਾ ਕੇ ਸਾਚੇ ਪਿਤ, ਪਤਿਪਰਮੇਸ਼ਵਰ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਖੇਲ ਸਬਾਈਆ । ਸਖ਼ੀ ਕਹੇ ਮੇਰਾ ਛੁਟਿਆ ਝਗੜਾ, ਲੇਖਾ ਦਿਤਾ ਮੁਕਾਈਆ । ਮੈਂ ਲਹਿਣਾ ਵੇਖਿਆ ਅਗਲਾ, ਗੁਰ ਸਤਿਗੁਰ ਦਏ ਜਣਾਈਆ । ਮੇਰਾ ਮਨ

ਹੋ ਗਿਆ ਪਗ਼ਲਾ, ਜੋ ਕੂਕ ਕੇ ਕਿਹਾ ਸੁਣਾਈਆ । ਮੈਂ ਲੇਖਾ ਛਡ ਕੇ ਸਗਲਾ, ਚਿੰਤਾ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਇਕ ਵਖਾਈਆ । ਸਖ਼ੀ ਕਿਹਾ ਜੇ ਤੇਰਾ ਤੀਰ ਨਿਸ਼ਾਨਾ ਚੰਗਾ, ਖ਼ੁਸ਼ੀਆਂ ਨਾਲ ਲਗਾਈਆ । ਇਹ ਕਿਹੜਾ ਸੀ ਜਲ ਗੰਗਾ, ਜੋ ਰੁੜ੍ਹ ਕੇ ਧਾਰ ਵਹਾਈਆ । ਤੂੰ ਲਾਡਲਾ ਗੁਜਰੀ ਚੰਦਾ, ਤੇਰਾ ਮਸਤਕ ਚੰਦ ਨੂਰ ਰੁਸ਼ਨਾਈਆ । ਬਾਹਰੋਂ ਬੰਦਿਆਂ ਵਰਗਾ ਬੰਦਾ, ਅੰਦਰੋਂ ਨੂਰ ਨੂਰ ਨਜ਼ਰੀ ਆਈਆ । ਗੋਬਿੰਦ ਕਿਹਾ ਇਹ ਮੇਰਾ ਖੇਲ ਬਹੁਰੰਗਾ, ਸਮਝ ਕਿਸੇ ਨਾ ਆਈਆ । ਕਲਜੁਗ ਅੰਤ ਨਿਰਗੁਣ ਧਾਰ ਹੋ ਬਖ਼ਸ਼ੰਦਾ, ਬਖ਼ਸ਼ਿਸ਼ ਦਿਆਂ ਕਮਾਈਆ । ਮੰਜ਼ਲ ਚਾੜ੍ਹ ਕੇ ਡੰਡਾ, ਡੰਡੌਤ ਇਕੋ ਦਿਆਂ ਸਮਝਾਈਆ । ਜਗਤ ਨੇਤਰ ਰਹੇ ਨਾ ਅੰਧਾ, ਗਿਆਨ ਅੱਖ ਦਿਆਂ ਪਰਗਟਾਈਆ । ਤੇਰੀ ਤੰਦੀ ਦਾ ਇਹ ਬੋਲ ਕੇ ਕਹੇ ਸਰੰਗਾ, ਤੂੰਬੀ ਨਿੱਕੀ ਵਿਚੋਂ ਆਵਾਜ਼ ਅਲਾਈਆ । ਜਿਸ ਮਟਕੀ ਨੂੰ ਤੀਰ ਨਿਸ਼ਾਨਾ ਮਾਰ ਕੇ ਭੰਨਿਆ ਸੀ ਕੰਢਾ, ਫੋੜ ਕੇ ਦਿਤਾ ਵਖਾਈਆ । ਓਸੇ ਸਖ਼ੀ ਦਾ ਅੱਜ ਗ੍ਰਹਿ ਲੱਗਾ ਚੰਗਾ, ਜਿਸ ਘਰ ਬੈਠਾ ਡੇਰਾ ਲਾਈਆ । ਨਾਲੇ ਮਾਤਾ ਗੁਜਰੀ ਦਾ ਸੰਗਾ, ਸੋਹਣੀ ਬਣਤ ਬਣਾਈਆ । ਨਾਲੇ ਅੰਮ੍ਰਿਤ ਜਲ ਤਰੰਗਾ, ਜੋ ਨਿਝਰ ਰਿਹਾ ਬਰਸਾਈਆ । ਨਾਲੇ ਸ਼ਬਦੀ ਤੀਰ ਕਮੰਦਾ, ਚਿੱਲਾ ਆਪਣਾ ਨਾਲ ਲਿਆਈਆ । ਨਾਲੇ ਬਾਹਰੋਂ ਬੰਦਿਆਂ ਵਰਗਾ ਬੰਦਾ, ਅੰਦਰ ਬੈਠਾ ਬੇਪਰਵਾਹੀਆ । ਗੋਬਿੰਦ ਲੇਖਾ ਚੁਕਾਏ ਓਸ ਸਖ਼ੀ ਜਿਸ ਦਾ ਲਹਿਣਾ ਦੇਂਦਾ, ਦੇਵਣਹਾਰ ਦਇਆ ਕਮਾਈਆ । ਓਸੇ ਦੇ ਘਰ ਮੰਦਰ ਹਰਿਸੰਗਤ ਸੰਗ ਬਹੰਦਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਚਰਨ ਓਹੋ ਰੂਪ ਵਟਾਈਆ ।



ਭਗਤਾਂ ਅੰਦਰ ਸੋਹਣੀ ਜਗਹ, ਅਸਥਾਨ ਭੂਮਕਾ ਹਰਿ ਜੂ ਲਿਆ ਬਣਾਈਆ । ਜੋ ਟਿਕਾਇਆ ਉਪਰ ਸ਼ਾਹ ਰਗਾ, ਨੌਂ ਦਵਾਰੇ ਥੱਲੇ ਬੰਦ ਕਰਾਈਆ । ਜਿਥੇ ਅੰਮ੍ਰਿਤ ਰਸ ਦਾ ਮਜ਼ਾ, ਰਸਨਾ ਸੁਆਦ ਨਾ ਕੋਇ ਵਡਿਆਈਆ । ਸ਼ਬਦ ਨਾਦ ਇਕੋ ਵੱਜਾ, ਰਾਗਾਂ ਦੀ ਲੋੜ ਰਹੇ ਨਾ ਰਾਈਆ । ਦੀਪਕ ਜੋਤੀ ਸਾਚਾ ਜਗਾ, ਨੂਰੋ ਨੂਰ ਨੂਰ ਰੁਸ਼ਨਾਈਆ । ਬਜਰ ਕਪਾਟੀ ਭਾਂਡਾ ਭੱਜਾ, ਪਰਦਾ ਉਹਲਾ ਦਏ ਉਠਾਈਆ । ਆਤਮ ਸੇਜਾ ਸੋਹਣਾ ਡੱਠਾ ਮੰਜਾ, ਪਾਵਾ ਚੂਲ ਨਜ਼ਰ ਕੋਇ ਨਾ ਪਾਈਆ । ਓਸ ਦਵਾਰੇ ਆਵੇ ਭੱਜਾ, ਗੋਬਿੰਦ ਦਾਤਾ ਬੇਪਰਵਾਹੀਆ । ਨਾ ਵੇਖੇ ਪਿਛਾ ਅੱਗਾ, ਸਚ ਦਵਾਰੇ ਬੈਠਾ ਡੇਰਾ ਲਾਈਆ । ਇਸ ਨਾਲੋਂ ਹੋਰ ਥਾਂ ਨਹੀਂ ਕੋਈ ਚੰਗਾ, ਇੱਟਾਂ ਪੱਥਰਾਂ ਗਾਰਿਆਂ ਵਾਲਾ ਮੰਦਰ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਭਗਤਾਂ ਵਿਚ ਸਮਾਈਆ । ਔਣ ਵਾਲਾ ਸੁਣੇ ਅਸਥਾਨ, ਦੁਆਬੇ ਵਾਲਿਆਂ ਦਿਆਂ ਜਣਾਈਆ । ਜਿਥੇ ਸਤਿ ਧਰਮ ਦਾ ਝੁਲਦਾ ਇਕ ਨਿਸ਼ਾਨ, ਬੈਠਾ ਬੇਪਰਵਾਹੀਆ । ਜਿਥੇ ਝੁਕਦੇ ਜ਼ਿਮੀਂ ਅਸਮਾਨ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਜਿਥੇ ਨਾ ਕੋਈ ਪੜ੍ਹਦਾ ਸ਼ਾਸਤਰ ਸਿਮਰਤ ਵੇਦ ਪੁਰਾਨ, ਖਾਣੀ ਬਾਣੀ ਰਸਨਾ ਜਿਹਵਾ ਬੱਤੀ ਦੰਦ ਢੋਲਾ ਕੋਇ ਨਾ ਗਾਈਆ । ਜਿਥੇ ਦੀਵਾ ਬਾਤੀ ਜਗੇ ਇਕ ਮਹਾਨ, ਕਮਲਾਪਾਤੀ ਡਗਮਗਾਈਆ । ਲੇਖਾ ਮੁਕ ਜਾਏ ਦੋ ਜਹਾਨ, ਭੇਵ ਅਭੇਦਾ ਦਏ ਜਣਾਈਆ । ਤੁਹਾਡੇ ਓਸ ਦਵਾਰੇ ਵਸੇ ਆਪ ਮਿਹਰਵਾਨ, ਮਹਿਬੂਬ ਹੋ ਕੇ ਫੇਰਾ ਪਾਈਆ । ਸਾਢੇ ਤਿੰਨ ਹੱਥ ਸੁਹਾ ਕੇ ਸੋਹਣਾ ਮਕਾਨ, ਗ੍ਰਹਿ ਮੌਕਾ ਦਏ ਵਖਾਈਆ ।

ਰਾਤੀ ਸੁਤਿਆਂ ਦਿਨੇ ਜਾਗਦਿਆਂ ਮਿਲੇ ਆਣ, ਔਂਦਿਆਂ ਜਾਂਦਿਆਂ ਡੇਰ ਕੋਇ ਨਾ ਲਾਈਆ । ਜਿਥੇ ਚਾਹੋ ਓਥੇ ਸੱਦੋ ਓਥੇ ਵਡਿਆਈ ਦੇਵੇ ਆਣ, ਗੁਰਮੁਖ ਸਾਰੇ ਇਕੋ ਜਿਹੇ ਨਜ਼ਰੀ ਆਈਆ । ਜਗਤ ਬਿਵਹਾਰ ਤੁਹਾਡੇ ਹੱਥ ਵਿਧਾਨ, ਮਸ਼ਵਰਾ ਕਰ ਕੇ ਲੈਣਾ ਬਣਾਈਆ । ਫੱਫਾ ਕਹੇ ਫੁਰਨਾ ਮਿਟ ਜਾਏ ਕੂੜੀ ਕਿਰਿਆ ਮਹਾਨ, ਬੇਈਮਾਨ ਰਹਿਣ ਕੋਇ ਨਾ ਪਾਈਆ । ਗੱਗਾ ਕਹੇ ਗੋਬਿੰਦ ਦਾ ਦਾਨ, ਜੋ ਗਹਿਰ ਗੰਭੀਰ ਝੋਲੀ ਪਾਈਆ । ਸਚ ਜਾਣੋ ਜਨ ਭਗਤਾਂ ਦੇ ਅੰਦਰ ਸਦਾ ਬਣਿਆ ਰਹੇ ਅਸਥਾਨ, ਦੂਜਾ ਦਰ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਵੇਖੇ ਚਾਈਂ ਚਾਈਂਆ । ਜਨ ਭਗਤੋ ਜੇ ਆਪਣੇ ਘਰ ਸੱਦਣਾ, ਆਵਾਜ਼ ਸ਼ਬਦੀ ਇਕ ਲਗਾਈਆ । ਵੇਖਿਓ ਕਦੀ ਨਾ ਬਣਨਾ ਆਅਲਾ ਅਦਨਾ, ਪ੍ਰਭ ਦੇ ਘਰ ਇਕੋ ਰੂਪ ਵਟਾਈਆ । ਸਚ ਪ੍ਰੇਮ ਅੰਦਰ ਰਹਿਣਾ ਮਗਨਾ, ਦੂਈ ਦਵੈਤ ਬਾਹਰ ਕਢਾਈਆ । ਨਾਮ ਪਿਆਲਾ ਪੀਣਾ ਮਧਨਾ, ਸਚ ਖ਼ੁਮਾਰੀ ਦਏ ਚੜ੍ਹਾਈਆ । ਜਗਤ ਦਵਾਰਿਉਂ ਅਗੇ ਲੰਘਣਾ, ਧੁਰ ਦਾ ਪੰਧ ਮੁਕਾਈਆ । ਪੁਰਖ ਅਕਾਲ ਇਕੋ ਕਰਨੀ ਬੰਦਨਾ, ਦੂਜੇ ਸੀਸ ਨਾ ਕੋਇ ਨਿਵਾਈਆ । ਜਿਸ ਦੇ ਕੋਲੋਂ ਸਭ ਨੇ ਮੰਗਣਾ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਬੈਠੇ ਝੋਲੀਆਂ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਲਾਵੇ ਅੰਗਣਾ, ਅੰਗੀਕਾਰ ਆਪ ਹੋ ਜਾਈਆ ।



### ❊ ੨੯ ਮਾਘ ੨੦੨੧ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਿਹ ਲੁਧਿਆਣਾ ❊

੩੨੨

ਸਦੀ ਬੀਸਵੀਂ ਕਰੇ ਪੁਕਾਰ, ਨੇਤਰ ਲੋਚਣ ਨੈਣਾਂ ਨੀਰ ਵਹਾਈਆ । ਕਿਰਪਾ ਕਰ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਤੇਰੀ ਸਰਨਾਈਆ । ਮਿਹਰ ਕਰ ਪਰਵਰਦਿਗਾਰ, ਸ਼ਾਹ ਪਾਤਸ਼ਾਹ ਸਚੇ ਸ਼ਹਿਨਸ਼ਾਹੀਆ । ਨੌ ਖੰਡ ਪ੍ਰਿਥਮੀ ਸੱਤ ਦੀਪ ਧੂੰਆਂ ਧਾਰ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜ ਕੁੜਿਆਰ, ਸਤਿ ਸਚ ਨਾ ਕੋਇ ਦ੍ਰਿੜਾਈਆ । ਸਤਿ ਧਰਮ ਰਿਹਾ ਨਾ ਵਿਚ ਸੰਸਾਰ, ਧੀਰਜ ਧੀਰ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗੰਬਰ ਪੈਜ ਸਕੇ ਨਾ ਕੋਇ ਸੁਆਰ, ਸਨਮੁਖ ਹੋ ਕੇ ਦਰਸ ਨਾ ਕੋਇ ਵਖਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਭਰਿਆ ਹੰਕਾਰ, ਮਨਮਤ ਕਰੇ ਲੜਾਈਆ । ਸਾਧ ਸੰਤ ਕਰਨ ਵਿਭਚਾਰ, ਮਨ ਵਾਸਨਾ ਰਹੇ ਹੰਢਾਈਆ । ਆਤਮ ਪਰਮਾਤਮ ਕੋਇ ਨਾ ਕਰੇ ਮੰਗਲਾਚਾਰ, ਰਸਨਾ ਜਿਹਵਾ ਬੱਤੀ ਦੰਦ ਢੋਲੇ ਸਾਰੇ ਗਾਈਆ । ਪੜ੍ਹ ਪੜ੍ਹ ਥੱਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ, ਖਾਣੀ ਬਾਣੀ ਨਾਲ ਮਿਲਾਈਆ । ਸੁਰਤੀ ਸ਼ਬਦ ਨਾ ਕਰੇ ਕੋਇ ਪਿਆਰ, ਨਿਜ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਅਨਹਦ ਧੁਨ ਸੁਣੇ ਨਾ ਕੋਇ ਸੰਸਾਰ, ਅਗੰਮੀ ਰਾਗ ਨਾ ਕੋਇ ਸੁਣਾਈਆ । ਅੰਮ੍ਰਿਤ ਆਤਮ ਜਲ ਮਿਲੇ ਨਾ ਠੰਡਾ ਠਾਰ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਅਠਸਠ ਤੀਰਥ ਹੋਏ ਖ਼ੁਆਰ, ਚਾਰੋਂ ਕੁੰਟ ਰਹੇ ਕੁਰਲਾਈਆ । ਕਿਰਪਾ ਕਰ ਸਿਰਜਨਹਾਰ, ਪਾਰਬ੍ਰਹਮ ਬ੍ਰਹਮ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਮਿਹਰਵਾਨ ਆਪਣੀ ਦਇਆ ਕਮਾਈਆ । ਸਦੀ ਬੀਸਵੀਂ ਰੋਂਦੇ ਵੇਖੇ ਬ੍ਰਹਿਮੰਡ ਖੰਡ, ਪੁਰੀ ਲੋਅ ਆਕਾਸ਼ ਪਾਤਾਲ ਦੇਣ ਦੁਹਾਈਆ । ਧੁਰ ਦਾ ਢੋਲਾ ਗੀਤ ਗਾਏ ਕੋਇ ਨਾ ਛੰਦ, ਸਤਿ ਸਤਿਵਾਦੀ ਰਾਗ ਨਾ ਕੋਇ ਅਲਾਈਆ ।

ਆਤਮ ਪਰਮਾਤਮ ਮਿਲੇ ਨਾ ਕਿਸੇ ਅਨੰਦ, ਸਾਚਾ ਜਾਮ ਨਾ ਕੋਇ ਨਾ ਪਿਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਨਾ ਕੋਈ ਖੰਡ, ਰਜੋ ਤਮੋ ਸਤੋ ਨਾਤਾ ਨਾ ਕੋਇ ਤੁੜਾਈਆ । ਮਨ ਵਾਸਨਾ ਸਾਰੇ ਪੌਂਦੇ ਡੰਡ, ਬੁਧੀ ਬਿਬੇਕ ਨਾ ਕੋਇ ਜਣਾਈਆ । ਸੁਰਤ ਸਵਾਣੀ ਹੋਈ ਰੰਡ, ਹਰਿ ਸ਼ਬਦ ਸ੍ਰੀ ਭਗਵੰਤ ਨਾ ਕੋਇ ਹੰਢਾਈਆ । ਮਿਲੇ ਵਡਿਆਈ ਨਾ ਜੀਵ ਜੰਤ, ਮਾਨਸ ਮਨੁਖ ਦੇਣ ਦੁਹਾਈਆ । ਭਰਮੇ ਭੁੱਲੇ ਕਲਜੁਗ ਸੰਤ, ਸਤਿ ਪੁਰਖ ਨਿਰੰਜਣ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਸਦੀ ਬੀਸਵੀਂ ਕਹੇ ਲੇਖਾ ਵੇਖਿਆ ਔਂਦਾ ਜਗ, ਦੀਨ ਮਜ਼੍ਹਬ ਜ਼ਾਤ ਪਾਤ ਦਏ ਦੁਹਾਈਆ । ਪੰਜ ਤੱਤ ਕਾਇਆ ਮਾਟੀ ਲੱਗੀ ਅੱਗ, ਸਾਢੇ ਤਿੰਨ ਹੱਥ ਨਾ ਕੋਇ ਬੁਝਾਈਆ । ਹੰਸ ਬੁੱਧੀ ਹੋਈ ਕਗ, ਜਿਹਵਾ ਕਾਗ ਵਾਂਗ ਕੁਰਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਦਰਸ਼ਨ ਪਾਏ ਨਾ ਕੋਇ ਉਪਰ ਸ਼ਾਹਰਗ, ਸਤਿ ਸਵਾਮੀ ਨਜ਼ਰ ਕੋਇ ਨਾ ਆਈਆ । ਸਾਚੇ ਕਾਅਬੇ ਕਰੇ ਨਾ ਕੋਈ ਹੱਜ, ਮਹਿਰਾਬ ਮਹਿਬੂਬ ਨਾ ਕੋਇ ਰੁਸ਼ਨਾਈਆ । ਸਾਚੇ ਹੁਜਰੇ ਬਹੇ ਨਾ ਕੋਇ ਸਜ, ਜਲਵਾਗਰ ਨਜ਼ਰ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਵਿਕਾਰਾ ਰਿਹਾ ਭੱਜ, ਹੰਕਾਰ ਆਪਣੇ ਨਾਲ ਮਿਲਾਈਆ । ਤੇਰਾ ਖੇਲ ਕੋਈ ਨਾ ਜਾਣੇ ਪੁਰਖ ਸਮਰਥ, ਮਹਿੰਮਾ ਅਕੱਥ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਨਿਜ ਨੇਤਰ ਅੱਖ ਦੇ ਖੁਲ੍ਹਾਈਆ । ਬੀਸ ਇਕੀਸਾ ਕਹੇ ਮੈਂ ਵੇਖੀ ਸ੍ਰਿਸ਼ਟੀ, ਨਵ ਨੌਂ ਚਾਰ ਧਿਆਨ ਲਗਾਈਆ । ਅੰਦਰੋਂ ਖੁਲ੍ਹੀ ਨਾ ਕਿਸੇ ਦੀ ਦ੍ਰਿਸ਼ਟੀ, ਗ੍ਰੰਥਾਂ ਨਾਲ ਮਨ ਰਹੇ ਰੀਝਾਈਆ । ਤੇਰਾ ਰੂਪ ਨਜ਼ਰ ਨਾ ਆਏ ਕੋਇ ਇਸ਼ਟੀ, ਦੇਵ ਇਕੋ ਇਕ ਮਨਾਈਆ । ਭਰਮ ਚੁਕੇ ਨਾ ਕਿਸੇ ਗ੍ਰਿਸਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਸਦੀ ਵੀਹਵੀਂ ਕਹੇ ਮੈਂ ਵੇਖੇ ਤੇਈ ਅਵਤਾਰ, ਬਿਨ ਨੈਣਾਂ ਨਜ਼ਰੀ ਆਈਆ । ਈਸਾ ਮੂਸਾ ਮੁਹੰਮਦ ਤੇਰੇ ਦਰ ਤੇ ਕਰਨ ਨਿਮਸਕਾਰ, ਸਜਦਿਆਂ ਵਿਚ ਸੀਸ ਝੁਕਾਈਆ । ਨਾਨਕ ਗੋਬਿੰਦ ਬਣਨ ਭਿਖਾਰ, ਦਰ ਠਾਂਡੇ ਝੋਲੀ ਡਾਹੀਆ । ਭਗਤ ਅਠਾਰਾਂ ਚਰਨ ਧੂੜੀ ਮੰਗਣ ਛਾਰ, ਟਿੱਕੇ ਮਸਤਕਾਂ ਨਾਲ ਰਮਾਈਆ । ਚੌਦਾਂ ਲੋਕ ਕਰਨ ਹਾਹਾਕਾਰ, ਦਰੋਹੀ ਦਰੋਹੀ ਦਰੋਹੀ ਖ਼ੁਦਾਈਆ । ਸਾਚਾ ਮਿਲੇ ਨਾ ਪਰਵਰਦਿਗਾਰ, ਧੁਰ ਦਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਵਖਾਈਆ । ਸ੍ਰੀ ਭਗਵਾਨ ਕਹੇ ਸੁਣ ਸਦੀ ਬੀਸ, ਭੇਵ ਅਭੇਦ ਦਿਆਂ ਜਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਗਏ ਬੀਤ, ਕਲਜੁਗ ਵੇਲਾ ਅੰਤਮ ਦਏ ਦੁਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਆਪਣੀ ਸਚ ਬਖ਼ਸ਼ੀਸ਼, ਵਸਤ ਅਮੋਲਕ ਇਕ ਵਰਤਾਈਆ । ਪਿਛਲੀ ਮੇਟ ਕੇ ਸਾਰੀ ਰੀਤ, ਰਹਿਬਰ ਇਕੋ ਦਏ ਜਣਾਈਆ । ਕਲਮਿਆਂ ਵਾਲੀ ਛਡ ਹਦੀਸ, ਨਾਤਾ ਤੋੜ ਕੇ ਰਾਗ ਛਤੀਸ, ਧੁਰ ਦਾ ਹੁਕਮ ਇਕ ਮਨਾਈਆ । ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਬੈਠਾ ਵੇਖ ਵਖਾਈਆ । ਸਾਚਾ ਘਰ ਵਖਾ ਕੇ ਮੰਦਰ ਮਸੀਤ, ਤਨ ਮਾਟੀ ਪੜਦਾ ਦਏ ਉਠਾਈਆ । ਸਾਚਾ ਕਲਮਾ ਇਕ ਹਦੀਸ, ਹਜ਼ਰਤ ਹੋ ਕੇ ਕਰੇ ਪੜ੍ਹਾਈਆ । ਲੇਖਾ ਜਾਣੇ ਨੀਚਨ ਨੀਚ, ਊਚੋ ਊਚ ਆਪ ਹੋ ਜਾਈਆ । ਜਨ ਭਗਤਾਂ ਬਖ਼ਸ਼ ਕੇ ਸਚ ਪ੍ਰੀਤ, ਮਾਰਗ ਇਕੋ ਦਏ ਸਿਖਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਕਰਕੇ ਖ਼ੀਸ, ਚਾਰ ਕੁੰਟ ਆਪ ਭੁਆਈਆ । ਸਾਚੇ

ਸੰਤਾਂ ਕਾਇਆ ਚੋਲੀ ਚਾੜ੍ਹ ਕੇ ਰੰਗ ਮਜੀਠ, ਅੰਤਰ ਆਤਮ ਦੀਆ ਬਾਤੀ ਕਮਲਾਪਾਤੀ ਦਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਦੀ ਬੀਸਵੀਂ ਹੋ ਜਾ ਖ਼ਬਰਦਾਰ, ਸੋ ਸਾਹਿਬ ਸਵਾਮੀ ਆਪ ਕਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਭਵਿਖਤ ਲੈ ਵਿਚਾਰ, ਜੋ ਲਿਖਤ ਨਾਲ ਦ੍ਰਿੜਾਈਆ । ਥੋੜਾ ਥੋੜਾ ਤੀਰ ਨਿਸ਼ਾਨਾ ਗਏ ਮਾਰ, ਨਾਮ ਚਿੱਲੇ ਕਮੰਦ ਉਠਾਈਆ । ਰਾਹ ਤਕਦੇ ਗਏ ਸਾਂਝੇ ਯਾਰ, ਪਾਰਬ੍ਰਹਮ ਓਟ ਰਖਾਈਆ । ਜਿਸ ਵੇਲੇ ਨਰ ਹਰਿ ਨਰਾਇਣ ਆਪ ਆਵੇ ਕਰਤਾਰ, ਕ਼ੁਦਰਤ ਦਾ ਮਾਲਕ ਫੇਰਾ ਪਾਈਆ । ਲੱਖ ਚੁਰਾਸੀ ਜੀਵ ਜੰਤ ਆਪੇ ਵੇਖੇ ਵੇਖਣਹਾਰ, ਜਲ ਥਲ ਮਹੀਅਲ ਟਿੱਲੇ ਪਰਬਤ ਖੋਜ ਖੁਜਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਉਠਾਲ, ਮਿਹਰ ਨਜ਼ਰ ਨਾਲ ਤਕਾਈਆ । ਸਾਚੇ ਭਗਤਾਂ ਪੁੱਛੇ ਹਾਲ, ਮੁਰੀਦ ਮੁਰਸ਼ਦ ਲਏ ਜੁੜਾਈਆ । ਸ਼ਬਦ ਅਗੰਮੀ ਵਜਾ ਕੇ ਤਾਲ, ਅਨਹਦ ਰਾਗੀ ਰਾਗ ਸੁਣਾਈਆ । ਦੀਪਕ ਜੋਤੀ ਦੇਵੇ ਬਾਲ, ਗੁਰਮੁਖਾਂ ਘਰ ਘਰ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਕੂੜੀ ਕਿਰਿਆ ਦਏ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਇਕੀਸੇ ਦਏ ਵਡਿਆਈਆ । ਸਦੀ ਬੀਸਵੀਂ ਕਹੇ ਮੇਰੇ ਪ੍ਰਭ ਠਾਕਰ, ਤੇਰੀ ਇਕ ਸਰਨਾਈਆ । ਕਲਜੁਗ ਵੇਖ ਡੂੰਘਾ ਸਾਗਰ, ਤਾਰਨਹਾਰਾ ਨਜ਼ਰ ਕੋਇ ਨਾ ਆਈਆ । ਭਾਗ ਲਗੇ ਨਾ ਕਿਸੇ ਕਾਇਆ ਗਾਗਰ, ਕਾਚੀ ਮਾਟੀ ਸੋਭਾ ਕੋਇ ਨਾ ਪਾਈਆ । ਨਿਰਮਲ ਕਰਮ ਨਾ ਹੋਏ ਉਜਾਗਰ, ਦੁਰਮਤ ਮੈਲ ਨਾ ਕੋਇ ਧੁਆਈਆ । ਜੋਧਾ ਸੂਰਬੀਰ ਨਾ ਬਣੇ ਕੋਈ ਬਹਾਦਰ, ਜੋ ਮਨ ਮਨਸਾ ਦਏ ਖਪਾਈਆ । ਮਿਲੇ ਮੇਲ ਨਾ ਕਰੀਮ ਕਰਤੇ ਕ਼ਾਦਰ, ਕੂੜੀ ਕਿਰਿਆ ਕਤਲ ਕਰ ਨਾ ਕੋਇ ਵਖਾਈਆ । ਸਾਚਾ ਕਰੇ ਨਾ ਕੋਈ ਆਦਲ, ਅਦਾਲਤ ਹਕ ਨਾ ਕੋਇ ਵਖਾਈਆ । ਚਾਰੋਂ ਕੁੰਟ ਅੰਧੇਰਾ ਬਾਦਲ, ਸਤਿ ਸਰੂਪ ਨਾ ਕੋਇ ਪਰਗਟਾਈਆ । ਮਾਇਆ ਮਮਤਾ ਹੋਈ ਪਾਗ਼ਲ, ਵਾਂਗ ਸਵਾਨ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦੇ ਮਾਲਕ ਦੇ ਵਡਿਆਈਆ । ਸ੍ਰੀ ਭਗਵਾਨ ਕਹੇ ਬੀਸਵੀਂ ਸਦੀ ਸੁਣ ਅਗੰਮੀ ਬਾਤ, ਸਚ ਤੈਨੂੰ ਦਿਆਂ ਦ੍ਰਿੜਾਈਆ । ਜਨ ਭਗਤਾਂ ਦਾ ਖੋਲ੍ਹ ਕੇ ਅੰਦਰੋਂ ਤਾਕ, ਬਜਰ ਕਪਾਟੀ ਦਿਆਂ ਤੁੜਾਈਆ । ਸ਼ਬਦ ਅਗੰਮੀ ਮਾਰ ਕੇ ਆਵਾਜ਼, ਕਲਜੁਗ ਸੁਤਿਆਂ ਲਵਾਂ ਉਠਾਈਆ । ਅੰਮ੍ਰਿਤ ਆਤਮ ਦੇ ਕੇ ਦਾਤ, ਜਨਮ ਜਨਮ ਦੀ ਤ੍ਰਿਖਾ ਦਿਆਂ ਬੁਝਾਈਆ । ਨਿਰਮਲ ਨੂਰ ਕਰ ਪਰਕਾਸ਼, ਅੰਧ ਅੰਧੇਰਾ ਦਿਆਂ ਮਿਟਾਈਆ । ਧੁਰ ਦਾ ਸੱਜਣ ਬਣ ਕੇ ਸਾਕ, ਸਗਲਾ ਸੰਗ ਰਖਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਗਏ ਆਖ, ਲਹਿਣਾ ਓਹੋ ਝੋਲੀ ਪਾਈਆ । ਸਾਚੇ ਸੰਤਾਂ ਪੁੱਛਾਂ ਵਾਤ, ਅੰਦਰ ਵੜ ਵੜ ਖੋਜ ਖੁਜਾਈਆ । ਹੁਕਮ ਚਲਾਵਾਂ ਕਾਇਨਾਤ, ਧਰਨੀ ਧਰਤ ਧਵਲ ਵੇਖ ਵਖਾਈਆ । ਹੁਜਰਾ ਸੁਹਾ ਕੇ ਸਚ ਮਹਿਰਾਬ, ਮਹਿਬੂਬ ਇਕੋ ਦਿਆਂ ਮਿਲਾਈਆ । ਪਰਵਰਦਿਗਾਰ ਹੋ ਕੇ ਵਾਹਦ, ਕਲਮਾ ਇਕੋ ਦਿਆਂ ਪੜ੍ਹਾਈਆ । ਧੁਨਾਂ ਤੋਂ ਵਖਰਾ ਨਾਦ, ਸੁੰਨਾਂ ਤੋਂ ਬਾਹਰ ਸਵਾਦ, ਅਨਮੁਲਾ ਦਿਆਂ ਚਖਾਈਆ । ਜਿਨ੍ਹਾਂ ਦਾ ਸਾਹਿਬ ਸਵਾਮੀ ਰਿਹਾ ਜਾਗ, ਸੋ ਗੁਰਮੁਖਾਂ ਆਪੇ ਲਏ ਉਠਾਈਆ । ਦੁਰਮਤ ਮੈਲ ਧੋ ਕੇ ਦਾਗ਼, ਨਿਰਮਲ ਰੂਪ ਦਏ ਬਣਾਈਆ । ਅੰਦਰ ਵੜ ਕੇ ਮੰਜ਼ਲ ਚੜ੍ਹ ਕੇ ਦਸਮ ਦਵਾਰੀ ਖੜ ਕੇ ਖੋਲ੍ਹੇ ਰਾਜ਼, ਭੇਵ ਅਭੇਦਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਦੀ ਬੀਸਵੀਂ ਕਹੇ ਪ੍ਰਭੂ ਕਲਜੁਗ

ਅੰਧੇਰਾ ਅੰਧ, ਚਾਰੋਂ ਕੁੰਟ ਨਜ਼ਰੀ ਆਈਆ । ਕਿਸੇ ਦਾ ਮੁਕਿਆ ਨਹੀਂ ਦਿਸਦਾ ਪੰਧ, ਅਧਵਾਟੇ ਬੈਠੇ ਡੇਰੇ ਲਾਈਆ । ਸਾਚੀ ਮੰਜ਼ਲ ਕੋਈ ਨਾ ਗਿਆ ਲੰਘ, ਸੇਜ ਪਲੰਘ ਨਾ ਕੋਇ ਸੁਹਾਈਆ । ਧੁਰ ਦਾ ਮਿਲਿਆ ਨਾ ਕਿਸੇ ਅਨੰਦ, ਅਨੰਦ ਵਿਚ ਨਾ ਕੋਇ ਸਮਾਈਆ । ਨੂਰੀ ਚਮਕੇ ਕੋਈ ਨਾ ਚੰਦ, ਜ਼ਹੂਰ ਨਾ ਕੋਇ ਰੁਸ਼ਨਾਈਆ । ਆਤਮ ਵਿਛੜੀ ਟੁੱਟੀ ਸਕੇ ਕੋਈ ਨਾ ਗੰਢ, ਬ੍ਰਹਿਮੰਡ ਖੰਡ ਲੇਖਾ ਪਾਰ ਨਾ ਕੋਇ ਕਰਾਈਆ । ਤੋੜ ਸਕੇ ਨਾ ਕੋਈ ਚੁਰਾਸੀ ਵਾਲਾ ਬੰਧ, ਬੰਦਗੀ ਹਕ ਨਾ ਕੋਇ ਦ੍ਰਿੜਾਈਆ । ਜਿਧਰ ਵੇਖਾਂ ਸ੍ਰਿਸ਼ਟੀ ਦਿਸੇ ਰੰਡ, ਸੁਹਾਗਣ ਨਜ਼ਰ ਕੋਇ ਨਾ ਪਾਈਆ । ਜਗਤ ਵਾਸਨਾ ਸਾਰੇ ਰਹੇ ਮੰਗ, ਤ੍ਰਿਖਾ ਨਾਲ ਵਧਾਈਆ । ਫਿਰ ਫਿਰ ਵੇਖਿਆ ਗੋਦਾਵਰੀ ਸੁਰਸਤੀ ਜਮਨਾ ਗੰਗ, ਅਠਸਠ ਸਾਰ ਕੋਇ ਨਾ ਆਈਆ । ਮੈਂ ਵੇਖ ਕੇ ਹੈਰਾਨ ਹੋ ਗਈ ਦੰਗ, ਹਰਿ ਕੀ ਕੀ ਖੇਲ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਛਡ ਗਏ ਸੰਗ, ਤੇਰੇ ਚਰਨ ਕਵਲ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣੀ ਲੋਕਾਈਆ । ਪੁਰਖ ਅਕਾਲ ਕਹੇ ਸਦੀ ਵੀਹਵੀਂ ਖੋਲ੍ਹ ਅੱਖ, ਤੇਰਾ ਭੁਲੇਖਾ ਦਿਆਂ ਮਿਟਾਈਆ । ਬੀਸ ਇਕੀਸਾ ਹੋ ਪਰਤਖ, ਜਗਤ ਜਗਦੀਸਾ ਧਾਰ ਚਲਾਈਆ । ਸੰਤ ਸੁਹੇਲੇ ਭਗਤ ਭਗਵੰਤ ਲਏ ਰਖ, ਨਿਰਗੁਣ ਸਰਗੁਣ ਖੋਜ ਖੁਜਾਈਆ । ਲੱਖ ਚੁਰਾਸੀ ਨਾਲੋਂ ਕਰ ਕੇ ਅੱਡ, ਘਰ ਸਾਚੇ ਮੇਲ ਮਿਲਾਈਆ । ਨੌਂ ਦਵਾਰੇ ਪਾਰ ਕਰਾ ਕੇ ਹਦ, ਘਰ ਸਾਚੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਫੇਰਾ ਪਾਈਆ । ਸਦੀ ਬੀਸਵੀਂ ਕਹੇ ਮੈਨੂੰ ਗੁਰ ਅਵਤਾਰਾਂ ਦਾ ਚੇਤੇ ਆਇਆ ਅੰਕ, ਜੋ ਲੇਖਾ ਗਏ ਲਿਖਾਈਆ । ਬਿਆਨ ਦੇ ਕੇ ਗਏ ਪਰਗਟ ਹੋਵੇ



ਨਿਹਕਲੰਕ, ਨਰਾਇਣ ਨਰ ਬੇਪਰਵਾਹੀਆ । ਜਿਸ ਦਾ ਸ਼ਬਦ ਨਿਰਾਲਾ ਵੱਜੇ ਡੰਕ, ਦੋ ਜਹਾਨਾਂ ਲਏ ਜਗਾਈਆ । ਹੁਕਮ ਦੇ ਕੇ ਰਾਓ ਰੰਕ, ਸ਼ਾਹ ਸੁਲਤਾਨਾਂ ਦਏ ਹਿਲਾਈਆ । ਵਿਛੜੀਆਂ ਰੂਹਾਂ ਨੂੰ ਮੇਲ ਕੇ ਧੁਰ ਦਾ ਕੰਤ, ਕੰਤੂਹਲ ਦਏ ਮਿਲਾਈਆ । ਡੇਰਾ ਢਾਹ ਕੇ ਮਾਇਆ ਮਮਤ, ਹਉਮੇ ਹੰਗਤਾ ਦਏ ਮਿਟਾਈਆ । ਭਗਤ ਸੁਹੇਲੇ ਬਣਾ ਕੇ ਸਾਚੀ ਸੰਗਤ, ਸਗਲਾ ਸੰਗ ਰਖਾਈਆ । ਹੋਏ ਸਹਾਈ ਵੇਲੇ ਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਬੇਪਰਵਾਹੀਆ । ਸਦੀ ਬੀਸਵੀਂ ਤੂੰ ਨਾ ਭੁਲ, ਸਤਿ ਸਚ ਦਿਆਂ ਦ੍ਰਿੜਾਈਆ । ਭਗਤ ਭਗਵਾਨ ਦੀ ਚਲੇ ਸਾਚੀ ਕੁਲ, ਕੁਲਵੰਤਾ ਆਪ ਪਰਗਟਾਈਆ । ਦੋ ਜਹਾਨਾਂ ਮਾਲਕ ਪਾਵਣ ਆਇਆ ਮੁੱਲ, ਕ਼ੀਮਤ ਸਭ ਦੀ ਰਿਹਾ ਚੁਕਾਈਆ । ਸਚ ਦਰਬਾਰਾ ਇਕੋ ਗਿਆ ਖੁਲ੍ਹ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਨਾਮ ਭੰਡਾਰਾ ਲੈ ਕੇ ਆਇਆ ਕੋਲ, ਦੂਜੇ ਦਰ ਨਾ ਮੰਗਣ ਜਾਈਆ । ਸ਼ਬਦ ਅਗੰਮੀ ਵਜਾ ਕੇ ਢੋਲ, ਗੁਰਮੁਖ ਸਾਚੇ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸਦੀ ਬੀਸਵੀਂ ਕਹੇ ਪ੍ਰਭੂ ਮੈਂ ਵੇਖਾਂ ਕੁਛ ਅਗੇ, ਅਗਲਾ ਧਿਆਨ ਲਗਾਈਆ । ਕਲਜੁਗ ਜੀਵ ਹੋ ਗਏ ਬਪੜੇ ਬੱਗੇ, ਆਪਣਾ ਰੂਪ ਬਦਲਾਈਆ । ਸਾਚੀ ਚੋਗ ਕਿਸੇ ਨਾ ਲੱਭੇ, ਹੰਸ ਮਾਣ ਸਰੋਵਰ ਨਾ ਕੋਇ ਨੁਹਾਈਆ । ਬਿਨ ਹਰਿ ਨਾਮੇ ਓਢਣ ਹੋ ਗਏ ਨੰਗੇ, ਸੀਸ ਦੁਸ਼ਾਲਾ ਨਾ ਕੋਇ ਟਿਕਾਈਆ । ਚਾਰੋਂ ਕੁੰਟ ਉਠ ਉਠ ਭੱਜੇ, ਮਨ ਵਾਸਨਾ ਨਾਲ ਮਿਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਟੇਕੇ ਮੱਥੇ, ਇੱਟਾਂ ਪੱਥਰਾਂ ਨਾਲ ਲੜਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਫੋਲ ਫੋਲ ਥੱਕੇ, ਰਸਨਾ ਜਿਹਵਾ ਢੋਲਾ ਗਾਈਆ ।

ਬਿਨ ਤੇਰੀ ਕਿਰਪਾ ਸਚ ਪ੍ਰੀਤੀ ਮੂਲ ਨਾ ਰਤੇ, ਰਤੀ ਰੰਗ ਨਾ ਕੋਈ ਰੰਗਾਈਆ । ਦਰਸ਼ਨ ਪਾਏ ਨਾ ਕੋਈ ਆਪਣੀ ਅੱਖੇ, ਆਖ਼ਰ ਘਰ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪਰਦਾ ਦੇ ਉਠਾਈਆ । ਸਦੀ ਬੀਸਵੀਂ ਸੁਣ ਸੰਦੇਸ਼ਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਵਟਾਇਆ ਵੇਸਾ, ਜੋਤੀ ਜਾਤਾ ਨਜ਼ਰੀ ਆਈਆ । ਏਕੰਕਾਰ ਖੋਲ੍ਹੇ ਭੇਤਾ, ਭੇਵ ਅਭੇਦਾ ਦਏ ਦ੍ਰਿੜਾਈਆ । ਆਦਿ ਨਿਰੰਜਣ ਕਰ ਕੇ ਵੇਸ ਅਨੇਕਾ, ਨਿਰਗੁਣ ਆਪਣੀ ਧਾਰ ਬੰਧਾਈਆ । ਸ੍ਰੀ ਭਗਵਾਨ ਖੇਲਣਹਾਰਾ ਖੇਡਾਂ, ਜੁਗ ਚੌਕੜੀ ਵੇਖ ਵਖਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਸਚਖੰਡ ਸਾਚੇ ਦੇਸਾ, ਲੋਕਮਾਤ ਲਏ ਅੰਗੜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜੋ ਬ੍ਰਹਮ ਸਰੂਪ ਹੋ ਕੇ ਘਰ ਘਰ ਲੇਟਾ, ਗ੍ਰਿਹਿ ਗ੍ਰਿਹਿ ਡੇਰਾ ਲਾਈਆ । ਸ਼ਬਦੀ ਸੁਤ ਪੁਰਖ ਅਕਾਲ ਦਾ ਬੇਟਾ, ਜੋ ਮੰਦਰ ਰਿਹਾ ਸੁਹਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਿਸ ਦੀ ਬਾਣੀ ਸਰਬ ਚੁਕਾਵਣਹਾਰਾ ਲੇਖਾ, ਦੋ ਜਹਾਨਾਂ ਖੋਜ ਖੁਜਾਈਆ । ਚੌਦਾਂ ਲੋਕਾਂ ਬਣ ਕੇ ਧੁਰ ਦਾ ਨੇਤਾ, ਨੇਤਰ ਨੈਣਾਂ ਦਏ ਵਖਾਈਆ । ਚਾਰ ਜੁਗ ਦਾ ਪਿਛਲਾ ਚੁਕਣਾ ਠੇਕਾ, ਅਗੇ ਇਕੋ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਤਰਾਈਆ । ਸਦੀ ਵੀਹਵੀਂ ਕਹੇ ਪ੍ਰਭੂ ਤੇਰਾ ਕਿਹੜਾ ਜਾਪ, ਜਗ ਜੀਵਣ ਦਾਤੇ ਦੇ ਸਮਝਾਈਆ । ਜਿਸ ਨਾਲ ਮਿਟਣ ਸਾਰੇ ਪਾਪ, ਪਤਿਤ ਪੁਨੀਤ ਰੂਪ ਵਖਾਈਆ । ਤਨ ਮਾਟੀ ਰਹੇ ਨਾ ਕੋਈ ਸੰਤਾਪ, ਸੰਸਾ ਰੋਗ ਚੁਕਾਈਆ । ਗੁਰਮੁਖਾਂ ਸੁਝੇ ਆਪਣਾ ਆਪ, ਪੜਦਾ ਦਏਂ ਉਠਾਈਆ । ਰੂਹ ਬੁਤ ਦੋਵੇਂ ਹੋਵਣ ਪਾਕ, ਦੁਰਮਤ ਮੈਲ ਧੁਆਈਆ । ਬੰਦ ਕਿਵਾੜੀ ਖੋਲ੍ਹ ਕੇ ਤਾਕ, ਦੀਆ ਦੀਪਕ ਕਰੇਂ ਰੁਸ਼ਨਾਈਆ । ਆਪਣੀ ਨਾਲ ਮਿਲਾ ਕੇ ਜਾਤ, ਜੋਤ ਜੋਤੀ ਵਿਚ ਟਿਕਾਈਆ । ਮੰਜ਼ਲ ਸਾਚਾ ਦੱਸ ਦੇ ਘਾਟ, ਧੁਰ ਦਰਬਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਵੀਹਵੀਂ ਪ੍ਰਭ ਦਾ ਸੱਚਾ ਮੰਤਰ, ਆਦਿ ਜੁਗਾਦਿ ਨਾ ਕੋਇ ਬਦਲਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜਾਣੇ ਅੰਤਰ, ਘਰ ਘਰ ਵਿਚ ਖੋਜ ਖੁਜਾਈਆ । ਦਏ ਸੰਦੇਸ਼ਾ ਗਗਨ ਗਗਨੰਤਰ, ਬ੍ਰਹਿਮੰਡ ਖੰਡ ਸ਼ਨਵਾਈਆ । ਜੀਵ ਜੰਤ ਬਣਾਏ ਬਣਤਰ, ਸਾਧ ਸੰਤ ਲਏ ਉਠਾਈਆ । ਪਰਦਾ ਲਾਹ ਕੇ ਬ੍ਰਹਮ ਨਿਰੰਤਰ, ਆਤਮ ਪਰਮਾਤਮ ਰੰਗ ਰੰਗਾਈਆ । ਇਕੋ ਰੂਪ ਵਖਾ ਕੇ ਸਵਤੰਤਰ, ਸਤਿ ਸਰੂਪੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਹਾਣੀ ਇਕ ਦ੍ਰਿੜਾਈਆ । ਸਦੀ ਬੀਸਵੀਂ ਕਹੇ ਪ੍ਰਭੂ ਤੇਰੇ ਕਿਹੜੇ ਭਗਤ, ਪੁਰਖ ਅਕਾਲ ਦੇ ਜਣਾਈਆ । ਜਿਨ੍ਹਾਂ ਅੰਦਰ ਸਾਚੀ ਸ਼ਕਤ, ਸ਼ਖ਼ਸੀਅਤ ਗਏ ਬਦਲਾਈਆ । ਤੇਰੇ ਨਾਲ ਮਿਲ ਕੇ ਰਿਹਾ ਕੋਈ ਨਾ ਫ਼ਰਕ, ਰੰਗ ਇਕੋ ਵਿਚ ਸਮਾਈਆ । ਪਿਛਲਾ ਲੇਖਾ ਕਰ ਕੇ ਤਰਕ, ਤੁਰਤ ਤੇਰਾ ਨਾਮ ਸਲਾਹੀਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਸਰਬ ਮੁਕਾਈਆ । ਜਿਨ੍ਹਾਂ ਉਪਰ ਮਿਹਰਵਾਨ ਹੋ ਕੇ ਅੰਮ੍ਰਿਤ ਦਿਤਾ ਬਰਸ, ਬੂੰਦ ਸਵਾਂਤੀ ਮੁਖ ਚੁਆਈਆ । ਜਨਮ ਕਰਮ ਦੀ ਮਿਟ ਗਈ ਤੜਪ, ਲੱਖ ਚੁਰਾਸੀ ਡੇਰਾ ਢਾਹੀਆ । ਲਹਿਣਾ ਮੁਕ ਗਿਆ ਸਵਰਗ ਨਰਕ, ਬਹਿਸ਼ਤਾਂ ਚਰਨਾਂ ਹੇਠ ਦਬਾਈਆ । ਪੰਧ ਮੁਕਾ ਕੇ ਅਰਸ਼ ਫ਼ਰਸ਼, ਸਚ ਮੰਦਰ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਈਆ । ਸਦੀ ਬੀਸਵੀਂ ਵੇਖ ਭਗਤ ਸੁਹੇਲੇ, ਤੇਰੇ ਵਿਚੋਂ ਦਿਆਂ ਪਰਗਟਾਈਆ ।

੩੨੬

ਜਿਨ੍ਹਾਂ ਦੇ ਪਰਮ ਪੁਰਖ ਪਰਮਾਤਮ ਨਾਲ ਮੇਲੇ, ਮਿਲਣੀ ਜਗਦੀਸ਼ ਆਪਣੇ ਨਾਲ ਕਰਾਈਆ । ਉਹ ਦੂਜੇ ਦੇ ਕਦੀ ਨਹੀਂ ਬਣਦੇ ਚੇਲੇ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਪ੍ਰਭੂ ਦੇ ਪਿਆਰ ਤੋਂ ਕਦੀ ਨਹੀਂ ਹੁੰਦੇ ਵਿਹਲੇ, ਅੱਠੇ ਪਹਿਰ ਇਕੋ ਧਿਆਨ ਰਖਾਈਆ । ਨਾਤਾ ਛਡ ਕੇ ਪੈਸੇ ਧੇਲੇ, ਮਾਇਆ ਮਮਤਾ ਗਏ ਤਜਾਈਆ । ਸਦਾ ਵਸ ਕੇ ਰੰਗ ਨਵੇਲੇ, ਘਰ ਸੱਜਣ ਵੇਖਣ ਧੁਰਦਰਗਾਹੀਆ । ਇਹ ਰਸਮ ਰਿਵਾਜ ਭਗਤ ਭਗਵਾਨ ਦੇ ਪਹਿਲੇ, ਜੁਗ ਚੌਕੜੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦਏ ਸੁਹਾਈਆ । ਸਦੀ ਬੀਸਵੀਂ ਕਹੇ ਪ੍ਰਭ ਤੇਰਾ ਭਗਤ ਚੰਗੇਰਾ, ਲੱਖ ਚੁਰਾਸੀ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਦਾ ਅੰਦਰ ਵੜ ਕੇ ਬੰਨ੍ਹੇਂ ਬੇੜਾ, ਬਾਹਰੋਂ ਨਜ਼ਰ ਨਾ ਕੋਇ ਪਾਈਆ । ਲੱਖ ਚੁਰਾਸੀ ਵਾਲਾ ਕੱਟ ਕੇ ਗੇੜਾ, ਲੇਖਾ ਰਾਏ ਧਰਮ ਮੁਕਾਈਆ । ਚਰਨ ਕਵਲ ਲਗਾ ਕੇ ਡੇਰਾ, ਕੂੜਾ ਡੇਰਾ ਦਿਤਾ ਢਾਹੀਆ । ਰੈਣ ਅੰਧੇਰੀ ਮਿਟਾ ਅੰਧੇਰਾ, ਸਾਚਾ ਚੰਦ ਕੀਤਾ ਰੁਸ਼ਨਾਈਆ । ਰਾਗ ਸੁਣਾ ਤੇਰਾ ਮੇਰਾ, ਸੋਹੰ ਢੋਲਾ ਦਿਤਾ ਪੜ੍ਹਾਈਆ । ਸਚਖੰਡ ਦਵਾਰ ਖੁੱਲ੍ਹਾ ਵਿਹੜਾ, ਭਗਤਾਂ ਦਿਤਾ ਸਮਝਾਈਆ । ਆਪੇ ਜਾਣੇ ਆਪਣਾ ਵਕ਼ਤ ਵੇਲਾ, ਥਿਤ ਵਾਰ ਹੱਥ ਕਿਸੇ ਨਾ ਆਈਆ । ਅਚਰਜ ਖੇਲ ਪ੍ਰਭੂ ਤੂੰ ਆਪੇ ਖੇਲਾ, ਬੀਸ ਇਕੀਸਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦੇ ਗਵਾਈਆ । ਬੀਸ ਕਹੇ ਕੂੜ ਕੁੜਿਆਰਾ ਵੇਖ ਮਾਤ, ਜੂਠ ਝੂਠ ਵਜੀ ਵਧਾਈਆ । ਤੇਰਾ ਪ੍ਰੇਮੀ ਨਜ਼ਰ ਨਾ ਆਏ ਕੋਈ ਦਾਸ, ਦਾਸੀ ਹੋ ਕੇ ਸੇਵ ਕਮਾਈਆ । ਤਕ ਕੇ ਵੇਖਿਆ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਈਆ । ਚਾਰੋਂ ਕੁੰਟ ਦਿਸੀ ਉਦਾਸ, ਹੈਰਾਨੀ ਸਭ ਦੇ ਉਤੇ ਛਾਈਆ । ਕਲਜੁਗ ਕੀ ਖੇਲ ਕਰੇ ਤਮਾਸ਼, ਸਾਚੀ ਸਮਝ ਨਾ ਕੋਇ ਸਮਝਾਈਆ । ਸਭ ਦੇ ਕੂੜੇ ਭਰ ਕੇ ਖਾਤ, ਝੂਠ ਖਾਤੇ ਰਿਹਾ ਬਣਾਈਆ । ਲੇਖਾ ਲਿਖ ਲਿਖ ਕ਼ਲਮ ਦਵਾਤ, ਗੁਰ ਅਵਤਾਰ ਦੇਣ ਗਵਾਹੀਆ । ਇਹ ਖੇਲ ਪੁਰਖ ਅਬਿਨਾਸ਼, ਨਾ ਕੋਈ ਮੇਟੇ ਮੇਟ ਮਿਟਾਈਆ । ਸੱਜਣ ਮਿਤਰ ਕਰੇ ਨਾ ਕੋਇ ਹਮਾਇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਬੀਸ ਕਹੇ ਮੈਂ ਵੇਖੀ ਮੁਹੰਮਦ ਖ਼ਾਹਸ਼, ਚੌਦਾਂ ਤਬਕ ਭੱਜੀ ਵਾਹੋ ਦਾਹੀਆ । ਵੇਦ ਵਿਆਸ ਕਹੇ ਮੇਰੀ ਪੂਰੀ ਹੋਵੇ ਆਸ, ਤ੍ਰਿਸ਼ਨਾ ਰਹੀ ਕੁਰਲਾਈਆ । ਈਸਾ ਕਹੇ ਮੇਰਾ ਆਵੇ ਬਾਪ, ਬੇਪਰਵਾਹ ਵੇਸ ਵਟਾਈਆ । ਮੁਹੰਮਦ ਕਿਹਾ ਮੇਰਾ ਪੈਗ਼ੰਬਰ ਪਰਗਟ ਹੋਵੇ ਸਾਖ਼ਿਆਤ, ਅਮਾਮਾਂ ਦਾ ਅਮਾਮ ਰਸੂਲਾਂ ਦਾ ਰਸੂਲ ਨਜ਼ਰੀ ਆਈਆ । ਨਾਨਕ ਕਿਹਾ ਮਹਾਂਬਲੀ ਉਤਰੇ ਆਪ, ਜਨਮੇ ਕੋਈ ਪਿਤਾ ਨਾ ਮਾਈਆ । ਗੋਬਿੰਦ ਕਿਹਾ ਪੁਰਖ ਅਕਾਲ ਕਰੇ ਖੇਲ ਤਮਾਸ਼, ਕਲ ਕਲਕੀ ਵੇਸ ਵਟਾਈਆ । ਜੋਧਾ ਸੂਰਬੀਰ ਮਰਦ ਮਰਦਾਨਾ ਹੋਵੇ ਪੁਰਖ ਸਮਰਾਥ, ਪਰਵਰਦਿਗਾਰ ਜਲਵਾ ਨੂਰ ਖ਼ੁਦਾਈਆ । ਸੰਤ ਸੁਹੇਲੇ ਭਗਤ ਭਗਵੰਤ ਸੂਫ਼ੀ ਸੰਤ ਲੈ ਕੇ ਆਵੇ ਸਾਥ, ਸਾਚਾ ਸੰਗ ਬਣਾਈਆ । ਇਕੋ ਢੋਲਾ ਇਕੋ ਵਿਚੋਲਾ ਇਕੋ ਬੋਲਾ ਇਕੋ ਸ਼ਬਦ ਇਕੋ ਗਾਥ, ਇਕੋ ਨਾਦ ਦਏ ਸੁਣਾਈਆ । ਇਕੋ ਵਰਨ ਇਕੋ ਬਰਨ ਇਕੋ ਸਰਨ ਇਕੋ ਚਰਨ ਇਕੋ ਬਣਾ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਸਾਈਆ । ਇਕੋ ਹੁਕਮ ਇਕੋ ਨਾਮ ਇਕੋ ਰਾਮ ਇਕੋ ਜਾਮ ਇਕੋ ਲੇਖਾ ਲਿਖੇ ਕ਼ਲਮ ਦਵਾਤ, ਕਾਤਬ ਹੋ ਕੇ ਸੇਵ ਕਮਾਈਆ । ਇਕੋ ਪਤਣ ਇਕੋ ਘਾਟ, ਇਕੋ ਖੇਵਟ ਖੇਟਾ ਪੁੱਛੇ ਵਾਤ, ਵੰਝ ਮੁਹਾਣਾ ਧੁਰ ਦਾ ਰਾਣਾ ਆਪਣੇ ਹੱਥ ਰਖਾਈਆ । ਇਕੋ ਆਤਮ ਇਕੋ ਪਰਮਾਤਮ ਇਕੋ ਜੋੜਨਹਾਰਾ ਨਾਤ, ਧੁਰ


੩੨੭

ਦਾ ਨਾਤਾ ਲਏ ਬਣਾਈਆ । ਇਕੋ ਸਿਮਰਨ ਇਕੋ ਪੂਜਾ ਪਾਠ, ਇਕੋ ਅੱਖਰ ਕਰੇ ਪੜ੍ਹਾਈਆ । ਇਕੋ ਪਿਤਾ ਇਕੋ ਮਾਤ, ਇਕੋ ਦੇਵਣਹਾਰਾ ਦਾਤ, ਦਾਤਾ ਦਾਨੀ ਇਕ ਹੋ ਜਾਈਆ । ਸਦੀ ਬੀਸਵੀਂ ਤੇਰੇ ਵੇਖ ਕੇ ਆਪ ਹਾਲਾਤ, ਪੁਰਖ ਅਕਾਲਾ ਦੀਨ ਦਿਆਲਾ ਹਰਿ ਗੋਪਾਲਾ ਵੇਸ ਅਵੱਲੜਾ ਆਪ ਵਟਾਈਆ । ਲੇਖਾ ਜਾਣੇ ਕਾਇਨਾਤ, ਮਾਰ ਕੇ ਵੇਖੇ ਝਾਤ, ਤਾਕ ਸਭ ਦਾ ਆਪ ਖੁਲ੍ਹਾਈਆ । ਪਿਛਲਾ ਪੂਰਾ ਕਰੇ ਭਵਿਖਤ ਵਾਕ, ਅਗੇ ਭਗਤ ਬਣਾ ਕੇ ਸਾਚਾ ਸਾਥ, ਵਡਿਆਈ ਦੇਵੇ ਪ੍ਰਭੂ ਪ੍ਰਭ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਸਾਡੀ ਪੂਰੀ ਹੋਈ ਆਸ, ਕਿਰਪਾ ਕਰ ਪੁਰਖ ਅਬਿਨਾਸ਼, ਸੇਵਾ ਕਰੀਏ ਬਣ ਕੇ ਦਾਸੀ ਦਾਸ, ਦਰ ਠਾਂਡੇ ਸੀਸ ਨਿਵਾਈਆ । ਸਚਖੰਡ ਦਵਾਰੇ ਹੋਵੇ ਇਕ ਪਰਭਾਤ, ਜੁਗ ਚੌਕੜੀ ਨਜ਼ਰ ਨਾ ਆਏ ਕੋਈ ਰਾਤ, ਮੰਡਲ ਮੰਡਪ ਸੂਰਜ ਚੰਦ ਮੁਖ ਨਾ ਕੋਈ ਵਖਾਈਆ । ਸਦੀ ਬੀਸਵੀਂ ਰਖ ਕੇ ਯਾਦ, ਪ੍ਰਭੂ ਸੁਣੇ ਆਪ ਫ਼ਰਿਆਦ, ਕੂੜਾ ਰਹਿਣ ਨਾ ਦੇਵੇ ਰਾਜ, ਕਿਸੇ ਦੇ ਸੀਸ ਤੇ ਦਿਸੇ ਕੋਈ ਨਾ ਤਾਜ, ਤਖ਼ਤਾਂ ਵਾਲਿਆਂ ਖ਼ਾਕ ਮਿਲਾਈਆ । ਇਕੋ ਸ਼ਬਦ ਵੱਜੇ ਨਾਦ, ਸੁਣਾਵੇ ਆਪ ਬ੍ਰਿਹਿਮਾਦ, ਬ੍ਰਹਿਮੰਡ ਆਪਣਾ ਹੁਕਮ ਮਨਾਈਆ । ਕੂੜੀ ਕਿਰਿਆ ਮੇਟ ਕੇ ਵਾਦ ਵਿਵਾਦ, ਅੰਮ੍ਰਿਤ ਰਸ ਦਏ ਸਵਾਦ, ਸੋਈ ਸੁਰਤੀ ਜਨ ਭਗਤਾਂ ਜਾਏ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਸੱਜਣ ਸੁਹੇਲੇ ਆਪੇ ਕਾਢ, ਨਿਰਗੁਣ ਨਿਰਗੁਣ ਕਰੇ ਲਾਡ, ਸਰਗੁਣ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਸਦੀ ਬੀਸਵੀਂ ਤੇਰੀ ਆਸਾ ਮਨਸਾ ਪੂਰ ਕਰਾਈਆ । ਸਦੀ ਬੀਸਵੀਂ ਕਹੇ ਪ੍ਰਭ ਮੈਂ ਨੇਤਰ ਰਹੀ ਰੋ, ਨੈਣਾਂ ਛਹਿਬਰ ਲਾਈਆ । ਮੇਰੀ ਸੁਣੇ ਕੋਈ ਨਾ ਸੋ, ਸੋ ਪੁਰਖ ਨਿਰੰਜਣ ਤੇਰਾ ਮੇਲ ਨਾ ਕੋਇ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਖਰੇ ਗਏ ਹੋ, ਦਰ ਘਰ ਆਪਣੇ ਡੇਰੇ ਲਾਈਆ । ਕਲਜੁਗ ਜੀਵਾਂ ਦੁਰਮਤ ਮੈਲ ਅੰਦਰ ਵੜ ਕੇ ਸਕੇ ਕੋਈ ਨਾ ਧੋ, ਬੈਖਰੀ ਬਾਣੀ ਦਏ ਗਵਾਹੀਆ । ਸਿਫ਼ਤੀ ਨਾਮ ਹੋ ਕੇ ਨਿਰਮੋਹ, ਜੋ ਅੱਖਰਾਂ ਨਾਲ ਮਿਲ ਕੇ ਢੋਲੇ ਰਹੇ ਗਾਈਆ । ਸਾਚੀ ਵਸਤ ਕਲਜੁਗ ਲਈ ਖੋਹ, ਖ਼ਾਲੀ ਭੰਡਾਰ ਦਿਤੇ ਕਰਾਈਆ । ਭਗਵੰਤ ਭਗਤਾਂ ਨਾਲ ਕਰੀਂ ਨਾ ਤੂੰ ਧਰੋਹ, ਦਰੋਹੀ ਤੇਰੇ ਨਾਮ ਖ਼ੁਦਾਈਆ । ਸਚ ਪਰਕਾਸ਼ ਕਰ ਦੇ ਲੋ, ਲੂੰ ਲੂੰ ਸਾਢੇ ਤਿੰਨ ਕਰੋੜ ਦੇ ਜਗਾਈਆ । ਤੁਧ ਬਿਨ ਨਜ਼ਰ ਨਾ ਆਵੇ ਕੋ, ਕੋਟਨ ਕੋਟ ਬੈਠੇ ਮੁਖ ਭੁਆਈਆ । ਤੇਰਾ ਰੂਪ ਆਦਿ ਜੁਗਾਦਿ ਨਿਰਗੁਣ ਸਰਗੁਣ ਦੱਸਦੇ ਰਹੇ ਦੋ, ਦੂਆ ਏਕਾ ਏਕੰਕਾਰ ਨਜ਼ਰੀ ਆਈਆ । ਵੀਹ ਸੌ ਇੱਕੀ ਕਹੇ ਪ੍ਰਭ ਅੰਮ੍ਰਿਤ ਆਤਮ ਸਾਚਾ ਦੇ ਚੋ, ਅਗੰਮੀ ਰਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਦੇ ਬਣਾਈਆ । ਪੁਰਖ ਅਕਾਲ ਕਹੇ ਮੈਂ ਰੋਂਦੀ ਲਈ ਤੱਕ, ਸਦੀ ਬੀਸਵੀਂ ਨਜ਼ਰੀ ਆਈਆ । ਤੇਰਾ ਲਹਿਣਾ ਦੇਵਾਂ ਹਕ, ਹਾਕਮ ਹੋ ਕੇ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਰਖ, ਧੁਰ ਦਾ ਜੋੜ ਲਵਾਂ ਜੁੜਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਪਰਦਾ ਓਹਲਾ ਦਿਆਂ ਉਠਾਈਆ । ਦਰਸ ਕਰਾ ਕੇ ਸਾਖ਼ਿਆਤ ਪਰਤਖ, ਸਾਹਿਬ ਸਾਚਾ ਦਿਆਂ ਮਿਲਾਈਆ । ਹਿਰਦੇ ਅੰਦਰ ਵਸ, ਕਾਇਆ ਮੰਦਰ ਸੋਭਾ ਪਾਈਆ । ਨਾਮ ਨਿਧਾਨਾ ਵਜਾ ਮਰਦੰਗ, ਗਾਨ ਇਕੋ ਦਿਆਂ ਸੁਣਾਈਆ । ਸਚ ਦਵਾਰੇ ਚਾੜ੍ਹ ਕੇ ਰੰਗ, ਰੰਗ ਰੰਗੀਲਾ ਦਿਆਂ ਵਖਾਈਆ । ਮਹਲ ਅਟਲ ਉਚ ਮੁਨਾਰ ਆਪੇ ਲੰਘ, ਪਿਛਲਾ ਪੈਂਡਾ ਦਿਆਂ ਚੁਕਾਈਆ । ਜਨ ਭਗਤਾਂ ਲੇਖੇ ਲਾ ਕੇ ਕਾਇਆ ਮਾਟੀ ਚੰਮ,

ਦਮ ਆਪਣੇ ਵਿਚ ਮਿਲਾਈਆ । ਭਗਤ ਉਧਾਰਨਾ ਮੇਰਾ ਕੰਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਸਾਚੇ ਸੰਤਾਂ ਬੇੜਾ ਬੰਨ੍ਹ, ਜੁਗ ਚੌਕੜੀ ਪਾਰ ਲੰਘਾਈਆ । ਗੁਰਮੁਖ ਬਣਾ ਕੇ ਧੁਰ ਦੇ ਚੰਨ, ਸਿਫ਼ਤਾਂ ਨਾਲ ਸਾਲਾਹੀਆ । ਗੁਰਸਿਖਾਂ ਦੇ ਕੇ ਨਾਮ ਭੰਡਾਰ ਧਨ, ਦੌਲਤਮੰਦ ਦਿਆਂ ਬਣਾਈਆ । ਸਦੀ ਬੀਸਵੀਂ ਸੁਣ ਲੈ ਲਾ ਕਰ ਕੰਨ, ਦੋਏ ਲੋਚਣ ਨਾਲ ਮਿਲਾਈਆ । ਭਗਤ ਸੁਹੇਲਾ ਰਹਿਣ ਨਹੀਂ ਦੇਣਾ ਨੇਤਰਹੀਣ ਅੰਨ੍ਹ, ਸਾਚਾ ਨੂਰ ਦਿਆਂ ਚਮਕਾਈਆ । ਭਰਮਾਂ ਵਾਲਾ ਰਹਿਣ ਨਹੀਂ ਦੇਣਾ ਜੰਨ, ਭਾਂਡਾ ਭਰਮ ਦਿਆਂ ਤੁੜਾਈਆ । ਜਮਾਂ ਵਾਲਾ ਰਹਿਣ ਨਹੀਂ ਦੇਣਾ ਡੰਨ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਕਰਮਾਂ ਦੇ ਲੇਖਾਂ ਵਿਚ ਨਾ ਲਏ ਬੰਨ੍ਹ, ਲਾੜੀ ਮੌਤ ਨਾ ਅੰਤ ਪਰਨਾਈਆ । ਗੁਰਮੁਖਾਂ ਦਾ ਲੇਖੇ ਲਾਵਾਂ ਮਾਟੀ ਤਨ, ਤਤਵ ਤਤ ਆਪਣੇ ਵਿਚ ਮਿਲਾਈਆ । ਜੋਤ ਮਿਲਾ ਕੇ ਹੰ ਬ੍ਰਹਮ, ਪਾਰਬ੍ਰਹਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦੀ ਬੀਸਵੀਂ ਤੇਰੇ ਵਿਚੋਂ ਭਗਤ ਸੁਹੇਲੇ ਲਏ ਉਠਾਈਆ । ਸਦੀ ਬੀਸਵੀਂ ਕਹੇ ਮੈਂ ਵੇਖਾਂ ਭਗਤ ਸੁਹੇਲੇ ਉਠਦੇ, ਜੋ ਕਾਇਆ ਮੰਦਰ ਅੰਦਰ ਲੈਣ ਅੰਗੜਾਈਆ । ਉਹ ਮਾਰਗ ਪੁਰਖ ਅਕਾਲ ਤੇਰਾ ਪੁਛਦੇ, ਦੂਜੇ ਰਾਹ ਨਾ ਕੋਇ ਜਾਈਆ । ਓਨ੍ਹਾਂ ਪੀਤੇ ਪਿਆਲੇ ਨਾਮ ਤੇਰੇ ਘੁਟ ਦੇ, ਰਸ ਖ਼ੁਮਾਰੀ ਗਏ ਚੜ੍ਹਾਈਆ । ਉਹ ਮਾਤਲੋਕ ਲੁਕਾਇਆਂ ਕਦੇ ਨਾ ਲੁਕਦੇ, ਪੜਦਿਆਂ ਵਿਚ ਨਾ ਕੋਇ ਛੁਪਾਈਆ । ਜਿਨ੍ਹਾਂ ਦੇ ਨਾਤੇ ਜੁੜ ਗਏ ਸ੍ਰੀ ਭਗਵਾਨ ਤੇਰੇ ਨਾਲ ਪਿਉ ਪੁਤ ਦੇ, ਏਥੇ ਓਥੇ ਦੇਵੇਂ ਮਾਣ ਵਡਿਆਈਆ । ਤੇਰੀ ਮੰਜ਼ਲ ਚੜ੍ਹਨੋਂ ਕਦੇ ਨਾ ਰੁਕਦੇ, ਅੱਗੇ ਹੋ ਨਾ ਕੋਇ ਅਟਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਓਨ੍ਹਾਂ ਨੂੰ ਵੇਖੇ ਝੁਕਦੇ, ਕਬੀਰ ਜੁਲਾਹਾ ਦਏ ਗਵਾਹੀਆ । ਤੇਰੇ ਲਹਿਣੇ ਦੇਣੇ ਸਦਾ ਸਚ ਸੁਚ ਦੇ, ਕੂੜੀ ਕਿਰਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਮੀਤ, ਏਕੰਕਾਰਾ ਇਕੋ ਨਜ਼ਰੀ ਆਈਆ । ਜੁਗ ਚੌਕੜੀ ਜਿਸ ਦੀ ਭਗਤਾਂ ਨਾਲ ਰੀਤ, ਰੀਤੀਵਾਨ ਬੇਪਰਵਾਹੀਆ । ਭਗਤਾਂ ਦਾ ਡੇਰਾ ਬਾਹਰ ਮੰਦਰ ਮਸੀਤ, ਨਿਜ ਘਰ ਵੇਖਣ ਚਾਈਂ ਚਾਈਂਆ । ਜਿਥੇ ਢੋਲਾ ਸੋਹਲਾ ਅਗੰਮੀ ਇਕੋ ਗੀਤ, ਗਹਿਰ ਗੰਭੀਰ ਬੇਨਜ਼ੀਰ ਰਿਹਾ ਸੁਣਾਈਆ । ਜਿਸ ਕਲਮੇ ਦੀ ਆਦਿ ਜੁਗਾਦੀ ਇਕ ਹਦੀਸ, ਸੋ ਖ਼ਬਰਦਾਰ ਕਰੇ ਬੀਸ ਇਕੀਸ, ਇਕ ਇਕੀਹ ਦਏ ਸਮਝਾਈਆ । ਜਿਨ੍ਹਾਂ ਗੁਰਮੁਖਾਂ ਦੇ ਵਸਿਆ ਚੀਤ, ਚੇਤਨ ਸਾਰੇ ਦਏ ਕਰਾਈਆ । ਨਾਤਾ ਤੋੜ ਕੇ ਹਸਤ ਕੀਟ, ਊਚ ਨੀਚ ਇਕੋ ਰੰਗ ਰੰਗਾਈਆ । ਪ੍ਰਭ ਠਾਕਰ ਸਵਾਮੀ ਸਭ ਦੀ ਵੇਖਣਹਾਰਾ ਨੀਤ, ਨੀਤੀਵਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਵੇਸ ਵਟਾਈਆ । ਸਦੀ ਬੀਸਵੀਂ ਕਹੇ ਸੁਣ ਬਾਤ ਕਲਜੁਗ, ਅੰਤ ਅਖ਼ੀਰੀ ਦਿਆਂ ਜਣਾਈਆ । ਤੇਰਾ ਪੰਧ ਜਾਣਾ ਮੁਕ, ਲੋਕਮਾਤ ਰਹਿਣ ਨਾ ਪਾਈਆ । ਲੇਖਾ ਚੁਕਣਾ ਜੂਠ ਝੂਠ, ਭਾਂਡਾ ਭਰਮ ਦੇਣਾ ਭੰਨਾਈਆ । ਪੁਰਖ ਅਕਾਲ ਜਾਣਾ ਤੁਠ, ਮਿਹਰਵਾਨ ਦਇਆ ਕਮਾਈਆ । ਸਤਿਜੁਗ ਸਾਚੇ ਅੰਗੜਾਈ ਲੈ ਕੇ ਪੈਣਾ ਉਠ, ਆਪਣਾ ਬਲ ਧਰਾਈਆ । ਜਿਸ ਨੂੰ ਵਸਤ ਮਿਲਣੀ ਸਚ ਸੁਚ, ਹਰਿ ਕਰਤਾ ਝੋਲੀ ਪਾਈਆ । ਤੇਰਾ ਕੂੜਾ ਰੋਗ ਦੀਰਘ ਮੁਚ, ਅੰਤਮ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਸਦੀ ਬੀਸਵੀਂ ਸੁਣ ਲੈ ਮੇਰੀ ਏਕ, ਏਕਾ ਵਾਰ ਦਿਆਂ ਜਣਾਈਆ । ਕਿਸੇ ਦੀ ਬੁਧਿ ਰਹਿਣ ਨਹੀਂ ਦਿਤੀ ਬਿਬੇਕ, ਧੀਰਜ ਯਤਿ


੩੨੯

ਨਜ਼ਰ ਕੋਇ ਨਾ ਆਈਆ । ਇੱਜ਼ਤ ਆਬਰੂ ਮੇਰੇ ਕੋਲ ਸਾਰੇ ਬੈਠੇ ਵੇਚ, ਕ਼ੀਮਤ ਹੱਥ ਨਾ ਕਿਸੇ ਫੜਾਈਆ । ਮੈਂ ਪ੍ਰਭ ਦਾ ਚੌਥਾ ਪੁਤ ਸਭ ਤੋਂ ਛੋਟਾ ਨੇਕ, ਨੇਕੀ ਕਰਨ ਵਾਲੇ ਬਦੀਆਂ ਵਿਚ ਦਿਤੇ ਬਦਲਾਈਆ । ਬਾਹਰੋਂ ਸੋਹਣੀ ਸਭ ਨੂੰ ਦੱਸੀ ਖੇਡ, ਅੰਦਰ ਝੂਠੀ ਕਿਰਿਆ ਦਿਤੀ ਵਸਾਈਆ । ਤੱਤਾਂ ਵਾਲਾ ਦੱਸ ਕੇ ਤੇਜ, ਸੇਜ ਜਗਤ ਦਿਤੀ ਸੁਹਾਈਆ । ਕਰਮ ਧਰਮ ਦੀ ਨਾਲ ਰਲਾ ਕੇ ਰੇਖ, ਰੇਖਾ ਸਭ ਦੀ ਦਿਤੀ ਬਦਲਾਈਆ । ਸਦੀ ਬੀਸਵੀਂ ਜੇ ਸਚ ਪੁੱਛੇਂ ਮੈਂ ਕਿਸੇ ਸੰਤ ਨੂੰ ਪਰਤ ਕੇ ਜਾਣ ਦਿਤਾ ਨਹੀਂ ਆਪਣੇ ਦੇਸ, ਸਚਖੰਡ ਦਵਾਰੇ ਬਹਿ ਖ਼ੁਸ਼ੀ ਨਾ ਕੋਇ ਮਨਾਈਆ । ਉਠ ਕੇ ਵੇਖ ਲੈ ਸਾਰੇ ਇਕ ਦੂਜੇ ਦੀ ਰੱਖਦੇ ਟੇਕ, ਆਪਣਾ ਡੰਕ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸਾਚੀ ਸੇਵ ਲਗਾਈਆ । ਸਦੀ ਬੀਸਵੀਂ ਕਹੇ ਤੂੰ ਕਲਜੁਗ ਵੱਡਾ, ਨਿਕਿਉਂ ਨਿੱਕਾ ਨਜ਼ਰ ਕੋਇ ਨਾ ਆਈਆ । ਸਤਿ ਧਰਮ ਦਵਾਰ ਕਿਸੇ ਨਾ ਛੱਡਾ, ਭੱਜਿਆ ਵਾਹੋ ਦਾਹੀਆ । ਠਾਕਰ ਦਵਾਰੇ ਮੰਦਰ ਮਸੀਤਾਂ ਗੁਰਦਵਾਰਿਆਂ ਅੰਦਰ ਗੱਡਿਆ ਅੱਡਾ, ਬੈਠਾ ਡੇਰਾ ਲਾਈਆ । ਭਰਮੇ ਭੁਲਾਇਆ ਬੁੱਢਾ ਨੱਢਾ, ਜੋਬਨਰਤਾ ਕੀਤਾ ਜਗਤ ਸ਼ੁਦਾਈਆ । ਭੈਣ ਭਾਈ ਲੜਾਇਆ ਸਕਾ, ਪਿਤਾ ਪੁਤ ਪਤ ਲੁਹਾਈਆ । ਵਿਭਚਾਰ ਹੁੰਦਾ ਵੇਖਿਆ ਅੱਖਾਂ, ਨਾਰੀ ਵੇਸਵਾ ਰੂਪ ਵਟਾਈਆ । ਹਰਿ ਕਾ ਨਾਮ ਵਿਕਦਾ ਵੇਖਿਆ ਵਿਚ ਹੱਟਾਂ, ਪੈਸਿਆਂ ਧੇਲਿਆਂ ਵਾਲਾ ਮੁੱਲ ਪਾਈਆ । ਦੀਨਾਂ ਮਜ਼੍ਹਬਾਂ ਵਾਲਾ ਝਗੜਾ ਵੇਖਿਆ ਰੱਟਾ, ਚਾਰੋਂ ਕੁੰਟ ਦਏ ਦੁਹਾਈਆ । ਹਰਿ ਪ੍ਰੇਮ ਵਿਚ ਪਿਆਰਾ ਕੋਈ ਨਾ ਵੇਖਿਆ ਰੱਤਾ, ਜੋ ਰਤੀ ਰਤ ਆਪਣੀ ਗਿਆ ਸੁਕਾਈਆ । ਜਿਧਰ ਵੇਖਾਂ ਓਧਰ ਨਚਦੀ ਫਿਰੇ ਮਨਮਤਾ, ਸਦੀ ਬੀਸਵੀਂ ਮੁਖ ਤੋਂ ਘੁੰਗਟ ਲਿਆ ਉਠਾਈਆ । ਸਚ ਨਿਸ਼ਾਨਾ ਤੀਰ ਬੇਨਜ਼ੀਰ ਨਾਮ ਚਿੱਲੇ ਕਮਾਨ ਕਿਸੇ ਨਾ ਕਸਾ, ਜ਼ਿਮੀਂ ਅਸਮਾਨ ਪਾਰ ਨਾ ਕੋਇ ਲੰਘਾਈਆ । ਮੈਂ ਕਿਹੜੀ ਹਾਲਤ ਦੱਸਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਬੇਪਰਵਾਹੀਆ । ਕਲਜੁਗ ਕਹੇ ਮੈਂ ਸਭ ਦਾ ਪਿਆਰਾ, ਸਚ ਦਿਆਂ ਦ੍ਰਿੜਾਈਆ । ਭਗਤਾਂ ਦੇ ਕਦੀ ਨਹੀਂ ਗਿਆ ਦਵਾਰਾ, ਚਾਰ ਦੀਵਾਰਾ ਲੰਘ ਕੋਇ ਨਾ ਪਾਈਆ । ਮਨਮੁਖਾਂ ਨਾਲ ਮੇਰਾ ਵਿਹਾਰਾ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਜੁਗ ਚੌਕੜੀ ਮੈਂ ਸੁਣਦਾ ਰਿਹਾ ਜੋ ਕਹਿੰਦੇ ਰਹੇ ਗੁਰ ਅਵਤਾਰਾ, ਪੈਗ਼ੰਬਰ ਹੁਕਮ ਸੁਣਾਈਆ । ਕਲ ਕਲਕੀ ਲੈਣਾ ਅਵਤਾਰਾ, ਨਿਹਕਲੰਕ ਨਰਾਇਣ ਨਜ਼ਰੀ ਆਈਆ । ਜਿਸ ਦਾ ਸ਼ਬਦ ਖੰਡਾ ਦੋ ਧਾਰਾ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਬ੍ਰਹਿਮੰਡਾਂ ਖੰਡਾਂ ਕਰੇ ਪਾਰ ਕਿਨਾਰਾ, ਜੇਰਜ ਅੰਡਾਂ ਕਰੇ ਸਫ਼ਾਈਆ । ਜਨ ਭਗਤਾਂ ਵਖਾਏ ਸਚ ਦਵਾਰਾ, ਪਰਦਾ ਓਹਲਾ ਆਪ ਚੁਕਾਈਆ । ਬਖ਼ਸ਼ਿਸ਼ ਕਰ ਕੇ ਨਾਮ ਭੰਡਾਰਾ, ਵਸਤ ਅਮੋਲਕ ਦਏ ਵਰਤਾਈਆ । ਸਚ ਸੁਣਾ ਕੇ ਇਕ ਜੈਕਾਰਾ, ਧੁਰ ਦਾ ਢੋਲਾ ਇਕ ਦ੍ਰਿੜਾਈਆ । ਜਿਸ ਦਾ ਅੰਤ ਨਾ ਪਾਰਾਵਾਰਾ, ਸੋ ਬੇਅੰਤ ਖੇਲ ਵਖਾਈਆ । ਸਾਚੇ ਸੰਤਾਂ ਬਣ ਸਹਾਰਾ, ਸਿਰ ਆਪਣਾ ਹੱਥ ਰਖਾਈਆ । ਗੁਰਮੁਖਾਂ ਖੋਲ੍ਹ ਕਿਵਾੜਾ, ਮੇਲਾ ਲਏ ਮਿਲਾਈਆ । ਗੁਰਸਿਖਾਂ ਬਖ਼ਸ਼ ਕੇ ਧੂੜੀ ਛਾਰਾ, ਮਸਤਕ ਟਿੱਕਾ ਇਕ ਛੁਹਾਈਆ । ਸਦੀ ਬੀਸਵੀਂ ਦਾ ਜਗਤ ਨਜ਼ਾਰਾ, ਨਿਰਗੁਣ ਸਰਗੁਣ ਦਏ ਸਮਝਾਈਆ । ਚਾਰ ਕੁੰਟ ਹਾਹਾਕਾਰਾ, ਧੀਰਜ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਬੀਸਵੀਂ ਕਹੇ ਪ੍ਰਭ ਭਗਤ ਪਿਆਰੇ, ਭਗਵਨ ਤੇਰੀ ਬੇਪਰਵਾਹੀਆ । ਮੈਂ ਬੈਠੀ ਓਸ ਕਿਨਾਰੇ, ਜਿਸ ਦੀ ਨੱਯਾ ਤੇਰੇ ਕੋਲ ਨਜ਼ਰੀ ਆਈਆ ।


੩੩੦

ਚਾਰ ਕੁੰਟ ਦਿਸਦੇ ਹਾਰੇ, ਜਿੱਤ ਰੂਪ ਨਾ ਕੋਇ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੇ ਕੇ ਗਏ ਲਾਰੇ, ਸੋ ਵੇਲਾ ਵਕਤ ਰਿਹਾ ਸੁਹਾਈਆ । ਤੇਰੇ ਭਗਤਾਂ ਨਾਲ ਇਸ਼ਾਰੇ, ਸ਼ਬਦੀ ਸੈਨਤ ਇਕ ਜਣਾਈਆ । ਤੇਰੇ ਮੰਦਰਾਂ ਤੋਂ ਉਚੇ ਚੁਬਾਰੇ, ਜੋ ਅਸਥਲ ਰਿਹਾ ਸੁਹਾਈਆ । ਤੇਰੀ ਜੋਤੀ ਦੇ ਅਗੰਮ ਚਮਤਕਾਰੇ, ਸੂਰਜ ਚੰਦ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਕਮਾਈਆ । ਸਦੀ ਬੀਸਵੀਂ ਕਹੇ ਪ੍ਰਭ ਮੈਂ ਵੇਖਿਆ ਤੇਰਾ ਸਬੂਤ, ਸਾਬਤ ਇਕੋ ਨਜ਼ਰੀ ਆਈਆ । ਤੂੰ ਵੜ ਕੇ ਭਗਤਾਂ ਦੇ ਵਿਚ ਵਜੂਦ, ਵਸਲ ਇਕੋ ਦਿਤਾ ਕਰਾਈਆ । ਆਪਣੇ ਨਾਮ ਦਾ ਦੱਸ ਕੇ ਹਰੂਫ਼, ਹਰਫ਼ ਬਿਨ ਅੱਖਰਾਂ ਦਿਤਾ ਜਣਾਈਆ । ਜਿਸ ਦੇ ਵਿਚ ਦਿਵਸ ਰੈਣ ਘੜੀ ਪਲ ਰਹਿਣ ਮਸਰੂਫ਼, ਵੇਲਾ ਵਕਤ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰੰਗ ਰਿਹਾ ਰੰਗਾਈਆ । ਸਦੀ ਬੀਸਵੀਂ ਕਹੇ ਮੈਂ ਵੇਖਿਆ ਰੰਗ ਚੜ੍ਹਦਾ, ਹਰਿ ਕਿਰਪਾ ਨਾਲ ਚੜ੍ਹਾਈਆ । ਤੂੰ ਲਲਾਰੀ ਸਾਹਿਬ ਸੁਲਤਾਨ ਘਰ ਘਰ ਦਾ, ਵੇਖਣਹਾਰਾ ਥਾਉਂ ਥਾਈਆ । ਕਰ ਕਿਰਪਾ ਜਿਸ ਨੂੰ ਚਾਹੇਂ ਆਪੇ ਫੜਦਾ, ਇਹ ਹੱਥ ਤੇਰੇ ਵਡਿਆਈਆ । ਨਿਰਭੈ ਹੋ ਕਿਸੇ ਕੋਲੋਂ ਨਹੀਂ ਡਰਦਾ, ਭੈ ਆਪਣਾ ਸਰਬ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਖੇਲ ਨਰਾਇਣ ਨਰ ਦਾ, ਨਰ ਹਰਿ ਤੇਰੀ ਇਕ ਸਰਨਾਈਆ । ਜੋ ਆਤਮ ਪਰਮਾਤਮ ਸੋਹੰ ਢੋਲਾ ਪੜ੍ਹਦਾ, ਧੁਰ ਦਾ ਗੀਤ ਜਣਾਈਆ । ਸੋ ਅਗੇ ਨਾ ਜਨਮਦਾ ਨਾ ਮਰਦਾ, ਲੱਖ ਚੁਰਾਸੀ ਪੈਂਡਾ ਦਏ ਮੁਕਾਈਆ । ਤੇਰੇ ਹੱਥ ਲੇਖਾ ਕਰਮ ਕੁਕਰਮ ਦਾ, ਨਿਹਕਰਮੀ ਤੇਰੀ ਇਕ ਸਰਨਾਈਆ । ਤੇਰਾ ਭਰੋਸਾ ਸਾਚੀ ਸਰਨ ਦਾ, ਨੇਤਰ ਹਰਨ ਫਰਨ ਖੁਲ੍ਹਾਈਆ । ਤੂੰ ਮਾਲਕ ਤਰਨੀ ਤਰਨ ਦਾ, ਬੇੜਾ ਦੋ ਜਹਾਨ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਗੋਦ ਬਹਾਈਆ । ਭਗਤ ਭਗਵੰਤ ਪ੍ਰਭ ਤੇਰੀ ਗੋਦੀ ਬਹਿੰਦੇ, ਬਹਿ ਬਹਿ ਖ਼ੁਸ਼ੀ ਮਨਾਈਆ । ਤੇਰੇ ਨਾਮ ਦਾ ਢੋਲਾ ਕਹਿੰਦੇ, ਕਹਿ ਕਹਿ ਰਹੇ ਸੁਣਾਈਆ । ਤੇਰੇ ਰੰਗ ਵੇਖਦੇ ਚੜ੍ਹਦੇ ਲੈਂਹਦੇ, ਦੱਖਣ ਪਹਾੜ ਵਜਦੀ ਰਹੇ ਵਧਾਈਆ । ਤੇਰੀ ਚਰਨ ਸਰਨ ਸਾਚੀ ਪ੍ਰਭ ਠਾਕਰ ਢਹਿੰਦੇ, ਦੂਜੇ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਤਰਾਈਆ । ਜਨ ਭਗਤ ਉਧਾਰੀ ਆਪ ਪ੍ਰਭ, ਪ੍ਰੀਤਮ ਇਕ ਅਖਵਾਈਆ । ਸਦੀ ਬੀਸਵੀਂ ਲਏ ਲਭ, ਖੋਜਣਹਾਰਾ ਖੋਜ ਖੁਜਾਈਆ । ਅੰਮ੍ਰਿਤ ਜਾਮ ਪਿਆ ਕੇ ਝਬ, ਝਗੜੇ ਕੂੜ ਚੁਕਾਈਆ । ਉਲਟੀ ਕਰ ਕੇ ਕਵਲ ਨਭ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਈੜਾ ਪਿੰਗਲ ਸੁਖਮਨ ਟੇਢੀ ਬੰਕ ਪਾਰ ਕਰਾ ਕੇ ਹਦ, ਨਦ ਛੰਦ ਆਪਣਾ ਦਏ ਸੁਣਾਈਆ । ਜਿਹੜੀ ਆਤਮ ਪਰਮਾਤਮ ਵਿਛੜ ਕੇ ਰਹੀ ਅੱਡ, ਓਸੇ ਦਾ ਮੇਲ ਆਪੇ ਲਏ ਕਰਾਈਆ । ਜਿਸ ਪ੍ਰੇਮੀ ਪਿਆਰੇ ਗੁਰਮੁਖ ਸੱਜਣ ਸਚ ਦਵਾਰੇ ਲਏ ਸੱਦ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਸੋ ਸਾਜਣ ਮੀਤ ਠਾਂਡਾ ਸੀਤ ਸ਼ੌਹ ਦਰਿਆ ਪਾਰ ਗਿਆ ਲੰਘ, ਨੱਯਾ ਨੌਕਾ ਬੇੜੀ ਇਕ ਚੜ੍ਹਾਈਆ । ਜਨਮ ਕਰਮ ਦੀ ਆਸਾ ਤ੍ਰਿਸ਼ਨਾ ਮਾਇਆ ਮਮਤਾ ਪ੍ਰਭ ਚਰਨ ਪ੍ਰੀਤੀ ਪੂਰੀ ਹੋਈ ਮੰਗ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਗੁਰਦੇਵ ਦਾ ਗੁਰਦੇਵ ਇਕੋ ਰੰਗ, ਸਤਿਗੁਰ ਸੇਵਾ ਕਦੇ ਨਾ ਹੋਵੇ ਭੰਗ, ਬ੍ਰਹਿਮੰਡ ਖੰਡ ਆਪੇ ਲੇਖੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜੋਤ ਸਰੂਪ ਸ਼ਬਦੀ ਧਾਰ ਸਦਾ ਬਖ਼ਸ਼ੰਦ, ਪੰਜਾਂ ਤੱਤਾਂ ਲੇਖਾ ਆਪਣੇ ਹੱਥ ਰਖਾਈਆ ।


੩੩੧

✵ ੨੭ ਮਾਘ ੨੦੨੧ ਬਿਕ੍ਰਮੀ ਹਰਬੰਸ ਕੌਰ ਆਰੀਆ ਮਹੱਲਾ ਲੁਧਿਆਣਾ ✵

ਭਗਤ ਕਾਇਆ ਕਹੇ ਮੋਹੇ ਲੱਗਾ ਭਾਗ, ਤਨ ਮਾਟੀ ਖ਼ਾਕੀ ਮਿਲੀ ਵਡਿਆਈਆ । ਘਰ ਦੀਪਕ ਜਗਿਆ ਚਰਾਗ਼, ਪ੍ਰਭ ਜੋਤ ਨੂਰ ਰੁਸ਼ਨਾਈਆ । ਗ੍ਰਹਿ ਨਾਮ ਸੁਣਿਆ ਧੁਨ ਨਾਦ, ਸਤਿ ਸ਼ਬਦ ਸ਼ਨਵਾਈਆ । ਅੰਮ੍ਰਿਤ ਰਸ ਮਿਲਿਆ ਅਗੰਮਾ ਸਵਾਦ, ਨਿਝਰ ਧਾਰਾ ਦਿਤੀ ਵਹਾਈਆ । ਅੰਤਰ ਅੰਤਰ ਉਪਜਿਆ ਵੈਰਾਗ, ਜਗਤ ਤਿਆਗ ਦਿਤਾ ਵਖਾਈਆ । ਮਨ ਵਾਸਨਾ ਹੋਈ ਸਾਂਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਨਿਜ ਨੇਤਰ ਖੁਲ੍ਹੀ ਆਂਖ, ਪਰਤਖ ਨਜ਼ਰ ਆਏ ਗੁਸਾਈਆ । ਕੂੜੀ ਕਿਰਿਆ ਮਿਟੀ ਅੰਧੇਰੀ ਰਾਤ, ਸਤਿ ਸਚ ਵਜੇ ਵਧਾਈਆ । ਆਤਮ ਪਰਮਾਤਮ ਮਿਲ ਕੇ ਗਾਏ ਗਾਥ, ਸੋਹੰ ਢੋਲਾ ਸਹਿਜ ਸੁਖਦਾਈਆ । ਮੰਜ਼ਲ ਮਿਲਿਆ ਸਾਚਾ ਘਾਟ, ਪਤਣ ਸੋਹਣਾ ਦਿਤਾ ਬਣਾਈਆ । ਜਿਥੇ ਸੋਹਦੇ ਸੰਤ ਸਾਧ, ਗੁਰਮੁਖ ਡੇਰਾ ਲਾਈਆ । ਸਚ ਪ੍ਰੀਤ ਵਿਚ ਵਿਸਮਾਦ, ਬਿਸਮਲ ਰੂਪ ਸਮਾਈਆ । ਲੇਖੇ ਲੱਗਾ ਕਾਇਆ ਮਾਟੀ ਚਮੜਾ ਹਾਡ, ਨਾੜ ਨਾੜ ਵਜੇ ਵਧਾਈਆ । ਅਬਿਨਾਸ਼ੀ ਕਰਤੇ ਦਿਤੀ ਦਾਦ, ਦਾਤ ਇਕੋ ਇਕ ਝੋਲੀ ਪਾਈਆ । ਧੂੜੀ ਟਿੱਕਾ ਲਾ ਕੇ ਮੱਥੇ ਰਾਖ, ਪੂਰਵਕ ਲੇਖਾ ਦਿਤਾ ਚੁਕਾਈਆ । ਲਹਿਣਾ ਦੇਣਾ ਮੁਕਾ ਕੇ ਡੂੰਘੇ ਖਾਤ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਕਾਇਆ ਕਹੇ ਪ੍ਰਭ ਪਾਇਆ ਪਰਦਾ, ਮਿਹਰ ਨਜ਼ਰ ਇਕ ਉਠਾਈਆ । ਤੱਤਾਂ ਵਾਲਾ ਤਨ ਸੀ ਜੋ ਸੜਦਾ, ਅਗਨੀ ਅੱਗ ਲਗਾਈਆ । ਅੰਮ੍ਰਿਤ ਮੇਘ ਪਾ ਕੇ ਸੀਤਲ ਹੋਇਆ ਠਰਦਾ, ਸਾਂਤਕ ਸਤਿ ਜਣਾਈਆ । ਭੇਵ ਖੁਲ੍ਹਾ ਕੇ ਆਪਣੇ ਘਰ ਦਾ, ਘਰ ਘਰ ਵਿਚ ਦਿਤਾ ਵਖਾਈਆ । ਪਲੂ ਫੜਾ ਕੇ ਆਪਣੇ ਲੜ ਦਾ, ਸੁਰਤੀ ਸ਼ਬਦੀ ਮੇਲ ਮਿਲਾਈਆ । ਕਿਰਪਾਲ ਹੋ ਕੇ ਕਿਰਪਾ ਕਰਦਾ, ਕਰਨੀ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਗਤ ਕਾਇਆ ਕਹੇ ਮੈਨੂੰ ਮਿਲਿਆ ਮਾਣ, ਮੇਰੇ ਮਿਤਰ ਵਜੀ ਵਧਾਈਆ । ਕਿਰਪਾ ਕਰੀ ਸ੍ਰੀ ਭਗਵਾਨ, ਸਾਹਿਬ ਸਵਾਮੀ ਬੇਪਰਵਾਹੀਆ । ਮੇਰੇ ਅੰਤਰ ਆਤਮ ਮਿਲਿਆ ਆਣ, ਪਰਮਾਤਮ ਫੇਰਾ ਪਾਈਆ । ਜਨਮ ਕਰਮ ਦੀ ਚੁਕ ਗਈ ਕਾਨ, ਚੁਰਾਸੀ ਗੇੜ ਨਾ ਕੋਇ ਭੁਆਈਆ । ਤ੍ਰਿਸ਼ਨਾ ਰਹੀ ਨਾ ਪੀਣ ਖਾਣ, ਆਸਾ ਅਗੇ ਨਾ ਕੋਇ ਵਧਾਈਆ । ਮਾਇਆ ਮਮਤਾ ਹਉਮੇ ਹੰਗਤਾ ਟੁਟਿਆ ਅਭਿਮਾਨ, ਸਚ ਪ੍ਰੀਤੀ ਦਿਤੀ ਸਮਝਾਈਆ । ਵਸਤ ਅਮੋਲਕ ਦੇ ਕੇ ਦਾਨ, ਮੇਰਾ ਭੰਡਾਰਾ ਦਿਤਾ ਭਰਾਈਆ । ਸਾਢੇ ਤਿੰਨ ਹੱਥ ਸੁਹਾ ਕੇ ਮਕਾਨ, ਆਸਣ ਸਿੰਘਾਸਣ ਇਕ ਲਗਾਈਆ । ਦੀਵਾ ਬਾਤੀ ਕਮਲਾਪਾਤੀ ਜਗਾ ਕੇ ਮਹਾਨ, ਜਲਵਾ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਰੀ ਕਰਨੀ ਕਾਰ ਕਮਾਈਆ । ਭਗਤ ਕਾਇਆ ਕਹੇ ਮੇਰਾ ਸੋਹਣਾ ਸਿੰਘਾਸਣ, ਤਨ ਵਜੂਦ ਮਿਲੀ ਵਡਿਆਈਆ । ਘਰ ਆਇਆ ਠਾਕਰ ਅਬਿਨਾਸ਼ਣ, ਅਬਿਨਾਸ਼ੀ ਕਰਤਾ ਫੇਰਾ ਪਾਈਆ । ਹੋਇਆ ਮੇਲ ਸਰਬ ਗੁਣਤਾਸਣ, ਗੁਣਵੰਤ ਦਇਆ ਕਮਾਈਆ । ਅੰਦਰ ਬਾਹਰ ਚੁਕਿਆ ਗਿਆ ਮਾਤਮ, ਸੰਸਾ ਨਜ਼ਰ ਕੋਇ ਨਾ ਆਈਆ । ਹੋਇਆ ਸਹਾਈ ਨਾਥ ਅਨਾਥਣ, ਦੀਨਨ ਗਲੇ ਲਗਾਈਆ । ਭੇਵ ਖੁਲ੍ਹਾਵੇ ਗਹਿਰ ਗਵਰ ਬਾਤਨ, ਪਰਦਾ ਓਹਲਾ ਦਿਤਾ ਉਠਾਈਆ । ਪੰਧ ਮੁਕਾ ਕੇ ਪ੍ਰਿਥਮੀ ਅਕਾਸਣ, ਗਗਨ ਗਗਨੰਤਰ ਲੇਖ ਮੁਕਾਈਆ । ਧੁਰ ਦਾ ਸੰਗੀ ਬਣ ਕੇ ਸਾਥਣ, ਸਾਚਾ

ਪੰਧ ਚੁਕਾਈਆ । ਦੂਰ ਦੁਰਾਡੀ ਨੇੜੇ ਕਰ ਕੇ ਵਾਟਣ, ਮੇਲ ਮਿਲਾਇਆ ਸਹਿਜ ਸੁਭਾਈਆ । ਮੈਂ ਜਨਮ ਕਰਮ ਦੀ ਕੋਝੀ ਕਮਲੀ ਪਾਪਣ, ਮਾਤ ਗਰਭ ਫਿਰ ਫਿਰ ਵੇਸ ਵਟਾਈਆ । ਬਿਨ ਸਾਹਿਬ ਸਤਿਗੁਰ ਕੋਈ ਨਾ ਮਿਲਿਆ ਸਾਥਣ, ਜਗਤ ਸੰਗੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਭਗਤ ਕਾਇਆ ਕਹੇ ਮੈਂ ਤੱਤਾਂ ਵਾਲਾ ਸਰੀਰ, ਪੰਚਮ ਨਾਤਾ ਲਿਆ ਜੁੜਾਈਆ । ਮੇਰੇ ਅੰਦਰ ਵਿਛੋੜੇ ਵਾਲੀ ਪੀੜ, ਦਰਦੀਆਂ ਦਰਦ ਸੁਣਾਈਆ । ਰਾਹ ਤੱਕਾਂ ਬੇਨਜ਼ੀਰ, ਬਿਨ ਨੈਣਾਂ ਅੱਖ ਖੁਲ੍ਹਾਈਆ । ਬਿਨ ਨੇਤਰ ਰੋ ਵਹਾਵਾਂ ਨੀਰ, ਨੈਣਾਂ ਛਹਿਬਰ ਲਾਈਆ । ਕਮਲੀ ਹੋ ਕੇ ਫਿਰਾਂ ਵਾਂਗ ਫ਼ਕੀਰ, ਫ਼ਿਕਰਾ ਢੋਲਾ ਗਾਈਆ । ਕਵਣ ਵੇਲਾ ਪ੍ਰਭ ਠਾਕਰ ਮੇਰੀ ਬਦਲ ਦੇਵੇ ਤਕ਼ਦੀਰ, ਤਸਵੀਰ ਆਪਣੀ ਦਏ ਵਖਾਈਆ । ਮੇਰੇ ਅੰਦਰ ਚੋਟੀ ਚੜ੍ਹ ਜਾਏ ਅੰਤ ਅਖ਼ੀਰ, ਘਰ ਸਾਚੇ ਡੇਰਾ ਲਾਈਆ । ਆਪਣੇ ਮਿਲਣ ਦੀ ਦੱਸ ਦੇਵੇ ਤਦਬੀਰ, ਧੁਰ ਦਾ ਹੁਕਮ ਆਪ ਸੁਣਾਈਆ । ਉਹ ਪਾਤਸ਼ਾਹਾਂ ਦਾ ਪਾਤਸ਼ਾਹ ਮੈਨੂੰ ਬਣਾ ਲਏ ਆਪਣਾ ਵਜ਼ੀਰ, ਹੁਕਮੇ ਅੰਦਰ ਸਦਾ ਰਖਾਈਆ । ਮੇਰਾ ਨਿਸ਼ਾਨ ਪਾਣੀ ਉਪਰ ਲਕੀਰ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਕਾਇਆ ਕਹੇ ਮੈਂ ਕਮਲੀ ਕੋਝੀ, ਸਮਝ ਨਾ ਕੋਇ ਸਮਝਾਈਆ । ਜਨਮ ਕਰਮ ਦੀ ਪੂਰਬ ਰੋਗੀ, ਹਉਮੇ ਦੁਖੜਾ ਨਾ ਕੋਇ ਮਿਟਾਈਆ । ਮਨ ਵਾਸਨਾ ਲੈਣ ਨਾ ਦਿਤੀ ਸੋਝੀ, ਬੁਧੀ ਚਲੀ ਨਾ ਕੋਈ ਚਤੁਰਾਈਆ । ਕਰਮ ਕਾਂਡ ਦੀ ਹੋਈ ਵਿਜੋਗੀ, ਨਿਹਕਰਮੀ ਨਾ ਕੋਇ ਮਿਲਾਈਆ । ਕਿਰਪਾ ਕਰ ਜੇ ਸਾਹਿਬ ਸਤਿਗੁਰ ਮਿਲੇ ਆਪ ਸੰਜੋਗੀ, ਧੁਰ ਦਾ ਮੇਲਾ ਲਏ ਮਿਲਾਈਆ । ਮੇਰੀ ਆਤਮ ਓਸੇ ਜੋਗੀ, ਦੂਜਾ ਅੰਗ ਨਾ ਕੋਇ ਛੁਹਾਈਆ । ਬੇਸ਼ਕ ਜਨਮ ਪਾਏ ਕੋਟਨ ਕੋਟੀ, ਅੰਡਜ ਜੇਰਜ ਉਤਭੁਜ ਸੇਤਜ ਰੂਪ ਵਟਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਫੜ ਕੇ ਚਾੜ੍ਹੇ ਕੋਈ ਨਾ ਚੋਟੀ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਲੇਖਾ ਮੁਕੇ ਨਾ ਲੋਕ ਪਰਲੋਕੀ, ਸਚ ਸਲੋਕੀ ਢੋਲਾ ਨਾ ਕੋਇ ਸੁਣਾਈਆ । ਮੈਂ ਠਾਕਰ ਵੇਖਾਂ ਇਕੋ ਮੌਜੀ, ਜੋ ਮਜਲਸ ਭਗਤਾਂ ਵਿਚ ਰਖਾਈਆ । ਜਿਸ ਦਾ ਨਾਮ ਭੰਡਾਰਾ ਸਦਾ ਮੋਦੀ, ਦੇਂਦਿਆਂ ਤੋਟ ਰਹੇ ਨਾ ਰਾਈਆ । ਉਹ ਕਰਨੀ ਦਾ ਕਰਤਾ ਇਕੋ ਚੋਜੀ, ਚਾਰੋਂ ਕੁੰਟ ਨਜ਼ਰੀ ਆਈਆ । ਉਹ ਵਿਛੜਿਆਂ ਦਾ ਸਦਾ ਖੋਜੀ, ਭੁਲਿਆਂ ਮਾਰਗ ਪਾਈਆ । ਭੁਖਿਆਂ ਨੰਗਿਆਂ ਦੇਵੇ ਰੋਜ਼ੀ, ਸ਼ਾਹ ਸੁਲਤਾਨਾਂ ਖ਼ਾਕ ਵਖਾਈਆ । ਮੈਂ ਓਸ ਦੀ ਬਹਾਂ ਗੋਦੀ, ਜੋ ਪੁਰਖ ਅਕਾਲ ਇਕੋ ਪਿਤਾ ਮਾਈਆ । ਨਾ ਹਰਖ਼ ਰਹੇ ਨਾ ਸੋਗੀ, ਚਿੰਤਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਕਾਇਆ ਆਪਣੇ ਲੇਖੇ ਲਾਈਆ । ਜਨ ਭਗਤ ਕਾਇਆ ਕਹੇ ਮੰਗਾਂ ਇਕ ਪਿਆਰ, ਪ੍ਰਭ ਸਰਨ ਮਿਲੇ ਵਡਿਆਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਔਖੀ ਘਾਟੀ ਨਾ ਕੋਇ ਜਣਾਈਆ । ਸਚ ਦਵਾਰੇ ਜਾਵਾਂ ਨਿਰਗੁਣ ਹੋ ਕੇ ਧਾਰ, ਜੋਤੀ ਜੋਤ ਜੋਤ ਮੇਲ ਮਿਲਾਈਆ । ਢੋਲਾ ਸ਼ਬਦ ਨਾਦ ਗਾਵਾਂ ਏਕੋ ਵਾਰ, ਪ੍ਰੇਮ ਪ੍ਰੀਤੀ ਦੋ ਜਹਾਨ ਲਗਾਈਆ । ਜਾ ਕੇ ਵੇਖਾਂ ਸਚ ਦਰਬਾਰ, ਜਿਸ ਘਰ ਬੈਠਾ ਡੇਰਾ ਲਾਈਆ । ਤੇਰਾ ਮੇਰਾ ਬੋਲ ਜੈਕਾਰ, ਕਰੇ ਸਚ ਪੜ੍ਹਾਈਆ । ਸੱਜਣਾਂ ਦਾ ਸੱਜਣ ਮਿਤਰਾਂ ਦਾ ਮਿਤਰ ਯਾਰਾਂ ਦਾ ਯਾਰ, ਯਰਾਨੇ ਧੁਰ ਦੇ ਆਪ ਬਣਾਈਆ । ਛਡ ਨਾ ਜਾਏ ਅਧਵਿਚਕਾਰ, ਨਾਤਾ ਸੰਸਾਰ ਦਏ ਤੁੜਾਈਆ । ਮੰਜ਼ਲ ਚਾੜ੍ਹ ਕੇ ਅੰਤਮ ਵਾਰ, ਦਰ ਠਾਂਡੇ

ਦਏ ਬਹਾਈਆ । ਜਿਥੇ ਇਕੋ ਦੀਪ ਹੋਏ ਉਜਿਆਰ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਸਚਖੰਡ ਸਿੰਘਾਸਣ ਪੁਰਖ ਅਬਿਨਾਸ਼ਣ ਬੈਠਾ ਰਹੇ ਨਿਰੰਕਾਰ, ਭੂਪਤ ਭੂਪ ਰਾਜਨ ਰਾਜ ਇਕੋ ਨਜ਼ਰੀ ਆਈਆ । ਭਗਤ ਕਾਇਆ ਕਹੇ ਲਹਿਣਾ ਦੇਣਾ ਜਗਤ ਨਵਾਰ, ਨਵਾਰਨਹਾਰਾ ਆਪਣੀ ਦਇਆ ਕਮਾਈਆ ।

### ✻ ੨੭ ਮਾਘ ੨੦੨੧ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਹਿ ਲੁਧਿਆਣਾ ✻

ਭਗਤ ਕਾਇਆ ਕਹੇ ਮੈਂ ਹੋਈ ਪੁਨੀਤ, ਸ੍ਰੀ ਭਗਵਾਨ ਦਿਤੀ ਵਡਿਆਈਆ । ਮੇਰੇ ਅੰਦਰੋਂ ਭਗਤਾਂ ਦੀ ਬਦਲ ਕੇ ਨੀਤ, ਸੁਰਤ ਅਤੀਤ ਦਿਤੀ ਕਰਾਈਆ । ਚੰਗੀ ਬਣਾ ਕੇ ਨਾਲੋਂ ਮੰਦਰ ਮਸੀਤ, ਸੋਹਣਾ ਅੰਦਰ ਦਿਤਾ ਸੁਹਾਈਆ । ਅੱਠੇ ਪਹਿਰ ਨਾਦ ਧੁਨ ਗੀਤ, ਸ਼ਬਦੀ ਰਾਗ ਅਲਾਈਆ । ਅੰਮ੍ਰਿਤ ਜਲ ਭੰਡਾਰਾ ਸੀਤ, ਕਵਲ ਨਾਭੀ ਦਿਤਾ ਭਰਾਈਆ । ਲੇਖ ਚੁਕਾ ਕੇ ਊਚ ਨੀਚ, ਧੁਰ ਦਾ ਰੰਗ ਦਿਤਾ ਰੰਗਾਈਆ । ਮਾਣ ਮਿਟਾ ਕੇ ਹਸਤ ਕੀਟ, ਸਿਰ ਆਪਣਾ ਹੱਥ ਰਖਾਈਆ । ਅੰਦਰ ਵੜ ਕੇ ਬੈਠਾ ਆਪ ਬੀਚ, ਸਚ ਦਵਾਰੇ ਡੇਰਾ ਲਾਈਆ । ਰੂਪ ਬਣਾ ਕੇ ਨੀਕਣ ਨੀਕ, ਸਾਢੇ ਤਿੰਨ ਹੱਥ ਅੰਦਰ ਛੁਪਾਈਆ । ਸਚ ਬਖ਼ਸ਼ ਕੇ ਆਤਮ ਪਰਮਾਤਮ ਪ੍ਰੀਤ, ਪ੍ਰੀਤਮ ਹੋ ਕੇ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਚੁਕਾਈਆ । ਜਨ ਭਗਤ ਕਾਇਆ ਕਹੇ ਮੈਂ ਲੇਖੇ ਗਈ ਲਗ, ਅਗੇ ਥਾਂ ਦੀ ਲੋੜ ਰਹੀ ਨਾ ਰਾਈਆ । ਸਾਚੇ ਮੁਰਸ਼ਦ ਦਾ ਕਰ ਕੇ ਹੱਜ, ਮੇਰੀ ਹਾਜਤ ਮੇਰੇ ਵਿਚ ਸਮਾਈਆ । ਤ੍ਰੈਗੁਣ ਅਗਨੀ ਦੀਪਕ ਬੁਝ ਗਈ ਅੱਗ, ਸਾਂਤਕ ਸਤਿ ਦਿਤਾ ਕਰਾਈਆ । ਜਿਸ ਨਾਲੋਂ ਵਿਛੜ ਕੇ ਆਤਮ ਹੋਈ ਅਲਗ, ਸੋ ਪਰਮਾਤਮ ਆਪਣੇ ਨਾਲ ਮਿਲਾਈਆ । ਜਿਸ ਨੇ ਮੇਰਾ ਖਹਿੜਾ ਜਾਣਾ ਛਡ, ਫੇਰ ਅੰਦਰ ਵੜ ਨਾ ਖ਼ੁਸ਼ੀ ਮਨਾਈਆ । ਓਸ ਦੇ ਦਵਾਰੇ ਬਹਿਣਾ ਸਜ, ਜੋ ਮਾਲਕ ਬੇਪਰਵਾਹੀਆ । ਠੀਕਰ ਕੂੜਾ ਜਾਣਾ ਭੱਜ, ਥਿਰ ਰਹਿਣ ਕੋਇ ਨਾ ਪਾਈਆ । ਅੰਤਮ ਦੇ ਕੇ ਅਗਨੀ ਅੱਗ, ਭਸਮ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਗਤ ਕਾਇਆ ਕਹੇ ਮੈਂ ਲਗੀ ਲੇਖੇ, ਲੇਖਾ ਸਾਹਿਬ ਸਵਾਮੀ ਆਪਣੇ ਹੱਥ ਰਖਾਈਆ । ਜਨਮ ਕਰਮ ਦੇ ਮਿਟ ਗਏ ਭਰਮ ਭੁਲੇਖੇ, ਸੰਸਾ ਰੋਗ ਰਿਹਾ ਨਾ ਰਾਈਆ । ਤਤ ਵਜੂਦ ਕਾਇਆ ਅੰਡਜ ਜੇਰਜ ਉਤਭੁਜ ਸੇਤਜ ਕਾਫ਼ੀ ਵੇਖੇ, ਕਾਫ਼ੀਆਂ ਪੜ੍ਹਨ ਵਾਲੇ ਢੋਲੇ ਜੁਗ ਜੁਗ ਗਾਈਆ । ਬਿਨ ਹਰਿ ਨਿਰੰਕਾਰ ਸਾਚੇ ਮੰਦਰ ਕੋਈ ਨਾ ਬੈਠੇ, ਦਰਗਾਹ ਮਿਲੇ ਕੋਇ ਨਾ ਥਾਈਆ । ਪੂਰਬ ਜਨਮ ਆ ਗਏ ਸਾਰੇ ਚੇਤੇ, ਜਿਸ ਵੇਲੇ ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜਨ ਭਗਤ ਕਾਇਆ ਕਹੇ ਮੇਰਾ ਜਗਤ ਜੁਗ ਮੁੱਕੇ ਝਗੜਾ, ਤੱਤਾਂ ਵਾਲੀ ਰਹੇ ਨਾ ਕੋਇ ਲੜਾਈਆ । ਇਕੋ ਮਾਰਗ ਮਿਲ ਜਾਏ ਅਗਲਾ, ਰਾਹ ਵਿਚ ਨਾ ਕੋਇ ਅਟਕਾਈਆ । ਫਿਰਨਾ ਪਏ ਨਾ ਵਿਚ ਜੰਗਲਾ, ਚੋਟੀਆਂ ਟਿੱਲੇ ਪਰਬਤ ਚੋਟੀ ਚੜ੍ਹ ਨਾ ਵੇਖਣ ਪਾਈਆ । ਮੇਰਾ ਲਹਿਣਾ ਮਿਲ ਜਾਏ ਬਦਲਾ, ਦੇਵਣਹਾਰ ਝੋਲੀ ਪਾਈਆ । ਮੇਰਾ ਸੋਹਣਾ ਸੋਹਵੇ ਬੰਗਲਾ, ਸੂਰਾ ਸਰਬੰਗ ਵੇਖੇ ਥਾਉਂ ਥਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਮੁਕਾਈਆ । ਭਗਤ ਕਾਇਆ ਕਹੇ ਮੈਂ ਕਰਾਂ ਅਰਦਾਸ, ਬੇਨੰਤੀ ਧੁਰ ਦੀ ਸਚ ਸੁਣਾਈਆ । ਜਿਸ ਵਿਚ ਪ੍ਰਭੂ ਤੇਰੀ ਆਤਮ ਦਾ ਨਿਵਾਸ, ਸਤਿ ਸਰੂਪੀ ਬੈਠੀ ਡੇਰਾ ਲਾਈਆ । ਤੂੰ ਓਸੇ ਦਾ ਮਾਲਕ ਖ਼ਾਸ, ਸ਼ਹਿਨਸ਼ਾਹ ਬੇਪਰਵਾਹੀਆ । ਅੰਤਮ ਆਪਣੇ ਵਿਚ ਮਿਲਾ ਕੇ ਜ਼ਾਤ, ਵਖਰੀ ਵੰਡ ਨਾ ਕੋਇ ਵੰਡਾਈਆ । ਚਰਨ ਕਵਲ ਬਖ਼ਸ਼ ਨਿਵਾਸ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੇ ਨਾਲ ਮੇਰੀ ਪੂਰੀ ਹੋ ਜਾਏ ਆਸ, ਤ੍ਰਿਸ਼ਨਾ ਤ੍ਰਿਖਾ ਗਵਾਈਆ । ਅਗੇ ਫਿਰਨਾ ਪਏ ਨਾ ਵਿਚ ਪਰਭਾਸ, ਬਨ ਖੰਡ ਨਾ ਡੇਰਾ ਲਾਈਆ । ਤੇਰਾ ਦਰਸ ਮੰਗਾਂ ਸਾਖ਼ਿਆਤ, ਜ਼ਾਹਰ ਜ਼ਹੂਰ ਤੇਰੀ ਸਰਨਾਈਆ । ਤੇਰੀ ਸਿਫ਼ਤ ਦਾ ਅੱਖਰ ਮਿਲੇ ਨਾ ਕਿਸੇ ਵਿਚੋਂ ਲੁਗਾਤ, ਅਲਿਫ਼ ਯੇ ਚਲੇ ਨਾ ਕੋਇ ਚਤੁਰਾਈਆ । ਹਿੰਦਸਿਆਂ ਅੱਖਰਾਂ ਵਾਲੀ ਨਾ ਸਿਫ਼ਤ ਸਾਲਾਹਤ, ਤੇਰੀ ਮਹਿੰਮਾ ਬੇਪਰਵਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰੀ ਗਾ ਨਾ ਸਕੇ ਗਾਥ, ਭੇਵ ਅਭੇਦ ਸਕੇ ਨਾ ਕੋਇ ਸਮਝਾਈਆ । ਕੋਟਨ ਕੋਟ ਆਦਿ ਜੁਗਾਦਿ ਜੁਗ ਚੌਕੜੀ ਝੁਕਦੇ ਗਏ ਤ੍ਰੈਲੋਕੀ ਨਾਥ, ਰਾਮ ਦਸਰਥ ਬੇਟੇ ਫੇਰੀਆਂ ਗਏ ਪਾਈਆ । ਪੀਰ ਪੈਗ਼ੰਬਰ ਈਸਾ ਮੂਸਾ ਮੁਹੰਮਦ ਔਂਦੇ ਰਹੇ ਤੇਰੇ ਘਾਟ, ਬਣ ਬਣ ਪਾਂਧੀ ਰਾਹੀਆ । ਨਾਨਕ ਗੋਬਿੰਦ ਕਰਦੇ ਗਏ ਅਰਦਾਸ, ਦੋਏ ਦੋਏ ਜੋੜ ਮੰਗਣ ਚਾਈਂ ਚਾਈਂਆ । ਜਿਨ੍ਹਾਂ ਦੀ ਖ਼ਾਕੀ ਮਾਟੀ ਲੇਖੇ ਲਾਈ ਆਪ, ਮਿਹਰ ਨਜ਼ਰ ਇਕ ਉਠਾਈਆ । ਤਿਨ੍ਹਾਂ ਵਡਿਆਈ ਮਿਲੇ ਲੋਕਮਾਤ, ਜਗਤ ਜਹਾਨ ਵੱਜੇ ਵਧਾਈਆ । ਭਗਤਾਂ ਸਾਖੀ ਤੇਰਾ ਨਾਤ, ਚਰਨ ਕਵਲ ਦਏ ਸਰਨਾਈਆ । ਅੰਤਮ ਲਹਿਣਾ ਤੇਰੇ ਹਾਥ, ਦੂਸਰ ਅਵਰ ਨਾ ਕੋਇ ਵਖਾਈਆ । ਮੇਰੇ ਅੰਦਰ ਵੜ ਕੇ ਤੇਰੀ ਆਤਮਾ ਤੇਰਾ ਕਰਦੀ ਰਹੀ ਪਾਠ, ਨਾਮ ਢੋਲਾ ਸਚਾ ਗਾਈਆ । ਰਸਨਾ ਜਿਹਵਾ ਬੋਲ ਬੋਲ ਰਹੀ ਆਖ, ਸੰਦੇਸ਼ਾ ਸਤਿ ਸੁਣਾਈਆ । ਬਿਨ ਤੇਰੇ ਪ੍ਰਭੂ ਤੱਤਾਂ ਵਾਲੀ ਮਾਟੀ ਕਿਸੇ ਕੰਮ ਨਾ ਆਵੇ ਲਾਸ਼, ਸਵਾਸ ਪਵਣ ਤੇਰੇ ਵਿਚ ਸਮਾਈਆ । ਮੇਰੀ ਪੂਰੀ ਕਰਦੇ ਆਸ, ਨਵ ਨੌ ਚਾਰ ਜੁਗ ਬੈਠੀ ਧਿਆਨ ਲਗਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੇ ਦੇ ਸਾਥ, ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਕਾਇਆ ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਕਾਇਆ ਮਾਟੀ ਸੁਣ ਲੈ ਖ਼ਾਕ, ਸੋ ਸਾਹਿਬ ਆਪ ਜਣਾਈਆ । ਤੇਰੇ ਅੰਦਰ ਖੋਲ੍ਹ ਕੇ ਤਾਕ, ਪਰਦਾ ਓਹਲਾ ਦਿਆਂ ਚੁਕਾਈਆ । ਅੰਮ੍ਰਿਤ ਬਖ਼ਸ਼ ਕੇ ਬੂੰਦ ਸਵਾਂਤ, ਸੀਤਲ ਧਾਰ ਇਕ ਵਖਾਈਆ । ਨਾਮ ਸੁਣਾ ਕੇ ਸ਼ਬਦ ਨਾਦ, ਧੁਨ ਆਤਮਕ ਰਾਗ ਅਲਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਲੱਖ ਚੁਰਾਸੀ ਆਵਣ ਜਾਵਣ ਜਮ ਕੀ ਫਾਂਸੀ ਕਟ ਕੇ ਫਾਸ, ਫ਼ੈਸਲਾ ਇਕੋ ਹੁਕਮ ਸੁਣਾਈਆ । ਚਰਨ ਪ੍ਰੀਤੀ ਕਰ ਕੇ ਦਾਸੀ ਦਾਸ, ਸੇਵਕ ਸੇਵਾ ਵਿਚ ਵਡਿਆਈਆ । ਅੰਤ ਕ਼ਸੂਰ ਖ਼ਤਾ ਭੁਲ ਸਭ ਕਰ ਕੇ ਮੁਆਫ਼, ਮੁਫ਼ਤ ਆਪਣੀ ਦਇਆ ਕਮਾਈਆ । ਜਿਸ ਦੇ ਹੁਕਮ ਦਾ ਨਹੀਂ ਕੋਈ ਜੁਆਬ, ਲਾਜਵਾਬ ਵੇਖੇ ਸਰਬ ਲੋਕਾਈਆ । ਕੋਈ ਸਮਝ ਨਾ ਸਕੇ ਜਗਤ ਵਿਦਿਆ ਵਾਲੀ ਕਿਤਾਬ, ਡਿਗਰੀਆਂ ਵਾਲਿਆਂ ਸਮਝ ਕੋਇ ਨਾ ਆਈਆ । ਉਹ ਅੱਖਰਾਂ ਦੇ ਲੌਂਦੇ ਹਿਸਾਬ, ਪੱਥਰਾਂ ਦੀ ਵੰਡ ਵੰਡਾਈਆ । ਭੇਵ ਨਾ ਜਾਨਣ ਹਕ ਜਨਾਬ, ਕੀ ਕਰੇ ਬੇਪਰਵਾਹੀਆ । ਜਿਸ ਆਦਿ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਦਿਤੀ ਸਾਜ, ਜੁਗ ਚੌਕੜੀ ਰਿਵਾਜ ਆਪਣਾ ਲਿਆ ਚਲਾਈਆ । ਭਗਤਾਂ ਦਾ ਦੇਵੇ ਸਾਥ,

ਭਗਵਨ ਮੇਲਾ ਲਏ ਮਿਲਾਈਆ । ਤਨ ਮਾਟੀ ਤੇਰੇ ਲੇਖੇ ਲਾ ਕੇ ਖ਼ਾਕ, ਖ਼ਾਲਸ ਲੇਖਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ , ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਅੰਤ ਅੰਤਮ ਦਏ ਸੁਹਾਈਆ ।

### ❊ ੨੭ ਮਾਘ ੨੦੨੧ ਬਿਕ੍ਰਮੀ ਮਦਨ ਲਾਲ ਦੇ ਗ੍ਰਿਹ ਲੁਧਿਆਣਾ ❊

ਭਗਤ ਕਾਇਆ ਕਹੇ ਮੇਰਾ ਸੁਹਾਇਆ ਮਠ, ਤਨ ਮੰਦਰ ਖ਼ੁਸ਼ੀ ਮਨਾਈਆ । ਵਸਤ ਅਮੋਲਕ ਮਿਲੀ ਵਥ, ਜੋਤ ਸ਼ਬਦ ਧਾਰ ਪਰਗਟਾਈਆ । ਸਚ ਵਖਾਇਆ ਇਕੋ ਹੱਟ, ਘਰ ਘਰ ਵਿਚ ਪਰਦਾ ਲਾਹੀਆ । ਨਿਰਗੁਣ ਵਸਿਆ ਪੁਰਖ ਸਮਰਥ, ਜਿਸ ਆਤਮ ਆਪਣੀ ਵੰਡ ਵੰਡਾਈਆ । ਜੋਤੀ ਦੀਪਕ ਕਰ ਪਰਕਾਸ਼, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਭਗਤ ਕਾਇਆ ਕਹੇ ਮੇਰੇ ਅੰਦਰ ਅਨੋਖਾ ਜਾਪ, ਬਿਨ ਰਸਨਾ ਜਿਹਵਾ ਕਰੇ ਪੜ੍ਹਾਈਆ । ਦਿਵਸ ਰੈਣ ਸੰਦੇਸ਼ਾ ਦੇਵੇ ਆਪ, ਧੁਰ ਦੀ ਧਾਰ ਇਕ ਪਰਗਟਾਈਆ । ਘਰ ਮੰਦਰ ਅੰਦਰ ਹੁੰਦਾ ਰਹੇ ਪਾਠ, ਪੂਜਾ ਸਿਮਰਨ ਇਕੋ ਇਕ ਜਣਾਈਆ । ਸਰੋਵਰ ਸੋਹਣਾ ਵੇਖਿਆ ਘਾਟ, ਅੰਮ੍ਰਿਤ ਜਲ ਦਿਤਾ ਭਰਾਈਆ । ਸਚ ਸਵਾਮੀ ਵੇਖਿਆ ਸਾਥ, ਆਤਮ ਪਰਮਾਤਮ ਜੋੜ ਜੁੜਾਈਆ । ਮੇਰਾ ਖੋਲ੍ਹ ਕੇ ਬੰਦ ਤਾਕ, ਸਾਚਾ ਘਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਾਇਆ ਵੇਖ ਵਖਾਈਆ । ਭਗਤ ਕਾਇਆ ਕਹੇ ਮੈਂ ਮਾਟੀ ਕਾਚੀ ਤਨ ਖੇਹ, ਤੱਤਾਂ ਵਾਲੀ ਨਜ਼ਰੀ ਆਈਆ । ਮੇਰਾ ਅੰਤਮ ਆਤਮ ਨਾਲ ਨੇਹ, ਜੋ ਪਰਮਾਤਮ ਵਿਚ ਸਮਾਈਆ । ਹਡ ਮਾਸ ਨਾੜੀ ਬਣੀ ਦੇਹ, ਪਵਣ ਸਵਾਸਾਂ ਨਾਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਵਖਾਈਆ । ਕਾਇਆ ਮਾਟੀ ਕਹੇ ਮੇਰੇ ਅੰਦਰ ਇਕ ਅਸਥਾਨ, ਪ੍ਰਭ ਭਗਤਾਂ ਦਏ ਜਣਾਈਆ । ਜਿਸ ਘਰ ਮਾਲਕ ਵਸੇ ਆਣ, ਸਿੰਘਾਸਣ ਆਪਣਾ ਇਕ ਸੁਹਾਈਆ । ਸ਼ਬਦ ਨਾਦ ਕਲਮਾ ਸੁਣਾਏ ਮਹਾਨ, ਨਗ਼ਮਾ ਨਾਮ ਦ੍ਰਿੜਾਈਆ । ਕਰ ਪਰਕਾਸ਼ ਅਗੰਮੀ ਭਾਨ, ਜੋਤੀ ਨੂਰ ਨੂਰ ਰੁਸ਼ਨਾਈਆ । ਅੰਮ੍ਰਿਤ ਬਖ਼ਸ਼ ਕੇ ਪੀਣ ਖਾਣ, ਤ੍ਰਿਸ਼ਨਾ ਭੁਖ ਗਵਾਈਆ । ਦੋ ਜਹਾਨਾਂ ਬਣ ਕੇ ਹੁਕਮਰਾਨ, ਧੁਰ ਦਾ ਹੁਕਮ ਆਪ ਵਰਤਾਈਆ । ਸੰਤ ਸੁਹੇਲੇ ਲੱਭੇ ਵਿਚ ਜਹਾਨ, ਭਗਤ ਭਗਵੰਤ ਲਏ ਉਠਾਈਆ । ਸਹਿਜ ਸੁਭਾਓ ਮੇਰੇ ਅੰਦਰ ਕਰਨੀ ਦਾ ਕਰਤਾ ਮਿਲੇ ਆਣ, ਨਿਰਗੁਣ ਨਿਰਵੈਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਕਾਇਆ ਦਏ ਵਡਿਆਈਆ । ਭਗਤ ਕਾਇਆ ਕਹੇ ਮੈਂ ਮਾਟੀ ਤਨ, ਹੱਡ ਮਾਸ ਨਾੜੀ ਜੋੜ ਜੁੜਾਈਆ । ਮੇਰੇ ਅੰਦਰ ਰਖ ਕੇ ਬੁਧਿ ਮਤਿ ਮਨ, ਮਨਸਾ ਜਗਤ ਦਿਤੀ ਭਰਾਈਆ । ਜੋੜ ਜੁੜਾ ਕੇ ਸਰਵਣ ਕੰਨ, ਹਿੱਸਾ ਸਚ ਵੰਡਾਈਆ । ਨਾਮ ਪਦਾਰਥ ਦੇ ਕੇ ਧਨ, ਮੇਰੇ ਅੰਦਰ ਲਿਆ ਟਿਕਾਈਆ । ਜੋਤ ਨਿਰੰਜਣ ਚਾੜ੍ਹ ਕੇ ਚੰਨ, ਘਟ ਕੀਤੀ ਸਰਬ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਕਾਇਆ ਖ਼ੁਸ਼ੀ ਮਨਾਈਆ । ਭਗਤ ਕਾਇਆ ਕਹੇ ਮੈਂ ਸਭ ਤੋਂ ਉਚੀ, ਉਚ ਅਗੰਮ ਅਥਾਹ ਦਿਤੀ ਵਡਿਆਈਆ । ਮੇਰੇ ਅੰਦਰ ਆਤਮ ਦੀ ਲਗੀ ਰੁਚੀ, ਦੋਵੇਂ ਇਕ ਦੂਜੇ ਦਾ ਧਿਆਨ ਲਗਾਈਆ । ਓਹਨਾਂ ਕਾਰਨ ਹੋ ਗਈ ਸੁੱਚੀ,

ਕੂੜੀ ਕਿਰਿਆ ਦੁਰਮਤ ਮੈਲ ਰਹੀ ਨਾ ਰਾਈਆ । ਸ਼ਬਦੀ ਧਾਰ ਮੇਰੀ ਸੁਰਤੀ ਉਠੀ, ਜੋ ਵਿਚ ਬੈਠੀ ਮੁਖ ਛੁਪਾਈਆ । ਮਾਇਆ ਕਾਰਨ ਜੋ ਹੋਈ ਦੁਖੀ, ਪਰਕਿਰਤੀਆਂ ਡੇਰਾ ਢਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਾਇਆ ਆਪ ਪਰਗਟਾਈਆ । ਜਨ ਭਗਤ ਕਾਇਆ ਕਹੇ ਮੈਨੂੰ ਅੰਤਰ ਮਿਲਿਆ ਸੁਖ, ਸੁਰਤੀ ਸ਼ਬਦੀ ਢੋਲਾ ਗਾਈਆ । ਮੈਂ ਪਵਿਤਰ ਹੋਈ ਮਾਨਸ ਦੇਹ ਮਨੁਖ, ਦੁਰਮਤ ਆਪਣੀ ਮੈਲ ਧਵਾਈਆ । ਲੋਕਮਾਤ ਉਜਲ ਮੁਖ, ਪ੍ਰਭ ਦੇਵਣਹਾਰ ਵਡਿਆਈਆ । ਜਿਹੜਾ ਨਿਰਗੁਣ ਅੰਦਰ ਬੈਠਾ ਲੁਕ, ਸੋ ਸਾਖ਼ਿਆਤ ਨਜਰੀ ਆਈਆ । ਮੇਰਾ ਮੰਜ਼ਲ ਪੈਂਡਾ ਗਿਆ ਮੁਕ, ਲੱਖ ਚੁਰਾਸੀ ਨਾ ਕੋਇ ਭਵਾਈਆ । ਜਨਮ ਕਰਮ ਦਾ ਗਿਆ ਦੁਖ, ਹਰਖ਼ ਸੋਗ ਨਾ ਕੋਇ ਵਖਾਈਆ । ਵੇਲਾ ਸੁਹੰਜਣਾ ਰਿਹਾ ਢੁਕ, ਮਾਤਲੋਕ ਦੇਵੇ ਵਡਿਆਈਆ । ਭਗਤ ਭਗਵਾਨ ਬਣਾ ਕੇ ਆਪਣੇ ਸੁਤ, ਪਤਿਪਰਮੇਸ਼ਵਰ ਬੇਪਰਵਾਹੀਆ । ਸਤਿ ਸਤਿਵਾਦੀ ਮੌਲੇ ਰੁਤ, ਸਤਿਜੁਗ ਪੰਖੜੀਆਂ ਆਪ ਮਹਿਕਾਈਆ । ਲੇਖੇ ਲੱਗਣ ਮਾਟੀ ਬੁਤ, ਤਨ ਵਜੂਦ ਖ਼ੁਸ਼ੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣੇ ਰੰਗ ਰੰਗਾਈਆ । ਭਗਤ ਕਾਇਆ ਕਹੇ ਮੈਂ ਪ੍ਰਭ ਵੇਖਿਆ ਰੰਗ ਰੰਗੀਲਾ, ਰੰਗ ਰਤੜਾ ਇਕ ਅਖਵਾਈਆ । ਜਿਸ ਦੇ ਮਿਲਣ ਦਾ ਵਖਰਾ ਵਸੀਲਾ, ਮਿਸਲ ਆਪਣੇ ਹੱਥ ਰਖਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਛੈਲ ਛਬੀਲਾ, ਨੌਜਵਾਨ ਮਰਦ ਮਰਦਾਨ ਵੱਡੀ ਵਡਿਆਈਆ । ਜਿਸ ਨੇ ਜਨ ਭਗਤ ਬਣੌਂਣਾ ਇਕ ਕ਼ਬੀਲਾ, ਪਰਵਰਦਿਗਾਰ ਬੇਪਰਵਾਹ ਆਪਣਾ ਦਏ ਵਖਾਈਆ । ਜਨ ਭਗਤ ਕਾਇਆ ਕਹੇ ਮੈਨੂੰ ਤਨ ਸਰੀਰ ਮਿਲਿਆ ਬਦਨ, ਪ੍ਰਭ ਬੰਦਨਾ ਦਿਤੀ ਜਣਾਈਆ । ਸਾਚਾ ਕਰਕੇ ਧੁਰ ਦਾ ਅਦਲ, ਅਦਾਲਤ ਘਰ ਘਰ ਦਿਤੀ ਬਿਠਾਈਆ । ਜਨ ਭਗਤਾਂ ਅੰਦਰ ਆਪੇ ਜਾਏ ਸੱਦਣ, ਜਗਤ ਦਵਾਰੇ ਪੰਧ ਮੁਕਾਈਆ । ਚਰਨ ਪ੍ਰੀਤੀ ਵਿਚ ਕਰਕੇ ਮਘਨ, ਮਗਰਲਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਕਪੜ ਵੇਖ ਵਖਾਈਆ । ਕਾਇਆ ਕਹੇ ਮੇਰਾ ਚੁਕਿਆ ਝੇੜਾ, ਝਗੜਾ ਜਗਤ ਰਹਿਣ ਨਾ ਪਾਈਆ । ਹਰਿ ਸਤਿਗੁਰ ਚਰਨ ਲਗਾਇਆ ਡੇਰਾ, ਬੈਠੀ ਪੰਧ ਮੁਕਾਈਆ । ਏਥੋਂ ਬਾਹਰ ਕਢੇ ਕਿਹੜਾ, ਜ਼ੋਰ ਬਲ ਇਕ ਧਰਾਈਆ । ਜਿਥੇ ਢੋਲਾ ਤੇਰਾ ਮੇਰਾ, ਦੂਜਾ ਰਾਗ ਨਾ ਕੋਇ ਸੁਣਾਈਆ । ਸਾਹਿਬ ਸੁਲਤਾਨ ਪਾਇਆ ਘੇਰਾ, ਸ਼ਬਦੀ ਡੋਰ ਉਠਾਈਆ । ਦੂਰ ਦੁਰਾਡਾ ਚਲ ਕੇ ਆਇਆ ਨੇਰਨ ਨੇਰਾ, ਨਿਰਗੁਣ ਪਾਂਧੀ ਹੋ ਕੇ ਪੰਧ ਮੁਕਾਈਆ । ਜਨ ਭਗਤ ਦਵਾਰੇ ਭਗਵਨ ਪਾਵੇ ਫੇਰਾ, ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਥੇ ਓਥੇ ਦੋ ਜਹਾਨ ਕਰੇ ਰੁਸ਼ਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਕਾਇਆ ਮੰਦਰ ਵਸਾਵੇ ਖੇੜਾ, ਜਿਸ ਖੇੜੇ ਅੰਦਰ ਵੜ ਕੇ, ਸਾਚੇ ਪੌੜੇ ਚੜ੍ਹ ਕੇ, ਸਚ ਸਿੰਘਾਸਣ ਸੋਭਾ ਪਾਈਆ ।



੩੩੭

❊ ੨੭ ਮਾਘ ੨੦੨੧ ਬੀਬੀ ਸਵਿੰਦਰ ਕੌਰ ਦੇ ਘਰ ਮੰਡੀ ਅਹਿਮਦ ਗੜ੍ਹ ❊

ਇਕ ਸੱਤ ਸਤਾਰਾਂ ਦਾ ਸਾਚਾ ਅੰਕ, ਨਿਰਗੁਣ ਨਿਰਵੈਰ ਜੋੜ ਜੁੜਾਈਆ । ਕਰੇ ਖੇਲ ਹਰਿ ਬੇਅੰਤ, ਬੇਪਰਵਾਹ ਵੱਡੀ ਵਡਿਆਈਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਚੌਕੜੀ ਖੋਜ ਖੁਜਾਈਆ । ਸਚ ਸੰਦੇਸ਼ਾ ਦੇਵਣਹਾਰਾ ਇਕ ਬੇਅੰਤ, ਪਾਰਬ੍ਰਹਮ ਸਚਾ ਸ਼ਹਿਨਸ਼ਾਹੀਆ । ਦਿਵਸ

ਮਾਸ ਲੰਘ ਗਏ ਅਨੰਤ, ਕੋਟਨ ਕੋਟ ਫੇਰੀਆਂ ਪਾਈਆ । ਲੱਖ ਚੁਰਾਸੀ ਤਕਦੇ ਗਏ ਜੀਵ ਜੰਤ, ਸਾਧ ਸੰਤ ਧਿਆਨ ਲਗਾਈਆ । ਗੜ੍ਹ ਟੁਟਦੇ ਰਹੇ ਹਉਮੇ ਹੰਗਤ, ਹੰ ਬ੍ਰਹਮ ਸਮਝਾਈਆ । ਖੋਜ ਕਰਦੇ ਰਹੇ ਸ਼ਾਸਤਰ ਸਿਮਰਤ ਵੇਦ ਪੁਰਾਨ ਪਰਦੇ ਲਾਹ ਕੇ ਪੰਡਤ, ਨਿਤ ਨਵਿਤ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਈਆ । ਸਤਾਰਾਂ ਮਹੀਨੇ ਧੁਰ ਦਾ ਵਾਕ, ਵਾਕਿਆ ਹਰਿ ਜੂ ਆਪ ਜਣਾਈਆ । ਸਚਖੰਡ ਦਵਾਰੇ ਸਤਿ ਧਰਮ ਦਾ ਖੋਲ੍ਹ ਦੇ ਤਾਕ, ਥਿਰ ਘਰ ਪਰਦਾ ਦਏ ਉਠਾਈਆ । ਭਗਤਾਂ ਭੇਵ ਚੁਕਾ ਕੇ ਰਾਜ਼, ਰਹਿਮਤ ਆਪਣੀ ਦਏ ਕਮਾਈਆ । ਸ਼ਬਦ ਅਗੰਮ ਵਜਾ ਕੇ ਨਾਦ, ਧੁਨ ਆਤਮਕ ਰਾਗ ਸੁਣਾਈਆ । ਪਕੜ ਉਠਾ ਕੇ ਸਾਚੇ ਸਾਧ, ਸਾਧਨਾ ਆਪਣੀ ਇਕ ਦਰਸਾਈਆ । ਆਤਮ ਪਰਮਾਤਮ ਮੇਲ ਮਿਲਾਏ ਜਣਾਏ ਸਚ ਰਿਵਾਜ, ਰਹਿਬਰ ਇਕ ਅਖਵਾਈਆ । ਕੂੜੀ ਕਿਰਿਆ ਬਦਲ ਕੇ ਸਮਾਜ, ਸਚ ਸਮਗਰੀ ਕਾਇਆ ਮੰਦਰ ਅੰਦਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਾਰਾਂ ਮਹੀਨੇ ਕਹਿਣ ਸਾਡਾ ਪੂਰਾ ਹੋਣ ਵਾਲਾ ਵਕ਼ਫ਼ਾ, ਵਾਕਫ਼ੀਅਤ ਸਾਚੀ ਦਈਏ ਜਣਾਈਆ । ਪ੍ਰਭ ਦਾ ਖੇਲ ਹੋਵੇ ਯਕਤਰਫ਼ਾ, ਦੋ ਜਹਾਨਾਂ ਹੁਕਮ ਮਨਾਈਆ । ਭਗਤਾਂ ਦਾ ਭਗਵਾਨ ਬਣ ਕੇ ਬਰਦਾ, ਦਰ ਦਰਵੇਸ਼ ਅਲਖ ਜਗਾਈਆ । ਪੜਦਾ ਲਾਹ ਕੇ ਕਾਇਆ ਘਰ ਦਾ, ਗ੍ਰਿਹਿ ਆਪਣਾ ਘਰ ਵਖਾਈਆ । ਜਿਥੇ ਗੁਰਮੁਖੋ ਕਲਜੁਗ ਕਦੇ ਨਾ ਵੜਦਾ, ਕੂੜੀ ਕਿਰਿਆ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਨਾਲ ਕੋਇ ਨਾ ਖੜਦਾ, ਬੁਧੀ ਰੂਪ ਨਾ ਕੋਇ ਵਟਾਈਆ । ਗੁਰਮੁਖ ਓਸ ਮੰਜ਼ਲ ਚੜ੍ਹਦਾ, ਜਿਸ ਸਤਿਗੁਰ ਸਾਹਿਬ ਸਵਾਮੀ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਈਆ । ਇਕ ਸੱਤ ਕਹੇ ਮੇਰਾ ਪੂਰਾ ਹੋਣਾ ਮਾਸ, ਮੱਸਿਆ ਰੈਣ ਅੰਧੇਰੀ ਰਹਿਣ ਕੋਇ ਨਾ ਪਾਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਪਾਰਬ੍ਰਹਮ ਵੱਡੀ ਵਡਿਆਈਆ । ਸੋ ਵੇਖਣਹਾਰਾ ਖੇਲ ਤਮਾਸ਼, ਹਰਿ ਪੁਰਖ ਨਿਰੰਜਣ ਲਏ ਆਪ ਅੰਗੜਾਈਆ । ਏਕੰਕਾਰਾ ਵੇਖਣਹਾਰ ਪ੍ਰਿਥਮੀ ਆਕਾਸ਼, ਮੰਡਲ ਮੰਡਪ ਖੋਜ ਖੁਜਾਈਆ । ਆਦਿ ਨਿਰੰਜਣ ਸਾਚਾ ਨੂਰ ਕਰ ਪਰਕਾਸ਼, ਜੋਤੀ ਜਾਤਾ ਡਗਮਗਾਈਆ । ਸ੍ਰੀ ਭਗਵਾਨ ਬਣ ਕੇ ਦਾਸੀ ਦਾਸ, ਸਤਿ ਸਰੂਪੀ ਫੇਰਾ ਪਾਈਆ । ਅਬਿਨਾਸ਼ੀ ਕਰਤਾ ਹਰ ਘਟ ਰੱਖਣ ਵਾਲਾ ਵਾਸ, ਲੱਖ ਚੁਰਾਸੀ ਖੋਜ ਖੁਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਅੰਤਰ ਪੂਰੀ ਕਰਨਹਾਰਾ ਆਸ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਜਿਥੇ ਮੇਲੇ ਗੁਰ ਚੇਲੇ ਬੰਦ ਕੁਆੜੀ ਖੋਲ੍ਹ ਕੇ ਤਾਕ, ਪੜਦਾ ਓਹਲਾ ਦਏ ਉਠਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕੂੜੀ ਕਿਰਿਆ ਕਰ ਕੇ ਖ਼ਾਕ, ਖ਼ਾਲਸ ਆਪਣਾ ਰੰਗ ਰੰਗਾਈਆ । ਇਕੋ ਮੰਤਰ ਇਕੋ ਅੰਤਰ ਇਕੋ ਪੂਜਾ ਇਕੋ ਪਾਠ, ਇਕੋ ਮਰੀਦ ਇਕੋ ਮੁਰਸ਼ਦ ਇਕੋ ਦੀਦ ਚੰਦ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਈਆ । ਇਕ ਸੱਤ ਕਹੇ ਮੇਰੀ ਮੁਨਿਆਦ, ਲੋਕਮਾਤ ਰਹਿਣ ਨਾ ਪਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਵੇਖਣਹਾਰਾ ਥਾਉਂ ਥਾਈਂਆ । ਜਨ ਭਗਤਾਂ ਖੇੜਾ ਕਰੇ ਆਬਾਦ, ਉਜੜਿਆਂ ਦਏ ਵਸਾਈਆ । ਸਾਚਾ ਰਸ ਦੇ ਅਗੰਮੀ ਸਵਾਦ, ਅਨਰਸ ਫੀਕੇ ਦਏ ਮਿਟਾਈਆ । ਹੰਸ ਰੂਪ ਬਣਾਵੇ ਫੜ ਕੇ ਕਾਗ, ਦੁਰਮਤ ਮੈਲ ਧੁਵਾਈਆ । ਸੋਈ ਸੁਰਤੀ ਜਾਵੇ ਜਾਗ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਧੁਰ ਦਾ ਲੇਖਾ ਨਾਮ ਅਮੋਲਕ ਜਨ

ਭਗਤਾਂ ਝੋਲੀ ਪਾਏ ਭਾਗ, ਭਾਂਡਾ ਭਰਮ ਭਉ ਭੰਨਾਈਆ । ਅੰਦਰ ਕਰ ਕੇ ਨਿਰਮਲ ਨੂਰ ਜੋਤ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਕੂੜੀ ਰਹਿਣ ਨਾ ਪਾਏ ਰਾਤ, ਭਿੰਨੜੀ ਰੈਣ ਦਏ ਬਦਲਾਈਆ । ਹਰਿ ਕਾ ਨਾਮ ਗੁਰ ਕਾ ਵਾਕ, ਮੇਲਾ ਮੇਲ ਵਿਚ ਇਤਫ਼ਾਕ, ਹਿਸਾਬ ਬੇਬਾਕ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਇਕ ਸੱਤ ਨਾ ਭੁਲਣਾ ਮਾਤ, ਸ਼ਬਦ ਅਗੰਮੀ ਇਸਮ ਜਣਾਈਆ । ਇਹ ਪ੍ਰਭ ਦਾ ਖੇਲ ਤਮਾਸ਼, ਦੋ ਜਹਾਨਾਂ ਰਿਹਾ ਵਖਾਈਆ । ਜੁਗ ਚੌਕੜੀ ਨਵ ਨੌ ਚਾਰ ਕੋਈ ਨਾ ਲੱਭਿਆ ਸਾਥ, ਬੈਠੇ ਸਾਰੇ ਮੁਖ ਛੁਪਾਈਆ । ਕਲਜੁਗ ਅੰਤਮ ਸਤਿਜੁਗ ਅਗੇ ਲੌਣਾ ਪੁਰਖ ਅਕਾਲ ਨਿੱਕੀ ਜਿਹੀ ਬਾਤ, ਵੱਡੀ ਕਹਾਣੀ ਨਾ ਕੋਇ ਵਖਾਈਆ । ਮਨ ਵਾਸਨਾ ਅੰਦਰੋਂ ਕਰ ਕੇ ਨਾਸ, ਤਨ ਮੰਦਰ ਕਰੇ ਸਫ਼ਾਈਆ । ਇਕੋ ਇਕ ਜਪਾ ਕੇ ਜਾਪ, ਤੇਰਾ ਮੇਰਾ ਭੇਵ ਖੁਲ੍ਹਾਈਆ । ਓਥੇ ਕਲਜੁਗ ਨਿਉਂ ਨਿਉਂ ਟੇਕੇ ਮਾਥ, ਮਸਤਕ ਧੂੜੀ ਖ਼ਾਕ ਰਮਾਈਆ । ਸਤਿਜੁਗ ਖ਼ੁਸ਼ੀਆਂ ਗਾਵੇ ਗਾਥ, ਨਗ਼ਮਾ ਨਾਮ ਸੁਣਾਈਆ । ਭਗਤਾਂ ਪੂਰੀ ਹੋਵੇ ਆਸ, ਸੰਤਾਂ ਵਜੇ ਵਧਾਈਆ । ਗੁਰਮੁਖਾਂ ਦਿਸੇ ਇਕ ਪਰਭਾਤ, ਗੁਰਸਿਖ ਚੰਦ ਨੂਰ ਰੁਸ਼ਨਾਈਆ । ਵੇਲਾ ਵਕ਼ਤ ਸੁਹਾਏ ਆਪ, ਘੜੀ ਪਲ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸਤਾਰਾਂ ਮਹੀਨੇ ਕਹਿਣ ਬਦਲ ਜਾਣੀ ਸਮੱਸਿਆ, ਸਮਾਂ ਸਮਾਜ ਦੋਵੇਂ ਦਏ ਬਦਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਵੀਹਵੀਂ ਵੇਖ ਕੇ ਸਾਰਾ ਹੱਸਿਆ, ਖ਼ੁਸ਼ੀਆਂ ਨਾਲ ਤਾਲ ਰਹੇ ਵਜਾਈਆ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੌਂਦੇ ਆਏ ਗਾਥਿਆ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਾਲ ਸਲਾਹੀਆ । ਜਿਸ ਨੂੰ ਪਰਵਰਦਿਗਾਰ ਸਾਂਝਾ ਯਾਰ ਕਹਿੰਦੇ ਰਹੇ ਗ਼ਰੀਬ ਨਿਵਾਜਿਆ, ਖ਼ਾਲਕ ਖ਼ਲਕ ਇਕ ਅਖਵਾਈਆ । ਜਿਸ ਦੇ ਦਰ ਦਰਵੇਸ਼ ਹੋ ਕੇ ਕਰਦੇ ਰਹੇ ਅਰਦਾਸਿਆ, ਨਿਉਂ ਨਿਉਂ ਸਜਦਿਆਂ ਵਿਚ ਸੀਸ ਝੁਕਾਈਆ । ਜਿਸ ਦੇ ਕਲਮਿਆਂ ਦਾ ਅੱਖਰਾਂ ਨਾਲ ਕਰਦੇ ਰਹੇ ਜਾਪਿਆ, ਰਸਨਾ ਜਿਹਵਾ ਬੱਤੀ ਦੰਦ ਢੋਲੇ ਰਹੇ ਗਾਈਆ । ਜਿਸ ਨੂੰ ਨਿਤ ਨਵਿਤ ਨਿਰਗੁਣ ਸਰਗੁਣ ਆਖਿਆ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਬੇਪਰਵਾਹੀਆ । ਉਹ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਅੰਤਮ ਬਦਲਣਹਾਰਾ ਉਲਟਾ ਵਰਕਿਆ, ਵਾਕਿਅ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਸਤਾਰਾਂ ਮਾਸ ਕਹਿਣ ਗੁਰਮੁਖੋ ਧੁਰਦਰਗਾਹੀ ਹੋਕਾ, ਹੁਕਮ ਇਕੋ ਰਿਹਾ ਜਣਾਈਆ । ਭੱਜੇ ਫਿਰਨ ਚੌਦਾਂ ਲੋਕਾ, ਚੌਦਾਂ ਤਬਕ ਨੱਠਣ ਵਾਹੋ ਦਾਹੀਆ । ਜ਼ਿਮੀਂ ਅਸਮਾਨ ਸਾਰੇ ਸੋਚਣ ਸੋਚਾ, ਗਗਨ ਮੰਡਲ ਅੱਖ ਖੁਲ੍ਹਾਈਆ । ਓਸ ਸਮਰਥ ਦਾ ਆਇਆ ਮੌਕਾ, ਜੋ ਮਾਲਕ ਇਕੋ ਨਜ਼ਰੀ ਆਈਆ । ਜਿਸ ਦਾ ਭਾਣਾ ਦੋ ਜਹਾਨ ਕਿਸੇ ਨਾ ਰੋਕਾ, ਸਾਰੇ ਬੈਠੇ ਸੀਸ ਨਿਵਾਈਆ । ਜਿਸਦਾ ਨੂਰ ਅਗੰਮੀ ਜੋਤਾ, ਅਰਸ਼ ਫਰਸ਼ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣੀ ਧਾਰ ਬੰਧਾਈਆ । ਸਤਾਰਾਂ ਮਾਸ ਕਹਿਣ ਕੀ ਦੱਸੀਏ ਭੇਵ, ਭੇਦ ਰਹਿਣ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਠਾਂਡੇ ਕਰਦੇ ਸੇਵ, ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਰਸਨਾ ਜਿਹਵਾ ਹਿਲੇ ਨਾ ਕਿਸੇ ਬੁਲ ਜੈਕਾਰਾ ਦੱਸੇ ਨਾ ਕੋਈ ਅਭੇਵ, ਪਾਰਬ੍ਰਹਮ ਵੱਡੀ ਵਡਿਆਈਆ । ਜੋ ਸਚ ਸਿੰਘਾਸਣ ਬੈਠਾ ਇਕ ਨਿਹਕੇਵ, ਨਿਹਚਲ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ

੩੩੯

ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਵਰਤਾਈਆ । ਸਤਾਰਾਂ ਮਾਸ ਕਹਿਣ ਪ੍ਰਭ ਕਰਨੀ ਬਦਲੀ, ਬਿਧ ਹਰਿਜਨ ਦਏ ਜਣਾਈਆ । ਧੁਰ ਦਾ ਆਇਆ ਦਾਤਾ ਅਦਲੀ, ਅਦਾਲਤ ਇਕ ਲਗਾਈਆ । ਲੇਖਾ ਜਾਣੇ ਆਅਲਾ ਅਦਨੀ, ਰਾਓ ਰੰਕ ਖੋਜ ਖੁਜਾਈਆ । ਜੋ ਅੰਤਰ ਬਾਹਰ ਵੇਖੇ ਕਾਇਆ ਮਾਟੀ ਸਾਢੇ ਤਿੰਨ ਹੱਥ ਬਦਨੀ, ਤੱਤਾਂ ਖੋਜ ਖੁਜਾਈਆ । ਸੋ ਸਮਰਥ ਪੁਰਖ ਕਰੇ ਕਰਾਏ ਆਪਣੀ ਮਰਜ਼ੀ, ਮਾਲਕ ਦਾਤਾ ਵਡ ਵਡਿਆਈਆ । ਓਸ ਦਾ ਹੁਕਮ ਨਾ ਹੋਵੇ ਫ਼ਰਜ਼ੀ, ਫ਼ੈਸਲਾ ਧੁਰ ਦਾ ਇਕ ਜਣਾਈਆ । ਵੀਹ ਸੌ ਇੱਕੀ ਬਿਕ੍ਰਮੀ ਵਾਸਤੇ ਗੁਰ ਅਵਤਾਰ ਪੀਰ ਪੈਗ਼ੰਬਰ ਪੌਂਦੇ ਆਏ ਅਰਜ਼ੀ, ਆਰਜ਼ੂ ਖ਼ਾਹਿਸ਼ ਆਪਣੇ ਨਾਲ ਮਿਲਾਈਆ । ਇਹ ਖੇਲ ਆਪਣੇ ਹੱਥ ਰੱਖੀ ਅਸਚਰਜ ਦੀ, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਆਈਆ । ਜਗਤ ਬਿਧ ਨਾ ਇਹ ਖੇਲ ਪ੍ਰਭੂ ਦੇ ਗ਼ਰਜ਼ ਦੀ, ਦੂਜਾ ਸਾਥੀ ਨਾਲ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਚ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਰੁਤ ਰੁਤੜੀ ਆਪ ਸੁਹਾਵੇਗਾ । ਦਿਵਸ ਰੈਣ ਵੇਖ ਵਖਾਵੇਗਾ । ਵਸਣਹਾਰਾ ਸਾਚੇ ਦੇਸ, ਸਚਖੰਡ ਨਿਵਾਸੀ ਹੁਕਮ ਜਣਾਵੇਗਾ । ਜੋਤੀ ਜਾਮਾ ਧਰਿਆ ਭੇਸ, ਭੇਖ ਅਵੱਲੜਾ ਆਪ ਵਟਾਵੇਗਾ । ਜਿਸ ਦਾ ਰੂਪ ਰੰਗ ਨਾ ਕੋਈ ਰੇਖ, ਚਕਰ ਚਿਹਨ ਨਾ ਕੋਈ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਬਣ ਕੇ ਸਚ ਨਰੇਸ਼, ਨਿਰਗੁਣ ਆਪਣਾ ਹੁਕਮ ਮਨਾਵੇਗਾ । ਨਰ ਨਰੇਸ਼ ਇਕ ਅਖਵਾਵੇਗਾ । ਸ਼ਬਦ ਸੰਦੇਸ਼ਾ ਧੁਰ ਸੰਦੇਸ਼, ਪੁਰੀਆਂ ਲੋਆਂ ਆਪ ਸੁਣਾਵੇਗਾ । ਜਿਸ ਦੇ ਅੱਗੇ ਚਲੇ ਕੋਈ ਨਾ ਪੇਸ਼, ਸ਼ਾਹ ਸੁਲਤਾਨਾਂ ਖ਼ਾਕ ਮਿਲਾਵੇਗਾ । ਜਨ ਭਗਤਾਂ ਕਰ ਕੇ ਹੇਤ, ਆਤਮ ਪਰਮਾਤਮ ਜੋੜ ਜੁੜਾਵੇਗਾ । ਦਰਸ ਵਖਾ ਕੇ ਨੇਤਨ ਨੇਤ, ਨਿਜ ਲੋਚਨ ਦਰਸ ਦਿਖਾਵੇਗਾ । ਨਾਮ ਸੁਨੇਹੜਾ ਇਕੋ ਭੇਜ, ਸੋਈ ਸੁਰਤੀ ਆਪ ਉਠਾਵੇਗਾ । ਕੂੜੀ ਕਿਰਿਆ ਬਦਲ ਕੇ ਰੇਖ, ਤਨ ਮੰਦਰ ਇਕ ਸੁਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਵੇਗਾ । ਧੁਰ ਦੀ ਕਰਨੀ ਕਾਰ ਕਮਾਵੇਗਾ । ਸਤਿਜੁਗ ਸਾਚਾ ਰਾਹ ਵਖਾਵੇਗਾ । ਨਿਰਗੁਣ ਦਾਤਾ ਬਣ ਮਲਾਹ, ਬੇੜਾ ਆਪਣੇ ਕੰਧ ਉਠਾਵੇਗਾ । ਆਤਮ ਪਰਮਾਤਮ ਦੇ ਕੇ ਸਚ ਸਲਾਹ, ਰਸਤਾ ਇਕੋ ਇਕ ਪਰਗਟਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਵੇਗਾ । ਇਕ ਸੱਤ ਦਾ ਲੇਖਾ ਦਏ ਚੁਕਾ, ਅਲਖ ਨਿਰੰਜਣ ਅਲਖ ਜਗਾਵੇਗਾ । ਜਲਵਾ ਨੂਰ ਅਲਖ ਕਰ ਖ਼ੁਦਾ, ਮੁਕਾਮੇ ਹਕ ਸੋਭਾ ਪਾਵੇਗਾ । ਧੁਰ ਦਾ ਹੁਕਮ ਇਕ ਸੁਣਾ, ਤੁਖ਼ਮ ਤਾਸੀਰ ਆਪ ਬਦਲਾਵੇਗਾ । ਜੋ ਸੰਤ ਸੁਹੇਲੇ ਹੋਏ ਪ੍ਰਭ ਤੋਂ ਜੁਦਾ, ਤਿਨ੍ਹਾਂ ਵਿਛੜਿਆਂ ਆਪਣਾ ਮੇਲ ਮਿਲਾਵੇਗਾ । ਕੂੜੀ ਕਿਰਿਆ ਦਏ ਗਵਾ, ਕਲਜੁਗ ਚਰਨਾਂ ਹੇਠ ਦਬਾਵੇਗਾ । ਸਤਿ ਧਰਮ ਦਾ ਮਾਰਗ ਲਾ, ਸਾਜਣ ਇਕੋ ਇਕ ਅਖਵਾਵੇਗਾ । ਕਾਇਆ ਮੰਦਰ ਦਏ ਵਡਿਆ, ਸ਼ਿਵਦਵਾਲਾ ਮੱਠ ਮੰਦਰ ਮਸੀਤ ਇਕ ਸੁਹਾਵੇਗਾ । ਜਨ ਭਗਤਾਂ ਬਦਲ ਕੇ ਪਿਛਲੀ ਰੀਤ, ਪਤਿਤ ਪੁਨੀਤ ਆਪ ਕਰਾਵੇਗਾ । ਅੰਦਰ ਬਾਹਰ ਗੁਪਤ ਜ਼ਾਹਰ ਬਣ ਕੇ ਮੀਤ, ਮਿਤਰ ਪਿਆਰਾ ਜੋੜ ਜੁੜਾਵੇਗਾ । ਸਚ ਸੰਦੇਸ਼ਾ ਦੇ ਕੇ ਅਗੰਮੀ ਗੀਤ, ਗਹਿਰ ਗੰਭੀਰ ਖੋਜ ਖੁਜਾਵੇਗਾ । ਇਕੋ ਰੰਗ ਰੰਗਾ ਕੇ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਵੇਗਾ । ਜਨ ਭਗਤਾਂ ਕਰ ਅਤੀਤ, ਤ੍ਰੈਗੁਣ ਅਤੀਤਾ ਵੇਖ ਵਖਾਵੇਗਾ । ਨੇਤਰ ਵੇਖੋ ਬਦਲਦੀ ਰੀਤ, ਘਰ ਘਰ ਵਿਚੋਂ ਆਪ ਸਮਝਾਵੇਗਾ । ਜਿਨ੍ਹਾਂ ਉਤੇ ਰਹਿਮਤ

ਕਰੇ ਆਪ ਬਖ਼ਸ਼ੀਸ਼, ਬਖ਼ਸ਼ਿਸ਼ ਧੁਰ ਦੀ ਝੋਲੀ ਪਾਵੇਗਾ । ਧੁਰ ਦੇ ਲੇਖੇ ਲੱਗੇ ਸੀਸ, ਕਲਜੁਗ ਕੂੜਾ ਟਿੱਕਾ ਮਸਤਕ ਸ਼ਾਹੀ ਨਾ ਕੋਇ ਲਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਇਕ ਵਰਤਾਵੇਗਾ । ਇਕ ਸੱਤ ਕਹੇ ਮੇਰਾ ਭਗਵੰਤ, ਭਗਵਨ ਧੁਰ ਦਾ ਇਕੋ ਨਜ਼ਰੀ ਆਵੇਗਾ । ਧੁਰ ਦਾ ਲੇਖਾ ਜਾਣਿਆ ਨਾ ਕਿਸੇ ਆਦਿ ਅੰਤ, ਕ਼ਲਮ ਸ਼ਾਹੀ ਮਿਲੀ ਨਾ ਕੋਇ ਵਡਿਆਈਆ । ਜਿਸ ਨੂੰ ਕੋਟਨ ਕੋਟ ਲੱਭਦੇ ਸੰਤ, ਟਿੱਲੇ ਪਰਬਤ ਸਮੁੰਦ ਸਾਗਰ ਜੰਗਲ ਜੂਹ ਉਜਾੜ ਖੋਜ ਖੁਜਾਈਆ । ਸੋ ਕਲਜੁਗ ਅੰਤ ਜਨ ਭਗਤਾਂ ਦੇਵਣ ਆਇਆ ਇਕੋ ਮੰਤ, ਮੰਤਵ ਧੁਰ ਦਾ ਹਲ ਕਰਾਈਆ । ਬੋਧ ਅਗਾਧਾ ਬਣ ਕੇ ਪੰਡਤ, ਸਤਿ ਸਚ ਕਰੇ ਪੜ੍ਹਾਈਆ । ਦੇ ਵਡਿਆਈ ਵਿਚੋਂ ਜੀਵ ਜੰਤ, ਗੁਰਮੁਖ ਗੁਰਸਿਖ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਇਕ ਖੁਲ੍ਹਾਈਆ । ਸਮਾਂ ਕਹੇ ਮੈਂ ਬਦਲਾਂ ਸਮਾਜ, ਸਮਝ ਨਾਲ ਸਮਝ ਬਦਲਾਈਆ । ਜਨ ਭਗਤਾਂ ਸੀਸ ਰਖ ਕੇ ਤਾਜ, ਨਾਮ ਨਿਸ਼ਾਨਾ ਦਿਆਂ ਝੁਲਾਈਆ । ਜਿਨ੍ਹਾਂ ਦੇ ਕੋਲੋਂ ਸ੍ਰਿਸ਼ਟੀ ਨੇ ਸਿਖਣੀ ਜਾਚ, ਰਹਿਬਰ ਦਿਆਂ ਬਣਾਈਆ । ਕਲਜੁਗ ਚਰਨਾਂ ਉਤੇ ਟੇਕਣਾ ਮਾਥ, ਆਪਣੀ ਭੁਲ ਬਖ਼ਸ਼ਾਈਆ । ਸਤਿਜੁਗ ਨੇ ਮੰਗਣੀ ਦਾਤ, ਅਗੇ ਝੋਲੀ ਡਾਹੀਆ । ਜਨ ਭਗਤੋ ਮੈਨੂੰ ਲੈ ਲਓ ਸਾਥ, ਨਾਤਾ ਤੁਹਾਡੇ ਨਾਲ ਰਖਾਈਆ । ਤੁਹਾਡਾ ਮੇਰਾ ਇਕੋ ਬਾਪ, ਪੁਰਖ ਅਕਾਲ ਨਜ਼ਰੀ ਆਈਆ । ਮੈਂ ਤੁਹਾਡੀ ਝੋਲੀ ਪਾਇਆ ਆਪਣਾ ਸੋਹੰ ਜਾਪ, ਆਤਮ ਪਰਮਾਤਮ ਹੋ ਕੇ ਕਰਾਂ ਪੜ੍ਹਾਈਆ । ਜਿਸ ਦੀ ਸਿਫ਼ਤ ਗੁਰੂ ਅਵਤਾਰ ਪੀਰ ਪੈਗ਼ੰਬਰ ਸਾਰੇ ਗਏ ਆਖ, ਚਾਰੇ ਬਾਣੀ ਦਏ ਗਵਾਹੀਆ । ਉਹ ਪੁਰਖ ਸਮਰਥ ਪ੍ਰੇਮ ਪ੍ਰੀਤੀ ਅੰਦਰ ਤੁਹਾਡਾ ਦਾਸ, ਸੇਵਕ ਜਾਚਕ ਨਜ਼ਰੀ ਆਈਆ । ਤੁਹਾਡੇ ਅੰਦਰੋਂ ਮੇਟ ਕੇ ਅੰਧੇਰੀ ਰਾਤ, ਸਾਚਾ ਚੰਦ ਦਏ ਚਮਕਾਈਆ । ਤੁਹਾਡਾ ਲੇਖਾ ਚਿਤਰ ਗੁਪਤ ਨਾ ਮੰਗੇ ਹਿਸਾਬ, ਰਾਏ ਧਰਮ ਨਾ ਦਏ ਸਜ਼ਾਈਆ । ਜੀਂਵਦਿਆਂ ਕਟ ਕੇ ਜੰਮ ਦਾ ਫਾਸ, ਮਰਨ ਦੇ ਪਿੱਛੋਂ ਜੋਤੀ ਲਏ ਮਿਲਾਈਆ । ਇਹ ਮੰਜ਼ਲ ਅਗੰਮੀ ਘਾਟ, ਘਾਟੇ ਪੂਰੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਗੁਸਾਈਆ । ਸਤਾਰਾਂ ਮਾਸ ਕਹਿਣ ਮੋਹੇ ਚਾਓ ਘਨੇਰਾ, ਘਰ ਮੰਦਰ ਵਜਦੀ ਵੇਖੀ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਕਾਇਆ ਮੰਦਰ ਅੰਦਰ ਵੇਖਿਆ ਨੇੜਨ ਨੇੜਾ, ਧਰਮਸਾਲਾ ਸੋਹਣੀ ਰਿਹਾ ਬਣਾਈਆ । ਜਿਥੇ ਢੋਲਕ ਛੈਣਾ ਤਬਲਾ ਮਰਦੰਗ ਕੋਈ ਨਾ ਝੇੜਾ, ਸਾਰੰਗ ਸੁਰੰਗੀ ਨਾ ਕੋਇ ਕੰਧ ਉਠਾਈਆ । ਦੀਨ ਮਜ਼੍ਹਬ ਦਰ ਨਾ ਕੋਈ ਬਖੇੜਾ, ਸ਼ਰਅ ਵਿਚ ਕਰੇ ਨਾ ਕੋਇ ਲੜਾਈਆ । ਇਕੋ ਨਾਮ ਇਕੋ ਢੋਲਾ ਇਕੋ ਗੀਤ ਸੁਣਨਹਾਰ ਬਥੇਰਾ, ਜੋ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਾਰਾਂ ਮਾਸ ਕਹੇ ਵੇਖੋ ਕਲਜੁਗ ਜਨ ਭਗਤੋ ਕੀ ਕਹਿੰਦਾ, ਨੇਤਰ ਰੋ ਰੋ ਹਾਲ ਸੁਣਾਈਆ । ਮੈਂ ਓਹਨਾਂ ਦੇ ਚਰਨਾਂ ਹੇਠਾਂ ਢਹਿੰਦਾ, ਜੋ ਸਿਧੇ ਪੁਰਖ ਅਕਾਲ ਮਨਾਈਆ । ਓਹਨਾਂ ਦੇ ਕੋਲੋਂ ਲਹਿਣਾ ਮੂਲ ਨਹੀਂ ਲੈਂਦਾ, ਜਿਨ੍ਹਾਂ ਨੂੰ ਮਿਲਿਆ ਬੇਪਰਵਾਹੀਆ । ਓਹਨਾਂ ਦੇ ਕੋਲੋਂ ਦੂਰ ਦੁਰਾਡਾ ਬਹਿੰਦਾ, ਜੋ ਗੀਤ ਗਹਿਰ ਗੰਭੀਰ ਰਹੇ ਗਾਈਆ । ਮਨ ਵਾਸਨਾ ਵਾਲਿਆਂ ਨਾਲ ਸਦਾ ਖਹਿੰਦਾ, ਘਰ ਘਰ ਠੋਕਰਾਂ ਰਿਹਾ ਲਗਾਈਆ । ਕਰਾਂ ਖੇਲ ਚੜ੍ਹਦਾ ਲਹਿੰਦਾ, ਦੱਖਣ ਪਹਾੜ ਬਚਿਆ ਕੋਈ ਨਜ਼ਰ ਨਾ ਆਈਆ । ਸਾਧ ਸੰਤ ਸਾਰਾ ਮੈਥੋਂ ਢਹਿੰਦਾ, ਵੇਖੋ ਬੈਠੇ ਪਿਠ ਲਵਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਮਨਾਈਆ । ਸਤਾਰਾਂ ਮਹੀਨੇ ਕਹਿਣ ਅਸੀਂ ਕਲਜੁਗ ਵੇਖਿਆ ਉਠਿਆ, ਬੀਸ ਇਕੀਸਾ ਲਏ ਅੰਗੜਾਈਆ । ਸਦੀ ਚੌਧਵੀਂ ਪੈਂਡਾ ਜਾਂਦਾ ਮੁਕਿਆ, ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਦਏ ਦੁਹਾਈਆ । ਗੁਰ ਅਵਤਾਰ ਕਹਿਣ ਭਾਣਾ ਕਦੇ ਨਾ ਰੁਕਿਆ, ਪੀਰ ਪੈਗ਼ੰਬਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਦਏ ਸੁਹਾਈਆ । ਸਮਾਂ ਕਹੇ ਮੈਂ ਹੋਣਾ ਸਮਾਪਤ, ਆਪਣਾ ਵਕ਼ਤ ਚੁਕਾਈਆ । ਹੁਕਮ ਮੰਨਣਾ ਕਮਲਾਪਤ, ਪਤਿਪਰਮੇਸ਼ਵਰ ਜੋ ਸੁਣਾਈਆ । ਭਗਤਾਂ ਦੇਣਾ ਧੁਰ ਦਾ ਹਕ, ਹਕ਼ੀਕ਼ਤ ਨਾਲ ਮਿਲਾਈਆ । ਪ੍ਰਭ ਮਿਲਣ ਦੀ ਖੋਲ੍ਹ ਕੇ ਅੱਖ, ਤੀਜੇ ਲੋਚਨ ਇਕ ਰੁਸ਼ਨਾਈਆ । ਲਹਿਣਾ ਚੁਕਾ ਕੇ ਤਤ ਅੱਠ, ਨੌ ਦਰ ਡੇਰਾ ਢਾਹੀਆ । ਸਮ ਮੁਕਾਮ ਆ ਕੇ ਵਸ, ਵਾਸਤਾ ਲੈਣਾ ਜੁੜਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਭਗਤਾਂ ਦੇਣਾ ਜਣਾਈਆ । ਨਾਮ ਖ਼ਰੀਦੋ ਝਟਪਟ, ਵਸਤ ਇਕੋ ਝੋਲੀ ਪਾਈਆ । ਢੋਲਾ ਸੋਹਲਾ ਲੈਣਾ ਰਟ, ਗੀਤ ਗੋਬਿੰਦ ਅਲਾਈਆ । ਕਲਮਾ ਦੱਸਾਂ ਇਕੋ ਹਕ, ਜੋ ਪੀਰ ਪੈਗ਼ੰਬਰਾਂ ਲਿਆ ਪੜ੍ਹਾਈਆ । ਸਚ ਤੌਫ਼ੀਕ ਵਾਹਿਦ ਰੱਖਾਂ ਆਪਣੇ ਹੱਥ, ਸਮਰਥ ਖੇਲ ਖਿਲਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਹੋ ਪਰਗਟ, ਹਰ ਘਟ ਵੇਖਾਂ ਚਾਈਂ ਚਾਈਂਆ । ਭਗਤਾਂ ਅੰਤਰ ਆਤਮ ਕਰਵਟ ਦੇਵਾਂ ਪਲਟ, ਮਿਹਰ ਨਜ਼ਰ ਨਾਲ ਤਰਾਈਆ । ਕਲਜੁਗ ਕੂੜਾ ਮੰਦਰ ਜਾਵੇ ਢਠ, ਸਾਚੇ ਸ਼ਬਦ ਕਰਾਂ ਸਫ਼ਾਈਆ । ਜਿਨ੍ਹਾਂ ਤੇਰਾ ਮੇਰਾ ਆਤਮ ਪਰਮਾਤਮ ਨਾਮ ਲਿਆ ਰਟ, ਓਥੇ ਰੱਟਾ ਰਹਿਣ ਕੋਇ ਨਾ ਪਾਈਆ । ਸਦਾ ਸੁਹੇਲਾ ਸਤਿਜੁਗ ਓਥੇ ਰਿਹਾ ਵਸ, ਜਿਥੇ ਭਗਤ ਭਗਵਾਨ ਬਹਿ ਬਹਿ ਖ਼ੁਸ਼ੀ ਮਨਾਈਆ । ਸ੍ਰਿਸ਼ਟੀ ਦਾ ਮਾਰਗ ਦ੍ਰਿਸ਼ਟੀ ਦਾ ਜਸ, ਇਸ਼ਟੀ ਦਾ ਭੇਵ ਖੁਲ੍ਹਾਈਆ । ਪ੍ਰੇਮ ਦਾ ਤਗ ਨਾਮ ਦਾ ਨਦ, ਕਰਮਾਂ ਦੀ ਹਦ ਆਪ ਲੰਘਾਈਆ । ਚੁਰਾਸੀ ਵਿਚੋਂ ਕੱਢ, ਜਨਮਾਂ ਵਿਚੋਂ ਕਰ ਕੇ ਅੱਡ, ਲੇਖਾ ਚੁਕਾ ਕੇ ਮਾਟੀ ਹੱਡ, ਜੋਤੀ ਜੋਤ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕ਼ਤ ਸੁਹੇਲਾ ਇਕ ਅਕੇਲਾ ਖੇਲ ਕਰਾਏ ਪੁਰਖ ਸਮਰਥ, ਨਾਮ ਜਣਾਏ ਮਹਿੰਮਾ ਅਕਥ, ਬੇਵਸ ਕਰੇ ਸਰਬ ਲੋਕਾਈਆ ।



੩੪੨

### ❊ ੨੮ ਮਾਘ ੨੦੨੧ ਬਿਕ੍ਰਮੀ ਬੀਬੀ ਸਵਿੰਦਰ ਕੌਰ ਦੇ ਗ੍ਰਿਹ ਮੰਡੀ ਅਹਿਮਦ ਗੜ੍ਹ ❊

ਸਾਚੀ ਖੇਲ ਅਗੰਮੀ ਧੁਰ ਦੀ, ਸਤਿਗੁਰ ਸ਼ਬਦ ਵੱਡੀ ਵਡਿਆਈਆ । ਰੇਖ ਬਣਾਵੇ ਆਪਣੀ ਧੁਰ ਦੀ, ਮੰਜ਼ਲ ਸਾਚੀ ਸਚ ਪਰਗਟਾਈਆ । ਜਨ ਭਗਤਾਂ ਚਰਨਾਂ ਹੇਠ ਦਬਾਵੇ ਮੁਕਤੀ, ਮੁਫ਼ਤ ਆਪਣੀ ਦਇਆ ਕਮਾਈਆ । ਨੂਰ ਡਗਮਗਾ ਅਕਾਲ ਮੂਰਤੀ, ਅਕਲ ਕਲਧਾਰੀ ਦੇਵੇ ਰੰਗ ਵਖਾਈਆ । ਧੁੰਨ ਆਤਮਕ ਨਾਦ ਵਜਾ ਕੇ ਤੂਰਤੀ, ਅਨੁਰਾਗੀ ਆਪਣਾ ਰਾਗ ਸੁਣਾਈਆ । ਸਾਚੀ ਧਾਰ ਮਿਲਾ ਕੇ ਸੁਰਤੀ, ਘਰ ਮੇਲਾ ਸਹਿਜ ਸੁਭਾਈਆ । ਖੇਲ ਮੁਕ ਜਾਏ ਅੰਧ ਅੰਧੇਰ ਘੋਰ ਦੀ, ਡੂੰਘੀ ਭਵਰ ਨਾ ਕੋਇ ਭਵਾਈਆ । ਮਿਲਣੀ ਮੁਕ ਜਾਏ ਠਗ ਚੋਰ ਦੀ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਗਵਾਈਆ । ਤੰਦ ਮਿਲ ਜਾਏ ਸਤਿਗੁਰ ਸਚੇ ਪ੍ਰੇਮ ਲੋਰ ਦੀ, ਜਿਸ ਦੇ ਨਾਲੋਂ ਨਾ ਹੋਏ ਜੁਦਾਈਆ । ਸਵਾਰੀ ਮਿਲ ਜਾਏ ਓਸ ਘੋੜ ਦੀ, ਜੋ ਦੋ ਜਹਾਨਾਂ ਬਾਹਰ ਭੱਜੇ ਵਾਹੋ ਦਾਹੀਆ । ਖੇਲ ਬਦਲ ਜਾਏ ਅਵਰ ਹੋਰ ਦੀ, ਹਰਿ ਜੂ ਆਪਣਾ ਰੰਗ ਰੰਗਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਕਮਾਈਆ । ਧੁਰ ਦੀ ਕਰਨੀ ਕਹੇ ਮੈਂ ਭਗਤ ਸੁਹੇਲੀ, ਆਦਿ ਜੁਗਾਦੀ ਨਜ਼ਰੀ ਆਈਆ । ਲੱਖ ਚੁਰਾਸੀ ਨਾਲੋਂ ਹੋ ਕੇ ਵਿਹਲੀ, ਸੰਤਾਂ ਸੰਗ ਬੈਠੀ ਡੇਰਾ ਲਾਈਆ । ਜਿਨ੍ਹਾਂ ਦਾ ਪਰਮ ਪੁਰਖ ਪਰਮਾਤਮ ਅੰਤਰ ਆਤਮ ਸਚਾ ਬੇਲੀ, ਏਕੰਕਾਰ ਨਜ਼ਰੀ ਆਈਆ । ਓਸ ਦੇ ਨਾਲ ਮਿਲ ਕੇ ਅਗੰਮੀ ਖੇਲ ਖੇਲੀ, ਖ਼ਾਲਕ ਖ਼ਲਕ ਸਮਝ ਕੋਇ ਨਾ ਪਾਈਆ । ਜਿਸ ਦੀ ਧਾਰ ਵਖਰੀ ਨਵੇਲੀ, ਅਨੁਭਵ ਆਪਣੀ ਕਾਰ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਦਇਆ ਕਮਾਈਆ । ਸਾਹਿਬ ਸਵਾਮੀ ਅੰਤਰ ਜਾਨਤ, ਘਟ ਘਟ ਦਾਤਾ ਬੇਪਰਵਾਹੀਆ । ਜੁਗ ਚੌਕੜੀ ਜਿਸ ਦੇ ਕੋਲ ਸਚੀ ਅਮਾਨਤ, ਗੁਰਮੁਖ ਗੁਰਸਿਖ ਆਪਣੀ ਝੋਲੀ ਪਾਈਆ । ਨਿਤ ਨਵਿਤ ਜਿਨ੍ਹਾਂ ਦੀ ਸ਼ਬਦੀ ਗੁਰ ਦੇਵਣਹਾਰ ਜ਼ਮਾਨਤ, ਸਚ ਅਦਾਲਤ ਵੇਖ ਵਖਾਈਆ । ਓਹਨਾਂ ਏਥੇ ਓਥੇ ਦੋ ਜਹਾਨਾਂ ਰੱਖੇ ਸਹੀ ਸਲਾਮਤ, ਦੁਖ ਦਰਦ ਰੋਗ ਸੋਗ ਚਿੰਤਾ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਸਦ ਬਲਵਾਨ, ਬਲਧਾਰੀ ਇਕ ਅਖਵਾਈਆ । ਜਿਸ ਦਾ ਹੁਕਮ ਦੋ ਜਹਾਨ, ਬ੍ਰਹਿਮੰਡ ਖੰਡ ਸੀਸ ਨਾ ਕੋਇ ਉਠਾਈਆ । ਰਾਹ ਤਕਦੇ ਜ਼ਿਮੀਂ ਅਸਮਾਨ, ਗਗਨ ਮੰਡਲ ਧਿਆਨ ਲਗਾਈਆ । ਜੁਗ ਚੌਕੜੀ ਦਰ ਦਰਵੇਸ਼ ਮੰਗਣ ਦਾਨ, ਝੋਲੀ ਖ਼ਾਲੀ ਰਹੇ ਵਖਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਘਟ ਨਿਵਾਸੀ ਜਾਣੀ ਜਾਣ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਜਨ ਭਗਤਾਂ ਚਰਨ ਪ੍ਰੀਤੀ ਸਾਚੀ ਨੀਤੀ ਬਖ਼ਸ਼ੇ ਚਰਨ ਧਿਆਨ, ਕਵਲ ਇਕ ਸਰਨਾਈਆ । ਬੋਧ ਅਗਾਧ ਸ਼ਬਦ ਅਨਾਦ ਬ੍ਰਹਮ ਬ੍ਰਹਿਮਾਦ ਦੇਵਣਹਾਰਾ ਧੁਰ ਫ਼ਰਮਾਨ, ਹੁਕਮ ਸੰਦੇਸ਼ਾ ਨਰ ਨਰੇਸ਼ਾ ਨਿਰਵੈਰ ਨਿਰਾਕਾਰ ਨਿਰੰਕਾਰ ਆਪ ਸਮਝਾਈਆ । ਸਾਚੇ ਮੰਦਰ ਸਾਚੇ ਅੰਦਰ ਸਾਢੇ ਤਿੰਨ ਹੱਥ ਮੁਕਾ ਕੇ ਲੇਖਾ, ਭਰਮ ਭੁਲੇਖਾ ਨਜ਼ਰ ਕੋਇ ਨਾ ਆਈਆ । ਜੋਤੀ ਜਾਤਾ ਪੁਰਖ ਬਿਧਾਤਾ ਇਕ ਇਕਾਂਤਾ ਜਨ ਭਗਤਾਂ ਵਸੇ ਸਾਚੇ ਦੇਸਾ, ਦੇਸ ਦਸੰਤਰ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਸਤਿਗੁਰ ਸ਼ਬਦ ਕਹੇ ਸਦਾ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਸਮਾਈਆ । ਮਹਲ ਅਟਲ ਜਿਸ ਦਾ ਉਚ ਮਕਾਨ, ਮਜਲਸ ਇਕੋ ਬੇਪਰਵਾਹੀਆ । ਮੁਕਾਮੇ ਹਕ ਝੁਲਦਾ ਰਹੇ ਨਿਸ਼ਾਨ, ਸਚਖੰਡ ਦਵਾਰੇ ਵਜਦੀ ਰਹੇ ਵਧਾਈਆ । ਥਿਰ ਘਰ ਜਿਸ ਦਾ ਖੇਲ ਮਹਾਨ, ਸੁਨ ਅਗੰਮ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦਾ ਕਰਨ ਚਰਨ ਧਿਆਨ, ਕਰੋੜ ਤੇਤੀਸਾ ਅੱਖ ਨਾ ਕੋਇ ਹਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਨੂਰ ਜ਼ਹੂਰ ਵਿਚ ਜਹਾਨ, ਨਿਰਗੁਣ ਸਰਗੁਣ ਆਪਣਾ ਵੇਸ ਵਟਾਈਆ । ਰਵ ਸਸ ਸੂਰਜ ਚੰਦ ਜਿਸ ਦੀ ਕਿਰਨ ਬ੍ਰਹਿਮੰਡ ਖੰਡ ਚਮਕਾਣ, ਨਵ ਖੰਡ ਕਰਨ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਕਰਾਈਆ । ਸਤਿਗੁਰ ਖੇਲ ਕਰੇ ਕਰਤਾਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਸੰਤ ਸੁਹੇਲੇ ਲਏ ਉਠਾਲ, ਗੁਰ ਚੇਲੇ ਜੋੜ ਜੁੜਾਈਆ । ਲੇਖ ਲਿਖਾ ਕੇ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਘਰ ਵਖਾਈਆ । ਸ਼ਬਦ ਅਗੰਮੀ ਮਾਰੇ ਬਾਣ, ਤੀਰ ਨਿਰਾਲਾ ਅਣਿਆਲਾ ਇਕ ਚਲਾਈਆ । ਕੂੜੀ ਕਿਰਿਆ ਮੇਟ ਕੇ ਖ਼ਾਲੀ ਕਰੇ ਮਕਾਨ, ਸਚ ਸੁਚ ਵਿਚ ਟਿਕਾਈਆ । ਨਾਮ ਸੰਦੇਸ਼ਾ ਦੇਵੇ ਆਣ, ਗੁਰ ਉਪਦੇਸ਼ਾ ਇਕ ਪੜ੍ਹਾਈਆ । ਨੇਤਰ ਪੇਖਾ ਨੌਜਵਾਨ, ਜੋਤੀ

੩੪੩

ਜਲਵਾ ਨਜ਼ਰੀ ਆਈਆ । ਝੁਕਦੇ ਵੇਖੋ ਜ਼ਿਮੀਂ ਅਸਮਾਨ, ਮਾਣ ਤਾਣ ਅਭਿਮਾਨ ਰਹਿਣ ਕੋਇ ਨਾ ਪਾਈਆ । ਸੰਤ ਸੁਹੇਲੇ ਕਰ ਪਰਵਾਨ, ਆਤਮ ਭਿਛਿਆ ਦੇ ਕੇ ਦਾਨ, ਨਾਮ ਭੰਡਾਰਾ ਦਏ ਭਰਾਈਆ । ਸ੍ਰਿਸ਼ਟ ਸਬਾਈ ਸੁੰਞ ਮਸਾਣ, ਨਾ ਕੋਈ ਸਖ਼ੀ ਤੇ ਨਾ ਕੋਈ ਕਾਹਨ, ਕਾਇਆ ਮੰਡਲ ਰਾਸ ਰਚਾਈਆ । ਸੁਰਤੀ ਮਿਲੇ ਨਾ ਸ਼ਬਦੀ ਰਾਮ, ਰੂਹ ਬੁਤ ਦੇਵੇ ਨਾ ਕੋਈ ਕਲਮਾ ਸਚ ਪੈਗ਼ਾਮ, ਹਜ਼ਰਤ ਹਕ ਨਾ ਕੋਇ ਪੜ੍ਹਾਈਆ । ਨਵ ਨੌਂ ਚਾਰ ਦਿਸੇ ਵੈਰਾਨ, ਮਾਇਆ ਮਮਤਾ ਚੜ੍ਹਿਆ ਤੂਫ਼ਾਨ, ਧੀਰਜ ਸਤਿ ਸੰਤੋਖ ਦਿਤਾ ਰੁੜ੍ਹਾਈਆ । ਗੁਰਮੁਖ ਵਿਰਲੇ ਕਾਇਆ ਮੰਦਰ ਅੰਦਰ ਚੁਪ ਚਪੀਤੇ ਠਾਂਡੇ ਸੀਤੇ ਮੰਗਣ ਦਾਨ, ਨਿਮਾਣੇ ਹੋ ਕੇ ਆਪਣੀ ਅੱਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲਾ ਇਕ ਅਖਵਾਈਆ । ਸ਼ਬਦ ਗੁਰੂ ਕਹੇ ਮੈਂ ਮੀਤਣ ਮੀਤਾ, ਭਗਤ ਦਿਆਂ ਵਡਿਆਈਆ । ਆਦਿ ਜੁਗਾਦੀ ਮੇਰੀ ਰੀਤਾ, ਜੁਗ ਜੁਗ ਵੇਸ ਵਟਾਈਆ । ਕਾਇਆ ਮੰਦਰ ਠਾਂਡਾ ਸੀਤਾ, ਸਾਢੇ ਤਿੰਨ ਹੱਥ ਤਤ ਸਮਝਾਈਆ । ਭੇਵ ਖੁਲ੍ਹਾਵਾਂ ਨੀਕਣ ਨੀਕਾ, ਪਰਦਾ ਓਹਲਾ ਆਪ ਚੁਕਾਈਆ । ਮੈਂ ਮਾਲਕ ਜੀਵ ਜੀਅ ਕਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਦੇਣਾ ਦੇਵਾਂ ਸਾਢੇ ਤਿੰਨ ਹੱਥ ਸੀਂ ਕਾ, ਰਵਿਦਾਸ ਚਮਾਰਾ ਨਾਲ ਮਿਲਾਈਆ । ਹਾਲ ਸੁਣਾਵਾਂ ਪਿਛਲਾ ਬੀਤਾ, ਲੱਖ ਚੁਰਾਸੀ ਖੋਜ ਖੁਜਾਈਆ । ਧਾਮ ਵਖਾਵਾਂ ਇਕ ਅਨਡੀਠਾ, ਜਿਥੇ ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਸਤਿ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਬੈਠਾ ਇਕ ਅਤੀਤਾ, ਤ੍ਰੈਭਵਣ ਧਨੀ ਆਪਣਾ ਆਸਣ ਲਾਈਆ । ਸਚਖੰਡ ਦਵਾਰੇ ਦਾ ਸਚ ਵਸਨੀਕਾ, ਵਾਹਿਦ ਜਲਵਾ ਨੂਰ ਖ਼ੁਦਾਈਆ । ਜਿਸ ਦੀਆਂ ਜੁਗ ਚੌਕੜੀ ਸਾਰੇ ਕਰਦੇ ਗਏ ਉਡੀਕਾ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਸੋ ਭਗਤਾਂ ਕਰੇ ਸਚ ਪ੍ਰੀਤਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠਾ, ਦੋ ਜਹਾਨਾਂ ਇਕੋ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਸ਼ਬਦ ਗੁਰੂ ਕਹੇ ਮੇਰੀ ਮਿਹਰਵਾਨੀ, ਜਨ ਭਗਤਾਂ ਨਜ਼ਰੀ ਆਈਆ । ਜਨ ਭਗਤ ਮੇਰੀ ਨਿਸ਼ਾਨੀ, ਨਿਸ਼ਾਨਾ ਦੋ ਜਹਾਨ ਝੁਲਾਈਆ । ਪ੍ਰੇਮ ਪ੍ਰੀਤੀ ਮੇਰੀ ਬਾਣੀ, ਰਾਗਾਂ ਨਾਦਾਂ ਵਿਚ ਸਮਾਈਆ । ਬੁਧੀ ਤੋਂ ਬਾਹਰ ਕਹਾਣੀ, ਵਿਦਿਆ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰਨ ਪਹਿਚਾਨੀ, ਨੇਤਰ ਅੱਖ ਆਪ ਖੁਲ੍ਹਾਈਆ । ਕੋਈ ਸਮਝ ਨਾ ਸਕੇ ਜਗਤ ਵਿਦਿਆ ਵਾਲਾ ਵਿਦਵਾਨੀ, ਚੌਦਾਂ ਵਿਦਿਆ ਕੰਮ ਕਿਸੇ ਨਾ ਆਈਆ । ਜਿਨ੍ਹਾਂ ਭਗਤਾਂ ਦਿਤਾ ਪਦ ਨਿਰਬਾਣੀ, ਘਰ ਸਾਚੇ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਹੇਲਾ ਇਕ ਅਖਵਾਈਆ । ਸ਼ਬਦ ਗੁਰੂ ਕਹੇ ਮੈਂ ਠਾਕਰ ਸਵਾਮੀ, ਠੋਕਰ ਘਰ ਘਰ ਆਪ ਲਗਾਈਆ । ਗੁਰਮੁਖਾਂ ਗੁਰਸਿਖਾਂ ਦੇ ਕੇ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਈਆ । ਸ਼ਬਦ ਅਨਾਦ ਸਚੀ ਧੁਨਕਾਨੀ, ਧੁਨ ਅਨਹਦ ਰਾਗੀ ਰਾਗ ਅਲਾਈਆ । ਵਿਸਮਾਦ ਹੋ ਕੇ ਚਾਰੇ ਖਾਣੀ, ਚਾਰੇ ਬਾਣੀ ਬ੍ਰਹਮ ਬ੍ਰਹਿਮਾਦ ਖੋਜ ਖੁਜਾਈਆ । ਜਨ ਭਗਤਾਂ ਸੁਰਤੀ ਆਤਮ ਨੂਰ ਨੁਰਾਨੀ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਇਕ ਅਖਵਾਈਆ । ਸਾਹਿਬ ਸੁਲਤਾਨ ਇਕ ਮਹਿਬੂਬ, ਮੁਹੱਬਤ ਵਿਚ ਸਮਾਈਆ । ਜਿਸ ਦਾ ਅਰਸ਼ ਕੁਰਸ਼ ਤੋਂ ਪਰੇ ਸਚਾ ਅਰੂਜ, ਮਹਲ ਅਟਲ ਸੋਭਾ ਪਾਈਆ । ਜਿਸ ਦੀ ਮੰਜ਼ਲ ਸਚ


੩੪੪

ਮਕ਼ਸੂਦ, ਹਦ ਹਦੂਦ ਸਮਝ ਕਿਸੇ ਨਾ ਆਈਆ । ਜਿਧਰ ਵੇਖਣ ਓਧਰ ਸਦਾ ਮੌਜੂਦ, ਚਾਰ ਕੁੰਟ ਦਹਿ ਦਿਸ਼ਾ ਜ਼ਿਮੀਂ ਅਸਮਾਨਾਂ ਰਿਹਾ ਸਮਾਈਆ । ਜਿਸ ਦਾ ਤਤ ਨਾ ਕੋਈ ਵਜੂਦ, ਅਛਲ ਛਲ ਘਰ ਘਰ ਰਿਹਾ ਕਰਾਈਆ । ਆਤਮ ਪਰਮਾਤਮ ਰੱਖੇ ਆਪ ਮਜ਼ਬੂਤ, ਚਾਰ ਕੁੰਟ ਆਪਣਾ ਘੇਰਾ ਪਾਈਆ । ਲਹਿਣਾ ਦੇਣਾ ਚੁਕਾਵਣਹਾਰਾ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਡੇਰਾ ਢਾਹੀਆ । ਓਸ ਦਾ ਬਿਨ ਸਤਿਗੁਰ ਪੂਰੇ ਦੇਵੇ ਨਾ ਕੋਇ ਸਬੂਤ, ਸਾਖ਼ਿਆਤ ਨਾ ਕੋਇ ਪਰਗਟਾਈਆ । ਕੋਟਨ ਕੋਟ ਲੱਭਦੇ ਫਿਰਦੇ ਜਗਤ ਅਵਧੂਤ, ਤਨ ਮਾਟੀ ਖ਼ਾਕੀ ਤਨ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਮੇਲਾ ਸਹਿਜ ਸੁਭਾਈਆ । ਸ਼ਬਦ ਗੁਰੂ ਕਹੇ ਮੈਂ ਭਗਤਾਂ ਕਰਾਂ ਆਦਾਬ, ਸੰਤਾਂ ਸੰਗ ਨਿਭਾਈਆ । ਨਾਦ ਅਨਾਦੀ ਦੱਸ ਕੇ ਜਾਪ, ਕਰਾਂ ਬ੍ਰਹਮ ਪੜ੍ਹਾਈਆ । ਅੰਦਰੋਂ ਖੋਲ੍ਹ ਕੇ ਤਾਕ, ਤਕਵਾ ਦਿਆਂ ਜਣਾਈਆ । ਕੂੜੀ ਕਿਰਿਆ ਕਰ ਕੇ ਸਾਫ਼, ਦੁਰਮਤ ਮੈਲ ਧਵਾਈਆ । ਰੂਹ ਬੁਤ ਕਰ ਕੇ ਪਾਕ, ਪਤਿਤ ਪੁਨੀਤ ਦਿਆਂ ਵਖਾਈਆ । ਸਤਿ ਧਰਮ ਦਾ ਖੋਲ੍ਹ ਕੇ ਹਾਟ, ਵਸਤ ਅਗੰਮੀ ਵਿਚ ਰਖਾਈਆ । ਕਰ ਪਰਕਾਸ਼ ਸਚ ਲਲਾਟ, ਦੀਪਕ ਜੋਤੀ ਡਗਮਗਾਈਆ । ਨਾਮ ਧੁਨ ਸੁਣਾ ਕੇ ਨਾਦ, ਬਿਨ ਰਸਨਾ ਜਿਹਵਾ ਦੇ ਕੇ ਸਵਾਦ, ਅੰਮ੍ਰਿਤ ਰਸ ਦਿਆਂ ਚਖਾਈਆ । ਕੂੜੀ ਕਿਰਿਆ ਮੇਟ ਕੇ ਵਾਦ ਵਿਵਾਦ, ਭਾਂਡਾ ਭਰਮ ਭਉ ਭੰਨਾਈਆ । ਹੰਸ ਰੂਪ ਬਣਾ ਕੇ ਕਾਗ, ਕਾਗੋਂ ਹੰਸ ਦਿਆਂ ਉਡਾਈਆ । ਜੋਤ ਨਿਰੰਜਣ ਜਗਾ ਕੇ ਚਿਰਾਗ਼, ਅੰਧ ਅੰਧੇਰਾ ਦਿਆਂ ਮਿਟਾਈਆ । ਆਤਮ ਪਰਮਾਤਮ ਵਿਛੜੀ ਦਾ ਨਾਤਾ ਜੋੜਾਂ ਸਾਖ਼ਿਆਤ, ਸਨਮੁਖ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਸ਼ਬਦ ਗੁਰੂ ਕਹੇ ਮੈਂ ਭਗਤਾਂ ਦੱਸਾਂ ਜਗਤ ਜੁਗਤ, ਜਗ ਜੀਵਣ ਦਾਤਾ ਹੋ ਕੇ ਦਿਆਂ ਜਣਾਈਆ । ਸਾਚੇ ਸੰਤੋ ਕਿਸੇ ਕੰਮ ਨਾ ਔਂਦੀ ਮੁਕਤ, ਮੁਕਤੀ ਤੋਂ ਪਰੇ ਦਾਤਾ ਬੇਪਰਵਾਹੀਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਹੁਕਮ ਦਰੁਸਤ, ਦੋ ਜਹਾਨ ਬੈਠੇ ਸੀਸ ਨਿਵਾਈਆ । ਸਦ ਤਾਰਨਹਾਰਾ ਹਰਿ ਨਿਰੰਕਾਰਾ ਸਦਾ ਮੁਫ਼ਤ, ਕਰਤਾ ਕ਼ੀਮਤ ਲੋਕਮਾਤ ਨਾ ਕੋਇ ਰਖਾਈਆ । ਜੁਗ ਚੌਕੜੀ ਪਿੱਛੋਂ ਅਬਿਨਾਸ਼ੀ ਕਰਤਾ ਲਭਦਾ ਸਚਾ ਮੁਰਸ਼ਦ, ਮੁਰੀਦਾਂ ਦੀਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਮਿਲਾਈਆ । ਸ਼ਬਦ ਗੁਰੂ ਕਹੇ ਮੈਂ ਸੰਤ ਉਧਾਰੀ, ਜੁਗ ਜੁਗ ਆਪਣੀ ਦਇਆ ਕਮਾਇੰਦਾ । ਭਗਤ ਵਛਲ ਬਣ ਪੈਜ ਸੁਆਰੀ, ਮਿਹਰ ਨਜ਼ਰ ਇਕ ਉਠਾਇੰਦਾ । ਮੇਲ ਮਿਲਾ ਕੇ ਜੋਤ ਨਿਰੰਕਾਰੀ, ਸਰਗੁਣ ਨਿਰਗੁਣ ਜੋੜ ਜੁੜਾਇੰਦਾ । ਸਚ ਪ੍ਰੀਤੀ ਦੇ ਖ਼ੁਮਾਰੀ, ਮਧੁਰ ਰਸ ਜਾਮ ਪਿਆਇੰਦਾ । ਦੀਵਾ ਬਾਤੀ ਕਰ ਉਜਿਆਰੀ, ਨੂਰ ਨੁਰਾਨਾ ਡਗਮਗਾਇੰਦਾ । ਸਚ ਪ੍ਰੀਤੀ ਲਾ ਕੇ ਯਾਰੀ, ਲੱਗੀ ਤੋੜ ਨਿਭਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਜਨ ਭਗਤਾਂ ਇਕੱਠਿਆਂ ਆਈ ਵਾਰੀ, ਧੁਰ ਦਾ ਮੇਲਾ ਆਪ ਮਿਲਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਅੰਦਰ ਵੜ ਕੇ ਮੰਦਰ ਚੜ੍ਹ ਕੇ ਸੁਰਤੀ ਸ਼ਬਦ ਫੜ ਫੜ ਜਾਏ ਤਾਰੀ, ਤਾਰਨਹਾਰਾ ਨਜ਼ਰ ਕਿਸੇ ਨਾ ਆਇੰਦਾ । ਸੋ ਜਾਣੇ ਜਿਸ ਬਖ਼ਸ਼ੇ ਚਰਨ ਪਿਆਰੀ, ਪ੍ਰੇਮ ਪਿਆਲਾ ਧੁਰ ਦਾ ਹੱਥ ਫੜਾਇੰਦਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚਖੰਡ ਨਿਵਾਸੀ ਇਕ ਸਿਕਦਾਰੀ, ਹੁਕਮ ਧੁਰ ਦਾ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਲੇਖੇ ਪਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਮਾਲਕ ਏਕ, ਏਕੰਕਾਰ ਦਿਤੀ ਵਡਿਆਈਆ । ਸਭ

੩੪੬

ਦਾ ਲੇਖਾ ਰਿਹਾ ਵੇਖ, ਲੱਖ ਚੁਰਾਸੀ ਖੋਜ ਖੁਜਾਈਆ । ਫੋਲ ਫੁਲਾਵਾਂ ਦੇਸ ਪਰਦੇਸ਼, ਦੋ ਜਹਾਨਾਂ ਖੋਜ ਖੁਜਾਈਆ । ਹਰਿ ਨਿਰੰਕਾਰ ਹੋ ਮਿਹਰਵਾਨ ਨਰ ਨਰੇਸ਼, ਸ਼ਾਹ ਸੁਲਤਾਨਾਂ ਦਿਆਂ ਉਠਾਈਆ । ਮੈਂ ਜਾਣਾ ਗਣਪਤ ਗਣੇਸ਼, ਵਿਸ਼ਨ ਬ੍ਰਹਮਾ ਸ਼ਿਵ ਹੁਕਮੇ ਵਿਚ ਫਿਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਅਗੰਮੀ ਭੇਖ, ਬਨਖੰਡ ਆਪਣਾ ਵੇਸ ਵਟਾਈਆ । ਜੋ ਸੰਤ ਸੁਹੇਲੇ ਗੁਰੂ ਗੁਰ ਚੇਲੇ ਸ਼ਬਦੀ ਧਾਰ ਦਿਤੇ ਭੇਜ, ਭਜਨ ਬੰਦਗੀ ਆਤਮ ਪਰਮਾਤਮ ਢੋਲਾ ਸੋਹਲਾ ਸਾਚਾ ਦਿਤਾ ਸੁਣਾਈਆ । ਓਹਨਾਂ ਦੇ ਜਨਮ ਕਰਮ ਦੇ ਕਟ ਕੇ ਲੇਖ, ਰੇਖਾ ਆਪਣੇ ਵਿਚ ਮਿਲਾਈਆ । ਜੋਤੀ ਜੋਤ ਕਰ ਕੇ ਅਭੇਤ, ਭੇਵ ਆਪਣਾ ਦਏ ਸਮਝਾਈਆ । ਫੇਰ ਔਣਾ ਨਾ ਪਵੇ ਕੁੜਾਵੇ ਦੇਸ, ਮਾਤ ਗਰਭ ਨਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਬਣਾ ਕੇ ਖੇਵਟ ਖੇਟ, ਬੇੜਾ ਪਾਰ ਦਏ ਕਰਾਈਆ । ਸਤਿਗੁਰ ਸ਼ਬਦ ਕਹੇ ਮੈਂ ਖੇਵਟ ਖੇਟਾ, ਆਦਿ ਜੁਗਾਦੀ ਨਜ਼ਰੀ ਆਈਆ । ਪੁਰਖ ਅਕਾਲ ਦਾ ਬਣ ਕੇ ਬੇਟਾ, ਗੁਰਮੁਖ ਸਾਚੇ ਪਾਰ ਲੰਘਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੁੱਲੇ ਕਦੀ ਨਾ ਚੇਤਾ, ਅਚਿੰਤ ਆਪਣਾ ਖੇਲ ਖਿਲਾਈਆ । ਲੱਖ ਚੁਰਾਸੀ ਨਿਰਗੁਣ ਸਰਗੁਣ ਬਣ ਕੇ ਧੁਰ ਦਾ ਨੇਤਾ, ਧੁਰ ਫ਼ਰਮਾਣਾ ਹੁਕਮ ਦ੍ਰਿੜਾਈਆ । ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਹੱਥ ਅਗੰਮੀ ਲੇਖਾ, ਪਰਦਾ ਓਹਲਾ ਨਾ ਕੋਇ ਛੁਪਾਈਆ । ਜਿਸ ਨੂੰ ਹੁਕਮੇ ਅੰਦਰ ਭੇਜਾ, ਓਸ ਨੂੰ ਹੁਕਮੇ ਅੰਦਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਚਾੜ੍ਹਾਂ ਰੰਗ, ਰੰਗ ਰਤੜਾ ਇਕ ਅਖਵਾਈਆ । ਆਤਮ ਸੇਜ ਸੁਹਾ ਪਲੰਘ, ਸੋਹਣਾ ਆਸਣ ਦਿਆਂ ਵਖਾਈਆ । ਨਿਜ ਘਰ ਦੇ ਕੇ ਨਿਜ ਅਨੰਦ, ਪਰਮਾਨੰਦ ਵਿਚ ਸਮਾਈਆ । ਰਸ ਅੰਮ੍ਰਿਤ ਬਰਖ ਕੇ ਪਾਵਾਂ ਠੰਡ, ਸਾਂਤਕ ਰੂਪ ਜਣਾਈਆ । ਜਨਮ ਜਨਮ ਦੀ ਟੁੱਟੀ ਗੰਢ, ਸੁਰਤੀ ਸ਼ਬਦੀ ਜੋੜ ਜੁੜਾਈਆ । ਪਰਦਾ ਲਾਹ ਕੇ ਹੰ ਬ੍ਰਹਮ, ਪਾਰਬ੍ਰਹਮ ਦਿਆਂ ਵਖਾਈਆ । ਨਿਹਕਰਮੀ ਹੋ ਕੇ ਕਰਾਂ ਕੰਮ, ਕਰਮ ਕਾਂਡ ਦਾ ਡੇਰਾ ਢਾਹੀਆ । ਗੁਰਮੁਖਾਂ ਦੀ ਲੇਖੇ ਲਾ ਕੇ ਕਾਇਆ ਮਾਟੀ ਚੰਮ, ਸਮਦ੍ਰਿਸ਼ਟੀ ਦਿਆਂ ਬਣਾਈਆ । ਲਹਿਣ ਚੁਕਾ ਕੇ ਹਰਖ਼ ਸੋਗ ਚਿੰਤਾ ਗ਼ਮ, ਦੂਈ ਦਵੈਤੀ ਸ਼ਰਅ ਸ਼ਰਾਇਤੀ ਦਿਆਂ ਮਿਟਾਈਆ । ਭਾਂਡਾ ਭਰਮ ਦਿਆਂ ਭੰਨ, ਭਾਗ ਲਗਾ ਕੇ ਪੰਜ ਤੱਤ ਤਨ, ਤਤਵ ਇਕੋ ਇਕ ਸਮਝਾਈਆ । ਕਰ ਪਰਕਾਸ਼ ਅੰਧੇਰੇ ਅੰਨ੍ਹ, ਨਿਰਗੁਣ ਜੋਤੀ ਚਾੜ੍ਹ ਕੇ ਚੰਨ, ਬੰਦ ਬੰਦ ਖ਼ੁਸ਼ੀ ਵਖਾਈਆ । ਸਤਿਗੁਰ ਸ਼ਬਦ ਕਹੇ ਗੁਰਮੁਖਾਂ ਦੀ ਆਤਮ ਕਦੀ ਨਾ ਹੋਣ ਦੇਵਾਂ ਰੰਡ, ਸਚ ਸੁਹਾਗਣ ਸਚ ਸਵਾਮੀ ਨਾਲ ਪਰਨਾਈਆ । ਜੁਗ ਚੌਕੜੀ ਪੁਰਖ ਅਕਾਲ ਦੀਨ ਦਿਆਲ ਮੇਰੀ ਵੰਡੀ ਇਹ ਵੰਡ, ਹਿੱਸਾ ਭਗਤਾਂ ਨਾਲ ਰਖਾਈਆ । ਮੈਂ ਵੇਖਣਹਾਰਾ ਸੱਤ ਦੀਪ ਨੌ ਖੰਡ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਖੋਜ ਖੁਜਾਈਆ । ਜੋ ਭਗਤ ਸੁਹੇਲੇ ਅੰਦਰੇ ਅੰਦਰ ਸਾਚੀਆਂ ਮੰਗਾਂ ਰਹੇ ਮੰਗ, ਤਿਨ੍ਹਾਂ ਦੀ ਆਸਾ ਮਨਸਾ ਬਿਨ ਹਰਸ ਹਵਸ ਪੂਰੀ ਦਿਆਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਮਾਲਕ ਕੁਲ ਖ਼ਾਲਕ ਬਣ ਕੇ ਸਾਲਸ, ਅਦਾਲਤ ਭਗਤਾਂ ਲਈ ਇਕ ਲਗਾਈਆ । ਜੋ ਹੁਕਮ ਦੇਵੇ ਵਾਜਿਬ, ਸੋ ਮਨਾਵੇ ਥਾਉਂ ਥਾਈਂਆ । ਮਨ ਵਾਸਨਾ ਗੁਰਮੁਖ ਅੰਦਰ ਕਰੇ ਨਾ ਕੋਈ ਬਗ਼ਾਵਤ, ਅਦਾਵਤ ਰਹਿਣ ਕੋਇ ਨਾ ਪਾਈਆ । ਜਿਸ ਨੂੰ ਮਿਹਰਵਾਨ ਹੋ ਕੇ ਆਪਣੇ ਨਾਮ ਦੀ ਕਰੇ ਸਖ਼ਾਵਤ, ਵਸਤ ਅਮੋਲਕ

ਕਾਇਆ ਗੋਲਕ ਆਪਣੀ ਝੋਲੀ ਪਾਈਆ । ਸੋ ਗੁਰਮੁਖ ਗੁਰਸਿਖ ਧੁਰ ਦਾ ਬਾਲਕ, ਜਿਸ ਦਾ ਸਤਿਗੁਰ ਸਚਾ ਆਪ ਪ੍ਰਿਤਪਾਲਕ, ਫੜ ਫੜ ਬਾਹੋਂ ਗਲੇ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸ਼ਬਦ ਜਨ ਭਗਤਾਂ ਕਰੇ ਸਚਾ ਅਦਬ, ਨਾਤਾ ਤੋੜ ਕੇ ਦੀਨ ਮਜ਼੍ਹਬ, ਆਤਮ ਪਰਮਾਤਮ ਪਰਮਾਤਮ ਆਤਮ ਲੇਖਾ ਲੇਖੇ ਵਿਚ ਰਖਾਈਆ ।

## ❊ ੨੮ ਮਾਘ ੨੦੨੧ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹ ਪਿੰਡ ਲਤਾਲਾ ਜ਼ਿਲਾ ਲੁਧਿਆਣਾ ❊

ਚੌਥੇ ਜੁਗ ਦੀ ਚੌਥੀ ਧਾਰ, ਚਾਰ ਕੁੰਟ ਚਾਰ ਵਰਨ ਇਕ ਸਰਨਾਈਆ । ਚਾਰ ਜੁਗ ਦਾ ਲਹਿਣਾ ਦੇਣਾ ਦੇਵੇ ਉਤਾਰ, ਪੂਰਬ ਕਰਮਾਂ ਵੇਖ ਵਖਾਈਆ । ਜਿਸ ਦਾ ਖੇਲ ਕਰ ਕੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਵੰਡ ਵੰਡਾਈਆ । ਸਿਫ਼ਤਾਂ ਵਾਲਾ ਨਾਮ ਬੋਲ ਕੇ ਗਏ ਜੈਕਾਰ, ਧੁਨਾਂ ਰਾਗ ਸੁਣਾਈਆ । ਭਵਿਖਤਾਂ ਵਿਚ ਕਰ ਕੇ ਗਏ ਪੁਕਾਰ, ਇਸ਼ਟਾਂ ਵਿਚ ਇਸ਼ਟ ਦੇਵ ਸਮਝਾਈਆ । ਪਰਵਿਸ਼ਟਿਆਂ ਵਿਚ ਕਰ ਕੇ ਗਏ ਸ਼ੁਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੌਥਾ ਜੁਗ ਕਹੇ ਹਰਿ ਕਿਰਪਾ ਨਿਧਾਨ, ਵਡ ਵੱਡਾ ਬੇਪਰਵਾਹੀਆ । ਜੋ ਕੂੜੀ ਕਿਰਿਆ ਵੇਖੇ ਆਣ, ਸਤਿ ਸਤਿਵਾਦੀ ਫੇਰਾ ਪਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਜਿਹਾ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਏਕਾ ਰੰਗ ਰੰਗਾਏ ਊਚ ਨੀਚ ਰਾਓ ਰੰਕ ਵਿਚ ਜਹਾਨ, ਸਾਧ ਸੰਤ ਆਪਣਾ ਭੇਵ ਖੁਲ੍ਹਾਈਆ । ਅੰਤਰ ਆਤਮ ਪਰਮਾਤਮ ਸਭ ਦਾ ਸਾਂਝਾ ਗਿਆਨ, ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਚੌਥਾ ਜੁਗ ਕਹੇ ਪ੍ਰਭ ਠਾਕਰ ਸਵਾਮੀ, ਹਰਿ ਕਰਤਾ ਨਜ਼ਰੀ ਆਈਆ । ਜੀਵ ਜੰਤ ਲੱਖ ਚੁਰਾਸੀ ਅੰਤਰਜਾਮੀ, ਗ੍ਰਿਹ ਮੰਦਰ ਵੇਖਣਹਾਰਾ ਥਾਉਂ ਥਾਈਂਆ । ਧੁਰ ਸੰਦੇਸ਼ਾ ਨਰ ਨਰੇਸ਼ਾ ਬੋਧ ਅਗਾਧੀ ਦੱਸ ਅਗੰਮੀ ਬਾਣੀ, ਸੋਹੰ ਢੋਲਾ ਇਕ ਪੜ੍ਹਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਚ ਪ੍ਰੀਤੀ ਦੇ ਕੇ ਚਰਨ ਧਿਆਨੀ, ਚਰਨੋਦਕ ਅੰਮ੍ਰਿਤ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚੌਥਾ ਜੁਗ ਕਹੇ ਮੇਰੇ ਜਾਗੇ ਨਸੀਬ, ਵੇਲਾ ਅੰਤਮ ਆਈਆ । ਪੁਰਖ ਅਕਾਲ ਦੀਨ ਦਿਆਲ ਆਇਆ ਕ਼ਰੀਬ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜਾਮਾ ਵੇਸ ਵਟਾਇਆ ਅਜੀਬ, ਜਗਤ ਨੈਣ ਨਜ਼ਰ ਵੇਖਣ ਕੋਇ ਨਾ ਪਾਈਆ । ਸ਼ਾਹ ਸੁਲਤਾਨ ਇਕੋ ਘਰ ਬਹਾਏ ਗ਼ਰੀਬ, ਗ਼ੁਰਬਤ ਸਭ ਦੀ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਰਥ ਪੁਰਖ ਵੱਡੀ ਵਡਿਆਈਆ । ਚੌਥਾ ਜੁਗ ਕਹੇ ਮੈਂ ਕਰਾਂ ਬਿਆਨ, ਭੇਵ ਅਭੇਦ ਜਣਾਈਆ । ਜਿਸ ਤੋਂ ਗੁਰ ਅਵਤਾਰ ਪੈਗ਼ੰਬਰ ਲੈਂਦੇ ਰਹੇ ਦਾਨ, ਦਾਤਾ ਧੁਰ ਦਾ ਨਜ਼ਰੀ ਆਈਆ । ਜਿਸ ਦੀਆਂ ਸਿਫ਼ਤਾਂ ਵਿਚ ਢੋਲੇ ਲਿਖੇ ਸ਼ਾਸਤਰ ਸਿਮਰਤ ਵੇਦ ਪੁਰਾਨ, ਖਾਣੀਆਂ ਬਾਣੀਆਂ ਰਾਗ ਅਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਨਿਰਗੁਣ ਨੂਰ ਸ੍ਰੀ ਭਗਵਾਨ, ਜੋਤੀ ਜਾਤਾ ਫੇਰਾ ਪਾਈਆ । ਜੁਗ ਜਨਮ ਦੇ ਵਿਛੜੇ ਨਿਹਕਰਮੀ ਮੇਲੇ ਆਣ, ਕਰਮ ਕਾਂਡ ਦਾ ਡੇਰਾ ਦੇਵੇ ਢਾਹੀਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸ਼ਬਦ

ਸੰਦੇਸ਼ਾ ਦੇਵੇ ਧੁਰ ਫ਼ਰਮਾਣ, ਸਾਚਾ ਮੰਤਰ ਇਕ ਪੜ੍ਹਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਕਰ ਪਰਵਾਨ, ਪਰਮ ਪੁਰਖ ਪ੍ਰਭ ਆਪਣਾ ਮੇਲ ਮਿਲਾਈਆ । ਕਲਜੁਗ ਕਹੇ ਮੈਂ ਹੋਇਆ ਹੈਰਾਨ, ਹੈਰਾਨੀ ਮੇਰੇ ਉਤੇ ਛਾਈਆ । ਦੀਨ ਦਿਆਲ ਦਇਆਨਿਧ ਠਾਕਰ ਸਚ ਭੂਮਿਕਾ ਸੁਹਾਇਆ ਇਕ ਅਸਥਾਨ, ਜਿਸ ਗ੍ਰਿਹਿ ਗੁਰਮੁਖ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ । ਮਿਹਰ ਨਜ਼ਰ ਕਰੇ ਪ੍ਰਭ ਏਕੰਕਾਰਾ, ਅਕਲ ਕਲਧਾਰੀ ਦਇਆ ਕਮਾਈਆ । ਆਦਿ ਜੁਗਾਦੀ ਜਿਸ ਕੀਆ ਪਸਾਰਾ, ਸੋ ਵੇਖਣਹਾਰਾ ਥਾਉਂ ਥਾਈਂਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਵੇ ਵਾਰੋ ਵਾਰਾ, ਨਿਰਗੁਣ ਸਰਗੁਣ ਫੇਰਾ ਪਾਈਆ । ਪੂਰਬ ਲਹਿਣਾ ਰਿਹਾ ਵਿਚਾਰਾ, ਅੰਦਰ ਬਾਹਰ ਖੋਜ ਖੁਜਾਈਆ । ਚਾਰ ਵਰਨ ਦਾ ਕਰ ਕੇ ਦੂਰ ਕਿਨਾਰਾ, ਜ਼ਾਤ ਪਾਤ ਦੀਨ ਮਜ਼੍ਹਬ ਲੇਖਾ ਰਿਹਾ ਮੁਕਾਈਆ । ਹਰ ਘਟ ਅੰਦਰ ਨਿਰਗੁਣ ਦੀਆ ਦੀਪਕ ਜੋਤ ਹੋਏ ਉਜਿਆਰਾ, ਬ੍ਰਹਮ ਸਰੂਪ ਪਾਰਬ੍ਰਹਮ ਹਰਿ ਆਪਣਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰੰਗ ਰੰਗਾਈਆ । ਕਲਜੁਗ ਕਹੇ ਪ੍ਰਭ ਕਿਰਪਾ ਕੀਤੀ, ਮਿਹਰਵਾਨ ਦਇਆ ਕਮਾਈਆ । ਮੇਰੇ ਅੰਦਰ ਬਦਲਣ ਆਇਆ ਰੀਤੀ, ਕੂੜੀ ਕਿਰਿਆ ਦਏ ਮਿਟਾਈਆ । ਝਗੜਾ ਚੁਕਾ ਕੇ ਊਚ ਨੀਚੀ, ਨੀਚ ਊਚ ਇਕੋ ਰੰਗ ਵਖਾਈਆ । ਲੱਖ ਚੁਰਾਸੀ ਪਰਮ ਪੁਰਖ ਦੀ ਲੋਕਮਾਤ ਬਗ਼ੀਚੀ, ਆਤਮ ਘਰ ਘਰ ਬੂਟਾ ਲਾਈਆ । ਇਕੋ ਨਾਮ ਇਕੋ ਕਲਮਾ ਇਕੋ ਸ਼ਰਅ ਇਕੋ ਹਦੀਸੀ, ਇਕੋ ਮੰਦਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਕਲਜੁਗ ਕਹੇ ਪ੍ਰਭ ਕਿਰਪਾ ਨਿਧਾਨ, ਠਾਕਰ ਧੁਰ ਦਾ ਨਜ਼ਰੀ ਆਈਆ । ਸਤਿ ਧਰਮ ਦਾ ਜਿਸ ਦਾ ਝੁਲਦਾ ਸਦਾ ਨਿਸ਼ਾਨ, ਬ੍ਰਹਿਮੰਡ ਖੰਡ ਬੈਠੇ ਸੀਸ ਨਿਵਾਈਆ । ਜਿਸ ਦੁਵਾਰਿਉਂ ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਦਾਨ, ਭਗਤ ਸੁਹੇਲੇ ਬੈਠੇ ਝੋਲੀਆਂ ਡਾਹੀਆ । ਜਿਸ ਘਰ ਤੋਂ ਦੀਨ ਮਜ਼੍ਹਬ ਕਲਮਾ ਨਬੀਆਂ ਮਿਲੇ ਪੈਗ਼ਾਮ, ਰਸੂਲਾਂ ਕਰੇ ਜਣਾਈਆ । ਜਿਸ ਦੁਵਾਰਿਉਂ ਪਰਗਟ ਹੋਵੇ ਸਤਿਨਾਮ, ਧੁਰ ਸੰਦੇਸ਼ਾ ਰਿਹਾ ਸੁਣਾਈਆ । ਸੋ ਮਾਲਕ ਖ਼ਾਲਕ ਵਾਲੀ ਦੋ ਜਹਾਨ, ਨਿਰਗੁਣ ਨਿਰਵੈਰ ਫੇਰਾ ਪਾਈਆ । ਕਲਜੁਗ ਅੰਤਮ ਬਦਲ ਦੇਵੇ ਵਿਧਾਨ, ਕੂੜੀ ਕਿਰਿਆ ਡੇਰਾ ਢਾਹੀਆ । ਸਤਿਜੁਗ ਸਤਿ ਸਤਿਵਾਦੀ ਕਰ ਪਰਵਾਨ, ਸਤਿ ਧਰਮ ਇਕ ਜਣਾਈਆ । ਜਿਸ ਦਵਾਰੇ ਚਾਰ ਵਰਨਾਂ ਇਕੋ ਜਿਹਾ ਮਾਣ, ਵੱਡਾ ਛੋਟਾ ਰਹਿਣ ਕੋਇ ਨਾ ਪਾਈਆ । ਓਸ ਦਵਾਰੇ ਦਾ ਇਕੋ ਸਚਾ ਨਾਮ, ਸੋ ਪੁਰਖ ਨਿਰੰਜਣ ਆਤਮ ਪਰਮਾਤਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਰ ਪਰਵਾਨ, ਪਰਵਾਨੇ ਧੁਰ ਦੇ ਸ਼ਬਦ ਅਗੰਮੀ ਹੱਥ ਫੜਾਈਆ ।



### ❊ ੨੯ ਮਾਘ ੨੦੨੧ ਬਿਕ੍ਰਮੀ ਸਾਧੂ ਸਿੰਘ ਦੇ ਗ੍ਰਿਹਿ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ❊

ਗੁਰਮੁਖ ਆਸਾ ਪੂਰੀ ਮਨਸਾ, ਮਮਤਾ ਮੋਹ ਚੁਕਾਈਆ । ਮਨ ਹੰਕਾਰੀ ਮਾਰੇ ਕੰਸਾ, ਦੂਤੀ ਦੁਸ਼ਟ ਰਹਿਣ ਨਾ ਪਾਈਆ । ਆਤਮ ਪਰਮਾਤਮ ਬਣਾਏ ਆਪਣੀ ਅੰਸਾ, ਧੁਰ ਦਾ ਮੇਲਾ ਮੇਲ ਮਿਲਾਈਆ । ਦੇਵੇ ਵਡਿਆਈ ਲੱਖ ਚੁਰਾਸੀ ਜੀਵ ਜੰਤਾ, ਜੀਵਣ ਆਪਣੇ ਸੰਗ ਰਖਾਈਆ । ਸਾਚੀ

ਸਿਖਿਆ ਦੇਵੇ ਬਣ ਕੇ ਧੁਰ ਦਾ ਪੰਡਤਾ, ਪਾਰਬ੍ਰਹਮ ਵੱਡੀ ਵਡਿਆਈਆ । ਗੜ੍ਹ ਤੋੜ ਕੇ ਹਉਮੇ ਹੰਗਤਾ, ਸਤਿ ਸਤਿਵਾਦੀ ਧਾਰ ਬੰਧਾਈਆ । ਦਰਸ ਕਰਾ ਕੇ ਆਪਣੀ ਅੱਖ ਦਾ, ਪਰਤਖ ਰੂਪ ਨਜ਼ਰੀ ਆਈਆ । ਨਿਰਗੁਣ ਹੋ ਕੇ ਅੰਦਰ ਵਸਦਾ, ਘਰ ਬੈਠਾ ਸੋਭਾ ਪਾਈਆ । ਅੰਮ੍ਰਿਤ ਦੇਵੇ ਆਪਣੇ ਰਸ ਦਾ, ਅਗੰਮੀ ਸੀਰ ਮੁਖ ਚੁਵਾਈਆ । ਨਾਮ ਸੁਣਾ ਕੇ ਭਗਤ ਭਗਵਾਨ ਜਸ ਦਾ, ਅਗਲਾ ਪਿਛਲਾ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਭਗਤਨ ਕਿਰਿਆ, ਜੋ ਕਰਤਾ ਵੇਖ ਵਖਾਇੰਦਾ । ਲੋਕਮਾਤ ਉਹਨਾਂ ਦਾ ਪੈਂਡਾ ਨਿਬੜਿਆ, ਜਿਨ੍ਹਾਂ ਮਿਹਰ ਨਜ਼ਰ ਨਾਲ ਤਰਾਇੰਦਾ । ਸਾਚੀ ਮੰਜ਼ਲ ਪੌੜੇ ਗੁਰਮੁਖ ਚੜ੍ਹਿਆ, ਦਰ ਘਰ ਸਾਚੇ ਸੋਭਾ ਪਾਇੰਦਾ । ਜਿਸ ਗ੍ਰਿਹਿ ਲੇਖਾ ਸਾਚੇ ਹਰਿਆ, ਹਰੀ ਹਰਿ ਆਪੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਵਖਾਇੰਦਾ । ਧੁਰ ਦੀ ਧਾਰ ਵਖਾਏ ਕਰਤਾਰ, ਹਰਿ ਵੱਡਾ ਵਡ ਵਡਿਆਈਆ । ਭਗਤ ਸੁਹੇਲਾ ਮੀਤ ਮੁਰਾਰ, ਮਿਤਰ ਬੇਪਰਵਾਹੀਆ । ਗੁਰ ਚੇਲਾ ਸੋਹੇ ਸਚ ਦਰਬਾਰ, ਦਰਗਾਹ ਸਾਚੀ ਵਜੀ ਵਧਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਵੱਡੀ ਵਡਿਆਈਆ । ਸੰਤ ਸੁਹੇਲੇ ਜਾਏ ਤਾਰ, ਅੰਦਰ ਵੜ ਵੜ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਰਬ ਪਰਵਾਰ, ਸਚਾ ਦੇ ਨਾਮ ਆਧਾਰ, ਆਦਰ ਨਾਲ ਆਪਣਾ ਆਦਰਸ਼ ਦਏ ਵਖਾਈਆ ।


੩੪੯

### ❋ ੨੯ ਮਾਘ ੨੦੨੧ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਿਹਿ ਪਖੋਵਾਲ ਜ਼ਿਲਾ ਲੁਧਿਆਣਾ ❋

ਜੁਗ ਜੁਗ ਕਿਰਪਾ ਕਰੇ ਪ੍ਰਭੁ ਅਬਿਨਾਸ਼, ਅਬਿਨਾਸ਼ੀ ਕਰਤਾ ਦਇਆ ਕਮਾਇੰਦਾ । ਨਿਰਗੁਣ ਸਰਗੁਣ ਵੇਖੇ ਖੇਲ ਤਮਾਸ਼, ਆਤਮ ਪਰਮਾਤਮ ਭੇਵ ਚੁਕਾਇੰਦਾ । ਜਨ ਭਗਤਾਂ ਦੇਵੇ ਧੁਰ ਦਾ ਸਾਥ, ਸਗਲਾ ਸੰਗ ਰਖਾਇੰਦਾ । ਨਾਮ ਨਿਧਾਨਾ ਦੱਸ ਕੇ ਪਾਠ, ਕਾਇਆ ਪਾਠਸ਼ਾਲਾ ਇਕ ਬਣਾਇੰਦਾ । ਅੰਮ੍ਰਿਤ ਅਗੰਮਾ ਰਸ ਦੇ ਕੇ ਮਿਠਾਸ, ਮਿਠਾ ਧੁਰ ਦਾ ਵਿਚ ਭਰਾਇੰਦਾ । ਕੂੜ ਕੁੜਿਆਰਾ ਮੇਟ ਅੰਧੇਰੀ ਰਾਤ, ਸਤਿ ਸਤਿ ਨੂਰ ਚਮਕਾਇੰਦਾ । ਮਾਇਆ ਮਮਤਾ ਮੋਹ ਕਰ ਵਿਨਾਸ, ਜੋਤ ਪਰਕਾਸ਼ ਇਕ ਚਮਕਾਇੰਦਾ । ਸਾਚਾ ਕਿਨਾਰਾ ਪਤਣ ਦੱਸ ਕੇ ਘਾਟ, ਮਲਾਹ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੰਗ ਰੰਗਾਇੰਦਾ । ਜਨ ਭਗਤਾਂ ਰੰਗ ਚਾੜ੍ਹੇ ਆਪ, ਹਰਿ ਸਵਾਮੀ ਆਪਣੀ ਦਇਆ ਕਮਾਈਆ । ਅੰਦਰ ਵੜ ਕੇ ਦੱਸੇ ਜਾਪ, ਸਨਮੁਖ ਸੋਹਣੀ ਕਰੇ ਪੜ੍ਹਾਈਆ । ਜਨਮ ਕਰਮ ਦਾ ਮੇਟ ਕੇ ਪਾਪ, ਦੁਰਮਤ ਮੈਲ ਦਏ ਧੁਆਈਆ । ਸਚ ਸੰਦੇਸ਼ਾ ਜਾਏ ਆਖ, ਨਿਰਗੁਣ ਨਿਰਵੈਰ ਆਪ ਸਮਝਾਈਆ । ਚਰਨ ਪ੍ਰੀਤੀ ਸਾਚਾ ਨਾਤ, ਸੰਤ ਸੁਹੇਲੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਜਣਾਈਆ । ਸਚ ਨਾਮ ਜਿਸ ਵੇਲੇ ਭਗਤਾਂ ਦੇਂਦਾ, ਦੀਨ ਦਿਆਲ ਦਇਆ ਕਮਾਈਆ । ਜ਼ਾਤ ਪਾਤ ਨਹੀਂ ਕੋਈ ਵੇਂਹਦਾ, ਰਾਓ ਰੰਕ ਨਾ ਕੋਇ ਰਖਾਈਆ । ਕਰ ਕਿਰਪਾ ਜਿਸ ਦੇ ਅੰਦਰ ਬਹਿੰਦਾ, ਆਤਮ ਸੇਜਾ ਡੇਰਾ ਲਾਈਆ । ਬਾਹਰੋਂ ਚਰਨੀ ਆਪੇ ਢਹਿੰਦਾ, ਸਿਰ ਮਸਤਕ ਧੂੜੀ ਖ਼ਾਕ ਰਮਾਈਆ । ਝੂਠੇ ਵਹਿਣ ਕਦੇ ਨਾ ਵਹਿੰਦਾ,

ਜਿਸ ਸਾਹਿਬ ਸਤਿਗੁਰ ਮਿਲਿਆ ਬੇਪਰਵਾਹੀਆ । ਨਾਤਾ ਤੋੜ ਕੇ ਭਾਈ ਭੈਣ ਦਾ, ਮੇਲਾ ਇਕੋ ਨਾਲ ਰਖਾਈਆ । ਰਿਸ਼ਤਾ ਛਡ ਕੇ ਸੱਜਣ ਸਾਕ ਸੈਣ ਦਾ, ਸਾਹਿਬ ਸਵਾਮੀ ਲਏ ਬਣਾਈਆ । ਧਾਮ ਵੇਖ ਲਏ ਆਪਣੇ ਰਹਿਣ ਦਾ, ਜਿਸ ਘਰ ਵਸੇ ਹਰਿ ਰਘੁਰਾਈਆ । ਓਥੇ ਝਗੜਾ ਨਹੀਂ ਕੁਛ ਲੈਣ ਕੁਛ ਦੇਣ ਦਾ, ਸਦ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚੇ ਜਿਸ ਵੇਲੇ ਪ੍ਰਭ ਦੇਵੇ ਦਾਤ, ਹਰਿ ਕਰਤਾ ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਜੋੜੇ ਨਾਤ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਕਾਇਆ ਮੰਦਰ ਕਰ ਕੇ ਵਾਸ, ਕੂੜੀ ਵਾਸਨਾ ਦਏ ਕਢਾਈਆ । ਨਾਮ ਨਿਧਾਨਾ ਦੱਸ ਕੇ ਗਾਥ, ਕਰੇ ਸਚ ਪੜ੍ਹਾਈਆ । ਉਜੜਿਆ ਖੇੜਾ ਕਰ ਕੇ ਆਬਾਦ, ਫੁਲ ਫੁਲਵਾੜੀ ਆਪ ਮਹਿਕਾਈਆ । ਸ਼ਬਦ ਅਗੰਮ ਸੁਣਾ ਕੇ ਨਾਦ, ਸੋਈ ਸੁਰਤ ਉਠਾਈਆ । ਮੰਦਰ ਚੜ੍ਹ ਕੇ ਖੋਲ੍ਹੇ ਰਾਜ਼, ਪੜਦਾ ਆਪ ਚੁਕਾਈਆ । ਤੂੰ ਮੇਰਾ ਮੈਂ ਤੇਰਾ ਮਾਰ ਕੇ ਆਵਾਜ਼, ਮੇਲਾ ਲਏ ਮਿਲਾਈਆ । ਉਤਮ ਸ੍ਰੇਸ਼ਟ ਦੱਸ ਕੇ ਪਾਠ, ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਿਸ ਵੇਲੇ ਪ੍ਰਭ ਭਗਤਾਂ ਉਤੇ ਕਿਰਪਾ ਕਰਦਾ, ਮਿਹਰਵਾਨ ਹੋ ਕੇ ਦਇਆ ਕਮਾਈਆ । ਸੁਰਤੀ ਅੰਦਰੋ ਅੰਦਰ ਫੜਦਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਸਾਢੇ ਤਿੰਨ ਹੱਥ ਮੰਦਰ ਆਪੇ ਵੜਦਾ, ਕਾਇਆ ਕਾਅਬਾ ਫੋਲ ਫੁਲਾਈਆ । ਰਤਨ ਅਮੋਲਕ ਹੀਰਾ ਆਪੇ ਲਭਦਾ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਲੇਖ ਮੁਕਾ ਕੇ ਕੂੜੀ ਹਦ ਦਾ, ਘਰ ਮੰਦਰ ਇਕ ਪਰਗਟਾਈਆ । ਜਿਥੇ ਸ਼ਬਦ ਅਗੰਮੀ ਵਜਦਾ, ਧੁਰ ਦਾ ਰਾਗ ਅਲਾਈਆ । ਦੀਪਕ ਦੀਆ ਇਕੋ ਜਗਦਾ, ਜੋਤੀ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਝਿਰਨਾ ਕਿਨਕਾ ਕਿਨਕਾ ਸਟਦਾ, ਬੂੰਦ ਸਵਾਂਤੀ ਰੂਪ ਵਖਾਈਆ । ਦਰਵਾਜ਼ਾ ਖੋਲ੍ਹ ਕੇ ਆਪਣੇ ਹੱਟ ਦਾ, ਸਚ ਵਸਤ ਦਏ ਵਰਤਾਈਆ । ਮਾਲਕ ਦਾਤਾ ਬਣ ਕੇ ਘਟ ਦਾ, ਲੱਖ ਚੁਰਾਸੀ ਸੋਭਾ ਪਾਈਆ । ਜਨ ਭਗਤਾਂ ਲੇਖ ਮੁਕਾ ਕੇ ਤਤ ਅੱਠ ਦਾ, ਨੌ ਦਵਾਰੇ ਡੇਰਾ ਢਾਹੀਆ । ਪਰਦਾ ਲਾਹ ਕੇ ਧੁਰ ਦੀ ਅੱਖ ਦਾ, ਦਸਮ ਦਵਾਰੀ ਕੁੰਡਾ ਦਏ ਖੁਲ੍ਹਾਈਆ । ਲਹਿਣਾ ਦੇਣਾ ਦੇਵੇ ਹਕ ਦਾ, ਹਾਕਮ ਹੋ ਕੇ ਝੋਲੀ ਪਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਓਥੇ ਆਏ ਹਸਦਾ, ਜਿਥੇ ਗ਼ਮੀ ਨੇੜ ਕੋਇ ਨਾ ਆਈਆ । ਭਗਤ ਸੁਹੇਲਾ ਭਗਵਨ ਭਗਤਾਂ ਸੰਗ ਵਸਦਾ, ਦੂਰ ਨੇੜਾ ਪੰਧ ਮੁਕਾਈਆ । ਕਲਜੁਗ ਅੰਤਮ ਖੇਲ ਵੇਖੇ ਜਗ ਦਾ, ਜਗਤ ਸ੍ਰਿਸ਼ਟੀ ਖੋਜ ਖੁਜਾਈਆ । ਸੰਤ ਸੁਹੇਲਾ ਸ੍ਰੀ ਭਗਵਾਨ ਕਹੇ, ਸਭ ਤੋਂ ਚੰਗਾ ਲਗਦਾ, ਜੋ ਪ੍ਰੇਮੀਆਂ ਵਿਚੋਂ ਪ੍ਰੇਮ ਨੇਮੀਆਂ ਵਿਚੋਂ ਨੇਮ ਸਾਚਾ ਰਿਹਾ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਪੁਰਖ ਸਮਰਥ ਦਾ, ਝਗੜਾ ਚੁਕ ਜਾਏ ਗੁਰਮੁਖ ਦੇ ਵਖ ਦਾ, ਹਸਦਾ ਹਸਦਾ ਆਪਣੇ ਵਿਚ ਸਮਾਈਆ ।

❊ ੨੯ ਮਾਘ ੨੦੨੧ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ❊

ਤ੍ਰੇਤੇ ਜੁਗ ਜਿਸ ਵੇਲੇ ਰਾਜ ਨਰੈਣ ਵਸ਼ਿਸ਼ਟ ਨੂੰ ਕੀਤੀ ਸੀ ਬੰਦਨ, ਵੱਡਾ ਬਾਲਾ ਰੂਪ ਵਟਾਈਆ । ਵਸ਼ਿਸ਼ਟ ਦੇ ਕੋਲ ਜਿਹੜਾ ਹੁੰਦਾ ਸੀ ਕਰਮੰਡਲ, ਧਾਤੂ ਵਸਤ ਰੂਪ ਵਟਾਈਆ । ਉਸ ਨੂੰ ਸਾਫ਼ ਕਰਦਾ ਹੁੰਦਾ ਸੀ ਇਕ ਸ਼ੱਤਰੀ ਘਰਾਣੇ ਦਾ ਨੰਦਨ, ਨੰਦੂ ਕਹਿ ਕੇ ਜਿਸ

੩੫੦

ਨੂੰ ਸਰਬ ਬੁਲਾਈਆ । ਓਸ ਇਕ ਦਿਨ ਹੱਥ ਬੰਨ੍ਹ ਕੇ ਓਸ ਕਿਹਾ ਦੀਨਾਬੰਧਨ, ਬੰਧਨ ਮੇਰਾ ਦੇ ਤੁੜਾਈਆ । ਮੇਰਾ ਬੜਾ ਦਿਲ ਕਰਦਾ ਸੀ ਮੈਂ ਕੁਛ ਮੰਗੂੰ ਮੰਗਨ, ਬੇਨੰਤੀ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਵੇਖ ਵਖਾਈਆ । ਨੰਦਨ ਕਿਹਾ ਮੈਂ ਦਰ ਦਾ ਮੰਗਤ, ਸਚ ਭਿਛਿਆ ਦੇ ਪਾਈਆ । ਵਸ਼ਿਸ਼ਟ ਕਿਹਾ ਭੇਵ ਦੱਸਾਂ ਬੋਧ ਅਗਾਧਾ ਬਣ ਕੇ ਪੰਡਤ, ਅਗਲਾ ਲੇਖ ਜਣਾਈਆ । ਦੁਆਪਰ ਕਲਜੁਗ ਤੈਨੂੰ ਕਰਨੀ ਨਾ ਪਏ ਕਿਸੇ ਦੀ ਮਿੰਨਤ, ਸੀਸ ਅਵਰ ਨਾ ਕੋਇ ਝੁਕਾਈਆ । ਜਿਸ ਵੇਲੇ ਪਰਮ ਪੁਰਖ ਪਰਮਾਤਮ ਉਤਰ ਆਵੇ ਆਪਣੀ ਧਾਰੋਂ ਸਿੰਮਤ, ਸਿਧਾ ਰਾਹ ਵਖਾਈਆ । ਜਿਸ ਵੇਲੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਰਹਿਣੀ ਨਾ ਕੋਈ ਹਿੰਮਤ, ਹੌਸਲੇ ਸਾਰਿਆਂ ਦੇਣੇ ਢਾਹੀਆ । ਕਲਜੁਗ ਕੂੜੀ ਕਿਰਿਆ ਕਰਨੀ ਇੱਲਤ, ਬ੍ਰਹਿਮੰਡ ਖੰਡ ਆਪਣਾ ਫੇਰਾ ਪਾਈਆ । ਸਚ ਸਵਾਮੀ ਭਗਤਾਂ ਦੇਣੀ ਖ਼ਿੱਲਤ, ਬਖ਼ਸ਼ਣੀ ਮਾਣ ਵਡਿਆਈਆ । ਕੂੜੀ ਖ਼ੁਆਰੀ ਮੇਟ ਕੇ ਜ਼ਿੱਲਤ, ਮਾਇਆ ਮਮਤਾ ਮੋਹ ਚੁਕਾਈਆ । ਜਨਮ ਕਰਮ ਦੀ ਕੱਟ ਕੇ ਦਿੱਕਤ, ਆਵਣ ਜਾਵਣ ਪੰਧ ਦਏ ਗਵਾਈਆ । ਸਚ ਪ੍ਰੇਮ ਦਾ ਬਖ਼ਸ਼ ਕੇ ਇਸ਼ਕ, ਆਸ਼ਕ ਇਕੋ ਦੇਣਾ ਵਖਾਈਆ । ਮਸਤਕ ਧੂੜੀ ਲਾ ਕੇ ਤਿਲਕ, ਟਿੱਕਾ ਨਾਮ ਦੇਣਾ ਸਮਝਾਈਆ । ਫੇਰ ਕੱਢ ਕੇ ਪਿਛਲੀ ਲਿਸਟ, ਲੇਖਾ ਦਏ ਵਖਾਈਆ । ਰਾਜ ਨਰਾਇਣ ਨੇ ਕੋਸ਼ਿਸ਼ ਕਰਨੀ ਮੈਂ ਪਹਿਲੋਂ ਜਾਵਾਂ ਖ਼ਿਸਕ, ਪੱਲੂ ਆਪਣਾ ਲਵਾਂ ਛੁਡਾਈਆ । ਪਤਾ ਨਹੀਂ ਕਿਸ ਦੇ ਹੱਥ ਫ਼ਰਿਸਤ, ਕਵਣ ਲੇਖੇ ਰਿਹਾ ਮੁਕਾਈਆ । ਸਨਮੁਖ ਹੋ ਕੇ ਕਹੇ ਵਸ਼ਿਸ਼ਟ, ਰਾਮ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਵਸ਼ਿਸ਼ਟ ਕਿਹਾ ਸੁਣ ਓਏ ਨੰਦਨ, ਨੰਦੂ ਤੈਨੂੰ ਦਿਆਂ ਜਣਾਈਆ । ਆਹ ਲੈ ਮੇਰੀ ਤੜਾਗੀ ਵਾਲਾ ਸੰਗਲ, ਛੱਤੀਆਂ ਘੁੰਡੀਆਂ ਵਾਲਾ ਨਜ਼ਰੀ ਆਈਆ । ਸ੍ਰਿਸ਼ਟੀ ਇਸ ਦੇ ਨਾਲ ਬੰਨ੍ਹਦੀ ਡੰਗਰ, ਮੈਂ ਮਨੁਖਤਾ ਬੰਦ ਕਰਾਈਆ । ਇਸ ਅੰਦਰ ਇਕ ਅਗੰਮੀ ਜੰਦਰ, ਜਿਸ ਨੂੰ ਸਕੇ ਨਾ ਕੋਇ ਖੁਲ੍ਹਾਈਆ । ਲੋਕਮਾਤ ਰਿਵਾਜ ਚਲਣਾ ਸ਼ਿਵਦਵਾਲੇ ਮਠ ਮੰਦਰ, ਮੰਦਰਾਂ ਵਿਚੋਂ ਮੰਦਰਾਂ ਦਾ ਮਾਲਕ ਨਜ਼ਰ ਕਿਸੇ ਨਾ ਆਈਆ । ਨੇਤਰ ਨੈਣ ਮੁਖ ਸ਼ਰਮੌਣਾ ਸੂਰੀਆ ਚੰਦਰ, ਮੰਡਲ ਮੰਡਪ ਅੱਖ ਨਾ ਕੋਇ ਖੁਲ੍ਹਾਈਆ । ਓਸ ਵੇਲੇ ਕਿਰਪਾ ਕਰਨੀ ਸੂਰੇ ਸਰਬੰਗਨ, ਸਾਹਿਬ ਸਵਾਮੀ ਆਪਣਾ ਫੇਰਾ ਪਾਈਆ । ਤੇਰੇ ਆਵਣ ਜਾਵਣ ਦੇ ਕਟ ਦੇਵੇ ਫੰਦਨ, ਜਮ ਕੀ ਫਾਸੀ ਦਏ ਤੁੜਾਈਆ । ਧੂੜੀ ਟਿੱਕਾ ਲਾ ਕੇ ਮਸਤਕ ਚੰਦਨ, ਸਾਚਾ ਸਗਨ ਮਨਾਈਆ । ਤ੍ਰੇਤੇ ਦਾ ਤੂੰ ਨੰਦਨ ਕਲਜੁਗ ਦਾ ਤੂੰ ਮੰਗਲ, ਪ੍ਰਭ ਮੰਗਲਾਚਾਰ ਵਿਚ ਸਮਾਈਆ । ਇਕੋ ਵਾਰ ਮਨਜ਼ੂਰ ਕਰ ਕੇ ਤੇਰੀ ਬੰਦਨ, ਬੰਦਗੀ ਪਿਛਲੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਥਾਉਂ ਥਾਈਂ ਰਿਹਾ ਚੁਕਾਈਆ ।



੩੫੧

❊ ੨੯ ਮਾਘ ੨੦੨੧ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ❊

ਪੰਜ ਤਤ ਕਹਿਣ ਅਸਾਂ ਸੋਹਣਾ ਬਣਾਇਆ ਤਨ, ਰਕਤ ਬੂੰਦ ਨਾੜੀ ਹੱਡ ਮਾਸ ਜੋੜ ਜੁੜਾਈਆ । ਜਿਸ ਦੇ ਅੰਦਰ ਬੰਨ੍ਹ ਕੇ ਰਖਿਆ ਮਨ, ਮਤਿ ਬੁਧਿ ਲਈ ਛੁਪਾਈਆ । ਨਾਮ ਭੰਡਾਰਾ ਡੂੰਘਾ ਧਨ, ਸਤਿ ਵਸਤੂ ਵਿਚ ਰਖਾਈਆ । ਮਹਲ ਅਟਲ ਸੁਹਾ ਬਿਨ ਛੱਪਰੀ ਛੰਨ, ਘਰ ਘਰ

ਵਿਚ ਲਿਆ ਬਣਾਈਆ । ਜੋਤੀ ਅਗੰਮੀ ਨੂਰੀ ਚੰਨ, ਨਿਰੰਜਣ ਬੈਠਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਸਾਡੇ ਅੰਦਰ ਇਕ ਤੰਬੂਰ, ਸਤਿ ਸੁਰੰਗਾ ਨਜ਼ਰੀ ਆਈਆ । ਅਗੰਮ ਅਥਾਹ ਇਕ ਸਰੂਰ, ਜੋ ਖੁਮਾਰੀ ਰਿਹਾ ਚੜ੍ਹਾਈਆ । ਜੋਤੀ ਜੋਤ ਸਾਚਾ ਨੂਰ, ਨਿਰਗੁਣ ਨਿਰਵੈਰ ਲਿਆ ਪਰਗਟਾਈਆ । ਰਾਗ ਧੁਨ ਸਚੀ ਤੂਰ, ਜੋ ਤੁਰਤ ਧੁਰ ਦਾ ਹੁਕਮ ਸੁਣਾਈਆ । ਵਸਤ ਅਮੋਲਕ ਭੰਡਾਰਾ ਭਰਪੂਰ, ਪੁਰਖ ਅਕਾਲ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਅਸੀਂ ਪੰਜੇ ਸਰਦਾਰ, ਲੱਖ ਚੁਰਾਸੀ ਘੜਤ ਘੜਾਈਆ । ਸਾਡੇ ਬਿਨਾ ਕਿਥੇ ਲੁਕੇ ਨਿਰੰਕਾਰ, ਥਾਨ ਥਨੰਤਰ ਨਜ਼ਰ ਕੋਇ ਨਾ ਆਈਆ । ਸਾਚਾ ਦੇਵੇ ਨਾ ਕੋਇ ਸਹਾਰ, ਦੀਪਕ ਜੋਤ ਕਿਥੇ ਜਗਾਈਆ । ਕਿਹੜੀ ਬੋਲੇ ਨਾਲ ਜ਼ਬਾਨ, ਅੱਖਰਾਂ ਕਰੇ ਪੜ੍ਹਾਈਆ । ਕਿਸ ਦੇ ਘਰ ਜਾਏ ਬਣ ਮਹਿਮਾਨ, ਲੋਕਮਾਤ ਫੇਰਾ ਪਾਈਆ । ਸਾਡੇ ਬਿਨਾ ਚਲੇ ਨਾ ਉਹਦੀ ਦੁਕਾਨ, ਵਸਤ ਖ਼ਰੀਦਣ ਵਾਲਾ ਰੂਪ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਨਿਭਾਈਆ । ਪੰਜ ਤਤ ਕਹਿਣ ਜੇ ਅਸੀਂ ਨਾ ਹੁੰਦੇ, ਲੋਕਮਾਤ ਰੂਪ ਅਨੂਪ ਵਟਾਈਆ । ਫੇਰ ਜੋਤ ਸ਼ਬਦ ਦੋਵੇਂ ਰਹਿੰਦੇ ਗੁੰਗੇ, ਢੋਲਾ ਬੋਲ ਨਾ ਕੋਇ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਿਥੋਂ ਜੰਮਦੇ ਮੁੰਡੇ, ਬਾਲਕ ਗੋਦੀਆਂ ਕਵਣ ਸੁਹਾਈਆ । ਅੰਮ੍ਰਿਤ ਰਸ ਸੀਰ ਕਿਹੜਾ ਚੁੰਘੇ, ਨਾਮ ਨਿਧਾਨ ਕਵਣ ਗਾਈਆ । ਪ੍ਰੇਮ ਪ੍ਰੀਤੀ ਸਚ ਸਵਾਣੀ ਕਵਣ ਪੌਂਦੀ ਬੁੰਦੇ, ਤਨ ਸ਼ਿੰਗਾਰ ਨੇਤਰ ਧਾਰ ਕਜਲ ਕਵਣ ਵਖਾਈਆ । ਕਵਣ ਸੀਸ ਗੁੰਦੌਂਦੀ ਚੂੰਡੇ, ਕੌਣ ਰੰਗਲੇ ਹੱਥ ਲਏ ਪਰਗਟਾਈਆ । ਕਵਣ ਪੁਰਖ ਅਬਿਨਾਸ਼ੀ ਨੂੰ ਢੂੰਡੇ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਪੰਜ ਤਤ ਕਹਿਣ ਜੇ ਸਾਡਾ ਨਾ ਜੁੜਦਾ ਜੋੜ, ਇਕ ਦੂਜੇ ਵਿਚ ਸਮਾਈਆ । ਫੇਰ ਪ੍ਰਭੂ ਦੀ ਕਿਹੜੀ ਸੀ ਲੋੜ, ਸਚਖੰਡ ਬੈਠਾ ਕੰਮ ਕਿਸੇ ਨਾ ਆਈਆ । ਓਸ ਕਿਹੜੇ ਚੜ੍ਹਨਾ ਸੀ ਘੋੜ, ਅਸਵ ਕਵਣ ਲੈਣਾ ਦੌੜਾਈਆ । ਕਿਸ ਦੇ ਮੰਦਰ ਲੌਂਦਾ ਪੌੜ, ਡੰਡਾ ਆਪਣਾ ਇਕ ਸਮਝਾਈਆ । ਕਵਣ ਪੌਂਦਾ ਉਸ ਦੇ ਨਾਮ ਦਾ ਸ਼ੋਰ, ਹੋਕਾ ਦੇ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਪੰਜ ਤਤ ਕਹਿਣ ਜੇ ਸਾਡੀ ਨਾ ਬਣਦੀ ਦੇਹ, ਸੋਹਣਾ ਰੂਪ ਵਟਾਈਆ । ਸ੍ਰੀ ਭਗਵਾਨ ਕਿਹਦੇ ਨਾਲ ਕਰਦਾ ਨੇਹ, ਨਾਤਾ ਕਵਣ ਜੁੜਾਈਆ । ਕਿਥੇ ਬਰਸਦਾ ਅੰਮ੍ਰਿਤ ਮੇਂਹ, ਰਹਿਮਤ ਇਕ ਵਖਾਈਆ । ਕਿਸ ਦਵਾਰੇ ਜਾਂਦਾ ਬਹਿ, ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪੰਜ ਤਤ ਕਹਿਣ ਜੇ ਅਸੀਂ ਨਾ ਔਂਦੇ ਜਗਤ, ਲੋਕਮਾਤ ਫੇਰਾ ਪਾਈਆ । ਪ੍ਰਭੂ ਫੇਰ ਕਿਥੋਂ ਪਰਗਟੌਂਦੋਂ ਆਪਣੇ ਭਗਤ, ਲੋਕਮਾਤ ਜੋੜ ਜੁੜਾਈਆ । ਬੇਸ਼ਕ ਤੇਰੀ ਨੂਰ ਨੁਰਾਨੀ ਸ਼ਕਤ, ਸ਼ਨਾਖ਼ਤ ਜਗਤ ਨਾ ਕੋਇ ਜਣਾਈਆ । ਕਿਸ ਬਿਧ ਮੇਟਦੋਂ, ਆਪਣੀ ਹਰਸ, ਹਵਸ ਪੂਰ ਕਰਾਈਆ । ਕਿਸ ਦਾ ਕਰਦੋਂ ਦਰਸ, ਦਰਸ ਕਿਸ ਨੂੰ ਦਿੰਦਾ ਵਖਾਈਆ । ਕਿਸ ਦੇ ਪਿੱਛੇ ਆਉਂਦੋਂ ਫ਼ਰਸ਼, ਧਰਤੀ ਉਤੇ ਆਪਣਾ ਰੂਪ ਵਟਾਈਆ । ਇਸ ਕਰ ਕੇ ਪੰਜੇ ਤੈਨੂੰ ਕਹਿੰਦੇ ਪ੍ਰਭੂ ਓਹਨਾਂ ਉਤੇ ਕਰ ਕੇ ਜਾਵੀਂ ਤਰਸ, ਜੋ ਸਾਡੇ ਅੰਦਰ ਵੜ ਕੇ ਤੇਰਾ ਧਿਆਨ ਲਗਾਈਆ । ਇਹਨਾਂ ਦੀ ਤੈਨੂੰ ਸਦਾ

ਗ਼ਰਜ਼, ਲੋੜਵੰਦ ਇਕ ਤੂੰ ਅਖਵਾਈਆ । ਜੇ ਪਿਛਲੀ ਫੋਲ ਕੇ ਵੇਖੇਂ ਫ਼ਰਦ, ਚਾਰ ਜੁਗ ਦੇ ਨਾਤੇ ਵੇਖ ਥਾਉਂ ਥਾਈਆ । ਜਿਸ ਵੇਲੇ ਨਾਨਕ ਮੋਦੀਖ਼ਾਨੇ ਧੜਵਾਈ ਹੋ ਕੇ ਤੋਲੇ ਧੜਤ, ਤੇਰਾਂ ਤੇਰਾਂ ਧਾਰ ਚਲਾਈਆ । ਖੇਲ ਕਰਿਆ ਇਕ ਅਸਚਰਜ, ਅਚਰਜ ਲੀਲ੍ਹਾ ਆਪ ਵਖਾਈਆ । ਓਸ ਵੇਲੇ ਸਰਦਾਰਾ ਸਿੰਘ ਦੇ ਸਿਰ ਤੇ ਚੜ੍ਹਿਆ ਸੀ ਕ਼ਰਜ਼, ਢਾਈ ਸੈਂਕੜੇ ਨਜ਼ਰੀ ਆਈਆ । ਓਸ ਨੇ ਨਾਨਕ ਅਗੇ ਆ ਕੇ ਕੀਤੀ ਅਰਜ਼, ਮੇਰਾ ਲੇਖਾ ਦੇ ਚੁਕਾਈਆ । ਗੁਰ ਨਾਨਕ ਕਿਹਾ ਮੈਨੂੰ ਤੇਰੀ ਪਿਛਲੀ ਨਜ਼ਰੀ ਔਂਦੀ ਫ਼ਰਦ, ਜੋ ਨਾਤਾ ਰਿਖਵਦੇਵ ਨਾਲ ਰਖਾਈਆ । ਓਸ ਵਰ ਦਿਤਾ ਕਲਜੁਗ ਅੰਤਮ ਤੇਰੇ ਜਨਮ ਕਰਮ ਦਾ ਨਿਕਲਣਾ ਫ਼ਰਕ, ਪਹਿਲੋਂ ਲੇਖਾ ਨਾ ਕੋਇ ਮੁਕਾਈਆ । ਤੇਰਾ ਦਰਦਵੰਦ ਦਰਦੀ ਵੰਡੇ ਦਰਦ, ਦਾਤਾ ਦਾਨੀ ਬੇਪਰਵਾਹੀਆ । ਤੇਰੇ ਜਨਮ ਕਰਮ ਦੀ ਪੁਠੀ ਸਿਧੀ ਕਰ ਕੇ ਨਰਦ, ਨਰ ਨਰਾਇਣ ਆਪਣਾ ਮੇਲ ਮਿਲਾਈਆ । ਪੰਜਾਂ ਤਤਾਂ ਦਾ ਲੇਖਾ ਮੁਕਾ ਕੇ ਲਹਿਣਾ ਚੁਕਾਏ ਉਤੇ ਫ਼ਰਸ਼, ਅਰਸ਼ ਦਏ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜਨਮ ਦੀ ਅੰਤਮ ਪੂਰੀ ਕਰੇ ਸ਼ਰਤ, ਸ਼ਰਾਇਤ ਸਭ ਦੀ ਵੇਖ ਵਖਾਈਆ ।

### ❊ ੨੯ ਮਾਘ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ ਪਖੋਵਾਲ ਜ਼ਿਲਾ ਲੁਧਿਆਣਾ ❊



ਪੰਜ ਤਤ ਕਹਿਣ ਭਗਤਾਂ ਦੀ ਆਸਾ ਕਰ ਮਨਜ਼ੂਰ, ਸਮਰਥ ਸਵਾਮੀ ਅੰਤਰਜਾਮੀ ਤੇਰੀ ਇਕ ਸਰਨਾਈਆ । ਮਨ ਕਿਰਿਆ ਦੇ ਬਖ਼ਸ਼ ਦੇ ਕ਼ਸੂਰ, ਮਿਹਰ ਨਜ਼ਰ ਅੱਖ ਉਠਾਈਆ । ਸ਼ਬਦ ਅਗੰਮ ਵਜਾ ਦੇ ਤੂਰ, ਨਾਦ ਧੁਰ ਦਾ ਦੇ ਸੁਣਾਈਆ । ਅੰਮ੍ਰਿਤ ਆਤਮ ਬਖ਼ਸ਼ ਸਰੂਰ, ਸਚ ਖ਼ੁਮਾਰੀ ਦੇ ਵਖਾਈਆ । ਜੋਤੀ ਜਲਵਾ ਸਾਚਾ ਨੂਰ, ਦੀਵਾ ਬਾਤੀ ਕਮਲਾਪਾਤੀ ਇਕ ਜਗਾਈਆ । ਵਸਤ ਅਮੋਲਕ ਨਾਮ ਭੰਡਾਰਾ ਕਰ ਭਰਪੂਰ, ਅਤੋਟ ਅਤੁਟ ਆਪ ਵਰਤਾਈਆ । ਸਾਡੇ ਅੰਦਰ ਹੋ ਕੇ ਹਾਜ਼ਰ ਹਜ਼ੂਰ, ਨਿਰਗੁਣ ਆਪਣਾ ਦਰਸ ਦੇ ਵਖਾਈਆ । ਪੰਜੇ ਤਤ ਤੇਰੇ ਮਸ਼ਕੂਰ, ਸਾਡਾ ਖੇੜਾ ਦੇਵੇਂ ਸੁਹਾਈਆ । ਤੇਰੇ ਦਰ ਦੇ ਚਾਕਰ ਬਣੀਏ ਮਜ਼ਦੂਰ, ਠਾਂਡੀ ਸੇਵ ਕਮਾਈਆ । ਦੂਰ ਦੁਰਾਡੇ ਆ ਵਸ ਨੇਰਨ ਨੇਰੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਦੇ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭੂ ਮੰਨ ਅਰਦਾਸ, ਭਗਤ ਖ਼ਾਹਸ਼ ਸਾਡੇ ਅੰਦਰੋਂ ਰਹੀ ਸਤਾਈਆ । ਪੁਰਖ ਅਕਾਲ ਦੀਨ ਦਿਆਲ ਵਸ ਪਾਸ, ਕੂੜ ਵਿਛੋੜਾ ਦੇ ਮੁਕਾਈਆ । ਚਰਨ ਪ੍ਰੀਤੀ ਬਖ਼ਸ਼ ਦਾਤ, ਸਰਨ ਇਕ ਸਰਨਾਈਆ । ਆਪਣੇ ਨਾਮ ਦੀ ਦੱਸ ਗਾਥ, ਢੋਲਾ ਹਕ ਜਣਾਈਆ । ਲਹਿਣਾ ਚੁਕਾ ਦੇ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹੀਆ । ਸੁਰਤੀ ਸ਼ਬਦ ਮਿਲਾ ਕੇ ਪਾ ਦੇ ਰਾਸ, ਗੋਪੀ ਕਾਹਨ ਰੂਪ ਵਟਾਈਆ । ਆਵਣ ਜਾਵਣ ਪਤਿਤ ਪਾਵਣ ਕਰ ਦੇ ਬੰਦ ਖ਼ਲਾਸ, ਤੱਤਾਂ ਵਾਲਾ ਸਰੂਪ ਆਪਣੇ ਵਿਚ ਸਮਾਈਆ । ਤੇਰੇ ਨਾਲ ਮਿਲਣ ਦੀ ਆਤਮ ਰਖੇ ਖ਼ਾਹਸ਼, ਪਰਮਾਤਮ ਸਭ ਤੇਰਾ ਧਿਆਨ ਲਗਾਈਆ । ਸਾਡਾ ਜਨਮਾਂ ਕਰਮਾਂ ਦਾ ਲੇਖਾ ਲਹਿਣਾ ਨਾ ਕੋਇ ਵਾਚ, ਹਿਸਾਬ ਕਿਤਾਬ ਗਣਤ ਨਾ ਕੋਇ ਗਣਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਾਹਿਬ ਸਮਰਾਥ, ਵਡ ਵੱਡੇ ਤੇਰੀ ਵਡ ਵਡਿਆਈਆ । ਹਉਂ ਨਿਮਾਣੇ ਕੋਝੇ ਕਮਲੇ ਅਨਾਥਾਂ ਅਨਾਥ, ਦੀਨਨ ਦੀਨ ਨਜ਼ਰੀ ਆਈਆ ।


੩੫੩

ਭਗਤ ਸੁਹੇਲੇ ਤੇਰੇ ਚੇਲੇ ਕਰ ਮੇਲੇ ਸਾਖ਼ਿਆਤ, ਸਵੱਛ ਸਰੂਪੀ ਘਟ ਘਟ ਨਜ਼ਰੀ ਆਈਆ । ਸਾਡੀ ਪੰਜਾਂ ਦੀ ਅਰਦਾਸ, ਜਨ ਭਗਤਾਂ ਪੂਰੀ ਕਰਦੇ ਖ਼ਾਹਸ਼, ਨਿਰਗੁਣ ਵਸਣਾ ਸਦਾ ਪਾਸ, ਕਾਇਆ ਮੰਦਰ ਅੰਦਰ ਵਖੌਣਾ ਖੇਲ ਤਮਾਸ਼, ਨਿਰਗੁਣ ਨੂਰ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਪੰਜ ਤਤ ਕਹਿਣ ਕਿਰਪਾ ਕਰ ਪ੍ਰਭੂ ਸਵਾਮੀ, ਸਾਡੇ ਅੰਦਰੋਂ ਪੜਦਾ ਦੇ ਉਠਾਈਆ । ਤੂੰ ਹਰ ਘਟ ਬੈਠਾ ਅੰਤਰਜਾਮੀ ਆਸਣ ਸਿੰਘਾਸਣ ਸੋਭਾ ਪਾਈਆ । ਠਾਕਰ ਧੁਰ ਦੇ ਧੁਰ ਦੀ ਸੁਣਾ ਅਗੰਮੀ ਬਾਣੀ, ਰਾਗਾਂ ਨਾਦਾਂ ਵਿਚੋਂ ਬਾਹਰ ਜਣਾਈਆ । ਨਿਝਰ ਝਿਰਨੇ ਬਖ਼ਸ਼ ਦੇ ਠੰਡਾ ਪਾਣੀ, ਤੀਰਥ ਤੱਟਾਂ ਲੋੜ ਰਹੇ ਨਾ ਰਾਈਆ । ਸ਼ਬਦ ਮਿਲਾ ਦੇ ਸ਼ਬਦੀ ਹਾਣੀ, ਨਾਤੇ ਕੰਤ ਜਗਤ ਛੁਡਾਈਆ । ਮੰਜ਼ਲ ਦੱਸ ਦੇ ਇਕ ਆਸਾਨੀ, ਮਿਹਰਵਾਨੀ ਤੇਰੀ ਬੇਪਰਵਾਹੀਆ । ਰਸਨਾ ਦੇ ਕਲਮਿਆਂ ਦੀ ਲੋੜ ਨਾ ਰਹੀ ਜ਼ਬਾਨੀ, ਤੇਰੇ ਅੰਤਰ ਖੇਲ ਹੋਰ ਮਹਾਨੀ, ਜਿਸ ਦੀ ਮਹਿੰਮਾ ਸਕੇ ਨਾ ਕੋਇ ਸਮਝਾਈਆ । ਜਿਸ ਨੂੰ ਸਿਫ਼ਤਾਂ ਅੰਦਰ ਗੌਂਦੇ ਰਹੇ ਈਰਾਨੀ ਤਹਿਰਾਨੀ ਹਿੰਦੁਸਤਾਨੀ, ਮੈਦਾਨੀ ਅਫ਼ਗ਼ਾਨੀ ਢੋਲਿਆਂ ਨਾਲ ਗਾਈਆ । ਤੇਰੀ ਕਿਸੇ ਨਾ ਵੇਖੀ ਤਰਲ ਜਵਾਨੀ, ਜੋਬਨਵੰਤੇ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਅੰਦਰ ਸਾਚੇ ਮੰਦਰ ਪ੍ਰੇਮ ਪਿਆਰ ਦੀ ਦੇ ਜਾ ਇਕ ਨਿਸ਼ਾਨੀ, ਜਿਸ ਦਾ ਨਿਸ਼ਾਨਾ ਦੋ ਜਹਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਤ ਕਹਿਣ ਸਾਡਾ ਸਰੂਪ ਸਦਾ ਫ਼ਾਨੀ, ਲੋਕਮਾਤ ਤਨ ਮਾਟੀ ਰਹਿਣ ਕੋਇ ਨਾ ਪਾਈਆ ।



## ✲ ੨੯ ਮਾਘ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ ਪਖੋਵਾਲ ਜ਼ਿਲਾ ਲੁਧਿਆਣਾ ✲

ਪੰਜ ਤਤ ਜਿਸ ਵੇਲੇ ਪ੍ਰਭ ਕਿਰਪਾ ਕਰੇ ਆਪ, ਹਰਿ ਆਪਣੀ ਦਇਆ ਕਮਾਇੰਦਾ । ਅੰਦਰ ਬਾਹਰ ਦਾ ਲੇਖਾ ਕਰ ਦਏ ਮੁਆਫ਼, ਸਿਰ ਆਪਣਾ ਹੱਥ ਟਿਕਾਇੰਦਾ । ਅਗੇ ਮੰਗੇ ਨਾ ਕੋਇ ਹਿਸਾਬ, ਲਹਿਣਾ ਆਪਣੇ ਹੱਥ ਰਖਾਇੰਦਾ । ਜਿਨ੍ਹਾਂ ਦਾ ਅੱਖਰਾਂ ਵਾਲਾ ਨਾਮ ਲਿਖ ਲਿਆ ਵਿਚ ਆਪਣੀ ਕਿਤਾਬ, ਤਿਨ੍ਹਾਂ ਦਾ ਦੋ ਜਹਾਨਾਂ ਪੰਧ ਮੁਕਾਇੰਦਾ । ਮਾਣਸ ਦੇਹੀ ਲੇਖਾ ਬੇਬਾਕ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਅਗੇ ਦੇਵੇ ਧੁਰ ਦਾ ਸਾਥ, ਰਾਹ ਵਿਚ ਨਾ ਕੋਇ ਅਟਕਾਇੰਦਾ । ਜਿਸ ਦਵਾਰੇ ਵਸੇ ਪੁਰਖ ਸਮਰਾਥ, ਸਚ ਸਿੰਘਾਸਣ ਸੋਭਾ ਪਾਇੰਦਾ । ਦੀਵਾ ਬਾਤੀ ਇਕ ਪਰਕਾਸ਼, ਨੂਰੋ ਨੂਰ ਡਗਮਗਾਇੰਦਾ । ਜਨ ਭਗਤਾਂ ਓਥੇ ਕਰੇ ਆਪ ਨਿਵਾਸ, ਸਚ ਦਵਾਰ ਸਤਿ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਇੰਦਾ । ਪੰਜ ਤਤ ਬਖ਼ਸ਼ ਦੇਵੇ ਗੁਨਾਹ, ਰਹਿਮਤ ਆਪ ਕਮਾਈਆ । ਮਾਰਗ ਧੁਰ ਦਾ ਦੱਸ ਕੇ ਰਾਹ, ਰਸਤੇ ਦੇਵੇ ਪਾਈਆ । ਸ਼ਬਦ ਸਰੂਪੀ ਬਣ ਮਲਾਹ, ਬੇੜਾ ਦੇਵੇ ਚਲਾਈਆ । ਧੁਰ ਸੰਦੇਸ਼ਾ ਜਣਾ ਕੇ ਨਾਂ, ਢੋਲਾ ਇਕ ਪੜ੍ਹਾਈਆ । ਕਲਜੁਗ ਵਿਚ ਫੜ ਕੇ ਅੰਤਮ ਬਾਂਹ, ਸਹਾਰਾ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਠੰਡੀ ਛਾਂ, ਦਾਤਾ ਇਕੋ ਇਕ ਅਖਵਾਈਆ । ਪੰਜ ਤਤ ਬਖ਼ਸ਼ ਦੇਵੇ ਕ਼ਸੂਰ, ਰਹਿਮਤ ਆਪ ਕਮਾਈਆ । ਭਗਤਾਂ ਬੇਨੰਤੀ ਕਰ ਮਨਜ਼ੂਰ, ਆਸਾ ਆਪਣੇ ਵਿਚ ਸਮਾਈਆ । ਅਗੇ ਹੋਵੇ ਨਾ ਕੋਇ ਮਜਬੂਰ, ਮੁਸ਼ਕਲ ਹਲ ਕਰਾਈਆ । ਸੂਲੀ ਚੜ੍ਹਨਾ ਨਾ ਪਵੇ ਵਾਂਗ ਮਨਸੂਰ, ਸ਼ੱਮਸ ਵਾਂਗ

ਨਾ ਖੱਲ ਲੁਹਾਈਆ । ਮਾਸ ਕਟਣਾ ਨਾ ਪਏ ਕਿਸੇ ਜੰਮੂਰ, ਸੀਸ ਧੜ ਅੱਡ ਅੱਡ ਨਾ ਕੋਇ ਕਰਾਈਆ । ਕਿਰਪਾ ਕਰਕੇ ਸਾਚਾ ਮੇਲ ਮਿਲਾਏ ਆਪ ਮਹਿਬੂਬ, ਮੁਹੱਬਤ ਵਿਚ ਦੇਵੇ ਵਡਿਆਈਆ । ਲਹਿਣਾ ਦੇਣਾ ਚੁਕਾਏ ਪੰਜ ਭੂਤ, ਸਚ ਸਬੂਤ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਆਪ ਮਿਹਰਵਾਨ, ਭਗਤ ਭਗਵਾਨ ਆਪਣੇ ਰੰਗ ਰੰਗਾਈਆ ।

### ❊ ੨੯ ਮਾਘ ੨੦੨੧ ਬਿਕ੍ਰਮੀ ਸਰਵਨ ਸਿੰਘ ਦੇ ਗ੍ਰਿਹਿ ਪਖੋਵਾਲ ਜ਼ਿਲਾ ਲੁਧਿਆਣਾ ❊

ਪੰਜ ਤਤ ਕਹਿਣ ਅਸੀਂ ਹੋਏ ਖ਼ੁਸ਼ਹਾਲ, ਖ਼ੁਸ਼ੀ ਆਪਣਾ ਰੰਗ ਵਖਾਈਆ । ਕਿਰਪਾ ਕਰੇ ਹਰਿ ਕਿਰਪਾਲ, ਕਿਰਪਨ ਲਏ ਤਰਾਈਆ । ਮਾਰਗ ਦੱਸ ਕੇ ਇਕ ਸੁਖਾਲ, ਧੁਰ ਦਾ ਰਸਤਾ ਦਿਤਾ ਵਖਾਈਆ । ਜਗਤ ਕਿਰਿਆ ਤੋੜ ਜੰਜਾਲ, ਜੀਵਣ ਜੁਗਤ ਦਿਤੀ ਸਮਝਾਈਆ । ਸਚ ਪਦਾਰਥ ਨਾਮ ਧਨ ਮਾਲ, ਕਾਇਆ ਮੰਦਰ ਅੰਦਰ ਦਿਤਾ ਟਿਕਾਈਆ । ਸਾਢੇ ਤਿੰਨ ਹੱਥ ਬਣਾ ਕੇ ਸਚੀ ਧਰਮਸਾਲ, ਪੂਜਾ ਪਾਠ ਸਿਮਰਨ ਇਕੋ ਦਿਤਾ ਵਖਾਈਆ । ਜਿਸ ਦੇ ਨਾਲ ਲੇਖੇ ਲਗੇ ਸ਼ਾਹ ਕੰਗਾਲ, ਗਰੀਬ ਨਿਮਾਣਿਆਂ ਹੋਏ ਸਹਾਈਆ । ਖ਼ਾਲਕ ਪਾਲਕ ਹੋ ਕੇ ਕਰੇ ਪ੍ਰਿਤਪਾਲ, ਸਾਹਿਬ ਸੁਲਤਾਨ ਸਹਿਜ ਸੁਖਦਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਲੇਖਾ ਮੁਕਾ ਕੇ ਅਗੇ ਕੀਤਾ ਅਹਿਸਾਨ, ਮਿਹਰਵਾਨ ਹੋਇਆ ਸਹਾਈਆ । ਜਿਸ ਆਸ਼ਾ ਦਾ ਮੰਗਦੇ ਰਹੇ ਦਾਨ, ਸੋ ਝੋਲੀ ਦਿਤੀ ਭਰਾਈਆ । ਸਾਡੇ ਵਿਚ ਵਸਣਵਾਲੀ ਆਤਮ ਪਰਮਾਤਮ ਨਾਲ ਮਿਲੇ ਆਣ, ਬੇਪਹਿਚਾਨ ਆਪਣੇ ਵਿਚ ਸਮਾਈਆ । ਮਾਲਕਾਂ ਦਾ ਮਾਲਕ ਖ਼ਾਲਕਾਂ ਦਾ ਖ਼ਾਲਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਭਾਗ ਸਭ ਦਾ ਹਿੱਸੇ ਔਂਦਾ ਝੋਲੀ ਪਾਈਆ ।



### ❊ ੨੯ ਮਾਘ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ ਪਿੰਡ ਗੁੜ੍ਹੇ ਜ਼ਿਲਾ ਲੁਧਿਆਣਾ ❊

ਪੰਜ ਤਤ ਕਹਿਣ ਸਾਡੇ ਅੰਤਰ ਨਿਰਮਲ ਜੋਤ, ਘਰ ਘਰ ਵਿਚ ਬੈਠੀ ਡੇਰਾ ਲਾਈਆ । ਜਿਸ ਦਾ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਜਿਸ ਦੇ ਸੰਗ ਅਗੰਮੀ ਸ਼ਬਦ ਲਗਾਵੇ ਚੋਟ, ਸੋਈ ਸੁਰਤੀ ਦਏ ਉਠਾਈਆ । ਭਾਗ ਲਗਾ ਕੇ ਸਾਚੇ ਕੋਟ, ਮਾਟੀ ਖ਼ਾਕੀ ਸੋਭਾ ਪਾਈਆ । ਸਰਵਣ ਕਹਿਣ ਕਿਉਂ ਹੋਇਆ ਬੋਲਾ, ਸਤਿ ਆਵਾਜ਼ ਨਾ ਕੋਇ ਸੁਣਾਈਆ । ਜਗਤ ਕਰਮਾਂ ਕੀਤਾ ਢੋਰਾ, ਸਮਝ ਕੋਇ ਨਾ ਆਈਆ । ਸਤਿਗੁਰ ਪੂਰਾ ਮਿਹਰਵਾਨ ਜੇ ਕਰਮ ਕਟੇ ਥੋੜਾ ਥੋੜਾ, ਹੌਲੀ ਹੌਲੀ ਸਭ ਕੁਛ ਦਏ ਬਦਲਾਈਆ । ਅੰਦਰ ਆਤਮ ਪਰਮਾਤਮ ਸਚ ਸੁਣਾਏ ਸ਼ਬਦ ਘਨਘੋਰਾ, ਅਨੁਰਾਗੀ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕੰਨ ਕਹਿਣ ਸਾਨੂੰ ਨਹੀਂ ਕੁਛ ਸੁਣਦਾ, ਆਵਾਜ਼ ਅੰਦਰ ਨਾ ਕੋਇ ਸਮਝਾਈਆ । ਪਤਾ ਨਹੀਂ ਆਪਣੇ ਗੁਣ ਅਵਗੁਣ ਦਾ,

ਕੀ ਕਰਨੀ ਲਈ ਕਮਾਈਆ । ਅੰਦਰ ਇਸ਼ਾਰਾ ਨਹੀਂ ਸਾਚੀ ਧੁਨ ਦਾ, ਬਾਹਰੋਂ ਭਰਮ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਕੰਨ ਕਹਿਣ ਸਾਡੀ ਕੋਈ ਨਹੀਂ ਸੁਣੀਤ, ਸਮਝ ਬੇਸਮਝ ਨਾ ਕੋਇ ਸਮਝਾਈਆ । ਹਰਿ ਕਾ ਨਾਮ ਸਰਵਨ ਨਾ ਹੋਏ ਸੰਗੀਤ, ਧੁਰ ਦੀ ਧਾਰ ਨਾ ਕੋਇ ਦ੍ਰਿੜਾਈਆ । ਕਾਇਆ ਮਾਟੀ ਪੰਜ ਤਤ ਹੋਏ ਨਾ ਠਾਂਡੀ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਰਵਣ ਕਹਿਣ ਸਾਡਾ ਪਿਛਲਾ ਕੋਈ ਹਿਸਾਬ, ਵੇਲਾ ਅਰਜਨ ਚੇਤੇ ਆਈਆ । ਜਿਸ ਵੇਲੇ ਮਾਰੀ ਹਰਿ ਗੋਬਿੰਦ ਆਵਾਜ਼, ਪ੍ਰੇਮ ਨਾਲ ਬੁਲਾਈਆ । ਓਸ ਵੇਲੇ ਝੀਵਰ ਜਾਮਾ ਹੱਥ ਵਿਚ ਪਾਣੀ ਫੜ ਕੇ ਰਖਦਾ ਸੀ ਗਲਾਸ, ਖ਼ੁਸ਼ੀਆਂ ਨਾਲ ਸੇਵ ਕਮਾਈਆ । ਇਕ ਦਿਨ ਮਨ ਅੰਦਰ ਬੈਠਾ ਸੀ ਉਦਾਸ, ਰੁਚੀ ਜਗਤ ਵਿਚ ਲਗਾਈਆ । ਓਧਰੋਂ ਸਤਿਗੁਰ ਦਿਤਾ ਆਖ, ਸੰਤੂ ਪਾਣੀ ਲਿਆ ਛੇਤੀ ਭਾਈਆ । ਉਸ ਨੇ ਕੋਈ ਨਾ ਦਿਤਾ ਜਵਾਬ, ਮਨਸਾ ਮਨ ਨਾ ਕੋਈ ਰਖਾਈਆ । ਓਹਨਾਂ ਹੱਸ ਕੇ ਕਿਹਾ ਬੋਲਿਆ ਕੀ ਲੈਂਦਾ ਖ਼ੁਆਬ, ਸੁਰਤੀ ਕਿਧਰ ਲਗਾਈਆ । ਫੇਰ ਉਠ ਕੇ ਕਿਹਾ, ਕੀ ਕਿਹਾ ਜਨਾਬ, ਮੈਨੂੰ ਦਿਓ ਸਮਝਾਈਆ । ਓਹਨਾਂ ਕਿਹਾ ਪਾਣੀ ਲਿਆ ਸ਼ਤਾਬ, ਜਲ ਸੋਹਣਾ ਇਕ ਭਰਾਈਆ । ਅਗਲਾ ਲੇਖਾ ਹੋਰ ਤੇਰਾ ਲਿਖ ਦਿਤਾ ਸਚੀ ਕਿਤਾਬ, ਜਿਥੋਂ ਮੇਟੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਵਖਾਈਆ । ਪੂਰਬ ਲੇਖਾ ਜਾਣੀ ਜਾਣ, ਅੰਤਰ ਹੈਰਾਨੀ ਆਈਆ । ਕਿਰਪਾ ਕਰ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਮੈਨੂੰ ਪਾਣੀ ਦੇ ਪਿੱਛੇ ਇਹ ਕੀ ਦਿਤਾ ਦਾਨ, ਤੇਰਾ ਜਸ ਸਰਵਣ ਸੁਣਨ ਕੋਇ ਨਾ ਪਾਈਆ । ਹਰਿ ਗੋਬਿੰਦ ਹਸ ਕੇ ਕਿਹਾ ਕਿਉਂ ਲੱਗਾ ਪਛਤਾਣ, ਤੈਨੂੰ ਦਿਆਂ ਦ੍ਰਿੜਾਈਆ । ਕਲਜੁਗ ਅੰਤਮ ਫੇਰ ਬਣਨਾ ਤੂੰ ਇਨਸਾਨ ਤੋਂ ਇਨਸਾਨ, ਮਾਣਸ ਵਿਚੋਂ ਮਾਣਸ ਜਨਮ ਬਦਲਾਈਆ । ਓਸ ਵੇਲੇ ਕਿਰਪਾ ਕਰੇ ਸ੍ਰੀ ਭਗਵਾਨ, ਜੋਤੀ ਜਾਤਾ ਵੇਖ ਵਖਾਈਆ । ਤੇਰੇ ਬੰਦ ਕੰਨਾਂ ਦਾ ਵੇਖੇ ਆਣ ਨਿਸ਼ਾਨ, ਨਾਦਾਨ ਸੋਇਆ ਲਏ ਉਠਾਈਆ । ਲੇਖਾ ਮੁਕ ਜਾਏ ਵਿਚ ਜਹਾਨ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਪਿਛਲਾ ਲਹਿਣਾ ਸਤਿਗੁਰ ਲੇਖਾ, ਬਿਨ ਹਰਿ ਮੇਟ ਨਾ ਕੋਇ ਮਿਟਾਈਆ । ਜਗਤ ਮਾਇਆ ਕਰ ਕੇ ਤੈਨੂੰ ਨਹੀਂ ਚੇਤਾ, ਆਤਮ ਪਰਦਾ ਨਾ ਕੋਇ ਉਠਾਈਆ । ਅਠਾਠ ਸਾਲ ਪਿਆ ਭੁਲੇਖਾ, ਅਠਸਠ ਮੈਲ ਨਾ ਕੋਇ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਬੇਪਰਵਾਹੀਆ । ਅਠਾਠ ਸਾਲ ਕਹਿਣ ਅਸੀਂ ਤਤ ਅੱਠ, ਨੌ ਦਵਾਰ ਧਿਆਨ ਲਗਾਈਆ । ਨਾਵਾਂ ਕਹੇ ਮੈਨੂੰ ਸੁਣਨ ਲੱਗਾ ਕੁਛ ਘਟ, ਕਿਸੇ ਅੰਦਰੋਂ ਦਿਤਾ ਬੰਦ ਕਰਾਈਆ । ਇਕ ਦਿਨ ਵੱਜੀ ਅਗੰਮੀ ਸੱਟ, ਰਾਤੀਂ ਸੁਫ਼ਨੇ ਵਿਚ ਸਮਝਾਈਆ । ਓਸ ਦਿਨ ਸਮਝ ਨਹੀਂ ਸਕਿਆ ਕੀ ਖੇਲ ਕਰੇ ਸਮਰਥ, ਭੁਲ ਵਿਚ ਵੇਲਾ ਦਿਤਾ ਗਵਾਈਆ । ਰਾਤੀਂ ਸਾਢੇ ਗਿਆਰਾਂ ਵਜੇ ਓਸ ਰਾਤ ਤੇਰੀ ਰੜਕ ਪਈ ਸੀ ਵਿਚ ਅੱਖ, ਥੋੜੀ ਥੋੜੀ ਪੀੜ ਰਖਾਈਆ । ਜਿਸ ਵੇਲੇ ਸੱਜਾ ਪਾਸਾ ਲਿਆ ਸੀ ਵਟ, ਹੌਲੀ ਜਿਹੀ ਆਵਾਜ਼ ਦੋਹਾਂ ਕੰਨਾਂ ਵਿਚ ਸੁਣਾਈਆ । ਫੇਰ ਪਿੱਛੇ ਗਿਆ ਹਟ, ਪਰਦਾ ਓਹਲਾ ਵਿਚ ਟਿਕਾਈਆ । ਜਿਸ ਦਾ ਇਲਾਜ ਅਜੇ ਤੱਕ ਨਹੀਂ ਸਕਿਆ ਲੱਭ, ਕੂੜੀ ਮੈਲ ਸਾਫ ਨਾ ਕੋਇ ਕਰਾਈਆ । ਜੇ ਕਿਰਪਾ ਕਰੇ ਪੁਰਖ ਸਮਰਥ, ਸਾਹਿਬ ਦਿਆਲ

੩੫੬

ਹੋਏ ਸਹਾਈਆ । ਫਿਰ ਸੁਣਨ ਲਗ ਪਏ ਝੱਟ, ਮਿੰਟ ਦੇਰ ਨਾ ਲਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲੇ ਪੂਰਬ ਜਨਮ ਦਾ ਲਹਿਣਾ, ਹਰਿਗੋਬਿੰਦ ਦਾ ਕਹਿਣਾ, ਹਰਿਸੰਗਤ ਦਾ ਵੇਖਣਾ ਨੈਣਾ, ਨੈਣਾ ਨੈਣਾ ਨਾਲ ਮਿਲਾਈਆ ।

### ❋ ੨੯ ਮਾਘ ੨੦੨੧ ਬਿਕ੍ਰਮੀ ਪਾਖਰ ਸਿੰਘ ਦੇ ਗ੍ਰਹਿ ਪਿੰਡ ਮੋਹੀ ਜ਼ਿਲਾ ਲੁਧਿਆਣਾ ❋

ਸਦੀ ਵੀਹਵੀਂ ਕਹੇ ਸੁਣ ਬੇਪਰਵਾਹ, ਸਚਖੰਡ ਨਿਵਾਸੀ ਆਪਣਾ ਧਿਆਨ ਲਗਾਈਆ । ਸਦੀ ਚੌਧਵੀਂ ਪੰਧ ਰਹੀ ਮੁਕਾ, ਭੱਜੀ ਵਾਹੋ ਦਾਹੀਆ । ਕਲਜੁਗ ਚਾਰੋਂ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗੰਬਰ ਪੱਲੂ ਗਏ ਛੁਡਾ, ਸਾਖ਼ਿਆਤ ਸਨਮੁਖ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨੇਤਰ ਰੋਵਣ ਮਾਰਨ ਧਾਹ, ਮਨ ਵਾਸਨਾ ਸਾਰੇ ਰਹੇ ਕੁਰਲਾਈਆ । ਜੂਠ ਝੂਠ ਕੂੜ ਕੁੜਿਆਰ ਘਰ ਘਰ ਡੇਰਾ ਬੈਠਾ ਲਾ, ਮਾਇਆ ਮਮਤਾ ਹਉਮੇ ਹੰਗਤਾ ਰੋਗ ਨਾ ਕੋਇ ਗਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਅੱਖ ਨਾ ਸਕੇ ਖੁਲ੍ਹਾ, ਖਾਣੀ ਬਾਣੀ ਹੁਕਮ ਨਾ ਕੋਇ ਵਰਤਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਕੋਈ ਨਾ ਸਕੇ ਗਾ, ਅਗੰਮੀ ਧੁਨ ਨਾਦ ਨਾ ਕੋਇ ਜਣਾਈਆ । ਸਤਿ ਪਰਕਾਸ਼ ਪੁਰਖ ਅਬਿਨਾਸ਼ੀ ਨਿਰਮਲ ਜੋਤ ਸਕੇ ਨਾ ਕੋਈ ਜਗਾ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਅਨਾਦ ਅਨਾਦੀ ਸ਼ਬਦ ਅਗੰਮੀ ਸਕੇ ਨਾ ਕੋਈ ਸੁਣਾ, ਧੁਨ ਆਤਮਕ ਰਾਗ ਨਾ ਕੋਇ ਅਲਾਈਆ । ਅੰਮ੍ਰਿਤ ਆਤਮ ਜਾਮ ਸਕੇ ਨਾ ਕੋਈ ਪਿਆ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਘਰ ਦੀਪਕ ਜੋਤੀ ਸਕੇ ਨਾ ਕੋਇ ਜਗਾ, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਆਤਮ ਪਰਮਾਤਮ ਸਕੇ ਨਾ ਕੋਇ ਮਿਲਾ, ਇਕੋ ਰੰਗ ਨਾ ਕੋਇ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਸਾਰੇ ਢੋਲੇ ਰਹੇ ਗਾ, ਗਹਿਰ ਗੰਭੀਰ ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਵੀਹਵੀਂ ਕਹੇ ਮੈਂ ਵੇਖਿਆ ਜਗਤ ਅੰਧੇਰਾ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਕਿਸੇ ਨਾ ਚੁਕੇ ਤੇਰਾ ਮੇਰਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਦਰ ਦਰ ਘਰ ਘਰ ਚਾਰ ਕੁੰਟ ਦਹਿ ਦਿਸ਼ਾ ਧਰਨੀ ਧਰਤ ਧਵਲ ਉਤੇ ਕੋਟਨ ਕੋਟ ਸਾਧਾਂ ਲਾਇਆ ਡੇਰਾ, ਬੈਠੇ ਜਗਤ ਧੂਣੀਆਂ ਤਾਈਆ । ਤੇਰੇ ਨਾਲ ਮਿਲ ਕੇ ਪ੍ਰਭੂ ਕਿਸੇ ਨਾ ਦਿਤਾ ਸਚ ਸੁਨੇਹੜਾ, ਚਾਰ ਜੁਗ ਦੀ ਪਿਛਲੀ ਬਾਣੀ ਸਾਰੇ ਰਹੇ ਸੁਣਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਸੋਹਣਾ ਵਸਿਆ ਕੋਈ ਨਾ ਖੇੜਾ, ਮਹਲ ਅਟਲ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਸਦੀ ਵੀਹਵੀਂ ਕਹੇ ਪ੍ਰਭ ਵੇਖ ਅੰਧੇਰੀ ਰੈਣ, ਸਾਚੀ ਰੁਤੜੀ ਰੁਤ ਨਾ ਕੋਇ ਸੁਹਾਈਆ । ਸਚ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਨਿਰੰਕਾਰ ਮੈਂ ਤੈਨੂੰ ਆਈ ਕਹਿਣ, ਬਣ ਨਿਮਾਣੀ ਇਕੋ ਅਲਖ ਜਗਾਈਆ । ਤੇਰੀ ਸ੍ਰਿਸ਼ਟੀ ਬਿਨ ਦ੍ਰਿਸ਼ਟੀ ਰੁੜ੍ਹਦੀ ਜਾਏ ਡੂੰਘੇ ਵਹਿਣ, ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਰੁੜ੍ਹਾਈਆ । ਸਤਿਗੁਰ ਸ਼ਬਦ ਕਿਸੇ ਨਾ ਮਿਲਿਆ ਸਾਕ ਸੱਜਣ ਸੈਣ, ਸਾਚਾ ਬੰਧਨ ਨਾ ਕੋਇ ਪਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਤਿਗੁਰ ਸ਼ਬਦ ਕਿਸੇ ਨਾ ਆਇਆ ਲੈਣ, ਸੁਰਤ ਸਵਾਣੀ ਸ਼ਬਦ ਹਾਣੀ ਨਰ ਹਰਿ ਕੰਤ ਨਾ ਕੋਇ

ਪਰਨਾਈਆ । ਜਨਮ ਕਰਮ ਦਾ ਚੁਕਾਵੇ ਕੋਈ ਨਾ ਲਹਿਣਾ ਦੇਣ, ਨਿਹਕਰਮੀ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਦੀ ਚੌਧਵੀਂ ਕਹੇ ਮੈਂ ਕਲਜੁਗ ਰੋਂਦੇ ਵੇਖੇ ਸੰਤ, ਅੰਦਰ ਵੜ ਵੜ ਰੋਣ ਦੇਣ ਦੁਹਾਈਆ । ਬਹੁੜੀ ਬਹੁੜੀ ਅਜੇ ਨਾ ਮਿਲਿਆ ਕੰਤ, ਪ੍ਰੀਤਮ ਅੰਗ ਨਾ ਕੋਇ ਲਗਾਈਆ । ਗੁਪਤ ਜ਼ਾਹਰ ਚੜ੍ਹੀ ਨਾ ਕੋਇ ਰੰਗਤ, ਰੰਗ ਚਲੂਲ ਨਾ ਕੋਇ ਵਖਾਈਆ । ਧਾਈਂ ਮਾਰਦੇ ਵੇਖੇ ਪੰਡਤ, ਬ੍ਰਹਮ ਵਿਦਿਆ ਸਮਝ ਕਿਸੇ ਨਾ ਆਈਆ । ਲੇਖਾ ਚੁਕਿਆ ਨਾ ਜੇਰਜ ਅੰਡਜ, ਉਤਭੁਜ ਸੇਤਜ ਪੰਧ ਨਾ ਕੋਇ ਮੁਕਾਈਆ । ਸਾਚਾ ਸਮਝ ਨਾ ਆਇਆ ਮੰਤ, ਮੰਤਵ ਹਲ ਨਾ ਕੋਇ ਕਰਾਈਆ । ਜਿਸ ਦੀਨ ਦਿਆਲ ਪੁਰਖ ਅਕਾਲ ਸ਼ਬਦੀ ਧਾਰ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਈ ਬਣਤ, ਘਾੜਤ ਘੜ ਘੜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਸਦੀ ਵੀਹਵੀਂ ਕਹੇ ਪ੍ਰਭੂ ਮੈਂ ਵੇਖਿਆ ਕੂੜ, ਘਰ ਘਰ ਕਾਇਆ ਮੰਦਰ ਅੰਦਰ ਨਜ਼ਰੀ ਆਈਆ । ਜੋਤੀ ਚਮਕੇ ਨਾ ਤੇਰਾ ਨੂਰ, ਸਚ ਜੋਤ ਨਾ ਕੋਇ ਰੁਸ਼ਨਾਈਆ । ਸ਼ਬਦੀ ਸੁਣੇ ਨਾ ਕੋਇ ਤੂਰ, ਅਨਰਾਗੀ ਰਾਗ ਨਾ ਕੋਇ ਸੁਣਾਈਆ । ਚਤੁਰ ਸੁਘੜ ਨਾ ਬਣੇ ਮੂੜ੍ਹ, ਮੂਰਖ ਮੁਗਧ ਆਪਣੇ ਅੰਗ ਨਾ ਕੋਇ ਲਗਾਈਆ । ਜਿਧਰ ਤੱਕਾਂ ਤੇਰੇ ਮਾਨੁਸ਼ ਤੇਰੇ ਨਾਲੋਂ ਹੋ ਗਏ ਦੂਰ, ਬਜਰ ਕਪਾਟੀ ਪਰਦਾ ਨਾ ਕੋਇ ਉਠਾਈਆ । ਅੰਦਰ ਵੜਿਆ ਜੂਠ ਝੂਠ ਲੋਭ ਹੰਕਾਰ ਗ਼ਰੂਰ, ਗ਼ੁਰਬਤ ਸਕੇ ਨਾ ਕੋਇ ਮਿਟਾਈਆ । ਮਨ ਵਾਸਨਾ ਪਾਇਆ ਫ਼ਤੂਰ, ਫ਼ਤਵਾ ਸਭ ਦੇ ਉਤੇ ਲਾਈਆ । ਘਰ ਵਿਚ ਬੈਠਾ ਕਿਸੇ ਨਜ਼ਰ ਨਾ ਆਇਉਂ ਹਜ਼ੂਰ, ਹਜ਼ਰਤ ਬੈਠਾ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਦੇ ਉਠਾਈਆ । ਸਦੀ ਵੀਹਵੀਂ ਕਹੇ ਮੈਂ ਵੇਖਿਆ ਲੋਕ ਪਰਲੋਕ, ਦੋ ਜਹਾਨ ਧਿਆਨ ਲਗਾਈਆ । ਤੇਰੇ ਨਾਲ ਮਿਲ ਕੇ ਠਾਕਰ ਕੋਈ ਨਾ ਮਾਣੇ ਮੌਜ, ਮਜਲਸ ਸਚ ਨਾ ਕੋਇ ਲਗਾਈਆ । ਸੰਤਾਂ ਅੰਦਰ ਕਲਜੁਗ ਵੇਖਿਆ ਜਗੀ ਨਾ ਸਚੀ ਜੋਤ, ਐਵੇਂ ਅੱਖਰਾਂ ਵਾਲੀ ਕਰ ਕਰ ਥੱਕੇ ਪੜ੍ਹਾਈਆ । ਸਚ ਦਵਾਰੇ ਹਰਿ ਨਿਰੰਕਾਰੇ ਕਿਸੇ ਨਾ ਆਈ ਸੋਚ, ਸਮਝ ਹਕ ਨਾ ਕੋਇ ਦ੍ਰਿੜਾਈਆ । ਹਉਮੇ ਹੰਗਤਾ ਲੱਗਾ ਵੇਖਿਆ ਰੋਗ, ਤਬੀਬ ਸਚ ਨਾ ਕੋਇ ਮਿਲਾਈਆ । ਤੇਰੇ ਵਿਛੋੜੇ ਦਾ ਜਗਤ ਵਿਜੋਗ, ਭੁੱਲੀ ਭਰਮ ਲੋਕਾਈਆ । ਲੱਖ ਚੁਰਾਸੀ ਵਿਚੋਂ ਬਿਨ ਭਗਤਾਂ ਹੋਇਆ ਨਾ ਕਿਸੇ ਦਾ ਸੰਜੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤੇ ਦੇ ਸਮਝਾਈਆ । ਹਰਿ ਕਰਤੇ ਦੱਸ ਸ੍ਰੀ ਭਗਵਾਨ, ਦਰ ਠਾਂਡੇ ਮੰਗ ਮੰਗਾਈਆ । ਸਾਚਾ ਦਿਸੇ ਨਾ ਕਿਸੇ ਨਿਸ਼ਾਨ, ਮਹਲ ਅਟਲ ਸੋਭਾ ਕੋਇ ਨਾ ਪਾਈਆ । ਤੇਰੇ ਨਾਲ ਮਿਲ ਕੇ ਆਤਮ ਪਰਮਾਤਮ ਲਾਏ ਨਾ ਕੋਈ ਦੀਵਾਨ, ਢੋਲਾ ਹਕ ਨਾ ਕੋਇ ਸੁਣਾਈਆ । ਸਾਰੇ ਸੁਣਨ ਵਾਲੇ ਨਾਲ ਕਾਨ, ਅੰਦਰ ਵੜ ਕੇ ਨਾਦ ਨਾ ਕੋਇ ਵਜਾਈਆ । ਰਸਨਾ ਨਾਲ ਕਰਨ ਵਾਲੇ ਕਲਿਆਣ, ਕਾਇਆ ਕਾਅਬਾ ਖੋਜ ਨਾ ਕੋਇ ਵਖਾਈਆ । ਦੂਸਰਿਆਂ ਨੂੰ ਦੱਸਣ ਵਾਲੇ ਭਗਵਾਨ, ਆਪ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਪੁਰਖ ਅਕਾਲ ਕਹੇ ਸੁਣ ਸਦੀ ਬੀਸ, ਸਤਿ ਸਚ ਦਿਆਂ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲਿਖ ਕੇ ਗਏ ਠੀਕ, ਭਵਿਖਤਾਂ ਵਿਚ ਜਣਾਈਆ । ਸੋ ਵੇਲਾ ਵਕਤ ਆਇਆ ਨਜ਼ਦੀਕ, ਸਾਰੇ ਅਕੱਠੇ ਹੋ ਕੇ ਦੇਣ ਗਵਾਹੀਆ । ਸਾਡੇ ਵਿਚ ਰਹੀ ਨਾ ਕੋਇ ਤੌਫ਼ੀਕ, ਤੋਬਾ ਤੋਬਾ ਕਰ ਕੇ ਦੇਣ

ਸੁਣਾਈਆ । ਕਿਰਪਾ ਕਰ ਲਾਸ਼ਰੀਕ, ਵਾਹਿਦ ਪੀਰ ਤੇਰੀ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਕਰਦੇ ਗਏ ਉਡੀਕ, ਕਲਮਿਆਂ ਵਿਚ ਸਿਫ਼ਤ ਸਾਲਾਹੀਆ । ਗੁਰ ਅਵਤਾਰ ਕਰਨ ਤਸਦੀਕ, ਹਾਜ਼ਰ ਹੋ ਕੇ ਦੇਣ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਅਵੱਲੜੀ ਰੀਤ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਸਮਝਾਈਆ । ਜੋ ਭਗਤ ਸੁਹੇਲਾ ਇਕ ਅਕੇਲਾ ਧੁਰ ਅਗੰਮਾ ਸੁਣਾਵੇ ਗੀਤ, ਗੋਬਿੰਦ ਦਾਤਾ ਬੇਪਰਵਾਹੀਆ । ਲੇਖਾ ਮੁਕਾਵਣਹਾਰਾ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਸਾਚਾ ਕਲਮਾ ਦਏ ਇਕ ਹਦੀਸ, ਕਰੇ ਕਰਾਏ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਸਦੀ ਵੀਹਵੀਂ ਮੈਂ ਲੱਗੀ ਵੇਖੀ ਅੱਗ, ਨਵ ਨੌ ਚਾਰ ਨਜ਼ਰੀ ਆਈਆ । ਸਾਚਾ ਕਰੇ ਨਾ ਕੋਈ ਹੱਜ, ਹੁਜਰਾ ਹਕ ਨਾ ਕੋਈ ਸਾਲਾਹੀਆ । ਸਾਚੇ ਮੰਦਰ ਵੜੇ ਕੋਇ ਨਾ ਨਠ, ਬੰਕ ਦਵਾਰੇ ਸੋਭਾ ਕੋਇ ਨਾ ਪਾਈਆ । ਸਚ ਇਸ਼ਨਾਨ ਕਰੇ ਨਾ ਕੋਈ ਅਠਸਠ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਚਾ ਨਾਦ ਨਾ ਵਜਾਏ ਕੋਈ ਅਨਹਦ, ਧੁਰ ਦੀ ਧਾਰ ਨਾ ਕੋਇ ਸਮਝਾਈਆ । ਸਾਚਾ ਅੰਮ੍ਰਿਤ ਦੇਵੇ ਕੋਈ ਨਾ ਝੱਟ, ਅਮਿਉਂ ਰਸ ਜਾਮ ਨਾ ਕੋਇ ਪਿਆਈਆ । ਸਾਚੀ ਜੋਤ ਕਰੇ ਨਾ ਕੋਈ ਪਰਗਟ, ਜਲਵਾ ਨੂਰ ਨਾ ਕੋਇ ਵਖਾਈਆ । ਚਾਰੋਂ ਕੁੰਟ ਵੇਖੇ ਖੁਲ੍ਹੇ ਹੱਟ, ਹਰਿ ਕਾ ਨਾਮ ਝੋਲੀ ਕੋਇ ਨਾ ਪਾਈਆ । ਨਾਨਕ ਕਬੀਰ ਦੇ ਕਹਿਣੇ ਰਹੇ ਦੱਸ, ਆਪਣੀ ਰਮਜ਼ ਨਾ ਕੋਇ ਲਗਾਈਆ । ਜਿਨ੍ਹਾਂ ਦਾ ਆਦਿ ਜੁਗਾਦਿ ਜੁਗ ਚੌਕੜੀ ਮੇਲ ਹੋਇਆ ਨਾਲ ਪੁਰਖ ਸਮਰਥ, ਸੋ ਸੋਹਲੇ ਸਚ ਦੇਣ ਸਮਝਾਈਆ । ਓਹਨਾਂ ਦੇ ਕੋਲ ਇਕੋ ਪ੍ਰਭ ਮਿਲਣ ਦੀ ਅੱਖ, ਦੋਏ ਲੋਚਣ ਬੈਠਣ ਬੰਦ ਕਰਾਈਆ । ਸਚ ਦਵਾਰੇ ਜਾਵਣ ਵਸ, ਜਿਥੇ ਸਾਹਿਬ ਪੁਰਖ ਸਮਰਥ, ਜੋਤੀ ਨੂਰ ਇਕ ਪਰਕਾਸ਼, ਦੂਜਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਪੁਰਖ ਅਕਾਲ ਕਹੇ ਮੈਂ ਸਦੀ ਵੀਹਵੀਂ ਸ੍ਰਿਸ਼ਟੀ ਵੇਖੀ ਸਭ, ਲੱਖ ਚੁਰਾਸੀ ਖੋਜ ਖੁਜਾਈਆ । ਕੋਈ ਨਾ ਕਰੇ ਪਾਰ ਹਦ, ਨੌਂ ਦਰ ਡੇਰਾ ਕੋਇ ਨਾ ਢਾਹੀਆ । ਕੋਈ ਨਾ ਸਾਚੀ ਮੰਜ਼ਲ ਚੜ੍ਹੇ ਭੱਜ, ਬਿਨ ਕ਼ਦਮਾਂ ਪੰਧ ਮੁਕਾਈਆ । ਕੋਈ ਨਾ ਦਰਸ਼ਨ ਕਰੇ ਰਜ, ਸਨਮੁਖ ਹੋ ਕੇ ਖ਼ੁਸ਼ੀ ਮਨਾਈਆ । ਕੋਈ ਨਾ ਆਤਮ ਪਰਮਾਤਮ ਮਿਲ ਕੇ ਪਏ ਵਸ, ਕਾਇਆ ਖੇੜਾ ਸੋਭਾ ਪਾਈਆ । ਤੇਰਾ ਮੇਰਾ ਹੋ ਕੇ ਗਾਵੇ ਜਸ, ਢੋਲਾ ਇਕੋ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਦੀ ਵੀਹਵੀਂ ਕਹੇ ਪ੍ਰਭੂ ਮੈਂ ਵੇਖੀ ਜਗਤ ਵਹੀਰ, ਕਲਜੁਗ ਕੂੜਾ ਭੱਜੇ ਵਾਹੋ ਦਾਹੀਆ । ਸਾਚਾ ਨਜ਼ਰ ਨਾ ਆਏ ਕੋਈ ਪੈਗ਼ੰਬਰ ਪੀਰ, ਹਸਤਗੀਰ ਦਸਤ ਨਾ ਕੋਇ ਮਿਲਾਈਆ । ਸੰਤ ਸਾਜਣ ਦੇਵੇ ਕੋਈ ਨਾ ਧੀਰ, ਮਨ ਸ਼ਾਂਤ ਨਾ ਕੋਇ ਕਰਾਈਆ । ਦੀਨ ਮਜ਼੍ਹਬ ਸ਼ਰਅ ਦੇ ਤੋੜੇ ਨਾ ਕੋਇ ਜ਼ੰਜੀਰ, ਊਚ ਨੀਚ ਡੇਰਾ ਕੋਇ ਨਾ ਢਾਹੀਆ । ਜਨਮ ਵਿਚੋਂ ਜਨਮ ਦੀ ਬਦਲੇ ਨਾ ਕੋਇ ਤਕਦੀਰ, ਮਿਹਰ ਨਜ਼ਰ ਨਾਲ ਨਾ ਕੋਇ ਤਰਾਈਆ । ਘਰ ਸਰੋਵਰ ਅੰਮ੍ਰਿਤ ਬਖ਼ਸ਼ੇ ਕੋਈ ਨਾ ਨੀਰ, ਅਠਸਠ ਸਾਰੇ ਰਹੇ ਫਿਰਾਈਆ । ਸਾਚੀ ਚੋਟੀ ਮੰਜ਼ਲ ਚੜ੍ਹੇ ਨਾ ਕੋਇ ਅਖ਼ੀਰ, ਬਿਨ ਅੱਖਰਾਂ ਕਰੇ ਨਾ ਕੋਇ ਪੜ੍ਹਾਈਆ । ਪੁਰਖ ਅਕਾਲ ਦੀਨ ਦਿਆਲ ਤੂੰ ਇਕ ਪਾਤਸ਼ਾਹ ਇਕ ਸ਼ਬਦ ਤੇਰਾ ਵਜ਼ੀਰ, ਗੁਰੂ ਪੀਰ ਅਵਤਾਰ ਪੈਗੰਬਰ ਰਈਅਤ ਨਜ਼ਰੀ ਆਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, । ਸਦੀ ਵੀਹਵੀਂ ਕਹੇ ਮੈਂ ਚਾਰ ਜੁਗ ਰਹੀ ਤਕਦੀ, ਜੁਗ ਚੌਕੜੀ ਧਿਆਨ ਲਗਾਈਆ । ਮੈਂ ਵਿਸ਼ਨੂੰ ਦੀ ਆਸਾ ਵੇਖੀ ਮੰਗਦੀ, ਬ੍ਰਹਮੇ ਦੀ ਤ੍ਰਿਸ਼ਨਾ ਝੋਲੀ ਰਹੀ ਡਾਹੀਆ । ਸ਼ੰਕਰ ਦੇ ਮੱਥੇ ਤੇਰੇ ਚਰਨਾਂ ਦੀ ਧੂੜ ਵੇਖੀ ਲਗਦੀ, ਜੋ ਨਿਉਂ ਨਿਉਂ ਲਾਗੇ ਪਾਈਆ । ਤ੍ਰੈਗੁਣ ਤੇਰੇ ਚਰਨਾਂ ਵੇਖੀ ਢਠਦੀ, ਦੋਏ ਜੋੜ ਜੋੜ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਚੁਕਾਈਆ । ਸਦੀ ਵੀਹਵੀਂ ਕਹੇ ਮੈਂ ਤੇਈ ਅਵਤਾਰਾਂ ਸੁਣਦੀ ਰਹੀ ਵਾਕ, ਜੋ ਅੰਤਰ ਅੰਤਰ ਰਹੇ ਜਣਾਈਆ । ਸਾਰੇ ਦੱਸਦੇ ਰਹੇ ਭਵਿਖਤ ਸਾਚ, ਆਪਣੀ ਆਪਣੀ ਰਮਜ਼ ਲਗਾਈਆ । ਓਟ ਰਖਦੇ ਰਹੇ ਤੇਰੀ ਪੁਰਖ ਅਬਿਨਾਸ਼, ਪਾਰਬ੍ਰਹਮ ਤੇਰੀ ਸਰਨਾਈਆ । ਜਿਸ ਵੇਲੇ ਸਾਹਿਬ ਸੁਲਤਾਨ ਆਵੇ ਕਮਲਾਪਾਤ, ਦੋ ਜਹਾਨਾਂ ਮਾਲਕ ਫੇਰਾ ਪਾਈਆ । ਸਭ ਦਾ ਲਹਿਣਾ ਮੇਟੇ ਹਿਸਾਬ, ਪਿਛਲਾ ਲੇਖਾ ਬਿਬਾਕ ਕਰਾਈਆ । ਅਗੇ ਭਗਤਾਂ ਖੋਲ੍ਹ ਕੇ ਤਾਕ, ਪਰਦਾ ਦਏ ਉਠਾਈਆ । ਆਤਮ ਪਰਮਾਤਮ ਜੋੜ ਕੇ ਨਾਤ, ਸੁਰਤੀ ਸ਼ਬਦ ਨਾਲ ਮਿਲਾਈਆ । ਨਾਮ ਸੁਣਾ ਕੇ ਬੋਧ ਅਗਾਧ, ਅਨਹਦ ਰਾਗ ਦਏ ਵਡਿਆਈਆ । ਫੜ ਫੜ ਹੰਸ ਬਣਾਏ ਆਪੇ ਕਾਗ, ਮਾਣਕ ਮੋਤੀ ਚੋਗ ਚੁਗਾਈਆ । ਘਰ ਦੀਪ ਜਗਾ ਕੇ ਚਿਰਾਗ਼, ਜੋਤ ਨੂਰ ਕਰੇ ਰੁਸ਼ਨਾਈਆ । ਜੁਗ ਚੌਕੜੀ ਦਾ ਵਿਛੜਿਆ ਮਿਲੇ ਹਰਿ ਕੰਤ ਸੁਹਾਗ, ਧੁਰ ਸੰਜੋਗੀ ਹੋ ਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਦੀ ਵੀਹਵੀਂ ਕਹੇ ਮੈਂ ਪੈਗ਼ੰਬਰ ਵੇਖੇ ਰਾਹ ਤਕਦੇ, ਮੁਕਾਮੇ ਹਕ ਧਿਆਨ ਲਗਾਈਆ । ਕਲਮਿਆਂ ਵਿਚ ਵੇਖੇ ਦੱਸਦੇ, ਸ਼ਰਅ ਨਾਲ ਸਮਝਾਈਆ । ਖੇਲ ਤਕੇ ਓਸ ਜਨਾਬ ਹਕ ਦੇ, ਜੋ ਮਹਿਬੂਬ ਬੇਪਰਵਾਹੀਆ । ਚੌਦਾਂ ਲੋਕ ਜਿਸ ਦੇ ਚਰਨਾਂ ਹੇਠ ਵਸਦੇ, ਚੌਦਾਂ ਵਿਦਿਆ ਸਮਝ ਕੋਇ ਨਾ ਪਾਈਆ । ਅਲਿਫ਼ ਯੇ ਅੰਜੀਲ ਕੁਰਾਨਾ ਆਖ ਕੁਛ ਨਾ ਸਕਦੇ, ਤੁਆਰਫ਼ ਵਿਚ ਨਾ ਕੋਇ ਲੋਕਾਈਆ । ਅਗੰਮੀ ਖੇਲ ਪੁਰਖ ਸਮਰਥ ਦੇ, ਅਲਖ ਅਗੋਚਰ ਆਪ ਕਰਾਈਆ । ਅਸੀਂ ਨਟੂਏ ਹੋ ਕੇ ਨਚਦੇ, ਹੁਕਮੇ ਅੰਦਰ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਦੀ ਵੀਹਵੀਂ ਕਹੇ ਮੈਂ ਗੁਰੂਆਂ ਦਾ ਵੇਖਿਆ ਭਵਿਖਤ, ਜੋ ਧੁਰ ਸੰਦੇਸ਼ੇ ਗਏ ਸੁਣਾਈਆ । ਕਲਮ ਸ਼ਾਹੀ ਦੀ ਵੇਖੀ ਲਿਖਤ, ਜੋ ਕਾਗ਼ਜ਼ਾਂ ਉਤੇ ਦਏ ਗਵਾਹੀਆ । ਨਿਰਗੁਣ ਦਾ ਜਾਣਿਆ ਸਾਚਾ ਇਸ਼ਟ, ਜੋ ਦ੍ਰਿਸ਼ਟ ਦਏ ਖੁਲ੍ਹਾਈਆ । ਲੇਖਾ ਮੁਕਦਾ ਵੇਖਿਆ ਸਵਰਗ ਬਹਿਸ਼ਤ, ਸਚ ਦਵਾਰਾ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦਏ ਵਡਿਆਈਆ । ਸਦੀ ਚੌਧਵੀਂ ਨਾ ਕਰ ਝਗੜਾ, ਪਰਵਰਦਿਗਾਰ ਦਏ ਸਮਝਾਈਆ । ਅਗਲਾ ਲੇਖਾ ਵੇਖ ਕਰੜਾ, ਨੁਕਤਿਆਂ ਨਾਲੋਂ ਨੁਕਤਿਆਂ ਦੀ ਹੋਏ ਜੁਦਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵੇਖਣਹਾਰਾ ਦੋ ਜਹਾਨ ਖਰੜਾ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਕਲਜੁਗ ਜੀਵ ਮਨ ਵਾਸਨਾ ਹੋਇਆ ਝਲੜਾ, ਬੁਧਿ ਬਿਬੇਕ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਰਿਹਾ ਦ੍ਰਿੜਾਈਆ । ਸਦੀ ਵੀਹਵੀਂ ਕਹੇ ਪ੍ਰਭੂ ਸ਼ਬਦ ਸੰਦੇਸ਼ਾ ਦਏ ਸਚ ਦਾ, ਬੇਪਰਵਾਹੀ ਆਪ ਸਮਝਾਈਆ । ਦੱਸ ਕਿਹੜਾ ਐਸ ਵੇਲੇ ਬਚਦਾ, ਪੱਲੂ ਮਾਇਆ ਮਮਤਾ ਕੋਲੋਂ ਛੁਡਾਈਆ । ਪੁਰਖ ਅਕਾਲ ਦੀਨ ਦਿਆਲ ਕਿਹਾ ਜਿਸ ਨੂੰ ਮੇਲ ਮੇਰਾ ਤੀਜੀ ਅੱਖ ਦਾ, ਨਿਜ ਨੇਤਰ ਜੋੜ ਜੁੜਾਈਆ । ਉਹ ਕੂੜ ਕੁੜਿਆਰ ਵਿਚ ਨਹੀਂ ਫਸਦਾ,



੩੯੦

ਜੂਠ ਝੂਠ ਨਾ ਕੋਇ ਪਰਨਾਈਆ । ਸਦ ਮੇਰੀ ਪ੍ਰੀਤੀ ਵਿਚ ਪ੍ਰੇਮੀ ਹੋ ਕੇ ਵਸਦਾ, ਵਾਸਤਾ ਇਕੋ ਨਾਲ ਰਖਾਈਆ । ਓਸ ਦਾ ਲੇਖਾ ਮਿਟ ਗਿਆ ਹਰਖ ਸੋਗ ਗ਼ਮ ਦਾ, ਮਾਟੀ ਚੰਮ ਦਮਾਂਦਮ ਝੋਲੀ ਦੇਵੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਸਮਝਾਈਆ । ਸਦੀ ਵੀਹਵੀਂ ਕਹੇ ਪ੍ਰਭੂ ਉਹ ਕੌਣ, ਜੋ ਤੇਰੇ ਪ੍ਰੇਮ ਵਿਚ ਸਮਾਈਆ । ਜਿਸ ਦਾ ਲੇਖਾ ਮਿਟਿਆ ਅਵਣ ਗੌਣ, ਲੱਖ ਚੁਰਾਸੀ ਫੰਦ ਕਟਾਈਆ । ਜਿਸ ਨੂੰ ਸਾਚੀ ਸੇਜਾ ਮਿਲਿਆ ਸੌਣ, ਸਚ ਸਿੰਘਾਸਣ ਸੋਭਾ ਪਾਈਆ । ਪੁਰਖ ਅਕਾਲ ਕਿਹਾ ਜਿਸ ਨੂੰ ਕਿਰਪਾ ਕਰ ਕੇ ਆਪ ਆਵਾਂ ਵਸੌਣ, ਤਨ ਮੰਦਰ ਅੰਦਰ ਸਾਚਾ ਘਰ ਦਿਆਂ ਵਖਾਈਆ । ਉਸ ਦਾ ਪਲੰਘ ਰੰਗੀਲਾ ਆਪ ਆਵਾਂ ਡੌਣ, ਪਾਵਾ ਚੂਲ ਸਮਝ ਕੋਇ ਨਾ ਆਈਆ । ਉਸ ਦੇ ਅੰਦਰ ਮੰਦਰ ਦੀਪਕ ਜੋਤ ਆਵਾਂ ਜਗੌਣ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਓਸ ਦਾ ਢੋਲਾ ਨਿਰਗੁਣ ਹੋ ਕੇ ਆਵਾਂ ਗੌਣ, ਸਰਗੁਣ ਦੇਵਾਂ ਮਾਣ ਵਡਿਆਈਆ । ਓਹਦੇ ਚਰਨਾਂ ਹੇਠ ਦਬਾਵਾਂ ਉਨੰਜਾ ਪੌਣ, ਮਿਹਰ ਨਜ਼ਰ ਇਕ ਉਠਾਈਆ । ਓਸ ਦਾ ਵਾਧਾ ਆਵਾਂ ਵਧੌਣ, ਲੋਕਮਾਤ ਸਿਰ ਆਪਣਾ ਹੱਥ ਟਿਕਾਈਆ । ਅੰਤਮ ਜੋਤੀ ਜੋਤ ਆਵਾਂ ਮਿਲੌਣ, ਨਿਰਗੁਣ ਧਾਰ ਨਿਰਗੁਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸਦੀ ਵੀਹਵੀਂ ਕਹੇ ਪ੍ਰਭੂ ਉਹ ਕਿਹੜਾ ਜਗਤ, ਜਿਸ ਵਿਚ ਦੇਵੇਂ ਮਾਣ ਵਡਿਆਈਆ । ਪ੍ਰਭੂ ਕਿਹਾ ਇਹ ਸੋਹਣਾ ਵਕਤ, ਸੁਹੰਜਣੀ ਘੜੀ ਦਿਆਂ ਸਮਝਾਈਆ । ਜਿਨ੍ਹਾਂ ਦਾ ਹਰਿ ਦੇ ਨਾਲ ਮਿਲਾਪ ਉਹ ਧੁਰ ਦਾ ਬਣ ਗਿਆ ਭਗਤ, ਭਾਵੀ ਨੇੜ ਰਹਿਣ ਨਾ ਪਾਈਆ । ਮੰਜ਼ਲ ਮੁਕਾ ਕੇ ਅਰਸ਼ ਫ਼ਰਸ਼, ਦਰਗਾਹ ਸਾਚੀ ਸੋਭਾ ਪਾਈਆ । ਸਚ ਦਵਾਰੇ ਮਰਦਾਨਾ ਮਰਦ, ਮਹਿਬੂਬ ਨੂਰ ਖ਼ੁਦਾਈਆ । ਸਦੀ ਵੀਹਵੀਂ ਇਹ ਹਰਿ ਦਾ ਖੇਲ ਅਸਚਰਜ, ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਸਮਝਾਈਆ । ਸਦੀ ਵੀਹਵੀਂ ਕਹੇ ਪ੍ਰਭੂ ਤੇਰਾ ਭਗਤ ਚੰਗਾ, ਓਹਦੇ ਵਿਚ ਕੀ ਵਡਿਆਈਆ । ਪੁਰਖ ਅਕਾਲ ਕਿਹਾ ਓਸ ਦੇ ਅੰਤਰ ਨੂਰੀ ਚੰਦਾ, ਜੋ ਹਰਿ ਸੁਵਾਮੀ ਆਪ ਦਿਤਾ ਚਮਕਾਈਆ । ਓਹਦੇ ਅੰਦਰ ਵਗੇ ਧੁਰ ਦੀ ਗੰਗਾ, ਅੰਮ੍ਰਿਤ ਧਾਰਾ ਇਕ ਵਹਾਈਆ । ਓਸ ਦੇ ਅੰਦਰ ਇਕ ਅਗੰਮੀ ਮਰਦੰਗਾ, ਜੋ ਆਪਣਾ ਰਾਗ ਸੁਣਾਈਆ । ਓਹਦੇ ਅੰਦਰ ਸ਼ਬਦੀ ਖੰਡਾ, ਜੋ ਕੂੜੀ ਕਿਰਿਆ ਪਾਰ ਕਰਾਈਆ । ਓਹਦੇ ਅੰਦਰ ਇਕੋ ਡੰਡਾ, ਜਿਸ ਪੌੜੇ ਸਾਚੇ ਦਏ ਚੜ੍ਹਾਈਆ । ਓਹਦੇ ਕੋਲ ਓਹਦੀ ਖੇਲ ਬ੍ਰਹਿਮੰਡਾ, ਬ੍ਰਹਿਮਾਂਡ ਦਏ ਵਖਾਈਆ । ਓਹਦੇ ਕੋਲ ਸਚ ਅਨੰਦਾ, ਨਿਜਾਨੰਦ ਇਕ ਜਣਾਈਆ । ਓਹਦੇ ਕੋਲ ਇਕ ਬਖ਼ਸ਼ੰਦਾ, ਪ੍ਰਭ ਬੈਠਾ ਬੇਪਰਵਾਹੀਆ । ਓਹਦੇ ਕੋਲ ਸੋਹਣਾ ਛੰਦਾ, ਸਚ ਸੰਦੇਸ਼ ਰਿਹਾ ਸੁਣਾਈਆ । ਓਹਨੂੰ ਪਰਮ ਪੁਰਖ ਪਰਮਾਤਮ ਆਪ ਆਪਣੇ ਲਾਇਆ ਅੰਗਾ, ਅੰਗੀਕਾਰ ਇਕ ਹੋ ਜਾਈਆ । ਓਹ ਗੁਰਮੁਖ ਸੰਤ ਸੁਹੇਲਾ ਬਾਹਰੋਂ ਬੰਦਿਆਂ ਵਰਗਾ ਬੰਦਾ, ਅੰਦਰੋਂ ਨੂਰੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਦੀ ਵੀਹਵੀਂ ਕਹੇ ਪ੍ਰਭੂ ਤੇਰੇ ਭਗਤਾਂ ਦਾ ਕਿਹੜਾ ਮਤੁ, ਸਚ ਸਵਾਮੀ ਦੇ ਜਣਾਈਆ । ਅਗੋਂ ਹਸ ਕੇ ਕਿਹਾ ਪੁਰਖ ਸਮਰਥ, ਨਿਰਗੁਣ ਸ਼ਬਦੀ ਢੋਲਾ ਗਾਈਆ । ਉਹ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰੇ ਵਰਨ ਜਾਵਣ ਛਡ, ਅਠਾਰਾਂ ਬਰਨ ਵਿਚ ਨਾ ਆਈਆ । ਝੂਠਾ ਸਮਝਣ ਨਾਤਾ ਕਾਇਆ ਮਾਟੀ ਹੱਡ, ਚੰਮ ਦ੍ਰਿਸ਼ਟੀ ਦਏ ਜਣਾਈਆ ।

ਹਰ ਘਟ ਵੇਖਣ ਆਤਮ ਪਰਮਾਤਮ ਵਸਿਆ ਸਤਿ, ਸਚ ਸਵਾਮੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਸਦੀ ਵੀਹਵੀਂ ਕਹੇ ਪ੍ਰਭੂ ਤੇਰਾ ਭਗਤ ਕਿਹੜਾ, ਕਲਜੁਗ ਅੰਤਮ ਦੇ ਵਖਾਈਆ । ਪੁਰਖ ਅਬਿਨਾਸ਼ੀ ਕਿਹਾ ਜਿਹੜਾ ਨਾਉਂ ਗੌਂਦਾ ਤੇਰਾ ਮੇਰਾ, ਦੂਜਾ ਰਾਗ ਨਾ ਕੋਇ ਅਲਾਈਆ । ਊਚ ਨੀਚ ਛੱਡ ਕੇ ਝੇੜਾ, ਮਨ ਵਾਸਨਾ ਗਿਆ ਮਿਟਾਈਆ । ਕਾਇਆ ਮੰਦਰ ਸੁਹਾ ਕੇ ਖੇੜਾ, ਭਗਤ ਦਵਾਰਾ ਲਿਆ ਖੁਲ੍ਹਾਈਆ । ਕੂੜੀ ਕਿਰਿਆ ਚੁਕਾ ਕੇ ਅੰਧੇਰਾ, ਸਾਚਾ ਦੀਪ ਲਿਆ ਜਗਾਈਆ । ਅੰਦਰ ਖੁਲ੍ਹਾ ਕਰ ਕੇ ਵਿਹੜਾ, ਪੁਰਖ ਅਬਿਨਾਸ਼ੀ ਲਿਆ ਮਨਾਈਆ । ਪੰਚ ਵਿਕਾਰ ਚੁਕਾ ਕੇ ਝੇੜਾ, ਝਗੜਾ ਦਿਤਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਸਮਝਾਈਆ । ਸਦੀ ਵੀਹਵੀਂ ਕਹੇ ਤੇਰੇ ਭਗਤ ਦੀ ਕੀ ਨਿਸ਼ਾਨੀ, ਸਚ ਸਚ ਦੇ ਸਮਝਾਈਆ । ਕੀ ਉਹ ਵਿਦਿਆ ਵਾਲਾ ਵੱਡਾ ਵਿਦਵਾਨੀ, ਜਾਂ ਰਸਨਾ ਵਾਲਾ ਗਿਆਨ ਸੁਣਾਈਆ । ਕੀ ਉਹ ਨਹਾਵਣ ਵਾਲਾ ਵੱਡਾ ਇਸ਼ਨਾਨੀ, ਜਲ ਧਾਰਾ ਸੀਸ ਕਰਾਈਆ । ਕੀ ਉਹ ਵੱਡਾ ਵੇਦ ਪੁਰਾਨੀ, ਪੁਸਤਕ ਪੜ੍ਹ ਪੜ੍ਹ ਜਗਤ ਸੁਣਾਈਆ । ਕੀ ਉਹ ਵੱਡਾ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਅਖਵਾਈਆ । ਪੁਰਖ ਅਕਾਲ ਕਿਹਾ ਇਹ ਸਾਰੀ ਝੂਠ ਕਹਾਣੀ, ਧੁਰ ਦੀ ਧਾਰ ਦ੍ਰਿੜਾਈਆ । ਜਿਸ ਨੂੰ ਇਕੋ ਪੁਰਖ ਅਕਾਲ ਦਾ ਚਰਨ ਧਿਆਨੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਉਹ ਭਗਤ ਤੇ ਮੈਂ ਭਗਵਾਨ ਦੋਹਾਂ ਦੀ ਸਦਾ ਇਕੋ ਜਿਹੀ ਰਹੇ ਜਵਾਨੀ, ਬਿਰਧ ਬਾਲ ਨਾ ਰੂਪ ਵਟਾਈਆ । ਜਨ ਭਗਤ ਭਗਵਾਨ ਬਣੇ ਕੋਈ ਨਾ ਬਾਨੀ, ਸ਼ਬਦੀ ਰੂਪ ਨਾ ਕੋਇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਹੋ ਸੰਦੇਸ਼ਾ ਦੇ ਕੇ ਗਏ ਜ਼ਬਾਨੀ, ਰਾਗਾਂ ਨਾਦਾਂ ਵਿਚ ਵੰਡ ਵੰਡਾਈਆ । ਭਗਤੀ ਨਾਲ ਬਣਨੀ ਨਹੀਂ ਗੱਲ ਅਸਾਨੀ, ਮੁਸ਼ਕਲ ਘਟ ਘਟ ਨਜ਼ਰੀ ਆਈਆ । ਜਿਸ ਵੇਲੇ ਪਰਮ ਪੁਰਖ ਪਰਮਾਤਮ ਆਪ ਕਰੇ ਆਪਣੀ ਮਿਹਰਵਾਨੀ, ਦਇਆ ਦ੍ਰਿਸ਼ਟੀ ਨਾਲ ਆਪਣੇ ਵਿਚ ਮਿਲਾਈਆ । ਉਹ ਬਣੇ ਸੁਚੱਜੀ ਸਵਾਣੀ, ਘਰ ਸਾਚੇ ਬੈਠੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, । ਸਦੀ ਵੀਹਵੀਂ ਕਹੇ ਪ੍ਰਭੂ ਮੇਰੇ ਭੂਪ, ਰਾਜਨ ਰਾਜ ਤੇਰੀ ਸਰਨਾਈਆ । ਮੈਂ ਅੱਖੀਂ ਵੇਖਿਆ ਚਾਰੇ ਕੂਟ, ਦਹਿ ਦਿਸ਼ਾ ਧਿਆਨ ਲਗਾਈਆ । ਹੋਇਆ ਪਰਧਾਨ ਜੂਠ ਝੂਠ, ਵਰਦਾਨ ਕਲਜੁਗ ਝੋਲੀ ਪਾਈਆ । ਸਾਚਾ ਦਿਸੇ ਨਾ ਕੋਇ ਰੂਪ, ਸਤਿ ਸਰੂਪ ਨਾ ਕੋਇ ਸਮਾਈਆ । ਜਗਤ ਦੇ ਮਾਲਕ ਕਰ ਗਏ ਏਥੋਂ ਕੂਚ, ਆਪਣਾ ਪੰਧ ਮੁਕਾਈਆ । ਅਗੇ ਦਵਾਰ ਕਿਸੇ ਨਾ ਸਕੇ ਸੂਝ, ਸਮਝ ਚਲੇ ਨਾ ਕੋਇ ਚਤੁਰਾਈਆ । ਵਿਦਿਆ ਵਾਲੇ ਹੋ ਗਏ ਮੂਰਖ ਮੁਗਧ, ਤੇਰਾ ਦਰਸ ਕੋਇ ਨਾ ਪਾਈਆ । ਮਨ ਮਨਵਾ ਸਭ ਨੂੰ ਕਰ ਰਿਹਾ ਉਲਟ, ਅੰਦਰੋਂ ਲਠ ਭਵਾਈਆ । ਨਾਭ ਕਵਲ ਕਿਸੇ ਦਾ ਕੋਈ ਨਾ ਸਕਿਆ ਪਲਟ, ਝਿਰਨਾ ਨਿਝਰ ਨਾ ਕੋਇ ਝਿਰਾਈਆ । ਪੁਰਖ ਅਕਾਲ ਦੀਨ ਦਿਆਲ ਸਦੀ ਵੀਹਵੀਂ ਸਾਰੇ ਹੋਏ ਲਾਵਲਦ, ਵਾਲਦ ਦਾਤਾ ਨਜ਼ਰ ਕਿਸੇ ਨਾ ਆਈਆ । ਮੈਂ ਵੇਖਿਆ ਅਰਸ਼ ਫ਼ਰਸ਼, ਫ਼ਲਕ ਉਪਰ ਧਿਆਨ ਲਗਾਈਆ । ਕਲਜੁਗ ਜੀਵਾਂ ਦੀ ਦ੍ਰਿਸ਼ਟੀ ਵੇਖਕੇ ਕਿਸੇ ਅਵਤਾਰ ਪੈਗ਼ੰਬਰ ਸੰਤ ਨਾ ਆਇਆ ਤਰਸ, ਨੇੜੇ ਹੋ ਕੇ ਰਹਿਮਤ ਨਾ ਕੋਇ ਕਮਾਈਆ । ਅੰਦਰ ਵੜਕੇ ਕੂੜੀ ਕਿਰਿਆ ਤੋਂ ਸਕੇ ਕੋਈ ਨਾ ਵਰਜ, ਮਨ ਵਾਸਨਾ ਸ਼ਬਦੀ ਡੋਰ ਨਾ ਕੋਇ ਬੰਨ੍ਹਾਈਆ । ਕੋੜ੍ਹਿਆਂ ਕਮਲਿਆਂ ਵੰਡੇ ਕੋਈ ਨਾ ਦਰਦ, ਦੁਖੀਆਂ ਦੁਖ ਝੋਲੀ ਕੋਇ ਨਾ ਪਾਈਆ । ਜਿਧਰ ਵੇਖਾਂ ਕਲਜੁਗ ਕਸਾਈ ਹੱਥ

੩੬੨

ਵਿਚ ਫੜੀ ਕਰਦ, ਮਕਤੂਲਾਂ ਉਤੇ ਰਿਹਾ ਚਲਾਈਆ । ਸਦੀ ਵੀਹਵੀਂ ਕਹੇ ਮੈਂ ਵੀ ਹਾੜਾ ਪਾ ਕੇ ਰਹੀ ਵਰਜ, ਮੇਰੀ ਚਲੇ ਨਾ ਕੋਇ ਚਤੁਰਾਈਆ । ਸ੍ਰੀ ਭਗਵਾਨ ਇਸੇ ਕਰਕੇ ਤੇਰੇ ਅਗੇ ਕੀਤੀ ਅਰਜ਼, ਸਚ ਬੇਨੰਤੀ ਦਿਤੀ ਸੁਣਾਈਆ । ਤੇਰਾ ਨਾਮ ਖੰਡਾ ਅਗੰਮੀ ਖੜਗ, ਦੋ ਜਹਾਨਾਂ ਦਏ ਚਮਕਾਈਆ । ਹੁਕਮ ਨਾਲ ਅੰਦਰੋਂ ਸਾਰਿਆਂ ਦੇ ਵਰਜ, ਬਾਹਰੋਂ ਰਸਨਾ ਵਾਲੀ ਕਰਨੀ ਨਾ ਪਏ ਪੜ੍ਹਾਈਆ । ਤੇਰੇ ਵਰਗਾ ਸੂਰਬੀਰ ਮਰਦਾਨਾ ਨਹੀਂ ਕੋਈ ਮਰਦ, ਮਹਿਬੂਬਾਂ ਦਾ ਮਹਿਬੂਬ ਮੁਹੱਬਤ ਤੇਰੀ ਤੇਰੇ ਵਿਚੋਂ ਨਜ਼ਰੀ ਆਈਆ । ਇਹਨਾਂ ਭਗਤਾਂ ਦਾ ਦੇ ਆਪ ਸਬੂਤ, ਸਭ ਦਾ ਸਿਦਕ ਆਪਣੇ ਨਾਲ ਨਿਭਾਈਆ । ਸਦੀ ਵੀਹਵੀਂ ਹੋਏ ਮੌਜੂਦ, ਮੁਫ਼ਲਿਸਾਂ ਭਿਛਿਆ ਝੋਲੀ ਦੇ ਪਾਈਆ । ਜੇ ਕੋਈ ਮੈਨੂੰ ਨਹੀਂ ਸਕਿਆ ਬੂਝ, ਓਹਨਾਂ ਦੀ ਸੁਰਤੀ ਅੰਦਰੋਂ ਦੇ ਖੁਲ੍ਹਾਈਆ । ਇਕੋ ਦੱਸ ਮੰਜ਼ਲੇ ਮਕਸੂਦ, ਜਿਸ ਘਰ ਬੈਠਾ ਡੇਰਾ ਲਾਈਆ । ਬੇਸ਼ਕ ਤੇਰਾ ਕੋਈ ਤਤ ਨਹੀਂ ਵਜੂਦ, ਵਜੂਦਾਂ ਵਾਲੇ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਲੋਕਮਾਤ ਵਿਚੋਂ ਕਰਦੇ ਨੇਸਤੋ ਨਾਬੂਦ, ਸਚ ਸੁਚ ਧਰਤ ਧਵਲ ਦੇ ਟਿਕਾਈਆ ।

## ❊ ੩੦ ਮਾਘ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਘਰ ਪਿੰਡ ਮੋਹੀ ❊

ਹਰਿ ਸਤਿਗੁਰ ਸ਼ਬਦ ਸਦਾ ਮਿਹਰਵਾਨ ਦੀਨ ਦਿਆਲ, ਦਇਆਨਿਧ ਅਖਵਾਇੰਦਾ । ਜੁਗ ਚੌਕੜੀ ਕਰਦਾ ਰਹੇ ਸੰਭਾਲ, ਲੱਖ ਚੁਰਾਸੀ ਘਟ ਘਟ ਦਰਸ ਵੇਖ ਵਖਾਇੰਦਾ । ਭਗਤ ਸੁਹੇਲੇ ਗੁਰੂ ਗੁਰ ਚੇਲੇ ਸੰਤ ਸੱਜਣ ਲਏ ਉਠਾਲ, ਗੁਰਮੁਖ ਗੁਰਸਿਖ ਆਪਣਾ ਰੰਗ ਰੰਗਾਇੰਦਾ । ਸਾਚੀ ਸਿਖਿਆ ਬੋਧ ਅਗਾਧੀ ਦਏ ਸਿਖਾਲ, ਕੂੜੀ ਕਿਰਿਆ ਮੇਟ ਮਿਟਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਦਿਵਸ ਰੈਣ ਚਲੇ ਨਾਲ, ਸਦਾ ਸੁਹੇਲਾ ਇਕ ਅਕੇਲਾ ਵਿਛੜ ਕਦੇ ਨਾ ਜਾਇੰਦਾ । ਸਤਿ ਸਰੂਪੀ ਸ਼ਾਹੋ ਭੂਪੀ ਲੇਖਾ ਜਾਣ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਆਪਣੀ ਸੇਵ ਕਮਾਇੰਦਾ । ਮਿਤਰ ਪਿਆਰੇ ਸੱਜਣ ਵੇਖੇ ਆਪਣੇ ਲਾਲ, ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਇੰਦਾ । ਸਾਚਾ ਰਸ ਇਹੋ ਅੰਮ੍ਰਿਤ ਨਾਮ ਪਿਆਲਾ ਦਏ ਪਿਆਲ, ਧੁਰ ਖ਼ੁਮਾਰੀ ਇਕ ਚੜ੍ਹਾਇੰਦਾ । ਨਾਤਾ ਤੋੜ ਕੇ ਕਾਲ ਮਹਾਕਾਲ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਸਚਾ ਸਾਹਿਬ ਸੁਲਤਾਨ, ਹਰਿ ਵੱਡਾ ਵਡ ਵਡਿਆਈਆ । ਜੁਗ ਚੌਕੜੀ ਕਰਨਹਾਰ ਕਲਿਆਣ, ਨਿਤ ਨਵਿਤ ਵੇਸ ਵਟਾਈਆ । ਜੋਧਾ ਸੂਰਬੀਰ ਵਡ ਬਲਵਾਨ, ਬਲਧਾਰੀ ਇਕ ਅਖਵਾਈਆ । ਗੁਰਮੁਖਾਂ ਦੇਵੇ ਆਤਮ ਪਰਮਾਤਮ ਸਚ ਗਿਆਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਨਮ ਕਰਮ ਦਾ ਵਿਛੋੜਾ ਕਟੇ ਆਣ, ਨਿਹਕਰਮੀ ਕਰਮ ਕਾਂਡ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਸਦਾ ਰਖਵਾਲਾ, ਨਿਤ ਨਵਿਤ ਵੇਖ ਵਖਾਈਆ । ਭਾਗ ਲਗਾਵਾਂ ਕਾਇਆ ਸਚੀ ਧਰਮਸਾਲਾ, ਬਾਹਰੋਂ ਹੱਥ ਕਿਸੇ ਨਾ ਆਈਆ । ਪੂਜਾ ਪਾਠ ਜੋਗ ਅਭਿਆਸ ਮੇਰਾ ਰਾਹ ਸੁਖਾਲਾ, ਮਨ ਦੀ ਮਨਸਾ ਮਨ ਹੀ ਮਨ ਸਮਾਈਆ । ਸਾਢੇ ਤਿੰਨ ਹੱਥ ਅੰਦਰ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਨਜ਼ਰੀ ਆਈਆ । ਕਾਇਆ ਮਾਟੀ ਖ਼ਾਕੀ


੩੬੩

ਤੇਰਾ ਅਗੰਮੀ ਵਜਦਾ ਰਹੇ ਤਾੜਾ, ਬਹੱਤਰ ਨਾੜ ਕਰੇ ਸ਼ਨਵਾਈਆ । ਸਚ ਸਖ਼ੀਆਂ ਮਿਲ ਮਿਲ ਘਰ ਠਾਕਰ ਸਚ ਅਖਾੜਾ, ਧੁਰ ਦਾ ਢੋਲਾ ਸੋਹਲਾ ਅਗੰਮੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਦੇਵਾ, ਦੇਵ ਆਤਮਾ ਲਵਾਂ ਉਠਾਈਆ । ਸੁਰਤ ਜਗੌਣੀ ਮੇਰੀ ਸੇਵਾ, ਅਕਾਲ ਮੂਰਤ ਨਜ਼ਰੀ ਆਈਆ । ਲੇਖਾ ਚੁਕਾ ਕੇ ਰਸਨਾ ਜਿਹਵਾ, ਅੰਤਰ ਆਤਮ ਸਚ ਪ੍ਰੀਤ ਦੇਵਾਂ ਬੰਧਾਈਆ । ਧਾਮ ਵਖਾ ਕੇ ਨਿਹਚਲ ਧਾਮ ਇਕ ਨਿਹਕੇਵਾ, ਅਟਲ ਮਹਲ ਦਿਆਂ ਵਖਾਈਆ । ਸਾਚੀ ਧੂੜੀ ਮਸਤਕ ਲਾ ਕੇ ਥੇਵਾ, ਜੋਤ ਲਲਾਟ ਕਰਾਂ ਰੁਸ਼ਨਾਈਆ । ਨਾਮ ਪਦਾਰਥ ਧੁਰ ਦਾ ਮੇਵਾ, ਬਿਨ ਰਸਨਾਂ ਦਿਆਂ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਤਾਰਨਹਾਰਾ ਏਕ, ਏਕੰਕਾਰ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਰੱਖੀ ਮੇਰੀ ਟੇਕ, ਕਰੋੜ ਤੇਤੀਸਾ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰਾ ਭੇਖ, ਨਿਰਗੁਣ ਸਰਗੁਣ ਹੋ ਹੋ ਸੇਵ ਕਮਾਈਆ । ਦੋ ਜਹਾਨਾਂ ਮਾਲਕ ਖ਼ਾਲਕ ਇਕ ਨਰੇਸ਼, ਦਾਤਾ ਦਾਨੀ ਦਇਆ ਕਮਾਈਆ । ਪੀਰ ਪੈਗ਼ੰਬਰ ਔਲੀਏ ਕੁਤਬ ਬਣੇ ਰਹੇ ਨਰੇਸ਼, ਮੁਸਾਇਕ ਸ਼ੇਖ਼ ਆਪਣੀਆਂ ਝੋਲੀਆਂ ਡਾਹੀਆ । ਭਗਤ ਸੰਤ ਰਾਹ ਤਕਦੇ ਗਏ ਹਮੇਸ਼, ਗੁਰਮੁਖ ਗੁਰਸਿਖ ਆਪਣੀ ਅੱਖ ਖੁਲ੍ਹਾਈਆ । ਤਨ ਮਾਟੀ ਕਾਚੀ ਹਾਟੀ ਖੇਡਦੇ ਗਏ ਖੇਡ, ਡੂੰਘੀ ਕੰਦਰ ਵੜ ਵੜ ਵੇਖ ਵਖਾਈਆ । ਬਿਨ ਸਤਿਗੁਰ ਸ਼ਬਦ ਕੋਈ ਨਾ ਮੁੜਿਆ ਆਪਣੇ ਦੇਸ, ਸਾਚੇ ਘਰ ਬਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰਾ ਸੰਦੇਸ਼ ਸਚਾ, ਚਾਰੇ ਬਾਣੀ ਨਾ ਮੋੜ ਮੁੜਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਗੁਰਸਿਖ ਸਾਚਾ ਬੱਚਾ, ਜਿਸ ਦਾ ਬਚਪਨ ਆਪਣੀ ਝੋਲੀ ਪਾਈਆ । ਸੰਤ ਸੁਹੇਲਾ ਅੰਦਰ ਰੱਤਾ, ਰਾਮ ਨਾਮ ਰੰਗੀਲਾ ਅੰਦਰ ਰੰਗਾਈਆ । ਜਿਸ ਦਾ ਰਵਿਦਾਸ ਚੁਮਾਰਾ ਦੇਵੇ ਪਤਾ, ਪਤਿਪਰਮੇਸ਼ਵਰ ਰਿਹਾ ਦ੍ਰਿੜਾਈਆ । ਭਗਤ ਸੁਹੇਲਾ ਵੇਖੇ ਅੱਖਾਂ, ਨੇਤਰ ਨੈਣਾਂ ਨੀਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਲੇਖਾ ਦਏ ਮੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਕਰਾਂ ਮੁਆਫ਼, ਜੁਗ ਜਨਮ ਦੇ ਪਾਪੀ ਦਿਆਂ ਤਰਾਈਆ । ਇਹ ਅਦਲ ਸਚਾ ਇਨਸਾਫ਼, ਮਿਹਰ ਨਜ਼ਰ ਇਕ ਉਠਾਈਆ । ਬੱਚਿਆਂ ਦੀ ਭੁੱਲ ਨਾ ਵੇਖੇ ਬਾਪ, ਪਿਤਾ ਪੁਰਖ ਸਚਾ ਸ਼ਹਿਨਸ਼ਾਹੀਆ । ਜਿਸ ਵੇਲੇ ਰਸਨਾ ਨਾਲ ਸੋਹੰ ਕਰ ਲਓ ਜਾਪ, ਪਿਛਲਾ ਲੇਖਾ ਰਹਿਣ ਕੋਇ ਨਾ ਪਾਈਆ । ਰੋਜ਼ ਰੋਜ਼ ਦਾ ਲੇਖਾ ਹੁੰਦਾ ਜਾਏ ਸਾਫ਼, ਕਰਮਾਂ ਗੇੜ ਰਹਿਣ ਨਾ ਪਾਈਆ । ਇਸ ਨਾਅਰੇ ਦਾ ਏਹੋ ਵੱਡਾ ਪਰਤਾਪ, ਰਾਤ ਦਾ ਰਾਤ ਦਿਨ ਦਾ ਦਿਨ ਹਿਸਾਬ ਥਾਉਂ ਥਾਈਂ ਰਿਹਾ ਚੁਕਾਈਆ । ਅਗੇ ਦੇਣਾ ਪਏ ਨਾ ਕੋਈ ਜਵਾਬ, ਪੁਛਣ ਵਾਲਾ ਨਜ਼ਰ ਕੋਇ ਨਾ ਆਈਆ । ਚਿਤਰ ਗੁਪਤ ਕੱਢ ਨਾ ਸਕੇ ਕਿਤਾਬ, ਕੁਤਬਖ਼ਾਨਿਆਂ ਵਿਚ ਜੋ ਬੈਠਾ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਬਣਿਆ ਕਿਉਂ ਸੰਸਾਰ, ਆਪਣਾ ਨਾਉਂ ਪਰਗਟਾਈਆ । ਚਾਰ ਜੁਗ ਮੇਰੀ ਕਿਸੇ ਨਾ ਆਈ ਵਿਚਾਰ, ਸਚ ਬਿਆਨ ਨਾ ਕੋਇ ਕਰਾਈਆ । ਮੈਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਦਾ ਸਿਕਦਾਰ, ਪੁਰੀ ਲੋਅ ਹੁਕਮੇਂ ਅੰਦਰ ਭਵਾਈਆ । ਜੁਗ ਚੌਕੜੀ ਮੇਰੀ ਕਿਸੇ ਨਾ ਬੱਧੀ ਧਾਰ, ਧਰਨੀ ਉਤੇ ਨਾ ਕੋਇ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸਦੇ

ਗਏ ਨਾਲ ਇਸ਼ਾਰ, ਰਮਜ਼ ਨਾਲ ਸਮਝਾਈਆ । ਜਿੰਨਾਂ ਚਿਰ ਨਾ ਆਵੇ ਪਰਵਰਦਿਗਾਰ, ਪਾਰਬ੍ਰਹਮ ਬੇਪਰਵਾਹੀਆ । ਓਨਾਂ ਚਿਰ ਉਸਦਾ ਪੂਰਾ ਨਾਉਂ ਸਕੇ ਨਾ ਕੋਇ ਵਿਚਾਰ, ਪਰਮੇਸ਼ਵਰ ਹੋ ਕੇ ਭੇਵ ਨਾ ਕੋਇ ਖੁਲ੍ਹਾਈਆ । ਘੜੀ ਪਲ ਦਾ ਲਹਿਣਾ ਦੇਣਾ ਰੋਜ਼ ਰੋਜ਼ ਨਾ ਦੇਵੇ ਕੋਈ ਉਤਾਰ, ਬਿਨ ਪੂਜਾ ਪਾਠ ਸਿਮਰਨ ਲੇਖਾ ਦਏ ਨਾ ਕੋਇ ਮੁਕਾਈਆ । ਜੋ ਮੰਗ ਮੰਗੀ ਵਿਚ ਸੰਸਾਰ, ਗੋਬਿੰਦ ਆਪਣੀ ਝੋਲੀ ਡਾਹੀਆ । ਜਿਸ ਵੇਲੇ ਆਵੇ ਕਲ ਕਲਕੀ ਅਵਤਾਰ, ਕਲ ਕਲੇਸ਼ ਦੇਣਾ ਗਵਾਈਆ । ਭਗਤਾਂ ਕਰ ਪਿਆਰ, ਸਾਚੇ ਸੰਤਾਂ ਮੇਲ ਮਿਲਾਈਆ । ਇਕੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੱਸ ਜੈਕਾਰ, ਅਗਲਾ ਪਿਛਲਾ ਜਨਮ ਕਰਮ ਦਾ ਲੇਖਾ ਦਏ ਮੁਕਾਈਆ । ਇਹ ਪੰਜ ਪੰਜ ਹੋਵਣ ਪਰਵਾਨ, ਜਿਸ ਦਾ ਸਭ ਤੋਂ ਵਖਰਾ ਗਿਆਨ, ਧਿਆਨਾਂ ਵਿਚ ਧਿਆਨ ਨਾ ਕੋਇ ਰਖਾਈਆ । ਇਹ ਗੁਰੂਆਂ ਦਾ ਦਾਨ, ਪੀਰਾਂ ਦਾ ਪਕਵਾਨ, ਭਗਤਾਂ ਦਾ ਖਾਣ, ਸੰਤਾ ਦਾ ਮਾਣ, ਗੁਰਮੁਖਾਂ ਦਾ ਗਿਆਨ, ਗੁਰਸਿਖਾਂ ਲੇਖੇ ਰਿਹਾ ਲਗਾਈਆ । ਭੁੱਲਿਆਂ ਦਾ ਮਾਣ, ਰੁਲਿਆਂ ਦਾ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖੇ ਰਿਹਾ ਚੁਕਾਈਆ । ਜਿਸ ਵੇਲੇ ਮੇਰੇ ਨਾਉਂ ਦਾ ਗੌਂਦੇ ਗੀਤ, ਅੰਤਰ ਆਤਮ ਆਵਾਜ਼ ਲਗਾਈਆ । ਓਸੇ ਵੇਲੇ ਪਿਛਲਾ ਲੇਖਾ ਸਾਫ਼ ਹੁੰਦਾ ਠੀਕ, ਅੱਖਰ ਕੋਇ ਰਹਿਣ ਨਾ ਪਾਈਆ । ਗੁਰਮੁਖ ਹੋ ਜਾਂਦੇ ਅੰਦਰੋਂ ਅਤੀਤ, ਸਾਂਤਕ ਸਤਿ ਦਿਆਂ ਕਰਾਈਆ । ਇਸੇ ਕਰਕੇ ਖਹਿੜਾ ਛੁੜਾਇਆ ਮੰਦਰ ਮਸੀਤ, ਬਿਨ ਕਾਇਆ ਮੰਦਰ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਾਇਆ ਕਹੇ ਜਿਸ ਵੇਲੇ ਗੁਰਮੁਖ ਗੌਂਦੇ ਢੋਲਾ, ਜੈਕਾਰਾ ਸਚ ਲਗਾਈਆ । ਮੇਰਾ ਖ਼ੁਸ਼ੀਆਂ ਵਿਚ ਨਹੀਂ ਮਿਉਂਦਾ ਚੋਲਾ, ਚੋਲੀ ਆਪਣਾ ਰੰਗ ਲਏ ਬਦਲਾਈਆ । ਓਸ ਵੇਲੇ ਪੰਜਾਂ ਦਾ ਰਹੇ ਕੋਈ ਨਾ ਰੌਲਾ, ਮਾਇਆ ਮਮਤਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਅੰਦਰ ਵੜਿਆ ਹੋਵੇ ਵਿਚੋਲਾ, ਦੂਜਾ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣਨ ਸਚ ਇਹ ਵਖਰਾ ਸਭ ਤੋਂ ਬੋਲਾ, ਜਿਸ ਦੀ ਬੋਲੀ ਚਾਰ ਜੁਗ ਨਾ ਸਕੇ ਸਮਝਾਈਆ । ਪੜਦਾ ਮੂਲ ਨਾ ਚੁਕਿਆ ਉਹਲਾ, ਸਚ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਚਾਈਂ ਚਾਈਂਆ । ਸਤਿਗੁਰ ਸ਼ਬਦ ਕਹੇ ਮੈਂ ਕਰਾਂ ਮੁਆਫ਼ ਕਸੂਰ, ਗ਼ਲਤੀ ਰਹਿਣ ਕੋਇ ਨਾ ਪਾਈਆ । ਬਣ ਭਗਤਾਂ ਦਾ ਮਜ਼ਦੂਰ, ਪਿੱਛੇ ਹੋ ਹੋ ਸੇਵ ਕਮਾਈਆ । ਬਿਰਹੋਂ ਅੰਦਰ ਤੁਹਾਡੇ ਹਾਜ਼ਰ ਹਜ਼ੂਰ, ਵੈਰਾਗ ਅੰਦਰ ਬੈਠਾ ਡੇਰਾ ਲਾਈਆ । ਵਿਛੋੜੇ ਵਿਚ ਸਦਾ ਮਜਬੂਰ, ਜੁਦਾਈ ਵਿਚ ਰਹਿਣ ਨਾ ਪਾਈਆ । ਪੰਧ ਮੁਕਾ ਕੇ ਨੇੜਾ ਦੂਰ, ਘਰ ਬੈਠਾ ਆਸਣ ਲਾਈਆ । ਜਨ ਭਗਤੋ ਆਪਣਾ ਲਹਿਣਾ ਲਓ ਵਸੂਲ, ਦੇਵਣਹਾਰ ਦਇਆ ਕਮਾਈਆ । ਪ੍ਰੇਮ ਪਿਆਰ ਦੀ ਨਿੱਕੀ ਜਿਹੀ ਸੇਵਾ ਕਰੋ ਕ਼ਬੂਲ, ਜਿਹੜੀ ਕਾਅਬਿਆਂ ਵਿਚੋਂ ਹੱਥ ਕਿਸੇ ਨਾ ਆਈਆ । ਪੁਰਖ ਅਕਾਲ ਵਰਗਾ ਲੱਭਣਾ ਨਹੀਂ ਕੋਈ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਜੋ ਭਗਤਾਂ ਦੀ ਹਦ ਵਿਚ ਵੜਿਆ ਹਦੂਦ, ਆਪਣਾ ਫੇਰਾ ਪਾਈਆ । ਭਾਵੇਂ ਉਸ ਨੂੰ ਸ਼ਾਹ ਸਮਝੋ ਮਕਰੂਜ, ਦੋਵੇਂ ਲੇਖੇ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਪਾਰ ਕਰਾਈਆ । ਗ਼ਲਤੀ ਕਹੇ ਜੇ ਮੈਂ ਨਾ ਹੁੰਦੀ ਜਗ, ਲੋਕਮਾਤ ਵੇਸ ਵਟਾਈਆ । ਫਿਰ ਭਗਤਾਂ ਨੂੰ ਪ੍ਰਭ ਨਾਲ ਮਿਲਣ ਦਾ ਕਿਹੜਾ ਲਭਣਾ ਸੀ ਪੱਜ, ਕਿਸ ਬਿਧ ਬੇਨੰਤੀ ਦੇਂਦੇ ਸੁਣਾਈਆ । ਕਿਸ ਕਾਰਨ ਲਿਖੌਂਦੇ ਛੰਦ, ਆਪਣਾ


੩੬੫

ਗੀਤ ਦ੍ਰਿੜਾਈਆ । ਕਿਸ ਲੇਖੇ ਵਿਚ ਪਿੱਛੇ ਮਾਰਦਾ ਪੰਧ, ਪੈਡਲ ਬਾਈਸਿਕਲ ਹਿਲਾਈਆ । ਇਸੇ ਰਸਤੇ ਰਾਜਾ ਬਲ ਮੰਗ ਕੇ ਗਿਆ ਸੀ ਮੰਗ, ਏਨੇ ਕ਼ਦਮ ਘੋੜੇ ਨਾਲ ਚਲ ਕੇ ਪੈਦਲ ਆਈਆ । ਓਸ ਦੇ ਨਾਲ ਸੀ ਇਕ ਸੌ ਗਿਆਰਾਂ ਵਾਲਾ ਸੰਗ, ਜੋ ਇਕ ਇਕ ਇਕ ਇਕ ਨਾਲ ਧਿਆਨ ਲਗਾਈਆ । ਇਸੇ ਧਰਨੀ ਉਤੇ ਉਸ ਦੀ ਡਿਗ ਪਈ ਸੀ ਗੰਢ, ਜਿਸ ਦੇ ਵਿਚ ਰਾਮ ਨਾਮ ਬੰਨ੍ਹ ਰਖਾਈਆ । ਅਗੇ ਜਾ ਕੇ ਇਕ ਸੌ ਅੱਸੀ ਕਦਮ ਉਤੇ ਓਸ ਵੇਖਿਆ ਉਹਦੇ ਖ਼ਾਲੀ ਰਹਿ ਗਏ ਹੱਥ, ਅੰਤਰ ਅੰਤਰ ਧਿਆਨ ਲਗਾਈਆ । ਥੋੜੀ ਬੇਚੈਨੀ ਪਿੱਛੇ ਹੋਇਆ ਬੇਵਸ, ਸੁਰਤੀ ਪ੍ਰਭੂ ਨਾਲੋਂ ਭੁਲਾਈਆ । ਓਧਰੋਂ ਆਈ ਅਗੰਮੀ ਆਵਾਜ਼, ਹੁਕਮ ਦਿਤਾ ਸੁਣਾਈਆ । ਉਪਰ ਵੇਖ ਆਕਾਸ਼, ਨੇਤਰ ਨੈਣ ਖੁਲ੍ਹਾਈਆ । ਜਾਂ ਤਕਿਆ ਪੁਰਖ ਅਬਿਨਾਸ਼, ਸਨਮੁਖ ਹੋ ਕੇ ਰਿਹਾ ਸਮਝਾਈਆ । ਬਲ ਤੂੰ ਕਿਉਂ ਹੋਇਓਂ ਉਦਾਸ, ਮੈਨੂੰ ਦੇ ਦ੍ਰਿੜਾਈਆ । ਓਸ ਕਿਹਾ ਰਾਮ ਨਾਮ ਰਿਹਾ ਨਹੀਂ ਮੇਰੇ ਪਾਸ, ਮਿੱਟੀ ਵਿਚ ਰਲ ਕੇ ਆਪਣਾ ਮੁਖ ਛੁਪਾਈਆ । ਸ੍ਰੀ ਭਗਵਾਨ ਕਿਹਾ ਇਹ ਨਿੱਕੀ ਜਿਹੀ ਬਾਤ, ਕਿਉਂ ਰਿਹਾ ਘਬਰਾਈਆ । ਇਸ ਦਾ ਲਹਿਣਾ ਮੇਰੇ ਹਾਥ, ਕਲਜੁਗ ਅੰਤ ਦੇਵਾਂ ਝੋਲੀ ਪਾਈਆ । ਕਲ੍ਹ ਓਸ ਵੇਲੇ ਬਲ ਨੂੰ ਉਹ ਆ ਗਈ ਯਾਦ, ਪਿਛਲੀ ਕਹਾਣੀ ਦਿਤੀ ਦੁਹਰਾਈਆ । ਓਨ ਕਰੀ ਸਚ ਫਰਿਆਦ, ਪ੍ਰਭ ਲੇਖਾ ਦੇ ਮੁਕਾਈਆ । ਪ੍ਰਭ ਅਬਿਨਾਸ਼ੀ ਓਸੇ ਵੇਲੇ ਅੰਦਰੋਂ ਸਭ ਦਾ ਬਦਲ ਦਿਤਾ ਸਵਾਦ, ਧੁਰ ਦਾ ਹੁਕਮ ਆਪ ਵਰਤਾਈਆ । ਦਲੀਪ ਸਿੰਘ ਤੂੰ ਵੀ ਓਸ ਵੇਲੇ ਓਸ ਦਾ ਦਿਤਾ ਸਾਥ, ਜਿਹੜਾ ਸਾਢੇ ਤਿੰਨ ਕ਼ਦਮ ਪਿੱਛੇ ਪਿੱਛੇ ਚਲ ਕੇ ਪੰਧ ਮੁਕਾਈਆ । ਜੇ ਪ੍ਰਭੂ ਬਲ ਦਾ ਮੁਕੌਂਦਾ ਨਾ ਹਿਸਾਬ, ਤੁਹਾਡਾ ਹਿਸਾਬ ਅਗੇ ਕਿਸ ਬਿਧ ਲਏ ਰਖਾਈਆ । ਇਹ ਗ਼ਲਤੀ ਨਹੀਂ ਮਸਤੀ
३६६ ਨਹੀਂ ਪ੍ਰਭ ਦਾ ਇਹ ਰਿਵਾਜ, ਜੁਗ ਜੁਗ ਆਪਣੀ ਖੇਲ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖ਼ੁਸ਼ੀ ਰਹੇ ਵਿਚ ਆਪਣੇ ਖੇਲ ३६६
ਤਮਾਸ਼, ਖ਼ਾਹਮਖ਼ਾਹ ਦੂਜੀ ਕਾਰ ਨਾ ਕੋਇ ਕਮਾਈਆ ।

### ❊ ੩੦ ਮਾਘ ੨੦੨੧ ਬਿਕ੍ਰਮੀ ਨਾਹਰ ਸਿੰਘ ਦੇ ਗ੍ਰਿਹ ਪਿੰਡ ਰਕਬਾ ਜ਼ਿਲਾ ਲੁਧਿਆਣਾ ❊

ਸਤਿਗੁਰ ਸ਼ਬਦ ਕਹੇ ਮੇਰਾ ਸਦਾ ਨਾਤਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਅਗੰਮ ਅਥਾਹ ਮੇਰੀ ਗਾਥਾ, ਸਾਚੇ ਸੰਤਾਂ ਭਗਤਾਂ ਆਪ ਸੁਣਾਇੰਦਾ । ਲਿਖਣ ਪੜ੍ਹਨ ਤੋਂ ਬਾਹਰ ਮੇਰਾ ਸਾਕਾ, ਜਿਸ ਦਾ ਅੰਤ ਕਿਸੇ ਨਾ ਆਇੰਦਾ । ਗੁਰਮੁਖਾਂ ਬੰਦ ਕਿਵਾੜੀ ਖੋਲ੍ਹਾਂ ਤਾਕਾ, ਬਜਰ ਕਪਾਟੀ ਪਾਰ ਕਰਾਇੰਦਾ । ਸਾਚਾ ਸ਼ਬਦ ਸੁਣਾਵਾਂ ਅਗੰਮੀ ਵਾਜਾ, ਅਨਹਦ ਰਾਗੀ ਰਾਗ ਅਲਾਇੰਦਾ । ਅੰਮ੍ਰਿਤ ਆਤਮ ਦੇਵਾਂ ਸਚਾ ਬਾਟਾ, ਨਿਝਰ ਝਿਰਨਾ ਆਪ ਝਿਰਾਇੰਦਾ । ਸਚ ਜੋਤ ਕਰਾਂ ਪਰਕਾਸ਼ਾ, ਸਾਢੇ ਤਿੰਨ ਹੱਥ ਬੰਕ ਵਡਿਆਇੰਦਾ । ਜਨਮ ਕਰਮ ਦਾ ਵੇਖਾਂ ਖਾਤਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੁਗ ਚੌਕੜੀ ਅੰਧੇਰੀ ਰੈਣ ਮੇਟਾਂ ਰਾਤਾ, ਭਾਂਡਾ ਭਰਮ ਭੌ ਭੰਨਾਇੰਦਾ । ਗੁਰਸਿਖਾਂ ਦਾ ਦੇਵਾਂ ਸਗਲਾ ਸਾਥਾ, ਏਥੇ ਓਥੇ ਦੋ ਜਹਾਨ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਸੰਗ, ਅੰਤਰ ਅੰਤਰ ਮੇਲ ਮਿਲਾਈਆ । ਨਾਮ ਅਗੰਮਾ ਇਕੋ ਰੰਗ, ਲਾਲ ਗੁਲਾਲਾ ਦਿਆਂ ਚੜ੍ਹਾਈਆ । ਲੇਖਾ ਮੁਕਾ ਕੇ ਖੰਡ ਬ੍ਰਹਿਮੰਡ,

ਜੀਉ ਪਿੰਡ ਭੇਵ ਚੁਕਾਈਆ । ਸਚ ਦਵਾਰੇ ਦੇ ਕੇ ਅਨੰਦ, ਸੁਖ ਸਾਗਰ ਦਿਆਂ ਵਖਾਈਆ । ਭਗਤ ਭਗਵਾਨ ਦਾ ਢੋਲਾ ਦੱਸ ਕੇ ਛੰਦ, ਸੋਹੰ ਸਚ ਦਿਆਂ ਸਮਝਾਈਆ । ਜਿਸ ਦੀ ਆਦਿ ਜੁਗਾਦੀ ਇਕੋ ਵੰਡ, ਪਾਰਬ੍ਰਹਮ ਪ੍ਰਭ ਬ੍ਰਹਮ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸਤਿਗੁਰ ਸ਼ਬਦ ਕਹੇ ਮੈਂ ਬ੍ਰਹਮ ਆਧਾਰੀ, ਆਤਮ ਮੇਲਾ ਸਹਿਜ ਸੁਭਾਈਆ । ਮੇਰਾ ਖੇਲ ਅਗੰਮ ਅਪਾਰੀ, ਅਪਰੰਪਰ ਆਪ ਦਿਤਾ ਸਮਝਾਈਆ । ਜੁਗ ਚੌਕੜੀ ਵੇਖਾਂ ਵਾਰੋ ਵਾਰੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਸੰਤ ਸੁਹੇਲੇ ਸਦ ਰਿਹਾ ਉਠਾਲੀ, ਨਿਜ ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਸਰਨਾਈਆ । ਸਤਿਗੁਰ ਸ਼ਬਦ ਕਹੇ ਮੈਂ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਲੰਘ ਗਏ ਪੂਰ, ਲੋਕਮਾਤ ਬਣ ਦਰਵੇਸ਼ ਸੇਵ ਕਮਾਈਆ । ਨਵ ਨੌ ਚਾਰ ਪਿੱਛੋਂ ਮੇਰੀ ਅਰਜ਼ ਹੋਈ ਮਨਜ਼ੂਰ, ਫ਼ਰਜ਼ ਆਪਣੀ ਸੇਵ ਕਮਾਈਆ । ਜਿਸ ਨੇ ਸੂਲੀ ਚਾੜ੍ਹ ਦਿਤੇ ਮਨਸੂਰ, ਸ਼ਮਸਾਂ ਖੱਲ ਲੁਹਾਈਆ । ਅਗਨੀ ਵਿਚ ਤਪਾਏ ਵਾਂਗ ਤੰਦੂਰ, ਦੇਗਾਂ ਵਿਚ ਉਬਲਾਈਆ । ਬੰਦ ਬੰਦ ਕਟ ਕੇ ਕੀਤਾ ਚੂਰੋ ਚੂਰ, ਸੀਸ ਧੜ ਕੀਤੀ ਜੁਦਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਭਗਤ ਸੁਹੇਲਾ ਹਾਜ਼ਰ ਹਜ਼ੂਰ, ਨਿਰਗੁਣ ਦਾਤਾ ਵਡੀ ਵਡਿਆਈਆ । ਕੂੜੀ ਕਿਰਿਆ ਆਸ਼ਾ ਤ੍ਰਿਸ਼ਨਾ ਮਾਇਆ ਮਮਤਾ ਮੇਟੇ ਜੂਠ ਝੂਠ, ਸਤਿ ਸਚ ਇਕ ਸਮਝਾਈਆ । ਜਿਨ੍ਹਾਂ ਗੁਰਮੁਖਾਂ ਉਪਰ ਜਾਏ ਤੁਠ, ਮਿਹਰ ਨਜ਼ਰ ਇਕ ਉਠਾਈਆ । ਅੰਮ੍ਰਿਤ ਆਤਮ ਜਾਮ ਪਿਆਏ ਘੁਟ, ਰਸ ਨਿਝਰ ਦਏ ਵਖਾਈਆ । ਓਨ੍ਹਾਂ ਦਾ ਆਵਣ ਜਾਵਣ ਲੱਖ ਚੁਰਾਸੀ ਖਹਿੜਾ ਜਾਏ ਮੁਕ, ਜਨਮ ਜਨਮ ਨਾ ਕੋਇ ਭੁਆਈਆ । ਉਹ ਢੋਲਾ ਗਾ ਕੇ ਇਕੋ ਤੁਕ, ਸਾਹਿਬ ਸਤਿਗੁਰ ਲੈਣ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਸਦ ਭਗਤ ਉਧਾਰਾਂ, ਸੰਤਾਂ ਦਿਆਂ ਵਡਿਆਈਆ । ਮੇਰਾ ਕਿਸੇ ਅੰਤ ਨਾ ਪਾਇਆ ਵਿਚ ਸੰਸਾਰਾ, ਸੰਸਾਰੀ ਸਕੇ ਨਾ ਕੋਇ ਸਮਝਾਈਆ । ਮੇਰਾ ਸੋਹਲਾ ਗਾਇਆ ਗੁਰ ਅਵਤਾਰਾ, ਪੀਰ ਪੈਗ਼ੰਬਰਾਂ ਕਲਮਿਆਂ ਨਾਲ ਜਣਾਈਆ । ਸਾਚਿਆਂ ਸੰਤਾਂ ਦੇਂਦੀ ਰਹੀ ਇਸ਼ਾਰਾ, ਅੰਤਰ ਅੰਤਰ ਬੂਝ ਬੁਝਾਈਆ । ਦੱਸਦੀ ਰਹੀ ਬੋਲ ਅਗੰਮ ਜੈਕਾਰਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਬ੍ਰਹਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਦੱਸੇ ਧੁਰ ਦਾ ਨਾਅਰਾ, ਚਾਰੇ ਵਰਨਾਂ ਇਕੋ ਰੰਗ ਰੰਗਾਈਆ । ਆਤਮ ਪਰਮਾਤਮ ਕਹੇ ਮੈਂ ਆਦੀ ਢੋਲਾ, ਭਗਤ ਭਗਵੰਤ ਗਏ ਜਸ ਗਾਈਆ । ਨਿਰਗੁਣ ਨਿਰਗੁਣ ਸ਼ਬਦ ਵਿਚੋਲਾ, ਧੁਰ ਦਾ ਮੇਲ ਮਿਲਾਈਆ । ਕਲਜੁਗ ਅੰਤਮ ਦੀਨ ਮਜ਼੍ਹਬ ਜਾਤ ਪਾਤ ਕੂੜੀ ਕਿਰਿਆ ਪਾਇਆ ਰੌਲਾ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਰਿਹਾ ਕੁਰਲਾਈਆ । ਸਾਚਾ ਨਜ਼ਰ ਨਾ ਆਏ ਕਿਸੇ ਮੌਲਾ, ਰਾਮ ਰੂਪ ਨਾ ਕੋਇ ਵਖਾਈਆ । ਦਏ ਦੁਹਾਈ ਧਰਨੀ ਧਰਤ ਧੌਲਾ, ਉਚੀ ਕੂਕ ਕੂਕ ਸੁਣਾਈਆ । ਸਦੀ ਵੀਸਵੀਂ ਮੇਰਾ ਭਾਰ ਕਰੇ ਨਾ ਕੋਈ ਹੌਲਾ, ਹੰਕਾਰ ਵਿਕਾਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਸਤਿਗੁਰ ਸ਼ਬਦ ਕਹੇ ਮੈਂ ਵੇਖੀ ਲੱਖ ਚੁਰਾਸੀ, ਜੇਰਜ ਅੰਡਜ ਉਤਭੁਜ ਸੇਤਜ ਫੋਲ ਫੁਲਾਈਆ । ਪਰਮ ਪੁਰਖ ਦੀ ਮਿਲੇ ਕੋਈ ਨਾ ਦਾਸੀ, ਜੋ ਸੇਵਕ ਹੋ ਕੇ ਸੇਵ ਕਮਾਈਆ । ਕਿਰਪਾ ਕਰ ਪੁਰਖ ਅਬਿਨਾਸ਼ੀ, ਪਾਰਬ੍ਰਹਮ ਤੇਰੀ ਸਰਨਾਈਆ ।


੩੬੭

ਜਨ ਭਗਤਾਂ ਮੰਜ਼ਲ ਦੇ ਘਾਟੀ, ਅੰਤਰ ਆਤਮ ਪੌੜੇ ਦੇ ਚੜ੍ਹਾਈਆ । ਤੇਰੇ ਨਾਲ ਮਿਲ ਕੇ ਤੇਰੇ ਨਾਮ ਦੀ ਗੌਣ ਸਾਖੀ, ਸਾਖ਼ਿਆਤ ਹੋ ਕੇ ਆਪਣਾ ਦਰਸ ਕਰਾਈਆ । ਘਰ ਘਰ ਕਰ ਪਰਕਾਸ਼ ਜੋਤ ਨਿਰੰਜਣ ਦੀਵਾ ਬਾਤੀ, ਅੰਧ ਅੰਧੇਰਾ ਦੇ ਮਿਟਾਈਆ । ਤੂੰ ਮਹਿਬੂਬ ਸਵਾਮੀ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਗੁਰਮੁਖਾਂ ਅੰਦਰ ਖੋਲ੍ਹ ਦੇ ਤਾਕੀ, ਪਰਦਾ ਦੂਈ ਦੇ ਚੁਕਾਈਆ । ਸੰਤ ਸੁਹੇਲੇ ਮਾਰਨ ਆਵਾਜ਼ੀ, ਧੁਰ ਦਾ ਢੋਲਾ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸਚੀ ਸਰਨਾਈਆ । ਸਤਿਗੁਰ ਸ਼ਬਦ ਕਹੇ ਮੈਂ ਖੇਵਟ ਖੇਟਾ, ਦੋ ਜਹਾਨਾਂ ਮਲਾਹ ਨਜ਼ਰੀ ਆਈਆ । ਹਰ ਘਟ ਅੰਦਰ ਸਦਾ ਲੇਟਾ, ਸੇਜ ਸੁਹੰਜਣੀ ਸੋਭਾ ਪਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲਾ ਬਣਾਵਾਂ ਆਪਣਾ ਬੇਟਾ, ਪਿਤਾ ਪੂਤ ਜੋੜ ਜੁੜਾਈਆ । ਪੂਰਬ ਜਨਮ ਕਰਮ ਦਾ ਮੁਕਾਵਾਂ ਲੇਖਾ, ਲੇਖੇ ਵਿਚ ਲਗਾਈਆ । ਭਾਗ ਲਗਾ ਕੇ ਕਾਇਆ ਸਾਚੇ ਦੇਸਾ, ਦੇਸ ਦਸੰਤਰ ਖੋਜ ਖੁਜਾਈਆ । ਜਿਸ ਦੀ ਸੇਵਾ ਕਰਦੇ ਸ਼ਿਵ ਬ੍ਰਹਮ ਵਿਸ਼ਨ ਮਹੇਸ਼ਾ, ਚਾਕਰ ਨਜ਼ਰੀ ਆਈਆ । ਓਨ੍ਹਾਂ ਅੰਦਰ ਵੜ ਕੇ ਦੇਵਾਂ ਇਕ ਸੰਦੇਸ਼ਾ, ਸੋਈ ਸੁਰਤ ਸ਼ਬਦ ਉਠਾਈਆ । ਲੋਕਮਾਤ ਮਾਣਸ ਜਨਮ ਕਰਮ ਦਾ ਮੁਕੇ ਲੇਖਾ, ਭਰਮ ਭੁਲੇਖਾ ਰਹਿਣ ਕੋਇ ਨਾ ਪਾਈਆ । ਅੰਤਮ ਲੈ ਕੇ ਜਾਏ ਆਪਣੇ ਦੇਸਾ, ਸਚਖੰਡ ਸਾਚੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਹਰਿ ਆਪਣੇ ਰੰਗ ਰੰਗਾਈਆ ।



## ❋ ੩੦ ਮਾਘ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਦਾਖੇ ਜ਼ਿਲਾ ਲੁਧਿਆਣਾ ❋

੩੬੮

ਗੁਰਸਿਖ ਕਹੇ ਮੇਰੀ ਆਸਾ ਪੁੰਨੀ, ਹਰਿ ਸਤਿਗੁਰ ਇਛਿਆ ਪੂਰ ਨਜ਼ਰੀ ਆਈਆ । ਅੰਤਰ ਆਤਮ ਆਵਾਜ਼ ਜਿਸ ਨੇ ਸੁਣੀ, ਨਿਰਗੁਣ ਦਾਤਾ ਬੇਪਰਵਾਹੀਆ । ਗਹਿਰ ਗੰਭੀਰ ਵਡ ਗੁਣ ਗੁਣੀ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜਿਸ ਦੀ ਰਾਗਾਂ ਤੋਂ ਬਾਹਰ ਧੁਨੀ, ਅਗੰਮੀ ਨਾਦ ਰਿਹਾ ਵਜਾਈਆ । ਜਿਸ ਨੂੰ ਜੰਗਲਾਂ ਵਿਚ ਲੱਭਦੇ ਰਿਖੀ ਮੁਨੀ, ਸੋ ਸਾਹਿਬ ਸਵਾਮੀ ਘਰ ਘਰ ਆ ਆ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਆਸਾ ਕਹੇ ਮੇਰੇ ਜਾਗੇ ਭਾਗ, ਮੇਰੇ ਅੰਦਰ ਵਜੀ ਵਧਾਈਆ । ਸਾਹਿਬ ਸਤਿਗੁਰ ਧੋਵਣਹਾਰਾ ਜਗਤ ਦਾਗ਼, ਪਾਪਾਂ ਮੈਲ ਰਿਹਾ ਕਟਾਈਆ । ਨਾਮ ਸੰਦੇਸ਼ਾ ਸੁਣਾ ਅਗੰਮੀ ਰਾਗ, ਸੋਹੰ ਢੋਲਾ ਰਿਹਾ ਜਣਾਈਆ । ਜਨਮ ਕਰਮ ਦੀ ਮੇਟ ਕੇ ਆਗ, ਅੰਮ੍ਰਿਤ ਬੂੰਦ ਸੁਵਾਂਤੀ ਮੁਖ ਚੁਆਈਆ । ਚਰਨ ਪ੍ਰੀਤੀ ਬਖ਼ਸ਼ ਕੇ ਦਾਤ, ਨਾਤੇ ਧੁਰ ਦੇ ਰਿਹਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਆਸਾ ਕਹੇ ਮੇਰਾ ਵਸਿਆ ਖੇੜਾ, ਭਾਗਾਂ ਭਰਿਆ ਨਜ਼ਰੀ ਆਈਆ । ਸਾਹਿਬ ਸਵਾਮੀ ਲਾਇਆ ਡੇਰਾ, ਡੰਡੌਤ ਸਾਚੀ ਰਿਹਾ ਸਿਖਾਈਆ । ਕਲਜੁਗ ਸ਼ੌਹ ਦਰਿਆਏ ਬੰਨ੍ਹੇ ਬੇੜਾ, ਵਹਿੰਦੀ ਧਾਰ ਨਾ ਕੋਇ ਵਹਾਈਆ । ਆਵਣ ਜਾਵਣ ਕਟ ਕੇ ਜਾਏ ਗੇੜਾ, ਲੱਖ ਚੁਰਾਸੀ ਫੰਦ ਕਟਾਈਆ । ਮਾਨਸ ਜਨਮ ਕਰ ਕੇ ਜਾਏ ਨਬੇੜਾ, ਅਗੇ ਦਏ ਨਾ ਕੋਇ ਸਜ਼ਾਈਆ । ਭੇਵ ਖੁਲ੍ਹਾ ਕੇ ਤੇਰਾ ਮੇਰਾ, ਇਕੋ ਨਾਦ ਦਏ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਆਸਾ ਕਹੇ ਮੈਨੂੰ ਚਾਓ ਘਨੇਰਾ, ਖ਼ੁਸ਼ੀਆਂ ਹਾਲ ਸੁਣਾਈਆ । ਸਾਹਿਬ ਸਤਿਗੁਰ ਮਿਲਿਆ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਭਜਨ ਬੰਦਗੀ ਅਭਿਆਸਾਂ ਨਾਲ ਕਰਨਾ ਪਿਆ ਨਾ ਝੇੜਾ, ਝਗੜਾ ਮਨ ਨਾ ਕੋਇ ਲੜਾਈਆ । ਇਕੋ ਸੋਹੰ ਦੱਸਿਆ ਸ਼ਬਦ ਬਬੇਰਾ, ਜੋ ਏਥੇ ਓਥੇ ਹੋਏ ਸਹਾਈਆ । ਚਾਰੋਂ ਕੁੰਟ ਰੱਖੇ ਘੇਰਾ, ਅੱਠੇ ਪਹਿਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰਮੁਖ ਆਸਾ ਕਹੇ ਮੈਂ ਹੋ ਗਈ ਖ਼ੁਸ਼, ਖ਼ੁਸ਼ੀ ਮੇਰੇ ਅੰਦਰ ਪਰਗਟਾਈਆ । ਸਤਿ ਸਵਾਮੀ ਭੇਵ ਖੁਲ੍ਹਾਇਆ ਸਚ ਸੁਚ, ਸਤਿ ਦਿਤਾ ਦ੍ਰਿੜਾਈਆ । ਜਿਸ ਦੀ ਧਾਰੋਂ ਗਏ ਉਠ, ਉਹ ਮੇਲਾ ਰਿਹਾ ਮਿਲਾਈਆ । ਭਗਵਨ ਹੋ ਕੇ ਰਿਹਾ ਤੁਠ, ਭਗਤਾਂ ਜੋੜ ਜੁੜਾਈਆ । ਉਜਲ ਕਰ ਕੇ ਮਾਤ ਮੁਖ, ਕੂੜੀ ਕਿਰਿਆ ਮੈਲ ਧੁਆਈਆ । ਪੁਰਖ ਅਬਿਨਾਸ਼ੀ ਬਣਾ ਆਪਣੇ ਪੁਤ, ਸਾਚੀ ਮੰਜ਼ਲ ਰਿਹਾ ਚੜ੍ਹਾਈਆ । ਜਿਥੇ ਮੌਲੇ ਇਕੋ ਰੁਤ, ਖ਼ਿਜ਼ਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਖ਼ੁਸ਼ੀ ਵਖਾਈਆ । ਭਗਤ ਆਸਾ ਕਹੇ ਮੇਰਾ ਮੰਦਰ ਸੁਹੰਜਣਾ, ਸੋਭਾਵੰਤ ਦਿਤਾ ਸੁਹਾਈਆ । ਕਿਰਪਾ ਕਰੀ ਆਦਿ ਨਿਰੰਜਣਾ, ਦੀਵਾ ਬਾਤੀ ਇਕ ਰੁਸ਼ਨਾਈਆ । ਠਾਕਰ ਹੋ ਕੇ ਬਣਿਆ ਸੱਜਣਾ, ਸਗਲਾ ਸੰਗ ਨਿਭਾਈਆ । ਸਰੋਵਰ ਹੋ ਕੇ ਕਰਾਇਆ ਮਜਨਾ, ਦੁਰਮਤ ਮੈਲ ਧੁਆਈਆ । ਓਢਨ ਹੋ ਕੇ ਪੜਦਾ ਕਜਣਾ, ਸਿਰ ਆਪਣਾ ਹੱਥ ਰਖਾਈਆ । ਚਰਨ ਪ੍ਰੀਤੀ ਅੰਦਰ ਮਗਨਾ, ਨਾਮ ਖ਼ੁਮਾਰੀ ਦਏ ਚੜ੍ਹਾਈਆ । ਕੂੜੀ ਕਿਰਿਆ ਭਾਂਡਾ ਭੱਜਣਾ, ਭਰਮ ਗੜ੍ਹ ਤੁੜਾਈਆ । ਗੁਰਮੁਖ ਵਿਰਲੇ ਅੰਦਰ ਲੰਘਣਾ, ਜਿਸ ਜਨ ਰਸਤਾ ਦਏ ਵਖਾਈਆ । ਨਾਮ ਭੰਡਾਰਾ ਇਕੋ ਮੰਗਣਾ, ਵਸਤ ਅਮੋਲਕ ਬੇਪਰਵਾਹੀਆ । ਰਸ ਦੇਵੇ ਨਿਜਾਨੰਦਨਾ, ਨਿਜ ਅੰਤਰ ਦਏ ਜਣਾਈਆ । ਜੋਤੀ ਨੂਰ ਚਾੜ੍ਹੇ ਚੰਦਨਾ, ਸਚ ਜੋਤ ਕਰੇ ਰੁਸ਼ਨਾਈਆ । ਗੁਰਸਿਖ ਜਿਸ ਮਿਲਿਆ ਸੂਰਾ ਸਰਬੰਗਨਾ, ਪਾਰਬ੍ਰਹਮ ਬੇਪਰਵਾਹੀਆ । ਓਸ ਦੂਜਾ ਦਰ ਹੋਰ ਕੋਈ ਨਾ ਮੰਗਣਾ, ਦੇਵਣਹਾਰਾ ਦਾਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਲਾਏ ਆਪਣੇ ਅੰਗਣਾ, ਅੰਗੀਕਾਰ ਆਪ ਅਖਵਾਈਆ ।


੩੬੯

### ☀ ੩੦ ਮਾਘ ੨੦੨੧ ਬਿਕ੍ਰਮੀ ਬੀਬੀ ਸੁਰਜੀਤ ਕੌਰ ਦੇ ਗ੍ਰਿਹਿ ਪਿੰਡ ਝਾਂਡੇ ☀

ਆਤਮਾ ਕਹੇ ਜੁਗ ਜੁਗ ਲਹਿਣਾ ਮੇਰਾ ਵਿਚ ਸੰਸਾਰ, ਨਿਤ ਨਵਿਤ ਆਸਾ ਪੂਰ ਕਰਾਈਆ । ਮੇਰਾ ਲੇਖਾ ਦੇਂਦੇ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਵੇਸ ਵਟਾਈਆ । ਭਗਤਾਂ ਨਾਲ ਫਿਰਦਾ ਰਿਹਾ ਬਣ ਕੇ ਮਿਤਰ ਯਾਰ, ਸੰਤਾਂ ਸੰਗ ਆਪਣਾ ਮੇਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਔਂਦਾ ਰਿਹਾ ਵਾਰੋ ਵਾਰ, ਜੁਗ ਚੌਕੜੀ ਆਪਣਾ ਵੇਸ ਵਟਾਈਆ । ਪੰਜ ਤਤ ਕਾਇਆ ਨਾਲ ਕਰਦਾ ਰਿਹਾ ਉਧਾਰ, ਬਿਨ ਲੇਖੇ ਵਿਚੋਂ ਪਰਗਟਾਈਆ । ਸ਼ਬਦ ਸੰਦੇਸ਼ਾ ਸੁਣਦਾ ਰਿਹਾ ਅਗੰਮ ਅਪਾਰ, ਹਰਿ ਕਾ ਢੋਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਦਏ ਚੁਕਾਈਆ । ਆਤਮ ਕਹੇ ਮੇਰਾ ਜੁਗ ਜੁਗ ਮੇਲਾ, ਪੁਰਖ ਅਕਾਲ ਦੇਵਣਹਾਰ ਵਡਿਆਈਆ । ਪਾਰਬ੍ਰਹਮ ਬਣ ਸੱਜਣ ਸੁਹੇਲਾ, ਬ੍ਰਹਮ ਆਪਣਾ ਰੰਗ ਰੰਗਾਈਆ । ਸ਼ਬਦੀ ਧਾਰ ਗੁਰੂ ਗੁਰ ਚੇਲਾ, ਚੇਲਾ ਗੁਰੂ ਵੇਸ ਵਟਾਈਆ । ਸਤਿ ਸਵਾਮੀ ਬਣ ਕੇ

ਸੱਜਣ ਸੁਹੇਲਾ, ਭਗਤ ਭਗਵਨ ਰੂਪ ਵਟਾਈਆ । ਧਾਮ ਵੇਖ ਕੇ ਇਕ ਨਵੇਲਾ, ਮੰਦਰ ਅੰਦਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵਣਹਾਰ ਸਦਾ ਸਹਾਈਆ । ਆਤਮ ਕਹੇ ਮੇਰਾ ਲਹਿਣਾ ਦੇਣਾ ਕਦੇ ਨਾ ਮੁਕਦਾ, ਲੱਖ ਚੁਰਾਸੀ ਅੰਦਰ ਡੇਰਾ ਲਾਈਆ । ਬਿਨ ਪੁਰਖ ਅਕਾਲ ਮੈਨੂੰ ਕੋਈ ਨਾ ਪੁਛਦਾ, ਸਨਮੁਖ ਹੋ ਨਾ ਦਇਆ ਕਮਾਈਆ । ਜੁਗ ਚੌਕੜੀ ਹਿਸਾਬ ਨਾ ਕੋਇ ਮੁਕਦਾ, ਪਰਦਾ ਨਾ ਕੋਇ ਉਠਾਈਆ । ਕਲਜੁਗ ਅੰਤਮ ਵੇਲਾ ਆ ਗਿਆ ਸੁਖ ਦਾ, ਗਹਿਰ ਗੰਭੀਰ ਹੋਏ ਸਹਾਈਆ । ਲੇਖਾ ਮੁਕਾ ਦੇ ਤੱਤਾਂ ਦੇ ਦੁਖ ਦਾ, ਪੰਜਾਂ ਅੰਦਰ ਬੰਦ ਨਾ ਕੋਇ ਕਰਾਈਆ । ਪਾਰ ਉਤਾਰਾ ਕਰ ਦੇ ਜਾਮੇ ਮਨੁਖ ਦਾ, ਜੋ ਮਾਣਸ ਨਜ਼ਰੀ ਆਈਆ । ਭੇਵ ਖੁਲ੍ਹਾ ਦੇ ਆਪਣੀ ਰੁਤ ਦਾ, ਗ੍ਰਿਹ ਮੰਦਰ ਦੇ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਆਤਮ ਪਰਮਾਤਮ ਤੇਰਾ ਨਾਤਾ ਪਿਤਾ ਪੁਤ ਦਾ, ਫੜ ਬਾਹੋਂ ਗਲੇ ਲਗਾਈਆ । ਜਗ ਵੇਲਾ ਨਹੀਂ ਚੁਪ ਦਾ, ਸੁਤਿਆਂ ਲੈ ਉਠਾਈਆ । ਲੇਖਾ ਮੁਕ ਜਾਏ ਆਵਣ ਜਾਵਣ ਮਾਤ ਗਰਭ ਉਲਟੇ ਰੁਖ ਦਾ, ਦਸ ਦਸ ਮਾਸ ਪੈਂਡਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਆਤਮਾ ਕਹੇ ਪ੍ਰਭੂ ਮੈਂ ਨਾ ਪੁਰਖ ਨਾ ਨਾਰ, ਤੇਰਾ ਨੂਰ ਨਜ਼ਰੀ ਆਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਹੋ ਸਹਾਈਆ । ਭਰਮੇ ਭੁੱਲਾ ਸਰਬ ਸੰਸਾਰ, ਭਾਂਡਾ ਭਰਮ ਨਾ ਕੋਇ ਭੰਨਾਈਆ । ਤੇਰਾ ਮੇਲਾ ਨਾ ਹੋਵੇ ਨਿਰਗੁਣ ਧਾਰ, ਜੋਤੀ ਜੋਤ ਨਾ ਕੋਇ ਮਿਲਾਈਆ । ਬਾਹਰੋਂ ਪੰਜਾਂ ਤੱਤਾਂ ਦਾ ਸ਼ਿੰਗਾਰ, ਮਾਣਸ ਦੇਹ ਰੂਪ ਵਟਾਈਆ । ਚਾਰੋਂ ਕੁੰਟ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਹਉਮੇ ਹੰਗਤਾ ਬੈਠੀ ਡੇਰਾ ਲਾਈਆ । ਨੌਂ ਦਵਾਰ ਰਹੇ ਝਖ ਮਾਰ, ਸਤਿ ਸਚ ਨਾ ਕੋਇ ਸਮਝਾਈਆ । ਮਨ ਮਨੂਆ ਉਡੇ ਦਹਿ ਦਿਸ਼ ਡਾਰ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸਾਢੇ ਤਿੰਨ ਹੱਥ ਅੰਦਰ ਅੰਧ ਅੰਧਿਆਰ, ਦੀਵਾ ਬਾਤੀ ਨਾ ਕੋਇ ਜਗਾਈਆ । ਕਿਰਪਾ ਕਰ ਸਿਰਜਣਹਾਰ, ਤੇਰੇ ਸੰਗੀ ਦਏ ਮਿਲਾਈਆ । ਮੇਰਾ ਮਿਤਰ ਸ਼ਬਦ ਅਨਹਦ ਜੋ ਅੰਤਰ ਕਰੇ ਸਚ ਗੁਫ਼ਤਾਰ, ਦਿਵਸ ਰੈਣ ਨਾਦ ਵਜਾਈਆ । ਮੇਰਾ ਪਿਆਰ ਅੰਮ੍ਰਿਤ ਠੰਡਾ ਠਾਰ, ਜੋ ਕਵਲ ਨਾਭੀ ਬੰਦ ਦਿਤਾ ਕਰਾਈਆ । ਮੇਰਾ ਸੱਜਣ ਕਮਲਾਪਾਤੀ ਪਵਣ ਜੋਤ ਕਰੇ ਉਜਿਆਰ, ਨੂਰੋ ਨੂਰ ਨੂਰ ਚਮਕਾਈਆ । ਚਲ ਕੇ ਆਵੇ ਠਾਕਰ ਦਵਾਰ, ਮਹਲ ਅਟਲ ਸੋਭਾ ਪਾਈਆ । ਸਾਚੀ ਸਿਖਿਆ ਦਏ ਸਿਖਾਲ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਪਕੜ ਉਠਾਏ ਆਪਣਾ ਬਾਲ, ਪਰਮਾਤਮ ਆਤਮ ਲਏ ਜਗਾਈਆ । ਧੁਰ ਦਾ ਦੱਸ ਮੁਰੀਦਾਂ ਹਾਲ, ਮੁਰਸ਼ਦ ਆਪਣਾ ਭੇਵ ਚੁਕਾਈਆ । ਮੇਰਾ ਟੁਟ ਜਾਏ ਕੂੜਾ ਜੰਜਾਲ, ਲੋਕਮਾਤ ਰਹਿਣ ਨਾ ਪਾਈਆ । ਅੰਤਮ ਜਾਵਾਂ ਸਚਖੰਡ ਸਚੀ ਧਰਮਸਾਲ, ਜਿਸ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਤਮ ਲਏ ਪਰਨਾਈਆ । ਆਤਮ ਕਹੇ ਨਾ ਪੁਰਖ ਨਾ ਮੈਂ ਨਾਰੀ, ਨਰ ਹਰਿ ਨਰਾਇਣ ਤੇਰੀ ਓਟ ਤਕਾਈਆ । ਮੇਰਾ ਰੂਪ ਨਿਰਮਲ ਜੋਤ ਜੋਤ ਨਿਰੰਕਾਰੀ, ਸਤਿ ਸਰੂਪੀ ਨਜ਼ਰੀ ਆਈਆ । ਘਟ ਘਟ ਅੰਦਰ ਕਰਾਂ ਉਜਿਆਰੀ, ਲੱਖ ਚੁਰਾਸੀ ਸੋਭਾ ਪਾਈਆ । ਬਿਨ ਤੇਰੀ ਕਿਰਪਾ ਮੈਨੂੰ ਤੱਤਾਂ ਵਿਚ ਖ਼ੁਆਰੀ, ਕੂੜਾ ਨਾਤਾ ਨਾ ਕੋਇ ਛੁਡਾਈਆ । ਸਾਚੀ ਬਖ਼ਸ਼ ਚਰਨ ਪਿਆਰੀ, ਚਰਨੋਦਕ ਇਕੋ ਮੁਖ ਲਗਾਈਆ । ਮੇਰੀ ਕੂੜਿਆਂ ਨਾਲੋਂ ਟੁਟ ਜਾਏ ਯਾਰੀ, ਸਾਚਾ ਸ਼ਬਦ ਤੇਰਾ ਨਾਮ ਇਕੋ ਸੰਗੀ ਨਜ਼ਰੀ ਆਈਆ । ਮਹਲ ਅਟਲ ਸੁਹਾ ਦੇ ਉਚ ਅਟਾਰੀ, ਗ੍ਰਿਹ ਮੰਦਰ ਦੇ ਵਡਿਆਈਆ ।


੩੭੦

ਆਵਣ ਜਾਵਣ ਰਹੇ ਨਾ ਵਿਚ ਸੰਸਾਰੀ, ਸੰਸਾਰ ਸਾਗਰ ਪਾਰ ਦੇ ਕਰਾਈਆ । ਸਦ ਵਸਾਂ ਤੇਰੇ ਚਰਨ ਦਵਾਰੀ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਬਖ਼ਸ਼ ਸਰਨਾਈਆ । ਆਤਮਾ ਕਹੇ ਮੈਂ ਭਗਤਾਂ ਅੰਦਰ ਸੋਹਣੀ ਹੋਈ ਪਰਕਾਸ਼, ਬਿਨ ਤੇਲ ਬਾਤੀ ਡਗਮਗਾਈਆ । ਸਦ ਪ੍ਰਭੂ ਮਿਲਣ ਦੀ ਰੱਖਾਂ ਆਸ, ਦੂਜਾ ਧਿਆਨ ਨਾ ਕੋਇ ਲਗਾਈਆ । ਰਾਹ ਛੱਡ ਦਿਤੇ ਪ੍ਰਿਥਮੀ ਆਕਾਸ਼, ਗਗਨ ਮੰਡਲ ਅੱਖ ਨਾ ਕੋਇ ਉਠਾਈਆ । ਕਰਾਂ ਬੇਨੰਤੀ ਚਰਨ ਕਵਲ ਸੁਣ ਮੇਰੀ ਅਰਦਾਸ, ਅਰਜ਼ੋਈ ਇਕੋ ਇਕ ਜਣਾਈਆ । ਧੁਰ ਦੇ ਠਾਕਰ ਗਹਿਰ ਗੰਭੀਰ ਪਤਿਪਰਮੇਸ਼ਵਰ ਅਗੰਮ ਅਥਾਹ ਚਲ ਕੇ ਆਵੀਂ ਮੇਰੇ ਪਾਸ, ਦੋ ਜਹਾਨਾਂ ਮਾਲਕ ਖ਼ਾਲਕ ਬ੍ਰਹਿਮੰਡਾਂ ਖੰਡਾਂ ਪੰਧ ਆਪ ਮੁਕਾਈਆ । ਜਨਮ ਕਰਮ ਦੀ ਮੇਰੀ ਬੁਝਾ ਪਿਆਸ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਨਿਰਗੁਣ ਨਿਰਵੈਰ ਨਿਰਾਕਾਰ ਲੈ ਚਲ ਆਪਣੇ ਸਾਥ, ਸਚਖੰਡ ਦਵਾਰੇ ਸੋਭਾ ਪਾਈਆ । ਜਿਥੇ ਸੂਰਜ ਚੰਦ ਨਹੀਂ ਕੋਈ ਪਰਕਾਸ਼, ਇਕੋ ਨੂਰ ਤੇਰਾ ਵਡਿਆਈਆ । ਕੋਈ ਰਾਗ ਨਾਦ ਸਵੱਈਆ ਢੋਲਾ ਗਾਏ ਨਾ ਭਾਟ, ਸੁਰੰਗੀ ਤਾਰ ਨਾ ਕੋਇ ਹਿਲਾਈਆ । ਦਿਵਸ ਰੈਣ ਨਾ ਕੋਈ ਰਾਤ, ਘੜੀ ਪਲ ਨਾ ਕੋਇ ਵਖਾਈਆ । ਲੱਖ ਚੁਰਾਸੀ ਮੂਲ ਨਾ ਖੇਲ ਤਮਾਸ਼, ਚਾਰੇ ਖਾਣੀ ਵੰਡ ਨਾ ਕੋਇ ਵੰਡਾਈਆ । ਤੇਰੇ ਚਰਨ ਦਵਾਰੇ ਇਕੋ ਭਗਤਾਂ ਦੀ ਜਮਾਤ, ਜਿਨ੍ਹਾਂ ਦੇ ਅੰਤਰ ਆਤਮ ਸਾਖ਼ਿਆਤ, ਨਰ ਹਰਿ ਤੇਰਾ ਨੂਰ ਨਜ਼ਰੀ ਆਈਆ । ਮੈਂ ਓਨ੍ਹਾਂ ਦੀ ਕਰਾਂ ਤਲਾਸ਼, ਜਿਸ ਗ੍ਰਿਹਿ ਹੋਵੇ ਤੇਰਾ ਵਾਸ, ਅਹਿਸਾਸ ਇਕੋ ਇਕ ਰਖਾਈਆ । ਸ੍ਰੀ ਭਗਵਾਨ ਕਿਹਾ ਸ਼ਾਬਾਸ਼, ਆਤਮ ਤੇਰੀ ਪੂਰੀ ਕਰ ਦੇਵਾਂ ਆਸ, ਰਹਿਣ ਨਾ ਦੇਵਾਂ ਵਿਚ ਪਰਭਾਸ, ਲੇਖੇ ਲਾਵਾਂ ਸਾਚੀ ਖ਼ਾਹਸ਼, ਜੋ ਖ਼ਾਲਸ ਇਕੋ ਇਕ ਰਖਾਈਆ । ਆਤਮ ਕਹੇ ਮੇਰੀ ਖ਼ਾਹਸ਼ ਕਰ ਦੇ ਪੂਰੀ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਮੈਂ ਤੇਰਾ ਰੂਪ ਨੂਰੀ, ਜੋਤੀ ਜਾਤੇ ਡਗਮਗਾਈਆ । ਇਹ ਸ੍ਰਿਸ਼ਟੀ ਦਿਸੇ ਕੂੜੀ, ਸਾਚਾ ਸੰਗ ਨਾ ਕੋਇ ਵਖਾਈਆ । ਮੇਰੀ ਮਨਸਾ ਨਾ ਹੋਏ ਅਧੂਰੀ, ਦੂਰ ਦੁਰਾਡੇ ਲੈਣਾ ਮਿਲਾਈਆ । ਤੇਰੇ ਚਰਨ ਕਵਲ ਮੰਗਾਂ ਧੂੜੀ, ਟਿੱਕਾ ਮਸਤਕ ਦੇਣਾ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਵਿਚ ਸਮਾਈਆ । ਸ੍ਰੀ ਭਗਵਾਨ ਕਹੇ ਸੁਣ ਆਤਮ ਪਿਆਸੀ, ਸਤਿ ਦਿਆਂ ਦ੍ਰਿੜਾਈਆ । ਜਨਮ ਕਰਮ ਦੀ ਦੂਰ ਕਰਾਂ ਉਦਾਸੀ, ਸੰਸਾ ਰੋਗ ਦਿਆਂ ਮਿਟਾਈਆ । ਜਿਸ ਨੂਰ ਵਿਚੋਂ ਤੇਰਾ ਨੂਰ ਹੋਇਆ ਪਰਕਾਸੀ, ਅੰਤਮ ਓਸੇ ਵਿਚ ਮਿਲਾਈਆ । ਮੰਜ਼ਲ ਚਾੜ੍ਹ ਕੇ ਔਖੀ ਘਾਟੀ, ਸਚ ਦਵਾਰੇ ਦਿਆਂ ਟਿਕਾਈਆ । ਹਰਿ ਚਰਨ ਕਵਲ ਰਹਿਣਾ ਇਕੋ ਦਾਸੀ, ਬਰਦੀ ਹੋ ਕੇ ਸੇਵ ਕਮਾਈਆ । ਲੇਖਾ ਮੁਕ ਜਾਏ ਪ੍ਰਿਥਮੀ ਆਕਾਸੀ, ਗਗਨ ਗਗਨੰਤਰ ਉਪਰ ਗ੍ਰਿਹਿ ਮੰਦਰ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦੀ ਖੇਲ ਵਖਾਏ ਧੁਰ ਸਮਾਜੀ, ਸਮਾਜ ਭਗਤਾਂ ਆਪਣੇ ਨਾਲ ਰਖਾਈਆ ।



੩੭੧

### ❊ ੩੦ ਮਾਘ ੨੦੨੧ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਿਹਿ ਪਿੰਡ ਝੰਗੀ ਜ਼ਿਲਾ ਜਲੰਧਰ ❊

ਮਾਘ ਕਹੇ ਮੇਰੀ ਚਰਨ ਨਮਸਤੇ, ਸੀਸ ਜਗਦੀਸ ਇਕ ਝੁਕਾਈਆ । ਮੈਂ ਭੰਡਾਰੇ ਵੇਖੇ ਅੰਮ੍ਰਿਤ ਰਸ ਦੇ, ਪੁਰਖ ਅਕਾਲ ਦੀਨ ਦਿਆਲ

ਆਪਣੇ ਵਿਚ ਰਖਾਈਆ । ਭਗਤ ਸੁਹੇਲੇ ਪੀ ਪੀ ਵੇਖੇ ਰਜਦੇ, ਜਨਮ ਕਰਮ ਦੀ ਤ੍ਰਿਖਾ ਭੁਖ ਮੁਕਾਈਆ । ਲਹਿਣੇ ਦੇਣੇ ਮੁਕਦੇ ਵੇਖੇ ਹਕ ਦੇ, ਹਰਿ ਕਰਤਾ ਆਪ ਚੁਕਾਈਆ । ਮੇਲ ਮਿਲਦੇ ਵੇਖੇ ਨਿਜ ਨੇਤਰ ਅੱਖ ਦੇ, ਦੋਏ ਲੋਚਣ ਡੇਰਾ ਢਾਹੀਆ । ਸੰਤ ਸੁਹੇਲੇ ਹਰਿ ਚਰਨ ਵੇਖੇ ਵਸਦੇ, ਸਚ ਦਵਾਰੇ ਸੋਭਾ ਪਾਈਆ । ਗੁਰਮੁਖ ਪ੍ਰੇਮ ਪ੍ਰੀਤੀ ਅੰਦਰ ਹਸਦੇ, ਸੋਹੰ ਹੰਸਾ ਰਾਗ ਇਕ ਅਲਾਈਆ । ਗੁਰਸਿਖ ਖ਼ੁਸ਼ੀਆਂ ਅੰਦਰ ਟਪਦੇ, ਗੋਪੀ ਕਾਹਨ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਆਪ ਕਮਾਈਆ । ਮਾਘ ਕਹੇ ਮੈਨੂੰ ਕਰ ਲੈਣ ਦਿਓ ਨਿਮਸਕਾਰ, ਵੇਲਾ ਵਕਤ ਦਏ ਵਡਿਆਈਆ । ਜਿਸ ਨੂੰ ਲਭਦੇ ਰਹੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਜਿਸ ਨੂੰ ਸੀਸ ਨਵੌਂਦੇ ਰਹੇ ਗੁਰ ਅਵਤਾਰ, ਬੰਦਨਾ ਇਕੋ ਇਕ ਸੁਣਾਈਆ । ਜਿਸ ਦਾ ਪੀਰ ਪੈਗ਼ੰਬਰ ਕਲਮਿਆਂ ਵਿਚ ਕਰਦੇ ਗਏ ਇਜ਼ਹਾਰ, ਆਇਤਾਂ ਵਿਚ ਸ਼ਨਵਾਈਆ । ਜਿਸ ਨੂੰ ਭਗਤਾਂ ਮੰਨਿਆ ਪੁਰਖ ਅਕਾਲ, ਸਚਖੰਡ ਦਵਾਰੇ ਬੈਠਾ ਡੇਰਾ ਲਾਈਆ । ਜਿਹਨੂੰ ਸੰਤਾਂ ਕਿਹਾ ਦੀਨ ਦਿਆਲ, ਦਇਆਵਾਨ ਬੇਪਰਵਾਹੀਆ । ਜਿਸ ਨੂੰ ਗੁਰਮੁਖਾਂ ਕਿਹਾ ਸਦਾ ਸੁਹੇਲਾ ਵਸੇ ਨਾਲ, ਵਿਛੜ ਕਦੇ ਨਾ ਜਾਈਆ । ਜਿਸ ਨੂੰ ਗੁਰਸਿਖਾਂ ਕਿਹਾ ਸਭ ਦਾ ਪ੍ਰਿਤਪਾਲ, ਲੱਖ ਚੁਰਾਸੀ ਸੇਵ ਕਮਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜੋਤੀ ਜਾਤਾ ਪੁਰਖ ਬਿਧਾਤਾ ਕਰੇ ਖੇਲ ਆਪ ਕਮਾਲ, ਕਰਨੀ ਦਾ ਮਾਲਕ ਕਰਤਾ ਆਪਣੀ ਧਾਰ ਚਲਾਈਆ । ਨਿਰਗੁਣ ਸਰਗੁਣ ਏਥੇ ਓਥੇ ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਖੋਜ ਖੁਜਾਈਆ । ਪਰਦਾ ਲਾਹਵਣਹਾਰ ਜੇਰਜ ਅੰਡ, ਖਾਣੀ ਬਾਣੀ ਢੋਲਾ ਰਾਗ ਸੁਣਾਈਆ । ਗਹਿਰ ਗੰਭੀਰ ਬੇਨਜ਼ੀਰ ਗਾਵਣਹਾਰਾ ਧੁਰ ਦਾ ਛੰਦ, ਬੋਧ ਅਗਾਧਾ ਸ਼ਬਦ ਅਨਾਦਾ ਕਰੇ ਅਗੰਮ ਪੜ੍ਹਾਈਆ । ਸੋ ਪੁਰਖ ਨਿਰੰਜਣ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਵਡ ਵਡਿਆਈਆ । ਮਾਘ ਕਹੇ ਮੇਰਾ ਸੀਸ ਜਾਣ ਦਿਓ ਝੁਕ, ਅੱਗੇ ਹੋ ਨਾ ਕੋਇ ਅਟਕਾਈਆ । ਮੈਂ ਰੁਚੀਆਂ ਵਿਚੋਂ ਹੋਇਆ ਖ਼ੁਸ਼, ਆਪਣਾ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਿਆ ਉਠ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੁਰਖ ਅਕਾਲ ਸਦਾ ਪ੍ਰਿਤਪਾਲ ਜਨ ਭਗਤਾਂ ਉਤੇ ਰਿਹਾ ਤੁਠ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਉਠਾਈਆ । ਅੰਮ੍ਰਿਤ ਰਸ ਜਾਮ ਪਿਆਲਾ ਨਿਝਰ ਦੇਵੇ ਘੁਟ, ਤੀਰਥ ਤਟ ਸਰੋਵਰ ਇਕੋ ਘਰ ਵਖਾਈਆ । ਦੁਰਮਤ ਮੈਲ ਧੋ ਕੇ ਕਰੇ ਉਜਲ ਮੁਖ, ਗੁਰਮੁਖਾਂ ਰਿਹਾ ਸਾਲਾਹੀਆ । ਜਨਮ ਕਰਮ ਦਾ ਮੇਟ ਕੇ ਦੁਖ, ਆਵਣ ਜਾਵਣ ਪਤਿਤ ਪਾਵਨ ਜਮ ਕੀ ਫਾਸੀ ਰਿਹਾ ਤੁੜਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਦੇਵੇ ਸਾਚੀ ਮੌਜ, ਮੌਜੂਦਾ ਹੋ ਕੇ ਆਪਣਾ ਦਰਸ ਵਖਾਈਆ । ਘਟ ਘਟ ਅੰਤਰ ਜੋਤ ਨਿਰੰਤਰ ਕਰੇ ਆਪ ਪਰਕਾਸ਼, ਅਬਿਨਾਸ਼ੀ ਕਰਤਾ ਆਪਣੀ ਖੇਲ ਖਿਲਾਈਆ । ਦੂਰ ਦੁਰਾਡਾ ਨੇਰਨ ਨੇਰਾ ਸਾਢੇ ਤਿੰਨ ਹੱਥ ਕਾਇਆ ਮੰਦਰ ਅੰਦਰ ਵਸਿਆ ਪਾਸ, ਪੂਰਬ ਲਹਿਣਾ ਲੇਖਾ ਰਿਹਾ ਮੁਕਾਈਆ । ਸੰਤ ਸੱਜਣ ਮੀਤ ਮੁਰਾਰਾ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਮਾਘ ਕਹੇ ਮੈਂ ਮਜਨ ਕਰਨਾ ਖ਼ਾਸ, ਨਵ ਨੌ ਚਾਰ ਪਿੱਛੋਂ ਨਹਾਵਣ ਆਈਆ । ਜਿਸ ਨੇ ਮੇਟਣੀ ਕਲਜੁਗ ਅੰਧੇਰੀ ਰਾਤ, ਸਤਿਜੁਗ ਨੂਰ ਕਰੇ ਰੁਸ਼ਨਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਦੱਸਣੀ ਗਾਥ, ਊਚਾਂ ਨੀਚਾਂ ਰਾਓ ਰੰਕਾਂ ਕਰੇ ਸਚ ਪੜ੍ਹਾਈਆ । ਆਤਮ ਪਰਮਾਤਮ ਭੇਵ ਖੋਲ੍ਹ ਕੇ ਸਿਮਰਨ ਪਾਠ, ਜੋਗ ਅਭਿਆਸ ਦਏ ਸਮਝਾਈਆ । ਗੁਰਮੁਖਾਂ ਲਗਾਵੇ

ਆਪਣੇ ਘਾਟ, ਖੇਵਟ ਖੇਟਾ ਹੋ ਕੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਾਘ ਕਹੇ ਮੈਨੂੰ ਕਰ ਲੈਣ ਦੇਵੋ ਦਰਸ, ਕਲ ਕਲਕੀ ਨਜ਼ਰੀ ਆਈਆ । ਜੋ ਅਰਸ਼ ਦਾ ਮਾਲਕ ਆਇਆ ਉਤੇ ਫ਼ਰਸ਼, ਫ਼ੈਸਲਾ ਧੁਰ ਦਾ ਹਕ ਸੁਣਾਈਆ । ਮਿਹਰਵਾਨ ਮਹਿਬੂਬ ਕਰਿਆ ਖੇਲ ਆਪ ਸਮਰਥ, ਮਹਿੰਮਾ ਅਕਥ ਰਿਹਾ ਦ੍ਰਿੜਾਈਆ । ਜੁਗ ਚੌਕੜੀ ਜੋ ਚਲੌਂਦਾ ਰਿਹਾ ਰਥ, ਰਥਵਾਹੀ ਆਪਣਾ ਹੁਕਮ ਸਚ ਮਨਾਈਆ, ਸੋ ਲਹਿਣਾ ਦੇਣਾ ਦੇਵਣ ਆਇਆ ਹਕ, ਹਕ਼ੀਕ਼ਤ ਸਾਚੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਾਘ ਕਹੇ ਮੇਰਾ ਝੁਕ ਗਿਆ ਸੀਸ, ਮਾਣ ਅਭਿਮਾਨ ਰਹਿਣ ਨਾ ਪਾਈਆ । ਲੇਖਾ ਮੁਕ ਗਿਆ ਬੀਸ ਇਕੀਸ, ਏਕੰਕਾਰ ਹੋਏ ਸਹਾਈਆ । ਨੇਤਰ ਲੋਚਣ ਤਕ ਕੇ ਹਰਿ ਜਗਦੀਸ, ਜਗ ਦੀ ਆਸ਼ਾ ਦਿਤੀ ਮੁਕਾਈਆ । ਪੁਰਖ ਅਕਾਲ ਨਾਲ ਕਰ ਕੇ ਇਕ ਪ੍ਰੀਤ, ਪ੍ਰੀਤਮ ਆਪਣਾ ਲਿਆ ਮਿਲਾਈਆ । ਜੋ ਵਸਿਆ ਧਾਮ ਅਣਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਚਾਰ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਗਾਇਆ ਗੀਤ, ਖਾਣੀ ਬਾਣੀ ਰਚਨ ਰਚਾਈਆ । ਸੋ ਸਾਹਿਬ ਸਵਾਮੀ ਬੈਠਾ ਆਪ ਅਤੀਤ, ਤ੍ਰੈਗੁਣ ਲੇਖਾ ਰਿਹਾ ਚੁਕਾਈਆ । ਜਿਸ ਦਾ ਵਸੇਰਾ ਬਾਹਰ ਮੰਦਰ ਮਸੀਤ, ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਹੱਥ ਕਿਸੇ ਨਾ ਆਈਆ । ਉਸ ਦੀ ਆਦਿ ਜੁਗਾਦਿ ਅਵੱਲੜੀ ਰੀਤ, ਜਨ ਭਗਤਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਾਘ ਕਹੇ ਮੇਰੀ ਤਾਰੀਖ ਅਖ਼ੀਰ, ਆਖ਼ਰ ਦਿਆਂ ਜਣਾਈਆ । ਸਾਹਿਬ ਸਵਾਮੀ ਕਟਦਾ ਸ਼ਰਅ ਵਾਲੀ ਜ਼ੰਜੀਰ, ਝਗੜਾ ਅਵਰ ਨਾ ਕੋਇ ਰਖਾਈਆ । ਇਸ ਦੇ ਕੋਲ ਅਗੰਮੀ ਤਦਬੀਰ, ਤਕਦੀਰ ਸਭ ਦੀ ਰਿਹਾ ਬਦਲਾਈਆ । ਰਹਿਮਤ ਕਰੇ ਬੇਨਜ਼ੀਰ, ਨਜ਼ਰ ਆਪਣੀ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਮਾਘ ਕਹੇ ਮੈਂ ਵੇਂਹਦਾ ਰਿਹਾ ਨਿਤ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਜੋ ਕਰਿਆ ਖੇਲ ਅਬਿਨਾਸ਼ੀ ਅਚੁਤ, ਚੇਤਨ ਧਾਰ ਇਕ ਪਰਗਟਾਈਆ । ਜਨ ਭਗਤਾਂ ਸੁਹਾ ਕੇ ਆਇਆ ਰੁਤ, ਰੁਤੜੀ ਆਪਣੀ ਨਾਲ ਮਹਿਕਾਈਆ । ਕੋਝੇ ਕਮਲਿਆਂ ਗ਼ਰੀਬ ਨਿਮਾਣਿਆਂ ਆਇਆ ਪੁਛ, ਚਾਰ ਜੁਗ ਦਿਆਂ ਵਿਛੜਿਆਂ ਭੇਵ ਖੁਲ੍ਹਾਈਆ । ਭਗਤਾਂ ਭਗਵਾਨ ਬਣਾ ਕੇ ਆਇਆ ਪੁਤ, ਪਿਤਾ ਪੂਤ ਗੋਦ ਉਠਾਈਆ । ਨਾਮ ਭੰਡਾਰੀ ਹੋ ਕੇ ਆਇਆ ਤੁਠ, ਵਸਤ ਅਮੋਲਕ ਧੁਰ ਦੀ ਝੋਲੀ ਪਾਈਆ । ਨਿਰਮਾਣਤਾ ਵਿਚ ਆਇਆ ਝੁਕ, ਦਰ ਦਰਵੇਸ਼ ਹੋ ਕੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਮਾਘ ਕਹੇ ਮੇਰੀ ਅੰਤ ਅਖ਼ੀਰੀ ਰਾਤ, ਦੋ ਜਹਾਨਾਂ ਨਜ਼ਰੀ ਆਈਆ । ਮੈਂ ਦਰਸ਼ਨ ਪਾਵਾਂ ਸਾਖ਼ਿਆਤ, ਸਨਮੁਖ ਹੋ ਕੇ ਖ਼ੁਸ਼ੀ ਮਨਾਈਆ । ਚਰਨ ਢੱਠਾਂ ਪੁਰਖ ਅਬਿਨਾਸ਼, ਅਬਿਨਾਸ਼ੀ ਦਾਤਾ ਹੋਏ ਸਹਾਈਆ । ਜਿਸ ਦਾ ਭਗਤਾਂ ਅੰਦਰ ਵਾਸ, ਸੋ ਮੇਰੇ ਸਵਾਸ ਲੇਖੇ ਲਾਈਆ । ਮੈਂ ਸਤਿਜੁਗ ਪਹਿਲੋਂ ਰੱਖੀ ਆਸ, ਵਿਸ਼ਨੂੰ ਇਕੋ ਵਾਰ ਸਮਝਾਈਆ । ਫੇਰ ਫ਼ਰਿਆਦ ਕੀਤੀ ਰਾਮ ਪਾਸ, ਜੋ ਦਸਰਥ ਬੇਟਾ ਨਜ਼ਰੀ ਆਈਆ । ਫੇਰ ਕਾਹਨ ਦਾ ਮੰਗਿਆ ਸਾਥ, ਘਨਈਏ ਦਿਤਾ ਦ੍ਰਿੜਾਈਆ । ਸਾਰੇ ਦੇ ਕੇ ਗਏ ਜਵਾਬ, ਸ਼ਬਦ ਨਾਲ ਸ਼ਨਵਾਈਆ । ਤੇਰਾ ਲਹਿਣਾ ਜਗਤ ਹਿਸਾਬ, ਕਲਜੁਗ ਅੰਤਮ ਨਜ਼ਰੀ ਆਈਆ । ਜਿਸ ਵੇਲੇ ਨਿਰਗੁਣ ਜੋਤ ਪ੍ਰਭ ਠਾਕਰ ਆਇਆ ਆਪ,


੩੭੩

ਪੀਰਨ ਪੀਰ ਫੇਰਾ ਪਾਈਆ । ਓਸ ਦੀ ਸਰਨ ਲਗੀਂ ਆਪ, ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਾਘ ਕਹੇ ਮੈਂ ਕੀਤਾ ਮੱਜਨ, ਪ੍ਰਭ ਚਰਨ ਧੂੜ ਮਿਲੀ ਸਰਨਾਈਆ । ਕੋਟ ਜਨਮ ਦੇ ਪਾਪ ਭੱਜਣ, ਦਰ ਠਾਂਡੇ ਰਹਿਣ ਨਾ ਪਾਈਆ । ਕਰਤਾ ਕਾਦਰ ਮਿਲਿਆ ਸੱਜਣ, ਜੋ ਕੁਦਰਤ ਵੇਖ ਵਖਾਈਆ । ਆਦਿ ਜੁਗਾਦੀ ਇਕੋ ਧਾਰ ਮਘਨ, ਦੂਸਰ ਵੇਸ ਨਾ ਕੋਇ ਵਟਾਈਆ । ਭਗਤ ਸੁਹੇਲਾ ਸੰਤਾਂ ਆਇਆ ਸੱਦਣ, ਗੁਰਮੁਖ ਰਿਹਾ ਜਗਾਈਆ । ਪਿੱਛੇ ਨਾਲੋਂ ਅਗੇ ਹੋਰ ਆਇਆ ਵਧਣ, ਵਾਧਾ ਘਰ ਘਰ ਦਏ ਕਰਾਈਆ । ਜਿਸ ਦਾ ਸਭ ਤੋਂ ਵਖਰਾ ਨਿਰਾਲਾ ਸ਼ਬਦ ਅਗੰਮੀ ਭਜਨ, ਬੰਦਗੀ ਇਕੋ ਇਕ ਦ੍ਰਿੜਾਈਆ । ਮਿਹਰ ਨਜ਼ਰ ਨਾਲ ਚਾੜ੍ਹੇ ਉਪਰਲੀ ਮੰਜ਼ਲ, ਸਚ ਦਵਾਰੇ ਦਏ ਟਿਕਾਈਆ । ਓਨ੍ਹਾਂ ਨੇੜ ਨਾ ਆਵੇ ਅਜ਼ਲ, ਕਿਆਮਤ ਰੂਪ ਨਾ ਕੋਇ ਵਖਾਈਆ । ਜਿਨ੍ਹਾਂ ਸਾਚੇ ਨਾਮ ਦੀ ਗਾ ਲਈ ਗ਼ਜ਼ਲ, ਨਗ਼ਮਾ ਇਕ ਸ਼ਨਵਾਈਆ । ਓਨ੍ਹਾਂ ਦਾ ਮਾਣਸ ਜਨਮ ਗਿਆ ਬਦਲ, ਦੇਵ ਆਤਮਾ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਮਾਘ ਕਹੇ ਮੈਂ ਦੱਸਾਂ ਆਪਣੇ ਦਿਲ ਦੀ, ਅੱਖੀਂ ਡਿੱਠਾ ਹਾਲ ਸੁਣਾਈਆ । ਸੋਹਣੀ ਖੇਲ ਅਛਲ ਅਛਲ ਦੀ, ਜਗਤ ਬੁਧੀ ਸਮਝ ਕਿਸੇ ਨਾ ਆਈਆ । ਇਸ ਦੀ ਰਮਜ਼ ਕੋਈ ਨਾ ਜਾਣੇ ਘੜੀ ਪਲ ਦੀ, ਕੀ ਸਵਾਂਗ ਵਰਤਾਈਆ । ਕਿਸ ਧਾਰ ਜੋਤੀ ਬਲਦੀ, ਨੂਰੋ ਨੂਰ ਕਰੇ ਰੁਸ਼ਨਾਈਆ । ਕਿਥੇ ਧਾਰ ਵਹੇ ਅੰਮ੍ਰਿਤ ਸਾਚੇ ਜਲ ਦੀ, ਝਿਰਨਾ ਹਕ ਝਿਰਾਈਆ । ਨੂਰ ਪਰਕਾਸ਼ ਅਲਾਹੀ ਅਵਲ ਦੀ, ਆਲਮੀਨ ਰਿਹਾ ਸਮਾਈਆ । ਕਵਣ ਸੇਜਾ ਇਸ ਦੀ ਧਾਰ ਮਲਦੀ, ਆਤਮ ਪਰਮਾਤਮ ਕਰੇ ਕੁੜਮਾਈਆ । ਕਿਹੜੀ ਵਸਤ ਅਮੋਲਕ ਫਲ ਦੀ, ਜੋ ਫਲ ਫੁਲਵਾੜੀ ਵਿਚੋਂ ਬਾਹਰ ਰਖਾਈਆ । ਇਸ ਦੀ ਖੇਲ ਕੋਈ ਨਾ ਜਾਣੇ ਮਹੀਅਲ ਜਲ ਥਲ ਦੀ, ਕੀ ਕੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਆਪਣੇ ਹੱਥ ਰਖਾਈਆ । ਤੀਹ ਮਾਘ ਕਹੇ ਮੈਂ ਵੇਖੇ ਗੁਰਮੁਖ ਤਰਦੇ, ਬੇੜੇ ਧੁਰ ਦੇ ਆਪ ਚੜ੍ਹਾਈਆ । ਜੋ ਤੇਰਾ ਮੇਰਾ ਮੇਰਾ ਤੇਰਾ ਇਕੋ ਢੋਲਾ ਪੜ੍ਹਦੇ, ਗੀਤ ਅਗੰਮੀ ਇਕ ਸੁਣਾਈਆ । ਓਹ ਨਾ ਜਨਮਦੇ ਨਾ ਕਦੀ ਮਰਦੇ, ਮਾਤ ਗਰਭ ਨਾ ਫੇਰਾ ਪਾਈਆ । ਇਹੋ ਖੇਲ ਅਗੰਮੀ ਹਰਿ ਦੇ, ਜੋ ਇਸ਼ਾਰੇ ਨਾਲ ਰਿਹਾ ਤਰਾਈਆ । ਧੰਨ ਵਡਿਆਈ ਜੋ ਦਿਵਸ ਰੈਣ ਦਰਸ਼ਨ ਕਰਦੇ, ਨੇਤਰ ਨੈਣ ਖ਼ੁਸ਼ੀ ਮਨਾਈਆ । ਓਹ ਸਾਚੀ ਮੰਜ਼ਲ ਅੰਤਮ ਚੜ੍ਹਦੇ, ਅਧਵਿਚਕਾਰ ਨਾ ਕੋਇ ਅਟਕਾਈਆ । ਸਚਖੰਡ ਦਵਾਰੇ ਖ਼ੁਸ਼ੀਆਂ ਨਾਲ ਵੜਦੇ, ਸਾਹਿਬ ਸਤਿਗੁਰ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਘ ਕਹੇ ਸੁਣੋ ਜਗ ਮੀਤ, ਧੁਰ ਦੀ ਗਾਥਾ ਦਿਆਂ ਜਣਾਈਆ । ਪ੍ਰਭ ਬਦਲਣਹਾਰਾ ਜੁਗ ਜੁਗ ਰੀਤ, ਰੀਤੀਵਾਨ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਹਸਤ ਕੀਟ, ਊਚਾਂ ਨੀਚਾਂ ਰਿਹਾ ਚੁਕਾਈਆ । ਸੋ ਕਲਜੁਗ ਅੰਤਮ ਦੱਸਣ ਆਇਆ ਸ਼ਬਦ ਅਗੰਮਾ ਗੀਤ, ਗਹਿਰ ਗੰਭੀਰ ਕਰੇ ਪੜ੍ਹਾਈਆ । ਜਨ ਭਗਤੋ ਸਾਚਾ ਧਾਮ ਇਕ ਅਨਡੀਠ, ਜਿਸ ਦੀ ਬਣਤ ਲੋਕਮਾਤ ਨਾ ਕਿਸੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਘਰ ਦਾ ਰਿਹਾ ਚੁਕਾਈਆ । ਮਾਘ ਕਹੇ ਗੁਰਮੁਖੋ ਕਰੋ ਧਿਆਨ, ਸੁਰਤੀ ਸ਼ਬਦ ਨਾਲ ਮਿਲਾਈਆ । ਪੜ੍ਹਿਆਂ ਕਿਸੇ ਨਾ ਆਇਆ ਗਿਆਨ, ਪੁਸਤਕ ਪਾਰ ਨਾ ਕੋਇ ਲੰਘਾਈਆ । ਜਿੰਨਾਂ ਚਿਰ ਕਿਰਪਾ

ਨਾ ਕਰੇ ਸ੍ਰੀ ਭਗਵਾਨ, ਮਿਹਰ ਨਜ਼ਰ ਉਠਾਈਆ । ਚਰਨ ਪ੍ਰੀਤੀ ਦੇਵੇ ਨਾ ਸਚਾ ਦਾਨ, ਦੌਲਤ ਧੁਰ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਉਠਾਈਆ । ਜਨ ਭਗਤ ਕਹਿਣ ਸੁਣ ਮਾਘ ਮਹੀਨੇ, ਲੇਖਾ ਧੁਰ ਦਾ ਸਚ ਜਣਾਈਆ । ਕਲਜੁਗ ਅੰਤ ਸ੍ਰੀ ਭਗਵਾਨ ਪਾਇਆ ਕੀਹਨੇ, ਕਵਣ ਬੈਠਾ ਮੇਲ ਮਿਲਾਈਆ । ਮਾਘ ਕਹੇ ਮੈਂ ਜੀਵ ਜੰਤ ਵੇਖੇ ਅੰਨ੍ਹੇ, ਜਗਤ ਅੱਖਾਂ ਵਾਲਿਆਂ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਵਿਚੋਂ ਥੋੜੇ ਗੁਰਮੁਖ ਮੰਨੇ, ਜਿਨ੍ਹਾਂ ਆਪਣਾ ਭੇਵ ਖੁਲ੍ਹਾਈਆ । ਬਾਕੀ ਪਿਛਲੀਆਂ ਗਾਥਾਂ ਗੌਂਦੇ ਨਾਮੇ ਦਾ ਦੁਧ ਪੀਤਾ ਵਿਚ ਛੰਨੇ, ਧੰਨੇ ਦਾ ਖੂਹਾ ਗਿਆ ਚਲਾਈਆ । ਰਵਿਦਾਸ ਚੁਮਿਆਰੇ ਦੇ ਟੁੱਟੇ ਛਿੱਤਰ ਗੰਢੇ, ਰੰਬੀ ਆਰ ਹੱਥ ਉਠਾਈਆ । ਸੁਦਾਮੇ ਦੇ ਬੇੜੇ ਬੰਨ੍ਹੇ, ਦਲਿੱਦ੍ਰੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣੀ ਖੇਲ ਵਖਾਈਆ । ਜਨ ਭਗਤ ਕਹਿਣ ਮਾਘ ਮਹੀਨੇ ਬੋਲ, ਜੁਗ ਚੌਕੜੀ ਵੇਖਣਹਾਰੇ ਭੇਵ ਦੇ ਖੁਲ੍ਹਾਈਆ । ਸਮਰਥ ਪੁਰਖ ਵਸਿਆ ਕਿਸ ਦੇ ਕੋਲ, ਕਿਸ ਘਰ ਬੈਠਾ ਡੇਰਾ ਲਾਈਆ । ਮਾਘ ਕਹੇ ਮੈਂ ਚਾਰ ਕੁੰਟ ਸ੍ਰਿਸ਼ਟੀ ਦ੍ਰਿਸ਼ਟੀ ਵੇਖੀ ਫੋਲ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਬੰਕ ਦਵਾਰੇ ਖ਼ਾਲੀ ਵਜਦੇ ਢੋਲ, ਡੰਕ ਸਚ ਨਾ ਕੋਇ ਲਗਾਈਆ । ਪਰਮ ਪੁਰਖ ਪਰਮਾਤਮ ਸਦੀ ਵੀਹਵੀਂ ਸਾਰਿਆਂ ਨਾਲ ਮਾਰ ਕੇ ਰੋਲ, ਰੌਲਾ ਘਰ ਘਰ ਰਿਹਾ ਪਾਈਆ । ਥੋੜ੍ਹਿਆਂ ਭਗਤਾਂ ਦਾ ਅੰਦਰੋਂ ਕੁੰਡਾ ਦਿਤਾ ਖੋਲ੍ਹ, ਬਜਰ ਕਪਾਟੀ ਪਰੇ ਤੁੜਾਈਆ । ਜੋਤ ਸਰੂਪੀ ਹੋ ਕੇ ਅੰਦਰ ਗਿਆ ਮੌਲ, ਮੌਲਾ ਹੋ ਕੇ ਆਪਣੀ ਸੇਵ ਕਮਾਈਆ । ਤਿਨ੍ਹਾਂ ਭਗਤਾਂ ਨਾਲ ਮਿਲ ਕੇ ਸੁਹੰਜਣੀ ਹੋਈ ਧੌਲ, ਧਰਨੀ ਵਜੀ ਵਧਾਈਆ । ਜਿਸ ਦਾ ਗੋਬਿੰਦ ਨਾਲ ਕੌਲ, ਇਕਰਾਰ ਵੇਲਾ ਗਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇਵਣਹਾਰ ਸਰਨਾਈਆ । ਜਨ ਭਗਤ ਕਹਿਣ ਦੱਸ ਮਾਘ ਮਹੀਨੇ, ਭੇਦ ਅਭੇਵ ਖੁਲ੍ਹਾਈਆ । ਕਿਸ ਦੇ ਹਰਿ ਜੂ ਸੀਨੇ, ਸਿੰਮਤ ਇਕ ਵਖਾਈਆ । ਮਾਇਆ ਪਰਦੇ ਲਾਹ ਕੇ ਤੀਨੇ, ਤ੍ਰੈਗੁਣ ਅਨੰਦ ਰਿਹਾ ਬਣਾਈਆ । ਕਾਇਆ ਚੋਲੀ ਚਾੜ੍ਹ ਕੇ ਰੰਗ ਭੀਨੇ, ਭਿੰਨੜੀ ਰੈਣ ਨਾਲ ਮਿਲਾਈਆ । ਕਿਸ ਨੂੰ ਨਜ਼ਰੀ ਔਂਦਾ ਦਿਨੇ, ਕਿਸ ਨੂੰ ਰਾਤੀਂ ਸੁਫ਼ਨ ਵਿਚ ਦਰਸ ਦਿਖਾਈਆ । ਮਾਘ ਮਹੀਨਾ ਕਹੇ ਮੈਂ ਥੋੜੇ ਜਿਹੇ ਗਿਨੇ, ਜਿਨ੍ਹਾਂ ਦੇ ਅੰਦਰ ਵਸ ਕੇ ਡੇਰਾ ਲਾਈਆ । ਬਾਕੀ ਪਤਾ ਨਹੀਂ ਕੋਟਨ ਕੋਟ ਹੋਰ ਕਿੰਨੇ, ਜਿਨ੍ਹਾਂ ਦੀ ਖ਼ਾਲੀ ਸੇਜ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਭੁਲੇਖਾ ਰਿਹਾ ਮਿਟਾਈਆ । ਜਨ ਭਗਤ ਕਹਿਣ ਮਾਘ ਮਹੀਨੇ ਕਿਉਂ ਨਹੀਂ ਦੱਸਦਾ, ਅੰਦਰੋਂ ਭੇਵ ਖੁਲ੍ਹਾਈਆ । ਪੁਰਖ ਅਕਾਲ ਕੀਹਦੇ ਘਰ ਵਸਦਾ, ਬੈਠਾ ਡੇਰਾ ਲਾਈਆ । ਕਿਸ ਦੇ ਨਾਲ ਖ਼ੁਸ਼ੀਆਂ ਨਾਲ ਹਸਦਾ, ਹੰਸੀ ਆਪਣੀ ਰਿਹਾ ਛੁਪਾਈਆ । ਕਿਸ ਦਾ ਮੇਲ ਅਨੋਖੀ ਅੱਖ ਦਾ, ਜੋ ਆਖ਼ਰ ਰੰਗ ਵਖਾਈਆ । ਕਿਸ ਦਾ ਪ੍ਰੇਮ ਅੰਮ੍ਰਿਤ ਰਸ ਦਾ, ਰਸੀਆ ਹੋ ਕੇ ਰਿਹਾ ਜਣਾਈਆ । ਕਿਸ ਦਾ ਲਹਿਣਾ ਸਾਚੇ ਜਸ ਦਾ, ਵੇਦ ਪੁਰਾਨ ਨਾ ਸਿਫ਼ਤ ਸਾਲਾਹੀਆ । ਮਾਘ ਮਹੀਨੇ ਕਿਹਾ ਮੈਂ ਥੋੜ੍ਹਿਆਂ ਅੰਦਰ ਵੇਖਿਆ ਪ੍ਰਭ ਢਠਦਾ, ਆਪਣਾ ਆਪ ਗਿਆ ਮਿਟਾਈਆ । ਦਵਾਰਾ ਖੋਲ੍ਹ ਕੇ ਨਾਮ ਹੱਟ ਦਾ, ਗੁਰਮੁਖਾਂ ਝੋਲੀ ਪਾਈਆ । ਅੰਮ੍ਰਿਤ ਨਾਭੀ ਅੰਦਰੋਂ ਪਲਟਦਾ, ਮੂੰਦਾ ਕਵਲ ਵਖਾਈਆ । ਜੇ ਬਚਨ ਦੱਸਾਂ ਸਚ ਦਾ, ਮੇਰੇ ਨਾਲ ਝਗੜਾ ਕਰੇ ਲੋਕਾਈਆ । ਤੀਹ ਮਾਘ ਕਹੇ ਅੱਜ ਤਕ ਚੌਥੇ ਜੁਗ ਸਿਰਫ਼ ਇਕਵੰਜਾ ਸੌ ਵਿਚ ਵਸਦਾ, ਜਿਨ੍ਹਾਂ ਸਨਮੁਖ ਹੋ ਕੇ ਦਰਸ ਦਿਖਾਈਆ । ਕਵਣ ਭੇਤ ਜਾਣੇ ਅਗੰਮੀ

੩੭੫

ਰੱਬ ਦਾ, ਸਬਬ ਨਾਲ ਆਪਣੇ ਨਾਲ ਰਿਹਾ ਜੁੜਾਈਆ । ਜੰਗਲ ਪਹਾੜਾਂ ਕੁੰਦਰਾਂ ਵਿਚੋਂ ਲੱਭਿਆਂ ਕਿਸੇ ਨਾ ਲਭਦਾ, ਜਲ ਥਲ ਮਹੀਅਲ ਖੋਜ ਨਾ ਕੋਇ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਜਨ ਭਗਤ ਕਹਿਣ ਮਾਘ ਮਹੀਨੇ ਥੋੜਾ ਦੱਸ ਭੇਤ, ਆਪਣੇ ਦਿਨਾਂ ਦਾ ਹਾਲ ਸੁਣਾਈਆ । ਉਸ ਨੇ ਕਿਹਾ ਅਨੋਖੀ ਵੇਖੀ ਖੇਡ, ਜੋ ਹਰਿ ਕਰਤੇ ਆਪ ਰਚਾਈਆ । ਭਗਤਾਂ ਦੇ ਅੰਦਰ ਵੜ ਕੇ ਮਾਣਦਾ ਰਿਹਾ ਸੇਜ, ਆਤਮ ਆਪਣਾ ਆਸਣ ਡੇਰਾ ਲਾਈਆ । ਸ਼ਬਦ ਅਗੰਮ ਸੁਨੇਹੜੇ ਰਿਹਾ ਭੇਜ, ਸਦਾ ਇਕ ਸੁਣਾਈਆ । ਜਨਮ ਕਰਮ ਦੇ ਮੇਟਦਾ ਰਿਹਾ ਲੇਖ, ਰੇਖਾ ਰਿਹਾ ਬਦਲਾਈਆ । ਸਚ ਮੁਹੱਬਤ ਵਿਚ ਕਰਦਾ ਰਿਹਾ ਹੇਤ, ਮਹਿਬੂਬ ਆਪਣਾ ਰੰਗ ਰੰਗਾਈਆ । ਮੁਕਾਮੇ ਹਕ ਦੀ ਦੱਸ ਕੇ ਖੇਡ, ਹੁਜਰਾ ਸਚ ਰਿਹਾ ਜਣਾਈਆ । ਜਲਵਾ ਦੇ ਕੇ ਜੋਤੀ ਤੇਜ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਨੇ ਪਹਿਲੋਂ ਦਿਤੇ ਭੇਜ, ਸੋ ਆਪੇ ਮੇਲ ਮਿਲਾਈਆ । ਗੁਰਮੁਖੋ ਮੈਂ ਤੀਸ ਦਿਨ ਰਿਹਾ ਵੇਖ, ਗਿਣ ਗਿਣ ਵਕਤ ਲੰਘਾਈਆ । ਜਿਨ੍ਹਾਂ ਦਾ ਹੋਇਆ ਉਹਨਾਂ ਦੇ ਕੋਲ ਰਹੇ ਹਮੇਸ਼, ਝਲੇ ਨਾ ਕੋਇ ਜੁਦਾਈਆ । ਸੋਹਣਾ ਲੱਗਾ ਇਸ ਨੂੰ ਦੇਸ, ਦਸੰਤਰ ਬੈਠਾ ਪੰਧ ਮੁਕਾਈਆ । ਮਾਲਕ ਬਣ ਕੇ ਧੁਰ ਨਰੇਸ਼, ਨਿਰਵੈਰ ਹੋਏ ਸਹਾਈਆ । ਨਾਲ ਦੇਵਣਹਾਰਾ ਉਪਦੇਸ਼, ਸਿਖਿਆ ਸਚ ਸਮਝਾਈਆ । ਸੇਵਾ ਲਾ ਕੇ ਵਿਸ਼ਨ ਬ੍ਰਹਮਾ ਮਹੇਸ਼, ਕਰੋੜ ਤੇਤੀਸਾ ਸੁਰਪਤ ਇੰਦ ਦਏ ਸਮਝਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਵਖਾਏ ਨੇਤਨ ਨੇਤ, ਲੋਚਣ ਨੈਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਵਡਿਆਈਆ । ਤੀਹ ਮਾਘ ਕਹੇ ਮੈਂ ਕੀ ਕਰਾਂ ਤਾਰੀਫ਼, ਸਿਫ਼ਤ ਨਾਲ ਸਲਾਹੀਆ । ਕਲਜੁਗ ਬੁੱਢਾ ਹੋਇਆ ਜ਼ਈਫ਼, ਬਲ ਜ਼ੋਰ ਰਿਹਾ ਚੁਕਾਈਆ । ਜੋ ਮਾਤਲੋਕ ਬਣਿਆ ਰਿਹਾ ਵਸਨੀਕ, ਕਾਇਆ ਬਸਤੀਆਂ ਅੰਦਰ ਡੇਰਾ ਲਾਈਆ । ਘਰ ਘਰ ਅੰਧੇਰਾ ਰੱਖਿਆ ਤਾਰੀਕ, ਦੀਪਕ ਜੋਤ ਨਾ ਕੋਈ ਰੁਸ਼ਨਾਈਆ । ਜਿਸ ਨੇ ਸਤਿ ਧਰਮ ਤੇ ਮਾਰ ਕੇ ਲੀਕ, ਕੂੜ ਕੁੜਿਆਰ ਦਿਤਾ ਫੈਲਾਈਆ । ਆਤਮ ਪਰਮਾਤਮ ਰਹਿਣ ਨਾ ਦਿਤੀ ਪ੍ਰੀਤ, ਪ੍ਰੀਤਮ ਨਾਲੋਂ ਕੀਤੀ ਸਰਬ ਜੁਦਾਈਆ । ਘਰ ਘਰ ਵਿਚ ਦਿਸੇ ਸ਼ਰੀਕ, ਸ਼ਰਕਤ ਸਕੇ ਨਾ ਕੋਇ ਗਵਾਈਆ । ਗੁਰ ਅਵਤਾਰ ਪੀਰ ਪੈਗੰਬਰਾਂ ਵਿਚ ਰਹੀ ਨਾ ਕੋਈ ਤੌਫ਼ੀਕ, ਚੌਧਵੀਂ ਸਦੀ ਹੋਏ ਸਹਾਈਆ । ਇਸੇ ਕਰਕੇ ਪੁਰਖ ਅਕਾਲ ਦੀ ਕਰਕੇ ਗਏ ਉਡੀਕ, ਭਵਿਖਤਾਂ ਵਿਚ ਲਿਖਾਈਆ । ਜਿਸ ਵੇਲੇ ਦੂਰ ਦੁਰਾਡਾ ਚਲ ਕੇ ਆਵੇ ਨਜ਼ਦੀਕ, ਈਸਾ ਮੂਸਾ ਮੁਹੰਮਦ ਉਠ ਉਠ ਦੇਣ ਗਵਾਹੀਆ । ਨਾਨਕ ਗੋਬਿੰਦ ਕਰੇ ਤਸਦੀਕ, ਰਾਮਾ ਕ੍ਰਿਸ਼ਨਾ ਸ਼ਹਾਦਤ ਦਏ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੁਤੜੀ ਆਪ ਮਹਿਕਾਈਆ । ਮਾਘ ਕਹੇ ਮੇਰੀ ਮੌਲੀ ਰੁੱਤ, ਬਹਾਰ ਬਸੰਤ ਜਣਾਈਆ । ਜੇ ਭਗਤੋ ਮੈਥੋਂ ਰਹੇ ਪੁਛ, ਮੈਂ ਧੁਰ ਦਾ ਭੇਵ ਖੁਲ੍ਹਾਈਆ । ਸ੍ਰੀ ਭਗਵਾਨ ਬਣਾਇਆ ਤੁਹਾਨੂੰ ਸੁਤ, ਅਪਰਾਧਾਂ ਵਿਚੋਂ ਬਾਹਰ ਕਢਾਈਆ । ਤੁਹਾਡੇ ਅੰਦਰ ਵੜਿਆ ਚੁਪ, ਹੌਲੀ ਹੌਲੀ ਢੋਲਾ ਦਿਤਾ ਪੜ੍ਹਾਈਆ । ਅਗੇ ਗੋਦੀ ਰਿਹਾ ਚੁਕ, ਫੜ ਬਾਹੋਂ ਗਲੇ ਲਗਾਈਆ । ਤੁਹਾਡਾ ਪੈਂਡਾ ਜਾਣਾ ਮੁਕ, ਲੱਖ ਚੁਰਾਸੀ ਨਾ ਕੋਈ ਭੁਆਈਆ । ਉਜਲ ਕਰਕੇ ਦੋ ਜਹਾਨਾਂ ਮੁਖ, ਲੋਕਮਾਤ ਲਏ ਤਰਾਈਆ । ਸਫ਼ਲ ਕਰਾ ਕੇ ਜਨਨੀ ਕੁੱਖ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇੜਾ ਧੁਰ ਦਾ ਆਪ ਉਠਾਈਆ । ਮਾਘ ਕਹੇ ਮੈਂ ਹੋਇਆ ਖ਼ੁਸ਼ਹਾਲ, ਖ਼ੁਸ਼ੀ ਅੰਤਰ ਨਜ਼ਰੀ ਆਈਆ ।


੩੭੬

ਗਹਿਰ ਗੰਭੀਰ ਬਣਕੇ ਦੀਨ ਦਿਆਲ, ਦੀਨਨ ਆਪਣੇ ਰੰਗ ਰੰਗਾਈਆ । ਮੁਰਸ਼ਦ ਹੋ ਕੇ ਸੁਣੇ ਮੁਰੀਦਾਂ ਹਾਲ, ਮਹਿਬੂਬ ਆਪਣਾ ਫੇਰਾ ਪਾਈਆ । ਜਨ ਭਗਤੋ ਤੁਹਾਡੇ ਨਾਤੇ ਤੋੜੇ ਕਾਲ ਮਹਾਕਾਲ, ਸਾਚੀ ਸਰਨ ਇਕ ਸਮਝਾਈਆ । ਜੁਗ ਜਨਮ ਦੀ ਪੂਰੀ ਹੋਈ ਘਾਲ, ਕੀਤੀ ਘਾਲ ਲੇਖੇ ਲਾਈਆ । ਜਿਸ ਸਾਹਿਬ ਸਵਾਮੀ ਨਾਲ ਪੰਧ ਰਹੇ ਮਾਰ, ਸੋ ਅਗਲਾ ਪੈਂਡਾ ਰਿਹਾ ਮੁਕਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਦੂਈ ਦਵੈਤੀ ਡੇਰਾ ਢਾਹੀਆ । ਸਚਖੰਡ ਵਖਾਏ ਸਚੀ ਧਰਮਸਾਲ, ਮੰਦਰ ਇਕੋ ਇਕ ਜਣਾਈਆ । ਕਿਰਪਾ ਕਰ ਏਕਾ ਏਕੰਕਾਰ, ਨਿਰਗੁਣ ਦੇਵਣਹਾਰ ਵਡਿਆਈਆ । ਪਿਛਲਾ ਲੇਖਾ ਵੇਖੇ ਮਾਰ ਧਿਆਨ, ਸੋ ਸਾਹਿਬ ਸਵਾਮੀ ਆਪ ਸਮਝਾਈਆ । ਪੂਰਬ ਜਨਮ ਦਾ ਲਹਿਣਾ ਚੁਕਾਏ ਆਣ, ਸ੍ਰੀ ਭਗਵਾਨ ਹੋਏ ਸਹਾਈਆ । ਬਹੱਤਰਾਂ ਵਿਚੋਂ ਇਕ ਨਿਸ਼ਾਨ, ਜੋ ਨਿਸ਼ਾਨਾ ਲਿਆ ਬਣਾਈਆ । ਦੇਵਣਹਾਰਾ ਹਰਿ ਜੂ ਦਾਨ, ਦਾਤਾ ਦਾਨੀ ਇਕ ਅਖਵਾਈਆ । ਗੁਰਚਰਨ ਸਿੰਘ ਬੇਸ਼ਕ ਜਗਤ ਆਯੂ ਵਿਚ ਅੰਞਾਣ, ਬਾਲਿਆਂ ਵਿਚੋਂ ਬਾਲਾ ਨਜ਼ਰੀ ਆਈਆ । ਇਸ ਦਾ ਲੇਖਾ ਅਗੇ ਚਲਣਾ ਹੋਰ ਮਹਾਨ, ਫੱਗਣ ਮਹੀਨਾ ਰਾਹ ਤਕਾਈਆ । ਬਹੱਤਰਾਂ ਮਿਲਨਾ ਇਕ ਪਰਵਾਨ, ਸੱਤਰਾਂ ਸਤਿ ਸਤਿ ਸਮਝਾਈਆ । ਚੁਹੱਤਰਾਂ ਵਖਾ ਕੇ ਸਚ ਨਿਸ਼ਾਨ, ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਵਨਾ ਸਭ ਦੀ ਪੂਰ ਕਰਾਈਆ ।



## ❊ ਪਹਿਲੀ ਫੱਗਣ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❊

ਸਚਖੰਡ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਉਠ ਕੇ ਵੇਖੋ ਆਇਆ ਫੱਗਣ, ਫਲਗੁਣ ਆਪਣਾ ਨਾਲ ਲਿਆਈਆ । ਤੀਹ ਮਾਘ ਪਿਛਲੀ ਰਾਤੀ ਪਾ ਕੇ ਗਿਆ ਸਗਨ, ਧੁਰ ਦਾ ਹੁਕਮ ਸੀਸ ਟਿਕਾਈਆ । ਭਗਤ ਭਗਵਾਨ ਦੀਪਕ ਲਗੇ ਜਗਣ, ਦੋ ਜਹਾਨ ਹੋਇ ਰੁਸ਼ਨਾਈਆ । ਪੁਰਖ ਅਕਾਲ ਦਾ ਡੰਕਾ ਲੱਗਾ ਵੱਜਣ, ਬ੍ਰਹਿਮੰਡ ਖੰਡ ਆਪ ਉਠਾਈਆ । ਸਚ ਪ੍ਰੀਤੀ ਅੰਦਰ ਗੁਰਮੁਖ ਹੋਵਣ ਲੱਗਾ ਮਗਨ, ਸਰੂਪ ਅਨੂਪ ਵਿਚ ਸਮਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਗੁਰਮੁਖਾਂ ਅੰਦਰੋਂ ਕੂੜੀ ਕਿਰਿਆ ਲੱਗਾ ਕੱਢਣ, ਨਾਮ ਖੰਡਾ ਹੱਥ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਗੀਤ ਮਹਾਨ ਸੁਣਾਵਣ ਲੱਗਾ ਛੰਦਨ, ਸੰਸੇ ਰੋਗ ਸਰਬ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੀਏ ਸੋਹਣੀ ਰੁਤ, ਜੋ ਰੁਤੜੀ ਹਰਿ ਮਹਿਕਾਈਆ । ਇਕ ਦੂਜੇ ਨੂੰ ਰਹੇ ਪੁਛ, ਬਿਨ ਰਸਨਾ ਜਿਹਵਾ ਸੁਣਾਈਆ । ਕਰਨੀ ਦਾ ਕਰਤਾ ਕਰੇ ਕੀ ਕੁਛ, ਭੇਵ ਅਭੇਦ ਨਾ ਕੋਇ ਦ੍ਰਿੜਾਈਆ । ਗੋਬਿੰਦ ਕਿਹਾ ਅੰਦਰ ਵੜ ਕੇ ਵੇਖੋ ਸਭ ਦਾ ਪੈਂਡਾ ਗਿਆ ਮੁਕ, ਪੰਧ ਨਜ਼ਰ ਕੋਇ ਨਾ ਆਈਆ । ਜਗਤ ਜਹਾਨ ਦਾ ਨਾਤਾ ਗਿਆ ਛੁਟ, ਛੁੱਟੀ ਸਰਬ ਲੋਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਸਾਹਿਬ ਸੁਲਤਾਨ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਫਲਗੁਣ ਵੇਖੀ ਸਚ ਰੁਤ ਬਸੰਤ, ਗੁਰਮੁਖ ਗੁਰਸਿਖ ਬੂਟਾ ਇਕ ਮਹਿਕਾਈਆ । ਜਿਨ੍ਹਾਂ ਦੀ ਜੁਗ ਚੌਕੜੀ ਬਣਦੀ ਰਹੀ ਬਣਤ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਗਏ ਕਮਾਈਆ । ਜਿਨ੍ਹਾਂ ਦੇ ਕੋਲ ਆਦਿ ਜੁਗਾਦੀ ਧੁਰ ਦੀ ਸਨਦ, ਤਿਨ੍ਹਾਂ ਦੇ ਲਹਿਣੇ ਵੇਖ ਵਖਾਈਆ । ਉਹ ਕੋੜੇ ਕਮਲੇ

ਗ਼ਰੀਬ ਨਿਮਾਣੇ ਬਣਾ ਕੇ ਧੁਰ ਦੇ ਸੰਤ, ਸਤਿ ਸਰੂਪ ਦਏ ਸਮਝਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਕੰਤ, ਹਰਿ ਨਰ ਆਪਣੀ ਸੇਜ ਸੁਹਾਈਆ । ਜਿਸ ਦੇ ਦਵਾਰੇ ਦੇ ਵਸ਼ਿਸ਼ਟ ਰਾਮਾ ਦੋਵੇਂ ਹੋਏ ਮੰਗਤ, ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਫਲਗੁਣ ਕਹੇ ਮੈਨੂੰ ਪਿਛਲੀ ਆਈ ਯਾਦ, ਥੋੜ੍ਹੀ ਦਿਆਂ ਜਣਾਈਆ । ਜਿਹੜਾ ਲੇਖਾ ਬਾਕੀ ਰਹਿ ਗਿਆ ਪੰਞੀ ਮਾਘ, ਉਹ ਆਪਣੀ ਆਪ ਲਏ ਅੰਗੜਾਈਆ । ਓਸ ਨੇ ਮਾਰ ਅਗੰਮੀ ਵਾਜ, ਬ੍ਰਹਿਮੰਡ ਖੰਡ ਲਏ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੈ ਕੇ ਸਾਥ, ਭੱਜਿਆ ਵਾਹੋ ਦਾਹੀਆ । ਰਵ ਸਸ ਚਲਾਈ ਆਵਣ ਆਪਣੇ ਰਾਥ, ਮੰਡਲ ਮੰਡਪ ਭੱਜਣ ਵਾਹੋ ਦਾਹੀਆ । ਨਿਉਂ ਨਿਉਂ ਝੁਕਦੇ ਪ੍ਰਿਥਮੀ ਅਕਾਸ਼, ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੱਥਾਂ ਉਤੇ ਰੱਖੀ ਬੈਠੇ ਹਾਥ, ਹਥੇਲੀ ਹਥੇਲੀ ਨਾਲ ਮਿਲਾਈਆ । ਭਗਤ ਸੁਹੇਲੇ ਚਾਰੋਂ ਕੁੰਟ ਰਹੇ ਝਾਕ, ਨੇਤਰ ਆਪਣੀ ਅੱਖ ਖੁਲ੍ਹਾਈਆ । ਸੰਤ ਸੱਜਣ ਕਹਿਣ ਪੂਰਾ ਹੁੰਦਾ ਵਾਕ, ਵਾਕਿਆ ਆਪੇ ਵੇਖ ਵਖਾਈਆ । ਗੁਰਮੁਖ ਕਹਿਣ ਲੇਖਾ ਹੋਣ ਲੱਗਾ ਬੇਬਾਕ, ਪਿਛਲੇ ਘਾਟੇ ਪੂਰ ਕਰਾਈਆ । ਗੁਰਸਿਖ ਕਹਿਣ ਜੁੜਨ ਲੱਗਾ ਨਾਤ, ਚਰਨ ਮਿਲੀ ਸਰਨਾਈਆ । ਵਸ਼ਿਸ਼ਟ ਕਿਹਾ ਇਹ ਮੇਰੀ ਪਿਛਲੀ ਬਾਤ, ਭੇਦ ਦਿਆਂ ਖੁਲ੍ਹਾਈਆ । ਨਾਲੇ ਰਾਮ ਦਾ ਵੇਖੋ ਸਾਥ, ਨਿਰਗੁਣ ਧਾਰ ਨਜ਼ਰੀ ਆਈਆ । ਨਾਲੇ ਓਸ ਵੱਡੇ ਬੱਚੇ ਦਾ ਪਰਤਾਪ, ਜੋ ਰਾਜਾ ਹੋ ਕੇ ਫੇਰ ਰਈਅਤ ਰੂਪ ਨਜ਼ਰੀ ਆਈਆ । ਨਾਲੇ ਓਸ ਛੋਟੇ ਦਾ ਵੇਖੋ ਖੇਲ ਤਮਾਸ਼, ਜੋ ਚੀਉਂਟੀ ਹੋ ਕੇ ਲਾਲ ਆਪਣੇ ਰੰਗ ਰੰਗਾਈਆ । ਇਨ੍ਹਾਂ ਦਾ ਰਾਮ ਉਤੇ ਵਿਸ਼ਵਾਸ, ਵਸ਼ਿਸ਼ਟ ਦਾਸ ਹੋ ਕੇ ਸੇਵ ਕਮਾਈਆ । ਤ੍ਰੇਤਾ ਦੁਆਪਰ ਕਲਜੁਗ ੩੭੮
ਨਾਲ ਰਖ ਕੇ ਬੈਠਾ ਰਿਹਾ ਆਸ, ਤ੍ਰਿਸ਼ਨਾ ਹੋਰ ਵਧਾਈਆ । ਜਿਸ ਵੇਲੇ ਮੇਰਾ ਮਾਲਕ ਆਵੇ ਖ਼ਾਸ, ਪੁਰਖ ਅਕਾਲ ਰੂਪ ਧਰਾਈਆ । ਭਗਤਾਂ ਬਣਾਏ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਜ਼ਰ ਕੋਇ ਨਾ ਆਈਆ । ਧੁਰ ਦਾ ਸੋਹਲਾ ਢੋਲਾ ਦੱਸੇ ਇਕੋ ਜਾਪ, ਨਗ਼ਮਾ ਨਾਮ ਦਏ ਦ੍ਰਿੜਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਣ ਕੇ ਮਾਈ ਬਾਪ, ਪਿਤਾ ਪੁਰਖ ਇਕ ਅਖਵਾਈਆ । ਜੁਗ ਚੌਕੜੀ ਪੂਰਬ ਲਹਿਣਾ ਕੱਢਕੇ ਵੇਖੇ ਹਿਸਾਬ, ਦੋ ਜਹਾਨਾਂ ਖੋਜ ਖੁਜਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਖ਼ਾਕ, ਜੂਠ ਝੂਠ ਦੇਵੇ ਗਵਾਈਆ । ਸਤਿਜੁਗ ਸਾਚਾ ਲੋਕਮਾਤ ਬਣਾ ਕੇ ਇਕ ਰਵਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਸ਼ਿਸ਼ਟ ਕਹੇ ਮੈਂ ਦੱਸਾਂ ਨਾਲ ਵਿਸ਼ੇਸ਼, ਵਿਸ਼ੇਸ਼ਤਾ ਇਕ ਜਣਾਈਆ । ਜਿਸ ਵੇਲੇ ਮੰਗ ਮੰਗੀ ਸੀ ਦਰ ਗਣੇਸ਼, ਗਣਪਤ ਧਿਆਨ ਲਗਾਈਆ । ਸ਼ੰਕਰ ਧੂੜੀ ਖ਼ਾਕ ਵਿਚ ਰਿਹਾ ਸੀ ਖੇਡ, ਭਸਮ ਤਨ ਰਮਾਈਆ । ਬ੍ਰਹਮਾ ਬ੍ਰਹਮ ਰਿਹਾ ਸੀ ਪੇਖ, ਨੂੰਨਾ ਰੂਪ ਨਜ਼ਰੀ ਆਈਆ । ਵਿਸ਼ਨੂੰ ਕਰ ਰਿਹਾ ਸੀ ਹੇਤ, ਸਾਚੀ ਸੇਵ ਕਮਾਈਆ । ਪੁਰਖ ਅਕਾਲ ਓਸ ਵੇਲੇ ਦਿਤਾ ਸੀ ਇਕ ਸੰਦੇਸ਼, ਸ਼ਬਦੀ ਸ਼ਬਦ ਸ਼ਨਵਾਈਆ । ਜੁਗ ਚੌਕੜੀ ਮੇਰੀ ਖੇਡ, ਨਿਰਗੁਣ ਸਰਗੁਣ ਦਿਆਂ ਵਖਾਈਆ । ਗੁਰ ਅਵਤਾਰ ਪੈਗ਼ੰਬਰ ਭੇਜ, ਧੁਰ ਦਾ ਨਾਮ ਸਮਝਾਈਆ । ਜੋਤੀ ਜਲਵਾ ਦੇ ਕੇ ਤੇਜ, ਕਾਇਆ ਮੰਦਰ ਕਰਾਂ ਰੁਸ਼ਨਾਈਆ । ਭਗਤਾਂ ਅੰਦਰ ਮਾਣਾ ਸੇਜ, ਆਤਮ ਸੋਭਾ ਪਾਈਆ । ਲੱਖ ਚੁਰਾਸੀ ਲਵਾਂ ਵੇਖ, ਘਟ ਘਟ ਖੋਜ ਖੁਜਾਈਆ । ਕਲਜੁਗ ਅੰਤਮ ਜਿਸ ਵੇਲੇ ਆਵਾਂ ਸੰਬਲ ਦੇਸ, ਸਾਚਾ ਨਗਰ ਇਕ ਸੁਹਾਈਆ । ਓਸ ਵੇਲੇ ਰਾਮ ਵਸ਼ਿਸ਼ਟ ਦੋਵੇਂ ਹੋਣੇ ਪ੍ਰਭ ਦੇ ਪੇਸ਼, ਲੇਖਾ ਭਗਤਾਂ ਦੇਣ ਜਣਾਈਆ । ਜੁਗ

ਚੌਕੜੀ ਕਿਸੇ ਨੇ ਬਦਲ ਨਾ ਦਿਤੀ ਰੇਖ, ਹੁਕਮ ਸਕੇ ਨਾ ਕੋਇ ਉਲਟਾਈਆ । ਉਹ ਮਾਲਕ ਬਣ ਨਰੇਸ਼, ਨਰ ਨਰਾਇਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫਲਗੁਣ ਕਹੇ ਇਕ ਦਿਨ ਸ਼ੰਕਰ ਲਾਈ ਭਸਮ, ਪਹਿਲੀ ਰੁਤੜੀ ਮੇਰੀ ਇਕ ਸੁਹਾਈਆ । ਖ਼ਾਕੀ ਖ਼ਾਕ ਕਰ ਕੇ ਜਿਸਮ, ਰੂਪ ਲਿਆ ਵਟਾਈਆ । ਨਿਉਂ ਕੇ ਖਾਧੀ ਇਕ ਕ਼ਸਮ, ਸੁਗੰਧ ਆਪਣੀ ਝੋਲੀ ਪਾਈਆ । ਕਿਰਪਾ ਕਰ ਕੇ ਪ੍ਰਭੂ ਮੈਨੂੰ ਵਖੌਣੀ ਆਪਣੇ ਭਗਤਾਂ ਵਾਲੀ ਰਸਮ, ਜੋ ਲੋਕਮਾਤ ਪਰਗਟਾਈਆ । ਕਿਸ ਬਿਧ ਮੈਨੂੰ ਆਵੇਂ ਦੱਸਣ, ਸਚ ਦੇ ਸਮਝਾਈਆ । ਮੈਂ ਤੇਰੇ ਵੇਖਣੇ ਉਹ ਲੱਖਣ, ਜਿਸ ਬਿਧ ਗ਼ਰੀਬ ਨਿਮਾਣੇ ਪਾਰ ਲੰਘਾਈਆ । ਕਵਣ ਧਾਮ ਤੇਰੇ ਚਰਨਾਂ ਹੇਠਾਂ ਵਸਣ, ਮਿਲੇ ਸਚ ਸਰਨਾਈਆ । ਕਿਹੜਾ ਨਾਮ ਸਾਚਾ ਜਪਣ, ਜੋ ਗੁਰ ਅਵਤਾਰ ਪੀਰ ਪੈਗ਼ੰਬਰ ਸਕੇ ਨਾ ਕੋਇ ਸਮਝਾਈਆ । ਕਿਹੜਾ ਬੇੜਾ ਕਿਹੜੇ ਰੱਖੇਂ ਪਤਣ, ਖੇਵਟ ਖੇਟਾ ਕਵਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਦੇਣਾ ਖੁਲ੍ਹਾਈਆ । ਫਲਗੁਣ ਕਹੇ ਇਕ ਦਿਨ ਮੇਰੀ ਰੁੱਤ ਬ੍ਰਹਮੇ ਕੀਤਾ ਗ਼ਮ, ਆਦਿ ਸਮਝ ਕੁਛ ਨਾ ਆਈਆ । ਬੇਸ਼ਕ ਮੇਰਾ ਨੂਰ ਨਿੱਕਾ ਨਿੱਕਾ ਚਿੰਨ੍ਹ, ਮਾਟੀ ਚੰਮ ਕਰੇ ਰੁਸ਼ਨਾਈਆ । ਤੱਤਾਂ ਅੰਦਰ ਕੀਤਾ ਬੰਦ, ਬੰਧਨ ਰਿਹਾ ਵਖਾਈਆ । ਪ੍ਰਭ ਦਾ ਖੇਲ ਮੇਰੀ ਨਾ ਆਏ ਸਮਝ, ਚਲੀ ਨਾ ਕੋਇ ਚਤੁਰਾਈਆ । ਸਿਰਫ਼ ਹੌਲੀ ਹੌਲੀ ਆਪਣੀ ਮਾਰਦਾ ਰਹੇ ਰਮਜ਼, ਇਸ਼ਾਰਿਆਂ ਨਾਲ ਉਠਾਈਆ । ਦੋਏ ਜੋੜ ਬੇਨੰਤੀ ਕਰ ਕੇ ਕੀਤੀ ਅਰਜ਼, ਨਿਉਂ ਕੇ ਸੀਸ ਨਿਵਾਈਆ । ਪ੍ਰਭੂ ਮੈਨੂੰ ਤੇਰੀ ਖੇਲ ਵੇਖਣ ਦੀ ਗ਼ਰਜ਼, ਜੋ ਭਗਤਾਂ ਨਾਲ ਕਰਾਈਆ । ਕੀ ਤੇਰਾ ਰੂਪ ਜਨਾਨਾਂ ਕਿ ਮਰਦ, ਜੇਰਜ ਅੰਡਜ ਉਤਭੁਜ ਸੇਤਜ ਕਿਹੜੀ ਧਾਰ ਵਖਾਈਆ । ਭੇਵ ਅਭੇਦਾ ਖੋਲ੍ਹ ਕੇ ਦੱਸ ਅਸਚਰਜ, ਆਪਣੀ ਦਇਆ ਕਮਾਈਆ । ਪੁਰਖ ਅਕਾਲ ਤੇਰਾ ਕਿਹੜਾ ਹੋਣਾ ਹਰਜ, ਪਰਦਾ ਦੇ ਉਠਾਈਆ । ਸ੍ਰੀ ਭਗਵਾਨ ਕਿਹਾ ਬ੍ਰਹਮੇ ਜਿਸ ਵੇਲੇ ਭਗਤਾਂ ਦਾ ਵੰਡਾਂ ਦਰਦ, ਦੁਖੀਆਂ ਦਾ ਦੁਖ ਆਪਣੀ ਝੋਲੀ ਪਾਈਆ । ਓਸ ਵੇਲੇ ਨਾ ਨਾਰ ਤੇ ਨਾ ਮੈਂ ਮਰਦ, ਜੋਤੀ ਜਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਫਲਗੁਣ ਕਹੇ ਇਕ ਦਿਨ ਵਿਸ਼ਨੂੰ ਕੀਤਾ ਵਿਚਾਰ, ਪਰਵਿਸ਼ਟਾ ਪਹਿਲਾ ਨਜ਼ਰੀ ਆਈਆ । ਬਾਸ਼ਕ ਸੇਜਾ ਸੁੱਤਾ ਪੈਰ ਪਸਾਰ, ਸਾਂਗੋਂ ਪਾਂਗ ਲਏ ਅੰਗੜਾਈਆ । ਲਕਸ਼ਮੀ ਵੇਖੀ ਚਰਨਾਂ ਸੇਵਾਦਾਰ, ਭੂਸ਼ਣ ਸੋਹਣਾ ਲਾਲ ਰੰਗ ਰੰਗਾਈਆ । ਫੁਰਨੇ ਅੰਦਰ ਫੁਰਨਾ ਧਾਰ, ਆਪ ਆਪਣਾ ਭੇਵ ਚੁਕਾਈਆ । ਭਗਵਨ ਕੀ ਤੇਰਾ ਵਿਹਾਰ, ਕੀ ਮੇਰਾ ਪਿਆਰ, ਮੈਨੂੰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇ ਵਖਾਈਆ । ਵਿਸ਼ਨੂੰ ਕਹੇ ਮੈਂ ਰੱਖੀ ਆਸ, ਇਕੋ ਇਕ ਪਰਗਟਾਈਆ । ਭਗਵਨ ਕਵਣ ਵੇਲਾ ਹੋਵੇ ਤੇਰਾ ਸਾਥ, ਮਿਲ ਕੇ ਸੋਹਣੀ ਖ਼ੁਸ਼ੀ ਮਨਾਈਆ । ਤੇਰੇ ਨਾਮ ਦਾ ਵਜਾਵਾਂ ਰਬਾਬ, ਤੰਦ ਸਤਾਰ ਰੂਪ ਵਟਾਈਆ । ਮੈਂ ਸੇਵਕ ਤੂੰ ਮਾਲਕ ਹੋਵੇਂ ਜਨਾਬ, ਨਿਉਂ ਨਿਉਂ ਸੀਸ ਨਿਵਾਈਆ । ਕੁਛ ਇਸ ਦਾ ਦੱਸ ਹਿਸਾਬ, ਦਰ ਠਾਂਡੇ ਮੰਗ ਮੰਗਾਈਆ । ਪੁਰਖ ਅਕਾਲ ਕਿਹਾ ਉਹ ਵੇਖ ਮੇਰੀ ਬਿਨ ਅੱਖਰਾਂ ਵਾਲੀ ਕਿਤਾਬ, ਜੋ ਚਰਨਾਂ ਹੇਠ ਦਬਾਈਆ । ਉਸ ਦਾ ਯਾਰਵਾਂ ਦੇਖ ਬਾਬ, ਹਿੱਸਾ ਦਿਤਾ ਸਮਝਾਈਆ । ਜਿਸ ਦੇ ਉਤੇ ਲੇਖਾ ਲਿਖਿਆ ਰਾਮ ਵਸ਼ਿਸ਼ਟ ਦੋਵੇਂ ਕਰਨ ਅਦਾਬ, ਚਰਨਾਂ ਹੇਠੋਂ ਚੁੰਮ ਕੇ ਰਸਨਾ ਧੂੜ ਲਗਾਈਆ । ਵਿਸ਼ਨੂੰ ਇਸ ਦਾ ਹੋਰ ਵੇਖ ਖ਼ਵਾਬ, ਭੇਵ ਦਿਆਂ ਖੁਲ੍ਹਾਈਆ ।


੩੭੯

ਜਿਸ ਅੰਮ੍ਰਿਤ ਨੂੰ ਰੱਖਿਆ ਤੇਰੀ ਨਾਭ, ਸੋ ਚਰਨਾਂ ਉਪਰ ਸੇਵ ਕਮਾਈਆ । ਜਿਸ ਵੇਲੇ ਭਗਤਾਂ ਦੀ ਸੁਣਾਂ ਫ਼ਰਿਆਦ, ਕਲਜੁਗ ਅੰਤਮ ਹੋ ਸਹਿਜ ਸੁਖਦਾਈਆ । ਨਿਰਗੁਣ ਹੋ ਕੇ ਤੈਨੂੰ ਰੱਖਾਂ ਸਾਥ, ਸੋਹਣਾ ਸੰਗ ਬਣਾਈਆ । ਤੂੰ ਇਕੋ ਗੌਣੀ ਗਾਥ, ਧੁਰ ਦੀ ਦਿਆਂ ਪੜ੍ਹਾਈਆ । ਵਿਸ਼ਨੂੰ ਜੋੜ ਕੇ ਦੋਵੇਂ ਹਾਥ, ਸੀਸ ਦਿਤਾ ਨਿਵਾਈਆ । ਪ੍ਰਭ ਕਿਸ ਵੇਲੇ ਕਰੇਂ ਖੇਲ ਤਮਾਸ਼, ਸਚ ਦੇ ਸਮਝਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਭਗਤਾਂ ਦੀ ਸ਼ਹਾਦਤ ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਆਪ, ਆਪ ਆਪਣਾ ਜਗਤ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪਹਿਲੀ ਫੱਗਣ ਕਹੇ ਇਕ ਦਿਨ ਰਾਮ ਅੰਦਰ ਆਪਣੇ ਮੰਗੀ ਮੰਗ, ਅਗਲਾ ਧਿਆਨ ਲਗਾਈਆ । ਓਸੇ ਦਿਨ ਵਸ਼ਿਸ਼ਟ ਬੈਠ ਕੇ ਵਿਚ ਅਨੰਦ, ਲੋਚਨ ਦੋਵੇਂ ਬੰਦ ਕਰਾਈਆ । ਨੰਗੀ ਕਰ ਕੇ ਪਿੱਛੋਂ ਕੰਡ, ਪਿੱਠ ਉਪਰ ਦਿਤੀ ਕਰਾਈਆ । ਜੇ ਸੂਰਾ ਸਰਬੰਗ, ਪੁਰਖ ਅਕਾਲ ਅਖਵਾਈਆ । ਦੀਨ ਦਿਆਲ ਹੋਵੇਂ ਬਖ਼ਸ਼ੰਦ, ਰਹਿਮਤ ਸਚ ਕਮਾਈਆ । ਇਕ ਬੇਨੰਤੀ ਰਾਮ ਵਸ਼ਿਸ਼ਟ ਦੋਹਾਂ ਕੀਤੀ ਹੱਥ ਬੰਨ੍ਹ, ਬਿਨ ਹੱਥਾਂ ਹੱਥ ਮਿਲਾਈਆ । ਕਿਰਪਾ ਕਰੀਂ ਸ੍ਰੀ ਭਗਵਨ, ਪਾਰਬ੍ਰਹਮ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇਣਾ ਚੁਕਾਈਆ । ਰਾਮ ਵਸ਼ਿਸ਼ਟ ਬੇਨੰਤੀ ਕਰੀ ਏਕ, ਸਚ ਧਿਆਨ ਲਗਾਈਆ । ਜੇ ਤੂੰ ਸਾਨੂੰ ਦਿਤਾ ਭੇਜ, ਭਰਮ ਦਿਤਾ ਮਿਟਾਈਆ । ਮਾਤਲੋਕ ਵਸਾ ਕੇ ਦੇਸ, ਖ਼ੁਸ਼ੀਆਂ ਰੰਗ ਚੜ੍ਹਾਈਆ । ਸਾਡੇ ਅੰਦਰ ਹੋ ਕੇ ਵੇਖ, ਸਚ ਰਹੇ ਜਣਾਈਆ । ਸਾਨੂੰ ਐਂ ਜਾਪਦਾ ਜਿਵੇਂ ਕਲਜੁਗ ਅੰਤ ਤੂੰ ਖੇਲਣੀ ਆਪਣੀ ਖੇਡ, ਨਿਰਗੁਣ ਹੋ ਕੇ ਖ਼ੁਸ਼ੀ ਮਨਾਈਆ । ਤੇਰਾ ਜਲਵਾ ਦਿਸਦਾ ਜੋਤੀ ਤੇਜ, ਨੂਰ ਨੂਰ ਰੁਸ਼ਨਾਈਆ । ਅਸੀਂ ਉਹ ਬਾਲੇ ਨੱਢੇ ਦੋਵੇਂ ਲਈਏ ਵੇਖ, ਜਿਨ੍ਹਾਂ ਨੂੰ ਪ੍ਰੇਮ ਪ੍ਰੀਤੀ ਹੁਕਮ ਸੁਣਾਈਆ । ਜਿਨ੍ਹਾਂ ਨੂੰ ਆਪਣੇ ਹੁਕਮ ਅੰਦਰ ਦੇਣਾ ਤੂੰ ਭੇਜ, ਵੱਡਾ ਛੋਟਾ ਰੂਪ ਬਣਾਈਆ । ਆਪਣੇ ਹੱਥ ਰਖਣਾ ਲੇਖ, ਲੇਖੇ ਦੇਣੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਮ ਵਸ਼ਿਸ਼ਟ ਕਹਿਣ ਸਾਨੂੰ ਐਂ ਪਿਆ ਜਾਪ, ਕਲਜੁਗ ਅੰਤਮ ਨੇੜੇ ਨਜ਼ਰੀ ਆਈਆ । ਤੇਰਾ ਨਾਤਾ ਜੁੜਨਾ ਭਗਤਾਂ ਨਾਲ ਪੁਤ ਬਾਪ, ਪਤਿ ਪਰਮੇਸ਼ਵਰ ਤੇਰੀ ਬੇਪਰਵਾਹੀਆ । ਤੂੰ ਨਿਰਗੁਣ ਹੋ ਕੇ ਦੇਣਾ ਸਾਥ, ਸਰਗੁਣ ਪਾਰ ਕਰਾਈਆ । ਆਦਿ ਜੁਗਾਦੀ ਸਭ ਦਾ ਸਚਾ ਦੇਣਾ ਜਾਪ, ਜਿਸ ਦੀ ਕਰੀ ਨਾ ਕਿਸੇ ਪੜ੍ਹਾਈਆ । ਸਾਨੂੰ ਔਣਾ ਪੈਣਾ ਲੋਕਮਾਤ, ਨਿਰਗੁਣ ਆਸਾ ਲੈ ਕੇ ਵਾਹੋ ਦਾਹੀਆ । ਓਹਨਾਂ ਬੱਚਿਆਂ ਦਾ ਮੇਲਾ ਹੋਣਾ ਸਾਖ਼ਿਆਤ, ਜਿਨ੍ਹਾਂ ਵਡਿਆਂ ਛੋਟਿਆਂ ਹੁਕਮ ਦਿਤਾ ਸੁਣਾਈਆ । ਕਿਸੇ ਦਾ ਪਟਨੇ ਵਿਚ ਨਿਵਾਸ, ਪਾਟਨ ਫੇਰਾ ਪਾਈਆ । ਕਿਸੇ ਦਾ ਖੇੜੇ ਵਿਚ ਪਰਕਾਸ਼, ਨਗਰੀ ਸੋਭਾ ਪਾਈਆ । ਤੈਨੂੰ ਕਰਨ ਪਏ ਤਲਾਸ਼, ਵੇਖਣ ਥਾਉਂ ਥਾਈਂਆ । ਓਧਰੋਂ ਸ਼ਿਵ ਨੂੰ ਛਡਣਾ ਪਏ ਕੈਲਾਸ਼, ਭੱਜੇ ਵਾਹੋ ਦਾਹੀਆ । ਬ੍ਰਹਮਾ ਉਠ ਕੇ ਆਪਣੇ ਨਿਵਾਸ, ਨੈਣਾਂ ਰਾਹ ਤਕਾਈਆ । ਵਿਸ਼ਨੂੰ ਹੋਵੇ ਦਾਸੀ ਦਾਸ, ਸੇਵਕ ਨਜ਼ਰੀ ਆਈਆ । ਪੁਰਖ ਅਕਾਲ ਵਸ਼ਿਸ਼ਟ ਰਾਮ ਦੋਵੇਂ ਆਵਣ ਤੇਰੇ ਪਾਸ, ਸਚ ਸ਼ਹਾਦਤ ਦੇਣ ਗਵਾਹੀਆ । ਇਕੋ ਮੰਗਣ ਓਸ ਵੇਲੇ ਦਾਤ, ਦਰ ਤੇਰੇ ਅਲਖ ਜਗਾਈਆ । ਬੀਸ ਇਕੀਸੇ ਜਨ ਭਗਤਾਂ ਕਟ ਦੇ ਅੰਧੇਰੀ ਰਾਤ, ਨਿਰਗੁਣ ਜੋਤ ਕਰ ਰੁਸ਼ਨਾਈਆ । ਜਿਵੇਂ ਰਾਜ ਨਰਾਇਣ ਨੂੰ ਲਾਲ ਸਿੰਘ ਨਾਲ ਮਿਲਣ ਦੀ ਦੱਸੀ ਜਾਚ, ਇਸੇ ਤਰਾ ਗੁਰਮੁਖਾਂ ਨਾਲ ਗੁਰਮੁਖ ਦੇ ਮਿਲਾਈਆ । ਸਾਚਾ ਮਾਰਗ ਵਖਾ ਕੇ ਇਕੋ ਘਾਟ, ਪਤਣ

੩੮੦

ਦੇਣਾ ਸਮਝਾਈਆ । ਜਨਮ ਕਰਮ ਦੀ ਸਭ ਦੀ ਮੇਟ ਵਾਟ, ਲੇਖਾ ਰਹਿਣ ਕੋਇ ਨਾ ਪਾਈਆ । ਫਲਗੁਣ ਵਿਚ ਸਾਚੀ ਦੇਣੀ ਸੁਗ਼ਾਤ, ਗਹਿਰ ਗੰਭੀਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸ਼ੰਕਰ ਕਹੇ ਮੈਂ ਆ ਗਿਆ ਭੋਲਾ, ਵੇਖੇ ਪੰਧ ਮੁਕਾਈਆ । ਮੇਰੇ ਕੋਲ ਆਪਣੇ ਧੂਏਂ ਦਾ ਇਕੋ ਕੋਲਾ, ਜੋ ਸਭ ਨੂੰ ਭਸਮ ਰਿਹਾ ਕਰਾਈਆ । ਬ੍ਰਹਮਾ ਕਹੇ ਮੈਂ ਬਦਲ ਕੇ ਆਇਆ ਚੋਲਾ, ਬ੍ਰਹਮੇ ਆਪਣੀ ਧਾਰ ਵਖਾਈਆ । ਜੋ ਲੁਕਿਆ ਰਿਹਾ ਪੜਦੇ ਓਹਲਾ, ਸਨਮੁਖ ਹੋਏ ਦਰਸ ਵਖਾਈਆ । ਵਿਸ਼ਨੂੰ ਕਹੇ ਜਨ ਭਗਤੋ ਵੇਖੋ ਮੈਂ ਬਣ ਕੇ ਆਇਆ ਵਿਚੋਲਾ, ਭਗਵਨ ਆਪਣੇ ਨਾਲ ਲਿਆਈਆ । ਬ੍ਰਹਮਾ ਕਹੇ ਮੈਂ ਬਣ ਕੇ ਆਇਆ ਤੋਲਾ, ਪਿਛਲਾ ਕੰਡਾ ਹੱਥ ਰਖਾਈਆ । ਵਸ਼ਿਸ਼ਟ ਕਹੇ ਮੈਂ ਪੂਰਾ ਕਰ ਕੇ ਆਇਆ ਬੋਲਾ, ਜੋ ਬੱਚਿਆਂ ਦਿਤਾ ਸਮਝਾਈਆ । ਪੁਰਖ ਅਕਾਲ ਕਹੇ ਗੁਰਮੁਖ ਸਾਰੇ ਤੱਕੋ ਮੈਂ ਸਚ ਭੰਡਾਰ ਖੋਲ੍ਹਾ, ਮਾਰਗ ਇਕ ਦ੍ਰਿੜਾਈਆ । ਜਿਨ੍ਹਾਂ ਗੁਰਮੁਖਾਂ ਗੁਰਸਿੱਖਾਂ ਸਾਚੇ ਸੰਤਾਂ ਭਗਤਾਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਇਆ ਢੋਲਾ, ਢੋਈ ਦੋ ਜਹਾਨ ਨਜ਼ਰੀ ਆਈਆ । ਉਹ ਮਰਨ ਤੋਂ ਬਾਦ ਕਦੇ ਨਾ ਰੋਇਆ, ਰਾਏ ਧਰਮ ਨਾ ਦਏ ਸਜ਼ਾਈਆ । ਜੋਤ ਸਰੂਪੀ ਹੋਇਆ, ਜੋਤੀ ਜੋਤ ਵਿਚ ਮਿਲਾਈਆ । ਹਰਿ ਕਾ ਭੇਵ ਨਾ ਜਾਣੇ ਕੋਇਆ, ਵਿਸ਼ਨ ਬ੍ਰਹਮੇ ਸ਼ਿਵ ਰਿਹਾ ਸਮਝਾਈਆ । ਰਾਮ ਕਹੇ ਸਚ ਇਸ ਨੇ ਆਪਣੇ ਧਾਗੇ ਵਿਚ ਪਰੋਇਆ, ਲੜੀ ਧੁਰ ਦੀ ਲਈ ਬਣਾਈਆ । ਵਸ਼ਿਸ਼ਟ ਕਹੇ ਮੈਂ ਵੇਖਿਆ ਨਵਾਂ ਨਰੋਇਆ, ਸਦ ਇਕੋ ਰੰਗ ਸਮਾਈਆ । ਪੱਚੀ ਮਾਘ ਆਣ ਕੇ ਦੱਸਿਆ ਜਿਸ ਕਾਰਨ ਰਾਜ ਨਰਾਇਣ ਰੋਇਆ, ਸੋ ਰੋਵਣ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ੩੮੧
੩੮੧ ਆਪ ਆਪਣੀ ਕਿਰਪਾ ਕਰ, ਪੂਰਬ ਲੇਖੇ ਰਿਹਾ ਮੁਕਾਈਆ । ਪੱਚੀ ਮਾਘ ਕਹੇ ਜਿਸ ਵੇਲੇ ਨੇਤਰ ਡਿੱਗੇ ਨੀਰ, ਆਪਣੀ ਧਾਰ ਬੰਧਾਈਆ । ਆਤਮ ਹੋਈ ਦਿਲਗੀਰ, ਧੀਰਜ ਧੀਰ ਨਾ ਕੋਇ ਰਖਾਈਆ । ਪ੍ਰੇਮ ਅਗੰਮੀ ਵੱਜਾ ਤੀਰ, ਦੋ ਜਹਾਨ ਪਾਰ ਕਰਾਈਆ । ਰਾਮ ਵਸ਼ਿਸ਼ਟ ਆਏ ਭਗਤ ਦਹਲੀਜ਼, ਭੱਜੇ ਵਾਹੋ ਦਾਹੀਆ । ਥੋੜ੍ਹਾ ਲੇਖਾ ਦੱਸਿਆ ਕਿਉਂ ਵਿਛੜਿਆ ਤੇਰਾ ਵੀਰ, ਲਾਲ ਦੂਰ ਦੁਰਾਡਾ ਨਜ਼ਰੀ ਆਈਆ । ਇਸ ਨੂੰ ਕੋਈ ਨਾ ਕਿਹੋ ਇਹ ਤਕ਼ਦੀਰ, ਤਕ਼ਦੀਰ ਦਾ ਮਾਲਕ ਆਪਣਾ ਹੁਕਮ ਮਨਾਈਆ । ਅਗੇ ਵਾਸਤੇ ਗੁਰਮੁਖੋ ਤੁਹਾਡੇ ਵਿਛੋੜੇ ਦੀ ਦੱਸੀ ਪੀੜ, ਗੁਰਸਿਖ ਨਾਲੋਂ ਗੁਰਸਿਖ ਕਰੇ ਨਾ ਕੋਇ ਜੁਦਾਈਆ । ਬੇਸ਼ਕ ਸ੍ਰੀ ਭਗਵਾਨ ਬਦਲੇ ਕੋਟਨ ਕੋਟ ਭਗਤ ਪੈਂਡੇ ਰਹੇ ਚੀਰ, ਆਪਣੀ ਗ਼ਰਜ਼ ਕਾਰਨ ਭੱਜਣ ਵਾਹੋ ਦਾਹੀਆ । ਪੁਰਖ ਅਕਾਲ ਕਲਜੁਗ ਅੰਤ ਖੇਲ ਕੀਤੀ ਅਖ਼ੀਰ, ਆਖ਼ਰ ਦਏ ਸਮਝਾਈਆ । ਜਨ ਭਗਤੋ ਤੁਹਾਡੀ ਕੜੀ ਕੜੀ ਮਿਲ ਕੇ ਮੇਰਾ ਬਣੇ ਜ਼ੰਜੀਰ, ਬਿਨ ਤਦਬੀਰ ਚਲੇ ਨਾ ਕੋਇ ਚਤੁਰਾਈਆ । ਜੋ ਅੰਮ੍ਰਿਤ ਆਤਮ ਬਖ਼ਸ਼ਿਆ ਸਾਚਾ ਸੀਰ, ਅੰਮ੍ਰਿਤ ਪਿਆਲਾ ਧੁਰ ਦਾ ਹੱਥ ਫੜਾਈਆ । ਤੁਸਾਂ ਅਗੇ ਇਕ ਦੂਜੇ ਦੇ ਬਣੇ ਰਹਿਣਾ ਵੀਰ, ਸੂਰਬੀਰਤਾ, ਇਹੋ ਦਿਤੀ ਵਖਾਈਆ । ਫਲਗੁਣ ਕਹੇ ਇਹ ਫੁਲਵਾੜੀ ਬੇਨਜ਼ੀਰ, ਜੁਗ ਚੌਕੜੀ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਦੀ ਭਗਵਾਨ ਦੇ ਅੰਦਰ ਤਸਵੀਰ, ਮੁਸੱਵਰ ਤਸੱਵਰ ਨਾ ਸਕੇ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਫਲਗੁਣ ਕਹੇ ਮੇਰੀ ਇਕ ਖ਼ਾਹਿਸ਼, ਸਚ ਸਚ ਦਿਆਂ ਸਮਝਾਈਆ । ਜਿਸ ਵੇਲੇ ਕਾਹਨ ਨੇ ਰਖੀ ਸੀ ਆਸ, ਕ੍ਰਿਸ਼ਨ ਅੱਖ ਖੁਲ੍ਹਾਈਆ । ਓਸ ਵੇਲੇ ਇਕੋ ਅਰਜਨ ਓਸ ਦੇ ਪਾਸ, ਤੀਰ ਕਮਾਨ ਚਰਨਾਂ ਹੇਠ ਦਬਾਈਆ ।

ਅਗੋਂ ਜੋੜ ਕੇ ਦੋਵੇਂ ਹਾਥ, ਨਮੋ ਨਮੋ ਸੁਣਾਈਆ । ਸਚ ਦੱਸ ਤ੍ਰੈਲੋਕੀ ਨਾਥ, ਕੀ ਤੇਰੀ ਵਡਿਆਈਆ । ਤੂੰ ਭਗਤਾਂ ਦਾ ਸਾਥ, ਗ਼ਰੀਬਾਂ ਹੋਏਂ ਸਹਾਈਆ । ਘਨਈਏ ਓਸ ਵੇਲੇ ਦਿਤਾ ਆਖ, ਸ਼ਬਦ ਅਗੰਮ ਜਣਾਈਆ । ਦੋ ਚਾਰ ਉਧਾਰਨੇ ਮੈਨੂੰ ਦੱਸਿਆ ਮੇਰੇ ਬਾਪ, ਪੁਰਖ ਅਕਾਲ ਦਿਤਾ ਦ੍ਰਿੜਾਈਆ । ਅਗਲਾ ਲੇਖਾ ਆਪਣੇ ਹੱਥ ਰੱਖੇ ਹਿਸਾਬ, ਭੇਵ ਅਭੇਦਾ ਲਏ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਅਰਜਨ ਕਿਹਾ ਸਚ ਮੰਨਿਆ ਤੈਨੂੰ ਤ੍ਰੈਲੋਕੀ ਨਾਥ, ਅਨਾਥਾਂ ਦਾ ਅਨਾਥ ਨਜ਼ਰੀ ਆਈਆ । ਸ਼ਬਦ ਅਗੰਮ ਤੇਰੀ ਗਾਥ, ਜਿਹੜੀ ਤੈਨੂੰ ਰਹੀ ਵਡਿਆਈਆ । ਤੂੰ ਨਿਰਗੁਣ ਸਾਖ਼ਿਆਤ, ਸਰਗੁਣ ਅੰਦਰ ਬੈਠਾ ਡੇਰਾ ਲਾਈਆ । ਕ੍ਰਿਸ਼ਨ ਕਿਹਾ ਇਹ ਖੇਲ ਤਮਾਸ਼, ਨਟੂਆ ਹੋ ਕੇ ਸਵਾਂਗ ਵਰਤਾਈਆ । ਗੋਪੀਆਂ ਨਾਲ ਪਾਵਾਂ ਰਾਸ, ਮੰਡਲ ਖੇਲ ਜਣਾਈਆ । ਗੋਕਲ ਬਿੰਦਰਾਬਨ ਵਸਾਂ ਆਸ ਪਾਸ, ਗਵਾਲਾ ਹੋ ਕੇ ਸੇਵ ਕਮਾਈਆ । ਤੀਰ ਕਮਾਨਾਂ ਸਿੱਖੀ ਜਾਚ, ਚਿੱਲੇ ਕਮੰਦ ਉਠਾਈਆ । ਰਥਵਾਹੀ ਬਣ ਚਲਾਵਾਂ ਰਾਥ, ਅਸਵ ਨਾਲ ਦੁੜਾਈਆ । ਜੇ ਪਰਦੇ ਨਾਲ ਪੁਛੇਂ ਅਰਜਨ ਤੈਨੂੰ ਦੱਸਾਂ ਸਚ ਬਾਤ, ਅਠਾਰਾਂ ਧਿਆਏ ਗੀਤਾ ਵਿਚ ਨਾ ਉਹ ਲਿਖਾਈਆ । ਜੋ ਕਾਹਨ ਦੇ ਕਾਹਨ ਦਾ ਅੰਦਰਲਾ ਰਾਜ਼, ਇਸ਼ਾਰਿਆਂ ਵਿਚ ਕਦੇ ਨਾ ਆਈਆ । ਹੱਥ ਨਾ ਆਵੇ ਕੀਤਿਆਂ ਤਲਾਸ਼, ਦੋ ਜਹਾਨਾਂ ਖੋਜ ਖੁਜਾਈਆ । ਸਚ ਸੁਨੇਹੜਾ ਤੈਨੂੰ ਦੇਵਾਂ ਆਖ, ਮਿਤਰ ਹੋ ਕੇ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਔਣੀ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਕਿਰਪਾ ਕਰਨੀ ਪੁਰਖ ਅਬਿਨਾਸ਼, ਦੇਣੀ ਮਾਣ ਵਡਿਆਈਆ । ਅਰਜਨ ਜਿਹੜਾ ਦ੍ਰੋਨਚਾਰਯ ਸਾਡਾ ਉਸਤਾਦ, ਇਸਦਾ ਲੇਖਾ ਹੋਰ ਬਣਾਈਆ । ੩੮੨ ਜਿਹੜਾ ਰਾਮ ਵਸ਼ਿਸ਼ਟ ਨੇ ਦੱਸਿਆ ਨਹੀਂ ਰਾਜ਼, ਉਹ ਜਨਮ ਦੁਆਪਰ ਵਿਚ ਮੇਰੇ ਲੇਖੇ ਪਾਈਆ । ਇਸ ਨੇ ਫੇਰ ਕਲਜੁਗ ਪਟਨੇ ਵਿਚ ਕਰਨਾ ਰਾਜ, ਗੋਬਿੰਦ ਨਾਲ ਵਡਿਆਈਆ । ਸਦੀ ਬੀਹਵੀਂ ਹੋ ਕੇ ਔਣਾ ਦਾਸ, ਚਰਨ ਭਿਖਾਰੀ ਫੇਰਾ ਪਾਈਆ । ਪੁਰਖ ਅਕਾਲ ਓਸ ਵੇਲੇ ਪਰਗਟ ਹੋਣਾ ਆਪ ਖ਼ਾਸ, ਖ਼ਾਲਸ ਆਪਣੀ ਧਾਰ ਚਲਾਈਆ । ਅਰਜਨ ਕਿਹਾ ਕੀ ਉਹ ਪਾਤਸ਼ਾਹ ਹੋਵੇ ਕਿ ਨਵਾਬ, ਰਾਜ ਰਾਜਾਨ ਨਜ਼ਰੀ ਆਈਆ । ਕ੍ਰਿਸ਼ਨ ਕਿਹਾ ਓਸ ਦੇ ਸੀਸ ਉਤੇ ਪੰਚਮੁਖੀ ਸੋਹਵੇ ਤਾਜ, ਜੋ ਲੋਕਮਾਤ ਚਾਰ ਜੁਗ ਨਾ ਕੋਇ ਟਿਕਾਈਆ । ਜਿਸ ਦੇ ਦਰ ਦੇ ਸਾਰੇ ਮੁਹਤਾਜ, ਬੈਠੇ ਧਿਆਨ ਲਗਾਈਆ । ਰਾਮ ਵਸ਼ਿਸ਼ਟ ਔਣੇ ਪਾਸ, ਆਪਣਾ ਪੰਧ ਮੁਕਾਈਆ । ਫੇਰ ਮੈਨੂੰ ਪੈਣੀ ਆਵਾਜ਼, ਪਹਿਲੀ ਫਲਗੁਣ ਰੁਤ ਸੁਹਾਈਆ । ਮੈਂ ਸਭ ਨੂੰ ਔਣਾ ਆਖ, ਇਕੋ ਢੋਲਾ ਗਾਈਆ । ਜਨ ਭਗਤੋ ਮੇਰਾ ਕਾਹਨ ਵਾਲੀ ਦੋ ਜਹਾਨ ਨਿਰਗੁਣ ਰੂਪ ਸ੍ਰੀ ਭਗਵਾਨ ਤਕ ਲਵੋ ਸਾਖ਼ਿਆਤ, ਰਾਮ ਵਸ਼ਿਸ਼ਟ ਦੀ ਮੰਨ ਲਵੋ ਬਾਤ, ਭਗਤਾਂ ਦਾ ਭਗਤ ਦੇ ਦਿਉ ਸਾਥ, ਹੱਥ ਨਾਲ ਹੱਥ ਲਓ ਮਿਲਾਈਆ । ਫਲਗੁਣ ਕਹੇ ਇਕ ਦਿਨ ਧਿਆਨ ਕੀਤਾ ਸੀ ਈਸੇ, ਇਸਮ ਆਜ਼ਮ ਵੇਖ ਵਖਾਈਆ । ਉਸ ਨੂੰ ਸੁਣਾਈ ਸਚ ਹਦੀਸੇ, ਕਲਮਿਆਂ ਨਾਲ ਸੁਣਾਈਆ । ਜਿਸ ਵੇਲੇ ਤੇਰਾ ਲੇਖਾ ਬੀਤੇ, ਤੈਨੂੰ ਦਿਆਂ ਜਣਾਈਆ । ਸ਼ਾਹ ਸੁਲਤਾਨਾਂ ਦੇ ਖ਼ਾਲੀ ਹੋਣ ਖ਼ੀਸੇ, ਮਿਲੇ ਨਾ ਕੋਇ ਵਡਿਆਈਆ । ਓਸ ਓਸੇ ਵੇਲੇ ਪੰਜ ਪੱਥਰਾਂ ਵਾਲੇ ਫੜ ਕੇ ਗੀਟੇ, ਆਪਣੀਆਂ ਉਂਗਲਾਂ ਉਤੇ ਟਪਾਈਆ । ਪਰਵਰਦਿਗਾਰ ਤੇਰੀ ਰੱਖਾਂ ਕਿਸ ਬਿਧ ਉਡੀਕੇ, ਆਪਣਾ ਧਿਆਨ ਲਗਾਈਆ । ਸਾਂਝੇ ਯਾਰ ਕਿਹਾ ਜਿਸ ਵੇਲੇ ਘਰ ਘਰ ਹੋਣ ਸ਼ਰੀਕੇ, ਸ਼ਰਕਤ ਸਕੇ ਨਾ ਕੋਇ ਮਿਟਾਈਆ । ਪਿਉ ਪੁਤ ਇਕ ਦੂਜੇ ਦੇ ਬਰਖ਼ਲਾਫ਼ ਕਚਿਹਰੀ ਵਿਚ

ਤਰੀਕੇ, ਮਾਵਾਂ ਧੀਆਂ ਵੰਡ ਵੰਡਾਈਆ । ਨਾਰ ਪਤੀ ਦੀ ਪਗੜੀ ਘਸੀਟੇ, ਲਜਿਆ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਓਸ ਵਕਤ ਬੀਤੇ, ਜਿਸ ਦੀ ਮੁਹੰਮਦ ਦਏ ਗਵਾਹੀਆ । ਸਭ ਨੂੰ ਭਰਨੇ ਪੈਣੇ ਆਪਣੇ ਕੀਤੇ, ਕਰਨੀ ਤੋਂ ਸਕੇ ਨਾ ਕੋਇ ਬਚਾਈਆ । ਓਸ ਝੁਕ ਕੇ ਕਿਹਾ ਓਹ ਮੇਰੇ ਜਗਦੀਸੇ, ਤੇਰੀ ਬੇਪਰਵਾਹੀਆ । ਕਿਸ ਬਿਧ ਕਰੇਂ ਆਪਣੀ ਰੀਤੇ, ਕੁਛ ਮੈਨੂੰ ਦੇ ਜਣਾਈਆ । ਪਰਵਰਦਿਗਾਰ ਕਿਹਾ ਇਹ ਖੇਲ ਬੀਸ ਇਕੀਸੇ, ਚਾਰੋਂ ਕੁੰਟ ਪਰਦਾ ਦਿਆਂ ਉਠਾਈਆ । ਪੰਜ ਤੇਰੇ ਗੀਟੇ, ਪੰਜ ਵਿਕਾਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਫਲਗੁਣ ਕਹੇ ਮੈਂ ਓਸ ਵੇਲੇ ਆਖਿਆ, ਦਿਤਾ ਸਚ ਸੁਣਾਈਆ । ਕੀ ਈਸਾ ਸੁਣੀ ਪ੍ਰਭ ਦੀ ਭਾਖਿਆ, ਜੋ ਅਗੰਮੀ ਰਿਹਾ ਜਣਾਈਆ । ਓਸ ਕਿਹਾ ਓਹ ਸਾਹਿਬ ਗ਼ਰੀਬ ਨਿਵਾਜ਼ਿਆ, ਵਡ ਦਾਤਾ ਇਕ ਅਖਵਾਈਆ । ਜਿਸ ਨੇ ਮੇਰਾ ਸਾਜਨ ਸਾਜਿਆ, ਓਹਦੇ ਅਗੇ ਚਲੇ ਕੀ ਚਤੁਰਾਈਆ । ਅਸੀਂ ਓਹਦੇ ਕਲਮੇ ਪੜ੍ਹਨ ਵਾਲੇ ਨਿਮਾਜ਼ਿਆ, ਸਜਦਿਆਂ ਵਿਚ ਸੀਸ ਨਿਵਾਈਆ । ਕਵਣ ਜਾਣੇ ਉਸ ਦਾ ਅਗਲਾ ਖੇਲ ਕੀ ਕਰੇ ਰਿਵਾਜਿਆ, ਰਵਾਇਤ ਕੀ ਜਣਾਈਆ । ਓਧਰੋਂ ਮੁਹੰਮਦ ਆਇਆ ਭਾਜਿਆ, ਛੋਟਾ ਨੰਨ੍ਹਾ ਰੂਪ ਵਟਾਈਆ । ਮੈਂ ਚੌਦਾਂ ਤਬਕਾਂ ਸੁਣਦਾ ਆਇਆ ਅਵਾਜ਼ਿਆ, ਇਕੋ ਇਕ ਰਹੇ ਕੁਰਲਾਈਆ । ਓਸ ਵੇਲੇ ਨਾ ਸ਼ਰਅ ਰਹਿਣੀ ਨਿਮਾਜ਼ਿਆ, ਵਜ਼ੂਹ ਹਕ ਨਾ ਕੋਇ ਵਖਾਈਆ । ਕੂੜ ਕੁੜਿਆਰ ਚਾਰੋਂ ਕੁੰਟ ਫਿਰੇ ਭਾਗਿਆ, ਦਹਿ ਦਿਸ਼ਾ ਪੰਧ ਮੁਕਾਈਆ । ਕਿਸੇ ਕਾਇਆ ਕਾਅਬੇ ਨਜ਼ਰ ਨਾ ਆਏ ਚਿਰਾਗ਼ਿਆ, ਬਾਤੀ ਦੀਆ ਨਾ ਕੋਇ ਰੁਸ਼ਨਾਈਆ । ਓਸ ਵੇਲੇ ਸਾਹਿਬ ਸੁਲਤਾਨ ਮਿਹਰਵਾਨ ਪਰਵਰਦਿਗਾਰ ਸਾਂਝਾ ਯਾਰ ਵੇਖੇ ਆਪ ਤਮਾਸ਼ਿਆ, ਨਿਰਗੁਣ ਆਪਣਾ ਫੇਰਾ ਪਾਈਆ । ਲੇਖਾ ਜਾਣੇ ਜਿਸ ਸਾਜਨ ਸਾਜਿਆ, ਸ੍ਰਿਸ਼ਟ ਸਬਾਈ ਖੋਜ ਖੁਜਾਈਆ । ਓਸ ਭਗਤਾਂ ਸੂਫ਼ੀਆਂ ਦਾ ਵੱਡਾ ਬਣੌਣਾ ਭਾਗਿਆ, ਹਿੱਸਾ ਧੁਰ ਦਾ ਝੋਲੀ ਪਾਈਆ । ਜਿਨ੍ਹਾਂ ਕਿਸੇ ਦੇ ਹੋਣਾ ਨਹੀਂ ਮੁਹਤਾਜਿਆ, ਗੁਰ ਅਵਤਾਰਾਂ ਪੈਗ਼ੰਬਰਾਂ ਦੀ ਲੋੜ ਰਹੇ ਨਾ ਰਾਈਆ । ਇਕੋ ਮਿਲਣਾ ਰਾਜਨ ਰਾਜਿਆ, ਦੋ ਜਹਾਨਾਂ ਵਾਲੀ ਹੋਏ ਸਹਾਈਆ । ਉਸ ਦਾ ਖੇਲ ਦੋਆਬ ਮਿਲ ਕੇ ਜੋ ਬਣੇ ਦੁਆਬਿਆ, ਦੋਹਰੀ ਧਾਰ ਵਖਾਈਆ । ਉਹ ਰਸ ਮਿਲਣਾ ਨਹੀਂ ਮੱਕੇ ਕਆਬਿਆ, ਮਹਿਰਾਬਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫਲਗੁਣ ਕਹੇ ਮੇਰਾ ਸਭ ਦੇ ਨਾਲ ਨਾਤਾ, ਖ਼ੁਸ਼ੀਆਂ ਨਾਲ ਸਰਬ ਸਮਝਾਈਆ । ਰਲ ਮਿਲ ਸਾਰੇ ਦਿਉ ਸਾਥਾ, ਸੋਹਣਾ ਸੰਗ ਬਣਾਈਆ । ਭਗਤ ਸੁਹੇਲਾ ਪੁਰਖ ਅਬਿਨਾਸ਼ਾ, ਕਰਨੀ ਦਾ ਮਾਲਕ ਫੇਰਾ ਪਾਈਆ । ਜੁਗ ਜਨਮ ਦੇ ਵਿਛੜਿਓ ਪੂਰਾ ਕਰ ਲਓ ਘਾਟਾ, ਨਾਮ ਭੰਡਾਰਾ ਰਿਹਾ ਵਰਤਾਈਆ । ਜਿਸ ਕੀੜੀ ਦਾ ਲੇਖੇ ਲਾਇਆ ਆਟਾ, ਮਾਛੂਵਾੜਾ ਗੋਬਿੰਦ ਸੇਜ ਭੁਲ ਨਾ ਸਕਿਆ ਰਾਈਆ । ਉਹ ਭਗਤਾਂ ਦਾ ਦਾਸੀ ਦਾਸਾ, ਸੰਤਾਂ ਹੋਏ ਸਹਾਈਆ । ਸਭ ਦੀ ਪੂਰੀ ਕਰਨ ਆਇਆ ਆਸਾ, ਨਿਰਾਸਾ ਰਹਿਣ ਕੋਇ ਨਾ ਪਾਈਆ । ਭਰ ਕੇ ਜਾਏ ਕਾਇਆ ਬਾਟਾ, ਅੰਮ੍ਰਿਤ ਜਾਮ ਵਿਚ ਟਿਕਾਈਆ । ਭਾਗ ਲਗਾ ਕੇ ਜਾਵੇ ਕਾਇਆ ਖਾਟਾ, ਆਤਮ ਸੇਜਾ ਸੋਭਾ ਪਾਈਆ । ਜਿਨ੍ਹਾਂ ਦੇ ਪਿਛੇ ਰਾਮ ਵਸ਼ਿਸ਼ਟ ਕਟੀਆਂ ਵਾਟਾਂ, ਸਨਮੁਖ ਹੋ ਕੇ ਰਹੇ ਸੁਣਾਈਆ । ਓਹਨਾਂ ਦੀਆਂ ਲੇਖੇ ਲਾ ਕੇ ਚਾਲੀ ਰਾਤਾਂ, ਚਾਰ ਜੁਗ ਦੇ ਮੇਲੇ ਲੈਣੇ ਮਿਲਾਈਆ । ਦੂਜਾ ਭਗਤਾਂ ਬਖ਼ਸ਼ ਕੇ ਸਾਥਾ, ਧੁਰ ਦਾ ਸੰਗ ਵਖਾਈਆ । ਤੀਜੇ ਲਹਿਣਾ ਤ੍ਰੈਲੋਕੀ ਨਾਥਾ, ਦਰੋਣਾਚਾਰਯ ਦਏ ਚੁਕਾਈਆ ।

ਚੌਥੇ ਵਸ਼ਿਸ਼ਟ ਵਾਲੀਆਂ ਬਾਤਾਂ, ਸੋ ਪੂਰੀਆਂ ਰਿਹਾ ਕਰਾਈਆ । ਪੰਜਵੇਂ ਰਾਮ ਵਾਲੀਆਂ ਕ਼ਲਮ ਦਵਾਤਾਂ, ਬਿਨ ਕ਼ਲਮਾਂ ਸ਼ਾਹੀਆਂ ਰਿਹਾ ਵਖਾਈਆ । ਈਸਾ ਦੀਆਂ ਪੁਰਾਣੀਆਂ ਆਸਾਂ, ਮੁਹੰਮਦ ਦੀਆਂ ਖ਼ਾਹਿਸ਼ਾਂ ਨਾਲ ਮਿਲਾਈਆ । ਮੇਟ ਕੇ ਕੂੜੀਆਂ ਰਾਤਾਂ, ਸੋਹਣੇ ਚੰਦ ਚਮਕਾਈਆ । ਜਨ ਭਗਤੋ ਤੁਹਾਡੇ ਅੰਦਰ ਵੜ ਕੇ ਸਦਾ ਕਰਦਾ ਬਾਤਾਂ, ਸੁਫ਼ਨਿਆਂ ਵਿਚ ਮੇਲ ਮਿਲਾਈਆ । ਸੁਫ਼ਨ ਸਖੋਪਤ ਜਾਗਰਤ ਤੁਰੀਆ ਵੇਖਣਹਾਰ ਤਮਾਸ਼ਾ, ਦੋ ਜਹਾਨ ਵਾਲੀ ਇਕ ਅਖਵਾਈਆ । ਸਚ ਦਵਾਰਾ ਇਕੋ ਖੋਲ੍ਹ ਕੇ ਹਾਟਾ, ਨਾਮ ਭੰਡਾਰਾ ਰਿਹਾ ਵਰਤਾਈਆ । ਲਾਲਨ ਨਿੱਕਾ ਜਿਹਾ ਕਾਕਾ, ਕੁਲ ਸੋਹਣੀ ਆਇਆ ਸੁਹਾਈਆ । ਜਿਸ ਮਟਕੀ ਦਾ ਸੀਨਾ ਸੀ ਪਾਟਾ, ਗਗਰੀਆ ਗੋਬਿੰਦ ਤੀਰ ਚਲਾਈਆ । ਉਸ ਦਾ ਲਹਿਣਾ ਦੇਣਾ ਮੁਕਾ ਕੇ ਆਇਆ ਸਾਚਾ, ਸਤਿ ਦਿਤਾ ਦ੍ਰਿੜਾਈਆ । ਜਿਸ ਰਾਣੀ ਨੇ ਗੋਬਿੰਦ ਪਿਆਰ ਨਾਲ ਚੁਕ ਕੇ ਲਾਇਆ ਛਾਤਾ, ਸੀਨੇ ਨਾਲ ਜੁੜਾਈਆ । ਉਸ ਦਾ ਲੇਖਾ ਦਿਤਾ ਬਾਕਾ, ਧੁਰ ਦੀ ਝੋਲੀ ਦਿਤੀ ਭਰਾਈਆ । ਅਗੇ ਭਗਤਾਂ ਦਾ ਬਣ ਕੇ ਮਾਪਾ, ਸਿਰ ਆਪਣਾ ਹੱਥ ਰਖਾਈਆ । ਜਨਮ ਜਨਮ ਦਾ ਖੋਲ੍ਹ ਕੇ ਖ਼ੁਲਾਸਾ, ਖ਼ਾਲਸ ਰੂਪ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਫਲਗੁਣ ਕਹੇ ਇਕ ਮੇਰੀ ਸੁਣੋ ਕਹਾਣੀ, ਜੁਗ ਚੌਕੜੀ ਪਿਛੋਂ ਦਿਆਂ ਸੁਣਾਈਆ । ਜਿਸ ਲੇਖਾ ਕੋਈ ਨਾ ਜਾਣੇ ਖਾਣੀ ਬਾਣੀ, ਚਾਰ ਜੁਗ ਨਾ ਕੋਇ ਦ੍ਰਿੜਾਈਆ । ਜਿਸ ਵੇਲੇ ਪੁਰਖ ਅਕਾਲ ਦੀਨ ਦਿਆਲ ਅੰਮ੍ਰਿਤ ਠੰਡਾ ਜਲ ਬਣਾਇਆ ਪਾਣੀ, ਧਾਰ ਆਪਣੇ ਵਿਚੋਂ ਪਰਗਟਾਈਆ । ਓਸ ਵੇਲੇ ਚਰਨਾਂ ਉਤੇ ਚਰਨ ਰਗੜ ਕੇ ਕਢੀ ਧਾਰ ਮਹਾਨੀ, ਜਿਸ ਦੀ ਅੱਜ ਤਕ ਸਮਝ ਕਿਸੇ ਨਾ ਆਈਆ । ਵਿਸ਼ਨੂੰ ਵਿਚਾਰਾ ਦੱਸ ਕੀ ਸਕੇ ਨਿਸ਼ਾਨੀ, ਬ੍ਰਹਮਾ ਕਰ ਕੀ ਸਕੇ ਪਹਿਚਾਨੀ, ਸ਼ੰਕਰ ਲਾ ਕੀ ਸਕੇ ਧਿਆਨੀ, ਗੁਰ ਅਵਤਾਰ ਪੀਰ ਪੈਗ਼ੰਬਰ ਬਣ ਨਾ ਸਕੇ ਧੁਰ ਦੇ ਬਾਨੀ, ਸੇਵਕ ਹੋ ਕੇ ਸੇਵ ਕਮਾਈਆ । ਚਾਕਰ ਬਣ ਕੇ ਚਾਰੇ ਖਾਣੀ, ਰਸਨਾ ਬੋਲ ਕੇ ਚਾਰੇ ਬਾਣੀ, ਸ਼ਬਦ ਢੋਲੇ ਦਏ ਸੁਣਾਈਆ । ਪ੍ਰਭ ਦੀ ਵਖਰੀ ਸੇਜ ਪੁਰਾਣੀ, ਜਿਥੇ ਚੜ੍ਹਿਆ ਕੋਈ ਨਾ ਹਾਣੀ, ਸਨਮੁਖ ਹੋ ਕੇ ਦਰਸ ਕੋਇ ਨਾ ਪਾਈਆ । ਜਿਸ ਬਖ਼ਸ਼ਿਆ ਤਿਸ ਚਰਨ ਧਿਆਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਫਲਗੁਣ ਕਹੇ ਤੁਸੀਂ ਨਹੀਂ ਜਾਣਦੇ ਮੈਂ ਕਿਉਂ ਭਗਤਾਂ ਦੇਵਾਂ ਅਸੀਸ, ਸ਼ੁਕਰੀਏ ਨਾਲ ਸੁਣਾਈਆ । ਇਕ ਵੇਰਾਂ ਗੋਬਿੰਦ ਮਿਲਣ ਆਇਆ ਜਗਦੀਸ, ਇੱਕੀਵੇਂ ਸਾਲ ਵਿਚ ਫੇਰਾ ਪਾਈਆ । ਕਾਇਆ ਦੇ ਮੰਦਰ ਵਿਚ ਵੜ ਕੇ ਕੀਤੀ ਪ੍ਰੀਤ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਗੋਬਿੰਦ ਵਟ ਲੈ ਜ਼ਰਾ ਕਸੀਸ, ਤੈਨੂੰ ਆਪਣਾ ਆਪ ਦਿਆਂ ਸਮਝਾਈਆ । ਗੋਬਿੰਦ ਨਿਉਂ ਕੇ ਚਰਨਾਂ ਉਤੇ ਠੀਕ, ਬਿਨ ਚਰਨਾਂ ਸੀਸ ਦਿਤਾ ਟਿਕਾਈਆ । ਪੁਰਖ ਅਕਾਲ ਦਸ ਉਂਗਲਾਂ ਅਗੇ ਲਿਆ ਘਸੀਟ, ਦਹਿ ਦਿਸ਼ਾ ਲੇਖਾ ਦਿਤਾ ਮੁਕਾਈਆ । ਅੰਦਰ ਵੜ ਕੇ ਦੱਸਿਆ ਗੀਤ, ਗੋਬਿੰਦ ਕਰੀ ਪੜ੍ਹਾਈਆ । ਓਧਰੋਂ ਚਾਰ ਕੁੰਟ ਲੱਖ ਚੁਰਾਸੀ ਸ੍ਰਿਸ਼ਟੀ ਦਿਸੀ ਪਲੀਤ, ਬਿਨ ਪੁਰਖ ਅਕਾਲ ਦੀਨ ਦਿਆਲ ਸਵੱਛ ਸਰੂਪੀ ਨਜ਼ਰ ਕੋਇ ਨਾ ਆਈਆ । ਓਸ ਓਸੇ ਵੇਲੇ ਝੋਲੀ ਅੱਡ ਕੇ ਕਿਹਾ ਪ੍ਰਭੂ ਕਰ ਬਖ਼ਸ਼ੀਸ਼, ਰਹਿਮਤ ਝੋਲੀ ਪਾਈਆ । ਪੁਰਖ ਅਕਾਲ ਕਿਹਾ ਲੈ ਨਿੱਕੀ ਜਿਹੀ ਚੀਜ਼, ਗੋਬਿੰਦ ਤੈਨੂੰ ਦਿਆਂ ਫੜਾਈਆ । ਜਿਸ ਦੀ ਚਾਰ ਜੁਗ ਕਿਸੇ ਨਹੀਂ ਦਿਤੀ ਤਮੀਜ਼, ਮਹਲ ਤਾਮੀਰ ਨਾ ਕੋਇ ਕਰਾਈਆ । ਗੋਬਿੰਦ ਕਿਹਾ ਮੈਨੂੰ ਇਸੇ ਦੀ ਉਡੀਕ, ਜੋ ਬੈਠਾ ਅੱਖ ਖੁਲ੍ਹਾਈਆ । ਪੁਰਖ ਅਕਾਲ ਚਰਨਾਂ

ਉਤੇ ਚਰਨ ਰਗੜ ਕੇ ਕਿਹਾ ਅੰਮ੍ਰਿਤ ਪੀ ਲੈ ਲਾ ਕੇ ਡੀਕ, ਫੇਰ ਲੋੜ ਰਹੇ ਨਾ ਰਾਈਆ । ਇਸੇ ਕੋਲੋਂ ਚਲੌਣੀ ਸਾਚੀ ਰੀਤ, ਚਾਰ ਵਰਨ ਦੇਣੀ ਸਰਨਾਈਆ । ਜਿਸ ਦੇ ਨਾਲ ਗੁਰਸਿਖ ਹੋਏ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਗੋਬਿੰਦ ਕਿਹਾ ਠੀਕ, ਪੁਰਖ ਅਕਾਲ ਤੇਰੀ ਸਰਨਾਈਆ । ਪੁਰਖ ਅਕਾਲ ਕਿਹਾ ਮੈਂ ਕਰਾਂ ਤਸਦੀਕ਼, ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਫਲਗੁਣ ਕਹੇ ਜਿਸ ਵੇਲੇ ਗੋਬਿੰਦ ਘੁਟ ਭਰਿਆ, ਭਰੀ ਜਵਾਨੀ ਨਜ਼ਰੀ ਆਈਆ । ਉਸ ਨੇ ਕਿਹਾ ਮੈਨੂੰ ਇੱਕੀਵਾਂ ਸਾਲ ਇੱਕੀ ਇੱਕੀ ਇੱਕੀ ਵਾਰ ਚੜ੍ਹਿਆ, ਤਿੰਨਾਂ ਇੱਕੀਆਂ ਦਾ ਲੇਖਾ ਆਪਣੇ ਵਿਚ ਛੁਪਾਈਆ । ਜਿਹੜਾ ਗੋਬਿੰਦ ਕਦੇ ਨਾ ਮਰਿਆ, ਪਹਿਲੀ ਇੱਕੀ ਦਾ ਪਿਤਾ ਮਾਈਆ । ਜਿਹੜਾ ਗੋਬਿੰਦ ਮੇਰੇ ਅੰਦਰ ਵੜਿਆ, ਜਿਸ ਗੋਬਿੰਦ ਰੂਪ ਦਿਤਾ ਬਣਾਈਆ । ਜਿਹੜਾ ਗੋਬਿੰਦ ਅਗੇ ਖੜਿਆ, ਆਦਿ ਜੁਗਾਦੀ ਅਖਵਾਈਆ । ਇਕੋ ਰੰਗ ਖੇਲ ਕਰਿਆ, ਕਰਵਟ ਲਏ ਬਦਲਾਈਆ । ਅੰਮ੍ਰਿਤ ਭੰਡਾਰਾ ਜਿਸ ਨੇ ਭਰਿਆ, ਰਸ ਦਿਤਾ ਚਖਾਈਆ । ਮੈਂ ਗੋਬਿੰਦ ਹੋ ਕੇ ਓਸੇ ਗੋਬਿੰਦ ਵਰਿਆ, ਜੋ ਵਾਰਸ ਸਭ ਦਾ ਨਜ਼ਰੀ ਆਈਆ । ਜੋ ਗੋਬਿੰਦ ਹੋ ਕੇ ਗੋਬਿੰਦ ਦੀ ਸੇਜੇ ਚੜ੍ਹਿਆ, ਆਸਣ ਡੇਰਾ ਲਾਈਆ । ਜੋ ਗੋਬਿੰਦ ਹੋ ਕੇ ਗੋਬਿੰਦ ਢੋਲਾ ਪੜ੍ਹਿਆ, ਧੁਰ ਦਾ ਰਾਗ ਸੁਣਾਈਆ । ਸੋ ਗੋਬਿੰਦ ਰੂਪ ਸਚਖੰਡ ਦਵਾਰੇ ਇਕੋ ਰੂਪ ਨਰਾਇਣ ਨਰਿਆ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਫਲਗੁਣ ਕਹੇ ਉਹ ਪਹਿਲੀ ਰੁਤ ਆਈ ਗੋਬਿੰਦ ਨਾਲ, ਪ੍ਰਭ ਦਿਤੀ ਵਡਿਆਈਆ । ਅੰਮ੍ਰਿਤ ਜਾਮ ਪਿਆਲ, ਸਿਖਿਆ ਦਿਤੀ ਸਮਝਾਈਆ । ਪੰਜਾਂ ਦਾ ਰੂਪ ਕਮਾਲ, ਤੇਰੇ ਨਾਲ ਵਖਾਈਆ । ਬਾਕੀ ਹੋਣ ਬੇਹਾਲ, ਰੰਗ ਨਾ ਕੋਇ ਚੜ੍ਹਾਈਆ । ਬਿਨ ਹਰਿਨਾਮੇ ਹੋਣ ਕੰਗਾਲ, ਵਸਤ ਨਾ ਕੋਇ ਰਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਨਗਾਰਾ ਜਗਤ ਵਜਾਈਆ । ਸੁਹਾਏ ਨਾ ਕੋਈ ਧਰਮਸਾਲ, ਮੰਦਰ ਨਾ ਕੋਇ ਵਡਿਆਈਆ । ਨੇਤਰ ਰੋਵਣ ਸ਼ਾਹ ਕੰਗਾਲ, ਧੀਰਜ ਧੀਰ ਨਾ ਕੋਇ ਰਖਾਈਆ । ਗੋਬਿੰਦ ਕਿਹਾ ਪ੍ਰਭੂ ਪੁਰਖ ਅਕਾਲ, ਕੀ ਤੇਰੀ ਵਡਿਆਈਆ । ਕੁਛ ਆਪਣਾ ਦਸਦੇ ਹਾਲ, ਭੇਵ ਅਭੇਦ ਖੁਲ੍ਹਾਈਆ । ਮੈਂ ਤੇਰਾ ਨੱਢਾ ਬਾਲ, ਦਰ ਠਾਂਡੇ ਮੰਗ ਮੰਗਾਈਆ । ਸਾਹਿਬ ਕਿਹਾ ਸੁਲਤਾਨ, ਲੇਖਾ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਹੋਏ ਮਹਾਨ, ਮਹਿੰਮਾ ਸ਼ਬਦ ਨਾ ਕੋਇ ਸੁਣਾਈਆ । ਸਾਚੀ ਕਿਸੇ ਕੋਲ ਨਾ ਰਹੇ ਕਿਰਪਾਨ, ਖੰਡਾ ਨਾਮ ਨਾ ਕੋਇ ਉਠਾਈਆ । ਇਨਸਾਨ ਬਣਨ ਹੈਵਾਨ, ਪਸ਼ੂਆਂ ਵਾਲਾ ਰੂਪ ਵਖਾਈਆ । ਓਸ ਵੇਲੇ ਗੋਬਿੰਦ ਕਿਰਪਾ ਕਰੇ ਆਪ ਭਗਵਾਨ, ਨਿਰਗੁਣ ਆਪਣੀ ਦਇਆ ਕਮਾਈਆ । ਭਗਤਾਂ ਉਤੇ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਅੰਮ੍ਰਿਤ ਜਾਮ ਪਿਆਲਾ ਪਿਆਏ ਆਣ, ਧੁਰ ਦੀ ਧਾਰ ਵਖਾਈਆ । ਇਕੋ ਸੋਹਲਾ ਸਾਰੇ ਗਾਣ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈਕਾਰ ਕਰਾਈਆ । ਭਗਤਾਂ ਰੰਗ ਰੰਗਾ ਕੇ ਆਪ ਦਇਆਵਾਨ, ਦ੍ਰਿਸ਼ਟੀ ਦਏ ਖੁਲ੍ਹਾਈਆ । ਬੀਸ ਇਕੀਸੇ ਮਿਲਣਾ ਮਾਣ, ਵੱਜੇ ਸਚ ਵਧਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਖੇਲ ਵੇਖਣਾ ਆਣ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਵਸ਼ਿਸ਼ਟ ਨਾਲ ਮਿਲ ਕੇ ਔਣਾ ਰਾਮ, ਆਪਣਾ ਫੇਰਾ ਪਾਈਆ । ਪੂਰਬ ਲੇਖਾ ਸਭ ਦਾ ਹੋਣਾ ਪਰਵਾਨ, ਅਗੇ ਪਰਵਾਨੇ ਸਚ ਫੜਾਈਆ । ਬਿਨ ਹਰਿ ਸੂਰਬੀਰ ਰਹਿਣਾ ਨਾ ਵਿਚ ਮੈਦਾਨ, ਭੱਜਣ ਵਾਹੋ ਦਾਹੀਆ । ਕੂੜੀ ਕਿਰਿਆ ਮੁਕੇ ਸ਼ੈਤਾਨ, ਸ਼ਰਅ ਅੱਖ ਬੰਦ


੩੮੫

ਕਰਾਈਆ । ਜਨ ਭਗਤਾਂ ਦੇ ਕੇ ਗਿਆਨ, ਧਿਆਨ ਇਕ ਵਖਾਈਆ । ਮੇਲ ਮਿਲਾ ਕੇ ਸ੍ਰੀ ਭਗਵਾਨ, ਕੂੜੇ ਨਾਤੇ ਦਏ ਛੁਡਾਈਆ । ਧੁਰ ਦਾ ਜੋੜ ਜੁੜਾਏ ਆਣ, ਦੂਰ ਦੁਰਾਡੇ ਵੇਖ ਵਖਾਈਆ । ਰਾਜ ਨਰਾਇਣ ਕੀ ਕਰਨਾ ਪਛਤਾਨ, ਪਸ਼ਚਾਤਾਪ ਵਿਚ ਹੱਥ ਕੁਛ ਨਾ ਆਈਆ । ਜੇ ਰਾਜ ਗਿਆ ਤਾਜ ਗਿਆ ਜਗਤ ਗਿਆ ਜਹਾਨ, ਬਿਨ ਸ੍ਰੀ ਭਗਵਾਨ ਲੇਖ ਨਾ ਕੋਇ ਲਿਖਾਈਆ । ਬਿਨ ਸਤਿਗੁਰ ਚਰਨ ਹੋਰ ਨਹੀਂ ਕੋਈ ਆਰਾਮ, ਐਸ਼ੋ ਇਸ਼ਰਤ ਬੈਠਣ ਮੁਖ ਭਵਾਈਆ । ਬੇਸ਼ਕ ਮੇਰੇ ਨਾਲ ਮਿਲ ਕੇ ਸਾਰੇ ਹੋਵਣ ਬਦਨਾਮ, ਜਗਤ ਜਹਾਨ ਦਏ ਦੁਰਕਾਈਆ । ਜਨ ਭਗਤੋ ਤੁਹਾਡੀ ਕੌਣ ਕਰੇ ਪਹਿਚਾਨ, ਪੂਰਬ ਲੇਖਾ ਵੇਖ ਕੋਇ ਨਾ ਪਾਈਆ । ਇਹ ਤੁਹਾਡਾ ਬਹੁਤਾ ਵਡਾ ਅਹਿਸਾਨ, ਜੋ ਆਪਣਾ ਮਾਨਸ ਜਨਮ ਪ੍ਰਭ ਦੀ ਝੋਲੀ ਟਿਕਾਈਆ । ਵੀਹ ਸੌ ਇੱਕੀ ਦਾ ਇਹ ਫ਼ਰਮਾਨ, ਧੁਰ ਸੰਦੇਸ਼ਾ ਦਏ ਸੁਣਾਈਆ । ਅਗੇ ਕਰਿਓ ਨਾ ਕੋਈ ਹਰਾਮ, ਸ਼ੈਤਾਨ ਰਹਿਣ ਕੋਇ ਨਾ ਪਾਈਆ । ਸਾਚੀ ਸੇਜਾ ਕਰਨਾ ਬਿਸਰਾਮ, ਸੁਖ ਆਸਣ ਲੈਣਾ ਵਿਛਾਈਆ । ਪਰਮ ਪੁਰਖ ਦਾ ਜਪ ਕੇ ਨਾਮ, ਨਾਮ ਉਜਲ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਫਲਗੁਣ ਕਹੇ ਸੁਣੋ ਜਨ ਭਗਤ, ਮੈਂ ਨਿਰਧਨ ਹੋ ਕੇ ਦਿਆਂ ਸੁਣਾਈਆ । ਜਿਸ ਦੀ ਆਦਿ ਜੁਗਾਦਿ ਲਗੀ ਸ਼ਰਤ, ਖ਼ੁਦ ਸ਼ਰਤੀਆ ਗਿਆ ਆਈਆ । ਜਿਸ ਤਰਾ ਚਾਹੋ ਓਸੇ ਤਰਾ ਲਓ ਵਰਤ, ਵਾਤਾਵਰਨ ਤੁਹਾਡੇ ਨਾਲ ਰਖਾਈਆ । ਜੇ ਤਕੋ ਉਤੇ ਅਰਸ਼, ਅਰਸ਼ ਦਾ ਮਾਲਕ ਬੇਪਰਵਾਹੀਆ । ਜੇ ਜੈਕਾਰਾ ਲਾ ਕੇ ਸੱਦੋ ਫ਼ਰਸ਼, ਔਂਦਿਆਂ ਦੇਰ ਨਾ ਲਾਗੇ ਕਾਈਆ । ਜੇ ਮਰਦਾਂ ਵਿਚੋਂ ਮਰਦਾਨਾ ਸਮਝੋ ਮਰਦ, ਮਦਦਗੀਰ ਇਕ ਅਖਵਾਈਆ । ਜੇ ਗਿਣਤੀਆਂ ਕਰੋ ਨਾਲ ਅਦਦ, ਅਦਦਾਂ ਦਾ ਸ਼ੁਮਾਰ ਇਕੋ ਨਜ਼ਰੀ ਆਈਆ । ਜੇ ਲੱਖ ਚੁਰਾਸੀ ਜੀਵ ਜੰਤ ਕਰਨ ਤਸ਼ੱਦਦ, ਪ੍ਰਭ ਦਾ ਕੋਈ ਕੁਛ ਨਾ ਸਕੇ ਵਿਗੜਾਈਆ । ਜਿਸ ਨੇ ਆਪਣੇ ਹੁਕਮੇ ਅੰਦਰ ਸਾਰਾ ਖੇਲ ਦੇਣਾ ਬਦਲ, ਬਦਲੀ ਦੋ ਜਹਾਨ ਵਖਾਈਆ । ਇਨਸਾਫ਼ ਕਰਨ ਆਇਆ ਅਦਲ, ਅਦਾਲਤ ਇਕੋ ਇਕ ਜਣਾਈਆ । ਜਨ ਭਗਤਾਂ ਦੀ ਲੇਖੇ ਲਾਵੇ ਮਜ਼ਲ, ਮੰਜ਼ਲ ਦੇਵੇ ਚੜ੍ਹਾਈਆ । ਨਾਮ ਕੰਡੇ ਤੋਲ ਕੇ ਵਜ਼ਨ, ਧੁਰ ਦੇ ਲੇਖੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਫਲਗੁਣ ਕਹੇ ਗੁਰਮੁਖੋ ਪ੍ਰਭ ਨੂੰ ਕਦੇ ਨਾ ਜਾਣੋ ਮੁਰਦਾ, ਮਰਨ ਜੀਵਣ ਵਿਚ ਨਾ ਆਈਆ । ਜੇ ਭਗਤ ਨੇਤਰ ਤੱਕੋ ਫਿਰਦਾ ਤੁਰਦਾ, ਚਾਰੋਂ ਕੁੰਟ ਵੇਖ ਵਖਾਈਆ । ਸਾਖ਼ਿਆਤ ਵੇਖੋ ਕਰੇ ਖੇਲ ਪੂਰੇ ਗੁਰ ਦਾ, ਸਤਿਗੁਰ ਬੇਪਰਵਾਹੀਆ । ਲਹਿਣਾ ਦੇਣਾ ਜਾਣੇ ਮੇਲ ਮਿਲਾਵੇ ਪੂਰਬ ਧੁਰ ਦਾ, ਜੁਗ ਚੌਕੜੀ ਵਿਛੜੇ ਰਿਹਾ ਜੁੜਾਈਆ । ਜੇ ਸਾਜਣ ਸਮਝੋ ਆਪਣੀ ਲੋੜ ਦਾ, ਆਸਾ ਮਨਸਾ ਪੂਰ ਕਰਾਈਆ । ਜੇ ਰਾਹ ਤੱਕੋ ਕਿਸੇ ਹੋਰ ਦਾ, ਫੇਰ ਲੱਖ ਚੁਰਾਸੀ ਵਿਚ ਭਵਾਈਆ । ਜੇ ਆਸਰਾ ਤੱਕੋ ਚਰਨਾਂ ਦੀ ਲੋੜ ਦਾ, ਲੋਕ ਪਰਲੋਕ ਵਿਚੋਂ ਬਾਹਰ ਕਢਾਈਆ । ਜੇ ਕੋਈ ਤੁਹਾਡੇ ਅੰਦਰ ਝਗੜਾ ਠਗ ਚੋਰ ਦਾ, ਕਰ ਕਿਰਪਾ ਕਰੇ ਸਫ਼ਾਈਆ । ਅਗੇ ਭੇਵ ਖੁਲ੍ਹਾਵੇ ਮੰਤਰ ਫੋਰ ਦਾ, ਫੁਰਨਾ ਆਪਣਾ ਦਏ ਸਮਝਾਈਆ । ਪੈਂਡਾ ਮੁਕ ਜਾਏ ਅੰਧ ਘੋਰ ਦਾ, ਅੰਧ ਅੰਧੇਰਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਫਲਗੁਣ ਕਹੇ ਤਰੋ ਜਨ ਸਾਚੇ, ਸਚ ਸਚ ਸਮਝਾਈਆ । ਲੇਖੇ ਲਾ ਲਓ ਮਾਟੀ ਭਾਂਡੇ ਕਾਚੇ, ਕੰਚਨ ਰੂਪ ਰਿਹਾ ਬਣਾਈਆ । ਮਨ ਵਾਸਨਾ ਕਾਹੂ ਭਾਗੇ, ਭਾਗੋ ਭਾਗੋ ਭਾਗੋ ਰੇ ਭੱਜੋ ਵਾਹੋ ਦਾਹੀਆ ।

ਸਾਹਿਬ ਸੁਵਾਮੀ ਇਕੋ ਲਾਧੇ, ਦੋ ਜਹਾਨ ਜਿਸ ਨੇ ਬਾਂਧੇ, ਪਲੂ ਸਕੇ ਨਾ ਕੋਇ ਛੁਡਾਈਆ । ਸੰਤ ਸੁਹੇਲੇ ਜਿਸ ਨੇ ਸਾਜੇ, ਗੁਰਮੁਖਾਂ ਰੱਖੇ ਜੁਗ ਜੁਗ ਲਾਜੇ, ਸਿੱਖਾਂ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੰਬਲ ਨਗਰ ਸੋਹਿਆ ਵਿਚ ਮਾਝੇ, ਜਿਥੇ ਮਜਲਸ ਬੇਪਰਵਾਹੀਆ । ਜੋ ਲਹਿਣਾ ਦੇਣ ਗਿਆ ਦੁਆਬੇ, ਆਪੇ ਆਪਣਾ ਲੇਖ ਚੁਕਾਈਆ । ਜਿਨ੍ਹਾਂ ਦਾ ਤ੍ਰੇਤੇ ਵਿਚ ਸਾਥੇ, ਨਰਾਇਣ ਨਰਾਇਣ ਦਏ ਮਿਲਾਈਆ । ਜਿਨ੍ਹਾਂ ਨੇ ਵਸ਼ਿਸ਼ਟ ਦੇ ਕਰਮੰਡਲ ਮਾਂਜੇ, ਅੰਦਰੋਂ ਬਾਹਰੋਂ ਕੀਤੀ ਸਫ਼ਾਈਆ । ਰਾਜ ਨਰੈਣ ਉਹਨਾਂ ਦੇ ਨਾਲ ਰਿਸ਼ਤੇ ਕਰ ਕੇ ਆਇਆ ਸਾਂਝੇ, ਸੋਹਣੀ ਗੰਢ ਪਵਾਈਆ । ਅੱਠ ਫੱਗਣ ਨੂੰ ਹੋਰ ਦੱਸਣੇ ਪਿਛਲੇ ਗਵਾਚੇ, ਵਾਹ ਵਾਹ ਜੋੜ ਜੁੜਾਈਆ । ਬਹੱਤਰਾਂ ਲੇਖਾ ਆਪੇ ਵਾਚੇ, ਪਰਦੇ ਫੋਲ ਫੁਲਾਈਆ । ਫਲਗੁਣ ਖ਼ੁਸ਼ੀਆਂ ਨਾਲ ਨਾਚੇ, ਮਿਲੀ ਮਾਣ ਵਡਿਆਈਆ । ਜਨ ਭਗਤੋ ਇਕ ਦੇ ਲੱਗੋ ਆਖੇ, ਜੋ ਆਖ਼ਰ ਦਏ ਚੜ੍ਹਾਈਆ । ਬਿਨਾ ਪਿਤਾ ਤੋਂ ਕਿਸੇ ਕੰਮ ਨਹੀਂ ਔਂਦੇ ਚਾਚੇ, ਸਾਚੀ ਗੋਦ ਨਾ ਕੋਇ ਟਿਕਾਈਆ । ਜਿਸ ਪੁਰਖ ਅਕਾਲ ਦੀਨ ਦਿਆਲ ਨੇ ਜਗਤ ਵਾਲੇ ਜੋੜ ਦੇਣੇ ਨਾਤੇ, ਅਗੇ ਭਗਤਾਂ ਵਿਚ ਸਮਾਈਆ । ਜਿਸ ਵੇਲੇ ਦਰਸ਼ਨ ਦੇਣ ਜਾਏ ਪਹਿਲੋਂ ਚਰਨ ਰੱਖੇ ਤੁਹਾਡੇ ਮਸਤਕ ਮਾਥੇ, ਮਿਥਿਆ ਸ੍ਰਿਸ਼ਟ ਦੇਵੇ ਵਖਾਈਆ । ਫੇਰ ਨਜ਼ਰ ਆਏ ਸਾਖ਼ਿਆਤੇ, ਸਨਮੁਖ ਹੋ ਕੇ ਸ਼ਬਦ ਜਣਾਈਆ । ਕਦੇ ਪਾਤਸ਼ਾਹ ਤੇ ਕਦੇ ਘਰ ਜਾਵੇ ਬਸਤਰ ਪਾਟੇ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੁਰਖ ਸਮਰਾਥੇ, ਸਰਬ ਦਾ ਮਾਲਕ ਇਕੋ ਨਜ਼ਰੀ ਆਈਆ ।



## ❊ ੮ ਫੱਗਣ ੨੦੨੧ ਬਿਕ੍ਰਮੀ ਜਸਬੀਰ ਸਿੰਘ ਦੇ ਗ੍ਰਿਹ ਪਿੰਡ ਭੋਲੇ ਕੇ ਜ਼ਿਲਾ ਗੁਰਦਾਸਪੁਰ ❊

ਤਖ਼ਤ ਨਿਵਾਸੀ ਸ਼ਾਹ ਸੁਲਤਾਨ, ਪਤਿਪਰਮੇਸ਼ਵਰ ਵੱਡੀ ਵਡਿਆਈਆ । ਦੇਵਣਹਾਰਾ ਧੁਰ ਫ਼ਰਮਾਨ, ਆਦਿ ਜੁਗਾਦਿ ਜੁਗ ਚੌਕੜੀ ਹੁਕਮ ਸੁਣਾਈਆ । ਸਚਖੰਡ ਦਵਾਰੇ ਸ਼ਾਹੋ ਭੂਪ ਰਾਜ ਰਾਜਾਨ, ਸਤਿ ਸਤਿਵਾਦੀ ਸੋਭਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਦਾਨ, ਵਸਤ ਅਮੋਲਕ ਅਗੰਮ ਅਥਾਹ ਆਪ ਵਰਤਾਈਆ । ਨਿਤ ਨਵਿਤ ਵੇਖਣਹਾਰਾ ਮਾਰ ਧਿਆਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਖੋਜ ਖੁਜਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਰਨਹਾਰਾ ਪਰਧਾਨ, ਤ੍ਰੈਗੁਣ ਮਾਇਆ ਪੰਜ ਤੱਤ ਕਰੇ ਕੁੜਮਾਈਆ । ਪਾਰਬ੍ਰਹਮ ਬ੍ਰਹਮ ਖੇਲੇ ਖੇਲ ਮਹਾਨ, ਘਟ ਘਟ ਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਨੂਰ ਕਰੇ ਰੁਸ਼ਨਾਈਆ । ਏਥੇ ਓਥੇ ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਸ਼ਬਦ ਅਗੰਮੀ ਬੋਲਣਹਾਰਾ ਬੇਜ਼ਬਾਨ, ਅਨਾਦ ਅਨਾਦੀ ਬ੍ਰਹਮ ਬ੍ਰਹਿਮਾਦੀ ਅਨੁਰਾਗੀ ਰਾਗ ਸੁਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਖੇਲਦਾ ਰਿਹਾ ਖੇਲ ਮਹਾਨ, ਖ਼ਾਲਕ ਖ਼ਲਕ ਪ੍ਰਿਤਪਾਲਕ ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਹਰਿ ਵੱਡਾ ਵਡ ਸਾਹਿਬ ਨਿਰੰਕਾਰ, ਨਿਰਵੈਰ ਇਕੋ ਨਜ਼ਰੀ ਆਈਆ । ਲੇਖਾ ਜਾਣੇ ਸਦਾ ਜੁਗ ਚਾਰ, ਚੌਕੜੀ ਆਪਣਾ ਹੁਕਮ ਮਨਾਈਆ । ਲੱਖ ਚੁਰਾਸੀ ਕਰ ਉਜਿਆਰ, ਚਾਰੇ ਖਾਣੀ ਰਿਹਾ ਸਮਾਈਆ । ਚਾਰੇ ਬਾਣੀ ਬੋਲ ਜੈਕਾਰ, ਧੁਰ ਦਾ ਢੋਲਾ ਆਪੇ ਗਾਈਆ । ਆਵਣ ਜਾਵਣ ਖੇਲ ਅਪਾਰ, ਪਤਿਪਰਮੇਸ਼ਵਰ ਰਿਹਾ ਸਮਝਾਈਆ ।

ਲੇਖਾ ਜਾਣੇ ਧੁਰ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਸ਼ਬਦ ਅਗੰਮੀ ਜੋਧਾ ਸੂਰਬੀਰ ਬਲਕਾਰ, ਸੁਤ ਦੁਲਾਰਾ ਇਕ ਉਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਨਿਤ ਨਵਿਤ ਸੇਵਕ ਰੂਪ ਵਟਾਈਆ । ਲੇਖਾ ਜਾਣ ਸਰਬ ਸੰਸਾਰ, ਹੁਕਮੇ ਅੰਦਰ ਹੁਕਮ ਵਰਤਾਈਆ । ਧਰਮ ਦਵਾਰੇ ਸਚ ਦਵਾਰ, ਦਰ ਦਰਵੇਸ਼ ਦਿਤਾ ਬਣਾਈਆ । ਚਿਤਰ ਗੁਪਤ ਲੇਖ ਅਪਾਰ, ਕਰਮ ਕਾਂਡ ਵੰਡ ਵੰਡਾਈਆ । ਲਾੜੀ ਮੌਤ ਕਰ ਸ਼ਿੰਗਾਰ, ਤਨ ਮਾਟੀ ਖ਼ਾਕ ਸਰਬ ਪਰਨਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੇ ਹੱਥ ਰਖੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਹਾਰ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰਨੇਹਾਰਾ, ਪੁਰਖ ਅਕਾਲ ਇਕ ਅਖਵਾਇੰਦਾ । ਨਿਰਗੁਣ ਨਿਰਵੈਰ ਹੋ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਕੇ ਗਏ ਵਾਰਾ, ਕਾਗ਼ਜ਼ ਕ਼ਲਮ ਸ਼ਾਹੀ ਗੰਢ ਪਵਾਇੰਦਾ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਕਰਦੇ ਗਏ ਨਿਮਸਕਾਰਾ, ਨਮੋ ਨਮੋ ਸਰਬ ਸੁਣਾਇੰਦਾ । ਜਿਸ ਦਾ ਕਲਮਿਆਂ ਵਿਚ ਕਰਦੇ ਗਏ ਇਜ਼ਹਾਰਾ, ਜ਼ਾਹਰ ਜ਼ਹੂਰ ਆਪਣਾ ਖੇਲ ਵਖਾਇੰਦਾ । ਜਿਸ ਨੂੰ ਪਾਰਬ੍ਰਹਮ ਪਤਿਪਰਮੇਸ਼ਵਰ ਮੰਨੇ ਸਰਬ ਵਿਚ ਸੰਸਾਰਾ, ਵਡ ਸੰਸਾਰੀ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਭਗਵੰਤ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਲੇਖਾ ਆਦਿ ਅੰਤ, ਬੇਅੰਤ ਬੇਪਰਵਾਹੀਆ । ਜਿਸ ਦਾ ਨਾਮ ਅਗੰਮਾ ਮੰਤ, ਗੁਰ ਅਵਤਾਰ ਪੀਰ ਪੈਗ਼ੰਬਰ ਢੋਲੇ ਰਹੇ ਗਾਈਆ । ਜਿਸ ਨੂੰ ਨਿਉਂ ਨਿਉਂ ਝੁਕਦੇ ਸਰਬ ਸੰਤ, ਸੀਸ ਜਗਦੀਸ ਝੁਕਾਈਆ । ਜੋ ਲੱਖ ਚੁਰਾਸੀ ਧੁਰ ਦਾ ਕੰਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਘੜਨ ਭੰਨਣਹਾਰਾ ਬਣਾਵੇ ਬਣਤ, ਪੰਜ ਤੱਤ ਕਾਇਆ ਮਾਟੀ ਪੋਚ ਪੁਚਾਈਆ । ਜੋ ਪਾਰਬ੍ਰਹਮ ਬ੍ਰਹਮ ਬਣਾਏ ਆਪਣੀ ਅੰਸ, ਸਰਬੰਸ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰਦਾ ਰਿਹਾ ਜੁਗ ਚਾਰ, ਕਲਜੁਗ ਅੰਤਮ ਖੋਜ ਖੁਜਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਕਰ ਕੇ ਖ਼ਬਰਦਾਰ, ਬੇਖ਼ਬਰ ਰਿਹਾ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਨੈਣ ਉਠਾਲ, ਲੋਚਨ ਇਕ ਖੁਲ੍ਹਾਈਆ । ਜਿਸ ਦੇ ਅਗੇ ਕਰਦੇ ਗਏ ਸਵਾਲ, ਨਿਤ ਨਵਿਤ ਝੋਲੀਆਂ ਡਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਖਣ ਆਇਆ ਵਿਚ ਜਹਾਨ, ਲੋਕਮਾਤ ਫੇਰੀ ਪਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਦੇਵੇ ਆਣ, ਬੋਧ ਅਗਾਧ ਸ਼ਬਦ ਅਨਾਦ ਕਰੇ ਪੜ੍ਹਾਈਆ । ਭਗਤ ਸੁਹੇਲਾ ਹੋਵੇ ਮਿਹਰਵਾਨ, ਗੁਰ ਚੇਲਾ ਰੰਗ ਰੰਗਾਈਆ । ਚੁਕਾਵਣਹਾਰਾ ਜਮ ਕੀ ਕਾਣ, ਆਵਣ ਜਾਵਣ ਪੰਧ ਮੁਕਾਈਆ । ਧਰਮ ਰਾਏ ਦਾ ਲੇਖਾ ਆਇਆ ਮੁਕਾਣ, ਦੰਡ ਦੇਵੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਕਹੇ ਮੈਂ ਵੇਖਾਂ ਪਰਤਖ, ਪਾਰਬ੍ਰਹਮ ਪ੍ਰਭ ਆਪਣੀ ਧਾਰ ਚਲਾਇੰਦਾ । ਸਭ ਤੋਂ ਨਿਰਾਲਾ ਹੋ ਕੇ ਵਖਰਾ ਵਖ, ਬੇਪਰਵਾਹ ਆਪਣਾ ਕਰਮ ਕਮਾਇੰਦਾ । ਦੀਨ ਦਿਆਲ ਹੋ ਸਮਰਥ, ਮਹਿੰਮਾ ਅਕਥ ਆਪ ਦ੍ਰਿੜਾਇੰਦਾ । ਜਨ ਭਗਤਾਂ ਝੋਲੀ ਪਾ ਕੇ ਹਕ, ਹਕ਼ੀਕ਼ਤ ਪਿਛਲੀ ਖੋਜ ਖੁਜਾਇੰਦਾ । ਬੇਸ਼ਕ

੩੮੮

ਕਾਇਆ ਭਾਂਡਾ ਠੀਕਰ ਸਭ ਦਾ ਜਾਣਾ ਭਜ, ਥਿਰ ਰਹਿਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਨੌ ਸੌ ਚੁਰਾਨਵੇ ਚੌਕੜੀ ਕਹੇ ਮੈਂ ਵੇਖੀ ਵੀਹ ਸੌ ਇੱਕੀ, ਜੋ ਕਲਜੁਗ ਅੰਤਮ ਆਈਆ । ਜਿਥੇ ਪਾਰਬ੍ਰਹਮ ਪਤਿਪਰਮੇਸ਼ਵਰ ਚਾਰ ਵਰਨ ਬਣੌਣੀ ਸਾਚੀ ਸਿੱਖੀ, ਸਾਖ਼ਿਆਤ ਦਏ ਸਮਝਾਈਆ । ਜਿਸ ਦੀ ਧਾਰ ਸਭ ਤੋਂ ਤਿੱਖੀ, ਖੰਡਾ ਰੂਪ ਨਾ ਕੋਇ ਵਟਾਈਆ । ਇਕੋ ਗੋਬਿੰਦ ਜਾਣੇ ਜਿਸ ਨੂੰ ਮਾਛੂਵਾੜੇ ਮਿਲੀ ਚਿੱਠੀ, ਦੂਜੇ ਸਮਝ ਕਿਸੇ ਨਾ ਪਾਈਆ । ਗੁਰ ਅਵਤਾਰ ਹੱਥ ਕਿਸੇ ਨਾ ਦਿਤੀ, ਚਾਰ ਜੁਗ ਨਾ ਕੋਇ ਖੁਲ੍ਹਾਈਆ । ਉਹਦੀ ਸਤਰ ਬਾਰੀਕ ਨਿੱਕੀ, ਅੱਖਰਾਂ ਵਿਚ ਨਾ ਕੋਇ ਪੜ੍ਹਾਈਆ । ਇਹੋ ਸੰਮਤ ਇਹੋ ਮਿਤੀ, ਮਿਤਰ ਪਿਆਰਾ ਗਿਆ ਜਣਾਈਆ । ਕ਼ਲਮ ਸ਼ਾਹੀ ਕਿਸੇ ਨਾ ਲਿਖੀ, ਕਾਗਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵੀਹ ਸੌ ਇੱਕੀ ਕਹੇ ਮੇਰਾ ਆਇਆ ਵੇਲਾ, ਜੁਗ ਚੌਕੜੀ ਬੈਠੀ ਧਿਆਨ ਲਗਾਈਆ । ਕਿਸ ਬਿਧ ਖੇਲੇ ਖੇਲ ਗੁਰੂ ਗੁਰ ਚੇਲਾ, ਚੇਲਾ ਗੁਰ ਆਪਣਾ ਰੂਪ ਵਖਾਈਆ । ਪਾਰਬ੍ਰਹਮ ਪ੍ਰਭ ਹੋਏ ਸੱਜਣ ਸੁਹੇਲਾ, ਸਤਿ ਸਵਾਮੀ ਦਇਆ ਕਮਾਈਆ । ਲੱਖ ਚੁਰਾਸੀ ਨਾਲੋਂ ਹੋ ਕੇ ਵਿਹਲਾ, ਭਗਤ ਭਗਵਾਨ ਜੋੜ ਜੁੜਾਈਆ । ਆਪਣਾ ਧਾਮ ਵਖਾਏ ਨਵੇਲਾ, ਜਿਥੇ ਵੇਖਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵੀਹ ਸੌ ਇੱਕੀ ਕਹੇ ਮੈਂ ਆ ਗਈ ਜਗ, ਜਾਗਰਤ ਜੋਤ ਨਜ਼ਰੀ ਆਈਆ । ਚਾਰ ਜੁਗ ਦੇ ਪਿਛਲੇ ਲੇਖੇ ਦਿਤੇ ਛਡ, ਝਗੜਾ ਦਿਤਾ ਮੁਕਾਈਆ । ਮੈਂ ਸਭ ਨਾਲੋਂ ਹੋ ਕੇ ਅੱਡ, ਧੁਰ ਦਾ ਹੁਕਮ ਰਹੀ ਜਣਾਈਆ । ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਜਿਸ ਦਾ ਆਦਿ ਜੁਗਾਦੀ ਇਕੋ ਛੰਦ, ਸੋ ਸਾਹਿਬ ਸਵਾਮੀ ਆਪਣਾ ਨਾਮ ਰਿਹਾ ਦ੍ਰਿੜਾਈਆ । ਜਿਸ ਦੇ ਅੰਦਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕੀਤੇ ਬੰਦ, ਬਾਹਰ ਨਜ਼ਰ ਕੋਇ ਨਾ ਆਈਆ । ਜਿਸ ਦੀ ਰਸਨਾ ਜਿਹਵਾ ਸਿਫ਼ਤ ਕਰੇ ਨਾ ਬੱਤੀ ਦੰਦ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਬੈਠੀ ਮੁਖ ਛੁਪਾਈਆ । ਜੋ ਦੀਨ ਦਿਆਲ ਠਾਕਰ ਸਵਾਮੀ ਗਹਿਰ ਗੰਭੀਰ ਸੂਰਾ ਸਰਬੰਗ, ਦੋ ਜਹਾਨਾਂ ਵਾਲੀ ਇਕ ਅਖਵਾਈਆ । ਜਿਸ ਦੇ ਦਰ ਤੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ ਈਸਾ ਮੂਸਾ ਮੁਹੰਮਦ ਮੰਗਣ ਮੰਗ, ਤੇਈ ਅਵਤਾਰ ਦਸ ਗੁਰ ਬੈਠੇ ਸੀਸ ਨਿਵਾਈਆ । ਭਗਤ ਕਹਿਣ ਪ੍ਰਭੂ ਸਾਡੀ ਆਪਣੇ ਨਾਲ ਗੰਢ, ਟੁਟੀ ਗੰਢਣਹਾਰ ਇਕੋ ਨਜ਼ਰੀ ਆਈਆ । ਸੂਰਜ ਚੰਦ ਮੰਗਣ ਮੰਗ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਤੇਰੀ ਇਕ ਸਰਨਾਈਆ । ਵੀਹ ਸੌ ਇੱਕੀ ਕਹੇ ਮੇਰੇ ਭਗਵਾਨ, ਭਾਂਡਾ ਭਰਮ ਦੇ ਭੰਨਾਈਆ । ਮੈਂ ਮੰਗਾਂ ਧੁਰ ਦਾ ਦਾਨ, ਧੁਰ ਦੇ ਮਾਲਕ ਝੋਲੀ ਦੇ ਭਰਾਈਆ । ਤੇਰਾ ਲੇਖਾ ਅਗੰਮ ਮਹਾਨ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਉਠ ਵੇਖ ਮਾਰ ਧਿਆਨ, ਬੇਨਜ਼ੀਰ ਨਜ਼ਰ ਉਠਾਈਆ । ਸਤਿ ਸਤਿਵਾਦੀ ਬਣ ਮਿਹਰਵਾਨ, ਮਹਿਬੂਬ ਤੇਰੀ ਓਟ ਤਕਾਈਆ । ਚਾਰ ਕੁੰਟ ਦਿਸੇ ਵੈਰਾਨ, ਦਹਿ ਦਿਸ਼ਾ ਧੀਰ ਨਾ ਕੋਇ ਰਖਾਈਆ । ਕਲਜੁਗ ਕੂੜ ਝੁੱਲੇ ਨਿਸ਼ਾਨ, ਸਤਿ ਸਚ ਨਾ ਕੋਇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਕੋਈ ਨਾ ਆਣ, ਕਰਵਟ ਆਪਣੀ ਨਾ ਕੋਇ ਬਦਲਾਈਆ । ਸ੍ਰਿਸ਼ਟ ਸਬਾਈ ਹੋਈ ਹੈਰਾਨ, ਹਰਿ ਕਾ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ

ਦਾ ਵਰ, ਦਰ ਠਾਂਡੇ ਦੇ ਸਮਝਾਈਆ । ਠਾਂਡੇ ਦਰ ਦੇ ਸੰਦੇਸ਼ਾ, ਸਤਿ ਸਤਿ ਸਤਿ ਦੇ ਦ੍ਰਿੜਾਈਆ । ਪਾਰਬ੍ਰਹਮ ਵਡ ਨਰੇਸ਼ਾ, ਨਰ ਨਰਾਇਣ ਤੇਰੀ ਓਟ ਤਕਾਈਆ । ਜੁਗ ਚੌਕੜੀ ਤੇਰਾ ਖੇਲ ਵੇਖਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਗੁਰ ਅਵਤਾਰ ਪੀਰ ਪੈਗੰਬਰ ਤੇਰੀ ਦੇ ਦੇ ਗਏ ਭੇਟਾ, ਆਪ ਆਪਣਾ ਭੇਟ ਕਰਾਈਆ । ਤੇਰਾ ਸ਼ਬਦ ਇਕੋ ਬੇਟਾ, ਜੁਗ ਚੌਕੜੀ ਨਾ ਜਨਮੇ ਨਾ ਮਰੇ ਲੱਖ ਚੁਰਾਸੀ ਆਪਣੇ ਹੁਕਮ ਭਵਾਈਆ । ਵਡ ਮਲਾਹ ਖੇਵਟ ਖੇਟਾ, ਨਿਰਗੁਣ ਸਰਗੁਣ ਖੋਜ ਖੁਜਾਈਆ । ਤੇਰਾ ਭਗਤਾਂ ਸੰਗ ਸਦਾ ਹੇਤਾ, ਹਿਤਕਾਰੀ ਨਜ਼ਰੀ ਆਈਆ । ਆਦਿ ਪੁਰਖ ਪ੍ਰਭ ਕਰ ਲੈ ਓਹ ਚੇਤਾ, ਚੇਤਨ ਹੋ ਕੇ ਵੇਖ ਵਖਾਈਆ । ਜਿਸ ਵੇਲੇ ਸ਼ਬਦ ਸੁਤ ਨੂੰ ਦੋ ਜਹਾਨ ਦਾ ਦਿਤਾ ਸੀ ਠੇਕਾ, ਠੇਕੇਦਾਰੀ ਇਕ ਵਖਾਈਆ । ਓਸ ਵੇਲੇ ਨਿਰਗੁਣ ਸਰਗੁਣ ਬਣ ਕੇ ਦੂਆ ਦੂਏ ਦਾ ਨਿਰਗੁਣ ਏਕਾ, ਏਕਾ ਇੱਕੀ ਦਿਤੀ ਬਣਾਈਆ । ਭਾਗ ਲਗਾ ਕੇ ਸਚਖੰਡ ਦੇਸਾ, ਥਿਰ ਘਰ ਪਰਦਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਪੁਰਖ ਅਕਾਲ ਕਹੇ ਮੈਨੂੰ ਆ ਗਈ ਯਾਦ, ਪੂਰਬ ਨਜ਼ਰੀ ਆਈਆ । ਜਿਸ ਵੇਲੇ ਸ਼ਬਦ ਸੁਤ ਕਰੀ ਫ਼ਰਿਆਦ, ਥਿਰ ਘਰ ਆਪਣੀ ਅਲਖ ਜਗਾਈਆ । ਮੈਂ ਸਚ ਪ੍ਰੀਤੀ ਭਰ ਕੇ ਇਕ ਆਵਾਜ਼, ਅਗੰਮੀ ਨਾਦ ਦਿਤਾ ਲਗਾਈਆ । ਡੂੰਘਾ ਰਖ ਕੇ ਵਿਚ ਰਾਜ਼, ਰਮਜ਼ ਆਪਣੀ ਇਕ ਸਮਝਾਈਆ । ਤੇਰਾ ਜੁਗ ਜੁਗ ਵੇਖਾਂ ਖੇਲ ਤਮਾਸ਼, ਲੱਖ ਚੁਰਾਸੀ ਝੋਲੀ ਪਾਈਆ । ਗੁਰ ਅਵਤਾਰ ਬਣਾ ਕੇ ਦਾਸ, ਦਾਸੀ ਰੂਪ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਿੱਕੀ ਨਿੱਕੀ ਸੁਣਾ ਕੇ ਬਾਤ, ਕਹਾਵਤ ਆਪਣੀ ਦਿਆਂ ਦ੍ਰਿੜਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਜਿਸ ਵੇਲੇ ਕਲਜੁਗ ਅੰਤ ਆਵੇ ਅੰਧੇਰੀ ਰਾਤ, ਚਾਰ ਕੁੰਟ ਦਹਿ ਦਿਸ਼ਾ ਸਤਿ ਸਚ ਨਾ ਕੋਇ ਰੁਸ਼ਨਾਈਆ । ਓਸ ਵੇਲੇ ਪੁੱਛਾਂ ਤੇਰੀ ਵਾਤ, ਮਿਹਰਵਾਨ ਹੋ ਕੇ ਵੇਖ ਵਖਾਈਆ । ਸੁਤ ਸ਼ਬਦ ਅਗੋਂ ਜੋੜ ਕੇ ਕਿਹਾ ਹਾਥ, ਪ੍ਰਭੂ ਤੇਰੀ ਬੇਪਰਵਾਹੀਆ । ਮੈਂ ਬਾਲਾ ਨੱਢਾ ਅਨਾਥਾਂ ਅਨਾਥ, ਬਲਧਾਰ ਨਾ ਕੋਇ ਜਣਾਈਆ । ਮੇਰੀ ਇਕੋ ਮੰਗ ਇਕੋ ਆਸ, ਤੇਰੇ ਚਰਨਾਂ ਦਿਆਂ ਟਿਕਾਈਆ । ਜਿਸ ਵੇਲੇ ਨਿਰਗੁਣ ਹੋ ਕੇ ਆਵੇਂ ਆਪ, ਜੋਤੀ ਜਾਤਾ ਫੇਰਾ ਪਾਈਆ । ਭਗਤਾਂ ਰੱਖੀਂ ਸਦਾ ਸਾਥ, ਸਗਲਾ ਸੰਗ ਨਿਭਾਈਆ । ਇਕੋ ਹੋਵੇ ਤੇਰਾ ਜਾਪ, ਇਕੋ ਨਾਮ ਸਮਝਾਈਆ । ਮਾਲਕ ਬਣਨਾ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਤੇਰੇ ਗੁਰਮੁਖਾਂ ਤੋਂ ਧਰਮ ਰਾਏ ਨਾ ਮੰਗੇ ਹਿਸਾਬ, ਚਿਤਰ ਗੁਪਤ ਲੇਖ ਨਾ ਕੋਇ ਚੁਕਾਈਆ । ਇਹ ਚੁਕੌਣਾ ਆਪ ਰਿਵਾਜ, ਰਸਮ ਦੇਣੀ ਬਣਾਈਆ । ਜਿਹੜਾ ਲੇਖਾ ਲਿਖਿਆ ਨਹੀਂ ਵਿਚ ਕਿਸੇ ਕਿਤਾਬ, ਸੋ ਆਪਣਾ ਹੁਕਮ ਦੇਣਾ ਵਰਤਾਈਆ । ਮੈਂ ਨਿਉਂ ਨਿਉਂ ਕਰਾਂ ਅਦਾਬ, ਚਰਨਾਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਇਕ ਸਰਨਾਈਆ । ਪੁਰਖ ਅਕਾਲ ਕਿਹਾ ਸੁਣ ਸ਼ਬਦੀ ਸੁਤ, ਸਚ ਦਿਆਂ ਦ੍ਰਿੜਾਈਆ । ਜਿਸ ਵੇਲੇ ਆਵੇ ਸੁਹੰਜਣੀ ਰੁਤ, ਸਿਰ ਤੇਰੇ ਹੱਥ ਰਖਾਈਆ । ਭਗਤ ਬਣਾ ਕੇ ਆਪਣੇ ਸੁਤ, ਤੇਰਾ ਜੋੜ ਜੁੜਾਈਆ । ਤੂੰ ਹੁਕਮੇ ਅੰਦਰ ਧਰਮ ਰਾਏ ਲੈਣਾ ਪੁਛ, ਸਚ ਸੰਦੇਸ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਦਏ ਵਡਿਆਈਆ । ਸੁਤ ਦੁਲਾਰਾ ਕਹੇ ਮੇਰੇ ਅਕਾਲ, ਅਕਲ ਕਲ ਤੇਰੀ ਵਡਿਆਈਆ । ਜੇ ਹੋਵੇਂ ਆਪ ਦਿਆਲ, ਦੀਨਾਂ ਗਲੇ ਲਗਾਈਆ । ਮੈਂ ਵੇਖਾਂ ਤੇਰੇ ਲਾਲ, ਭਗਤ ਸੁਹੇਲੇ ਖੋਜ

ਖੁਜਾਈਆ । ਜਿਨ੍ਹਾਂ ਵਸੇਂ ਅੰਦਰ ਨਾਲ, ਬਾਹਰੋਂ ਬੈਠਾ ਰੂਪ ਛੁਪਾਈਆ । ਨਾਤਾ ਤੋੜ ਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੀ ਗੰਢ ਪਵਾਈਆ । ਪੁਰਖ ਅਕਾਲ ਕਿਹਾ ਇਹ ਸਚ ਅਹਿਵਾਲ, ਹਾਲਤ ਦਿਆਂ ਬਦਲਾਈਆ । ਵੀਹ ਸੌ ਇੱਕੀ ਬਿਕ੍ਰਮੀ ਖੇਲ ਕਮਾਲ, ਅੰਤ ਅਖ਼ੀਰੀ ਦਿਆਂ ਦ੍ਰਿੜਾਈਆ । ਜਨ ਭਗਤਾਂ ਕਰਾਂ ਬਹਾਲ, ਲਹਿਣਾ ਦੇਣਾ ਸਰਬ ਮੁਕਾਈਆ । ਬਿਨ ਤੇਰੇ ਪੁੱਛੇ ਕਿਸੇ ਨਾ ਖਾਵੇ ਕਾਲ, ਮਹਾਕਾਲ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੁਤ ਸ਼ਬਦ ਕਹੇ ਪ੍ਰਭ ਆ ਗਿਆ ਵਕਤ, ਵੇਲਾ ਦਏ ਗਵਾਹੀਆ । ਲੈ ਅੰਗੜਾਈ ਵਿਚ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਤੇਰਾ ਲਹਿਣਾ ਦੇਣਾ ਨਾਲ ਭਗਤ, ਇਹੋ ਨਜ਼ਰੀ ਆਈਆ । ਤੇਰੀ ਆਦਿ ਜੁਗਾਦੀ ਸ਼ਰਤ, ਸਦ ਸ਼ਰਅ ਦੇਣੀ ਬਦਲਾਈਆ । ਤੇਰੀ ਕਰਨੀ ਵਿਚ ਨਾ ਆਵੇ ਫ਼ਰਕ, ਫ਼ੈਸਲਾ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਰੇ ਹਰਿ ਅਦਲੀ, ਅਦਾਲਤ ਸਾਚੀ ਸਚ ਸਮਝਾਈਆ । ਪਿਛਲੀ ਖੇਲ ਕਰੇ ਸਭ ਬਦਲੀ, ਬਦਲਾ ਸਭ ਦਾ ਰਿਹਾ ਮੁਕਾਈਆ । ਰਾਏ ਧਰਮ ਚਲ ਕੇ ਔਣਾ ਮਜ਼ਲੋ ਮਜ਼ਲੀ, ਮੰਜ਼ਲ ਆਪਣੀ ਸਚ ਸਮਝਾਈਆ । ਚਿਤ੍ਰਗੁਪਤ ਲੇਖਾ ਉਠਾ ਕੇ ਔਣਾ ਬਗ਼ਲੀ, ਭੱਜਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਰਾਏ ਧਰਮ ਆ ਨੇੜੇ, ਹਰਿ ਕਰਤਾ ਆਪ ਜਣਾਈਆ । ਭਗਤਾਂ ਬੰਨ੍ਹਣੇ ਸਾਚੇ ਬੇੜੇ, ਬੰਧਨ ਰਿਹਾ ਜਣਾਈਆ । ਜਨਮ ਮਰਨ ਦੇ ਚੁਕਣੇ ਝੇੜੇ, ਝਗੜਾ ਰਹੇ ਨਾ ਰਾਈਆ । ਸੋਹਣੇ ਵਸਣੇ ਸਾਚੇ ਖੇੜੇ, ਮੰਦਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖ ਆਪ ਸਮਝਾਈਆ । ਰਾਏ ਧਰਮ ਕਹੇ ਮੇਰੇ ਜਗਦੀਸ਼, ਸਾਹਿਬ ਤੇਰੀ ਸਰਨਾਈਆ । ਮੈਂ ਹਾਜ਼ਰ ਹੋਇਆ ਬੀਸ ਇਕੀਸ, ਦਰ ਠਾਂਡੇ ਸੀਸ ਨਿਵਾਈਆ । ਸਾਚਾ ਹੁਕਮ ਦੱਸ ਹਦੀਸ, ਕਰਾਂ ਹਕ ਪੜ੍ਹਾਈਆ । ਜੇ ਤੂੰ ਭਗਤਾਂ ਬਦਲਣ ਆਇਆ ਰੀਤ, ਮੈਂ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਚੁਕਾਈਆ । ਸ੍ਰੀ ਭਗਵਾਨ ਕਹੇ ਸੁਣ ਸਚ ਸੰਦੇਸ਼ਾ, ਧੁਰ ਦਾ ਦਿਆਂ ਜਣਾਈਆ । ਪੁਰਖ ਅਗੰਮੀ ਹੁਕਮ ਏਕਾ, ਅਗੇ ਸਕੇ ਨਾ ਕੋਇ ਮਿਟਾਈਆ । ਕਰੇ ਖੇਲ ਸਚਖੰਡ ਨਿਵਾਸੀ ਨਰ ਨਰੇਸ਼ਾ, ਨਰ ਨਰਾਇਣ ਏਕੰਕਾਰ ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ । ਰਾਏ ਧਰਮ ਕਹੇ ਸੁਣ ਪ੍ਰਭੂ ਠਾਕਰ, ਸਤਿ ਸਚ ਮੇਰੀ ਅਰਜ਼ੋਈਆ । ਗਹਿਰ ਗੰਭੀਰ ਡੂੰਘੇ ਸਾਗਰ, ਤੇਰਾ ਭੇਵ ਕੋਇ ਨਾ ਆਈਆ । ਸੂਰਬੀਰ ਵਡ ਬਹਾਦਰ, ਤੇਰੀ ਇਕ ਸਰਨਾਈਆ । ਜੇ ਤੂੰ ਕਰਨ ਆਇਆ ਅਦਲ, ਇਨਸਾਫ਼ ਆਪਣੇ ਹੱਥ ਵਖਾਈਆ । ਮੈਂ ਦੂਰ ਦੁਰਾਡਾ ਚਲ ਕੇ ਆਇਆ ਪੈਦਲ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬਖ਼ਸ਼ੀ ਇਕ ਸਰਨਾਈਆ । ਸੁਣ ਕੇ ਹੁਕਮ ਉਠਿਆ ਅੱਠ ਫੱਗਣ, ਅੱਠਾਂ ਤੱਤਾਂ ਵੇਖ ਵਖਾਈਆ । ਜਿਸ ਨੂੰ ਪੈਣ ਲੱਗਾ ਸਗਨ, ਓਸ ਆਤਮਾ ਹੋਈ ਅੰਤ ਜੁਦਾਈਆ । ਜਿਸ ਦਾ ਲੇਖਾ ਲੱਗਾ ਵਧਣ, ਵਾਅਦੇ ਨਾਲ ਦਇਆ ਕਮਾਈਆ । ਜਿਸ ਦਾ ਕੋਈ ਨਾ ਜਾਣੇ ਯਤਨ, ਬੁਧੀ ਸਕੇ ਨਾ ਕੋਇ ਸਮਝਾਈਆ । ਜਿਹੜੀ ਫਿਰ ਵਸਣੀ ਉਸੇ ਵਤਨ, ਆਤਮ ਸਾਚੇ ਤਿੰਨ ਹੱਥ ਡੇਰਾ ਲਾਈਆ । ਮਲਾਹ ਬਣ ਕੇ ਬੇੜਾ ਲਾਇਆ ਪਤਣ, ਮੰਝਧਾਰ

੩੯੧

ਨਾ ਕੋਇ ਰੁੜ੍ਹਾਈਆ । ਰਾਏ ਧਰਮ ਨਾ ਆਇਆ ਸੱਦਣ, ਚਿਤ੍ਰਗੁਪਤ ਨਾ ਲੇਖ ਵਖਾਈਆ । ਜਮਦੂਤ ਸਵਾਸ ਨਾ ਆਇਆ ਕੱਢਣ, ਲਾੜੀ ਮੌਤ ਨਾ ਕੋਇ ਪਰਨਾਈਆ । ਲਾਂਬੂ ਲਾਇਆ ਕੋਈ ਨਾ ਅਗਨ, ਧੂੰਆਂਧਾਰ ਨਾ ਕੋਇ ਵਖਾਈਆ । ਇਸ਼ਨਾਨ ਕੀਤਾ ਨਾ ਕੋਇ ਨਗਨ, ਨਾਤਾ ਜਗਤ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਦਾ ਮਾਲਕ ਸਵਾਮੀ, ਹਰਿ ਕਰਤਾ ਦਇਆ ਕਮਾਇੰਦਾ । ਆਦਿ ਜੁਗਾਦਿ ਅੰਤਰਜਾਮੀ, ਘਟ ਘਟ ਵੇਖ ਵਖਾਇੰਦਾ । ਜਿਸ ਦੀ ਸਿਫ਼ਤ ਕਰੇ ਚਾਰੇ ਬਾਣੀ, ਰਾਗਾਂ ਨਾਦਾਂ ਵਿਚ ਢੋਲਾ ਸ਼ਬਦ ਅਲਾਇੰਦਾ । ਜਿਸ ਦੇ ਹੁਕਮੇ ਅੰਦਰ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਪਾਇੰਦਾ । ਸੋ ਸ਼ਾਹੋ ਭੂਪ ਵਡ ਸੁਲਤਾਨੀ, ਧੁਰ ਫ਼ਰਮਾਨਾ ਹੁਕਮ ਦ੍ਰਿੜਾਇੰਦਾ । ਰਾਏ ਧਰਮ ਸੁਣਨਾ ਲਾ ਕਰ ਕਾਨੀ, ਭੇਵ ਅਭੇਦਾ ਆਪ ਜਣਾਇੰਦਾ । ਬੇਸ਼ਕ ਲੱਖ ਚੁਰਾਸੀ ਜੀਵ ਜੰਤ ਸ੍ਰਿਸ਼ਟ ਸਬਾਈ ਫ਼ਾਨੀ, ਅੰਤ ਨਜ਼ਰ ਕੋਇ ਨਾ ਆਇੰਦਾ । ਜਨ ਭਗਤਾਂ ਦੀ ਸਭ ਤੋਂ ਵਖਰੀ ਕਹਾਣੀ, ਹਰਿ ਕਰਤਾ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸੁਣਾਇੰਦਾ । ਧੁਰ ਦਾ ਹੁਕਮ ਸੁਣ ਧਰਮ ਰਾਜ, ਰਾਜਨ ਰਾਜ ਆਪ ਜਣਾਈਆ । ਜਿਸ ਵੇਲੇ ਜਨ ਭਗਤਾਂ ਦਾ ਅੰਤ ਹੋਵੇ ਕਾਜ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਤੂੰ ਦਰ ਤੇ ਬਣ ਕੇ ਜਾਵੀਂ ਦਾਸ, ਸੇਵਕ ਆਪਣਾ ਰੂਪ ਵਟਾਈਆ । ਹੌਲੀ ਜਿਹੀ ਸੰਦੇਸ਼ਾ ਦੇਵੀਂ ਆਪ, ਅਗੰਮੀ ਆਵਾਜ਼ ਸੁਣਾਈਆ । ਜਨ ਭਗਤੋ ਸੋਹੰ ਕਰ ਲਓ ਸਚਾ ਜਾਪ, ਵੇਲਾ ਅੰਤਮ ਗਿਆ ਆਈਆ । ਪਿਛਲੇ ਜਨਮ ਦਾ ਕਰਮ ਦਾ ਲਹਿ ਜਾਏ ਪਾਪ, ਅਗੇ ਲੇਖ ਨਾ ਕੋਇ ਵਖਾਈਆ । ਫਿਰ ਜੋੜ ਕੇ ਦੋਵੇਂ ਹਾਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈਕਾਰਾ ਦੇਣਾ ਲਗਾਈਆ । ਪੰਜਾਂ ਮਿੰਟਾਂ ਪਿਛੋਂ ਮੈਂ ਨਜ਼ਰੀ ਆਵਾਂ ਸਾਖ਼ਿਆਤ, ਜਨ ਭਗਤਾਂ ਸਨਮੁਖ ਸੋਭਾ ਪਾਈਆ । ਜਿਸ ਦਾ ਕਿਸੇ ਨਹੀਂ ਲਿਖਿਆ ਕੋਈ ਹਿਸਾਬ, ਸੋ ਲੇਖਾ ਦੇਵਾਂ ਜਣਾਈਆ । ਇਹ ਸਤਿਜੁਗ ਦਾ ਰਿਵਾਜ, ਕਲਜੁਗ ਵਿਚੋਂ ਦਿਆਂ ਬਦਲਾਈਆ । ਚਿਤ੍ਰਗੁਪਤ ਕਹੇ ਮੈਂ ਢਾਈ ਘੜੀਆਂ ਪਹਿਲੋਂ ਬੰਦ ਕਰਾਂ ਕਿਤਾਬ, ਭਗਤਾਂ ਲੇਖਾ ਵੇਖਣ ਕੋਇ ਨਾ ਪਾਈਆ । ਨੇੜੇ ਆ ਕੇ ਕਹਾਂ ਵਾਹ ਸ਼ਾਬਾਸ਼, ਜੋ ਬੈਠੇ ਇਕੋ ਪੁਰਖ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਧਰਮ ਰਾਜ ਕਹੇ ਮੈਂ ਦੇਵਾਂ ਆਪਣਾ ਸਚ ਸਬੂਤ, ਭਗਤਾਂ ਦਿਆਂ ਜਣਾਈਆ । ਮੇਰਾ ਕੋਈ ਨਾ ਆਵੇ ਦੂਤ, ਦੁਸ਼ਟ ਰੂਪ ਨਾ ਕੋਇ ਵਖਾਈਆ । ਪਹਿਲੋਂ ਵੇਖ ਕੇ ਚਾਰੇ ਕੂਟ, ਦਹਿ ਦਿਸ਼ਾ ਖੋਜ ਖੁਜਾਈਆ । ਜਿਥੇ ਭਗਤ ਮੁਨਾਰਾ ਉਚ ਅਰੂਜ, ਅਰਸ਼ ਕੁਰਸ਼ ਵੇਖਾਂ ਚਾਈਂ ਚਾਈਆ । ਉਹ ਸਾਢੇ ਤਿੰਨ ਹੱਥ ਮੰਦਰ ਮੈਨੂੰ ਦਿਸੇ ਮਹਿਫੂਜ਼, ਚਾਰੋਂ ਕੁੰਟ ਬੈਠਾ ਬੇਪਰਵਾਹੀਆ । ਜਿਹੜੇ ਚੜ੍ਹ ਗਏ ਮੰਜ਼ਲੇ ਮਕ਼ਸੂਦ, ਮਕ਼ਸਦ ਆਪਣਾ ਹਲ ਕਰਾਈਆ । ਉਹਨਾਂ ਪੰਜ ਤੱਤ ਕਾਇਆ ਚੋਲਾ ਛੱਡਣਾ ਪੰਜ ਭੂਤ, ਤਨ ਮਾਟੀ ਖ਼ਾਕ ਮਿਲਾਈਆ । ਆਤਮ ਪਰਮਾਤਮ ਮੇਲਾ ਸਾਚੇ ਭੂਪ, ਸ਼ਹਿਨਸ਼ਾਹ ਆਪਣੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਏ ਧਰਮ ਕਹੇ ਪ੍ਰਭੂ ਤੇਰੀ ਮਿਹਰਵਾਨੀ, ਮੈਂ ਆਪਣੀ ਝੋਲੀ ਪਾਈਆ । ਆਪਣੇ ਭਗਤਾਂ ਦੱਸ ਨਿਸ਼ਾਨੀ, ਜੋ ਵੇਲੇ ਅੰਤ ਭੁਲ ਨਾ ਜਾਈਆ । ਮੈਨੂੰ ਹੋਣਾ ਨਾ ਪਏ ਹੈਰਾਨੀ, ਅਹਿਸਾਨੀ ਦੇ ਸਮਝਾਈਆ । ਤੇਰਾ ਜਲਵਾ ਨੂਰ ਨੁਰਾਨੀ, ਜੋਤੀ ਜੋਤ ਡਗਮਗਾਈਆ । ਤੂੰ ਭੂਪ ਸ਼ਹਿਨਸ਼ਾਹ ਸ਼ਾਹ ਸੁਲਤਾਨੀ, ਦੋ ਜਹਾਨਾਂ ਅਖਵਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਕਾਲ ਕਹੇ ਸੁਣ ਰਾਜੇ ਧਰਮ, ਧਰਨੀ ਉਤੇ ਦਿਆਂ ਸਮਝਾਈਆ । ਜਿਨ੍ਹਾਂ ਦਾ ਮੇਰੇ ਲੇਖੇ ਲੱਗਾ ਕਰਮ, ਕਰਮ ਕਾਂਡ ਗਏ ਗਵਾਈਆ । ਨਾਤਾ ਤੋੜ ਕੇ ਵਰਨ ਬਰਨ, ਜਾਤ ਪਾਤ ਗਏ ਮਿਟਾਈਆ । ਪੁਰਖ ਅਕਾਲ ਦੀ ਸਾਚੀ ਸਰਨ, ਚਰਨ ਕਵਲ ਧਿਆਨ ਰਖਾਈਆ । ਉਹਨਾਂ ਦਾ ਲੇਖਾ ਮੁਕਣਾ ਮਰਨ ਜਨਮ, ਜਨਮ ਮਰਨ ਰਹਿਣ ਨਾ ਪਾਈਆ । ਜੋ ਸਾਚਾ ਢੋਲਾ ਪੜ੍ਹਨ, ਅੰਦਰੇ ਅੰਦਰ ਧਿਆਨ ਲਗਾਈਆ । ਉਹਨਾਂ ਦੇ ਮੁਖ ਵਿਚ ਲਗਣਾ ਸਗਨ, ਮੈਂ ਸਨਮੁਖ ਹੋ ਕੇ ਦਿਆਂ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਾਏ ਧਰਮ ਕਹੇ ਪੁਰਖ ਸਮਰਥ, ਮੇਰੀ ਤੇਰੇ ਅਗੇ ਅਰਜ਼ੋਈਆ । ਮੇਰੀ ਖੋਲ੍ਹ ਦੇਵੀਂ ਉਹ ਅੱਖ, ਨੇਤਰ ਆਪ ਖੁਲ੍ਹਾਈਆ । ਤੇਰਾ ਖੇਲ ਵੇਖਾਂ ਸਚ, ਸਾਖ਼ਿਆਤ ਨਜ਼ਰੀ ਆਈਆ । ਜਿਸ ਵੇਲੇ ਭਗਤਾਂ ਦੇਵੇਂ ਹਕ, ਹਕੀਕਤ ਵਿਚੋਂ ਵਡਿਆਈਆ । ਵੇਲੇ ਅੰਤ ਸਿਰ ਦੇ ਕੇ ਰੱਖੀਂ ਹੱਥ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦੇਣਾ ਚੁਕਾਈਆ । ਪੁਰਖ ਅਕਾਲ ਕਿਹਾ ਸੁਣ ਧਰਮ ਦੁਲਾਰੇ, ਧਰਨਾਪਤ ਦਏ ਵਡਿਆਈਆ । ਜੋ ਭਗਤ ਸੁਹੇਲੇ ਮੀਤ ਮੁਰਾਰੇ, ਧੁਰ ਦੇ ਸੱਜਣ ਨਜ਼ਰੀ ਆਈਆ । ਉਨ੍ਹਾਂ ਕਾਜ ਆਪ ਸਵਾਰੇ, ਹਰਿ ਕਰਤਾ ਬੇਪਰਵਾਹੀਆ । ਵੇਖ ਵਖਾਏ ਸਾਢੇ ਤਿੰਨ ਹੱਥ ਕਾਇਆ ਮੰਦਰ ਮੁਨਾਰੇ, ਘਰ ਘਰ ਵਿਚ ਖੋਜ ਖੁਜਾਈਆ । ਰਾਏ ਧਰਮ ਤੇਰੀ ਅੱਖ ਓਹ ਉਘਾੜੇ, ਜਿਸ ਦਾ ਨੂਰ ਆਪਣੇ ਵਿਚ ਛੁਪਾਈਆ । ਜਨ ਭਗਤ ਵਖਾਏ ਧੁਰ ਦੇ ਲਾੜੇ, ਨਾਰ ਪੁਰਖ ਵੰਡ ਨਾ ਕੋਇ ਵੰਡਾਈਆ । ਜਿਨ੍ਹਾਂ ਦੇ ਸੀਸ ਬੰਧਾਏ ਸਚੀ ਦਸਤਾਰੇ, ਧੁਰ ਦੇ ਮਾਲਕ ਦਏ ਬਣਾਈਆ । ਮੁਖ ਸਗਨ ਲਗਾਏ ਅਪਰ ਅਪਾਰੇ, ਅੰਮ੍ਰਿਤ ਰਸ ਮਿੱਠਾ ਦਏ ਜਣਾਈਆ । ਨਿੱਕੀ ਵੱਡੀ ਇਕੋ ਧਾਰੇ, ਧਰਨੀ ਧਰਤ ਧਵਲ ਖ਼ੁਸ਼ੀ ਮਨਾਈਆ । ਸਾਚਾ ਤਿਲਕ ਲਗੇ ਲਿਲਾਟੇ, ਪੂਰਬ ਘਾਟੇ ਪੂਰ ਕਰਾਈਆ । ਗੁਰਮੁਖ ਰਹੇ ਨਾ ਕੋਇ ਅਧਵਾਟੇ, ਰਾਹ ਵਿਚ ਨਾ ਕੋਈ ਅਟਕਾਈਆ । ਜਾਵਣ ਗੌਂਦੇ ਸਾਚੀ ਗਾਥੇ, ਤੂੰ ਮੇਰਾ ਮੈਂ ਤੇਰਾ ਦੂਜੀ ਅਵਰ ਨਾ ਕੋਇ ਪੜ੍ਹਾਈਆ । ਰਾਏ ਧਰਮ ਤੂੰ ਥੋੜ੍ਹੀ ਮੰਜ਼ਲ ਦੇਣਾ ਸਾਥੇ, ਅਗੇ ਨਿਉਂ ਕੇ ਸੀਸ ਝੁਕਾਈਆ । ਓਥੋਂ ਟੇਕ ਕੇ ਆਪਣਾ ਮਾਥੇ, ਬੈਠਣਾ ਮੁਖ ਭੁਆਈਆ । ਅਗੇ ਸ਼ਬਦੀ ਖੇਲ ਤਮਾਸ਼ੇ, ਹਰਿ ਕਰਤਾ ਦਏ ਜਣਾਈਆ । ਉਸ ਤੋਂ ਅਗੇ ਆਪ ਆਪੇ, ਸ਼ਬਦ ਆਪਣੇ ਵਿਚ ਮਿਲਾਈਆ । ਜਿਥੇ ਨਾ ਕੋਈ ਭੈਣ ਭਾਈ ਬਾਪੇ, ਸੱਜਣ ਸੈਣ ਨਾ ਕੋਇ ਰਖਾਈਆ । ਓਥੇ ਖੇਲ ਪੁਰਖ ਸਮਰਾਥੇ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਾਏ ਧਰਮ ਕਹੇ ਮੈਨੂੰ ਯਾਦ ਅੱਠ ਫੱਗਣ, ਰੁਤ ਬਸੰਤੀ ਨਜ਼ਰੀ ਆਈਆ । ਜੋ ਭਗਤ ਸੁਹੇਲੇ ਪ੍ਰਭੁ ਲਏ ਚੁਣ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਜੁਗ ਚੌਕੜੀ ਪਿਛੋਂ ਫ਼ਰਿਆਦ ਲਈ ਸੁਣ, ਧੁਰ ਦੇ ਮਾਲਕ ਹੋ ਸਹਾਈਆ । ਲੇਖਾ ਜਾਣ ਕੇ ਗੁਣ ਅਵਗੁਣ, ਕਰਨੀ ਕਰਤਾ ਖੋਜ ਖੁਜਾਈਆ । ਅੰਤਰ ਉਪਜਾ ਕੇ ਨਾਮ ਧੁਨ, ਧੁਨੀ ਨਾਦ ਦਿਤਾ ਸ਼ਨਵਾਈਆ । ਪੜਦਾ ਲਾਹ ਕੇ ਅਗੰਮੀ ਸੁੰਨ, ਮੁਨ ਦਿਤੀ ਤੁੜਾਈਆ । ਕਿਰਪਾ ਕਰਕੇ ਮਾਲਕ ਕੁੱਲ, ਜਨ ਭਗਤਾਂ ਦੀ ਕੁਲ ਦਿਤੀ ਬਦਲਾਈਆ । ਠਾਕਰ ਹੋ ਕੇ ਪਾਇਆ ਮੁਲ, ਕ਼ੀਮਤ ਆਪ ਚੁਕਾਈਆ । ਵੇਖੀਂ ਰਾਏ ਧਰਮ ਨਾ ਜਾਈਂ ਭੁਲ, ਲੇਖਾ ਮੰਗਣ ਕਦੇ ਨਾ ਆਈਆ । ਇਹ ਗੁਰਮੁਖ ਅਗੰਮੀ ਫੁਲ, ਬੂਟਾ ਗੋਬਿੰਦ ਰਿਹਾ

ਮਹਿਕਾਈਆ । ਜਿਨ੍ਹਾਂ ਦਾ ਤੋਲ ਇਕੋ ਤੁਲ, ਧੜੀ ਮਾਸੇ ਸੇਰ ਨਾ ਕੋਇ ਵਿਕਾਈਆ । ਇਹਨਾਂ ਅੰਤ ਜਾਣਾ ਨਹੀਂ ਰੁਲ, ਨਰਕ ਸੁਰਗ ਨਾ ਕੋਇ ਭੁਆਈਆ । ਦੋਜ਼ਖ਼ ਬਹਿਸ਼ਤ ਨਹੀਂ ਜਾਣਾ ਭੁਲ, ਦੂਸਰ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਰਿਹਾ ਮੁਕਾਈਆ । ਰਾਏ ਧਰਮ ਕਹੇ ਮੈਂ ਵੇਖਾਂ ਉਹ ਦਸਤਾਰ, ਜਿਸ ਨੂੰ ਦਸਤ ਨਾ ਕੋਇ ਲਗਾਈਆ । ਮੈਂ ਵੇਖਾਂ ਉਹ ਸਵਾਦ, ਜੋ ਮਿਠਿਆਂ ਵਿਚੋਂ ਹੱਥ ਕਿਸੇ ਨਾ ਆਈਆ । ਮੈਂ ਨਿਕਿਆਂ ਵਡਿਆਂ ਕਰਾਂ ਆਦਾਬ, ਸੋਹਣਾ ਸੀਸ ਝੁਕਾਈਆ । ਲੇਖਾ ਪੁੱਛਾਂ ਨਾ ਕੋਇ ਹਿਸਾਬ, ਹਸਤੀ ਆਪਣੀ ਦਿਆਂ ਮਿਟਾਈਆ । ਜਿਸ ਦਵਾਰੇ ਸੁਣਾਂ ਤੇਰਾ ਜਾਪ, ਤੂੰ ਹੀ ਤੂੰ ਨਜ਼ਰੀ ਆਈਆ । ਓਥੇ ਨਾ ਕੋਈ ਕਰਮ ਨਾ ਪਾਪ, ਵਡ ਪਰਤਾਪ ਤੇਰੀ ਸਰਨਾਈਆ । ਰੂਹ ਬੁੱਤ ਦੋਵੇਂ ਦਿਸਣ ਪਾਕ, ਪਲੀਤੀ ਖ਼ਾਕ ਨਾ ਕੋਇ ਵਖਾਈਆ । ਮੈਂ ਪ੍ਰਭੂ ਮਾਰਾਂ ਇਕ ਆਵਾਜ਼, ਤੇਰਾ ਸ਼ਬਦ ਸਚਾ ਸੁਣਾਈਆ । ਜਨ ਭਗਤਾਂ ਅੰਦਰੋਂ ਜਾਣਾ ਜਾਗ, ਤੇਰਾ ਵੇਲਾ ਨੇੜੇ ਆਈਆ । ਸਚ ਸ਼ਬਦ ਦਾ ਲੈ ਲੈ ਵਾਕ, ਵੇਲਾ ਵਕਤ ਲੈ ਸੁਹਾਈਆ । ਸ਼ਬਦੀ ਗੁਰ ਔਣਾ ਆਪ, ਬਬਾਣ ਅਗੰਮ ਉਠਾਈਆ । ਮੈਂ ਥੋੜ੍ਹੀ ਵਾਟ ਜਾਣਾ ਤੇਰੇ ਸਾਥ, ਅਗੇ ਮੇਰਾ ਜ਼ੋਰ ਚਲੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਵਡਿਆਈਆ । ਚਿਤ੍ਰਗੁਪਤ ਕਹੇ ਸੁਣ ਧਰਮੀ ਰਾਜੇ, ਮੈਂ ਤੈਨੂੰ ਦਿਆਂ ਸੁਣਾਈਆ । ਮੇਰੀ ਕਿਸੇ ਕੰਮ ਨਾ ਆਈ ਇਹ ਕਿਤਾਬੇ, ਜੋ ਬਿਨਾ ਕੁਤਬਖ਼ਾਨਿਆਂ ਲਈ ਬਣਾਈਆ । ਮੈਨੂੰ ਲੱਭੇ ਨਹੀਂ ਲੇਖ ਗੁਆਚੇ, ਭੇਵ ਨਾ ਕੋਇ ਦ੍ਰਿੜਾਈਆ । ਮੈਂ ਸਮਝਿਆ ਨਹੀਂ ਕੋਈ ਦੀਬਾਚੇ, ਵੰਡਣ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਪਰਵਾਹੀਆ । ਧਰਮ ਰਾਏ ਕਹੇ ਸੁਣ ਚਿਤ੍ਰਗੁਪਤ, ਮੈਂ ਤੈਨੂੰ ਦਿਆਂ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਭਗਤਾਂ ਤਾਰਨ ਆਇਆ ਮੁਫ਼ਤ, ਮਿਹਰ ਨਜ਼ਰ ਇਕ ਉਠਾਈਆ । ਹੱਥ ਰਖ ਕੇ ਉਹਨਾਂ ਦੀ ਪਨਾਹ ਪੁਸ਼ਤ, ਪਿਛਲੇ ਲੇਖੇ ਰਿਹਾ ਮੁਕਾਈਆ । ਓਥੇ ਤੇਰਾ ਮੇਰਾ ਹਿਸਾਬ ਕੀ ਰਹੇ ਦਰੁਸਤ, ਜਿਨ੍ਹਾਂ ਦੀ ਦੋਸਤੀ ਲਗੀ ਨਾਲ ਬੇਪਰਵਾਹੀਆ । ਬੇਸ਼ਕ ਲੱਖ ਚੁਰਾਸੀ ਵਾਸਤੇ ਅਸੀਂ ਬੜੇ ਚੁਸਤ, ਚਾਰੇ ਖਾਣੀ ਜੁਗ ਚੌਕੜੀ ਦਿਤੀ ਖਪਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੀ ਬੰਨ੍ਹ ਕੇ ਮੁਸ਼ਕ, ਕੁੰਭੀ ਨਰਕ ਦਿਤਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚਿਤ੍ਰਗੁਪਤ ਕਹੇ ਉਹ ਕਿਹੜਾ ਭੂਪ, ਰਾਏ ਧਰਮ ਮੈਨੂੰ ਦੇ ਸਮਝਾਈਆ । ਰਾਏ ਧਰਮ ਕਹੇ ਜਿਸ ਦਾ ਰੰਗ ਨਾ ਕੋਇ ਰੂਪ, ਚਕਰ ਚਿਹਨ ਨਜ਼ਰ ਕਿਸੇ ਨਾ ਆਈਆ । ਉਹ ਵਸੇ ਚਾਰੇ ਕੂਟ, ਦਹਿ ਦਿਸ਼ਾ ਰਿਹਾ ਸਮਾਈਆ । ਜਿਸ ਦੇ ਵਡੇ ਛੋਟੇ ਨਿੱਕੇ ਅਸੀਂ ਸਾਰੇ ਪੂਤ, ਥੋੜ੍ਹੀ ਥੋੜ੍ਹੀ ਸੇਵਾ ਦਿਤੀ ਲਗਾਈਆ । ਸੋ ਸਾਹਿਬ ਸਵਾਮੀ ਕਲਜੁਗ ਅੰਤਮ ਭਗਤਾਂ ਆ ਗਿਆ ਸੂਤ, ਸੂਤਰਧਾਰੀ ਬੇਪਰਵਾਹੀਆ । ਸਾਚੀ ਕਰ ਕੇ ਖ਼ਾਲੀ ਕੂਟ, ਗੁਰਮੁਖਾਂ ਦੀ ਕਾਇਆ ਕੁਟੀਆ ਦਿਤੀ ਵਸਾਈਆ । ਅੰਦਰੋਂ ਕੱਢਕੇ ਜੂਠ ਝੂਠ, ਸਚ ਸੁਚ ਦਿਤੀ ਟਿਕਾਈਆ । ਆਪਣੇ ਰੰਗ ਰੰਗਾ ਕੇ ਪੰਜ ਤਤ ਕਾਇਆ ਕਲਬੂਤ, ਕ਼ਲਮਾ ਬਿਨਾਂ ਕਾਅਬਿਉਂ ਦਿਤਾ ਪੜ੍ਹਾਈਆ । ਮੁਹੱਬਤ ਵਿਚ ਆ ਕੇ ਮਿਲਿਆ ਉਹ ਮਹਿਬੂਬ, ਪਰਵਰਦਿਗਾਰ ਸਾਂਝਾ ਯਾਰ ਜਲਵਾ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਰਿਹਾ ਮੁਕਾਈਆ । ਚਿਤ੍ਰਗੁਪਤ ਕਹੇ ਓਸ ਦਾ ਕਿੱਥੇ ਵਸੇਰਾ, ਕੁਛ ਮੈਨੂੰ ਦੇ ਦ੍ਰਿੜਾਈਆ । ਧਰਮ ਰਾਏ ਕਹੇ ਉਹ ਨੇਰਨ ਨੇਰਾ, ਦੂਰ ਦੁਰਾਡਾ

ਦੋਵੇਂ ਰੂਪ ਵਟਾਈਆ । ਜਨ ਭਗਤਾਂ ਸਦਾ ਸਦਾ ਸਦ ਵਸੇ ਕਾਇਆ ਖੇੜਾ, ਨਿਜ ਨੇਤਰ ਸਨਮੁਖ ਨਜ਼ਰੀ ਆਈਆ । ਮਨਮੁਖਾਂ ਨਾਲ ਕਰਦਾ ਰਹੇ ਝੇੜਾ, ਜੁਗ ਚੌਕੜੀ ਪਲੂ ਨਾ ਕਿਸੇ ਫੜਾਈਆ । ਕਲਜੁਗ ਅੰਤਮ ਸਦੀ ਵੀਹਵੀਂ ਵੇਖ ਅੰਧੇਰਾ, ਨਿਰਗੁਣ ਨਿਰਵੈਰ ਨਿਰੰਕਾਰ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਲੱਖ ਚੁਰਾਸੀ ਕੱਟਣ ਆਇਆ ਗੇੜਾ, ਅਵਣ ਗਵਣ ਨਾ ਕੋਇ ਭਵਾਈਆ । ਰੰਗ ਰੰਗਾ ਕੇ ਗੁਰੂ ਗੁਰ ਚੇਲਾ, ਚੇਲਾ ਗੁਰ ਸ਼ਬਦੀ ਸੁਰਤੀ ਦਏ ਵਖਾਈਆ । ਮਿਹਰਵਾਨ ਹੋ ਕੇ ਕਰੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਕਾਇਆ ਕੰਚਨ ਬੰਨ੍ਹਣ ਆਇਆ ਬੇੜਾ, ਮਾਟੀ ਖ਼ਾਕੀ ਸੋਭਾ ਪਾਈਆ । ਓਥੇ ਜ਼ੋਰ ਨਾ ਚਲੇ ਨਾ ਤੇਰਾ ਨਾ ਮੇਰਾ, ਰਾਜਾ ਧਰਮ ਚਿਤ੍ਰਗੁਪਤ ਰਿਹਾ ਸੁਣਾਈਆ । ਓਸ ਕਿਹਾ ਕਿੱਥੇ ਲਾਈਏ ਡੇਰਾ, ਕਵਣ ਧਾਮ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਡੇਰਾ ਲੌਣ ਦਾ ਸਚ ਅਸਥਾਨ, ਤੈਨੂੰ ਦਿਆਂ ਜਣਾਈਆ । ਜਿਨ੍ਹਾਂ ਭਗਤਾਂ ਸੰਗ ਮਿਲੇ ਭਗਵਾਨ, ਭਗਵਨ ਆਪਣਾ ਭੇਵ ਚੁਕਾਈਆ । ਉਥੇ ਨਿਉਂ ਨਿਉਂ ਸਜਦਾ ਕਰਨਾ ਸਲਾਮ, ਬੰਦਨਾ ਡੰਡਾਵਤ ਇਕ ਦ੍ਰਿੜਾਈਆ । ਲੇਖਾ ਮੰਗੇ ਨਾ ਵਿਚ ਜਹਾਨ, ਲੈਣਾ ਹਿਸਾਬ ਨਾ ਕੋਇ ਵਖਾਈਆ । ਉਹਨਾਂ ਨਾਲ ਮਿਲ ਕੇ ਅੰਦਰ ਗੌਣਾ ਇਕ ਗਾਨ, ਢੋਲਾ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਅਗੰਮਾ ਆਪ ਸੁਣਾਈਆ । ਹੁਕਮ ਅਗੰਮਾ ਸੁਣਿਆ ਅਖ਼ੀਰ, ਵੇਲਾ ਵਕ਼ਤ ਦਏ ਗਵਾਹੀਆ । ਜਿਸ ਦੀ ਬਦਲ ਦਿਤੀ ਤਕ਼ਦੀਰ, ਤਦਬੀਰ ਆਪਣੇ ਹੱਥ ਰਖਾਈਆ । ਜਿਸ ਦੀ ਤੱਤਾਂ ਵਾਲੀ ਛੁਪਣ ਵਾਲੀ ਸੀ ਤਸਵੀਰ, ਮਾਟੀ ਖ਼ਾਕ ਮਿਲਾਈਆ । ਓਸ ਦੀ ਬੰਨ੍ਹ ਕੇ ਸਾਚੀ ਧੀਰ, ਧੀਰਜ ਦਿਤੀ ਧਰਾਈਆ । ਕਰ ਕੇ ਖੇਲ ਗਹਿਰ ਗੰਭੀਰ, ਬੇਨਜ਼ੀਰ ਬੇਪਰਵਾਹੀਆ । ਜਨਮ ਕਰਮ ਦੀ ਕਟ ਜ਼ੰਜੀਰ, ਸ਼ਰਅ ਸ਼ਰਅ ਵਿਚੋਂ ਬਦਲਾਈਆ । ਲੇਖਾ ਚੁਕਾ ਕੇ ਸਿੰਘ ਜਸਬੀਰ, ਜਸ ਦੋ ਜਹਾਨ ਦਏ ਵਡਿਆਈਆ । ਅਗੇ ਜਨ ਭਗਤਾਂ ਦੀ ਕਰਨ ਔਣਾ ਤਾਮੀਲ, ਦੋਹਾਂ ਦੀ ਸੇਵਾ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਇਕ ਅਖਵਾਈਆ । ਦੋਵੇਂ ਕਹਿਣ ਸਾਨੂੰ ਮਨਜ਼ੂਰ, ਮੰਜ਼ਲ ਬੈਠੇ ਪੰਧ ਮੁਕਾਈਆ । ਜਨ ਭਗਤਾਂ ਸਦਾ ਹਜ਼ੂਰ, ਹਾਜ਼ਰ ਹਜ਼ਰਤ ਨਜ਼ਰੀ ਆਈਆ । ਅਸੀਂ ਬਣੇ ਰਹੀਏ ਮਜ਼ਦੂਰ, ਚਾਕਰ ਨਜ਼ਰੀ ਆਈਆ । ਤੇਰਾ ਪ੍ਰਭੂ ਸੰਦੇਸ਼ਾ ਦਈਏ ਜ਼ਰੂਰ, ਅੰਦਰ ਵੜ ਕੇ ਹੁਕਮ ਸੁਣਾਈਆ । ਕਾਇਆ ਤੱਤ ਵਜਾ ਕੇ ਤੰਬੂਰ, ਢੋਲਾ ਛੰਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਨਿਭਾਈਆ । ਧੁਰ ਦਾ ਸਗਲਾ ਸੰਗ ਨਿਭਾਵਾਂਗਾ । ਜਨ ਭਗਤ ਸੁਹੇਲੇ ਧੁਰ ਦੇ ਅੰਗ ਲਗਾਵਾਂਗਾ । ਆਸਾ ਮਨਸਾ ਪੂਰੀ ਕਰ ਕੇ ਮੰਗ, ਮੰਜ਼ਲ ਸਾਚੀ ਆਪ ਚੜ੍ਹਾਵਾਂਗਾ । ਸਭ ਦਾ ਲੇਖੇ ਲਾ ਕੇ ਪੰਧ, ਮਾਣਸ ਜਨਮ ਖੋਜ ਖੁਜਾਵਾਂਗਾ । ਸੋਹਣਾ ਸੁਖੱਲਾ ਦੱਸ ਕੇ ਢੰਗ, ਢੋਲਾ ਇਕੋ ਨਾਦ ਵਜਾਵਾਂਗਾ । ਆਤਮ ਪਰਮਾਤਮ ਪਾ ਕੇ ਗੰਢ, ਬ੍ਰਹਮ ਪਾਰਬ੍ਰਹਮ ਸਮਾਵਾਂਗਾ । ਨਿਜਾਨੰਦ ਦੇ ਕੇ ਸਚ ਅਨੰਦ, ਅਨੰਦ ਅਨੰਦ ਵਿਚੋਂ ਵਖਾਵਾਂਗਾ । ਭੇਵ ਖੁਲ੍ਹਾ ਕੇ ਬ੍ਰਹਮ ਹੰ, ਹੰ ਬ੍ਰਹਮ ਰੂਪ ਸਮਝਾਵਾਂਗਾ । ਏਥੇ ਓਥੇ ਦੋ ਜਹਾਨਾਂ ਹੋਣ ਨਾ ਦੇਵਾਂ ਤੰਗ, ਪੌੜੇ ਸਾਚੇ ਆਪ ਚੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਮੇਲ ਮਿਲਾਵਾਂਗਾ । ਘਰ ਸਾਚੇ ਮੇਲ ਮਿਲਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਚਿਤ੍ਰਗੁਪਤ ਤੇਰਾ ਲੇਖਾ ਤੇਰੀ ਝੋਲੀ ਰਖਾਵੇਗਾ । ਰਾਏ

ਧਰਮ, ਨਿਹਕਰਮੀ ਆਪਣਾ ਕਰਮ ਕਮਾਵੇਗਾ । ਜਨ ਭਗਤਾਂ ਕੋਈ ਨਾ ਆਵੇ ਫੜਨ, ਸ਼ਬਦੀ ਮੇਲਾ ਆਪਣੇ ਘਰ ਵਖਾਵੇਗਾ । ਸੰਤ ਸੁਹੇਲੇ ਸਾਚਾ ਢੋਲਾ ਪੜ੍ਹਨ, ਮਰਦੰਗ ਨਾਮ ਅਲਾਵੇਗਾ । ਮੰਜ਼ਲ ਅਗੰਮੀ ਪੌੜੀ ਚੜ੍ਹਨ, ਜਿਸ ਗ੍ਰਿਹਿ ਹਰਿ ਜੂ ਆਪਣੀ ਖੇਲ ਖਿਲਾਵੇਗਾ । ਪੁਰਖ ਅਕਾਲ ਜਣਾਏ ਸਾਚੀ ਸਰਨ, ਸਰਨਗਤ ਇਕ ਵਖਾਵੇਗਾ । ਅਗੇ ਲੇਖਾ ਚੁਕ ਜਾਏ ਮਰਨ ਡਰਨ, ਲੱਖ ਚੁਰਾਸੀ ਨਾ ਕੋਈ ਭੁਆਵੇਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਦਾ ਆਪਣੇ ਨਾਮ ਕੰਡੇ ਕੀਤਾ ਵਜ਼ਨ, ਉਹਨਾਂ ਦਾ ਤੋਲ ਨਾ ਕੋਈ ਤੁਲਾਵੇਗਾ । ਰਾਏ ਧਰਮ ਚਿਤਰ ਗੁਪਤ ਦੋਵੇਂ ਗਏ ਝੁਕ, ਪ੍ਰਭੂ ਸਰਨ ਤੇਰੀ ਸਰਨਾਈਆ । ਪਹਿਲੋਂ ਸ਼ਬਦ ਤੋਂ ਲਈਏ ਪੁਛ, ਨਿਉਂ ਕੇ ਸੀਸ ਨਿਵਾਈਆ । ਕੀ ਕਰਨਾ ਅਸੀਂ ਕੁਛ, ਧੁਰ ਫ਼ਰਮਾਨਾ ਦੇ ਸਮਝਾਈਆ । ਜੇ ਉਹ ਕਹੇ ਭਗਤਾਂ ਉਤੇ ਭਗਵਾਨ ਗਿਆ ਤੁਠ, ਸੁਨੇਹੜਾ ਇਕ ਦ੍ਰਿੜਾਈਆ । ਸਾਡਾ ਓਥੇ ਪੈਂਡਾ ਜਾਏ ਮੁਕ, ਕ਼ਦਮ ਅਗੇ ਨਾ ਕੋਈ ਉਠਾਈਆ । ਤੇਰੇ ਭਗਤਾਂ ਨਿਉਂ ਨਿਉਂ ਜਾਈਏ ਝੁਕ, ਨੇਤਰ ਨੈਣਾਂ ਦਰਸ਼ਨ ਪਾਈਆ । ਜਿਨ੍ਹਾਂ ਦੇ ਅੰਦਰ ਸਚ ਸੁਚ, ਸਤਿ ਸਤਿਵਾਦੀ ਨਜ਼ਰੀ ਆਈਆ । ਉਹ ਲੇਖੇ ਲਗੇ ਮਾਣਸ ਮਨੁਖ ਮਨੁਸ਼, ਆਪ ਆਪਾ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਮਸਤਕ ਲੇਖਾ ਦੇਣਾ ਬਦਲਾਈਆ । ਪ੍ਰਭੂ ਕਹੇ ਜੋ ਧੁਰ ਦੇ ਭਗਤ, ਤਿਨ੍ਹਾਂ ਭਗਵਾਨ ਦਏ ਵਡਿਆਈਆ । ਉਹ ਉਜਲ ਸਦਾ ਜਗਤ, ਜਾਗਰਤ ਰੂਪ ਨਜ਼ਰੀ ਆਈਆ । ਉਹਨਾਂ ਦੇ ਅੰਤਰ ਅਗੰਮੀ ਸ਼ਕਤ, ਸ਼ਖ਼ਸੀਅਤ ਪ੍ਰਭੂ ਦਿਤੀ ਜਣਾਈਆ । ਕੂੜੀ ਕਿਰਿਆ ਤੋੜ ਕੇ ਹਰਸ, ਹਵਸ ਬੈਠੇ ਬੁਝਾਈਆ । ਉਹਨਾਂ ਦੇ ਅੰਦਰ ਇਕੋ ਸ੍ਰੀ ਭਗਵਾਨ ਮਿਲਣ ਦੀ ਤੜਪ, ਨਾਤਾ ਦੁਨੀ ਨਾਲੋਂ ਤੁੜਾਈਆ । ਭਗਤਾਂ ਵਿਚ ਸਿਰਫ਼ ਇਹੋ ਇਕ ਫ਼ਰਕ, ਜੋ ਵਿਛੋੜੇ ਦੇ ਫ਼ਿਕਰ ਅੰਦਰ ਬੈਠੇ ਆਪਣਾ ਆਪ ਮਿਟਾਈਆ । ਇਹ ਕੇਸਰ ਕਹੇ ਮੈਂ ਉਹਨਾਂ ਨੂੰ ਲਗਣਾ ਤਿਲਕ, ਜਿਨ੍ਹਾਂ ਦਾ ਤਿਲ ਅੰਦਰੋਂ ਕਰੇ ਰੁਸ਼ਨਾਈਆ । ਉਹਨਾਂ ਦਾ ਮਨ ਮਨਸਾ ਵਿਚ ਨਾ ਜਾਏ ਖ਼ਿਸਕ, ਖ਼ਾਹਸ਼ ਨਾਲ ਨਾ ਕਰੇ ਕੁੜਮਾਈਆ । ਤੱਤਾਂ ਵਾਲਾ ਨਾ ਹੋਵੇ ਇਸ਼ਕ, ਆਤਮ ਪਰਮਾਤਮ ਵਜਦੀ ਰਹੇ ਵਧਾਈਆ । ਇਹ ਬਚਨ ਸੁਣ ਕੇ ਰਾਜਾ ਧਰਮ ਚਿਤ੍ਰਗੁਪਤ ਦੋਵੇਂ ਕਹਿਣ ਭਗਤਾਂ ਦੀ ਸਾਡੇ ਹੱਥ ਵਿਚੋਂ ਨਿਕਲ ਗਈ ਲਿਸਟ, ਫ਼ਰਿਸਤ ਨਜ਼ਰ ਕੋਈ ਨਾ ਆਈਆ । ਇਹ ਕਹਾਣੀ ਰਾਮ ਚੰਦਰ ਨੂੰ ਦੱਸ ਕੇ ਗਿਆ ਸੀ ਵਸ਼ਿਸ਼ਟ, ਅੱਖਰਾਂ ਵਿਚ ਨਾ ਕੋਇ ਜਣਾਈਆ । ਜਿਸ ਵੇਲੇ ਮੂਸੇ ਦੀ ਖੁਲ੍ਹੀ ਸੀ ਦ੍ਰਿਸ਼ਟ, ਜਲਵਾ ਨਜ਼ਰੀ ਆਇਆ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗਹਿਰ ਗੰਭੀਰ ਭੇਵ ਅਭੇਦਾ ਅਛਲ ਅਛੇਦਾ ਆਪਣੇ ਵਿਚ ਛੁਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦਾ ਦਾਨ, ਆਦਿ ਜੁਗਾਦਿ ਮਿਹਰਵਾਨ, ਮਹਿਬੂਬ ਮਾਲਕ ਖ਼ਾਲਕ ਪ੍ਰਿਤਪਾਲਕ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ ।



### ✻ ੧੦ ਫੱਗਣ ੨੦੨੧ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ✻

ਸਤਿਗੁਰ ਸਾਹਿਬ ਸਦਾ ਸੰਗ, ਸਾਥੀ ਇਕ ਅਖਵਾਇੰਦਾ । ਮਾਣਸ ਜਨਮ ਪੂਰੀ ਮੰਗ, ਹਿਰਸ ਹਵਸ ਮਿਟਾਇੰਦਾ । ਸਚ ਖ਼ੁਮਾਰੀ ਚਾੜ੍ਹ ਰੰਗ, ਦੁਰਮਤ ਮੈਲ ਧੁਆਇੰਦਾ । ਚਰਨ ਪ੍ਰੀਤੀ ਬਖ਼ਸ਼ ਅਨੰਦ, ਪਰਮਾਨੰਦ ਵਖਾਇੰਦਾ । ਧੁਰ ਸੰਦੇਸ਼ਾ ਇਕੋ ਛੰਦ, ਸਾਚਾ ਰਾਗ ਅਲਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਇੰਦਾ । ਰੰਗ ਕਹੇ ਮੇਰਾ ਰੂਪ ਅਵੱਲਾ, ਸਮਝ ਕੋਇ ਨਾ ਪਾਈਆ । ਮੈਂ ਫਿਰਾਂ ਇਕ ਇਕੱਲਾ, ਜੁਗ ਚੌਕੜੀ ਵੇਖ ਵਖਾਈਆ । ਕੋਟਾਂ ਵਿਚੋਂ ਕਿਸੇ ਗੁਰਮੁਖ ਫੜਾਵਾਂ ਪੱਲਾ, ਆਪਣੀ ਗੰਢ ਪੁਆਈਆ । ਪ੍ਰੇਮ ਪ੍ਰੀਤੀ ਅੰਦਰ ਰਲਾ, ਸੋਹਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਰੰਗ ਕਹੇ ਮੈਨੂੰ ਆਇਆ ਧਰਵਾਸ, ਮਿਲੀ ਮਾਣ ਵਡਿਆਈਆ । ਪ੍ਰਭ ਪੂਰੀ ਕਰੇ ਆਸ, ਚਿੰਤਾ ਦਏ ਖਪਾਈਆ । ਮਨ ਨਾ ਹੋਏ ਉਦਾਸ, ਸਾਂਤਕ ਸਤਿ ਸਚ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਰਨ ਕਵਲ ਲਏ ਰਾਖ, ਸਾਖ਼ਿਆਤ ਹੋਏ ਸਹਾਈਆ ।

### ❊ ੧੧ ਫੱਗਣ ੨੦੨੧ ਬਿਕ੍ਰਮੀ ਸੁਰਜੀਤ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ❊

ਜਨਮ ਕਰਮ ਦਾ ਮਾਲਕ ਏਕ, ਹਰਿ ਕਰਤਾ ਇਕ ਅਖਵਾਇੰਦਾ । ਨਿਤ ਨਵਿਤ ਦੇਵਣਹਾਰਾ ਟੇਕ, ਮਿਹਰ ਨਜ਼ਰ ਨਾਲ ਤਰਾਇੰਦਾ । ਪੂਰਬ ਚੁਕਾਵਣਹਾਰਾ ਲੇਖ, ਨਾਮ ਭੰਡਾਰਾ ਝੋਲੀ ਪਾਇੰਦਾ । ਭਾਗ ਲਗਾ ਕੇ ਸਾਢੇ ਤਿੰਨ ਹੱਥ ਕਾਇਆ ਦੇਸ, ਮਹਲ ਅਟਲ ਇਕ ਵਡਿਆਇੰਦਾ । ਸਤਿ ਸਚ ਦੇ ਸੰਦੇਸ਼, ਧੁਰ ਫ਼ਰਮਾਣਾ ਇਕ ਸੁਣਾਇੰਦਾ । ਭਗਤ ਸੁਹੇਲੇ ਗੁਰਮੁਖ ਵੇਖ, ਦੋ ਜਹਾਨਾਂ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਜਨਮ ਕਰਮ ਦਾ ਮਾਲਕ ਸਵਾਮੀ, ਹਰਿ ਕਰਤਾ ਆਪ ਅਖਵਾਈਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਦੇਵਣਹਾਰਾ ਸਤਿ ਨਿਸ਼ਾਨੀ, ਵਸਤ ਅਮੋਲਕ ਝੋਲੀ ਪਾਈਆ । ਬਖ਼ਸ਼ਣਹਾਰਾ ਚਰਨ ਧਿਆਨੀ, ਲਿਵ ਅੰਤਰ ਆਤਮ ਲਾਈਆ । ਸੁਣਾਵਣਹਾਰਾ ਸਚ ਕਹਾਣੀ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜਨਮ ਕਰਮ ਦਾ ਮਾਲਕ ਠਾਕਰ, ਪੁਰਖ ਅਕਾਲ ਇਕ ਅਖਵਾਇੰਦਾ । ਵੇਖਣਹਾਰਾ ਜਗਤ ਜਹਾਨ ਸਾਗਰ, ਸ੍ਰਿਸ਼ਟ ਸਬਾਈ ਖੋਜ ਖੁਜਾਇੰਦਾ । ਗੁਰਮੁਖਾਂ ਨਿਰਮਲ ਕਰਮ ਕਰ ਉਜਾਗਰ, ਸਵੱਛ ਸਰੂਪੀ ਰੂਪ ਪਰਗਟਾਇੰਦਾ । ਚਰਨ ਕਵਲ ਦੇ ਕੇ ਆਦਰ, ਅੰਦਰ ਬਾਹਰ ਪੜਦਾ ਲਾਹਿੰਦਾ । ਆਤਮ ਪਰਮਾਤਮ ਹੋ ਕੇ ਹਾਜ਼ਰ, ਨਿਰਗੁਣ ਦਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪ ਮੁਕਾਇੰਦਾ । ਜਨਮ ਕਰਮ ਦਾ ਕਰਤਾ ਕਰਤਾਰ, ਜੁਗ ਚੌਕੜੀ ਵੇਖ ਵਖਾਈਆ । ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਬੇਪਰਵਾਹੀਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਲਏ ਉਠਾਲ, ਸਤਿ ਸਤਿਵਾਦੀ ਹੋ ਸਹਾਈਆ । ਕੂੜੀ ਕਿਰਿਆ ਤੋੜ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਧਰਮ ਦਵਾਰਾ ਇਕ ਵਖਾਲ, ਸਾਚਾ ਮੰਦਰ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਜਨਮ ਕਰਮ ਦਾ ਮਾਲਕ ਭਗਵੰਤ, ਭਗਵਨ ਇਕ ਅਖਵਾਇੰਦਾ । ਜਿਸ ਨੂੰ ਝੁਕਦੇ ਸਾਧ ਸੰਤ, ਸਚ ਸਿੰਘਾਸਣ ਸੋਭਾ ਪਾਇੰਦਾ । ਜਿਸ ਦਾ ਨਾਮ ਨਿਧਾਨਾ ਮੰਤ, ਜੁਗ ਚੌਕੜੀ ਸਿਫ਼ਤ ਸਾਲਾਇੰਦਾ । ਜਿਸ ਦਾ ਕੋਇ ਨਾ ਜਾਣੇ ਅੰਤ, ਬੇਅੰਤ ਖੇਲ ਵਖਾਇੰਦਾ । ਜੋ ਵੇਸ ਵਟਾ ਕੇ ਜੁਗਾ ਜੁਗੰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਚੀ ਧਾਰ ਚਲਾਇੰਦਾ । ਜਨਮ ਕਰਮ ਦਾ ਮਾਲਕ ਭਗਵਾਨ, ਭਗਵਨ ਇਕ ਅਖਵਾਈਆ । ਜੋ ਦੇਵਣਹਾਰਾ ਜੀਆ ਦਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਨੂੰ ਲੱਖ ਚੁਰਾਸੀ ਸਖ਼ੀਆਂ ਮੰਨਿਆ ਕਾਹਨ, ਮਿਹਰਵਾਨ ਵਡੀ ਵਡਿਆਈਆ । ਜਿਸ ਦਾ ਝੁਲਦਾ ਇਕ ਨਿਸ਼ਾਨ, ਦੋ ਜਹਾਨਾਂ ਸੋਭਾ ਪਾਈਆ । ਜਿਸ ਨੂੰ ਸਜਦੇ ਕਰ ਕਰ ਸਾਰੇ ਗਾਣ, ਢੋਲਿਆਂ ਵਿਚ ਅਲਾਈਆ । ਸੋ ਸਭ ਦਾ ਲੇਖ ਚੁਕਾਏ ਆਣ, ਪੂਰਬ ਵੇਖੇ ਥਾਉਂ ਥਾਈਂਆ । ਜਨਮ ਕਰਮ ਦੀ ਕਰਨੀ ਕਰ ਪਰਵਾਨ, ਸਾਚੀ ਸਰਨ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਨਮ ਕਰਮ ਦਾ ਮਾਲਕ ਪ੍ਰਭ, ਸੋ ਪੁਰਖ ਨਿਰੰਜਣ ਇਕ ਅਖਵਾਈਆ । ਸੰਤ ਸੁਹੇਲੇ ਲਏ ਲਭ, ਲੱਖ ਚੁਰਾਸੀ ਵੇਖ ਵਖਾਈਆ । ਅੰਮ੍ਰਿਤ ਜਾਮ ਪਿਆ ਕੇ ਮਦਿ, ਸਚ ਖ਼ੁਮਾਰੀ ਦਏ ਚੜ੍ਹਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਪਰਤਖ ਰੂਪ ਵਟਾਈਆ । ਭਗਤਨ ਮੇਲਾ ਹਸ ਹਸ, ਸੋਹੰ ਹੰਸਾ ਦਏ ਸਮਝਾਈਆ । ਸੰਤ ਸੁਹੇਲਾ ਹੋ ਕੇ ਵਸ, ਨਿਤ ਨਵਿਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਜਨਮ ਕਰਮ ਦਾ ਮਾਲਕ ਕਰਤਾਰ, ਦੀਨ ਦੁਨੀ ਵੇਖ ਵਖਾਈਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਦੋ ਜਹਾਨ ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਖੇਲ ਨਿਰਗੁਣ ਸਰਗੁਣ ਧਾਰ, ਲੱਖ ਚੁਰਾਸੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਰਨ ਸਰਨ ਸਚੀ ਸਰਨਾਈਆ । ਜਨਮ ਕਰਮ ਪ੍ਰਭ ਬਣਾਵਣ ਯੋਗ, ਸਮਰਥ ਵਡੀ ਵਡਿਆਈਆ । ਜਨਮ ਕਰਮ ਪ੍ਰਭ ਮਿਟਾਵਣ ਯੋਗ, ਜਿਉਂ ਭਾਵੇ ਤਿਉਂ ਚਲੇ ਸਚ ਰਜ਼ਾਈਆ । ਜਨਮ ਕਰਮ ਕੱਟਣਹਾਰਾ ਹਉਮੇ ਰੋਗ, ਦੁਖੜੇ ਦਰਦ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਂਆ । ਜਨਮ ਕਰਮ ਪ੍ਰਭ ਕਾ ਰੰਗ, ਜੁਗ ਜੁਗ ਖੇਲ ਖਿਲਾਇੰਦਾ । ਭਗਤ ਸੁਹੇਲਾ ਹੋ ਕੇ ਸੰਗ, ਧੁਰ ਦਰਗਾਹੀ ਮੇਲ ਮਿਲਾਇੰਦਾ । ਅੰਤਰ ਆਤਮ ਦੇ ਅਨੰਦ, ਪਰਮਾਤਮ ਵਿਚ ਸਮਾਇੰਦਾ । ਸਾਚਾ ਢੋਲਾ ਗਾ ਕੇ ਛੰਦ, ਤੇਰਾ ਮੇਰਾ ਮੇਰਾ ਤੇਰਾ ਇਕੋ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਜਨਮ ਕਰਮ ਪ੍ਰਭ ਦਾ ਹੁਕਮ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਨਾ ਕਿਸੇ ਕੋਲੋਂ ਮੁੱਕਣ, ਪਲੂ ਸਕਿਆ ਨਾ ਕੋਇ ਛੁਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਪੁੱਛਣ, ਪ੍ਰਭ ਅਗੇ ਸੀਸ ਨਿਵਾਈਆ । ਕਿਸ ਵੇਲੇ ਕਰਮਾਂ ਦਾ ਲੇਖਾ ਆਵੇ ਮੁੱਕਣ, ਜਨਮ ਮਿਲੇ ਵਡਿਆਈਆ । ਸੰਤ ਸੁਹੇਲੇ ਸਾਚੇ ਉਠਣ, ਨਿਰਗੁਣ ਸਰਗੁਣ ਰੂਪ ਲੈਣ ਅੰਗੜਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਇਕੋ ਸਾਹਿਬ ਝੁਕਣ, ਦੂਸਰ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨਮ ਕਰਮ ਕਹੇ ਮੈਂ ਗੋਬਿੰਦ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਸਦਾ ਸਦਾ ਸਦ ਰੱਖੀ ਆਸ, ਆਪਣੀ ਆਪ ਵਧਾਈਆ । ਜਿਸ ਵੇਲੇ ਉਪਜੇ ਸਤਿਜੁਗ ਸਾਚੀ ਸ਼ਾਖ਼, ਸੋਹਣਾ ਆਪਣਾ ਰੂਪ ਧਰਾਈਆ । ਓਸ ਵੇਲੇ ਵੇਖਾਂ ਖੇਲ ਤਮਾਸ਼, ਲੋਕਮਾਤ ਧਿਆਨ ਲਗਾਈਆ । ਜਿਸ ਨੂੰ ਸਾਰੇ ਕਹਿੰਦੇ ਪਤਿਪਰਮੇਸ਼ਵਰ ਸਾਡਾ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਓਸ ਦਾ ਅਗੰਮਾ ਇਕੋ ਜਾਪ, ਧੁਰ ਦੀ ਕਰੇ ਪੜ੍ਹਾਈਆ । ਭਗਤਾਂ ਦੇਵੇ ਸਾਥ, ਸਗਲਾ ਸੰਗ


੩੯੮

ਨਿਭਾਈਆ । ਜਨਮ ਕਰਮ ਕਹੇ ਓਥੇ ਸਾਡੀ ਕੋਈ ਨਾ ਚਲੇ ਬਾਤ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦਾ ਹੁਕਮ ਸਭ ਦੀ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਮਿਹਰਵਾਨ ਹੋ ਕੇ ਭਗਤਾਂ ਸੱਦੇ ਪਾਸ, ਚਰਨ ਕਵਲ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜਨਮ ਕਰਮ ਕਹੇ ਸਾਡਾ ਮੁਕਿਆ ਜ਼ੋਰ, ਜਾਬਰ ਇਕੋ ਨਜ਼ਰੀ ਆਈਆ । ਜਿਸ ਦੇ ਹੱਥ ਸਭ ਦੀ ਡੋਰ, ਲੱਖ ਚੁਰਾਸੀ ਬੰਧਨ ਪਾਈਆ । ਵੇਖਣਹਾਰਾ ਅੰਧ ਘੋਰ, ਘਰ ਘਰ ਖੋਜ ਖੁਜਾਈਆ । ਓਸ ਨੂੰ ਸਾਚੇ ਭਗਤਾਂ ਦੀ ਸਦਾ ਲੋੜ, ਗੁਰਮੁਖਾਂ ਵਿਚ ਆਪਣਾ ਡੇਰਾ ਲਾਈਆ । ਭੇਵ ਮੁਕਾ ਕੇ ਮੋਰ ਤੋਰ, ਤੋਰਾ ਮੋਰਾ ਦਿਤਾ ਖਪਾਈਆ । ਦੂਰ ਦੁਰਾਡਾ ਵਸ ਕੇ ਕੋਲ, ਨੇੜਨ ਨੇੜਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਜਨਮ ਕਰਮ ਕਹੇ ਸਾਡਾ ਮੁਕ ਜਾਏ ਝਗੜਾ, ਲੇਖਾ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਨੂੰ ਪ੍ਰਭ ਮਾਰਗ ਦਿਤਾ ਅਗਲਾ, ਪਿਛਲਾ ਲੇਖਾ ਲੇਖੇ ਲਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਕਿਉਂ ਰਹੇ ਅੰਧਲਾ, ਧੁੰਦੂਕਾਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣਾ ਰੰਗ ਰੰਗਾਈਆ ।

## ❊ ੧੨ ਫੱਗਣ ੨੦੨੧ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਹਿ ਦੋਰਾਹਾ ਜ਼ਿਲਾ ਲੁਧਿਆਣਾ ❊


੩੯੯

ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰ, ਨਿਰਗੁਣ ਹੋ ਕੇ ਨਿਰਗੁਣ ਧਾਰ ਸੀਸ ਨਿਵਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚਾ ਸੰਗ ਨਿਭਾਈਆ । ਸਚ ਸਵਾਮੀ ਮੀਤ ਮੁਰਾਰ, ਤੇਰੀ ਇਕ ਸਰਨਾਈਆ । ਜੁਗ ਚੌਕੜੀ ਖੇਲ ਖੇਲੇ ਵਿਚ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੋਕਮਾਤ ਹੰਢਾਈਆ । ਸ਼ਬਦ ਅਗੰਮੀ ਨਾਦ ਧੁਨ ਤੇਰਾ ਬੋਲਦੇ ਰਹੇ ਜੈਕਾਰ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕਰਦੇ ਰਹੇ ਖ਼ਬਰਦਾਰ, ਦੋ ਜਹਾਨ ਸ੍ਰੀ ਭਗਵਾਨ ਤੇਰਾ ਨਾਮ ਸੰਦੇਸ਼ ਸੁਣਾਈਆ । ਨਿਰਗੁਣ ਹੋ ਕੇ ਸਰਗੁਣ ਕਰਦੇ ਰਹੇ ਪਿਆਰ, ਪੰਜ ਤੱਤ ਕਾਇਆ ਤ੍ਰੈਗੁਣ ਮੀਤਾ ਠਾਂਡਾ ਸੀਤਾ ਹੋ ਕੇ ਤੇਰਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਅਗੰਮੀ ਵਰ, ਬੇਪਰਵਾਹ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਜਦਾ, ਦਰਗਾਹ ਸਾਚੀ ਸੀਸ ਨਿਵਾਈਆ । ਤੂੰ ਠਾਕਰ ਹਉਂ ਸੇਵਕ ਅਬਿਨਾਸ਼ੀ ਤੇਰਾ ਬਰਦਾ, ਸਚ ਬੰਦਗੀ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇ ਜਣਾਈਆ । ਨਿਰਗੁਣ ਨੂਰੀ ਜੋਤੀ ਜਾਤੇ ਚਾੜ੍ਹ ਅਗੰਮੀ ਚੰਦਾ, ਘਰ ਸਾਚੀ ਕਰ ਰੁਸ਼ਨਾਈਆ । ਤੂੰ ਆਦਿ ਜੁਗਾਦੀ ਦੀਨ ਦਿਆਲ ਸਾਹਿਬ ਬਖ਼ਸ਼ੰਦਾ, ਮਿਹਰਵਾਨ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਪੁਰਖ ਅਕਾਲ ਤੇਰੀ ਰਸਨਾ ਜਿਹਵਾ ਬੱਤੀ ਦੰਦ ਕਰੇ ਨਿੰਦਾ, ਆਤਮ ਪਰਮਾਤਮ ਸਿਫ਼ਤੀ ਸਿਫ਼ਤ ਨਾ ਕੋਇ ਸਲਾਹੀਆ । ਭੇਵ ਅਭੇਵ ਭੇਦ ਨਾ ਚੁਕੇ ਜੀਉ ਪਿੰਡਾ, ਪੜਦਾ ਉਹਲਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਝੁਕ, ਝੁਕ ਝੁਕ ਸੀਸ ਨਿਵਾਈਆ ।

ਸੋ ਪੁਰਖ ਨਿਰੰਜਣ ਸਾਡਾ ਪੈਂਡਾ ਰਿਹਾ ਮੁਕ, ਦਰ ਬੇਨੰਤੀ ਇਕ ਸੁਣਾਈਆ । ਫਿਰੀ ਦਰੋਹੀ ਲੋਕ ਪਰਲੋਕ, ਜ਼ਿਮੀਂ ਅਸਮਾਨ ਰਹੇ ਕੁਰਲਾਈਆ । ਸਚ ਸੁਨੇਹੜਾ ਜੋ ਦੇ ਕੇ ਆਏ ਤੇਰਾ ਨਾਮ ਸਲੋਕ, ਕ਼ਲਮਾ ਨਬੀ ਰਸੂਲ ਪੜ੍ਹਾਈਆ । ਜਗਤ ਜੀਵ ਜਹਾਨ ਕਰੇ ਕੋਈ ਨਾ ਸੋਚ, ਬੁਧਿ ਬਬੇਕੀ ਰੂਪ ਨਾ ਕੋਇ ਵਖਾਈਆ । ਆਸਾ ਤ੍ਰਿਸ਼ਨਾ ਮਾਇਆ ਮਮਤਾ ਹਉਮੇ ਹੰਗਤਾ ਸਾਰੇ ਰਹੇ ਲੋਚ, ਨਿਜ ਨੈਣ ਸਾਚੇ ਲੋਚਣ ਤੇਰਾ ਦਰਸ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨਾਂ ਅੰਦਰ ਜੋ ਦੱਸ ਕੇ ਆਏ ਤੇਰੀ ਖੋਜ, ਕਾਤਬ ਬਣ ਬਣ ਕ਼ਲਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਲੋਚਨ ਨੈਣ ਵਹਾਵਣ ਨੀਰ, ਦਰ ਠਾਂਡੇ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਵੇਲਾ ਅੰਤ ਅਖ਼ੀਰ, ਆਖ਼ਰ ਬੇਨੰਤੀ ਇਕ ਜਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਤਿ ਧਰਮ ਲੱਥੇ ਚੀਰ, ਬਸਤਰ ਓਢਨ ਸਾਚਾ ਸੀਸ ਨਾ ਕੋਇ ਟਿਕਾਈਆ । ਸਾਚੀ ਮੰਜ਼ਲ ਚੋਟੀ ਚੜ੍ਹੇ ਨਾ ਕੋਇ ਅਖ਼ੀਰ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਜਾਤ ਪਾਤ ਕੱਟੇ ਨਾ ਕੋਇ ਜ਼ੰਜੀਰ, ਸਾਚਾ ਕ਼ਲਮਾ ਧੁਰ ਦਾ ਨਗ਼ਮਾ ਮੰਤਰ ਨਾਮ ਹਕ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਠਾਕਰ ਸਵਾਮੀ ਪਰਤ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਫੇਰਾ ਪਾਈਆ । ਆਤਮ ਪਰਮਾਤਮ ਜੀਵਾਂ ਜੰਤਾਂ ਸਾਚੀ ਸਿਖਿਆ ਦੇ ਸਬਕ, ਧੁਰ ਸੰਦੇਸ਼ਾ ਇਕ ਸੁਣਾਈਆ । ਨੇਤਰ ਰੋਂਦੇ ਵੇਖ ਚੌਦਾਂ ਤਬਕ, ਚੌਦਾਂ ਲੋਕ ਰਹੇ ਕੁਰਲਾਈਆ । ਮਾਨਸ ਮਾਨੁਖ ਕਰੇ ਨਾ ਕੋਇ ਮੁਹੱਬਤ, ਸਚ ਪ੍ਰੇਮ ਨਾ ਕੋਇ ਕਮਾਈਆ । ਸਦੀ ਚੌਧਵੀਂ ਵੇਲਾ ਅਖ਼ੀਰੀ ਵਕ਼ਤ, ਸਭ ਦੀ ਆਸਾ ਦਏ ਦੁਹਾਈਆ । ਬਿਨ ਪੁਰਖ ਅਕਾਲ ਦੂਜੀ ਦਿਸੇ ਨਾ ਕੋਇ ਸ਼ਕਤ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਗਹਿਰ ਗੰਭੀਰ ਗੁਣ ਸਾਗਰ, ਸਤਿ ਸਤਿਵਾਦੀ ਤੇਰੀ ਇਕ ਸਰਨਾਈਆ । ਪੰਜ ਤਤ ਕਾਇਆ ਵੇਖ ਸਾਚੀ ਗਾਗਰ, ਕਾਚੀ ਮਾਟੀ ਖੋਜ ਖੁਜਾਈਆ । ਨਿਰਮਲ ਦੀਆ ਬਾਤੀ ਕਮਲਾਪਾਤੀ ਜੋਤ ਕਰ ਉਜਾਗਰ, ਅੰਧ ਅੰਧੇਰਾ ਦੇ ਮਿਟਾਈਆ । ਏਕਾ ਨਾਮ ਏਕਾ ਵਣਜ ਏਕਾ ਸਾਚਾ ਬਣਿਆ ਸੌਦਾਗਰ, ਏਕਾ ਹੱਟ ਦਏ ਖੁਲ੍ਹਾਈਆ । ਏਕਾ ਇਸ਼ਟ ਇਕੋ ਦੇਵ ਸਵਾਮੀ ਇਕੋ ਦੇ ਆਦਰ, ਆਦਰਸ਼ ਆਪਣਾ ਇਕ ਜਣਾਈਆ । ਇਕੋ ਸੂਰਬੀਰ ਸਾਹਿਬ ਸੁਲਤਾਨ ਬਣ ਬਹਾਦਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋ ਜਹਾਨਾਂ ਕਰੇ ਆਦਲ, ਅਦਾਲਤ ਇਕੋ ਇਕ ਲਗਾਈਆ । ਲੇਖਾ ਚੁਕੇ ਮਕ਼ਤੂਲ ਕ਼ਾਤਲ, ਕ਼ੁਦਰਤ ਦੇ ਮਾਲਕ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਕਰਕੇ ਗਏ ਅਬਾਦਤ, ਮੰਤਰ ਨਾਮ ਤੇਰਾ ਸਿਮਰਨ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸ੍ਰੀ ਭਗਵਾਨ, ਸੋ ਸਾਹਿਬ ਹੋ ਸਹਾਈਆ । ਕਲਜੁਗ ਕੂੜੀ ਕਿਰਿਆ ਵੇਖ ਨਿਸ਼ਾਨ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਮਿਲੇ ਕੋਈ ਨਾ ਆਣ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਅੰਮ੍ਰਿਤ ਨਿਝਰ ਝਿਰਨਾ

੪੦੦

ਮਿਲੇ ਨਾ ਪੀਣ ਖਾਣ, ਸਾਚਾ ਰਸ ਨਾ ਕੋਇ ਚਵਾਈਆ । ਨਿਜ ਨੇਤਰ ਤੇਰਾ ਦਰਸ ਕੋਈ ਨਾ ਪਾਣ, ਪੜਦਾ ਉਹਲਾ ਸਕੇ ਨਾ ਕੋਇ ਉਠਾਈਆ । ਕਾਇਆ ਮੰਦਰ ਅੰਦਰ ਨਚਦਾ ਫਿਰੇ ਸ਼ੈਤਾਨ, ਪੰਜ ਤੱਤ ਕਰਨ ਲੜਾਈਆ । ਗੁਰ ਕਾ ਸ਼ਬਦ ਭੁਲਿਆ ਸਰਬ ਗਿਆਨ, ਕ਼ਲਮਾ ਕਲਾਮ ਸਚ ਨਾ ਕੋਇ ਜਣਾਈਆ । ਨਜ਼ਰ ਆਏ ਨਾ ਸਚ ਅਮਾਮ, ਸਜਦਾ ਸੀਸ ਨਾ ਕੋਇ ਨਿਵਾਈਆ । ਸਦੀ ਬੀਸਵੀਂ ਪ੍ਰਭੂ ਅਸੀਂ ਸਾਰੇ ਹੋਏ ਹੈਰਾਨ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਨਿਉਂ ਨਿਉਂ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਧੁਰ ਮਸਤਕ ਲੇਖ ਵੇਖ ਵਖਾਈਆ । ਸ੍ਰੀ ਭਗਵਾਨ ਕਹੇ ਸੁਣੋ ਪੀਰ ਪੈਗ਼ੰਬਰ ਗੁਰ ਅਵਤਾਰ, ਸਚ ਸੰਦੇਸ਼ਾ ਦਿਆਂ ਜਣਾਈਆ । ਨਵ ਨੌ ਚਾਰ ਬੀਤੇ ਵਿਚ ਸੰਸਾਰ, ਵਡ ਸੰਸਾਰੀ ਵੇਖ ਵਖਾਈਆ । ਜਿਸ ਦਾ ਲੇਖਾ ਲਿਖ ਕੇ ਗਏ ਅਗੰਮ ਅਪਾਰ, ਭਵਿਖਤਾਂ ਵਿਚ ਜਣਾਈਆ । ਜਿਸ ਨੂੰ ਮੰਨਦੇ ਗਏ ਪਰਵਰਦਿਗਾਰ, ਸਾਂਝਾ ਯਾਰ ਇਕ ਅਖਵਾਈਆ । ਜਿਸ ਨੂੰ ਸਮਝਦੇ ਰਹੇ ਏਕੰਕਾਰ, ਅਕਲ ਕਲਧਾਰੀ ਵੇਸ ਵਟਾਈਆ । ਜਿਸ ਦਾ ਤਕਦੇ ਰਹੇ ਸਰਬ ਪਸਾਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦੋ ਜਹਾਨ ਰਚਨ ਰਚਾਈਆ । ਜਿਸ ਦੇ ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸ਼ਬਦੀ ਹੁਕਮ ਰਿਹਾ ਵਰਤਾਈਆ । ਜਿਸ ਦੇ ਬਾਲੇ ਨੱਢੇ ਨੰਨ੍ਹੇ ਬੱਚੇ ਗੁਰ ਅਵਤਾਰ, ਪੈਗ਼ੰਬਰ ਮਾਸੂਮ ਰਿਹਾ ਵਖਾਈਆ । ਜਿਸ ਦਾ ਕਰਦੇ ਰਹੇ ਸਦਾ ਇੰਤਜ਼ਾਰ, ਅੰਤਰ ਖ਼ਾਹਿਸ਼ ਨਾਲ ਮਿਲਾਈਆ । ਸੋ ਵੇਖਣਹਾਰ ਸਚੀ ਸਰਕਾਰ, ਕਰਤਾ ਪੁਰਖ ਬੇਪਰਵਾਹੀਆ । ਲੱਖ ਚੁਰਾਸੀ ਘਟ ਘਟ ਵਾਸੀ ਘਰ ਘਰ ਪਾਵੇ ਸਾਰ, ਮੰਦਰ ਅੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾ ਕਰੋ ਫ਼ਿਕਰ, ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਆਪ ਜਣਾਇੰਦਾ । ਪਤਿਪਰਮੇਸ਼ਵਰ ਦੀਨ ਦਿਆਲਾ ਸਭ ਦਾ ਮਿਤਰ, ਹਰ ਘਟ ਮੀਤਾ ਸੋਭਾ ਪਾਇੰਦਾ । ਨਿਰਗੁਣ ਧਾਰੋਂ ਆਵੇ ਨਿੱਕਲ, ਮਾਤ ਪਿਤ ਜਨਣੀ ਜਨ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਇੰਦਾ । ਧੁਰ ਦਾ ਹੁਕਮ ਸਚ ਨਰੇਸ਼, ਨਰ ਨਿਰੰਕਾਰ ਇਕ ਜਣਾਈਆ । ਪੀਰ ਪੈਗ਼ੰਬਰ ਸੁਣੋ ਸੰਦੇਸ਼, ਅਗੰਮ ਅਗੰਮੜਾ ਰਿਹਾ ਸਮਝਾਈਆ । ਜਿਸ ਦੀ ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਚੌਕੜੀ ਰਖਦੇ ਗਏ ਟੇਕ, ਨੇਤਰ ਨੈਣਾਂ ਰਾਹ ਤਕਾਈਆ । ਜੋ ਨਿਰਗੁਣ ਰੂਪ ਸਦਾ ਸਦ ਏਕ, ਇਕ ਇਕੱਲਾ ਆਪਣੀ ਖੇਲ ਖਿਲਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਰਿਹਾ ਵੇਖ, ਨੇਤਰ ਲੋਚਨ ਅੱਖ ਨਜ਼ਰ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਮੇਟੇ ਖੇਡ, ਲੋਕਮਾਤ ਰਹਿਣ ਨਾ ਪਾਈਆ । ਪਰਮਾਤਮ ਹੋ ਕੇ ਆਤਮ ਮਾਣੇ ਸੇਜ, ਭਗਤਾਂ ਅੰਦਰ ਸੋਭਾ ਪਾਈਆ । ਜਨਮ ਕਰਮ ਦੀ ਪਿਛਲੀ ਮੇਟ ਕੇ ਰੇਖ, ਲੇਖਾ ਅਗਲਾ ਦਏ ਬਣਾਈਆ । ਸੁਰਤੀ ਸ਼ਬਦੀ ਕਰ ਕੇ ਹੇਤ, ਭੇਵ ਅਭੇਦਾ ਦਏ ਖੁਲ੍ਹਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਸੋ ਵਸਣਹਾਰਾ ਸਚਖੰਡ ਸਾਚੇ ਦੇਸ, ਦੇਸ ਦਸੰਤਰ ਖੋਜ ਖੁਜਾਈਆ । ਜੋਤੀ ਜਾਮਾ ਧਰ ਅਵੱਲੜਾ ਭੇਸ, ਭੇਖਾਧਾਰੀ ਆਪਣਾ ਫੇਰਾ ਪਾਈਆ । ਵਸਣਹਾਰਾ ਸਾਚੇ ਦੇਸ, ਸੰਬਲ ਆਪਣੀ ਰੁਤ ਸੁਹਾਈਆ । ਮੇਲ ਮਿਲਾ ਕੇ ਸਾਚੇ ਬੇਟ, ਪੂਤ ਸਪੂਤਾ ਜੋੜ ਜੁੜਾਈਆ । ਧੁਰ ਦਾ ਬਣ ਕੇ ਖੇਵਟ ਖੇਟ, ਬੇੜਾ ਆਪਣੇ ਕੰਧ ਉਠਾਈਆ । ਗੁਰਮੁਖ ਸੱਜਣ

ਸੰਤ ਸੁਹੇਲੇ ਲਏ ਪੇਖ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਨਾਮ ਨਿਧਾਨਾ ਦਏ ਸੰਦੇਸ਼, ਸੋਈ ਸੁਰਤੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਪ੍ਰਭ ਵਾਹ, ਤੇਰੀ ਬੇਪਰਵਾਹੀਆ । ਪਤਿਪਰਮੇਸ਼ਵਰ ਬਣ ਮਲਾਹ, ਦਰ ਠਾਂਡਾ ਦਏ ਜਣਾਈਆ । ਧੁਰ ਸੰਦੇਸ਼ਾ ਇਕ ਸੁਣਾ, ਸਾਚਾ ਮੰਤਰ ਨਾਮ ਦ੍ਰਿੜਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਸਮਝ ਸਕੇ ਨਾ ਰਾਅ, ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਬਣਤ ਨਾ ਮਾਤ ਬਣਾਈਆ । ਜੋ ਆਤਮ ਪਰਮਾਤਮ ਸਾਚਾ ਭੇਵ ਦਏ ਸਮਝਾ, ਪਾਰਬ੍ਰਹਮ ਬ੍ਰਹਮ ਪਰਦਾ ਦਏ ਉਠਾਈਆ । ਧੁਰ ਵਖਾਏ ਸਿੱਧਾ ਰਾਹ, ਅਧਵਿਚਕਾਰ ਨਾ ਕੋਇ ਅਟਕਾਈਆ । ਈੜਾ ਪਿੰਗਲ ਸੁਖਮਨ ਬੈਠਣ ਸੀਸ ਨਿਵਾ, ਬਜਰ ਕਪਾਟੀ ਪੜਦਾ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਝਿਰਨਾ ਝਿਰੇ ਵਾਹੋ ਦਾਹ, ਨਿਝਰ ਰਸ ਇਕ ਵਖਾਈਆ । ਅਨਹਦ ਸ਼ਬਦ ਵਜੇ ਅਸਗਾਹ, ਡੰਕਾ ਇਕੋ ਨਾਮ ਸੁਣਾਈਆ । ਨਿਰਗੁਣ ਜੋਤ ਹੋਵੇ ਰੁਸ਼ਨਾ, ਅੰਧ ਅੰਧੇਰਾ ਦਏ ਮਿਟਾਈਆ । ਇਕੋ ਨਜ਼ਰੀ ਆਏ ਨੂਰੀ ਖ਼ੁਦਾ, ਪਤਿਪਰਮੇਸ਼ਵਰ ਬੇਪਰਵਾਹੀਆ । ਭਗਤ ਸੁਹੇਲੇ ਲਏ ਮਿਲਾ, ਗੁਰ ਚੇਲੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਬਿਨਾਸ਼ੀ ਕਹੇ ਸੁਣੋ ਮੇਰੇ ਮੀਤ, ਸਚ ਸੱਜਣ ਦਿਆਂ ਜਣਾਈਆ । ਜੁਗ ਚੌਕੜੀ ਬਦਲਣਹਾਰਾ ਰੀਤ, ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਕਰੇ ਖੇਲ ਸਾਹਿਬ ਜਗਦੀਸ, ਜਗਦੀਸਰ ਆਪਣੇ ਹੱਥ ਰਖੇ ਵਡਿਆਈਆ । ਲੇਖਾ ਜਾਣੇ ਬੀਸ ਇਕੀਸ, ਇਕ ਇਕੱਲਾ ਧੁਰ ਦਰਗਾਹੀਆ । ਲੱਖ ਚੁਰਾਸੀ ਪਰਖਣਹਾਰਾ ਨੀਤ, ਪੜਦਾ ਓਹਲਾ ਰਹਿਣ ਕੋਇ ਨਾ ਪਾਈਆ ।



ਮਿਹਰਵਾਨ ਹੋ ਕੇ ਜਨ ਭਗਤਾਂ ਕਰੇ ਇਕ ਬਖ਼ਸ਼ੀਸ਼, ਸਚ ਪਦਾਰਥ ਵਸਤ ਅਮੋਲਕ ਝੋਲੀ ਪਾਈਆ । ਜਿਸ ਨੂੰ ਕਲਮਾ ਕਹਿਣ ਹਦੀਸ, ਹਜ਼ਰਤ ਕਰਨ ਪੜ੍ਹਾਈਆ । ਜਿਸ ਨੂੰ ਰਾਗ ਕਹਿਣ ਸੰਗੀਤ, ਢੋਲੇ ਸਚ ਸੁਣਾਈਆ । ਜੋ ਹਰ ਘਟ ਵਸਿਆ ਚੀਤ, ਚੇਤਨ ਹੋ ਕੇ ਰਿਹਾ ਉਠਾਈਆ । ਆਤਮ ਪਰਮਾਤਮ ਮਿਲਣ ਦੀ ਸਾਚੀ ਰੀਤ, ਕਾਇਆ ਮੰਦਰ ਅੰਦਰ ਸਾਚੇ ਕਾਅਬੇ ਦਏ ਵਖਾਈਆ । ਗੁਰ ਪੀਰ ਅਵਤਾਰ ਪੈਗ਼ੰਬਰ ਜਿਸ ਦੀ ਕਰ ਕੇ ਗਏ ਵਸੀਅਤ, ਸੋ ਅਸਲੀਅਤ ਅੰਤਰ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਮਾਲਕ, ਦਸਤਗੀਰ ਤੇਰੀ ਓਟ ਰਖਾਈਆ । ਤੂੰ ਆਦਿ ਜੁਗਾਦੀ ਧੁਰ ਦਾ ਖ਼ਾਲਕ, ਖ਼ਲਕ ਮਖ਼ਲੂਕ ਤੇਰੀ ਇਕ ਸਰਨਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਬਣ ਧੁਰ ਦਾ ਸਾਲਸ, ਸਚ ਸਾਲਸੀ ਤੇਰੇ ਹੱਥ ਨਜ਼ਰੀ ਆਈਆ । ਦੋ ਜਹਾਨਾਂ ਅਗੰਮੀ ਤੇਰੀ ਅਦਾਲਤ, ਗੁਰੂ ਅਵਤਾਰ ਪੀਰ ਪੈਗ਼ੰਬਰ ਸ਼ਹਾਦਤ ਦੇਣ ਥਾਉਂ ਥਾਈਂਆ । ਕਲਜੁਗ ਕੂੜੀ ਕਿਰਿਆ ਵੇਖ ਬਗ਼ਾਵਤ, ਨਾਮ ਡੰਕਾ ਦੇ ਵਜਾਈਆ । ਮਾਇਆ ਮਮਤਾ ਮੋਹ ਮਿਟਾ ਅਲਾਮਤ, ਸਹੀ ਸਲਾਮਤ, ਆਪਣਾ ਨਾਮ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਦੇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਸਾਚਾ ਦੱਸ ਦੇ ਸਾਂਝਾ ਮੰਤਰ, ਮੰਤਵ ਸਭ ਦਾ ਹਲ ਕਰਾਈਆ । ਜਿਸ ਦਾ ਭੇਵ ਖੁਲ੍ਹੇ ਅੰਤਰ, ਦ੍ਰਿਸ਼ਟ ਇਸ਼ਟ ਇਕ ਵਡਿਆਈਆ । ਜਿਸ ਨੂੰ ਮੰਨਣ ਗਗਨ ਗਗਨੰਤਰ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਜਿਸ ਦਾ ਰੂਪ ਸਦਾ ਨਿਰੰਤਰ, ਨਿਰਵੈਰ ਨਜ਼ਰੀ ਆਈਆ । ਓਸ ਦੀ ਤੇਰੇ ਹੱਥ ਬਣਤਰ, ਦੂਜਾ ਸਕੇ ਨਾ ਕੋਇ

ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੇ ਭਗਵੰਤ, ਇਕੋ ਆਸ ਸਰਬ ਰਖਾਈਆ । ਲੱਖ ਚੁਰਾਸੀ ਇਕੋ ਮੰਤ, ਆਪਣਾ ਨਾਮ ਸਮਝਾਈਆ । ਆਤਮ ਪਰਮਾਤਮ ਮਿਲੇ ਧੁਰ ਦਾ ਕੰਤ, ਹਰਿ ਸਾਚਾ ਨਜ਼ਰੀ ਆਈਆ । ਸਾਚੀ ਮੌਲੇ ਰੁਤ ਬਸੰਤ, ਗੁਲਸ਼ਨ ਧੁਰ ਦਾ ਦੇ ਮਹਿਕਾਈਆ । ਪਰਦਾ ਲਾਹ ਅੰਦਰੋਂ ਜੀਵ ਜੰਤ, ਸਾਧ ਸੰਤ ਕਰ ਰੁਸ਼ਨਾਈਆ । ਗੜ੍ਹ ਟੁੱਟੇ ਹਉਮੇਂ ਹੰਗਤ, ਹੰ ਬ੍ਰਹਮ ਦੇ ਦ੍ਰਿੜਾਈਆ । ਬੋਧ ਅਗਾਧਾ ਬਣ ਪੰਡਤ, ਨਿਰਅੱਖਰ ਦੇ ਸਮਝਾਈਆ । ਚਾਰ ਵਰਨ ਬਣਾ ਇਕੋ ਸੰਗਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹਿਣ ਕੋਇ ਨਾ ਪਾਈਆ । ਲੇਖਾ ਚੁਕ ਜਾਏ ਬਹਿਸ਼ਤ ਜੰਨਤ, ਸਵਰਗ ਚਰਨਾਂ ਹੇਠ ਦਬਾਈਆ । ਦਰ ਤੇਰੇ ਸਵਾਮੀ ਇਕੋ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਵਰਤਾਈਆ । ਸ੍ਰੀ ਭਗਵਾਨ ਕਹੇ ਸੁਣੋ ਸਚ ਸਲੋਕ, ਧੁਰ ਦਾ ਦਿਆਂ ਜਣਾਈਆ । ਜਿਸ ਦੀ ਆਦਿ ਜੁਗਾਦੀ ਸਾਚੀ ਓਟ, ਓੜਕ ਲੇਖੇ ਰਿਹਾ ਮੁਕਾਈਆ । ਨਾਮ ਅਗੰਮੀ ਲਾ ਕੇ ਚੋਟ, ਸੋਈ ਸੁਰਤੀ ਦਏ ਉਠਾਈਆ । ਕਰ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਕਰੇ ਰੁਸ਼ਨਾਈਆ । ਭਾਗ ਲਗਾ ਕੇ ਕਾਇਆ ਕੋਟ, ਕਿਲ੍ਹਾ ਬੰਕ ਇਕ ਸੁਹਾਈਆ । ਸਤਿ ਧਰਮ ਦੀ ਕਰਨਹਾਰਾ ਖੋਜ, ਭੇਵ ਅਭੇਦਾ ਦਏ ਖੁਲ੍ਹਾਈਆ । ਲਹਿਣਾ ਦੇਣਾ ਮੁਕਾ ਕੇ ਮਾਤਲੋਕ, ਅਲੌਕਿਕ ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕੀ ਤਾਰੇਂ ਜਗ, ਸ੍ਰਿਸ਼ਟੀ ਇਕੋ ਰੰਗ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਸੰਦੇਸ਼ਾ ਦਏ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਜਣਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਗੁਰਮੁਖ ਸੱਜਣ ਲਭ, ਨਿਰਗੁਣ ਹੋ ਕੇ ਸਰਗੁਣ ਦੇਵਾਂ ਮਾਣ ਵਡਿਆਈਆ । ਦਰਸ ਦਿਖਾ ਕੇ ਉਪਰ ਸ਼ਾਹਰਗ, ਅਗਨੀ ਤੱਤ ਦਿਆਂ ਬੁਝਾਈਆ । ਕੂੜੀ ਕਿਰਿਆ ਪਾਰ ਕਰਕੇ ਹਦ, ਹੱਜ ਇਕੋ ਘਰ ਜਣਾਈਆ । ਨਾਮ ਨਿਧਾਨਾ ਤਾਲ ਜਾਏ ਵਜ, ਸਚ ਨਗਾਰੇ ਚੋਟ ਆਪ ਲਗਾਈਆ । ਜੋ ਆਤਮ ਪਰਮਾਤਮ ਨਾਲੋਂ ਹੋਈ ਅੱਡ, ਪ੍ਰੇਮ ਪ੍ਰੀਤੀ ਨਾਲ ਦਏ ਮਿਲਾਈਆ । ਸਤਿ ਸਤਿਵਾਦੀ ਦੱਸ ਕੇ ਆਪਣਾ ਛੰਦ, ਧੁਰ ਦਾ ਢੋਲਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਕਿਹੜੇ ਭਗਤ, ਜਿਨ੍ਹਾਂ ਮਿਲੇ ਮਾਣ ਵਡਿਆਈਆ । ਕਿਸ ਬਿਧ ਵੇਖੇਂ ਵਿਚੋਂ ਜਗਤ, ਨਿਰਵੈਰ ਹੋ ਕੇ ਖੋਜ ਖੁਜਾਈਆ । ਪੁਰਖ ਅਕਾਲ ਕਿਹਾ ਉਹਨਾਂ ਵਿਚ ਵਾਹਵਾ ਫ਼ਰਕ, ਸਭ ਨੂੰ ਦਿਆਂ ਦ੍ਰਿੜਾਈਆ । ਉਹ ਇਸ਼ਟ ਦੇਵ ਸਾਰੇ ਕਰ ਕੇ ਤਰਕ, ਇਕੋ ਪ੍ਰਭ ਦਾ ਧਿਆਨ ਲਗਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਬਣਾਈਆ । ਸ੍ਰੀ ਭਗਵਾਨ ਵਿਛੋੜੇ ਵਿਚ ਰਹੇ ਤੜਫ, ਅੰਤਰ ਆਤਮ ਦੇਣ ਦੁਹਾਈਆ । ਬਿਰਹੋਂ ਵੈਰਾਗੀ ਰਹੇ ਭਟਕ, ਆਸ਼ਾ ਨਾਲ ਵਧਾਈਆ । ਓਨ੍ਹਾਂ ਉਤੇ ਆਵੇ ਤਰਸ, ਪ੍ਰਭ ਰਹਿਮਤ ਸਚ ਕਮਾਈਆ । ਅੰਮ੍ਰਿਤ ਮੇਘ ਆਪਣਾ ਬਰਸ, ਤ੍ਰਿਖਾ ਤ੍ਰਿਸ਼ਨਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਉਹ ਭਗਤ ਚੰਗੇ, ਜਿਨ੍ਹਾਂ ਮਿਲੇ ਮਾਣ ਵਡਿਆਈਆ । ਪੁਰਖ ਅਕਾਲ ਕਹੇ ਮੈਂ ਓਨ੍ਹਾਂ ਸੰਗੇ, ਧੁਰ ਦਾ ਸੰਗ ਨਿਭਾਈਆ । ਲੱਖ ਚੁਰਾਸੀ ਵਿਚੋਂ ਮੇਰੀ ਥੋੜ੍ਹੇ ਆਏ ਵੰਡੇ, ਬਾਕੀ ਤੁਹਾਡੇ ਹੱਥ ਫੜਾਈਆ ।

ਥਿਰ ਘਰ ਦੁਵਾਰਿਉਂ ਓਹੋ ਜਨ ਲੰਘੇ, ਜਿਸ ਆਪਣੀ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਧੁਰ ਦੇ ਵੇਖ ਵਖਾਈਆ । ਗੁਰ ਅਵਤਾਰ ਕਹਿਣ ਪ੍ਰਭੂ ਭਗਤਾਂ ਕਿਹੜਾ ਅਸਥਾਨ, ਸਤਿ ਸਚ ਦੇ ਜਣਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਸ਼ਬਦ ਸੰਦੇਸ਼ ਇਕ ਸੁਣਾਈਆ । ਨਿਰਗੁਣ ਧਾਰ ਕਰੋ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਦਵਾਰੇ ਪੁਰਖ ਅਕਾਲਾ ਵਸੇ ਸ੍ਰੀ ਭਗਵਾਨ, ਸਚ ਸਿੰਘਾਸਣ ਸੋਭਾ ਪਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਦੀਆ ਬਾਤੀ ਜਗੇ ਮਹਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੋ ਭੂਮਿਕਾ ਸਚ ਮਕਾਨ, ਹਰਿ ਭਗਤਾਂ ਦਏ ਵਖਾਈਆ । ਏਥੇ ਓਥੇ ਨਿਰਗੁਣ ਸਰਗੁਣ ਰਖੇ ਚਰਨਾਂ ਨਾਲ, ਚਰਨ ਚਮ ਦ੍ਰਿਸ਼ਟੀ ਨਾ ਰੂਪ ਵਟਾਈਆ । ਸ਼ਬਦੀ ਬਖ਼ਸ਼ੇ ਮਾਣ, ਨਿਰਗੁਣ ਜੋਤੀ ਮੇਲ ਮਹਾਨ, ਤਤਵ ਤਤ ਲੇਖਾ ਦਏ ਮੁਕਾਈਆ । ਜਿਥੇ ਰਵ ਸਸ ਸੂਰਜ ਚੰਦ ਕੋਈ ਨਾ ਭਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਮੰਡਲ ਮੰਡਪ ਨਾ ਕੋਇ ਨਿਸ਼ਾਨ, ਰਾਗ ਨਾਦ ਨਾ ਕੋਇ ਧੁਨਕਾਨ, ਤਾਲ ਤਲਵਾੜਾ ਨਾ ਕੋਇ ਵਜਾਈਆ । ਕਿਸ ਦਵਾਰੇ ਭਗਤ ਸੁਹੇਲੇ ਸੋਭਾ ਪਾਣ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸਚ ਸਰਨਾਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਜਨ ਭਗਤ ਵਡਿਆਈ, ਹਰਿ ਕਰਤਾ ਆਪ ਦੁਆਇੰਦਾ । ਚਾਰ ਜੁਗ ਦੇ ਇਕੱਠੇ ਹੋ ਕੇ ਵੇਖੀਏ ਚਾਈਂ ਚਾਈਂ, ਸਚ ਦਵਾਰਾ ਇਕ ਸੁਹਾਇੰਦਾ । ਤੇਈ ਅਵਤਾਰ ਨੈਣ ਰਹੇ ਉਠਾਈ, ਪਰਦਾ ਓਹਲਾ ਨਜ਼ਰ ਕੋਇ ਨਾ ਆਇੰਦਾ । ਈਸਾ ਮੂਸਾ ਮੁਹੰਮਦ ਵੇਖਣ ਚਾਈਂ ਚਾਈਂ, ਧੁਰ ਦਾ ਵਕਤ ਸੁਹਾਇੰਦਾ । ਦਸ ਗੁਰੂ ਕਹਿਣ ਤੇਰੀ ਬੇਪਰਵਾਹੀ, ਬੇਪਰਵਾਹ ਤੇਰਾ ਅੰਤ ਕੋਇ ਨਾ ਪਾਇੰਦਾ । ਜੁਗ ਚੌਕੜੀ ਤੇਰੀ ਮੰਨਦੇ ਰਹੇ ਰਜ਼ਾਈ, ਹੁਕਮੇਂ ਅੰਦਰ ਸੀਸ ਸਰਬ ਨਿਵਾਇੰਦਾ । ਤੂੰ ਕਲਜੁਗ ਅੰਤ ਸ੍ਰੀ ਭਗਵੰਤ ਭਗਤਾਂ ਦਾ ਬਣਿਉਂ ਆਪ ਗੁਸਾਂਈ, ਗਹਿਰ ਗੰਭੀਰ ਆਪਣੀ ਖੇਲ ਖਿਲਾਇੰਦਾ । ਇਕੋ ਮੰਤਰ ਰਿਹਾ ਦ੍ਰਿੜਾਈ, ਚੌਦਾਂ ਵਿਦਿਆ ਪੰਧ ਮੁਕਾਇੰਦਾ । ਸਾਚੀ ਭਗਤੀ ਰਿਹਾ ਸਿਖਾਈ, ਧੁਰ ਦਾ ਢੋਲਾ ਇਕ ਸਮਝਾਇੰਦਾ । ਸਾਚੇ ਤੀਰਥ ਰਿਹਾ ਨੁਹਾਈ, ਦੁਰਮਤ ਮੈਲ ਨਾ ਕੋਇ ਵਖਾਇੰਦਾ । ਸਾਚਾ ਨਾਦ ਰਿਹਾ ਸੁਣਾਈ, ਅਗੰਮੀ ਰਾਗ ਅਲਾਇੰਦਾ । ਸਾਚਾ ਦੀਪਕ ਰਿਹਾ ਜਗਾਈ, ਜੋਤੀ ਜੋਤ ਡਗਮਗਾਇੰਦਾ । ਸਾਚੀ ਬਖ਼ਸ਼ ਰਿਹਾ ਸਰਨਾਈ, ਚਰਨ ਕਵਲ ਧਿਆਨ ਵਖਾਇੰਦਾ । ਮਿਹਰ ਨਜ਼ਰ ਨਾਲ ਰਿਹਾ ਤਰਾਈ, ਜੋਗ ਅਭਿਆਸ ਨਾ ਕੋਇ ਕਰਾਇੰਦਾ । ਇਕੋ ਢੋਲਾ ਦਿਤਾ ਸਮਝਾਈ, ਜਿਸ ਦੀ ਸਮਝ ਨਾ ਕੋਇ ਰਖਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਨਰ ਹਰਿ ਸਾਚੀ ਬਣਤ ਬਣਾਈ, ਬੇਪਰਵਾਹ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਪ੍ਰਭੂ ਉਹ ਕਿਹੜਾ ਢੋਲਾ, ਕਲਜੁਗ ਅੰਤ ਦੇ ਜਣਾਈਆ । ਜੋ ਭਗਤਾਂ ਬਣੇ ਵਿਚੋਲਾ, ਧੁਰ ਦਾ ਜੋੜ ਕਰਾਈਆ । ਮਨ ਮਨਸਾ ਨਾ ਪਾਵੇ ਰੌਲਾ, ਬੁਧਿ ਮਤਿ ਨਾ ਕੋਇ ਚਤੁਰਾਈਆ । ਘਰ ਪਰਦਾ ਚੁਕੇ ਉਹਲਾ, ਮੁਖ ਨਕ਼ਾਬ ਨਾ ਕੋਇ ਟਿਕਾਈਆ । ਕਿਹੜਿਆਂ ਅੱਖਰਾਂ ਵਾਲਾ ਸੋਹਲਾ, ਕਵਣ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇ ਸਮਝਾਈਆ । ਪੁਰਖ ਅਕਾਲ ਕਹੇ ਜਿਸ ਦੀ ਰਖਦੇ ਰਹੇ ਉਡੀਕ, ਨਿਰਗੁਣ ਹੋ ਕੇ ਧਿਆਨ ਲਗਾਈਆ । ਜਿਸ ਦੀ ਮੰਗਦੇ ਗਏ ਪ੍ਰੀਤ, ਪੀਰ ਪੈਗੰਬਰ ਹੋ ਕੇ ਫੇਰਾ ਪਾਈਆ ।

ਜੋ ਭਗਤਾਂ ਕਰੇ ਅਤੀਤ, ਤ੍ਰੈਗੁਣ ਲੇਖ ਮੁਕਾਈਆ । ਕਾਇਆ ਕਾਅਬਾ ਵਖਾ ਕੇ ਮਸੀਤ, ਸਾਚਾ ਹੁਜਰਾ ਦਏ ਸੁਹਾਈਆ । ਇਕੋ ਮੰਦਰ ਦੱਸੇ ਠੀਕ, ਗੁਰੂਦਵਾਰ ਇਕ ਸਮਝਾਈਆ । ਜਿਸ ਦੇ ਅੰਦਰ ਪ੍ਰਭੂ ਕਰੇ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਦਿਵਸ ਰੈਣ ਸ਼ਬਦ ਅਨਾਦੀ ਸੁਣਾਏ ਗੀਤ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਲੇਖਾ ਚੁਕਾਏ ਊਚ ਨੀਚ, ਰਾਓ ਰੰਕਾਂ ਦਏ ਵਡਿਆਈਆ । ਦੂਰ ਦੁਰਾਡਾ ਨਜ਼ਰੀ ਆਏ ਨਜ਼ਦੀਕ, ਨੇਰਨ ਨੇਰਾ ਡੇਰਾ ਲਾਈਆ । ਜਨ ਭਗਤਾਂ ਕਾਇਆ ਅੰਦਰ ਬਣੇ ਵਸਨੀਕ, ਬੈਠਾ ਰਹੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਜਨ ਭਗਤ ਕਹਿਣ ਨੀਰਥ ਪ੍ਰਭ ਕੀਨੀ ਕਿਰਪਾ, ਦਿਤੀ ਮਾਣ ਵਡਿਆਈਆ । ਜਨਮ ਕਰਮ ਦੀ ਕਟ ਕੇ ਬਿਪਤਾ, ਅਗਲਾ ਪਿਛਲਾ ਲੇਖਾ ਦਿਤਾ ਮੁਕਾਈਆ । ਜੋਤ ਸਰੂਪੀ ਦੱਸ ਕੇ ਇਸ਼ਟਾ, ਦ੍ਰਿਸ਼ਟ ਦਿਤੀ ਖੁਲ੍ਹਾਈਆ । ਲੱਖ ਚੁਰਾਸੀ ਜੀਵ ਭਰਮੇ ਫੇਰ ਨਾ ਵਿਚ ਵਿਸ਼ਟਾ, ਮਾਤ ਗਰਭ ਨਾ ਕੋਇ ਟਿਕਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਆਤਮ ਨੂੰ ਦਿਤਾ ਪੂਰਾ ਨਿਸਚਾ, ਨਿਹਚਲ ਧਾਮ ਦਿਤਾ ਵਖਾਈਆ । ਜਨਮ ਕਰਮ ਦੀ ਪੂਰਬ ਮੇਟ ਕੇ ਹਿਰਸਾ, ਅਗਲੀ ਹਵਸ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹੇ ਮੈਂ ਪਾਇਆ ਪ੍ਰਭ, ਘਰ ਵਜੀ ਸਚ ਵਧਾਈਆ । ਪੁਰਖ ਅਬਿਨਾਸ਼ੀ ਮਿਲਿਆ ਝਬ, ਪੜਦਾ ਦਿਤਾ ਚੁਕਾਈਆ । ਜਗਤ ਦਵਾਰਾ ਪਾਰ ਕਰ ਕੇ ਹਦ, ਗ੍ਰਿਹ ਮੰਦਰ ਦਿਤਾ ਸੁਹਾਈਆ । ਨਾਮ ਸੰਦੇਸ਼ਾ ਸੁਣਾ ਕੇ ਛੰਦ, ਸੰਸਾ ਦਿਤਾ ਚੁਕਾਈਆ । ਆਤਮ ਪਰਮਾਤਮ ਬਖ਼ਸ਼ ਕੇ ਅਨੰਦ, ਪਰਮਾਨੰਦ ਵਿਚ ਸਮਾਈਆ । ਧੁਰ ਸੰਜੋਗੀ ਦੇ ਕੇ ਗੰਢ, ਅਗਲਾ ਵਿਛੋੜਾ ਦਿਤਾ ਗਵਾਈਆ । ਭੇਵ ਖੁਲ੍ਹਾ ਕੇ ਬ੍ਰਹਮ ਹੰ, ਤਮਅ ਕੂੜੀ ਦਿਤੀ ਗਵਾਈਆ । ਕਰ ਪਰਕਾਸ਼ ਕਾਇਆ ਮਾਟੀ ਚੰਮ, ਚੰਦਨ ਰੂਪ ਦਿਤਾ ਵਖਾਈਆ । ਹਰਖ਼ ਸੋਗ ਰਿਹਾ ਨਾ ਗ਼ਮ, ਚਿੰਤਾ ਰਹੀ ਨਾ ਰਾਈਆ । ਮਨ ਭੱਜੇ ਨਾ ਦਹਿ ਦਿਸ਼ਾ ਅੰਦਰ ਬੰਨ੍ਹਿਆ ਤਨ, ਖ਼ਾਹਿਸ਼ ਦਿਤੀ ਗਵਾਈਆ । ਲੋੜ ਰਹੀ ਨਾ ਬੰਸਰੀ ਨਾਦ ਧੁਨ ਸੁਣਨ ਦੀ ਕੰਨ, ਕਿੰਗ ਮਰਦੰਗ ਇਕੋ ਦਿਤਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੜਦਾ ਉਹਲਾ ਦਿਤਾ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਜਨ ਭਗਤੋ ਵੇਖਿਆ ਕੀ, ਸਤਿ ਸਚ ਦਿਉ ਸਮਝਾਈਆ । ਜਨ ਭਗਤ ਕਹਿਣ ਜਿਸ ਨਿਰਮਲ ਕੀਆ ਜੀਅ, ਜੀਵਣ ਜੁਗਤ ਦਿਤੀ ਸਮਝਾਈਆ । ਨਾਤਾ ਤੋੜ ਕੇ ਸਾਢੇ ਤਿੰਨ ਹੱਥ ਸੀਅ, ਆਤਮ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਆਪਣੇ ਰੰਗ ਰੰਗਾਈਆ । ਭਗਤ ਕਹਿਣ ਸਾਡੇ ਜਾਗੇ ਭਾਗ, ਹਰਿ ਭਗਵਨ ਦਇਆ ਕਮਾਈਆ । ਅੰਦਰ ਬਖ਼ਸ਼ ਕੇ ਇਕ ਵੈਰਾਗ, ਧੁਰ ਦੀ ਚੋਟ ਲਗਾਈਆ । ਸੋਈ ਸਵਾਣੀ ਗਈ ਜਾਗ, ਨੇਤਰ ਲੋਚਨ ਅੱਖ ਖੁਲ੍ਹਾਈਆ । ਘਰ ਦੀਪਕ ਜਗਾਏ ਚਿਰਾਗ਼, ਘਰ ਸੱਜਣ ਮਿਲਿਆ ਸਾਹਿਬ ਬੇਪਰਵਾਹੀਆ । ਜਿਸ ਦਾ ਸੁਣਦੇ ਰਹੇ ਭਵਿਖਤ ਵਾਕ, ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣਾਈਆ । ਜਿਸ ਨੂੰ ਸੁਣਦੇ ਰਹੇ ਕਮਲਾਪਾਤ, ਸੋ ਨਿਰਗੁਣ ਦਾਤਾ ਨਿਰਵੈਰ ਨਜ਼ਰੀ ਆਈਆ । ਜਿਸ ਦਾ ਲੇਖਾ ਕੋਈ ਨਾ ਲਿਖ ਸਕੇ ਕ਼ਲਮ ਦਵਾਤ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਸੋ ਭਗਤਾਂ ਲਹਿਣਾ ਦੇਣਾ ਕਰੇ ਬਿਬਾਕ, ਪੂਰਬ ਲਹਿਣਾ ਝੋਲੀ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਖਾ ਕੇ ਆਪਣਾ ਸਾਥ, ਧੁਰ ਦਾ

ਸੰਗੀ ਨਜ਼ਰੀ ਆਈਆ । ਸਚ ਸੰਦੇਸ਼ਾ ਦੇਵੇ ਆਪ, ਆਪ ਆਪਣਾ ਹੁਕਮ ਜਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਹੋਵੇ ਜਾਪ, ਚਾਰ ਜੁਗ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਾ ਕਰਨਹਾਰਾ ਭਵਿਖਤ ਵਾਕ, ਵਾਕਿਫ਼ਕਾਰ ਆਦਿ ਜੁਗਾਦੀ ਇਕ ਅਖਵਾਈਆ ।

❊ ੧੩ ਫੱਗਣ ੨੦੨੧ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਹਰਬੰਸ ਪੁਰਾ ਜ਼ਿਲਾ ਪਟਿਆਲਾ ❊

ਧਰਨੀ ਕਹੇ ਮੋਹੇ ਆਈ ਵਿਚਾਰ, ਵਿਚੋਂ ਯਾਦ ਦਿਤਾ ਕਿਸੇ ਕਰਾਈਆ । ਦੁਆਪਰ ਜੁਗ ਦਾ ਪੂਰਬ ਵਿਹਾਰ, ਹੌਲੀ ਜਿਹੀ ਦਿਤਾ ਸਮਝਾਈਆ । ਜੋ ਰਾਜਾ ਲੈਣ ਵਾਲਾ ਦਰਬਾਰ, ਹੁਕਮ ਜੁਗ ਜੁਗ ਸੁਣਾਈਆ । ਤਿਸ ਦਾ ਖੇਲ ਅਪਰ ਅਪਾਰ, ਪਤਿਪਰਮੇਸ਼ਵਰ ਦਏ ਵਡਿਆਈਆ । ਪੰਜਾਂ ਪਾਂਡਵ ਸੰਗ ਅਧਾਰ, ਯੁਧਿਸ਼ਟਰ ਦਿਤੀ ਵਡਿਆਈਆ । ਰਾਜ ਨਰੈਣ ਓਸ ਵਕ਼ਤ ਸੀ ਘੁਮਿਆਰ, ਭਾਂਡੇ ਟਕਿਆਂ ਨਾਲ ਵਟਾਈਆ । ਏਥੇ ਮਿਲ ਕੇ ਹੋਇਆ ਵਿਚਾਰ, ਰਾਹੀ ਰਾਹੀਆਂ ਜੋੜ ਜੁੜਾਈਆ । ਇਕ ਪਿਆਲਾ ਲਿਆ ਜਿਸ ਵਿਚ ਵਜ਼ਨ ਆਵੇ ਸੇਰ ਸਵਾ ਚਾਰ, ਮੁਖ ਬੰਦ ਨਾ ਕੋਇ ਵਖਾਈਆ । ਕ਼ੀਮਤ ਦੱਸੀ ਨੌਂ ਦਸ ਦੀ ਮੇਰੀ ਧਾਰ, ਵਧ ਘਟ ਨਾ ਕੋਇ ਜਣਾਈਆ । ਯੁਧਿਸ਼ਟਰ ਕਿਹਾ ਸਾਨੂੰ ਤੇਰੇ ਉਤੇ ਇਤਬਾਰ, ਲੇਖਾ ਭਰਮ ਰਿਹਾ ਨਾ ਰਾਈਆ । ਨੌਂ ਆਨੇ ਸਾਥੋਂ ਲੈ ਲੈ ਯਾਰ, ਕ਼ੀਮਤ ਦਿਆਂ ਮੁਕਾਈਆ । ਦਸਵੇਂ ਦਾ ਲੇਖਾ ਹੱਥ ਨਿਰੰਕਾਰ, ਦੂਸਰ ਸਮਝ ਕੋਇ ਨਾ ਪਾਈਆ । ਘੁਮਿਆਰ ਕਿਹਾ ਮੈਨੂੰ ਖੋਲ੍ਹ ਕੇ ਦੱਸ ਹਾਲ, ਅਹਵਾਲ ਕੀ ਜਣਾਈਆ । ਯੁਧਿਸ਼ਟਰ ਕਿਹਾ ਜਿਸ ਵੇਲੇ ਆਵੇ ਪੁਰਖ ਅਕਾਲ, ਦੀਨ ਦਿਆਲ ਫੇਰਾ ਪਾਈਆ । ਤੇਰਾ ਹਲ ਕਰੇ ਸਵਾਲ, ਲਹਿਣਾ ਝੋਲੀ ਆਪ ਭਰਾਈਆ । ਓਸ ਕਿਹਾ ਕੀ ਓਸ ਦਾ ਨਿਸ਼ਾਨ, ਮੈਨੂੰ ਦੇ ਜਣਾਈਆ । ਯੁਧਿਸ਼ਟਰ ਕਿਹਾ ਜਿਸ ਗਧੇ ਉਤੇ ਲੱਦਿਆ ਭਾਰ, ਆਸ ਪਾਸ ਰਿਹਾ ਲਟਕਾਈਆ । ਇਸ ਨੂੰ ਮਾਨਸ ਜਨਮ ਮਿਲੇ ਮਹਾਨ, ਮਨੁਖ ਰੂਪ ਵਟਾਈਆ । ਇਹਦੀ ਸੁਣੀ ਜਾਏ ਪੁਕਾਰ, ਜੋ ਅੰਦਰੇ ਅੰਦਰ ਰਿਹਾ ਧਿਆਈਆ । ਕਰੇ ਖੇਲ ਸ੍ਰੀ ਭਗਵਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਦੋਹਾਂ ਦਾ ਲੇਖਾ ਮੁਕਾ ਕੇ ਵਿਚ ਜਹਾਨ, ਸਚ ਗਿਆਨ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸੁਣ ਕੇ ਬਚਨ ਗਧਾ ਹੋਇਆ ਹੁਸ਼ਿਆਰ, ਅੰਦਰੇ ਅੰਦਰ ਖ਼ੁਸ਼ੀ ਮਨਾਈਆ । ਜਿਸ ਵੇਲੇ ਇਕੱਠੇ ਹੋਈਏ ਯਾਰ ਯਾਰ, ਪੂਰਬ ਮੇਲਾ ਸਹਿਜ ਸੁਭਾਈਆ । ਦਰਸ਼ਨ ਕਰੀਏ ਇਕ ਨਿਰੰਕਾਰ, ਜੋ ਨਿਰਗੁਣ ਰੂਪ ਰਿਹਾ ਸਮਾਈਆ । ਜਿਸ ਦਾ ਖੇਲ ਅਗੰਮ ਅਪਾਰ, ਬੋਧ ਅਗਾਧ ਕਰੇ ਪੜ੍ਹਾਈਆ । ਭਗਤਾਂ ਕਰੇ ਪਿਆਰ, ਸੰਤਾਂ ਲਏ ਤਰਾਈਆ । ਅੰਦਰ ਖੋਲ੍ਹੇ ਬੰਦ ਕਿਵਾੜ, ਪਰਦਾ ਦਏ ਚੁਕਾਈਆ । ਅੰਮ੍ਰਿਤ ਰਸ ਪਿਆਏ ਆਣ, ਝਿਰਨਾ ਸਚ ਝਿਰਾਈਆ । ਦੀਵਾ ਬਾਤੀ ਜਗਾਏ ਮਹਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਧਰਨੀ ਸੁਹਾਏ ਭੂਮਿਕਾ ਅਸਥਾਨ, ਸੋਹਣੀ ਵੰਡ ਵੰਡਾਈਆ । ਕਲਜੁਗ ਅੰਤਮ ਖੇਲ ਕਰੇ ਭਗਵਾਨ, ਭਾਗ ਸਭ ਦਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਘੁਮਿਆਰ ਕਿਹਾ ਸੁਣ ਯੁਧਿਸ਼ਟਰ, ਸਚ ਦੇ ਜਣਾਈਆ । ਓਸ ਵੇਲੇ ਹੋਵੇ ਕਿਹੜਾ ਇਸ਼ਟ, ਦ੍ਰਿਸ਼ਟ

ਦੇ ਜਣਾਈਆ । ਓਸ ਕਿਹਾ ਜਿਸ ਦੇ ਕੋਲ ਆਦਿ ਜੁਗਾਦੀ ਭਗਤਾਂ ਫ਼ਰਿਸਤ, ਸੰਤਾਂ ਹੋਏ ਸਹਾਈਆ । ਲਹਿਣਾ ਦੇਣਾ ਕਰਜ਼ਾ ਉਤਾਰੇ ਕਸ਼ਟ, ਮੂਲ ਸਭ ਦੀ ਝੋਲੀ ਪਾਈਆ । ਤੇਰੇ ਨਾਲ ਪ੍ਰੇਮ ਪਿਆਰ ਵਾਲਾ ਕਰ ਕੇ ਇਸ਼ਕ, ਸਾਚਾ ਨਾਤਾ ਦਏ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਸੁਣ ਕੇ ਕੌਲ ਇਕਰਾਰ ਧਰਨੀ ਮਾਰੀ ਆਵਾਜ਼, ਆਪਣਾ ਹਾਲ ਸੁਣਾਈਆ । ਮੈਨੂੰ ਦੱਸੋ ਖ਼ਾਸ, ਭੇਵ ਅਭੇਦ ਖੁਲ੍ਹਾਈਆ । ਕਵਣ ਕਰੇ ਖੇਲ ਤਮਾਸ਼, ਵੇਸ ਅਵੱਲੜਾ ਰੂਪ ਵਟਾਈਆ । ਯੁਧਿਸ਼ਟਰ ਕਿਹਾ ਉਹ ਆਦਿ ਜੁਗਾਦੀ ਧੁਰ ਦਾ ਬਾਪ, ਪਤਿਪਰਮੇਸ਼ਵਰ ਫੇਰਾ ਪਾਈਆ । ਭਗਤ ਸੁਹੇਲਾ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਰਿਹਾ ਚੁਕਾਈਆ । ਪੂਰਬ ਲੇਖਾ ਲੇਖੇ ਲਗੇ ਹਿਸਾਬ, ਲਹਿਣਾ ਰਹਿਣ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਦੇਵਣਹਾਰਾ ਆਪ, ਘਟ ਘਟ ਵਾਸੀ ਖੋਜ ਖੁਜਾਈਆ । ਸਤਿ ਬਚਨ ਦਾ ਵਡ ਪਰਤਾਪ, ਬੇਪਰਵਾਹ ਦਏ ਵਖਾਈਆ । ਪੂਰਬ ਸਾਥੀ ਲੈ ਕੇ ਸਾਥ, ਪੂਰਬ ਲੇਖਾ ਰਿਹਾ ਮੁਕਾਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਵਿੱਤਰ ਦਏ ਬਣਾਈਆ । ਧਰਨੀ ਦੀ ਲੇਖੇ ਲਾ ਕੇ ਖ਼ਾਕ, ਮਾਟੀ ਰੰਗ ਚੜ੍ਹਾਈਆ । ਲੱਖ ਚੁਰਾਸੀ ਨਾਤਾ ਤੋੜ ਕੇ ਸਾਕ, ਸੱਜਣ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਪੂਰਾ ਰਿਹਾ ਕਰਾਈਆ ।



## ✻ ੧੩ ਫੱਗਣ ੨੦੨੧ ਬਿਕ੍ਰਮੀ ਗੁਰਦਵਾਰਾ ਫ਼ਤਿਹ ਗੜ੍ਹ ਸਾਹਿਬ ✻

੪੦੭

ਧਰਤੀ ਕਹੇ ਮੇਰੇ ਜਾਗੇ ਭਾਗ, ਗੋਬਿੰਦ ਗੁਰ ਦਿਤੀ ਵਡਿਆਈਆ । ਨੀਹਾਂ ਵਿਚ ਟਿਕਾ ਕੇ ਅਗੰਮੀ ਚਿਰਾਗ਼, ਅਕਾਸ਼ਾਂ ਪਤਾਲਾਂ ਵਿਚ ਕੀਤੀ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਨਾਲ ਪਾ ਕੇ ਸਾਂਝ, ਚਾਰ ਵਰਨਾਂ ਰੰਗ ਰੰਗਾਈਆ । ਵਸਤ ਅਮੋਲਕ ਦੇ ਕੇ ਦਾਤ, ਨਾਮ ਭੰਡਾਰਾ ਇਕ ਵਰਤਾਈਆ । ਅੰਤਰ ਆਤਮ ਦੱਸ ਕੇ ਗਾਥ, ਸਾਚੀ ਸਿਖਿਆ ਕੀਤੀ ਪੜ੍ਹਾਈਆ । ਪੁਰਖ ਅਕਾਲ ਤੁਹਾਡੇ ਸਾਥ, ਦੀਨ ਦਿਆਲ ਸਦਾ ਸਹਾਈਆ । ਲੇਖੇ ਲਾ ਕੇ ਪਵਣ ਸਵਾਸ, ਮਾਟੀ ਖ਼ਾਕੀ ਤਨ ਭੇਟ ਆਪ ਚੜ੍ਹਾਈਆ । ਸ਼ਬਦ ਸਰੂਪੀ ਕਹਿ ਸ਼ਾਬਾਸ਼, ਧੁਰ ਦਾ ਹੁਕਮ ਜਣਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਪਰਗਟ ਹੋਵੇ ਪੁਰਖ ਅਬਿਨਾਸ਼, ਕਲ ਕਲਕੀ ਵੇਸ ਵਟਾਈਆ । ਸੰਬਲ ਸੁਹਾਏ ਦੇਸ ਮਾਝ, ਸਚ ਸਿੰਘਾਸਣ ਸੋਭਾ ਪਾਈਆ । ਨਿਰਗੁਣ ਹੋ ਕੇ ਆਵੇ ਸਾਥ, ਸਾਹਿਬ ਸਵਾਮੀ ਵਡ ਵਡਿਆਈਆ । ਜੁਗ ਚੌਕੜੀ ਪੂਰਬ ਪੂਰੀ ਕਰੇ ਆਸ, ਤ੍ਰਿਸ਼ਨਾ ਜਗਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ ਦੇਵੇ ਮਾਣ ਵਡਿਆਈਆ । ਜੋਰਾਵਰ ਸਿੰਘ ਕਹੇ ਸਚ ਫ਼ਤਿਹ ਡੰਕਾ, ਫ਼ਤਿਹ ਸਿੰਘ ਕਹੇ ਜੋਰਾਵਰ ਸਿੰਘ ਜਣਾਈਆ । ਮਾਣ ਦੇਵੇ ਊਚਾਂ ਨੀਚਾਂ ਰਾਓ ਰੰਕਾਂ, ਗੋਬਿੰਦ ਗੁਰ ਮਿਹਰ ਨਜ਼ਰ ਉਠਾਈਆ । ਸਿੰਘ ਰੂਪ ਕੱਢੇ ਸਭ ਦਾ ਸ਼ੰਕਾ, ਸੰਸਾ ਰਹਿਣ ਕੋਇ ਨਾ ਪਾਈਆ । ਸਤਿ ਧਰਮ ਬਣਾ ਕੇ ਬਣਤਾ, ਚਾਰ ਵਰਨਾਂ ਨੀਂਹ ਇਕ ਰਖਾਈਆ । ਦੇਵੇ ਵਡਿਆਈ ਧੁਰ ਦੇ ਸੰਤਾ, ਗੁਰਮੁਖਾਂ ਗੋਦ ਬਹਾਈਆ । ਧਾਮ ਸੁਹੰਜਣਾ ਸੁਹੰਜਣੀ ਬਣਤਾ,

ਮਾਟੀ ਪਾਥਰ ਕੰਚਨ ਨਜ਼ਰੀ ਆਈਆ । ਪ੍ਰੇਮ ਪਿਆਰ ਦੀ ਧਰਮ ਉਧਾਰ ਦੀ ਸਾਚੀ ਸੰਗਤਾ, ਸੋਹਣਾ ਰੂਪ ਪਰਗਟਾਈਆ । ਬੀਸ ਇਕੀਸਾ ਹਰਿ ਜਗਦੀਸਾ ਵੇਖੇ ਆਣ ਆਪਣੀ ਅੰਸਾ, ਸਰਬੰਸ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਜਿਸ ਗ੍ਰਿਹ ਮੰਦਰ ਅੰਦਰ ਗੋਬਿੰਦ ਪੂਤ ਮਿਲ ਕੇ ਸਚ ਸਰੂਪ ਸਚ ਦਵਾਰੇ ਸਚਖੰਡ ਸਾਚੇ ਸੋਭਾ ਪਾਈਆ ।

### ❊ ੧੪ ਫੱਗਣ ੨੦੨੧ ਬਿਕ੍ਰਮੀ ਰਾਮ ਲੀਲ੍ਹਾ ਗਰਾਉਂਡ ਤੀਜਾ ਵਿਸ਼ਵ ਧਰਮ ਸਮੇਲਨ ਦਿੱਲੀ ❊



੪੦੮

... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ... ...

### ❊ ੧੮ ਫੱਗਣ ੨੦੨੧ ਬਿਕ੍ਰਮੀ ਨਹਿਰੂ ਯੂਨੀਵਰਸਟੀ ਦਿੱਲੀ ❊

ਸਾਚੀ ਵਿਦਿਆ ਦਾ ਸਚ ਭੰਡਾਰਾ, ਕਾਇਆ ਅੰਦਰ ਬੰਦ ਕਰਾਈਆ । ਜਿਨ੍ਹਾਂ ਨੂੰ ਟੀਚਰ ਉਸਤਾਦ ਗੁਰੂ ਮਿਲ ਜਾਏ ਸਭ ਤੋਂ ਚੰਗਾ ਵਿਚ ਸੰਸਾਰਾ, ਸਾਚੀ ਵਿਦਿਆ ਦਏ ਸਮਝਾਈਆ । ਕੂੜੀ ਕਿਰਿਆ ਦੂਰ ਕਰੇ ਅੰਧ ਅੰਧਿਆਰਾ, ਮਾਇਆ ਮਮਤਾ ਮੋਹ ਮਿਟਾਈਆ । ਸਚ ਵਸਤੂ ਸਮਝਾ ਕੇ ਇਕ ਥਾਰਾ, ਭੇਵ ਅਭੇਦ ਦਏ ਖੁਲ੍ਹਾਈਆ । ਜਿਸ ਦਾ ਵਿਦਿਆ ਤੋਂ ਬਾਹਰ ਅੱਖਰਾਂ ਵਿਚ ਤੱਕੋ ਨਜ਼ਾਰਾ, ਹਿੰਦਸਿਆਂ ਵਿਚ ਵੰਡ ਵੰਡਾਈਆ । ਉਹ ਨਿਰਅੱਖਰ ਰੂਪ ਰਖਿਆ ਆਪਣੇ ਹੱਥ ਨਿਰੰਕਾਰਾ, ਨਿਰਗੁਣ ਖੇਲੇ ਖੇਲ ਬੇਪਰਵਾਹੀਆ । ਜੇ ਗੁਰੂਦੇਵ ਅੰਦਰੋਂ ਖੋਲ੍ਹ ਦੇਵੇ ਤਾਲਾ, ਬਜਰ ਕਪਾਟੀ

ਪਰਦਾ ਦਏ ਤੁੜਾਈਆ । ਫਿਰ ਤੁਹਾਨੂੰ ਵਿਦਿਆਰਥੀਓ ਮਿਲ ਜਾਏ ਅਹਿਵਾਲਾ, ਆਤਮ ਬੋਧ ਦਏ ਕਰਾਈਆ । ਨੂਰ ਨੂਰ ਸਾਚਾ ਹੋਏ ਉਜਾਲਾ, ਅੰਧੇਰਾ ਰਹਿਣ ਕੋਇ ਨਾ ਪਾਈਆ । ਸਾਚੀ ਸਮਝ ਆ ਜਾਏ ਇਹੋ ਮਕਤਬ ਮਦੱਰਸਾ ਇਹੋ ਸਕੂਲ ਇਹੋ ਪਾਠਸ਼ਾਲਾ, ਵਿਦਿਆਲਾ ਸੋਹਣਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਿਦਿਆ ਕਾਇਆ ਮੰਦਰ ਅੰਦਰ ਸਭ ਦੇ ਦਿਤੀ ਟਿਕਾਈਆ । ਬਿਨ ਸਚੇ ਉਸਤਾਦ ਗੁਰੂ ਨਾ ਹੋਵੇ ਬੋਧ, ਸਿਖਿਆ ਸਚ ਨਾ ਕੋਇ ਵਡਿਆਈਆ । ਜਿਨ੍ਹਾਂ ਨੇ ਆਪਣਾ ਆਪ ਲਿਆ ਸੋਧ, ਸੋ ਸਿੱਧਾ ਰਾਹ ਤਕਾਈਆ । ਦੀਨ ਦਿਆਲ ਸਾਚੀ ਦੱਸੇ ਮੌਜ, ਹਉਮੇ ਹੰਗਤਾ ਰਹੇ ਨਾ ਕੋਈ ਰੋਗ, ਮਨ ਮਨਸਾ ਪਰੇ ਦੇਵੇ ਕਰਾਈਆ । ਚਿੰਤਾ ਗ਼ਮੀ ਨਾ ਰਹੇ ਸੋਗ, ਸਾਚੀ ਖ਼ੁਸ਼ੀ ਇਕ ਰਖਾਈਆ । ਓਹਨਾਂ ਮਨੁਸ਼ਾਂ ਆਤਮਕ ਬਲ ਮੁਕਿਆ ਨਾ ਕਿਸੇ ਦਾ ਜੋਗ, ਜੁਗੀਸ਼ਰਾਂ ਕਰੀ ਪੜ੍ਹਾਈਆ । ਕਰ ਪਰਕਾਸ਼ ਜੋਤ, ਅੰਧ ਅਗਿਆਨ ਦਿਤਾ ਗਵਾਈਆ । ਜਿਸ ਵਿਦਿਆ ਨਾਲ ਨਜ਼ਰ ਆਵਣ ਲੋਕ ਪਰਲੋਕ, ਬ੍ਰਹਿਮੰਡ ਖੰਡ ਪਰਦਾ ਰਹੇ ਨਾ ਰਾਈਆ । ਓਹ ਸਚਾ ਇਕ ਸਲੋਕ, ਭਗਵਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਵਿਦਿਆ ਪਾਰਬ੍ਰਹਮ ਬ੍ਰਹਮ ਇਕ ਸਮਝਾਈਆ । ਸਾਚੀ ਵਿਦਿਆ ਦਾ ਇਹ ਸਚ ਗਿਆਨ, ਜੀਵਾਂ ਜੰਤਾਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਦਾ ਸਦਾ ਸਮਝਾਈਆ । ਜਿਸ ਦਾ ਲੇਖਾ ਬਾਹਰ ਲਿਖਿਆ ਕ਼ਲਮ ਸ਼ਾਹੀ ਨਾਲ ਕਰ ਬਿਆਨ, ਅੱਖਰਾਂ ਵਿਚ ਵੰਡ ਵੰਡਾਈਆ । ਓਸ ਦਾ ਸਚਾ ਜਾਪ ਪਹਿਲੋਂ ਲੱਭੇ ਉਹ ਨਿਸ਼ਾਨ, ਜਿਥੇ ਓਸ ਦੀ ਵੰਡ ਵੰਡਾਈਆ । ਪਰਦਾ ਲੱਥੇ ਨਜ਼ਰੀ ਆਏ ਓਹ ਭਗਵਾਨ, ਜਿਸ ਨੂੰ ਰਾਮ

 ੪੦੯

ਕਹਿ ਕੇ ਸਾਰੇ ਰਹੇ ਗਾਈਆ । ਜਿਸ ਦੀ ਵਿਦਿਆ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ, ਬਲ ਆਪਣਾ ਰਹੇ ਵਖਾਈਆ । ਜਿਸ ਦੇ ਨਾਲ ਸਤਿ ਧਰਮ ਦਾ ਰਹੇ ਧਿਆਨ, ਸਾਚੀ ਯੋਜਨਾ ਦਏ ਸਮਝਾਈਆ । ਇਹੋ ਜਿਹੀ ਸਿਖਿਆ ਸਾਰੇ ਸਿਖੋ ਸਚੀ ਪਾਠਸ਼ਾਲਾ ਵਿਚ ਆਣ, ਜਿਹੜੀ ਅੰਦਰ ਬਾਹਰ ਦੀ ਸਾਚੀ ਸਾਂਝੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਿਦਿਆ ਵਿਦਤ ਵਿਦਿਆਰਥੀ ਦਏ ਬਣਾਈਆ ।

### ☀ ੧੮ ਫੱਗਣ ੨੦੨੧ ਬਿਕ੍ਰਮੀ ਸੇਵਾ ਸਿੰਘ ਦੇ ਘਰ ਗੁੜਗਾਉਂ ☀

ਪਵਣ ਕਹੇ ਮੇਰੀ ਬਦਲੀ ਹਵਾ, ਆਪਣੀ ਸੇਵ ਕਮਾਈਆ । ਸਚ ਸਿਫ਼ਤ ਮੈਂ ਕਿਹੜੀ ਕਹਵਾਂ, ਕਹਿ ਕਹਿ ਸ਼ੁਕਰ ਮਨਾਈਆ । ਸਚ ਦਵਾਰ ਕਵਣ ਧਾਮ ਬਹਵਾਂ, ਮਿਲੇ ਮਾਣ ਵਡਿਆਈਆ । ਕਿਸ ਸਾਹਿਬ ਦੇ ਚਰਨੀ ਢਹਵਾਂ, ਨਿਉਂ ਨਿਉਂ ਲਾਗਾਂ ਪਾਈਆ । ਕਿਸ ਦੇ ਪ੍ਰੇਮ ਪਿਆਰ ਅੰਦਰ ਮਰਾਂ, ਮਰ ਜੀਵਤ ਰੂਪ ਵਟਾਈਆ । ਕਿਸ ਦਵਾਰੇ ਸੇਵ ਕਰਾਂ, ਚਾਕਰ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਹੁਣ ਵੇਖੋ ਖੇਲ ਨਵਾਂ, ਨਰ ਨਿਰੰਕਾਰਾ ਰਿਹਾ ਜਣਾਈਆ । ਜਿਸ ਦਾ ਸਤਿ ਸਤਿਵਾਦੀ ਸੰਮਤ ਹੋਣਾ ਰਵਾਂ, ਰਹਿਮਾਨ ਇਕੋ ਇਕ ਅਖਵਾਈਆ । ਸਚ ਸੰਦੇਸ਼ਾ ਤੈਨੂੰ ਦਵਾਂ, ਦੋ ਜਹਾਨਾਂ ਦੇ ਸੁਣਾਈਆ । ਸਚ ਸਿੰਘਾਸਣ ਸਤਿ ਪੁਰਖ ਹੋ ਕੇ ਬਹਵਾਂ, ਬਹਾਦਰ ਸੂਰਬੀਰ ਵਡਿਆਈਆ । ਪਿਛਲਾ ਲੇਖ ਸਭ

ਤੋਂ ਲਵਾਂ, ਬਚਿਆ ਕੋਇ ਰਹਿਣ ਨਾ ਪਾਈਆ । ਚਰਨੀ ਝੁਕ ਕੇ ਕਿਹਾ ਤੂੰ ਆਦਮ ਪਰਮਾਤਮ ਮੈਂ ਤੇਰੀ ਹਵਾ, ਵਬਾ ਜਗ ਵੇਖ ਵਖਾਈਆ । ਤੇਰਾ ਮਾਲਕ ਵੇਖਿਆ ਕਵਾ, ਕਊਆ ਰੂਪ ਵਟਾਈਆ । ਪ੍ਰਭ ਅੰਤ ਅਖ਼ੀਰੀ ਤੇਰੇ ਦਰ ਤੇ ਰੋਵਾਂ, ਪੱਲੂ ਇਕੋ ਪਾਈਆ । ਦੁਰਮਤ ਮੈਲ ਕਿਵੇਂ ਧੋਵਾਂ, ਮੈਨੂੰ ਦੇ ਸਮਝਾਈਆ । ਸਾਚੀ ਨੀਂਦ ਕਿਸ ਬਿਧ ਸੋਵਾਂ, ਸੁਖ ਆਸਣ ਸੋਭਾ ਪਾਈਆ । ਤੇਰੇ ਬਾਦ ਜਾਣੇ ਨਾ ਕੋਆ, ਪੜਦਾ ਸਕੇ ਨਾ ਕੋਇ ਉਠਾਈਆ । ਮੈਂ ਵੇਖਿਆ ਫਿਰ ਕੇ ਪੁਰੀਆਂ ਲੋਆਂ, ਬ੍ਰਹਿਮੰਡਾਂ ਖੰਡਾਂ ਫੇਰਾ ਪਾਈਆ । ਸਾਚੇ ਭਗਤਾਂ ਅੰਮ੍ਰਿਤ ਰਸ ਕਿਸੇ ਨਾ ਚੋਆ, ਪ੍ਰੇਮ ਪ੍ਰੀਤੀ ਨਾ ਕੋਇ ਰਖਾਈਆ । ਭਾਉ ਦੁਤੀਆ ਵੇਖਿਆ ਦੋਆ, ਮਨ ਮਤਿ ਕੁਤੀਆ ਹੋਈ ਹਲਕਾਈਆ । ਬਿਨ ਤੇਰੇ ਮਿਲੇ ਨਾ ਕਿਸੇ ਸਾਚਾ ਢੋਆ, ਸਿਰ ਹੱਥ ਨਾ ਕੋਇ ਟਿਕਾਈਆ । ਕੂੜੀ ਕਿਰਿਆ ਸਭ ਦੇ ਨਾਲ ਕਰਦੀ ਧਰੋਆ, ਧਰੂ ਪ੍ਰਹਿਲਾਦ ਵੇਖ ਕੇ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਪ੍ਰਭੂ ਤੇਰੇ ਸੰਮਤ ਦਾ ਸੁਹੰਜਣਾ ਹੋਵੇ ਸਮਾਂ, ਸਾਹਿਬ ਮੈਂ ਵੇਖਾਂ ਚਾਈਂ ਚਾਈਂਆ । ਮੈਂ ਕੁਲ ਆਦਮ ਦੀ ਬਣੀ ਰਹੀ ਅੰਮਾ, ਅੰਮੜੀ ਬਣ ਕੇ ਖ਼ੁਸ਼ੀ ਮਨਾਈਆ । ਸਦੀ ਚੌਧਵੀਂ ਮੈਨੂੰ ਹੋਇਆ ਗ਼ਮਾ, ਚਿੰਤਾ ਰਹੀ ਸਤਾਈਆ । ਤੇਰੀ ਮਖ਼ਲੂਕ ਨੂੰ ਕੂੜਾ ਹੋਇਆ ਤਮਅ, ਤੇਰੀ ਤਾਬੇਦਾਰੀ ਨਾ ਕੋਇ ਕਮਾਈਆ । ਮੈਂ ਵੇਖਾਂ ਬਿਨ ਤੇਰੇ ਭਗਤਾਂ ਜਗਤ ਮੋਇਆ, ਮੁਸ਼ਕਲ ਹਲ ਨਾ ਕੋਇ ਕਰਾਈਆ । ਕੂੜੀ ਨੀਂਦ ਨਾ ਉਠਿਆ ਸੋਇਆ, ਅੱਖ ਬੇਦਾਰ ਨਾ ਕੋਇ ਕਰਾਈਆ । ਆਪਣਾ ਆਪ ਮਾਨਸ ਖੋਹਿਆ, ਮਨਮੁਖਤਾ ਭੱਜੀ ਵਾਹੋ ਦਾਹੀਆ । ਕਿਉਂ ਆਪਣਾ ਆਪ ਲਕੋਇਆ, ਪੜਦਾ ਓਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਹਵਾ ਕਹੇ ਮੈਨੂੰ ਤੇਰੀ ਕ਼ਸਮ, ਕ਼ਿਸਮਤ ਸਭ ਦੀ ਦੇ ਬਦਲਾਈਆ । ਜਿਸ ਕੂੜੇ ਭਾਂਡੇ ਵੇਖੇ ਜਿਸਮ, ਸਾਚੀ ਵਸਤੂ ਦੇ ਟਿਕਾਈਆ । ਸ੍ਰਿਸ਼ਟ ਸਬਾਈ ਤੇਰਾ ਇਕੋ ਇਸਮ, ਆਅਲਾ ਆਜ਼ਮ ਤੂੰ ਹੀ ਨਜ਼ਰੀ ਆਈਆ । ਦੂਜੀ ਰਹੇ ਨਾ ਕੋਈ ਕ਼ਿਸਮ, ਆਤਮ ਪਰਮਾਤਮ ਜੋੜ ਜੁੜਾਈਆ । ਤੇਰੇ ਬਰਦੇ ਬ੍ਰਹਮਾ ਸ਼ਿਵ ਵਿਸ਼ਨ, ਸੋਹਣੀ ਸਾਚੀ ਸੇਵ ਕਮਾਈਆ । ਮੈਂ ਮਿੰਨਤਾ ਕਢਦੇ ਵੇਖੇ ਰਾਮ ਕ੍ਰਿਸ਼ਨ, ਨਿਉਂ ਨਿਉਂ ਸੀਸ ਨਿਵਾਈਆ । ਈਸਾ ਮੂਸਾ ਮੁਹੰਮਦ ਸਜਦੇ ਵਿਚ ਝੁਕਦੇ ਮੈਨੂੰ ਦਿਸਣ, ਧੂੜੀ ਖ਼ਾਕ ਰਮਾਈਆ । ਗੁਰ ਅਵਤਾਰ ਤੇਰੇ ਹੱਟ ਤੇ ਵਿਕਣ, ਕੀਮਤ ਮੁਲ ਨਾ ਕੋਇ ਚੁਕਾਈਆ । ਪ੍ਰਭੂ ਮੈਂ ਇਸ ਦਰ ਤੇ ਆਈ ਪੁੱਛਣ, ਸਚ ਮੈਨੂੰ ਦੇ ਸਮਝਾਈਆ । ਕਿਸ ਬਿਧ ਸ਼ੇਰ ਹੋ ਕੇ ਆਇਉਂ ਬੁੱਕਣ, ਆਪਣੀ ਭਬਕ ਲਗਾਈਆ । ਤੇਰਾ ਤਨ ਵਜੂਦ ਨਾ ਕੋਈ ਜਿਸਮ, ਜਲਵਾ ਨੂਰ ਇਕ ਰੁਸ਼ਨਾਈਆ । ਮੈਂ ਇਹੋ ਆਖਾਂ ਤੂੰ ਮਾਲਕ ਖ਼ਾਲਕ ਬਣ ਜਾ ਸਾਰਿਆਂ ਦਾ ਇਕੋ ਖ਼ਸਮ, ਵਸਲ ਸਾਚਾ ਦੇ ਕਰਾਈਆ । ਮੈਨੂੰ ਤੇਰੀ ਸੁਗੰਦ ਤੇ ਤੇਰੀ ਕ਼ਸਮ, ਹੁਣ ਕਿਸੇ ਕ਼ਾਸਿਦ ਦੇ ਹੱਥ ਫਰਿਸ਼ਤਿਆਂ ਵਾਲੀ ਕਾਰ ਸ਼ਬਦਾਂ ਵਾਲੀ ਧਾਰ ਦੂਸਰ ਹੱਥ ਨਾ ਕਿਸੇ ਫੜਾਈਆ । ਹਵਾ ਕਹੇ ਐ ਮੇਰੇ ਅੱਬਾ, ਅਵਲ ਤੂੰ ਹੀ ਨਜ਼ਰੀ ਆਈਆ । ਆਦਮ ਕਹੇ ਐ ਮੇਰੇ ਬੱਬਾ, ਬੇਪਰਵਾਹ ਤੇਰੀ ਸਰਨਾਈਆ । ਪਤਾ ਨਹੀਂ ਤੂੰ ਸਾਨੂੰ ਕਿਥੋਂ ਲੱਭਾ, ਕਿਸ ਬਿਧ ਲਿਆ ਪਰਗਟਾਈਆ । ਪੁਰਖ ਅਕਾਲ ਕਿਹਾ ਮੇਰਾ ਚਰਨ ਵੇਖੋ ਖੱਬਾ, ਜਿਸ ਦੀ ਧੂੜੀ ਥੱਲੇ ਤੁਹਾਨੂੰ ਰਖਿਆ ਦਬਾਈਆ । ਸੱਜੇ ਚਰਨ ਹੇਠਾਂ ਸੋਹਣਾ ਜਿਹਾ ਡੱਬਾ, ਜਿਸ ਵਿਚ ਗੁਰ ਅਵਤਾਰ ਪੀਰ ਪੈਗ਼ੰਬਰ ਲੱਖ ਚੁਰਾਸੀ ਜੀਵ ਜੰਤ ਜੁਗ ਚੌਕੜੀ ਸਾਂਭ ਕੇ ਲਈ ਟਿਕਾਈਆ । ਜਿਹੜਾ ਇਹਨਾਂ ਵਿਚੋਂ ਮੈਨੂੰ ਲਗੇ ਅੱਛਾ,


੪੧੦

ਵਾਰੋ ਵਾਰੀ ਲੋਕਮਾਤ ਘਲਾਈਆ । ਹਵਾ ਕਿਹਾ ਕੀ ਇਹ ਬਚਨ ਸਚਾ, ਮੈਨੂੰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਜੇ ਸਚ ਪੁੱਛੇ ਤੇ ਮੇਰਾ ਗੋਬਿੰਦ ਸ਼ਬਦੀ ਬੱਚਾ, ਜਿਸ ਦਾ ਬਚਪਨ ਆਪਣੇ ਨਾਲ ਮਿਲਾਈਆ । ਜਿਸ ਦੀ ਮੈਂ ਆਪੇ ਮਾਤ ਨਾਰ ਜੱਚਾ, ਗੋਦੀ ਸਦਾ ਉਠਾਈਆ । ਜਿਹੜੀ ਮੇਰੀ ਧਾਰ ਵਿਚੋਂ ਪਰਗਟੀ ਉਹ ਪੁਤ ਨਾ ਹੋਵੇ ਕੱਚਾ, ਕਾਚੀ ਗਗਰੀਆ ਭੰਨ ਨਾ ਕੋਇ ਵਖਾਈਆ । ਜਿਸ ਦਾ ਕਿਸੇ ਨੂੰ ਲੱਗਾ ਨਹੀਂ ਪਤਾ, ਬੇਅੰਤ ਬੇਅੰਤ ਕਹਿ ਕੇ ਸਾਰੇ ਗਏ ਗਾਈਆ । ਉਹ ਖੇਲ ਕਰੇ ਸਮਰਥਾ, ਸ਼ਹਿਨਸ਼ਾਹ ਪਾਤਸ਼ਾਹ ਵਡੀ ਵਡਿਆਈਆ । ਇਹ ਖੇਲ ਵਖਾਵਾਂ ਤੈਨੂੰ ਆਪਣੀਆਂ ਅੱਖਾਂ, ਨੇਤਰ ਆਪਣਾ ਨਾਲ ਮਿਲਾਈਆ । ਕੂੜੀ ਕਿਰਿਆ ਸ਼ਬਦ ਡੰਡੇ ਨਾਲ ਹੱਕਾਂ, ਭਜਾਵਾਂ ਵਾਹੋ ਦਾਹੀਆ । ਜੂਠਿਆਂ ਝੂਠਿਆਂ ਮੂੰਹ ਦੇ ਭਾਰ ਸੁੱਟਾਂ, ਸਟ ਸ਼ਬਦੀ ਇਕ ਟਿਕਾਈਆ । ਅਗੇ ਲੋੜ ਰਹਿਣ ਨਹੀਂ ਦੇਣੀ ਮੰਦਰ ਮਸਜਿਦ ਸ਼ਿਵਦਵਾਲੇ ਮਠ ਜਿਨ੍ਹਾਂ ਨੂੰ ਲੱਗੀਆਂ ਇੱਟਾਂ, ਕਾਇਆ ਬੰਕ ਭਗਤਾਂ ਦੇਣਾ ਸਮਝਾਈਆ । ਤੈਨੂੰ ਨਹੀਂ ਪਤਾ ਕਿਸ ਬਿਧ ਸੰਮਤ ਵੀਹ ਸੌ ਇੱਕੀ ਅਖ਼ੀਰੀ ਗੁਰਮੁਖਾਂ ਹੱਥ ਫੜਾਈਆਂ ਜਟਾਂ, ਸਚਖੰਡ ਦਵਾਰ ਦਿਤੀ ਵਡਿਆਈਆ । ਹਵਾ ਕਹੇ ਠੀਕ ਓਸ ਦਿਨ ਮੈਨੂੰ ਤਿੰਨ ਆਈਆ ਸੀ ਛਿੱਕਾਂ, ਇਕ ਤੇਰੀ ਇਕ ਮੇਰੀ ਇਕ ਜਿਸ ਸ੍ਰਿਸ਼ਟੀ ਕਰਨੀ ਢੇਰੀ, ਖ਼ਾਕੀ ਖ਼ਾਕ ਸਭ ਦੀ ਨਜ਼ਰੀ ਆਈਆ । ਮੈਨੂੰ ਅੰਦਰੋਂ ਆਵਾਜ਼ ਆਈ ਮੈਂ ਦੁਹੱਥੜਾ ਲਾ ਕੇ ਪਿੱਟਾਂ, ਹਾਏ ਹਾਏ ਕਰ ਸੁਣਾਈਆ । ਜਾਂ ਵੇਖਿਆ ਕੂੜ ਕੁੜਿਆਰ ਹੱਡੀਆਂ ਬਾਲਣ ਪਿੰਜਰ ਵੱਡਾ ਨਿੱਕਾ, ਨੇਤਰ ਨੈਣਾਂ ਨਜ਼ਰੀ ਆਈਆ । ਓਸਦਾ ਲੇਖਾ ਮੈਂ ਕੀ ਲਿਖਾਂ, ਦੱਸਣ ਵਾਲੀ ਸਿਫ਼ਤ ਸਕਿਆ ਨਾ ਕੋਇ ਸਮਝਾਈਆ । ਪ੍ਰਭੂ ਤੇਰੀ ਆਵਾਜ਼ ਆਈ ਉਠ ਕਮਲੀਏ ਵੇਖ ਮੇਰਿਆਂ ਸਿੱਖਾਂ, ਜਿਨ੍ਹਾਂ ਭਗਤਾਂ ਦਿਤੀ ਮਾਣ ਵਡਿਆਈਆ । ਜਿਹੜਾ ਮੁਨਾਰਾ ਲੋਕਮਾਤ ਵਿਚ ਰਹਿੰਦਿਆਂ ਕਿਸੇ ਨਹੀਂ ਡਿੱਠਾ, ਸੋ ਉਨ੍ਹਾਂ ਦਿਆਂ ਵਖਾਈਆ । ਹਵਾ ਕਿਹਾ ਕੀ ਸਾਡਾ ਵੀ ਕੋਈ ਹਿੱਸਾ, ਪ੍ਰਭੂ ਲੇਖਾ ਦੇ ਜਣਾਈਆ । ਸ੍ਰੀ ਭਗਵਾਨ ਕਿਹਾ ਛਡ ਪਿਛਲਾ ਕਿੱਸਾ, ਮੈਂ ਅਗਲੀ ਕਹਾਣੀ ਦਿਤੀ ਬਦਲਾਈਆ । ਪੁਰਖ ਅਕਾਲ ਹੋ ਕੇ ਪਿਤਾ, ਬੱਚਿਆਂ ਆਪਣੀ ਗੋਦ ਉਠਾਈਆ । ਇਹੋ ਜਿਹਾ ਉਹ ਖੇਲ ਜੋ ਤੂੰ ਡਿੱਠਾ, ਅਨਡਿਠ ਆਪਣਾ ਪੜਦਾ ਦਿਤਾ ਖੁਲ੍ਹਾਈਆ । ਜੋ ਜਲ ਸਚ ਦਵਾਰੇ ਆ ਕੇ ਟਿਕਾ, ਭਗਤਾਂ ਚਰਨਾਂ ਦੀ ਧੂੜ ਨੂੰ ਚੁੰਮ ਕੇ ਪਿਛੇ ਭੱਜਾ ਵਾਹੋ ਦਾਹੀਆ । ਇਹ ਸੋਹਣਾ ਨਿਕਲਣ ਵਾਲਾ ਸਿੱਟਾ, ਸਿਖ਼ਰ ਚੋਟੀ ਚੜ੍ਹ ਕੇ ਦਏ ਵਖਾਈਆ । ਮਾਣ ਦਵਾ ਕੇ ਵੱਡਾ ਨਿੱਕਾ, ਵਡਿਉਂ ਨਿੱਕੇ ਨਿਕਿਉਂ ਵੱਡੇ ਆਪਣੇ ਘਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਹਵਾ ਕਹੇ ਮੇਰਾ ਉਡ ਗਿਆ ਹਵਾਸ, ਧੀਰਜ ਰਹੀ ਨਾ ਰਾਈਆ । ਮੈਂ ਕਹਿੰਦੀ ਰਹੀ ਸਭ ਕੁਛ ਮੇਰੇ ਪਾਸ, ਮੇਰੇ ਹੱਥ ਵਡਿਆਈਆ । ਲੱਖ ਚੁਰਾਸੀ ਮੇਰੀ ਦਾਸ, ਸੇਵਕ ਰੂਪ ਵਟਾਈਆ । ਇਹ ਵੇਖੋ ਅਚਾਨਕ ਕੀ ਖੇਲ ਰਚ ਦਿਤਾ ਪੁਰਖ ਅਬਿਨਾਸ਼, ਆਪਣਾ ਹੁਕਮ ਵਰਤਾਈਆ । ਜੋਤੀ ਦਾ ਜਲਵਾ ਜੋਤ ਕਰੇ ਪਰਕਾਸ਼, ਭਗਤਨ ਮੀਤਾ ਭਗਤਾਂ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਮੁਕਾਈਆ । ਹਵਾ ਕਹੇ ਐ ਮੇਰੇ ਬਾਪ, ਬਾਬਲ ਦੇ ਜਣਾਈਆ । ਕੀ ਸਚ ਤੂੰ ਪੈਗ਼ੰਬਰਾਂ ਗੁਰੂਆਂ ਦਾ ਪੂਰਾ ਕਰਨ ਆਇਆ ਭਵਿਖਤ ਵਾਕ, ਸਭ ਦਾ ਵਾਕਫ਼ ਹੋ ਕੇ ਫੇਰਾ ਪਾਈਆ । ਮੈਂ ਤੇ ਤਿੰਨ ਸੌ ਸੱਤਰ ਦਿਨ ਪਹਿਲੋਂ ਕਹਿੰਦੀ ਸੀ ਅੱਲਾ ਰਾਣੀ ਨੂੰ ਤੂੰ ਦੇ ਦੇ ਤਲਾਕ, ਆਪਣਾ ਪੱਲੂ ਲੈ ਛੁਡਾਈਆ । ਓਸ ਕਿਹਾ ਉਹ ਵੇਲਾ ਜੁੜਨਾ

ਨਾਲ ਇਤਫ਼ਾਕ, ਪਰਵਰਦਿਗਾਰ ਇਤਫ਼ਾਕੀਆ ਖੇਲ ਖਿਲਾਈਆ । ਚੌਦਾਂ ਸਦੀਆਂ ਹੋ ਗਈਆਂ ਮੈਂ ਹੱਥ ਵਿਚ ਫੜ ਕੇ ਬੈਠੀ ਇਕ ਗਲਾਸ, ਤੀਹ ਤੋਲੇ ਵਜ਼ਨ ਜਿਸ ਵਿਚ ਟਿਕਾਈਆ । ਜਿਸ ਵੇਲੇ ਸਾਂਝੇ ਯਾਰ ਆਪਣੇ ਚਰਨਾਂ ਦਾ ਦਿਤਾ ਆਬੇਹਯਾਤ, ਨਾ ਮੇਰੀ ਜ਼ਿੰਦਗੀ ਰਹੇ ਨਾ ਵਫ਼ਾਤ, ਨਾ ਫ਼ਾਤਿਆ ਕੋਇ ਪੜ੍ਹਾਈਆ । ਓਸ ਦੀ ਰਮਜ਼ ਨਾਲ ਰਮਜ਼ਾਨ ਮਹੀਨੇ ਮੇਰੀ ਪੂਰੀ ਹੋ ਜਾਏ ਖ਼ਾਹਿਸ਼, ਆਸਾ ਆਪਣੇ ਵਿਚ ਸਮਾਈਆ । ਜ਼ਿਮੀਂ ਅਸਮਾਨਾਂ ਚੌਦਾਂ ਤਬਕਾਂ ਅੰਦਰ ਮੈਂ ਕਰਦੀ ਰਹੀ ਤਲਾਸ਼, ਫਿਰਦੀ ਰਹੀ ਵਾਹੋ ਦਾਹੀਆ । ਬ੍ਰਹਿਮੰਡਾਂ ਖੰਡਾਂ ਅੰਦਰ ਕਰਦੀ ਆਈ ਨਾਚ, ਘੁੰਗਟ ਆਪਣੇ ਮੁਖ ਤੇ ਪਾਈਆ । ਸ੍ਰਿਸ਼ਟ ਸਬਾਈ ਦੇ ਵੇਖ ਕੇ ਆਈ ਸਮਾਜ, ਮੰਦਰ ਮਸਜਿਦ ਸ਼ਿਵਦਵਾਲੇ ਮਠ ਖੋਜ ਖੁਜਾਈਆ । ਮੇਰੀ ਕਿਤੋਂ ਨਾ ਪੂਰੀ ਹੋਈ ਆਸ, ਨਿਰਾਸੀ ਹੋ ਕੇ ਬੈਠੀ ਰਾਹ ਤਕਾਈਆ । ਇਕ ਅਗੰਮੀ ਆਵੇ ਆਵਾਜ਼, ਜੋ ਧੁਰ ਦਾ ਹਾਲ ਸੁਣਾਈਆ । ਉਠ ਵੇਖ ਪੁਰਖ ਅਬਿਨਾਸ਼, ਸ੍ਰੀ ਭਗਵਾਨ ਦਿਆਂ ਜਣਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਖ਼ਤਮ ਕਰਨੀ ਬਦਮਾਸ਼, ਸਤਿ ਸਚ ਦਏ ਸਮਝਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਆਖ, ਆਖ਼ਰ ਫ਼ੈਸਲਾ ਹਕ ਸੁਣਾਈਆ । ਉਹ ਨੂਰ ਨੁਰਾਨਾ ਪਰਵਰਦਿਗਾਰ ਪਾਕ, ਮਿਹਰਵਾਨ ਬੇਪਰਵਾਹੀਆ । ਕਰੇ ਖੇਲ ਖੇਲ ਤਮਾਸ਼, ਅਚਰਜ ਰੂਪ ਰਿਹਾ ਵਟਾਈਆ । ਤੂੰ ਕਿਉਂ ਹੋਈ ਨਿਰਾਸ਼, ਤੈਨੂੰ ਦਿਆਂ ਸਮਝਾਈਆ । ਕਿਹੜਿਆਂ ਕਾਅਬਿਆਂ ਦੀ ਤੂੰ ਕਰਦੀ ਫਿਰੇਂ ਤਲਾਸ਼, ਇੱਟਾਂ ਪੱਥਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਓਸ ਕਿਹਾ ਕੀ ਓਸ ਦੀ ਪਹਿਚਾਨ, ਮੈਨੂੰ ਦੇ ਜਣਾਈਆ । ਬੁਢਾ ਬਾਲ ਕਿ ਨੌਜਵਾਨ, ਕਵਣ ਰੂਪ ਰਿਹਾ ਸਮਾਈਆ । ਓਸ ਕਿਹਾ ਨਹੀਂ ਉਹ ਭਗਤਾਂ ਦਾ ਭਗਵਾਨ, ਜਿਸ ਦਾ ਜਲਵਾ ਨੂਰ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦੀ ਮਿਹਰਵਾਨ, ਸਦਾ ਸੁਹੇਲਾ ਦਇਆਵਾਨ, ਮਿਹਰ ਨਜ਼ਰ ਇਕ ਉਠਾਈਆ । ਕਿਸੇ ਹੱਥ ਨਾ ਆਵੇ ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਦੋ ਜਹਾਨ ਸੁੰਞ ਮਸਾਣ ਰਿਹਾ ਵਖਾਈਆ । ਉਹ ਵਸਿਆ ਸਾਢੇ ਤਿੰਨ ਹੱਥ ਇਕ ਮਕਾਨ, ਜਿਸ ਨੂੰ ਗੋਬਿੰਦ ਸੰਬਲ ਦੱਸ ਕੇ ਗਿਆ ਸ਼ਬਦੀ ਦੇ ਪਰਮਾਣ, ਦੂਸਰ ਧਿਆਨ ਨਾ ਕੋਇ ਲਗਾਈਆ । ਓਸ ਕਿਹਾ ਨੀ ਮੈਨੂੰ ਐਂ ਜਾਪਦਾ ਉਹ ਤੱਤਾਂ ਵਾਲਾ ਬਾਹਰੋਂ ਕੋਈ ਇਨਸਾਨ, ਖ਼ਾਕੀ ਤਨ ਰੂਪ ਵਟਾਈਆ । ਹਵਾ ਕਿਹਾ ਨਹੀਂ ਉਹ ਮਾਲਕ ਵਾਲੀ ਦੋ ਜਹਾਨ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜਿਸ ਨੇ ਬ੍ਰਹਿਮੰਡਾਂ ਖੰਡਾਂ ਦਾ ਬਦਲ ਦੇਣਾ ਵਿਧਾਨ, ਸਿਧਾਂਤ ਆਪਣਾ ਦਏ ਸਮਝਾਈਆ । ਓਥੇ ਕੀ ਚਤੁਰਾਈ ਕੀ ਵਡਿਆਈ ਤੇ ਕੀ ਗਿਆਨ, ਕੀ ਵਿਦਵਾਨ ਕਰੇ ਪੜ੍ਹਾਈਆ । ਜਿਨ੍ਹਾਂ ਉਤੇ ਆਪ ਹੋ ਜਾਵੇ ਮਿਹਰਵਾਨ, ਉਹ ਮਹਿਬੂਬ ਮੁਹੱਬਤ ਦਾ ਮਾਲਕ ਇਸ਼ਾਰੇ ਨਾਲ ਪਾਰ ਕਰਾਈਆ । ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਗੋਰ ਮੜ੍ਹੀ ਨਾ ਜਾਏ ਸ਼ਮਸ਼ਾਨ, ਭੂਮੀ ਖ਼ਾਕ ਡੇਰਾ ਕੋਇ ਨਾ ਲਾਈਆ । ਜਿਸ ਦਾ ਕਲਮਾ ਇਕ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਜਿਸ ਦਾ ਮਜ਼੍ਹਬ ਇਕ ਇਸਲਾਮ, ਅਜ਼ੀਮੁਲਸ਼ਾਨ ਬੇਪਰਵਾਹੀਆ । ਜਿਸ ਦਾ ਮੰਤਰ ਇਕੋ ਨਾਮ, ਜੁਗ ਚੌਕੜੀ ਰਿਹਾ ਸਮਝਾਈਆ । ਓਸ ਦੇ ਸਾਰੇ ਹੋਣੇ ਗੁਲਾਮ, ਬਰਦੇ ਨਫ਼ਰ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਓਸ ਨੂੰ ਇਕੋ ਕਹਿਣ ਜਜਮਾਨ, ਖ਼ਾਲੀ ਝੋਲੀ ਆਪਣੀ ਅਗੇ ਡਾਹੀਆ । ਓਸ ਇਕੋ ਕਹਿਣਾ ਮੇਰੇ ਚਰਨਾਂ ਰੱਖੇ ਧਿਆਨ, ਬਾਕੀ ਲੋੜ ਰਹੇ ਨਾ ਰਾਈਆ । ਅਗੇ ਮੈਂ ਜਾਣਾਂ ਜਾਂ ਮੇਰਾ ਜਾਣੇ ਜਹਾਨ, ਜਿਸ ਨੇ ਜਹਾਲਤ ਕੱਢ ਕੇ ਸਾਚੀ ਅਬਾਦਤ ਦੇਣੀ ਸਿਖਲਾਈਆ ।

ਹਵਾ ਕਹੇ ਭਗਵਨ ਇਹ ਕੰਮ ਮੁਸ਼ਕਲ ਕਿ ਆਸਾਨ, ਬੜਾ ਵੱਡਾ ਨਜ਼ਰੀ ਆਈਆ । ਸ੍ਰੀ ਭਗਵਾਨ ਕਿਹਾ ਮੈਂ ਆਦਿ ਜੁਗਾਦੀ ਮਿਹਰਵਾਨ, ਦੋ ਜਹਾਨਾਂ ਮੇਰੇ ਹੱਥ ਵਡਿਆਈਆ । ਛੋਟਾ ਜਿਹਾ ਢੋਲਾ ਦੱਸ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡਿਆਂ ਦੇਵਾਂ ਬਣਾਈਆ । ਮਾਲਕ ਬਣ ਕੇ ਧੁਰ ਹੁਕਮਰਾਨ, ਹੁਕਮ ਸੰਦੇਸ਼ੇ ਦਿਆਂ ਸੁਣਾਈਆ । ਤੁਹਾਨੂੰ ਸੁਆ ਕੇ ਨਾਲ ਆਰਾਮ, ਪੈਗ਼ਾਮ ਆਪਣਾ ਘਰ ਘਰ ਦਿਆਂ ਪਹੁੰਚਾਈਆ । ਹਵਾ ਕਹੇ ਪ੍ਰਭੂ ਤੇਰੇ ਕੋਲ ਕਿੰਨੀ ਕੁ ਗੁਰੂਆਂ ਪੀਰਾਂ ਪੈਗ਼ੰਬਰਾਂ ਦੀ ਮੀਜ਼ਾਨ, ਜ਼ਰਾ ਮੈਨੂੰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਇਹ ਵਡੇ ਠਠਿਆਰ ਦੀ ਦੁਕਾਨ, ਕੋਟਨ ਕੋਟ ਬੈਠੇ ਜਿਨ੍ਹਾਂ ਵਿਚੋਂ ਤੇਰੀ ਸਮਝ ਕੁਛ ਨਾ ਆਈਆ । ਉਹ ਹੋ ਗਈ ਹੈਰਾਨ, ਕੀ ਪ੍ਰਭ ਨੇ ਦਿਤਾ ਜਣਾਈਆ । ਅਬਿਨਾਸ਼ੀ ਕਰਤੇ ਓਸੇ ਵੇਲੇ ਕਿਹਾ ਆ ਮਾਰ ਮੇਰੇ ਚਰਨਾਂ ਹੇਠ ਧਿਆਨ, ਆਪਣੀ ਅੱਖ ਖੁਲ੍ਹਾਈਆ । ਜਾਂ ਵੇਖਿਆ ਅਨਗਿਣਤ ਬੈਠੇ ਕ੍ਰਿਸ਼ਨ ਰਾਮ ਈਸਾ ਮੂਸਾ ਮੁਹੰਮਦ ਬਾਲ ਅੰਞਾਣ, ਨਾਨਕ ਗੋਬਿੰਦ ਬਾਲੇ ਭੱਜਣ ਥਾਉਂ ਥਾਈਆ । ਇਕ ਰੂਪ ਦੇ ਅਨੂਪ ਅਨੇਕ ਰੂਪ ਨਜ਼ਰੀ ਆਨ, ਨਜ਼ਰ ਸ਼ੁਮਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਪੁਰਖ ਅਕਾਲ ਕਿਹਾ ਕੀ ਕੁਛ ਪਿਆ ਲਭ, ਸਚ ਦੇ ਸਮਝਾਈਆ । ਓਸ ਕਿਹਾ ਮੈਂ ਡਰ ਗਈ ਪਤਾ ਨਹੀਂ ਤੂੰ ਏਨੇ ਆਪਣੇ ਚਰਨਾਂ ਹੇਠਾਂ ਰੱਖੇ ਦੱਬ, ਬਿਨ ਪੜਦਿਉਂ ਲਏ ਲੁਕਾਈਆ । ਇਸੇ ਕਰਕੇ ਸਾਰੇ ਕਹਿ ਗਏ ਇਹਦੀ ਕੋਈ ਨਹੀਂ ਔਂਦੀ ਹਦ, ਅੰਤ ਕਹਿਣ ਕੋਇ ਨਾ ਪਾਈਆ । ਮੂਸੇ ਕਿਉਂ ਕਿਹਾ ਸੀ ਤੈਨੂੰ ਰੱਬ, ਪਹਿਲੀ ਵੇਰਾਂ ਤੇਰਾ ਨਾਂ ਰਖਾਈਆ । ਜਿਸ ਵੇਲੇ ਤੂੰ ਕਿਰਪਾ ਕੀਤੀ ਸੀ ਝਬ, ਕਿਰਨ ਵਿਚੋਂ ਕਿਰਨ ਕਿਰਨ ਨਾਲ ਟਿਕਾਈਆ । ਉਹਦਾ ਪਿਛਲੇ ਲੇਖੇ ਦਾ ਮੇਟ ਕੇ ਯੱਭ, ਯਾਦ ਅਗਲੀ ਦਿਤੀ ਕਰਾਈਆ । ਜਿਸ ਵੇਲੇ ਤੇਰੇ ਕਰੀਮ ਦਾ ਵੱਜਾ ਨਦ, ਉਹ ਡਰਦਾ ਮੂੰਹ ਦੇ ਭਾਰ ਗਿਆ ਢਠ, ਆਪਣੀ ਸੁਰਤ ਭੁਲਾਈਆ । ਓਧਰੋਂ ਥੋੜ੍ਹਾ ਜਿਹਾ ਪਰਕਾਸ਼ ਦਿਤਾ ਝਟ, ਪ੍ਰੇਮ ਦਾ ਵੱਜਾ ਫਟ, ਮੰਦਰ ਖੁਲ੍ਹ ਗਿਆ ਹੱਟ, ਜੋਤ ਜਗੀ ਲਟ ਲਟ, ਮਤਿ ਪਿਛਲੀ ਦਿਤੀ ਮਿਟਾਈਆ । ਉਹਨੂੰ ਇਕ ਕਲਮਾ ਦੱਸਿਆ ਤੂੰ ਮੇਰਾ ਨਾਮ ਲੈਣਾ ਰਟ, ਓਸ ਵਾਸਤਾ ਲਿਆ ਘਤ, ਨਕ ਖ਼ਾਕ ਉਤੇ ਰਗੜਾਈਆ । ਪੁਰਖ ਅਕਾਲ ਪਿਆ ਹਸ, ਪਰਵਰਦਿਗਾਰ ਬੋਲਿਆ ਝਟ, ਮੇਰੇ ਨਾਲ ਰਲਾ ਆਪਣੀ ਅੱਖ, ਪਰਤਖ ਤੈਨੂੰ ਦਿਆਂ ਜਣਾਈਆ । ਮੂਸੇ ਅੱਖਾਂ ਉਤੇ ਦੋਵੇਂ ਰੱਖ ਹੱਥ, ਕੰਨ ਫੜ ਕੇ ਕਿਹਾ ਤੂੰ ਪੁਰਖ ਸਮਰਥ, ਸੀਸ ਝੁਕਾ ਕੇ ਕਿਹਾ ਮੈਂ ਤੇਰੇ ਵਸ, ਵਾਸਤਾ ਤੇਰੇ ਅਗੇ ਪਾਈਆ । ਪੁਰਖ ਅਕਾਲ ਕਿਹਾ ਇਕ ਵੇਰਾਂ ਕਹੁ ਤੂੰ ਮੇਰਾ ਮੈਂ ਤੇਰਾ ਇਹੋ ਤੇਰਾ ਜਸ, ਜਿਸ ਵਿਚ ਗਿਉਂ ਫਸ, ਫੇਰ ਨਾ ਸਕੇਂ ਨੱਸ, ਡੋਰੀ ਆਪਣੇ ਨਾਲ ਬੰਧਾਈਆ । ਉਹਨੂੰ ਸੋਝੀ ਆਈ ਝਟ, ਓਨ ਆਪਣੀ ਬਾਂਹ ਨਾਲੋਂ ਖੋਲ੍ਹ ਕੇ ਮੌਲੀ ਵਾਲਾ ਗਟ, ਧਰਤੀ ਉਤੇ ਦਿਤਾ ਵਿਛਾਈਆ । ਮੇਰੇ ਮਹਿਬੂਬ ਮੇਰੀ ਲੇਖੇ ਲਾ ਲੈ ਰਤ, ਮੇਰਾ ਰਹੇ ਕੋਈ ਨਾ ਤਤ, ਇਕ ਪੁੱਛਾਂ ਮੈਂ ਤੈਨੂੰ ਕਿਹਾ ਰੱਬ, ਤੂੰ ਫੇਰ ਆਵੇਂਗਾ ਵਤ, ਬੇਵਤਨ ਵਤਨ ਦੇ ਮਾਲਕ ਘਰ ਆਪਣਾ ਸਚ ਜਣਾਈਆ । ਓਸ ਨੂੰ ਦੋ ਉਂਗਲ ਦਾ ਮਾਰ ਕੇ ਲਫੇੜਾ ਕਿਹਾ ਬਸ, ਫੇਰ ਉਹ ਅਗੇ ਕੁਛ ਨਹੀਂ ਸਕਿਆ ਦੱਸ, ਹੂ ਹੂ ਕਰ ਕੇ ਬੈਠਾ ਸੀਸ ਨਿਵਾਈਆ । ਸ੍ਰੀ ਭਗਵਾਨ ਹੌਲੀ ਜਿਹੀ ਠੋਕਰ ਮਾਰ ਕੇ ਉਤੇ ਲੱਤ, ਇਕ ਹੁਕਮ ਦਿਤਾ ਦੱਸ, ਕਲਮਾ ਸਚ ਸੁਣਾਈਆ । ਤੇਰੇ ਲਹਿਣੇ ਦਾ ਫੇਰ ਦੱਸਾਂ ਹਕ, ਔਣ ਵਾਲਿਆਂ ਪੈਗ਼ੰਬਰਾਂ ਦਾ ਤੇਰੇ ਨਾਲ ਕਰ ਕੇ ਇਕੱਠ, ਅਗਲਿਆਂ ਗੁਰੂਆਂ ਦਾ ਬਣਾ ਕੇ ਸਥ, ਪਿਛਲਿਆਂ

ਦਾ ਨਾਲ ਕਰੇ ਵਾਸ, ਪਤਣ ਵਖਾ ਕੇ ਇਕ ਘਾਟ, ਚਾਰ ਜੁਗ ਮੁਕਾ ਕੇ ਵਾਟ, ਅਗੇ ਅਗੰਮੀ ਸੁਣਾਏ ਬਾਤ, ਕੂੜੀ ਕਿਰਿਆ ਮੇਟ ਕੇ ਰਾਤ, ਸਤਿ ਸਚ ਉਪਜਾ ਕੇ ਪਰਭਾਤ, ਸਤਾਰਾ ਚੰਦ ਦੇ ਨਜਾਤ, ਤਲੂਹ ਕਰ ਸਚਾ ਆਫ਼ਤਾਬ, ਸੂਫ਼ੀਆਂ ਵੇਖ ਸਚੀ ਮਹਿਰਾਬ, ਮਹਿਬੂਬ ਬਣ ਵਜਾਵਾਂ ਰਬਾਬ, ਪਿਆਰ ਵਿਚ ਪਿਆਰ ਦਾ ਰੱਖਾਂ ਹਿਸਾਬ, ਲੇਖਾ ਚੁਕਾ ਕੇ ਸਰਬ ਕਿਤਾਬ, ਰਾਜ ਰਾਜਾਨ ਮਿਟਾ ਕੇ ਨਵਾਬ, ਜਨ ਭਗਤਾਂ ਦੇ ਕੇ ਖ਼ਿਤਾਬ, ਲੇਖਾ ਚੁਕਾ ਕੇ ਪੁੰਨ ਸਵਾਬ, ਚਾਰ ਜੁਗ ਦੇ ਲਹਿਣੇ ਦੇਣੇ ਦਾ ਦੇ ਕੇ ਸਭ ਨੂੰ ਜੁਆਬ, ਪਰਗਟ ਕਰ ਕੇ ਆਪਣਾ ਆਪ, ਸਤਿ ਸਤਿਵਾਦੀ ਦੱਸ ਕੇ ਜਾਪ, ਹੁਕਮੇ ਅੰਦਰ ਅਗਲਾ ਥਾਪਣ ਥਾਪ, ਮਾਲਕ ਹੋ ਕੇ ਆਪੇ ਆਪ, ਪਰਤਾਪ ਦੋ ਜਹਾਨਾਂ ਦਿਆਂ ਵਖਾਈਆ । ਮੂਸੇ ਫੇਰ ਵੇਖ ਤੁਹਾਡਾ ਨਿਕਿਆਂ ਨਿਕਿਆਂ ਬੱਚਿਆਂ ਵਾਲਾ ਰੱਖਾਂ ਨਾਲ ਸਾਕ, ਸਾਕਾ ਸਾਖ਼ੀ ਸਾਖ਼ਿਆਤ ਆਪਣੀ ਦਿਆਂ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚੀ ਦਾਤ, ਘਰ ਦਾ ਮਾਲਕ ਦਰਗਾਹ ਦਾ ਦਰਗਾਹੀ, ਦਰ ਦਰਬਾਰ ਇਕ ਖੁਲ੍ਹਾਈਆ ।



### ❊ ੧੯ ਫੱਗਣ ੨੦੨੧ ਬਿਕ੍ਰਮੀ ਡਾਕਟਰ ਰੂਪ ਲਾਲ ਬੱਤਰੇ ਨਾਲ ਮਿੰਟੂ ਪਾਰਕ ਦਿੱਲੀ ❊

ਪੁਰਖ ਅਕਾਲ ਖੇਲ ਅਪਾਰ, ਸ੍ਰੀ ਭਗਵਾਨ ਆਪ ਕਰਾਇੰਦਾ । ਅਬਿਨਾਸ਼ੀ ਕਰਤਾ ਵਿਚ ਸੰਸਾਰ, ਜੁਗ ਚੌਕੜੀ ਹੁਕਮ ਵਰਤਾਇੰਦਾ । ਲੋਕਮਾਤ ਭੇਜ ਗੁਰੂ ਅਵਤਾਰ, ਪੈਗ਼ੰਬਰਾਂ ਆਪ ਪਰਗਟਾਇੰਦਾ । ਸਤਿ ਸੰਦੇਸ਼ਾ ਦੇ ਕੇ ਨਾਮ ਆਧਾਰ, ਜੀਵਾਂ ਜੰਤਾਂ ਸਰਬ ਸਮਝਾਇੰਦਾ । ਵਾਕ ਭਵਿਖਤ ਲਿਖਤ ਵਿਚ ਵੀਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਹੁਕਮ ਮਨਾਇੰਦਾ । ਕਲਜੁਗ ਵੇਖ ਕੂੜਾ ਕੁੜਿਆਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸ਼ਬਦ ਸੰਦੇਸ਼ਾ ਦੇਵਣਹਾਰ ਦਾਤਾਰ, ਨਿਰਗੁਣ ਸਰਗੁਣ ਆਪ ਸਮਝਾਇੰਦਾ । ਵਿਸ਼ਵ ਧਰਮ ਵਿਸ਼ਵ ਕਲਿਆਣ ਜਿਸ ਹੋਵੇ ਧਾਰ, ਸੋ ਸਮਰਥ ਆਪਣੇ ਹੱਥ ਰਖਾਇੰਦਾ । ਵੀਹ ਸੌ ਇੱਕੀ ਬਿਕ੍ਰਮੀ ਕੀਤਾ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਅਗਲੇ ਸਾਲ ਦਏ ਉਠਾਲ, ਕੂੜੀ ਕਿਰਿਆ ਅੱਗ ਲਗਾਇੰਦਾ । ਮਨ ਮਤਿ ਮਾਇਆ ਕਰ ਬੇਹਾਲ, ਚਾਰ ਕੁੰਟ ਦਹਿ ਦਿਸ਼ਾ ਧੀਰਜ ਧੀਰ ਨਾ ਕੋਇ ਧਰਾਇੰਦਾ । ਕਰੇ ਖੇਲ ਆਪ ਕਮਾਲ, ਕਾਮਲ ਮੁਰਸ਼ਦ ਹਰਿ ਕਰਤਾ ਆਪਣਾ ਹੁਕਮ ਵਰਤਾਇੰਦਾ । ਦੂਜੇ ਸਾਲ ਵਜਣਾ ਤਾਲ, ਜਗਤ ਟੁਕੜੇ ਦੋ ਕਰਾਇੰਦਾ । ਇਕ ਪਾਸੇ ਸ਼ਾਹ ਇਕ ਪਾਸੇ ਕੰਗਾਲ, ਸਚ ਸੁਆਲ ਵਿਚ ਟਿਕਾਇੰਦਾ । ਤੀਜੇ ਸਾਲ ਸ੍ਰਿਸ਼ਟੀ ਉਤੇ ਆਏ ਥੋੜ੍ਹਾ ਜਿਹਾ ਜ਼ਵਾਲ, ਧਰਨੀ ਧਰਤ ਧਵਲ ਖ਼ੂਨੀ ਰੰਗ ਰੰਗਾਇੰਦਾ । ਚੌਥੇ ਸਾਲ ਕੂੜੀ ਕਿਰਿਆ ਤੋੜ ਜੰਜਾਲ, ਚਾਰੋਂ ਕੁੰਟ ਇਕੋ ਹੁਕਮ ਮਨਾਇੰਦਾ । ਸਾਚੇ ਭਗਤਾਂ ਸਾਚੇ ਸੰਤਾਂ ਲਏ ਉਠਾਲ, ਜਿਨ੍ਹਾਂ ਦੇ ਅੰਦਰ ਮਾਇਆ ਮਮਤਾ ਮੋਹ ਨਾ ਕੋਇ ਵਖਾਇੰਦਾ । ਸਤਿ ਧਰਮ ਦਾ ਝੰਡਾ ਇਕ ਉਠਾਲ, ਬ੍ਰਹਿਮੰਡਾਂ ਆਪ ਪਰਗਟਾਇੰਦਾ । ਚਾਰ ਵਰਨਾਂ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾਅਰਾ ਇਕ ਲਗਾਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਢੋਲਾ ਗਾਵਣ ਇਕ ਭਗਵਾਨ, ਜਿਸ ਦਾ ਰਾਮ ਕ੍ਰਿਸ਼ਨ ਨਿਸ਼ਾਨ, ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਜਿਸ ਦਾ ਰੂਪ ਅਖਵਾਇੰਦਾ । ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਸੁਣਾਏ ਸਚ ਆਵਾਜ਼, ਸਤਿ ਸਤਿਵਾਦੀ ਦਇਆ ਕਮਾਇੰਦਾ ।

ਇਕੋ ਹੁਕਮ ਵਰਤੇ ਪੁਰਖ ਅਬਿਨਾਸ਼, ਬਲਧਾਰੀ ਆਪ ਸੁਣਾਇੰਦਾ । ਚਾਰ ਜੁਗ ਜਿਸ ਦੀ ਰਖਦੇ ਗਏ ਆਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਾਹ ਤਕਾਇੰਦਾ । ਉਸ ਦੀ ਚੌਥੇ ਸਾਲ ਸੋਹਣੀ ਚੜ੍ਹੇ ਪਰਭਾਤ, ਜੋਤੀ ਨੂਰ ਚੰਦ ਇਕ ਚਮਕਾਇੰਦਾ । ਭਗਤ ਭਗਵਾਨ ਦਾ ਬਣੇ ਸਾਥ, ਸੋਹਣੀ ਸਟੇਜ ਇਕ ਸੁਹਾਇੰਦਾ । ਅਗੇ ਖੋਲ੍ਹ ਕੇ ਡੂੰਘਾ ਰਾਜ਼, ਪੜਦਾ ਆਪ ਚੁਕਾਇੰਦਾ । ਸਤਿ ਧਰਮ ਦਾ ਚਲਾ ਕੇ ਇਕ ਜਹਾਜ਼, ਵਰਨਾਂ ਬਰਨਾਂ ਦੀਨਾਂ ਮਜ਼੍ਹਬਾਂ ਧਰਮਾਂ ਰਾਹ ਇਕ ਵਖਾਇੰਦਾ । ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਕਰ ਕੇ ਫ਼ਾਸ਼ ਫ਼ਾਸ਼, ਸਾਚਾ ਹੁਕਮ ਇਕ ਵਰਤਾਇੰਦਾ । ਓਸ ਵੇਲੇ ਬੱਤਰਾ ਫੇਰ ਮਿਲਣੀ ਸ਼ਾਬਾਸ਼, ਜਿਸ ਵੇਲੇ ਵਿਸ਼ਵ ਦਾ ਮਾਲਕ ਵਿਸ਼ਵਾਸ ਆਪਣੇ ਉਪਰ ਧਰਾਇੰਦਾ । ਅਗੰਮੀ ਆਵਾਜ਼ ਨਾਲ ਗੂੰਜੇ ਆਕਾਸ਼, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਧਿਆਨ ਲਗਾਇੰਦਾ । ਸੰਤਾਂ ਭਗਤਾਂ ਗੁਰਮੁਖਾਂ ਦੀ ਪੂਰੀ ਹੋਵੇ ਆਸ, ਤ੍ਰਿਸ਼ਨਾ ਕੂੜੀ ਜਗਤ ਮੇਟ ਮਿਟਾਇੰਦਾ । ਓਸ ਵੇਲੇ ਇਕ ਭਾਸ਼ਨ ਸਾਚਾ ਦੇਣਾ ਆਖ, ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਵਾਰ ਸਮਝਾਇੰਦਾ । ਜਗਤ ਮਾਰਗ ਛੋਟੀ ਛੋਟੀ ਸ਼ਾਖ਼, ਸਭ ਦਾ ਮਾਲਕ ਅਬਿਨਾਸ਼ੀ ਕਰਤਾ ਪਰਵਰਦਿਗਾਰ, ਰਾਮ ਰਹੀਮ ਇਕੋ ਨਜ਼ਰੀ ਆਇੰਦਾ । ਕਾਇਆ ਕਾਅਬਾ ਸਾਚਾ ਮੰਦਰ ਧੁਰ ਦਾ ਕ਼ਲਮਾ ਨਗ਼ਮਾ ਨਾਮ ਪਾਠ, ਨਮੋਂ ਸਤਿ ਬ੍ਰਹਮ ਮਤਿ ਵਾਸ ਦੇਵ ਵਿਸ਼ਨੂੰ ਧਾਰ ਵਿਸ਼ੇਸ਼ ਵਿਚਾਰ ਦਰਵੇਸ਼ ਕਰੇ ਖ਼ਬਰਦਾਰ ਨਰੇਸ਼, ਨਰ ਨਰਾਇਣ ਇਕੋ ਨਜ਼ਰੀ ਆਇੰਦਾ । ਜੋ ਸਭ ਧਰਮਾਂ ਦਾ ਮਾਲਕ ਸਦਾ ਰਹੇ ਹਮੇਸ਼, ਜਿਸ ਦੇ ਹੁਕਮ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਸੇਵ ਕਮਾਇੰਦਾ । ਜਿਸ ਦਾ ਸਭ ਤੋਂ ਨਿਰਾਲਾ ਵਖਰਾ ਭੇਖ, ਜੋਤੀ ਜੋਤ ਡਗਮਗਾਇੰਦਾ । ਨਾ ਮੁੱਛ ਦਾੜ੍ਹੀ ਨਾ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਵਟਾਇੰਦਾ । ਉਹ ਵਸੇ ਸਚਖੰਡ ਸਾਚੇ ਦੇਸ, ਲੋਕਮਾਤ ਆਪਣਾ ਹੁਕਮ ਵਰਤਾਇੰਦਾ । ਓਸ ਸਮੇਲਨ ਵਿਚ ਕੱਠੇ ਹੋਣੇ ਚੁਹੱਤਰ ਦੇਸ਼, ਨਾੜ ਬਹੱਤਰ ਪੰਧ ਅੰਦਰੇ ਅੰਦਰ ਖੋਜ ਖੁਜਾਇੰਦਾ । ਇਹ ਸਚਾ ਸਤਿ ਵਾਲਾ ਸੰਦੇਸ਼, ਜਿਸ ਨੂੰ ਜਗਤ ਜੀਵ ਨਾ ਕੋਇ ਮਿਟਾਇੰਦਾ । ਸਾਚੇ ਸੰਤ ਜੋ ਸਚ ਦਾ ਕਰਨ ਉਪਦੇਸ਼, ਤਿਨ੍ਹਾਂ ਦੇ ਅੰਦਰ ਇਕੋ ਇਕ ਏਕ ਨਜ਼ਰੀ ਆਇੰਦਾ । ਵਿਸ਼ਵ ਧਾਰ ਚਲੌਣੀ ਕੋਈ ਬੱਚਿਆਂ ਵਾਲੀ ਨਹੀਂ ਖੇਡ, ਸ੍ਰਿਸ਼ਟੀ ਦਾ ਮਾਲਕ, ਕੁੱਲ ਦਾ ਖ਼ਾਲਕ, ਸਰਬ ਦਾ ਪ੍ਰਿਤਪਾਲਕ, ਸਦ ਆਪਣਾ ਹੁਕਮ ਮਨਾਇੰਦਾ । ਜਿਸ ਦਾ ਰੂਪ ਇਕ ਖ਼ਾਲਸ, ਦੋ ਜਹਾਨਾਂ ਬਣੇ ਸਾਲਸ, ਸਭ ਦੀ ਗ਼ਫ਼ਲਤ ਦੂਰ ਕਰਾਏ ਨਿੰਦਰਾ ਆਲਸ, ਕਾਇਆ ਮੰਦਰ ਅੰਦਰ ਬਜਰ ਕਪਾਟੀ ਪਰਦਾ ਪਰੇ ਹਟਾਇੰਦਾ । ਉਹ ਇਸ ਸਭਾ ਦਾ ਬਣਨਾ ਸਭਾਪਤੀ ਮਾਲਕ, ਸੰਤ ਸੁਹੇਲੇ ਗੁਰੂ ਚੇਲੇ ਜਿਸ ਦੇ ਲੋਕਮਾਤ ਨਿੱਕੇ ਨਿੱਕੇ ਬਾਲਕ, ਬਾਬਲ ਸਭ ਦਾ ਇਕ ਅਖਵਾਇੰਦਾ । ਜਿਸ ਨੇ ਸਚੀ ਦੱਸਣੀ ਇਕ ਇਬਾਦਤ, ਨਾਮ ਸਤਿ ਇਕ ਦ੍ਰਿੜਾਇੰਦਾ । ਓਸ ਵੇਲੇ ਸਾਚੀ ਕਰਨੀ ਇਕ ਸਖ਼ਾਵਤ, ਮਿਹਰ ਨਜ਼ਰ ਨਾਲ ਤਰਾਇੰਦਾ । ਫੇਰ ਫ਼ਿਰਕਿਆਂ ਦੀ ਫ਼ਿਰਕਿਆਂ ਵਿਚ ਮਜ਼੍ਹਬਾਂ ਦੀ ਮਜ਼੍ਹਬਾਂ ਵਿਚ ਦੀਨਾਂ ਦੀ ਦੀਨਾਂ ਵਿਚ ਨਾ ਰਹੇ ਅਦਾਵਤ, ਅਦੌਤ ਕੂੜੀ ਦਏ ਮਿਟਾਈਆ । ਚਾਰ ਕੁੰਟ ਮਾਨਵਤਾ ਹੋਏ ਸਹੀ ਸਲਾਮਤ, ਸਚ ਮਹਿਬੂਬ ਸਭ ਨੂੰ ਇਕ ਮੁਹੱਬਤ ਦਏ ਸਮਝਾਈਆ । ਮਨ ਕਾਇਆ ਅੰਦਰ ਕਰੇ ਨਾ ਕੋਈ ਬਗ਼ਾਵਤ, ਬਾਹਰ ਹੋਵੇ ਨਾ ਕੋਇ ਲੜਾਈਆ । ਫੇਰ ਸਚੀ ਰਲ ਮਿਲ ਕੇ ਸਭ ਦੁਨੀਆ ਨੂੰ ਦੇਣੀ ਦਾਅਵਤ, ਦਾਅਵੇ ਨਾਲ ਇਕ ਦੂਜੇ ਨਾਲ ਹੱਥ ਲੈਣਾ ਮਿਲਾਈਆ । ਫੇਰ ਸਚੀ ਬਣੇ ਬਨਾਵਟ, ਬੰਦੇ ਬੰਦਿਆਂ ਵਰਗੇ ਬੰਦਗੀ ਵਿਚ ਦਏ ਸਮਝਾਈਆ । ਕੋਈ ਹਿੰਸਾ ਦੀ ਰਹੇ ਨਾ ਮਿਲਾਵਟ, ਅਹਿੰਸਾ

ਸਾਰੇ ਦਏ ਮਿਲਾਈਆ । ਸਾਚੇ ਧਰਮ ਦੀ ਆਪੇ ਹੋਣੀ ਫੈਲਾਵਟ, ਗੁਲਸ਼ਨ ਸਾਚਾ ਦਏ ਮਹਿਕਾਈਆ । ਅਗੇ ਕਰੇ ਨਾ ਕੋਈ ਰੁਕਾਵਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਦੇਵੇ ਸਾਚਾ ਵਰ, ਲੇਖਾ ਚੁਕਾ ਕੇ ਧਰਨੀ ਧਰਤ ਧਵਲ ਧਰ, ਜ਼ਿਮੀਂ ਆਸਮਾਨ ਬ੍ਰਹਿਮੰਡ ਖੰਡ ਵੇਖੇ ਖੜ੍ਹ, ਭਗਤਾਂ ਦੀ ਮੰਜ਼ਲ ਚੋਟੀ ਕਾਇਆ ਮੁਨਾਰੇ ਜਾਏ ਚੜ੍ਹ, ਸ਼ਬਦ ਧੁਨ ਵੱਜੇ ਅਨਾਦ ਆਤਮ ਜੋਤੀ ਪਰਕਾਸ਼ ਦੇਵੇ ਕਰ, ਨੂਰ ਨੂਰ ਆਪਣਾ ਦਏ ਵਖਾਈਆ । ਪ੍ਰੇਮ ਪ੍ਰੀਤ ਪਿਆਰ ਮੁਹੱਬਤ ਵਿਚ ਫੜਾ ਕੇ ਸਭ ਨੂੰ ਸਾਂਝਾ ਲੜ, ਇਕੋ ਲੜੀ ਵਿਚ ਸਾਰੇ ਦਏ ਬੰਧਾਈਆ । ਜਿਨ੍ਹਾਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਦੀ ਲੋਕਮਾਤ ਲਾਈ ਜੜ੍ਹ, ਜੁਗ ਜੁਗ ਹੁਕਮ ਮੰਨ ਕੇ ਸੇਵ ਕਮਾਈਆ । ਸ੍ਰੀ ਭਗਵਾਨ ਓਨ੍ਹਾਂ ਨੂੰ ਲਏ ਸਚਖੰਡ ਦੁਵਾਰਿਉਂ ਫੜ, ਜੋਤੀ ਧਾਰ ਸ਼ਬਦ ਦਏ ਜਗਾਈਆ । ਮੇਲ ਮਿਲਾਏ ਸਚ ਘਰ ਦਰ ਦਵਾਰ, ਧੁਰ ਦਰਬਾਰ ਇਕੋ ਦਏ ਸੁਹਾਈਆ । ਉਹ ਪੁਰਖ ਅਕਾਲ ਅਗੇ ਕਰਨ ਨਿਮਸਕਾਰ, ਪਰਵਰਦਿਗਾਰ ਸਾਂਝੇ ਯਾਰ ਤੇਰੀ ਇਕ ਸਰਨਾਈਆ । ਸਾਡੀ ਬੇਨੰਤੀ ਕਰ ਪਰਵਾਨ, ਪ੍ਰਭੂ ਲੋਕਮਾਤ ਮਾਰ ਧਿਆਨ, ਚਾਰ ਕੁੰਟ ਦਿਸੇ ਵੈਰਾਨ, ਵੈਰੀ ਘਰ ਘਰ ਦੇ ਖਪਾਈਆ । ਜਿਸ ਵੇਲੇ ਅੰਦਰੋਂ ਮਨ ਨਾਲ ਵਿਕਾਰਾਂ ਦਾ ਮਿਟ ਗਿਆ ਸ਼ੈਤਾਨ, ਓਸ ਵੇਲੇ ਇਨਸਾਨ ਨਾ ਰਹੇ ਹੈਵਾਨ, ਸਭ ਦਾ ਇਕੋ ਜਿਹਾ ਸਾਂਝਾ ਨਜ਼ਰੀ ਆਏ ਈਮਾਨ, ਧਰਮ ਧਰਮਾਤਮ ਦਏ ਸਮਝਾਈਆ । ਜਿਸ ਨਾਲ ਵਿਸ਼ਵ ਦਾ ਹੋਵੇ ਕਲਿਆਣ, ਵਿਸ਼ਨੂੰ ਰੂਪ ਮਿਲੇ ਭਗਵਾਨ, ਆਦਿ ਜੁਗਾਦੀ ਸਚਾ ਸ਼ਹਿਨਸ਼ਾਹੀਆ । ਜਿਸ ਦਾ ਸਾਚਾ ਜੈਕਾਰਾ ਮੈਂ ਤੇਰਾ ਤੂੰ ਮੈਨੂੰ ਪਛਾਣ, ਪਰਮਾਤਮ ਆਤਮ ਆਤਮ ਪਰਮਾਤਮ ਘਰ ਘਰ ਦਏ ਵਖਾਈਆ । ਸਾਰੀਆਂ ਆਤਮਾ ਦਾ ਪਰਮਾਤਮਾ ਬਣ ਕੇ ਹੁਕਮਰਾਨ, ਸ਼ਬਦੀ ਦੇਵੇ ਧੁਰ ਗਿਆਨ, ਬੇਈਮਾਨ ਸ਼ੈਤਾਨ ਸਿੱਧੇ ਰਸਤੇ ਦੇਵੇ ਪਾਈਆ । ਗ੍ਰੰਥੀ ਪੰਥੀ ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸਾਇਕ ਪੋਪ ਪਾਰਸੀ ਯਹੂਦੀ ਈਸਾਈ ਮਿਸਰੀ ਇਕੇ ਨੂੰ ਕਰਨ ਪਰਨਾਮ, ਨਾਸਤਕ ਆਸਤਕ ਰੂਪ ਲੈਣ ਵਟਾਈਆ । ਜਿਹੜਾ ਚਾਇਨਾ ਚੜ੍ਹੌਣ ਵਾਲਾ ਤੁਫ਼ਾਨ, ਓਸ ਦਾ ਸਾਢੇ ਤਿੰਨ ਸਾਲ ਪਿਛੋਂ ਬਦਲ ਜਾਏ ਧਿਆਨ, ਸ੍ਰੀ ਭਗਵਾਨ ਆਪਣੀ ਅੰਦਰੋ ਅੰਦਰ ਸਿਤਾਰ ਦਏ ਹਿਲਾਈਆ । ਅਗੇ ਵਾਲਾ ਲੇਖਾ ਅਜੇ ਦੇਣ ਵਾਲਾ ਨਹੀਂ ਬਿਆਨ, ਇਸ ਕਰਕੇ ਬੰਦ ਦਿਤਾ ਕਰਾਈਆ । ਦੀਵਾਨ ਸਾਹਿਬ ਦਾ ਸੋਹਣਾ ਲਗੇਗਾ ਦੀਵਾਨ, ਦੀਵਾ ਬਾਤੀ ਹੋਏ ਰੁਸ਼ਨਾਈਆ । ਏਨ੍ਹਾਂ ਦਾ ਅਦਬ ਕਰੇ ਅਵਾਮ, ਪ੍ਰਭੂ ਦੇਵਣ ਵਾਲਾ ਵਡਿਆਈਆ । ਸਤਿ ਧਰਮ ਦਾ ਸੋਹਣਾ ਚਲੇ ਕਾਮ, ਨਿਸ਼ਕਾਮ ਸੇਵ ਕਮਾਈਆ । ਹਿਰਦੇ ਅੰਦਰ ਪ੍ਰੇਮ ਰਾਮ, ਬਾਹਰੋਂ ਤਕਣਾ ਪਿਆਰ ਵਿਧਾਨ, ਸੋਹਣਾ ਡੇਢ੍ਹ ਸਾਲ ਪਿਛੋਂ ਇਨ੍ਹਾਂ ਦੇ ਹੱਥ ਔਣਾ ਇੰਤਜ਼ਾਮ, ਜਿਸ ਦੇ ਨਾਲ ਕ਼ਲਮ ਚਲਣੀ ਸ਼ਾਹੀਆ । ਗ਼ਰੀਬਾਂ ਦਾ ਹੋਣਾ ਇੰਤਜ਼ਾਮ, ਦੁਖੀਆਂ ਦਾ ਸੁਣਨਾ ਪੈਗਾਮ, ਭੁਖਿਆਂ ਨਾਲ ਆਪਣਾ ਦਰਦ ਵੰਡਾਈਆ । ਸਾਧਾਂ ਸੰਤਾਂ ਨਾਲ ਮਿਲ ਕੇ ਭੂਮਿਕਾ ਸੋਹੇ ਅਸਥਾਨ, ਭਾਗ ਲਗ ਜਾਏ ਓਸ ਮਕਾਨ, ਜਿਸ ਵਿਚ ਬਹਿ ਕੇ ਡੇਰਾ ਲਾਈਆ । ਕਿਰਪਾ ਕਰੇ ਆਪ ਭਗਵਾਨ, ਸਤਿ ਧਰਮ ਦਾ ਅੰਦਰ ਵਖਾਵੇ ਨਿਸ਼ਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਲੇ ਘਰ ਦਾ ਚੰਗਾ ਚਲਦਾ ਜਾਏ ਨਜ਼ਾਮ, ਤੋਟ ਰਹਿਣ ਕੋਇ ਨਾ ਪਾਈਆ । ਮੁਸ਼ਕਲ ਹੋ ਜਾਵੇ ਆਸਾਨ, ਦੁਖ ਦਰਦ ਨਾ ਲਾਗੇ ਰਾਈਆ । ਦੀਵਾਨ ਸਾਹਿਬ ਦਾ ਦੀਵਾਨ ਲੱਗੇ ਵਿਚ ਜਹਾਨ, ਜਿਸ ਵਿਚ ਪ੍ਰਭੂ ਦਾ ਨਾਮ ਸਭ ਨੂੰ ਇਕੋ ਜਿਹਾ ਨਜ਼ਰੀ ਆਈਆ ।

ਰੂਪ ਲਾਲ ਜੀ ਬੱਤਰਾ, ਮੇਲਾ ਬਿਹਤਰ ਦਿਆਂ ਸੁਣਾਈਆ । ਤੇਰਾ ਕ੍ਰਿਸ਼ਨ ਵੇਲੇ ਦਾ ਖੋਲ੍ਹਾਂ ਪਤਰਾ, ਜਨਮ ਦਿਆਂ ਸਮਝਾਈਆ । ਦ੍ਰੋਣਾਚਾਰਯ ਗੁਰੂ ਯੁਧਿਸ਼ਟਰ ਦਾ ਤੂੰ ਮਿਤਰਾ, ਸੱਜਣ ਸਚਾ ਨਜ਼ਰੀ ਆਈਆ । ਇਕ ਦਿਨ ਸ਼ਸਤਰ ਵਿਦਿਆ ਵਿਚ ਲੱਗਾ ਫ਼ਿਕਰਾ, ਅੰਤਰ ਬੈਠਾ ਧਿਆਨ ਲਗਾਈਆ । ਮੇਰਾ ਕਰਤਬ ਨਹੀਂ ਚੜ੍ਹਿਆ ਸ਼ਿਖ਼ਰਾ, ਅਰਜਨ ਵਾਲੀ ਵਿਦਿਆ ਹੱਥ ਨਾ ਆਈਆ । ਯੁਧਿਸ਼ਟਰ ਕਰ ਕੇ ਕਿਹਾ ਜ਼ਿਕਰਾ, ਹੌਲੀ ਜਿਹੀ ਦਿਤਾ ਸਮਝਾਈਆ । ਤੇਰਾ ਸੋਹਣਾ ਸਡੌਲ ਦਿਸੇ ਚਿਤ੍ਰਾ, ਚਿਤਰਕਾਰ ਵੇਖ ਵਖਾਈਆ । ਇਕ ਵੇਰਾਂ ਇਸ ਮਨੁਸ਼ ਜਾਮੇ ਵਿਚੋਂ ਜਾਣਾ ਨਿਕਲ, ਮਨੁਸ਼ ਜਾਮਾ ਫੇਰ ਸਦੀ ਵੀਹਵੀਂ ਤੇਰਾ ਨਜ਼ਰੀ ਆਈਆ । ਓਸ ਵੇਲੇ ਹੁਣ ਮੈਂ ਫੇਰ ਭਗਵਾਨ ਬਣਨਾ ਤੇਰਾ ਮਿਤਰ, ਸੱਜਣਾਂ ਵਰਗਾ ਸੱਜਣ ਦੋਸਤਾਂ ਵਰਗਾ ਦੋਸਤ ਨਜ਼ਰੀ ਆਈਆ । ਤੇਰੀ ਪਤ ਆਵੇ ਰੱਖਣ, ਲੋਕਮਾਤ ਦਏ ਵਡਿਆਈਆ । ਸਤਿ ਸਤਿ ਸਤਿ ਸਚ ਸਚ ਸਚ ਨਗਾਰੇ ਵੱਜਣ, ਢੋਲਾ ਸੋਹਲਾ ਰਾਗ ਅਨਾਦ ਧੁਨ ਇਕੋ ਦਏ ਜਣਾਈਆ । ਇਸ ਤੋਂ ਅਗੇ ਢਾਈਆਂ ਸਾਲਾਂ ਨੂੰ ਫੇਰ ਦੱਸਣਾ ਬਚਨ, ਬਚਿਆ ਲੇਖਾ ਪੂਰਾ ਦੇਣਾ ਸਮਝਾਈਆ ।

### ❊ ੧੯ ਫੱਗਣ ੨੦੨੧ ਬਿਕ੍ਰਮੀ ਰੇਸ਼ਮ ਸਿੰਘ ਦੇ ਘਰ ਮੇਰਠ ਛਾਉਣੀ ❊

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਕਿਰਪਾ ਕਰ, ਕਰਤੇ ਪੁਰਖ ਤੇਰੀ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਮੰਗਦੇ ਆਏ ਦਰ, ਠਾਕਰ ਸਵਾਮੀ ਸਾਂਝੇ ਯਾਰ ਪਰਵਰਦਿਗਾਰ ਸਚ ਤੇਰੀ ਸਰਨਾਈਆ । ਸ਼ਬਦ ਧੁਨ ਨਾਦ ਨਗਮਾ
੪੧੭
ਗੌਂਦੇ ਆਏ ਸੰਸਾਰ, ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਣੀ ਸਿਫ਼ਤ ਸਾਲਾਹੀਆ । ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਦਸਦੇ ਆਏ ਪਿਆਰ, ਸੁਰਤੀ ਸ਼ਬਦੀ ਨਾਤਾ ਜਗਤ ਜੁੜਾਈਆ । ਕ਼ਾਗਜ਼ ਕ਼ਲਮ ਸ਼ਾਹੀ ਨਾਲ ਕਰਦੇ ਆਏ ਉਜਿਆਰ, ਦੀਨ ਦੁਨੀ ਦਾ ਮਾਲਕ ਜੋ ਨਿਰਵੈਰ ਬੇਪਰਵਾਹੀਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਧਰਨੀ ਧਵਲ ਜਿਸ ਦਾ ਜੈਕਾਰ, ਲੋਕ ਪਰਲੋਕ ਆਪਣਾ ਨਾਮ ਸਚ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਰਵ ਸਸ ਮੰਡਲ ਮੰਡਪ ਜਿਸ ਦਾ ਨੂਰ ਉਜਿਆਰ, ਚਾਕਰ ਖ਼ਾਦਮ ਸੇਵਕ ਬਰਦੇ ਰਿਹਾ ਬਣਾਈਆ । ਪੰਜ ਤੱਤ ਖੇਲ ਕਰੇ ਅਪਾਰ, ਨੌ ਦਰ ਖੋਲ੍ਹ ਕਿਵਾੜ, ਦਸਮਾ ਆਪਣਾ ਰੰਗ ਵਖਾਈਆ । ਸੰਤ ਸੁਹੇਲਾ ਇਕ ਅਕੇਲਾ ਦੋ ਜਹਾਨਾਂ ਪਾਵੇ ਸਾਰ, ਘਟ ਘਟ ਅੰਦਰ ਆਪਣਾ ਨੂਰ ਕਰੇ ਰੁਸ਼ਨਾਈਆ । ਵੇਖੇ ਵਿਗਸੇ ਵੇਖਣਹਾਰ, ਲੋਚਣ ਨੈਣ ਨਿਜ ਨੇਤਰ ਆਪ ਖੁਲ੍ਹਾਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਦੇਵਣਹਾਰਾ ਦਾਨ, ਅਸਲ ਵਸਲ ਸਾਚਾ ਆਪਣਾ ਆਪ ਕਰਾਈਆ । ਵਾਕ ਭਵਿਖਤ ਖੇਲ ਅਨਦ੍ਰਿਸ਼ਟ, ਸ੍ਰਿਸ਼ਟ ਆਪਣਾ ਹੁਕਮ ਆਪ ਵਰਤਾਈਆ । ਵੇਖਣਹਾਰਾ ਸਵਰਗ ਬਹਿਸ਼ਤ, ਦੋਜ਼ਖ਼ ਧਾਰ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਸਾਚਾ ਦੱਸ ਧਰਮ, ਲੱਖ ਚੁਰਾਸੀ ਜੀਵ ਜੰਤ ਇਕੋ ਨਜ਼ਰੀ ਆਈਆ । ਨਿਹਕਰਮੀ ਕੂੜੀ ਕਿਰਿਆ ਕਟ ਦੇ ਕਰਮ, ਆਸਾ ਮਨਸਾ ਸਭ ਦੀ ਪੂਰ ਵਖਾਈਆ । ਦੀਨ ਦਿਆਲ ਠਾਕਰ ਸਵਾਮੀ ਤੇਰੇ ਹੱਥ ਜਨਮ ਮਰਨ, ਆਵਣ ਜਾਵਣ ਆਪਣਾ ਹੁਕਮ ਵਰਤਾਈਆ । ਭੇਖ ਚੁਕਾ ਦੇ ਚਾਰ ਵਰਨ, ਅਠਾਰਾਂ ਬਰਨ ਸਚ ਸਰਨਾਈ ਇਕ ਦ੍ਰਿੜਾਈਆ ।

ਆਤਮ ਪਰਮਾਤਮ ਤੇਰਾ ਨਾਮ ਸਾਚਾ ਪੜ੍ਹਨ, ਗੀਤ ਗੋਬਿੰਦ ਇਕੋ ਇਕ ਸਾਲਾਹੀਆ । ਸਚ ਦਵਾਰੇ ਸਤਿ ਸਤਿਵਾਦੀ ਇਕੋ ਕਰਨ ਪਰਨ, ਦੂਈ ਦਵੈਤੀ ਡੇਰਾ ਢਾਹੀਆ । ਸਾਹਿਬ ਸੁਲਤਾਨ ਇਕੋ ਤੇਰੀ ਧੂੜੀ ਮੰਗਣ ਚਰਨ, ਦੂਜਾ ਇਸ਼ਟ ਨਾ ਕੋਇ ਰਖਾਈਆ । ਕਾਇਆ ਮੰਦਰ ਅੰਦਰ ਸਾਚੇ ਪੌੜੇ ਚੜ੍ਹਨ, ਮੰਜ਼ਲ ਆਪਣੀ ਦੇ ਵਖਾਈਆ । ਤੂੰ ਮਾਲਕ ਖ਼ਾਲਕ ਮਖ਼ਲੂਕ ਕਰਤਾ ਕਰਨੀ ਕਰਨ, ਵੇਖਣਹਾਰਾ ਥਾਉਂ ਥਾਈਆ । ਦਰ ਦਰਵੇਸ਼ ਸਚਖੰਡ ਦਵਾਰੇ ਆਏ ਮੰਗਣ, ਦਰਗਾਹ ਸਾਚੀ ਆਪਣੀ ਝੋਲੀ ਡਾਹੀਆ । ਸਤਿ ਧਰਮ ਚਾੜ੍ਹੇ ਆਪਣੀ ਰੰਗਣ, ਰੰਗ ਰੰਗੀਲੇ ਆਪਣਾ ਰੰਗ ਰੰਗਾਈਆ । ਬ੍ਰਹਮ ਪਾਰਬ੍ਰਹਮ ਤੇਰੇ ਵਿਚ ਹੋਵੇ ਮਗਨ, ਕਲਜੁਗ ਕੂੜੀ ਕਿਰਿਆ ਅਗਨ ਦੇਵੇ ਬੁਝਾਈਆ । ਗੁਰਮੁਖ ਗੁਰਸਿਖ ਕਾਇਆ ਮਾਟੀ ਦੀਪਕ ਸਾਚੇ ਜਗਣ, ਅੰਧ ਅੰਧਿਆਰੀ ਕਵਰੀ ਭਵਰੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਬਖ਼ਸ਼ ਦਾਤ, ਦਰ ਠਾਂਡੇ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਲੋਕਮਾਤ ਰਹਿਣ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਸਾਚੀ ਦੱਸ ਦੇ ਗਾਥ, ਦੋ ਜਹਾਨਾਂ ਸਚ ਪੜ੍ਹਾਈਆ । ਅੰਤਰ ਆਤਮ ਤੀਰਥ ਦੱਸ ਦੇ ਤਾਟ, ਕਿਨਾਰਾ ਇਕੋ ਦੇ ਵਖਾਈਆ । ਸਾਚਾ ਦੱਸ ਦੇ ਮੰਦਰ ਸ਼ਿਵਦਵਾਲਾ ਮਾਠ, ਕਾਇਆ ਕਾਅਬਾ ਦੇ ਜਣਾਈਆ । ਲਹਿਣਾ ਮੁਕਾ ਦੇ ਤੀਰਥ ਅੱਠ ਸਾਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੇਖਾ ਦੇ ਮੁਕਾਈਆ । ਸ਼ਬਦ ਅਗੰਮੀ ਲਾ ਦੇ ਸੱਟ, ਨਾਦ ਅਨਾਦੀ ਆਤਮਕ ਧੁਨ ਸੁਣਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਦੇ ਝਟ, ਬੂੰਦ ਸਵਾਂਤੀ ਇਕ ਚਵਾਈਆ । ਆਪਣੇ ਮਿਲਣ ਦੀ ਖੋਲ੍ਹ ਦੇ ਅੱਖ, ਗੁਰਮੁਖ ਸਾਚੇ ਲੈ ਜਗਾਈਆ । ਪੂਰਬ ਜਨਮ ਦਾ ਲਹਿਣਾ ਦੇ ਦੇ ਹਕ, ਹਕ਼ੀਕ਼ਤ ਇਹਨਾਂ ਝੋਲੀ ਪਾਈਆ । ਨਿਰਗੁਣ ਜੋਤ ਕਰ ਪਰਕਾਸ਼, ਬਿਨ ਤੇਲ ਬਾਤੀ ਦੀਪਕ ਡਗਮਗਾਈਆ । ਆਤਮ ਪਰਮਾਤਮ ਕਰ ਵਾਸ, ਨਿਵਾਸ ਅਸਥਾਨ ਦੇ ਵਡਿਆਈਆ । ਜ਼ਾਹਰ ਬਾਤਨ ਵਖਾ ਖੇਲ ਤਮਾਸ਼, ਭੇਵ ਅਭੇਦਾ ਆਪ ਸਮਝਾਈਆ । ਤੂੰ ਪ੍ਰਿਤਪਾਲਕ ਸਭ ਦਾ ਮਾਤ, ਪਿਤਾ ਪੁਰਖ ਅਕਾਲ ਅਖਵਾਈਆ । ਅਸੀਂ ਜਗ ਭਵਿਖਤਾਂ ਵਿਚ ਗਏ ਆਖ, ਸੰਦੇਸ਼ਾ ਧੁਰ ਜਣਾਈਆ । ਕਰੇ ਖੇਲ ਪੁਰਖ ਅਬਿਨਾਸ਼, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਦਇਆ ਕਮੌਂਦਾ ਏ । ਸਚਖੰਡ ਨਿਵਾਸੀ ਹੁਕਮ ਮਨੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਉਠੌਂਦਾ ਏ । ਧੁਰ ਫ਼ਰਮਾਨਾ ਸਾਚਾ ਰਾਣਾ ਅਗੰਮੀ ਸ਼ਬਦ ਨਾਦ ਵਜੌਂਦਾ ਏ । ਜੁਗ ਚੌਕੜੀ ਜਿਸ ਦਾ ਮੰਨਦੇ ਆਏ ਭਾਣਾ, ਸੋ ਭਗਵਨ ਆਪਣੀ ਖੇਲ ਆਪ ਰਚੌਂਦਾ ਏ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੋਕਮਾਤ ਵੇਖੇ ਮਾਰ ਧਿਆਨਾ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਚਾਰੇ ਬਾਣੀ ਫੋਲ ਫੁਲੌਂਦਾ ਏ । ਜਨ ਭਗਤਾਂ ਦੇਵਣਹਾਰਾ ਸਚ ਨਿਸ਼ਾਨਾ, ਅੰਤਰ ਆਤਮ ਬ੍ਰਹਮ ਗਿਆਨਾ ਇਕ ਦ੍ਰਿੜ੍ਹੌਂਦਾ ਏ । ਸਚ ਪ੍ਰੀਤੀ ਬਖ਼ਸ਼ਣਹਾਰਾ ਮਾਣਾ, ਚਰਨ ਕਵਲ ਧਿਆਨ ਰਖੌਂਦਾ ਏ । ਦੀਆ ਦੀਪਕ ਬਾਲਣਹਾਰ ਮਹਾਨਾ, ਮਹਿੰਮਾ ਅਕਥ ਬੋਧ ਅਗਾਧ ਸੁਣੌਂਦਾ ਏ । ਸਚ ਖ਼ੁਮਾਰੀ ਨਾਮ ਕਰ ਮਸਤਾਨਾ, ਮਸਤ ਅਲਮਸਤ ਆਪਣਾ ਰੰਗ ਚੜ੍ਹੌਂਦਾ ਏ । ਜੋ ਪੀਰ ਪੈਗ਼ੰਬਰਾਂ ਦੇਂਦਾ ਆਇਆ ਪੈਗ਼ਾਮਾ, ਸੋ ਸਦੀ ਚੌਧਵੀਂ ਲੇਖ ਵਖੌਂਦਾ ਏ । ਜਿਸ ਨੂੰ ਕਹਿੰਦੇ ਮਹਿਦੀ ਅਮਾਮਾ, ਕਾਮਲ ਮੁਰਸ਼ਦ ਆਪਣਾ ਖੇਲ ਖਿਲੌਂਦਾ ਏ । ਉਲਮਾ ਬਹਿ ਕੇ ਦਰਮਿਆਨਾ, ਇਲਮ ਉਲਮਾ ਸਾਚਾ

ਸਚ ਸਮਝੌਂਦਾ ਏ । ਚੌਦਾਂ ਤਬਕਾਂ ਵੇਖਣਹਾਰਾ ਸਦਾ ਬਿਧਨਾਨਾ, ਜ਼ਿਮੀਂ ਅਸਮਾਨਾਂ ਖੋਜ ਖੁਜੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਲੇਖੇ ਲੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਇਕ ਅਰਜ਼, ਬੇਨੰਤੀ ਤੇਰੇ ਦਰ ਸੁਣਾਈਆ । ਸਦੀ ਬੀਸਵੀਂ ਪੂਰਾ ਕਰ ਫ਼ਰਜ਼, ਜਗਤ ਜਗਦੀਸ਼ ਪ੍ਰਭ ਤੇਰੀ ਓਟ ਤਕਾਈਆ । ਤ੍ਰਿਸ਼ਨਾ ਅੰਦਰ ਸਾਰੇ ਰਹੇ ਭਟਕ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਵੇਲਾ ਘੜੀ ਸੁਹੰਜਣੀ ਹੋਏ ਵਕ਼ਤ, ਕਰੇ ਖੇਲ ਚਾਈਂ ਚਾਈਂਆ । ਤੂੰ ਮਾਲਕ ਅਰਸ਼ ਫ਼ਰਸ਼, ਗਗਨ ਗਗਨੰਤਰ ਤੇਰੀ ਵਜਦੀ ਰਹੇ ਵਧਾਈਆ । ਮਹਿਬੂਬ ਮੁਹੱਬਤ ਵਿਚ ਕਰ ਤਰਸ, ਨਜ਼ਰੇ ਕਰਮ ਹਕ ਉਠਾਈਆ । ਫਿਰੀ ਦਰੋਹੀ ਉਤੇ ਧਰਤ, ਧਰਨੀ ਧੌਲ ਜਗਤ ਰਹੀ ਕੁਰਲਾਈਆ । ਕੂੜੀ ਕਿਰਿਆ ਅਗਨੀ ਨਾਲ ਰਹੀ ਤੜਪ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਡੀ ਤੇਰੇ ਨਾਲ ਸ਼ਰਤ, ਸ਼ਰੀਅਤ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਸੁਣੋ ਪੈਗ਼ੰਬਰ ਗੁਰ ਅਵਤਾਰ, ਪਰਵਰਦਿਗਾਰ ਹੋ ਕੇ ਦਿਆਂ ਜਣਾਈਆ । ਜੁਗ ਚੌਕੜੀ ਮੇਰਾ ਸਚ ਵਿਹਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਤੁਸੀ ਨੰਨ੍ਹੇ ਬੱਚੇ ਮੇਰੇ ਬਰਖ਼ੁਰਦਾਰ, ਲੋਕਮਾਤ ਚੋਲਾ ਤੱਤਾਂ ਵਾਲਾ ਹੰਢਾਈਆ । ਜੋਤ ਸ਼ਬਦ ਮੇਰਾ ਅਧਾਰ, ਸਲੋਕ ਢੋਲੇ ਨਾਦ ਦਿਤਾ ਸੁਣਾਈਆ । ਕਰਾਂ ਖੇਲ ਅਪਰ ਅਪਾਰ, ਅਪਰੰਪਰ ਹੋ ਕੇ ਆਪਣਾ ਹੁਕਮ ਵਰਤਾਈਆ । ਜਾਗਰਤ ਜੋਤ ਕਰ ਉਜਿਆਰ, ਸਾਢੇ ਤਿੰਨ ਹੱਥ ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ



੪੧੯

ਕ਼ਬੂਲ ਕਰਦਾ, ਸਭ ਨਿਉਂ ਨਿਉਂ ਬੈਠੇ ਸੀਸ ਨਿਵਾਈਆ । ਡੰਡਾਵਤ ਕਰ ਕਰ ਹੋਏ ਤੇਰਾ ਬਰਦਾ, ਖ਼ਾਦਮ ਆਪਣੇ ਲਏ ਬਣਾਈਆ । ਤੂੰ ਮਾਲਕ ਸਚਖੰਡ ਘਰ ਦਾ, ਧਰਨੀ ਧਰਤ ਧਵਲ ਤੇਰੀ ਆਸ ਰਖਾਈਆ । ਕਲਜੁਗ ਕੂੜ ਕੁੜਿਆਰਾ ਚਾਰੋਂ ਕੁੰਟ ਲੜਦਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਤੇਰਾ ਭਗਤ ਸੁਹੇਲਾ ਲੋਕਮਾਤ ਵਿਕਾਰ ਕੋਲੋਂ ਡਰਦਾ, ਬੈਠਾ ਮੁਖ ਛੁਪਾਈਆ । ਕਰ ਖੇਲ ਸਾਚੇ ਹਰਿ ਦਾ, ਹਰੀ ਹਰਿ ਅਪਣਾ ਫੇਰਾ ਪਾਈਆ । ਕਿਉਂ ਨਹੀਂ ਪਹਿਲੀ ਮੰਜ਼ਲ ਆਪਣੀ ਚੜ੍ਹਦਾ, ਪੈਂਡਾ ਹਕ ਮੁਕਾਈਆ । ਸਤਿਜੁਗ ਤੇਰਾ ਰਾਹ ਤਕਦਾ, ਬੈਠਾ ਧਿਆਨ ਲਗਾਈਆ । ਕਿਉਂ ਨਹੀਂ ਓਸ ਦਾ ਨਾਂ ਲਗਦਾ, ਦੇਵੇਂ ਮਾਣ ਵਡਿਆਈਆ । ਆਦਿ ਜੁਗਾਦਿ ਤੇਰਾ ਹੁਕਮ ਚਲੇ ਸਮਰਥ ਦਾ, ਦੂਸਰੇ ਅੱਖ ਨਾ ਕੋਇ ਉਠਾਈਆ । ਲੇਖਾ ਮੁਕ ਜਾਏ ਵਖ ਦਾ, ਆਤਮ ਪਰਮਾਤਮ ਸਭ ਨੂੰ ਦੇ ਜਣਾਈਆ । ਇਕੋ ਵੇਲਾ ਤੇਰੇ ਜਸ ਦਾ, ਗੁਰ ਅਵਤਾਰ ਪੀਰ ਪੈਗ਼ੰਬਰ ਰਲ ਕੇ ਤੇਰਾ ਢੋਲਾ ਗਾਈਆ । ਭਗਤ ਪਿਛੇ ਕਦੇ ਨਾ ਹਟਦਾ, ਚਰਨ ਕਵਲ ਬੈਠਾ ਸੀਸ ਨਿਵਾਈਆ । ਤੇਰਾ ਮੇਲਾ ਨਿਰਗੁਣ ਨਿਰਵੈਰ ਓਸ ਅਲਖ ਦਾ, ਜਿਸ ਦੀ ਪਲਕ ਸਮਝ ਕਿਸੇ ਨਾ ਆਈਆ । ਜੇ ਤੂੰ ਸਭ ਦੇ ਅੰਦਰ ਵਸਦਾ, ਸੁੱਤਿਆਂ ਲਏਂ ਉਠਾਈਆ । ਤੂੰ ਮਾਲਕ ਘਟ ਘਟ ਦਾ, ਲੱਖ ਚੁਰਾਸੀ ਰਿਹਾ ਸਮਾਈਆ । ਲੇਖਾ ਮੁਕਾ ਦੇ ਮਨਮਤ ਦਾ, ਗੁਰਮਤ ਸਭ ਨੂੰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਅਗੰਮ ਅਥਾਹ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਸੁਣੋ ਮੇਰੇ ਪਿਆਰੇ ਮੀਤ, ਸਚ ਦਿਆਂ ਦ੍ਰਿੜਾਈਆ । ਮੈਂ ਵੇਖਣਹਾਰਾ ਹਸਤ ਕੀਟ, ਊਚ ਨੀਚ ਫੋਲ ਫੁਲਾਈਆ । ਜੁਗ ਚੌਕੜੀ ਬਦਲਣਹਾਰਾ ਨੀਤ, ਜੁਗ ਚੌਕੜੀ ਡੇਰਾ ਢਾਹੀਆ । ਦੇਵਣਹਾਰਾ

ਸਚ ਹਦੀਸ, ਕਲਮਿਆਂ ਨਬੀ ਕਰਾਂ ਪੜ੍ਹਾਈਆ । ਨਾਮ ਨਿਧਾਨਾ ਦੇ ਕੇ ਗੀਤ, ਗੁਰ ਅਵਤਾਰਾਂ ਦਿਆਂ ਸਮਝਾਈਆ । ਅੰਮ੍ਰਿਤ ਬਖ਼ਸ਼ ਕੇ ਠਾਂਡਾ ਸੀਤ, ਅਗਨੀ ਤੱਤ ਬੁਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ੍ਰਿਸ਼ਟੀ ਕਰ ਕੇ ਗਏ ਵਸੀਅਤ, ਓਸ ਦੀ ਅਸਲੀਅਤ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਧੁਰ ਫ਼ਰਮਾਨਾ ਦੇਵਾਂ ਏਕ, ਆਦਮ ਸਰਬ ਸਚ ਜਣਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਮੰਨੋ ਇਕੋ ਟੇਕ, ਲੱਖ ਚੁਰਾਸੀ ਜੀਵ ਜੰਤ ਸਾਚੇ ਮਾਰਗ ਦਿਆਂ ਲਗਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਬੁੱਧੀ ਕਰ ਦਿਆਂ ਬਿਬੇਕ, ਨਾਮ ਖੰਡਾ ਤੇਗ਼ ਹੱਥ ਉਠਾਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਅਗਨੀ ਤੱਤ ਨਾ ਲਾਵੇ ਸੇਕ, ਮੋਹ ਮਮਤਾ ਦਿਆਂ ਗਵਾਈਆ । ਨਜ਼ਰੀ ਆਵਾਂ ਨੇਤਨ ਨੇਤ, ਨਿਜ ਘਰ ਪਰਦਾ ਇਕ ਉਠਾਈਆ । ਪਰਮਾਤਮ ਆਤਮ ਦਰ ਦੱਸਾਂ ਖੇਲ, ਗ੍ਰਿਹਿ ਮੇਲਾ ਸਚ ਸਮਝਾਈਆ । ਕਰ ਪਰਕਾਸ਼ ਬਿਨ ਦੀਵਾ ਬਾਤੀ ਤੇਲ, ਇਕੋ ਨੂਰ ਡਗਮਗਾਈਆ । ਗੁਰਮੁਖਾਂ ਦਾ ਸੱਜਣ ਸੁਹੇਲ, ਸਾਂਝਾ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਕਮਾਈਆ । ਸਾਚੀ ਕਰਨੀ ਇਕ ਕਮਾਵਾਂਗਾ । ਦੀਨ ਦਿਆਲ ਹੋ ਕੇ ਦਇਆਨਿਧ ਅਖਵਾਵਾਂਗਾ । ਕੂੜੀ ਕਿਰਿਆ ਦੁਰਮਤ ਮੈਲ ਧੋ ਕੇ, ਸਤਿ ਧਰਮ ਇਕ ਪਰਗਟਾਵਾਂਗਾ । ਸਚ ਦਾ ਮਾਲਕ ਸਭ ਦਾ ਹੋ ਕੇ, ਚਾਰ ਕੁੰਟ ਵੇਖ ਵਖਾਵਾਂਗਾ । ਪ੍ਰੇਮ ਪ੍ਰੀਤੀ ਪਿਆਰ ਅੰਦਰ ਸਾਰੇ ਮੋਹ ਕੇ, ਮਾਰਗ ਇਕੋ ਇਕ ਲਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਮਗਰੀ ਆਪਣੇ ਹੱਥ ਰਖਾਵਾਂਗਾ । ਸਚ ਸਮਗਰੀ ਇਕ ਜਣਾਵਾਂਗਾ । ਨਦਰੀ ਨਦਰ ਨਿਹਾਲ, ਨਦਰ ਨਾਲ ਤਰਾਵਾਂਗਾ । ਲੇਖਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਇਕੋ ਗੰਢ ਪਵਾਵਾਂਗਾ । ਕਾਇਆ ਮੰਦਰ ਅੰਦਰ ਵਖਾ ਕੇ ਸਚੀ ਧਰਮਸਾਲ, ਗੋਬਿੰਦ ਧੁਰ ਦਾ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਸਵਾਮੀ ਅਨਹਦ ਸ਼ਬਦ ਆਪਣਾ ਰਾਗ ਸੁਣਾਵਾਂਗਾ । ਸਾਚਾ ਰਾਗ ਇਕ ਦ੍ਰਿੜਾਵੇਗਾ । ਪੁਰਖ ਅਕਾਲ ਵੇਸ ਵਟਾਵੇਗਾ । ਜੋਤੀ ਜਾਮਾ ਜੋਤ ਰੁਸ਼ਨਾਵੇਗਾ । ਸ਼ਬਦੀ ਡੰਕਾ ਇਕ ਸੁਣਾਵੇਗਾ । ਰਾਓ ਰੰਕਾਂ ਪਾਰ ਕਰਾਵੇਗਾ । ਹਉਮੇ ਹੰਗਤਾ ਗੜ੍ਹ ਤੁੜਾਵੇਗਾ । ਨੌ ਖੰਡ ਪ੍ਰਿਥਮੀ ਸੰਗਤਾ ਇਕ ਬਣਾਵੇਗਾ । ਮੁੱਲਾ ਸ਼ੇਖ਼ ਮੁਸਾਇਕ ਪੰਡਤਾ ਆਪ ਸਮਝਾਵੇਗਾ । ਸ਼ਰਅ ਸ਼ਰੀਅਤ ਦੱਸ ਕੇ ਇਕ ਹਦਾਇਤ, ਹਜ਼ਰਤ ਹੋ ਕੇ ਵੇਖ ਵਖਾਵੇਗਾ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਰੇ ਹਮਾਇਤ, ਰਾਜ ਰਾਜਾਨ ਸ਼ਾਹ ਸੁਲਤਾਨ ਸੀਸ ਤਾਜ ਨਾ ਕੋਇ ਟਿਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਕਰਨੀ ਆਪ ਕਮਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਕਾਰ ਕੀ ਕਮਾਵੇਗਾ । ਸਾਨੂੰ ਵਖਾ ਆਪਣੇ ਅਗੰਮੇ ਨੈਣ, ਲੋਕਮਾਤ ਪਰਦਾ ਲਾਹਵੇਗਾ । ਸਾਚੇ ਚਰਨਾਂ ਦੱਸੇ ਬਹਿਣ, ਦਵਾਰਾ ਇਕੋ ਇਕ ਪਰਗਟਾਵੇਗਾ । ਜਨਮ ਕਰਮ ਦਾ ਚੁਕਾ ਕੇ ਲਹਿਣ ਦੇਣ, ਪੂਰਬ ਲੇਖਾ ਸਰਬ ਮੁਕਾਵੇਗਾ । ਨੇਤਰ ਅੱਖ ਖੋਲ੍ਹ ਕੇ ਐਨ, ਦੀਦ ਈਦ ਚੰਦ ਰੁਸ਼ਨਾਵੇਗਾ । ਧੁਰ ਦਾ ਸੱਜਣ ਬਣ ਕੇ ਸੈਣ, ਸਗਲਾ ਸੰਗ ਨਿਭਾਵੇਗਾ । ਸਚ ਮੁਹੱਬਤ ਵਹਾ ਕੇ ਵਹਿਣ, ਮਾਇਆ ਮਮਤਾ ਮੋਹ ਰੁੜ੍ਹਾਵੇਗਾ । ਕੂੜੀ ਕਿਰਿਆ ਨਾ ਖਾਵੇ ਡੈਣ, ਸ਼ਬਦ ਖੰਡਾ ਇਕ ਚਮਕਾਵੇਗਾ । ਕਿਸ ਬਿਧ ਲੇਖਾ ਮੁਕੇ ਹਿੰਦਵੈਣ, ਚਾਰ ਵਰਨਾਂ ਰੰਗ ਚੜ੍ਹਾਵੇਗਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਵੇਗਾ । ਪੁਰਖ ਅਕਾਲ ਸਚ ਦ੍ਰਿੜੌਂਦਾ ਏ । ਧੁਰ ਦਾ ਯਾਰ ਆਖ ਸੁਣੌਂਦਾ ਏ । ਕਰਨਹਾਰ ਖੇਲ ਅਪਾਰ, ਆਪ ਆਪਣਾ ਹੁਕਮ ਵਰਤੌਂਦਾ ਏ । ਧਰਮ ਦਾ ਲੇਖਾ ਸਚ ਹਿਸਾਬ, ਹਿੰਦਸੇ ਆਪਣੇ ਅੰਕ ਜਣੌਂਦਾ ਏ । ਬਿਨ ਅੱਖਰਾਂ ਵਾਲੀ ਖੋਲ੍ਹ ਕਿਤਾਬ, ਨਿਸ਼ਅੱਖਰ ਇਕੋ ਨਿਰ ਆਪਣਾ ਹੁਕਮ ਜਣੌਂਦਾ ਏ । ਪਰਦਾ ਲਾਹ ਕੇ ਸਚ ਮਹਿਰਾਬ, ਮਾਲਕ ਆਪਣਾ ਰੰਗ ਚੜ੍ਹੌਂਦਾ ਏ । ਜਿਸ ਦੀ ਕਲਮਿਆਂ ਨਾਲ ਕਰ ਕੇ ਗਏ ਵਜ਼ਾਹਤ, ਸੋ ਸਾਹਿਬ ਵੇਸ ਵਟੌਂਦਾ ਏ । ਜਿਸ ਦੀ ਮੁਕਾਮੇ ਹਕ ਰਿਹਾਇਸ਼, ਸੋ ਸ਼ਰੀਅਤ ਖੋਜ ਖੁਜੌਂਦਾ ਏ । ਜੋ ਬ੍ਰਹਿਮੰਡਾਂ ਖੰਡਾਂ ਕਰਨਹਾਰਾ ਪੈਮਾਇਸ਼, ਪੈਮਾਨਾ ਆਪਣਾ ਨਾਮ ਇਕ ਪਰਗਟੌਂਦਾ ਏ । ਜਿਸ ਨੇ ਲੱਖ ਚੁਰਾਸੀ ਪੀਰ ਪੈਗ਼ੰਬਰ ਜੀਵ ਜੰਤ ਸਾਧ ਸੰਤ ਦਿਤੀ ਪੈਦਾਇਸ਼, ਸੋ ਪਤਿਪਰਮੇਸ਼ਵਰ ਆਪਣੀ ਕਾਰ ਕਮੌਂਦਾ ਏ । ਮਨ ਮਤਿ ਬੁਧਿ ਨਾਲ ਕਿਸੇ ਦੀ ਆਏ ਨਾ ਵਿਚ ਅਜ਼ਮਾਇਸ਼, ਇਸਮ ਆਜ਼ਮ ਮੁਰੀਦ ਮੁਰਸ਼ਦ ਗੁਰਮੁਖ ਆਪ ਸਮਝੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤੌਂਦਾ ਏ । ਧੁਰ ਦਾ ਹੁਕਮ ਸਚ ਵਰਤਾਵੇਗਾ । ਦੋ ਜਹਾਨਾਂ ਆਖ ਸੁਣਾਵੇਗਾ । ਥਿਰ ਘਰ ਆਪਣੀ ਧਾਰ ਬੰਧਾਵੇਗਾ । ਸੁਨ ਅਗੰਮ ਰਾਹ ਚਲਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਹਿਲਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਜਗਾਵੇਗਾ । ਕੂੜੀ ਕਿਰਿਆ ਰਚ ਕੇ ਸਵੰਬਰ, ਅੰਤਮ ਡੋਲੀ ਇਕੋ ਪਾਵੇਗਾ । ਜੂਠ ਝੂਠ ਮੇਟ ਅਡੰਬਰ, ਡੰਕਾ ਸਚ ਸ਼ਬਦ ਸੁਣਾਵੇਗਾ । ਸਤਿਜੁਗ ਮਾਰਗ ਇਕੋ ਇਕ ਲਗਾਵੇਗਾ । ਪੁਰਖ ਅਕਾਲ ਹੁਕਮ ਵਰਤਾਵੇਗਾ । ਸਾਚਾ ਮੰਤਰ ਨਾਮ ਇਕ ਪਰਗਟਾਵੇਗਾ । ਗਗਨ ਗਗਨੰਤਰ ਇਕ ਸੁਣਾਵੇਗਾ । ਸਤਿ ਧਰਮ ਦੀ ਬਣਾ ਕੇ ਸਾਚੀ ਬਣਤਰ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਵੇਗਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਮੰਤਰ, ਮੁਤਲਾਸ਼ੀ ਸਭ ਦਾ ਨਜ਼ਰੀ ਆਵੇਗਾ । ਪਰਦਾ ਲਾਹ ਕੇ ਗਗਨ ਗਗਨੰਤਰ, ਗ੍ਰਹਿ ਮੰਦਰ ਖੋਜ ਖੁਜਾਵੇਗਾ । ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਸ਼ਕਰਨ ਵੇਖ ਵਖਾਵੇਗਾ । ਲੇਖਾ ਜਾਣ ਬ੍ਰਹਮ ਨਿਰੰਤਰ, ਮਾਇਆ ਬ੍ਰਹਮ ਪਰਦਾ ਆਪ ਉਠਾਵੇਗਾ । ਜਿਸ ਦਾ ਰਾਹ ਤਕਦੇ ਗਏ ਕੋਟਨ ਮਨਵੰਤਰ, ਮਨਸਾ ਸਭ ਦੀ ਪੂਰ ਕਰਾਵੇਗਾ । ਜਿਸ ਦੀ ਸਿਫ਼ਤ ਗਾਏ ਜਿਹਵਾ ਸਹੰਸਰ, ਦੋ ਦੋ ਆਪਣਾ ਹੁਕਮ ਵਰਤਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਇਕ ਪਰਗਟਾਵੇਗਾ । ਸਤਿ ਧਰਮ ਜਗਤ ਲਗਾਵਾਂਗਾ । ਸ੍ਰਿਸ਼ਟ ਸਬਾਈ ਏਕਾ ਬ੍ਰਹਮ, ਪਰਦਾ ਉਹਲਾ ਆਪ ਉਠਾਵਾਂਗਾ । ਇਕ ਪਰਮੇਸ਼ਵਰ ਇਕੋ ਸਰਨ, ਮਾਲਕ ਕੁੱਲ ਇਕ ਜਣਾਵਾਂਗਾ । ਇਕੋ ਨਾਮ ਢੋਲਾ ਗੀਤ ਕ਼ਲਮਾ ਸਾਰੇ ਪੜ੍ਹਨ, ਇਸ਼ਟ ਗੁਰਦੇਵ ਸਵਾਮੀ ਇਕੋ ਇਕ ਵਖਾਵਾਂਗਾ । ਇਕੋ ਮੰਜ਼ਲ ਕਾਇਆ ਮਾਟੀ ਸਾਢੇ ਤਿੰਨ ਹੱਥ ਸਾਰੇ ਚੜ੍ਹਨ, ਈੜਾ ਪਿੰਗਲ ਸੁਖਮਨ ਟੇਢੀ ਬੰਕ ਪਾਰ ਲੰਘਾਵਾਂਗਾ । ਇਕੋ ਅੰਮ੍ਰਿਤ ਬਖ਼ਸ਼ ਕੇ ਦੇਵਾਂ ਜੋਤੀ ਸਾਚੀ ਕਿਰਨ, ਨੂਰ ਨੂਰ ਨੈਣ ਰੁਸ਼ਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਵਾਂਗਾ । ਗੁਰ ਅਵਤਾਰ ਕਹਿਣ ਪ੍ਰਭ ਕਿਹੜੀ ਵਸਤ ਸਤਿ, ਜਿਸ ਦੇਵੇਂ ਮਾਣ ਵਡਿਆਈਆ । ਪੁਰਖ ਅਕਾਲ ਕਿਹਾ ਸਭ ਦੀ ਇਕੋ ਕਰਕੇ ਮਤਿ, ਮਤਲਬ ਤੁਹਾਡਾ ਹਲ ਕਰਾਈਆ । ਜੋ ਤੁਸੀਂ ਸ੍ਰਿਸ਼ਟੀ ਆਏ ਦੱਸ, ਅੱਖਰਾਂ ਕਰ ਪੜ੍ਹਾਈਆ । ਓਸ ਮਾਰਗ ਤੋਂ ਸਾਰੇ ਗਏ ਹਟ, ਰਸਤਾ ਹਕ ਨਾ ਕੋਇ ਵਖਾਈਆ । ਕਰਾਂ ਖੇਲ ਹੋ ਕੇ ਪੁਰਖ ਸਮਰਥ, ਭੈ ਭਉ ਇਕ ਰਖਾਈਆ । ਨਾਮ ਨਿਧਾਨ ਦੇ ਕੇ ਵਥ, ਖ਼ਾਲੀ


੪੨੧

ਭੰਡਾਰੇ ਦਿਆਂ ਭਰਾਈਆ । ਵਡਿਆਈ ਦੇ ਕੇ ਧਰਤ ਮਹੱਤ, ਮਹਿੰਮਾ ਦਿਆਂ ਸੁਣਾਈਆ । ਝੋਲੀ ਪਾ ਕੇ ਸੁਚ ਸਚ, ਸਾਚਾ ਨਾਤਾ ਦਿਆਂ ਜੁੜਾਈਆ । ਸ਼ਬਦ ਅਗੰਮੀ ਮਾਰ ਕੇ ਸੱਟ, ਕੂੜਾ ਠੀਕਰ ਦਿਆਂ ਭੰਨਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਵਣਜਾਰੇ ਗੁਰਮੁਖ ਲਵਾਂ ਬਣਾਈਆ । ਅੰਦਰੇ ਅੰਦਰ ਦੇਵਾਂ ਦੱਸ, ਸ਼ਬਦੀ ਰਮਜ਼ ਸੁਣਾਈਆ । ਸਭ ਨੇ ਇਕੋ ਗੌਣਾ ਛੰਦ, ਮੇਰਾ ਤੇਰਾ ਰਾਗ ਅਲਾਈਆ । ਕਰਮ ਕਾਂਡ ਦਾ ਤੋੜ ਕੇ ਭੰਡ, ਬੰਦ ਖ਼ੁਲਾਸ ਵਖਾਈਆ । ਅੰਤਰ ਆਤਮ ਬਖ਼ਸ਼ ਕੇ ਅਨੰਦ, ਪਰਮਾਤਮ ਮੇਲਾ ਸਹਿਜ ਸੁਭਾਈਆ । ਅੰਗੀਕਾਰ ਹੋ ਕੇ ਲਾਵਾਂ ਅੰਗ, ਸੰਤ ਸੁਹੇਲੇ ਗੋਦ ਟਿਕਾਈਆ । ਗ਼ਰੀਬ ਨਿਮਾਣਿਆਂ ਕੱਟਾਂ ਭੁਖ ਨੰਗ, ਦੁਖੀਆਂ ਦਰਦ ਵੰਡਾਈਆ । ਸਤਿਜੁਗ ਸਾਚਾ ਉਦੇ ਹੋਵੇ ਚੰਦ, ਸਚ ਪਰਕਾਸ਼ ਦਏ ਵਖਾਈਆ । ਕਰਨਾ ਖੇਲ ਸੂਰੇ ਸਰਬੰਗ, ਦੂਜਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਧੁਰ ਦੇ ਵੇਖ ਵਖਾਈਆ । ਧੁਰ ਦਾ ਲੇਖਾ ਕਹੇ ਮੇਰੀ ਅਗੰਮੀ ਲਿਖਤ, ਵਾਚਣ ਵਾਲਾ ਨਜ਼ਰ ਕੋਇ ਨਾ ਆਈਆ । ਜੋ ਹੁਕਮੇ ਨਾਲ ਗੁਰ ਅਵਤਾਰਾਂ ਲਿਖਿਆ ਭਵਿਖਤ, ਸੋ ਵਕ਼ਤ ਵਾਕਿਆ ਦਏ ਗਵਾਹੀਆ । ਨਾ ਕੋਈ ਸੋਗ ਨਾ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਮਿਲੇ ਵਡਿਆਈ ਧਰਨੀ ਧਰਤ, ਧੌਲ ਦਏ ਸੁਹਾਈਆ । ਪੁਰਖ ਅਕਾਲ ਦੀਨ ਦਿਆਲ ਜੋਤੀ ਧਾਰ ਆਵੇ ਪਰਤ, ਸ਼ਬਦੀ ਗੁਰ ਵਡਿਆਈਆ । ਸਚ ਫ਼ਰਮਾਨਾ ਅਰਸ਼ ਫ਼ਰਸ਼, ਅਰਸ਼ਾਂ ਤੋਂ ਅਗੇ ਦਏ ਸੁਣਾਈਆ । ਜਿਸ ਨੂੰ ਕੋਈ ਨਾ ਜਾਣੇ ਅਰਬ ਖ਼ਰਬ, ਗਿਣਤੀ ਗਣਤ ਨਾ ਕੋਇ ਕਰਾਈਆ । ਸੋ ਸੂਰਬੀਰ ਮਰਦਾਨਾ ਮਰਦ, ਚੇਲਾ ਇਕੋ ਲਏ ਬਣਾਈਆ । ਇਹੋ ਖੇਲ ਸਦਾ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਕਰਤਾ ਆਪ ਕਰਾਈਆ । ਨੌ ਖੰਡ ਪ੍ਰਿਥਮੀ ਇਕ ਮਹੱਲਾ, ਮਹਿਬੂਬ ਰਿਹਾ ਬਣਾਈਆ । ਨਵ ਸਤ ਫੜ ਪੱਲਾ, ਸ਼ਬਦੀ ਗੰਢ ਜਣਾਈਆ । ਰਾਮ ਰਹੀਮ ਰਹਿਮਾਨ ਇਕੋ ਨੂਰ ਅਲਾਹੀ ਅੱਲਾ, ਵਾਹਿਗੁਰੂ ਸਿਫ਼ਤ ਸਾਲਾਹੀਆ । ਜੋ ਰਮਿਆ ਜਲਾ ਥਲਾ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜਾਂ ਸਮੁੰਦ ਸਾਗਰ ਰਿਹਾ ਸਮਾਈਆ । ਜੋ ਲੱਖ ਚੁਰਾਸੀ ਜੀਵ ਜੰਤ, ਆਤਮ ਪਰਮਾਤਮ ਹੋ ਕੇ ਖਲਾ, ਸਵੱਛ ਸਰੂਪੀ ਰੂਪ ਵਟਾਈਆ । ਜੋ ਨਿਤ ਨਵਿਤ ਕਰੇ ਖੇਲ ਅਛਲ ਅਛੱਲਾ, ਵਲ ਛਲ ਧਾਰੀ ਨਾਉਂ ਰਖਾਈਆ । ਜਿਸ ਨੇ ਧੁਰ ਸੰਦੇਸ਼ ਸਾਚਾ ਘੱਲਾ, ਘਾਲ ਸਭ ਦੀ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰਦੇ ਗਏ ਉਡੀਕ, ਨਾਮ ਸੰਦੇਸ਼ਾ ਦਿਆਂ ਸੁਣਾਈਆ । ਕਲਮਿਆਂ ਕਲਾਮਾਂ ਵਿਚ ਕਰਦੇ ਰਹੇ ਤਾਰੀਫ਼, ਨਾਮ ਮੰਤਰਾਂ ਵਿਚ ਗਾਈਆ । ਸਜਦਿਆਂ ਵਿਚ ਦੱਸਦੇ ਰਹੇ ਹਦੀਸ, ਪ੍ਰੀਤ ਚਰਨ ਕਵਲ ਸਰਨਾਈਆ । ਜਿਸ ਦਾ ਖੇਲ ਸਦਾ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਕਹਿੰਦੇ ਲਾਸ਼ਰੀਕ, ਵਾਹਿਦ ਗਾਡ ਬੇਪਰਵਾਹੀਆ । ਉਸ ਦੇ ਵਿਚ ਵਡ ਤੌਫ਼ੀਕ, ਤੁਆਰਫ਼ ਸਭ ਨੂੰ ਦਏ ਜਣਾਈਆ । ਨਾਤਾ ਤੋੜ ਕੇ ਮੰਦਰ ਮਸੀਤ, ਕਾਇਆ ਕਾਅਬਾ ਦਏ ਜਣਾਈਆ । ਸ੍ਰਿਸ਼ਟ ਸਬਾਈ ਦ੍ਰਿਸ਼ਟੀ ਇਸ਼ਟੀ ਬਦਲ ਦੇਵੇ ਨੀਤ, ਨੀਤੀਵਾਨ ਹੁਕਮ ਵਰਤਾਈਆ । ਸਾਚਾ ਮਾਰਗ ਲਾਵੇ ਇਕ ਅਤੀਤ, ਤ੍ਰੈਗੁਣ ਕੂੜਾ ਲੇਖਾ ਦੇਵੇ ਮੁਕਾਈਆ । ਸ੍ਰਿਸ਼ਟ ਸਬਾਈ ਕਰੇ ਸਚ ਨਸੀਹਤ, ਚਾਰ ਕੁੰਟ ਏਕਾ ਹੁਕਮ ਦਰਸਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਵਿਖਤ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਸਚਖੰਡ ਨਿਵਾਸੀ ਮਿਹਰਵਾਨ, ਤਖ਼ਤ ਨਿਵਾਸੀ ਹੁਕਮਰਾਨ, ਵੇਖਣਹਾਰਾ ਦੋ ਜਹਾਨ, ਦੇਵਣਹਾਰ ਧੁਰ ਫ਼ਰਮਾਨ, ਵੇਖਣਹਾਰਾ ਦੀਨ ਇਸਲਾਮ, ਜਣਾਵਣਹਾਰਾ ਮੰਤਰ ਸਤਿਨਾਮ, ਪੈਗ਼ੰਬਰਾਂ ਦਾ ਪੈਗ਼ੰਬਰ ਪੀਰਾਂ ਦਾ ਪੀਰ ਅਮਾਮ, ਰਹਿਬਰਾਂ ਦਾ ਰਹਿਬਰ ਸੰਦੇਸ਼ਾ ਦੇਵੇ ਅਵਾਮ, ਅਵਤਾਰਾਂ ਦਾ ਅਵਤਾਰ ਧੁਰ ਦਾ ਰਾਮ, ਗੁਰੂਆਂ ਦਾ ਗੁਰੂ ਜਿਸ ਨੂੰ ਕਹਿੰਦੇ ਸ੍ਰੀ ਭਗਵਾਨ ਨਿਸ਼ਾਨ ਆਪਣਾ ਇਕ ਵਖਾਈਆ ।

ਸਤਿ ਧਰਮ ਸਤਿ ਸਤਿਵਾਦੀ ਕਰ ਪਰਵਾਨ, ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਦਏ ਜਣਾਈਆ । ਅਨਾਦੀ ਸ਼ਬਦੀ ਕਰੇ ਕਲਿਆਣ, ਧੁਰ ਸੰਦੇਸ਼ੇ ਸਰਬ ਸੁਣਾਈਆ । ਮਾਰਗ ਸਚਾ ਲਗੇ ਵਿਚ ਜਹਾਨ, ਕੂੜ ਸਚ ਵਿਚ ਬਦਲਾਈਆ । ਪੁਰਖ ਅਕਾਲ ਹੋਵੇ ਮਿਹਰਵਾਨ, ਮਹਿਬੂਬ ਦਾਤਾ ਬੇਪਰਵਾਹੀਆ । ਮੁਸ਼ਕਲ ਕਰੇ ਆਪ ਆਸਾਨ, ਅਸਲ ਆਪਣਾ ਪੜਦਾ ਦਏ ਉਠਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਕੋਈ ਜ਼ਬਾਨ, ਕ਼ਲਮ ਸ਼ਾਹੀ ਲਿਖ ਨਾ ਸਕੇ ਵਡਿਆਈਆ । ਸੋ ਸਾਹਿਬ ਬੀਦੋ ਮਹਿਬਾਨ, ਸੋ ਪੁਰਖ ਨਿਰੰਜਣ ਦਇਆਵਾਨ, ਏਕੰਕਾਰ ਇਕ ਅਕੱਲਾ ਆਪਣਾ ਹੁਕਮ ਵਰਤਾਈਆ । ਦੋ ਜਹਾਨਾਂ ਬਣ ਪਰਧਾਨ, ਸ੍ਰਿਸ਼ਟ ਸਬਾਈ ਦਏ ਗਿਆਨ, ਆਤਮ ਪਰਮਾਤਮ ਮਿਲਾਏ ਆਣ, ਲੇਖਾ ਚੁਕਾਏ ਬਣ ਸ਼ੈਤਾਨ, ਗੁਣ ੪੨੩
੪੨੩ ਨਿਧਾਨ ਦਇਆਨਿਧ ਠਾਕਰ ਸਵਾਮੀ ਆਪਣਾ ਰੰਗ ਰੰਗਾਈਆ । ਸ਼ਮਅ ਬੁਝੀ ਜਗਾਏ ਆਣ, ਦੀਪਕ ਜੋਤ ਜਗੇ ਮਹਾਨ, ਸਚ ਪਰਕਾਸ਼ ਕਰੇ ਭਾਨ, ਭੇਵ ਭੇਤ ਆਪਣਾ ਦਏ ਖੁਲ੍ਹਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਜ਼ਿਮੀਂ ਅਸਮਾਨਾਂ ਦੋ ਜਹਾਨਾਂ ਜੈਕਾਰਾ ਸੁਣਾ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਸਭ ਦਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਵਸਾ ਕੇ ਸਾਚੇ ਘਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਮੰਡਲ ਰਾਸੀ ਜੋਤ ਪਰਕਾਸ਼ੀ, ਖੇਲ ਤਮਾਸ਼ੀ ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਾਚਾ ਨੂਰ ਕਰੇ ਰੁਸ਼ਨਾਈਆ । ਨੀਲਾ ਜੋੜਾ ਨੀਲੀ ਧਾਰ, ਨੀਲੇ ਵਾਲਾ ਮਾਹੀ ਗਿਆ ਸਮਝਾਈਆ । ਜਿਸ ਨੂੰ ਸੀਤਾ ਪੁਰਖ ਅਕਾਲ ਆਪ, ਸੂਈ ਧਾਗਾ ਨਾਲ ਨਾ ਕੋਇ ਰਲਾਈਆ । ਜਿਹੜਾ ਕਿਸੇ ਨਹੀਂ ਪਹਿਨਿਆ ਗੁਰ ਅਵਤਾਰ, ਪੀਰ ਪੈਗ਼ੰਬਰ ਨਾ ਮਿਲੀ ਵਡਿਆਈਆ । ਓਹ ਗੋਬਿੰਦ ਪਹਿਨੇ ਪੁਰਖ ਅਕਾਲ ਦਾ ਲਾਲ, ਜਿਸ ਆਪਣੇ ਲਾਲ ਭੇਟ ਦਿਤੇ ਕਰਾਈਆ । ਓਸ ਦੀ ਕਿਹੜਾ ਦੇਵੇ ਮਿਸਾਲ, ਬੁਧੀ ਨਾਲ ਸਮਝਾਈਆ । ਜਿਸ ਲੇਖੇ ਲਾ ਕੇ ਸ਼ਾਹ ਕੰਗਾਲ, ਗੁਰਮੁਖ ਲਏ ਪਰਗਟਾਈਆ । ਓਹਦਾ ਸਤਿ ਸਰੂਪ ਦਾ ਚਿੱਟਾ ਬਾਣਾ ਪਰਗਟ ਹੋਵੇ ਵਿਚ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਵਖਾਈਆ । ਇਹ ਕਲਮਿਆਂ ਵਾਲਾ ਨਹੀਂ ਬਿਆਨ, ਸ਼ਾਹੀਆਂ ਦਾ ਨਹੀਂ ਵਿਧਾਨ, ਕਾਗ਼ਜ਼ਾਂ ਵਾਲੀ ਲਿਖਤ ਨਾ ਕੋਇ ਲਿਖਾਈਆ । ਗੋਬਿੰਦ ਜਾਣੇ ਜਾਂ ਜਾਣੇ ਭਗਵਾਨ, ਤੀਜਾ ਸਮਝ ਕੋਇ ਨਾ ਪਾਈਆ । ਇਕ ਜੋਤ ਇਕ ਸ਼ਬਦ ਦੋਹਾਂ ਦਾ ਖੇਲ ਆਪ ਕਰੇ ਮਿਹਰਵਾਨ, ਮਹਾਬਲੀ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਨੀਲਾ ਚੋਲਾ ਕਹੇ ਮੇਰਾ ਸੋਹਣਾ ਰੰਗ, ਜ਼ਿਮੀਂ ਅਸਮਾਨਾਂ ਨਜ਼ਰੀ ਆਈਆ । ਮੈਨੂੰ ਇਕ ਗੋਬਿੰਦ ਲਿਆ ਮੰਗ, ਪੁਰਖ ਅਕਾਲ ਅਗੇ ਝੋਲੀ ਡਾਹੀਆ । ਜੇ ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸੰਗ, ਹੋਵੇ ਨਾ ਕਦੇ ਜੁਦਾਈਆ । ਤੇਰਾ ਨਾਮ ਮੇਰਾ ਮਰਦੰਗ, ਸ਼ਬਦ ਰਣਜੀਤ ਨਗਾਰਾ ਦਿਆਂ ਸੁਣਾਈਆ । ਜਿਹੜਾ ਗਿਆ ਛਡ ਪੁਰੀ ਅਨੰਦ, ਸੂਰੇ ਸਰਬੰਗ ਤੇਰਾ ਸੁਤ ਚੰਦ ਕਰਾਂ ਰੁਸ਼ਨਾਈਆ । ਮੇਰਾ ਖੇਲ ਵਿਚ ਬ੍ਰਹਿਮੰਡ, ਕੋਈ ਵੰਡ ਨਾ ਸਕੇ ਵੰਡ, ਜੇਰਜ ਅੰਡ ਸਭ ਦੇ ਡੇਰੇ ਢਾਹੀਆ । ਤੇਰਾ ਹੁਕਮ ਚੰਡ ਪਰਚੰਡ, ਬਖ਼ਸ਼ਿਸ਼ ਤੇਰੀ ਬੇਪਰਵਾਹੀਆ । ਮੇਰਾ ਚੋਲਾ ਨੀਲਾ ਕਦੀ ਨਾ ਹੋਵੇ ਭੰਗ, ਭਸਮ ਵਿਚ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਿਹਾ ਮੇਰਾ ਚੋਲਾ ਚਿੱਟਾ, ਸਚ ਪਰਕਾਸ਼ ਨਜ਼ਰੀ ਆਈਆ । ਜਿਸ ਨੇ ਚੌਥੇ ਜੁਗ ਦਾ ਅਖ਼ੀਰੀ ਕੱਢਣਾ ਸਿੱਟਾ, ਪਰਦਾ ਓਹਲਾ ਦਏ ਚੁਕਾਈਆ । ਬੇਸ਼ਕ ਮੈਂ ਤੇਈ ਅਵਤਾਰਾਂ ਤੇ ਦਸਾਂ ਗੁਰੂਆਂ ਵਿਚੋਂ ਨਿੱਕਾ, ਨਿੱਕੇ ਤੋਂ ਵੱਡਾ ਕਰ ਕੇ ਮੇਰਾ ਪੁਰਖ ਅਕਾਲ ਦਏ ਵਖਾਈਆ । ਜਿਸ ਦਾ ਦੋ ਜਹਾਨ ਚਲਾਣਾ ਸਿੱਕਾ, ਬ੍ਰਹਿਮੰਡ ਖੰਡ ਸਾਰੇ ਸੀਸ ਨਿਵਾਈਆ । ਮੇਰਾ ਇਕੋ ਇਕ ਪੁਰਖ ਅਕਾਲ ਪਿਤਾ, ਦੂਜੀ ਮਾਤਾ ਗੋਦ ਨਾ ਕੋਇ ਵਖਾਈਆ । ਪ੍ਰਭ ਦਾ ਬਾਣਾ ਮੈਨੂੰ ਲੱਗਾ ਅੱਛਾ, ਜਿਸ ਨੇ ਭਾਣਾ ਲਿਆ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨੀਲਾ ਚਿੱਟਾ ਦੋਵੇਂ ਜਾਣ ਰਲ, ਆਪਣਾ ਆਪਣਾ ਦੇਣ ਮਿਲਾਈਆ । ਮੈਂ ਓਹਨਾਂ ਵਲ ਆਵਾਂ ਚਲ, ਜੋ ਬੈਠੇ ਰਾਹ ਤਕਾਈਆ । ਪੂਰਬ ਜਨਮ ਦਾ ਦੇਵਾਂ ਫਲ, ਝੋਲੀ ਵਸਤ ਨਾਮ ਭਰਾਈਆ । ਕੂੜੀ ਕਿਰਿਆ ਮੇਟ



ਕੇ ਕਲ, ਸਤਿਜੁਗ ਸਾਚਾ ਦਿਆਂ ਪਰਗਟਾਈਆ । ਸਚ ਸੁਨੇਹੜਾ ਇਕੋ ਘਲ, ਧੁਰ ਦਾ ਰਾਗ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚੀ ਵਡਿਆਈਆ । ਨੀਲਾ ਚੋਲਾ ਕਹੇ ਮੈਨੂੰ ਸੀਂਵੇ ਕੋਈ ਨਾ ਦਰਜ਼ੀ, ਮੇਰੀ ਸਮਝ ਕੋਇ ਨਾ ਪਾਈਆ । ਮੈਂ ਗੋਬਿੰਦ ਨਾਲ ਲਗਣਾ ਓਸ ਦੀ ਮਰਜ਼ੀ, ਫੇਰ ਆਪਣਾ ਰੂਪ ਜਣਾਈਆ । ਜਿਸ ਦੀ ਮੈਨੂੰ ਸੋਹਣੀ ਲੱਗੀ ਕਲਗ਼ੀ, ਕਲ ਕਲਕੀ ਨਾਓਂ ਧਰਾਈਆ । ਉਸ ਦਾ ਮਾਲਕ ਇਕੋ ਅਰਸ਼ੀ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜਿਸ ਦੀ ਧੁਰ ਦਰਗਾਹੇ ਮਨਜ਼ੂਰ ਹੋਈ ਅਰਜ਼ੀ, ਪ੍ਰਭ ਆਰਜ਼ੂ ਲੇਖੇ ਲਾਈਆ । ਫੇਰ ਓਸੇ ਦੀ ਸੋਹਣੀ ਹੋ ਜਾਏ ਚਿੱਟੀ ਵਰਦੀ, ਦਰਦੀ ਹੋ ਕੇ ਦਰਦ ਵੰਡਾਈਆ । ਇਹ ਖੇਲ ਅਗੰਮੇ ਨਰ ਦੀ, ਜਿਸ ਨੂੰ ਨਾਨਕ ਨਿਰਗੁਣ ਗਿਆ ਸਾਲਾਹੀਆ । ਇਹਨੂੰ ਸਮਝੇ ਕੋਈ ਨਾ ਜਲਦੀ, ਜਿੰਨਾ ਚਿਰ ਪ੍ਰਭ ਆਪਣੀ ਕਿਰਪਾ ਨਾ ਆਪ ਕਮਾਈਆ । ਅੱਖਰਾਂ ਵਿਚ ਸ੍ਰਿਸ਼ਟੀ ਸਾਰੀ ਪੜ੍ਹਦੀ, ਪਰਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਮਿਲਾਈਆ । ਚਿੱਟਾ ਚੋਲਾ ਕਹੇ ਮੈਂ ਮਿਲਣਾ ਚਿੱਟਾ ਰਾਣਾ, ਜੋ ਰਹਿਬਰ ਇਕ ਅਖਵਾਈਆ । ਨੀਲਾ ਕਹੇ ਮੈਂ ਓਸ ਦਾ ਮੰਨਣਾ ਭਾਣਾ, ਜਿਹੜਾ ਭਾਣੇ ਅੰਦਰ ਬੈਠਾ ਡੇਰਾ ਲਾਈਆ । ਗੋਬਿੰਦ ਕਿਹਾ ਮੈਂ ਦੋਹਾਂ ਨੂੰ ਇਕੋ ਜਿਹਾ ਜਾਣਾਂ, ਫ਼ਰਕ ਰਹੇ ਨਾ ਰਾਈਆ । ਸਭ ਦਾ ਮਾਲਕ ਇਕ ਭਗਵਾਨਾ, ਜਿਸ ਦੀ ਵੰਡ ਨਾ ਕੋਇ ਵਖਾਈਆ । ਦੋਹਾਂ ਹਸ ਕੇ ਕਿਹਾ ਵਾਹ ਸੂਰਬੀਰ ਬਲਵਾਨਾ, ਇਹ ਤੇਰੀ ਬੇਪਰਵਾਹੀਆ । ਤੇਰੇ ਨਾਲ ਮਿਲ ਕੇ ਸਾਡਾ ਝੁੱਲੇ ਜਗਤ ਨਿਸ਼ਾਨਾ, ਬਿਨਾ ਤੇਰੇ ਅਸੀਂ ਕੰਮ ਕਿਸੇ ਨਾ ਆਈਆ । ਅਸੀਂ ਬਰਦੇ ਤੇਰੇ ਗ਼ੁਲਾਮਾ, ਸੇਵਾ ਸਚ ਲੈਣੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਧੁਰ ਦੀ ਖੇਲ ਆਪਣੇ ਹੱਥ ਰਖਾਈਆ । ਬਸਤਰ ਕਹੇ ਮੇਰਾ ਰੰਗ ਨੀਲ, ਸੋਹਣਾ ਦਿਤਾ ਰੰਗਾਈਆ । ਮੇਰੀ ਕੋਈ ਨਾ ਸਮਝ ਰਿਹਾ ਦਲੀਲ, ਦਿਲਬਰ ਮਿਲਿਆ ਨਾ ਧੁਰ ਦਾ ਮਾਹੀਆ । ਮੈਂ ਕੀਤੀ ਇਕ ਅਪੀਲ, ਬੇਨੰਤੀ ਸਚ ਸੁਣਾਈਆ । ਜਿਸ ਵੇਲੇ ਗੋਬਿੰਦ ਬਣਿਆ ਫ਼ਕੀਰ, ਸ਼ਰੀਰ ਚੀਰ ਛੁਹਾਈਆ । ਮੈਂ ਕਿਹਾ ਤੂੰ ਗੁਣੀ ਗਹੀਰ, ਗਹਿਰ ਗਵਰ ਅਖਵਾਈਆ । ਮੈਨੂੰ ਨਜ਼ਰੀ ਆਈ ਉਹ ਤਸਵੀਰ, ਜੋ ਤਸੱਵਰ ਸਭ ਨੂੰ ਰਿਹਾ ਜਣਾਈਆ । ਗੋਬਿੰਦ ਕਿਹਾ ਜ਼ਰਾ ਚੋਟੀ ਚੜ੍ਹ ਕੇ ਵੇਖ ਅਖ਼ੀਰ, ਮੈਂ ਉਹ ਤੇ ਉਹ ਮੇਰਾ ਇਕੋ ਰੂਪ ਸਮਾਈਆ । ਉਹ ਬਸਤਰੋ ਸ਼ਸਤਰੋ ਤੁਹਾਡੀ ਬਦਲ ਦੇਣੀ ਤਕਦੀਰ, ਤਦਬੀਰ ਆਪਣੀ ਦਿਆਂ ਜਣਾਈਆ । ਜਿਸ ਵੇਲੇ ਪੁਰਖ ਅਕਾਲ ਮੇਰਾ ਸ਼ਹਿਨਸ਼ਾਹ ਮੈਂ ਓਸ ਦਾ ਹੋਵਾਂ ਵਜ਼ੀਰ, ਦੋ ਜਹਾਨਾਂ ਖ਼ਬਰਦਾਰ ਦਿਆਂ ਕਰਾਈਆ । ਮੇਰੇ ਚੋਲੇ ਨੂੰ ਕਰੇ ਨਾ ਕੋਈ ਲੀਰ ਲੀਰ, ਕਤਰਾ ਕਤਰਾ ਨਾ ਕੋਇ ਵਖਾਈਆ । ਇਹੋ ਖੇਲ ਮੇਰਾ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਿਹੜੀ ਹੱਥ ਵਿਚ ਦੇਹ ਕਰਕੇ ਫੜੀ ਸ਼ਮਸ਼ੀਰ, ਫੇਰ ਸ਼ਬਦ ਖੰਡਾਂ ਲਵਾਂ ਬਣਾਈਆ । ਜਨ ਭਗਤਾਂ ਦੇਵਾਂ ਧੀਰ, ਗੁਰਮੁਖਾਂ ਪਿਆਵਾਂ ਸੀਰ, ਅੰਮ੍ਰਿਤ ਰਸ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਨੀਲਾ ਕਹੇ ਕੋਈ ਦੇ ਦੇ ਸਬਕ, ਗੋਬਿੰਦ ਇਕੋ ਮੰਗ ਮੰਗਾਈਆ । ਮੁਹੰਮਦ ਮੇਰਾ ਲੇਖਾ ਲਿਖ ਕੇ ਗਿਆ ਚੌਦਾਂ ਤਬਕ, ਤਰਾ ਤਰਾ ਸਮਝਾਈਆ । ਗੋਬਿੰਦ ਕਿਹਾ ਮੇਰੇ ਪੁਰਖ ਅਕਾਲ ਹੱਥ ਇਹ ਲਿਖਤ ਪੜ੍ਹਤ, ਜਿਉਂ ਭਾਵੇ ਤਿਉਂ ਦਏ ਬਦਲਾਈਆ । ਓਸ ਦੇ ਅਗੇ ਕਿਹੜਾ ਸਕੇ ਅਟਕ, ਸੀਸ ਸਕੇ ਨਾ ਕੋਇ ਉਠਾਈਆ । ਫ਼ਿਕਰ ਨਾ ਕਰ ਅਗੇ ਪਿਛੇ ਪਿਛੇ ਅਗੇ ਰਹਿਣ ਨਾ ਦੇਵਾਂ ਫ਼ਰਕ, ਫ਼ੈਸਲਾ ਹਕ ਦਿਆਂ ਕਰਾਈਆ । ਓਧਰੋਂ ਚਿੱਟੇ ਕੀਤੀ ਅਰਜ਼, ਸੀਸ ਲਿਆ ਨਿਵਾਈਆ । ਮੇਰਾ ਤੇਰੇ ਕੋਲ ਕ਼ਰਜ਼, ਕਿਸ ਵੇਲੇ ਝੋਲੀ ਦੇਵੇਂ ਪਾਈਆ । ਗੋਬਿੰਦ ਕਿਹਾ ਇਹ ਮੇਰਾ ਫ਼ਰਜ਼, ਲਹਿਣਾ ਦੇਣਾ ਸਭ ਦਾ ਵੇਖ ਵਖਾਈਆ । ਜੋਧਾ ਸੂਰਬੀਰ ਬਣ ਕੇ ਆਵਾਂ ਮਰਦ, ਬਲ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਵਖਾਈਆ । ਚਿੱਟੇ ਨੀਲੇ ਕਿਹਾ ਕਰ ਕੇ ਬਹੀਏ ਸਬਰ, ਧੀਰਜ ਇਕ ਰਖਾਈਆ । ਜਿਸ ਵੇਲੇ ਸੂਰਬੀਰ ਬਣ ਕੇ ਆਵੇ ਸ਼ੇਰ ਬਬਰ, ਭੱਬਕ ਇਕੋ ਨਾਮ ਦਏ ਲਗਾਈਆ । ਬੁਤਖ਼ਾਨਾ ਬਣਿਆ ਨਾ ਰਹੇ ਕੋਈ ਕ਼ਬਰ, ਕਾਅਬਿਆਂ ਵਿਚ ਪਏ ਦੁਹਾਈਆ । ਕੂੜੀ ਕਿਰਿਆ ਮੇਟ ਦੇਵੇ ਗ਼ਦਰ, ਨਾਮ ਖੰਡਾ ਇਕ ਚਮਕਾਈਆ । ਲੱਖ ਚੁਰਾਸੀ ਤੋਲ ਦੇਵੇ ਨਾਮ ਦੇ ਕੰਡੇ ਵਜ਼ਨ, ਬੇਵਜ਼ਨ ਰਹਿਣ ਕੋਇ ਨਾ ਪਾਈਆ । ਚਿੱਟਾ ਨੀਲਾ ਕਹੇ ਦੋਵੇਂ ਰਲ ਕੇ ਲਗ ਜਾਈਏ ਓਸ ਦੇ ਓਸ ਅਗੰਮੀ ਬਦਨ, ਜਿਸ ਨੂੰ ਖ਼ਾਕ ਵਿਚ ਨਾ ਕੋਇ ਰੁਲਾਈਆ । ਉਸ ਦੀ ਪ੍ਰੀਤੀ ਵਿਚ ਹੋਈਏ ਮਘਨ, ਓਸੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਤਾ ਪੁਰਖ ਕਰਨਹਾਰ ਆਪਣਾ ਹੁਕਮ ਵਰਤਾਈਆ ।



੪੨੫

❊ ੨੦ ਫੱਗਣ ੨੦੨੧ ਬਿਕ੍ਰਮੀ ਆਸਾ ਸਿੰਘ ਦੇ ਗ੍ਰਿਹਿ ਪਿੰਡ ਕਲਸਾਣੀ ਜ਼ਿਲਾ ਕਰਨਾਲ ❊

ਸਚ ਧਰਮ ਕਹੇ ਪੁਰਖ ਸਮਰਥਾ, ਪੁਰਖ ਅਕਾਲ ਦਏ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਖੇਲ ਵੇਖਿਆ

ਅੱਖਾਂ, ਲੋਚਣ ਨੈਣ ਨੇਤਰ ਇਕ ਖੁਲ੍ਹਾਈਆ । ਫਿਰੀ ਦਰੋਹੀ ਸ਼ਰਅ ਸ਼ਰੀਅਤ ਦੀਨ ਅਲਾਹੀ ਮਦੀਨਾ ਮੱਕਾ, ਕਾਅਬਾ ਰੋ ਰੋ ਰਿਹਾ ਕੁਰਲਾਈਆ । ਤਕ ਕੇ ਆਇਆ ਮੰਦਰ ਮਸਜਿਦ ਸ਼ਿਵਦਵਾਲੇ ਮੱਠਾ, ਗੁਰੂਦਵਾਰਾ ਖੋਜ ਖੁਜਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਪਿਆ ਰੱਟਾ, ਸਚ ਸਵਾਮੀ ਨਾ ਕੋਇ ਜਣਾਈਆ । ਜੀਵ ਜੰਤ ਸਾਧ ਸੰਤ ਕਾਇਆ ਚੋਲਾ ਪੁਰਾਣਾ ਚੀਥੜ ਫਟਾ, ਲਾਲ ਗੁਲਾਲਾ ਰੰਗ ਨਾ ਕੋਇ ਚੜ੍ਹਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਕੇ ਆਏ ਤੀਰਥ ਤੱਟਾ, ਅਠਸਠ ਸਮਝ ਕੋਇ ਨਾ ਪਾਈਆ । ਪਰਮ ਪੁਰਖ ਪਰਮਾਤਮ ਆਤਮ ਤੇਰੀ ਕੋਈ ਨਾ ਜਾਣੇ ਸਤਾ, ਗਹਿਰ ਗੰਭੀਰ ਬੇਨਜ਼ੀਰ ਤੇਰਾ ਦਰਸ ਕੋਇ ਨਾ ਪਾਈਆ । ਦਰ ਦਰ ਘਰ ਘਰ ਨਚਦੀ ਫਿਰੇ ਮਨਮਤਾ, ਗੁਰਮਤ ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਧਰਮ ਕਹੇ ਮੈਂ ਵੇਖੀ ਕਲਜੁਗ ਕਾਤੀ, ਚਾਰੋਂ ਕੁੰਟ ਧਿਆਨ ਲਗਾਈਆ । ਦਹਿ ਦਿਸ਼ਾ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਮਿਤਰ ਪਿਆਰਾ ਕੋਇ ਨਾ ਸਾਥੀ, ਸੱਜਣ ਅੰਗ ਨਾ ਕੋਇ ਲਗਾਈਆ । ਅੰਤਰ ਆਤਮ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਨਿਰਗੁਣ ਨਿਰਵੈਰ ਨਿਰੰਕਾਰ ਤੇਰਾ ਦਰਸ ਕੋਇ ਨਾ ਪਾਈਆ । ਬਜਰ ਕਪਾਟੀ ਖੋਲ੍ਹ ਮਾਰੇ ਕੋਇ ਨਾ ਝਾਕੀ, ਝਲਕ ਖ਼ਲਕ ਪਲਕ ਨਾ ਕੋਇ ਉਠਾਈਆ । ਘਰ ਕਾਇਆ ਮੰਦਰ ਸਾਢੇ ਤਿੰਨ ਹੱਥ ਜਗੇ ਨਾ ਦੀਵਾ ਬਾਤੀ, ਜੋਤ ਨਿਰੰਜਣ ਨੂਰ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਠਾਂਡਾ ਸੀਰ ਮਿਲੇ ਨਾ ਬੂੰਦ ਸਵਾਂਤੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਪ੍ਰੇਮ ਪਿਆਰ ਮੁਹੱਬਤ ਅੰਦਰ ਸਚ ਦਿਸੇ ਨਾ ਕੋਈ ਪਰਭਾਤੀ, ਅੰਮ੍ਰਿਤ ਵੇਲਾ ਨਾ ਕੋਇ ਵਡਿਆਈਆ । ਪਿਤਾ ਪੁੱਤਰ ਇਕ ਦੂਜੇ ਦੇ ਹੋਏ ਘਾਤੀ, ਭੈਣਾਂ ਭਈਆ ਸੰਗ ਨਾ ਕੋਇ ਰਖਾਈਆ । ਤੇਰੇ ਨਾਮ ਨਿਧਾਨ ਨਾਦ ਧੁਨ ਦੀ ਸੁਣੇ ਨਾ ਕੋਈ ਗਾਥੀ, ਨਾਦੀ ਨਾਦ ਨਾ ਕੋਇ ਜਣਾਈਆ । ਮਨ ਮਨੂਆ ਘਰ ਘਰ ਹੋ ਕੇ ਬੈਠਾ ਆਕੀ, ਭੈ ਭਉ ਨਜ਼ਰ ਕਿਸੇ ਨਾ ਆਈਆ । ਤੇਰੇ ਦਵਾਰੇ ਬਣੇ ਕੋਇ ਨਾ ਦਾਸੀ, ਸਚ ਸੇਵਾ ਨਾ ਕੋਇ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਮੰਨੇ ਕੋਇ ਨਾ ਆਖੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਸਾਰੇ ਗਏ ਭੁਲਾਈਆ । ਝਗੜਾ ਪਿਆ ਜ਼ਾਤ ਪਾਤੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰਨ ਲੜਾਈਆ । ਆਤਮ ਸੇਜਾ ਮਿਲੇ ਕਿਸੇ ਨਾ ਖਾਟੀ, ਸਚ ਸਿੰਘਾਸਣ ਡੇਰਾ ਕੋਇ ਨਾ ਲਾਈਆ । ਏਥੇ ਓਥੇ ਦੋ ਜਹਾਨਾਂ ਪੁਛੇ ਕੋਇ ਨਾ ਵਾਤੀ, ਧੁਰ ਦਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿ ਧਰਮ ਕਹੇ ਮੈਂ ਵੇਖਿਆ ਕੂੜ ਕੁੜਿਆਰ, ਲੱਖ ਚੁਰਾਸੀ ਅੰਤਰ ਬੈਠਾ ਡੇਰਾ ਲਾਈਆ । ਸਤਿ ਸਚ ਕਰੇ ਨਾ ਕੋਈ ਪਿਆਰ, ਭਾਂਡਾ ਭਰਮ ਨਾ ਕੋਇ ਭੰਨਾਈਆ । ਚਰਨ ਕਵਲ ਕਰੇ ਨਾ ਕੋਇ ਨਿਮਸਕਾਰ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਤੇਰਾ ਇਸ਼ਟ ਨਾ ਕੋਇ ਮਨਾਈਆ । ਕ਼ਲਮ ਸ਼ਾਹੀ ਗੁਰੂ ਅਵਤਾਰ ਲਿਖ ਲਿਖ ਗਏ ਹਾਰ, ਪੀਰ ਪੈਗ਼ੰਬਰ ਕਾਤਬ ਬਣ ਕੇ ਦੇਣ ਗਵਾਹੀਆ । ਸਦੀ ਵੀਹਵੀਂ ਸੁਰਤੀ ਸੁਰਤ ਸਕੇ ਨਾ ਕੋਈ ਸੰਭਾਲ, ਨੇਰਨ ਨੇਰ ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਤੋੜੇ ਨਾ ਕੋਇ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਫਲ ਨਾ ਦਿਸੇ ਕਿਸੇ ਡਾਲ੍ਹ, ਸਿੰਮਲ ਕੂੜੇ ਰਹੇ ਲਹਿਰਾਈਆ । ਖਾਣੀ ਬਾਣੀ ਮਿਲ ਕੇ ਵਜੇ ਨਾ ਕੋਈ ਤਾਲ, ਬਹਿਬਲ ਬੇਹਾਲ ਦਿਸੇ ਲੋਕਾਈਆ । ਸਾਚਾ ਮਾਰਗ ਇਕ ਵਖਾਲ, ਰਹਿਬਰ ਬਣ ਕੇ ਨੂਰ ਖ਼ੁਦਾਈਆ । ਕਾਇਆ

੪੨੯

ਕਾਅਬਾ ਨਜ਼ਰੀ ਆ ਜਾਏ ਸਚੀ ਧਰਮਸਾਲ, ਮੰਦਰ ਇਕੋ ਦੇ ਦ੍ਰਿੜਾਈਆ । ਜਿਥੇ ਸ਼ਬਦ ਅਗੰਮੀ ਹੁੰਦਾ ਰਹੇ ਪਾਠ, ਦਿਵਸ ਰੈਣ ਰਿਹਾ ਜਣਾਈਆ । ਨਿਜ ਨੇਤਰ ਖੋਲ੍ਹ ਦੇ ਅੱਖ, ਪਰਤਖ ਆਪਣਾ ਦਰਸ ਕਰਾਈਆ । ਮੈਂ ਆਤਮ ਤੇਰੀ ਤੂੰ ਵੇਖੀਂ ਆਪ, ਕੂੜੀ ਕਿਰਿਆ ਅਧਵਿਚਕਾਰ ਬੈਠੀ ਡੇਰਾ ਲਾਈਆ । ਤੂੰ ਸਾਹਿਬ ਸੁਲਤਾਨ ਮਿਹਰਵਾਨ ਸੂਰਬੀਰ ਸਮਰਾਥ, ਬੋਧ ਅਗਾਧ ਮਹਿੰਮਾ ਅਕਥ ਜਣਾਈਆ । ਮਹਿਬੂਬ ਮੁਹੱਬਤ ਵਿਚ ਦੇ ਦੇ ਆਪਣੀ ਵਥ, ਨਾਮ ਇਕੋ ਝੋਲੀ ਪਾਈਆ । ਸਤਿਜੁਗ ਸਾਚਾ ਧਰਨੀ ਧਰਤ ਧਵਲ ਉਤੇ ਰਖ, ਰਖਿਆ ਕਰੇ ਥਾਉਂ ਥਾਈਆ । ਆਪਣਾ ਖੋਲ੍ਹ ਕੇ ਅਗੰਮੀ ਹੱਟ, ਭਗਤ ਵਣਜਾਰੇ ਦਏ ਬਣਾਈਆ । ਚਾਰ ਵਰਨਾਂ ਦੇ ਕੇ ਇਕੋ ਮਤਿ, ਬ੍ਰਹਮ ਮਤਿ ਦਏ ਸਮਝਾਈਆ । ਆਤਮ ਪਰਮਾਤਮ ਕਰ ਕੇ ਆਪਣੇ ਵਸ, ਦੂਈ ਦਵੈਤੀ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਵਖਾਈਆ । ਸਤਿ ਧਰਮ ਕਹੇ ਮੈਂ ਵੇਖਿਆ ਕੂੜਾ, ਕਰਮ ਕਾਂਡ ਕਰਨ ਲੜਾਈਆ । ਮਮਤਾ ਮੋਹ ਵਿਕਾਰ ਹੰਕਾਰ ਭਰਮ ਗ਼ਰੂਰਾ, ਗ਼ੁਰਬਤ ਘਰ ਘਰ ਨਜ਼ਰੀ ਆਈਆ । ਸ਼ਬਦੀ ਨਾਦ ਸੁਣੇ ਨਾ ਕੋਈ ਤੂਰਾ, ਤੁਰੀਆ ਨਾਦ ਨਾ ਕੋਇ ਜਣਾਈਆ । ਮਸਤਕ ਮਿਲੀ ਨਾ ਕਿਸੇ ਸਚੀ ਧੂੜਾ, ਮੂਰਖ ਮੂੜ੍ਹਾ ਸਵੱਛ ਸਰੂਪ ਨਾ ਕੋਇ ਵਟਾਈਆ । ਆਤਮ ਜੋਤੀ ਮਿਲੇ ਕੋਈ ਨਾ ਨੂਰਾ, ਕਾਇਆ ਚੋਟੀ ਚੜ੍ਹ ਦਰਸ ਕੋਇ ਨਾ ਪਾਈਆ । ਸਦੀ ਵੀਹਵੀਂ ਗੁਰ ਅਵਤਾਰ ਪੀਰ ਪੈਗ਼ੰਬਰ ਖੜੇ ਤੇਰੇ ਦਰ ਹਜ਼ੂਰਾ, ਚਰਨ ਕਵਲ ਧਿਆਨ ਲਗਾਈਆ । ਆਦਿ ਜੁਗਾਦੀ ਭਵਿਖਤ ਕਰ ਪੂਰਾ, ਮਲਕੀਅਤ ਲਿਖਤ ਸ੍ਰਿਸ਼ਟ ਰਹੀ ਸਮਝਾਈਆ । ਤੇਰਾ ਹੁਕਮ ਨਾ ਹੋਵੇ ਅਧੂਰਾ, ਪੂਰਬ ਲੇਖਾ ਦੇ ਮੁਕਾਈਆ । ਭਗਤਾਂ ਚੁਕ ਜਾਏ ਸਗਲ ਵਸੂਰਾ, ਵਿਖ ਅੰਮ੍ਰਿਤ ਰੂਪ ਬਣਾਈਆ । ਸਮਰਥ ਸਵਾਮੀ ਸਰਬ ਕਲਾ ਭਰਪੂਰਾ, ਅਗੰਮ ਅਥਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿ ਧਰਮ ਕਹੇ ਪ੍ਰਭ ਸੁਣ ਲੈ ਬੰਦਨ, ਸਚਖੰਡ ਨਿਵਾਸੀ ਦਿਆਂ ਸੁਣਾਈਆ । ਮੇਰੇ ਮਸਤਕ ਟਿੱਕਾ ਲਾ ਕੇ ਚੰਦਨ, ਨੂਰੀ ਚੰਦ ਚਮਕਾਈਆ । ਮੈਂ ਵਸਤ ਅਮੋਲਕ ਆਇਆ ਮੰਗਣ, ਖ਼ਾਲੀ ਝੋਲੀ ਅਗੇ ਡਾਹੀਆ । ਭਗਤ ਸੁਹੇਲੇ ਲਾ ਅੰਗਣ, ਗੁਰ ਚੇਲੇ ਜੋੜ ਜੁੜਾਈਆ । ਆਤਮ ਪਰਮਾਤਮ ਦੇ ਅਨੰਦਣ , ਪਰਮਾਨੰਦ ਇਕੋ ਇਕ ਵਖਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦਨ, ਸਚ ਤੇਰੀ ਸਰਨਾਈਆ । ਕੂੜੀ ਕਿਰਿਆ ਵਿਚ ਵੇਖ ਵਖਭੰਡਣ, ਨੌਂ ਸਤ ਦਏ ਦੁਹਾਈਆ । ਰਾਹ ਤੱਕੇ ਬ੍ਰਹਮ ਬ੍ਰਹਿਮੰਡਣ, ਬ੍ਰਹਿਮਾਂਡ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇ ਪਰਗਟਾਈਆ । ਸਾਚਾ ਮਾਰਗ ਜਾਏ ਲਗ, ਹਰਿ ਕਰਤਾ ਆਪ ਜਣਾਈਆ । ਕਰੇ ਖੇਲ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਕਲਜੁਗ ਕੂੜੀ ਕਿਰਿਆ ਮੇਟੇ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਬਿਨ ਮੱਕੇ ਕਾਅਬਿਉਂ ਕਰਾ ਦਏ ਹੱਜ, ਮੁਰਸ਼ਦ ਮੁਰੀਦ ਵੇਖ ਵਖਾਈਆ । ਕੂੜੀ ਕਿਰਿਆ ਮੇਟ ਕੇ ਹਦ, ਸ਼ਬਦ ਨਾਦ ਕਰੇ ਸ਼ਨਵਾਈਆ । ਲੱਖ ਚੁਰਾਸੀ ਵਿਚੋਂ ਲਏ ਕੱਢ, ਗੁਰਮੁਖ ਆਪਣੀ ਗੋਦ ਉਠਾਈਆ । ਲੇਖਾ ਜਾਣ ਕੇ ਮਾਸ ਨਾੜੀ ਹੱਡ, ਬੂੰਦ ਰਕਤ ਪੜਦਾ ਲਾਹੀਆ । ਵਿਸ਼ਵ ਬਣਾ ਕੇ ਆਪਣੀ ਯਦ, ਸਿਰ ਆਪਣਾ ਹੱਥ ਟਿਕਾਈਆ । ਨਾਮ ਖ਼ੁਮਾਰੀ ਪਿਆਲਾ ਦੇ ਕੇ ਮਧ, ਮਧੁਰ ਧੁਨ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਰਤਾ ਆਪ ਕਮਾਈਆ । ਸਤਿ ਧਰਮ ਸਾਚੀ ਦਇਆ ਕਮਾਵਾਂਗਾ । ਨਿਹਕਰਮੀ ਹੋ ਕੇ ਕਰਾਂ ਕਰਮ,

ਕਮਲਾਪਤ ਹੋ ਕੇ ਵੇਖ ਵਖਾਵਾਂਗਾ । ਕੂੜੀ ਕਿਰਿਆ ਮੇਟ ਕੇ ਭਰਮ, ਭਾਂਡਾ ਅੰਮ੍ਰਿਤ ਆਪ ਭਰਵਾਂਗਾ । ਸਤਿਜੁਗ ਸਾਚੇ ਦੇ ਕੇ ਜਨਮ, ਧਰਨੀ ਧਰਤ ਧਵਲ ਸੁਹਾਵਾਂਗਾ । ਲੇਖਾ ਮੁਕਾ ਕੇ ਵਰਨ ਬਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਸਾਵਾਂਗਾ । ਇਕੋ ਢੋਲਾ ਸਾਰੇ ਪੜ੍ਹਨ, ਧੁਰ ਦਾ ਨਾਮ ਇਕ ਸਮਝਾਵਾਂਗਾ । ਇਕੋ ਮੰਦਰ ਸਾਰੇ ਚੜ੍ਹਨ, ਸਾਚਾ ਰਾਹ ਇਕ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਆਪ ਕਮਾਏਗਾ । ਸਤਿ ਧਰਮ ਦਾ ਬੂਟਾ ਆਪ ਲਗਾਏਗਾ । ਇਕੋ ਮਾਰਗ ਦੱਸ ਕੇ ਸੌਖਾ, ਸਾਚੀ ਮੰਜ਼ਲ ਆਪ ਚੜ੍ਹਾਏਗਾ । ਪੁਰਖ ਅਕਾਲ ਕਰੇ ਨਾ ਕੋਈ ਧੋਖਾ, ਧੂੰਆਂਧਾਰ ਜਗਤ ਗਵਾਏਗਾ । ਹੁਕਮ ਸੁਣਾ ਕੇ ਲੋਕ ਪਰਲੋਕਾ ਚੌਦਾਂ ਲੋਕਾਂ ਆਪ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ ਕੇ ਇਕੋ ਓਟਾ, ਓੜਕ ਆਪਣਾ ਰੰਗ ਰੰਗਾਏਗਾ । ਓੜਕ ਆਪਣਾ ਰੰਗ ਰੰਗਾਵਾਂਗਾ । ਸਤਿ ਧਰਮ ਸਤਿ ਸਤਿ ਮੈਂ ਚਲਾਵਾਂਗਾ । ਭੇਵ ਖੁਲ੍ਹਾ ਕੇ ਆਤਮ ਬ੍ਰਹਮ, ਪਰਮਾਤਮ ਹੋ ਕੇ ਜੋੜ ਜੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਅਲਖ ਅਗੋਚਰ ਅਗੰਮ ਅਥਾਹ ਸ਼ਬਦੀ ਸ਼ਬਦ ਬੇਪਰਵਾਹ ਜੋਤੀ ਜੋਤ ਡਗਮਗਾਵਾਂਗਾ । ਸਤਿ ਧਰਮ ਪਿਆ ਹਸ, ਖ਼ੁਸ਼ੀਆਂ ਰਾਗ ਸੁਣਾਈਆ । ਸਾਹਿਬ ਠਾਕਰ ਮੇਰੇ ਦੱਸ, ਬੇਅੰਤ ਤੇਰੀ ਸਰਨਾਈਆ । ਹਉ ਬਾਲਕ ਨੱਢਾ ਚਰਨ ਗਿਆ ਨੱਠ, ਦੋਏ ਜੋੜ ਵਾਸਤਾ ਪਾਈਆ । ਕਲਜੁਗ ਕੂੜਾ ਲੋਕਮਾਤ ਵਿਚੋਂ ਕੱਢ, ਅੰਤਮ ਬੈਠੇ ਮੁਖ ਛੁਪਾਈਆ । ਸਤਿ ਸਤਿਵਾਦੀ ਆਪਣੀ ਲਾ ਯਦ, ਜੁਗ ਚੌਕੜੀ ਤੇਰਾ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਮ ਦੇ ਢੋਲੇ ਗੌਂਦੇ ਛੰਦ, ਸਚਖੰਡ ਬੈਠੇ ਖ਼ੁਸ਼ੀ ਮਨਾਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰ ਕੇ ਔਂਦੇ ਰਹੇ ਪੰਧ, ਲੋਕਮਾਤ ਆਪਣਾ ਵੇਸ ਵਟਾਈਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰ ਕੇ ਗਏ ਕ਼ਲਮਬੰਦ, ਕਲਮੇ ਹਕ ਹਕ ਸੁਣਾਈਆ । ਸਦੀ ਚੌਧਵੀਂ ਨੌ ਖੰਡ ਪ੍ਰਿਥਮੀ ਸੱਤ ਦੀਪ ਕੋਈ ਨਾ ਪਾਵੇ ਠੰਡ, ਆਬੇਹਯਾਤ ਮੁਖ ਨਾ ਕੋਇ ਚਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਦੇਣੀ ਇਕ ਵਡਿਆਈਆ । ਸਤਿ ਧਰਮ ਕਹੇ ਮੈਂ ਕਲਜੁਗ ਵੇਖਿਆ ਠੱਗ, ਘਰ ਘਰ ਚੋਰੀ ਰਿਹਾ ਕਮਾਈਆ । ਕਾਇਆ ਮੰਦਰ ਅੰਦਰ ਲੁਕਿਆ ਪ੍ਰਭੂ ਕਿਸੇ ਨਾ ਪਏ ਲੱਭ, ਸਾਚੀ ਖੋਜ ਨਾ ਕੋਇ ਖੁਜਾਈਆ । ਨੌ ਦਵਾਰੇ ਮੁੱਕੀ ਨਾ ਹੱਦ, ਦਸਵੇਂ ਖ਼ੁਸ਼ੀ ਨਾ ਕੋਇ ਮਨਾਈਆ । ਅੰਮ੍ਰਿਤ ਵੇਲਾ ਨਹਾ ਨਹਾ ਸਾਰੇ ਗਏ ਥੱਕ, ਜਲਧਾਰਾ ਸੀਸ ਕਰਾਈਆ । ਮੱਕੇ ਕਾਅਬਿਆਂ ਕਰ ਕਰ ਹੱਜ, ਆਲਮ ਉਲਮਾ ਇਲਮ ਨਾਲ ਵਡਿਆਈਆ । ਪੰਡਤ ਪਾਂਧੇ ਗਾਇਤਰੀ ਮੰਤਰ ਗਏ ਦੱਸ, ਦਰਸ ਹਰੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿ ਧਰਮ ਕਹੇ ਮੈਂ ਕਲਜੁਗ ਵੇਖੀ ਅੰਧੇਰੀ ਰੈਣ, ਭਿੰਨੜੀ ਰੂਪ ਨਾ ਕੋਇ ਵਟਾਈਆ । ਨਾਤਾ ਤੁੱਟਿਆ ਸਾਕ ਸੱਜਣ ਸੈਣ, ਭਾਈ ਭੈਣ ਪਿਆਰ ਨਾ ਕੋਇ ਵਖਾਈਆ । ਪੁਰਖ ਅਕਾਲ ਤੇਰਾ ਦਰਸ ਕੋਈ ਨਾ ਪਾਏ ਆਪਣੇ ਨੈਣ, ਕਥਾ ਕਹਾਣੀ ਸੁਣ ਸੁਣ ਖ਼ੁਸ਼ੀ ਮਨਾਈਆ । ਤੇਰੇ ਚਰਨ ਕਵਲ ਸਚ ਦਵਾਰ ਮੂਲ ਨਾ ਬਹਿਣ, ਧੂੜੀ ਖ਼ਾਕ ਨਾ ਕੋਇ ਰਮਾਈਆ । ਨਾਮ ਨਿਧਾਨ ਮਿਲੇ ਨਾ ਕਿਸੇ ਰਸੈਣ, ਕਾਇਆ ਕੰਚਨ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਹੋ ਕੇ ਹੋ ਸਹਾਈਆ । ਪੁਰਖ ਅਕਾਲ ਕਹੇ ਮੈਂ

੪੨੮

ਦੀਨਾਂ ਨਾਥ, ਸਤਿ ਧਰਮ ਇਕ ਜਣਾਇੰਦਾ । ਕਰਾਂ ਖੇਲ ਹੋ ਕੇ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਲ ਵਖਾਇੰਦਾ । ਗ਼ਰੀਬ ਨਿਮਾਣਿਆਂ ਕੋੜਿਆਂ ਕਮਲਿਆਂ ਦੇਵਾਂ ਸਾਥ, ਸਦਾ ਸਦਾ ਸਦ ਸਾਚੀ ਸੇਵ ਕਮਾਇੰਦਾ । ਜੋ ਚਾਰ ਜੁਗ ਦੇ ਗੁਰੂ ਅਵਤਾਰ ਪੀਰ ਪੈਗ਼ੰਬਰ ਗਏ ਆਖ, ਤਿਨ੍ਹਾਂ ਦਾ ਭਵਿਖਤ ਤਿਨ੍ਹਾਂ ਦੀ ਝੋਲੀ ਪਾਇੰਦਾ । ਦੋ ਜਹਾਨਾਂ ਜਾਣਨਹਾਰ ਹਿਸਾਬ, ਲੱਖ ਚੁਰਾਸੀ ਘਰ ਘਰ ਖੋਜ ਖੁਜਾਇੰਦਾ । ਭੂਪਤ ਭੂਪ ਬਣ ਨਵਾਬ, ਨੌਬਤ ਆਪਣਾ ਨਾਮ ਸੁਣਾਇੰਦਾ । ਸਚ ਪਰਮਾਤਮ ਨੂਰ ਇਲਾਹੀ ਵਾਹਿਦ, ਹਕ ਮੁਕਾਮੇ ਡੇਰਾ ਲਾਇੰਦਾ । ਸਤਿ ਸਤਿ ਸਤਿ ਤੇਰਾ ਰਾਖਾ ਹੋਏ ਆਪ, ਆਪਣੀ ਸੇਵ ਸਮਝਾਇੰਦਾ । ਸਤਿਗੁਰ ਸਾਚਾ ਥਾਪਣ ਦੇਵੇ ਥਾਪ, ਥਾਪੀ ਪੁਸ਼ਤ ਪਨਾਹ ਇਕ ਰਖਾਇੰਦਾ । ਚਾਰ ਵਰਨਾਂ ਧੁਰ ਦਾ ਜਾਪ, ਜਗ ਜੀਵਣ ਦਾਤਾ ਆਪ ਦ੍ਰਿੜਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਸੋਹੰ ਸ਼ਬਦ ਅਗੰਮੀ ਗਾਥ, ਗਹਿਰ ਗੰਭੀਰ ਆਪ ਸੁਣਾਇੰਦਾ । ਕਰਤਾ ਪੁਰਖ ਕਰਨੇਹਾਰਾ ਆਪ, ਦੂਜਾ ਦੂਸਰ ਦੂਆ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਵੇਖੇ ਮਾਰ ਝਾਤ, ਨਿਰਗੁਣ ਰੂਪ ਆਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਪਿਤਾ ਪੂਤ ਲੱਗੇ ਜੜ੍ਹ, ਸਤਿਗੁਰ ਪੂਰਾ ਦਇਆ ਕਮਾਇੰਦਾ । ਕੱਚਾ ਫਲ ਨਾ ਜਾਏ ਝੜ, ਮਿਹਰ ਨਜ਼ਰ ਇਕ ਉਠਾਇੰਦਾ । ਪ੍ਰਿਤਪਾਲਕ ਹੋ ਕੇ ਦੇਵਾਂ ਵਰ, ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨਮ ਕਰਮ ਕਰਮ ਜਨਮ ਦੋਵੇਂ ਲੇਖੇ ਪਾਇੰਦਾ ।



## ✻ ੨੧ ਫੱਗਣ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਿਹਿ ਪਿੰਡ ਕਰਸਾਣੀ ਜ਼ਿਲਾ ਕਰਨਾਲ ✻

ਪੁਰਖ ਅਕਾਲ ਕਹੇ ਮੇਰਾ ਨਾਮ ਸਤਿ, ਆਦਿ ਜੁਗਾਦਿ ਸਭ ਨੂੰ ਦਏ ਵਡਿਆਈਆ । ਨਿਤ ਨਵਿਤ ਧੁਰ ਦਾ ਧਰਮ ਬ੍ਰਹਮ ਮਤਿ, ਸਾਚੀ ਵਿਦਿਆ ਇਕ ਸਮਝਾਈਆ । ਦੀਨ ਦਿਆਲ ਕਹੇ ਮੇਰੀ ਨਿਜ ਨੇਤਰ ਅੱਖ, ਸੰਤ ਸੁਹੇਲੇ ਸਦਾ ਦ੍ਰਿੜਾਈਆ । ਕਾਇਆ ਮੰਦਰ ਅੰਦਰ ਅੰਮ੍ਰਿਤ ਰਸ, ਨਾਭੀ ਕਵਲ ਆਪ ਟਿਕਾਈਆ । ਸ਼ਬਦ ਅਗੰਮੀ ਸਾਚਾ ਹੱਟ, ਅਨਹਦ ਨਾਦੀ ਨਾਦ ਸੁਣਾਈਆ । ਨਿਰਗੁਣ ਨੂਰ ਜੋਤ ਪਰਕਾਸ਼, ਦਿਵਸ ਰੈਣ ਕਰੇ ਰੁਸ਼ਨਾਈਆ । ਭੇਵ ਅਭੇਦਾ ਖੋਲ੍ਹਾਂ ਰਾਜ਼, ਪਰਦਾ ਆਪ ਉਠਾਈਆ । ਸਾਚਾ ਸਜਦਾ ਵਜੂਹ ਨਿਮਾਜ਼, ਪਰਵਰਦਿਗਾਰ ਧਿਆਨ ਲਗਾਈਆ । ਸਾਚਾ ਮੰਦਰ ਮਸਜਿਦ ਸ਼ਿਵਦਵਾਲਾ ਮਾਠ, ਕਾਇਆ ਕਾਅਬਾ ਸੋਭਾ ਪਾਈਆ । ਸਚ ਮਹਿਬੂਬ ਸ੍ਰੀ ਭਗਵਾਨ ਕਰੋ ਸਚ ਅਦਾਬ, ਸਰਨ ਚਰਨ ਸੀਸ ਨਿਵਾਈਆ । ਨਾੜ ਬਹੱਤਰ ਤਨ ਸਤਾਰ ਵਜੇ ਰਬਾਬ, ਅਨਰਾਗੀ ਰਾਗ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਕਰਦੇ ਗਏ ਜਾਪ, ਨਾਮ ਮੰਤਰ ਢੋਲੇ ਗੀਤ ਸੁਹਾਗੀ ਗਾਈਆ । ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਸਭ ਦਾ ਬਾਪ, ਪਤਿਪਰਮੇਸ਼ਵਰ ਨਰ ਨਰਾਇਣ ਇਕ ਅਖਵਾਈਆ । ਓਸ ਦੀ ਇਕੋ ਪੂਜਾ ਸਿਮਰਨ ਪਾਠ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਆਤਮ ਪਰਮਾਤਮ ਜੋੜਨਹਾਰਾ ਨਾਤ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਭਗਤ ਸੁਹੇਲਾ ਗੁਰੂ ਗੁਰ ਚੇਲਾ ਸਾਖ਼ਿਆਤ, ਸਵੱਛ ਸਰੂਪੀ ਆਪਣਾ ਖੇਲ ਖਿਲਾਈਆ । ਸਤਿ

ਧਰਮ ਦੇਵਣਹਾਰਾ ਦਾਤ, ਮਿਹਰ ਨਜ਼ਰ ਇਕ ਉਠਾਈਆ । ਖੇਲ ਖਿਲਾ ਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਭਾ ਪਾਈਆ । ਪਾਰ ਕਰਾ ਇੰਦਰੀਆਂ ਘਾਟ, ਦਹਿ ਦਿਸ਼ਾ ਆਪਣਾ ਖੇਲ ਵਖਾਈਆ । ਸਚ ਸੁਹੰਜਣੀ ਦੇਵੇ ਖਾਟ, ਆਸਣ ਸਿੰਘਾਸਣ ਇਕ ਦ੍ਰਿੜਾਈਆ । ਜਨਮ ਕਰਮ ਦੀ ਮੇਟ ਕੇ ਵਾਟ, ਆਵਣ ਜਾਵਣ ਦਏ ਚੁਕਾਈਆ । ਰਾਏ ਧਰਮ ਦਾ ਕਟ ਕੇ ਫਾਸ, ਫ਼ੈਸਲਾ ਸਚ ਸਚ ਸਮਝਾਈਆ । ਹੋਏ ਸਹਾਈ ਅਨਾਥਾਂ ਨਾਥ, ਨਿਰਧਨ ਆਪਣੀ ਗੋਦ ਉਠਾਈਆ । ਬੀਸ ਇਕੀਸਾ ਹਰਿ ਜਗਦੀਸਾ ਪੂਰਾ ਕਰਨਹਾਰਾ ਵਾਕ, ਭਵਿਖਤ ਭਾਖਿਆ ਸਭ ਦੀ ਖੋਜ ਖੁਜਾਈਆ । ਜੁਗ ਚੌਕੜੀ ਹੋਣ ਨਾ ਦੇਵੇ ਬੇਆਸ, ਆਸਾ ਪੂਰਨਹਾਰ ਹਰਿ ਰਘੁਰਾਈਆ । ਸਤਿਜੁਗ ਸਾਚਾ ਸਤਿ ਚਲੇ ਰਿਵਾਜ, ਰਹਿਬਰ ਇਕੋ ਨੂਰ ਖ਼ੁਦਾਈਆ । ਜੀਵਾਂ ਜੰਤਾਂ ਬਦਲ ਦੇਵੇ ਮਿਜ਼ਾਜ, ਮਿਸਰਾ ਆਪਣਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਹੋਏ ਸਹਾਈਆ । ਪੁਰਖ ਅਕਾਲ ਕਹੇ ਮੇਰਾ ਮਾਰਗ ਇਕ, ਆਦਿ ਜੁਗਾਦੀ ਧਾਰ ਚਲਾਇੰਦਾ । ਲੱਖ ਚੁਰਾਸੀ ਸਾਚਾ ਹਿੱਤ, ਪ੍ਰੇਮ ਪ੍ਰੀਤੀ ਆਪ ਪਰਗਟਾਇੰਦਾ । ਜੋ ਕ਼ਲਮ ਸ਼ਾਹੀ ਲੇਖਾ ਗਏ ਲਿਖ, ਨੌਂ ਖੰਡ ਪ੍ਰਿਥਮੀ ਖੋਜ ਖੁਜਾਇੰਦਾ । ਜਿਸ ਦਾ ਸਾਰੇ ਦੇ ਕੇ ਗਏ ਦ੍ਰਿਸ਼, ਸੋ ਸ੍ਰਿਸ਼ਟੀ ਦਾ ਮਾਲਕ ਦ੍ਰਿਸ਼ਟੀ ਆਪ ਜਣਾਇੰਦਾ । ਕਲਜੁਗ ਕੂੜੀ ਕਿਰਿਆ ਲਾਹਵੇ ਵਿਸ, ਵਿਸ਼ਵ ਆਪਣਾ ਹੁਕਮ ਮਨਾਇੰਦਾ । ਭਗਤ ਸੁਹੇਲੇ ਆਵੇ ਦਿਸ, ਆਪ ਆਪਣਾ ਮੇਲ ਕਰਾਇੰਦਾ । ਕੂੜੀ ਕਿਰਿਆ ਦੇ ਕੇ ਪਿਠ, ਕਰਵਟ ਆਪਣੇ ਹੱਥ ਰਖਾਇੰਦਾ । ਸੰਤਾਂ ਮੇਲ ਮਿਲਾ ਕੇ ਨਿਜ, ਨਿਜ ਲੋਚਣ ਪਰਦਾ ਲਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਇੰਦਾ । ਪੁਰਖ ਅਕਾਲ ਕਹੇ ਮੇਰਾ ਹੁਕਮ ਸੰਦੇਸ਼ਾ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਸ਼ਬਦ ਜਣਾ ਕੇ ਸਚ ਨਰੇਸ਼ਾ, ਸੁਲਤਾਨ ਮਿਹਰਵਾਨ ਵੱਡੀ ਵਡਿਆਈਆ । ਵਰਨ ਬਰਨ ਸਾਚੀ ਸਰਨ ਬਖ਼ਸ਼ੇ ਹੇਤਾ, ਪ੍ਰੇਮ ਪ੍ਰੀਤੀ ਰੰਗ ਰੰਗਾਈਆ । ਨਵ ਨੌਂ ਚਾਰ ਇਕੋ ਨੇਤਾ, ਮਾਲਕ ਖ਼ਾਲਕ ਕੁੱਲ ਦੇਵਣਹਾਰ ਵਡਿਆਈਆ । ਦੀਨ ਮਜ਼੍ਹਬ ਚੁਕੇ ਠੇਕਾ, ਠਾਕਰ ਅਬਿਨਾਸ਼ੀ ਕਰਤਾ ਆਪਣਾ ਹੁਕਮ ਵਰਤਾਈਆ । ਆਤਮ ਪਰਮਾਤਮ ਮਿਲਕੇ ਖੇਲੇ ਖੇਡਾਂ, ਮਿਲਾਪ ਜਾਪ ਆਪਣਾ ਦਏ ਸਮਝਾਈਆ । ਕੂੜੀ ਕਿਰਿਆ ਮੇਟ ਕੇ ਭੁਲੇਖਾ, ਭਾਂਡਾ ਭਰਮ ਭੰਨਾਈਆ । ਕਲਜੁਗ ਅੰਦਰ ਸਤਿਜੁਗ ਤੇਰੀ ਬਦਲ ਦੇਵੇ ਰੇਖਾ, ਰਿਸ਼ੀ ਮੁਨੀ ਜੁਗੀਸ਼ਰ ਆਪੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵਡੀ ਵਡਿਆਈਆ । ਪੁਰਖ ਅਕਾਲ ਕਹੇ ਸਤਿ ਧਰਮ ਇਹ ਮੇਰਾ ਕਾਮ, ਨਿਹਕਰਮੀ ਹੋ ਕੇ ਦਿਆਂ ਕਮਾਈਆ । ਸ੍ਰਿਸ਼ਟ ਸਬਾਈ ਏਕਾ ਭਗਵਾਨ, ਏਕਾ ਮੰਤਰ ਦਿਆਂ ਦ੍ਰਿੜਾਈਆ । ਏਕਾ ਮੰਦਰ ਇਕ ਮਕਾਨ, ਇਕ ਦਵਾਰਾ ਦਿਆਂ ਸਮਝਾਈਆ । ਇਕੋ ਧਰਮ ਇਕ ਨਿਸ਼ਾਨ, ਇਕੋ ਜਨਮ ਦਿਆਂ ਵਖਾਈਆ । ਇਕੋ ਮਾਲਕ ਖ਼ਾਲਕ ਇਕ ਪਰਧਾਨ, ਮਹਿਬੂਬ ਇਕੋ ਨਜ਼ਰੀ ਆਈਆ । ਇਕੋ ਦੇਵਣਹਾਰਾ ਗਿਆਨ, ਧੁਰ ਦੀ ਵਿਦਿਆ ਕਰੇ ਪੜ੍ਹਾਈਆ । ਇਕੋ ਬਖ਼ਸ਼ਣਹਾਰਾ ਇਸ਼ਨਾਨ, ਧੂੜੀ ਚਰਨ ਖ਼ਾਕ ਰਮਾਈਆ । ਇਕੋ ਬਖ਼ਸ਼ਣਹਾਰਾ ਮਾਣ, ਮਿਹਰ ਨਜ਼ਰ ਨਾਲ ਤਰਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਵੇਖੇ ਆਣ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਫੇਰਾ ਪਾਈਆ । ਪਰਦਾ ਲਾਹ ਕੇ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸਾਚਾ ਹੁਕਮ ਮਨਾਈਆ । ਸਾਚੇ ਸੰਤਾਂ ਦੇਵੇ ਦਾਨ, ਦਇਆਵਾਨ ਦਇਆ ਕਮਾਈਆ । ਸਤਿ

ਸਤਿਵਾਦੀ ਬਣ ਕੇ ਹੁਕਮਰਾਨ, ਹਾਕਮ ਸਾਰੇ ਲਏ ਸਮਝਾਈਆ । ਸਚ ਸੰਦੇਸ਼ਾ ਧੁਰ ਫ਼ਰਮਾਨ, ਤੂੰ ਮੇਰਾ ਮੈਂ ਤੇਰਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਪੁਰਖ ਅਕਾਲ ਕਹੇ ਮੇਰਾ ਸਚਾ ਮਾਰਗ, ਮੁਕੰਮਲ ਆਪਣਾ ਹੁਕਮ ਜਣਾਈਆ । ਜਿਸ ਨੂੰ ਸਮਝ ਨਾ ਸਕੇ ਕੋਈ ਆਰਫ਼, ਚੌਦਾਂ ਵਿਦਿਆ ਬੈਠੇ ਮੁਖ ਭੁਆਈਆ । ਜਿਸ ਦੀ ਚਾਰ ਜੁਗ ਕਰਦੇ ਗਏ ਸਿਫ਼ਾਰਸ਼, ਸੋ ਮਾਲਕ ਹੋ ਕੇ ਵੇਖ ਵਖਾਈਆ । ਜਿਸ ਦੀ ਲਿਖ ਲਿਖ ਗਏ ਇਬਾਰਤ, ਨਾਤਾ ਜੋੜ ਕੇ ਕ਼ਲਮ ਸ਼ਾਹੀਆ । ਜਿਸ ਦੀ ਕਰਦੇ ਗਏ ਇਬਾਦਤ, ਕਲਮੇ ਨਾਮ ਸੁਣਾਈਆ । ਸੋ ਸਾਹਿਬ ਸੁਲਤਾਨ ਹਰਿ ਮਿਹਰਵਾਨ ਪਰਗਟ ਹੋਵੇ ਸਹੀ ਸਲਾਮਤ, ਰਸਤਾ ਸਹੀ ਦਏ ਵਖਾਈਆ । ਜਨ ਭਗਤਾਂ ਦੇ ਕੇ ਦਾਅਵਤ, ਬਖ਼ਸ਼ੇ ਚਰਨ ਸਚੀ ਸਰਨਾਈਆ । ਮਨ ਮਨੂਆ ਕਰੇ ਨਾ ਕੋਈ ਬਗ਼ਾਵਤ, ਗ੍ਰਿਹ ਮੰਦਰ ਨਾ ਕੋਇ ਲੜਾਈਆ । ਜਾਂ ਵੇਖਣ ਤਾਂ ਸਹੀ ਸਲਾਮਤ, ਪੁਰਖ ਅਕਾਲ ਸੋਭਾ ਪਾਈਆ । ਸਤਿ ਵਸਤ ਜੋ ਸਾਂਭ ਕੇ ਰੱਖੀ ਅਮਾਨਤ, ਸੋ ਕਲਜੁਗ ਅੰਤਮ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਮੈਂ ਮਾਲਕ ਅਰਸ਼ ਫ਼ਰਸ਼, ਮਖ਼ਲੂਕ ਮੇਰੀ ਸਰਨਾਈਆ । ਰਹਿਮਤ ਕਰਾਂ ਧੁਰ ਦਾ ਤਰਸ, ਰਹਿਮਾਨ ਹੋ ਕੇ ਦਇਆ ਕਮਾਈਆ । ਗੋਬਿੰਦ ਲੇਖਾ ਖੰਡਾ ਖੜਗ, ਚੰਡ ਪਰਚੰਡ ਬ੍ਰਹਿਮੰਡ ਮੈਨੂੰ ਪਾਈਆ । ਧੁਰ ਫ਼ਰਮਾਨਾ ਅਗੰਮੀ ਸਖ਼ਤ, ਸਿਰ ਸਕੇ ਨਾ ਕੋਇ ਉਠਾਈਆ । ਦੀਨ ਦਿਆਲ ਦਾ ਆਇਆ ਵਕ਼ਤ, ਵੁਕਲਾ ਰਹਿਣ ਕੋਇ ਨਾ ਪਾਈਆ । ਦੇਵੇ ਵਡਿਆਈ ਧਰਨੀ ਧਰਤ, ਧਵਲ ਖ਼ੁਸ਼ੀ ਵਖਾਈਆ । ਨਿਰਗੁਣ ਧਾਰ ਆਇਆ ਪਰਤ, ਜੋਤੀ ਜੋਤ ਕਰੇ ਰੁਸ਼ਨਾਈਆ । ਜਿਸ ਦੀ ਗ੍ਰੰਥਾਂ ਸ਼ਾਸਤਰਾਂ ਵੇਦਾਂ ਪੁਰਾਨਾਂ ਵਿਚ ਲਿਖਤ ਪੜ੍ਹਤ, ਤਿਸ ਦਾ ਫ਼ੈਸਲਾ ਦਏ ਕਰਾਈਆ । ਨਾ ਕੋਈ ਸੋਗ ਰਹੇ ਨਾ ਹਰਖ਼, ਚਿੰਤਾ ਗ਼ਮ ਦਏ ਮਿਟਾਈਆ । ਗੋਬਿੰਦ ਪੂਰਾ ਪੂਰਬ ਲਾਹੇ ਕ਼ਰਜ਼, ਮਕ਼ਰੂਜ਼ ਆਪਣੀ ਸੇਵ ਕਮਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਦੁਖ ਆਪਣੀ ਝੋਲੀ ਲਏ ਪਾਈਆ । ਜੁਗ ਚੌਕੜੀ ਪਿਛਲੀ ਮੰਨੇ ਅਰਜ਼, ਮਿਹਰਵਾਨ ਹੋ ਸਹਾਈਆ । ਸਤਿ ਧਰਮ ਤੇਰੀ ਪ੍ਰਭੂ ਨੂੰ ਪਈ ਗ਼ਰਜ਼, ਲੋੜ ਆਪਣੀ ਪੂਰ ਕਰਾਈਆ । ਤੇਰਾ ਬੂਟਾ ਲਾ ਕੇ ਉਤੇ ਧਰਤ, ਧਰਮ ਦਵਾਰਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਫ਼ਰਸ਼ ਅਰਸ਼, ਅਰਸ਼ ਫ਼ਰਸ਼ ਕਰ ਤਰਸ, ਦਰਸ ਆਪਣਾ ਇਕ ਦਰਸਾਈਆ ।

## ❊ ੨੧ ਫੱਗਣ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਲੁਧਿਆਣਾ ❊

ਸਤਿ ਕਹੇ ਮੇਰਾ ਸਤਿ ਸਤਿਵਾਦ, ਆਦਿ ਪੁਰਖ ਅਬਿਨਾਸ਼ੀ ਕਰਤੇ ਦਿਤਾ ਬਣਾਈਆ । ਲੋਕਮਾਤ ਰਹਾਂ ਸਦ ਆਦਿ ਜੁਗਾਦਿ, ਜੁਗ ਚੌਕੜੀ ਆਪਣੀ ਸੇਵ ਕਮਾਈਆ । ਕੂੜੀ ਕਿਰਿਆ ਤ੍ਰੈਗੁਣ ਬੁਝਾਵਾਂ ਆਗ, ਮਾਇਆ ਮਮਤਾ ਮੋਹ ਮਿਟਾਈਆ । ਲੱਖ ਚੁਰਾਸੀ ਖੋਜ ਸਚ ਪਰਗਟਾਵਾਂ ਸੰਤ ਸਾਧ, ਸਾਧਨਾ ਅੰਤਰ ਅੰਤਰ ਕਰਾਈਆ । ਨਾਮ ਨਿਧਾਨ ਸੁਣਾਵਾਂ ਨਾਦ, ਰਾਗ ਅਗੰਮੀ ਇਕ ਅਲਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਅੰਧ ਅੰਧੇਰ ਦਿਆਂ ਗਵਾਈਆ । ਆਤਮ ਪਰਮਾਤਮ ਮਿਲਾਵਾਂ ਸਾਚੀ ਜ਼ਾਤ, ਭੇਵ ਅਭੇਦਾ ਆਪ ਖੁਲ੍ਹਾਈਆ । ਅੰਮ੍ਰਿਤ ਬੂੰਦ ਪਿਆ

ਕੇ ਸਵਾਂਤ, ਸੀਤਲ ਧਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਗਹਿਰ ਗੰਭੀਰ ਬੇਪਰਵਾਹੀਆ । ਸਤਿ ਧਰਮ ਕਹੇ ਮੇਰਾ ਮੇਲਾ ਜੁਗ ਜੁਗ, ਹਰਿਜਨ ਸਾਚੇ ਆਪ ਕਰਾਈਆ । ਭਗਤ ਭਗਵਾਨ ਸਾਚੇ ਚੁਗ ਚੁਗ, ਚਾਰ ਵਰਨ ਚਾਰ ਕੁੰਟ ਕਰੇ ਰੁਸ਼ਨਾਈਆ । ਪੜਦਾ ਲਾਹੇ ਅੰਤਰ ਲੁਕ ਲੁਕ, ਦੂਈ ਦਵੈਤੀ ਦਏ ਹਟਾਈਆ । ਨਿਰਗੁਣ ਧਾਰੋਂ ਆਪੇ ਉਠ ਉਠ, ਸਵੱਛ ਸਰੂਪੀ ਨਜ਼ਰੀ ਆਈਆ । ਸੰਤ ਸੁਹੇਲਾ ਸਤਿਗੁਰ ਤੁਠ ਤੁਠ, ਦਇਆਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਸਤਿਵਾਦ ਕਹੇ ਮੇਰਾ ਖੇਲ ਆਦਿ ਅੰਤ, ਨਿਤ ਨਵਿਤ ਵੇਖ ਵਖਾਈਆ । ਮੇਲ ਮਿਲਾ ਕੇ ਸਾਜਣ ਸੰਤ, ਸਾਚਾ ਰੰਗ ਦਿਆਂ ਰੰਗਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਿਆਂ ਸਮਝਾਈਆ । ਜੋੜ ਜੁੜਾ ਕੇ ਸਾਚੀ ਸੰਗਤ, ਸਗਲਾ ਨਾਤਾ ਦਿਆਂ ਬੰਧਾਈਆ । ਲੇਖਾ ਮੁਕਾ ਕੇ ਜੇਰਜ ਅੰਡਜ, ਆਵਣ ਜਾਵਣ ਦਿਆਂ ਚੁਕਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਾਮ ਨਿਧਾਨ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਸਤਿ ਧਰਮ ਕਹੇ ਮੈਂ ਸਭ ਦਾ ਮੀਤਾ, ਰਾਓ ਰੰਕ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਧਾਰ ਠਾਂਡਾ ਸੀਤਾ, ਅਗਨੀ ਤੱਤ ਨਾ ਕੋਇ ਵਖਾਇੰਦਾ । ਮੇਲ ਮਿਲਾ ਕੇ ਊਚਾਂ ਨੀਚਾਂ, ਆਤਮ ਬ੍ਰਹਮ ਗਿਆਨ ਸਮਝਾਇੰਦਾ । ਪੁਰਖ ਅਬਿਨਾਸ਼ੀ ਸਚ ਪ੍ਰੀਤਾ, ਪਤਿਪਰਮੇਸ਼ਵਰ ਭੇਵ ਖੁਲ੍ਹਾਇੰਦਾ । ਤ੍ਰੈਗੁਣ ਸਦਾ ਰਹਾਂ ਅਤੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਵੇਖ ਵਖਾਇੰਦਾ । ਸਤਿ ਧਰਮ ਕਹੇ ਮੇਰਾ ਰੂਪ ਅਗੰਮ, ਨਜ਼ਰ ਕਿਸੇ ਨਾ ਆਈਆ । ਨਿਹਕਰਮੀ ਹੋ ਕੇ ਕਰਾਂ ਕੰਮ, ਕਾਇਆ ਕਪਟ ਨਾ ਕੋਇ ਵਖਾਈਆ । ਸਤਿ ਸਚ ਮੇਰਾ ਧਰਮ, ਜਾਤ ਪਾਤ ਨਾ ਕੋਇ ਲੜਾਈਆ । ਠਾਕਰ ਸਵਾਮੀ ਦੱਸਾਂ ਸਰਨ, ਹਰਿ ਚਰਨ ਮਿਲੇ ਵਡਿਆਈਆ । ਜਨ ਭਗਤਾਂ ਖੋਲ੍ਹ ਕੇ ਨੇਤਰ ਹਰਨ ਫਰਨ, ਨਿਜ ਲੋਚਨ ਨੈਣ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਸ੍ਰੀ ਭਗਵਾਨ ਮਿਹਰਵਾਨ ਆਪਣਾ ਰੰਗ ਰੰਗਾਈਆ ।



### ✻ ੨੧ ਫੱਗਣ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹ ਪਿੰਡ ਫਰਾਲਾ ਜ਼ਿਲਾ ਜਲੰਧਰ ✻

ਰਾਜ ਲਾਲ ਜੇ ਮੇਰੇ ਪੁਤਰ, ਪਾਤਸ਼ਾਹ ਹੋ ਕੇ ਦਇਆ ਕਮਾਈਆ । ਸਚਖੰਡ ਦਾ ਮਾਲਕ ਹੋ ਕੇ ਆਇਆ ਉਤਰ, ਨਿਰਗੁਣ ਨਿਰਵੈਰ ਨਿਰਾਕਾਰ ਜੋਤ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗੰਬਰ ਮੈਨੂੰ ਪੁੱਛਣ, ਅਗੇ ਹੋ ਹੋ ਸੀਸ ਨਿਵਾਈਆ । ਕਿਹੜੇ ਭਗਤ ਪ੍ਰਭੂ ਜਿਨ੍ਹਾਂ ਦਾ ਕਰਦਾ ਤੂੰ ਸ਼ੁਕਰ, ਸਦ ਓਹਨਾਂ ਵਿਚ ਧਿਆਨ ਰਖਾਈਆ । ਜਿਨ੍ਹਾਂ ਦਵਾਰਿਉਂ ਖਾ ਕੇ ਸੁੱਕੇ ਟੁੱਕੜ, ਦਿਵਸ ਰੈਣ ਓਹਨਾਂ ਸੇਵ ਕਮਾਈਆ । ਤ੍ਰੇਤੇ ਦਾ ਲਹਿਣਾ ਦੁਆਪਰ ਦਾ ਦੇਣਾ ਕਲਜੁਗ ਨਾ ਗਿਉਂ ਮੁਕਰ, ਮੁਜਰਮ ਹੋ ਕੇ ਹਾਜ਼ਰ ਆਪਣਾ ਆਪ ਕਰਾਈਆ । ਨਾ ਆਪ ਲੁਕਿਆ ਨਾ ਗੁਰਮੁਖ ਦਿਤੇ ਲੁਕਣ, ਪੜਦਾ ਓਹਲਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਰਾਜ ਲਾਲ ਜੇ ਬਣ ਗਏ ਬੱਚੇ, ਬੱਚਤ ਆਪਣੀ ਤੁਹਾਡੀ ਝੋਲੀ ਪਾਈਆ । ਤੁਹਾਡੇ ਨਾਲ ਰਲ ਕੇ ਇਹ ਗੁਰਮੁਖ ਸਾਰੇ ਸੁਚੇ, ਜੋ ਬੈਠੇ ਡੇਰਾ ਲਾਈਆ । ਵੱਡੇ ਨਿੱਕੇ ਮੈਂ ਇਕੋ ਜਿਹੇ ਰੱਖੇ, ਇਕੋ ਜਿਹਾ ਦਿਆਂ ਮਾਣ ਵਡਿਆਈਆ । ਧੁਰ ਦੇ ਭਾਂਡੇ ਰਹਿਣ ਨਾ ਕੱਚੇ, ਕਾਚੀ ਗਗਰੀਆ ਕਾਇਆ ਆਪਣੀ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਥੇ ਰੱਖੇ, ਓਸੇ ਧਾਮ ਇਹਨਾਂ ਦਿਆਂ ਵਡਿਆਈਆ । ਬਾਹਰੋਂ ਵੇਖ ਕੇ ਚੀਥੜ ਫਟੇ, ਅੰਤਰ ਨਾਮ ਗੁਲਾਲਾ ਰੰਗ ਚੜ੍ਹਾਈਆ । ਜੋ ਖ਼ੁਸ਼ੀਆਂ ਅੰਦਰ ਹੱਸੇ, ਗ਼ਮੀਆਂ ਵਿਚ ਗਹਿਰ ਗੰਭੀਰ ਗੁਣ ਅਲਾਈਆ । ਪੂਰਬ ਲੇਖੇ ਦੇ ਪ੍ਰਭੂ ਨੂੰ ਪਤੇ, ਪਤਣਾਂ ਦਾ ਮਾਲਕ ਹੋ ਕੇ ਬੇੜਾ ਰਿਹਾ ਭਰਾਈਆ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਨਿਰਗੁਣ ਜੋਤ ਸਵੱਛ ਸਰੂਪ ਦਰਸ਼ਨ ਕਰਕੇ ਨਿਜ ਆਪਣੀ ਅੱਖੇ, ਆਖ਼ਰ ਆਪਣੇ ਘਰ ਵਸਾਈਆ । ਜੀਵ ਜਹਾਨ ਜਗਤ ਜਿਸ ਨੇ ਛੱਡੇ, ਗੁਰਮੁਖ ਸਚੇ ਬਾਲ ਲੱਭੇ, ਚੁਰਾਸੀ ਕੱਪੜ ਕਾਇਆ ਕੋਟ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਾਜ ਲਾਲ ਜਿਸ ਜੋੜਿਆ ਜੋੜ, ਜੁਗਤੀ ਆਪਣੇ ਹੱਥ ਰਖਾਈਆ । ਕਲਜੁਗ ਕੂੜੀ ਕਿਰਿਆ ਵੇਖ ਅੰਧੇਰਾ ਘੋਰ, ਗਹਿਰ ਗੰਭੀਰ ਆਪਣਾ ਫੇਰਾ ਪਾਈਆ । ਦੂਰ ਦੁਰਾਡਾ ਚਲ ਕੇ ਆਇਆ ਕੋਲ, ਨੇਰਨ ਨੇਰਾ ਹੋ ਕੇ ਨਜ਼ਰੀ ਆਈਆ । ਸਚ ਤਰਾਜ਼ੂ ਤੋਲ ਕੇ ਆਪਣਾ ਤੋਲ, ਵਜ਼ਨ ਇਕੋ ਜਿਹਾ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪਣੇ ਹੱਥ ਰਖਾਈਆ । ਰਾਜ ਲਾਲ ਵੇਖ ਚਰਨ ਕਵਲ ਸ੍ਰੀ ਭਗਵਾਨ, ਵਸ਼ਿਸ਼ਟ ਆਪਣੀ ਅੱਖ ਖੁਲ੍ਹਾਈਆ । ਰਾਮ ਵੇਖ ਕੇ ਹੁੰਦੀ ਪਰਨਾਮ, ਬਾਰਨ ਬਾਰ ਆਪਣਾ ਸੀਸ ਝੁਕਾਈਆ । ਜਿਸ ਲੇਖਾ ਸਾਡਾ ਮੁਕਾਇਆ ਆਣ, ਉਹ ਸਾਹਿਬ ਮਿਹਰਵਾਨ ਵਾਲੀ ਦੋ ਜਹਾਨ, ਦੋਹਾਂ ਦਾ ਮਾਲਕ ਇਕ ਹੋ ਜਾਈਆ । ਅੰਤਰ ਆਤਮ ਦੇ ਕੇ ਦਾਨ, ਪ੍ਰੇਮ ਪ੍ਰੀਤੀ ਬ੍ਰਹਮ ਗਿਆਨ ਸਾਚੀ ਵਿਦਿਆ ਨਾਮ ਪੜ੍ਹਾਈਆ । ਗੋਪੀਆਂ ਦਾ ਕਾਹਨ, ਧਰਮ ਦਾ ਨਿਸ਼ਾਨ, ਮੰਜ਼ਲਾਂ ਦਾ ਮੁਕਾਮ, ਹਕੀਕਤ ਆਪਣੇ ਨਾਲ ਰਖਾਈਆ । ਪਿਛਲਾ ਦੇਣ ਆਇਆ ਅਹਿਸਾਨ, ਮਾਣਸ ਜਨਮ ਵੇਖ ਇਨਸਾਨ, ਸਚ ਦਵਾਰੇ ਕਰ ਮਹਿਮਾਨ, ਮੁਹੱਬਤ ਮਹਿਬੂਬ ਆਪਣੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬੇਪਰਵਾਹੀਆ । ਵਸ਼ਿਸ਼ਟ ਕਹੇ ਮੈਂ ਵੇਖੇ ਵਿਸ਼ੇਸ਼, ਵਾਸ਼ਨਾ ਸੁਗੰਧੀ ਇਕੋ ਨਜ਼ਰੀ ਆਈਆ । ਮੰਗਾਂ ਮੰਗ ਇਹ ਪ੍ਰੇਮ ਬਣਿਆ ਰਹੇ ਹਮੇਸ਼, ਜੋ ਦਰਵੇਸ਼ ਬੈਠੇ ਸੀਸ ਨਿਵਾਈਆ । ਓਹਨਾਂ ਦਾ ਮਾਲਕ ਰਹੇ ਇਕ ਨਰੇਸ਼, ਨਰ ਨਰਾਇਣ ਸਚਾ ਸ਼ਹਿਨਸ਼ਾਹੀਆ । ਕ਼ਦਮਬੋਸੀ ਕ਼ਦਮ ਬੂਦ ਕਰਦੇ ਰਹਿਣ ਆਦੇਸ, ਬੰਦਗੀ ਪਰਨਾਮ ਇਕੋ ਇਕ ਸਮਝਾਈਆ । ਸਤਿ ਸਰੂਪ ਵੇਖੋ ਨੇਤਰ ਨੈਣ ਪੇਖ, ਦ੍ਰਿਸ਼ਟ ਅਨਦ੍ਰਿਸ਼ਟ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖੇ ਲਾਈਆ । ਵਸ਼ਿਸ਼ਟ ਕਹੇ ਰਾਮ ਜੀ ਵੇਖ ਓਹ ਰਾਮ, ਜੋ ਹਰ ਘਟ ਰਮਿਆ ਨਜ਼ਰੀ ਆਇੰਦਾ । ਸਚਖੰਡ ਦਵਾਰ ਕਰੇ ਜੋ ਬਿਸਰਾਮ, ਸਚ ਸਿੰਘਾਸਣ ਸੋਭਾ ਪਾਇੰਦਾ । ਸਭ ਤੋਂ ਨਿਆਰਾ ਵਸੇ ਆਪਣੇ ਧਾਮ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਦਸਰਥ ਬੇਟੇ ਉਠ ਕਰ ਪਰਨਾਮ, ਤੇਰਾ ਧਿਆਨ ਇਕੋ ਇਕ ਜਣਾਇੰਦਾ । ਮੈਂ ਵੀ ਮੰਗਣਹਾਰਾ ਦਾਨ, ਵਸ਼ਿਸ਼ਟ ਸਨਮੁਖ ਹੋ ਕੇ ਬਚਨ ਅਲਾਇੰਦਾ । ਇਹ ਮਾਲਕਾਂ ਦਾ ਮਾਲਕ ਭਗਵਾਨ, ਖ਼ਾਲਕਾਂ ਦਾ ਖ਼ਾਲਕ ਮਿਹਰਵਾਨ, ਅਦਾਲਤਾਂ ਦਾ ਅਦਲੀ ਇਕੋ ਨਜ਼ਰੀ ਆਈਆ । ਜਿਸ ਦਾ ਚਾਰ ਜੁਗ ਦੇਣ ਅਹਿਵਾਲ, ਸ਼ਾਸਤਰ

ਸਿਮਰਤ ਕਰਨ ਬਿਆਨ, ਪੈਗ਼ੰਬਰ ਗੁਰ ਸੁਣਾ ਕੇ ਨਾਦ ਤਾਣ, ਅਗੰਮ ਅਥਾਹ ਆਪਣੇ ਹੱਥ ਰੱਖੇ ਵਡਿਆਈਆ । ਜੋ ਜੁਗ ਜੁਗ ਜਨ ਭਗਤਾਂ ਮੇਲੇ ਆਣ, ਚਰਨ ਪ੍ਰੀਤੀ ਦੇਵਣਹਾਰਾ ਮਾਣ, ਸੋ ਸਾਹਿਬ ਸਵਾਮੀ ਅੰਤਰਜਾਮੀ ਹੋਇਆ ਮਿਹਰਵਾਨ, ਰਾਜ ਲਾਲ ਆਪਣਾ ਰੰਗ ਵਖਾਈਆ । ਜਿਸਮ ਨਾਲ ਹੋਣਾ ਨਾ ਕੋਇ ਕੁਰਬਾਨ, ਲੜਨਾ ਪਏ ਨਾ ਵਿਚ ਮੈਦਾਨ, ਕ਼ਲਮਾ ਪੜ੍ਹਨਾ ਪਏ ਨਾ ਨਾਲ ਜ਼ਬਾਨ, ਫੜ ਬਾਹੋਂ ਗਲੇ ਲਗਾਈਆ । ਦਾਤਾ ਦਾਤਾਰ ਅਮਾਮਾਂ ਦਾ ਅਮਾਮ, ਰਾਮਾਂ ਦਾ ਰਾਮ, ਕਾਹਨਾਂ ਦਾ ਕਾਹਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਰਾਮ ਕਹੇ ਕੀ ਲਾਲ ਦੂਰ, ਰਾਜ ਕਹੇ ਨਹੀਂ ਨੇੜੇ ਨਜ਼ਰੀ ਆਈਆ । ਪੁਰਖ ਅਕਾਲ ਕਹੇ ਮੈਂ ਹਾਜ਼ਰ ਹਜ਼ੂਰ, ਅੰਦਰ ਬਹਿ ਬਹਿ ਆਪਣੀ ਖ਼ੁਸ਼ੀ ਵਖਾਈਆ । ਭਗਤ ਸੁਹੇਲੇ ਮੇਰਾ ਨੂਰ, ਆਤਮ ਜੋਤੀ ਆਪਣਾ ਰੰਗ ਬਣਾਈਆ । ਜਗਤ ਮਾਤ ਪਿਤ ਸਭ ਦਾ ਨਾਤਾ ਕੂੜ, ਬਿਨ ਪੁਰਖ ਅਕਾਲ ਸਾਚੀ ਗੋਦ ਨਾ ਕੋਇ ਉਠਾਈਆ । ਤ੍ਰੇਤਾ ਦੁਆਪਰ ਦੇ ਵਿਛੜੇ ਕਲਜੁਗ ਮਿਲੇ ਜ਼ਰੂਰ, ਜ਼ਰੂਰਤ ਆਪਣੀ ਇਹਨਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਵਸ਼ਿਸ਼ਟ ਕਹੇ ਮੈਂ ਕੀ ਦੱਸਾਂ, ਖੇਲ ਅਜਬ ਨਿਰਾਲੀ ਨਜ਼ਰੀ ਆਈਆ । ਮੈਂ ਸੁਣਿਆਂ ਨਹੀਂ ਸਚ ਵੇਖਿਆ ਅੱਖਾਂ, ਨੇਤਰ ਸਾਚੇ ਖੋਲ੍ਹ ਧਿਆਨ ਲਗਾਈਆ । ਮਾਲਕ ਹੋ ਕੇ ਪੁਰਖ ਸਮਰਥਾ, ਨਿਰਧਨਾਂ ਬੈਠਾ ਅੰਗ ਲਗਾਈਆ । ਮੈਂ ਖ਼ੁਸ਼ੀਆਂ ਵਿਚ ਹੱਸਾਂ, ਦੁਖੀਆਂ ਹੋਇਆ ਸਹਾਈਆ । ਇਸੇ ਦਾ ਨਾਮ ਰਟਾਂ, ਜੋ ਰਾਮ ਰਾਮ ਰੂਪ ਨਜ਼ਰੀ ਆਈਆ । ਵੱਡੇ ਨਿੱਕੇ ਦਾ ਇਕੋ ਬਣ ਗਿਆ ਪੱਕਾ ਮਤਾ, ਮਸ਼ਵਰਾ ਸਚ ਦਿਆਂ ਕਰਾਈਆ । ਜਨਮ ਕਰਮ ਦਾ ਰਹੇ ਨਾ ਰੱਟਾ, ਝਗੜਾ ਕੂੜਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਵਸ਼ਿਸ਼ਟ ਕਹੇ ਰਾਮ ਇਹ ਉਹ ਦੋਵੇਂ ਲੜਕੇ, ਜਿਨ੍ਹਾਂ ਦਾ ਲੇਖਾ ਪਿਛੇ ਦਿਤਾ ਜਣਾਈਆ । ਤ੍ਰੇਤੇ ਦੇ ਵਿਛੜੇ ਕਲਜੁਗ ਹੋਏ ਇਕੱਠੇ, ਰਲ ਕੇ ਚਰਨੀ ਬੈਠੇ ਸੀਸ ਨਿਵਾਈਆ । ਕੌਲ ਇਕਰਾਰ ਪੂਰੇ ਕਰ ਕੇ, ਕਰਮਾਂ ਡੇਰਾ ਢਾਹੀਆ । ਮੰਜ਼ਲ ਪੌੜੀ ਚੜ੍ਹ ਕੇ, ਆਪਣਾ ਪੰਧ ਮੁਕਾਈਆ । ਢੋਲਾ ਸਾਚਾ ਪੜ੍ਹ ਕੇ, ਤੇਰਾ ਮੇਰਾ ਰਾਗ ਅਲਾਈਆ । ਜੀਵਦਿਆਂ ਜਗ ਮਰ ਕੇ, ਜੀਵਣ ਜੀਵਣ ਵਿਚ ਬਦਲਾਈਆ । ਬਿਰਹੋਂ ਦੀ ਅਗਨੀ ਸੜ ਕੇ, ਆਪ ਆਪਣਾ ਦਿਤਾ ਤਜਾਈਆ । ਸਾਹਿਬ ਸਤਿਗੁਰ ਚਰਨ ਫੜ ਕੇ, ਫ਼ੈਸਲਾ ਇਕੋ ਦਿਤਾ ਸੁਣਾਈਆ । ਜੇ ਤੂੰ ਸਾਨੂੰ ਜਾਏਂ ਛਡ ਕੇ, ਭਗਤਾਂ ਨਾਲ ਅਗੇ ਤੇਰੀ ਕਦੇ ਨਾ ਹੋਵੇ ਕੁੜਮਾਈਆ । ਮੰਗਾਂ ਮੰਗ ਆਪਣੀ ਝੋਲੀ ਅੱਡ ਕੇ, ਖ਼ਾਲੀ ਰਹੇ ਵਖਾਈਆ । ਹੇ ਪ੍ਰਭੂ ਇਹਨਾਂ ਸਾਰਿਆਂ ਨੂੰ ਆਪਣੇ ਰੰਗ ਰੰਗ ਦੇ, ਜੋ ਬੈਠੇ ਦਰ ਤੇ ਡੇਰਾ ਲਾਈਆ । ਦੋ ਨਹੀਂ ਅਸੀਂ ਸਾਰੇ ਇਹੋ ਮੰਗ ਮੰਗਦੇ, ਮਾਂਗਤ ਹੋ ਕੇ ਅਲਖ ਜਗਾਈਆ । ਅਸੀਂ ਨਾਤੇ ਛੱਡੇ ਜਗ ਦੇ, ਤੇਰੇ ਹੋ ਕੇ ਤੇਰੇ ਦਰ ਤੇ ਬੈਠੇ ਸੀਸ ਨਿਵਾਈਆ । ਪਹਿਲੋਂ ਸਾਡਾ ਹਕ ਦੇ, ਹੁਕਮ ਇਕੋ ਵਾਰ ਸੁਣਾਈਆ । ਜੇ ਅਸੀਂ ਨਹੀਂ ਤੈਥੋਂ ਅੱਕਦੇ, ਤੂੰ ਕਿਉਂ ਜਾਵੇਂ ਮੁਖ ਭਵਾਈਆ । ਦੋਵੇਂ ਇਕੱਠੇ ਹੋ ਕੇ ਇਕ ਇਕ ਦਿਨ ਤੈਨੂੰ ਰਖਦੇ, ਸਾਧ ਸੰਗਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦੇ ਚੁਕਾਈਆ । ਰਾਮ ਕਹੇ ਵੇਖ ਵਸ਼ਿਸ਼ਟ ਗੁਰਦੇਵ, ਸੁਵਾਮੀ ਮੈਂ ਕੀ ਕੀ ਦਿਆਂ ਸੁਣਾਈਆ । ਕੀ ਦੱਸੇ ਮੇਰੀ ਜਿਹਵ, ਕੀ ਢੋਲਾ ਦੇਵਾਂ ਗਾਈਆ । ਮੈਨੂੰ ਨਹੀਂ ਪਤਾ ਕੀ ਇਹਨਾਂ ਕੀਤੀ ਸੇਵ, ਪ੍ਰਭ ਨੂੰ ਆਪਣੇ ਅੰਦਰ

ਬੰਦ ਕਰਾਈਆ । ਓਹ ਛਡ ਕੇ ਨਿਹਚਲ ਧਾਮ ਨਿਹਕੇਵ, ਨਿਰਗੁਣ ਹੋ ਕੇ ਇਹਨਾਂ ਵਿਚ ਬੈਠਾ ਡੇਰਾ ਲਾਈਆ । ਬੱਚਿਆਂ ਵਾਂਗ ਨਾਲ ਰਿਹਾ ਖੇਡ, ਬਾਲੇ ਆਪਣੇ ਨਾਲ ਮਿਲਾਈਆ । ਮੈਂ ਨਾ ਸਮਝਿਆ ਇਸ ਦਾ ਭੇਦ, ਮੇਰੀ ਚਲੀ ਨਾ ਕੋਇ ਚਤੁਰਾਈਆ । ਜਿਸ ਵੇਲੇ ਮੈਂ ਰਾਤੀ ਤੱਕਾਂ ਇਹਨਾਂ ਗੁਰਮੁਖਾਂ ਪਿਆਰਿਆਂ ਦੀ ਸੁੱਤਾ ਰਹੇ ਸੇਜ, ਪਰਮਾਤਮ ਹੋ ਕੇ ਗਲਵਕੜੀ ਇਕੋ ਪਾਈਆ । ਜੇ ਲੱਭਾਂ ਨਾ ਕੋਈ ਰੂਪ ਤੇ ਨਾ ਕੋਈ ਰੇਖ, ਰੰਗ ਆਪਣਾ ਬੈਠਾ ਛੁਪਾਈਆ । ਇਹਨਾਂ ਸਾਰਿਆਂ ਦਾ ਸ਼ਰੀਰ ਦਾ ਵਖਰਾ ਵਖਰਾ ਭੇਤ, ਅੰਦਰੋਂ ਸਾਰੇ ਏਕ, ਜਿਹਨਾਂ ਬਖ਼ਸ਼ੀ ਸਾਚੀ ਟੇਕ, ਚਰਨ ਕਵਲ ਦਿਤੀ ਸਰਨਾਈਆ । ਸਾਚੀ ਧਾਰੋਂ ਆਪੇ ਭੇਜ, ਜਨਮ ਲੋਕਮਾਤ ਦਵਾਈਆ । ਅੰਤਮ ਕਰ ਕੇ ਸਾਚਾ ਹੇਤ, ਸਾਹਿਬ ਸਤਿਗੁਰ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪਣੇ ਹੱਥ ਰਖਾਈਆ । ਵਸ਼ਿਸ਼ਟ ਕਹੇ ਰਾਮ ਜੀ ਇਹ ਚੰਗਾ, ਮੈਂ ਚੰਗੀ ਤਰਾ ਵੇਖ ਵਖਾਈਆ । ਗੁਰਮੁਖਾਂ ਦੇ ਹੰਝੂ ਨਹੀਂ ਇਹ ਰੋਵੇ ਗੰਗਾ, ਗੋਦਾਵਰੀ ਆਪਣੀ ਧਾਰ ਰਹੀ ਵਹਾਈਆ । ਸ਼ੰਕਰ ਵਜਾਵਣਹਾਰਾ ਮਰਦੰਗਾ, ਬ੍ਰਹਮਾ ਬ੍ਰਹਮ ਰਾਗ ਰਿਹਾ ਸੁਣਾਈਆ । ਵਿਸ਼ਨੂੰ ਵੇਖੇ ਕੋਈ ਰਹੇ ਨਾ ਭੁੱਖਾ ਨੰਗਾ, ਧੁਰ ਦੀ ਸੇਵਾ ਇਕ ਕਮਾਈਆ । ਪੁਰਖ ਅਕਾਲ ਹੱਥ ਉਹ ਸ਼ਬਦੀ ਡੰਡਾ, ਜਿਸ ਨੂੰ ਡੰਡਾਵਤ ਕਰੇ ਲੋਕਾਈਆ । ਮੈਨੂੰ ਆਇਆ ਇਕ ਅਨੰਦਾ, ਰਸ ਸੋਹਣਾ ਦਿਤਾ ਵਖਾਈਆ । ਖੇਲ ਵੇਖਿਆ ਵਿਚ ਬ੍ਰਹਿਮੰਡਾ, ਲੋਕਮਾਤ ਵਜੀ ਵਧਾਈਆ । ਭਗਤ ਭਗਵਾਨ ਬਣਿਆ ਸੰਗਾ, ਜੋੜੀ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਰਨ ਕਹਿਣ ਗੁਰਮੁਖ ਨਾ ਮਾਰ ਭੁੱਬ, ਹੌਕਾ ਲੈ ਨਾ ਦੇ ਸੁਣਾਈਆ । ਤੇਰੇ ਪ੍ਰੇਮ ਦੀ ਸਤਾਰ ਅੰਦਰੋਂ ਰਹੀ ਚੁੱਭ, ਜੋ ਹੌਲੀ ਹੌਲੀ ਪਦਮ ਰੂਪ ਵਟਾਈਆ । ਇਹਦੇ ਵਿਚ ਰਾਜ਼ ਕੁਝ, ਕੁਛ ਦਿਆਂ ਸਮਝਾਈਆ । ਜਿਸ ਵੇਲੇ ਤੁਹਾਡਾ ਰਾਮ ਵਸ਼ਿਸ਼ਟ ਵਾਲਾ ਜਨਮ ਗਿਆ ਸੀ ਮੁਕ, ਤ੍ਰੇਤੇ ਵਿਚ ਅੰਤ ਇਕ ਸ਼ਬਦ ਦਿਤਾ ਜਣਾਈਆ । ਨੌ ਮਿੰਟਾਂ ਪਿਛੋਂ ਤੁਹਾਡੇ ਓਦੋਂ ਸਵਾਸ ਗਏ ਸੀ ਮੁਕ, ਨਾਤਾ ਜਗਤ ਨਾਲੋਂ ਤੁੜਾਈਆ । ਪੁਰਖ ਅਕਾਲ ਅਗੰਮੀ ਆਵਾਜ਼ ਨਾਲ ਕਿਹਾ ਸੀ ਪੁਤ, ਸ਼ਬਦੀ ਨਾਦ ਸੁਣਾਈਆ । ਜਿਸ ਵੇਲੇ ਸਚਮੁਚ ਮੇਰੇ ਚਰਨਾਂ ਜਾਉਗੇ ਝੁਕ, ਜੁਗ ਵਿਚੋਂ ਜੁਗ ਰੂਪ ਵਟਾਈਆ । ਓਸ ਵੇਲੇ ਲਵਾਂਗਾ ਪੁਛ, ਮਿਹਰਵਾਨ ਹੋ ਕੇ ਆਪਣੀ ਦਇਆ ਕਮਾਈਆ । ਚਰਨ ਨਾਲ ਸੀਸ ਸੀਸ ਨਾਲ ਚਰਨ ਦੋਵੇਂ ਹੋ ਜਾਣ ਖ਼ੁਸ਼, ਖ਼ੁਸ਼ਹਾਲੀ ਇਕੋ ਦਿਆਂ ਵਖਾਈਆ । ਅੰਦਰ ਵੜ ਕੇ ਕਰਾਂ ਸਿਧਾ ਰੁਖ਼, ਰਹਿਬਰ ਹੋ ਕੇ ਰਾਹ ਵਖਾਈਆ । ਨਾਮ ਪਿਆਲਾ ਸਾਚਾ ਘੁਟ, ਖ਼ੁਮਾਰੀ ਇਕੋ ਦਿਆਂ ਚੜ੍ਹਾਈਆ । ਦੋਹਾਂ ਦਾ ਸੋਹਣਾ ਬਣਿਆ ਰਹੇ ਜੁਟ, ਜੁਟ ਦਾ ਜੋਟਾ ਜੋ ਤ੍ਰਿਵਣਾ ਵਿਚ ਕੁਆਰੀਆਂ ਕੰਨਿਆ ਰਹੀਆਂ ਪਾਈਆ । ਤੁਹਾਡੇ ਨਾਲੋਂ ਤੁਹਾਡੇ ਵਿਛੜਨ ਦਾ ਮੈਨੂੰ ਬਹੁਤ ਦੁਖ, ਦੁਖ ਦਾ ਮਾਰਿਆ ਪਿਛੇ ਪਿਛੇ ਭੱਜਾਂ ਵਾਹੋ ਦਾਹੀਆ । ਬੇਸ਼ਕ ਮੈਂ ਬਾਹਰੋਂ ਤੱਤਾਂ ਵਾਲਾ ਮਨੁਖ, ਹੱਡ ਮਾਸ ਨਾੜੀ ਚੰਮੜੀ ਰੰਗ ਰੰਗਾਈਆ । ਅੰਤਰ ਨਿਰਾਕਾਰ ਨਿਰੰਕਾਰ ਅਬਿਨਾਸ਼ੀ ਅਚੁਤ, ਜੋ ਚੇਤਨ ਸੁਰਤੀ ਸਭ ਦੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਨਾਈਆ । ਵਸ਼ਿਸ਼ਟ ਕਹੇ ਰਾਮ ਸੁਣ, ਅਨਡਿੱਠੜੀ ਦਿਆਂ ਜਣਾਈਆ । ਅੱਜ ਇਕ ਹੋਰ ਵਿਹਾਰ ਕਰਨਾ ਜਿਸ ਦਾ ਸਭ ਤੋਂ ਵੱਖਰਾ ਗੁਣ, ਚਾਰ ਜੁਗ ਨਾ ਕੋਇ ਸਮਝਾਈਆ । ਜਿਹੜਾ ਕੋਟਨ ਕੋਟ ਅਸਮੇਧ ਯਗ ਕੀਤਿਆਂ ਪੁੰਨ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਹੱਥ ਕਿਸੇ ਨਾ ਆਈਆ ।

ਪ੍ਰਭ ਦਾ ਖੇਲ ਜਾਣੇ ਕੌਣ, ਕਵਣ ਕਰਨਹਾਰ ਵਡਿਆਈਆ । ਦੋਵੇਂ ਅਗੂਠੇ ਲਵੇ ਚੁੰਮ, ਰਸ ਆਪਣਾ ਦਿਆਂ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਸਾਚਾ ਰਿਹਾ ਰੰਗਾਈਆ । ਰਾਮ ਕਹੇ ਖੇਲ ਨਿਰਾਲਾ, ਨਿਰਾਕਾਰ ਦਿਤਾ ਵਖਾਈਆ । ਮਾਰਗ ਦੱਸ ਸੁਖਾਲਾ, ਭਗਤ ਦਿਤੇ ਵਡਿਆਈਆ । ਇਕੋ ਵਾਰ ਅੰਤਰ ਆਤਮ ਪਾ ਕੇ ਆਪਣੇ ਪ੍ਰੇਮ ਦੀ ਮਾਲਾ, ਮਨ ਕਾ ਮਣਕਾ ਦਿਤਾ ਭੁਆਈਆ । ਪੂਰਬ ਜਨਮਾਂ ਦੇ ਹਵਾਲਾ, ਅਹਿਵਾਲ ਆਪਣਾ ਨਾਲ ਰਖਾਈਆ । ਦੋ ਜਹਾਨਾਂ ਬਣ ਰਖਵਾਲਾ, ਰੱਖਕ ਹੋ ਕੇ ਹੋਇਆ ਸਹਾਈਆ । ਗੁਰਮੁਖਾਂ ਹੋ ਮਿਹਰਵਾਨਾ, ਮੁਹੱਬਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਸ਼ਿਸ਼ਟ ਕਹੇ ਰਾਮ ਦੋਵੇਂ ਚਰਨ ਰਹੇ ਕੁਛ ਆਖ, ਸੱਜਾ ਖੱਬਾ ਆਪਣੀ ਕਹਾਣੀ ਰਹੇ ਸੁਣਾਈਆ । ਜਨ ਭਗਤੋ ਜੁਗ ਚੌਕੜੀ ਕਿਸੇ ਨੇ ਅੰਨ ਖਾਧਾ ਕਿਸੇ ਨੇ ਭਾਤ, ਕੋਈ ਦੂਧਾ ਧਾਰੀ ਨਜ਼ਰੀ ਆਈਆ । ਕਿਸੇ ਤਪਸਿਆ ਕੀਤੀ ਰਾਤ, ਕੋਈ ਦਿਨੇ ਬਨ ਖੋਜਣ ਜਾਈਆ । ਕਿਸੇ ਪੂਜਾ ਕੀਤੀ ਕਿਸੇ ਪਾਠ, ਕੋਈ ਕਲਮਿਆਂ ਕਲਾਮਾਂ ਨਾਲ ਸਜਦੇ ਸੀਸ ਨਿਵਾਈਆ । ਕਿਸੇ ਗਾਇਤਰੀ ਮੰਤਰ ਕੀਤਾ ਯਾਦ, ਕੋਈ ਅਸ਼ਟਭੁਜ ਲਾਲ ਭੂਸ਼ਨ ਰਿਹਾ ਪਹਿਨਾਈਆ । ਕਿਸੇ ਵਰਤ ਰਖਿਆ ਕਿਸੇ ਰੋਜ਼ਿਆਂ ਨਾਲ ਪੜ੍ਹੀ ਨਿਮਾਜ, ਕਿਸੇ ਈਦ ਬਕਰੀਦ ਲਈ ਬਣਾਈਆ । ਕਿਸੇ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਦੀ ਰੱਖੀ ਯਾਦ, ਕਿਸੇ ਨੇ ਦੇਵੀ ਦੀ ਯਾਦ ਅੰਦਰ ਕੰਜਕਾਂ ਲਈਆਂ ਖਵਾਈਆ । ਕਿਸੇ ਨੇ ਪੀਰਾਂ ਦੇ ਮਕ਼ਬਰਿਆਂ ਉਤੇ ਜਗਾਏ ਚਿਰਾਗ਼, ਕੋਈ ਸ਼ਹੀਦਾਂ ਅਗੇ ਸੀਸ ਨਿਵਾਈਆ । ਕਿਸੇ ਨੇ ਪੂਜਾ ਕੀਤੀ ਆਗ, ਕੋਈ ਜਲ ਪਾਣੀ ਸੂਰਜ ਦੇਵਤਾ ਰਹੇ ਚੜ੍ਹਾਈਆ । ਕਿਸੇ ਨੇ ਜੋਗ ਕੀਤਾ ਅਭਿਆਸ, ਕੋਈ ਬ੍ਰਹਮ ਦੀ ਧਾਰ ਬੈਠਾ ਸਨਿਆਸ, ਕੋਈ ਵੈਰਾਗੀ ਕੋਈ ਤਿਆਗੀ ਕੋਈ ਮਛੰਦਰ ਗੋਰਖ ਰੂਪ ਵਟਾਈਆ । ਕਿਸੇ ਨੇ ਹਜ਼ਰਤਾਂ ਦੀ ਪੜ੍ਹੀ ਕਿਤਾਬ, ਕਿਸੇ ਨੇ ਪੁੰਨ ਕੀਤਾ ਸਵਾਬ, ਕੋਈ ਮੰਦਰ ਵਿਚ ਟਲ ਖੜਕਾਈਆ । ਵਸ਼ਿਸ਼ਟ ਕਹੇ ਰਾਮ ਕਲਜੁਗ ਵੇਖ ਖੇਲ ਅਜਬ ਤਮਾਸ਼, ਪੁਰਖ ਅਬਿਨਾਸ਼ੀ ਆਪ ਕਰਾਈਆ । ਜਨ ਭਗਤਾਂ ਦਾ ਜਨਮ ਲੇਖੇ ਲਾ ਕੇ ਲਹਿਣਾ ਚੁਕਾਏ ਮਾਤ, ਆਵਣ ਜਾਵਣ ਆਪਣੀ ਝੋਲੀ ਪਾਈਆ । ਦੋਹਾਂ ਨੇ ਜਿਹੜਾ ਲਿਆ ਰਸ ਸਵਾਦ, ਓਹ ਸਾਰੀ ਸੰਗਤ ਅੰਦਰ ਦਏ ਟਿਕਾਈਆ । ਅਸੀਂ ਸਾਰੇ ਹੋ ਗਏ ਲਾਜਵਾਬ, ਸਾਡੀ ਚਲੇ ਨਾ ਕੋਇ ਵਡਿਆਈਆ । ਕਿਉਂ ਪੁਰਖ ਅਕਾਲ ਪਾਤਸ਼ਾਹਾਂ ਦਾ ਪਾਤਸ਼ਾਹ ਰਾਜਿਆਂ ਦਾ ਮਹਾਰਾਜ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਅਖਵਾਈਆ । ਜਿਸ ਦੇ ਹੱਥ ਦੋ ਜਹਾਨਾਂ ਦਾ ਕਾਜ, ਕਰਨੀ ਦਾ ਕਰਤਾ ਬੇਪਰਵਾਹੀਆ । ਓਸ ਸਭ ਦੀ ਰਖਣੀ ਲਾਜ, ਵੇਖਣਹਾਰਾ ਚਾਈਂ ਚਾਈਂਆ । ਜਨ ਭਗਤਾਂ ਨੂੰ ਪਾਰ ਉਤਰਨ ਦੀ ਸਾਚੀ ਦੱਸ ਦਏ ਜਾਚ, ਲੇਖਾ ਇਕੋ ਵਾਰ ਮੁਕਾਈਆ । ਜਿਸ ਨੂੰ ਯਾਦ ਕਰਦੇ ਰਹੇ ਓਹ ਆ ਗਈ ਲੋਕਮਾਤ ਰਾਤ, ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਰਾਮ ਕਹੇ ਵਸ਼ਿਸ਼ਟ ਰਾਤ ਕਿਹੜੀ, ਰੈਣ ਆਪਣਾ ਰੂਪ ਰਹੀ ਬਦਲਾਈਆ । ਵਸ਼ਿਸ਼ਟ ਕਿਹਾ ਰਾਮ ਇਹ ਓਹ ਰੈਣ ਜਿਸ ਭਗਤਾਂ ਦੀ ਕਟਣੀ ਜੇੜੀ, ਫ਼ਾਸੀ ਗਲੋਂ ਕਟਾਈਆ । ਪੁਰਖ ਅਕਾਲ ਤਾਰਨ ਲਗਿਆਂ ਲੌਣੀ ਨਹੀਂ ਕੋਈ ਦੇਰੀ, ਦੂਰ ਨੇੜੇ ਸਾਰੇ ਪਾਰ ਲੰਘਾਈਆ । ਜਨ ਭਗਤ ਨੂੰ ਤਿੰਨਾਂ ਜੁਗਾਂ ਜੋਗੀ ਇਕੋ ਰਾਤ ਬਥੇਰੀ, ਬਹੁਤੀ ਤਪਸਿਆ ਦੀ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਾਮ

ਕਹੇ ਵਸ਼ਿਸ਼ਟ ਜੀ ਮੈਂ ਸੰਗਤ ਵਿਚ ਇਸਤਰੀ ਪੁਰਸ਼ ਵੇਖੇ ਦੋ ਦੋ, ਨਾਰੀ ਨਰ ਨਜ਼ਰੀ ਆਈਆ । ਵਸ਼ਿਸ਼ਟ ਕਿਹਾ ਰਾਮ ਇਹ ਸਾਰੇ ਇਕ ਦੂਜਾ ਜਾਮਾ ਬਦਲ ਕੇ ਇਹੋ ਜਿਹੇ ਆਏ ਹੋ ਹੋ, ਕੋਟਨ ਵਾਰ ਫੇਰੀਆਂ ਪਾਈਆ । ਸਚ ਪੁਛੇਂ ਇਹਨਾਂ ਤੇ ਪਰਮਾਤਮਾ ਦੀ ਇਕੋ ਲੋ, ਬਾਹਰਲੇ ਚਿੰਨ੍ਹਾਂ ਨਾਲ ਨਾ ਕੋਇ ਲੜਾਈਆ । ਦੋਹਾਂ ਦਾ ਮਾਲਕ ਉਹ, ਜੋ ਸਭ ਦਾ ਪਿਤਾ ਮਾਈਆ । ਰਾਮ ਕਿਹਾ ਪ੍ਰਭੂ ਭਗਤ ਕੋ, ਮੈਨੂੰ ਦੇ ਸਮਝਾਈਆ । ਓਧਰੋਂ ਭੀਲਣੀ ਅਗੇ ਗਈ ਹੋ, ਹੋਕਾ ਦੇ ਕੇ ਦਿਤਾ ਸੁਣਾਈਆ । ਰਾਮ ਵਸ਼ਿਸ਼ਟ ਮੇਰੇ ਨਾਲ ਰਲ ਕੇ ਤੁਸੀਂ ਸਾਰੇ ਪਓ ਰੋ, ਪ੍ਰਭ ਨੂੰ ਹਾਲ ਦਈਏ ਸੁਣਾਈਆ । ਤੇਰੇ ਦਵਾਰੇ ਇਕੋ ਜਿਹਾ ਸਭ ਦਾ ਮੋਹ, ਮੁਹੱਬਤ ਇਕੋ ਨਜ਼ਰੀ ਆਈਆ । ਅੱਜ ਦੀ ਰੈਣ ਪੁਰਸ਼ ਸੱਜੇ ਚਰਨ ਨਾਰੀ ਖੱਬੇ ਚਰਨ ਅੰਗੂਠਿਆਂ ਨਾਲ ਆਪਣਾ ਮਸਤਕ ਲੈਣ ਛੋਹ, ਟਿੱਕਾ ਧੁਰ ਦਾ ਲੈਣ ਲਗਾਈਆ । ਫੇਰ ਸਭ ਨੂੰ ਯਾਦ ਆ ਜਾਏ ਸਤਾਈ ਪੋਹ, ਤੁਹਾਡਾ ਹਿਸਾਬ ਤੁਹਾਡੀ ਝੋਲੀ ਪਾਈਆ । ਜਿਹੜਾ ਕੀੜੀ ਦਾ ਅੰਨ ਰੱਖਿਆ ਲਕੋ, ਤੁਹਾਡੇ ਕੋਲ ਦਿਆਂ ਕਢਾਈਆ । ਜੇ ਪ੍ਰੇਮ ਕਰਕੇ ਅਕੱਠੇ ਗਏ ਹੋ, ਸਿੰਮਤ ਆਪਣੀ ਲਓ ਬਣਾਈਆ । ਜੇ ਇਕ ਰਾਤ ਹੋਰ ਮੇਰੇ ਨਾਲ ਰਹੋ, ਮੈਨੂੰ ਭੁੱਖਾ ਰਖ ਕੇ ਆਪ ਖ਼ੁਸ਼ੀਆਂ ਲਓ ਮਨਾਈਆ । ਮੈਂ ਤੁਹਾਥੋਂ ਸਾਢੇ ਨੌਂ ਵਜੇ ਇਕ ਮੰਗਾਂ ਖਾਣ ਨੂੰ ਜੌਂ, ਬਾਕੀ ਸਭ ਕੁਛ ਤੁਹਾਡੀ ਝੋਲੀ ਪਾਈਆ । ਭਾਵੇਂ ਸੁਵਾ ਦਿਓ ਉਤੇ ਮਿੱਟੀ ਭੌਂ, ਓਢਨ ਦੀ ਲੋੜ ਰਹੇ ਨਾ ਰਾਈਆ । ਮੈਨੂੰ ਆਪਣਾ ਨਹੀਂ ਕੋਈ ਗੌਂ, ਲੋੜਵੰਦ ਮੈਂ ਤੁਹਾਡਾ ਨਜ਼ਰੀ ਆਈਆ । ਭਗਤਾਂ ਨਾਲ ਮੈਂ ਕਦੇ ਨਹੀਂ ਹੋਇਆ ਨਿਰਮੋਹ, ਪ੍ਰੀਤੀ ਪ੍ਰੇਮ ਪਿਆਰ ਬੰਧਾਈਆ । ਤੁਸੀਂ ਨਹੀਂ ਜਾਣਦੇ ਮੈਂ ਗੋਬਿੰਦ ਓਹ, ਜੋ ਵਾਇਦਾ ਕਰ ਕੇ ਫੇਰਾ ਪਾਈਆ । ਕੀ ਹੋਇਆ ਜੇ ਸਰਸੇ ਤੁਹਾਡੇ ਨਾਲ ਹੋਇਆ ਧ੍ਰੋਹ, ੪੩੭

੪੩੭ ਤੁਹਾਡੀ ਦੁਰਮਤ ਮੈਲ ਦਿਆਂ ਧੁਆਈਆ । ਤੁਹਾਨੂੰ ਸਮਝ ਨਹੀਂ ਆਇਆ ਕੀ ਲੇਖਾ ਸੀ ਛੱਬੀ ਪੋਹ, ਕੀ ਪੰਝੀ ਮਾਘ ਆਇਆ ਸਮਝਾਈਆ । ਤੁਸੀ ਭਾਵੇਂ ਕਿੰਨਾਂ ਗ਼ੁੱਸਾ ਮੇਰੇ ਉਤੇ ਕਰੋ ਰੋ, ਮੈਂ ਰੁੱਸਿਆਂ ਫਿਰ ਭੀ ਲਵਾਂ ਮਨਾਈਆ । ਮੇਰੇ ਨਾਲ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਦਾ ਨਹੀਂ ਕੋਈ ਗਰੋਹ, ਇਕ ਇਕੱਲਾ ਹੋ ਕੇ ਤੁਹਾਡੀ ਸੇਵ ਕਮਾਈਆ । ਤੁਸੀਂ ਸਾਰੇ ਮੇਰੇ ਬੱਚੇ ਹੋ ਕੇ ਰਹੋ, ਮੈਂ ਆਪੇ ਬਣਾਂ ਪਿਤਾ ਮਾਈਆ । ਜੋ ਕੁਛ ਕਹਿਣਾ ਸੋ ਮੇਰੇ ਸਾਹਮਣੇ ਕਹੋ, ਮੈਂ ਆਪਣੇ ਅੰਦਰ ਸਭ ਕੁਛ ਲਵਾਂ ਟਿਕਾਈਆ । ਜੇ ਮੇਰੇ ਚਰਨ ਨਾਲ ਗਏ ਛੋਹ, ਮੈਂ ਸ਼ਹਿਨਸ਼ਾਹ ਤੁਹਾਨੂੰ ਸ਼ਹਿਨਸ਼ਾਹ ਦੇਵਾਂ ਬਣਾਈਆ । ਤੁਹਾਡੀ ਵਸਤ ਤੁਹਾਡੇ ਕੋਲੋਂ ਕਿਸੇ ਨਹੀਂ ਲੈਣੀ ਖੋਹ, ਜੋ ਆਪਣੇ ਆਪ ਤੁਹਾਨੂੰ ਦਿਤੀ ਫੜਾਈਆ । ਜੇ ਨਹੀਂ ਇਤਬਾਰ, ਤੇ ਹੁਣ ਅਜ਼ਮਾ ਕੇ ਲਓ ਜੋਹ, ਮੈਂ ਆਪਣੇ ਪੜਦੇ ਆਇਆ ਉਠਾਈਆ । ਤੁਹਾਡੇ ਸਾਹਮਣੇ ਵੇਖਿਓ ਸਾਰੀ ਸ੍ਰਿਸ਼ਟੀ ਤੋਂ ਸਭ ਕੁਛ ਲੈਣਾ ਖੋਹ, ਖ਼ਾਲੀ ਹੱਥ ਸਾਰੇ ਦੇਣੇ ਭੁਆਈਆ । ਇਕ ਮੈਨੂੰ ਤੁਹਾਥੋਂ ਆਵੇ ਭੌ, ਡਰਦਾ ਘਰ ਘਰ ਫੇਰਾ ਪਾਈਆ । ਭਗਤੋ ਤੁਸੀਂ ਜੇ ਮੇਰੇ ਕੋਲ ਨਾ ਬਹੋ, ਮੇਰੀ ਮਾਤ ਨਾ ਹੋਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰ ਕਰ ਰਿਹਾ ਵਖਾਈਆ । ਵਸ਼ਿਸ਼ਟ ਕਹੇ ਰਾਮ ਕਿਉਂ ਇਨਾਂ ਦੇ ਨੇਤਰ ਵਗਿਆ ਅੱਥਰ, ਛਹਿਬਰ ਰਿਹਾ ਲਗਾਈਆ । ਰਾਮ ਨੇ ਕਿਹਾ ਜਿਸ ਵੇਲੇ ਗੋਬਿੰਦ ਪਿਆ ਸੀ ਸਥਰ, ਇਕ ਕੀੜੀ ਚਿਊਂਟੀ ਨਿੱਕੀ ਸੇਵ ਕਮਾਈਆ । ਓਸ ਦੇ ਸਰਹਾਣੇ ਸੀ ਇਕ ਪੱਥਰ, ਜਿਸ ਨੂੰ ਇਕ ਮੁੱਠੀ ਨਾਲ ਮਿਣ ਕੇ ਆਪਣੇ ਥੱਲੇ ਲਿਆ ਟਿਕਾਈਆ । ਆਪਣੀ ਨਜ਼ਰ ਨਾਲ ਮਿਲਾਈ ਸਿਖ਼ਰ, ਅਸਮਾਨਾਂ ਤੋਂ ਪਰੇ ਦਿਤੀ ਟਿਕਾਈਆ । ਓਸ ਵੇਲੇ ਪੁਰਖ ਅਕਾਲ ਤੇ ਗੋਬਿੰਦ ਦਾ ਇਕ ਜ਼ਿਕਰ, ਜਿਸ ਦਾ ਕੋਈ ਸਕਿਆ

ਨਾ ਚਿਤ੍ਰ ਚਿਤਰ, ਚਲਿਤ੍ਰ ਚਲਿਤ੍ਰ ਬਚਿਤ੍ਰ ਆਪਣੇ ਵਿਚ ਸਮਾਈਆ । ਓਸ ਵੇਲੇ ਦਾ ਲੱਗਾ ਰਿਹਾ ਸੀ ਫ਼ਿਕਰ, ਕੌਣ ਵੇਲਾ ਆਏ ਵੀਹ ਸੌ ਇੱਕੀ ਬਿਕ੍ਰਮੀ ਲੇਖਾ ਦਿਆਂ ਮੁਕਾਈਆ । ਸਚ ਦੱਸੋ ਤੁਸੀਂ ਕਿਉਂ ਮੈਥੋਂ ਰਹੇ ਵਿਛੜ, ਆਪਣਾ ਆਪ ਮੁਖ ਛੁਪਾਈਆ । ਜੇ ਰਾਮ ਆਇਆ ਤੇ ਚਰਨੀ ਢੱਠਾ ਵੇਖੇ ਕ੍ਰਿਸ਼ਨ, ਤ੍ਰੈਲੋਕੀ ਦਾ ਨਾਥ ਬੈਠਾ ਸੀਸ ਨਿਵਾਈਆ । ਕਿਉਂ ਇਹਨਾਂ ਦਾ ਹਿਸਾਬ ਰਵਿਦਾਸ ਚਮਿਆਰਾ ਆਇਆ ਲਿਖਣ, ਗੁਰਮੁਖ ਰੂਪ ਵਟਾਈਆ । ਜਨ ਭਗਤੋ ਤੁਹਾਡਾ ਭਗਵਾਨ ਵਾਲਾ ਚਲਣਾ ਮਿਸ਼ਨ, ਮੁਨੀ ਮੁਨੀਸ਼ਰ ਤੁਹਾਡਾ ਰਾਹ ਤਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਤੁਹਾਥੋਂ ਆਇਆ ਸਿੱਖਣ, ਸਿਖਿਆ ਦਾ ਕੇਂਦਰ ਗੁਰਮੁਖ ਲਏ ਪਰਗਟਾਈਆ । ਗੁਰਮੁਖਾਂ ਅੰਦਰ ਇਕ ਵਿਦਿਆਲਾ, ਵਿਦਿਆ ਬ੍ਰਹਮ ਪੜ੍ਹਾਈਆ । ਜਿਸ ਦਾ ਅਧਿਆਪਕ ਦੀਨ ਦਿਆਲਾ, ਪਾਰਬ੍ਰਹਮ ਬੇਪਰਵਾਹੀਆ । ਨੌ ਖੰਡ ਪ੍ਰਿਥਮੀ ਵਿਚ ਇਹੋ ਜਿਹਾ ਨਾ ਕੋਈ ਮਕਤਬ ਨਾ ਕੋਈ ਪਾਠਸ਼ਾਲਾ, ਨਾ ਕੋਈ ਵਿਦਿਆਰਥੀ ਨਜ਼ਰੀ ਆਈਆ । ਨਾਲੇ ਪ੍ਰੇਮ ਪਿਆਰ ਪ੍ਰੀਤ ਕਰੇ ਨਾਲੇ ਵਖਾਏ ਸਚੀ ਧਰਮਸਾਲਾ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਰਾਜ ਲਾਲ ਹਰਿ ਸੰਗਤ ਮਿਲੇ ਆਣ, ਹਰਿ ਸੰਗਤ ਦਾ ਰੂਪ ਸ੍ਰੀ ਭਗਵਾਨ, ਭਗਵਾਨ ਦਾ ਅੰਗ ਗੁਰਮੁਖ ਚਤੁਰ ਸੁਘੜ ਸੁਜਾਨ, ਗੁਰਮੁਖਾਂ ਦਾ ਸੰਗ ਆਦਿ ਜੁਗਾਦੀ ਨੌਜਵਾਨ, ਨਰ ਨਿਰੰਕਾਰਾ ਇਕ ਅਖਵਾਈਆ ।

 ੪੩੮

ਸਾਡੇ ਕੋਲ ਸੀ ਇਕੋ ਮਿੰਨਤ, ਗੁਰਮੁਖਾਂ ਦਿਤੀ ਸੁਣਾਈਆ । ਤੁਹਾਡੇ ਪ੍ਰੇਮ ਦੀ ਮੈਨੂੰ ਕਿੱਲਤ, ਦਰਦੀਓ ਦਰਦ ਲੈਣਾ ਵੰਡਾਈਆ । ਤੁਹਾਡੀ ਖ਼ੁਆਰੀ ਨਾ ਹੋਵੇ ਜ਼ਿੱਲਤ, ਦੇਵਾਂ ਸਦਾ ਸਦਾ ਸਚੀ ਵਡਿਆਈਆ । ਜੇ ਤੁਹਾਡੇ ਵਿਚ ਪ੍ਰੇਮ ਪਿਆਰ ਦੀ ਸਾਚੀ ਹਿੰਮਤ, ਫੇਰ ਤਰਸ ਖਾ ਕੇ ਜਵਾਂ ਦਾ ਦਾਣਾ ਇਕ ਦਿਓ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਮੰਗ ਮੰਗਾਈਆ । ਬਲਿਹਾਰੀ ਕਹੇ ਗੁਰਸਿਖ ਗੁਰਮੀਤ, ਹਰਿ ਦੇਵਣਹਾਰ ਵਡਿਆਈਆ । ਜਿਸ ਸੰਗਤ ਨਾਲ ਕਰ ਕੇ ਪ੍ਰੀਤ, ਮੇਲਾ ਸਭ ਦਾ ਲਿਆ ਮਿਲਾਈਆ । ਰਾਜ ਨਰੈਣ ਲਾਲ ਸਿੰਘ ਮਿਲ ਕੇ ਹੋਏ ਸੀਤ, ਠੰਡ ਦਿਤੀ ਵਰਤਾਈਆ । ਸੰਗਤ ਨੇ ਸਾਚਾ ਗਾਇਆ ਗੀਤ, ਢੋਲਾ ਬੇਪਰਵਾਹੀਆ । ਮੈਂ ਸਭ ਨੂੰ ਦੇਣ ਆਇਆ ਬਖ਼ਸ਼ੀਸ਼, ਮਾਣ ਤਾਣ ਵਧਾਈਆ । ਗੁਰਮੁਖੋ ਸਦਾ ਜਾਓ ਜਗ ਜੀਤ, ਜੀਵਣ ਆਪਣਾ ਪ੍ਰਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਗੁਰਮੀਤ ਦਾ ਗਾਓ ਜਸ, ਸਾਰੀ ਸੰਗਤ ਇਕੋ ਰੂਪ ਨਜ਼ਰੀ ਆਈਆ । ਇਹ ਇਸ ਦੇ ਨਹੀਂ ਕੁਛ ਵਸ, ਜੋ ਕਰਨਾ ਸੋ ਕਰ ਕਰ ਰਿਹਾ ਵਖਾਈਆ । ਸਮੇਂ ਸਮੇਂ ਦੀ ਪੂਰੀ ਕਰੇ ਆਸ, ਵਕਤ ਵਕਤ ਦਾ ਲੇਖਾ ਰਿਹਾ ਮੁਕਾਈਆ । ਪੂਰਬ ਲਹਿਣਾ ਜਾਣੇ ਹਿਸਾਬ, ਜੁਗ ਚੋਕੜੀ ਫੋਲ ਫੁਲਾਈਆ । ਮਿਲਣ ਆਇਆ ਕਰਤਾ ਪੁਰਖ ਨਿਰਗੁਣ ਸਰੂਪ ਪ੍ਰਭ ਆਪ, ਜੋਤੀ ਜਾਤਾ ਵੇਸ ਵਟਾਈਆ । ਗੁਰਮੁਖੋ ਤੁਹਾਡੇ ਵਿਚ ਭਾਵੇਂ ਕਿੰਨੀ ਹੋਵੇ ਮਿਜ਼ਾਜ, ਮੈਂ ਆਪਣੀ ਨਿਮਰਤਾ ਤੁਹਾਡੇ ਨਾਲ ਦੇਣੀ ਮਿਲਾਈਆ । ਕਿਉਂ ਆਇਆ ਆਜ, ਤੁਹਾਨੂੰ ਪਿੱਛੇ ਛਡ ਕੇ ਅਗੇ ਭੱਜਿਆ ਵਾਹੋ ਦਾਹੀਆ । ਇਸ ਦਾ ਕੋਈ ਲਹਿਣਾ ਸੀ ਹਿਸਾਬ, ਤੁਹਾਨੂੰ ਦਿਆਂ ਸਮਝਾਈਆ ।

ਪੰਜ ਵਿਸਾਖ ਸਾਢੇ ਨੌ ਵਜੇ ਰਾਤ ਸ਼ਿੰਗਾਰਾ ਸਿੰਘ ਦਾ ਮੁਕਿਆ ਸੀ ਖਾਜ, ਜਵਾਬ ਦੇਣਾ ਸੀ ਪਿਤਾ ਮਾਈਆ । ਜਿਸ ਤਰਾ ਸਸਕਾਰ ਕਰ ਕੇ ਗ਼ਮੀ ਵਿਚ ਵਾਪਸ ਔਣਾ ਸੀ ਉਹ ਖੇਲ ਦਿਤਾ ਵਖਾਲ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਵਿਸਾਖ ਅਜੇ ਵੀ ਰਖਿਓ ਯਾਦ, ਹਰਿ ਸੰਗਤ ਵਿਚ ਦਿਆਂ ਸਮਝਾਈਆ । ਓਸ ਦਿਨ ਜ਼ਰੂਰ ਕਰਾਇਓ ਪਰਸ਼ਾਦਿ, ਢਾਈ ਛਟਾਕਾਂ ਵੰਡ ਵੰਡਾਈਆ । ਜੇ ਭੁਲ ਜਾਏ ਨੌ ਦਿਨਾਂ ਪਿਛੋਂ ਫੇਰ ਦੇਣਾ ਪਊ ਹਿਸਾਬ, ਫੇਰ ਬੇਨੰਤੀ ਸੁਣਨ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਰਿਹਾ ਤਰਾਈਆ । ਸ਼ਿੰਗਾਰਾ ਸਿੰਘ ਦਾ ਪਿਛਲਾ ਜਨਮ, ਜੋ ਅਣਡਿਠਾ ਸਰਬ ਦ੍ਰਿੜਾਇੰਦਾ । ਇਸ ਦਾ ਸ਼ੂਦਰਾਂ ਵਾਲਾ ਵਰਨ, ਕੁਲਹੀਣ ਅਖਵਾਇੰਦਾ । ਜਿਥੋਂ ਰਵਿਦਾਸ ਪਾਣੀ ਜਾਂਦਾ ਸੀ ਭਰਨ, ਓਸ ਕੂਏਂ ਉਤੇ ਸੇਵ ਕਮਾਇੰਦਾ । ਇਕ ਦਿਨ ਇਹ ਕਿਸੇ ਰਾਹੀ ਨਾਲ ਲੱਗਾ ਸੀ ਲੜਨ, ਉਚੀ ਉਚੀ ਬੋਲ ਸੁਣਾਇੰਦਾ । ਓਧਰੋਂ ਰਵਿਦਾਸ ਆ ਕੇ ਡੋਲ ਲੱਗਾ ਫੜਨ, ਕੁੰਡੇ ਹੱਥ ਛੁਹਾਇੰਦਾ । ਓਦਰੋਂ ਨਬੀਆ ਲੱਗਾ ਡਰਨ, ਕਰ ਪਰਨਾਮ ਸੀਸ ਝੁਕਾਇੰਦਾ । ਰਵਿਦਾਸ ਪਰੇ ਲੱਗਾ ਕਰਨ, ਡੋਰੀ ਆਪਣੇ ਹੱਥ ਵਖਾਇੰਦਾ । ਇਸ ਰੋ ਕੇ ਕਿਹਾ ਜੇ ਮੈਥੋਂ ਖੋਹਿਆ ਤੇ ਮੈਂ ਤੇਰੇ ਸਾਹਮਣੇ ਲੱਗਾ ਮਰਨ, ਕਿਉਂ ਸੇਵਾ ਮੇਰੀ ਮੈਥੋਂ ਛੁਡਾਇੰਦਾ । ਰਵਿਦਾਸ ਕਿਹਾ ਇਹ ਤੇਰਾ ਮੇਰਾ ਪਰਨ, ਸਿਰ ਉਤੇ ਹੱਥ ਟਿਕਾਇੰਦਾ । ਕਾਕਾ ਜਿਸ ਵੇਲੇ ਮੈਂ ਤੇ ਤੂੰ ਦੋਵੇਂ ਇਕੱਠੇ ਹੋਏ ਪੁਰਖ ਅਕਾਲ ਦੀ ਸਰਨ, ਚਰਨ ਕਵਲ ਇਕੋ ਨਜ਼ਰੀ ਆਇੰਦਾ । ਯਾਦ ਰੱਖੀਂ ਜਿਸ ਵੇਲੇ ਤੇਰਾ ਵੇਲਾ ਆਊ ਮੌਤ ਦਾ ਮਰਨ, ਮੈਂ ਓਸ ਵੇਲੇ ਤੈਨੂੰ ਇਕ ਵਾਰ ਬਚਾਇੰਦਾ । ਓਹ ਬੱਚਾ ਓਸੇ ਵੇਲੇ ਲੱਗਾ ਚਰਨ ਫੜਨ, ਨੇਤਰ ਰੋ ਰੋ ਨੀਰ ਵਹਾਇੰਦਾ । ਰਵਿਦਾਸ ਨੇ ਮਿੱਟੀ ਥੋੜ੍ਹੀ ਪੁੱਟੀ ਉਤੋਂ ਧਰਨ, ਧਰਤੀ ਖ਼ਾਕ ਉਹਦੇ ਸੀਸ ਵਿਚ ਟਿਕਾਇੰਦਾ । ਜਿਸ ਵੇਲੇ ਮੇਰਾ ਮਾਲਕ ਆਇਆ ਕਰਨੀ ਕਰਨ, ਕਰਤਾ ਪੁਰਖ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਇੰਦਾ । ਨਬੀਏ ਕਿਹਾ ਦੱਸ ਰਵਿਦਾਸ, ਕੁਛ ਰਸਤਾ ਦੇ ਸਮਝਾਈਆ । ਮੈਂ ਕਿਸ ਬਿਧ ਆਵਾਂ ਤੇਰੇ ਪਾਸ, ਪੁਰਖ ਅਕਾਲ ਕਿਵੇਂ ਮਿਲਾਈਆ । ਕਿਸ ਬਿਧ ਚੁਕਾਵੇਂ ਮੇਰਾ ਹਿਸਾਬ, ਲੇਖਾ ਪ੍ਰਭੂ ਕੋਲੋਂ ਕਰਾਈਆ । ਰਵਿਦਾਸ ਕਿਹਾ ਮੇਰੇ ਹੱਥ ਵਿਚ ਕ਼ਲਮ ਦਵਾਤ, ਜੋ ਲਿਖਾਂ ਤਿਸ ਨੂੰ ਸਕੇ ਨਾ ਕੋਇ ਮਿਟਾਈਆ । ਕਿਉਂ ਓਸ ਨੇ ਸਾਰਿਆਂ ਦਾ ਇਕੋ ਬਣ ਕੇ ਔਣਾ ਬਾਪ, ਗੁਰਮੁਖ ਬੱਚੇ ਆਪਣੀ ਗੋਦ ਉਠਾਈਆ । ਜਿਸ ਵੇਲੇ ਮੈਂ ਅੰਤਰ ਆਤਮਾ ਉਹਨੂੰ ਦਿਤਾ ਆਖ, ਉਹ ਜ਼ਰੂਰ ਮੇਰੀ ਮੰਨੇ ਚਲੇ ਭਗਤਾਂ ਦੀ ਰਜ਼ਾਈਆ । ਓਦੋਂ ਵੀ ਇਹੋ ਦਿਹਾੜਾ ਸੀ ਪੰਜ ਵਿਸਾਖ, ਜਿਸ ਦੀ ਬਦਲ ਦੇਣੀ ਸ਼ਾਖ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਰਪਾ ਕਰ ਕੇ ਬਖ਼ਸ਼ ਜਾਵੇ ਬੱਚਿਆਂ ਵਾਲੀ ਦਾਤ, ਇਹੋ ਬੱਚਤ ਜਿਹੜੀ ਗੁਰਮੀਤ ਤੇਰੀ ਝੋਲੀ ਪਾਈਆ ।


੪੩੯

### ❊ ੨੨ ਫੱਗਣ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹਿ ਫੁਰਾਲਾ ਜ਼ਿਲਾ ਜਲੰਧਰ ❊

ਆਕਾਸ਼ ਕਹੇ ਬ੍ਰਹਿਮੰਡ ਖੰਡ ਜਿਸ ਦਾ ਨੂਰੀ ਅਕਸ, ਅਕਸਰ ਆਪਣੀ ਖੇਲ ਖਿਲਾਇੰਦਾ । ਜੋ ਮੇਰੇ ਉਤੇ ਵਸੇ ਅਰਸ਼, ਸ਼ਾਹ ਪਾਤਸ਼ਾਹ

ਸ਼ਹਿਨਸ਼ਾਹ ਅਖਵਾਇੰਦਾ । ਉਹ ਚਲ ਕੇ ਆਇਆ ਧਰਤ, ਨਿਰਗੁਣ ਨੂਰ ਜੋਤ ਰੁਸ਼ਨਾਇੰਦਾ । ਸੂਰਬੀਰ ਮਰਦਾਨਾ ਬਣ ਕੇ ਮਰਦ, ਮਦਦ ਭਗਤਾਂ ਆਪ ਕਰਾਇੰਦਾ । ਕਲਜੁਗ ਕੂੜੀ ਕਿਰਿਆ ਮੇਟਣ ਆਇਆ ਤਸ਼ੱਦਦ, ਹੁਕਮ ਧੁਰ ਦਾ ਸਚ ਸੁਣਾਇੰਦਾ । ਕਲਜੁਗ ਕਾਤੀ ਦੇਣਾ ਬਦਲ, ਸਤਿਜੁਗ ਸਾਚਾ ਰਾਹ ਵਖਾਇੰਦਾ । ਦੋ ਜਹਾਨਾਂ ਕਰਨਾ ਅਦਲ, ਬਰੀਖ਼ਾਨਾ ਆਪ ਖੁਲ੍ਹਾਇੰਦਾ । ਦੂਰ ਦੁਰਾਡਾ ਜਾਨਣਹਾਰਾ ਮਜ਼ਲ, ਮੰਜ਼ਲ ਆਪਣੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਆਕਾਸ਼ ਕਹੇ ਮੈਂ ਵੇਖੀ ਚਮਕ, ਨੂਰਾਂ ਦਾ ਨੂਰ ਨਜ਼ਰੀ ਆਈਆ । ਜਿਸ ਦੇ ਨਾਮ ਦੀ ਬ੍ਰਹਿਮੰਡ ਖੰਡ ਪੈਂਦੀ ਧਮਕ, ਧੁਰ ਦਾ ਮਾਲਕ ਬੇਪਰਵਾਹੀਆ । ਜਿਸ ਸੁਘੜ ਬਣੌਣੇ ਮੂਰਖ ਮੁਗਧ ਅਹਿਮਕ, ਅਹਿਮਦੀਏ ਨਾਲ ਰਲਾਈਆ । ਧੋਤੀ ਟਿੱਕਾ ਬੋਦੀ ਮੁੱਛ ਦਾੜ੍ਹੀ ਸੁੰਨਤ, ਮੇਲ ਮਿਲੌਣਾ ਨਾਲ ਤਹਿਮਤ, ਚਾਰ ਕੁੰਟ ਵੇਖ ਵਖਾਈਆ । ਜੇ ਪ੍ਰੇਮ ਨਾਲ ਨਾ ਹੋਵੇ ਸਹਿਮਤ, ਸ਼ਬਦ ਡੰਡੇ ਨਾਲ ਲਏ ਮਿਲਾਈਆ । ਜਨ ਭਗਤਾਂ ਉਤੇ ਕਰ ਕੇ ਰਹਿਮਤ, ਰਿਸ਼ਮਾਂ ਕਿਰਨਾਂ ਚਸ਼ਮਾਂ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਆਕਾਸ਼ ਕਹੇ ਮੈਂ ਵੇਖੀ ਗਰਜ, ਭੈ ਭੀਤ ਸਰਬ ਲੋਕਾਈਆ । ਕਰੇ ਖੇਲ ਅਨੋਖਾ ਅਸਚਰਜ, ਅਚਰਜ ਆਪਣੀ ਕਾਰ ਕਮਾਈਆ । ਕੂੜੀ ਕਿਰਿਆ ਮੇਟਣ ਆਇਆ ਅੰਧੇਰ ਗਰਦ, ਗਰਦਿਸ਼ ਸਾਰੀ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਵੰਡਣ ਆਇਆ ਦਰਦ, ਦੁਖੀਆਂ ਦੁਖ ਆਪਣੀ ਝੋਲੀ ਪਾਈਆ । ਜਨ ਭਗਤਾਂ ਪਿਛੇ ਫਿਰੇ ਮਗਰ ਮਗਰ, ਸਗਲਾ ਸੰਗ ਨਿਭਾਈਆ । ਦੋ ਜਹਾਨਾਂ ਤੋਲ ਕੇ ਵਜ਼ਨ, ਨਾਮ ਕੰਡੇ ਦਏ ਚੜ੍ਹਾਈਆ । ਭੇਵ ਖੁਲ੍ਹਾ ਕੇ ਜੋਤ ਨਿਰੰਜਣ, ਆਦਿ ਨਿਰੰਜਣ ਵੇਖ ਵਖਾਈਆ । ਜੋ ਵਸਤ ਗੁਰ ਅਵਤਾਰ ਪੈਗ਼ੰਬਰ ਪਿਛੇ ਆਏ ਮੰਗਣ, ਸੋ ਸਭ ਦੀ ਝੋਲੀ ਦੇਵੇ ਪਾਈਆ । ਸਚ ਭਭੂਤੀ ਨਾਮ ਚੜ੍ਹਾਏ ਰੰਗਣ, ਪਰਸੂਤੀ ਰੂਪ ਨਾ ਕੋਇ ਵਟਾਈਆ । ਚਰਨ ਕਵਲ ਦਰਸਾ ਕੇ ਇਕੋ ਬੰਦਨ, ਖ਼ਾਕੀ ਬੰਦਿਆਂ ਬੰਦੇ ਦਏ ਬਣਾਈਆ । ਸੰਤ ਸੁਹੇਲੇ ਲਾ ਕੇ ਅੰਗਣ, ਅੰਗੀਕਾਰ ਅਖਵਾਈਆ । ਵੇਖਣਹਾਰਾ ਸਖ਼ੀਆਂ ਸਈਆਂ ਤਿਰੰਵਣ, ਢੋਲਾ ਜਣਾਵੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਦੇਵਣਹਾਰ ਵਡਿਆਈਆ । ਆਕਾਸ਼ ਕਹੇ ਮੈਂ ਵੇਖਿਆ ਨੂਰ, ਜਗਤ ਅੰਧੇਰਾ ਰਿਹਾ ਮਿਟਾਈਆ । ਜਿਸ ਨੇ ਮੂਸਾ ਸੁੱਟਿਆ ਕੋਹਤੂਰ, ਜਲਵਾ ਝਲਕ ਵਖਾਈਆ । ਜਿਸ ਦਾ ਅਗੰਮੀ ਵੱਜੇ ਤੰਬੂਰ, ਅਨੁਰਾਗੀ ਰਾਗ ਅਲਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਸਾਲਸ ਲੋਕਮਾਤ ਵੇਖਿਆ ਜ਼ਰੂਰ, ਜਮਾਤ ਇਕੋ ਰਿਹਾ ਬਣਾਈਆ । ਭਗਤਾਂ ਮੀਤਾ ਠਾਂਡਾ ਸੀਤਾ ਭੂਪ ਰੂਪ ਬਣ ਮਜ਼ਦੂਰ, ਸਾਚੀ ਕਰਨੀ ਰਿਹਾ ਕਮਾਈਆ । ਸਭ ਦਾ ਲੇਖਾ ਦੇਵੇ ਜ਼ਰੂਰ, ਕੂੜਾ ਫ਼ਤੂਰ ਦਏ ਗਵਾਈਆ । ਹਜ਼ਰਤਾਂ ਦਾ ਹਜ਼ੂਰ, ਮੁਫ਼ਲਸਾਂ ਦਾ ਨੂਰ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਤਾ ਤੋੜ ਦੇ ਕੂੜੋ ਕੂੜ, ਸਾਚੀ ਧੂੜ ਮਸਤਕ ਟਿੱਕਾ ਦੇਵੇ ਲਾਈਆ । ਆਕਾਸ਼ ਕਹੇ ਮੈਂ ਕੀ ਵੇਖਾਂ, ਨੀਚੇ ਉਪਰ ਧਿਆਨ ਲਗਾਈਆ । ਨਾ ਕੋਈ ਰੂਪ ਨਾ ਕੋਈ ਰੇਖਾ, ਛੱਪਰ ਛੰਨ ਨਾ ਕੋਇ ਵਡਿਆਈਆ । ਜੋਤ ਅਗੰਮੀ ਧਰਿਆ ਭੇਖਾ, ਅਵੱਲੜਾ ਵੇਸ ਵਟਾਈਆ । ਮੈਨੂੰ ਅਧਵਿਚਕਾਰੇ ਬੈਠੇ ਨੂੰ ਸੁਣਿਆ ਇਕ ਸੰਦੇਸ਼ਾ, ਜੋ ਦੋ ਜਹਾਨਾਂ ਰਿਹਾ ਸੁਣਾਈਆ । ਹੁਕਮਰਾਨ ਹੋ ਕੇ ਨਰ ਨਰੇਸ਼ਾ, ਨਿਰਗੁਣ ਆਪਣੀ ਧਾਰ ਚਲਾਈਆ । ਚੌਥੇ ਜੁਗ ਦਾ ਪਿਛਲਾ ਚੁੱਕਿਆ ਠੇਕਾ, ਵੇਲਾ ਵਕਤ ਦਏ ਗਵਾਹੀਆ ।

ਅਗੇ ਸਭ ਦਾ ਏਕੇ ਨਾਲ ਹੋ ਜਾਏ ਏਕਾ, ਏਕੰਕਾਰ ਇਕੋ ਨਜ਼ਰੀ ਆਈਆ । ਹੁਕਮ ਚਲੇ ਦੇਸ਼ ਬਦੇਸ਼ਾ, ਬਦਲੀ ਸਭ ਦੀ ਦਏ ਕਰਾਈਆ । ਜੋ ਵੇਖਣਹਾਰ ਹਮੇਸ਼ਾ, ਸੋਹੰ ਸੱਜਣ ਬਣ ਕੇ ਚਿੰਤਾ ਗ਼ਮ ਰਿਹਾ ਮਿਟਾਈਆ । ਭਗਤ ਉਧਾਰਨ ਜਿਸ ਦਾ ਪੇਸ਼ਾ, ਪੇਸ਼ੀਨਗੋਈ ਸਭ ਨੂੰ ਰਿਹਾ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਲੇਖਾ, ਗੁਰ ਅਵਤਾਰ ਪੀਰ ਪੈਗ਼ੰਬਰ ਦੋ ਜਹਾਨ ਬ੍ਰਹਿਮੰਡ ਖੰਡ ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਬਿਨ ਰਸਨਾ ਜਿਹਵਾ ਲੱਖ ਲੱਖ ਦੇਣ ਵਧਾਈਆ ।

### ✻ ੨੨ ਫੱਗਣ ੨੦੨੧ ਬਿਕ੍ਰਮੀ ਚਰਨ ਕੌਰ ਦੇ ਗ੍ਰਹਿ ਪਿੰਡ ਫਰਾਲਾ ਜ਼ਿਲਾ ਜਲੰਧਰ ✻

ਆਕਾਸ਼ ਕਹੇ ਮੈਂ ਤਕਿਆ ਨਿਰੰਕਾਰ, ਨਿਰਧਨ ਸਰਧਨ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਿਆਰ, ਗੁਰ ਅਵਤਾਰ ਗੋਦ ਬੈਠਾਇੰਦਾ । ਬ੍ਰਹਿਮੰਡ ਖੰਡ ਕਰੇ ਉਜਿਆਰ, ਪੁਰੀ ਲੋਅ ਨੂਰ ਰੁਸ਼ਨਾਇੰਦਾ । ਰਵ ਸਸ ਦੇਵੇ ਧਾਰ, ਜ਼ਿਮੀ ਅਸਮਾਨ ਵੰਡ ਵੰਡਾਇੰਦਾ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਭੇਵ ਅਭੇਦਾ ਆਪਣੇ ਹੱਥ ਜਣਾਇੰਦਾ । ਕਰੇ ਖੇਲ ਅਗੰਮ ਅਪਾਰ, ਹੁਕਮ ਅਗੰਮੀ ਆਪ ਅਲਾਇੰਦਾ । ਨਵ ਨਵ ਚਾਰ ਦਏ ਆਧਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰੰਗ ਰੰਗਾਇੰਦਾ । ਲੱਖ ਚੁਰਾਸੀ ਜੀਵ ਜੰਤ ਅੰਡਜ ਜੇਰਜ ਉਤਭੁਜ ਸੇਤਜ ਸਭ ਦਾ ਸਾਂਝਾ ਯਾਰ, ਖਾਣੀ ਬਾਣੀ ਆਪਣਾ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਸਚਖੰਡ ਨਿਵਾਸੀ ਦਰਗਾਹ ਸਾਚੀ ਖੇਲ ਕਰੇ ਅਪਾਰ, ਧੁਰਦਰਗਾਹੀ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟੀ ਦ੍ਰਿਸ਼ਟੀ ਖੋਲ੍ਹਣਹਾਰ ਕਿਵਾੜ, ਆਤਮ ਪਰਮਾਤਮ ਦਏ ਜੁੜਾਈਆ । ਸੰਤ ਸੁਹੇਲਾ ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਗੁਣੀ ਗਹੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆਕਾਸ਼ ਕਹੇ ਮੈਂ ਵੇਖਿਆ ਪ੍ਰਭ ਦਾ ਇਕ ਨੁਕਤਾ, ਚਕਰ ਗੋਲ ਰਿਹਾ ਵਖਾਈਆ । ਮੈਨੂੰ ਪਤਾ ਨਹੀਂ ਲੱਗਾ ਓਸ ਦੇ ਮੁਢ ਦਾ, ਅੰਤ ਸਕਿਆ ਨਾ ਕੋਇ ਸਮਝਾਈਆ । ਕਲਜੁਗ ਅੰਤ ਨਿਰਗੁਣ ਧਾਰ ਹੋ ਕੇ ਉਠਦਾ, ਨਿਰਵੈਰ ਪੁਰਖ ਲਏ ਅੰਗੜਾਈਆ । ਦੋ ਜਹਾਨ ਕਦੇ ਨਾ ਲੁਕਦਾ, ਉਪਰ ਪੜਦਾ ਨਾ ਕੋਇ ਪਾਈਆ । ਜਨ ਭਗਤਾਂ ਨਾਤਾ ਜੋੜ ਕੇ ਪਿਓ ਪੁਤ ਦਾ, ਪਤਿਪਰਮੇਸ਼ਵਰ ਵੇਖ ਵਖਾਈਆ । ਸਾਚਾ ਵੇਲਾ ਵੇਖਾਂ ਸੁਹੰਜਣਾ ਸੁਖ ਦਾ, ਨੇਤਰ ਲੋਚਣ ਅੱਖ ਖੁਲ੍ਹਾਈਆ । ਗ਼ਰੀਬ ਨਿਮਾਣਿਆਂ ਹਰਿ ਹਰਿ ਪੁਛਦਾ, ਦਰਦੀਆਂ ਦਰਦ ਵੰਡਾਈਆ । ਲੇਖ ਮੁਕਾਵੇ ਕੂੜ ਕੁੜਿਆਰੀ ਲੁਟ ਦਾ, ਸਤਿ ਸਚ ਲਏ ਪਰਗਟਾਈਆ । ਵਕਤ ਸੁਹਾਵਣਾ ਸੋਹਣੀ ਰੁਤ ਦਾ, ਪੱਤ ਡਾਲ੍ਹੀ ਰਹੀ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਕੁਦਰਤ ਦਾ ਕ਼ਾਦਰ ਕਾਇਮ ਮੁਕਾਮ ਆਪਣਾ ਇਕ ਬਣਾਈਆ । ਆਕਾਸ਼ ਕਹੇ ਮੈਂ ਵੇਖਿਆ ਕਾਇਮ ਮੁਕਾਮ, ਕਾਅਬਿਆਂ ਤੋਂ ਪਰੇ ਨਜ਼ਰੀ ਆਈਆ । ਜਿਥੇ ਵਸੇ ਇਕ ਇਮਾਮ, ਆਲਮਾਂ ਦਾ ਆਲਮ ਉਲਮਾ ਆਲਮੀਨ ਕਰੇ ਪੜ੍ਹਾਈਆ । ਜਿਸ ਦਾ ਖੇਲ ਸਦਾ ਤਮਾਮ, ਤਮਅ ਕੂੜੀ ਰਿਹਾ ਬਦਲਾਈਆ । ਸਤਿ ਸਚ ਸਮਝਾ ਕੇ ਇਕ ਗਿਆਨ, ਸੋਹੰ ਕਰੇ ਪੜ੍ਹਾਈਆ । ਪ੍ਰਿਥਮੀ ਆਕਾਸ਼ ਦਾ ਇਕ ਵਿਧਾਨ, ਧੁਰ ਫ਼ਰਮਾਣਾ ਨਾਲ ਸਮਝਾਈਆ । ਸ਼ਾਹ ਪਾਤਸ਼ਾਹ ਦਾ ਇਕ ਨਿਸ਼ਾਨ, ਸ਼ਹਿਨਸ਼ਾਹ ਝੁਲਾਈਆ । ਮੈਂ ਵੇਖ ਕੇ ਹੋਇਆ

ਹੈਰਾਨ, ਜ਼ਿਮੀਂ ਆਸਮਾਨ ਦੋਵੇਂ ਖ਼ੁਸ਼ੀ ਮਨਾਈਆ । ਰਲ ਮਿਲ ਮੈਂ ਤੇਰਾ ਤੂੰ ਮੇਰਾ ਢੋਲੇ ਸਾਂਝੇ ਗਾਣ, ਘਰ ਘਰ ਵੱਜੇ ਵਧਾਈਆ । ਝਗੜਾ ਰਿਹਾ ਨਾ ਕੋਇ ਦਰਮਿਆਨ, ਗੁਰ ਅਵਤਾਰ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਭ ਦਾ ਸਾਂਝਾ ਇਕ ਇਕ ਦਾਮ, ਇਕ਼ਬਾਲ ਇਕੋ ਦਏ ਵਖਾਈਆ । ਕੂੜੀ ਕਿਰਿਆ ਸਾਫ਼ ਕਰਕੇ ਮੈਦਾਨ, ਮੀਜ਼ਾਨ ਭਗਤਾਂ ਦਏ ਜਣਾਈਆ । ਲੇਖਾ ਜਾਣੇ ਮਸ਼ਰਕ ਮਗ਼ਰਬ ਜਨੂਬ ਸ਼ਮਾਲ, ਇਸਤਿਮਾਲ ਸਭ ਦਾ ਰਿਹਾ ਕਰਾਈਆ । ਪ੍ਰਭ ਦਾ ਕਿਤਾ ਵੱਡਾ ਵਿਸ਼ਾਲ, ਲੋਕਮਾਤ ਨਾ ਕੋਇ ਸਮਝਾਈਆ । ਨੌਂ ਖੰਡ ਸੱਤ ਦੀਪ ਇਕ ਨਿੱਕੀ ਜਿਹੀ ਮਸਾਲ, ਜੀਵਾਂ ਜੰਤਾਂ ਦਏ ਦ੍ਰਿੜਾਈਆ । ਆਕਾਸ਼ ਤੋਂ ਪਰੇ ਵੱਡਾ ਖੇਲ ਮਹਾਨ, ਮਹਿੰਮਾ ਆਪਣੇ ਵਿਚ ਛੁਪਾਈਆ । ਓਸ ਦਾ ਅਜੇ ਤਕ ਕਿਸੇ ਨੂੰ ਨਹੀਂ ਆਇਆ ਗਿਆਨ, ਬੇਅੰਤ ਬੇਅੰਤ ਕਹਿ ਕੇ ਸਾਰੇ ਗਏ ਸੁਣਾਈਆ । ਆਕਾਸ਼ ਤੋਂ ਉਤੇ ਸਾਢੇ ਤਿੰਨ ਸਾਲ ਅੰਦਰ ਬਣਾ ਦੇਣਾ ਉਤੇ ਦਾ ਵਿਧਾਨ, ਫੇਰ ਲੋਕਮਾਤ ਉਤੇ ਦਏ ਟਿਕਾਈਆ । ਇਕੋ ਹੁਕਮ ਮਨਾ ਕੇ ਸ੍ਰੀ ਭਗਵਾਨ, ਆਣ ਸਭ ਨੂੰ ਇਕ ਜਣਾਈਆ । ਜਿਸ ਨੇ ਆਦਿ ਸ੍ਰਿਸ਼ਟੀ ਰਚੀ ਆਣ, ਉਹ ਵੇਖਣਹਾਰ ਭਗਵਾਨ, ਦੂਜਾ ਜੋ ਆਇਆ ਸੋ ਬੱਚਿਆਂ ਵਾਂਗ ਅਣਜਾਣ, ਬਾਲਿਆਂ ਵਾਂਗਰ ਗਿਆ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਗਰੀ ਦਾ ਸਚ ਸਮਾਨ, ਸਮੇਂ ਸਮੇਂ ਸਮਤੀ ਸਮਤੀ ਸਹਿਜ ਸਹਿਜ ਆਪੇ ਲਏ ਪਰਗਟਾਈਆ ।

## ✳ ੨੨ ਫੱਗਣ ੨੦੨੧ ਬਿਕ੍ਰਮੀ ਮਨਸਾ ਸਿੰਘ ਦੇ ਗ੍ਰਿਹਿ ਫਰਾਲਾ ਜ਼ਿਲਾ ਜਲੰਧਰ ✳



ਆਕਾਸ਼ ਕਹੇ ਮੈਂ ਤਕਿਆ ਸਤਿ ਅਸੂਲ, ਸਰਬ ਸਵਾਮੀ ਆਪ ਬਣਾਇੰਦਾ । ਜਿਸ ਦਾ ਅਗੰਮ ਅਗੰਮੜਾ ਸਕੂਲ, ਮਕਤਬ ਆਪਣਾ ਆਪ ਖੁਲ੍ਹਾਇੰਦਾ । ਜਿਥੇ ਵਿਦਿਆ ਇਕ ਮਾਕੂਲ, ਧੁਰ ਦਾ ਹੁਕਮ ਸੁਣਾਇੰਦਾ । ਕੋਈ ਵਕ਼ਤ ਨਾ ਜਾਏ ਫ਼ਜ਼ੂਲ, ਰਹਿਮਤ ਰਹਿਮ ਆਪ ਦਰਸਾਇੰਦਾ । ਜਿਥੇ ਝਗੜਾ ਮੁਕੇ ਕ਼ਾਤਲ ਮਕ਼ਤੂਲ, ਅਦਾਲਤ ਇਕ ਵਡਿਆਇੰਦਾ । ਜਿਥੇ ਜਨਮ ਕਰਮ ਦਾ ਲਹਿਣਾ ਹੋਏ ਵਸੂਲ, ਹਿਸਾਬ ਕਿਤਾਬ ਠੀਕ ਦ੍ਰਿੜਾਇੰਦਾ । ਜਿਸ ਦਾ ਜੁਗ ਚੌਕੜੀ ਸਦਾ ਸਦਾ ਬਣਿਆ ਇਕ ਮਜ਼ਮੂਨ, ਗੁਰ ਅਵਤਾਰ ਪੀਰ ਪੈਗ਼ੰਬਰ ਨਾ ਕੋਇ ਉਲਟਾਇੰਦਾ । ਜਿਸ ਦਾ ਬਿਨ ਅੱਖਰਾਂ ਵਾਲਾ ਕ਼ਾਨੂੰਨ, ਕਾਤਬ ਕ਼ਲਮ ਨਾਲ ਨਾ ਕੋਇ ਲਿਖਾਇੰਦਾ । ਸੋ ਦੇਵਣਹਾਰਾ ਸਚ ਸਬੂਤ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਭਾਗ ਲਗਾ ਕੇ ਕਾਇਆ ਪੰਜ ਤੱਤ ਕਲਬੂਤ, ਕਾਅਬਾ ਇਕੋ ਇਕ ਸੁਹਾਇੰਦਾ । ਸਭ ਤੋਂ ਵਖਰਾ ਨਿਰਾਲਾ ਦੱਸ ਕੇ ਰੂਪ, ਜੋਬਨ ਆਪਣਾ ਰੰਗ ਚੜ੍ਹਾਇੰਦਾ । ਮਾਲਕ ਹੋ ਕੇ ਧੁਰ ਮਹਿਬੂਬ, ਮਹਵ ਇਕੋ ਰਾਹ ਵਖਾਇੰਦਾ । ਦੀਨ ਮਜ਼੍ਹਬ ਦੀ ਹਦ ਵਿਚ ਨਾ ਆਏ ਮਹਿਦੂਦ, ਦਰਵਾਜ਼ਾ ਬੰਦ ਨਾ ਕੋਇ ਕਰਾਇੰਦਾ । ਅਰਸ਼ ਫ਼ਰਸ਼ ਤੋਂ ਜਿਸ ਦਾ ਉਚਾ ਅਰੂਜ, ਹਕ ਮੁਕਾਮੇ ਡੇਰਾ ਲਾਇੰਦਾ । ਆਦਿ ਜੁਗਾਦਿ ਜੋ ਸਦਾ ਰਹੇ ਮੌਜੂਦ, ਮੁਸ਼ਕਲ ਸਭ ਦੀ ਵੇਖ ਵਖਾਇੰਦਾ । ਚੋਟੀ ਚੜ੍ਹ ਵੇਖੇ ਮੰਜ਼ਲੇ ਮਕਸੂਦ, ਮਿਸਲ ਮਿਸਾਲ ਆਪਣੀ ਆਪ ਬਣਾਇੰਦਾ । ਲੇਖਾ ਜਾਣ ਕੇ ਤਤ ਵਜੂਦ, ਭੇਵ ਅਭੇਦਾ ਸਚ ਖੁਲ੍ਹਾਇੰਦਾ । ਵਜਾਵਣਹਾਰਾ ਨਾਦ ਸਚ ਤੰਬੂਰ, ਤਬਾ ਤਬੀਅਤ ਆਪ ਬਦਲਾਇੰਦਾ । ਬੇਨੰਤੀ ਕਰਨਹਾਰਾ ਮਨਜ਼ੂਰ, ਆਰਜ਼ੂ ਆਪਣੇ ਲੇਖੇ ਲਾਇੰਦਾ । ਜਲਵਾਗਰ ਅਗੰਮੀ ਨੂਰ, ਨੁਰਾਨਾ ਡਗਮਗਾਇੰਦਾ । ਸੂਫ਼ੀਆਂ ਸਦਾ ਮਸ਼ਕੂਰ, ਮਿਲ ਭਗਤਾਂ ਸੋਭਾ ਪਾਇੰਦਾ । ਦਰਵੇਸ਼ਾਂ ਮਜ਼ਦੂਰ, ਮੁਫ਼ਲਿਸ ਹੋ ਕੇ ਕਾਰ

ਕਮਾਇੰਦਾ । ਤੋੜਨਹਾਰਾ ਗ਼ੁਰਬਤ ਗ਼ਰੂਰ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਆਪਣਾ ਹੁਕਮ ਵਰਤਾਏ ਜ਼ਰੂਰ, ਜ਼ਾਹਰ ਜਹੂਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਆਕਾਸ਼ ਕਹੇ ਮੇਰੀ ਗਈ ਅਕਲ, ਸਮਝ ਰਹੀ ਨਾ ਰਾਈਆ । ਜਿਸ ਵੇਲੇ ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਨੇ ਕੀਤੇ ਮੁਅੱਤਲ, ਹਕ ਹਕੂਕ, ਆਪਣੇ ਹੱਥ ਰਖਾਈਆ । ਉਹ ਬਹਿ ਕੇ ਇਕ ਦੂਜੇ ਵਲ ਤੱਕਣ, ਬੈਠੇ ਧਿਆਨ ਲਗਾਈਆ । ਕੀ ਅਸੀਂ ਹੋ ਗਏ ਸ਼ੱਕਣ, ਪ੍ਰਭ ਨੂੰ ਭਰੋਸਾ ਰਿਹਾ ਨਾ ਰਾਈਆ । ਹੌਲੀ ਹੌਲੀ ਸਹਿਜੇ ਸਹਿਜੇ ਦੱਸਣ, ਕਥਾ ਕਹਾਣੀ ਸਰਬ ਸੁਣਾਈਆ । ਅਸੀਂ ਲੋਕਮਾਤ ਕਲਜੁਗ ਅੰਤ ਕੂੜੀ ਕਿਰਿਆ ਨਹੀਂ ਗਏ ਧੱਕਣ, ਆਪਣਾ ਬਲ ਨਾ ਕੋਇ ਵਖਾਈਆ । ਮਾਇਆ ਮਮਤਾ ਨਹੀਂ ਗਏ ਕੱਢਣ, ਧੁਰ ਦਾ ਹੁਕਮ ਨਾ ਕੋਇ ਮਨਾਈਆ । ਇਸੇ ਕਰ ਕੇ ਪੁਰਖ ਸਮਰਥਣ, ਆਪਣਾ ਵੇਸ ਵਟਾਈਆ । ਸ਼ਬਦੀ ਹੁਕਮ ਨਾਲ ਅਸੀਂ ਸਭ ਕੁਛ ਲਗੇ ਛੱਡਣ, ਉਜਰ ਰਿਹਾ ਨਾ ਰਾਈਆ । ਪ੍ਰਭ ਸਰਨਾਈ ਇਕੋ ਵਾਰ ਸਾਰੇ ਰਲ ਕੇ ਮੰਗਣ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਪ੍ਰੇਮ ਪ੍ਰੀਤੀ ਅੰਦਰ ਹੋ ਗਏ ਸਾਰੇ ਮਗਨ, ਪਿੱਛਾ ਯਾਦ ਰਹਿਣ ਕੋਇ ਨਾ ਪਾਈਆ । ਜਿਸ ਉਪਾਈ ਸ੍ਰਿਸ਼ਟੀ ਉਹ ਸ੍ਰਿਸ਼ਟੀ ਦਾ ਬਣੇ ਸੱਜਣ, ਸਾਜਨ ਇਕ ਅਖਵਾਈਆ । ਚਰਨ ਧੂੜੀ ਕਰਾ ਕੇ ਮਜਨ, ਮੰਜ਼ਲ ਪੰਧ ਦਏ ਮੁਕਾਈਆ । ਤੱਤ ਵਿਕਾਰ ਮੇਟ ਕੇ ਅਗਨ, ਸਾਂਤਕ ਸਤਿ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਚਾੜ੍ਹ ਕੇ ਸਾਚੀ ਰੰਗਣ, ਦੁਰਮਤ ਮੈਲ ਦੇਵੇ ਧੁਆਈਆ ।



੪੪੩

### ✻ ੨੨ ਫੱਗਣ ੨੦੨੧ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਹਿ ਹਰਦੋਫਰਾਲਾ ਜ਼ਿਲਾ ਜਲੰਧਰ ✻

ਆਕਾਸ਼ ਕਹੇ ਮੈਂ ਵੇਖਿਆ ਖੇਲ ਸੱਚੇ ਰੱਬ ਦਾ, ਰਾਬਤਾ ਸਕੇ ਨਾ ਕੋਇ ਸਮਝਾਈਆ । ਸਚਖੰਡ ਦਵਾਰੇ ਬਹਿ ਕੇ ਸਜਦਾ, ਸਜਦਾ ਦੋ ਜਹਾਨ ਕਰਾਈਆ । ਲੱਭਿਆਂ ਲੋਕਮਾਤ ਕਿਸੇ ਨਾ ਲੱਭਦਾ, ਭੱਜਣ ਵਾਹੋ ਦਾਹੀਆ । ਨਹੀਂ ਪਤਾ ਓਸ ਦੀ ਹਦ ਦਾ, ਕਿਨਾਰਾ ਅੰਤ ਨਾ ਕੋਇ ਜਣਾਈਆ । ਧਾਮ ਵਖਰਾ ਇਕ ਅਲਗ ਦਾ, ਸਰਬਗ ਰਿਹਾ ਸੁਹਾਈਆ । ਜਿਥੇ ਦੀਪਕ ਨਿਰਾਲਾ ਇਕੋ ਜਗਦਾ, ਬਿਨ ਬਾਤੀ ਤੇਲ ਕਰੇ ਰੁਸ਼ਨਾਈਆ । ਓਥੇ ਝਗੜਾ ਨਹੀਂ ਕੋਈ ਅੱਡ ਦਾ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਚਰਨ ਧਿਆਨ ਰਖਾਈਆ । ਬਲ ਜ਼ੋਰ ਨਾਲ ਨਹੀਂ ਕੋਈ ਅਗੇ ਵਧਦਾ, ਨਿਮਰਤਾ ਵਿਚ ਸਰਬ ਸਮਾਈਆ । ਓਥੇ ਲੇਖਾ ਨਹੀਂ ਕੋਈ ਤ੍ਰੈਗੁਣ ਅਗਨੀ ਅੱਗ ਦਾ, ਪੰਜ ਤੱਤ ਨਾ ਕੋਇ ਲੜਾਈਆ । ਓਥੇ ਖ਼ਿਆਲ ਨਹੀਂ ਕੋਈ ਮੱਕੇ ਕਾਅਬੇ ਹੱਜ ਦਾ, ਸ਼ਿਵਦਵਾਲਾ ਮਠ ਨਜ਼ਰ ਕੋਇ ਨਾ ਆਈਆ । ਓਥੇ ਜਗਤ ਵਿਦਿਆ ਨਹੀਂ ਕੋਈ ਦੱਸਦਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਓਥੇ ਨਾਤਾ ਨਹੀਂ ਕੋਈ ਪਿਤਾ ਪੁੱਤ ਮਾਂ ਬਾਪ ਦਾ, ਭੈਣ ਭਾਈ ਨਜ਼ਰ ਕੋਇ ਨਾ ਆਈਆ । ਓਥੇ ਰਿਸ਼ਤਾ ਨਹੀਂ ਕੋਈ ਸੱਜਣ ਸਾਕ ਦਾ, ਦੋਸਤ ਮਿਤਰ ਨਾ ਕੋਇ ਵਡਿਆਈਆ । ਓਥੇ ਰਾਗ ਨਹੀਂ ਕੋਈ ਤਨ ਰਬਾਬ ਦਾ, ਸੁਰੰਗੀ ਤੰਬੂਰ ਨਾ ਕੋਇ ਵਜਾਈਆ । ਓਥੇ ਖੇਲ ਨਹੀਂ ਸਵਾਲ ਜਵਾਬ ਦਾ, ਸਾਰੇ ਬੈਠੇ ਸੀਸ ਨਿਵਾਈਆ । ਓਥੇ ਝਗੜਾ ਨਹੀਂ ਸ਼ਾਹ ਨਵਾਬ ਦਾ, ਸ਼ਹਿਨਸ਼ਾਹ ਇਕੋ ਬੇਪਰਵਾਹੀਆ ।

ਓਥੇ ਮਾਣ ਨਹੀਂ ਕੋਈ ਕਿਸੇ ਰਾਜ ਦਾ, ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਓਥੇ ਲੇਖਾ ਨਹੀਂ ਕੋਈ ਹਿਸਾਬ ਦਾ, ਚਿਤ੍ਰਗੁਪਤ ਰਾਏ ਧਰਮ ਨੇੜ ਕੋਇ ਨਾ ਆਈਆ । ਇਹ ਖੇਲ ਅਗੰਮੀ ਪਰਵਰਦਿਗਾਰ ਵਾਹਿਦ ਦਾ, ਲਾਸ਼ਰੀਕ ਆਪਣੀ ਕਾਰ ਕਮਾਈਆ । ਉਹ ਨੂਰ ਜ਼ਹੂਰ ਕ਼ਾਦਰ ਗਾਡ ਦਾ, ਇਕ ਇਕੱਲਾ ਡਗਮਗਾਈਆ । ਓਥੇ ਸੁਨੇਹੜਾ ਨਹੀਂ ਕੋਈ ਆਵਾਜ਼ ਦਾ, ਅੰਤਰ ਅੰਤਰ ਆਪਣਾ ਹੁਕਮ ਸੁਣਾਈਆ । ਵੇਖਿਆ ਖੇਲ ਸੱਚੇ ਦਰਬਾਰ ਦਾ, ਸਚ ਸਿੰਘਾਸਣ ਸੋਭਾ ਪਾਈਆ । ਰੂਪ ਅਨੂਪ ਸਤਿ ਪੁਰਖ ਸੱਚੇ ਮਹਾਰਾਜ ਦਾ, ਜਿਸ ਦਾ ਸਾਨੀ ਦੂਸਰ ਨਾ ਕੋਇ ਵਖਾਈਆ । ਹੁਜਰਾ ਵੇਖਿਆ ਹਕ ਮਹਿਰਾਬ ਦਾ, ਜਿਸ ਦੀ ਬਣਤ ਬਾਡੀ ਨਾ ਕੋਇ ਬਣਾਈਆ । ਓਥੇ ਲੇਖਾ ਲਿਖਿਆ ਦੋਆਬ ਦਾ, ਆਬਰੂ ਸਭ ਦੀ ਇਕੋ ਜਿਹੀ ਵਖਾਈਆ । ਓਥੇ ਭਗਤ ਭਗਵੰਤ ਇਕੋ ਜਿਹਾ ਜਾਪਦਾ, ਜੋਤੀ ਜੋਤ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਇਕ ਦੂਜੇ ਨੂੰ ਆਖ਼ਦਾ, ਆਖ਼ਰ ਫ਼ੈਸਲਾ ਦਿਤਾ ਸੁਣਾਈਆ । ਵੇਖੋ ਨਿਚੋੜ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਭਵਿਖਤ ਵਾਕ ਦਾ, ਪੁਰਖ ਅਕਾਲ ਰਿਹਾ ਸਮਝਾਈਆ । ਜੋ ਸਭ ਦੇ ਲੇਖੇ ਵਾਚਦਾ, ਅੰਦਰ ਬਾਹਰ ਖੋਜ ਖੁਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲਹਿਣਾ ਦੇਵੇ ਦੇਸ ਦੋਆਬ ਦਾ, ਗੋਬਿੰਦ ਆਪਣੇ ਨਾਲ ਮਿਲਾਈਆ । ਗੋਬਿੰਦ ਕਹੇ ਕਿਉਂ ਮੇਰਾ ਹੋਇਆ ਮਿਲਾਪ, ਸ਼ਬਦੀ ਧਾਰ ਹੋ ਕੇ ਦਿਆਂ ਜਣਾਈਆ । ਲਿਖਤ ਵਾਲਾ ਮੇਰਾ ਹੋਰ ਵਾਕ, ਜੋ ਕ਼ਲਮ ਸ਼ਾਹੀ ਦਿਤੀ ਵਡਿਆਈਆ । ਜਿਹੜੀ ਪੁਰਖ ਅਕਾਲ ਕੀਤੀ ਬਾਤ, ਓਹਦੀ ਸਮਝ ਨਾ ਕੋਇ ਸਮਝਾਈਆ । ਉਸ ਦਾ ਲਹਿਣਾ ਚੁਕਾਵਣ ਆਇਆ ਆਪ, ਆਪਣਾ ਫੇਰਾ ਪਾਈਆ । ਸੇਵਕਾਂ ਦਾ ਸੇਵਕ ਦਾਸਾਂ ਦਾ ਦਾਸ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹ ਬੇਪਰਵਾਹੀਆ । ਸੋਹੰ ਢੋਲਾ ਦੱਸ ਕੇ ਜਾਪ, ਪਤਿਤ ਪਾਪੀ ਕਰਕੇ ਪਾਕ, ਪ੍ਰੇਮ ਪਿਆਰ ਦਾ ਜੋੜ ਕੇ ਨਾਤ, ਸਚ ਵਸਤ ਦੇ ਕੇ ਦਾਤ, ਆਵਣ ਜਾਵਣ ਕਟ ਕੇ ਫਾਸ, ਨਿਜ ਆਤਮ ਕਰਕੇ ਵਾਸ, ਪਵਣ ਰੂਪ ਰਲ ਕੇ ਵਿਚ ਸਵਾਸ, ਜਨਮ ਕਰਮ ਦੀ ਪੂਰੀ ਕਰਕੇ ਆਸ, ਘਾਟ ਆਪਣੇ ਲਏ ਲੰਘਾਈਆ । ਗੋਬਿੰਦ ਕਹੇ ਇਹ ਘਾਟ ਮੇਰਾ ਪਤਣ, ਨਈਆ ਨੌਕਾ ਇਕੋ ਇਕ ਵਖਾਈਆ । ਪੰਜ ਤੱਤ ਕਾਇਆ ਜਾਮਾ ਪਾ ਕੇ ਪਹਿਲੋਂ ਆਇਆ ਦੱਸਣ, ਹੁਣ ਸ਼ਬਦੀ ਹੋ ਕੇ ਪਾਰ ਲੰਘਾਈਆ । ਹਿਰਦੇ ਅੰਦਰ ਆਇਆ ਵਸਣ, ਨਿਰਗੁਣ ਸੋਹਣਾ ਰੂਪ ਵਟਾਈਆ । ਲੱਖ ਚੁਰਾਸੀ ਵਿਚੋਂ ਆਇਆ ਰੱਖਣ, ਮਿਹਰ ਨਜ਼ਰ ਉਠਾਈਆ । ਪ੍ਰੇਮ ਪ੍ਰੀਤੀ ਅੰਦਰ ਆਇਆ ਨੱਚਣ, ਧੁਰ ਦਾ ਸਵਾਂਗ ਵਖਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰੋਲ ਥੋੜ੍ਹੇ ਮੱਖਣ, ਨਾਮ ਮਧਾਣੇ ਸਾਫ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵਣਹਾਰ ਗੁਸਾਈਆ । ਗੋਬਿੰਦ ਕਹੇ ਮੈਂ ਕਿਉਂ ਗਿਆ ਆ, ਆਪਣਾ ਫੇਰਾ ਪਾਈਆ । ਮੇਰਾ ਕੋਈ ਨਹੀਂ ਗਵਾਹ, ਬਿਨਾ ਪੁਰਖ ਅਕਾਲ ਸ਼ਹਾਦਤ ਨਾ ਕੋਇ ਭੁਗਤਾਈਆ । ਜਨ ਭਗਤਾਂ ਹੋਇਆ ਸਹਾ, ਸਹਾਇਕ ਹੋ ਕੇ ਸੇਵ ਕਮਾਈਆ । ਭਗਤਾਂ ਦੀ ਫੜ ਕੇ ਬਾਂਹ, ਨਿੰਦਰਾ ਆਲਸ ਵਿਚੋਂ ਰਿਹਾ ਜਗਾਈਆ । ਜਨਮ ਕਰ ਕੇ ਧਰਮ ਕਰ ਕੇ ਵਰਨ ਕਰ ਕੇ ਬਰਨ ਕਰ ਕੇ ਜੋ ਹੋਏ ਗੁਮਰਾਹ, ਮਾਣ ਅਭਿਮਾਨ ਆਪਣੇ ਨਾਲ ਰਖਾਈਆ । ਉਨ੍ਹਾਂ ਦੇ ਅੰਦਰ ਵੜ ਕੇ ਫੇਰ ਵੀ ਲਾ ਜਾਵਾਂ ਦਾਅ, ਮਨ ਕਾ ਮਣਕਾ ਦਿਆਂ ਭਵਾਈਆ । ਸਾਚਾ ਮੇਲਾ ਲਵਾਂ ਮਿਲਾ, ਮਿੱਲਤ ਆਪਣੇ ਨਾਲ ਰਖਾਈਆ । ਕੂੜੀ ਕਿਰਿਆ ਕੱਢ ਵਬਾ, ਸਾਫ਼ ਸੁਥਰੇ ਦਿਆਂ ਜਣਾਈਆ । ਜੇ ਸਮਾਂ ਪਾ ਕੇ ਪਿਛਲਾ ਚੇਤਾ ਗਏ ਭੁਲਾ, ਮੈਂ ਨਹੀਂ ਭੁਲਿਆ ਅਭੁਲ ਹੋ ਕੇ ਵੇਖ ਵਖਾਈਆ ।

ਤੁਹਾਡੇ ਪਿਛੇ ਬੱਚਿਆਂ ਭੇਟ ਚੜ੍ਹਾ, ਸੱਚੇ ਤੁਹਾਨੂੰ ਦਿਤਾ ਕਰਾਈਆ । ਆਪ ਆਪਣਾ ਮਾਣ ਮਿਟਾ, ਤੁਹਾਡੇ ਢੋਲੇ ਰਿਹਾ ਗਾਈਆ । ਸਿੱਧਾ ਸਾਖ਼ਿਆਤ ਮਿਲਿਆ ਆ ਕੇ ਆਪ ਖ਼ੁਦਾ, ਪਰਮਾਤਮਾ ਆਤਮਾ ਜੋੜ ਜੁੜਾਈਆ । ਸਾਰੀ ਸ੍ਰਿਸ਼ਟੀ ਨੂੰ ਆਖੋ ਠੋਕ ਵਜਾ, ਆਇਆ ਬੇਪਰਵਾਹੀਆ । ਜੇ ਕੋਈ ਆਖੇ ਤੁਹਾਨੂੰ ਸ਼ੁਦਾ, ਇਹ ਵੀ ਖ਼ੁਸ਼ੀ ਮਨਾਈਆ । ਕਿਉਂ ਤੁਸੀਂ ਓਸ ਤੋਂ ਹੋਏ ਫ਼ਿਦਾ, ਜਿਸ ਦਾ ਫ਼ਿਕਰਾ ਸਾਰੇ ਰਹੇ ਗਾਈਆ । ਅਗੇ ਹੋਣਾ ਨਹੀਂ ਜੁਦਾ, ਮਾਤ ਗਰਭ ਨਾ ਫੇਰ ਵਖਾਈਆ । ਰਲ ਮਿਲ ਭਗਤ ਭਗਵਾਨ ਇਕ ਦੂਜੇ ਦਾ ਸੋਹਲਾ ਲਓ ਗਾ, ਤੂੰ ਮੇਰਾ ਮੈਂ ਤੇਰਾ ਚਾਈਂ ਚਾਈਂਆ । ਤੁਸੀਂ ਮੇਰੇ ਮੈਨੂੰ ਆਪਣਾ ਲਓ ਬਣਾ, ਇਹੋ ਤੁਹਾਡੀ ਭਗਤੀ ਨਜ਼ਰੀ ਆਈਆ । ਫਿਰ ਜਿਥੇ ਚਾਹੋਂ ਉਥੇ ਦਊਂ ਚੜ੍ਹਾ, ਅਧਵਿਚਕਾਰ ਨਾ ਕੋਇ ਅਟਕਾਈਆ । ਜੇ ਆਖੋਂ ਸਚਖੰਡ ਦਵਾਰੇ ਸਦਾ ਚਰਨਾਂ ਵਿਚ ਲਵਾਂ ਟਿਕਾ, ਟਿੱਕੇ ਸੋਹਣੇ ਨਾਮ ਲਗਾਈਆ । ਆਪਣੀ ਛਾਤੀ ਉਤੇ ਲਵਾਂ ਸਵਾ, ਆਪ ਥੱਲੇ ਤੁਹਾਨੂੰ ਉਤੇ ਲਵਾਂ ਰਖਾਈਆ । ਅੰਮ੍ਰਿਤ ਸੀਰ ਦੇਵਾਂ ਪਿਆ, ਬੇਨਜ਼ੀਰ ਮੁਖ ਚਵਾਈਆ । ਏਥੇ ਉਥੇ ਦੋ ਜਹਾਨ ਤੁਹਾਨੂੰ ਕਦੇ ਨਾ ਲੱਗੇ ਵਾ, ਤੱਤੀ ਤਵੀ ਵਾਲਾ ਗੁਰੂ ਅਰਜਨ ਤੁਹਾਡੀ ਦੇਵੇ ਗਵਾਹੀਆ । ਜਿਹੜਾ ਸ਼ੱਮਸ ਗਿਆ ਖੱਲ ਲੁਹਾ, ਮਨਸੂਰ ਫਾਸੀ ਗਲ ਵਿਚ ਪਾਈਆ । ਉਹ ਵੀ ਤੋਬਾ ਕਰ ਕੇ ਕਹੇ ਖ਼ੁਦਾ, ਇਹਨਾਂ ਦਾ ਹੋਣਾ ਸਹਾਈਆ । ਈਸਾ ਮੂਸਾ ਮੁਹੰਮਦ ਰਹੇ ਜਣਾ, ਜਾਨਸ਼ੀਨ ਇਹਨਾਂ ਨੂੰ ਦੇਣਾ ਬਣਾਈਆ । ਤੂੰ ਹੀ ਪਿਤਾ ਤੂੰ ਹੀ ਮਾਂ, ਤੇਰੀ ਗੋਦ ਇਕੋ ਨਜ਼ਰੀ ਆਈਆ । ਤੇਰਾ ਆਦਿ ਜੁਗਾਦੀ ਰੂਪ ਨਿਤ ਨਵਾਂ, ਜੁਗ ਚੌਕੜੀ ਵੇਸ ਵਟਾਈਆ । ਮੈਂ ਤੈਨੂੰ ਰਾਮ ਰਹੀਮ ਖ਼ੁਦਾ ਵਾਹਿਗੁਰੂ ਕਿ ਗਾਡ ਕਹਾਂ, ਕੀ ਤੇਰੀ ਸਿਫ਼ਤ ਸਾਲਾਹੀਆ । ਕਿਸ ਬਿਧ ਤੇਰੀ ਸਰਨੀ ਢਹਾਂ, ਨਮੋ ਨਿਮਸਕਾਰ ਕਰ ਕੇ ਖ਼ੁਸ਼ੀ ਮਨਾਈਆ । ਕਿਸ ਦਵਾਰਿਉਂ ਤੈਨੂੰ ਲਵਾਂ, ਲੱਭਾਂ ਚਾਈਂ ਚਾਈਂਆ । ਸ੍ਰੀ ਭਗਵਾਨ ਕਿਹਾ ਈਸਾ ਮੂਸਾ ਮੁਹੰਮਦ ਸਦੀ ਚੌਧਵੀਂ ਵਕ਼ਤ ਅਖ਼ੀਰੀ ਮੈਂ ਭਗਤਾਂ ਅੰਦਰ ਰਹਾਂ, ਆਪਣਾ ਡੇਰਾ ਲਾਈਆ । ਮੈਨੂੰ ਸਵਾਏ ਹਕ ਹਕ਼ੀਕ਼ਤ ਮੁਹੱਬਤ ਪ੍ਰੇਮ ਪਿਆਰ ਤੋਂ ਹੋਰ ਨਹੀਂ ਤਮਅ, ਇਕੋ ਲਾਲਚ ਮੇਰੀ ਇਹਨਾਂ ਨਾਲੋਂ ਨਾ ਹੋਏ ਜੁਦਾਈਆ । ਇਹਨਾਂ ਦੇ ਅੰਦਰ ਵੜ ਕੇ ਸਵਾਂ, ਬਾਹਰ ਨੀਂਦ ਕੋਇ ਨਾ ਆਈਆ । ਜੇ ਇਹਨਾਂ ਨੂੰ ਕੋਈ ਕੂੜੀ ਕਿਰਿਆ ਦਾ ਕੰਡਾ ਚੁੱਭੇ ਮੈਂ ਆਪਣੇ ਹੱਥ ਇਹਨਾਂ ਦੇ ਪੈਰਾਂ ਹੇਠਾਂ ਡਾਹਵਾਂ, ਉਪਰ ਰਖਾਵਾਂ ਥਾਉਂ ਥਾਈਂਆ । ਕਿਉਂਕਿ ਇਹ ਬਲ ਮੇਰੀਆਂ ਵਿਚ ਬਾਹਵਾਂ, ਚਤੁਰਭੁਜ ਹੋ ਕੇ ਸੇਵ ਕਮਾਈਆ । ਬੇਸ਼ਕ ਇਹਨਾਂ ਨੂੰ ਵਖਰੀਆਂ ਵਖਰੀਆਂ ਜੰਮਿਆ ਮਾਵਾਂ, ਤੱਤਾਂ ਵਾਲਾ ਸਰੀਰ ਦਿਤਾ ਬਣਾਈਆ । ਪਰ ਅਗੇ ਸਭ ਦਾ ਇਕੋ ਜਿਹਾ ਨਾਵਾਂ, ਇਕੋ ਘਰ ਦਿਆਂ ਵਡਿਆਈਆ । ਬੇਸ਼ਕ ਇਹਨਾਂ ਦਾ ਵਸਣਾ ਵਖਰਿਆਂ ਵਖਰਿਆਂ ਗਰਾਵਾਂ, ਅਗੇ ਇਕੋ ਮੰਦਰ ਦਿਆਂ ਬਹਾਈਆ । ਨਿਰਗੁਣ ਹੋ ਕੇ ਸਦਾ ਤਕਦਾ ਰਹਾਂ ਗੁਰਮੁਖਾਂ ਦਿਆਂ ਰਾਹਾਂ, ਰਹਿਬਰ ਹੋ ਕੇ ਖੋਜ ਖੁਜਾਈਆ । ਨੌਂ ਸੌ ਚਰਾਨਵੇ ਚੌਕੜੀ ਜੁਗ ਪਿਛੋਂ ਜਿਸ ਵੇਲੇ ਜੋਤ ਸਰੂਪ ਹੋ ਕੇ ਆਵਾਂ, ਅੰਤ ਜੋਤੀ ਜੋਤ ਸਾਰੇ ਲਵਾਂ ਮਿਲਾਈਆ । ਜੇ ਪਿਛੇ ਛਡ ਕੇ ਜਾਵਾਂ, ਮੈਨੂੰ ਕੋਈ ਸ੍ਰੀ ਭਗਵਾਨ ਕਹੇ ਨਾ ਰਾਈਆ । ਇਹ ਮੈਨੂੰ ਮੁੱਢ ਦੀਆਂ ਅਦਾਵਾਂ, ਭਗਤ ਤਾਰਨ ਵਾਸਤੇ ਆਪਣਾ ਫੇਰਾ ਪਾਈਆ । ਸਾਖ਼ਿਆਤ ਹੋ ਕੇ ਦਰਸ ਦਿਖਾਵਾਂ, ਸ਼ਬਦ ਜੈਕਾਰੇ ਨਾਲ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੁਹਾਡੀ ਭਗਤੀ ਦਾ ਭਾਗ, ਸ਼ਕਤੀ ਦਾ ਚਿਰਾਗ਼, ਵਿਅਕਤੀ ਦਾ ਵੈਰਾਗ, ਆਪਣੇ ਅੰਤਰ ਪਰਗਟਾਈਆ । ਤੁਹਾਡੇ

ਉਤੇ ਤਰਸ ਕਮਾਵਾਂਗਾ । ਆਪਣੀ ਹੱਥੀਂ ਸੇਵਕ ਬਣ ਕੇ ਆਪ ਵਰਤਾਵਾਂਗਾ । ਤਿੰਨ ਤਿੰਨ ਗੇੜੇ ਸਭ ਦੇ ਅਗੇ ਲਾਵਾਂਗਾ । ਚੜ੍ਹਾ ਕੇ ਆਪਣੇ ਬੇੜੇ, ਸਚ ਮਲਾਹ ਅਖਵਾਵਾਂਗਾ । ਦੂਰ ਦੁਰਾਡਾ ਹੋ ਕੇ ਨੇੜੇ, ਨੇੜੇ ਤੋਂ ਨੇੜੇ ਨਜ਼ਰੀ ਆਵਾਂਗਾ । ਕੋਟਨ ਕੋਟ ਜਨਮ ਤੁਹਾਡੇ ਪਕਵਾਨ ਖਾਧੇ ਬਥੇਰੇ, ਓਸ ਦਾ ਹਿੱਸਾ ਤੁਹਾਡੀ ਝੋਲੀ ਪਾਵਾਂਗਾ । ਜੇ ਤੁਸੀਂ ਹੋ ਗਏ ਮੇਰੇ, ਮੈਂ ਤੁਹਾਡਾ ਹੋ ਕੇ ਆਪਣੀ ਕਾਰ ਕਮਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਵਾਂਗਾ । ਸਾਹਿਬ ਸਤਿਗੁਰ ਹੋਇਆ ਕਿਰਪਾਲ, ਆਪਣੀ ਦਇਆ ਕਮਾਈਆ । ਫੁਲਕੇ ਵੰਡੇ ਨਾਲ ਨਾਲ, ਸੋਹਣੀ ਬਣਤ ਬਣਾਈਆ । ਗੁਰਮੁਖ ਸਿੰਘ ਵਰਤਾਵੇ ਦਾਲ, ਕੜਛੀ ਨਾਮ ਵਾਲੀ ਚਲਾਈਆ । ਜਲ ਪਿਔਣਾ ਸਿੰਘ ਲਾਲ, ਰਾਜ ਨਰਾਇਣ ਗੜਵੇ ਦਏ ਫੜਾਈਆ । ਕਿਸ਼ਨ ਸਿੰਘ ਰਖੇ ਥਾਲ, ਪ੍ਰੇਮ ਨਾਲ ਸਾਫ਼ ਕਰਾਈਆ । ਪੰਜਾਂ ਮਿਲ ਕੇ ਹਰਿਸੰਗਤ ਦੇਣਾ ਖਵਾਲ, ਭੁਖਿਆਂ ਦੇਣਾ ਰਜਾਈਆ । ਇਹ ਸਤਿ ਦਾ ਆਹਾਰ, ਬ੍ਰਹਮ ਮਤਿ ਦਾ ਪਿਆਰ, ਦੇਵੇ ਮਾਣ ਵਡਿਆਈਆ । ਗੁਰਮੁਖਾਂ ਰੁਤ ਬਸੰਤ ਮੌਲੇ ਬਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਇਕ ਅਖਵਾਈਆ । ਦਾਲ ਰੋਟੀ ਕਹੇ ਮੈਂ ਰਹੀ ਤਕ, ਆਪਣਾ ਧਿਆਨ ਲਗਾਈਆ । ਜੁਗ ਚੌਕੜੀ ਗਈ ਥਕ, ਬੈਠੀ ਅੱਖ ਉਠਾਈਆ । ਕਿਉਂ ਇਕ ਵਾਰ ਬਾਲਮੀਕ ਏਥੇ ਰਹਿ ਕੇ ਗਿਆ ਸੀ ਦਿਨ ਅੱਠ, ਮਿਰਗਸ਼ਾਲਾ ਉਤੇ ਡੇਰਾ ਲਾਈਆ । ਓਸ ਦੇ ਕੋਲ ਸੀ ਇਕ ਅਣਤੋਲੀ ਮਿਣੀ ਗਠ, ਜਿਸ ਵਿਚ ਜੌਂ ਰੱਖੇ ਭੁੰਨਾਈਆ । ਉਹਨਾਂ ਵਿਚੋਂ ਇਕ ਦਾਣਾ ਏਥੇ ਗਿਆ ਸੀ ਢਠ, ਜਿਸ ਵੇਲੇ ਉਹ ਆਤਮਾ ਪਰਮਾਤਮਾ ਨਾਲ ਜੁੜਾਈਆ । ਉਹ ਸਭ ਤੋਂ ਹੋ ਕੇ ਵਖ, ਆਪਣੇ ਆਪ ਵਿਚ ਪਛਤਾਈਆ । ਜਿਸ ਵੇਲੇ ਬਾਲਮੀਕ ਏਥੋਂ ਬਾਰਾਂ ਕੋਸ ਅਗੇ ਗਿਆ ਹਟ, ਆਪਣਾ ਪੰਧ ਮੁਕਾਈਆ । ਓਥੇਂ ਭੁੱਜੇ ਜੌਂ ਤੇਰਾਂ ਜਣਿਆਂ ਲਏ ਛਕ, ਇਕ ਦੇ ਨਾਲ ਬਾਰਾਂ ਹੋਰ ਮਿਲਾਈਆ । ਓਧਰੋਂ ਇਕ ਜੌਂ ਦੀ ਆਈ ਆਵਾਜ਼, ਪਾਵੇ ਹਾਲ ਦੁਹਾਈਆ । ਬਾਲਮੀਕ ਕਿੱਥੇ ਮੇਰਾ ਤੈਨੂੰ ਔਣਾ ਸੱਚਾ ਸਵਾਦ, ਮੈਨੂੰ ਹੁਣ ਖ਼ਾਕ ਵਿਚ ਗਿਆ ਰਲਾਈਆ । ਬਾਲਮੀਕ ਦੀ ਅੰਦਰੋਂ ਖ਼ੁਲ੍ਹ ਗਈ ਜਾਗ, ਪਿੱਛੇ ਅੱਖ ਉਠਾਈਆ । ਧੁਰ ਦੇ ਹੁਕਮ ਨਾਲ ਕਿਹਾ ਨਾ ਹੋ ਨਰਾਜ, ਤੈਨੂੰ ਦਿਆਂ ਦ੍ਰਿੜਾਈਆ । ਤੇਰਾ ਸਭ ਦੇ ਨਾਲੋਂ ਚੰਗਾ ਬਣੇ ਸਵਾਦ, ਰਸ ਸਾਚਾ ਰੂਪ ਵਟਾਈਆ । ਜੌਂ ਕਿਹਾ ਕਵਣ ਮੇਰੀ ਪੂਰੀ ਕਰੇ ਖ਼ਾਹਿਸ਼, ਮੈਨੂੰ ਦੇ ਸਮਝਾਈਆ । ਬਾਲਮੀਕ ਕਿਹਾ ਜਿਸ ਵੇਲੇ ਆਵੇ ਪੁਰਖ ਅਬਿਨਾਸ਼, ਜੋਤੀ ਜਾਤਾ ਫੇਰਾ ਪਾਈਆ । ਕਲਜੁਗ ਅੰਤ ਤੂੰ ਓਸ ਦਾ ਬਣਨਾ ਖਾਜ, ਖ਼ਾਹ ਮਖ਼ਾਹ ਨਾ ਕੋਇ ਲੜਾਈਆ । ਓਸ ਕਿਹਾ ਮੈਨੂੰ ਦੱਸ ਓਹਦੇ ਲੱਭਣ ਦੀ ਜਾਚ, ਕਿਸ ਬਿਧ ਵੇਖਾਂ ਅੱਖ ਖੁਲ੍ਹਾਈਆ । ਬਾਲਮੀਕ ਕਿਹਾ ਕਮਲਿਆ ਓਹਦੇ ਸਿਰ ਤੇ ਹੋਣਾ ਤਾਜ, ਦੋ ਜਹਾਨਾਂ ਮਾਲਕ ਬੇਪਰਵਾਹੀਆ । ਭਗਤਾਂ ਦੀ ਹੋਣੀ ਜਮਾਤ, ਸੰਤਾਂ ਦਾ ਸੰਗ ਵਖਾਈਆ । ਅਨਾਥਾਂ ਦਾ ਹੋਣਾ ਨਾਥ, ਗ਼ਰੀਬਾਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਚੁਕਾਈਆ । ਜੌਂ ਕਿਹਾ ਕੀ ਸਚ ਮੈਨੂੰ ਖਾਵੇ, ਧੁਰ ਫ਼ਰਮਾਨ ਦੇ ਸਮਝਾਈਆ । ਬਾਲਮੀਕ ਕਿਹਾ ਹਾਂ ਉਹ ਭਗਤਾਂ ਰਾਹ ਤਕਾਵੇ, ਜੁਗ ਜੁਗ ਵੇਖ ਵਖਾਈਆ । ਬਾਲਮੀਕ ਕਿਹਾ ਨਾਲ ਦਾਅਵੇ, ਹੁਕਮ ਦਿਤਾ ਦ੍ਰਿੜਾਈਆ । ਜੌਂ ਕਿਹਾ ਕੀ ਉਹ ਜ਼ਰੂਰ ਏਥੇ ਆਵੇ, ਆਪਣਾ ਫੇਰਾ ਪਾਈਆ । ਓਹਦੀ ਕੀ ਨਿਸ਼ਾਨੀ ਕਿਸ ਬਿਧ ਸਮਝਾਵੇ, ਮੈਨੂੰ ਦੇ ਦ੍ਰਿੜਾਈਆ । ਬਾਲਮੀਕ ਕਿਹਾ ਉਹ ਸੋਹੰ

ਢੋਲਾ ਗਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਖਵਾਈਆ । ਹਰ ਘਟ ਅੰਦਰ ਰਾਵੇ, ਰਹਿਬਰ ਨੂਰ ਖ਼ੁਦਾਈਆ । ਭਗਤਾਂ ਦੀ ਵੇਲ ਵਧਾਵੇ, ਵਲਦੀਅਤ ਆਪਣੀ ਦਏ ਸਮਝਾਈਆ । ਜੌਂ ਕਿਹਾ ਕੀ ਭਗਤਾਂ ਨੂੰ ਭੁੱਖਾ ਰਖਾਵੇ, ਹੋਰ ਨਜ਼ਰ ਕੁਛ ਨਾ ਆਈਆ । ਬਾਲਮੀਕ ਕਿਹਾ ਨਹੀਂ ਓਹਨਾਂ ਨੂੰ ਆਪਣੀ ਹੱਥੀਂ ਆਪ ਰਜਾਵੇ, ਭੁੱਖਿਆਂ ਭੁਖ ਗਵਾਈਆ । ਜਿਹੜਾ ਦੇ ਨਾ ਕਦੀ ਪਛਤਾਵੇ, ਉਹ ਮਾਲਕ ਆਵੇ ਧੁਰਦਰਗਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੀਤ ਸਿੰਘ ਦੇ ਕਾਰਨ ਫੇਰਾ ਪਾਵੇ, ਰੋਟੀਆਂ ਦਾ ਲਾਲਚ ਨਾ ਕੋਇ ਰਖਾਈਆ । ਰੋਟੀ ਖਾਣ ਨਹੀਂ ਆਇਆ ਟੁੱਕਰ, ਦੁੱਧ ਪੀਣ ਦੀ ਆਸ ਨਾ ਕੋਇ ਰਖਾਈਆ । ਜੁਗ ਚੌਕੜੀ ਦੇ ਵਿਹਾਰ ਪਿਛੇ ਆਇਆ ਉਤਰ, ਦੂਰ ਦੁਰਾਡਾ ਬੇਪਰਵਾਹੀਆ । ਵੇਖਿਉ ਕਿਸੇ ਖਰਚ ਪਿਛੇ ਘਰ ਵਿਚ ਕਰਿਉ ਨਾ ਘੁਸਰ ਘੁਸਰ, ਸਚ ਦਿਆਂ ਸਮਝਾਈਆ । ਇਹ ਸਮਾਂ ਬੜਾ ਔਖਾ ਮਿਲਦਾ ਮੁਸ਼ਕਲ, ਲੱਭਿਆਂ ਹੱਥ ਕਿਸੇ ਨਾ ਆਈਆ । ਸ਼ੁਕਰ ਕਰੋ ਭਾਗ ਲੱਗਾ ਤੁਹਾਡੀ ਕੁਲ, ਕੁੱਲ ਮਾਲਕ ਹੋਇਆ ਸਹਾਈਆ । ਤੁਸੀਂ ਕੀ ਕ਼ੀਮਤ ਦਿਓ ਤੇ ਕੀ ਚੁਕਾਓ ਮੁੱਲ, ਕਵਣ ਤਰਾਜ਼ੂ ਤੋਲ ਤੁਲਾਈਆ । ਸਚ ਪੁਛੋ ਤੁਸੀਂ ਮੇਰੇ ਪਿਆਰ ਪ੍ਰੇਮ ਦੇ ਅਗੰਮੀ ਫੁਲ, ਜਿਨ੍ਹਾਂ ਦੇ ਵਿਚ ਸੁਗੰਧੀ ਅੰਦਰ ਦਿਤੀ ਟਿਕਾਈਆ । ਅਜੇ ਵੀ ਰਾਤ ਦਾ ਲੇਖਾ ਹਿਸਾਬ ਕਰ ਲਿਉ ਕੁੱਲ, ਬਹੱਤਰਾਂ ਉਤੇ ਅੰਕ ਨਾ ਕੋਇ ਵਧਾਈਆ । ਇਹ ਸੰਗਤ ਦਾ ਅਸੂਲ, ਅਸਲ ਰਿਹਾ ਦ੍ਰਿੜਾਈਆ । ਸਭ ਨੇ ਮਿਲ ਕੇ ਸੇਵਾ ਕਰਨੀ ਸਮਝਣਾ ਨਹੀਂ ਕੋਈ ਲੱਗਾ ਮਾਸੂਲ, ਮਸਾਲ ਨਵੀਂ ਕਾਇਮ ਕਰਾਈਆ । ਇਸ ਦਾ ਲਹਿਣਾ ਸਾਰਿਆਂ ਨੂੰ ਪਹਿਲੀ ਚੇਤ ਤੋਂ ਪਹਿਲੋਂ ਹੋਏ ਵਸੂਲ, ਮਾਕੂਲ ਦਿਆਂ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੁਹਾਨੂੰ ਕਰੇ ਕ਼ਬੂਲ, ਵੱਡੇ ਛੋਟੇ ਬੁੱਢੇ ਨੱਢੇ ਨੌਜਵਾਨ ਬਿਰਧ ਬਾਲ ਆਪਣੀ ਝੋਲੀ ਪਾਈਆ । ਲੰਗਰ ਕਹੇ ਹੇ ਪ੍ਰਭੂ ਮੈਨੂੰ ਛਕੌਣਾ ਨਾਲ ਪਿਆਰ, ਗੁਰਮੁਖਾਂ ਦੇਣਾ ਖਵਾਈਆ । ਆਪਣਾ ਸਿੰਘਾਸਣ ਡਾਹੀਂ ਵਿਚਕਾਰ, ਚਾਰੋਂ ਕੁੰਟ ਪੰਗਤ ਲੈਣੀ ਟਿਕਾਈਆ । ਸਾਰਿਆਂ ਦੇ ਮੁਖ ਅੰਦਰ ਪਿਠ ਹੋਵੇ ਬਾਹਰ, ਮੈਂ ਵੇਖਾਂ ਚਾਈਂ ਚਾਈਂਆ । ਬਾਕੀ ਲੇਖਾ ਹੋਰ ਵਿਹਾਰ, ਜੋ ਖਾਣ ਤੋਂ ਬਾਦ ਦਏ ਲਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਰਨੀ ਕਾਰ ਕਮਾਈਆ ।



### ❊ ੨੨ ਫੱਗਣ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਹਿ ਪਿੰਡ ਹਰਦੋਫਰਾਲਾ ਜ਼ਿਲਾ ਜਲੰਧਰ ❊

ਆਕਾਸ਼ ਕਹੇ ਮੈਂ ਤਕਿਆ ਨਜ਼ਾਰਾ, ਬੇਨਜ਼ੀਰ ਨਜ਼ਰ ਉਠਾਇੰਦਾ । ਕਰੇ ਖੇਲ ਅਗੰਮ ਅਪਾਰਾ, ਪਰਮ ਪੁਰਖ ਪ੍ਰਭ ਆਪਣੀ ਕਾਰ ਕਮਾਇੰਦਾ । ਠਾਕਰਾਂ ਦਾ ਠਾਕਰ ਸੇਵਕਾਂ ਦਾ ਸੇਵਕ ਖ਼ਿਦਮਤਗਾਰਾ, ਖ਼ਾਦਮ ਆਪਣਾ ਰੂਪ ਵਟਾਇੰਦਾ । ਜੁਗ ਚੌਕੜੀ ਦੇਵਣਹਾਰ ਅਧਾਰਾ, ਲਹਿਣਾ ਦੇਣਾ ਸਭ ਦੀ ਝੋਲੀ ਪਾਇੰਦਾ । ਨੇਤਰ ਤਕਿਆ ਵਸ਼ਿਸ਼ਟ ਰਾਮ ਬਾਲਮੀਕ ਬਟਵਾਰਾ, ਦਰ ਠਾਂਡੇ ਸੋਭਾ ਪਾਇੰਦਾ । ਤ੍ਰੇਤੇ ਜੁਗ ਦਾ ਲੇਖਾ ਜਿਸ ਵਿਚਾਰਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਸਚ ਪ੍ਰੀਤੀ ਆਪ ਵਖਾਇੰਦਾ । ਜਿਸ ਦਾ ਕਾਗ਼ਜ਼ ਕ਼ਲਮ ਸ਼ਬਦ ਨਾਦ ਧੁਨ ਸ਼ਾਸਤਰ ਸਿਮਰਤ ਵੇਦ ਪੁਰਾਨ ਦੇਵੇ ਨਾ ਕੋਇ ਅਹਿਵਾਲਾ, ਗੀਤਾ ਗਿਆਨ ਸਮਝ ਕੋਇ ਨਾ ਪਾਇੰਦਾ । ਜਿਸ ਦੀ ਖੋਜ ਕਰਦੇ ਗਏ ਗੁਰੂ ਅਵਤਾਰਾ, ਪੀਰ ਪੈਗ਼ੰਬਰ ਰਾਹ ਤਕਾਇੰਦਾ । ਵਸਣਹਾਰਾ ਹਕ ਮੁਕਾਮੀ ਪਰਵਰਦਿਗਾਰਾ, ਜਲਵਾ ਨੂਰ ਖ਼ੁਦਾਏ ਪਤਿਪਰਮੇਸ਼ਵਰ ਪਾਰਬ੍ਰਹਮ ਜੋਤੀ ਜਾਤਾ ਡਗਮਗਾਇੰਦਾ । ਧਰਤੀ ਧਰਤ ਧਵਲ

ਪ੍ਰਿਥਮੀ ਆਕਾਸ਼ ਖੋਲ੍ਹਣਹਾਰ ਕਿਵਾੜਾ, ਪਰਦਾ ਓਹਲਾ ਦੋ ਜਹਾਨਾਂ ਆਪ ਚੁਕਾਇੰਦਾ । ਜੋਤੀ ਨੂਰ ਬਖ਼ਸ਼ਣਹਾਰਾ ਰਵ ਸਸ ਸੂਰਜ ਚੰਦ ਸਿਤਾਰਾ, ਮੰਡਲ ਮੰਡਪ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਖੋਜ ਖੁਜਾਇੰਦਾ । ਆਦਿ ਜੁਗਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਆਕਾਸ਼ ਕਹੇ ਮੈਂ ਨਹੀਂ ਦੱਸਣ ਯੋਗ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜਨ ਭਗਤਾਂ ਦੇਵੇ ਦਰਸ ਅਮੋਘ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਪੂਰਬ ਲੇਖਾ ਲਹਿਣਾ ਦੇਣਾ ਜਾਣ ਧੁਰ ਸੰਜੋਗ, ਜੁਗ ਚੌਕੜੀ ਵਿਛੜੇ ਜਗਤ ਜੋਗੀਸ਼ਰ ਤਪੀਸ਼ਰ ਲਏ ਮਨਾਈਆ । ਜਿਸ ਦੇ ਨੇਤਰ ਲੋਚਨ ਨੈਣ ਦਰਸ਼ਨ ਰਹੇ ਲੋਚ, ਸੋ ਆਸਾ ਮਨਸਾ ਅੰਤਰ ਆਤਮ ਪੂਰ ਕਰਾਈਆ । ਜਨਮ ਕਰਮ ਦਾ ਕਟ ਕੇ ਵਿਜੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਆਕਾਸ਼ ਕਹੇ ਮੈਂ ਵੇਖਿਆ ਪੁਰਖ ਅਕਾਲ ਦਾ ਰੂਪ, ਅਨਕ ਕਲਧਾਰੀ ਆਪਣਾ ਵੇਸ ਵਟਾਈਆ । ਦੀਨ ਦਿਆਲਾ ਹੋ ਕੇ ਪਹੁੰਚਿਆ ਉਸ ਕੂਟ, ਜਿਸ ਦਾ ਲੇਖਾ ਸਹਿਜ ਸੁਭਾਈਆ । ਭਗਤਾਂ ਸਦ ਸੁਹਾਈ ਰੁਤ, ਕਲ ਰੁਤੜੀ ਆਪ ਮਹਿਕਾਈਆ । ਪੂਰਬ ਲੇਖਾ ਦੇਵਣ ਆਇਆ ਕੁਛ, ਜਨਮ ਜਨਮ ਖੋਜ ਖੁਜਾਈਆ । ਕਰੇ ਖੇਲ ਆਪ ਦਰੁਸਤ, ਦੂਸਰ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਮੂਲ ਚੁਕਾਈਆ । ਆਕਾਸ਼ ਕਹੇ ਮੈਂ ਵੇਖਿਆ ਗੁਰਮੁਖ ਗੁਰ ਗੁਰ ਲਾਲ, ਵੱਜੇ ਸਚ ਵਧਾਈਆ । ਰਾਜ ਨਰੈਣ ਦਾ ਇਕ ਪਿਆਰ, ਪ੍ਰੀਤਮ ਵੰਡ ਵੰਡਾਈਆ । ਬਾਲਮੀਕ ਦਾ ਲਾਹੁਣ ਆਇਆ ਉਧਾਰ, ਲੇਖਾ ਧੁਰ ਦਾ ਰਿਹਾ ਵਖਾਈਆ । ਮਾਛੂਵਾੜੇ ਗੋਬਿੰਦ ਸੇਜਾ ਸੱਥਰ ਜੋ ਕੀਤਾ ਦਿਤਾ ਦਾਨ, ਵਸਤ ਅਗੰਮ ਝੋਲੀ ਪਾਈਆ । ਓਸ ਦਾ ਅੰਤ ਅਖ਼ੀਰੀ ਹਿੱਸਾ ਪਕਿਆ ਪਕਵਾਨ, ਦੋ ਜਹਾਨ ਖ਼ੁਸ਼ੀ ਮਨਾਈਆ । ਦੇਵਤਸੁਰ ਰਿਖ ਮੁਨ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਕਰ ਧਿਆਨ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਬ੍ਰਹਿਮੰਡ ਖੰਡ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਨਾਲ ਢੋਲੇ ਗਾਣ, ਵਾਹ ਵਾਹ ਤੇਰੀ ਵਜਦੀ ਰਹੇ ਵਧਾਈਆ । ਧਰਤੀ ਸ਼ਬਦ ਅਗੰਮੀ ਸੁਣੇ ਨਾਲ ਕਾਨ, ਅੰਤਮ ਅੰਤਰ ਆਪਣਾ ਧਿਆਨ ਲਗਾਈਆ । ਖ਼ੁਸ਼ੀਆਂ ਨਾਲ ਖੇਲ ਵੇਖੇ ਸ੍ਰੀ ਭਗਵਾਨ, ਹਰਿ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਚੁਕਾਈਆ । ਆਕਾਸ਼ ਕਹੇ ਮੈਂ ਪੂਰਬ ਲੇਖਾ ਵੇਖਾਂ ਚੁਕਦਾ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਵਕਤ ਸੁਹੰਜਣਾ ਹੋਇਆ ਸੁਖ ਦਾ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਰੂਪ ਦਿਸੇ ਮਨੁਖ ਦਾ, ਸਚਖੰਡ ਨਿਵਾਸੀ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣ ਆਇਆ ਸਾਚਾ ਵਰ, ਵਾਰਤਾ ਅਗਲੀ ਪਿਛਲੀ ਆਪਣੇ ਨਾਲ ਰਲਾਈਆ । ਵਿਛੋੜਾ ਕਹੇ ਮੈਂ ਗਿਆ ਆ, ਜੁਗ ਚੌਕੜੀ ਪੰਧ ਮੁਕਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਫੇਰਾ ਪਾ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਚਾਰ ਕੁੰਟ ਵੇਖਿਆ ਸੱਚਾ ਲੱਭਾ ਨਾ ਕੋਈ ਥਾਂ, ਥਾਨ ਥਨੰਤਰ ਫੋਲ ਫੁਲਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਸ੍ਰੀ ਭਗਵਾਨ ਇਸ਼ਟ ਨਾ ਕੋਈ ਮਨਾਈਆ । ਚਾਰੇ ਖਾਣੀ ਦਿਸੀ ਵੈਰਾਂ, ਚਾਰੇ ਬਾਣੀ ਦਏ ਦੁਹਾਈਆ । ਗੁਰ ਅਵਤਾਰ ਪਕੜੇ ਕੋਈ ਨਾ ਬਾਂਹ, ਪੀਰ ਪੈਗ਼ੰਬਰ ਨਾ ਕੋਈ ਸਹਾਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਕਰਨ ਗੁਨਾਹ, ਜੂਠ ਝੂਠ ਭਰੀ

ਲੋਕਾਈਆ । ਤੀਰਥ ਤਟ ਫਿਰੇ ਸ਼ੈਤਾਂ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਵੇ ਲੜਾਈਆ । ਕਲਜੁਗ ਜੀਵ ਹੰਸ ਬੁੱਧੀ ਹੋਈ ਕਾਂ, ਮਨ ਵਾਸਨਾ ਰਹੀ ਕੁਰਲਾਈਆ । ਸਾਚਾ ਝੁੱਲੇ ਨਾ ਕੋਈ ਨਿਸ਼ਾਂ, ਨਿਸ਼ਾਨਾ ਤੀਰ ਨਾ ਕੋਈ ਚਲਾਈਆ । ਮਹਿਬੂਬ ਮੁਹੱਬਤ ਵਿਚ ਮਿਲਿਆ ਨਾ ਕੋਈ ਮਿਹਰਵਾਂ, ਅਰਸ਼ ਫ਼ਰਸ਼ ਪਰਦਾ ਨਾ ਕੋਈ ਉਠਾਈਆ । ਜੁਗ ਚੌਕੜੀ ਵਿਛੜਿਆਂ ਸਕੇ ਨਾ ਕੋਈ ਮਿਲਾ, ਆਤਮ ਪਰਮਾਤਮ ਇਕੋ ਘਰ ਵਸਾਈਆ । ਏਥੇ ਓਥੇ ਦੋ ਜਹਾਨਾਂ ਦਿਸਿਆ ਨਾ ਕੋਇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜੁਗ ਚੌਕੜੀ ਜਿਸ ਦਾ ਸੁਣਦਾ ਰਿਹਾ ਨਾਂ, ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਸਿਫ਼ਤ ਸਾਲਾਹੀਆ । ਓਹ ਮਾਲਕਾਂ ਦਾ ਮਾਲਕ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਜੋ ਭਗਤਾਂ ਦਾ ਪੂਰਬ ਲਹਿਣਾ ਦੇਣਾ ਰਿਹਾ ਮੁਕਾ, ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਕਲਜੁਗ ਰਿਹਾ ਮਿਲਾਈਆ । ਰਾਮ ਵਸ਼ਿਸ਼ਟ ਜਿਨ੍ਹਾਂ ਦੇ ਬਣੇ ਗਵਾਹ, ਸ਼ਹਾਦਤ ਸਚ ਭੁਗਤਾਈਆ । ਜਿਸ ਦਾ ਗੋਬਿੰਦ ਲਹਿਣਾ ਰਿਹਾ ਮੁਕਾ, ਮੁਕੰਮਲ ਆਪਣਾ ਹੁਕਮ ਮਨਾਈਆ । ਓਥੇ ਝੁਕਦੇ ਵੇਖ ਜ਼ਿਮੀਂ ਅਸਮਾਂ, ਸਜਦੇ ਕਰ ਕਰ ਧੂੜੀ ਖ਼ਾਕ ਰਮਾਈਆ । ਸੰਤ ਸੁਹੇਲੇ ਸਾਚਾ ਢੋਲਾ ਗਾਨ, ਤੂੰ ਮੇਰਾ ਮੈਂ ਤੇਰਾ ਦੂਜੀ ਧਾਰ ਨਾ ਕੋਈ ਵਖਾਈਆ । ਦੋ ਸੌ ਪੈਂਠ ਸਾਲ ਪਿਛੋਂ ਪੱਕਿਆ ਓਹ ਪਕਵਾਨ, ਜਿਸ ਦਾ ਲੇਖਾ ਧੁਰ ਦਾ ਨਜ਼ਰੀ ਆਈਆ । ਮਿਹਰਵਾਨ ਆਇਆ ਵਰਤਾਨ, ਵਾਰਤਾ ਪਿਛਲੀ ਨਾਲ ਰਲਾਈਆ । ਸੰਤ ਸੁਹੇਲੇ ਆਏ ਖਾਣ, ਗੁਰਮੁਖ ਆਪਣਾ ਪੰਧ ਮੁਕਾਈਆ । ਜਿਨ੍ਹਾਂ ਦੇ ਅੰਤਰ ਆਤਮ ਬ੍ਰਹਮ ਗਿਆਨ, ਪਰਮਾਤਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪਕਵਾਨ ਕਹੇ ਮੈ ਕਿਸ ਬਿਧ ਪੱਕਾ, ਤਵਿਆਂ ਉਤੇ ਦਿਤਾ ਤਪਾਈਆ । ਮੈਂ ਵੇਖਿਆ ਖੇਲ ਸਭ ਕੁਛ ਅੱਖਾ, ਨੇਤਰ ਨੇਤਰਾਂ ਨਾਲ ਮਿਲਾਈਆ । ਇਹ ਗੋਬਿੰਦ ਦਾ ਅਗੰਮੀ ਭੱਤਾ, ਜਿਸ ਨੂੰ ਆਤਮ ਸਵਾਣੀ ਸਮਝ ਕੋਈ ਨਾ ਪਾਈਆ । ਇਸ ਦੇ ਅੰਤਰ ਭੇਵ ਅਨੋਖਾ ਰੱਖਾ, ਪੜਦਾ ਨਾ ਕੋਇ ਉਠਾਈਆ । ਜਿਸ ਵੇਲੇ ਨਾਮੇ ਦੀ ਗਾਂ ਜਵਾਈ ਦੁੱਧ ਚੁੰਗਿਆ ਵੱਛਾ, ਛੰਨਿਆਂ ਭੋਗ ਲਗਾਈਆ । ਓਸ ਵੇਲੇ ਖੇਲ ਅਗੰਮੀ ਇਕ ਦੱਸਾ, ਸ਼ਬਦੀ ਇਕ ਵਰਤਾਈਆ । ਸੁਣ ਹੁਕਮ ਸੰਦੇਸ਼ਾ ਧਰਮੀ ਬੱਚਾ, ਭੇਵ ਦਿਆਂ ਖੁਲ੍ਹਾਈਆ । ਤੇਰੇ ਸੀਰ ਨਾਲੋਂ ਗ਼ਰੀਬ ਦਾ ਪਕਵਾਨ ਕਰਨਾ ਚੰਗਾ, ਕਲਜੁਗ ਅੰਤ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਕਵਾਨ ਕਹੇ ਜਿਸ ਗੁਰਮੁਖ ਮੈਨੂੰ ਖਾਧਾ, ਪ੍ਰੇਮ ਮੇਰੇ ਨਾਲ ਰਖਾਈਆ । ਓਸ ਨੂੰ ਗੋਬਿੰਦ ਮਿਲੇ ਪਿਤਾ ਪੁਰਖ ਅਕਾਲ ਦਾਦਾ, ਦੋਹਾਂ ਦਾ ਮੇਲਾ ਸਹਿਜ ਸੁਭਾਈਆ । ਪਿਛਲਿਆਂ ਨਾਲੋਂ ਅਗੇ ਹੋਰ ਹੋਵੇ ਵਾਧਾ, ਵਾਸਤਾ ਪ੍ਰਭੂ ਆਪਣੇ ਨਾਲ ਜੁੜਾਈਆ । ਭੂਪਾਂ ਦਾ ਭੂਪ ਰਾਜਨਾਂ ਦਾ ਰਾਜਾ, ਸ਼ਹਿਨਸ਼ਾਹ ਬਖ਼ਸ਼ਣਹਾਰ ਸ਼ਰਨਾਈਆ । ਵਿਛੋੜਾ ਕਹੇ ਪ੍ਰਭ ਬਦਲਣ ਆਇਆ ਸਮਾਜਾ, ਸਮਗਰੀ ਧੁਰ ਦੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਵਿਛੋੜਾ ਕਹੇ ਮੈਂ ਭਗਤੋ ਤੁਹਾਡਾ ਖਹਿੜਾ ਜਾਣਾ ਛੱਡ, ਮੁੜ ਕੇ ਨੇੜ ਕਦੇ ਨਾ ਆਈਆ । ਤੁਸੀਂ ਕਦੇ ਨਾ ਹੋਇਓ ਅੱਡ, ਪਰਮਾਤਮ ਨਾਲ ਆਪਣਾ ਜੋੜ ਜੁੜਾਈਆ । ਕਾਇਆ ਕਾਅਬੇ ਅੰਦਰ ਓਸ ਦਾ ਕਰਿਓ ਹੱਜ, ਸਾਡੇ ਤਿੰਨ ਹੱਥ ਮੰਦਰ ਲੈਣਾ ਸੁਹਾਈਆ । ਅੰਮ੍ਰਿਤ ਆਤਮ ਸਚ ਪਿਆਲਾ ਪੀਣਾ ਰੱਜ, ਨਿਝਰ ਝਿਰਨਾ ਇਕ ਝਿਰਾਈਆ । ਸ਼ਬਦ ਅਗੰਮੀ ਨਾਦ ਜਾਏ ਵੱਜ, ਧੁਨ ਆਤਮਕ ਰਾਗ ਸੁਣਾਈਆ ।

ਜੋਤ ਨਿਰੰਜਣ ਹੋਵੇ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਮੈਂ ਸਤਿ ਸਚ ਸਦੀ ਵੀਹਵੀਂ ਤੁਹਾਨੂੰ ਦਿਆਂ ਆਖ, ਧੁਰ ਫ਼ਰਮਾਣਾ ਇਕ ਸਮਝਾਈਆ । ਵਿਛੋੜੇ ਵਾਲੀ ਭੁਲ ਕੇ ਫੇਰ ਨਾ ਕਰਿਓ ਬਾਤ, ਬਾਹਰ ਬਾਤਨ ਆਪਣਾ ਰੰਗ ਰੰਗਾਈਆ । ਤੁਹਾਡਾ ਮਾਲਕ ਪੁਰਖ ਅਬਿਨਾਸ਼, ਜੋ ਸਵਾਸ ਸਵਾਸ ਰਿਹਾ ਸਮਾਈਆ । ਜੋ ਲਹਿਣਾ ਦੇਣਾ ਪੂਰਬ ਜਨਮ ਦੇਵੇ ਲੋਕਮਾਤ, ਜਨਮ ਕਰਮ ਵੇਖ ਵਖਾਈਆ । ਵੇਖੇ ਸ਼ਹਾਦਤ ਦੇਵੇ ਭਿੰਨੜੀ ਰੈਣ ਨਾਲ ਰਾਤ, ਆਪਣਾ ਹਾਲ ਸੁਣਾਈਆ । ਮੈਨੂੰ ਸੋਹਣੀ ਲੱਗੀ ਜਮਾਤ, ਚਾਰ ਵਰਨ ਵੰਡ ਨਾ ਕੋਈ ਵੰਡਾਈਆ । ਖ਼ੁਸ਼ੀ ਹੋਇਆ ਆਕਾਸ਼, ਦੇਵਣ ਆਇਆ ਵਧਾਈਆ । ਜਿਨ੍ਹਾਂ ਢੋਲਾ ਗਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੀ ਗਾਥ, ਏਥੇ ਓਥੇ ਲੇਖਾ ਗਏ ਮੁਕਾਈਆ । ਸਚਖੰਡ ਦਵਾਰੇ ਚਰਨ ਪ੍ਰੀਤੀ ਸਾਚਾ ਮਿਲੇ ਧੁਰ ਦਾ ਰਾਜ, ਧਰੂ ਕੋਲੋਂ ਅਗੇ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਵਿਛੋੜਾ ਕਹੇ ਮੈਂ ਜਾਣਾ ਨਠ, ਗੁਰਮੁਖਾਂ ਅੰਦਰ ਰਹਿਣ ਨਾ ਪਾਈਆ । ਜਿਨ੍ਹਾਂ ਨੂੰ ਆ ਗਈ ਪ੍ਰਭ ਦੀ ਮਤਿ, ਮਨ ਮਤਿ ਗਏ ਤਜਾਈਆ । ਓਹਨਾਂ ਦੇ ਅੰਦਰ ਇਕ ਰਸ, ਨੌਂ ਰਸ ਰਸ ਨਾ ਕੋਇ ਵਖਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਗਏ ਬੱਝ, ਸਾਚਾ ਨਾਤਾ ਲਿਆ ਜੁੜਾਈਆ । ਜਿਨ੍ਹਾਂ ਨੇ ਭੋਜਨ ਖਾਧਾ ਰੱਜ, ਭੁਖਿਆਂ ਭੁਖ ਦਏ ਮਿਟਾਈਆ । ਅੰਤ ਦਵਾਰੇ ਆਪਣੇ ਸੱਦ, ਸਦਨੇ ਵਾਲਾ ਸੱਚਾ ਰੰਗ ਦਏ ਚੜ੍ਹਾਈਆ । ਕਬੀਰ ਜੁਲਾਹੇ ਨਾਲ ਮਿਲ ਕੇ ਪੈਣਾ ਹੱਸ, ਨਾਮਾ ਧੰਨਾ ਤੁਹਾਡਾ ਭਾਈ ਦਿਆਂ ਵਖਾਈਆ । ਇਹ ਲੇਖਾ ਰਵਿਦਾਸ ਚਮਾਰੇ ਹੱਥ, ਪਾਨ੍ਹਾ ਗੰਢਣ ਵਾਲਾ ਕ਼ਲਮ ਰਿਹਾ ਚਲਾਈਆ । ਅਗੇ ਹੋਣ ਨਹੀਂ ਦੇਣਾ ਤੁਹਾਨੂੰ ਅੱਡ, ਵਖਰਾ ਧਾਮ ਨਾ ਕੋਇ ਵਖਾਈਆ ।



੪੫੦

ਤ੍ਰੈਗੁਣ ਮਾਇਆ ਬੁਝਾ ਕੇ ਅੱਗ, ਅੰਮ੍ਰਿਤ ਜਾਮ ਦੇਣਾ ਪਿਆਈਆ । ਜਿਸ ਧਰਤੀ ਉਤੇ ਬਾਲਮੀਕ ਰਹਿ ਕੇ ਗਿਆ ਸੀ ਦਿਨ ਅੱਠ, ਓਸੇ ਜਗਹ ਆਪਣਾ ਆਸਣ ਲਾਈਆ । ਓਸ ਦਾ ਲਹਿਣਾ ਮਕੌਣ ਆਇਆ ਗੁਰਮੁਖਾਂ ਦਾ ਕਰਨ ਆਇਆ ਇਕੱਠ, ਗੋਬਿੰਦ ਮੇਲਾ ਸਹਿਜ ਸੁਭਾਈਆ । ਸਚ ਪੁੱਛੋ ਚਰਨਾਂ ਥੱਲੇ ਧਰਨੀ ਰਹੀ ਹਸ, ਧਵਲ ਆਪਣੀ ਖ਼ੁਸ਼ੀ ਮਨਾਈਆ । ਮਿੱਟੀ ਧੂੜ ਖ਼ਾਕ ਗਾਵੇ ਜਸ, ਢੋਲਾ ਰਾਗ ਅਲਾਈਆ । ਸਤਿ ਧਰਮ ਦਾ ਜਿਥੇ ਖੁਲ੍ਹਣਾ ਹੱਟ, ਪੁਰਖ ਅਕਾਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਵਿਛੋੜਾ ਕਹੇ ਮੈਂ ਹੋਣਾ ਦੂਰ, ਹਰਿਜਨ ਨੇੜ ਕਦੇ ਨਾ ਆਈਆ । ਜਿਨ੍ਹਾਂ ਦਾ ਸਾਹਿਬ ਹਾਜ਼ਰ ਹਜ਼ੂਰ, ਹਜ਼ਰਤ ਬੇਪਰਵਾਹੀਆ । ਅੰਤਰ ਆਤਮ ਬਖ਼ਸ਼ਣਹਾਰਾ ਨੂਰ, ਦੀਵਾ ਬਾਤੀ ਕਮਲਾਪਾਤੀ ਇਕ ਜਗਾਈਆ । ਨਾਤਾ ਤੋੜ ਕੇ ਕੂੜੇ ਕੂੜ, ਸਤਿ ਸਚ ਦਏ ਵਡਿਆਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਗੁਰਮੁਖ ਆਪਣੇ ਰੰਗ ਰੰਗਾਈਆ । ਧੁਰ ਦਾ ਮਾਲਕ ਬਣ ਕੇ ਕੰਤ ਕੰਤੂਹਲ, ਸੰਤ ਸੁਹੇਲਾ ਇਕ ਅਖਵਾਈਆ । ਜਨਮ ਕਰਮ ਕਰ ਕੇ ਗਏ ਜੋ ਭੂਲ, ਤਿਨ੍ਹਾਂ ਭੁੱਲਿਆਂ ਆਪਣਾ ਭੇਵ ਰਿਹਾ ਖੁਲ੍ਹਾਈਆ । ਪਿਛਲਾ ਲੇਖਾ ਸਭ ਨੇ ਕਰਨਾ ਵਸੂਲ, ਹਿਸਾਬ ਕਿਤਾਬ ਥਾਉਂ ਥਾਈਂ ਝੋਲੀ ਪਾਈਆ । ਕਰਨੀ ਦਾ ਕਰਤਾ ਦੇਵਣ ਦਾ ਦਾਤਾ ਦਇਆਵਾਨ ਹੋਇਆ ਮਸ਼ਹੂਰ, ਜ਼ਰੂਰ ਵੇਖੇ ਥਾਉਂ ਥਾਈਂਆ । ਗੁਰਮੁਖੋ ਤੁਸੀਂ ਓਸੇ ਦਾ ਨੂਰ, ਜਿਸਦਾ ਜ਼ਹੂਰ ਦੋ ਜਹਾਨ ਨਜ਼ਰੀ ਆਈਆ । ਮਾਲਕ ਖ਼ਾਲਕ ਪ੍ਰਿਤਪਾਲਕ ਸਰਬ ਕਲਾ ਭਰਪੂਰ, ਹਰਿ ਦਾਤਾ ਇਕ ਅਖਵਾਈਆ । ਭਾਵੇਂ ਹਾਜ਼ਰ ਨਹੀਂ ਫਿਰ ਵੀ ਲੇਖਾ ਮੁਕਾ ਦੇ ਸਿੰਘ ਕਪੂਰ, ਜੋ ਪਿਛਲਾ ਸਾਥੀ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰ ਸੱਚੀ ਵਡਿਆਈਆ । ਵਿਛੋੜਾ ਕਹੇ ਮੈਂ ਜਾਣਾ ਭੱਜ, ਨੱਠਾਂ ਵਾਹੋ ਦਾਹੀਆ । ਗੁਰਮੁਖੋ ਤੁਹਾਡੇ ਨਾਲੋਂ ਹੋ ਕੇ ਅੱਡ, ਮਨਮੁਖਾਂ ਅੰਦਰ ਡੇਰਾ ਲਾਈਆ । ਮੈਨੂੰ ਕੋਈ ਨਾ ਸਕੇ ਕਢ, ਉਹ ਬੈਠੇ ਪ੍ਰਭੂ ਭੁਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕੋਈ ਨਾ ਸਕੇ ਲਭ, ਮੰਦਰ ਮਸਜਿਦ ਸ਼ਿਵਦਵਾਲੇ ਮਠ ਹੱਥ ਕਿਸੇ ਨਾ ਆਈਆ । ਮੈਂ ਤੱਕਾਂ ਓਥੇ ਜਿਥੇ ਸਾਇਆ ਪੈਂਦਾ ਕਵਲ ਨਭ, ਸੁਖਮਨ ਟੇਢੀ ਬੰਕ ਆਪਣਾ ਪੰਧ ਮੁਕਾਈਆ । ਜਿਥੇ ਪੰਜ ਵਿਕਾਰਾ ਲਏ ਦਬ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਮੈਂ ਅੰਦਰ ਵੜ ਕੇ ਜੂਠ ਝੂਠ ਵਜਾਵਾਂ ਨਦ, ਢੋਲਾ ਸੋਹਲਾ ਇਕ ਸੁਣਾਈਆ । ਸ੍ਰੀ ਭਗਵਾਨ ਨਾਲੋਂ ਕਰਕੇ ਅੱਡ, ਮੂਰਖ ਮੁਗਧਾਂ ਸਦਾ ਉਠਾਈਆ । ਜਿਸ ਵੇਲੇ ਵੇਖਾਂ ਭਗਤ ਭਗਵਾਨ ਦੀ ਯਦ, ਨੇਤਰ ਨੈਣ ਅੱਖ ਨਾ ਸਕਾਂ ਉਠਾਈਆ । ਮੈਂ ਵਾਅਦਾ ਕਰਕੇ ਜਾਵਾਂ ਅੱਜ, ਵਿਛੋੜਾ ਸਭ ਨੂੰ ਰਿਹਾ ਸਮਝਾਈਆ । ਜਿਸ ਵੇਲੇ ਚਾਹੋ ਪੁਰਖ ਅਕਾਲ ਦੀਨ ਦਿਆਲ ਨੂੰ ਆਪਣੇ ਘਰ ਲਉ ਸਦ, ਆਤਮ ਅੰਤਰ ਪਰਮਾਤਮ ਨਜ਼ਰੀ ਆਈਆ । ਦਰਸ਼ਨ ਕਰੋ ਚੜ੍ਹ ਕੇ ਉਪਰ ਸ਼ਾਹਰਗ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਮੇਲਾ ਲਏ ਮਿਲਾਈਆ । ਜਿਸ ਦਾ ਲੰਮਾ ਚੌੜਾ ਵੱਡਾ ਛੋਟਾ ਬੁੱਢਾ ਨੱਢਾ ਜਾਣੇ ਨਾ ਕੋਇ ਕ਼ਦ, ਨੂਰ ਨੂਰ ਜੋਤੀ ਜੋਤ ਡਗਮਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤੁਹਾਡੇ ਅੰਦਰ ਬੈਠਾ ਸਜ, ਸਾਜਣ ਹੋ ਕੇ ਸਹਿਜ ਸਹਿਜ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਵਿਛੋੜਾ ਕਹੇ ਮੈਂ ਤੁਹਾਥੋਂ ਜਾਣਾ ਵਿਛੜ, ਵਿਛੜਿਆਂ


ਮੇਲ ਨਾ ਕੋਇ ਮਿਲਾਈਆ । ਜਨ ਭਗਤੋ ਤੁਹਾਨੂੰ ਕਾਹਦਾ ਫ਼ਿਕਰ, ਤੁਹਾਡਾ ਮਾਲਕ ਪੁਰਖ ਅਕਾਲ ਨਜ਼ਰੀ ਆਈਆ । ਜਿਸ ਦੇ ਭੈ ਭਉ ਨਾਲ ਮੈਂ ਜਾਣਾ ਨਿਕਲ, ਪਿਛੇ ਫਿਰ ਨਾ ਮੁਖ ਭਵਾਈਆ । ਸ਼ਬਦ ਅਗੰਮੀ ਬਣਨਾ ਤੁਹਾਡਾ ਮਿਤਰ, ਜਿਸ ਨੂੰ ਗੋਬਿੰਦ ਕਹਿ ਕਹਿ ਸਾਰੇ ਗਾਈਆ । ਹੁਣ ਕਿਹੜੇ ਬਾਜ਼ਾਂ ਨਾਲ ਲੜੌਣੇ ਤਿੱਤਰ, ਪ੍ਰੇਮ ਪ੍ਰੀਤੀ ਇਕ ਸਿਖਾਈਆ । ਉਸ ਦਾ ਖੇਲ ਬੜਾ ਵਿਚਿਤ੍ਰ, ਚਲਿਤ੍ਰ ਸਮਝ ਕਿਸੇ ਨਾ ਆਈਆ । ਜੇ ਪਿਛੇ ਗਏ ਵਿਛੜ, ਅਗੇ ਮੇਲਾ ਲਏ ਕਰਾਈਆ । ਗਲ ਲਾਏ ਭਰੀਆਂ ਚਿੱਕੜ, ਦੁਰਮਤ ਮੈਲ ਧੁਆਈਆ । ਆਤਮ ਸੇਜ ਸੁਹੰਜਣੀ ਸੁਹਾਏ ਸਾਚਾ ਬਿਸਤਰ, ਸਾਂਗੋ ਪਾਂਗ ਨਾਲੋਂ ਚੰਗੀ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਆਪਣੇ ਲੇਖੇ ਪਾਈਆ । ਵਿਛੋੜਾ ਕਹੇ ਮੇਰਾ ਵੇਲਾ ਅੰਤ ਅਖ਼ੀਰ, ਆਖ਼ਰ ਦਿਆਂ ਜਣਾਈਆ । ਗੁਰਮੁਖੋ ਤੁਹਾਡੀ ਬਦਲਣ ਆਇਆ ਤਕ਼ਦੀਰ, ਜ਼ਮੀਰ ਆਪਣੀ ਰਿਹਾ ਸਮਝਾਈਆ । ਲੇਖੇ ਲਾ ਕੇ ਸ਼ਾਹ ਹਕੀਰ, ਰੰਗ ਇਕੋ ਰਿਹਾ ਚੜ੍ਹਾਈਆ । ਪਰਵਰਦਿਗਾਰ ਬੇਨਜ਼ੀਰ, ਨਜ਼ਰ ਆਪਣੀ ਇਕ ਉਠਾਈਆ । ਅੰਮ੍ਰਿਤ ਜਾਮ ਪਿਆ ਕੇ ਸੀਰ, ਸਰਬ ਰੋਗ ਰਿਹਾ ਗਵਾਈਆ । ਜਿਸ ਦੀ ਸਿਫ਼ਤ ਕਰੇ ਕ਼ੁਰਾਨ ਮਜੀਦ, ਤੀਸ ਬਤੀਸੇ ਢੋਲੇ ਗਾਈਆ । ਸੋ ਤੁਹਾਨੂੰ ਕਰਨ ਆਇਆ ਤਬਲੀਗ਼, ਕਰੇ ਸਚ ਪੜ੍ਹਾਈਆ । ਤੁਹਾਡੇ ਨੇੜ ਨਾ ਆਏ ਕੋਈ ਅਬਲੀਸ, ਸ਼ੈਤਾਨ ਸ਼ਰਅ ਨਾ ਕੋਇ ਲੜਾਈਆ । ਵਿਛੋੜਾ ਕਹੇ ਮੈਂ ਕਰ ਕੇ ਜਾਵਾਂ ਨਸੀਹਤ, ਧੁਰ ਦਾ ਹੁਕਮ ਮਨਾਈਆ । ਗੁਰਮੁਖੋ ਤੁਹਾਡੇ ਅੰਦਰ ਆ ਜਾਵੇ ਅਸਲੀਅਤ, ਕੂੜੀ ਕਿਰਿਆ ਬਾਹਰ ਦੇਣੀ ਕਢਾਈਆ । ਪ੍ਰਭ ਦੇ ਕੋਲੋਂ ਲਿਖਾ ਲੈਣੀ ਵਸੀਅਤ, ਮਰਨ ਤੋਂ ਪਹਿਲੋਂ ਆਪਣੇ ਘਰ ਲੈ ਕੇ ਜਾਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਵਿਛੋੜਾ ਕਹੇ ਮੈਂ ਮੁਕੌਣਾ ਪੰਧ, ਪਾਂਧੀ ਬਣ ਕੇ ਦਿਆਂ ਜਣਾਈਆ ।

ਗੁਰਮੁਖੋ ਲੋਕਮਾਤ ਚੜ੍ਹਨਾ ਸਾਚਾ ਚੰਦ, ਧੁਰ ਦਾ ਨੂਰ ਕਰ ਰੁਸ਼ਨਾਈਆ । ਮੈਂ ਚਾਹੁੰਦਾ ਤੁਹਾਡੇ ਭੰਡਾਰੇ ਵਿਚੋਂ ਇਕੋ ਟੁਕੜਾ ਲਵਾਂ ਮੰਗ, ਜੋ ਚੌਥਾ ਹਿੱਸਾ ਨਜ਼ਰੀ ਆਈਆ । ਜਿਸ ਨੂੰ ਖਾ ਕੇ ਮੈਨੂੰ ਪਵੇ ਠੰਡ, ਅਗਨੀ ਅੱਗ ਨਾ ਕੋਇ ਤਪਾਈਆ । ਮੈਂ ਗਾਵਾਂ ਓਹੋ ਛੰਦ, ਜੋ ਢੋਲਾ ਰਹੇ ਸੁਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੇ ਵਿਚ ਇਕ ਅਨੰਦ, ਪਰਮਾਨੰਦ ਨਿਜਾਨੰਦ ਨਾਲ ਮਿਲਾਈਆ । ਅੰਗੀਕਾਰ ਕਰ ਕੇ ਲਾ ਅੰਗ, ਵਿਛੋੜਾ ਵਿਛੜਿਆਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗ, ਬ੍ਰਹਿਮੰਡ ਖੰਡ ਆਪੇ ਖੋਜ ਖੁਜਾਈਆ । ਵਿਛੋੜਾ ਕਹੇ ਮੈਨੂੰ ਕਰੋ ਮੁਆਫ਼, ਬੇਨੰਤੀ ਇਕ ਸੁਣਾਈਆ । ਮੈਂ ਬਣਿਆ ਰਿਹਾ ਗੁਸਤਾਖ਼, ਜੁਗ ਜੁਗ ਫੇਰਾ ਪਾਈਆ । ਸਦੀ ਵੀਹਵੀਂ ਮੇਰੀ ਖੁਲ੍ਹ ਗਈ ਜਾਗ, ਆਲਸ ਨਿੰਦਰਾ ਦਿਤੀ ਗਵਾਈਆ । ਜਾਂ ਵੇਖਿਆਂ ਮੈਂ ਜਾਣਿਆ ਬੁੱਝਿਆ ਤੁਹਾਡਾ ਮਾਲਕ ਪੁਰਖ ਅਬਿਨਾਸ਼, ਸ੍ਰੀ ਭਗਵਾਨ ਨਜ਼ਰੀ ਆਈਆ । ਮੈਂ ਬਣ ਕੇ ਦਾਸੀ ਦਾਸ, ਨਿਉਂ ਨਿਉਂ ਸੀਸ ਦਿਤਾ ਝੁਕਾਈਆ । ਬੇਨੰਤੀ ਕਰ ਕੇ ਕਿਹਾ ਪ੍ਰਭੂ ਤੂੰ ਵਸੀਂ ਇਨ੍ਹਾਂ ਪਾਸ, ਮੈਂ ਪਲ੍ਹ ਰਿਹਾ ਛੁਡਾਈਆ । ਇਹ ਤੇਰਾ ਖੇਲ ਤਮਾਸ਼, ਤੇਰੀ ਬੇਪਰਵਾਹੀਆ । ਅੰਤਰ ਆਤਮ ਕਰ ਲਾ ਦਾਸ, ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਭਿੰਨੜੀ ਰੈਣ ਵੇਖ ਰਾਤ, ਭਗਤਾਂ ਦੀ ਬਣੀ ਜਮਾਤ, ਸੋਹਣਾ ਦੇ ਦੇ ਸਾਥ, ਅੰਤ ਅਖ਼ੀਰੀ ਜਾਵਾਂ ਆਖ, ਦਾਤ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਾਹਿਬ ਸਤਿਗੁਰ ਤੇਰੀ ਸੱਚੀ ਸਰਨਾਈਆ ।



ਪੁਰਖ ਅਕਾਲ ਦਇਆ ਕਮੌਂਦਾ ਏ । ਦੀਨ ਦਿਆਲ ਆਖ ਸੁਣੌਂਦਾ ਏ । ਵਿਛੋੜੇ ਤੇਰਾ ਲੇਖਾ ਪੰਧ ਮੁਕੌਂਦਾ ਏ । ਸੰਤ ਸੁਹੇਲੇ ਆਪਣੇ ਨਾਲ ਜੋੜੇ, ਆਤਮ ਪਰਮਾਤਮ ਗੰਢ ਵਖੌਂਦਾ ਏ । ਲੱਖ ਚੁਰਾਸੀ ਕੋਟਾਂ ਵਿਚੋਂ ਥੋੜ੍ਹੇ, ਜਿਨ੍ਹਾਂ ਆਪਣੀ ਗੋਦ ਬਹੌਂਦਾ ਏ । ਬਾਂਕੇ ਨੱਢੇ ਬਣਾ ਕੇ ਛੋਹਰੇ, ਮੂਹਰੇ ਆਪਣੇ ਆਪ ਲਗੌਂਦਾ ਏ । ਜੋ ਪ੍ਰੇਮ ਪ੍ਰੀਤੀ ਅੰਦਰ ਸੋਹੰ ਗਾਵਣ ਦੋਹਰੇ, ਦੋਹਰਾ ਨਾਤਾ ਦੋਹਾਂ ਨਾਲ ਬਣੌਂਦਾ ਏ । ਦਰ ਆਇਆਂ ਕਦੇ ਨਾ ਮੋੜੇ, ਖ਼ਾਲੀ ਝੋਲੀ ਸਰਬ ਭਰੌਂਦਾ ਏ । ਸ਼ਬਦ ਅਗੰਮੀ ਚਾੜ੍ਹ ਕੇ ਘੋੜੇ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪਾਰ ਲੰਘੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰੌਂਦਾ ਏ । ਮਿਹਰ ਨਜ਼ਰ ਨਾਲ ਤਰਾਵਾਂਗਾ । ਮਹਿਬੂਬ ਹੋ ਕੇ ਮੁਹੱਬਤ ਇਕ ਸਿਖਾਵਾਂਗਾ । ਸਾਚੇ ਅਰਸ਼ ਅਰੂਜ, ਅਰਸ਼ਾਂ ਤੋਂ ਉਪਰ ਆਪ ਚੜ੍ਹਾਵਾਂਗਾ । ਮੰਜ਼ਲ ਦੱਸ ਕੇ ਇਕ ਮਕਸੂਦ, ਮਹਿਫ਼ਲ ਸਾਚੇ ਘਰ ਜਣਾਵਾਂਗਾ । ਆਰ ਪਾਰ ਦੀ ਪਾਰ ਕਰਾ ਕੇ ਹਦੂਦ, ਹਜ਼ਰਤ ਧੁਰ ਦਾ ਆਪ ਮਿਲਾਵਾਂਗਾ । ਮੁਰੀਦ ਮੁਰਸ਼ਦ ਮੁਰਸ਼ਦ ਮੁਰੀਦ ਇਕ ਦੂਜੇ ਨੂੰ ਲੈਣ ਬੂਝ, ਪਰਦਾ ਉਹਲਾ ਆਪ ਚੁਕਾਵਾਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਲੇਖ ਕਟਾਵਾਂਗਾ । ਜਗਤ ਵਿਛੋੜਾ ਲੇਖ ਮੁਕਾਏਗਾ । ਭੋਰਾ ਭੋਰਾ ਸਚ ਭੰਡਾਰਾ ਜੋ ਜਨ ਰਸਨਾ ਜਿਹਵਾ ਖਾਏਗਾ । ਉਨ੍ਹਾਂ ਦੀਆਂ ਪੂਰੀਆਂ ਕਰਾਂ ਲੋੜਾਂ, ਭਾਂਡਾ ਭਰਮ ਭੌ ਤੁੜਾਏਗਾ । ਓਥੇ ਕੀ ਕਰੇ ਵਿਛੋੜਾ ਜਿਥੇ ਭਗਤ ਭਗਵਾਨ ਦਾ ਜੋੜਾ, ਧੁਰ ਦਾ ਸੰਗੀ ਸੰਗ ਵਖਾਏਗਾ । ਅੱਜ ਤੋਂ ਵਿਛੋੜੇ ਨੂੰ ਜਵਾਬ ਮਿਲ ਗਿਆ ਕੋਰਾ, ਤੁਹਾਡੇ ਨੇੜੇ ਕਦੇ ਨਾ ਆਏਗਾ । ਰਾਤ ਨੂੰ ਸੁੱਤਿਆਂ ਤੁਹਾਡੇ ਅੰਦਰ ਵੜ ਜਾਵਾਂ ਵਾਂਗ ਚੋਰਾਂ, ਸੋਈ ਸੁਰਤੀ ਸ਼ਬਦ ਸਵਾਣੀ ਆਪ ਹਿਲਾਏਗਾ । ਨਾਮ ਦੱਸ ਕੇ ਮੰਤਰ ਫੇਰਾ, ਫੁਰਨੇ ਆਪਣੇ ਵਿਚ ਸਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਏਗਾ । ਵਿਛੋੜਾ

ਕਹੇ ਮੈਂ ਵੇਖਿਆ ਖੇਲ ਭਗਤ ਕੁਲ ਦਾ, ਕੁੱਲ ਆਲਮ ਦਿਆਂ ਜਣਾਈਆ। ਏਥੇ ਲਹਿਣਾ ਦੇਣਾ ਨਹੀਂ ਕੋਈ ਕ਼ੀਮਤ ਮੁੱਲ ਦਾ, ਪ੍ਰੇਮ ਪਿਆਰ ਮਿਲੇ ਵਡਿਆਈਆ। ਬਿਨ ਹਰਿ ਕਿਰਪਾ ਲੋਕਮਾਤ ਨਹੀਂ ਕੋਈ ਲੇਖਾ ਫੁਲ ਦਾ, ਗ਼ੁੰਚਾ ਕਲੀ ਨਾ ਕੋਇ ਮਹਿਕਾਈਆ। ਬਿਨ ਸਾਚੇ ਸਤਿਗੁਰ ਦੋ ਜਹਾਨਾਂ ਸਭ ਕੋਈ ਰੁਲਦਾ, ਫੜ ਬਾਹੋਂ ਗਲੇ ਨਾ ਕੋਇ ਲਗਾਈਆ। ਜੋ ਸਾਹਿਬ ਸਤਿਗੁਰ ਚਰਨ ਪ੍ਰੀਤੀ ਘੋਲ ਘੁਲਦਾ, ਆਪ ਆਪਣਾ ਜਾਏ ਮਿਟਾਈਆ। ਉਹ ਓਸ ਕੰਡੇ ਉਤੇ ਤੁਲਦਾ, ਜਿਸ ਦਾ ਵਜ਼ਨ ਅਠਾਰਾਂ ਭਾਰ ਕਹਿ ਨਾ ਕੋਇ ਸਮਝਾਈਆ। ਇਹ ਖੇਲ ਅਗੰਮ ਅਥਾਹ ਪੁਰਖ ਅਕਾਲ ਅਤੋਲ ਅਤੁਲ ਦਾ, ਬੇਮਿਸਾਲ ਮਿਸਲ ਆਪਣੀ ਰਿਹਾ ਬਣਾਈਆ। ਸੰਤ ਸੁਹੇਲਾ ਕਦੇ ਨਾ ਰੁਲਦਾ, ਜਿਸ ਸਿਰ ਆਪਣਾ ਹੱਥ ਟਿਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ। ਧਰਨੀ ਕਹੇ ਮੈਨੂੰ ਯਾਦ ਆ ਗਈ ਫੇਰ ਪਹਿਲੀ ਤਾਰੀਖ਼, ਜਿਸ ਦਿਨ ਬਾਲਮੀਕ ਚਲਿਆ ਬਣ ਕੇ ਰਾਹੀਆ। ਜੌਂ ਕਿਹਾ ਮੈਂ ਕਰਦਾ ਰਿਹਾ ਉਡੀਕ, ਤਿੰਨ ਜੁਗ ਧਿਆਨ ਲਗਾਈਆ। ਵਸ਼ਿਸ਼ਟ ਕਹੇ ਮੈਂ ਆਖ ਕੇ ਗਿਆ ਠੀਕ, ਮੇਲਾ ਹੋਣਾ ਸਹਿਜ ਸੁਭਾਈਆ। ਰਾਮ ਕਹੇ ਮੈਂ ਕਰਨ ਆਇਆ ਤਸਦੀਕ਼, ਸ਼ਹਾਦਤ ਦਿਆਂ ਭੁਗਤਾਈਆ। ਦੋਹਾਂ ਬਾਲਿਆਂ ਦਾ ਰੂਪ ਇਕ ਰਾਜਾ ਤੇ ਇਕ ਚੀਉਂਟੀ ਬਣਿਆ ਬਾਰੀਕ, ਗੋਬਿੰਦ ਦੋਹਾਂ ਮੇਲਾ ਸਹਿਜ ਸੁਭਾਈਆ। ਓਸੇ ਦੇ ਵਿਚ ਤੌਫ਼ੀਕ਼, ਜੋ ਵਿਛੜੇ ਰਿਹਾ ਮਿਲਾਈਆ। ਦੂਰ ਦੁਰਾਡਾ ਨੇਰਨ ਨੇਰਾ ਸਦਾ ਵਸੇ ਨਜ਼ਦੀਕ, ਘਰ ਘਰ ਸੋਭਾ ਪਾਈਆ। ਜਿਸ ਦਾ ਆਦਿ ਜੁਗਾਦਿ ਕੋਈ ਨਹੀਂ ਸ਼ਰੀਕ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ। ਸੋ ਦੇਵਣ ਆਇਆ ਸੱਚੀ ਤਰਤੀਬ, ਮਾਰਗ ਧੁਰ ਦਾ ਰਿਹਾ ਵਖਾਈਆ। ਲਹਿਣਾ ਦੇਣਾ ਚੁਕਾਵੇ ਸ਼ਾਹ ਫ਼ਕੀਰ, ਗ਼ਰੀਬਾਂ ਦੋਹਾਂ ਗੋਦ ਬਿਠਾਈਆ। ਧਰਨੀ ਕਹੇ ਮੇਰੇ ਜਾਗੇ ਅੱਜ ਨਸੀਬ, ਦੁਖੜੇ ਦਿਤੇ ਮਿਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਕਰੇ ਰੁਸ਼ਨਾਈਆ। ਧਰਨੀ ਕਹੇ ਕੁਛ ਮੈਥੋਂ ਲਓ ਪੁਛ, ਮੈਂ ਆਪਣਾ ਲੇਖਾ ਦਿਆਂ ਜਣਾਈਆ। ਪੁਰਖ ਅਕਾਲ ਖੇਲ ਕੀਤਾ ਸਚ ਮੁਚ, ਸਾਜਣ ਹੋ ਕੇ ਦਇਆ ਕਮਾਈਆ। ਪ੍ਰੇਮ ਪਿਆਰ ਪ੍ਰੀਤੀ ਅੰਦਰ ਗਿਆ ਰੁਝ, ਨਾ ਰੱਖੀ ਆਪਣੀ ਕੋਈ ਮਾਣ ਵਡਿਆਈਆ। ਭਗਤ ਸੁਹੇਲੇ ਵੇਖ ਕੇ ਸੁਤ, ਛੋਟੇ ਬਾਲਿਆਂ ਹੋਇਆ ਸਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਬਖ਼ਸ਼ੀ ਇਕ ਸਰਨਾਈਆ। ਧਰਨੀ ਕਹੇ ਮੇਰਾ ਖ਼ੁਸ਼ੀ ਬੰਦ ਬੰਦ, ਬੰਦਨਾ ਇਕ ਜਣਾਈਆ। ਮੈਨੂੰ ਆਇਆ ਉਹ ਅਨੰਦ, ਜੋ ਅਨੰਦਪੁਰੀ ਵਾਲਾ ਘਰ ਰਾਣੀ ਭੋਗ ਗਿਆ ਲਗਾਈਆ। ਓਸ ਦੀ ਅੰਤ ਅਖ਼ੀਰ ਵੰਡ, ਕੀੜੀ ਦਾ ਲੇਖ ਮੁਕਾਈਆ। ਮਾਲਕ ਹੋ ਕੇ ਸੂਰਾ ਸਰਬੰਗ, ਨੰਗੀ ਪੈਰੀਂ ਸੇਵ ਕਮਾਈਆ। ਭੁੱਖਾ ਰਹੇ ਨਾ ਕੋਈ ਲਾਡਲਾ ਚੰਦ, ਦਰਦੀਆਂ ਦਰਦ ਵੰਡਾਈਆ। ਲੋਕ ਲਜਿਆ ਨਾ ਕੋਈ ਸੰਗ, ਖ਼ੁਸ਼ੀਆਂ ਨਾਲ ਸੇਵ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ। ਧਰਨੀ ਕਹੇ ਜਿਸ ਵੇਲੇ ਸੋਹਣੀ ਬੈਠੀ ਪੰਗਤ, ਭੈਣ ਭਾਈ ਨਜ਼ਰੀ ਆਈਆ। ਰੂਪ ਵਖਰਾ ਚੜ੍ਹਿਆ ਰੰਗਤ, ਖ਼ੁਸ਼ੀ ਬੈਠੀ ਡੇਰਾ ਲਾਈਆ। ਇਕੋ ਆਸ ਇਕੋ ਮੰਗਤ, ਅੰਦਰ ਇਕ ਧਿਆਨ ਜਣਾਈਆ। ਪੁਰਖ ਅਕਾਲ ਵੇਖਿਆ ਧੁਰ ਦੀ ਸੰਗਤ, ਸਤਿ ਸਤਿਵਾਦੀ ਸੋਭਾ ਪਾਈਆ। ਬੋਧ ਅਗਾਧੇ ਅਗੰਮੀ ਪੰਡਤ, ਜਿਨ੍ਹਾਂ ਹੋਈ ਨਾਮ ਪੜ੍ਹਾਈਆ। ਨਾਤਾ ਟੁਟ ਗਿਆ ਜੇਰਜ ਅੰਡਜ, ਉਤਭੁਜ ਸੇਤਜ ਨਾ ਕੋਇ ਭੁਆਈਆ। ਜਨ ਭਗਤੋ ਤੁਹਾਨੂੰ ਅਗੇ ਕਿਸੇ ਦੀ ਕਰਨੀ ਪਏ

ਨਾ ਮਿੰਨਤ, ਆਵਣ ਜਾਵਣ ਲੱਖ ਚੁਰਾਸੀ ਫੰਦ ਦਿਤਾ ਕਟਾਈਆ । ਸਚਖੰਡ ਦਵਾਰਾ ਤੁਹਾਡੀ ਸਿੱਧੀ ਸਿੰਮਤ, ਚਿਤਰ ਗੁਪਤ ਰਾਜਾ ਧਰਮ ਰਾਹ ਵਿਚ ਨਾ ਕੋਇ ਅਟਕਾਈਆ । ਤੁਹਾਡੀ ਵੇਖ ਕੇ ਜਨਮ ਜਨਮ ਦੀ ਹਿੰਮਤ, ਹਮ ਸਾਜਨ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਨੂੰ ਕਰ ਕੇ ਬਾਹਰ ਵਿਚੋਂ ਸਵਰਗ ਜੱਨਤ, ਸਚ ਦਵਾਰ ਚਰਨ ਕਵਲ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਗੁਰਮੁਖ ਵੇਖਿਆ ਖ਼ੁਸ਼ਹਾਲ, ਰਵਿਦਾਸ ਚਮਾਰੇ ਮਿਲੀ ਵਡਿਆਈਆ । ਜਿਸ ਦੇ ਹੱਥ ਪ੍ਰੇਮ ਕੜਛੀ ਦਾਲ, ਸੋ ਦਲਿਦਰ ਰਿਹਾ ਗਵਾਈਆ । ਜਿਸ ਵੇਲੇ ਪੈ ਗਈ ਵਿਚ ਥਾਲ, ਤ੍ਰੈ ਵਸਤੂ ਰੂਪ ਵਟਾਈਆ । ਉਹਨੂੰ ਖਾ ਕੇ ਸ਼ਾਹ ਕੰਗਾਲ, ਇਕੋ ਰੂਪ ਗਏ ਵਟਾਈਆ । ਅੰਤਮ ਮੇਲਾ ਦੀਨ ਦਿਆਲ, ਜਗਤ ਵਿਛੋੜਾ ਦਏ ਗਵਾਈਆ । ਏਥੇ ਓਥੇ ਕਰੇ ਸੰਭਾਲ, ਦੋ ਜਹਾਨਾਂ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਥਾਲ ਕਹੇ ਜਿਸ ਵੇਲੇ ਮੈਨੂੰ ਕਿਸ਼ਨ ਸਿੰਘ ਕੀਤਾ ਸਾਫ਼, ਵੇਲਾ ਲਾਲੋ ਚੇਤੇ ਆਈਆ । ਸਭ ਦੇ ਗੁਨਾਹ ਹੋਏ ਮੁਆਫ਼, ਪਿਛਲੀ ਭੁਲ ਰਹੀ ਨਾ ਰਾਈਆ । ਅਗੇ ਸਭ ਦਾ ਇਕੋ ਬਾਪ, ਪੁਰਖ ਅਕਾਲ ਬੇਪਰਵਾਹੀਆ । ਜਿਸ ਦਾ ਆਦਿ ਜੁਗਾਦੀ ਜਾਪ, ਤੂੰ ਮੇਰਾ ਮੈਂ ਤੇਰਾ ਕਰੇ ਪੜ੍ਹਾਈਆ । ਸੋ ਸਾਹਿਬ ਸਵਾਮੀ ਨਜ਼ਰੀ ਆਏ ਸਾਖ਼ਿਆਤ, ਸਵੱਛ ਸਰੂਪੀ ਰੂਪ ਵਟਾਈਆ । ਜਿਸ ਵੇਲੇ ਲਾਲ ਸਿੰਘ ਰੱਖੇ ਗਲਾਸ, ਪੂਰਬ ਜਨਮਾਂ ਸੇਵਾ ਲੇਖੇ ਪਾਈਆ । ਰਾਜ ਨਰਾਇਣ ਭਰਿਆ ਆਬੇ ਹਯਾਤ, ਸਬਰ ਪਿਆਲਾ ਦਿਤਾ ਬਣਾਈਆ । ਧਰਨੀ ਕਹੇ ਮੈਨੂੰ ਬਿਨਾਂ ਖਾਧਿਆਂ ਆਇਆ ਸਵਾਦ, ਕਿਉਂ ਗੁਰਮੁਖਾਂ ਮੇਰੇ ਉਤੇ ਬਹਿ ਕੇ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਅੰਦਰ ਧੀਮੀ ਧੀਮੀ ਆਵਾਜ਼, ਸੋਹੰ ਢੋਲਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖੇ ਪਾਈਆ । ਧਰਨੀ ਕਹੇ ਮੈਂ ਖੋਲ੍ਹੀ ਅੱਖ, ਆਪਣੀ ਲਈ ਅੰਗੜਾਈਆ । ਪਰਮ ਪੁਰਖ ਦਾ ਖੇਲ ਵੇਖ ਪਰਤਖ, ਪਾਰਖੂ ਆਇਆ ਬੇਪਰਵਾਹੀਆ । ਹਕ਼ੀਕਤ ਵਿਚੋਂ ਭਗਤਾਂ ਦੇਵੇ ਹਕ, ਖ਼ਾਲੀ ਝੋਲੀ ਸਰਬ ਭਰਾਈਆ । ਸਚ ਭੰਡਾਰਾ ਜਿਨ੍ਹਾਂ ਲਿਆ ਛਕ, ਅਗੇ ਸੰਸਾ ਰੋਗ ਰਹੇ ਨਾ ਰਾਈਆ । ਵਿਛੋੜਾ ਜਗਤ ਵਾਲਾ ਜਗਿਆਸੂਓ ਤੁਹਾਡਾ ਖਹਿੜਾ ਗਿਆ ਛੱਡ, ਪਿਛੇ ਮੁਖ ਭਵਾਈਆ । ਇਹ ਮੰਨਣਾ ਪਏ ਸਚ, ਸਤਿ ਪ੍ਰਭੂ ਦ੍ਰਿੜਾਈਆ । ਕਾਇਆ ਮਾਟੀ ਕਚ, ਗਗਰੀਆ ਸਾਢੇ ਤਿੰਨ ਹੱਥ ਵੰਡ ਵੰਡਾਈਆ । ਮੇਲਾ ਹੋਇਆ ਨਾਲ ਸਬਬ, ਪੁਰਖ ਅਕਾਲ ਮਿਲਿਆ ਝਬ, ਸੰਤ ਸੁਹੇਲੇ ਸੱਜਣ ਲਭ, ਕਰਮਾਂ ਦੱਬੀ ਸੁਰਤੀ ਲਈ ਜਗਾਈਆ । ਨੌਂ ਦਵਾਰੇ ਪਾਰ ਕਰ ਕੇ ਹਦ, ਦਸਵੇਂ ਸੁਣਾਇਆ ਆਪਣਾ ਛੰਦ, ਖ਼ੁਸ਼ੀ ਕਰ ਕੇ ਬੰਦ ਬੰਦ, ਦੁਖੜਾ ਰਿਹਾ ਮਿਟਾਈਆ । ਤੁਸੀਂ ਪਰਸੰਨ ਹੋਏ ਅਨੰਦ, ਤੁਹਾਡੇ ਸਾਹਿਬ ਨੇ ਇਕ ਜੌਂ ਦਾ ਦਾਣਾ ਲਿਆ ਡੰਗ, ਡੰਗ ਤੁਹਾਡੇ ਘਰ ਟਪਾਈਆ । ਵਿਛੋੜੇ ਦੇ ਥਾਂ ਮਿਲੇ ਅਨੰਦ, ਅੰਧੇਰੇ ਦੇ ਥਾਂ ਚੜ੍ਹੇ ਚੰਦ, ਕੂੜੀ ਕਿਰਿਆ ਦਏ ਗਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੋਤ ਸ਼ਬਦ ਧਾਰ ਸਦਾ ਬਖ਼ਸ਼ੰਦ, ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਦਰ ਤੋਂ ਰਹੇ ਮੰਗ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਝੋਲੀਆਂ ਡਾਹੀਆ । ਉਹ ਸਵਾਮੀ ਅੰਤਰਜਾਮੀ ਨਿਹਕਰਮੀ ਨਿਹਕਾਮੀ ਤੁਹਾਡੇ ਸੰਗ ਸੂਰਾ ਸਰਬੰਗ, ਵਿਚ ਵਰਭੰਡ ਰੰਗ ਆਪਣਾ ਰਿਹਾ ਰੰਗਾਈਆ ।

## ❊ ੩੦ ਫੱਗਣ ੨੦੨੧ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਿਹ ਗੁਮਾਨ ਪੁਰ ਜ਼ਿਲਾ ਅੰਮ੍ਰਿਤਸਰ ❊

ਬੀਸ ਇੱਕੀਸ ਕਹੇ ਮੇਰੀ ਨਿਮਸਕਾਰ, ਨਮੋ ਨਮੋ ਪ੍ਰਭੂ ਸਰਨਾਈਆ । ਸਚਖੰਡ ਨਿਵਾਸੀ ਚਰਨ ਕਵਲ ਬਲਿਹਾਰ, ਪਤਿਪਰਮੇਸ਼ਵਰ ਇਕ ਸਰਨਾਈਆ । ਸੋ ਪੁਰਖ ਨਿਰੰਜਣ ਠਾਂਡਾ ਬਖ਼ਸ਼ ਸੱਚਾ ਦਰਬਾਰ, ਹਰਿ ਪੁਰਖ ਨਿਰੰਜਣ ਤੇਰੇ ਅਗੇ ਮੰਗ ਮੰਗਾਈਆ । ਇਕ ਓਅੰਕਾਰ ਕਰ ਪਿਆਰ, ਆਦਿ ਨਿਰੰਜਣ ਨਿਰਗੁਣ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਚਰਨ ਧੂੜੀ ਮਸਤਕ ਦੇ ਛਾਰ, ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਪਾਰਬ੍ਰਹਮ ਪ੍ਰਭ ਢਹਿ ਪਏ ਦਰਬਾਰ, ਦੀਨਨ ਹੋ ਕੇ ਮੰਗ ਮੰਗਾਈਆ । ਜੁਗ ਚੌਕੜੀ ਤੇਰਾ ਤਕਦੇ ਰਹੇ ਵਿਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਗਤ ਹੰਢਾਈਆ । ਹੁਕਮ ਮੰਨਦੇ ਵੇਂਹਦੇ ਰਹੇ ਗੁਰੂ ਅਵਤਾਰ, ਪੀਰ ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਦਰਵੇਸ਼ ਬਣਦੇ ਰਹੇ ਭਿਖਾਰ, ਨਿਰਗੁਣ ਖ਼ਾਲੀ ਝੋਲੀ ਅਗੇ ਡਾਹੀਆ । ਕਰੋੜ ਤੇਤੀਸਾ ਦੂਰ ਦੁਰਾਡਾ ਮੰਗਦਾ ਰਹੇ ਦੀਦਾਰ, ਆਦਿ ਜੁਗਾਦੀ ਧਿਆਨ ਲਗਾਈਆ । ਬ੍ਰਹਿਮੰਡ ਖੰਡ ਵੇਖ ਤੇਰਾ ਪਸਾਰ, ਪੁਰੀ ਲੋਅ ਆਕਾਸ਼ ਪਾਤਾਲ ਖ਼ੁਸ਼ੀ ਵਖਾਈਆ । ਰਵ ਸਸ ਤੇਰਾ ਨੂਰ ਉਜਿਆਰ, ਮੰਡਲ ਮੰਡਪ ਸੋਭਾ ਪਾਈਆ । ਨਿਰਗੁਣ ਸਰਗੁਣ ਤੇਰਾ ਖੇਲ ਅਪਾਰ, ਲੱਖ ਚੁਰਾਸੀ ਵੰਡ ਵੰਡਾਈਆ । ਚਾਰੇ ਖਾਣੀ ਕਰ ਕੇ ਖ਼ਬਰਦਾਰ, ਚਾਰੇ ਬਾਣੀ ਰਾਗ ਅਲਾਈਆ । ਸੁਣ ਸੁਣ ਥੱਕੇ ਵਿਚ ਸੰਸਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਦਏ ਦੁਹਾਈਆ । ਅੰਜੀਲ ਕੁਰਾਨ ਕਲਮਾ ਨਬੀ ਰਸੂਲ ਰਹੇ ਉਚਾਰ, ਬੋਧ ਅਗਾਧਾ ਇਕ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜੰਗਲ ਜੂਹ ਵੇਖੇ ਪਹਾੜ, ਟਿੱਲੇ ਪਰਬਤ ਸਮੁੰਦ ਧਿਆਨ ਲਗਾਈਆ । ਰਸਨਾ ਜਿਹਵਾ ਬੱਤੀ ਦੰਦ ਬੋਲਦੇ ਵੇਖੇ ਜੈਕਾਰ, ਸ਼ਬਦ ਨਾਦ ਧੁਨ ਸ਼ਨਵਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਵੇਖੇ ਗੁਰੂਦਵਾਰ, ਮਾਟੀ ਗਾਰਾ ਜੋੜ ਜੁੜਾਈਆ । ਸਰ ਸਰੋਵਰ ਤੀਰਥ ਤਟ ਵੇਖੇ ਕਿਨਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੋਜ ਖੁਜਾਈਆ । ਰਾਹ ਤਕਦੇ ਵੇਖੇ ਤੇਰਾ ਤੇਈ ਅਵਤਾਰ, ਈਸਾ ਮੂਸਾ ਮੁਹੰਮਦ ਨੈਣ ਉਠਾਈਆ । ਭਗਤ ਸੁਹੇਲੇ ਕਰਨ ਪੁਕਾਰ, ਗੁਰ ਦਸ ਮੰਗਣ ਸਰਨਾਈਆ । ਕਾਤਬ ਬਣ ਬਣ ਲੇਖਾ ਲਿਖ ਕੇ ਗਏ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਤੇਰੀ ਵਡਿਆਈਆ । ਭਵਿਖਤਾਂ ਵਿਚ ਹੁੰਦਾ ਰਿਹਾ ਇਜ਼ਹਾਰ, ਤਾਰੀਫ਼ਾਂ ਵਿਚ ਜਗਤ ਲੋਕਾਈਆ । ਨਾਦਾਂ ਵਿਚ ਵਜਦੀ ਰਹੀ ਧੁਨਕਾਰ, ਰਾਗਾਂ ਵਿਚ ਸੋਹਲੇ ਜਗਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਪੁਰਖ ਅਕਾਲ ਤੇਰੀ ਸਰਨਾਈਆ । ਬੀਸ ਇਕੀਸ ਕਹੇ ਮੇਰਾ ਹੋਇਆ ਅਖ਼ੀਰ, ਆਖ਼ਰ ਦਿਆਂ ਜਣਾਈਆ । ਸਚਖੰਡ ਦਵਾਰੇ ਝੁਕਦੇ ਵੇਖੇ ਪੀਰ, ਪੈਗ਼ੰਬਰ ਗੁਰ ਅਵਤਾਰ ਅੱਖ ਨਾ ਕੋਇ ਉਠਾਈਆ । ਖੇਲ ਵੇਖਿਆ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਫ਼ਕੀਰ, ਹਕੀਰ ਬੇਨਜ਼ੀਰ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਬਦਲਣਹਾਰਾ ਤਕ਼ਦੀਰ, ਤਦਬੀਰ ਆਪਣੀ ਦਏ ਸਮਝਾਈਆ । ਕੂੜੀ ਕਿਰਿਆ ਮੇਟਣਹਾਰਾ ਲਕੀਰ, ਸਚ ਸਤਿ ਲਏ ਪਰਗਟਾਈਆ । ਦਾਤਾ ਜੋਧਾ ਵਡ ਸੂਰਬੀਰ, ਹਾਕਮ ਹੁਕਮ ਇਕ ਮਨਾਈਆ । ਨਾਮ ਖੰਡਾ ਹੱਥ ਸ਼ਮਸ਼ੀਰ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਦੋ ਜਹਾਨਾਂ ਘਤਣਹਾਰ ਵਹੀਰ, ਚੌਦਾਂ ਤਬਕ ਫੋਲ ਫੁਲਾਈਆ । ਮੁਰੀਦ ਮੁਰਸ਼ਦ ਦਸਤਗੀਰ, ਵਾਹਿਦ ਨੂਰ ਇਕ ਖ਼ੁਦਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮੰਜ਼ਲ ਚੋਟੀ ਚੜ੍ਹ ਅਖ਼ੀਰ, ਮੁਕਾਮੇ ਹਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਬੀਸ ਇਕੀਸ ਕਹੇ ਮੈਂ ਮੰਗਾਂ ਮੰਗ, ਪੁਰਖ ਅਕਾਲ ਓਟ ਤਕਾਈਆ । ਮੇਰਾ ਲੇਖਾ ਗਿਆ ਲੰਘ, ਅਗਲਾ ਪਰਦਾ ਦਏ ਉਠਾਈਆ । ਕਲਜੁਗ ਕੂੜੀ ਕਿਰਿਆ ਛੱਡੀ ਸੇਜ ਪਲੰਘ, ਮਾਇਆ ਮਮਤਾ ਮੋਹ ਦਿਆਂ ਤਜਾਈਆ । ਮੇਰਾ ਮੇਲ ਮਿਲਾਵੇ ਜੋ ਛਡ ਕੇ ਗਿਆ ਪੁਰੀ ਅਨੰਦ, ਸੂਰੇ ਸਰਬੰਗ ਤੇਰੀ ਸਰਨਾਈਆ । ਜਿਸ ਨੂੰ ਤੱਤਾਂ ਵਾਲਾ ਕਹਿੰਦੇ ਗੁਜਰੀ ਦਾ ਚੰਦ, ਸ਼ਬਦੀ ਦਾਤਾ ਬੇਪਰਵਾਹੀਆ । ਦੋ ਜਹਾਨਾਂ ਬਣ ਜਾਏ ਸੰਗ, ਆਦਿ ਅੰਤ ਨਾ ਕੋਇ ਤੁੜਾਈਆ । ਸਤਿਜੁਗ ਸਤਿ ਸਤਿਵਾਦੀ ਆਪਣੀ ਧਾਰ ਗੰਢ, ਆਤਮ ਪਰਮਾਤਮ ਪਰਦਾ ਲਾਹੀਆ । ਜਗਤ ਦੁਹਾਗਣ ਵਿਛੋੜਾ ਚੁਕੇ ਰੰਡ, ਕੰਤ ਸੁਹਾਗੀ ਇਕ ਮਿਲਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਛੰਦ, ਧੁਰ ਦਾ ਢੋਲਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਦੇ ਸਰਨਾਈਆ । ਬੀਸ ਇਕੀਸ ਕਹੇ ਮੈਂ ਮੰਗਾਂ ਠਾਂਡੇ ਦਰਬਾਰ, ਅਲਖ ਨਿਰੰਜਣ ਤੇਰੀ ਇਕ ਸਰਨਾਈਆ । ਪੂਰਬ ਲਹਿਣਾ ਪਿਛਲਾ ਨਿਵਾਰ, ਮਾਰਗ ਅਗਲਾ ਦੇ ਸਮਝਾਈਆ । ਮੇਰਾ ਲੇਖਾ ਮੁਕਿਆ ਜੁਗ ਚਾਰ, ਕਲਜੁਗ ਅੰਤਮ ਡੇਰਾ ਢਾਹੀਆ । ਸਤਿਜੁਗ ਸਾਚੀ ਦੱਸ ਸੱਚੀ ਧਰਮਸਾਲ, ਜਿਥੇ ਸ਼ਾਹ ਹਕੀਰ ਸੋਭਾ ਪਾਈਆ । ਦੀਨ ਮਜ਼੍ਹਬ ਨਾ ਕੋਇ ਜੰਜਾਲ, ਊਚ ਨੀਚ ਨਾ ਕੋਇ ਵਖਾਈਆ । ਏਕਾ ਦੂਆ ਨਾ ਕੋਇ ਜੈਕਾਰ, ਇਕੋ ਤੇਰਾ ਨਾਮ ਸਿਫ਼ਤ ਸਾਲਾਹੀਆ । ਤੂੰ ਮਾਲਕ ਖ਼ਾਲਕ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਸਚਖੰਡ ਨਿਵਾਸੀ ਮਿਹਰਵਾਨ, ਮਹਿਬੂਬ ਮੁਹੱਬਤ ਦੇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਰ ਤੇ ਕਰ ਅੰਤ ਨਿਮਸਕਾਰ, ਆਪਣਾ ਲੇਖਾ ਗਏ ਮੁਕਾਈਆ । ਸਚ ਬੇਨੰਤੀ ਕਰ ਅਰਦਾਸ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਵਖਾਈਆ । ਬੀਸ ਇਕੀਸ ਕਹੇ ਮੈਂ ਰਹੀ ਮੁਕ, ਵੇਲਾ ਅੰਤ ਦਏ ਗਵਾਹੀਆ । ਪੁਰਖ ਅਕਾਲ ਦੀਨ ਦਿਆਲ ਅਗੰਮੀ ਉਠ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕਢ ਕੁਟ, ਲੋਕਮਾਤ ਰਹਿਣ ਨਾ ਪਾਈਆ । ਜਨ ਭਗਤਾਂ ਉਪਰ ਆ ਕੇ ਤੁਠ, ਸੰਤ ਸੁਹੇਲੇ ਗੁਰਮੁਖ ਲੈ ਜਗਾਈਆ । ਸਤਿ ਸਹੌਣੀ ਹੋਵੇ ਤੇਰੀ ਰੁਤ, ਪੱਤ ਡਾਲ੍ਹੀ ਲੈ ਮਹਿਕਾਈਆ । ਤੇਰਾ ਮੇਲਾ ਹੋਵੇ ਗੋਬਿੰਦ ਨਾਲ ਤੇਰੇ ਸੁਤ, ਜੋਤੀ ਸ਼ਬਦੀ ਵੱਜੇ ਵਧਾਈਆ । ਜੋ ਘਟ ਘਟ ਅੰਦਰ ਬੈਠਾ ਲੁਕ, ਸਾਢੇ ਤਿੰਨ ਹੱਥ ਕਾਇਆ ਮੰਦਰ ਡੇਰਾ ਲਾਈਆ । ਅੰਤਰ ਆਤਮ ਜਾਮ ਪਿਆ ਘੁਟ, ਨਿਝਰ ਝਿਰਨਾ ਇਕ ਝਿਰਾਈਆ । ਜਿਹੜੀ ਲਿਵ ਤੇਰੇ ਨਾਲੋਂ ਗਈ ਛੁਟ, ਸੋ ਆਪਣੇ ਨਾਲ ਲਏ ਮਿਲਾਈਆ । ਭਾਗ ਲਗਾ ਕਾਇਆ ਬੁਤ, ਬੁਤਖ਼ਾਨੇ ਸੋਭਾ ਪਾਈਆ । ਤੇਰਾ ਖੇਲ ਵੇਖਾਂ ਅਬਿਨਾਸ਼ੀ ਅਚੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇ ਸੱਚੀ ਸਰਨਾਈਆ । ਬੀਸ ਅਕੀਸ ਕਹੇ ਮੇਰਾ ਅਖ਼ੀਰੀ ਦਿਨ, ਦੋ ਜਹਾਨਾਂ ਦਿਆਂ ਜਣਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਗਣੌਂਦੇ ਰਹੇ ਗਿਣਤੀਆਂ ਵਿਚ ਗਿਣ ਗਿਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਜਿਸ ਦਾ ਸ਼ਬਦ ਇਸ਼ਾਰੇ ਨਾਲ ਦੱਸ ਕੇ ਗਏ ਚਿੰਨ੍ਹ, ਸੋ ਚਿੰਤਾ ਸਭ ਦੀ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਬੇਪਰਵਾਹੀਆ । ਬੀਸ ਇਕੀਸ ਕਹੇ ਮੇਰੀ ਅਖ਼ੀਰੀ ਰਾਤ, ਭਿੰਨੜੀ ਰੈਣ ਦਏ ਵਡਿਆਈਆ । ਸਚਖੰਡ ਦੁਆਰਿਉਂ ਮੰਗਾਂ ਇਕ ਸੁਗਾਤ, ਬਣ ਭਿਖਾਰਨ ਝੋਲੀ ਡਾਹੀਆ । ਕਿਰਪਾ ਕਰ ਪੁਰਖ ਅਬਿਨਾਸ਼,

ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਮੈਂ ਤੱਕਾਂ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜ ਕੁੜਿਆਰੀ ਪੈਂਦੀ ਵੇਖੀ ਰਾਸ, ਜੂਠ ਝੂਠ ਨਟੂਆ ਆਪਣਾ ਸਵਾਂਗ ਵਰਤਾਈਆ । ਸਚ ਵਸਤ ਹਰਿ ਕਾ ਨਾਮ ਕਿਸੇ ਨਾ ਪਾਸ, ਖ਼ਾਲੀ ਭਾਂਡੇ ਨਜ਼ਰੀ ਆਈਆ । ਮੈਂ ਲੱਖ ਚੁਰਾਸੀ ਅੰਦਰ ਵੇਖਿਆ ਮਾਰ ਕੇ ਝਾਤ, ਬਜਰ ਕਪਾਟੀ ਪਰਦਾ ਆਪ ਉਠਾਈਆ । ਆਤਮ ਪਰਮਾਤਮ ਜਾਣੇ ਕੋਈ ਨਾ ਗਾਥ, ਰਸਨਾ ਜਿਹਵਾ ਕਰਨ ਸਰਬ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਜੁੜਿਆ ਕਿਸੇ ਨਾ ਨਾਤ, ਲੱਖ ਚੁਰਾਸੀ ਘਰ ਘਰ ਕੂੜੀ ਹੋਵੇ ਕੁੜਮਾਈਆ । ਅੰਮ੍ਰਿਤ ਬੂੰਦ ਮਿਲੇ ਨਾ ਕਿਸੇ ਸਵਾਂਤ, ਕਵਲ ਨਾਭ ਨਾ ਕੋਇ ਉਲਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਗਏ ਆਖ, ਸੰਦੇਸ਼ਾ ਸ਼ਬਦ ਸੁਣਾਈਆ । ਕਲਜੁਗ ਅੰਤ ਅਖ਼ੀਰੀ ਆਵੇ ਆਪ, ਪਾਰਬ੍ਰਹਮ ਬੇਪਰਵਾਹੀਆ । ਜਿਸ ਦਾ ਰੂਪ ਰੰਗ ਰੇਖ ਨਾ ਕੋਈ ਜ਼ਾਤ, ਦੀਨ ਮਜ਼੍ਹਬ ਨਾ ਕੋਇ ਜਣਾਈਆ । ਜੋ ਹਰ ਘਟ ਅੰਦਰ ਰਖੇ ਵਾਸ, ਘਟ ਘਟ ਰਿਹਾ ਸਮਾਈਆ । ਜਨ ਭਗਤਾਂ ਦੇਵੇ ਧੁਰ ਦੀ ਦਾਤ, ਨਾਮ ਭੰਡਾਰਾ ਇਕ ਵਰਤਾਈਆ । ਸੋ ਮੇਰੀ ਪੂਰੀ ਕਰੇ ਆਸ, ਰੈਣ ਅਖ਼ੀਰੀ ਰਹੀ ਕੁਰਲਾਈਆ । ਜਿਸ ਦਾ ਹੁਕਮ ਲੇਖੇ ਵਰਤੇ ਲੇਖਾ ਕ਼ਲਮ ਦਵਾਤ, ਕਾਗ਼ਜ਼ ਸ਼ਾਹੀ ਜੋੜ ਜੁੜਾਈਆ । ਉਸ ਦੇ ਅਗੇ ਨਾ ਕੋਈ ਸਵਾਲ ਨਾ ਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਅੰਤ ਕਰਨ ਆਈ ਆਦਾਬ, ਨਿਉਂ ਨਿਉਂ ਲਾਗਾਂ ਪਾਈਆ । ਮੈਨੂੰ ਮਿਲਣਾ ਅੰਤ ਅਖ਼ੀਰੀ ਵਖਰਾ ਸਰਬ ਤੋਂ ਖ਼ਿਤਾਬ, ਖ਼ਤਾ ਮੇਰੀ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਕੱਢ ਨਹੀਂ ਸਕੇ ਹਿਸਾਬ, ਬੇਅੰਤ ਬੇਅੰਤ ਬੇਅੰਤ ਕਹਿ ਕੇ ਪਲੂ ਗਏ ਛੁਡਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਸ਼ਾਹ ਨਵਾਬ, ਪੁਰਖ ਅਕਾਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਚੁਕਾਈਆ । ਮੇਰਾ ਲੇਖਾ ਚੁਕੇ ਕਲਜੁਗ ਅੰਤ, ਵੀਹ ਸੌ ਇੱਕੀ ਬਿਕ੍ਰਮੀ ਧਿਆਨ ਲਗਾਈਆ । ਕਿਰਪਾ ਕਰੇ ਸ੍ਰੀ ਭਗਵੰਤ, ਪਾਰਬ੍ਰਹਮ ਵੱਡੀ ਵਡਿਆਈਆ । ਜਿਸ ਦਾ ਹੁਕਮ ਜੁਗਾ ਜੁਗੰਤ, ਦੋ ਜਹਾਨ ਨਾ ਕੋਇ ਮੇਟ ਮਿਟਾਈਆ । ਜੋ ਨਿਤ ਨਵਿਤ ਪਰਗਟਾਵਣਹਾਰਾ ਸਾਚੇ ਸੰਤ, ਗੁਰਮੁਖ ਸੱਜਣ ਲਏ ਜਗਾਈਆ । ਜੋ ਆਤਮ ਪਰਮਾਤਮ ਮੇਲ ਮਿਲਾਵਣਹਾਰਾ ਨਾਰ ਕੰਤ, ਸੇਜ ਸੁਹੰਜਣੀ ਦਏ ਵਡਿਆਈਆ । ਜਿਸ ਦੀ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਮੌਲਣੀ ਰੁਤ ਬਸੰਤ, ਬਾਰਾਂ ਮਾਸ ਇਕੋ ਰੰਗ ਰੰਗਾਈਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਪੂਰਨ ਭਗਵੰਤ, ਪਰਵਰਦਿਗਾਰ ਸਾਂਝਾ ਯਾਰ ਵਾਹਿਦ ਇਕ ਅਖਵਾਈਆ । ਜਿਸ ਨੇ ਸਤਿਜੁਗ ਸਾਚੀ ਬਣੌਣੀ ਬਣਤ, ਧਰਮ ਦਵਾਰ ਦਏ ਵਡਿਆਈਆ । ਜਿਸ ਦਾ ਇਕੋ ਚਲਣਾ ਮੰਤ, ਜੀਵ ਜੰਤ ਦਏ ਸਮਝਾਈਆ । ਜੋ ਬੋਧ ਅਗਾਧਾ ਬਣ ਕੇ ਆਇਆ ਪੰਡਤ, ਚੌਦਾਂ ਵਿਦਿਆ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਬੀਸ ਇਕੀਸ ਕਹੇ ਮੈਂ ਹੋਈ ਦਰਵੇਸ਼, ਘਰ ਸਾਚੇ ਅਲਖ ਜਗਾਈਆ । ਮੇਰਾ ਪੂਰਬ ਚੁਕ ਜਾਏ ਲੇਖ, ਅਗੇ ਮਿਲੇ ਵਡਿਆਈਆ । ਪੁਰਖ ਅਕਾਲ ਦਾ ਚੜ੍ਹਨ ਵਾਲਾ ਸੰਮਤ ਮਹੀਨਾ ਚੇਤ, ਚੇਤਨ ਸਭ ਨੂੰ ਦਏ ਕਰਾਈਆ । ਸ਼ਬਦ ਸੰਦੇਸ਼ਾ ਦੇਸ ਪਰਦੇਸ, ਧੁਰ ਦਰਬਾਰੀ ਆਪ ਸੁਣਾਈਆ । ਹੁਕਮੇ ਅੰਦਰ ਬਦਲ ਕੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਸ਼ੰਕਰ ਪੰਧ ਮੁਕਾਈਆ । ਸਚਖੰਡ ਸੁਹਾ ਕੇ ਆਪਣਾ ਦੇਸ, ਥਿਰ ਘਰ ਪਰਦਾ ਦਏ ਉਠਾਈਆ । ਸੁੰਨ ਅਗੰਮੀ ਖੇਲਣਹਾਰਾ ਖੇਡ, ਭੇਵ ਅਭੇਦਾ ਦਏ ਸਮਝਾਈਆ । ਜਿਸ ਦਾ ਆਦਿ ਜੁਗਾਦੀ ਜੋਤੀ ਜਲਵਾ

੪੫੭

ਨੂਰੀ ਤੇਜ, ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ੀ ਪੁਰਖ ਅਬਿਨਾਸ਼ੀ ਇਕ ਅਖਵਾਈਆ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਭੇਜ, ਹੁਕਮੇ ਅੰਦਰ ਸੇਵ ਲਗਾਈਆ । ਸੋ ਮਾਲਕ ਦੋ ਜਹਾਨਾਂ ਇਕ ਨਰੇਸ਼, ਨਰ ਨਰਾਇਣ ਨਿਰੰਕਾਰ ਇਕ ਹੋ ਆਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖ ਨਾ ਸਕੇ ਲੇਖ, ਖਾਣੀ ਬਾਣੀ ਅੰਤ ਨਾ ਕੋਇ ਜਣਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਘਟ ਰਿਹਾ ਵੇਖ, ਸਦੀ ਚੌਧਵੀਂ ਬੀਸ ਇਕੀਸਾ ਹਰਿ ਜਗਦੀਸਾ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬੀਸ ਅਕੀਸ ਕਹੇ ਮੈਂ ਛੱਡਿਆ ਝਗੜਾ, ਅੰਤਮ ਆਵਾਜ਼ ਰਹੀ ਜਣਾਈਆ । ਮੈਨੂੰ ਮਾਰਗ ਨਜ਼ਰੀ ਆਏ ਅਗਲਾ, ਜੋ ਪੁਰਖ ਅਕਾਲ ਰਿਹਾ ਲਗਾਈਆ । ਕਲਜੁਗ ਪਿਛੇ ਸਤਿਜੁਗ ਇਕ ਦੂਜੇ ਦਾ ਹੋਵੇ ਬਦਲਾ, ਤਬਦੀਲੀ ਰੀਤੀ ਨੀਤੀ ਵਿਚ ਵਖਾਈਆ । ਸਦੀ ਚੌਧਵੀਂ ਅਖ਼ੀਰੀ ਵੇਖੇ ਮਜ਼ਲਾ, ਮੰਜ਼ਲ ਆਪਣਾ ਪੰਧ ਮੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਿਸੇ ਹੱਥ ਨਾ ਆਵੇ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਜੰਗਲਾ, ਖੋਜ ਖੋਜ ਥੱਕੀ ਸਰਬ ਲੋਕਾਈਆ । ਜੋ ਲੇਖਾ ਜਾਣੇ ਸਰਬ ਸਗਲਾ, ਸਭ ਦਾ ਮਾਲਕ ਇਕੋ ਨਜ਼ਰੀ ਆਈਆ । ਸੋ ਕਲਜੁਗ ਕੂੜ ਕੁੜਿਆਰ ਮੇਟੇ ਪਗ਼ਲਾ, ਬੌਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਬੀਸ ਇਕੀਸ ਕਹੇ ਮੈਂ ਵੇਖਣ ਆਈ ਵਾਧਾ, ਵਦੀ ਸੁਦੀ ਦੋਵੇਂ ਬੈਠੀ ਮੁਖ ਛੁਪਾਈਆ । ਕਰੇ ਖੇਲ ਗੋਬਿੰਦ ਗੁਰ ਨਾਲ ਪੁਰਖ ਅਕਾਲ ਦਾਦਾ, ਗੁਰਮੁਖ ਦੇਵਣਹਾਰ ਸੱਚੀ ਵਡਿਆਈਆ । ਜਿਸ ਨੇ ਰਚਨ ਰਚਾਈ ਆਦਿ ਸੋ ਲੇਖਾ ਜਾਣੇ ਜੁਗ ਜੁਗਾਦਾ, ਚੌਕੜੀ ਆਪਣਾ ਹੁਕਮ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਰਖਦੇ ਰਹੇ ਆਸਾ, ਭਵਿਖਤਾਂ ਵਿਚ ਬਿਆਨ ਲਿਖਾਈਆ । ਚਰਨ ਕਵਲ ਧਰਦੇ ਰਹੇ ਭਰਵਾਸਾ, ਕਰ ਬੇਨੰਤੀ ਮੰਗ ਮੰਗਾਈਆ । ਕਵਣ ਵੇਲਾ ਕਲਜੁਗ ਪ੍ਰਭ ਨਿਰਗੁਣ ਨੂਰ ਹੋਵੇ ਪਰਕਾਸ਼ਾ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸਦਾ ਖੋਲ੍ਹ ਨਾ ਸਕਿਆ ਕੋਈ ਖ਼ੁਲਾਸਾ, ਭੇਵ ਅਭੇਦ ਨਾ ਕੋਈ ਸਮਝਾਈਆ । ਇਸ਼ਾਰਿਆਂ ਨਾਲ ਕਰਦੇ ਗਏ ਬਾਤਾਂ, ਹੁਕਮੇ ਅੰਦਰ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਪੁਰਖ ਅਕਾਲ ਕਹੇ ਸੁਣ ਬੀਸ ਇਕੀਸ, ਧੁਰ ਫ਼ਰਮਾਨ ਦਿਆਂ ਜਣਾਈਆ । ਇਹ ਖੇਲ ਹਰਿ ਜਗਦੀਸ, ਜਗਤੀਸ਼ਵਰ ਵੇਖ ਵਖਾਈਆ । ਜਿਸ ਦੀ ਸਿਫ਼ਤ ਕਰਨ ਰਾਗ ਛਤੀਸ, ਤੀਸ ਬਤੀਸ ਢੋਲੇ ਗਾਈਆ । ਜਿਸ ਦੀ ਕਲਮਿਆਂ ਵਿਚ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਸੋ ਮਾਲਕ ਇਕੋ ਠੀਕ, ਠਾਕਰ ਨਜ਼ਰੀ ਆਈਆ । ਜੋ ਲੱਖ ਚੁਰਾਸੀ ਲਏ ਜੀਤ, ਗੜ੍ਹ ਹੰਕਾਰ ਸਰਬ ਤੁੜਾਈਆ । ਤੇਰਾ ਲਹਿਣਾ ਗਿਆ ਬੀਤ, ਅੰਤ ਚਰਨ ਕਵਲ ਮਿਲੇ ਸਰਨਾਈਆ । ਅਗੇ ਸਤਿ ਸਤਿਵਾਦੀ ਬਦਲੇ ਰੀਤ, ਪਤਿਤ ਪੁਨੀਤ ਦਏ ਬਣਾਈਆ । ਸਾਚਾ ਸੋਹਲਾ ਦੱਸ ਕੇ ਇਕੋ ਗੀਤ, ਆਤਮ ਪਰਮਾਤਮ ਜੋੜ ਜੁੜਾਈਆ । ਕਾਇਆ ਕਾਅਬਾ ਮੰਦਰ ਮਸੀਤ, ਮੁੱਲਾ ਮੁਸਾਇਕ ਸ਼ੇਖ਼ ਦੇ ਦ੍ਰਿੜਾਈਆ । ਸਾਚੀ ਕਰ ਕੇ ਆਪ ਤਬਲੀਗ਼, ਤਾਬਿਆਦਾਰੀ ਇਕ ਵਖਾਈਆ । ਆਤਮ ਪਰਮਾਤਮ ਦੱਸ ਕੇ ਵਲਦੀਅਤ, ਮਲਕੀਅਤ ਇਕੋ ਘਰ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵਣਹਾਰਾ ਤਰਤੀਬ, ਜੁਗ ਜੁਗ ਲੇਖਾ ਦਏ ਚੁਕਾਈਆ । ਵੇਖਣਹਾਰਾ ਹਸਤ ਕੀਟ, ਅਣਡੀਠ ਆਪਣੀ ਧਾਰ ਪਰਗਟਾਈਆ । ਸਾਚੀ ਦੱਸ ਕੇ ਸ਼ਬਦ ਪ੍ਰੀਤ, ਸੁਰਤ ਸੁਆਣੀ

ਲਏ ਉਠਾਈਆ । ਝਗੜਾ ਮੁਕਾ ਕੇ ਊਚ ਨੀਚ, ਰਾਓ ਰੰਕ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਇਕ ਅਖਵਾਈਆ । ਬੀਸ ਅਕੀਸ ਕਹੇ ਮੈਨੂੰ ਅੰਤ ਅਖ਼ੀਰੀ ਇਕ ਚਾ, ਚਾਓ ਘਨੇਰਾ ਨਜ਼ਰੀ ਆਈਆ । ਜਨ ਭਗਤੋ ਮੇਰੀ ਸੁਣੋ ਸਲਾਹ, ਧੁਰ ਦੇ ਹੁਕਮ ਨਾਲ ਜਣਾਈਆ । ਸਭ ਦਾ ਮਾਲਕ ਇਕੋ ਮਲਾਹ, ਪੁਰਖ ਅਕਾਲ ਬੇਪਰਵਾਹੀਆ । ਓਸ ਦਾ ਸਿਮਰੋਂ ਇਕੋ ਨਾਂ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋ ਰਾਮ ਰਹੀਮ ਵਾਹਿਗੁਰੂ ਅੱਲ੍ਹਾ ਰਿਹਾ ਅਖਵਾ, ਜਲਵਾਗਰ ਨੂਰ ਜਹੂਰ ਕਰੇ ਰੁਸ਼ਨਾਈਆ । ਓਸ ਦੇ ਅਗੇ ਸਾਰੇ ਕਰੋ ਦੁਆ, ਬੇਨੰਤੀ ਇਕੋ ਇਕ ਜਣਾਈਆ । ਤੂੰ ਪਰਮਾਤਮ ਸਭ ਦਾ ਸਾਂਝਾ ਇਕ ਖ਼ੁਦਾ, ਖ਼ੁਦੀ ਤਕੱਬਰੀ ਦੇ ਮਿਟਾਈਆ । ਜਿਸ ਨੂੰ ਸਜਦਾ ਕਰਦੇ ਗਏ ਆਦਮ ਹਵਾ, ਸ਼ੰਕਰ ਪਾਰਬਤੀ ਨਾਲ ਮੰਗਦਾ ਗਿਆ ਸਰਨਾਈਆ । ਓਸ ਦੇ ਅਗੇ ਖੇਲ ਕੋਈ ਕਰੇ ਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਵੇਖ ਵਖਾਈਆ । ਵੀਹ ਸੌ ਇੱਕੀ ਕਹੇ ਸੁਣੋ ਜਨ ਸੰਤ, ਸ਼ਬਦ ਸੰਦੇਸ਼ਾ ਦਿਆਂ ਸੁਣਾਈਆ । ਠਾਕਰ ਦਾ ਸੁਣ ਲਓ ਮੰਤ, ਮੰਤਵ ਹਲ ਵਖਾਈਆ । ਜਿਹਨੂੰ ਕਹਿੰਦੇ ਗਏ ਬੇਅੰਤ, ਸੋ ਪਰਦਾ ਰਿਹਾ ਉਠਾਈਆ । ਇਕੋ ਨੂਰ ਜੋਤ ਸ੍ਰੀ ਭਗਵੰਤ, ਰਕਤ ਬੂੰਦ ਵੰਡ ਨਾ ਕੋਈ ਵੰਡਾਈਆ । ਜੋ ਆਦਿ ਜੁਗਾਦੀ ਸਭ ਦਾ ਕੰਤ, ਕੰਤੂਲ ਸੱਚਾ ਸ਼ਹਿਨਸ਼ਾਹੀਆ । ਤੁਹਾਡਾ ਮੇਲਾ ਓਸ ਦੇ ਨਾਲ ਅੰਤ, ਜੋ ਅੰਤਸ਼ਕਰਨ ਦਾ ਮਾਲਕ ਸਦ ਅਖਵਾਈਆ । ਦੂਜੇ ਦਰ ਨਾ ਹੋਇਓ ਮੰਗਤ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਆਪਣਾ ਪੰਧ ਮੁਕਾਈਆ । ਕਿਸੇ ਦੇ ਕੋਲ ਪਿਛਲੀ ਰਹਿ ਨਹੀਂ ਗਈ ਸੰਨਦ, ਲੇਖਾ ਸਭ ਦਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਆਪ ਉਠਾਈਆ । ਬੀਸ ਇਕੀਸ ਕਹੇ ਸੁਣੋ ਗੁਰਮੁਖ, ਮੁਫ਼ਤ ਦਿਆਂ ਜਣਾਈਆ । ਬਿਨ ਪੁਰਖ ਅਕਾਲ ਮਿਲੇ ਨਾ ਕੋਈ ਸੁਖ, ਦੁੱਖਾਂ ਭਰੀ ਲੋਕਾਈਆ । ਜਿਸਦੀ ਧਾਰੋਂ ਆਏ ਉਠ, ਆਤਮ ਪਰਮਾਤਮ ਰੂਪ ਵਟਾਈਆ । ਓਸ ਦਾ ਪਰਦਾ ਵੇਖੋ ਚੁਕ, ਜੋ ਤੁਹਾਡੇ ਅੰਤਰ ਰਿਹਾ ਟਿਕਾਈਆ । ਪਿਆਰੇ ਹੋ ਕੇ ਲਓ ਪੁੱਛ, ਪ੍ਰੀਤਮ ਆਪਣਾ ਲਓ ਮਨਾਈਆ । ਉਹ ਦੇਵਣਹਾਰਾ ਸਭ ਕੁਛ, ਸ਼ਬਦ ਭੰਡਾਰ ਸਤਿ ਵਰਤਾਈਆ । ਦੀਨ ਦਿਆਲ ਹੋ ਕੇ ਜਾਵੇ ਤੁਠ, ਮਿਹਰ ਨਜ਼ਰ ਆਪ ਉਠਾਈਆ । ਅੰਮ੍ਰਿਤ ਜਾਮ ਪਿਆਵੇ ਘੁਟ, ਬੂੰਦ ਸਵਾਂਤੀ ਇਕ ਟਪਕਾਈਆ । ਸਾਡਾ ਆਵਣ ਜਾਵਣ ਲੇਖਾ ਜਾਵੇ ਮੁਕ, ਲੱਖ ਚੁਰਾਸੀ ਫੰਦ ਕਟਾਈਆ । ਜਿਹੜਾ ਨੌ ਸੌ ਚੁਰਾਨਵੇ ਚੌਕੜੀ ਜੁਗ ਬੈਠਾ ਰਿਹਾ ਅਲੋਪ ਹੋ ਕੇ ਚੁਪ, ਸਾਖ਼ਿਆਤ ਖੇਲ ਨਾ ਕੋਇ ਵਖਾਈਆ । ਸੋ ਸਾਹਿਬ ਸਵਾਮੀ ਪਹਿਲੀ ਚੇਤ ਹੋਣਾ ਖ਼ੁਸ਼, ਖ਼ੁਸ਼ਹਾਲੀ ਤੁਹਾਡੀ ਦਏ ਬਣਾਈਆ । ਕੂੜ ਕੁੜਿਆਰਾ ਪੈਂਡਾ ਗਿਆ ਮੁਕ, ਸਚ ਵਣਜਾਰਾ ਲਏ ਪਰਗਟਾਈਆ । ਜਿਸ ਨੇ ਗੋਬਿੰਦ ਬਣਾਇਆ ਆਪਣਾ ਪੁਤ, ਲੋਕਮਾਤ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਕਾਰ ਕਮਾਈਆ । ਬੀਸ ਇਕੀਸ ਕਹੇ ਮੈਂ ਗੁਰਮੁਖਾਂ ਦੱਸਾਂ, ਧੁਰ ਦਾ ਹਾਲ ਜਣਾਈਆ । ਮੈਂ ਪ੍ਰਭ ਦਾ ਦਰਸ਼ਨ ਪਾਇਆ ਅੱਖਾਂ, ਜੋਤੀ ਜੋਤ ਡਗਮਗਾਈਆ । ਖ਼ੁਸ਼ੀਆਂ ਨਾਲ ਬਹਿ ਕੇ ਹੱਸਾਂ, ਅੰਤ ਅਖ਼ੀਰੀ ਦਿਆਂ ਦ੍ਰਿੜਾਈਆ । ਜਨ ਭਗਤੋ ਸਦਾ ਮਿਲ ਕੇ ਤੁਹਾਡੇ ਵਿਚ ਵਸਾਂ, ਵਾਸਤਾ ਇਕੋ ਨਾਲ ਜੁੜਾਈਆ । ਮੈਂ ਨਾਤਾ ਛੱਡਿਆ ਪੱਥਰ ਇੱਟਾਂ, ਮਿੱਟੀ ਗਾਰਾ ਸੰਗ ਨਾ ਕੋਇ ਰਖਾਈਆ । ਚਾਰੋਂ ਕੁੰਟ ਦੁਹੱਥੜ ਮਾਰ ਕੇ ਪਿੱਟਾਂ, ਬੁਤਖ਼ਾਨਿਆਂ ਦਿਆਂ ਦ੍ਰਿੜਾਈਆ । ਵੇਖੋ ਅਗਲੇ ਸੰਮਤ ਕੀ ਨਿਕਲਦਾ ਸਿੱਟਾ, ।


੪੫੯

ਸਾਹਿਬ ਸਤਿਗੁਰ ਵੇਖ ਜਿਹੜਾ ਭਗਤ ਦਵਾਰੇ ਕਾਗ਼ਜ਼ ਦੱਬਿਆ ਚਿੱਟਾ, ਓਸਦਾ ਲੇਖਾ ਕਲ੍ਹ ਨੂੰ ਦੇਣਾ ਲਿਖਾਈਆ । ਜਿਸ ਦੇ ਹੁਕਮ ਨਾਲ ਸਤਿ ਧਰਮ ਦਾ ਚਲਣਾ ਸਿੱਕਾ, ਦੋ ਜਹਾਨਾਂ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬੀਸ ਇਕੀਸ ਕਹੇ ਮੈਂ ਦੇਵਾਂ ਅੰਤ ਵਧਾਈ, ਸੁਨੇਹੜਾ ਸਚ ਸੁਣਾਈਆ । ਅਬਿਨਾਸ਼ੀ ਕਰਤੇ ਖੇਲ ਰਚਾਈ, ਰਚਨਾ ਵੇਖੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਪਏ ਸਰਨਾਈ, ਸਿਰ ਸਕੇ ਨਾ ਕੋਇ ਉਠਾਈਆ । ਪੀਰ ਪੈਗ਼ੰਬਰ ਮੰਗਣ ਦੁਆਈ, ਨਿਉਂ ਨਿਉਂ ਧੂੜੀ ਟਿੱਕਾ ਮਸਤਕ ਲਾਈਆ । ਚਾਰ ਜੁਗ ਦਾ ਭਵਿਖਤ ਦੇਵੇ ਗਵਾਹੀ, ਸ਼ਹਾਦਤ ਇਕੋ ਵਾਰ ਭੁਗਤਾਈਆ । ਪਿਛਲਾ ਲੇਖਾ ਰਿਹਾ ਮੁਕਾਈ, ਮੁਕੰਮਲ ਆਪਣਾ ਹੁਕਮ ਮਨਾਈਆ । ਅਗਲਾ ਮਾਰਗ ਇਕ ਦਰਸਾਈ, ਦਹਿ ਦਿਸ਼ਾ ਦਏ ਜਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਗਾਵਣ ਚਾਈਂ ਚਾਈਂ, ਮਧੁਰ ਧੁਨ ਰਾਗ ਅਲਾਈਆ । ਧਰਨੀ ਧਰਤ ਧਵਲ ਮੰਡਲ ਮੰਡਪ ਆਕਾਸ਼ ਪਾਤਾਲ ਪਰਕਾਸ਼ ਕਰੇ ਰੁਸ਼ਨਾਈ, ਅੰਧ ਅੰਧੇਰ ਰਹਿਣ ਨਾ ਪਾਈਆ । ਆਤਮ ਪਰਮਾਤਮ ਮੇਲਾ ਹੋਵੇ ਸਹਿਜ ਸੁਭਾਈ, ਜੋਗ ਅਭਿਆਸ ਹਠ ਤਪ ਸਨਿਆਸ ਵੈਰਾਗ ਤਿਆਗ ਨਾ ਕੋਇ ਜਣਾਈਆ । ਨਿਜ ਨੇਤਰ ਲੋਚਣ ਨੈਣ ਤੱਕੇ ਅੱਖ ਗੁਸਾਈਂ, ਦਰਸ ਦੇਵੇ ਪਰਤਖ, ਸਾਖ਼ਿਆਤ ਨੂਰੋ ਨੂਰ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਗੌਣਾ ਜਸ, ਲੇਖਾ ਮੁਕਣਾ ਤੀਰਥ ਅਠਸਠ, ਸਚ ਇਸ਼ਨਾਨ ਅੰਤਰ ਆਤਮ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਧੁਰ ਦਾ ਹੁਕਮ ਹਰਿ ਕਰਤਾਰ, ਜਗ ਕਰਤਾ ਆਪ ਜਣਾਈਆ । ਜਿਸ ਨੂੰ ਸਮਝੇ ਕੋਈ ਨਾ ਵਿਚ ਸੰਸਾਰ, ਮਨ ਮਤਿ ਬੁਧਿ ਭੇਵ ਕੋਇ ਨਾ ਆਈਆ । ਸਾਚੀ ਕਰਨੀ ਕਰੇ ਆਪ ਕਰਤਾਰ, ਅਕਲ ਕਲਧਾਰੀ ਆਪਣੀ ਖੇਲ ਕਰਾਈਆ । ਬੀਸ ਇਕੀਸ ਤੇਰਾ ਵੇਖ ਕੇ ਸਰਬ ਅਹਿਵਾਲ, ਦੀਨ ਦਿਆਲ ਹੋਏ ਸਹਾਈਆ । ਤੇਰੀ ਲੇਖੇ ਲਗੇ ਘਾਲ, ਕੀਤੀ ਘਾਲ ਤੇਰੀ ਝੋਲੀ ਪਾਈਆ । ਅਗੇ ਚੜ੍ਹਨਾ ਭਗਤ ਭਗਵੰਤ ਦਾ ਸਾਲ, ਪੰਡਤ ਪਾਂਧਾ ਭੇਵ ਕਿਸੇ ਨਾ ਆਈਆ । ਜਿਸ ਦਾ ਲੇਖਾ ਲਿਖਣਾ ਕਮਾਲ, ਕ਼ਲਮ ਸ਼ਾਹੀ ਬੈਠੀ ਅੱਖ ਉਠਾਈਆ । ਪੁਰਖ ਅਕਾਲ ਬਣਨਾ ਦਲਾਲ, ਵਿਚੋਲਾ ਬੇਪਰਵਾਹੀਆ । ਝਗੜਾ ਮੁਕਣਾ ਸ਼ਾਹ ਕੰਗਾਲ, ਊਚ ਨੀਚ ਰਾਓ ਰੰਕ ਇਕੋ ਰੰਗ ਵਖਾਈਆ । ਸਵਾ ਪਹਿਰ ਸਰਬ ਧਿਆਨ, ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਸਰਨਾਈਆ । ਜਿਹੜਾ ਅਜੇ ਤਕ ਮਿਹਰ ਨਜ਼ਰ ਨਾਲ ਦਿਤਾ ਨਹੀਂ ਕਿਸੇ ਗਿਆਨ, ਸੋ ਮਹਿਬਾਨ ਹੋ ਕੇ ਮਿਹਰ ਨਜ਼ਰ ਦੇਵੇ ਟਿਕਾਈਆ । ਚਰਨ ਧੂੜੀ ਬਖ਼ਸ਼ ਇਸ਼ਨਾਨ, ਦੁਰਮਤ ਮੈਲ ਪਰੇ ਦੇਵੇ ਕਰਾਈਆ । ਨਾਤਾ ਤੋੜ ਕੇ ਕਾਲ ਮਹਾਕਾਲ, ਸਚਖੰਡ ਸੱਚੀ ਧਰਮਸਾਲ ਬਖ਼ਸ਼ੇ ਸਰਨ ਸਰਨਾਈਆ । ਜੋ ਮੰਗਾਂ ਮੰਗਦਾ ਰਿਹਾ ਰਵਾਲ, ਸੰਮਤ ਚੌਦਾਂ ਦਾ ਅਹਿਵਾਲ, ਇੱਕੀ ਸੌ ਕੋਸ ਦਾ ਖ਼ਿਆਲ, ਅਭੁਲ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸਮੇਂ ਦਾ ਸਾਚਾ ਸੰਮਤ, ਜਿਸ ਦੀ ਮੰਗ ਮੰਗਦੇ ਗਏ ਸੂਫ਼ੀ ਫ਼ਕੀਰ ਗੁਰ ਅਵਤਾਰ ਪੈਗ਼ੰਬਰ ਆਪਣੀ ਝੋਲੀ ਡਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਸ ਦੀ ਦੋ ਜਹਾਨ ਬਣਾ ਕੇ ਬਣਤ, ਜਿਸਨੂੰ ਕੋਈ ਨਾ ਸਮਝੇ ਸੰਤ, ਧੁਰ ਦਾ ਖੇਲ ਸ੍ਰੀ ਭਗਵੰਤ, ਕਰੇ ਕਰਾਏ ਆਦੀ ਕੰਤ, ਕ਼ੁਦਰਤ ਦਾ ਮਾਲਕ, ਖ਼ਲਕ ਦਾ ਖ਼ਾਲਕ, ਭਗਤ ਦਾ ਸਾਲਸ, ਖ਼ਾਲਸ ਖ਼ਾਸ ਦਏ ਜਣਾਈਆ ।

## ❊ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ❊

### ❊ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਪਹਿਲੀ ਚੇਤ ਕਹੇ ਸ਼ਹਿਨਸ਼ਾਹੀ ਸੰਮਤ, ਸਮਾਂ ਸਮਾਂ ਦਿਤਾ ਬਦਲਾਈਆ । ਸਚਖੰਡ ਦਵਾਰੇ ਗੁਰ ਅਵਤਾਰ ਪੀਰ ਪੈਗ਼ੰਬਰ ਹੋ ਗਏ ਮੰਗਤ, ਥਿਰ ਘਰ ਬੈਠੇ ਸੀਸ ਨਿਵਾਈਆ । ਕਰ ਡੰਡਾਵਤ ਧੁਰ ਚਰਨ ਮਿੰਨਤ, ਸਜਦਾ ਸੀਸ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਅਗੇ ਰਹੀ ਕੋਈ ਨਾ ਹਿੰਮਤ, ਹੌਸਲਾ ਅਵਰ ਨਾ ਕੋਇ ਜਣਾਈਆ । ਨਵ ਨੌਂ ਚਾਰ ਜੁਗ ਚੌਕੜੀ ਤੇਰੇ ਪ੍ਰੇਮ ਪਿਆਰ ਦਾ ਖਾਧਾ ਨਿਮਕ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੀ ਕਾਰ ਕਮਾਈਆ । ਝਗੜਾ ਮੁਕਾ ਕੇ ਸਵਰਗ ਜੱਨਤ, ਲੋਕ ਪਰਲੋਕ ਦੋ ਜਹਾਨ ਪੁਰੀ ਲੋਅ ਆਕਾਸ਼ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇ ਵਖਾਈਆ । ਸੰਮਤ ਕਹੇ ਮੇਰਾ ਮਾਲਕ ਸ਼ਹਿਨਸ਼ਾਹ, ਸੋ ਪੁਰਖ ਨਿਰੰਜਣ ਇਕ ਅਖਵਾਇੰਦਾ । ਜੋ ਆਦਿ ਜੁਗਾਦਿ ਜੁਗ ਚੌਕੜੀ ਲਹਿਣੇ ਸਰਬ ਮੁਕਾ, ਪ੍ਰਿਥਮੀ ਆਕਾਸ਼ ਖੋਜ ਖੁਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਬਹਾ, ਧੁਰ ਫ਼ਰਮਾਨਾ ਇਕ ਸਮਝਾਇੰਦਾ । ਇਕੋ ਪੁਰਖ ਅਕਾਲ ਲੈਣਾ ਮਨਾ, ਪਰਵਰਦਿਗਾਰ ਇਕੋ ਨਜ਼ਰੀ ਆਇੰਦਾ । ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਲੱਖ ਚੁਰਾਸੀ ਘਟ ਘਟ ਵਾਸੀ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਇੰਦਾ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਗਿਆ ਆ, ਸਤਿਜੁਗ ਦੇਵਾਂ ਮਾਣ ਵਡਿਆਈਆ । ਦੋ ਜਹਾਨਾਂ ਇਕ ਮਲਾਹ, ਪਾਰਬ੍ਰਹਮ ਦਿਆਂ ਵਖਾਈਆ । ਜਿਸ ਦੇ ਦਰ ਤੇ ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਸੀਸ ਰਹੇ ਨਿਵਾ, ਨੇਤਰ ਅੱਖ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਬੈਠੇ ਧੁਰ ਦਾ ਢੋਲਾ ਰਹੇ ਗਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸੋ ਮਾਲਕ ਖ਼ਾਲਕ ਬੇਪਰਵਾਹ, ਪਤਿਪਰਮੇਸ਼ਵਰ ਆਪਣੇ ਹੱਥ ਰੱਖੇ ਵਡਿਆਈਆ । ਪੂਰਬ ਲਹਿਣੇ ਸਰਬ ਮੁਕਾ, ਮੁਕੰਮਲ ਆਪਣਾ ਹੁਕਮ ਮਨਾਈਆ । ਨੂਰੀ ਜਲਵਾ ਇਕ ਖ਼ੁਦਾ, ਵਾਹਿਦ ਲਾਸ਼ਰੀਕ ਸ਼ਹਿਨਸ਼ਾਹ ਆਪਣਾ ਭੇਵ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੰਮਤ ਕਹੇ ਮੈਂ ਗਿਆ ਚੜ੍ਹ, ਚੜ੍ਹਦੀ ਕਲਾ ਇਕ ਵਖਾਈਆ । ਪੁਰਖ ਅਕਾਲ ਦਾ ਪੱਲੂ ਲਿਆ ਫੜ, ਦੂਜੀ ਓਟ ਨਾ ਕੋਇ ਤਕਾਈਆ । ਦੋ ਜਹਾਨ ਰਹੇ ਡਰ, ਸਿਰ ਸਕੇ ਨਾ ਕੋਇ ਉਠਾਈਆ । ਧਰਨੀ ਧਰਤ ਧਵਲ ਕਰੇ ਥਰ ਥਰ, ਧੌਲਾ ਅੰਦਰ ਬਾਹਰ ਦਏ ਦੁਹਾਈਆ । ਕੌਣ ਜਾਣੇ ਕਰਤਾ ਪੁਰਖ ਕੀ ਰਿਹਾ ਕਰ, ਕਰਨੀ ਦਾ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਜਣਾਈਆ । ਸ਼ਹਿਨਸ਼ਾਹੀ ਸੰਮਤ ਕਹੇ ਸੁਣੋ ਜਨ ਭਗਤ, ਧੁਰ ਸੰਦੇਸ਼ਾ ਦਿਆਂ ਸਮਝਾਈਆ । ਪੁਰਖ ਅਕਾਲ ਦਾ ਸੋਹਣਾ ਵਕਤ, ਨਵ ਨੌਂ ਚਾਰ ਪਿਛੋਂ ਕਰੇ ਰੁਸ਼ਨਾਈਆ । ਭੇਵ ਚੁਕਾ ਕੇ ਅਰਸ਼ ਫ਼ਰਸ਼, ਦੋ ਜਹਾਨਾਂ ਖੋਜ ਖੁਜਾਈਆ । ਸੰਤ ਸੁਹੇਲੇ ਕਰ ਕਰ ਤਰਸ, ਗੁਰ ਚੇਲੇ ਲਏ ਮਿਲਾਈਆ । ਗੁਰਮੁਖਾਂ ਪੂਰੀ ਕਰਨਹਾਰਾ ਗ਼ਰਜ਼, ਅਰਜ਼ ਆਰਜ਼ੂ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਦ੍ਰਿੜਾਈਆ । ਸੰਮਤ ਕਹੇ ਮੈਂ ਦੇਵਣ ਆਇਆ ਸੰਦੇਸ਼ਾ, ਰੁਤੜੀ ਰੁਤ ਨਾਲ ਬਦਲਾਈਆ ।

ਪੁਰਖ ਅਕਾਲ ਦੀਨ ਦਿਆਲ ਜੋਤ ਸਰੂਪੀ ਧਰਿਆ ਭੇਸਾ, ਵੇਸ ਅਵਲੜਾ ਇਕ ਵਟਾਈਆ । ਸ਼ਬਦੀ ਸੁਤ ਜੋਧਾ ਸੂਰਬੀਰ ਗੁਰ ਦਸਮੇਸਾ, ਗੋਬਿੰਦ ਖੜਗ ਖੰਡਾ ਇਕ ਚਮਕਾਈਆ । ਨਰ ਨਿਰੰਕਾਰ ਹਰਿ ਕਰਤਾਰ ਸਚਖੰਡ ਨਿਵਾਸੀ ਇਕ ਨਰੇਸ਼ਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਨਿਤ ਨਵਿਤ ਵੇਖਣਹਾਰਾ ਲੇਖਾ, ਆਦਿ ਜੁਗਾਦਿ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਸੰਮਤ ਕਹੇ ਮੈਨੂੰ ਲੈਣਾ ਸਮਝ, ਚਾਰ ਕੁੰਟ ਦਿਆਂ ਜਣਾਈਆ । ਅੱਜ ਦੀ ਰਾਤ ਗਿਆਰਾਂ ਲੱਖ ਨੂੰ ਮਾਰਨੀ ਰਮਜ਼, ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਦਿਆਂ ਹਿਲਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮੇਰੇ ਹੱਥ ਨਬਜ਼, ਆਤਮ ਪਰਮਾਤਮ ਨਾੜ ਬਹੱਤਰ ਹੱਡ ਮਾਸ ਰਕਤ ਬੂੰਦ ਆਪਣਾ ਖੇਲ ਵਖਾਈਆ । ਸਾਹਿਬ ਸਵਾਮੀ ਅੰਤਰਜਾਮੀ ਆਪਣਾ ਪੂਰਾ ਕਰਨ ਆਇਆ ਫ਼ਰਜ਼, ਫ਼ੈਸਲਾ ਹਕ ਹਕ਼ੀਕਤ ਵਿਚੋਂ ਰਿਹਾ ਦ੍ਰਿੜਾਈਆ । ਤੇਈ ਅਵਤਾਰਾਂ ਈਸਾ ਮੂਸਾ ਮੁਹੰਮਦ ਦਸ ਗੁਰ ਅਠਾਰਾਂ ਭਗਤ ਸੁਣ ਕੇ ਅਰਜ਼, ਬੇਨੰਤੀ ਆਪਣੀ ਝੋਲੀ ਰਿਹਾ ਪਾਈਆ । ਨਿਰਗੁਣ ਨਿਰਵੈਰ ਨਿਰਾਕਾਰ ਖੇਲੇ ਖੇਲ ਇਕ ਅਸਚਰਜ, ਅਚਰਜ ਲੀਲ੍ਹਾ ਆਪ ਵਰਤਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਆਇਆ ਮਰਦ, ਦੂਜੀ ਮਦਦ ਨਾ ਕੋਇ ਤਕਾਈਆ । ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨਾਂ ਮੇਟਣਹਾਰ ਤਸ਼ੱਦਦ, ਧੁਰ ਫ਼ਰਮਾਨਾ ਸ੍ਰੀ ਭਗਵਾਨਾ ਇਕੋ ਹੁਕਮ ਸੁਣਾਈਆ । ਜਗਤ ਕਸਾਈ ਛੁਰੀ ਰਹੇ ਕੋਈ ਨਾ ਕਰਦ, ਕ਼ਾਤਲ ਮਕਤੂਲ ਦੋਵੇਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਭੇਵ ਰਿਹਾ ਖੁਲ੍ਹਾਈਆ । ਸੰਮਤ ਕਹੇ ਮੇਰੀ ਆ ਗਈ ਵਾਰੀ, ਵਾਰਤਾ ਅਗਲੀ ਦਿਆਂ ਜਣਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰੀ, ਮਨ ਮਤਿ ਬੁਧਿ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਕਾਤਬ ਬਣੇ ਲਿਖਾਰੀ, ਬੋਧ ਅਗਾਧਾ ਗਿਆਨ ਦਏ ਦ੍ਰਿੜਾਈਆ । ਸੋ ਦੋ ਜਹਾਨਾਂ ਮਾਲਕ ਸ਼ਾਹ ਪਾਤਸ਼ਾਹ ਸੱਚਾ ਨਿਰੰਕਾਰੀ, ਨਿਰਗੁਣ ਨਿਰਵੈਰ ਆਪਣਾ ਹੁਕਮ ਮਨਾਈਆ । ਚਾਰ ਵਰਨਾਂ ਸਭ ਦੇ ਨਾਲੋਂ ਤੋੜ ਕੇ ਯਾਰੀ, ਪੁਰਖ ਅਕਾਲ ਇਸ਼ਟ ਸਭ ਨੂੰ ਦਏ ਵਖਾਈਆ । ਸਾਚੇ ਸੰਤਾਂ ਪੂਰਨ ਭਗਤਾਂ ਗੁਰਮੁਖਾਂ ਆਤਮ ਰਹੇ ਨਾ ਕੋਇ ਕੁਆਰੀ, ਨਰ ਹਰਿ ਕੰਤ ਦਿਆਂ ਮਿਲਾਈਆ । ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਕਰ ਖ਼ੁਆਰੀ, ਲੋਕਮਾਤ ਬਾਹਰ ਕਢਾਈਆ । ਸਤਿਜੁਗ ਸਾਚੇ ਛੋਟੇ ਪੁਤ ਲਾਲ ਦੁਲਾਰੀ, ਨੰਨ੍ਹੇ ਦਿਆਂ ਵਡਿਆਈਆ । ਭੇਵ ਅਭੇਦਾ ਅਛਲ ਅਛੇਦਾ ਅਗੰਮ ਅਥਾਹ ਖੋਲ੍ਹ ਕੇ ਪਹਿਲੀ ਵਾਰੀ, ਵਾਰਤਾ ਅਗਲੀ ਦਿਆਂ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ, ਅੰਜੀਲ ਕ਼ੁਰਾਨ ਜਿਸ ਦੀ ਸਿਫ਼ਤ ਰਹੀ ਉਚਾਰੀ, ਮਹਿੰਮਾ ਨਾਲ ਰਹੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਇਕ ਅਖਵਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਸਭ ਦਾ ਮਾਲਕ, ਈਸਾ ਮੂਸਾ ਮੁਹੰਮਦ ਬੈਠੇ ਸੀਸ ਨਿਵਾਈਆ । ਨਾਨਕ ਗੋਬਿੰਦ ਮੈਨੂੰ ਮੰਨਿਆ ਸਾਲਸ, ਰਾਮਾ ਕ੍ਰਿਸ਼ਨਾ ਰਾਹ ਤਕਾਈਆ । ਜਗਤ ਉਧਾਰਨ ਭਗਤਾਂ ਪੈਜ ਸਵਾਰਨ ਪ੍ਰਭ ਦੀ ਆਦਤ, ਅਦਲ ਇਕੋ ਇਕ ਜਣਾਈਆ । ਜਿਸ ਦੇ ਦਵਾਰੇ ਵੁਕਲਾ ਕਰੇ ਨਾ ਕੋਇ ਵਕਾਲਤ, ਆਪਣਾ ਹੁਕਮ ਨਾ ਕੋਇ ਦ੍ਰਿੜਾਈਆ । ਸਦੀ ਬੀਸ ਇਕੀਸਾ ਅੰਤਮ ਕਹਿ ਕੇ ਗਿਆ ਗੁਰ ਅਵਤਾਰ ਪੀਰ ਪੈਗ਼ੰਬਰ ਅਗੇ ਕੋਈ ਨਾ ਕਰੇ ਕਿਸੇ ਸਫ਼ਾਰਸ਼, ਬੰਦੀਖ਼ਾਨੇ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ ।

ਸੰਮਤ ਕਹੇ ਉਠ ਸਤਿਜੁਗ ਮੀਤ, ਪਹਿਲੀ ਚੇਤਰ ਤੈਨੂੰ ਦਿਆਂ ਜਣਾਈਆ । ਮੇਰੇ ਨਾਲ ਮਿਲ ਕੇ ਗਾ ਲੈ ਓਸ ਪ੍ਰਭੂ ਦਾ ਗੀਤ, ਜੋ ਮੰਦਰ ਮਸੀਤ ਵਿਚੋਂ ਹੱਥ ਕਿਸੇ ਨਾ ਆਈਆ । ਜੋ ਹਰ ਘਟ ਵਸਿਆ ਊਚ ਨੀਚ, ਰਾਓ ਰੰਕਾਂ ਵਿਚ ਸਮਾਈਆ । ਜਿਸ ਕਲਜੁਗ ਬਦਲ ਕੇ ਤੇਰੀ ਚਲੌਣੀ ਸਾਚੀ ਰੀਤ, ਸਤਿ ਸਤਿਵਾਦੀ ਮਾਰਗ ਦਏ ਬਣਾਈਆ । ਏਕਾ ਘਰ ਵਸੌਣਾ ਹਸਤ ਕੀਟ, ਸ਼ਾਹ ਦਰਵੇਸ਼ ਇਕ ਦਵਾਰੇ ਅਲਖ ਜਗਾਈਆ । ਜਿਸ ਮਨ ਵਾਸਨਾ ਸਭ ਦੀ ਲਈ ਜੀਤ, ਸ਼ਬਦ ਨਾਦ ਧੁਨ ਕਰੇ ਸ਼ਨਵਾਈਆ । ਜੋ ਸਚਖੰਡ ਦਵਾਰੇ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਪਿਛਲਾ ਲੇਖਾ ਬੀਸ ਇਕੀਸੇ ਪਿਛੇ ਗਿਆ ਬੀਤ, ਅਗੇ ਚਲਣਾ ਧੁਰ ਰਜ਼ਾਈਆ । ਪ੍ਰਭ ਦਾ ਖੇਲ ਸਦਾ ਅਨਡੀਠ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਸਚ ਪੁਛੇਂ ਵਿਚੋਲਾ ਬਣਿਆ ਗੋਬਿੰਦ ਮੀਤ, ਸ਼ਬਦੀ ਧਾਰਾ ਨਜ਼ਰ ਕਿਸੇ ਨਾ ਆਈਆ । ਪੁਰਖ ਅਕਾਲ ਦੀ ਲੰਘ ਕੇ ਅੰਦਰ ਦਹਲੀਜ਼, ਸਚ ਦਵਾਰੇ ਆਪਣੀ ਸੋਭਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਹੋ ਵਸਨੀਕ, ਵਾਸਤਾ ਇਕੋ ਨਾਲ ਜੁੜਾਈਆ । ਇਹ ਮਾਰਗ ਵਖਰਾ ਸਭ ਤੋਂ ਬਾਰੀਕ, ਜਗਤ ਨੇਤਰ ਨੈਣ ਵੇਖਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿਜੁਗ ਕਹੇ ਸੁਣ ਸੰਮਤ ਸੁਲੱਖਣੇ, ਬੇਨੰਤੀ ਦਿਆਂ ਜਣਾਈਆ । ਪੁਰਖ ਅਕਾਲ ਦੀਨ ਦਿਆਲ ਕਿਤ ਬਿਧ ਦਰਸ਼ਨ ਤਕਣੇ, ਨੇਤਰ ਲੋਚਣ ਨੈਣ ਬਿਗਸਾਈਆ । ਕਿਸ ਬਿਧ ਨਾਲ ਭਗਤ ਭਗਵਾਨ ਪਰਖਣੇ, ਕਸਵਟੀ ਕਵਣ ਉਪਾਈਆ । ਭੇਵ ਅਭੇਦੇ ਸਾਰੇ ਤੈਨੂੰ ਦੱਸਣੇ, ਪਰਦਾ ਉਹਲਾ ਰਹੇ ਨਾ ਰਾਈਆ । ਕੀ ਗੋਬਿੰਦ ਜਨਮੇ ਜਿਉਂ ਗੁਜਰੀ ਮਾਤ ਪਟਨੇ, ਪਾਟਲ ਹੋ ਕੇ ਫੇਰਾ ਪਾਈਆ । ਕੀ ਖੇਲ ਪ੍ਰਿਥਮੀ ਆਕਾਸ਼ਨੇ, ਗਗਨ ਮੰਡਲ ਦਏ ਦ੍ਰਿੜਾਈਆ । ਕੀ ਢੋਲੇ ਧੁਰ ਦੇ ਆਖਣੇ, ਕਵਣ ਸਚ ਪੜ੍ਹਾਈਆ । ਕੀ ਖੇਲ ਜ਼ਾਹਰ ਬਾਤਨੇ, ਗੁਪਤ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਸ ਬਿਧ ਆਪਣੀ ਕਾਰ ਕਮਾਈਆ । ਸੰਮਤ ਕਹੇ ਸੁਣ ਸਤਿਜੁਗ ਸੱਜਣ, ਧੁਰ ਲੇਖਾ ਦਿਆਂ ਦ੍ਰਿੜਾਈਆ । ਪੁਰਖ ਅਕਾਲ ਖੇਲ ਸਮਰਥਨ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੇ ਸਭ ਦੀ ਪੂਰੀ ਕਰਨੀ ਆਸਨ, ਤ੍ਰਿਸ਼ਨਾ ਦਏ ਗਵਾਈਆ । ਸੋ ਨਿਰਗੁਣ ਨੂਰ ਜੋਤ ਪਰਕਾਸ਼ਨ, ਗੋਬਿੰਦ ਸ਼ਬਦੀ ਸੁਤ ਪਰਗਟਾਈਆ । ਜਿਸ ਦਾ ਜਲਵਾ ਪ੍ਰਿਥਮੀ ਆਕਾਸ਼ਨ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਜਿਸ ਦੀ ਮਿਹਰ ਨਜ਼ਰ ਨਾਲ ਕੋਟਨ ਕੋਟ ਉਤਰਨੇ ਪਾਪਨ, ਦੁਰਮਤ ਮੈਲ ਦਏ ਧੁਆਈਆ । ਜਿਸ ਦਾ ਇਕੋ ਹੋਣਾ ਸੱਚਾ ਜਾਪਨ, ਤੂੰ ਮੇਰਾ ਮੈਂ ਤੇਰਾ ਸਚ ਸੰਦੇਸ਼ਾ ਦਏ ਸੁਣਾਈਆ । ਉਹ ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਵਰੋਲੇ ਮਾਖਣ, ਕੋਟਾਂ ਵਿਚੋਂ ਕੁਛ ਆਪਣੇ ਰੰਗ ਰੰਗਾਈਆ । ਪ੍ਰੇਮ ਪ੍ਰੀਤੀ ਪਿਆਰ ਮੁਹੱਬਤ ਵਿਚ ਕਰ ਕੇ ਦਾਸੀ ਦਾਸਨ, ਸੇਵਕ ਚਾਕਰ ਦਰ ਠਾਂਡੇ ਲਏ ਬਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਲੱਖ ਚੁਰਾਸੀ ਜੀਵ ਜੰਤ ਦੇ ਪਤਰੇ ਆਇਆ ਵਾਚਣ, ਆਤਮ ਪਰਮਾਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਦਾ ਕ਼ਾਦਰ ਆਪਣਾ ਵੇਸ ਵਟਾਈਆ । ਸਤਿਜੁਗ ਕਹੇ ਕੁਛ ਹੋਰ ਦੱਸ, ਜੋ ਪ੍ਰਭ ਤੈਨੂੰ ਰਿਹਾ ਜਣਾਈਆ । ਸੰਮਤ ਕਹੇ ਇਹ ਓਸ ਦੇ ਵਸ, ਜਿਸ ਸ਼ਹਿਨਸ਼ਾਹ ਤੇਰੀ ਮੇਰੀ ਬਣਤ ਬਣਾਈਆ । ਉਹ ਭਗਤਾਂ ਦੇਵਣ ਆਇਆ ਹਕ, ਪੂਰਬ ਲਹਿਣਾ ਝੋਲੀ ਪਾਈਆ । ਅੰਦਰੋਂ ਖੋਲ੍ਹ ਕੇ ਉਨ੍ਹਾਂ ਦੀ ਅੱਖ, ਨਿਜ ਨੇਤਰ ਦਰਸ਼ਨ ਰਿਹਾ ਕਰਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਚਾਰ ਵਰਨ ਵਣਜਾਰੇ ਰਿਹਾ ਉਪਜਾਈਆ । ਸ਼ਬਦ

ਅਗੰਮੀ ਮਾਰ ਕੇ ਸੱਟ, ਸੋਈ ਸੁਰਤੀ ਆਪ ਉਠਾਈਆ । ਕਰ ਪਰਕਾਸ਼ ਨਿਰਮਲ ਜੋਤ ਲਟ ਲਟ, ਗ੍ਰਿਹ ਗ੍ਰਿਹ ਦੀਪਕ ਰਿਹਾ ਟਿਮਕਾਈਆ । ਲਹਿਣਾ ਦੇਣਾ ਮੁਕਾ ਕੇ ਤੀਰਥ ਅਠਸਠ, ਅੰਮ੍ਰਿਤ ਝਿਰਨਾ ਨਿਝਰ ਇਕ ਝਿਰਾਈਆ । ਜਿਸ ਗੋਬਿੰਦ ਨਾਲੋਂ ਕਲਜੁਗ ਜੀਵ ਪਿਛੇ ਗਏ ਹਟ, ਅੰਤਮ ਓਸੇ ਨਾਲ ਮਿਲਾਈਆ । ਸੇਜ ਸੁਹੰਜਣੀ ਦੱਸ ਕੇ ਖਾਟ, ਘਰ ਘਰ ਵਿਚ ਪਰਦਾ ਲਾਹੀਆ । ਜਨ ਭਗਤਾਂ ਅੰਦਰ ਰਹਿਣ ਨਹੀਂ ਦੇਣੀ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਕਰੇ ਰੁਸ਼ਨਾਈਆ । ਸੰਤ ਮਿਲਾ ਕੇ ਆਪਣੀ ਜ਼ਾਤ, ਜੋਤੀ ਜੋਤ ਵਿਚ ਸਮਾਈਆ । ਗੁਰਮੁਖ ਦਰਸ ਦੇਵੇ ਇਕਾਂਤ, ਰਾਤੀਂ ਸੁੱਤਿਆਂ ਲਏ ਜਗਾਈਆ । ਗੁਰਸਿਖਾਂ ਨਾਲ ਕਰ ਕੇ ਆਵੇ ਬਾਤ, ਫੜ ਬਾਂਹੋਂ ਗੋਦ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਪੂਰਾ ਕਰ ਕੇ ਭਵਿਖਤ ਗਾਕ, ਵੀਹ ਸੌ ਇੱਕੀ ਬਿਕ੍ਰਮੀ ਅੰਤਮ ਲਹਿਣਾ ਦਿਤਾ ਮੁਕਾਈਆ । ਅਗੇ ਸਤਿ ਧਰਮ ਦਾ ਖੋਲ੍ਹ ਕੇ ਤਾਕ, ਪੜਦਾ ਦਿਤਾ ਚੁਕਾਈਆ । ਧੁਰ ਦੇ ਮਾਰਗ ਚਲਣ ਦੀ ਦੱਸ ਕੇ ਜਾਚ, ਸਾਚੀ ਸਿਖਿਆ ਇਕ ਸਮਝਾਈਆ । ਗੁਰਮੁਖੇ ਪ੍ਰਭ ਮਿਲਣ ਦੀ ਸਾਚੀ ਆਸ, ਦੂਜੀ ਤ੍ਰਿਸ਼ਨਾ ਕੰਮ ਕਿਸੇ ਨਾ ਆਈਆ । ਘਰ ਮਾਲਕ ਸੱਜਣ ਮਿਲੇ ਅਹਿਬਾਬ, ਮਹਿਬੂਬ ਨੂਰ ਖ਼ੁਦਾਈਆ । ਤਨ ਵਜੂਦ ਵਜਾਏ ਰਬਾਬ, ਸੋਹਣਾ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਤਿਜੁਗ ਕਹੇ ਮੈਂ ਪਹਿਲੋਂ ਕਿਥੇ ਉਠਾਂ, ਪ੍ਰਭੂ ਕੁਛ ਮੈਨੂੰ ਦੇ ਸਮਝਾਈਆ । ਕਿਨ੍ਹਾਂ ਉਪਰ ਤੁੱਠਾਂ, ਜਿਨ੍ਹਾਂ ਤੇਰਾ ਜੋੜ ਜੁੜਾਈਆ । ਭਾਗ ਲਗੇ ਕਿਹੜੀ ਛੇਆਂ ਰੁੱਤਾਂ, ਬਾਰਾਂ ਮਾਸ ਦੇ ਸਮਝਾਈਆ । ਚਰਨ ਕਵਲ ਦਵਾਰੇ ਪੁੱਛਾਂ, ਢਹਿ ਪਿਆ ਸਰਨਾਈਆ । ਲੋਕਮਾਤ ਤੇਰੇ ਹੁਕਮ ਅੰਦਰ ਬੁੱਕਾਂ, ਸਤਿ ਜੈਕਾਰਾ ਇਕ ਸੁਣਾਈਆ । ਸਚ ਨਿਸ਼ਾਨਿਉਂ ਕਦੇ ਨਾ ਉਕਾਂ, ਤੀਰ ਅਣਿਆਲਾ ਦੇਣਾ ਫੜਾਈਆ । ਕੂੜ ਕੁੜਿਆਰੇ ਜੜ੍ਹ ਪੁੱਟਾਂ, ਭਗਤਾਂ ਦੇ ਅੰਦਰ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਦੇ ਪਿਛੇ ਗੋਬਿੰਦ ਭੇਟਾ ਕਰ ਕੇ ਗਿਆ ਆਪਣੇ ਪੁਤਾਂ, ਸੋ ਪ੍ਰਭੂ ਤੇਰੇ ਪੋਤਰੇ ਦਿਆਂ ਜਗਾਈਆ । ਮੇਰੇ ਦੀਨ ਦਿਆਲ ਸਾਹਿਬ ਕਿਰਪਾਲ ਓਹਨਾਂ ਉਤੇ ਤੇਰਾ ਕਾਹਦਾ ਗ਼ੁੱਸਾ, ਜਿਨ੍ਹਾਂ ਅੰਤਰ ਰਮਜ਼ ਨਾ ਕੋਈ ਲਗਾਈਆ । ਬੇਸ਼ਕ ਓਹਨਾਂ ਦਾ ਤੱਤਾਂ ਵਾਲਾ ਮਾਨਸ ਜੁੱਸਾ, ਬੁਤਖ਼ਾਨੇ ਬਹਿ ਕੇ ਆਪਣਾ ਝਟ ਲੰਘਾਈਆ । ਓਹਨਾਂ ਦਾ ਪੈਂਡਾ ਮੰਜ਼ਲ ਵਿਚੋਂ ਮੂਲ ਨਾ ਮੁੱਕਾ, ਪਾਂਧੀ ਪੰਧ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇ ਸੁਣਾਈਆ । ਸੰਮਤ ਕਹੇ ਸੁਣ ਸਤਿਜੁਗ ਮੇਰੀ ਗੱਲ, ਗਲਵਕੜੀ ਪਾ ਕੇ ਦਿਆਂ ਜਣਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦੀ ਅਛਲ ਛਲ, ਵਲ ਛਲ ਸਮਝ ਕੋਇ ਨਾ ਪਾਈਆ । ਉਠ ਮੇਰੇ ਨਾਲ ਚਲ, ਤੈਨੂੰ ਮਾਰਗ ਦਿਆਂ ਵਖਾਈਆ । ਜਿਥੇ ਨਿਰਗੁਣ ਨੂਰ ਦੀਪਕ ਅਗੰਮਾ ਰਿਹਾ ਬਲ, ਸਚ ਪਰਕਾਸ਼ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕ਼ਤ ਰਿਹਾ ਸੁਹਾਈਆ । ਪੁਰਖ ਅਕਾਲ ਕਹੇ ਸੁਣ ਸਤਿਜੁਗ ਬੱਚੇ, ਧੁਰ ਫ਼ਰਮਾਨਾ ਦਿਆਂ ਜਣਾਈਆ । ਪਹਿਲੀ ਚੇਤਰ ਸ਼ਹਿਨਸ਼ਾਹੀ ਸੰਮਤ ਦੇ ਸਾਚੇ ਪਤੇ, ਪਰਦਾ ਓਹਲਾ ਦਿਆਂ ਉਠਾਈਆ । ਜਿਥੇ ਭਗਤ ਸੁਹੇਲੇ ਸੰਤ ਸੱਜਣ ਬੈਠੇ ਸੱਚੇ, ਗੁਰਮੁਖ ਗੁਰਸਿਖ ਸੋਭਾ ਪਾਈਆ । ਬਾਹਰੋਂ ਮਾਟੀ ਭਾਂਡੇ ਕੱਚੇ, ਅੰਤਰ ਆਤਮ ਪਰਮਾਤਮ ਜੋੜ ਜੁੜਾਈਆ । ਉਹ ਨਵ ਨੌਂ ਚਾਰ ਨਾਲੋਂ ਅੱਛੇ, ਚੰਗੀ ਤਰਾ ਦਿਆਂ ਦ੍ਰਿੜਾਈਆ । ਜਿਨ੍ਹਾਂ ਕਦੀ ਨਾ ਖਾਦੇ ਕੱਟੇ ਵੱਛੇ, ਸੂਰ ਗਾਂ ਨਾ ਮੁਖ ਲਗਾਈਆ । ਉਹ ਨਾਨਕ ਨਾਲ ਰਤੇ, ਗੋਬਿੰਦ ਰੰਗ ਗਿਆ ਚੜ੍ਹਾਈਆ । ਜਿਹਨਾਂ ਦੇ ਪਿਛੇ

ਨੀਹਾਂ ਹੇਠਾਂ ਆਪਣੇ ਬੱਚੇ ਰੱਖੇ, ਦੋਹਰੀ ਸੇਵ ਕਮਾਈਆ । ਓਹਨਾਂ ਦੇ ਓਢਣ ਸੀਸ ਉਤੋਂ ਕਦੀ ਨਾ ਲੱਥੇ, ਦੋਹਾਗਣ ਰੂਪ ਨਾ ਕੋਇ ਵਟਾਈਆ । ਉਹ ਚਾਰ ਵਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਭਾਈ ਭੈਣ ਬਣ ਗਏ ਸਕੇ, ਮਾਤ ਪਿਤਾ ਇਕੋ ਪੁਰਖ ਅਕਾਲ ਨਜ਼ਰੀ ਆਈਆ । ਸਚ ਸਰਨਾਈ ਹਰਿ ਰਘੁਰਾਈ ਬੇਪਰਵਾਹੀ ਨੂਰ ਖ਼ੁਦਾਈ ਇਕੋ ਢੱਠੇ, ਦੂਜੀ ਓਟ ਨਾ ਕੋਇ ਤਕਾਈਆ । ਦੀਨ ਮਜ਼੍ਹਬ ਦੇ ਝਗੜੇ ਛੱਡੇ ਰੱਟੇ, ਸਾਚਾ ਇਸਮ ਇਕੋ ਇਕ ਵਖਾਈਆ । ਧੁਰ ਦੇ ਮਾਰਗ ਸਾਚੇ ਪੰਥ ਆਪੇ ਲੱਗੇ, ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਦੇਣ ਗਵਾਹੀਆ । ਮੈਂ ਓਹਨਾਂ ਨੂੰ ਮਿਲਿਆ ਉਪਰ ਸ਼ਾਹਰਗੇ, ਦੂਜਾ ਪੰਧ ਨਾ ਕੋਇ ਮੁਕਾਈਆ । ਜਿਥੇ ਪਵਣ ਇਕੋ ਠੰਡੀ ਵਗੇ, ਤੱਤੀ ਵਾ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਸਤਿਜੁਗ ਕਹੇ ਉਹ ਧਰਮ ਕਿਹੜਾ, ਸੋ ਪੁਰਖ ਨਿਰੰਜਣ ਮੈਨੂੰ ਦੇ ਸਮਝਾਈਆ । ਹਰਿ ਪੁਰਖ ਨਿਰੰਜਣ ਕਿਹਾ ਜਿਥੇ ਲੇਖਾ ਚੁਕੇ ਤੇਰਾ ਮੇਰਾ, ਇਕੋ ਏਕ ਨਜ਼ਰੀ ਆਈਆ । ਏਕੰਕਾਰ ਕਿਹਾ ਓਥੇ ਗੁਰ ਅਵਤਾਰ ਪੈਗ਼ੰਬਰ ਨਹੀਂ ਕੋਈ ਝੇੜਾ, ਉਮਤ ਕਰੇ ਨਾ ਕੋਇ ਲੜਾਈਆ । ਆਦਿ ਨਿਰੰਜਣ ਕਿਹਾ ਓਥੇ ਇਕੋ ਨੂਰ ਤੇਰਾ, ਦੀਆ ਬਾਤੀ ਹੋਰ ਨਾ ਕੋਇ ਜਗਾਈਆ । ਸ੍ਰੀ ਭਗਵਾਨ ਕਿਹਾ ਸਚਖੰਡ ਦਵਾਰਾ ਸਾਚਾ ਖੇੜਾ, ਦਰਗਾਹ ਸਾਚੀ ਮੁਕਾਮੇ ਹਕ ਮਹਲ ਇਕੋ ਸੋਭਾ ਪਾਈਆ । ਅਬਿਨਾਸ਼ੀ ਕਰਤੇ ਕਿਹਾ ਓਥੇ ਸ਼ਬਦ ਅਗੰਮੀ ਇਕੋ ਡੇਰਾ, ਤੱਤਾਂ ਵਾਲੀ ਧਾਰ ਨਾ ਕੋਇ ਪਰਗਟਾਈਆ । ਪਾਰਬ੍ਰਹਮ ਕਿਹਾ ਓਥੇ ਆਪੇ ਕਰਨਹਾਰਾ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਸਤਿ ਸੁਵਾਮੀ ਠਾਕਰ ਨਿਰਗੁਣ ਜੋਤ ਕਲਜੁਗ ਅੰਤਮ ਪਾਇਆ ਫੇਰਾ, ਕਲ ਕਲਕੀ ਵੇਸ ਵਟਾਈਆ । ਕਰਨ ਆਇਆ ਹਕ ਨਬੇੜਾ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਰਿਹਾ ਉਠਾਈਆ । ਜਗਤ ਨੇਤਰਾਂ ਸਾਹਮਣੇ ਲੱਖ ਚੁਰਾਸੀ ਦੇਵੇ ਗੇੜਾ, ਜ਼ਿਮੀਂ ਅਸਮਾਨਾਂ ਲਠ ਆਪ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਿਜੁਗ ਕਹੇ ਪ੍ਰਭ ਦੱਸ ਦੇ ਮਾਰਗ, ਇਕੋ ਵਾਰ ਹੁਕਮ ਸੁਣਾਈਆ । ਮੇਰੇ ਕੋਲ ਨਾ ਆਵੇ ਕੋਈ ਨਾਰਦ, ਮੁਨੀਆਂ ਲੋੜ ਰਹੇ ਨਾ ਰਾਈਆ । ਸਾਹਿਬ ਸਵਾਮੀ ਤੂੰ ਇਕੋ ਸਭ ਦਾ ਸਾਲਸ, ਆਦਿ ਜੁਗਾਦਿ ਅਖਵਾਈਆ । ਮੈਂ ਤੇਰਾ ਰੂਪ ਪਰਗਟਾਵਾਂ ਇਕੋ ਖ਼ਾਲਸ, ਖ਼ਾਲਸ ਸ੍ਰਿਸ਼ਟ ਦਿਆਂ ਜਣਾਈਆ । ਕੂੜੀ ਕਿਰਿਆ ਮੇਟ ਕੇ ਨਿੰਦਰਾ ਆਲਸ, ਅਛਲ ਛਲ ਦਿਆਂ ਕਰਾਈਆ । ਧੁਰ ਦਰਬਾਰਾ ਦੱਸ ਅਦਾਲਤ, ਅਦਲ ਇਕੋ ਦਿਆਂ ਜਣਾਈਆ । ਬਿਨ ਗੋਬਿੰਦ ਕਰੇ ਨਾ ਕੋਈ ਹੋਰ ਸਫ਼ਾਰਸ਼, ਲੇਖਾ ਸਭ ਦਾ ਅਗੇ ਰਿਹਾ ਨਾ ਰਾਈਆ । ਤੇਰੇ ਨਾਮ ਸੱਚੇ ਦੀ ਬਣੇ ਵਜ਼ਾਰਤ, ਤੱਤਾਂ ਦੀ ਲੋੜ ਰਹੇ ਨਾ ਰਾਈਆ । ਅੱਖਰਾਂ ਦੀ ਲਿਖੇ ਨਾ ਕੋਈ ਅਬਾਰਤ, ਹਿੰਦਸਿਆਂ ਵੰਡ ਨਾ ਕੋਇ ਵੰਡਾਈਆ । ਜੇ ਪ੍ਰਭੂ ਤੂੰ ਇਕ ਤੇ ਇਕੋ ਤੇਰੀ ਹੋਵੇ ਜ਼ਿਆਰਤ, ਪੀਰ ਪੈਗ਼ੰਬਰ ਝੁਕ ਝੁਕ ਤੇਰੇ ਚਰਨਾਂ ਸੀਸ ਨਿਵਾਈਆ । ਅਬਿਨਾਸ਼ੀ ਕਰਤੇ ਤੇਰੀ ਹਕੂਮਤ ਵਿਚ ਰਹੇ ਨਾ ਕੋਈ ਬਗ਼ਾਵਤ, ਬਗ਼ਲਗੀਰ ਦਸਤਗੀਰ ਸ਼ਾਹ ਫ਼ਕੀਰ ਦੇਣੇ ਬਣਾਈਆ । ਤੇਰੇ ਦਵਾਰੇ ਔਣ ਦੀ ਦੀਨ ਮਜ਼੍ਹਬ ਦੀ ਪਾਬੰਦੀ ਰਹੇ ਨਾ ਕੋਇ ਮਮਾਨਤ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਸਭ ਦਾ ਮਾਲਕ ਆਦਿ ਜੁਗਾਦਿ ਜੁਗ ਚੌਕੜੀ ਸਹੀ ਸਲਾਮਤ, ਜਨਮ ਮਰਨ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਤਿਜੁਗ ਸਾਚਾ ਦਰ ਤੇਰੇ ਮੰਗ ਮੰਗਾਈਆ । ਸਤਿਜੁਗ ਸਾਚੇ, ਸਤਿ ਸਤਿ ਸਚ ਦ੍ਰਿੜਾਵਾਂਗਾ । ਪ੍ਰੇਮ ਪ੍ਰੀਤੀ


੪੬੫

ਜੋੜ ਕੇ ਨਾਤੇ, ਧੁਰ ਦਾ ਸੱਜਣ ਇਕ ਅਖਵਾਵਾਂਗਾ । ਆਤਮ ਪਰਮਾਤਮ ਨੌ ਖੰਡ ਪ੍ਰਿਥਮੀ ਗਾਵੇ ਗਾਥੇ, ਸੋਹੰ ਢੋਲਾ ਇਕ ਜਣਾਵਾਂਗਾ । ਕੂੜੀ ਕਿਰਿਆ ਮੇਟ ਅੰਧੇਰੀ ਰਾਤੇ, ਧੁਰ ਦਾ ਚੰਨ ਇਕ ਚਮਕਾਵਾਂਗਾ । ਰਾਓ ਰੰਕ ਬਣਾ ਕੇ ਇਕ ਜਮਾਤੇ, ਚਾਰੇ ਵਰਨਾਂ ਵੇਖ ਵਖਾਵਾਂਗਾ । ਸਭ ਦੇ ਬੰਦਗੀ ਵਾਲੇ ਵੇਖਾਂ ਖਾਤੇ, ਕੂੜੀ ਮਾਇਆ ਖ਼ਾਕ ਵਿਚ ਰਲਾਵਾਂਗਾ । ਜਿਨ੍ਹਾਂ ਪਰਮ ਪੁਰਖ ਪਰਮਾਤਮ ਦਿਤੀ ਆਪਣੀ ਦਾਤੇ, ਦਾਤਾਰ ਹੋ ਕੇ ਦਇਆ ਕਮਾਵਾਂਗਾ । ਜਨ ਭਗਤਾਂ ਦੇ ਪੂਰੇ ਕਰ ਕੇ ਘਾਟੇ, ਅਗੇ ਆਪਣੇ ਨਾਲ ਜੁੜਾਵਾਂਗਾ । ਸ਼ਹਿਨਸ਼ਾਹੀ ਸੰਮਤ ਪਹਿਲੀ ਚੇਤ ਤੋਂ ਜਿਨ੍ਹਾਂ ਦੇ ਸੋਲਾਂ ਸਾਲ ਅਗੇ ਜੁੜੇ ਰਹੇ ਨਾਤੇ, ਤਿਨ੍ਹਾਂ ਆਪਣੇ ਵਿਚ ਸਮਾਵਾਂਗਾ । ਚਾਰ ਜੁਗ ਜਿਨ੍ਹਾਂ ਦੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਗੌਣੀ ਗਾਥੇ, ਅਗਲਾ ਲੇਖਾ ਹੋਰ ਬਣਾਵਾਂਗਾ । ਰਾਗਾਂ ਨਾਦਾਂ ਵਿਚ ਢਾਡੀਆਂ ਗੌਣੇ ਸਾਕੇ, ਖ਼ਾਕੇ ਸਭ ਦੇ ਵੇਖ ਵਖਾਵਾਂਗਾ । ਕੋਈ ਨਾ ਸਮਝਿਓ ਸਾਡਾ ਮੇਲ ਹੋਇਆ ਇਤਫ਼ਾਕੇ, ਇਤਫ਼ਾਕਿਆ ਨਹੀਂ ਪੂਰਬ ਲੇਖੇ ਵੇਖ ਵੇਖ ਆਪਣੇ ਜੋੜ ਜੁੜਾਵਾਂਗਾ । ਤੁਹਾਡੇ ਰਹਿਣ ਨਹੀਂ ਦੇਣੇ ਚੀਥੜ ਪਾਟੇ, ਰਵਿਦਾਸ ਚਮਾਰੇ ਵਾਂਗਰ ਚੋਲੀ ਤਨ ਰੰਗਾਵਾਂਗਾ । ਜਿਨ੍ਹਾਂ ਨੂੰ ਗੋਬਿੰਦ ਅੰਮ੍ਰਿਤ ਪਿਆਇਆ ਇਕ ਬਾਟੇ, ਓਹਨਾਂ ਦਾ ਅੰਮ੍ਰਿਤ ਲੱਖ ਚੁਰਾਸੀ ਵਿਚ ਪਰਗਟਾਵਾਂਗਾ । ਗੁਰਮੁਖ ਕੋਈ ਰਹਿਣ ਨਹੀਂ ਦੇਣਾ ਅਧਵਾਟੇ, ਸਾਚੀ ਮੰਜ਼ਲ ਪੌੜੀ ਸਚਖੰਡ ਦਵਾਰੇ ਆਪ ਚੜ੍ਹਾਵਾਂਗਾ । ਤੁਹਾਡੇ ਕਰਮ ਜਨਮ ਵਰਨ ਧਰਮ ਸ੍ਰੀ ਭਗਵਾਨ ਆਪੇ ਵਾਚੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਵਾਮੀ ਧਾਮ ਅਨਾਮੀ ਦਏ ਜਣਾਈਆ । ਵੇਖੋ ਓਧਰੋਂ ਨੌ ਖੰਡ ਵਿਚੋਂ ਇਕ ਸ਼ਬਦੀ ਆਈ ਆਵਾਜ਼, ਹੌਲੀ ਹੌਲੀ ਰਹੀ ਜਣਾਈਆ । ਗਿਆਰਾਂ ਲੱਖ ਤੇਰਾ ਮੁਹਤਾਜ, ਸੇਵਕ ਸੇਵਾ ਸਚ ਕਮਾਈਆ । ਅਗੇ ਖੋਲ੍ਹ ਦੇ ਬੇੜ੍ਹਾ ਰਾਜ਼, ਪਰਦਾ ਦੇ ਉਠਾਈਆ । ਆਪਣੇ ਮਿਲਣ ਦੀ ਦੱਸ ਦੇ ਜਾਚ, ਯਾਚਕ ਹੋ ਕੇ ਲਾਗਣ ਤੇਰੇ ਪਾਈਆ । ਘਰ ਮਨੂਆ ਰਹੇ ਨਾ ਕੋਈ ਬਦਮਾਸ਼, ਬਦੀ ਨੇਕੀ ਤੇਰੀ ਝੋਲੀ ਪਾਈਆ । ਸਾਡੀ ਪੂਰੀ ਕਰਦੇ ਖਾਹਿਸ਼, ਖ਼ਸੂਸੀਅਤ ਆਪਣੀ ਦੇ ਜਣਾਈਆ । ਤੇਰੇ ਭਗਤ ਦਵਾਰੇ ਦੀ ਪੈਂਦੀ ਵੇਖੀਏ ਰਾਸ, ਜਿਥੇ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਲੇਖੇ ਗਏ ਲਿਖਾਈਆ । ਅਗੇ ਤੇਰਿਆਂ ਸੰਤਾਂ ਦੀ ਚਲਣੀ ਸ਼ਾਖ਼, ਸ਼ਨਾਖ਼ਤ ਤੇਰੇ ਅੰਤਰ ਨਜ਼ਰੀ ਆਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਆਖ਼ਰ ਬੇਨੰਤੀ ਇਕ ਸੁਣਾਈਆ । ਜੇ ਪਿਛੇ ਸਭ ਦਾ ਪੂਰਾ ਕੀਤਾ ਭਵਿਖਤ ਵਾਕ, ਲਹਿਣਾ ਰਿਹਾ ਕੋਈ ਨਾ ਰਾਈਆ । ਆ ਕੇ ਬਣ ਕੇ ਸ਼ਾਹ ਨਵਾਬ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਜੁਗ ਚੌਕੜੀ ਤੇਰੇ ਮੁਹਤਾਜ, ਦਰ ਬੈਠੇ ਮੰਗ ਮੰਗਾਈਆ । ਪ੍ਰਭੂ ਇਹ ਨਿਰਾਲਾ ਅਨੋਖਾ ਵਖਰਾ ਚਲਾਇਆ ਰਿਵਾਜ, ਨਿਰਗੁਣ ਜੋਤ ਕਰ ਰੁਸ਼ਨਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਬਿਨ ਵਿਦਿਆ ਬਣਾ ਕੇ ਧੁਰ ਦੇ ਸਾਧ, ਸਾਧਨਾ ਸੱਚੀ ਦਿਤੀ ਜਣਾਈਆ । ਜਿਨ੍ਹਾਂ ਪੰਜ ਵਾਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਿਆ ਅਰਾਧ, ਤਿਨ੍ਹਾਂ ਅਧਵਿਚਕਾਰ ਨਾ ਕੋਇ ਅਟਕਾਈਆ । ਪਹਿਲੀ ਚੇਤ ਕਹੇ ਮੈਂ ਭਗਤਾਂ ਦੇਣ ਆਇਆ ਦਾਦ, ਜੋ ਕਲਜੁਗ ਵਿਚੋਂ ਅੜ ਕੇ, ਮੰਜ਼ਲ ਚੜ੍ਹ ਕੇ, ਲੜ ਫੜ ਕੇ, ਆਪਣਾ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਨਿਰਾਲਾ ਰਿਹਾ ਦਰਸਾਈਆ । ਸਤਿਜੁਗ ਸੁਣ ਕਹਾਣੀ ਏਕ, ਏਕੰਕਾਰ ਦਿਆਂ ਜਣਾਈਆ । ਪੰਜ ਚੇਤ ਤਕ ਜਨ ਭਗਤਾਂ ਦੀ ਬੁੱਧੀ ਕਰਨੀ ਬਿਬੇਕ, ਅੰਦਰ ਵੜ ਕੇ ਸੇਵ ਕਮਾਈਆ । ਸਾਢੇ ਦਸ ਤੇਰੀ ਕਰਨੀ ਲੈਣੀ ਵੇਖ, ਹੁਕਮ ਧੁਰ ਦਾ ਇਕ ਮਨਾਈਆ । ਜਿਸ ਦੇ ਹੱਥ

ਸਭ ਦਾ ਲੇਖ, ਸੋ ਲੇਖਾ ਲਿਖ ਲਿਖ ਰਿਹਾ ਸਮਝਾਈਆ । ਗੁਰਮੁਖਾਂ ਦੀ ਮਾਨਣੀ ਸੇਜ, ਸੋਹਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਸਤਿਜੁਗ ਕਹੇ ਪ੍ਰਭੂ ਸੁਣ ਮੇਰੀ ਇਕ ਅਰਦਾਸ, ਧੁਰ ਸਵਾਮੀ ਦਿਆਂ ਸੁਣਾਈਆ । ਆਪਣੇ ਭਗਤਾਂ ਨੂੰ ਦੱਸ ਆਪਣਾ ਵਾਕ, ਧੁਰ ਸੰਦੇਸ਼ਾ ਇਕ ਅਲਾਈਆ । ਜਨ ਭਗਤੋ ਆਪਣਾ ਖੋਲ੍ਹ ਕੇ ਰਖਿਓ ਤਾਕ, ਪ੍ਰਭ ਚਰਨ ਧਿਆਨ ਟਿਕਾਈਆ । ਇਹ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਈ ਰਾਤ, ਜੋ ਰੁਤ ਸਭ ਦੀ ਰਹੀ ਬਦਲਾਈਆ । ਪਿਛਲਾ ਕਰਮ ਪਿਛਲਾ ਜਨਮ ਪਿਛਲਾ ਪਾਪ ਸਭ ਦਾ ਕੀਤਾ ਮੁਆਫ਼, ਲੇਖਾ ਰਾਏ ਧਰਮ ਮੰਗੇ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤਾਂ ਦੇਵਣਹਾਰੇ ਸਾਥ, ਅਗਲਾ ਸੰਗ ਨਿਭਾਈਆ । ਇਕੋ ਨਜ਼ਰੀ ਆਏ ਪੁਰਖ ਅਕਾਲ ਧੁਰ ਦਾ ਬਾਪ, ਪਤਿਪਰਮੇਸ਼ਵਰ ਸਹਿਜ ਸੁਖਦਾਈਆ । ਓਸ ਦਾ ਇਕੋ ਕਰਨਾ ਜਾਪ, ਜੋ ਨਾਨਕ ਨਿਰਗੁਣ ਸਰਗੁਣ ਗਿਆ ਸੁਣਾਈਆ । ਤੂੰ ਮੇਰਾ ਮੈਂ ਤੇਰਾ ਦੂਜਾ ਦਿਸੇ ਕੋਈ ਨਾ ਪਾਸ, ਅਵਸਥਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰ ਘਰ ਘਰ ਸੇਵ ਕਮਾਈਆ । ਸਤਿਜੁਗ ਕਹੇ ਸੁਣ ਸਵਾਮੀ ਠਾਕਰ, ਪੁਰਖ ਅਕਾਲ ਬੇਪਰਵਾਹੀਆ । ਤੇਰੀ ਸ੍ਰਿਸ਼ਟੀ ਵੇਖੀ ਡੂੰਘਾ ਸਾਗਰ, ਚਾਰ ਕੁੰਟ ਧਿਆਨ ਲਗਾਈਆ । ਗਿਆਰਾਂ ਵਿਚੋਂ ਥੋੜ੍ਹੇ ਸੁਦਾਗਰ, ਜੋ ਭੱਜਣ ਵਾਹੋ ਦਾਹੀਆ । ਤਿਨ੍ਹਾਂ ਦਾ ਸਿਦਕ ਸਬੂਰੀ ਵੇਖ ਸਾਬਰ, ਸਾਹਿਬ ਆਪਣਾ ਧਿਆਨ ਲਗਾਈਆ । ਕਲਜੁਗ ਕੂੜ ਕੁੜਿਆਰਾ ਚਾਰੋਂ ਕੁੰਟ ਚੜ੍ਹਿਆ



ਬਾਬਰ, ਨਾਨਕ ਜੋਤ ਦਏ ਗਵਾਹੀਆ । ਹੁਕਮ ਸੰਦੇਸ਼ਾ ਦੇ ਦੇ ਆਪਣਾ ਕ਼ਾਬਲ, ਕ਼ਿਬਲ ਆਪਣੀ ਜੜ੍ਹ ਜਣਾਈਆ । ਆਰ ਪਾਰ ਲੇਖਾ ਕ਼ਾਤਲ, ਕ਼ਤਲਗਾਹ ਵਖਾਈਆ । ਲਹਿਣਾ ਮੁਕੇ ਨਿੰਦਕ ਸਾਕਤ, ਸਗਲਾ ਹੁਕਮ ਵਰਤਾਈਆ । ਜੋ ਪ੍ਰੇਮ ਪ੍ਰੀਤੀ ਅੰਤਰ ਤੇਰਾ ਆਸ਼ਕ, ਹਕ਼ੀਕ਼ੀ ਨਜ਼ਰੀ ਆਈਆ । ਓਸ ਦੀ ਆਪਣੇ ਨਾਲ ਬਦਲ ਦੇ ਆਦਤ, ਜਗਤ ਤਸ਼ੱਦਦ ਦੇ ਗਵਾਈਆ । ਮੇਰੇ ਅੰਦਰ ਤੇਰੇ ਨਾਮ ਦੀ ਕਰੇ ਨਾ ਕੋਈ ਮੁਜ਼ਾਮਤ, ਅਲਾਮਤ ਕੂੜੀ ਸਾਰੀ ਦੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਰਗ ਇਕ ਲਗਾਈਆ । ਧੁਰ ਦਾ ਮਾਰਗ ਲਾ ਦੇ ਆਪ, ਪ੍ਰਭੂ ਆਪਣੀ ਦਇਆ ਕਮਾਈਆ । ਪਹਿਲਾ ਮਹੀਨਾ ਚੇਤਰ ਚੜ੍ਹਨਾ ਅਗੇ ਵਿਸਾਖ, ਗੋਬਿੰਦ ਅਗੇ ਲਹਿਣਾ ਮੰਗੇ ਚਾਈਂ ਚਾਈਂਆ । ਪਰਦਾ ਲਾਹ ਕੇ ਪਰਗਟ ਹੋ ਜਾ ਸਾਖ਼ਿਆਤ, ਨੂਰ ਨੁਰਾਨੇ ਕਰ ਰੁਸ਼ਨਾਈਆ । ਸ਼ਬਦ ਸੰਦੇਸ਼ਾ ਲਿਖ ਕੇ ਦੇ ਦੇ ਕ਼ਲਮ ਦਵਾਤ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਹੁਕਮ ਵਰਤਾਈਆ । ਸਭ ਦਾ ਡੁਬਣ ਵਾਲਾ ਆਫ਼ਤਾਬ, ਮਹਿਰਾਬ ਇਕੋ ਦੇ ਰੁਸ਼ਨਾਈਆ । ਪੁਰਖ ਅਕਾਲਾ ਪਰਗਟ ਹੋਇਆ ਧੁਰ ਨਵਾਬ, ਨੌਬਤ ਸਾਚਾ ਨਾਮ ਵਜਾਈਆ । ਸਜਦਾ ਕਰਨਾ ਪਏ ਅਦਾਬ, ਨਮੋ ਨਮੋ ਸਰਬ ਦ੍ਰਿੜਾਈਆ । ਲੇਖਾ ਜਾਣੇ ਇਕੋ ਵਾਹਿਦ, ਅਦਦਾਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਕਹੇ ਮੇਰਾ ਸੰਦੇਸ਼ਾ ਸਤਿ, ਸਤਿ ਸਤਿਵਾਦੀ ਹੋ ਕੇ ਦਿਆਂ ਜਣਾਈਆ । ਭਗਤਾਂ ਖੋਲ੍ਹ ਕੇ ਨੇਤਰ ਅੱਖ, ਪਰਤਖ ਦਿਆਂ ਖੁਲ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਨਿਆਂ ਸਚ, ਸਤਿ ਸਚ ਕਹਿ ਕੇ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਬਣਾਈਆ । ਸਤਿਜੁਗ ਕਹੇ ਨੇੜੇ ਛੇਤੀ ਔਣਾ ਵਿਸਾਖ, ਚੇਤ ਆਪਣਾ ਪੰਧ ਮੁਕਾਈਆ । ਧੁਰ ਸੰਦੇਸ਼ਾ ਪੁਰਖ ਅਬਿਨਾਸ਼, ਬ੍ਰਹਿਮੰਡਾਂ

੪੬੮

ਖੰਡਾਂ ਦੇਣਾ ਸੁਣਾਈਆ । ਜਿਨ੍ਹਾਂ ਉਤਰਨਾ ਸਾਚੇ ਘਾਟ, ਪਤਣ ਇਕੋ ਦਏ ਬਣਾਈਆ । ਨੌਂ ਸੱਤ ਮੇਟੇ ਆਪਣੀ ਵਾਟ, ਬਣ ਕੇ ਪਾਂਧੀ ਰਾਹੀਆ । ਜੋ ਖੇਲ ਕਰਨ ਆਇਆ ਖ਼ਾਸ, ਖ਼ਾਲਕ ਖ਼ਲਕ ਬੇਪਰਵਾਹੀਆ । ਜਿਸ ਦੀ ਅਬਾਦਤ ਕਰਦੇ ਆਏ ਆਦਿ, ਕਲਮਿਆਂ ਵਿਚ ਢੋਲੇ ਗਾਈਆ । ਜਿਸ ਦੀ ਰੋਜ਼ਾ ਰਖੇ ਨਿਮਾਜ਼, ਕਲਮਾ ਪੜ੍ਹ ਪੜ੍ਹ ਆਇਤ ਸੁਣਾਈਆ । ਸੋ ਵੇਖਣਹਾਰਾ ਖੇਲ ਤਮਾਸ਼, ਨੂਰ ਖ਼ੁਦਾਈ ਕਰੇ ਰੁਸ਼ਨਾਈਆ । ਸਚ ਦਵਾਰੇ ਕਰ ਪਰਕਾਸ਼, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸੰਮਤ ਕਹੇ ਮੇਰਾ ਸੱਚਾ ਸਮਾਜ, ਸ਼ਹਿਨਸ਼ਾਹ ਦੇਣੀ ਵਡਿਆਈਆ । ਤਖ਼ਤ ਨਿਵਾਸੀ ਤੇਰਾ ਰਾਜ, ਹੁਕਮ ਬੇਪਰਵਾਹੀਆ । ਨਾਮ ਅਗੰਮਾ ਸੁਣਾ ਦੇ ਨਾਦ, ਪੁਰੀਆਂ ਲੋਆਂ ਨੈਣ ਉਠਾਈਆ । ਹਰ ਘਟ ਅੰਦਰ ਹੋ ਵਿਸਮਾਦ, ਬਿਸਮਲ ਆਪਣੀ ਧਾਰ ਜਣਾਈਆ । ਆਬੇ ਹਯਾਤ ਅੰਮ੍ਰਿਤ ਰਸ ਦੇ ਸਵਾਦ, ਰਸ ਝੂਠੇ ਪਰੇ ਕਰਾਈਆ । ਡੰਕਾ ਵੱਜੇ ਵਿਚ ਬ੍ਰਹਿਮਾਦ, ਬ੍ਰਹਿਮੰਡ ਸੀਸ ਨਿਵਾਈਆ । ਸੰਤ ਸੁਹੇਲੇ ਜਾਵਣ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਕੂੜੀ ਕਿਰਿਆ ਬੁਝੇ ਆਗ, ਅਗਨੀ ਤੱਤ ਨਾ ਕੋਇ ਤਪਾਈਆ । ਹਰਿ ਕੰਤ ਮਿਲੇ ਸੁਹਾਗ, ਗ੍ਰਿਹ ਮੇਲਾ ਸਹਿਜ ਸੁਭਾਈਆ । ਕਲਜੁਗ ਖੇੜਾ ਨਾ ਹੋਏ ਬਰਬਾਦ, ਆਬਾਦ ਆਪ ਆਪਣਾ ਲੈਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਵਖਾਈਆ । ਪਹਿਲੀ ਚੇਤ ਕਹੇ ਮੈਨੂੰ ਕੁਝ ਦਿਸੇ ਅਗੇ, ਅਗਲਾ ਲੇਖਾ ਦਿਆਂ ਜਣਾਈਆ । ਚਾਰੋਂ ਕੁੰਟ ਅੰਧੇਰ ਇਕੋ ਵਗੇ, ਵਾਘਿਉਂ ਪਾਰ ਦਿਆਂ ਹਿਲਾਈਆ । ਪੁਰਖ ਅਕਾਲ ਸ਼ਬਦ ਹੁਕਮ ਦੇਣਾ ਸ਼ੇਰ ਬੱਗੇ, ਸ਼ਰੀਅਤ ਸਭ ਦੀ ਵੇਖ ਵਖਾਈਆ । ਜਿਸ ਦਾ ਭਾਣਾ ਕੋਈ ਨਾ ਡੱਕੇ, ਦੋ ਜਹਾਨ ਨਾ ਮੇਟ ਮਿਟਾਈਆ । ਓਹਦੇ ਹੁਕਮ ਨਾਲ ਹਕੂਮਤਾਂ ਅੰਦਰ ਪੈਣੇ ਰੱਟੇ, ਤੁਹਮਤ ਲੱਗੇ ਜਗਤ ਲੋਕਾਈਆ । ਰਾਜਾਂ ਤਾਜਾਂ ਵਾਲੇ ਮਿਲਣੇ ਵਿਚ ਘੱਟੇ, ਘਾਟੀ ਮੰਜ਼ਲ ਸਚ ਨਾ ਕੋਇ ਚੜ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਸਾਰੇ ਫਿਰਨ ਨੱਠੇ, ਭੱਜਣ ਵਾਹੋ ਦਾਹੀਆ । ਉਹ ਨੂਰ ਅਲਾਹੀ ਕਿੱਥੋਂ ਲੱਭੇ, ਜਿਹੜਾ ਬੈਠਾ ਆਪਣਾ ਆਪ ਛੁਪਾਈਆ । ਕਿਸ ਬਿਧ ਸਚ ਦਵਾਰੇ ਸੱਦੇ, ਧੁਰ ਦਾ ਹੁਕਮ ਮਨਾਈਆ । ਸਾਢੇ ਤਿੰਨਾਂ ਸਾਲਾਂ ਪਿਛੋਂ ਜਿਸ ਨੇ ਮੇਟ ਦੇਣੇ ਸਭ ਦੇ ਅੱਡੇ, ਇਕੋ ਦਵਾਰਾ ਦੇਣਾ ਜਣਾਈਆ । ਹਰਿ ਕਾ ਹੁਕਮ ਧੁਰ ਦਾ ਸ਼ਬਦ ਸਤਿ ਸਰੂਪ ਇਕੋ ਗੱਜੇ, ਚਾਰੋਂ ਕੁੰਟ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਈਆ । ਸਾਢੇ ਤਿੰਨ ਕਹਿਣ ਰਵਿਦਾਸ ਚਮਿਆਰੇ ਤੈਨੂੰ ਇਲਮ, ਜਿਸ ਮਾਨਸ ਦੇਹੀ ਵੰਡ ਵੰਡਾਈਆ । ਪੀਰ ਪੈਗ਼ੰਬਰ ਜਿਸ ਧਾਰ ਵਿਚੋਂ ਜੰਮਣ, ਲੋਕਮਾਤ ਨਿਰਗੁਣ ਜੋਤ ਲੈਣ ਅੰਗੜਾਈਆ । ਸੋ ਪਹਿਲੀ ਚੇਤ ਸਚ ਦਵਾਰੇ ਸਾਰੇ ਉਠ ਕੇ ਕੰਬਣ, ਧਰਨੀ ਧਰਤ ਧਵਲ ਦਿਤੀ ਹਿਲਾਈਆ । ਹਾਏ ਗੋਬਿੰਦ ਬਹੁੜੀ ਸਾਡੀ ਚੁਕ ਗਈ ਮਜ਼ਲ, ਮੰਜ਼ਲ ਇਕੋ ਪੁਰਖ ਅਕਾਲ ਦਿਤੀ ਪਰਗਟਾਈਆ । ਚੌਦਾਂ ਸਦੀਆਂ ਕਰ ਕਰ ਆਪਣਾ ਯਤਨ, ਕਲਜੁਗ ਜੀਵ ਬੇਵਤਨ ਦਿਤੇ ਬਣਾਈਆ । ਸਚ ਖ਼ੁਦਾ ਲੱਭਣ ਨਹੀਂ ਦਿਤਾ ਅਸਲ, ਵਸਲ ਮਹਿਬੂਬ ਨਾ ਕੋਇ ਰਖਾਈਆ । ਬਿਨ ਕ਼ਤਲਗਾਹ ਤੋਂ ਕਰ ਕੇ ਕ਼ਤਲ, ਮਕਤੂਲ ਹੋ ਕੇ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਲੇਖਾ ਰਿਹਾ ਮੁਕਾਈਆ । ਸਤਿ ਕਹੇ ਮੈਂ ਸਭ ਦਾ ਮਿਤਰ, ਪਿਆਰਾ ਨਜ਼ਰੀ ਆਈਆ । ਮੇਰਾ ਰੂਪ ਕੋਈ ਨਾ ਸਕੇ ਚਿਤਰ, ਚਲਿਤਰ ਵੇਖਾਂ ਸਰਬ ਲੋਕਾਈਆ । ਕਲਜੁਗ ਕੂੜੀ ਕਿਰਿਆ

ਦਾ ਪਿੱਤਲ, ਸਤਿਜੁਗ ਸਚ ਸੁਵਰਨ ਆਪਣੀ ਡਲਕ ਲਗਾਈਆ । ਭਗਤ ਸੁਹੇਲੇ ਸਾਚੇ ਦਿੱਸਣ, ਸਚ ਦਵਾਰੇ ਸੋਭਾ ਪਾਈਆ । ਪਹਿਲੀ ਚੇਤ ਜੋ ਧਰਮ ਦਵਾਰੇ ਆ ਕੇ ਬੁੱਕਣ, ਆਪ ਆਪਣਾ ਮੂਲ ਲਗਾਈਆ । ਸਤਿ ਧਰਮ ਦਾ ਮਾਰਗ ਆਏ ਸਿੱਖਣ, ਕਾਮ ਕਰੋਧ ਲੋਭ ਮੋਹ ਹੰਕਾਰ ਤਜਾਈਆ । ਚਰਨ ਕਵਲ ਸਰਨਾਈ ਆਏ ਡਿੱਗਣ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਆਪਣਾ ਮਾਨਸ ਜਨਮ ਆਏ ਨਜਿੱਠਣ, ਸਨਮੁਖ ਹੋ ਕੇ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਹੁਕਮ ਆਪ ਵਰਤਾਈਆ । ਅਗਲਾ ਹੁਕਮ ਸਚ ਵਰਤੌਣਾ ਏ । ਪਹਿਲੇ ਸੰਮਤ ਰੰਗ ਚੜ੍ਹੌਣਾ ਏ । ਪੁਰਖ ਅਕਾਲ ਦੀ ਇਕੋ ਹੋਵੇ ਮੰਨਤ, ਮਹਿੰਮਾ ਸ਼ਬਦੀ ਇਕ ਦ੍ਰਿੜੌਣਾ ਏ । ਦਿਬ ਦ੍ਰਿਸ਼ਟ ਨਿਜ ਨੇਤਰ ਖੋਲ੍ਹ ਕੇ ਸਾਚੇ ਸੰਤ, ਸਤਿ ਸਤਿਗੁਰੂ ਜੋੜ ਜੁੜੌਣਾ ਏ । ਸੁਰਤ ਸਵਾਣੀ ਮੇਲ ਕੇ ਘਰ ਵਿਚ ਕੰਤ, ਸੇਜ ਸੁਹੰਜਣੀ ਰੰਗ ਰੰਗੌਣਾ ਏ । ਆਤਮ ਪਰਮਾਤਮ ਦੱਸ ਕੇ ਮੰਤ, ਮੰਤਰ ਇਕੋ ਇਕ ਜਪੌਣਾ ਏ । ਗੜ੍ਹ ਤੋੜ ਕੇ ਹਉਮੈਂ ਹੰਗਤ, ਹੰ ਬ੍ਰਹਮ ਦਰਸੌਣਾ ਏ । ਬੋਧ ਅਗਾਧਾ ਬਣ ਕੇ ਪੰਡਤ, ਸ਼ਬਦ ਅਨਾਦੀ ਅਨਰਾਗੀ ਰਾਗ ਸੁਣੌਣਾ ਏ । ਕੂੜੀ ਕਿਰਿਆ ਕਰ ਕੇ ਅੰਤ, ਅੰਤਸ਼ਕਰਨ ਸਭ ਦਾ ਆਪ ਬਦਲੌਣਾ ਏ । ਪੁਰਖ ਅਕਾਲ ਨਾਲ ਬਣਾ ਕੇ ਬੰਸ, ਸਰਬੰਸ ਇਕੋ ਇਕ ਵਖੌਣਾ ਏ । ਮਨ ਹੰਕਾਰੀ ਮਾਰ ਕੇ ਕੰਸ, ਸਤਿ ਦਵਾਰਕਾ ਸਾਚਾ ਧਰਮ ਪਰਗਟੌਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਸਤਕ ਲੇਖ ਲਿਖੌਣਾ ਏ । ਧੁਰ ਮਸਤਕ ਲੇਖ ਲਿਖਾਵਾਂਗਾ । ਸੰਤ ਸੁਹੇਲੇ ਗੁਰਮੁਖ ਪੇਖ, ਪੇਸ਼ਤਰ ਆਪਣਾ ਹੁਕਮ ਜਣਾਵਾਂਗਾ । ਲੇਖਾ ਮੁਕਾ ਕੇ ਮੌਲਵੀ ਸ਼ੇਖ਼, ਮੁਸਾਇਕ ਪੈਂਡਾ ਆਪ ਮੁਕਾਵਾਂਗਾ । ਸਰਬ ਦਾ ਸਵਾਮੀ ਇਕੋ ਨਾਇਕ, ਨਰ ਨਿਰੰਕਾਰ ਨਜ਼ਰੀ ਆਵਾਂਗਾ । ਜਨ ਭਗਤੋ ਸਾਲ ਬਸਾਲਾ ਕਰਕੇ ਜਾਇਓ ਅਜ਼ਮਾਇਸ਼, ਸੋਹਣੀ ਆਪਣੀ ਖੇਲ ਖਿਲਾਵਾਂਗਾ । ਜਿਸ ਦੀ ਕਿਸੇ ਨੇ ਕੀਤੀ ਨਹੀਂ ਪੈਮਾਇਸ਼, ਓਸ ਨੂੰ ਚਰਨਾਂ ਹੇਠ ਦਬਾਵਾਂਗਾ । ਸਚ ਦਵਾਰੇ ਦੀ ਸਤਿ ਰਿਹਾਇਸ਼, ਰਹਿਬਰ ਹੋ ਕੇ ਆਪ ਵਖਾਵਾਂਗਾ । ਧੁਰ ਦਾ ਹੁਕਮ ਇਕ ਹਦਾਇਤ, ਹਜ਼ਰਤ ਹੋ ਕੇ ਆਪ ਮਨਾਵਾਂਗਾ । ਨਾਮ ਨਿਧਾਨਾ ਧੁਰ ਦਾ ਕਲਮਾ ਕਰ ਅਨਾਇਤ, ਮਿਹਰ ਨਜ਼ਰ ਇਕ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਨੀ ਧਰਤ ਧਵਲ ਆਪਣੇ ਰੰਗ ਰੰਗਾਵਾਂਗਾ । ਧਰਨੀ ਧਰਤ ਧਵਲ ਕਹੇ ਪੁਕਾਰ, ਬਹੁੜੀ ਬਹੁੜੀ ਰਹੀ ਕੁਰਲਾਈਆ । ਪੁਰਖ ਅਕਾਲ ਤੇਰਾ ਕੀ ਵਿਹਾਰ, ਵਿਵਹਾਰੀ ਦੇ ਸਮਝਾਈਆ । ਪਹਿਲੇ ਦਿਨ ਚੜ੍ਹਿਆ ਤੇਰਾ ਸਾਲ, ਲੋਕਮਾਤ ਲਈ ਅੰਗੜਾਈਆ । ਮੈਂ ਅੰਦਰੇ ਅੰਦਰ ਹੋ ਗਈ ਬੇਹਾਲ, ਹੋਸ਼ ਹਵਾਸ ਰਹੀ ਮਿਟਾਈਆ । ਜਿਸ ਵੇਲੇ ਨਿਰਗੁਣ ਸਰਗੁਣ ਅੰਦਰ ਮਾਰੀ ਛਾਲ, ਜੋਤੀ ਜੋਤ ਨਾਲ ਮਿਲਾਈਆ । ਮੇਰਾ ਨੌ ਖੰਡ ਤੇ ਹਿਲਿਆ ਵਾਲ ਵਾਲ, ਧਰਮ ਦਵਾਰੇ ਆ ਕੇ ਭਗਤਾਂ ਦਿਤਾ ਵਖਾਈਆ । ਜੇ ਚਰਨ ਨਾਲ ਦਬ ਕੇ ਪੌਂਦਾ ਨਾ ਭਾਰ, ਸ੍ਰਿਸ਼ਟੀ ਹੇਠਾਂ ਉਤੇ ਆਪਣਾ ਆਸਣ ਲਾਈਆ । ਇਹ ਤੁਹਾਨੂੰ ਜਲਵਾ ਇਕ ਥੋੜ੍ਹਾ ਜਿਹਾ ਦਿਤਾ ਨਿਸ਼ਾਨ, ਨਿਸ਼ਾਨੀ ਤੁਹਾਡੇ ਲੜ ਦਿਤੀ ਬੰਧਾਈਆ । ਗੁਰਮੁਖੋ ਤੁਸੀਂ ਮੰਗਤੇ ਨਹੀਂ ਧੁਰ ਦੇ ਜਜਮਾਨ, ਪੁਰਖ ਅਕਾਲ ਦਿਤੀ ਵਡਿਆਈਆ । ਰਹਿਮਤ ਕਰੇ ਰਹੀਮ ਰਹਿਮਾਨ, ਸ਼ਾਹ ਸੁਲਤਾਨ ਸੱਚਾ ਸ਼ਹਿਨਸ਼ਾਹੀਆ । ਜੇ ਵਿਚ ਅੱਜ ਆਏ ਅਜ਼ਮਾਣ, ਓਹਨਾਂ ਨੂੰ ਆਪਣੀ ਅਜ਼ਮਾਇਸ਼ ਦਿਆਂ ਵਖਾਈਆ । ਸ਼ਬਦ ਦਾ ਦਾਤਾ ਪੁਰਖ ਬਿਧਾਤਾ ਜੋਧਿਆਂ ਦਾ ਜੋਧਾ ਸੂਰਬੀਰ ਬਲੀ ਬਲਵਾਨ, ਬਲਧਾਰੀ


੪੬੯

ਇਕ ਅਖਵਾਈਆ । ਜਿਸ ਦਾ ਸਤਿ ਧਰਮ ਦਾ ਸਚਖੰਡ ਸਦਾ ਝੁਲਦਾ ਰਹੇ ਨਿਸ਼ਾਨ, ਥਿਰ ਘਰ ਵਜਦੀ ਰਹੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਓਸੇ ਦੇ ਢੋਲੇ ਗਾਣ, ਜੁਗ ਚੌਕੜੀ ਰਾਗਾਂ ਨਾਦਾਂ ਵਿਚ ਸਿਫ਼ਤਾਂ ਨਾਲ ਕਰਨ ਵਡਿਆਈਆ । ਉਹ ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਬੇਪਹਿਚਾਨ, ਜਗਤ ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਜੋ ਸਰਬ ਸ੍ਰਿਸ਼ਟੀ ਦਾ ਇਕ ਈਮਾਨ, ਲੱਖ ਚੁਰਾਸੀ ਦ੍ਰਿਸ਼ਟੀ ਦਾ ਇਕ ਧਿਆਨ, ਵਿਸ਼ੇਸ਼ ਬੁੱਧੀ ਦਾ ਇਕ ਗਿਆਨ, ਧੁਰ ਮੰਤਰ ਕਰੇ ਪੜ੍ਹਾਈਆ । ਜਿਸ ਦਾ ਖੰਡਾ ਨਾਮ ਸ਼ਬਦ ਤਨ ਗਾਤਰੇ ਰਹੇ ਮਿਆਨ, ਦੋ ਜਹਾਨਾਂ ਮਨਾਏ ਆਣ, ਕੂੜੀ ਕਿਰਿਆ ਮੇਟ ਸ਼ੈਤਾਨ, ਸ਼ਰੀਅਤ ਸਤਿ ਲਏ ਉਪਜਾਈਆ । ਓਸ ਦਾ ਪਹਿਲੀ ਵੇਰ ਪਹਿਲਾ ਇਹ ਬਿਆਨ, ਸ਼ਹਿਨਸ਼ਾਹੀ ਸੰਮਤ ਚਲਣਾ ਵਿਚ ਜਹਾਨ, ਸਾਢੇ ਤਿੰਨਾਂ ਸਾਲਾਂ ਪਿਛੋਂ ਸਾਰੇ ਮੰਗਣ ਇਸੇ ਦਾ ਦਾਨ, ਦੀਨ ਦੁਨੀ ਦਾ ਮਾਲਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਸਾਧ ਸੰਤ ਭਗਤ ਭਗਵੰਤ ਇਕੋ ਰੂਪ ਸਤਿ ਸਰੂਪ ਦਏ ਵਖਾਈਆ ।

ਨਾਮ ਜੈਕਾਰਾ ਧੁਰ ਦਾ ਮੰਤਰ, ਸ਼ਬਦ ਨਾਦ ਧੁਨ ਬ੍ਰਹਿਮੰਡ ਜਣਾਈਆ । ਹੁਕਮ ਸੰਦੇਸ਼ਾ ਗਗਨ ਗਗਨੰਤਰ, ਪੁਰੀ ਲੋਅ ਆਕਾਸ਼ ਰਿਹਾ ਦ੍ਰਿੜਾਈਆ । ਸਰਬ ਜੀਆਂ ਬਿਧ ਜਾਨਣਹਾਰਾ ਅੰਤਰ, ਲੱਖ ਚੁਰਾਸੀ ਖੋਜ ਖੁਜਾਈਆ । ਸਤਿਜੁਗ ਕਹੇ ਮੈਂ ਸਚ ਬਣੌਣੀ ਬਣਤਰ, ਜਨ ਭਗਤਾਂ ਰੰਗ ਵਟਾਈਆ । ਨਾਮ ਨਿਧਾਨਾ ਦੇ ਕੇ ਸ਼ਸਤਰ, ਜੋਧੇ ਸੂਰਬੀਰ ਬਲਵਾਨ ਦੇਣੇ ਪਰਗਟਾਈਆ । ਮੇਲ ਮਿਲਾ ਕੇ ਆਦੀ ਕੰਤਨ, ਸੇਜ ਸੁਹੰਜਣੀ ਦੇਣੀ ਵਖਾਈਆ । ਭੇਵ ਚੁਕਾ ਕੇ ਬ੍ਰਹਮ ਨਿਰੰਤਰ, ਨਿਰਗੁਣ ਰੂਪ ਦੇਣਾ ਦਰਸਾਈਆ । ਸਾਚਾ ਰੂਪ ਬਣਾ ਕੇ ਸੰਤਨ, ਸਾਚਾ ਮਾਰਗ ਇਕ ਚਲਾਈਆ । ਹੁਕਮ ਸੰਦੇਸ਼ਾ ਦੇਵੇ ਅੰਤਮ, ਧੁਰ ਦਰਬਾਰੀ ਬੇਪਰਵਾਹੀਆ । ਹਾੜ ਸਤਾਰਾਂ ਸਭ ਨੇ ਚਿੱਟੇ ਪਹਿਨ ਕੇ ਔਣਾ ਬਸਤਰ, ਕਾਇਆ ਬਸਤੀ ਚਰਨਾਂ ਵਿਚ ਬੈਠਿਆਂ ਦੇਵੇ ਬਦਲਾਈਆ । ਇਹ ਖੇਲ ਹੋਣਾ ਅਕਸਰ, ਆਖ਼ਰ ਆਪਣਾ ਪਰਦਾ ਲਾਹੀਆ । ਜਿਸ ਤੇ ਗੋਬਿੰਦ ਕਰ ਕੇ ਗਿਆ ਦਸਖ਼ਤ, ਸ਼ਹਾਦਤ ਆਪਣੀ ਦਏ ਭੁਗਤਾਈਆ । ਸੋ ਗੁਰਮੁਖੋ ਵੇਲਾ ਅਖ਼ੀਰੀ ਆਇਆ ਵਕਤ, ਭਗਤ ਭਗਵਾਨ ਵੱਜੇ ਵਧਾਈਆ । ਫੇਰ ਰੀਤੀ ਚਲੇ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਤੁਹਾਡੇ ਅੰਦਰੋਂ ਤੁਹਾਡੀ ਲਭਾ ਦੇਵੇ ਵਸਤ, ਵਸਤ ਆਪਣੀ ਨਾਲ ਮਿਲਾਈਆ । ਇਕ ਦੂਜੇ ਨਾਲ ਗੁਰਮੁਖ ਗੁਰਸਿਖ ਕੋਈ ਨਾ ਕਰੇ ਹਸਦ, ਦੂਈ ਦਵੈਤੀ ਡੇਰਾ ਢਾਹੀਆ । ਨਾਮ ਖ਼ੁਮਾਰੀ ਚਾੜ੍ਹ ਕੇ ਮਸਤ, ਅਲਮਸਤ ਰੂਪ ਵਟਾਈਆ । ਮਾਨੁਖ ਮਾਨਸ ਮਾਨਵ ਭੇਵ ਚੁਕਾ ਕੇ ਅਰਸ਼ ਫ਼ਰਸ, ਦਰਸ ਆਪਣਾ ਦਏ ਕਰਾਈਆ । ਜਨਮ ਕਰਮ ਦੀ ਮੇਟ ਕੇ ਹਰਸ, ਹਵਸ ਕੂੜੀ ਦਏ ਬੁਝਾਈਆ । ਰਹਿਮਤ ਨਾਲ ਅਖ਼ੀਰ ਕਰੇ ਤਰਸ, ਮਹਿਬੂਬ ਬੇਪਰਵਾਹੀਆ । ਭਗਤ ਉਧਾਰਨਾ ਪੁਰਖ ਅਕਾਲ ਨਾਲ ਗੋਬਿੰਦ ਦੀ ਲੱਗੀ ਸ਼ਰਤ, ਸ਼ਰੀਅਤ ਸਭ ਦੀ ਦੇਣੀ ਬਦਲਾਈਆ । ਵੇਖੇ ਖੇਲ ਕਰੇ ਉਪਰ ਧਰਤ, ਧਵਲ ਦਾ ਮਾਲਕ ਅਵਲ ਆਲਮੀਨ ਨੂਰ ਖ਼ੁਦਾਈਆ । ਜੋ ਨਿਰਗੁਣ ਹੋ ਕੇ ਆਇਆ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਜੋ ਪਿਛੇ ਰਹਿ ਗਿਆ ਫ਼ਰਕ, ਤਿਸ ਦਾ ਫ਼ੈਸਲਾ ਅੰਤ ਦਏ ਵਖਾਈਆ । ਚਾਰ

ਕੁੰਟ ਦਹਿ ਦਿਸ਼ਾ ਕਿਸੇ ਦਾ ਰਹਿਣਾ ਨਹੀਂ ਕੋਈ ਧੜਤ, ਹਰਿ ਕਾ ਨਾਮ ਹੱਟੋ ਹੱਟ ਨਾ ਕੋਇ ਵਿਕਾਈਆ । ਗੁਰੂ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਪੂਰੀ ਹੋ ਗਈ ਲਿਖਤ ਪੜ੍ਹਤ, ਪਾਂਧੀ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਸੰਦੇਸ਼ਾ ਇਕ ਸੁਣਾਈਆ । ਚਿੱਟੇ ਬਸਤਰ ਕਹਿਣ ਸਾਡੀ ਪਿਛਲੀ ਧਾਰ, ਪ੍ਰਭ ਨੇ ਵਿਸ਼ਨੂੰ ਦਿਤੀ ਵਡਿਆਈਆ । ਜਿਸ ਵੇਲੇ ਸ਼ਬਦ ਕੀਤਾ ਪਿਆਰ, ਸਾਚਾ ਰੰਗ ਦਿਤਾ ਚੜ੍ਹਾਈਆ । ਨਾਭੀ ਕਵਲ ਜਿਸ ਕੀਤਾ ਉਜਿਆਰ, ਅੰਮ੍ਰਿਤ ਬੂੰਦ ਟਿਕਾਈਆ । ਜਿਸ ਵੇਲੇ ਬ੍ਰਹਮਾ ਕੀਤਾ ਪਸਾਰ, ਚਿੱਟੀ ਧਾਰ ਨਾਲ ਵਡਿਆਈਆ । ਜਿਸ ਵੇਲੇ ਸ਼ੰਕਰ ਕੱਢਿਆ ਵਿਚੋਂ ਧੂੰਆਂਧਾਰ, ਭੋਲਾ ਨਾਥ ਲਿਆ ਉਪਜਾਈਆ । ਪ੍ਰਭ ਨੇ ਚਰਨ ਧੂੜੀ ਬਖ਼ਸ਼ ਕੇ ਛਾਰ, ਚਿੱਟਾ ਰੂਪ ਦਿਤਾ ਵਖਾਈਆ । ਓਹਨਾਂ ਤਿੰਨਾਂ ਦੇ ਅੰਦਰ ਇਕ ਗੁਲਜ਼ਾਰ, ਗੁਲਸ਼ਨ ਮਹਿਬੂਬ ਦਿਤਾ ਮਹਿਕਾਈਆ । ਆਪਣੇ ਵਿਚੋਂ ਪਰਗਟਾ ਕੇ ਆਪਣੀ ਬਹਾਰ, ਅੰਤ ਆਪਣੇ ਵਿਚ ਲੁਕਾਈਆ । ਜਿਸ ਵੇਲੇ ਸ੍ਰਿਸ਼ਟੀ ਦਾ ਕੀਤਾ ਵਿਹਾਰ, ਚਿੱਟੀ ਧਾਰ ਬ੍ਰਹਮੇ ਦਿਤੀ ਜਣਾਈਆ । ਜਿਸ ਵਿਚੋਂ ਨਜ਼ਰੀ ਆਇਆ ਸਾਂਝਾ ਯਾਰ, ਕਰਤਾ ਪੁਰਖ ਸੱਚਾ ਸ਼ਹਿਨਸ਼ਾਹੀਆ । ਬ੍ਰਹਮਾ ਢਹਿ ਕੇ ਚਰਨ ਦਵਾਰ, ਨਿਉਂ ਕੇ ਆਪਣਾ ਸੀਸ ਨਿਵਾਈਆ । ਕਿਰਪਾ ਕਰ ਪੁਰਖ ਅਕਾਲ, ਦਰ ਠਾਂਡੇ ਮੰਗ ਮੰਗਾਈਆ । ਇਹ ਕਿਹੜਾ ਤੇਰਾ ਰੁਮਾਲ, ਕਵਣ ਰੂਪ ਰਿਹਾ ਪਰਗਟਾਈਆ । ਮੇਰਾ ਤੇਰੇ ਅਗੇ ਸਵਾਲ, ਬੇਨੰਤੀ ਇਕ ਸੁਣਾਈਆ । ਸ਼ਬਦ ਸੰਦੇਸ਼ਾ ਦਿਤਾ ਸ੍ਰੀ ਭਗਵਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਬ੍ਰਹਮੇਂ ਤੂੰ ਬਾਲਾ ਸੁਤ ਅੰਞਾਣ, ਸਮਝ ਸਮਝ ਸਕੇ ਨਾ ਰਾਈਆ । ਮੇਰੀ ਮਿਹਰ ਅੰਦਰ ਤੇਰਾ ਫੁਰਨਾ ਗਿਆਨ, ਬਿਨ ਕਿਰਪਾ ਨਾ ਕੋਇ ਚਤੁਰਾਈਆ । ਜਿਸ ਵੇਲੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਵਿਚ ਜਹਾਨ, ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਸੇਵ ਕਮਾਈਆ । ਓਸ ਵੇਲੇ ਕਰ ਕਿਰਪਾ ਮੈਂ ਲੋਕਮਾਤ ਵੇਖਾਂ ਆਣ, ਜੋਤੀ ਜੋਤ ਕਰ ਰੁਸ਼ਨਾਈਆ । ਜੁਗ ਚੌਕੜੀ ਦੇ ਭਗਤ ਸੁਹੇਲੇ ਮੇਲਾਂ ਆਣ, ਗੁਰਮੁਖ ਗੁਰ ਗੁਰ ਆਪਣੇ ਅੰਗ ਲਗਾਈਆ । ਬਿਨ ਪੜ੍ਹਿਆਂ ਦੇ ਕੇ ਗਿਆਨ, ਆਤਮ ਪਰਮਾਤਮ ਜੋੜ ਜੁੜਾਈਆ । ਓਹਨਾਂ ਦੀ ਭਗਤੀ ਦਾ ਸਚ ਨਿਸ਼ਾਨ, ਤੈਨੂੰ ਦਿਆਂ ਵਖਾਈਆ । ਜਿਸ ਵੇਲੇ ਕਲਜੁਗ ਬਦਲ ਕੇ ਸਤਿਜੁਗ ਲਾਵਾਂ ਆਣ, ਆਨ ਆਪਣੀ ਇਕ ਰਖਾਈਆ । ਓਸ ਵੇਲੇ ਜਨ ਭਗਤਾਂ ਦੇਵਾਂ ਦਾਨ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਬ੍ਰਹਮੇ ਪੁੱਛਿਆ ਕੀ ਓਹਨਾਂ ਦੀ ਪਹਿਚਾਣ, ਮੈਨੂੰ ਦੇ ਦਰਸਾਈਆ । ਪੁਰਖ ਅਬਿਨਾਸ਼ੀ ਕਿਹਾ ਜਿਨ੍ਹਾਂ ਉਤੇ ਹੋਵਾਂ ਆਪ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਤਿਜੁਗ ਦਾ ਪਹਿਲਾ ਸੰਮਤ ਦੱਸਾਂ ਮਹਾਨ, ਮਹਿੰਮਾ ਅਕਥ ਦ੍ਰਿੜਾਈਆ । ਜੋ ਭਗਤ ਦਵਾਰੇ ਚਿੱਟੇ ਬਸਤਰ ਪਹਿਨ ਕੇ ਆਵਣ ਨੌਜਵਾਨ, ਨਾਰ ਪੁਰਖ ਇਕੋ ਰੂਪ ਨਜ਼ਰੀ ਆਈਆ । ਓਹਨਾਂ ਦੀ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਿਸ਼ਨ ਬ੍ਰਹਮਾ ਸ਼ਿਵ ਤੁਹਾਨੂੰ ਵਖਾ ਕੇ ਕਰਾਂ ਕਲਿਆਣ, ਕਲਮਾ ਆਪਣਾ ਨਾਮ ਪੜ੍ਹਾਈਆ । ਓਹਨਾਂ ਦੇ ਕੋਈ ਨਾ ਆਵੇ ਵਿਚ ਦਰਮਿਆਨ, ਪਰਦਾ ਅੰਧ ਨਾ ਕੋਇ ਰਖਾਈਆ । ਪ੍ਰਭ ਦੇ ਭਗਤਾਂ ਦਾ ਕਲਜੁਗ ਅੰਤ ਗਿਆਨ, ਚਰਨ ਪ੍ਰੀਤੀ ਦਿਆਂ ਵਖਾਈਆ । ਓਹਨਾਂ ਨੂੰ ਵੇਖ ਕੇ ਚੰਦ ਚਕੋਰ ਦੋਵੇਂ ਪਛਤਾਣ, ਜਿਨ੍ਹਾਂ ਦੀ ਮਸਿਆ ਰੈਣ ਅੰਧੇਰ ਕਦੇ ਨਾ ਆਈਆ । ਢੋਲੇ ਗੀਤ ਗੋਬਿੰਦ ਵਾਹ ਵਾਹ ਸਾਰੇ ਗਾਣ, ਗਾ ਗਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨ ਭਗਤ ਸੁਹੇਲੇ ਚਿੱਟੇ ਬਸਤਰ ਪਾ ਕੇ ਔਣਗੇ । ਹੀਰਾ

ਘਾਟ ਕਰਾਂ ਮੇਲੇ, ਸਚ ਨਿਸ਼ਾਨੇ ਹੱਥ ਝੁਲੌਣਗੇ । ਭੇਵ ਰਹੇ ਨਾ ਗੁਰੂ ਚੇਲੇ, ਚੇਲਾ ਗੁਰੂ ਇਕੋ ਰੂਪ ਵਟੌਣਗੇ । ਸ੍ਰੀ ਭਗਵਾਨ ਦੇ ਸੱਜਣ ਸੁਹੇਲੇ, ਹਰਿਜਨ ਸੋਹਣੇ ਆਪ ਅਖਵੌਣਗੇ । ਜਿਨ੍ਹਾਂ ਵਸਣਾ ਧਾਮ ਨਵੇਲੇ, ਉਹ ਨਿਰਗੁਣ ਇਸ਼ਟ ਇਕ ਮਨੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮੌਣਗੇ । ਚਿੱਟੇ ਬਸਤਰ ਮਾਣ ਦਵਾਵਾਂਗਾ । ਹਾੜ ਸਤਾਰਾਂ ਸੰਗ ਨਿਭਾਵਾਂਗਾ । ਸਭ ਦੀ ਆਸਾ ਮਨਸਾ ਪੂਰੀ ਕਰ ਕੇ ਮੰਗ, ਹੰ ਬ੍ਰਹਮ ਭੇਵ ਖੁਲ੍ਹਾਵਾਂਗਾ । ਚੌਦਾਂ ਘੰਟੇ ਇਕੱਠਾ ਕਰ ਕੇ ਸਤਿਸੰਗ, ਚੌਦਾਂ ਲੋਕਾਂ ਹੁਕਮ ਜਣਾਵਾਂਗਾ । ਭਗਤਾਂ ਨਾਲ ਪੱਕੀ ਪਾ ਕੇ ਗੰਢ, ਪੱਲੂ ਜਗਤ ਨਾਲੋਂ ਛੁਡਾਵਾਂਗਾ । ਨਾਮ ਖ਼ੁਮਾਰੀ ਚਾੜ੍ਹ ਕੇ ਰੰਗ, ਅਨੰਦ ਅਨੰਦ ਵਿਚੋਂ ਪਰਗਟਾਵਾਂਗਾ । ਵੇਖਿਓ ਗੁਰਸਿਖੋ ਕਿਸੇ ਤੋਂ ਚਿੱਟੇ ਬਸਤਰ ਨਾ ਲਿਔਣੇ ਮੰਗ, ਜਿਨ੍ਹਾਂ ਦੇ ਕੋਲ ਨਹੀਂ ਓਹਨਾਂ ਦੇ ਆਪਣੀ ਹੱਥੀਂ ਬਣਾਵਾਂਗਾ । ਤੁਸੀਂ ਪ੍ਰਭੂ ਦੇ ਲਾਡਲੇ ਚੰਨ, ਸਭ ਤੋਂ ਵਖਰੇ ਜਗਤ ਚਮਕਾਵਾਂਗਾ । ਤੁਹਾਡਾ ਸੋਹਲਾ ਢੋਲਾ ਸੁਣ ਕੇ ਛੰਦ, ਸੰਸੇ ਰੋਗ ਸਰਬ ਮਿਟਾਵਾਂਗਾ । ਤੁਹਾਡਾ ਲੇਖਾ ਮੁਕਾ ਕੇ ਖ਼ਾਨਾ ਬੰਦ, ਬੰਦੀ ਛੋੜ ਆਪ ਹੋ ਜਾਵਾਂਗਾ । ਜਨ ਭਗਤੋ ਤੁਹਾਨੂੰ ਕਿਹੜਾ ਕਰਨਾ ਪੈਣਾ ਜੰਗ, ਸ਼ਬਦ ਖੰਡੇ ਨਾਲ ਸਰਬ ਮਿਟਾਵਾਂਗਾ । ਪ੍ਰਭ ਦੇ ਕੋਲ ਵਖਰਾ ਅਨੋਖਾ ਢੰਗ, ਸੋ ਆਪਣਾ ਇਕ ਪਰਗਟਾਵਾਂਗਾ । ਕਿਸੇ ਦੇ ਜੁੜੇ ਰਹਿਣੇ ਨਹੀਂ ਖ਼ਜ਼ਾਨੇ ਕਾਰੂਗੰਜ, ਸ਼ਾਹ ਸੁਲਤਾਨਾਂ ਖ਼ਾਲੀ ਹੱਥ ਫਿਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਵਾਂਗਾ । ਚਿੱਟੇ ਬਸਤਰ ਕਹਿਣ ਕੀ ਸਾਡੀ ਵਡਿਆਈ, ਹਰਿ ਕਰਤੇ ਦੇ ਜਣਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਮਾਛੂਵਾੜੇ ਗੋਬਿੰਦ ਸੇਜ ਵਿਛਾਈ, ਚਿੱਟਾ ਰੁਮਾਲ ਹੇਠਾਂ ਲਿਆ ਟਿਕਾਈਆ । ਜਿਸ ਵੇਲੇ ਕੀੜੀ ਰੂਪ ਹੋ ਕੇ ਗੁਰਮੁਖ ਆਇਆ ਚਾਈਂ ਚਾਈਂ, ਨਿਉਂ ਕੇ ਬੇਨੰਤੀ ਇਕ ਸੁਣਾਈਆ । ਸੁਣ ਸਾਹਿਬ ਸੁਹੇਲੇ ਮੇਰੇ ਮਾਹੀ, ਮੁਹੱਬਤ ਦੇ ਮਾਲਕ ਨੂਰ ਖ਼ੁਦਾਈਆ । ਤੂੰ ਸਭ ਦੇ ਨਾਲੋਂ ਕਰ ਕੇ ਜੁਦਾਈ, ਇਕ ਇਕੱਲਾ ਪੁਰਖ ਮਨਾਈਆ । ਜਿਸ ਦੀ ਮੈਨੂੰ ਤੇਰੇ ਅੰਦਰ ਬਾਹਰ ਦਿਸੇ ਰੁਸ਼ਨਾਈ, ਚਿੱਟਾ ਨੂਰ ਰਿਹਾ ਚਮਕਾਈਆ । ਗੋਬਿੰਦ ਕਿਹਾ ਇਹ ਖੇਲ ਬੇਪਰਵਾਹੀ, ਕੁਦਰਤ ਦਾ ਕਰਤਾ ਆਪ ਕਰਾਈਆ । ਤੈਨੂੰ ਸਚ ਦਿਆਂ ਸਮਝਾਈ, ਤੂੰ ਮੇਰੀ ਦੇਣੀ ਗਵਾਹੀਆ । ਜਿਸ ਵੇਲੇ ਕਲਜੁਗ ਅੰਤ ਸਤਿਜੁਗ ਬਣੇ ਸੱਚਾ ਰਾਹੀ, ਧੁਰ ਦਾ ਪਾਂਧੀ ਫੇਰਾ ਪਾਈਆ । ਪੁਰਖ ਅਕਾਲ ਨੇ ਭਗਤਾਂ ਦੀ ਕਰਨੀ ਅਗਵਾਈ, ਅਗੇ ਹੋ ਕੇ ਮਾਰਗ ਦੇਣਾ ਜਣਾਈਆ । ਲੋਕਮਾਤ ਸਾਚੀ ਬਣਤ ਦੇਣੀ ਬਣਾਈ, ਵਖਰੀ ਧਾਰ ਵਹਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਸ਼ਾਹੀ, ਬਸਤਰ ਚਿੱਟੇ ਸੋਹਣੇ ਤਨ ਸਜਾਈਆ । ਓਸ ਵੇਲੇ ਮੈਂ ਆ ਕੇ ਚਾਈਂ ਚਾਈਂ, ਸਚ ਸੰਦੇਸ਼ਾ ਦੇਣਾ ਇਕ ਅਲਾਈਆ । ਜਿਸ ਦਾ ਭੇਵ ਜਾਣੇ ਕੋਈ ਨਾ ਸ਼ਾਸਤਰ ਸਿਮਰਤ ਵੇਦ ਰਾਈ, ਚਾਰੇ ਖਾਣੀ ਚਾਰੇ ਬਾਣੀ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਚਿਉਂਟੀ ਕਿਹਾ ਕੀ ਬਸਤਰ ਚਿੱਟਾ, ਗੋਬਿੰਦ ਤੈਨੂੰ ਭਾਈਆ । ਗੋਬਿੰਦ ਕਿਹਾ ਮੇਰੀ ਸਿੱਖੀ ਦਾ ਅਖ਼ੀਰੀ ਸਿੱਟਾ, ਪੁਰਖ ਅਕਾਲ ਦਏ ਪਰਗਟਾਈਆ । ਪਿਛੇ ਭਗਤਾਂ ਨੂੰ ਮਿਲਦਾ ਰਿਹਾ ਕਿਸੇ ਨੂੰ ਪੱਥਰ ਵਿਚੋਂ ਇੱਟਾਂ, ਕਿਸੇ ਨੂੰ ਜਲਧਾਰਾ ਨਜ਼ਰੀ ਆਈਆ । ਕਿਸੇ ਨੂੰ ਚਤੁਰਭੁਜ ਹੋ ਕੇ ਮਿਲਿਆ ਨਿੱਕਾ, ਕਿਸੇ ਨੂੰ ਥੰਮ੍ਹ ਚੋਂ ਪਰਗਟ ਹੋ ਕੇ ਦਰਸ ਦਿਖਾਈਆ । ਕਿਸੇ ਦੀ ਰਾਜ ਦਵਾਰੇ ਜਾ ਕੇ ਪੂਰੀ ਕੀਤੀ ਸਿਕਾ, ਕਿਸੇ ਦੇ ਪਤਰਾਂ ਉਤੇ ਲੇਖ ਲਿਖਾਈਆ । ਕਿਸੇ ਦੇ ਪਿਛੇ ਹੱਟੋ ਹੱਟ ਵਿਕਾ, ਕ਼ੀਮਤ ਨਾ ਕੋਇ ਚੁਕਾਈਆ ।

ਕਲਜੁਗ ਅੰਤਮ ਖੇਲ ਪੁਰਖ ਅਕਾਲ ਕਰੇ ਇੱਕਾ, ਏਕੰਕਾਰ ਸੱਚਾ ਸ਼ਹਿਨਸ਼ਾਹੀਆ । ਜਨ ਭਗਤ ਸੁਹੇਲਾ ਸਾਖ਼ਿਆਤ ਨਜ਼ਰੀ ਆਏ ਜੋਤ ਸਰੂਪੀ ਹੋ ਪ੍ਰੱਤਖਾ, ਪਰਤਖ ਆਪਣੀ ਦਇਆ ਕਮਾਈਆ । ਇਸ ਦੇ ਵਿਚ ਫ਼ਰਕ ਨਾ ਰਤਾ, ਰਤੀ ਰਤ ਖੋਜ ਖੁਜਾਈਆ । ਚਿੱਟੀ ਧਾਰ ਕਹੇ ਮੇਰਾ ਪ੍ਰੇਮ ਪਿਆਰ ਤਨ ਬਸਤਰ ਸੋਹਣਾ ਚਿੱਟਾ, ਨਿਰਗੁਣ ਨੂਰ ਚੰਦ ਕਰੇ ਰੁਸ਼ਨਾਈਆ । ਪੁਰਖ ਅਕਾਲ ਓਹਨਾਂ ਦਾ ਨਜ਼ਰੀ ਆਵੇ ਸਾਚਾ ਪਿਤਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਲੱਖ ਚੁਰਾਸੀ ਰਸ ਦਿਸੇ ਫ਼ਿੱਕਾ, ਅੰਮ੍ਰਿਤ ਆਤਮ ਇਕੋ ਮੰਗ ਮੰਗਾਈਆ । ਜਨ ਭਗਤੋ ਸਭ ਨੂੰ ਪਤਾ ਭਗਤ ਦਵਾਰੇ ਥੱਲੇ ਕਾਗ਼ਜ਼ ਏਕ ਚਿੱਟਾ, ਗੋਬਿੰਦ ਰਤ ਨਾਲ ਰੰਗਾਈਆ । ਓਹਨਾਂ ਵਡਿਆਈ ਜਿਨ੍ਹਾਂ ਅੱਖਾਂ ਡਿੱਠਾ, ਜਿਨ੍ਹਾਂ ਜਗਤ ਜਹਾਨ ਪਿਛੋਂ ਚਿੱਠਾ ਪੜ੍ਹ ਪੜ੍ਹ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਵੱਡਾ ਨਿੱਕਾ, ਬੁੱਢਾ ਬਾਲ ਬਿਰਧ ਨੌਜਵਾਨ ਇਕੋ ਰੰਗ ਵਖਾਈਆ । ਅਗੇ ਕਦੇ ਨਾ ਮੈਨੂੰ ਬੇਸਗਨ ਹੋਣ ਦੀ ਵੱਜੇ ਛਿੱਕਾ, ਛਿੱਕ ਦੇ ਅੰਦਰ ਸਿਕ ਆਪਣੀ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਸਭ ਦਾ ਇਕੋ ਨਜ਼ਰੀ ਆਈਆ । ਚਿੱਟਾ ਕਹੇ ਮੈਂ ਚਿੱਟੀ ਚਾਦਰ, ਰਵਿਦਾਸ ਦਿਤੀ ਵਡਿਆਈਆ । ਮਾਣ ਦਵਾ ਕੇ ਤੇਗ਼ਬਹਾਦਰ, ਚਾਂਦਨੀ ਚੌਂਕ ਕੀਤੀ ਰੁਸ਼ਨਾਈਆ । ਗੁਰ ਗੋਬਿੰਦ ਬਣਾ ਕੇ ਬਹਾਦਰ, ਸੋਹਣੀ ਸੇਜਾ ਦਿਤਾ ਸਵਾਈਆ । ਹੁਕਮ ਮੰਨ ਕੇ ਕਰੀਮ ਕ਼ਾਦਰ, ਕ਼ੁਦਰਤ ਵੇਖੀ ਥਾਉਂ ਥਾਈਂਆ । ਜਿਸ ਵੇਲੇ ਨਾਨਕ ਨਿਰਗੁਣ ਧਾਰ ਵੜਿਆ ਵਿਚ ਸਾਗਰ, ਚਿੱਟੀ ਚਾਦਰ ਓਢਣ ਲਿਆ ਬਣਾਈਆ । ਓਸ ਮਾਰ ਕੇ ਇਕ ਆਵਾਜ਼ਨ, ਨਿਰਗੁਣ ਅਗੰਮੀ ਸ਼ਬਦ ਸੁਣਾਈਆ । ਜਿਸ ਵੇਲੇ
੪੭੩ ਆਵੇ ਗ਼ਰੀਬ ਨਿਵਾਜ਼ਣ, ਕੋੜ੍ਹਿਆਂ ਕਮਲਿਆਂ ਲਏ ਉਠਾਈਆ । ਸਤਿ ਧਰਮ ਦਾ ਚਲਾਏ ਇਕ ਜਹਾਜ਼ਨ, ਰਹਿਬਰ ਇਕ ਬੇਪਰਵਾਹੀਆ । ਚਾਰ ੪੭੩
ਵਰਨ ਬਣਾ ਕੇ ਸੱਜਣ ਸਾਕਣ, ਧੁਰ ਦਾ ਮੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇ ਚੜ੍ਹਾਈਆ । ਚਿੱਟੀ ਚਾਦਰ ਕਹੇ ਮੇਰਾ ਕੱਪੜਾ ਨਿਰਗੁਣ ਸੀਤਾ, ਸੂਈ ਧਾਗਾ ਵੰਡ ਨਾ ਕੋਇ ਵੰਡਾਈਆ । ਜਿਸ ਵੇਲੇ ਪੰਜਾਂ ਪਿਆਰਿਆਂ ਗੋਬਿੰਦ ਅੰਮ੍ਰਿਤ ਪੀਤਾ, ਓਸ ਵੇਲੇ ਹੇਠਾਂ ਦਿਤਾ ਵਿਛਾਈਆ । ਓਸ ਵੇਲੇ ਖੰਡੇ ਦੀ ਧਾਰ ਨਾਲ ਮੇਰੇ ਉਤੇ ਪੰਜ ਪਾ ਕੇ ਲੀਕਾਂ, ਸਚ ਸੰਦੇਸ਼ਾ ਦਿਤਾ ਸੁਣਾਈਆ । ਕਲਜੁਗ ਅੰਤਮ ਜਿਸ ਵੇਲੇ ਆਵੇ ਲਾਸ਼ਰੀਕਾ, ਵਾਹਿਦ ਆਪਣਾ ਫੇਰਾ ਪਾਈਆ । ਸ੍ਰਿਸ਼ਟ ਸਬਾਈ ਦਾ ਬਦਲੇ ਆਣ ਤਰੀਕਾ, ਤਰਾ ਤਰਾ ਦ੍ਰਿੜਾਈਆ । ਜੋ ਭਗਤ ਸੁਹੇਲੇ ਅੰਤਰ ਆਤਮ ਕਰਦੇ ਹੋਣ ਉਡੀਕਾਂ, ਅੱਠੇ ਪਹਿਰ ਅੱਖ ਖੁਲ੍ਹਾਈਆ । ਤਿਨ੍ਹਾਂ ਦਾ ਅੰਦਰ ਬਾਹਰ ਤਨ ਮਨ ਕਰੇ ਠਾਂਡਾ ਸੀਤਾ, ਅਗਨੀ ਤੱਤ ਨਾ ਕੋਇ ਜਲਾਈਆ । ਜਿਨ੍ਹਾਂ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਨੀ ਪਏ ਨਾ ਗੀਤਾ, ਅੰਜੀਲ ਕ਼ੁਰਾਨ ਤੀਸ ਬਤੀਸ ਕਲਮਾ ਨਾ ਕੋਇ ਵਖਾਈਆ । ਤਿਨ੍ਹਾਂ ਨੂੰ ਚਿੱਟੇ ਬਸਤਰ ਪਾ ਕੇ ਆਪਣੇ ਮਿਲਣ ਦਾ ਦੱਸ ਦੇਵੇ ਸੱਚਾ ਤਰੀਕਾ, ਤਰਤੀਬ ਵਾਰ ਸਮਝਾਈਆ । ਭੇਵ ਖੁਲ੍ਹਾ ਕੇ ਈਸ਼ ਜੀਵ ਜੀ ਕਾ, ਜਗਦੀਸ਼ਰ ਜਗਤ ਅਗਨ ਦਏ ਗਵਾਈਆ । ਕੂੜੀ ਕਿਰਿਆ ਰਸ ਵਖਾ ਕੇ ਫੀਕਾ, ਅੰਮ੍ਰਿਤ ਜਾਮ ਇਕੋ ਮੁਖ ਚਵਾਈਆ । ਚਿੱਟਾ ਬਸਤਰ ਨਹੀਂ ਇਹ ਪ੍ਰਭ ਦਾ ਰੰਗ ਮਜੀਠਾ, ਜੋ ਜਨਮ ਤੋਂ ਪਹਿਲਾਂ ਮਰਨ ਤੋਂ ਬਾਦ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਚਿੱਟੇ ਬਸਤਰ ਕਹਿਣ ਜਿਸ ਵੇਲੇ ਗੁਰਮੁਖਾਂ ਲੈਣਾ ਅੰਗ, ਅੰਦਰੋਂ ਢੋਲਾ ਧੁਰ ਦਾ

ਗਾਈਆ । ਸਾਨੂੰ ਬਿਨਾਂ ਲਲਾਰੀ ਤੋਂ ਚੜ੍ਹਨਾ ਰੰਗ, ਰੰਗਤ ਇਕੋ ਨਜ਼ਰੀ ਆਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਣੀ ਦੰਗ, ਭੇਵ ਅਭੇਦ ਕੋਈ ਸਮਝ ਨਾ ਸਕੇ ਰਾਈਆ । ਜਿਸ ਵੇਲੇ ਕਾਇਆ ਮੰਦਰ ਅੰਦਰ ਦੂਈ ਦਵੈਤ ਦੀ ਢਹਿੰਦੀ ਕੰਧ, ਦਸਮ ਦਵਾਰੀ ਜੋਤ ਨਿਰੰਕਾਰੀ ਚਿੱਟੀ ਧਾਰ ਨਜ਼ਰੀ ਆਈਆ । ਜਨ ਭਗਤੋ ਤੁਹਾਨੂੰ ਪਹਿਲੋਂ ਬਾਹਰ ਪਾ ਕੇ ਠੰਡ, ਫਿਰ ਅੰਦਰ ਦੇਵਾਂ ਅਨੰਦ, ਬਿਨ ਸੂਰਜ ਚੰਦ ਕਰੇ ਰੁਸ਼ਨਾਈਆ । ਇੱਕੀਆਂ ਇੱਕੀਆਂ ਦੀ ਪਾ ਕੇ ਗੰਢ, ਸੋਹਣੀ ਵਖਾ ਦੇ ਗੋਬਿੰਦ ਵੰਡ, ਵਰਭੰਡ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਵਿਚੋਂ ਬਖਸ਼ੀਸ਼ ਹਰਿਜਨ ਸਾਚੇ ਬਸ਼ਰਤੀਆ ਤੇਰੀ ਝੋਲੀ ਪਾਈਆ ।

### ❋ ੨ ਚੇਤ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❋

ਸਤਿਜੁਗ ਕਹੇ ਸੁਣ ਸਾਹਿਬ ਬੇਪਰਵਾਹ, ਪਾਰਬ੍ਰਹਮ ਪਹਿਲੀ ਮੰਗ ਮੰਗਾਈਆ । ਸਚਖੰਡ ਨਿਵਾਸੀ ਤੇਰੀ ਇਕ ਸਰਨਾ, ਚਰਨ ਕਵਲ ਮਿਲੇ ਵਡਿਆਈਆ । ਕਲਜੁਗ ਕੂੜੀ ਰੀਤੀ ਦੇ ਬਦਲਾ, ਬਦਲਾ ਚੁਕੇ ਥਾਉਂ ਥਾਈਂਆ । ਚਾਰ ਵਰਨਾਂ ਸਾਚਾ ਮਾਰਗ ਦੇ ਸਮਝਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰ ਪੜ੍ਹਾਈਆ । ਜਗਤ ਰੀਤੀ ਇਕ ਵਖਾ, ਨੇਤਰ ਲੋਚਨ ਅੱਖ ਖੁਲ੍ਹਾਈਆ । ਜਿਸ ਦਾ ਤੱਤਾਂ ਵਾਲਾ ਹੋਵੇ ਵਿਆਹ, ਅੰਤਰ ਆਤਮ ਪਰਮਾਤਮ ਨਾਤਾ ਨਾਲ ਮਿਲਾਈਆ । ਤੇਰੇ ਨਾਮ ਦੇ ਕਲਮੇ ਨਾਲ ਹੋਵੇ ਨਕਾਹ, ਮੁੱਲਾ ਸ਼ੇਖ਼ ਦੀ ਲੋੜ ਰਹੇ ਨਾ ਰਾਈਆ । ਸਚ ਪ੍ਰੇਮ ਪਿਆਰ ਦੀ ਵੇਦੀ ਦੇ ਗਡਾ, ਹਵਨ ਅਹੂਤੀ ਆਪਣੀ ਵਿਚ ਟਿਕਾਈਆ । ਅੰਤਰ ਮਨ ਦੀ ਮਨਸਾ ਦੇ ਭਵਾ, ਸਾਚਾ ਗੇੜਾ ਆਪ ਫਿਰਾਈਆ । ਪੁਰਖ ਅਕਾਲ ਦੀਨ ਦੁਨੀ ਦੇ ਮਾਲਕ ਬਣ ਆਪ ਗਵਾਹ, ਗ੍ਰੰਥੀ ਪੰਥੀ ਨੇੜ ਕੋਇ ਨਾ ਆਈਆ । ਸਾਹਿਬ ਸੱਜਣ ਹੋ ਸਹਾ, ਪਰਤਖ ਆਪਣੀ ਅੱਖ ਉਠਾਈਆ । ਇਕ ਵਾਰ ਲੇਖਾ ਦੇ ਲਿਖਾ, ਫਿਰ ਲੋੜ ਰਹੇ ਨਾ ਰਾਈਆ । ਜਿਸ ਕਾਰਨ ਭਗਤ ਦਵਾਰਾ ਲਿਆ ਬਣਾ, ਭਗਤਾਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇ ਵਖਾਈਆ । ਸਤਿਜੁਗ ਕਹੇ ਪ੍ਰਭੂ ਪ੍ਰਭ ਬਦਲ ਦੇ ਰੀਤ, ਧੁਰ ਦਰਗਾਹੀ ਹੁਕਮ ਸੁਣਾਈਆ । ਚਾਰ ਜੁਗ ਜਿਨ੍ਹਾਂ ਮੰਦਰ ਗੁਰਦਵਾਰ ਬਣਾਈ ਮਸੀਤ, ਮਸਲੇ ਤੇਰੇ ਨਾਮ ਸੁਣਾਈਆ । ਉਹ ਇਕੱਠੇ ਹੋ ਕੇ ਗਾਵਣ ਤੇਰਾ ਗੀਤ, ਪੈਗ਼ੰਬਰ ਪੀਰ ਗੁਰੂ ਤੇਰੀ ਸਰਨਾਈਆ । ਸਾਚੀ ਰੀਤ ਦੱਸ ਦੇ ਠੀਕ, ਠਾਕਰ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਹੋ ਸਹਾਈਆ । ਸਤਿਜੁਗ ਕਹੇ ਪ੍ਰਭ ਤੇਰੇ ਚਰਨ ਕਵਲ ਸਹਾਰਾ, ਓਟ ਅਵਰ ਨਾ ਕੋਇ ਰਖਾਈਆ । ਜਗਤ ਮੰਗਣੀ ਖੇਲ ਨਿਆਰਾ, ਸਾਚਾ ਸਗਣ ਸਮਝ ਕੋਇ ਨਾ ਪਾਈਆ । ਕਿਸੇ ਭੇਵ ਨਾ ਖੋਲ੍ਹਿਆ ਕਿਉਂ ਮੁਖ ਲੱਗਾ ਛੁਹਾਰਾ, ਜਗਤ ਵਿਚੋਲਾ ਕਵਣ ਜਣਾਈਆ । ਨਾਨਕ ਅੰਦਰੇ ਅੰਦਰ ਕਰ ਕੇ ਗਿਆ ਪੁਕਾਰਾ, ਸ਼ਬਦ ਅਗੰਮੀ ਆਵਾਜ਼ ਸੁਣਾਈਆ । ਪ੍ਰਭੂ ਮੈਂ ਦੁਖੀ ਹੋਇਆ ਵੇਖ ਤੇਰਾ ਸੰਸਾਰਾ, ਤੇਰੀ ਸਾਰ ਕਿਸੇ ਨਾ ਆਈਆ । ਜੂਠੇ ਝੂਠੇ ਕਾਮੀ ਕਰੋਧੀ ਪੜ੍ਹਦੇ ਚਾਰ ਲਾਵਾਂ ਆਪਣੀ ਵਾਰਾ, ਪੁਰਖ ਅਬਿਨਾਸ਼ੀ ਹਰ ਘਟ ਨਿਵਾਸੀ ਕੰਤ ਨਾ ਕੋਇ ਮਿਲਾਈਆ । ਪਤਿਪਰਮੇਸ਼ਵਰ ਮੇਰਾ ਤੇਰੇ ਉਤੇ ਦਾਹਵਾ, ਨਾਲ ਬੇਨੰਤੀ ਰਿਹਾ ਸੁਣਾਈਆ । ਮੈਂ ਵੇਖ ਕੇ ਜਗਤ ਸਮਾਜੀ ਰਾਹਾਂ,


੪੭੪

ਵਿਥਿਆ ਸਾਰੀ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦੇ ਸਮਝਾਈਆ । ਸਤਿਜੁਗ ਕਹੇ ਪ੍ਰਭੂ ਤ੍ਰੇਤਾ ਦੁਆਪਰ ਕਲਜੁਗ ਜੋੜਦਾ ਆਇਆ ਜੋੜ, ਇਸਤਰੀ ਪੁਰਖ ਮੇਲ ਮਿਲਾਈਆ । ਲੱਖ ਚੁਰਾਸੀ ਵਿਚੋਂ ਅਠਾਰਾਂ ਚੜ੍ਹੇ ਤੋੜ, ਬਾਕੀ ਮਾਨਸ ਜੂਨੀ ਵਿਚ ਭਵਾਈਆ । ਜਗਤ ਕਰਨੀ ਸਕਿਆ ਕੋਈ ਨਾ ਮੋੜ, ਪਰਦਾ ਦੂਈ ਨਾ ਕੋਇ ਉਠਾਈਆ । ਅੰਤ ਅਖ਼ੀਰੀ ਤੇਰੀ ਪੈ ਗਈ ਲੋੜ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸੁਣਾਈਆ । ਸਾਚੀ ਰੀਤੀ ਬਿਨ ਮੰਦਰ ਮਸੀਤੀ ਚਲਾ ਦੇ ਹੋਰ, ਹਰਿ ਜੂ ਆਪਣਾ ਹੁਕਮ ਵਰਤਾਈਆ । ਝਗੜਾ ਚੁਕ ਜਾਵੇ ਮੋਰ ਤੋਰ, ਤੇਰਾ ਮੇਰਾ ਇਕੋ ਰੂਪ ਸਮਾਈਆ । ਤੇਰੇ ਹੱਥ ਸੰਜੋਗ ਵਿਜੋਗ, ਨਿਰਗੁਣ ਸਰਗੁਣ ਆਪਣਾ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਸਤਿਜੁਗ ਕਹੇ ਮੈਂ ਮੰਗਾਂ ਮੰਗ ਦਿਨ ਦਿਹਾੜ, ਸਾਹਿਬ ਤੇਰੀ ਇਕ ਸਰਨਾਈਆ । ਜਨ ਭਗਤਾਂ ਵੇਖ ਸੋਹਣਾ ਦਰਬਾਰ, ਦਰਗਾਹ ਸਾਚੀ ਨਜ਼ਰੀ ਆਈਆ । ਸਚ ਸੰਦੇਸ਼ਾ ਸੁਣਨਾ ਦੋ ਜਹਾਨ, ਦੇਵਤ ਸੁਰ ਧਿਆਨ ਲਗਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਪਤਿਪਰਮੇਸ਼ਵਰ ਦਇਆ ਕਮਾਈਆ । ਕਲਜੁਗ ਬਦਲ ਕੇ ਪਿਛਲਾ ਵਿਧਾਨ, ਸਤਿਜੁਗ ਸਵਾਧਾਨ ਸਤਿ ਦਿਤਾ ਕਰਾਈਆ । ਸਰਬ ਸ੍ਰਿਸ਼ਟ ਦਾ ਇਕ ਗਿਆਨ, ਏਕਾ ਮੰਤਰ ਦਿਆਂ ਜਣਾਈਆ । ਪ੍ਰੇਮ ਪ੍ਰੀਤੀ ਦਾ ਸਚ ਸਰੋਵਰ ਕਰਾ ਇਸ਼ਨਾਨ, ਦੁਰਮਤ ਮੈਲ ਧੁਆਈਆ । ਜਿਸ ਗੁਰਮੁਖ ਕੰਨਿਆਂ ਕਰਨੀ ਹੋਵੇ ਦਾਨ, ਵਾਰ ਥਿਤ ਵੱਡੀ ਦਿਆਂ ਵਡਿਆਈਆ । ਜਿਸ ਪੁਤਰ ਦਾ ਵਧੌਣਾ ਹੋਵੇ ਮਾਣ, ਲੋਕ ਪਰਲੋਕ ਖ਼ੁਸ਼ੀ ਜਣਾਈਆ । ਸੋ ਪਰਵਿਸ਼ਟਿਆਂ ਵਿਚੋਂ ਦਿਵਸ ਅਠਾਰਾਂ ਹਾੜ ਚਤੁਰ ਸੁਜਾਨ, ਹਰਿ ਸੰਗਤ ਇਕੋ ਰੂਪ ਨਜ਼ਰੀਂ ਆਈਆ । ਦੂਜਾ ਹੋਰ ਇਕ ਵਖਿਆਨ, ਸਤਿਜੁਗ ਸਾਚਾ ਅੰਦਰੇ ਅੰਦਰ ਮੰਗ ਮੰਗਾਈਆ । ਕਿਰਪਾ ਕਰ ਹਰਿ ਮਿਹਰਵਾਨ, ਪਤਿਪਰਮੇਸ਼ਵਰ ਤੇਰੀ ਆਸ ਤਕਾਈਆ । ਭਗਤ ਸੁਹੇਲੇ ਕਰ ਪਰਵਾਨ, ਦਰ ਠਾਂਡੇ ਸੋਭਾ ਪਾਈਆ । ਅਠਾਈ ਪੋਹ ਚਤੁਰ ਸੁਜਾਨ, ਜਗਤ ਨਾਤੇ ਦੇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਹੋ ਸਹਾਈਆ । ਸਤਿਜੁਗ ਕਹੇ ਮੇਰੇ ਭਗਵਾਨਾ, ਪਰਮ ਪੁਰਖ ਤੇਰੀ ਓਟ ਰਖਾਈਆ । ਜੋ ਗੁਰਮੁਖ ਤੇਰੇ ਨਾਮ ਦਾ ਬੰਨ੍ਹੇ ਗਾਨਾ, ਮੌਲੀ ਤੰਦ ਲੋੜ ਰਹੇ ਨਾ ਰਾਈਆ । ਜੋ ਸਤਿਗੁਰ ਚਰਨ ਧੂੜ ਕਰੇ ਇਸ਼ਨਾਨਾ, ਮੱਥੇ ਟਿੱਕਾ ਇਕ ਲਗਾਈਆ । ਸੋ ਚਤੁਰ ਸੁਘੜ ਹੋਏ ਸੁਜਾਨਾ, ਮੂਰਖ ਮੁਗਧ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਤਿਜੁਗ ਕਹੇ ਮੈਂ ਮੰਗਾਂ ਹੋਰ ਦਾਤ, ਝੋਲੀ ਖ਼ਾਲੀ ਅਗੇ ਡਾਹੀਆ । ਪਾਰਬ੍ਰਹਮ ਤੇਰੇ ਦਰ ਦਰਬਾਰ ਜਨ ਭਗਤਾਂ ਦੀ ਪ੍ਰੇਮ ਪ੍ਰੀਤੀ ਵਾਲੀ ਹੋਏ ਬਰਾਤ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਨਾਮ ਦੀ ਸਭ ਦੇ ਕੋਲ ਹੋਵੇ ਸੁਗ਼ਾਤ, ਵਸਤ ਅਨਮੁੱਲੀ ਦੇ ਵਰਤਾਈਆ । ਆਤਮ ਪਰਮਾਤਮ ਖੋਲ੍ਹ ਕੇ ਤਾਕ, ਨਿਰਗੁਣ ਸਰਗੁਣ ਦੇਣਾ ਸਮਝਾਈਆ । ਜਿਨ੍ਹਾਂ ਗੁਰਮੁਖਾਂ ਤਨ ਮਾਟੀ ਰੂਹ ਬੁਤ ਕਰਨਾ ਪਾਕ, ਮਾਨਸ ਜਨਮ ਲੇਖਾ ਲੇਖੇ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਕਹੇ ਮੇਰੀ ਹੋਰ ਇਕ ਆਸਾ, ਸ੍ਰੀ ਭਗਵਾਨ ਦਿਆਂ ਜਣਾਈਆ । ਜਿਨ੍ਹਾਂ ਦਾ ਤੇਰੇ ਚਰਨ ਨਾ ਹੋਵੇ ਭਰਵਾਸਾ, ਓਹਨਾਂ ਦੀ ਲੋੜ ਮੈਨੂੰ ਰਹੇ ਨਾ ਰਾਈਆ । ਓਹ ਕੂੜੀ ਕਿਰਿਆ ਵੇਖਣ ਆ ਕੇ ਜਗਤ ਤਮਾਸ਼ਾ, ਮਾਣਸ ਹੋ ਕੇ ਹਰਿ ਜੂ ਤੇਰਾ ਧਿਆਨ ਨਾ ਕੋਇ ਲਗਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਕਹੇ ਪ੍ਰਭੂ ਸੰਦੇਸ਼ਾ ਦੇ ਦੇ ਪੁਰਖ ਨਾਰ, ਬੁੱਢੇ ਬਾਲੇ ਨੱਢੇ ਦੇ ਜਣਾਈਆ । ਸਤਿਗੁਰ ਪ੍ਰੀਤੀ ਸਚ ਸ਼ਿੰਗਾਰ, ਜੋਬਨ ਸੋਹਣਾ ਦੇ ਚੜ੍ਹਾਈਆ । ਨੇਤਰ ਲੋਚਨ ਦਰਸ ਦੀਦਾਰ, ਧੂੜੀ ਟਿੱਕਾ ਮਸਤਕ ਲਾਈਆ । ਆਤਮ ਪਰਮਾਤਮ ਕਰ ਦੀਦਾਰ, ਘਰ ਆਪਣੇ ਖ਼ੁਸ਼ੀ ਵਖਾਈਆ । ਫੇਰ ਬਣ ਕੇ ਨਾਰ ਭਤਾਰ, ਜਗਤ ਜੀਵਣ ਲੈਣਾ ਬਣਾਈਆ । ਜਿਨ੍ਹਾਂ ਦਾ ਵਿਚੋਲਾ ਬਣੇ ਆਪ ਨਿਰੰਕਾਰ, ਏਥੇ ਓਥੇ ਨਾ ਹੋਏ ਜੁਦਾਈਆ । ਜੋ ਪੱਕੀਆਂ ਟਿੱਕੀਆਂ ਪਿਛੇ ਰਹੇ ਝਖ ਮਾਰ, ਓਹਨਾਂ ਦੇਵਾਂ ਸਖ਼ਤ ਸਜ਼ਾਈਆ । ਮਾਨਸ ਜਨਮ ਦਾ ਇਹ ਵਿਹਾਰ, ਪ੍ਰੇਮ ਪ੍ਰੀਤੀ ਇਕ ਜਣਾਈਆ । ਇਹ ਮੰਜ਼ਲ ਨਹੀਂ ਕੋਈ ਦੁਸ਼ਵਾਰ, ਮਨ ਨਾਲ ਮਨ ਲੈਣਾ ਜੁੜਾਈਆ । ਜਗਤ ਦੁੱਪਟੇ ਗੰਢਾਂ ਦੇ ਦੇ ਗਏ ਜੁਗ ਚਾਰ, ਕੰਨੀ ਕੰਨੀ ਨਾਲ ਬੰਧਾਈਆ । ਵਿਆਹ ਕਰਨ ਕਰੌਣ ਵਾਲੇ ਰੋਂਦੇ ਵੇਖੇ ਵਿਚ ਸੰਸਾਰ, ਬਿਨ ਸਤਿਗੁਰ ਪਾਰ ਨਾ ਕੋਇ ਲੰਘਾਈਆ । ਦਾਹਵੇ ਨਾਲ ਜਨ ਭਗਤਾਂ ਕਰ ਕੇ ਪਿਆਰ, ਪ੍ਰੇਮ ਪ੍ਰੀਤੀ ਵਿਚ ਬੰਧਾਈਆ । ਏਥੇ ਨਹੀਂ ਅਗੇ ਦਾ ਦਿਤਾ ਸਹਾਰ, ਸਚਖੰਡ ਨਿਵਾਸੀ ਸਚਖੰਡ ਦਵਾਰ ਜਨ ਭਗਤਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿਜੁਗ ਕਹੇ ਪ੍ਰਭ ਮੇਰੀ ਹੋਰ ਦਲੀਲ, ਅਗੇ ਤੋਂ ਅਗਲੀ ਦਿਆਂ ਜਣਾਈਆ । ਧਰਮ ਦਵਾਰੇ ਇਕ ਅਪੀਲ, ਬੇਨੰਤੀ ਸਚ ਸੁਣਾਈਆ । ਚੋਰ ਯਾਰ ਠਗ ਗੁਰਮੁਖਾਂ ਵਿਚ ਬਣੇ ਨਾ ਕੋਈ ਵਕੀਲ, ਗੋਲਾ ਵਿਚੋਲਾ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਦੇਣੀ ਕਰਾਈਆ । ਸ੍ਰੀ ਭਗਵਾਨ ਕਹੇ ਸੁਣ ਸਤਿਜੁਗ ਬੱਚੇ, ਬਚਪਨ ਤੇਰਾ ਦਿਆਂ ਬਣਾਈਆ । ਭਗਤ ਸੁਹੇਲੇ ਬਣਾ ਕੇ ਸੱਚੇ, ਸਾਚੀ ਰੀਤੀ ਦਿਆਂ ਚਲਾਈਆ । ਜੋ ਅੰਤਰ ਆਤਮ ਮਨ ਵਾਸਨਾ ਕੱਚੇ, ਦੂਰ ਦੁਰਾਡਾ ਧੱਕਾ ਦਿਆਂ ਲਗਾਈਆ । ਜੋ ਪਰਮ ਪੁਰਖ ਦੇ ਮਿਤਰ ਪਿਆਰੇ ਬਣ ਗਏ ਸਕੇ, ਤੇਰਾ ਨਾਤਾ ਦਿਆਂ ਮਿਲਾਈਆ । ਹਰਿ ਕਾ ਭਗਤ ਕੂੜੀ ਮਾਇਆ ਕਦੇ ਨਾ ਤਕੇ, ਵਾਸਨਾ ਜਗਤ ਨਾ ਕੋਇ ਰਖਾਈਆ । ਓਹ ਇਕੋ ਪ੍ਰੇਮ ਪਿਆਰ ਸਾਚਾ ਲੱਭੇ, ਖੋਜ ਖੁਜਾਏ ਚਾਈਂ ਚਾਈਂਆ । ਜਿਥੇ ਗੁਰਮੁਖ ਗੁਰਸਿਖ ਪ੍ਰੇਮ ਪਿਆਰ ਦੀ ਜੋੜੀ ਫੱਬੇ, ਓਥੇ ਦੇਵਤ ਸੁਰ ਮੁਨ ਜਨ ਗਣ ਗੰਧਰਵ ਆਪਣਾ ਰਾਗ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਨਾਲ ਹੱਸੇ, ਸਤਿ ਸਚ ਵੱਜੇ ਵਧਾਈਆ । ਸੋਲਾਂ ਸਾਲਾਂ ਤਾਂਈ ਹੌਲੀ ਹੌਲੀ ਮਿਟ ਜਾਣੇ ਸਾਰੇ ਰੱਟੇ, ਝਗੜਾ ਰਹਿਣ ਕੋਇ ਨਾ ਪਾਈਆ । ਜੋ ਪੂਜਣਹਾਰੇ ਪੱਥਰ ਵੱਟੇ, ਇੱਟਾਂ ਉਤੇ ਮੱਥੇ ਰਹੇ ਘਸਾਈਆ । ਜਿਨ੍ਹਾਂ ਨੇ ਲੋਟੇ ਸਾਂਭ ਕੇ ਰੱਖੇ, ਵਜ਼ੂਆਂ ਨਾਲ ਕਰਨ ਸਫ਼ਾਈਆ । ਤਿਨ੍ਹਾਂ ਦਾ ਖੇਲ ਪੁਰਖ ਅਬਿਨਾਸ਼ੀ ਰੱਖੇ ਆਪਣੇ ਹੱਥੇ, ਹਦ ਪਿਛਲੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਤਿਜੁਗ ਕਹੇ ਪ੍ਰਭ ਮੇਰੀ ਇਕ ਅਰਦਾਸ, ਬੇਨੰਤੀ ਦਿਆਂ ਜਣਾਈਆ । ਜੋ ਗੁਰਮੁਖ ਗੁਰਸਿਖ ਆਵਣ ਸਚ ਦਵਾਰੇ ਚਰਨ ਕਵਲ ਤੇਰੇ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਓਹਨਾਂ ਦੇ ਮੁਖ ਤੇ ਕੂੜੀ ਰਹੇ ਨਾ ਕੋਈ ਨਕ਼ਾਬ, ਪਰਦਾ ਨਜ਼ਰ ਕੋਇ ਨਾ ਆਈਆ । ਪਹਿਲੋਂ ਤੇਰਾ ਦਰਸ਼ਨ ਕਰਨ ਸਾਖ਼ਿਆਤ, ਨੇਤਰ ਚਰਨਾਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਵਖਾਈਆ । ਸਤਿਜੁਗ ਕਹੇ ਪ੍ਰਭੂ ਮੈਂ ਪਹਿਲਾ ਹਾਲ ਦੱਸਾਂ ਦਿਲ ਦਾ, ਦਿਲਦਾਰ ਦਿਆਂ ਜਣਾਈਆ । ਜਿਸ ਵੇਲੇ ਪਹਿਲੀ ਚੇਤ ਤੇਰਾ ਸਿੰਘਾਸਣ ਵੇਖਿਆ ਹਿਲਦਾ, ਬ੍ਰਹਿਮੰਡ ਖੰਡ


੪੭੬

ਕੰਬੇ ਥਾਉਂ ਥਾਈਂਆ । ਓਸ ਵੇਲੇ ਸਚਖੰਡ ਦਵਾਰੇ ਗੋਬਿੰਦ ਤੇਰਾ ਲੇਖਾ ਪ੍ਰੇਮ ਵਿਚ ਲਿਖਦਾ, ਲੋਕਮਾਤ ਰਵਿਦਾਸ ਚਮਿਆਰਾ ਨਾਤਾ ਜੋੜੇ ਕਲਮ ਸ਼ਾਹੀਆ । ਬੇਸ਼ਕ ਤੂੰ ਜਗਤ ਨੇਤਰ ਨਹੀਂ ਕਿਸੇ ਨੂੰ ਦਿਸਦਾ, ਜੋਤ ਸਰੂਪੀ ਜੋਤੀ ਜੋਤ ਸਮਾਈਆ । ਇਹ ਲਹਿਣਾ ਦੇਣਾ ਕਿਸੇ ਭਗਤ ਨਹੀਂ ਇਕ ਦਾ, ਇਕ ਤੋਂ ਅਨੇਕ ਕਰ ਕੇ ਲਿਆ ਤਰਾਈਆ । ਇਹੋ ਪਰਉਪਕਾਰ ਪੁਰਖ ਅਕਾਲ ਪਿਤ ਦਾ, ਪਰਮੇਸ਼ਵਰ ਹੋ ਕੇ ਹੋਇਆ ਸਹਾਈਆ । ਸਤਿਜੁਗ ਅਗੇ ਭਗਤਾਂ ਦਾ ਝਗੜਾ ਮਿਟ ਗਿਆ ਨਿਤ ਦਾ, ਦੂਜੇ ਘਰ ਹੋਵੇ ਨਾ ਕੋਇ ਕੁੜਮਾਈਆ । ਜੇ ਕੋਈ ਗੁਰਮੁਖ ਗ਼ਰੀਬ ਨਿਮਾਣਾ ਹੋਵੇ ਮੈਂ ਓਹਦੇ ਕੋਲ ਬਿਨ ਕ਼ੀਮਤ ਵਿਕਦਾ, ਧਨ ਦੌਲਤ ਕੰਮ ਕਿਸੇ ਨਾ ਆਈਆ । ਇਹ ਖੇਲ ਪ੍ਰਭੂ ਦੇ ਹਿਤ ਦਾ, ਪ੍ਰੇਮ ਪ੍ਰੀਤੀ ਜੋੜ ਜੁੜਾਈਆ । ਵੇਖੇ ਨਜ਼ਾਰਾ ਅੰਤਰ ਨਿਜ ਦਾ, ਜੋ ਹਰ ਘਟ ਰਿਹਾ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣ ਆਇਆ ਸਚ ਵਧਾਈਆ । ਸਤਿਜੁਗ ਕਹੇ ਵਾਹ ਮੇਰੇ ਭਗਵਾਨ, ਤੇਰੀ ਬੇਪਰਵਾਹੀਆ । ਜਿਨ ਭਗਤਾਂ ਦਿਤਾ ਦਾਨ, ਅਨਮੁਲੜੀ ਦੌਲਤ ਝੋਲੀ ਪਾਈਆ । ਭਗਤ ਸੁਹੇਲੇ ਕਰ ਪਰਵਾਨ, ਪਰਵਾਨੇ ਧੁਰ ਦੇ ਰਿਹਾ ਫੜਾਈਆ । ਪੂਰਬ ਜਨਮਾਂ ਮਾਰ ਧਿਆਨ, ਕਰਮਾਂ ਲੇਖਾ ਦਿਤਾ ਮਿਟਾਈਆ । ਸਾਂਝਾ ਦੇ ਕੇ ਸਰਬ ਗਿਆਨ, ਸ਼ਬਦੀ ਸ਼ਬਦ ਕਰਾਂ ਪੜ੍ਹਾਈਆ । ਸਤਿਜੁਗ ਸਾਚਾ ਬਣਾ ਵਿਧਾਨ, ਵਾਧਾ ਆਪਣੇ ਨਾਲ ਰਖਾਈਆ । ਸਾਚਾ ਮੇਲ ਮੇਲ ਕੇ ਵਿਚ ਜਹਾਨ, ਮਿਲਣੀ ਜਗਦੀਸ਼ ਦਿਤੀ ਕਰਾਈਆ । ਜਿਸ ਘਰ ਭਗਤ ਵਸੇ ਓਸੇ ਘਰ ਵਸੇ ਭਗਵਾਨ, ਮਹਲ ਅਟਲ ਇਕੋ ਨਜ਼ਰੀ ਆਈਆ । ਗੁਰਸਿੱਖਾਂ ਦੀਆਂ ਕੰਨਿਆਂ ਪਿਛੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਪ੍ਰੇਮ ਪਿਆਰ ਝੋਲੀ ਪਾ ਦੇਵੇ ਦਾਨ, ਇਸ਼ਟ ਦ੍ਰਿਸ਼ਟ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਮਰਦ ਮਰਦਾਨਾ ਹੋ ਕੇ ਦਏ ਚਲਾਈਆ । ਸਤਿਜੁਗ ਕਹੇ ਪ੍ਰਭ ਕਿਸ ਬਿਧ ਹਿੰਦੂ ਮੁਸਲਮ ਸਿਖ ਮੰਨਣਗੇ ਈਸਾਈ, ਪਾਰਸੀ ਬੋਧੀ ਜੈਨੀ ਤੇਰਾ ਧਿਆਨ ਲਗਾਈਆ । ਚਾਰ ਕੁੰਟ ਕਵਣ ਦੇਵੇ ਸਮਝਾਈ, ਦੀਨ ਮਜ਼੍ਹਬ ਡੇਰਾ ਢਾਹੀਆ । ਆਤਮ ਵਿਦਿਆ ਕਵਣ ਕਰੇ ਪੜ੍ਹਾਈ, ਜਗਤ ਵਿਦਿਆ ਹੋਈ ਹਲਕਾਈਆ । ਪੁਰਖ ਅਕਾਲ ਕਿਹਾ ਮੈਂ ਸਭ ਦਾ ਪਿਤਾ ਮਾਈ, ਸ਼ਬਦ ਇਸ਼ਾਰੇ ਨਾਲ ਸਭ ਦੀ ਮਨਸਾ ਦਿਆਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਫੁਰਨੇ ਨਾਲ ਸ੍ਰਿਸ਼ਟ ਉਪਾਈ, ਓਸੇ ਫੁਰਨੇ ਨਾਲ ਸ੍ਰਿਸ਼ਟੀ ਦਿਆਂ ਭਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਂਧੀ ਬਣ ਕੇ ਆਏ ਰਾਹੀ, ਜੁਗ ਚੌਕੜੀ ਫੇਰਾ ਪਾਈਆ । ਇਕੋ ਮੰਨ ਕੇ ਗਏ ਗੁਸਾਈਂ, ਗਹਿਰ ਗੰਭੀਰ ਇਕੋ ਨਜ਼ਰੀ ਆਈਆ । ਜਗਤ ਰੀਤੀ ਵਾਸਤੇ ਨਾਨਕ ਅਰਜਨ ਨਹੀਂ ਲਾਵ ਲਿਖਾਈ, ਆਤਮ ਪਰਮਾਤਮ ਪਿਛੇ ਯਥਾਰਥ, ਗਏ ਲਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਦੇਵਣ ਆਇਆ ਵਧਾਈ, ਵਦੀ ਸੁਦੀ ਦੀ ਲੋੜ ਰਹੀ ਨਾ ਰਾਈਆ । ਵਦੀ ਸੁਦੀ ਨਾ ਕੋਈ ਦਿਨ ਵਾਰ, ਨਖੱਤਰ ਨਛੱਤਰ ਘੜੀ ਪਲ ਨਾ ਵੰਡ ਵੰਡਾਈਆ । ਜਗਤ ਗ੍ਰਿਹ ਕੀਤੇ ਖ਼ੁਆਰ, ਮੰਗਲ ਛਨਿਚਰ ਨਾ ਕੋਇ ਦੁਹਾਈਆ । ਜਿਸ ਪੋਹ ਨੂੰ ਸਾਰੇ ਕਹਿੰਦੇ ਚੰਗਾ ਨਹੀਂ ਵਿਹਾਰ, ਓਸੇ ਦਾ ਵਿਹਾਰ ਸਭ ਤੋਂ ਅੱਛਾ ਦਿਤਾ ਬਣਾਈਆ । ਜਿਸ ਦੀ ਰੀਤੀ ਚਲਦੀ ਰਹੇ ਜੁਗ ਚਾਰ, ਜੋੜੀਆਂ ਦੇ ਜੋੜੇ ਜੁੜਦੇ ਰਹਿਣ ਸੰਸਾਰ, ਇਸੇ ਕਾਰਨ ਅਠਾਈ ਪੋਹ ਦਿਤਾ ਲਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਨਿਰੰਕਾਰ, ਨਿਰਗੁਣ ਸਰਗੁਣ ਆਪਣਾ ਹੁਕਮ ਸੁਣਾਈਆ ।

## ❊ ੨ ਚੇਤ ਸ਼ਹਿਨਸ਼ਾਹੀ ਸੰਮਤ ੧ ਹਰਨਾਮ ਸਿੰਘ ਦੇ ਗ੍ਰਹਿ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ❊

ਸਚਖੰਡ ਕਹੇ ਮੇਰੇ ਗ੍ਰਹਿ ਪਰਕਾਸ਼, ਸਤਿ ਜੋਤ ਜੋਤ ਰੁਸ਼ਨਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਖੇਲ ਵਖਾਈਆ । ਸਚ ਤਖ਼ਤ ਕਰ ਨਿਵਾਸ, ਆਸਣ ਸਿੰਘਾਸਣ ਸੋਭਾ ਪਾਈਆ । ਆਦਿ ਜੁਗਾਦੀ ਵੇਖ ਖੇਲ ਤਮਾਸ਼, ਦੋ ਜਹਾਨਾਂ ਭੇਵ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਪਾਸ, ਚਰਨ ਦਵਾਰ ਰਿਹਾ ਸੁਹਾਈਆ । ਜਨ ਭਗਤਾਂ ਮੇਲਾ ਨਿਰਗੁਣ ਸਰਗੁਣ ਖ਼ਾਸ, ਨਿਤ ਨਵਿਤ ਜੋੜ ਜੁੜਾਈਆ । ਭੂਤ ਭਵਿਖਤ ਜਿਸ ਨੂੰ ਯਾਦ, ਅਭੁਲ ਭੁਲ ਕਦੇ ਨਾ ਜਾਈਆ । ਖੋਜਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਵੇਖ ਵਖਾਈਆ । ਸੁਨਾਵਣਹਾਰਾ ਸਚ ਨਾਦ, ਅਨਾਦੀ ਆਪਣਾ ਰਾਗ ਅਲਾਈਆ । ਹਰ ਘਟ ਹੋਵਣਹਾਰ ਵਿਸਮਾਦ, ਬਿਸਮਲ ਆਪਣਾ ਆਪ ਜਣਾਈਆ । ਲੱਖ ਚੁਰਾਸੀ ਸੁਣਨਹਾਰ ਫ਼ਰਿਆਦ, ਘਟ ਘਟ ਵਾਸੀ ਵੇਖ ਵਖਾਈਆ । ਨਾਮ ਸੰਦੇਸ਼ਾ ਦੇਵਣਹਾਰਾ ਬੋਧ ਅਗਾਧ, ਨਿਰਅੱਖਰ ਕਰਨਹਾਰ ਪੜ੍ਹਾਈਆ । ਸਤਿ ਦਵਾਰ ਦਾ ਭੋਗਣਹਾਰਾ ਰਾਜ, ਰਈਅਤ ਵਿਸ਼ਨ ਬ੍ਰਹਮਾ ਸ਼ਿਵ ਰਿਹਾ ਵਖਾਈਆ । ਜੁਗ ਚੌਕੜੀ ਹਿੱਸਾ ਦੇਵਣਹਾਰਾ ਭਾਗ, ਨਿਰਵੈਰ ਨਿਰਾਕਾਰ ਵੰਡ ਵੰਡਾਈਆ । ਵੇਖਣਹਾਰਾ ਸੰਤ ਸਾਧ, ਗੁਰਮੁਖ ਮਨਮੁਖ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸਚਖੰਡ ਦਵਾਰ ਕਹੇ ਮੇਰਾ ਠਾਕਰ ਸਵਾਮੀ, ਨਿਰਵੈਰ ਨਿਰੰਕਾਰ ਦਇਆ ਕਮਾਈਆ । ਅਲਖ ਅਗੋਚਰ ਅਗੰਮ ਅਥਾਹ ਅੰਤਰਜਾਮੀ, ਆਤਮ ਪਰਮਾਤਮ ਵੇਖ ਵਖਾਈਆ । ਜੁਗ ਚੌਕੜੀ ਸਿਫ਼ਤ ਅਗੰਮੀ ਸੁਣਾਵਣਹਾਰਾ ਧੁਰ ਦੀ ਬਾਣੀ, ਗੁਰੂ ਅਵਤਾਰ ਪੀਰ ਪੈਗ਼ੰਬਰ ਸੇਵ ਲਗਾਈਆ । ਰਚਨਾ ਰਚਣਹਾਰਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਆਪਣੀ ਬਣਤ ਬਣਾਈਆ । ਲੋਕ ਪਰਲੋਕ ਦੇਵਣਹਾਰਾ ਦਾਤ ਬਣ ਕੇ ਦਾਨੀ, ਦਇਆਵਾਨ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਮਹਿਬੂਬ ਮੁਹੱਬਤਾਂ ਦਾ ਬਾਨੀ, ਸਹੀ ਸਲਾਮਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪਣੇ ਵਿਚ ਛੁਪਾਈਆ । ਸਚਖੰਡ ਕਹੇ ਮੈਂ ਹੋਇਆ ਖ਼ੁਸ਼ਹਾਲ, ਗਹਿਰ ਗੰਭੀਰ ਦਿਤੀ ਵਡਿਆਈਆ । ਸਚ ਦਵਾਰ ਸੁਹਾ ਕੇ ਸੱਚੀ ਧਰਮਸਾਲ, ਗ੍ਰਹਿ ਮੰਦਰ ਕਰੀ ਰੁਸ਼ਨਾਈਆ । ਲੇਖਾ ਜਾਣ ਦੋ ਜਹਾਨ, ਮਿਹਰਬਾਨ ਬੀਦੋ ਆਪਣਾ ਕਰਮ ਕਮਾਈਆ । ਸ਼ਬਦ ਸੁਤ ਅਬਿਨਾਸ਼ੀ ਅਚੁਤ ਉਠਾ ਆਪਣਾ ਲਾਲ, ਲਾਲ ਗੁਲਾਲਾ ਧੁਰ ਦਾ ਰੰਗ ਚੜ੍ਹਾਈਆ । ਪੂਰਬ ਜਨਮ ਪੂਰਬ ਲਹਿਣ ਪੂਰਬ ਲੇਖਾ ਪੂਰਾ ਕਰ ਸਵਾਲ, ਲਹਿਣੇਦਾਰ ਲਹਿਣਾ ਸਰਬ ਚੁਕਾਈਆ । ਚਰਨ ਕਵਲ ਸੱਦ ਗੁਰੂ ਅਵਤਾਰ, ਪੈਗ਼ੰਬਰਾਂ ਲਿਆ ਟਿਕਾਈਆ । ਸਜਦਾ ਦੱਸ ਕੇ ਇਕੋ ਨਿਮਸਕਾਰ, ਡੰਡਾਵਤ ਬੰਦਨਾ ਦਿਤੀ ਦ੍ਰਿੜ੍ਹਾਈਆ । ਜੋ ਹੁਕਮ ਵਰਤਦੇ ਰਹੇ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਤਿਸ ਦਾ ਲਹਿਣਾ ਮੁਕਾ ਇਕੋ ਵਾਰ, ਏਕੰਕਾਰ ਰਿਹਾ ਸਮਝਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਬੋਲੋ ਇਕ ਜੈਕਾਰ, ਨਾਅਰਾ ਧੁਰ ਦਾ ਆਪ ਸੁਣਾਈਆ । ਜਿਸ ਦੀ ਰੀਤੀ ਨੀਤੀ ਚਲੇ ਵਿਚ ਸੰਸਾਰ, ਦੀਨ ਦੁਨੀ ਖ਼ਾਲਕ ਖ਼ਲਕ ਦਏ ਪੜ੍ਹਾਈਆ । ਸਭ ਦੀ ਮੁਸ਼ਕਲ ਹੋਵੇ ਆਸਾਨ, ਹੈਵਾਨ ਇਨਸਾਨ ਰੂਪ ਵਟਾਈਆ । ਸ਼ਹਾਦਤ ਵਾਲਾ ਲੇਖਾ ਰਹੇ ਨਾ ਕੋਇ ਬਿਆਨ, ਸਨਮੁਖ ਹੋ ਕੇ ਰਿਹਾ ਸਮਝਾਈਆ । ਬਾਲੀ ਬੁਧਿ ਨਾ ਕੋਇ ਅੰਞਾਣ, ਜੋਬਨਵੰਤਾ ਅੱਖ ਖੁਲ੍ਹਾਈਆ । ਨੇਤਰ ਤੱਕੋ ਸਰਬ ਜੀਆਂ ਦਾ ਲੱਖ ਚੁਰਾਸੀ ਸਖ਼ੀਆਂ ਇਕੋ ਕਾਹਨ, ਪਾਰਬ੍ਰਹਮ ਪਤਿਪਰਮੇਸ਼ਵਰ


੪੭੮

 ੪੭੯

ਨਜ਼ਰੀ ਆਈਆ । ਸ਼ਾਹੋ ਭੂਪ ਨਿਰਗੁਣ ਵੇਖੇ ਰਾਜ ਰਾਜਾਨ, ਤਖ਼ਤ ਨਿਵਾਸੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਰਿਹਾ ਉਠਾਈਆ । ਸਚਖੰਡ ਕਹੇ ਮੈਂ ਵੇਖਾਂ ਮਾਰ ਧਿਆਨ ਜਗਤ, ਲੋਕਮਾਤ ਅੱਖ ਖੁਲ੍ਹਾਈਆ । ਸਦੀ ਸਦੀਵੀ ਨਜ਼ਰੀ ਆਏ ਉਹ ਵਕਤ, ਜੋ ਗੁਰ ਅਵਤਾਰ ਪੀਰ ਪੈਗ਼ੰਬਰ ਭਵਿਖਤਾਂ ਵਿਚ ਜਣਾਈਆ । ਮਾਣ ਵਡਿਆਈ ਰਹੀ ਨਾ ਕਿਸੇ ਸ਼ਖ਼ਸ, ਸ਼ਖ਼ਸ਼ੀਅਤ ਬੈਠੀ ਮੁਖ ਭਵਾਈਆ । ਚਾਰ ਕੁੰਟ ਦਹਿ ਦਿਸ਼ਾ ਕਾਮ ਕਰੋਧ ਲੋਭ ਮੋਹ ਹੰਕਾਰ ਵਧੀ ਹਿਰਸ, ਹਵਸ ਸਕੇ ਨਾ ਕੋਇ ਮਿਟਾਈਆ । ਕੋੜ੍ਹਿਆਂ ਕਮਲਿਆਂ ਗ਼ਰੀਬ ਨਿਮਾਣਿਆਂ ਉਤੇ ਕਰੇ ਕੋਈ ਨਾ ਤਰਸ, ਜਾਬਿਰ ਜਬਰ ਕੂੜੀ ਕਿਰਿਆ ਜ਼ੋਰ ਰਹੇ ਵਖਾਈਆ । ਬਿਨ ਸ਼ਬਦ ਗੁਰ ਨਜ਼ਰ ਨਾ ਆਏ ਕੋਈ ਨਿਧੜਕ, ਸਾਧ ਸੰਤ ਜੀਵ ਜੰਤ ਭੈ ਭੀਤ ਸਰਬ ਲੋਕਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਕਲਮਿਆਂ ਨਾਮਾਂ ਵਿਚ ਜੋ ਰਿਹਾ ਫ਼ਰਕ, ਮਾਨੁਖ ਮਾਣਸ ਵੰਡ ਵੰਡਾਈਆ । ਏਹੋ ਖੇਲ ਸਦਾ ਅਸਚਰਜ, ਅਚਰਜ ਸਮਝ ਕੋਇ ਨਾ ਪਾਈਆ । ਵੇਖਣਹਾਰਾ ਪੁਰਖ ਅਕਾਲ ਸੂਰਬੀਰ ਮਰਦਾਨਾ ਮਰਦ, ਮਦਦਾਂ ਦਾ ਮਾਲਕ ਇਕੋ ਇਕ ਨਜ਼ਰੀ ਆਈਆ । ਸਚ ਸੁਹਾਵਣਾ ਲੋਕਮਾਤ ਪੁਰਖ ਅਕਾਲ ਦਾ ਚੜ੍ਹਿਆ ਬਰਸ, ਬਰਸੀ ਪਿਛਲੀ ਨਾ ਕੋਇ ਮਨਾਈਆ । ਜਨ ਭਗਤਾਂ ਵੰਡੇ ਦਰਦ, ਦੀਨਾਂ ਹੋਏ ਸਹਾਈਆ । ਸਚਖੰਡ ਦਵਾਰੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬੇਨੰਤੀ ਮੰਨੇ ਅਰਜ਼, ਅਰਦਾਸ ਆਪਣੀ ਝੋਲੀ ਪਾਈਆ । ਅਗੇ ਪੂਰਾ ਕਰੇ ਫ਼ਰਜ਼, ਫ਼ੈਸਲਾ ਹਕ ਹਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸਚਖੰਡ ਕਹੇ ਮੇਰਾ ਵਡਾ ਭਾਗ, ਪੁਰਖ ਅਕਾਲ ਦਿਤੀ ਵਡਿਆਈਆ । ਗ੍ਰਿਹ ਮੰਦਰ ਦੀਪਕ ਜੋਤੀ ਜਗਿਆ ਚਿਰਾਗ਼, ਅੰਧ ਅੰਧੇਰਾ ਰਿਹਾ ਨਾ ਰਾਈਆ । ਜਿਸ ਲੱਖ ਚੁਰਾਸੀ ਸਾਜਣ ਲਿਆ ਸਾਜ, ਤੱਤ ਮਾਟੀ ਘਾੜਤ ਲਿਆ ਘੜਾਈਆ । ਜਿਸ ਨੇ ਦੀਨ ਮਜ਼੍ਹਬ ਬਣਾਇਆ ਸਮਾਜ, ਸ਼ਰਅ ਸ਼ਰੀਅਤ ਵੰਡ ਵੰਡਾਈਆ । ਜਿਨ ਨਿਰਗੁਣ ਸਰਗੁਣ ਚਲਾਇਆ ਜਹਾਜ਼, ਨਈਆ ਨੌਕਾ ਨਾਮ ਖੇਵਟ ਖੇਟਾ ਆਪਣਾ ਆਪ ਪਰਗਟਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਖੋਲ੍ਹਣ ਆਇਆ ਰਾਜ਼, ਰਾਜ਼ਕ ਰਿਜ਼ਕ ਰਹੀਮ ਰਹਿਮਤ ਆਪ ਕਮਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਦੇਵਣ ਆਇਆ ਸ਼ਾਬਾਸ਼, ਸਤਿ ਸਤਿਵਾਦੀ ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਮਹਲ ਅਟਲ ਉਚ ਮੀਨਾਰ ਦਰਗਾਹ ਸਾਚੀ ਧਾਮ ਅਵੱਲੜੇ ਕਰਨਹਾਰ ਨਿਵਾਸ, ਸਤਿ ਭੂਮਿਕਾ ਸੋਹਣੀ ਸਚ ਸੁਹਾਈਆ । ਨਵ ਨੌ ਚਾਰ ਪਿਛੋਂ ਵੇਖਣ ਆਇਆ ਆਪ ਤਮਾਸ਼, ਜੋਤੀ ਜਾਤਾ ਵੇਸ ਵਟਾਈਆ । ਮੰਡਲ ਮੰਡਪ ਬ੍ਰਹਿਮੰਡ ਖੰਡ ਨਿਰਗੁਣ ਸਰਗੁਣ ਪੈਂਦੀ ਵੇਖੇ ਰਾਸ, ਗੋਪੀ ਕਾਹਨ ਸੁਰਤੀ ਸ਼ਬਦ ਤਨ ਮੰਦਰ ਅੰਦਰ ਨਾਚ ਵਖਾਈਆ । ਕੂੜੀ ਕਿਰਿਆ ਕਲਜੁਗ ਅੰਤਮ ਪਾਰ ਕਿਨਾਰਾ ਵੇਖਣ ਆਇਆ ਘਾਟ, ਤਟ ਤੀਰਥ ਖੋਜ ਖੁਜਾਈਆ । ਸਤਿ ਧਰਮ ਨਿਰੰਤਰ ਬ੍ਰਹਮ ਨਿਗਮ ਦੱਸਣ ਆਇਆ ਰਿਵਾਜ, ਚਸ਼ਮ ਦੀਦ ਚਾਨਣ ਰਿਹਾ ਕਰਾਈਆ । ਦੋ ਜਹਾਨਾਂ ਸਤਿ ਧਰਮ ਦਾ ਕਰਕੇ ਇਕੋ ਰਾਜ, ਲਾਜਵਾਬ ਸਾਰੇ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਜਵਾਨ ਨਵ ਕਰਤਾ ਵਡ ਵਡਿਆਈਆ ।

## ❋ ੨ ਚੇਤ ਸ਼ਹਿਨਸ਼ਾਹੀ ਸੰਮਤ ੧ ਸਵਰਨ ਸਿੰਘ ਗ੍ਰਿਹ ਗੁਮਾਨ ਪੁਰਾ ❋

ਸਚਖੰਡ ਕਹੇ ਵੇਖੇ ਖੇਲ ਪੁਰਖ ਸਮਰਥ ਦੇ, ਸਦਾ ਸਦਾ ਸਦ ਆਪਣਾ ਧਿਆਨ ਲਗਾਈਆ । ਜਿਸ ਦੇ ਚਰਨ ਕਵਲਾਂ ਗੁਰ ਅਵਤਾਰ ਪੀਰ ਪੈਗ਼ੰਬਰ ਵਸਦੇ, ਨਿਰਗੁਣ ਹੋ ਕੇ ਡੇਰਾ ਲਾਈਆ । ਜੁਗ ਚੌਕੜੀ ਲੇਖ ਜਿਸ ਦੇ ਜਸ ਦੇ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਲੱਖ ਚੁਰਾਸੀ ਜੀਵ ਜੰਤ ਜਿਸ ਦਾ ਨਾਮ ਰਟਦੇ, ਇਸ਼ਟ ਦੇਵ ਇਕ ਮਨਾਈਆ । ਨਿਤ ਨਵਿਤ ਜੁਗ ਚੌਕੜੀ ਆਸ ਜਿਸ ਦੀ ਰਖਦੇ, ਅੰਦਰ ਬਾਹਰ ਗੁਪਤ ਜ਼ਾਹਰ ਵੇਖਣ ਚਾਈਂ ਚਾਈਂਆ । ਨਾਮ ਜੈਕਾਰੇ ਜਿਸ ਦੇ ਸਦਾ ਅਲਖ ਦੇ, ਪਰਤਖ ਰੂਪ ਨੂਰ ਗੁਸਾਈਆ । ਜੋ ਲਹਿਣੇ ਦੇਣੇ ਕਰੇ ਨਬੇੜੇ ਹਕ ਦੇ, ਹਕੀਕਤ ਸਭ ਦੀ ਵੇਖ ਵਖਾਈਆ । ਜਿਸ ਦੇ ਹੁਕਮ ਖੇਲ ਇਕ ਪਲਕ ਦੇ, ਜੁਗ ਚੌਕੜੀ ਲਹਿਣੇ ਦਏ ਚੁਕਾਈਆ । ਬ੍ਰਹਿਮੰਡ ਖੰਡ ਜਿਸ ਦੇ ਇਸ਼ਾਰਿਆਂ ਨਾਲ ਨਚਦੇ, ਰਵ ਸਸ ਸੂਰਜ ਚੰਦ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਆਪਣੀ ਕਲ ਪਰਗਟਾਈਆ । ਸਚਖੰਡ ਕਹੇ ਮੈਂ ਵੇਖਾਂ ਅਜਬ ਨਜ਼ਾਰਾ, ਨਜ਼ਰ ਨਜ਼ਰ ਨਾਲ ਮਿਲਾਈਆ । ਕਰੇ ਖੇਲ ਆਪ ਨਿਰੰਕਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਇਕ ਦਰ ਮੇਟਣਹਾਰ ਅੰਧਿਆਰਾ, ਇਕ ਘਰ ਨੂਰ ਕਰੇ ਰੁਸ਼ਨਾਈਆ । ਇਕ ਦਰ ਬੰਦ ਕਰੇ ਕਿਵਾੜਾ, ਇਕ ਘਰ ਪਰਦਾ ਰਿਹਾ ਉਠਾਈਆ । ਇਕ ਦਰ ਜੂਠ ਝੂਠ ਵੇਖਣਹਾਰ ਅਖਾੜਾ, ਇਕ ਘਰ ਸਤਿ ਸਚ ਰਿਹਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਆਪਣਾ ਕਰਮ ਕਮਾਈਆ । ਸਚਖੰਡ ਕਹੇ ਮੈਂ ਅੰਦਰ ਬਾਹਰ ਰਿਹਾ ਖੋਜ, ਚੌਦਾਂ ਲੋਕ ਵੇਖ ਵਖਾਈਆ । ਚੌਦਾਂ ਤਬਕ ਜਿਸ ਦੀ ਖੋਜ, ਮੁਸਾਫ਼ਰ ਲੱਭਣ ਥਾਉਂ ਥਾਈਂਆ । ਸੋ ਸਾਹਿਬ ਸਵਾਮੀ ਕਿਸ ਬਿਧ ਕਰੇ ਆਪਣੇ ਚੋਜ, ਚੋਜੀ ਹੋ ਕੇ ਵੇਸ ਵਟਾਈਆ । ਵੇਖ ਵਖਾਵੇ ਚੌਦਾਂ ਲੋਕ, ਚੌਦਾਂ ਤਬਕ ਭੇਵ ਰਹੇ ਨਾ ਰਾਈਆ । ਜਿਸ ਦਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਤ ਸੁਰ ਸਭ ਨੇ ਸੁਣਨਾ ਇਕ ਸਲੋਕ, ਰਿਖ ਮੁਨ ਬੈਠੇ ਧਿਆਨ ਲਗਾਈਆ । ਸਚ ਪ੍ਰੀਤੀ ਚਰਨ ਕਵਲ ਉਪਰ ਧਵਲ ਜਨ ਭਗਤਾਂ ਮਾਨਣੀ ਮੌਜ, ਮਜਲਸ ਇਕੋ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਪੁਰਖ ਹਰਿ ਕਰਨੀ ਆਪਣੀ ਆਪ ਪਰਗਟਾਈਆ । ਸਚਖੰਡ ਕਹੇ ਮੈਂ ਵੇਖਿਆ ਪ੍ਰੇਮੀ ਪ੍ਰੇਮ ਪ੍ਰੀਤੀ ਅੰਦਰ ਘੋਲ ਘੁਲਦਾ, ਵਾਰੀ ਘੋਲੀ ਘੋਲ ਘੁਮਾਈਆ । ਇਹ ਖੇਲ ਅਗੰਮਾ ਕੁਲ ਦਾ, ਕੁੱਲ ਮਾਲਕ ਨਜ਼ਰ ਆਪਣੀ ਰਿਹਾ ਉਠਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਭੁਲਦਾ, ਭੁੱਲਿਆਂ ਮਾਰਗ ਦਏ ਵਖਾਈਆ । ਗੋਬਿੰਦ ਲੇਖਾ ਜਿਸ ਕੁਲ ਦਾ, ਸੋ ਪਤਵੰਤਾ ਇਕੋ ਨਜ਼ਰੀ ਆਈਆ । ਧਰਮ ਨਿਸ਼ਾਨਾ ਜਿਸ ਦਾ ਝੁਲਦਾ, ਸਚਖੰਡ ਦਏ ਗਵਾਹੀਆ । ਧੁਰ ਦਾ ਮਾਰਗ ਇਕੋ ਖੁਲਦਾ, ਚਾਰ ਵਰਨਾਂ ਦਏ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਨਾਮ ਤਰਾਜ਼ੂ ਸਾਚੇ ਤੁਲਦਾ, ਧੜੀ ਵੱਟਾ ਸੇਰ ਧੜਤ ਨਾ ਕੋਇ ਬਣਾਈਆ । ਇਹ ਲੇਖਾ ਅਤੋਲ ਅਤੁਲ ਦਾ, ਵਣਜ ਵਪਾਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸਚਖੰਡ ਕਹੇ ਮੈਂ ਲੋਕਮਾਤ ਵੇਖਣਾ ਦਰਵਾਜ਼ਾ ਖੁਲ੍ਹਦਾ, ਖਿੜਕੀ ਬੰਦ ਨਾ ਕੋਇ ਕਰਾਈਆ । ਜਨ ਭਗਤ ਸੁਹੇਲਾ ਧਰਨੀ ਧਰਤ ਧਵਲ ਕਦੇ ਨਾ ਰੁਲਦਾ, ਭੁੱਲਿਆਂ ਭੁੱਖਿਆਂ ਦੇਵਣਹਾਰ ਵਡਿਆਈਆ । ਮਸਤਕ ਟਿੱਕਾ ਲਗੇ ਸਾਚੀ ਧੂਲ ਦਾ, ਸਾਚੀ ਖ਼ਾਕ

ਇਕ ਰਮਾਈਆ । ਲਹਿਣਾ ਮਿਲੇ ਪਿਛਲੇ ਮੂਲ ਦਾ, ਅਸਲ ਵਸਲ ਸਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਕਰਤਾ ਹੋ ਪਰਗਟਾਈਆ ।

### ✻ ੨ ਚੇਤ ਸ਼ਹਿਨਸ਼ਾਹੀ ਸੰਮਤ ੧ ਨਰਾਇਣ ਸਿੰਘ ਦੇ ਗ੍ਰਹਿ ਗੁਮਾਨ ਪੁਰਾ ✻

ਸਚਖੰਡ ਕਹੇ ਮੇਰਾ ਸੰਦੇਸ਼ਾ ਸਚ, ਹਰਿ ਕਾ ਨਾਮ ਇਕੋ ਦਿਆਂ ਜਣਾਈਆ । ਸ੍ਰਿਸ਼ਟ ਸਬਾਈ ਬ੍ਰਹਮ ਮਤਿ, ਬੁਧਿ ਬਿਬੇਕੀ ਰੂਪ ਵਟਾਈਆ । ਆਤਮ ਪਰਮਾਤਮ ਜੋੜਾਂ ਨਤ, ਸੁਰਤ ਸ਼ਬਦ ਸੱਚੀ ਕੁੜਮਾਈਆ । ਨਿਜ ਨੇਤਰ ਖੋਲ੍ਹੋ ਅੱਖ, ਪਰਤਖ ਰੂਪ ਨਜ਼ਰ ਆਏ ਗੁਸਾਈਆ । ਮਨ ਮਨਸਾ ਹੋਵੇ ਵਸ, ਹਰਿ ਚਰਨ ਕਵਲ ਧਿਆਨ ਰਖਾਈਆ । ਪੁਰਖ ਅਕਾਲ ਦਾ ਸਾਚਾ ਜਸ, ਗੁਰ ਅਵਤਾਰ ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਭਗਤ ਭਗਵਾਨ ਇਕ ਦੂਜੇ ਦਾ ਮਾਨਣ ਰਸ, ਜਗਤ ਰਸ ਪੰਧ ਮੁਕਾਈਆ । ਸਚ ਦਵਾਰਿਉਂ ਸਾਚਾ ਲੈ ਲਓ ਹਕ, ਦੇਵਣਹਾਰਾ ਦਇਆਵਾਨ ਦਾਤਾ ਦਏ ਵਡਿਆਈਆ । ਲੇਖਾ ਜਾਣੇ ਪੁਰਖ ਸਮਰਥ, ਮਹਿੰਮਾ ਅਕਥ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਅੰਤਰ ਦਏ ਚੁਕਾਈਆ । ਸਚਖੰਡ ਕਹੇ ਮੈਂ ਤੱਕਾਂ ਕਦ ਦਾ, ਕੁਦਰਤ ਕ਼ਾਦਰ ਦਇਆ ਕਮਾਈਆ । ਪੰਧ ਮੁਕਾ ਕੇ ਕੂੜੀ ਹਦ ਦਾ, ਝਗੜਾ ਮੁੱਕੇ ਕੂੜ ਲੋਕਾਈਆ । ਨਾਮ ਨਗਾਰਾ ਵੇਖਾਂ ਵਜਦਾ, ਦੋ ਜਹਾਨ ਕਰੇ ਸ਼ਨਵਾਈਆ । ਪੁਰਖ ਅਕਾਲ ਵੇਖਾਂ ਸਾਚੇ ਤਖ਼ਤ ਸਜਦਾ, ਲੋਕਮਾਤ ਨਿਰਵੈਰ ਹੋ ਕੇ ਆਸਣ ਲਾਈਆ । ਝਗੜਾ ਚੁਕਾ ਕੇ ਦੀਨ ਮਜ਼੍ਹਬ ਦਾ, ਜ਼ਾਤ ਪਾਤ ਲੇਖਾ ਦਏ ਮੁਕਾਈਆ । ਕਰੇ ਹੁਕਮ ਅਗੰਮੀ ਗ਼ਜ਼ਬ ਦਾ, ਧੁਰ ਫ਼ਰਮਾਨਾ ਇਕ ਸੁਣਾਈਆ । ਮਾਣ ਚੁਕੇ ਕੂੜੇ ਅਦਬ ਦਾ, ਸਚ ਆਦਾਬ ਇਕੋ ਦਏ ਸਮਝਾਈਆ । ਪੈਂਡਾ ਮੁੱਕੇ ਕ਼ਦੀਮ ਕ਼ਦਮ ਦਾ, ਮੰਜ਼ਲ ਅਗੇ ਇਕ ਪਰਗਟਾਈਆ । ਝਗੜਾ ਚੁੱਕੇ ਸਾਢੇ ਤਿੰਨ ਹੱਥ ਬਦਨ ਦਾ, ਆਤਮ ਪਰਮਾਤਮ ਇਕੋ ਰੰਗ ਵਖਾਈਆ । ਲੇਖਾ ਮੁਕਾ ਦੇਵੇ ਜਨ ਭਗਤਾਂ ਦਵਾਰੇ ਸਜਣ ਦਾ, ਵਸਤ ਅਮੋਲਕ ਕਾਇਆ ਗੋਲਕ ਨਾਮ ਨਿਧਾਨਾ ਝੋਲੀ ਪਾਈਆ । ਭੈ ਮੁਕਾ ਦੇਵੇ ਔਖੀ ਘਾਟੀ ਭੀੜੇ ਰਾਹ ਲੰਘਣ ਦਾ, ਸਿਰ ਮਿਹਰ ਹੱਥ ਰਖਾਈਆ । ਪਰਕਾਸ਼ ਜਣਾ ਕੇ ਆਤਮ ਜੋਤੀ ਦੀਪਕ ਸਾਚੇ ਜਗਣ ਦਾ, ਜਾਗਰਤ ਜੋਤ ਜੀਵ ਕਰੇ ਰੁਸ਼ਨਾਈਆ । ਝਗੜਾ ਮੁਕ ਜਾਏ ਕੂੜੀ ਕਿਰਿਆ ਸੜਨ ਅਗਨ ਦਾ, ਮੇਘ ਅੰਮ੍ਰਿਤ ਇਕ ਬਰਸਾਈਆ । ਪੈਂਡਾ ਮੁਕ ਜਾਏ ਸ਼ਿਵਦਵਾਲੇ ਮਠ ਮੰਦਰ ਮਸੀਤ ਭੱਜਣ ਦਾ, ਕਾਇਆ ਅੰਤਰ ਭਜਨ ਬੰਦਗੀ ਸਚ ਡੰਡੌਤ ਕਲਮਾ ਇਕ ਦ੍ਰਿੜਾਈਆ । ਲੇਖਾ ਰਹੇ ਨਾ ਅਠਸਠ ਤੀਰਥ ਜਗਤ ਮਜਨ ਦਾ, ਆਤਮ ਸਰੋਵਰ ਨਿਝਰ ਝਿਰਨੇ ਸਚ ਇਸ਼ਨਾਨ ਦਏ ਕਰਾਈਆ । ਵਕ਼ਤ ਸੁਹਾਵੇ ਪੁਰਖ ਅਕਾਲ ਪ੍ਰੀਤੀ ਮਗਨ ਦਾ, ਲਿਵ ਅੰਤਰ ਛੁਟਕੀ ਆਪ ਜੁੜਾਈਆ । ਸਚਖੰਡ ਦਵਾਰ ਕਹੇ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੇਲਾ ਮਿਲਦਾ ਪੁਰਖ ਅਬਿਨਾਸ਼ੀ ਸੱਜਣ ਦਾ, ਜੋ ਸਾਜਣ ਹੋ ਕੇ ਆਪਣੇ ਅੰਗ ਲਗਾਈਆ । ਅਗੇ ਲੇਖਾ ਕੂੜ ਕੁੜਿਆਰੀ ਕਿਰਿਆ ਤਜਣ ਦਾ, ਜੂਠ ਝੂਠ ਮਮਤਾ ਮੋਹ ਦੇਣਾ ਗਵਾਈਆ । ਵੇਲਾ ਵਕ਼ਤ ਸੁਹਾਵੇ ਸੋਹਣਾ ਨਗਾਰਾ ਵਜਣ ਦਾ, ਧੁਰ ਦਾ ਤਾਲ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦਏ

ਪਰਗਟਾਈਆ । ਸਚਖੰਡ ਕਹੇ ਮੈਂ ਵੇਖਾਂ ਨੇਤਰ ਖੋਲ੍ਹ, ਬਿਨ ਅੱਖਾਂ ਅੱਖ ਉਠਾਈਆ । ਨਾਮ ਦਮਾਮਾ ਵੱਜਣਾ ਢੋਲ, ਕ੍ਰਿਸ਼ਨਾ ਰਾਮਾ ਲਏ ਅੰਗੜਾਈਆ । ਅਬਿਨਾਸ਼ੀ ਕਰਤਾ ਤੋਲਣ ਆਇਆ ਪੂਰਾ ਤੋਲ, ਅਤੁਲ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਲਏ ਵਰੋਲ, ਨਾਮ ਮਧਾਣਾ ਇਕ ਉਠਾਈਆ । ਸੰਤ ਸੁਹੇਲੇ ਸੱਜਣ ਸੱਦੇ ਕੋਲ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਹੋ ਕੇ ਆਪਣਾ ਖੇਲ ਵਖਾਈਆ । ਪੂਰਬ ਜਨਮ ਜੋ ਕਰਦਾ ਆਇਆ ਕੌਲ, ਇਕਰਾਰ ਆਪਣੇ ਲੇਖੇ ਲਏ ਲਗਾਈਆ । ਦੇ ਵਡਿਆਈ ਧਰਨੀ ਧੌਲ, ਧਵਲ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਵਾਮੀ ਹਰਿ ਰਘੁਰਾਈਆ । ਸਚਖੰਡ ਕਹੇ ਮੈਂ ਤੱਕਾਂ ਚਾਰ ਕੁੰਟ, ਵੇਖਾਂ ਥਾਉਂ ਥਾਈਂਆ । ਕਿਰਪਾ ਕਰੇ ਵਾਸੀ ਬੈਕੁੰਠ, ਪਰਦਾ ਉਹਲਾ ਦਏ ਚੁਕਾਈਆ । ਜਿਸ ਨੇ ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲੱਭੇ ਮੁਠ, ਗਿਣਤੀ ਸੰਖ ਨਾ ਕੋਇ ਵਖਾਈਆ । ਦੀਨਾਂ ਉਤੇ ਗਿਆ ਤੁਠ, ਦਇਆਵਾਨ ਦਇਆ ਕਮਾਈਆ । ਨਿਰਵੈਰ ਹੋ ਕੇ ਗੋਦੀ ਚੁਕ, ਆਪਣੇ ਗਲੇ ਲਗਾਈਆ । ਠਾਕਰ ਹੋ ਕੇ ਰਿਹਾ ਪੁੱਛ, ਸਮੁੰਦ ਸਾਗਰ ਖੋਜ ਖੁਜਾਈਆ । ਉਜਲਾ ਕਰਨਹਾਰਾ ਮੁਖ, ਦੁਰਮਤ ਮੈਲ ਧੁਆਈਆ । ਦੇਵਣਹਾਰਾ ਸਾਚਾ ਸੁਖ, ਸਿਖਿਆ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਸਰਨਾਈ ਬੈਠੇ ਲੁਕ, ਬੀਸ ਇਕੀਸ ਲੇਖਾ ਰਿਹਾ ਮੁਕਾਈਆ । ਜਨ ਭਗਤਾਂ ਮੌਲੇ ਸਾਚੀ ਰੁਤ, ਰੁਤੜੀ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਰਬ ਸਵਾਮੀ ਅੰਤਰਜਾਮੀ ਘਟ ਘਟ ਵੇਖਣਹਾਰਾ ਸਚ ਨਿਸ਼ਾਨੀ, ਨਿਜ ਆਤਮ ਪਰਮਾਤਮ ਆਪਣਾ ਪਰਦਾ ਲਾਹੀਆ ।



### ✻ ੨ ਚੇਤ ਸ਼ਹਿਨਸ਼ਾਹੀ ਸੰਮਤ ੧ ਅਜੀਤ ਸਿੰਘ ਦੇ ਗ੍ਰਿਹ ਗੁਮਾਨ ਪੁਰਾ ✻

ਸਚਖੰਡ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਝੁਕਣ, ਪ੍ਰਭ ਚਰਨੀ ਸੀਸ ਨਿਵਾਈਆ । ਇਕ ਦੂਜੇ ਨੂੰ ਅੰਤਰ ਅੰਤਰ ਪੁੱਛਣ, ਕੱਠੇ ਹੋ ਕੇ ਮਤਾ ਪਕਾਈਆ । ਜਿਸ ਦਾ ਹੁਕਮ ਆਥਣ ਉਗਣ, ਦੋ ਜਹਾਨਾਂ ਹੁਕਮ ਵਰਤਾਈਆ । ਓਸ ਦੇ ਹੁਕਮੇ ਅੰਦਰ ਜੁਗ ਚੌਕੜੀ ਮੁਕਣ, ਕਲਜੁਗ ਸਤਿਜੁਗ ਰੂਪ ਵਟਾਈਆ । ਜਿਸ ਦੇ ਸ਼ਬਦੀ ਤੀਰ ਅਣਿਆਲੇ ਨਿਸ਼ਾਨਿਉਂ ਕਦੇ ਨਾ ਉਕਣ, ਆਰ ਪਾਰ ਦਏ ਲੰਘਾਈਆ । ਵੇਖ ਵਖਾਣੇ ਲਹਿਣਾ ਦੇਣਾ ਮਾਣਸ ਮਨੁਸ਼ਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਕਹੇ ਗੁਰ ਅਵਤਾਰ ਇਕ ਦੂਜੇ ਦੇ ਆਏ ਪਾਸ, ਆਪ ਆਪਣਾ ਪੰਧ ਮੁਕਾਈਆ । ਮੰਨੀਏ ਹੁਕਮ ਪੁਰਖ ਅਬਿਨਾਸ਼, ਨਾ ਕੋਇ ਮੇਟੇ ਮੇਟ ਮਿਟਾਈਆ । ਜੋ ਧੁਰ ਦਾ ਸਾਂਝਾ ਸਾਕ, ਸੱਜਣ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਪਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਆਖਦੇ, ਚਲੋ ਮੰਨੀਏ ਹਰਿ ਰਜ਼ਾਈਆ । ਝਗੜੇ ਮੁਕ ਜਾਣ ਦੀਨ ਮਜ਼੍ਹਬ ਸ਼ਾਖ਼ ਦੇ, ਸ਼ਨਾਖ਼ਤ ਇਕੋ ਦਏ ਸਮਝਾਈਆ । ਲੇਖੇ ਮਿਟਣ ਕੂੜੀ ਕਿਰਿਆ ਰਾਖ ਦੇ, ਲਾਸ਼ ਬਦਮਾਸ਼ ਰਹਿਣ ਕੋਈ ਨਾ ਪਾਈਆ । ਸਾਚੇ ਨਾਤੇ ਜੁੜਨ ਧਰਮ ਵਿਸ਼ਵਾਸ ਦੇ, ਵਿਸ਼ਵ ਘਾਤੀ ਬੈਠਣ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰ ਕੇ ਰਿਹਾ ਜਣਾਈਆ । ਸਚਖੰਡ ਕਹੇ ਮੈਂ ਵੇਖ

ਕਰਾਂ ਵੀਚਾਰ, ਆਪਣਾ ਧਿਆਨ ਲਗਾਈਆ । ਜਿਸ ਨੇ ਭੇਜੇ ਗੁਰੂ ਅਵਤਾਰ, ਪੈਗ਼ੰਬਰਾਂ ਦਿਤੀ ਵਡਿਆਈਆ । ਸੋ ਤਖ਼ਤ ਨਿਵਾਸੀ ਬਣ ਨਿਰੰਕਾਰ, ਸ਼ਬਦ ਰਾਸੀ ਸੋਭਾ ਪਾਈਆ । ਬੰਦ ਖ਼ਲਾਸੀ ਕਰੇ ਵਿਚ ਸੰਸਾਰ, ਲੋਕਮਾਤ ਬਖ਼ਸ਼ਣਹਾਰ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਪਰਦਾ ਆਪੇ ਦਏ ਉਠਾਈਆ ।

### ❊ ੨ ਚੇਤ ਸ਼ਹਿਨਸ਼ਾਹੀ ਸੰਮਤ ੧ ਚਤਰ ਸਿੰਘ, ਅਤਰ ਸਿੰਘ ਦੇ ਗ੍ਰਹਿ ਓਗਰਾ ਜ਼ਿਲਾ ਗੁਰਦਾਸਪੁਰ ❊

ਗੁਰਮੁਖ ਫੁਲਵਾੜੀ ਹਰਿ ਭਗਤ ਬਗ਼ੀਚਾ, ਪੱਤ ਟਹਿਣੀ ਫੁੱਲ ਮਹਿਕਾਈਆ । ਇਕੋ ਰੰਗ ਰੰਗਾ ਕੇ ਊਚ ਨੀਚਾ, ਬਖ਼ਸ਼ੇ ਚਰਨ ਕਵਲ ਸਰਨਾਈਆ । ਇਕੋ ਨਾਮ ਕਲਮਾ ਦੱਸ ਕੇ ਸਚ ਹਦੀਸਾ, ਹਰਿ ਜੂ ਹਜ਼ਰਤ ਕਰੇ ਪੜ੍ਹਾਈਆ । ਭੇਵ ਖੁਲ੍ਹਾ ਕੇ ਨੀਕਨ ਨੀਕਾ, ਨਿਰਗੁਣ ਨਿਰਵੈਰ ਨਿਰਾਕਾਰ ਰਿਹਾ ਜਣਾਈਆ । ਸਾਜਣ ਠਾਕਰ ਬਣ ਕੇ ਪ੍ਰਭ ਜੀ ਮੀਤਾ, ਮਿਤਰ ਪਿਆਰੇ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫੁਲਵਾੜੀ ਰਿਹਾ ਮਹਿਕਾਈਆ । ਸਚ ਫੁਲਵਾੜੀ ਕਹੇ ਮੈਂ ਗਈ ਮਹਿਕ, ਜੋਬਨ ਆਪਣਾ ਰੂਪ ਪਰਗਟਾਈਆ । ਸਚ ਪ੍ਰੀਤੀ ਅੰਦਰ ਗਈ ਟਹਿਕ, ਫਲੀ ਫੁਲੀ ਖ਼ੁਸ਼ੀ ਮਨਾਈਆ । ਅਗੇ ਇਕੋ ਮਾਲੀ ਦੇ ਹੋਣਾ ਮਤਹਿਤ, ਬਾਗ਼ਬਾਨ ਦੂਜਾ ਰਹਿਣ ਕੋਇ ਨਾ ਪਾਈਆ । ਜਿਸ ਦੀ ਸਭ ਤੋਂ ਵਖਰੀ ਨਿਰਾਲੀ ਰਹਿਤ, ਪੰਜ ਦਸ ਵੰਡ ਨਾ ਕੋਇ ਵੰਡਾਈਆ । ਸ਼ਰੀਅਤ ਦੀ ਸ਼ਰਅ ਸ਼ਰਅ ਦੀ ਸ਼ਰਾਇਤ, ਬੰਧਨ ਅਵਰ ਨਾ ਕੋਏ ਜਣਾਈਆ । ਸਾਚਾ ਨਾਮ ਇਕ ਹਦਾਇਤ, ਹਦ ਹਦੂਦ ਰਿਹਾ ਲੰਘਾਈਆ । ਧੁਰ ਦਾ ਕਾਨੂੰਨ ਬਣਾ ਕ਼ਵਾਇਦ, ਬੇਕਾਇਦਗੀ ਰਿਹਾ ਮਿਟਾਈਆ । ਨਾਮ ਨਿਧਾਨ ਕਰ ਕੇ ਆਇਦ, ਤਸੱਲਤ ਦੋ ਜਹਾਨ ਰਿਹਾ ਜਮਾਈਆ । ਭਗਤ ਸੁਹੇਲਾ ਪੂਰਾ ਕਰ ਫ਼ਰਾਇਜ਼, ਫ਼ਜ਼ਲ ਰਹਿਮਤ ਆਪਣੀ ਆਪ ਕਮਾਈਆ । ਨਾਮ ਪਾਬੰਦੀ ਸਚ ਸ਼ਰਾਇਤ, ਹੁਕਮ ਇਕ ਦ੍ਰਿੜਾਈਆ । ਪੁਰਖ ਅਕਾਲ ਸਚ ਖ਼ੁਦਾਏ ਮੰਨਣਾ ਵਾਹਿਦ, ਦੇਵ ਆਤਮਾ ਇਸ਼ਟ ਇਕੋ ਨਜ਼ਰੀ ਆਈਆ । ਜੋ ਸਮਝਾਵੇ ਸੋ ਜਾਇਜ਼, ਨਾਜ਼ਾਇਜ਼ ਕਾਰ ਨਾ ਕੋਈ ਕਮਾਈਆ । ਜਨ ਭਗਤਾਂ ਦੇ ਕੇ ਰਵਾਇਤ, ਮਿਹਰ ਨਜ਼ਰ ਇਕ ਉਠਾਈਆ । ਬਖ਼ਸ਼ਿਸ਼ ਰਹਿਮਤ ਕਰ ਕੇ ਰਿਆਇਤ, ਪ੍ਰੇਮ ਪ੍ਰੀਤੀ ਸਚ ਬਣਾਈਆ । ਚਾਰ ਵਰਨੀ ਨਜ਼ਰੀ ਆਏ ਇਕ ਜਮਾਇਤ, ਇਕੋ ਅੱਖਰ ਦਏ ਦ੍ਰਿੜਾਈਆ । ਸਚ ਦਵਾਰੇ ਕਰ ਰਿਹਾਇਸ਼, ਮੰਦਰ ਇਕ ਵਖਾਈਆ । ਜਨ ਭਗਤਾਂ ਅੰਦਰ ਵੜ ਕੇ ਆਪਣੀ ਕਰੇ ਅਜ਼ਮਾਇਸ਼, ਤਾਇਸ਼ ਵਿਚ ਵੇਖੇ ਲੋਕਾਈਆ । ਜਗਤ ਵਿਛੋੜੇ ਦੀ ਰਹਿਣ ਨਾ ਦੇਵੇ ਕੋਈ ਗੁੰਜਾਇਸ਼, ਗੁੰਝਲ ਅੰਦਰੋਂ ਦਏ ਕਢਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਬਣ ਕੇ ਔਂਦੇ ਰਹੇ ਨਾਇਬ, ਤਾਬੇਦਾਰੀ ਅੰਦਰ ਸੀਸ ਨਿਵਾਈਆ । ਜੁਗ ਚੌਕੜੀ ਕਰ ਕਰ ਭੇਜੇ ਲਾਇਕ, ਨਲਾਇਕਾਂ ਗਏ ਸਮਝਾਈਆ । ਵੇਦ ਸ਼ਾਸਤਰ ਸਿਮਰਤ ਪੁਰਾਨ ਕ਼ੁਰਾਨ ਅੰਜੀਲ ਗਾ ਕੇ ਗਏ ਆਇਤ, ਤੀਸ ਬਤੀਸ ਢੋਲੇ ਗਾਈਆ । ਕਲਜੁਗ ਅੰਤਮ ਆਪਣੀ ਪੂਰੀ ਕਰ ਕੇ ਲੋਕਾਮਾਤ ਨਮਾਇਸ਼, ਝਾਕੀ ਅੰਤਮ ਗਏ ਜਣਾਈਆ । ਅੰਤਮ ਪ੍ਰਭ ਚਰਨ ਦਵਾਰੇ ਪੂਰੀ ਕਰ ਕੇ ਖ਼ਾਹਿਸ਼, ਖ਼ਾਲਸ ਵਿਚ ਖ਼ਾਲਸ ਹੋ ਕੇ ਗਏ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਗੁਲਸ਼ਨ ਕਹੇ ਗੁਰਮੁਖ ਅਨੋਖੀ ਕਲੀ,


੪੮੩

ਕਲਮਿਆਂ ਤੋਂ ਬਾਹਰ ਨਜ਼ਰੀ ਆਈਆ । ਜਿਹੜੀ ਵਸਤ ਨਹੀਂ ਮਿਲੀ ਅਲੀ, ਉਹ ਅੱਲਾ ਦਾ ਨੂਰ ਰਿਹਾ ਵਖਾਈਆ । ਕਿਸੇ ਦੀ ਖੰਡੇ ਖੜਗ ਨਾਲ ਨਾ ਲਵੇ ਬਲੀ, ਬਲ ਆਪਣਾ ਆਪ ਪਰਗਟਾਈਆ । ਪ੍ਰਭ ਤੋਂ ਵੱਡਾ ਨਹੀਂ ਕੋਈ ਵਲੀ, ਵਲਵਲੇ ਸਭ ਦੇ ਰਿਹਾ ਗਵਾਈਆ । ਜਿਸ ਨੇ ਸ਼ਬਦ ਧਾਰ ਜੁਗ ਜੁਗ ਘਲੀ, ਸੁਨੇਹੜੇ ਸਚ ਸੁਣਾਈਆ । ਜਿਸ ਦੀ ਜੋਤ ਲੱਖ ਚੁਰਾਸੀ ਅੰਦਰ ਰਲੀ, ਕਾਇਆ ਕਾਅਬੇ ਰਹੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਰਿਹਾ ਰੰਗਾਈਆ । ਗੁਲਸ਼ਨ ਕਹੇ ਮੇਰਾ ਗੁਲ ਗੁਲਾਬ, ਲਾਲ ਗੁਲਾਲਾ ਨਜ਼ਰੀ ਆਈਆ । ਜਿਸ ਦੇ ਅੰਦਰ ਬਾਹਰ ਆਬੇ ਹਯਾਤ, ਬੂੰਦ ਦਿਤੀ ਟਪਾਈਆ । ਮਿਤਰ ਪਿਆਰਾ ਮਿਲਿਆ ਅਹਿਬਾਬ, ਸਚ ਤੰਦ ਰਬਾਬ ਦਿਤੀ ਜਣਾਈਆ । ਦੋ ਜਹਾਨ ਕਰ ਕੇ ਲਾਜੁਵਾਬ, ਹੁਕਮ ਆਪਣਾ ਇਕ ਪਰਗਟਾਈਆ । ਜਨ ਭਗਤਾਂ ਦੇ ਕੇ ਸਾਥ, ਸੰਗੀ ਧੁਰ ਦਾ ਰਿਹਾ ਅਖਵਾਈਆ । ਧੁਰ ਦਾ ਮੰਤਰ ਦ੍ਰਿੜਾ ਕੇ ਗਾਥ, ਅਗੰਮ ਕਰੇ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗ਼ਰੀਬ ਨਿਵਾਜ਼, ਭਗਤਾਂ ਅੰਦਰ ਹੋ ਗ਼ਰੀਬ, ਕਿਰਪਾਨਿਧਾਨ ਬਦਲਣ ਆਇਆ ਨਸੀਬ, ਤਰਤੀਬ ਆਪਣੀ ਆਪ ਚਲਾਈਆ । ਨੰਨ੍ਹੇ ਬੱਚੇ ਬਣੇ ਰਹਿਣਾ ਅਜ਼ੀਜ਼, ਤਮੀਜ਼ ਸਾਚੀ ਦਏ ਦ੍ਰਿੜਾਈਆ । ਗੁਰਮੁਖ ਵੇਖਣ ਦੀ ਪ੍ਰਭ ਨੂੰ ਸਦਾ ਰੀਝ, ਜਿਨ੍ਹਾਂ ਪਿਛੇ ਲੋਕਮਾਤ ਆਪਣਾ ਵੇਸ ਵਟਾਈਆ । ਪ੍ਰੇਮ ਪ੍ਰੀਤੀ ਅੰਦਰ ਜਾਏ ਪਤੀਜ, ਰਾਗ ਨਾਦ ਢੋਲੇ ਜਸ ਗਾਈਆ । ਬਿਨ ਭਗਤਾਂ ਕਿਸੇ ਦੀ ਲੰਘੇ ਨਾ ਕਦੇ ਦਹਲੀਜ਼, ਮਹਲ ਅਟਲ ਦਿਤੇ ਤਜਾਈਆ । ਪ੍ਰੇਮ ਪਿਆਰ ਅੰਦਰ ਦੱਸੇ ਪ੍ਰੇਮ ਪ੍ਰੀਤ, ਪ੍ਰੀਤਮ ਪ੍ਰਿਯ ਪੀਆ ਹੋ ਸਹਾਈਆ ।

੪੮੪ ੪੮੪

❊ ੩ ਚੇਤ ਸ਼ਹਿਨਸ਼ਾਹੀ ਸੰਮਤ ੧ ਰਾਵੀ ਤੋਂ ਪਾਰ ਅਠਾਸੀ ਕ਼ਦਮ ਤੇ ਇਕ ਕਿੱਕਰ ਦੇ ਬੂਟੇ ਕੋਲ ਜ਼ਿਲਾ ਗੁਰਦਾਸਪੁਰ ❊

ਧਾਮ ਭੂਮਿਕਾ ਧਰਨੀ ਧਰਤ ਧਵਲ ਮਿਲੇ ਮਾਣਾ, ਜਗਤ ਜੁਗਤ ਜਗ ਜੀਵਣ ਦਾਤਾ ਦਇਆ ਕਮਾਈਆ । ਪੂਰਬ ਲੇਖਾ ਧੁਰ ਫ਼ਰਮਾਨਾ, ਗੁਣ ਨਿਧਾਨਾ ਗੁਣਵੰਤਾ ਰਿਹਾ ਚੁਕਾਈਆ । ਹਰਿਗੋਬਿੰਦ ਏਥੇ ਮਿਲਿਆ ਸੀ ਇਕ ਮਸਤਾਨਾ, ਜੋ ਵੰਝਲੀ ਛੱਤੀ ਉਂਗਲਾਂ ਨਾਲ ਰਖਾਈਆ । ਸ਼ਰਫ਼ਉਲਦੀਨ ਉਸ ਆਪਣਾ ਨਾਮ ਬਖਾਨਾ, ਸਜਦਾ ਕਦਮਾਂ ਪਿੱਛੇ ਕਰਾਈਆ । ਪਿੱਛੇ ਹੋ ਕੇ ਗਾਇਆ ਇਕ ਤਰਾਨਾ, ਨਗ਼ਮਾ ਨਾਮ ਸੁਣਾਈਆ । ਹਰਿਗੋਬਿੰਦ ਤੂੰ ਸੂਰਬੀਰ ਬਲਵਾਨਾ, ਸੱਤ ਧਾਰੀ ਜੋਤ ਮਸਤਕ ਤੇਰੇ ਰੁਸ਼ਨਾਈਆ । ਮੈਨੂੰ ਐਂ ਦਿਸਿਆ ਤੇਰੀ ਪਿਠ ਉਤੇ ਸ੍ਰੀ ਭਗਵਾਨਾ, ਜਿਸ ਨੂੰ ਸੀਸ ਨਿਵਾਵਣ ਖ਼ਾਤਰ ਪਿੱਛੇ ਹੋ ਕੇ ਆਪਣਾ ਆਪ ਝੁਕਾਈਆ । ਮੈਨੂੰ ਅਰਸ਼ ਫ਼ਰਸ਼ ਅੰਦਰ ਨਜ਼ਰ ਆਵੇ ਇਕੋ ਨੂਰ ਨੁਰਾਨਾ, ਮਾਲਕ ਖ਼ੁਦ ਖ਼ੁਦਾਈਆ । ਹਰਿਗੋਬਿੰਦ ਕਿਹਾ ਮੈਂ ਓਸੇ ਦਾ ਦੇਵਾਂ ਪੈਗ਼ਾਮਾ, ਪੈਗ਼ੰਬਰਾਂ ਦੇ ਪੈਗ਼ੰਬਰ ਦੀ ਕਰਾਂ ਵਡਿਆਈਆ । ਮਸਤਾਨੇ ਕਿਹਾ ਤੂੰ ਸ਼ਾਹ ਸਵਾਰਾ ਮਰਦ ਮਰਦਾਨਾ, ਸ਼ਸਤਰ ਬਸਤਰ ਸੋਹਣੇ ਅੰਗ ਲਗਾਈਆ । ਕੁਛ ਉਸਦਾ ਦੱਸ ਨਿਸ਼ਾਨਾ, ਜੋ ਤੇਰੀ ਬਣਤ ਰਿਹਾ ਬਣਾਈਆ । ਜੋ ਮਾਲਕ ਦੋ ਜਹਾਨਾਂ, ਵਲੀਆਂ ਦਾ ਵਲੀ ਅਲੀਆਂ ਦਾ ਅਲੀ ਅੱਲਾ ਦਾ ਨੂਰ ਇਲਾਹੀਆ । ਹਰਿਗੋਬਿੰਦ ਕਿਹਾ ਉਹ ਪਰਮ ਪੁਰਖ ਸੁਲਤਾਨਾ, ਸ਼ਹਿਨਸ਼ਾਹ ਬੇਪਰਵਾਹੀਆ । ਕਲਜੁਗ ਅੰਤਮ ਜੋਤ ਸਰੂਪੀ ਪਹਿਰੇ ਬਾਣਾ, ਕਲ ਕਲਕੀ ਵੇਸ ਵਟਾਈਆ । ਤੇਰਾ ਮੇਰਾ ਲੇਖਾ ਚੁਕਾਏ ਆਪ ਹੋ ਵਿਚ ਦਰਮਿਆਨਾ, ਪਰਦਾ ਉਹਲਾ

ਪਰੇ ਹਟਾਈਆ । ਮਸਤਾਨੇ ਕਿਹਾ ਕੀ ਹੋਏ ਓਸ ਦੀ ਪਹਿਚਾਨਾ, ਕੁਛ ਮੈਨੂੰ ਦੇ ਦ੍ਰਿੜਾਈਆ । ਕਿਸ ਬਿਧ ਆਵੇ ਚਲ ਮੁਕਾਮਾ, ਬੇਮੁਕਾਮ ਫੇਰਾ ਪਾਈਆ । ਹਰਿਗੋਬਿੰਦ ਕਿਹਾ ਉਹ ਹਰ ਘਟ ਜਾਣੀਜਾਣਾ, ਲੱਖ ਚੁਰਾਸੀ ਵੇਖ ਵਖਾਈਆ । ਆਵਣ ਜਾਵਣ ਉਸਦਾ ਖੇਲ, ਜਨ ਭਗਤਾਂ ਦੇਵਣ ਆਏ ਪਰਵਾਨਾ, ਧੁਰ ਸੰਦੇਸ਼ਾ ਇਕ ਜਣਾਈਆ । ਹਰਿਸੰਗਤ ਸੰਗ ਉਸ ਦਾ ਖੇਲ ਹੋਵੇ ਮਹਾਨਾ, ਮਹਿੰਮਾ ਕਥਨੀ ਕਥ ਨਾ ਕੋਇ ਦ੍ਰਿੜਾਈਆ । ਬੀਸ ਇਕੀਸਾ ਖੇਲ ਮੁਕਾ ਕੇ ਵਿਚ ਜਹਾਨਾ, ਜ਼ਮਾਨਾ ਅਗਲਾ ਦਏ ਬਦਲਾਈਆ । ਪ੍ਰੇਮ ਪਿਆਰ ਦਾ ਪਿਆ ਕੇ ਇਕ ਪੈਮਾਨਾ, ਸਬਰ ਸਬੂਰੀ ਝੋਲੀ ਪਾਈਆ । ਚਲ ਕੇ ਆਏ ਸਚ ਅਸਥਾਨਾ, ਆਪਣਾ ਫੇਰਾ ਪਾਈਆ । ਮੈਂ ਹਾਜ਼ਰ ਹੋ ਕੇ ਦਿਆਂ ਬਿਆਨਾ, ਹਰਿਗੋਬਿੰਦ ਹਸ ਕੇ ਦਿਤਾ ਸੁਣਾਈਆ । ਮਸਤਾਨੇ ਕਿਹਾ ਮੈਂ ਚਰਨਾਂ ਇਕੋ ਆਸ ਰਖਾਨਾ, ਦੂਜੀ ਹਰਸ ਨਾ ਹੋਰ ਵਧਾਈਆ । ਹਰਿਗੋਬਿੰਦ ਕਿਹਾ ਦੋਹਾਂ ਨੇ ਮਿਲ ਕੇ ਉਸ ਦਾ ਸੰਗ ਨਿਭਾਣਾ, ਅਗੇ ਚਲਣਾ ਵਾਹੋ ਦਾਹੀਆ । ਮਸਤਾਨੇ ਕਿਹਾ ਹਰਿ ਗੋਬਿੰਦ ਕੁਛ ਮੇਰੇ ਕੋਲ ਖਾਣਾ, ਜੇ ਖਾਣਾ ਨਹੀਂ ਤੇ ਭੋਗ ਦੇ ਲਗਾਈਆ । ਹਰਿਗੋਬਿੰਦ ਕਿਹਾ ਇਹ ਮੈਨੂੰ ਪਰਵਾਨਾ, ਧੁਰ ਫ਼ਰਮਾਣਾ ਮੇਰੇ ਅੰਦਰ ਰਿਹਾ ਸੁਣਾਈਆ । ਮਸਤਾਨੇ ਕਿਹਾ ਆ ਵੇਖ ਮੇਰੇ ਕੋਲ ਚੌਲਾਂ ਦਾ ਪੰਜ ਦਾਣਾ, ਜਿਹੜਾ ਬੇਪਰਵਾਹ ਮੇਰੀ ਝੋਲੀ ਅਗੰਮੀ ਦਿਤਾ ਪਾਈਆ । ਮੈਂ ਇੱਕੀ ਸਾਲ ਇਹਨੂੰ ਬੰਨ੍ਹ ਕੇ ਸੁੱਤਾ ਰਿਹਾ ਸਰਹਾਣਾ, ਦੰਦ ਮੁਖ ਨਾ ਕੋਇ ਛੁਹਾਈਆ । ਤੈਨੂੰ ਮਿਲ ਕੇ ਮੇਰੇ ਅੰਤਰ ਉਠਿਆ ਇਕ ਤਰਾਨਾ, ਸਚ ਦੇਵਾਂ ਦ੍ਰਿੜਾਈਆ । ਤੇਰੀ ਭੇਟਾ ਇਹਨੂੰ ਚੜ੍ਹਾਨਾ, ਇਹੋ ਮੇਰੀ ਵਡਿਆਈਆ । ਹਰਿਗੋਬਿੰਦ ਖ਼ੁਸ਼ੀ ਨਾਲ ਕਿਹਾ ਇਹ ਖੇਲ ਸ੍ਰੀ ਭਗਵਾਨਾ, ਦੂਜਾ ਸਮਝ ਕੋਇ ਨਾ ਪਾਈਆ । ਇਹਨਾਂ ਪੰਜਾਂ ਪਿਛੇ ਪੰਜਾਂ ਤੱਤਾਂ ਵਾਲਾ ਭਗਤ ਸਰਬ ਤਰਾਨਾ, ਜਗਤ ਅਣਤਾਰੂ ਪਾਰ ਕਰਾਈਆ । ਜਿਸ ਵੇਲੇ ਪੁਰਖ ਅਕਾਲ ਦੀਨ ਦਿਆਲ ਜੋਤ ਸਰੂਪ ਪਹਿਰ ਕੇ ਆਏ ਬਾਣਾ, ਰੂਪ ਅਨੂਪ ਆਪ ਵਟਾਈਆ । ਓਸ ਵੇਲੇ ਹਰਿਸੰਗਤ ਸਮੇਤ ਹੋਵੇ ਗੁਣ ਨਿਧਾਨਾ, ਗਹਿਰ ਗੰਭੀਰ ਦਾਤਾ ਸ਼ਹਿਨਸ਼ਾਹੀਆ । ਜਿਸਨੇ ਤੇਰਾ ਮੇਰਾ ਲੇਖਾ ਚੁਕਾਣਾ, ਬਣ ਵਿਚੋਲਾ ਫੇਰਾ ਪਾਈਆ । ਜਿਸ ਪੰਜਾਂ ਤੋਂ ਅਨੇਕ ਕਰ ਵਖਾਨਾ, ਪੰਜ ਪੰਜ ਪੰਜਾਂ ਨਾਲ ਜੁੜਾਈਆ । ਗਿਆਰਾਂ ਲੱਖ ਦਾ ਇਸ ਦੇ ਨਾਲ ਧਰਵਾਸ ਧਰਾਨਾ, ਇੱਕੀ ਸਾਲ ਫਿਰ ਵੀ ਆਪਣੇ ਵਿਚ ਛੁਪਾਈਆ । ਜਿਸ ਵੇਲੇ ਚਲ ਕੇ ਆਵੇ ਇਸ ਮੈਦਾਨਾ, ਬਣ ਕੇ ਪਾਂਧੀ ਰਾਹੀਆ । ਲਾਲੋ ਦੇਵੇ ਮਾਣਾ, ਗੁਰਮੁਖਾਂ ਮਿਲ ਮਿਲ ਖ਼ੁਸ਼ੀ ਮਨਾਈਆ । ਓਸ ਵਿਚੋਂ ਖਾ ਕੇ ਇਕ ਦਾਣਾ, ਬਾਕੀ ਹਰਿਸੰਗਤ ਦਏ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਮੇਰਾ ਮੇਰਾ ਤੇਰਾ ਲਹਿਣਾ ਆਪਣੇ ਨਾਲ ਰਖਾਨਾ, ਪ੍ਰੇਮ ਪਿਆਰ ਦਾ ਗਹਿਣਾ ਭਗਤਾਂ ਤਨ ਛੁਹਾਈਆ ।

ਧਾਮ ਭੂਮਿਕਾ ਨਾਮ ਸਭ ਨੇ ਲੈਣਾ ਪੜ੍ਹ, ਇਤਹਾਸ ਪੁਸਤਕਾਂ ਵਿਚ ਲਿਖਾਈਆ । ਚੌਂਸਠ ਸਾਲ ਪਿਛੋਂ ਏਥੇ ਬਣਨਾ ਗੋਬਿੰਦ ਗੜ੍ਹ, ਗੋਬਿੰਦ ਦਏ ਵਡਿਆਈਆ । ਚੜ੍ਹਦੀ ਦਿਸ਼ਾ ਮੁਖ ਦੇਣਾ ਕਰ, ਸੂਰਜ ਦੇਵਤਾ ਨਿਉਂ ਨਿਉਂ ਸੀਸ ਨਿਵਾਈਆ । ਚੌਦਾਂ ਹਜ਼ਾਰ ਬਰਸ ਬਣਿਆ ਰਹੇ ਇਹ ਸਰ, ਲੋਕ ਚੌਦਾਂ ਸੀਸ ਨਿਵਾਈਆ । ਇਸ ਤੋਂ ਬਾਦ ਏਥੋਂ ਆਵੇ ਡਰ, ਇਹ ਵੀ ਪ੍ਰਭ ਦੀ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪਣੀ ਆਪ ਬਣਾਈਆ ।

## ☀ ੩ ਚੇਤ ਸ਼ਹਿਨਸ਼ਾਹੀ ਸੰਮਤ ੧ ਬੰਬਿਆਲ ਅਤੇ ਸਿਮਲ ਸਕੋਰ ਦੇ ਵਿਚਕਾਰ, ਨਾਲੇ ਦੇ ਕੰਢੇ ਉਤੇ ਜ਼ਿਲਾ ਗੁਰਦਾਸ ਪੁਰ ☀

ਮਾਹੀਗੀਰ ਏਥੇ ਵਸਦਾ ਸੀ ਕੱਖਾਂ ਕੁੱਲੀ, ਚੌਦਾਂ ਘੰਟੇ ਆਸਣ ਲਾਈਆ । ਤੀਜੇ ਡੰਗ ਖਾਂਦਾ ਸੀ ਗੁੱਲੀ, ਉਹ ਵੀ ਮਢਲ ਦੀ ਪਕਵਾਈਆ । ਜਿਸ ਵੇਲੇ ਲੈਂਦਾ ਸੀ ਬੁੱਲੀਂ, ਖਾਣ ਤੋਂ ਪਹਿਲੋਂ ਗੋਬਿੰਦ ਗੋਬਿੰਦ ਗੋਬਿੰਦ ਰਿਹਾ ਧਿਆਈਆ । ਓਧਰੋਂ ਅੰਧੇਰੀ ਝੱਖੜ ਝੁੱਲੀ, ਆਂਧੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਹਵਾ ਖੇਲ ਰਚਾਈਆ । ਕੁੱਲੀ ਵਿਚ ਮਾਹੀਗੀਰ, ਬੈਠਾ ਆਸਣ ਲਾਈਆ । ਅੰਤਰ ਹੋਇਆ ਦਿਲਗੀਰ, ਬਹਿਬਲ ਹੋ ਕੇ ਕੁਰਲਾਈਆ । ਜਿੰਨਾਂ ਚਿਰ ਨਾ ਮਿਲੇ ਜਲ ਦਾ ਪੀਰ, ਖਵਾਜਾ ਇੰਦਰ ਰੂਪ ਵਟਾਈਆ । ਠੰਡ ਪਾਵੇ ਦੇ ਕੇ ਸੀਰ, ਅੰਮ੍ਰਿਤ ਜਾਮ ਪਿਆਈਆ । ਮੇਰੀ ਬਦਲ ਦੇਵੇ ਤਕਦੀਰ, ਰਹਿਬਰ ਬਣ ਖ਼ੁਦਾਈਆ । ਮੇਰਾ ਲੇਖਾ ਮੁਕੇ ਅਖੀਰ, ਮੰਜ਼ਲ ਦਏ ਚੜ੍ਹਾਈਆ । ਓਧਰੋਂ ਹਰਿਗੋਬਿੰਦ ਘੱਤੀ ਆਇਆ ਵਹੀਰ, ਪੈਂਡਾ ਪੰਧ ਮੁਕਾਈਆ । ਵਲੀਆਂ ਦਾ ਵਲੀ ਪੀਰਾਂ ਦਾ ਪੀਰ, ਫ਼ਕੀਰਾਂ ਦਾ ਫ਼ਕੀਰ ਬੇਨਜ਼ੀਰ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਵੇਸ ਵਟਾਈਆ । ਹਰਿਗੋਬਿੰਦ ਆ ਕੇ ਮਾਰੀ ਬੋਲੀ, ਸ਼ਬਦੀ ਹੁਕਮ ਸੁਣਾਈਆ । ਖੇਵਟ ਤੇਰਾ ਖੇਟਾ ਆਇਆ ਉਠ ਕੇ ਕੁੰਡਾ ਖੋਲ੍ਹੀਂ, ਪਰਦਾ ਦੇਣਾ ਹਟਾਈਆ । ਓਸ ਨੇ ਕਿਹਾ ਕੋਈ ਤੂੰ ਠਗ ਚੋਰ ਯਾਰ ਪੌਂਦਾ ਰੌਲੀ, ਮੈਨੂੰ ਰਿਹਾ ਭਰਮਾਈਆ । ਜੇ ਤੂੰ ਗੋਬਿੰਦ ਮੇਰੀ ਅੰਦਰੋਂ ਘੁੰਡੀ ਦੇ ਖੋਲ੍ਹੀ, ਬਿਨ ਅੱਖਾਂ ਤੋਂ ਦਰਸ ਦੇ ਕਰਾਈਆ । ਮੈਂ
੪੮੬ ਬਰਦਾ ਤੇਰੇ ਦਰ ਦੀ ਗੋਲੀ, ਗ਼ੁਲਾਮ ਚਾਕਰ ਨਜ਼ਰੀ ਆਈਆ । ਮੇਰੀ ਕਰਮਾਂ ਵਾਲੀ ਗਠੜੀ ਮੂਲ ਨਾ ਫੋਲੀਂ, ਜੀਵਣ ਜੁਗਤ ਨਾ ਕੋਈ ਚਤੁਰਾਈਆ । ਸਾਚੇ ਕੰਡੇ ਮੂਲ ਨਾ ਤੋਲੀਂ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਹਰਿਗੋਬਿੰਦ ਮਾਰੀ ਇਕ ਆਵਾਜ਼, ਸ਼ਬਦੀ ਹੁਕਮ ਸੁਣਾਈਆ । ਖੋਲ੍ਹਿਆ ਅੰਦਰੋਂ ਰਾਜ਼, ਪੜਦਾ ਦਿਤਾ ਉਠਾਈਆ । ਦਰਸ਼ਨ ਕਰ ਸ਼ਤਾਬ, ਬਿਨ ਨੈਣਾਂ ਰੂਪ ਵਖਾਈਆ । ਇਹ ਵੇਖ ਕੇ ਖੇਲ ਤਮਾਸ਼, ਮਾਹੀਗੀਰ ਖ਼ੁਸ਼ੀ ਮਨਾਈਆ । ਤੂੰ ਮਾਲਕ ਜਾਪਦਾ ਆਪ, ਪਰਮ ਪੁਰਖ ਤੇਰੀ ਵਡਿਆਈਆ । ਹਰਿਗੋਬਿੰਦ ਕਿਹਾ ਮੈਂ ਓਸ ਦਾ ਦਾਸ, ਗੁਰ ਸ਼ਬਦੀ ਫੇਰਾ ਪਾਈਆ । ਉਹ ਆਦਿ ਜੁਗਾਦੀ ਪੁਰਖ ਅਬਿਨਾਸ਼, ਨਿਰਗੁਣ ਨਿਰਵੈਰ ਇਕ ਅਖਵਾਈਆ । ਹੁਕਮੇ ਅੰਦਰ ਕਰੇ ਖੇਲ ਤਮਾਸ਼, ਧੁਰ ਦੀ ਧਾਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਹਰਿਗੋਬਿੰਦ ਕਿਹਾ ਕੁਛ ਮੈਨੂੰ ਲਗੀ ਪਿਆਸ, ਪਾਣੀ ਦੇ ਪਿਲਾਈਆ । ਓਸ ਕਿਹਾ ਮੇਰੇ ਕੋਲ ਨਹੀਂ ਗਲਾਸ, ਖ਼ਾਲੀ ਹੱਥ ਵਖਾਈਆ । ਹਰਿਗੋਬਿੰਦ ਕਿਹਾ ਜੇ ਮੇਰਾ ਪ੍ਰੇਮ ਤੇਰੇ ਸਾਥ, ਕੁਛ ਹੀਲਾ ਲਏ ਬਣਾਈਆ । ਓਸ ਨੇ ਆਪਣੇ ਹੱਥ ਚਰਨਾਂ ਨਾਲ ਲਾ ਕੇ ਕੀਤੇ ਪਾਕ, ਸੋਹਣੇ ਲਏ ਬਣਾਈਆ । ਜਲ ਧਾਰਾ ਵਲ ਲਿਆ ਝਾਕ, ਪ੍ਰਭ ਚਰਨ ਕਵਲ ਵਿਚੋਂ ਨਜ਼ਰੀ ਆਈਆ । ਓਸੇ ਵੇਲੇ ਬੁਕ ਭਰ ਲਿਆ ਆਪ, ਤਲੀ ਤਲੀ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਕਰਨੀ ਕਾਰ ਕਮਾਈਆ । ਮਾਹੀਗੀਰ ਪਾਣੀ ਭਰਿਆ ਬੁਕ, ਅੰਤਰ ਅੰਤਰ ਖ਼ੁਸ਼ੀ ਮਨਾਈਆ । ਜੇ ਹਰਿਗੋਬਿੰਦ ਪੀ ਲਏ ਚੁਪ, ਮੇਰਾ

ਲੇਖਾ ਲੇਖੇ ਪਾਈਆ । ਮੈਂ ਹੋਵਾਂ ਬੜਾ ਖ਼ੁਸ਼, ਆਪਣਾ ਰਾਗ ਸੁਣਾਈਆ । ਮੇਰਾ ਮਿਟ ਜਾਏ ਜਨਮ ਜਨਮ ਦਾ ਦੁਖ, ਦਰਦੀ ਦਰਦ ਵੰਡਾਈਆ । ਏਨੇ ਚਿਰ ਨੂੰ ਹਰਿਗੋਬਿੰਦ ਲਿਆ ਪੁਛ, ਕੀ ਮਨਸਾ ਅੰਦਰ ਰਖਾਈਆ । ਓਸ ਕਿਹਾ ਤੈਥੋਂ ਕਿਹੜਾ ਲੁਕ, ਤੂੰ ਹਰ ਘਟ ਬੈਠਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਹੁਕਮ ਰਿਹਾ ਵਰਤਾਈਆ । ਹਰਿਗੋਬਿੰਦ ਕਿਹਾ ਮੈਨੂੰ ਪੰਜ ਵਾਰ ਪਿਆ ਦੇ ਪਾਣੀ ਚੁਲੀ, ਆਪਣੀ ਸੇਵ ਕਮਾਈਆ । ਸੁੱਕਾ ਟੁੱਕਰ ਖਵਾ ਦੇ ਗੁੱਲੀ, ਟੁਕੜਾ ਮੇਰੇ ਹੱਥ ਫੜਾਈਆ । ਇਹ ਵਸਤ ਬੜੀ ਅਣਮੁੱਲੀ, ਬਿਨਾ ਪ੍ਰੇਮੀਆਂ ਹੱਥ ਕਿਸੇ ਨਾ ਆਈਆ । ਵੇਖੀਂ ਗ਼ਰੀਬ ਕਰਕੇ ਕਦੇ ਨਾ ਭੁੱਲੀਂ, ਮੈਂ ਭੁਲਿਆਂ ਰਿਹਾ ਤਰਾਈਆ । ਇਸ ਦਾ ਲੇਖਾ ਦੇਵਾਂ ਇਕ ਨਹੀਂ ਦੂਣੀ, ਦੂਣੀ ਨਹੀਂ ਚੌਗੁਣੀ, ਚੌਗੁਣੀ ਨਹੀਂ ਕਿੰਨੇ ਗੁਣੇ ਦਿਆਂ ਬਣਾਈਆ । ਤੂੰ ਪ੍ਰੇਮ ਪਿਆਰ ਅੰਦਰ ਏਥੇ ਤਾਈ ਧੂਣੀ, ਆਸਣ ਲਿਆ ਜਮਾਈਆ । ਜਿਹੜੀ ਕੈਰੋਂ ਪਾਂਡੋ ਅਠਾਰਾਂ ਗ਼ਰਕ ਕੀਤੀ ਅਕਸ਼ੂਹਣੀ, ਅਠਾਈ ਲੱਖ ਅਠਾਰਾਂ ਅਠਾਰਾਂ ਵਾਰ ਗਣਾਈਆ । ਉਨ੍ਹਾਂ ਵਿਚੋਂ ਸਤਿ ਸਤਿ ਦੀ ਪੁਕਾਰ ਸੁਣੀ, ਇਕ ਅੱਠ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਖੇਵਟ ਪੰਜ ਵੇਰ ਪਾਣੀ ਦਿਤਾ ਪਿਆ, ਆਪਣੇ ਹੱਥਾਂ ਸੇਵ ਕਮਾਈਆ । ਹਰਿਗੋਬਿੰਦ ਇਕ ਇਕ ਤੁਬਕਾ ਸਭ ਦੇ ਵਿਚੋਂ ਦਿਤਾ ਗਿਰਾ, ਧਰਨੀ ਧਵਲ ਭੇਟ ਚੜ੍ਹਾਈਆ । ਫੇਰ ਮੰਗੀ ਇਕ ਦੁਆ, ਬੇਨੰਤੀ ਸਚ ਸੁਣਾਈਆ । ਜਿਸ ਵੇਲੇ ਆਪ ਆਵੇ ਬੇਪਰਵਾਹ, ਨਿਰਗੁਣ ਫੇਰਾ ਪਾਈਆ । ਇਸ ਦਾ ਲਹਿਣਾ ਦੇਣਾ ਚੁਕਾ, ਧਰਨੀ ਧਰਤ ਧਵਲ ਖ਼ੁਸ਼ੀ ਮਨਾਈਆ । ਆਪਣਾ ਚਰਨ ਲੈਣਾ ਟਿਕਾ, ਸੋਹਣਾ ਆਸਣ ਲਾਈਆ । ਗੁਰਮੁਖ ਸੱਜਣ ਸੰਗ ਲੈਣੇ ਬੁਲਾ, ਆਪਣਾ ਹੁਕਮ ਵਰਤਾਈਆ । ਪਿਛਲਾ ਲੇਖਾ ਲੇਖੇ ਲੈਣਾ ਲਗਾ, ਲਿਖਤ ਭਵਿਖਤ ਵਜੇ ਵਧਾਈਆ । ਜਿਹੜੇ ਪੰਜ ਤੁਬਕੇ ਅੰਮ੍ਰਿਤ ਦੇ ਹਰਿਗੋਬਿੰਦ ਕਹੇ ਮੈਂ ਏਥੇ ਗਿਆ ਰੁੜ੍ਹਾ, ਉਹ ਮੇਰੀ ਅਮਾਨਤ ਭਗਤਾਂ ਦੀ ਝੋਲੀ ਪਾਈਆ । ਇਕ ਅਗੰਮੀ ਸ਼ਬਦ ਪ੍ਰਭ ਨੇ ਦਿਤਾ ਸੁਣਾ, ਧੁਰ ਦਾ ਹੁਕਮ ਵਰਤਾਈਆ । ਹਰਿਗੋਬਿੰਦ ਤੇਰੇ ਪਿਛੋਂ ਗੋਬਿੰਦ ਜਾਣਾ ਆ, ਜਿਸ ਨੇ ਪੰਜਾਂ ਦੇਣੀ ਵਡਿਆਈਆ । ਗੋਬਿੰਦ ਪਿਛੋਂ ਪੁਰਖ ਅਕਾਲ ਆਵੇ ਵੇਸ ਵਟਾ, ਨਿਰਗੁਣ ਜੋਤੀ ਜੋਤ ਕਰ ਰੁਸ਼ਨਾਈਆ । ਤੇਰੇ ਪ੍ਰੇਮ ਪਿਆਰ ਦਾ ਜਾਮ, ਜਨ ਭਗਤਾਂ ਦਏ ਵਰਤਾਈਆ । ਅਗੇ ਬਣਾ ਕੇ ਸਚ ਨਿਸ਼ਾਨ, ਨਿਸ਼ਾਨੇ ਅੱਖਰਾਂ ਨਾਲ ਗਡਾਈਆ । ਇਕ ਸਦੀ ਦੇ ਪਿਛੋਂ ਸੱਦਾ ਮਿਲੇ ਦੋ ਜਹਾਨ, ਨੌ ਖੰਡ ਖ਼ੁਸ਼ੀ ਮਨਾਈਆ । ਇਸ ਭੂਮਿਕਾ ਨੂੰ ਕਹਿਣ ਹਰਿਗੋਬਿੰਦ ਦਾ ਜਾਮ, ਪਿਆਲਾ ਮਸਤ ਮਿਲੇ ਵਡਿਆਈਆ । ਜੋ ਆ ਕੇ ਇਕ ਰੈਣ ਕਰ ਜਾਵੇ ਆਰਾਮ, ਤਿਸ ਦਾ ਜਨਮ ਮਰਨ ਦਏ ਮੁਕਾਈਆ । ਨਾਲ ਦਰਸ ਦੇਵੇ ਸ੍ਰੀ ਭਗਵਾਨ, ਸੰਗ ਹੋ ਕੇ ਨਜ਼ਰੀ ਆਈਆ । ਇਕ ਸੌ ਗਿਆਰਾਂ ਗਿਆਰਾਂ ਫੁਟ ਦਾ ਬਣੇ ਮਕਾਨ, ਚਾਰ ਦੀਵਾਰ ਸੋਭਾ ਪਾਈਆ । ਸਤ ਰੰਗ ਝੁਲਣਾ ਨਿਸ਼ਾਨ, ਚਵੀ ਹੱਥ ਮਿਲੇ ਵਡਿਆਈਆ । ਪਹਿਲੀ ਵੇਰ ਇਕ ਸੌ ਇੱਕੀ ਗੁਰਮੁਖ ਬੈਠਣੇ ਆਣ, ਸਾਚੇ ਆਸਣ ਸੋਭਾ ਪਾਈਆ । ਉਨ੍ਹਾਂ ਚਾਰੋਂ ਕੁੰਟ ਕਰਕੇ ਅੱਖਾਂ ਦਾ ਧਿਆਨ, ਸਾਚਾ ਢੋਲਾ ਲੈਣਾ ਗਾਈਆ । ਉਨ੍ਹਾਂ ਦੀ ਆਤਮ ਮਿਲ ਕੇ ਹਿੱਲੇ ਨਾਲ ਜ਼ਬਾਨ, ਦੋਹਾਂ ਦਾ ਰੂਪ ਇਕੋ ਨਜ਼ਰੀ ਆਈਆ । ਲਹਿਣਾ ਦੇਣਾ ਚੁਕਾਵਣਹਾਰਾ ਵੇਖਣਹਾਰਾ ਦੋ ਜਹਾਨ, ਲੇਖੇ ਸਭ ਦੇ ਰਿਹਾ ਮੁਕਾਈਆ । ਇਹ ਅੰਮ੍ਰਿਤ ਰਸ ਦਾ ਭਰਿਆ ਠੰਡਾ ਅਸਥਾਨ, ਜਿਸ ਅਸਥਿਤੀ ਬਿਨ ਮਿਤੀ ਦਿਤੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਵੀ ਦਾ ਕੰਢਾ ਰਵਾਦਾਰ ਕੋਇ ਰਹਿਣ ਨਾ ਪਾਈਆ ।

❊ ੩ ਚੇਤ ਸ਼ਹਿਨਸ਼ਾਹੀ ਸੰਮਤ ੧ ਬਚਨ ਸਿੰਘ ਦੇ ਗ੍ਰਹਿ ਪਿੰਡ ਸਿਮਲ ਸਕੋਰ ਜ਼ਿਲਾ ਗੁਰਦਾਸ ਪੁਰ ❊

ਗੁਰਮੁਖ ਮਨ ਕਹੇ ਮੈਂ ਹੋਣਾ ਖ਼ਤਮ, ਮਨਸਾ ਆਪਣੀ ਆਪਣੇ ਵਿਚ ਸਮਾਈਆ । ਜਗਤ ਵਾਸਨਾ ਕਰਨਾ ਕੋਈ ਨਾ ਯਤਨ, ਭਰਮੇ ਭਰਮ ਨਾ ਕੋਇ ਭੁਲਾਈਆ । ਜਨ ਭਗਤਾਂ ਵਖੌਣਾ ਆਪਣਾ ਵਤਨ, ਜਿਸ ਗ੍ਰਹਿ ਵਿਚੋਂ ਹੋਈ ਜੁਦਾਈਆ । ਜਿਥੇ ਨੂਰ ਅਗੰਮੀ ਜੋਤੀ ਜੋਤ ਪਰਕਾਸ਼ ਚਮਕਣ, ਅੰਧ ਅੰਧੇਰ ਨਜ਼ਰ ਨਾ ਆਈਆ । ਪੁਰਖ ਅਕਾਲ ਇਸ ਖੇਲ ਨਾਮੁਮਕਿਨ ਨੂੰ ਕਰਨਾ ਮੁਮਕਿਨ, ਧੁਰ ਫ਼ਰਮਾਣਾ ਹੁਕਮ ਮਨਾਈਆ । ਸਚ ਧਰਮ ਦਾ ਦੇ ਕੇ ਗੁਣ, ਧੁਨ ਆਤਮਕ ਰਾਗ ਸੁਣਾਈਆ । ਸੱਜਣ ਸੁਹੇਲੇ ਪੁਕਾਰ ਲਏ ਸੁਣ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਕਹੇ ਮੇਟਾਂ ਮਨ ਕੀ ਮਨਸਾ, ਮਮਤਾ ਮੋਹ ਚੁਕਾਈਆ । ਗੁਰਮੁਖ ਬਣਾਵਾਂ ਕਾਗ ਹੰਸਾ, ਮਾਣਕ ਮੋਤੀ ਚੋਗ ਚੁਗਾਈਆ । ਹੰਕਾਰੀ ਅੰਦਰ ਰਹਵੇ ਨਾ ਕੰਸਾ, ਦੂਰ ਦੁਰਾਡਾ ਦਿਆਂ ਕਰਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਨਾਰੀ ਕੰਤਾ, ਸੇਜ ਸੁਹੰਜਣੀ ਸੋਭਾ ਪਾਈਆ । ਦੇ ਵਡਿਆਈ ਵਿਚੋਂ ਜੀਵ ਜੰਤਾ, ਸਾਚੀ ਸਿਖਿਆ ਇਕ ਸਮਝਾਈਆ ।  ਗੜ੍ਹ ਤੋੜ ਕੇ ਹਉਮੇ ਹੰਗਤਾ, ਹੰ ਬ੍ਰਹਮ ਦਿਆਂ ਪਰਗਟਾਈਆ । ਜਿਸ ਦਾ ਭੇਵ ਨਾ ਆਇਆ ਕਿਸੇ ਪੰਡਤਾ, ਸ਼ਾਸਤਰ ਸਿਮਰਤ ਵੇਦ ਪੁਰਾਨ, ਬੇਅੰਤ ਕਹਿ ਕਹਿ ਰਹੇ ਗਾਈਆ । ਸੋ ਮਾਲਕ ਖ਼ਾਲਕ ਆਦਿ ਜੁਗਾਦੀ ਜੁਗਾ ਜੁਗੰਤਾ, ਦੋ ਜਹਾਨਾਂ ਸ੍ਰੀ ਭਗਵਾਨਾ ਬ੍ਰਹਿਮੰਡ ਖੰਡ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮਨ ਕਹੇ ਗੁਰਮੁਖੋ ਮੈਂ ਸੁਣਾਵਾਂ ਸੱਚੀ ਬਾਤ, ਪਰਦਾ ਉਹਲਾ ਦਿਆਂ ਉਠਾਈਆ । ਚੁਪ ਚੁਪਾਤਾ ਰੱਖਾਂ ਤੁਹਾਡਾ ਸਾਥ, ਆਪਣੀ ਕਰਾਂ ਨਾ ਕੋਈ ਚਤੁਰਾਈਆ । ਤੁਸੀਂ ਤੂੰ ਮੇਰਾ ਮੈਂ ਤੇਰਾ ਸੋ ਪੁਰਖ ਨਿਰੰਜਣ ਕਰਨਾ ਪਾਠ, ਹੰ ਬ੍ਰਹਮ ਧਿਆਨ ਲਗਾਈਆ । ਅੰਤਰ ਆਤਮ ਖੇਲਣਾ ਤਾਕ, ਪੜਦਾ ਇਕ ਚੁਕਾਈਆ । ਅਬਿਨਾਸ਼ੀ ਕਰਤਾ ਵਸੇ ਸਾਥ, ਸਗਲਾ ਸੰਗ ਨਿਭਾਈਆ । ਬੇਸ਼ਕ ਮੈਂ ਵੀ ਓਸੇ ਦੀ ਜ਼ਾਤ, ਜੋਤੀ ਨੂਰ ਡਗਮਗਾਈਆ । ਮੇਰਾ ਖੇਲ ਜਗਤ ਤਮਾਸ਼, ਨਟੂਆ ਹੋ ਕੇ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਨ ਕਹੇ ਮੈਂ ਸਤਿਗੁਰ ਅਧੀਨ, ਸ਼ਬਦੀ ਦਾਤਾ ਇਕੋ ਨਜ਼ਰੀ ਆਈਆ । ਗੁਰਮੁਖੋ ਜੇ ਉਸ ਉਤੇ ਕਰ ਲਓ ਯਕੀਨ, ਯਕੀਕਨ ਤੁਹਾਡਾ ਲੇਖਾ ਦਏ ਚੁਕਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਧ ਸੰਤ ਭਗਤ ਭਗਵੰਤ ਕਰੇ ਤਲਕੀਨ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਦੀ ਤਾਲੀਮ ਕਰੇ ਪੜ੍ਹਾਈਆ । ਮੈਂ ਬਰਦਾ ਹੋ ਕੇ ਰਹਵਾਂ ਅਧੀਨ, ਸਿਰ ਆਪਣਾ ਨਾ ਕੋਇ ਉਠਾਈਆ । ਇਹ ਮਾਰਗ ਬੜਾ ਮਹੀਨ, ਪੁਰਖ ਅਬਿਨਾਸ਼ੀ ਦਿਤਾ ਵਖਾਈਆ । ਮੈਂ ਖੇਲ ਵੇਖਾਂ ਸਦਾ ਲੋਕ ਤੀਨ, ਤ੍ਰੈਗੁਣ ਮਾਇਆ ਆਪਣੇ ਨਾਲ ਮਿਲਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ

ਪ੍ਰਭ ਨੂੰ ਰਹੇ ਚੀਨ, ਢੋਲੇ ਉਚੇ ਉਚੇ ਗਾਈਆ । ਪਰ ਅੰਦਰੋਂ ਬਦਲੀ ਵੇਖੀ ਨਾ ਕਿਸੇ ਦਲੀਲ, ਦਿਲਬਰ ਯਾਰ ਹਿਰਦੇ ਵਿਚ ਨਾ ਕੋਇ ਹੰਢਾਈਆ । ਗੁਰਮੁਖੋ ਤੁਹਾਡੇ ਅਗੇ ਮੇਰੀ ਇਕ ਅਪੀਲ, ਬੇਨੰਤੀ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਦਾ ਕ਼ਾਦਰ ਇਕ ਅਖਵਾਈਆ । ਮਨ ਕਹੇ ਮੇਰੀ ਇਕੋ ਅਰਜ਼, ਆਰਜ਼ੂ ਦਿਆਂ ਜਣਾਈਆ । ਦਹਿ ਦਿਸ਼ਾ ਭੌਣਾ ਮੇਰਾ ਫ਼ਰਜ਼, ਤ੍ਰਿਸ਼ਨਾ ਘਰ ਘਰ ਦਿਆਂ ਪਰਗਟਾਈਆ । ਜਗਤ ਵਿਦਿਆ ਮੈਨੂੰ ਕੋਈ ਨਾ ਸਕੇ ਵਰਜ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜਨ ਭਗਤਾਂ ਨੂੰ ਪ੍ਰਭ ਮਿਲਣ ਦੀ ਗ਼ਰਜ, ਦੋਏ ਜੋੜ ਇਕੋ ਓਟ ਤਕਾਈਆ । ਓਸ ਦਾ ਖੇਲ ਸਦਾ ਅਸਚਰਜ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਵੇਲੇ ਦੀਨ ਦਿਆਲ ਪੁਰਖ ਅਕਾਲ ਹੁਕਮੇ ਨਾਲ ਮੈਨੂੰ ਦੇਵੇ ਵਰਜ, ਧੁਰ ਸੰਦੇਸ਼ਾ ਸ਼ਬਦ ਸੁਣਾਈਆ । ਮੈਂ ਭਗਤਾਂ ਦਾ ਵੰਡਾਂ ਦਰਦ, ਦੁਖੀਆਂ ਦਰਦ ਦੁਖ ਆਪਣੀ ਝੋਲੀ ਪਾਈਆ । ਹੋਣ ਨਾ ਦੇਵਾਂ ਹਰਜ, ਹਰਜਾਨੇ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਦੇਵਣਹਾਰ ਵਡਿਆਈਆ । ਮਨ ਕਹੇ ਜਿਨ੍ਹਾਂ ਸਾਹਿਬ ਸਤਿਗੁਰ ਲਧਾ, ਨਿਜ ਨੇਤਰ ਦਰਸ਼ਨ ਪਾਈਆ । ਓਥੇ ਗ਼ੁਲਾਮ ਮੈਂ ਬਰਦਾ ਬੱਧਾ, ਸਿਰ ਸਕਾਂ ਨਾ ਕੋਇ ਉਠਾਈਆ । ਜਨ ਭਗਤੋ ਮੈਨੂੰ ਹੋਰ ਨਾ ਦੇਵੋ ਸਜ਼ਾ, ਮੈਂ ਇਕੋ ਮੰਗ ਮੰਗਾਈਆ । ਤੁਸੀਂ ਪ੍ਰੇਮ ਪਿਆਰ ਦਾ ਸਤਿਗੁਰ ਧਾਰ ਵਿਚੋਂ ਚਖਿਓ ਮਜ਼ਾ, ਮੰਜ਼ਲ ਆਪਣੀ ਪੰਧ ਮੁਕਾਈਆ । ਮੇਰੇ ਰੋਕਣ ਦੀ ਹੁਣ ਨਹੀਂ ਰਹੀ ਕੋਈ ਵਜਹ, ਵਜੂਦ ਵਿਚ ਬੈਠਾ ਆਪਣਾ ਝਟ ਲੰਘਾਈਆ । ਇਹ ਪੁਰਖ ਅਕਾਲ ਦੀ ਰਜ਼ਾ, ਜਿਸ ਮੇਰੀ ਬਣਤ ਬਣਾਈਆ । ਮੈਂ ਤੁਹਾਡੇ ਸਚ ਪ੍ਰੇਮ ਪਿਛੇ ਲੱਗਾ, ਭੱਜਾਂ ਵਾਹੋ ਦਾਹੀਆ । ਅਗੇ ਤੁਹਾਡਾ ਸੋਹਣਾ ਅੱਗਾ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਜੋਧੇ ਸੂਰਬੀਰ ਦਏ ਬਣਾਈਆ । ਮਨ ਕਹੇ ਮੇਰੀ ਮਨਸਾ ਪੂਰ, ਲਹਿਣਾ ਝੋਲੀ ਪਾਈਆ । ਜਿਨ੍ਹਾਂ ਗੁਰਸਿਖਾਂ ਮਿਲਿਆ ਹਰਿ ਸਾਹਿਬ ਸਤਿਗੁਰ ਹਾਜ਼ਰ ਹਜ਼ੂਰ, ਮੈਂ ਓਹਨਾਂ ਦੀ ਹਜ਼ੂਰੀ ਵਿਚ ਆਪਣਾ ਸੀਸ ਨਿਵਾਈਆ । ਓਸ ਦਵਾਰੇ ਕਦੇ ਨਾ ਪਾਵਾਂ ਫ਼ਤੂਰ, ਝਗੜਾ ਨਾ ਕੋਇ ਵਖਾਈਆ । ਮਾਣ ਹੰਕਾਰ ਨਾ ਕੋਇ ਗ਼ਰੂਰ, ਗ਼ੁਰਬਤ ਦਿਆਂ ਮਿਟਾਈਆ । ਤੁਹਾਡੇ ਪ੍ਰੇਮ ਦਾ ਵੇਖ ਕੇ ਸਰੂਰ, ਜੋਤ ਦਾ ਵੇਖ ਕੇ ਨੂਰ, ਆਪਣੀ ਕਰਵਟ ਲਵਾਂ ਬਦਲਾਈਆ । ਮੇਰੇ ਪਿਛੇ ਨਾ ਹੋਇਓ ਮਜਬੂਰ, ਮੈਂ ਨੇੜੇ ਰਹਿਣਾ ਤੇ ਵਸਣਾ ਦੂਰ, ਇਕੋ ਘਰ ਇਕੋ ਦਰ ਇਕੋ ਮੰਦਰ ਸੋਭਾ ਪਾਈਆ । ਜਿਸ ਵੇਲੇ ਸਤਿਗੁਰ ਸ਼ਬਦ ਦੀ ਵੱਜੇ ਤੂਰ, ਅਨਹਦ ਨਾਦੀ ਆਪਣਾ ਨਾਦ ਵਜਾਈਆ । ਓਸ ਵੇਲੇ ਮੈਂ ਜਨ ਭਗਤਾਂ ਦੇ ਚਰਨਾਂ ਦੀ ਹੋਵਾਂ ਧੂੜ, ਆਪ ਆਪਣਾ ਦਿਆਂ ਮਿਟਾਈਆ । ਬੇਸ਼ਕ ਤੁਹਾਡੇ ਤਨ ਦੇ ਅੰਦਰ ਰਹਿਣਾ ਜ਼ਰੂਰ, ਤੁਹਾਡੀ ਜ਼ਰੂਰਤ ਵਿਚ ਹਿੱਸਾ ਨਾ ਕੋਇ ਰਖਾਈਆ । ਤੁਹਾਡਾ ਮਾਲਕ ਪਰਮ ਪੁਰਖ ਪਰਮਾਤਮ ਸਰਬ ਕਲਾ ਭਰਪੂਰ, ਜਿਸ ਨੇ ਮੇਰੀ ਬਣਤ ਦਿਤੀ ਬਣਾਈਆ । ਮੈਂ ਸਦਾ ਰਹਾਂ ਮਸ਼ਕੂਰ, ਮੁਸ਼ਕਲ ਅਗੇ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਵਖਾਵੇ ਸਾਚਾ ਘਰ, ਗ੍ਰਿਹਿ ਮੰਦਰ ਕਾਇਆ ਅੰਦਰ ਪਰਦਾ ਲਾਹੀਆ ।


੪੮੯

### ੴ ੪ ਚੇਤ ਸ਼ਹਿਨਸ਼ਾਹੀ ਸੰਮਤ ੧ ਚਰਨ ਸਿੰਘ ਦੇ ਗ੍ਰਿਹ ਪਿੰਡ ਅੰਤੋਰ ਜ਼ਿਲਾ ਗੁਰਦਾਸ ਪੁਰ ੴ

ਸਤਿਜੁਗ ਕਹੇ ਪ੍ਰਭੂ ਮੇਰੀ ਬੰਦਨਾ ਖ਼ਾਸ, ਅਗੰਮ ਅਥਾਹ ਬੇਪਰਵਾਹ ਤੇਰੀ ਓਟ ਤਕਾਈਆ । ਸਤਿ ਧਰਮ ਮੇਰੇ ਦੇ ਦੇ ਸਾਥ, ਸਤਿ ਸਚ ਮੇਲਾ ਸਹਿਜ ਸੁਭਾਈਆ । ਸ਼ਬਦ ਅਗੰਮੀ ਧੁਨ ਵਜਾ ਦੇ ਨਾਦ, ਗ੍ਰਿਹ ਗ੍ਰਿਹ ਮੰਦਰ ਅੰਦਰ ਕਰ ਸ਼ਨਵਾਈਆ । ਨਿਰਗੁਣ ਨੂਰ ਨਿਰਵੈਰ ਜੋਤ ਕਰ ਪਰਕਾਸ਼, ਕੂੜੀ ਕਿਰਿਆ ਕਲਜੁਗ ਅੰਧੇਰਾ ਦੇ ਚੁਕਾਈਆ । ਨਾਮ ਪਦਾਰਥ ਵਸਤ ਅਮੋਲਕ ਸਚ ਸੁਗ਼ਾਤ, ਨਿਜ ਘਰ ਆਤਮ ਭਗਤਾਂ ਝੋਲੀ ਦੇ ਭਰਾਈਆ । ਚਰਨ ਪ੍ਰੀਤੀ ਸਾਚੀ ਰੀਤੀ ਧਰਤ ਧੌਲ ਸੱਜਣ ਏਕੋ ਨਾਤ, ਬਿਧਾਤੇ ਆਪਣਾ ਜੋੜ ਜੁੜਾਈਆ । ਨਿਝਰ ਰਸ ਅੰਮ੍ਰਿਤ ਬੂੰਦ ਬਖ਼ਸ਼ ਸਵਾਂਤ, ਕੂੜੀ ਕਿਰਿਆ ਜਗਤ ਤ੍ਰਿਸ਼ਨਾ ਦੇ ਮਿਟਾਈਆ । ਮਿਹਰਵਾਨ ਹੋ ਕੇ ਮਹਿਬੂਬ ਮੁਹੱਬਤ ਵਿਚ ਝਾਕ, ਪੜਦਾ ਓਹਲਾ ਬਣ ਵਿਚੋਲਾ ਦੇ ਉਠਾਈਆ । ਤ੍ਰਬੈਣੀ ਤਟ ਕਿਨਾਰਾ ਵਖਾਵਾਂ ਇਕੋ ਘਾਟ, ਖੇਵਟ ਖੇਟੇ ਜਿਸ ਦਵਾਰੇ ਭਗਤ ਬੇਟੇ ਪਾਰ ਲੰਘਾਈਆ । ਚਾਰ ਵਰਨ ਅਠਾਰਾਂ ਬਰਨ ਸਵਾਮੀ ਬਦਲ ਦੇ ਸਮਾਜ, ਆਪਣੀ ਨੀਤੀ ਤ੍ਰੈਗੁਣ ਅਤੀਤੀ ਠਾਂਡੀ ਸੀਤੀ ਸਾਚਾ ਮਾਰਗ ਦੇ ਜਣਾਈਆ । ਨਿਰਵੈਰ ਪੁਰਖ ਨਿਰਗੁਣ ਸਰਗੁਣ ਅੰਦਰ ਹੋ ਵਿਸਮਾਦ, ਬਿਸਮਲ ਹੋ ਕੇ ਆਪਣਾ ਆਪ ਲੇਖਾ ਦੇ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਮੈਂ ਹੋਵਾਂ ਨਾ ਕਦੇ ਉਦਾਸ, ਹੈਰਾਨੀ ਨਜ਼ਰ ਕੋਇ ਨਾ ਆਈਆ । ਠਾਕਰ ਸਵਾਮੀ ਅੰਤਰਜਾਮੀ ਚਾਰੇ ਕੁੰਟ ਵਸੇਂ ਪਾਸ, ਅੰਦਰ ਬਾਹਰ ਗੁਪਤ ਜ਼ਾਹਰ ਆਪਣਾ ਮੇਲ ਮਿਲਾਈਆ । ਧੁਰ ਦਰਗਾਹੀ ਤੇਰੇ ਅਗੇ ਸਚ ਬੇਨੰਤੀ ਇਕ ਅਰਦਾਸ, ਆਰਜ਼ੂ ਆਪਣੀ ਦਿਤੀ ਜਣਾਈਆ । ਤੂੰ ਮਾਲਕ ਖ਼ਾਲਕ ਬੇਪਰਵਾਹ ਪਰਦਾਨਸ਼ੀਂ ਬਾਪ, ਵਾਹਿਦ ਲਾਸ਼ਰੀਕ ਸਚ ਤੌਫ਼ੀਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਰਗਾਹੀ ਦੇਣਾ ਸਾਥ, ਸਾਚਾ ਸੰਗੀ ਰੂਪ ਵਟਾਈਆ । ਸਤਿਜੁਗ ਕਹੇ ਪ੍ਰਭ ਮੇਰੀ ਇਕ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸ਼ਬਦ ਅਗੰਮ ਵਜਾ ਮਰਦੰਗ, ਦੋ ਜਹਾਨਾਂ ਦੇ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਮਾਨਣ ਜਿਸ ਦਾ ਅਨੰਦ, ਸਦਾ ਅਨੰਦ ਸੂਰੇ ਸਰਬੰਗ ਗੁਰਮੁਖਾਂ ਦੇ ਵਖਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਭਰਮਾਂ ਢਾਹ ਕੰਧ, ਅੰਤਰ ਆਤਮ ਪਰਮਾਤਮ ਪਰਦਾ ਰਹਿਣ ਕੋਇ ਨਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਬਣਾ ਦੇ ਸੰਗ, ਸਾਥੀ ਆਪਣੇ ਨਾਲ ਮਿਲਾਈਆ । ਸਚ ਸੰਦੇਸ਼ਾ ਧੁਰ ਦਾ ਢੋਲਾ ਨਿਰਵੈਰ ਜਣਾ ਦੇ ਛੰਦ, ਜੈ ਜੈਕਾਰ ਕਰੇ ਲੋਕਾਈਆ । ਮੇਰਾ ਖ਼ੁਸ਼ੀ ਹੋਵੇ ਬੰਦ ਬੰਦ, ਬੰਧਨ ਦੇ ਤੁੜਾਈਆ । ਤੇਰਾ ਇਕੋ ਵੇਖਾਂ ਪਰਮਾਨੰਦ, ਨਿਜ ਘਰ ਆਪਣਾ ਰਸ ਦੇਣਾ ਚਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡਾ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭੂ ਠਾਕਰ ਮੇਰੇ ਗਹਿਰ ਗੰਭੀਰ, ਬੇਅੰਤ ਬੇਪਰਵਾਹ ਸਚ ਤੇਰੀ ਸ਼ਹਿਨਸ਼ਾਹੀਆ । ਤੇਰਾ ਹੁਕਮ ਅਸਲੀਅਤ ਵਿਚੋਂ ਅਸਲ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਸ਼ਰਅ ਸ਼ਰੀਅਤ ਕਟ ਦੇ ਜ਼ੰਜੀਰ, ਕੂੜੀ ਕਿਰਿਆ ਜ਼ਿਬ੍ਹਾ ਦੇ ਕਰਾਈਆ । ਜਨ ਭਗਤਾਂ ਆਪਣੇ ਨਾਲ ਮਿਲਣ ਦੀ ਦੱਸ ਕੇ ਸਚ ਤਦਬੀਰ, ਤਬੀਅਤ ਅੰਦਰੋਂ ਦੇ ਬਦਲਾਈਆ । ਤੂੰ ਫ਼ੱਕਰਾਂ ਦਾ ਫ਼ਕੀਰ, ਫ਼ਿਕਰਾ ਆਪਣਾ ਦੇ ਸਮਝਾਈਆ । ਲੇਖਾ ਚੁਕਾਵੇਂ ਕੰਗਾਲ ਅਮੀਰ, ਸ਼ਾਹ ਹਕੀਰ ਇਕੋ ਰੰਗ ਵਖਾਈਆ । ਬਾਤਨ ਜ਼ਾਹਰ ਵਖਾ ਤਸਵੀਰ, ਤਸੱਵਰ

ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਸਤਿਜੁਗ ਕਹੇ ਮੈਂ ਨਿੱਕਾ ਬਾਲਾ, ਆਯੂ ਸਮਝ ਕੋਇ ਨਾ ਆਈਆ । ਸਾਚਾ ਨਾਮ ਵਸਤ ਅਮੋਲਕ ਦੇ ਦਾਤਾ, ਦਾਤੇ ਦਾਨੀ ਝੋਲੀ ਪਾਈਆ । ਮੈਂ ਗਾਵਾਂ ਤੇਰੀ ਅਗੰਮੀ ਗਾਥਾ, ਧੁਰ ਦਾ ਢੋਲਾ ਅਗੰਮ ਪਰਗਟਾਈਆ । ਤੂੰ ਮਾਲਕ ਇਕੋ ਸਾਚਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨਜ਼ਰੀ ਆਈਆ । ਦੋ ਜਹਾਨਾਂ ਹੋਵੇ ਪਰਧਾਨਾ, ਲੋਕਮਾਤ ਬ੍ਰਹਿਮੰਡ ਖੰਡ ਪੁਰੀ ਲੋਅ ਲੋਕ ਪਰਲੋਕ ਆਪਣਾ ਹੁਕਮ ਸੁਣਾਈਆ । ਜਨ ਭਗਤਾਂ ਧਰਮੀ ਗਾਨਾ, ਮੌਲੀ ਤੰਦ ਨਜ਼ਰ ਕੋਇ ਨਾ ਆਈਆ । ਤੂੰ ਸੂਰਬੀਰ ਜੋਧਾ ਮਰਦ ਮਰਦਾਨਾ, ਬਲਧਾਰੀ ਬੇਪਰਵਾਹੀਆ । ਦੇਵਤ ਸੁਰ ਮੁਨ ਮੰਨਣ ਆਨਾ, ਸਿਰ ਸਕੇ ਨਾ ਕੋਇ ਉਠਾਈਆ । ਗੁਰੂ ਅਵਤਾਰ ਕਰਨ ਸਲਾਮਾਂ, ਪੀਰ ਪੈਗ਼ੰਬਰ ਝੁਕ ਝੁਕ ਲਾਗਣ ਪਾਈਆ । ਸਤਿ ਸੰਦੇਸ਼ਾ ਨਰ ਨਰੇਸ਼ਾ ਤੇਰਾ ਇਕ ਸੁਣਾਨਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਤੂੰ ਠਾਕਰ ਸਵਾਮੀ ਅੰਤਰਜਾਮੀ ਗੁਣ ਨਿਧਾਨਾ, ਹਰ ਘਟ ਰਚਿਆ ਨਜ਼ਰੀ ਆਈਆ । ਗੋਪੀਆਂ ਦਾ ਕਾਹਨਾ ਸੀਤਾ ਦਾ ਰਾਮਾ, ਲੱਖ ਚੁਰਾਸੀ ਸੁਰਤੀ ਲਏਂ ਪਰਨਾਈਆ । ਸ਼ਬਦਾਂ ਦਾ ਨਿਸ਼ਾਨਾ, ਤੀਰਾਂ ਦਾ ਕਮਾਨਾ, ਚਿੱਲਾ ਆਪਣਾ ਇਕ ਪਰਗਟਾਈਆ । ਜੋਤ ਸਰੂਪ ਪਹਿਰਿਆ ਬਾਣਾ, ਸ਼ਾਹੋ ਭੂਪੀ ਦੇ ਫ਼ਰਮਾਨਾ, ਹੁਕਮ ਵਰਤੇ ਦੋ ਜਹਾਨਾ, ਏਥੇ ਓਥੇ ਨਾ ਕੋਈ ਮੇਟੇ ਮੇਟ ਮਿਟਾਈਆ । ਹਉਂ ਬਾਲਕ ਸੇਵ ਕਮਾਨਾ, ਖ਼ਾਕ ਦਰਵੇਸ਼ ਭਿੱਖਕ ਭਿਖਾਰੀ ਮਾਂਗਤ ਨਿਉਂ ਨਿਉਂ ਸੀਸ ਨਿਵਾਨਾ, ਸਤਿਜੁਗ ਸਾਚਾ ਆਪਣਾ ਆਪ ਪ੍ਰਭ ਤੇਰੇ ਅਗੇ ਰਖਾਈਆ ।

 ੪੯੧

### ✻ ੫ ਚੇਤ ਸ਼ਹਿਨਸ਼ਾਹੀ ਸੰਮਤ ੧ ਚਰਨ ਸਿੰਘ ਦੇ ਗ੍ਰਿਹ ਪਿੰਡ ਅੰਤੋਰ ਜ਼ਿਲਾ ਗੁਰਦਾਸ ਪੁਰ ✻

ਸਤਿਜੁਗ ਕਹੇ ਮੈਨੂੰ ਮਿਲਿਆ ਸਚ ਸੰਦੇਸ਼, ਸਤਿ ਸਤਿਵਾਦੀ ਦਿਤਾ ਜਣਾਈਆ । ਤੇਰਾ ਮਾਲਕ ਇਕ ਨਰੇਸ਼, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋ ਹਰ ਘਟ ਅੰਤਰ ਹੋਇਆ ਪਰਵੇਸ਼, ਘਟ ਘਟ ਰਿਹਾ ਸਮਾਈਆ । ਸ੍ਰਿਸ਼ਟ ਸਬਾਈ ਦ੍ਰਿਸ਼ਟੀ ਰਿਹਾ ਵੇਖ, ਪਰਦਾ ਓਹਲਾ ਰਿਹਾ ਨਾ ਰਾਈਆ । ਤੇਰੇ ਸੰਗ ਕਰਕੇ ਹੇਤ, ਜਨ ਭਗਤਾਂ ਲਏ ਜਗਾਈਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਪਿਛੋਂ ਮੌਲੀ ਰੁੱਤ ਚੇਤ, ਪੰਚਮ ਆਪਣਾ ਰੂਪ ਵਟਾਈਆ । ਸਾਹਿਬ ਸਵਾਮੀ ਖੋਲ੍ਹੇ ਭੇਤ, ਭੇਵ ਆਪ ਜਣਾਈਆ । ਜਨਮ ਕਰਮ ਦੀ ਬਦਲਣਹਾਰਾ ਰੇਖ, ਧੁਰ ਦਾ ਲੇਖਾ ਦਏ ਦ੍ਰਿੜਾਈਆ । ਦੋ ਜਹਾਨਾਂ ਰਿਹਾ ਵੇਖ, ਵੇਖਣਹਾਰਾ ਆਪਣਾ ਪਰਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਹੋਏ ਸਹਾਈਆ । ਸਤਿਜੁਗ ਕਹੇ ਮੈਂ ਸੁਣਿਆ ਬਚਨ, ਹਰਿ ਕਰਤਾ ਆਪ ਜਣਾਈਆ । ਦਇਆ ਕਮਾ ਕੇ ਕਾਇਆ ਮਾਟੀ ਕੰਚਨ, ਸੋਹਣਾ ਸਵੱਛ ਸਰੂਪ ਵਟਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜ ਮਜਨ, ਮਜਲਸ ਆਪਣੀ ਦਏ ਸਮਝਾਈਆ । ਪ੍ਰੇਮ ਪ੍ਰੀਤੀ ਆਪਣੇ ਨਾਲ ਬੰਨ੍ਹ ਕੇ ਆਂਚਲ, ਸ਼ਬਦ ਡੋਰੀ ਤੰਦ ਜੁੜਾਈਆ । ਪਹਿਲੀ ਵੇਰ ਪੰਜ ਚੇਤ ਚੋਟੀ ਚੜ੍ਹ ਕੇ ਵੇਖਣਾ ਹਿਮਾਚਲ, ਗੋਬਿੰਦ ਆਸਾ ਪੂਰ ਕਰਾਈਆ । ਭੇਵ ਅਭੇਦ ਖੋਲ੍ਹਣਾ ਬਾਤਨ, ਜ਼ਾਹਰ ਦਏ ਸਮਝਾਈਆ । ਜਿਸ ਨੂੰ ਊਚੋ ਊਚ ਅਗੰਮ ਅਥਾਹ ਸਾਰੇ ਆਖਣ, ਬੇਅੰਤ ਕਹਿ ਕਹਿ ਖ਼ੁਸ਼ੀ ਮਨਾਈਆ । ਸੋ ਥੱਲੇ ਤੋਂ ਉਪਰ ਉਪਰ ਤੋਂ ਨੀਚੇ ਆਇਆ ਝਾਕਣ, ਦੋ ਜਹਾਨਾਂ ਵੇਖ ਵਖਾਈਆ । ਜ਼ਿਮੀਂ ਅਸਮਾਨਾਂ ਮੇਟਣ ਆਇਆ ਪਾਪਣ, ਪਤਿਤ ਪੁਨੀਤ ਦਏ ਕਰਾਈਆ । ਨਾਮ

ਤਰਾਜ਼ੂ ਲੱਖ ਚੁਰਾਸੀ ਆਇਆ ਜਾਚਣ, ਤੋਲਾ ਬਣ ਕੇ ਧੁਰਦਰਗਾਹੀਆ । ਲੱਖ ਚੁਰਾਸੀ ਵਿਚੋਂ ਦਰਦੀ ਆਇਆ ਰਾਖਣ, ਸੰਤ ਸੁਹੇਲੇ ਬਾਹਰ ਕਢਾਈਆ । ਮਾਨਸ ਜਨਮ ਦਾ ਵਖਾਵਣ ਆਇਆ ਪਾਤਣ, ਘਾਟ ਇਕੋ ਦਏ ਜਣਾਈਆ । ਸਾਚੇ ਮੰਡਲ ਪਾਵਣ ਆਇਆ ਰਾਸਣ, ਕਾਇਆ ਮੰਦਰ ਗੋਪੀ ਕਾਹਨ ਨਚਾਈਆ । ਕਰਨਹਾਰਾ ਖੇਲ ਪੁਰਖ ਅਬਿਨਾਸ਼ਣ, ਅਬਿਨਾਸ਼ੀ ਆਪਣਾ ਹੁਕਮ ਮਨਾਈਆ । ਚਾਰ ਵਰਨ ਜਨਾਵਣ ਆਇਆ ਪਾਠਨ, ਪੂਜਾ ਇਕ ਸਮਝਾਈਆ । ਪੂਰਬ ਜਨਮ ਸਭ ਦੇ ਆਇਆ ਵਾਚਨ, ਪਰਦੇ ਖੋਲ੍ਹ ਵਖਾਈਆ । ਸ਼ਾਹੋ ਭੂਪ ਮੇਟਣ ਆਇਆ ਨਵਾਬਣ, ਤਖ਼ਤ ਨਿਵਾਸੀ ਫੇਰਾ ਪਾਈਆ । ਚਰਨ ਘੋੜੇ ਦੇਵਣਹਾਰਾ ਰਕਾਬਣ, ਸ਼ਾਹ ਸਵਾਰਾ ਆਪਣਾ ਵੇਸ ਧਰਾਈਆ । ਭਾਗ ਲਗਾਵਣ ਆਇਆ ਦੇਸ ਮਾਝਣ, ਸੰਬਲ ਬਹਿ ਬਹਿ ਖ਼ੁਸ਼ੀ ਮਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਲੇਖਾ ਮੁਕਾ ਕੇ ਸੁਆਲ ਜਵਾਬਣ, ਅਗਲਾ ਇਕੋ ਹੁਕਮ ਵਰਤਾਈਆ । ਨਿਰਗੁਣ ਸਰਗੁਣ ਬਣ ਕੇ ਆਇਆ ਅਹਿਬਾਬਣ, ਮਿਤਰ ਪਿਆਰਾ ਸ਼ਹਿਨਸ਼ਾਹੀਆ । ਨਾਮ ਨਿਧਾਨ ਵਜਾਵਣ ਆਇਆ ਰਬਾਬਣ, ਪ੍ਰੇਮ ਪ੍ਰੀਤੀ ਇਕ ਦ੍ਰਿੜਾਈਆ । ਸਤਿ ਦਵਾਰੇ ਕਰਨ ਆਇਆ ਨਿਵਾਸਣ, ਆਸਣ ਸਿੰਘਾਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਕਹੇ ਮੈਂ ਸੁਣੀ ਅਗੰਮੀ ਬਾਤ, ਭਿੰਨੜੀ ਰੈਣ ਦਿਤੀ ਜਣਾਈਆ । ਮੈਂ ਸੁਣਦਾ ਰਿਹਾ ਸਾਰੀ ਰਾਤ, ਬਿਨ ਅੱਖਾਂ ਕੰਨਾਂ ਧਿਆਨ ਰਖਾਈਆ । ਸਾਢੇ ਤਿੰਨ ਬਖ਼ਸ਼ੀ ਮੈਨੂੰ ਇਕ ਸੁਗ਼ਾਤ, ਵਸਤ ਅਵੱਲੜੀ ਝੋਲੀ ਪਾਈਆ । ਉਸ ਦਾ ਲੇਖਾ ਲਿਖਿਆ ਬਿਨ ਕ਼ਲਮ ਦਵਾਤ, ਕਾਗ਼ਜ਼ ਨਜ਼ਰ ਕੋਇ ਨਾ ਆਈਆ । ਮੈਂ ਵੇਖਿਆ ਮਾਰ ਝਾਤ, ਝਾਕੀ ਆਪਣੀ ਉਸ ਦੇ ਉਤੇ ਪਾਈਆ ।
੪੯੨ ਓਸ ਉਤੇ ਲਿਖਿਆ ਵੇਖਿਆ ਜਨ ਭਗਤੋ ਇਕੋ ਵਾਰ ਇਕੋ ਕਰ ਲਓ ਇਤਫ਼ਾਕ, ਨਿਫ਼ਾਕ ਰਹਿਣ ਕੋਇ ਨਾ ਪਾਈਆ । ਅਗੇ ਰਿਹੋ ਨਾ ਕੋਈ ਗੁਸਤਾਖ਼, ਗ਼ੁੱਸੇ ਸਭ ਦੇ ਦਏ ਮਿਟਾਈਆ । ਮੈਂ ਕਰਨ ਆਇਆ ਹਿਸਾਬ ਬੇਬਾਕ, ਵਹੀ ਖਾਤੇ ਆਪਣੇ ਨਾਲ ਬੰਧਾਈਆ । ਜਿਸ ਦੇ ਅਗੇ ਗੁਰੂ ਅਵਤਾਰ ਪੀਰ ਪੈਗ਼ੰਬਰ ਦੇ ਨਾ ਸਕਿਆ ਕੋਈ ਜਵਾਬ, ਉਹ ਜਵਾਬ ਤਲਬੀ ਕਰੇ ਥਾਉਂ ਥਾਈਂਆ । ਦੋ ਜਹਾਨਾਂ ਕਿਸੇ ਦੀ ਆਕੜ ਨਾ ਰਹੇ ਮਿਜਾਜ਼, ਹੰਕਾਰ ਵਿਕਾਰ ਦੋਵੇਂ ਦਏ ਮਿਟਾਈਆ । ਜਿਸ ਦਾ ਹੁਕਮ ਤਖ਼ਤ ਨਿਵਾਸੀ ਓਸੇ ਦਾ ਰਾਜ, ਰਈਅਤ ਬ੍ਰਹਿਮੰਡ ਖੰਡ ਲਏ ਬਣਾਈਆ । ਸਤਿਜੁਗ ਕਹੇ ਮੈਨੂੰ ਸੋਹਣੀ ਲੱਗੀ ਅੱਜ ਦੀ ਪਰਭਾਤ, ਜਿਸ ਮਾਰ ਕੇ ਆਵਾਜ਼ ਮੈਨੂੰ ਸੁੱਤੇ ਨੂੰ ਦਿਤਾ ਉਠਾਈਆ । ਮੇਰੀ ਪੂਰੀ ਕਰ ਕੇ ਖ਼ਾਹਿਸ਼, ਲੇਖੇ ਲਾ ਕੇ ਸਵਾਸ ਸਵਾਸ, ਆਸ ਅਗੇ ਹੋਰ ਵਧਾਈਆ । ਸੇਵਕ ਬਣਾ ਕੇ ਬਰਦਾ ਦਾਸ, ਸਿਰ ਰਖ ਕੇ ਆਪਣਾ ਹਾਥ, ਪੁਰਖ ਸਮਰਥ ਦਿਤੀ ਵਡਿਆਈਆ । ਸਚ ਸੰਦੇਸ਼ਾ ਦਿਤਾ ਆਖ, ਮੈਨੂੰ ਅੰਤਰ ਅੰਤਰ ਗਿਆ ਭਾਖ, ਇਹ ਪ੍ਰਭ ਦਾ ਅਗੰਮੀ ਵਾਕ, ਵਾਕਿਆ ਆਪਣਾ ਹੁਕਮ ਵਰਤਾਈਆ । ਮੈਂ ਸਮਝਿਆ ਸਭ ਦਾ ਮਾਈ ਬਾਪ, ਕੋਟਨ ਜਨਮੋ ਉਤਾਰ ਕੇ ਪਾਪ, ਕਰ ਕਿਰਪਾ ਬਣਾ ਕੇ ਆਪਣੇ ਸਾਕ, ਸੱਜਣ ਆਪਣੇ ਲਏ ਬਣਾਈਆ । ਲੱਭਿਆਂ ਕਿਸੇ ਨਾ ਆਵੇ ਹਾਥ, ਰੋਂਦੇ ਵੇਖੇ ਚੁਰਾਸੀ ਸਿੱਧ ਨੌ ਨਾਥ, ਗੋਰਖ ਮਛੰਦਰ ਟਿਲਿਆਂ ਉਤੇ ਦੇਣ ਦੁਹਾਈਆ । ਧੰਨ ਵਡਿਆਈ ਜਿਨ੍ਹਾਂ ਦੇ ਹੋਇਆ ਆਪ ਸਾਥ, ਬਿਨ ਸੱਦਿਆਂ ਵਸਿਆ ਪਾਸ, ਨਾਤਾ ਛੱਡ ਪ੍ਰਿਥਮੀ ਆਕਾਸ਼, ਘਾਸ ਫੂਸ ਉਤੇ ਡੇਰਾ ਲਾਈਆ । ਆਪਣੀ ਬਣਾ ਕੇ ਭਗਤ ਸ਼ਾਖ਼, ਰੁਤ ਸੁਹੌਣੀ ਗੋਬਿੰਦ ਵਾਲੀ ਵਿਸਾਖ, ਨਾਮ ਭੰਡਾਰਾ ਦੇ ਕੇ ਪਰਸਾਦ, ਤ੍ਰਿਸ਼ਨਾ ਸਭ ਦੀ ਪੂਰ ਕਰਾਈਆ । ਜਿਸ ਰਚਨਾ ਰਚੀ

ਆਦਿ, ਉਹ ਵੇਖਣ ਆਇਆ ਜੁਗਾਦਿ, ਖੇਲੇ ਖੇਲ ਵਿਚ ਬ੍ਰਹਿਮਾਦ, ਬ੍ਰਹਿਮਾਂਡ ਆਪਣਾ ਫੇਰਾ ਪਾਈਆ । ਕੂੜੀ ਕਿਰਿਆ ਮੇਟ ਕੇ ਵਾਦ ਵਿਵਾਦ, ਅੰਮ੍ਰਿਤ ਦੇਵੇ ਸੁਵਾਦ, ਸ਼ਬਦ ਅਗੰਮੀ ਸੁਣਾਏ ਰਾਗ, ਧੁਨ ਆਤਮਕ ਦਏ ਜਣਾਈਆ । ਸਤਿਜੁਗ ਕਹੇ ਮੈਂ ਪੰਚਮ ਚੇਤ ਦਰਸ਼ਨ ਪਾ ਸ੍ਰੀ ਮਹਾਰਾਜ, ਆਪਣਾ ਅਗਲਾ ਪਿਛਲਾ ਧੋਇਆ ਦਾਗ਼, ਹੰਸ ਰੂਪ ਬਣ ਕੇ ਕਾਗ, ਸੋਹੰ ਢੋਲਾ ਦਿਤਾ ਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੇ ਦਰਸ਼ਨ ਦੀ ਬਖ਼ਸ਼ ਦਾਤ, ਸਤਿ ਧਰਮ ਤੇਰੀ ਕਰਾਮਾਤ, ਜਨਮ ਕਰਮ ਪੂਰੀ ਕਰ ਖ਼ਾਹਿਸ਼, ਸਵਾਸ ਗਰਾਸ ਆਪਣੇ ਲੇਖੇ ਲਾਈਆ ।

### ❊ ੫ ਚੇਤ ਸ਼ਹਿਨਸ਼ਾਹੀ ਸੰਮਤ ੧ ਚੇਲਾ ਸਿੰਘ ਦੇ ਗ੍ਰਿਹਿ ਜੰਮੂ ਸ਼ਹਿਰ ਵਜ਼ਾਰਤ ਰੋਡ ❊

ਪੰਜ ਚੇਤ ਕਹੇ ਪ੍ਰਭ ਕਿਰਪਾ ਕੀਤੀ ਆਪ, ਪੁਰਖ ਅਕਾਲ ਦਿਤੀ ਵਡਿਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼, ਨਿਰਮਲ ਜੋਤ ਕਰ ਪਰਕਾਸ਼, ਦੋ ਜਹਾਨ ਕਰੇ ਰੁਸ਼ਨਾਈਆ । ਆਤਮ ਪਰਮਾਤਮ ਸਚ ਸੁਨੇਹੜਾ ਦੱਸਣ ਆਇਆ ਜਾਪ, ਨਿਰਗੁਣ ਸਰਗੁਣ ਕਰੇ ਸਚ ਪੜ੍ਹਾਈਆ । ਭਗਤ ਭਗਵੰਤ ਦੇਵਣ ਆਇਆ ਸਾਥ, ਧੁਰ ਦਾ ਸੰਗੀ ਬਣ ਕੇ ਸੰਗ ਨਿਭਾਈਆ । ਨਿਰਵੈਰ ਪੁਰਖ ਨਿਰੰਕਾਰ ਹੋ ਕੇ ਦਰਸ਼ਨ ਦੇਣ ਆਇਆ ਸਾਖ਼ਿਆਤ, ਸਵੱਛ ਸਰੂਪੀ ਆਪਣਾ ਰੂਪ ਧਰਾਈਆ । ਚਰਨ ਪ੍ਰੀਤ ਬੰਧਾਵਣ ਆਇਆ ਨਾਤ, ਸੰਤ ਸੁਹੇਲੇ ਜੋੜ ਜੁੜਾਈਆ । ਮਹਿਬੂਬ ਮੁਹੱਬਤ ਵਿਚ ਦੱਸਣ ਆਇਆ ਗਾਥ, ਲਾਸ਼ਰੀਕ ਸ਼ਰਕਤ ਸਰਬ ਮਿਟਾਈਆ । ਭੇਵ ਅਭੇਦਾ ਖੋਲ੍ਹਣ ਆਇਆ ਸ਼ਾਹ ਨਵਾਬ, ਵਡ ਰਾਜਨ ਰਾਜ ਭੂਪਤ ਭੂਪ ਬੇਪਰਵਾਹੀਆ । ਕਲਜੁਗ ਪੈਜ ਸਵਾਰਨ ਆਇਆ ਕਾਜ, ਕਰਨੀ ਕਰਤਾ ਆਪ ਕਮਾਈਆ । ਸਤਿ ਧਰਮ ਚਲਾਵਣ ਆਇਆ ਜਹਾਜ਼, ਕੂੜੀ ਕਿਰਿਆ ਪੰਧ ਮੁਕਾਈਆ । ਸ਼ਾਹ ਪਾਤਸ਼ਾਹ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਕਰਨ ਆਇਆ ਰਾਜ, ਰਈਅਤ ਵੇਖੇ ਚਾਈਂ ਚਾਈਂਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣਾਵਣ ਆਇਆ ਇਕ ਜ਼ਾਤ, ਜ਼ਾਤ ਪਾਤ ਊਚ ਨੀਚ ਪੰਧ ਮੁਕਾਈਆ । ਸੰਸਾਰ ਸਾਗਰ ਪਾਰ ਕਰਨ ਆਇਆ ਘਾਟ, ਪਤਣ ਇਕੋ ਇਕ ਦਰਸਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸ਼ਨਾ ਕਲਜੁਗ ਕੂੜੀ ਕਿਰਿਆ ਮੇਟਣ ਆਇਆ ਰਾਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਚੰਦ ਚਮਕਾਈਆ । ਗੋਬਿੰਦ ਪੂਰਾ ਕਰਨ ਆਇਆ ਭਵਿਖਤ ਵਾਕ, ਬੀਸ ਇਕੀਸਾ ਹਰਿ ਜਗਦੀਸਾ ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਚੇਤ ਕਹੇ ਮੈਂ ਚੜ੍ਹਿਆ ਸੁਭਾਗਾ, ਪੁਰਖ ਅਕਾਲ ਦਿਤੀ ਵਡਿਆਈਆ । ਅੰਤਰ ਅੰਤਰ ਉਪਜਾਇਆ ਇਕ ਰਾਗਾ, ਅਗੰਮੀ ਨਾਦ ਦਿਤਾ ਸੁਣਾਈਆ । ਰਸ ਅਨੋਖਾ ਦਿਤਾ ਪ੍ਰੇਮ ਪ੍ਰੀਤੀ ਸਵਾਦਾ, ਰਸਨਾ ਜਿਹਵਾ ਸਮਝ ਕੋਇ ਨਾ ਪਾਈਆ । ਨਿਰਗੁਣ ਨਿਰਵੈਰ ਨਿਰੰਕਾਰ ਭੇਵ ਅਭੇਦਾ ਖੋਲ੍ਹ ਕੇ ਦੱਸਿਆ ਸਾਥਾ, ਸਗਲਾ ਸੰਗੀ ਇਕ ਜਣਾਈਆ । ਇਕੋ ਸਿਮਰਨ ਇਕੋ ਪੂਜਾ ਇਕੋ ਪਾਠਾ, ਇਸ਼ਟ ਦੇਵ ਇਕ ਮਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀਆਂ ਸ਼ਾਖ਼ਾ, ਅੱਖਰ ਵੱਖਰ ਨਿਤ ਨਵਿਤ ਆਪਣੀ ਖੇਲ ਖਿਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਹਰ ਘਟ ਵਾਸੀ ਪੁਰਖ ਅਬਿਨਾਸ਼ਾ, ਜਗਤ ਤਮਾਸ਼ਾ ਇਕੋ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੰਤ ਸੁਹੇਲੇ ਜੋ ਲਿਖ ਕੇ ਗਏ ਭਵਿਖਤ ਵਾਕਾ, ਨਾਤਾ ਜੋੜ ਕ਼ਲਮ ਸ਼ਾਹੀਆ । ਜਿਸ ਦੀ ਆਦਿ ਜੁਗਾਦਿ ਜੁਗ

ਚੌਕੜੀ ਦਿਵਸ ਰੈਣ ਗੌਂਦੇ ਗਾਥਾ, ਰਸਨਾ ਜਿਹਵਾ ਬੱਤੀ ਦੰਦ ਸੋਹਲੇ ਢੋਲੇ ਗਾਈਆ । ਸੋ ਵੇਖਣਹਾਰਾ ਜੇਰਜ ਅੰਡਜ ਉਤਭੁਜ ਸੇਤਜ ਜਗਤ ਤਮਾਸ਼ਾ, ਈਸ਼ ਜੀਵ ਜਗਦੀਸ਼ ਜਗਦੀਸ਼ਵਰ ਆਪਣੀ ਕਾਰ ਕਮਾਈਆ । ਭਗਤਾਂ ਮੀਤਾਂ ਠਾਂਡਾ ਸੀਤਾ ਜੁਗ ਜਨਮ ਦਾ ਪੂਰਾ ਕਰਨ ਆਇਆ ਘਾਟਾ, ਭੇਵ ਅਭੇਦਾ ਅਛਲ ਅਛੇਦਾ ਪੜਦਾ ਓਹਲਾ ਆਪ ਉਠਾਈਆ । ਆਤਮ ਪਰਮਾਤਮ ਮੇਲ ਮਿਲਾਵਣ ਆਇਆ ਸੇਜ ਸੁਹੰਞਣੀ ਖਾਟਾ, ਦੀਵਾ ਬਾਤੀ ਕਮਲਾਪਾਤੀ ਇਕੋ ਨੂਰ ਕਰ ਰੁਸ਼ਨਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸ੍ਰਿਸ਼ਟੀ ਦ੍ਰਿਸ਼ਟੀ ਦੇਵਣ ਆਇਆ ਸਚ ਸੁਗਾਤਾ, ਵਸਤ ਅਮੋਲਕ ਕਾਇਆ ਗੋਲਕ ਝੋਲੀ ਪਾਈਆ । ਲੱਖ ਚੁਰਾਸੀ ਜੀਵ ਜੰਤ ਦੱਸਣ ਆਇਆ ਇਕੋ ਪਿਤਾ ਇਕੋ ਮਾਤਾ, ਦੂਜੀ ਜਨਨੀ ਨਜ਼ਰ ਕੋਇ ਨਾ ਆਈਆ । ਸਚ ਸੰਦੇਸ਼ ਸੁਣਾਵਣ ਆਇਆ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਇਕੋ ਰਾਗ ਅਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਦੇਵਣ ਆਇਆ ਦਾਤਾ, ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਸਚ ਤੌਫ਼ੀਕ ਆਪਣਾ ਫੇਰਾ ਪਾਈਆ । ਘਟ ਘਟ ਅੰਦਰ ਕਰਨਹਾਰਾ ਵਾਸਾ, ਜੋਤੀ ਜੋਤ ਜੋਤ ਪਰਕਾਸ਼ਾ, ਲੇਖਾ ਜਾਣ ਪਵਣ ਸਵਾਸਾ, ਮੰਡਲ ਰਾਸਾ ਆਪਣੀ ਆਪ ਵਖਾਈਆ । ਭੇਵ ਖੁਲ੍ਹਾਏ ਬੋਧ ਅਗਾਧਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪੰਜ ਚੇਤ ਕਹੇ ਅੰਮ੍ਰਿਤ ਵੇਲੇ ਮੈਨੂੰ ਮਿਲਿਆ ਅੰਮ੍ਰਿਤ ਰਸ, ਪ੍ਰਭ ਦਿਤੀ ਮਾਣ ਵਡਿਆਈਆ । ਸਚ ਸੁਨੇਹੜਾ ਦਿਤਾ ਹਸ ਹਸ, ਸਤਿ ਸਤਿਵਾਦੀ ਆਪ ਸੁਣਾਈਆ । ਭਗਤ ਸੁਹੇਲਿਆਂ ਜਾ ਕੇ ਦੱਸ, ਗੁਰਮੁਖਾਂ ਦੇ ਦ੍ਰਿੜਾਈਆ । ਜਿਸ ਨੂੰ ਜੁਗ ਚੌਕੜੀ ਸਾਰੇ ਰਹੇ ਲਭ, ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਿਸੇ ਆਰ ਪਾਰ ਲੱਭੀ ਨਾ ਹਦ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਾਰੇ ਸ਼ੁਕਰ ਮਨਾਈਆ । ਜੋ ਆਦਿ ਜੁਗਾਦਿ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮੁਕਾਮੇ ਹਕ, ਬੈਠਾ ਸੋਭਾ ਪਾਈਆ । ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ ਯਕ, ਤਸੱਵਰ ਆਪਣਾ ਆਪ ਰਿਹਾ ਕਰਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਗੌਂਦੇ ਜਸ, ਕਾਤਬ ਲਿਖ ਲਿਖ ਸ਼ਾਹੀ ਗਏ ਥਕ, ਸਿਫ਼ਤਾਂ ਨਾਲ ਸਿਫ਼ਤ ਨਾ ਕੋਇ ਸਾਲਾਹੀਆ । ਜਿਸ ਦੇ ਮੱਕੇ ਕਾਅਬੇ ਹਜ਼ਰਤਾਂ ਵਾਲਾ ਕਰਦੇ ਰਹੇ ਹੱਜ, ਪੀਰਾਂ ਦਾ ਪੀਰ ਪੈਗ਼ੰਬਰਾਂ ਦਾ ਪੈਗ਼ੰਬਰ ਵਾਹਿਦ ਇਕੋ ਜਲਵਾ ਨੂਰ ਕਰੇ ਰੁਸ਼ਨਾਈਆ । ਜੋ ਵੇਖਣਹਾਰਾ ਹਕ਼ੀਕ਼ਤ ਹਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਚੇਤ ਕਹੇ ਮੈਂ ਸੁਣਿਆ ਸੰਦੇਸ਼ਾ, ਪੁਰਖ ਅਬਿਨਾਸ਼ੀ ਦਿਤਾ ਜਣਾਈਆ । ਧੁਰ ਫ਼ਰਮਾਨਾ ਇਕ ਨਰੇਸ਼ਾ, ਨਰ ਨਰਾਇਣ ਰਿਹਾ ਦ੍ਰਿੜਾਈਆ । ਸਤਿਜੁਗ ਸਾਚੇ ਤੇਰਾ ਲਹਿਣਾ ਲੋਕਮਾਤ ਸਾਚੇ ਦੇਸਾ, ਦੇਸ ਦਸੰਤਰ ਤੇਰੀ ਵੰਡ ਵੰਡਾਈਆ । ਕੂੜੀ ਕਿਰਿਆ ਕਲਜੁਗ ਮੁਕੇ ਠੇਕਾ, ਠਾਕਰ ਸਵਾਮੀ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚੁਕਾ ਕੇ ਆਪਣਾ ਲੇਖਾ, ਬੀਸ ਇਕੀਸ ਬੈਠੇ ਪੰਧ ਮੁਕਾਈਆ । ਨਿਉਂ ਨਿਉਂ ਸਜਦੇ ਕਰਨ ਨਮੋ ਨਮੋ ਡੰਡਾਵਤ ਇਕ ਅਦੇਸ਼ਾ, ਸੀਸ ਸਕੇ ਨਾ ਕੋਇ ਉਠਾਈਆ । ਝੁਕਦੇ ਵੇਖੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਧੂੜੀ ਟਿੱਕਾ ਖ਼ਾਕ ਰਹੇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਦਿਤਾ ਜਣਾਈਆ । ਸਚ ਸੁਨੇਹੜਾ ਦਿਤਾ ਭਗਵੰਤ, ਪੰਚਮ ਪੰਚ ਰਿਹਾ ਜਣਾਈਆ । ਪੁਰਖ ਅਬਿਨਾਸ਼ੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮੰਨਣਾ ਇਕੋ ਕੰਤ, ਦੂਜਾ ਸਾਈਂ

ਨਜ਼ਰ ਕੋਇ ਨਾ ਆਈਆ । ਜਿਸ ਦੀ ਮੌਲੀ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਰੁੱਤ ਬਸੰਤ, ਪੱਤ ਟਹਿਣੀ ਆਪ ਮਹਿਕਾਈਆ । ਜਨ ਭਗਤਾਂ ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਰਿਹਾ ਸਮਝਾਈਆ । ਜੋ ਬੀਸ ਇਕੀਸਾ ਤਕ ਬਣ ਗਈ ਸਾਚੀ ਸੰਗਤ, ਤਿਨ੍ਹਾਂ ਤੋਂ ਅਗੇ ਲੇਖਾ ਮੰਗੇ ਕੋਇ ਨਾ ਰਾਈਆ । ਇਹਨਾਂ ਤੋਂ ਵੱਡਾ ਬੋਧ ਅਗਾਧਾ ਬਣੇ ਕੋਈ ਨਾ ਪੰਡਤ, ਵਿਦਵਾਨਾ ਵਿਦਿਆ ਕੰਮ ਕਿਸੇ ਨਾ ਆਈਆ । ਉਤਮ ਸ੍ਰੇਸ਼ਟ ਗੁਰਮੁਖ ਗੁਰਸਿਖ ਸੁਹੇਲਾ ਸੰਤ, ਹਰਿ ਸੱਜਣ ਦਏ ਵਡਿਆਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਮਹਿੰਮਾ ਅਗਣਤ, ਕਥਨੀ ਕਥ ਨਾ ਸਕੇ ਰਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਆਪ ਬਣਾਏ ਬਣਤ, ਘੜਨ ਭੰਨਣਹਾਰ ਦੇਵੇ ਆਪ ਵਡਿਆਈਆ । ਅੰਤਮ ਜੋਤ ਮਿਲਾਵਾ ਕਰੇ ਪ੍ਰਭੂ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਵੇਖਿਆ ਮਹਿਬੂਬ, ਮੁਹੱਬਤ ਆਪਣੀ ਸਚ ਕਮਾਇੰਦਾ । ਆਹਲਾ ਅਦਨਾ ਜਿਸ ਦੇ ਵਸੇ ਸਚ ਅਰੂਜ, ਅਰਸ਼ੀ ਫ਼ਰਸ਼ੀ ਖੋਜ ਖੁਜਾਇੰਦਾ । ਜਿਸ ਦੀ ਮੰਜ਼ਲ ਇਕ ਮਕਸੂਦ, ਜਗਤ ਨੇਤਰ ਕੋਇ ਨਾ ਪਾਇੰਦਾ । ਜਿਸ ਦੀ ਸਮਝ ਨਾ ਆਈ ਕਿਸੇ ਹਦੂਦ, ਆਰ ਪਾਰ ਨਾ ਵੇਖ ਵਖਾਇੰਦਾ । ਸੋ ਸਾਹਿਬ ਸਵਾਮੀ ਪੁਰਖ ਬਿਧਾਤਾ ਕਲ ਕਲਕੀ ਨਿਰਗੁਣ ਜੋਤ ਸਦਾ ਮੌਜੂਦ, ਮਜਲਸ ਭਗਤਾਂ ਵਿਚ ਰਖਾਇੰਦਾ । ਕੂੜੀ ਕਿਰਿਆ ਕਲਜੁਗ ਅੰਤਮ ਕਰ ਕੇ ਰਹਿਣਾ ਮੌਕੂਫ਼, ਮੁਕੰਮਲ ਆਪਣਾ ਹੁਕਮ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਦੋ ਜਹਾਨਾਂ ਆਪ ਦ੍ਰਿੜਾਇੰਦਾ । ਸਚ ਸੁਨੇਹੜਾ ਦੇਵੇ ਭਗਵਾਨ, ਅਬਿਨਾਸ਼ੀ ਕਰਤਾ ਆਪ ਜਣਾਈਆ । ਬ੍ਰਹਿਮੰਡ ਖੰਡ ਨੇਤਰ ਖੋਲ੍ਹ ਕਰਾਏ ਧਿਆਨ, ਆਲਸ ਨਿੰਦਰਾ ਸਰਬ ਗਵਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦੇਵਣਹਾਰਾ ਇਕ ਗਿਆਨ, ਇਕੋ ਅੱਖਰ ਦਏ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਏਕਾ ਹੁਕਮ ਇਕ ਫ਼ਰਮਾਨ, ਵੇਖਣਹਾਰਾ ਇਕੋ ਨਜ਼ਰੀ ਆਈਆ । ਏਕਾ ਮੰਦਰ ਇਕ ਮਕਾਨ, ਗ੍ਰਿਹਿ ਇਕੋ ਇਕ ਸੁਹਾਈਆ । ਇਕੋ ਅੰਮ੍ਰਿਤ ਰਸ ਲੱਖ ਚੁਰਾਸੀ ਜੀਵ ਜੰਤ ਪੀਣ ਖਾਣ, ਫਿੱਕਾ ਰਸ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਪੰਜ ਚੇਤ ਕਹੇ ਮੈਂ ਵੇਖਿਆ ਪੰਜਾਂ ਦਾ ਮਾਲਕ, ਪਾਰਬ੍ਰਹਮ ਪ੍ਰਭ ਨਜ਼ਰੀ ਆਈਆ । ਜੋ ਲੱਖ ਚੁਰਾਸੀ ਸਰਗੁਣ ਧਾਰ ਨਿਰਗੁਣ ਬਣੇ ਸਾਲਸ, ਨਿਰਵੈਰ ਆਪਣੀ ਅਦਾਲਤ ਇਕ ਵਖਾਈਆ । ਸੰਤ ਸੁਹੇਲੇ ਗੁਰਮੁਖ ਵੇਖੇ ਬਾਲਕ, ਨੰਨ੍ਹੇ ਬੱਚੇ ਆਪਣੀ ਗੋਦ ਉਠਾਈਆ । ਜਨਮ ਕਰਮ ਦੀ ਕੂੜੀ ਮਸਤਕ ਲਾਹ ਕੇ ਕਾਲਖ, ਸਚ ਜੋਤ ਪਰਕਾਸ਼ ਦਏ ਕਰਾਈਆ । ਨਾਮ ਨਿਧਾਨ ਇਕੋ ਦੱਸੇ ਇਬਾਦਤ, ਬੰਦਨਾ ਇਕੋ ਇਕ ਸਮਝਾਈਆ । ਚਰਨ ਪ੍ਰੀਤੀ ਦੱਸ ਸਖ਼ਾਵਤ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਬੇਪਰਵਾਹੀਆ । ਪੰਜ ਚੇਤ ਕਹੇ ਸੁਣੋ ਗੁਰਮੁਖ, ਬਿਨ ਮੁਖ ਦਿਆਂ ਜਣਾਈਆ । ਜਿਸ ਲੈਣਾ ਸਤਿਜੁਗ ਸੁਖ, ਸੁਖ ਸਾਗਰ ਦਿਆਂ ਵਖਾਈਆ । ਜਿਸ ਸਫ਼ਲ ਕਰੌਣੀ ਜਨਣੀ ਕੁੱਖ, ਲੱਖ ਚੁਰਾਸੀ ਗੇੜ ਕਟਾਈਆ । ਜਿਸ ਅੰਤਰ ਆਤਮ ਪਰਮਾਤਮ ਵੇਖਣਾ ਮੁਖ, ਜੋਤ ਸਰੂਪੀ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਚੇਤ ਕਹੇ ਸੁਣੋ ਜਨ ਸੱਜਣ, ਲੋਕਮਾਤ ਦਿਆਂ ਜਣਾਈਆ । ਜਿਸ ਪ੍ਰਭ ਚਰਨ ਧੂੜੀ ਕਰਨਾ ਮਜਨ, ਦੁਰਮਤ ਮੈਲ ਧੁਆਈਆ । ਉਹ ਸੋਹੰ

ਢੋਲਾ ਗਾਵੇ ਭਜਨ, ਬੰਦਗੀ ਇਕੋ ਇਕ ਦ੍ਰਿੜਾਈਆ । ਏਹੋ ਨੇਤਰ ਨਾਮ ਪਾਏ ਅੰਜਨ, ਅੱਖ ਪਰਤਖ ਨਜ਼ਰ ਆਏ ਗੁਸਾਈਆ । ਕਾਇਆ ਮਾਟੀ ਕਰੇ ਕੰਚਨ, ਸੋਹਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੰਜ ਚੇਤ ਕਹੇ ਜਿਸ ਜਨਮ ਜਨਮ ਦੀ ਮੇਟਣੀ ਹਰਸ, ਕਰਮ ਕਰਮ ਦੇ ਰੋਗ ਗਵਾਈਆ । ਜਿਸ ਅੰਤਰ ਆਤਮ ਪੌਣਾ ਦਰਸ, ਨਿਜ ਨੇਤਰ ਕਰ ਰੁਸ਼ਨਾਈਆ । ਮਨ ਵਾਸਨਾ ਮੂਲ ਨਾ ਜਾਏ ਭਟਕ, ਅਗਨੀ ਤਤ ਬੁਝਾਈਆ । ਲੇਖੇ ਲਾਏ ਬੂੰਦ ਰਕਤ, ਕਿਰਪਾ ਨਿਧਾਨ ਹੋਏ ਸਹਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪੰਜ ਚੇਤ ਕਹੇ ਮੈਂ ਭਗਤਾਂ ਨਾਲ ਲੌਣ ਆਇਆ ਸ਼ਰਤ, ਸ਼ਰਤੀਆ ਧੁਰ ਦਾ ਹੁਕਮ ਸੁਣਾਈਆ । ਜੋ ਸਚਖੰਡ ਨਿਵਾਸੀ ਜੋਤ ਸਰੂਪ ਹੋ ਕੇ ਆਇਆ ਪਰਤ, ਪਤਿਪਰਮੇਸ਼ਵਰ ਹੋ ਕੇ ਆਪਣਾ ਵੇਸ ਵਟਾਈਆ । ਜੋ ਲੇਖਾ ਜਾਣੇ ਅਰਸ਼ ਫ਼ਰਸ਼, ਜ਼ਿਮੀਂ ਅਸਮਾਨ ਖੋਜ ਖੁਜਾਈਆ । ਪੂਰਬ ਲਹਿਣਾ ਸਭ ਦਾ ਦੇਵੇ ਕ਼ਰਜ਼, ਹਿਸਾਬ ਬੇਬਾਕ ਰਿਹਾ ਕਰਾਈਆ । ਓਸ ਦਾ ਖੇਲ ਅਗੰਮੀ ਅਸਚਰਜ, ਬੁਧੀ ਸਮਝ ਕੋਇ ਨਾ ਪਾਈਆ । ਸੂਰਬੀਰ ਮਰਦਾਨਾ ਮਰਦ, ਸ਼ਬਦੀ ਰੂਪ ਆਪਣਾ ਲਿਆ ਬਦਲਾਈਆ । ਗ਼ਰੀਬ ਨਿਮਾਣਿਆਂ ਵੰਡਣ ਆਇਆ ਦਰਦ, ਦੁਖੀਆਂ ਦੁਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਲਏ ਮਿਲਾਈਆ । ਪੰਜ ਚੇਤ ਕਹੇ ਗੁਰਮੁਖਾਂ ਮਿਲਾਪ ਕਰੇ ਆਪ, ਆਪਣੀ ਦਇਆ ਕਮਾਈਆ । ਇਹ ਖੇਲ ਵੇਖਿਓ ਸਾਖ਼ਿਆਤ, ਗੁੱਝਾ ਕੋਇ ਨਾ ਰਹੇ ਰਾਈਆ । ਅਗਲਾ ਖੇਲ ਹੋਰ ਤਮਾਸ਼, ਨਟੂਆ ਹੋ ਕੇ ਸਵਾਂਗ ਵਰਤਾਈਆ । ਗੁਰਸਿਖਾਂ ਗ੍ਰਹਿ ਗ੍ਰਹਿ ਪੂਰੀ ਕਰ ਕੇ ਆਸ, ਤ੍ਰਿਸ਼ਨਾ ਦਏ ਬੁਝਾਈਆ । ਜਿਸ ਵੇਲੇ ਦੇਵੇ ਦਰਸ ਨਾਲ ਜੋਤ ਕਰੇ ਪਰਕਾਸ਼, ਨੂਰ ਵਿਚੋਂ ਨੂਰ ਦਏ ਜੋਤ ਚਮਕਾਈਆ । ਕਿਰਪਾ ਕਰ ਕੇ ਅਨਹਦ ਦੀ ਸੁਣਾਏ ਆਵਾਜ਼, ਅਨਰਾਗੀ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਵਸਤ ਝੋਲੀ ਪਾਈਆ । ਪੰਜ ਚੇਤ ਕਹੇ ਮੈਂ ਕਰਾਂ ਕੀ ਬਿਆਨ, ਸਿਫ਼ਤ ਵਿਚ ਨਾ ਕੋਈ ਸਾਲਾਹੀਆ । ਭਗਤਾਂ ਮਿਲਣ ਆਇਆ ਭਗਵਾਨ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਲੇਖਾ ਜਾਣ ਕੇ ਦੋ ਜਹਾਨ, ਨਿਰਗੁਣ ਸਰਗੁਣ ਖੇਲ ਕਰਾਈਆ । ਓਹਨਾਂ ਦੀ ਕੀਤੀ ਪਹਿਚਾਨ, ਜੋ ਜੁਗ ਵਿਛੜੇ ਵਿਛੜਿਆਂ ਆਪਣਾ ਜੋੜ ਜੁੜਾਈਆ । ਸਤਿ ਸਚ ਆਤਮ ਪਰਮਾਤਮ ਦੇ ਗਿਆਨ, ਹਉਮੇ ਹੰਗਤਾ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਕਹੇ ਮੈਂ ਕੀ ਦੱਸਾਂ ਹਾਲ, ਸਮਝ ਕੁਛ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਸਿਰ ਤੇ ਕੂਕੇ ਕਾਲ, ਨਗਾਰਾ ਆਪਣਾ ਰਿਹਾ ਵਜਾਈਆ । ਸਾਧ ਸੰਤ ਹੋਏ ਬੇਹਾਲ, ਧੀਰਜ ਸਤਿ ਨਾ ਕੋਈ ਰਖਾਈਆ । ਪੁਰਖ ਅਬਿਨਾਸ਼ੀ ਸਤਿਜੁਗ ਛੋਟਾ ਓਠਾ ਦਿਤਾ ਬਾਲ, ਹੁਕਮ ਆਪਣਾ ਇਕ ਪਰਗਟਾਈਆ । ਲੋਕਮਾਤ ਜਾ ਕੇ ਆਪਣੀ ਸੁਰਤ ਸੰਭਾਲ, ਸੋਹਣੀ ਲੈ ਅੰਗੜਾਈਆ । ਲੇਖਾ ਮੁਕਾ ਦੇ ਸ਼ਾਹ ਕੰਗਾਲ, ਰਾਓ ਰੰਕਾਂ ਇਕੋ ਰੰਗ ਰੰਗਾਈਆ । ਮੁਰੀਦਾਂ ਦੱਸ ਕੇ ਮੁਰਸ਼ਦ ਹਾਲ, ਧੁਰ ਸੰਦੇਸ਼ਾ ਇਕ ਸਮਝਾਈਆ । ਇਕੋ ਸਿਮਰਨ ਸ੍ਰੀ ਭਗਵਾਨ, ਦੂਜਾ ਇਸ਼ਟ ਨਾ ਕੋਈ ਮਨਾਈਆ । ਜੋ ਲੱਖ ਚੁਰਾਸੀ ਸਖ਼ੀਆਂ ਦਿਸੇ ਕਾਹਨ, ਗੋਪੀ ਜੀਵ ਜੰਤ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਜਣਾਈਆ । ਪੰਜ ਚੇਤ ਕਹੇ ਮੈਂ ਫਿਰ ਨਹੀਂ ਔਣਾ, ਦੂਜੀ ਵਾਰ ਨਾ ਫੇਰਾ ਪਾਈਆ । ਪਹਿਲੇ


੪੯੬

ਸੰਮਤ ਦਾ ਪਹਿਲਾ ਰਾਹ ਚਲੌਣਾ, ਰਹਿਬਰ ਹੋ ਕੇ ਦਿਆਂ ਦ੍ਰਿੜਾਈਆ । ਇਕੋ ਅਕਾਲ ਇਕੋ ਦਿਆਲ ਸਭ ਨੇ ਧਿਔਣਾ, ਕਾਲ ਨੇੜ ਕਦੇ ਨਾ ਆਈਆ । ਕਾਇਆ ਧਰਮਸਾਲ ਭਾਗ ਲਗੌਣਾ, ਮੰਦਰ ਇਕੋ ਲੈਣਾ ਸੁਹਾਈਆ । ਸਚ ਪਰਕਾਸ਼ ਦੀਪ ਜਗੌਣਾ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਅਨਹਦ ਨਾਦੀ ਨਾਦ ਵਜੌਣਾ, ਧੁਨ ਆਤਮਕ ਰਾਗ ਅਲਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਘਰ ਝਰੌਣਾ, ਅਠਸਠ ਖੋਜਣ ਕੋਈ ਨਾ ਜਾਈਆ । ਸਚ ਸੰਦੇਸ਼ਾ ਇਕ ਸੁਣੌਣਾ, ਸਭ ਨੂੰ ਦਿਆਂ ਦ੍ਰਿੜਾਈਆ । ਬਿਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਿਸੇ ਪਾਰ ਲੰਘੌਣਾ, ਪੂਰੇ ਲੇਖੇ ਸਭ ਦੇ ਦਿਤੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸੁਣਾਈਆ ।

ਹੁਕਮ ਕਹੇ ਮੈਂ ਓਸ ਦਾ ਫ਼ਰਮਾਨਾ, ਜੋ ਫੁਰਨਿਆਂ ਬੰਦ ਕਰਾਈਆ । ਜਿਸ ਨੂੰ ਸਾਰੇ ਕਹਿੰਦੇ ਸ੍ਰੀ ਭਗਵਾਨਾ, ਭਗਤਾਂ ਹੋਏ ਸਹਾਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਦਾਨਾ, ਦਾਤਾ ਬੇਪਰਵਾਹੀਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਅਤੁਟ ਖ਼ਜ਼ਾਨਾ, ਤੋਟ ਰਹੇ ਨਾ ਰਾਈਆ । ਜਿਸ ਦਾ ਸਚਖੰਡ ਦਵਾਰ ਝੁਲਦਾ ਰਹੇ ਸਤਿ ਨਿਸ਼ਾਨਾ, ਸੋ ਮਾਤਲੋਕ ਆਪਣਾ ਹੁਕਮ ਵਰਤਾਈਆ । ਜਿਸ ਦਾ ਸਭ ਤੋਂ ਵਖਰਾ ਨਿਰਾਲਾ ਇਕ ਪੈਮਾਨਾ, ਮਧੁਰ ਖ਼ੁਮਾਰੀ ਨਾਮ ਵਖਾਈਆ । ਜਿਸ ਦੀ ਸਿਫ਼ਤ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਭਵਿਖਤਾਂ ਦਾ ਦੇ ਕੇ ਗਏ ਬਿਆਨਾ, ਸੋ ਅੰਤਮ ਲੇਖਾ ਰਿਹਾ ਚੁਕਾਈਆ । ਕੋਈ ਨਾ ਰਹੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਪੰਜ ਚੇਤ ਕਹੇ ਮੇਰਾ ਵੇਖਿਓ ਖੇਲ ਮਹਾਨਾ, ਪ੍ਰਭ ਮਹਿਮਾਨ ਘਰ ਘਰ ਦਿਆਂ ਕਰਾਈਆ । ਹੁਣ ਰਹਿਣਾ ਨਹੀਂ ਅੰਞਾਣਾ, ਜਵਾਨ ਹੋ ਕੇ ਆਪਣਾ ਜੋਬਨ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮ ਧੁਰ ਦਾ ਆਪ ਵਰਤਾਈਆ । ਪੰਜ ਚੇਤ ਕਹੇ ਵਰਤਣਾ ਹੁਕਮ ਧੁਰ, ਧੁਰ ਦਰਗਾਹੀ ਆਪ ਜਣਾਈਆ । ਸੀਸ ਉਠਾਏ ਨਾ ਕੋਈ ਦੇਵਤ ਸੁਰ, ਮੁਨ ਰਿਖ ਬੈਠੇ ਧਿਆਨ ਲਗਾਈਆ । ਸਭ ਸ੍ਰਿਸ਼ਟੀ ਦਾ ਇਕੋ ਗੁਰ, ਸਤਿਗੁਰ ਇਕੋ ਦੇਣਾ ਸ਼ਬਦ ਸਮਝਾਈਆ । ਕੋਈ ਨਾ ਰਹੇ ਠਗ ਚੋਰ, ਕੂੜੀ ਕਿਰਿਆ ਦੇਣੀ ਖਪਾਈਆ । ਪਿਛੇ ਲੇਖਾ ਸੀ ਹੋਰ, ਅਗੇ ਹੋਰ ਕਾਰ ਵਰਤਾਈਆ । ਦੋ ਜਹਾਨਾਂ ਦੀ ਆਪਣੇ ਹੱਥ ਵਿਚ ਫੜ ਕੇ ਡੋਰ, ਪਿਛਲੇ ਲੇਖੇ ਦਿਤੇ ਮੁਕਾਈਆ । ਜਨ ਭਗਤਾਂ ਜਾਏ ਬਹੁੜ, ਬਹੁੜੀ ਬਹੁੜੀ ਕਰੇ ਲੋਕਾਈਆ । ਜਿਨ੍ਹਾਂ ਦੀ ਲਗ ਗਈ ਓਹਨਾਂ ਦੀ ਨਿਭ ਗਈ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਜਿਨ੍ਹਾਂ ਨੂੰ ਆਤਮ ਕਰ ਕੇ ਪਰਮਾਤਮ ਲਿਆ ਜੋੜ, ਜਗਤ ਵਿਛੋੜਾ ਦਿਤਾ ਕਟਾਈਆ । ਉਹਨਾਂ ਦੇ ਅੰਤਰ ਮੰਤਰ ਫੁਰਨਾ ਦੇ ਕੇ ਫੋਰ, ਫੁਰਨੇ ਸਾਰੇ ਬੰਦ ਕਰਾਈਆ । ਕਰਾਂ ਪਰਕਾਸ਼ ਅੰਧ ਘੋਰ, ਦੀਆ ਬਾਤੀ ਕਮਲਾਪਾਤੀ ਹੋ ਕੇ ਇਕ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਬੇਪਰਵਾਹੀਆ । ਪੰਜ ਚੇਤ ਕਹੇ ਮੇਰਾ ਸਾਹਿਬ ਸੁਲਤਾਨ, ਭਗਤਾਂ ਰਿਹਾ ਜਗਾਈਆ । ਗੋਪੀਆਂ ਦਾ ਕਾਹਨ, ਗਵਾਲਿਆਂ ਵੇਖਣਹਾਰਾ ਮਾਰ ਧਿਆਨ, ਬਾਲਿਆਂ ਆਪਣੇ ਨਾਲ ਮਿਲਾਈਆ । ਸ਼ਬਦ ਸਰੂਪੀ ਹੋ ਜਵਾਨ, ਜੋਬਨਵੰਤਾ ਫੇਰਾ ਪਾਈਆ । ਸ਼ਾਹ ਪਾਤਸ਼ਾਹ ਹੋ ਕੇ ਆਇਆ ਵਿਚ ਮੈਦਾਨ, ਮਦਦ ਹੋਰ ਨਾ ਕੋਈ ਰਖਾਈਆ । ਹੁਕਮ ਦੇਂਦਾ ਜਾਏ ਫ਼ਰਮਾਨ, ਸੁਣੌਂਦਾ ਜਾਏ

ਦੋ ਜਹਾਨ, ਸਿਰ ਸਕੇ ਨਾ ਕੋਈ ਉਠਾਈਆ । ਬਣਦਾ ਜਾਏ ਹੁਕਮਰਾਨ, ਮੇਟਦਾ ਜਾਏ ਸ਼ੈਤਾਨ, ਸ਼ਰਅ ਦੇਵੇ ਬਦਲਾਈਆ । ਦਿਸੌਂਦਾ ਜਾਏ ਸਚ ਈਮਾਨ, ਝੁਲੌਂਦਾ ਜਾਏ ਸਚ ਨਿਸ਼ਾਨ, ਦੋ ਜਹਾਨਾਂ ਆਪਣਾ ਰੂਪ ਵਟਾਈਆ । ਕਰੌਂਦਾ ਜਾਏ ਕਲਿਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਜਣ ਬੇਪਰਵਾਹੀਆ । ਸਾਜਣ ਸੱਚਾ ਬੇਪਰਵਾਹ, ਪਤਿਪਰਮੇਸ਼ਵਰ ਨਜ਼ਰੀ ਆਈਆ । ਜੋ ਵੇਸ ਅਵੇਸ ਰੂਪ ਰਿਹਾ ਵਖਾ, ਜੋਤੀ ਜਾਤਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੱਖ ਚੁਰਾਸੀ ਬਣ ਕੇ ਗਵਾਹ, ਸਭ ਨੂੰ ਰਿਹਾ ਸਮਝਾਈਆ । ਪੁਰਖ ਅਕਾਲ ਪਾਤਸ਼ਾਹਾਂ ਦਾ ਪਾਤਸ਼ਾਹ, ਦੀਨਾਂ ਦਾ ਦੀਨ ਦੋਵੇਂ ਖੇਲ ਕਰਾਈਆ । ਜੁਗ ਚੌਕੜੀ ਜਿਸ ਆਦਿ ਜੁਗਾਦਿ ਚਲਾਏ ਰਾਹ, ਰਹਿਬਰ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਬਣਾਈਆ । ਸੋ ਪਰਵਰਦਿਗਾਰ ਨੂਰੇ ਖ਼ੁਦਾ ਆਇਆ ਵੇਸ ਵਟਾ, ਜਲਵਾਗਰ ਆਪਣਾ ਫੇਰਾ ਪਾਈਆ । ਸਾਚਾ ਕਲਮਾ ਰਿਹਾ ਪੜ੍ਹਾ, ਇਕੋ ਇਲਮ ਸਿਖਾ, ਇਕੋ ਸਮਝ ਰਿਹਾ ਦੁਆ, ਦੂਈ ਦਵੈਤੀ ਰਹਿਣ ਕੋਈ ਨਾ ਪਾਈਆ । ਸਾਚੇ ਕਾਅਬੇ ਕਰ ਰਿਹਾ ਨਿਕਾਹ, ਜਿਸ ਦਾ ਲਹਿਣਾ ਓਸੇ ਨੂੰ ਰਿਹਾ ਪਰਨਾ, ਅਗੇ ਹੋਏ ਨਾ ਕੋਇ ਜੁਦਾ, ਜੁਦਾ ਅੰਗ ਨਾ ਕੋਇ ਰਖਾਈਆ । ਇਸ ਦੀ ਕਿਆ ਕੋਈ ਦੱਸੇ ਵਜਹ, ਪਿਛੇ ਸਭ ਨੂੰ ਮਿਲ ਗਈ ਸਜ਼ਾ, ਅਗੇ ਹੁਕਮੇ ਅੰਦਰ ਬੱਧਾ, ਦੋ ਜਹਾਨਾਂ ਚਲੇ ਨਾ ਕੋਈ ਵਡਿਆਈਆ । ਪੁਰਖ ਅਕਾਲ ਇਕ ਸਮਰਥਾ, ਲਹਿਣਾ ਦੇਣਾ ਚੁਕਾਏ ਹੱਥੋ ਹੱਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਘਟ ਵਾਸੀ ਪੁਰਖ ਅਬਿਨਾਸ਼ੀ ਆਪਣੀ ਧਾਰ ਚਲਾਈਆ । ਧਾਰ ਕਹੇ ਮੈਂ ਧੁਰ ਦੀ ਧਾਰ, ਧਰਨੀ ਧਰਤ ਧਵਲ ਦਿਆਂ ਜਣਾਈਆ ।

ਨਿਰਗੁਣ ਨਿਰਵੈਰ ਨਿਰੰਕਾਰ ਪੁਰਖ ਅਕਾਲ ਕਲ ਕਲਕੀ ਅਵਤਾਰ, ਕਲ ਕਲੇਸ਼ ਲੇਖਾ ਦਏ ਮੁਕਾਈਆ । ਪੈਗ਼ੰਬਰ ਸਜਦੇ ਕਰਨ ਵਾਰੋ ਵਾਰ, ਅਮਾਮ ਮਹਿੰਦੀ ਆਇਆ ਸਾਂਝਾ ਯਾਰ, ਮਹਿਬੂਬ ਮੁਹੱਬਤ ਦਾ ਮਾਲਕ ਫੇਰਾ ਪਾਈਆ । ਜਿਸ ਨੇ ਦੀਨ ਮਜ਼੍ਹਬ ਦੀ ਢਾਹ ਦੇਣੀ ਦੀਵਾਰ, ਸ਼ਰਅ ਸ਼ਰੀਅਤ ਕਢਣੀ ਬਾਹਰ, ਸਾਰੀ ਸ੍ਰਿਸ਼ਟੀ ਕਰਨੀ ਹਮਵਾਰ, ਪੱਧਰ ਇਕੋ ਦਏ ਬਣਾਈਆ । ਵਰਨ ਬਰਨ ਜ਼ਾਤ ਪਾਤ ਊਚ ਨੀਚ ਕਰ ਖ਼ੁਆਰ, ਆਤਮ ਪਰਮਾਤਮ ਦੱਸ ਕੇ ਸਚ ਪਿਆਰ, ਨਾਤਾ ਜੋੜ ਕੇ ਇਕ ਨਿਰੰਕਾਰ, ਨਿਰਗੁਣ ਆਪਣਾ ਰੰਗ ਦੇਣਾ ਰੰਗਾਈਆ । ਬਿਨ ਤੰਦੀ ਤਾਰ ਵੱਜੇ ਰਬਾਬ, ਘਰ ਸੱਜਣ ਮਿਲੇ ਅਹਿਬਾਬ, ਪ੍ਰੇਮ ਪਿਆਰ ਪਿਆ ਕੇ ਆਬੇ ਹਯਾਤ, ਹਯਾਤੀ ਵਿਚੋਂ ਹਯਾਤੀ ਦਏ ਬਦਲਾਈਆ । ਇਕੋ ਸਜਦਾ ਇਕੋ ਅਦਾਬ, ਇਕੋ ਸ਼ਹਿਨਸ਼ਾਹ ਇਕੋ ਨਵਾਬ, ਇਕੋ ਦੇਵਣਹਾਰਾ ਖ਼ਤਾਬ, ਖ਼ਤਾ ਸਭ ਦੀ ਵੇਖ ਵਖਾਈਆ । ਇਕੋ ਨਾਮ ਨਿਧਾਨ ਬੋਧ ਅਗਾਧ, ਇਕੋ ਸੁਨਾਵਣਹਾਰਾ ਹੁਕਮ ਸੰਤ ਸਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਕਿ ਪਾਤਸ਼ਾਹ, ਪੰਜ ਚੇਤ ਦਏ ਗਵਾਹੀਆ । ਰਹਿਬਰ ਕਿ ਰਾਹ ਰਿਹਾ ਵਖਾ, ਪਰਦਾ ਰਿਹਾ ਉਠਾਈਆ । ਜ਼ਿਮੀਂ ਅਸਮਾਨ ਢੋਲੇ ਰਹੇ ਗਾ, ਵੱਜੀ ਸਚ ਵਧਾਈਆ । ਧੰਨ ਭਾਗ ਜੇ ਸਭ ਦਾ ਮਾਲਕ ਗਿਆ ਆ, ਪਿਛਲੇ ਲੇਖੇ ਦਏ ਚੁਕਾਈਆ । ਸਚ ਪ੍ਰੀਤੀ ਦਏ ਸਿਖਾ, ਇਕੋ ਕਰੇ ਪੜ੍ਹਾਈਆ । ਜਿਸ ਨਾਲੋਂ ਵਿਛੜੇ ਓਸੇ ਨਾਲ ਲਏ ਮਿਲਾ, ਮੇਲਾ ਆਪਣੇ ਨਾਲ ਕਰਾਈਆ । ਕਿਸੇ ਅਵਤਾਰ ਗੁਰੂ ਪੀਰ ਦੀ ਲੋੜ ਰਹੀ ਨਾ ਰਾ, ਜੋ ਅੰਤ ਬਣੇ ਗਵਾਹ, ਸ਼ਹਾਦਤ ਆਪਣੀ ਦਏ ਭੁਗਤਾਈਆ । ਜਿਨ੍ਹਾਂ ਨੇ ਢੋਲਾ ਧੁਰਦਰਗਾਹੀ ਲਿਆ ਗਾ, ਗਹਿਰ ਗੰਭੀਰ ਆਪਣੇ

ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਜਣ ਲਏ ਮਿਲਾਈਆ । ਘਰ ਸੱਜਣ ਮਿਲੇ ਮੀਤ, ਪਿਆਰਾ ਇਕੋ ਨਜ਼ਰੀ ਆਈਆ । ਜਿਸ ਦਾ ਧਾਮ ਸਦਾ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਹ ਬਦਲ ਕੇ ਜੁਗ ਚੌਕੜੀ ਰੀਤ, ਸਾਚਾ ਮਾਰਗ ਇਕ ਲਗਾਈਆ । ਇਕੋ ਕਾਇਆ ਕਾਅਬਾ ਦੱਸ ਮਸੀਤ, ਹੁਜਰਾ ਹਕ ਦਾ ਦਏ ਵਖਾਈਆ । ਪੰਜ ਚੇਤ ਕਹੇ ਉਹ ਗੁਰਮੁਖੋ ਤੁਹਾਡੇ ਬਦਲ ਗਏ ਨਸੀਬ, ਤੁਹਾਡੇ ਅੰਦਰ ਵੜ ਕੇ ਨਕ਼ਬ ਦਏ ਲਗਾਈਆ । ਜਿਹੜੀ ਚੋਰਾਂ ਨੂੰ ਹੱਥ ਨਹੀਂ ਆਈ ਤਰਤੀਬ, ਉਹ ਬਾਹਰੋਂ ਹੋਰ ਅੰਦਰੋਂ ਹੋਰ ਬਣ ਕੇ ਆਪਣਾ ਰਾਹ ਦਏ ਵਖਾਈਆ । ਕੀ ਲੋੜ ਉਨ੍ਹਾਂ ਪੜ੍ਹਨ ਦੀ ਕ਼ੁਰਾਨ ਮਜੀਦ, ਜਿਨ੍ਹਾਂ ਦੀ ਮਜਲਸ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਦਾਤਾ ਬੇਪਰਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨਾ ਮੰਗਿਆਂ ਬਿਨਾ ਪੁੱਛਿਆਂ ਦਰ ਦਰ ਘਰ ਘਰ ਅਗੇ ਦਿੰਦਾ ਜਾਏ ਆਪਣੀ ਪਛਾਣ, ਰੂਪ ਅਨੂਪ ਸਤਿ ਸਰੂਪ ਆਪਣਾ ਇਕ ਪਰਗਟਾਈਆ । ਪੰਜ ਚੇਤ ਕਹੇ ਗੁਰਮੁਖੋ ਤੁਹਾਨੂੰ ਲੱਭਣ ਦੀ ਰਹੇ ਕੋਇ ਨਾ ਲੋੜ, ਖੋਜਣ ਬਾਹਰ ਕੋਈ ਨਾ ਜਾਈਆ । ਜੇ ਸਤਿਗੁਰ ਹੋ ਕੇ ਤੁਹਾਡੀ ਆਤਮਾ ਸਕਦਾ ਨਹੀਂ ਜੋੜ, ਧੱਕੇ ਦੇ ਕੇ ਬਾਹਰ ਦਿਓ ਕਢਾਈਆ । ਉਹ ਸਤਿਗੁਰੂ ਨਹੀਂ ਉਹ ਚੋਰ, ਠੱਗਾਂ ਵਾਲੀ ਰੀਤੀ ਜਗਤ ਵਖਾਈਆ । ਜਿਸ ਹੌਲੀ ਹੌਲੀ ਆਪਣੇ ਨਾਲ ਲਿਆਂਦੇ ਤੋਰ, ਅਗੇ ਮੰਜ਼ਲ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਡਿਆਈਆ । ਦਰ ਕਹੇ ਗੁਰਮੁਖੋ ਉਹ ਵਡਿਆਈ ਕੀ, ਮੈਂ ਤੁਹਾਨੂੰ ਦਿਆਂ ਸਮਝਾਈਆ । ਜਿਸ ਵੇਲੇ ਪੁਰਖ ਅਕਾਲ ਸਚਖੰਡ ਦੀ ਰੱਖੀ
੪੯੯ ਸੀ ਨੀਂਹ, ਆਪਣੀ ਸੇਵਾ ਆਪ ਲਗਾਈਆ । ਓਸ ਵੇਲੇ ਨਾ ਕੋਈ ਇਸਦਾ ਪੁਤ ਨਾ ਧੀ, ਇਕੋ ਇਕ ਬੇਪਰਵਾਹੀਆ । ਇਕ ਫੁਰਨਾ ਫੁਰਿਆ ਜੀ, ਆਪ ਆਪਣੇ ਵਿਚ ਧਿਆਨ ਰਖਾਈਆ । ਮੈਂ ਅਗੇ ਕਰਾਂ ਕੀ, ਕਿਸ ਬਿਧ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਪਰਗਟਾਈਆ । ਸਚਖੰਡ ਕਹੇ ਜਿਸ ਵੇਲੇ ਮੇਰੀ ਨੀਂਹ ਰੱਖੀ ਭਗਵਾਨ, ਮੈਂ ਖ਼ੁਸ਼ੀ ਲਈ ਮਨਾਈਆ । ਮੈਂ ਬੋਲ ਕੇ ਬਿਨਾ ਜ਼ਬਾਨ, ਬੇਨੰਤੀ ਦਿਤੀ ਸੁਣਾਈਆ । ਸਚ ਦੱਸੀਂ ਮੇਰੇ ਮਿਹਰਵਾਨ, ਕਿਸ ਬਿਧ ਮੈਨੂੰ ਲਿਆ ਬਣਾਈਆ । ਤੂੰ ਇਕੱਲਾ ਜਿਥੇ ਚਾਹੇਂ ਵਸੇਂ ਓਹੋ ਤੇਰਾ ਅਸਥਾਨ, ਮੇਰੀ ਲੋੜ ਤੈਨੂੰ ਰਹੇ ਨਾ ਰਾਈਆ । ਸ੍ਰੀ ਭਗਵਾਨ ਕਿਹਾ ਸਚਖੰਡ ਮੈਂ ਤੈਨੂੰ ਦੱਸਣਾ ਇਕ ਬਿਆਨ, ਭੇਵ ਅਭੇਵ ਦਿਆਂ ਦ੍ਰਿੜਾਈਆ । ਜਿਸ ਵੇਲੇ ਖੇਲਿਆ ਖੇਲ ਮਹਾਨ, ਸ਼ਬਦੀ ਧਾਰ ਚਲਾਈਆ । ਬ੍ਰਹਿਮੰਡ ਖੰਡ ਪਰਗਟਾਏ ਸ੍ਰਿਸ਼ਟ ਬਣਾ ਜਹਾਨ, ਲੱਖ ਚੁਰਸੀ ਦੇਣੀ ਪਰਗਟਾਈਆ । ਅੰਡਜ ਜੇਰਜ ਉਤਭੁਜ ਸੇਤਜ ਦੇ ਕੇ ਮਾਣ, ਚਾਰੇ ਬਾਣੀ ਰਾਗ ਅਲਾਈਆ । ਉਹਨਾਂ ਵਿਚੋਂ ਕਰ ਪਰਧਾਨ, ਸੰਤ ਸੁਹੇਲੇ ਭਗਤ ਜਨ ਲੈਣੇ ਉਠਾਈਆ । ਉਹਨਾਂ ਨੂੰ ਦੇ ਕੇ ਆਪਣਾ ਨਾਮ ਗਿਆਨ, ਧਿਆਨ ਆਪਣੇ ਵਿਚ ਰਖਾਈਆ । ਨਿਰਗੁਣ ਸਰਗੁਣ ਖੇਲ ਮਹਾਨ, ਜ਼ਿਮੀਂ ਅਸਮਾਨਾਂ ਸੋਭਾ ਪਾਈਆ । ਓਹਨਾਂ ਨੂੰ ਆਪਣੇ ਨਾਲ ਮੇਲਾਂ ਆਣ, ਸਿਰ ਆਪਣਾ ਹੱਥ ਟਿਕਾਈਆ । ਉਹ ਤੇਰੇ ਵਿਚ ਵਸਣ ਚਤੁਰ ਸੁਘੜ ਸੁਜਾਨ, ਮੈਂ ਵੇਖਾਂ ਚਾਈਂ ਚਾਈਂਆ । ਸਚਖੰਡ ਕਿਹਾ ਉਹ ਕਿੰਨੇ ਤੇਰੇ ਨੌਜਵਾਨ, ਮੈਨੂੰ ਦੇ ਜਣਾਈਆ । ਪੁਰਖ ਅਕਾਲ ਕਿਹਾ ਤੂੰ ਇਕ ਇਕ ਗਿਣਦਾ ਨੌ ਸੌ ਚੁਰਾਨਵੇ ਜੁਗ ਕਰ ਪਛਾਣ, ਨੇਤਰ ਆਪਣੀ ਅੱਖ ਖੁਲ੍ਹਾਈਆ । ਜਿਸ ਵੇਲੇ ਕਲਜੁਗ ਅੰਤਮ ਮੈਂ ਪਰਗਟ ੪੯੯

ਹੋ ਕੇ ਲੋਕਮਾਤ ਜਾਵਾਂ ਬਣ ਪਰਧਾਨ, ਜੋਤ ਸਰੂਪੀ ਫੇਰਾ ਪਾਈਆ । ਫੇਰ ਸਾਰੇ ਇਕੱਠੇ ਇਕੋ ਵਾਰ ਚਰਨਾਂ ਨਾਲ ਕਰ ਕੇ ਪਰਵਾਨ, ਤੇਰਾ ਦਵਾਰਾ ਦਿਆਂ ਭਰਾਈਆ । ਸਚਖੰਡ ਕਿਹਾ ਪ੍ਰਭੂ ਉਹਨਾਂ ਦਾ ਕੋਈ ਦੱਸ ਨਿਸ਼ਾਨ, ਮੈਨੂੰ ਦੇ ਜਣਾਈਆ । ਅਬਿਨਾਸ਼ੀ ਕਰਤੇ ਕਿਹਾ ਉਹ ਮੇਰਾ ਢੋਲਾ ਗਾਣ, ਆਪਣੀ ਨਾਲ ਕਰਨ ਵਡਿਆਈਆ । ਸਚਖੰਡ ਕਿਹਾ ਉਹ ਕਿਹੜਾ ਫ਼ਰਮਾਨ, ਮੈਨੂੰ ਪਹਿਲੋਂ ਦੇ ਪੜ੍ਹਾਈਆ । ਪੁਰਖ ਅਕਾਲ ਕਿਹਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਨੀਂਹ ਰੱਖਣ ਲਗਿਆਂ ਤੇਰੀ ਝੋਲੀ ਪਾਈਆ । ਜਿਸ ਦੇ ਨਾਲ ਭਗਤਾਂ ਦੀ ਹੋਵੇ ਕਲਿਆਣ, ਦੂਜੇ ਕਲਮੇ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਹ ਵਖਰਾ ਬਿਨਾ ਅੱਖਰਾਂ ਦੇ ਕੇ ਭਗਤਾਂ ਦਾਨ, ਧੁਰ ਦੇ ਦਾਤੇ ਦਿਤੇ ਬਣਾਈਆ ।

### ❊ ੬ ਚੇਤ ਸ਼ਹਿਨਸ਼ਾਹੀ ਸੰਮਤ ੧ ਬੀਬੀ ਅਮਰੋ ਦੇਵੀ ਦੇ ਗ੍ਰਿਹ ਜੰਮੂ ਸ਼ਹਿਰ ❊

ਛੇ ਚੇਤ ਕਹੇ ਦਿਵਸ ਰੈਣ ਹੁੰਦੀ ਜਾਂਦੀ ਬਦਲੀ, ਬਾਦਲ ਘਿਰ ਘਿਰ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਵੇਖਣਾ ਅਦਲੀ, ਆਦਤ ਆਪਣੀ ਰਿਹਾ ਬਦਲਾਈਆ । ਪੰਧ ਮੁਕਾ ਕੇ ਜੁਗ ਚੌਕੜੀ ਮਜ਼ਲੋ ਮਜ਼ਲੀ, ਮੰਜ਼ਲ ਆਪਣੀ ਇਕ ਦਰਸਾਈਆ । ਹਰਿ ਸੰਗਤ ਸੁਹੇਲੀ ਸਾਹਿਬ ਸਤਿਗੁਰ ਆਪੇ ਲਭ ਲਈ, ਟਿੱਲੇ ਪਰਬਤ ਖੋਜ ਖੁਜਾਈਆ । ਲੱਖ ਚੁਰਾਸੀ ਵਿਚੋਂ ਕਢ ਲਈ, ਮਿਹਰ ਨਜ਼ਰ ਇਕ ਉਠਾਈਆ । ਸਤਿ ਵਿਵਹਾਰੇ ਵਾਸਤੇ ਸਦ ਲਈ, ਸੱਦਾ ਦੇ ਕੇ ਆਪਣੇ ਨਾਮ ਹੁਕਮ ਜਣਾਈਆ । ਪ੍ਰੇਮ ਬੰਧਨ ਅੰਦਰ ਰੰਗ ਲਈ, ਰੰਗਤ ਇਕੋ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਬਦਲੀ ਦਾ ਮਾਲਕ ਚੁਕਾ ਕੇ ਲੇਖਾ, ਪਿਛਲੀਆਂ ਕੀਤੀਆਂ ਪੂਰ ਕਰਾਈਆ । ਭਗਤਾਂ ਦਾ ਦੇ ਕੇ ਹਿੱਸਾ, ਧੁਰ ਦੀ ਵਸਤ ਵਰਤਾਈਆ । ਸਭ ਦਾ ਲੇਖਾ ਮੁਕਾ ਕੇ ਯਾਦ ਕਰਾਏ ਪਿਛਾ, ਅਗਲਾ ਪੜਦਾ ਆਪ ਉਠਾਈਆ । ਜਿਹੜਾ ਖੇਡ ਜੁਗ ਚੌਕੜੀ ਕਿਸੇ ਨਹੀਂ ਡਿਠਾ, ਸੋ ਸਨਮੁਖ ਦਏ ਵਖਾਈਆ । ਪ੍ਰੇਮ ਪਿਆਰ ਸੱਜਣ ਦੇ ਮਿੱਠਾ, ਵਿਖ ਅੰਮ੍ਰਿਤ ਰੂਪ ਦਏ ਵਟਾਈਆ । ਧਾਰ ਬਖ਼ਸ਼ ਕੇ ਆਪਣੀ ਨਿਜਾ, ਨਿਜ ਨੇਤਰ ਕਰੇ ਰੁਸ਼ਨਾਈਆ । ਸਭ ਤੋਂ ਵਖਰੀ ਨਿਰਾਲੀ ਕਰ ਕੇ ਬਿਧਾ, ਬੰਧਨ ਆਪਣਾ ਦਿਤਾ ਪਾਈਆ । ਬਿਨਾ ਵਿਚੋਲਿਉਂ ਪਰਮ ਪੁਰਖ ਮਿਲਿਆ ਸਿੱਧਾ, ਸਾਖ਼ਿਆਤ ਸਤਿ ਸਤਿਵਾਦੀ ਨਜ਼ਰੀ ਆਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਪੁਛਦੇ ਰਹੇ ਕਿੱਡਾ, ਵਡਿਆਂ ਤੋਂ ਵੱਡਾ ਨਿਕਿਆਂ ਤੋਂ ਨਿੱਕਾ ਪ੍ਰੇਮ ਪਿਆਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਰਿਹਾ ਵਖਾਈਆ । ਖੇਲ ਕਹੇ ਮੈਂ ਵੇਖਾਂ ਕੀ ਤਮਾਸ਼ਾ, ਚਾਰੋਂ ਤਰਫ਼ ਧਿਆਨ ਲਗਾਈਆ । ਜੋਤ ਦਾ ਜਾਤਾ ਪੁਰਖਾਂ ਦਾ ਬਿਧਾਤਾ, ਪ੍ਰੇਮੀਆਂ ਦਾ ਨਾਤਾ ਨਿਜ ਆਤਮ ਰਿਹਾ ਬੰਧਾਈਆ । ਖ਼ੁਵਾਜਿਆਂ ਦਾ ਖਵਾਜਾ, ਰਾਜਿਆਂ ਦਾ ਰਾਜਾ, ਨਵਾਬਾਂ ਦਾ ਨਵਾਬਾ, ਮੁਮਤਾਜਾਂ ਦਾ ਮੁਮਤਾਜ ਬੇਪਰਵਾਹੀਆ । ਆਕਾਸ਼ਾਂ ਦਾ ਆਕਾਸ਼ਾ, ਪਰਕਾਸ਼ਾਂ ਦਾ ਪਰਕਾਸ਼ਾ, ਸਵਾਸਾਂ ਦਾ ਸਵਾਸਾ, ਮੰਡਲਾਂ ਦੀ ਰਾਸ ਆਪਣੀ ਰਿਹਾ ਵਖਾਈਆ । ਚਰਨਾਂ ਦਾ ਭਰਵਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਰਿਹਾ ਕਮਾਈਆ । ਕਮਾਈ ਕਹੇ ਮੇਰੀ ਕੋਈ ਨਾ ਪਾਵੇ ਕ਼ੀਮਤ, ਮੁੱਲ ਸਕਿਆ ਨਾ ਕੋਇ ਚੁਕਾਈਆ । ਜੁਗ ਚੌਕੜੀ ਪਿਛੋਂ ਮੈਨੂੰ ਸਮਾਂ ਮਿਲਿਆ ਗ਼ਨੀਮਤ, ਜਿਸ ਗ਼ਮੀ ਖ਼ੁਸ਼ੀ ਵਿਚ ਬਦਲਾਈਆ ।

ਮੇਰੀ ਸ਼ਾਨ ਕਰ ਕੇ ਅਜ਼ੀਮਤ, ਆਲੀਸ਼ਾਨ ਦਿਤਾ ਵਖਾਈਆ । ਭਗਤਾਂ ਦੀ ਕਟ ਮੁਸੀਬਤ, ਦੁਖੀਆਂ ਦਾ ਦੁਖ ਮਿਟਾਈਆ । ਨਾਮ ਨਿਰੰਕਾਰ ਦੇ ਕੇ ਨਿਆਮਤ, ਸਚ ਸਿਖਿਆ ਰਿਹਾ ਦ੍ਰਿੜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਲੇਖੇ ਪੂਰੇ ਕਰ ਕੇ ਜੋ ਲਿਖੇ ਵਸੀਅਤ, ਸਾਹਿਬ ਸਵਾਮੀ ਸਾਚੀ ਜਾਇਦਾਦ, ਮੁੰਤਕਿਲ ਭਗਤਾਂ ਨਾਮ ਕਰਾਈਆ । ਜਿਸ ਦੀ ਸ਼ਾਸਤਰਾਂ ਸਿਮਰਤਾਂ ਵੇਦਾਂ ਪੁਰਾਨਾਂ ਅੰਜੀਲਾਂ ਕੁਰਾਨਾਂ ਪੱਥਰਾਂ ਟਿੱਲਿਆਂ ਪਰਬਤਾਂ ਜੂਹਾਂ ਜੰਗਲਾਂ ਪਹਾੜਾਂ ਜਲਾਂ ਥਲਾਂ ਵਿਚੋਂ ਲਭਦੇ ਰਹੇ ਅਸਲੀਅਤ, ਉਹ ਅਸਲ ਇਕੋ ਵਸਲ ਰਿਹਾ ਕਰਾਈਆ । ਜਿਸ ਦਾ ਜ਼ਿਮੀ ਅਸਮਾਨ ਪ੍ਰਿਥਮੀ ਆਕਾਸ਼ ਬ੍ਰਹਿਮੰਡ ਖੰਡ ਦੋ ਜਹਾਨਾਂ ਚਰਨਾਂ ਹੇਠਾਂ ਮਲਕੀਅਤ, ਬਾਹਰ ਨਜ਼ਰ ਕੋਇ ਨਾ ਆਈਆ । ਸੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਆਲਮਾਂ ਦਾ ਆਲਮ ਉਲਮਾ ਦਾ ਉਲਮ ਇਕੋ ਦੱਸਣਹਾਰਾ ਅਸਲੀਅਤ, ਇੱਲ ਲਿੱਲਾ ਜਿਸ ਦੀ ਸਾਰ ਕੋਇ ਨਾ ਪਾਈਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਸਮਝ ਨਾ ਸਕੇ ਕ਼ਾਬਲੀਅਤ, ਸ਼ਰਾਰਤ ਵਿਚ ਅਬਾਰਤ ਸਭ ਨੂੰ ਦਿਤੀ ਪੜ੍ਹਾਈਆ । ਪੜ੍ਹ ਲਿਖ ਵਾਚ ਕੇ ਸੁਣ ਕੇ ਸਮਝ ਕੇ ਸਾਰਿਆਂ ਨੂੰ ਪੁੱਛੋ ਦੱਸੋ ਤੁਹਾਡੀ ਇਕ ਵਲਦੀਅਤ, ਵਾਹਿਦ ਪਿਤਾ ਪੁਰਖ ਅਕਾਲ ਇਕ ਅਖਵਾਈਆ । ਜਿਸ ਦੀ ਸਦਾ ਸਦਾ ਸਦ ਨਵੀਂ ਨਵੀਅਤ, ਨਵ ਨੌ ਚਾਰ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਰਿਹਾ ਵਖਾਈਆ । ਖੇਲ ਕਹੇ ਮੈਂ ਵੇਖਿਆ ਇਕ ਅਕੇਲਾ ਖ਼ਲਕ, ਮਖ਼ਲੂਕ ਦਾ ਮਾਲਕ ਬੇਪਰਵਾਹੀਆ । ਮੇਰੀ ਉਠਣ ਨਹੀਂ ਦਿਤੀ ਪਲਕ, ਪਲਕ ਤੋਂ ਪਲਕ ਆਪਣਾ ਦਿਤਾ ਜਣਾਈਆ । ਜਿਸ ਦੀ ਝਲ ਨਾ ਸਕੇ ਕੋਈ ਝਲਕ, ਸੋ ਝੱਲਾ ਹੋ ਕੇ ਭਗਤਾਂ ਰਿਹਾ ਤਰਾਈਆ । ਓਸ ਦੀ ਸਭ ਤੋਂ ਵਖਰੀ ਨੂਰਾਨੀ ਡਲਕ, ਡਿਗਿਆਂ ਢਠਿਆਂ ਗੋਦ ਉਠਾਈਆ । ਜਿਸ ਦੀ ਮੰਜ਼ਲ ਵਿਚ ਕੋਈ ਨਾ ਜਾਵੇ ਅਟਕ, ਔਝੜ ਰਾਹ ਨਾ ਕੋਇ ਵਖਾਈਆ । ਓਸ ਦਾ ਕਰ ਕੇ ਨੂਰਾਨੀ ਦਰਸ, ਗੁਰਮੁਖ ਆਪਣੀ ਖ਼ੁਸ਼ੀ ਮਨਾਈਆ । ਜਿਸ ਦੇ ਪ੍ਰੇਮ ਪਿਆਰ ਅੰਦਰ ਅੰਬਰ ਰਿਹਾ ਬਰਸ, ਬੂੰਦ ਸਵਾਂਤੀ ਰਿਹਾ ਚੁਆਈਆ । ਦਿਵਸ ਰੈਣ ਰਿਹਾ ਕੜਕ, ਕੁਰਲਾਹਟ ਰਿਹਾ ਪਾਈਆ । ਜਨ ਭਗਤੋ ਪ੍ਰਭ ਨੂੰ ਮਿਲੋ ਨਿਧੜਕ, ਭੈ ਡਰ ਨਾ ਕੋਇ ਰਖਾਈਆ । ਤੁਹਾਨੂੰ ਜਨਮ ਕਰਮ ਦਾ ਕੋਈ ਰਹਿਣ ਨਾ ਦੇਵੇ ਵਰਗ, ਗ਼ਰਕ਼ ਹੋਣਾ ਨਾ ਨਾਲ ਲੋਕਾਈਆ । ਇਸ ਦੀ ਗੋਬਿੰਦ ਨਾਲ ਸ਼ਰਤ, ਸ਼ਰਤੀਆ ਤੁਹਾਡਾ ਲੇਖਾ ਦਏ ਮੁਕਾਈਆ । ਜਿਸ ਦੇ ਕੋਲ ਸੱਤਾਂ ਸਤਰਾਂ ਦੀ ਇਕ ਫ਼ਰਦ, ਜਿਸ ਦੇ ਉਤੋਂ ਫ਼ਰਜ਼ ਜੁਰਮ ਸਭ ਦੇ ਉਤੇ ਦਏ ਲਗਾਈਆ । ਸਿਰਫ਼ ਭਗਤਾਂ ਨਾਲ ਵੰਡੇ ਦਰਦ, ਹਾਮੀ ਗੁਰਮੁਖਾਂ ਨਜ਼ਰੀ ਆਈਆ । ਜਿਸ ਦੇ ਦਰ ਦੇ ਉਤੇ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਤੜਫ, ਨੇਤਰ ਨੈਣ ਅੱਖ ਨਾ ਕੋਇ ਉਠਾਈਆ । ਓਸ ਦੀ ਸੁਣ ਨਾ ਸਕੇ ਕੋਈ ਗਰਜ, ਅਸਚਰਜ ਆਪਣਾ ਹੁਕਮ ਵਰਤਾਈਆ । ਜਿਸ ਨੇ ਸਭ ਰਾਗਾਂ ਦੇ ਰਾਗ ਦਾ ਰਾਗ ਤਾਲ ਦੀ ਬਦਲ ਦਿਤੀ ਤਰਜ਼, ਤਮਅ ਤ੍ਰਿਸ਼ਨਾ ਤ੍ਰਿਖਾ ਨਾ ਕੋਇ ਰਖਾਈਆ । ਓਸ ਸਾਹਿਬ ਨੂੰ ਕਿਹੜਾ ਦੇਵੇ ਵਰਜ, ਕਿਉਂ ਆਪਣੀ ਖੇਲ ਰਚਾਈਆ । ਜਿਸ ਦੇ ਹੱਥ ਸਭ ਦੀ ਫ਼ਰਦ, ਜਿਸ ਵੇਲੇ ਚਾਹੇ ਨਟੀ ਦੇਵੇ ਪਾਈਆ । ਜੋ ਚਾਹੇ ਸੋ ਆਪਣੇ ਆਪ ਵਿਚ ਕਰਕੇ ਗ਼ਰਕ, ਕੋਟਨ ਕੋਟ ਜੁਗ ਬਾਹਰ ਨਾ ਕਿਸੇ ਕਢਾਈਆ । ਓਸ ਦਾ ਕਿਹੜਾ ਹੋਣਾ ਹਰਜ, ਬੇਪਰਵਾਹ ਆਪਣੀ ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਗੰਮੀ ਰਿਹਾ ਵਖਾਈਆ । ਦਿਵਸ ਕਹੇ ਮੈਂ ਆਇਆ ਦਿਨ ਦਿਹਾੜਾ, ਆਪਣਾ ਫੇਰਾ ਪਾਈਆ ।

ਮੈਂ ਵੇਖਿਆ ਉਹ ਅਗੰਮੀ ਲਾੜਾ, ਜਿਸ ਦੀ ਲੜੀ ਦੋ ਜਹਾਨਾਂ ਗੰਢ ਵਖਾਈਆ । ਭਗਤਾਂ ਦਾ ਬਣਿਆ ਅਖਾੜਾ, ਗੁਰਮੁਖਾਂ ਦਾ ਮੇਲਾ ਸਹਿਜ ਸੁਭਾਈਆ । ਗ਼ਰੀਬਾਂ ਦਾ ਸੁਣਿਆ ਹਾੜਾ, ਅਜ਼ੀਜ਼ਾਂ ਗੋਦ ਉਠਾਈਆ । ਸ਼ਬਦੀ ਕਰ ਇਸ਼ਾਰਾ, ਸੋਈ ਸੁਰਤ ਰਿਹਾ ਜਗਾਈਆ । ਜੋ ਜੁਗ ਚੌਕੜੀ ਰਿਹਾ ਕਵਾਰਾ, ਅੰਤਰ ਨਾਤਾ ਭਗਤਾਂ ਨਾਲ ਰਖਾਈਆ । ਪਹਿਲੀ ਚੇਤ ਸਗਨਾਂ ਦਾ ਪਾ ਕੇ ਛੁਹਾਰਾ, ਬਾਂਕੇ ਛੋਹਰ ਲਏ ਉਠਾਈਆ । ਅਗੇ ਕੰਤ ਲੱਭਣ ਦਾ ਰਹੇ ਨਾ ਕਿਸੇ ਨੂੰ ਪੁਆੜਾ, ਬ੍ਰਾਹਮਣ ਨਾਈ ਘਰ ਘਰ ਵੇਖਣ ਕੋਇ ਨਾ ਜਾਈਆ । ਜੋ ਨਾਨਕ ਨਿਰਗੁਣ ਲੇਖਾ ਲਿਖ ਕੇ ਗਿਆ ਇਕ ਅਵਤਾਰਾ, ਅਬਿਨਾਸ਼ੀ ਕਰਤਾ ਅੰਤ ਓਸੇ ਲਏ ਪਰਨਾਈਆ । ਸਤਿ ਸਤਿਵਾਦੀ ਦੱਸ ਆਪਣਾ ਵਿਵਹਾਰਾ, ਵਿਵਹਾਰੀ ਆਪਣੀ ਕਾਰ ਕਮਾਈਆ । ਅੰਮ੍ਰਿਤ ਬੂੰਦ ਕਹੇ ਮੈਂ ਠੰਡੀ ਠਾਰਾ, ਠਾਕਰ ਦੇ ਹੁਕਮੇ ਅੰਦਰ ਭੱਜੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਕਰੇ ਅਪਰ ਅਪਾਰਾ, ਅਪਰੰਪਰ ਸਵਾਮੀ ਅੰਤਰਜਾਮੀ ਆਪਣੀ ਕਲ ਵਰਤਾਈਆ । ਦਿਵਸ ਕਹੇ ਮੈਂ ਚੁੱਕਾਂ ਪਰਦਾ, ਓਹਲਾ ਦਿਆਂ ਮਿਟਾਈਆ । ਜੇ ਕੋਈ ਲੇਖਾ ਪੁੱਛੇ ਮੈਥੋਂ ਮੇਰੇ ਦਿਲਬਰ ਦਿਲਦਾਰ ਦਿਲ ਦਾ, ਦਲੀਲ ਨਾਲ ਦਿਆਂ ਸਮਝਾਈਆ । ਗੁਰਮੁਖੋ ਬਿਨ ਸੱਦਿਆਂ ਪੁੱਛਿਆਂ ਭਗਤਾਂ ਆਪ ਮਿਲਦਾ, ਮਿਲਣੀ ਘਰ ਘਰ ਰਿਹਾ ਕਰਾਈਆ । ਤੁਹਾਡਾ ਵੇਲਾ ਨਹੀਂ ਢਿਲ ਦਾ, ਸੁੱਤਿਆਂ ਰਿਹਾ ਉਠਾਈਆ । ਦੋ ਜਹਾਨਾਂ ਪੈਂਡੇ ਮਿਣਦਾ, ਕ਼ਦਮ ਕ਼ਦਮ ਨਾਲ ਮਿਲਾਈਆ । ਓਹਦਾ ਖੇਲ ਇਨ ਬਿਨ ਦਾ, ਤੇਰੇ ਦਿਨ ਵੇਖੇ ਜਗਤ ਲੋਕਾਈਆ । ਲਹਿਣਾ ਦੇਣਾ ਜਾਣੇ ਕਿਨ ਕਿਨ ਦਾ, ਦਰ ਕ਼ੀਮਤ ਰਿਹਾ ਪਾਈਆ । ਸ਼ਬਦ ਨਿਸ਼ਾਨੇ ਨਾਲ ਵਿਨ੍ਹਦਾ, ਅਣਿਆਲੇ ਤੀਰ ਚਲਾਈਆ । ਪ੍ਰਭੂ ਦਾ ਰੂਪ ਨਹੀਂ ਕੋਈ ਭੂਤ ਪ੍ਰੇਤ ਜਿੰਨ ਦਾ, ਖਬੀਸਾਂ ਵਾਲੀ ਅਦਾ ਨਾ ਕੋਇ ਰਖਾਈਆ । ਜੁਗ ਚੌਕੜੀ ਪਿਛੋਂ ਜਿਨ੍ਹਾਂ ਭਗਤ ਪਿਆਰਿਆਂ ਮਿਲਦਾ, ਉਹਨਾਂ ਨੂੰ ਆਪਣੇ ਵਿਚ ਸਮਾਈਆ । ਬਿਨਾਂ ਤਾਰਿਆਂ ਉਧਾਰਿਆਂ ਪੈਜ ਸਵਾਰਿਆਂ ਗੁਰਮੁਖਾਂ ਦੇ ਘਰੋਂ ਕਦੇ ਨਾ ਹਿਲਦਾ, ਸਿਰ ਆਪਣਾ ਹੱਥ ਰਖਾਈਆ । ਜੇ ਗੁਰਮੁਖੋ ਤੁਹਾਡੇ ਕੋਲ ਕੋਈ ਸਮਾਂ ਨਹੀਂ ਵਿਹਲ ਦਾ, ਵਿਹਲਾ ਹੋ ਕੇ ਤੁਹਾਡੀ ਸੇਵ ਕਮਾਈਆ । ਬਚਨ ਪੂਰਾ ਕਰਨਾ ਗੋਬਿੰਦ ਗੁਰੂ ਗੁਰ ਚੇਲ ਦਾ, ਚੇਲਾ ਗੁਰ ਆਪੇ ਨਜ਼ਰੀ ਆਈਆ । ਲੇਖਾ ਜਾਣੇ ਦਿਵਸ ਰੈਣ ਦਾ, ਦਿਵਸ ਰੈਣ ਇਕੋ ਰੰਗ ਵਖਾਈਆ । ਆਤਮ ਪਰਮਾਤਮ ਲਹਿਣਾ ਦੇਣਾ ਦੇਵੇ ਸੁਖ ਚੈਨ ਦਾ, ਚਿੰਤਾ ਗ਼ਮੀ ਰਿਹਾ ਮੁਕਾਈਆ । ਛੇ ਚੇਤ ਕਹੇ ਮੈਨੂੰ ਸਮਾਂ ਮਿਲਿਆ ਕਹਿਣ ਦਾ, ਧੁਰ ਦਾ ਹੁਕਮ ਦਿਆਂ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਮਾਲਕ ਇਕ ਅਖਵਾਈਆ । ਦਿਵਸ ਕਹੇ ਮਾਲਕ ਨਹੀਂ ਮਿਲਣ ਦਾ ਮੀਤ, ਮਿਤਰ ਪਿਆਰਾ ਨਜ਼ਰੀ ਆਈਆ । ਜਿਸ ਦੀ ਵਖਰੀ ਨਿਰਾਲੀ ਅਨੋਖੀ ਵੇਖੀ ਰੀਤ, ਜ਼ੱਰੇ ਜ਼ੱਰੇ ਵਿਚੋਂ ਬੈਠਾ ਆਪਣਾ ਰੂਪ ਦਰਸਾਈਆ । ਲੱਖ ਚੁਰਾਸੀ ਜਿਸ ਦੇ ਗੌਂਦੀ ਗੀਤ, ਦੇਵਤ ਸੁਰ ਆਪਣੇ ਨਾਲ ਮਿਲਾਈਆ । ਜਿਸ ਦੀ ਗੁਰ ਅਵਤਾਰਾਂ ਪੈਗ਼ੰਬਰਾਂ ਕੀਤੀ ਉਡੀਕ, ਉਹ ਜਨ ਭਗਤਾਂ ਦੀ ਤਵਾਰੀਖ ਰਿਹਾ ਬਦਲਾਈਆ । ਆਪਣੇ ਹੱਥ ਵਿਚ ਰਖ ਕੇ ਸਰਬ ਤੌਫ਼ੀਕ, ਤਬੀਅਤ ਸਭ ਦੀ ਦਏ ਬਦਲਾਈਆ । ਸਾਚੇ ਘਰ ਦੇ ਬਣਾ ਕੇ ਵਸਨੀਕ, ਮੰਦਰ ਇਕੋ ਦਏ ਜਣਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੁਣਾ ਕੇ ਗੀਤ, ਗੋਬਿੰਦ ਗੁਰ ਗੁਰ ਗੋਬਿੰਦ ਗੁਰੂ ਗੋਬਿੰਦ ਵਿਚ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਸੁਵਾਮੀ ਸਦਾ ਅਤੀਤ, ਰੀਤ ਆਪਣੀ ਇਕ ਪਰਗਟਾਈਆ ।


੫੦੨

## ✻ ੬ ਚੇਤ ਸ਼ਸ਼ਹਨਸ਼ਾਹੀ ਸੰਮਤ ੧ ਰਾਜ ਸਿੰਘ ਦੇ ਗ੍ਰਿਹ ਜੰਮੂ ✻

ਦਿਵਸ ਰੈਣ ਘੜੀ ਪਲ ਕਹੇ ਵੇਖਿਆ ਖੇਲ ਹਰਿ ਦਾ, ਜੋ ਹਰ ਹਿਰਦੇ ਰਿਹਾ ਸਮਾਈਆ । ਦੂਈ ਦਵੈਤ ਭਰਮ ਭੁਲੇਖਾ ਕੂੜੀ ਕਿਰਿਆ ਚੁਕੇ ਪਰਦਾ, ਸਤਿ ਧਰਮ ਇਕ ਜਣਾਈਆ । ਜਨ ਭਗਤਾਂ ਅੰਦਰ ਮੰਜ਼ਲ ਪੌੜੇ ਓਸ ਚੜ੍ਹਦਾ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਫੇਰਾ ਪਾਈਆ । ਜਗਤ ਦਵਾਰੇ ਪਾਰ ਕਰਦਾ, ਨਵ ਨੌ ਵਾਸਨਾ ਦਏ ਮਿਟਾਈਆ । ਪ੍ਰੇਮ ਪਿਆਰ ਬਣਾ ਕੇ ਬਰਦਾ, ਬੰਦਗੀ ਸਾਚੀ ਦਏ ਸਮਝਾਈਆ । ਭੇਵ ਖੁਲ੍ਹਾ ਕੇ ਆਪਣੇ ਘਰ ਦਾ, ਘਰ ਘਰ ਵਿਚ ਦਏ ਵਡਿਆਈਆ । ਰਾਗ ਸੁਣਾ ਕੇ ਅਗੰਮੀ ਅਨਹਦ ਦਾ, ਧੁਨ ਆਤਮਕ ਦਏ ਜਣਾਈਆ । ਅੰਮ੍ਰਿਤ ਝਿਰਨਾ ਨਿਝਰ ਧਾਰੋਂ ਹਰਿ ਕਿਰਪਾ ਝਿਰਦਾ, ਕਵਲ ਨਾਭੀ ਦਏ ਉਲਟਾਈਆ । ਕਰ ਪਰਕਾਸ਼ ਜੋਤ ਸਰੂਪ ਨਰਾਇਣ ਨਿਰ ਦਾ, ਅੰਧ ਅੰਧੇਰ ਰਿਹਾ ਗਵਾਈਆ । ਸਤਿ ਸਤਿਵਾਦੀ ਸ਼ਬਦ ਅਨਾਦੀ ਢੋਲਾ ਪੜ੍ਹਦਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਧਰਮ ਦਵਾਰੇ ਇਕੋ ਖੜਦਾ, ਮੰਦਰ ਮਠ ਸ਼ਿਵਦਵਾਲੇ ਸੋਭਾ ਪਾਈਆ । ਆਤਮ ਪਰਮਾਤਮ ਹੋ ਕੇ ਵਰਦਾ, ਕੰਤ ਕੰਤੂਲ ਸੱਚਾ ਸ਼ਹਿਨਸ਼ਾਹੀਆ । ਜਨਮ ਕਰਮ ਪੂਰਬ ਲੇਖਾ ਪਿਛੇ ਕੋਈ ਨਾ ਛਡਦਾ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ , ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਘੜੀ ਦਿਵਸ ਪਲ ਰੈਣ ਕਹੇ ਸੋਹਣੀ ਪਰਭਾਤ, ਜਨ ਭਗਤਾਂ ਮਿਲੇ ਵਡਿਆਈਆ । ਅਬਿਨਾਸ਼ੀ ਕਰਤਾ ਪਤਿਪਰਮੇਸ਼ਵਰ ਅੰਮ੍ਰਿਤ ਬੂੰਦ ਦੇਵੇ ਸਵਾਂਤ, ਸਾਚੀ ਧਾਰ ਇਕ ਵਖਾਈਆ । ਬਾਤਨ ਹੋ ਕੇ ਕਰੇ ਬਾਤ, ਜ਼ਾਹਰ ਕਲ ਲਏ ਪਰਗਟਾਈਆ । ਆਤਮ ਸੇਜਾ ਦੱਸ ਕੇ ਖਾਟ, ਆਸਣ ਸਿੰਘਾਸਣ ਸੋਹਣਾ ਦਏ ਵਖਾਈਆ । ਗ੍ਰਿਹ ਮੰਦਰ ਕਾਇਆ ਮਾਟੀ ਸਾਢੇ ਤਿੰਨ ਹੱਥ ਨਿਰਗੁਣ ਜੋਤ ਕਰ ਪਰਕਾਸ਼, ਦੀਵਾ ਬਾਤੀ ਕਮਲਾਪਾਤੀ ਇਕੋ ਡਗਮਗਾਈਆ । ਸਮਰਥ ਪੁਰਖ ਸਦਾ ਸਹਾਈ ਅਨਾਥਾਂ ਨਾਥ, ਦੀਨ ਦਿਆਲ ਦਇਆ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਬਾਣੀ ਖਾਣੀ ਜਿਸ ਦੀ ਗੌਂਦੀ ਗਾਥ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਮੰਨਦੇ ਤ੍ਰੈਲੋਕੀ ਨਾਥ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਆਪਣੀ ਧਾਰ ਚਲਾਈਆ । ਸੋ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੇਵੇ ਸਾਥ, ਈਸ਼ ਜੀਵ ਜਗਦੀਸ਼ ਆਪਣਾ ਸੰਗ ਨਿਭਾਈਆ । ਨਿਜ ਨੇਤਰ ਲੋਚਣ ਨੈਣ ਘਰ ਸਵਾਮੀ ਠਾਕਰ ਨਜ਼ਰੀ ਆਏ ਸਾਖ਼ਿਆਤ, ਸਵੱਛ ਸਰੂਪੀ ਆਪਣਾ ਰੂਪ ਦਏ ਜਣਾਈਆ । ਭਗਤ ਸੁਹੇਲਾ ਇਕ ਅਕੇਲਾ ਦੇਵੇ ਵਡਿਆਈ ਵਿਚ ਲੋਕਮਾਤ, ਧਰਨੀ ਧਰਤ ਧਵਲ ਖ਼ੁਸ਼ੀ ਵਖਾਈਆ । ਨਾਮ ਅਮੋਲਕ ਕਾਇਆ ਗੋਲਕ ਪਾਵੇ ਸਚ ਸੁਗ਼ਾਤ, ਅਨਡਿਠੜੀ ਵਸਤ ਅਗੰਮੀ ਆਪ ਝੋਲੀ ਪਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਬਣਾ ਕੇ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰੇ ਵਰਨਾਂ ਖੋਜ ਖੁਜਾਈਆ । ਅਠਾਰਾਂ ਬਰਨ ਖੋਲ੍ਹਣਹਾਰਾ ਤਾਕ, ਉਹਲਾ ਪਰਦਾ ਦਏ ਉਠਾਈਆ । ਸਰਬ ਜੀਆਂ ਦਾ ਖ਼ਾਲਕ ਮਾਲਕ ਬਣ ਕੇ ਆਪ, ਪਰਤਾਪ ਸਾਚਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸੱਚੀ ਸਰਨਾਈਆ । ਘੜੀ ਪਲ ਕਹਿਣ ਅਸਾਂ ਵੇਖਿਆ ਪ੍ਰਿਤਪਾਲ, ਪਤਿਪਰਮੇਸ਼ਵਰ ਨਜ਼ਰੀ ਆਈਆ । ਨਿਰਗੁਣ ਨੂਰ ਜੋਤੀ ਜਲਵਾ ਬੇਮਿਸਾਲ, ਮੁਕਾਮੇ ਹਕ ਲਾਸ਼ਰੀਕ ਸਚਖੰਡ ਨਿਵਾਸੀ ਸੋਭਾ ਪਾਈਆ । ਜਿਸ ਦਾ ਹੁਕਮ ਆਦਿ ਜੁਗਾਦਿ, ਜੁਗ ਚੌਕੜੀ ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ,

ਲੋਕ ਪਰਲੋਕ ਸੱਚਾ ਨਾਦ ਜਣਾਈਆ । ਜੋ ਤ੍ਰੈਗੁਣ ਮਾਇਆ ਪੰਜ ਤੱਤ ਪ੍ਰਕਿਰਤੀ ਦੇਵਣਹਾਰ ਭੰਡਾਰ, ਚਾਰੇ ਖਾਣੀ ਚਾਰੇ ਬਾਣੀ ਲੱਖ ਚੁਰਾਸੀ ਆਪਣੀ ਵੰਡ ਵੰਡਾਈਆ । ਸੋ ਨਿਰਗੁਣ ਸਰਗੁਣ ਖੇਲ ਕਰੇ ਸੰਸਾਰ, ਸ੍ਰਿਸ਼ਟੀ ਦਾ ਕਰਤਾ ਦ੍ਰਿਸ਼ਟੀ ਇਸ਼ਟੀ ਆਪਣਾ ਰੂਪ ਜਣਾਈਆ । ਨਿਤ ਨਵਿਤ ਕਰ ਕਰ ਹੇਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਗਤਾਂ ਕਰੇ ਪਿਆਰ, ਭਗਤ ਉਧਾਰੀ ਅਛਲ ਛਲ ਆਪਣੀ ਖੇਲ ਖਿਲਾਈਆ । ਏਥੇ ਓਥੇ ਦੋ ਜਹਾਨਾਂ ਜ਼ਿਮੀਂ ਅਸਮਾਨਾਂ ਪਾਵਣਹਾਰਾ ਸਾਰ, ਬ੍ਰਹਿਮੰਡ ਖੰਡ ਵੇਖੇ ਚਾਈਂ ਚਾਈਆ । ਨਾਮ ਨਿਧਾਨ ਸ੍ਰੀ ਭਗਵਾਨ ਬੋਲਣਹਾਰਾ ਜੈਕਾਰ, ਧੁਰ ਦਾ ਢੋਲਾ ਆਪ ਪਰਗਟਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਵਸਣਹਾਰਾ ਧਾਮ ਨਿਆਰ, ਸਤਿ ਦਵਾਰੇ ਇਕ ਇਕੱਲਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਘੜੀ ਪਲ ਕਹਿਣ ਅਸੀਂ ਵੇਖਿਆ ਪਾਰਬ੍ਰਹਮ, ਪਤਿਪਰਮੇਸ਼ਵਰ ਨਜ਼ਰੀ ਆਈਆ । ਜੋ ਮਾਤ ਗਰਭ ਨਾ ਪਏ ਜੰਮ, ਬਾਲ ਬਿਰਧ ਨਾ ਰੂਪ ਵਟਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਰਾਜਸ ਸਾਂਤਕ ਤਾਮਸ ਖੇਲ ਨਾ ਕੋਇ ਪਰਗਟਾਈਆ । ਨਿਰਾਕਾਰ ਨਿਰੰਕਾਰ ਆਪੇ ਜਾਣੇ ਆਪਣਾ ਕੰਮ, ਕਰਨੀ ਦਾ ਕਰਤਾ ਬੇਪਰਵਾਹੀਆ । ਜੁਗ ਚੌਕੜੀ ਜਨ ਭਗਤਾਂ ਬੇੜਾ ਰਿਹਾ ਬੰਨ੍ਹ, ਸੰਤ ਸੁਹੇਲੇ ਪਾਰ ਕਰਾਈਆ । ਲੇਖਾ ਜਾਨਣਹਾਰਾ ਕਾਇਆ ਮਾਟੀ ਪੰਜ ਤਤ ਤਨ, ਬੁਧਿ ਮਤਿ ਮਨ ਆਪੇ ਖੋਜ ਖੁਜਾਈਆ । ਗੁਰਮੁਖ ਸੁਹੇਲੇ ਆਪਣਾ ਰਾਗ ਸੁਣਾਏ ਅਗੰਮੀ ਕੰਨ, ਧੁਰ ਦਾ ਨਾਦ ਇਕ ਵਜਾਈਆ । ਹਰਿਜਨ ਬਣਾ ਕੇ ਸੱਚੇ ਜਨ, ਜੀਵਣ ਜੁਗਤ ਦਏ ਦ੍ਰਿੜਾਈਆ । ਕੂੜੀ ਕਿਰਿਆ ਹਉਮੇ ਹੰਗਤਾ ਭਾਂਡਾ ਭਰਮ ਭੌ ਦੇਵੇ ਭੰਨ, ਆਸਾ ਤ੍ਰਿਸ਼ਨਾ ਮਾਇਆ ਮਮਤਾ ਮੋਹ ਚੁਕਾਈਆ । ਮਾਣਸ ਜਨਮ ਬੇੜਾ ਦੇਵੇ ਬੰਨ੍ਹ, ਲੱਖ ਚੁਰਾਸੀ ਜਮ ਕੀ ਫ਼ਾਸੀ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਹੋਏ ਸਹਾਈਆ । ਘੜੀ ਪਲ ਕਹਿਣ ਵੇਖਿਆ ਸਤਿਗੁਰ ਸਾਹਿਬ ਸੱਚਾ, ਅਬਿਨਾਸ਼ੀ ਕਰਤਾ ਨਜ਼ਰੀ ਆਈਆ । ਪੀਰ ਪੈਗ਼ੰਬਰ ਜਿਸ ਦਾ ਹੱਜ ਕਰਦੇ ਵਿਚ ਕਾਅਬੇ ਮੱਕਾ, ਹੁਜਰਿਆਂ ਵਿਚ ਧਿਆਨ ਲਗਾਈਆ । ਜਿਸ ਦੇ ਨਾਮ ਦੇ ਟਲ ਵਜਦੇ ਸ਼ਿਵਦਵਾਲੇ ਮੰਦਰ ਮੱਠਾਂ, ਘਨਘੋਰ ਰਹੇ ਪਾਈਆ । ਜਿਸ ਦਾ ਲੇਖ ਲਿਖਿਆ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚ ਗ੍ਰੰਥਾ, ਅੰਜੀਲ ਕ਼ੁਰਾਨਾਂ ਦੇਣ ਗਵਾਹੀਆ । ਸੋ ਪੁਰਖ ਅਕਾਲ ਦੀਨ ਦਿਆਲ ਬਣਾਵਣਹਾਰਾ ਸਭ ਦੀ ਬਣਤਾ, ਘੜਨ ਭੰਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਜੋ ਵੇਸ ਵਟਾਏ ਨਿਰਗੁਣ ਸਰਗੁਣ ਜੁਗਾ ਜੁਗੰਤਾ, ਰਾਮਾ ਕ੍ਰਿਸ਼ਨਾ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਫੇਰਾ ਪਾਈਆ । ਸੋ ਸਾਹਿਬ ਸਵਾਮੀ ਲੱਖ ਚੁਰਾਸੀ ਸਾਚਾ ਕੰਤਾ, ਮਾਲਕ ਧੁਰ ਦਾ ਨਜ਼ਰੀ ਆਈਆ । ਕਲਜੁਗ ਵੇਖੇ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਘੜੀ ਪਲ ਕਹਿਣ ਓਸ ਦਾ ਵੱਜੇ ਨਾਮ ਘੜਿਆਲ, ਦੋ ਜਹਾਨਾਂ ਰਿਹਾ ਭੁਵਾਈਆ । ਸਚਖੰਡ ਦਵਾਰੇ ਬੈਠ ਸੱਚੀ ਧਰਮਸਾਲ, ਧੁਰ ਦਾ ਹੁਕਮ ਇਕ ਸੁਣਾਈਆ । ਭੂਪਤ ਭੂਪ ਬਣ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਦੇਵਣਹਾਰ ਗਿਆਨ, ਬੋਧ ਅਗਾਧ ਕਰਨਹਾਰ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਖੇਲਿਆ ਖੇਲ ਮਹਾਨ, ਖ਼ਲਕ ਦਾ ਮਾਲਕ ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਸੋ ਸਾਹਿਬ ਸਤਿਗੁਰ ਅਗੰਮ ਅਗੰਮੜਾ ਲੇਖਾ ਜਾਣੇ ਦੋ

ਜਹਾਨ, ਦੋਏ ਦੋਏ ਧਾਰ ਹਰਿ ਨਿੰਰਕਾਰ ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ । ਭਗਤ ਵਛਲ ਸੰਤ ਸੁਹੇਲਾ ਗੁਰਮੁਖ ਮੀਤ ਗੁਰਸਿਖਾਂ ਜਾਏ ਤਾਰ, ਤਾਰਨਹਾਰ ਦੇਵਣਹਾਰ ਸੱਚੀ ਵਡਿਆਈਆ । ਜਿਸ ਦਾ ਲੇਖਾ ਕੋਈ ਸਮਝ ਨਾ ਸਕੇ ਸਦਾ ਜੁਗ ਚਾਰ, ਜੁਗ ਚੌਕੜੀ ਕਰਨ ਪੁਕਾਰ, ਬਰਖ ਮਾਸ ਹਾਹਾਕਾਰ ਦਿਵਸ ਰੈਣ ਰਹੇ ਕੁਰਲਾਈਆ । ਘੜੀ ਪਲ ਕਹਿਣ ਅਸਾਂ ਵੇਖਿਆ ਉਹ ਨਿਰੰਕਾਰ, ਜੋ ਛਿੰਨ ਭੰਗਰ ਰਿਹਾ ਤਾਰ, ਭਿਅੰਕਰ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਚੁਕਾਈਆ । ਪਰਦਾ ਉਹਲਾ ਚੁਕਾਵਣ ਆਇਆ, ਹਰਿ ਕਰਤਾ ਗਹਿਰ ਗੰਭੀਰ । ਭਗਤ ਸੁਹੇਲਾ ਉਠਾਵਣ ਆਇਆ, ਦੂਰ ਦੁਰਾਡਾ ਪੈਂਡਾ ਚੀਰ । ਜੁਗ ਜਨਮ ਵਿਛੜੇ ਮੇਲ ਮਿਲਾਵਣ ਆਇਆ, ਆਤਮ ਪਰਮਾਤਮ ਦੇਵੇ ਧੀਰ । ਸਾਚੇ ਮੰਦਰ ਕਾਇਆ ਅੰਦਰ ਖਿਲਾਵਣ ਆਇਆ, ਪੌੜੇ ਚਾੜ੍ਹ ਕੇ ਡੰਡੇ ਅਖ਼ੀਰ । ਸ਼ਬਦ ਅਨਾਦੀ ਨਾਦ ਸੁਣਾਵਣ ਆਇਆ, ਧੁਰ ਧਾਮੀ ਗਾਏ ਆਪਣਾ ਗੀਤ । ਹੰਸ ਕਾਗ ਬਣਾਵਣ ਆਇਆ, ਭੇਵ ਚੁਕਾਏ ਊਚ ਨੀਚ । ਰਾਓ ਰੰਕ ਰਾਹ ਪਾਵਣ ਆਇਆ, ਲੇਖਾ ਜਾਣੇ ਹਸਤ ਕੀਟ । ਸਾਚਾ ਮਾਰਗ ਇਕ ਦਰਸਾਵਣ ਆਇਆ, ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਸਾਂਝੀ ਰੀਤ । ਸੋਹੰ ਢੋਲਾ ਪੜ੍ਹਾਵਣ ਆਇਆ, ਤ੍ਰੈਗੁਣ ਵਖਰਾ ਸਚਖੰਡ ਨਿਵਾਸੀ ਅਤੀਤ । ਜਨ ਭਗਤਾਂ ਹੌਲਾ ਭਾਰ ਕਰਾਵਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਹਦੀਸ । ਘੜੀ ਪਲ ਕਹੇ ਵੇਖਿਆ ਚੁਕ ਕੇ ਪਲਕ, ਆਪਣਾ ਧਿਆਨ ਲਗਾਈਆ । ਮਾਲਕ ਆਇਆ ਖ਼ਾਲਕ ਖ਼ਲਕ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨੂਰ ਤਕ ਕੇ ਉਤੇ ਫ਼ਲਕ, ਫ਼ੈਸਲਾ ਦਿਤਾ ਜਣਾਈਆ । ਇਸ ਪ੍ਰਭੂ ਨਾਲ ਕਿਆ ਕੋਈ ਕਰੇ ਹਸਦ, ਲਾਸਾਨੀ ਦਾ ਸਾਨੀ ਸ਼ਰੀਕ ਰੂਪ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਘੜੀ ਪਲ ਕਹਿਣ ਪ੍ਰਭੂ ਵੇਖਿਆ ਭਗਤ ਉਧਾਰੀ, ਹਰਿਜਨ ਸਾਚੇ ਰਿਹਾ ਵਡਿਆਈਆ । ਸਚ ਪ੍ਰੀਤੀ ਚਰਨ ਦਵਾਰੀ, ਚਰਨ ਕਵਲ ਬਖ਼ਸ਼ੇ ਇਕ ਸਰਨਾਈਆ । ਸਤਿ ਸੰਤੋਖ ਧੀਰਜ ਦੇਵੇ ਜਗਤ ਵਿਚਾਰੀ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਆਤਮ ਪਰਮਾਤਮ ਘਰ ਸੱਜਣ ਲਾਵੇ ਯਾਰੀ, ਯਰਾਨਾ ਇਕੋ ਤੋੜ ਨਿਭਾਈਆ । ਭਗਤ ਸੁਹੇਲਾ ਠਾਂਡਾ ਸੀਤਾ ਫਿਰੇ ਪਿਛੇ ਅਗਾੜੀ, ਅੰਦਰ ਬਾਹਰ ਗੁਪਤ ਜ਼ਾਹਰ ਆਪਣੀ ਕਾਰ ਕਮਾਈਆ । ਜਨ ਭਗਤਾਂ ਦੇ ਲੇਖੇ ਲਾ ਕੇ ਚਾਰ ਪਹਿਰ ਦੀ ਜਗਤ ਦਿਹਾੜੀ, ਜਗਤ ਉਜਾੜੀਂ ਪੰਧ ਮੁਕਾਈਆ । ਸਚ ਭਗਤੀ ਦੀ ਕਰ ਕੇ ਕਾਰੀ, ਕਰਮ ਕਿਰਿਆ ਦੋਵੇਂ ਵੇਖ ਵਖਾਈਆ । ਸਚ ਧਰਮ ਦਾ ਬਣ ਵਪਾਰੀ, ਘਰ ਘਰ ਵਣਜ ਰਿਹਾ ਜਣਾਈਆ । ਮਿਲੋ ਮੇਲ ਜੋਤ ਨਿਰੰਕਾਰੀ, ਜਿਸ ਦੀ ਹੋਵੇ ਨਾ ਕਦੇ ਜੁਦਾਈਆ । ਸਾਹਿਬ ਸਤਿਗੁਰ ਜਾਓ ਬਲਿਹਾਰੀ, ਜੋ ਬੁੱਢੇ ਬਾਲਿਆਂ ਰਿਹਾ ਤਰਾਈਆ । ਜੁਗ ਚੌਕੜੀ ਪਿਛੋਂ ਜਨ ਭਗਤਾਂ ਦੀ ਆਈ ਵਾਰੀ, ਵਾਰਤਾ ਸਭ ਦੀ ਰਿਹਾ ਦੁਹਰਾਈਆ । ਸਤਿ ਧਰਮ ਦੀ ਸਚ ਫੁਲਵਾੜੀ, ਹਰਿ ਸੱਜਣ ਬੂਟੇ ਆਪ ਲਗਾਈਆ । ਆਪਣੇ ਸ਼ਬਦ ਦੀ ਕਰ ਕੇ ਵਾੜੀ, ਠੱਗਾਂ ਚੋਰਾਂ ਯਾਰਾਂ ਕੋਲੋਂ ਲਏ ਬਚਾਈਆ । ਅੰਤਰ ਆਤਮ ਸਾਚੇ ਨਾਮ ਦੀ ਦੇ ਕੇ ਖ਼ੁਮਾਰੀ, ਖ਼ੁਦ ਆਪਣਾ ਰੰਗ ਚੜ੍ਹਾਈਆ । ਗੁਰਮੁਖਾਂ ਨਾਲ ਨਾ ਕਰੇ ਗ਼ਦਾਰੀ, ਗਦਾਗਰ ਹੋ ਕੇ ਘਰ ਘਰ ਸੇਵ ਕਮਾਈਆ । ਸਚ ਪੁਛੋ ਤੁਹਾਡੀ ਆਤਮਾ ਨਾਲ ਪ੍ਰੀਤ ਲਗੀ ਹਮਾੜੀ, ਹਮ ਤੁਮ ਇਕੋ ਰੂਪ ਸਮਾਈਆ । ਇਹ ਗੁਰਮੁਖ ਸਭ ਤੋਂ ਸੋਹਣੀ ਬਣ ਗਈ ਲਾੜੀ, ਪੁਰਖ ਅਕਾਲ ਜੋਬਨਵੰਤਾ ਲਾੜਾ ਇਕ ਪਰਨਾਈਆ ।



੫੦੫

ਓਹਨਾਂ ਜਣਿਆਂ ਦੀ ਆ ਗਈ ਵਾਰੀ, ਜਿਨ੍ਹਾਂ ਦੀ ਜਣੇਂਦੀ ਮਾਈ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਪੈਜ ਰਿਹਾ ਸਵਾਰੀ, ਸ਼ਾਹ ਅਸਵਾਰੀ ਆਪਣਾ ਫੇਰਾ ਪਾਈਆ ।

❊ ੭ ਚੇਤ ਸ਼ਹਿਨਸ਼ਾਹੀ ਸੰਮਤ ੧ ਸਤਿਸੰਗ ਭਵਨ ਜੰਮੂ ❊

ਓਮ ਓਮ ਰੋਮ ਰੋਮ ਕਰੇ ਪੁਕਾਰ, ਸਾਢੇ ਤਿੰਨ ਕਰੋੜ ਰਿਹਾ ਜਸ ਗਾਈਆ । ਵਿਸ਼ਵ ਰੂਪ ਸਰਬ ਸੰਸਾਰ, ਨੌ ਖੰਡ ਪ੍ਰਿਥਮੀ ਸਤ ਦੀਪ ਮਾਨਵ ਇਕੋ ਨਜ਼ਰੀ ਆਈਆ । ਅੰਤਰ ਆਤਮ ਕਰ ਕੇ ਵੇਖੋ ਵਿਚਾਰ, ਪਰਦਾ ਦੂਈ ਦਵੈਤ ਉਠਾਈਆ । ਸਭ ਦਾ ਮਿਤਰ ਪਿਆਰਾ ਮੀਤ ਏਕਾ ਏਕੰਕਾਰ, ਜਿਸ ਦੀ ਸੱਚੀ ਸ਼ਹਿਨਸ਼ਾਹੀਆ । ਲਾਸ਼ਰੀਕ ਪਰਵਰਦਿਗਾਰ, ਨੂਰ ਨੁਰਾਨਾ ਨਜ਼ਰੀ ਆਈਆ । ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਕਰੋ ਖ਼ੁਆਰ, ਹੰ ਬ੍ਰਹਮ ਗ੍ਰਿਹਿ ਮੰਦਰ ਵੇਖ ਵਖਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਖੇਲੇ ਖੇਲ ਅਗੰਮ ਅਪਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਸੋ ਸਦੀ ਬੀਸਵੀਂ ਸ਼ਬਦ ਸੰਦੇਸ਼ਾ ਦੇਵੇ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪਣਾ ਹੁਕਮ ਸੁਣਾਈਆ । ਹਿੰਦੂ ਸਿੱਖ ਇਸਾਈ ਮੁਸਲਮਾਨ ਬੋਧੀ ਸਾਰੇ ਕਰੋ ਪਿਆਰ, ਦੂਜਾ ਕੋਇ ਨਜ਼ਰ ਕਿਸੇ ਨਾ ਆਈਆ । ਚਾਰ ਵਰਨਾਂ ਇਕ ਅਧਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਚਾ ਨਾਮ ਇਕ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਵੇਂ ਜੁਗ ਦੀ ਨਵੀਂ ਧਾਰ, ਸੰਤਨ ਸੰਗ ਕੁੜਮਾਈਆ । ਆਤਮ ਪਰਮਾਤਮ ਦੇ ਪਿਆਰ, ਨਿਜ ਨੈਣ ਸਰਬ ਜਣਾਈਆ । ਰੋਮ ਰੋਮ ਕਹੇ ਸੁਣੋ ਮੇਰਾ ਇਕ ਗੀਤ, ਜੀਵਾਂ ਜੰਤਾਂ ਦਿਆਂ ਜਣਾਈਆ । ਕਾਇਆ ਕਾਅਬਾ ਵੇਖੋ ਸਚ ਮਸੀਤ, ਹੁਜਰਾ ਹਕ ਇਕ ਖੁਲ੍ਹਾਈਆ । ਮੰਦਰ ਸ਼ਿਵਦਵਾਲੇ ਮਠ ਸਦਾ ਅਤੀਤ, ਪੁਰਖ ਅਬਿਨਾਸ਼ੀ ਬੈਠਾ ਡੇਰਾ ਲਾਈਆ । ਜਿਸਦਾ ਝਗੜਾ ਨਾ ਕੋਈ ਊਚ ਨੀਚ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਸਤਿ ਭਗਵਾਨ ਸਭ ਨਾਲ ਕਰੇ ਪ੍ਰੀਤ, ਗ਼ਰੀਬ ਨਿਮਾਣਿਆਂ ਆਪਣੀ ਗੋਦ ਉਠਾਈਆ । ਲੇਖ ਮੁਕਾਵੇ ਹਸਤ ਕੀਟ, ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਇਕੋ ਘਰ ਦਰਸਾਈਆ । ਸਦੀ ਅਖ਼ੀਰੀ ਰਹੀ ਬੀਤ, ਨਵ ਨੌ ਚਾਰ ਚਾਰੋਂ ਕੁੰਟ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਰੋਮ ਰੋਮ ਕਹੇ ਸੁਣੋ ਜਗ ਸੱਜਣ, ਮੈਂ ਸਭ ਨੂੰ ਦਿਆਂ ਸੁਣਾਈਆ । ਆਤਮ ਪਰਮਾਤਮ ਕਾਇਆ ਮੰਦਰ ਅੰਦਰ ਸਾਚੇ ਤੀਰਥ ਕਰੋ ਮਜਨ, ਦੁਰਮਤ ਮੈਲ ਰਹਿਣ ਕੋਇ ਨਾ ਪਾਈਆ । ਗ੍ਰਿਹਿ ਮੰਦਰ ਸ਼ਬਦ ਅਨਾਦੀ ਧੁਨ ਆਤਮ ਵਜਣ, ਅਨਹਦ ਆਪਣਾ ਰਾਗ ਸੁਣਾਈਆ । ਆਤਮ ਜੋਤ ਪਰਮਾਤਮ ਵਿਚ ਹੋ ਜਾਓ ਮਗਨ, ਦੂਜੀ ਹਿਰਸ ਹਵਸ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤ ਇਕ ਦਰਸਾਈਆ । ਰੋਮ ਰੋਮ ਕਹੇ ਸ੍ਰਿਸ਼ਟ ਸਬਾਈ ਇਕੱਠਾ ਕਰਨਾ ਜਗ, ਚਾਰੋਂ ਕੁੰਟ ਇਕ ਸੰਦੇਸ਼ ਸੁਣਾਈਆ । ਨੌ ਖੰਡ ਪ੍ਰਿਥਮੀ ਜੋ ਘਰ ਘਰ ਲਗੀ ਅੱਗ, ਦੂਈ ਦਵੈਤ ਰਹੀ ਤਪਾਈਆ । ਤਿਨ੍ਹਾਂ ਕਾਰਨ ਸੰਤ ਸੁਹੇਲੇ ਮਿਲ ਮਿਲ ਕਰਨ ਇਕੱਠ, ਸਗੰਠਨ ਇਕ ਰਹੇ ਬਣਾਈਆ । ਸਭ ਦੇ ਅੰਦਰ ਪਰਗਟ ਕਰਨੀ ਬ੍ਰਹਮ ਮਤਿ, ਕੂੜੀ ਕਿਰਿਆ ਦੇਣੀ ਕਢਾਈਆ । ਦੀਨ ਮਜ਼੍ਹਬ

ਦੇ ਝਗੜੇ ਪਿਛੇ ਕੋਈ ਨਾ ਉਬਲੇ ਰਤ, ਹਾਹਾਕਾਰ ਨਾ ਕੋਇ ਲੋਕਾਈਆ । ਸਭ ਨੇ ਆਪਣੇ ਇਸ਼ਟ ਦੇਵ ਦਾ ਗੌਣਾ ਜਸ, ਓਮ ਕ੍ਰਿਸ਼ਨ ਆਦਿ ਸ਼ਕਤ ਚਤਰਭੁਜ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਧਿਆਨ ਲਗਾਈਆ । ਸਭ ਤੋ ਉਤਮ ਸ੍ਰੇਸ਼ਟ ਮਿਤਰੋ ਆਪਣਾ ਮਨ ਕਰ ਲਓ ਵਸ, ਝਗੜਾ ਕੋਇ ਰਹਿਣ ਨਾ ਪਾਈਆ । ਗੀਤਾ ਗਿਆਨ ਅਠਾਰਾਂ ਧਿਆਏ ਰਹੀ ਦੱਸ, ਬਿਨ ਪਰਮਾਤਮ ਸ੍ਰੀ ਭਗਵਾਨ ਦੂਜਾ ਨਜ਼ਰ ਕੋਇ ਨਾ ਆਈਆ । ਇਕ ਦੂਜੇ ਨੂੰ ਮਿਲੋ ਹਸ ਹਸ, ਜ਼ਾਤ ਪਾਤ ਲੇਖਾ ਦੇਣਾ ਮੁਕਾਈਆ । ਜੇ ਸੰਤਾਂ ਦੇ ਸੁਣ ਕੇ ਬਚਨ ਤੁਹਾਡੀ ਅੰਦਰੋਂ ਖੁਲ੍ਹ ਜਾਏ ਅੱਖ, ਪਰਤਖ ਤੁਹਾਨੂੰ ਨਜ਼ਰ ਆਵੇ ਗੁਸਾਈਆ । ਫੇਰ ਪ੍ਰੇਮ ਪਿਆਰ ਦਾ ਤੁਹਾਨੂੰ ਮਿਲ ਜਾਏ ਹਕ, ਹਕ਼ੀਕਤ ਤੁਹਾਡੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਲਗੌਣਗੇ ਸਾਧ, ਸੰਤ ਭਗਤ ਇਕੱਠੇ ਹੋ ਕੇ ਦਿਆਂ ਜਣਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇਣਾ ਰਿਵਾਜ, ਲੋਕਮਾਤ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਦਾ ਬਣਨਾ ਇਕ ਸਮਾਜ, ਧਰਮ ਇਕੋ ਦਏ ਦ੍ਰਿੜਾਈਆ । ਸ੍ਰੀ ਭਗਵਾਨ ਦੇ ਸਾਰੇ ਬਣੋ ਮੁਹਤਾਜ, ਦੂਜੀ ਲੋੜ ਰਹੇ ਨਾ ਰਾਈਆ । ਆਪਣੇ ਕਾਇਆ ਮੰਦਰ ਅੰਦਰ ਸ਼ਬਦ ਅਗੰਮੀ ਸੁਣੋ ਨਾਦ, ਜੋ ਦਿਵਸ ਰੈਣ ਕਰੇ ਸ਼ਨਵਾਈਆ । ਸਾਚੇ ਸੰਤਾਂ ਨਾਲ ਮਿਲ ਕੇ ਅੰਤਰ ਆਪਣੀ ਜੋਤ ਕਰੋ ਪਰਕਾਸ਼, ਅੰਧ ਅੰਧੇਰਾ ਲਓ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਰੋਮ ਰੋਮ ਕਹੇ ਮੈਂ ਕੀ ਵੇਖਿਆ ਅੰਦਰ ਅੰਤ, ਸਤਿ ਸਚ ਦਿਆਂ ਸਮਝਾਈਆ । ਓਹ ਝਗੜਾ ਛਡਕੇ ਕੂੜਾ ਜੰਤ, ਜੀਵਣ ਆਪਣਾ ਗਏ ਬਦਲਾਈਆ । ਨਾਤਾ ਜੋੜ ਕੇ ਨਰ ਹਰਿ ਕੰਤ, ਘਰ ਸੱਜਣ ਰਹੇ ਮਿਲਾਈਆ । ਆਤਮ ਪਰਮਾਤਮ ਗਾ ਕੇ ਛੰਤ, ਸੋਹੰ ਰੂਪ ਸਮਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਕੂੜੀ ਕਿਰਿਆ ਦਿਤੀ ਤਜਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣ ਜਾਓ ਸਾਰੇ ਇਕੋ ਪੰਗਤ, ਸੰਗਤ ਇਕੋ ਇਕ ਵਖਾਈਆ । ਲੇਖਾ ਚੁਕ ਜਾਏ ਜੇਰਜ ਅੰਡਜ, ਉਤਭੁਜ ਸੇਤਜ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਮਾਲਕ ਇਕ ਅਖਵਾਈਆ । ਰੋਮ ਰੋਮ ਕਹੇ ਮੈਂ ਤਕਿਆ ਪਰਵਰਦਿਗਾਰ, ਜਲਵਾਗਰ ਨੂਰ ਇਲਾਹੀਆ । ਮੁਕਾਮੇ ਹਕ ਵਸਿਆ ਸਾਂਝਾ ਯਾਰ, ਤੌਫ਼ੀਕ਼ ਆਪਣੇ ਹੱਥ ਰਖਾਈਆ । ਪੀਰ ਪੈਗ਼ੰਬਰ ਜਿਸ ਦਾ ਕਰਦੇ ਗਏ ਇਜ਼ਹਾਰ, ਕਲਮਿਆਂ ਵਿਚ ਸਿਫ਼ਤ ਸਾਲਾਹੀਆ । ਸੋ ਚੌਦਾਂ ਲੋਕ ਚੌਦਾਂ ਤਬਕ ਵੇਖਣਹਾਰ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਸਾਚਾ ਇਸਮ ਆਜ਼ਮ ਦੱਸੇ ਅਗੰਮ ਅਪਾਰ, ਨੂਰੀ ਜਲਵਾ ਕਰ ਰੁਸ਼ਨਾਈਆ । ਮਾਨਵਤਾ ਦਾ ਇਕ ਅਧਾਰ, ਮਾਨਸ ਇਕੋ ਰੰਗ ਰੰਗਾਈਆ । ਕੂੜਾ ਝਗੜਾ ਛੱਡੋ ਵਿਚ ਸੰਸਾਰ, ਸਾਚੀ ਸਿਖਿਆ ਇਕੋ ਝੋਲੀ ਲਓ ਪਾਈਆ । ਕਾਇਆ ਤੱਤਾਂ ਅੰਦਰ ਏਕਾ ਜੋਤ ਨੂਰ ਇਕ ਉਜਿਆਰ, ਏਕਾ ਆਤਮ ਏਕਾ ਪ੍ਰੇਮ ਨਜ਼ਰੀ ਆਈਆ । ਜੇ ਸਾਰੇ ਆਪਣੇ ਅੰਦਰ ਆਪਣਾ ਆਪ ਲਓ ਸੋਚ ਵਿਚਾਰ, ਫੇਰ ਸਮਝ ਸਾਰਿਆਂ ਨੂੰ ਛੇਤੀ ਜਾਵੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕਾਇਆ ਦਾ ਰੋਮ ਰੋਮ ਕਹੇ ਮੈਂ ਦੱਸਾਂ ਏਕਾ ਅਹਿਸਤਾ, ਹੌਲੀ ਹੌਲੀ ਦਿਆਂ ਜਣਾਈਆ । ਪੂਰਨ ਸੰਤਾਂ ਪ੍ਰਭ ਦਾ ਅੰਦਰੋਂ ਵੇਖਿਆ ਰਸਤਾ, ਸੂਰਬੀਰ ਬਣ ਕੇ ਸਾਰਿਆਂ ਨੂੰ ਰਸਤੇ ਦੇਣ ਲਗਾਈਆ । ਪ੍ਰਭ ਦਾ ਨਾਮ ਸਾਰੀ ਦੁਨੀਆ ਵਿਚੋਂ ਸਭ ਤੋਂ ਸਸਤਾ, ਜੇ ਕੋਈ ਦੇਵਣਹਾਰਾ ਦਾਤਾ ਅਣਮੰਗੀ ਦੌਲਤ ਝੋਲੀ ਪਾਈਆ । ਉਹ ਕਾਇਆ ਗਠੜੀ ਦਾ

ਫੋਲ ਦੇਵੇ ਬਸਤਾ, ਨਿਰਅੱਖਰ ਵਿਚੋਂ ਅੱਖਰ ਦੇਵੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਰੋਮ ਰੋਮ ਕਹੇ ਮੈਂ ਵੇਖਿਆ ਵਿਸ਼ਵ ਮਾਰ ਕੇ ਝਾਤ, ਵੇਲਾ ਵਕਤ ਧਿਆਨ ਲਗਾਈਆ । ਲੋਕਮਾਤ ਵਿਚ ਰਹਿਣ ਨਹੀਂ ਦੇਣੀ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਦੇਣਾ ਚਮਕਾਈਆ । ਚਾਰ ਵਰਨਾਂ ਦਾ ਬਣਨਾ ਇਕੋ ਨਾਤ, ਪ੍ਰੇਮ ਪ੍ਰੀਤੀ ਜੋੜ ਜੁੜਾਈਆ । ਸਾਰੇ ਆਪਣੇ ਅੰਦਰ ਵੇਖੋ ਬੈਠਾ ਇਕ ਇਕਾਂਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੇ ਓਸ ਦਾ ਅੰਮ੍ਰਿਤ ਪੀ ਲਓ ਬੂੰਦ ਸਵਾਂਤ, ਜੋ ਨਿਝਰ ਝਿਰਨਾ ਰਿਹਾ ਝਿਰਾਈਆ । ਫੇਰ ਤੁਸੀਂ ਆਪੇ ਮਿਲ ਕੇ ਇਕ ਦੂਜੇ ਦਾ ਦੇ ਦਿਓ ਸਾਥ, ਝਗੜਾ ਰਹਿਣ ਕੋਇ ਨਾ ਪਾਈਆ । ਲੇਖਾ ਮੁਕ ਜਾਏ ਕੂੜੀ ਜ਼ਾਤ, ਆਤਮ ਪਰਮਾਤਮ ਇਕੋ ਨਜ਼ਰੀ ਆਈਆ । ਭਾਗਾਂ ਭਰਿਆ ਨਵੇਂ ਸੰਮਤ ਦਾ ਔਣ ਵਾਲਾ ਵਿਸਾਖ, ਜਿਸ ਵਿਸਾਖ ਦੇ ਵਿਚ ਜੰਮੂ ਲਏ ਵਡਿਆਈਆ । ਸੰਤਾਂ ਦਾ ਦਰਸ਼ਨ ਨਾਲੇ ਪ੍ਰਭੂ ਹੋਵੇ ਸਾਖ਼ਿਆਤ, ਸੰਤਾਂ ਦਾ ਮਾਲਕ ਸਾਹਮਣੇ ਨਜ਼ਰੀ ਆਈਆ । ਫੇਰ ਖ਼ੁਸ਼ੀ ਦੇ ਨਾਲ ਜਿਤਨੀ ਚਾਹੋ ਪੁੱਛ ਲਓ ਓਸ ਤੋਂ ਬਾਤ, ਘਰ ਬੈਠਿਆਂ ਦਏ ਸਮਝਾਈਆ । ਜਿਸ ਦੇ ਕੋਲ ਭਵਿਖਤ ਵਾਕ, ਪਰਦਾ ਓਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੋਮ ਰੋਮ ਆਪੇ ਵੇਖ ਵਖਾਈਆ । ਰੋਮ ਰੋਮ ਕਹੇ ਦੀਨ ਮਜ਼੍ਹਬ ਦਾ ਛਡ ਦਿਓ ਝਗੜਾ, ਕੂੜੀ ਕਿਰਿਆ ਦਿਓ ਮਿਟਾਈਆ । ਹੁਣ ਮਾਰਗ ਵੇਖੋ ਅਗਲਾ, ਜੋ ਸੰਤ ਸੱਜਣ ਰਹੇ ਵਖਾਈਆ । ਮਨੁੱਸ਼ ਹੋ ਕੇ ਕੋਈ ਨਾ ਬਣੇ ਪਗ਼ਲਾ, ਬੌਰਾ ਰੂਪ ਨਾ ਕੋਇ ਵਟਾਈਆ । ਜਿਹੜੇ ਫਿਰਦੇ ਰਹੇ ਵਿਚ ਜੰਗਲਾ, ਜਨਮ ਜਨਮ ਧੂਣੀਆਂ ਤਾਈਆ । ਓਹ ਪ੍ਰਭ ਨਾਲ ਮਿਲ ਕੇ ਸ੍ਰਿਸ਼ਟੀ ਦਾ ਲਾਹ ਦਿਉ ਪਰਦਾ ਅੰਧਲਾ, ਸਚ ਸਚ ਦਿਆਂ ਸੁਣਾਈਆ । ਰਲ ਮਿਲ ਕੇ ਸਾਰੇ ਇਕ ਸਟੇਜ ਤੇ ਗਾਓ ਚਾਰ ਮੰਗਲਾ, ਘਰ ਘਰ ਵਜੇ ਨਾਮ ਵਧਾਈਆ । ਹਰਿ ਕੇ ਨਾਮ ਬਿਨਾ ਜਨ ਭਗਤੋ ਕੋਈ ਨਹੀਂ ਸਗਲਾ, ਸਭ ਦੇ ਅੰਦਰ ਵਸਤ ਦਿਤੀ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਰੋਮ ਰੋਮ ਕਹੇ ਮੈਂ ਵਿਸ਼ਵ ਦਾ ਖੋਲ੍ਹਣਾ ਪਰਦਾ, ਪੋਸ਼ੀਦਾ ਰਾਜ਼ ਦੇਣਾ ਜਣਾਈਆ । ਜੋ ਜੀਵ ਜੰਤ ਬਿਰਹੋਂ ਅਗਨੀ ਵਿਚ ਸੜਦਾ, ਤੱਤਾਂ ਨਾਲ ਤੱਤ ਰਹੇ ਟਕਰਾਈਆ । ਪਤਾ ਓਹਨਾਂ ਕੋਈ ਨਹੀਂ ਆਪਣੇ ਘਰ ਦਾ, ਜਿਸ ਮੰਜ਼ਲ ਉਤੇ ਬਿਨ ਸੰਤਾਂ ਕੋਈ ਨਹੀਂ ਚੜ੍ਹਦਾ, ਸਤਿਗੁਰ ਨੇ ਕਿਰਪਾ ਕਰ ਕੇ ਗ਼ਰੀਬ ਨਿਮਾਣੇ ਓਥੇ ਦੇਣੇ ਚੜ੍ਹਾਈਆ । ਬੇਸ਼ਕ ਸਕੂਲ ਮਕਤਬ ਪਾਠਸ਼ਾਲਾ ਵਿਚ ਜੀਵ ਜੰਤ ਪੜ੍ਹਦਾ, ਪਰ ਆਤਮ ਵਿਦਿਆ ਬਿਨ ਪੂਰੇ ਸੰਤਾਂ ਹੱਥ ਕਿਸੇ ਨਾ ਆਈਆ । ਜਿਸ ਦਵਾਰੇ ਅਗੇ ਆਤਮ ਦਾ ਸਵਾਮੀ ਪਰਮਾਤਮ ਖੜਦਾ, ਸਵੱਛ ਸਰੂਪੀ ਦਰਸ ਦਿਖਾਈਆ । ਓਥੇ ਝਗੜਾ ਰਹੇ ਨਾ ਕੋਈ ਨਾਰ ਮਰਦ ਦਾ, ਸਾਂਤਕ ਸਤਿ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਇਕ ਵਖਾਈਆ । ਰੋਮ ਰੋਮ ਕਹੇ ਸੁਣ ਕੇ ਬਚਨ ਨਾ ਜਾਣਾ ਭੁਲ, ਘਰ ਦੇ ਧੰਦਿਆਂ ਵਿਚ ਵਕਤ ਨਾ ਕੋਇ ਗਵਾਈਆ । ਸੰਮਤ ਚੜ੍ਹਿਆ ਅਨਮੁਲ, ਜਿਸ ਨੂੰ ਅਕਾਲ ਪੁਰਖ ਸ਼ਹਿਨਸ਼ਾਹ ਦਿਤੀ ਵਡਿਆਈਆ । ਗੁਰਮੁਖੋ ਹਰਿਜਨੋ ਸਾਚੇ ਭਗਤੋ ਸੁਹੰਜਣੀ ਮਾਤਲੋਕ ਦੀ ਫੁਲਵਾੜੀ ਦੇ ਬਣ ਜਾਓ ਉਹ ਫੁੱਲ, ਜਿਨ੍ਹਾਂ ਦੇ ਵਿਚੋਂ ਸੁਗੰਧ ਇਕੋ ਨਜ਼ਰੀ ਆਈਆ । ਤੁਸੀਂ ਸਾਰੇ ਸ੍ਰੀ ਭਗਵਾਨ ਦੀ ਕੁਲ, ਕੁੱਲ ਦਾ ਮਾਲਕ ਪਰਵਰਦਿਗਾਰ ਸਾਚਾ ਸ਼ਹਿਨਸ਼ਾਹੀਆ । ਵੇਖਿਓ ਕੂੜੀ ਖੇਲ ਵਿਚ ਨਾ ਜਾਇਓ ਰੁਲ, ਆਪ ਆਪਣਾ ਜਗਤ ਭੁਲਾਈਆ । ਅਗੇ ਸਤਿ ਧਰਮ ਦਾ ਪੈਣਾ ਮੁਲ, ਜੂਠ ਝੂਠ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ


੫੦੮

ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਰੋਮ ਰੋਮ ਕਹੇ ਮੇਰੀ ਸੁਣ ਲਓ ਅਰਜ਼, ਆਰਜ਼ੂ ਇਕ ਦਿਆਂ ਜਣਾਈਆ । ਓਮ ਓਮ ਕਹਿਣਾ ਸਭ ਦਾ ਫ਼ਰਜ਼, ਵਿਸ਼ਨ ਬ੍ਰਹਮਾ ਸ਼ਿਵ ਇਹੋ ਰਾਗ ਅਲਾਈਆ । ਆਤਮ ਪਰਮਾਤਮ ਦੀ ਸਾਚੀ ਤਰਜ਼, ਤੁਰੀਆ ਧਾਰ ਜਣਾਈਆ । ਇਹ ਸਭ ਤੋਂ ਵਖਰਾ ਨਿਰਾਲਾ ਚਲਣ ਜਗ ਦਿਸੇ ਅਸਚਰਜ, ਅਚਰਜ ਲੀਲ੍ਹਾ ਹਰਿ ਜੂ ਆਪ ਕਰਾਈਆ । ਦੀਨ ਮਜ਼੍ਹਬ ਦੀ ਛੁਰੀ ਕਿਸੇ ਉਤੇ ਚਲੇ ਕੋਈ ਨਾ ਕਰਦ, ਮਨੁੱਸ਼ਾਂ ਤਾਂਈ ਮਨੁੱਸ਼ ਜ਼ਿਬ੍ਹਾ ਨਾ ਕੋਇ ਕਰਾਈਆ । ਜੇ ਤੁਹਾਡੇ ਅੰਦਰ ਪ੍ਰੇਮ ਪਿਆਰ ਦੀ ਪਰਗਟ ਹੋ ਜਾਏ ਦਰਦ, ਚਾਰ ਕੁੰਟ ਇਕੋ ਰੰਗ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਰੋਮ ਰੋਮ ਕਹੇ ਮੇਰੀ ਸਚ ਅਰਦਾਸ, ਪੰਜਾਂ ਤੱਤਾਂ ਵਾਲਿਓ ਤੁਹਾਨੂੰ ਦਿਆਂ ਜਣਾਈਆ । ਆਪਣਾ ਵੇਖੋ ਹੱਡ ਨਾੜੀ ਮਾਸ, ਪਿੰਜਰ ਸੋਹਣਾ ਦਿਤਾ ਜਣਾਈਆ । ਜਿਸ ਦੇ ਅੰਦਰ ਵਸਤ ਰੱਖੀ ਖ਼ਾਸ, ਅਡੋਲ ਅਡੁਲ ਟਿਕਾਈਆ । ਅੰਮ੍ਰਿਤ ਪਿਆਲਾ ਨਿਝਰ ਕਵਲ ਨਾਭੀ ਭਰਿਆ ਗਲਾਸ, ਸੋਹਣਾ ਰੰਗ ਰੰਗਾਈਆ । ਅਨਹਦ ਸ਼ਬਦ ਵਜੇ ਦਿਨ ਰਾਤ, ਅੱਠੇ ਪਹਿਰ ਕਰੇ ਸ਼ਨਵਾਈਆ । ਨਿਰਗੁਣ ਜੋਤ ਤੁਹਾਡੇ ਕਾਇਆ ਮੰਦਰ ਪਰਕਾਸ਼, ਨੂਰੋ ਨੂਰ ਨਜ਼ਰੀ ਆਈਆ । ਜਿਸ ਨਾਲੋਂ ਵਿਛੜੇ ਓਸੇ ਦਾ ਬਣਾ ਲਓ ਸਾਥ, ਸ੍ਰਿਸ਼ਟ ਸਬਾਈ ਤੁਹਾਡੀ ਸੰਗੀ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਦਾ ਛਡ ਦਿਓ ਕਿਨਾਰਾ ਤਾਟ, ਸਚ ਸਰੋਵਰ ਲੈਣਾ ਨਹਾਈਆ । ਸਚ ਸੰਦੇਸ਼ਾ ਸੁਣਨਾ ਅਗੰਮੀ ਗਾਥ, ਜੋ ਨਿਹਕਰਮੀ ਆਪ ਸੁਣਾਈਆ । ਸਚ ਪੁੱਛੋ ਆਦਿ ਜੁਗਾਦਿ ਜੁਗ ਚੌਕੜੀ ਸਰਬ ਸ੍ਰਿਸ਼ਟ ਦਾ ਪੁਰਖ ਅਕਾਲ ਇਕੋ ਮਾਈ ਬਾਪ, ਓਸੇ ਦੇ ਪੁਤਰ ਧੀਆਂ ਜੀਵ ਜੰਤ ਨਜ਼ਰੀ ਆਈਆ ।


੫੦੯

### ✻ ੭ ਚੇਤ ਸ਼ਹਿਨਸਾਹੀ ਸੰਮਤ ੧ ਚੇਲਾ ਸਿੰਘ ਦੇ ਗ੍ਰਿਹ ਜੰਮੂ ✻

ਫੁੱਲ ਕਹੇ ਹੁਕਮ ਜਨਾਬ, ਜਨਾਬੇਆਲੀ ਦਿਤਾ ਸੁਣਾਈਆ । ਵਾਹਿਦ ਪਰਵਰਦਿਗਾਰ ਮੇਰਾ ਕਰਨਾ ਅਦਾਬ, ਸਜਦਾ ਸੀਸ ਨਿਵਾਈਆ । ਮੇਰਾ ਲੇਖਾ ਹੱਥ ਓਸ ਅਹਿਬਾਬ, ਜੋ ਮਹਿਬੂਬ ਮੁਹੱਬਤ ਬੇਪਰਵਾਹੀਆ । ਜਿਸ ਦਾ ਪੁੰਨ ਮਿਲੇ ਸਵਾਬ, ਰਹਿਮਤ ਝੋਲੀ ਪਾਈਆ । ਪਾਤਸ਼ਾਹਾਂ ਦਾ ਪਾਤਸ਼ਾਹ ਨਜ਼ਰੀ ਆਏ ਨਵਾਬ, ਵਾਹਿਦ ਲਾਸ਼ਰੀਕ ਨੂਰ ਖ਼ੁਦਾਈਆ । ਘਰ ਵਖਾਏ ਕਾਇਆ ਕਾਅਬੇ ਦੋ ਦੋਆਬ, ਆਬੇ ਹਯਾਤ ਮੁਖ ਚਵਾਈਆ । ਫੁੱਲ ਕਹੇ ਮੇਰਾ ਸੁਨੇਹੜਾ ਲੈ ਕੇ ਜਾਣਾ ਵਾਪਸੀ ਜਵਾਬ, ਸੰਦੇਸ਼ਾ ਹਕੀਕਤ ਵਿਚੋਂ ਸੁਣਾਈਆ । ਫੁੱਲ ਕਹੇ ਮੇਰੇ ਅੰਦਰ ਅਗੰਮੀ ਖ਼ੁਸ਼ਬੂ, ਖ਼ੁਸ਼ਨੂਦੀ ਸਭ ਨੂੰ ਦਿਆਂ ਜਣਾਈਆ । ਮੈਂ ਪਾਕ ਕਰ ਦਿਆਂ ਬੁੱਤ ਤੇ ਰੂਹ, ਜੋ ਮੇਰੇ ਗੁਸਾਂਈ ਦੀ ਭੇਟ ਚੜ੍ਹਾਈਆ । ਇਕੇ ਨਾਲ ਕਰ ਕੇ ਰਜੂਹ, ਰੁਚੀ ਸਾਚੀ ਦਿਆਂ ਬਣਾਈਆ । ਜਿਸ ਮੁਹੱਬਤ ਦੇ ਮਾਲਕ ਨਾਲ ਮੈਂ ਜਾਵਾਂ ਛੂਹ, ਓਹ ਖ਼ਲਕ ਦਾ ਖ਼ਾਲਕ ਨਜ਼ਰੀ ਆਈਆ । ਉਹ ਮੁਹੰਮਦ ਦਾ ਨੂਰ ਹੂਬ ਹੂ, ਜਲਵਾਗਰ ਨਜ਼ਰੀ ਆਈਆ । ਖ਼ੁਸ਼ੀ ਵੇਖ ਕੇ ਹੋਵੇ ਲੂੰ ਲੂੰ, ਅੰਦਰੋਂ ਜ਼ਮੀਰ ਦੇਵੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਅੰਤਰ ਅੰਤਰ ਖੋਜ ਖੁਜਾਈਆ । ਫੁੱਲ ਕਹੇ ਮੈਂ ਫੁੱਲਿਆ ਫੁਲਵਾੜੀ, ਗੁਲਸ਼ਨ ਦਿਤਾ ਮਹਿਕਾਈਆ । ਸਦੀ ਚੌਧਵੀਂ ਮੇਰੀ ਆ ਗਈ ਵਾਰੀ, ਪੱਤ ਟਹਿਣੀ ਨਾਲੋਂ ਜੁਦਾ ਦਿਤਾ ਕਰਾਈਆ । ਮਸਤੀ ਵਿਚ ਮਸਤਾਨੇ ਮੇਰੇ ਨਾਲ ਲਾਈ ਯਾਰੀ, ਆਪਣੇ ਯਾਰ

ਦਾ ਰਾਹ ਤਕਾਈਆ । ਸਚ ਮੁਹੱਬਤ ਦੀ ਇਕ ਖ਼ੁਮਾਰੀ, ਸੋਹਣੀ ਦਿਤੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕ਼ੀਮਤ ਆਪੇ ਪਾਈਆ । ਫੁੱਲ ਕਹੇ ਕੀ ਮੈਨੂੰ ਕਿਸੇ ਹੱਥ ਫੜਾਇਆ ਮੁਰਸ਼ਦ, ਮਸ਼ੀਰ ਦਿਤਾ ਜਣਾਈਆ । ਸੋਹਣੀ ਮਿਲਦੀ ਫ਼ੁਰਸਤ, ਮਿਲਾਇਆ ਬੇਪਰਵਾਹੀਆ । ਮੇਰੇ ਅੰਦਰ ਨਾ ਰਹੀ ਗ਼ੁਰਬਤ, ਚੁਕੀ ਮਾਣ ਵਡਿਆਈਆ । ਫੁੱਲ ਕਹੇ ਮੇਰੇ ਰਹਿਮਾਨ, ਰਹਿਮਤ ਦੇ ਕਮਾਈਆ । ਸਿਦਕ ਸਬੂਰੀ ਦਾ ਦੇ ਈਮਾਨ, ਹੁਜਰਾ ਹਕ ਦੇ ਵਖਾਈਆ । ਜਿਥੇ ਝੂਲਦਾ ਇਕ ਨਿਸ਼ਾਨ, ਮੁਰਸ਼ਦ ਬੈਠਾ ਸ਼ਹਿਨਸ਼ਾਹੀਆ । ਇਕੋ ਕਲਮਾ ਤੇ ਇਕੋ ਕਲਾਮ, ਇਕੋ ਹਰਫ਼ ਰਿਹਾ ਪੜ੍ਹਾਈਆ । ਉਸ ਦੇ ਨਜ਼ਰ ਨਾ ਆਉਂਦੇ ਕਿਸੇ ਅਨਵਾਨ, ਸਾਬਤ ਸੂਰਤ ਨਾ ਕੋਇ ਜਣਾਈਆ । ਫੁੱਲ ਕਹੇ ਜੇ ਮੁਰੀਦੋ ਮੁਰਸ਼ਦ ਦੀ ਤੁਹਾਨੂੰ ਆ ਜਾਵੇ ਪਹਿਚਾਨ, ਫਿਰ ਮੁਸ਼ਕਲ ਅਵਰ ਨਾ ਕੋਇ ਰਖਾਈਆ । ਜੋ ਸਾਰਿਆਂ ਗ਼ੁੰਚਿਆਂ ਦਾ ਬਾਗ਼ਬਾਨ, ਇਨਸਾਨਾਂ ਦਾ ਅਸਲੀ ਮਾਲਕ ਨਜ਼ਰੀ ਆਈਆ । ਉਹ ਫਿਰਦਾ ਨਹੀਂ ਵਿਚ ਅਵਾਮ, ਆਮ ਖ਼ਾਸ ਭੱਜੇ ਨਾ ਵਾਹੋ ਦਾਹੀਆ । ਜਿਸ ਦੇ ਨਾਲ ਉਸ ਦਾ ਹੋਵੇ ਕਾਮ, ਓਸੇ ਨੂੰ ਲਿਆ ਬੁਲਾਈਆ । ਸਾਚਾ ਦੇਵੇ ਪੈਗ਼ਾਮ, ਹਜ਼ਰਤ ਕਰੇ ਪੜ੍ਹਾਈਆ । ਮੁਕਾਮੇ ਹਕ ਦਾ ਅਮਾਮ, ਅਮਲਾਂ ਵਾਲੀ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਫੁੱਲ ਕਹੇ ਮੈਂ ਵੇਖਿਆ ਅੰਦਰ ਇਕ ਹੁਜਰਾ, ਕਾਇਆ ਕਾਅਬੇ ਸੋਭਾ ਪਾਈਆ । ਜਿਥੇ ਪਰਵਰਦਿਗਾਰ ਦਾ ਮੁਜਰਾ, ਮੁਰੀਦ ਮੁਰਸ਼ਦ ਦੋਵੇਂ ਨਚ ਨਚ ਖ਼ੁਸ਼ੀ ਮਨਾਈਆ । ਫੁੱਲ ਕਹੇ ਮੇਰੀ ਬੁਨਿਆਦ ਦਾ ਕਿਸੇ ਨਹੀਂ ਵੇਖਿਆ ਸ਼ਜਰਾ, ਮੇਰਾ ਮੂਲ ਨਾ ਕੋਇ ਸਮਝਾਈਆ । ਜਿਸ ਵੇਲੇ ਮੁਹੰਮਦ ਦੀ ਰੂਹ ਨੂੰ ਮਹਿਬੂਬ ਦਾ ਲਗਣਾ ਸੀ ਸਗਨਾ, ਅਗਲਾ ਪਰਦਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪਣੇ ਹੱਥ ਰਖਾਈਆ । ਫੁੱਲ ਕਹੇ ਮੇਰੀ ਵੇਖੋ ਪੱਤੀ ਪੱਤੀ, ਪੰਖੜੀ ਆਪਣਾ ਹਾਲ ਸੁਣਾਈਆ । ਜਿਸ ਲੋਕਮਾਤ ਚੌਦਾਂ ਤਬਕ ਸਭ ਦੀ ਅੱਖ ਪਰਖ ਲਈ, ਪ੍ਰਤੱਖ ਬੇਪਰਵਾਹੀਆ । ਓਸੇ ਦੀ ਆਸ ਰਖ ਲਈ, ਜੋ ਮਿਲ ਕੇ ਖ਼ੁਸ਼ੀ ਮਨਾਈਆ । ਦਿਲ ਮੇਂ ਥਾ ਏਕ ਐਸਾ ਅਹਿਸਾਸ, ਆਸ਼ਾ ਰਹੀ ਤੜਪਾਈਆ । ਓਸ ਮਹਿਬੂਬ ਦੇ ਜਾਵਾਂ ਪਾਸ, ਜੋ ਮੁਹੱਬਤ ਦਾ ਮਾਲਕ ਨਜ਼ਰੀ ਆਈਆ । ਮੇਰੀ ਪੂਰੀ ਕਰਦੇ ਖ਼ਾਹਿਸ਼, ਖ਼ਾਸ ਆਪਣਾ ਰੰਗ ਚੜ੍ਹਾਈਆ । ਮੇਰਾ ਨਫ਼ਸ ਨਾ ਹੋਵੇ ਉਦਾਸ, ਹਵਸ ਦਏ ਬੁਝਾਈਆ । ਜਿਸ ਤਰਾ ਮੈਂ ਓਸ ਦੀ ਭੇਟਾ ਕਰਨਾ ਫੁੱਲ ਗੁਲਾਬ, ਗੁਲਾਬ ਦਾ ਆਬ ਮੇਰੇ ਅੰਦਰ ਚਵਾਈਆ । ਮੇਰਾ ਕਿਆਮਤ ਦਾ ਮੁੱਕ ਜਾਏ ਹਿਸਾਬ, ਜ਼ਮਾਨਤ ਦੇ ਕੇ ਬਰੀ ਕਰਾਈਆ । ਓਸ ਪੈਗ਼ੰਬਰ ਨੂੰ ਸਜਦਾ ਕਰਾਂ ਅਦਾਬ, ਸਲਾਮਾਲੈਕਮ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਮਾ ਇਕੋ ਦਏ ਪੜ੍ਹਾਈਆ । ਫੁੱਲ ਕਹੇ ਮੈਨੂੰ ਰੱਖਿਆ ਤੋੜ, ਸਚ ਮੁਹੱਬਤ ਇਕ ਰਖਾਈਆ । ਮੈਂ ਕਿਹਾ ਮੈਨੂੰ ਵੀ ਓਸ ਦੀ ਲੋੜ, ਜਿਹੜਾ ਵਿਛੜਿਆਂ ਰਿਹਾ ਮਿਲਾਈਆ । ਦੋਹਾਂ ਮਿਲ ਕੇ ਤਕਿਆ ਗ਼ੌਰ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਸਾਨੂੰ ਨਜ਼ਰੀ ਆਇਆ ਹੋਰ, ਅਵਰ ਕਾ ਅਵਰਾ ਰੂਪ ਵਟਾਈਆ । ਜਿਸ ਦੇ ਹੱਥ ਸਭ ਦੀ ਡੋਰ, ਤੰਦੀ ਤੰਦ ਬੰਧਾਈਆ । ਦੋਵੇਂ ਚਲ ਕੇ ਆ ਗਏ ਕੋਲ, ਪਿਛਲਾ ਪੰਧ ਮੁਕਾਈਆ । ਓਹ ਅਣਤੋਲੇ ਤੋਲੇ ਆਪਣੇ ਤੋਲ, ਕੰਡੇ ਸਚ ਉਠਾਈਆ । ਕਾਇਆ ਕ਼ਬਰ ਸਬਰ ਪਰਦਾ ਦੇਵੇ ਖੋਲ੍ਹ, ਚਸ਼ਮ ਦੀਦ ਨਜ਼ਰੀ ਆਈਆ । ਫੁੱਲ ਕਹੇ ਹੁਕਮ ਥਾ ਏਕ, ਮਾਲਕ ਇਕੋ ਨਜ਼ਰੀ

ਆਈਆ । ਜਿਸ ਨੂੰ ਇਹ ਅੱਖਾਂ ਨਹੀਂ ਸਕਦੀਆਂ ਵੇਖ, ਕਾਇਆ ਕਾਅਬੇ ਵਿਚੋਂ ਨਜ਼ਰੀ ਆਈਆ । ਜਿਸ ਦਾ ਤੀਸ ਬਤੀਸ ਕ਼ੁਰਾਨ ਵਿਚ ਲਿਖਿਆ ਲੇਖ, ਮਜੀਦ ਦਿਤੀ ਵਡਿਆਈਆ । ਓਸੇ ਦੀ ਵਸਤੂ ਓਸੇ ਦੀ ਭੇਟ, ਇਕੋ ਦੇ ਅਗੇ ਦਿਤਾ ਟਿਕਾਈਆ । ਜਿਸ ਨੂੰ ਸਜਦੇ ਕਰਦੇ ਮੁੱਲਾ ਸ਼ੇਖ਼, ਮੁਸਾਇਕ ਨਜ਼ਮਿਆਂ ਵਿਚ ਗਾਈਆ । ਕਾਇਨਾਤ ਕਲਮੇ ਵਾਲੀ ਦੇਵਣਹਾਰਾ ਟੇਕ, ਅਨਾਇਤ ਆਪਣੀ ਆਪ ਝੋਲੀ ਪਾਈਆ । ਜਿਸ ਦੀ ਸਚ ਸ਼ਰਅ ਦੀ ਸਚ ਸ਼ਰਾਇਤ, ਸ਼ਰੀਅਤ ਦਏ ਵਖਾਈਆ । ਜਿਸ ਦੀ ਮੁਕਾਮੇ ਹਕ ਅਰਾਮਗਾਹ ਰਿਹਾਇਸ਼, ਨੂਰ ਨੁਰਾਨਾ ਨਜ਼ਰੀ ਆਈਆ । ਫੁੱਲ ਕਹੇ ਦਰਵੇਸ਼ ਇਸ ਦੀ ਸੁਣ ਲੈ ਹਦਾਇਤ, ਹਜ਼ਰਤ ਹੋ ਕੇ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਫੁੱਲ ਕਹੇ ਮੇਰੀ ਅੱਛੀ ਕਿਸਮ, ਕਿਸਮਤ ਨਾਲ ਕਿਸਮਤ ਦਿਆਂ ਬਦਲਾਈਆ । ਜਿਨ੍ਹਾਂ ਨੂੰ ਪਰਵਰਦਿਗਾਰ ਦਾ ਸਾਚਾ ਮਿਲ ਗਿਆ ਇਸਮ, ਸੋ ਇਸਮ ਆਅਜ਼ਮ ਵਿਚ ਆਪਣਾ ਡੇਰਾ ਲਾਈਆ । ਦਰਸ ਕਰ ਕੇ ਚਸ਼ਮ, ਦੀਦ ਖ਼ੁਸ਼ੀ ਮਨਾਈਆ । ਮੈਂ ਖਾ ਕੇ ਕਹਾਂ ਕ਼ਸਮ, ਪਰਵਰਦਿਗਾਰ ਇਕੋ ਨੂਰ ਖ਼ੁਦਾਈਆ । ਜਿਸ ਦਾ ਵਜੂਦ ਨਹੀਂ ਕੋਈ ਜਿਸਮ, ਮਾਟੀ ਖ਼ਾਕ ਗੋਰ ਨਾ ਡੇਰਾ ਲਾਈਆ ।

### ❊ ੭ ਚੇਤ ਸ਼ਹਿਨਸ਼ਾਹੀ ਸੰਮਤ ੧ ਲਾਲ ਚੰਦ ਦੇ ਗ੍ਰਿਹ ਜੰਮੂ ❊

ਸੱਤ ਚੇਤ ਕਹੇ ਮੇਰੀ ਆ ਗਈ ਮਿਤੀ, ਮਿਤਰ ਪਿਆਰੇ ਦਿਆਂ ਮਿਲਾਈਆ । ਧੰਨ ਭਾਗ ਸਾਹਿਬ ਸਤਿਗੁਰ ਖੋਲ੍ਹਣ ਲੱਗਾ ਚਿੱਠੀ, ਗੋਬਿੰਦ

ਆਪਣਾ ਪਰਦਾ ਲਾਹੀਆ । ਜਿਹੜੀ ਬਿਨ ਕ਼ਲਮ ਸ਼ਾਹੀ ਲਿਖੀ, ਹਰਫ਼ਾਂ ਵਿਚ ਨਾ ਕੋਇ ਸਮਝਾਈਆ । ਉਸ ਦਾ ਲੇਖਾ ਪਰਮ ਪੁਰਖ ਸਤਿ ਧਰਮ ਪਰਗਟੌਣੀ ਸਾਚੀ ਸਿੱਖੀ, ਚਾਰ ਵਰਨ ਸਰਨਾਈਆ । ਜਿਨ੍ਹਾਂ ਦੇ ਦਰਸ ਪੌਣ ਔਣਾ ਸਪਤ ਰਿਖੀ, ਆਪਣਾ ਪੰਧ ਮੁਕਾਈਆ । ਉਹ ਦੋ ਇਕ ਦੀ ਮਿਲ ਕੇ ਨਿਰਗੁਣ ਸਰਗੁਣ ਹੋਣੀ ਇੱਕੀ, ਏਕੰਕਾਰ ਜੋੜ ਜੁੜਾਈਆ । ਜਗ ਨੇਤਰ ਲੋਚਨ ਨੈਣ ਕਿਸੇ ਨਾ ਦਿਸੀ, ਸਚ ਦਵਾਰੇ ਦਏ ਸਮਝਾਈਆ । ਸ੍ਰਿਸ਼ਟ ਸਬਾਈ ਕੂੜੀ ਕਰ ਕੇ ਫ਼ਿਕੀ, ਅਮਿਉਂ ਰਸ ਆਪਣਾ ਦਏ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਲਗਾਈਆ । ਸੱਤ ਚੇਤ ਕਹੇ ਮੈਂ ਹੋ ਕੇ ਆਇਆ ਸਤਿ, ਸਤਿ ਧਰਮ ਦਿਆਂ ਜਣਾਈਆ । ਜਨ ਭਗਤੋ ਖੋਲ੍ਹ ਕੇ ਵੇਖੋ ਅੱਖ, ਪਰਦਾ ਦੂਈ ਉਠਾਈਆ । ਜੋਤ ਸਰੂਪੀ ਹਰਿ ਪਰਤਖ, ਨਿਰਵੈਰ ਨਜ਼ਰੀ ਆਈਆ । ਨਾਮ ਨਿਧਾਨ ਗਾਵੋ ਗਾਥ, ਸਾਚੀ ਕਰੋ ਪੜ੍ਹਾਈਆ । ਊਚ ਨੀਚ ਬਣ ਕੇ ਇਕ ਜਮਾਤ, ਸਾਚਾ ਮੰਦਰ ਦੇਣਾ ਸੁਹਾਈਆ । ਅੰਤਰ ਆਤਮ ਪੂਰੀ ਕਰ ਲਉ ਖ਼ਾਹਿਸ, ਚਿੰਤਾ ਚਿਖਾ ਦਏ ਗਵਾਈਆ । ਸਚ ਦਵਾਰੇ ਕਰਨਹਾਰ ਨਿਵਾਸ, ਭੂਮਿਕਾ ਭੂਮੀ ਦਏ ਵਡਿਆਈਆ । ਸਚ ਬੇਨੰਤੀ ਸੁਣਨ ਆਇਆ ਅਰਦਾਸ, ਆਸ ਪਾਸ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦੁਨੀ ਦਾ ਮਾਲਕ ਵੇਖ ਵਖਾਈਆ । ਸੱਤ ਚੇਤ ਕਹੇ ਮੈਂ ਸਤਿ ਸਤਿਵਾਦ, ਸਤਿ ਸਚ ਦਿਆਂ ਦ੍ਰਿੜਾਈਆ । ਮੇਰਾ ਲੇਖਾ ਆਦਿ ਜੁਗਾਦਿ, ਜੁਗ ਚੌਕੜੀ ਨਾ ਕੋਇ ਮੁਕਾਈਆ । ਲੋਕਮਾਤ ਚੜ੍ਹਿਆ ਖ਼ਾਸ, ਖ਼ੁਸੂਸੀਅਤ ਆਪਣੀ ਨਾਲ ਲਿਆਈਆ । ਹਰਿਜਨ ਹੋਵੇ ਨਾ ਕੋਇ ਉਦਾਸ, ਦੀਨਾਂ ਅਨਾਥਾਂ ਬਖ਼ਸ਼ੇ ਇਕ ਸਰਨਾਈਆ । ਪਰਮ ਪੁਰਖ ਜਨ ਭਗਤਾਂ ਕਰ

ਨਿਵਾਸ, ਅਸਥਾਨ ਇਕੋ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੱਤ ਚੇਤ ਕਹੇ ਮੈਂ ਵੇਖੀ ਸਤਿ ਤਸਵੀਰ, ਪੁਰਖ ਅਕਾਲ ਦਿਤੀ ਜਣਾਈਆ । ਜਿਸ ਦੇ ਅੰਦਰ ਸ਼ਾਹ ਹਕੀਰ, ਬੈਠੇ ਡੇਰੇ ਲਾਈਆ । ਦਰਵੇਸ਼ ਮੰਗਤੇ ਫ਼ਕੀਰ, ਝੋਲੀ ਰਹੇ ਵਖਾਈਆ । ਝੁਕਦੇ ਪੈਗ਼ੰਬਰ ਪੀਰ, ਗੁਰ ਅਵਤਾਰ ਸੀਸ ਨਿਵਾਈਆ । ਭਗਤ ਸੁਹੇਲੇ ਪੈਂਡੇ ਚੀਰ, ਬੈਠੇ ਪੰਧ ਮੁਕਾਈਆ । ਬਣ ਵੈਰਾਗੀ ਨੇਤਰ ਵਹਾਵਣ ਨੀਰ, ਜਲਧਾਰਾ ਰੂਪ ਵਟਾਈਆ । ਨਾਮ ਖੰਡਾ ਫੜ ਸ਼ਮਸ਼ੀਰ, ਜੋਧੇ ਰੂਪ ਆਪਣਾ ਭੇਖ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਸਮਝਾਈਆ । ਸੱਤ ਚੇਤ ਕਹੇ ਮੈਂ ਸਮਝਿਆ ਸਤਿ, ਸਤਿ ਪੁਰਖ ਨਿਰੰਜਣ ਇਕੋ ਨਜ਼ਰੀ ਆਈਆ । ਜਿਸ ਦਾ ਮਾਰਗ ਨਿਰਾਲਾ ਸਭ ਤੋਂ ਵਖ, ਵਖਰੀ ਕਾਰ ਕਮਾਈਆ । ਜਨ ਭਗਤਾਂ ਖੋਲ੍ਹ ਕੇ ਅੱਖ, ਆਪਣਾ ਦਰਸ ਦਿਤਾ ਕਰਾਈਆ । ਕੂੜੀ ਕਿਰਿਆ ਤੋਂ ਪਿਛੇ ਹਟ, ਬੈਠਾ ਮੁਖ ਭਵਾਈਆ । ਸਰਬ ਕਲਾ ਹੋ ਸਮਰਥ, ਅਚਰਜ ਲੀਲ੍ਹਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੱਤ ਚੇਤ ਕਹੇ ਸਚ ਜਾਣਿਆ ਏਕ, ਏਕੰਕਾਰ ਨਜ਼ਰੀ ਆਈਆ । ਜਿਸ ਦੀ ਸਾਚੀ ਲੈ ਕੇ ਟੇਕ, ਗੁਰਮੁਖਾਂ ਜੋੜ ਜੁੜਾਈਆ । ਅੰਦਰ ਬਾਹਰ ਕਰ ਬਿਬੇਕ, ਵਿਵੇਕੀ ਦਏ ਸਮਝਾਈਆ । ਪੁਰਖ ਅਕਾਲ ਇਕੋ ਟੇਕ, ਰਘੁਨਾਥ ਹੋਏ ਸਹਾਈਆ । ਵੇਖੋ ਚਲ ਕੇ ਆਪਣਾ ਦੇਸ, ਜੋ ਸੁਹੰਜਣਾ ਸੋਭਾ ਪਾਈਆ । ਹਰਿ ਸਰਨਾਈ ਲੈਣਾ ਖੇਡ, ਆਪਣੀ ਖ਼ੁਸ਼ੀ ਨਾਲ ਮਿਲਾਈਆ । ਜਿਸ ਤੁਹਾਨੂੰ ਦਿਤਾ ਭੇਜ, ਸੋ ਵੇਖਣ ਆਇਆ ਚਾਈਂ ਚਾਈਂਆ । ਤੁਸੀਂ ਸਵਾਰਕੇ ਰੱਖੋ ਸੇਜ, ਆਤਮ ਅੰਤਰ ਆਸਣ ਲਾਈਆ । ਉਹ ਜੋਤੀ ਜਲਵਾ ਕਰ ਕੇ ਤੇਜ, ਅੰਧ ਅੰਧੇਰਾ ਦਏ ਮਿਟਾਈਆ । ਆਤਮ ਪਰਮਾਤਮ ਹੋ ਕੇ ਲਏ ਵੇਖ, ਨਿਜ ਨੇਤਰ ਲੋਚਨ ਮੇਲ ਮਿਲਾਈਆ । ਸਭ ਦਾ ਮਾਲਕ ਬਣ ਕੇ ਇਕ ਨਰੇਸ਼, ਧੁਰ ਦਾ ਹੁਕਮ ਦਏ ਦ੍ਰਿੜਾਈਆ । ਸਤਿ ਧਰਮ ਜਿਸ ਦੇ ਦਵਾਰੇ ਹੋਇਆ ਭੇਟ, ਆਪ ਆਪਣਾ ਗਿਆ ਚੁਕਾਈਆ । ਸੋ ਸਖ਼ਾ ਸੁਹੇਲਾ ਇਕ ਅਕੇਲਾ ਬਣ ਕੇ ਖੇਵਟ ਖੇਟ, ਖਟੀਆ ਉਤੇ ਬਹਿ ਕੇ ਰਿਹਾ ਤਰਾਈਆ । ਜਿਸ ਨੂੰ ਲੱਭਦੇ ਦੇਵੀ ਦੇਵਤ ਨੇਤ ਨੇਤ, ਨੈਣਾਂ ਨੈਣ ਉਠਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਭਾਗ ਲਗਾਵਣਹਾਰਾ ਸਪਤਮ ਚੇਤ, ਗੁਰਮੁਖ ਚਾਤਰਕ ਬਿਲਲੋਂਦਿਆਂ ਤ੍ਰਿਖਾ ਰਿਹਾ ਬੁਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੰਮੀ ਖੇਲ ਕਰੇ ਅਚਾਨਕ ਅਚੇਤ, ਅਚੰਭਾ ਕਰ ਦਏ ਜਗਤ ਲੋਕਾਈਆ ।


੫੧੨

## ✳ ੭ ਚੇਤ ਸ਼ਹਿਨਸ਼ਾਹੀ ਸੰਮਤ ੧ ਸ਼ਿਵ ਰਾਮ ਦੇ ਗ੍ਰਿਹਿ ਜੋੜੀਆਂ ਜ਼ਿਲਾ ਜੰਮੂ ✳

ਸੱਤ ਦਿਵਸ ਕਹੇ ਪ੍ਰਭ ਆਇਆ ਭਾਗਿਆ, ਭਗਵਨ ਆਪਣਾ ਫੇਰਾ ਪਾਈਆ । ਗੁਰਮੁਖ ਸੁਹੇਲਾ ਵਿਰਲਾ ਲੋਕਮਾਤ ਜਾਗਿਆ, ਜਿਸ ਜਾਗਰਤ ਜੋਤ ਕਰੀ ਰੁਸ਼ਨਾਈਆ । ਸਚ ਸਰਨਾਈ ਏਕੋ ਲਾਗਿਆ, ਪ੍ਰਭ ਠਾਕਰ ਓਟ ਤਕਾਈਆ । ਜਨਮ ਕਰਮ ਦੁਰਮਤ ਮੈਲ ਧੋਇਆ ਦਾਗ਼ਿਆ, ਪਤਿਤ ਪੁਨੀਤ ਰੂਪ ਵਟਾਈਆ । ਅੰਤਰ ਨਾਮ ਸਾਚਾ ਮਿਲਿਆ ਰਾਗਿਆ, ਧੁਰ ਦਾ ਢੋਲਾ ਗਾਈਆ । ਸਚ ਸਚ ਹੋਇਆ ਵਿਸਮਾਦਿਆ, ਆਪਣਾ

ਆਪ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣਾ ਰੰਗ ਵਖਾਈਆ । ਸੱਤ ਕਹੇ ਮੇਰੀ ਆਈ ਵਾਰੀ, ਹਰਿ ਸਤਿਗੁਰ ਦਇਆ ਕਮਾਈਆ । ਜੁਗ ਚੌਕੜੀ ਚੁਕਣੀ ਖ਼ੁਆਰੀ, ਕਿਰਿਆ ਕੂੜੀ ਤਜਾਈਆ । ਮਨਮੁਖਾਂ ਨਾਲੋਂ ਤੁਟੀ ਯਾਰੀ, ਹਰਿ ਭਗਤਾਂ ਜੋੜ ਜੁੜਾਈਆ । ਸੱਜਣ ਸੁਹੇਲਾ ਮਿਲਿਆ ਏਕੰਕਾਰੀ, ਅਕਲ ਕਲਧਾਰੀ ਨਜ਼ਰੀ ਆਈਆ । ਜਿਸ ਦਾ ਹੁਕਮ ਚਲੇ ਜੁਗ ਚਾਰੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਮਨਾਈਆ । ਸੇਵਾ ਕਰਦੇ ਗੁਰ ਅਵਤਾਰੀ, ਪੀਰ ਪੈਗ਼ੰਬਰ ਭੱਜਣ ਵਾਹੋ ਦਾਹੀਆ । ਸੋ ਕਿਰਪਾ ਕਰੇ ਅਪਰ ਅਪਾਰੀ, ਅਪਰੰਪਰ ਆਪਣਾ ਫੇਰਾ ਪਾਈਆ । ਭਗਤ ਸੁਹੇਲੇ ਰਿਹਾ ਉਭਾਰੀ, ਨਿਰਗੁਣ ਹੋ ਕੇ ਸਰਗੁਣ ਆਪ ਜਗਾਈਆ । ਸ਼ਬਦ ਅਨਾਦੀ ਬਣ ਲਿਖਾਰੀ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੱਤ ਕਹੇ ਮੈਂ ਵੇਖਣ ਆਇਆ ਸਤਿ ਸੰਤੋਖ, ਲੋਕਮਾਤ ਆਪਣਾ ਫੇਰਾ ਪਾਈਆ । ਪੰਧ ਮੁਕਾ ਕੇ ਚੌਦਾਂ ਲੋਕ, ਸਚ ਦਵਾਰੇ ਸੋਭਾ ਪਾਈਆ । ਭਗਤ ਭਗਵਾਨ ਦੀ ਵੇਖੀ ਮੌਜ, ਮੁਰੀਦ ਮੁਰਸ਼ਦ ਇਕੋ ਰੰਗ ਸਮਾਈਆ । ਇਕ ਦੂਜੇ ਦੀ ਕਰ ਕੇ ਖੋਜ, ਘਰ ਘਰ ਵਿਚ ਆਪਣਾ ਰੰਗ ਰੰਗਾਈਆ । ਅਗੇ ਪਿਛੇ ਦੀ ਮੁੱਕੀ ਸੋਚ, ਆਵਣ ਜਾਵਣ ਪੰਧ ਰਿਹਾ ਨਾ ਰਾਈਆ । ਧੁਰ ਦਰਗਾਹੀ ਪੜ੍ਹ ਸਲੋਕ, ਇਕ ਦੂਜੇ ਨੂੰ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੱਤ ਕਹੇ ਮੈਂ ਵੇਖਣ ਆਇਆ ਮਾਤ, ਨਿਰਗੁਣ ਕੀ ਕੀ ਖੇਲ ਖਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੇ ਕੇ ਗਏ ਸੁਗ਼ਾਤ, ਕਿਸ ਬਿਧ ਵੇਖੇ ਥਾਉਂ ਥਾਈਆ । ਵਰਨ ਬਰਨ ਜੋ ਬਣੀ ਜਮਾਤ, ਚਾਰ ਕੁੰਟ ਵੰਡ ਵੰਡਾਈਆ । ਦੀਨ ਮਜ਼੍ਹਬ ਜੋ ਗੌਂਦੇ ਗਾਥ, ਰਸਨਾ ਕਰਨ ਪੜ੍ਹਾਈਆ । ਪਾਂਧੇ ਤਿਲਕ ਲਗੌਂਦੇ ਜੋ ਮਸਤਕ ਮਾਥ, ਤ੍ਰਿਸੂਲ ਰੂਪ ਵਟਾਈਆ । ਮੁਲਾ ਸ਼ੇਖ਼ ਜੋ ਪੜ੍ਹਨ ਨਿਮਾਜ਼, ਵੇਲੇ ਵਕ਼ਤ ਪੰਜ ਸੁਹਾਈਆ । ਗ੍ਰੰਥੀ ਪੰਥੀ ਜੋ ਕਰਨ ਅਰਦਾਸ, ਬੇਨੰਤੀ ਜਗਤ ਜਣਾਈਆ । ਪਰਦਾ ਲਾਹ ਕੇ ਸਭ ਦਾ ਵੇਖੇ ਖੇਲ ਤਮਾਸ਼, ਨਟੂਆ ਹੋ ਕੇ ਸਵਾਂਗ ਵਰਤਾਈਆ । ਜਾਂ ਤਕਿਆ ਸਾਚੀ ਵਸਤ ਕਿਸੇ ਨਾ ਪਾਸ, ਖ਼ਾਲੀ ਬੈਠੇ ਰਹੇ ਕੁਰਲਾਈਆ । ਕਿਰਪਾ ਕਰ ਕੇ ਪੁਰਖ ਅਬਿਨਾਸ਼, ਜਨ ਭਗਤਾਂ ਦਿਤੀ ਵਡਿਆਈਆ । ਸਾਚਾ ਨਾਮ ਸੱਚੀ ਕਰਾਮਾਤ, ਝੋਲੀ ਇਕੋ ਵਾਰ ਭਰਾਈਆ । ਹਰਿਜਨ ਪਿਆਰਿਓ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੌਣੀ ਗਾਥ, ਪ੍ਰਿਥਮੀ ਆਕਾਸ਼ ਤੁਹਾਡਾ ਲੇਖਾ ਰਹੇ ਨਾ ਰਾਈਆ ।

### ✳ ੭ ਚੇਤ ਸ਼ਹਿਨਸ਼ਾਹੀ ਸੰਮਤ ੧ ਝੰਡੂ ਰਾਮ ਦੇ ਗ੍ਰਿਹਿ ਜੌੜੀਆ ਜ਼ਿਲਾ ਜੰਮੂ ✳

ਸੱਤ ਚੇਤ ਕਹੇ ਪ੍ਰਭ ਕਿਰਪਾ ਧਾਰ, ਤੇਰੇ ਹੱਥ ਵਡੀ ਵਡਿਆਈਆ । ਭਗਤ ਸੁਹੇਲੇ ਸਾਚੇ ਤਾਰ, ਅਧਵਾਟੇ ਰਹਿਣ ਕੋਇ ਨਾ ਪਾਈਆ । ਫੜ ਫੜ ਬਾਹੋਂ ਲਾ ਦੇ ਪਾਰ, ਧੁਰ ਦੇ ਮਾਲਕ ਸੇਵਾ ਸਚ ਕਮਾਈਆ । ਓਨ੍ਹਾਂ ਦਾ ਲੇਖਾ ਰਹੇ ਨਾ ਕੋਈ ਵਿਚ ਸੰਸਾਰ, ਜੋ ਪੁਰਖ ਅਬਿਨਾਸ਼ੀ ਤੇਰਾ ਦਰਸ਼ਨ ਪਾਈਆ । ਆਵਣ ਜਾਵਣ ਲੱਖ ਚੁਰਾਸੀ ਗੇੜਾ ਦੇ ਨਿਵਾਰ, ਜਮ ਕੀ ਫ਼ਾਸੀ ਦੇ ਕਟਾਈਆ । ਜੁਗ ਚੌਕੜੀ ਪਿਛੋਂ ਤੇਰਾ ਇਹੋ ਵਡਾ ਪਰਉਪਕਾਰ, ਬਿਨ ਭਗਤੀਉਂ ਪਾਰ ਲੰਘਾਈਆ । ਵੇਖ ਵਖਾਣੇ ਸਿਰਜਣਹਾਰ, ਸਮਰਥ ਪੁਰਖ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਗਲੇ ਲਗਾਈਆ । ਸੱਤ ਚੇਤ ਕਹੇ ਤੇਰੇ ਹੱਥ ਵਡਿਆਈ, ਵਡ ਵੱਡਾ ਨਜ਼ਰੀ ਆਈਆ । ਨਿਰਗੁਣ ਹੋ ਕੇ ਬਣਿਆ ਪਾਂਧੀ ਰਾਹੀ, ਨਿਰਵੈਰ ਆਪਣਾ ਫੇਰਾ ਪਾਈਆ । ਮਾਰਗ ਚਲਦਿਆਂ ਗੁਰਮੁਖ ਸੱਜਣ ਜਾ ਤਰਾਈ, ਤਾਰਨਹਾਰੇ ਤੇਰੀ ਓਟ ਤਕਾਈਆ । ਤੇਰੀ ਕ਼ੀਮਤ ਲੱਗੇ ਨਾ ਰਾਈ, ਰਿਆਇਤ ਨਾਲ ਸਭ ਦੇ ਲੇਖੇ ਦੇ ਚੁਕਾਈਆ । ਦੂਜੇ ਓਟ ਰਹੇ ਨਾ ਰਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦੇ ਜਣਾਈਆ । ਸੱਤ ਚੇਤ ਕਹੇ ਮੇਰੀ ਮੰਗ ਅਖ਼ੀਰੀ, ਦਰ ਠਾਂਡੇ ਆਪ ਰਖਾਈਆ । ਜਿਸ ਨੂੰ ਪ੍ਰਭੂ ਕਹਿੰਦੇ ਮਿਲ ਗਿਆ ਤਕ਼ਦੀਰੀ, ਉਹ ਵੇਲਾ ਵਕ਼ਤ ਦਏ ਗਵਾਹੀਆ । ਗੁਰਮੁਖਾਂ ਅੰਤਰ ਆਤਮ ਦੇ ਜਾ ਧੀਰੀ, ਸਤਿ ਸੰਤੋਖ ਇਕ ਸਮਝਾਈਆ । ਜੋ ਅੰਤਰ ਅੰਤਰ ਲੱਗੀ ਪੀੜੀ, ਉਸ ਦਾ ਦੁਖ ਦੇ ਮਿਟਾਈਆ । ਤੇਰੇ ਹੱਥ ਸ਼ਹਿਨਸ਼ਾਹੀ ਵਜ਼ੀਰੀ, ਹਕੀਰੀ ਤੇਰੇ ਚਰਨਾਂ ਹੇਠਾਂ ਬੈਠੀ ਸੀਸ ਨਿਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਬੇਨਜ਼ੀਰੀ, ਮਿਹਰ ਨਜ਼ਰ ਨਾਲ ਬੇੜੇ ਲਏ ਚੜ੍ਹਾਈਆ ।

### ❊ ੭ ਚੇਤ ਸ਼ਹਿਨਸ਼ਾਹੀ ਸੰਮਤ ੧ ਤੇਜ ਭਾਨ ਦੇ ਗ੍ਰਹਿ ਸ਼ੇਖ਼ਸਰ ਜ਼ਿਲਾ ਜੰਮੂ ❊

ਪ੍ਰਭ ਪ੍ਰੀਤ ਕਹੇ ਮੈਂ ਹੁਣ ਨਹੀਂ ਟੁਟਣਾ, ਟੋਟੇ ਟੋਟੇ ਹੋ ਕੇ ਆਪਣਾ ਆਪ ਭੇਟ ਚੜ੍ਹਾਈਆ । ਕੂੜੇ ਵਿਛੋੜੇ ਵਾਲਾ ਬੂਟਾ ਪੁਟਣਾ, ਜਨ ਭਗਤਾਂ ਅੰਦਰ ਰਹਿਣ ਕੋਇ ਨਾ ਪਾਈਆ । ਪ੍ਰੇਮ ਮੁਹੱਬਤ ਨਾਲ ਪੁਛਣਾ, ਸਹਿਜ ਨਾਲ ਸੁਣਾਈਆ । ਜਨ ਭਗਤੋ ਤੁਹਾਨੂੰ ਪਏ ਨਾ ਅਗੇ ਲੁਕਣਾ, ਪੜਦੇ ਸਾਰੇ ਦਏ ਉਠਾਈਆ । ਮਾਰਗ ਪਏ ਨਾ ਕਿਸੇ ਤੋਂ ਪੁਛਣਾ, ਸਾਚਾ ਰਾਹ ਇਕ ਜਣਾਈਆ । ਧਰਮ ਨਿਸ਼ਾਨਿਉਂ ਕਦੇ ਨਾ ਉਕਣਾ, ਤੀਰ ਨਿਰਾਲਾ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਪ੍ਰੀਤ ਕਹੇ ਮੈਂ ਕਦੇ ਨਾ ਜਾਵਾਂ ਟੁਟ, ਟੁੱਟਿਆਂ ਦਿਆਂ ਮਿਲਾਈਆ । ਭਗਤਾਂ ਨਾਲੋਂ ਨਾ ਜਾਵਾਂ ਰੁਠ, ਰੁਸਿਆਂ ਜੋੜ ਜੁੜਾਈਆ । ਲੱਖ ਚੁਰਾਸੀ ਵਿਚੋਂ ਭਗਤਾਂ ਪੁਛ, ਪੂਰਬ ਲੇਖਾ ਦਿਆਂ ਸਮਝਾਈਆ । ਔਣ ਜਾਣ ਦਾ ਝਗੜਾ ਗਿਆ ਮੁਕ, ਲੇਖਾ ਅਵਰ ਨਾ ਕੋਇ ਵਖਾਈਆ । ਸੰਤ ਸੁਹੇਲੇ ਜਾਓ ਉਠ, ਆਪਣੀ ਲਉ ਅੰਗੜਾਈਆ । ਸਚ ਪ੍ਰੀਤੀ ਕਰੇ ਅਬਿਨਾਸ਼ੀ ਅਚੁਤ, ਚੇਤਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਂਡਾ ਭਰਮ ਭਉ ਭੰਨਾਈਆ । ਪ੍ਰੀਤੀ ਕਹੇ ਮੈਂ ਦੱਸਣਾ ਪ੍ਰੇਮ ਨਜ਼ਾਰਾ, ਪਿਛਲਾ ਭੇਵ ਖੁਲ੍ਹਾਈਆ । ਭਗਤਾਂ ਦਾ ਬਣ ਸਹਾਰਾ, ਹੌਸਲਾ ਦੇਣਾ ਵਧਾਈਆ । ਕੰਢੀ ਦਾ ਵੇਖ ਕਿਨਾਰਾ, ਕੰਡਿਆਂ ਵਿਚੋਂ ਬਾਹਰ ਕਢਾਈਆ । ਸਾਚੀ ਡੰਡੀ ਦਾ ਇਸ਼ਾਰਾ, ਧਰਮੀਆਂ ਦਿਆਂ ਦ੍ਰਿੜਾਈਆ । ਮੁਹੱਬਤ ਦਾ ਵਣਜਾਰਾ, ਪੁਰਖ ਅਕਾਲ ਦਿਆਂ ਮਿਲਾਈਆ । ਸਚ ਦਾ ਭੰਡਾਰਾ, ਅਨਮੰਗਿਆ ਝੋਲੀ ਪਾਈਆ । ਧੁਰ ਦਾ ਦਰਬਾਰਾ, ਸਚਖੰਡ ਇਕੋ ਦਿਆਂ ਵਖਾਈਆ । ਜਿਥੇ ਦੀਪਕ ਜੋਤ ਕਰੇ ਉਜਿਆਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਸੱਜਣ ਮਿਲ ਜਾਏ ਮੀਤ ਪਿਆਰਾ, ਪਰਮ ਪੁਰਖ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪ੍ਰੀਤ ਕਹੇ ਮੈਂ ਹੋਣ ਨਹੀਂ ਦੇਣਾ ਵਿਛੋੜਾ, ਵਿਛੜਿਆਂ ਜਾਣਾ ਮਿਲਾਈਆ । ਭਗਤ ਭਗਵਾਨ ਦਾ ਸਦਾ ਕ਼ਾਇਮ ਰਹੇ ਜੋੜਾ, ਜੋੜੀ ਸਾਚੀ ਦਿਤੀ ਬਣਾਈਆ । ਬਾਕੀ ਦਾ

ਲੇਖਾ ਰਖ ਕੇ ਕੋਰਾ, ਖ਼ਾਲੀ ਹੱਥ ਦਿਤਾ ਜਣਾਈਆ । ਜਨ ਭਗਤਾਂ ਕਰਕੇ ਭਾਗ ਮਥੋਰਾ, ਮਿਥਿਆ ਸ੍ਰਿਸ਼ਟੀ ਨਾਤਾ ਦਿਤਾ ਤੁੜਾਈਆ । ਆਤਮ ਪਰਮਾਤਮ ਬੰਨ੍ਹ ਕੇ ਡੋਰਾ, ਧਾਗਾ ਰਵਿਦਾਸ ਵਾਲਾ ਗੰਢ ਪੁਵਾਈਆ । ਜਿਹੜਾ ਲੁੱਟਿਆ ਜਾਏ ਨਾ ਕੋਲੋਂ ਚੋਰਾਂ, ਠੱਗਾਂ ਹੱਥ ਕਦੇ ਨਾ ਆਈਆ । ਜਿਸ ਦੀ ਸੰਤ ਸੁਹੇਲੇ ਹਰਿ ਸਤਿਗੁਰ ਪੈ ਗਈ ਲੋੜਾ, ਲੋੜੀਂਦਾ ਸਾਜਣ ਫੇਰਾ ਪਾਈਆ । ਕੂੜੀ ਕਿਰਿਆ ਕਟ ਕੇ ਘੋਰ ਅੰਧੇਰਾ, ਸਚ ਚੰਦ ਦਏ ਚਮਕਾਈਆ । ਪ੍ਰੇਮ ਪਿਆਰ ਅੰਦਰ ਬੰਨ੍ਹ ਕੇ ਬੇੜਾ, ਨਈਆ ਨੌਕਾ ਪਾਰ ਲੰਘਾਈਆ । ਮਿਲਣ ਵਿਛੜਨ ਦਾ ਅਗੇ ਰਹੇ ਨਾ ਝੇੜਾ, ਇਕੋ ਰੰਗ ਲਏ ਸਮਾਈਆ । ਜਨ ਭਗਤਾਂ ਦੇ ਕਾਰਨ ਪਾਇਆ ਫੇਰਾ, ਫ਼ੈਸਲੇ ਓਨ੍ਹਾਂ ਦਏ ਕਰਾਈਆ । ਮੁਹੱਬਤ ਦਾ ਮਾਲਕ ਕਰਨ ਆਇਆ ਮਿਹਰਾ, ਮਿਹਰਵਾਨ ਹੋਇਆ ਸਹਾਈਆ । ਜਿਨ੍ਹਾਂ ਦਾ ਨਾਤਾ ਜੋੜਿਆ ਕੇਰਾ, ਕਲਮਿਆਂ ਵਾਲਾ ਸਕੇ ਨਾ ਕੋਇ ਤੁੜਾਈਆ । ਸਚ ਦਵਾਰੇ ਕਰ ਵਸੇਰਾ, ਮੰਦਰ ਸੋਹਣਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪ੍ਰੀਤ ਕਹੇ ਮੈਂ ਖੇਲ ਕਰਾਂ ਅਵੱਲਾ, ਪਹਿਲੀ ਬਣਤ ਬਣਾਈਆ । ਨਾਤਾ ਜੋੜ ਕੇ ਪਿਛਲਾ ਗਭਲਾ, ਦੋਆਬਾ ਰੰਗ ਚੜ੍ਹਾਈਆ । ਅੰਮ੍ਰਿਤ ਚਵਾ ਕੇ ਸਾਚੇ ਨਭਲਾ, ਨਾਭੀ ਕਵਲ ਭਰਾਈਆ । ਕਾਇਆ ਮੰਦਰ ਸੁਹਾ ਕੇ ਬੰਗਲਾ, ਹਰਿ ਸੱਜਣ ਦਿਆਂ ਮਿਲਾਈਆ । ਜੋ ਜਗਤ ਵਿਛੋੜਾ ਪਿਛਲਾ ਕਦ ਕਾ, ਅੰਤ ਦਿਆਂ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਪ੍ਰੀਤ ਕਹੇ ਮੈਂ ਹੱਥ ਤੈਂਡੇ, ਡੋਰੀ ਤੂਹੀਉਂ ਉਤੇ ਸੁਟਾਈਆ । ਪੁਰਖ ਅਕਾਲ ਦੀਨ ਦਿਆਲ ਸਚਖੰਡ ਨਿਵਾਸੀ ਮਾਰ ਕੇ ਆਇਆ ਪੈਂਡੇ, ਪਾਂਧੀ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੇਪਰਵਾਹ ਜਿਸ ਨੂੰ ਕਹਿੰਦੇ, ਦੱਖਣ ਪਹਾੜ ਪੂਰਬ ਪੱਛਮ ਵੇਖ ਵਖਾਈਆ । ਦੋ ਜਹਾਨ ਜਿਸ ਦਾ ਨਾਮ ਲੈਂਦੇ, ਲੈ ਲੈ ਖ਼ੁਸ਼ੀ ਮਨਾਈਆ । ਪੀਰ ਪੈਗ਼ੰਬਰ ਜਿਸ ਦਾ ਭਾਣਾ ਸਹਿੰਦੇ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪ੍ਰੀਤ ਕਹੇ ਮੈਨੂੰ ਭਗਤਾਂ ਉਤੇ ਮਾਣ, ਖ਼ੁਸ਼ੀ ਨਾਲ ਸਮਝਾਈਆ । ਜਿਨ੍ਹਾਂ ਨੂੰ ਸ੍ਰੀ ਭਗਵਾਨ ਮਿਲਿਆ ਆਣ, ਹਰਿ ਕਰਤਾ ਧੁਰ ਦਰਗਾਹੀਆ । ਰਹਿਮਤ ਨਾਲ ਦਿਤੀ ਪਹਿਚਾਣ, ਨੁਹਾਰ ਦਿਤੀ ਸਮਝਾਈਆ । ਜਗਤ ਜਹਾਨ ਵੇਖਿਆ ਮਾਰ ਧਿਆਨ, ਸ੍ਰਿਸ਼ਟੀ ਖੋਜ ਖੁਜਾਈਆ । ਸਚ ਭੰਡਾਰਾ ਦੇ ਕੇ ਗਿਆਨ, ਨਾਮ ਅਮੋਲਕ ਝੋਲੀ ਪਾਈਆ । ਸੱਜਣ ਮੀਤ ਕਰ ਪਰਵਾਨ, ਪਰਮ ਪੁਰਖ ਦਿਤੀ ਸਰਨਾਈਆ । ਚਰਨ ਧੂੜ ਕਰਾ ਇਸ਼ਨਾਨ, ਦੁਰਮਤ ਮੈਲ ਧਵਾਈਆ । ਸਚ ਸੰਦੇਸ਼ਾ ਦੇ ਕੇ ਮਿਹਰਵਾਨ, ਪਰਦਾ ਰਿਹਾ ਉਠਾਈਆ । ਜਨ ਭਗਤੋ ਤੁਹਾਡੇ ਉਤੇ ਮੇਰਾ ਮਾਣ, ਮਨਸਾ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਪ੍ਰੀਤ ਕਹੇ ਮੈਂ ਕਦੇ ਨਾ ਛੁਟੀ, ਨਾਤਾ ਭਗਤਾਂ ਨਾਲ ਰਖਾਈਆ । ਜੁਗ ਚੌਕੜੀ ਪਿਛੋਂ ਉਠੀ, ਆਪਣੀ ਲੈ ਅੰਗੜਾਈਆ । ਸਚ ਵਸਤ ਦੀ ਲੈ ਕੇ ਮੁੱਠੀ, ਧੁਰ ਦਰਗਾਹੋਂ ਦਿਤੀ ਵਰਤਾਈਆ । ਸੰਤ ਸੁਹੇਲਿਆਂ ਹੋਵੇ ਖ਼ੁਸ਼ੀ, ਖ਼ੁਸ਼ਹਾਲੀ ਦਿਆਂ ਪਰਗਟਾਈਆ । ਪਰਮਾਤਮ ਨਾਲ ਹੋਵੇ ਰੁਚੀ, ਆਤਮ ਜੋੜ ਜੁੜਾਈਆ । ਮਤਿ ਨਾ ਹੋਵੇ ਪੁੱਠੀ, ਬੁਧਿ ਬਿਬੇਕ ਦਿਤਾ ਕਰਾਈਆ । ਲੁਕਿਆ ਰਹੇ ਨਾ ਕੋਈ ਗੁੱਠੀ, ਚਾਰੋਂ ਕੁੰਟ ਲਵਾਂ ਜਗਾਈਆ । ਫੋਲ ਫੁਲਾਵਾਂ ਸਾਧਾਂ ਵਾਲੀ ਤ੍ਰੈਕੁਟੀ, ਪੜਦਾ ਪਰੇ ਹਟਾਈਆ । ਜਿਸ ਸੁਖਮਨ ਦੀ ਮੰਜ਼ਲ ਕਿਸੇ ਤੋਂ ਨਾ ਮੁਕੀ, ਉਸ ਨੂੰ ਇਸ਼ਾਰੇ ਨਾਲ ਦਿਆਂ


੫੧੫

ਲੰਘਾਈਆ । ਸਚ ਪ੍ਰੇਮ ਸੁਹਾ ਕੇ ਰੁਤੀ, ਰਤ ਰਤੀ ਦਿਆਂ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪ੍ਰੀਤ ਕਹੇ ਮੇਰਾ ਤੇਜ ਤਪ, ਤਪਸਵੀਆਂ ਸਮਝ ਕੋਇ ਨਾ ਪਾਈਆ । ਮੇਰੀ ਪ੍ਰੀਤੀ ਪਿਛੇ ਮਰਦੇ ਖਪ ਖਪ, ਜੰਗਲ ਜੂਹ ਉਜਾੜ ਪਹਾੜਾਂ ਫੇਰੇ ਪਾਈਆ । ਵਾਂਗ ਕਲੰਦਰਾ ਰਹੇ ਨਚ, ਡੌਰੂ ਡੰਕ ਵਜਾਈਆ । ਵਾਂਗ ਬੰਦਰਾਂ ਰਹੇ ਟਪ, ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਸਚ ਵਸਤ ਨਾ ਆਵੇ ਹੱਥ, ਖ਼ਾਲੀ ਦੇਣ ਦੁਹਾਈਆ । ਮੈਂ ਹੌਲੀ ਜਿਹੀ ਮੁਖ ਭਵਾ ਕੇ ਪ੍ਰੀਤ ਕਹੇ ਪਵਾਂ ਹਸ, ਟੇਢੀ ਅੱਖ ਨਾਲ ਵੇਖਾਂ ਥਾਊਂ ਥਾਈਂਆ । ਕਲਜੁਗ ਜੀਵੋ ਤੁਹਾਡਾ ਚੱਲੇ ਨਾ ਕੋਈ ਵਸ, ਬੇਵਸ ਕੀਤਾ ਬੇਪਰਵਾਹੀਆ । ਤੁਹਾਡਾ ਨਾਤਾ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਛਡ, ਪਿੱਛੇ ਫੇਰ ਕੋਇ ਨਾ ਆਈਆ । ਸਚ ਵਸਤ ਤੋਂ ਖ਼ਾਲੀ ਹੋ ਗਏ ਹੱਡ, ਫੋਕਟ ਰੂਪ ਨਜ਼ਰੀ ਆਈਆ । ਕਿਸ ਦੇ ਸਹਾਰੇ ਫਿਰੋ ਜਗ, ਜਾਗਰਤ ਜੋਤ ਨਾ ਕੋਇ ਜਗਾਈਆ । ਕਲਜੁਗ ਅਗਨੀ ਤਪੇ ਅੱਗ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੇ ਪ੍ਰਭ ਸਰਨਾਈ ਜਾਓ ਲਗ, ਧੁਰ ਸੰਦੇਸ਼ਾ ਦਿਆਂ ਸੁਣਾਈਆ । ਤੁਹਾਡਾ ਪ੍ਰੇਮ ਪ੍ਰੀਤੀ ਨਾਤਾ ਜਾਏ ਬੱਝ, ਭਜਨ ਬੰਦਗੀ ਲੋੜ ਰਹੇ ਨਾ ਰਾਈਆ । ਸਨਮੁਖ ਹੋ ਕੇ ਦਰਸ਼ਨ ਕਰੋ ਰੱਜ, ਲੋਚਣ ਆਪਣੀ ਖ਼ੁਸ਼ੀ ਮਨਾਈਆ । ਜੇ ਤੁਹਾਡਾ ਰੂਪ ਬਗਲਾ ਬਪੜਾ ਬਗ, ਹੰਸ ਦਏ ਬਣਾਈਆ । ਜੇ ਅੰਦਰ ਨਹੀਂ ਖ਼ੁਲੀ ਅੱਖ, ਉਹ ਨੇਤਰ ਦਏ ਪਰਗਟਾਈਆ । ਸਚ ਪ੍ਰੀਤ ਕਰ ਕੇ ਪ੍ਰਭ ਦੇ ਨਾਲ ਵੇਖੋ ਵਸ, ਵਸਲ ਅਸਲ ਇਕੋ ਦਏ ਸਮਝਾਈਆ । ਜਿਸ ਪ੍ਰੇਮ ਅੰਦਰ ਤੁਹਾਡਾ ਗਾਵੇ ਜਸ, ਓਸੇ ਦੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਪ੍ਰੀਤ ਕਹੇ ਮੈਂ ਨਾ ਕਦੇ ਪਤੀਜਾਂ, ਵਿਸ਼ਵਾਸ ਆਪਣਾ ਨਾ ਕੋਇ ਰਖਾਈਆ । ਜਗਤ ਮਾਇਆ ਨਾਲ ਨਾ ਰੀਝਾਂ, ਕੂੜੀ ਸੇਵਾ ਨਾ ਮੋਹੇ ਭਾਈਆ । ਨੇਤਰ ਖੋਲ੍ਹਾਂ ਕਦੇ ਨਾ ਤੀਜਾ, ਚੌਥੇ ਪਦ ਨਾ ਕਦੇ ਬਹਾਈਆ । ਮੈਨੂੰ ਪਿਆਰਾ ਚੰਗਾ ਲਗਦਾ ਨਹੀਂ ਕੋਈ ਜੀਜਾ, ਕੋਟਨ ਕੋਟ ਬੈਠੇ ਕਰ ਕੁੜਮਾਈਆ । ਮੈਂ ਲੰਘੀ ਨਹੀਂ ਕਦੇ ਕਿਸੇ ਦਹਲੀਜ਼ਾ, ਅੰਦਰ ਆਪਣਾ ਨਾ ਕ਼ਦਮ ਟਿਕਾਈਆ । ਮੈਂ ਵੇਖਿਆ ਨਹੀਂ ਜਗਤ ਗੁਲਸ਼ਨ ਕੋਇ ਬਗ਼ੀਚਾ, ਸੁਗੰਧੀ ਸਚ ਨਾ ਕੋਇ ਭਰਾਈਆ । ਪਤਾ ਨਹੀਂ ਕਲਜੁਗ ਅੰਤਮ ਮੈਨੂੰ ਕਿੱਥੋਂ ਆ ਗਈ ਰੀਝਾ, ਜਨ ਭਗਤਾਂ ਦੇ ਪਿੱਛੇ ਫਿਰਾਂ ਚਾਈਂ ਚਾਈਂਆ । ਮੇਰਾ ਪ੍ਰੇਮ ਲਗ ਗਿਆ ਨਾਲ ਗ਼ਰੀਬਾਂ, ਮੁਹੱਬਤ ਨੀਚਾਂ ਨਾਲ ਰਖਾਈਆ । ਉਹਨਾਂ ਦਾ ਬਦਲ ਕੇ ਜਾਵਾਂ ਨਸੀਬਾ, ਤਰਕੀਬ ਆਪਣੀ ਨਾਲ ਪਰਗਟਾਈਆ । ਸਚ ਪ੍ਰੇਮ ਦਾ ਦੇ ਕੇ ਜਾਵਾਂ ਵਜ਼ੀਫ਼ਾ, ਇਨਾਮ ਇਹਨਾਂ ਦੀ ਝੋਲੀ ਪਾਈਆ । ਜਿਨ੍ਹਾਂ ਨੇ ਸੋਹੰ ਗਾ ਕੇ ਲਤੀਫ਼ਾ, ਲੁਤਫ਼ ਅੰਦਰੋਂ ਲਿਆ ਮੰਦਰ ਵੱਜੀ ਵਧਾਈਆ । ਇਨ੍ਹਾਂ ਦੀਆਂ ਬਦਲ ਕੇ ਜਾਵਾਂ ਨੀਤਾਂ, ਨੀਤੀਵਾਨ ਦਿਆਂ ਵਖਾਈਆ । ਇਨ੍ਹਾਂ ਦਾ ਅੰਤਰ ਆਤਮ ਕਰ ਕੇ ਜਾਵਾਂ ਸ਼ੀਸ਼ਾ, ਦੁਰਮਤ ਮੈਲ ਧਵਾਈਆ । ਹੁਣ ਵਕ਼ਤ ਚੁਕ ਗਿਆ ਪਿਛਲਾ ਬੀਸ ਇਕੀਸਾ, ਅਗੇ ਹਦੀਸਾ ਦਿਆਂ ਪੜ੍ਹਾਈਆ । ਸਭ ਨੇ ਭਰਨਾ ਆਪਣਾ ਕੀਤਾ, ਤੁਹਾਡੀ ਕਰਨੀ ਪ੍ਰਭ ਆਪਣੇ ਨਾਲ ਰਖਾਈਆ । ਸ਼ਾਸਤਰ ਸਿਮਰਤ ਕਰਨ ਜਗਤ ਤਰੀਫ਼ਾ, ਸੋਭਤ ਨਾਲ ਵਡਿਆਈਆ । ਪਾਰਬ੍ਰਹਮ ਤੁਹਾਡਾ ਲੇਖ ਲਿਖਣ ਦਾ ਬਣਿਆ ਇਕ ਵਸੀਕਾ, ਮਿਸਲ ਸਾਚੀ ਦਏ ਬਣਾਈਆ । ਜਿਸ ਦੇ ਕੋਲ ਭਗਤਾਂ ਉਧਾਰਨ ਦਾ ਤਰੀਕਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਗੁਰਮੁਖੋ ਤੁਹਾਡਾ ਪ੍ਰੇਮ ਸਭ ਤੋਂ ਲੱਗਾ ਮੀਠਾ, ਮਿਠਾਸ ਅਗੰਮੀ ਨਜ਼ਰੀ ਆਈਆ । ਇਹ ਵੇਖ ਖੇਲ ਅਨਡੀਠਾ, ਧੁਰ ਦੀ ਖ਼ੁਸ਼ੀ ਲਏ ਅੰਗੜਾਈਆ ।

੫੧੬

ਇਹਨਾਂ ਨੂੰ ਲੋੜ ਕਿਹੜੀ ਪੜ੍ਹਨ ਦੀ ਗੀਤਾ, ਜਿਨ੍ਹਾਂ ਦਾ ਮੀਤਾ ਇਕ ਅਖਵਾਈਆ । ਪੁਰਖ ਅਕਾਲ ਕਰਨ ਆਇਆ ਪ੍ਰੀਤਾ, ਪ੍ਰੀਤਮ ਹੋ ਕੇ ਦਇਆ ਕਮਾਈਆ । ਸਾਚੀ ਦੇਵਣ ਆਇਆ ਨਸੀਹਤਾ, ਹੁਕਮ ਧੁਰ ਦਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਕਰਮ ਕਾਂਡ ਚੁਕਾਈਆ । ਪ੍ਰੀਤ ਕਹੇ ਜਿਸ ਵੇਲੇ ਮੈਨੂੰ ਕੀਤਾ ਤੇਜ ਭਾਨ, ਪ੍ਰਭ ਚਰਨ ਧਿਆਨ ਲਗਾਈਆ । ਮੈਨੂੰ ਪਿਛਲਾ ਭੁਲ ਗਿਆ ਜਹਾਨ, ਸੁਧ ਸਮਝ ਰਹੀ ਨਾ ਰਾਈਆ । ਮੈਂ ਹੋ ਗਈ ਹੈਰਾਨ, ਹੈਰਾਨੀ ਮੇਰੇ ਉਤੇ ਆਈਆ । ਇਹ ਕਿਹੜਾ ਨੌਜਵਾਨ, ਜਿਹੜਾ ਮੈਨੂੰ ਰਿਹਾ ਪਰਨਾਈਆ । ਜਿਸ ਦੇ ਅੰਦਰ ਪ੍ਰੇਮ ਮਹਾਨ, ਮੁਹੱਬਤ ਰਿਹਾ ਵਖਾਈਆ । ਓਸੇ ਵੇਲੇ ਮੈਨੂੰ ਫੁਰਨਾ ਫੁਰਿਆ ਆਣ, ਸਚ ਪ੍ਰੀਤ ਰਹੀ ਸਮਝਾਈਆ । ਨੀਂ ਇਸ ਦਾ ਮਾਲਕ ਸ੍ਰੀ ਭਗਵਾਨ, ਭਗਤਾਂ ਦਾ ਸਾਥੀ ਇਕ ਅਖਵਾਈਆ । ਇਸ ਦਾ ਮੇਲਾ ਜਿਸ ਦਾ ਸੋਹਣਾ ਭੱਥਾ ਤੀਰ ਕਮਾਨ, ਚਿੱਲਾ ਅਗੰਮ ਅਥਾਹੀਆ । ਜੋ ਆਦਿ ਜੁਗਾਦੀ ਸੂਰਬੀਰ ਨੌਜਵਾਨ, ਬਿਰਧ ਬਾਲ ਇਕੋ ਰੂਪ ਵਖਾਈਆ । ਜੇ ਕੋਈ ਸਮਝ ਕੇ ਲਏ ਪਹਿਚਾਨ, ਗੁਰਮੁਖਾਂ ਦਾ ਮੀਤਾ ਆਪਣਾ ਮੇਲ ਮਿਲਾਈਆ । ਸਚ ਪ੍ਰੀਤ ਕਹੇ ਮੈਂ ਅੱਖ ਪੁਟ ਕੇ ਤੱਕਿਆ ਦੋ ਜਹਾਨ, ਜ਼ਿਮੀਂ ਅਸਮਾਨ ਵੇਖ ਵਖਾਈਆ । ਮੈਨੂੰ ਨਜ਼ਰੀ ਆਇਆ ਉਹ ਮਿਹਰਵਾਨ, ਜਿਸ ਨੂੰ ਗੋਬਿੰਦ ਕਹੇ ਲੋਕਾਈਆ । ਜਿਸ ਨੇ ਪੁਤਰਾਂ ਦਾ ਦੇ ਕੇ ਦਾਨ, ਭਗਤਾਂ ਨਾਲ ਕਰੀ ਕੁੜਮਾਈਆ । ਪ੍ਰੀਤ ਕਹੇ ਮੈਂ ਉਹਨਾਂ ਦਾ ਝੁਲੌਂਣਾ ਨਿਸ਼ਾਨ, ਜੋ ਝੁਲਦੇ ਨਿਸ਼ਾਨੇ ਥੱਲੇ ਗਏ ਆਈਆ । ਉਨ੍ਹਾਂ ਦਾ ਮਿਲੌਣਾ ਅਮਾਮ, ਜੋ ਸਾਚੇ ਅਮਲ ਰਹੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪ੍ਰੀਤ ਕਹੇ ਜਿਸ ਵੇਲੇ ਗੁਰਮੁਖ ਮੇਰੇ ਨਾਲ ਮਿਲਾਵੇ ਅੱਖ, ਸਾਂਝਾ ਧਿਆਨ ਲਗਾਈਆ । ਮੈਂ ਖ਼ੁਸ਼ੀਆਂ ਨਾਲ ਪਵਾਂ ਹੱਸ, ਆਪਣੀ ਹਸਤੀ ਦਿਆਂ ਜਣਾਈਆ । ਉਠ ਦੋਵੇਂ ਮਿਲ ਕੇ ਓਸ ਦਾ ਗਾਈਏ ਜਸ, ਜੋ ਸਿਫ਼ਤਾਂ ਦਾ ਮਾਲਕ ਨਜ਼ਰੀ ਆਈਆ । ਜੋ ਵਿਛੋੜੇ ਵਿਚ ਪਿਛੇ ਗਿਆ ਛੱਡ, ਜੁਗ ਚੌਕੜੀ ਕਰ ਜੁਦਾਈਆ । ਅਗੇ ਹੁਣ ਨਾ ਰਹੀਏ ਅੱਡ, ਸਾਚਾ ਮੇਲਾ ਲਈਏ ਮਿਲਾਈਆ । ਕੋਈ ਵਿਚੋਲਾ ਬਣਾਈਏ ਅਧ, ਸਾਚਾ ਜੋੜ ਜੁੜਾਈਆ । ਪ੍ਰੀਤ ਕਹੇ ਮੈਂ ਗੁਰਮੁਖ ਕਿਹਾ ਹਰਿ ਸ਼ਬਦ ਲਈਏ ਸੱਦ, ਜੋ ਗੋਬਿੰਦ ਨਜ਼ਰੀ ਆਈਆ । ਜੇ ਓਸ ਦੇ ਨਾਲ ਜਾਈਏ ਬੱਝ, ਨਾਤਾ ਇਕ ਰਖਾਈਆ । ਫੇਰ ਕਦੀ ਨਾ ਹੋਈਏ ਅਲਗ, ਵਿਛੋੜਾ ਰਹੇ ਨਾ ਰਾਈਆ । ਪ੍ਰੀਤ ਕਿਹਾ ਗੁਰਸਿਖ ਦੋਵੇਂ ਰਲ ਕੇ ਇਕੋ ਮੰਦਰ ਜਾਈਏ ਵਸ, ਸੌਕਣਾਂ ਵਾਲੀ ਨਾ ਕੋਇ ਲੜਾਈਆ । ਇਕ ਦੂਜੇ ਨੂੰ ਆਪਣਾ ਦੁਖੜਾ ਦਈਏ ਦੱਸ, ਦਰਦੀ ਹੋ ਕੇ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਫੇਰਾ ਪਾਈਆ । ਪ੍ਰੀਤ ਕਹੇ ਇਕ ਮੇਰੀ ਸੁਣ ਲੈ ਗੁਰਮੁਖ ਬਾਤ, ਬੇਵਤਨ ਹੋ ਕੇ ਦਿਆਂ ਸਮਝਾਈਆ । ਜੇ ਮੇਰੇ ਨਾਲ ਨਾਤਾ ਜੋੜਨਾ ਸਾਕ, ਸੱਜਣ ਬਣਨਾ ਚਾਈਂ ਚਾਈਆ । ਸ੍ਰੀ ਭਗਵਾਨ ਦੀ ਗੌਣੀ ਗਾਥ, ਢੋਲਾ ਧੁਰਦਰਗਾਹੀਆ । ਕੂੜ ਕੁੜਿਆਰਾ ਅੰਦਰੋਂ ਦੇਣਾ ਕਾਟ, ਤਨ ਮਾਟੀ ਰਹਿਣ ਨਾ ਪਾਈਆ । ਪੌੜੇ ਚੜ੍ਹ ਕੇ ਵੇਖਣਾ ਘਾਟ, ਮੰਜ਼ਲ ਪੰਧ ਮੁਕਾਈਆ । ਸੱਜਣ ਬਣਨਾ ਧੁਰ ਦਾ ਸਾਕ, ਵਿਛੋੜਾ ਦੇਣਾ ਗਵਾਈਆ । ਮਨ ਕਰ ਕੇ ਨਾ ਹੋਵੀਂ ਗੁਸਤਾਖ਼, ਝਗੜਾ ਕੂੜ ਲੋਕਾਈਆ । ਮੈਂ ਦੱਸਾਂ ਤੈਨੂੰ ਸਾਫ਼, ਜੋ ਪੁਰਖ ਅਬਿਨਾਸ਼ ਰਿਹਾ ਸੁਣਾਈਆ । ਜੇ ਭਗਤਾਂ ਵਿਚ ਨਾ ਰਿਹਾ ਇਤਫ਼ਾਕ, ਫੇਰ ਸ੍ਰੀ ਭਗਵਾਨ ਦੀ ਲੋੜ ਰਹੇ ਨਾ ਰਾਈਆ । ਮੈਂ ਸਚ ਦੱਸਾਂ, ਫ਼ਰੀਦ ਕਹੇ, ਜੋ ਹਰਿ ਕਾ ਬਚਨ ਭੁਲਿਆ, ਉਸਨੂੰ

੫੧੭

ਕਰਨਾ ਕਿਸੇ ਨਹੀਂ ਮੁਆਫ਼, ਅਗੇ ਹੋ ਨਾ ਕੋਇ ਛੁਡਾਈਆ । ਤੁਹਾਡੇ ਪਿੱਛੇ ਨੀਹਾਂ ਹੇਠ ਦਬਾ ਕੇ ਬੱਚਿਆਂ ਵਾਲੀ ਰਾਖ, ਰਾਖੀ ਕਰਨ ਵਾਲਾ ਰਖਿਆ ਕਰੇ ਚਾਈਂ ਚਾਈਆ । ਜੇ ਮਾਣਸ ਜਨਮ ਕਰ ਕੇ ਇਕ ਇਹਦੀ ਨਿੱਕੀ ਜਿਹੀ ਨਾ ਮੰਨੀ ਬਾਤ, ਸਤਿ ਕਰ ਕੇ ਨਾ ਝੋਲੀ ਪਾਈਆ । ਫੇਰ ਸਮਝੋ ਕਿ ਸਾਡਾ ਪ੍ਰਭ ਦੇ ਉਤੇ ਨਹੀਂ ਵਿਸ਼ਵਾਸ, ਖ਼ਾਹਿਸ਼ ਆਪਣੀ ਵਡੀ ਲਈ ਬਣਾਈਆ । ਫ਼ਰੀਦ ਕਹੇ ਮੈਂ ਮਾਤਲੋਕ ਵਿਚੋਂ ਜਾਵਾਂ ਤਦ ਭਗਤਾਂ ਨੂੰ ਪੂਰਾ ਦੇ ਕੇ ਇਤਫ਼ਾਕ, ਸਾਚਾ ਮੇਲ ਮਿਲਾਈਆ । ਜੇ ਪ੍ਰਭ ਦੇ ਹੁੰਦਿਆਂ ਨਾ ਸਿੱਖੀ ਜਾਚ, ਫੇਰ ਪਿਛੋਂ ਕਿਹੜਾ ਦੇਵੇ ਸਮਝਾਈਆ । ਜੇ ਪੁਤ ਗੋਦ ਬੈਠਾ ਨਾ ਵਿਚ ਬਾਪ, ਚਾਚਾ ਕਿਹੜਾ ਕੰਧਿਆਂ ਉਤੇ ਲਏ ਉਠਾਈਆ । ਜੁਗ ਚੌਕੜੀ ਗੁਰ ਅਵਤਾਰ ਸਾਰੇ ਗਏ ਆਖ, ਲੇਖੇ ਲਿਖ ਲਿਖ ਕ਼ਲਮ ਸ਼ਾਹੀਆ । ਉਹਨਾਂ ਦਾ ਭਵਿਖਤ ਲਿਆ ਵਾਚ, ਵਾਚਕ ਹੋ ਕੇ ਖੋਜ ਖੁਜਾਈਆ । ਸਚ ਪ੍ਰੀਤੀ ਬੰਨ੍ਹਣਾ ਸੱਚਾ ਨਾਤ, ਨਾਤਾ ਇਕ ਜੁੜਾਈਆ । ਜਿਹੜਾ ਜਨਮ ਜਨਮ ਨੌ ਸੌ ਚੁਰਾਨਵੇ ਚੌਕੜੀ ਜੁਗ ਕੋਟਨ ਬਰਖ ਕਰਦਾ ਗਿਆ ਪਾਠ, ਓਸ ਪਾਠ ਨਾਲੋਂ ਔਖਾ ਇਤਫ਼ਾਕ ਨਜ਼ਰ ਕੋਇ ਨਾ ਆਈਆ । ਤੁਹਾਡੇ ਪ੍ਰੇਮ ਅੰਦਰ ਪ੍ਰਗਟੌਣੀ ਆਪਣੀ ਜ਼ਾਤ, ਸਾਫ਼ ਸਾਫ਼ ਦਿਤਾ ਸਮਝਾਈਆ । ਜੇ ਸ੍ਰੀ ਭਗਵਾਨ ਭਗਤਾਂ ਦੀ ਬਣਾ ਨਾ ਸਕਿਆ ਜਮਾਤ, ਬਾਕੀਆਂ ਨੂੰ ਕਰੇ ਕੀ ਪੜ੍ਹਾਈਆ । ਹੋਰ ਕਿਹੜੀ ਦੱਸਣੀ ਕਰਾਮਾਤ, ਜੇ ਕਰਮ ਕਾਂਡ ਨਾ ਸਕਿਆ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮੀ ਹੋ ਕੇ ਪ੍ਰੇਮ ਵਖਾਈਆ । ਪ੍ਰੀਤ ਕਹੇ ਮੈਂ ਜੁਗ ਜੁਗ ਕਰਦੀ ਰਹੀ ਯਤਨ, ਯਥਾ ਯੋਗ ਆਪਣੀ ਸੇਵ ਕਮਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਦੇ ਆ ਕੇ ਪਤਣ, ਬਹਿ ਬਹਿ ਆਪਣਾ ਡੇਰਾ ਲਾਈਆ । ਮੈਨੂੰ ਭਗਤਾਂ ਦੇ ਅੰਦਰ ਵੜ ਕੇ ਕਿਸੇ ਨਹੀਂ ਦੱਸਿਆ ਵਸਣ, ਇਸ਼ਾਰਿਆਂ ਨਾਲ ਬਾਹਰ ਰਹੇ ਕਢਾਈਆ । ਮੈਂ ਇਕ ਦਿਨ ਰੋਣ ਲਗੀ ਪਿੱਟਣ, ਦੇਵਣ ਲਗੀ ਦੁਹਾਈਆ । ਆਪਣੇ ਹੰਝੂ ਲਗੀ ਸਿਟਣ, ਨੈਣਾਂ ਛਹਿਬਰ ਲਾਈਆ । ਆਪਣੇ ਵਾਲਾਂ ਲਗੀ ਖਿੱਚਣ, ਮੇਂਢੀ ਦਿਤੀ ਖੁਲ੍ਹਾਈਆ । ਆਪਣੀ ਕਰਨੀ ਤੋਂ ਲਗੀ ਤਿਲਕਣ, ਸੰਭਲ ਨਾ ਸਕੀ ਰਾਈਆ । ਕੂਕਾਂ ਮਾਰ ਕੇ ਲਗੀ ਵਿਲਕਣ, ਬਹੁੜੀ ਬਹੁੜੀ ਰਹੀ ਜਣਾਈਆ । ਓਧਰੋਂ ਇਕ ਨਿਰਗੁਣ ਧਾਰ ਲਗੀ ਚਿਲਕਣ, ਜੋਤੀ ਨੂਰ ਰੁਸ਼ਨਾਈਆ । ਤੂੰ ਕਿਸ ਨਾਲੋਂ ਲਗੀ ਵਿਛੜਨ, ਸਚ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਪ੍ਰੀਤ ਕਹੇ ਕੀ ਦੱਸਾਂ ਹਾਲਤ ਓਸ ਰੱਬ ਦੀ, ਜਿਹਨੂੰ ਹਾਏ ਰੱਬਾ ਕਹੇ ਲੋਕਾਈਆ । ਮੈਂ ਜੁਗ ਚੌਕੜੀ ਰਹੀ ਲਭਦੀ, ਭਜੜਿਆਂ ਪਿਟੀ ਘਰ ਘਰ ਫੇਰਾ ਪਾਈਆ । ਮੈਨੂੰ ਸਾਰ ਨਾ ਆਈ ਓਸ ਦੀ ਹਦ ਦੀ, ਪੈਂਡਾ ਅੰਤ ਨਾ ਕੋਇ ਕਰਾਈਆ । ਮੈਂ ਮਾਰੀ ਹਯਾ ਸ਼ਰਮ ਲਜ ਦੀ, ਅੱਖ ਨਾ ਸਕੀ ਉਠਾਈਆ । ਇਕ ਦਿਨ ਫਿਰਦੀ ਫਿਰਦੀ ਮੈਂ ਥਕ ਗਈ, ਬਲ ਅੰਦਰ ਰਿਹਾ ਨਾ ਰਾਈਆ । ਮੈਂ ਜੰਗਲ ਵਿਚ ਢਠ ਗਈ, ਆਪਣੀ ਸੁਰਤ ਭੁਲਾਈਆ । ਵਾਸਤਾ ਪ੍ਰਭ ਦੇ ਅਗੇ ਘਤ ਰਹੀ, ਬੇਨੰਤੀ ਇਕ ਜਣਾਈਆ । ਸ੍ਰੀ ਭਗਵਾਨ ਹੌਲੀ ਜਿਹੀ ਇਕ ਗੱਲ ਮੈਨੂੰ ਦੱਸ ਲਈ, ਸ਼ਬਦ ਇਸ਼ਾਰਾ ਦਿਤਾ ਕਰਾਈਆ । ਉਠ ਵੇਖ ਜਿਹੜੀ ਸੇਜ ਮਾਛੂਵਾੜੇ ਗੋਬਿੰਦ ਮਲ ਲਈ, ਪਿਆਰ ਅੰਦਰ ਬੈਠਾ ਆਸਣ ਲਾਈਆ । ਇਹ ਸੇਵਾ ਕਰੇ ਉਹ ਅੰਤਮ ਜੁਗ ਕਲ ਲਈ, ਜਿਸ ਕਲਜੁਗ ਵਿਚ ਭਗਤਾਂ ਲੈਣਾ ਤਰਾਈਆ । ਪ੍ਰੀਤ ਕਹੇ ਮੈਂ ਓਸੇ ਵੇਲੇ ਅੰਦਰੋਂ ਹਲ ਗਈ, ਮੇਰੀ ਧੀਰਜ ਰਹੀ ਨਾ ਰਾਈਆ । ਜਿਹੜੀ ਸੇਜ ਇਸ ਸੂਰਬੀਰ ਸਾਚੇ ਪ੍ਰੇਮ ਅੰਦਰ ਰੰਗ ਲਈ, ਉਹ ਰੰਗ ਫੇਰ ਸਕੇ ਨਾ ਕੋਇ ਚੜ੍ਹਾਈਆ । ਮੈਂ ਡਰਦੀ ਡਰਦੀ


੫੧੮

ਇਕ ਵਸਤ ਓਦੋਂ ਮੰਗ ਲਈ, ਨਿਉਂ ਕੇ ਚਰਨਾਂ ਸੀਸ ਛੁਹਾਈਆ । ਗੋਬਿੰਦ ਨੇ ਜਿਸ ਵੇਲੇ ਪਰਤ ਕੇ ਆਪਣੀ ਕੰਡ ਲਈ, ਕਰਵਟ ਲਈ ਬਦਲਾਈਆ । ਹੌਲੀ ਜਿਹੀ ਮੇਰੀ ਕੰਨੀ ਆਪਣੀ ਕੰਨੀ ਨਾਲ ਗੰਢ ਲਈ, ਪਲੂ ਨਾਲ ਪਲੂ ਲਿਆ ਬੰਧਾਈਆ । ਮੈਨੂੰ ਓਸੇ ਵੇਲੇ ਠੰਡ ਪਈ, ਸਾਂਤਕ ਸਤਿ ਦਿਤਾ ਕਰਾਈਆ । ਨਾਲੇ ਦਸਿਆ ਪ੍ਰੀਤ ਮੈਂ ਆਇਆ ਨਹੀਂ ਪੁਰੀ ਅਨੰਦ ਲਈ, ਅਨੰਦ ਭਗਤਾਂ ਦੇਣਾ ਵਖਾਈਆ । ਮੈਂ ਪਰਗਟ ਨਹੀਂ ਹੋਇਆ ਗੁਜਰੀ ਦੇ ਚੰਦ ਲਈ, ਚੰਦ ਗੁਰਮੁਖ ਦੇਣੇ ਬਦਲਾਈਆ । ਮੈਂ ਆਇਆ ਨਹੀਂ ਆਪਣੇ ਸੰਗ ਲਈ, ਭਗਤਾਂ ਦੇ ਜੋੜੇ ਭਗਵਾਨ ਨਾਲ ਦੇਣੇ ਜੁੜਾਈਆ । ਮੈਂ ਓਸੇ ਵੇਲੇ ਕਿਹਾ ਗੋਬਿੰਦ ਕੁਝ ਮੇਰਾ ਹਿੱਸਾ ਵੰਡ ਲਈਂ, ਇਕੋ ਅਰਜ਼ ਸੁਣਾਈਆ । ਵੇਖੀਂ ਕਿਤੇ ਦੂਰ ਦੁਰਾਡਿਆਂ ਨਾ ਛਡ ਲਈਂ, ਜਿਥੇ ਰਾਹ ਖਹਿੜਾ ਦੱਸੇ ਨਾ ਕੋਇ ਸਮਝਾਈਆ । ਗੋਬਿੰਦ ਕਿਹਾ ਮੈਂ ਤੇਰੇ ਬਚਨ ਦੀ ਗੰਢ ਆਪਣੇ ਪੱਲੇ ਬੰਨ੍ਹ ਲਈ, ਜਿਸ ਦੀ ਯਾਦ ਨਾ ਕਦੇ ਭੁਲਾਈਆ । ਪ੍ਰੀਤ ਕਹੇ ਅੱਜ ਓਸੇ ਪ੍ਰੀਤਮ ਨੇ ਮੇਰੀ ਮੰਨ ਲਈ, ਘਰ ਗੁਰਮੁਖਾਂ ਫੇਰਾ ਪਾਈਆ । ਪੰਧ ਮਾਰ ਕੇ ਆਇਆ ਇਸ ਝੁੱਗੀ ਛੰਨ ਲਈ, ਜਿਸ ਛੰਨ ਵਿਚੋਂ ਚੇਲਾ ਸਿੰਘ ਵਰਗੇ ਦਿਤੇ ਤਰਾਈਆ । ਆਂਢ ਗੁਆਂਢ ਜਿਸ ਨੇ ਆਪਣੇ ਨਾਲ ਗੰਢ ਲਈ, ਬ੍ਰਹਿਮੰਡਾਂ ਤੋਂ ਪਾਰ ਦਏ ਲੰਘਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਸੰਗਤ ਹਰਿਭਗਤ ਦਵਾਰੇ ਸਦ ਲਈ, ਸਦੀ ਦਾ ਪਹਿਲਾ ਹਿੱਸਾ ਗੁਰਮੁਖਾਂ ਝੋਲੀ ਪਾਈਆ ।



ਆਪਣੇ ਹੱਥ ਵਿਚ ਵੇਖੋ ਕੱਖ ਨਹੀਂ, ਖ਼ਾਲੀ ਰਿਹਾ ਜਣਾਈਆ । ਅਗੇ ਤੁਹਾਡੇ ਨਾਲੋਂ ਵਖ ਨਹੀਂ, ਹੋਵੇ ਨਾ ਕਦੇ ਜੁਦਾਈਆ । ਜਿਸ ਦੀ ਵੇਖਣ ਵਾਲੀ ਅੱਖ ਨਹੀਂ, ਓਸਨੂੰ ਆਪਣਾ ਦਰਸ਼ਨ ਆਪਣੇ ਨੇਤਰ ਦਏ ਕਰਾਈਆ । ਪ੍ਰਭ ਨੂੰ ਮਿਲਣ ਦਾ ਕਿਸੇ ਦਾ ਕੋਈ ਵਸ ਨਹੀਂ, ਬੇਵਸ ਵੇਖੀ ਲੋਕਾਈਆ । ਕੋਟਨ ਕੋਟ ਫਿਰਦੇ ਇਸ ਦੇ ਜਸ ਲਈ, ਗੌਂਦੇ ਥਾਉਂ ਥਾਈਆ । ਕੋਟਨ ਕੋਟ ਫਿਰਦੇ ਇਸ ਦੇ ਰਸ ਲਈ, ਤਟ ਤੀਰਥ ਫੇਰੀਆਂ ਪਾਈਆ । ਪਰ ਕੋਟਾਂ ਵਿਚੋਂ ਗੁਰਮੁਖ ਸਵਾਣੀ ਇਸ ਦੇ ਨਾਲ ਵਸਦੀ, ਜਿਸ ਨੂੰ ਪ੍ਰੀਤਮ ਆਪਣੀ ਪ੍ਰੀਤੀ ਦਿਤੀ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਪ੍ਰੀਤ ਕਹੇ ਗੁਰਮੁਖੋ ਪ੍ਰੀਤਮ ਨਹੀਂ ਜੇ ਖ਼ਾਲੀ, ਇਹਦੇ ਖ਼ਾਲੀ ਹੱਥ ਸਮਰਥ ਰੂਪ ਵਟਾਈਆ । ਇਹ ਆਦਿ ਜੁਗਾਦੀ ਧੁਰ ਦਾ ਮਾਲੀ, ਮਾਲਕ ਇਕੋ ਨਜ਼ਰੀ ਆਈਆ । ਗੁਰਮੁਖ ਸਵਾਣੀ ਸੁਘੜ ਸੁਚੱਜੀ ਸਤਿਗੁਰ ਦੇ ਘਰ ਬਾਲੀ, ਬੱਚਿਆਂ ਵਰਗੀ ਨਜ਼ਰੀ ਆਈਆ । ਜਿਸ ਦੇ ਪਿਛੇ ਜਨਮ ਜਨਮ ਜੁਗ ਜੁਗ ਘਾਲਣਾ ਰਹੇ ਘਾਲੀ, ਸੋ ਕੀਤੀ ਘਾਲ ਲੇਖੇ ਰਿਹਾ ਲਗਾਈਆ । ਆਓ ਰਲ ਮਿਲ ਕੇ ਸਾਰੇ ਹੋ ਜਾਓ ਇਕ ਸਵਾਲੀ, ਭਿੱਛਿਆ ਮੰਗੋ ਚਾਈਂ ਚਾਈਂਆ । ਜਨ ਭਗਤਾਂ ਅੰਦਰ ਅੱਠੇ ਪਹਿਰ ਰਹੇ ਦੀਵਾਲੀ, ਦੀਪਕ ਆਪਣਾ ਕਰੇ ਰੁਸ਼ਨਾਈਆ । ਜੇ ਇਸ ਨੇ ਪ੍ਰੀਤ ਤੁਹਾਡੇ ਨਾਲ ਪਾ ਲਈ, ਤੁਸੀਂ ਵੀ ਲਗੀ ਤੋੜ ਦੇਣੀ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਪਾ ਕੇ ਨਾਲ ਜੋਤ ਅਕਾਲੀ, ਬੇਅਕਲ ਵਾਲੇ ਅਕਲਾਂ ਵਾਲੇ ਦਏ ਜਣਾਈਆ । ਪ੍ਰੀਤ ਕਹੇ ਓ ਜਨ ਭਗਤੋ ਵੇਖੋ ਮਿਤਰ, ਮੀਤ ਸਵਾਮੀ ਦਿਆਂ ਜਣਾਈਆ । ਜਿਸ ਦੀ ਰਵਿਦਾਸ ਨੇ ਸੇਵਾ ਕੀਤੀ ਗੰਢ ਕੇ ਛਿੱਤਰ, ਪਾਨਹੀਆਂ ਗੰਢ ਪਵਾਈਆ । ਫੇਰ ਓਸੇ ਦੀ ਧਾਰੋਂ ਨਿੱਕਲ, ਤੁਹਾਡਾ ਲੇਖਾ ਰਿਹਾ ਲਿਖਾਈਆ । ਜੇ ਕੋਈ ਪੁੱਛੇ ਕੀ ਕਿਨ, ਸਚ ਦਿਉ ਸਮਝਾਈਆ । ਕਿਰਪਾ

ਕੀਤੀ ਓਸ ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਉਡੀਕਣ, ਬੈਠੇ ਧਿਆਨ ਲਗਾਈਆ । ਜੋ ਊਚਾਂ ਦਾ ਊਚ ਨੀਚਾਂ ਦਾ ਨੀਚਣ, ਨੀਚੋਂ ਊਚ ਦਏ ਬਣਾਈਆ । ਜਨ ਭਗਤਾਂ ਕਾਇਆ ਮਾਟੀ ਮੁਲੱਮਾ ਰਹਿਣ ਨਾ ਦੇਵੇ ਪੀਤਲ, ਸੁਵਰਨ ਸਾਚਾ ਦਏ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨਹਾਰਾ ਸਾਚੀ ਬਖ਼ਸ਼ੀਸ਼ਣ, ਬਖ਼ਸ਼ਿਸ਼ ਕਰ ਕੇ ਪ੍ਰੇਮ ਪ੍ਰੀਤੀ ਆਪਣੇ ਨਾਲ ਰਖਾਈਆ ।

### ❊ ੮ ਚੇਤ ਸ਼ਹਿਨਸ਼ਾਹੀ ਸੰਮਤ ੧ ਸਤਿਸੰਗ ਭਵਨ ਜੰਮੂ ❊

ਸਤਿ ਭਗਵਾਨ ਦੀ ਸਚ ਜੈਕਾਰ, ਆਦਿ ਜੁਗਾਦੀ ਇਕ ਅਖਵਾਇੰਦਾ । ਨਿਰਗੁਣ ਨੂਰ ਜੋਤ ਆਕਾਰ, ਨਿਰਾਕਾਰ ਨਿਰਵੈਰ ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸਚਖੰਡ ਵਸੇ ਸਚ ਦਵਾਰ, ਮੁਕਾਮੇ ਹਕ ਸੋਭਾ ਪਾਇੰਦਾ । ਆਪਣੀ ਇੱਛਿਆ ਅਗੰਮੀ ਧਾਰ, ਸ਼ਬਦੀ ਸ਼ਬਦ ਸ਼ਬਦ ਪਰਗਟਾਇੰਦਾ । ਸ਼ਬਦ ਅਨਾਦੀ ਕਰ ਪਿਆਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਖੇਲ ਅਪਾਰ, ਕਰਨੀ ਆਪਣੇ ਹੱਥ ਵਖਾਇੰਦਾ । ਤ੍ਰੈਗੁਣ ਮਾਇਆ ਪੰਜ ਤਤ ਖੇਲ ਕਰ ਕਰਤਾਰ, ਕੁਦਰਤ ਕਰਤਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਆਪਣਾ ਹੁਕਮ ਵਰਤਾਇੰਦਾ । ਸ੍ਰੀ ਭਗਵਾਨ ਏਕਾ ਏਕ, ਏਕੰਕਾਰ ਵਡੀ ਵਡਿਆਈਆ । ਸਚ ਦਵਾਰੇ ਸਾਚੀ ਟੇਕ, ਤਖ਼ਤ ਨਿਵਾਸੀ ਸ਼ਹਿਨਸ਼ਾਹੀਆ । ਨਿਰਗੁਣ ਨਿਰਵੈਰ ਧਾਰ ਭੇਖ, ਸਰਗੁਣ ਆਪਣੀ ਕਾਰ ਚਲਾਈਆ । ਬ੍ਰਹਮ ਵੇਤਾ ਦਏ ਸੰਦੇਸ਼, ਸਾਚੀ ਸਿਖਿਆ ਇਕ ਦ੍ਰਿੜਾਈਆ । ਬੋਧ ਅਗਾਧ ਸ਼ਬਦ ਅਨਾਦ ਖੋਲ੍ਹ ਕੇ ਭੇਦ, ਪਰਦਾ ਉਹਲਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਆਪ ਕਮਾਈਆ । ਸ੍ਰੀ ਭਗਵਾਨ ਰਚਨਾ ਰਚ, ਚਾਰੇ ਖਾਣੀ ਵੰਡ ਵੰਡਾਇੰਦਾ । ਨਿਰਗੁਣ ਰੂਪ ਹੋ ਪਰਤਖ, ਸਰਗੁਣ ਅੰਦਰ ਡੇਰਾ ਲਾਇੰਦਾ । ਕਰੇ ਖੇਲ ਪੁਰਖ ਸਮਰਥ, ਮਹਿੰਮਾ ਅਕਥ ਅਕਥ ਜਣਾਇੰਦਾ । ਪਰਮਾਤਮ ਹੋ ਕੇ ਆਤਮ ਦਿਤੀ ਵਥ, ਵਸਤ ਅਮੋਲਕ ਵਿਚ ਟਿਕਾਇੰਦਾ । ਸਾਚਾ ਸ਼ਬਦ ਸੁਹਾਵਣਾ ਦੱਸ, ਨਾਮ ਨਿਧਾਨਾ ਇਕ ਸਮਝਾਇੰਦਾ । ਤੂੰ ਮੇਰਾ ਮੈਂ ਤੇਰਾ ਗਾਉਣਾ ਜਸ, ਸੋਹੰ ਰੂਪ ਸਚ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਸਮਝਾਇੰਦਾ । ਸ੍ਰੀ ਭਗਵਾਨ ਪਰਮਾਤਮ ਆਤਮ ਏਕਾ ਧਾਰ, ਲੱਖ ਚੁਰਾਸੀ ਵੰਡ ਵੰਡਾਈਆ । ਅੰਡਜ ਜੇਰਜ ਉਤਭੁਜ ਸੇਤਜ ਕਰ ਪਿਆਰ, ਚਾਰੇ ਖਾਣੀ ਸੋਭਾ ਪਾਈਆ । ਜੀਵ ਜੰਤ ਤੇਰਾ ਦੇ ਅਧਾਰ, ਮਾਣਸ ਮਾਨੁਖ ਦਏ ਵਡਿਆਈਆ । ਸ਼ਬਦ ਅਗੰਮੀ ਇਕ ਜੈਕਾਰ, ਘਰ ਘਰ ਨਾਦ ਸੁਣਾਈਆ । ਦੀਵਾ ਬਾਤੀ ਕਮਲਾਪਾਤੀ ਕਰ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬੂੰਦ ਸਵਾਂਤੀ ਠੰਡੀ ਠਾਰ, ਨਾਭੀ ਕਵਲ ਆਪ ਭਰਾਈਆ । ਸੁਖਮਨ ਟੇਢੀ ਵੇਖ ਨਾੜ, ਈੜਾ ਪਿੰਗਲ ਸੋਭਾ ਪਾਈਆ । ਕਾਇਆ ਮੰਦਰ ਕਰ ਤਿਆਰ, ਸੋਹਣੀ ਬਣਤ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਮਾਣਸ ਮਾਨੁਖ ਪੰਜ ਤੱਤ ਕਾਇਆ ਚੋਲਾ, ਤਨ ਮਾਟੀ ਖ਼ਾਕੀ ਜੋੜ ਜੁੜਾਈਆ । ਬਜਰ ਕਪਾਟੀ ਰਖ ਕੇ ਓਹਲਾ, ਬੈਠਾ ਮੁਖ ਛੁਪਾਈਆ । ਸ਼ਬਦ ਅਗੰਮੀ ਸੁਣਾ ਕੇ ਢੋਲਾ, ਧੁਰ ਦਾ ਰਾਗ ਜਣਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਪ੍ਰਭ ਅਬਿਨਾਸ਼ੀ ਆਪਣਾ ਪੜਦਾ ਖੋਲ੍ਹਾ, ਸ੍ਰੀ ਭਗਵਾਨ ਆਪਣਾ

ਭੇਤ ਦਿਤਾ ਜਣਾਈਆ । ਬੁਧਿ ਮਤਿ ਦਾ ਕਰ ਕੇ ਹੋਲਾ, ਸਾਚਾ ਰੰਗ ਇਕ ਰੰਗਾਈਆ । ਮਨ ਵਾਸਨਾ ਖੇਲ ਅਨਮੋਲਾ, ਨੌਂ ਦਵਾਰੇ ਆਪ ਭਵਾਈਆ । ਸਰਗੁਣ ਸਰੂਪ ਨਿਰਗੁਣ ਧਾਰ ਸਤਿਗੁਰ ਬਣ ਵਿਚੋਲਾ, ਧੁਰ ਦਾ ਮੇਲਾ ਆਪ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਲਾਈਆ । ਸ੍ਰੀ ਭਗਵਾਨ ਸਾਚਾ ਮੀਤ, ਮਿਤਰ ਪਿਆਰਾ ਇਕ ਅਖਵਾਇੰਦਾ । ਆਦਿ ਜੁਗਾਦਿ ਜਿਸ ਦੀ ਰੀਤ, ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਚਾ ਨਾਮ ਕਲਮਾ ਦੱਸ ਹਦੀਸ, ਹਜ਼ਰਤ ਆਪਣਾ ਹੁਕਮ ਵਰਤਾਇੰਦਾ । ਲੇਖਾ ਜਾਣੇ ਊਚ ਨੀਚ, ਰਾਓ ਰੰਕ ਖੇਲ ਖਿਲਾਇੰਦਾ । ਨਾਮ ਅਗੰਮਾ ਕਾਇਆ ਮਾਟੀ ਚੰਮਾ ਦੇਵੇ ਠਾਂਡਾ ਸੀਤ, ਬਣ ਵਣਜਾਰਾ ਆਪ ਵਰਤਾਇੰਦਾ । ਸਾਚਾ ਢੋਲਾ ਸਾਚਾ ਗੀਤ, ਆਤਮ ਪਰਮਾਤਮ ਆਪ ਸਮਝਾਇੰਦਾ । ਸਚ ਦਵਾਰ ਸਚ ਸਿੰਘਾਸਣ ਸਾਚੇ ਮੰਦਰ ਕਾਇਆ ਅੰਦਰ ਰਹਿਣਾ ਅਤੀਤ, ਤ੍ਰੈਗੁਣ ਲੇਖਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪਣੇ ਹੱਥ ਰਖਾਇੰਦਾ । ਆਤਮ ਪਰਮਾਤਮ ਇਕੋ ਜ਼ਾਤ, ਦੂਸਰ ਵੰਡ ਨਾ ਕੋਇ ਵੰਡਾਈਆ । ਸਚਖੰਡ ਨਿਵਾਸੀ ਲੋਕਮਾਤ, ਨਿਰਗੁਣ ਨਿਰਗੁਣ ਆਪਣੀ ਖੇਲ ਵਖਾਈਆ । ਜੁਗ ਚੌਕੜੀ ਨਾ ਹੋਵੇ ਨਾਸ, ਮੜ੍ਹੀ ਗੋਰ ਨਾ ਕੋਇ ਦਬਾਈਆ । ਏਥੇ ਓਥੇ ਦੋ ਜਹਾਨਾਂ ਇਕੋ ਸਾਥ, ਬ੍ਰਹਿਮੰਡ ਖੰਡ ਪੁਰੀ ਲੋਅ ਆਪਣਾ ਖੇਲ ਵਖਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲਾ ਜਨ ਭਗਤ ਪੁਛੇ ਕੋਈ ਅਗੰਮੀ ਬਾਤ, ਜਿਸ ਨੂੰ ਨਰ ਹਰਿ ਆਪਣੀ ਬੂਝ ਬੁਝਾਈਆ । ਕਲਜੁਗ ਅੰਤਮ ਵੇਖੇ ਕੂੜ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ

੫੨੧ ਅੰਜੀਲ ਕੁਰਾਨ ਰਸਨਾ ਜਿਹਵਾ ਬੱਤੀ ਦੰਦ ਪੜ੍ਹਦੇ ਸਾਰੇ ਗਾਥ, ਅੰਤਰ ਆਤਮ ਹਿਰਦੇ ਹਰਿ ਨਾ ਕੋਇ ਵਸਾਈਆ । ਸਚ ਪ੍ਰੀਤਮ ਜੁੜੇ ਕੋਇ ਨਾ ੫੨੧

ਨਾਤ, ਆਤਮ ਪਰਮਾਤਮ ਇਕੋ ਘਰ ਨਾ ਕੋਇ ਵਸਾਈਆ । ਸਾਚੀ ਮੰਜ਼ਲ ਕਾਇਆ ਪੌੜਾ ਚੜ੍ਹੇ ਕੋਈ ਨਾ ਘਾਟ, ਅਧਵਾਟੇ ਬੈਠੇ ਸਾਰੇ ਡੇਰੇ ਲਾਈਆ । ਜੇ ਮਾਣਸ ਮਾਨੁਖ ਮਾਨਵ ਆਪਣਾ ਆਪ ਲੈਣ ਪਛਾਣ, ਅੰਤਰ ਅੰਤਰ ਖੋਜ ਖੁਜਾਈਆ । ਸਤਿ ਧਰਮ ਦਾ ਆ ਜਾਏ ਇਕ ਗਿਆਨ, ਦੂਈ ਦਵੈਤੀ ਰਹਿਣ ਕੋਇ ਨਾ ਪਾਈਆ । ਜੋ ਆਤਮ ਸੋ ਪਰਮਾਤਮ ਸੋ ਭਗਵਾਨ, ਦੋਹਾਂ ਦਾ ਇਕੋ ਮੰਦਰ ਇਕੋ ਘਰ ਇਕੋ ਨਿਸ਼ਾਨ, ਇਕੋ ਰੂਪ ਰੰਗ ਰੇਖ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਆਤਮ ਪਰਮਾਤਮ ਏਕਾ ਰੂਪ, ਭੇਵ ਰਹੇ ਨਾ ਰਾਈਆ । ਇਕੋ ਤਾਣਾ ਪੇਟਾ ਸੂਤ, ਦੂਜੀ ਵੰਡ ਨਾ ਕੋਇ ਵੰਡਾਈਆ । ਪਰਮਾਤਮ ਹੋ ਕੇ ਵਸੇ ਦਹਿ ਦਿਸ਼ਾ ਚਾਰੇ ਕੂਟ, ਆਤਮ ਹੋ ਕੇ ਸਾਢੇ ਤਿੰਨ ਹੱਥ ਡੇਰਾ ਲਾਈਆ । ਮਾਲਕ ਖ਼ਾਲਕ ਧੁਰ ਦਾ ਭੂਪ, ਸ਼ਾਹ ਪਾਤਸ਼ਾਹ ਆਪਣਾ ਭੇਸ ਵਟਾਈਆ । ਵਸਣਹਾਰਾ ਪੰਜ ਤੱਤ ਕਾਇਆ ਕਲਬੂਤ, ਗ੍ਰਹਿ ਮੰਦਰ ਸੋਭਾ ਪਾਈਆ । ਬਿਨ ਸਾਚੇ ਸੰਤਾਂ ਕਿਸੇ ਨਾ ਆਈ ਬੂਝ, ਸ੍ਰਿਸ਼ਟ ਸਬਾਈ ਲਭ ਲਭ ਥੱਕੀ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਈਆ । ਸ੍ਰਿਸ਼ਟ ਸਬਾਈ ਲਭਦੀ ਜੰਗਲ ਜੂਹ, ਉਜਾੜ ਪਹਾੜ ਟਿੱਲੇ ਪਰਬਤ ਖੋਜ ਖੁਜਾਈਆ । ਪਰਮਾਤਮ ਬੈਠਾ ਆਤਮ ਰੂਪ ਕਾਇਆ ਅੰਦਰ ਹੂ ਬਹੂ, ਘਰ ਘਰ ਵਿਚ ਡੇਰਾ ਲਾਈਆ । ਸਾਚੇ ਸੰਤਾਂ ਕੋਲੋਂ ਪੁਛ ਲਓ ਉਹਦੀ ਜੂਹ, ਜਿਸ ਦਵਾਰੇ ਬੈਠਾ ਸੋਭਾ ਪਾਈਆ । ਜਿਸ ਦਾ ਹੱਥ ਨੱਕ ਨਾ ਕੋਈ ਮੂੰਹ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਤੱਤਾਂ

ਵਾਲਾ ਨਹੀਂ ਕੋਈ ਲੂੰ, ਰੋਮ ਰੋਮ ਓਸੇ ਦੀ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਦ੍ਰਿੜਾਈਆ । ਕਾਇਆ ਮੰਦਰ ਸਚ ਵਸੇਰਾ, ਸੋਭਾ ਬੈਠਾ ਪਾਈਆ । ਪਰਦਾ ਲਾਹ ਕੇ ਵੇਖੋ ਨੇਰਨ ਨੇਰਾ, ਦੂਰ ਦੁਰਾਡਾ ਪੰਧ ਨਾ ਕੋਇ ਜਣਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਚੁਕਿਆ ਝੇੜਾ, ਝਗੜਾ ਮਨ ਰਹੇ ਨਾ ਰਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਰਹੇ ਨਾ ਡੇਰਾ, ਆਸਾ ਤ੍ਰਿਸ਼ਨਾ ਦਿਓ ਗਵਾਈਆ । ਘਰ ਵਿਚ ਠਾਕਰ ਘਰ ਵਿਚ ਸਵਾਮੀ ਘਰ ਵਿਚ ਸਤਿਗੁਰ ਘਰ ਵਿਚ ਬਣ ਜਾਓ ਚੇਰਾ, ਚੇਲਾ ਗੁਰ ਅੰਤ ਇਕੋ ਰੂਪ ਸਮਾਈਆ । ਕਾਇਆ ਬੰਕ ਦਵਾਰਾ ਸੋਹੇ ਸਾਚਾ ਖੇੜਾ, ਹਰਿ ਮੰਦਰ ਨਜ਼ਰੀ ਆਈਆ । ਮਨ ਵਾਸਨਾ ਕੂੜੀ ਕਿਰਿਆ ਚੁਕ ਜਾਏ ਝੇੜਾ, ਦੀਨ ਮਜ਼੍ਹਬ ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਮਾਣਸ ਮਾਨੁਖ ਇਕ ਦੂਜੇ ਨੂੰ ਕਹਿਣ ਤੂੰ ਮੇਰਾ ਮੈਂ ਤੇਰਾ, ਸਭ ਦਾ ਮਾਲਕ ਪ੍ਰਿਤਪਾਲਕ ਇਕੋ ਸ੍ਰੀ ਭਗਵਾਨ ਅਖਵਾਈਆ । ਜਿਸਦਾ ਬ੍ਰਹਿਮੰਡ ਖੰਡ ਦੋ ਜਹਾਨ ਪ੍ਰਿਥਮੀ ਆਕਾਸ਼ ਚੌਦਾਂ ਲੋਕ ਚੌਦਾਂ ਤਬਕ ਖੁਲ੍ਹਾ ਵਿਹੜਾ, ਤ੍ਰੈਭਵਨ ਧਨੀ ਆਪਣਾ ਗ੍ਰਿਹਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸ੍ਰੀ ਭਗਵਾਨ ਸਰਬ ਦਾ ਮਾਲਕ, ਲੱਖ ਚੁਰਾਸੀ ਆਤਮ ਰੂਪ ਇਕੋ ਨਜ਼ਰੀ ਆਈਆ । ਪੀਰ ਪੈਗੰਬਰਾਂ ਜਿਸ ਨੂੰ ਮੰਨਿਆ ਖ਼ਾਲਕ, ਖ਼ਾਲਸ ਇਕੋ ਸੋਭਾ ਪਾਈਆ । ਸੋ ਕਲਜੁਗ ਅੰਤਮ ਜਨ ਭਗਤਾਂ ਬਣ ਕੇ ਆਵੇ ਸਾਲਸ, ਸਚ ਇਨਸਾਫ਼ ਕਰਾਈਆ । ਸੰਤ ਸੁਹੇਲਿਆਂ ਨਾਲ ਮਿਲ ਕੇ ਲਾਵੇ ਇਕ ਅਦਾਲਤ, ਅਦਲੀ ਇਕੋ ਬੇਪਰਵਾਹੀਆ । ਸਾਚੇ ਨਾਮ ਦੀ ਕਰੇ ਵਕਾਲਤ, ਵੁਕਲਾ ਇਕੋ ਨਜ਼ਰੀ ਆਈਆ । ਆਪਣੇ ਪ੍ਰੇਮੀਆਂ ਪਿਆਰਿਆਂ ਭਗਤਾਂ ਸੰਤਾਂ ਸਾਚੇ ਪ੍ਰੇਮ ਦੀ ਦੇ ਕੇ ਜ਼ਮਾਨਤ, ਬਰੀਖ਼ਾਨਾ ਦਏ ਜਣਾਈਆ । ਸਚ ਪੁਛੋ ਸਭ ਦੀ ਆਤਮਾ ਓਸੇ ਦੀ ਅਮਾਨਤ, ਅੰਤ ਓਸੇ ਦੀ ਝੋਲੀ ਦੇਵੇ ਪਾਈਆ । ਪ੍ਰੇਮ ਪਿਆਰ ਸੱਚਾ ਕਰਦਿਆਂ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਹੀਂ ਕੋਈ ਮਮਾਨਤ, ਹਿੰਦੂ ਮੁਸਲਮ ਸਿੱਖ ਈਸਾਈ ਇਕ ਦੂਜੇ ਨੂੰ ਜਾਣੋ ਭਾਈ ਭਾਈਆ । ਤੁਹਾਡੇ ਅੰਦਰ ਮਨ ਨਾ ਕਰੇ ਬਗ਼ਾਵਤ, ਜੂਠ ਝੂਠ ਨਾ ਕੋਇ ਲੜਾਈਆ । ਮਾਇਆ ਮਮਤਾ ਨਾ ਰਹੇ ਅਲਾਮਤ, ਸਤਿ ਸਚ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਜਣਾਈਆ । ਸਾਚਾ ਮਾਰਗ ਸੁਣੋ ਜਨ ਸੰਤ, ਸਤਿ ਸਤਿਵਾਦੀ ਆਪ ਦ੍ਰਿੜਾਇੰਦਾ । ਆਤਮ ਪਰਮਾਤਮ ਮੇਲਾ ਕਰ ਲਓ ਨਾਲ ਕੰਤ, ਦੁਹਾਗੀ ਰੂਪ ਨਾ ਕੋਇ ਵਖਾਇੰਦਾ । ਕਾਇਆ ਚੋਲੀ ਚੜ੍ਹ ਜਾਏ ਰੰਗ ਬਸੰਤ, ਦੁਤੀਆ ਭੌ ਮਿਟਾਇੰਦਾ । ਗੜ੍ਹ ਟੁਟ ਜਾਏ ਹਉਮੇ ਹੰਗਤ, ਹੰ ਬ੍ਰਹਮ ਇਕੋ ਨਜ਼ਰੀ ਆਇੰਦਾ । ਤੁਹਾਡੇ ਅੰਦਰ ਬੈਠਾ ਬੋਧ ਅਗਾਧਾ ਹਰਿ ਜੂ ਪੰਡਤ, ਜੋ ਨਿਰਅੱਖਰ ਸਾਚੀ ਵਿਦਿਆ ਆਪ ਪੜ੍ਹਾਇੰਦਾ । ਚਾਰ ਵਰਨ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਬਣ ਜਾਓ ਇਕੋ ਸੰਗਤ, ਜ਼ਾਤ ਪਾਤ ਪਰਦਾ ਸਰਬ ਗਵਾਇੰਦਾ । ਦੂਜੇ ਦਰ ਕੋਇ ਨਾ ਜਾਏ ਮੰਗਤ, ਘਰ ਘਰ ਵਿਚ ਠਾਕਰ ਸਭ ਦੇ ਸੋਭਾ ਪਾਇੰਦਾ । ਸਾਚਾ ਪ੍ਰੇਮ ਇਹੋ ਬਹਿਸ਼ਤ ਇਹੋ ਜੱਨਤ, ਸਵਰਗ ਲੋਕਮਾਤ ਇਹੋ ਨਜ਼ਰੀ ਆਇੰਦਾ । ਕਲਜੁਗ ਅੰਤਮ ਸਾਰੇ ਕਰ ਲਓ ਹਿੰਮਤ, ਹੌਸਲਾ ਸਾਧ ਸੰਤ ਸਰਬ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਦਰਗਾਹੀ ਖੇਲ ਕਰਾਇੰਦਾ । ਧੁਰ ਦਰਗਾਹੀ ਖੇਲ ਅਪਾਰ, ਅਕਲ ਕਲਧਾਰੀ ਆਪ ਕਰਾਈਆ । ਜਿਸ ਦੇ ਹੁਕਮੇ ਅੰਦਰ ਹੁਕਮ ਦੇ ਕੇ ਗਏ ਤੇਈ ਅਵਤਾਰ, ਈਸਾ ਮੂਸਾ ਮੁਹੰਮਦ

ਕਲਮਾ ਕਾਇਨਾਤ ਦ੍ਰਿੜਾਈਆ । ਨਾਨਕ ਗੋਬਿੰਦ ਜਿਸ ਦਾ ਬੋਲ ਕੇ ਗਏ ਜੈਕਾਰ, ਸਤਿ ਸਤਿ ਸਰਬ ਸਮਝਾਈਆ । ਸੋ ਸ੍ਰੀ ਭਗਵਾਨ ਸਭ ਦੇ ਅੰਦਰ ਵਸਣੇਹਾਰ, ਬਾਹਰੋਂ ਨਜ਼ਰ ਕੋਇ ਨਾ ਪਾਈਆ । ਕਾਇਆ ਬੰਦ ਤਾਕੀ ਖੋਲ੍ਹ ਕੇ ਵੇਖੇ ਕਿਵਾੜ, ਬਜਰ ਕਪਾਟੀ ਕੁੰਡਾ ਲਾਹਿੰਦਾ । ਜਿਸ ਦਾ ਪਰਕਾਸ਼ ਨਾੜ ਨਾੜ, ਨੂਰ ਨੁਰਾਨਾ ਸੋਭਾ ਪਾਈਆ । ਉਹ ਆਤਮ ਰੂਪ ਪਰਮਾਤਮ ਸਾਂਝਾ ਸਰਬ ਕਰੇ ਪਿਆਰ, ਦੁਵੈਤ ਵੰਡ ਨਾ ਕੋਇ ਵੰਡਾਈਆ । ਓਸੇ ਦੀ ਸ੍ਰਿਸ਼ਟੀ ਓਸੇ ਦੀ ਦ੍ਰਿਸ਼ਟੀ ਉਹ ਸਭ ਦਾ ਇਸ਼ਟੀ ਆਪ ਨਿਰੰਕਾਰ, ਰਾਮਾ ਵਸ਼ਿਸ਼ਟੀ ਇਕੋ ਰੂਪ ਨਜ਼ਰੀ ਆਈਆ । ਭਾਵੇਂ ਉਦਾਸੀ ਬੈਰਾਗੀ ਸੰਨਿਆਸੀ ਹੋ ਗ੍ਰਿਹਸਤੀ, ਸਭ ਦਾ ਮਾਲਕ ਹਰ ਘਟ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਰਿਹਾ ਲਾਈਆ । ਸਚ ਮਾਰਗ ਵੇਖੋ ਰਿਹਾ ਲਗ, ਸੰਤ ਸੱਜਣ ਦੇਣ ਗਵਾਹੀਆ । ਜੋ ਸ੍ਰਿਸ਼ਟ ਸਬਾਈ ਲਗੀ ਅੱਗ, ਪ੍ਰੇਮ ਪ੍ਰੀਤੀ ਨਾਲ ਦੇਣੀ ਬੁਝਾਈਆ । ਜੋ ਹੰਸ ਰੂਪ ਮਾਣਸ ਹੋ ਗਏ ਕਗ, ਮਨ ਵਾਸਨਾ ਰਹੇ ਕੁਰਲਾਈਆ । ਸਾਚਾ ਧਰਮ ਗਏ ਛਡ, ਮਜ਼੍ਹਬਾਂ ਵਿਚ ਕਰਨ ਲੜਾਈਆ । ਆਤਮ ਪਰਮਾਤਮ ਸਮਝਣ ਅੱਡ ਅੱਡ, ਵਖਰੀ ਧਾਰ ਵਖਾਈਆ । ਸਚ ਪੁਛੋ ਆਦਿ ਜੁਗਾਦੀ ਵਿਸ਼ਵ ਸਾਰੇ ਪ੍ਰਭ ਦੀ ਯਦ, ਯਾਦਾਸ਼ਤ ਤਾਜਾ ਫੇਰ ਕਰਾਈਆ । ਸਾਰੇ ਜ਼ਰਾ ਆਪਣੇ ਨੌਂ ਦਵਾਰੇ ਵੇਖੋ ਲੰਘ, ਪਾਂਧੀ ਹੋ ਕੇ ਪੰਧ ਮੁਕਾਈਆ । ਅਗੇ ਝਗੜਾ ਮੁਕ ਜਾਏ ਸੂਰਜ ਚੰਦ, ਇਕੋ ਜੋਤ ਨੂਰ ਰੁਸ਼ਨਾਈਆ । ਹਿੰਦੂ ਮੁਸਲਮ ਸਿੱਖ ਈਸਾਈ ਨਾ ਕੋਈ ਅੰਦਰ ਵੰਡ, ਆਤਮ ਬ੍ਰਹਮ ਨੂਰ ਖ਼ੁਦਾਈਆ । ਸੱਜਣ ਮੀਤ ਪਿਆਰੇ ਬਣ ਕੇ ਬਣਾ ਲਓ ਸੱਚਾ ਸੰਗ, ਕੂੜੇ ਨਾਤੇ ਦਿਓ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸ੍ਰਿਸ਼ਟ ਸਬਾਈ ਇਕ ਜਣਾਈਆ । ਸਾਧ ਸੰਤ ਸੰਦੇਸ਼ੇ ਦੇਣ ਸਾਚੀ ਸਿਖਿਆ, ਆਤਮ ਬ੍ਰਹਮ ਪੜ੍ਹਾਈਆ । ਜੋ ਦੀਸੇ ਸੋ ਜਾਣੋ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਜੋ ਭਵਿਖਤਾਂ ਅੰਦਰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਿਖਿਆ, ਸੰਦੇਸ਼ੇ ਗਏ ਸੁਣਾਈਆ । ਤਿਸ ਦੇ ਕਾਰਨ ਕੂੜ ਕੁੜਿਆਰਾ ਜਾਵੇ ਜਿੱਤਿਆ, ਸਚ ਸੁਚ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਰਿਹਾ ਵਖਾਈਆ । ਸਾਚੀ ਧਾਰਾ ਲਗਣੀ ਮਾਤ, ਸਤਿ ਸਰੂਪ ਆਪਣਾ ਲਏ ਬਣਾਈਆ । ਕਲਜੁਗ ਅੰਧੇਰੀ ਮਿਟਣੀ ਰਾਤ, ਚਾਰੋਂ ਕੁੰਟ ਇਕੋ ਨੂਰ ਕਰੇ ਰੁਸ਼ਨਾਈਆ । ਚਾਰ ਵਰਨ ਬਣਨਾ ਇਕ ਜਮਾਤ, ਇਕੋ ਅੱਖਰ ਸਚ ਪੜ੍ਹਾਈਆ । ਇਕੋ ਸਭ ਦਾ ਮਾਈ ਬਾਪ, ਓਸੇ ਦੀ ਅੰਸ ਓਸੇ ਦਾ ਸਰਬੰਸ ਲੱਖ ਚੁਰਾਸੀ ਜੀਵ ਜੰਤ ਆਤਮ ਨਜ਼ਰੀ ਆਈਆ । ਓਸੇ ਦਾ ਦਵਾਰਾ ਓਸੇ ਦਾ ਮੰਦਰ ਓਸੇ ਦਾ ਬੰਕ, ਓਹੋ ਮਾਲਕ ਘਰ ਘਰ ਬੈਠਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਸਤਿ ਧਰਮ ਕਹੇ ਸੁਣੋ ਸਚ ਜਾਣ, ਧੁਰ ਸੰਦੇਸ਼ਾ ਦਿਆਂ ਸੁਣਾਈਆ । ਜੇ ਮੰਨ ਲਓ ਇਕ ਭਗਵਾਨ, ਮਾਨਵ ਓਹੋ ਰੂਪ ਅਖਵਾਈਆ । ਗੁਰ ਕਾ ਸ਼ਬਦ ਕਮਾਵੇ ਬਣ ਬਲਵਾਨ, ਸੂਰਬੀਰ ਅਖਵਾਈਆ । ਮਨ ਦਹਿ ਦਿਸ਼ਾ ਨਾ ਭੱਜੇ ਉਠ ਸ਼ੈਤਾਨ, ਪ੍ਰੇਮ ਡੋਰੀ ਲਓ ਬੰਧਾਈਆ । ਆਪਣੇ ਅੰਦਰ ਕਰੋ ਧਿਆਨ, ਕਾਇਆ ਪਰਦਾ ਆਪ ਉਠਾਈਆ । ਆਤਮ ਸੇਜਾ ਵੇਖੋ ਖੇਲ ਮਹਾਨ, ਨਰ ਨਿਰੰਕਾਰ ਰਿਹਾ ਕਰਾਈਆ । ਸ਼ਬਦ ਅਨਾਦ ਸੱਚੀ ਧੁਨਕਾਨ, ਅੱਠੇ ਪਹਿਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਦਏ ਲਗਾਈਆ । ਸੱਚਾ ਮਾਰਗ ਲਗਣਾ ਕਲ ਅਖ਼ੀਰ, ਆਖ਼ਰ ਨਜ਼ਰੀ ਆਈਆ । ਸੰਤ ਸੁਹੇਲਿਓ

ਰਲ ਕੇ ਸ੍ਰਿਸ਼ਟੀ ਦੀ ਬਦਲ ਦਿਓ ਤਕ਼ਦੀਰ, ਤਦਬੀਰ ਧੁਰ ਦੀ ਇਕ ਜਣਾਈਆ । ਸਭ ਦੇ ਅੰਦਰ ਆਤਮਾ ਦੀ ਸਚ ਵਖਾ ਦਿਓ ਤਸਵੀਰ, ਪ੍ਰੇਮ ਨਾਲ ਤਸੱਵਰ ਦਿਓ ਕਰਾਈਆ । ਇਕੋ ਰੰਗ ਵਖਾਓ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹਕੀਰ, ਵਡਾ ਛੋਟਾ ਰਹਿਣ ਕੋਇ ਨਾ ਪਾਈਆ । ਦੀਨ ਮਜ਼੍ਹਬ ਜਾਤ ਪਾਤ ਸ਼ਰਅ ਦੇ ਕਟ ਦਿਓ ਜ਼ੰਜੀਰ, ਧਰਮ ਇਕੋ ਦਿਓ ਵਖਾਈਆ । ਜਿਸ ਦੀ ਸਿਫ਼ਤ ਕਰ ਕੇ ਗਏ ਪੈਗ਼ੰਬਰ ਪੀਰ, ਓਸ ਦਾ ਪੈਗ਼ਾਮ ਦਿਓ ਸੁਣਾਈਆ । ਜਿਸ ਦਾ ਨਜ਼ਾਰਾ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਓਸ ਦੇ ਹੱਥ ਸਾਚਾ ਖੰਡਾ ਨਾਮ ਸ਼ਮਸ਼ੀਰ, ਕਲਜੁਗ ਕੂੜੀ ਕਿਰਿਆ ਟੁਕੜੇ ਟੁਕੜੇ ਦੇਵੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕੂੜ ਕੁੜਿਆਰਾ ਕਹੇ ਮੇਰਾ ਘਰ ਘਰ ਵਸੇਰਾ, ਗ੍ਰਿਹਿ ਗ੍ਰਿਹਿ ਬੈਠਾ ਡੇਰਾ ਲਾਈਆ । ਸ੍ਰਿਸ਼ਟ ਸਬਾਈ ਭੁਲ ਗਈ ਤੇਰਾ ਮੇਰਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਭਰਿਆ ਖੇੜਾ, ਸਾਚਾ ਅਨੰਦ ਨਾ ਕੋਇ ਜਣਾਈਆ । ਧੰਨ ਭਾਗ ਜੇ ਸੰਤ ਸੁਹੇਲੇ ਮਿਲ ਕੇ ਸ੍ਰਿਸ਼ਟੀ ਦਾ ਬੰਨ੍ਹਣ ਲਗੇ ਬੇੜਾ, ਨਾਲ ਪੁਰਖ ਅਕਾਲ ਰਖਾਈਆ । ਵੇਖੋ ਸੋਲਾਂ ਸਾਲਾਂ ਦੇ ਅੰਦਰ ਅੰਦਰ ਸਾਫ਼ ਸੁਥਰਾ ਧਰਤ ਮਾਤ ਦਾ ਹੋ ਜਾਏ ਵਿਹੜਾ, ਧਰਨੀ ਧਵਲ ਆਪਣੀ ਖ਼ੁਸ਼ੀ ਮਨਾਈਆ । ਦੀਨ ਮਜ਼੍ਹਬ ਦਾ ਰਹੇ ਕੋਇ ਨਾ ਝੇੜਾ, ਝਗੜਾ ਕੂੜ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਅੰਦਰ ਸਭ ਦੀ ਕਰੇ ਸਫ਼ਾਈਆ । ਕਲਜੁਗ ਕੂੜ ਕਹੇ ਮੈਂ ਮੂਰਖ ਮੂੜ੍ਹ, ਮੁਗਧਾ ਰੂਪ ਨਜ਼ਰੀ ਆਈਆ । ਜੇ ਸਾਚੇ ਸੰਤਾਂ ਦੀ ਮੇਰੇ ਮਸਤਕ ਲਗ ਜਾਏ ਧੂੜ, ਦੁਰਮਤ ਮੈਲ ਦੇਣ ਧੁਆਈਆ । ਸ੍ਰਿਸ਼ਟ ਸਬਾਈ ਦੇ ਅੰਦਰ ਪਰਗਟ ਹੋ ਜਾਏ ਉਹ ਨੂਰ, ਜਿਸ ਨੂਰ ਨਾਲ ਤਨ ਮਾਟੀ ਹੋਏ ਰੁਸ਼ਨਾਈਆ । ਫੇਰ ਸਾਰੇ ਮਿਲ ਕੇ ਜਾਣ ਜਾਣ ਇਕ ਦੂਜੇ ਨੂੰ ਕਹਿਣ ਜ਼ਰੂਰ, ਜ਼ਰੂਰਤ ਆਪਣੀ ਅਗੇ ਨਾ ਕੋਇ ਰਖਾਈਆ । ਨਿਹਕਰਮੀ ਕਰਮਾਂ ਦਾ ਮਾਲਕ ਸ੍ਰੀ ਭਗਵਾਨ ਸਭ ਦੇ ਮੁਆਫ਼ ਕਰ ਦੇਵੇ ਕ਼ਸੂਰ, ਜੋ ਹਾਜ਼ਰ ਹਜ਼ੂਰ ਹੋ ਕੇ ਦਰਸ਼ਨ ਪਾਈਆ । ਸ੍ਰਿਸ਼ਟ ਸਬਾਈ ਅਗਨੀ ਤੱਤ ਜੋ ਤਪੇ ਵਾਂਗ ਤੰਦੂਰ, ਅਗਿਆਨ ਬੈਠਾ ਘਰ ਘਰ ਕਰੇ ਲੜਾਈਆ । ਉਹ ਵਕ਼ਤ ਵੇਲਾ ਉਹ ਸਮਾਂ ਵਕ਼ਤ ਨਹੀਂ ਦੂਰ, ਜਿਸ ਵੇਲੇ ਸ੍ਰਿਸ਼ਟ ਸਬਾਈ ਇਕੋ ਬੰਸ ਸਰਬੰਸ ਰੂਪ ਲਏ ਵਟਾਈਆ । ਵੇਖਿਓ ਸੰਤਾਂ ਦੇ ਬਚਨ ਸੁਣ ਕੇ ਅੰਦਰ ਰਹਿਣ ਨਾ ਦਿਓ ਗ਼ਰੂਰ, ਗ਼ੁਰਬਤ ਦੇਣੀ ਬਾਹਰ ਕਢਾਈਆ । ਜੇ ਤੁਸੀਂ ਪਰਮਾਤਮਾ ਦੀ ਆਤਮਾ ਓਸੇ ਦਾ ਲਓ ਸਰੂਰ, ਸਾਖ਼ਿਆਤ ਓਸੇ ਦਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਸੁਣੋ ਸੰਦੇਸ਼ਾ ਸੱਜਣ ਮੀਤ, ਸ੍ਰਿਸ਼ਟ ਸਬਾਈ ਇਕੋ ਇਕ ਜਣਾਇੰਦਾ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾਂ ਦੀ ਬਦਲਾਈ ਰੀਤ, ਨੀਤੀ ਜਗਤ ਵੇਖ ਵਖਾਇੰਦਾ । ਜਿਨ੍ਹ ਸ਼ਿਵਦਵਾਲੇ ਮਠ ਮੰਦਰ ਬਣਾਈ ਮਸੀਤ, ਗੁਰੂਦਵਾਰੇ ਸੋਭਾ ਪਾਇੰਦਾ । ਉਹ ਸਭ ਦੇ ਅੰਦਰ ਬੈਠਾ ਅਤੀਤ, ਘਰ ਘਰ ਡੇਰਾ ਲਾਇੰਦਾ । ਕਿਸੇ ਨੂੰ ਕੋਈ ਨਾ ਸਮਝਿਓ ਨੀਚ, ਨੀਚਾਂ ਦਾ ਨੀਚ ਆਪ ਪ੍ਰਭ ਅਖਵਾਇੰਦਾ । ਵੇਖੋ ਰਵਿਦਾਸ ਦੀ ਲੰਘ ਕੇ ਅੰਦਰ ਦਹਲੀਜ਼, ਕਬੀਰ ਜੁਲਾਹੇ ਦੇ ਅੰਦਰ ਬਹਿ ਬਹਿ ਸੋਭਾ ਪਾਇੰਦਾ । ਪੁਰਖ ਅਕਾਲ ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਕਦੇ ਨਾ ਹੋਵੇ ਪਲੀਤ, ਪਤਿਤਾਂ ਨੂੰ ਪਵਿੱਤਰ ਆਪ ਬਣਾਇੰਦਾ । ਸਾਧ ਸੰਤ ਕੱਠੇ ਹੋ ਕੇ ਜੋ ਮਾਰਗ ਲਗੌਣ ਲਗੇ ਠੀਕ, ਇਹ ਵੀ ਠਾਕਰ ਓਨ੍ਹਾਂ ਦੇ ਅੰਦਰ ਵੜ ਕੇ ਹੁਕਮ ਸੁਣਾਇੰਦਾ । ਕਿਉਂ, ਇਹਨਾਂ ਦੀ

ਓਸ ਦੇ ਨਾਲ ਪ੍ਰੀਤ, ਜੋ ਪ੍ਰੀਤੀ ਦੋ ਜਹਾਨ ਨਾ ਕਦੇ ਤੁੜਾਇੰਦਾ । ਵੇਖੋ ਜੇ ਤੁਸਾਂ ਵੀ ਮਿਲਣਾ ਓਸ ਜਗਦੀਸ਼, ਜੋ ਜਗਦੀਸ਼ਰ ਘਰ ਦਾ ਮਾਲਕ ਘਰ ਵਿਚ ਸੋਭਾ ਪਾਇੰਦਾ । ਫੇਰ ਸਾਚੇ ਸੰਤਾਂ ਦੀ ਅਪਨਾ ਲਓ ਉਹ ਰੀਤ, ਜਿਹੜੀ ਰੀਤ ਆਦਿ ਜੁਗਾਦਿ ਪੁਰਖ ਅਕਾਲ ਭਗਤਾਂ ਆਪ ਸਮਝਾਇੰਦਾ । ਮਾਇਆ ਵਿਚ ਕੂੜੀ ਕਿਰਿਆ ਵਿਚ ਲੱਗਕੇ ਕਰਿਓ ਨਾ ਕੋਇ ਬਿਪਰੀਤ, ਮਨਮੁਖਾਂ ਪੁਰਖ ਅਕਾਲ ਹੱਥ ਕਦੇ ਨਾ ਆਇੰਦਾ । ਤੁਹਾਡੀ ਆਤਮਾ ਨੂੰ ਸੰਤ ਸੁਹੇਲੇ ਆਪੇ ਖਿੱਚ ਲਿਆਉਣ ਜ਼ੋਰ ਨਾਲ ਘਸੀਟ, ਸੰਗਠਨ ਇਕੋ ਇਕ ਵਖਾਇੰਦਾ । ਮਨ ਵਾਸਨਾ ਮਨ ਦੀ ਹਦੀਸ, ਮਨਸਾ ਜਗਤ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਹਿਬਰ ਰਾਹ ਸੰਤਾਂ ਇਕ ਵਖਾਇੰਦਾ । ਸੰਤਾਂ ਅੰਦਰ ਵਸ ਸਵਾਮੀ, ਕਲ ਵਿਚ ਦਇਆ ਕਮਾਈਆ । ਸਰਬ ਘਟਾਂ ਘਟ ਅੰਤਰਜਾਮੀ, ਪਾਰਬ੍ਰਹਮ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਪਰਗਟਾਵਣਹਾਰਾ ਧੁਰ ਦੀ ਬਾਣੀ, ਸ਼ਬਦ ਸੰਦੇਸ਼ਾ ਜਗਤ ਸੁਣਾਈਆ । ਜਿਸ ਦਾ ਖੇਲ ਚਾਰੇ ਖਾਣੀ, ਚਾਰੋਂ ਕੁੰਟ ਵੇਖ ਵਖਾਈਆ । ਉਹ ਅੰਮ੍ਰਿਤ ਆਤਮ ਰਸ ਸਾਚੇ ਸੰਤਾਂ ਹੱਥ ਫੜਾ ਕੇ ਪਾਣੀ, ਜਾਮ ਧੁਰ ਦੇ ਰਿਹਾ ਪਿਆਈਆ । ਸਾਰੇ ਉਠ ਕੇ ਵੇਖੋ ਤੁਹਾਡੇ ਅੰਦਰੋਂ ਤੁਹਾਡਾ ਮਿਲ ਜਾਏ ਹਾਣੀ, ਬਾਹਰ ਖੋਜਣ ਕੋਇ ਨਾ ਜਾਈਆ । ਜੇ ਸੰਤਾਂ ਦੇ ਆਖੇ ਲਗੋ ਤੁਹਾਨੂੰ ਕੋਈ ਦੇਣੀ ਨਾ ਪਏ ਕ਼ੁਰਬਾਨੀ, ਮਨ ਦੀ ਮਨਸਾ ਮਨ ਵਿਚ ਦਿਓ ਗਵਾਈਆ । ਤੁਹਾਡੀ ਮੰਜ਼ਲ ਹੋ ਜਾਏ ਆਸਾਨੀ, ਸਾਚੇ ਪੌੜੇ ਚੜ੍ਹਨਾ ਚਾਈਂ ਚਾਈਂਆ । ਇਹ ਕੋਈ ਕਥਾ ਕਹਾਣੀ ਨਹੀਂ ਵਿਦਵਾਨੀ, ਵਿਦਿਆ ਵਾਲੀ ਚਲੇ ਨਾ ਕੋਇ ਚਤੁਰਾਈਆ । ਜੋ ਹੁਕਮ ਧੁਰ ਫ਼ਰਮਾਨੀ, ਸੋ ਸੰਤ ਸੁਹੇਲੇ ਰਹੇ ਸੁਣਾਈਆ । ਆਤਮ ਪਰਮਾਤਮ ਇਕੋ ਰੂਪ ਤੇ ਇਕੋ ਨਿਸ਼ਾਨੀ, ਨਿਸ਼ਾਨਾ ਇਕੋ ਦਏ ਜਣਾਈਆ । ਓਨ੍ਹਾਂ ਦੀ ਮੁੱਕ ਜਾਏ ਆਵਣ ਜਾਣੀ, ਜੋ ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਮਨਾਈਆ । ਵਿਸ਼ਵ ਖੇਲ ਖਿਲਾਏ ਆਦਿ ਸ੍ਰੀ ਭਗਵਾਨੀ, ਭਗਵਨ ਆਪਣਾ ਹੁਕਮ ਜਣਾਈਆ । ਲੇਖਾ ਜਾਣੇ ਦਾਤਾ ਗੁਣ ਨਿਧਾਨੀ, ਗਹਿਰ ਗੰਭੀਰ ਬੇਨਜ਼ੀਰ ਨਜ਼ਰ ਆਪਣੀ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤਨ ਮੀਤਾ ਠਾਂਡਾ ਸੀਤਾ ਆਦਿ ਜੁਗਾਦੀ ਸਦਾ ਅਤੀਤਾ, ਤ੍ਰੈਗੁਣ ਲੇਖੇ ਰਿਹਾ ਮੁਕਾਈਆ । ਦਿਬ ਚਕਸ਼ੂ ਤੱਕੇ ਸਾਕਾਰ, ਸਰਗੁਣ ਨਜ਼ਰੀ ਆਈਆ । ਜਿਸ ਦਾ ਤੱਤਾਂ ਵਾਲਾ ਆਕਾਰ, ਰੂਪ ਰੰਗ ਸੋਭਾ ਪਾਈਆ । ਜਿਸ ਦਾ ਰਸਨਾ ਜਿਹਵਾ ਬੱਤੀ ਦੰਦਾਂ ਨਾਲ ਕਰਿਆ ਜਾਏ ਇਜ਼ਹਾਰ, ਸਿਫ਼ਤਾਂ ਨਾਲ ਗਾਈਆ । ਜਗਤ ਰੂਪ ਦਿਸੇ ਨਿਸ਼ਾਨ, ਜੁਗਤੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪਣੇ ਹੱਥ ਰਖਾਈਆ । ਗਿਆਨ ਨੇਤਰ ਜਾਣੇ ਨਿਰਾਕਾਰ, ਰੂਪ ਰੰਗ ਰੇਖ ਨਾ ਕੋਇ ਦਰਸਾਈਆ । ਸਤਿ ਸਰੂਪ ਸਤਿ ਧਾਰ, ਸਤਿ ਸਤਿ ਵਿਚ ਸਮਾਈਆ । ਰੂਪ ਅਨੂਪ ਵਸੇ ਬਾਹਰ, ਚਕਰ ਚਿਹਨ ਸਾਖ਼ਿਆਤ ਨਾ ਕੋਇ ਦ੍ਰਿੜਾਈਆ । ਆਪ ਆਪਾ ਖੇਲ ਮਹਾਨ, ਮਿਹਰਵਾਨ ਮਹਿਬੂਬ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਵਿਚ ਛੁਪਾਈਆ । ਦਿਬ ਨੇਤਰ ਸਤਿ ਦਰਸ, ਧਿਆਨ ਧਿਆਨ ਨਾਲ ਲਗਾਈਆ । ਤੱਕੇ ਅਰਸ਼ ਫ਼ਰਸ਼, ਜਿਮੀਂ ਅਸਮਾਨ ਵੇਖ ਵਖਾਈਆ । ਗਿਆਨ ਨੇਤਰ ਵਖਰਾ ਫ਼ਰਕ, ਤਰਕ ਕਰੇ ਲੋਕਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਹਰਸ, ਹਵਸ ਨਾ ਕੋਇ ਵਧਾਈਆ । ਇਕੋ ਨੂਰ ਜ਼ਹੂਰ ਪਰਸ, ਜ਼ਾਹਰ ਬਾਤਨ ਆਪਣਾ ਖੇਲ ਖਿਲਾਈਆ । ਇਹ ਖੇਲ ਅਗੰਮੀ ਅਚਰਜ, ਅਗੰਮ ਅਗੰਮੜਾ ਬਿਨ ਹੱਡ

੫੨੫

ਮਾਸ ਨਾੜੀ ਚਮੜਾ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੇਤਰ ਨੇਤਰ ਨਾਲ ਮਿਲਾਈਆ । ਦਿਬ ਨੇਤਰ ਤਕਿਆ ਵਰਾਟ, ਚੌਦਾਂ ਲੋਕ ਪਰਦਾ ਇਕ ਉਠਾਈਆ । ਜਿਸ ਵਿਚ ਰਵ ਸਸ ਚੰਦ ਸੂਰਜ ਕਰਨ ਪਰਕਾਸ਼, ਮੰਡਲ ਮੰਡਪ ਸੋਭਾ ਪਾਈਆ । ਜ਼ਿਮੀਂ ਅਸਮਾਨ ਖੇਲ ਤਮਾਸ਼, ਧਰਤ ਧਵਲ ਰੰਗ ਰੰਗਾਈਆ । ਚਾਰ ਕੁੰਟ ਪੈਂਦੀ ਰਾਸ, ਗੋਪੀ ਕਾਹਨ ਨਾਚ ਨਚਾਈਆ । ਜੰਗਲ ਜੂਹ ਉਜਾੜ ਪਹਾੜ ਪਰਭਾਸ, ਟਿੱਲੇ ਪਰਬਤ ਸਮੁੰਦ ਸਾਗਰ ਨੇਤਰ ਨੈਣ ਨਜ਼ਰੀ ਆਈਆ । ਅੰਦਰ ਬਾਹਰ ਗੁਪਤ ਜਾਹਰ ਖੇਲ ਤਮਾਸ਼, ਨਵ ਸੱਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਦਰ, ਗ੍ਰਿਹ ਮੰਦਰ ਭੇਵ ਚੁਕਾਈਆ । ਗਿਆਨ ਨੇਤਰ ਵੇਖੇ ਵਿਗਸੇ ਆਪ, ਆਪ ਆਪਣਾ ਵਿਚ ਮਿਲਾਈਆ । ਪੱਤ ਡਾਲ੍ਹੀ ਨਾ ਕੋਈ ਸ਼ਾਖ਼, ਸ਼ਨਾਖ਼ਤ ਅਵਰ ਨਾ ਕੋਇ ਜਣਾਈਆ । ਜੋ ਕੁਛ ਸਮਝੇ ਸੋ ਆਪੇ ਆਪ, ਦੂਜਾ ਰਹਿਣ ਕੋਇ ਨਾ ਪਾਈਆ । ਓਥੇ ਲਿਖਣ ਪੜ੍ਹਨ ਸੁਣਨ ਦੀ ਨਹੀਂ ਕੋਈ ਬਾਤ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਨਾ ਮੰਡਲ ਨਾ ਰਾਸ, ਨਾ ਗੋਪੀ ਕਾਹਨ ਵਸੇ ਸਾਥ, ਨਾ ਸੀਤਾ ਰਾਮ ਕਟੇ ਬਨਬਾਸ, ਨਾ ਸੂਰਜ ਚੰਦ ਕੋਇ ਪਰਕਾਸ਼, ਨਾ ਤੀਰਥ ਤਟ ਕੋਇ ਘਾਟ, ਨਾ ਮੰਦਰ ਪੈਂਡਾ ਵਾਟ, ਨਾ ਦਿਵਸ ਨਾ ਰਾਤ, ਨਾ ਬਿਸਤਰ ਸੇਜਾ ਖਾਟ, ਨਾ ਆਸਾ ਤ੍ਰਿਸ਼ਨਾ ਮਾਇਆ ਮਮਤਾ ਨਾ ਮਿੱਠਾ ਰਸ ਚਾਟ, ਸਤਿ ਸਰੂਪ ਮਹਿੰਮਾ ਅਨੂਪ ਆਪੇ ਜੋਤ ਆਪੇ ਪਰਕਾਸ਼, ਦੂਜਾ ਨਹੀਂ ਕੋਈ ਸਾਥ, ਸੋ ਗਿਆਨ ਨੇਤਰ ਨੇਤਰ ਆਪਣਾ ਵੇਖ ਵਖਾਈਆ । ਗਿਆਨ ਨੇਤਰ ਦੱਸੇ ਕੀ, ਕਹਿਣ ਵਾਲੀ ਕਥਾ ਨਾ ਕੋਇ ਜਣਾਈਆ । ਜੋ ਕੁਛ ਵੇਖੇ ਸੋ ਆਪੇ ਹੀ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਬੂਟਾ ਨਾ ਕੋਈ ਬੀਅ, ਪੱਤ ਟਹਿਣੀ ਨਾ ਕੋਇ ਲਹਿਰਾਈਆ । ਨਾ ਕੋਈ ਪੁਤ ਨਾ ਕੋਈ ਧੀ, ਮਾਈ ਬਾਪ ਨਾ ਕੋਇ ਬਣਾਈਆ । ਜੋ ਕੁਛ ਸੀ ਸੋ ਆਪੇ ਥੀ, ਜਿਸ ਦੀ ਬੀਊਰੀ ਵਿਰਲੇ ਸਮਝ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗਿਆਨ ਨੇਤਰ ਗਿਆਨ ਬਿਨ ਨਿਗਾਹ ਤੋਂ ਨਿਗਾਹ ਨਿਗਾਹ ਵਿਚ ਟਿਕਾਈਆ । ਗਿਆਨ ਨੇਤਰ ਬਿਨ ਨੇਤਰ ਤੋਂ ਰਿਹਾ ਪੇਖ, ਵੇਖਣਹਾਰਾ ਆਪ ਅਖਵਾਈਆ । ਉਸ ਦਾ ਕੀ ਕੋਈ ਦੱਸੇ ਭੇਖ, ਜੋ ਭੇਖਾਂ ਦਾ ਮਾਲਕ ਆਪਣਾ ਪਰਦਾ ਰਿਹਾ ਛੁਪਾਈਆ । ਜਿਸ ਨੇ ਆਪਣੇ ਨਾਲ ਆਪ ਕਰਨਾ ਹੇਤ, ਆਪੇ ਇਸ਼ਟ ਆਪੇ ਗੁਰੂ ਆਪੇ ਚੇਲਾ ਆਪੇ ਸੀਸ ਨਿਵਾਈਆ । ਓਸ ਦਾ ਅੱਖਰਾਂ ਵਾਲਾ ਨਹੀਂ ਕੋਈ ਭੇਤ, ਦੱਸਣ ਵਾਲੀ ਕਹਾਣੀ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਖੇਡ, ਜਿਸ ਖੇਡ ਵਿਚ ਸਚ ਗਿਆਨ ਸਚ ਧਿਆਨ ਆਪ ਆਪਣਾ ਵਿਚ ਟਿਕਾਈਆ । ਰਸਨਾ ਜਿਹਵਾ ਕਹੇ ਜੇ ਵਾਹ, ਪ੍ਰੇਮਾਨੰਦ ਜੀ ਪਰਮਾਨੰਦ ਵਿਚ ਸਮਾਈਆ । ਅੰਦਰ ਵੜ ਕੇ ਵੇਖੀਏ ਤੇ ਇਕੋ ਸੱਚਾ ਰਾਹ, ਮਾਰਗ ਬੇਪਰਵਾਹੀਆ । ਜੇ ਮਨ ਨੂੰ ਥੋੜ੍ਹਾ ਪਰੇ ਦੇਈਏ ਹਟਾ, ਗਿਆਨ ਡੰਡਾ ਹੱਥ ਉਠਾਈਆ । ਫੇਰ ਭੱਜੀਏ ਵਾਹੋ ਦਾਹ, ਅਗੇ ਪਿਛੇ ਨਾ ਕੋਇ ਅਟਕਾਈਆ । ਜੋ ਸਤਿ ਸਰੂਪ ਓਹੋ ਨਜ਼ਰੀ ਜਾਏ ਆ, ਬਿਨ ਨਜ਼ਰ ਨਜ਼ਰ ਆਪਣੇ ਨਾਲ ਮਿਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਦੇ ਨਾ ਹੋਏ ਜੁਦਾ, ਜੁਦਾ ਜੁਜ਼ ਨਾ ਕੋਇ ਵਖਾਈਆ । ਇਹ ਭੇਵ ਓਨਾਂ ਚਿਰ ਗੁੱਝਾ, ਜਿਨ੍ਹਾਂ ਚਿਰ ਪੂਰਾ ਸੰਤ ਸਤਿਗੁਰ ਨਾ ਦਏ ਸਮਝਾਈਆ । ਜਿਸ ਵੇਲੇ ਸਮਝ ਆ ਜਾਏ ਓਸੇ ਵੇਲੇ ਪੈਂਡਾ ਮੁੱਕਾ, ਫਿਰ

ਇਧਰ ਉਧਰ ਭੱਜਣ ਦੀ ਲੋੜ ਰਹੇ ਨਾ ਰਾਈਆ । ਨਾ ਕੋਈ ਗਿਲਾ ਰਹਿ ਜਾਏ ਗ਼ੁੱਸਾ, ਚਿੰਤਾ ਗ਼ਮੀ ਬੈਠੇ ਮੁਖ ਛੁਪਾਈਆ । ਬੇਸ਼ਕ ਇਹ ਬਾਹਰੋਂ ਤੱਤਾਂ ਵਾਲਾ ਜੁੱਸਾ, ਅੰਤਰ ਆਤਮ ਪਰਮਾਤਮ ਇਕੋ ਨੂਰ ਰੁਸ਼ਨਾਈਆ । ਕੀ ਹੋਇਆ ਕਿਸੇ ਨੇ ਦਾੜ੍ਹੀ ਰਖਾ ਲਈ ਕਿਸੇ ਨੇ ਮੁੱਛਾਂ, ਕੋਈ ਬੈਠਾ ਸੀਸ ਮੁੰਡਾਈਆ । ਕਿਸੇ ਨੇ ਅੰਦਰ ਵੜ ਕੇ ਉਹਲੇ ਬੈਠਾ ਵੇਖਾ, ਸਵੱਛ ਸਰੂਪ ਦਰਸ਼ਨ ਪਾਈਆ । ਕਿਸੇ ਨੇ ਕਿਹਾ ਐਵੇਂ ਸੰਤ ਕਹਿੰਦੇ ਲੋਕਾ, ਸਾਖ਼ਿਆਤ ਸਕੇ ਨਾ ਕੋਇ ਜਣਾਈਆ । ਸੰਤ ਜਨ ਕਹਿਣ ਮਾਨਸ ਜਨਮ ਲੱਖ ਚੁਰਾਸੀ ਵਿਚੋਂ ਸੋਹਣਾ ਮੌਕਾ, ਜਿਸ ਵਿਚ ਮੁਕੰਮਲ ਆਪ ਆਪਣਾ ਸਮਝ ਰਮਜ਼ ਆਪਣੇ ਨਾਲ ਲਗਾਈਆ । ਪ੍ਰੇਮਾਨੰਦ ਜੀ ਪ੍ਰੇਮ ਅਨੰਦ, ਅਨੰਦ ਅਨੰਦ ਵਿਚੋਂ ਆਈਆ । ਓਥੇ ਕਿਹੜੀ ਲੋੜ ਸੂਰਜ ਚੰਦ, ਜਿਥੇ ਪਰਕਾਸ਼ ਦਾ ਪਰਕਾਸ਼ ਡਗਮਗਾਈਆ । ਜਿਸ ਦੇ ਨਾਲੋਂ ਵਿਛੜੀ ਓਸੇ ਨਾਲ ਪੈ ਗਈ ਗੰਢ, ਹੋਰ ਰਹੀ ਨਾ ਕੋਈ ਜੁਦਾਈਆ । ਸਤਿ ਦਾ ਸਤਿ ਨਾਲ ਸੰਗ, ਘਰ ਸਾਚੇ ਮਿਲ ਮਿਲ ਖ਼ੁਸ਼ੀ ਮਨਾਈਆ । ਪ੍ਰੇਮ ਵਿਚ ਪ੍ਰੇਮੀ ਬਣ ਕੇ ਪ੍ਰੇਮ ਦਾ ਲਓ ਅਨੰਦ, ਨਿਜਾਨੰਦ ਪਰਮਾਨੰਦ ਇਕੋ ਨਜ਼ਰੀ ਆਈਆ । ਦਿਲ ਦੀ ਕਹਾਣੀ ਖ਼ੂਬ ਅੰਤਰ, ਅੰਤਰ ਅੰਤਰ ਦਿਤੀ ਰਖਾਈਆ । ਜਿਸ ਨੂੰ ਸਚ ਪ੍ਰੇਮ ਦਾ ਸੱਚਾ ਮਿਲ ਗਿਆ ਮੰਤਰ, ਉਹ ਆਪਣਾ ਮੰਤਵ ਹਲ ਕਰਾਈਆ । ਕੂੜੀ ਕਿਰਿਆ ਨਾ ਲੱਗੇ ਬਸੰਤਰ, ਅਗਨੀ ਤੱਤ ਗਵਾਈਆ । ਆਪਣਾ ਬ੍ਰਹਮ ਸਰੂਪ ਵੇਖੇ ਨਿਰੰਤਰ, ਮਾਇਆ ਬ੍ਰਹਮ ਤਜਾਈਆ । ਝਗੜਾ ਚੁਕ ਜਾਏ ਗਗਨ ਗਗਨੰਤਰ, ਬ੍ਰਹਿਮੰਡ ਖੰਡ ਵੇਖਣ ਵਾਲਾ ਆਪੇ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਰਿਹਾ ਵਖਾਈਆ । ਵਾਹ ਜੀ ਵਾ ਕਹਿਣਾ ਕਿੱਡਾ ਚੰਗਾ, ਰਸਨਾ ਜਿਹਵਾ ਸੋਭਾ ਪਾਈਆ । ਜਿਸ ਪ੍ਰੇਮ ਦੇ ਵਿਚ ਜਮਨਾ ਸੁਰਸਤੀ ਗੋਦਾਵਰੀ ਵਹੇ ਗੰਗਾ, ਜਲ ਧਾਰਾ ਅੰਮ੍ਰਿਤ ਰੂਪ ਵਖਾਈਆ । ਨਾਮ ਨਿਧਾਨ ਵਜਾਏ ਮਰਦੰਗਾ, ਸੋਹਣਾ ਨਾਦ ਸੁਣਾਈਆ । ਲੱਖ ਚੁਰਾਸੀ ਵਿਚ ਭਰਮ ਕੇ ਜੋ ਮਾਣਸ ਰੂਪ ਬਣ ਗਿਆ ਬੰਦਾ, ਫੇਰ ਬੰਦੀਖ਼ਾਨਾ ਨਾ ਕਿਉਂ ਤੁੜਾਈਆ । ਇਹ ਨੂਰਾਂ ਦਾ ਨੂਰ ਚੰਦਾ, ਰੋਸ਼ਨਾਂ ਦਾ ਰੋਸ਼ਨ ਪਰਕਾਸ਼ਾਂ ਦਾ ਪਰਕਾਸ਼ ਇਕੋ ਨਜ਼ਰੀ ਆਈਆ । ਅੰਦਰ ਬਾਹਰ ਦਾ ਸਚ ਅਨੰਦਾ, ਦੂਈ ਦਵੈਤੀ ਢਾਹ ਕੇ ਕੰਧਾ, ਮਨ ਵਿਕਾਰ ਬਾਹਰ ਕਢ ਕੇ ਗੰਦਾ, ਅਪਵਿੱਤਰ ਪਵਿੱਤਰ ਪੁਨੀਤ ਦਏ ਵਖਾਈਆ । ਬੜੀ ਖ਼ੁਸ਼ੀ ਪ੍ਰੇਮ ਪਿਆਰ ਦਾ ਬਣ ਗਿਆ ਸੰਗਾ, ਸੰਗਲ ਵਿਚ ਸੋਹਣਾ ਜੋੜ ਜੁੜਾਈਆ । ਅਨੰਦ ਸਾਗਰ ਜੀ ਇਕ ਦੂਜੇ ਨਾਲ ਪਿਆਰ ਦੀਆਂ ਘੁੱਟ ਕੇ ਦੇ ਲਓ ਗੰਢਾਂ, ਜਗਤ ਸਕੇ ਨਾ ਕੋਇ ਖੁਲ੍ਹਾਈਆ । ਸਭ ਦਾ ਰੂਪ ਇਕੋ ਹੰ ਬ੍ਰਹਮਾ, ਬ੍ਰਹਮ ਪਾਰਬ੍ਰਹਮ ਇਕੋ ਨਜ਼ਰੀ ਆਈਆ । ਨਾ ਕਦੇ ਮਰਾ ਨਾ ਕਦੇ ਜਨਮਾ, ਮੜ੍ਹੀ ਗੋਰ ਨਾ ਕਦੇ ਦਬਾਈਆ । ਨਾ ਵੰਡਿਆ ਜਾਏ ਵਿਚ ਵਰਨਾਂ ਬਰਨਾਂ, ਜ਼ਾਤ ਪਾਤ ਆਪਣੀ ਇਕੋ ਰਿਹਾ ਸਮਝਾਈਆ । ਸਾਰਿਆਂ ਰਲ ਮਿਲ ਕੇ ਕਾਰਜ ਇਕੋ ਕਰਨਾ, ਜਿਸ ਕੀਤਿਆਂ ਕ਼ੁਦਰਤ ਤੇ ਕ਼ਾਦਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਘਰ ਵਿਚ ਸਾਚੀ ਕਰ ਰੁਸ਼ਨਾਈਆ । ਪਰੇਮਾਨੰਦ ਦੇ ਹੱਥ ਤੇ ਘੜੀ ਕਹੇ ਟਿਕ ਟਿਕ, ਮਿੰਟ ਸਕਿੰਟ ਰਹੀ ਜਣਾਈਆ । ਸਾਰੇ ਰਲ ਮਿਲ ਕੇ ਹੋ ਜਾਓ ਇਕ ਇਕ, ਦੂਜਾ ਰਹਿਣ ਕੋਇ ਨਾ ਪਾਈਆ । ਪ੍ਰੇਮ ਪਿਆਰ ਦੀ ਪ੍ਰੀਤੀ ਦੀ ਰੀਤੀ ਲਓ ਸਿਖ, ਸਾਚੀ ਵਿਦਿਆ ਜਗਤ ਕਰੋ ਪੜ੍ਹਾਈਆ । ਸਭ ਨੂੰ ਇਕੋ ਆਤਮ ਸਭ ਦੇ ਅੰਤਰ ਪਏ ਦਿਸ, ਜ਼ਾਤ ਪਾਤ ਵੰਡ ਨਾ ਕੋਇ ਵਖਾਈਆ । ਸਾਚੀ ਮੁਹੱਬਤ ਨਾਲ ਇਕ ਦੂਜੇ ਨੂੰ ਲਓ ਖਿੱਚ, ਗਲਵਕੜੀ

ਲਓ ਪਾਈਆ । ਜੇ ਸਮਾਂ ਸੋਹਣਾ ਬਣ ਰਿਹਾ ਜੰਮੂ ਵਿਚ, ਜਮਾ ਹੋ ਕੇ ਇਕੋ ਮਾਰਗ ਲਉ ਚਲਾਈਆ । ਪ੍ਰੇਮ ਸਾਗਰ ਅਨੰਦ ਸਾਗਰ ਇਕੋ ਰੂਪ ਪਏ ਦਿਸ, ਪੂਰਨ ਜੋਤ ਕਰੇ ਰੁਸ਼ਨਾਈਆ । ਜਿਹੜਾ ਲੇਖਾ ਲਿਖਤ ਵਿਧਾਨ ਅੰਦਰ ਦੇਣਾ ਲਿਖ, ਵਿਧੀ ਸੋਹਣੀ ਲੈਣੀ ਬਣਾਈਆ । ਸਾਰੇ ਇਕੱਠੇ ਹੋ ਕੇ ਮੁਨ ਰਿਖ, ਮੁਨੀਸ਼ਰ ਤਪੀਸ਼ਰ ਜੋਗੀਸ਼ਰ ਆਪਣਾ ਰਾਹ ਚਲਾਈਆ । ਮੰਜ਼ਲ ਚੜ੍ਹ ਕੇ ਕਦੀ ਨਹੀਂ ਜਾਣਾ ਡਿਗ, ਅਗੇ ਚਲਣਾ ਵਾਹੋ ਦਾਹੀਆ । ਲੇਖਾ ਵੇਖੋ ਸਾਮ ਯਜੁਰ ਅਥਰਬਣ ਰਿਗ, ਚਾਰੇ ਵੇਦ ਦੇਣ ਗਵਾਹੀਆ । ਵੇਦ ਵਿਆਸਾ ਮੰਗ ਕੇ ਗਿਆ ਭਿਖ, ਭਵਿਖਤ ਪੁਰਾਣ ਵਿਚ ਨੌ ਹਜ਼ਾਰ ਸਲੋਕ ਗਿਣਾਈਆ । ਸਭ ਦਾ ਰੂਪ ਸਭ ਦਾ ਸਵਾਮੀ ਸਭ ਦੇ ਅੰਤਰ ਸਭ ਦੇ ਵਿਚ, ਸਭ ਦੇ ਭੀਤਰ ਵਖਰਾ ਨਜ਼ਰ ਕੋਇ ਨਾ ਆਈਆ । ਬੇਸ਼ਕ ਇਹ ਖੇਲ ਜਗਤ ਅਨਡਿੱਠ, ਦਿਬ ਚਕਸ਼ੂ ਗਿਆਨ ਨੇਤਰ ਦੋਹਾਂ ਦਾ ਖੇਲ ਆਪਣਾ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਰੰਗਾਈਆ । ਘੜੀ ਕਹੇ ਮੈਨੂੰ ਕਹਿ ਦਿਓ ਕਲਾਕ, ਕਲਾ ਮੇਰੀ ਅੰਦਰ ਦਿਤੀ ਛੁਪਾਈਆ । ਮੇਰਾ ਕਿਸੇ ਨੂੰ ਨਜ਼ਰ ਨਹੀਂ ਔਂਦਾ ਲੱਗਾ ਲਾਕ, ਤਾਲਾ ਰੂਪ ਨਾ ਕੋਇ ਵਟਾਈਆ । ਮੇਰਾ ਸੋਹਣਾ ਜਿਹਾ ਬਲਾਕ, ਸ਼ੇਪ ਰਹੀ ਵਖਾਈਆ । ਮੇਰੇ ਅੰਦਰ ਇਕ ਨਾਦ, ਹੌਲੀ ਹੌਲੀ ਆਵਾਜ਼ ਸੁਣਾਈਆ । ਉਸ ਦੇ ਕੋਲੋਂ ਸਿਖ ਲਓ ਜਾਚ, ਕਾਇਆ ਮੰਦਰ ਅੰਦਰ ਘੜੀ ਘੜੀ ਘੜਿਆਲ, ਘੜਿਆਲ ਕੀ ਘਟਨਾ ਰਿਹਾ ਜਣਾਈਆ । ਆਪੇ ਜਵਾਬ ਤੇ ਆਪੇ ਸਵਾਲ, ਆਪੇ ਦੇਵਣਹਾਰ ਅਹਿਵਾਲ, ਹਾਲਾਂਕਿ ਹਾਲਤ ਆਪਣੀ ਆਪਣੇ ਨਾਲ ਬਦਲਾਈਆ । ਸਾਰੇ ਅੰਦਰੋਂ ਬਾਹਰੋਂ ਇਕ ਦੂਜੇ ਦੇ ਮਿਲ ਜਾਓ ਨਾਲ, ਜਗਤ ਦਾ ਟਾਈਮ ਸਮੇਂ ਦਾ ਵਕਤ ਸੋਹਣਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਘੜੀ ਕਹੇ ਮੇਰੇ ਥੱਲੇ ਬੱਧਾ ਇਕ ਰੁਮਾਲ, ਸੋਹਣਾ ਲਪੇਟ ਦਿਤਾ ਲਗਾਈਆ । ਮੈਂ ਸੰਤਾਂ ਅਗੇ ਕਰਨ ਆਈ ਸਵਾਲ, ਆਪਣੀ ਆਸ਼ਾ ਪਰਗਟਾਈਆ । ਨਵੀਂ ਰੀਤੀ ਨੂੰ ਲਉ ਸੰਭਾਲ, ਪੁਰਖ ਅਕਾਲ ਨਾਲ ਮਿਲਾਈਆ । ਕੂੜੀ ਕਿਰਿਆ ਦਾ ਕਰ ਦਿਉ ਜ਼ਵਾਲ, ਸਤਿ ਸਚ ਹੋਏ ਰੁਸ਼ਨਾਈਆ । ਫੜ ਕੇ ਹਲੂਣ ਦਿਉ ਸ਼ਾਹ ਕੰਗਾਲ, ਸੋਇਆ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਤੋੜ ਦਿਉ ਜੰਜਾਲ, ਗੜ੍ਹ ਹੰਕਾਰੀ ਦਿਉ ਭੰਨਾਈਆ । ਸਤਿ ਧਰਮ ਵਾਸਤੇ ਮਾਰ ਕੇ ਵੇਖੋ ਇਕੋ ਛਾਲ, ਉਛਾਲ ਲਹਿਰ ਲਹਿਰ ਨਾਲ ਟਕਰਾਈਆ । ਆਪਣੀ ਹਿੰਮਤ ਕਰੋ ਵਿਸ਼ਾਲ, ਹੌਸਲਾ ਇਕ ਰਖਾਈਆ । ਵੇਦਾਂਤ ਦੀ ਵਿਦਿਆ ਦੱਸੋ ਕਮਾਲ, ਆਤਮ ਅੰਤਰ ਸਚ ਜਣਾਈਆ । ਦੀਨਾਂ ਦੀ ਰਖਸ਼ਾ ਕਰਨੀ ਹੋ ਪ੍ਰਿਤਪਾਲ, ਸੇਵਕ ਨਜ਼ਰੀ ਆਈਆ । ਜੋ ਸੰਗਠਨ ਬਣਨ ਲੱਗਾ ਵਿਚ ਜਹਾਨ, ਸ੍ਰਿਸ਼ਟ ਸਬਾਈ ਦਿਉ ਸਮਝਾਈਆ । ਸਚ ਦਾ ਸੰਦੇਸ਼ਾ ਸਚ ਗਿਆਨ, ਸਚ ਸਚ ਚਾਰੋਂ ਕੁੰਟ ਕਰੇ ਰੁਸ਼ਨਾਈਆ । ਪ੍ਰੇਮ ਦੇ ਨਾਲ ਪ੍ਰੇਮ ਤੋੜ ਦਿਉ ਅਭਿਮਾਨ, ਪ੍ਰੇਮ ਦਾ ਮਾਰ ਕੇ ਤੀਰ ਨਿਸ਼ਾਨ, ਗੜ੍ਹ ਹੰਕਾਰੀ ਡੇਰਾ ਢਾਹੀਆ । ਵਿਦਿਆ ਵਾਲੇ ਬੜੇ ਬੜੇ ਵਿਦਵਾਨ, ਰਸਨਾ ਜਿਹਵਾ ਬੋਲਣ ਨਾਲ ਜ਼ਬਾਨ, ਅਨੇਕ ਪਰਕਾਰ ਦੇ ਹੋਰ ਕਰਨ ਵਖਿਆਨ, ਕਥਾ ਕਹਾਣੀਆਂ ਨਾਲ ਜਣਾਈਆ । ਸਚ ਸੰਦੇਸ਼ਾ ਇਕੋ ਦੇਵੋ ਆਣ, ਆਣ ਸਭ ਨੂੰ ਦੇਵੋ ਪਾਈਆ । ਜਿਸ ਨਾਲ ਆਤਮਾ ਆਪਣਾ ਸਮਝ ਲਵੇ ਭਗਵਾਨ, ਭਗਵਾਨ ਆਤਮਾ ਨਜ਼ਰੀ ਆਈਆ । ਜਿਹੜੇ ਵਿਗਿਆਨ ਨਾਲ ਚੜ੍ਹ ਗਏ ਉਤੇ ਅਸਮਾਨ, ਜਗਤ ਸਹਾਰੇ ਰਹੇ ਉਡਾਈਆ । ਉਹਨਾਂ ਨੂੰ ਦੱਸ ਦਿਉ ਨਿਰਮਾਣ, ਨਿਮਰਤਾ ਇਕ ਸਿਖਾਈਆ । ਕਿਸੇ ਕੰਮ ਨਹੀਂ ਔਣੇ ਉਡਾਏ ਬਬਾਣ, ਬੰਬਾਂ ਵਾਲੀ ਨਾ ਕੋਇ

ਵਡਿਆਈਆ । ਪ੍ਰੇਮਾ ਨੰਦ ਜੀ ਜੇ ਰਲ ਮਿਲ ਕੇ ਸਾਡਾ ਤੁਹਾਡਾ ਪ੍ਰੇਮ ਦਾ ਚੜ੍ਹ ਜਾਏ ਤੁਫ਼ਾਨ, ਮੁਹੱਬਤ ਵਿਚ ਸਾਰੇ ਦਿਉ ਰੁੜ੍ਹਾਈਆ । ਵਿਸ਼ਵ ਦਾ ਹੋਵੇ ਕਲਿਆਣ, ਧਰਮ ਦਾ ਹੋਵੇ ਧਿਆਨ, ਭਰਮ ਦਾ ਝਗੜਾ ਦਿਉ ਮੁਕਾਈਆ । ਸਾਰੇ ਰਲ ਮਿਲ ਕੇ ਇਕ ਦੂਜੇ ਨੂੰ ਤੂੰ ਮੇਰਾ ਮੈਂ ਤੇਰਾ ਦੱਸੋ ਗਾਣ, ਸਾਚੀ ਕਰਨੀ ਇਕੋ ਨਜ਼ਰੀ ਆਈਆ । ਜ਼ਿੰਦਗੀ ਵਿਚੋਂ ਜ਼ਿੰਦਗੀ ਲੈਣ ਪਛਾਣ, ਜੀਵਣ ਵਿਚੋਂ ਜੀਵਣ ਸਿਖੇ ਜਹਾਨ, ਮਰਨ ਤੋਂ ਪਹਿਲੋਂ ਮਰਨਾ ਆਪਣਾ ਲੈਣ ਬਣਾਈਆ । ਇਨਸਾਨ ਇਨਸਾਨ ਨੂੰ ਸਮਝਣ ਇਨਸਾਨ, ਇਹੋ ਜਿਹਾ ਦਿਉ ਸਚ ਗਿਆਨ, ਪ੍ਰਵਾਣ ਪ੍ਰੀਤੀ ਨਾਲ ਜਣਾਈਆ । ਫੇਰ ਕਿਉਂ ਨਾ ਸਤਿ ਸਚ ਦਾ ਸਾਂਝਾ ਚਲੇ ਵਿਧਾਨ, ਵਿਦਿਆ ਇਕੋ ਨਜ਼ਰੀ ਆਈਆ । ਗੁਰੂਦਵਾਰੇ ਮੰਦਰਾਂ ਮਸਜਿਦਾਂ ਸ਼ਿਵਦਵਾਲਿਆਂ ਮੱਠਾਂ ਨਾਲੋਂ ਇਹ ਮੰਦਰ ਸੋਹਣਾ ਮਕਾਨ, ਜਿਸ ਅੰਦਰ ਬੈਠਾ ਡੇਰਾ ਲਾਈਆ । ਉਸ ਦੀ ਕਰਾ ਦਿਓ ਸਭ ਨੂੰ ਪਹਿਚਾਣ, ਬੇਪਹਿਚਾਣ ਪਰਦਾ ਲਏ ਉਠਾਈਆ । ਘੜੀ ਦੇ ਥੱਲੇ ਬੱਧਾ ਕਹੇ ਰੁਮਾਲ, ਮੈਂ ਵੇਖਾਂ ਕਮਾਲ, ਜੋ ਸੰਮਤ ਸੰਮਤੀ ਸ੍ਰਿਸ਼ਟੀ ਵਿਚ ਅਗੇ ਨਜ਼ਰੀ ਆਈਆ ।

੫੨੯

### ✻ ੯ ਚੇਤ ਸ਼ਹਿਨਸ਼ਾਹੀ ਸੰਮਤ ੧ ਰਾਮ ਚੰਦ, ਸ਼ਿਵ ਸਿੰਘ, ਗੂੜਾ ਰਾਮ ਸ਼ੇਖ਼ਸਰ ਜੰਮੂ ✻

ਪ੍ਰੀਤ ਕਹੇ ਮੈਂ ਰਾਤੀ ਪ੍ਰਭ ਨੂੰ ਪੁੱਛਿਆ, ਇਕ ਇਕੱਲੀ ਮੰਗ ਮੰਗਾਈਆ । ਕਿਸ ਕਾਰਨ ਪ੍ਰਭ ਜੀ ਲੁਕਿਆ, ਆਪਣਾ ਖੇਲ ਵਖਾਈਆ । ਕੀ ਕੋਈ ਤੇਰਾ ਭਗਤ ਤੇਰੇ ਨਾਲ ਰੁੱਸਿਆ, ਸਤਿ ਦੇ ਸਮਝਾਈਆ । ਕੀ ਤੇਰਾ ਗੁਰਮੁਖਾਂ ਨਾਲ ਗ਼ੁੱਸਿਆ, ਪੜਦਾ ਦੇ ਉਠਾਈਆ । ਕੀ ਕੋਈ ਪ੍ਰੇਮ ਨਾਲ ਨਹੀਂ ਝੁਕਿਆ, ਹੰਕਾਰ ਵਿਕਾਰ ਗਵਾਈਆ । ਅਬਿਨਾਸ਼ੀ ਕਰਤੇ ਕਿਹਾ ਮੈਂ ਖੇਲ ਕਰਾਂ ਅਨਡਿੱਠਿਆ, ਸਮਝ ਕੋਇ ਨਾ ਆਈਆ । ਭਾਗ ਲਗੌਣਾ ਭਗਤਾਂ ਕਾਇਆ ਜੁੱਸਿਆ, ਜਿਸਮ ਤਨ ਦਿਆਂ ਵਡਿਆਈਆ । ਜਿਨ੍ਹਾਂ ਦਾ ਅਗਲਾ ਪੈਂਡਾ ਮੁਕਿਆ, ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਜਣਾਈਆ । ਪ੍ਰੀਤ ਕਹੇ ਮੈਂ ਰਾਤੀਂ ਪੁਛਿਆ ਚੋਰੀ, ਇਕ ਇਕੱਲੀ ਬੇਨੰਤੀ ਦਿਤੀ ਸੁਣਾਈਆ । ਕਿਸ ਦੇ ਹੱਥ ਫੜਾ ਕੇ ਆਇਉਂ ਡੋਰੀ, ਤੰਦ ਪ੍ਰੇਮ ਗੰਢਾਈਆ । ਕਿਸ ਕਾਰਨ ਚੜ੍ਹ ਕੇ ਆਇਉਂ ਘੋੜੀ, ਘੋਲ ਘੁਮਾਈ ਦੇ ਸਮਝਾਈਆ । ਕੀ ਹਰਿ ਸੰਗਤ ਨਹੀਂ ਸੀ ਤੈਨੂੰ ਲੋੜੀ, ਪ੍ਰੇਮ ਪ੍ਰੀਤੀ ਦਿਤੀ ਤਜਾਈਆ । ਪੁਰਖ ਅਕਾਲ ਕਿਹਾ ਮੈਂ ਭਗਤਾਂ ਦੇ ਪ੍ਰੇਮ ਦਾ ਸੱਚਾ ਮੋਹਰੀ, ਮੋਹਰ ਆਪਣੀ ਆਇਆ ਲਗਾਈਆ । ਜਿਹੜੀ ਜੁਗ ਜਨਮ ਨਾ ਕਦੇ ਵਿਛੋੜੀ, ਤਿਨ੍ਹਾਂ ਵਿਛੜਿਆਂ ਮੇਲ ਕਰਾਈਆ । ਜਨ ਭਗਤੋ ਸਾਚੇ ਪ੍ਰੇਮ ਦੀ ਚੜ੍ਹਨਾ ਪੌੜ੍ਹੀ, ਮੈਂ ਦੂਰ ਦੁਰਾਡਾ ਵੇਖਾਂ ਚਾਈਂ ਚਾਈਆ । ਸਚ ਪ੍ਰੀਤੀ ਮੋਹੇ ਇਕੋ ਲੋੜੀ, ਲੋੜੀਂਦਾ ਸਾਜਨ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਪ੍ਰੀਤ ਕਹੇ ਮੈਂ ਹੌਲੀ ਜਿਹੀ ਪੁੱਛੀ ਬਾਤ, ਬਿਨ ਕੰਨਾਂ ਦਿਤੀ ਸੁਣਾਈਆ । ਪ੍ਰਭੂ ਭੇਦ ਦੱਸ ਅੱਠ ਚੇਤ ਦੀ ਰਾਤ, ਪੜਦਾ ਦੇ ਉਠਾਈਆ । ਪੁਰਖ ਅਕਾਲ ਸਹਿਜ ਸੁਭਾਓ ਦਿਤਾ ਆਖ, ਸ਼ਬਦ ਹੁਲਾਰੇ ਨਾਲ ਜਗਾਈਆ । ਆਹ ਵੇਖ ਖੇਲ ਤਮਾਸ਼, ਪੂਰਬ ਦਿਆਂ ਦ੍ਰਿੜਾਈਆ । ਸਤਾਰਾਂ ਸੌ ਪਚਵੰਜਾ ਬਿਕ੍ਰਮੀ ਸਾਚੀ ਪਾਈ ਰਾਸ, ਮੰਡਲ ਇਕ ਬਣਾਈਆ । ਗੋਬਿੰਦ ਸੁੱਤਾ ਜਾ ਪਰਭਾਸ, ਨੌ ਮੀਲ ਪੁਰੀ ਅਨੰਦ ਤੋਂ ਡੇਰਾ ਲਾਈਆ । ਗੁਰਮੁਖ ਲਭਦੇ ਰਹੇ ਸਾਰੀ ਪਰਭਾਤ, ਖੋਜਿਆਂ ਹੱਥ ਕਿਸੇ ਨਾ ਆਈਆ ।

ਅੰਤਮ ਇਕੱਠੇ ਹੋ ਕੇ ਕੀਤੀ ਅਰਦਾਸ, ਬੇਨੰਤੀ ਦਿਤੀ ਸੁਣਾਈਆ । ਕਲਗੀ ਵਾਲੇ ਆਜਾ ਪਾਸ, ਕੀ ਕਲਾ ਰਿਹਾ ਵਰਤਾਈਆ । ਅੰਦਰੋਂ ਰੋ ਪਈ ਸਭ ਦੀ ਖ਼ਾਹਿਸ਼, ਨੈਣਾਂ ਨੀਰ ਵਹਾਈਆ । ਗੁਰਮੁਖ ਹੋ ਗਏ ਉਦਾਸ, ਗੁਰਸਿਖ ਅੱਖ ਨਾ ਕੋਇ ਖੁਲ੍ਹਾਈਆ । ਮਾਤਾ ਗੁਜਰੀ ਕਿਹਾ ਸੁਣੋ ਮੇਰੀ ਬਾਤ, ਧੀਰਜ ਧੀਰ ਦਿਆਂ ਧਰਾਈਆ । ਮੇਰਾ ਬੱਚਾ ਅਜੇ ਸਿੱਖਣ ਲੱਗਾ ਜਾਚ, ਕੱਲਾ ਰਹਿ ਕੇ ਝਟ ਲੰਘਾਈਆ । ਕਲਜੁਗ ਕੂੜੀ ਕਿਰਿਆ ਅਗੇ ਹੋਣੀ ਬਹੁ ਭਾਂਤ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਵੇਲੇ ਪੁਰਖ ਅਕਾਲ ਨਿਰਗੁਣ ਜੋਤ ਕਰੇ ਪਰਕਾਸ਼, ਜੋਤੀ ਜਾਤਾ ਵੇਸ ਵਟਾਈਆ । ਸ਼ਬਦ ਅਨਾਦੀ ਵੱਜੇ ਨਾਦ, ਬ੍ਰਹਿਮਾਦ ਦਏ ਸੁਣਾਈਆ । ਫੇਰ ਤੁਸਾਂ ਰਲ ਮਿਲ ਕਰਨਾ ਯਾਦ, ਯਾਦਾਸ਼ਤ ਪਿਛਲੀ ਚੇਤੇ ਆਈਆ । ਤੁਹਾਡੀ ਸੁਣਨੀ ਇਕ ਆਵਾਜ਼, ਜੋ ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਗਾਈਆ । ਇਸੇ ਵਿਚ ਗੋਬਿੰਦ ਨੂੰ ਔਣਾ ਸਵਾਦ, ਪ੍ਰੇਮ ਪ੍ਰੀਤੀ ਤੁਹਾਡੀ ਵੇਖ ਵਖਾਈਆ । ਹਾਜ਼ਰ ਨਾਲੋਂ ਬਹੁਤੀ ਪੂਰੀ ਕਰੇ ਖ਼ਾਹਿਸ਼, ਸਵਾਸ ਸਵਾਸ ਆਪਣੇ ਲੇਖੇ ਲਾਈਆ । ਏਨੀ ਅਜੇ ਹੋ ਰਹੀ ਸੀ ਬਾਤ, ਗੋਬਿੰਦ ਆਇਆ ਚਾਈਂ ਚਾਈਂਆ । ਹੱਸਕੇ ਕਿਹਾ ਖ਼ੁਸ਼ੀ ਨਾਲ ਬਲਾਸ, ਸੋਹਣੀ ਆਵਾਜ਼ ਜਣਾਈਆ । ਕਿਥੇ ਕਿਥੇ ਆਏ ਭਾਜ, ਭੱਜੇ ਵਾਹੋ ਦਾਹੀਆ । ਕਵਣ ਕਵਣ ਬਨਿਆ ਸਾਥ, ਸੰਗੀ ਕਿਹੜਾ ਸੰਗ ਰਖਾਈਆ । ਗੁਰਮੁਖਾਂ ਕਿਹਾ ਤੂੰ ਸਭ ਦੇ ਨਜ਼ਰੀ ਆਇਆ ਸਾਥ, ਖ਼ਾਲੀ ਰਹਿਣ ਕੋਇ ਨਾ ਪਾਈਆ । ਪਰ ਇਹ ਕੀ ਕਰਨੀ ਕੀਤੀ ਸਤਿਗੁਰ ਸਮਰਾਥ, ਸਾਨੂੰ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਰਾਤ ਆਈ ਚੇਤ ਅੱਠ, ਅੱਠ ਤੱਤ ਗੁਰਮੁਖਾਂ ਰਹੇ ਸੁਣਾਈਆ । ਸਾਡੇ ਪਿਛੇ ਕੋਈ ਕਰ ਇਕ ਹਠ, ਹਠੀਆ ਹੋ ਕੇ ਡੇਰਾ ਲਾਈਆ । ਸਾਨੂੰ ਜੰਗਲਾਂ ਵਿਚ ਜਾਣਾ ਪਏ ਨਾ ਵਤ, ਬੇਲੇ ਖੋਜ ਨਾ ਕੋਇ ਖੁਜਾਈਆ । ਤੇਰੇ ਪ੍ਰੇਮ ਦੇ ਹੋਈਏ ਵਸ, ਦੂਜੀ ਆਸ ਨਾ ਕੋਇ ਤਕਾਈਆ । ਇਹ ਸੁਣ ਅਗੰਮੀ ਗਾਥ, ਮੇਰੇ ਗ੍ਰਿਹਿ ਵਜੀ ਵਧਾਈਆ । ਤੁਹਾਡੇ ਪਿਛੇ ਗਿਆ ਨਠ, ਭੱਜਾ ਵਾਹੋ ਦਾਹੀਆ । ਅਗਲਾ ਲੇਖਾ ਦੇਵਾਂ ਦੱਸ, ਧੁਰ ਦਾ ਹੁਕਮ ਸੁਣਾਈਆ । ਜਿਸ ਵੇਲੇ ਕਲਜੁਗ ਕੂੜ ਅੰਧੇਰਾ ਮੇਟਿਆ ਮਸ, ਸਤਿਜੁਗ ਸਚ ਕਰੀ ਰੁਸ਼ਨਾਈਆ । ਤੁਹਾਡੀ ਭਗਤੀ ਦਾ ਗੌਣ ਜਾਣਾ ਜਸ, ਦੂਰ ਦੁਰਾਡਾ ਆਪਣਾ ਫੇਰਾ ਪਾਈਆ । ਤੁਹਾਡਾ ਪ੍ਰੇਮ ਦਾ ਕਰ ਕੇ ਇਕੱਠ, ਪ੍ਰੀਤੀ ਇਕੋ ਦੇਣੀ ਸਮਝਾਈਆ । ਸਤਿ ਧਰਮ ਦੀ ਦੇ ਕੇ ਮਤਿ, ਕਰਮ ਕਾਂਡ ਦੇਣਾ ਗਵਾਈਆ । ਬੇਸ਼ਕ ਮੈਂ ਨਜ਼ਰ ਨਾ ਆਵਾਂ ਨਾਲ ਅੱਖ, ਅੰਤਰ ਆਤਮ ਆਪਣਾ ਡੇਰਾ ਲਾਈਆ । ਗੁਰਮੁਖੋ ਤੁਹਾਡੇ ਨਾਲੋਂ ਕਦੇ ਨਾ ਹੋਵਾਂ ਵਖ, ਵਖਰੀ ਸੇਜ ਨਾ ਕੋਇ ਹੰਢਾਈਆ । ਤੁਹਾਡਾ ਪ੍ਰੇਮ ਮੇਰੀ ਰਤ, ਮੇਰੀ ਰਤ ਤੁਹਾਡੀ ਬ੍ਰਹਮਮਤਿ ਦਏ ਬਣਾਈਆ । ਤੁਹਾਡਾ ਉਪਕਾਰ ਮੇਰਾ ਜਸ, ਮੇਰਾ ਜਸ ਤੁਹਾਡਾ ਰਸ ਨਜ਼ਰੀ ਆਈਆ । ਪਿਛਲੇ ਲਹਿਣੇ ਦਾ ਦੇਣਾ ਸੀ ਹਕ, ਇਸੇ ਕਾਰਨ ਗਿਆ ਨੱਠ, ਚੋਰ ਯਾਰ ਨਾ ਰੂਪ ਵਟਾਈਆ । ਪੱਕੀ ਕਰ ਕੇ ਗਿਆ ਸਚ, ਘੰਟੇ ਦੋ ਤੁਹਾਡੇ ਅੰਦਰ ਜਾਵਾਂ ਵਸ, ਵਾਸਤਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਈਆ । ਪ੍ਰੀਤ ਕਹੇ ਕਿਉਂ ਕਰਿਆ ਬਹਾਨਾ, ਪੜਦਾ ਵਿਚ ਰਖਾਈਆ । ਗੋਬਿੰਦ ਕਿਹਾ ਇਹ ਮੇਰਾ ਖੇਲ ਮਹਾਨਾ, ਸ਼ਬਦੀ ਹੁਕਮ ਸੁਣਾਈਆ । ਵੈਰਾਗ ਅੰਦਰ ਵਿਛੋੜੇ ਅੰਦਰ ਜੋ ਮੇਰਾ ਗਾਏ ਤਰਾਨਾ, ਮੈਂ ਤਰਾਨਿਆਂ ਦਾ ਮਹਿਮਾਨ ਹੋ ਕੇ ਉਨ੍ਹਾਂ ਦੇ ਅੰਦਰ ਨਜ਼ਰੀ ਆਈਆ । ਇਸ ਦਾ ਕੋਈ ਦੇ ਨਾ ਸਕੇ ਬਿਆਨਾ, ਲੇਖਾ

ਲਿਖਤ ਨਾ ਕੋਇ ਸਮਝਾਈਆ । ਇਹ ਵੀ ਖੇਲ ਮੇਰੇ ਭਗਵਾਨਾ, ਜੋ ਮੇਰਾ ਮਾਲਕ ਮੈਥੋਂ ਰਿਹਾ ਕਰਾਈਆ । ਭਗਤਾਂ ਦਾ ਅਸਥਾਨਾ, ਗੁਰਮੁਖਾਂ ਦਾ ਟਿਕਾਣਾ, ਖੇਲ ਦੋ ਜਹਾਨਾਂ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪ੍ਰੀਤ ਕਹੇ ਮੈਂ ਪੁਛਿਆ ਗੋਬਿੰਦ ਵੜ ਕੇ ਅੰਦਰ ਬੁਕਲ, ਮੁਖ ਪੜਦਾ ਲਿਆ ਉਠਾਈਆ । ਕੀ ਹੁਣ ਭਗਤਾਂ ਤੋਂ ਲੱਗਾ ਲੁਕਣ, ਕਰਵਟ ਆਪਣੀ ਬਦਲਾਈਆ । ਨਹੀਂ, ਗੋਬਿੰਦ ਕਿਹਾ ਮੈਂ ਉਨ੍ਹਾਂ ਦਾ ਕਰਨ ਆਇਆ ਸ਼ੁਕਰ, ਪਿਛਲਾ ਲੇਖਾ ਝੋਲੀ ਪਾਈਆ । ਕੀਤੇ ਕੌਲ ਤੋਂ ਨਹੀਂ ਗਿਆ ਮੁਕਰ, ਮੁਜਰਮ ਹੋ ਕੇ ਨਾ ਮੁਖ ਭਵਾਈਆ । ਉਨ੍ਹਾਂ ਦੀ ਪਿਆਰ ਦੀ ਧਾਰ ਅੰਦਰ ਜਾਵਾਂ ਉਤਰ, ਉੱਤਰ ਪੂਰਬ ਪੱਛਮ ਦੱਖਣ ਇਕੋ ਰੰਗ ਵਖਾਈਆ । ਜਿਸ ਤਰਾ ਪੁਰਖ ਅਕਾਲ ਮੈਨੂੰ ਬਣਾਇਆ ਪੁੱਤਰ, ਇਸੇ ਤਰਾ ਆਪਣੇ ਪੁਤਰ ਲਏ ਬਣਾਈਆ । ਜਿਨ੍ਹਾਂ ਨਾਲੋਂ ਕਦੇ ਨਾ ਜਾਵਾਂ ਵਿਛੜ, ਵਿਛੜਿਆਂ ਰਿਹਾ ਮਿਲਾਈਆ । ਕਲਜੁਗ ਕੂੜੀ ਕਿਰਿਆ ਵਿਚ ਰਹਿਣ ਨਹੀਂ ਦੇਣਾ ਭਪਾ ਖਿਚੜ, ਸਾਫ਼ ਨਿਰੋਲ ਸੰਤ ਸੁਹੇਲੇ ਬਾਹਰ ਲਏ ਕਢਾਈਆ । ਗਲ ਲਗਾਇਆ ਭਰੀਆਂ ਚਿਕੜ, ਦੁਰਮਤ ਮੈਲ ਧਵਾਈਆ । ਓਹ ਪ੍ਰੀਤੇ ਸਾਰੀ ਰਾਤ ਉਨ੍ਹਾਂ ਦਾ ਰਖਿਆ ਫ਼ਿਕਰ, ਜੋ ਫ਼ਿਕਰ ਵਿਚ ਢੋਲੇ ਰਹੇ ਗਾਈਆ । ਜੇ ਤੈਨੂੰ ਸੁਰਤ ਨਾ ਦੇਂਦਾ ਤੂੰ ਕਿਸ ਤਰਾ ਉਨ੍ਹਾਂ ਦਾ ਕਰਦੀਉਂ ਜ਼ਿਕਰ, ਜੋ ਜ਼ਕਰੀਏ ਨਾਲੋਂ ਚੰਗੇ ਨਜ਼ਰੀ ਆਈਆ । ਮੈਂ ਵਿਛੋੜਾ ਦੇ ਕੇ ਨਹੀਂ ਆਇਆ ਨਿਕਲ, ਪਲੂ ਨਾ ਆਇਆ ਛੁਡਾਈਆ । ਮੈਂ ਦੂਰੋਂ ਨੇੜੇ ਦਾ ਬਣਾਂ ਮਿਤਰ, ਨੇਰਨ ਨੇਰ ਸੋਭਾ ਪਾਈਆ । ਇਹ ਖੇਲ ਮੇਰਾ ਬਚਿਤ੍ਰ, ਜਿਸ ਦਾ ਚਿਤ੍ਰ ਚਿਤਰ ਨਾ ਕੋਇ ਵਖਾਈਆ । ਤੂੰ ਦੱਸ ਸਚ ਪ੍ਰੀਤ ਕਿਉਂ ਮੇਰੇ ਮਗਰ ਆਈ ਖ਼ਿਸਕ, ਭੱਜੀ ਵਾਹੋ ਦਾਹੀਆ । ਪ੍ਰੀਤ ਕਿਹਾ ਮੈਂ ਪੁਛਣ ਆਈ ਮੈਨੂੰ ਆਸ਼ਕਾਂ ਮਸ਼ੂਕਾਂ ਤੋਂ ਵਖਰਾ ਦੱਸ ਇਸ਼ਕ, ਜਿਸ ਇਸ਼ਕ ਵਿਚ ਇਸ਼ਾਰਾ ਇਕ ਤੇਰਾ ਨਜ਼ਰੀ ਆਈਆ । ਮੈਂ ਡਰਦੀ ਰਹੀ ਉਚਾਂ ਨੀਵਾਂ ਕੰਢੀ ਦਾ ਕੰਢਾ ਕਿਤੇ ਪੈਰ ਨਾ ਜਾਏ ਤਿਲ੍ਹਕ, ਮੂੰਹ ਦੇ ਭਾਰ ਦਏ ਸੁਟਾਈਆ । ਗੁਰਮੁਖ ਕਿਹਾ ਛੇਤੀ ਜਾ ਮੇਰੇ ਭਗਤਾਂ ਦੇ ਅੰਦਰ ਵੇਖ ਮਿਠਤ, ਜਿਸ ਮਿਠਾਸ ਨਾਲ ਤੈਨੂੰ ਸਵਾਧਾਨ ਦੇਣ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪ੍ਰੀਤ ਕਹੇ ਜਿਸ ਵੇਲੇ ਵਜ ਗਏ ਸਾਢੇ ਤਿੰਨ, ਮੈਨੂੰ ਅਚਨ ਅਚਾਨਕ ਆਈ ਅੰਗੜਾਈਆ । ਮੈਂ ਸਰੂਪ ਵੇਖਿਆ ਭਿੰਨ ਭਿੰਨ, ਬਹੁਰੰਗਾ ਆਪਣਾ ਰੰਗ ਵਖਾਈਆ । ਜਿਸ ਨੂੰ ਝੁਕਦੇ ਵੇਖੇ ਲੋਕ ਤਿੰਨ, ਪਰਲੋਕ ਸੀਸ ਨਿਵਾਈਆ । ਰੂਪ ਅਨੂਪ ਬਦਲੇ ਛਿੰਨ ਛਿੰਨ, ਬਹੁਰੂਪੀਆ ਸਮਝ ਕੋਇ ਨਾ ਆਈਆ । ਕੁਛ ਆਪਣੇ ਆਪ ਰਿਹਾ ਗਿਣ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਮੈਂ ਅਗੰਮੀ ਵੇਖ ਕੇ ਉਹਦਾ ਚਿੰਨ੍ਹ, ਚਿੰਤਾ ਦਿਤੀ ਗਵਾਈਆ । ਜੋ ਇਸ਼ਾਰੇ ਕਰੇ ਖਿਨ ਖਿਨ, ਸ਼ਹਿਨਸ਼ਾਹ ਰੂਪ ਵਟਾਈਆ । ਮੇਰਾ ਹਿਲ ਗਿਆ ਦਿਲ, ਧੀਰ ਰਹੀ ਨਾ ਰਾਈਆ । ਓਸੇ ਵੇਲੇ ਮੈਨੂੰ ਅੱਗੇ ਹੋ ਕੇ ਪਿਆ ਮਿਲ, ਫੜ ਬਾਹੋਂ ਲਿਆ ਉਠਾਈਆ । ਉਠ ਵੇਖ ਮੇਰਾ ਖੇਲ, ਤੈਨੂੰ ਦਿਆਂ ਸਮਝਾਈਆ । ਜਿਨ੍ਹਾਂ ਦਾ ਗੁਰੂ ਤੇ ਉਨ੍ਹਾਂ ਦਾ ਚੇਲ, ਚੇਲਾ ਸਤਿਗੁਰੂ ਆਪਣਾ ਨਾਮ ਅਖਵਾਈਆ । ਮੈਂ ਤਕਿਆ ਗੋਬਿੰਦ ਨੂੰ ਇਕ ਪਲਕ ਨਹੀਂ ਵਿਹਲ, ਰਾਤੀਂ ਸੁੱਤਿਆਂ ਗੁਰਮੁਖਾਂ ਨੂੰ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪ੍ਰੀਤ ਕਹੇ ਸਾਢੇ ਤਿੰਨ ਮੈਨੂੰ ਇਕ ਪਈ ਆਵਾਜ਼, ਨਾਲ ਠੋਕਰ ਦਿਤੀ ਲਗਾਈਆ । ਉਠ ਜਾਗ, ਜਗਾਵਣ ਵਾਲਾ ਰਿਹਾ

ਜਗਾਈਆ । ਜਿਸ ਦੀ ਸਾਰੇ ਕਰਦੇ ਰਹੇ ਤਾਂਘ, ਸੋ ਆਪਣਾ ਫੇਰਾ ਪਾਈਆ । ਜਿਹੜੀ ਭਗਤਾਂ ਕੀਤੀ ਮਾਂਗ, ਉਹ ਵਸਤ ਰਿਹਾ ਵਰਤਾਈਆ । ਸਵਾਂਗੀ ਹੋ ਕੇ ਪਰਗਟਿਆ ਸਵਾਂਗ, ਸੰਗੀ ਸਾਥੀ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਝੋਲੀ ਪਾਈਆ । ਪ੍ਰੀਤ ਕਹੇ ਸਾਢੇ ਤਿੰਨ ਜਿਸ ਵੇਲੇ ਸੁਣਿਆ ਨਾਦ, ਧੁਨ ਇਕੋ ਨਜ਼ਰੀ ਆਈਆ । ਮੈਂ ਹੋ ਗਈ ਵਿਸਮਾਦ, ਆਪਣਾ ਆਪ ਭੁਲਾਈਆ । ਸਤਿਗੁਰ ਸਰਨਾਈ ਲਾਗ, ਬੇਨੰਤੀ ਦਿਤੀ ਸੁਣਾਈਆ । ਪ੍ਰਭੂ ਤੂੰ ਕਿਸ ਤਰਾ ਗੁਜ਼ਾਰੀ ਅੱਜ ਦੀ ਰਾਤ, ਇਕੱਲਾ ਬਹਿ ਕੇ ਰਾਤ ਲੰਘਾਈਆ । ਗੋਬਿੰਦ ਓਸੇ ਵੇਲੇ ਦਿਤਾ ਆਖ, ਮੇਰੀ ਧੌਣ ਫੜ ਕੇ ਉਪਰ ਲਿਆ ਉਠਾਈਆ । ਹੌਲੀ ਜਿਹੀ ਚਪੇੜ ਮਾਰ ਕੇ ਕਿਹਾ ਜ਼ਰਾ ਸ਼ੇਖ਼ਸਰ ਵਲੇ ਝਾਕ, ਆਪਣਾ ਪੜਦਾ ਲਾਹੀਆ । ਜਾਂ ਮੈਂ ਤਕਿਆ ਉਹ ਗੁਰਮੁਖਾਂ ਦੇ ਅੰਦਰ ਨਜ਼ਰ ਆਇਆ ਆਪ, ਆਪਣਾ ਡੇਰਾ ਲਾਈਆ । ਫੇਰ ਵੇਖਿਆ ਰਸੂਲ ਪਾਕ, ਰਸਤਾ ਰਿਹਾ ਵਖਾਈਆ । ਫੇਰ ਵੇਖਿਆ ਤੇ ਸਭ ਦਾ ਬਣ ਕੇ ਬਾਪ, ਗੋਦੀ ਰਿਹਾ ਬਹਾਈਆ । ਫੇਰ ਵੇਖਿਆ ਤੇ ਜਨਮ ਕਰਮ ਦੇ ਕਟ ਕੇ ਪਾਪ, ਪਵਿਤਰ ਦਿਤਾ ਕਰਾਈਆ । ਫੇਰ ਵੇਖਿਆ ਤੇ ਨਜ਼ਰੀ ਆਇਆ ਸਾਥ, ਸਗਲਾ ਸੰਗ ਨਿਭਾਈਆ । ਫੇਰ ਵੇਖਿਆ ਤੇ ਪੂਰੀ ਕਰੇ ਖਾਹਿਸ਼, ਖ਼ਾਲਸ ਆਪਣੇ ਰੰਗ ਰੰਗਾਈਆ । ਫੇਰ ਵੇਖਿਆ ਕੋਈ ਰਹਿਣ ਨਹੀਂ ਦਿਤਾ ਉਦਾਸ, ਖ਼ੁਸ਼ੀਆਂ ਖ਼ੁਸ਼ੀ ਨਾਲ ਮਿਲਾਈਆ । ਸਭ ਦੇ ਲੇਖੇ ਲਾ ਕੇ ਸਵਾਸ, ਸਾਹ ਸਾਹ ਆਪਣੀ ਝੋਲੀ ਪਾਈਆ । ਮੈਂ ਹੈਰਾਨ ਹੋ ਗਈ ਇਹ ਕਿਉਂ ਨਹੀਂ ਸੁੱਤਾ ਸਾਰੀ ਰਾਤ, ਨੌ ਵੇਰਾਂ ਉਠ ਕੇ ਨੌ ਵੇਰਾਂ ਬੈਠ ਕੇ ਨੌ ਜਨਮ ਦੇ ਵਿਛੜੇ ਬ੍ਰਾਹਮਣ ਰਿਹਾ ਤਰਾਈਆ । ਮੈਂ ਓਸ ਵੇਲੇ ਦੁਹੱਥੜ ਮਾਰ ਕੇ ਆਪਣੇ ਨਾਲ ਹਾਥ, ਬਹੁੜੀ ਬਹੁੜੀ ਦਿਤੀ ਸੁਣਾਈਆ । ਪ੍ਰਭੂ ਇਹ ਕੀ ਖੇਲ ਤਮਾਸ਼, ਮੈਨੂੰ ਦੇ ਜਣਾਈਆ । ਤੂੰ ਸੁੱਤਿਆਂ ਦੀ ਕਰੇਂ ਯਾਦ, ਕੀ ਤੇਰੀ ਵਡਿਆਈਆ । ਦਰਦੀਆਂ ਦੀ ਸੁਣੇਂ ਫ਼ਰਿਆਦ, ਦੁਖ ਆਪਣੀ ਝੋਲੀ ਪਾਈਆ । ਗੋਬਿੰਦ ਨੇ ਕਢ ਕੇ ਪਿਛਲੀ ਕਿਤਾਬ, ਮੈਨੂੰ ਦਿਤੀ ਵਖਾਈਆ । ਵੇਖ ਲੈ ਅੱਠ ਚੇਤ ਦਾ ਉਹ ਹਿਸਾਬ, ਇਕ ਸਤ ਪੰਜ ਪੰਜ ਦਏ ਗਵਾਹੀਆ । ਜਿਸ ਦਾ ਮੈਨੂੰ ਦੇਣਾ ਪਿਆ ਜਵਾਬ, ਪੁਰਖ ਅਕਾਲ ਮੰਗ ਮੰਗਾਈਆ । ਮੈਂ ਕੋਈ ਸ਼ਾਹ ਨਹੀਂ ਨਵਾਬ, ਭਗਤਾਂ ਦਾ ਸੇਵਕ ਰੂਪ ਵਟਾਈਆ । ਮੈਂ ਵੇਖਣ ਆਇਆ ਆਪਣਾ ਟਹਿਕਦਾ ਫੁੱਲ ਗੁਲਾਬ, ਜੋ ਬੂਟਾ ਆਪਣੀ ਹੱਥੀਂ ਗਿਆ ਲਾਈਆ । ਮੈਂ ਸਦਾ ਨਹੀਂ ਸੁੱਤਾ ਉਨ੍ਹਾਂ ਪਿਛੇ ਸਦਾ ਉਨ੍ਹਾਂ ਦੀ ਰੱਖਾਂ ਯਾਦ, ਯਾਦ ਵਿਚ ਆਪਣਾ ਝਟ ਲੰਘਾਈਆ । ਇਸੇ ਕਰਕੇ ਧੁਰ ਦੀ ਸੁਣਾਈ ਆਵਾਜ਼, ਤੂੰ ਮੇਰਾ ਮੈਂ ਤੇਰਾ ਦੂਜਾ ਹੋਰ ਰਹਿਣ ਕੋਇ ਨਾ ਪਾਈਆ । ਪ੍ਰੀਤ ਕਹੇ ਇਹ ਮੈਂ ਚੰਗੀ ਸਿਖ ਲਈ ਜਾਚ, ਗੋਬਿੰਦ ਤਰੀਕਾ ਦਿਤਾ ਦ੍ਰਿੜਾਈਆ । ਭਗਤਾਂ ਨਾਲ ਕਰਾਂ ਨਾ ਕੋਇ ਮਿਜਾਜ਼, ਆਕੜ ਨਾ ਕੋਇ ਵਖਾਈਆ । ਝਟ ਜਾ ਕੇ ਹੋ ਜਾਵਾਂ ਉਨ੍ਹਾਂ ਦੀ ਦਾਸ, ਸੇਵਕ ਬਣ ਕੇ ਸੇਵ ਕਮਾਈਆ । ਸਚ ਦੱਸ ਕੀ ਤੂੰ ਵੀ ਵਸੇਂਗਾ ਉਨ੍ਹਾਂ ਦੇ ਪਾਸ, ਸਚ ਸਿੰਘਾਸਣ ਡੇਰਾ ਲਾਈਆ । ਗੋਬਿੰਦ ਕਿਹਾ ਇਹ ਕੋਈ ਪੁਛਣ ਵਾਲੀ ਨਹੀਂ ਬਾਤ, ਇਹ ਮੇਰੀ ਬੇਪਰਵਾਹੀਆ । ਜਿਨ੍ਹਾਂ ਨੂੰ ਆਪਣੇ ਨਾਲ ਲਿਆਂਦਾ ਮਾਤ, ਅੰਤਮ ਸੰਗ ਲੈ ਕੇ ਘਰ ਸਾਚੇ ਜਾਵਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਪ੍ਰੀਤ ਕਹੇ ਜਿਸ ਵੇਲੇ ਨੌਵੀਂ ਵਾਰ ਜਾਗਿਆ, ਹੱਥ ਮੱਥੇ ਉਤੇ ਰਖਾਈਆ । ਮੈਂ ਹੱਥ ਜੋੜ ਕੇ ਮੰਗੀ ਆਗਿਆ, ਬੇਨੰਤੀ ਦਿਤੀ ਸੁਣਾਈਆ । ਓਧਰੋਂ ਆਈ ਇਕ ਆਵਾਜਿਆ, ਧੁਰ ਦਾ ਢੋਲਾ ਗਾਈਆ । ਆ ਤੈਨੂੰ ਵਖਾਵਾਂ ਇਕ

ਹੋਰ ਤਮਾਸ਼ਿਆ, ਜਿਹੜੀ ਖੇਲ ਰਿਹਾ ਰਚਾਈਆ । ਜਨ ਭਗਤਾਂ ਦੀ ਆਤਮ ਸੇਜ ਪ੍ਰੇਮ ਪਿਆਰ ਪ੍ਰੀਤ ਦਾ ਭੋਗ ਬਿਲਾਸਿਆ, ਭਾਵੀ ਸਭ ਦੇ ਸਿਰ ਤੋਂ ਲਾਹੀਆ । ਦੁਰਮਤ ਮੈਲ ਦਾ ਇਕੋ ਵਾਰ ਧੋ ਦਿਤਾ ਦਾਗ਼ਿਆ, ਦਗ਼ਾ ਕਰ ਕੇ ਨਹੀਂ ਆਇਆ ਨਾ ਰਾਤ ਸੌਂ ਕੇ ਝਟ ਲੰਘਾਈਆ । ਜੇ ਕੁਛ ਜਾਂਦਾ ਜਾਂਦਾ ਭਗਤਾਂ ਦੇ ਘਰੋਂ ਖਾ ਗਿਆ, ਓਸ ਖਾਣ ਪੀਣ ਦਾ ਲੇਖਾ ਸਾਰੀ ਰਾਤ ਦੇਵੇ ਥਾਉਂ ਥਾਈਆ । ਗੁਰਮੁਖਾਂ ਨੂੰ ਆਪਣੀ ਕਿਰਪਾ ਨਾਲ ਨਿਵਾਜਿਆ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਪ੍ਰੀਤ ਕਹੇ ਮੈਂ ਫੇਰ ਵੇਖਿਆ ਮੁੜ ਕੇ, ਆਪਣੀ ਅੱਖ ਭਵਾਈਆ । ਗੋਬਿੰਦ ਤਕਿਆ ਲੁਕ ਕੇ, ਚੋਰੀ ਨੈਣ ਉਠਾਈਆ । ਉਹ ਆਪਣੇ ਆਸਣ ਉਤੋਂ ਉਠ ਕੇ, ਜ਼ਿਮੀਂ ਉਤੇ ਡੇਰਾ ਰਿਹਾ ਵਖਾਈਆ । ਆਪਣੇ ਸੀਨੇ ਨੂੰ ਘੁੱਟ ਕੇ, ਇੱਕੀ ਮਿੰਟ ਇਕੋ ਰਸ ਜਣਾਈਆ । ਮੈਨੂੰ ਹੌਲੀ ਜਿਹੀ ਪੁੱਛ ਕੇ, ਸਚ ਕਹਾਣੀ ਦਿਤੀ ਵਖਾਈਆ । ਸਚ ਪ੍ਰੀਤ ਮੈਂ ਆਇਆ ਨਹੀਂ ਲੁਕ ਕੇ, ਉਹ ਵੇਖ ਲੁਕਿਆਂ ਦੇ ਅੰਦਰ ਆਪਣਾ ਡੇਰਾ ਲਾਈਆ । ਮੈਂ ਆਇਆ ਗੁਰਮੁਖਾਂ ਤੋਂ ਪੁਛ ਕੇ, ਇਜਾਜ਼ਤ ਮੰਗੀ ਚਾਈਂ ਚਾਈਆ । ਜੋ ਪ੍ਰੇਮੀ ਪਿਆਰੇ ਮੇਰੇ ਵਿਛੋੜੇ ਦੇ ਦੁਖ ਦੇ, ਉਨ੍ਹਾਂ ਦੇ ਵਿਛੋੜੇ ਪਿਛੇ ਖ਼ਾਕੀ ਮਾਟੀ ਉਤੇ ਨੌ ਵਾਰ ਆਪਣੀ ਉਂਗਲੀ ਦਿਤੀ ਘਸਾਈਆ । ਕੋਈ ਸ਼ਕ ਸ਼ਿਕਵਾ ਨਾ ਰਹੇ ਮੁਝ ਤੇ, ਮੁਫ਼ਲਿਸ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਧਰਤੀ ਕਹੇ ਜਿਸ ਵੇਲੇ ਮੇਰੇ ਉਤੇ ਬੈਠਾ ਇੱਕੀ ਮਿੰਟ, ਧਿਆਨ ਭਗਤਾਂ ਵਲ ਰਖਾਈਆ । ਮੈਂ ਬਹੁੜੀ ਬਹੁੜੀ ਕਰ ਕੇ ਉਠੀ ਪਿਟ, ਕਿਧਰੋਂ ਆ ਗਿਆ ਪ੍ਰੇਮੀਆਂ ਦਾ ਪ੍ਰੇਮੀ ਨੇਮੀਆਂ ਦਾ ਨੇਮੀ ਲੱਗੀ ਤੋੜ ਨਿਭਾਈਆ । ਮੈਨੂੰ ਪਤਾ ਨਹੀਂ ਲੱਗਾ ਕਿਸ ਮੈਨੂੰ ਮੂੰਹ ਦੇ ਭਾਰ ਦਿਤਾ ਸੁਟ, ਮੇਰੀ ਹੋਸ਼ ਦਿਤੀ ਗਵਾਈਆ । ਫੇਰ ਕਿਰਪਾ ਕਰ ਕੇ ਗੋਦੀ ਲਿਆ ਚੁਕ, ਸਿਰ ਮੇਰੇ ਹੱਥ ਰਖਾਈਆ । ਮੈਂ ਹੌਲੀ ਜਿਹੀ ਲਿਆ ਪੁਛ, ਕੀ ਤੂੰ ਗੋਬਿੰਦ ਸਚ ਮੁਚ, ਕਿ ਮੈਨੂੰ ਭਰਮ ਭੁਲੇਖਾ ਨਜ਼ਰੀ ਆਈਆ । ਧਰਨੀ ਕਹੇ ਓਨ ਹੱਥ ਪਾ ਕੇ ਮੇਰੀ ਗਿੱਚੀ ਵਾਲੀ ਗੁਤ, ਧੌਣ ਉਤੇ ਦਿਤੀ ਉਠਾਈਆ । ਔਹ ਵੇਖ ਮੇਰੇ ਗੁਰਮੁਖ ਸਾਚੇ ਪੁਤ, ਜਿਨ੍ਹਾਂ ਨੂੰ ਗੋਦੀ ਰਿਹਾ ਉਠਾਈਆ । ਇਹ ਗੋਬਿੰਦ ਨਹੀਂ ਜੋ ਜਾਵੇ ਲੁਕ, ਲੁਕਿਆਂ ਨੂੰ ਆਪਣੇ ਨਾਲ ਰਿਹਾ ਮਿਲਾਈਆ । ਓਹ ਚਰਨੀ ਲਗ ਕੇ ਹੋ ਗਈ ਖ਼ੁਸ਼, ਢੋਲਾ ਗਾਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕੋ ਇਕ ਨਿਭਾਈਆ । ਧਰਨੀ ਕਹੇ ਜਿਸ ਵੇਲੇ ਇਹਦਾ ਮਿੰਟ ਇਕੀਵਾਂ ਆਇਆ ਅਖ਼ੀਰ, ਬਿਨ ਘੜੀਉਂ ਘੜਿਆਲ ਦਿਤਾ ਵਜਾਈਆ । ਪੰਜਾਂ ਉਂਗਲਾਂ ਨਾਲ ਕਢ ਕੇ ਇਕ ਲਕੀਰ, ਪੰਜਾ ਸਭ ਦੇ ਉਪਰ ਲਾਈਆ । ਭਗਤੋ ਤੁਸੀਂ ਮੇਰੇ ਮੈਂ ਤੁਹਾਡੀ ਤਸਵੀਰ, ਤਸਵੀਰ ਦੇ ਅੰਦਰ ਬੇਨਜ਼ੀਰ ਸੋਭਾ ਪਾਈਆ । ਤੁਸੀਂ ਪ੍ਰੇਮ ਪਿਆਰ ਦੇ ਭਾਈ ਭੈਣ ਵੀਰ, ਇਕੋ ਰੂਪ ਦਿਤੇ ਵਖਾਈਆ । ਨਾਮ ਦੀ ਡੋਰੀ ਤੁਹਾਡੀ ਸੱਚੀ ਜ਼ੰਜੀਰ, ਸਕੇ ਨਾ ਕੋਇ ਤੁੜਾਈਆ । ਤੁਸੀਂ ਮੇਰੇ ਪਾਤਸ਼ਾਹ ਤੇ ਮੈਂ ਤੁਹਾਡਾ ਵਜ਼ੀਰ, ਜਿਸ ਵੇਲੇ ਚਾਹੋ ਸੇਵਾ ਆਪਣੀ ਲਓ ਲਗਾਈਆ । ਤੁਸੀਂ ਮੇਰੇ ਆਕਾ ਮੈਂ ਤੁਹਾਡਾ ਫ਼ਕੀਰ, ਤੁਹਾਡੇ ਢੋਲੇ ਸਦਾ ਗਾਈਆ । ਤੁਸੀਂ ਮੇਰਾ ਮਕੱਦਰ ਮੈਂ ਤੁਹਾਡੀ ਤਕਦੀਰ, ਤਦਬੀਰ ਆਪਣੀ ਦਿਓ ਜਣਾਈਆ । ਤੁਸੀਂ ਮਾਲਕ ਤੇ ਮੈਂ ਤੁਹਾਡੀ ਸ਼ਮਸ਼ੀਰ, ਜਿਧਰ ਚਾਹੋ ਖੰਡਾ ਲਓ ਭਵਾਈਆ । ਤੁਸਾਂ ਪ੍ਰੇਮ ਨਾਲ ਮੈਨੂੰ ਦੇਣੀ ਅਸ਼ੀਰ, ਤਾਸੀਰ ਤੁਹਾਡੀ ਮੇਰਾ ਰੂਪ ਨਜ਼ਰੀ ਆਈਆ । ਇਹ ਜੰਮੂ ਨਹੀਂ ਕਸ਼ਮੀਰ, ਅਕਸੀਰ

ਤੁਹਾਡੀ ਰਿਹਾ ਬਦਲਾਈਆ । ਇਕੋ ਰੰਗ ਰੰਗਾ ਕੇ ਸ਼ਾਹ ਹਕੀਰ, ਹੁਕਮ ਆਪਣੇ ਵਿਚ ਚਲਾਈਆ । ਤੁਹਾਡੇ ਪ੍ਰੇਮ ਅੰਦਰ ਰੈਣ ਸੁਬਾਈ ਦਿਲਗੀਰ, ਦਿਲਗੀਰੀ ਤੁਹਾਡੀ ਦਿਤੀ ਗਵਾਈਆ । ਭਾਵੇਂ ਸੇਵਕ ਸਮਝੋ ਭਾਵੇਂ ਸਮਝੋ ਪੀਰ, ਪੀਰਾਂ ਦਾ ਪੀਰ ਹੋ ਕੇ ਫੇਰ ਵੀ ਤੁਹਾਡਾ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੇ ਬਦਲ ਦੇਵੇ ਅੰਦਰੋਂ ਜ਼ਮੀਰ, ਜ਼ਾਮਨ ਹੋ ਕੇ ਅਗਲਾ ਰਸਤਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਿਹਰ ਨਜ਼ਰ ਨਾਲ ਤਰਾਈਆ । ਸਾਢੇ ਤਿੰਨ ਇਕ ਉਤੋਂ ਰੋ ਪਈ ਕੜੀ, ਹਾਏ ਹਾਏ ਕਰ ਕੁਰਲਾਈਆ । ਗੋਬਿੰਦ ਤੂੰ ਪਿਛੇ ਖੇਚਲ ਕੀਤੀ ਬੜੀ, ਕਿਉਂ ਜ਼ਮੀਨ ਉਤੇ ਬੈਠਾ ਆਸਣ ਲਾਈਆ । ਗੋਬਿੰਦ ਕਿਹਾ ਵੇਖ ਮੇਰੇ ਗੁਰਮੁਖਾਂ ਦੀ ਝੜੀ, ਜੋ ਛਹਿਬਰ ਰਹੇ ਵਖਾਈਆ । ਉਹਨਾਂ ਦੇ ਅੰਦਰੋਂ ਮੇਰੇ ਅੰਤਰ ਬੱਝ ਗਈ ਕੜੀ, ਜਿਸ ਕੜੀ ਨਾਲ ਖਿਚ ਕੇ ਭੁੰਜੇ ਦਿਤਾ ਬਹਾਈਆ । ਮੈਂ ਕੋਸ਼ਿਸ਼ ਕੀਤੀ ਬੜੀ, ਫਿਰ ਵੀ ਮੇਰੀ ਚਲੀ ਨਾ ਕੋਇ ਚਤੁਰਾਈਆ । ਗੁਰਮੁਖਾਂ ਦੇ ਅੱਗੇ ਕਾਹਦੀ ਅੜੀ, ਜਿਨ੍ਹਾਂ ਆੜ ਇਕ ਦੀ ਲਈ ਤਕਾਈਆ । ਇਹ ਬਚਨ ਸੁਣ ਕੇ ਛੱਤ ਉਤੋਂ ਡਰੀ, ਨੈਣਾਂ ਨੀਰ ਦਿਤਾ ਵਹਾਈਆ । ਇਕ ਬੂੰਦ ਉਤੋਂ ਕਿਰੀ, ਜੋ ਸਿੱਧੀ ਚਰਨਾਂ ਉਤੇ ਡਿੱਗੀ, ਆਪਣਾ ਆਪ ਗਈ ਮੁਕਾਈਆ । ਓਸ ਵੇਲੇ ਓਸੇ ਛੱਤ ਨੂੰ ਨਜ਼ਰੀ ਆਇਆ ਹਰੀ, ਜੋ ਹਰ ਘਟ ਰਿਹਾ ਸਮਾਈਆ । ਜਿਨ ਭਗਤਾਂ ਦੀ ਕੰਨੀ ਫੜੀ, ਗੁਰਮੁਖਾਂ ਦਾ ਜੋੜ ਜੁੜਾਈਆ । ਓਸ ਦੀ ਇਹ ਸੋਹਣੀ ਸੁਲਖਣੀ ਘੜੀ, ਜੋ ਗ਼ਰੀਬ ਨਿਮਾਣਿਆਂ ਗੋਦੀ ਰਿਹਾ ਉਠਾਈਆ । ਕਰਮਾਂ ਤੋਂ ਕਰ ਕੇ ਬਰੀ, ਜਨਮਾਂ ਤੋਂ ਜਮਾਂ ਤੋਂ ਦੋਹਾਂ ਤੋਂ ਲਿਆ ਛੁਡਾਈਆ । ਪ੍ਰਿਥਮੀ ਜਿਸ ਦੇ ਧਉਲੇ ਉਤੇ ਖੜ੍ਹੀ, ਬੈਠੀ ਸੀਸ ਨਿਵਾਈਆ । ਥੱਲਿਉਂ ਹਸ ਕੇ ਬੋਲ ਪਈ ੫੩੪
ਦਰੀ, ਜੋ ਘਰਦਿਆਂ ਦਿਤੀ ਵਿਛਾਈਆ । ਉਹ ਕਹੇ ਮੈਂ ਜੀਂਦੀ ਹੋ ਗਈ ਬਰੀ, ਪ੍ਰਭ ਨੇ ਆਸਣ ਲਿਆ ਲਾਈਆ । ਮੇਰੀ ਆਸਾ ਪੂਰੀ ਕਰੀ, ਜੋ ਪਿਛਲਾ ਧਿਆਨ ਵਖਾਈਆ । ਜਿਸ ਵੇਲੇ ਗੋਬਿੰਦ ਨੇ ਗਿਆਰਵੇਂ ਸਾਲ ਜੁੱਤੀ ਪਹਿਨੀ ਸੀ ਜ਼ਰੀ, ਸੋਹਣਾ ਚਰਨ ਛੁਹਾਈਆ । ਓਸ ਵੇਲੇ ਪੁਰੀ ਅਨੰਦ ਮੇਰੇ ਉਤੇ ਖਲੋਤਾ ਸੀ ਸਵਾ ਘੜੀ, ਅੰਤਰ ਪੁਰਖ ਅਕਾਲ ਧਿਆਈਆ । ਮੈਂ ਓਸ ਵੇਲੇ ਇਕ ਗੱਲ ਸੀ ਕਰੀ, ਹੌਲੀ ਜਿਹੀ ਸੁਣਾਈਆ । ਮੈਂ ਤੇਰੀ ਚਰਨਾਂ ਦੀ ਧੂੜ ਮਲੀ, ਤਨ ਆਪਣੇ ਖ਼ਾਕ ਰਮਾਈਆ । ਕੀ ਮੈਨੂੰ ਕਰੇਂਗਾ ਬਰੀ, ਤੰਦ ਆਪਣੇ ਨਾਲ ਜੁੜਾਈਆ । ਗੋਬਿੰਦ ਕਿਹਾ ਓਹ ਸੁਲਖਣੀ ਆਵੇ ਘੜੀ, ਜਿਸ ਵੇਲੇ ਮੇਰਾ ਮਾਲਕ ਤੇਰੇ ਉਤੇ ਸੋਭਾ ਪਾਈਆ । ਤੂੰ ਓਸ ਵੇਲੇ ਸਰਨੀ ਪੜੀਂ, ਮਸਤਕ ਚਰਨਾਂ ਉਤੇ ਟਿਕਾਈਆ । ਫੇਰ ਭਗਤਾਂ ਦੇ ਨਾਲ ਤੈਨੂੰ ਕਰ ਦੇਵੇ ਬਰੀ, ਮੇਰੀ ਸ਼ਹਾਦਤ ਦਏ ਭੁਗਤਾਈਆ । ਦਰੀ ਕਹੇ ਹੁਣ ਚਲ ਕੇ ਆਇਆ ਘਰੀ, ਘਰ ਵਾਲਾ ਘਰ ਆਪਣੇ ਲੈ ਕੇ ਜਾਈਆ । ਲੋਕੀਂ ਕਹਿੰਦੇ ਇਹ ਕੱਚੇ ਤੰਦ ਸੂਤ ਦੀ ਜੀਂਦੀ ਮਰੀ, ਮੈਂ ਮਰੀ ਨਹੀਂ ਜੀਉਂਦਿਆਂ ਵਿਚੋਂ ਜੀਂਦੀ ਨਜ਼ਰੀ ਆਈਆ । ਮੈਂ ਓਸ ਮੰਜ਼ਲ ਉਤੇ ਚੜ੍ਹੀ, ਜਿਸ ਘਰ ਗੁਰਮੁਖ ਸੋਭਾ ਪਾਈਆ । ਪੁਰਖ ਅਕਾਲ ਕਿਰਪਾ ਕਰੀ, ਗੋਬਿੰਦ ਦਿਤੀ ਮਾਣ ਵਡਿਆਈਆ । ਜਨ ਭਗਤੋ ਇਹ ਖ਼ਬਰ ਸੁਣਾਈ ਤੁਹਾਨੂੰ ਖਰੀ, ਮਿੱਟੀ ਉਤੇ ਵਿਛਨ ਵਾਲੀ ਦਰੀ ਰਹੀ ਜਣਾਈਆ । ਜਿਸ ਨੇ ਮੇਰੇ ਉਤੇ ਕਿਰਪਾ ਕਰੀ, ਇਹ ਤੁਹਾਡੇ ਬੇੜੇ ਪਾਰ ਲੰਘਾਈਆ । ਇਹ ਬਚਨ ਸੁਣ ਕੇ ਉਤੋਂ ਹੱਸ ਪਈ ਕੜੀ, ਕਿ ਸਾਡਾ ਲੇਖਾ ਇਹਨਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਆਪਣੇ ਹੱਥ ਰਖਾਈਆ ।

## ❋ ੧੦ ਚੇਤ ਸ਼ਹਿਨਸ਼ਾਹੀ ਸੰਮਤ ੧ ਨੰਦੂ ਸ਼ਾਹ ਦੇ ਗ੍ਰਹਿ ਪਿੰਡ ਸਰਦਾਰੀ ਜੰਮੂ ❋

ਨੰਦੂ ਤੇਰੀ ਦੱਸਾਂ ਤਕਦੀਰ, ਪ੍ਰੇਮ ਪਿਆਰ ਨਾਲ ਜਣਾਈਆ । ਜਿਸ ਵੇਲੇ ਗੋਬਿੰਦ ਬਣਿਆ ਸੀ ਉਚ ਦਾ ਪੀਰ, ਆਪਣਾ ਆਪ ਬਦਲਾਈਆ । ਤੇਰਾ ਰੂਪ ਸੀ ਇਕ ਮਲੰਗਾਂ ਵਾਲਾ ਫ਼ਕੀਰ, ਜਾਮਾ ਲੀਰ ਲੀਰ ਵਖਾਈਆ । ਤੇਰੇ ਕੋਲ ਸੀ ਇਕ ਜ਼ੰਜੀਰ, ਚੌਦਾਂ ਕੜੀਆਂ ਵਾਲੀ ਗੰਢ ਪਵਾਈਆ । ਉਸ ਦੇ ਵਿਚ ਸੀ ਮੁਹੰਮਦ ਦੀ ਤਸਵੀਰ, ਜੋ ਸਤ ਸਤ ਦੇ ਵਿਚ ਦਿਤੀ ਲਟਕਾਈਆ । ਤੂੰ ਘਤ ਕੇ ਆਇਉਂ ਵਹੀਰ, ਆਪ ਆਪਣਾ ਪੰਧ ਮੁਕਾਈਆ । ਤੇਰੇ ਕਾਸੇ ਵਿਚ ਸੀ ਖੀਰ, ਢਾਈ ਪਾ ਗਿਣਾਈਆ । ਤੇਰੀ ਅੰਦਰੋਂ ਬਦਲ ਦਿਤੀ ਜ਼ਮੀਰ, ਹੁਕਮ ਇਕ ਸੁਣਾਈਆ । ਤੂੰ ਤਕਿਆ ਮੁਹੰਮਦ ਨਾਲੋਂ ਚੰਗਾ ਇਹ ਪੀਰ, ਪੀਰਾਂ ਦਾ ਪੀਰ ਨਜ਼ਰੀ ਆਈਆ । ਤੂੰ ਬੋਲ ਕੇ ਕਿਹਾ ਅਖ਼ੀਰ, ਆਜਿਜ਼ ਹੋ ਕੇ ਸੀਸ ਨਿਵਾਈਆ । ਕੁਛ ਮੈਨੂੰ ਦੇ ਅਸੀਰ, ਤੇਰੇ ਹੱਥ ਵਡਿਆਈਆ । ਗੋਬਿੰਦ ਕਿਹਾ ਚੁਪ, ਫ਼ਕੀਰ ਦਾ ਅੰਦਰੋਂ ਵਗ ਗਿਆ ਨੀਰ, ਬਾਹਰੋਂ ਨੈਣਾਂ ਛਹਿਬਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਰਤਾਈਆ । ਸ਼ਬਦ ਅਗੰਮੀ ਕਿਹਾ ਗੋਬਿੰਦ, ਫ਼ਕੀਰ ਅਤਾਉਲਾ ਦਿਤਾ ਜਣਾਈਆ । ਮੈਂ ਮੁਹੰਮਦ ਨਹੀਂ ਮੈਂ ਵਾਲੀ ਹਿੰਦ, ਸੂਰਬੀਰ ਜੋਧਾ ਬੇਪਰਵਾਹੀਆ । ਮੈਂ ਭਿਖਾਰੀ ਨਹੀਂ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਭੇਸ ਬਦਲਿਆ ਕਾਰਨ ਇੰਵ, ਤੈਨੂੰ ਦਿਆਂ ਜਣਾਈਆ । ਸਚ ਫ਼ਕੀਰ ਬਣੌਣੇ ਆਪਣੀ ਬਿੰਦ, ਆਪਣੇ ਨਾਲ ਜੁੜਾਈਆ । ਓਸ ਫ਼ਕੀਰ ਦੇ ਕੋਲ ਸੀ ਇਕ ਕਿੰਗ, ਜਿਹੜੀ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਦਿਤੀ ਵਜਾਈਆ । ਰੱਸੀ ਨਾਲੋਂ ਖੋਲ੍ਹ ਕੇ ਉਹ ਕੱਚੀ ਮਿੱਟੀ ਦਾ ਕਾਸਾ ਜਿਹਨੂੰ ਕਹਿੰਦੇ ਮਿੱਟੀ ਦੀ ਟਿੰਡ, ਅੱਗੇ ਦਿਤਾ ਟਿਕਾਈਆ । ਜੇ ਤੂੰ ਪਰਵਰਦਿਗਾਰ ਨੂਰ ਇਲਾਹੀ ਧੁਰ ਦਾ ਗੋਬਿੰਦ, ਇਸ ਨੂੰ ਲੈਣਾ ਖਾਈਆ । ਉਸ ਦੇ ਨਾਲ ਇਕ ਟੁਕੜੀ ਬੱਧੀ ਸੀ ਹਿੰਗ, ਜਿਹੜੀ ਖ਼ੁਸ਼ਬੂ ਵਖਰੀ ਰਹੀ ਜਣਾਈਆ । ਉਹ ਪਹਿਲੋਂ ਸਾਂਭ ਕੇ ਰੱਖੀ ਸੀ ਤਿੰਨ ਦਿਨ, ਜੋ ਗੋਬਿੰਦ ਦਿਤੀ ਸਮਝਾਈਆ । ਓਸ ਦੇ ਵਿਚ ਸੀ ਇਕ ਚਿੰਨ੍ਹ, ਜੋ ਚੰਦ ਸਤਾਰਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਇਕ ਵਖਾਈਆ । ਗੋਬਿੰਦ ਅੰਦਰੋਂ ਕਿਹਾ ਸੁਣ ਅਤਾਉਲਾ, ਖ਼ਤੂਤ ਧੁਰ ਦਾ ਦਿਆਂ ਜਣਾਈਆ । ਵੇਖ ਮੈਂ ਕਿੱਡਾ ਸੋਹਣਾ ਬਣਿਆ ਮੁੱਲਾ, ਮੌਲਵੀਆਂ ਵਾਲਾ ਰੂਪ ਵਟਾਈਆ । ਓਸ ਫ਼ਕੀਰ ਨੇ ਆਪਣੇ ਸਿਰ ਤੋਂ ਲਾਹ ਕੇ ਕੁੱਲਾ, ਚਰਨਾਂ ਉਤੇ ਦਿਤਾ ਟਿਕਾਈਆ । ਤੂੰ ਵਾਕਿਆ ਪੀਰਾਂ ਦਾ ਪੀਰ ਗੋਬਿੰਦ ਕਦੇ ਨਹੀਂ ਭੁੱਲਾ, ਭੁੱਲਿਆਂ ਨੂੰ ਰਸਤੇ ਪਾਈਆ । ਚਹਵਾਂ ਨੇ ਤੈਨੂੰ ਚੁਕਣਾ ਵਾਂਗ ਫੁੱਲਾਂ, ਜੋ ਖ਼ਾਦਮ ਬੈਠੇ ਨਜ਼ਰੀ ਆਈਆ । ਮੈਂ ਇਕ ਦੱਸਣ ਆਇਆ ਹੋਰ ਭੇਤ ਜਿਸ ਦੇ ਵਿਚ ਉਹਲਾ, ਸ਼ਾਹ ਨਵਾਬ ਜਿਸ ਦੀ ਖੋਜ ਖੁਜਾਈਆ । ਬੇਸ਼ਕ ਤੂੰ ਰਸਨਾ ਨਾਲ ਗਾਵੇਂ ਬਿਸਮਿੱਲਾ ਇੱਲਲਿਲਾ, ਢੋਲਾ ਲਾਇਲਾਹ ਇੱਲਲਾਹ ਰਸੂਲ ਧਿਆਨ ਜਣਾਈਆ । ਜੇ ਆਹ ਚੌਦਾਂ ਕੜੀਆਂ ਵਾਲਾ ਸੰਗਲ ਨਾ ਹੋਇਆ ਤੇਰੇ ਕੋਲਾ, ਓਨਾਂ ਚਿਰ ਤੈਨੂੰ ਪੀਰ ਮੁਸਲਿਮ ਕਹੇ ਕੋਇ ਨਾ ਰਾਈਆ । ਗੋਬਿੰਦ ਨੇ ਪ੍ਰੇਮ ਨਾਲ ਉਸ ਦੇ ਅੰਦਰ ਦਿਤਾ ਝਕੋਲਾ, ਜਲਵਾ ਨੂਰ ਕਰ ਰੁਸ਼ਨਾਈਆ । ਓਸ ਨੇ ਓਸ ਵੇਲੇ ਆਪਣੇ ਗਲ ਦੇ ਵਿਚੋਂ ਖੋਲ੍ਹਾ, ਗੋਬਿੰਦ ਗਲ ਦਿਤਾ ਪਾਈਆ । ਨਾਲੇ ਕਿਹਾ ਤੂੰ ਹਰਿਜਨ ਮੌਲਾ, ਮੁਹੱਬਤ ਰੂਪ ਗੁਸਾਈਆ । ਗੋਬਿੰਦ ਹੱਸ ਕੇ ਕਿਹਾ ਕੁਛ ਮੇਰੇ ਨਾਲ ਕਰ ਲੈ ਕੌਲਾ, ਇਕਰਾਰਨਾਮਾ ਲੈ ਲਿਖਾਈਆ । ਫ਼ਕੀਰ ਨੇ ਕਿਹਾ ਜੇ ਕਦੀ ਮੁੜ

ਕੇ ਆਵੇਂ ਉਪਰ ਧੌਲਾ, ਮੈਨੂੰ ਆਪਣਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਫ਼ਕੀਰ ਕਿਹਾ ਇਹ ਜ਼ੰਜੀਰੀ ਵਿਚ ਤਸਵੀਰ ਮੁਹੰਮਦ ਪਾਕ ਰਸੂਲ, ਬਿਨ ਮੇਰੇ ਤੇਰੇ ਨਜ਼ਰ ਕਿਸੇ ਨਾ ਆਈਆ । ਤੂੰ ਮੈਨੂੰ ਕੀਤਾ ਕ਼ਬੂਲ, ਮੈਂ ਦੱਸਿਆ ਆਪਣਾ ਅਸੂਲ, ਅਸਲੀਅਤ ਦਿਤੀ ਜਣਾਈਆ । ਅਗੇ ਦੋਹਾਂ ਦਾ ਹੋਰ ਰੂਲ, ਜਾਂਦਿਆਂ ਪੀਰਾਂ ਰਾਹ ਵਿਚ ਲੈਣ ਅਟਕਾਈਆ । ਓਹਨਾਂ ਪੁੱਛਣਾ ਤੈਥੋਂ ਕਲਮਾ ਇਹ ਮਅਕੂਲ, ਮੁਕੰਮਲ ਦੇਣਾ ਸੁਣਾਈਆ । ਇਸ ਤਸਵੀਰ ਨਾਲ ਉਹਨਾਂ ਦਾ ਬਦਲ ਜਾਵੇ ਮਹੌਲ, ਸਿਰ ਸਕੇ ਨਾ ਕੋਇ ਉਠਾਈਆ । ਹੰਸੀ ਖ਼ੁਸ਼ੀ ਵਿਚ ਕਰਨ ਮਖ਼ੌਲ, ਕਿਧਰੋਂ ਉਚ ਦਾ ਪੀਰ ਆਇਆ ਫ਼ਕੀਰ, ਕੰਧਿਆਂ ਉਤੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਮੇਰੇ ਵਿਚ ਸਚ ਤੌਫ਼ੀਕ, ਤੈਨੂੰ ਦਿਆਂ ਸਮਝਾਈਆ । ਕੁਛ ਮੰਗ ਮੇਰੇ ਰਫ਼ੀਕ, ਧੁਰ ਦਾ ਦਾਨ ਦਿਆਂ ਵਰਤਾਈਆ । ਓਸ ਨੇ ਕਿਹਾ ਹੁਣ ਫ਼ਕੀਰ ਫੇਰ ਬਣਾਵੇਂ ਅਜ਼ੀਜ਼, ਧਨ ਦੌਲਤ ਦੀ ਲੋੜ ਕੋਈ ਨਹੀਂ ਰਾਈਆ । ਭਾਵੇਂ ਤਨ ਵਿਚ ਹੋਵੇ ਨਹੀਂ ਕ਼ਮੀਜ਼, ਕਮਰ ਬੰਨ ਕੇ ਤੇਰੀ ਸੇਵ ਕਮਾਈਆ । ਜੇ ਮੈਂ ਭੁਲ ਜਾਵਾਂ ਤੇਰੀ ਰਹੇ ਨਾ ਕੋਇ ਤਮੀਜ਼, ਤੂੰ ਰਹਿਮਤ ਕਰ ਕੇ ਮੈਨੂੰ ਲੈਣਾ ਮਨਾਈਆ । ਗੋਬਿੰਦ ਕਿਹਾ ਮੈਂ ਰੱਖਾਂ ਤੇਰੀ ਜ਼ਰੂਰ ਉਡੀਕ, ਵੇਖਾਂ ਧਿਆਨ ਲਗਾਈਆ । ਜਿਹੜੀ ਤੂੰ ਮੇਰੇ ਗਲ ਵਿਚ ਕੀਤੀ ਬਖ਼ਸ਼ੀਸ਼, ਆਪਣਾ ਹਾਰ ਤਨ ਸ਼ਿੰਗਾਰ ਮੇਰਾ ਦਿਤਾ ਬਣਾਈਆ । ਜਿਹੜਾ ਮੁਹੰਮਦ ਤੇਰੇ ਵਸਿਆ ਨਜ਼ਦੀਕ, ਓਸ ਨੂੰ ਮਹਿਬੂਬ ਮਾਲਕ ਨੂੰ ਤੈਨੂੰ ਦਿਆਂ ਮਿਲਾਈਆ । ਓਹ ਸਮਾਂ ਬਹੁਤਾ ਨਹੀਂ ਥੋੜਾ ਨਜ਼ਦੀਕ, ਢਈਆ ਇਕੋ ਗਿਆ ਜਣਾਈਆ । ਤੇਰੇ ਆਪਣੇ ਹੱਥੀਂ ਸਚ ਕਰਾਂ ਤਸਦੀਕ, ਸ਼ਹਾਦਤ ਆਪਣੀ ਨਾਲ ਰਖਾਈਆ । ਮਰਨ ਤੋਂ ਪਹਿਲੋਂ ਮੇਰੀ ਤੇਰੇ ਨਾਲ ਵਸੀਅਤ, ਅਸਲੀਅਤ ਅਸਲ ਦਿਆਂ ਪਰਗਟਾਈਆ । ਪਰ ਮੇਰੀ ਇਕ ਸੁਣ ਨਸੀਹਤ, ਸਚ ਦਿਆਂ ਜਣਾਈਆ । ਜਿਸ ਵੇਲੇ ਪ੍ਰਭੂ ਭਗਤਾਂ ਨਾਲ ਮਿਲ ਕੇ ਸਭ ਨੂੰ ਦੱਸੀ ਇਕ ਵਲਦੀਅਤ, ਪਿਤਾ ਪੁਰਖ ਅਕਾਲ ਇਕ ਨਜ਼ਰੀ ਆਈਆ । ਦੁਨੀਆ ਦੀ ਬਦਲ ਦਿਤੀ ਜਮਹੂਰੀਅਤ, ਤੈਨੂੰ ਜਮਾਂ ਦੇ ਕੋਲੋਂ ਲਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਫ਼ਕੀਰ ਕਿਹਾ ਐ ਫ਼ੱਕਰਾਂ ਦੇ ਫ਼ੱਕਰ, ਲਾਸਾਨੀ ਬੇਪਰਵਾਹੀਆ । ਮੈਂ ਤੇਰੇ ਪਿਛੇ ਮਾਰ ਕੇ ਆਇਆ ਚਕਰ, ਚਕਨਾ ਚੂਰ ਆਪਣਾ ਆਪ ਕਰਾਈਆ । ਤੂੰ ਕੂੜੀ ਕਿਰਿਆ ਨਾਲ ਲਾ ਕੇ ਟੱਕਰ, ਸਤਿ ਸਚ ਰਿਹਾ ਪਰਗਟਾਈਆ । ਫ਼ਕੀਰ ਕਿਹਾ ਮੈਂ ਪੜ੍ਹਿਆ ਕੋਈ ਨਹੀਂ ਅੱਖਰ, ਅਲਿਫ਼ ਯੇ ਝੋਲੀ ਕੋਈ ਨਾ ਪਾਈਆ । ਤੂੰ ਵੇਖ ਲੈ ਮੇਰੇ ਵਿਚ ਕੀ ਕਸਰ, ਜੋ ਕੋਈ ਕਸਰ ਰਹਿ ਗਈ ਅਗੇ ਨੂੰ ਪੂਰੀ ਦਈਂ ਕਰਾਈਆ । ਤੇਰੇ ਚਰਨਾਂ ਵਿਚ ਹੋਵੇ ਮੇਰਾ ਬਸਰ, ਬਿਸਤਰ ਆਤਮ ਸੇਜ ਤੂੰ ਸੱਜਣ ਲੈਣੀ ਹੰਢਾਈਆ । ਤੇਰੀ ਮਿਹਰ ਦਾ ਖ਼ਤਮ ਨਾ ਹੋ ਜਾਏ ਅਸਰ, ਸਿਰ ਆਪਣਾ ਹੱਥ ਰਖਾਈਆ । ਬੇਸ਼ਕ ਸਾਰੀ ਸ੍ਰਿਸ਼ਟੀ ਓਡਾ ਦੇ ਨਾਲ ਇਸ਼ਾਰੀਏ ਕਸਰ, ਮੇਰੀ ਕ਼ਿਸਮਤ ਦੇਣੀ ਬਦਲਾਈਆ । ਦਰਗਾਹ ਸਾਚੀ ਜਾਂਦਿਆਂ ਅਧ ਵਿਚ ਮੇਰਾ ਹੋਵੇ ਕੋਈ ਨਾ ਹਸ਼ਰ, ਹਾਸ਼ਮ ਆਪਣਾ ਰੰਗ ਰੰਗਾਈਆ । ਗੋਬਿੰਦ ਕਿਹਾ ਇਹ ਕੀ ਲੱਗਾ ਮੰਗਣ, ਜੋ ਮੰਗੇਂ ਤੇਰੀ ਝੋਲੀ ਦਿਆਂ ਪਾਈਆ । ਫ਼ਕੀਰ ਨੇ ਕਿਹਾ ਭਾਵੇਂ ਮੈਂ ਪੈਰਾਂ ਤੋਂ ਫਿਰਾਂ ਨਗਨ, ਸਿਰ ਓਢਨ ਨਾ ਕੋਈ ਟਿਕਾਈਆ । ਤੇਰੇ ਪ੍ਰੇਮ ਪਿਆਰ ਦਾ ਮੇਰੀ ਅੰਤਰ ਆਤਮਾ ਲੱਗਾ ਰਹੇ ਸਗਨ, ਸੋਹਣਾ ਜੋੜ ਜੁੜਾਈਆ । ਗੋਬਿੰਦ ਨੇ ਹੱਥੋਂ ਲਾਹ ਕੇ ਕੰਗਨ, ਓਸ ਦੇ ਹੱਥ ਦਿਤਾ ਫੜਾਈਆ ।



੫੩੬

ਓਨ ਓਸੇ ਵੇਲੇ ਮੋੜ ਕੇ ਗੋਬਿੰਦ ਦੇ ਚਰਨਾਂ ਉਤੇ ਕੀਤੀ ਬੰਦਨ, ਇਹ ਮੇਰਾ ਵਿਚੋਲਾ ਲੈਣਾ ਬਣਾਈਆ । ਮੈਂ ਇਕੋ ਤੇਰੀ ਪ੍ਰੀਤੀ ਆਇਆ ਮੰਗਣ, ਦੂਜੀ ਲੋੜ ਰਹੀ ਨਾ ਰਾਈਆ । ਹੁਣ ਕਹਾਰੋ ਚੁਕ ਲਓ ਕੰਧਣ, ਮੋਢਿਆਂ ਉਤੇ ਉਠਾਈਆ । ਫ਼ਕੀਰ ਕਰ ਕੇ ਡੰਡੌਤ ਬੰਦਨ, ਖ਼ਾਲੀ ਟਿੰਡ ਲੈ ਕੇ ਭੱਜਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਸਭ ਦਾ ਰਿਹਾ ਮੁਕਾਈਆ । ਨੰਦੂ ਇਹ ਲੇਖਾ ਪਿਛਲਾ ਅਗਲੀ ਬਣਤ, ਸਾਚੀ ਦਿਆਂ ਸਮਝਾਈਆ । ਜਿਸ ਪਦਵੀ ਨੂੰ ਜਗਤ ਜਗਿਆਸੂ ਲਭਦੇ ਸੰਤ, ਖੋਜਣ ਥਾਉਂ ਥਾਈਆ । ਦਿਵਸ ਰੈਣ ਗੌਂਦੇ ਮੰਤ, ਢੋਲੇ ਰਹੇ ਜਣਾਈਆ । ਪਰ ਇਸ ਤਰਾ ਕਿਸੇ ਨੂੰ ਨਹੀਂ ਮਿਲਿਆ ਧੁਰ ਦਾ ਕੰਤ, ਜੋ ਫੜ ਬਾਹੋਂ ਗਲੇ ਲਗਾਈਆ । ਓਸ ਦਾ ਬੇਪਰਵਾਹੀ ਦਾ ਨਹੀਂ ਕੋਈ ਅੰਤ, ਕੋਝੇ ਕਮਲਿਆਂ ਕੰਗਲਿਆਂ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਨੰਦੂ ਇਹ ਅਨੰਦ ਦਾ ਨੰਦ, ਅਨੰਦ ਰਿਹਾ ਵਖਾਈਆ । ਗੁਰਮੁਖ ਚੰਦ ਦਾ ਚੰਦ, ਚੰਦ ਰਿਹਾ ਚਮਕਾਈਆ । ਬੰਦ ਦਾ ਬੰਦ, ਬੰਧਨ ਰਿਹਾ ਤੁੜਾਈਆ । ਗੰਢ ਦੀ ਗੰਢ, ਗੰਢ ਆਪਣੇ ਨਾਲ ਪਵਾਈਆ । ਜੇ ਪਿਛੇ ਗਈ ਹੰਡ, ਅਗੇ ਦੇਵੇ ਕੋਈ ਨਾ ਦੰਡ, ਮਿਹਰ ਨਜ਼ਰ ਇਕ ਉਠਾਈਆ । ਜਗਤ ਜਹਾਨ ਕਰ ਕੇ ਜੇ ਰਹੀ ਭੁਖ ਨੰਗ, ਅਗੇ ਹੋਣਾ ਕਿਸੇ ਨਹੀਂ ਤੰਗ, ਸਚਖੰਡ ਦੇਵਾਂ ਮਾਣ ਵਡਿਆਈਆ । ਇਹ ਗੋਬਿੰਦ ਦੇ ਕੋਲ ਵਖਰਾ ਢੰਗ, ਨਾਮ ਅਨਮੁਲੜਾ ਰੰਗ ਜਿਸ ਚਾਹੇ ਦੇਵੇ ਚੜ੍ਹਾਈਆ । ਇਸ ਪ੍ਰਭੂ ਨੂੰ ਨਾ ਕੋਈ ਸ਼ਰਮ ਹਯਾ ਨਾ ਸ਼ਰਮ, ਗ਼ਰੀਬ ਨਿਮਾਣਿਆਂ ਨੂੰ ਲਾ ਕੇ ਅੰਗ, ਅੰਗ ਆਪਣੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖੇ ਚਾਈਂ
੫੩੭ ਚਾਈਂਆ । ਫ਼ੱਕਰ ਜਾਂਦਿਆਂ ਜਾਂਦਿਆਂ ਅਠਾਸੀ ਕ਼ਦਮ ਉਤੇ ਆ ਗਈ ਇਕ ਦਲੀਲ, ਪਿੱਛਾ ਭੌਂ ਕੇ ਧੂੜੀ ਮਸਤਕ ਲਈ ਲਾਈਆ । ਗੋਬਿੰਦ ੫੩੭
ਦੇ ਦੂਰੋਂ ਵੇਖ ਕੇ ਬਸਤਰ ਨੀਲ, ਖ਼ੁਸ਼ੀ ਨਾਲ ਆਪਣੇ ਸਿਰ ਵਿਚ ਖ਼ਾਕ ਦਿਤੀ ਰਮਾਈਆ । ਚਾਰ ਕੁੰਟ ਮਾਰ ਕੇ ਸੱਤ ਚਕਰ ਵੇਖਿਆ ਮੇਰਾ ਦਰਗਾਹ ਦਾ ਇਕ ਵਕੀਲ, ਬੇਨਜ਼ੀਰ ਨਜ਼ਰੀ ਆਈਆ । ਗੋਬਿੰਦ ਦੀ ਆਵਾਜ਼ ਆ ਗਈ ਆ ਸੁਣ ਮੇਰਾ ਕਲਮਾ ਹਦੀਸ, ਹਜ਼ਰਤ ਹੋ ਕੇ ਦਿਆਂ ਸੁਣਾਈਆ । ਉਠ ਕੇ ਵੇਖ ਤੈਨੂੰ ਮਿਲਾ ਦਿਆਂ ਜਗਦੀਸ਼, ਦੋ ਜਹਾਨਾਂ ਦਾ ਮਾਲਕ ਬੇਪਰਵਾਹੀਆ । ਜਿਸ ਦੇ ਛਤਰ ਝੁਲੇ ਸੀਸ, ਸ਼ਹਿਨਸ਼ਾਹ ਨਜ਼ਰੀ ਆਈਆ । ਓਸ ਫ਼ਕੀਰ ਨੇ ਕਿਹਾ ਗੋਬਿੰਦ ਕੀ ਕੀਟਾਂ ਦਾ ਕੀਟ, ਨੀਚਾਂ ਦਾ ਨੀਚ ਰੂਪ ਵਟਾਈਆ । ਗੋਬਿੰਦ ਨੇ ਅਠਾਸੀ ਕ਼ਦਮ ਤੋਂ ਹੱਥ ਰਖਿਆ ਉਸ ਦੀ ਪੀਠ, ਅਚਾਨਕ ਧੱਕਾ ਦਿਤਾ ਲਗਾਈਆ । ਓਸ ਫ਼ਕੀਰ ਨੇ ਦੋਵੇਂ ਅੱਖਾਂ ਲਈਆਂ ਮੀਟ, ਤੂੰ ਹੀ ਤੂੰ ਹੀ ਢੋਲਾ ਗਾਈਆ । ਗੋਬਿੰਦ ਨੇ ਕਿਹਾ ਮੈਂ ਤੇਰੀ ਆਪ ਕਰੂੰ ਉਡੀਕ, ਤੂੰ ਖ਼ੁਸ਼ੀਆਂ ਨਾਲ ਸੌਣਾ ਬੇਪਰਵਾਹ ਹੋ ਕੇ ਡੇਰਾ ਲਾਈਆ । ਓਸ ਵੇਲੇ ਓਸ ਦੀ ਬਿਰਹੋਂ ਨਾਲ ਨਿਕਲ ਗਈ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਓਧਰੋਂ ਬੱਤੀ ਸਾਲ ਦੀ ਸਵਾਣੀ ਇਕ ਗੌਂਦੀ ਆਵੇ ਗੀਤ, ਮਟਕੀ ਸਿਰ ਦੇ ਉਤੇ ਟਿਕਾਈਆ । ਉਹ ਕਹਿੰਦੀ ਆਵੇ ਜੇ ਕੋਈ ਇਕ ਨਾਲ ਮਿਲਿਆ ਮੇਰੀ ਇਕ ਨਾਲ ਲਾ ਦਿਓ ਪ੍ਰੀਤ, ਇਕੋ ਮੇਰਾ ਮਾਲਕ ਇਕੋ ਮੈਂ ਉਹਦੀ ਨਜ਼ਰੀ ਆਈਆ । ਓਸ ਫ਼ਕੀਰ ਨੇ ਓਸੇ ਵੇਲੇ ਜਾ ਕੇ ਸੱਜੀ ਬਾਹੋਂ ਫੜ ਕੇ ਲਿਆ ਘਸੀਟ, ਆ ਮੈਂ ਤੈਨੂੰ ਗੋਬਿੰਦ ਦਿਆਂ ਵਖਾਈਆ । ਝਟ ਓਹਦੇ ਅੰਦਰੋਂ ਬਦਲ ਗਈ ਨੀਤ, ਝਟ ਮਟਕੀ ਦਿਤੀ ਸੁਟਾਈਆ । ਓਸੇ ਵੇਲੇ ਗੋਬਿੰਦ ਦੂਰ ਦੁਰਾਡਾ ਓਹਦੇ ਅੰਦਰ ਕਾਇਆ ਦੀ ਲੰਘ ਗਿਆ ਦਹਿਲੀਜ਼, ਘਰ ਬੈਠਿਆਂ ਨਜ਼ਰੀ

ਆਈਆ । ਓਸ ਸਵਾਣੀ ਨੇ ਅੱਖਾਂ ਮੀਟ ਕੇ ਅੰਦਰ ਲਾਈ ਨੀਝ, ਧਿਆਨ ਇਕੋ ਇਕ ਬਨਾਈਆ । ਅੰਦਰੋਂ ਕਿਸੇ ਸਚ ਕੀਤੀ ਓਸ ਦੇ ਨਾਲ ਪ੍ਰੀਤ, ਜੋ ਪ੍ਰੀਤਮ ਹੋ ਕੇ ਗਲਵਕੜੀ ਰਿਹਾ ਪਾਈਆ । ਓਸ ਨੇ ਖ਼ੁਸ਼ੀ ਵਿਚ ਆ ਕੇ ਆਪਣੀ ਛਾਤੀ ਉਤੋਂ ਪਾੜ ਦਿਤੀ ਕਮੀਜ਼, ਲੋਕ ਲਜਿਆ ਪਰੇ ਹਟਾਈਆ । ਜੇ ਤੂੰ ਅੰਦਰ ਵੜਿਆ ਮੈਨੂੰ ਬਾਹਰੋਂ ਦੇ ਤਮੀਜ਼, ਸਨਮੁਖ ਹੋ ਕੇ ਦਰਸ ਦਿਖਾਈਆ । ਪ੍ਰਭੂ ਮੈਨੂੰ ਤੇਰੇ ਮਿਲਣ ਦੀ ਰੀਝ, ਤੇਰੇ ਪਿੱਛੇ ਮਟਕੀ ਉਠਾ ਕੇ ਭੱਜੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰਨੀ ਦਾ ਕਰਤਾ ਆਪਣਾ ਖੇਲ ਵਖਾਈਆ । ਓਧਰੋਂ ਚਾਰ ਚੁਕ ਕੇ ਹੋਰ ਲੈ ਗਏ ਅਗੇ ਅਠੱਤੀ ਕ਼ਦਮ, ਓਥੇ ਕੰਧਾ ਰਹੇ ਬਦਲਾਈਆ । ਇਕ ਨੇ ਤਕ ਲਿਆ ਇਹਦੇ ਚਰਨਾਂ ਵਿਚ ਪਦਮ, ਜੋ ਨੂਰ ਨੂਰ ਨਜ਼ਰੀ ਆਈਆ । ਓਸ ਦੇ ਅੰਦਰ ਪਰਕਾਸ਼ ਹੋਇਆ ਮਧਮ, ਯਾ ਅਲੀ ਕਹਿਕੇ ... ... ... ... ... ਮਦਦ ਮੰਗੀ ਨੂਰ ਖ਼ੁਦਾਈਆ । ਝਿਰਨਾਹਟ ਛਿੜਿਆ ਬਦਨ, ਥਰ ਥਰਾਹਟ ਗਈ ਆਈਆ । ਓਸੇ ਵੇਲੇ ਲੱਗਾ ਕੰਬਣ, ਹਿਲਿਆ ਵਾਹੋ ਦਾਹੀਆ । ਅੰਦਰੇ ਅੰਦਰੇ ਕੁਛ ਮੰਗ ਲੱਗਾ ਮੰਗਣ, ਆਪਣੀ ਝੋਲੀ ਡਾਹੀਆ । ਸਹਿਜ ਨਾਲ ਸੱਜੇ ਹੱਥ ਦੀ ਉਂਗਲੀ ਲਾ ਕੇ ਚਰਨਾਂ ਦੀ ਧੂੜੀ ਮਸਤਕ ਲਾਇਆ ਮਜਨ, ਆਪਣੀ ਖ਼ੁਸ਼ੀ ਵਖਾਈਆ । ਧੂੜੀ ਲਗਦਿਆਂ ਉਹਨੂੰ ਨਜ਼ਰੀ ਆਇਆ ਇਹ ਸਾਰਿਆਂ ਦਾ ਸੱਜਣ, ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਈ ਵੰਡਾਈਆ । ਮਨ ਮਮਤਾ ਮੇਟ ਕੇ ਚਰਨ ਲੱਗਾ ਢੱਠਣ, ਚਲਦਿਆਂ ਚਲਦਿਆਂ ਸੀਸ ਨਿਵਾਈਆ । ਗੋਬਿੰਦ ਉਤੇ ਪਿਆ ਲੱਗਾ ਹਸਣ, ਤਾਲੀ ਦਿਤੀ ਵਜਾਈਆ । ਨਾਲੇ ਪਰਦੇ ਲੱਗਾ ਢਕਣ, ਹੁਕਮ ਦਿਤਾ ਸੁਣਾਈਆ । ਫੇਰ ਤੁਹਾਨੂੰ ਆਵਾਂ ਰੱਖਣ, ਆਪਣਾ ਸੰਗ ਬਣਾਈਆ । ਹਿਰਦੇ ਆਵਾਂ ਵਸਣ, ਘਰ ਸਾਚੇ ਡੇਰਾ ਲਾਈਆ । ਚਾਰਾਂ ਦਾ ਬਣਾ ਸੰਗਠਨ, ਘਰ ਇਕੋ ਦਿਆਂ ਵਡਿਆਈਆ । ਪ੍ਰੇਮ ਪਿਆਰ ਪਹਿਨਾ ਕੇ ਬਸਤਰ, ਆਪਣੇ ਰੰਗ ਰੰਗਾਈਆ । ਨਾਮ ਅਗੰਮੀ ਘੋੜਾ ਦੇ ਕੇ ਸ਼ਸਤਰ, ਸ਼ਹਿਜ਼ਾਦੇ ਦਿਆਂ ਵਖਾਈਆ । ਏਹੋ ਮੇਰੀ ਬਖ਼ਸ਼ਿਸ਼, ਜਾਂਦੇ ਰਾਹੀਆਂ ਪਾਰ ਕਰਾਈਆ । ਪ੍ਰਿਤਪਾਲਕ ਬਣ ਕੇ ਕਰਾਂ ਰਖਸ਼ਸ਼, ਸਿਰ ਆਪਣਾ ਹੱਥ ਟਿਕਾਈਆ । ਨੂਰ ਨੁਰਾਨੀ ਦੇ ਕੇ ਦਰਸਨ, ਹਰਸ ਦਿਆਂ ਮਿਟਾਈਆ । ਜਿਸ ਧਾਰਾ ਨੂੰ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਤਰਸਨ, ਤੁਹਾਡੇ ਅੰਦਰ ਦਿਆਂ ਵਹਾਈਆ । ਕਾਇਆ ਮਾਟੀ ਤੁਹਾਡੇ ਸਾਫ਼ ਕਰਕੇ ਆਪ ਬਰਤਨ, ਵਸਤ ਧੁਰ ਦੀ ਦਿਆਂ ਟਿਕਾਈਆ । ਸੁਰਤੀ ਕਰਕੇ ਸ਼ਬਦੀ ਮਰਦਨ, ਸਵਾਧਾਨ ਆਪਣੇ ਰੰਗ ਰੰਗਾਈਆ । ਸਿਰ ਰੱਖਕੇ ਤੁਹਾਡੀ ਉਤੇ ਗਰਦਨ, ਗ਼ਰੀਬ ਨਿਮਾਣੇ ਪਾਰ ਲੰਘਾਈਆ । ਕੀ ਹੋਇਆ ਜੇ ਅਰਜਨ ਨੂੰ ਕ੍ਰਿਸ਼ਨ ਨੇ ਗੀਤਾ ਨਿੱਕੀ ਜਿਹੀ ਸੁਣਾ ਦਿਤੀ ਮੇਟਣ ਲਈ ਹਰਖਨ, ਹਵਸ ਦਿਤੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਹਵਾਂ ਦਾ ਲੇਖਾ ਪਹਿਲੇ ਸ਼ਾਹਵਾਲੇ ਆਇਆ ਲਿਖਾਈਆ । ਓਧਰੋਂ ਫ਼ਕੀਰ ਚਲਿਆ ਪੈਰ ਪੁੱਠੇ, ਹੱਥ ਅੱਖਾਂ ਉਤੇ ਰਖਾਈਆ । ਮੈਨੂੰ ਕਿਹੜਾ ਅੰਦਰੋਂ ਲੁੱਟੇ, ਖਿੱਚੀ ਜਾਏ ਵਾਹੋ ਦਾਹੀਆ । ਜਿਸ ਨੇ ਸਿਰ ਤੋਂ ਭਾਂਡੇ ਸੁੱਟੇ, ਉਹ ਨੱਚੀ ਟੱਪੀ ਕੁੱਦੀ ਚਾਈਂ ਚਾਈਂਆ । ਇਕੋ ਵਾਰ ਕਹਿ ਦਿਤਾ ਮੇਰੇ ਅਗਲੇ ਪੈਂਡੇ ਮੁੱਕੇ, ਜੀਵਨ ਦੀ ਲੋੜ ਰਹੀ ਨਾ ਰਾਈਆ । ਓਸ ਵੇਲੇ ਓਸ ਦੇ ਪਰਾਣ ਛੁੱਟੇ, ਗੋਬਿੰਦ ਲੈ ਕੇ ਗਿਆ ਚਾਈਂ ਚਾਈਆ । ਓਨੇ ਚਿਰ ਨੂੰ ਓਸ ਫ਼ਕੀਰ ਪਿੱਛੇ ਜਾਂਦਿਆਂ ਨੂੰ ਪਾਣੀ ਆ ਗਿਆ ਗਿਟੇ ਗਿਟੇ, ਪੈਰ ਦਿਤੇ ਲੁਕਾਈਆ । ਥੱਲਿਉਂ ਵੱਟੇ ਚੁਭੇ ਨਿੱਕੇ ਨਿੱਕੇ, ਠੋਕਰ ਦਿਤੀ ਲਗਾਈਆ । ਓਧਰੋਂ ਗੋਬਿੰਦ ਨੇ

ਸ਼ਬਦ ਸਰੂਪੀ ਪਰਵਾਨੇ ਲਿਖੇ, ਬਿਨ ਰਸਨਾ ਜਿਹਵਾ ਬੱਤੀ ਦੰਦ ਦਿਤੇ ਸੁਣਾਈਆ । ਓਸ ਫ਼ਕੀਰ ਨੂੰ ਪੀੜ ਪਈ ਵਿਚ ਹਿਕੇ, ਸੀਨਾ ਲਿਆ ਦਬਾਈਆ । ਗੋਬਿੰਦ ਨੇ ਠੋਕਰ ਮਾਰੀ ਪਿੱਛੇ, ਉਸਦਾ ਪਿੱਛਾ ਦਿਤਾ ਬਦਲਾਈਆ । ਫਿਰ ਚਾਰੋਂ ਕੁੰਟ ਇਕੋ ਦਿਸੇ, ਨੂਰ ਨੁਰਾਨਾ ਨੂਰ ਖ਼ੁਦਾਈਆ । ਉਹ ਜਲ ਵੁਜ਼ੂ ਵਾਲਾ ਗੋਬਿੰਦ ਦਿਆਂ ਚਰਨਾਂ ਉਤੇ ਚੁਲੀਆਂ ਭਰ ਭਰ ਸੁੱਟੇ, ਲਬਾਂ ਨਾਲ ਚਟ ਚਟ ਆਪਣੀ ਖ਼ੁਸ਼ੀ ਮਨਾਈਆ । ਏਨੇ ਚਿਰ ਨੂੰ ਗੋਬਿੰਦ ਫੇਰ ਨਾ ਦਿਸੇ, ਚਾਰ ਕਹਾਰਾਂ ਦੇ ਕੰਧੀ ਚੜ੍ਹਿਆ ਭੱਜਿਆ ਜਾਏ ਵਾਹੋ ਦਾਹੀਆ । ਫ਼ਕੀਰ ਚਲਦਾ ਚਲਦਾ ਚੁਰਾਸੀ ਕ਼ਦਮਾਂ ਉਤੇ ਗੋਡਿਆ ਭਾਰ ਡਿੱਗੇ, ਅਗੇ ਹੱਥ ਲਏ ਟਿਕਾਈਆ । ਓਧਰੋਂ ਗੋਬਿੰਦ ਦੇ ਤੀਰ ਵੱਜ ਗਏ ਸਿੱਧੇ, ਜੋ ਅਣਿਆਲੇ ਦਿਤੇ ਚਲਾਈਆ । ਦੋਂਹ ਹੱਥਾਂ ਦੇ ਪੈ ਗਏ ਗਿੱਧੇ, ਖ਼ੁਸ਼ੀ ਨਾਲ ਤਾਲੀ ਦਿਤੀ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਓਧਰੋਂ ਕੁਹਾਰ ਕੁਛ ਲੈਣ ਲਗੇ ਸਾਹ, ਡੋਲੀ ਥੱਲੇ ਦਿਤੀ ਟਿਕਾਈਆ । ਓਦਰੋਂ ਫ਼ਕੀਰ ਬਹਿ ਗਿਆ ਉਤੇ ਘਾਹ, ਇਕ ਤਿਨਕਾ ਲਿਆ ਤੁੜਾਈਆ । ਓਦਰੋਂ ਚਲਣ ਲਗੀ ਹਵਾ, ਸੋਹਣੀ ਪਵਣ ਆਪਣੀ ਠੰਡ ਵਰਤਾਈਆ । ਓਧਰੋਂ ਵੇਖਣ ਆ ਗਿਆ ਖ਼ੁਦਾ, ਆਪਣਾ ਖੇਲ ਜੋ ਪੁਰਖ ਅਕਾਲ ਹੋ ਕੇ ਰਿਹਾ ਕਰਾਈਆ । ਆਵਾਜ਼ ਦਿਤੀ ਓ ਫ਼ਕੀਰ ਇਹ ਕਿਉਂ ਤਿਨਕਾ ਕੀਤਾ ਜੁਦਾ, ਗੰਢ ਉਤੋਂ ਤੋੜਾਈਆ । ਓਸ ਵੇਲੇ ਝਟ ਗੋਬਿੰਦ ਆਣ ਕੇ ਬਣਿਆ ਗਵਾਹ, ਹੌਲੀ ਜਿਹੀ ਦਿਤਾ ਸਮਝਾਈਆ । ਫ਼ਕੀਰ ਤੂੰ ਖ਼ੁਦਾ ਨੂੰ ਕਹੋ ਮੈਂ ਤੇਰੀ ਭੇਟਾ ਰਿਹਾ ਕਰਾ, ਮੈਨੂੰ ਲੋੜ ਕੋਈ ਨਾ ਰਾਈਆ । ਧੰਨ ਭਾਗ ਜੇ ਤੂੰ ਚਲ ਕੇ ਮੇਰੇ ਘਰ ਗਿਉਂ ਆ, ਘਾਸ ਫੂਸ ਉਤੇ ਡੇਰਾ ਲਾਈਆ । ਜੇ ਪ੍ਰਭੂ ਤੂੰ ਇਸ ਘਾਹ ਦੇ ਤਿਨਕੇ ਨੂੰ ਲਵੇਂ ਖਾ, ਸਾਡੀ ਭੁਖ ਦਏਂ ਗਵਾਈਆ । ਪੁਰਖ ਅਕਾਲ ਨੇ ਕਿਹਾ ਸੁਣਾ, ਸਚ ਸਚ ਦਿਆਂ ਸਮਝਾਈਆ । ਜਿਸ ਵੇਲੇ ਗੋਬਿੰਦ ਦੇ ਨਾਲ ਮੁੜ ਕੇ ਜਾਵਾਂ ਆ, ਆਪਣਾ ਵੇਸ ਵਟਾਈਆ । ਤੇਰਾ ਸੁੱਕਾ ਖਾ ਕੇ ਘਾਹ, ਆਪਣਾ ਸ਼ੁਕਰ ਮਨਾਈਆ । ਤੇਰਾ ਲਹਿਣਾ ਦੇਣਾ ਦਿਆਂ ਚੁਕਾ, ਭਾਰ ਚੁਕ ਕੇ ਆਪਣੇ ਕੰਧ ਉਠਾਈਆ । ਕਿਸੇ ਕਾਰਨ ਪਿੱਛੇ ਗੋਦੀ ਲਿਆ ਸੀ ਬਹਾ, ਗਲਵਕੜੀ ਲਈ ਪਾਈਆ । ਅਗੇ ਸਾਰੇ ਲੇਖੇ ਦਿਤੇ ਚੁਕਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਹੋ ਸਹਾਈਆ ।

ਢੋਡਾ ਕਹੇ ਮੈਂ ਬਣ ਆਇਆ ਢੋਆ, ਪ੍ਰਭੂ ਦੋ ਜਹਾਨ ਦੇਣਾ ਵਰਤਾਈਆ । ਮੈਂ ਤੇਰੇ ਜੋਗਾ ਹੋਇਆ, ਹੋਕਾ ਦੇ ਕੇ ਦਿਆਂ ਸੁਣਾਈਆ । ਮੇਰੀ ਸੁ਼ਗਾਤ ਦੇ ਦੇ ਤ੍ਰੈ ਲੋਆਂ, ਪੁਰੀਆਂ ਦੇ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਢੋਡਾ ਕਹੇ ਮੈਂ ਸੁਣਨ ਆਇਆ ਢੋਲਾ, ਆਪਣਾ ਵੇਸ ਵਟਾਈਆ । ਵੇਖਣ ਆਇਆ ਵਿਚੋਲਾ, ਭਗਵਨ ਬੇਪਰਵਾਹੀਆ । ਜਿਸ ਸਚ ਦਵਾਰਾ ਖੋਲ੍ਹਾ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਵੇਖੇ ਪਰਦਾ ਰਿਹਾ ਕੋਈ ਨਾ ਓਹਲਾ, ਸੀਸ ਆਪਣੇ ਰਿਹਾ ਟਿਕਾਈਆ । ਸੇਵਕ ਹੋ ਕੇ ਬਣਿਆ ਗੋਲਾ, ਚਾਕਰ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਢੋਡਾ ਕਹੇ ਮੈਨੂੰ ਕੋਈ ਨਾ ਕਹੋ ਬਾਜਰਾ ਰੋਟੀ, ਬਾਜ਼ੀ ਸਿਰ ਦੇ ਨਾਲ ਲਗਾਈਆ । ਚੜ੍ਹ ਕੇ ਪਰਮ ਪੁਰਖ ਦੀ ਚੋਟੀ, ਆਪਣਾ ਆਸਣ ਲਿਆ ਜਮਾਈਆ ।

੫੩੯

ਜਨ ਭਗਤੋ ਤੁਹਾਡੇ ਅੰਦਰ ਰਹੇ ਨਾ ਵਾਸਨਾ ਖੋਟੀ, ਦੁਰਮਤ ਮੈਲ ਦਿਉ ਧੁਆਈਆ । ਜਨਮ ਕਰਮ ਦਾ ਰਹੇ ਕੋਇ ਨਾ ਰੋਗੀ, ਦੁਖੜੇ ਰਿਹਾ ਮਿਟਾਈਆ । ਘਰ ਆ ਕੇ ਧੁਰ ਸੰਜੋਗੀ, ਵਿਛੜੇ ਰਿਹਾ ਜੁੜਾਈਆ । ਧੁਰ ਦਾ ਠਾਕਰ ਬਣ ਕੇ ਮੌਜੀ, ਮਜਲਸ ਭਗਤਾਂ ਨਾਲ ਲਗਾਈਆ । ਗੋਬਿੰਦ ਬਣ ਕੇ ਪਿਛਲਾ ਖੋਜੀ, ਮਿਤਰ ਪਿਆਰਾ ਲਿਆ ਉਠਾਈਆ । ਜਿਸ ਦੀ ਖੀਰ ਸੀ ਇਸੇ ਜੋਗੀ, ਟਿੰਡ ਦਿਤੀ ਟਿਕਾਈਆ । ਉਹ ਫੜ ਕੇ ਆਪਣੀ ਗੋਦੀ, ਦੀਨ ਦਿਆਲ ਰਿਹਾ ਬਹਾਈਆ । ਬੇਸ਼ਕ ਇਹ ਮੰਜ਼ਲ ਬੜੀ ਔਖੀ, ਜਗਤ ਕਿਰਿਆ ਹੱਥ ਕਿਸੇ ਨਾ ਆਈਆ । ਭਾਵੇਂ ਤਾਅਨੇ ਦੇਵਣ ਲੋਕੀਂ, ਝਗੜਾ ਕਰੇ ਲੋਕਾਈਆ । ਜਨ ਭਗਤਾਂ ਦਾ ਜੀਵ ਜਹਾਨ ਸਾਰਾ ਦੋਖੀ, ਅਬਿਨਾਸ਼ੀ ਕਰਤਾ ਇਕੋ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਢੋਡਾ ਕਹੇ ਮੈਨੂੰ ਕੋਈ ਨਾ ਕਹੋ ਟਿੱਕੀ, ਜੋ ਹੱਥਾਂ ਨਾਲ ਪਕਾਈਆ । ਮੈਥੋਂ ਸੁਣ ਲਓ ਸਾਚੀ ਸਿਖੀ, ਸਿਖਿਆ ਧੁਰ ਦੀ ਦਿਆਂ ਦ੍ਰਿੜਾਈਆ । ਨੰਦੂ ਕੋਲ ਪਿਛਲੇ ਜਨਮ ਦੀ ਚਿੱਠੀ, ਜਿਸਦਾ ਲੇਖਾ ਰਿਹਾ ਚੁਕਾਈਆ । ਢੋਡਾ ਕਹੇ ਮੇਰੀ ਮਿੰਨਤ ਮੰਨ ਕੇ ਸਾਰੇ ਇੱਕੀ, ਇੱਕੀ ਸੋਹਣੀ ਪੰਗਤ ਬਣਾਈਆ । ਜਿਸ ਦੀ ਧਾਰ ਗੁਰਮੁਖ ਲਿਖੀ, ਉਹ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਇੱਕੀ ਇੱਕੀ ਬੈਠ ਜਾਣਾ ਵਿਚ ਕਤਾਰ, ਚਾਰੋਂ ਕੁੰਟ ਘੇਰਾ ਪਾਈਆ । ਪੰਜਾਂ ਵਰਤੌਣਾ ਨਾਲ ਪਿਆਰ, ਚਾਰੋਂ ਕੁੰਟ ਸੇਵ ਕਮਾਈਆ । ਇੱਕੀ ਮਿੰਟ ਦਾ ਇਹ ਵਿਹਾਰ, ਬਹੁਤੀ ਡੇਰ ਨਾ ਕੋਈ ਜਣਾਈਆ । ਭੋਰਾ ਛਡ ਕੇ ਨਾ ਜਾਇਓ ਕੋਈ ਵਿਚ ਥਾਲ, ਹੱਥਾਂ ਉਤੇ ਦੇਣਾ ਫੜਾਈਆ । ਇਹੋ ਪ੍ਰੇਮ ਦੇ ਵਿਚੋਂ ਨਿਕਲਿਆਂ ਪਿਆਰ,



ਮੁਹੱਬਤ ਵਿਚੋਂ ਮੁਹੱਬਤ ਲਈ ਪਰਗਟਾਈਆ । ਭਾਵੇਂ ਇਹ ਨਹੀਂ ਕੜਾਹ ਪਰਸ਼ਾਦ, ਸਵਾਦ ਓਹਦੇ ਨਾਲੋਂ ਚੰਗਾ ਆਈਆ । ਇਹ ਨੰਦੂ ਦੀ ਰਹਿ ਜਾਏ ਯਾਦ, ਸਰਦਾਰੀ ਬੁਨਿਆਦ ਆਬਾਦ ਖੇੜਾ ਦਏ ਵਖਾਈਆ । ਪੁਰਖ ਅਕਾਲ ਤੁਹਾਡੇ ਸਭ ਦੇ ਹੋਵੇ ਸਾਥ, ਅਨਾਥਾਂ ਦਾ ਅਨਾਥ, ਦੀਨਾਂ ਦਾ ਦੀਨ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚੀ ਵਸਤ ਭਗਤਾਂ ਦੀ ਝੋਲੀ ਪਾਏ ਸੁਗ਼ਾਤ, ਇਹ ਭਰੀ ਰਹੇ ਪਰਾਤ, ਦੁਖ ਭੁਖ ਸਭ ਦੀ ਰਿਹਾ ਗਵਾਈਆ ।

## ✻ ੧੦ ਚੇਤ ਸ਼ਹਿਨਸ਼ਾਹੀ ਸੰਮਤ ੧ ਬੇਲੂ ਰਾਮ ਦੇ ਘਰ ਪਿੰਡ ਸਰਦਾਰੀ ਜੰਮੂ ✻

ਜਨ ਭਗਤਾਂ ਲੇਖਾ ਮੁਕਦਾ, ਕੂੜੀ ਕਿਰਿਆ ਜਗਤ ਸੰਸਾਰ । ਝਗੜਾ ਚੁਕ ਦਾ ਜਨਨੀ ਕੁੱਖ ਦਾ, ਲੱਖ ਚੁਰਾਸੀ ਰਿਹਾ ਗੇੜ ਨਿਵਾਰ । ਪੈਂਡਾ ਮੁਕਦਾ ਮਾਤ ਗਰਭ ਦੁਖ ਦਾ, ਅਗਨੀ ਤੱਤ ਨਾ ਦੇਵੇ ਸਾੜ । ਭੇਵ ਰਿਹਾ ਨਾ ਪਰਦਾ ਓਹਲਾ ਲੁਕ ਦਾ, ਅਬਿਨਾਸ਼ੀ ਕਰਤਾ ਰਿਹਾ ਤਾਰ । ਮਾਰਗ ਦੱਸ ਕੇ ਸਚ ਸੁਚ ਦਾ, ਨਾਮ ਭੰਡਾਰਾ ਦੇ ਜੈਕਾਰ । ਨਾਤਾ ਜੋੜ ਕੇ ਸਾਚੇ ਪੁਤ ਦਾ, ਪਿਤਾ ਬਣਿਆ ਪੁਰਖ ਅਕਾਲ । ਵਕ਼ਤ ਸੁਹਾਇਆ ਸਾਚੀ ਰੁਤ ਦਾ, ਭਾਗ ਲਗਾ ਕੇ ਪੱਤ ਡਾਲ੍ਹ ਫੁੱਲ ਵਿਚ ਜਹਾਨ । ਅਗੰਮੀ ਖੇਲ ਅਬਿਨਾਸ਼ੀ ਅਚੁਤ ਦਾ, ਜੀਵ ਜੰਤ ਨਾ ਸਕੇ ਪਛਾਣ । ਗ਼ਰੀਬ ਨਿਮਾਣਿਆਂ ਆ ਕੇ ਪੁਛਦਾ, ਦੂਰ ਦੁਰਾਡਾ ਸਾਝਾਂ ਯਾਰ । ਕੂੜ ਵਿਕਾਰਾ ਫੜ ਫੜ ਕੁਟਦਾ, ਹਓਮੈਂ ਹੰਗਤਾ ਤੋੜ ਹੰਕਾਰ । ਆਪਣੇ ਨਿਸ਼ਾਨਿਉਂ

ਕਦੇ ਨਾ ਉਕਦਾ, ਤੀਰ ਅਣਿਆਲੇ ਰਿਹਾ ਮਾਰ । ਜੀਵਣ ਵੇਖ ਮਾਨਸ ਮਨੁਖ ਦਾ, ਮੁਫ਼ਤ ਬੇੜੇ ਕਰ ਰਿਹਾ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਅੰਦਰ ਝੁਕਦਾ, ਸਜਦਿਆਂ ਵਿਚ ਕਰੇ ਨਿਮਸਕਾਰ । ਸਜਦਾ ਕਹੇ ਮੈਂ ਵੇਖਿਆ ਖ਼ਾਦਮ, ਖ਼ਿਦਮਤਗਾਰ ਨਜ਼ਰੀ ਆਈਆ । ਕੂੜੀ ਕਿਰਿਆ ਮੇਟ ਤਸਾਦਮ, ਤਸੱਲੀ ਘਰ ਘਰ ਰਿਹਾ ਕਰਾਈਆ । ਭੇਵ ਖੁਲ੍ਹਾ ਕੇ ਗੁਪਤ ਬਾਤਨ, ਜ਼ਾਹਿਰ ਰਿਹਾ ਦ੍ਰਿੜਾਈਆ । ਆਤਮ ਪਰਮਾਤਮ ਤੋੜ ਦੇ ਸਾਕਨ, ਘਰ ਸੱਜਣ ਰਿਹਾ ਮਿਲਾਈਆ । ਸਭ ਦੀ ਕਰਨੀ ਕਰਤਾ ਪੁਰਖ ਆਇਆ ਵਾਚਨ, ਪੂਰਬ ਜਨਮਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਵਡਿਆਈਆ । ਕਰਨੀ ਕਹੇ ਪ੍ਰਭ ਕਰਨੀ ਦਾ ਕਰਤਾ, ਕ਼ੁਦਰਤ ਦਾ ਮਾਲਕ ਨਜ਼ਰੀ ਆਈਆ । ਜੁਗ ਚੌਕੜੀ ਜੋ ਚਾਹੇ ਸੋ ਕਰਦਾ, ਦੋ ਜਹਾਨ ਸਿਰ ਨਾ ਕੋਇ ਉਠਾਈਆ । ਬ੍ਰਹਿਮੰਡ ਖੰਡ ਓਸੇ ਦਾ ਪਾਣੀ ਭਰਦਾ, ਚਰਨਾਂ ਸੀਸ ਝੁਕਾਈਆ । ਬੋਧ ਅਗਾਧ ਓਸੇ ਦੇ ਢੋਲੇ ਪੜ੍ਹਦਾ, ਰਾਗ ਨਾਦ ਸ਼ਨਵਾਈਆ । ਜਨ ਭਗਤ ਓਸੇ ਦੀ ਮੰਜ਼ਲ ਚੜ੍ਹਦਾ, ਜੋ ਮਜ਼ਾਹਮਤ ਕਰੇ ਲੋਕਾਈਆ । ਭੇਵ ਖੁਲ੍ਹਾ ਕੇ ਆਪਣੇ ਘਰ ਦਾ, ਪਰਦਾ ਦਏ ਉਠਾਈਆ । ਰੂਪ ਵਟਾ ਕੇ ਨਰਾਇਣ ਨਰ ਦਾ, ਨਰ ਹਰਿ ਆਪਣਾ ਹੁਕਮ ਵਰਤਾਈਆ । ਅਗਨੀ ਹਵਨ ਕਦੇ ਨਾ ਸੜਦਾ, ਜਨਮ ਮਰਨ ਨਾ ਰੂਪ ਵਟਾਈਆ । ਸਚਖੰਡ ਦਵਾਰੇ ਖੜਦਾ, ਸਿੰਘਾਸਣ ਧੁਰ ਦੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਕ਼ੁਦਰਤ ਦਾ ਕ਼ਾਦਰ, ਕਰਤਾ ਬੇਪਰਵਾਹੀਆ । ਸੂਰਬੀਰ ਵਡ ਬਹਾਦਰ, ਜੋਧਾ ਇਕ ਅਖਵਾਈਆ । ਤਖ਼ਤ ਨਿਵਾਸੀ ਬਣ ਕੇ ਆਦਲ, ਅਦਲ ਇਕ ਕਮਾਈਆ । ਕੂੜੀ ਕਿਰਿਆ
੫੪੧ ਮੇਟ ਕੇ ਬਾਦਲ, ਸਾਚਾ ਚੰਦ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਵੇਖ ਕੇ ਪਾਗ਼ਲ, ਬਵਰੇ ਰਿਹਾ ਸਮਝਾਈਆ । ਅਬਿਨਾਸ਼ੀ ਕਰਤਾ ਲੱਭੇ ਸਾਜਨ, ਸੱਜਣ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸੱਜਣ ਲੱਭੇ ਸਾਹਿਬ ਸਮਰਥ, ਏਕੰਕਾਰ ਬੇਪਰਵਾਹੀਆ । ਜਿਸ ਦੇ ਕੋਲ ਹਭ ਵਥ, ਵਸਤੂ ਸਾਚੀ ਝੋਲੀ ਪਾਈਆ । ਜਿਸ ਦਾ ਨਾਮ ਅਗੰਮੀ ਨਦ, ਅਨਰਾਗੀ ਰਾਗ ਜਣਾਈਆ । ਜਿਸ ਦੇ ਕੋਲ ਬੈਠਿਆਂ ਜਾਓ ਸਜ, ਘਰ ਸਾਜਣ ਖ਼ੁਸ਼ੀ ਮਨਾਈਆ । ਦੀਦੇ ਦੀਦਾਰ ਦਰਸ਼ਨ ਕਰੋ ਰਜ, ਚਸ਼ਮਾਂ ਚਸ਼ਮ ਮਿਲਾਈਆ । ਚਰਨ ਕਵਲ ਜਾਓ ਢਠ, ਮਿਲੇ ਮਾਣ ਵਡਿਆਈਆ । ਸਚ ਪ੍ਰੀਤੀ ਇਕੋ ਆਸ, ਤ੍ਰਿਸ਼ਨਾ ਇਕ ਵਧਾਈਆ । ਮੰਗ ਮੰਗੋ ਖ਼ਾਸ, ਖ਼ਾਹਿਸ਼ ਆਪਣੀ ਨਾਲ ਰਲਾਈਆ । ਸ੍ਰੀ ਭਗਵਾਨ ਸਦ ਵਸਣਾ ਭਗਤਾਂ ਪਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਾਸਾ ਨਾ ਕੋਇ ਬਦਲਾਈਆ । ੫੪੧

### ❊ ੧੦ ਚੇਤ ਸ਼ਹਿਨਸ਼ਾਹੀ ਸੰਮਤ ੧ ਨਾਨਕ ਚੰਦ ਦੇ ਘਰ ਪਿੰਡ ਸਰਦਾਰੀ ਛੰਬ ❊

ਤਾਰਨਹਾਰ ਸ੍ਰੀ ਭਗਵਾਨ, ਦਾਤਾ ਦਾਤਾਰ ਵਡੀ ਵਡਿਆਈਆ । ਫੜ ਫੜ ਤਾਰੇ ਮੂਰਖ ਮੁਗਧ ਅੰਞਾਣ, ਸਿਰ ਆਪਣਾ ਹੱਥ ਟਿਕਾਈਆ । ਕਾਮੀ ਕਰੋਧੀ ਲੋਭੀ ਹੰਕਾਰੀ ਜੋ ਚਰਨੀ ਡਿੱਗੇ ਆਣ, ਤਿਸ ਦਾ ਲੇਖਾ ਦਏ ਚੁਕਾਈਆ । ਪ੍ਰੇਮ ਪਿਆਰ ਨਾਲ ਜੋ ਚਰਨ ਸਰਨ ਤਕੇ ਕਰ ਧਿਆਨ, ਧਿਆਨ ਆਪਣਾ ਵਿਚ ਟਿਕਾਈਆ । ਜਰਮ ਕਰਮ ਦਾ ਤੋੜ ਕੇ ਬੰਧਨ ਸਾਚੀ ਸਿਖਿਆ ਦੇ ਗਿਆਨ, ਆਤਮ ਪਰਮਾਤਮ ਦਏ ਸਮਝਾਈਆ ।

ਆਵਣ ਜਾਵਣ ਜਮ ਕੀ ਫ਼ਾਸੀ ਟੁਟ ਜਾਏ ਕਾਣ, ਰਾਏ ਧਰਮ ਨਾ ਦਏ ਸਜ਼ਾਈਆ । ਜੋ ਗੁਰਮੁਖ ਰੂਪ ਹੋ ਕੇ ਜਨ ਭਗਤ ਮਿਲੇ ਸ੍ਰੀ ਭਗਵਾਨ, ਤਿਸ ਦਾ ਕਰਮਾਂ ਦਾ ਭਾਗ ਆਪਣੀ ਝੋਲੀ ਪਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਸ਼ੈਤਾਨ, ਕਲਜੁਗ ਰੈਣ ਅੰਧੇਰੀ ਸ਼ਾਮ, ਸ਼ਾਮ ਹੋ ਕੇ ਦਏ ਗਵਾਈਆ । ਅੰਤਰ ਦਾ ਮਾਲਕ ਬਣ ਕੇ ਰਾਮ, ਰਮਈਆ ਰੌਣਕ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੜ ਫੜ ਬਾਂਹੋਂ ਪਾਰ ਲੰਘਾਈਆ । ਜਾਂਦੇ ਤਾਰੇ ਪਾਂਧੀ ਰਾਹੀ, ਚਾਰੇ ਖਾਣੀ ਵੱਜੀ ਵਧਾਈਆ । ਧੁਰ ਦਾ ਮਾਲਕ ਧੁਰਦਰਗਾਹੀ, ਬੇਪਰਵਾਹ ਫੇਰਾ ਪਾਈਆ । ਦੇਵਣਹਾਰ ਸੱਚੀ ਵਡਿਆਈ, ਪੂਰਬ ਜਨਮਾਂ ਲੇਖ ਚੁਕਾਈਆ । ਕਰਮ ਕਰਮ ਦੀ ਮੇਟਣਹਾਰ ਸ਼ਾਹੀ, ਦੁਰਮਤ ਮੈਲ ਧਵਾਈਆ । ਨਾਲ ਦੇਵਣ ਆਇਆ ਗਵਾਹੀ, ਲੇਖਾ ਪਿਛਲਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਰਨਾਈ ਕਹੇ ਜੋ ਸਾਹਿਬ ਸੱਜਣ ਝੁਕਦਾ, ਸਰਨਗਤ ਇਕੋ ਓਟ ਰਖਾਈਆ । ਓਸ ਦਾ ਅਗਲਾ ਪੈਂਡਾ ਮੁਕਦਾ, ਮੰਜ਼ਲ ਅਵਰ ਨਾ ਕੋਈ ਜਣਾਈਆ । ਓਹ ਕਾਇਆ ਮਾਟੀ ਭਾਂਡਾ ਭੰਨ ਜਾਏ ਦੁਖ ਦਾ, ਆਤਮ ਪਰਮਾਤਮ ਵਿਚ ਸਮਾਈਆ । ਪੜਦਾ ਲਹਿ ਜਾਏ ਭਾਗ ਜਾਗੇ ਉਜਲ ਮੁਖ ਦਾ, ਚਾਰ ਕੁੰਟ ਹੋਏ ਰੁਸ਼ਨਾਈਆ । ਫ਼ਰਜ਼ੰਦ ਬਣ ਜਾਏ ਓਸ ਪ੍ਰਭੂ ਦੀ ਕੁੱਖ ਦਾ, ਜਿਸ ਦੀ ਇਕੋ ਜਣੇਂਦੀ ਮਾਈਆ । ਮਾਣ ਲੈ ਲਏ ਓਸ ਪੁਤ ਦਾ, ਜੋ ਪੁਤ ਗੋਬਿੰਦ ਲਿਆ ਬਣਾਈਆ । ਘਰ ਵੇਖ ਲਏ ਸਾਚੇ ਸੁਖ ਦਾ, ਜੋ ਸੁਖ ਸਾਗਰ ਰੂਪ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਭਗਤ ਸੁਹੇਲੇ ਓਹ ਗੋਦੀ ਚੁਕਦਾ, ਜਿਹਨਾਂ ਪਿਛੇ ਗੋਬਿੰਦ ਅੰਤ ਗੋਦਾਵਰੀ ਕੰਢੇ ਬਹਿ ਕੇ ਸੁਗੰਦ ਖਾਈਆ ।



ਇਕ ਦਿਨ ਗੋਬਿੰਦ ਆਇਆ ਸੱਚਾ ਅਨੰਦ, ਪ੍ਰੇਮ ਵਿਚ ਆਸਣ ਲਾਈਆ । ਪੁਰਖ ਅਕਾਲ ਵੇਖਿਆ ਸੰਗ, ਪਰਕਾਸ਼ ਬੇਪਰਵਾਹੀਆ । ਖ਼ੁਸ਼ੀ ਵਿਚ ਮੰਗ ਲਈ ਮੰਗ, ਆਪਣੀ ਝੋਲੀ ਡਾਹੀਆ । ਹੇ ਪ੍ਰਭੂ ਜੇ ਦਿੰਦਿਆਂ ਨਾ ਹੋਵੇਂ ਤੰਗ, ਆਪਣੀ ਆਸ਼ਾ ਦਿਆਂ ਸਮਝਾਈਆ । ਮੈਂ ਸ੍ਰਿਸ਼ਟੀ ਵੇਖ ਕੇ ਤੇਰੀ ਬਹੁ ਰੰਗ, ਜੋ ਦੀਨਾਂ ਮਜ਼੍ਹਬਾਂ ਵਿਚ ਵੰਡ ਵੰਡਾਈਆ । ਆਪਣੇ ਵਿਛੋੜੇ ਦੀ ਵਿਚ ਖੜ੍ਹੀ ਕਰ ਕੇ ਕੰਧ, ਮਾਟੀ ਪੁਤਲੇ ਰਿਹਾ ਨਚਾਈਆ । ਤੇਰਾ ਕੋਈ ਨਹੀਂ ਗੌਂਦਾ ਛੰਦ, ਤੇਰੇ ਮਿਲਣ ਦੀ ਆਸ ਨਾ ਕਿਸੇ ਰਖਾਈਆ । ਪਰ ਮੈਨੂੰ ਤੇਰੇ ਬਿਨਾ ਨਹੀਂ ਪੈਂਦੀ ਠੰਡ, ਪਤਾ ਨਹੀਂ ਸ੍ਰਿਸ਼ਟੀ ਤੈਨੂੰ ਭੁਲ ਕੇ ਆਪਣਾ ਕਿਵੇਂ ਝਟ ਲੰਘਾਈਆ । ਪੁਰਖ ਅਕਾਲ ਕਿਹਾ ਇਹ ਮੇਰਾ ਵਖਰਾ ਢੰਗ, ਤਰਾ ਤਰੀਕੇ ਨਾਲ ਰਿਹਾ ਸਾਰੇ ਚਲਾਈਆ । ਗੋਬਿੰਦ ਕਿਹਾ ਭਾਵੇਂ ਇਹ ਖੇਲ ਮੇਰਾ ਨਿਸੰਗ, ਨਿਰੰਕਾਰ ਹੋ ਕੇ ਰਿਹਾ ਵਖਾਈਆ । ਪਰ ਮੈਂ ਜ਼ਰੂਰ ਮੰਗਣੀ ਇਕ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਂ ਤੇਰੇ ਭਗਤਾਂ ਨੂੰ ਮਿਲੌਣਾ ਤੇਰੇ ਸੰਗ, ਵਿਚੋਲਾ ਹੋ ਕੇ ਵਿਛੋੜਾ ਦੇਣਾ ਕਟਾਈਆ । ਓਧਰ ਰੋ ਪਈ, ਗੋਦਾਵਰੀ ਗੰਗ, ਨੇਤਰ ਨੈਣਾਂ ਨੀਰ ਵਹਾਈਆ । ਗੋਬਿੰਦ ਨੇ ਕਿਹਾ ਥੋੜ੍ਹੀ ਆ ਅੱਗੇ ਲੰਘ, ਤੈਨੂੰ ਦਿਆਂ ਸਮਝਾਈਆ । ਤੂੰ ਦੇ ਨਹੀਂ ਸਕਦੀ ਉਹ ਅਨੰਦ, ਜਿਹੜਾ ਅਨੰਦ ਗੁਰਮੁਖ ਰਹੇ ਭਾਈਆ । ਉਠ ਵੇਖ ਤੈਨੂੰ ਦਇਆ ਸਿੰਘ ਵਰਗੇ ਵਖਾਵਾਂ ਚੰਦ, ਜਿਨ੍ਹਾਂ ਦੇ ਅੰਦਰ ਮੇਰਾ ਚੰਦ ਡਲ੍ਹਕ ਰਿਹਾ ਲਗਾਈਆ । ਗੋਦਾਵਰੀ ਨੂੰ ਓਸੇ ਵੇਲੇ ਪੈ ਗਈ ਠੰਡ, ਨਿਉਂ ਨਿਉਂ ਚਰਨਾਂ ਉਤੇ ਸੀਸ ਟਿਕਾਈਆ । ਗੋਬਿੰਦ ਜਿਸ ਵੇਲੇ ਆਪਣੇ ਹੁਕਮ ਦੀ ਮੈਨੂੰ ਭੇਜੀ ਗੰਡ, ਦਵਾਰੇ ਭਗਤਾਂ

ਦੇ ਆਵਾਂ ਚਾਈਂ ਚਾਈਆ । ਗੋਬਿੰਦ ਕਿਹਾ ਬਸ ਮੁਖ ਕਰ ਬੰਦ, ਅਗੇ ਆਵਾਜ਼ ਨਾ ਕੋਈ ਸੁਣਾਈਆ । ਜਿਸ ਵੇਲੇ ਅਕਾਲ ਪੁਰਖ ਮੇਰੇ ਨਾਲ ਮਿਲ ਕੇ ਆਪਣੀ ਨੂੰ ਲਾਇਆ ਅੰਗ, ਓਸ ਵੇਲੇ ਤੈਨੂੰ ਆਪੇ ਲਏ ਮਿਲਾਈਆ । ਗੋਦਾਵਰੀ ਕਿਹਾ ਕੀ ਓਹ ਦੀਨ ਦਿਆਲ ਗੋਬਿੰਦ ਕਿਹਾ ਨਹੀਂ ਓਹ ਬਖ਼ਸ਼ੰਦ, ਬਖ਼ਸ਼ਿਸ਼ ਕਰ ਕੇ ਜਿਸ ਨੂੰ ਚਾਹੇ ਓਸੇ ਨੂੰ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵਣ ਆਇਆ ਓਹ ਅਨੰਦ, ਜਿਸ ਅਨੰਦ ਦੀ ਮੰਗ ਸਾਰੇ ਗਏ ਕਰਾਈਆ ।

### ✻ ੧੦ ਚੇਤ ਸ਼ਹਿਨਸ਼ਾਹੀ ਸੰਮਤ ੧ ਰਵੇਲਾ ਰਾਮ ਦੇ ਗ੍ਰਿਹ ਪਿੰਡ ਸਰਦਾਰੀ ✻

ਗੋਦਾਵਰੀ ਕਹੇ ਗੋਬਿੰਦ ਮੇਰੇ ਅੰਦਰ ਚਰਨ ਦਿਤਾ ਰਖ, ਉਂਗਲਾਂ ਪੰਜਾਂ ਨਾਲ ਦਬਾਈਆ । ਮੇਰੀ ਖੁਲ੍ਹ ਗਈ ਅੱਖ, ਪੜਦਾ ਦਿਤਾ ਚੁਕਾਈਆ । ਮੈਂ ਅੰਗੜਾਈ ਲਈ ਝਟ, ਸਵਾਧਾਨ ਹੋ ਕੇ ਵੇਖ ਵਖਾਈਆ । ਆਪਣੇ ਜੋੜ ਕੇ ਹੱਥ, ਸੀਸ ਦਿਤਾ ਨਿਵਾਈਆ । ਕੁਝ ਮੈਨੂੰ ਅਗੇ ਦੱਸ, ਕੀ ਤੇਰੀ ਬੇਪਰਵਾਹੀਆ । ਗੋਬਿੰਦ ਪਿਆ ਹਸ, ਖ਼ੁਸ਼ੀਆਂ ਨਾਲ ਸਮਝਾਈਆ । ਜੋ ਹੁਕਮ ਪੁਰਖ ਸਮਰਥ, ਮੈਂ ਓਹੋ ਰਿਹਾ ਕਮਾਈਆ । ਮੈਂ ਏਥੋਂ ਜਾਣਾ ਨਸ, ਚੋਲਾ ਪੰਜ ਤੱਤ ਤਜਾਈਆ । ਓਸ ਦੇ ਕੋਲ ਜਾਣਾ ਵਸ, ਜੋ ਸਚਖੰਡ ਸੋਭਾ ਪਾਈਆ । ਜਿਸ ਵੇਲੇ ਓਸ ਹੋਣਾ ਪਰਗਟ, ਲੋਕਮਾਤ ਵੇਸ ਵਟਾਈਆ । ਮੈਂ ਓਸ ਦਾ ਬਣਨਾ ਹੱਟ, ਜਿਸ ਵਿਚ ਬਹਿ ਕੇ ਖ਼ੁਸ਼ੀ ਮਨਾਈਆ । ਓਸ ਦੇ ਨਾਮ ਦਾ ਗੌਂਣਾ ਛੰਦ, ਛੰਦ ਆਪਣਾ ਨਾਲ ਮਿਲਾਈਆ । ਮੇਰੇ ਵਜੂਦ ਵਿਚ ਓਸ ਨੇ ਹੋਣਾ ਬੰਦ, ਜਿਸ ਦਾ ਕਲਬੂਤ ਨਾ ਕੋਈ ਸਮਝਾਈਆ । ਫੇਰ ਮੈਨੂੰ ਪੈਣੀ ਠੰਡ, ਸਾਂਤਕ ਸਤਿ ਦਏ ਕਰਾਈਆ । ਮੈਂ ਛਡ ਕੇ ਪੁਰੀ ਅਨੰਦ, ਅਨੰਦ ਵਿਚ ਜਾਣਾ ਸਮਾਈਆ । ਗੋਦਾਵਰੀ ਕਿਹਾ ਫੇਰ ਕਿਹਨੂੰ ਲਾਵੇਂ ਅੰਗ, ਆਪਣਾ ਸੰਗ ਰਖਾਈਆ । ਗੋਬਿੰਦ ਕਿਹਾ ਮੈਂ ਪਹਿਲੋਂ ਮੰਗਾਂ ਮੰਗ, ਪ੍ਰਭ ਅਗੇ ਝੋਲੀ ਡਾਹੀਆ । ਸਾਚਿਆਂ ਭਗਤਾਂ ਦੇ ਅੰਦਰ ਜਾਵਾਂ ਲੰਘ, ਆਤਮ ਉਤੇ ਬਹਿ ਕੇ ਸੋਭਾ ਪਾਈਆ । ਜਿਥੇ ਨਾ ਕੋਈ ਸੂਰਜ ਚੰਦ, ਮੰਡਲ ਮੰਡਪ ਨਾ ਕੋਈ ਰੁਸ਼ਨਾਈਆ । ਖੇਲ ਵੇਖਣਾ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕੀ ਕੀ ਹੁਕਮ ਵਰਤਾਈਆ । ਗੋਦਾਵਰੀ ਕਿਹਾ ਕੁਛ ਮੇਰੀ ਵੀ ਪਾ ਗੰਢ, ਸੰਗ ਅਗਲਾ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੋਦਾਵਰੀ ਕਹੇ ਗੋਬਿੰਦ ਚਰਨ ਰਖ ਕੇ ਦਿਤਾ ਦਬ, ਭਾਰ ਹੌਲੀ ਜਿਹੀ ਪਾਈਆ । ਮੇਰੇ ਨੇਤਰ ਖੁਲ੍ਹ ਗਏ ਝਬ, ਨਿੰਦਰਾ ਦਿਤੀ ਗਵਾਈਆ । ਮੇਰੇ ਮੂੰਹ ਵਿਚੋਂ ਨਿਕਲਿਆ ਹਾਏ ਰੱਬ, ਹੌਕਾ ਲੈ ਕੇ ਦਿਤਾ ਸੁਣਾਈਆ । ਗੋਬਿੰਦ ਨੇ ਕਿਹਾ ਉਠ ਓਸ ਨੂੰ ਲੈ ਲਭ, ਜਿਸ ਨੂੰ ਰਹੀ ਗਾਈਆ । ਜਾਂ ਮੈਂ ਤਕਿਆ ਮੈਨੂੰ ਸਾਖ਼ਿਆਤ ਨਜ਼ਰੀ ਆਇਆ ਜਿਸ ਦਾ ਕ਼ਦਾਂ ਵਰਗਾ ਨਹੀਂ ਕ਼ਦ, ਓਹਦਾ ਆਰ ਪਾਰ ਕਿਨਾਰਾ ਕੋਈ ਨਾ ਸਮਝੀ ਹਦ, ਸਮਰਥ ਰੂਪ ਬੇਪਰਵਾਹੀਆ । ਮੈਂ ਖ਼ੁਸ਼ੀ ਨਾਲ ਪਈ ਨਚ, ਆਪਣਾ ਪਰਦਾ ਲਿਆ ਉਠਾਈਆ । ਗੋਬਿੰਦ ਪਿਛੇ ਗਿਆ ਹਟ, ਆਪਣਾ ਚਰਨ ਕਢਾਈਆ । ਮੈਨੂੰ ਓਸ ਵੇਲੇ ਲੱਗੀ ਇਕ ਸੱਟ, ਬਿਰਹੋਂ ਦਿਤਾ ਸਤਾਈਆ । ਮੈਂ ਚਰਨੀਂ ਗਈ ਢਠ, ਰੋ ਕੇ ਹਾਲ ਸੁਣਾਈਆ । ਗੋਬਿੰਦ ਕਿਹਾ ਥੋੜ੍ਹੇ ਦਿਨ ਕਟ, ਫਿਰ ਸਹਿਜ ਲਵਾਂ ਮਿਲਾਈਆ । ਤੂੰ ਭਗਤਾਂ ਦਵਾਰੇ ਔਣਾ

ਨਠ, ਰੂਪ ਆਪਣਾ ਇਕ ਬਦਲਾਈਆ । ਓਥੇ ਮੈਂ ਤੇ ਮੇਰਾ ਹੋਵੇ ਪੁਰਖ ਸਮਰਥ, ਤੀਜਾ ਗੁਰਮੁਖ ਸੋਭਾ ਪਾਈਆ । ਤੇਰੀ ਲਜਿਆ ਓਹਨਾਂ ਦੇ ਨਾਲ ਲਵਾਂ ਰਖ, ਪੜਦਾ ਉਤੇ ਦਵਾਂ ਟਿਕਾਈਆ । ਗੋਦਾਵਰੀ ਪਈ ਹਸ, ਵਹਿੰਦੀ ਧਾਰ ਖ਼ੁਸ਼ੀ ਮਨਾਈਆ । ਗੋਬਿੰਦ ਇਕ ਵੇਰਾਂ ਵੇਖ ਲੈਣ ਦੇ ਆਪਣੀ ਅੱਖ, ਤੇਰਾ ਨੁਹਾਰ ਭੁੱਲ ਕਦੇ ਨਾ ਜਾਈਆ । ਗੋਬਿੰਦ ਉਹਦੇ ਮੱਥੇ ਉਤੇ ਠੋਕਰ ਮਾਰੀ ਝਟ, ਸਮਝ ਸਮਝ ਨਾਲ ਦਿਤੀ ਮਿਲਾਈਆ । ਓਸ ਨੇ ਕਿਹਾ ਓਹ ਮੇਰੇ ਅੰਦਰ ਗਿਆ ਵਸ, ਜਿਸ ਦੇ ਹੁਕਮ ਅੰਦਰ ਭੱਜਾਂ ਵਾਹੋ ਦਾਹੀਆ । ਅਗੋਂ ਗੋਬਿੰਦ ਕਰ ਕੇ ਬਸ, ਆਪਣਾ ਆਪ ਲਿਆ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਕਾਰਨ ਭਗਤਾਂ ਦਵਾਰੇ ਰਿਹਾ ਨਠ, ਘਰ ਘਰ ਆਪਣਾ ਫੇਰਾ ਪਾਈਆ ।

ਜਿਸ ਵੇਲੇ ਗੋਦਾਵਰੀ ਵਿਚ ਗੋਦਾਵਰੀ ਮਾਰੀ ਚੁੱਭੀ, ਪਾਣੀ ਵਿਚ ਰਾਣੀ ਗਈ ਸਮਾਈਆ । ਓਸ ਨੂੰ ਵਿਚੋਂ ਤਿੱਖੀ ਧਾਰ ਨੋਕਦਾਰ ਇਕ ਚੁਭੀ, ਜੋ ਗੋਬਿੰਦ ਖੰਡੇ ਉਤੇ ਲਿਖਾਈਆ । ਜਿਸ ਦੀ ਅਗਲੀ ਨੋਕ ਥੋੜੀ ਕੁੱਬੀ, ਮੁਖ ਦਿਤਾ ਭਵਾਈਆ । ਓਸ ਦੇ ਵਿਚ ਇਕ ਰਮਜ਼ ਸੀ ਗੁੱਝੀ, ਜਿਹੜੀ ਗੋਬਿੰਦ ਨੇ ਆਪਣੀ ਅੱਖ ਵਿਚ ਪਰਤਖ ਦਿਤੀ ਲੁਕਾਈਆ । ਜਿਸ ਵੇਲੇ ਪੀਰ ਲੈ ਕੇ ਆਇਆ ਸੀ ਕੁੰਜੀ, ਓਸ ਨੂੰ ਓਹ ਰਮਜ਼ ਸੀ ਸੁਝੀ, ਜਿਹੜੀ ਗੋਬਿੰਦ ਖੰਡੇ ਵਿਚ ਛੁਪਾਈਆ । ਓਸ ਨੂੰ ਵੇਖ ਕੇ ਪਿਆਰ ਅੰਦਰ ਗੋਦਾਵਰੀ ਦਾ ਦੁੱਧ ਉਤਰਿਆ ਦੁੱਧੀਂ, ਦੋਵੇਂ ਸੀਰ ਸੀਰ ਵਹਾਈਆ । ਗੋਬਿੰਦ ਕਿਹਾ ਤੂੰ ਅਜੇ ਨਹੀਂ ਹੋਈ ਬੁੱਢੀ, ਜੁਗ ਬੀਤੇ ਬਣੀ ਰਹੀ ਪਾਂਧੀ ਰਾਹੀਆ । ਓਸ ਕਿਹਾ ਮੈਂ ਅਜੇ ਇਕ ਆਸ ਵਿਚ ਰੁਝੀ, ਬੈਠੀ ਧਿਆਨ ਲਗਾਈਆ । ਜਿਸ ਵੇਲੇ ਗੋਬਿੰਦ ਤੇਰੇ ਨਾਲ ਮਿਲ ਕੇ ਭਗਤ ਭਗਵਾਨ ਦੀ ਹੋਣੀ ਇਕ ਰੁਚੀ, ਦੂਜੀ ਆਸਾ ਦੇਣੀ ਗਵਾਈਆ । ਓਸ ਵੇਲੇ ਮੇਰੀ ਔਧ ਆਪੇ ਜਾਣੇ ਮੁਕੀ, ਮੁਕੰਮਲ ਦਿਆਂ ਸਮਝਾਈਆ । ਮੈਨੂੰ ਚਾ ਮੈਂ ਵੀ ਪ੍ਰੇਮ ਪਿਆਰ ਦਾ ਆਪਣਾ ਸੀਰ ਗੁਰਮੁਖਾਂ ਦੀ ਚੋਵਾਂ ਮੁਖੀਂ, ਕਿਉਂ, ਤੂੰ ਮੇਰੇ ਵਿਚ ਚਰਨ ਦਿਤਾ ਛੁਹਾਈਆ । ਜਿਸ ਤਰਾ ਮੈਂ ਤੇਰੇ ਵਿਛੋੜੇ ਵਿਚ ਦੁਖੀ, ਮੈਂ ਚਾਹੁੰਦੀ ਹਾਂ ਤੇਰੇ ਵਿਛੋੜੇ ਵਿਚ ਕੋਈ ਨਾ ਮਾਰੇ ਧਾਈਆ । ਤੂੰ ਨਾਤਾ ਛਡ ਕੇ ਆਪਣੇ ਪੁੱਤੀਂ, ਗੁਰਮੁਖਾਂ ਗੋਦ ਲਿਆ ਉਠਾਈਆ । ਗੋਦਾਵਰੀ ਕਹੇ ਮੈਂ ਵੀ ਓਹਨਾਂ ਮਿਲ ਕੇ ਆਪਣੀ ਕਰਾਂ ਕੁੱਖ ਸੁੱਚੀ, ਸਚ ਸਚ ਇਹਨਾਂ ਦੀ ਝੋਲੀ ਪਾਈਆ । ਗੋਬਿੰਦ ਕਿਹਾ ਵੇਖੀਂ ਇਸ ਨਿਸ਼ਾਨਿਉਂ ਕਦੇ ਨਾ ਉਕੀਂ, ਓਹ ਵੇਲਾ ਜਾਣਾ ਆਈਆ । ਜੰਗਲ ਬੇਲੇ ਉਜਾੜਾਂ ਵਿਚ ਕਿਤੇ ਨਾ ਢੂੰਡੀਂ, ਲਹਿਰਾਂ ਵਿਚੋਂ ਨਾ ਖੋਜ ਖੁਜਾਈਆ । ਜਿਸ ਦੀ ਧਾਰ ਭਗਤਾਂ ਦੇ ਅੰਦਰ ਹੋਵੇ ਆਵਾਜ਼ ਆਏ ਤੂੰ ਹੀ ਤੂੰ ਹੀ ਦੀ, ਤੂੰ ਮੇਰਾ ਮੈਂ ਤੇਰਾ ਇਕੋ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਬਖ਼ਸ਼ਣਹਾਰ ਸੱਚੀ ਸਰਨਾਈਆ । ਗੋਦਾਵਰੀ ਕਹੇ ਜਿਸ ਵੇਲੇ ਗੋਬਿੰਦ ਨੇ ਮੇਰੇ ਉਤੇ ਲਾਈ ਤਲੀ, ਇਤਲਾਹ ਦਿਤੀ ਕਰਾਈਆ । ਮੈਂ ਭੁਲ ਗਈ ਵਹਿਣਾਂ ਵਿਚ ਭੱਜਣ ਵਾਲੀ ਗਲੀ, ਰਾਹ ਨਜ਼ਰ ਕੋਇ ਨਾ ਆਈਆ । ਕੌਣ ਆ ਗਿਆ ਐਡਾ ਛਲੀ, ਜਿਸ ਮੈਨੂੰ ਦਿਤਾ ਭੁਲਾਈਆ । ਝਟ ਕਿਸੇ ਨੇ ਮੇਰੇ ਮੂੰਹ ਤੇ ਮਾਰ ਕੇ ਚਪੇੜ ਕਿਹਾ ਓਹ ਪੁੱਤਰਾਂ ਦੇ ਕੇ ਬਲੀ, ਬਲਵਾਨ ਹੋ ਕੇ ਫੇਰਾ ਪਾਈਆ । ਤੂੰ ਕਿਧਰ ਫਿਰਦੀ ਇਕੱਲੀ,

ਦੁਹਾਗਣ ਸੁਹਾਗਣ ਨਾ ਰੂਪ ਵਟਾਈਆ । ਭਜ ਭਜ ਹੋਈ ਝੱਲੀ, ਪੰਧ ਨਾ ਕੋਇ ਚੁਕਾਈਆ । ਮੇਰੇ ਅੰਦਰੋਂ ਆਵਾਜ਼ ਆਈ ਇਕ ਅਵੱਲੀ, ਧੁਰ ਦਾ ਰਾਗ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਤਲੀ ਕਹੇ ਜਿਸ ਵੇਲੇ ਮੈਂ ਨਾਲ ਗਈ ਲਗ, ਜਲਧਾਰਾ ਛੋਹ ਦਿਤੀ ਜਣਾਈਆ । ਉਸ ਵੇਲੇ ਜੋ ਵਹਿਣ ਵਿਚ ਰਹੀ ਸੀ ਭਜ, ਆਪਣਾ ਪਿੱਛਾ ਆਈ ਬਦਲਾਈਆ । ਪਾਣੀ ਵਿਚੋਂ ਰੂਪ ਕਰ ਕੇ ਅੱਡ, ਬੈਠੀ ਸੀਸ ਨਿਵਾਈਆ । ਮੈਨੂੰ ਆਪਣੇ ਦਵਾਰੇ ਸੱਦ, ਬਖ਼ਸ਼ ਸਚ ਸਰਨਾਈਆ । ਕਿਉਂ, ਬੈਠਾ ਹੋ ਕੇ ਅੱਡ, ਬਣ ਕੇ ਧੁਰ ਦਾ ਮਾਹੀਆ । ਗੋਬਿੰਦ ਹੋਇਆ ਗਦ ਗਦ, ਖ਼ੁਸ਼ੀ ਨਾਲ ਰਿਹਾ ਸਮਝਾਈਆ । ਛੇਤੀ ਤੈਨੂੰ ਲਵਾਂ ਸੱਦ, ਪੁਰਖ ਅਕਾਲ ਨਾਲ ਮਿਲਾਈਆ । ਤੇਰੀ ਬੁਝਾਵਾਂ ਅੱਗ, ਤ੍ਰਿਸ਼ਨਾ ਦਿਆਂ ਗਵਾਈਆ । ਜਿਸ ਵੇਲੇ ਭਗਤਾਂ ਦੇ ਨਾਲ ਭਗਵਨ ਰੂਪ ਹੋ ਕੇ ਜਾਵਾਂ ਵਸ, ਗ੍ਰਿਹ ਗ੍ਰਿਹ ਸੋਭਾ ਪਾਈਆ । ਤੇਰੀ ਪੂਰ ਕਰਾਵਾਂ ਆਸ, ਤ੍ਰਿਸ਼ਨਾ ਦਿਆਂ ਗਵਾਈਆ । ਤੇਰੇ ਨਾਲੋਂ ਚੰਗਾ ਭਗਤਾਂ ਦਾ ਕੰਮ ਕਰਨਾ ਖ਼ਾਸ, ਸਵਾਸ ਓਹਨਾਂ ਦਾ ਆਪਣੇ ਵਿਚ ਮਿਲਾਈਆ । ਫੇਰ ਆਵਾਂ ਤੇਰੇ ਪਾਸ, ਵੀਹ ਸੌ ਇੱਕੀ ਬਿਕ੍ਰਮੀ ਲੰਘਣ ਤੋਂ ਸੱਤ ਮਹੀਨੇ ਪਿਛੋਂ ਸੁਣਾਂ ਤੇਰੀ ਦਰਖ਼ਾਸ, ਪਿਛਲੀ ਫ਼ਾਇਲ ਵਿਚੋਂ ਬਾਹਰ ਕਢਾਈਆ । ਨਾਲ ਇੱਕੀਆਂ ਦੀ ਹੋਵੇ ਜਮਾਤ, ਪ੍ਰਭੂ ਦੀ ਹੋਵੇ ਕਰਾਮਾਤ, ਮੇਰੀ ਹੋਵੇ ਜ਼ਾਤ, ਪੂਰਬ ਦੀ ਹੋਵੇ ਲੁਗਾਤ, ਜਿਸ ਦੇ ਵਿਚ ਹਰਫ਼ਾਂ ਵਾਲੀ ਸ਼ਨਾਖ਼ਤ ਨਾ ਕੋਇ ਵਖਾਈਆ । ਤੈਨੂੰ ਲੈ ਕੇ ਜਾਵੇ ਸਾਥ, ਚਮਿਆਰ ਕੋਲੋਂ ਭਰਾਵੇ ਇਕ ਗਲਾਸ, ਬ੍ਰਾਹਮਣ ਕੋਲੋਂ ਕਰਾਵੇ ਅਰਦਾਸ, ਆਪ ਚੜ੍ਹਦੇ ਮੁਖ ਕਰ ਕੇ ਖੜ੍ਹਾ ਹੋਵੇ ਪਾਸ, ਕੋਲ ਸੱਦ ਲਵੇ ਪ੍ਰਿਥਮੀ ਆਕਾਸ਼, ਨਾਨਕ ਆ ਜਾਏ ਮਰਦਾਨੇ ਨਾਲ ਰਬਾਬ, ੫੪੫
ਮੁਹੰਮਦ ਝੁਕ ਜਾਏ ਨਾਲ ਅਦਾਬ, ਈਸਾ ਕਹੇ ਸਚ ਜਨਾਬ, ਮੂਸਾ ਕਹੇ ਮੇਰੇ ਅਹਿਬਾਬ, ਤੇਰਾ ਅਗੰਮੀ ਖੇਲ ਤਮਾਸ਼, ਕ੍ਰਿਸ਼ਨ ਵਖਾਵਣ ਆਵੇ ਰਾਸ, ਰਾਮ ਸੀਤਾ ਹੋਵੇ ਦਾਸ, ਬ੍ਰਹਮਾ ਦੀ ਸੁਰਸਤੀ ਕਰੇ ਚਰਨ ਨਿਵਾਸ, ਵਿਸ਼ਨੂੰ ਦੀ ਲਛਮੀ ਜੋੜੇ ਹਾਥ, ਸ਼ੰਕਰ ਦੀ ਪਾਰਬਤੀ ਛਡ ਕੇ ਆਵੇ ਕਲਾਸ਼, ਭਗਤਾਂ ਦੀ ਆਤਮਾ ਚਰਨ ਕਰੇ ਨਿਵਾਸ, ਗੋਬਿੰਦ ਪਿਛਲੀ ਖੋਲ੍ਹ ਲਏ ਕਿਤਾਬ, ਜਿਸ ਵਿਚ ਆਦਿ ਜੁਗਾਦਿ ਦਾ ਲਿਖਿਆ ਹਿਸਾਬ, ਸਤਿ ਸਤਿਵਾਦੀ ਹੋ ਕੇ ਸੁਣੇ ਫ਼ਰਿਆਦ, ਅਗੇ ਗੁਰਮੁਖਾਂ ਨੂੰ ਦੇ ਕੇ ਦਾਦ, ਲੇਖਾ ਲਿਖਾਏ ਸਾਢੇ ਬਾਰਾਂ ਵਜੇ ਤਿੰਨ ਅੱਸੂ ਦੀ ਅਖ਼ੀਰੀ ਤੇ ਚਾਰ ਅੱਸੂ ਦੀ ਹੋਵੇ ਪਰਭਾਤ, ਸ਼ਾਹੀ ਲਬਾਸ ਸ਼ਹਿਨਸ਼ਾਹ ਨਵਾਬ ਦਰਗਾਹੀ ਖਿਤਾਬ ਦੇਵੇ ਆਪ, ਗੋਬਿੰਦ ਦਾ ਮੇਲਾ ਪੁਰਖ ਅਕਾਲ ਬਾਪ, ਸੱਜਣਾਂ ਦਾ ਵੇਲਾ ਸੋਹੰ ਜਾਪ, ਗੁਰੂਆਂ ਦਾ ਚੇਲਾ ਸਮਰਾਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਕਰੇ ਸੋ ਕਰਾਏ ਸੋ ਕਰਾਏ ਜੋ ਕਰੇ ਆਪ ।

ਸਾਢੇ ਬਾਰਾਂ ਇੱਕੀ ਗੁਰਮੁਖ ਇਕ ਧਿਆਨ ਲਗੌਣਗੇ । ਗੋਦਾਵਰੀ ਦਾ ਕਿਨਾਰਾ ਗੋਬਿੰਦ ਦਾ ਇਸ਼ਾਰਾ, ਪ੍ਰੇਮ ਦਾ ਨਜ਼ਾਰਾ, ਗੁਰੂ ਦਾ ਗੁਰੂਦਵਾਰਾ, ਘਰ ਵਿਚੋਂ ਵੇਖ ਖ਼ੁਸ਼ੀ ਮਨੌਣਗੇ । ਪਵਣ ਦਾ ਹੁਲਾਰਾ, ਸ਼ਬਦ ਦਾ ਨਗਾਰਾ, ਦਰਸ ਦਾ ਦੀਦਾਰ ਨੇਤਰ ਲੋਚਣ ਨੈਣ ਰੰਗ ਚੜ੍ਹੌਣਗੇ । ਜਿਸ ਨੂੰ ਕਹਿੰਦੇ ਜੱਟ ਗਵਾਰਾ, ਇਸ ਦਾ ਵੇਖਣਗੇ ਲਲਕਾਰਾ, ਸ਼ਬਦ ਖੰਡਾ ਦੋ ਧਾਰਾ, ਦੋ ਜਹਾਨਾਂ ਦਏ ਹਿਲਾਈਆ । ਜਿਸ ਦਾ ਗੋਦਾਵਰੀ ਦੇ ਕੰਢੇ ਕੀਤਾ ਸਸਕਾਰਾ, ਉਸ ਦਾ ਤੇਜ ਹੋਣਾ ਅਪਾਰਾ, ਜਿਸ ਦੇ ਨਾਲ ਸਿਰਜਣਹਾਰਾ, ਸਿਰ ਸਿਰ ਦੇਵੇ ਮਾਣ ਵਡਿਆਈਆ । ਅਗੇ ਲਿਖਣ

ਵਾਲਾ ਬਹੁਤਾ ਹੋਰ ਵਿਸਥਾਰਾ, ਜਿਸ ਦਾ ਭੇਤ ਸਭ ਤੋਂ ਨਿਆਰਾ, ਨਿਰਾਕਾਰ ਨਿਰੰਕਾਰ ਆਪਣੇ ਹੱਥ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮੀਆਂ ਦਾ ਬਣ ਕੇ ਪ੍ਰੇਮ ਦਾ ਵਣਜਾਰਾ, ਭਗਤਾਂ ਨੂੰ ਭਗਤੀ ਦਾ ਦੇਵੇ ਭੰਡਾਰਾ, ਸਹਾਰਾ ਆਪਣਾ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੰਗਤ ਵੇਖ ਖ਼ੁਸ਼ੀ ਰਖਾਈਆ ।

### ੴ ੧੦ ਚੇਤ ਸ਼ਹਿਨਸ਼ਾਹੀ ਸੰਮਤ ੧ ਕ੍ਰਿਸ਼ਨ ਲਾਲ ਦੇ ਘਰ ਪਿੰਡ ਸਰਦਾਰੀ ਛੰਬ ੴ

ਗੋਦਾਵਰੀ ਕਹੇ ਘੜੀ ਪਲ ਵੇਲਾ ਸੋਹੇ ਵਕ਼ਤ, ਵਿਅਕਤੀ ਦੇਵੇ ਵਡਿਆਈਆ । ਦਇਆ ਕਮਾਏ ਵਾਲੀ ਜਗਤ, ਜਾਗਦੀ ਜੋਤ ਕਰੇ ਰੁਸ਼ਨਾਈਆ । ਭਗਤ ਉਧਾਰੇ ਪ੍ਰੇਮ ਭਾਓ ਭਗਤ, ਭਾਵਨਾ ਪੂਰ ਕਰਾਈਆ । ਜੋਤ ਸਰੂਪ ਖੇਲੇ ਖੇਲ ਅਰਸ਼ ਤੋਂ ਉਤੇ ਆ ਕੇ ਫ਼ਰਸ਼, ਅਸਚਰਜ ਕਾਰ ਕਮਾਈਆ । ਪਿਛਲੀ ਮੇਟੇ ਮੇਰੀ ਹਰਸ ਅਗੇ ਕਰੇ ਤਰਸ, ਦਰਸ ਇਕ ਦਰਸਾਈਆ । ਗੁਰਮੁਖਾਂ ਦੀ ਮੇਟੇ ਭਟਕ, ਸ੍ਰਿਸ਼ਟੀ ਤੇ ਚੜ੍ਹੇ ਕਟਕ, ਅਟਕ ਪਾਰ ਪਏ ਦੁਹਾਈਆ । ਰੌਲਾ ਪੌਣ ਮਸੂਦੀ ਖਟਕ, ਫ਼ਰੀਦੀ ਓਰਗਜ਼ਈ ਨਾਲ ਮਿਲਾਈਆ । ਓਧਰੋਂ ਗੋਦਾਵਰੀ ਦੇ ਕੰਢੇ ਭਗਤਾਂ ਮਿਲੇ ਸਾਚੀ ਵਸਤ, ਦਸਤ ਬਦਸਤ ਹੱਥ ਫੜਾਈਆ । ਇਕੋ ਦੇ ਹੋ ਜਾਓ ਚਰਨ ਪ੍ਰਸਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕ ਦੂਜੇ ਨਾਲ ਕੋਈ ਨਾ ਕਰਿਓ ਹਸਦ, ਪ੍ਰੇਮ ਪ੍ਰੀਤੀ ਨਾਤਾ ਲੈਣਾ ਜੁੜਾਈਆ । ਭਗਤਾਂ ਦਾ ਬਣਾ ਕੇ ਵਫ਼ਦ, ਸਾਚਾ ਹੁਕਮ ਲੈਣਾ ਪਰਗਟਾਈਆ । ਪੁਰਖ ਅਕਾਲ ਬਣ ਕੇ ਕਰੇ ਮਦਦ, ਮਦਦਗਾਰ ਗੁਰਮੁਖ ਆਪਣੇ ਲੈਣੇ ਬਣਾਈਆ । ਕੁਛ ਲੇਖਾ ਲੇਖ ਬਧਕ, ਦੂਜਾ ਯਾਰ ਓਸ ਦਾ ਓਸ ਦੇ ਨਾਲ ਮਿਲਾਈਆ । ਗੌਤਮ ਦੀ ਅਜੇ ਬਾਕੀ ਪਈ ਓਥੇ ਕੁਛ ਰਸਦ, ਓਸ ਦਾ ਹਿਸਾ ਵੇਖ ਵਖਾਈਆ । ਜਿਨ੍ਹਾਂ ਗੁਰਮੁਖਾਂ ਨੇ ਝਲਿਆ ਗੋਬਿੰਦ ਨਾਲ ਕਸ਼ਟ, ਕੁਸ਼ਤੇ ਦੇ ਪੁਸ਼ਤੇ ਦਿਤੇ ਲਗਾਈਆ । ਓਹਨਾਂ ਦੀ ਖੋਲ੍ਹਣੀ ਦ੍ਰਿਸ਼ਟ, ਦਇਆ ਦੇਣੀ ਕਮਾਈਆ । ਰਾਜ ਨਰਾਇਣ ਲਾਲ ਸਿੰਘ ਪਿਛਲਾ ਲੇਖਾ ਬਾਕੀ ਅਜੇ ਰਾਮ ਵਾਲਾ ਵਸ਼ਿਸ਼ਟ, ਓਹ ਵੀ ਪੂਰ ਓਥੇ ਕਰਾਈਆ । ਜਿਸ ਚੰਦ ਨੇ ਕੂੜੀ ਆਸ਼ਾ ਕਰੀ ਸੀ ਅਹਿਲਿਆ ਨਾਲ ਗ੍ਰਹਿਸਤ, ਓਸ ਦਾ ਲਹਿਣਾ ਖੋਜ ਖੁਜਾਈਆ । ਮਹੀਵਾਲ ਨੇ ਮਰਨ ਲਗਿਆਂ ਯਾਦ ਕੀਤਾ ਸੀ ਇਸ਼ਕ, ਓਸ ਇਸ਼ਕ ਦਾ ਤਿਲਕ ਲੱਛੂ ਦੇਣਾ ਲਗਾਈਆ । ਜਿਨ੍ਹਾਂ ਦੀ ਬਾਕੀ ਹੋਰ ਲਿਸਟ, ਹੌਲੀ ਹੌਲੀ ਦੇਵੇ ਸਮਝਾਈਆ । ਜਿਹੜੇ ਗੋਬਿੰਦ ਕੋਲੋਂ ਪਿੱਛਾ ਛੁਡਾ ਕੇ ਗਏ ਸੀ ਖ਼ਿਸਕ, ਤਿੰਨ ਓਹ ਵੀ ਨਾਲ ਰਲਾਈਆ । ਇਕ ਬਹੁਤਾ ਹੁੰਦਾ ਸੀ ਨਿੰਦਕ, ਚਾਰ ਕੁੰਟ ਘਰ ਘਰ ਕਰਦਾ ਰਿਹਾ ਸ਼ਨਵਾਈਆ । ਕਿਉਂ, ਓਹ ਨਿੰਦਿਆਂ ਵਿਚ ਗੋਬਿੰਦ ਗੌਂਦਾ, ਗੋਬਿੰਦ ਦੇ ਗੌਣ ਨਾਲ ਓਸ ਦੀ ਖੋਲ੍ਹਣੀ ਦ੍ਰਿਸ਼ਟ, ਦਇਆ ਦੇਣੀ ਕਮਾਈਆ । ਇਕ ਜੋੜੀ ਓਹ ਜਿਸ ਅਨੰਦ ਪੁਰ ਆ ਕੇ ਗੋਬਿੰਦ ਦੇ ਕੋਲ ਨੌ ਹੱਥ ਦੂਰ ਭੋਗਿਆ ਸੀ ਗ੍ਰਹਿਸਤ, ਸਜ਼ਾ ਦੀ ਬਜਾਏ ਓਹਨਾਂ ਦਾ ਗੁਪਤ ਲੇਖਾ ਦੇਣਾ ਮੁਕਾਈਆ । ਜਿਨ੍ਹਾਂ ਦੇ ਅੰਦਰ ਪ੍ਰੇਮ ਦੀ ਧਾਰ ਰਹੀ ਰਿਸਕ, ਬੂੰਦ ਸਵਾਂਤੀ ਦੇਣੀ ਚੁਵਾਈਆ । ਜੇ ਗੁਰਮੁਖੋ ਕੁਕਰਮ ਕਰ ਕੇ ਕਹੋ ਇਹਦੇ ਕੋਲ ਨਹੀਂ ਸਾਡੀ ਲਿਸਟ, ਇਹ ਵੀ ਤੁਹਾਡੀ ਭੁਲ ਜੋ ਅਭੁਲ ਨੂੰ ਰਹੇ ਭੁਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਦਾਨੀ ਦਇਆਵਾਨ ਅਖਵਾਈਆ ।

## ✻ ੧੦ ਚੇਤ ਸ਼ਹਿਨਸ਼ਾਹੀ ਸੰਮਤ ੧ ਫ਼ਰੰਗੀ ਰਾਮ ਦੇ ਘਰ ਤੂਤਾਂ ਵਾਲੀ ✻

ਗੋਦਾਵਰੀ ਕਹੇ ਜਿਸ ਵੇਲੇ ਤਿੰਨ ਚਾਰ ਅੱਸੂ ਦੀ ਰਾਤ ਔਣਾ ਮੇਰੇ ਕੰਢਾ, ਤਿੰਨ ਕੰਢੀ ਵਾਲੇ ਨਾਲ ਮਿਲਾਈਆ । ਜਿਨ੍ਹਾਂ ਦੇ ਕੋਲ ਹੋਵੇ ਬਿਨਾ ਮਟੀਆਂ ਤੋਂ ਸਾਢੇ ਤਿੰਨ ਹੱਥ ਵਾਲਾ ਡੰਡਾ, ਰੰਗਾਂ ਸੱਤਾਂ ਨਾਲ ਰੰਗਾਈਆ । ਇਹ ਜੰਮੂ ਦੀ ਆਇਆ ਵੰਡਾ, ਜ਼ਾਮਨ ਹੋ ਕੇ ਰਿਹਾ ਸਮਝਾਈਆ । ਮਾਝੇ ਵਾਲਿਆਂ ਲਿਔਣਾ ਇਕ ਕੰਘਾ, ਦੰਦਖੰਡ ਰੂਪ ਵਟਾਈਆ । ਓਸ ਦਾ ਸਫ਼ੈਦ ਹੋਵੇ ਰੰਗਾ, ਧਾਰੀ ਵਿਚ ਨਾ ਕੋਇ ਜਣਾਈਆ । ਮਾਲਵੇ ਵਾਲਿਆਂ ਸਵਾ ਇੰਚ ਦਾ ਬਣੌਣਾ ਇਕ ਖੰਡਾ, ਸੁਵਰਨ ਚਾਂਦੀ ਜੋੜ ਜੁੜਾਈਆ । ਜਿਸ ਦੇ ਉਪਰ ਲਿਖਿਆ ਹੋਵੇ ਸੋਹੰ ਛੰਦਾ, ਹੰ ਬ੍ਰਹਮ ਭੇਵ ਖੁਲ੍ਹਾਈਆ । ਕੋਈ ਮਿਆਨ ਓਤੇ ਨਾ ਹੋਵੇ ਲਕੜੀ ਚੰਮਾ, ਬੰਦ ਵਿਚ ਨਾ ਕਿਸੇ ਰਖਾਈਆ । ਦੁਆਬੇ ਵਾਲਿਆਂ ਢਾਈ ਗਜ਼ ਦਾ ਦੁਪੱਟਾ ਜਿਸ ਦੀ ਕਨੀਂ ਸਵਾ ਸੇਰ ਬੱਧਾ ਹੋਵੇ ਚਨਾ, ਕੱਚਾ ਰੂਪ ਨਾ ਕੋਇ ਵਖਾਈਆ । ਦਿੱਲੀ ਵਾਲਿਆਂ ਤੋਂ ਲੈਣਾ ਇਕ ਛੰਨਾ, ਪਾਣੀ ਸਵਾ ਸੇਰ ਵਿਚ ਟਿਕਾਈਆ । ਪਟਨੇ ਵਾਲੇ ਰੰਗ ਲਿਔਣਾ ਲਾਲ ਘਨਾ, ਸਵਾ ਰਤੀ ਕੇਸਰ ਜੋੜ ਜੁੜਾਈਆ । ਇਟਾਰਸੀ ਵਾਲਿਆਂ ਸਵਾ ਪਾਓ ਤੇਲ ਦਾ ਲੈਣਾ ਪਲਾ, ਨਾਲ ਪ੍ਰੇਮ ਝੋਲੀ ਪਾਈਆ । ਸਾਢੇ ਬਾਰਾਂ ਜਿਸ ਵੇਲੇ ਤੁਹਾਡੇ ਨਾਲ ਗੋਬਿੰਦ ਹੋਵੇ ਇਕੱਲਾ, ਓਸ ਦੇ ਹੱਥ ਦੇਣਾ ਫੜਾਈਆ । ਓਹ ਪੁਰਖ ਅਕਾਲ ਅਗੇ ਡਾਹਵੇ ਪੱਲਾ, ਬੇਨੰਤੀ ਇਕ ਸੁਣਾਈਆ । ਜਿਸ ਕਾਰਨ ਮੈਨੂੰ ਘੱਲਾ, ਘੁੰਮਣ ਘੇਰ ਵੇਖ ਜਗਤ ਲੋਕਾਈਆ । ਢਾਈ ਮਿੰਟ ਪਿਛੋਂ ਕੋਲ ਆਵੇ ਡੱਲਾ, ਦੋਏ ਜੋੜ ਬੇਨੰਤੀ ਇਕ ਸੁਣਾਈਆ । ਇੱਕੀ ਸਿਖ ਸਾਢੇ ਤਿੰਨ ਹੱਥ ਉਤਰਨ ਥੱਲਾ, ਕੰਢਾ ਦੇਣ ਤਜਾਈਆ । ਉਧਰੋਂ ਲਹਿਰ ਆਵੇ ਛਲਾ, ਉਛਲ ਉਛਲ ਰਹੀ ਜਣਾਈਆ । ਓਸ ਵੇਲੇ ਖੇਲ ਹੋਵੇ ਅਵੱਲਾ, ਪੁਰਖ ਅਬਿਨਾਸ਼ੀ ਦੇਵੇ ਭੇਵ ਖੁਲ੍ਹਾਈਆ । ਨਾਲ ਸਮਗਰੀ ਨਾਲ ਫਲਾ, ਫਲੀ ਭੂਤ ਕਰ ਕੇ ਦਏ ਜਣਾਈਆ । ਖੇਲੇ ਖੇਲ ਅਛਲ ਅਛੱਲਾ, ਨਵ ਨੌ ਚਾਰ ਜਿਸ ਦੀ ਸਮਝ ਕਿਸੇ ਨਾ ਆਈਆ । ਗੋਦਾਵਰੀ ਉਤੇ ਗੋਬਿੰਦ ਛੁਹਾ ਕੇ ਓਹੋ ਤਲਾ, ਤਲਬ ਪੂਰੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤਿੰਨ ਚਾਰ ਅੱਸੂ ਦੀ ਓਡੀਕ ਕਰੇ ਰਾਤ, ਰੈਣ ਬੈਠੀ ਧਿਆਨ ਲਗਾਈਆ । ਜਿਸ ਵੇਲੇ ਆਵੇ ਮੇਰੇ ਪਾਸ, ਮਾਹੀ ਮਹਿਬੂਬ ਵੇਸ ਵਟਾਈਆ । ਜਲ ਦਾ ਭਰੇ ਗਲਾਸ, ਗੁਰਮੁਖਾਂ ਦੇ ਉਤੇ ਛੜਕਾਈਆ । ਸਾਰੇ ਅੰਦਰੋਂ ਹੋ ਜਾਣ ਇਕਾਂਤ, ਮਨ ਵਾਸਨਾ ਨਾ ਕੋਇ ਜਣਾਈਆ । ਬਿਨ ਰਸਨਾ ਜਿਹਵਾ ਗਾਵਣ ਸੋਹੰ ਜਾਪ, ਅਜਪਾ ਜਾਪ ਸਮਝਾਈਆ । ਉਤੋਂ ਤਾਰੇ ਵੇਖਣ ਮਾਰ ਝਾਤ, ਆਪਣੀ ਅੱਖ ਖੁਲ੍ਹਾਈਆ । ਅੰਬਰ ਵੇਖੇ ਖੇਲ ਤਮਾਸ਼, ਆਪਣਾ ਨੈਣ ਉਠਾਈਆ । ਪੱਥਰ ਰੋੜੇ ਕਹਿਣ ਸਾਡੀ ਮੁੱਕੀ ਵਾਟ, ਵੱਟਿਆਂ ਵਾਲਾ ਘੱਟਾ ਮਿੱਟੀ ਆਪਣਾ ਚਾਓ ਜਣਾਈਆ । ਗੋਬਿੰਦ ਆਇਆ ਆਪਣੇ ਘਾਟ, ਘਾਟ ਹੀਰਾ ਸਿਫ਼ਤ ਸਾਲਾਹੀਆ । ਹੁਣ ਬੰਦੇ ਦੀ ਭਾਵੇਂ ਨਹੀਂ ਦਿਸਦੀ ਜ਼ਾਤ, ਓਹ ਬੰਦਗੀ ਵਾਲਾ ਬੰਦੇ ਦੇ ਬੰਧਨ ਦਏ ਛੁੜਾਈਆ । ਇਕ ਆਵਾਜ਼ ਔਣੀ ਉਤੋਂ ਆਕਾਸ਼, ਮੰਡਲਾਂ ਉਤੋਂ ਜਣਾਈਆ । ਜਨ ਭਗਤੋ ਵਾਹ ਸ਼ਾਬਾਸ਼, ਜਿਨ੍ਹਾਂ ਸ਼ਮਅ ਦਿਤੀ ਜਗਾਈਆ । ਗੋਦਾਵਰੀ ਦੀ ਪਿਛਲੀ ਆਸ, ਗੋਦੀ ਵਾਲਾ ਪੂਰ ਕਰਾਈਆ । ਪਿਛਲੀ ਸੁਣ ਦਰਖ਼ਾਸ, ਲੇਖਾ ਦਏ ਵਖਾਈਆ । ਸਭ ਨੇ ਇਕੋ ਵਾਰ ਝੁਕ ਕੇ ਮਸਤਕ ਲੌਣੀ ਖ਼ਾਕ, ਧੂੜੀ ਚਰਨ ਰਮਾਈਆ । ਅਗਲੀ ਕਟੇ ਵਾਟ, ਪਿਛਲਾ ਪੰਧ ਰਹਿਣ ਕੋਇ ਨਾ ਪਾਈਆ ।

ਰਵਿਦਾਸ ਨਾਲ ਰਖਣੀ ਕ਼ਲਮ ਦਵਾਤ, ਪੰਜਾਂ ਦੀ ਵੰਡ ਵੰਡਾਈਆ । ਪੰਜ ਵਾਰ ਲਿਖਿਆ ਹੋਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਿਖਿਆ ਹੋਵੇ ਸਾਥ, ਸਾਚਾ ਰੂਪ ਵਟਾਈਆ । ਜਿਉਂ ਜਿਉਂ ਚੜ੍ਹਦੀ ਜਾਏ ਪਰਭਾਤ, ਘੜੀ ਪਲ ਰੂਪ ਵਟਾਈਆ । ਸਤਿਗੁਰ ਖੋਲ੍ਹਦਾ ਜਾਏ ਸਭ ਪਿਛਲੇ ਖਾਤ, ਖ਼ਤਰੇ ਦਏ ਗਵਾਈਆ । ਜਿਸ ਕਿਨਾਰੇ ਖਾਧੀ ਸੁਗੰਧ ਮੈਂ ਭਗਤਾਂ ਦਾ ਕਰਨਾ ਇਤਫ਼ਾਕ, ਗੁਰਮੁਖਾਂ ਦੇਣਾ ਮਿਲਾਈਆ । ਓਸੇ ਕੰਢੇ ਸੁਆਲ ਜਵਾਬ, ਸਨਮੁਖ ਹੋ ਕੇ ਦਏ ਸਮਝਾਈਆ । ਮੁਖ ਤੋਂ ਪੜਦਾ ਲਾਹ ਕੇ ਨਕ਼ਾਬ, ਨੁਕ਼ਤਾ ਨਜ਼ਰ ਦਏ ਬਦਲਾਈਆ । ਹਰਿਗੋਬਿੰਦ ਦਾ ਜਿਹੜਾ ਅਸਵ ਸੀ ਜਿਹੜਾ ਦਿਲਬਾਗ਼, ਆਸਾ ਭਰਿਆ ਓਥੇ ਆਵੇ ਚਾਈਂ ਚਾਈਂਆ । ਨੀਲਾ ਛਡਾ ਕੇ ਆਪਣੀ ਵਾਗ, ਪੰਧ ਲਏ ਮੁਕਾਈਆ । ਹੱਥ ਤੇ ਸੋਹਣ ਵਾਲਾ ਬਾਜ਼, ਬਾਜ਼ੀ ਆਪਣੀ ਦਏ ਵਖਾਈਆ । ਕਲਗੀ ਦਾ ਬਣ ਕੇ ਤਾਜ, ਤਖ਼ਤ ਨਿਵਾਸੀ ਸ਼ਹਿਨਸ਼ਾਹੀਆ । ਸਤਿ ਧਰਮ ਦਾ ਚਲਾ ਕੇ ਜਹਾਜ਼, ਡੁਬਦੇ ਪਾਰ ਲੰਘਾਈਆ । ਸਚਖੰਡ ਦਾ ਸਾਚਾ ਰਾਜ, ਰਈਅਤ ਦੋ ਜਹਾਨ ਦਏ ਵਖਾਈਆ । ਭਗਤੋ ਤੁਹਾਡੇ ਅੰਦਰ ਹੋ ਕੇ ਵਿਸਮਾਦ, ਵਿਸ਼ਵ ਆਪਣਾ ਹੁਕਮ ਚਲਾਈਆ । ਭੇਵ ਖੁਲ੍ਹਾ ਕੇ ਬੋਧ ਅਗਾਧ, ਅਗੰਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੀ ਦਏ ਦਰਸਾਈਆ । ਗੋਦਾਵਰੀ ਕਹੇ ਜਿਸ ਵੇਲੇ ਔਣਾ ਮੇਰੇ ਤਟ, ਤੁਟਿਆਂ ਲਏ ਮਿਲਾਈਆ । ਲੇਖਾ ਚੁਕਾ ਅਠਸਠ, ਅੱਠਾਂ ਨੂੰ ਰੰਗ ਚੜ੍ਹਾਈਆ । ਨੌਵਾਂ ਦੀ ਮੰਜ਼ਲ ਕਟ, ਚੌਥੇ ਘਰ ਦਏ ਬਹਾਈਆ । ਇੱਕੀਆਂ ਦਾ ਇਕੋ ਸਥ, ਸਥਰ ਵਾਲਾ ਦਏ ਵਿਛਾਈਆ । ਭਗਤਾਂ ਦੀ ਇਕੋ ਅੱਖ, ਗੁਰਮੁਖਾਂ ਦਾ ਪਰਦਾ ਲਾਹੀਆ । ਹਰਿ ਸੰਗਤ ਦੇ ਹੋ ਕੇ ਵਸ, ਅੱਖਰਾਂ ਡੇਰਾ ਦੇਵੇ ਢਾਹੀਆ ।


੫੪੮

ਆਪਣੇ ਚਰਨਾਂ ਦਾ ਚਰਨੋਦਕ ਦੂਰ ਦੁਰਾਡਾ ਘਰ ਘਰ ਦੇਵੇ ਝਟ, ਬੂੰਦ ਸਵਾਂਤੀ ਬਿਨ ਮੁਖ ਦਏ ਚਵਾਈਆ । ਫਿਰ ਖ਼ੁਸ਼ੀਆਂ ਨਾਲ ਪਏ ਹਸ, ਸੋਹਣੀ ਆਵਾਜ਼ ਸੁਣਾਈਆ । ਇਹ ਵੀ ਖੇਲ ਪੁਰਖ ਸਮਰਥ, ਜੋ ਕਰਨੀ ਦਾ ਕਰਤਾ ਹੋ ਕੇ ਰਿਹਾ ਕਰਾਈਆ । ਸਚ ਸੰਦੇਸ਼ਾ ਦੇ ਕੇ ਉਤੇ ਆਪਣੇ ਕਰੇ ਦਸਖ਼ਤ, ਨਮੁਕਰ ਹੋ ਕੇ ਮੁਕਰ ਕਦੇ ਨਾ ਜਾਈਆ । ਜਿਹੜਾ ਚਲ ਕੇ ਆਇਆ ਵਤ, ਇਤਲ ਵਿਤਲ ਸਿਤਲ ਸਾਰੇ ਆਇਆ ਤਜਾਈਆ । ਦੇਵੇ ਸਭ ਦਾ ਹਕ, ਲਹਿਣਾ ਝੋਲੀ ਪਾਈਆ । ਅਗੇ ਖੇਲ ਪੁਰਖ ਸਮਰਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਮੇਂ ਨਾਲ ਦੇਵੇ ਲਿਖਾਈਆ ।

### ❊ ੧੦ ਚੇਤ ਸ਼ਹਿਨਸ਼ਾਹੀ ਸੰਮਤ ੧ ਪਿਪਲ ਦੇ ਹੇਠਾਂ ਪਿੰਗਾਲੀ ❊

ਦੇਣ ਵਾਲਾ ਆਇਆ ਪਿਛਲਾ ਦੇਣ, ਦੇ ਦੇ ਖ਼ੁਸ਼ੀ ਮਨਾਈਆ । ਪ੍ਰੇਮ ਪਿਆਰ ਦੀ ਸਾਚੀ ਵਸਤੂ ਆਇਆ ਲੈਣ, ਬੇਪਰਵਾਹ ਬੇਪਰਵਾਹੀਆ । ਕਿਰਪਾ ਕਰ ਕੇ ਆਂਡ ਗਵਾਂਢ ਕੋਈ ਰਹਿਣ ਨਾ ਦੇਵੇ ਜਿੰਨ ਭੂਤ ਡੈਣ, ਸਾਫ਼ ਸੁਥਰੇ ਸਾਰੇ ਦਏ ਕਰਾਈਆ । ਜਿਸ ਵੇਲੇ ਗੁਰਮੁਖ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਕਹਿਣ, ਹਾਜ਼ਰ ਹੋ ਕੇ ਆਪਣਾ ਦਰਸ ਵਖਾਈਆ । ਬਣ ਕੇ ਧੁਰ ਦਾ ਸੱਜਣ ਸੈਣ, ਨਾਤਾ ਸਾਚਾ ਲਏ ਜੁੜਾਈਆ । ਸਾਰਿਆਂ ਰਲ ਮਿਲ ਕੇ ਬਣਨਾ ਭਾਈ ਭੈਣ, ਬੁਰੀ ਅੱਖ ਨਾ ਕੋਈ ਉਠਾਈਆ । ਲਛਮਣ ਸਿਆਂ ਇਹ ਕਿਰਪਾ ਕਰ ਕੇ ਜਾਵਾਂ ਤੇਰੇ

ਬੱਚੇ ਦੀ ਉਮਰ ਥੋੜ੍ਹੀ ਰਹਿੰਦੀ ਸੀ ਜਿਸ ਦਾ ਨਾਂ ਸੁਰੈਣ, ਤ੍ਰੇਠ ਦਿਨ ਬਾਕੀ ਨਜ਼ਰੀ ਆਈਆ । ਜਿਹੜਾ ਰੋਣ ਦੇ ਪਿਛੋਂ ਪੈਣਾ ਸੀ ਵੈਣ, ਓਹ ਪ੍ਰੇਮ ਵਿਚ ਨੀਰ ਦਿਤਾ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਧਿਆਨ ਲਗਾਈਆ ।

## ☀ ੧੦ ਚੇਤ ਸ਼ਹਿਨਸ਼ਾਹੀ ਸੰਮਤ ੧ ਲਛਮਣ ਸਿੰਘ ਘਰ ਪਿੰਡ ਧੰਘਾਲੀ ☀

ਲਛਮਣ ਸਿੰਘ ਸਚ ਸੁਣ ਆਪਣੀ ਕਹਾਣੀ, ਪਿਛਲੀ ਦਿਆਂ ਜਣਾਈਆ । ਤੇਰੀ ਮਾਤਾ ਅਜਮੇਰ ਸ਼ਰੀਫ਼ ਦੀ ਸੀ ਇਕ ਸਵਾਣੀ, ਬੇਗਮ ਕਰ ਕੇ ਸਾਰੇ ਰਹੇ ਜਣਾਈਆ । ਪ੍ਰਭ ਨੇ ਖੇਲ ਕੀਤੀ ਲਾਸਾਨੀ, ਆਪਣਾ ਹੁਕਮ ਵਰਤਾਈਆ । ਗੋਬਿੰਦ ਸੂਰਬੀਰ ਬਲਵਾਨੀ, ਜੋਧਾ ਆਪਣਾ ਪੰਧ ਮੁਕਾਈਆ । ਪੁਸ਼ਕਰ ਨੀਲੇ ਨੂੰ ਪਿਔਣ ਚਲਿਆ ਪਾਣੀ, ਜਗਤ ਤੀਰਥ ਵੇਖ ਵਖਾਈਆ । ਤੇਰੇ ਹੱਥ ਵਿਚ ਸੀ ਕਾਨੀ, ਲੰਬੀ ਪੰਜ ਫੁਟ ਜਣਾਈਆ । ਖੇਲਦਾ ਸੀ ਵਿਚ ਮੈਦਾਨੀ, ਮਨ ਆਪਣਾ ਬਹਿਲਾਈਆ । ਜਿਸ ਵੇਲੇ ਕੋਲ ਦੀ ਲੰਘਿਆ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਕ਼ਦਮ ਉਠਾਈਆ । ਤੂੰ ਵੇਖ ਕੇ ਜਲਵਾ ਨੂਰਾਨੀ, ਆਪਣਾ ਨੈਣ ਬਦਲਾਈਆ । ਮਸਤਕ ਵੇਖ ਪੇਸ਼ਾਨੀ, ਨੇਤਰ ਨੈਣਾਂ ਨੀਰ ਦਿਤਾ ਵਹਾਈਆ । ਸਜਦਾ ਕਰ ਕੇ ਸਲਾਮੀ, ਆਦਾਬ ਅਰਜ਼ ਕਹਿ ਕੇ ਖ਼ੁਸ਼ੀ ਮਨਾਈਆ । ਜੇ ਮੇਰੇ ਉਤੇ ਕਰ ਜਾਏ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਮੇਰੀ ਉਨੀਵੇਂ ਸਾਲ ਦੀ ਜਵਾਨੀ, ਜੋਬਨ ਰਹੀ ਪਰਗਟਾਈਆ । ਮੇਰੀ ਅੰਮੀ ਰੋਜ਼ ਮੇਰੇ ਨਕਾਹ ਦੀ ਛੇੜ ਰਖਦੀ ਕਹਾਣੀ, ਸਲਾਹ ਅੱਬਾ ਨਾਲ ਪਕਾਈਆ । ਮੈਨੂੰ ਏਹੋ ਪਰੇਸ਼ਾਨੀ, ਬਿਨਾ ਪੀਰ ਦੂਜਾ ਸੰਗ ਨਾ ਕੋਈ ਨਿਭਾਈਆ । ਪੱਲਿਉਂ ਕੱਢ ਕੇ ਇਕ ਦਵਾਨੀ, ਗੋਬਿੰਦ ਦੇ ਘੋੜੇ ਦੇ ਚਰਨਾਂ ਅਗੇ ਦਿਤੀ ਸੁਟਾਈਆ । ਫੇਰ ਕਿਹਾ ਮੇਰੇ ਹੱਥ ਤੇ ਕੰਨ ਦੋਵੇਂ ਖ਼ਾਲੀ, ਵਸਤੂ ਕੋਲ ਨਾ ਕੋਇ ਬਚਾਈਆ । ਗੋਬਿੰਦ ਤਕ ਕੇ ਕਿਹਾ ਮੇਰੇ ਘੋੜੇ ਦਾ ਫੜ ਦਹਾਨੀ, ਸੱਜੀ ਵਾਗ ਹੱਥ ਟਿਕਾਈਆ । ਆਪਣੀ ਮੈਨੂੰ ਫੜਾ ਦੇ ਕਾਨੀ, ਮੈਂ ਤੈਨੂੰ ਇਕ ਕਲਮਾ ਦਿਆਂ ਜਣਾਈਆ । ਤੂੰ ਕਹਿ ਰਹਿਮਤਾਂ ਦਾ ਬਾਨੀ, ਮੁਹੱਬਤਾਂ ਦਾ ਮਹਿਬੂਬ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਨਾਲ ਗੋਬਿੰਦ ਲਿਆ ਤਕ, ਅੱਖ ਨਾਲ ਅੱਖ ਮਿਲਾਈਆ । ਓਸ ਦੇ ਅੰਦਰੋਂ ਓਸੇ ਵੇਲੇ ਆਵਾਜ਼ ਨਿਕਲੀ ਹਕ, ਹਕ ਹਕ ਜਣਾਈਆ । ਹੌਲੀ ਜਿਹੀ ਹੱਥ ਗੋਬਿੰਦ ਦੇ ਚਰਨਾਂ ਉਤੇ ਦਿਤਾ ਰਖ, ਪੰਜਿਆਂ ਨਾਲ ਦਬਾਈਆ । ਮੇਰੇ ਮੁਰਸ਼ਦ ਜੇ ਤੂੰ ਗਿਆ ਥਕ, ਆਪਣੀ ਤਹਿਮਤ ਲਾਹ ਕੇ ਤੇਰੇ ਹੇਠਾਂ ਦਿਆਂ ਵਿਛਾਈਆ । ਗੋਬਿੰਦ ਪਿਆ ਹਸ, ਖ਼ੁਸ਼ੀ ਇਕ ਪਰਗਟਾਈਆ । ਜੇ ਤੂੰ ਆਬ ਦਾ ਦੇਵੇ ਇਕ ਗਲਾਸ, ਪਾਣੀ ਹੱਥ ਫੜਾਈਆ । ਓਸ ਕਿਹਾ ਤੂੰ ਸਿੱਖ ਮੈਂ ਮੁਸਲਮਾਨ ਕੀ ਮੇਰੇ ਉਤੇ ਕਰੇਂਗਾ ਵਿਸ਼ਵਾਸ, ਦੂਜੀ ਨਜ਼ਰ ਨਾ ਕੋਇ ਉਠਾਈਆ । ਗੋਬਿੰਦ ਕਿਹਾ ਤੇਰਾ ਪ੍ਰੇਮ ਮੇਰੇ ਨਾਲੋਂ ਪਾਕ, ਪਵਿੱਤਰ ਨਜ਼ਰੀ ਆਈਆ । ਓਨੇ ਚਿਰ ਨੂੰ ਓਹਦਾ ਓਥੇ ਆ ਗਿਆ ਬਾਪ, ਜਿਹਨੂੰ ਨਸੀਰ ਕਹਿ ਕੇ ਸਾਰੇ ਰਹੇ ਬੁਲਾਈਆ । ਬੱਚੇ ਕਿਹਾ ਅੱਬਾ ਵੇਖ ਖ਼ੁਦਾ ਆਇਆ ਆਪ, ਆਪਣਾ ਵੇਸ ਵਟਾਈਆ । ਮੈਂ ਇਹਦੇ ਅਗੇ ਕਰਨੀ ਇਕ ਅਰਦਾਸ, ਬੇਨੰਤੀ ਦੇਣੀ ਸੁਣਾਈਆ । ਸਾਡੇ ਘਰ ਕਟ ਕੇ ਜਾ ਇਕ ਰਾਤ, ਮਾਂ ਪੁਤ ਦਾ ਬਣਾ ਜਾ ਇਤਫ਼ਾਕ, ਮੇਰੀ ਅੰਮੀ ਜਾਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਮਿਹਰ ਨਜ਼ਰ ਇਕ ਉਠਾਈਆ । ਪਾਣੀ ਲੈਣ ਗਿਆ, ਗਲਾਸ ਦੀ ਥਾਂ ਭਰ ਲਿਆਇਆ ਲੋਟਾ, ਜੋ ਆਪਣਾ ਮੂੰਹ ਉਪਰ ਰਿਹਾ ਉਠਾਈਆ । ਨੇੜੇ ਆ ਕੇ ਕਿਹਾ ਇਹ ਥੋੜ੍ਹਾ ਕਿ ਬਹੁਤਾ, ਮੈਨੂੰ ਦੇ ਸਮਝਾਈਆ । ਠੰਡਾ ਕਿ ਕੋਸਾ, ਮੈਂ ਉਂਗਲੀ ਨਾ ਕੋਈ ਛੁਹਾਈਆ । ਕੀ ਇਹਦੇ ਨਾਲ ਕੁਛ ਖਾ ਲਉਗੇ ਤੋਸਾ, ਗੁੱਲੀ ਤੁਹਾਡੇ ਹੱਥ ਫੜਾਈਆ । ਮੁਰੀਦਾਂ ਨੂੰ ਬੜਾ ਮੁਸ਼ਕਲ ਮਿਲਦਾ ਮੌਕਾ, ਮੁਰਸ਼ਦਾਂ ਸੇਵ ਕਮਾਈਆ । ਜੇ ਚਰਨ ਪਾਓ ਮੇਰੇ ਵਿਚ ਕੋਠਾ, ਜੋ ਸਤ ਬਾਰਾਂ ਹੱਥ ਲੰਮਾ ਚੌੜਾ ਨਜ਼ਰੀ ਆਈਆ । ਓਹਦੇ ਅੰਦਰ ਇਕ ਮੰਜਾ ਨਿੱਕਾ ਜਿਹਾ ਛੋਟਾ, ਮੈਂ ਸਾਂਭ ਕੇ ਰਖਿਆ ਚਾਈਂ ਚਾਈਂਆ । ਇਕ ਦਿਨ ਮੇਰੀ ਮਾਂ ਨੇ ਕਿਹਾ ਜਿਸ ਵੇਲੇ ਮੇਰੇ ਘਰ ਜੰਮੇ ਪੋਤਾ, ਮੈਂ ਇਸ ਦੇ ਉਤੇ ਦਿਆਂ ਬਹਾਈਆ । ਮੈਂ ਗ਼ੁੱਸੇ ਵਿਚ ਫੜਕੇ ਸੋਟਾ, ਆਪਣੀ ਅੰਮੀ ਨੂੰ ਦਿਤਾ ਲਾਈਆ । ਓਸ ਮੈਨੂੰ ਗਾਲ ਕੱਢੀ ਕਰੌਣਾ ਟੋਟਾ, ਵਾਧੂ ਮੈਨੂੰ ਰਿਹਾ ਸਤਾਈਆ । ਮੈਂ ਉਚੀ ਬੋਲ ਕੇ ਦਿਤਾ ਹੋਕਾ, ਹੂ ਹੂ ਨਾਅਰਾ ਲਾਈਆ । ਜੋ ਵਸੇ ਚੌਦਾਂ ਤਬਕ ਉਪਰ ਲੋਕਾ, ਜਲਵਾ ਨੂਰ ਖ਼ੁਦਾਈਆ । ਜੇ ਮੇਰੇ ਘਰ ਖਾਣ ਆ ਜਾਵੇ ਤੋਸਾ, ਟੁਕੜੇ ਓਹਦੇ ਅਗੇ ਰਖਾਈਆ । ਮੈਂ ਖ਼ਾਦਮ ਬਣਕੇ ਛੋਟਾ, ਸਜਦਾ ਸੀਸ ਨਿਵਾਈਆ । ਓਹਦੇ ਚਰਨਾਂ ਹੋਵੇ ਤਿੱਲੇਦਾਰ ਖੋਸਾ, ਖ਼ੁਸ਼ ਕ਼ਿਸਮਤ ਦਏ ਬਣਾਈਆ । ਸੋ ਮੈਨੂੰ ਅੱਜ ਨਜ਼ਰੀ ਔਂਦਾਂ ਓਹ ਮੌਕਾ, ਪਰਵਰਦਿਗਾਰ ਮੇਲਾ ਦਿਤਾ ਮਿਲਾਈਆ । ਮੈਨੂੰ ਇਕੋ ਮੁਰਸ਼ਦ ਬਹੁਤਾ, ਦੂਜਿਆਂ ਦੀ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਲੜਕੇ ਕਿਹਾ ਮੈਂ ਤੇਰਾ ਹੋਇਆ ਮੁਰੀਦ, ਮੁਰਸ਼ਦ ਇਕੋ ਨਜ਼ਰੀ ਆਈਆ । ਘਰ ਖੜ ਕੇ ਕਰਾਂ ਤੇਰੀ ਦੀਦ, ਚਸ਼ਮ ਨੂਰ ਰੁਸ਼ਨਾਈਆ । ਮੈਨੂੰ ਤੇਰੇ ਤੇ ਉਮੀਦ, ਆਸਾ ਪੂਰ ਨਜ਼ਰੀ ਆਈਆ । ਲਾਗੋਂ ਮਹਾਂ ਸਿੰਘ ਨੇ ਕਰ ਦਿਤੀ ਤਾਈਦ, ਜੋ ਘੋੜੇ ਦੀ ਗਰਦਨ ਉਤੇ ਬੈਠਾ ਜੋਤ ਸਰੂਪ ਸੋਭਾ ਪਾਈਆ । ਸਤਿਗੁਰ ਜੇ ਤੂੰ ਏਹਨੂੰ ਬਖ਼ਸ਼ੀ ਤਮੀਜ਼, ਬਣਾ ਲੈ ਅਜ਼ੀਜ਼, ਦਹਿਲੀਜ਼ ਇਹਨਾਂ ਦੀ ਚਰਨ ਲੰਘਾਈਆ । ਗੋਬਿੰਦ ਕਿਹਾ ਇਸ ਨੂੰ ਵਾਕਿਆ ਮੇਰੀ ਓਡੀਕ, ਇਹ ਇਹਦੇ ਵਿਚ ਤਾਰੀਫ਼, ਮਹਾਂ ਸਿੰਘ ਤੇਰੇ ਆਖੇ ਬਦਲ ਦਿਆਂ ਨਸੀਬ, ਘਰ ਇਹਦੇ ਫੇਰਾ ਪਾਈਆ । ਓਸ ਕਿਹਾ ਪ੍ਰਭੂ ਤੂੰ ਕਿਹੜੇ ਕ਼ਦਮ ਮਿਣਨੇ ਨਾਲ ਜਰੀਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕੋ ਇਕ ਉਠਾਈਆ । ਮਹਾਂ ਸਿੰਘ ਸੁਣ ਕੇ ਬਚਨ, ਗੋਬਿੰਦ ਖ਼ੁਸ਼ੀ ਮਨਾਈਆ । ਖ਼ੁਸ਼ੀਆਂ ਨਾਲ ਲੱਗਾ ਹੱਸਣ, ਇਸ਼ਾਰਿਆਂ ਨਾਲ ਦ੍ਰਿੜਾਈਆ । ਨੀਲਾ ਅਗੇ ਲੱਗਾ ਵਧਣ, ਆਪਣਾ ਕ਼ਦਮ ਚੁਕਾਈਆ । ਪ੍ਰੇਮ ਪ੍ਰੀਤੀ ਵਿਚ ਹੋ ਕੇ ਮਗਨ, ਪੈਂਡਾ ਲਿਆ ਮੁਕਾਈਆ । ਲੜਕਾ ਆਵਾਜ਼ ਮਾਰ ਕੇ ਮਾਂ ਨੂੰ ਲੱਗਾ ਸੱਦਣ, ਅੰਮੀ ਅੰਮੀ ਕਰ ਕੇ ਰਿਹਾ ਬੁਲਾਈਆ । ਓਹ ਅੱਗੋਂ ਜ਼ੋਰ ਦੀ ਲੱਗੀ ਭੱਜਣ, ਆਪਣਾ ਬਲ ਧਰਾਈਆ । ਜਿਸ ਵੇਲੇ ਦਰਵਾਜ਼ੇ ਦੇ ਕੋਲ ਆ ਕੇ ਠੇਡਾ ਲਗ ਕੇ ਲੱਗੀ ਸੀ ਡਿਗਣ, ਗੋਬਿੰਦ ਦੂਰ ਦੁਰਾਡੇ ਨੇ ਆਪਣੀਆਂ ਭੁਜਾਂ ਉਤੇ ਲਿਆ ਉਠਾਈਆ । ਓਹ ਉਚੀ ਕੂਕ ਲੱਗੀ ਦੱਸਣ, ਬਹੁੜੀ ਬਹੁੜੀ ਕਰ ਦੁਹਾਈਆ । ਨੀ ਮੇਰਾ ਕੋਈ ਘਰ ਕਰੌਣ ਆ ਗਿਆ ਹੱਜਣ, ਕਾਅਬਿਆਂ ਦਾ ਮਾਲਕ ਫੇਰਾ ਪਾਈਆ । ਖ਼ੁਸ਼ੀਆਂ ਨਾਲ ਲੱਗੀ ਨੱਚਣ, ਆਪਣੇ ਬੱਚੇ ਨੂੰ ਛਾਤੀ ਨਾਲ ਲਗਾਈਆ । ਗੋਬਿੰਦ ਨੇ ਦੋਹਾਂ ਦੇ ਸਿਰ ਮਾਰੀ ਥਪਨ, ਥਪਕੀ ਦਿਤੀ ਲਗਾਈਆ । ਓਹਨਾਂ ਦਾ ਪ੍ਰੇਮ ਪਿਆਰ ਨਾਲ ਗੰਢਿਆਂ ਗਿਆ ਆਂਚਲ, ਪਲੂ ਲਿਆ ਛੁਡਾਈਆ । ਓਸੇ ਵੇਲੇ ਬੱਚੇ ਦੀ ਮਾਂ ਨੇ ਮੰਗ ਲਿਆ ਬਚਨ, ਝੋਲੀ ਅਗੇ ਡਾਹੀਆ । ਸਚ ਦੱਸੀਂ ਤੂੰ ਘੜੀ ਰਹਿਣਾ ਕਿ ਪਲ ਕਿ ਸਾਡੇ ਨਾਲ

ਆਇਉਂ ਵਸਣ, ਸੋਹਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਗੋਬਿੰਦ ਕਿਹਾ ਵਸਣ ਨਹੀਂ ਆਇਆ ਵਾਸਤਾ, ਥੋੜ੍ਹਾ ਸਮਾਂ ਤੁਹਾਡੇ ਨਾਲ ਰਖਾਈਆ । ਅਗੇ ਵਾਲਾ ਸਾਫ਼ ਕਰਾਂ ਰਾਸਤਾ, ਰਹਿਬਰ ਹੋ ਕੇ ਦਿਆਂ ਜਣਾਈਆ । ਹੁਣ ਆ ਗਿਆ ਅਚਾਨਕ ਖ਼ੁਦਾ ਨਖ਼ਾਸਤਾ, ਖ਼ੁਦ ਆਪਣਾ ਫੇਰਾ ਪਾਈਆ । ਤੇਰੇ ਬੱਚੇ ਦਾ ਢਾਈ ਟੁਕੜਿਆਂ ਦਾ ਕਰਨਾ ਨਿੱਕਾ ਜਿਹਾ ਨਾਸ਼ਤਾ, ਅਕੱਲਾ ਆਪਣੀ ਰਸਨਾ ਲਾਈਆ । ਇਹ ਹੁਕਮ ਪੁਰਖ ਅਬਿਨਾਸ਼ ਦਾ, ਜੋ ਧੁਰ ਦਾ ਹੁਕਮ ਰਿਹਾ ਦ੍ਰਿੜਾਈਆ । ਸ਼ਬਦ ਅਗੰਮੀ ਇਸ਼ਾਰੇ ਨਾਲ ਆਖਦਾ, ਬਿਨ ਅੱਖਰਾਂ ਕਰੇ ਪੜ੍ਹਾਈਆ । ਮੇਰੇ ਕੋਲ ਸਮਾਂ ਨਹੀਂ ਰਹਿਣਾ ਰਾਤ ਦਾ, ਘੜੀ ਪਲ ਖਲੋ ਕੇ ਝਟ ਜਾਵਾਂ ਲੰਘਾਈਆ । ਵੇਖੋ ਤੁਹਾਡਾ ਵੇਲਾ ਆ ਗਿਆ ਨਿਮਾਜ਼ ਦਾ, ਸਜਦੇ ਵਿਚ ਕਾਅਬੇ ਨੂੰ ਸੀਸ ਲਓ ਨਿਵਾਈਆ । ਮਾਂ ਪੁਤ ਕਿਹਾ ਸਾਨੂੰ ਕਾਅਬੇ ਦਾ ਮਾਲਕ ਤੂੰ ਹੀ ਜਾਪਦਾ, ਜਿਸ ਦੇ ਕ਼ਦਮਾਂ ਵਿਚ ਆਪਣਾ ਆਪ ਝੁਕਾਈਆ । ਓਸ ਬੱਚੇ ਕਿਹਾ ਮੈਨੂੰ ਐਂ ਦਿਸਦਾ ਜੀਕੂੰ ਤੂੰ ਬਾਪ ਮੇਰੇ ਬਾਪ ਦਾ, ਧੁਰ ਦਰਗਾਹੀ ਨਜ਼ਰੀ ਆਈਆ । ਮੈਂ ਤੈਨੂੰ ਇਕ ਮਿਸਰਾ ਸੁਣਾਵਾਂ ਮੁਹੰਮਦ ਵਾਲੀ ਕਿਤਾਬ ਦਾ, ਜਿਸ ਨੂੰ ਕ਼ੁਰਾਨ ਸ਼ਰੀਫ਼ ਕਹਿ ਕੇ ਰਹੇ ਸੁਣਾਈਆ । ਓਸ ਵਿਚ ਲੇਖਾ ਸਲਲ ਇਕ ਜਨਾਬ ਦਾ, ਰਸੂਲ ਪਾਕ ਦਏ ਗਵਾਹੀਆ । ਅੱਜ ਵੇਲਾ ਸੋਹਣਾ ਇਤਫ਼ਾਕ ਦਾ, ਮਿਲਿਆ ਨੂਰ ਖ਼ੁਦਾਈਆ । ਜੇ ਤੇਰੇ ਕੋਲ ਲੇਖਾ ਨਹੀਂ ਰਾਤ ਦਾ, ਕੁਛ ਰਾਜ਼ ਅਗਲਾ ਜਾ ਸਮਝਾਈਆ । ਗੋਬਿੰਦ ਇਕ ਐਸੀ ਪ੍ਰੀਤੀ ਵਿਚ ਫਾਸਦਾ, ਬਿਨ ਬਚਨ ਦਿਤਿਆਂ ਛੁਟਕਾਰਾ ਨਾ ਕੋਇ ਕਰਾਈਆ । ਓਸੇ ਵੇਲੇ ਆਖਦਾ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਜਿਸ ਵੇਲੇ ਔਣਾ ਹੋਵੇ ਮੇਰੇ ਨਾਲ ਮੇਰੇ ਪੁਰਖ ਅਕਾਲ ਦਾ, ਲੋਕਮਾਤ ਵੇਸ ਵਟਾਈਆ । ਫੇਰ ਰਸ ਚਖਾਂ ਤੇਰੇ ਪਕਵਾਨ ਤੇਰੀ ਪ੍ਰੇਮ ਵਾਲੀ ਦਾਲ ਦਾ, ਹਲਵਾ ਖ਼ੁਸ਼ੀਆਂ ਨਾਲ ਖਾਈਆ । ਓਸ ਨੇ ਕਿਹਾ ਮੈਂ ਤੈਨੂੰ ਕਿੱਥੋਂ ਫਿਰਾਂ ਭਾਲਦਾ, ਲੱਭਿਆਂ ਹੱਥ ਕਿਸੇ ਨਾ ਆਈਆ । ਗੋਬਿੰਦ ਕਿਹਾ ਮੈਂ ਕੀਤਾ ਕੌਲ ਇਕ਼ਰਾਰ ਦਾ ਬਚਨ ਜ਼ਰੂਰ ਪਾਲਦਾ, ਅਭੁਲ ਹੋ ਕੇ ਭੁਲ ਕਦੇ ਨਾ ਜਾਈਆ । ਤੈਨੂੰ ਬਦਲ ਕੇ ਜਾਮਾ ਫੇਰ ਦਿਆਂ ਇਨਸਾਨ ਦਾ, ਇਨਸਾਨੀਅਤ ਤੇਰੇ ਵਿਚ ਟਿਕਾਈਆ । ਜਿਸ ਵੇਲੇ ਸਮਾਂ ਪਰਗਟ ਹੋਇਆ ਸ੍ਰੀ ਭਗਵਾਨ ਦਾ, ਮੇਲ ਮਿਲਾਵਾ ਸਹਿਜ ਸੁਭਾਈਆ । ਤੇਰੇ ਅੰਦਰ ਨਿਸ਼ਾਨਾ ਹੋਵੇ ਮੇਰੇ ਇਕ ਸੱਚੇ ਤੀਰ ਨਿਸ਼ਾਨ ਦਾ, ਜੋ ਬਿਨਾ ਚਿੱਲਿਉਂ ਦਿਆਂ ਚਲਾਈਆ । ਭਰੋਸਾ ਦੇਵਾਂ ਚਰਨ ਈਮਾਨ ਦਾ, ਅਮਾਨਤ ਤੇਰੀ ਤੇਰੀ ਝੋਲੀ ਪਾਈਆ । ਬੇਸ਼ਕ ਭਾਵੇਂ ਤੂੰ ਨਾ ਹੋਵੇਂ ਪਛਾਣਦਾ, ਤੇਰੀ ਪਹਿਚਾਨ ਆਪੇ ਲਏ ਕਰਾਈਆ । ਇਹ ਲਾਹਾ ਗੋਬਿੰਦ ਘਰ ਆਏ ਮਹਿਮਾਨ ਦਾ, ਅਹਿਵਾਲ ਅਗਲਾ ਦਏ ਦ੍ਰਿੜਾਈਆ । ਬੇਸ਼ਕ ਤੂੰ ਪੁਤਰ ਮੁਸਲਮਾਨ ਦਾ, ਫਿਰ ਵੀ ਮੁਸ਼ਕਲ ਤੇਰੀ ਹਲ ਕਰਾਈਆ । ਮੈਂ ਇਕੋ ਸੱਚੀ ਮੁਹੱਬਤ ਜਾਣਦਾ, ਜ਼ਾਤ ਪਾਤ ਵੰਡ ਨਾ ਕੋਈ ਵੰਡਾਈਆ । ਇਹੋ ਖੇਲ ਨਿਗਾਹਬਾਨ ਦਾ, ਵੇਖਣਹਾਰਾ ਥਾਉਂ ਥਾਈਂਆ । ਲਛਮਣ ਸਿਆਂ ਤੇਰਾ ਬਣਿਆ ਵਕਤ ਮਾਣ ਦਾ, ਭਗਵਨ ਦਏ ਵਡਿਆਈਆ । ਓਹ ਮਾਲਕ ਤੇਰੀ ਜਾਣਦਾ, ਜਾਣਕਾਰ ਹੋ ਕੇ ਵੇਖ ਵਖਾਈਆ । ਇਹ ਬੰਸ ਤੇਰਾ ਪ੍ਰੀਤੀ ਦੇ ਦਾਨ ਦਾ, ਪਿਆਰ ਪ੍ਰੇਮ ਝੋਲੀ ਤੇਰੀ ਭਰਾਈਆ । ਇਸ ਤੋਂ ਵੱਡਾ ਲੇਖਾ ਹੋਰ ਬਹੁਤਾ ਜਿਹੜਾ ਸਮਾਂ ਨਹੀਂ ਅਜੇ ਲਿਖਾਣ ਦਾ, ਹੌਲੀ ਹੌਲੀ ਸਾਰੇ ਪੂਰੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਵਾਸੀ ਹਰ ਘਟ ਜਾਣਦਾ, ਅਨਜਾਨਤ ਵੇਖੇ ਲੋਕਾਈਆ ।


੫੫੧

## ✻ ੧੧ ਚੇਤ ਸ਼ਹਿਨਸ਼ਾਹੀ ਸੰਮਤ ੧ ਜਗਤ ਸਿੰਘ ਦੇ ਘਰ ਧੰਘਾਲੀ ✻

ਗੋਬਿੰਦ ਜਿਸ ਵੇਲੇ ਪੁਸ਼ਕਰ ਬੌਹੜਾ, ਪੇਸ਼ਾਨੀ ਆਪਣੀ ਵੇਖ ਵਖਾਈਆ । ਇਸ ਦਾ ਜਨਮ ਸੀ ਘਰ ਰੋੜਾ, ਹਿੰਦੂ ਜ਼ਾਤੀ ਵਿਚ ਵਡਿਆਈਆ । ਮੁਸਲਮ ਮੁੰਡੇ ਨਾਲ ਸੀ ਜੋੜਾ, ਬੱਚਿਆਂ ਵਾਲੀ ਖੇਲ ਖਿਲਾਈਆ । ਇਹ ਕੁਛ ਕੰਨਾਂ ਤੋਂ ਹੁੰਦਾ ਸੀ ਢੋਰਾ, ਸੁਣਨ ਸ਼ਕਤੀ ਪੂਰੀ ਨਾ ਕੋਈ ਰਖਾਈਆ । ਓਧਰੋਂ ਨੌ ਕ਼ਦਮ ਕੰਢੇ ਤੋਂ ਪਿਛੇ ਆ ਗਿਆ ਘੋੜਾ, ਹਿਣ ਹਿਨਾਹਟ ਦਿਤਾ ਸੁਣਾਈਆ । ਇਸ ਓਸੇ ਵੇਲੇ ਹੱਟੀ ਵਿਚੋਂ ਦਾਣਾ ਕਢ ਕੇ ਥੋੜ੍ਹਾ, ਭੱਜ ਕੇ ਅਗੇ ਦਿਤਾ ਟਿਕਾਈਆ । ਗੋਬਿੰਦ ਕਿਹਾ ਇਹ ਕੀ ਕੀਤਾ ਛੋਹਰਾ, ਕਿਸ ਬਿਧ ਸੇਵਾ ਰਿਹਾ ਕਮਾਈਆ । ਲਖਮੀ ਕਿਹਾ ਮੇਰੇ ਅੰਦਰ ਆਇਆ ਇਕ ਹਨੇਰਾ, ਮੈਨੂੰ ਝਟ ਦਿਤਾ ਉਠਾਈਆ । ਨਾਲੇ ਹੱਥ ਵਿਚ ਫੜ ਕੇ ਨਾਲ ਕਾਗ਼ਜ਼ ਲੈ ਆਇਆ ਕੋਰਾ, ਕਾਲੀ ਸ਼ਾਹੀ ਵਾਲੀ ਦਵਾਤ ਨਾਲ ਉਠਾਈਆ । ਪਤਾ ਨਹੀਂ ਮੈਨੂੰ ਅੰਦਰੋਂ ਕੀ ਹੋ ਗਿਆ ਥੋਰਾ, ਕੌਣ ਖ਼ਬਰ ਰਿਹਾ ਸੁਣਾਈਆ । ਜਿਸ ਦੇ ਘੋੜੇ ਦਾ ਏਥੇ ਲੱਗਾ ਪੌੜਾ, ਇਹ ਪੌੜੇ ਦਏ ਚੜ੍ਹਾਈਆ । ਇਹ ਪਾਰ ਕਰਾ ਜਾਏ ਠੱਗਾਂ ਚੋਰਾਂ, ਜੋ ਚਲ ਆਏ ਸਰਨਾਈਆ । ਓਸ ਵੇਲੇ ਗੋਬਿੰਦ ਨੇ ਖ਼ੁਸ਼ੀ ਨਾਲ ਗਾਇਆ ਇਕ ਆਪਣਾ ਦੋਹਰਾ, ਦੋਹਰਫ਼ੀ ਦਿਤਾ ਸੁਣਾਈਆ । ਜਿਸ ਵੇਲੇ ਮੈਂ ਰਿਹਾ ਨਾ ਮੇਰਾ ਤੇਰਾ, ਤੇਰਾ ਲੇਖਾ ਦਿਆਂ ਚੁਕਾਈਆ । ਉਸ ਨੇ ਆਪਣਾ ਹੱਥ ਤਲੀ ਨਾਲ ਤਲੀ ਲਾ ਕੇ ਜੋੜਾ, ਉਂਗਲਾਂ ਖੁਲ੍ਹੀਆਂ ਰਿਹਾ ਵਖਾਈਆ । ਗੋਬਿੰਦ ਨੇ ਘੁੱਟ ਕੇ ਆਪਣੇ ਪੰਜੇ ਨਾਲ ਮਰੋੜਾ, ਸੋਹਣਾ ਮੇਲ ਦਿਤਾ ਮਿਲਾਈਆ । ਤੇਰਾ ਲਹਿਣਾ ਹੋ ਗਿਆ ਬੇ ਜ਼ੋਰਾ, ਦੇਣਾ ਮੇਰੀ ਬੇਪਰਵਾਹੀਆ । ਤੇਰਾ ਭਾਗ ਦਿਸੇ ਮਥੇਰਾ, ਮਿਥਿਆ ਜਗਤ ਲੋਕਾਈਆ । ਅੰਦਰੋਂ ਆਵਾਜ਼ ਦਿਤੀ ਓਸੇ ਘੋੜੇ ਜਿਸ ਉਤੇ ਅਸਵਾਰਾ, ਸ਼ਾਹ ਅਸਵਾਰ ਬੈਠਾ ਡੇਰਾ ਲਾਈਆ । ਆਸ਼ਾ ਕੀਤੀ ਗੋਬਿੰਦ ਇਸ ਦੇ ਨਾਲ ਆਪਣਾ ਬਣਾ ਲਏ ਜੋੜਾ, ਜੋੜੀ ਲੈ ਜੁੜਾਈਆ । ਓਨੇ ਚਿਰ ਨੂੰ ਫਿਰਦਾ ਮੁਸਲਮਾਨ ਮੁੰਡਾ ਆ ਗਿਆ ਦੌੜਾ, ਕ਼ਦਮਾਂ ਉਤੇ ਸੀਸ ਟਿਕਾਈਆ । ਨਾਲੇ ਵੇਖਿਆ ਤਕ ਕੇ ਗ਼ੌਰਾ, ਨੈਣ ਨੈਣਾਂ ਨਾਲ ਮਿਲਾਈਆ । ਗੋਬਿੰਦ ਸਾਡਾ ਦੋਹਾਂ ਦਾ ਬਣ ਵਿਚੋਲਾ, ਦੋਵੇਂ ਆਪਣੀ ਗੋਦ ਬਹਾਈਆ । ਗੋਬਿੰਦ ਕਿਹਾ ਇਸ ਵਿਚ ਥੋੜ੍ਹਾ ਪੜਦਾ ਥੋੜ੍ਹਾ ਓਹਲਾ, ਸਚ ਦਿਆਂ ਜਣਾਈਆ । ਤੁਹਾਨੂੰ ਇਕ ਵਾਰ ਛਡਣਾ ਪਏ ਚੋਲਾ, ਫਿਰ ਆਪੇ ਲਵਾਂ ਮਿਲਾਈਆ । ਇਸੇ ਤਰਾ ਵਸਾਵਾਂ ਕੋਲ ਕੋਲਾ, ਇਹ ਪੁਸ਼ਕਰ ਦਾ ਘਾਟ ਓਹ ਕੰਢੀ ਦਾ ਤਾਟ ਇਕੋ ਰੰਗ ਵਖਾਈਆ । ਓਹਨਾਂ ਪੁੱਛਿਆ ਕੀ ਸਾਡੀ ਹੋਵੇ ਜ਼ਾਤ, ਸਾਨੂੰ ਦੇ ਜਣਾਈਆ । ਗੋਬਿੰਦ ਕਿਹਾ ਮੈਂ ਜੱਟਾਂ ਦਾ ਜਾਟ, ਜੱਟ ਤੁਹਾਨੂੰ ਲਵਾਂ ਬਣਾਈਆ । ਨਾਲੇ ਲਿਖ ਦਿਤਾ ਕ਼ਲਮ ਦਵਾਤ, ਕਾਗ਼ਜ਼ ਚਿੱਟੇ ਉਤੇ ਚਿੱਟਾ ਦਿਤਾ ਪਾਈਆ । ਨਾਲ ਲੈ ਕੇ ਆਵਾਂ ਪੁਰਖ ਅਬਿਨਾਸ਼, ਤੁਹਾਨੂੰ ਦੇਵਾਂ ਤਰਾਈਆ । ਓਹ ਵਕ਼ਤ ਪੁੱਜਿਆ ਆਜ, ਇਸੇ ਕਰ ਕੇ ਅੰਦਰ ਵੜ ਕੇ ਦਿਤਾ ਹਿਲਾਈਆ । ਇਹ ਵੀ ਕੋਈ ਰਾਜ਼ ਖ਼ਾਸ, ਗੁਰ ਸਤਿਗੁਰ ਆਪ ਖੁਲ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਹੋ ਕੇ ਵਸਿਆ ਸਾਥ, ਘੜੀ ਘੜੀ ਪਲ ਪਲ ਗੁਰਮੁਖਾਂ ਲੇਖੇ ਰਿਹਾ ਚੁਕਾਈਆ ।

## ❊ ੧੧ ਚੇਤ ਸ਼ਹਿਨਸ਼ਾਹੀ ਸੰਮਤ ੧ ਕੁਲਵੰਤ ਸਿੰਘ ਦੇ ਘਰ ਪਿੰਡ ਧੰਘਾਲੀ ❊

ਜਿਸ ਵੇਲੇ ਗੋਬਿੰਦ ਪੁਸ਼ਕਰ ਘਾਟ ਦੇ ਗਿਆ ਖੁੰਜਾ, ਅਸਵ ਉਤੇ ਸੋਭਾ ਪਾਈਆ । ਅਗੋਂ ਮਿਲ ਪਿਆ ਇਕ ਗੂੰਗਾ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਓਹ ਦੂਰੋਂ ਵੇਖ ਕੇ ਜ਼ਿਮੀਂ ਤੇ ਹੋ ਗਿਆ ਮੂਧਾ, ਮੂੰਹ ਘੱਟੇ ਉਤੇ ਟਿਕਾਈਆ । ਮੈਨੂੰ ਐ ਦਿਸਦਾ ਜਿਵੇਂ ਤੂੰ ਮਾਲਕ ਮੇਰੇ ਰੂਹ ਦਾ, ਬੇਪਰਵਾਹ ਨਜ਼ਰੀ ਆਈਆ । ਮੇਰਾ ਵੇਖ ਖੇਲ ਲੂੰ ਲੂੰ ਦਾ, ਸਾਢੇ ਤਿੰਨ ਕਰੋੜ ਖ਼ੁਸ਼ੀ ਮਨਾਈਆ । ਮੈਂ ਖ਼ੁਸ਼ੀ ਹੋਇਆ ਦਰਸ਼ਨ ਕਰ ਕੇ ਪੂਰੇ ਗੁਰੂ ਦਾ, ਅੰਦਰ ਆਵਾਜ਼ ਦਿਤੀ ਸੁਣਾਈਆ । ਮੈਂ ਹੁਣ ਵੇਖਣਾ ਇਹ ਕਿਧਰ ਨੂੰ ਤੁਰੂਗਾ, ਆਪਣੀ ਵਾਗ ਭੁਵਾਈਆ । ਮੱਥੇ ਤੇ ਹੱਥ ਮਾਰ ਕੇ ਕਿਹਾ ਜੇ ਮੇਰਾ ਹੋਇਆ ਤੇ ਏਧਰ ਨੂੰ ਮੁੜੂਗਾ, ਜਾਣੀਜਾਣ ਦਇਆ ਕਮਾਈਆ । ਇਸ ਨੂੰ ਆਪੇ ਮੇਰਾ ਫੁਰਨਾ ਫੁਰੂਗਾ, ਮੁਰਦੇ ਰਿਹਾ ਜਵਾਈਆ । ਇਹ ਕੋਈ ਪੱਥਰ ਨਹੀਂ ਜਿਹੜਾ ਕਦੇ ਨਾ ਖੁਰੂਗਾ, ਮਿਹਰਾਂ ਦਾ ਮਾਲਕ ਨਜ਼ਰੀ ਆਈਆ । ਦਰਸ ਕਰ ਕੇ ਤੇਰਾ ਬੇੜਾ ਕਦੇ ਨਾ ਰੁੜ੍ਹੂਗਾ, ਰੁੜ੍ਹਦਿਆਂ ਪਾਰ ਲੰਘਾਈਆ । ਮੈਂ ਇਸੇ ਮੰਜ਼ਲ ਚੜ੍ਹੂੰਗਾ, ਜੋ ਚੜ੍ਹਦੀ ਕਲਾ ਰਿਹਾ ਵਖਾਈਆ । ਅੰਦਰੋਂ ਮਿੰਨਤ ਇਸੇ ਅਗੇ ਕਰੂੰਗਾ, ਕਿਰਪਾ ਕਰ ਮੇਰੇ ਗੁਸਾਈਆਂ । ਜੇ ਨਾ ਮੁੜਿਆ ਤੇ ਆਪਣੇ ਪਰਾਨ ਹਰੂੰਗਾ, ਜੀਵਣ ਦੀ ਲੋੜ ਰਹੀ ਨਾ ਰਾਈਆ । ਓਸੇ ਵੇਲੇ ਗੋਬਿੰਦ ਪਿਆਰ ਨਾਲ ਕਿਹਾ ਮੈਂ ਤੈਨੂੰ ਵਰੂੰਗਾ, ਛਾਤੀ ਲਿਆ ਲਗਾਈਆ । ਗੂੰਗੇ ਕਿਹਾ ਹੁਣ ਮੈਂ ਤਰੂੰਗਾ, ਤਾਰਨਹਾਰਾ ਹੋਇਆ ਸਹਾਈਆ । ਗੋਬਿੰਦ ਕਿਹਾ ਇਸ ਨਾਲੋਂ ਕਿਰਪਾ ਅਗੇ ਹੋਰ ਕਰੂੰਗਾ, ਪੁਰਖ ਅਕਾਲ ਜੋੜ ਜੁੜਾਈਆ । ਜਿਸ ਵੇਲੇ ਸ਼ਬਦੀ ਧਾਰ ਹੋ ਕੇ ਲੜੂੰਗਾ, ਮੁੜ ਆਪਣਾ ਰੰਗ ਵਖਾਈਆ । ਨਵੀਂ ਧਾਰ ਵਿਚ ਤਰੂੰਗਾ, ਤਰਲੇ ਮਿੰਨਤਾ ਨਾ ਫੇਰ ਕਰਾਈਆ । ਗ਼ਰੀਬ ਨਿਮਾਣਿਆਂ ਗ਼ਰੀਬ ਨਿਮਾਣਾ ਹੋ ਕੇ ਮਿਲੂੰਗਾ, ਆਪ ਆਪਣੀ ਗੋਦ ਉਠਾਈਆ । ਤੇਰਾ ਜਨਮ ਆਪਣੇ ਲੇਖੇ ਵਿਚ ਭਰੂੰਗਾ, ਜਿਸ ਵਿਚ ਭਰਤੀ ਭਗਤਾਂ ਦੀ ਲੈਣੀ ਕਰਾਈਆ । ਸਚ ਦਵਾਰੇ ਆ ਕੇ ਖੜੂੰਗਾ, ਖੇੜਾ ਦਿਆਂ ਸੁਹਾਈਆ । ਅੰਤਰ ਆਤਮ ਆ ਕੇ ਫੜੂੰਗਾ, ਬਾਂਹ ਦੇ ਬਦਲੇ ਜੋਤੀ ਸ਼ਬਦੀ ਰਮਜ਼ ਲਗਾਈਆ । ਬੱਚੇ ਕਿਹਾ ਅੰਦਰੋਂ ਕੀ ਹੁਣ ਮੈਂ ਮਰੂੰਗਾ, ਗੋਬਿੰਦ ਕਿਹਾ ਹਾਂ ਦੇਹ ਜਾਵੇਂ ਤਜਾਈਆ । ਓਸ ਕਿਹਾ ਕੀ ਫੇਰ ਮੈਂ ਜਮੂੰਗਾ, ਸਰਗੁਣ ਰੂਪ ਧਰਾਈਆ । ਗੋਬਿੰਦ ਕਿਹਾ ਤੂੰ ਜੰਮੇਂਗਾ ਨਹੀਂ ਜੰਮੂ ਵਿਚ ਰਹੇਂਗਾ, ਸਤਿ ਸ਼ਬਦ ਦਿਆਂ ਜਣਾਈਆ । ਤੇਰਾ ਬੇੜਾ ਓਹਨਾਂ ਦੇ ਨਾਲ ਬੰਨ੍ਹੂਗਾ, ਜੋ ਪਿਛੇ ਆਇਆ ਤਰਾਈਆ । ਕੁਲਵੰਤ ਸਿੰਘ ਏ ਓਸੇ ਦਾ ਮੇਲਾ ਜੋ ਮਾਲਕ ਤਨ ਮਨੂ ਦਾ, ਮਨਸਾ ਸਭ ਦੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਿਕਾਰੀ ਗੜ੍ਹ ਭਨੂੰਗਾ, ਮਾਰਗ ਸੱਚਾ ਇਕ ਵਖਾਈਆ ।


੫੫੩

## ❊ ੧੧ ਚੇਤ ਸ਼ਹਿਨਸ਼ਾਹੀ ਸੰਮਤ ੧ ਸੋਭਾ ਸਿੰਘ, ਜੀਵਣ ਸਿੰਘ ਦੇ ਘਰ ਪਿੰਡ ਮੋਇਲ ❊

ਜੀਵਣ ਸਿੰਘ ਤਲਵੰਡੀ ਭੋਏ ਸੀ ਤੇਰਾ ਜਨਮ, ਪਿਛਲਾ ਲੇਖਾ ਦਿਆਂ ਸਮਝਾਈਆ । ਤੇਰਾ ਕਰਨੀ ਦਾ ਸੀ ਕਰਮ, ਢੋਰਾਂ ਖੱਲ ਲੁਹਾਈਆ । ਇਕ ਦਿਨ ਤੂੰ ਸਹਿਕਦੇ ਦਾ ਲਾਹੁੰਦਾ ਸੈਂ ਚਰਮ, ਛੁਰੀ ਤਿੱਖੀ ਦਿਤੀ ਚਲਾਈਆ । ਓਸ ਨੇ ਅੰਦਰੋਂ ਕਿਹਾ ਤੈਨੂੰ ਕੋਈ ਨਹੀਂ ਦਰਦ ਮਹਿਰਮ, ਬਿਨ

ਮਰਿਆਂ ਮਾਰ ਮੁਕਾਈਆ । ਓਸ ਚੋਖਰ ਦੇ ਨਾਲ ਚਾਰੇ ਉਤੇ ਤੋਂ ਚਰਨ, ਚੌਹਾਂ ਕੂਟਾਂ ਦੇਣ ਦੁਹਾਈਆ । ਪ੍ਰਭੂ ਮੈਂ ਕਿਹੜੀ ਕੀਤੀ ਦੀ ਕਰਨੀ ਲੱਗਾ ਭਰਨ, ਮੈਨੂੰ ਦਿਓ ਸਮਝਾਈਆ । ਮਰਨ ਤੋਂ ਪਹਿਲੋਂ ਇਹ ਚੁਮਿਆਰ ਮੈਨੂੰ ਚੀਰ ਫਾੜ ਕੇ ਟੁਕੜੇ ਲੱਗਾ ਕਰਨ, ਆਪਣਾ ਜ਼ੋਰ ਲਗਾਈਆ । ਮੇਰੀ ਬੇਨੰਤੀ ਸੁਣ ਮੈਂ ਮੰਗੀ ਤੇਰੀ ਸਰਨ, ਸਰਨਗਤ ਇਕ ਜਣਾਈਆ । ਏਨੇ ਚਿਰ ਨੂੰ ਮਰਦਾਨੇ ਨਾਲ ਨਾਨਕ ਓਥੇ ਤਰਨੀ ਤਰਨ, ਮਰਦਾਨੇ ਤੰਦ ਸਤਾਰ ਦਿਤੀ ਵਜਾਈਆ । ਨਾਨਕ ਨਿਰੰਕਾਰ ਨਿਰੰਕਾਰ ਨਿਰੰਕਾਰ ਲੱਗਾ ਪੜ੍ਹਨ, ਪੜ੍ਹਦਿਆਂ ਪੜ੍ਹਦਿਆਂ ਓਸ ਜਲਾਦ ਦੀ ਦਲੀਲ ਦਿਤੀ ਬਦਲਾਈਆ । ਓਹ ਉਸੇ ਦੇ ਉਤੇ ਰਹਿਮ ਲੱਗਾ ਕਰਨ, ਜਿਸ ਦੇ ਉਤੇ ਚਰਨ ਰਿਹਾ ਟਿਕਾਈਆ । ਓਸ ਦਾ ਇਕ ਹੋਰ ਸੀ ਸਾਥੀ ਜਿਹੜਾ ਸਿੰਗਾਂ ਤੋਂ ਲੱਗਾ ਸੀ ਫੜਨ, ਪੈਰ ਗਰਦਨ ਉਤੇ ਟਿਕਾਈਆ । ਓਧਰੋਂ ਇਕ ਭੱਜਾ ਆ ਗਿਆ ਹਰਨ, ਚੌਕੜੀਆਂ ਰਿਹਾ ਲਗਾਈਆ । ਜਿਸ ਨੂੰ ਪਿੱਛੇ ਸ਼ਿਕਾਰੀ ਲੱਗੇ ਸੀ ਫੜਨ, ਨੱਠਿਆ ਵਾਹੋ ਦਾਹੀਆ । ਨੇੜੇ ਆ ਕੇ ਮਰਦਾਨੇ ਦੀ ਸਤਾਰ ਤੇ ਨਾਨਕ ਦਾ ਨਾਮ ਸੁਣ ਕੇ ਓਹਦਾ ਖੁਲ੍ਹ ਗਿਆ ਹਰਨ ਫਰਨ, ਨੇਤਰ ਲਿਆ ਉਘੜਾਈਆ । ਸਿੱਧਾ ਆ ਕੇ ਡਿੱਗਾ ਚਰਨ, ਧੂੜੀ ਖ਼ਾਕ ਰਮਾਈਆ । ਅੰਦਰੋਂ ਕਿਹਾ ਮੈਨੂੰ ਛੇਤੀ ਜੀਣ ਨਾਲੋਂ ਚੰਗਾ ਮਰਨ, ਜੇ ਨਾਨਕ ਲਏ ਬਚਾਈਆ । ਓਦਰੋਂ ਖੱਲ ਲੌਹਣ ਵਾਲੇ ਨੂੰ ਵੇਖ ਕੇ ਆ ਗਈ ਸ਼ਰਮ, ਆਪਣਾ ਧਿਆਨ ਲਿਆ ਬਦਲਾਈਆ । ਇਹ ਕੌਣ ਜਿਹੜਾ ਆਇਆ ਸੁਣੌਣ ਗੌਣ ਇਕ ਜਾਨਵਰ ਲੱਗਾ ਸਰਨ, ਉਠ ਸਿੰਗਾਂ ਫੜਨ ਵਾਲਿਆਂ ਅਸੀਂ ਵੀ ਕੁਝ ਕਰ ਲਈਏ ਪਰਨ, ਚਰਨ ਇਸ ਦੇ ਸੀਸ ਨਿਵਾਈਆ । ਨਾਲੇ ਅੰਦਰੋਂ ਲੱਗੇ ਡਰਨ, ਓਹਨਾਂ ਦਾ ਪਾਪ ਰਿਹਾ ਕੰਬਾਈਆ । ਓਸ ਚੋਖਰ ਦੇ ਚਾਰੇ ਪਾਉਂ ਉਤੋਂ ਜ਼ਮੀਨ ਵੱਲੇ ਲੱਗੇ ਮੁੜਨ, ਪਾਸਾ ਗਏ ਬਦਲਾਈਆ ।

੫੫੪
ਓਧਰੋਂ ਨਾਨਕ ਬੋਲਿਆ ਤੂੰ ਕਰਤਾ ਕਰਨੀ ਕਰਨ, ਇਹ ਤੇਰੀ ਬੇਪਰਵਾਹੀਆ । ਨਾਲੇ ਕਿਹਾ ਹਰਨਾ ਜੀਓਣਾ ਚੰਗਾ ਕੇ ਮਰਨ, ਜੇ ਮਰਨਾ ਈਂ ਤੇਰਾ ਲੇਖਾ ਦਿਆਂ ਮੁਕਾਈਆ । ਓਸੇ ਵੇਲੇ ਰੂਹ ਬੁਤ ਵਿਛੋੜਾ ਕਰ ਕੇ ਆਕਾਸ਼ਾਂ ਤੋਂ ਓਤੇ ਲੱਗੀ ਚੜ੍ਹਨ, ਆਪਣਾ ਆਪ ਗਈ ਮਿਟਾਈਆ । ਢੋਰ ਦੀ ਖੱਲ ਲੌਹਣ ਵਾਲਾ ਆਪਣੇ ਕੰਨ ਲੱਗਾ ਫੜਨ, ਹਾਏ ਹਾਏ ਕਰ ਸੁਣਾਈਆ । ਸਿੰਗਾ ਫੜਨ ਵਾਲਾ ਟੱਕਰਾਂ ਲੱਗਾ ਮਾਰਨ, ਮੱਥਾ ਜ਼ਿਮੀਂ ਉਤੇ ਟਿਕਾਈਆ । ਮਰਦਾਨਾ ਰਬਾਬ ਦੀ ਸਤਾਰ ਨੂੰ ਖਿੱਚ ਕੇ ਹੋਰ ਲੱਗਾ ਕਰਨ ਸਰਨ ਸਰਨ, ਸਰਨਾਗਤ ਇਕ ਸਮਝਾਈਆ । ਨਾਨਕ ਤੂੰ ਹੀ ਤੂੰ ਹੀ ਲੱਗਾ ਪੜ੍ਹਨ, ਪਰਦਾ ਦਿਤਾ ਉਠਾਈਆ । ਸੁਰੰਗੀ ਨੇ ਕੀਤਾ ਬਚਨ, ਸੁਰੰਗੇ ਵਾਲੀ ਗੱਲ ਪਿਛਲੀ ਯਾਦ ਆਈਆ । ਜੋ ਤ੍ਰੇਤੇ ਦਾ ਸੀ ਸੰਗਣ, ਕਲਜੁਗ ਯਾਦ ਕਰਾਈਆ । ਨਾਨਕ ਆਪਣੇ ਪ੍ਰੇਮ ਦੀ ਪ੍ਰੇਮ ਵਿਚ ਲਿਆ ਕੇ ਰੰਗਣ, ਰੰਗ ਰਤਾ ਰੂਪ ਵਟਾਈਆ । ਓਹ ਦੋਵੇਂ ਭੈ ਵਿਚ ਲੱਗੇ ਕੁਛ ਮੰਗਣ, ਆਪਣੀ ਨੀਤ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਾਨਕ ਪੁੱਛਿਆ ਤੁਹਾਡਾ ਕੀ ਕਰਮ, ਮੈਨੂੰ ਦਿਓ ਜਣਾਈਆ । ਓਹਨਾਂ ਆਖਿਆ ਅਸੀਂ ਢੋਰਾਂ ਦੇ ਲਾਹੁੰਦੇ ਚਰਮ, ਇਹੋ ਸਾਡੀ ਵਡਿਆਈਆ । ਮਰਦਾਨੇ ਕਿਹਾ ਹੁਣ ਕੀ ਪਿਆ ਭਰਮ, ਛਡ ਕੇ ਭੱਜੇ ਵਾਹੋ ਦਾਹੀਆ । ਓਹਨਾਂ ਆਖਿਆ ਅਸੀਂ ਹਿਰਨ ਦਾ ਵੇਖ ਇਲਮ, ਆਪਣੀ ਮਤਿ ਗਵਾਈਆ । ਸਾਨੂੰ ਭੁਲ ਗਈ ਹੁੱਕੇ ਵਿਚ ਭਰਨ ਵਾਲੀ ਚਿਲਮ, ਚਿਮਟਾ ਹੱਥ ਨਾ ਕੋਈ ਉਠਾਈਆ । ਅਸੀਂ ਭੁਲ ਗਏ ਟਕੇ ਗਿਣਨ, ਗਿਣਤੀ ਦਿਤੀ ਭੁਲਾਈਆ । ਅਸੀਂ ਰਾਹੀ ਸਮਝ ਕੇ ਤੁਹਾਨੂੰ ਆ ਗਏ ਮਿਲਣ, ਥੋੜ੍ਹਾ ਆਪਣਾ ਹਰਜ ਕਰਾਈਆ । ਮਰਦਾਨੇ ਕਿਹਾ ਮਿਲਣ ਆਏ ਕਿ ਕਰਮਾਂ ਵਿਚੋਂ ਨਿਕਲਣ,

ਇਹ ਕੂੜਿਆਂ ਰਿਹਾ ਤਰਾਈਆ । ਤੁਸੀਂ ਨਹੀਂ ਜਾਣਦੇ ਇਹ ਸ੍ਰਿਸ਼ਟੀ ਬਾਜ਼ੀ ਤਿਲਕਣ, ਪੈਰ ਸੰਭਲ ਨਾ ਕੋਈ ਟਿਕਾਈਆ । ਓਧਰੋਂ ਓਹ ਢੋਰ ਲੱਗਾ ਵਿਲਕਣ, ਕੂਕ ਕੂਕ ਸੁਣਾਈਆ । ਦੁਖੀਆਂ ਦੇ ਮਿਤਰ, ਨਾਨਕ ਮੇਰੀ ਦੇ ਗਵਾਹੀਆ । ਮੈਨੂੰ ਜੀਉਂਦੇ ਨੂੰ ਮਾਰ ਕੇ ਮੇਰੇ ਚਮੜੇ ਦੇ ਬਣੌਣੇ ਛਿੱਤਰ, ਟਕੇ ਟਕੇ ਘਰ ਘਰ ਵਿਚ ਵਿਕਾਈਆ । ਜੇ ਤੂੰ ਖ਼ੁਦਾ ਦਾ ਨੂਰ ਆਪਣੇ ਨੂਰ ਵਿਚੋਂ ਨਿਕਲ, ਮੈਨੂੰ ਲੈ ਬਚਾਈਆ । ਜੇ ਝੂਠਾ ਮੁਲੱਮਾ ਪਿੱਤਲ, ਭਜ ਜਾ ਵਾਹੋ ਦਾਹੀਆ । ਨਾਨਕ ਕਿਹਾ ਥੋੜ੍ਹਾ ਕਰ ਸਿਦਕ, ਭਰੋਸਾ ਦਿਆਂ ਵਖਾਈਆ । ਜਿਨ੍ਹਾਂ ਤੇਰੇ ਨਾਲ ਕੀਤੀ ਇਲਤ, ਪਹਿਲੋਂ ਏਹਨਾਂ ਨੂੰ ਲਵਾਂ ਸਮਝਾਈਆ । ਫੇਰ ਤੇਰੀ ਕੱਟਾਂ ਦਿੱਕਤ, ਦੁਖੀਆਂ ਦਰਦ ਵੰਡਾਈਆ । ਗ਼ਰੀਬਾਂ ਨੂੰ ਤਾਰਨਾ ਮੈਨੂੰ ਲੱਗਾ ਇਸ਼ਕ, ਇਸੇ ਕਰ ਕੇ ਵੇਸ ਗ਼ਰੀਬਾਂ ਵਾਲਾ ਵਟਾਈਆ । ਢੋਰ ਨੇ ਕਿਹਾ ਕਿਤੇ ਲਾਰਾ ਲਾ ਨਾ ਜਾਵੀਂ ਖ਼ਿਸਕ, ਆਪਣਾ ਮੁਖ ਭੁਆਈਆ । ਜੇ ਮੇਰੇ ਉਤੇ ਪਾ ਜਾਏਂ ਆਪਣੀ ਦ੍ਰਿਸ਼ਟ, ਦ੍ਰਿਸ਼ਟੀ ਨਾਲ ਤਰਾਈਆ । ਨਾਨਕ ਨੇ ਹਿਸਾਬ ਵੇਖਿਆ ਓਸ ਦਾ ਲੇਖਾ ਨਾਲ ਨਜ਼ਰੀ ਆਇਆ ਤ੍ਰੇਤੇ ਜੁਗ ਵਿਚ ਵਸ਼ਿਸ਼ਟ, ਜੋ ਸੇਵਾ ਕਰਦਾ ਓਸ ਦੀ ਮਿਰਗਛਾਲਾ ਗਿਆ ਚੁਰਾਈਆ । ਜਿਸ ਉਤੇ ਬਹਿ ਕੇ ਓਹ ਛਡਦਾ ਸੀ ਸਵਰਗ ਬਹਿਸ਼ਤ, ਆਪ ਆਪਣਾ ਪਰਮਾਤਮਾ ਵਿਚ ਸਮਾਈਆ । ਇਕ ਦਿਨ ਓਸ ਨੇ ਓਹ ਮਿਰਗਸ਼ਾਲਾ ਆਪਣੇ ਬਿਸਤਰੇ ਉਤੇ ਵਿਛਾ ਕੇ ਭੋਗਿਆ ਸੀ ਗ੍ਰਿਹਿਸਤ, ਓਸੇ ਦੀ ਨਵਿਤ ਇਹ ਸਜ਼ਾ ਰਿਹਾ ਪਾਈਆ । ਨਾਨਕ ਸੋਚ ਵਿਚ ਕੁਛ ਕਰਨ ਲੱਗਾ ਹਿਕਮਤ, ਆਪਣਾ ਧਿਆਨ ਲਗਾਈਆ । ਮਰਦਾਨੇ ਕਿਹਾ ਤੂੰ ਸੋਚਦਾ ਕੀ ਏਂ ਬਦਲ ਦੇ ਕਿਸਮਤ, ਪਤਿਤ ਪਾਪੀਆਂ ਪਾਰ ਕਰਾਈਆ । ਨਾਨਕ ਓਸੇ ਵੇਲੇ ਕਰ ਕੇ ਰਹਿਮਤ, ਉਹਦੀ ਲੱਥੀ ਖੱਲ ਓਸੇ ਨਾਲ ਜੁੜਾਈਆ । ਓਸ ਛੁਰੀ ਵਾਲੇ ਦੀ ਓਸੇ ਦੇ ਕੋਲ ਰਹਿ ਗਈ ਸੀ ਤਹਿਮਤ, ਓਹ ਉਠਾ ਕੇ ਨਾਨਕ ਨੇ ਸਿੰਗਾਂ ਉਤੇ ਟਿਕਾਈਆ । ਤੇਰੀ ਕੱਟੀ ਗਈ ਜ਼ਹਿਮਤ, ਜਮਾਂ ਤੋਂ ਲਿਆ ਬਚਾਈਆ । ਓਸ ਢੋਰ ਨੇ ਨੇੜੇ ਆ ਕੇ ਕਿਹਾ ਮੈਂ ਇਹਨਾਂ ਕਸਾਈਆ ਦੇ ਨਾਲ ਸਹਿਮਤ, ਇਹਨਾਂ ਨੂੰ ਦੇ ਤਰਾਈਆ । ਜੇ ਮੈਨੂੰ ਜੀਉਂਦੇ ਨੂੰ ਚੁੱਕਕੇ ਨਾ ਲਿਔਂਦੇ ਅਹਿਮਕ, ਕਿਵੇਂ ਤੇਰਾ ਦਰਸ਼ਨ ਪਾਈਆ । ਜਿਹੜਾ ਇਹਨਾਂ ਚੁਕ ਕੇ ਲਿਆਂਦਾ ਇਨ੍ਹਾਂ ਦੀ ਮਜ਼ਦੂਰੀ ਦੇ ਦੇ ਕ਼ੀਮਤ, ਮਿਹਰ ਨਜ਼ਰ ਇਹਨਾਂ ਉਤੇ ਟਿਕਾਈਆ । ਨਾਨਕ ਕਿਹਾ ਹੁਣ ਇਹਨਾਂ ਉਤੇ ਔਣੀ ਕ਼ਿਆਮਤ, ਮਾਨਸ ਜਨਮ ਦੇਣ ਤਜਾਈਆ । ਅਗੇ ਪ੍ਰਭ ਦੀ ਬਣਾ ਕੇ ਅਮਾਨਤ, ਕੋਈ ਸਮਾਂ ਆਪਣੇ ਵਿਚ ਛੁਪਾਈਆ । ਅਮਾਨਤ ਵਿਚ ਕਰਾਂ ਨਾ ਖ਼ਿਆਨਤ, ਸਹੀ ਸਲਾਮਤ ਗੋਬਿੰਦ ਹੱਥ ਫੜਾਈਆ । ਮਾਨਸ ਵਿਚੋਂ ਮਾਨਸ ਮਨੁਖ ਜਾਮਾ ਮਿਲੇ ਇਨਸਾਨਤ, ਪੰਜਾਂ ਤੱਤਾਂ ਰੰਗ ਰੰਗਾਈਆ । ਜਿਸ ਵੇਲੇ ਪੁਰਖ ਅਕਾਲ ਲੋਕਮਾਤ ਆਵੇ ਕੂੜੀ ਕਿਰਿਆ ਮੇਟਣ ਅਦਾਵਤ, ਅਦਲ ਧੁਰ ਦਾ ਸਚ ਕਮਾਈਆ । ਓਸ ਵੇਲੇ ਮੈਂ ਮਿੰਨਤ ਨਾਲ ਕਹਵਾਂ ਪ੍ਰਭੂ ਇਹਨਾਂ ਉਤੇ ਕਰ ਜਾ ਸਖ਼ਾਵਤ, ਮਿਹਰ ਨਜ਼ਰ ਇਕ ਉਠਾਈਆ । ਓਹਨਾਂ ਦੋਹਾਂ ਦੀ ਸੋਭਾ ਸਿੰਘ ਤੇ ਜੀਵਣ ਸਿੰਘ ਬਨਾਵਟ, ਚੋਲੇ ਤੱਤਾਂ ਵਾਲੇ ਹੰਢਾਈਆ । ਗੋਬਿੰਦ ਧਾਰ ਹੋ ਕੇ ਦਏ ਜ਼ਮਾਨਤ, ਮਚਲਕਾ ਆਪਣਾ ਆਪ ਭਰਾਈਆ । ਇਕੋ ਵਾਰੀ ਇਕੋ ਵੇਲੇ ਦੇ ਕੇ ਸ਼ਹਾਦਤ, ਸਚ ਅਦਾਲਤ ਵਿਚੋਂ ਸਾਫ਼ ਬਰੀ ਦਏ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਗੇ ਬਖ਼ਸ਼ ਕੇ ਚਰਨ ਪ੍ਰੀਤੀ ਨਿਆਮਤ, ਨਿੰਮ ਵਾਲੀ ਕੜਵੀ ਧਾਰ ਅੰਮ੍ਰਿਤ ਰੂਪ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜਨਮ ਕਰਮ ਦਾ ਲਹਿਣਾ ਲੇਖੇ ਥਾਉਂ ਥਾਈਂ ਰਿਹਾ ਚੁਕਾਈਆ ।

### ❊ ੧੧ ਚੇਤ ਸ਼ਹਿਨਸ਼ਾਹੀ ਸੰਮਤ ੧ ਪ੍ਰੇਮੋ ਦੇਵੀ ਦੇ ਘਰ ਪਿੰਡ ਧਿੰਗਾਲੀ ❊

ਗੁਰਮੁਖ ਗੁਰ ਗੁਰ ਪਾਰ ਕਰ, ਸਤਿਗੁਰ ਦੇਵਣਹਾਰ ਸਰਨਾਈਆ । ਜਨਮ ਜਨਮ ਦਾ ਲੇਖਾ ਹਰ, ਹਰਿ ਕੀ ਪੌੜੀ ਦਏ ਚੜ੍ਹਾਈਆ । ਪ੍ਰੇਮ ਪ੍ਰੀਤੀ ਬੰਧਾ ਲੜ, ਲੇਖਾ ਅਗਲਾ ਦਏ ਚੁਕਾਈਆ । ਸਤਿ ਧਰਮ ਦੀ ਲਾ ਕੇ ਜੜ੍ਹ, ਕੂੜੀ ਕਿਰਿਆ ਦਏ ਉਖੜਾਈਆ । ਮਾਣ ਦਵਾ ਕੇ ਸੀਸ ਧੜ, ਆਤਮ ਪਰਮਾਤਮ ਰੰਗ ਵਖਾਈਆ । ਸ਼ੌਹ ਦਰਿਆਏ ਬੇੜਾ ਬੰਨ੍ਹ, ਜਗਤ ਜਹਾਨੋਂ ਪਾਰ ਲੰਘਾਈਆ । ਲੇਖੇ ਲਾ ਕੇ ਮਾਟੀ ਤਨ, ਨਿਰਗੁਣ ਸਰਗੁਣ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰਮੁਖ ਤਾਰ ਕੇ ਸੰਗੀ ਸਾਥੀ, ਸਗਲਾ ਸੰਗ ਨਿਭਾਈਆ । ਜਿਨ੍ਹਾਂ ਮੰਨੀ ਧੁਰ ਦੀ ਆਖੀ, ਆਖ਼ਰ ਲੇਖੇ ਰਿਹਾ ਮੁਕਾਈਆ । ਲਹਿਣਾ ਕੋਈ ਨਾ ਰਿਹਾ ਬਾਕੀ, ਦੇ ਦੇ ਝੋਲੀ ਸਰਬ ਭਰਾਈਆ । ਜਨਮ ਕਰਮ ਦੀ ਕਟ ਦੇ ਵਾਟੀ, ਕਟਾਕਸ਼ ਤੀਰ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਤਾਰਨ ਕੋ ਹਰਿ ਸਵਾਮੀ ਆਇਆ, ਕਰਤਾ ਗਹਿਰ ਗੰਭੀਰ । ਮੇਟਣਹਾਰਾ ਕੂੜੀ ਮਾਇਆ, ਸ਼ਾਂਤ ਕਰੇ ਸ਼ਰੀਰ । ਆਦਿ ਜੁਗਾਦਿ ਦਾਈ ਦਾਇਆ, ਬਖ਼ਸ਼ਣਹਾਰਾ ਸਾਚੀ ਧੀਰ । ਜੁਗ ਚੌਕੜੀ ਜਿਸ ਖੇਲ ਰਚਾਇਆ, ਸੋ ਵੇਖਣਹਾਰਾ ਗਹਿਰ ਗੰਭੀਰ । ਲੱਖ ਚੁਰਾਸੀ ਜੀਵ ਜੰਤ ਖੋਜ ਖੁਜਾਇਆ, ਬਦਲਣਹਾਰ ਸਦਾ ਤਕ਼ਦੀਰ । ਸ਼ਬਦ ਅਗੰਮੀ ਨਾਦ ਧੁਨ ਅਨਰਾਗੀ ਰਾਗ ਬੋਲਣ ਆਇਆ, ਢੋਲਾ ਸੁਣਾਏ ਬੇਨਜ਼ੀਰ । ਜਗ ਵਿਛੜੇ ਜਨਮ ਮੇਲਣ ਆਇਆ, ਤਨ ਮਨ ਕਾਇਆ ਬਦਲ ਦੇਵੇ ਤਸੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਚੁਕਾਏ ਅੰਤ ਅਖ਼ੀਰ । ਤਾਰਨਹਾਰ ਸਰਬ ਕਲਾ ਸਮਰਥਾ, ਪੁਰਖ ਅਗੰਮ ਵੱਡੀ ਵਡਿਆਈਆ । ਆਪਣਾ ਖੇਲ ਵਖਾਏ ਨੇਤਰ ਲੋਚਣ ਨੈਣ ਅੱਖਾਂ, ਪਰਤਖ ਰੂਪ ਗੁਸਾਈਆ । ਸੰਤ ਸੁਹੇਲਾ ਮੀਤ ਮੁਰਾਰ ਸੱਜਣ ਬਣੇ ਸਕਾ, ਸਖ਼ਾਈ ਇਕੋ ਸ਼ਹਿਨਸ਼ਾਹੀਆ । ਭਗਤ ਉਧਾਰਦਿਆਂ ਪੈਜ ਸਵਾਰਦਿਆਂ ਕਦੇ ਨਾ ਥੱਕਾ, ਥਕਾਵਟ ਸਭ ਦੀ ਦੂਰ ਕਰਾਈਆ । ਪੂਰਬ ਜਨਮ ਕਰਮ ਜਿਨ੍ਹਾਂ ਨੂੰ ਲਿਖ ਕੇ ਦੇ ਗਿਆ ਪਟਾ, ਤਿਨ੍ਹਾਂ ਦਾ ਹਿਸਾ ਰਿਹਾ ਵੰਡਾਈਆ । ਲੇਖਾ ਲਾ ਕੇ ਪੱਥਰ ਇੱਟਾਂ, ਰੋੜਾ ਕੰਕਰ ਵੇਖ ਵਖਾਈਆ । ਜਨਮ ਜਨਮ ਦਾ ਕੱਢਣਹਾਰਾ ਸਿੱਟਾ, ਸੀਟੀ ਮਾਰ ਕੇ ਸੁੱਤਿਆਂ ਲਏ ਜਗਾਈਆ । ਸੁਣਨ ਨੂੰ ਵਡਾ ਵੇਖਣ ਨੂੰ ਨਿੱਕਾ, ਨਿੱਕਿਆਂ ਵਿਚੋਂ ਨਿੱਕਾ ਇਸੇ ਕਰ ਕੇ ਨਜ਼ਰ ਕਿਸੇ ਨਾ ਆਈਆ । ਵੱਡਿਆਂ ਵਿਚੋਂ ਵੱਡਾ ਸਭ ਦਾ ਪਿਤਾ, ਮਾਲਕ ਬੇਪਰਵਾਹੀਆ । ਜਿਨ੍ਹਾਂ ਨੂੰ ਆਪਣਾ ਯਾਦ ਨਹੀਂ ਪਿਛਾ, ਓਹਨਾਂ ਦੇ ਫ਼ੈਸਲੇ ਰਿਹਾ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖਾ ਜਾਣੇ ਗੋਬਿੰਦ ਵੇਲੇ ਜਿਹੜਾ ਇਹ ਪਰਸ਼ਾਦ ਖਾਧਾ ਸੀ ਰਿੱਛਾ, ਓਸੇ ਦੀ ਇੱਛਾ ਮਿਲ ਗਈ ਭਿੱਛਾ ਮਾਨਸ ਦੇਹੀ ਮਨੁੱਖਾ, ਪ੍ਰੇਮ ਦਾ ਭੁੱਖਾ ਜਗਤ ਦਾ ਦੁੱਖਾ, ਪਿਓ ਦਾ ਪੁੱਤਾ ਗੋਦੀ ਵਿਚ ਸੁੱਤਾ, ਮਾਲਕ ਨਾ ਰੁੱਸਾ ਮਿਹਰਵਾਨ ਹੋ ਕੇ ਤੁੱਠਾ, ਗ਼ਰੀਬਾਂ ਗਲੇ ਲਗਾਈਆ ।

## ✻ ੧੧ ਚੇਤ ਸ਼ਹਿਨਸ਼ਾਹੀ ਸੰਮਤ ੧ ਮਾਈ ਗੁਰੀ ਦੇ ਘਰ ਧੰਘਾਲੀ ✻

ਵਕਤ ਕਹੇ ਗੁਰਮੁਖੋ ਸੋਹਣਾ ਵੇਲਾ ਸਰਨ ਦਾ, ਥਿਤ ਵਾਰ ਘੜੀ ਪਲ ਮਿਲੇ ਵਡਿਆਈਆ। ਵੇਲਾ ਆ ਗਿਆ ਜੀਵਦਿਆਂ ਹੀ ਮਰਨ ਦਾ, ਜੀਵਣ ਸਤਿਗੁਰ ਝੋਲੀ ਪਾਈਆ। ਟਾਇਮ ਆ ਗਿਆ ਮੰਜ਼ਲ ਚੜ੍ਹਨ ਦਾ, ਚੜ੍ਹਨਾ ਚਾਈਂ ਚਾਈਆ। ਸਮਾਂ ਸੁਹਾ ਰਿਹਾ ਕਰਨੀ ਕਰਨ ਦਾ, ਕਰਤਾ ਪੁਰਖ ਕਰਨੀ ਰਿਹਾ ਕਮਾਈਆ। ਮਜ਼ਾ ਰਸ ਪ੍ਰੇਮ ਲੈ ਲਓ ਓਸ ਦੇ ਚਰਨ ਦਾ, ਜੋ ਚਰਨਾਂ ਤੋਂ ਵਿਛੜਿਆਂ ਰਿਹਾ ਮਿਲਾਈਆ। ਹੁਣ ਵੇਲਾ ਨਹੀਂ ਹੰਕਾਰ ਵਿਚ ਅੜਨ ਦਾ, ਮਨ ਮਤਿ ਬੁਧਿ ਚਲੇ ਨਾ ਕੋਇ ਚੁਤਰਾਈਆ। ਸਮਾਂ ਸੋਹਣਾ ਨਿਰਭੈ ਕੋਲੋਂ ਡਰਨ ਦਾ, ਭੈ ਝੂਠਾ ਦੇਣਾ ਚੁਕਾਈਆ। ਸੋਹਣਾ ਰੰਗ ਸਚ ਦਵਾਰੇ ਵੜਨ ਦਾ, ਕੁੰਡਾ ਲੈਣਾ ਖੁਲ੍ਹਾਈਆ। ਵੇਲਾ ਨਹੀਂ ਕੂੜੀ ਕਿਰਿਆ ਵਿਚ ਹੜ੍ਹਨ ਦਾ, ਬੇੜਾ ਲਓ ਤਰਾਈਆ। ਵਕਤ ਨਹੀਂ ਇਕ ਦੂਜੇ ਗੁਰਮੁਖ ਨੂੰ ਵੇਖ ਕੇ ਜਲਣ ਦਾ, ਪ੍ਰੇਮ ਪ੍ਰੀਤੀ ਲਓ ਬਣਾਈਆ। ਵਕਤ ਆ ਗਿਆ ਬੇੜਾ ਬੰਨ੍ਹਣ ਦਾ, ਤਿਨਕੇ ਕੱਠੇ ਲਓ ਕਰਾਈਆ। ਜਗਤ ਵਿਹਾਰ ਸਦਾ ਚਲਦਾ ਰਹਿੰਦਾ ਖਾਣ ਪੀਣ ਰਿੰਨ੍ਹਣ ਦਾ, ਆਤਮ ਪਰਮਾਤਮ ਜੋੜ ਨਾ ਕੋਈ ਜੁੜਾਈਆ। ਤੀਰ ਮਾਰੇ ਨਾ ਕੋਈ ਅੰਦਰ ਵਿੰਨ੍ਹਣ ਦਾ, ਸ਼ਬਦੀ ਰੂਪ ਨਾ ਕੋਈ ਵਖਾਈਆ। ਹੁਣ ਵੇਲਾ ਨਹੀਂ ਘੜੀਆਂ ਪਲ ਗਿਣਨ ਦਾ, ਗਿਣਤੀ ਪਿਛਲੀ ਦਿਓ ਭੁਲਾਈਆ। ਹੁਣ ਸਮਾਂ ਨਹੀਂ ਬੱਚੇ ਨੀਹਾਂ ਵਿਚ ਚਿਣਨ ਦਾ, ਬੱਚਿਆਂ ਨੂੰ ਆਪਣੀ ਗੋਦ ਉਠਾਈਆ । ਹੁਣ ਕੋਈ ਪੈਮਾਨਾ ਨਹੀਂ ਲੈ ਕੇ ਆਇਆ ਤੋਲਣ ਮਿਨਣ ਦਾ, ਬੇਪਰਵਾਹੀ ਵਿਚ ਪਾਰ ਲੰਘਾਈਆ। ਵਕਤ ਨਹੀਂ ਦਰ ਛਡ ਕੇ ਦੂਰ ਦੁਰਾਡਿਆਂ ਹਿਲਣ ਦਾ, ਹਲਤ ਪਲਤ ਲੇਖੇ ਰਿਹਾ ਚੁਕਾਈਆ। ਵੇਲਾ ਨਹੀਂ ਹੁਣ ਜਾਣ ਦੇ ਕਲਜੁਗ ਕੂੜਾ ਚਿੱਕੜ ਡੂੰਘਾ ਜਿਲ੍ਹਣ ਦਾ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਲੰਘਾਈਆ। ਵੇਲਾ ਆ ਗਿਆ ਤੁਹਾਡੇ ਫੁਲਣ ਦਾ, ਫੁਲਵਾੜੀ ਆਪਣੀ ਦਿਆਂ ਮਹਿਕਾਈਆ। ਝਗੜਾ ਛਡ ਦਿਓ ਕੂੜਿਆਂ ਵੈਲਣ ਦਾ, ਵਿਰਲਾਪ ਅੰਦਰੋਂ ਇਕੋ ਦਿਆਂ ਸਿਖਾਈਆ। ਝਗੜਾ ਮੁਕ ਜਾਏ ਮਾਇਆ ਮਮਤਾ ਵਿਚ ਟਹਿਲਣ ਦਾ, ਟਹਿਲੂਏ ਦਰਗਾਹ ਦੇ ਦਿਆਂ ਬਣਾਈਆ। ਨਜ਼ਾਰਾ ਤਕ ਲਓ ਆਪਣੇ ਨੈਣ ਨੈਨਣ ਦਾ, ਨੈਣ ਨੈਣਾਂ ਵਿਚ ਸਮਾਈਆ। ਅੱਖੀਂ ਵੇਖ ਕੇ ਕੋਈ ਲੋੜ ਨਹੀਂ ਰਸਨਾ ਬਚਨ ਕਹਿਣ ਦਾ, ਪਰਦੇ ਵਾਲੀ ਰਮਜ਼ ਨਾ ਕੋਈ ਵਖਾਈਆ। ਸੁਹਾਵਣ ਸਮਾਂ ਸਤਿਗੁਰ ਸਰਨ ਚਰਨ ਬਹਿਣ ਦਾ, ਚਰਨ ਬਹਿ ਕੇ ਭਾਈ ਭੈਣ ਰੂਪ ਵਟਾਈਆ। ਹੁਣ ਰੋਣਾ ਨਹੀਂ ਪਾ ਕੇ ਵੈਣ ਵੈਨਣ ਦਾ, ਵਹਿੰਦੀ ਧਾਰੋਂ ਪਾਰ ਲੰਘਾਈਆ। ਇਹ ਕੋਈ ਕਹਾਣੀ ਨਹੀਂ ਤੋਤਾ ਮੈਨਣ ਦਾ, ਮਨ ਦੀ ਮਨਸਾ ਰਿਹਾ ਮਿਟਾਈਆ। ਇਹ ਕੋਈ ਲੇਖਾ ਨਹੀਂ ਗੀਤਾ ਰਾਮਾਇਣ ਦਾ, ਰਾਮਾਂ ਦਾ ਰਾਮ ਆਪਣਾ ਹੁਕਮ ਵਰਤਾਈਆ। ਵੇਖੋ ਖੇਲ ਨਰ ਨਰਾਇਣ ਦਾ, ਜੋ ਨਿਰਾਕਾਰ ਹੋ ਕੇ ਜੋਤ ਜਗਾਈਆ। ਤੁਸੀਂ ਰੂਪ ਸਚਮੁਚ ਉਹ ਆਈਨਣ ਦਾ, ਜਿਸ ਨੂੰ ਅਹਿਨਲਹਕ ਹਕ ਗਿਆ ਜਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਨਾਲ ਗੁਰਮੁਖੋ ਜਗਤ ਦੇ ਮਜ਼ਾਰਿਓ ਤੁਹਾਨੂੰ ਮਾਲਕ ਰਿਹਾ ਬਣਾਈਆ। ਜਗਤ ਮਜ਼ਾਰੇ ਕਰਦੇ ਖੇਤੀ ਬਾੜੀ, ਹਲ ਰਾਹਕ ਰਹੇ ਚਲਾਈਆ। ਕਿਸੇ ਦੀ ਪੱਕ ਗਈ ਸੌਣੀ ਕਿਸੇ ਦੀ ਹਾੜੀ, ਕਿਸੇ ਦੀ ਪੱਕੀ ਪਕਾਈ ਤਬਾਹ ਦੇਵੇ ਕਰਾਈਆ। ਕਿਸੇ ਦੀ ਚੰਗੀ ਕਿਸੇ ਦੀ ਮਾੜੀ, ਕਿਸੇ ਨੂੰ ਭੁੱਖਾ ਕਿਸੇ ਨੂੰ ਦਏ ਰਜਾਈਆ। ਕਿਸੇ ਦਾ ਭੱਤਾ ਢੋਵੇ ਪੁਰਖ ਕਿਸੇ ਦਾ ਢੋਵੇ

ਨਾਰੀ, ਦੋਵੇਂ ਰਾਹ ਚਲਾਈਆ । ਕਿਸੇ ਦੇ ਮੋਢੇ ਉਤੇ ਕਹੀ ਤੇ ਹੱਥ ਵਿਚ ਕੁਹਾੜੀ, ਕਿਸੇ ਦੀ ਕੰਡਿਆਂ ਕਰੀ ਵਾੜੀ, ਕਿਸੇ ਦਾ ਸੇਵਕ ਤੇ ਕਿਸੇ ਦੀ ਵਾਹੇ ਗਾੜੀ, ਕਿਸੇ ਦਾ ਕੁਤਰਾ ਕਰ ਕਰ ਰਿਹਾ ਪਾਈਆ । ਕਿਸੇ ਦੀ ਗੋਬਰ ਵਾਲੀ ਸੀਸ ਉਤੇ ਚੁੱਕੇ ਖਾਰੀ, ਕਿਸੇ ਦੇ ਖੇਤਾਂ ਵਿਚ ਢੋ ਢੋ ਖ਼ੁਸ਼ੀ ਮਨਾਈਆ । ਕਿਸੇ ਦਾ ਬਣ ਕੇ ਵਗਾਰੀ, ਕਿਸੇ ਦੀ ਚੁਕ ਕੇ ਤਗਾਰੀ, ਕਿਸੇ ਦੀ ਫੜ ਕੇ ਆਰੀ, ਜੰਗਲ ਦਿਤੇ ਕਟਾਈਆ । ਕਿਸੇ ਦੀ ਮੋੜ ਕੇ ਕਿਆਰੀ, ਕਿਸੇ ਦੀ ਫੇਰ ਕੇ ਬਹਾਰੀ, ਰਸਤੇ ਸੁਥਰੇ ਸਾਫ਼ ਬਣਾਈਆ । ਕਿਸੇ ਦੇ ਪਿਛੇ ਤੇ ਕਿਸੇ ਦੇ ਅਗਾੜੀ, ਕਿਸੇ ਦੀ ਲਾਜ ਰਖਾਈ ਦਾੜ੍ਹੀ, ਕਿਸੇ ਨੂੰ ਦਿਤੀ ਮਾਣ ਵਡਿਆਈਆ । ਕਿਸੇ ਨੂੰ ਧਨ ਦੌਲਤ ਨਾਲ ਸ਼ੰਗਾਰੀ, ਕਿਸੇ ਨੂੰ ਸੁੰਦਰ ਦੇ ਅਟਾਰੀ, ਸੋਹਣਾ ਰੰਗ ਵਖਾਈਆ । ਕਿਸੇ ਦਾ ਮਜ਼ਦੂਰ ਬਣ ਕੇ ਫਿਰਿਆ ਘਰ ਬਾਹਰੀ, ਹੋਕਾ ਦੇਂਦਾ ਰਿਹਾ ਵਾਰੋ ਵਾਰੀ, ਕੂਕ ਕੂਕ ਸੁਣਾਈਆ । ਜਨ ਭਗਤੋ ਏਹੋ ਜਿਹੀ ਕਿਸੇ ਨਾਲ ਨਹੀਂ ਲਾਈ ਯਾਰੀ, ਜੁਗ ਚੌਕੜੀ ਗਏ ਪੰਧ ਮੁਕਾਈਆ । ਇਕ ਗੋਬਿੰਦ ਤੇ ਇਕ ਨਿਰੰਕਾਰੀ, ਇਕ ਸ਼ਬਦ ਤੇ ਜੋਤ ਉਜਿਆਰੀ, ਕਿਰਪਾ ਕਰ ਕੇ ਭਗਤਾਂ ਦੇਵੇ ਸਚਖੰਡ ਦੀ ਸਰਦਾਰੀ, ਬਿਨਾਂ ਭਗਤੀ ਤੋਂ ਕਰ ਦੀ ਤਿਆਰੀ, ਤ੍ਰੈਗੁਣ ਅਤੀਤਾ ਆਪਣੀ ਦਇਆ ਕਮਾਈਆ । ਤੁਹਾਡਾ ਦਰਸ਼ਨ ਕਰ ਕੇ ਆਪਣੀ ਰਖੇ ਖ਼ੁਮਾਰੀ, ਬਿਵਹਾਰ ਦਾ ਬਣਿਆ ਸਚ ਬਿਵਹਾਰੀ, ਬੇਸ਼ੁਮਾਰੀ ਆਪਣਾ ਰੰਗ ਵਖਾਈਆ । ਨਾਮ ਖ਼ਜ਼ਾਨਾ ਦੌਲਤ ਅਨਮੁਲੀ ਦੇ ਕੇ ਭਾਰੀ, ਹਾੜੀ ਸੌਣੀ ਦੀ ਲੋੜ ਨਾ ਰੱਖੀ ਰਾਈਆ । ਗੁਰਮੁਖੋ ਤੁਹਾਡੀ ਖੇਤੀ ਸਕੇ ਨਾ ਕੋਇ ਉਜਾੜੀ, ਰਾਖਾ ਬਣਿਆ ਬੇਪਰਵਾਹੀਆ । ਧੁਰ ਦਾ ਬਣ ਕੇ ਮਾਲਕ ਕੰਤ ਭਤਾਰੀ, ਬਹੁ ਭਾਂਤ ਆਪਣਾ ਮੇਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਕਰਮਾਂ ਦੀ

੫੫੮
ਕਰਨੀ ਨਹੀਂ ਕਦੇ ਵਿਚਾਰੀ, ਨਰ ਨਾਰੀ ਆਪਣੇ ਹੁਕਮ ਨਾਲ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ ।

### ❊ ੧੧ ਚੇਤ ਸ਼ਹਿਨਸ਼ਾਹੀ ਸੰਮਤ ੧ ਹੰਸ ਰਾਜ ਦੇ ਗ੍ਰਹਿ ਪਿੰਗਾਲੀ ❊

ਕਰਨੀ ਕਹੇ ਮੈਂ ਜੁਗ ਚੌਕੜੀ ਰਹੀ ਕਰਦੀ, ਆਪਣੀ ਸੇਵ ਕਮਾਈਆ । ਨਿਤ ਨਿਤ ਪੈਂਡੇ ਮਾਰ ਕੇ ਰਹੀ ਤੁਰਦੀ, ਭੱਜੀ ਵਾਹੋ ਦਾਹੀਆ । ਮੇਰੇ ਅੰਤਰ ਇਕ ਆਸਾ ਰਹੀ ਫੁਰਦੀ, ਫੁਰਨੇ ਅਨੇਕ ਬਣਾਈਆ । ਮੈਂ ਸੇਵਾ ਕੀਤੀ ਅਵਤਾਰ ਗੁਰ ਦੀ, ਪੈਗ਼ੰਬਰਾਂ ਦੇ ਦਰ ਤੇ ਅਲਖ ਜਗਾਈਆ । ਪਰ ਮੇਰੀ ਮਿਲਣੀ ਨਾ ਹੋਈ ਪੁਰਖ ਅਕਾਲ ਧੁਰ ਦੀ, ਜੋ ਧੁਰ ਦਾ ਲਹਿਣਾ ਰਿਹਾ ਚੁਕਾਈਆ । ਮੈਂ ਚਾਰ ਕੁੰਟ ਫਿਰਦੀ ਫਿਰਦੀ, ਦਹਿ ਦਿਸ਼ਾ ਖੋਜ ਖੁਜਾਈਆ । ਅਚਾਨਕ ਕੰਢੀ ਦੇ ਕੰਢੇ ਮੈਨੂੰ ਹਰਿਸੰਗਤ ਦਿਸੀ ਹਿਲਦੀ, ਸ਼ਰੀਰ ਨਹੀਂ ਅੰਦਰੋਂ ਆਪਣੀ ਆਤਮਾ ਰਹੀ ਜਗਾਈਆ । ਮੈਨੂੰ ਐਂ ਜਾਪਿਆ ਜਿਵੇਂ ਉਹ ਪਰਮਾਤਮਾ ਨਾਲ ਮਿਲਦੀ, ਮਿਲ ਮਿਲ ਖ਼ੁਸ਼ੀ ਮਨਾਈਆ । ਮੈਂ ਸਮਝਿਆ ਹੁਣ ਘੜੀ ਨਹੀਂ ਕੋਈ ਢਿਲ ਦੀ, ਆਪਣਾ ਲਵਾਂ ਪੰਧ ਮੁਕਾਈਆ । ਜਾ ਕੇ ਕਹਾਂ ਸੁਣਾਵਾਂ ਆਪਣੇ ਦਿਲ ਦੀ, ਜੋ ਦਿਲਦਾਰ ਹੋ ਕੇ ਸੁਣੇ ਥਾਉਂ ਥਾਈਆ । ਜਾਂ ਵੇਖਿਆ ਜਿਸ ਦੀ ਖੇਲ ਅੰਬਰ ਉਪਰ ਨੀਲ ਦੀ, ਉਹ ਨੀਲੇ ਵਾਲਾ ਆਪਣਾ ਰੰਗ ਰਿਹਾ ਰੰਗਾਈਆ । ਕੁਛ ਹੋਰ ਵੇਖਿਆ ਏਥੇ ਲੋੜ ਨਹੀਂ ਕਿਸੇ ਵਕੀਲ ਦੀ, ਬਿਨ

ਕਲਮਿਓਂ ਰਿਹਾ ਤਰਾਈਆ । ਚਤੁਰਾਈ ਭੁਲ ਗਈ ਆਪਣੀ ਦਲੀਲ ਦੀ, ਬੁਧੀ ਸਮਝ ਨਾ ਕੋਇ ਸਮਝਾਈਆ । ਏਥੇ ਗ਼ਰਜ਼ ਨਹੀਂ ਅਪੀਲ ਦੀ, ਆਪੇ ਲੇਖੇ ਰਿਹਾ ਲਗਾਈਆ । ਮੈਂ ਭੁਲ ਗਈ ਪ੍ਰੀਤ ਜਿਹੜੀ ਕਹਾਣੀ ਜਗਤ ਜਲ ਮੀਨ ਦੀ, ਤੜਫਣ ਵਾਲੀ ਮੱਛੀ ਪ੍ਰਭ ਦੀ ਸਾਰ ਕੋਇ ਨਾ ਪਾਈਆ । ਗੁਰਮੁਖੋ ਔਖੀ ਘਾਟੀ ਨਹੀਂ ਥੋੜ੍ਹੀ ਰਮਜ਼ ਇਕ ਯਕੀਨ, ਦੀ, ਯਕੀਨ ਨਾਲ ਪਾਰ ਲੰਘਾਈਆ । ਪ੍ਰਭ ਦੇ ਦਰ ਤੇ ਲੋੜ ਨਹੀਂ ਤਾਲੀਮ ਦੀ, ਨੁਕ਼ਤਾ ਨੂਨ ਬਿਨ ਐਨ ਅੱਖ ਦਿਤੀ ਖੁਲ੍ਹਾਈਆ । ਏਥੇ ਗ਼ਰਜ਼ ਇਕੋ ਹੋਣ ਮਸਕੀਨ ਦੀ, ਨਿਮਰਤਾ ਰੂਪ ਵਟਾਈਆ । ਕੋਈ ਗੱਲ ਨਹੀਂ ਰਹੀ ਅਮੀਰ ਵਜ਼ੀਰ ਕਮੀਣ ਦੀ, ਗ਼ਰੀਬਾਂ ਆਪਣਾ ਰੰਗ ਵਖਾਈਆ । ਕੋਈ ਹਦ ਨਹੀਂ ਰਹੀ ਨਰ ਮਦੀਨ ਦੀ, ਨਾਰੀ ਨਰ ਇਸਤਰੀ ਪੁਰਸ਼ ਇਕੋ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ ।

### ❊ ੧੧ ਚੇਤ ਸ਼ਹਿਨਸ਼ਾਹੀ ਸੰਮਤ ੧ ਸ਼ਿਵੋ ਦੇਵੀ ਦੇ ਗ੍ਰਹਿ ❊

ਅਕਲ ਕਹੇ ਜਨ ਭਗਤੋ ਸੁਣੋ ਮੇਰਾ ਬਿਆਨ, ਅਕਲਾਂ ਵਾਲਿਓ ਤੁਹਾਨੂੰ ਦਿਆਂ ਸਮਝਾਈਆ । ਜੇ ਮੈਨੂੰ ਸਮਝ ਕੇ ਵਡੀ ਜਹਾਨ, ਆਪਣਾ ਮਾਣ ਤਾਣ ਬਣਾਈਆ । ਮਾਇਆ ਕਰ ਪਰਵਾਨ, ਧਨਾਢ ਰੂਪ ਵਟਾਈਆ । ਸੋਹਣਾ ਪਕਵਾ ਕੇ ਖਾਣ, ਬਿਸਤਰ ਸੇਜ ਹੰਢਾਈਆ । ਮਹਲ ਅਟਲ ਮਕਾਨ, ਝਰੋਖੇ ਨਜ਼ਰੀ ਆਈਆ । ਸੇਵਕ ਦਰਵੇਸ਼ ਦਰਬਾਨ, ਬੈਠੇ ਸੇਵ ਕਮਾਈਆ । ਉਚੇ ਸੁੱਚੇ ਬਣ ਕੇ ਇਨਸਾਨ, ਜਗਤ ਰੰਗ ਵਿਚ ਸਮਾਈਆ । ਵਡੇ ਵਡੇ ਬਣ ਕੇ ਚਤੁਰ ਸੁਘੜ ਸੁਜਾਣ, ਸੁਚੱਜੇ ਰੂਪ ਵਟਾਈਆ । ਸ਼ਾਸਤਰ ਸਿਮਰਤ ਪੜ੍ਹ ਕੇ ਵੇਦ ਪੁਰਾਨ, ਗੀਤਾ ਗਿਆਨ ਢੋਲੇ ਗਾਈਆ । ਅਕਲ ਕਹੇ ਮੈਂ ਆਪਣੀ ਅਕਲ ਨਾਲ ਅਜੇ ਤਕ ਨਹੀਂ ਲੱਭਿਆ ਭਗਵਾਨ, ਅਗੇ ਹੋ ਨਾ ਦਰਸ਼ਨ ਪਾਈਆ । ਮੈਨੂੰ ਜਦੋਂ ਮਿਲਿਆ ਸ਼ਰਅ ਦਾ ਸ਼ੈਤਾਨ, ਸ਼ਰੀਅਤ ਵਿਚ ਦੇਵੇ ਫਸਾਈਆ । ਜੇ ਮੁਹੱਬਤ ਕਰੇ ਤੇ ਬਣ ਕੇ ਹਰਾਮ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਮੇਰਾ ਕਿਸੇ ਕੰਮ ਨਹੀਂ ਆਇਆ ਕਾਮ, ਨਿਕੰਮੀ ਆਪਣਾ ਹਾਲ ਸੁਣਾਈਆ । ਜਨ ਭਗਤੋ ਮੇਰੀ ਬੇਨੰਤੀ ਇਕੋ ਮੰਨ ਕੇ ਪ੍ਰਭ ਦਾ ਚਰਨ ਕਰੋ ਧਿਆਨ, ਨੇਤਰ ਨੈਣ ਰਾਹ ਤਕਾਈਆ । ਜੇ ਓਹ ਕਿਰਪਾ ਕਰ ਕੇ ਤੁਹਾਨੂੰ ਆ ਮਿਲੇ ਭਗਵਾਨ, ਓਥੇ ਅਕਲ ਕਹੇ ਮੇਰੀ ਲੋੜ ਰਹੇ ਨਾ ਰਾਈਆ । ਭੁਲ ਨਾ ਜਾਓ ਬਣ ਅੰਞਾਣ, ਸੁਰ ਧੁਰ ਸੰਦੇਸ਼ੇ ਰਹੀ ਸੁਣਾਈਆ । ਮੇਰੇ ਆਵਾਜ਼ ਪਈ ਇਕ ਕਾਨ, ਕੰਨੋਂ ਫੜ ਕੇ ਮੈਨੂੰ ਦਿਤਾ ਹਿਲਾਈਆ । ਮੈਂ ਹੋ ਗਈ ਹੈਰਾਨ, ਚਾਰੇ ਕੁੰਟਾਂ ਅੱਖ ਖੁਲ੍ਹਾਈਆ । ਮੈਨੂੰ ਦਿਸ ਪਿਆ ਇਕ ਨਿਸ਼ਾਨ, ਜੋ ਭਗਤਾਂ ਦਵਾਰੇ ਲਹਿਰ ਲਹਿਰਾਈਆ । ਓਸ ਕਿਹਾ ਤੈਨੂੰ ਨਹੀਂ ਪਹਿਚਾਨ, ਆ ਤੈਨੂੰ ਦਿਆਂ ਦ੍ਰਿੜਾਈਆ । ਆ ਵੇਖ ਭਗਤਾਂ ਦਾ ਭਗਵਾਨ, ਜੋ ਮੂਰਖਾਂ ਮੁਗਧਾਂ ਅਨਪੜ੍ਹਾਂ ਪਾਰ ਲੰਘਾਈਆ । ਗੁਰਮੁਖੋ ਮੈਂ ਵੀ ਚਰਨੀ ਡਿੱਗੀ ਆਣ, ਆਪਣਾ ਆਪ ਰਹੀ ਮਿਟਾਈਆ । ਨਾ ਕੋਈ ਮਾਣ ਨਾ ਕੋਈ ਅਭਿਮਾਨ, ਇਕੋ ਮੰਗਾਂ ਸੱਚਾ ਦਾਨ, ਝੋਲੀ ਅੱਡ ਕੇ ਨੇਤਰ ਨੀਰ ਵਹਾਈਆ । ਜੇ ਤੂੰ ਭਗਤਾਂ ਦਾ ਭਗਵਾਨ, ਮੈਨੂੰ ਕਰ ਲਾ ਪਰਵਾਨ, ਤੇਰੇ ਭਗਤਾਂ ਨੂੰ ਆਈ ਕੁਛ ਸੁਣਾਨ, ਸੁਨੇਹੜਾ ਦੇ ਕੇ ਤੇਰੇ ਚਰਨਾਂ ਵਿਚ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਮਿਹਰਵਾਨ, ਮਹਿਮਾਨ ਸਾਰੇ ਆਪਣੇ ਘਰ ਬਹਾਈਆ ।

## ✲ ੧੧ ਚੇਤ ਸ਼ਹਿਨਸ਼ਾਹੀ ਸੰਮਤ ੧ ਦੇਵਾ ਸਿੰਘ ਦੇ ਘਰ ਪਿੰਗਾਲੀ ✲

ਫੁੱਲ ਕਹੇ ਮੇਰੀ ਕਰ ਕੇ ਪੱਤੀ ਪੱਤੀ, ਅੰਗ ਅੰਗ ਪ੍ਰਭ ਦੀ ਭੇਟ ਚੜ੍ਹਾਈਆ । ਜਨ ਭਗਤੋ ਮੈਂ ਕਿਤਅ ਸੁਣਾਵਾਂ ਸੱਚੀ, ਗੱਲ ਆਪਣਾ ਹਾਲ ਜਣਾਈਆ । ਤੁਸੀਂ ਵੇਖੋ ਆਪਣੀ ਅੱਖੀਂ, ਪਰਦਾ ਓਹਲਾ ਨਾ ਵਿਚ ਟਿਕਾਈਆ । ਜਿਸ ਦੀ ਕ਼ੀਮਤ ਕੋਈ ਨਹੀਂ ਸੀ ਕੌਡੀ ਰਤੀ, ਮਾਲਣ ਖਾਰੀ ਸੀਸ ਨਾ ਕੋਈ ਰਖਾਈਆ । ਓਹ ਭਗਤਾਂ ਨਾਲ ਮਿਲ ਕੇ ਹੋ ਗਿਆ ਕਰੋੜਾਂ ਤੋਂ ਅਰਬਾਪਤੀ, ਜਿਸ ਦੀ ਕ਼ੀਮਤ ਨਾ ਕੋਇ ਚੁਕਾਈਆ । ਤੁਹਾਡੇ ਪ੍ਰੇਮ ਦੀ ਸੋਹਣੀ ਸੇਜ ਵੇਖੋ ਵਿਛੀ, ਜਿਸ ਉਤੇ ਮੈਨੂੰ ਦਿਤਾ ਟਿਕਾਈਆ । ਮੇਰੀ ਕ਼ਿਸਮਤ ਕਿੰਨੀ ਵਡੀ, ਜੋ ਦੇਣ ਆਈ ਵਡਿਆਈਆ । ਮਿਹਰਵਾਨ ਜਿਸ ਵੇਲੇ ਮੇਰੇ ਉਤੇ ਚਰਨ ਰਿਹਾ ਰੱਖੀ, ਰੱਖਿਆ ਕਰੇ ਥਾਈਂ ਥਾਈਂਆ । ਮੈਨੂੰ ਸਮਝ ਆ ਗਈ ਮਤੀ, ਮਤਿ ਪਿਛਲੀ ਦਿਤੀ ਗਵਾਈਆ । ਜੇ ਮੈਂ ਚਲਿਆ ਜਾਂਦਾ ਕਿਸੇ ਹੱਟੀ, ਕੋਈ ਦੋ ਚਾਰ ਟਕੇ ਮੇਰਾ ਮੁੱਲ ਦੇਂਦਾ ਪਾਈਆ । ਮੈਂ ਗੁਰਮੁਖਾਂ ਦੇ ਆ ਕੇ ਹੱਥੀਂ, ਸੋਹਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਫੁਲ ਕਹੇ ਮੈਂ ਬੇਸ਼ਕ ਸਾਂ ਬੰਦ ਵਿਚ ਡੋਡੀ, ਕੰਡਿਆਂ ਵਿਚ ਆਸਣ ਲਾਈਆ । ਮੈਨੂੰ ਕੋਈ ਨਹੀਂ ਸੀ ਸੋਝੀ, ਸਮਝ ਨਾ ਕੋਈ ਚਤੁਰਾਈਆ । ਮੈਂ ਜਨਮ ਜਨਮ ਦਾ ਰੋਗੀ, ਆਪਣਾ ਮੁਖ ਛੁਪਾਈਆ । ਮੇਰੀ ਕ਼ੀਮਤ ਨਹੀਂ ਸੀ ਕੌਡੀ, ਖੋਟਾ ਖਰਾ ਨਜ਼ਰ ਨਾ ਕੋਈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਬਣਾਈਆ । ਫੁੱਲ ਕਹੇ ਗੁਰਮੁਖੋ ਜੇ ਫੁੱਲ ਬਣ ਕੇ ਮੇਰੇ ਵਾਂਗ ਹੋ ਜਾਓ ਭੇਟ, ਆਪਣਾ ਆਪ ਮਿਟਾਈਆ । ਪ੍ਰਭ ਚਰਨਾਂ ਵਿਚ ਲਓ ਖੇਡ, ਬਾਲੇ ਨੱਢੇ ਨਿੱਕੇ ਰੂਪ ਵਖਾਈਆ । ਜਿਸ ਨੇ ਤੁਹਾਨੂੰ ਦਿਤਾ ਭੇਜ, ਸੋ ਵੇਖਣ ਆਇਆ ਚਾਈਂ ਚਾਈਆ । ਮੇਰੀ ਤੇ ਫੁੱਲਾਂ ਵਾਲੀ ਸੇਜ, ਓਸ ਦੀ ਸੇਜ ਤੁਹਾਡੀ ਆਤਮ ਅੰਦਰ ਨਜ਼ਰੀ ਆਈਆ । ਜਿਸ ਦਾ ਜੋਤੀ ਜਲਵਾ ਤੇਜ, ਨੂਰੋ ਨੂਰ ਕਰੇ ਰੁਸ਼ਨਾਈਆ । ਜੇ ਤੁਸੀਂ ਨਹੀਂ ਵੇਂਹਦੇ ਓਹ ਤੁਹਾਨੂੰ ਰਿਹਾ ਵੇਖ, ਘਟ ਘਟ ਅੰਦਰ ਬੈਠਾ ਸੋਭਾ ਪਾਈਆ । ਰਲ ਮਿਲ ਕੇ ਸਾਰੇ ਆਪਣੇ ਕਰਮਾਂ ਦੀ ਬਦਲ ਲਿਓ ਰੇਖ, ਅਗੇ ਲੇਖਾ ਰਹੇ ਨਾ ਰਾਈਆ । ਇਹ ਬਹਾਰ ਇਹ ਮੌਜ ਇਹ ਗੁਲਸ਼ਨ ਇਹ ਮਹਿਕ ਇਹ ਟਹਿਕ ਇਹ ਮਾਲਕ ਇਹ ਖਾਲਕ ਇਹ ਸਾਲਸ ਸਦਾ ਨਹੀਂ ਮਿਲਣੀ ਮੌਜ, ਮਜਲਸ ਭਗਤਾਂ ਵਿਚ ਨਾ ਕੋਇ ਰਖਾਈਆ । ਜਿਸ ਨੇ ਦੂਰ ਦੁਰਾਡੇ ਕੰਢੀ ਦੇ ਕੰਡਿਆਂ ਵਿਚ ਲਏ ਖੋਜ, ਫੁੱਲਾਂ ਨਾਲੋਂ ਫੁੱਲ ਲਏ ਬਣਾਈਆ । ਇਹ ਵੀ ਇਸੇ ਪ੍ਰੀਤਮ ਦੇ ਚੋਜ, ਜੋ ਚੋਜੀ ਹੋ ਦਇਆ ਕਮਾਈਆ । ਕੁਛ ਕਰ ਲਓ ਆਪਣੀ ਹੋਸ਼, ਹੁਸ਼ਿਆਰ ਹੋ ਕੇ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਫੁੱਲ ਕਹੇ ਜਿਸ ਵੇਲੇ ਮੇਰੇ ਨਾਲ ਚਰਨ ਗਿਆ ਛੂਹ, ਮਸਰਤ ਮੈਨੂੰ ਗਈ ਆਈਆ । ਮੇਰੀ ਖ਼ੁਸ਼ਬੂ ਵਿਚੋਂ ਬਦਲ ਗਈ ਖ਼ੁਸ਼ਬੂ, ਖ਼ੁਸ਼ਖ਼ਬਰੀ ਤੁਹਾਨੂੰ ਰਹੀ ਸਮਝਾਈਆ । ਗੁਰਮੁਖੋ ਤੁਹਾਡਾ ਸੋਹਣਾ ਤੱਤਾਂ ਅੰਦਰ ਬੰਦ ਕੀਤਾ ਰੂਹ, ਹੂਬ ਹੂ ਪਰਮਾਤਮਾ ਰੂਪ ਨਜ਼ਰੀ ਆਈਆ । ਸੰਸਾਰ ਸਾਗਰ ਜਗਤ ਕੂੜ ਕੁੜਿਆਰਾ ਵਡਾ ਖੂਹ, ਲੱਖ ਚੁਰਾਸੀ ਖਾਤਾ ਰਿਹਾ ਬਣਾਈਆ । ਕੀ ਜੇ ਪਾਰ ਹੋ ਗਿਆ ਧਰੂ, ਕੀ ਤੁਹਾਡਾ ਲੇਖਾ ਲੇਖੇ ਨਾ ਕੋਇ ਲਗਾਈਆ ? ਵੇਖਿਓ ਥੋੜ੍ਹੇ ਸਮੇਂ ਪਿਛੋਂ ਸ੍ਰਿਸ਼ਟੀ ਨੇ ਤੁਹਾਡੇ ਤਕਦੇ ਰਹਿਣਾ ਮੂੰਹ, ਨੇਤਰ ਨੈਣ ਨੈਣ ਉਠਾਈਆ । ਕਿਹੜਾ ਵੇਲਾ ਜਿਸ ਵਕ਼ਤ ਆ ਗਿਆ ਸੀ ਇਸ ਜੂਹ, ਜੂਹਾਂ ਦਾ ਮਾਲਕ ਫੇਰਾ ਪਾਈਆ ।

ਜਿਸ ਵੇਲੇ ਗੁਰਮੁਖ ਸਿੰਘ ਤੂੰ ਦੇਵਾ ਸਿੰਘ ਦੀ ਲੰਘਣੀ ਬਰੂਹ, ਓਥੋਂ ਇਕ ਧੂੜੀ ਚੁਟਕੀ ਲੈਣੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣ ਆਇਆ ਸੱਚੀ ਵਡਿਆਈਆ । ਧੂੜ ਕਹੇ ਮੈਂ ਇਕ ਚੁਟਕੀ ਮਿੱਟੀ, ਜੋ ਮਿੱਟੀਆਂ ਨੂੰ ਫੇਰ ਜਮਾਈਆ । ਜਿਸ ਦੇ ਵਿਚ ਪਿਛਲੀ ਧਾਰ ਲਿਖੀ, ਲੇਖੇ ਦੀ ਦਿਆਂ ਗਵਾਹੀਆ । ਨਵਾਂ ਸੰਮਤ ਤੇ ਨਵੀਂ ਮਿਤੀ, ਨਵਾਂ ਮਿਤਰ ਦਿਆਂ ਮਿਲਾਈਆ । ਜਿਹੜੀ ਕਹਾਣੀ ਕਿਸੇ ਨਹੀਂ ਲਿਖੀ, ਉਸ ਦਾ ਲੇਖਾ ਦਿਆਂ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਓਹ ਚੁਟਕੀ ਕਹੇ ਮੈਂ ਬੇਸ਼ਕ ਮਿੱਟੀ ਖ਼ਾਕ, ਘੱਟਾ ਨਜ਼ਰੀ ਆਈਆ । ਫੱਗਾ ਸਿੰਘ ਨੇ ਇਕ ਵੇਰ ਜਗਾਇਆ ਸੀ ਚਿਰਾਗ਼, ਚੌਮੁਖੀਆ ਰੂਪ ਬਣਾਈਆ । ਜਿਸ ਵੇਲੇ ਓਨ ਲਾਈ ਸੀ ਆਗ, ਮਾਚਸ ਦੀਆ ਸਲਾਈਆ । ਓਧਰੋਂ ਲੰਘਦਾ ਸੀ ਇਕ ਫੱਕਰ ਸਾਧ, ਭਗਤ ਰੂਪ ਵਟਾਈਆ । ਓਹਨੂੰ ਚਮਿਆਰ ਕਹਿੰਦਾ ਸੀ ਲੋਕ ਸਮਾਜ, ਜ਼ਾਤ ਹੀਣੀ ਜਨਮ ਰਖਾਈਆ । ਉਸ ਪੁਛਿਆ ਇਹ ਕੀ ਰਿਵਾਜ, ਕਿਉਂ ਦੀਵੇ ਰਿਹਾ ਡਗਮਗਾਈਆ । ਉਸ ਕਿਹਾ ਮੇਰੇ ਪੀਰਾਂ ਦੀ ਖ਼ਾਹਿਸ਼, ਕ਼ਬਰਾਂ ਵਿਚੋਂ ਦੇਣ ਦੁਹਾਈਆ । ਰਵਿਦਾਸ ਕਿਹਾ ਜਿਹੜੇ ਆਪ ਹੋ ਗਏ ਨਾਸ, ਤੈਨੂੰ ਕਿਵੇਂ ਲੈਣ ਬਚਾਈਆ । ਉਸ ਕਿਹਾ ਮੈਨੂੰ ਕੁਛ ਹੋਰ ਦੱਸ ਜਾਚ, ਸਿਖਿਆ ਦੇ ਸਮਝਾਈਆ । ਰਵਿਦਾਸ ਨੇ ਕਿਹਾ ਜਿਸ ਵੇਲੇ ਆਵੇ ਪੁਰਖ ਅਬਿਨਾਸ਼, ਨਿਰਗੁਣ ਨਿਰਵੈਰ ਫੇਰਾ ਪਾਈਆ । ਮੇਰੇ ਹੱਥ ਵਿਚ ਉਸ ਵੇਲੇ ਹੋਵੇ ਕ਼ਲਮ ਦਵਾਤ, ਤੇਰੇ ਲੇਖੇ ਦਿਆਂ ਚਲਾਈਆ । ਇਸੇ ਕਾਰਨ ਪਿਛਲੇ ਸਾਲ ਲਿਖ ਕੇ ਗਿਆ ਸੀ ਸਾਫ਼, ਸਚ ਸਚ ਹੁਕਮ ਵਰਤਾਈਆ । ਤੇਰਾ ਜਨਮ ਕਰਮ ਕੀਤਾ ਮੁਆਫ਼, ਅਗੇ ਜਾਣਾ ਚਾਈਂ ਚਾਈਆ । ਹੁਣ ਵਾਰੀ ਆਈ ਇਸ ਰਾਤ, ਜੋ ਇਕ ਨਾਲ ਇਕ ਗੰਢ ਪਵਾਈਆ । ਦੇਵਾ ਸਿੰਘ ਦਾ ਕੋਈ ਪਿਛਲਾ ਸਾਥ, ਓਹ ਵੀ ਦਏ ਸਮਝਾਈਆ । ਥਲਿਉਂ ਫੁੱਲ ਕਹਿਣ ਗੁਰਮੁਖ ਸ਼ਾਬਾਸ਼, ਜਿਸ ਸੋਹਣਾ ਆਸਣ ਦਿਤਾ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰ ਕੇ ਜਾਏ ਆਸ, ਨਿਰਾਸਾ ਨਜ਼ਰ ਕੋਈ ਨਾ ਆਈਆ ।



੫੬੧

### ❋ ੧੧ ਚੇਤ ਸ਼ਹਿਨਸ਼ਾਹੀ ਸੰਮਤ ੧ ਦੇਵਾ ਸਿੰਘ ਦੇ ਘਰ ਪਿੰਗਾਲੀ ❋

ਦੇਵਾ ਸਿੰਘ ਪਿਛਲਾ ਨਾਮ ਸੀ ਗੰਡਾ, ਕੁੱਖ ਬ੍ਰਾਹਮਣੀ ਭਾਗ ਲਗਾਇਆ ਏ । ਗ਼ਰੀਬੀ ਵਿਚ ਸੀ ਉਸਦਾ ਹਾਲ ਮੰਦਾ, ਦੁਖ ਭੁਖ ਵਿਚ ਝਟ ਲੰਘਾਇਆ ਏ । ਛੋਟੀ ਅਵਸਥਾ ਹੱਥ ਵਿਚ ਫੜ ਕੇ ਡੰਡਾ, ਘਰ ਜਜਮਾਨਾਂ ਫੇਰਾ ਪਾਇਆ ਏ । ਇਕ ਦਿਨ ਰਵਿਦਾਸ ਦੇ ਕੋਲ ਦੀ ਲੰਘਾ, ਆਪਣਾ ਰਾਹ ਤਕਾਇਆ ਏ । ਓਧਰੋਂ ਬ੍ਰਾਹਮਣ ਮਿਲ ਗਿਆ ਔਂਦਾ ਗੰਗਾ, ਸੋਹਣਾ ਜੋੜ ਜੁੜਾਇਆ ਏ । ਬ੍ਰਾਹਮਣ ਕਿਹਾ ਤੂੰ ਬੰਦਿਆਂ ਵਰਗਾ ਬੰਦਾ, ਬੰਦਗੀ ਤੋਂ ਖ਼ਾਲੀ ਕਿਉਂ ਫਿਰੇਂ ਹਲਕਾਇਆ ਏ । ਤੈਨੂੰ ਨਹੀਂ ਪਤਾ ਮੈਂ ਸਭ ਤੋਂ ਬ੍ਰਹਮ ਵਿਦਿਆ ਵਿਚ ਚੰਗਾ, ਸਾਚੀ ਸਿਖਿਆ ਦਿਆਂ ਦ੍ਰਿੜਾਇਆ ਏ । ਆ ਲੈ ਮੈਥੋਂ ਅੰਮ੍ਰਿਤ ਠੰਡਾ, ਤੇਰੀ ਤ੍ਰਿਸ਼ਨਾ ਦਏ ਮਿਟਾਇਆ ਏ । ਉਸ ਨੇ ਕਿਹਾ ਚੰਗਾ, ਘੁਟ ਮੇਰੇ ਮੁਖ ਚਵਾਇਆ ਏ । ਓਧਰੋਂ ਰਵਿਦਾਸ ਨੇ ਵੇਖਿਆ ਕੋਈ ਬ੍ਰਾਹਮਣ ਲੌਣ ਲੱਗਾ ਢੰਗਾ , ਕਰਤਬ ਆਪਣਾ ਰਿਹਾ ਪਰਗਟਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ

੫੬੨

ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇਆ ਏ । ਘਰ ਗ਼ਰੀਬੀ ਗ਼ਰੀਬਾਂ ਦਾ ਮੁੰਡਾ, ਮਾਂਗਤ ਰੂਪ ਵਟਾਈਆ । ਬਹੁਤਾ ਕਿਸੇ ਨਾਲ ਨਹੀਂ ਕੂੰਦਾ, ਅੰਦਰੇ ਅੰਦਰ ਨਾਮ ਧਿਆਈਆ । ਇਕ ਦਿਨ ਰਾਹ ਤਕਿਆ ਅਗੰਮੀ ਜੂਹ ਦਾ, ਚਲਿਆ ਵਾਹੋ ਦਾਹੀਆ । ਓਸ ਦੇ ਅੰਦਰ ਝਗੜਾ ਛਿੜ ਪਿਆ ਬੁਤ ਰੂਹ ਦਾ, ਆਵਾਜ਼ ਅੰਦਰੇ ਅੰਦਰ ਪਰਗਟਾਈਆ । ਯਾਦ ਆਈ ਕਿਸ ਤਰਾ ਮਾਣ ਵਧਾਇਆ ਧਰੂ ਦਾ, ਪਦਵੀ ਮਿਲੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ... ..... ... । ਓਧਰ ਰਵਿਦਾਸ ਪਾਨਹੀ ਰਿਹਾ ਸੀ ਗੰਢ, ਰੰਬੀ ਆਰ ਜੋੜ ਜੁੜਾਈਆ । ਝਕੋਲਾ ਪਵਣ ਦੀ ਆਈ ਠੰਡ, ਸਰਦੀ ਰੁਤ ਵਖਾਈਆ । ਔਣ ਲੱਗੀ ਹੌਲੀ ਜਿਹੀ ਖੰਘ, ਰਵਿਦਾਸ ਖੰਘ ਕੇ ਹਾਏ ਦਿਤਾ ਜਣਾਈਆ । ਓਧਰੋਂ ਬ੍ਰਾਹਮਣ ਆ ਗਿਆ ਸਿਰ ਤੇ ਚੁੱਕੀ ਪੰਡ, ਬਸਤਰ ਬਹੁ ਉਠਾਈਆ । ਇਕ ਦੁਹਰ ਬਾਹਰ ਕਢ, ਰਵਿਦਾਸ ਉਤੇ ਦਿਤੀ ਟਿਕਾਈਆ । ਰਵਿਦਾਸ ਕਿਹਾ ਯਾਰ ਛਡ, ਇਹਦੀ ਲੋੜ ਨਾ ਰਾਈਆ । ਜਿਸ ਦੇ ਪਿਆਰ ਅੰਦਰ ਮੈਂ ਰਿਹਾ ਲਗ, ਓਸੇ ਦਾ ਦੁਖ ਓਸੇ ਦੀ ਝੋਲੀ ਪਾਈਆ । ਜੇ ਅੱਜ ਤੇਰੇ ਸਹਾਰੇ ਗਿਆ ਬਚ, ਕਲ ਨੂੰ ਕਵਣ ਹੋਊ ਸਹਾਈਆ । ਇਹ ਬਚਨ ਪ੍ਰਭ ਨੇ ਸੁਣ ਲਿਆ ਸਚ, ਦੂਰ ਦੁਰਾਡੇ ਧਿਆਨ ਲਗਾਈਆ । ਦਰਦੀ ਹੋ ਕੇ ਪਿਆ ਭੱਜ, ਆਇਆ ਵਾਹੋ ਦਾਹੀਆ । ਵੇਖੋ ਖੇਲ ਪੁਰਖ ਸਮਰਥ, ਕੀ ਆਪਣੀ ਕਾਰ ਕਮਾਈਆ । ਬਨਾਰਸ ਦੇ ਲੁੱਟਣ ਵਾਲੇ ਤਟ, ਆਸਣ ਲਿਆ ਜਮਾਈਆ । ਓਧਰੋਂ ਬ੍ਰਾਹਮਣੀ ਦਾ ਮੁੰਡਾ ਆ ਗਿਆ ਖ਼ਾਲੀ ਹੱਥ, ਕਰਮੰਡਲ ਰਿਹਾ ਲਟਕਾਈਆ । ਪਿੰਡਿਉਂ ਨੰਗਾ ਤੇੜ ਨਿੱਕੀ ਜਿਹੀ ਕੱਛ, ਬੋਦੀ ਸਿਰ ਦੇ ਉਤੇ ਹਿਲਾਈਆ । ਸ੍ਰੀ ਭਗਵਾਨ ਦੇ ਕੋਲ ਆ ਕੇ ਕਹਿਣ ਲਗਾ ਕੁਛ ਇਹਦੇ ਵਿਚ ਘੱਤ, ਭਿੱਛਿਆ ਮੇਰੀ ਝੋਲੀ ਪਾਈਆ । ਕਿਰਪਾ ਕਰ ਪੁਰਖ ਸਮਰਥ, ਆਪਣੇ ਚਰਨਾਂ ਦੀ ਖ਼ਾਕ ਉਹਦੀ ਕਰਮੰਡਲੀ ਵਿਚ ਦਿਤੀ ਟਿਕਾਈਆ । ਮੁੰਡਾ ਖਿੜ ਖਿੜਾ ਕੇ ਪਿਆ ਹਸ, ਮੈਂ ਭੁੱਖਾ ਇਹ ਮੇਰੇ ਨਾਲੋਂ ਭੁੱਖਾ ਇਕ ਹੋਰ ਨਜ਼ਰੀ ਆਈਆ । ਸ੍ਰੀ ਭਗਵਾਨ ਫੜ ਕੇ ਉਹਨੂੰ ਝਟ, ਨਾਲ ਲਿਆ ਮਿਲਾਈਆ । ਤੈਨੂੰ ਖਾਣ ਪੀਣ ਵਾਲਾ ਘਰ ਦੇਵਾਂ ਦੱਸ, ਜਿਥੇ ਮਿਲੇ ਵਡਿਆਈਆ । ਅਗੇ ਆਇਆ ਰਵਿਦਾਸ ਸੁੱਕੀ ਰੋਟੀ ਉਤੇ ਗੰਢਾ ਬੈਠਾ ਸੀ ਰਖ, ਖ਼ੁਸ਼ੀਆਂ ਨਾਲ ਰਿਹਾ ਚਬਾਈਆ । ਸ੍ਰੀ ਭਗਵਾਨ ਨੇ ਡਾਹ ਕੇ ਅਗੇ ਹੱਥ, ਮੂੰਹ ਤੋਂ ਡਿੱਗਾ ਭੋਰਾ ਹੱਥਾਂ ਵਿਚ ਲਿਆ ਟਿਕਾਈਆ । ਫੇਰ ਫੜ ਕੇ ਕਿਹਾ ਓਸ ਭੁਜ, ਤੂੰ ਇਕ ਵੇਰ ਛਕ, ਰਸਨਾ ਬੁਲ੍ਹਾਂ ਨਾਲ ਛੁਹਾਈਆ । ਉਹਨ ਮੂੰਹ ਖੋਲ੍ਹਿਆ ਝਟ, ਸ੍ਰੀ ਭਗਵਾਨ ਨੇ ਅੰਦਰ ਦਿਤਾ ਸੁਟਾਈਆ । ਖਾਣ ਦੇ ਨਾਲ ਖੁਲ੍ਹ ਗਈ ਉਹਦੀ ਅੱਖ, ਪ੍ਰਤੱਖ ਨਜ਼ਰੀ ਆਇਆ ਗੁਸਾਈਆਂ । ਓਸ ਨੇ ਕਿਹਾ ਮੈਨੂੰ ਇਸ ਦਾ ਪਤਾ ਦੱਸ, ਜੋ ਸੁੱਕੇ ਟੁਕੜੇ ਰਿਹਾ ਚਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਦਾ ਭੇਸ, ਓਸ ਵੇਲੇ ਬੱਧੀ ਸੀ ਇਕ ਗਿਲਤੀ, ਬਦਨ ਕਪੜਾ ਹੋਰ ਤਨ ਨਾ ਕੋਇ ਵਖਾਈਆ । ਬਣ ਕੇ ਆਇਆ ਇਲਤੀ, ਸ਼ਰਾਰਤੀ ਆਪਣਾ ਰੂਪ ਵਟਾਈਆ । ਇਹ ਖੇਲ ਸੀ ਓਸ ਦਿਲਦਾਰ ਦਿਲ ਦੀ, ਜਿਸ ਦੀ ਰਮਜ਼ ਸਮਝ ਕੋਇ ਨਾ ਪਾਈਆ । ਇਹ ਖੇਲ ਅਵੱਲੜੀ ਛਿੰਨ ਛਿੰਨ ਦੀ, ਘੜੀ ਘੜੀ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਫੜ ਆਪਣਾ ਡੰਡਾ, ਡੰਡਾਵਤ ਦਿਆਂ ਜਣਾਈਆ । ਏਨੇ ਚਿਰ ਨੂੰ ਰਵਿਦਾਸ ਆਪਣੇ ਆਸਣ ਤੇ ਇਸ ਤਰਾ ਹੋ ਗਿਆ ਵਿੰਗਾ, ਟੇਢਾ

ਹੋ ਕੇ ਡੇਰਾ ਲਾਈਆ । ਦੀਨ ਦਿਆਲ ਨੇ ਓਸ ਮੁੰਡੇ ਦਾ ਫੜ ਕੇ ਕੰਧਾ, ਓਸ ਦੇ ਪਿੰਡੇ ਨਾਲ ਦਿਤਾ ਘਸਾਈਆ । ਓਹਨ ਝਟ ਕਿਹਾ ਮੈਂ ਮੁਰਦਾ ਹੋ ਗਿਆ ਜ਼ਿੰਦਾ, ਜ਼ਿੰਦਗੀ ਵਿਚੋਂ ਜ਼ਿੰਦਗੀ ਦਿਤੀ ਬਦਲਾਈਆ । ਰਵਿਦਾਸ ਕਿਹਾ ਭਈ ਕਿੱਦਾਂ, ਮੈਨੂੰ ਸਮਝ ਕੋਇ ਨਾ ਆਈਆ । ਉਹ ਬੱਚਾ ਝਟ ਮਾਰ ਕੇ ਛਾਲ ਉਹਦੀ ਬਹਿ ਗਿਆ ਗਿਦਾ, ਗਲਵਕੜੀ ਲਈ ਪਾਈਆ । ਮੈਨੂੰ ਹੋਰ ਅੰਦਰਲੀ ਦੱਸ ਦੇ ਬਿਧਾ, ਜਿਸ ਨਾਲ ਮਿਲਿਆ ਬੇਪਰਵਾਹੀਆ । ਸਵਾਂਗ ਵਟਾ ਕੇ ਲਿਆਇਆ ਸਿੱਧਾ, ਅਧ ਵਿਚ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ । ਰਵਿਦਾਸ ਫੜ ਕੇ ਵਿਚੋਂ ਗੋਦ, ਇਕ ਹਲੂਣਾ ਦਿਤਾ ਲਗਾਈਆ । ਬਾਲੇ ਕੁਛ ਸੋਚ, ਸਮਝ ਦਿਆਂ ਦ੍ਰਿੜਾਈਆ । ਕਰ ਕੇ ਵੇਖ ਹੋਸ਼, ਹੁਸ਼ਿਆਰੀ ਇਕ ਵਖਾਈਆ । ਬ੍ਰਾਹਮਣ ਬੱਚਾ ਹੋ ਕੇ ਖ਼ਾਮੋਸ਼, ਮੁਖ ਆਵਾਜ਼ ਨਾ ਕੋਇ ਸੁਣਾਈਆ । ਉਹਨੂੰ ਨਜ਼ਰ ਆ ਗਏ ਚੌਦਾਂ ਲੋਕ, ਚਾਰੋਂ ਕੁੰਟ ਵੇਖ ਵਖਾਈਆ । ਰਵਿਦਾਸ ਨੇ ਕਿਹਾ ਇਕ ਗਾ ਹੋਰ ਸਲੋਕ, ਤੈਨੂੰ ਦਿਆਂ ਦ੍ਰਿੜਾਈਆ । ਫੇਰ ਵੇਖ ਓਸ ਪ੍ਰਭੂ ਦੀ ਮੌਜ, ਜੋ ਤੇਰੇ ਅੰਦਰ ਬੈਠਾ ਸੋਭਾ ਪਾਈਆ । ਬੱਚੇ ਕਿਹਾ ਮੈਥੋਂ ਨਹੀਂ ਹੁੰਦੀ ਖੋਜ, ਲੱਭਣ ਕਿਸ ਬਿਧ ਜਾਵਾਂ ਖੋਜਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਰਵਿਦਾਸ ਕਿਹਾ ਤੇਰੀ ਕਰਮੰਡਲੀ ਵਿਚ ਕੀ, ਮੈਨੂੰ ਦੇ ਵਖਾਈਆ । ਓਸ ਕਿਹਾ ਕੁਛ ਵੀ ਨਹੀਂ, ਮਿੱਟੀ ਕਿਸੇ ਨੇ ਦਿਤੀ ਸੁਟਾਈਆ । ਰਵਿਦਾਸ ਕਿਹਾ ਆਹ ਮੇਰਾ ਪਾਣਾ ਇਸ ਦੇ ਵਿਚ ਘੋਲ ਕੇ ਪੀ, ਫਿਰ ਤੈਨੂੰ ਦਿਆਂ ਸਮਝਾਈਆ । ਉਸ ਹਾਏ ਕੀਤਾ ਨਾਲੇ ਸੀ, ਚੰਮ ਵਾਲਾ ਕਿਸ ਤਰਾ ਮੁਖ ਲਗਾਈਆ । ਨਾ ਮੈਨੂੰ ਪੀਣ ਨੂੰ ਦੁੱਧ ਨਾ ਖਾਣ ਨੂੰ ਦਿਤਾ ਘੀ, ਰਵਿਦਾਸ ਕੂੜਾ ਕਰਕਟ ਮੇਰੇ ਮੁਖ ਵਿਚ ਪਾਈਆ । ਓਸੇ ਵੇਲੇ ਬਹੁਰੂਪੀਏ ਭਗਵਾਨ ਭਰ ਕੇ ਚੁਲੀ ਵਿਚੋਂ ਇਕ ਲਈ ਪੀ, ਹਾ ਕਹਿ ਕੇ ਦਿਤਾ ਸੁਣਾਈਆ । ਓਸੇ ਬੱਚੇ ਦੇ ਢਿੱਡ ਵਿਚ ਪਈ ਲੀਹ, ਦਰਦ ਨੇ ਦੁਖ ਦਿਤਾ ਵਧਾਈਆ । ਉਹ ਕਹੇ ਹੁਣ ਕਰਾਂ ਕੀ, ਦਾਰੂ ਸਕੇ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਹੋਈ ਦਰਦ ਵਧਿਆ ਦੁਖ, ਦੁਖੜਾ ਨਾ ਕੋਇ ਮਿਟਾਈਆ । ਅੰਦਰੇ ਅੰਦਰ ਕੋਈ ਸੁਖਣਾ ਰਿਹਾ ਸੁਖ, ਕੋਈ ਮੈਨੂੰ ਲਏ ਬਚਾਈਆ । ਮੈਂ ਬਣ ਜਾਵਾਂ ਓਸ ਦਾ ਸਕਾ ਪੁਤ, ਪਿਤਾ ਸਮਝ ਕੇ ਸੇਵ ਕਮਾਈਆ । ਤੇ ਜੇ ਮੇਰਾ ਏਥੇ ਜੀਵਣ ਗਿਆ ਮੁਕ, ਮੇਰੀ ਕੀ ਕਰੂ ਮਾਈਆ । ਉਹ ਮੈਨੂੰ ਸਮਝੀ ਬੈਠੀ ਸਭ ਕੁਛ, ਮੇਰੇ ਪਿਤਾ ਦੀ ਮੇਰੇ ਨਾਲੋਂ ਪਹਿਲੇ ਹੋ ਗਈ ਜੁਦਾਈਆ । ਓਸ ਵੇਲੇ ਛੇਤੀ ਨਾਲ ਰਵੀ ਨੇ ਰੰਬੀ ਉਤੇ ਚਾੜ੍ਹ ਕੇ ਥੋੜ੍ਹਾ ਜਿਹਾ ਮੁਖ ਵਿਚ ਪਾਇਆ ਘੁਟ, ਪੀਂਦਿਆਂ ਸਾਰ ਦੁਖ ਗਿਆ ਛੁਟ, ਅੰਦਰੋਂ ਰਸ ਪਿਆ ਫੁਟ, ਤ੍ਰਿਸ਼ਨਾ ਦਿਤੀ ਗਵਾਈਆ । ਛੇਤੀ ਨਾਲ ਉਠ ਹੱਥ ਜੋੜ ਕੇ ਕਹੇ ਮੈਨੂੰ ਦੇ ਕੁਛ, ਬੇਨੰਤੀ ਦਿਤੀ ਸੁਣਾਈਆ । ਰਵਿਦਾਸ ਕਿਹਾ ਪਹਿਲੋਂ ਮੇਰਾ ਬਣ ਪੁਤ, ਫੇਰ ਅਗੋਂ ਮੈਥੋਂ ਪੁਛ, ਮੈਂ ਪੜਦਾ ਖੋਲ੍ਹਾਂ ਲੁਕ, ਤੂੰ ਗੌਣੀ ਇਕ ਤੁਕ, ਸੋਹੰ ਢੋਲਾਂ ਦਿਆਂ ਸਮਝਾਈਆ । ਓਧਰੋਂ ਬ੍ਰਾਹਮਣ ਬਦਲ ਕੇ ਆ ਗਿਆ ਰੁਖ਼, ਪੁਛਣ ਲੱਗਾ ਸ਼ਾਂਤ ਸੁਖ, ਆਹ ਤੈਨੂੰ ਆਪਣਿਆਂ ਕੰਧਿਆਂ ਲਵਾਂ ਚੁਕ, ਤੇਰੇ ਘਰ ਆਵਾਂ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਬੱਚੇ ਕਿਹਾ ਮੇਰਾ ਕੁਛ ਵਿਚਾਰ, ਵਿਚਲੀ ਕਹਾਣੀ ਦਿਆਂ ਜਣਾਈਆ । ਮੈਂ ਬ੍ਰਹਿਮਣ ਤੂੰ ਰਵਿਦਾਸ ਚਮਿਆਰ, ਦੋਹਾਂ ਦੀ ਜੋੜੀ ਕਿਸ ਤਰਾ ਸੋਭਾ ਪਾਈਆ । ਜਿਹੜਾ

ਤੂੰ ਪਾਣਾ ਮੈਨੂੰ ਦਿਤਾ ਪਿਆਲ, ਕਿਤੇ ਪਤਾ ਨਾ ਲੱਗੇ ਮੇਰੀ ਮਾਈਆ । ਬੇਸ਼ਕ ਅਸੀਂ ਗ਼ਰੀਬੀ ਵਿਚ ਕੰਗਾਲ, ਬ੍ਰਾਹਮਣ ਪੱਕੇ ਜ਼ਾਤ ਵਿਚ ਨਜ਼ਰੀ ਆਈਆ । ਰਵਿਦਾਸ ਕਿਹਾ ਜਿਹੜਾ ਇਹ ਖ਼ਿਆਲ, ਕੁਛ ਤੈਨੂੰ ਦਿਆਂ ਸਮਝਾਈਆ । ਆਹ ਵੇਖ ਦੀਨ ਦਿਆਲ, ਜੋ ਇਕੋ ਕਪੜਾ ਤਨ ਦੇ ਨਾਲ ਹੰਢਾਈਆ । ਬੱਚੇ ਕਿਹਾ ਮੈਂ ਤੇ ਸਮਝਿਆ ਕੌਣ ਮੇਰੇ ਵਰਗਾ ਕੰਗਾਲ, ਭੁਖ ਦਾ ਮਾਰਿਆ ਫਿਰੇ ਵਾਹੋ ਦਾਹੀਆ । ਰਵਿਦਾਸ ਕਿਹਾ ਉਠ ਵੇਖ ਮੇਰੇ ਲਾਲ, ਤੈਨੂੰ ਪੜਦਾ ਦਿਆਂ ਚੁਕਾਈਆ । ਜਾਂ ਫੇਰ ਤਕਿਆ ਉਹ ਨਜ਼ਰ ਆਇਆ ਉਹ ਵਸਿਆ ਉਪਰ ਅਸਮਾਨ, ਜਿਸ ਦਾ ਜੋਤ ਨੂਰ ਮਹਾਨ, ਲੱਖ ਚੁਰਾਸੀ ਦੇ ਅੰਦਰ ਬੈਠਾ ਸੋਭਾ ਪਾਈਆ । ਬੱਚਾ ਹੋ ਗਿਆ ਹੈਰਾਨ, ਰਵਿਦਾਸ ਤੇਰੇ ਦਵਾਰੇ ਕਿਸ ਤਰਾ ਆ ਗਿਆ ਇਹ ਮਹਿਮਾਨ, ਧੁਰ ਦਾ ਮਾਲਕ ਸ੍ਰੀ ਭਗਵਾਨ, ਨੰਗੀ ਪੈਰੀਂ ਫੇਰਾ ਪਾਈਆ । ਕੁਛ ਮੈਨੂੰ ਵੀ ਦੱਸ ਅਹਿਵਾਲ, ਜਿਸ ਬਿਧ ਹੋਵੇ ਇਹ ਦਿਆਲ, ਘਰ ਗ਼ਰੀਬਾਂ ਆਵੇ ਆਪਣੀ ਦਇਆ ਕਮਾਈਆ । ਰਵਿਦਾਸ ਕਿਹਾ ਤੂੰ ਬੱਚਾ ਅਜੇ ਅੰਵਾਣ, ਤੈਨੂੰ ਦੱਸਾਂ ਇਕ ਧਿਆਨ ਜਿਸ ਦਾ ਵਖਰਾ ਸਭ ਤੋਂ ਗਿਆਨ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਜਿਹੜਾ ਇਸ ਨੂੰ ਕਰੇ ਪਰਵਾਨ, ਇਹ ਪ੍ਰਭੂ ਸਦਾ ਮਿਹਰਵਾਨ, ਜੁਗ ਜੁਗ ਭਗਤਾਂ ਦਾ ਮਹਿਮਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਬੱਚੇ ਕਿਹਾ ਤੂੰ ਮੇਰਾ ਪਿਤਾ ਤੇ ਮੈਂ ਤੇਰਾ ਪੁਤ, ਰਵਿਦਾਸ ਤੇਰੀ ਓਟ ਤਕਾਈਆ । ਹੁਣ ਰਖੀਂ ਨਾ ਪਰਦਾ ਓਹਲਾ ਲੁਕ, ਭੇਵ ਸਾਚਾ ਦੇਣਾ ਖੁਲ੍ਹਾਈਆ । ਕਿਸ ਬਿਧ ਆਵੇ ਅਬਿਨਾਸ਼ੀ ਅਚੁਤ, ਮੈਨੂੰ ਸਚ ਦੇਣਾ ਦ੍ਰਿੜਾਈਆ । ਮੈਂ ਓਨਾਂ ਚਿਰ ਨਹੀਂ ਕਰਨਾ ਚੁਪ, ਉਚੀ ਕੂਕ ਕੂਕ ਸੁਣਾਈਆ । ਜਿਸ ਕਾਰਨ ਹੋਵੇ ਖ਼ੁਸ਼, ਉਹ ਬਿਧੀ ਦੇਣੀ ਵਖਾਈਆ । ਜਿਸ ਸੋਹਣੀ ਆਵੇ ਰੁੱਤ, ਉਹ ਮਹੀਨਾ ਦਿਵਸ ਦੇਣਾ ਜਣਾਈਆ । ਜਿਹੜਾ ਖਾਵੇ ਪੀਵੇ ਟੁਕ, ਉਹ ਭੋਜਨ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਰਵਿਦਾਸ ਕਿਹਾ ਕੀ ਇਸ ਦੀ ਲੋੜ, ਬਾਲੀ ਬੁਧਿ ਸਮਝ ਨਾ ਰਾਈਆ । ਪਹਿਲੋਂ ਕੰਮ ਸਿਖ ਲੈ ਮੇਰੇ ਕੋਲੋਂ ਖਿਚਣੇ ਢੋਰ, ਜ਼ਾਤ ਪਾਤ ਮਿਟਾਈਆ । ਗੰਢਾਂ ਪੌਣੀਆਂ ਸਿਖ ਲੈ ਨਾਲ ਡੋਰ, ਟੁੱਟਿਆਂ ਨਾਲ ਮਿਲਾਈਆ । ਸੁੱਕੇ ਟੁਕੜੇ ਖਾਣੇ ਭੋਰ ਭੋਰ, ਤਮਅ ਜਗਤ ਨਾ ਕੋਇ ਰਖਾਈਆ । ਦਰ ਆਇਆ ਖ਼ਾਲੀ ਕੋਈ ਨਾ ਦੇਣਾ ਮੋੜ, ਗ਼ੁੱਸਾ ਕੰਮ ਨਾ ਕੋਇ ਜਣਾਈਆ । ਜੇ ਤੇਰੀ ਪ੍ਰੀਤੀ ਨਿਭ ਜਾਏ ਮੇਰੇ ਨਾਲ ਤੋੜ, ਫੇਰ ਤੁਰਤ ਤੇਰਾ ਭਗਵਾਨ ਦਿਆਂ ਮਿਲਾਈਆ । ਤੂੰ ਬ੍ਰਾਹਮਣੀ ਦਾ ਜਾਇਆ ਛੋਹਰ, ਉਚੀ ਜ਼ਾਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਬੱਚੇ ਕਿਹਾ ਮੈਂ ਛੱਡੀ ਜ਼ਾਤ ਪਾਤ, ਮਾਣ ਦਿਤਾ ਮਿਟਾਈਆ । ਰਵਿਦਾਸ ਨੇ ਕਿਹਾ ਕੋਲ ਰਹਿ ਜਾ ਅੱਜ ਦੀ ਮੇਰੇ ਰਾਤ, ਧੁਰ ਦੀ ਕਥਾ ਸੁਣਾਈਆ । ਫੇਰ ਸੁਣਾਵਾਂ ਅਗੰਮੀ ਬਾਤ, ਪਰਦਾ ਦਿਆਂ ਚੁਕਾਈਆ । ਉਹ ਬਣ ਗਿਆ ਸਾਚਾ ਸਾਥ, ਮਨਸਾ ਦੂਰ ਕਰਾਈਆ । ਦੋਹਾਂ ਮਿਲ ਕੇ ਇਕੱਠੀ ਮੁਕਾ ਲਈ ਵਾਟ, ਰਵਿਦਾਸ ਦਵਾਰੇ ਡੇਰਾ ਲਾਈਆ । ਘਰ ਸੌਣ ਨੂੰ ਕੋਈ ਨਹੀਂ ਲਈ ਖਾਟ, ਬਿਸਤਰ ਜ਼ਿਮੀਂ ਉਤੇ ਟਿਕਾਈਆ । ਖਾਣ ਪੀਣ ਵਲੋਂ ਖ਼ਾਲੀ ਦਿਸੀ ਪਰਾਤ, ਸਵਾਣੀ ਆਟਾ ਗੁੰਨ੍ਹ ਨਾ ਕੁਛ ਪਕਾਈਆ । ਲੜਕਾ ਚਾਰੋਂ ਕੁੰਟ ਰਿਹਾ ਝਾਕ, ਕੁਛ ਅਗੇ ਦੇਣਾ ਟਿਕਾਈਆ । ਰਵਿਦਾਸ ਨੇ ਘੁੱਟ ਕੇ ਜਫੀ ਪਾ ਕੇ ਕਿਹਾ ਭਗਤ ਭਗਵਾਨ ਦੇ ਕੋਲ ਇਹੋ ਵਡੀ ਸੁਗਾਤ, ਜੋ ਮਿਲ ਕੇ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਦੇ ਖਾ ਖਾ ਥੱਕੇ

ਦਾਂਤ, ਹਿਲ ਹਿਲ ਹੋਂਠ ਦੇਣ ਦੁਹਾਈਆ । ਪਰ ਪ੍ਰਭੂ ਮਿਲਣ ਦੀ ਕਿਸੇ ਦੀ ਪੂਰੀ ਨਹੀਂ ਹੋਈ ਆਸ, ਤ੍ਰਿਸ਼ਨਾ ਵਿਚ ਲੋਕਾਈਆ । ਜੇ ਬਹੁਤਾ ਰਸ ਲੈਣਾ ਇਸ ਪਰਾਤ ਨੂੰ ਲੈ ਚਾਟ, ਜੋ ਤ੍ਰਿਪਤ ਦਏ ਕਰਾਈਆ । ਲੜਕੇ ਮੰਨ ਕੇ ਇਕੋ ਬਾਤ, ਰਸਨਾ ਨਾਲ ਦਿਤੀ ਲਗਾਈਆ । ਓਧਰੋਂ ਆ ਗਿਆ ਪੁਰਖ ਅਬਿਨਾਸ਼, ਗਲ ਫੁੱਲਾਂ ਹਾਰ ਉਠਾਈਆ । ਰਵਿਦਾਸ ਨੂੰ ਮਿਲਾ ਕੇ ਆਪਣੀ ਨਾਲ ਜ਼ਾਤ, ਜ਼ਾਹਰ ਨੂਰ ਕੀਤਾ ਰੁਸ਼ਨਾਈਆ । ਬੱਚੇ ਪੁੱਛਿਆ ਕੀ ਚਾਨਣ ਹੋਇਆ ਆਕਾਸ਼, ਜ਼ਿਮੀਂ ਹੋਈ ਰੁਸ਼ਨਾਈਆ । ਰਵਿਦਾਸ ਕਿਹਾ ਆਹ ਵੇਖ ਮੇਰਾ ਬਾਪ, ਜੋ ਮਿਲਣ ਆਇਆ ਚਾਈਂ ਚਾਈਆ । ਬੱਚੇ ਕਿਹਾ ਇਹਦੇ ਕੋਲ ਕਿਹੜਾ ਹਿਸਾਬ, ਜੋ ਭਗਤਾਂ ਲੇਖਾ ਜੁਗ ਜੁਗ ਰਿਹਾ ਮੁਕਾਈਆ । ਅਬਿਨਾਸ਼ੀ ਕਰਤੇ ਕੱਢਕੇ ਅਗੰਮੀ ਕਿਤਾਬ, ਬਿਨ ਕੁਤਬਖ਼ਾਨਿਉਂ ਦਿਤੀ ਵਖਾਈਆ । ਬੱਚੇ ਰੋ ਕੇ ਦਿਤਾ ਆਖ, ਬਹੁੜੀ ਕਰ ਦੁਹਾਈਆ । ਰਵਿਦਾਸ ਜੇ ਤੂੰ ਮੇਰਾ ਧਰਮ ਦਾ ਬਾਪ, ਇਕ ਅਹਿਬਾਬ ਇਕ ਬਾਬ ਮੇਰਾ ਦੇਣਾ ਦ੍ਰਿੜਾਈਆ । ਜਿਸ ਤਰਾ ਭਾਗ ਲੱਗਾ ਘਰ ਤੇਰੇ ਆਜ, ਇਸੇ ਤਰਾ ਮੈਨੂੰ ਵੀ ਦਰਸ ਦਿਖਾਈਆ । ਰਵਿਦਾਸ ਕਿਹਾ ਜੋ ਤੂੰ ਕਿਹਾ ਸਾਚ, ਸਚ ਸਚ ਨਜ਼ਰੀ ਆਈਆ । ਅਬਿਨਾਸ਼ੀ ਕਰਤਾ ਪਿਆ ਹਸ, ਸੋਹਣਾ ਰੂਪ ਪਰਗਟਾਈਆ । ਬੱਚੂ ਇਕ ਵੇਰਾਂ ਖੋਲ੍ਹ ਕੇ ਵੇਖ ਅੱਖ, ਪੜਦਾ ਦਿਆਂ ਉਠਾਈਆ । ਜਿਸ ਵੇਲੇ ਅੱਖ ਪੁੱਟੀ ਉਹਨੂੰ ਨਜ਼ਰ ਆ ਗਿਆ ਮੇਰੇ ਜੀਵਣ ਦੇ ਦਿਨ ਬਾਕੀ ਰਹਿ ਗਏ ਅੱਠ, ਨਾਤਾ ਤੱਤ ਜਾਣਾ ਤੁੜਾਈਆ । ਨਿਮਾਣਾ ਹੋ ਕੇ ਮੰਗ ਲਵਾਂ ਕੁਛ ਮੰਗ, ਜੋ ਵੇਲੇ ਅੰਤਮ ਕੰਮ ਆਈਆ । ਰਵਿਦਾਸ ਕਿਹਾ ਸੁਣ ਮੇਰੇ ਚੰਦ, ਸਚ ਕਹਾਣੀ ਦਿਆਂ ਦ੍ਰਿੜਾਈਆ । ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਸਮਰਥ ਪੁਰਖ ਅਖਵਾਈਆ । ਜੇ ਮੰਗਣਾ ਈ ਤੇ ਮੰਗ ਇਸ ਦਾ ਸੰਗ, ਤੇ ਨਾਲੇ ਰਵਿਦਾਸ ਨਾਲੋਂ ਨਾ ਹੋਏ ਜੁਦਾਈਆ । ਇਸ ਦੇ ਕੋਲ ਬਹੁਤੇ ਢੰਗ, ਬਿਧੀ ਅਨੇਕ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰਵਿਦਾਸ ਕਿਹਾ ਪ੍ਰਭੂ ਇਹ ਮੇਰਾ ਸਾਥੀ, ਸੋਹਣਾ ਸੰਗ ਬਣਾਈਆ । ਇਹਦੇ ਜੀਵਣ ਦੇ ਦਿਨ ਰਹਿ ਗਏ ਅੱਠ ਬਾਕੀ, ਲਹਿਣਾ ਰਿਹਾ ਮੁਕਾਈਆ । ਛਡ ਜਾਣਾ ਤਨ ਖ਼ਾਕੀ, ਮਿੱਟੀ ਵਿਚ ਸਮਾਈਆ । ਜ਼ਰਾ ਇਹਦੇ ਵਲ ਝਾਕੀ, ਮਿਹਰ ਨਜ਼ਰ ਉਠਾਈਆ । ਇਸ ਨੇ ਇਕ ਬੇਨੰਤੀ ਮੈਨੂੰ ਆਖੀ, ਸੋ ਤੈਨੂੰ ਦਿਆਂ ਸੁਣਾਈਆ । ਜਿਸ ਬਿਧ ਘਰ ਆਇਉਂ ਮੇਰੇ ਰਾਤੀਂ, ਤਨ ਕਪੜਾ ਇਕ ਸੁਹਾਈਆ । ਇਹ ਵੀ ਚਾਹੁੰਦਾ ਮੈਂ ਦਰਸ ਕਰਾਂ ਕਮਲਾਪਾਤੀ, ਜੇ ਗ੍ਰਿਹ ਮੇਰੇ ਫੇਰਾ ਪਾਈਆ । ਸ੍ਰੀ ਭਗਵਾਨ ਕਿਹਾ ਇਹ ਸੋਹਣੀ ਚੰਗੀ ਬਾਤੀ, ਜੋ ਮੈਨੂੰ ਦਿਤੀ ਸੁਣਾਈਆ । ਜਗਤ ਜਹਾਨ ਭਗਤਾਂ ਜਗਤ ਬਣਾਵਾਂ ਸਾਥੀ, ਸਾਖ਼ਿਆਤ ਦਰਸ ਦਿਖਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਮੈਂ ਬਣ ਕੇ ਆਵਾਂ ਪੁਰਖ ਅਬਿਨਾਸ਼ੀ, ਜੋਤ ਸਰੂਪੀ ਫੇਰਾ ਪਾਈਆ । ਓਸ ਵੇਲੇ ਇਹਦੀ ਮਾਣਸ ਹੋਵੇ ਜ਼ਾਤੀ, ਗੁਰਮੁਖ ਆਪਣਾ ਰੂਪ ਵਖਾਈਆ । ਰਵਿਦਾਸ ਤੂੰ ਵੀ ਬਣਨਾ ਸਾਥੀ, ਆਉਂਣਾ ਵਾਹੋ ਦਾਹੀਆ । ਮੈਂ ਇਸੇ ਤਰਾ ਇਸ ਦੇ ਘਰ ਕਟੂੰਗਾ ਰਾਤੀ, ਦੂਜਾ ਬਸਤਰ ਨਾ ਕੋਇ ਛੁਹਾਈਆ । ਓਸ ਤੋਂ ਬਾਦ ਹੱਥ ਮਾਰ ਕੇ ਕਹੇ ਉਤੇ ਛਾਤੀ, ਸ਼ਹਿਨਸ਼ਾਹ ਮਿਲਿਆ ਧੁਰਦਰਗਾਹੀਆ । ਜਿਸ ਨੇ ਪਿਛਲੀ ਖੇਲ ਪਛਾਤੀ, ਅਗਲਾ ਲੇਖਾ ਰਿਹਾ ਮੁਕਾਈਆ । ਜੇ ਅੱਜ ਇਹ ਕਿਰਪਾ ਨਾ ਕਰਦਾ ਦੇਵਾ ਸਿੰਘ ਵੀ ਮੁਕ ਜਾਣਾ ਸੀ ਐਸੇ ਵਸਾਖੀ, ਵੇਲਾ ਵਕਤ ਦਏ ਗਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵਣ ਦੀ ਬਖ਼ਸ਼ ਕੇ ਦਾਤੀ, ਦਇਆ ਦ੍ਰਿਸ਼ਟੀ ਝੋਲੀ ਪਾਈਆ । ਇਹ

ਕਫ਼ਨਾਂ ਵਾਲੀ ਟਾਕੀ, ਗਲੋਂ ਫਾਂਸੀ ਦਿਤੀ ਲਾਹੀਆ । ਮੰਜ਼ਲ ਚਾੜ੍ਹ ਕੇ ਆਪਣੀ ਘਾਟੀ, ਵਾਟੀ ਦਿਤੀ ਮੁਕਾਈਆ । ਉਹ ਧੂੜ ਜਿਹੜੀ ਗੁਰਮੁਖ ਚੁੱਕੀ ਖ਼ਾਕੀ, ਉਹ ਖ਼ਾਕ ਦੀ ਚੁਟਕੀ ਇਸੇ ਨੂੰ ਗਈ ਬਚਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੰਸ ਸਰਬੰਸਾ ਕਰ ਕੇ ਜਾਵੇ ਰਾਜ਼ੀ, ਰਜ਼ਾ ਆਪਣੀ ਵਿਚ ਚਲਾਈਆ ।

ਧੂੜ ਕਹਿੰਦੀ ਜੇ ਰਵਿਦਾਸ ਦੇ ਨਾ ਔਂਦੀ ਹੱਥ, ਪੁਰਖ ਅਕਾਲ ਨਾ ਹੁਕਮ ਸੁਣਾਈਆ । ਹੁਣ ਵੀ ਮਾਂ ਨਾਲੋਂ ਪੁਤ ਕਰ ਦੇਣਾ ਸੀ ਅਲਗ, ਹੋਣੀ ਸੀ ਜਗਤ ਜੁਦਾਈਆ । ਭੇਟਾ ਚੜ੍ਹਨਾ ਸੀ ਅਗਨੀ ਅੱਗ, ਤੱਤਾਂ ਦਾ ਤਤ ਮਿਟਾਈਆ । ਦੇਵਾਂ ਸਿੰਘ ਦੇ ਬਦਲੇ ਦੋ ਮਹੀਨੇ ਪਹਿਲੋਂ ਆਇਆ ਭਜ, ਆਪਣਾ ਫੇਰਾ ਪਾਈਆ । ਅਗੇ ਹੋਣ ਨਾ ਦੇਵੇ ਅੱਡ, ਆਯੂ ਬਹੁਤੀ ਦਿਤੀ ਵਧਾਈਆ । ਕਿਉਂ, ਜਿਸ ਦਾ ਪਿਤਾ ਤਾਇਆ ਪਹਿਲੇ ਲਏ ਸੱਦ, ਆਪਣੇ ਚਰਨ ਟਿਕਾਈਆ । ਹੁਣ ਭਾਗ ਲੌਣਾ ਓਸ ਯਦ, ਗੁਰਮੁਖ ਰੰਗ ਚੜ੍ਹਾਈਆ । ਮਹਾਰਾਜ ਸ਼ੇਰ ਵਿਸ਼ਨੂੰ ਭਗਵਾਨ, ਕਿਰਪਾ ਕਰ ਕੇ ਜਿਸ ਨੂੰ ਚਾਹੇ ਉਸਨੂੰ ਜਾਏ ਛੱਡ, ਜੋ ਚਾਹੇ ਸੋ ਆਪਣੇ ਨਾਲ ਲਏ ਮਿਲਾਈਆ । ਇਸ ਦੇ ਅਗੇ ਬੋਲਣ ਦਾ ਕਿਸੇ ਦਾ ਨਹੀਂ ਹਕ, ਗੁਰ ਅਵਤਾਰ ਪੀਰ ਪੈਗ਼ੰਬਰ ਚਲਣ ਸਰਬ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਵਥ ਧੁਰ ਦੀ ਝੋਲੀ ਪਾਈਆ । ਧੂੜ ਕਹੇ ਮੈਂ ਵਸਤ ਓਸ ਸਤਿਗੁਰ ਦੀ, ਜਿਸ ਕਰਮੰਡਲੀ ਦਿਤੀ ਪਾਈਆ । ਜਿਹੜੀ ਰਵਿਦਾਸ ਦੇ ਪਾਣੇ ਵਿਚ ਖੁਰ ਗਈ, ਅੰਮ੍ਰਿਤ ਰੂਪ ਵਟਾਈਆ । ਅੱਜ ਓਸੇ ਦੀ ਆਸਾ ਪੂਰਦੀ, ਸਾਚੀ ਸੇਵ ਕਮਾਈਆ । ਕਿਰਪਾ ਵੇਖੀ ਹਾਜ਼ਰ ਹਜ਼ੂਰ ਦੀ, ਜੋ ਹਰਿਜਨ ਰਿਹਾ ਤਰਾਈਆ । ਇਹ ਵਡਿਆਈ ਮੇਰੀ ਮਿੱਟੀ ਖ਼ਾਕੀ ਧੂਲ ਦੀ, ਜੋ ਧੁਰ ਦੇ ਲੇਖੇ ਰਹੀ ਬਣਾਈਆ । ਕਰੇ ਖੇਲ ਸਮਰਥ ਪੁਰਖ ਅਸੂਲ ਦੀ, ਅਸਲੀਅਤ ਦਏ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੂਲ ਕਹੇ ਜੇ ਮੈਂ ਨਾ ਕ਼ਬੂਲਦੀ, ਕਵਣ ਮੈਨੂੰ ਦਿੰਦਾ ਵਡਿਆਈਆ ।



### ❋ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਬੇਲਾ ਸਿੰਘ ਦੇ ਘਰ ਧਿੰਗਾਲੀ ❋

ਤ੍ਰਿਸ਼ਨਾ ਕਹੇ ਮੈਨੂੰ ਆਂਦੀ ਤ੍ਰਿਸ਼ਨਾ, ਆਪਣੀ ਆਸ ਰਖਾਈਆ । ਸ਼ਿਵ ਬ੍ਰਹਮਾ ਵੇਖਿਆ ਵਿਸ਼ਨਾ, ਆਪਣੀ ਲਏ ਅੰਗੜਾਈਆ । ਰਾਹ ਤਕਿਆ ਰਾਮਾ ਕ੍ਰਿਸ਼ਨਾ, ਦਰ ਦਰ ਅਲਖ ਜਗਾਈਆ । ਈਸਾ ਮੂਸਾ ਮੁਹੰਮਦ ਰਖਿਆ ਨਿਸਚਾ, ਸਿਦਕ ਸਬੂਰੀ ਹੋਰ ਵਧਾਈਆ । ਨਾਨਕ ਗੋਬਿੰਦ ਰਸ ਵੇਖਿਆ ਮਿਠਦਾ, ਅੰਮ੍ਰਿਤ ਰਸ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜੋ ਲੇਖਾ ਲਿਖਦਾ, ਲਿਖ ਲਿਖ ਦਏ ਸੁਣਾਈਆ । ਅੰਜੀਲ ਕ਼ੁਰਾਨ ਜਗਤ ਇਲਮ ਅਲਿਫ਼ ਯੇ ਦਿਸਦਾ, ਬੈਠੀ ਧਿਆਨ ਲਗਾਈਆ । ਕਿਨਾਰਾ ਵੇਖਿਆ ਤੀਰਥ ਤਟ ਦਾ, ਆਪਣਾ ਪੰਧ ਮੁਕਾਈਆ । ਵਣਜ ਵੇਖਿਆ ਵਣਜਾਰਿਆਂ ਦੇ ਹੱਟ ਦਾ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਆਵਾਜ਼ ਸੁਣਿਆ ਸੰਖ ਦੀ ਗੱਜ ਦਾ, ਸਰਵਣ ਸੋਭਾ ਪਾਈਆ । ਜੋਗੀ ਜਤੀ ਸਨਿਆਸੀ ਵੈਰਾਗੀ ਵੇਖਿਆ ਘਰ ਬਾਰ ਤਜਦਾ, ਨਾਤਾ ਜਗਤ ਤੁੜਾਈਆ । ਗ੍ਰਿਹਸਤੀ ਵੇਖਿਆ ਪਰਿਵਾਰ ਵਿਚ ਸਜਦਾ, ਮਾਤ ਪਿਤ ਭੈਣ ਭਾਈ ਪੁਤਰ ਧੀਆਂ ਨਾਰ ਕੰਤ ਮਿਲ ਕੇ ਖ਼ੁਸ਼ੀ ਮਨਾਈਆ । ਰਾਗ ਸੁਣਿਆ ਸ਼ਬਦ ਧੁਨ ਸੁਰੰਗਾ ਵੱਜੇ ਤੰਦ ਦਾ, ਤਬਲੇ ਤੰਬੂਰੇ ਦੇਣ ਦੁਹਾਈਆ ।

ਸਾਧੂ ਵੇਖਿਆ ਅਗਨੀ ਨਾਲ ਤਪਦਾ, ਧੂਣੀਆਂ ਰਹੇ ਲਾਈਆ । ਜੋਗੀ ਵੇਖਿਆ ਕੰਦਰਾਂ ਵਿਚ ਛਪਦਾ, ਅੰਧ ਅੰਧੇਰੇ ਸੋਭਾ ਪਾਈਆ । ਅਵਧੂਤ ਵੇਖਿਆ ਖ਼ਾਕ ਸੀਸ ਸਟਦਾ, ਭਬੂਤੀ ਤਨ ਰਮਾਈਆ । ਮਿਰਗ ਵੇਖਿਆ ਸੁਗੰਧੀ ਪਿਛੇ ਨੱਠਦਾ, ਭੱਜੇ ਵਾਹੋ ਦਾਹੀਆ । ਹੰਸ ਵੇਖਿਆ ਮਾਣਕ ਮੋਤੀ ਚੋਗ ਲਭਦਾ, ਸਰੋਵਰ ਖੋਜ ਖੁਜਾਈਆ । ਭਿਆਨਕ ਰੂਪ ਵੇਖਿਆ ਕਾਲੇ ਨਾਗ ਸੱਪ ਦਾ, ਜੋ ਬਿਲਾਂ ਅੰਦਰ ਸੋਭਾ ਪਾਈਆ । ਅਸਵ ਘੋੜਾ ਵੇਖਿਆ ਟਪਦਾ, ਗਜ ਹਾਥੀ ਸ਼ਿੰਗਾਰ ਕਰਾਈਆ । ਸੂਰਬੀਰ ਜੋਧਾ ਆਸਣ ਉਤੇ ਵੇਖਿਆ ਸਜਦਾ, ਸ਼ਸਤਰ ਖੰਡਾ ਖੜਗ ਤੀਰ ਤਲਵਾਰ ਹੱਥ ਰਖਾਈਆ । ਕਾਲਕਾ ਦਾ ਖਪਰ ਵੇਖਿਆ ਭਰਦਾ, ਦੁਰਗਾ ਦੀ ਰਣ ਭੂਮੀ ਸੋਭਾ ਪਾਈਆ । ਰਾਵਣ ਦਾ ਹੰਕਾਰ ਵੇਖਿਆ ਵਧਦਾ, ਰਾਮ ਦਾ ਬਨਬਾਸ ਨਜ਼ਰੀ ਆਈਆ । ਵਿਛੋੜੇ ਵਿਚ ਸੀਤਾ ਨੂੰ ਵੇਖਿਆ ਲਭਦਾ, ਹਨਵੰਤ ਰੰਗ ਚੜ੍ਹਾਈਆ । ਕੰਸ ਨੂੰ ਵੇਖਿਆ ਕੰਨਿਆ ਲਹਿਰ ਵਿਚ ਸੁਟਦਾ, ਧ੍ਰੋਹ ਭੈਣ ਨਾਲ ਕਮਾਈਆ । ਕ੍ਰਿਸ਼ਨ ਨੂੰ ਵੇਖਿਆ ਨਈਆ ਪਾਰ ਟਪਦਾ, ਮਾਤਾ ਮਾਤਾ ਆਪਣੀ ਬਦਲਾਈਆ । ਮੁਹੰਮਦ ਨੂੰ ਵੇਖਿਆ ਕਲਮਾ ਰਟਦਾ, ਨੇਤਰ ਰੋ ਰੋ ਨੀਰ ਵਹਾਈਆ । ਈਸਾ ਨੂੰ ਵੇਖਿਆ ਫਾਂਸੀ ਉਤੇ ਲਟਕਦਾ, ਸਲੀਵ ਦਿਤਾ ਚੜ੍ਹਾਈਆ । ਮੂਸਾ ਵੇਖਿਆ ਮੂੰਹ ਦੇ ਭਾਰ ਢਠਦਾ, ਜਲਵਾ ਨੂਰ ਨਜ਼ਰੀ ਆਈਆ । ਨਾਨਕ ਵੇਖਿਆ ਨਿਰੰਕਾਰ ਨਿਰੰਕਾਰ ਨਿਰੰਕਾਰ ਰਟਦਾ, ਦਿਵਸ ਰੈਣ ਸਤਾਰ ਵਜਾਈਆ । ਅੰਗਦ ਵੇਖਿਆ ਚਰਨਾਂ ਦੀ ਧੂੜੀ ਚਟਦਾ, ਸੋਹਣੀ ਸੇਵ ਕਮਾਈਆ । ਅਮਰਦਾਸ ਵੇਖਿਆ ਮਟਕਾ ਸੀਸ ਉਤੇ ਰਖਦਾ, ਭੱਜੇ ਵਾਹੋ ਦਾਹੀਆ । ਰਾਮਦਾਸ ਵੇਖਿਆ ਚਨੇ ਚਬਦਾ, ਹੱਟੋ ਹੱਟ ਵਿਕਾਈਆ । ਅਰਜਨ ਵੇਖਿਆ ਜੋ ਇਕੋ ਰਾਹ ਤਕਦਾ, ਸ਼ਬਦੀ ਮੇਲ ਮਿਲਾਈਆ । ਹਰਿਗੋਬਿੰਦ ਜੋਧਾ ਸੂਰਬੀਰ ਵੇਖਿਆ ਫਬਦਾ, ਮੀਰੀ ਪੀਰੀ ਤਨ ਛੁਹਾਈਆ । ਹਰਿਰਾਏ ਮੰਜ਼ਲ ਵੇਖਿਆ ਲੰਘਦਾ, ਹੌਲੀ ਹੌਲੀ ਪੰਧ ਮੁਕਾਈਆ । ਹਰਿਕ੍ਰਿਸ਼ਨ ਵੇਖਿਆ ਛੋਟੀ ਦੇਹੀ ਤਜਦਾ, ਬਾਲ ਅਵਸਥਾ ਜੋਤ ਸਮਾਈਆ । ਤੇਗ਼ ਬਹਾਦਰ ਵੇਖਿਆ ਸੀਸ ਕਟਦਾ, ਧੜ ਨਾਲੋਂ ਹੋਈ ਜੁਦਾਈਆ । ਗੋਬਿੰਦ ਵੇਖਿਆ ਬੱਚੇ ਨੀਹਾਂ ਹੇਠ ਰਖਦਾ, ਭਾਣਾ ਬੇਪਰਵਾਹੀਆ । ਬਿਨਾ ਪਾਣੀਉਂ ਪਿਛਾਂਹ ਘਲਦਾ, ਚਮਕੌਰ ਦਏ ਗਵਾਹੀਆ । ਜ਼ਰ ਜ਼ੇਵਰ ਧਨ ਦੌਲਤ ਪੁਰੀ ਅਨੰਦ ਵੇਖਿਆ ਛਡਦਾ, ਗਿਆ ਸਰਬ ਤਜਾਈਆ । ਦਖਸ਼ਣ ਦਿਸ਼ਾ ਵੇਖਿਆ ਹਸਦਾ, ਇਕੋ ਧਿਆਨ ਲਗਾਈਆ । ਗੋਦਾਵਰੀ ਨੂੰ ਵੇਖਿਆ ਕੁਛ ਦੱਸਦਾ, ਸੰਦੇਸ਼ਾ ਇਕ ਜਣਾਈਆ । ਜਾਂਦੀ ਵਾਰੀ ਕਹਿ ਕੇ ਗਿਆ ਹੋਣਾ ਖੇਲ ਪੁਰਖ ਸਮਰਥ ਦਾ, ਜਿਸ ਦਾ ਅੰਤ ਕੋਇ ਨਾ ਪਾਈਆ । ਕ੍ਰਿਸ਼ਨਾ ਕਹੇ ਮੈਂ ਓਸ ਵੇਲੇ ਇਸ਼ਾਰਾ ਲੈਣਾ ਆਪਣੀ ਪਲਕ ਦਾ, ਕੁਛ ਮੈਨੂੰ ਦੇ ਜਣਾਈਆ । ਮੇਰਾ ਹਿਸਾ ਨਹੀਂ ਮੁਕਿਆ ਜਗਤ ਵਿਚ ਤਰਸ ਦਾ, ਤਰਸਦੀ ਨੂੰ ਜੁਗ ਚੌਕੜੀ ਗਏ ਵਿਹਾਈਆ । ਗੋਬਿੰਦ ਕਿਹਾ ਜਿਸ ਵੇਲੇ ਮੇਲਾ ਹੋਇਆ ਭਗਤ ਭਗਵੰਤ ਦਾ, ਤੇਰਾ ਲੇਖਾ ਦਏ ਚੁਕਾਈਆ । ਉਹ ਜੋਤ ਅਗੰਮੀ ਮਾਲਕ ਦੋ ਜਹਾਨ ਜਗਤ ਦਾ, ਜੁਗ ਚੌਕੜੀ ਲਹਿਣੇ ਰਿਹਾ ਮੁਕਾਈਆ । ਓਸ ਨੇ ਕਿਹਾ ਸਾਚਾ ਵੇਲਾ ਕਿਹੜਾ ਸਮਾਂ ਵਕਤ ਦਾ, ਥਿਤ ਵਾਰ ਦੇ ਸੁਣਾਈਆ । ਗੋਬਿੰਦ ਕਿਹਾ ਜਿਸ ਵੇਲੇ ਆਪ ਆਇਆ ਮਾਲਕ ਅਰਸ਼ ਫ਼ਰਸ਼ ਦਾ, ਤਰਸ ਕਰ ਕੇ ਤੈਨੂੰ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜੀ ਆਸ ਨਾ ਕੋਇ ਜਣਾਈਆ ।

## ✻ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਬੁੱਢਿਆਂ ਦੇ ਸ਼ਬਦ ਪੜ੍ਹਨ ਤੇ ✻

ਜਿਸ ਵੇਲੇ ਬੁੱਢਿਆਂ ਨੇ ਸ਼ਬਦ ਦਿਤਾ ਬੋਲ, ਅੰਤਰ ਪ੍ਰੇਮ ਆਵਾਜ਼ ਲਗਾਈਆ । ਲਛਮੀ ਨੇ ਕੁੰਡਾ ਦਿਤਾ ਖੋਲ੍ਹ, ਵਿਸ਼ਨੂੰ ਵੇਖ ਖੇਲ ਬੇਪਰਵਾਹੀਆ । ਬ੍ਰਹਮਾ ਚਲ ਕੇ ਆ ਗਿਆ ਕੋਲ, ਆਪਣਾ ਪੰਧ ਮੁਕਾਈਆ । ਪਾਰਬਤੀ ਨੇ ਵਜਾ ਕੇ ਢੋਲ, ਭੋਲਾ ਨਾਥ ਸੁੱਤਾ ਦਿਤਾ ਉਠਾਈਆ । ਰਾਹ ਤੱਕਣ ਵੇਖਣ ਕੀ ਇਹ ਸਚ ਕਿ ਮਖ਼ੌਲ, ਪ੍ਰਭ ਨੇ ਖੇਲ ਖਿਲਾਈਆ । ਗੋਬਿੰਦ ਇਸ਼ਾਰੇ ਨਾਲ ਕਿਹਾ ਵੇਖੋ ਉਪਰ ਧੌਲ, ਨਿਗਾਹ ਨਿਗਾਹ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਜਿਨ੍ਹਾਂ ਦੇ ਬੈਠਾ ਕੋਲ, ਕਮਲੇ ਕੋਝੇ ਆਪਣੇ ਰੰਗ ਰੰਗਾਈਆ । ਪ੍ਰੇਮ ਪਿਆਰ ਦੇ ਭੰਡਾਰੇ ਉਹਨਾਂ ਦੇ ਅੰਦਰ ਦੇਵੇ ਖੋਲ੍ਹ, ਮਿਹਰ ਨਜ਼ਰ ਨਾਲ ਤਰਾਈਆ । ਗੁਰਮੁਖ ਸਿਖ ਬਣਾ ਕੇ ਨਿਰੋਲ, ਨਿਰਮਲ ਰੂਪ ਦਏ ਜਣਾਈਆ । ਇਹ ਸ਼ਬਦ ਬੜੇ ਅਨਮੋਲ, ਜੋ ਅਨਪੜ੍ਹਾਂ ਰਿਹਾ ਪੜ੍ਹਾਈਆ । ਜੋ ਕੁਛ ਸੀ ਇਹਨਾਂ ਦੇ ਕੋਲ, ਇਹਨਾਂ ਅੰਦਰੋਂ ਬਾਹਰ ਦਿਤਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸ਼ਰਨਾਈਆ । ਜਗਤ ਸਿੰਘ ਕਹੇ ਬੇਲਾ ਸਿੰਘਾ ਜਦੋਂ ਮੈਂ ਸ਼ਬਦ ਪੜ੍ਹਿਆ, ਪ੍ਰੇਮ ਪ੍ਰੀਤੀ ਨਾਲ ਗਾਈਆ । ਤੂੰ ਨਹੀਂ ਵੇਖਿਆ ਬ੍ਰਹਿਮੰਡ ਖੰਡ ਸੁਣਨ ਨੂੰ ਖੜ੍ਹਿਆ, ਕਿਹੜਾ ਰਾਗ ਰਿਹਾ ਅਲਾਈਆ । ਰਾਗ ਨਾਦ ਹੈਰਾਨ ਹੋ ਕੇ ਸਰਨੀ ਪੜਿਆ, ਵਿਸਮਾਦ ਰੂਪ ਵਟਾਈਆ । ਜਿਨ੍ਹਾਂ ਦੇ ਅੰਦਰ ਪ੍ਰੀਤਮ ਵੜਿਆ, ਉਹਨਾਂ ਦੀ ਬੇਤੁਕ ਤੁਕਾਂ ਨਾਲੋਂ ਚੰਗੀ ਨਜ਼ਰੀ ਆਈਆ । ਉਹਨਾਂ ਦਾ ਕਾਰਜ ਸਰਿਆ, ਜਿਨ੍ਹਾਂ ਪੜ੍ਹਨ ਦੀ ਬਜਾਏ ਸਨਮੁਖ ਦਰਸ਼ਨ ਲਿਆ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬੇਲਾ ਸਿੰਘ ਕਹੇ ਜਿਸ ਵੇਲੇ ਲਛਮਣ ਸਿੰਘ ਬੋਲਿਆ ਜੈਕਾਰਾ, ਜੈ ਜੈਕਾਰ ਦਿਤੀ ਸੁਣਾਈਆ । ਦੋ ਜਹਾਨਾਂ ਆਇਆ ਹੁਲਾਰਾ, ਬ੍ਰਹਿਮੰਡ ਖੰਡ ਦਿਤੇ ਉਠਾਈਆ । ਪ੍ਰੇਮ ਵਿਚ ਨੱਚੇ ਟੱਪੇ ਕੁੱਦੇ ਨਾਲੇ ਕਰੇ ਇਸ਼ਾਰਾ, ਹੱਥਾਂ ਉਂਗਲਾਂ ਨਾਲ ਸਮਝਾਈਆ । ਜੇ ਕੋਈ ਵਸਤ ਦੇ ਦੇਂ ਥਾਰਾ, ਗਠੜੀ ਫੋਲ ਸਾਡੀ ਝੋਲੀ ਪਾਈਆ । ਫਿਰ ਸਾਡਾ ਵੇਖੇਂ ਨਜ਼ਾਰਾ, ਬੁੱਢੇ ਨੱਢੇ ਰੂਪ ਵਟਾਈਆ । ਪ੍ਰੇਮ ਪ੍ਰੀਤੀ ਦਾ ਇਕ ਪਿਆਰਾ, ਵਸਤ ਧੁਰ ਦੀ ਦੇ ਵਰਤਾਈਆ । ਜੇ ਤੂੰ ਆਇਆ ਕੰਢੀ ਕਿਨਾਰਾ, ਕੰਡਿਆਂ ਵਿਚੋਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਲਛਮਣ ਸਿੰਘ ਕਹੇ ਮੇਰੇ ਲਾਗੋਂ ਨੰਦੂ ਗਿਆ ਉਠ, ਵਿੰਗਾ ਟੇਢਾ ਅਗੇ ਗਿਆ ਆਈਆ । ਅੰਦਰੇ ਅੰਦਰ ਕੁਛ ਲਿਆ ਪੁਛ, ਆਪਣੀ ਮੰਗ ਮੰਗਾਈਆ । ਬੋਲਿਆ ਸਚ ਮੁਚ, ਜੋ ਸਚ ਕਾਇਆ ਰੰਗ ਚੜ੍ਹਾਈਆ । ਦੀਨ ਦਿਆਲ ਹੋਇਆ ਖ਼ੁਸ਼, ਢੋਲਾ ਸੁਣ ਕੇ ਅਗੰਮ ਅਥਾਹੀਆ । ਕਰਮ ਸਿੰਘ ਕਿਹਾ ਮੈਨੂੰ ਔਂਦਾ ਨਹੀਂ ਕੁਛ, ਇਹ ਵੀ ਉਨ੍ਹਾਂ ਨਾਲ ਰਲਾਈਆ । ਇਨ੍ਹਾਂ ਸਾਰਿਆਂ ਦੀ ਪ੍ਰਭੂ ਆਪ ਬੋਲੇ ਤੁਕ, ਤੁਖ਼ਮ ਤਾਸੀਰ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬੁੱਢੇ ਕਹਿਣ ਸਾਡੀ ਬੋਲ ਇਕੋ ਤੁਕ, ਤੁਰਤ ਦੇ ਜਣਾਈਆ । ਸਾਡਾ ਲੇਖਾ ਜਾਵੇ ਮੁਕ, ਜਗਤ ਹਿਸਾਬ ਰਹੇ ਨਾ ਰਾਈਆ । ਬੁੱਢਿਆਂ ਦੀ ਗਭਰੂਆਂ ਵਰਗੀ ਖੜ੍ਹੀ ਹੋ ਜਾਏ ਮੁਛ, ਖ਼ੁਸ਼ੀ ਵਿਚ ਭੱਜੀਏ ਵਾਹੋ ਦਾਹੀਆ । ਜੇ ਕੋਈ ਸਾਨੂੰ ਲਏ ਪੁਛ, ਅਸੀਂ ਕਹੀਏ ਮਿਲਿਆ ਬੇਪਰਵਾਹੀਆ । ਬੁੱਧੂ ਰਹੇ ਮੁਢ, ਮੁਢ ਤੋਂ ਫੇਰ ਬੁੱਧੀ ਵਾਲੇ ਦੇ ਬਣਾਈਆ । ਜਿਸ ਬੁੱਧੀ ਨਾਲ ਤੂੰ ਸਾਨੂੰ ਗਿਉਂ ਸੁਝ, ਬਹੁਤੀ ਅਕਲ ਦੀ ਲੋੜ ਰਹੀ ਨਾ ਰਾਈਆ ।

ਅਗੇ ਪ੍ਰੀਤੀ ਵਿਚ ਜਾਈਏ ਰੁਚ, ਰੁਚੀ ਤੇਰੇ ਨਾਲ ਬਣਾਈਆ । ਦੁਨੀਆ ਭਾਵੇਂ ਕਹੇ ਕੁਛ, ਸਾਡੀ ਡੋਰੀ ਤੇਰੇ ਹੱਥ ਨਜ਼ਰੀ ਆਈਆ । ਉਮਰ ਦੇ ਬੁੱਢੇ ਭਗਤੀ ਪ੍ਰੇਮ ਪਿਆਰ ਵਿਚ ਤੇਰੇ ਪੁਤ, ਬੱਚਿਆਂ ਵਾਂਗ ਲੈਣਾ ਗੋਦ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਿਹਰਵਾਨ ਹੋ ਕੇ ਗਿਆ ਤੁਠ, ਮੁਠ ਆਪਣੀ ਦਏ ਖੁਲ੍ਹਾਈਆ ।

## ❊ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਜਗਤ ਸਿੰਘ ਦੇ ਘਰ ਪਿੰਡ ਧਿੰਗਾਲੀ ਜੰਮੂ ❊

ਬੁੱਢੇ ਨੱਢੇ ਕਰ ਮਨਜ਼ੂਰ, ਮੁਸ਼ਕਲ ਹਲ ਕਰਾਈ ਜਾਂਦਾ । ਜਨਮ ਜਨਮ ਦੇ ਬਖ਼ਸ਼ ਕ਼ਸੂਰ, ਦੁਰਮਤ ਮੈਲ ਧੁਆਈ ਜਾਂਦਾ । ਜੋਤ ਅਗੰਮੀ ਦੇ ਕੇ ਨੂਰ, ਦੀਪਕ ਘਰ ਘਰ ਡਗਮਗਾਈ ਜਾਂਦਾ । ਅੰਮ੍ਰਿਤ ਆਤਮ ਦੇ ਕੇ ਸਰੂਰ, ਤ੍ਰਿਸ਼ਨਾ ਭੁਖ ਮਿਟਾਈ ਜਾਂਦਾ । ਦਰਸ਼ਨ ਦੇ ਕੇ ਹਾਜ਼ਰ ਹਜ਼ੂਰ, ਵਿਛੜੇ ਮੇਲ ਮਿਲਾਈ ਜਾਂਦਾ । ਸਰਬ ਗੁਣਾਂ ਭਰਪੂਰ, ਖ਼ਾਲੀ ਭਾਂਡੇ ਆਪ ਭਰਾਈ ਜਾਂਦਾ । ਜਨਮ ਕਰਮ ਦਾ ਵਿਛੋੜਾ ਕਰ ਕੇ ਚੂਰ, ਧੁਰ ਸੰਜੋਗੀ ਜੋੜ ਜੁੜਾਈ ਜਾਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈ ਜਾਂਦਾ । ਮਿਹਰ ਨਜ਼ਰ ਉਠਾਵਣ ਆਇਆ, ਦਇਆਵਾਨ ਦਾਤਾਰ । ਗੁਰਮੁਖ ਮੇਲ ਮਿਲਾਵਣ ਆਇਆ, ਵਿਛੜਿਆਂ ਦਾ ਯਾਰ । ਕਰਮ ਕਰਮ ਦਾ ਰੋਗ ਕਟਾਵਣ ਆਇਆ, ਦੁਖੀਆਂ ਦਾ ਆਧਾਰ । ਭਰਮ ਭੁਲੇਖਾ ਕਢਾਵਣ ਆਇਆ, ਪਰਦਾ ਲਾਹ ਸਿਰਜਣਹਾਰ । ਪੂਰਬ ਲਹਿਣਾ ਵੇਖਣ ਆਇਆ, ਜੁਗ ਚੌਕੜੀ ਜਾਣੇ ਹਿਸਾਬ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਲ ਅਟਲ ਸੁਹਾਵਣ ਆਇਆ, ਸੋਹਣੀ ਇਕ ਮਹਿਰਾਬ । ਮਹਿਰਾਬ ਕਹੇ ਮੈਂ ਵੇਖਣਾ ਮਹਿਬੂਬ, ਮੁਹੱਬਤ ਦਾ ਮਾਲਕ ਬੇਪਰਵਾਹੀਆ । ਜਿਸ ਦੀ ਮੰਜ਼ਲ ਇਕ ਅਰੂਜ, ਅਰਸ਼ ਫ਼ਰਸ਼ ਸੋਭਾ ਪਾਈਆ । ਭਗਤਾਂ ਦੀ ਆ ਗਿਆ ਕੂਟ, ਵੇਸ ਅਵੱਲੜਾ ਰੂਪ ਵਟਾਈਆ । ਸਾਚੀ ਦੇ ਕੇ ਸੂਝ, ਸੁਧ ਬੁਧਿ ਆਪਣੇ ਨਾਲ ਮਿਲਾਈਆ । ਸਚ ਵਰੋਲ ਕੇ ਗੁਰਮੁਖ ਸਾਚਾ ਨਿਰਮਲ ਦੂਧ, ਪਾਣੀ ਛਾਛ ਬਾਹਰ ਕਢਾਈਆ । ਵੇਖਣਹਾਰਾ ਸ਼ਮਾਲ ਜਨੂਬ, ਮਸ਼ਰਕ ਮਗ਼ਰਬ ਖੋਜ ਖੁਜਾਈਆ । ਪਵਿੱਤਰ ਕਰਨ ਆਇਆ ਵਜੂਦ, ਵਜ਼ੂ ਇਕੋ ਨਾਮ ਵਖਾਈਆ । ਇਹ ਵਡਿਆਈ ਖ਼ੂਬ, ਖ਼ੂਬੀ ਆਪਣੀ ਨਾਲ ਪਾਰ ਲੰਘਾਈਆ । ਗੁਰਮੁਖੋ ਤੁਹਾਡਾ ਸੂਰਜ ਕਦੇ ਨਾ ਹੋਏ ਗ਼ਰੂਬ, ਦੋ ਜਹਾਨ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਦਾ ਦਾਤਾ ਇਕੋ, ਏਕੰਕਾਰਾ ਆਪ । ਸਾਚੀ ਸਿਖਿਆ ਗੁਰਮੁਖ ਸਿੱਖੋ, ਸੋਹੰ ਧੁਰ ਦਾ ਜਾਪ । ਕੁਛ ਹੱਥ ਨਾ ਆਏ ਫੇਰ ਪਿਛੋਂ, ਵੇਲਾ ਗਿਆ ਹਾਥ । ਜਗਤ ਜਹਾਨ ਤੱਤਾਂ ਵਿਚ ਸਦਾ ਨਾ ਦਿਸੋ, ਰੂਹ ਬੁਤ ਦਾ ਬਣਿਆ ਨਹੀਂ ਰਹਿਣਾ ਸਾਥ । ਵੇਲਾ ਵਕ਼ਤ ਸੁਹੰਜਣਾ ਨਜਿੱਠੋ, ਪੁਰਖ ਅਕਾਲ ਇਕੋ ਬਣਾ ਲਓ ਬਾਪ । ਧੁਰ ਦਰਗਾਹੀ ਧੁਰ ਦਾ ਮਿਤੇ, ਮੀਤ ਮੁਰਾਰਾ ਸਖਾ ਸਖ਼ਾਈ ਆਪ । ਸਚ ਪ੍ਰੀਤੀ ਤੋਂ ਮੂਲ ਨਾ ਰਿਤੇ, ਆਤਮ ਪਰਮਾਤਮ ਬਣਾ ਲਓ ਧੁਰ ਦਾ ਸਾਕ । ਤੁਸੀਂ ਸਮਝ ਨਹੀਂ ਸਕਦੇ ਪੁਰਖ ਅਬਿਨਾਸ਼ੀ ਮਿਲਿਆ ਕਿਥੋਂ, ਇਹ ਅਗੰਮੀ ਖੇਲ ਤਮਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਓਸ ਦੇ ਅਗੇ ਵਿਕੋ, ਪਾ ਕੇ ਕ਼ੀਮਤ ਤੁਹਾਡਾ ਵਡਾ ਕਰੇ ਪਰਤਾਪ । ਪਰਤਾਪ ਕਹੇ ਮੁੱਲ ਪਾਈ ਜਾਂਦਾ, ਲੱਖ

੫੭੦

ਕਰੋੜੀ ਨਾ ਵੰਡ ਵੰਡਾਈਆ । ਸਾਚੇ ਘਰ ਟਿਕਾਈ ਜਾਂਦਾ, ਜੋੜੀ ਆਪਣੇ ਨਾਲ ਰਖਾਈਆ । ਧੁਰ ਦਾ ਘਰ ਵਸਾਈ ਜਾਂਦਾ, ਵਿਛੜੇ ਗੋਦ ਉਠਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਈ ਜਾਂਦਾ, ਕਰੇ ਅਗੰਮ ਪੜ੍ਹਾਈਆ । ਮਿਹਰ ਨਜ਼ਰ ਨਾਲ ਤਰਾਈ ਜਾਂਦਾ, ਜਨ ਭਗਤੋ ਪ੍ਰਭ ਨੇ ਕੋਈ ਧਰਿਆ ਨਹੀਂ ਰੂਪ ਕਸਾਈ ਦਾ । ਵੇਲਾ ਵਕਤ ਸੁਹਾਈ ਜਾਂਦਾ, ਲੇਖਾ ਮੁਕੇ ਕੂੜ ਜੁਦਾਈ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਇਕ ਸਿਖਾਈ ਜਾਂਦਾ, ਵਕ਼ਤ ਸੁਹੰਜਣਾ ਹੋਵੇ ਆਤਮ ਪਰਮਾਤਮ ਸੱਚੀ ਵਧਾਈ ਦਾ ।

### ✳ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਪੂਰਨ ਸਿੰਘ ਦੇ ਗ੍ਰਿਹ ਪਿੰਡ ਪਿੰਗਾਲੀ ✳

ਧਰਤੀ ਕਹੇ ਮੈਂ ਵੇਖਿਆ ਰਾਹੀ ਇਕੱਲਾ, ਅਕਲ ਕਲ ਧਾਰੀ ਬੇਪਰਵਾਹੀਆ । ਜਿਸ ਜਾ ਵੜੇ ਮਹੱਲਾ, ਗੁਰਮੁਖ ਗੁਰਸਿਖ ਪਾਰ ਲੰਘਾਈਆ । ਜਿਸ ਪੱਤ ਟਹਿਣੀ ਨਾਲ ਇਹਦਾ ਛੋਹ ਗਿਆ ਪੱਲਾ, ਓਸ ਦਾ ਲੇਖਾ ਰਹੇ ਨਾ ਰਾਈਆ । ਜਿਨ੍ਹਾਂ ਦਰਿਆਵਾਂ ਦੇ ਵਹਿਣਾਂ ਵਿਚ ਦੀ ਲੰਘ ਗਿਆ ਬਲਾਂ, ਉਚਿਆਂ ਟਿੱਬਿਆਂ ਚਰਨ ਛੁਹਾਈਆ । ਉਨ੍ਹਾਂ ਨੂੰ ਜਨਮ ਮਰਨ ਦਾ ਰਿਹਾ ਕੋਈ ਨਾ ਗਿਲਾ, ਆਵਣ ਜਾਵਣ ਦੁਖੜੇ ਰਿਹਾ ਗਵਾਈਆ । ਧੰਨ ਵਡਿਆਈ ਜਿਨ੍ਹਾਂ ਨੂੰ ਮਿਲਾ, ਮਿਲ ਮਿਲ ਰੰਗ ਰੰਗਾਈਆ । ਮੇਰਾ ਸਿੰਘਾਸਣ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਹਿੱਲਾ, ਹਲੂਣਾ ਆਪਣਾ ਦਿਤਾ ਵਖਾਈਆ । ਜਿਸ ਨੇ ਭਗਤ ਕੋਈ ਭਾਂਡਾ ਰਹਿਣ ਨਹੀਂ ਦੇਣਾ ਪਿੱਲਾ, ਕਚਿਉਂ ਪੱਕੇ ਦੇਣੇ ਬਣਾਈਆ । ਗੋਬਿੰਦ ਚਾੜ੍ਹ ਕੇ ਆਪਣਾ ਚਿੱਲਾ, ਸ਼ਬਦ ਕਮਾਨ ਲੈਣਾ ਖਿਚਾਈਆ । ਪੀਰ ਪੈਗ਼ੰਬਰਾਂ ਖ਼ੁਸ਼ੀ ਨਾਲ ਕਹਿਣਾ ਧੰਨ ਬਿਸਮਿੱਲਾ, ਜੋ ਵਿਛੜਿਆਂ ਰਿਹਾ ਮਿਲਾਈਆ । ਗੁਰਸਿੱਖੋ ਇਹ ਨਾ ਸਮਝਿਓ ਕਿ ਵਿਹਲਾ, ਐਵੇਂ ਫਿਰ ਫਿਰ ਝਟ ਲੰਘਾਈਆ । ਗੋਬਿੰਦ ਤਾਰਨ ਆਇਆ ਜੋ ਪੂਰਬ ਜਨਮ ਦਾ ਚੇਲਾ, ਮੇਲਾ ਆਪਣੇ ਨਾਲ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਓਸ ਦਾ ਦੇਵੇ ਜਿਹੜਾ ਕਿਸੇ ਸਮੇਂ ਬਕਰੀ ਦਾ ਸੀ ਲੇਲਾ, ਜਿਹੜਾ ਗੋਦਾਵਰੀ ਕੰਢੇ ਮਾਧੋ ਬੈਰਾਗੀ ਦੇ ਡੇਰੇ ਸੀਸ ਗਿਆ ਨਿਵਾਈਆ ।

### ✳ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਖੇਮੋ ਦੇਵੀ ਦੇ ਗ੍ਰਿਹ ਪਿੰਗਾਲੀ ✳

ਲੇਲੇ ਦੇ ਪਿਛੇ ਆ ਗਈ ਉਹਦੀ ਮਾਂ ਬਕਰੀ, ਚੌਪਾਈ ਆਪਣਾ ਪੰਧ ਮੁਕਾਈਆ । ਭੱਜੀ ਔਂਦੀ ਗੋਬਿੰਦ ਨੂੰ ਸਾਹਮਣੇ ਟਕਰੀ, ਨਿਉਂ ਕੇ ਘਾਹ ਚੁਗਣ ਲੱਗੀ ਦਾ ਸੀਸ ਝੁਕਿਆ ਨਜ਼ਰੀ ਆਈਆ । ਉਹਨੂੰ ਇਕ ਨਜ਼ਰ ਆਈ ਜੋ ਧਾਰ ਦੋ ਸਤਰੀ, ਧੁਰ ਦੀ ਕਰੇ ਪੜ੍ਹਾਈਆ । ਪਿਛਾ ਯਾਦ ਆ ਗਿਆ ਇਹ ਮੇਰਾ ਪੁਤ ਲੇਲਾ ਮੂਲੇ ਦਾ ਭਰਾ ਖੱਤਰੀ, ਜਿਸ ਨੂੰ ਨਾਨਕ ਕੁਛ ਕਹਿ ਕੇ ਗਿਆ ਸੁਣਾਈਆ । ਜਿਸ ਦੇ ਹੱਥ ਸੀ ਓਸ ਵੇਲੇ ਤੱਕੜੀ, ਦੋ ਛਾਬੇ ਰੂਪ ਵਟਾਈਆ । ਨਾਨਕ ਨੇ ਪਿਆਰ ਨਾਲ ਮੰਗੀ ਇਕ ਕਕੜੀ, ਮੈਨੂੰ ਦੇ ਖਵਾਈਆ । ਓਸ ਦੇਣ ਦੇ ਮਾਰੇ ਕਿਹਾ ਇਸ ਨੂੰ ਜੂਠਾ ਕਰ ਗਈ ਆ ਇਕ ਬਕਰੀ, ਜੋ ਲੇਲੇ ਦੀ ਮਾਂ ਨਜ਼ਰੀ ਆਈਆ । ਨਾਨਕ ਹਸ ਕੇ ਕਿਹਾ ਤੇਰੇ ਕਰਮਾਂ ਦੀ ਮੇਰੇ ਹੱਥ ਪੱਤਰੀ,

ਜਿਵੇਂ ਚਾਹੇਂ ਦਿਆਂ ਬਣਾਈਆ । ਓਸ ਕਿਹਾ ਕਿਧਰੋਂ ਮੰਗਤਾ ਆ ਗਿਆ ਮਕਰੀ, ਫ਼ਰੇਬਾਂ ਨਾਲ ਲੁਟ ਲੁਟ ਖਾਈਆ । ਜੇ ਕਰਮਾਂ ਦੀ ਹੋਵੇ ਤੇਰੇ ਕੋਲ ਗਠੜੀ, ਕਿਉਂ ਦਰ ਦਰ ਆਪਣੀ ਅਲਖ ਜਗਾਈਆ । ਨਾਨਕ ਕਿਹਾ ਇਹ ਕਹਾਣੀ ਸਜਰੀ, ਤੈਨੂੰ ਦਿਆਂ ਵਖਾਈਆ । ਖੇਲ ਵੇਖੀਂ ਰਾਤ ਅੱਜ ਦੀ, ਸਵੇਰੇ ਮਿਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਖੱਤਰੀ ਪੁਤ ਸੁੱਤਾ ਰਾਤ, ਲੇਫ ਨਿਹਾਲੀ ਡੇਰਾ ਲਾਈਆ । ਉਸ ਨੂੰ ਨਜ਼ਰੀ ਆਇਆ ਸਾਖ਼ਿਆਤ, ਬਕਰੀ ਦਾ ਲੇਲਾ ਹੋ ਕੇ ਭੱਜਾ ਫਿਰੇ ਵਾਹੋ ਦਾਹੀਆ । ਜਿਧਰ ਜਾਏ ਉਧਰ ਨਾਨਕ ਮਿਲੇ ਆਪ, ਹਸ ਕੇ ਦਏ ਵਖਾਈਆ । ਓਸ ਡਰ ਕੇ ਕਿਹਾ ਮੈਥੋਂ ਹੋਇਆ ਪਾਪ, ਭੁਲ ਦੇ ਬਖ਼ਸ਼ਾਈਆ । ਨਾਨਕ ਕਿਹਾ ਇਹ ਤੇਰੀ ਕਰਨੀ ਦਾ ਸਰਾਫ਼, ਦਸ ਜਾਮੇ ਮੇਰੇ, ਦਸਾਂ ਜਾਮਿਆਂ ਪਿਛੋਂ ਤੇਰਾ ਲੇਖਾ ਦਿਆਂ ਚੁਕਾਈਆ । ਲੇਲੇ ਕਿਹਾ ਕੀ ਤੇਰੀ ਸ਼ਨਾਖ, ਸ਼ਨਾਖ਼ਤ ਦੇ ਦ੍ਰਿੜਾਈਆ । ਨਾਨਕ ਕਿਹਾ ਹੁਣ ਮੈਂ ਦਰਵੇਸ਼ ਫੇਰ ਸ਼ਹਿਨਸ਼ਾਹਾਂ ਵਾਲਾ ਖ਼ਤਾਬ, ਗੋਬਿੰਦ ਕਹਿ ਕਹਿ ਮੈਨੂੰ ਸਾਰੇ ਗਾਈਆ । ਓਸ ਜੋੜ ਕੇ ਆਪਣੇ ਹਾਥ, ਅੰਦਰੋਂ ਸੀਸ ਦਿਤਾ ਨਿਵਾਈਆ । ਮੇਰੀ ਕੀਤੀ ਕਰ ਮੁਆਫ਼, ਭੁਲ ਦੇ ਬਖ਼ਸ਼ਾਈਆ । ਨਾਨਕ ਕਿਹਾ ਇਹ ਗੋਬਿੰਦ ਦੇ ਹਾਥ, ਜੋ ਮੇਰਾ ਮੇਰਾ ਨਜ਼ਰੀ ਆਈਆ । ਗੋਦਾਵਰੀ ਦਾ ਹੋਵੇ ਘਾਟ, ਜਾਵੇ ਪੰਧ ਚੁਕਾਈਆ । ਓਸ ਵੇਲੇ ਤੇਰੀ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਦਏ ਤੁੜਾਈਆ । ਓਸ ਦਾ ਲੇਖਾ ਮੁਕਾਇਆ ਆਜ, ਵਿਚਲਾ ਭੇਵ ਗੁੱਝਾ ਲਿਆ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਦੇ ਲਾਹ ਕੇ ਵੇਖਣਹਾਰਾ ਤਾਕ, ਹਿਸਾਬ ਬੇਬਾਕ ਰਿਹਾ ਕਰਾਈਆ ।



### ❊ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਧਰਮ ਕੌਰ ਦੇ ਗ੍ਰਹਿ ਧੰਗਾਲੀ ❊

ਦੇਵਾ ਸਿੰਘ ਤੇਰੇ ਪਿਤਾ ਦਾ ਪਿਛਲਾ ਨਾਂ ਸੀ ਮਸੂਰ, ਚੌਂਹ ਭਾਈਆਂ ਤੋਂ ਵੱਡਾ ਨਜ਼ਰੀ ਆਇੰਦਾ । ਜਿਸ ਵੇਲੇ ਗੋਬਿੰਦ ਲੰਘਿਆ ਸੀ ਕੋਟ ਕਪੂਰ, ਕਪੂਰੇ ਦੀ ਹਦ ਵੇਖ ਵਖਾਇੰਦਾ । ਇਹ ਜਿਮੀਂਦਾਰ ਸੀ ਮਸ਼ਹੂਰ, ਵੇਲੇ ਵਕਤ ਦਾ ਅਖਵਾਇੰਦਾ । ਓਧਰੋਂ ਸੂਰਜ ਹੋਣ ਲੱਗਾ ਸੀ ਗ਼ਰੂਬ, ਆਪਣੀਆਂ ਕਿਰਨਾਂ ਪਰਦੇ ਵਿਚ ਛੁਪਾਇੰਦਾ । ਇਸ ਵੇਖਿਆ ਇਹ ਗੋਬਿੰਦ ਔਂਦਾ ਜ਼ਰੂਰ, ਜੋ ਸਾਂਝਾ ਗੁਰ ਅਖਵਾਇੰਦਾ । ਮੈਂ ਇਸ ਨੂੰ ਮਿਲਣਾ ਜ਼ਰੂਰ, ਜੋ ਜ਼ਰੂਰਤ ਪੂਰ ਕਰਾਇੰਦਾ । ਭੇਟਾ ਕਰਨ ਲਈ ਇਕ ਤੋੜ ਲਿਆ ਤਰਬੂਜ਼, ਜੋ ਗਿਆਰਾਂ ਸੇਰ ਵਜ਼ਨ ਰਖਾਇੰਦਾ । ਪੈਂਡਾ ਮੁਕਾ ਕੇ ਨੇੜੇ ਆਇਆ ਦੂਰ, ਚਰਨਾਂ ਉਤੇ ਸੀਸ ਰਖਾਇੰਦਾ । ਤੂੰ ਮਾਲਕ ਹਾਜ਼ਰ ਹਜ਼ੂਰ, ਹਜ਼ਰਤ ਝੋਲੀ ਅਗੇ ਡਾਹਿੰਦਾ । ਮੇਰੇ ਮੁਆਫ਼ ਕਰ ਜਾ ਕ਼ਸੂਰ, ਕ਼ਿਸਮਤ ਤੇਰੇ ਹੱਥ ਫੜਾਇੰਦਾ । ਗੋਬਿੰਦ ਕਿਹਾ ਮੈਨੂੰ ਮਨਜ਼ੂਰ, ਮੈਂ ਜਾਂਦੇ ਰਾਹੀਆਂ ਪਾਰ ਲੰਘਾਇੰਦਾ । ਇਸਦੇ ਵਿਚੋਂ ਕਢ ਥੋੜ੍ਹਾ ਜਿਹਾ ਖ਼ੂਰ, ਰਸ ਰਸਨਾ ਨਾਲ ਵੇਖ ਵਖਾਇੰਦਾ । ਓਨ ਉਸੇ ਵੇਲੇ ਗੋਬਿੰਦ ਦੇ ਚਰਨਾਂ ਦੀ ਆਪਣੇ ਹੱਥਾਂ ਨੂੰ ਲਾ ਕੇ ਧੂੜ, ਤਲੀ ਮਾਰ ਕੇ ਦੋ ਟੁਕੜੇ ਭੰਨ ਵਖਾਇੰਦਾ । ਤਰਬੂਜ਼ ਅੰਦਰੋਂ ਲਾਲ ਨਿਕਲਿਆਂ ਜ਼ਰੂਰ, ਜੋ ਥੱਲੇ ਗੁਲਾਬੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪਣੇ ਹੱਥ ਰਖਾਇੰਦਾ । ਤਰਬੂਜ਼ ਅਗੇ ਦਿਤਾ ਰਖ, ਦੋ ਹਿੱਸੇ ਵੰਡ ਵੰਡਾਈਆ । ਗੋਬਿੰਦ ਖੰਡੇ ਦੀ ਨੋਕ ਨਾਲ ਥੋੜ੍ਹਾ ਜਿਹਾ ਲਿਆ

ਚਖ, ਰਸ ਰਸਨਾ ਵਾਲਾ ਭਰਾਈਆ । ਫੇਰ ਖ਼ੁਸ਼ੀ ਵਿਚ ਪਿਆ ਹਸ, ਪਰਦਾ ਰਿਹਾ ਖੁਲ੍ਹਾਈਆ । ਮਸੂਰਾ ਇਹ ਕੀ ਰਿਹਾ ਦੱਸ, ਹੌਲੀ ਹੌਲੀ ਮੈਨੂੰ ਰਿਹਾ ਜਣਾਈਆ । ਮਸੂਰ ਕਿਹਾ ਇਸ ਦਾ ਦੇ ਕੇ ਜਾਵੀਂ ਹਕ, ਵਸਤ ਧੁਰ ਦੀ ਝੋਲੀ ਪਾਈਆ । ਖ਼ਾਲੀ ਨਾ ਜਾਵੀਂ ਛਡ, ਦਰ ਆਇਆ ਪਾਰ ਲੰਘਾਈਆ । ਗੋਬਿੰਦ ਕਿਹਾ ਮੈਂ ਸਿਰ ਰੱਖਾਂ ਹੱਥ, ਮਿਹਰ ਨਜ਼ਰ ਉਠਾਈਆ । ਦੇਵਾਂਗਾ ਉਹ ਵਥ, ਜਿਸ ਦੇ ਨਾਲ ਇਹਦੀ ਵਸਦੀ ਰਹੇ ਲੋਕਾਈਆ । ਜਿਸ ਵੇਲੇ ਪੰਜਾਬ ਚੋਂ ਗਿਆ ਨਠ, ਨਦੇੜ ਦਾ ਰਾਹ ਤਕਾਈਆ । ਓਸ ਵੇਲੇ ਇਸ ਨੇ ਆਪਣਾ ਸਰੀਰ ਜਾਣਾ ਛਡ, ਆਤਮ ਪਰਮਾਤਮ ਤੇਰੇ ਵਿਚ ਸਮਾਈਆ । ਕਲਜੁਗ ਅੰਤਮ ਜਿਸ ਵੇਲੇ ਪਰਗਟ ਹੋਵੇ ਸਮਰਥ, ਇਸ ਦੀ ਅੱਖ ਦਿਆਂ ਖੁਲ੍ਹਾਈਆ । ਜਿਹੜਾ ਬੱਚਾ ਰਵਦਾਸ ਦੇ ਨਾਲ ਗਿਆ ਸੀ ਵਸ, ਉਹ ਇਸੇ ਦੀ ਝੋਲੀ ਪਾਈਆ । ਜਿਨ੍ਹਾਂ ਮਿਲ ਕੇ ਗੌਣਾ ਜਸ, ਧੁਰ ਦਾ ਨਾਮ ਧਿਆਈਆ । ਇਸੇ ਦੀ ਓਹੋ ਸਵਾਣੀ ਓਦੋਂ ਮਿਲ ਜਾਏ ਹਕ, ਜੋੜੀ ਜੁੜੀ ਨਾ ਕੋਇ ਤੁੜਾਈਆ । ਅੰਤਮ ਗੋਦੀ ਲਵਾਂ ਚੱਕ, ਸਚਖੰਡ ਦਿਆਂ ਬਹਾਈਆ । ਬੰਸ ਸਰਬੰਸ ਲਜਿਆ ਰਖ, ਦੇਵਾਂ ਮਾਣ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਸਮਰਥ, ਪੂਰਬ ਲਹਿਣੇ ਸਭ ਦੇ ਰਿਹਾ ਮੁਕਾਈਆ ।



## ✻ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਕ੍ਰਿਸ਼ਨ ਸਿੰਘ ਦੇ ਗ੍ਰਿਹਿ ਧੰਗਾਲੀ ✻

ਪੁਤਰ ਧੀ ਉਤਾਰਨੇ ਪਾਰ, ਬੱਚੇ ਬੱਚੀਆਂ ਲੇਖ ਚੁਕਾਈਆ । ਸੰਸਾਰ ਸਾਗਰ ਵਿਚੋਂ ਦਏ ਤਾਰ, ਤਰਨੀ ਪਾਰ ਦਏ ਲੰਘਾਈਆ । ਜਨਮ ਜਨਮ ਦਾ ਲੇਖ ਨਿਵਾਰ, ਦੂਖ ਨਵਾਰਨ ਹੋਏ ਸਹਾਈਆ । ਸਚ ਪ੍ਰੀਤੀ ਬਖ਼ਸ਼ ਪਿਆਰ, ਪ੍ਰੇਮ ਪ੍ਰੇਮੀਆਂ ਦਏ ਜਣਾਈਆ । ਜਗਤ ਜਗ ਦਾ ਜੀਵਣ ਵਿਹਾਰ, ਜਗ ਜੀਵਣ ਦਾਤਾ ਦਏ ਸਮਝਾਈਆ । ਭਗਤ ਭਗਵੰਤ ਇਕ ਘਰ ਬਾਹਰ, ਗ੍ਰਿਹਿ ਮੰਦਰ ਦਏ ਵਖਾਈਆ । ਨਾਮ ਅਗੰਮਾ ਧੁਰ ਜੈਕਾਰ, ਸ਼ਬਦੀ ਨਾਦ ਵਜਾਈਆ । ਗੁਰਮੁਖਾਂ ਦਾ ਮੰਗਲਾਚਾਰ, ਸਖ਼ੀਆਂ ਦੀ ਰਾਸ ਵਖਾਈਆ । ਸੀਤਾ ਸੁਰਤੀ ਦਾ ਰਾਮ, ਗੁਰ ਸ਼ਬਦੀ ਮੇਲ ਮਿਲਾਈਆ । ਰਾਧਾ ਦਾ ਕਾਹਨ, ਘਨਈਆ ਬੰਸਰੀ ਸਚ ਸੁਣਾਈਆ । ਭੰਡਾਰਿਆਂ ਦਾ ਜਾਮ, ਸਤਿਨਾਮ ਦਏ ਦ੍ਰਿੜਾਈਆ । ਕਲਮਿਆਂ ਵਾਲੀ ਕਲਾਮ, ਕਾਇਨਾਤ ਦਏ ਸਿਖਾਈਆ । ਜਨ ਭਗਤੋ ਤੁਹਾਡਾ ਜਨਮ ਜਨਮ ਕਰਮ ਕਰਮ ਦਾ ਲਾਹ ਕੇ ਇਲਜ਼ਾਮ, ਨਜ਼ਾਮ ਅਗਲਾ ਦਿਤਾ ਬਦਲਾਈਆ । ਤੁਸਾਂ ਕਿਸੇ ਦੇ ਨਹੀਂ ਰਹਿਣਾ ਗ਼ੁਲਾਮ, ਮਾਲਕ ਇਕੋ ਦਿਤਾ ਮਿਲਾਈਆ । ਤੁਹਾਡਾ ਪਿਛਲਾ ਪ੍ਰੇਮ ਦਾ ਕੀਤਾ ਅਹਿਸਾਨ, ਤੁਹਾਡੀ ਝੋਲੀ ਪਾਈਆ । ਇਕ ਰੂਪ ਭਗਤ ਹੋ ਜਾਓ ਮਿਲ ਭਗਵਾਨ, ਭਾਵੀ ਨੇੜ ਕੋਇ ਨਾ ਆਈਆ । ਗੁਰਮੁਖ ਚਤੁਰ ਸੁਘੜ ਸੁਚੱਜੇ ਬਣ ਜਾਓ ਸੁਜਾਨ, ਦੁਰਮਤ ਮੈਲ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਿਨ੍ਹਾਂ ਨੂੰ ਮਿਲਿਆ ਆਣ, ਮਹਿਮਾਨ ਸਚਖੰਡ ਦੁਵਾਰੇ ਦੇ ਦਏ ਬਣਾਈਆ ।

## ✲ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਚੂੜ੍ਹਾ ਰਾਮ ਦੇ ਗ੍ਰਿਹ ਧੰਗਾਲੀ ✲

ਲੇਖੇ ਲਾਏ ਮਾਣਸ ਜਨਮ, ਜਨਮ ਜਨਮ ਖੋਜ ਖੁਜਾਇੰਦਾ । ਲੇਖੇ ਲਾਏ ਨਿਹਕਰਮੀ ਕਰਮ, ਕਰਮ ਕਾਂਡ ਵੇਖ ਵਖਾਇੰਦਾ । ਲੇਖੇ ਲਾਏ ਸਚ ਪ੍ਰੀਤੀ ਸਾਚਾ ਧਰਮ, ਧਰਮ ਧਰਮ ਧਰਤੀ ਧਵਲ ਸੁਹਾਇੰਦਾ । ਲੇਖੇ ਲਾਏ ਲੱਗੇ ਸਰਨ, ਸਰਨ ਸਰਨਾਗਤ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਦਇਆ ਕਮਾਇੰਦਾ । ਸਤਿਗੁਰ ਕਹੇ ਤੂੰ ਮੇਰਾ ਨਹੀਂ ਸਦਾ, ਸਦੀਆਂ ਦਾ ਲੇਖਾ ਪੂਰ ਕਰਾਈਆ । ਪ੍ਰੇਮ ਦਾ ਬੱਧਾ, ਆਇਆ ਵੇਸ ਵਟਾਈਆ । ਗੁਰਮੁਖੋ ਕੋਈ ਦੇਣ ਨਹੀਂ ਆਇਆ ਸਜ਼ਾ, ਜਮਾਂ ਤੋਂ ਰਿਹਾ ਛੁਡਾਈਆ । ਜੀਂਵਦਿਆਂ ਜਗ ਚਰਨ ਪ੍ਰੀਤੀ ਮਜ਼ਾ, ਮਰਨ ਤੋਂ ਪਿਛੋਂ ਸਚਖੰਡ ਸਾਚੇ ਦਿਆਂ ਬਹਾਈਆ । ਜਿਨ੍ਹਾਂ ਦਵਾਰਿਆਂ ਉਤੇ ਆਪਣੀ ਕਰ ਕੇ ਗਿਆ ਗਜਾ, ਗਦਾਗਰ ਹੋ ਕੇ ਫੇਰਾ ਪਾਈਆ । ਜਿਸ ਦੀ ਕੋਈ ਨਾ ਸਮਝੇ ਵਜਹ, ਵਜ਼ਾਹਤ ਨਾਲ ਨਾ ਕੋਇ ਦ੍ਰਿੜਾਈਆ । ਇਹ ਚਲਣ ਆਇਆ ਭਗਤਾਂ ਦੀ ਵਿਚ ਰਜ਼ਾ, ਰਾਮ ਰਹੀਮ ਦੋਵੇਂ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਰਿਹਾ ਚੁਕਾਈਆ । ਲੇਖਾ ਕਹੇ ਮੈਂ ਕਦੇ ਨਾ ਚੁਕਿਆ, ਮੇਰਾ ਪੰਧ ਨਾ ਕੋਇ ਮੁਕਾਈਆ । ਮੇਰਾ ਪੈਂਡਾ ਕਦੇ ਨਾ ਮੁਕਿਆ, ਚਲਿਆ ਵਾਹੋ ਦਾਹੀਆ । ਮੈਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੁਛਿਆ, ਵੇਲੇ ਅੰਤ ਖੋਜ ਖੁਜਾਈਆ । ਕੋਈ ਰਿਹਾ ਨਾ ਮੈਥੋਂ ਲੁਕਿਆ, ਪਰਦੇ ਰਿਹਾ ਉਠਾਈਆ । ਮੈਂ ਸਮਝਿਆ ਹੁਣ ਆਇਆ ਜੋ ਐਸ ਵੇਲੇ ਘੁਥਿਆ, ਮੈਂ ਦੇਵਾਂ ਨਾ ਕਦੇ ਗਵਾਹੀਆ । ਬੇਪਰਵਾਹ ਹੋ ਕੇ ਜਿਸ ਸਭ ਨੂੰ ਆਕੇ ਪੁਛਿਆ, ਗ਼ਰੀਬਾਂ ਹੋਇਆ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਵੈਰ ਹੋ ਕੇ ਆਪਣੀ ਗੋਦੀ ਚੁਕਿਆ, ਫੜ ਬਾਹੋਂ ਗਲੇ ਲਗਾਈਆ ।

## ✲ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਇੰਦਰ ਰਾਮ ਦੇ ਗ੍ਰਿਹ ਧੰਗਾਲੀ ✲

ਪੈਗ਼ੰਬਰ ਕਹਿਣ ਲਗੇ ਐ ਨਜ਼ਾਨੀ ਮੁਰਸ਼ਦ, ਮਸ਼ਕੂਕ ਹੋ ਜਣਾਈਆ । ਸਾਨੂੰ ਮਿਲਣ ਦੀ ਤੇਰੇ ਕੋਲ ਨਹੀਂ ਫ਼ੁਰਸਤ, ਸਾਢੇ ਦਸ ਦੇ ਆਏ ਬੈਠੇ ਡੇਰੇ ਲਾਈਆ । ਜਨ ਭਗਤਾਂ ਦੀ ਦੂਰ ਕਰ ਕੇ ਮੈਲ ਦੁਰਮਤ, ਧੁਰ ਦੇ ਮੇਲੇ ਰਿਹਾ ਮਿਲਾਈਆ । ਅਸੀਂ ਚੌਧਵੀਂ ਸਦੀ ਦੇ ਫ਼ਕੀਰਾਂ ਦੀ ਦੱਸਣ ਆਏ ਗ਼ੁਰਬਤ, ਜੋ ਮਗਰੂਰੀ ਵਿਚ ਰਖਾਈਆ । ਜਿਸ ਬਿਧ ਸਾਨੂੰ ਮਿਲ ਗਈ ਅਖ਼ੀਰੀ ਰੁਖ਼ਸਤ, ਛੁੱਟੀ ਸਭ ਨੂੰ ਦੇ ਕਰਾਈਆ । ਰਾਹ ਤੱਕੇ ਮੌਤ ਮਲਕਤ, ਮਲਕੀਅਤ ਵੇਖੇ ਜਗਤ ਲੋਕਾਈਆ । ਤੇਰੇ ਭਗਤਾਂ ਦੀ ਅਸੀਂ ਕਰਨ ਆਏ ਉਲਫ਼ਤ, ਤਾਰੀਫ਼ਾਂ ਵਿਚ ਜਸ ਗਾਈਆ । ਇਹਨਾਂ ਦੀ ਹਲ ਕਰਦੇ ਮੁਸ਼ਕਲ, ਮੁਸ਼ਕਲਾਤ ਦੇ ਕਟਾਈਆ । ਅਜ਼ੀਜ਼ ਪਿਆਰੇ ਬਣਾ ਖ਼ੁਸ਼ਦਿਲ, ਖ਼ੁਸ਼ੀਆਂ ਰੰਗ ਰੰਗਾਈਆ । ਕਾਇਰ ਪਾਜੀ ਨਾ ਬਣਾਵੀਂ ਬੁਜ਼ਦਿਲ, ਜੋ ਤੈਨੂੰ ਜਾਣ ਭੁਲਾਈਆ । ਇਹਨਾਂ ਦਾ ਲੇਖਾ ਰਹੇ ਨਾ ਬਿਲਕੁਲ, ਕੁਲ ਦੇ ਮਾਲਕ ਕੁਲਾਂ ਦੇਣੀਆਂ ਤਰਾਈਆ । ਤੇਰਾ ਕੋਈ ਨਾ ਲੱਗੇ ਮੁੱਲ, ਮੁਫ਼ਤ ਬੇੜੇ ਲੈ ਚੜ੍ਹਾਈਆ । ਜੇ ਤੈਨੂੰ ਜਾਵਣ ਭੁਲ, ਅਭੁਲ ਤੂੰ ਨਾ ਦੇਣਾ ਭੁਲਾਈਆ । ਤੇਰਾ ਦਵਾਰਾ ਸਤਿ ਦਾ ਗਿਆ ਖੁਲ੍ਹ, ਖ਼ੁਸ਼ੀ ਵੇਖੇ ਖ਼ਲਕ ਖ਼ੁਦਾਈਆ । ਤੇਰਿਆਂ ਭਗਤਾਂ ਦੀ ਸ਼ਮਅ ਨਾ ਹੋਵੇ ਗੁਲ, ਪ੍ਰਭੂ ਤੂੰ ਪਰਵਾਨਾ ਬਣ ਕੇ ਆਪ ਇਹਨਾਂ ਦੀ ਭੇਟ ਚੜ੍ਹਾਈਆ ।

ਤੇਰਾ ਬੂਟਾ ਲੋਕਮਾਤ ਨਾ ਜਾਵੇ ਹੁਲ, ਪੱਤ ਡਾਲ੍ਹੀ ਦੇਣੀ ਮਹਿਕਾਈਆ । ਸਚ ਪ੍ਰੀਤੀ ਜਾਵਣ ਘੋਲ ਘੁਲ, ਘੁੰਮਣ ਘੇਰੀ ਵਿਚੋਂ ਬਾਹਰ ਦੇਣਾ ਕਢਾਈਆ । ਜਨਮ ਜਨਮ ਕਰਮ ਕਰਮ ਵਿਚ ਜਾਣ ਨਾ ਰੁਲ, ਚੁਰਾਸੀ ਗੇੜ ਨਾ ਕੋਇ ਵਖਾਈਆ । ਤੇਰਾ ਨਾਮ ਭੰਡਾਰਾ ਅਨਮੁਲ, ਅਨਮੋਲਕ ਨਜ਼ਰੀ ਆਈਆ । ਜਿਨ੍ਹਾਂ ਨੇ ਮਸਤਕ ਲਾ ਲਈ ਤੇਰੀ ਧੂਲ, ਦਇਆ ਧਰਮ ਸੰਤੋਖ ਉਹਨਾਂ ਝੋਲੀ ਪਾਈਆ । ਅਗੇ ਲੈਣ ਵਾਲਾ ਰਹੇ ਨਾ ਕੋਈ ਮਸੂਲ, ਰਾਏ ਧਰਮ ਸਿਰ ਨਾ ਸਕੇ ਉਠਾਈਆ । ਤੇਰੇ ਪ੍ਰੇਮ ਪਿਆਰ ਮੁਹੱਬਤ ਵਿਚ ਰਹਿਣ ਸਦਾ ਮਸ਼ਗ਼ੂਲ, ਇਕੋ ਰੰਗ ਦੇਣਾ ਵਖਾਈਆ । ਆਪਣੀ ਕਰਨੀ ਦਾ ਲੇਖਾ ਲੈਣ ਵਸੂਲ, ਅਸਲ ਸਭ ਦੀ ਝੋਲੀ ਪਾਈਆ । ਮਿਲਣੀ ਹਕ ਦਾ ਬਣ ਮਹਿਬੂਬ, ਮੁਹੱਬਤ ਨਾਲ ਵਜੇ ਵਧਾਈਆ । ਅਰਸ਼ ਫ਼ਰਸ਼ ਤੋਂ ਉਚਾ ਦੱਸਣਾ ਅਰੂਜ, ਬਿਨਾ ਅਰਜ਼ ਬੇਨੰਤੀ ਓਸ ਦਵਾਰੇ ਦੇਣਾ ਬਹਾਈਆ । ਆਪਣੀ ਕਿਰਪਾ ਨਾਲ ਰਖਣਾ ਮਹਿਫ਼ੂਜ਼, ਚਾਰ ਕੁੰਟ ਹੋਣਾ ਸਹਾਈਆ । ਧੁਰ ਦਰਗਾਹੀ ਪੜ੍ਹੌਣਾ ਹਰੂਫ਼, ਬੇਹਰਫ਼ ਆਪਣਾ ਦੇਣਾ ਸਮਝਾਈਆ । ਜਿਸ ਦੀ ਨਾ ਕੋਈ ਮਿਸਾਲ ਨਾ ਪਰੂਫ਼, ਨਾ ਸ਼ਨਾਖ਼ਤ ਸਕੇ ਕੋਇ ਕਰਾਈਆ । ਸਚ ਦਵਾਰੇ ਵਾੜ ਕੇ ਆਪਣੇ ਹਦੂਦ, ਬਿਨਾ ਹੁਜਰ ਤੋਂ ਹੁਜਰਾ ਦੇਣਾ ਵਖਾਈਆ । ਜਿਧਰ ਵੇਖੂੰ ਨਜ਼ਰ ਆਵੇਂ ਮੌਜੂਦ, ਮੁਅਜ਼ਜ਼ ਹੋ ਕੇ ਆਪਣੀ ਸੇਵ ਕਮਾਈਆ । ਅਗੇ ਭਗਤਾਂ ਤੋਂ ਲਿਖੌਂਦਾ ਨਾ ਰਹੀਂ ਕੋਈ ਖ਼ਤੂਤ, ਘਰ ਸੁਤਿਆਂ ਦਰਸ ਦੇਣਾ ਵਖਾਈਆ । ਵੇਖੀਂ ਕਿਸੇ ਦੇ ਕਰਮਾਂ ਦੀ ਨਾ ਵੇਖੀਂ ਕਰਤੂਤ, ਨਿਹਕਰਮੀ ਹੋ ਕੇ ਪਾਰ ਲੰਘਾਈਆ । ਤੇਰੇ ਪਿਆਰਿਆਂ ਦਾ ਪ੍ਰੇਮ ਨਾ ਹੋਵੇ ਗ਼ਰੂਬ, ਸੂਰਜ ਚੰਦ ਬੈਠਣ ਮੁਖ ਛੁਪਾਈਆ । ਕੀ ਹੋਇਆ ਮੁਹੰਮਦ ਕਹੇ ਸਾਨੂੰ ਦੱਸ ਦਿਤਾ ਹਜਾਰਾ ਦਰੂਦ, ਇਸਮ ਆਅਜ਼ਮ ਦਿਤਾ ਜਣਾਈਆ । ਅਸੀਂ ਸਾਰੇ ਦੇਵਣ ਆਏ ਸਬੂਤ, ਸ਼ਹਾਦਤ ਨਾਲ ਗਵਾਹੀਆ । ਤੇਰਾ ਨਾਉਂ ਪੁਖਤਾ ਮਜ਼ਬੂਤ, ਜਿਸ ਨੂੰ ਸਕੇ ਨਾ ਕੋਇ ਤੁੜਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਜਿਸ ਕਹਿ ਲਿਆ ਕਲਬੂਤ, ਉਹ ਕਲਮਿਆਂ ਵਿਚ ਫੇਰ ਕਦੇ ਨਾ ਆਈਆ । ਤੇਰੀ ਮੰਜ਼ਲ ਵੇਖੇ ਮਕ਼ਸੂਦ, ਚੜ੍ਹਕੇ ਨੂਰ ਖ਼ੁਦਾਈਆ । ਤੱਤ ਵਿਛੋੜਾ ਹੋ ਜਾਏ ਵਜੂਦ, ਨੂਰ ਨੂਰ ਰੁਸ਼ਨਾਈਆ । ਤੇਰੇ ਪ੍ਰੇਮ ਪਿਆਰ ਦੀ ਚੰਗਿਆੜੀ ਕਾਮ ਕਰੋਧ ਬਾਰੂਦ, ਹੰਕਾਰ ਦੇਵੇ ਜਲਾਈਆ । ਇਹਨਾਂ ਗ਼ਰੀਬਾਂ ਨਿਮਾਣਿਆਂ ਦਾ ਕਾਰਜ ਆ ਜਾਵੇ ਸੂਤ, ਅਸੁਤੇ ਮਿਲਣਾ ਚਾਈਂ ਚਾਈਂਆ । ਦੁਖੀਆਂ ਦਾ ਮੇਟ ਕੇ ਦੂਖ, ਦਰਦੀਆਂ ਦੀ ਦਰਦ ਵੰਡਾਈਆ । ਜੇ ਕਿਸੇ ਦਾ ਕੋਈ ਲਹਿਣਾ ਹੈਗਾ ਉਹ ਵੀ ਕਰ ਜਾ ਮਨਸੂਖ਼, ਆਪਣਾ ਹੁਕਮ ਸਾਦਰ ਇਕ ਕਰਾਈਆ । ਤੇਰੇ ਵਿਚ ਹਕ ਤੌਫ਼ੀਕ਼, ਹੁਕਮ ਵਿਚ ਵਡਿਆਈਆ । ਜੋ ਚਾਹੇਂ ਸੋ ਕਰ ਦੇਵੇਂ ਮੌਕੂਫ਼, ਹੁਕਮੇ ਨਾਲ ਮਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੈਗ਼ੰਬਰ ਕਹਿਣ ਅਸੀਂ ਵੇਖਣ ਆਏ ਲੁਗਾਤ, ਜਿਹੜੀ ਆਪਣੇ ਵਿਚ ਛੁਪਾਈਆ । ਕੁਛ ਓਸ ਦੇ ਦੱਸ ਅਲਫ਼ਾਜ, ਜੋ ਮੁਜ਼ੱਕਰ ਮੁਅਨਸ ਦੋਵੇਂ ਰੂਪ ਨਜ਼ਰ ਨਾ ਆਈਆ । ਜਿਸ ਦੇ ਵਿਚ ਆਦਿ ਜੁਗਾਦੀ ਸਵਾ ਲਾਖ, ਬਿਨਾ ਨੰਬਰੀਆਂ ਦਿਤੇ ਪਰਗਟਾਈਆ । ਜੁਗ ਚੌਕੜੀ ਦਾ ਲਿਖਿਆ ਰਿਵਾਜ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੇਵਾ ਸਮਝਾਈਆ । ਜਿਸ ਦਾ ਲੇਖਾ ਦੱਸੇ ਅਬਿਨਾਸ਼ੀ ਕਰਤਾ ਸੀਸ ਤੇ ਪਹਿਨਣਾ ਤਾਜ, ਤਾਜਰ ਦੋ ਜਹਾਨਾਂ ਨਜ਼ਰੀ ਆਈਆ । ਪੈਗ਼ੰਬਰਾਂ ਨੂੰ ਭੁਲਣੀ ਨਿਮਾਜ਼, ਭਗਤਾਂ ਦਾ ਖੋਲ੍ਹਣਾ ਆਗ਼ਾਜ਼, ਪਰਦਾ ਚੁਕੌਣਾ ਰਾਜ਼, ਸਮਾਜ ਇਕੋ ਦੇਣਾ ਵਖਾਈਆ । ਵੇਖਣਾ ਮਾਰ ਕੇ ਝਾਤ, ਖੋਲ੍ਹ ਕਿਵਾੜੀ ਤਾਕ, ਅੱਠੇ ਪਹਿਰ ਇਕੋ ਕਰ ਪਰਭਾਤ, ਆਤਮ ਪਰਮਾਤਮ ਦੇ ਕੇ ਸਵਾਦ,


੫੭੪

ਰਸਨਾ ਜਿਹਵਾ ਰਸ ਦੇਣੇ ਭੁਲਾਈਆ । ਵਖੌਣਾ ਖੇਲ ਤਮਾਸ਼, ਮੰਡਲ ਵਖੌਣੀ ਰਾਸ, ਗੋਪੀ ਕਾਹਨ ਰਖਣੇ ਪਾਸ, ਮੁਖ ਘੁੰਗਟ ਨਾ ਕੋਇ ਜਣਾਈਆ । ਭਗਤਾਂ ਨੂੰ ਦੇਣੀ ਦਾਤ, ਗੁਰਮੁਖਾਂ ਨੂੰ ਸਚ ਸੁਗਾਤ, ਨਿਮਾਣਿਆਂ ਦੀ ਪੁਛਣੀ ਵਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪ ਹੋ ਕੇ ਵਸਣਾ ਸਾਥ, ਸਾਂਝੇ ਯਾਰ ਆਪਣਾ ਰੰਗ ਰੰਗਾਈਆ ।

## ✻ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਹੰਸ ਰਾਜ ਦੇ ਗ੍ਰਿਹਿ ਧਿੰਗਾਲੀ ✻

ਪੈਗ਼ੰਬਰ ਕਹਿਣ ਮੁਰੀਦ ਮੁਰਸ਼ਦ ਦਾ ਇਕ ਨੁਕਤਾ, ਦਰਮਿਆਨ ਬੈਠਾ ਡੇਰਾ ਲਾਈਆ । ਨੁਕਤੇ ਦਾ ਓਹਲਾ ਓਸ ਵੇਲੇ ਚੁਕਦਾ, ਜਿਸ ਵੇਲੇ ਰਹਿਮਤ ਆਪ ਕਮਾਈਆ । ਫਿਰ ਭਾਂਡਾ ਫੁਟ ਜਾਏ ਦੁਖ ਦਾ, ਦਲਿਦਰ ਦਏ ਗਵਾਈਆ । ਘਰ ਭੰਡਾਰਾ ਮਿਲ ਜਾਏ ਸੁਖ ਦਾ, ਅੰਮ੍ਰਿਤ ਰਸ ਚਵਾਈਆ । ਭੇਵ ਰਹੇ ਨਾ ਲੁਕ ਦਾ, ਸਨਮੁਖ ਨਜ਼ਰੀ ਆਈਆ । ਜਲਵਾ ਵੇਖੋ ਓਸ ਦਾ, ਜੋ ਅਸਲ ਰੂਪ ਖ਼ੁਦਾਈਆ । ਪਰਦਾ ਉਠੇ ਲੋਕ ਪਰਲੋਕ ਦਾ, ਜਿਮੀਂ ਅਸਮਾਨਾਂ ਪਾਰ ਜਣਾਈਆ । ਸੂਫ਼ੀ ਫ਼ਕੀਰ ਉਹ ਓਥੇ ਪਹੁੰਚਦਾ, ਜੋ ਇਕੋ ਧਿਆਨ ਲਗਾਈਆ । ਜਨ ਭਗਤੋ ਵੇਲਾ ਨਹੀਂ ਹੁਣ ਸੋਚ ਦਾ, ਸੋਚਿਆਂ ਹੱਥ ਕੁਛ ਨਾ ਆਈਆ । ਵਕ਼ਤ ਸੁਹੰਜਣਾ ਪ੍ਰਭ ਦੀ ਮੌਜ ਦਾ, ਮਜਲਸ ਵਿਚ ਬਹਿ ਕੇ ਖ਼ੁਸ਼ੀ ਮਨਾਈਆ । ਤੁਹਾਡਾ ਆਵਣ ਝਗੜਾ ਮੁਕ ਜਾਏ ਰੋਜ਼ ਦਾ, ਜਾਵਣ ਦੀ ਲੋੜ ਰਹੇ ਨਾ ਰਾਈਆ । ਪਿਆਲਾ ਪੀ ਲਉ ਨਾਮ ਖ਼ੁਮਾਰੀ ਮਦਹੋਸ਼ ਦਾ, ਮਧੁਰ ਧੁਨ ਦਏ ਸੁਣਾਈਆ । ਜੋ ਤੁਹਾਡੇ ਅੰਦਰ ਬੋਲਦਾ, ਉਹ ਤੁਹਾਡਾ ਤੁਹਾਨੂੰ ਦਏ ਮਿਲਾਈਆ । ਸੱਜਣ ਸੁਹੇਲੇ ਆਪੇ ਖੋਜਦਾ, ਬਣ ਖੋਜੀ ਫੇਰਾ ਪਾਈਆ । ਉਹ ਲਹਿਣਾ ਦੇਣਾ ਚੁਕਾਵੇ ਦੋਸ਼ ਨਿਰਦੋਸ਼ ਦਾ, ਦੋਸ਼ੀਆਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੈਗ਼ੰਬਰ ਕਹਿਣ ਨੁਕਤੇ ਬਿਨਾ ਸੋਹੇ ਨਾ ਕਦੇ ਨੂਨ, ਮਿਲੇ ਨਾ ਮਾਣ ਵਡਿਆਈਆ । ਇਹ ਨੁਕਤੇ ਦਾ ਕ਼ਾਨੂੰਨ, ਜੋ ਗੁਰਮੁਖਾਂ ਮਨਮੁਖਾਂ ਵੰਡ ਵੰਡਾਈਆ । ਇਹ ਨੁਕਤੇ ਦਾ ਮਜ਼ਮੂਨ, ਜੋ ਮੁਲਜ਼ਮ ਬਰੀ ਕਰਾਈਆ । ਇਹ ਨੁਕਤੇ ਦਾ ਜਨੂਨ, ਜੋ ਜਲਵੇ ਰਿਹਾ ਵਖਾਈਆ । ਇਹ ਨੁਕਤੇ ਦਾ ਫ਼ਰਊਨ, ਖ਼ੁਦਾ ਨੂੰ ਤੀਰ ਲਗਾਈਆ । ਇਹ ਨੁਕਤੇ ਦਾ ਅਸੂਲ, ਅਸਲੀਅਤ ਦਏ ਛੁਪਾਈਆ । ਇਹ ਨੁਕਤੇ ਦਾ ਰੂਲ, ਰੁਲਦਿਆਂ ਦਏ ਤਰਾਈਆ । ਇਹ ਨੁਕਤਾ ਮਾਕੂਲ, ਜੋ ਮੁਕੰਮਲ ਦਿਤਾ ਟਿਕਾਈਆ । ਜਿਹੜੇ ਇਸ ਨੁਕਤੇ ਨੂੰ ਗਏ ਭੂਲ, ਓਹਨਾਂ ਤੋਂ ਭੁੱਲਿਆ ਬੇਪਰਵਾਹੀਆ । ਨੁਕਤਾ ਕਹੇ ਮੈਂ ਭਗਤਾਂ ਦਾ ਮਜ਼ਦੂਰ, ਸੰਤਾਂ ਦੀ ਸੇਵ ਕਮਾਈਆ । ਗੁਰਮੁਖਾਂ ਦੇ ਹਜ਼ੂਰ, ਹਾਜ਼ਰ ਹੋ ਕੇ ਵੇਖ ਵਖਾਈਆ । ਜਿਸ ਵੇਲੇ ਸੂਲੀ ਚੜ੍ਹਿਆ ਸੀ ਮਨਸੂਰ, ਇਹੋ ਨੁਕਤਾ ਉਸ ਪਰੇ ਦਿਤਾ ਹਟਾਈਆ । ਉਹਨੂੰ ਰੱਬ ਦੀ ਰਜ਼ਾ ਹੋ ਗਈ ਮਨਜ਼ੂਰ, ਧਿਆਨ ਇਕ ਨਾਲ ਲਗਾਈਆ । ਕਰ ਕੇ ਸਜ਼ਾ ਉਹ ਪਛਤੌਣ ਲਗੇ ਜ਼ਰੂਰ, ਜਿਨ੍ਹਾਂ ਪੁੱਠੀ ਖੱਲ ਲੁਹਾਈਆ । ਨੁਕਤਾ ਕਹੇ ਮੇਰੇ ਨਾਲ ਨੇੜੇ ਮੇਰੇ ਨਾਲ ਦੂਰ, ਜੇ ਮੈਂ ਨਾ ਹੋਵਾਂ ਫਿਰ ਕ਼ਸੂਰ ਕਰਨ ਵਾਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਵਣਹਾਰਾ ਆਪਣਾ ਘਰ, ਨੁਕਤਾ ਨਾਮ ਨੋਕ ਨਾਲ ਅਗੋਂ ਦੇਵੇ ਹਟਾਈਆ ।


੫੭੫

## ❊ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਕਰਮ ਸਿੰਘ ਦੇ ਗ੍ਰਹਿ ਪਿੰਗਾਲੀ ❊

ਨੁਕਤਾ ਕਹੇ ਜੇ ਮੈਂ ਪੜਦਾ ਲਾਹ ਦਿਆਂ ਨਕ਼ਾਬ, ਓਹਲਾ ਦਿਆਂ ਗਵਾਈਆ । ਫਿਰ ਲੋੜ ਰਹੇ ਨਾ ਕਰਨ ਦੀ ਕੋਈ ਜਾਪ, ਰਸਨਾ ਜਿਹਵਾ ਪੰਧ ਮੁਕਾਈਆ । ਨਜ਼ਰੀ ਆ ਜਾਏ ਸਾਖ਼ਿਆਤ, ਮਾਲਕ ਬੇਪਰਵਾਹੀਆ । ਜਿਸ ਨੂੰ ਸਭ ਨੇ ਮੰਨਿਆ ਬਾਪ, ਪੈਗ਼ੰਬਰਾਂ ਦਾ ਨੂਰ ਖ਼ੁਦਾਈਆ । ਜਿਸ ਵੇਲੇ ਮਿਲ ਜਾਵੇ ਆਪ, ਆਪਣਾ ਭੇਵ ਖੁਲ੍ਹਾਈਆ । ਓਸ ਵੇਲੇ ਰੂਹ ਬੁੱਤ ਦੋਵੇਂ ਹੋ ਜਾਣ ਪਾਕ, ਪਵਿੱਤਰ ਨਜ਼ਰੀ ਆਈਆ । ਜਨਮ ਕਰਮ ਹੋ ਜਾਏ ਮੁਆਫ਼, ਮੁਫ਼ਲਿਸ ਸ਼ਾਹ ਦਏ ਬਣਾਈਆ । ਜੇ ਮਨ ਹੋਵੇ ਗੁਸਤਾਖ਼, ਸ਼ਰਾਰਤ ਉਹਦੀ ਦਏ ਮਿਟਾਈਆ । ਬੰਦਾ ਬਣਾ ਕੇ ਖ਼ਾਦਮ ਖ਼ਾਕ, ਖ਼ਾਲਸ ਆਪਣਾ ਰੰਗ ਚੜ੍ਹਾਈਆ । ਅੰਦਰੇ ਸੁਆਲ ਤੇ ਅੰਦਰੇ ਜੁਆਬ, ਆਪੇ ਦਏ ਸਮਝਾਈਆ । ਮੰਜ਼ਲ ਰਹੇ ਨਾ ਕੋਈ ਘਾਟ, ਅਗਲਾ ਪੰਧ ਨਾ ਕੋਇ ਚਲਾਈਆ । ਇਕ ਸੁਣਾ ਕੇ ਆਪਣੀ ਗਾਥ, ਹੁਕਮ ਧੁਰਦਰਗਾਹੀਆ । ਨੁਕਤਾ ਕਹੇ ਫੇਰ ਝਗੜਾ ਰਹੇ ਨਾ ਕੋਇ ਸਮਾਜ, ਦੀਨ ਮਜ੍ਹਬ ਨਾ ਕੋਇ ਲੜਾਈਆ । ਹੋਣਾ ਪਏ ਨਾ ਕਿਤੇ ਮੁਹਤਾਜ, ਝੋਲੀ ਅਗੇ ਕਿਸੇ ਨਾ ਡਾਹੀਆ । ਮੰਨਣਾ ਪਏ ਨਾ ਕਿਸੇ ਨਵਾਬ, ਸੁਲਤਾਨਾਂ ਸਿਰ ਨਾ ਕੋਇ ਝੁਕਾਈਆ । ਇਕੋ ਕਰਨਾ ਪਏ ਅਦਾਬ, ਸਜਦਾ ਸ਼ਾਹ ਪਾਤਸ਼ਾਹ ਸੱਚੀ ਸ਼ਹਿਨਸ਼ਾਹੀਆ । ਜਿਸ ਨੇ ਬਖ਼ਸ਼ਿਆ ਸਚ ਖ਼ਤਾਬ, ਰੁਤਬਾ ਦਿਤਾ ਬਣਾਈਆ । ਓਸੇ ਦਾ ਨੁਕਤਾ ਓਸੇ ਦਾ ਨੂਰ ਓਸੇ ਦਾ ਪਰਦਾ ਓਹੀ ਸਭ ਕੁਝ ਰਿਹਾ ਆਖ, ਆਖ਼ਰ ਓਹੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਣਾਵਣਹਾਰਾ ਸਾਚਾ ਦਰ, ਇਸੇ ਨੁਕਤੇ ਦੀ ਸਾਰੇ ਕਰਦੇ ਗਏ ਤਲਾਸ਼, ਫ਼ਕੀਰ ਹਕੀਰ ਕਲਮੇ ਦੀਆਂ ਮੋਮਬੱਤੀਆਂ ਹੱਥਾਂ ਵਿਚ ਉਠਾਈਆ । ਕਲਮਾ ਕਹੇ ਮੈਂ ਓਸ ਨੁਕਤੇ ਦਾ ਪਹਿਰੇਦਾਰ, ਸੇਵਾ ਸਦਾ ਕਮਾਈਆ । ਜਿੰਨਾਂ ਚਿਰ ਹੁਕਮ ਨਾ ਦੇਵੇ ਮੇਰਾ ਯਾਰ, ਇਸ਼ਾਰਾ ਇਕ ਦ੍ਰਿੜਾਈਆ । ਮੈਂ ਧੁਰ ਦਾ ਖ਼ਿਦਮਤਗਾਰ, ਖ਼ਾਦਮ ਨਜ਼ਰੀ ਆਈਆ । ਜਿਸ ਵੇਲੇ ਮੁਰੀਦਾਂ ਨਾਲ ਪਰਵਰਦਿਗਾਰ ਕਰੇ ਪਿਆਰ, ਮੁਹੱਬਤ ਇਕ ਰਖਾਈਆ । ਮੈਨੂੰ ਕਰ ਦੇਵੇ ਖ਼ਬਰਦਾਰ, ਹੁਕਮ ਇਕ ਸੁਣਾਈਆ । ਜਿਸ ਵੇਲੇ ਮੇਰਾ ਲੱਗਾ ਹੋਏ ਦਰਬਾਰ, ਮੁਕਾਮੇ ਹਕ ਸਚਖੰਡ ਸਾਚੇ ਸੋਭਾ ਪਾਈਆ । ਭਗਵਨ ਹੋ ਕੇ ਭਗਤ ਨੂੰ ਕਰਾਂ ਯਾਦ, ਆਪਣੀ ਦਇਆ ਕਮਾਈਆ । ਤੂੰ ਸੁਣ ਕੇ ਓਸੇ ਵੇਲੇ ਆਵਾਜ਼, ਕੁੰਡਾ ਦੇਣਾ ਲਾਹੀਆ । ਇਹ ਨੁਕਤੇ ਵਾਲਾ ਰਾਜ਼, ਉਨ੍ਹਾਂ ਨੂੰ ਦੇਣਾ ਸਮਝਾਈਆ । ਇਸ ਤੋਂ ਪਿਛੇ ਪਿਛੇ ਪੜ੍ਹਨ ਦੀ ਲੋੜ ਨਿਮਾਜ਼, ਅਗੇ ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਇਹ ਬਖ਼ਸ਼ਿਸ਼ ਰਹਿਮਤ ਕਰ ਕੇ ਭਗਤਾਂ ਦਿਤੀ ਦਾਤ, ਦਾਤਾਰ ਹੋ ਕੇ ਆਪ ਵਰਤਾਈਆ । ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਖਿਆ ਸਾਥ, ਉਨ੍ਹਾਂ ਦਰ ਨੁਕਤਾ ਨਿਉਂ ਨਿਉਂ ਸੀਸ ਨਿਵਾਈਆ ।

## ❊ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਕਰਤਾਰ ਚੰਦ ਦੇ ਗ੍ਰਹਿ ਪਿੰਗਾਲੀ ❊

ਨੁਕਤਾ ਕਹੇ ਜਿਸ ਵੇਲੇ ਕਿਰਪਾ ਕਰੇ ਪੁਰਖ ਸਮਰਥ, ਦਾਤਾਰ ਦਾਤਾ ਆਪਣੀ ਦਇਆ ਕਮਾਈਆ । ਭਗਤਾਂ ਨਾਲ ਮਿਲਾ ਕੇ ਅੱਖ, ਅੱਖਰ ਆਪਣਾ ਦਏ ਪੜ੍ਹਾਈਆ । ਧੁਰ ਦਾ ਮਾਰਗ ਦੇਵੇ ਦੱਸ, ਮਾਰਗ ਸੱਚਾ ਇਕ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਹੋ ਜਾਏ ਵਸ, ਵਾਸਤਾ ਆਪਣੇ

ਨਾਲ ਰਖਾਈਆ । ਆਤਮ ਪਰਮਾਤਮ ਕਰ ਦਏ ਇਕੱਠ, ਵਿਛੋੜਾ ਦਏ ਗਵਾਈਆ । ਸਚ ਦਵਾਰ ਖੋਲ੍ਹ ਕੇ ਹੱਟ, ਮੰਦਰ ਸੋਭਾ ਪਾਈਆ । ਦੁਰਮਤ ਮੈਲ ਦੇਵੇ ਕਟ, ਪਤਿਤ ਪਾਪੀ ਪੁਨੀਤ ਰੂਪ ਵਖਾਈਆ । ਹਕੀਕਤ ਝੋਲੀ ਪਾਏ ਹਕ, ਹੁਕਮ ਆਪਣਾ ਦਏ ਸਮਝਾਈਆ । ਗੁਰਮੁਖਾਂ ਦੇ ਅੰਦਰੋਂ ਮੇਟ ਕੇ ਸ਼ਕ, ਸ਼ਕੂਕ ਦਏ ਗਵਾਈਆ । ਉਹ ਸਮਝਣ ਜਿਸ ਵੇਲੇ ਇਹ ਮਾਲਕ ਸਾਡਾ ਸਚ, ਧੁਰਦਰਗਾਹੀ ਨਜ਼ਰੀ ਆਈਆ । ਨੁਕਤਾ ਕਹੇ ਮੈਂ ਅੱਗੋਂ ਉਸ ਵੇਲੇ ਜਾਵਾਂ ਹਟ, ਆਪਣਾ ਪਾਸਾ ਲਵਾਂ ਬਦਲਾਈਆ । ਭਗਤ ਭਗਵਾਨ ਦਾ ਇਕੋ ਆਵੇ ਰਸ, ਦੂਜਾ ਸਵਾਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪਾਰ ਲੰਘਾਈਆ । ਨੁਕਤਾ ਕਹੇ ਮੈਂ ਭਗਤਾਂ ਵੇਂਹਦਾ ਰਿਹਾ ਮਿਲਦਾ, ਓਹਲੇ ਬਹਿ ਕੇ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਖੇਲ ਰਿਹਾ ਖੇਲਦਾ, ਜੁਗ ਚੌਕੜੀ ਵੇਸ ਵਟਾਈਆ । ਜਿਸ ਵੇਲੇ ਦੀਵਾ ਅਗੰਮੀ ਬਲੇ ਨਾਤਾ ਛਡ ਕੇ ਬੱਤੀ ਤੇਲ ਦਾ, ਨੂਰੋ ਨੂਰ ਕਰੇ ਰੁਸ਼ਨਾਈਆ । ਉਹ ਨਜ਼ਾਰਾ ਦੇ ਕੇ ਸੱਜਣ ਸੁਹੇਲ ਦਾ, ਬਿਨ ਭਗਤਾਂ ਵੇਖਣ ਕੋਇ ਨਾ ਪਾਈਆ । ਇਹ ਖੇਲ ਰੰਗ ਨਵੇਲ ਦਾ, ਸਚਖੰਡ ਨਿਵਾਸੀ ਆਪੇ ਰਿਹਾ ਕਰਾਈਆ । ਓਥੇ ਸਮਾਂ ਨਹੀਂ ਕੋਈ ਕਿਸੇ ਦਲੀਲ ਦਾ, ਸਲਾਹਾਂ ਦੀ ਲੋੜ ਰਹੇ ਨਾ ਰਾਈਆ । ਝਗੜਾ ਚੁਕ ਜਾਏ ਜਗਤ ਵਕੀਲ ਦਾ, ਅਪੀਲ ਫ਼ਰਿਆਦ ਨਾ ਕੋਇ ਜਣਾਈਆ । ਨੁਕਤਾ ਕਹੇ ਮੈਂ ਨੁਕਤਾ ਹਾਂ ਨੁਕਤਰੀਨ ਦਾ, ਤਰਾਵਤ ਨਜ਼ਰੀ ਆਈਆ । ਇਹ ਖੇਲ ਯਾ ਮਬੀਨ ਦਾ, ਆਮੀਨ ਦਏ ਸਮਝਾਈਆ । ਜਨ ਭਗਤੋ ਅਗੇ ਝਗੜਾ ਚੁਕ ਗਿਆ ਦੀਨ ਮਜ਼੍ਹਬ ਤਕਸੀਮ ਦਾ, ਟੁਕੜੇ ਨਾ ਕੋਇ ਵਖਾਈਆ । ਸੁਖ ਵੇਖੋ ਓਸ ਦੀ ਸੱਚੀ ਤਾਲੀਮ ਦਾ, ਜੋ ਬਿਨ ਤਮਅ ਰਿਹਾ ਪੜ੍ਹਾਈਆ । ਝਗੜਾ ਛਡ ਦਿਓ ਮਨ ਕਮੀਨ ਦਾ, ਕਾਇਆ ਦੇ ਪਾਤਸ਼ਾਹ ਹੋ ਕੇ ਆਪਣਾ ਪਾਤਸ਼ਾਹ ਰੂਪ ਲਉ ਵਟਾਈਆ । ਓਥੇ ਲੇਖਾ ਨਹੀਂ ਅਮੀਰ ਗ਼ਰੀਬ ਦਾ, ਵੱਡਾ ਛੋਟਾ ਨਾ ਕੋਇ ਜਣਾਈਆ । ਹੁਣ ਵੇਲਾ ਬਦਲਣ ਨਸੀਬ ਦਾ, ਕ਼ਰੀਬ ਹੋ ਕੇ ਦਇਆ ਕਮਾਈਆ । ਇਹ ਖੇਲ ਅਗੰਮੀ ਅਜੀਬ ਦਾ, ਅਜਬ ਲੀਲਾ ਰਿਹਾ ਵਰਤਾਈਆ । ਝਗੜਾ ਚੁਕੇ ਸ਼ਰੀਕ ਰਫ਼ੀਕ ਫ਼ਰੀਕ ਦਾ, ਤੌਫ਼ੀਕ਼ ਇਕੋ ਦਏ ਵਡਿਆਈਆ । ਨੁਕਤਾ ਕਹੇ ਭਗਤੋ ਮੈਂ ਤੁਹਾਡਾ ਰਾਹ ਉਡੀਕਦਾ, ਦਿਵਸ ਰੈਣ ਧਿਆਨ ਲਗਾਈਆ । ਮੈਂ ਦਰਵਾਜ਼ਾ ਖੋਲ੍ਹਾਂ ਓਸ ਦਹਿਲੀਜ਼ ਦਾ, ਜਿਸ ਦੇ ਲੰਘਦਿਆਂ ਦਿਲਬਰ ਯਾਰ ਨਜ਼ਰੀ ਆਈਆ । ਓਥੇ ਲੇਖਾ ਨਹੀਂ ਅਕਲ ਸ਼ਊਰ ਤਮੀਜ ਦਾ, ਇਕੋ ਮੁਹੱਬਤ ਵਿਚ ਸਮਾਈਆ । ਖੇੜਾ ਵੇਖੋ ਓਸ ਸੱਜਣ ਵਸਨੀਕ ਦਾ, ਜੋ ਸਚ ਦਵਾਰੇ ਬੈਠਾ ਸੋਭਾ ਪਾਈਆ । ਝਗੜਾ ਮਿਟ ਜਾਏ ਸੂਰਜ ਚੰਦ ਅੰਧੇਰੇ ਤਾਰੀਕ ਦਾ, ਇਕੋ ਨੂਰ ਹੋਵੇ ਰੁਸ਼ਨਾਈਆ । ਨਜ਼ਾਰਾ ਤਕੋ ਨੇੜੇ ਤੋਂ ਨੇੜੇ ਨਜ਼ਦੀਕ ਦਾ, ਮੰਜ਼ਲ ਦਰ ਮੰਜ਼ਲ ਹਰਦਿਲ ਹੋ ਕੇ ਦਏ ਕਰਾਈਆ । ਫੇਰ ਗੀਤ ਗਓ ਸਿਫ਼ਤੀ ਭਰੀ ਤਾਰੀਫ਼ ਦਾ, ਤੁਆਰਫ਼ ਕਰ ਕੇ ਖ਼ੁਸ਼ੀ ਮਨਾਈਆ । ਮਜ਼ਾ ਚਖ ਲਓ ਭਗਵਨ ਦੀ ਸੱਚੀ ਪ੍ਰੀਤ ਦਾ, ਜੋ ਪ੍ਰੀਤਮ ਹੋ ਕੇ ਰਿਹਾ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਝਗੜਾ ਮੁਕਾਵੇ ਦੂਜੇ ਦੀ ਤਸਦੀਕ਼ ਦਾ, ਬਿਨ ਸ਼ਹਾਦਤੋਂ ਲੇਖੇ ਦਏ ਮੁਕਾਈਆ ।

ਇਕ ਦਿਨ ਮੁੱਲਾ ਕਰਦਾ ਸੀ ਹਿਸਾਬ, ਮਸਜ਼ਦ ਅੰਦਰ ਡੇਰਾ ਲਾਈਆ । ਉਹਦਾ ਵੇਲਾ ਆ ਗਿਆ ਪੜ੍ਹਨ ਦਾ ਨਿਮਾਜ਼, ਵੂਜ਼ੂ ਕਰ ਕੇ ਸਜਦੇ ਵਿਚ ਸੀਸ ਦਿਤਾ ਝੁਕਾਈਆ । ਓਧਰੋਂ ਪੰਡਤ ਦੂਰੋਂ ਆਣ ਕੇ ਕੀਤਾ ਅਦਾਬ, ਸਜਦਾ ਦਿਤਾ ਜਣਾਈਆ । ਜਿਸ ਵੇਲੇ ਉਹਨੇ ਅੱਖਾਂ ਮੀਟ ਕੇ ਕੰਨਾਂ ਵਿਚ ਉਂਗਲੀਆਂ ਪਾਈਆ । ਏਹਨ ਹੌਲੀ ਜਿਹੀ ਦੋ ਉਂਗਲਾਂ ਨਾਲ ਚੁਕ ਲਈ ਉਹਦੀ ਦਵਾਤ, ਸਿਰ ਮਾਰ ਕੇ ਖ਼ੁਸ਼ੀ ਦਿਤੀ ਮਨਾਈਆ । ਨਾਲੇ ਇਕ ਵਰਕਾ ਪਾੜ ਕੇ ਵਿਚੋਂ ਕਿਤਾਬ, ਦੋਂਹ ਉਂਗਲਾਂ ਨਾਲ ਬਾਹਰ ਕਢਾਈਆ । ਓਸ ਵਿਚ ਇਹਦਾ ਵੀ ਸੀ ਚੌਦਾਂ ਰੁਪਈਆਂ ਦਾ ਹਿਸਾਬ, ਜੋ ਉਧਾਰੇ ਲੈ ਕੇ ਗਿਆ ਖਾਈਆ । ਪਿੱਛੇ ਮੁੜ ਕੇ ਕਹਿੰਦਾ ਵਾਹ ਵਾਹ ਝਗੜਾ ਮੁਕਾਇਆ ਰਸੂਲ ਪਾਕ, ਮੇਰਾ ਲੇਖਾ ਸਾਫ਼ ਕਰਾਈਆ । ਓਧਰੋਂ ਮੁੱਲਾ ਵਿਹਲਾ ਹੋ ਗਿਆ ਪੜ੍ਹ ਕੇ ਨਿਮਾਜ਼, ਫੂੜ੍ਹੀ ਉਤੇ ਡੇਰਾ ਲਾਈਆ । ਚਾਰ ਕੁੰਟ ਤਕਿਆ ਕੱਲੀ ਕਲਮ ਨਜ਼ਰ ਨਾ ਆਈ ਦਵਾਤ, ਦੂਆ ਖ਼ੁਦਾ ਅਗੇ ਕਰ ਕੇ ਇਕ ਆਵਾਜ਼ ਸੁਣਾਈਆ । ਕਿਹੜਾ ਏਥੋਂ ਚੱਕਕੇ ਲੈ ਗਿਆ ਬਦਮਾਸ਼, ਔਂਦਾ ਜਾਂਦਾ ਨਜ਼ਰ ਕੋਇ ਨਾ ਆਈਆ । ਜੇ ਖ਼ੁਦਾਵੰਤ ਕਰੀਮ ਉਹਨੂੰ ਸਜ਼ਾ ਦੇਵੇ ਆਪ, ਜੋ ਮਸਜਦਾਂ ਦਾ ਚੋਰ ਮੁੱਲਾ ਨੂੰ ਲੁਟ ਲੁਟ ਖਾਈਆ । ਜੇ ਉਸ ਨਾਲ ਛੁਹਾਇਆ ਹੋਵੇ ਹਾਥ, ਉਹਦਾ ਹੱਥ ਦੇ ਕਟਾਈਆ । ਜੇ ਉਂਗਲਾਂ ਨੇ ਦਿਤਾ ਹੋਵੇ ਸਾਥ, ਉਂਗਲਾਂ ਦੇ ਲੁਹਾਈਆ । ਆਵਾਜ਼ ਆਈ ਇਹ ਸਭ ਕੁਛ ਲਹਿਣਾ ਮੁਕੇ ਹਿਸਾਬ, ਤੈਨੂੰ ਦਿਆਂ ਜਣਾਈਆ । ਓਧਰੋਂ ਬ੍ਰਾਹਮਣ ਆ ਕੇ ਉਹ ਵਰਕਾ ਰਖ ਕੇ ਆਪਣੀ ਵਿਚ ਕਿਤਾਬ, ਦਵਾਤ ਹੱਥ ਵਿਚ ਉਠਾਈਆ । ਉਹਦੇ ਵਿਚ ਪਾਣੀ ਸੀ ਥੋੜ੍ਹਾ, ਬਾਹਰ ਜਾ ਕੇ ਵਿਚ ਕੀਤਾ ਪੇਸ਼ਾਬ, ਫੜ ਕੇ ਹੱਥ ਨਾਲ ਲਈ ਹਿਲਾਈਆ । ਖ਼ੁਦਾਵੰਦ ਨੇ ਵੇਖ ਕੇ ਕਿਹਾ ਹੁਣ ਨਹੀਂ ਰਹਿ ਗਈ ਪਾਕ, ਇਹ ਕੋਈ ਮੂਰਖ ਇਹਨੂੰ ਕੀ ਦਿਆਂ ਸਜ਼ਾਈਆ । ਥੋੜ੍ਹਾ ਜਿਹਾ ਲੇਖਾ ਰਵਿਦਾਸ ਦੇ ਹਾਥ, ਕਿਉਂਕਿ ਇਹਦੀ ਗੰਢ ਭਗਤ ਨਾਲ ਜੁੜਾਈਆ । ਇਸ ਦੇ ਜਨਮ ਜਨਮ ਜਗ ਵਿਚ ਹੋਣੇ ਜੋ ਨੌ ਦਿਤੇ ਆਖ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਵੇਲੇ ਕਲਜੁਗ ਅੰਤ ਪਰਗਟ ਹੋਣਾ ਸਾਖ਼ਿਆਤ, ਇਸ ਦਾ ਲਹਿਣਾ ਦਿਆਂ ਭੁਗਤਾਈਆ । ਏਧਰੋਂ ਇਹ ਅਗੰਮੀ ਰਵਿਦਾਸ ਨੂੰ ਸੁਣ ਗਈ ਆਵਾਜ਼, ਉਹ ਅੰਦਰੇ ਅੰਦਰ ਖ਼ੁਸ਼ੀ ਮਨਾਈਆ । ਕਿਉਂ ਮੇਰਾ ਪੰਡਤ ਨਾਲ ਅੰਤਮ ਹੋਣਾ ਸਾਥ, ਜਨਮ ਜਨਮ ਦਾ ਗੇੜ ਭਵਾਈਆ । ਮੈਂ ਓਸ ਵੇਲੇ ਪ੍ਰਭੂ ਨੂੰ ਦੇਵਾਂ ਆਖ, ਇਹਦੀ ਨਾ ਉਂਗਲੀ ਕਟ ਨਾ ਹਾਥ, ਸ਼ਬਦੀ ਕਾਰ ਦੇ ਭੁਗਤਾਈਆ । ਰਵਿਦਾਸ ਦੇ ਕਾਰਨ ਤੈਨੂੰ ਕੀਤਾ ਮੁਆਫ਼, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਬਚਨ ਹਰ ਸ਼ਬਦ ਵਿਚ ਰੱਖੇ ਰਾਜ਼, ਜੋ ਜਾਗਦਿਆਂ ਸੁੱਤਿਆਂ ਸੁਪਨਿਆਂ ਵਿਚ ਦਿਖਾਈਆ ।



### ❊ ੧੨ ਚੇਤ ਸ਼ਹਿਨਸ਼ਾਹੀ ਸੰਮਤ ੧ ਵਕੀਲ ਸਿੰਘ ਦੇ ਗ੍ਰਿਹਿ ਪਿੰਡ ਧਿੰਗਾਲੀ ਜ਼ਿਲਾ ਜੰਮੂ ❊

ਖੇਲ ਵੇਖ ਪੁਰਖ ਸਮਰਥ, ਬ੍ਰਹਿਮੰਡ ਖੰਡ ਦੋ ਜਹਾਨ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾਵਣ ਲਗੇ ਜਸ, ਸਚਖੰਡ ਦਵਾਰੇ ਧੁਰ ਦਾ ਢੋਲਾ ਇਕ ਸੁਣਾਈਆ । ਜੋ ਖੇਲ ਤਮਾਸ਼ਾ ਵੇਖਿਆ ਅੱਜ, ਦਿਵਸ ਰੈਣ ਵੱਜੀ ਵਧਾਈਆ । ਪੀਰ ਪੈਗ਼ੰਬਰ ਕਹਿਣ ਸਾਨੂੰ ਕਾਅਬੇ ਨਾਲੋਂ ਚੰਗਾ ਲੱਭਾ ਹੱਜ, ਹਜ਼ਰਤ ਹੋ ਕੇ ਵੇਖ ਵਖਾਈਆ । ਨਿਰਗੁਣ ਧਾਰ ਸਾਰੇ ਆਏ ਨੱਸ, ਦੂਰ ਦੁਰਾਡਾ ਪੰਧ ਮੁਕਾਈਆ । ਵਿਸ਼ਨੂੰ ਕਹੇ ਮੈਂ ਖੋਲ੍ਹ

ਕੇ ਵੇਖੀ ਅੱਖ, ਲੋਕਮਾਤ ਧਿਆਨ ਲਗਾਈਆ । ਪਤਿਪਰਮੇਸ਼ਵਰ ਨਜ਼ਰੀ ਆਇਆ ਪਰਤਖ, ਜੋਤੀ ਜਾਤਾ ਨੂਰ ਇਲਾਹੀਆ । ਬ੍ਰਹਮਾ ਕਹੇ ਮੇਰੇ ਬ੍ਰਹਮ ਦਾ ਦੇਵਣ ਆਇਆ ਹਕ, ਹਕੀਕਤ ਦਾ ਮਾਲਕ ਸ਼ਹਿਨਸ਼ਾਹੀਆ । ਸਾਚੇ ਖੇੜੇ ਰਿਹਾ ਵਸ, ਗ੍ਰਹਿ ਮੰਦਰ ਇਕ ਸੁਹਾਈਆ । ਸ਼ੰਕਰ ਭੋਲਾ ਨਾਥ ਕਹੇ ਮੈਂ ਬੋਲ ਕੇ ਦੱਸਾਂ ਸਚ, ਸਚ ਸੰਦੇਸ਼ਾ ਇਕ ਸੁਣਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦਾ ਨਾਮ ਨਿਧਾਨਾ ਰਹੇ ਰਟ, ਸੋਹਲਾ ਢੋਲਾ ਰਾਗ ਅਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਜਿਸ ਦਾ ਲੇਖਾ ਲਿਖ ਲਿਖ ਗਏ ਦੱਸ, ਖਾਣੀ ਬਾਣੀ ਵੰਡ ਵੰਡਾਈਆ । ਪ੍ਰਿਥਮੀ ਆਕਾਸ਼ ਸੂਰਜ ਚੰਨ ਜੋ ਲੇਖੇ ਲਾਵਣਹਾਰਾ ਰਵ ਸਸ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਬੇਪਰਵਾਹ ਆਪਣੀ ਖੇਲ ਖਿਲਾਈਆ । ਜੋ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸ੍ਰੀ ਭਗਵੰਤ ਵਸਣਹਾਰਾ ਘਟ ਘਟ, ਗ੍ਰਹਿ ਮੰਦਰ ਕਾਇਆ ਅੰਦਰ ਬੈਠਾ ਸੋਭਾ ਪਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਖੇਲ ਮਹਿੰਮਾ ਸ਼ਬਦ ਅਕਥ, ਕਥਨੀ ਕਥ ਨਾ ਕੋਇ ਜਣਾਈਆ । ਜੋ ਨਿਤ ਨਵਿਤ ਜੁਗ ਚੌਕੜੀ ਚਲਾਵਣਹਾਰਾ ਰਥ, ਬਣ ਰਥਵਾਹੀ ਸੇਵ ਕਮਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਦਾਤਾ ਪੁਰਖ ਬਿਧਾਤਾ ਪਰਵਰਦਿਗਾਰ ਸਾਂਝਾ ਯਾਰ ਲਾ ਸ਼ਰੀਕਾ, ਆਪਣੀ ਖੇਲ ਵਖਾਈਆ । ਭਗਤ ਸੁਹੇਲਾ ਲੇਖਾ ਜਾਣੇ ਗੁਰੂ ਗੁਰ ਚੇਲਾ ਠਾਂਡਾ ਸੀਤਾ ਤ੍ਰੈਗੁਣ ਅਤੀਤਾ, ਮਾਤ ਪਿਤ ਕਰ ਕਰ ਹਿਤ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਆਪਣੀ ਗੋਦ ਉਠਾਈਆ । ਲਹਿਣਾ ਦੇਣਾ ਚੁਕਾਏ ਊਚਾਂ ਨੀਚਾਂ, ਰਾਉ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵੇਖ ਵਖਾਈਆ । ਲੱਖ ਚੁਰਾਸੀ ਵੇਖਣਹਾਰਾ ਜਗਤ ਬਗ਼ੀਚਾ, ਪੱਤ ਡਾਲ੍ਹੀ ਫੁੱਲ ਪੰਖੜੀ ਫਲ ਫੁੱਲ ਵੇਖੇ ਥਾਉਂ ਥਾਈਂਆ । ਸਚ ਸੰਦੇਸ਼ਾ ਨਾਮ ਕਲਮਾ ਕਲਾਮ ਦੇਵਣਹਾਰ ਹਦੀਸਾ, ਧੁਰ ਸੰਦੇਸ਼ਾ ਨਰ ਨਿਰੰਕਾਰਾ ਇਕ ਜਣਾਈਆ । ਭਗਤ ਉਧਾਰੀ ਜਿਸ ਦਾ ਪੇਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਰੁਤ ਸੁਹੰਜਣੀ ਬਾਰਾਂ ਚੇਤ, ਵਦੀ ਸੁਦੀ ਨਾ ਕੋਇ ਵਡਿਆਈਆ । ਭਗਤ ਭਗਵਾਨ ਦਾ ਅਨੋਖਾ ਵੇਖਿਆ ਹੇਤ, ਆਤਮ ਪਰਮਾਤਮ ਮਿਲ ਮਿਲ ਖ਼ੁਸ਼ੀ ਮਨਾਈਆ । ਸਤਿ ਧਰਮ ਦੀ ਖੇਲਦੇ ਵੇਖੇ ਖੇਲ, ਕੂੜੀ ਕਿਰਿਆ ਕੂੜ ਤਜਾਈਆ । ਦੂਈ ਦਵੈਤੀ ਰਿਹਾ ਨਾ ਕੋਈ ਭੇਤ, ਸ਼ਰਅ ਸ਼ਰੀਅਤ ਨਾ ਕੋਇ ਲੜਾਈਆ । ਨਿਜ ਨੇਤਰ ਲੋਚਨ ਨੈਣ ਗ੍ਰਹਿ ਮੰਦਰ ਅੰਦਰ ਰਹੇ ਵੇਖ, ਧੁਰ ਦਾ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੀਰ ਪੈਗ਼ੰਬਰ ਕਹਿਣ ਅਸੀਂ ਕਰੀਏ ਸਜਦਾ, ਨਿਉਂ ਨਿਉਂ ਸੀਸ ਝੁਕਾਈਆ । ਮੁਰਸ਼ਦ ਵੇਖਿਆ ਮੁਰੀਦਾਂ ਬਰਦਾ, ਦਰ ਦਰਵੇਸ਼ ਫੇਰਾ ਪਾਈਆ । ਸਚ ਪੈਗ਼ਾਮ ਸੁਣਾ ਕੇ ਪੜ੍ਹਦਾ, ਅਲਿਫ਼ ਯੇ ਨਾ ਕੋਇ ਜਣਾਈਆ । ਭੇਵ ਖੁਲ੍ਹਾ ਕੇ ਸਾਚੇ ਘਰ ਦਾ, ਘਰ ਘਰ ਪੜਦੇ ਰਿਹਾ ਉਠਾਈਆ । ਕਰੇ ਵੇਸ ਨਰਾਇਣ ਨਰ ਦਾ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਦੇ ਨਿਰਗੁਣ ਧਾਰ ਹੋ ਕੇ ਅੰਦਰ ਵੜਦਾ, ਬਜਰ ਕਪਾਟੀ ਕੁੰਡਾ ਰਿਹਾ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਇਕੋ ਪੜ੍ਹਦਾ, ਦੂਜੀ ਰਮਜ਼ ਨਾ ਕੋਇ ਜਣਾਈਆ । ਸਾਚੇ ਮਾਰਗ ਗੁਰਮੁਖ ਸੱਜਣ ਵਿਰਲਾ ਚਲਦਾ, ਜਿਸ ਅੰਤਰ ਆਤਮ ਬੂਝ ਬੁਝਾਈਆ । ਕਲਜੁਗ ਕੂੜ ਕੁੜਿਆਰਾ ਵੇਖੇ ਕਲ ਦਾ, ਦੁਰਮਤ ਮੈਲ ਨਾ ਕੋਇ ਧੁਆਈਆ । ਰਾਜਾ ਰਾਣਾ ਇਕ ਦੂਜੇ ਨਾਲ ਲੜਦਾ, ਝਗੜਾ ਮੁਕੇ ਨਾ ਜਗਤ ਲੋਕਾਈਆ । ਭਗਤ

ਭਗਵਾਨ ਇਕ ਦੂਜੇ ਅੰਦਰ ਰਲਦਾ, ਜੋਤੀ ਜੋਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਕਹਿਣ ਵੇਖਿਆ ਦਿਨ ਦਿਹਾੜਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਪ੍ਰਭ ਠਾਕਰ ਸਵਾਮੀ ਆਤਮ ਰਾਮ ਪਿਆਰਾ, ਪ੍ਰੀਤਮ ਆਪਣਾ ਰੰਗ ਰੰਗਾਈਆ । ਜਨ ਭਗਤਾਂ ਦੇ ਕੇ ਸਚ ਸਹਾਰਾ, ਜੀਵਣ ਜੁਗਤ ਇਕ ਸਮਝਾਈਆ । ਕੂੜੀ ਕਿਰਿਆ ਪਾਰ ਕਿਨਾਰਾ, ਜੂਠ ਝੂਠ ਰਿਹਾ ਗਵਾਈਆ । ਸਾਚਾ ਇਸ਼ਟ ਖੋਲ੍ਹ ਕੇ ਦ੍ਰਿਸ਼ਟ ਮੇਲ ਮਿਲਾ ਕੇ ਜਿਉਂ ਰਾਮਾ ਵਸ਼ਿਸ਼ਟ ਮੰਦਰ ਦਸਾਏ ਇਕੋ ਗੁਰੂਦਵਾਰਾ, ਸ਼ਿਵਦਵਾਲਾ ਮਠ ਸਚ ਸਮਝਾਈਆ । ਕਾਇਆ ਮੰਦਰ ਖੋਲ੍ਹੋ ਸਚ ਕਿਵਾੜਾ, ਜਿਸ ਘਰ ਵਸਿਆ ਬੇਪਰਵਾਹੀਆ । ਹੱਥ ਨਾ ਆਵੇ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਰਿਹਾ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਦੇਵਣ ਆਏ ਹੋਕਾ, ਧੁਰ ਦਾ ਹੁਕਮ ਇਕ ਸੁਣਾਈਆ । ਜਨ ਭਗਤੋ ਰੋਂਦੇ ਵੇਖੋ ਚੌਦਾਂ ਲੋਕਾ, ਚੌਦਾਂ ਤਬਕ ਦੇਣ ਦੁਹਾਈਆ । ਲੋਕਮਾਤ ਪ੍ਰਭ ਨੂੰ ਮਿਲਣਾ ਨਹੀਂ ਸੌਖਾ, ਬਿਨ ਪੂਰੇ ਸਤਿਗੁਰ ਮੁਰਸ਼ਦ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਦੇਹੀ ਦਿਤਾ ਮੌਕਾ, ਲੱਖ ਚੁਰਾਸੀ ਵਿਚੋਂ ਉਤਮ ਸ੍ਰੇਸ਼ਟ ਇਕ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਨੂੰ ਆਇਆ ਅੱਜ ਸਵਾਦ, ਪ੍ਰੇਮ ਪ੍ਰੀਤੀ ਵੇਖ ਵਖਾਈਆ । ਗੁਰਮੁਖੋ ਤੁਹਾਡੇ ਅੰਦਰ ਇਕ ਵੈਰਾਗ, ਜੋ ਵੈਰੀ ਕਾਮ ਕਰੋਧ ਲੋਭ ਮੋਹ ਰਿਹਾ ਮਿਟਾਈਆ । ਤੁਹਾਡੀ ਸੁਰਤ ਸਵਾਣੀ ਗਈ ਜਾਗ, ਸ਼ਬਦ ਹਾਣੀ ਨਾਲ ਮਿਲਾਈਆ । ਤੁਹਾਡੀ ਬੁੱਧੀ ਨਾ ਰਹੀ ਕਾਗ, ਹੰਸ ਹੋਣਾ ਥਾਉਂ ਥਾਈਆ । ਦੁਰਮਤ ਮੈਲ ਜਗਤ ਦਾ ਵੇਖਿਆ ਦਾਗ਼, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪ ਕੁਹਾਈਆ । ਸਚ ਸਵਾਮੀ ਧੁਰ ਦਾ ਕੰਤ ਸੁਹਾਗ, ਵਿਛੜੀ ਆਤਮ ਜੋੜ ਜੁੜਾਈਆ । ਕਾਇਆ ਮੰਦਰ ਅੰਦਰ ਦੀਪਕ ਜੋਤ ਜਗੇ ਚਿਰਾਗ਼, ਦੀਵਾ ਬਾਤੀ ਕਮਲਾਪਾਤੀ ਪੁਰਖ ਅਬਿਨਾਸ਼ੀ ਗ੍ਰਿਹਿ ਗ੍ਰਿਹਿ ਕਰੇ ਆਪ ਰੁਸ਼ਨਾਈਆ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤੀ, ਨਿਝਰ ਝਿਰਨਾ ਕਵਲ ਨਾਭ ਚਵਾਈਆ । ਦਰਸ ਦਿਖਾਏ ਇਕ ਇਕਾਂਤੀ ਬਹੁ ਬਿਧ ਭਾਂਤੀ, ਭਾਂਡਾ ਭਰਮ ਭੌ ਭੰਨਾਈਆ । ਭਾਗਾਂ ਭਰੀ ਘੜੀ ਸੁਲਖਣੀ ਆ ਗਈ ਗੁਰਮੁਖ ਦੀ ਰਾਤੀ, ਭਿੰਨੜੀ ਆਪਣਾ ਫੇਰਾ ਪਾਈਆ । ਸਾਹਿਬ ਸਤਿਗੁਰ ਬਣ ਕੇ ਆਇਆ ਧੁਰ ਦਾ ਸਾਕੀ, ਰਾਮ ਨਾਮ ਜਾਮ ਪਿਆਲਾ ਦਏ ਪਿਆਈਆ । ਮਨੂਆ ਮਨ ਨਾ ਰਹੇ ਆਕੀ, ਸਤਿ ਸਤਿਵਾਦੀ ਦਏ ਸਮਝਾਈਆ । ਕਾਇਆ ਅੰਦਰੋਂ ਖੋਲ੍ਹ ਕੇ ਖਿੜਕੀ ਤਾਕੀ, ਪੜਦਾ ਉਹਲਾ ਦਏ ਉਠਾਈਆ । ਜਨਮ ਕਰਮ ਦਾ ਲਹਿਣਾ ਮੁਕਾ ਕੇ ਬਾਕੀ, ਅਗਲਾ ਲੇਖਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸਾਂ ਵੇਖਿਆ ਦੀਨ ਦਿਆਲ, ਏਕਾ ਦਇਆ ਕਮਾਈਆ । ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਕਰੇ ਸ਼ਿੰਗਾਰ, ਅੰਦਰ ਬਾਹਰ ਵੇਖ ਵਖਾਈਆ । ਭੇਵ ਚੁਕਾ ਕੇ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਗੋਦ ਉਠਾਈਆ । ਤ੍ਰੈਗੁਣ ਮਾਇਆ ਜਨਮ ਦਾ ਕਟ ਕੇ ਕੂੜ ਖ਼ਿਆਲ, ਸਾਚੀ ਧਰਮਸਾਲ ਇਕ ਵਖਾਈਆ । ਜਿਥੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨਾ ਅੰਤ ਪਰਨਾਈਆ । ਮਾਨਸ ਜਨਮ ਮਾਨਵ ਜ਼ਿੰਦਗੀ ਦਾ ਪੂਰਾ ਹੋਵੇ ਸਵਾਲ, ਅਹਿਵਾਲ ਆਪਣਾ ਦਏ ਦ੍ਰਿੜਾਈਆ । ਕੰਢੀ ਫਿਰਦੇ ਲਏ ਭਾਲ, ਨਿਰਗੁਣ

ਹੋ ਕੇ ਵੇਖ ਵਖਾਈਆ । ਗੁਰ ਅਵਤਾਰ ਪੈਗੰਬਰ ਕਹਿਣ ਅਸੀਂ ਲੈਣ ਆਏ ਮਾਣ, ਸ਼ਾਬਾਸ਼ ਕਹਿ ਕੇ ਸ਼ੁਕਰ ਦਿਤਾ ਮਨਾਈਆ । ਤੂੰ ਜੋਤ ਸਰੂਪ ਮਿਲਿਆ ਸ੍ਰੀ ਭਗਵਾਨ, ਮੰਜ਼ਲ ਆਸਾਨ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਕਹਿਣ ਸੁਹੰਜਣੀ ਰਾਤੀ, ਭਿੰਨੜੀ ਵੇਸ ਵਟਾਈਆ । ਜਨ ਭਗਤੋ ਤੁਹਾਡੀ ਚੜ੍ਹੀ ਅਗੰਮੀ ਪਰਭਾਤੀ, ਜਿਸ ਨੂੰ ਸਕੇ ਨਾ ਕੋਈ ਬਦਲਾਈਆ । ਤੁਹਾਡਾ ਆਪਣਾ ਮਾਲਕ ਪੁਰਖ ਅਬਿਨਾਸ਼ੀ, ਨਾ ਜਨਮੇ ਨਾ ਮਰੇ ਨਾ ਜਾਈਆ । ਜੁਗ ਚੌਕੜੀ ਵੇਖੇ ਖੇਲ ਤਮਾਸ਼ੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਸੇਵਕ ਦਾਸ ਦਾਸੀ, ਤਤ ਨਿਤ ਨਵਿਤ ਭੱਜਣ ਵਾਹੋ ਦਾਹੀਆ । ਗੋਪੀ ਕਾਹਨ ਜਿਸ ਦੀ ਮੰਡਲ ਮੰਡਪ ਪੌਂਦੇ ਰਾਸੀ, ਵੇਸ ਅਨੇਕਾ ਰੂਪ ਵਟਾਈਆ । ਰਸਨਾ ਜਿਹਵਾ ਬੱਤੀ ਦੰਦ ਜਿਸ ਨੂੰ ਗੌਂਦੇ ਸਵਾਸ ਸਵਾਸੀ, ਦਿਵਸ ਰੈਣ ਢੋਲੇ ਗਾਈਆ । ਜਿਸ ਦਾ ਲੱਖ ਚੁਰਾਸੀ ਜੀਵ ਜੰਤ ਅੰਡਜ ਜੇਰਜ ਉਤਭੁਜ ਸੇਤਜ ਸਾਜਣ ਸਾਜੀ, ਸੱਜਣ ਦਾਤਾ ਇਕ ਅਖਵਾਈਆ । ਸ਼ਾਹੋ ਭੂਪ ਵਡ ਰਾਜਨ ਰਾਜੀ, ਸੁਲਤਾਨ ਇਕ ਅਖਵਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨੂਰ ਜੋਤ ਇਕ ਪਰਕਾਸ਼ੀ, ਦੋ ਜਹਾਨ ਕਰੇ ਰੁਸ਼ਨਾਈਆ । ਲੇਖਾ ਲਿਖੇ ਅਗੰਮੀ ਬਾਤੀ, ਪੂਰਬ ਰਿਹਾ ਜਣਾਈਆ । ਜਿਸ ਦੀ ਕੋਈ ਸਮਝ ਨਾ ਸਕੇ ਸਾਖ਼ੀ, ਸੋ ਸਾਖ਼ਿਆਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਕਹੇ ਪ੍ਰਭੂ ਬੇਨਜ਼ੀਰ, ਨਜ਼ਰ ਕਿਸੇ ਨਾ ਆਈਆ । ਗੁਰਮੁਖੋ ਤੁਹਾਡੀ ਬਦਲਣ ਆਇਆ ਤਕ਼ਦੀਰ, ਤਦਬੀਰ ਆਪਣੇ ਵਿਚ ਛੁਪਾਈਆ । ਕਲਜੁਗ ਕੂੜੀ ਕਿਰਿਆ ਤੋੜ ਜ਼ੰਜੀਰ, ਸਤਿ ਸਤਿ ਨਾਮ ਇਕ ਸਮਝਾਈਆ । ਚੋਟੀ ਚਾੜ੍ਹ ਕੇ ਇਕ ਅਖ਼ੀਰ, ਮੰਜ਼ਲ ਆਪਣੀ ਆਪ ਵਖਾਈਆ । ਦੁਖ ਭੁਖ ਵਿਚ ਨਾ ਹੋਏ ਕੋਇ ਦਲਗੀਰ, ਦਲਿਦ੍ਰੀਆਂ ਦਲਿਦਰ ਨਾ ਕੋਇ ਮਿਟਾਈਆ । ਜਿਸ ਦੇ ਪ੍ਰੇਮ ਪਿਆਰ ਇਸ਼ਕ ਅੰਦਰ ਸੂਲੀ ਚੜ੍ਹ ਗਿਆ ਮਨਸੂਰ, ਸੋ ਮਨਸਾ ਪੂਰ ਸੋਭਾ ਪਾਈਆ । ਤੁਹਾਡੇ ਜਨਮ ਕਰਮ ਦਾ ਲੇਖਾ ਪੂਰਾ ਕਰੇ ਜ਼ਰੂਰ, ਪੂਰਬ ਕਰਮਾਂ ਖੋਜ ਖੁਜਾਈਆ । ਠਾਕਰ ਸੇਵਕ ਹੋ ਕੇ ਬਣੇ ਮਜ਼ਦੂਰ, ਘਰ ਘਰ ਚਾਕਰੀ ਆਪ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਨਾਤਾ ਜਾਣੋ ਕੂੜ, ਥਿਰ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਤੋੜ ਦਿਓ ਗ਼ਰੂਰ, ਜਗਤ ਹੰਕਾਰ ਵਿਕਾਰ ਕੰਮ ਕਿਸੇ ਨਾ ਆਈਆ । ਸਾਚੇ ਨਾਮ ਦਾ ਲਓ ਸਰੂਰ, ਰਾਮ ਘਟ ਘਟ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹਿਣ ਆਇਆ ਅੱਜ, ਨਿਰਗੁਣ ਆਪਣਾ ਫੇਰਾ ਪਾਈਆ । ਸਾਨੂੰ ਨਿਸਚੇ ਕਰਾ ਦੇ ਸਚ, ਭੇਵ ਅਭੇਦਾ ਆਪ ਖੁਲ੍ਹਾਈਆ । ਕੀ ਸਾਡੇ ਅੰਦਰ ਜਾਵੇਂਗਾ ਵਸ, ਘਰ ਮੰਦਰ ਡੇਰਾ ਲਾਈਆ । ਕੀ ਸਾਡੀ ਖੋਲ੍ਹ ਜਾਵੇਂ ਅੱਖ, ਨਿਜ ਨੇਤਰ ਨੈਣ ਦਰਸ਼ਨ ਪਾਈਆ । ਪਰਗਟ ਹੋਵੇਂ ਪਰਤਖ, ਸਵੱਛ ਸਰੂਪ ਧਰਾਈਆ । ਦੂਰ ਦੁਰਾਡਾ ਸੱਦਿਆਂ ਆਵੇਂ ਨੱਠ, ਬਿਨ ਲੱਤਾਂ ਪੈਰਾਂ ਪੰਧ ਮੁਕਾਈਆ । ਅੰਮ੍ਰਿਤ ਆਤਮ ਵੇਖੇਂਗਾ ਝੱਟ, ਰਸ ਅਗੰਮ ਚਖਾਈਆ । ਜੋਤ ਕਰੇਂਗਾ ਪਰਕਾਸ਼, ਅੰਧ ਅੰਧੇਰ ਗਵਾਈਆ । ਸੁੱਤਿਆਂ ਜਾਗਦਿਆਂ ਵਸੇਂਗਾ ਸਾਥ, ਸਾਚਾ ਆਪਣਾ ਰਾਹ ਵਖਾਈਆ । ਏਥੇ ਓਥੇ ਦੋ ਜਹਾਨਾਂ ਬਣੇਂਗਾ ਮਾਈ ਬਾਪ, ਪਿਤਾ ਪੁਰਖ ਅਕਾਲ ਆਪਣੀ ਗੋਦ ਉਠਾਈਆ । ਇਕੋ ਇਕ ਦੱਸ ਕੇ ਸੱਚਾ ਜਾਪ, ਸਤਿ ਸਰੂਪ ਲੈਣਾ ਮਿਲਾਈਆ । ਪੁਰਖ ਅਕਾਲ ਕਿਹਾ ਇਹ ਗੁਰ ਅਵਤਾਰਾਂ ਪੀਰ ਪੈਗੰਬਰਾਂ ਭਵਿਖਤ ਵਿਚ ਲਿਖਿਆ ਵਾਕ, ਜੋ ਲਹਿਣਾ ਦੇਣਾ

ਰਿਹਾ ਚੁਕਾਈਆ । ਜਨ ਭਗਤੋ ਤੁਸੀਂ ਮੇਰੇ ਮੈਂ ਤੁਹਾਡੀ ਜ਼ਾਤ, ਦੂਜਾ ਨਜ਼ਰ ਕੋਇ ਨਾ ਆਈਆ । ਕਰਾਂ ਖੇਲ ਉਪਰ ਪ੍ਰਿਥਮੀ ਆਕਾਸ਼, ਗਗਨ ਮੰਡਲ ਪੁਰੀ ਲੋਅ ਆਪਣਾ ਹੁਕਮ ਵਰਤਾਈਆ । ਤੁਹਾਡਾ ਕਾਇਆ ਖੇੜਾ ਅੰਤਮ ਹੋਣ ਨਾ ਦੇਵਾਂ ਬਰਬਾਦ, ਬਰਬਾਦੀ ਤੋਂ ਪਹਿਲੇ ਆਬਾਦ ਸਚਖੰਡ ਕਰਾਈਆ । ਜਿਸ ਨੂੰ ਜਗਤ ਜਨਮ ਦੀ ਭੁੱਲੀ ਨਹੀਂ ਯਾਦ, ਅਗੇ ਭੁਲ ਕਦੇ ਨਾ ਜਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਤੁਹਾਡਾ ਵੇਖਣ ਆਏ ਹਕ ਮਿਜ਼ਾਜ, ਅੰਦਰ ਬੈਠੇ ਧਿਆਨ ਲਗਾਈਆ । ਤੁਸੀਂ ਸਚ ਪ੍ਰੀਤੀ ਵਿਚ ਹੋਣਾ ਵਿਸਮਾਦ, ਬਿਸਮਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜਨ ਭਗਤ ਕਹਿਣ ਪ੍ਰਭ ਕੀ ਦੇਵੇਂ ਦਾਤ, ਸਚ ਦੇ ਸਮਝਾਈਆ । ਪੁਰਖ ਅਬਿਨਾਸ਼ੀ ਕਹੇ ਆਤਮ ਪਰਮਾਤਮ ਜੋੜਾਂ ਨਾਤ, ਵਿਛੋੜਾ ਰਹਿਣ ਕੋਇ ਨਾ ਪਾਈਆ । ਜਨ ਭਗਤ ਕੀ ਲੇਖਾ ਲਿਖੇਂ ਨਾਲ ਕਲਮ ਦਵਾਤ, ਪੁਰਖ ਅਕਾਲ ਕਿਹਾ ਗੁਰ ਅਵਤਾਰ ਪੀਰ ਪੈਗ਼ੰਬਰ ਸਦਾ ਰੱਖਾਂ ਸਾਥ, ਨਿਜ ਨੇਤਰ ਸਭ ਨੂੰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਅੱਜ ਦੀ ਰਾਤ ਕਹੇ ਮੈਂ ਸੁਣਾਵਾਂ ਗੀਤ, ਗਹਿਰ ਗੰਭੀਰ ਦਿਤੀ ਵਡਿਆਈਆ । ਪਤਿਪਰਮੇਸ਼ਵਰ ਠਾਕਰ ਸਵਾਮੀ ਕੂੜੀ ਕਿਰਿਆ ਬਦਲ ਦੇਣੀ ਰੀਤ, ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਜੰਤ ਪਰਖਣਹਾਰਾ ਨੀਤ, ਨਿਜ ਘਰ ਵਾਸੀ ਪੁਰਖ ਅਬਿਨਾਸ਼ੀ ਗ੍ਰਹਿ ਗ੍ਰਹਿ ਫੋਲ ਫੁਲਾਈਆ । ਸਦੀ ਚੌਧਵੀਂ ਰਹੀ ਬੀਤ, ਵੇਲਾ ਵਕਤ ਨੇੜੇ ਆਈਆ । ਮੁਹੰਮਦ ਕਹੇ ਮੇਰੀ ਪੂਰੀ ਹੋਵੇ ਹਦੀਸ, ਜੋ ਹਜ਼ਰਤ ਹੋ ਕੇ ਗਿਆ ਸੁਣਾਈਆ । ਈਸਾ ਕਹੇ ਮੇਰੇ ਪਿਤਾ ਦੀ ਮੈਨੂੰ ਉਡੀਕ, ਜੋ ਜਲਵਾ ਨੂਰ ਖ਼ੁਦਾਈਆ । ਨਾਨਕ ਗੋਬਿੰਦ ਕਹੇ ਉਹ ਕਲ ਕਲਕੀ ਆਵੇ ਠੀਕ, ਠੀਕਰ ਸਭ ਦਾ ਭੰਨ ਵਖਾਈਆ । ਏਕਾ ਰੰਗ ਰੰਗਾ ਕੇ ਹਸਤ ਕੀਟ, ਰਾਓ ਰੰਕ ਇਕੋ ਦਰ ਬਹਾਈਆ । ਆਤਮ ਪਰਮਾਤਮ ਮਿਲਣ ਦੀ ਦੱਸੇ ਸਚ ਤਮੀਜ਼, ਕੂੜੀ ਤਮਅ ਦਏ ਗਵਾਈਆ । ਸਚ ਪ੍ਰੀਤੀ ਪਰਮ ਪੁਰਖ ਦੀ ਦਿਸੇ ਇਕ ਅਤੀਤ, ਤ੍ਰੈਗੁਣ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਸਰਨਾਈ ਕਹੇ ਮੈਂ ਭਗਤਾਂ ਜੋਗੀ, ਜਗਤ ਜੋਗੀਸ਼ਰ ਦਏ ਜਣਾਈਆ । ਜਿਨ੍ਹਾਂ ਨੂੰ ਠਾਕਰ ਮਿਲਦਾ ਧੁਰ ਦਾ ਚੋਜੀ, ਉਹਨਾਂ ਨਾਲ ਮੇਰੀ ਕੁੜਮਾਈਆ । ਉਹ ਕੂੜ ਕਰਮ ਦਾ ਰਹੇ ਨਾ ਕੋਈ ਰੋਗੀ, ਹਉਮੇ ਦੁਖ ਮਿਟਾਈਆ । ਘਰ ਵਿਚ ਘਰ ਉਹਨਾਂ ਆਵੇ ਸੋਝੀ, ਸਮਝ ਇਕੋ ਇਕ ਰਖਾਈਆ । ਅਬਿਨਾਸ਼ੀ ਕਰਤਾ ਦੀਨ ਦਿਆਲ ਜਨ ਭਗਤਾਂ ਨੂੰ ਚੁੱਕੇ ਆਪਣੀ ਗੋਦੀ, ਬਾਹੋਂ ਪਕੜ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਮਿਲਾਈਆ । ਘਰ ਸਾਚੇ ਹੁੰਦਾ ਵੇਖਿਆ ਮਿਲਾਪ, ਮਿਲਣੀ ਹਰਿ ਕਰਾਈਆ । ਪੁਰਖ ਅਬਿਨਾਸ਼ੀ ਗਹਿਰ ਗੰਭੀਰ ਬੇਨਜ਼ੀਰ ਨਿਰਗੁਣ ਧਾਰ ਆਏ ਆਪ, ਅਕਲ ਕਲਧਾਰੀ ਵੇਸ ਵਟਾਈਆ । ਜਨ ਭਗਤਾਂ ਕੋਟ ਜਨਮ ਦੇ ਉਤਾਰ ਕੇ ਝੂਠੇ ਪਾਪ, ਦੁਰਮਤ ਮੈਲ ਧਵਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਪਾਠ, ਕਾਇਆ ਪਾਠਸ਼ਾਲਾ ਦਿਤੀ ਬਣਾਈਆ । ਜਿਥੇ ਇਕੋ ਤੂੰ ਹੀ ਤੂੰ ਹੀ ਦੀ ਆਵਾਜ਼, ਦੂਜਾ ਰੰਗ ਨਾ ਕੋਇ ਰੰਗਾਈਆ । ਜੋ ਗੀਤਾ ਗਿਆਨ ਰਿਹਾ ਆਖ, ਅਠਾਰਾਂ ਧਿਆਏ ਦੇਣ ਗਵਾਹੀਆ । ਜੋ ਕਾਹਨ ਪੌਂਦਾ ਰਿਹਾ ਰਾਸ, ਗੋਪੀਆਂ ਕਾਹਨ ਨਾਚ ਨਚਾਈਆ । ਜੋ ਰਾਮ ਫਿਰੇ ਬਨਬਾਸ, ਸੀਤਾ ਸੰਗ ਨਿਭਾਈਆ । ਸੋ ਹਰ ਘਟ ਕਰੇ ਪਰਕਾਸ਼, ਬੈਠਾ ਸੋਭਾ ਪਾਈਆ । ਜੇ ਜਨ ਭਗਤੋ ਭਗਵਨ ਉਤੇ ਪੂਰਾ

ਰਖੇ ਵਿਸ਼ਵਾਸ, ਹਰਿ ਚਰਨ ਧਿਆਨ ਲਗਾਈਆ । ਉਹ ਰਹਿਣ ਨਾ ਦੇਵੇ ਕੋਈ ਉਦਾਸ, ਚਿੰਤਾ ਗ਼ਮੀ ਦਏ ਕਢਾਈਆ । ਗਲੋਂ ਕਟ ਕੇ ਜਮ ਦੀ ਫ਼ਾਸ, ਲੱਖ ਚੁਰਾਸੀ ਗੇੜ ਮੁਕਾਈਆ । ਸਚ ਦਵਾਰੇ ਕਰੇ ਨਿਵਾਸ, ਜਿਥੇ ਆਪਣਾ ਡੇਰਾ ਲਾਈਆ । ਇਕੋ ਨੂਰ ਓਥੇ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਸਰਨਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਕੂੜਾ, ਚਾਰੋਂ ਕੁੰਟ ਘੇਰਾ ਪਾਈਆ । ਜੀਵ ਜੰਤ ਬਣਾਇਆ ਮੂਰਖ ਮੁਗਧ ਮੂੜ੍ਹਾ, ਚਤੁਰ ਸੁਜਾਨ ਨਜ਼ਰ ਕੋਇ ਨਾ ਆਈਆ । ਕਿਸੇ ਨਜ਼ਰ ਨਾ ਆਏ ਤੇਰਾ ਧੁਰ ਦਾ ਨੂਰਾ, ਜੋਤੀ ਜੋਤ ਨਾ ਦਿਸੇ ਰੁਸ਼ਨਾਈਆ । ਬਚਨਾਂ ਉਤਰੇ ਕੋਈ ਨਾ ਪੂਰਾ, ਦੋਸਤ ਮਿਤਰ ਸੱਜਣ ਸਾਕ ਠੱਗੀ ਰਹੇ ਕਮਾਈਆ । ਚਾਰ ਕੁੰਟ ਕੂੜੀ ਕਿਰਿਆ ਜੂਠ ਝੂਠ ਮਚਾਇਆ ਫ਼ਤੂਰਾ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਤੇਰੇ ਭਗਤਾਂ ਮਿਟਿਆ ਸਗਲ ਵਸੂਰਾ, ਜੋ ਅੰਦਰੇ ਅੰਦਰ ਰਿਹਾ ਖਾਈਆ । ਜੇ ਤੂੰ ਪੁਰਖ ਅਕਾਲ ਸਵਾਮੀ ਸਤਿਗੁਰ ਪੂਰਾ, ਪਤਿਪਰਮੇਸ਼ਵਰ ਇਕ ਅਖਵਾਈਆ । ਫੇਰ ਕਰ ਕੇ ਕਿਰਪਾ ਸਾਡੇ ਅੰਦਰੋਂ ਹੂੰਝ ਦੇ ਕੂੜਾ, ਦੁਰਮਤ ਮੈਲ ਦੇ ਧਵਾਈਆ । ਸੇਵਾ ਕਰ ਕੇ ਸਾਡਾ ਹੋ ਮਸ਼ਕੂਰਾ, ਸਾਡੀ ਮੁਸ਼ਕਲ ਆਪਣੀ ਝੋਲੀ ਪਾਈਆ । ਇਹ ਕਾਇਆ ਤਤ ਤੇਰਾ ਤੰਬੂਰਾ, ਰਬਾਬ ਤੇਰੇ ਹੱਥ ਫੜਾਈਆ । ਜਿਉਂ ਭਾਵੇਂ ਤਿਉਂ ਬਖ਼ਸ਼ ਦੇ ਆਪਣਾ ਨੂਰਾ, ਨੂਰ ਨੁਰਾਨਾ ਨਜ਼ਰੀ ਆਈਆ । ਇਸ ਦੇ ਅੰਦਰ ਤੇਰਾ ਚੰਦ ਤੇਰਾ ਅਨੰਦ ਤੇਰਾ ਬੰਦ ਤੇਰੀ ਤੁਰੀਆ ਤੇਰਾ ਜ਼ਹੂਰਾ, ਤੂੰ ਆਪਣਾ ਰਾਗ ਲੈ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਲੈਣਾ ਖੁਲ੍ਹਾਈਆ । ਜਨ ਭਗਤ ਕਹੇ ਤਨ ਮਿੱਟੀ ਲੈ ਆਪਣੀ ਰਬਾਬ, ਪ੍ਰਭ ਤੇਰੀ ਝੋਲੀ ਪਾਈਆ । ਆਪੇ ਆਪਣਾ ਜਾਣ ਹਿਸਾਬ, ਜਨਮਾਂ ਕਰਮਾਂ ਵੇਖ ਵਖਾਈਆ । ਪੁਰਖ ਅਕਾਲ ਕਿਹਾ ਮੈਂ ਬਣ ਕੇ ਸਚ ਅਹਿਬਾਬ, ਮੁਹੱਬਤ ਲਵਾਂ ਕਮਾਈਆ । ਅੰਦਰ ਵੜ ਕੇ ਵਜਾਵਾਂ ਰਬਾਬ, ਅਨਹਦ ਰਾਗ ਸੁਣਾਈਆ । ਸਾਚਾ ਨੂਰ ਕਰ ਪਰਕਾਸ਼, ਦੀਵਾ ਬਾਤੀ ਡਗਮਗਾਈਆ । ਗੁਪਤ ਜ਼ਾਹਰ ਹੋ ਕੇ ਸਾਥ, ਬਾਤਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਪ੍ਰਭ ਤਾਰਨ ਆਇਆ, ਠਾਕਰ ਸਵਾਮੀ ਗਹਿਰ ਗੰਭੀਰ । ਤ੍ਰੈਗੁਣ ਲੇਖਾ ਦਏ ਚੁਕਾਇਆ, ਜੋਧਾ ਸੂਰਬੀਰ ਬਲਧਾਰੀ ਵੱਡਾ ਪੀਰ । ਪਾਰਬ੍ਰਹਮ ਪ੍ਰਭ ਮੇਲ ਮਿਲਾਇਆ, ਕੂੜੀ ਕਿਰਿਆ ਕਟ ਜ਼ੰਜੀਰ । ਸਾਚਾ ਮੰਦਰ ਇਕ ਸੁਹਾਇਆ, ਚੋਟੀ ਚੜ੍ਹ ਕੇ ਵੇਖੇ ਇਕ ਅਖ਼ੀਰ । ਸਚ ਸਿੰਘਾਸਣ ਸੋਭਾ ਪਾਇਆ, ਜਿਥੇ ਹੋਏ ਨਾ ਕੋਇ ਦਿਲਗੀਰ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਨੂਰ ਇਕ ਉਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇਆ । ਬਾਰਾਂ ਚੇਤ ਕਹੇ ਮੇਰੀ ਮੌਲੀ ਰੁੱਤ, ਭਗਤ ਫੁਲਵਾੜੀ ਵੇਖ ਵਖਾਈਆ । ਖੇਲ ਵੇਖ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਸਰਬ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਹੋਏ ਖ਼ੁਸ਼, ਸਾਰਾ ਦਿਨ ਵਜਦੀ ਰਹੀ ਵਧਾਈਆ । ਪ੍ਰੇਮ ਪਿਆਰ ਦੀ ਵੇਖੀ ਲੁਟ, ਭਗਤ ਭਗਵਾਨ ਇਕ ਦੂਜੇ ਨੂੰ ਲੁੱਟਣ ਚਾਈਂ ਚਾਈਂਆ । ਸਚ ਭੰਡਾਰਾ ਦੋਹਾਂ ਕੋਲੋਂ ਨਾ ਗਿਆ ਮੁਕ, ਦੁਗਣੇ ਤੋਂ ਚੌਗੁਣੇ ਨਜ਼ਰੀ ਆਈਆ । ਸਭ ਨਾਲੋਂ ਸੋਹਣਾ ਚੰਗਾ ਵੇਖਿਆ ਸੁਖ, ਮਾਨਸ ਮਨੁੱਖ ਇਕੋ ਰੂਪ ਸਮਾਈਆ । ਦੀਨ ਮਜ਼੍ਹਬ ਦਾ ਵੇਖਿਆ ਨਹੀਂ ਕੋਈ ਦੁਖ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਇਕ ਆਤਮ ਤੇ ਇਕ ਪਰਮਾਤਮ ਦੂਸਰ ਨਹੀਂ ਕੁਛ, ਪਰਦਾ ਓਹਲਾ ਦਿਤਾ ਉਠਾਈਆ ।

੫੮੩

੫੯੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਬਾਰਾਂ ਚੇਤ ਕਹੇ ਪ੍ਰਭ ਮੇਰੀ ਇਕ ਦਲੀਲ, ਆਸ਼ਾ ਆਪਣੀ ਦਿਆਂ ਸੁਣਾਈਆ । ਸਚਖੰਡ ਨਿਵਾਸੀ ਤੇਰੇ ਅਗੇ ਇਕ ਅਪੀਲ, ਅਪਰੰਪਰ ਸਵਾਮੀ ਝੋਲੀ ਡਾਹੀਆ । ਤੂੰ ਆਦਿ ਜੁਗਾਦੀ ਜੋਧਾ ਸੂਰਬੀਰ ਛੈਲ ਛਬੀਲ, ਸ਼ਹਿਨਸ਼ਾਹ ਦੋ ਜਹਾਨ ਅਖਵਾਈਆ । ਤੂੰ ਮਾਲਕ ਖ਼ਾਲਕ ਖ਼ਲਲ ਖ਼ਲੀਲ, ਖ਼ੁਦਾਵੰਦ ਕਰੀਮ ਨਜ਼ਰੀ ਆਈਆ । ਤੂੰ ਅਬਿਨਾਸ਼ੀ ਕਰਤਾ ਬੇਨਜ਼ੀਰ, ਨਜ਼ਰੀਆ ਸਭ ਦੇ ਉਤੇ ਪਾਈਆ । ਤੇਰਾ ਹਕ ਦਵਾਰਾ ਅੰਤ ਅਖ਼ੀਰ, ਸਚਖੰਡ ਸਾਚਾ ਸੋਭਾ ਪਾਈਆ । ਤੇਰੇ ਹੁਕਮੇ ਅੰਦਰ ਔਂਦੇ ਗੁਰ ਅਵਤਾਰ ਪੈਗ਼ੰਬਰ ਪੀਰ, ਜੁਗ ਚੌਕੜੀ ਸੇਵ ਕਮਾਈਆ । ਮੈਂ ਕਰਾਂ ਬੇਨੰਤੀ ਮੇਰੇ ਦਸਤਗੀਰ, ਦਵਾ ਝੋਲੀ ਦੇਣੀ ਪਾਈਆ । ਜਨ ਭਗਤਾਂ ਦੇ ਅੰਦਰੋਂ ਹਉਮੇ ਦੀ ਕੱਢਣੀ ਪੀੜ, ਦੂਈ ਦਾ ਰੋਗ ਦੇਣਾ ਗਵਾਈਆ । ਜੇ ਕਰਮਾਂ ਦੀ ਕਾਲੀ ਹੋਈ ਲਕੀਰ, ਨਿਹਕਰਮੀ ਸਾਫ਼ ਦੇਣੀ ਕਰਾਈਆ । ਗ਼ਰੀਬ ਨਿਮਾਣੇ ਛੋਟੇ ਬੱਚੇ ਨੰਨ੍ਹੇ ਪਿਔਣਾ ਆਪਣਾ ਸੀਰ, ਅੰਮ੍ਰਿਤ ਜਾਮ ਮੁਖ ਚਵਾਈਆ । ਜੇ ਬਿਦਰ ਸੁਦਾਮਾ ਸ਼ਾਹ ਕੰਗਾਲ ਤਾਰੇ ਫ਼ਕੀਰ, ਭੀਲਣੀ ਦਾ ਸਾਫ਼ ਕੀਤਾ ਨੀਰ, ਬੇਰਾਂ ਮੁਖ ਛੁਹਾਈਆ । ਕਬੀਰ ਦੇ ਕਟ ਜ਼ੰਜੀਰ, ਰਵਿਦਾਸ ਦਿਤੀ ਸਰਨਾਈਆ । ਹਰਨਾਕਸ਼ ਨੂੰ ਦਿਤਾ ਚੀਰ, ਨਰਸਿੰਗ ਵੇਸ ਵਟਾਈਆ । ਭਿੰਨੜੀ ਰੈਣ ਕਹੇ ਓਸੇ ਕਿਰਪਾ ਨਾਲ ਤਾਰ ਕੇ ਜਾਣਾ ਸਿੰਘ ਵਕੀਲ, ਅਕਲ ਦੀ ਲੋੜ ਰਹੀ ਨਾ ਰਾਈਆ । ਇਹਦਾ ਸੁੰਦਰ ਜੀਵਣ ਜ਼ਿੰਦਗੀ ਦਾ ਕਰਨਾ ਆਪ ਤਾਮੀਰ, ਨੀਂਹ ਅਗਲੇ ਦਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਤੇ ਦੇ ਵਡਿਆਈਆ । ਜੋਤੀ ਜਾਤੇ ਧੁਰ ਦੇ ਜਗਤ, ਪਾਰਬ੍ਰਹਮ ਤੇਰੀ ਓਟ ਤਕਾਈਆ । ਭਿੰਨੜੀ ਰੈਣ ਕਹੇ ਪ੍ਰਭ ਤਾਰਦੇ ਆਪਣੇ ਭਗਤ, ਕਿਉਂ ਨਾ ਮਿਹਰ ਨਜ਼ਰ ਉਠਾਈਆ । ਤੇਰੇ ਵਿਚ ਅਗੰਮੀ ਸ਼ਕਤ, ਜਿਸ ਦਾ ਆਦਿ ਅੰਤ ਨਾ ਕੋਇ ਜਣਾਈਆ । ਕਲਜੁਗ ਵੇਖ ਕੂੜ ਕੁੜਿਆਰਾ ਵਕਤ, ਬਿਨ ਤੇਰੀ ਕਿਰਪਾ ਪਾਰ ਕੋਇ ਨਾ ਜਾਈਆ । ਜੋ ਤੇਰੇ ਵਿਛੋੜੇ ਵੈਰਾਗ ਅੰਦਰ ਰਹੇ ਤੜਪ, ਬਿਰਹੋਂ ਅੰਦਰ ਰਿਹਾ ਸਤਾਈਆ । ਜੋ ਅੰਮ੍ਰਿਤ ਮੇਘ ਆਪਣਾ ਬਰਸ, ਬੂੰਦ ਸਵਾਤੀ ਮੁਖ ਚਵਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਲੰਘਾ ਕੇ ਤੇਰੀ ਸ਼ਹਿਨਸ਼ਾਹੀ ਦਾ ਇਹ ਪਹਿਲਾ ਆਇਆ ਬਰਸ, ਬਰਸੀ ਭਗਤਾਂ ਦੇ ਬਣਾਈਆ । ਨਿਰਵੈਰ ਹੋ ਕੇ ਕਰ ਤਰਸ, ਨਿਰਵੈਰ ਤੇਰੀ ਸਰਨਾਈਆ । ਤੂੰ ਮਾਲਕ ਅਰਸ਼ ਫ਼ਰਸ਼, ਦੋ ਜਹਾਨਾਂ ਹੁਕਮ ਵਰਤਾਈਆ । ਭਗਤ ਤਾਰਦਿਆਂ ਤੇਰੀ ਕਰਨੀ ਵਿਚ ਕਿਹੜਾ ਪੈਣਾ ਫ਼ਰਕ, ਕਰਨੀ ਦੇ ਕਰਤੇ ਕੁਦਰਤ ਦਾ ਮਾਲਕ ਤੂੰ ਹੀ ਨਜ਼ਰੀ ਆਈਆ । ਭਗਤ ਉਧਾਰਨਾ ਤੇਰੀ ਹੰਕਾਰੀਆਂ ਨਾਲ ਸ਼ਰਤ, ਦੂਤਾਂ ਦੁਸ਼ਟਾਂ ਕਰੇਂ ਜਣਾਈਆ । ਭਿੰਨੜੀ ਰੈਣ ਕਹੇ ਠਾਕਰ ਮੇਰੀ ਤੇਰੇ ਅਗੇ ਅਰਜ਼, ਵੇਖੀਂ ਠੋਕਰ ਲਾ ਨਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖੇ ਦੇਣਾ ਲਗਾਈਆ । ਭਿੰਨੜੀ ਰੈਨੜੀਏ ਦਇਆ ਕਮਾਵਾਂਗਾ । ਰੁਤ ਸੁਹੰਜਣੀ ਰੁਤੜੀ ਆਪ ਮਹਿਕਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ, ਸਭ ਨੂੰ ਸਚ ਵਖਾਵਾਂਗਾ । ਭਗਤ ਭਗਵਾਨ ਦਾ ਸੋਹਣਾ ਹੋਏ ਸਵੰਬਰ, ਆਤਮ ਪਰਮਾਤਮ ਜੋੜ ਜੁੜਾਵਾਂਗਾ । ਜਿਸ ਬ੍ਰਹਮੇ ਦੇ ਕੋਟਨ ਲੰਘ ਕੇ ਗਏ ਮਨਵੰਤਰ, ਉਸ ਦੀ ਆਸ਼ਾ ਪੂਰ ਕਰਾਵਾਂਗਾ । ਜਿਹੜਾ ਕੈਲਾਸ਼ਾਂ ਉਤੇ ਬੈਠਾ ਸ਼ੰਕਰ, ਸ਼ਾਂਤ ਤਿਸ ਆਪ ਬਣਾਵਾਂਗਾ । ਜਿਹੜਾ ਸਾਂਗੋਂ ਪਾਂਗ ਹੰਢਾਏ ਵਿਸ਼ਨੂੰ ਅੰਤਰ, ਨੇਤਰ ਨੈਣ ਸਰਬ ਖੁਲ੍ਹਾਵਾਂਗਾ । ਪਰਦਾ ਲਾਹ ਕੇ ਗਗਨ ਗਗਨੰਤਰ, ਬ੍ਰਹਿਮੰਡ ਖੰਡ ਰਾਹ ਚਲਾਵਾਂਗਾ । ਭੇਵ ਚੁਕਾ ਕੇ ਬ੍ਰਹਮ ਨਿਰੰਤਰ,

ਮਾਇਆ ਬ੍ਰਹਮ ਆਪਣਾ ਡੇਰਾ ਢਾਹਵਾਂਗਾ । ਜਿਨ੍ਹਾਂ ਨੂੰ ਸੁਣਾਇਆ ਆਪਣਾ ਮੰਤਰ, ਮੰਤਵ ਉਹਨਾਂ ਹਲ ਕਰ ਵਖਾਵਾਂਗਾ । ਮਾਨਸ ਜਨਮ ਬਣਾ ਕੇ ਸਾਚੀ ਬਣਤਰ, ਬੰਸਾਵਲੀ ਇਕ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਵੇਖ ਵਖਾਵੇਗਾ । ਭਗਤ ਸੁਹੇਲੇ ਗੁਰ ਚੇਲੇ ਜੋੜ ਜੁੜਾਵੇਗਾ । ਦਰਗਾਹ ਸਾਚੀ ਲੈ ਕੇ ਜਾਵੇਗਾ । ਪੁਰਖ ਅਬਿਨਾਸ਼ੀ ਆਪਣੇ ਲੇਖੇ ਲਾਵੇਗਾ । ਭਗਤ ਸੁਹੇਲੇ ਭਾਗਾਂ ਵਾਲੇ, ਭਗਵਨ ਰੰਗ ਚੜ੍ਹਾਵੇਗਾ । ਦੋ ਜਹਾਨ ਜਿਨ੍ਹਾਂ ਨੂੰ ਵੇਖੇ, ਤਿਨ੍ਹਾਂ ਨੂੰ ਅਗੰਮੀ ਰੰਗ ਚੜ੍ਹਾਵਾਂਗਾ । ਅਗੇ ਕਿਸੇ ਦੇ ਰਹੇ ਕੋਈ ਨਾ ਠੇਕੇ, ਠੇਕੇਦਾਰ ਦੋ ਜਹਾਨਾਂ ਇਕ ਬਣਾਵਾਂਗਾ । ਜਨ ਭਗਤ ਕੋਈ ਅਗੇ ਜਾਏ ਕੋਈ ਪਿਛੇਤੇ, ਹੌਲੀ ਹੌਲੀ ਸਾਰੇ ਜੋੜ ਜੁੜਾਵਾਂਗਾ । ਮੇਰੇ ਕੋਲ ਸਭ ਦੇ ਲੇਖੇ, ਜੁਗ ਦੇ ਵਿਛੜੇ ਵੇਖ ਵਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆ ਗਏ ਕੇਤੇ, ਕਿਤਿਆਂ ਦੇ ਹਿੱਸੇਦਾਰ ਸਭ ਦੇ ਉਪਰ ਆਪਣਾ ਹੁਕਮ ਚਲਾਵਾਂਗਾ । ਭੇਵ ਅਭੇਦ ਖੋਲ੍ਹ ਕੇ ਭੇਤੇ, ਭਾਂਡਾ ਭਰਮ ਭਉ ਭੰਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਇਕ ਜੁੜਾਵਾਂਗਾ । ਗ੍ਰਿਹ ਮੰਦਰ ਇਕ ਜੁੜਾਏਗਾ । ਅੰਦਰੇ ਅੰਦਰ ਪੜਦਾ ਲਾਹੇਗਾ । ਕਾਇਆ ਡੂੰਘੀ ਅੰਧੇਰੀ ਕੰਦਰ, ਦੀਪਕ ਜੋਤ ਜਗਾਏਗਾ । ਮਨ ਮਨੂਆ ਨਾ ਭੱਜੇ ਦਹਿ ਦਿਸ਼ ਬੰਦਰ, ਸ਼ਬਦ ਡੋਰੀ ਤੰਦ ਬੰਧਾਏਗਾ । ਬਜਰ ਕਪਾਟੀ ਤੋੜ ਕੇ ਜੰਦਰ, ਕੁੰਜੀ ਆਪਣਾ ਨਾਮ ਰਖਾਏਗਾ । ਜਿਸ ਨੂੰ ਸਮਝ ਨਾ ਸਕੇ ਕੋਈ ਪੰਡਤ, ਸੋ ਬ੍ਰਹਮ ਵਿਦਿਆ ਆਪ ਪੜ੍ਹਾਏਗਾ । ਗੁਰਮੁਖ ਬਣਾਏ ਸਾਚੀ ਸੰਗਤ, ਸਤਿ ਸਤਿਵਾਦੀ ਖੋਜ ਖੁਜਾਏਗਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਪਰਗਟਾਏਗਾ । ਗੁਰਮੁਖ ਬਣਾ ਕੇ ਸਾਚੀ ਸੰਗਤ, ਹਰਿ ਸੰਗਤ ਰੂਪ ਸਮਾਏਗਾ । ਨਿਰਗੁਣ ਲਾ ਕੇ ਆਪਣੇ ਅੰਗਤ, ਅੰਗੀਕਾਰ ਆਪ ਬਣ ਜਾਏਗਾ । ਭਗਤ ਸੁਹੇਲਾ ਦੂਜੇ ਦਰ ਨਾ ਜਾਵੇ ਬਣ ਕੇ ਮੰਗਤ, ਲੋੜੀਂਦੀ ਵਸਤ ਘਰ ਘਰ ਆਪ ਪੁਚਾਏਗਾ । ਨਾਤਾ ਤੋੜ ਕੇ ਜੇਰਜ ਅੰਡਜ, ਉਤਭੁਜ ਸੇਤਜ ਪਾਰ ਲੰਘਾਏਗਾ । ਬਾਰਾਂ ਚੇਤ ਤੇਰੀ ਰਾਤ ਸੋਹਣੀ ਪਰਭਾਤ, ਭਗਤਾਂ ਦਾ ਕਾਜ ਸਤਿਜੁਗ ਦਾ ਰਿਵਾਜ, ਪ੍ਰਭ ਦਾ ਖੇਲ ਤਮਾਸ਼, ਆਸ ਸਭ ਦੀ ਪੂਰ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਮਾਲਕ ਸਭ ਦਾ ਦਾਸ, ਦਾਸੀ ਦਾਸ ਪੁਰਖ ਅਬਿਨਾਸ਼ ਬਣ ਕੇ ਸੱਜਣ ਸੇਵ ਕਮਾਏਗਾ ।


੫੮੫

### ✳ ੧੩ ਚੇਤ ਸ਼ਹਿਨਸ਼ਾਹੀ ਸੰਮਤ ੧ ਧਿੰਗਾਲੀ ਤੋਂ ਚਲ ਕੇ ਪਰਭਾਸ ਵਿਚ ✳

ਪੱਥਰ ਰੋੜੇ ਦੱਭ ਕਾਹੀ ਬੋਲੀ ਕੜਕ, ਆਪਣੀ ਹਾਲਤ ਰਹੀ ਜਣਾਈਆ । ਉਹ ਬੇਪਰਵਾਹ ਪ੍ਰਭੂ ਬੇਤਰਸ, ਸ੍ਰੀ ਭਗਵਾਨ ਤੇਰੀ ਖੇਲ ਸਮਝ ਕੋਇ ਨਾ ਆਈਆ । ਛੋਟੇ ਵਡੇ ਨਿੱਕੇ ਬੱਚੇ ਤੇਰੇ ਪ੍ਰੇਮ ਦੇ ਬੱਧੇ ਕੰਡਿਆਂ ਉਤੇ ਪੈਰ ਧਰੀ ਜਾਂਦੇ ਨਿਧੜਕ, ਅਗੇ ਪਿਛੇ ਖੱਬੇ ਸੱਜੇ ਚਲਣ ਪੰਧ ਮੁਕਾਈਆ । ਤੂੰ ਮਾਲਕ ਵਾਲੀ ਅਰਸ਼ ਫ਼ਰਸ਼, ਤੇਰੀ ਖੇਲ ਨਜ਼ਰੀ ਆਈਆ । ਸਾਡੀ ਇਕ ਬੇਨੰਤੀ ਭਗਤਾਂ ਵਾਸਤੇ ਆਪਣੀ ਬਣਾ ਦੇ ਸਿੱਧੀ ਸੜਕ, ਆਪ ਆਪਣਾ ਭੇਟ ਚੜ੍ਹਾਈਆ । ਤੇਰੇ ਉਤੋਂ ਦੀ ਲੰਘਣ ਨਾਲੇ ਕਰਨ ਦਰਸ, ਅੰਤਰ ਆਤਮ ਖ਼ੁਸ਼ੀ ਦੇ ਵਖਾਈਆ । ਇਹ ਵੀ ਗੋਬਿੰਦ

ਨੇ ਮਾਛੂਵਾੜੇ ਲਾਈ ਸੀ ਇਕ ਸ਼ਰਤ, ਪੁਰਖ ਅਕਾਲ ਨਾਲ ਗੰਢ ਗਿਆ ਪਵਾਈਆ । ਜਿਸ ਵੇਲੇ ਮੈਂ ਫੇਰ ਆਇਆ ਪਰਤ, ਤੇਰਾ ਸੰਗ ਨਿਭਾਈਆ । ਪਰਭਾਸ ਵਿਚ ਉਲਟਾ ਲੇਟਾਂਗਾ ਉਪਰ ਧਰਤ, ਸੋਹਣਾ ਆਸਣ ਲਾਈਆ । ਪਿਆਰਿਆਂ ਦੇ ਪ੍ਰੇਮ ਦਾ ਪੂਰਾ ਕਰਾਂਗਾ ਫ਼ਰਜ਼, ਮਾਣ ਸ਼ਾਨ ਤਾਨ ਸਰਬ ਮਿਟਾਈਆ । ਕੱਖਾਂ ਕੰਡਿਆਂ ਦੀ ਸੁਣ ਕੇ ਅਰਜ਼, ਮਨਸਾ ਮਰਜ਼ੀ ਪੂਰ ਵਖਾਈਆ । ਕਿਉਂ, ਮੈਨੂੰ ਭਗਤਾਂ ਦੀ ਗ਼ਰਜ਼, ਗ਼ਰਜ਼ ਦਾ ਮਾਰਿਆ ਫਿਰਾਂ ਥਾਈਂ ਥਾਈਂਆ । ਦੁਖੀਆਂ ਦੀ ਦਰਦ, ਦੀਨਾਂ ਦਾ ਸਹਾਈਆ । ਜਿਹੜਾ ਪਿਛਲਾ ਦੇਣਾ ਕ਼ਰਜ਼, ਉਹ ਵੀ ਰਿਹਾ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵੇਖਣਹਾਰਾ ਪਿਛਲੀ ਫ਼ਰਦ, ਫ਼ੈਸਲੇ ਸਾਰੇ ਰਿਹਾ ਕਰਾਈਆ ।

ਕਿੱਡੀ ਪਿਆਰੀ ਚਰਨਾਂ ਦੀ ਧੂੜ, ਭਗਤੀ ਰੰਗ ਰੰਗਾਈਆ । ਪ੍ਰੇਮ ਦਾ ਸੱਚਾ ਨੂਰ, ਪਿਆਰ ਦਾ ਚੰਦ ਚਮਕਾਈਆ । ਗੁਰਮੁਖਾਂ ਦੀ ਆਸਾ ਪੂਰ, ਦੁਖੀਆਂ ਦਾ ਦੁਖ ਵੰਡਾਈਆ । ਹਾਜ਼ਰਾਂ ਦਾ ਹਾਜ਼ਰ ਹਜ਼ੂਰ, ਪਾਤਸ਼ਾਹਾਂ ਦਾ ਪਾਤਸ਼ਾਹ ਸ਼ਹਿਨਸ਼ਾਹ ਮਜ਼ਦੂਰਾਂ ਦਾ ਮਜ਼ਦੂਰ, ਸੇਵਕਾਂ ਦਾ ਸੇਵਕ, ਸੇਵਾ ਰਿਹਾ ਕਮਾਈਆ । ਜਨਮ ਕਰਮ ਦਾ ਲੇਖਾ ਮੇਟ ਜ਼ਰੂਰ, ਕੂੜੀ ਕਿਰਿਆ ਰਿਹਾ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਧਰਤੀ ਕਹੇ ਓਹ ਮੇਰੇ ਪਿਛਲੇ ਮਾਹੀ, ਮੁਹੱਬਤ ਤੇਰੀ ਯਾਦ ਆਈਆ । ਤੂੰ ਜੰਗਲਾਂ ਬੇਲਿਆਂ ਦਾ ਰਾਹੀ, ਰਹਿਬਰ ਦੋ ਜਹਾਨ ਅਖਵਾਈਆ । ਬਸ ਕਰ ਤੈਨੂੰ ਵੇਖ ਕੇ ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਸ਼ੁਦਾਈ, ਆਪਣਾ ਮਾਣ ਰਹੇ ਮਿਟਾਈਆ । ਕੀ ਭਗਤਾਂ ਨਾਲ ਮਿਲ ਕੇ ਰੀਤ ਚਲਾਈ, ਭਗਵਨ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਲਾਗੋਂ ਕਹੇ ਆਹ ਸੁੱਕਾ ਤੀਲਾ, ਬੇਨੰਤੀ ਸਚ ਸੁਣਾਈਆ । ਗੋਬਿੰਦ ਤੂੰ ਹੈਂ ਸਚ ਵਸੀਲਾ, ਵਿਛੜਿਆਂ ਮੇਲ ਮਿਲਾਈਆ । ਉਤੋਂ ਵੇਖ ਰੋਂਦਾ ਅੰਬਰ ਨੀਲਾ, ਛਹਿਬਰ ਇਕ ਲਗਾਈਆ । ਤੇਰਾ ਗੁਰਮੁਖਾਂ ਪਿਛੇ ਜੀਣਾ, ਜ਼ਿੰਦਗੀ ਭਗਤਾਂ ਦੀ ਬਣਾਈਆ । ਪ੍ਰੇਮ ਦੇ ਅੰਦਰ ਨਿਵਣਾ, ਏਹੋ ਤੇਰੀ ਵਡਿਆਈਆ । ਪ੍ਰੇਮ ਪਿਆਰ ਦਾ ਰਸ ਪੀਣਾ, ਤ੍ਰਿਖਾ ਜਗਤ ਗਵਾਈਆ । ਨਾਤਾ ਛਡ ਕੇ ਲੋਕ ਤੀਨਾ, ਮਾਟੀ ਖ਼ਾਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਤੀਲਾ ਕਹੇ ਜਿਸ ਵੇਲੇ ਮੈਂ ਭਗਤਾਂ ਹੇਠਾਂ ਵੇਖਿਆ ਚੁਭਦਾ, ਜੋ ਨੰਗੇ ਪੈਰੀਂ ਚਲੇ ਪਾਂਧੀ ਰਾਹੀਆ । ਮੈਂ ਉਹਨਾਂ ਕੋਲੋਂ ਪੁਛਦਾ, ਕਿਉਂ ਐਵੇਂ ਹੋਏ ਸ਼ੁਦਾਈਆ । ਤੁਹਾਡਾ ਦਰਦ ਨਾਲ ਨਹੀਂ ਕੁਛ ਦੁਖਦਾ, ਮੈਨੂੰ ਦਿਓ ਸਮਝਾਈਆ । ਉਹਨਾਂ ਹੱਸ ਕੇ ਕਿਹਾ ਸਾਨੂੰ ਸਮਾਂ ਮਿਲਿਆ ਸੋਹਣੀ ਰੁਤ ਦਾ, ਵੇਲਾ ਵਕਤ ਖ਼ੁਸ਼ੀ ਮਨਾਈਆ । ਬੇਸ਼ਕ ਭਾਵੇਂ ਤੂੰ ਸਾਨੂੰ ਤਿੱਖਾ ਮੂੰਹ ਕਰ ਕੇ ਚੁਭਦਾ, ਸਾਨੂੰ ਦੁਖ ਨਾ ਲਗੇ ਰਾਈਆ । ਸਾਡਾ ਨਾਤਾ ਬਣਿਆ ਪਿਓ ਪੁਤ ਦਾ, ਨਾਲ ਚਲੀਏ ਚਾਈਂ ਚਾਈਂਆ । ਜੇ ਹੋਊ ਸਾਡਾ ਦਰਦੀ ਦੁਖ ਦਾ, ਆਪੇ ਦਿਊ ਗਵਾਹੀਆ । ਇਹ ਕੋਈ ਪਰਦਾ ਉਹਲਾ ਨਹੀਂ ਲੁਕ ਦਾ, ਸਨਮੁਖ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨੀ ਦਾ ਭਾਗ, ਗੁਰਮੁਖਾਂ ਦਾ ਵੈਰਾਗ, ਵੈਰਾਗੀ ਹੋ ਕੇ ਆਪੇ ਪੂਰ ਕਰਾਈਆ ।


੫੮੬

## ❊ ੧੩ ਚੇਤ ਸ਼ਹਿਨਸ਼ਾਹੀ ਸੰਮਤ ੧ ਪਿੰਡ ਝੰਡੇ ਜ਼ਿਲਾ ਜੰਮੂ ਸਾਚਾ ਸਤਿਸੰਗ ਉਪਦੇਸ਼ ❊

ਹਰਿ ਹਰਿ ਸ਼ਬਦ ਸਦਾ ਅਗੰਮ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜਿਸ ਵਿਚੋਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਿਲੇ ਧਨ, ਨਾਮ ਭੰਡਾਰਾ ਝੋਲੀ ਪਾਈਆ । ਨਿਰਗੁਣ ਧਾਰ ਸਰਗੁਣ ਹੋ ਕੇ ਲੋਕਮਾਤ ਆਵਣ ਚਲ, ਕਾਇਆ ਚੋਲਾ ਪੰਜ ਤਤ ਹੰਢਾਈਆ । ਓਸੇ ਨਾਮ ਦੇ ਅਧੀਨ ਵਿਸ਼ਨ ਬ੍ਰਹਮਾ ਸ਼ਿਵ ਕਹਿਣਾ ਰਹੇ ਮੰਨ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਜਣਾਈਆ । ਸਾਚਾ ਨਾਮ ਆਦਿ ਜੁਗਾਦੀ ਇਕੋ ਆਦਿ, ਆਦਿ ਪੁਰਖ ਆਪ ਪਰਗਟਾਈਆ । ਜਿਸ ਦੇ ਨਾਲ ਬ੍ਰਹਿਮੰਡ ਖੰਡ ਰਚੇ ਬ੍ਰਹਿਮਾਦ, ਪੁਰੀ ਲੋਅ ਆਕਾਸ਼ ਲਏ ਬਣਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਦੇ ਕੇ ਦਾਤ, ਵਸਤ ਅਮੋਲਕ ਸਚ ਵਰਤਾਈਆ । ਵਸਤ ਅਮੋਲਕ ਪਾ ਕੇ ਝੋਲੀ ਭੇਵ ਅਭੇਦਾ ਦੱਸ ਕੇ ਆਪਣੀ ਗਾਥ, ਨਿਰਵੈਰ ਪੁਰਖ ਕਰੀ ਪੜ੍ਹਾਈਆ । ਜਿਸ ਸਾਚੇ ਨਾਮ ਦੀ ਹੁਣੇ ਚਲ ਰਹੀ ਸੀ ਬਾਤ, ਜੋ ਨਾਨਕ ਨਿਰਗੁਣ ਸਰਗੁਣ ਸਰਬ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਾਚਾ ਨਾਮ ਦੇਵੇ ਪੁਰਖ ਅਬਿਨਾਸ਼, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਨੂਰ ਜੋਤ ਪਰਕਾਸ਼, ਉਸ ਦਾ ਸ਼ਬਦ ਧੁਨ ਸ਼ਨਵਾਈਆ । ਜਿਸ ਦਾ ਲੱਖ ਚੁਰਾਸੀ ਜੀਵ ਜੰਤ ਅੰਡਜ ਜੇਰਜ ਉਤਭੁਜ ਸੇਤਜ ਅੰਦਰ ਵਾਸ, ਨਿਵਾਸ ਆਪਣਾ ਆਸਣ ਲਾਈਆ । ਮਨ ਮਤਿ ਬੁਧਿ ਜਿਸ ਦੀ ਸੇਵਕ ਦਾਸੀ ਦਾਸ, ਸਿਰ ਸਕੇ ਨਾ ਕੋਇ ਉਠਾਈਆ । ਕਾਇਆ ਮੰਦਰ ਅੰਦਰ ਸੁਖਮਨ ਟੇਡੀ ਬੰਕ ਈੜਾ ਪਿੰਗਲ ਸਭ ਨੂੰ ਪੁਛਦੀ ਔਖੀ ਘਾਟ, ਅੰਧ ਅੰਧੇਰ ਨਾ ਕੋਇ ਮਿਟਾਈਆ । ਸਤਿਗੁਰ ਪੂਰਾ ਸ਼ਬਦ ਸਵਾਮੀ ਅੰਤਰਜਾਮੀ ਮੇਟਣਹਾਰਾ ਅੰਧੇਰੀ ਰਾਤੀ, ਸਾਚਾ ਨੂਰ ਚੰਦ ਕਰੇ ਰੁਸ਼ਨਾਈਆ । ਕੋਟਨ ਕੋਟ ਸਾਧ ਸੰਤ ਰਸਨਾ ਜਿਹਵਾ ਬੱਤੀ ਦੰਦ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਅੰਜੀਲ ਕੁਰਾਨ ਪੜ੍ਹਦੇ ਗਾਥੀ, ਕਲਮਾ ਕਲਾਮ ਕਾਇਨਾਤ ਸਰਬ ਸੁਣਾਈਆ । ਬਿਨ ਸਾਹਿਬ ਸਵਾਮੀ ਪੁਰਖ ਅਕਾਲ ਦੀਨ ਦਿਆਲ ਅੰਦਰ ਵੜ ਕੇ ਮਾਰੇ ਕੋਇ ਨਾ ਝਾਤੀ, ਦੀਆ ਜਗਾਏ ਕੋਇ ਨਾ ਬਾਤੀ, ਬਜਰ ਕਪਾਟੀ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਇਕ ਸਮਝਾਈਆ । ਸਤਿਗੁਰ ਸ਼ਬਦ ਇਕ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਈਆ । ਕਿਸੇ ਹੱਥ ਨਾ ਆਏ ਮੰਦਰ ਮਸੀਤਾ, ਸ਼ਿਵਦਵਾਲੇ ਮਠ ਗੁਰੂਦਵਾਰ ਰਹੇ ਕੁਰਲਾਈਆ । ਜੋ ਵਸਿਆ ਊਚਾਂ ਨੀਚਾਂ, ਰਾਉ ਰੰਕਾਂ ਸੋਭਾ ਪਾਈਆ । ਜੋ ਸਤਿਗੁਰ ਸਾਚੇ ਕਰੇ ਸਚ ਪ੍ਰੀਤਾ, ਪ੍ਰੇਮ ਪ੍ਰੀਤੀ ਇਕ ਰਖਾਈਆ । ਸੋ ਪਰਦਾ ਲਾਹ ਕੇ ਦਇਆ ਕਮਾ ਕੇ ਘਰ ਮਿਲਾ ਦਏ ਸੱਜਣ ਮੀਤਾ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਵਖਾਈਆ । ਵਿਦਿਆ ਵਿਧਾਂਤ ਸ਼ਾਸਤਰ ਸਿਮਰਤ ਖਾਣੀ ਬਾਣੀ ਜਗਤ ਵਸੀਕਾ, ਵਸੀਅਤ ਕਰ ਕੇ ਸਭ ਨੂੰ ਰਹੇ ਸਮਝਾਈਆ । ਬਿਨ ਸਤਿਗੁਰ ਕੋਈ ਨਾ ਦੱਸੇ ਅਸਲ ਅਸਲੀਅਤਾ, ਵਿਛੜੀ ਰੂਹ ਸ਼ਬਦੀ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਈਆ । ਜੁਗ ਜੁਗ ਸਤਿਗੁਰ ਸਾਚਾ ਏਕ, ਸ਼ਬਦੀ ਸ਼ਬਦ ਅਖਵਾਇੰਦਾ । ਨਾਨਕ ਜਿਸ ਦੀ ਰੱਖੀ ਟੇਕ, ਨਿਉਂ ਨਿਉਂ ਸੀਸ ਝੁਕਾਇੰਦਾ । ਜੋ ਹਰ ਘਟ ਅੰਦਰ ਰਿਹਾ ਵੇਖ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਕਰ ਕਿਰਪਾ ਜਿਸ ਭਗਤ ਸੁਹੇਲੇ ਬੁੱਧੀ ਕਰੇ ਬਿਬੇਕ, ਕੂੜੀ ਕਿਰਿਆ ਦੁਰਮਤ ਮੈਲ ਧੁਆਇੰਦਾ ।


੫੮੭

ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਚ ਵਿਕਾਰਾ ਪਰੇ ਹਟਾਇੰਦਾ । ਸੁਰਤ ਸੁਵਾਣੀ ਸ਼ਬਦ ਹਾਣੀ ਫੜ ਕੇ ਲੈ ਜਾਏ ਆਪਣੇ ਦੇਸ, ਅਧ ਵਿਚਕਾਰ ਨਾ ਕੋਇ ਅਟਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਕਰਨ ਆਦੇਸ, ਦੋਏ ਜੋੜ ਵਾਸਤਾ ਸਰਬ ਪਾਇੰਦਾ । ਹਰਿ ਕਾ ਸ਼ਬਦ ਕੋਈ ਰਸਨਾ ਜਿਹਵਾ ਬੱਤੀ ਦੰਦ ਵਾਲਾ ਨਹੀਂ ਖੇਲ, ਮਨ ਮਤਿ ਬੁਧਿ ਚਤੁਰਾਈ ਵਿਚ ਕਦੇ ਨਾ ਆਇੰਦਾ । ਪੜ੍ਹ ਪੜ੍ਹ ਥੱਕੇ ਪੰਡਤ ਪਾਂਧੇ ਮੁਲਾ ਸ਼ੇਖ਼, ਪੜ੍ਹਿਆਂ ਭੇਵ ਕੋਇ ਨਾ ਆਇੰਦਾ । ਬਿਨ ਸਤਿਗੁਰ ਕਿਰਪਾ ਹਰਿ ਸ਼ਬਦ ਸਵਾਮੀ ਨਿਜ ਨੇਤਰ ਲਏ ਕੋਈ ਨਾ ਵੇਖ, ਸਵੱਛ ਸਰੂਪੀ ਦਰਸ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਸੋ ਸਹਿਜੇ ਮੇਲ ਮਿਲਾਇੰਦਾ । ਸਤਿਗੁਰ ਸੱਚਾ ਸਾਹਿਬ ਸਵਾਮੀ, ਆਦਿ ਜੁਗਾਦੀ ਇਕ ਅਖਵਾਈਆ । ਜਿਸ ਦੀ ਸਿਫ਼ਤ ਸਾਲਾਹ ਚਾਰੇ ਖਾਣੀ, ਚਾਰੇ ਬਾਣੀ ਚਾਰੋਂ ਕੁੰਟ ਰਹੀ ਜਸ ਗਾਈਆ । ਜੋ ਘਟ ਘਟ ਅੰਤਰਜਾਮੀ, ਲੱਖ ਚੁਰਾਸੀ ਵੇਖ ਵਖਾਈਆ । ਉਸ ਦੀ ਮੰਜ਼ਲ ਜਗਤ ਜਹਾਨ ਦੂਰ ਦੁਰਾਡੀ, ਨੇਤਰ ਨੈਣਾਂ ਵੇਖਣ ਕੋਇ ਨਾ ਪਾਈਆ । ਪੂਰਾ ਸਤਿਗੁਰ ਮਿਲੇ ਮਿਹਰ ਨਜ਼ਰ ਨਾਲ ਕਰ ਦੇਵੇ ਆਸਾਨੀ, ਬਿਨ ਪੌੜੀ ਡੰਡੇ ਪਾਰ ਚੜ੍ਹਾਈਆ । ਮਨ ਮਨਸਾ ਆਪ ਦੇ ਜਾਏ ਆਪਣੀ ਕ਼ੁਰਬਾਨੀ, ਹੰਕਾਰ ਵਿਕਾਰ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਬੂੰਦ ਨਿਝਰ ਝਿਰਨਾ ਝਿਰਾ ਕੇ ਪਿਆਏ ਠੰਡਾ ਪਾਣੀ, ਸਾਂਤਕ ਸਤਿ ਦਏ ਕਰਾਈਆ । ਗਾਰੜੂ ਮਾਂਤਰੀ ਰਹੇ ਨਾ ਕੋਇ ਓਥੇ ਵਿਦਵਾਨੀ, ਵਿਦਿਆ ਕੰਮ ਕਿਸੇ ਨਾ ਆਈਆ । ਧੁਰਦਰਗਾਹੀ ਬੇਪਰਵਾਹੀ ਸ਼ਬਦ ਸਲਾਹੀ ਜਿਨ੍ਹਾਂ ਉਪਰ ਕਰੇ ਆਪ ਮਿਹਰਵਾਨੀ, ਸੋ ਮਹਿਬੂਬ ਮੁਹੱਬਤ ਵਿਚ ਮੁਕਾਮੇ ਹਕ ਸਚਖੰਡ ਦਵਾਰੇ ਦਏ ਮਿਲਾਈਆ । ਸਤਿਗੁਰ ਕਹੇ ਲਿਖਣ ਪੜ੍ਹਨ ਦੀ ਨਹੀਂ ਲੋੜ, ਮੇਰੇ ਹੱਥ ਵਡੀ ਵਡਿਆਈਆ । ਜਿਸ ਵੇਲੇ ਚਾਹਾਂ ਸੁਰਤੀ ਸ਼ਬਦ ਨਾਲ ਦੇਵਾਂ ਜੋੜ, ਜਗਤ ਵਿਕਾਰ ਨਾ ਕੋਇ ਅਟਕਾਈਆ । ਕਰਾਂ ਪਰਕਾਸ਼ ਅੰਧ ਘੋਰ, ਜੋਤੀ ਜੋਤ ਜੋਤ ਰੁਸ਼ਨਾਈਆ । ਭੇਵ ਚੁਕਾ ਕੇ ਤੇਰ ਮੇਰ, ਪਰਮਾਤਮ ਆਤਮ ਵਿਚ ਸਮਾਈਆ । ਚੌਥੇ ਪਦ ਤੋਂ ਅਗੇ ਆਵਾਂ ਛੋੜ, ਜਿਥੇ ਸ਼ਬਦ ਰਾਗ ਧੁਨ ਨਜ਼ਰ ਕੋਇ ਨਾ ਆਈਆ । ਸਤਿ ਪੁਰਖ ਨਿਰੰਜਣ ਅਗੰਮ ਅਥਾਹ ਬੇਪਰਵਾਹ ਆਪਣੇ ਲੈ ਜਾਏ ਕੋਲ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਧਾਰ ਕਰ ਪਿਆਰ, ਜੋਤੀ ਜੋਤ ਮਿਲਾਈਆ । ਸਤਿਗੁਰ ਪੂਰਾ ਸਾਹਿਬ ਸਵਾਮੀ ਜੁਗ ਚੌਕੜੀ ਕਰੇ ਖੇਲ ਅਪਾਰ, ਕਰਤਾ ਪੁਰਖ ਕਰਨੀ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਹੋ ਕੇ ਭਗਤ ਸੁਹੇਲੇ ਆਪਣੇ ਰੰਗ ਰੰਗਾਈਆ । ਨਾਨਕ ਕਿਹਾ ਸਚ, ਸਤਿ ਸਤਿਵਾਦੀ ਗਿਆ ਜਣਾਈਆ । ਜਿੰਨਾਂ ਚਿਰ ਮਿਲੇ ਨਾ ਪ੍ਰਭ ਸਮਰਥ, ਸ਼ੌਹ ਦਰਿਆਏ ਬੇੜਾ ਪਾਰ ਨਾ ਕੋਇ ਲੰਘਾਈਆ । ਕੋਟਨ ਕੋਟ ਵੰਞ ਮੁਹਾਣੇ ਗਏ ਥਕ, ਖੇਵਟ ਖੇਟੇ ਤੱਟਾਂ ਉਤੇ ਡੇਰਾ ਲਾਈਆ । ਕੋਟਨ ਕੋਟ ਰਸਨਾ ਜਿਹਵਾ ਬੱਤੀ ਦੰਦ ਨਾਮ ਲਏ ਰਟ, ਸੁੰਨ ਸਮਾਧ ਅੰਦਰ ਕਾਇਆ ਮੰਦਰ ਖੋਜ ਖੁਜਾਈਆ । ਕੋਟਨ ਕੋਟ ਸੀਸ ਛਾਰ ਗਏ ਘਤ, ਜੰਗਲ ਜੂਹ ਉਜਾੜ ਪਹਾੜ ਭੱਜਣ ਵਾਹੋ ਦਾਹੀਆ । ਕੋਟਨ ਕੋਟ ਸੱਥਰ ਬੈਠੇ ਘਤ, ਆਪ ਆਪਣਾ ਗਏ ਮਿਟਾਈਆ । ਬਿਨ ਸਤਿਗੁਰ ਪੂਰੇ ਪ੍ਰਭ ਨੂੰ ਮਿਲਣ ਵਾਲੀ ਖੁਲ੍ਹੀ ਕਿਸੇ ਨਾ ਅੱਖ, ਪਰਤਖ ਨਜ਼ਰ ਕੋਇ ਨਾ ਆਈਆ । ਸ਼ਬਦ ਗੁਰੂ ਗੁਰਦੇਵ ਸਵਾਮੀ ਸਭ ਦਾ ਪੂਰਾ ਕਰਨਹਾਰਾ ਹਕ, ਹਕ ਹਕੀਕਤ ਵਿਚੋਂ ਖੋਜ ਖੁਜਾਈਆ । ਜੋ ਨਾਨਕ ਗਿਆ ਦੱਸ, ਉਹ ਕਿਸੇ ਨਾ ਆਵੇ ਹੱਥ, ਚਾਰੋਂ ਕੁੰਟ ਰਹੇ ਨਠ, ਦਹਿ ਦਿਸ਼ਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਦਾ ਆਤਮ ਮਾਲਕ ਪ੍ਰਿਤਪਾਲਕ ਇਕੋ ਨਜ਼ਰੀ ਆਈਆ ।

ਸ਼ਬਦ ਗੁਰੂ ਕਹੇ ਜੇ ਸੁਰਤੀ ਦਾ ਕਰਨਾ ਮਿਲਾਪ, ਸ਼ਬਦੀ ਜੋੜ ਜੁੜਾਈਆ । ਫੇਰ ਭੁੱਲ ਜਾਓ ਆਪਾ ਆਪ, ਮਿਟੇ ਭਰਮ ਕੀ ਕਾਈਆ । ਛਡ ਦਿਓ ਕੂੜੇ ਸਾਕ, ਕਾਮ ਕਰੋਧ ਲੋਭ ਮੋਹ ਹੰਕਾਰ ਨਾਤਾ ਲੈਣਾ ਤੁੜਾਈਆ । ਝਗੜਾ ਮੁਕ ਜਾਏ ਸਮਾਜ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਮਨ ਮਨੂਆ ਉਤਾਰ ਲਓ ਆਪਣੇ ਘਾਟ, ਸਿਰ ਸਕੇ ਨਾ ਕੋਇ ਉਠਾਈਆ । ਬੁੱਧੀ ਬਿਬੇਕ ਨਾਲ ਇਕੋ ਸਮਝ ਲਓ ਵਾਕ, ਬਹੁਤਾ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜਿਨ੍ਹਾਂ ਦਾ ਸਤਿਗੁਰ ਅੰਦਰ ਆਤਮ ਵਸਿਆ ਪਾਸ, ਜੋਤ ਸਰੂਪੀ ਜੋਤੀ ਡਗਮਗਾਈਆ । ਸਦਾ ਸਦਾ ਸਦ ਵਸੇ ਸਾਥ, ਵਿਛੋੜਾ ਅਗੇ ਨਾ ਕੋਇ ਰਖਾਈਆ । ਉਹਨਾਂ ਦੀ ਲੇਖੇ ਲੱਗੇ ਪੜ੍ਹੀ ਗਾਥ, ਜਿਨ੍ਹਾਂ ਦੇ ਅੰਦਰ ਵੜ ਕੇ ਮੰਜ਼ਲ ਚੜ੍ਹ ਕੇ ਸਚ ਦਵਾਰੇ ਖੜ੍ਹ ਕੇ ਨੌ ਦਵਾਰੇ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਕਾਇਆ ਮੰਦਰ ਖੋਜ ਖੁਜਾਈਆ । ਸੁਰਤੀ ਕਹੇ ਮੈਂ ਕੀ ਦੱਸਾਂ, ਦੱਸਣ ਵਾਲੀ ਕਹਾਣੀ ਨਜ਼ਰ ਕੋਇ ਨਾ ਆਈਆ । ਨਾਲੇ ਰੋਵਾਂ ਨਾਲੇ ਹੱਸਾਂ, ਦੋਵੇਂ ਰੰਗ ਵਖਾਈਆ । ਬਾਹਰ ਵਾਲੀਆਂ ਸਮਝ ਨਾ ਸਕੀਆਂ ਅੱਖਾਂ, ਅੰਦਰੋਂ ਅੱਖ ਨਾ ਕਿਸੇ ਉਠਾਈਆ । ਮੈਂ ਚਾਰੋਂ ਕੁੰਟ ਤੱਕਾਂ, ਦਹਿ ਦਿਸ਼ਾ ਖੋਜ ਖੁਜਾਈਆ । ਮੈਂ ਫਿਰ ਕੇ ਆਈ ਮਦੀਨਾ ਮੱਕਾ, ਤੀਰਥ ਤੱਟਾਂ ਉਤੇ ਫੇਰਾ ਪਾਈਆ । ਮੈਂ ਵੇਖਿਆ ਚੌਦਾਂ ਲੋਕ ਚੌਦਾਂ ਹੱਟਾਂ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਮੈਂ ਪੂਜ ਕੇ ਵੇਖੇ ਪੱਥਰ ਇੱਟਾਂ, ਪੁਸਤਕ ਪੜ੍ਹ ਪੜ੍ਹ ਆਪਣਾ ਵਕਤ ਲੰਘਾਈਆ । ਸਿਖ ਸਿਖ ਹਟੀ ਜਗਤ ਵਿਦਿਆ ਸਾਚੀ ਸਿੱਖਾ, ਚੌਦਾਂ ਵਿਦਿਆ ਨਾਲ ਕਰੀ ਕੁੜਮਾਈਆ । ਪਰ ਸ਼ਬਦ ਸਵਾਮੀ ਮਿਲਿਆ ਨਹੀਂ ਸਾਚਾ ਪਿਤਾ, ਜੋ ਪਤਿਪਰਮੇਸ਼ਵਰ ਆਪਣੇ ਨਾਲ ਮਿਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰਆਧਾਰ ਹੋ ਕੇ ਕਰੇ ਹਿੱਤਾ, ਸਚ ਪ੍ਰੀਤੀ ਆਪਣੇ ਨਾਲ ਜੁੜਾਈਆ । ਪੜ੍ਹਨਾ ਲਿਖਣਾ ਜਗਤ ਕਹਾਣੀ ਕਿੱਸਾ, ਬਿਨ ਸਤਿਗੁਰ ਪੂਰੇ ਕ਼ਿਸਮਤ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸਾਚਾ ਮੰਦਰ ਦਏ ਸੁਹਾਈਆ । ਸੁਰਤੀ ਕਹੇ ਮੈਂ ਸੁਰਤ ਨਿਰਤ ਨਾਲ, ਅਨਸੁਰਤ ਦਿਆਂ ਜਣਾਈਆ । ਨਿਰਤ ਸੁਰਤ ਦੋਵੇਂ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਜਿੰਨਾਂ ਚਿਰ ਸ਼ਬਦ ਗੁਰੂ ਨਾ ਹੋਏ ਦਿਆਲ, ਲੇਖਾ ਕਾਲ ਨਾ ਕੋਇ ਮੁਕਾਈਆ । ਰਾਏ ਧਰਮ ਨਾ ਹੋਏ ਜ਼ਵਾਲ, ਚਿਤਰ ਗੁਪਤ ਡੇਰਾ ਨਾ ਕੋਇ ਢਾਹੀਆ । ਸਾਚਾ ਮੰਨੇ ਨਾ ਕੋਇ ਸਵਾਲ, ਆਸਾ ਮਨਸਾ ਪੂਰ ਨਾ ਕੋਇ ਵਖਾਈਆ । ਸੁਰਤੀ ਕਹੇ ਮੈਂ ਸ਼ਬਦ ਗੁਰੂ ਬਿਨਾ ਹੋਈ ਕੰਗਾਲ, ਮੇਰੀ ਕ਼ੀਮਤ ਜਗਤ ਨਾ ਕੋਇ ਪਾਈਆ । ਜਿੰਨਾਂ ਚਿਰ ਸਤਿ ਸਰੋਵਰ ਵਿਚ ਨਾ ਦਏ ਨੁਹਾਲ, ਹੰਸ ਕਾਗ ਨਾ ਰੂਪ ਵਟਾਈਆ । ਓਨਾਂ ਚਿਰ ਸਚਖੰਡ ਦਵਾਰ ਨਾ ਮਿਲੇ ਸੱਚੀ ਧਰਮਸਾਲ, ਸਾਚੇ ਮੰਦਰ ਸੋਭਾ ਕੋਇ ਨਾ ਪਾਈਆ । ਨਾਨਕ ਵਿਦਿਆ ਸ਼ਬਦੀ ਧਾਰ ਜੋਤ ਨਿਰੰਕਾਰ, ਸ੍ਰਿਸ਼ਟੀ ਨੂੰ ਗਈ ਸਿਖਾਲ, ਇਸ਼ਟ ਇਕੋ ਬੇਪਰਵਾਹੀਆ । ਸੁਰਤ ਕਹੇ ਮੈਨੂੰ ਸਾਰੇ ਥਾਉਂ ਥਾਈਂ ਚੜ੍ਹੌਂਦੇ, ਆਪਣਾ ਜ਼ੋਰ ਲਗਾਈਆ । ਕੋਈ ਅੰਦਰ ਵੜ ਕੇ ਧਿਆਨ ਲਗੌਂਦੇ, ਆਸਣ ਸੋਹਣਾ ਹੇਠ ਵਿਛਾਈਆ । ਕੋਈ ਰਸਨਾ ਜਿਹਵਾ ਨਹੀਂ ਹਿਲੌਂਦੇ, ਅਜਪਾ ਜਾਪ ਰਹੇ ਗਾਈਆ । ਕੋਈ ਜਲ ਧਾਰਾ ਸੀਸ ਵਗੌਂਦੇ, ਤਨ ਮਾਟੀ ਠਾਰ ਵਖਾਈਆ । ਕੋਈ ਖ਼ਾਕ ਤਨ ਰਮੌਂਦੇ, ਅਵਧੂਤ ਰੂਪ ਵਟਾਈਆ । ਕੋਈ ਪੜ੍ਹ ਪੜ੍ਹ ਵਿਦਿਆ ਜਗਤ ਸੁਣੌਂਦੇ, ਕਥਾ ਵਾਰਤਾ ਨਾਲ ਰਲਾਈਆ । ਕੋਈ ਘਰ ਘਰ ਗੁਰੂ ਰੂਪ ਵਟੌਂਦੇ, ਭੇਖਾਧਾਰੀ ਆਪਣਾ ਭੇਖ ਦਸਾਈਆ । ਪੁਰਖ ਅਕਾਲ ਦਾ ਇਕੋ ਗੁਰੂ ਜੋ ਸ਼ਬਦ ਗੁਰ

ਜਿਸ ਨੂੰ ਆਦਿ ਜੁਗਾਦਿ ਗੁਰ ਅਵਤਾਰ ਸੀਸ ਨਵੌਂਦੇ, ਪੀਰ ਪੈਗ਼ੰਬਰ ਓਸੇ ਦਾ ਕਲਮਾ ਓਸੇ ਦਾ ਨਗ਼ਮਾ ਓਸੇ ਦਾ ਨਾਅਰਾ ਲਾਈਆ । ਬਿਨ ਸਤਿਗੁਰ ਸੁਰਤੀ ਕਹੇ ਮੇਰੇ ਵਿਚ ਨਾ ਕੋਈ ਸਮੌਂਦੇ, ਸਮੁੰਦਰ ਦਾ ਕਤਰਾ ਕਤਰਾ ਸਮੁੰਦਰ ਵਿਚ ਨਾ ਕੋਇ ਮਿਲਾਈਆ । ਜਿਸ ਨਾਮ ਦੀ ਸਿਫ਼ਤ ਸਾਲਾਹ, ਖਾਣੀਆਂ ਬਾਣੀਆਂ ਰਹੀਆਂ ਸੁਣਾਈਆ । ਉਹ ਸਭ ਦਾ ਮਾਲਕ ਮਲਾਹ, ਬੇਪਰਵਾਹ ਅਖਵਾਈਆ । ਕਿਸੇ ਨੇ ਰਾਮ ਵਾਹਿਗੁਰੂ ਅੱਲਾ ਕਿਹਾ ਖ਼ੁਦਾ, ਕੋਈ ਹਜ਼ਰਤ ਕਹਿ ਕੇ ਸੀਸ ਨਿਵਾਈਆ । ਕਹਿਣ ਵਾਲੇ ਸਾਰੇ ਉਹਨੂੰ ਕਰ ਕੇ ਗਏ ਅਲਵਿਦਾ, ਆਪ ਆਪਣਾ ਪੰਜ ਤਤ ਚੋਲਾ ਜਗਤ ਤਜਾਈਆ । ਉਸ ਦੇ ਨਾਮ ਦੀ ਸਿਫ਼ਤ ਸਾਰੇ ਗਏ ਲਿਖਾ, ਸਾਚਾ ਨਾਮ ਹੱਥ ਨਾ ਕੋਇ ਫੜਾਈਆ । ਉਹ ਨਿਰਅੱਖਰ ਜੋ ਸਾਰੇ ਅੱਖਰ ਰਿਹਾ ਬਣਾ, ਓਸੇ ਦੀ ਵੰਡ ਵੰਡਾਈਆ । ਉਹ ਨਾਮ ਪੁਰਖ ਅਕਾਲ ਦੀਨ ਦਿਆਲ ਜਿਸ ਮੁਰਸ਼ਦ ਦੀ ਝੋਲੀ ਦੇਵੇ ਪਾ, ਉਹ ਮੁਰੀਦਾਂ ਲਏ ਤਰਾਈਆ । ਨਾਨਕ ਦੀ ਬਾਣੀ ਉਹਨਾਂ ਦੀ ਗਵਾਹ, ਸ਼ਹਾਦਤ ਰਹੀ ਭੁਗਤਾਈਆ । ਸਭ ਦਾ ਮਾਲਕ ਸੁਰਤੀ ਦਾ ਮਲਾਹ, ਮੁਕਤੀ ਚਰਨਾਂ ਹੇਠਾਂ ਦੇਵੇ ਦਬਾ, ਉਠਦੀ ਲਹਿਰ ਦੀ ਧਾਰ ਵਿਚ ਲਏ ਮਿਲਾ, ਸ਼ਬਦੀ ਜੋਤ ਵਿਚ ਜਾਏ ਸਮਾ, ਨੂਰ ਨੂਰ ਵਿਚ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਵੇ ਆਪਣਾ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਕਾਇਆ ਮੰਦਰ ਅੰਦਰ ਡੂੰਘੀ ਕੰਦਰ ਪਰਦਾ ਦਏ ਉਠਾਈਆ । ਸੁਰਤੀ ਕਹੇ ਜਿਸ ਵੇਲੇ ਮੈਂ ਹੌਲੀ ਹੌਲੀ ਤੁਰਦੀ, ਨੌਂ ਦਵਾਰੇ ਪੰਧ ਮੁਕਾਈਆ । ਮੈਨੂੰ ਯਾਦ ਆਵੇ ਉਸ ਸਚੇ ਗੁਰ ਦੀ, ਜੋ ਸਤਿਗੁਰ ਹੁਕਮ ਸੁਣਾਈਆ । ਮੇਰੇ ਅੰਤਰ ਇਕ ਆਸਾ ਫੁਰਦੀ, ਜੋ ਪਿਛਲੇ ਫੁਰਨੇ ਦੇਵੇ ਬੰਦ ਕਰਾਈਆ । ਮੈਂ ਓਟ ਰੱਖੀ ਧੁਰ ਦੀ, ਮੰਜ਼ਲ ਚੜ੍ਹਨਾ ਚਾਈਂ ਚਾਈਂਆ । ਮੈਂ ਮਨ ਦੇ ਆਖੇ ਕਦੇ ਨਹੀਂ ਮੁੜਦੀ, ਟੇਢੀ ਬੰਕ ਨਾ ਕੋਇ ਅਟਕਾਈਆ । ਮੈਂ ਆਵਾਜ਼ ਮੰਗਾਂ ਓਸ ਨਾਦ ਅਗੰਮੀ ਸੁਰ ਦੀ, ਜੋ ਅੱਠੇ ਪਹਿਰ ਕਾਇਆ ਮੰਦਰ ਅੰਦਰ ਧੁਨ ਆਤਮਕ ਰਾਗ ਸੁਣਾਈਆ । ਓਥੇ ਬੰਕ ਟੇਢੀ ਕੋਈ ਲੋੜ ਨਹੀਂ, ਰਾਗ ਨਾਦ ਤਾਲ ਨਾ ਕੋਇ ਵਜਾਈਆ । ਓਥੇ ਇਕ ਦੂਜਾ ਕੋਈ ਹੋਰ ਨਹੀਂ, ਠਗ ਚੋਰ ਯਾਰ ਨਜ਼ਰ ਕੋਇ ਨਾ ਆਈਆ । ਸਚ ਪਰਕਾਸ਼ ਅੰਧ ਘੋਰ ਨਹੀਂ, ਜੋਤੀ ਜੋਤ ਜੋਤ ਰੁਸ਼ਨਾਈਆ । ਬ੍ਰਹਮ ਪਾਰਬ੍ਰਹਮ ਇਕ ਡੋਰ ਸਹੀ, ਲੜੀ ਲੜੀ ਨਾਲ ਜੁੜਾਈਆ । ਜਿਨ੍ਹਾਂ ਵੇਖਿਆ ਪੇਖਿਆ ਉਹਨਾਂ ਇਹ ਸਚ ਕਹੀ, ਨਾਨਕ ਗਿਆ ਸਮਝਾਈਆ । ਜਿਨ੍ਹਾਂ ਦੀ ਗੱਲ ਏਥੇ ਦੀ ਏਥੇ ਰਹੀ, ਓਥੇ ਦੀ ਓਸੇ ਦੇ ਹੱਥ ਵਡਿਆਈਆ । ਸੁਰਤ ਕਹੇ ਮੇਰਾ ਸਤਿਗੁਰ ਸੰਗ ਮੈਂ ਇਕੱਲੀ ਨਹੀਂ, ਜੋ ਮੇਰਾ ਭੰਡਾਰਾ ਰਿਹਾ ਵਖਾਈਆ । ਮੇਰਾ ਲੇਖਾ ਸੁਣੇ ਨਾ ਕੋਈ ਕਢ ਕੇ ਵਹੀ, ਦੇਵਣਹਾਰ ਨਾ ਕੋਇ ਸਜ਼ਾਈਆ । ਜਿਸ ਦੀ ਓਸੇ ਦੀ ਅੰਤ ਝੋਲੀ ਪਈ, ਪੀਆ ਪ੍ਰੀਤਮ ਓਹੀ ਨਜ਼ਰੀ ਆਈਆ । ਜਿਸ ਨਾਲੋਂ ਵਿਛੜੀ ਓਸੇ ਗਠ ਲਈ, ਬੈਠੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਆਪ ਕਮਾਈਆ । ਸਤਿਗੁਰ ਪੂਰਾ ਮਿਹਰ ਨਜ਼ਰ ਨਾਲ ਦੇਵੇ ਤਾਰ, ਆਪਣੀ ਦਇਆ ਕਮਾਈਆ । ਬਿਨ ਮੰਜ਼ਲੋਂ ਸਾਚੀ ਮੰਜ਼ਲ ਦੇਵੇ ਚਾੜ੍ਹ, ਇਸ਼ਾਰੇ ਨਾਲ ਪਾਰ ਕਰਾਈਆ । ਮੰਤਰ ਫੁਰਨਾ ਦੇ ਕੇ ਕੂੜੀ ਕਿਰਿਆ ਮੇਟ ਦੇਵੇ ਧਾੜ, ਕਾਇਆ ਮੰਦਰ ਉਜਾੜ ਪਰਭਾਸ ਗੁਲਸ਼ਨ ਰੁਤ ਸ਼ਹਿਨਸ਼ਾਹ ਦਏ ਬਣਾਈਆ । ਓਸ ਮੰਦਰ ਅੰਦਰ ਦੇਵੇ ਵਾੜ, ਜਿਥੋਂ ਸਕੇ ਨਾ ਕੋਇ ਨਿਕਾਲ, ਲੱਖ ਚੁਰਾਸੀ ਫੰਦ ਦਏ ਕਟਾਈਆ । ਜਿਨ੍ਹਾਂ ਦੇ ਉਪਰ ਹੋ ਗਿਆ ਦਿਆਲ, ਉਹਨਾਂ ਦਾ ਲੇਖਾ ਛੁਟ

ਗਿਆ ਕਾਲ ਮਹਾਕਾਲ, ਸਿਰ ਨਾ ਸਕੇ ਉਠਾਈਆ । ਕਾਇਆ ਮੰਦਰ ਅੰਦਰ ਸੁਹਾ ਕੇ ਸਚੀ ਧਰਮਸਾਲ, ਦੀਆ ਬਾਤੀ ਕਮਲਾਪਾਤੀ ਇਕੋ ਬਾਲ, ਅੰਧ ਅੰਧੇਰ ਦਏ ਗਵਾਈਆ । ਸੁਰਤੀ ਕਹੇ ਮੈਂ ਓਸ ਦੇ ਜਾਵਾਂ ਨਾਲ, ਜੋ ਸ਼ਾਹਾਂ ਦਾ ਸ਼ਾਹ ਕੰਗਾਲਾਂ ਦਾ ਕੰਗਾਲ, ਮਾਲਕਾਂ ਦਾ ਮਾਲਕ ਵਾਲੀ ਦੋ ਜਹਾਨ, ਏਥੇ ਓਥੇ ਨਿਰਗੁਣ ਸਰਗੁਣ ਦੋਵੇਂ ਧਾਰ ਕਰੇ ਪ੍ਰਿਤਪਾਲ, ਮਿਹਰਵਾਨ ਆਪਣੇ ਦਰ ਬਹਾਈਆ । ਸੁਰਤੀ ਕਹੇ ਗੁਰਮੁਖੋ ਜੇ ਕਰਨਾ ਹੋਵੇ ਸਚਾ ਸਤਿਸੰਗ, ਸੰਗਤ ਰੂਪ ਵਟਾਈਆ । ਪੂਰੇ ਸਤਿਗੁਰ ਤੋਂ ਪਹਿਲੋਂ ਇਕ ਮੰਗ ਲਓ ਮੰਗ, ਪ੍ਰੇਮ ਪ੍ਰੀਤੀ ਆਪਣੀ ਝੋਲੀ ਪਾਈਆ । ਚਰਨ ਧੂੜ ਨਹਾਓ ਗੰਗ, ਦੁਰਮਤ ਮੈਲ ਧੁਵਾਈਆ । ਪ੍ਰੇਮ ਪਿਆਰ ਦਾ ਗਾਓ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਆਪਣੇ ਅੰਦਰ ਉਸ ਦਾ ਡਾਹੇ ਪਲੰਘ, ਸਾਥੀ ਸਾਚਾ ਲਓ ਬਣਾਈਆ । ਫਿਰ ਨੌਂ ਦਵਾਰੇ ਸਾਚੇ ਜਾਓ ਲੰਘ, ਅਧ ਵਿਚ ਨਾ ਕੋਇ ਅਟਕਾਈਆ । ਸੁਣਦੇ ਜਾਓ ਸੁਣਾਂਦੇ ਜਾਓ ਅਗੰਮੀ ਛੰਦ, ਜੋ ਸਹਿੰਸਾ ਰਿਹਾ ਮੁਕਾਈਆ । ਅੰਧੇਰ ਗੁਬਾਰੇ ਅਗੇ ਵੇਖੋ ਨੂਰੀ ਚੰਦ, ਸੂਰਜ ਬਾਰਾਂ ਨਹੀਂ ਕੋਟਨ ਕੋਟ ਨੂਰਾਂ ਦਾ ਨੂਰ ਨਜ਼ਰੀ ਆਈਆ । ਇਹ ਇਕ ਦੋ ਤੇ ਗਿਆਰਾਂ, ਇਹ ਨਿੱਕਿਆਂ ਨਿੱਕਿਆਂ ਸਾਧਾਂ ਸੰਤਾਂ ਦੀਆਂ ਵਾਰਾਂ, ਬਾਰਾਂ ਸੂਰਜ ਇਕ ਮਹਾਪੁਰਸ਼ਾਂ ਦਾ ਨਿੱਕਾ ਜਿਹਾ ਇਸ਼ਾਰਾ, ਉਸ ਤੋਂ ਅਗੇ ਵੱਡਾ ਦਵਾਰਾ, ਜਿਥੇ ਬੈਠਾ ਹਰਿ ਨਿਰੰਕਾਰਾ, ਕੋਟਨ ਕੋਟ ਆਤਮਾ ਪਰਮਾਤਮ ਆਪਣੇ ਰੰਗ ਵਿਚ ਰੰਗਾਈਆ । ਕੋਟਨ ਕੋਟ ਵਸਦੇ ਗੁਰੂ ਅਵਤਾਰਾ, ਪੀਰ ਪੈਗ਼ੰਬਰ ਸਜਦੇ ਕਰਨ ਕਰ ਕਰ ਨਿਮਸਕਾਰਾ, ਭਗਤ ਭਗਵਾਨ ਇਕ ਦੂਜੇ ਨਾਲ ਕਰਨ ਪਿਆਰਾ, ਗੁਰਮੁਖ ਜੋਤੀ ਜੋਤ ਨੂਰ ਕਰਨ ਉਜਿਆਰਾ, ਗੁਰਸਿੱਖ ਵੇਖਣ ਬਿਨਾ ਪਵਣ ਅਗੰਮੀ ਹੁਲਾਰਾ, ਪੁਰਖ ਅਕਾਲ ਦੀਨ ਦਿਆਲ ਧੁਰ ਧਾਮੀ ਸ਼ਬਦ ਇਨਾਮੀ ਨਿਹਕਰਮੀ ਸਭ ਦਾ ਮਰਮੀ, ਆਦਿ ਜੁਗਾਦੀ ਧਰਮੀ, ਸਾਚੀ ਬਖ਼ਸ਼ੇ ਇਕ ਸਰਨੀ, ਸੁਰਤ ਸਵਾਣੀ ਮਿਲਾਏ ਸ਼ਬਦ ਹਾਣੀ, ਲੇਖਾ ਚੁਕਾਏ ਜਗਤ ਜਹਾਨੀ, ਪਾਰ ਲੰਘਾ ਕੇ ਪਦ ਨਿਰਬਾਣੀ, ਜੋਤ ਆਪਣੀ ਵਿਚ ਮਿਲਾਈਆ ।

੫੯੧

ਬੜਾ ਅੰਮ੍ਰਿਤ ਵਸਿਆ, ਜਿਨ੍ਹਾਂ ਨੂੰ ਅੰਮ੍ਰਿਤ ਪਿਆਸ । ਉਹਨਾਂ ਨੂੰ ਆਵੇ ਰਸਿਆ, ਜੋ ਸਤਿਗੁਰ ਦੇ ਹੋਏ ਦਾਸ । ਉਹ ਗੁਰਮੁਖ ਕਾਇਆ ਮੰਦਰ ਆਇਆ ਹੱਸਿਆ, ਖੇਲ ਵੇਖੀ ਪ੍ਰਿਥਮੀ ਆਕਾਸ਼ । ਗਗਨ ਮੰਡਲਾਂ ਬ੍ਰਹਿਮੰਡਾਂ ਖੰਡਾਂ ਵਿਚ ਫਿਰੇ ਨਠਿਆ, ਬਜਰ ਕਪਾਟੀ ਖੁਲ੍ਹਿਆ ਹਾਟ । ਮਿਟ ਗਈ ਰੈਣ ਅੰਧੇਰੀ ਮਸਿਆ, ਘਰ ਸਚ ਹੋਇਆ ਪਰਕਾਸ਼ । ਆਤਮਾ ਨੇ ਪਰਮਾਤਮਾ ਨੂੰ ਮਿਲ ਕੇ ਆਪਣਾ ਹਾਲ ਦੱਸਿਆ, ਕਿਉਂ ਬੈਠਾ ਰਿਹੋਂ ਪੁਰਖ ਅਬਿਨਾਸ਼ । ਮੈਨੂੰ ਵਾਸਨਾ ਜਗਤ ਗ੍ਰਸਿਆ, ਕੂੜੀ ਕਿਰਿਆ ਓਸੇ ਦੇ ਸਾਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਏਥੇ ਆਪਣੇ ਦਰਸ ਦਾ ਲੇਖੇ ਲਗੇ ਸਵਾਸ ਸਵਾਸ । ਅੰਮ੍ਰਿਤ ਕਹੇ ਹੋਈ ਸਾਚੀ ਵਰਖਾ, ਬਾਣੀ ਅੰਮ੍ਰਿਤ ਨਜ਼ਰੀ ਆਈਆ । ਨਾ ਹਰਖ਼ ਸੋਗ ਰਿਹਾ, ਪਾਇਆ ਸਚਾ ਦਰਸਾ, ਦੀਦ ਈਦ ਚੰਦ ਰੁਸ਼ਨਾਈਆ । ਜੀਵਣ ਵਿਚ ਜ਼ਿੰਦਗੀ ਦਾ ਨਾਮ ਲੈਣ ਦਾ ਪਹਿਲਾ ਪਰਚਾ, ਕੋਈ ਗੁਰਮੁਖ ਵਿਰਲਾ ਮੁਸ਼ਕਲ ਹਲ ਕਰਾਈਆ । ਸ਼ਾਸਤਰ ਸਿਮਰਤ ਕਰਦੇ ਚਰਚਾ, ਅੱਖਰਾਂ ਵਾਲੀ ਦੱਸਣ ਪੜ੍ਹਾਈਆ । ਓਹ ਗੁਰਮੁਖੋ ਬਿਨ ਸਤਿਗੁਰ ਪੂਰੇ ਕੋਈ ਨਹੀਂ ਬਝਦਾ ਖਰਚਾ, ਸਾਚੀ ਵਸਤ ਨਾਮ ਅਮੋਲਕ ਗੰਢ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਅੰਮ੍ਰਿਤ ਦੀ ਧਾਰ, ਨਿਝਰ ਦਾ ਪਿਆਰ, ਇਕੋ ਰਸ ਵਖਾਈਆ । ਅੰਮ੍ਰਿਤ ਕਹੇ ਮੇਰੀ ਵਰਖਾ ਅਪਾਰ, ਅਪਰੰਪਰ ਰਿਹਾ ਵਸਾਈਆ । ਜਿਨ੍ਹਾਂ ਉਤੇ ਮੇਰੀ ਬੂੰਦ ਡਿਗ ਪਈ ਇਕ ਵਾਰ, ਉਹ ਵਾਰਤਾ ਪਿਛਲੀ ਗਏ ਭੁਲਾਈਆ । ਉਨ੍ਹਾਂ ਦੀ ਮੰਜ਼ਲ ਮੁਕ ਗਈ ਦੁਸ਼ਵਾਰ, ਔਖੀ ਘਾਟੀ ਚਰਨਾਂ ਹੇਠ ਦਬਾਈਆ । ਘਰ ਸੱਜਣ ਸਵਾਮੀ ਠਾਕਰ ਸ਼ਬਦ ਗੁਰੂ ਮਿਲ ਗਿਆ ਯਾਰ, ਯਰਾਨਾ ਸਾਚਾ ਲਏ ਲਗਾਈਆ । ਅੰਦਰ ਦਾ ਖੋਜੀ ਪ੍ਰੇਮ ਦਾ ਚੋਜੀ ਵੇਖਣਹਾਰਾ ਨੌਂ ਦਵਾਰੇ ਤੋਂ ਬਾਹਰ, ਸ਼ਾਹ ਰਗ ਤੋਂ ਉਤੇ ਭਗਤ ਉਠਾਏ ਸੁੱਤੇ, ਜਿਨ੍ਹਾਂ ਦੇ ਅੰਮ੍ਰਿਤ ਚੋਏ ਮੁਖੇ, ਤ੍ਰਿਸ਼ਨਾ ਜਗਤ ਮਿਟਾਈਆ । ਉਹ ਸੰਤ ਸੁਹੇਲੇ ਗੁਰਮੁਖ ਹੋ ਗਏ ਸੁੱਚੇ, ਉਨ੍ਹਾਂ ਦੇ ਅੰਦਰ ਦੂਈ ਦਵੈਤ ਕੂੜ ਕੁੜਿਆਰ ਨਹੀਂ ਰਹਿੰਦੇ ਗ਼ੁੱਸੇ, ਇਕੋ ਸਾਹਿਬ ਸਤਿਗੁਰ ਸਚ ਸੁੱਝੇ, ਅਗਲੇ ਪਿਛਲੇ ਪੈਂਡੇ ਮੁਕੇ, ਜੋ ਅੰਮ੍ਰਿਤ ਚਖ ਅੰਮ੍ਰਿਤ ਰਸ ਪਾਈਆ ।

### ❋ ੧੩ ਚੇਤ ਸ਼ਹਿਨਸ਼ਾਹੀ ਸੰਮਤ ੧ ਫ਼ਰੰਗੀ ਰਾਮ ਦੇ ਗ੍ਰਿਹ ਪਿੰਡ ਝੰਡੇ ❋

ਜਨ ਭਗਤ ਪਾਏ ਪ੍ਰਭ ਦੀ ਸਾਰ, ਸਾਰ ਭਗਤਾਂ ਪ੍ਰਭੂ ਆਪਣੀ ਆਪ ਜਣਾਇੰਦਾ । ਇਹੋ ਖੇਲ ਲੇਖ ਲਿਖਣ ਦੱਸਣ ਤੋਂ ਬਾਹਰ, ਉਹ ਜਾਣੇ ਜਿਸ ਨੂੰ ਦਇਆ ਕਰ ਵਖਾਇੰਦਾ । ਜੇ ਕਬੀਰ ਨਾ ਪੌਂਦਾ ਸਾਰ, ਢੋਲੇ ਪ੍ਰੇਮ ਦੇ ਕਵਣ ਸੁਣਾਇੰਦਾ । ਭਗਵਾਨ ਨਾ ਦਿੰਦਾ ਅਧਾਰ, ਪਰਦਾ ਕੌਣ ਖੁਲ੍ਹਾਇੰਦਾ । ਸਾਂਝਾ ਨਾ ਹੁੰਦਾ ਪਿਆਰ, ਰਾਗ ਕਵਣ ਅਲਾਇੰਦਾ । ਦਰਸੌਂਦਾ ਨਾ ਦਰਬਾਰ, ਦਰਦ ਕੌਣ ਵੰਡਾਇੰਦਾ । ਕੋਟਨ ਕੋਟਾਂ ਵਿਚੋਂ ਵਿਰਲਿਆਂ ਭਗਤਾਂ ਨੂੰ ਬਨੌਂਦਾ ਆਪਣਾ ਇਤਬਾਰ, ਬਾਕੀ ਖ਼ਾਲੀ ਹੱਥ ਰਖਾਇੰਦਾ । ਜਿਨ੍ਹਾਂ ਮਿਲਿਆ ਉਨ੍ਹਾਂ ਨੂੰ ਦੱਸਿਆ ਹਕੀਕੀ ਯਾਰ, ਨਾਅਰਾ ਹਕ ਹਕ ਸੁਣਾਇੰਦਾ । ਜਿਨ੍ਹਾਂ ਦੇ ਆਇਆ ਦਵਾਰ, ਉਨ੍ਹਾਂ ਦੇ ਦੋ ਜਹਾਨ ਨਾਮ ਵਡਿਆਇੰਦਾ । ਪੁਰਖ ਅਕਾਲ ਕਦੇ ਨਹੀਂ ਬਣਿਆ ਗ਼ਦਾਰ, ਬੇਮੁਖ ਹੋ ਨਾ ਮੁਖ ਭਵਾਇੰਦਾ । ਜਿਨ੍ਹਾਂ ਭਗਤਾਂ ਸੰਗ ਪਾ ਲਿਆ ਪਿਆਰ, ਅੰਤ ਉਨ੍ਹਾਂ ਨਾਲ ਨਿਭਾਇੰਦਾ । ਇਹ ਸਭ ਕੁਛ ਓਸੇ ਦੇ ਅਖਤਿਆਰ, ਜੋ ਆਖ਼ਰ ਤੋਂ ਆਖ਼ਰ ਆਪਣਾ ਹੁਕਮ ਵਰਤਾਇੰਦਾ । ਇਸੇ ਕਰ ਕੇ ਕੋਈ ਅਰਬਾਂ ਖਰਬਾਂ ਵਿਚ ਭਗਤਾਂ ਦਾ ਨਹੀਂ ਸ਼ੁਮਾਰ, ਥੋੜੇ ਜੋੜੇ ਆਪਣੇ ਰੰਗ ਰੰਗਾਇੰਦਾ । ਜਿਨ੍ਹਾਂ ਦਿਤਾ ਆਪਣੇ ਦਰਸ ਦਾ ਦੀਦਾਰ, ਤਿਨ੍ਹਾਂ ਦੀਦ ਈਦ ਇਕ ਚੰਦ ਰੁਸ਼ਨਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪੁਰਖ ਅਕਾਲ ਹੋ ਕੇ ਬਦਲਿਆ ਥੋੜ੍ਹਾ ਆਪਣਾ ਵਿਹਾਰ, ਮਿਹਰ ਨਜ਼ਰ ਇਕ ਉਠਾਇੰਦਾ । ਇਕ ਦੋ ਚਾਰ ਬਦਲੇ ਜਨ ਭਗਤਾਂ ਦੀ ਬਣਾ ਕੇ ਕਤਾਰ, ਹਰਿ ਸੰਗਤ ਰੂਪ ਵਟਾਇੰਦਾ । ਆਪਣੀ ਦੱਸ ਕੇ ਗੁਫ਼ਤਾਰ, ਸ਼ਬਦੀ ਬਖ਼ਸ਼ ਕੇ ਧਾਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਸੁੱਤਿਆਂ ਨੂੰ ਕਰ ਕੇ ਖ਼ਬਰਦਾਰ, ਰੁੱਠਿਆਂ ਨੂੰ ਮੇਲ ਕੇ ਨਾਲ, ਆਪਣੇ ਰਾਹ ਚਲਾਇੰਦਾ । ਸੱਜਣਾਂ ਦੀ ਸੁਰਤ ਸੰਭਾਲ, ਗੁਰਮੁਖ ਬਣਾ ਕੇ ਲਾਲ, ਆਪਣੀ ਗੋਦ ਉਠਾਇੰਦਾ । ਬਿਵਹਾਰੀ ਹੋ ਕੇ ਕਰ ਵਿਹਾਰ, ਜੋਤੀ ਜਾਤਾ ਭੇਖ ਨਿਆਰ, ਲੋਕਮਾਤ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਭਗਤ ਭਗਵਾਨ ਇਕ ਦੂਜੇ ਦੀ ਪਾਵਣ ਸਾਰ, ਸਾਰਥੀ ਮਹਾਸਾਰਥੀ ਵਿਦਿਆਰਥੀ ਆਪਣੇ ਲਏ ਪੜ੍ਹਾਈਆ । ਨਿਰਗੁਣ ਨੂਰ ਜੋਤ ਨਿਰੰਕਾਰ, ਸਰਗੁਣ ਦੇਵੇ ਮਾਣ ਵਡਿਆਈਆ । ਜੁਗ ਚੌਕੜੀ ਵੇਖੇ ਵਿਗਸੇ ਵੇਖਣਹਾਰ, ਮਾਲਕ ਖ਼ਾਲਕ

ਫੇਰਾ ਪਾਈਆ । ਲੇਖਾ ਜਾਣਨਹਾਰਾ ਨਰ ਨਾਰ, ਨਰ ਨਰਾਇਣ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਵਖਾਈਆ । ਭਗਤ ਭਗਵਾਨ ਸਾਰ ਜਾਵਣ ਪਾ, ਪਲੂ ਪਲੂ ਨਾਲ ਗੰਢਾਈਆ । ਸਾਂਝਾ ਮਿਲ ਕੇ ਢੋਲਾ ਲੈਣਾ ਗਾ, ਸੋਹੰ ਸਚ ਪੜ੍ਹਾਈਆ । ਆਤਮ ਪਰਮਾਤਮ ਦਾ ਹੋ ਜਾਏ ਸਚ ਵਿਆਹ, ਜਗਤ ਨਕਾਹ ਦੀ ਲੋੜ ਰਹੇ ਨਾ ਰਾਈਆ । ਸ਼ਹਾਦਤ ਆਪੇ ਦਏ ਭੁਗਤਾ, ਧੁਰ ਦਾ ਹੁਕਮ ਮਨਾਈਆ । ਭੇਵ ਅਭੇਦਾ ਇਕ ਖੁਲ੍ਹਾ, ਧੁਰ ਘਰ ਦਾ ਰਾਹ ਜਣਾਈਆ । ਭਗਤ ਭਗਵਾਨ ਇਕੋ ਕਰਨ ਸਲਾਹ, ਸਤਿ ਸਚ ਸਚੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪਣਾ ਖੇਲ ਵਖਾਈਆ । ਭਗਤ ਭਗਵਾਨ ਇਕ ਦੂਜੇ ਦੀ ਸਾਰ ਪੌਂਦੇ, ਸਮਝੇ ਨਾ ਜਗਤ ਲੋਕਾਈਆ । ਗ੍ਰਿਹਿ ਮੰਦਰ ਸਾਚੇ ਆਸਣ ਲੌਂਦੇ, ਤਨ ਮਾਟੀ ਸੋਹਣੀ ਸੇਜ ਸੁਹਾਈਆ । ਇਕ ਦੂਜੇ ਦਾ ਦਰਸ਼ਨ ਪੌਂਦੇ, ਨਿਜ ਨੇਤਰ ਅੱਖ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗੌਂਦੇ, ਵਜਦੀ ਰਹੇ ਵਧਾਈਆ । ਜਗਤ ਜਹਾਨ ਕੋਲੋਂ ਨਹੀਂ ਸ਼ਰਮੌਂਦੇ, ਬੇਪਰਵਾਹੀ ਵਿਚ ਸਮਾਈਆ । ਪ੍ਰੇਮ ਪ੍ਰੀਤੀ ਨਾਲ ਇਕ ਦੂਜੇ ਨੂੰ ਮਨੌਂਦੇ, ਰੁੱਠਾ ਰਹਿਣ ਕੋਇ ਨਾ ਪਾਈਆ । ਸਤਿ ਸਤਿ ਕਹਿ ਕੇ ਸੀਸ ਨਵੌਂਦੇ, ਇਕ ਦੂਜੇ ਅਗੇ ਝੁਕ ਝੁਕ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਖ਼ਸ਼ਣਹਾਰ ਸਚੀ ਸਰਨਾਈਆ । ਸਾਰ ਨਾ ਪੌਂਦਾ ਜੇ ਭਗਵਾਨ ਭਗਤ, ਜਗਤ ਮਿਲਦੀ ਨਾ ਕੋਇ ਵਡਿਆਈਆ । ਕੌਣ ਦੱਸਦਾ ਸ੍ਰਿਸ਼ਟੀ ਨੂੰ ਮਾਲਕ ਅਰਸ਼, ਫ਼ਰਸ਼ਾਂ ਉਤੇ ਖੇਲ ਵਖਾਈਆ । ਗ਼ਰੀਬਾਂ ਦੀ ਵੰਡੇ ਦਰਦ, ਦੁਖੀਆਂ ਦਾ ਹੋਏ ਸਹਾਈਆ । ਸ਼ਰਅ ਦੀ ਕੂੜੀ ਕਰਦ, ਮਜ਼੍ਹਬ ਕਸਾਈਆਂ ਤੋਂ ਦਏ ਸੁਟਾਈਆ । ਮੇਟ ਕੇ ਗੁਬਾਰ ਗਰਦ, ਸਾਚਾ ਨੂਰ ਕਰੇ ਰੁਸ਼ਨਾਈਆ । ਜੁਗ ਚੌਕੜੀ ਕਢ ਕੇ ਫ਼ਰਦ, ਫ਼ੈਸਲੇ ਕਵਣ ਸੁਣਾਈਆ । ਗੁਰ ਅਵਤਾਰਾਂ ਮੰਨ ਕੇ ਅਰਜ਼, ਹੁਕਮ ਰਿਹਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਕਰਤਾ ਖੇਲ ਵਖਾਈਆ । ਭਗਤ ਭਗਵਾਨ ਜੇ ਸਾਰ ਪਾ ਨਾ ਖੁਲ੍ਹਦਾ ਪਰਦਾ, ਓਹਲਾ ਅੰਦਰ ਨਾ ਕੋਇ ਉਠਾਈਆ । ਭਗਤ ਕਿਸ ਦਾ ਢੋਲਾ ਪੜ੍ਹਦਾ, ਕਿਸ ਦਾ ਨਾਮ ਧਿਆਈਆ । ਕਿਸ ਦੀ ਸੇਜੇ ਚੜ੍ਹਦਾ, ਕਿਸ ਦੇ ਮੰਦਰ ਖ਼ੁਸ਼ੀ ਰਖਾਈਆ । ਕਿਸ ਦਾ ਹੋ ਕੇ ਬਰਦਾ, ਸੇਵਾ ਸਚ ਕਮਾਈਆ । ਕਿਸ ਦੀ ਸਰਨ ਪੜਦਾ, ਨਿਉਂ ਨਿਉਂ ਸੀਸ ਝੁਕਾਈਆ । ਕਿਸ ਨੂੰ ਮਾਲਕ ਬਣੌਂਦਾ ਆਪਣੇ ਘਰ ਦਾ, ਕੁੰਜੀ ਜਿੰਦਾ ਓਸੇ ਕੋਲੋਂ ਖੁਲ੍ਹਾਈਆ । ਕਿਸ ਨੂੰ ਆਤਮ ਹੋ ਕੇ ਪਰਮਾਤਮ ਰੂਪ ਵਰਦਾ, ਕੰਤ ਸੁਹਾਗੀ ਕਵਣ ਹੰਡਾਈਆ । ਕਵਣ ਸਨਮੁਖ ਹੋ ਕੇ ਖੜ੍ਹਦਾ, ਸਤਿ ਸਰੂਪੀ ਦਰਸ ਕਵਣ ਕਰਾਈਆ । ਇਹ ਖੇਲ ਪੁਰਖ ਸਮਰਥ ਦਾ, ਜੋ ਭਗਤਾਂ ਆਪਣਾ ਭੇਤ ਦਏ ਜਣਾਈਆ । ਇਹ ਫੁਰਨਾ ਇਸ਼ਾਰਾ ਓਸ ਅੱਖ ਦਾ, ਜਿਹੜੀ ਜਗਤ ਨੇਤਰਾਂ ਤੋਂ ਪਿਛੇ ਰੱਖੀ ਛੁਪਾਈਆ । ਜਿਸ ਦਵਾਰੇ ਅੰਦਰ ਵਸਦਾ, ਓਸੇ ਦਾ ਮੰਦਰ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪਣੇ ਹੱਥ ਰਖਾਈਆ । ਜੇ ਭਗਤ ਭਗਵਾਨ ਸਾਰ ਪਾ ਨਾ ਚਕੌਂਦਾ ਓਹਲਾ, ਰਾਜ਼ ਆਪ ਖੁਲ੍ਹਾਈਆ । ਕੌਣ ਸ੍ਰੀ ਭਗਵਾਨ ਦਾ ਬਣਦਾ ਗੋਲਾ, ਚਾਕਰ ਰੂਪ ਵਟਾਈਆ । ਕੌਣ ਗੌਂਦਾ ਢੋਲਾ, ਰਾਗ ਧੁਰ ਦਰਗਾਹੀਆ । ਕਵਣ ਕਹਿੰਦਾ ਮੌਲਾ, ਮੌਲਿਆ ਹਰ ਘਟ ਥਾਈਆ । ਫੇਰ ਲੱਖ ਚੁਰਾਸੀ ਅੰਦਰ ਪਿਆ ਰਹਿੰਦਾ ਰੌਲਾ, ਭਰਮ ਭੁਲੇਖਾ ਦੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਵੱਲੜੀ


੫੯੩

ਆਪਣੀ ਆਪ ਚਲਾਈਆ । ਭਗਵਾਨ ਕਹੇ ਜੇ ਮੈਂ ਭਗਤਾਂ ਰਾਜ਼ ਨਾ ਦੱਸਾਂ, ਤਾਕ ਬੰਦ ਖੁਲ੍ਹਾਈਆ । ਫੇਰ ਮੈਂ ਕੀਹਦੇ ਘਰ ਵਸਾਂ, ਕਿਸ ਨੂੰ ਮਿਲ ਕੇ ਖ਼ੁਸ਼ੀ ਵਖਾਈਆ । ਕਿਸ ਦੇ ਨਾਲ ਹੱਸਾਂ, ਕਿਸ ਨੂੰ ਗੋਦ ਉਠਾਈਆ । ਕਿਸ ਦੇ ਨਾਲ ਮਿਲਾਵਾਂ ਅੱਖਾਂ, ਕਿਸ ਨਾਲੋਂ ਹੋਵੇ ਨਾ ਕਦੇ ਜੁਦਾਈਆ । ਕਿਸ ਦੇ ਅਗੇ ਆਪਣਾ ਪ੍ਰੇਮ ਸੁਟਾਂ, ਝੋਲੀ ਕਿਸ ਦੀ ਪਾਈਆ । ਕਿਸ ਦਾ ਪ੍ਰੀਤੀ ਵਾਲਾ ਜੋਬਨ ਲੁਟਾਂ, ਆਪਣੇ ਅੰਗ ਲਗਾਈਆ । ਕਿਸ ਨੂੰ ਜਾਮ ਪਿਆਵਾਂ ਘੁੱਟਾਂ, ਅੰਮ੍ਰਿਤ ਰਸ ਚਵਾਈਆ । ਕਿਸ ਦੇ ਅੰਦਰੋਂ ਸ਼ਬਦੀ ਧਾਰ ਹੋ ਫੁੱਟਾਂ, ਸੋਹਲੇ ਰਾਗ ਅਲਾਈਆ । ਕਿਸ ਦੇ ਭਾਗ ਲਗਾਵਾਂ ਜੁਸਾ, ਜਿਸਮ ਤਨ ਖ਼ਾਕੀ ਸੋਭਾ ਪਾਈਆ । ਕਿਸ ਨੂੰ ਹਾਲ ਮੁਰੀਦਾਂ ਵਾਲਾ ਜਾ ਕੇ ਪੁੱਛਾਂ, ਮੁਰਸ਼ਦ ਕਿਸ ਦਾ ਅਖਵਾਈਆ । ਜੇ ਭਗਤ ਭਗਵਾਨ ਦਾ ਵਿਹਾਰ ਨਾ ਕਰਾਂ ਤੇ ਫਿਰ ਸਾਰੇ ਕਹੋ ਪ੍ਰਭ ਦਾ ਪੈਂਡਾ ਮੁੱਕਾ, ਨਾ ਦੀਨ ਨਾ ਦੁਨੀ ਨਾ ਧੁਨੀ ਦਾ ਮਾਲਕ ਕੋਇ ਅਖਵਾਈਆ । ਨਾ ਕੋਈ ਪਿਓ ਨਾ ਰਹਿ ਜਾਏ ਪੁਤਾ, ਨਾ ਕੋਈ ਧੰਨ ਜਣੇਂਦੀ ਮਾਈਆ । ਇਹੋ ਭੇਵ ਆਦਿ ਜੁਗਾਦਿ ਰੱਖਿਆ ਗੁੱਝਾ, ਦੂਸਰ ਹੱਥ ਨਾ ਕਿਸੇ ਫੜਾਈਆ । ਸ੍ਰੀ ਭਗਵਾਨ ਇਸੇ ਖੇਲ ਅੰਦਰ ਰੁੱਝਾ, ਜੁਗ ਚੌਕੜੀ ਕਿਵੇਂ ਭਗਤਾਂ ਲਵਾਂ ਮਿਲਾਈਆ । ਸ੍ਰਿਸ਼ਟੀ ਵਾਸਤੇ ਬਣਿਆ ਰਹੇ ਗੂੰਗਾ, ਗੁਰਮੁਖਾਂ ਵਾਸਤੇ ਆਪਣਾ ਸਾਚਾ ਰਾਗ ਜਣਾਈਆ । ਇਕ ਭਗਤ ਓਸ ਦਾ ਸਚਾ ਪਿਆਰ ਲੱਖ ਚੁਰਾਸੀ ਨੂੰ ਉਸ ਦਾ ਥੋੜ੍ਹਾ ਜਿਹਾ ਹਿੱਸਾ ਝੂੰਗਾ, ਏਹੋ ਵਸਤ ਵਰਤਾਈਆ । ਬਾਕੀ ਸਭ ਨੂੰ ਫੋਕਾ ਮਾਰ ਕੇ ਠੂੰਗਾ, ਠੋਕਰ ਵਿਚ ਰਖਾਈਆ । ਭਾਵੇਂ ਸਭ ਦੇ ਅੰਦਰ ਕੂੰਦਾ, ਬੋਲ ਬੋਲ ਨਾਲ ਪਰਚਾਈਆ । ਪੂਰਾ ਲੇਖਾ ਕੋਟਾਂ ਵਿਚੋਂ ਕਿਸੇ ਬੁਤ ਰੂਹ ਦਾ, ਜਿਸ ਨੂੰ ਆਪਣਾ ਰੰਗ ਚੜ੍ਹਾਈਆ । ਓਸ ਨੂੰ ਆਪਣਾ ਆਪ ਜਣਾ ਕੇ ਖੇਲ ਵਖਾ ਦਏ ਹੂਬਹੂ ਦਾ, ਆਪ ਆਪਣੇ ਵਿਚ ਮਿਲਾਈਆ । ਇਹੋ ਲਹਿਣਾ ਇਹੋ ਦੇਣਾ ਪੁਰਖ ਅਕਾਲ ਸਾਚੇ ਸਤਿਗੁਰੂ ਦਾ, ਜੋ ਸ਼ੁਰੂ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ ।



੫੯੪

## ☼ ੧੩ ਚੇਤ ਸ਼ਹਿਨਸ਼ਾਹੀ ਸੰਮਤ ੧ ਸਾਈਂ ਦਾਸ ਦੇ ਗ੍ਰਿਹਿ ਪਿੰਡ ਝੰਡੇ ☼

ਮਿਹਰ ਨਜ਼ਰ ਤਰੌਂਦਾ ਜਾਵੇ, ਨਜ਼ਰ ਨਜ਼ਰ ਨਾਲ ਮਿਲਾਈਆ । ਰਹਿਮਤ ਫ਼ਜ਼ਲ ਕਮੌਂਦਾ ਜਾਵੇ, ਮਾਲਕ ਖ਼ਾਲਕ ਬੇਪਰਵਾਹੀਆ । ਅਸਲ ਵਸਲ ਕਰੌਂਦਾ ਜਾਵੇ, ਆਤਮ ਸੇਜ ਹੰਢਾਈਆ । ਭਗਤਾਂ ਦੀ ਸਾਚੀ ਨਸਲ ਬਣੌਂਦਾ ਜਾਵੇ, ਧੁਰ ਦਾ ਰੰਗ ਰੰਗਾਈਆ । ਮਿਲ ਕੇ ਵਸਣਾ ਰਾਹ ਜਣੌਂਦਾ ਜਾਵੇ, ਵਿਛੜੇ ਜੋੜ ਜੁੜਾਈਆ । ਪ੍ਰੇਮ ਪ੍ਰੀਤੀ ਅੰਦਰ ਹਸਣਾ ਸਿਖੌਂਦਾ ਜਾਵੇ, ਚਿੰਤਾ ਰੋਗ ਮਿਟਾਈਆ । ਸਤਿਗੁਰੂ ਦਵਾਰੇ ਨਠਣਾ ਸਮਝੌਂਦਾ ਜਾਵੇ, ਅਗਲਾ ਪਿਛਲਾ ਪੰਧ ਮੁਕਾਈਆ । ਸਤਿਗੁਰ ਸਰਨਾਈ ਢਠਣਾ ਸਮਝੌਂਦਾ ਜਾਵੇ, ਦੂਜੀ ਓਟ ਨਾ ਕੋਇ ਵਖਾਈਆ । ਦੂਰ ਦੁਰਾਡੇ ਵਸਦਿਆਂ ਪਾਰ ਲੰਘੌਂਦਾ ਜਾਵੇ, ਟਿੱਲੇ ਟਿਬਿਆਂ ਖੋਜ ਖੁਜਾਈਆ । ਕਾਹੀਆਂ ਬੇਲਿਆਂ ਲੇਖੇ ਲੌਂਦਾ ਜਾਵੇ, ਇੱਟਾਂ ਰੋੜਿਆਂ ਤੋੜ ਨਿਭਾਈਆ । ਸੋਹਣਿਆਂ ਦਾ ਸੋਹਣਾ ਵਕ਼ਤ ਸੁਹੌਂਦਾ ਜਾਵੇ, ਗੁਰਮੁਖਾਂ ਨੂੰ ਗੁਰ ਗੁਰ ਰੂਪ ਜਣਾਈਆ । ਰੋਂਦਿਆਂ ਨੂੰ ਹਸੌਂਦਾ ਜਾਵੇ, ਧੁਰ ਦਾ ਮੇਲਾ ਕਰ ਕੇ ਮੇਲੇ ਉਹ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਮੁਰਦਿਆਂ ਨੂੰ ਜਵੌਂਦਾ ਜਾਂਦਾ, ਜੀਵਨ ਜੁਗਤ ਜਣਾਈਆ ।

ਸੁੱਤਿਆਂ ਨੂੰ ਉਠੌਂਦਾ ਜਾਂਦਾ, ਸ਼ਬਦ ਹਲੂਣਾ ਲਾਈਆ । ਰੁਸਿਆਂ ਨੂੰ ਮਨੌਂਦਾ ਜਾਂਦਾ, ਫੜ ਬਾਹੋਂ ਰਿਹਾ ਉਠਾਈਆ । ਰੁੜ੍ਹਦਿਆਂ ਨੂੰ ਤਰੌਂਦਾ ਜਾਂਦਾ, ਬੇੜਾ ਸ਼ੌਹ ਦਰਿਆ ਪਾਰ ਲੰਘਾਈਆ । ਭੁਲਦਿਆਂ ਨੂੰ ਰਾਹੇ ਪੌਂਦਾ ਜਾਂਦਾ, ਆਪ ਬਣ ਕੇ ਪਾਂਧੀ ਰਾਹੀਆ । ਰਹਿਮਤ ਮਿਹਰ ਬਰਸੌਂਦਾ ਜਾਂਦਾ, ਦਇਆ ਦ੍ਰਿਸ਼ਟੀ ਇਕ ਜਣਾਈਆ । ਕਾਲ ਫਾਸ ਦਾ ਫਾਸ ਕਟੌਂਦਾ ਜਾਂਦਾ, ਪ੍ਰੇਮ ਫਾਹੀ ਆਪਣੀ ਨਾਲ ਰਖਾਈਆ । ਮਾੜਿਆਂ ਚੰਗਿਆਂ ਦਾ ਇਕੋ ਰੰਗ ਰੰਗੌਂਦਾ ਜਾਂਦਾ, ਜੋ ਚਲ ਆਏ ਸਰਨਾਈਆ । ਪਾਪੀ ਅਪਰਾਧੀ ਤਾਰੀ ਜਾਂਦਾ, ਦਇਆਵਾਨ ਦਇਆ ਕਮਾਈਆ । ਜਗਤ ਜਨਮ ਦਾ ਜੇ ਕੋਈ ਥੱਕਾ ਮਾਂਦਾ, ਫੜ ਕੇ ਬੇੜੇ ਲਏ ਚੜ੍ਹਾਈਆ । ਜੋ ਅੰਦਰੋਂ ਇਕ ਵਾਰ ਧਿਆਨ ਲਗਾਂਦਾ, ਓਸ ਦਾ ਲੇਖਾ ਦਏ ਮੁਕਾਈਆ । ਭਾਵੇਂ ਨਜ਼ਰ ਕਿਸੇ ਨੂੰ ਨਹੀਂ ਆਉਂਦਾ, ਹਰ ਘਟ ਵੇਖਣਹਾਰਾ ਬੇਪਰਵਾਹੀਆ । ਗੁਰਮੁਖ ਪਿਆਰਾ ਇਸ ਨੂੰ ਭੌਂਦਾ, ਪ੍ਰੀਤੀ ਉਹਨਾਂ ਨਾਲ ਲਗਾਈਆ । ਸ੍ਰਿਸ਼ਟ ਸਬਾਈ ਜਗਤ ਤਜੌਂਦਾ, ਬੈਠਾ ਪਿਠ ਵਖਾਈਆ । ਸਮਿਆਂ ਵਿਚੋਂ ਸਮਾਂ ਸੁਹੌਂਦਾ, ਰੁੱਤਾਂ ਵਿਚੋਂ ਰੁਤੜੀ ਰਿਹਾ ਮਹਿਕਾਈਆ । ਮਿਹਰਵਾਨ ਹੋ ਕੇ ਜਿਸ ਪਾਸੇ ਆਪਣਾ ਨੈਣ ਉਠੌਂਦਾ, ਨਰਾਇਣ ਨਰ ਹੋ ਕੇ ਆਪਣੀ ਅੱਖ ਬਦਲਾਈਆ । ਉਜੜੇ ਖੇੜੇ ਸਰਬ ਵਸੌਂਦਾ, ਘਰ ਘਰ ਭਾਗ ਲਗਾਈਆ । ਇਹੋ ਜਿਹਾ ਪਰਮੇਸ਼ਵਰ ਜੁਗ ਚੌਕੜੀ ਕਦੇ ਨਹੀਂ ਔਂਦਾ, ਜੋ ਬਿਨ ਸੱਦਿਆਂ ਪੁਛਿਆਂ ਸਭ ਨੂੰ ਪਾਰ ਲਗਾਈਆ । ਕਰਤਾ ਕ਼ੀਮਤ ਕੋਈ ਨਹੀਂ ਪੌਂਦਾ, ਹਿੱਸਾ ਜਗਤ ਨਾ ਕੋਇ ਵੰਡਾਈਆ । ਜੋ ਜਨ ਸਰਨਾਈ ਢਹਿ ਕੇ ਸੀਸ ਨਿਵੌਂਦਾ, ਤਿਸ ਦਾ ਸੀਸ ਜਗਦੀਸ ਆਪਣੀ ਝੋਲੀ ਪਾਈਆ । ਜਨਮ ਜਨਮ ਦੀ ਭੁਲ ਬਖ਼ਸ਼ੌਂਦਾ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਜਿਨ੍ਹਾਂ ਦੋਹਾਗਣਾਂ ਨੂੰ ਕੋਈ ਨਹੀਂ ਪਰਨੌਂਦਾ, ਉਹਨਾਂ ਨੂੰ ਆਪਣੇ ਕੰਠ ਲਗਾਈਆ । ਓਸ ਦਵਾਰੇ ਬਹੌਂਦਾ, ਜਿਥੇ ਉਹਨਾਂ ਦਾ ਮੁਖ ਵੇਖਣ ਕੋਇ ਨਾ ਜਾਈਆ । ਸੋਹਣਾ ਕੰਤ ਸੁਹਾਗ ਅਖਵੌਂਦਾ, ਧੁਰ ਦਾ ਮਾਲਕ ਸ਼ਹਿਨਸ਼ਾਹੀਆ । ਸਚਖੰਡ ਦਵਾਰੇ ਆਪ ਵਸੌਂਦਾ, ਸਚ ਸਿੰਘਾਸਣ ਦਏ ਬਹਾਈਆ । ਦਿਵਸ ਰੈਣ ਨਾ ਕੋਇ ਵੰਡ ਵੰਡੌਂਦਾ, ਆਦਿ ਜੁਗਾਦਿ ਜੁਗ ਚੌਕੜੀ ਆਪਣੇ ਅੰਗ ਲਗਾਈਆ । ਧਰਤੀ ਕਹੇ ਕੀ ਮੈਂ ਵੇਖਿਆ ਰਾਹੀ, ਰਹਿਬਰ ਨੂਰ ਖ਼ੁਦਾਈਆ । ਦੋ ਜਹਾਨਾਂ ਦਾ ਬਣ ਕੇ ਮਾਹੀ, ਮੁਹੱਬਤ ਵਿਚ ਫਸਾਈਆ । ਜਿਸ ਵੇਲੇ ਉਸ ਦਾ ਰੂਪ ਅਨੂਪ ਮੇਰੀ ਨਜ਼ਰੀ ਆਈ, ਬੇਨਜ਼ੀਰ ਆਪਣਾ ਨੂਰ ਦਿਤਾ ਚਮਕਾਈਆ । ਮੈਂ ਹਾਲ ਦੁਹਾਈ ਪਾਈ, ਬੌਹੜੀ ਬੌਹੜੀ ਕੂਕ ਕੂਕ ਸੁਣਾਈਆ । ਹਾਏ ਕੀ ਹੋਇਆ ਕਿਧਰੋਂ ਆ ਗਿਆ ਧੁਰਦਰਗਾਹੀ, ਸਚਖੰਡ ਨਿਵਾਸੀ ਆਪਣਾ ਫੇਰਾ ਪਾਈਆ । ਜੋ ਬੇਲਿਆਂ ਵਿਚ ਚੀਰਦਾ ਜਾਏ ਦੱਭ ਕਾਹੀ, ਕੱਖਾਂ ਉਤੇ ਸੋਹਣੀ ਸੇਜ ਸੁਹਾਈਆ । ਜੇ ਕਿਤੇ ਕੋਈ ਇਸ ਦੀ ਹੁੰਦੀ ਮਾਈ, ਇਹਦਾ ਵੇਖ ਕੇ ਦੁਖ ਆਪਣਿਆਂ ਨੈਣਾਂ ਨੀਰ ਦਿੰਦੀ ਵਹਾਈਆ । ਇਹਦੀ ਦੇਹ ਦੀ ਬੇਪਰਵਾਹੀ, ਜਿਹੜਾ ਬਾਲਿਆਂ ਨੱਢਿਆਂ ਆਪਣੇ ਉਤੋਂ ਦਿਤਾ ਲੰਘਾਈਆ । ਉਤੋਂ ਨਹੀਂ ਲੰਘਾਈ ਇਹ ਬੇੜੇ ਰਿਹਾ ਚੜ੍ਹਾਈ, ਜਿਸ ਦਾ ਵੰਞ ਮੁਹਾਣਾ ਹੱਥ ਕਿਸੇ ਨਾ ਆਈਆ । ਧਰਨੀ ਕਹੇ ਸਾਰੇ ਰਲ ਮਿਲ ਦਿਉ ਵਧਾਈ, ਵਾਧਾ ਕਰ ਕੇ ਹਰਿ ਸੰਗਤ ਆਪਣੇ ਨਾਲ ਰਲਾਈਆ ।

੫੯੫

## ✲ ੧੩ ਚੇਤ ਸ਼ਹਿਨਸ਼ਾਹੀ ਸੰਮਤ ੧ ਪ੍ਰੇਮੀ ਦੇਵੀ ਦੇ ਗ੍ਰਿਹ ਪਿੰਡ ਝੰਡੇ ✲

ਨੀ ਸਈਓ ਪ੍ਰਭ ਆਇਆ ਛੈਲ ਛਬੀਲਾ, ਸੋਹਣਾ ਬਾਂਕਾ ਜੋਬਨਵੰਤਾ ਫੇਰਾ ਪਾਈਆ । ਛਡ ਕੇ ਅੰਬਰ ਨੀਲਾ, ਧਰਨੀ ਧਰਤ ਰਿਹਾ ਸੁਹਾਈਆ । ਪ੍ਰੇਮੀਆਂ ਦਾ ਬਣ ਵਸੀਲਾ, ਗੁਰਮੁਖਾਂ ਰਿਹਾ ਵਡਿਆਈਆ । ਭਗਤਾਂ ਦਾ ਬਣ ਕ਼ਬੀਲਾ, ਬੰਸ ਸਰਬੰਸ ਰਿਹਾ ਸੁਹਾਈਆ । ਸਭ ਦੀ ਅੰਦਰੋਂ ਬਦਲ ਕੇ ਦਲੀਲਾ, ਦਿਲਦਾਰ ਹੋ ਕੇ ਵੇਖ ਵਖਾਈਆ । ਸੁਹਾਵਣ ਆਇਆ ਰੁਤ ਸ਼ਬਦ ਚੇਤ ਬਸੰਤੀ ਰੰਗ ਰੰਗੀਲਾ, ਪਾਤਸ਼ਾਹਾਂ ਦਾ ਪਾਤਸ਼ਾਹ ਦੇਣ ਵਾਸਤੇ ਨਹੀਂ ਕਮੀਨਾ, ਪ੍ਰੇਮ ਪ੍ਰੀਤੀ ਧੁਰ ਦੀ ਝੋਲੀ ਪਾਈਆ । ਗੁਰਸਿਖ ਬਣੌਣ ਆਇਆ ਆਪ ਨਗੀਨਾ, ਹੀਰੇ ਮਾਣਕ ਮੋਤੀ ਬਣਾਈਆ । ਬੇੜਾ ਪਾਰ ਕਰ ਕੇ ਲੋਕ ਤੀਨਾ, ਤ੍ਰੈਗੁਣ ਨਾਤਾ ਦਏ ਤੁੜਾਈਆ । ਸਭ ਦਾ ਕਰਕੇ ਜਾਏ ਠਾਂਡਾ ਸੀਨਾ, ਅੰਮ੍ਰਿਤ ਮੇਘ ਬਰਸਾਈਆ । ਕਿਸੇ ਦੇ ਰਹਿਣ ਨਾ ਦੇਵੇ ਅਧੀਨਾ, ਇਕੋ ਆਪਣਾ ਹੁਕਮ ਮਨਾਈਆ । ਗੁਰਮੁਖ ਦਿਸੇ ਨਾ ਨਾਬੀਨਾ, ਨੇਤਰ ਅੱਖ ਸਰਬ ਖੁਲ੍ਹਾਈਆ । ਜਿਨ੍ਹਾਂ ਨੇ ਸੋਹੰ ਚੀਨਾ, ਤਿਨ੍ਹਾਂ ਦੀ ਚਿੰਤਾ ਦਏ ਮਿਟਾਈਆ । ਪਾਰ ਕਰਾ ਕੇ ਜਾਏ ਨਰ ਮਦੀਨਾ, ਮਦਦ ਆਪਣੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਦਇਆ ਕਮਾਈਆ । ਨੀ ਸਖ਼ੀਓ ਪ੍ਰਭ ਵੇਖੋ ਸੂਰਬੀਰ, ਸੂਰਤ ਸੋਹਣੀ ਸਚ ਦ੍ਰਿੜਾਈਆ । ਮਾਰਦਾ ਜਾਏ ਨਿਰਾਲੇ ਤੀਰ, ਆਰ ਪਾਰ ਰਿਹਾ ਲਗਾਈਆ । ਹਰਿ ਸੰਗਤ ਬਣੌਂਦਾ ਜਾਏ ਭੈਣ ਭਾਈ ਸਕੇ ਵੀਰ, ਮੁਹੱਬਤ ਇਕੋ ਰਿਹਾ ਜਣਾਈਆ । ਕੋਈ ਰਹਿਣ ਨਾ ਦੇਵੇ ਦਿਲਗੀਰ, ਦੁਖੀਆਂ ਦੁਖ ਮਿਟਾਈਆ । ਇਕੋ ਆਤਮ ਦੱਸ ਕੇ ਸਚ ਤਸਵੀਰ, ਤਸੱਵਰ ਆਪਣਾ ਆਪ ਕਰਾਈਆ । ਲਹਿਣਾ ਦੇਣਾ ਚੁਕੌਂਦਾ ਜਾਏ ਪਾਤਸ਼ਾਹ ਸ਼ਾਹ ਹਕੀਰ, ਭੁੱਲਿਆਂ ਗੋਦ ਉਠਾਈਆ । ਪੈਗ਼ੰਬਰਾਂ ਦਾ ਪੈਗ਼ੰਬਰ ਮੁਰੀਦਾਂ ਦਾ ਪੀਰ, ਗੁਰ ਗੁਰ ਆਪਣਾ ਹੁਕਮ ਵਰਤਾਈਆ । ਸੱਜਣ ਸੁਹੇਲਿਆਂ ਬਦਲ ਕੇ ਤਕਦੀਰ, ਜ਼ਾਮਨੀ ਆਪਣੀ ਰਿਹਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਰਨ ਇਕ ਰਖਾਈਆ । ਨੀ ਸਖ਼ੀਓ ਕਿਧਰੋਂ ਆਇਆ ਜੋਬਨਵੰਤਾ, ਦੋ ਜਹਾਨਾਂ ਮਾਲਕ ਫੇਰਾ ਪਾਈਆ । ਭਗਤਾਂ ਬਣੌਂਦਾ ਜਾਏ ਬਣਤਾ, ਘੜਨ ਭੰਨਣਹਾਰ ਸਮਰਥ ਆਪਣਾ ਰੰਗ ਰੰਗਾਈਆ । ਮੇਲ ਮਿਲੌਂਦਾ ਜਾਏ ਨਾਰ ਕੰਤਾ, ਸੇਜ ਸੁਹੰਜਣੀ ਸੋਭਾ ਪਾਈਆ । ਗੁਰਮੁਖ ਵਡਿਔਂਦਾ ਜਾਏ ਸਾਚੇ ਸੰਤਾਂ, ਸਿਰ ਸਿਰ ਆਪਣਾ ਹੱਥ ਰਖਾਈਆ । ਗੜ੍ਹ ਤੋੜਦਾ ਜਾਏ ਹਉਮੇ ਹੰਗਤਾ, ਹੰ ਬ੍ਰਹਮ ਇਕ ਦ੍ਰਿੜਾਈਆ । ਹਰਿਜਨ ਕਿਸੇ ਦਰ ਨਾ ਹੋਣਾ ਮੰਗਤਾ, ਭਿਛਿਆ ਆਪਣੀ ਰਿਹਾ ਵਰਤਾਈਆ । ਹੁਣ ਵੇਲਾ ਨਹੀਂ ਜੇ ਸੰਗ ਦਾ, ਜੋ ਚਾਹੋ ਸੋ ਦੇਵਣਹਾਰ ਗੁਸਾਈਆ । ਮਿਹਰ ਨਜ਼ਰ ਨਾਲ ਰੰਗਦਾ, ਲਲਾਰੀਆਂ ਵਾਲਾ ਰੰਗ ਨਾ ਕੋਇ ਵਖਾਈਆ । ਪਰਦਾ ਲਾਹ ਕੇ ਵਿਚਲੀ ਗੰਢ ਦਾ, ਦੂਈ ਦਵੈਤ ਡੇਰਾ ਢਾਹੀਆ । ਕਰ ਪਰਕਾਸ਼ ਆਪਣੇ ਚੰਦ ਦਾ, ਰਵ ਸਸ ਦੋਵੇਂ ਸ਼ਰਮਾਈਆ । ਵੇਖੋ ਖੇਲ ਸੂਰੇ ਸਰਬੰਗ ਦਾ, ਅਨੰਦ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਲੇਖਾ ਸਦਾ ਭਗਤਾਂ ਨਾਲ ਹੰਢਦਾ, ਅੰਦਰ ਬਾਹਰ ਗੁਪਤ ਜ਼ਾਹਰ ਕਦੇ ਨਾ ਕਰੇ ਜੁਦਾਈਆ ।


੫੯੬

## ☀ ੧੩ ਚੇਤ ਸੰਮਤ ਸ਼ਹਿਨਸ਼ਾਹੀ ੧ ਰਸਾਲ ਸਿੰਘ ਦੇ ਗ੍ਰਿਹ ਪਿੰਡ ਮਨਾਵਰ ☀

ਘਾਹ ਕਿਹਾ ਮੈਂ ਹਿੱਸਾ ਹਾਂ ਓਸੇ ਘਾਹ ਦਾ, ਯਾਦ ਪਿਛਲੀ ਮੈਨੂੰ ਆਈਆ । ਮੈਂ ਸਰਾਹਣਾ ਸਾਂ ਓਸੇ ਮਲਾਹ ਦਾ, ਜੋ ਖੇਵਟ ਖੇਟਾ ਰੂਪ ਵਟਾਈਆ । ਮੈਂ ਹਿੱਸੇਦਾਰ ਸਾਂ ਓਸ ਸਲਾਹ ਦਾ, ਜਿਹੜੀ ਗੋਬਿੰਦ ਪੁਰਖ ਅਕਾਲ ਨਾਲ ਪਕਾਈਆ । ਮੈਂ ਗਵਾਹ ਸਾਂ ਓਸੇ ਬੇਪਰਵਾਹ ਦਾ, ਜੋ ਥੱਲੇ ਪਿਆ ਹੌਲੀ ਹੌਲੀ ਸੁਣਦਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਲਗਾਈਆ । ਘਾਹ ਕਹੇ ਮੈਂ ਹਿੱਸੇਦਾਰ ਬਣਾਂ ਮੀਤ ਮੁਰਾਰ, ਵਿਚੋਂ ਆਪਣੀ ਵੰਡ ਵੰਡਾਈਆ । ਜਿਸ ਵੇਲੇ ਸੁੱਤਾ ਸੀ ਪੈਰ ਪਸਾਰ, ਹੱਥ ਨਾਲ ਸਰਾਹਣੇ ਮੈਨੂੰ ਲਿਆ ਟਿਕਾਈਆ । ਮੈਂ ਢਾਈ ਉਂਗਲਾਂ ਸਿਰ ਦਿਤਾ ਸੀ ਉਭਾਰ, ਨੀਵੇਂ ਤੋਂ ਉਚਾ ਦਿਤਾ ਬਣਾਈਆ । ਉਹਦੀ ਮੁਖ ਤੇ ਛਾਤੀ ਕਰ ਕੇ ਹਮਵਾਰ, ਅੱਖ ਚਰਨਾਂ ਨਾਲ ਮਿਲਾਈਆ । ਇਹ ਸੇਵਾ ਮੇਰੀ ਅਪਾਰ, ਜੋ ਸਵਾਮੀ ਦੀ ਮਿਲੀ ਕਮਾਈਆ । ਓਸ ਹਸ ਕੇ ਕਿਹਾ ਵਾਹ ਵਾਹ ਸੱਜਣ ਮੇਰੇ ਯਾਰ, ਵੇਲੇ ਵਕ਼ਤ ਮੇਰਾ ਸੰਗ ਨਿਭਾਈਆ । ਮੈਂ ਘੋੜੇ ਦਾ ਨਹੀਂ ਅਸਵਾਰ, ਜਥੇ ਦਾ ਨਹੀਂ ਜਥੇਦਾਰ, ਸਰਦਾਰਾਂ ਦਾ ਨਹੀਂ ਸਰਦਾਰ, ਸੀਸ ਕਲਗੀ ਨਾ ਕੋਇ ਸੁਹਾਈਆ । ਇਹ ਖੇਲ ਤੇਰਾ ਨਿਰੰਕਾਰ, ਮੈਂ ਆਇਆ ਤੇਰੇ ਦਵਾਰ, ਤੂੰ ਆਸਣ ਬਣਾਇਆ ਵਿਸ਼ਾਲ, ਸੋਹਣੀ ਸੇਜ ਸੁਹਾਈਆ । ਮੈਂ ਹੋਇਆ ਦਿਆਲ ਤੂੰ ਕਰ ਕੋਈ ਸੁਆਲ, ਤੇਰਾ ਲਹਿਣਾ ਚੁਕਾ ਜਾਂ ਜਹਾਨ, ਲੇਖਾ ਪਾਰ ਕਰਾਈਆ । ਓਸ ਕਿਹਾ ਮੈਨੂੰ ਅੱਜ ਦੀ ਰਾਤ ਤੈਨੂੰ ਲੈਣ ਦੇ ਸੁਵਾਲ, ਨਾਲੇ ਮੈਂ ਵੇਖਾਂ ਤੇਰਾ ਪੁਰਖ ਅਕਾਲ, ਜਿਸ ਦੇ ਪਿਛੇ ਡੇਰਾ ਲਾਈਆ । ਓਧਰੋਂ ਗੋਬਿੰਦ ਕਿਹਾ ਆਹ ਵੇਖ ਮੁਰੀਦਾਂ ਹਾਲ, ਯਾਰੜੇ ਤੇਰਾ ਸੱਥਰ ਸਚ ਹੰਢਾਈਆ । ਹੁਕਮ ਹੋਇਆ ਦੀਨ ਦਿਆਲ, ਦੱਸ ਮੇਰੇ ਲਾਡਲੇ ਲਾਲ, ਤੇਰੀ ਕਰਨੀ ਮੋਹੇ ਭਾਈਆ । ਗੋਬਿੰਦ ਕਿਹਾ ਮੇਰਾ ਅਗਲਾ ਹੋਰ ਅਹਿਵਾਲ, ਜਿਸਦਾ ਲੇਖਾ ਨਹੀਂ ਸੁਖਾਲ, ਬੇਪਰਵਾਹ ਤੈਨੂੰ ਦਿਆਂ ਜਣਾਈਆ । ਜੇ ਤੂੰ ਮੈਨੂੰ ਮਿਲਿਆ ਆਣ, ਮੈਂ ਤੇਰੀ ਕੀਤੀ ਪਹਿਚਾਣ, ਤੂੰ ਮੇਰਾ ਮੈਂ ਤੇਰਾ ਮਹਿਮਾਨ, ਦੋਹਾਂ ਦਾ ਘਰ ਇਕੋ ਨਜ਼ਰੀ ਆਈਆ । ਥੱਲਿਉਂ ਘਾਹ ਨੇ ਕੀਤਾ ਫ਼ਰਮਾਨ, ਗੋਬਿੰਦ ਕਿਹੜਾ ਤੇਰਾ ਭਗਵਾਨ, ਕੀ ਇਸ ਦਾ ਨਿਸ਼ਾਨ, ਮੈਨੂੰ ਦੇ ਵਖਾਈਆ । ਜਿਸ ਨੇ ਮਿਲ ਕੇ ਤੇਰੇ ਨਾਲ, ਮੇਰੇ ਉਤੇ ਹੋਰ ਭਾਰ ਰਿਹਾ ਪਾਈਆ । ਦੁਖਦੇ ਕੀ ਲਗਾ ਸਤਾਣ, ਮੇਰੀ ਵਾਤ ਨਾ ਪੁਛੀ ਰਾਈਆ । ਪੁਰਖ ਅਕਾਲ ਕਿਹਾ ਕਵਣ ਕਰਦਾ ਬਿਆਨ, ਕਿਸ ਦਾ ਮੇਰੇ ਵਲ ਧਿਆਨ, ਕਿੱਥੇ ਬੈਠਾ ਰਾਹ ਤਕਾਈਆ । ਗੋਬਿੰਦ ਕਿਹਾ ਜਿਸ ਦਾ ਮੈਂ ਕੀਤਾ ਸਿਰਹਾਣ, ਉਹਦਾ ਮੈਂ ਨਿਗਾਹਬਾਨ, ਉਹ ਮੇਰੇ ਘਰ ਦਿਸਾਈਆ । ਮੈਂ ਵੀ ਓਸੇ ਘਰ ਦਾ ਮਹਿਮਾਨ, ਉਹ ਮੇਰਾ ਮੈਂ ਉਹਦਾ ਤੂੰ ਮੇਰਾ ਮੈਂ ਤੇਰਾ ਤੀਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਿਹਾ ਕੀ ਕੁਛ ਦੇ ਜਾਵੇਂ ਦਾਨ, ਘਾਹ ਨੇ ਕਿਹਾ ਨਹੀਂ ਪਹਿਲੀ ਵੇਰਾਂ ਮੈਨੂੰ ਹੋ ਲੈਣ ਦੇ ਕ਼ੁਰਬਾਨ, ਸੇਵਾ ਗੋਬਿੰਦ ਸਚ ਕਮਾਈਆ । ਗੋਬਿੰਦ ਕਿਹਾ ਪ੍ਰਭੂ, ਇਹ ਅਜੇ ਅਨਜਾਣ, ਇਹਨੂੰ ਕੀ ਪਹਿਚਾਣ, ਜਿਸ ਵੇਲੇ ਦੋਵੇਂ ਮਿਲ ਕੇ ਆਈਏ ਵਿਚ ਜਹਾਨ, ਮੈਂ ਗੋਬਿੰਦ ਤੂੰ ਮੇਰਾ ਭਗਵਾਨ, ਇਹਦਾ ਲੇਖਾ ਦਈਏ ਮੁਕਾਈਆ । ਅਬਿਨਾਸ਼ੀ ਕਰਤੇ ਹੋ ਕੇ ਕਿਹਾ ਹੈਰਾਨ, ਕੀ ਕਿਸੇ ਮੰਦਰ ਅੰਦਰ ਵਿਚ ਮਕਾਨ, ਜਿਥੇ ਪੜ੍ਹੀ ਦੀ ਹੋਵੇ ਗੀਤਾ ਕ਼ੁਰਾਨ, ਗੋਬਿੰਦ ਕਿਹਾ ਨਹੀਂ ਤੂੰ ਮੈਂ ਦੋਵੇਂ ਮਿਹਰਵਾਨ, ਬੀਆਬਾਨ ਵਿਚ ਤਰਾਈਆ । ਘਾਹ ਨੇ ਹਸ ਕੇ ਕਿਹਾ ਮੈਂ ਪ੍ਰਭੂ ਘਾਹ ਦਾ ਘਾਹ ਤੇ ਫੇਰ ਹੋਵਾਂ ਇਨਸਾਨ, ਮਾਨੁਖ ਮਾਨਵ ਮਾਨੁਸ਼ ਰੂਪ ਵਟਾਈਆ ।

ਗੋਬਿੰਦ ਕਿਹਾ ਘਾਹ ਹੋ ਕੇ ਕਮਲਿਆ ਤਰਨਾ ਆਸਾਨ, ਜਦੋਂ ਵੀ ਲੰਘੇ ਤੇਰੇ ਉਤੇ ਚਰਨ ਜ਼ਰੂਰ ਟਿਕਾਈਆ । ਉਸ ਨੇ ਖ਼ੁਸ਼ੀ ਵਿਚ ਗਾਇਆ ਗਾਨ, ਆਪਣਾ ਤਰਾਨਾ ਦਿਤਾ ਸੁਣਾਈਆ । ਕਿਸ ਬਿਧ ਮਿਲੇ ਮੈਨੂੰ ਆਣ, ਮੇਰਾ ਲੇਖਾ ਦਏ ਚੁਕਾਈਆ । ਗੋਬਿੰਦ ਕਿਹਾ ਜਿਸ ਵੇਲੇ ਭਗਤਾਂ ਦੀ ਕਰਨ ਜਾਵੇ ਕਲਿਆਣ, ਤੇਰਾ ਵੀ ਰਖੇ ਧਿਆਨ, ਸ੍ਰੀ ਭਗਵਾਨ ਮਾਲਕ ਸਰਬ ਅਖਵਾਈਆ । ਘਾਹ ਨੇ ਕਿਹਾ ਜੇ ਮੈਨੂੰ ਸੁਣਿਆ ਨਾ ਜਾਏ ਕਾਨ, ਆਵੇ ਨਾ ਕੋਈ ਗਿਆਨ, ਸੁਝੇ ਨਾ ਕੋਈ ਧਿਆਨ, ਫੇਰ ਕੀ ਮੇਰੀ ਚੁਤਰਾਈਆ । ਗੋਬਿੰਦ ਕਿਹਾ ਮੈਂ ਗੁਰਮੁਖਾਂ ਦੇ ਅੰਦਰ ਵੜ ਕੇ ਦੁਆਵਾਂ ਆਪ ਬਿਆਨ, ਉਹ ਬੇਨੰਤੀ ਕਰਨ ਕਰ ਧਿਆਨ, ਨਾਲੇ ਰੋਵਣ ਨਾਲੇ ਕੁਰਲਾਵਣ ਨਾਲੇ ਮੰਗਣ ਦਾਨ, ਆਪਣੀ ਝੋਲੀ ਅਗੇ ਡਾਹੀਆ । ਕੋਈ ਸੁਣਾਏ ਆਪਣਾ ਗਾਨ, ਬੱਚੇ ਹੋ ਕੇ ਮੰਗਣ ਦਾਨ, ਫੇਰ ਤੇਰੀ ਯਾਦ ਕਰਾ ਭਗਵਾਨ, ਬੇਜ਼ਬਾਨ ਤੇਰਾ ਲੇਖਾ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕ਼ਤ ਦਏ ਸੁਹਾਈਆ । ਘਾਹ ਕਿਹਾ ਕੀ ਸਚਮੁਚ ਆਉਗੇ । ਗੁਰਮੁਖ ਸੱਜਣ ਸੰਤ ਮਿਲਾਉਗੇ । ਮੈਨੂੰ ਦਰਸ ਦਿਖਾਉਗੇ । ਪਿਛਲੀ ਹਰਸ ਮਿਟਾਉਗੇ । ਮੇਰੇ ਉਤੇ ਤਰਸ ਕਮਾਉਗੇ । ਗੋਬਿੰਦ ਕਿਹਾ ਹਾਂ, ਜਨ ਭਗਤ ਬਣ ਬਣ ਵਿਚੋਲੇ, ਤੇਰਾ ਵਿਚਲਾ ਭੇਤ ਤੇਰੇ ਕੋਲੋਂ ਖੁਲ੍ਹੌਣਗੇ । ਤਿਨਕੇ ਕਿਹਾ ਗੋਬਿੰਦ ਕਿਤੇ ਮੈਂ ਨਹੀਂ ਗਿਆ ਰੜਕ, ਮੇਰੀ ਗੰਢ ਕਰੜੀ ਨਜ਼ਰੀ ਆਈਆ । ਮੇਰੀ ਸੇਵਾ ਵਿਚ ਰਹਿ ਗਿਆ ਹੋਵੇ ਫ਼ਰਕ, ਇਹ ਵੀ ਦੇਣਾ ਸਮਝਾਈਆ । ਘਰ ਆਏ ਨੂੰ ਸੰਭਾਲਣਾ ਇਹ ਵੀ ਸਾਡਾ ਫ਼ਰਜ਼, ਭੁਲ ਰਹੇ ਨਾ ਰਾਈਆ । ਮੈਨੂੰ ਐਂ ਜਾਪਦਾ ਮੇਰੇ ਉਤੇ ਲਗੀ ਮਿੱਟੀ ਗਰਦ, ਸਾਫ਼ ਸੁਥਰਾ ਨਾ ਕੋਇ ਕਰਾਈਆ । ਗੋਬਿੰਦ ਕਿਹਾ ਇਸੇ ਵਿਚ ਭਰਿਆ ਦਰਦ, ਜੋ ਮੇਰਾ ਦਰਦ ਨਜ਼ਰੀ ਆਈਆ । ਮੈਂ ਆਇਆ ਨਿਮਾਣਿਆਂ ਦੀ ਖ਼ਾਤਰ ਗ਼ਰਜ਼, ਮਜ਼ਲੂਮਾਂ ਗਲੇ ਲਗਾਈਆ । ਤੇਰਾ ਪਿਆਰ ਵੇਖ ਅਸਚਰਜ, ਖ਼ੁਸ਼ੀ ਹੋਈ ਦੂਣ ਸਵਾਈਆ । ਤੇਰਾ ਸਹਾਰਾ ਮੈਨੂੰ ਸੁਖ ਆਇਆ ਉਤੇ ਫ਼ਰਸ਼, ਅਰਸ਼ ਦਾ ਮਾਲਕ ਇਸੇ ਸੇਜਾ ਉਤੇ ਮਿਲਿਆ ਚਾਈਂ ਚਾਈਂਆ । ਤੂੰ ਮੰਗਿਆ ਸਚਾ ਦਰਸ, ਸਾਖ਼ਿਆਤ ਦੇਵਾਂ ਕਰਾਈਆ । ਤੇਰੀ ਅਗਲੀ ਅਗੇ ਦੀ ਕਟ ਕੇ ਮਰਜ਼, ਮਜ਼ਦੂਰੀ ਤੇਰੀ ਝੋਲੀ ਪਾਈਆ । ਫੇਰ ਤੈਨੂੰ ਗਰਮੀ ਸਰਦੀ ਵਿਚ ਹੋਣਾ ਨਾ ਪਏ ਗਰਮ ਸਰਦ, ਤੇਰਾ ਲੇਖਾ ਆਪਣੇ ਘਰ ਰਖਾਈਆ । ਓਸ ਕਿਹਾ ਮੇਰੀ ਮਨਜ਼ੂਰ ਕਰ ਲਈਂ ਅਰਜ਼, ਆਰਜ਼ੂ ਇਕੋ ਇਕ ਵਖਾਈਆ । ਜਿਸ ਵੇਲੇ ਆਵੇਂ ਉਪਰ ਧਰਤ, ਪੁਰਖ ਅਕਾਲ ਨਾਲ ਵਡਿਆਈਆ । ਆਪਣਾ ਪੂਰਾ ਕਰ ਕੇ ਫ਼ਰਜ਼, ਮੇਰਾ ਲੇਖਾ ਦੇਣਾ ਚੁਕਾਈਆ । ਇਹ ਪਿਛਲੀ ਲਗੀ ਸ਼ਰਤ, ਸ਼ਰਤੀਆ ਓਸੇ ਦਾ ਲਹਿਣਾ ਆਇਆ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਦਇਆਵਾਨ ਇਕ ਅਖਵਾਈਆ ।

### ❊ ੧੩ ਚੇਤ ਸ਼ਹਿਨਸ਼ਾਹੀ ਸੰਮਤ ੧ ਭਾਗ ਸਿੰਘ ਦੇ ਗ੍ਰਹਿ ਮਲਕ ਕੈਂਪ ❊

ਬੁੱਢੇ ਬੁੱਢੇ ਦੇਵਾਂ ਜੋੜ, ਜੋੜੇ ਧੁਰ ਦੇ ਦੇਵਾਂ ਬਣਾਈਆ । ਸ਼ਬਦ ਅਗੰਮੀ ਚਾੜ੍ਹ ਕੇ ਘੋੜ, ਵਾਗਾਂ ਦਿਆਂ ਭਵਾਈਆ । ਪਾਰ ਕਰਾ ਕੇ ਅੰਧੇਰਾ ਘੋਰ, ਸਾਚਾ ਨੂਰ ਕਰਾਂ ਰੁਸ਼ਨਾਈਆ । ਆਤਮਾ ਦਾ ਪਰਮਾਤਮਾ ਹੋ ਕੇ ਵਸਾਂ ਕੋਲ, ਘਰ ਘਰ ਨਜ਼ਰੀ ਆਈਆ । ਸ਼ਬਦ ਅਨਾਦੀ

ਵਜਾ ਕੇ ਢੋਲ, ਸੋਈ ਸੁਰਤੀ ਦਿਆਂ ਉਠਾਈਆ । ਧਰਮ ਦਵਾਰਾ ਇਕੋ ਖੋਲ੍ਹ, ਮੰਦਰ ਸੁਹੰਜਣਾ ਸੋਭਾ ਪਾਈਆ । ਨਾਮ ਕੰਡੇ ਸਾਚੇ ਤੋਲ, ਅਤੁਲ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬੁੱਢਿਆਂ ਬੁੱਢਿਆਂ ਦਾ ਕਰ ਕੇ ਮਿਲਾਪ, ਮਿਲਣੀ ਆਪਣੇ ਨਾਲ ਰਖਾਈਆ । ਕੋਟ ਜਨਮ ਦੇ ਉਤਾਰ ਕੇ ਪਾਪ, ਦੁਰਮਤ ਮੈਲ ਧਵਾਈਆ । ਸਿਰ ਰਖ ਕੇ ਆਪਣਾ ਹਾਥ, ਨੇਤਰ ਲੋਚਨ ਨੈਣ ਅੱਖ ਦਿਆਂ ਖੁਲ੍ਹਾਈਆ । ਬੰਦ ਕਿਵਾੜੀ ਖੋਲ੍ਹ ਕੇ ਤਾਕ, ਦਰਸ਼ਨ ਦੇਵਾਂ ਥਾਉਂ ਥਾਈਂਆ । ਪ੍ਰੇਮ ਪਿਆਰ ਦੀ ਦੱਸ ਕੇ ਗਾਥ, ਢੋਲਾ ਇਕੋ ਦਿਆਂ ਪੜ੍ਹਾਈਆ । ਚਰਨ ਕਵਲ ਦੇ ਨਿਵਾਸ, ਬਖ਼ਸ਼ਾਂ ਸਚ ਸਚੀ ਸਰਨਾਈਆ । ਝਗੜਾ ਚੁਕ ਜਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਲੇਖਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬੁੱਢਿਆਂ ਹੋਵੇ ਇਕੱਠ, ਨਾਤਾ ਤੱਤਾਂ ਵਾਲਾ ਜੁੜਾਈਆ । ਧੀਰਜ ਦੇ ਕੇ ਸੰਤੋਖ ਦੇ ਕੇ ਜਤ ਸਤਿ, ਆਪਣਾ ਵਿਚ ਟਿਕਾਈਆ । ਪ੍ਰੇਮ ਪਿਆਰ ਦੀ ਸਾਚੀ ਮਤਿ, ਇਕੋ ਵਿਦਿਆ ਦਿਆਂ ਸਿਖਾਈਆ । ਅੰਦਰੋਂ ਖੋਲ੍ਹ ਕੇ ਅੱਖ, ਨਿਰਗੁਣ ਪਰਤੱਖ ਰੂਪ ਜਣਾਈਆ । ਏਥੇ ਉਥੇ ਹੋਣ ਨਾ ਦੇਵਾਂ ਵਖ, ਮੋਹੜਿਆਂ ਦੇ ਜੋੜੇ ਵਿਛੋੜੇ ਪੰਧ ਮੁਕਾਈਆ । ਇਕ ਦੂਜੇ ਦੇ ਨਾਲ ਸ਼ਬਦੀ ਹੁਕਮ ਡੰਡੇ ਨਾਲ ਤੋਰ, ਪਾਸਾ ਸਕੇ ਨਾ ਕੋਇ ਬਦਲਾਈਆ । ਇਕ ਦੂਜੇ ਦੇ ਭੱਜਣ ਨੱਠਣ ਮੂਹਰ, ਅਗੇ ਵਧ ਵਧ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅਗਲਾ ਲੇਖਾ ਰਿਹਾ ਜਣਾਈਆ । ਬੁੱਢੇ ਬੁੱਢੇ ਲਗਦੇ ਚੰਗੇ, ਸੋਹਣੇ ਨਜ਼ਰੀ ਆਈਆ । ਭਾਵੇਂ ਏਨ੍ਹਾਂ ਦੇ ਝੁਕ ਚੁੱਕੇ ਨੇ ਟੇਢੇ ਕੰਧੇ, ਬੁੜ੍ਹਾਪਾ ਰੂਪ ਵਖਾਈਆ । ਇਹ ਅੰਦਰੋਂ ਗੌਂਦੇ ਪ੍ਰੇਮ ਪਿਆਰ ਦੇ ਛੰਦੇ, ਸਾਚਾ ਰਾਗ ਅਲਾਈਆ । ਜੇ ਪਿਛੇ ਕੁਛ ਰਹਿ ਗਏ ਗੰਦੇ, ਹੁਣ ਬਣਾ ਦਏ ਬੰਦੇ, ਬੰਦਗੀ ਆਪਣੀ ਵਿਚ ਲਗਾਈਆ । ਜਨਮ ਕਰਮ ਦੇ ਝੂਠੇ ਛੁਟ ਗਏ ਧੰਦੇ, ਧੁੰਦੂਕਾਰ ਦਿਆਂ ਗਵਾਈਆ । ਆਪ ਆਪਣੇ ਰੰਗ ਰੰਗੇ, ਰੰਗ ਰੰਗੀਲਾ ਇਕ ਵਖਾਈਆ । ਸਭ ਦਾ ਬਣਿਆ ਰਹੇ ਸੰਗੇ, ਹੋਵੇ ਨਾ ਕਦੇ ਜੁਦਾਈਆ । ਇਕ ਦੂਜੇ ਨਾਲੋਂ ਸਾਰੇ ਚੰਗੇ, ਕਰਮਾਂ ਦਾ ਮਾੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਰੇ ਬੁੱਢੇ ਬਣਾ ਦਏ ਧੁਰ ਦਰਗਾਹ ਦੇ ਸਾਚੇ ਲਾੜੇ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਜੀਵਣ ਸਿੰਘਾ ਮਿਲ ਕੇ ਆਪਣਾ ਸਚਾ ਜੀਵਣ, ਜੀਵਣ ਜੀਵਣ ਦਏ ਬਦਲਾਈਆ । ਸੰਤ ਸੁਹੇਲੇ ਗੁਰਮੁਖ ਸਚੇ ਨਾਮ ਪਿਆਲਾ ਪੀਵਣ, ਸਤਿਗੁਰ ਜਾਮ ਇਕ ਵਖਾਈਆ । ਚਰਨ ਕਵਲ ਬਲਿਹਾਰੀ ਥੀਵਣ, ਮਾਣ ਅਭਿਮਾਣ ਮਿਟਾਈਆ । ਮਨ ਹੰਕਾਰੀ ਵਲੋਂ ਨੀਵਣ, ਹਉਮੇਂ ਹੰਗਤਾ ਗੜ੍ਹ ਤੁੜਾਈਆ । ਸਾਚਾ ਬੀਜ ਕਾਇਆ ਮੰਦਰ ਅੰਦਰ ਬੀਵਣ, ਪੱਤ ਟਹਿਣੀ ਰੂਪ ਪਰਗਟਾਈਆ । ਆਪਣਾ ਪਾਟਾ ਚੀਥੜ ਆਪੇ ਸੀਵਣ, ਸਤਿਗੁਰ ਲੈ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਵਡਿਆਈਆ । ਜੀਵਣ ਸਿੰਘਾ ਜਹਾਨ ਵੇਖ ਜਗਤ ਜਗ, ਚਾਰੋਂ ਕੁੰਟ ਕੂੜ ਕੁੜਿਆਰ ਨਜ਼ਰੀ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਲਗੀ ਅੱਗ, ਤ੍ਰਿਸ਼ਨਾ ਸਕੇ ਨਾ ਕੋਇ ਬੁਝਾਈਆ । ਹੰਸ ਰੂਪ ਹੋਏ ਕਗ, ਬੁਧੀ ਕਾਗ ਵਾਂਗ ਕੁਰਲਾਈਆ । ਮਨ ਵਾਸ਼ਨਾ ਸਾਰੇ ਰਹੇ ਨਠ, ਚਾਰੋਂ ਕੁੰਟ ਵਾਹੋ ਦਾਹੀਆ । ਜਿੰਨਾਂ ਚਿਰ ਮਿਲੇ ਨਾ ਸਾਹਿਬ ਸਤਿਗੁਰ ਪੁਰਖ ਸਮਰਥ, ਦਾਤਾ ਧੁਰਦਰਗਾਹੀਆ । ਓਨਾਂ ਚਿਰ ਕੋਈ ਪਾਰ ਨਾ ਸਕੇ ਲੰਘ, ਆਤਮ ਸੇਜਾ ਨਾ ਸੋਹੇ


੫੯੯

ਪਲੰਘ, ਘਰ ਮਿਲੇ ਨਾ ਸਚਖੰਡ, ਬ੍ਰਹਿਮੰਡ ਨਾ ਕੋਇ ਤਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਬੈਠਿਆਂ ਸ਼ਬਦੀ ਧਾਰ ਦੇਵੇ ਆਪਣਾ ਅਨੰਦ, ਰਸ ਜਾਮ ਮਧੁਰ ਪਿਆਲਾ ਇਕ ਪਿਆਈਆ ।

ਨੰਦੂ ਚਰਨ ਪ੍ਰੀਤੀ ਦਾ ਵੇਖ ਰੰਗ, ਕਵਲ ਮਿਲੇ ਸਰਨਾਈਆ । ਜੋ ਚਾਹੇਂ ਸੋ ਲੈਣਾ ਮੰਗ, ਮੰਗੀ ਮੰਗ ਪੂਰ ਕਰਾਈਆ । ਕਟ ਗ਼ਰੀਬੀ ਭੁਖ ਨੰਗ, ਦੁਖੀਆਂ ਰੋਗ ਚੁਕਾਈਆ । ਅੰਤਰ ਦੇਵਾਂ ਇਕ ਅਨੰਦ, ਸਾਚਾ ਰਸ ਚਖਾਈਆ । ਕੂੜੀ ਕਿਰਿਆ ਜਾਵੀਂ ਲੰਘ, ਪੈਂਡਾ ਮੋਹ ਮਿਟਾਈਆ । ਸਾਚੀ ਸੇਜਾ ਬੈਠ ਪਲੰਘ, ਢੋਲਾ ਇਕ ਸੁਣਾਈਆ । ਜਿਨ੍ਹਾਂ ਪੰਜਾਂ ਦਾ ਬਣਿਆ ਸੰਗ, ਇਹ ਪੰਚਮ ਰੂਪ ਵਖਾਈਆ । ਜੇ ਤੇਰੇ ਪੱਲੇ ਪੈਸੇ ਧੇਲੇ ਦੀ ਨਹੀਂ ਗੰਢ, ਉਹ ਵੀ ਆਸਾ ਪੂਰ ਕਰਾਈਆ । ਮਨ ਮਨਸਾ ਮੇਟ ਕੇ ਪਾਵੇ ਠੰਡ, ਅਗਨੀ ਹਵਸ ਮਿਟਾਈਆ । ਨੰਦੂ ਨੰਦ ਦਾ ਬਣਾ ਕੇ ਚੰਦ, ਚੰਦ ਚੰਦ ਦਿਆਂ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪੂਰਬ ਪੂਰਾ ਦਏ ਕਰਾਈਆ । ਚਰਨ ਪ੍ਰੀਤੀ ਪਿਆਰ ਪ੍ਰੇਮ, ਮੁਹੱਬਤ ਇਕ ਜਣਾਈਆ । ਤੇਰਾ ਮੇਰਾ ਸਾਚਾ ਨੇਮ, ਟੁੱਟੀ ਗੰਢ ਵਖਾਈਆ । ਤੇਰੇ ਨਾਲੋਂ ਦੁਖ ਤਸੀਹਾ ਕਟਿਆ ਉਤੇ ਕੁੰਟ ਹੇਮ, ਜਲ ਧਾਰਾ ਸੀਸ ਵਹਾਈਆ । ਜੇ ਉਹ ਨਜ਼ਾਰਾ ਤਕ ਲਏਂ ਆਪਣੇ ਨੈਣ, ਤੈਨੂੰ ਇਹ ਦੁਖ ਰਹੇ ਨਾ ਰਾਈਆ । ਤੂੰ ਰਸਨਾ ਆਪਣੀ ਹਰਿਸੰਗਤ ਆਪੇ ਆਵੇਂ ਕਹਿਣ, ਕਹਿ ਕਹਿ ਦਏਂ ਸੁਣਾਈਆ । ਓ ਗੁਰਮੁਖੋ ਗੁਰਸਿੱਖੋ ਸੰਤੋ ਭਗਤੋ ਜਿਨ੍ਹਾਂ ਨੂੰ ਪੁਰਖ ਅਕਾਲ ਮਿਲ ਗਿਆ ਸਾਕ ਸੱਜਣ ਸੈਣ, ਤਿਨ੍ਹਾਂ ਨੂੰ ਲੈਣ ਦੇਣ ਦੀ ਲੋੜ ਰਹੀ ਨਾ ਰਾਈਆ । ਉਹ ਕੂੜੇ ਵਹਿਣ ਕਦੇ ਨਾ ਵਹਿਣ, ਮਮਤਾ ਮੋਹ ਗਏ ਤਜਾਈਆ । ਸਤਿਗੁਰ ਸਰਨਾਈ ਸਰਨ ਸਚੀ ਚੈਨ, ਸਾਂਤਕ ਸਤਿ ਰੂਪ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਕ ਰਗੜਨ ਦੀ ਕਿਹੜੀ ਲੋੜ, ਮਿੰਨਤਾਂ ਕਰ ਕਰ ਨਾ ਕੋਇ ਮਨਾਈਆ । ਜਿਸ ਨਾਲੋਂ ਵਿਛੜਿਆ ਓਸ ਆਪੇ ਲੈਣਾ ਜੋੜ, ਆਪਣੀ ਗੰਢ ਪਵਾਈਆ । ਤੇਰੇ ਪਿਆਰ ਦੀ ਪਿਛਲੀ ਲੋੜ, ਕੀਤੀ ਸੇਵਾ ਨਾ ਅਜੇ ਭੁਲਾਈਆ । ਜ਼ਰਾ ਤਕ ਕੇ ਵੇਖ ਨਾਲ ਗ਼ੌਰ, ਉਚ ਦਾ ਪੀਰ ਰਿਹਾ ਜਣਾਈਆ । ਕੀ ਹੋਇਆ ਜੇ ਬੁੱਢਾ ਹੋ ਕੇ ਹੋ ਗਿਓਂ ਕਮਜ਼ੋਰ, ਨਾਤਵਾਂ ਨਜ਼ਰੀ ਆਈਆ । ਤੇਰਾ ਮਾਲਕ ਪ੍ਰਿਤਪਾਲਕ ਵਡ ਖ਼ਾਲਕ ਇਕੋ ਓਹੋ ਸ਼ੌਹਰ, ਜੋ ਸ਼ੁਹਰਤ ਦਏ ਕਰਾਈਆ । ਤੈਨੂੰ ਲੋਕਮਾਤ ਅਮਾਨਤ ਆਪਣੀ ਬਣਾ ਕੇ ਰੱਖਿਆ ਬਤੌਰ, ਬਿਹਤਰੀਨ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

### ❊ ੧੪ ਚੇਤ ਸ਼ਹਿਨਸ਼ਾਹੀ ਸੰਮਤ ੧ ਬੀਬੀ ਰਾਮ ਕੌਰ ਦੇ ਗ੍ਰਹਿ ਛੰਬ ❊

ਪ੍ਰੀਤ ਕਹੇ ਪ੍ਰਭੂ ਦੱਸ ਕੁਛ ਆਪਣੀ ਹਦ, ਜੁਗ ਚੌਕੜੀ ਹੱਥ ਕੋਇ ਨਾ ਆਈਆ । ਮੈਂ ਭਾਲ ਥੱਕੀ ਬ੍ਰਹਿਮੰਡ ਖੰਡ, ਜ਼ਿਮੀਂ ਅਸਮਾਨ ਖੋਜ ਖੁਜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਪਿਛੇ ਭਜ ਭਜ, ਨਿਤ ਨਵਿਤ ਬਣੀ ਰਹੀ ਪਾਂਧੀ ਰਾਹੀਆ । ਦਰਵੇਸ਼ ਹੋ ਕੇ ਜਗੌਂਦੀ ਰਹੀ

ਅਲਖ, ਨਾਅਰਾ ਕੂਕ ਕੂਕ ਸੁਣਾਈਆ । ਨਿਰਮਾਣਤਾ ਵਿਚ ਜੋੜਦੀ ਰਹੀ ਹੱਥ, ਬੰਦਗੀ ਕਹਿ ਕਹਿ ਆਪਣਾ ਮਾਣ ਮਿਟਾਈਆ । ਨੇਤਰ ਖੋਲ੍ਹ ਕੇ ਤਕਦੀ ਰਹੀ ਅੱਖ, ਦੂਰ ਦੁਰਾਡਾ ਧਿਆਨ ਰਖਾਈਆ । ਕਿਹੜੀ ਕੂਟੋਂ ਲਏ ਲਭ, ਪ੍ਰੀਤ ਪ੍ਰੀਤ ਵਿਚੋਂ ਨਜ਼ਰੀ ਆਈਆ । ਮੇਰੀ ਆਸਾ ਪੂਰੀ ਹੋਵੇ ਹਭ, ਹਵਸ ਦੇਵੇ ਮਿਟਾਈਆ । ਕਲਜੁਗ ਅੰਤ ਗਈ ਥੱਕ, ਨੱਠਣ ਭੱਜਣ ਦੀ ਵਾਹ ਰਹੀ ਨਾ ਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਵੇਖ ਕੇ ਮਠ, ਤੀਰਥਾਂ ਤੱਟਾਂ ਖੋਜ ਖੁਜਾਈਆ । ਅਗੇ ਵਾਸਤਾ ਰਹੀ ਘਤ, ਨੇਤਰ ਨੈਣਾਂ ਨੀਰ ਵਹਾਈਆ । ਸ੍ਰੀ ਭਗਵਾਨ ਜਿਸ ਧਾਰ ਵਿਚੋਂ ਮੈਨੂੰ ਪਹਿਲੋਂ ਦਿਤਾ ਕਢ, ਨਿਰਾਕਾਰ ਆਪਣੀ ਦਇਆ ਕਮਾਈਆ । ਓਸੇ ਮੰਜ਼ਲ ਦੇ ਉਤੇ ਸੱਦ, ਸਚ ਸੰਦੇਸ਼ਾ ਇਕ ਜਣਾਈਆ । ਮੇਰੀ ਝੋਲੀ ਪਾਵੇ ਮੇਰਾ ਹਕ, ਹਾਜ਼ਰ ਹੋ ਕੇ ਮੰਗ ਮੰਗਾਈਆ । ਪੁਰਖ ਅਕਾਲ ਕਿਹਾ ਚੁਪ ਕਰ ਬਸ, ਤੈਨੂੰ ਦਿਆਂ ਦ੍ਰਿੜਾਈਆ । ਸਚ ਪ੍ਰੀਤੀ ਜਿਸ ਵੇਲੇ ਭਗਤ ਭਗਵਾਨ ਇਕ ਦੂਜੇ ਦੇ ਅੰਦਰ ਜਾਣ ਵਸ, ਫੇਰ ਦੂਜੀ ਪ੍ਰੀਤ ਦੀ ਲੋੜ ਰਹੇ ਨਾ ਰਾਈਆ । ਤੇਰਾ ਪਿਆਰ ਆਪਣੇ ਅੰਦਰ ਘਤ, ਘਰ ਠਾਂਡੇ ਲਵਾਂ ਟਿਕਾਈਆ । ਖ਼ੁਸ਼ੀਆਂ ਨਾਲ ਪਈ ਹਸ, ਨਿਉਂ ਨਿਉਂ ਸੀਸ ਨਿਵਾਈਆ । ਵਾਹ ਪ੍ਰਭੂ ਮੇਰੇ ਸਮਰਥ, ਮੈਂ ਕੁਛ ਹੋਰ ਦਿਆਂ ਜਣਾਈਆ । ਜਿਸ ਵੇਲੇ ਗੋਬਿੰਦ ਸੱਥਰ ਬੈਠਾ ਸੀ ਘਤ, ਕੰਡਿਆਂ ਸੇਜ ਹੰਢਾਈਆ । ਓਸ ਵੇਲੇ ਮੈਂ ਵੀ ਆਈ ਸਾਂ ਓਥੇ ਤਟ, ਆਪਣਾ ਪੰਧ ਮੁਕਾਈਆ । ਉਹ ਕੁਛ ਮੈਨੂੰ ਰਿਹਾ ਸੀ ਦੱਸ, ਮੁਰੀਦ ਹੋ ਕੇ ਹਾਲ ਜਣਾਈਆ । ਮੈਂ ਸਰਨ ਸਰਨਾਈ ਢੱਠ, ਇਕ ਬੇਨੰਤੀ ਦਿਤੀ ਦ੍ਰਿੜਾਈਆ । ਗੋਬਿੰਦ ਆਪਣੇ ਨਾਲ ਰਖ, ਝਲੀ ਨਾ ਜਾਏ ਜੁਦਾਈਆ । ਓਸ ਨੇ ਕਿਹਾ ਕੁਛ ਹੋਰ ਸਮਾਂ ਤਕ, ਅਗੇ ਧਿਆਨ ਵਧਾਈਆ । ਜਿਸ ਵੇਲੇ ਮੇਰੇ ਨਾਲ ਮੇਰਾ ਹੋਇਆ ਬਾਪ, ਪਤਿਪਰਮੇਸ਼ਵਰ ਜੋਤ ਸਰੂਪੀ ਫੇਰਾ ਪਾਈਆ । ਓਸ ਵੇਲੇ ਮੈਂ ਆਪੇ ਤੈਨੂੰ ਮੇਲ ਲਵਾਂ ਆਪਣੇ ਨਾਲ ਇਹ ਬਣੇ ਪੱਕਾ ਸਾਕ, ਸੱਜਣ ਇਕੋ ਦਿਆਂ ਵਖਾਈਆ । ਜਿਥੇ ਸਚ ਪ੍ਰੀਤ ਦੀ ਮੰਜ਼ਲ ਮੁਕ ਜਾਏ ਵਾਟ, ਓਸ ਦਵਾਰੇ ਦਿਆਂ ਬਹਾਈਆ । ਪ੍ਰੀਤ ਕਿਹਾ ਓਥੇ ਕਿਹੋ ਜਿਹਾ ਹਿਸਾਬ, ਮੈਨੂੰ ਦੇ ਦ੍ਰਿੜਾਈਆ । ਗੋਬਿੰਦ ਕਿਹਾ ਓਥੇ ਇਕੋ ਏਕੰਕਾਰ ਏਕੇ ਵਰਗਾ ਆਪ, ਅਨੇਕ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੀਤੀ ਦਾ ਪ੍ਰੀਤਮ ਆਪਣੇ ਰੰਗ ਰੰਗਾਈਆ ।



### ❊ ੧੪ ਚੇਤ ਸ਼ਹਿਨਸ਼ਾਹੀ ਸੰਮਤ ੧ ਸ਼ਾਹਣੀ ਦੇ ਗ੍ਰਿਹ ਛੰਬ ❊

ਪ੍ਰੀਤ ਕਹੇ ਜਿਸ ਵੇਲੇ ਭਗਤ ਭਗਵਾਨ ਹੋਇਆ ਮਿਲਾਪ, ਆਤਮ ਪਰਮਾਤਮ ਵਜੀ ਵਧਾਈਆ । ਮੈਂ ਖ਼ਤਮ ਕਰ ਕੇ ਆਪਣਾ ਆਪ, ਦੋਹਾਂ ਦੇ ਅੰਦਰ ਗਈ ਸਮਾਈਆ । ਮੇਰਾ ਰੂਪ ਮੈਨੂੰ ਨਜ਼ਰੀ ਆਇਆ ਸਾਖ਼ਿਆਤ, ਸਾਹਿਬ ਸਵਾਮੀ ਦਿਤਾ ਜਣਾਈਆ । ਪ੍ਰਭੂ ਚਰਨਾਂ ਤਕ ਤੇਰੀ ਅਖੀਰੀ ਹਾਦ, ਅਗੇ ਮੰਜ਼ਲ ਨਾ ਕੋਇ ਵਖਾਈਆ । ਮੈਂ ਓਸੇ ਵੇਲੇ ਕਰ ਕੇ ਆਦਾਬ, ਸੀਸ ਦਿਤਾ ਨਿਵਾਈਆ । ਸ਼ਾਹ ਪਾਤਸ਼ਾਹ ਗੁਰੂ ਮਹਾਰਾਜ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਦੋ ਜਹਾਨਾਂ ਤੇਰਾ ਰਾਜ, ਰਈਅਤ ਗੁਰ ਅਵਤਾਰ ਪੀਰ ਪੈਗੰਬਰ ਵੇਖ ਵਖਾਈਆ । ਭਗਤਾਂ ਨਾਲ ਤੇਰਾ ਸਮਾਜ, ਅਗੰਮੀ

ਵੰਡ ਵੰਡਾਈਆ । ਮੈਨੂੰ ਖ਼ੁਸ਼ੀ ਹੋਈ ਆਜ, ਆਜਜ਼ ਹੋ ਕੇ ਦਿਆਂ ਸੁਣਾਈਆ । ਮੇਰੀ ਪੂਰੀ ਕੀਤੀ ਖ਼ਾਹਸ਼, ਤ੍ਰਿਸ਼ਨਾ ਦਿਤੀ ਮਿਟਾਈਆ । ਮੈਂ ਸ੍ਰਿਸ਼ਟੀ ਨੂੰ ਦੱਸਣੀ ਜਾਚ, ਚੁਰਾਸੀ ਨੂੰ ਦੇਣਾ ਸਮਝਾਈਆ । ਮੇਰੀ ਮੰਨੋ ਇਕ ਬਾਤ, ਭੇਵ ਅਗੰਮ ਖੁਲ੍ਹਾਈਆ । ਬੇਨੰਤੀ ਕਰੋ ਅਰਦਾਸ, ਗਲ ਪਲੂ ਆਪਣਾ ਪਾਈਆ । ਮੰਗੋ ਮੰਗ ਹੇ ਪ੍ਰਭੂ ਜੇ ਪ੍ਰੀਤੀ ਦੇਵੇਂ ਤੇ ਰੱਖੀਂ ਆਪਣੇ ਚਰਨਾਂ ਪਾਸ, ਦੂਜੀ ਧਾਰ ਨਾ ਕੋਈ ਵਖਾਈਆ । ਜਿਥੇ ਤੇਰਾ ਜਲਵਾ ਨੂਰ ਪਰਕਾਸ਼, ਜੋਤੀ ਜੋਤ ਡਗਮਗਾਈਆ । ਨਾ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਨਜ਼ਰ ਕੋਇ ਨਾ ਆਈਆ । ਮੈਨੂੰ ਮਿਲ ਕੇ ਫੇਰ ਰਹੇ ਹੋਰ ਕੋਈ ਨਾ ਆਸ, ਦੂਜੀ ਤ੍ਰਿਸ਼ਨਾ ਨਾ ਕੋਇ ਵਧਾਈਆ । ਪੜ੍ਹਨੀ ਪਏ ਨਾ ਕੋਇ ਨਿਮਾਜ਼, ਪੂਜਾ ਪਾਠ ਸਿਮਰਨ ਜੋਗ ਅਭਿਆਸ ਲੇਖਾ ਰਹੇ ਨਾ ਰਾਈਆ । ਨਹੌਣਾ ਪਏ ਨਾ ਤੀਰਥ ਤਾਟ, ਅਠਸਠ ਨਾ ਵੇਖ ਵਖਾਈਆ । ਤੇਰਾ ਪ੍ਰੇਮ ਤੇਰੀ ਮਿਲ ਜਾਏ ਵਿਚ ਜ਼ਾਤ, ਵਖਰਾ ਰਹਿਣ ਕੋਇ ਨਾ ਪਾਈਆ । ਤੇਰੀ ਪ੍ਰੀਤੀ ਪ੍ਰੀਤਮ ਤੇਰਿਆਂ ਭਗਤਾਂ ਹੋਵੇ ਪਾਸ, ਪਾਤਸ਼ਾਹ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਤੇਰਾ ਤੇਰਾ ਨਜ਼ਰੀ ਆਈਆ ।

### ✲ ੧੫ ਚੇਤ ਸ਼ਹਿਨਸ਼ਾਹੀ ਸੰਮਤ ੧ ਗੁਰਨਾਮ ਸਿੰਘ ਦੇ ਗ੍ਰਹਿ ਸੀੜ ✲



ਜਨ ਭਗਤ ਕਹੇ ਪ੍ਰਭੂ ਮੇਰੇ ਮਾਲਕ, ਮਲਕੀਅਤ ਮੇਰੀ ਦੇ ਜਣਾਈਆ । ਸ੍ਰੀ ਭਗਵਾਨ ਕਹੇ ਸਚ ਪ੍ਰੇਮ ਤੇਰੀ ਅਮਾਨਤ, ਜਿਸ ਵੇਲੇ ਚਾਹਵਾਂ ਝੋਲੀ ਦਿਆਂ ਭਰਾਈਆ । ਜਨ ਭਗਤ ਕਹੇ ਪ੍ਰਭੂ ਤੇਰੀ ਸਚੀ ਅਦਾਲਤ, ਅਦਲ ਆਦਲ ਹੋ ਕੇ ਸਚ ਕਰਾਈਆ । ਸ੍ਰੀ ਭਗਵਾਨ ਕਹੇ ਜਿਸ ਵੇਲੇ ਚਾਹਵਾਂ ਮਨ ਦੀ ਮੇਟ ਦਿਆਂ ਬਗ਼ਾਵਤ, ਝਗੜਾ ਰਹਿਣ ਕੋਇ ਨਾ ਪਾਈਆ । ਭਗਤ ਕਹੇ ਪ੍ਰਭੂ ਤੇਰੀ ਬੇਪਰਵਾਹੀ ਦੀ ਸਖ਼ਾਵਤ, ਮਿਹਰ ਨਜ਼ਰ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਇਸ ਵਿਚ ਨਹੀਂ ਕੋਈ ਮਿਲਾਵਟ, ਅਨਮੋਲ ਨਰੋਲ ਆਪਣਾ ਨਾਮ ਝੋਲੀ ਪਾਈਆ । ਜਨ ਭਗਤ ਕਹੇ ਪ੍ਰਭੂ ਤੂੰ ਧੁਰ ਦਾ ਸਾਲਸ, ਸਚ ਸਾਲਸੀ ਰਿਹਾ ਕਮਾਈਆ । ਸ੍ਰੀ ਭਗਵਾਨ ਕਹੇ ਇਹ ਮੇਰੀ ਆਦਤ, ਜੁਗ ਜੁਗ ਭਗਤਾਂ ਪਾਰ ਲੰਘਾਈਆ । ਜਨ ਭਗਤ ਕਹੇ ਪ੍ਰਭੂ ਕੂੜੀ ਕਿਰਿਆ ਵੇਖ ਕਿਆਮਤ, ਭੈ ਭੌ ਰਿਹਾ ਡਰਾਈਆ । ਸ੍ਰੀ ਭਗਵਾਨ ਕਿਹਾ ਮੇਰਾ ਭਗਤ ਸਹੀ ਸਲਾਮਤ, ਤੱਤੀ ਵਾ ਨਾ ਲਾਗੇ ਰਾਈਆ । ਭਗਤ ਕਹੇ ਪ੍ਰਭ ਤੇਰਾ ਪਿਆਰ ਸਚੀ ਨਿਆਮਤ, ਦਿਵਸ ਰੈਣ ਰਿਹਾ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਿਤਾ ਚੁਕਾਈਆ । ਭਗਤ ਕਹੇ ਮੇਰੇ ਭਗਵਾਨ, ਤੁਧ ਬਿਨ ਭਾਗ ਨਾ ਕੋਇ ਲਗਾਈਆ । ਭਗਵਾਨ ਕਹੇ ਮੇਰੇ ਭਗਤ ਸੁਜਾਨ, ਤੁਧ ਬਿਨ ਮੇਰਾ ਨਾਮ ਨਾ ਕੋਇ ਧਿਆਈਆ । ਭਗਤ ਕਹੇ ਮੇਰੇ ਸ੍ਰੀ ਭਗਵਾਨ, ਤੁਧ ਬਿਨ ਮਿਹਰ ਨਜ਼ਰ ਨਾ ਕੋਇ ਉਠਾਈਆ । ਭਗਵਾਨ ਕਹੇ ਮੇਰੇ ਭਗਤ ਨੌਜਵਾਨ, ਤੁਧ ਬਿਨ ਮੇਰਾ ਨਿਸ਼ਾਨ ਨਾ ਕੋਇ ਝੁਲਾਈਆ । ਭਗਤ ਕਹੇ ਮੇਰੇ ਮਿਹਰਵਾਨ, ਤੁਧ ਬਿਨ ਮਹਿਬੂਬ ਨਜ਼ਰ ਕੋਇ ਨਾ ਆਈਆ । ਭਗਵਾਨ ਕਹੇ ਮੇਰੇ ਭਗਤ ਚਤੁਰ ਸੁਘੜ ਸੁਜਾਨ, ਤੇਰੇ ਬਿਨਾ ਸਚ ਅਰੂਜ ਅਰਸ਼ ਫ਼ਰਸ਼ ਸੋਭਾ ਕੋਇ ਨਾ ਪਾਈਆ । ਭਗਤ ਕਹੇ ਮੇਰੇ ਜਾਣੀਜਾਣ, ਤੂੰ ਧੰਨ ਜਣੇਂਦੀ ਮੇਰੀ ਮਾਈਆ । ਭਗਵਾਨ ਕਹੇ ਭਗਤ ਮੇਰੇ ਦਰ ਪਰਵਾਨ, ਜਿਨ੍ਹਾਂ ਦਾ ਪਿਤਾ ਪੁਰਖ ਅਕਾਲੇ ਹੋਵੇ ਗੋਦ

ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਭਗਤ ਕਹੇ ਮੇਰੇ ਭਗਵੰਤ, ਤੁਧ ਬਿਨ ਮਿਲੇ ਨਾ ਮਾਣ ਵਡਿਆਈਆ । ਭਗਵਾਨ ਕਹੇ ਭਗਤ ਮੇਰੇ ਸਾਚੇ ਸੰਤ, ਜਿਸ ਨੂੰ ਸਚੀ ਸੰਤਾਨ ਲਿਆ ਬਣਾਈਆ । ਭਗਤ ਕਹੇ ਪ੍ਰਭ ਮੇਰੇ ਸਚੇ ਕੰਤ, ਤੁਧ ਬਿਨ ਆਤਮ ਸੇਜ ਨਾ ਕੋਇ ਸੁਹਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਮੇਰਾ ਮੰਤ, ਸਾਚਾ ਢੋਲਾ ਨਾਮ ਨਾ ਕੋਇ ਗਾਈਆ । ਜਨ ਭਗਤ ਕਹੇ ਪ੍ਰਭੂ ਤੇਰਾ ਕੋਈ ਨਹੀਂ ਅੰਤ, ਬੇਅੰਤ ਤੇਰੀ ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਮੇਰਾ ਵਸੇਰਾ ਲੱਖ ਚੁਰਾਸੀ ਜੀਵ ਜੰਤ, ਜਿਨ੍ਹਾਂ ਵਿਚੋਂ ਗੁਰਮੁਖਾਂ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਕਾਵਣਹਾਰਾ ਲੇਖਾ ਅਗੰਮ ਅਥਾਹੀਆ । ਭਗਤ ਕਹੇ ਪ੍ਰਭੂ ਦੇਵੇਂ ਕੀ, ਕਵਣ ਵਸਤ ਝੋਲੀ ਪਾਈਆ । ਸ੍ਰੀ ਭਗਵਾਨ ਕਿਹਾ ਸਚ ਪਿਆਰ ਦੇ ਬਣਾ ਕੇ ਪੁਤਰ ਧੀ, ਆਪਣਾ ਨਾਤਾ ਲਵਾਂ ਜੁੜਾਈਆ । ਭਗਤ ਕਿਹਾ ਕੀ ਨਿਰਮਲ ਕਰੇਂ ਜੀ, ਮਨ ਮਤਿ ਬੁਧਿ ਬਿਬੇਕ ਕਰਾਈਆ । ਸ੍ਰੀ ਭਗਵਾਨ ਕਿਹਾ ਲੇਖਾ ਚੁਕਾ ਕੇ ਸਾਢੇ ਤਿੰਨ ਹੱਥ ਸੀਂ, ਆਪਣੀ ਜੋਤ ਲਵਾਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਪਾਰ ਲੰਘਾਈਆ ।


੬੦੩

## ✻ ੧੯ ਚੇਤ ਸ਼ਹਿਨਸ਼ਾਹੀ ਸੰਮਤ ੧ ਨਵਾਂ ਸ਼ਹਿਰ ਪੀ ਏ ਪੀ ਕੈਂਪ ਜੰਮੂ ✻

ਚੰਗੀ ਗੱਲ ਆਤਮ ਪਰਮਾਤਮ ਰੰਗ, ਦੁਰਮਤ ਮੈਲ ਰਹਿਣ ਨਾ ਪਾਈਆ । ਧੁਨ ਆਤਮਕ ਸ਼ਬਦ ਅਨਾਦ ਵਜੇ ਮਰਦੰਗ, ਅਗੰਮੀ ਰਾਗ ਸੁਣਾਈਆ । ਕੂੜੀ ਕਿਰਿਆ ਹਉਮੇ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਟੁੱਟੇ ਸੰਗ, ਜੂਠ ਝੂਠ ਰਹਿਣ ਨਾ ਪਾਈਆ । ਸਚ ਪਰਕਾਸ਼ ਜੋਤੀ ਨੂਰ ਚੜ੍ਹੇ ਚੰਦ, ਅਗਿਆਨ ਅੰਧੇਰ ਦਏ ਮਿਟਾਈਆ । ਨਿਜ ਆਤਮ ਨਿਜ ਘਰ ਮਿਲੇ ਇਕ ਅਨੰਦ, ਬੂੰਦ ਸਵਾਂਤੀ ਅੰਮ੍ਰਿਤ ਝਿਰਨਾ ਨਿਝਰ ਦਏ ਝਿਰਾਈਆ । ਦੂਈ ਦਵੈਤ ਭਉ ਭਰਮ ਢਹੇ ਕੰਧ, ਮਨ ਮਨਕਾ ਦਏ ਭਵਾਈਆ । ਸਾਚੀ ਧਾਰ ਸਤਿ ਸਰੋਵਰ ਕਾਇਆ ਗ੍ਰਹਿ ਵਗੇ ਗੰਗ, ਰਸ ਇਕੋ ਇਕ ਚਵਾਈਆ । ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਵਸੇ ਸੰਗ, ਸਗਲਾ ਸੰਗੀ ਅੰਗੀਕਾਰ ਅੰਗ ਲਗਾਈਆ । ਸੁਰਤ ਸੁਵਾਣੀ ਜਗਤ ਦੁਹਾਗਣ ਨਾ ਰਹੇ ਰੰਡ, ਕੰਤ ਵਡਭਾਗੀ ਮਿਲ ਮਿਲ ਖ਼ੁਸ਼ੀ ਮਨਾਈਆ । ਜਿਨ੍ਹਾਂ ਗੁਰਮੁਖਾਂ ਸਤਿਗੁਰੂ ਦੀ ਚੰਗੀ ਗੱਲ ਆ ਗਈ ਪਸੰਦ, ਉਹਨਾਂ ਦੀ ਪੁਸ਼ਤ ਪਨਾਹ ਗੁਰ ਆਪਣਾ ਹੱਥ ਟਿਕਾਈਆ । ਚੰਗੀ ਗੱਲ ਮਾਰਨਾ ਮਨ, ਮਨਸਾ ਮਨ ਹੀ ਮਾਹੇਂ ਖਪਾਈਆ । ਚੰਗੀ ਗੱਲ ਗੁਰਮੁਖਾਂ ਸੰਗ, ਗੁਰਸਿੱਖਾਂ ਮਿਲ ਮਿਲ ਖ਼ੁਸ਼ੀ ਮਨਾਈਆ । ਚੰਗੀ ਗੱਲ ਭਗਤਾਂ ਕੋਲੋਂ ਭਗਵਾਨ ਨੂੰ ਮਿਲਣ ਦਾ ਸਿਖਣਾ ਢੰਗ, ਤਰੀਕਾ ਧੁਰ ਦਾ ਦੇਣ ਸਮਝਾਈਆ । ਚੰਗੀ ਗੱਲ ਤਨ ਰਬਾਬ ਵਜੌਣੀ ਤੰਦ, ਸਾਰੰਗ ਬਹੱਤਰ ਨਾੜ ਬਣਾਈਆ । ਚੰਗੀ ਗੱਲ ਨੌ ਦਵਾਰੇ ਪਾਰ ਵੇਖਣਾ ਲੰਘ, ਸ਼ਾਹ ਰਗ ਦੇ ਉਪਰ ਦਰਸ਼ਨ ਪਾਈਆ । ਚੰਗੀ ਗੱਲ ਝਗੜਾ ਮਕੌਣਾ ਜੇਰਜ ਅੰਡ, ਉਤਭੁਜ ਸੇਤਜ ਢੇਰੀ ਢਾਹੀਆ । ਚੰਗੀ ਗੱਲ ਸੈਰ ਕਰਨਾ ਬ੍ਰਹਿਮੰਡ ਖੰਡ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖ ਵਖਾਈਆ । ਚੰਗੀ ਗੱਲ ਸਤਿਗੁਰ ਸ਼ਬਦ ਦਾ ਸੁਣਨਾ ਛੰਦ,

ਜੋ ਧੁਰ ਦਾ ਢੋਲਾ ਦਏ ਸੁਣਾਈਆ । ਚੰਗੀ ਗੱਲ ਮੇਲ ਮਿਲੌਣਾ ਨਿਵਾਸੀ ਸਚਖੰਡ, ਜੋ ਘਟ ਘਟ ਅੰਦਰ ਰਿਹਾ ਸਮਾਈਆ । ਜੇ ਚੰਗੀ ਗੱਲ ਆ ਜਾਏ ਇਕ ਪਸੰਦ, ਅਗਲਾ ਪਿਛਲਾ ਲੇਖਾ ਰਹਿਣ ਨਾ ਪਾਈਆ । ਚੰਗੀ ਗਲ ਜੇ ਪ੍ਰਭ ਨੂੰ ਸਮਝੋ ਮੀਤ, ਮਿਤਰ ਪਿਆਰਾ ਨਜ਼ਰੀ ਆਈਆ । ਸਾਚੀ ਸਿਖ ਲਓ ਰੀਤ, ਸੋਹਣੀ ਮਿਲੇ ਵਡਿਆਈਆ । ਚੰਗੀ ਗੱਲ ਅੰਦਰੋਂ ਬਦਲ ਜਾਏ ਨੀਤ, ਕੁਟਲਤਾ ਮਨ ਦਏ ਗਵਾਈਆ । ਚੰਗੀ ਗੱਲ ਆਤਮਾ ਪਰਮਾਤਮਾ ਦਾ ਗਾਵੇ ਗੀਤ, ਦੂਜਾ ਰਾਗ ਨਾ ਕੋਇ ਸ਼ਨਵਾਈਆ । ਚੰਗੀ ਗੱਲ ਪ੍ਰੇਮ ਪਿਆਰ ਨੀਚਾਂ ਨੀਚ, ਜ਼ਾਤ ਪਾਤ ਦੀਨ ਮਜ਼੍ਹਬ ਝਗੜਾ ਨਾ ਕੋਇ ਰਖਾਈਆ । ਚੰਗੀ ਗੱਲ ਸਤਿਗੁਰ ਸ਼ਬਦ ਪੈਗ਼ੰਬਰ ਕਲਮਾ ਹਜ਼ਰਤ ਹਦੀਸ, ਸਚ ਕਰੇ ਪੜ੍ਹਾਈਆ । ਚੰਗੀ ਗੱਲ ਧੁਰ ਫਰਮਾਨਾ ਮੰਨੇ ਠੀਕ, ਕੂੜਾ ਠੀਕਰ ਤਨ ਭੰਨਾਈਆ । ਚੰਗੀ ਗੱਲ ਝਗੜਾ ਚੁਕ ਜਾਏ ਮੰਦਰ ਮਸੀਤ, ਕਾਇਆ ਕਾਅਬਾ ਦੋ ਦੋਆਬਾ ਵੇਖ ਵਖਾਈਆ । ਚੰਗੀ ਗੱਲ ਗੁਰ ਅਵਤਾਰ ਪੀਰ ਪੈਗ਼ੰਬਰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਕਰ ਕੇ ਗਏ ਨਸੀਹਤ, ਧੁਰ ਦਾ ਹੁਕਮ ਸੁਣਾਈਆ । ਚੰਗੀ ਗੱਲ ਜੇ ਆਪਣੇ ਵਿਚੋਂ ਆਪਣੀ ਆਤਮਾ ਦੀ ਲਭ ਲਓ ਅਸਲੀਅਤ, ਅਸਲ ਹਰਿ ਹਰਿ ਨਜ਼ਰੀ ਆਈਆ । ਚੰਗੀ ਗੱਲ ਜੇ ਆਪਣੀ ਜਾਣ ਲਓ ਵਲਦੀਅਤ, ਪੁਰਖ ਅਕਾਲ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਚੰਗੀ ਗੱਲ ਜੇ ਗੁਰਸਿਖ ਕਰੇ ਮਨਜ਼ੂਰ, ਅੰਤਰ ਅੰਤਰ ਧਿਆਨ ਲਗਾਈਆ । ਦੇਵਣਹਾਰ ਪ੍ਰਭੂ ਭਰਪੂਰ, ਅਤੋਟ ਅਤੁਟ ਵਰਤਾਈਆ । ਕਰਮ ਕਾਂਡ ਪੂਰਬ ਜਨਮ ਕਰਮ ਦੇ ਕਟ ਕਸੂਰ, ਕਸਰ ਇਸ਼ਾਰੀਆ ਨਾਲ ਵਟਾਈਆ । ਆਤਮ ਪਰਮਾਤਮ ਬਖ਼ਸ਼ ਕੇ ਸਚ ਸਰੂਰ, ਨਾਮ ਖ਼ੁਮਾਰੀ ਦਏ ਚੜ੍ਹਾਈਆ । ਕੂੜੀ ਕਿਰਿਆ ਕਢ ਕੇ ਗ਼ਰੂਰ, ਹਉਮੇ ਹੰਗਤਾ ਗੜ੍ਹ ਤੁੜਾਈਆ । ਨਿਰਮਲ ਜੋਤੀ ਦੀਆ ਬਾਤੀ ਘਰ ਕਮਲਾਪਾਤੀ ਬਖ਼ਸ਼ੇ ਨੂਰ, ਸਚ ਉਜਾਲਾ ਇਕ ਵਖਾਈਆ । ਨਾਦ ਧੁਨ ਰਾਗ ਅਗੰਮੀ ਕਾਇਆ ਤਤ ਵਜਾਏ ਤੰਬੂਰ, ਤੂੰ ਹੀ ਤੂੰ ਹੀ ਰਾਗ ਦਏ ਸੁਣਾਈਆ । ਮਨ ਵਾਸਨਾ ਉਡਾ ਕੇ ਮਨ ਕਫ਼ੂਰ, ਬੁਧਿ ਬਿਬੇਕ ਦਏ ਜਣਾਈਆ । ਦਰਸ ਦਿਖਾਏ ਹੋ ਕੇ ਹਾਜ਼ਰ ਹਜ਼ੂਰ, ਸਵੱਛ ਸਰੂਪੀ ਅਨਰੰਗ ਰੂਪੀ ਸ਼ਾਹੋ ਭੂਪੀ ਬਜਰ ਕਪਾਟੀ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚੀ ਗੱਲ ਸਚਾ ਨਾਮ ਇਕ ਸਮਝਾਈਆ । ਸਚੀ ਗੱਲ ਸਚਾ ਨਾਮ, ਜੋ ਲਿਖਣ ਪੜ੍ਹਨ ਵਿਚ ਕਦੇ ਨਾ ਆਇੰਦਾ । ਚਾਰ ਜੁਗ ਜਿਸ ਦੇ ਗ਼ੁਲਾਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਗਾਵਣ ਗਾਣ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਲਾਹਿੰਦਾ । ਜਗਤ ਨੇਤਰ ਨਜ਼ਰ ਨਾ ਆਏ ਕਿਸੇ ਨਿਸ਼ਾਨ, ਦ੍ਰਿਸ਼ਟ ਇਸ਼ਟ ਨਾ ਕੋਇ ਖੁਲ੍ਹਾਇੰਦਾ । ਜਿਸ ਦੀ ਕਲਮਿਆਂ ਤੋਂ ਬਾਹਰ ਕਲਾਮ, ਕਾਇਨਾਤ ਵਿਚ ਜਾਨਣਾ ਨਹੀਂ ਆਸਾਨ, ਆਲਮ ਉਲਮਾ ਭੇਵ ਕੋਇ ਨਾ ਪਾਇੰਦਾ । ਦੇਵਣਹਾਰ ਵਡ ਮਿਹਰਵਾਨ, ਮਿਹਬਾਨ ਬੀਦੋ ਬੀਖ਼ੈਰ ਯਾ ਅਲਾਹ ਇਲਾਹੀ ਨੂਰ ਆਪਣਾ ਹੁਕਮ ਵਰਤਾਇੰਦਾ । ਮੁਕਾਮੇ ਹਕ ਜਿਸ ਦਾ ਨਿਸ਼ਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਖੇਲ ਕਰਾਇੰਦਾ । ਸਚੀ ਗੱਲ ਜਿਸ ਜਾਣ ਲਈ ਵਿਚ ਜਹਾਨ, ਤਿਨ੍ਹਾਂ ਦਵਾਰੇ ਮਹਿਮਾਨ ਪੁਰਖ ਅਬਿਨਾਸ਼ੀ ਆਪੇ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਆਪ ਚੁਕਾਇੰਦਾ । ਸਚੀ ਗੱਲ ਸੁਣ ਲੈ ਸਚ ਸਤਿਗੁਰ, ਸਚ ਸਚ ਦ੍ਰਿੜਾਈਆ । ਕਾਇਆ ਮਾਟੀ ਪੰਜ ਤਤ, ਅਪ

ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਦਿਤਾ ਪਾਈਆ । ਵਸਤ ਅਮੋਲਕ ਕਾਇਆ ਗੋਲਕ ਅਗੰਮੀ ਢਕ, ਪੜਦਾ ਲਿਆ ਰਖਾਈਆ । ਸ੍ਰਿਸ਼ਟ ਸਬਾਈ ਮਨ ਵਾਸਨਾ ਚਾਰ ਕੁੰਟ ਦਹਿ ਦਿਸ਼ਾ ਰਹੀ ਨਠ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਕੋਈ ਨਾ ਸਕੇ ਲਭ, ਜਗਤ ਵਿਦਿਆ ਖੋਜ ਨਾ ਕੋਇ ਖੁਜਾਈਆ । ਸਾਹਿਬ ਸਤਿਗੁਰ ਦੀਨ ਦਿਆਲ ਹੋ ਕਿਰਪਾਲ, ਸਿੰਘ ਕਿਰਪਾਲ ਜਿਸ ਨੂੰ ਸਾਚੀ ਗੱਲ ਦਏ ਦੱਸ, ਤਿਨ੍ਹਾਂ ਦਹਿ ਦਿਸ਼ਾ ਇਕੋ ਨਜ਼ਰੀ ਆਈਆ । ਹਿਰਦੇ ਹਰਿ ਹਰਿ ਕਾ ਰੂਪ ਹੋ ਕੇ ਜਾਏ ਵਸ, ਨਾਮ ਨਿਧਾਨ ਮਾਰੇ ਸੱਟ, ਨਿਜ ਨੇਤਰ ਖੋਲ੍ਹੇ ਅੱਖ, ਪਰਗਟ ਹੋਏ ਪਰਤਖ, ਜੋਤ ਕਰ ਪਰਕਾਸ਼ ਮੰਡਲ ਰਾਸ, ਗੋਪੀ ਕਾਹਨ ਸੀਤਾ ਰਾਮ ਗੋਬਿੰਦ ਨਿਸ਼ਾਨ ਨਾਨਕ ਸਤਿਨਾਮ ਰੂਪਨ ਰੂਪ ਮਹਾਨ ਆਪਣਾ ਦਏ ਵਖਾਈਆ । ਸਚੀ ਗੱਲ ਕਹੇ ਜੇ ਕੋਈ ਮੈਨੂੰ ਮੰਗੇ, ਚੰਗੀ ਤਰਾ ਦਿਆਂ ਜਣਾਈਆ । ਦੋ ਅੱਖਾਂ ਵਾਲੇ ਮੈਨੂੰ ਜਗਤ ਜਹਾਨ ਦਿਸਦੇ ਅੰਨ੍ਹੇ, ਨਿਜ ਨੇਤਰ ਪ੍ਰਭ ਸਚਾ ਨਜ਼ਰੀ ਆਈਆ । ਕਰ ਕਿਰਪਾ ਜਿਸ ਨੇ ਘਰ ਭੋਗ ਲਗਾਇਆ ਧੰਨੇ, ਬਿਦਰ ਸੁਦਾਮੇ ਦਿਤੀ ਵਡਿਆਈਆ । ਉਹ ਠਾਕਰ ਸਵਾਮੀ ਸਾਹਿਬ ਸਭ ਦੀਆਂ ਮੰਨੇ, ਜੋ ਸਚੀ ਗੱਲ ਸੁਣ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਮਾਲਕ ਇਕ ਅਖਵਾਈਆ । ਚੰਗੀ ਗੱਲ ਕਹੇ ਮੇਰੀ ਚੰਗੀ ਬਾਤ, ਮੰਦਿਆਂ ਚੰਗੇ ਦੇਵਾਂ ਬਣਾਈਆ । ਕਲਜੁਗ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਮੇਰੀ ਅੱਖ ਸ਼ਰਮਾਈਆ । ਮੈਨੂੰ ਐਂ ਦਿਸਦਾ ਜਿਵੇਂ ਸਾਰੇ ਪ੍ਰਭੂ ਦੀ ਜ਼ਾਤ, ਪਰਮਾਤਮਾ ਬੈਠੇ ਭੁਲਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹਦੇ ਗਾਥ, ਢੋਲੇ ਰਾਗਾਂ ਨਾਦਾਂ ਨਾਲ ਸੁਣਾਈਆ । ਸਚੀ ਗੱਲ ਕਹੇ ਸਤਿ ਸੁਣ ਕੇ ਮੰਨ ਕੇ ਵਿਚ ਹੋਇਆ ਨਾ ਕੋਇ ਵਿਸਮਾਦ, ਬਿਸਮਿਲ ਰੂਪ ਨਾ ਕੋਇ ਵਟਾਈਆ । ਜਿਨ੍ਹਾਂ ਗੁਰਮੁਖਾਂ ਭਗਤਾਂ ਸੰਤਾਂ ਸੂਫ਼ੀਆਂ ਪ੍ਰਭੂ ਦੀ ਸਚੀ ਗੱਲ ਰੱਖੀ ਯਾਦ, ਤਿਨ੍ਹਾਂ ਦੀ ਯਾਦਾਸ਼ਤ ਅਬਿਨਾਸ਼ੀ ਕਰਤੇ ਨਾ ਕਦੇ ਭੁਲਾਈਆ । ਸਚੀ ਗੱਲ ਪਿਛੇ ਕਾਇਆ ਖੇੜਾ ਹੋਇਆ ਆਬਾਦ, ਗ੍ਰਿਹ ਮੰਦਰ ਵੱਜੇ ਵਧਾਈਆ । ਜੇ ਪੂਰਾ ਸਚ ਦੱਸੀਏ ਫੇਰ ਹੋਣਾ ਪਏ ਨਰਾਜ, ਜਗਤ ਜਗਿਆਸੂਆਂ ਪੂਰੀ ਗੱਲ ਸਚੀ ਕਿਸੇ ਨਾ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚੀ ਗੱਲ ਇਕੋ ਆਪਣਾ ਨਾਮ ਦਏ ਸਮਝਾਈਆ । ਸਚੀ ਗੱਲ ਪ੍ਰਭ ਕਾ ਨਾਮ, ਰਹੀਮ ਇਕੋ ਨਜ਼ਰੀ ਆਇੰਦਾ । ਸਚੀ ਗੱਲ ਧੁਰ ਦਾ ਜਾਮ, ਸਤਿ ਪਿਆਲਾ ਆਪ ਪਿਆਇੰਦਾ । ਸਚੀ ਗੱਲ ਨਿਰਗੁਣ ਨਿਰਵੈਰ ਨਿਰਾਕਾਰ ਰਾਮ, ਰੂਪ ਰੰਗ ਰੇਖ ਨਾ ਕੋਇ ਵਟਾਇੰਦਾ । ਸਚੀ ਗੱਲ ਧੁਰ ਦਰਗਾਹੀ ਪੈਗ਼ਾਮ, ਇਲਹਾਮ ਆਪਣੀ ਕਾਰ ਕਮਾਇੰਦਾ । ਸਚੀ ਗੱਲ ਸਚ ਨਿਸ਼ਾਨ, ਦੋ ਜਹਾਨ ਇਕੋ ਇਕ ਵਖਾਇੰਦਾ । ਸਚੀ ਗੱਲ ਜੇ ਘਰ ਆਏ ਮਹਿਮਾਨ ਲਉ ਪਹਿਚਾਨ, ਪਰਦਾ ਓਹਲਾ ਹੋਰ ਨਾ ਕੋਇ ਵਖਾਇੰਦਾ । ਪ੍ਰਭ ਨੂੰ ਮਿਲਣਾ ਮੰਜ਼ਲ ਚੜ੍ਹਨਾ ਦਰਸ਼ਨ ਕਰਨਾ ਹੋ ਜਾਵੇ ਆਸਾਨ, ਮੁਸ਼ਕਲ ਸਾਰੀ ਹਲ ਕਰਾਇੰਦਾ । ਸਚੀ ਗੱਲ ਪ੍ਰਭ ਦਾ ਸਚਾ ਕਲਮਾ ਤੇ ਸਚੀ ਕਲਾਮ, ਸਚਾ ਨਾਮ ਇਕੋ ਇਕ ਦਰਸਾਇੰਦਾ । ਸਚੀ ਗੱਲ ਹਜ਼ਰਤਾਂ ਪੀਰਾਂ ਪੈਗ਼ੰਬਰਾਂ ਗੁਰ ਅਵਤਾਰਾਂ ਭਗਤਾਂ ਸੰਤਾਂ ਮੰਨੀ ਇਕ ਜਹਾਨ, ਦੂਜਾ ਸਚੀ ਗੱਲ ਆਪਣੇ ਅੰਦਰ ਨਾ ਕੋਇ ਵਸਾਇੰਦਾ । ਸਚੀ ਗੱਲ ਉਹਨਾਂ ਦੇਵੇ ਮਾਣ, ਜਿਨ੍ਹਾਂ ਤੁਟੇ ਹੰਕਾਰ ਅਭਿਮਾਨ, ਪ੍ਰਭੂ ਸਾਖਿਆਤ ਮਿਲੇ ਆਣ, ਆਤਮ ਪਰਮਾਤਮ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚੀ ਗੱਲ ਸਚ ਕਰ ਵਖਾਈਆ । ਸਚੀ ਗੱਲ ਕਹੇ ਸਚ ਪ੍ਰਭ ਏਕ, ਏਕੰਕਾਰ ਨਜ਼ਰੀ ਆਈਆ । ਆਦਿ ਜੁਗਾਦਿ ਜਿਸ ਦੀ

੬੦੫

ਟੇਕ, ਜੁਗ ਚੌਕੜੀ ਹੋਏ ਸਹਾਈਆ । ਜਿਸ ਦਾ ਰੂਪ ਅਨੂਪ ਅਨੇਕ, ਅਨਕ ਕਲਧਾਰੀ ਖੇਲ ਖਿਲਾਈਆ । ਜੋਤੀ ਜਾਤਾ ਧਰ ਕੇ ਭੇਸ, ਨਰ ਨਰੇਸ਼ ਫੇਰਾ ਪਾਈਆ । ਸ਼ਬਦ ਸੰਦੇਸ਼ਾ ਦੇਵੇ ਦੇਸ ਪਰਦੇਸ, ਨਵ ਨੌ ਚਾਰ ਰਿਹਾ ਸੁਣਾਈਆ । ਭਗਤ ਸੁਹੇਲਿਆਂ ਕਰੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਸਚੀ ਗੱਲ ਸੁਣਨ ਵਾਲਿਆਂ ਦੀ ਮੌਲੇ ਰੁਤ ਮਹੀਨਾ ਚੇਤ, ਆਤਮ ਫੁਲਵਾੜੀ ਗੁਲਸ਼ਨ ਵਾਲੇ ਗੁਲ ਆਪੇ ਦਏ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਾਵਣਹਾਰਾ ਸਚ ਦਰ, ਸਚੀ ਗੱਲ ਇਕ ਸਮਝਾਈਆ । ਸਚੀ ਗੱਲ ਕਹੇ ਮੇਰਾ ਡੂੰਘਾ ਰਾਜ਼, ਬਿਨ ਸਤਿਗੁਰ ਪੂਰੇ ਭੇਵ ਕੋਇ ਨਾ ਪਾਇੰਦਾ । ਮੈਂ ਹੱਥ ਨਾ ਆਵਾਂ ਪੜ੍ਹਿਆਂ ਨਿਮਾਜ਼, ਰੋਜ਼ਿਆਂ ਵਿਚ ਬੰਦ ਨਾ ਕੋਇ ਕਰਾਇੰਦਾ । ਪਾਠਾਂ ਵਿਚ ਨਾ ਮੇਰਾ ਸਵਾਦ, ਤੀਰਥ ਤਟਾਂ ਹੱਟ ਨਾ ਕੋਇ ਵਿਕਾਇੰਦਾ । ਮੰਦਰਾਂ ਮਸਜਿਦਾਂ ਵਿਚ ਨਾ ਦੇਵਾਂ ਸਾਥ, ਸ਼ਿਵਦਵਾਲੇ ਮਠ ਮੇਰਾ ਰਾਗ ਨਾ ਕੋਇ ਅਲਾਇੰਦਾ । ਕਿਰਪਾਨਿਧ ਠਾਕਰ ਸਵਾਮੀ ਜਿਨ੍ਹਾਂ ਨੂੰ ਸਚੀ ਗੱਲ ਸੁਣਾਵੇ ਆਪ, ਆਪਣਾ ਹੁਕਮ ਵਰਤਾਇੰਦਾ । ਤਿਨ੍ਹਾਂ ਦਾ ਰੂਹ ਬੁਤ ਹੋ ਜਾਏ ਪਾਕ, ਜਨਮ ਜ਼ਮੀਰ ਆਪ ਬਦਲਾਇੰਦਾ । ਸਚੀ ਗੱਲ ਸੁਣਨ ਦਾ ਗੁਰਮੁਖ ਵਿਰਲੇ ਲੋਕਮਾਤ ਮਿਲੇ ਇਤਫ਼ਾਕ, ਨਫ਼ਾਕ ਵਿਚ ਸ੍ਰਿਸ਼ਟ ਸਬਾਈ ਵਖਾਇੰਦਾ । ਸਚੀ ਗੱਲ ਕਹੇ ਜੇ ਮੈਂ ਸਚ ਕਹਾਂ ਆਜ, ਜਗਤ ਸਮਾਜ ਮੇਰਾ ਸੰਗ ਨਾ ਕੋਇ ਰਖਾਇੰਦਾ । ਸਚੀ ਗੱਲ ਪ੍ਰਭੂ ਚਰਨ ਪਿਆਰ ਸਚੀ ਦਾਤ, ਦਇਆਵਾਨ ਦਇਆਨਿਧ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ, ਘਟ ਜਾਨਤ ਬੇਪਹਿਚਾਨਤ, ਨੂਰ ਨੁਰਾਨਾ ਮਰਦ ਮਰਦਾਨਾ ਹਰਿ ਦਾਤਾ ਮਹਿਬੂਬ ਮੁਹੱਬਤ ਵਿਚ ਆਪ ਸੁਣਾਇੰਦਾ । ਸਚੀ ਗੱਲ ਕਹੇ ਮੈਂ ਐਡੀ ਵਡੀ, ਚਾਰ ਜੁਗ ਮੈਨੂੰ ਗਏ ਧਿਆਈਆ । ਪੁਰਖ ਅਕਾਲ ਨੇ ਆਪਣੀ ਧਾਰ ਵਿਚੋਂ ਕੱਢੀ, ਦੋ ਜਹਾਨ ਸੋਭਾ ਪਾਈਆ । ਨਾ ਮੈਂ ਬੁੱਢੀ ਨਾ ਮੈਂ ਨੱਢੀ, ਜੋਬਨਵੰਤੀ ਇਕੋ ਰੰਗ ਸਮਾਈਆ । ਨਾ ਮੇਰੀ ਪਸਲੀ ਨਾ ਮੇਰੀ ਹੱਡੀ, ਤੱਤਾਂ ਵਾਲਾ ਵਜੂਦ ਨਾ ਕੋਇ ਰਖਾਈਆ । ਮੈਂ ਕੋਈ ਕਿਸੇ ਦੀ ਸਾਂਭੀ ਨਹੀਂ ਗੱਦੀ, ਆਸਾ ਤ੍ਰਿਸ਼ਨਾ ਜਗਤ ਨਾ ਕੋਇ ਜਣਾਈਆ । ਮੈਂ ਜਦੋਂ ਕਰਾਂ ਗੱਲ ਸਚੀ ਤੇ ਹਕੀ, ਹਕ਼ੀਕ਼ਤ ਵਿਚੋਂ ਦਿਆਂ ਦ੍ਰਿੜਾਈਆ । ਸਤਿਗੁਰ ਦੀ ਸਚੀ ਗੱਲ ਕਦੇ ਨਾ ਹੋਵੇ ਸ਼ੱਕੀ, ਸ਼ਕਾਇਤ ਸ਼ਿਕਵੇ ਸਾਰੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚੀ ਗੱਲ ਕਹੇ ਮੈਂ ਬੜੀ ਡੂੰਘੀ, ਲੱਭਿਆ ਹੱਥ ਕਿਸੇ ਨਾ ਆਈਆ । ਸ੍ਰਿਸ਼ਟੀ ਵਿਚ ਮੈਂ ਬਣੀ ਰਹੀ ਗੂੰਗੀ, ਬਿਨ ਗੁਰਮੁਖਾਂ ਕਿਸੇ ਨੂੰ ਬਚਨ ਨਾ ਕੋਇ ਸੁਣਾਈਆ । ਮੈਂ ਸੁੱਤੀ ਰਹੀ ਮੂਦੀ, ਆਪਣੀ ਲਈ ਨਾ ਕੋਇ ਅੰਗੜਾਈਆ । ਮੈਂ ਕਿਸੇ ਹੱਥ ਨਾ ਆਵਾਂ ਢੂੰਡੀ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਖੋਜਣ ਥਾਉਂ ਥਾਈਂਆ । ਜਿਥੇ ਇਕ ਆਵਾਜ਼ ਆਵੇ ਤੂੰ ਤੂੰ ਦੀ, ਉਥੇ ਆਪਣਾ ਫੇਰਾ ਲਵਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚੀ ਗੱਲ ਜਿਸ ਨੂੰ ਕਹਿੰਦੇ ਸ਼ਬਦ ਅਟਲ, ਬ੍ਰਹਿਮੰਡ ਖੰਡ ਨਾ ਜਾਏ ਹਲ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਚੀ ਗੱਲ ਪਿਛੇ ਸਚੇ ਰੱਬ ਨੂੰ ਲੱਭਣ ਥਾਉਂ ਥਾਈਂਆ । ਸਚੀ ਗੱਲ ਜੇ ਮੈਂ ਨਾ ਔਂਦੀ ਜਗ, ਲੋਕਮਾਤ ਲੈਂਦੀ ਅੰਗੜਾਈਆ । ਸਾਰੀ ਸ੍ਰਿਸ਼ਟੀ ਦਾ ਰੂਪ ਹੋ ਜਾਂਦਾ ਕੱਗ, ਹੰਸ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਅੰਦਰ ਲਗੀ ਰਹਿੰਦੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਨ ਵਾਸਨਾ ਜੀਵ ਜੰਤ ਜਾਂਦੇ ਨਚ, ਸਤਿ

੬੦੬

ਸਤਿ ਨਾ ਕੋਇ ਦ੍ਰਿੜਾਈਆ । ਇਹ ਥੋੜੀ ਜਿਹੀ ਵਸਤੂ ਪ੍ਰਭੂ ਨੇ ਰੱਖੀ ਆਪਣੇ ਹੱਥ, ਦੂਸਰੇ ਹੱਥ ਨਾ ਕਿਸੇ ਫੜਾਈਆ । ਜਿਸ ਵੇਲੇ ਜਨ ਭਗਤ ਤੇਰਾ ਪਰਗਟੇ ਵਤ, ਉਹਨਾਂ ਨੂੰ ਆਪਣੀ ਸਿੱਧੀ ਗੱਲ ਦਏ ਪਰਗਟਾਈਆ । ਜਨ ਭਗਤੋ ਤੁਹਾਡੀ ਕਾਇਆ ਮੰਦਰ ਅੰਦਰ ਖੋਲ੍ਹ ਕੇ ਹੱਟ, ਆਪਣਾ ਨਾਮ ਦਿਆਂ ਟਿਕਾਈਆ । ਵੇਖਿਓ ਉਹਨੂੰ ਨਾ ਦਿਉ ਦੱਸ, ਜਿਹੜਾ ਮੇਰਾ ਨਾਮ ਸੁਣ ਕੇ ਮੈਥੋਂ ਮੁਖ ਭਵਾਈਆ । ਇਹ ਭਗਤਾਂ ਦਾ ਹਕ, ਹਾਕਮ ਹੋ ਕੇ ਝੋਲੀ ਦਿਤੀ ਭਰਾਈਆ । ਜੇ ਸਚੀ ਗੱਲ ਪੁਛ ਕੇ ਸਚ ਲੱਭਣ ਦੀ ਆਸ, ਇਹ ਵੀ ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਜੇ ਬੁੱਧੀ ਨਾਲ ਕਰੋ ਕਿਆਸ, ਕ਼ਿਸਮਤ ਦੇਵੇ ਉਲਟਾਈਆ । ਜੇ ਗੱਲਾਂ ਵਾਲਾ ਸੁਆਲ ਜਵਾਬ, ਤੇ ਵਲ ਛਲ ਕਰ ਕੇ ਆਪਣਾ ਖੇਲ ਕਰਾਈਆ । ਸਚ ਗੱਲ ਕਹੇ ਮੈਂ ਓਸੇ ਦਾ ਪਰਤਾਪ, ਜਿਸ ਨੇ ਮੈਨੂੰ ਲੋਕਮਾਤ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਗੱਲ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਗੁਰ ਪਰਮੇਸ਼ਵਰ ਆਪ ਸਮਝਾਈਆ ।

### ✳ ੧੯ ਚੇਤ ਸ਼ਹਿਨਸ਼ਾਹੀ ਸੰਮਤ ੧ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਕਲੋਏ ਜੰਮੂ ✳

ਪਾਰ ਉਤਾਰਨਹਾਰ ਸਵਾਮੀ, ਸਰਬ ਜੀਆਂ ਪ੍ਰਿਤਪਾਲਾ ਏ । ਭਗਤ ਸਹੇਲਾ ਅੰਤਰਜਾਮੀ, ਦੋ ਜਹਾਨ ਸਦਾ ਰਖਵਾਲਾ ਏ । ਬਖ਼ਸ਼ਣਹਾਰਾ ਸਚ ਨਿਸ਼ਾਨੀ, ਨਾਮ ਭੰਡਾਰਾ ਦੀਨ ਦਿਆਲਾ ਏ । ਅੰਮ੍ਰਿਤ ਦੇਵੇ ਠੰਡਾ ਪਾਣੀ, ਸਤਿ ਰਸ ਭਰ ਪਿਆਲਾ ਏ । ਲੇਖਾ ਚੁਕਾਵੇ ਚਾਰੇ ਖਾਣੀ, ਗੁਰਮੁਖ ਬਣਾਏ ਆਪਣਾ ਲਾਲਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਦੋ ਜਹਾਨਾਂ ਏ । ਦੋ ਜਹਾਨ ਤਕਦਾ ਰਹਿੰਦਾ, ਵੇਖੇ ਥਾਉਂ ਥਾਈਆ । ਸਚਖੰਡ ਦੁਵਾਰੇ ਸਾਚੇ ਬਹਿੰਦਾ, ਸੁਖਆਸਣ ਸੋਭਾ ਪਾਈਆ । ਧੁਰ ਸੰਦੇਸ਼ਾ ਇਕੋ ਕਹਿੰਦਾ, ਜਨ ਭਗਤਾਂ ਦਏ ਸੁਣਾਈਆ । ਕੂੜੀ ਕਿਰਿਆ ਕਲਜੁਗ ਵਹਿਣ ਵਹਿੰਦਾ, ਰੁੜ੍ਹ ਨਾ ਜਾਣਾ ਸ਼ੌਹ ਦਰਿਆਈਆ । ਸਚ ਸਰਨਾਈ ਜੋ ਜਨ ਪੈਂਦਾ, ਪੁਰਖ ਅਕਾਲ ਲਏ ਤਰਾਈਆ । ਧੁਰ ਦਾ ਭਾਣਾ ਜੋ ਜਨ ਸਹਿੰਦਾ, ਸਿਰ ਆਪਣਾ ਹੱਥ ਰਖਾਈਆ । ਝਗੜਾ ਚੁਕ ਜਾਏ ਤੂੰ ਮੈਂ ਦਾ, ਮਮਤਾ ਮੋਹ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਚ ਲਿਖਾਈਆ । ਮਮਤਾ ਮੋਹ ਦਿਸੇ ਕੂੜ, ਕੂੜ ਕੁੜਿਆਰੀ ਦਏ ਗਵਾਈਆ । ਮਸਤਕ ਲਾ ਕੇ ਸਾਚੀ ਧੂੜ, ਧੁਰ ਦਾ ਮੇਲ ਮਿਲਾਈਆ । ਪ੍ਰੇਮ ਪਿਆਰ ਦਾ ਬਖ਼ਸ਼ ਕੇ ਨੂਰ, ਬੁਧਿ ਬਿਬੇਕ ਦਏ ਜਣਾਈਆ । ਪ੍ਰੀਤੀ ਅੰਦਰ ਹਾਜ਼ਰ ਹਜ਼ੂਰ, ਹਰਿਜਨ ਹੋ ਕੇ ਨਜ਼ਰੀ ਆਈਆ । ਪੂਰਬ ਜਨਮ ਦੇ ਕਟ ਕ਼ਸੂਰ, ਸਿਰ ਆਪਣਾ ਹੱਥ ਰਖਾਈਆ । ਭਗਤ ਸੁਹੇਲੇ ਕਰ ਮਨਜ਼ੂਰ, ਚਰਨ ਸਰਨ ਦੇਵੇ ਸਰਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰ, ... ... .... ... ।

### ✳ ੧੯ ਚੇਤ ਸ਼ਹਿਨਸ਼ਾਹੀ ਸੰਮਤ ੧ ਰਜਿੰਦਰ ਸਿੰਘ ਦੇ ਘਰ ਪਿੰਡ ਸੀੜ ਜੰਮੂ ✳

ਰੁਤੜੀ ਕਹੇ ਮੈਂ ਸੋਹਣੀ ਰੁਤ, ਛੇਆਂ ਰੁੱਤਾਂ ਵਿਚੋਂ ਨਜ਼ਰੀ ਆਈਆ । ਖੇਲ ਵੇਖਿਆ ਅਬਿਨਾਸ਼ੀ ਅਚੁਤ, ਪਾਰਬ੍ਰਹਮ ਆਪਣੀ ਦਇਆ

੬੦੮

ਕਮਾਈਆ । ਮਿਹਰਵਾਨ ਹੋ ਕੇ ਬਦਲਿਆ ਰੁਖ਼, ਵਖਰਾ ਰਾਹ ਤਕਾਈਆ । ਭਗਤ ਸੁਹੇਲੇ ਬਣਾ ਕੇ ਸੁਤ, ਦੁਲਾਰੇ ਆਪਣੀ ਗੋਦ ਉਠਾਈਆ । ਨੰਨ੍ਹੇ ਬੱਚੇ ਜਿਨ੍ਹਾਂ ਦੀ ਨਾ ਦਾੜ੍ਹੀ ਨਾ ਮੁੱਛ, ਆਪਣੇ ਰੰਗ ਰੰਗਾਈਆ । ਦੇਵਣਹਾਰਾ ਸਭ ਕੁਛ, ਧੁਰ ਦੀ ਦਾਤ ਨਾਮ ਰਿਹਾ ਵਰਤਾਈਆ । ਪਰਦਾ ਓਹਲਾ ਰਹੇ ਨਾ ਲੁਕ, ਦੇਵੇ ਦਰਸ ਧੁਰਦਰਗਾਹੀਆ । ਸਾਹਿਬ ਸਤਿਗੁਰ ਬੂਟਾ ਕਦੇ ਨਾ ਜਾਵੇ ਸੁਕ, ਪੱਤ ਡਾਲ੍ਹੀ ਆਪ ਮਹਿਕਾਈਆ । ਦੇਵਣਹਾਰ ਵਡਿਆਈ ਉਸ, ਜਿਸ ਨੂੰ ਆਪਣੀ ਬੂਝ ਬੁਝਾਈਆ । ਸਚ ਪ੍ਰੀਤੀ ਅੰਦਰ ਹੋਵੇ ਖ਼ੁਸ਼, ਖ਼ੁਸ਼ ਕ਼ਿਸਮਤ ਗੁਰਮੁਖ ਰਿਹਾ ਕਰਾਈਆ । ਸਾਹਿਬ ਸਵਾਮੀ ਗਿਆ ਤੁਠ, ਗਹਿਰ ਗੰਭੀਰ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਰੁਤੜੀ ਕਹੇ ਮੇਰੀ ਸਚ ਬਹਾਰ, ਆਪਣਾ ਰੰਗ ਵਖਾਈਆ । ਕਿਰਪਾ ਕਰ ਪਰਵਰਦਿਗਾਰ, ਦੀਨ ਦਿਆਲ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਮਦਦਗਾਰ, ਮਖ਼ਾਲਿਫ਼ਤ ਕਰੇ ਲੋਕਾਈਆ । ਹਰਿਜਨ ਸਾਚੇ ਲਏ ਉਭਾਰ, ਜੀਵਣ ਜੁਗਤ ਇਕ ਸਮਝਾਈਆ । ਕੂੜੀ ਕਿਰਿਆ ਨਾਤਾ ਤੋੜ ਸਰਬ ਸੰਸਾਰ, ਸਾਚਾ ਮੇਲਾ ਸਹਿਜ ਸੁਭਾਈਆ । ਕ਼ੁਦਰਤ ਦਾ ਕ਼ਾਦਰ ਤੇ ਕਰਨੀ ਦਾ ਯਾਰ, ਰਹਿਮਤ ਵਿਚ ਸਹਿਮਤ ਮੂੜ੍ਹ ਅਹਿਮਕ ਪਾਰ ਲੰਘਾਈਆ । ਦੀਦਾਂ ਦੀ ਦੀਦ ਦਰਸਾਂ ਦਾ ਦੀਦਾਰ, ਅਰਸ਼ਾਂ ਦਾ ਮਾਲਕ ਫ਼ਰਸਾਂ ਉਤੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਰੁਤ ਕਹੇ ਮੈਂ ਆਪਣੀ ਰੁਤ ਰਹੀ ਤਕਦੀ, ਜੁਗ ਚੌਕੜੀ ਅੱਖ ਖੁਲ੍ਹਾਈਆ । ਵੇਖਾਂ ਖੇਲ ਹਕੀਕਤ ਹਕ ਦੀ, ਜੋ ਮਲਕੀਅਤ ਨਾਲ ਦਏ ਵਡਿਆਈਆ । ਪ੍ਰੀਤੀ ਵੇਖਾਂ ਭਗਤ ਭਗਵਾਨ ਅੱਖ ਦੀ, ਜੋ ਇਕ ਦੂਜੇ ਦਾ ਰਾਹ ਤਕਾਈਆ । ਜੋੜੀ ਵੇਖਾਂ ਸਚ ਦੀ, ਜੋ ਵਿਛੜ ਕਦੇ ਨਾ ਜਾਈਆ । ਮੁਹੱਬਤ ਵੇਖਾਂ ਲਗਦੀ, ਜਿਸ ਦੀ ਲਗ ਮਾਤਰ ਦੇਵੇ ਨਾ ਕੋਇ ਗਵਾਹੀਆ । ਸ਼ਾਨ ਵੇਖਾਂ ਸ਼ਾਹ ਰਗ ਦੀ, ਜੋ ਸ਼ਹਿਨਸ਼ਾਹ ਰਹੀ ਮਿਲਾਈਆ । ਉਸ ਵੇਲੇ ਲੋੜ ਮਿਟ ਜਾਏ ਕਾਅਬਿਆਂ ਵਾਲੇ ਹੱਜ ਦੀ, ਰੋਜ਼ਾ ਨਮਾਜ਼ ਨਾ ਕੋਇ ਵਡਿਆਈਆ । ਮੈਂ ਓਸੇ ਦਾ ਰਾਹ ਤਕਦੀ, ਨੇਤਰ ਨੈਣ ਉਠਾਈਆ । ਜਿਸ ਦੇ ਹੁਕਮੇ ਅੰਦਰ ਵਸਦੀ, ਭੱਜਾਂ ਵਾਹੋ ਦਾਹੀਆ । ਮਿਲਣੀ ਵੇਖਣੀ ਓਸ ਸਮਰਥ ਦੀ, ਜੋ ਗੁਰਮੁਖਾਂ ਨਾਲ ਕਰੇ ਕੁੜਮਾਈਆ । ਕ਼ੀਮਤ ਪੈਂਦੀ ਵੇਖਣੀ ਕੱਖ ਦੀ, ਜੋ ਕੱਖੋਂ ਲੱਖ ਬਣਾਈਆ । ਮੈਂ ਇਸੇ ਕਰ ਕੇ ਟਪਦੀ ਨਚਦੀ, ਭੱਜਾਂ ਵਾਹੋ ਦਾਹੀਆ । ਅਗਲੀ ਆਸ ਰਖਦੀ, ਵਾਧਾ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਰੁਤ ਕਹੇ ਮੇਰੀ ਰੁਤੜੀ ਸੋਹਣੀ ਗਈ ਫੁੱਲ, ਮਹਿਕ ਆਪਣੀ ਰਹੀ ਵਖਾਈਆ । ਸਭ ਤੋਂ ਵਖਰੀ ਮੈਨੂੰ ਚੰਗੀ ਲਗੀ ਭਗਤਾਂ ਦੀ ਕੁਲ, ਜਿਸ ਨੂੰ ਕੁਲਵੰਤ ਦਏ ਵਡਿਆਈਆ । ਜੋ ਆਦਿ ਜੁਗਾਦਿ ਕਦੇ ਨਾ ਗਿਆ ਭੁਲ, ਭੁੱਲਿਆਂ ਮਾਰਗ ਲਗਾਈਆ । ਜਿਸ ਦਾ ਪ੍ਰੇਮ ਪਿਆਲਾ ਕਦੇ ਨਾ ਗਿਆ ਡੁਲ੍ਹ, ਅੰਮ੍ਰਿਤ ਰਸ ਰਿਹਾ ਚਖਾਈਆ । ਓਸੇ ਦੀ ਪ੍ਰੀਤੀ ਓਸੇ ਦੀ ਨੀਤੀ ਓਸੇ ਦੀ ਰੀਤੀ ਓਸੇ ਉਤੋਂ ਜਾਈਏ ਘੁਲ, ਵਾਰੀ ਘੋਲੀ ਘੋਲ ਘੁਮਾਈਆ । ਜੋ ਭਗਤ ਸੁਹੇਲਾ ਇਕ ਅਕੇਲਾ ਗੁਰ ਚੇਲਾ ਪਾਵਣ ਆਇਆ ਮੁਲ, ਕ਼ੀਮਤ ਆਪਣੀ ਆਪੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ ।

## ☀ ੧੯ ਚੇਤ ਸ਼ਹਿਨਸ਼ਾਹੀ ਸੰਮਤ ੧ ਬੀਬੀ ਪਾਰੋ ਦੇਵੀ ਦੇ ਘਰ ਪਿੰਡ ਸੀੜ ਜੰਮੂ ☀

ਦਇਆ ਕਹੇ ਪ੍ਰਭ ਦਇਆ ਕਮੌਂਦਾ ਜਾ, ਜਗ ਜੀਵਣ ਦਾਤੇ ਤੇਰੀ ਵਡ ਵਡਿਆਈਆ । ਭਗਤ ਸੁਹੇਲੇ ਸੱਜਣ ਉਠੌਂਦਾ ਜਾ, ਲੱਖ ਚੁਰਾਸੀ ਜੀਵ ਜੰਤ ਖੋਜ ਖੁਜਾਈਆ । ਜਨਮ ਕਰਮ ਦੇ ਵਿਛੜੇ ਮੇਲ ਮਿਲੌਂਦਾ ਜਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਆਤਮ ਪਰਮਾਤਮ ਜੋੜ ਜੁੜੌਂਦਾ ਜਾ, ਦਰਦ ਵਿਛੋੜਾ ਦੂਰ ਕਰਾਈਆ । ਜਗਤ ਗ਼ਰੀਬੀ ਦਲਿਦਰ ਮੁਕੌਂਦਾ ਜਾ, ਨਾਮ ਭੰਡਾਰਾ ਝੋਲੀ ਇਕ ਭਰਾਈਆ । ਮੂਰਖ ਮੁਗਧ ਅੰਜਾਣ ਸਮਝੌਂਦਾ ਜਾ, ਸ਼ਬਦ ਜੈਕਾਰਾ ਸਚ ਸੁਣਾਈਆ । ਭੁੱਲੇ ਭਟਕੇ ਰਾਹੇ ਪੌਂਦਾ ਜਾ, ਰਹਿਬਰ ਬਣ ਕੇ ਨੂਰ ਖ਼ੁਦਾਈਆ । ਮਹਲ ਅਟਲ ਉਚ ਪੌੜੇ ਚੜ੍ਹੌਂਦਾ ਜਾ, ਫੜ ਬਾਹੋਂ ਆਪ ਉਠਾਈਆ । ਕਰਨੀ ਦੇ ਕਰਤੇ ਕ਼ੁਦਰਤ ਦੇ ਮਾਲਕ ਗ਼ਰੀਬਾਂ ਦੇ ਸਾਲਸ ਸਿਰ ਆਪਣਾ ਹੱਥ ਰਖੌਂਦਾ ਜਾ, ਰੱਛਿਆ ਕਰ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਇਆ ਕਹੇ ਮੇਰੇ ਦਾਤਾਰ, ਦਇਆਵਾਨ ਤੇਰੀ ਸਰਨਾਈਆ । ਪੁਰਖ ਅਬਿਨਾਸ਼ੀ ਸੁਣ ਪੁਕਾਰ, ਸਚੀ ਰਹੀ ਸੁਣਾਈਆ । ਜੁਗ ਚੌਕੜੀ ਵੇਖੇ ਚਾਰ, ਲੋਕਮਾਤ ਧਿਆਨ ਲਗਾਈਆ । ਦੁਖੀਆਂ ਦੁਖ ਸੰਸਾਰ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਸਾਂਝਾ ਦੇਵੇ ਨਾ ਕੋਇ ਪਿਆਰ, ਮੁਹੱਬਤ ਹਕ ਨਾ ਕੋਇ ਵਖਾਈਆ । ਦਿਲਾਂ ਦਾ ਮਿਲਿਆ ਨਾ ਕਿਸੇ ਦਿਲਦਾਰ, ਪਰਦਾ ਨਾ ਕੋਇ ਚੁਕਾਈਆ । ਜਿਸ ਦਾ ਲਾਰਾ ਦੇ ਕੇ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪਣਾ ਸੰਦੇਸ਼ ਸੁਣਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਆਪ ਹੋ ਮਿਹਰਵਾਨ, ਮਾਲਕ ਖ਼ਾਲਕ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪਿਛਲਾ ਦੇਣਾ ਲਿਖਾਈਆ । ਦਇਆ ਕੇ ਦੀਨ, ਦੀਨਨ ਆਪਣੀ ਗੋਦ ਉਠਾਈਆ । ਬਿਰਹੋਂ ਵੈਰਾਗੀ ਦਿਸੇ ਮਸਕੀਨ, ਮਾਣ ਅਭਿਮਾਨ ਨਾ ਕੋਇ ਰਖਾਈਆ । ਸਿਦਕ ਭਰੋਸਾ ਵੇਖਿਆ ਯਕੀਨ, ਇਕੋ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਇਆ ਕਹੇ ਦੀਨ ਦਿਆਲ ਮੇਰੇ ਸਵਾਮੀ, ਸਮਾਂ ਤੇਰਾ ਗਿਆ ਆਈਆ । ਅੰਤਸ਼ਕਰਨ ਦੇ ਅੰਤਰਜਾਮੀ, ਅੰਤਰ ਆਤਮ ਵੇਖ ਵਖਾਈਆ । ਆਦਿ ਸ਼ਕਤ ਦੇ ਮਾਲਕ ਸ੍ਰੀ ਭਗਵਾਨੀ, ਭਾਗ ਆਪਣਾ ਦੇ ਵਰਤਾਈਆ । ਜੋਤੀ ਦੇ ਜੋਤ ਜੋਤ ਨੂਰ ਨੁਰਾਨੀ, ਨੂਰ ਆਪਣਾ ਦੇ ਚਮਕਾਈਆ । ਚਾਰ ਜੁਗ ਤੇਰੀ ਸਿਫ਼ਤਾਂ ਦੀ ਸੁਣਦੇ ਰਹੇ ਕਹਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਹੁਣ ਮਿਲਣਾ ਕਰ ਦੇ ਅਸਾਨੀ, ਅਸਲ ਰੂਪ ਵਟਾਈਆ । ਸਤਿ ਪੁਰਖ ਸਤਿਵਾਦੀ ਸਤਿ ਧਰਮ ਦੀ ਚੜ੍ਹਦੀ ਜਾਏ ਜਵਾਨੀ, ਜੋਬਨਰਤੀ ਮਸਤੀ ਆਪਣੀ ਦੇ ਵਖਾਈਆ । ਜਨ ਭਗਤਾਂ ਖੇਲ ਵਖਾਦੇ ਉਨ੍ਹਾਂ ਦੀ ਅੱਖੀਂ, ਅੱਖ ਆਪਣੇ ਨਾਲ ਮਿਲਾਈਆ । ਮੈਂ ਕਥਾ ਕਹਾਣੀ ਸੁਣਾਵਾਂ ਸਚੀ, ਜੂਠ ਝੂਠ ਵਿਚ ਨਾ ਰਾਈਆ । ਜੇ ਸੌਦਾ ਮਿਲਿਆ ਨਾ ਤੇਰੀ ਹੱਟੀ, ਜਾਵੇ ਕਿਧਰ ਲੋਕਾਈਆ । ਮੈਂ ਭਗਤਾਂ ਨਾਲ ਹਿੱਸੇਦਾਰ ਬਣ ਕੇ ਰੱਖਣ ਆਈ ਪੱਤੀ, ਇਸੇ ਕਰਕੇ ਪ੍ਰਭੂ ਤੈਨੂੰ ਰਹੀ ਸੁਣਾਈਆ । ਮੈਂ ਕੋਈ ਕਾਹਨਾਂ ਵਾਲੀ ਨਹੀਂ ਸਖੀ, ਜੋ ਬੰਸਰੀ ਉਤੇ ਲਈ ਉਪਜਾਈਆ । ਮੈਂ ਕੋਈ ਥਲਾਂ ਵਿਚ ਰੁਲਣ ਵਾਲੀ ਨਹੀਂ ਸੱਸੀ, ਜਿਸ ਨੂੰ ਜਗਤ ਪ੍ਰੀਤੀ ਦਏ ਜਣਾਈਆ । ਮੈਂ ਕੋਈ ਭੋਲੇ ਨਾਥ ਦੀ ਨਹੀਂ ਪਤੀ, ਜੋ ਪਰਬਤਾਂ ਉਤੇ ਬਹਿ ਕੇ ਤੇਰਾ ਧਿਆਨ ਲਗਾਈਆ । ਮੈਂ ਕੋਈ ਜੰਗਲਾਂ ਵਿਚ ਨਹੀਂ ਫਿਰਨਾ ਨੱਸੀ, ਆਪਣੇ ਚੀਥੜ ਲੀਰੋ ਲੀਰ ਕਰਾਈਆ । ਮੈਂ ਤੇਰਾ


੬੦੯

ਖੇਲ ਸਾਖ਼ਿਆਤ ਵੇਖਣਾ ਆਪਣੀ ਅੱਖੀਂ, ਲੋਚਨ ਨੈਣ ਜਗਤ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਿਆਂ ਮਾਣ ਵਡਿਆਈਆ । ਦਇਆ ਕਹੇ ਪ੍ਰਭੂ ਦੀਨ ਕੇ ਦੀਨਾ, ਮੈਨੂੰ ਦੇਵੀਂ ਸਮਝਾਈਆ । ਮੈਂ ਪੁਛ ਕੇ ਆਈ ਰਿਖੀਆਂ ਮੁਨੀਆਂ, ਜੋਗੀਆਂ ਯਤੀਆਂ ਫੋਲ ਫੁਲਾਈਆ । ਮੈਂ ਤੇਰੀਆਂ ਗੱਲਾਂ ਅਗੇ ਬੜੀਆਂ ਸੁਣੀਆਂ, ਜੋ ਜੁਗ ਚੌਕੜੀ ਢੋਲੇ ਰਹੇ ਗਾਈਆ । ਅਗੇ ਬੜੀਆਂ ਤੇਰੀਆਂ ਮੰਨੀਆਂ, ਹੁਣ ਚਲੇਂ ਵਿਚ ਰਜ਼ਾਈਆ । ਹੁਣ ਮੇਰੀ ਮੰਗ ਜਨ ਭਗਤਾਂ ਦੀਆਂ ਅੱਖਾਂ ਰਹਿਣ ਨਾ ਅੰਨ੍ਹੀਆਂ, ਨੈਣ ਆਪਣੇ ਦੇਣੇ ਲਗਾਈਆ । ਭਾਵੇਂ ਵਸੇਰਾ ਹੋਵੇ ਛੱਪਰ ਛੰਨੀਆਂ, ਗ਼ਰੀਬ ਨਿਮਾਣੇ ਲਏਂ ਉਠਾਈਆ । ਤੂੰ ਦਾਤਾ ਵਡ ਧੰਨੀਆ, ਧਨਾਢ ਸ਼ਹਿਨਸ਼ਾਹ ਅਖਵਾਈਆ । ਜਿਨ੍ਹਾਂ ਗੁਰਮੁਖਾਂ ਤੇਰੀਆਂ ਵੇਖੀਆਂ ਨਹੀਂ ਅਜੇ ਗਲੀਆਂ, ਉਹਨਾਂ ਨੂੰ ਰਾਹੇ ਦੇਣਾ ਪਾਈਆ । ਹੁਣ ਤੈਨੂੰ ਕਹਿਣ ਨਹੀਂ ਦੇਣਾ ਵਲੀਆ ਛਲੀਆ, ਅਛਲ ਛਲ ਨਾ ਕੋਇ ਜਣਾਈਆ । ਜਨ ਭਗਤਾਂ ਦੀਆਂ ਆਸਾਂ ਤੇਰੇ ਦਵਾਰੇ ਖਲੀਆਂ, ਰਾਹ ਤੱਕਣ ਬੇਪਰਵਾਹੀਆ । ਇਹ ਪ੍ਰੇਮ ਪਿਆਰ ਦੀਆਂ ਮੁਰਝਾ ਨਾ ਜਾਵਣ ਕਲੀਆਂ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਪ੍ਰਭੂ ਤੂੰ ਨਹੀਂ ਜਾਣਦਾ ਵਿਛੋੜੇ ਵਿਚ ਕੀ ਇਹਨਾਂ ਉਪਰ ਬਣੀਆਂ, ਝਲ ਨਾ ਸਕਣ ਜੁਦਾਈਆ । ਗੁਰ ਗੋਬਿੰਦ ਕਹੇ ਕਿ ਮੇਰਾ ਤੀਰ ਅਣਿਆਲਾ ਅਣੀਆ, ਤਿੱਖੀ ਮੁਖੀ ਧਾਰ ਵਖਾਈਆ । ਪ੍ਰਭੂ ਤੂੰ ਪਾਤਸ਼ਾਹਾਂ ਦਾ ਪਾਤਸ਼ਾਹ ਕਿਹੜਾ ਕੋਈ ਬਣੀਆ, ਸੌਦਾ ਕੰਜੂਸਾਂ ਵਾਂਗ ਨਾ ਕੋਈ ਵਰਤਾਈਆ । ਤੂੰ ਭਗਤਾਂ ਦਾ ਮਿਤਰ ਪ੍ਰੇਮ ਦਾ ਤਨੀਆ, ਨਾਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲੀ ਰਹਿਣ ਨਾ ਦੇਵੇਂ ਕਿਸੇ ਦੀਆਂ ਕੁੱਲੀਆਂ, ਇਕੱਲਾ ਇਕੱਲਾ ਕਰਕੇ ਚਾਰੋਂ ਕੁੰਟ ਦੇ ਤਰਾਈਆ ।


੬੧੦

### ✳ ੧੭ ਚੇਤ ਸ਼ਹਿਨਸ਼ਾਹੀ ਸੰਮਤ ੧ ਮਾਇਆ ਦੇਵੀ ਦੇ ਗ੍ਰਿਹਿ ਪਿੰਡ ਮਘੋਆਲੀ ਜ਼ਿਲਾ ਜੰਮੂ ✳

ਸਤਾਰਾਂ ਚੇਤ ਕਿਹਾ ਮੈਂ ਦਿਆਂ ਸੰਦੇਸ਼, ਅੰਤ ਦਾ ਵੇਲਾ ਸਚ ਸਮਝਾਈਆ । ਦੋ ਜਹਾਨ ਬ੍ਰਹਿਮੰਡ ਖੰਡ ਵੇਖੇ ਨਰ ਨਰੇਸ਼, ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਸਚਖੰਡ ਨਿਵਾਸੀ ਨਰ ਨਰੇਸ਼, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਜ਼ਰੀ ਆਈਆ । ਨਿਤ ਨਵਿਤ ਨਿਰਗੁਣ ਸਰਗੁਣ ਜਿਸ ਦਾ ਭੇਖ, ਲੱਖ ਚੁਰਾਸੀ ਜੀਵ ਜੰਤ ਦੇਵਣਹਾਰ ਸਚੀ ਵਡਿਆਈਆ । ਜਲਵਾ ਜ਼ਾਹਰ ਜ਼ਹੂਰ ਅੰਦਰ ਬਾਹਰ ਗੁਪਤ ਜ਼ਾਹਰ ਜਿਸ ਦਾ ਤੇਜ, ਅਗੰਮ ਅਥਾਹ ਬੇਪਰਵਾਹ ਕਰੇ ਰੁਸ਼ਨਾਈਆ । ਭਗਤ ਸੁਹੇਲਾ ਇਕ ਅਕੇਲਾ ਧੁਰ ਦਾ ਮੀਤਾ ਠਾਂਡਾ ਸੀਤਾ ਜਾਨਣਹਾਰਾ ਆਤਮ ਸਚ, ਸਤਿ ਸਵਾਮੀ ਅੰਤਰਜਾਮੀ ਸ਼ਾਹ ਪਾਤਸ਼ਾਹ ਆਪਣੀ ਖੇਲ ਖਿਲਾਈਆ । ਨਾਮ ਸੰਦੇਸ਼ਾ ਧੁਰ ਫ਼ਰਮਾਨਾ ਦੇਵਣਹਾਰਾ ਦੇਸ ਪਰਦੇਸ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਹੁਕਮ ਇਕ ਜਣਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਕਰਨ ਆਇਆ ਸਚਾ ਹੇਤ, ਧੁਰ ਦਰਗਾਹੀ ਵੇਸ ਵਟਾਈਆ । ਸਾਚੇ ਨੇਤਰ ਲੋਚਨ ਨੈਣ ਨਜ਼ਰੀ ਆਵੇ ਨੇਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਵੇਸ ਵਟਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਜਨਮ ਮਰਨ ਮੜ੍ਹੀ ਗੋਰ ਸਕੇ ਨਾ ਕੋਇ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹੀਆ । ਸਤਾਰਾਂ ਚੇਤ ਕਹੇ ਮੇਰੀ ਸੁਣੇ ਬਾਤ, ਬਾਤਨ ਦਿਆਂ ਜਣਾਈਆ ।

੬੧੧

ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਕਰਦੇ ਗਏ ਯਾਦ, ਕਲਮਿਆਂ ਨਾਮਾਂ ਕਲਾਮਾਂ ਵਿਚ ਢੋਲੇ ਗਾਈਆ । ਜਿਸ ਦੇ ਹੁਕਮ ਅੰਦਰ ਸੁਣੌਂਦੇ ਗਏ ਅਗੰਮੀ ਆਵਾਜ਼, ਨਾਅਰਾ ਹਕ ਹਕ ਜਣਾਈਆ । ਜਿਸ ਦਾ ਭੇਦ ਅਭੇਦ ਖੋਲ੍ਹਦੇ ਗਏ ਰਾਜ਼, ਪਰਦਾ ਓਹਲਾ ਸਰਬ ਉਠਾਈਆ । ਜਿਸ ਦੇ ਪ੍ਰੇਮ ਅੰਦਰ ਕਲਮੇ ਪੜ੍ਹ ਪੜ੍ਹ ਸਜਦਿਆਂ ਵਿਚ ਝੁਕ ਝੁਕ ਸੁਣੌਂਦੇ ਗਏ ਨਿਮਾਜ਼, ਉਂਗਲਾਂ ਕੰਨਾਂ ਵਿਚ ਪਾਈਆ । ਜਿਸ ਨੂੰ ਗੁਰ ਅਵਤਾਰ ਕਹਿੰਦੇ ਗਏ ਗ਼ਰੀਬ ਨਿਵਾਜ਼, ਦੀਨਣ ਆਪਣੀ ਦਇਆ ਕਮਾਈਆ । ਜਿਸ ਨੂੰ ਭਗਤ ਕਹਿੰਦੇ ਗਏ ਭਗਵਨ ਸਾਥ, ਧੁਰ ਦਾ ਸਾਥੀ ਨਜ਼ਰੀ ਆਈਆ । ਸੋ ਸਾਹਿਬ ਸੁਹੇਲਾ ਇਕ ਅਕੇਲਾ ਅੰਤਰਜਾਮੀ ਹਰ ਘਟ ਵੇਖਣ ਆਇਆ ਕਲਜੁਗ ਅੰਧੇਰੀ ਰਾਤ, ਚਾਰ ਕੁੰਟ ਦਹਿ ਦਿਸ਼ਾ ਆਪਣਾ ਖੇਲ ਖਿਲਾਈਆ । ਭੇਵ ਅਭੇਦਾ ਜਾਨਣਹਾਰਾ ਸੰਤ ਸਾਧ, ਗੁਰਮੁਖ ਗੁਰਸਿਖ ਵੇਖੇ ਥਾਉਂ ਥਾਈਂਆ । ਜਿਸ ਨੇ ਨਵ ਨੌ ਚਾਰ ਕੀਤੇ ਆਬਾਦ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਜੋ ਲੱਖ ਚੁਰਾਸੀ ਦੇਵਣਹਾਰਾ ਦਾਤ, ਦਾਤਾ ਦਾਨੀ ਬੇਪਰਵਾਹੀਆ । ਸੋ ਵੇਖਣ ਆਇਆ ਖੇਲ ਤਮਾਸ਼, ਨਿਰਗੁਣ ਆਪਣਾ ਵੇਸ ਵਟਾਈਆ । ਗੋਪੀ ਕਾਹਨ ਮੰਡਲ ਮੰਡਪ ਪੈਂਦੀ ਵੇਖੇ ਰਾਸ, ਨਿਰਗੁਣ ਸਰਗੁਣ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਾਰਾਂ ਚੇਤ ਕਹੇ ਮੈਂ ਦੱਸਾਂ ਕਹਾਣੀ, ਪੂਰਬ ਲਹਿਣਾ ਦਿਆਂ ਜਣਾਈਆ । ਇਹ ਖੇਲ ਸ੍ਰੀ ਭਗਵਾਨੀ, ਭਗਵਨ ਆਪਣਾ ਵੇਸ ਵਟਾਈਆ । ਖੇਲੇ ਖੇਲ ਦੋ ਜਹਾਨੀ, ਜ਼ਾਹਰ ਜ਼ਹੂਰ ਖੇਲ ਵਖਾਈਆ । ਜਿਸ ਦਾ ਦਿਸੇ ਨਾ ਕੋਈ ਸਾਨੀ, ਆਸਾਨੀ ਭਗਤਾਂ ਰਿਹਾ ਵਖਾਈਆ । ਮਿਹਰ ਨਜ਼ਰ ਨਾਲ ਦੇਵਣਹਾਰ ਪਦ ਨਿਰਬਾਨੀ, ਨਿਰਭੌ ਭੈ ਸਰਬ ਮਿਟਾਈਆ । ਸ਼ਬਦ ਅਗੰਮਾ ਤੀਰ ਨਿਰਾਲਾ ਮਾਰਨਹਾਰਾ ਕਾਨੀ, ਬਿਨ ਕਲਮਿਉਂ ਕਾਅਬਾ ਦਏ ਵਖਾਈਆ । ਸ੍ਰਿਸ਼ਟ ਸਬਾਈ ਦਸਣਹਾਰਾ ਫ਼ਾਨੀ, ਫ਼ਨਾਹ ਫਿੱਲਾ ਵਖਾਏ ਸਰਬ ਲੋਕਾਈਆ । ਜਿਸ ਦਾ ਭੇਦ ਅਭੇਵ ਜਗਤ ਵਿਦਿਆ ਸਮਝ ਨਾ ਸਕੇ ਕੋਈ ਵਿਦਵਾਨੀ, ਗਿਆਨ ਗਿਆਨੀ ਧਿਆਨੀ ਹੱਥ ਕਿਸੇ ਨਾ ਆਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਗ੍ਰਿਹ ਖਾਵਣ ਆਇਆ ਮਹਿਮਾਨੀ, ਮਿਹਬਾਨ ਬੀਦੋ ਬੀ ਖੈਰ ਯਾ ਮੁਹੰਮਦ ਮਹਿਬੂਬ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਸਤਾਰਾਂ ਚੇਤ ਕਹੇ ਮੇਰਾ ਇਹੋ ਪਰਵਿਸ਼ਟ, ਪਿਛਲਾ ਲੇਖਾ ਦਿਆਂ ਜਣਾਈਆ । ਜਿਸ ਵੇਲੇ ਰਾਮ ਮਿਲਿਆ ਗੁਰੂ ਵਸ਼ਿਸ਼ਟ, ਵਿਸ਼ਾ ਉਸ ਨੇ ਇਕੋ ਦਿਤਾ ਸਮਝਾਈਆ । ਰਾਮ, ਰਾਮ ਵੇਖ ਖੋਲ੍ਹ ਕੇ ਦ੍ਰਿਸ਼ਟ, ਜੋ ਰਾਮ ਦਾ ਮਾਲਕ ਰਾਮ ਬੇਪਰਵਾਹੀਆ । ਜਿਸ ਦਾ ਆਦਿ ਜੁਗਾਦੀ ਇਕੋ ਇਸ਼ਟ, ਦੇਵ ਆਤਮਾ ਸਰਬ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਾਰਾਂ ਚੇਤ ਕਹੇ ਜਿਸ ਵੇਲੇ ਵਸ਼ਿਸ਼ਟ ਮੇਲਾ ਹੋਇਆ ਰਾਮ, ਗੁਰ ਚੇਲਾ ਵੱਜੀ ਵਧਾਈਆ । ਉਸ ਦਿਤਾ ਇਕ ਪੈਗ਼ਾਮ, ਸੰਦੇਸ਼ਾ ਸਚ ਸੁਣਾਈਆ । ਸੁਣ ਅਗੰਮੀ ਇਕ ਫ਼ਰਮਾਨ, ਤੈਨੂੰ ਦਿਆਂ ਜਣਾਈਆ । ਤੂੰ ਦਸਰਥ ਦਾ ਬੇਟਾ ਚਤੁਰ ਸੁਘੜ ਸਿਆਣ, ਕਸ਼ਤਰੀ ਕੁਲ ਰਘੁਬੰਸ ਮਿਲੀ ਵਡਿਆਈਆ । ਮੇਰਾ ਸੁਨੇਹੜਾ ਇਕ ਮਹਾਨ, ਤੈਨੂੰ ਦਿਆਂ ਦ੍ਰਿੜਾਈਆ । ਜਿਸ ਵੇਲੇ ਬਨਬਾਸ ਕੱਟਣ ਜਾਏਂ ਵਿਚ ਬੀਆਬਾਨ, ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਨਜ਼ਰ ਇਕ ਉਠਾਈਆ । ਰਾਮ ਕਿਹਾ ਕੀ ਕਿਹਾ ਵਸ਼ਿਸ਼ਟ ਗੁਰਦੇਵ, ਸਚ ਸੁਨੇਹੜਾ ਦੇ ਜਣਾਈਆ । ਵਸ਼ਿਸ਼ਟ ਕਿਹਾ

ਕੁਛ ਤੇਰੀ ਲੈਣੀ ਸੇਵ, ਤੇਰਾ ਰਾਮ ਰਿਹਾ ਫ਼ਰਮਾਈਆ । ਜੋ ਵਸਿਆ ਨਿਹਚਲ ਧਾਮ ਨਿਹਕੇਵ, ਅਟਲ ਮਹਲ ਸੋਭਾ ਪਾਈਆ । ਜੋ ਹਰ ਘਟ ਰਿਹਾ ਵੇਖ, ਲੱਖ ਚੁਰਾਸੀ ਰਿਹਾ ਸਮਾਈਆ । ਜੋ ਦੋ ਜਹਾਨਾਂ ਤਖ਼ਤ ਨਿਵਾਸੀ ਸਚਖੰਡ ਵਸੇ ਨਰ ਨਰੇਸ਼, ਨਿਰਗੁਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਵਸ਼ਿਸ਼ਟ ਕਿਹਾ ਦੱਸਾਂ ਹੋਰ ਅਨੋਖੀ ਬਾਤ, ਬਾਤਨ ਦਿਆਂ ਜਣਾਈਆ । ਜਿਹੜੀ ਜਨਕ ਸਪੁੱਤਰੀ ਦੇਣਾ ਤੇਰਾ ਸਾਥ, ਸੋਹਣੀ ਸੇਵ ਕਮਾਈਆ । ਉਸ ਦਾ ਲੇਖਾ ਅਗੇ ਹੋਰ ਰਿਹਾ ਜਾਪ, ਜਿਸ ਦੀ ਲਿਖਤ ਪੜ੍ਹਤ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਅਬਿਨਾਸ਼ੀ ਕਰਤਾ ਜਿਸ ਵੇਲੇ ਆਵੇ ਆਪ, ਲੋਕਮਾਤ ਫੇਰਾ ਪਾਈਆ । ਕੂੜ ਕੁੜਿਆਰਾ ਜਗਤ ਅੰਧਿਆਰਾ ਪਾਪਾਂ ਭਰੀ ਹੋਵੇ ਕਲਜੁਗ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਸੀਤਾ ਰਾਮ ਭੁੱਲੇ ਸਭ ਨੂੰ ਗਾਥ, ਸੀਤਾ ਸੁਰਤੀ ਰਾਮ ਨਾ ਕੋਇ ਮਿਲਾਈਆ । ਇਹ ਖੇਲ ਪ੍ਰਭੂ ਅਬਿਨਾਸ਼, ਅਬਿਨਾਸ਼ੀ ਕਰਤਾ ਰਿਹਾ ਦ੍ਰਿੜਾਈਆ । ਤੂੰ ਰਘੂਪਤ ਰਖਣਾ ਯਾਦ, ਯਾਦਾਸ਼ਤ ਤੈਨੂੰ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਵਸ਼ਿਸ਼ਟ ਕਿਹਾ ਜਿਸ ਵੇਲੇ ਤ੍ਰੇਤਾ ਦੁਆਪਰ ਬੀਤਾ, ਕਲਜੁਗ ਅੰਤ ਲਏ ਅੰਗੜਾਈਆ । ਪੁਰਖ ਅਕਾਲ ਆਪਣਾ ਖੇਲ ਕੀਤਾ, ਨਿਰਗੁਣ ਨਿਰਵੈਰ ਵੇਸ ਵਟਾਈਆ । ਭਗਤਾਂ ਸੰਗ ਸੰਗ ਬਣਾਇਆ ਮੀਠਾ, ਅੰਮ੍ਰਿਤ ਰਸ ਜਾਮ ਪਿਆਈਆ । ਮੇਲ ਮਿਲਾ ਕੇ ਤ੍ਰੈਗੁਣ ਅਤੀਤਾ, ਤ੍ਰੈਭਵਣ ਬਖ਼ਸ਼ੇ ਸਚ ਸਰਨਾਈਆ । ਉਸ ਵੇਲੇ ਉਸ ਦਵਾਰੇ ਤੇਰੀ ਹਾਜ਼ਰ ਹੋਣੀ ਸੀਤਾ, ਖ਼ਾਹਸ਼ ਆਪਣੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਵਸ਼ਿਸ਼ਟ ਕਿਹਾ ਕੁਛ ਹੋਰ ਖ਼ਬਰ, ਤੈਨੂੰ ਦਿਆਂ ਜਣਾਈਆ । ਪੁਰਖ ਅਬਿਨਾਸ਼ੀ ਪਰਗਟ ਹੋਣਾ ਸ਼ੇਰ ਬੱਬਰ, ਦੋ ਜਹਾਨਾਂ ਭਬਕ ਲਗਾਈਆ । ਪੀਰ ਪੈਗ਼ੰਬਰਾਂ ਦਰੋਹੀ ਖ਼ੁਦਾਏ ਨਬੀ ਰਸੂਲ ਕਰਨੀ ਵਿਚੋਂ ਕ਼ਬਰ, ਮਕ਼ਬਰੇ ਸਜਦਾ ਕਰ ਕਰ ਖ਼ੁਸ਼ੀ ਮਨਾਈਆ । ਜਿਸ ਨੇ ਭਗਤਾਂ ਦੀ ਪੂਰੀ ਕਰਨੀ ਸਧਰ, ਸਿਧੇ ਰਸਤੇ ਦੇਣਾ ਪਾਈਆ । ਤਖ਼ਤ ਨਿਵਾਸੀ ਹੋ ਕੇ ਕਰਨਾ ਸਚਾ ਅਦਲ, ਅਦਾਲਤ ਇਕੋ ਇਕ ਜਣਾਈਆ । ਕੂੜੀ ਕਿਰਿਆ ਕਰਕੇ ਕ਼ਤਲ, ਸਤਿਜੁਗ ਸਾਚਾ ਰਾਹ ਵਖਾਈਆ । ਚਾਰ ਵਰਨਾਂ ਇਕੋ ਪਤਣ, ਭਗਤ ਦਵਾਰਾ ਦਏ ਜਣਾਈਆ । ਜਿਥੇ ਆਵੇ ਪੈਜ ਰੱਖਣ, ਸਿਰ ਆਪਣਾ ਹੱਥ ਟਿਕਾਈਆ । ਭੇਵ ਖੁਲ੍ਹਾ ਕੇ ਚਾਰੇ ਕੂਟ ਉੱਤਰ ਪੂਰਬ ਪੱਛਮ ਦੱਖਣ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਗੁਰਮੁਖਾਂ ਦੇ ਹਿਰਦੇ ਆਵੇ ਵਸਣ, ਨਿਜ ਆਤਮ ਪਰਮਾਤਮ ਹੋ ਕੇ ਡੇਰਾ ਲਾਈਆ । ਮਾਇਆ ਮਮਤਾ ਹਉਮੇ ਹੰਗਤਾ ਆਵੇ ਕੱਢਣ, ਦੁਰਮਤ ਮੈਲ ਧਵਾਈਆ । ਜੋਤ ਪਰਕਾਸ਼ ਹੋ ਕੇ ਆਵੇ ਜਗਣ, ਕੂੜ ਅੰਧੇਰਾ ਦਏ ਚੁਕਾਈਆ । ਪ੍ਰੇਮ ਪ੍ਰੀਤੀ ਅੰਦਰ ਕਰਕੇ ਮਗਨ, ਪਿਛਲਾ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਮਾਲਕ ਹੋਏ ਸਹਾਈਆ । ਰਾਮ ਕਿਹਾ ਗੁਰ ਵਸ਼ਿਸ਼ਟ, ਇਹ ਸਤਿ ਸਤਿ ਸਤਿ ਸਤਿ ਨਜ਼ਰੀ ਆਈਆ । ਜਿਉਂ ਭਾਵੇ ਤਿਉਂ ਲਏ ਰਖ, ਇਹ ਉਸੇ ਦੀ ਵਡਿਆਈਆ । ਮੈਂ ਬੇਟਾ ਰਾਮ ਦਸਰਥ, ਪੰਜ ਤਤ ਕਾਇਆ ਸੋਭਾ ਪਾਈਆ । ਮੈਨੂੰ ਉਸੇ ਨੇ ਦਿਤਾ ਹਕ, ਲੋਕਮਾਤ ਮੇਰਾ ਹੁਕਮ ਦਿਤਾ ਚਲਾਈਆ । ਮੈਨੂੰ ਨਹੀਂ ਕੋਈ ਸ਼ੱਕ, ਸੰਸਾ ਨਾ ਕੋਇ ਵਖਾਈਆ । ਓਹੋ ਰਾਮ ਹਰ ਘਟ ਰਿਹਾ ਵਸ, ਨਿਆਰਾ ਓਹੋ ਨਜ਼ਰੀ ਆਈਆ । ਉਸੇ ਦਾ ਖੇਲ ਤਮਾਸ਼, ਮੈਂ ਵੇਖ ਵੇਖ ਖ਼ੁਸ਼ੀ ਜਣਾਈਆ ।

ਜਿਸ ਵੇਲੇ ਸੀਤਾ ਮੇਰੇ ਨਾਲ ਕੱਟਿਆ ਬਨਬਾਸ, ਬਚਨ ਬਲਾਸ ਦਿਆਂ ਸਮਝਾਈਆ । ਸਮੇਂ ਅਨੁਸਾਰ ਇਹੋ ਆ ਗਈ ਸਤਾਰਾਂ ਚੇਤ ਦੀ ਰਾਤ, ਰੁਤੜੀ ਆਪਣਾ ਆਪ ਬਦਲਾਈਆ । ਡੇਰਾ ਲਾ ਕੇ ਉਪਰ ਘਾਸ, ਸੋਹਣਾ ਆਸਣ ਲਿਆ ਸਜਾਈਆ । ਲਛਮਣ ਵੀਰ ਛੋਟਾ ਪਾਸ, ਸਾਢੇ ਤਿੰਨ ਹੱਥ ਦੂਰ ਸੋਭਾ ਪਾਈਆ । ਸੀਤਾ ਲੈ ਕੇ ਜਲ ਗਲਾਸ, ਚਰਨ ਬੰਦਨਾ ਸੀਸ ਨਿਵਾਈਆ । ਰਾਮ ਫੜ ਕੇ ਸੱਜਾ ਹਾਥ, ਚਰਨ ਕਵਲ ਲਿਆ ਟਿਕਾਈਆ । ਉਠ ਵੇਖ ਖੇਲ ਪੁਰਖ ਅਬਿਨਾਸ਼, ਜੋ ਕਰਤਾ ਰਿਹਾ ਵਖਾਈਆ । ਉਹ ਜੋੜ ਕੇ ਦੋਵੇਂ ਹਾਥ, ਬੇਨੰਤੀ ਰਹੀ ਸੁਣਾਈਆ । ਤੂੰ ਪ੍ਰੀਤਮ ਕਮਲਾਪਾਤ, ਪਤਿਪਰਮੇਸ਼ਵਰ ਤੇਰਾ ਰੂਪ ਨਜ਼ਰੀ ਆਈਆ । ਮੈਂ ਤੈਨੂੰ ਕਰਾਂ ਯਾਦ, ਦਿਵਸ ਰੈਣ ਰਹੀ ਧਿਆਈਆ । ਲਛਮਣ ਕਿਹਾ ਮੈਨੂੰ ਲਗੀ ਪਿਆਸ, ਜਲ ਮੈਨੂੰ ਦੇ ਫੜਾਈਆ । ਝਟ ਰਾਮ ਨੇ ਦਿਤਾ ਆਖ, ਸੁਣ ਲਛਮਣ ਮੇਰੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਲਛਮਣ ਕਹੇ ਦੱਸ ਮੇਰੇ ਭਰਾਤਾ, ਨੇਤਰ ਨੈਣ ਨੀਰ ਵਹਾਈਆ । ਮੈਂ ਤੇਰਾ ਦਾਸੀ ਦਾਸਾ, ਸੇਵਕ ਨਜ਼ਰੀ ਆਈਆ । ਸੀਤਾ ਕਹੇ ਸਾਨੂੰ ਦੇ ਦੇ ਚਰਨ ਭਰਵਾਸਾ, ਦੂਜੀ ਓਟ ਨਾ ਕੋਇ ਤਕਾਈਆ । ਰਾਮ ਕਿਹਾ ਮੈਂ ਰਾਮ ਓਸ ਦੀ ਸ਼ਾਖਾ, ਜੋ ਸਾਖ਼ਿਆਤ ਮੇਰੇ ਸਾਹਮਣੇ ਨਜ਼ਰੀ ਆਈਆ । ਅਗੋਂ ਹਸ ਕੇ ਬੋਲਿਆ ਪੁਰਖ ਅਬਿਨਾਸ਼ਾ, ਅਕਲ ਕਲ ਧਾਰੀ ਦਿਤਾ ਜਣਾਈਆ । ਤਿੰਨੇ ਰਲ ਕੇ ਇਕ ਦੂਜੇ ਨੂੰ ਮਾਰੋ ਪ੍ਰੇਮ ਦੀ ਆਵਾਜ਼ਾ, ਸੋਹਣਾ ਤਾਲ ਬਣਾਈਆ । ਰਾਮ ਕਿਹਾ ਪ੍ਰਭ ਜੋ ਬੋਲੇਂ ਤੂੰ ਸਾਚਾ, ਸਚ ਤੇਰੀ ਵਡਿਆਈਆ । ਸੀਤਾ ਟੇਕ ਕੇ ਮਾਥਾ, ਧੂੜੀ ਖ਼ਾਕ ਰਮਾਈਆ । ਲਛਮਣ ਕਿਹਾ ਪਹਿਲੋਂ ਤੂੰ ਮੇਰੇ ਕੋਲ ਆ ਜਾ, ਆਪਣੀ ਸ਼ਨਾਖ਼ਤ ਦੇ ਸਮਝਾਈਆ । ਜੇ ਭਗਤਾਂ ਦੇਵਣਹਾਰਾ ਸਾਥਾ, ਸਗਲਾ ਸੰਗ ਨਿਭਾਈਆ । ਫੇਰ ਗਾਈਏ ਤੇਰੀ ਦੱਸੀ ਗਾਥਾ, ਰਾਮ ਦੇ ਰਾਮ ਦੇ ਦ੍ਰਿੜਾਈਆ । ਸ੍ਰੀ ਭਗਵਾਨ ਅਗੇ ਹੋ ਕੇ ਨੂਰ ਕੀਆ ਪਰਕਾਸ਼ਾ, ਜਿਸ ਵਿਚੋਂ ਆਪਣਾ ਆਪ ਦਿਤਾ ਸਮਝਾਈਆ । ਓਸ ਕਿਹਾ ਸਾਡੀ ਪੂਰੀ ਹੋ ਗਈ ਆਸਾ, ਤ੍ਰਿਸ਼ਨਾ ਅਵਰ ਰਹੀ ਨਾ ਰਾਈਆ । ਮੇਰੀ ਬੁਝ ਗਈ ਪਿਆਸਾ, ਅੰਮ੍ਰਿਤ ਰਸ ਸਚਾ ਮੁਖ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਸਤਾਰਾਂ ਚੇਤ ਦੀ ਭਿੰਨੜੀ ਰੈਣ ਕਹੇ ਜਿਸ ਵੇਲੇ ਰਾਮ ਸੀਤਾ ਲਾਇਆ ਆਸਣ, ਘਾਸ ਫੂਸ ਤਿਨਕੇ ਆਪਣਾ ਹਾਲ ਸੁਣਾਈਆ । ਕਵਣ ਵੇਲਾ ਸਾਡਾ ਬਣੇ ਸਾਥਣ, ਧੁਰ ਦਾ ਸੰਗ ਜਣਾਈਆ । ਅਸੀਂ ਆਪਣਾ ਲੇਖਾ ਆਏ ਵਾਚਣ, ਪਰਦਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਘਾਸ ਤਿਨਕੇ ਕਰਨ ਪੁਕਾਰ, ਜੰਗਲ ਜੂਹ ਦੇਣ ਦੁਹਾਈਆ । ਜੇ ਤੂੰ ਆਇਓਂ ਸਾਡੇ ਘਰ ਬਾਰ, ਰਾਮ ਰਮਈਆ ਆਸਣ ਲਾਈਆ । ਜਿਵੇਂ ਤੇਰਾ ਸੀਤਾ ਕਰੇ ਸਤਿਕਾਰ, ਲਛਮਣ ਦੇਵੇ ਮਾਣ ਵਡਿਆਈਆ । ਤੇਰਾ ਦੱਸ ਕੀ ਵਿਵਹਾਰ, ਸਾਨੂੰ ਜਾ ਸਮਝਾਈਆ । ਤੇਰਾ ਇਨ੍ਹਾਂ ਨਾਲ ਕੀ ਪਿਆਰ, ਕੀ ਅੰਤਰ ਮੇਲ ਮਿਲਾਈਆ । ਰਾਮ ਨੇ ਬੋਲ ਕੇ ਕਿਹਾ ਸਚ ਜੈਕਾਰ, ਹਕ ਹਕ ਸੁਣਾਈਆ । ਜੇ ਮੇਰੇ ਉਤੇ ਕਰੋਂ ਇਤਬਾਰ, ਤੁਹਾਨੂੰ ਦਿਆਂ ਦ੍ਰਿੜਾਈਆ । ਮੇਰਾ ਗ਼ਰੀਬ ਨਿਮਾਣਿਆਂ ਨਾਲ ਸਚਾ ਪਿਆਰ, ਭਗਤਾਂ ਦਾ ਮਿਤਰ ਇਕ ਅਖਵਾਈਆ । ਤੁਹਾਡਾ ਦੱਸਾਂ ਸਚ ਵਿਹਾਰ, ਅਗਲਾ ਲੇਖ ਜਣਾਈਆ । ਤੁਸਾਂ ਦਾ ਵਾਸਾ ਹੋਣਾ ਵਿਚ ਉਜਾੜ, ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਜਿਸ ਵੇਲੇ ਕਿਰਪਾ ਕਰੇ ਆਪ ਨਿਰੰਕਾਰ, ਮਿਹਰਵਾਨ ਆਪਣੀ ਖੇਲ ਖਿਲਾਈਆ । ਓਸ ਵੇਲੇ



੬੧੩

ਤੁਹਾਨੂੰ ਮਿਲਣ ਔਣਾ ਤੁਹਾਡਾ ਗੋਬਿੰਦ ਯਾਰ, ਮਾਛੂਵਾੜੇ ਤੁਹਾਡੀ ਸੇਜ ਸੁਹਾਈਆ । ਇਹ ਪੰਚਵਟੀ ਦੀ ਉਜਾੜ, ਉਹ ਪੰਜਾਬ ਦਾ ਸ਼ਿੰਗਾਰ, ਨਵਾਬ ਆਪਣਾ ਖੇਲ ਵਖਾਈਆ । ਉਸ ਤੋਂ ਬਾਦ ਦਾ ਹੋਰ ਵਿਹਾਰ ਦੱਸਾਂ ਮੀਤ ਮੁਰਾਰ, ਪਰਦਾ ਉਹਲਾ ਦਿਆਂ ਚੁਕਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧ ਅੰਧਿਆਰ, ਚਾਰੋਂ ਕੁੰਟ ਪਾਵੇ ਕੋਈ ਨਾ ਸਾਰ, ਸੱਜਣ ਮੀਤ ਨਜ਼ਰ ਕੋਇ ਨਾ ਆਈਆ । ਸਾਧਾਂ ਸੰਤਾਂ ਮੰਜ਼ਲ ਚੜ੍ਹਨੀ ਹੋਵੇ ਦੁਸ਼ਵਾਰ, ਅਠਸਠ ਤੀਰਥ ਰੋਵਣ ਜ਼ਾਰੋ ਜ਼ਾਰ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰੇ ਕਰਨ ਪੁਕਾਰ, ਹਾਹਾਕਾਰ ਕਰੇ ਲੋਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਧੀਰਜ ਜਤ ਸਤਿ ਸੰਤੋਖ ਜਾਵਣ ਹਾਰ, ਜੂਠ ਝੂਠ ਵੱਜੇ ਵਧਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਚਾ ਕਰੇ ਨਾ ਕੋਇ ਪਿਆਰ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਉਸ ਵੇਲੇ ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਸਚਾ ਸ਼ਹਿਨਸ਼ਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛਲਾ ਕ਼ਰਜ਼ਾ ਦਏ ਉਤਾਰ, ਬੀਸ ਇਕੀਸਾ ਹਰਿ ਜਗਦੀਸਾ ਆਪਣਾ ਹੁਕਮ ਵਰਤਾਈਆ । ਸਾਚੇ ਜੁਗ ਦਾ ਸਚ ਵਿਹਾਰ, ਸਤਿ ਸਤਿਵਾਦੀ ਹੋ ਕੇ ਦਏ ਸਮਝਾਈਆ । ਇਸ ਰੈਣ ਦੀ ਰੱਖੇ ਯਾਦ, ਭਿੰਨੜੀ ਭੁਲ ਕਦੇ ਨਾ ਜਾਈਆ । ਜਨ ਭਗਤਾਂ ਖੇੜਾ ਕਰੇ ਆਬਾਦ, ਉਜੜੇ ਲਏ ਵਸਾਈਆ । ਨਾਮ ਅਗੰਮੀ ਲਾ ਕੇ ਜਾਗ, ਮਿਹਰ ਨਜ਼ਰ ਉਠਾਈਆ । ਗੁਰਮੁਖਾਂ ਧੋ ਕੇ ਦੁਰਮਤ ਦਾਗ਼, ਨਿਰਮਲ ਰੂਪ ਦਏ ਜਣਾਈਆ । ਹੰਸ ਰੂਪ ਬਣਾਏ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਪ੍ਰੇਮ ਪ੍ਰੀਤੀ ਦੇ ਕੇ ਵੈਰਾਗ, ਘਰ ਵਿਚੋਂ ਵੈਰੀ ਮਾਰ ਬਾਹਰ ਕਢਾਈਆ । ਘਰ ਸੁਵਾਮੀ ਮਿਲੇ ਕੰਤ ਸੁਹਾਗ, ਆਤਮ ਪਰਮਾਤਮ ਜੋੜ ਜੁੜਾਈਆ । ਸ਼ਬਦ ਅਗੰਮੀ ਵਜਾ ਕੇ ਨਾਦ, ਅਨਹਦ ਧੁਨ ਆਪਣੀ ਦਏ ਸੁਣਾਈਆ । ਜਿਸ ਨੂੰ ਵਜਾਏ ਨਾ ਕੋਈ ਰਬਾਬ, ਸੁਰੰਗਾ ਸਾਰੰਗ ਸਕੇ ਨਾ ਕੋਇ ਜਣਾਈਆ । ਜਗਤ ਤੰਬੂਰਾ ਦਏ ਨਾ ਕੋਇ ਆਵਾਜ਼, ਸਗਲ ਵਸੂਰੇ ਦਏ ਮਿਟਾਈਆ । ਗੁਰਮੁਖਾਂ ਦੀ ਪੂਰੀ ਕਰ ਕੇ ਖ਼ਾਹਿਸ਼, ਜਨਮ ਜਨਮ ਦਾ ਲੇਖ ਚੁਕਾਈਆ । ਓਸੇ ਵੇਲੇ ਇਹ ਖੇਲ ਬਚਨ ਹੋਇਆ ਵਿਚ ਬਨਬਾਸ, ਜਿਸ ਨੂੰ ਸੁਣਨ ਵਾਲਾ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਫੇਰ ਦਿਤਾ ਆਖ, ਰਾਮ ਲਛਮਣ ਸੀਤਾ ਤਿੰਨੇ ਇਕੋ ਢੋਲਾ ਗਾਈਆ । ਸਾਰੇ ਕਹੋ ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਨਾ ਆਵੇ ਬਾਪ, ਪਿਤਾ ਪੁਰਖ ਅਕਾਲ ਇਕੋ ਬੇਪਰਵਾਹੀਆ । ਸਚ ਪ੍ਰੀਤੀ ਦਾ ਸੋਹੰ ਜਾਪ, ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਾਰਾਂ ਚੇਤ ਦੀ ਰੈਣ ਕਹੇ ਭਿੰਨੀ, ਮੈਂ ਲੇਖਾ ਦਿਆਂ ਜਣਾਈਆ । ਮੈਂ ਜੁਗ ਚੌਕੜੀ ਵੇਲਾ ਵਕ਼ਤ ਰਹੀ ਗਿਣੀ, ਆਪਣੇ ਪੋਟੇ ਦਿਤੇ ਘਸਾਈਆ । ਓਢਣ ਲੱਥਾ ਰਿਹਾ ਸਿਰ ਤੋਂ ਚੁੰਨੀ, ਪੜਦਾ ਸਚ ਨਾ ਕੋਇ ਟਿਕਾਈਆ । ਭੇਵ ਖੁਲ੍ਹਾਇਆ ਨਾ ਕਿਸੇ ਵਿਦਵਾਨ ਗੁਣ ਗੁਣੀ, ਗਹਿਰ ਗੰਭੀਰ ਨਾ ਕੋਇ ਜਣਾਈਆ । ਝਗੜਾ ਵੇਖਿਆ ਰਿਖੀ ਮੁਨੀ, ਮੁਨੀਸ਼ਰ ਦੇਣ ਦੁਹਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਸ਼ਬਦ ਅਗੰਮੀ ਵਜਾਏ ਨਾ ਕੋਈ ਧੁਨੀ, ਧੁਰ ਦਾ ਭੇਵ ਨਾ ਕੋਇ ਖੁਲ੍ਹਾਈਆ । ਇਕ ਬਚਨ ਪਹਿਲੋਂ ਸੁਣਿਆ ਸੰਮਤ ਉਨੀਂ, ਜਿਸ ਦਾ ਪਰਦਾ ਸਕਿਆ ਨਾ ਕੋਇ ਉਠਾਈਆ । ਜਿਸ ਦੇ ਹੁਕਮੇ ਅੰਦਰ ਵੀਹ ਸੌ ਵੀਹ ਬਿਕ੍ਰਮੀ ਸਭ ਦੀ ਚੋਟੀ ਗਈ ਮੁੰਨੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਿੰਨੜੀ ਰੈਣ ਕਹੇ ਜਿਸ ਵੇਲੇ ਸੋਹੰ ਗਾਇਆ, ਰਾਮ ਸੀਤਾ ਲਛਮਣ ਤਿੰਨੇ ਨਜ਼ਰੀ ਆਈਆ । ਪੁਰਖ ਅਬਿਨਾਸ਼ੀ ਪ੍ਰੇਮ ਪ੍ਰੀਤੀ ਮਾਰਗ ਲਾਇਆ, ਦਿਤੀ

੬੧੪

ਮਾਣ ਵਡਿਆਈਆ । ਸੀਤਾ ਨਿਉਂ ਕੇ ਸੀਸ ਝੁਕਾਇਆ, ਬੇਨੰਤੀ ਇਕ ਸੁਣਾਈਆ । ਇਹ ਕੀ ਪ੍ਰਭੂ ਖੇਲ ਰਚਾਇਆ, ਪਰਦਾ ਦੇ ਉਠਾਈਆ । ਰਾਮ ਕਿਹਾ ਇਹ ਭੇਵ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਕਲਜੁਗ ਵੇਲਾ ਰਿਹਾ ਵਖਾਇਆ, ਦੂਰ ਦੁਰਾਡਾ ਨੇੜੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸੀਤਾ ਸੁਣ ਸਚ ਸਵਾਣੀ, ਤੈਨੂੰ ਦਿਆਂ ਜਣਾਈਆ । ਲਛਮਣ ਪੀ ਲੈ ਗਲਾਸ ਪਾਣੀ, ਅੰਮ੍ਰਿਤ ਰੂਪ ਵਖਾਈਆ । ਅਗੰਮੀ ਸ਼ਬਦ ਧੁਰ ਦੀ ਬਾਣੀ, ਬਿਨ ਰਸਨਾ ਜਿਹਵਾ ਗਾਈਆ । ਸੀਤਾ ਰਾਮ ਜਗਤ ਕਹਾਣੀ, ਚਾਰੋਂ ਕੁੰਟ ਵਧਾਈਆ । ਮੈਂ ਕਲਜੁਗ ਅੰਤਮ ਦੱਸਾਂ ਸਚ ਨਿਸ਼ਾਨੀ, ਕਲਜੁਗ ਜੀਵ ਸਾਚਾ ਇਸ਼ਟ ਦੇਵ ਨਾ ਕੋਇ ਮਨਾਈਆ । ਓਸ ਵੇਲੇ ਪੁਰਖ ਅਕਾਲ ਸ੍ਰੀ ਭਗਵੰਤ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਲਾਸ਼ਰੀਕ ਆਪਣੀ ਕਰਨੀ ਇਕ ਮਿਹਰਵਾਨੀ, ਮਹਿਬੂਬ ਮੁਹੱਬਤ ਅੰਦਰ ਮਹਿਵ ਹੋ ਕੇ ਮਾਲਕ ਰਸਤਾ ਦੇਣਾ ਜਣਾਈਆ । ਜਨ ਭਗਤਾਂ ਦੇਵਣ ਔਣਾ ਪਦ ਨਿਰਬਾਣੀ, ਸਚਖੰਡ ਦੀ ਸਚ ਨਿਸ਼ਾਨੀ, ਲੇਖਾ ਚੁਕਾ ਕੇ ਦੋ ਜਹਾਨੀ, ਦੋਹਰਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਲਛਮਣ ਕਹੇ, ਕੀ ਸ੍ਰੀ ਭਗਵਾਨ ਲੋਕਮਾਤ ਆਵੇਗਾ । ਰਾਮ ਕਿਹਾ ਹਾਂ, ਮਿਹਰਵਾਨ ਹੋ ਕੇ ਆਪਣਾ ਫੇਰਾ ਪਾਵੇਗਾ । ਸੀਤਾ ਕਿਹਾ ਕੀ ਦੇਵੇ ਦਾਨ, ਝੋਲੀ ਵਸਤ ਕੀ ਟਿਕਾਵੇਗਾ । ਅਬਿਨਾਸ਼ੀ ਕਰਤੇ ਕਿਹਾ ਜੋ ਤੁਹਾਨੂੰ ਦੱਸਿਆ ਗਾਨ, ਇਹੋ ਭਗਤਾਂ ਨੂੰ ਪੜ੍ਹਾਵੇਗਾ । ਜਿਹੜਾ ਲੁਕਿਆ ਜਿਮੀਂ ਤੋਂ ਥੱਲੇ ਉਤੇ ਅਸਮਾਨ, ਸੋਹਣਾ ਆਸਣ ਸਚ ਵਖਾਵੇਗਾ । ਜਿਸ ਦਾ ਜੁਗ ਚੌਕੜੀ ਸਾਰੇ ਗਾਵਣ ਗਾਣ, ਸੋ ਗਹਿਰ ਗੰਭੀਰ ਬੇਨਜ਼ੀਰ ਆਪਣੀ ਖੇਲ ਖਿਲਾਵੇਗਾ । ਸਾਚੇ ਭਗਤਾਂ ਦਾ ਬਣ ਕੇ ਭਗਵਾਨ, ਆਤਮ ਅੰਤਰ ਦੇ ਕੇ ਬ੍ਰਹਮ ਗਿਆਨ, ਸਾਚੀ ਵਿਦਿਆ ਇਕ ਸਮਝਾਵੇਗਾ । ਸ਼ਬਦ ਅਗੰਮ ਸੁਣਾ ਕੇ ਕਾਨ, ਭੇਵ ਅਭੇਦਾ ਖੋਲ੍ਹੇ ਆਣ, ਧੁਰ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਵੇਗਾ । ਗ਼ਰੀਬ ਨਿਮਾਣੇ ਵੇਖੇ ਦੋ ਜਹਾਨ, ਕੋੜ੍ਹਿਆਂ ਕਮਲਿਆਂ ਦੇਵੇ ਮਾਣ, ਭੁੱਖਿਆਂ ਨੰਗਿਆਂ ਆਪਣੇ ਅੰਗ ਲਗਾਵੇਗਾ । ਚਾਰੇ ਬਾਣੀ ਹੋਏ ਹੈਰਾਨ, ਚਾਰੇ ਖਾਣੀ ਮੇਟੇ ਸ਼ੈਤਾਨ, ਚਾਰੇ ਕੁੰਟ ਦਏ ਗਿਆਨ, ਚਾਰੇ ਜੁਗ ਸੀਸ ਝੁਕਾਣ, ਚਾਰੇ ਵੇਦ ਮੰਨਣ ਭਗਵਾਨ, ਚੌਥੇ ਪਦ ਆਪਣੇ ਘਰ ਸੱਦ ਮਹਲ ਅਟਲ ਇਕ ਸੁਹਾਵੇਗਾ । ਭਗਤਾਂ ਮਾਰੇ ਇਕ ਆਵਾਜ਼, ਅੰਦਰੋਂ ਖੋਲ੍ਹ ਦੇਵੇ ਰਾਜ਼, ਭੁਲ ਜਾਣ ਰੋਜ਼ਾ ਅਤੇ ਨਿਮਾਜ਼, ਪੂਜਾ ਪਾਠ ਸਿਮਰਨ ਜੋਗ ਅਭਿਆਸ ਨਜ਼ਰ ਕੋਇ ਨਾ ਆਏਗਾ । ਜਿਧਰ ਵੇਖਣ ਓਧਰ ਨਜ਼ਰੀ ਆਏ ਆਪ, ਭਗਤਾਂ ਨੂੰ ਦੱਸਦਾ ਜਾਏ ਮੈਂ ਤੁਹਾਡਾ ਬਾਪ, ਪੂਤ ਸਪੂਤੇ ਆਪਣੀ ਗੋਦ ਚੁਕਾਏਗਾ । ਸੀਤਾ ਕਹੇ ਕੀ ਪ੍ਰਭੂ ਲੋਕਮਾਤ ਏਹੋ ਜਿਹੀ ਫੇਰ ਆਵੇ ਰਾਤ, ਰਾਮ ਨੇ ਕਿਹਾ ਜਿਸ ਵੇਲੇ ਅਬਿਨਾਸ਼ੀ ਕਰਤਾ ਦੇਣ ਆਵੇ ਸੁਗ਼ਾਤ, ਭਿੰਨੜੀ ਰੈਣ ਆਪਣਾ ਰੰਗ ਵਟਾਏਗਾ । ਇਹੋ ਪਰਵਿਸ਼ਟਾ ਇਹੋ ਦਿਵਸ ਇਹੋ ਰਾਤ, ਇਕ ਸੱਤ ਦਾ ਖੇਲ ਤਮਾਸ਼, ਗੁਰਮੁਖਾਂ ਦੀ ਹੋਵੇ ਸਾਥ ਜਮਾਤ, ਲੇਖਾ ਲਿਖਾਏ ਨਾਲ ਕਲਮ ਦਵਾਤ, ਸੁਗ਼ਾਤ ਧੁਰ ਦੀ ਝੋਲੀ ਪਾਏਗਾ । ਸੀਤਾ ਕਹੇ ਮੈਂ ਵੇਖਣਾ ਖੇਲ ਤਮਾਸ਼, ਰਾਮ ਕਹੇ ਮੈਂ ਵੀ ਹੋਵਾਂ ਤੇਰੇ ਸਾਥ, ਨਿਰਗੁਣ ਹੋ ਕੇ ਖ਼ੁਸ਼ੀ ਮਨਾਏਗਾ । ਸਤਾਰਾਂ ਚੇਤ ਕਹੇ ਮੇਰੀ ਪੂਰੀ ਹੋਵੇ ਆਸ, ਸ੍ਰੀ ਭਗਵਾਨ ਭਗਤਾਂ ਦਾ ਹੋ ਕੇ ਦਾਸ, ਗ੍ਰਹਿ ਗ੍ਰਹਿ ਅੰਦਰ ਕਰ ਕੇ ਨਿਵਾਸ, ਨਿਜ ਆਸਣ ਬੈਠ ਡੇਰਾ ਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਏਗਾ । ਭਿੰਨੜੀ ਰੈਣ ਕਹੇ ਸੁਣ ਭਗਤ ਮਿਤਰ, ਤੇਰੀ ਮੇਰੀ

੬੧੫

ਵੱਜੇ ਵਧਾਈਆ । ਜਿਸ ਨੇ ਤੁਹਾਡਾ ਰਖਿਆ ਫ਼ਿਕਰ, ਫ਼ਿਕਰੇ ਤੁਹਾਡੇ ਢੋਲੇ ਗਾਈਆ । ਮੈਂ ਓਸੇ ਦਾ ਕਰਦੀ ਜ਼ਿਕਰ, ਦਿਵਸ ਰੈਣ ਰਹੀ ਸੁਣਾਈਆ । ਜੋ ਆਪਣੀ ਧਾਰੋਂ ਆਪੇ ਨਿਕਲ, ਜੋਤੀ ਨੂਰ ਨੂਰ ਰੁਸ਼ਨਾਈਆ । ਬਿਨ ਭਗਤਾਂ ਸਾਚੀ ਨਜ਼ਰ ਨਾ ਆਏ ਕਿਸੇ ਸ਼ਕਲ, ਬੇਅਕਲ ਹੋਵੇ ਲੋਕਾਈਆ । ਗੁਰਮੁਖੋ ਤੁਹਾਡੀ ਕੂੜੀ ਕਿਰਿਆ ਕਰ ਦੇਵੇ ਕਤਲ, ਦੁਰਮਤ ਮੈਲ ਦੇਵੇ ਧਵਾਈਆ । ਤੁਹਾਡੀ ਮੰਜ਼ਲ ਦਾ ਪੂਰਾ ਕਰ ਜਾਏ ਸਫ਼ਰ, ਪਾਂਧੀ ਰਹਿਣ ਨਾ ਕੋਇ ਨਾ ਪਾਈਆ । ਦੂਜੀ ਵਾਰ ਫੇਰ ਦੇਵੇ ਨਾ ਕੋਈ ਕਫ਼ਨ, ਮੜ੍ਹੀ ਗੋਰ ਨਾ ਕੋਇ ਦਬਾਈਆ । ਤੁਹਾਡੇ ਨਾਲ ਪ੍ਰਭੂ ਮਿਲ ਕੇ ਆਇਆ ਵਸਣ, ਆਤਮ ਪਰਮਾਤਮ ਜੋੜ ਜੁੜਾਈਆ । ਸਤਿ ਸਤਿਵਾਦੀ ਰਾਹ ਆਇਆ ਦੱਸਣ, ਦਰਗਾਹ ਸਾਚੀ ਕੁੰਡਾ ਲਾਹੀਆ । ਪ੍ਰੇਮ ਪਿਆਰ ਨਾਲ ਆਇਆ ਆਖਣ, ਸ਼ਬਦ ਸੰਦੇਸ਼ਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਭਿੰਨੜੀ ਰੈਣ ਕਹੇ ਮੈਂ ਚੁਕਦਾ ਵੇਖਿਆ ਓਹਲਾ, ਪੜਦਾ ਰਿਹਾ ਉਠਾਈਆ । ਭਗਤਾਂ ਦਾ ਹੋ ਕੇ ਗੋਲਾ, ਦਰਵੇਸ਼ ਫੇਰਾ ਪਾਈਆ । ਸ਼ਬਦ ਅਗੰਮੀ ਢੋਲਾ, ਸੋਹੰ ਰਾਗ ਸੁਣਾਈਆ । ਦੋ ਜਹਾਨਾਂ ਬਣ ਕੇ ਵਿਚੋਲਾ, ਵਿਛੜੇ ਰਿਹਾ ਮਿਲਾਈਆ । ਦਰਗਾਹ ਦਾ ਬਣ ਕੇ ਤੋਲਾ, ਨਾਮ ਕੰਡੇ ਰਿਹਾ ਚੜ੍ਹਾਈਆ । ਸਤਾਰਾਂ ਚੇਤ ਕਹੇ ਗੁਰਮੁਖੋ ਤੁਹਾਡੇ ਅੰਦਰ ਕੋਈ ਰਹਿਣ ਨਾ ਦੇਵੇ ਰੌਲਾ, ਕੂੜਾ ਝਗੜਾ ਦਏ ਮਿਟਾਈਆ । ਤੁਹਾਡਾ ਉਲਟਾ ਕਰੇ ਨਾਭ ਕਵਲਾ, ਅੰਮ੍ਰਿਤ ਆਪਣਾ ਦਏ ਟਿਕਾਈਆ । ਨੂਰ ਖ਼ੁਦਾਈ ਦੱਸ ਕੇ ਅਵਲਾ, ਜਲਵਾ ਜ਼ਹੂਰ ਦਏ ਜਣਾਈਆ । ਬੇਸ਼ਕ ਗੁਰਮੁਖ ਕੋਝਾ ਹੋਵੇ ਕਮਲਾ, ਕਵਲ ਨੈਣ ਆਪਣੇ ਨਾਲ ਮਿਲਾਈਆ । ਤੁਹਾਡੇ ਪੂਰਬ ਜਨਮ ਦੇ ਵੇਖੇ ਨਾ ਅਮਲਾ, ਮਿਹਰ ਨਜ਼ਰ ਆਪਣੀ ਇਕ ਉਠਾਈਆ । ਤੁਹਾਨੂੰ ਵਜੌਣਾ ਪਏ ਨਾ ਕੋਈ ਤਬਲਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਤੁਹਾਡਾ ਲੇਖਾ ਮੁਕਾਇਆ ਪਿਛਲਾ, ਅਗੇ ਹੋਇਆ ਆਪ ਸਹਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮਾਣਸ ਜਨਮ ਜਿੱਤ ਲੈ, ਹਾਰ ਚਰਨਾਂ ਹੇਠ ਦਬਾਈਆ । ਪ੍ਰੀਤੀ ਦੇ ਪ੍ਰੀਤਮ ਨੂੰ ਪ੍ਰੇਮ ਨਾਲ ਖਿੱਚ ਲੈ, ਆਤਮ ਪਰਮਾਤਮ ਗੰਢ ਗੰਢਾਈਆ । ਗੁਰ ਸ਼ਬਦ ਵਿਚ ਲੈ, ਨਾਤਾ ਛੋੜ ਜਗਤ ਲੋਕਾਈਆ । ਭਿੰਨੜੀ ਰੈਣ ਕਹੇ ਘਰ ਸੱਜਣ ਸੋਹਣਾ ਨਿੱਤ ਬਹੇ, ਪੀਤ ਪੀਤੰਬਰ ਸੀਸ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਰੈਣ ਕਹੇ ਮੈਂ ਵੇਖਿਆ ਰਹਿਬਰ, ਰਹਿਮਤਾਂ ਦਾ ਮਾਲਕ ਨਜ਼ਰੀ ਆਈਆ । ਮੂਰਖ ਮੁਗਧ ਅੰਵਾਣ ਤਾਰੇ ਅਹਿਮਕ, ਦੁਬਧਾ ਮੈਲ ਧਵਾਈਆ । ਜਿਹੜਾ ਉਸ ਦੇ ਨਾਲ ਹੋ ਗਿਆ ਸਹਿਮਤ, ਉਸ ਦੇ ਸਹਿਮ ਰਿਹਾ ਮਿਟਾਈਆ । ਨਾਮ ਪਦਾਰਥ ਦੇ ਕੇ ਨਿਆਮਤ, ਖ਼ਾਲੀ ਝੋਲੀ ਦਏ ਭਰਾਈਆ । ਅੰਤ ਸਹਾਈ ਹੋਵੇ ਵੇਲੇ ਕ਼ਿਆਮਤ, ਜਮਾਂ ਤੋਂ ਲਏ ਛੁਡਾਈਆ । ਸਚ ਦਰਬਾਰ ਵਿਚ ਜਾਂਦਿਆਂ ਕਰੇ ਨਾ ਕੋਇ ਮਮਾਨਤ, ਅਗੇ ਹੋ ਨਾ ਕੋਇ ਅਟਕਾਈਆ । ਜਨ ਭਗਤੋ ਜਿਨ੍ਹਾਂ ਦੀ ਸ੍ਰੀ ਭਗਵਾਨ ਦੇਵੇ ਜ਼ਮਾਨਤ, ਉਹਨਾਂ ਨੂੰ ਬੰਨ੍ਹਣ ਵਾਲਾ ਨਜ਼ਰ ਕੋਇ ਨਾ ਆਈਆ । ਭਗਤ ਭਗਵਾਨ ਦੋਵੇਂ ਸਦਾ ਸਦਾ ਸਹੀ ਸਲਾਮਤ, ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਚੇਤ ਭਿੰਨੜੀ ਰੈਣ ਰੇਣ ਚਰਨ ਧੂੜ ਟਿੱਕਾ ਮਸਤਕ ਲਾਈਆ ।

✻ ੧੮ ਚੇਤ ਸ਼ਹਿਨਸ਼ਾਹੀ ਸੰਮਤ ੧ ਵਕੀਲ ਸਿੰਘ ਦੇ ਗ੍ਰਿਹ ਪਿੰਡ ਹੰਸਾ ਜੰਮੂ ✻

ਜਨ ਭਗਤ ਕਹੇ ਪ੍ਰਭ ਵੇਖ ਕਾਇਆ ਖੇੜਾ, ਸਾਢੇ ਤਿੰਨ ਹੱਥ ਅੰਦਰ ਧਿਆਨ ਲਗਾਈਆ । ਪੰਚ ਵਿਕਾਰ ਛਿੜਿਆ ਝੇੜਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸਾਚੇ ਮੰਦਰ ਹੋਇਆ ਅੰਧੇਰਾ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਜਗਤ ਸਾਗਰ ਬੰਨੇ ਕੋਈ ਨਾ ਲਾਏ ਬੇੜਾ, ਧੁਰ ਦਾ ਸੰਗ ਨਾ ਕੋਇ ਜਣਾਈਆ । ਮਾਇਆ ਮਮਤਾ ਸ੍ਰਿਸ਼ਟੀ ਇਸ਼ਟੀ ਕਹੇ ਮੇਰਾ ਮੇਰਾ, ਹਉਮੇ ਰੋਗ ਨਾ ਕੋਇ ਮਿਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਭਰਮੇ ਭੁੱਲਾ ਗੁਰੂ ਗੁਰ ਚੇਲਾ, ਸੱਜਣ ਸੁਹੇਲਾ ਜੋੜ ਨਾ ਕੋਇ ਜੁੜਾਈਆ । ਸਦੀ ਵੀਹਵੀਂ ਵੇਖ ਕਲ ਕਾਤੀ ਵੇਲਾ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਹੋਇਆ ਵਕਤ ਦੁਹੇਲਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮੀਤ ਮੁਰਾਰ ਵਿਚ ਜਹਾਨ ਰਹੇ ਕੋਈ ਨਾ ਸੱਜਣ ਸੁਹੇਲਾ, ਸਚ ਪ੍ਰੀਤੀ ਸਤਿ ਨਾ ਕੋਇ ਬੰਧਾਈਆ । ਸਾਚੇ ਗ੍ਰਿਹ ਸਾਚੇ ਮੰਦਰ ਪਾਰਬ੍ਰਹਮ ਬ੍ਰਹਮ ਹੋਏ ਨਾ ਮੇਲਾ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਘਰ ਦੀਪਕ ਜੋਤ ਜਗੇ ਨਾ ਕੋਈ ਬਿਨ ਬਾਤੀ ਤੇਲਾ, ਨੂਰ ਜ਼ਹੂਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹੇ ਪ੍ਰਭ ਵੇਖ ਕਾਇਆ ਗੜ੍ਹ, ਪੰਜ ਤਤ ਮਾਟੀ ਖੋਜ ਖੁਜਾਈਆ । ਮਨ ਵਾਸਨਾ ਸ੍ਰਿਸ਼ਟੀ ਰਹੀ ਲੜ, ਤ੍ਰਿਸ਼ਨਾ ਜਗਤ ਨਾ ਕੋਇ ਮਿਟਾਈਆ । ਹਉਮੇ ਅਗਨੀ ਅੰਦਰ ਰਹੇ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਰਸਨਾ ਜਿਹਵਾ ਬੱਤੀ ਦੰਦ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਸਾਰੇ ਰਹੇ ਪੜ੍ਹ, ਹਿਰਦੇ ਹਰਿ ਨਾ ਕੋਇ ਵਸਾਈਆ । ਅਠਸਠ ਤੀਰਥ ਸਾਰੇ ਰਹੇ ਸੜ, ਦੁਰਮਤ ਮੈਲ ਨਾ ਕੋਇ ਧਵਾਈਆ । ਪੂਜਾ ਪਾਠ ਸਿਮਰਨ ਜੋਗ ਅਭਿਆਸ ਹਵਨ ਸਾਰੇ ਰਹੇ ਕਰ, ਸਚ ਸੁਗੰਧੀ ਆਹੂਤੀ ਨਾਮ ਨਾ ਕੋਇ ਟਿਕਾਈਆ । ਜਗਤ ਦਹਿਲੀਜ਼ਾਂ ਸੀਸ ਸਾਰੇ ਰਹੇ ਧਰ, ਨਮੋ ਨਮੋ ਨਿਮਸਕਾਰ ਪ੍ਰਭੂ ਤੇਰੇ ਚਰਨ ਨਾ ਕੋਇ ਜਣਾਈਆ । ਨਵ ਨੌ ਚਾਰ ਜੁਗ ਚੌਕੜੀ ਵੇਖਿਆ ਦਰ ਦਰ, ਸਾਚੇ ਘਰ ਤੇਰੀ ਅਲਖ ਨਾ ਕੋਇ ਜਗਾਈਆ । ਜੀਵਤ ਕੋਇ ਨਾ ਜਾਏ ਮਰ, ਮਰ ਜੀਵਤ ਰੂਪ ਵਟਾਈਆ । ਦਰ ਠਾਂਡੇ ਭਗਤ ਸੁਹੇਲੇ ਮੰਗਣ ਵਰ, ਆਤਮ ਝੋਲੀ ਅਗੇ ਡਾਹੀਆ । ਅਬਿਨਾਸ਼ੀ ਕਰਤੇ ਕਿਰਪਾ ਕਰ, ਦੀਨ ਦਿਆਲ ਤੇਰੀ ਸਰਨਾਈਆ । ਨਿਰਗੁਣ ਰੂਪ ਜੋਤੀ ਧਾਰ ਸ਼ਬਦ ਅਗੰਮੀ ਅੰਦਰ ਵੜ, ਮਹਲ ਅਟਲ ਸੋਭਾ ਪਾਈਆ । ਜੋਤ ਪਰਕਾਸ਼ ਇਕੋ ਕਰ, ਪ੍ਰਿਥਮੀ ਆਕਾਸ਼ ਲੇਖਾ ਦੇ ਮੁਕਾਈਆ । ਸਚ ਦੁਵਾਰੇ ਮੰਜ਼ਲ ਆਪਣੀ ਚੜ੍ਹ, ਹਰਿ ਸੱਜਣ ਪੜਦਾ ਲਾਹੀਆ । ਤੇਰਾ ਰੂਪ ਅਨੂਪ ਦਰਸ਼ਨ ਲਈਏ ਕਰ, ਸਵੱਛ ਸਰੂਪੀ ਇਕੋ ਸੋਭਾ ਪਾਈਆ । ਸਚਖੰਡ ਦਵਾਰੇ ਹਕ ਮੁਕਾਮੇ ਖੜ, ਸਾਖ਼ਿਆਤ ਨਜ਼ਰੀ ਆਈਆ । ਪ੍ਰਭੂ ਤੇਰਾ ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਜੋਤ ਜੋਤ ਰੁਸ਼ਨਾਈਆ । ਕਿਰਪਾਨਿਧਾਨ ਕਿਰਪਾ ਆਪਣੀ ਕਰ, ਕਿਰਪਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਕਹੇ ਪ੍ਰਭੂ ਜਗਤ ਕੂੜ ਕੁੜਿਆਰ, ਕੁਟੰਬ ਸਚਾ ਨਜ਼ਰ ਕੋਇ ਨਾ ਆਈਆ । ਸਾਚਾ ਮਿਲਿਆ ਨਾ ਕਿਸੇ ਯਾਰ, ਧੁਰ ਦਾ ਸੰਗੀ ਸੰਗ ਬਣਾਈਆ । ਅੰਤਰ ਆਤਮ ਕਰੇ ਨਾ ਕੋਈ ਪਿਆਰ, ਸੁਰਤ ਸ਼ਬਦ ਨਾ ਕੋਇ ਕੁੜਮਾਈਆ । ਚਾਰ ਕੁੰਟ ਨਜ਼ਰ ਆਇਆ ਵਿਭਚਾਰ, ਸਤਿ

ਧਰਮ ਨਾ ਕੋਇ ਰਖਾਈਆ । ਮਾਇਆ ਮਮਤਾ ਰਹੇ ਝਖ ਮਾਰ, ਧੀਰਜ ਧੀਰ ਨਾ ਕੋਇ ਧਰਾਈਆ । ਫਿਰ ਫਿਰ ਵੇਖਿਆ ਤੇਰਾ ਸੰਸਾਰ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਸਾਚਾ ਮਿਲਿਆ ਨਾ ਜੋਗ ਅਭਿਆਸ, ਸ਼ਾਸਤਰ ਸਿਮਰਤ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਲੇਖੇ ਲੱਗਾ ਨਾ ਕੋਇ ਸਵਾਸ, ਸਾਹ ਸਾਹ ਸੰਗ ਨਿਭਾਈਆ । ਪੂਰੀ ਹੋਈ ਨਾ ਤ੍ਰਿਸ਼ਨਾ ਆਸ, ਤੇਰਾ ਮਿਲਾਪ ਨਾ ਕੋਇ ਕਰਾਈਆ । ਕਰਾਂ ਬੇਨੰਤੀ ਦੋਏ ਜੋੜ ਕੇ ਹਾਥ, ਡੰਡਾਵਤ ਇਕ ਜਣਾਈਆ । ਠਾਕਰ ਸਵਾਮੀ ਸੁਣ ਅਰਦਾਸ, ਅਰਜ਼ ਆਰਜ਼ੂ ਬੇਪਰਵਾਹੀਆ । ਚਰਨ ਕਵਲ ਹੋ ਕੇ ਦਾਸ, ਸਚ ਸੁਨੇਹੜਾ ਰਿਹਾ ਜਣਾਈਆ । ਭਗਤ ਪਿਆਰਾ ਹੋ ਕੇ ਵੇਖ ਲੋਕਮਾਤ, ਕਲਜੁਗ ਰੈਣ ਅੰਧੇਰੀ ਛਾਈਆ । ਅੰਬਰ ਉਪਰੋਂ ਬਰਸੇ ਬਰਸਾਤ, ਮੇਘਲਾ ਆਪਣਾ ਰੰਗ ਰੰਗਾਈਆ । ਕਰੋੜ ਛਿਆਨਵੇਂ ਖੇਲ ਤਮਾਸ਼, ਵੇਖਣ ਛਹਿਬਰ ਲਾਈਆ । ਰਾਮ ਵਸ਼ਿਸ਼ਟ ਵਾਲੀ ਰਾਤ, ਸੀਤਾ ਲਛਮਣ ਦਏ ਗਵਾਹੀਆ । ਸ਼ੰਕਰ ਵੇਖੇ ਉਤੇ ਕੈਲਾਸ਼, ਬ੍ਰਹਮਾ ਵੇਤਾ ਬ੍ਰਹਮ ਨੈਣ ਉਠਾਈਆ । ਵਿਸ਼ਨੂੰ ਜਾਣੇ ਖੇਲ ਤਮਾਸ਼, ਕਰਨੀ ਕਰਤਾ ਆਪ ਕਰਾਈਆ । ਜਗਤ ਜੀਵ ਜਹਾਨ ਦਿਸੇ ਉਦਾਸ, ਸਤਿ ਸੰਤੋਖ ਰੂਪ ਨਾ ਕੋਇ ਵਖਾਈਆ । ਭਗਤ ਸੁਹੇਲੇ ਸੱਜਣ ਰਖ ਪਾਸ, ਵਿਛੋੜਾ ਜਗਤ ਦੇ ਕਟਾਈਆ । ਸਚ ਬੇਨੰਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹੇ ਮੇਰੇ ਠਾਕਰ ਸਵਾਮੀ, ਕਿਉਂ ਠੋਕਰ ਰਿਹਾ ਲਗਾਈਆ । ਆਦਿ ਜੁਗਾਦੀ ਅੰਤਰਜਾਮੀ, ਅੰਤਸ਼ਕਰਨ ਵੇਖ ਵਖਾਈਆ । ਜਿਸ ਕਾਰਨ ਬਰਖੇ ਅੰਮ੍ਰਿਤ ਪਾਣੀ, ਅੰਬਰ ਛਹਿਬਰ ਲਾਈਆ । ਇਹ ਵੀ ਖੇਲ ਖ਼ਲਕ ਮਹਾਨੀ, ਹਰਿ ਖ਼ਾਲਕ ਤੇਰੀ ਬੇਪਰਵਾਹੀਆ । ਲਛਮਣ ਦੇ ਇਕ ਗਲਾਸ ਦੀ ਇਹ ਨਿਸ਼ਾਨੀ, ਸੀਤਾ ਬੂੰਦਾ ਬੂੰਦ ਨੀਰ ਬਰਸਾਈਆ । ਭਗਤਨ ਮੇਲਾ ਸ੍ਰੀ ਭਗਵਾਨੀ, ਭਗਵਨ ਰੰਗ ਚੜ੍ਹਾਈਆ । ਜੁਗਾਂ ਪਿੱਛੋਂ ਹੋਈ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗਲਾਸ ਕਹੇ ਮੈਂ ਭਰਿਆ ਜਲ, ਤ੍ਰੇਤਾ ਪਿਛਲੀ ਯਾਦ ਕਰਾਈਆ । ਜਿਸ ਦਾ ਖੇਲ ਵੇਖਣਾ ਕਲ, ਕੁੱਲ ਮਾਲਕ ਹੁਕਮ ਸੁਣਾਈਆ । ਪ੍ਰੇਮ ਪ੍ਰੀਤੀ ਅੰਦਰ ਰਲ, ਇਕ ਸੱਤ ਖ਼ੁਸ਼ੀ ਵਖਾਈਆ । ਲੋਕਮਾਤ ਆਇਆ ਚਲ, ਬਣ ਕੇ ਪਾਂਧੀ ਰਾਹੀਆ । ਛਡ ਕੇ ਜਗਤ ਥਲ, ਪੈਂਡਾ ਲਿਆ ਮੁਕਾਈਆ । ਦੁਖੜਾ ਸੀਸ ਝਲ, ਹੌਸਲਾ ਲਿਆ ਵਧਾਈਆ । ਉਹਨਾਂ ਨਾਲੋਂ ਵਿਛੜਨਾ ਨਹੀਂ ਘੜੀ ਪਲ, ਜੋ ਭਗਤ ਸੁਹੇਲੇ ਭਗਵਨ ਸੰਗ ਨਿਭਾਈਆ । ਉਹਨਾਂ ਦੇ ਅੰਦਰ ਬਾਹਰ ਜਾਣਾ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਕੂੜੀ ਤ੍ਰਿਸ਼ਨਾ ਮੇਟ ਕੇ ਸਲ, ਤ੍ਰਿਖਾ ਤ੍ਰਿਸ਼ਨਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਲ ਕਹੇ ਮੈਂ ਬੂੰਦ ਸਵਾਂਤੀ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਸਤਾਰਾਂ ਚੇਤ ਦੀ ਸੁਹੰਜਣੀ ਰਾਤੀ, ਪਿਛਲਾ ਲੇਖਾ ਰਿਹਾ ਜਣਾਈਆ । ਲਛਮਣ ਸੀਤਾ ਦੀ ਬਾਕੀ, ਬਨਬਾਸੀ ਰਾਮ ਦਏ ਗਵਾਹੀਆ । ਕਰ ਕੇ ਖੇਲ ਪੁਰਖ ਅਬਿਨਾਸ਼ੀ, ਜਾਮ ਗੁਰਮੁਖਾਂ ਰਿਹਾ ਪਿਆਈਆ । ਓਹਨਾਂ ਦੀ ਪੂਰੀ ਕਰ ਕੇ ਆਖੀ, ਆਖ਼ਰ ਆਪਣਾ ਰੰਗ ਰੰਗਾਈਆ । ਅੰਦਰ ਬਾਹਰ ਦਾ ਬਣ ਕੇ ਸਚਾ ਸਾਕੀ, ਦੋਵੇਂ ਪਿਆਲੇ ਹੱਥ ਉਠਾਈਆ । ਅੰਦਰੋਂ ਮਨ ਰਹੇ ਨਾ ਆਕੀ, ਬਾਹਰੋਂ ਤਨ ਨਾ ਕੋਇ ਦੁਖਾਈਆ । ਕਿਰਪਾ ਕਰ ਕੇ ਕਮਲਾਪਾਤੀ, ਕਮਲੇ ਕੋਝੇ ਗਲੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗਲਾਸ ਕਹੇ

ਮੈਂ ਤ੍ਰੇਤਾ ਦੁਆਪਰ ਕਲਜੁਗ ਗਿਆ ਵਧਦਾ, ਬਹੁਤਾ ਆਪਣਾ ਲੇਖ ਬਣਾਈਆ । ਅੰਤ ਅਖ਼ੀਰੀ ਰਾਹ ਗਿਆ ਤਕਦਾ, ਨੇਤਰ ਲੋਚਨ ਨੈਣ ਅੱਖ ਉਠਾਈਆ । ਜਿਸ ਵੇਲੇ ਭਗਤਾਂ ਮੇਲ ਹੋਵੇ ਪੁਰਖ ਸਮਰਥ ਦਾ, ਧੁਰ ਦਾ ਜੋੜ ਜੁੜਾਈਆ । ਨਜ਼ਾਰਾ ਵੇਖਾਂ ਉਸ ਦੀ ਪ੍ਰੇਮ ਵਾਲੀ ਅੱਖ ਦਾ, ਜੋ ਨੇਤਰ ਨੈਣਾਂ ਨਾਲ ਮਿਲਾਈਆ । ਕਿਸ ਬਿਧ ਇਕ ਗਲਾਸ ਦਾ ਅੰਮ੍ਰਿਤ ਮੇਘ ਹੋ ਕੇ ਵਸਦਾ, ਵਰਸ ਵਰਸ ਆਪਣੀ ਖ਼ੁਸ਼ੀ ਮਨਾਈਆ । ਨਾਲੇ ਰਾਗ ਸੁਣਾਂ ਰਾਹ ਜਾਂਦਿਆਂ ਕੋਲੋਂ ਭਗਵਨ ਦੇ ਜਸ ਦਾ, ਜੋ ਸਿਫ਼ਤ ਸਾਲਾਹੀ ਢੋਲੇ ਗਾਈਆ । ਨਾਲ ਓਸ ਨੂੰ ਵੇਖਾਂ ਹੱਸਦਾ, ਜੋ ਬਣੇ ਪਾਂਧੀ ਰਾਹੀਆ । ਓਸੇ ਅਸਵ ਉਤੇ ਸਜਦਾ, ਜੋ ਰਾਮ ਅਸਵਮੇਧ ਜਗ ਲਈ ਦਿਤਾ ਭਜਾਈਆ । ਇਹ ਖੇਲ ਓਸੇ ਦੇ ਹਕ ਦਾ, ਜੋ ਹਕ਼ੀਕ਼ਤ ਵੇਖ ਵਖਾਈਆ । ਪਿਛਲਾ ਲਹਿਣਾ ਇਹੋ ਕੁਛ ਦੱਸਦਾ, ਬਾਲਮੀਕ ਦੇ ਕੇ ਗਿਆ ਵਡਿਆਈਆ । ਢਾਈ ਘੰਟੇ ਇਸੇ ਜੂਹ ਵਿਚ ਇਹ ਘੋੜਾ ਰਿਹਾ ਸੀ ਟਪਦਾ, ਇਧਰ ਉਧਰ ਚਕਰ ਲਗਾਈਆ । ਜਿਥੇ ਗੁਰਮੁਖ ਸੋਹਣਾ ਵਸਦਾ, ਉਹਨਾਂ ਦੇ ਗ੍ਰਹਿ ਪਹਿਲੋਂ ਪਵਿੱਤਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਘੋੜਾ ਕਹੇ ਇਸੇ ਦਾ ਅੰਗਰੇਜ਼, ਅਗਲਾ ਨਹੀਂ ਪਿਛਲਾ ਸਾਥੀ ਨਜ਼ਰੀ ਆਈਆ । ਜਿਸ ਦੇ ਨਾਲ ਦੂਜਾ ਦੇਵੀ ਸਿੰਘ ਹੁੰਦਾ ਸੀ ਦਰਵੇਸ਼, ਦੋਵੇਂ ਵਾਗਾਂ ਫੜ ਕੇ ਖ਼ੁਸ਼ੀ ਮਨਾਈਆ । ਜਿਸ ਦੇ ਘਰ ਦਿਤਾ ਭੇਜ, ਇਹ ਸਰਦੀ ਗਰਮੀ ਵਿਚ ਸੇਵ ਕਮਾਈਆ । ਇਕ ਦਿਨ ਪ੍ਰਭ ਨੇ ਦਿਤਾ ਸੰਦੇਸ਼, ਅਗੰਮੀ ਹੁਕਮ ਸਮਝਾਈਆ । ਉਸ ਦਾ ਸਭ ਤੋਂ ਉਤੇ ਸਿਰਲੇਖ, ਲੇਖਾ ਲਿਖਤ ਦਏ ਗਵਾਹੀਆ । ਇਕ ਘਸੇਰਾ ਘਾਹ ਰਿਹਾ ਸੀ ਵੇਚ, ਜਿਸ ਨੂੰ ਗੁਰਨਾਮ ਸਿੰਘ ਕਹਿ ਕੇ ਸਾਰੇ ਰਹੇ ਗਾਈਆ । ਸਾਢੇ ਤਿੰਨ ਆਨੇ ਲੈ ਕੇ ਭੇਟ, ਭਾਈ ਪਰਕਾਸ਼ ਤਾਈਂ ਫੜਾਈਆ । ਉਸ ਨੇ ਫੜ ਕੇ ਲਏ ਲਪੇਟ, ਕੰਨੀ ਲਏ ਬੰਧਾਈਆ । ਉਸ ਦੀ ਮਾਤਾ ਨੇ ਲਏ ਵੇਖ, ਉਹ ਹੌਲੀ ਜਿਹੀ ਸਮਝਾਈਆ । ਇਹਨਾਂ ਵਿਚੋਂ ਮੈਨੂੰ ਦੇ ਦੇ ਏਕ, ਲੋੜ ਆਪਣੀ ਦਿਤੀ ਦ੍ਰਿੜਾਈਆ । ਮੈਂ ਓਸ ਰਾਮ ਦੀ ਕਰਨੀ ਭੇਟ, ਜੋ ਭਿਟਿਆਂ ਆਪਣੇ ਗਲੇ ਲਗਾਈਆ । ਜੇ ਨਾ ਦਿਤਾ ਤੇ ਮੈਂ ਆਪਣਾ ਖੇਸ ਦੇਣਾ ਵੇਚ, ਕ਼ੀਮਤ ਟਕਿਆਂ ਵਾਲੀ ਪਾਈਆ । ਓਧਰੋਂ ਆ ਗਿਆ ਹੋਰ ਸੰਦੇਸ਼, ਅਗੰਮੀ ਰਾਗ ਸੁਣਾਈਆ । ਤੁਹਾਡਾ ਸਭ ਦਾ ਲਹਿਣਾ ਹੱਥ ਨਰ ਨਰੇਸ਼, ਨਰ ਨਿਰੰਕਾਰ ਦਏ ਜਣਾਈਆ । ਤ੍ਰੇਤੇ ਦੀ ਬਜਾਏ ਇਹ ਕਲਜੁਗ ਲੈਣਾ ਵੇਖ, ਵੀਹਵੀਂ ਸਦੀ ਦਏ ਗਵਾਹੀਆ । ਇਸੇ ਅਸਵ ਨੂੰ ਓਥੇ ਭੇਜ, ਭਜਨ ਬੰਦਗੀ ਤੁਹਾਡੀ ਲੇਖੇ ਪਾਈਆ । ਧੁਰ ਦਾ ਮਾਲਕ ਚਲ ਕੇ ਆਵੇ ਤੁਹਾਡੇ ਦੇਸ, ਦਿਸ਼ਾ ਆਪਣੀ ਵੇਖ ਵਖਾਈਆ । ਇਹੋ ਉਤੇ ਹੋਵੇ ਅਸਵ ਖੇਸ, ਸੋਹਣੀ ਸੇਵ ਕਮਾਈਆ । ਅੰਬਰ ਕਰੇ ਹੇਤ, ਛਹਿਬਰ ਇਕ ਲਗਾਈਆ । ਜਿਸ ਲਛਮੀ ਨੇ ਤੱਕੀ ਟੇਕ, ਸੀਤਾ ਗਲਾਸ ਹੱਥ ਟਿਕਾਈਆ । ਉਹਨੂੰ ਰਾਮ ਤੇ ਰਾਮ ਦਾ ਮਾਲਕ ਦੋਵੇਂ ਰਹੇ ਵੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਅਸਵ ਕਹੇ ਸੁਣੋ ਗੁਰਮੁਖ, ਮੇਰੀ ਆਸਾ ਤੁਹਾਨੂੰ ਦਏ ਜਣਾਈਆ । ਅੱਜ ਦੇ ਔਣ ਵਿਚ ਕਿਸੇ ਨਹੀਂ ਮੰਨਣਾ ਦੁਖ, ਇਹ ਦੁਖ ਨਹੀਂ ਸੁਖ ਦਾ ਕਾਰਨ ਰਿਹਾ ਬਣਾਈਆ । ਤੁਹਾਡੇ ਧੋ ਕੇ ਸੋਹਣੇ ਮੁਖ, ਦੁਰਮਤ ਮੈਲ ਧੁਆਈਆ । ਜਿਸ ਥਾਂ ਤੇ ਆ ਕੇ ਗਿਆ ਸਾਂ ਰੁਕ, ਜੇ ਬਾਰਸ਼ ਨਾ ਹੁੰਦੀ ਇਥੇ ਮੇਰਾ ਕੌਣ ਕਦਮ ਟਿਕਾਈਆ । ਫੇਰ ਮੇਰਾ ਲਹਿਣਾ ਕਿਸ ਤਰਾ ਜਾਂਦਾ ਮੁਕ, ਛੱਤ ਦੇ ਅੰਦਰ ਵਾੜ ਕੇ ਮੇਰਾ ਸੁਖ ਵਖਾਈਆ । ਜੇ ਤੁਸੀਂ ਮੈਨੂੰ ਲਵੋ ਪੁਛ, ਮੈਂ

ਤੁਹਾਨੂੰ ਲੱਖ ਲੱਖ ਦਿਆਂ ਵਧਾਈਆ । ਤੁਸੀਂ ਰਲ ਕੇ ਆ ਗਏ ਪਿਉ ਪੁੱਤ, ਮੇਰਾ ਸੰਸਾ ਦਿਤਾ ਚੁਕਾਈਆ । ਨਾ ਕੋਈ ਪੜਦਾ ਉਹਲਾ ਰਿਹਾ ਲੁਕ, ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਕਾਈਆ । ਧਰਤੀ ਕਹੇ ਜਿਸ ਵੇਲੇ ਮੇਰੇ ਉਤੇ ਰਖਿਆ ਸੁੰਬ, ਅਗਲਾ ਹਿੱਸਾ ਦਿਤਾ ਛੁਹਾਈਆ । ਮੈਨੂੰ ਸੁੱਤੀ ਨੂੰ ਦਿਤਾ ਟੁੰਬ, ਅੱਖ ਦਿਤੀ ਖੁਲ੍ਹਾਈਆ । ਜਿਸ ਵੇਲੇ ਹਲਾਈ ਦੁੰਮ, ਦੋ ਜਹਾਨ ਵੱਜੀ ਵਧਾਈਆ । ਉਤੋਂ ਉਤਰਦਿਆਂ ਧਰਨੀ ਕਹੇ ਮੈਂ ਪ੍ਰਭੂ ਦੇ ਚਰਨ ਲਏ ਚੁੰਮ, ਆਪਣੀ ਤ੍ਰਿਖਾ ਬੁਝਾਈਆ । ਨਾਲੇ ਕਿਹਾ ਮੈਨੂੰ ਸੰਤੋਖ ਆਇਆ ਹੁਣ, ਧੀਰਜ ਦਿਤੀ ਧਰਾਈਆ । ਕੀ ਉਹਨਾਂ ਦੇ ਗਾਵਾਂ ਗੁਣ, ਜੋ ਨਾਲ ਚਲ ਕੇ ਆਏ ਪਾਂਧੀ ਰਾਹੀਆ । ਉਹਨਾਂ ਦਾ ਲੇਖੇ ਲਗਾ ਜੋ ਠੰਡ ਨਾਲ ਸੁੱਕਿਆ ਖ਼ੂਨ, ਪ੍ਰੇਮ ਅਗਨ ਨਾਲ ਗਰਮ ਦੇਵੇ ਕਰਾਈਆ । ਇਹ ਕੋਈ ਅੱਖਰਾਂ ਵਾਲਾ ਨਹੀਂ ਮਜ਼ਮੂਨ, ਜਗਤ ਵਾਲੀ ਨਾ ਕੋਇ ਪੜ੍ਹਾਈਆ । ਪ੍ਰਭੂ ਦਾ ਸਚ ਕਾਨੂੰਨ, ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਪੈਜ ਰਖਾਈਆ । ਆਪਣਾ ਬਦਲਿਆ ਨਹੀਂ ਅਸੂਲ, ਅਸਲੀਅਤ ਦਿਤੀ ਸਮਝਾਈਆ । ਜਨ ਭਗਤੋ ਤੁਹਾਡਾ ਪ੍ਰੇਮ ਕਰਨਾ ਵਸੂਲ, ਵਸੂਲੀ ਆਪਣੀ ਆਪੇ ਰਿਹਾ ਕਰਾਈਆ । ਦੁਖ ਨੂੰ ਸੁਖ ਕਰ ਕੇ ਕਰਨਾ ਕ਼ਬੂਲ, ਕਾਇਆ ਕੱਪੜ ਦੁਰਮਤ ਮੈਲ ਧੁਆਈਆ । ਭਾਵੇਂ ਤੁਹਾਡੇ ਚਰਨਾਂ ਦੀ ਅੱਜ ਨਹੀਂ ਉਡੀ ਧੂਲ, ਧੂਲ ਨਾਲੋਂ ਮਾਅਕੂਲ ਤੁਹਾਡਾ ਰਸ ਧਰਨੀ ਲੈ ਲੈ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ । ਅਸਵ ਕਹੇ ਮੈਂ ਜਿਸ ਵੇਲੇ ਅੰਦਰ ਵੜਿਆ ਛੱਤ ਵਾਲੇ ਬਰਾਂਡੇ, ਨੀਲੀ ਛੱਤ ਰੋ ਰੋ ਨੈਣਾਂ ਨੀਰ ਵਹਾਈਆ । ਸਾਡੇ ਨੇਤਰ ਨੈਣ ਸ਼ਰਮਾਂਦੇ, ਅੱਖੀਆਂ ਦੇਣ ਗਵਾਹੀਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗੌਂਦੇ, ਮਾਲਕ ਦੋ ਜਹਾਨ ਅਖਵਾਈਆ । ਮੈਂ ਵੇਖਣਾ ਚਾਹੁੰਦਾ ਉਹ ਗੁਰਮੁਖ ਉਸ ਦੇ ਪਿਆਰੇ ਸਾਂਝੇ, ਜੋ ਇਕੋ ਰੰਗ ਰੰਗਾਈਆ । ਪ੍ਰੇਮੀ ਦਾ ਪ੍ਰੀਤੀ ਅੰਦਰ ਢੋਲਾ ਗਾਂਦੇ, ਸੋਹਣਾ ਰਾਗ ਸੁਣਾਈਆ । ਆਪਣਿਆਂ ਚਰਨਾਂ ਨੂੰ ਧੁਆਂਦੇ, ਸਾਫ਼ ਸੁਥਰੇ ਰਹੇ ਬਣਾਈਆ । ਓਸ ਵੇਲੇ ਬ੍ਰਹਿਮੰਡ ਖੰਡ ਹੱਥਾਂ ਸਾਰੇ ਗਿੱਧਾ ਪਾਂਦੇ, ਤਾਲੀ ਰਹੇ ਵਜਾਈਆ । ਜਿਹੜੇ ਆ ਗਏ ਥੱਕੇ ਮਾਂਦੇ, ਮੰਦਿਆਂ ਭਾਗਾਂ ਵਾਲੇ ਚੰਗੇ ਦਿਤੇ ਬਣਾਈਆ । ਜਿਹੜੇ ਬੈਠੇ ਕੁਛ ਪਵਾਂਦੇ ਕੁਛ ਸਰਾਂਦੇ, ਸਨਮੁਖ ਬਹਿ ਕੇ ਬਹੁਤੇ ਖ਼ੁਸ਼ੀ ਮਨਾਈਆ । ਕੂੜੀ ਠੰਡ ਨਾ ਮੂਲ ਮਨਾਂਦੇ, ਹਸ ਹਸ ਢੋਲੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇਸ ਧਰਨੀ ਕਿਹਾ ਮੇਰੀ ਖ਼ਾਕੀ ਨਾ ਵੇਖੋ ਮਿੱਟੀ, ਧੂਲ ਨਾ ਜਗਤ ਜਣਾਈਆ । ਏਥੇ ਬਾਲਮੀਕ ਸਾਢੇ ਨੌ ਹੱਥ ਦੀ ਬਣਾ ਕੇ ਕੁੱਲੀ ਚਿੱਟੀ, ਬਾਵਨ ਦਿਨ ਗਿਆ ਆਸਣ ਲਾਈਆ । ਇਕ ਦਿਨ ਪ੍ਰੇਮ ਪਿਆਰ ਅੰਦਰ ਆਪਣੀ ਪਕੌਂਦਾ ਸੀ ਟਿੱਕੀ, ਚਪਾਤੀ ਅਗਨੀ ਉਤੇ ਟਿਕਾਈਆ । ਓਧਰੋਂ ਇਕ ਕੰਨਿਆ ਆ ਗਈ ਨਿੱਕੀ, ਉਮਰ ਪੰਜ ਸਾਲ ਸਮਝਾਈਆ । ਕੋਲ ਆ ਕੇ ਦੁਹੱਥੜਾਂ ਮਾਰ ਕੇ ਪਿੱਟੀ, ਬਹੁੜੀ ਬਹੁੜੀ ਰਹੀ ਸੁਣਾਈਆ । ਮੈਨੂੰ ਖਾਣ ਪੀਣ ਵਾਲੀ ਵਸਤ ਕਿਤੇ ਨਹੀਂ ਦਿਸੀ, ਭੁਖ ਰਹੀ ਸਤਾਈਆ । ਜੇ ਮੈਨੂੰ ਦੇ ਦੇਵੇਂ ਇਕ ਰੋਟੀ ਮਿੱਠੀ, ਝੋਲੀ ਦੇਵੇਂ ਭਰਾਈਆ । ਬਾਲਮੀਕ ਕਿਹਾ ਰੋਟੀ ਦੇ ਥਾਂ ਮੈਥੋਂ ਲੈ ਲੈ ਚਿੱਠੀ, ਜੋ ਤੇਰੀ ਦੇਵੇ ਗਵਾਹੀਆ । ਜਿਸ ਵੇਲੇ ਸੰਮਤ ਲੰਘਿਆ ਵੀਹ ਸੌ ਇੱਕੀ, ਇਕਓਅੰਕਾਰ ਇਕੋ ਫੇਰਾ ਪਾਈਆ । ਜਨ ਭਗਤਾਂ ਦੀ ਨਾਲ ਲੈ ਕੇ ਸਿੱਖੀ, ਸਾਖ਼ਿਆਤ ਤੈਨੂੰ ਵੇਖ ਵਖਾਈਆ । ਜਿਹੜੀ ਕੁੱਲੀ ਅੱਖਾਂ ਨਾਲ ਕਿਸੇ ਨਹੀਂ ਡਿੱਠੀ, ਓਥੇ ਆ

ਕੇ ਚਰਨ ਛੁਹਾਈਆ । ਸਾਚੀ ਜਾਨਣਹਾਰਾ ਰੀਤੀ, ਰੀਤੀਵਾਨ ਬੇਪਰਵਾਹੀਆ । ਬੇਸ਼ਕ ਤੂੰ ਕੰਨਿਆ ਨਿੱਕੀ, ਕੰਨਿਆ ਤੋਂ ਮਾਨਸ ਰੂਪ ਤੇਰਾ ਦਏ ਬਦਲਾਈਆ । ਇਹ ਮੇਰੀ ਨਸੀਹਤੀ, ਨਸੀਬ ਤੇਰਾ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਸਾਚੇ ਸੋਭਾ ਪਾਈਆ । ਧਰਨੀ ਕਹੇ ਇਕ ਦਿਨ ਬਾਲਮੀਕ ਜਗੌਣ ਲਗਾ ਸੀ ਦੀਵਾ, ਮਾਚਸ ਹੱਥ ਕੋਇ ਨਾ ਆਈਆ । ਉਹ ਹੋ ਕੇ ਥੋੜ੍ਹਾ ਨੀਵਾਂ, ਲੱਭੇ ਥਾਉਂ ਥਾਈਂਆ । ਫੇਰ ਮਾਰ ਕੇ ਹੱਥ ਉਤੇ ਸੀਵਾਂ, ਧਰਤੀ ਦਿਤੀ ਹਿਲਾਈਆ । ਧਰਨੀ ਕਿਹਾ ਕਿਉਂ ਸਤੌਨਾ ਜੀਵਾਂ, ਪਰਵਾਨੇ ਰਿਹਾ ਜਲਾਈਆ । ਓਸ ਦੀ ਮਸਤੀ ਅੰਦਰ ਤੂੰ ਸਦਾ ਖੀਵਾ, ਨਾਮ ਖ਼ੁਮਾਰੀ ਤੇਰੀ ਰੁਸ਼ਨਾਈਆ । ਜਿਸ ਦੇ ਸਹਾਰੇ ਜੀਵਾਂ, ਉਹ ਤੇਰਾ ਮਿਤਰ ਪਿਆਰਾ ਨਜ਼ਰੀ ਆਈਆ । ਜਿਸ ਦਾ ਅੰਮ੍ਰਿਤ ਰਸ ਪੀਵਾਂ, ਉਹ ਛਹਿਬਰ ਰਿਹਾ ਲਗਾਈਆ । ਬਾਲਮੀਕ ਹੱਥ ਰਖ ਕੇ ਸੀਨਾ, ਧੁਰ ਸੰਦੇਸ਼ਾ ਓਸ ਨੂੰ ਰਿਹਾ ਦ੍ਰਿੜਾਈਆ । ਧਰਨੀ ਇਹ ਵੇਖ ਰੁੱਤ ਚੇਤ ਮਹੀਨਾ, ਇਕ ਅੱਠ ਸੋਭਾ ਪਾਈਆ । ਨਾ ਸਰਦੀ ਨਾ ਕੋਇ ਪਸੀਨਾ, ਗਰਮੀ ਨਾ ਕੋਇ ਜਣਾਈਆ । ਧਰਨੀ ਕਿਹਾ ਇਹ ਭਗਤਾਂ ਦਾ ਰੰਗ ਭੀਨਾ, ਪ੍ਰਭੂ ਦੀ ਬੇਪਰਵਾਹੀਆ । ਕੋਈ ਵਿਛੋੜਾ ਨਹੀਂ ਜਲ ਮੀਨਾ, ਤ੍ਰਿਖਾ ਪਿਆਸ ਨਾ ਕੋਇ ਰਖਾਈਆ । ਬਾਲਮੀਕ ਕਿਹਾ ਇਹ ਕੀ ਕਿਹਾ ਬਚਨ ਕਮੀਨਾ, ਭਗਤਾਂ ਨੂੰ ਮਛਲੀ ਨਾਲ ਰਲਾਈਆ । ਜਿਨ੍ਹਾਂ ਦਾ ਬਣ ਜਾਏ ਆਪ ਵਸੀਲਾ, ਵਸਲ ਆਪਣਾ ਦਏ ਵਖਾਈਆ । ਓਨ੍ਹਾਂ ਦੀ ਬਦਲ ਦੇਵੇ ਦਲੀਲਾ, ਦਿਲਦਾਰ ਹੋ ਕੇ ਆਪਣਾ ਰੰਗ ਚੜ੍ਹਾਈਆ । ਓਨ੍ਹਾਂ ਦੀ ਸੇਵਾ ਲਾ ਦਏ ਅੰਬਰ ਨੀਲਾ, ਛਹਿਬਰ ਪ੍ਰੇਮ ਵਾਲੀ ਵਖਾਈਆ । ਭਗਤਾਂ ਦਾ ਬਣਾ ਕੇ ਕ਼ਬੀਲਾ, ਕਾਮਲ ਮੁਰਸ਼ਦ ਹੋਏ ਸਹਾਈਆ । ਮੇਰੀ ਅਰਦਾਸ ਸੁਣੇ ਅਪੀਲਾ, ਅਪਰੰਪਰ ਸਵਾਮੀ ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚਿੱਟੀ ਕੁੱਲੀ ਕਹੇ ਜਿਸ ਵੇਲੇ ਆਵੇ ਕੁੱਲ ਮਾਲਕ, ਪਰਵਰਦਿਗਾਰ ਸਚਾ ਗੁਸਾਈਂਆ । ਧੁਰ ਦਰਗਾਹੀ ਬਣ ਕੇ ਸਾਲਸ, ਸਚ ਅਦਾਲਤ ਇਕ ਕਮਾਈਆ । ਭਗਤ ਸੁਹੇਲੇ ਕਢ ਕੇ ਖ਼ਾਲਸ, ਖ਼ਾਹਿਸ਼ ਆਪਣੀ ਵਿਚ ਸਮਾਈਆ । ਜਨ ਭਗਤੋ ਤੁਹਾਡੇ ਲਹਿਣੇ ਦੀ ਪਿਛਲੀ ਅਮਾਨਤ, ਮਿਹਰਵਾਨ ਹੋ ਕੇ ਝੋਲੀ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਸੁਖ ਸੁਖ ਦੁਖ ਦੁਖੀਆਂ ਦਾ ਦੁਖ ਆਪਣੀ ਝੋਲੀ ਪਾਈਆ ।



### ✳ ੧੮ ਚੇਤ ਸ਼ਹਿਨਸ਼ਾਹੀ ਸੰਮਤ ੧ ਪਰਕਾਸ਼ ਚੰਦ ਦੇ ਗ੍ਰਿਹ ਮਘੋਵਾਲੀ ਜੰਮੂ ✳

ਖ਼ੁਸ਼ੀ ਨਾਲ ਸੰਦੇਸ਼ਾ ਦੇਣ ਲਗੀ ਪੌਣ, ਚਾਰ ਕੁੰਟ ਸੇਵ ਕਮਾਈਆ । ਪ੍ਰੇਮੀਆਂ ਪਿਆਰਿਆਂ ਲਗੀ ਸੁਣੌਣ, ਸੰਦੇਸ਼ਾ ਇਕ ਸੁਣਾਈਆ । ਹਸਦਿਆਂ ਨੂੰ ਲਗੀ ਹਸੌਣ, ਮਸਤੀ ਨਾਮ ਚੜ੍ਹਾਈਆ । ਤੁਸਾਂ ਨਹੀਂ ਵੇਖਿਆ ਕਿਹੜਾ ਲਗਾ ਗੌਣ, ਗੁਣ ਗਹਿਰ ਗੰਭੀਰ ਜਣਾਈਆ । ਬ੍ਰਹਿਮੰਡ ਖੰਡ ਲਗੇ ਸਿਰ ਹਿਲੌਣ, ਖ਼ੁਸ਼ੀਆਂ ਤਾਲ ਵਜਾਈਆ । ਜਿਸ ਦੀ ਪ੍ਰੇਮ ਪਿਆਰ ਸੁਰੀਲੀ ਤਰਜ਼ ਮਨ ਮੋਹਣੀਆਂ ਆਈ ਭਰਮੌਣ, ਆਪਣਾ ਨਾਦ ਜਣਾਈਆ । ਕਰੋੜ ਤੇਤੀਸਾ ਆਈ ਤਰਸੌਣ, ਤੜਪ ਤੜਪ ਵਿਚ ਲਗਾਈਆ । ਸੁਹਾਗਣਾਂ ਦੇ ਸੋਹਣੇ ਸੀਸ ਆਈ ਗੁੰਦੌਣ, ਸਾਚੀ ਮੀਂਢੀ ਸੋਭਾ ਪਾਈਆ ।

ਲਾਲ ਮੈਂਹਦੀ ਹੱਥ ਆਈ ਰੰਗੌਣ, ਚੂੜਾ ਸੁਹਾਗ ਵਖਾਈਆ । ਸੁੱਤਿਆਂ ਦੀ ਨੀਂਦ ਆਈ ਮਿਟੌਣ, ਨੇਤਰ ਅੱਖ ਖੁਲ੍ਹਾਈਆ । ਪਾਂਧੀਆਂ ਦੇ ਪੰਧ ਆਈ ਮੁਕੌਣ, ਖ਼ੁਸ਼ੀਆਂ ਰਾਗ ਅਲਾਈਆ । ਹਾਲੀਆਂ ਹਲ ਆਈ ਛਡੌਣ, ਸੁਰਤੀ ਦਿਤੀ ਬਦਲਾਈਆ । ਸਵਾਣੀਆਂ ਨੂੰ ਆਈ ਰਵੌਣ, ਬਿਰਹੋਂ ਚੋਟ ਲਗਾਈਆ । ਸੰਦੇਸ਼ੇ ਆਈ ਪੁਚੌਣ, ਆਪਣਾ ਫ਼ਿਕਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੌਣ ਕਹੇ ਜਿਸ ਵੇਲੇ ਕਿਹਾ ਚਰਨ ਪ੍ਰੀਤੀ ਪਾ ਦੇ ਖ਼ੈਰ, ਖ਼ਬਰ ਬੇਖ਼ਬਰਾਂ ਦਿਤੀ ਜਣਾਈਆ । ਹਸਦੇ ਹਸਦੇ ਪਰਮ ਪੁਰਖ ਕਰ ਕੇ ਮਿਹਰ, ਮੁਖ ਬਗ਼ਲ ਵਿਚ ਲੁਕਾਈਆ । ਗੁਰਮੁਖਾਂ ਦੀ ਪ੍ਰੀਤੀ ਕੋਈ ਲੈ ਨਾ ਜਾਵੇ ਗ਼ੈਰ, ਚੋਰੀ ਹੱਥ ਨਾ ਕਦੇ ਫੜਾਈਆ । ਜਿਨ੍ਹਾਂ ਆਪਣੇ ਘਰ ਕਰੌਣਾ ਸੈਰ, ਸੱਯਾਹ ਲੈਣੇ ਬਣਾਈਆ । ਵਸੌਣਾ ਸਾਚੇ ਸ਼ਹਿਰ, ਸ਼ਰਅ ਦੇਣੀ ਤੁੜਾਈਆ । ਬੁਜ਼ਦਿਲ ਰਹਿਣ ਨਹੀਂ ਦੇਣਾ ਕਾਇਰ, ਸੂਰਬੀਰ ਰੂਪ ਵਖਾਈਆ । ਜਿਨ੍ਹਾਂ ਦੇ ਉਤੇ ਵਰਤਣ ਨਹੀਂ ਦੇਣਾ ਕਹਿਰ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਪ੍ਰੇਮ ਪਿਆਰ ਦੀ ਬਖ਼ਸ਼ ਕੇ ਲਹਿਰ, ਪਵਣ ਹੁਲਾਰਿਆਂ ਦਏ ਸਮਝਾਈਆ । ਪਰਮ ਪੁਰਖ ਦਾ ਭਗਤਾਂ ਨਾਲ ਕਦੇ ਨਹੀਂ ਵੈਰ, ਵੈਰੀ ਆਪਣੇ ਨਾਲ ਮਿਲਾਈਆ । ਸ਼ਬਦ ਨਾਲ ਸੁਣਾ ਕੇ ਕੇਹਰ, ਭਬਕ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪਵਣ ਕਹੇ ਅੱਜ ਕਿਉਂ ਬੇਨੰਤੀ ਕਰ ਕੇ ਗਾਇਆ ਗੀਤ, ਮੈਂ ਸਭ ਨੂੰ ਦਿਆਂ ਸੁਣਾਈਆ । ਇਹ ਗੋਤਮ ਦੀ ਪਿਛਲੀ ਰੀਤ, ਪੂਰਬ ਲੇਖਾ ਯਾਦ ਕਰਾਈਆ । ਚੇਤ ਅਠਾਰਾਂ ਆਪਣੇ ਮਿਤਰਾਂ ਨੂੰ ਰਿਹਾ ਸੀ ਉਡੀਕ, ਨਿਜ ਨੇਤਰ ਅੱਖ ਉਠਾਈਆ । ਜਿਸ ਦਾ ਲੇਖਾ ਨਹੀਂ ਕਿਸੇ ਵਿਚ ਤਵਾਰੀਖ, ਤਾਰੀਖ ਨਾ ਕੋਇ ਸਮਝਾਈਆ । ਓਧਰੋਂ ਪਵਣ ਕਹੇ ਮੇਰੀ ਠੰਡ ਸੀ ਠਾਂਡੀ ਸੀਤ, ਆਪਣਾ ਰੰਗ ਵਖਾਈਆ । ਮੇਘਲਾ ਧਾਰ ਇਕ ਬਾਰੀਕ, ਬੂੰਦਾ ਬਾਂਦੀ ਰਹੀ ਟਪਕਾਈਆ । ਇਕ ਉਤਰ ਦਿਸ਼ਾ ਤੋਂ ਆ ਗਿਆ ਨੀਚ, ਕੁਲਹੀਣ ਫੇਰਾ ਪਾਈਆ । ਓਸ ਦੇ ਗਲ ਨਹੀਂ ਸੀ ਕ਼ਮੀਜ਼, ਪਟਕਾ ਸੀਸ ਉਤੇ ਰਖਾਈਆ । ਹੱਥ ਵਿਚ ਬਗ਼ਲੀ ਮੰਗਣ ਵਾਲੀ ਭੀਖ, ਲੜੀਆਂ ਚਾਰ ਜੋੜ ਜੁੜਾਈਆ । ਹੱਥ ਵਿਚ ਤ੍ਰਿਸੂਲ ਵਾਲੀ ਸੀਖ, ਸ਼ੰਕਰ ਸ਼ੰਕਰ ਰਿਹਾ ਗਾਈਆ । ਭਗਵਨ ਨਾਲ ਪ੍ਰੀਤ, ਦੂਜੀ ਆਸ ਨਾ ਕੋਇ ਰਖਾਈਆ । ਜਿਸ ਵੇਲੇ ਗੋਤਮ ਦੇ ਕੋਲ ਪਹੁੰਚਿਆ ਠੀਕ, ਠਾਕਰ ਅੱਗੋਂ ਹੋ ਕੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨੀਚ ਜਾਤੀ ਨਾਮ ਚੰਦੇਰ, ਸ੍ਰਿਸ਼ਟੀ ਕਹਿ ਜਣਾਈਆ । ਗੋਤਮ ਨੇ ਅਗੇ ਹੋ ਕੇ ਵੇਖਿਆ ਨੇੜ, ਨੇਤਰ ਨੈਣਾਂ ਨਾਲ ਮਿਲਾਈਆ । ਜਾਂ ਬੁਝਿਆ ਇਸ ਦੇ ਅੰਦਰ ਕੋਈ ਭੇਤ, ਭੇਵ ਅਭੇਦ ਛੁਪਾਈਆ । ਓਸ ਕਿਹਾ ਮੇਰਾ ਪ੍ਰਭੂ ਨਾਲ ਹੇਤ, ਰਿਖੀਸ਼ਰ ਤੈਨੂੰ ਦਿਆਂ ਦ੍ਰਿੜਾਈਆ । ਗੋਤਮ ਕਿਹਾ ਮੈਂ ਵੀ ਓਸੇ ਦੀ ਗੋਦੀ ਵਿਚ ਰਿਹਾ ਖੇਡ, ਜੋ ਤੇਰਾ ਰੰਗ ਚੜ੍ਹਾਈਆ । ਨੀਚ ਕਿਹਾ ਓਸੇ ਨੇ ਮੈਨੂੰ ਦਿਤਾ ਭੇਜ, ਅਗੇ ਹੋ ਕੇ ਮੇਲ ਮਿਲਾਈਆ । ਗੋਤਮ ਹਸ ਕੇ ਕਿਹਾ ਜੇ ਦੋਹਾਂ ਦੀ ਸਾਂਝੀ ਹੋ ਜਾਏ ਸੇਜ, ਪਤਿਪਰਮੇਸ਼ਵਰ ਇਕੋ ਦਰ ਸੋਭਾ ਪਾਈਆ । ਓਸੇ ਵੇਲੇ ਪਰਮ ਪੁਰਖ ਸੁਨੇਹੜਾ ਦਿਤਾ ਭੇਜ, ਧੁਰ ਦਾ ਹੁਕਮ ਦ੍ਰਿੜਾਈਆ । ਇਹ ਮੇਰੇ ਹੱਥ ਖੇਡ, ਜਿਉਂ ਭਾਵੇ ਰਿਹਾ ਚਲਾਈਆ । ਲਹਿਣਾ ਦੇਣਾ ਦਿਆਂ ਨਬੇੜ, ਭਰਮ ਭੁਲੇਖਾ ਰਹੇ ਨਾ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੁਕ ਜਾਣ ਦਿਓ ਗੇੜ, ਗੇੜੇ ਆਪਣੇ ਵਿਚ ਭਵਾਈਆ । ਜਿਸ ਵੇਲੇ ਨਿਰਗੁਣ ਰੂਪ ਹੋ ਕੇ ਆਇਆ ਫੇਰ,

੬੨੨

ਫੇਰਾ ਲੋਕਮਾਤ ਪਾਈਆ । ਦੋਹਾਂ ਨੂੰ ਮਾਨਸ ਜਨਮ ਦੇ ਕੇ ਸਚ ਦਵਾਰੇ ਲਿਆਵਾਂ ਘੇਰ, ਘੇਰਾ ਆਪਣਾ ਨਾਮ ਰਖਾਈਆ । ਮਿਹਰਵਾਨ ਹੋ ਕੇ ਕਰਾਂ ਮਿਹਰ, ਨਜ਼ਰ ਇਕ ਉਠਾਈਆ । ਗੋਤਮ ਕਿਹਾ ਸਾਡਾ ਤਨ ਖ਼ਾਕੀ ਹੋਣਾ ਢੇਰ, ਨਾਤਾ ਜਗਤ ਤੁੜਾਈਆ । ਕਿਸ ਬਿਧ ਲੇਖਾ ਦਏ ਨਬੇੜ, ਅਗੇ ਦੇ ਸਮਝਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਆਵਾਂ ਹੋ ਕੇ ਸਿੰਘ ਸ਼ੇਰ, ਵਿਸ਼ਨੂੰ ਵਿਸ਼ਵ ਸਹਾਈਆ । ਦੋਹਾਂ ਨੂੰ ਫੜ ਕੇ ਦੇਵਾਂ ਮੇਲ, ਆਪਣਾ ਹੁਕਮ ਵਰਤਾਈਆ । ਚਾੜ੍ਹ ਕੇ ਰੰਗ ਨਵੇਲ, ਰੰਗਣ ਇਕ ਰਖਾਈਆ । ਹੱਥ ਜੋੜ ਕੇ ਕਿਹਾ ਚੰਦੇਰ, ਚਿੰਤਾ ਦੇਣੀ ਗਵਾਈਆ । ਪੁਰਖ ਅਕਾਲ ਕਿਹਾ ਤੇਰੇ ਉਤੇ ਤੀਜੀ ਵਾਰ ਕਰਾਂ ਮਿਹਰ, ਦੂਜੀ ਧਾਰ ਰਾਮ ਨਾਲ ਕੁੜਮਾਈਆ । ਓਸ ਕਰ ਬੇਨੰਤੀ ਆਪਣਾ ਆਪ ਚਰਨ ਕਵਲਾਂ ਉਤੇ ਕੀਤਾ ਢੇਰ, ਸੀਸ ਮਸਤਕ ਧੂੜੀ ਲਈ ਰਮਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਆਵਾਂ ਤੇਰੇ ਖੇੜ, ਗ੍ਰਹਿ ਮੰਦਰ ਵੇਖ ਵਖਾਈਆ । ਭੇਵ ਖੁਲ੍ਹਾਵਾਂ ਨਾ ਲਾਵਾਂ ਦੇਰ, ਗੋਤਮ ਯਾਰ ਜੋੜ ਜੁੜਾਈਆ । ਜੁਗ ਚੌਕੜੀ ਕਰ ਕੇ ਹੇਰ ਫੇਰ, ਵਕਤ ਦਿਤਾ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੰਦ ਪ੍ਰਕਾਸ਼ ਪਿਛਲਾ ਇਤਿਹਾਸ ਗੋਤਮ ਦਾ ਸਾਥ, ਪ੍ਰਭੂ ਦਾ ਦਰਸ਼ਨ ਸਾਖਿਆਤ, ਲੇਖਾ ਲਿਖ ਕੇ ਕ਼ਲਮ ਦਵਾਤ, ਅਰਥਾਤ ਅਥਵਾ ਅਰਥ ਬੇਅਰਥ ਸਮਰਥ ਅਕਥ ਦਏ ਦ੍ਰਿੜਾਈਆ ।



ਪਵਣ ਕਹੇ ਮੈਨੂੰ ਇਕ ਹੋਰ ਆਈ ਸੁਗੰਧੀ, ਸਾਚੀ ਮਹਿਕ ਨਾਲ ਮਹਿਕਾਈਆ । ਮੈਂ ਵੇਖਿਆ ਤਰਾ ਚੰਗੀ, ਚੰਗੀ ਤਰਾ ਖੋਜ ਖੁਜਾਈਆ । ਜਾਂ ਤਕਿਆ ਪਤਾ ਲੱਗਾ ਏਧਰੋਂ ਹਰਿ ਸੰਗਤ ਲੰਘੀ, ਹਿਰਦੇ ਹਰਿ ਹਰਿ ਨਾਮ ਧਿਆਈਆ । ਜਿਨ੍ਹਾਂ ਦੀ ਟੁਟੀ ਗੰਢੀ, ਵਿਛੜੇ ਲਏ ਮਿਲਾਈਆ । ਤੋੜ ਕੇ ਖ਼ਾਨਾਬੰਦੀ, ਬੰਦਗੀ ਇਕੋ ਦਿਤੀ ਸਮਝਾਈਆ । ਉਨ੍ਹਾਂ ਦੀ ਅੱਖ ਨਹੀਂ ਰਹੀ ਅੰਧੀ, ਗਿਆਨ ਨੇਤਰ ਦਿਤਾ ਖੁਲ੍ਹਾਈਆ । ਜਿਸ ਵੇਲੇ ਉਨ੍ਹਾਂ ਢੋਲਾ ਗਾਇਆ ਸੋਹੰ ਛੰਦੀ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਪਵਣ ਕਹੇ ਮੈਂ ਮੰਦੀ ਤੋਂ ਹੋ ਗਈ ਚੰਗੀ, ਸੁਗੰਧੀ ਵਿਚ ਆਪਣੀ ਸੁਗੰਧੀ ਦਿਤੀ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਵਣ ਕਹੇ ਜਾਂ ਮੈਂ ਵੇਖਿਆ ਅੰਮ੍ਰਿਤ ਰਸ ਝਿਰਦਾ, ਬੂੰਦ ਸਵਾਂਤੀ ਨਜ਼ਰੀ ਆਈਆ । ਮੇਰਾ ਸ਼ਾਂਤ ਹੋਇਆ ਹਿਰਦਾ, ਖ਼ੁਸ਼ੀ ਅੰਤ ਵਖਾਈਆ । ਮੈਂ ਕਿਹਾ ਇਹ ਤਪਦਾ ਸੀ ਚਿਰ ਦਾ, ਕਿਸ ਮਿਹਰ ਕੀਤੀ ਗੁਸਾਈਆ । ਧੁਰ ਆਵਾਜ਼ ਆਈ ਉਠ ਵੇਖ ਪ੍ਰਭ ਠਾਕਰ ਆ ਗਿਆ ਫਿਰਦਾ ਫਿਰਦਾ, ਵੇਸ ਅਵੇਸਾ ਰੂਪ ਧਰਾਈਆ । ਜਿਸ ਦਾ ਖੇਲ ਘਰ ਥਿਰ ਦਾ, ਖੁੜੇ ਖਿੜਕਿਆਂ ਪਾਰ ਲੰਘਾਈਆ । ਤੈਨੂੰ ਪਤਾ ਨਹੀਂ ਇਹਦੀ ਮਿਹਰ ਦਾ, ਮਿਹਰ ਨਜ਼ਰ ਨਾਲ ਗੁਰਮੁਖ ਰਿਹਾ ਤਰਾਈਆ । ਜਨਮ ਕਰਮ ਦੇ ਲੇਖ ਨਬੇੜਦਾ, ਝਗੜੇ ਰਿਹਾ ਚੁਕਾਈਆ । ਇਹੋ ਖੇਲ ਅਗੰਮੀ ਸ਼ੇਰ ਦਾ, ਜੋ ਸ਼ਰਅ ਰਿਹਾ ਬਦਲਾਈਆ । ਕਲਜੁਗ ਲੇਖਾ ਮੁਕੇ ਅੰਧੇਰ ਦਾ, ਸਤਿ ਜੋਤ ਕਰੇ ਰੁਸ਼ਨਾਈਆ । ਜੁਗ ਜਨਮ ਇਹੋ ਬਖੇਰਦਾ, ਬਿਖੜਿਆਂ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪਵਣ ਕਹੇ ਚੰਦੇਰ ਦਾ ਇਕ ਹੋਰ ਸਾਥੀ ਸੀ ਪੋਸਤੀ, ਜੋ ਢਾਈ ਮੀਲ ਪਿਛੇ ਡੇਰਾ ਲਾਈਆ । ਦੋਹਾਂ ਦੀ ਗੂੜ੍ਹੀ ਸੀ ਦੋਸਤੀ, ਮਿਲ ਕੇ ਰਾਮ ਨਾਮ ਧਿਆਈਆ । ਉਨ੍ਹਾਂ ਦੀ ਸੋਚ ਇਕ ਦਿਨ ਸੋਚਦੀ, ਇਕ

ਦੂਜੇ ਨੂੰ ਰਹੀ ਸੁਣਾਈਆ । ਭਾਈ ਕਿਹੜੀ ਘੜੀ ਸਭ ਨਾਲੋਂ ਮੌਜ ਦੀ, ਆਪਣੀ ਆਪਣੀ ਦਈਏ ਬਤਾਈਆ । ਚੰਦੇਰ ਨੇ ਕਿਹਾ ਮੈਨੂੰ ਲੋੜ ਇਕੋ ਓਟ ਦੀ, ਜੋ ਓੜਕ ਲਏ ਮਿਲਾਈਆ । ਸਾਥੀ ਨੇ ਕਿਹਾ ਮੈਨੂੰ ਲੋੜ ਓਸ ਦੇ ਪ੍ਰੇਮ ਚੋਟ ਦੀ, ਜੋ ਸੁਤਿਆਂ ਲਏ ਜਗਾਈਆ । ਦੋਹਾਂ ਕਿਹਾ ਇਹ ਖੇਲ ਓਸੇ ਦੀ ਮੌਜ ਦੀ, ਜੋ ਮੌਜੂਦਾ ਹੋ ਕੇ ਵੇਖ ਵਖਾਈਆ । ਓਧਰੋਂ ਇਕ ਬਿਰਧ ਅਵਸਥਾ ਮਾਈ ਆਈ ਓਹ ਕਹਿੰਦੀ ਮੈਂ ਤੁਹਾਨੂੰ ਰੋਕਦੀ, ਅਗਲਾ ਭੇਵ ਖੁਲ੍ਹਾਈਆ । ਤੁਸੀਂ ਸਾਰ ਨਹੀਂ ਜਾਣਦੇ ਓਸ ਪ੍ਰਭੂ ਚੋਰ ਦੀ, ਜੋ ਠੱਗੀ ਚੋਰੀ ਕਰਕੇ ਆਪਣਾ ਮੁਖ ਛੁਪਾਈਆ । ਜ਼ਰਾ ਸਮਝਣ ਵਾਲੀ ਗੱਲ ਗ਼ੌਰ ਦੀ, ਤੁਹਾਨੂੰ ਦਿਆਂ ਦ੍ਰਿੜਾਈਆ । ਮੇਰੀ ਬੋਲੀ ਭਾਵੇਂ ਬੇਸ਼ਕ ਕੌੜ ਦੀ, ਗ਼ੁੱਸਾ ਦੇਵੇ ਚੜ੍ਹਾਈਆ । ਜਿਹਦੀ ਆਤਮਾ ਇਸ ਨੂੰ ਲੋਚਦੀ, ਉਸ ਨੂੰ ਮੇਲਾ ਦਏ ਮਿਲਾਈਆ । ਚੰਦੇਰ ਦੇ ਸਾਥੀ ਕਿਹਾ ਮਾਈ ਕੁਛ ਗੱਲ ਕਰ ਹੋਸ਼ ਦੀ, ਕਿਉਂ ਸਾਨੂੰ ਰਹੀ ਭੁਲਾਈਆ । ਓਸ ਕਿਹਾ ਮੈਂ ਇਹੋ ਕੁਛ ਸੋਚਦੀ, ਜਿਸ ਦੀ ਤੁਹਾਨੂੰ ਸਮਝ ਨਾ ਆਈਆ । ਤੁਹਾਨੂੰ ਖ਼ਬਰ ਨਹੀਂ ਲੋਕ ਪਰਲੋਕ ਦੀ, ਮੈਂ ਦੋ ਜਹਾਨਾਂ ਵੇਖ ਵਖਾਈਆ । ਤੁਹਾਨੂੰ ਸਾਰ ਨਹੀਂ ਹਰਖ਼ ਸੋਗ ਦੀ, ਚਿੰਤਾ ਗ਼ਮ ਕਵਣ ਮਿਟਾਈਆ । ਪ੍ਰਭ ਨੂੰ ਮਿਲਣਾ ਖੇਲ ਨਹੀਂ ਰੋਜ਼ ਦੀ, ਜਗਤ ਲੱਭਿਆਂ ਹੱਥ ਕਿਸੇ ਨਾ ਆਈਆ । ਮੈਂ ਤੁਹਾਡੇ ਅਗੇ ਨਿੱਕਾ ਜਿਹਾ ਪਰਦਾ ਖੋਲ੍ਹਦੀ, ਤੁਹਾਨੂੰ ਦਿਆਂ ਜਣਾਈਆ । ਜੇ ਮੌਜ ਵੇਖੋ ਮੇਰੇ ਮਾਹੀ ਸਚੇ ਢੋਲ ਦੀ, ਢੋਲੇ ਗਾਓ ਚਾਈਂ ਚਾਈਂਆ । ਮੈਂ ਵਜ਼ਨ ਤੋਲ ਸਾਚੇ ਤੋਲਦੀ, ਕੰਡਾ ਆਪਣੇ ਹੱਥ ਉਠਾਈਆ । ਮੇਰੀ ਗੱਲ ਨਾ ਸਮਝਿਓ ਮਖ਼ੌਲ ਦੀ, ਮੁਖ਼ਾਤਬ ਹੋ ਕੇ ਰਹੀ ਸਮਝਾਈਆ । ਮੇਰੀ ਕੋਈ ਸੁਰਤੀ ਨਹੀਂ ਅਨਭੋਲ ਦੀ, ਭਰਮ ਵਿਚ ਨਾ ਕੋਇ ਰਖਾਈਆ । ਮੈਂ ਕਰਾਂ ਬਾਤ ਸਚੀ ਕੌਲ ਦੀ, ਇਕਰਾਰ ਨਾਲ ਦ੍ਰਿੜਾਈਆ । ਜਿਸ ਵੇਲੇ ਵਾਰੀ ਆਈ ਧਰਨੀ ਧਰਤ ਧੌਲ ਦੀ, ਪ੍ਰਭ ਆਪਣਾ ਚਰਨ ਦੇਵੇ ਟਿਕਾਈਆ । ਓਸ ਵੇਲੇ ਮੈਂ ਲਹਿਰ ਵੇਖਣੀ ਭਗਤਾਂ ਦੀ ਮੌਜ ਕਿਸ ਤਰਾ ਮੌਲਦੀ, ਆਪਣਾ ਰੂਪ ਬਦਲਾਈਆ । ਇਹ ਖੇਲ ਸਚ ਨਿਰੋਲ ਦੀ, ਰਲਾ ਨਾ ਕੋਈ ਪਾਈਆ । ਜਿਸ ਵੇਲੇ ਅਗੰਮੀ ਜੋਤ ਜਨ ਭਗਤਾਂ ਨੂੰ ਮਿਲ ਮਿਲ ਵੇਖਾਂ ਜੋੜਦੀ, ਵਿਛੜੇ ਆਪ ਮਿਲਾਈਆ । ਉਹ ਰੈਣ ਅੰਧੇਰੀ ਹੋਣੀ ਕਲਜੁਗ ਅੰਧ ਘੋਰ ਦੀ, ਸਾਚਾ ਚੰਦ ਨਾ ਕੋਇ ਚਮਕਾਈਆ । ਪੋਸਤੀਆ ਓਸ ਵੇਲੇ ਤੇਰੀ ਦਸ਼ਾ ਘਰ ਦੀ ਚਿੰਤਾ ਹੋਣੀ ਲੋੜ ਦੀ, ਤ੍ਰਿਸ਼ਨਾ ਨਾਲ ਰਖਾਈਆ । ਤੂੰ ਲੜੀ ਛੁਡਾਣੀ ਪ੍ਰਭ ਦੇ ਨਾਲੋਂ ਆਪਣੀ ਡੋਰ ਦੀ, ਇਹ ਲੇਖਾ ਤੈਨੂੰ ਯਾਦ ਰਹੇ ਨਾ ਰਾਈਆ । ਤੂੰ ਕੀ ਜਾਣੇ ਮੈਂ ਬੁੱਢੜੀ ਕਿਸ ਤਰਾ ਤੈਨੂੰ ਓਸ ਦੇ ਨਾਲ ਜੋੜਦੀ, ਆਪਣੀ ਬਿਧ ਬਣਾਈਆ । ਓਸ ਕਿਹਾ ਕੋਈ ਲੋੜ ਨਹੀਂ ਸ਼ੋਰ ਦੀ, ਕਿਉਂ ਮੈਨੂੰ ਰਹੀ ਭੁਲਾਈਆ । ਓਸ ਕਿਹਾ ਬੱਚੂ ਜਿਸ ਵੇਲੇ ਮੈਂ ਲੰਘ ਗਈ ਤੇਰੇ ਕੋਲ ਦੀ, ਤੇਰੀ ਸੁਰਤ ਦਿਆਂ ਭਵਾਈਆ । ਪੋਸਤੀਆ ਵੇਖੀਂ ਫੜ ਕੇ ਗਿਟਾ ਤੇਰਾ ਕਿਵੇਂ ਮਰੋੜਦੀ, ਪੁੱਠਾ ਗੇੜ ਦਬਾਈਆ । ਮੈਂ ਜੇ ਪਿਛੇ ਲਗ ਜਾਂ ਉਹਨੂੰ ਕਦੀ ਨਹੀਂ ਛੋੜਦੀ, ਛੁਟਕਾਰਾ ਕਰਨ ਨਾ ਦੇਵਾਂ ਕੋਲੋਂ ਸਚੇ ਮਾਹੀਆ । ਗੁਰਮੀਤ ਤੈਨੂੰ ਪਤਾ ਨਹੀਂ ਇਹ ਖੇਲ ਓਸੇ ਚੋਰ ਦੀ, ਜੋ ਚੋਰੀ ਚੋਰੀ ਨਾਲ ਕਰਾਈਆ । ਪਰਕਾਸ਼ ਚੰਦ ਧਾਰ ਓਸੇ ਚੰਦੇਰ ਦੀ, ਜੋ ਤੇਰਾ ਸਾਥੀ ਪਿਛਲਾ ਮਸਤੀ ਮਸਤੀ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਤਾਕਤ ਨਹੀਂ ਕਿਸੇ ਕਮਜ਼ੋਰ ਦੀ, ਕਮਰ ਬੰਨ੍ਹ ਕੇ ਭਗਤਾਂ ਰਿਹਾ ਮਿਲਾਈਆ ।

ਪਵਣ ਕਹੇ ਮੈਂ ਦੱਸਾਂ ਕਰਕੇ ਹਾਂ, ਸਤਿ ਸਚ ਦਿਆਂ ਜਣਾਈਆ । ਓਹ ਬੁੱਢੜੀ ਓਹੋ ਜਿਹੜੀ ਸੰਸਾਰ ਸਿੰਘ ਦੀ ਮਾਂ, ਛੰਬ ਅੰਦਰ ਡੇਰਾ ਲਾਈਆ । ਫੇਰ ਵੀ ਓਸ ਨੇ ਤਰਸ ਲਿਆ ਕਮਾ, ਥੋੜ੍ਹੀ ਲਾਕੇ ਬਹੁਤੀ ਬੇਨੰਤੀ ਦਿਤੀ ਸੁਣਾਈਆ । ਕੀ ਮੈਥੋਂ ਹੋਇਆ ਗੁਨਾਹ, ਚੁੱਪ ਚੁਪਾਤੀ ਅੰਦਰ ਵੜ ਦੇ ਗਈ ਜਣਾਈਆ । ਪ੍ਰਭ ਨੇ ਹੌਲੀ ਜਿਹੀ ਉਸ ਦੀ ਪਿਠ ਤੇ ਥਪਕੀ ਲਾ, ਹਸ ਕੇ ਦਿਤਾ ਵਖਾਈਆ । ਤੂੰ ਬੱਚਿਆਂ ਦੀ ਮਾਂ, ਬੱਚਿਆਂ ਸੰਗ ਆਪਣਾ ਚੋਜ ਕਰਾਈਆ । ਭਲਾ ਹੋਇਆ ਜੋ ਗਿੱਟੇ ਨਾਲ ਨਹੀਂ ਟੁੱਟੀ ਬਾਂਹ, ਇਹ ਵੀ ਲੇਖਾ ਦਿਤਾ ਚੁਕਾਈਆ । ਇਕ ਹੋਰ ਸੁਨੇਹੜਾ ਦੇਵਾਂ ਸੁਣਾ, ਭੇਵ ਅਭੇਦ ਖੁਲ੍ਹਾਈਆ । ਜਿਹੜੀ ਕਰਨੀ ਸੀ ਕਰਨੀ ਓਹ ਕਰਤੇ ਲਈ ਬਚਾ, ਮਿਹਰ ਆਪਣੀ ਨਾਲ ਤਰਾਈਆ । ਇਕ ਦੁਖ ਅਠਾਸੀ ਮੀਲ ਤੇ ਹੋਣਾ ਸੀ ਭੈਣ ਭਰਾ, ਦਲਜੀਤ ਸੱਜੀ ਲੱਤ ਜਾਂਦੀ ਤੁੜਾਈਆ । ਇਸ ਦਾ ਪਿਛਲੇ ਜਾਮੇ ਵਿਚ ਇਹੋ ਪਰਕਾਸ਼ ਸੀ ਭਰਾ, ਜਿਹਨੂੰ ਚੰਦੇਰ ਕਹਿਕੇ ਸਾਰੇ ਨਾਮ ਸੁਣਾਈਆ । ਇਹਨਾਂ ਸਾਰਿਆਂ ਦਾ ਇਕੋ ਗਵਾਹ, ਪਾਰਬ੍ਰਹਮ ਬੇਪਰਵਾਹੀਆ । ਮਿਹਰ ਕਰਕੇ ਲਿਆਂਦੇ ਬਚਾ, ਤਰਸ ਕਰਕੇ ਤਬਅ ਦਿਤੀ ਬਦਲਾਈਆ । ਜੇ ਥੋੜ੍ਹਾ ਜਿਹਾ ਬਣ ਜਾਂਦਾ ਬੇਪਰਵਾਹ, ਫੇਰ ਦੁਖੀਆਂ ਦੁਖ ਨਾ ਕੋਇ ਮਿਟਾਈਆ । ਡਾਕਟਰ ਸਕਦਾ ਨਾ ਕੋਇ ਬਚਾ, ਅੰਗ ਹੱਡ ਨਾ ਕੋਇ ਜੁੜਾਈਆ । ਨਾ ਇਹ ਪਿਛਲੇ ਜਨਮ ਦਾ ਕੋੜਮਾ ਇਕੱਠਾ ਹੁੰਦਾ, ਨਾ ਕੋਈ ਪ੍ਰਭੂ ਲੇਖਾ ਦੇਂਦਾ ਲਿਖਾ, ਧੁਰ ਦਾ ਹੁਕਮ ਸਮਝਾਈਆ । ਜੋ ਆਦਿ ਜੁਗਾਦਿ ਸਭ ਨੂੰ ਚਲੌਂਦਾ ਆਇਆ ਆਪਣੀ ਰਜ਼ਾ, ਹੁਣ ਭਗਤਾਂ ਦੀ ਚਲੇ ਰਜ਼ਾਈਆ । ਭਾਵੇਂ ਇਹਨੂੰ ਕ਼ਿਸਮਤ ਕਹੋ ਭਾਵੇਂ ਕ਼ਜਾ, ਕ਼ਿਆਮਤ ਤੋਂ ਦਿਤਾ ਬਚਾਈਆ । ਜਿਹੜਾ ਪੂਰਬ ਵਾਹਦਾ ਪੂਰਾ ਰਿਹਾ ਕਰਾ, ਓਸ ਦਾ ਲਹਿਣਾ ਝੋਲੀ ਪਾਈਆ । ਭਾਵੇਂ ਪੂਰਨ ਮੰਨੋ ਭਾਵੇਂ ਖ਼ੁਦਾ, ਭਾਵੇਂ ਜਾਣੋ ਬੇਪਰਵਾਹੀਆ । ਭਾਵੇਂ ਜਾਣੋ ਗ਼ਰੀਬਾਂ ਦੀ ਸੇਵਾ ਰਿਹਾ ਕਮਾ, ਚਾਕਰ ਨਜ਼ਰੀ ਆਈਆ । ਜੇ ਚਾਕਰ ਨਾ ਹੁੰਦਾ ਸਾਰੇ ਕਿਸ ਤਰਾ ਲੈਂਦਾ ਰਲਾ, ਅਸਵ ਘੋੜੇ ਲਹਿਣਾ ਚੁਕਾਈਆ । ਕਿਸ ਬਿਧ ਵਕੀਲ ਸਿੰਘ ਦੇ ਜਾਂਦਾ ਥਾਂ, ਬਾਲਮੀਕ ਜਿਸ ਦਾ ਧਿਆਨ ਰਖਾਈਆ । ਕਿਸ ਤਰਾ ਘਸੇਰੇ ਦਾ ਲੇਖਾ ਦੇਂਦਾ ਝੋਲੀ ਪਾ, ਕਿਸ ਤਰਾ ਭਰਾ ਦੀ ਗੰਢ ਬੰਧਾਈਆ । ਕਿਸ ਬਿਧ ਮਾਤਾ ਤੋਂ ਮੰਗ ਲੈਂਦਾ ਮੰਗਾ, ਇਕ ਪੈਸਾ ਕ਼ੀਮਤ ਪਾਈਆ । ਕਿਸ ਬਿਧ ਅੰਗਰੇਜ਼ ਸਿੰਘ ਦਿੰਦਾ ਵਡਿਆ, ਜੋ ਚੌਧਰੀ ਪਿਛਲਾ ਨਜ਼ਰੀ ਆਈਆ । ਦੇਵੀ ਸਿੰਘ ਦਾ ਲੇਖਾ ਸਹਿਜ ਸੁਭਾ, ਦਿਵਸ ਰੈਣ । ਭਾਵੇਂ ਸਚ ਸਮਝੋ ਭਾਵੇਂ ਸਮਝੋ ਪ੍ਰਭ ਨੂੰ ਹੋਇਆ ਸ਼ੁਦਾ, ਐਵੇਂ ਰਿਹਾ ਸੁਣਾਈਆ । ਸਚ ਪੁਛੋ ਜੁਗ ਜਨਮ ਦੇ ਵਿਛੜਿਓ ਬੱਚਿਓ ਤੁਹਾਨੂੰ ਗੋਦੀ ਰਿਹਾ ਬਿਠਾ, ਗੋਬਿੰਦ ਬਣਕੇ ਧੁਰ ਦਾ ਮਾਹੀਆ । ਜੇ ਤੁਸੀਂ ਮੈਨੂੰ ਬੈਠੇ ਭੁਲਾ, ਅਭੁਲ ਭੁਲ ਵਿਚ ਕਦੇ ਨਾ ਆਈਆ । ਅਗੇ ਰਹਿਣ ਨਹੀਂ ਦੇਣਾ ਜੁਦਾ, ਜੁਗਾ ਜੁਗੰਤਰ ਲੇਖਾ ਦੇਣਾ ਮਿਟਾਈਆ । ਮਾਰਗ ਸਿੱਧੇ ਲੈਣਾ ਪਾ, ਸਿਦਕ ਸਬੂਰੀ ਇਕ ਵਖਾਈਆ । ਦੋ ਜਹਾਨਾਂ ਫੜਕੇ ਬਾਂਹ, ਪਾਰ ਕਿਨਾਰਾ ਦੇਣਾ ਕਰਾਈਆ । ਜੇ ਲਹਿਣਾ ਦੇਣਾ ਜਹਾਂ ਵਹਾਂ ਦੇਵਾਂ ਪੁਚਾ, ਜਹਾਂ ਦੂਜਾ ਨਜ਼ਰ ਕੋਇ ਨਾ ਆਇਆ । ਗੁਰਮੁਖੋ ਤੁਸਾਂ ਸਿਰਫ਼ ਮੇਰੇ ਪਿਆਰ ਵਿਚ ਇਕੋ ਕਰਨੀ ਹਾਂ, ਅਗੇ ਹੋਕੇ ਦੀ ਲੋੜ ਰਹੀ ਨਾ ਰਾਈਆ । ਜਿਨ੍ਹਾਂ ਨੂੰ ਸਿੱਧਾ ਮਿਲਿਆ ਆ, ਮੁਲਾਜ਼ੇਦਾਰ ਹੋਰ ਨਾ ਕੋਇ ਬਣਾਈਆ । ਵਾਅਦੇ ਰਿਹਾ ਭੁਗਤਾ, ਪਾਰਬ੍ਰਹਮ ਸਚਾ ਸ਼ਹਿਨਸ਼ਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਇਕੋ ਜਿਹਾ ਰਿਹਾ ਵਖਾ, ਵਡਾ ਛੋਟਾ ਰਹਿਣ ਕੋਇ ਨਾ ਪਾਇਆ ।

※ ੧੯ ਚੇਤ ਸ਼ਹਿਨਸ਼ਾਹੀ ਸੰਮਤ ੧ ਅੰਗਰੇਜ਼ ਸਿੰਘ ਦੇ ਗ੍ਰਹਿ ਮਘੋਵਾਲੀ ਜੰਮੂ ※

ਗਲਾਸ ਕਹੇ ਮੇਰਾ ਇਕੋ ਰੂਪ ਇਕ ਗੱਲ ਦੀ ਆਸ, ਠਠਿਆਰ ਘੜਤ ਨਾ ਕੋਇ ਘੜਾਈਆ । ਜਿਸ ਦੇ ਨਾਲ ਪ੍ਰੇਮੀ ਪਿਆਰ ਦੀ ਬੁਝੌਣ ਪਿਆਸ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਉਹ ਵਸਤ ਰਾਮ ਦੇ ਪਾਸ, ਅਨਮੁਲੜੀ ਕੋਲ ਟਿਕਾਈਆ । ਸੀਤਾ ਦਾ ਸਾਥ, ਸੋਹਣਾ ਸੰਗ ਜਣਾਈਆ । ਲਛਮਣ ਦਿਤਾ ਆਖ, ਆਪਣੀ ਖ਼ਾਹਿਸ਼ ਦ੍ਰਿੜਾਈਆ । ਕਲਜੁਗ ਦਾ ਖੇਲ ਤਮਾਸ਼, ਆਪਣਾ ਰੂਪ ਪਰਗਟਾਈਆ । ਭਗਤਾਂ ਦਾ ਨਿਵਾਸ, ਨੇਤਰ ਨੈਣ ਦਰਸਾਈਆ । ਸ਼ਿਵ ਜੀ ਦਾ ਕੈਲਾਸ਼, ਬੈਠਾ ਸੀਸ ਨਿਵਾਈਆ । ਬ੍ਰਹਮਾ ਦਾ ਇਤਹਾਸ, ਦੇਵੇ ਸਚ ਗਵਾਹੀਆ । ਵਿਸ਼ਨੂੰ ਦਾ ਸਵਾਦ, ਰਸ ਅਗੰਮੀ ਰਿਹਾ ਵਖਾਈਆ । ਪੁਰਖ ਅਕਾਲ ਦੇਵਣਹਾਰਾ ਦਾਤ, ਵਸਤ ਇਕ ਵਰਤਾਈਆ । ਸਭ ਦੀ ਮਿਲ ਕੇ ਇਕ ਜਮਾਤ, ਸੋਹਣਾ ਰੰਗ ਵਖਾਈਆ । ਭਿੰਨੜੀ ਰੈਣ ਨਾਲ ਗਈ ਨਾਚ, ਘੁੰਗਟ ਮੁਖ ਉਠਾਈਆ । ਮਿਲ ਕੇ ਸਭ ਨੇ ਕੀਤੀ ਇਕ ਬਾਤ, ਮਤਾ ਲਿਆ ਪਕਾਈਆ । ਕਿਸ ਵੇਲੇ ਫੇਰ ਹੋਵੇ ਇਤਫ਼ਾਕ, ਮਿਲੀਏ ਚਾਈਂ ਚਾਈਂਆ । ਦੋਏ ਜੋੜ ਕੇ ਹਾਥ, ਸਾਰੇ ਬੇਨੰਤੀ ਰਹੇ ਸੁਣਾਈਆ । ਅਗੋਂ ਕਿਹਾ ਪੁਰਖ ਅਬਿਨਾਸ਼, ਪਰਦਾ ਦਿਆਂ ਉਠਾਈਆ । ਧੁਰ ਸੰਦੇਸ਼ਾ ਦੇਵਾਂ ਸਾਚ, ਸਚ ਕਰਾਂ ਪੜ੍ਹਾਈਆ । ਜਿਸ ਦਾ ਮਤਲਬ ਕੋਈ ਨਹੀਂ ਅਰਥ ਅਰਥਾਤ, ਅਥਵਾ ਆਪਣਾ ਹੁਕਮ ਮਨਾਈਆ । ਜਿਸ ਵੇਲੇ ਨਿਰਗੁਣ ਧਾਰ ਆਵਾਂ ਲੋਕਮਾਤ, ਨਿਰਵੈਰ ਫੇਰਾ ਪਾਈਆ । ਜੋਤੀ ਜੋਤ ਕਰਾਂ ਪਰਕਾਸ਼, ਸ਼ਬਦੀ ਸ਼ਬਦ ਡੰਕ ਸ਼ਨਵਾਈਆ । ਦੋ ਜਹਾਨਾਂ ਲੰਘ ਕੇ ਪਤਣ ਘਾਟ, ਆਪਣਾ ਪੰਧ ਮੁਕਾਈਆ । ਪ੍ਰੇਮੀ ਪ੍ਰੀਤਮ ਹੋ ਕੇ ਭਗਤਾਂ ਕਰਾਂ ਤਲਾਸ਼, ਗੁਰਮੁਖਾਂ ਖੋਜ ਖੁਜਾਈਆ । ਬਾਹਰ ਭੀਤਰ ਵੇਖਾਂ ਸਾਸ, ਸਾਹ ਸਾਹ ਲੇਖ ਚੁਕਾਈਆ । ਸਾਚੇ ਮੰਡਲ ਪਾਵਾਂ ਰਾਸ, ਗੋਪੀ ਕਾਹਨ ਨਚਾਈਆ । ਪਰਦਾ ਲਾਹ ਕੇ ਪ੍ਰਿਥਮੀ ਆਕਾਸ਼, ਧਰਨੀ ਧਰਤ ਧਵਲ ਸੋਭਾ ਪਾਈਆ । ਭਾਗ ਲਗਾ ਕੇ ਸੋਹਣੀ ਖਾਟ, ਆਸਣ ਸਿੰਘਾਸਣ ਦਿਆਂ ਵਡਿਆਈਆ । ਚੌਥੇ ਜੁਗ ਦੀ ਮੇਟ ਕੇ ਵਾਟ, ਵਟਣਾ ਗੁਰਮੁਖਾਂ ਦਿਆਂ ਚੜ੍ਹਾਈਆ । ਲਛਮਣ ਜਿਸ ਇਕ ਗੱਲ ਦੀ ਆਸ, ਉਹ ਪੂਰੀ ਦਿਆਂ ਕਰਾਈਆ । ਜਨ ਭਗਤਾਂ ਦਾ ਬਣ ਕੇ ਬਾਪ, ਬੱਚਿਆਂ ਵਾਂਗ ਗੋਦ ਉਠਾਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਵਿੱਤਰ ਦਿਆਂ ਬਣਾਈਆ । ਲੇਖੇ ਲਾ ਕੇ ਮਾਟੀ ਖ਼ਾਕ, ਖ਼ਾਹ ਮਖ਼ਾਹ ਕਰਾਂ ਸਫ਼ਾਈਆ । ਦੋ ਜਹਾਨਾਂ ਬਣ ਕੇ ਸੱਜਣ ਸਾਕ, ਧੁਰ ਦਾ ਸੰਗ ਵਖਾਈਆ । ਏਥੇ ਓਥੇ ਦੇ ਨਜਾਤ, ਸਿਰ ਆਪਣਾ ਹੱਥ ਰਖਾਈਆ । ਕੂੜੀ ਕਿਰਿਆ ਨਾਲ ਇਹ ਵਫ਼ਾਤ, ਮਲਕੁਲ ਮੌਤ ਨਾ ਕੋਇ ਡਰਾਈਆ । ਭੇਵ ਦੱਸਾਂ ਨਾਲ ਵਜ਼ਾਹਤ, ਪਰਦਾ ਦਿਆਂ ਉਠਾਈਆ । ਰਹਿਣ ਦੇਵਾਂ ਨਾ ਕੋਇ ਰਫ਼ਾਕ, ਰਫ਼ੀਕ ਦਿਆਂ ਜਣਾਈਆ । ਰੂਪ ਧਰ ਕੇ ਆਪਣਾ ਵਾਹਿਦ, ਲਾਸ਼ਰੀਕ ਸੇਵ ਕਮਾਈਆ । ਸਚ ਕਾਨੂੰਨ ਕਰਕੇ ਆਇਦ, ਵੇਖਾਂ ਥਾਉਂ ਥਾਈਂਆ । ਸਤਿ ਧਰਮ ਕਰਨਾ ਰਾਇਜ, ਰਜੂਹ ਸਭ ਦੀ ਦਿਆਂ ਬਦਲਾਈਆ । ਸ੍ਰਿਸ਼ਟੀ ਦੇ ਕੋਲੋਂ ਹੋ ਕੇ ਗ਼ਾਇਬ, ਭਗਤਾਂ ਆਪਣਾ ਦਰਸ ਦਿਖਾਈਆ । ਇਹੋ ਖੇਲ ਹੋਵੇ ਅਜਾਇਬ, ਅਜਬ ਲੀਲਾ ਦਿਆਂ ਵਰਤਾਈਆ । ਜੁਗ ਚੌਕੜੀ ਜੋ ਨਾਮ ਦੀ ਕਰਕੇ ਰਖੀ ਕਫ਼ਾਇਤ, ਮਹਿਬੂਬ ਹੋ ਕੇ ਝੋਲੀ ਦੇਵਾਂ ਪਾਈਆ । ਝੂਠੀ ਕਟ ਕੇ ਸ਼ਰਅ ਸ਼ਰਾਇਤ, ਸ਼ਰੀਅਤ ਆਪਣੀ ਦਿਆਂ ਵਖਾਈਆ । ਚਰਨ ਪ੍ਰੀਤੀ ਕਰ ਕੇ ਅਨਾਇਤ, ਅਨਾਇਤ ਦੇ ਅਨਾਇਤ ਬੁੱਲੇ ਦੇ ਪੀਰਾਂ ਵਰਗੇ ਗੁਰਮੁਖ ਦਿਆਂ ਬਣਾਈਆ । ਜਿਹੜੀ ਮਨੀ ਸਿੰਘ ਦੱਸ ਕੇ ਗਏ ਵਲਾਇਤ, ਉਹ ਵਲਵਲੇ ਅੰਦਰੋਂ ਦਿਆਂ

ਕਢਾਈਆ । ਜਿਧਰ ਜਾਣ ਓਧਰ ਆਪਣੀ ਕਰਾਂ ਹਮਾਇਤ, ਹਮ ਸਾਜਣ ਹੋ ਕੇ ਨਜ਼ਰੀ ਆਈਆ । ਸਭ ਦੀ ਪੂਰੀ ਕਰ ਕੇ ਖ਼ਾਹਿਸ਼, ਖ਼ਾਹਿਸ਼ ਆਪਣੀ ਨਾਲ ਮਿਲਾਈਆ । ਚਰਨ ਦਵਾਰੇ ਕਰਕੇ ਰਿਹਾਇਸ਼, ਆਰਾਮਗਾਹ ਇਕ ਵਖਾਈਆ । ਜਿਸ ਮੰਦਰ ਦੀ ਕਿਸੇ ਨਹੀਂ ਕੀਤੀ ਪੈਮਾਇਸ਼, ਓਸੇ ਧਾਮ ਬਹਾਈਆ । ਇਹੋ ਭਗਤਾਂ ਨੂੰ ਸਚੀ ਖ਼ੈਰਾਯਤ, ਬਿਨ ਮੰਗਿਆਂ ਝੋਲੀ ਪਾਈਆ । ਭਗਤ ਭਗਵਾਨ ਦੀ ਸਦਾ ਇਕੱਠੀ ਚੜ੍ਹਦੀ ਰਹੇ ਜਨੇਤ, ਲਾੜੇ ਧੁਰ ਦੇ ਦਿਆਂ ਬਣਾਈਆ । ਦਰਸ਼ਨ ਦੇਂਦਾ ਰਹਾਂ ਨੇਤ ਨੇਤ, ਨੇਤਰ ਨਿਜ ਕਰ ਰੁਸ਼ਨਾਈਆ । ਜਿਹੜੇ ਗੋਬਿੰਦ ਪਿੱਛੇ ਹੋ ਗਏ ਖੇਤ, ਆਪਣਾ ਆਪ ਕਟਾਈਆ । ਉਨ੍ਹਾਂ ਨਾਲ ਕਰ ਹੇਤ, ਧੁਰ ਦਾ ਮੇਲਾ ਸਹਿਜ ਸੁਭਾਈਆ । ਜਿਸ ਨੂੰ ਲੱਭਦੇ ਗਏ ਕੇਤੀ ਕੇਤ, ਕੋਟਨ ਕੋਟ ਫੇਰੀਆਂ ਪਾਈਆ । ਜਿਸ ਦਾ ਨਾਮ ਰਾਗਾਂ ਨਾਦਾਂ ਸ਼ਬਦਾਂ ਧੁਨਾਂ ਵਿਚ ਗੌਂਦੇ ਵਿਸ਼ੇਸ਼, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਜਿਸ ਦਾ ਜਸ ਗੌਂਦੇ ਸਹੰਸਰ ਮੁਖ ਵਾਲੇ ਸ਼ੇਸ਼, ਸੋਹਣੀ ਸੇਜ ਬਣਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸਭ ਨੇ ਮੰਨਿਆਂ ਇਕ ਨਰੇਸ਼, ਨਰ ਨਿਰੰਕਾਰ ਇਕ ਅਖਵਾਈਆ । ਸੋ ਭਗਤ ਸੁਹੇਲਾ ਗ੍ਰਹਿ ਭਗਤਾਂ ਬਣੇ ਦਰਵੇਸ਼, ਦਰਦੀ ਹੋ ਕੇ ਅਲਖ ਜਗਾਈਆ । ਇਕ ਗੱਲ ਕਹੇ ਮੇਰੀ ਆਸ ਏਕ, ਇਕੋ ਦਿਆਂ ਜਣਾਈਆ । ਪਰਮ ਪੁਰਖ ਪ੍ਰਭ ਜਨ ਭਗਤਾਂ ਬੁੱਧੀ ਕਰੇ ਬਿਬੇਕ, ਮਨ ਮਤਿ ਪਰੇ ਹਟਾਈਆ । ਨਿਰਗੁਣ ਹੋ ਕੇ ਸਰਗੁਣ ਨਾਲ ਲਏ ਖੇਡ, ਖਲਾਰੀ ਆਪਣਾ ਫੇਰਾ ਪਾਈਆ । ਜਿਸ ਗੱਲ ਦੀ ਆਸ ਪਿਛੇ ਸਭ ਨੂੰ ਦਿਤਾ ਭੇਜ, ਉਹ ਗਲਾਸ ਆਪਣਾ ਦਏ ਸਮਝਾਈਆ । ਛਹਿਬਰ ਲੱਗੀ ਅੰਮ੍ਰਿਤ ਬਰਖੇ ਦੇਸ ਪਰਦੇਸ, ਦਹਿ ਦਿਸ਼ਾ ਠੰਡਕ ਇਕ ਵਰਤਾਈਆ । ਗੱਲ ਆਸ ਕਹੇ ਮੈਨੂੰ ਮਿਲ ਗਈ ਸਚੀ ਟੇਕ, ਟਿਕਟਿਕੀ ਧਿਆਨ ਜਿਸ ਦੇ ਵਿਚ ਰਖਾਈਆ । ਜਨ ਭਗਤੋ ਤੁਸੀਂ ਸਮਝੋ ਨਾ ਕੋਈ ਕੂੜ ਕੁੜਿਆਰਾ ਭੇਖ, ਪਖੰਡੀ ਪਖੰਡ ਰਿਹਾ ਰਚਾਈਆ । ਜਿਹੜਾ ਮਾਲਕ ਓਸੇ ਦਾ ਦੇਸ, ਦੇਸਾਂ ਦਾ ਮਾਲਕ ਆਪੇ ਵੇਖ ਵਖਾਈਆ । ਧਰਨੀ ਕਹੇ ਜਿਸ ਮੇਰੇ ਉਤੇ ਬਹਿ ਕੇ ਲਿਖੇ ਲੇਖ, ਲਹਿਣੇ ਦਿਤੇ ਚੁਕਾਈਆ । ਮੈਂ ਆਪਣੇ ਨੇਤਰ ਸਾਚੇ ਨੈਣ ਇਸੇ ਦੀ ਕੀਤੇ ਭੇਟ, ਇਸੇ ਦੀ ਝੋਲੀ ਪਾਈਆ । ਗੁਰਮੁਖੋ ਤੁਸੀਂ ਸਨਮੁਖ ਹੋਵੋ ਪੇਸ਼, ਸਾਹਮਣੇ ਨਜ਼ਰੀ ਆਈਆ । ਮਨ ਕਾਮਨਾ ਭਗਤ ਭਗਵੰਤ ਅੰਤਰ ਕਦੇ ਨਾ ਹੋਵੇ ਕਲੇਸ਼, ਕੂੜਾ ਝਗੜਾ ਦੇਣਾ ਮਿਟਾਈਆ । ਧੁਰ ਦਾ ਸਵਾਮੀ ਸਦਾ ਕੋਲ ਰਹੇ ਹਮੇਸ਼, ਵਿਛੜ ਕਦੇ ਨਾ ਜਾਈਆ । ਰਲ ਮਿਲ ਧਰਨੀ ਕਹੇ ਇਕੱਠੇ ਕਰੀਏ ਇਕ ਆਦੇਸ, ਸਜਦਾ ਸੀਸ ਨਿਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਸਭ ਦਾ ਮਾਲਕ ਸਭ ਨੂੰ ਕਰਦੇ ਏਕ, ਚਰਨ ਪ੍ਰੀਤੀ ਬਖ਼ਸ਼ ਕੇ ਟੇਕ, ਟਿੱਕਾ ਮਸਤਕ ਨਾਮ ਦੇ ਲਗਾਈਆ । ਅਨਾਇਤ ਕਹੇ ਕੀ ਕੀਤਾ ਗ਼ਜ਼ਬ, ਪਰਵਰਦਿਗਾਰ ਮੈਨੂੰ ਦੇ ਜਣਾਈਆ । ਭਗਤਾਂ ਦਾ ਇਕੱਠਾ ਕਰ ਕੇ ਵਫ਼ਦ, ਮਿਹਰ ਨਜ਼ਰ ਨਾਲ ਤਰਾਈਆ । ਸ੍ਰੀ ਭਗਵਾਨ ਕਹੇ ਮੈਂ ਇਕੋ ਗਾਇਆ ਸ਼ਬਦ, ਐਧਰੋਂ ਪੁਟ ਕੇ ਐਧਰ ਲਿਆ ਲਗਾਈਆ । ਨਾ ਦੀਨ ਰਿਹਾ ਨਾ ਮਜ਼੍ਹਬ, ਨਾ ਜ਼ਾਤ ਪਾਤ ਜਣਾਈਆ । ਇਹਨਾਂ ਮੇਰਾ ਕੀਤਾ ਅਦਬ, ਅਦਾਬ ਕਰ ਕੇ ਇਹਨਾਂ ਸੀਸ ਝੁਕਾਈਆ । ਅੰਦਰ ਮਾਰ ਕੇ ਆਪਣੀ ਰਮਜ਼, ਇਸ਼ਾਰਾ ਇਕ ਵਖਾਈਆ । ਇਹਨਾਂ ਦਾ ਲੇਖਾ ਬਣ ਗਿਆ ਵਾਂਗ ਸ਼ਮਸ, ਸ਼ਮਅ ਦੇ ਪਰਵਾਨੇ ਪਰਵਾਨਿਆਂ ਨਾਲੋਂ ਚੰਗੇ ਭਗਤ ਭਗਵਾਨ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਅਨਾਇਤ ਕਹੇ ਐਧਰੋਂ ਪੁੱਟਣਾ ਐਧਰ ਲੌਣਾ, ਇਹ ਤੇਰੀ ਹੁਕਮ ਰਜ਼ਾਈਆ ।

੬੨੭

ਪੁਰਖ ਅਕਾਲ ਕਿਹਾ ਮੈਂ ਮਾਰਗ ਇਕ ਚਲੌਣਾ, ਜਿਸ ਕਾਰਨ ਚਲਦਿਆਂ ਫਿਰਦਿਆਂ ਪਾਰ ਲੰਘਾਈਆ । ਜਗਤ ਕਿਆਰੀਆਂ ਵਿਚ ਨਹੀਂ ਬਹੌਣਾ, ਪਨੀਰੀ ਹੱਥ ਨਾ ਕੋਇ ਉਠਾਈਆ । ਮਿਹਰ ਨਜ਼ਰ ਨਾਲ ਜਨ ਭਗਤ ਤਰੌਣਾ, ਆਪਣੇ ਰੰਗ ਰੰਗਾਈਆ । ਤੂੰ ਸੀ ਇਕ ਬੁੱਲਾ ਸਮਝੌਣਾ, ਭੁੱਲੇ ਪੰਧ ਲਗਾਈਆ । ਪੁਰਖ ਅਕਾਲ ਕਹੇ ਮੈਂ ਆਪਣਾ ਮਾਰਗ ਲੌਣਾ, ਸਤਿ ਧਰਮ ਨਾਲ ਰਲਾਈਆ । ਕਲਜੁਗ ਅੰਦਰ ਸਤਿਜੁਗ ਵਰਤੌਣਾ, ਧੁਰ ਦਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ ।

## ❊ ੧੯ ਚੇਤ ਸ਼ਹਿਨਸ਼ਾਹੀ ਸੰਮਤ ੧ ਚੇਲਾ ਸਿੰਘ ਦੇ ਗ੍ਰਿਹ ਜੰਮੂ ❊

੬੨੮ ਬੁੱਕਲ ਕਹੇ ਜਿਸ ਵੇਲੇ ਮੈਂ ਬਕਾਲੇ ਵੱਜੀ, ਰਵਿਦਾਸ ਚਾਦਰ ਮਿਲੀ ਵਡਿਆਈਆ । ਉਸ ਦਿਨ ਤੇਗ਼ਬਹਾਦਰ ਨੂੰ ਇਕ ਫ਼ਕੀਰ ਮਿਲਿਆ ਸੂਫ਼ੀ, ਜੋ ਸ਼ੁਖਨ ਆਪਣੀ ਗਿਆ ਕਰਾਈਆ । ਉਸ ਨੇ ਬਾਤ ਕੀਤੀ ਦੋ ਹਰਫ਼ੀ, ਕਲਮਾ ਇਕ ਜਣਾਈਆ । ਕੀ ਤੇਗ਼ਬਹਾਦਰ ਤੈਨੂੰ ਲੱਗੀ ਸਰਦੀ, ਓਢਣ ਲਿਆ ਟਿਕਾਈਆ । ਕਿ ਭੇਸ ਕੀਤਾ ਫ਼ਰਜੀ, ਲੋਕਾਂ ਰਿਹਾ ਡਰਾਈਆ । ਕਿ ਆਪਣੀ ਕੀਤੀ ਮਰਜ਼ੀ, ਘਰ ਬਾਹਰ ਤਜਾਈਆ । ਕੀ ਕੋਈ ਸਮਝ ਮਿਲੀ ਓਸ ਘਰ ਦੀ, ਜਿਸ ਘਰ ਵਸੇ ਬੇਪਰਵਾਹੀਆ । ਤੇਗ਼ਬਹਾਦਰ ਕਿਹਾ ਮੇਰੀ ਆਤਮਾ ਅੰਦਰੋਂ ਕੁਛ ਪੜ੍ਹਦੀ, ਤੈਨੂੰ ਦਿਆਂ ਦ੍ਰਿੜ੍ਹਾਈਆ । ਖੇਲ ਵੇਖੇ ਓਸ ਨਰਾਇਣ ਨਰ ਦੀ, ਜੋ ਨਰ ਨਿਰੰਕਾਰ ਇਕ ਅਖਵਾਈਆ । ਓਸੇ ਦਾ ਨਾਮ ਜਪਦੀ, ਤੂੰ ਹੀ ਤੂੰ ਸੁਣਾਈਆ । ਖ਼ੁਸ਼ੀਆਂ ਨਾਲ ਨਚਦੀ ਟਪਦੀ, ਆਪਣਾ ਰੰਗ ਰੰਗਾਈਆ । ਓਧਰੋਂ ਇਕ ਕੁੰਜ ਲੱਥੀ ਹੋਈ ਉਡ ਕੇ ਆ ਗਈ ਸੱਪ ਦੀ, ਸਾਫ਼ ਸੁਥਰੀ ਨਜ਼ਰੀ ਆਈਆ । ਓਸ ਆ ਕੇ ਕਿਹਾ ਕ਼ਸਮ ਮੈਨੂੰ ਰੱਬ ਦੀ, ਜੋ ਅੰਦਰ ਤੇਰੇ ਰਬਾਬ ਰਿਹਾ ਵਜਾਈਆ । ਓਧਰੋਂ ਇਕ ਵੈਰਾਗਣ ਆ ਗਈ ਭੱਜਦੀ, ਆਪਣਾ ਪੰਧ ਮੁਕਾਈਆ । ਓਹਦੇ ਹੱਥ ਅੰਗਿਆਰੀ ਅੱਗ ਦੀ, ਹਵਾ ਨਾਲ ਸੁਲਗਾਈਆ । ਓਹਦੇ ਕੋਲ ਤੁਕ ਇਕ ਜਸ ਦੀ, ਸਾਹਿਬ ਸਵਾਮੀ ਢੋਲਾ ਰਹੀ ਸੁਣਾਈਆ । ਇਕ ਹੱਥ ਤੇਗ਼ਬਹਾਦਰ ਦੇ ਚਰਨਾਂ ਉਤੇ ਰਖਦੀ, ਦੂਜਾ ਅੱਖਾਂ ਉਤੇ ਟਿਕਾਈਆ । ਮੈਨੂੰ ਗੱਲ ਦੱਸ ਸਚ ਦੀ, ਸੋਹਣੀ ਮੰਗ ਮੰਗਾਈਆ । ਕੀ ਕੋਈ ਖ਼ਬਰ ਤੈਨੂੰ ਹੱਕ ਦੀ, ਹਕ਼ੀਕਤ ਦੇ ਦ੍ਰਿੜ੍ਹਾਈਆ । ਓਧਰੋਂ ਇਕ ਲੱਕੜਹਾਰੇ ਦੀ ਲੜਕੀ ਆ ਗਈ ਬਾਲਣ ਕਟਦੀ, ਕੁਹਾੜੀ ਰੱਸੀ ਕੰਧੇ ਉਤੇ ਟਿਕਾਈਆ । ਲਾਗੇ ਆ ਕੇ ਆਵਾਜ਼ ਕੀਤੀ ਠਕ ਠਕ ਦੀ, ਠੋਕਰ ਦਿਤੀ ਜਣਾਈਆ । ਓਧਰੋਂ ਪਵਣ ਠੰਡ ਝਕੋਲਾ ਲੈ ਕੇ ਆ ਗਈ ਭਜਦੀ, ਆਪਣਾ ਪੰਧ ਮੁਕਾਈਆ । ਓਧਰੋਂ ਸਨਿਆਸੀ ਕੂਕ ਸੁਣੈਂਦਾ ਆਵੇ ਨਦ ਦੀ, ਤੰਬੂਰਾ ਨਾਲ ਵਜਾਈਆ । ਓਧਰੋਂ ਇਕ ਭੇਡ ਆ ਗਈ ਆਪਣੇ ਹੌਲੇ ਹੌਲੇ ਪੈਰ ਦਬਦੀ, ਬੋਲੀ ਆਪਣੀ ਰਾਗ ਅਲਾਈਆ । ਓਧਰੋਂ ਖ਼ੁਸਰਿਆਂ ਦੀ ਢੋਲਕੀ ਆ ਗਈ ਵਜਦੀ, ਬਹੁਰੂਪੀਆ ਰੂਪ ਵਟਾਈਆ । ਓਧਰੋਂ ਜੋੜੀ ਆ ਬੈਠੀ ਕੋਲ ਕਗ ਦੀ, ਪਿਛਲਾ ਪੰਧ ਮੁਕਾਈਆ । ਓਧਰੋਂ ਕੋਇਲ ਬੈਠੀ ਲਾਗੇ ਸਜਦੀ, ਆਪਣਾ ਰਾਗ ਅਲਾਈਆ । ਓਧਰੋਂ ਮੰਡਲੀ ਸਾਧਾਂ ਦੀ ਸੀ ਲੰਘਦੀ, ਨੌ ਗਿਣਤੀ ਵਿਚ ਜਣਾਈਆ । ਜਿਨ੍ਹਾਂ ਕੋਲ ਇਕ ਡਲੀ ਸੀ ਸਮੁੰਦ ਝੱਗ ਦੀ, ਪੱਲੂ ਗੰਢ ਪਵਾਈਆ । ਓਧਰੋਂ ਸਜ ਵਿਆਹੀ ਬੈਠੀ ਲੰਘੀ ਵਿਚੋਂ ਰਥ ਦੀ, ਬੈਲ ਸੋਹਣੇ ਜੋੜ ਜੁੜਾਈਆ । ਉਹਦੀ ਪ੍ਰੇਮ ਪਿਆਰ ਵਾਲੀ ਅੱਖ ਤਕਦੀ, ੬੨੮

ਨੇਤਰ ਘੁੰਗਟ ਵਿਚੋਂ ਬਦਲਾਈਆ । ਅੰਦਰੇ ਅੰਦਰ ਹਸ ਪਈ, ਆਪਣੀ ਖ਼ੁਸ਼ੀ ਵਖਾਈਆ । ਓਧਰੋਂ ਘਨਘੋਰ ਬੱਦਲ ਕਾਲੀ ਘਟਾ ਟੱਪ ਪਈ, ਆਪਣਾ ਬਲ ਧਰਾਈਆ । ਓਧਰੋਂ ਤੇਗ਼ਬਹਾਦਰ ਇਕੋ ਟੇਕ ਰਖ ਲਈ, ਪ੍ਰਭ ਚਰਨ ਕਵਲ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਡੋਰੀ ਆਪਣੇ ਨਾਲ ਕਸ ਲਈ, ਤੰਦ ਸਤਾਰ ਦਿਤੀ ਜੁੜਾਈਆ । ਤੇਗ਼ਬਹਾਦਰ ਅੰਤਰ ਆਸ਼ਾ ਓਸੇ ਵੇਲੇ ਹਸ ਪਈ, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਈਆ । ਪ੍ਰਭੂ ਇਕ ਸੰਦੇਸ਼ਾ ਦੱਸ ਜਾਈਂ, ਧੁਰ ਦੀ ਮੰਗ ਮੰਗਾਈਆ । ਵਿਛੋੜਾ ਦੇ ਕਦੇ ਨਾ ਨਸ ਜਾਈਂ, ਸਦ ਆਪਣਾ ਸੰਗ ਨਿਭਾਈਆ । ਇਹ ਮੇਰੇ ਕੁਛ ਵਸ ਨਹੀਂ, ਤੇਰੀ ਬੇਪਰਵਾਹੀਆ । ਜੋ ਤੇਰੇ ਪ੍ਰੇਮ ਅੰਦਰ ਫਸ ਗਈ, ਨਾਤਾ ਨਾ ਲੈਣਾ ਤੁੜਾਈਆ । ਪੁਰਖ ਅਕਾਲ ਹੌਲੀ ਜਿਹੀ ਓਸ ਦੀ ਬੁਕਲ ਨੱਪ ਲਈ, ਸਹਿਜ ਸੁਭਾਓ ਦਿਤਾ ਜਣਾਈਆ । ਮੈਂ ਖੇਲ ਕਰਾਂ ਆਪਣੇ ਆਪ ਲਈ, ਜਿਸ ਦੀ ਸਮਝ ਕਿਸੇ ਨਾ ਆਈਆ । ਜਿਸ ਰਮਜ਼ ਤੇਰੀ ਗੁੱਝੀ ਲਭ ਲਈ, ਪਰਦੇ ਅੰਦਰ ਵੇਖ ਵਖਾਈਆ । ਸੋ ਕਰਤਾ ਕਰਨੀ ਕਰੇ ਆਪਣੇ ਕੰਮ ਲਈ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਤੇਗ਼ਬਹਾਦਰ ਕਿਹਾ ਇਕ ਮੇਰੀ ਮੰਨ ਲਈਂ, ਬੇਨੰਤੀ ਦੇਵਾਂ ਸੁਣਾਈਆ । ਪੁਰਖ ਅਕਾਲ ਕਿਹਾ ਤੇਰੇ ਨਾਲੋਂ ਤੇਰੇ ਚੰਨ ਲਈ, ਆਪਣੀ ਸੇਵ ਕਮਾਈਆ । ਤੇਗ਼ਬਹਾਦਰ ਕਿਹਾ ਉਹਨਾਂ ਦਾ ਬੇੜਾ ਬੰਨ੍ਹ ਲਈਂ, ਜੋ ਬੰਦਗੀ ਤੇਰੀ ਵਿਚ ਜਣਾਈਆ । ਪੁਰਖ ਅਕਾਲ ਕਿਹਾ ਸਭ ਕੁਛ ਕਰਾਂ ਆਪਣੇ ਅਨੰਦ ਲਈ, ਅਨੰਦ ਆਪਣਾ ਵੇਖ ਵਖਾਈਆ । ਤੇਰੀ ਬੁੱਕਲ ਅੰਦਰ ਤੇਰੀ ਮੰਨ ਲਈ, ਮਨਸਾ ਪੂਰ ਕਰਾਈਆ । ਆਪਣੀ ਬੁੱਕਲ ਅੰਦਰ ਭਗਤਾਂ ਦੇ ਤਨ ਲਈ, ਤਾਰ ਸਤਾਰ ਦਿਆਂ ਵਜਾਈਆ । ਕੂੜੀ ਕਿਰਿਆ ਦੇ ਡੰਨ ਲਈ, ਪਰਦਾ ਪਾ ਕੇ ਹੋਵਾਂ ਸਹਾਈਆ । ਭਗਤਾਂ ਦੀ ਛੱਪਰ ਛੰਨ ਲਈ, ਛਹਿਬਰ ਦਿਆਂ ਲਗਾਈਆ । ਗੁਰਮੁਖਾਂ ਦੀ ਸੋਹਣੀ ਜੰਞ ਲਈ, ਲਾੜੀ ਬਣ ਕੇ ਆਪਣਾ ਮੁਖ ਛੁਪਾਈਆ । ਤੇਗ਼ਬਹਾਦਰ ਫੇਰ ਸਮਝੀਂ ਇਸ ਮੇਰੀ ਤੇ ਮੇਰੇ ਚੰਨ ਦੀ ਮੰਨ ਲਈ, ਜਨ ਭਗਤਾਂ ਮੰਦਰ ਅੰਦਰ ਸੋਭਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੀ ਕੀਤੀ ਕਰਨੀ ਆਪਣੇ ਨਾਲ ਗੰਢ ਲਈ, ਗੰਢਣਹਾਰ ਗੋਪਾਲ ਸਵਾਮੀ ਠੰਡ ਭਗਤਾਂ ਦਏ ਪਾਈਆ ।

### ❋ ੨੦ ਚੇਤ ਸ਼ਹਿਨਸ਼ਾਹੀ ਸੰਮਤ ੧ ਰਾਮ ਸਿੰਘ ਦੇ ਗ੍ਰਿਹਿ ਪਿੰਡ ਗਾਲੜੀਆ ਜ਼ਿਲਾ ਹੁਸ਼ਿਆਰ ਪੁਰ ❋

ਭੂਮਿਕਾ ਕਹੇ ਮੈਂ ਕੀ ਦੱਸਾਂ, ਬੀਸ ਚੇਤ ਮਿਲੀ ਵਡਿਆਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਹੱਸਾਂ, ਅੰਤਰ ਅੰਤਰ ਖ਼ੁਸ਼ੀ ਮਨਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਦੱਸਾਂ, ਦੋ ਜਹਾਨਾਂ ਦਿਆਂ ਜਣਾਈਆ । ਪਤਿਪਰਮੇਸ਼ਵਰ ਬੇਪਰਵਾਹੀ ਭਗਤ ਸੁਹੇਲਾ ਵੇਖਿਆ ਸਕਾ, ਪਰਵਰਦਿਗਾਰ ਸਾਂਝਾ ਯਾਰ ਨੂਰ ਇਲਾਹੀਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਖੇਲ ਖੇਲਣਹਾਰ ਪੁਰਖ ਸਮਰਥਾ, ਸਚਖੰਡ ਨਿਵਾਸੀ ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਨਵ ਨੌ ਚਾਰ ਜਿਸ ਦਾ ਭੇਵ ਕਿਸੇ ਨਾ ਆਇਆ ਰਤਾ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਆਪਣਾ ਪਕਾ ਕੇ ਆਇਆ ਮਤਾ, ਮਤਲਬ ਆਪਣਾ ਸੰਗ ਰਖਾਈਆ । ਜਨ ਭਗਤਾਂ ਹਕ ਹਕੀਕ਼ਤ ਵਿਚੋਂ ਦੇਣਾ ਹਕਾ, ਹਾਕਮ ਹੋ ਕੇ ਹੁਕਮ ਸੁਣਾਈਆ । ਜੋ ਸਚ ਸਰਨਾਈ ਸਾਚੀ ਢੱਠਾ, ਧੂੜੀ ਟਿੱਕਾ ਚਰਨ ਕਵਲ ਰਮਾਈਆ । ਭੇਵ ਖੁਲ੍ਹੌਣਾ ਤੱਤਾਂ ਅੱਠਾਂ, ਨੌ

੬੨੯

ਦਵਾਰੇ ਲੇਖਾ ਦਏ ਮੁਕਾਈਆ । ਮੇਲ ਮਿਲਾ ਕੇ ਉਪਰ ਸ਼ਾਹ ਰਗਾ, ਸਤਿ ਸਰੂਪ ਦਏ ਸਮਝਾਈਆ । ਪੰਚ ਵਿਕਾਰਾ ਤ੍ਰੈਗੁਣ ਮੇਟੇ ਅੱਗਾ, ਅਗਨੀ
ਅੱਗ ਬੁਝਾਈਆ । ਸਚ ਮਹਿਰਾਬ ਕਰਾਏ ਹੱਜਾ, ਮੱਕਾ ਕਾਅਬਾ ਕੰਮ ਕਿਸੇ ਨਾ ਆਈਆ । ਸਾਚੇ ਮੰਦਰ ਨਜ਼ਰੀ ਆਏ ਸਜਾ, ਸਚ ਸਿੰਘਾਸਣ
ਡੇਰਾ ਲਾਈਆ । ਸ਼ਬਦ ਨਾਦ ਸੁਣਾਏ ਅਗੰਮੀ ਅਨਹਦਾ, ਧੁਨ ਆਤਮਕ ਰਾਗ ਅਲਾਈਆ । ਪਤਿਪਰਮੇਸ਼ਵਰ ਬੇਪਰਵਾਹ ਭਗਤ ਸੁਹੇਲਾ ਇਕ
ਅਕੇਲਾ ਫਿਰੇ ਭੱਜਾ, ਭਗਵਨ ਆਪਣਾ ਪੰਧ ਮੁਕਾਈਆ । ਸ਼ਬਦੀ ਧਾਰ ਜੋਤੀ ਨੂਰ ਕਿਸੇ ਨਾ ਲੱਭਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ ।
ਰਸਨਾ ਜਿਹਵਾ ਬੱਤੀ ਦੰਦ ਜਾਣੇ ਕੋਈ ਨਾ ਮਜ਼ਾ, ਧੁਰ ਦਾ ਰਸ ਨਾ ਕੋਇ ਚਖਾਈਆ । ਜਿਸ ਦੀ ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ
ਦੱਸਦੇ ਗਏ ਵਜਅ, ਵਜ਼ਾਹਤ ਨਾਲ ਸਮਝਾਈਆ । ਜਿਸ ਦੇ ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਬ੍ਰਹਿਮੰਡ ਖੰਡ ਬੱਧਾ, ਬੰਦਗੀ
ਵਿਚ ਸਰਬ ਲੋਕਾਈਆ । ਜੋ ਲੱਖ ਚੁਰਾਸੀ ਜੀਵ ਜੰਤ ਵੇਖਣਹਾਰਾ ਕਾਇਆ ਮਾਟੀ ਚੰਮਾ, ਗਹਿਰ ਗੰਭੀਰ ਆਪਣੀ ਖੇਲ ਖਿਲਾਈਆ । ਜਿਸ
ਦੀ ਚਰਨ ਛੋਹ ਜਮਨਾ ਸੁਰਸਤੀ ਗੋਦਾਵਰੀ ਗੰਗਾ, ਅਠਸਠ ਤੀਰਥ ਨੈਣ ਰਹੇ ਉਠਾਈਆ । ਜਿਸ ਦੇ ਹੁਕਮੇਂ ਅੰਦਰ ਦੇਵੇ ਪਰਕਾਸ਼ ਸੂਰਜ ਚੰਦਾ,
ਮੰਡਲ ਮੰਡਪ ਸਤਾਰ ਸੋਭਾ ਪਾਈਆ । ਜਿਸ ਦਾ ਨਾਮ ਨਿਧਾਨ ਦੋ ਜਹਾਨ ਅਗੰਮੀ ਖੰਡਾ, ਖੜਗ ਇਕੋ ਇਕ ਚਮਕਾਈਆ । ਜਿਸ ਦਾ ਸਚ
ਮਜੀਠੀ ਰੰਗਾ, ਹਰਿਜਨ ਸਾਚੇ ਦਏ ਚੜ੍ਹਾਈਆ । ਜੋ ਵੇਖਣਹਾਰਾ ਜੀਵ ਜਹਾਨ ਅੰਧਾ, ਘਟ ਘਟ ਅੰਤਰ ਫੋਲ ਫੁਲਾਈਆ । ਜੋ ਸਰਗੁਣ
ਰੂਪ ਨਜ਼ਰੀ ਆਏ ਬੰਦਾ, ਨਿਰਗੁਣ ਨਿਰਵੈਰ ਨਿਰਾਕਾਰ ਜੋਤੀ ਜੋਤ ਰੁਸ਼ਨਾਈਆ । ਜਿਸ ਦਾ ਖੇਲ ਜੇਰਜ ਅੰਡਾ, ਉਤਭੁਜ ਸੇਤਜ ਸੋਭਾ ਪਾਈਆ ।
ਜਿਸ ਦੀ ਚਾਰੇ ਖਾਣੀ ਚਾਰੇ ਬਾਣੀ ਵੰਡਾ, ਚਾਰੇ ਜੁਗ ਚਾਰੇ ਕੁੰਟ ਰਿਹਾ ਜਣਾਈਆ । ਸੋ ਸਾਹਿਬ ਸੁਵਾਮੀ ਭਗਤ ਸੁਹੇਲਾ ਨਿਭਾਵਣ ਆਇਆ
ਸਾਚਾ ਸੰਗਾ, ਜੁਗ ਵਿਛੜੇ ਮੇਲ ਮਿਲਾਈਆ । ਭੇਵ ਚੁਕਾ ਕੇ ਹੰ ਬ੍ਰਹਮਾ, ਪਾਰਬ੍ਰਹਮ ਦਏ ਦ੍ਰਿੜਾਈਆ । ਹਰਖ਼ ਸੋਗ ਚਿੰਤਾ ਮਿਟੇ ਗ਼ਮਾ,
ਸਾਂਤਕ ਸਤਿ ਸਤਿ ਵਖਾਈਆ । ਨਿਹਕਰਮੀ ਜਾਨਣਹਾਰਾ ਕਰਮਾ, ਕਰਮ ਕਾਂਡ ਡੇਰਾ ਢਾਹੀਆ । ਝਗੜਾ ਚੁਕਾਵੇ ਵਰਨਾ ਬਰਨਾ, ਸ਼ੱਤਰੀ ਬ੍ਰਾਹਮਣ
ਸ਼ੂਦਰ ਵੈਸ਼ ਨਜ਼ਰ ਕੋਇ ਨਾ ਆਈਆ । ਗੁਰਮੁਖਾਂ ਨੇਤਰ ਖੋਲ੍ਹੇ ਇਕੋ ਹਰਨਾ ਫਰਨਾ, ਨਿਜ ਲੋਚਨ ਕਰੇ ਰੁਸ਼ਨਾਈਆ । ਭੈ ਭਉ ਚੁਕਾਏ ਮਰਨਾ
ਡਰਨਾ, ਜੀਵਣ ਜੁਗਤ ਇਕ ਸਮਝਾਈਆ । ਭਵ ਸਾਗਰ ਦੱਸੇ ਤਰਨਾ, ਲੱਖ ਚੁਰਾਸੀ ਗੇੜਾ ਦਏ ਮੁਕਾਈਆ । ਸਚ ਦਵਾਰੇ ਦੱਸੇ ਵੜਨਾ,
ਗ੍ਰਹਿ ਮੰਦਰ ਕੁੰਡਾ ਲਾਹੀਆ । ਮੰਜ਼ਲ ਪੌੜੀ ਦੱਸੇ ਚੜ੍ਹਨਾ, ਚੌਥੇ ਪਦ ਦਏ ਬਹਾਈਆ । ਜੋਤੀ ਜੋਤ ਦੱਸੇ ਰਲਣਾ, ਨਾਤਾ ਤੱਤਾਂ ਵਾਲਾ ਤੁੜਾਈਆ ।
ਇਕੋ ਸ਼ਬਦ ਦੱਸੇ ਪੜ੍ਹਨਾ, ਦੂਜੀ ਲੋੜ ਰਹੇ ਨਾ ਰਾਈਆ । ਪ੍ਰਭ ਦਵਾਰੇ ਦੱਸੇ ਖੜ੍ਹਨਾ, ਸਨਮੁਖ ਸਵੱਛ ਸਰੂਪ ਆਪ ਧਰਾਈਆ । ਧਰਨੀ ਕਹੇ
ਜਿਸ ਮੇਰੇ ਉਤੇ ਆ ਕੇ ਰਖੇ ਚਰਨਾ, ਚਰਨ ਚਰਨੋਦਕ ਦਿਤਾ ਪਿਲਾਈਆ । ਮੈਂ ਓਸੇ ਦਾ ਜਸ ਕਰਨਾ, ਸਿਫ਼ਤਾਂ ਨਾਲ ਸਾਲਾਹੀਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸੱਜਣ ਬੇਪਰਵਾਹੀਆ । ਧਰਨੀ ਕਹੇ ਕੋਈ ਮੈਥੋਂ ਪੁਛੇ ਬਾਤ, ਅਗੰਮ
ਅਗੰਮੜੀ ਦਿਆਂ ਜਣਾਈਆ । ਭਾਗਾਂ ਭਰੀ ਆਈ ਸੁਹੰਜਣੀ ਰਾਤ, ਘੜੀ ਪਲ ਖ਼ੁਸ਼ੀ ਮਨਾਈਆ । ਸਾਹਿਬ ਸਵਾਮੀ ਅੰਤਰਜਾਮੀ ਦੇਵਣ ਆਇਆ
ਸਚ ਸੁਗ਼ਾਤ, ਧੁਰ ਦਾ ਮਾਲਕ ਖ਼ਾਲਕ ਬੇਪਰਵਾਹੀਆ । ਜਿਸ ਦੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਸਚ ਹਿਸਾਬ, ਲੇਖੇ ਵੇਖੇ ਥਾਉਂ ਥਾਈਂਆ ।

ਭਗਤ ਸੁਹੇਲਾ ਬਣ ਕੇ ਆਪ, ਗੁਰ ਚੇਲਾ ਪਾਰ ਲੰਘਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇ ਕੇ ਜਾਪ, ਜੀਵਣ ਜੀਵਣ ਦਏ ਬਦਲਾਈਆ । ਪੂਰਬ ਜਨਮ ਦੇ ਉਤਾਰ ਕੇ ਪਾਪ, ਦੁਰਮਤ ਮੈਲ ਧਵਾਈਆ । ਸੰਤ ਸੁਹੇਲਾ ਹੋ ਕੇ ਸਾਥ, ਸਗਲਾ ਸੰਗ ਨਿਭਾਈਆ । ਦੁਰਮਤ ਮੈਲ ਅੰਦਰੋਂ ਬਾਹਰੋਂ ਕਾਟ, ਪਤਿਤ ਪੁਨੀਤ ਦਏ ਕਰਾਈਆ । ਸ਼ਬਦ ਜੈਕਾਰਾ ਬੋਲ ਕੇ ਅਲਖਨਾ ਲਾਖ, ਅਲਖ ਨਿਰੰਜਣ ਦਏ ਜਣਾਈਆ । ਮੰਜ਼ਲ ਪੌੜੇ ਚੜ੍ਹਾ ਕੇ ਘਾਟ, ਅਗਲਾ ਪਿਛਲਾ ਪੰਧ ਮੁਕਾਈਆ । ਧਰਤੀ ਕਹੇ ਇਕ ਵੇਰਾਂ ਰਵਿਦਾਸ ਏਥੇ ਕਟ ਗਿਆ ਸੀ ਰਾਤ, ਰੈਣ ਭਿੰਨੜੀ ਸੋਭਾ ਪਾਈਆ । ਇਕ ਸੱਤ ਦੀ ਓਸ ਨਾਲ ਜਮਾਤ, ਜੋ ਬਣ ਕੇ ਆਏ ਪਾਂਧੀ ਰਾਹੀਆ । ਭੂਮਿਕਾ ਕਹੇ ਮੈਨੂੰ ਦਿਓ ਸ਼ਾਬਾਸ਼, ਮੈਂ ਪਿਛਲਾ ਪੜਦਾ ਰਹੀ ਉਠਾਈਆ । ਏਥੇ ਰਹਿੰਦਾ ਸੀ ਇਕ ਨਾਥ, ਜਟਾ ਜੂਟ ਡੇਰਾ ਲਾਈਆ । ਜਿਸ ਦੇ ਕੋਲ ਸੀ ਇਕ ਰਬਾਬ, ਤਾਰਾਂ ਪੰਜਾਂ ਨਾਲ ਗੰਢਾਈਆ । ਓਹ ਸਦਾ ਵਜੌਂਦਾ ਸੀ ਆਪਣਾ ਨਾਦ, ਮਸਤੀ ਵਿਚ ਸਮਾਈਆ । ਰਵਿਦਾਸ ਨੇ ਸਹਿਜ ਨਾਲ ਪੁਛਿਆ ਕਿਸ ਨੂੰ ਕਰੇਂ ਯਾਦ, ਮੈਨੂੰ ਦੇ ਦ੍ਰਿੜਾਈਆ । ਓਸ ਨੇ ਕਿਹਾ ਮੇਰਾ ਗੋਰਖ ਨਾਲ ਸਾਥ, ਗੁਰੂ ਇਕ ਮਨਾਈਆ । ਰਵੀ ਨੇ ਕਿਹਾ ਕਿਹੜਾ ਓਸ ਦਾ ਬਾਪ, ਉਸ ਦਾ ਲੇਖਾ ਦੇ ਸਮਝਾਈਆ । ਜਿਹੜਾ ਕਿਸੇ ਟਿੱਲੇ ਪਰਬਤ ਵਸੇ ਨਾ ਉਤੇ ਕੈਲਾਸ਼, ਧਰਨੀ ਆਸਣ ਕੋਇ ਨਾ ਲਾਈਆ । ਜੋ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਜ਼ਿਮੀਂ ਅਸਮਾਨਾਂ ਗਗਨ ਗਗਨੰਤਰਾਂ ਪਾਵੇ ਆਪਣੀ ਰਾਸ, ਮੰਡਲ ਮੰਡਪ ਖੇਲ ਖਿਲਾਈਆ । ਜਿਸ ਨੂੰ ਅਲਖ ਅਲਖ ਕਹਿ ਕੇ ਕਰਦੇ ਯਾਦ, ਢੋਲੇ ਦਿਵਸ ਰੈਣ ਸੁਣਾਈਆ । ਜਿਸ ਨੇ ਪੰਜ ਤਤ ਕਾਇਆ ਖੇੜਾ ਕੀਤਾ ਆਬਾਦ, ਮਾਟੀ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਥ ਕਿਹਾ ਸੁਣ ਮੇਰੇ ਸਵਾਮੀ, ਸਚ ਦਿਆਂ ਜਣਾਈਆ । ਗੋਰਖ ਦਾ ਮੈਂ ਭਰਦਾ ਪਾਣੀ, ਸੇਵਾ ਇਕ ਕਮਾਈਆ । ਰਵਿਦਾਸ ਕਿਹਾ ਕੋਈ ਦੱਸ ਨਿਸ਼ਾਨੀ, ਜਿਸ ਘਰ ਮੇਲਾ ਰਿਹਾ ਕਰਾਈਆ । ਉਹ ਰਿਧ ਸਿਧ ਦਾ ਬਾਨੀ, ਬਵੰਜਾ ਨਾਲ ਵੱਜੀ ਵਧਾਈਆ । ਅਗੇ ਪ੍ਰਭ ਦੀ ਹੋਰ ਮਿਹਰਵਾਨੀ, ਮੁਹੱਬਤ ਨਾਲ ਰਖਾਈਆ । ਉਸ ਹੋ ਕੇ ਕਿਹਾ ਹੈਰਾਨੀ, ਨੇਤਰ ਨੈਣ ਅੱਖ ਬਦਲਾਈਆ । ਰਵਿਦਾਸ ਹੌਲੀ ਜਿਹੀ ਉਹਦੇ ਮਸਤਕ ਉਤੇ ਲਾਈ ਕਾਨੀ, ਸਿਰ ਆਪਣਾ ਹੱਥ ਟਿਕਾਈਆ । ਓਹਨੂੰ ਨਜ਼ਰ ਆਇਆ ਇਕ ਨੁਰਾਨੀ, ਨੂਰੋ ਨੂਰ ਬੇਪਰਵਾਹੀਆ । ਫੇਰ ਰਵੀ ਦੀ ਵੇਖ ਪੇਸ਼ਾਨੀ, ਮਸਤਕ ਅੱਖ ਲਈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਰਵੀ ਨੇ ਮਾਰ ਕੇ ਮਸਤਕ ਠੋਕਰ, ਹੁਲਾਰਾ ਦਿਤਾ ਜਣਾਈਆ । ਜਿਸ ਨੂੰ ਮਿਲਣਾ ਅੰਤਮ ਔਕੜ, ਇਕ ਇਕੱਲਾ ਦਿਆਂ ਜਣਾਈਆ । ਜਿਸ ਦਾ ਲਹਿਣਾ ਦੇਣਾ ਹਿਸਾਬ ਰੋਕੜ, ਕੂੜਾ ਖਾਤਾ ਨਾ ਕੋਇ ਬਣਾਈਆ । ਬਿਨ ਭਗਤੀ ਓਸ ਦੇ ਪਾਸ ਮੂਲ ਨਾ ਪਹੁੰਚਣ, ਰਿਧ ਸਿਧ ਕੰਮ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦੇ ਨੌਕਰ, ਖ਼ਾਦਮ ਹੋ ਕੇ ਸੇਵ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਲੇਖਾ ਸੋਚਣ, ਸਮਝ ਸਕੇ ਕੋਈ ਨਾ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਰਖਦੇ ਓਟਣ, ਬੈਠੇ ਧਿਆਨ ਲਗਾਈਆ । ਲੱਖ ਚੁਰਾਸੀ ਜੀਵ ਜੰਤ ਜਿਸ ਨੂੰ ਲਭਦੇ ਕੋਟਨ, ਕੋਟ ਵਰਖ ਆਰਜੂ ਗਏ ਬਿਤਾਈਆ । ਜਿਸ ਦਾ ਖੇਲ ਹੁਕਮ ਲੋਕ ਪਰਲੋਕਨ, ਚੌਦਾਂ ਲੋਕ ਚੌਦਾਂ ਤਬਕ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਦੋਹਾਂ ਦਾ ਸੁਣ ਕੇ

੬੩੧

ਬਚਨ ਬਿਲਾਸ, ਧਰਤੀ ਬੋਲਿਉਂ ਖ਼ੁਸ਼ੀ ਮਨਾਈਆ । ਮੇਰੀ ਸੁਣਿਉਂ ਅਗੰਮੀ ਬਾਤ, ਅੰਤਰ ਖਾਹਸ਼ ਦਿਆਂ ਸਮਝਾਈਆ । ਜਿਸ ਨੂੰ ਕਹਿੰਦੇ ਤੁਸੀਂ ਪੁਰਖ ਅਬਿਨਾਸ਼, ਮਾਲਕ ਖ਼ਾਲਕ ਨਜ਼ਰੀ ਆਈਆ । ਜਿਸ ਦਾ ਨਿਰਗੁਣ ਨੂਰ ਜੋਤ ਪਰਕਾਸ਼, ਹਕ ਮੁਕਾਮੇ ਸੋਭਾ ਪਾਈਆ । ਜਿਸ ਦੇ ਦੋ ਜਹਾਨ ਦਾਸ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦਾ ਖੇਲ ਪ੍ਰਿਥਮੀ ਆਕਾਸ਼, ਗਹਿਰ ਗੰਭੀਰ ਰਿਹਾ ਜਣਾਈਆ । ਓਸ ਦੇ ਮਿਲਣ ਦੀ ਜਿਹੜੀ ਕਰਦੇ ਗਾਥ, ਸਨਮੁਖ ਇਕ ਪੜ੍ਹਾਈਆ । ਮੈਨੂੰ ਵੀ ਓਸੇ ਦੀ ਆਸ, ਬੈਠੀ ਅੱਖ ਖੁਲ੍ਹਾਈਆ । ਕਵਣ ਵੇਲੇ ਮਿਲੇ ਪ੍ਰਭੂ ਗੁਣਤਾਸ, ਗੁਰ ਕਰਤਾ ਫੇਰਾ ਪਾਈਆ । ਧੂੜੀ ਮਸਤਕ ਲਾਵਾਂ ਖ਼ਾਕ, ਟਿੱਕਾ ਇਕ ਰਮਾਈਆ । ਰਵਿਦਾਸ ਮੰਨ ਮੇਰੀ ਅਰਦਾਸ, ਧਰਨੀ ਦਿਤਾ ਜਣਾਈਆ । ਜੇ ਉਹ ਵਸੇ ਤੇਰੇ ਪਾਸ, ਮੇਰੀ ਬੇਨੰਤੀ ਦੇਣੀ ਸੁਣਾਈਆ । ਜੇ ਨਾਥ ਤੇਰੇ ਆਵੇ ਹਾਥ, ਮੇਰਾ ਲਹਿਣਾ ਦੇਣਾ ਚੁਕਾਈਆ । ਓਧਰੋਂ ਆਈ ਅਗੰਮੀ ਆਵਾਜ਼, ਸ਼ਬਦ ਨਗਾਰਾ ਪ੍ਰਭੂ ਜਣਾਈਆ । ਇਹ ਖੇਲ ਮੇਰਾ ਤਮਾਸ਼, ਜੁਗ ਚੌਕੜੀ ਰਿਹਾ ਕਰਾਈਆ । ਧਰਨੀ ਤੈਨੂੰ ਦੇਵਾਂ ਧਰਵਾਸ, ਸਿਰ ਆਪਣਾ ਹੱਥ ਟਿਕਾਈਆ । ਤੇਰੀ ਮੰਜ਼ਲ ਆਵਾਂ ਘਾਟ, ਆਪਣਾ ਪੰਧ ਮੁਕਾਈਆ । ਮੇਰਾ ਨਾਉਂ ਪੁਰਖ ਅਬਿਨਾਸ਼, ਜੋਤੀ ਜਾਤਾ ਬੇਪਰਵਾਹੀਆ । ਕਿਸੇ ਨਜ਼ਰ ਨਾ ਆਵਾਂ ਜਗਤ ਆਖ, ਗੁਰਮੁਖ ਨੇਤਰ ਮੇਲ ਮਿਲਾਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਰੈਣ ਅੰਧੇਰੀ ਆਈ ਰਾਤ, ਸਤਿ ਸਚ ਨੂਰੀ ਚੰਦ ਨਾ ਕੋਇ ਚਮਕਾਈਆ । ਪਿਤਾ ਪੁਤ ਦਾ ਕਰੇ ਘਾਤ, ਭੈਣ ਭਾਈ ਨਾ ਕੋਈ ਵਡਿਆਈਆ । ਧਰਤ ਧਵਲ ਜਾਏ ਕਾਂਪ, ਮੰਦਰ ਮਸਜਿਦ ਸ਼ਿਵਦਵਾਲੇ ਮਠ ਦੇਣ ਦੁਹਾਈਆ । ਹਿਰਦੇ ਅੰਦਰ ਸਚਾ ਕਰੇ ਕੋਇ ਨਾ ਪਾਠ, ਜੋਗ ਅਭਿਆਸ ਨਾ ਕੋਇ ਕਮਾਈਆ । ਰੂਹ ਬੁਤ ਹੋਏ ਕੋਇ ਨਾ ਪਾਕ, ਪਤਿਤ ਪੁਨੀਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਚੁਕਾਈਆ । ਸੁਣ ਅਗੰਮੀ ਆਵਾਜ਼, ਧਰਨੀ ਧਰਤ ਧਵਲ ਸੀਸ ਨਿਵਾਈਆ । ਕਿਰਪਾ ਕਰ ਮੇਰੇ ਅਬਿਨਾਸ਼, ਅਬਿਨਾਸ਼ੀ ਕਰਤੇ ਭੇਵ ਖੁਲ੍ਹਾਈਆ । ਤੇਰਾ ਹੁਕਮ ਆਦਿ ਜੁਗਾਦਿ, ਜੁਗ ਚੌਕੜੀ ਨਾ ਕੋਇ ਮੇਟੇ ਮੇਟ ਮਿਟਾਈਆ । ਸੰਤ ਭਗਤ ਤੈਨੂੰ ਰਹੇ ਆਰਾਧ, ਦਿਵਸ ਰੈਣ ਧਿਆਨ ਰਖਾਈਆ । ਤੇਰਾ ਖੇਲ ਵਿਚ ਬ੍ਰਹਿਮਾਦ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਕਵਣ ਵੇਲਾ ਮੇਰਾ ਖੇੜਾ ਕਰੇਂ ਆਬਾਦ, ਵਕ਼ਤ ਸੁਹੰਜਣਾ ਸੋਭਾ ਪਾਈਆ । ਮੈਂ ਰਖਾਂ ਸਦਾ ਯਾਦ, ਯਾਦਾਸ਼ਤ ਆਪਣੇ ਵਿਚ ਟਿਕਾਈਆ । ਤੂੰ ਵਾਹਿਦ ਲਾਸ਼ਰੀਕ ਗਾਡ, ਕਰਤਾ ਪੁਰਖ ਪੁਰਖ ਅਕਾਲ ਸ਼ਹਿਨਸ਼ਾਹ ਅਖਵਾਈਆ । ਮੇਰਾ ਲਹਿਣਾ ਦੇਣਾ ਦੇਣਾ ਹਿਸਾਬ, ਧੁਰ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਕਾਈਆ । ਸ੍ਰੀ ਭਗਵਾਨ ਕਹੇ ਸੁਣ ਧਰਨੀ ਧਰਤ, ਸ਼ਬਦੀ ਸ਼ਬਦ ਦਿਆਂ ਜਣਾਈਆ । ਜਿਸ ਵੇਲੇ ਅਰਸ਼ ਦਾ ਮਾਲਕ ਹੋ ਕੇ ਫ਼ਰਸ਼ ਆਇਆ ਪਰਤ, ਜੋਤੀ ਜਾਤਾ ਵੇਸ ਵਟਾਈਆ । ਤੇਰੇ ਲਹਿਣੇ ਦੀ ਪਿਛਲੀ ਕਢ ਕੇ ਫ਼ਰਦ, ਪੂਰਬ ਲੇਖਾ ਵੇਖ ਵਖਾਈਆ । ਕਰਾਂ ਖੇਲ ਇਕ ਅਸਚਰਜ, ਅਚਰਜ ਲੀਲਾ ਆਪ ਰਚਾਈਆ । ਜੋਧਾ ਸੂਰਬੀਰ ਬਣ ਕੇ ਮਰਦਾਨਾ ਮਰਦ, ਮੁੱਦਾ ਆਪਣਾ ਵੇਖ ਵਖਾਈਆ । ਕੂੜੀ ਕਿਰਿਆ ਮੇਟ ਤਸ਼ੱਦਦ, ਸਾਂਤਕ ਸਤਿ ਦਿਆਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਈਆ । ਪੁਰਖ ਅਕਾਲ ਕਿਹਾ ਸੁਣ ਧਰਨੀ ਧਵਲ ਮਾਟੀ ਖ਼ਾਕ, ਮਾਟੀ ਧੂਲ ਦਿਆਂ ਵਡਿਆਈਆ । ਜਿਸ ਵੇਲੇ ਪਰਗਟ ਹੋ ਕੇ ਆਇਆ ਆਪ, ਨਿਰਗੁਣ ਨਿਰਵੈਰ ਨਿਰਾਕਾਰ

੬੩੨

੬੩੩

ਵੇਸ ਵਟਾਈਆ । ਭਗਤਾਂ ਸੰਗ ਭਗਤ ਬਣਾਇਆ ਸਾਥ, ਸੋਹਣਾ ਜੋੜ ਜੁੜਾਈਆ । ਜਿਨ੍ਹਾਂ ਦੀ ਇਕੋ ਪੂਜਾ ਇਕੋ ਪਾਠ, ਸਿਮਰਨ ਇਕੋ ਇਕ ਦ੍ਰਿੜਾਈਆ । ਬੀਸ ਚੇਤ ਸੁਹੰਜਣੀ ਰਾਤ, ਰਵਿਦਾਸ ਚਮਾਰੇ ਦਏ ਗਵਾਹੀਆ । ਚਲ ਕੇ ਆਵਾਂ ਤੇਰੇ ਘਾਟ, ਪੂਰਬ ਘਾਟੇ ਪੂਰ ਕਰਾਈਆ । ਅਗੇ ਭਗਤਾਂ ਦੇ ਕੇ ਜਾਵਾਂ ਦਾਤ, ਨਾਮ ਭੰਡਾਰਾ ਝੋਲੀ ਪਾਈਆ । ਅੰਮ੍ਰਿਤ ਬੂੰਦ ਦੇਵਾਂ ਇਕ ਸਵਾਂਤ, ਨਿਝਰ ਝਿਰਨਾ ਇਕ ਝਿਰਾਈਆ । ਕੂੜੀ ਕਿਰਿਆ ਮੇਟ ਸਤਿ ਸਚ ਕਰਾਂ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਮੁਕਾਈਆ । ਧਰਨੀ ਕਹੇ ਕੋਈ ਮੈਨੂੰ ਲਏ ਪੁਛ, ਮੈਂ ਸਭ ਕੁਛ ਦਿਆਂ ਸਮਝਾਈਆ । ਜੋ ਜੁਗ ਚੌਕੜੀ ਰਿਹਾ ਲੁਕ, ਜੋਤੀ ਜਾਤਾ ਨਜ਼ਰ ਕਿਸੇ ਨਾ ਆਈਆ । ਸੋ ਅਗੰਮੀ ਧਾਰੋਂ ਆਇਆ ਉਠ, ਨਿਰਾਕਾਰ ਵੇਸ ਵਟਾਈਆ । ਜਨ ਭਗਤਾਂ ਉਪਰ ਗਿਆ ਤੁਠ, ਮਿਹਰ ਨਜ਼ਰ ਇਕ ਉਠਾਈਆ । ਅੰਮ੍ਰਿਤ ਜਾਮ ਪਿਆ ਕੇ ਘੁਟ, ਸਾਂਤਕ ਸਤਿ ਦਿਤਾ ਵਰਤਾਈਆ । ਘਰ ਸੱਜਣ ਸਵਾਮੀ ਆ ਕੇ ਲਿਆ ਪੁਛ, ਦੂਰ ਦੁਰਾਡਾ ਪੰਧ ਮੁਕਾਈਆ । ਭਗਤ ਸੁਹੇਲਾ ਇਕ ਅਕੇਲਾ ਨਾਤਾ ਜੋੜ ਕੇ ਪਿਤਾ ਪੁਤ, ਗੋਦ ਸੁਹੰਜਣੀ ਇਕ ਸੁਹਾਈਆ । ਪੰਧ ਮੁਕਾ ਕੇ ਆਵਣ ਜਾਵਣ ਮਾਤ ਗਰਭ ਉਲਟਾ ਰੁਖ, ਲੱਖ ਚੁਰਾਸੀ ਖੇੜਾ ਰਿਹਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਮੈਨੂੰ ਚੜ੍ਹਿਆ ਚਾ, ਮੇਰੇ ਅੰਤਰ ਵੱਜੀ ਵਧਾਈਆ । ਹਰਿ ਕਰਤਾ ਮਿਲਿਆ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਪੂਰਬ ਲੇਖਾ ਰਿਹਾ ਚੁਕਾ, ਚੌਥੇ ਜੁਗ ਗੇੜ ਮੁਕਾਈਆ । ਭਗਤ ਸੁਹੇਲੇ ਨਾਲ ਰਲਾ, ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਕਰ ਰੁਸ਼ਨਾ, ਨੂਰੀ ਜਲਵਾ ਇਕ ਵਖਾਈਆ । ਬਜਰ ਕਪਾਟੀ ਕੁੰਡਾ ਲਾਹ, ਪਰਦਾ ਰਿਹਾ ਗਵਾਈਆ । ਅਨਹਦ ਨਾਦੀ ਨਾਦ ਵਜਾ, ਧੁਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਆਤਮ ਜਾਮ ਪਿਆ, ਕਵਲ ਨਾਭੀ ਰਿਹਾ ਉਲਟਾਈਆ । ਸੁਖਮਨ ਟੇਢੀ ਬੰਕ ਪਾਰ ਕਰਾ, ਈੜਾ ਪਿੰਗਲ ਡੇਰਾ ਢਾਹੀਆ । ਕੰਨਿਆ ਝੇੜਾ ਰਿਹਾ ਚੁਕਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਨਵ ਦਵਾਰੇ ਪਾਰ ਕਰਾ, ਗ੍ਰਿਹ ਮੰਦਰ ਇਕ ਵਖਾਈਆ । ਜਿਸ ਘਰ ਬੈਠਾ ਡੇਰਾ ਲਾ, ਜੋਤੀ ਜਾਤਾ ਸੋਭਾ ਪਾਈਆ । ਧਰਨੀ ਕਹੇ ਮੈਂ ਵੇਖਿਆ ਸਹਿਜ ਸੁਭਾ, ਬਿਨ ਅੱਖਾਂ ਨਜ਼ਰੀ ਆਈਆ । ਜਿਸ ਵੇਲੇ ਮੇਰੇ ਉਤੇ ਚਰਨ ਦਿਤਾ ਟਿਕਾ, ਆਲਸ ਨਿੰਦਰਾ ਦਿਤੀ ਗਵਾਈਆ । ਮੇਰੇ ਮੁਖ ਚੋਂ ਨਿਕਲਿਆਂ ਹਾਏ ਰੱਬਾ, ਕੀ ਰਹਿਮਤ ਰਿਹਾ ਕਮਾਈਆ । ਓਸ ਵੇਲੇ ਮੈਨੂੰ ਆਇਆ ਇਕ ਉਹ ਮਜ਼ਾ, ਜਿਸ ਦੀ ਮੁਜ਼ਾਹਮਤ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਧਰਨੀ ਕਹੇ ਮੈਨੂੰ ਚਾਉ ਘਨੇਰਾ, ਖੁਸ਼ੀਆਂ ਰਾਗ ਅਲਾਈਆ । ਘਰ ਠਾਕਰ ਸਵਾਮੀ ਮਿਲਿਆ ਸੱਜਣ ਮੇਰਾ, ਪ੍ਰੀਤਮ ਪ੍ਰੇਮੀ ਬੇਪਰਵਾਹੀਆ । ਦੂਰ ਦੁਰਾਡਾ ਚਲ ਕੇ ਆਇਆ ਨੇਰਨ ਨੇਰਾ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਢਾਹਿਆ ਡੇਰਾ, ਸਤਿ ਸਚ ਦਿਤਾ ਵਖਾਈਆ । ਭਾਗ ਲਗਾਇਆ ਸਾਚੇ ਖੇੜਾ, ਖਿੜਕੀ ਮੰਦਰ ਅੰਦਰ ਦਿਤੀ ਖੁਲ੍ਹਾਈਆ । ਲੇਖਾ ਚੁੱਕਿਆ ਮੇਰਾ ਤੇਰਾ, ਇਕੋ ਨੂਰ ਜ਼ਹੂਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਸੁਣੋ ਗੁਰਮੁਖ, ਬਿਨਾ ਮੁਖ ਤੋਂ ਦਿਆਂ ਜਣਾਈਆ । ਜਿਸ ਮੇਰਾ ਮੇਟਿਆ ਦੁਖ, ਦੁਖੜੇ ਸਭ ਦੇ ਰਿਹਾ ਗਵਾਈਆ ।

੬੩੩

ਜੋ ਅੰਦਰ ਵੜ ਕੇ ਬੈਠਾ ਚੁੱਪ, ਬਿਨ ਭਗਤਾਂ ਬਚਨ ਨਾ ਕਿਸੇ ਸੁਣਾਈਆ । ਸੋ ਸੁਹਾਵਣ ਆਇਆ ਸੁਹੰਞਣੀ ਰੁਤ, ਮੌਲਾ ਹੋ ਕੇ ਫੇਰਾ ਪਾਈਆ । ਜਿਸ ਦੇ ਚਰਨ ਸਰਨ ਮੈਂ ਬਰਦੀ ਗਈ ਧੁਪ, ਦਰਦੀ ਹੋ ਕੇ ਗਲੇ ਲਗਾਈਆ । ਜਿਸ ਦੀ ਇਕੋ ਸਾਚੀ ਤੁਕ, ਸੋਹੰ ਢੋਲਾ ਰਿਹਾ ਪੜ੍ਹਾਈਆ । ਅਗਲੀ ਮੰਜ਼ਲ ਜਾਏ ਮੁਕ, ਪਿਛਲਾ ਪੰਧ ਰਹੇ ਨਾ ਰਾਈਆ । ਆਪਣੀ ਮਿਹਰ ਨਜ਼ਰ ਕਰ ਕੇ ਜਨ ਭਗਤਾਂ ਗੋਦੀ ਲਏ ਚੁਕ, ਜੋਗ ਅਭਿਆਸ ਨਾ ਕੋਇ ਕਰਾਈਆ । ਜਿਨ੍ਹਾਂ ਦੇ ਨਾਲ ਹੋ ਗਿਆ ਖ਼ੁਸ਼, ਉਹਨਾਂ ਦੀ ਖ਼ਾਹਿਸ਼ ਬ੍ਰਹਿਮੰਡਾਂ ਖੰਡਾਂ ਅੰਦਰ ਵਜੌਂਦੀ ਜਾਏ ਵਧਾਈਆ । ਵਰੋਲਣ ਆਇਆ ਪਾਣੀ ਦਾ ਪਾਣੀ ਦੁੱਧ ਦਾ ਦੁੱਧ, ਨਾਮ ਮਧਾਣਾ ਹੱਥ ਉਠਾਈਆ । ਜਿਸ ਦਾ ਭੇਵ ਅਨੋਖਾ ਵੱਖਰਾ ਗੁਝ, ਗੁਝੇ ਭੇਵ ਰਿਹਾ ਖੁਲ੍ਹਾਈਆ । ਜਿਸ ਨੂੰ ਸਮਝ ਨਾ ਸਕੇ ਮਨ ਮਤਿ ਬੁਧਿ, ਬੁੱਧੀਮਾਨਾ ਬੁੱਧੂ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰਾ ਜਾਗਿਆ ਭਾਗ, ਭਾਗਾਂ ਭਰੀ ਮੈਨੂੰ ਦੇਵੇ ਵਡਿਆਈਆ । ਜਿਸ ਦੇ ਉਤੇ ਗੁਰਮੁਖ ਪਰਗਟਿਆ ਸਚ ਚਿਰਾਗ਼, ਦੀਪਕ ਜੋਤ ਹੋਈ ਰੁਸ਼ਨਾਈਆ । ਜਿਸ ਦੇ ਪਿਛੇ ਦਰਸ਼ਨ ਹੋਇਆ ਆਜ, ਘੜੀ ਸੁਹੰਜਣੀ ਸੋਭਾ ਪਾਈਆ । ਮੈਨੂੰ ਭੁਲ ਗਿਆ ਚਾਰ ਜੁਗ ਦਾ ਪਿਛਲਾ ਰਿਵਾਜ, ਨਵੀਂ ਨੀਤੀ ਸਾਚੀ ਰੀਤੀ ਦਿਤੀ ਦ੍ਰਿੜਾਈਆ । ਮੇਰੇ ਅੰਦਰ ਪਰਗਟ ਹੋ ਗਈ ਇਕ ਖ਼ਾਹਿਸ਼, ਸਭ ਨੂੰ ਦਿਆਂ ਸੁਣਾਈਆ । ਜਿਸ ਨੂੰ ਸਾਰੇ ਧਿਔਂਦੇ ਸਵਾਸ ਸਵਾਸ, ਹਰ ਸਾਹ ਨਾਲ ਧਿਔਣਾ ਸਕਿਆ ਨਾ ਕੋਇ ਸਮਝਾਈਆ । ਸੋ ਪੁਰਖ ਬਿਧਾਤਾ ਵਸਿਆ ਮੇਰੇ ਪਾਸ, ਸ਼ਹਿਨਸ਼ਾਹ ਪੁਸ਼ਤ ਪਨਾਹ ਮੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ ।

੬੩੪

ਧਰਨੀ ਕਹੇ ਮੈਂ ਮਾਰੀ ਇਕੋ ਕੂਕ, ਦੋ ਜਹਾਨਾਂ ਦਿਆਂ ਸੁਣਾਈਆ । ਰਵਿਦਾਸ ਕਹੇ ਮੈਂ ਤੇਰਾ ਦੇਵਾਂ ਸਬੂਤ, ਸ਼ਹਾਦਤ ਦੇਵਾਂ ਭੁਗਤਾਈਆ । ਸਿੰਧ ਕਹੇ ਰਾਮ ਸਿੰਘ ਦਾ ਕਲਬੂਤ, ਕਰਮਾਂ ਦੀ ਮਿਲੀ ਮਾਣ ਵਡਿਆਈਆ । ਪੁਰਖ ਅਕਾਲ ਕਹੇ ਮੈਂ ਲਹਿਣਾ ਦੇਣਾ ਦੇਵਣਹਾਰਾ ਮੌਜੂਦ, ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਜਿਸ ਦੀ ਸਿਫ਼ਤ ਵਿਚ ਕੋਈ ਸਿੱਖ ਨਾ ਸਕੇ ਹਰੂਫ਼, ਆਲਮ ਉਲਮਾ ਚਲੇ ਨਾ ਕੋਇ ਚਤੁਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੇ ਅਗੇ ਹੋ ਜਾਣ ਮਾਕੂਫ਼, ਨਾਂਵੇ ਸਭ ਦੇ ਦਏ ਕਟਾਈਆ । ਜਿਸ ਦਾ ਹੁਕਮ ਕੋਈ ਨਾ ਕਰ ਸਕੇ ਮਨਸੂਖ਼, ਦੋ ਜਹਾਨਾਂ ਆਦਿ ਜੁਗਾਦਿ ਜੁਗ ਚੌਕੜੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਆਪਣੀ ਕਾਰ ਕਮਾਈਆ । ਧਰਨੀ ਕਹੇ ਮੈਂ ਗਾਵਾਂ ਧੁਰ ਦਾ ਗੀਤ, ਗਹਿਰ ਗੰਭੀਰ ਦਿਤਾ ਜਣਾਈਆ । ਜਨ ਭਗਤੇ ਇਕ ਨਾਲ ਕਰ ਲਓ ਇਕ ਪ੍ਰੀਤ, ਇਕ ਦਾ ਰੂਪ ਇਕ ਨਜ਼ਰੀ ਆਈਆ । ਜਿਸ ਦੀ ਬਣਾਈ ਨਹੀਂ ਕਿਸੇ ਤਵਾਰੀਖ, ਬਿਆਨ ਦੇ ਨਾ ਕੋਇ ਸਮਝਾਈਆ । ਚਾਰ ਜੁਗ ਦੀ ਕਰਦੇ ਰਹੇ ਉਡੀਕ, ਗੁਰ ਅਵਤਾਰ ਭਵਿਖਤਾਂ ਵਿਚ ਸਮਝਾਈਆ । ਪੈਗ਼ੰਬਰ ਕਹਿੰਦੇ ਗਏ ਜਿਸ ਨੇ ਲਿਔਣੀ ਤਸ਼ਰੀਫ਼, ਤਾਰੀਫ਼ ਓਸੇ ਦੀ ਗਏ ਸੁਣਾਈਆ । ਜੋ ਪੀਰਾਂ ਦਾ ਪੀਰ ਖੇਲ ਕਰੇ ਅਜੀਬ, ਅਜਬ ਲੀਲਾ ਇਕ ਵਰਤਾਈਆ । ਜਿਸ ਨੇ ਦੋ ਜਹਾਨਾਂ ਦੇਣੀ ਸਚ ਤਰਤੀਬ, ਤਰਾ ਤਰਾ ਆਪਣਾ ਹੁਕਮ ਸੁਣਾਈਆ । ਜਿਸ ਦੀ ਸਿਫ਼ਤ ਕਰੇ ਕੁਰਾਨ ਮਜੀਦ, ਤੀਸ ਬਤੀਸਾ ਢੋਲੇ ਗਾਈਆ । ਸੋ ਸਾਹਿਬ ਸਵਾਮੀ ਪਰਵਰਦਿਗਾਰ ਅਬਿਨਾਸ਼ੀ ਕਰਤਾ ਕੁਦਰਤ ਦਾ ਮਾਲਕ ਆਇਆ ਨਜ਼ਦੀਕ, ਨੇਰਨ ਨੇਰਾ ਹੋ ਕੇ ਦਇਆ ਕਮਾਈਆ । ਜਿਸ ਦੀ ਧਾਰ ਜਗਤ ਜਹਾਨੋਂ ਸਦਾ ਬਾਰੀਕ, ਜਗਤ ਨੈਣ

੬੩੫

ਵੇਖ ਸਕੇ ਕੋਇ ਨਾ ਰਾਈਆ । ਗੁਰਮੁਖੇ ਜਨ ਭਗਤੇ ਧਰਤੀ ਕਹੇ ਓਸ ਦੀ ਓਸੇ ਵਰਗੀ ਪ੍ਰੀਤ, ਬਾਕੀ ਉਸਤਤ ਵਿਚ ਲਗੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਕਰੇ ਕਰਾਏ ਸੋ ਠੀਕ, ਠਾਕਰ ਆਪਣਾ ਧੁਰ ਦਾ ਹੁਕਮ ਮਨਾਈਆ । ਧਰਨੀ ਕਹੇ ਮੈਂ ਸਦਕੇ ਵਾਰੀ ਘੋਲੀ, ਆਪਣਾ ਆਪ ਭੇਟ ਚੜ੍ਹਾਈਆ । ਜਿਸ ਨੇ ਆਪਣੇ ਕੰਡੇ ਅੰਤਮ ਤੋਲੀ, ਤਰਾਜ਼ੂ ਅਵਰ ਨਾ ਕੋਇ ਰਖਾਈਆ । ਆਪਣੇ ਨਾਮ ਦੀ ਦੱਸ ਕੇ ਅਗੰਮੀ ਬੋਲੀ, ਅਨਬੋਲਤ ਢੋਲਾ ਦਿਤਾ ਜਣਾਈਆ । ਮੇਰੇ ਅੰਦਰ ਵੜ ਕੇ ਕੁੰਡੀ ਖੋਲ੍ਹੀ, ਪੜਦਾ ਦਿਤਾ ਉਠਾਈਆ । ਜਨ ਭਗਤਾਂ ਦੀ ਰੰਗਦਾ ਵੇਖਿਆ ਚੋਲੀ, ਕਾਇਆ ਕੱਪੜ ਸੋਭਾ ਪਾਈਆ । ਮੈਂ ਕੂਕ ਪੁਕਾਰਾਂ ਉਚੀ ਉਚੀ ਰੌਲੀ, ਸ੍ਰਿਸ਼ਟੀ ਦ੍ਰਿਸ਼ਟੀ ਦਿਆਂ ਜਣਾਈਆ । ਜਿਸ ਨੇ ਕੂੜੀ ਕਿਰਿਆ ਕਰਨੀ ਹੌਲੀ, ਸਚ ਸੁਚ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੈਂ ਲੱਗੀ ਘੁੰਮਣ, ਗੇੜਾ ਆਪਣਾ ਇਕ ਬਣਾਈਆ । ਪਰਮ ਪੁਰਖ ਦੇ ਲੱਗੀ ਚਰਨ ਚੁੰਮਣ, ਸਾਚੀ ਸੇਵ ਕਮਾਈਆ । ਉਸ ਦਾ ਅਗੰਮੀ ਢੋਲਾ ਲੱਗੀ ਸੁਣਨ, ਸੰਗੀਤ ਸਾਰੇ ਦਿਤੇ ਤਜਾਈਆ । ਆਪਣੇ ਨੈਣ ਲੱਗੀ ਰੋਵਣ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਉਸ ਦੇ ਪ੍ਰੇਮ ਪਿਆਰ ਤੋਂ ਲੱਗੀ ਝੂਜਣ, ਵਾਰੀ ਘੋਲੀ ਘੋਲ ਘੁਮਾਈਆ । ਗੁਰਮੁਖਾਂ ਨੂੰ ਦੇਣ ਲੱਗੀ ਸੂਝਣ, ਸੋਝੀ ਇਕੋ ਵਾਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਧਰਨੀ ਕਹੇ ਮੈਂ ਸੁੱਤੀ ਸਾਂ ਅਚਨਚੇਤ, ਮੇਰੀ ਅੱਖ ਦਿਤੀ ਖੁਲ੍ਹਾਈਆ । ਮੈਂ ਜਾਣਿਆ ਕਵਣ ਕਰਨ ਲਗਾ ਹੇਤ, ਪ੍ਰੇਮੀ ਹੋ ਕੇ ਪ੍ਰੇਮ ਵਧਾਈਆ । ਜਿਸ ਦੀ ਵਖਰੀ ਅਨੋਖੀ ਖੇਡ, ਖ਼ਲਕ ਦਾ ਖ਼ਾਲਕ ਮਖ਼ਲੂਕ ਦਾ ਮਾਲਕ ਆਪਣਾ ਰੰਗ ਰੰਗਾਈਆ । ਜਾਂ ਤੱਕਿਆ ਜੋਤੀ ਜਲਵਾ ਨੂਰੀ ਆਇਆ ਤੇਜ, ਤਖ਼ਤ ਨਿਵਾਸੀ ਸ਼ਾਹੋ ਸ਼ਬਾਸੀ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋ ਵਸਿਆ ਬ੍ਰਹਿਮੰਡ ਖੰਡ ਜਨ ਭਗਤਾਂ ਦੇ ਦੇਸ, ਗ੍ਰਿਹ ਗੁਰਮੁਖਾਂ ਡੇਰਾ ਲਾਈਆ । ਉਹ ਖੋਲ੍ਹਣਹਾਰਾ ਆਪਣਾ ਭੇਤ, ਭੇਵ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਜਗ ਵਿਚ ਚੰਦ ਦੀ ਰੈਣ ਭਿੰਨੀ, ਕੁਛ ਮੈਨੂੰ ਦੇ ਜਣਾਈਆ । ਮੈਨੂੰ ਖ਼ੁਸ਼ੀ ਕਿੰਨੀ, ਗੁਰਮੁਖਾਂ ਮਿਲੇ ਵਡਿਆਈਆ । ਓਸ ਕਿਹਾ ਮੈਥੋਂ ਨਹੀਂ ਜਾਂਦੀ ਗਿਣੀ, ਓਸੇ ਦੀ ਬੇਪਰਵਾਹੀਆ । ਜਿਸ ਦੀ ਪ੍ਰੇਮ ਪ੍ਰੀਤੀ ਏਨੀ, ਅਨਕ ਕਲ ਆਪਣਾ ਰਿਹਾ ਵਰਤਾਈਆ । ਕੋਈ ਸਮਝ ਨਾ ਸਕੇ ਲੋਕ ਤਿੰਨੀ, ਤਰਲੋਕੀ ਨਾਥ ਵਰਗੇ ਕ੍ਰਿਸ਼ਨ ਕਾਹਨ ਬੈਠੇ ਸੀਸ ਨਿਵਾਈਆ । ਜਿਸ ਦੀ ਪ੍ਰੇਮ ਪਿਆਰ ਫੁਹਾਰ ਅੰਮ੍ਰਿਤ ਧਾਰ ਨਿਮ੍ਹੀ ਨਿਮ੍ਹੀ ਨਿਮ੍ਹੀ, ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਵੇਖ ਵਖਾਈਆ । ਧਰਨੀ ਕਹੇ ਮੈਂ ਵੇਖ ਕੇ ਭਗਤ ਭਗਵਨ ਦੀ ਮਸਤੀ, ਮਸਤਕ ਆਪਣਾ ਰਹੀ ਝੁਕਾਈਆ । ਮੈਂ ਭੁਲ ਗਈ ਆਪਣੀ ਹਸਤੀ, ਹੱਥ ਜੋੜ ਕੇ ਸੀਸ ਨਿਵਾਈਆ । ਤੂੰ ਮਾਲਕ ਬੇਪਰਵਾਹ ਅਰਸ਼ੀ, ਇਸ਼ਾਰਿਆਂ ਨਾਲ ਰਿਹਾ ਵਖਾਈਆ । ਭਗਤਾਂ ਦਾ ਬਣ ਕੇ ਦਰਦੀ, ਦੁਖੀਆਂ ਦਾ ਦੁਖ ਮਿਟਾਈਆ । ਮਕ਼ਰੂਜ਼ਾਂ ਦਾ ਬਣ ਕੇ ਕ਼ਰਜੀ, ਕ਼ਰਜੇ ਰਿਹਾ ਚੁਕਾਈਆ । ਇਹ ਖੇਲ ਨਰਾਇਣ ਨਰ ਦੀ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਸ੍ਰਿਸ਼ਟੀ ਕਹੇ ਮੈਂ ਹੁਕਮੇਂ ਅੰਦਰ ਤੇਰੇ ਚਰਨਾਂ ਦੀ ਬਰਦੀ, ਦਾਸੀ ਹੋ ਕੇ ਸੇਵ ਕਮਾਈਆ । ਮੇਰੀ ਮੰਨ ਇਕ ਅਰਜ਼ੀ, ਆਰਜ਼ੂ ਦਿਆਂ ਸੁਣਾਈਆ । ਜੇ ਤੂੰ ਆਇਆ ਪ੍ਰਭੂ ਚਲ

ਕੇ ਇਸ ਧਰਤੀ, ਧਵਲ ਆਪਣਾ ਚਰਨ ਟਿਕਾਈਆ । ਭਗਤਾਂ ਦੀ ਆਤਮਾ ਅੰਦਰੋਂ ਕਰ ਜਾ ਆਪਣੇ ਵਰਗੀ, ਪਰਮਾਤਮਾ ਆਪਣਾ ਰੰਗ ਚੜ੍ਹਾਈਆ । ਇਹ ਵੇਖ ਖੇਲ ਕਲੂ ਕਲ ਦੀ, ਕਲਕਾਤੀ ਰਾਜੇ ਹੋਏ ਕਸਾਈਆ । ਭਗਤਾਂ ਨੂੰ ਤਾਰਨਾ ਤੇਰੀ ਗੱਲ ਘਰ ਦੀ, ਬਾਹਰੋਂ ਮੰਗਣ ਕੁਛ ਨਾ ਜਾਈਆ । ਪੁਰਖ ਅਕਾਲ ਕਿਹਾ ਮੈਂ ਮੰਨਾਂ ਤੇਰੀ ਮਰਜ਼ੀ, ਮਰਜ਼ ਜਨਮ ਮਰਨ ਦੀ ਦਿਆਂ ਮਿਟਾਈਆ । ਜਿਥੇ ਸੁਰਤ ਕਿਸੇ ਦੀ ਨਹੀਂ ਚੜ੍ਹਦੀ, ਓਥੇ ਗੁਰਮੁਖ ਆਪਣੇ ਸ਼ਬਦ ਵਿਚ ਸਮਾਈਆ । ਰਾਹ ਵਿਚ ਕਦੇ ਨਾ ਅੜਦੀ, ਦੂਜਾ ਸਕੇ ਨਾ ਕੋਇ ਅਟਕਾਈਆ । ਗੁਰਮੁਖ ਦੀ ਆਤਮ ਓਸੇ ਦਵਾਰੇ ਖੜ੍ਹਦੀ, ਜਿਥੇ ਸਤਿਗੁਰ ਸ਼ਬਦੀ ਸੋਭਾ ਪਾਈਆ । ਓਸੇ ਦਾ ਪਲੂ ਫੜ ਕੇ ਅਗੇ ਅਗੇ ਚਲਦੀ, ਨੱਚੇ ਟੱਪੇ ਕੁੱਦੇ ਭੱਜੇ ਵਾਹੋ ਦਾਹੀਆ । ਸਵਰਗ ਬਹਿਸ਼ਤ ਸਾਰੇ ਪਾਰ ਕਰਦੀ, ਵਿਸ਼ਨ ਬ੍ਰਹਮਾ ਸ਼ਿਵ ਰਾਹ ਵਿਚ ਤਜਾਈਆ । ਸੁੰਨ ਅਗੰਮੋਂ ਅਗੇ ਫੇਰ ਚੜ੍ਹਦੀ, ਥਿਰ ਘਰ ਜਾ ਕੇ ਤਾਲੀ ਦਏ ਵਜਾਈਆ । ਅਗੇ ਵੇਖਣ ਖੇਲ ਓਸੇ ਹਰਿ ਦੀ, ਜੋ ਹਰਿ ਹਰਿ ਰਿਹਾ ਸਮਾਈਆ । ਫਿਰ ਸ਼ਬਦ ਤਾਲ ਢੋਲਾ ਕੋਈ ਨਹੀਂ ਪੜ੍ਹਦੀ, ਧੁਨ ਆਵਾਜ਼ ਨਾ ਕੋਇ ਜਣਾਈਆ । ਇਕੋ ਕਹੇ ਤੂੰ ਮੇਰਾ ਮੈਂ ਤੇਰਾ ਦੂਜਾ ਹੋਰ ਨਹੀਂ ਕੋਈ ਦਰਦੀ, ਨਾਨਕ ਦਾਦਕ ਸਹੁਰੇ ਪਈਏ ਤੂੰ ਹੀ ਨਜ਼ਰੀ ਆਈਆ । ਗੁਰਮੁਖ ਆਤਮ ਸਚਖੰਡ ਦਵਾਰੇ ਵੜਦੀ, ਜਿਥੇ ਜੋਤ ਅਗੰਮੀ ਜਗਦੀ, ਨਿਰਗੁਣ ਨੂਰ ਜੋਤ ਜੋਤ ਰੁਸ਼ਨਾਈਆ । ਧਰਨੀ ਕਹੇ ਮੈਂ ਇਸੇ ਕਰ ਕੇ ਅੱਜ ਖ਼ੁਸ਼ੀ ਕਰਦੀ, ਚਰਨ ਕਵਲ ਓਸੇ ਦੇ ਫੜਦੀ, ਜਿਸ ਦੀ ਸਦਾ ਕਲਾ ਚੜ੍ਹਦੀ, ਚੜ੍ਹਦਾ ਲਹਿੰਦਾ ਦੱਖਣ ਪਹਾੜ, ਜੰਗਲ ਜੂਹ ਵੇਖਣਹਾਰਾ ਉਜਾੜ, ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਕੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਜਾਣੇ ਘਰ ਘਰ ਦੀ, ਘਰ ਘਰ ਆਪੇ ਵੇਖ ਵਖਾਈਆ ।

੬੩੬

### ✻ ੨੧ ਚੇਤ ਸ਼ਹਿਨਸ਼ਾਹੀ ਸੰਮਤ ੧ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਪੰਜਢੇਰਾ ਜ਼ਿਲਾ ਹੁਸ਼ਿਆਰ ਪੁਰ ✻

ਹਰਿ ਸ਼ਬਦ ਕਹੇ ਮੇਰਾ ਸਾਚਾ ਕਰਮ, ਆਦਿ ਜੁਗਾਦਿ ਜੁਗ ਚੌਕੜੀ ਖੇਲ ਖਿਲਾਇੰਦਾ । ਕੂੜੀ ਕਿਰਿਆ ਮੇਟ ਕੇ ਭਰਮ, ਸਤਿ ਸਚ ਸਾਚਾ ਰਾਹ ਵਖਾਇੰਦਾ । ਨਿਹਕਰਮੀ ਹੋ ਕੇ ਕਰਾਂ ਸਾਚਾ ਕਰਮ, ਕਰਮ ਕਾਂਡ ਡੇਰਾ ਢਾਹਿੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜਣਾਵਾਂ ਇਕੋ ਧਰਮ, ਧੁਰ ਸੰਦੇਸ਼ਾ ਰਾਗ ਅਲਾਇੰਦਾ । ਜ਼ਾਤ ਪਾਤ ਝਗੜਾ ਮਿਟਾਵਾਂ ਵਰਨ ਬਰਨ, ਭੇਵ ਅਭੇਦਾ ਮਾਤ ਖੁਲ੍ਹਾਇੰਦਾ । ਪ੍ਰਭ ਸਰਨਾਈ ਦੱਸਾਂ ਸਾਚੀ ਸਰਨ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਨੇਤਰ ਖੁਲ੍ਹਾਵਾਂ ਹਰਨ ਫਰਨ, ਲੋਚਨ ਇਕ ਪਰਗਟਾਇੰਦਾ । ਭਗਤ ਸੁਹੇਲੀਆਂ ਦੇ ਕੇ ਸਾਚਾ ਜਨਮ, ਪੰਜ ਤਤ ਕਾਇਆ ਚੋਲਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਤਿ ਧਰਮ ਕਹੇ ਮੈਂ ਆਦਿ ਜੁਗਾਦਿ, ਜੁਗ ਚੌਕੜੀ ਸੇਵ ਕਮਾਈਆ । ਕੂੜੀ ਕਿਰਿਆ ਮੇਟ ਵਾਦ ਵਿਵਾਦ, ਸਚ ਸੁਚ ਇਕ ਜਣਾਈਆ । ਭਗਤਾਂ ਸੰਤਾਂ ਦੇਵਾਂ ਸਾਥ, ਗੁਰਮੁਖਾਂ ਅੰਗ ਲਗਾਈਆ । ਗੁਰਸਿੱਖਾਂ ਅੰਦਰ ਵੜ ਸੁਣਾਵਾਂ ਰਾਗ, ਅਨਹਦ ਨਾਦੀ ਨਾਦ ਵਜਾਈਆ । ਫੜ ਫੜ ਹੰਸ ਬਣਾਵਾਂ ਕਾਗ, ਦੁਰਮਤ ਮੈਲ ਧੁਆਈਆ । ਆਤਮ ਪਰਮਾਤਮ ਮੇਲ ਮਿਲਾਵਾਂ ਕੰਤ ਸੁਹਾਗ, ਸੁਰਤ ਸ਼ਬਦੀ ਜੋੜ ਜੁੜਾਈਆ । ਪੂਰਬ ਜਨਮ

ਲਹਿਣਾ ਦੇਣਾ ਲੇਖ ਚੁਕਾਵਾਂ ਹਿਸਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਸਚ ਲਗਾਈਆ । ਸਤਿ ਧਰਮ ਕਹੇ ਮੈਂ ਜੁਗ ਜੁਗ ਲਗਦਾ, ਲੋਕਮਾਤ ਧਰਤ ਧਵਲ ਸੋਭਾ ਪਾਈਆ । ਧੁਰ ਸੰਦੇਸ਼ਾ ਇਕੋ ਦੱਸਦਾ, ਧੁਰ ਫ਼ਰਮਾਣਾ ਇਕੋ ਹੁਕਮ ਸੁਣਾਈਆ । ਕੂੜੀ ਕਿਰਿਆ ਗੁਰਮੁਖਾਂ ਅੰਦਰੋਂ ਕਢਦਾ, ਮਾਇਆ ਮਮਤਾ ਮੋਹ ਮਿਟਾਈਆ । ਡੂੰਘੀ ਕੰਦਰ ਅੰਧੇਰੀ ਪਰਦਾ ਚੁਕਦਾ, ਸਤਿ ਸਤਿ ਕਰਾਂ ਰੁਸ਼ਨਾਈਆ । ਮੀਤ ਪਿਆਰਾ ਹੋ ਕੇ ਹੱਸਦਾ, ਖ਼ੁਸ਼ੀ ਖ਼ੁਸ਼ੀ ਅੰਦਰ ਪਰਗਟਾਈਆ । ਮਿਲਾਪ ਕਰ ਕੇ ਓਸ ਅੱਖ ਦਾ, ਨਿਜ ਨੇਤਰ ਦਿਆਂ ਜਣਾਈਆ । ਕੁੰਡਾ ਲਾਹ ਕੇ ਸਾਚੇ ਹੱਟ ਦਾ, ਘਰ ਖ਼ਜ਼ੀਨਾ ਦਿਆਂ ਵਖਾਈਆ । ਜਿਥੇ ਸਾਹਿਬ ਸਵਾਮੀ ਵਸਦਾ, ਪੁਰਖ ਅਕਾਲ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸਤਿ ਧਰਮ ਕਹੇ ਮੇਰਾ ਧੁਰ ਦਾ ਜੋਗ, ਸਤਿ ਪੁਰਖ ਨਿਰੰਜਣ ਆਪ ਜਣਾਈਆ । ਗੁਰਮੁਖਾਂ ਮੇਲਾ ਕਰ ਧੁਰ ਸੰਜੋਗ, ਜਨ ਵਿਛੜੇ ਜੋੜ ਜੁੜਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਅਗੰਮੀ ਲਾ ਕੇ ਚੋਟ, ਅਨਹਾਦੀ ਨਾਦ ਸੁਣਾਈਆ । ਹਉਮੇ ਹੰਗਤਾ ਕਟ ਕੇ ਰੋਗ, ਹੰ ਬ੍ਰਹਮ ਦਿਆਂ ਦ੍ਰਿੜਾਈਆ । ਭਾਗ ਲਗਾ ਕੇ ਕਾਇਆ ਕੰਚਨ ਕੋਟ, ਸਾਢੇ ਤਿੰਨ ਹੱਥ ਸੋਭਾ ਪਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਦੱਸਾਂ ਸਾਚੀ ਮੌਜ, ਮਜਲਸ ਇਕੋ ਘਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਤਿ ਧਰਮ ਕਹੇ ਮੈਂ ਵੇਖਣਾ ਸਤਿਜੁਗ, ਕਲਜੁਗ ਆਪਣਾ ਪੰਧ ਮੁਕਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਉਜਲ ਕਰਨਾ ਮੁਖ, ਦੁਰਮਤ ਮੈਲ ਧੁਆਈਆ । ਸੁਫਲ ਕਰਨੀ ਜਨਨੀ ਕੁੱਖ, ਮਿਲੇ ਮਾਣ ਵਡਿਆਈਆ । ਧੰਨ ਜਣੇਂਦੀ ਮਾਈ ਪੜਦਾ ਲਾਹੁਣਾ ਜੋ ਬੈਠਾ ਲੁਕ, ਗ੍ਰਿਹ ਮੰਦਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿ ਧਰਮ ਕਹੇ ਮੇਰਾ ਲੇਖਾ ਜਾਣੇ ਗੋਬਿੰਦ, ਵਰਨ ਬਰਨ ਦੇਵਣਹਾਰ ਵਡਿਆਈਆ । ਜਿਸ ਸ੍ਰਿਸ਼ਟੀ ਮਿਟਾਈ ਸਗਲੀ ਚਿੰਦ, ਚਿੰਤਾ ਚਿਖਾ ਰਹੇ ਨਾ ਰਾਈਆ । ਠਾਕਰ ਸਵਾਮੀ ਹੋ ਬਖ਼ਸ਼ੰਦ, ਰਹਿਮਤ ਇਕ ਕਮਾਈਆ । ਸਜਦੇ ਕਰਦੇ ਸੁਰਪਤ ਇੰਦ, ਵਿਸ਼ਨ ਬ੍ਰਹਮਾ ਸ਼ਿਵ ਸਿਰ ਨਾ ਕੋਇ ਉਠਾਈਆ । ਕਰੇ ਖੇਲ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਤਿ ਧਰਮ ਕਹੇ ਮੈਂ ਔਣਾ ਲੋਕਮਾਤ, ਸਦੀ ਬੀਸਵੀਂ ਪੰਧ ਮੁਕਾਈਆ । ਕਲਜੁਗ ਮੇਟਣੀ ਅੰਧੇਰੀ ਰਾਤ, ਸਤਿ ਸਚ ਹੋਵੇ ਰੁਸ਼ਨਾਈਆ । ਝਗੜਾ ਮੁਕੌਣਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਸਾਚਾ ਧਰਮ ਦੱਸਣਾ ਸਾਖ਼ਿਆਤ, ਮਾਨਵਤਾ ਭੇਵ ਖੁਲ੍ਹਾਈਆ । ਜੋ ਨਾਨਕ ਗੋਬਿੰਦ ਗਏ ਆਖ, ਸ਼ਬਦ ਅਗੰਮੀ ਨਾਦ ਵਜਾਈਆ । ਪੁਰਖ ਅਕਾਲ ਦੀਨ ਦਿਆਲ ਹਰ ਘਟ ਵਸਿਆ ਸਾਥ, ਅੰਤਰ ਖੋਜੇ ਸਹਿਜ ਸੁਭਾਈਆ । ਕਿਸੇ ਹੱਥ ਨਾ ਆਵੇ ਤੀਰਥ ਤਾਟ, ਜੰਗਲ ਜੂਹ ਸਮਝ ਕੋਇ ਨਾ ਪਾਈਆ । ਹਰਿ ਕਰਤਾ ਸਵਾਮੀ ਗ੍ਰਿਹ ਵੇਖੇ ਕਮਲਾਪਾਤ, ਘਰ ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਰਗ ਇਕ ਜਣਾਈਆ । ਸਤਿ ਧਰਮ ਕਹੇ ਮੈਂ ਆਦਿ ਜੁਗਾਦੀ ਏਕ, ਏਕੰਕਾਰ ਦਿਤੀ ਵਡਿਆਈਆ । ਗੁਰ ਅਵਤਾਰਾਂ ਬਖ਼ਸ਼ੀ ਟੇਕ, ਪੀਰ ਪੈਗੰਬਰ ਗਏ ਜਣਾਈਆ । ਭਗਤਾਂ ਮਿਲਦਾ ਰਿਹਾ ਸੰਦੇਸ਼, ਸੰਤ ਸੁਹੇਲੇ ਸੋਹਲੇ ਰਹੇ ਗਾਈਆ । ਗੁਰਮੁਖਾਂ ਮਿਲਦਾ ਭੇਤ, ਗੁਰਸਿਖਾਂ

ਪੜਦਾ ਦਿਆਂ ਉਠਾਈਆ । ਜਿਨ੍ਹਾਂ ਦੀ ਬੁੱਧੀ ਹੋਈ ਬਿਬੇਕ, ਮਨ ਦੁਰਮਤ ਮੈਲ ਧਵਾਈਆ । ਸੋ ਨਿਜ ਨੇਤਰ ਲੈਣਾ ਵੇਖ, ਦੋਏ ਲੋਚਨ ਨਾ ਕੋਇ ਵਡਿਆਈਆ । ਨਿਤ ਨਵਿਤ ਸਦਾ ਸਦਾ ਨਿਰਗੁਣ ਸਰਗੁਣ ਖੇਲਦਾ ਰਿਹਾ ਖੇਡ, ਲੋਕਮਾਤ ਫੇਰਾ ਪਾਈਆ । ਕਲਜੁਗ ਅੰਤ ਪੁਰਖ ਅਬਿਨਾਸ਼ੀ ਰਿਹਾ ਭੇਜ, ਸਤਿਜੁਗ ਸਾਚਾ ਰਾਹ ਜਣਾਈਆ । ਜੋਤੀ ਜਲਵਾ ਦੇ ਕੇ ਤੇਜ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਇਕ ਸੰਦੇਸ਼, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਈਆ । ਮਾਲਕ ਖ਼ਾਲਕ ਹੋ ਕੇ ਨਰ ਨਰੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਰਿਹਾ ਚੁਕਾਈਆ । ਸਚ ਧਰਮ ਕਹੇ ਮੈਂ ਔਣਾ ਜਗ, ਧਰਨੀ ਧਵਲ ਸੋਭਾ ਪਾਈਆ । ਸਦੀ ਚੌਧਵੀਂ ਬੁਝੌਣੀ ਲਗੀ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਸਾਚਾ ਦੱਸਣਾ ਧੁਰ ਦਾ ਹੱਜ, ਬਿਨ ਮੱਕੇ ਕਾਅਬੇ ਮਿਲੇ ਗੁਸਾਈਆਂ । ਹਕ ਮਹਿਰਾਬੇ ਬਹਿਣਾ ਸਜ, ਹੁਜਰਾ ਇਕ ਵਡਿਆਈਆ । ਸ਼ਬਦ ਅਗੰਮੀ ਹੋ ਕੇ ਜਾਣਾ ਵਜ, ਅਨਾਦੀ ਨਾਦ ਸੁਣਾਈਆ । ਸਾਚੇ ਮੰਦਰ ਜਾਣਾ ਲੰਘ, ਗੁਰਮੁਖਾਂ ਅੰਦਰ ਡੇਰਾ ਲਾਈਆ । ਆਤਮ ਸੇਜਾ ਸਚ ਪਲੰਘ, ਆਸਣ ਸਿੰਘਾਸਣ ਵੇਖ ਵਖਾਈਆ । ਜਿਥੇ ਸਦਾ ਇਕ ਅਨੰਦ, ਅਨੰਦਪੁਰੀ ਵਾਲਾ ਗਿਆ ਦ੍ਰਿੜਾਈਆ । ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਨਾ ਕੋਈ ਜਮਨਾ ਸੁਰਸਤੀ ਗੋਦਾਵਰੀ ਗੰਗਾ ਧਾਰ ਰਹੀ ਵਗ, ਅੰਮ੍ਰਿਤ ਆਤਮ ਨਿਝਰ ਝਿਰਨਾ ਇਕ ਝਿਰਾਈਆ । ਨਾ ਕੋਈ ਭਾਂਡਾ ਭਰਮ ਭਉ ਦੂਈ ਦਵੈਤੀ ਕੰਧ, ਹਉਮੇ ਹੰਗਤਾ ਗੜ੍ਹ ਨਾ ਕੋਇ ਵਖਾਈਆ । ਨਾ ਕੋਈ ਰੂਪ ਰੇਖ ਨਾ ਰੰਗ, ਜੋਤੀ ਜੋਤ ਜੋਤ ਰੁਸ਼ਨਾਈਆ । ਓਸ ਦਾ ਬਖ਼ਸ਼ਣਾ ਸਾਚਾ ਸੰਗ, ਜੋ ਸਰਬ ਸਵਾਮੀ ਬੇਪਰਵਾਹੀਆ । ਸਤਿ ਧਰਮ ਕਹੇ ਮਿਹਰਵਾਨ ਮਹਿਬੂਬ ਮੇਰਾ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਇਕ ਗੁਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦਏ ਚੁਕਾਈਆ । ਸਤਿ ਧਰਮ ਕਹੇ ਮੈਂ ਦੋ ਜਹਾਨਾਂ ਰਾਜਾ, ਰਈਅਤ ਲੱਖ ਚੁਰਾਸੀ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਆਇਆ ਕਾਜਾ, ਕਰਨੀ ਦਾ ਮਾਲਕ ਕਰਤਾ ਹੁਕਮ ਮਨਾਈਆ । ਕਲਜੁਗ ਕੂੜੀ ਕਿਰਿਆ ਅੰਤਮ ਹੋਣਾ ਨਾਸਾ, ਥਿਰ ਰਹਿਣ ਕੋਇ ਨਾ ਪਾਈਆ । ਸਤਿਜੁਗ ਸਾਚਾ ਸਚ ਹੋਏ ਪਰਕਾਸ਼ਾ, ਅਗਿਆਨ ਅੰਧੇਰ ਦਏ ਮਿਟਾਈਆ । ਕਰੇ ਖੇਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਆਪਣਾ ਹੁਕਮ ਚਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਨੇਤਰ ਲੋਚਨ ਨੈਣ ਵੇਖਣ ਤਮਾਸ਼ਾ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਰੀਤੀ ਨੀਤੀ ਬਦਲ ਦੇਵੇ ਪਾਸਾ, ਪਤਿਤ ਪੁਨੀਤੀ ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਿ ਧਰਮ ਕਹੇ ਮੈਂ ਜਗਤ ਦਾ ਮਾਲਕ, ਪੁਰਖ ਅਬਿਨਾਸ਼ੀ ਹੁਕਮ ਸੁਣਾਈਆ । ਨਿਤ ਨਵਿਤ ਬਣਾਂ ਸਾਲਸ, ਲੋਕਮਾਤ ਵੇਸ ਵਟਾਈਆ । ਹੁਕਮ ਦੇਵੇ ਧੁਰ ਦਾ ਖ਼ਾਲਕ, ਮਖ਼ਲੂਕ ਖੋਜ ਖੁਜਾਈਆ । ਕਲਜੁਗ ਕੂੜੀ ਕਿਰਿਆ ਦੂਰ ਕਰਨਾ ਆਲਸ, ਸ੍ਰਿਸ਼ਟ ਸਬਾਈ ਸਵਾਧਾਨ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸਤਿ ਧਰਮ ਕਹੇ ਮੈਂ ਜੋਧਾ ਸੂਰ, ਬੀਰਤਾ ਪ੍ਰਭ ਨੇ ਦਿਤੀ ਵਡਿਆਈਆ । ਜੁਗ ਚੌਕੜੀ ਕੂੜੀ ਕਿਰਿਆ ਕਰ ਕੇ ਚੂਰੋ ਚੂਰ, ਚਾਰੋਂ ਕੁੰਟ ਇਕੋ ਡੰਕ ਵਜਾਈਆ । ਪਤਿਪਰਮੇਸ਼ਵਰ ਹੁਕਮ ਦੇਵਣਹਾਰ ਜ਼ਰੂਰ, ਜ਼ਰੂਰਤ ਮੇਰੀ ਪੂਰ ਵਖਾਈਆ । ਜਨ ਭਗਤ ਸਾਚੇ ਸੰਤ ਬਖ਼ਸ਼ਣਹਾਰਾ ਚਰਨ ਧੂੜ, ਟਿੱਕਾ ਮਸਤਕ ਨਾਮ ਖ਼ੁਦਾਈਆ ।

ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਧੁਰ ਦਾ ਮਾਰਗ ਇਕ ਲਗਾਈਆ । ਸਰਬ ਕਲਾ ਭਰਪੂਰ, ਪ੍ਰਭ ਠਾਕਰ ਸਵਾਮੀ ਦੇਵਣਹਾਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸਤਿ ਧਰਮ ਕਹੇ ਮੇਰਾ ਭਗਤਾਂ ਨਾਤਾ, ਸੰਤਾਂ ਸੰਗ ਰਖਾਈਆ । ਗੁਰਮੁਖਾਂ ਮੇਲਾਂ ਪੁਰਖ ਬਿਧਾਤਾ, ਮਿਲਣੀ ਜਗਦੀਸ਼ ਕਰਾਈਆ । ਗੁਰਸਿੱਖਾਂ ਅੰਮ੍ਰਿਤ ਜਾਮ ਪਿਆ ਕੇ ਬਾਟਾ, ਤ੍ਰਿਸ਼ਨਾ ਭੁਖ ਗਵਾਈਆ । ਸਚ ਧਰਮ ਗ੍ਰਿਹਿ ਖੋਲ੍ਹ ਦੇ ਹਾਟਾ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਮਾਰਗ ਇਕੋ ਇਕ ਜਣਾਈਆ । ਸਤਿ ਧਰਮ ਕਹੇ ਮੇਰਾ ਮਾਰਗ ਇਕ, ਸਤਿਜੁਗ ਸਚ ਦਿਆਂ ਵਡਿਆਈਆ । ਪਤਿਪਰਮੇਸ਼ਵਰ ਲੇਖਾ ਰਿਹਾ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਜਗਤ ਨੇਤਰ ਨਾ ਆਏ ਦਿਸ, ਨੈਣਹੀਣ ਲੋਕਾਈਆ । ਭਗਤ ਸੁਹੇਲਾ ਕਰੇ ਹਿਤ, ਆਤਮ ਪਰਮਾਤਮ ਜੋੜ ਜੁੜਾਈਆ । ਨਾਤਾ ਜੋੜ ਕੇ ਧੁਰ ਦਾ ਪਿਤ, ਪਿਤਾ ਪੂਤ ਅੰਗ ਲਗਾਈਆ । ਸਚ ਦਵਾਰੇ ਸਚ ਵੰਡਾ ਕੇ ਹਿਸ, ਹਿੱਸੇਦਾਰ ਰਿਹਾ ਬਣਾਈਆ । ਅਗੇ ਲੋੜ ਰਹੀ ਨਾ ਕਿਸ, ਕਿਸ਼ਤੀ ਨਈਆ ਨੌਕਾ ਆਪੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਤਿ ਧਰਮ ਕਹੇ ਹੁਕਮ ਦੇਵੇ ਸਚ ਸਵਾਮੀ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਪੁਰਖ ਅਕਾਲ ਅੰਤਰਜਾਮੀ, ਘਟ ਨਿਵਾਸੀ ਵੇਖ ਵਖਾਈਆ । ਜਿਸ ਦੀ ਸਿਫ਼ਤ ਸਾਲਾਹ ਚਾਰੇ ਖਾਣੀ, ਚਾਰੇ ਬਾਣੀ ਅੰਡਜ ਜੇਰਜ ਉਤਭੁਜ ਸੇਤਜ ਢੋਲੇ ਰਹੇ ਗਾਈਆ । ਸੋ ਬੇਪਰਵਾਹ ਅਗੰਮ ਅਥਾਹ ਖ਼ਾਲਕ ਖ਼ਲਕ ਖੇਲ ਕਰੇ ਮਹਾਨੀ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਸਤਿ ਸਚ ਬਖ਼ਸ਼ਣਹਾਰ ਨਿਸ਼ਾਨੀ, ਬ੍ਰਹਮ ਮਤਿ ਇਕ ਸਮਝਾਈਆ । ਜਿਸ ਦਾ ਭੇਵ ਪਾਏ ਨਾ ਕੋਇ ਵਿਦਵਾਨੀ, ਚੌਦਾਂ ਵਿਦਿਆ ਸਮਝ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਜਣਾਈਆ । ਸਤਿ ਧਰਮ ਕਹੇ ਮੈਂ ਬਦਲ ਦੇਣਾ ਸਮਾਜ, ਮਨੁਖਤਾ ਇਕੋ ਰੰਗ ਰੰਗਾਈਆ । ਮੇਟ ਦੇਣਾ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਜਣਾਈਆ । ਗ੍ਰਿਹਿ ਮੰਦਰ ਵਜੌਣਾ ਨਾਦ, ਧੁਨ ਆਤਮਕ ਰਾਗ ਸੁਣਾਈਆ । ਬਿਨ ਰਸਨਾ ਜਿਹਵਾ ਦੇਣਾ ਸਵਾਦ, ਅੰਮ੍ਰਿਤ ਰਸ ਛਕਾਈਆ । ਕੂੜੀ ਕਿਰਿਆ ਅੰਦਰੋਂ ਦੇਣਾ ਕਾਢ, ਸਾਚਾ ਖੰਡਾ ਨਾਮ ਚਮਕਾਈਆ । ਗੁਰਮੁਖ ਪਰਗਟਾਏ ਸੱਜਣ ਸਾਧ, ਸਾਧਨਾ ਇਕੋ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣਾ ਹੁਕਮ ਵਰਤਾਈਆ । ਸਤਿ ਧਰਮ ਕਹੇ ਮੈਂ ਬਦਲ ਦੇਣੀ ਰੀਤ, ਅਬਿਨਾਸ਼ੀ ਕਰਤਾ ਹੁਕਮ ਸੁਣਾਈਆ । ਪੁਰਖ ਅਕਾਲ ਕਰਨੀ ਇਕ ਪ੍ਰੀਤ, ਧੁਰ ਦਾ ਹੁਕਮ ਇਕ ਜਣਾਈਆ । ਝਗੜਾ ਚੁਕਣਾ ਮੰਦਰ ਮਸੀਤ, ਕਾਇਆ ਕਾਅਬਾ ਖ਼ੁਸ਼ੀ ਵਖਾਈਆ । ਆਤਮ ਪਰਮਾਤਮ ਗੌਣਾ ਗੀਤ, ਢੋਲਾ ਨੂਰ ਖ਼ੁਦਾਈਆ । ਭਗਤ ਸੰਤ ਕਰ ਅਤੀਤ, ਤ੍ਰੈਗੁਣ ਲੇਖਾ ਦੇਣਾ ਮੁਕਾਈਆ । ਝਗੜਾ ਮੁਕਾਏ ਊਚ ਨੀਚ, ਰਾਓ ਰੰਕਾਂ ਇਕੋ ਘਰ ਬਹਾਈਆ । ਭਰਮ ਮਿਟੇ ਹਸਤ ਕੀਟ, ਵਡਾ ਛੋਟਾ ਨਾ ਕੋਇ ਅਖਵਾਈਆ । ਅਬਿਨਾਸ਼ੀ ਕਰਤਾ ਕਰਵਟ ਲੈ ਬਦਲ ਲਏ ਪੀਠ, ਸਨਮੁਖ ਗੁਰਮੁਖਾਂ ਨਜ਼ਰੀ ਆਈਆ । ਦੂਰ ਦੁਰਾਡਾ ਵਸੇ ਸਦਾ ਨਜ਼ਦੀਕ, ਘਰ ਪਿਤਾ ਖ਼ੁਸ਼ੀ ਮਨਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਉਡੀਕ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਅੱਖ ਖੁਲ੍ਹਾਈਆ । ਜੋ ਸਚਖੰਡ ਨਿਵਾਸੀ ਸਦਾ ਵਸਨੀਕ, ਵਸਲ ਅਸਲ ਇਕੋ

ਦਏ ਕਰਾਈਆ । ਸੋ ਗੁਰਮੁਖਾਂ ਦੀ ਕਾਇਆ ਅੰਦਰ ਲੰਘ ਦਹਲੀਜ਼, ਦਿਲਬਰ ਹੋ ਕੇ ਜੋੜ ਜੁੜਾਈਆ । ਅੱਠੇ ਪਹਿਰ ਵਸੇ ਚੀਤ, ਮਨ ਚਿਤ ਠਗੋਰੀ ਰਹਿਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਰਮ ਇਕ ਜਣਾਈਆ । ਸਾਚਾ ਧਰਮ ਸਤਿ ਸਤਿ, ਦੂਸਰ ਵੰਡ ਨਾ ਕੋਇ ਵੰਡਾਈਆ । ਸਾਚਾ ਧਰਮ ਸਤਿਗੁਰ ਸਤਿ, ਗੁਰਮੁਖ ਹਰਿ ਗੁਣ ਗਾਈਆ । ਸਾਚਾ ਧਰਮ ਬ੍ਰਹਮ ਮਤਿ, ਪੰਜ ਤਤ ਨਾ ਕੋਇ ਲੜਾਈਆ । ਸਾਚਾ ਧਰਮ ਨਿਜ ਨੇਤਰ ਅੱਖ, ਦੋਏ ਲੋਚਨ ਝਗੜਾ ਦਏ ਚੁਕਾਈਆ । ਸਤਿ ਧਰਮ ਅੰਤਰ ਅੰਤ ਬੀਜ ਬੀਜੇ ਸਾਚੇ ਵਤ, ਨਾਮ ਨਿਧਾਨਾ ਇਕ ਜਣਾਈਆ । ਸਚ ਧਰਮ ਧੁਰ ਦਾ ਰਾਗ ਸੁਣਾਏ ਅਨਹਦ, ਅਨੁਰਾਗੀ ਆਪਣਾ ਨਾਦ ਵਜਾਈਆ । ਸਤਿ ਧਰਮ ਅੰਤਰ ਅੰਮ੍ਰਿਤ ਆਤਮ ਦਏ ਝੱਟ, ਬੂੰਦ ਸਵਾਂਤੀ ਮੁਖ ਚਵਾਈਆ । ਸਤਿ ਧਰਮ ਨਿਰਗੁਣ ਨੂਰ ਜੋਤ ਕਰੇ ਪਰਕਾਸ਼, ਅੰਧ ਅੰਧੇਰ ਰਹਿਣ ਕੋਇ ਨਾ ਪਾਈਆ । ਸਤਿ ਧਰਮ ਆਤਮ ਕਰੇ ਮਿਲਾਪ, ਜੁਗ ਜਨਮ ਵਿਛੋੜਾ ਦਏ ਕਟਾਈਆ । ਸਤਿ ਧਰਮ ਪੁਰਖ ਅਬਿਨਾਸ਼ੀ ਮੇਲੇ ਸਾਖਿਆਤ, ਘਰ ਸੱਜਣ ਸਹਿਜ ਸੁਭਾਈਆ । ਸਤਿ ਧਰਮ ਸਾਚੇ ਚਰਨ ਕਵਲ ਬਖ਼ਸ਼ੇ ਸਚ ਨਿਵਾਸ, ਭੂਮਿਕਾ ਧੁਰ ਦੀ ਇਕ ਸੁਹਾਈਆ । ਸਤਿ ਧਰਮ ਪ੍ਰਭ ਕੀ ਸਰਨ ਲੇਖਾ ਚੁਕਾਏ ਮਰਨ ਡਰਨ ਆਵਣ ਜਾਵਣ ਮੁਕੇ ਵਾਟ, ਲੱਖ ਚੁਰਾਸੀ ਗੇੜ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਇਕੋ ਇਕ ਸਮਝਾਈਆ । ਸਤਿ ਧਰਮ ਕਹੇ ਮੈਂ ਗਿਆ ਆ, ਲੋਕਮਾਤ ਆਪਣਾ ਵੇਸ ਵਟਾਈਆ । ਪੁਰਖ ਅਬਿਨਾਸ਼ੀ ਮਿਹਰਵਾਂ, ਮਿਹਰ ਨਜ਼ਰ ਨਾਲ ਤਰਾਈਆ । ਜਿਸ ਦਾ ਸੰਮਤ ਹੋਇਆ ਰਵਾਂ, ਬੀਸ ਇਕੀਸਾ ਪੰਧ ਚੁਕਾਈਆ । ਓਸੇ ਦੇ ਚਰਨੀ ਢਵਾਂ, ਜੋ ਢੱਠਿਆਂ ਗਲੇ ਲਗਾਈਆ । ਓਸੇ ਦਾ ਢੋਲਾ ਗਵਾਂ, ਜੋ ਆਦਿ ਜੁਗਾਦਿ ਬੇਪਰਵਾਹੀਆ । ਓਸੇ ਦੇ ਘਰ ਬਹਵਾਂ, ਜੋ ਮਿਲ ਮਿਲ ਖ਼ੁਸ਼ੀ ਮਨਾਈਆ । ਓਸੇ ਦੇ ਅਗੇ ਦੁਖੜਾ ਕਹਵਾਂ, ਜੋ ਸੁਣ ਕੇ ਦਏ ਮਿਟਾਈਆ । ਓਸੇ ਦੀ ਸੇਜੇ ਸਵਾਂ, ਜੋ ਸੁਖਆਸਣ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਪਾਈਆ । ਸਤਿ ਧਰਮ ਕਹੇ ਮੇਰੀ ਵਡਿਆਈ, ਵਡ ਵੱਡਾ ਦਇਆ ਕਮਾਇੰਦਾ । ਜਨ ਭਗਤਾਂ ਹੋਣਾ ਵਿਚ ਸਹਾਈ, ਭੇਵ ਅਭੇਦਾ ਇਕ ਖੁਲ੍ਹਾਇੰਦਾ । ਨਿਜ ਨੇਤਰ ਵੇਖੇ ਗਹਿਰ ਗੰਭੀਰ ਗੁਸਾਈਂ, ਘਟ ਭੀਤਰ ਸੋਭਾ ਪਾਇੰਦਾ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਗਾਈ, ਸਿਫ਼ਤੀ ਸਿਫ਼ਤ ਸਰਬ ਸਾਲਾਹਿੰਦਾ । ਬ੍ਰਹਿਮੰਡ ਖੰਡ ਜੇਰਜ ਅੰਡ ਚਾਰ ਕੁੰਟ ਦਹਿ ਦਿਸ਼ਾ ਜਿਸ ਦੀ ਰੁਸ਼ਨਾਈ, ਸੂਰਜ ਚੰਦ ਰਵ ਸਸ ਮੰਡਲ ਮੰਡਪ ਆਪਣੇ ਰੰਗ ਰੰਗਾਇੰਦਾ । ਤਿਸ ਦਾ ਮੇਲਾ ਗੁਰੂ ਗੁਰ ਚੇਲਾ ਏਕਾ ਥਾਈਂ, ਥਾਨ ਥਨੰਤਰ ਇਕੋ ਇਕ ਦ੍ਰਿੜਾਇੰਦਾ । ਗੁਰਮੁਖ ਗੁਰਸਿਖ ਕੂੜੀ ਕਿਰਿਆ ਦੇਣੀ ਤਜਾਈ, ਮਾਇਆ ਮਮਤਾ ਮੋਹ ਚੁਕਾਇੰਦਾ । ਚਾਰ ਵਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਦੂਜੇ ਨੂੰ ਜਾਨਣਾ ਭਾਈ ਭਾਈ, ਭਾਂਡਾ ਭਰਮ ਭੌ ਭੰਨਾਇੰਦਾ । ਆਤਮ ਪਰਮਾਤਮ ਹੋਵੇ ਨਾ ਕਦੇ ਜੁਦਾਈ, ਜਗਤ ਵਿਛੋੜਾ ਪੰਧ ਮੁਕਾਇੰਦਾ । ਇਕੋ ਢੋਲਾ ਇਕੋ ਸੋਹਲਾ ਇਕੋ ਨਾਮ ਲੈਣਾ ਗਾਈ, ਗਾਵਣਹਾਰਾ ਇਕੋ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਵਖਾਇੰਦਾ । ਸਤਿ ਧਰਮ ਕਹੇ ਮੈਂ ਸਤਿ ਮਲਾਹ, ਖੇਵਟ ਖੇਟਾ ਹੋ ਕੇ ਸੇਵ ਕਮਾਈਆ । ਕਰਤਾ ਪੁਰਖ ਦੱਸਣਹਾਰਾ ਰਾਹ, ਰਹਿਬਰ ਹੋ ਕੇ ਰਿਹਾ ਸਮਝਾਈਆ । ਸਤਿ ਸਤਿ ਸਚ ਦੇਣਾ ਵਰਤਾ, ਵਾਤਾਵਰਨ ਦੇਣਾ ਬਦਲਾਈਆ । ਗੁਰ ਅਵਤਾਰ

ਪੈਗ਼ੰਬਰ ਮੇਰੇ ਗਵਾਹ, ਸ਼ਹਾਦਤ ਦੇਣੀ ਚਾਈਂ ਚਾਈਂਆ । ਸਦੀ ਚੌਧਵੀਂ ਲੇਖਾ ਦੇਣਾ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਬੀਸ ਇਕੀਸਾ ਲੇਖਾ ਦੇਣਾ ਚੁਕਾ, ਲਿਖਤ ਭਵਿਖਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਈਆ । ਸਤਿ ਧਰਮ ਕਹੇ ਧਰਮ ਦੀ ਦਾਤ, ਦੌਲਤ ਇਕੋ ਨਾਮ ਜਣਾਈਆ । ਭਗਤਾਂ ਦੀ ਪੂਰੀ ਕਰ ਕੇ ਖ਼ਾਹਿਸ਼, ਤ੍ਰਿਸ਼ਨਾ ਜਗਤ ਮਿਟਾਈਆ । ਲੇਖੇ ਲਾ ਕੇ ਸਵਾਸ ਸਵਾਸ, ਪਵਣ ਪਵਣ ਵਿਚ ਮਿਲਾਈਆ । ਝਗੜਾ ਮੁਕਾ ਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਭਗਤ ਭਗਵਾਨ ਬਣਾ ਕੇ ਸਚਾ ਸਾਥ, ਸਗਲਾ ਜੋੜ ਜੁੜਾਈਆ । ਕੂੜ ਕੁੜਿਆਰ ਕਰ ਕੇ ਨਾਸ, ਅਬਿਨਾਸ਼ੀ ਆਪਣਾ ਰੰਗ ਚੜ੍ਹਾਈਆ । ਸਦਾ ਸੁਹੇਲਾ ਇਕ ਇਕੇਲਾ ਵਸੇ ਪਾਸ, ਪੀਆ ਪ੍ਰੀਤਮ ਆਪਣਾ ਮੇਲ ਮਿਲਾਈਆ । ਮਨ ਵਾਸਨਾ ਗੁਰਮੁਖ ਨਾ ਹੋਏ ਉਦਾਸ, ਚਿੰਤਾ ਗ਼ਮ ਨਾ ਕੋਈ ਜਣਾਈਆ । ਅੱਠੇ ਪਹਿਰ ਦਿਵਸ ਰੈਣ ਇਕੋ ਨੂਰ ਜੋਤ ਪਰਕਾਸ਼, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਧਰਮ ਇਕੋ ਇਕ ਸਮਝਾਈਆ । ਸਚ ਧਰਮ ਕਹੇ ਮੈਂ ਵੇਖਣੀ ਧਰਤ, ਧਵਲ ਸੋਭਾ ਪਾਈਆ । ਜੁਗ ਜਨਮ ਜਿਸ ਦੀ ਹਰਸ, ਤ੍ਰਿਸ਼ਨਾ ਰਹੀ ਤਪਾਈਆ । ਬਿਰਹੋਂ ਵੈਰਾਗਣ ਹੋ ਕੇ ਰਹੀ ਤੜਪ, ਬਿਹਬਲ ਹੋ ਕੇ ਦਏ ਦੁਹਾਈਆ । ਕਿਸ ਵੇਲੇ ਕਿਰਪਾ ਕਰ ਮਾਲਕ ਅਰਸ਼, ਅਰਸ਼ੀ ਪ੍ਰੀਤਮ ਹੋਏ ਸਹਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਵੇ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਚਿੰਤਾ ਸੋਗ ਮਿਟਾਏ ਮੇਰਾ ਹਰਖ਼, ਦੁਖ ਦਲਿਦਰ ਦਏ ਗਵਾਈਆ । ਰਹਿਮ ਕਰ ਕੇ ਕਰੇ ਤਰਸ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਸਾਚਾ ਮੇਘ ਦੇਵੇ ਬਰਸ, ਬੂੰਦ ਸਵਾਂਤੀ ਮੁਖ ਚਵਾਈਆ । ਪਿਛਲੀ ਕਰਕੇ ਲਿਖਤ ਪੜਤ, ਅਗੇ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਜੀਵਣ ਜਗਤ ਜੁਗਤ ਜਨ ਸ੍ਰਿਸ਼ਟੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਭਗਤਾਂ ਦੱਸੇ ਸਚ ਪ੍ਰੀਤਾ, ਸਤਿ ਧਰਮ ਦੀ ਸਾਚੀ ਰੀਤਾ, ਚਾਰ ਵਰਨ ਇਕ ਸਰਨ, ਝਗੜਾ ਚੁਕੇ ਅਠਾਰਾਂ ਬਰਨ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸਾਚੇ ਗ੍ਰਿਹਿ ਸ੍ਰੀ ਭਗਵਾਨ ਇਕੋ ਰੂਪ ਸਤਿ ਸਰੂਪ ਨਜ਼ਰੀ ਆਈਆ ।



### ❋ ੨੧ ਚੇਤ ਸ਼ਹਿਨਸ਼ਾਹੀ ਸੰਮਤ ੧ ਲਾਲ ਸਿੰਘ ਦੇ ਗ੍ਰਿਹਿ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ❋

ਸਤਿਗੁਰ ਸ਼ਬਦ ਕਹੇ ਮੈਂ ਚਿੰਤਾ ਦੁਖ, ਜਗਤ ਦਲਿਦਰ ਦੇਣਾ ਗਵਾਈਆ । ਘਰ ਆਤਮ ਦੇਣਾ ਸੁਖ, ਸੁਖਸਾਗਰ ਰੂਪ ਸਮਾਈਆ । ਉਜਲ ਕਰਨਾ ਜਗਤ ਮੁਖ, ਸਿਰ ਆਪਣਾ ਹੱਥ ਟਿਕਾਈਆ । ਕੂੜੀ ਕਿਰਿਆ ਅੰਦਰੋਂ ਕਢਣੀ ਕੁਟ, ਨਾਮ ਖੰਡਾ ਇਕ ਉਠਾਈਆ । ਪਰਵੇਸ਼ ਕਰਨਾ ਸਚ ਸੁਚ, ਧਾਰਾ ਸਤਿ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਵਣਹਾਰ ਸਹਾਈਆ । ਸਤਿਗੁਰ ਸ਼ਬਦ ਕਹੇ ਮੈਂ ਕਟਣਾ ਰੋਗ ਸੰਤਾਪ, ਭਾਂਡਾ ਭਰਮ ਭੌ ਭੰਨਾਈਆ । ਜਨਮ ਕਰਮ ਦਾ ਧੋ ਕੇ ਪਾਪ, ਪਤਿਤ ਪੁਨੀਤ, ਦੇਣਾ ਵਖਾਈਆ । ਸਿਰ ਰਖ ਕੇ ਆਪਣਾ ਹਾਥ, ਸਹਾਇਕ ਹੋਣਾ ਥਾਉਂ ਥਾਈਂਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਕਰਨੀ ਇਕ ਪੜ੍ਹਾਈਆ । ਚਰਨੀ ਪ੍ਰੀਤ ਜੋੜ

ਕੇ ਨਾਤ, ਪੁਰਖ ਅਕਾਲ ਗੰਢ ਪਵਾਈਆ । ਮੰਜ਼ਲ ਚੜ੍ਹਾ ਕੇ ਸਾਚੀ ਘਾਟ, ਮਹਲ ਅਟਲ ਸੋਭਾ ਪਾਈਆ । ਨਿਰਧਨਾ ਪੁਛਣੀ ਵਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲੇਸ਼ ਦਏ ਗਵਾਈਆ । ਸਤਿਗੁਰ ਸ਼ਬਦ ਕਹੇ ਮੈਂ ਸਚਾ ਸੱਜਣ, ਸਦਾ ਸਦਾ ਅਖਵਾਇੰਦਾ । ਜਨ ਭਗਤਾਂ ਕਰਾਵਾਂ ਧੁਰ ਦਾ ਮਜਨ, ਸਰ ਸਰੋਵਰ ਇਕ ਨੁਹਾਇੰਦਾ । ਜਨ ਭਗਤ ਜਨਮ ਕਰਮ ਬੁਝਾਵਾਂ ਅਗਨ, ਤ੍ਰਿਸ਼ਨਾ ਰੋਗ ਮਿਟਾਇੰਦਾ । ਸੰਤ ਸੁਹੇਲੇ ਲਗਾਵਾਂ ਅੰਗਣ, ਗੁਰ ਗੁਰ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਮਿਹਰ ਮਿਹਰਵਾਨ ਮਹਿਵ ਆਪਣੀ ਸੇਵ ਜਣਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਟੁੱਟੀ ਗੰਢਾਂ, ਗੰਢਣਹਾਰ ਹੁਕਮ ਸੁਣਾਈਆ । ਲੇਖੇ ਲਾਵਾਂ ਚੰਗਾ ਮੰਦਾ, ਜੋ ਜਨ ਆਏ ਸਰਨਾਈਆ । ਅੰਦਰ ਬਾਹਰ ਪਾਵਾਂ ਠੰਡਾ, ਮੇਘ ਇਕ ਬਰਸਾਈਆ । ਦੋ ਜਹਾਨਾਂ ਦੇਵਾਂ ਸੰਗਾ, ਸਗਲਾ ਸੰਗ ਨਿਭਾਈਆ । ਕਾਰਜ ਕਰ ਰਾਸ ਲੇਖੇ ਲੱਗੇ ਧੰਦਾ, ਧਰਨੀ ਧਰਤ ਧਰਮ ਦਿਆਂ ਵਡਿਆਈਆ । ਬੰਦਗੀ ਵਿਚ ਬਣਾ ਕੇ ਬੰਦਾ, ਬੰਧਨ ਸਾਰੇ ਦਿਆਂ ਕਟਾਈਆ । ਸਚ ਪ੍ਰੀਤੀ ਪਾ ਕੇ ਫੰਦਾ, ਡੋਰੀ ਪੁਰਖ ਅਕਾਲ ਨਾਲ ਜੁੜਾਈਆ । ਮਨ ਵਾਸਨਾ ਹੋਵੇ ਨਾ ਗੰਦਾ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਗੰਮਾ, ਅਗੰਮੜੀ ਕਾਰ ਕਮਾਈਆ । ਜਗਤ ਵਾਸਨਾ ਕੋਈ ਨਹੀਂ ਤਮਅ, ਲਾਲਚ ਵਿਚ ਨਾ ਕੋਇ ਵਡਿਆਈਆ । ਕਾਇਆ ਭਗਤਾਂ ਹਰਖ਼ ਸੋਗ ਮੇਟਾਂ ਗ਼ਮਾਂ, ਚਿੰਤਾ ਦੂਰ ਕਰਾਈਆ । ਜੀਵਨ ਵਿਚੋਂ ਜੀਵਨ ਦੇ ਕੇ ਨਵਾਂ, ਨਵੀਨ ਆਪਣਾ ਘਰ ਵਸਾਈਆ । ਉਨ੍ਹਾਂ ਦੇ ਅੰਦਰ ਬਹਵਾਂ, ਜਿਸ ਗ੍ਰਿਹਿ ਆਸਣ ਸਿੰਘਾਸਣ ਸੋਭਾ ਪਾਈਆ । ਦੁਖ ਦੇ ਨਾ ਸਕੇ ਕੋਈ ਹਮਾਂ ਤਮਾਂ, ਤਾਬਿਆਦਾਰੀ ਸਰਬ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੈ ਭੌ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਭੌ ਕਰੇ ਭੈ ਭੀਤ, ਭਵ ਸਾਗਰ ਪਾਰ ਕਰਾਈਆ । ਜਿਨ੍ਹਾਂ ਸਾਹਿਬ ਨਾਲ ਲਾਈ ਪ੍ਰੀਤ, ਤਿਨ੍ਹਾਂ ਭੈ ਵਿਚ ਪ੍ਰੀਤਮ ਦਿਆਂ ਮਿਲਾਈਆ । ਕਾਇਆ ਮਾਟੀ ਕਰਕੇ ਠਾਂਡੀ ਸੀਤ, ਸਤਿਗੁਰ ਬਖ਼ਸ਼ਾਂ ਇਕ ਸਰਨਾਈਆ । ਜੋ ਬੈਠਾ ਰਹੇ ਤ੍ਰੈਗੁਣ ਅਤੀਤ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਜਨ ਭਗਤ ਉਧਾਰੇ, ਦਇਆਵਾਨ ਹੋਏ ਸਹਾਈਆ । ਰੋਗ ਸੋਗ ਚਿੰਦ ਨਿਵਾਰੇ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਦੁਖ ਭੁਖ ਪਾਰ ਕਿਨਾਰੇ, ਅਣਮੁਲੀ ਦੌਲਤ ਝੋਲੀ ਪਾਈਆ । ਪਤਿਪਰਮੇਸ਼ਵਰ ਬਖ਼ਸ਼ ਸਹਾਰੇ, ਸਿਰ ਮਸਤਕ ਵੇਖ ਵਖਾਈਆ । ਲੇਖਾ ਜਾਣੇ ਅੰਦਰ ਬਾਹਰੇ, ਗੁਪਤ ਜ਼ਾਹਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਬਖ਼ਸ਼ੇ ਚਰਨ ਪਿਆਰੇ, ਤਿਨ੍ਹਾਂ ਪ੍ਰੀਤੀ ਆਪਣੇ ਸੰਗ ਰਖਾਈਆ ।

❊ ੨੧ ਚੇਤ ਸ਼ਹਿਨਸ਼ਾਹੀ ਸੰਮਤ ੧ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ❊

ਪੁਰਖ ਅਕਾਲ ਕਹੇ ਮੈਂ ਬੜਾ ਚੋਜੀ, ਨਿਤ ਨਵਿਤ ਦਇਆ ਕਮਾਈਆ । ਸ਼ਬਦ ਦੁਲਾਰਾ ਮੇਰਾ ਵਡਾ ਖੋਜੀ, ਜੁਗ ਚੌਕੜੀ ਵੇਖ ਵਖਾਈਆ । ਸਚ ਪ੍ਰੀਤੀ ਦੇ ਜੋ ਗੁਰਮੁਖ ਰੋਗੀ, ਚਾਰੋਂ ਕੁੰਟ ਭਜ ਭਜ ਮੇਲ ਮਿਲਾਈਆ । ਬਿਰਹੋਂ ਵਿਛੋੜੇ ਅੰਦਰ ਜੋ ਦੋਖੀ, ਤਿਨ੍ਹਾਂ ਸਚਾ ਰਾਹ ਵਖਾਈਆ ।

ਮੇਲਾ ਕਰਦਾ ਜਾਏ ਬਣ ਬਣ ਧੁਰ ਸੰਜੋਗੀ, ਸੰਜੋਗ ਆਪਣੇ ਨਾਲ ਕਰਾਈਆ । ਚੁਕਦਾ ਜਾਏ ਫੜ ਫੜ ਗੋਦੀ, ਆਪਣੇ ਅੰਗ ਲਗਾਈਆ । ਸੁਣੌਂਦਾ ਜਾਏ ਨਾਮ ਸਲੋਕੀ, ਸੋਹਲਾ ਇਕ ਸਮਝਾਈਆ । ਬਣੌਂਦਾ ਜਾਏ ਸਾਚੇ ਮੌਜੀ, ਮਜਲਸ ਆਪਣੇ ਨਾਲ ਰਖਾਈਆ । ਪਰਦਾ ਲਾਹ ਕੇ ਲੋਕ ਪਰਲੋਕੀ, ਸਾਚੇ ਘਰ ਦਏ ਵਡਿਆਈਆ । ਪੜ੍ਹਨੀ ਪਏ ਨਾ ਕੋਈ ਪੋਥੀ, ਪੁਸਤਕ ਵਿਚ ਨਾ ਕਿਸੇ ਫਿਰਾਈਆ । ਮੰਜ਼ਲ ਦੱਸ ਕੇ ਸੌਖੀ, ਧੁਰ ਦੇ ਪੌੜੇ ਦਏ ਚੜ੍ਹਾਈਆ । ਜਨਮਾਂ ਕਰਮਾਂ ਦਾ ਰਹੇ ਕੋਈ ਨਾ ਦੋਸ਼ੀ, ਨਿਰਦੋਸ਼ ਗੁਰਮੁਖ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਹੇ ਮੇਰਾ ਰੂਪ ਮੌਲਾ, ਹਰ ਘਟ ਰਿਹਾ ਸਮਾਈਆ । ਸ਼ਬਦ ਸੁਤ ਮੇਰਾ ਚੁਕੇ ਪੜਦਾ ਉਹਲਾ, ਭੇਵ ਅਭੇਦ ਖੁਲ੍ਹਾਈਆ । ਸਚ ਝੂਠ ਰਹੇ ਨਾ ਰੌਲਾ, ਇਕੋ ਸਤਿ ਸਤਿ ਦ੍ਰਿੜਾਈਆ । ਮਨ ਵਾਸਨਾ ਗੁਰਮੁਖ ਰਹੇ ਨਾ ਗੋਲਾ, ਮਾਲਕ ਇਕੋ ਦਏ ਜਣਾਈਆ । ਭਾਗ ਲਗਾ ਕੇ ਕਾਇਆ ਚੋਲਾ, ਚੋਰੀ ਚੋਰੀ ਆਪਣਾ ਦਰਸ ਵਖਾਈਆ । ਆਵਣ ਜਾਵਣ ਭਾਰ ਕਰਕੇ ਹੌਲਾ, ਹੌਲੀ ਜਿਹੀ ਆਪਣੇ ਨਾਲ ਮਿਲਾਈਆ । ਪ੍ਰੇਮ ਪ੍ਰੀਤੀ ਦੇ ਕੇ ਝਕੋਲਾ, ਹੁਲਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰਿਹਾ ਉਠਾਈਆ । ਪੁਰਖ ਅਕਾਲ ਕਹੇ ਮੈਂ ਸਾਜਣ ਸਚਾ, ਪ੍ਰੀਤੀ ਸਚ ਨਿਭਾਈਆ । ਸ਼ਬਦ ਸੁਤ ਕਦੇ ਨਾ ਹੋਵੇ ਕੱਚਾ, ਕੱਚੀ ਧਾਰ ਨਾ ਕੋਇ ਵਖਾਈਆ । ਜਨ ਭਗਤਾਂ ਘਰ ਘਰ ਦੇਵੇ ਪਤਾ, ਪਤਿਪਰਮੇਸ਼ਵਰ ਰਿਹਾ ਮਿਲਾਈਆ । ਦਰਸ ਕਰਾ ਕੇ ਅੱਖਾਂ, ਅੱਖੀਆਂ ਰੰਗ ਚੜ੍ਹਾਈਆ । ਮਾਣ ਦਵਾ ਕੇ ਕੁਲੀ ਕੱਖਾਂ, ਮਹਲ ਅਟਲ ਸੁਹਾਈਆ । ਦੀਨ ਦਿਆਲ ਕਹੇ ਮੈਂ ਭਗਤਾਂ ਸੰਗ ਸਦਾ ਵਸਾਂ, ਬਿਸਤਰ ਸੋਹਣੀ ਸੇਜ ਹੰਢਾਈਆ । ਉਨ੍ਹਾਂ ਦੀ ਮਨਸਾ ਨਾਲ ਹੱਸਾਂ, ਆਪਣੀ ਖ਼ੁਸ਼ੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੀਤੀ ਅੰਦਰ ਪ੍ਰੇਮ ਬਖ਼ਸ਼ਿਆ ਆਪਣਾ ਸਚਾ, ਸਚ ਦੀ ਸਚ ਦਏ ਗਵਾਹੀਆ ।



## ☀ ੨੧ ਚੇਤ ਸ਼ਹਿਨਸ਼ਾਹੀ ਸੰਮਤ ੧ ਦਿਆਲ ਸਿੰਘ ਦੇ ਗ੍ਰਿਹਿ ਪਿੰਡ ਡਡਵਾਂ ਜ਼ਿਲਾ ਹੁਸ਼ਿਆਰ ਪੁਰ ☀

ਭਗਤਨ ਮੀਤਾ ਸ੍ਰੀ ਭਗਵੰਤ, ਆਦਿ ਜੁਗਾਦਿ ਜੁਗ ਚੌਕੜੀ ਦਇਆ ਕਮਾਇੰਦਾ । ਦੇਵਣਹਾਰ ਵਡਿਆਈ ਵਿਚ ਜੀਵ ਜੰਤ, ਲੱਖ ਚੁਰਾਸੀ ਵਿਚੋਂ ਬਾਹਰ ਕਢਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਨਾਮ ਨਿਧਾਨਾ ਦੇ ਕੇ ਧੁਰ ਦਾ ਮੰਤ, ਆਤਮ ਪਰਮਾਤਮ ਰਾਗ ਸਮਝਾਇੰਦਾ । ਬੋਧ ਅਗਾਧਾ ਬਣਾ ਕੇ ਪੰਡਤ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਪੰਜ ਤਤ ਕਾਇਆ ਮਾਟੀ ਬਣਾਵਣਹਾਰਾ ਬਣਤ, ਮਨ ਮਤਿ ਬੁਧਿ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਅਖਵਾਇੰਦਾ । ਭਗਤ ਸੁਹੇਲਾ ਸ੍ਰੀ ਭਗਵਾਨ, ਸਚਖੰਡ ਨਿਵਾਸੀ ਦਇਆ ਕਮਾਈਆ । ਅੰਤਰ ਆਤਮ ਦੇ ਕੇ ਬ੍ਰਹਮ ਗਿਆਨ, ਅਨੁਭਵ ਆਪਣੀ ਖੇਲ ਵਖਾਈਆ । ਸ਼ਬਦ ਨਾਦ ਸਚੀ ਧੁਨਕਾਨ, ਅਨਰਾਗੀ ਰਾਗ ਜਣਾਈਆ । ਅੰਮ੍ਰਿਤ ਬੂੰਦ ਸਵਾਂਤੀ ਪਿਆਏ ਆਣ, ਨਿਝਰ ਝਿਰਨਾ ਕਵਲ ਨਾਭ ਝਿਰਾਈਆ ।

ਕੂੜੀ ਕਿਰਿਆ ਮੇਟ ਕੇ ਅੰਧ ਅੰਧਿਆਨ, ਸਤਿ ਸਚ ਦਏ ਪਰਗਟਾਈਆ । ਦੀਆ ਬਾਤੀ ਕਮਲਾਪਾਤੀ ਜਗਾਏ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਪ੍ਰੀਤੀ ਆਤਮ ਅਤੀਤੀ ਬਖ਼ਸ਼ੇ ਚਰਨ ਧਿਆਨ, ਇਸ਼ਟ ਦੇਵ ਇਕੋ ਗੁਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਠਾਕਰ ਮੇਲ ਮਿਲਾਈਆ । ਭਗਤ ਸੁਹੇਲਾ ਹਰਿ ਕਰਤਾਰ, ਕੁਦਰਤ ਦਾ ਕ਼ਾਦਰ ਦਇਆ ਕਮਾਈਆ । ਜੁਗ ਚੌਕੜੀ ਖੇਲ ਨਿਆਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਉਜਿਆਰ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਸੇਵ ਕਮਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਅਨਰਾਗੀ ਆਪਣਾ ਰਾਗ ਜਣਾਈਆ । ਨਵ ਨੌ ਚਾਰ ਵੇਖਦਾ ਰਿਹਾ ਸਰਬ ਸੰਸਾਰ, ਅੰਡਜ ਜੇਰਜ ਉਤਭੁਜ ਸੇਤਜ ਖੋਜ ਖੁਜਾਈਆ । ਧੁਰ ਸੰਦੇਸ਼ਾ ਦਿੰਦਾ ਰਿਹਾ ਵਾਰੋ ਵਾਰ, ਵਾਕ ਭਵਿਖਤ ਇਕ ਦ੍ਰਿੜਾਈਆ । ਜਨ ਭਗਤਾਂ ਮੇਲ ਮੇਲਦਾ ਰਿਹਾ ਨਿਰਗੁਣ ਨਿਰਵੈਰ ਨਿਰਾਕਾਰ, ਸਾਕਾਰ ਜੋੜ ਜੁੜਾਈਆ । ਕਲਜੁਗ ਅੰਤਮ ਕਰ ਪਿਆਰ, ਭਗਵਨ ਹੋਵੇ ਆਪ ਸਹਾਈਆ । ਗੁਰਮੁਖ ਗੁਰਸਿਖ ਹਰਿਜਨ ਵੇਖੇ ਵਿਚੋਂ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਖੋਜ ਖੁਜਾਈਆ । ਡੂੰਘੀ ਕੰਦਰ ਪਾਵਣਹਾਰਾ ਸਾਰ, ਸਮੁੰਦ ਸਾਗਰ ਵਰੋਲੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਕਾਇਆ ਗੜ੍ਹ, ਪੰਜ ਤਤ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਿਰਪਾ ਕਰ, ਸ਼ਬਦ ਸਵਾਸੀ ਜੋੜ ਜੁੜਾਈਆ ।
੬੪੪ ਜਨਮ ਜਨਮ ਦੀ ਪੂਰੀ ਆਸੀ ਕਰ, ਆਸਾ ਤ੍ਰਿਸ਼ਨਾ ਮੇਟ ਮਿਟਾਈਆ । ਡੂੰਘੀ ਭਵਰ ਅਗੰਮੀ ਘਾਟੀ ਚੜ੍ਹ, ਭਾਂਡਾ ਭਰਮ ਭਉ ਭੰਨਾਈਆ । ੬੪੪
ਸਚ ਦਵਾਰੇ ਸਨਮੁਖ ਖੜ੍ਹ, ਸਵੱਛ ਸਰੂਪੀ ਨਜ਼ਰੀ ਆਈਆ । ਭਗਤ ਭਗਵਾਨ ਇਕ ਦੂਜੇ ਦਾ ਢੋਲਾ ਲੈਣ ਪੜ੍ਹ, ਤੂੰ ਮੇਰਾ ਮੈਂ ਤੇਰਾ ਸਦ ਸੋਹੰ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਜਨ ਭਗਤ ਕਹੇ ਪ੍ਰਭ ਮੇਰੇ ਠਾਕਰ, ਸਾਹਿਬ ਸਵਾਮੀ ਤੇਰੀ ਇਕ ਸਰਨਾਈਆ । ਕਲਜੁਗ ਕੂੜੀ ਕਿਰਿਆ ਗਹਿਰਾ ਡੂੰਘਾ ਸਾਗਰ, ਭਵ ਪਾਰ ਨਾ ਕੋਇ ਕਰਾਈਆ । ਨਿਰਮਲ ਕਰਮ ਨਾ ਹੋਏ ਉਜਾਗਰ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਚਾ ਮਿਲੇ ਨਾ ਕੋਇ ਸਾਜਣ, ਮਿਤਰ ਪਿਆਰਾ ਮੀਤ ਨਾ ਕੋਇ ਅਖਵਾਈਆ । ਕੂੜੀ ਕਿਰਿਆ ਸ੍ਰਿਸ਼ਟੀ ਦ੍ਰਿਸ਼ਟੀ ਰਾਜ ਰਾਜਨ, ਇਸ਼ਟ ਦੇਵ ਹਰਿ ਨਾ ਕੋਇ ਸਮਝਾਈਆ । ਮਨ ਵਾਸਨਾ ਚਾਰ ਕੁੰਟ ਦਹਿ ਦਿਸ਼ਾ ਉਠ ਉਠ ਭਾਜਣ, ਸਾਂਤਕ ਸਤਿ ਨਾ ਕੋਇ ਕਰਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜੋੜ ਜੁੜਾਏ ਨਾ ਆਤਮ ਪਰਮਾਤਮ, ਦੀਨ ਮਜ਼੍ਹਬ ਊਚ ਨੀਚ ਝਗੜਾ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਦਏ ਮਿਲਾਈਆ । ਜਨ ਭਗਤ ਕਹੇ ਪ੍ਰਭ ਖੋਲ੍ਹ ਪਰਦਾ, ਦੂਈ ਦਵੈਤੀ ਦੇ ਚੁਕਾਈਆ । ਕਲਜੁਗ ਕੂੜੀ ਅਗਨ ਅੰਦਰ ਸੜਦਾ, ਹਉਮੇ ਰੋਗ ਨਾ ਕੋਇ ਮਿਟਾਈਆ । ਜਗਤ ਤ੍ਰਿਸ਼ਨਾ ਮੂਲ ਨਾ ਖੜਦਾ, ਮਨ ਵਾਸਨਾ ਭਜੇ ਵਾਹੋ ਦਾਹੀਆ । ਮਾਰਗ ਮਿਲਿਆ ਨਾ ਸਾਚੇ ਘਰ ਦਾ, ਬੰਦ ਕਿਵਾੜੀ ਕੁੰਡਾ ਨਾ ਕੋਇ ਖੁਲ੍ਹਾਈਆ । ਸਾਚੇ ਮੰਦਰ ਮੂਲ ਨਾ ਚੜ੍ਹਦਾ, ਗ੍ਰਿਹ ਸਵਾਮੀ ਨਜ਼ਰ ਕੋਇ ਨਾ ਆਈਆ । ਚਰਨ ਬੰਦਨਾ ਨਮੋ ਨਮੋ ਡੰਡੌਤ ਕਰਦਾ, ਸੀਸ ਜਗਦੀਸ ਝੁਕਾਈਆ । ਤੂੰ ਮਾਲਕ ਪ੍ਰਿਤਪਾਲਕ ਸਚਖੰਡ ਦਵਾਰੇ ਸਾਚੇ ਘਰ ਦਾ, ਘਰ ਘਰ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ ।

ਭਗਵਾਨ ਕਹੇ ਸੁਣ ਭਗਤ ਮੀਤ, ਸਚ ਸੱਜਣ ਦਿਆਂ ਦ੍ਰਿੜਾਈਆ । ਕੂੜੀ ਕਿਰਿਆ ਬਦਲ ਕੇ ਰੀਤ, ਸਾਚਾ ਮਾਰਗ ਦਿਆਂ ਵਖਾਈਆ । ਕਾਇਆ ਮਾਟੀ ਕਰ ਕੇ ਪਤਿਤ ਪੁਨੀਤ, ਪਵਿੱਤਰ ਆਪਣਾ ਰੰਗ ਚੜ੍ਹਾਈਆ । ਸਾਚਾ ਕਲਮਾ ਇਕ ਹਦੀਸ, ਹਜ਼ਰਤ ਹੋ ਕੇ ਦਿਆਂ ਪੜ੍ਹਾਈਆ । ਧੁਰ ਦਾ ਠਾਕਰ ਇਕ ਜਗਦੀਸ, ਜਗਦੀਸ਼ਰ ਦਿਆਂ ਮਿਲਾਈਆ । ਲੇਖਾ ਚੁਕਣਾ ਬੀਸ ਇਕੀਸ, ਵੇਲਾ ਵਕ਼ਤ ਦਏ ਗਵਾਹੀਆ । ਪੀਰ ਪੈਗ਼ੰਬਰ ਗੁਰ ਅਵਤਾਰ ਕਰਨ ਤਸਦੀਕ਼ ਸ਼ਹਾਦਤ ਆਪਣੀ ਦੇਣ ਭੁਗਤਾਈਆ । ਜਿਸ ਸਾਹਿਬ ਸਵਾਮੀ ਅੰਤਰਜਾਮੀ ਰਹੇ ਉਡੀਕ, ਜੁਗ ਚੌਕੜੀ ਅੱਖ ਖੁਲ੍ਹਾਈਆ । ਸੋ ਆਪਣਾ ਆਪ ਕਰਨ ਆਇਆ ਤਸਦੀਕ਼, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਵੇਸ ਵਟਾਈਆ । ਜਿਸ ਦੀ ਧਾਰ ਅਗੰਮ ਬਾਰੀਕ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਜਨ ਭਗਤਾਂ ਸਾਚੇ ਸੰਤਾਂ ਆਤਮ ਪਰਮਾਤਮ ਦੱਸੇ ਹਰਿ ਪ੍ਰੀਤ, ਪ੍ਰੇਮੀ ਹੋ ਕੇ ਆਪਣਾ ਨੇਮ ਨਿਭਾਈਆ । ਲੇਖਾ ਚੁਕਾ ਕੇ ਪਤਿਤ ਪੁਨੀਤ, ਊਚ ਨੀਚ ਰਾਓ ਰੰਕ ਇਕੋ ਘਰ ਵਸਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਗੌਣਾ ਗੀਤ, ਸੁਰ ਤਾਲ ਨਾਦ ਇਕੋ ਦਏ ਵਜਾਈਆ । ਝਗੜਾ ਚੁਕਾ ਕੇ ਮੰਦਰ ਮਸੀਤ, ਕਾਇਆ ਕਾਅਬਾ ਦੋ ਦੋਆਬਾ ਆਪਣਾ ਰੰਗ ਵਖਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਸਚ ਨਾਮ ਕਰ ਬਖ਼ਸ਼ੀਸ਼, ਕਾਇਆ ਮੰਦਰ ਝੋਲੀ ਦਏ ਭਰਾਈਆ । ਦੂਰ ਦੁਰਾਡਾ ਨਜ਼ਰੀ ਆਇਆ ਨੇੜਨ ਨੇੜਾ ਕ਼ਰੀਬ, ਅਗਲਾ ਪਿਛਲਾ ਪੰਧ ਮੁਕਾਈਆ । ਕਰਮ ਕਾਂਡ ਕੂੜੀ ਕਿਰਿਆ ਬਦਲ ਦੇਵੇ ਨਸੀਬ, ਨਸੀਹਤ ਆਪਣੀ ਨਾਲ ਪਾਰ ਲੰਘਾਈਆ । ਖੇਲ ਅਗੰਮਾ ਕਰੇ ਇਕ ਅਜੀਬ, ਅਜਬ ਲੜੀ ਆਪਣੀ ਧਾਰ ਚਲਾਈਆ । ਜਿਸ ਦੀ ਦੱਸ ਸਕਿਆ ਨਾ ਕੋਈ ਤਰਤੀਬ, ਸਿਲਸਲੇ ਵਾਰ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਤਰਾਈਆ । ਜਨ ਭਗਤ ਸੁਣੋ ਸਾਚਾ ਸੰਗ, ਸਾਹਿਬ ਸਵਾਮੀ ਇਕ ਦ੍ਰਿੜਾਈਆ । ਅੰਤਰ ਆਤਮ ਚਾੜ੍ਹ ਆਪਣਾ ਰੰਗ, ਅਨਡਿੱਠੜਾ ਆਪ ਰੰਗਾਈਆ । ਨਾਮ ਨਿਧਾਨ ਵਜਾਵਾਂ ਮਰਦੰਗ, ਧੁਨੀ ਧੁਨ ਸ਼ਨਵਾਈਆ । ਭਾਂਡਾ ਭਰਮ ਭਉ ਢਾਹ ਕੇ ਕੰਧ, ਸਤਿ ਸਚ ਦਿਆਂ ਵਖਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਸੋਹੰ ਢੋਲਾ ਆਦਿ ਜੁਗਾਦੀ ਛੰਦ, ਪਾਰਬ੍ਰਹਮ ਬ੍ਰਹਮ ਵਜਦੀ ਰਹੇ ਵਧਾਈਆ । ਜਨਮ ਕਰਮ ਦੀ ਟੁੱਟੀ ਗੰਢ, ਪੂਰਬ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ਣਹਾਰ ਸਚੀ ਸਰਨਾਈਆ । ਜਨ ਭਗਤ ਸੁਣ ਮਿਤਰ ਪਿਆਰੇ ਏਕ, ਏਕਾ ਦਿਆਂ ਜਣਾਈਆ । ਸਚ ਸਵਾਮੀ ਧੁਰ ਦੀ ਟੇਕ, ਮਸਤਕ ਧੂੜੀ ਖ਼ਾਕ ਰਮਾਈਆ । ਅੰਤਰ ਕਰੇ ਬੁਧਿ ਬਿਬੇਕ, ਨਿਰਮਲ ਆਪਣਾ ਆਪ ਜਣਾਈਆ । ਸਚ ਗ੍ਰਿਹਿ ਦੀ ਦੱਸੇ ਖੇਡ, ਘਟ ਘਟ ਆਪਣਾ ਪਰਦਾ ਦਏ ਉਠਾਈਆ । ਮੰਦਰ ਅੰਦਰ ਖੋਲ੍ਹੇ ਭੇਤ, ਪਰਦਾ ਉਹਲਾ ਰਹੇ ਨਾ ਰਾਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਈਆ । ਨਿਜ ਨੇਤਰ ਲੈਣਾ ਪੇਖ, ਸਤਿ ਸਰੂਪੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਠਾਂਡਾ ਸੀਤਾ ਤ੍ਰੈਗੁਣ ਅਤੀਤਾ ਤ੍ਰੈਭਵਨ ਧਨੀ ਆਪਣਾ ਹੁਕਮ ਵਰਤਾਈਆ । ਜਨ ਭਗਤ ਕਹੇ ਪ੍ਰਭ ਵੇਖ ਕਲਜੁਗ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸ੍ਰਿਸ਼ਟ ਸਬਾਈ ਗਾ ਗਾ ਥੱਕੀ ਗਾਥ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਨਹਾ ਨਹਾ ਥੱਕੀ ਤੀਰਥ ਤਾਟ, ਅਠਸਠ ਭੱਜੀ ਵਾਹੋ ਦਾਹੀਆ । ਲਭ ਲਭ ਥੱਕੀ ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ

੬੪੫

ਮਾਠ, ਖੋਜਿਆਂ ਹੱਥ ਕਿਸੇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਵੇਖ ਆਪਣਾ ਖੇਲ ਤਮਾਸ਼, ਦੀਨ ਮਜ਼੍ਹਬ ਰਾਓ ਰੰਕ ਕਰੇ ਲੜਾਈਆ । ਸਚ ਵਸਤ ਦਿਸੇ ਕਿਸੇ ਨਾ ਪਾਸ, ਮੁਲਾ ਸ਼ੇਖ਼ ਮਸਾਇਕ ਪੰਡਤ ਖ਼ਾਲੀ ਦੇਣ ਦੁਹਾਈਆ । ਅੰਤਰ ਆਤਮ ਸ਼ਬਦੀ ਧਾਰ ਕਰੇ ਕੋਈ ਨਾ ਬਾਤ, ਧੁਰ ਫ਼ਰਮਾਨਾ ਹੁਕਮ ਨਾ ਕੋਇ ਸੁਣਾਈਆ । ਪਿਛਲੀ ਕਰਨੀ ਸਾਰੇ ਦੱਸਣ ਹਾਲਾਤ, ਪੜ੍ਹ ਪੜ੍ਹ ਮੰਤਰ ਰਹੇ ਸੁਣਾਈਆ । ਤੇਰੀ ਮੰਜ਼ਲ ਤੇਰਾ ਦਵਾਰਾ ਸਚ ਮੁਕਾਮ ਕਿਸੇ ਨਾ ਵੇਖਿਆ ਘਾਟ, ਦਰਗਾਹ ਸਾਚੀ ਸੋਭਾ ਕੋਇ ਨਾ ਪਾਈਆ । ਧੁਰ ਪ੍ਰੀਤੀ ਹਰਿ ਚਰਨ ਕਵਲ ਜੁੜਿਆ ਕਿਸੇ ਨਾ ਨਾਤ, ਬਿਧਾਤਾ ਅੰਗ ਨਾ ਕੋਇ ਲਗਾਈਆ । ਮਨ ਵਾਸਨਾ ਸ੍ਰਿਸ਼ਟੀ ਕੂੜੀ ਵਧੀ ਖ਼ਾਹਸ਼, ਖ਼ਾਲਸ ਤੇਰੇ ਵਿਚ ਆਪਣਾ ਆਪ ਨਾ ਕੋਇ ਸਮਾਈਆ । ਜਨ ਭਗਤ ਕਰ ਬੇਨੰਤੀ ਸਚਖੰਡ ਦਵਾਰੇ ਕਰੇ ਇਕ ਅਰਦਾਸ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਧੁਰ ਦੇ ਠਾਕਰ ਕਰਤਾ ਪੁਰਖ ਦੀਨ ਦਿਆਲ ਸੱਜਣ ਮੀਤ ਵਸ ਪਾਸ, ਕਾਇਆ ਮੰਦਰ ਅੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਸੁਰਤ ਸ਼ਬਦ ਗੋਪੀ ਕਾਹਨ ਮੰਡਲ ਮੰਡਪ ਘਰ ਵਖਾ ਰਾਸ, ਸਾਚੀ ਬੰਸਰੀ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਈਆ । ਜਨ ਭਗਤ ਕਹੇ ਮੈਂ ਰਹਿੰਦਾ ਪਿੰਡ ਡੱਡ, ਡੰਡੌਤ ਇਕੋ ਇਕ ਜਣਾਈਆ । ਬਿਨ ਹਰਿ ਨਾਮ ਖ਼ਾਲੀ ਦਿਸੇ ਹੱਡ, ਵਸਤ ਅਮੋਲਕ ਨਜ਼ਰ ਕੋਇ ਨਾ ਪਾਈਆ । ਕਿਰਪਾ ਕਰ ਮਿਹਰਵਾਨ ਨਵ ਦਵਾਰੇ ਪਾਰ ਕਰ ਹਦ, ਪੜਦਾ ਉਹਲਾ ਦੇ ਉਠਾਈਆ । ਜਨ ਭਗਤ ਤੇਰੀ ਯਦ, ਵਿਸ਼ਵ ਆਪਣਾ ਰੰਗ ਚੜ੍ਹਾਈਆ । ਨਾਮ ਖ਼ੁਮਾਰੀ ਦੇ ਮਧ, ਤ੍ਰਿਸ਼ਨਾ ਕੂੜੀ ਜਗਤ ਬੁਝਾਈਆ । ਮਾਇਆ ਮਮਤਾ ਰਹੇ ਨਾ ਅੱਗ, ਹਉਮੇ ਹੰਗਤਾ ਦੇ ਗਵਾਈਆ । ਹੰਸ ਰੂਪ ਹੋਏ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਦਰਸ ਦੇ ਉਪਰ ਸ਼ਾਹ ਰਗ, ਸਵੱਛ ਸਰੂਪੀ ਆਪਣਾ ਰੂਪ ਪਰਗਟਾਈਆ । ਘਰ ਅਨਾਦੀ ਨਾਦ ਪਏ ਵਜ, ਅਨਹਦ ਆਪਣਾ ਰਾਗ ਸੁਣਾਈਆ । ਦੀਪਕ ਪਰਕਾਸ਼ ਹੋਵੇ ਝਟ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਦਵਾਰਾ ਖੋਲ੍ਹ ਦੇ ਹੱਟ, ਠਾਕਰ ਤੇਰੀ ਬੇਪਰਵਾਹੀਆ । ਆਤਮ ਪਰਮਾਤਮ ਅਗੇ ਰਹੇ ਨਾ ਅੱਡ, ਪਰਦਾ ਵਿਚੋਂ ਦੇ ਚੁਕਾਈਆ । ਬਿਨ ਮੱਕੇ ਕਾਅਬਿਉਂ ਕਰਾ ਦੇ ਧੁਰ ਦਾ ਹੱਜ, ਮੁਕਾਮੇ ਹਕ ਤੇਰਾ ਨੂਰ ਨਜ਼ਰੀ ਆਈਆ । ਦਰਗਾਹ ਸਾਚੀ ਸਚਖੰਡ ਦਵਾਰੇ ਜਾਵਾਂ ਵਸ, ਵਾਸਤਾ ਤੇਰੇ ਨਾਲ ਰਖਾਈਆ । ਕਿਰਪਾ ਕਰ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਮੇਰਾ ਦੇ ਕੇ ਜਾਈਂ ਪਿਛਲਾ ਹਕ, ਪੂਰਬ ਲਹਿਣਾ ਝੋਲੀ ਪਾਈਆ । ਰਾਹ ਤਕਦਿਆਂ ਤ੍ਰੇਤਾ ਦੁਆਪਰ ਗਏ ਥੱਕ, ਕਲਜੁਗ ਵੇਲਾ ਵਕਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਦੇਣਾ ਪਾਈਆ । ਸ੍ਰੀ ਭਗਵਾਨ ਕਹੇ ਸੁਣ ਮੇਰੇ ਭਗਤ, ਭਾਗ ਤੇਰਾ ਤੇਰੀ ਝੋਲੀ ਪਾਈਆ । ਅੰਤਰ ਆਤਮ ਸਾਚੀ ਸ਼ਕਤ, ਵਸਤ ਅਮੋਲਕ ਇਕ ਵਰਤਾਈਆ । ਨਿਜ ਨੇਤਰ ਹੋਵੇ ਸਾਚਾ ਦਰਸ, ਸਤਿ ਸਰੂਪੀ ਇਕੋ ਨਜ਼ਰੀ ਆਈਆ । ਚਿੰਤਾ ਰੋਗ ਰਹੇ ਨਾ ਹਰਖ਼, ਗ਼ਮੀ ਗ਼ਮ ਨਾ ਕੋਇ ਸਤਾਈਆ । ਜਨਮ ਜਨਮ ਦੀ ਪੂਰਬ ਮੇਟ ਕੇ ਤੜਪ, ਅਗੇ ਇਕੋ ਗੰਢ ਪਵਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਸਿਰ ਆਪਣਾ ਹੱਥ ਰਖਾਈਆ । ਪੂਰਾ ਕਰਨਾ ਪਰਮ ਪੁਰਖ ਪਰਮਾਤਮ ਆਪਣਾ ਫ਼ਰਜ਼, ਭਗਤ ਸੁਹੇਲੇ ਲਏ ਉਠਾਈਆ । ਇਹੋ ਖੇਲ ਨਿਰਗੁਣ ਸਰਗੁਣ ਕਰੇ ਅਸਚਰਜ, ਜਗਤ ਵਿਦਿਆ ਸਮਝ ਕੋਇ ਨਾ ਪਾਈਆ । ਮੀਤ ਪਿਆਰਾ ਵੰਡਣਹਾਰਾ ਦਰਦ, ਦੁਖੀਆਂ ਦੁਖ ਵੇਖੇ ਥਾਉਂ ਥਾਈਆ ।

ਸਚ ਬੇਨੰਤੀ ਸੁਣ ਕੇ ਅਰਜ਼, ਆਜਿਜ਼ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੂਰੀ ਕਰ ਕੇ ਸੰਸਾਰੀ ਬਿਵਹਾਰੀ ਸਾਰੀ ਗ਼ਰਜ਼, ਗ਼ਰਜ਼ ਆਪਣੀ ਨਾ ਕੋਇ ਰਖਾਈਆ ।

ਤਿੰਨ ਫੁੱਲ ਕਹਿਣ ਸਾਡੀ ਅਨਡਿੱਠੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪੂਰਬ ਜਨਮ ਪਿਛੇ ਗਿਆ ਲੰਘ, ਆਪਣਾ ਪੰਧ ਮੁਕਾਈਆ । ਇਸ ਜਨਮ ਆਇਆ ਨਹੀਂ ਅਨੰਦ, ਸੁਖ ਸਾਗਰ ਨਾ ਕੋਇ ਵਖਾਈਆ । ਬੀਤੇ ਜਨਮ ਦਾ ਪਤਾ ਨਹੀਂ ਮਰਨ ਤੋਂ ਪਿਛੋਂ ਕਿਹੜਾ ਪਵੇ ਪੰਧ, ਕਵਣ ਰਾਹ ਭਵਾਈਆ । ਤਿੰਨੇ ਕੱਠੇ ਹੋਏ ਬਣਿਆ ਸਾਡਾ ਸੰਗ, ਆਪਣਾ ਜੋੜ ਲਿਆ ਜੁੜਾਈਆ । ਗੁਰਮੁਖ ਦੇ ਹੱਥ ਆ ਗਏ ਕਿਸੇ ਨਾਲ ਢੰਗ, ਅੰਦਰ ਖ਼ਾਹਸ਼ ਦਿਤੀ ਬਦਲਾਈਆ । ਉਹ ਮਾਰ ਕੇ ਆਇਆ ਪੰਧ, ਬਣ ਕੇ ਪਾਂਧੀ ਰਾਹੀਆ । ਉਸ ਦੀ ਅੰਤਰ ਆਵਾਜ਼ ਦਾ ਇਕ ਛੰਦ, ਬਿਨ ਅੱਖਰਾਂ ਦੇਈਏ ਸਮਝਾਈਆ । ਜਿਹੜੀ ਆਸਾ ਨਿਰਾਸਾ ਵਿਚ ਹੋਈ ਬੰਦ, ਆਪਣਾ ਰੂਪ ਨਾ ਸਕੀ ਪਰਗਟਾਈਆ । ਜਗਤ ਜਹਾਨ ਦਿਸੇ ਰੰਡ, ਸੱਜਣ ਮੀਤ ਮਿਤਰ ਨਾ ਕੋਇ ਵਡਿਆਈਆ । ਤਿੰਨੇ ਕਹਿਣ ਸਾਡੀ ਬਿਰਹੋਂ ਵਿਚ ਅਖ਼ੀਰੀ ਮੰਗ, ਤੀਬਰ ਇਛਿਆ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਫੁੱਲ ਕਹਿਣ ਅਸੀਂ ਤਿੰਨ ਵੇਖਿਆ ਤਿੰਨ ਲੋਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਸਾਚੀ ਮਿਲੀ ਨਾ ਕਿਤੇ ਮੌਜ, ਮੁਹੱਬਤ ਸਚ ਨਾ ਕੋਇ ਕਮਾਈਆ । ਸਾਚੀ ਹੱਥ ਨਾ ਆਈ ਕਿਸੇ ਖੋਜ, ਖੋਜ ਖੋਜ ਥੱਕੀ ਸਰਬ ਲੋਕਾਈਆ । ਆਸਾ ਮਨਸਾ ਸਭ ਦੀ ਤੱਕੀ ਰੋਜ਼, ਸੁਬਹ ਸ਼ਾਮ ਧਿਆਨ ਲਗਾਈਆ । ਸਚ ਵਸਤ ਦਿਸੇ ਨਾ ਕਿਸੇ ਕੋਲ, ਖ਼ਾਲੀ ਹੱਥ ਸਰਬ ਰਹੇ ਕੁਰਲਾਈਆ । ਦੁਖੀਆਂ ਦੇ ਦੁਖੜੇ ਕੋਈ ਨਾ ਸਕੇ ਫੋਲ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਅਸੀਂ ਤਿੰਨਾਂ ਕੱਠਿਆਂ ਹੋ ਕੇ ਮਾਰਿਆ ਢੋਲ, ਉਚੀ ਕੂਕ ਦੇਈਏ ਜਣਾਈਆ । ਸਾਚਾ ਤੋਲਣਾ ਪੂਰਾ ਤੋਲ, ਨਾਮ ਕੰਡਾ ਤਰਾਜ਼ੂ ਹੱਥ ਉਠਾਈਆ । ਜਿਸ ਵਸਤ ਨੂੰ ਗੁਰਮੁਖ ਰਹੇ ਟਟੋਲ, ਝੋਲੀ ਦੇਣੀ ਪਾਈਆ । ਸਭ ਕੁਛ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਕੋਲ, ਦੇਂਦਿਆਂ ਤੋਟ ਰਹੇ ਨਾ ਰਾਈਆ । ਫੁੱਲ ਕਹਿਣ ਅਸੀਂ ਵਚੋਲਿਆਂ ਵਾਂਗ ਬਣ ਕੇ ਆਏ ਵਿਚੋਲ, ਵਿਚਲਾ ਭੇਤ ਦੇਈਏ ਜਣਾਈਆ । ਘੁੰਡੀ ਉਹ ਖੋਲ੍ਹ, ਜਿਸ ਨਾਲ ਕੁੰਡਾ ਖੁਲ੍ਹੇ ਲੋਕਾਈਆ । ਸਾਨੂੰ ਦੇਣਾ ਨਾ ਮਾਤ ਵਰੋਲ, ਕੱਖਾਂ ਉਤੇ ਸੁਟਾਈਆ । ਅਸੀਂ ਕੋਮਲ ਸਭ ਨਾਲੋਂ ਸੋਹਲ, ਤਿੰਨੇ ਪਤ ਟਹਿਣੀ ਨਾਲ ਮੌਲ, ਆਪ ਆਪਣਾ ਭੇਟ ਚੜ੍ਹਾਈਆ । ਸਾਨੂੰ ਅੰਤਰ ਅੰਤਰ ਸੁਣਾ ਦੇ ਉਹ ਬੋਲ, ਜਿਸ ਬੋਲ ਵਿਚ ਤੇਰੀ ਬੇਪਰਵਾਹੀਆ । ਜਿਹੜੀ ਵਸਤ ਇਸ ਦੇ ਨਹੀਂ ਕੋਲ, ਉਹ ਵੀ ਝੋਲੀ ਦੇਣੀ ਪਾਈਆ । ਫੁੱਲ ਕਹਿਣ ਫੇਰ ਅਸੀਂ ਤਿੰਨੇ ਰਹੀਏ ਅਡੋਲ, ਖ਼ੁਸ਼ੀਆਂ ਵਿਚ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਨਾਲ ਆਸਾ ਮਨਸਾ ਪੂਰੀ ਦਏ ਕਰਾਈਆ ।

ਕਿਰਪਾ ਕਰੇ ਹਰਿ ਕਰਨੇ ਯੋਗ, ਸਤਿਗੁਰ ਸ਼ਬਦ ਸਚੀ ਸਰਨਾਈਆ । ਆਦਿ ਜੁਗਾਦੀ ਕਰ ਕੇ ਧੁਰ ਸੰਜੋਗ, ਬ੍ਰਹਮ ਬ੍ਰਹਿਮਾਦੀ ਪੰਧ

੬੪੭

ਮੁਕਾਈਆ । ਭੇਵ ਖੁਲ੍ਹਾ ਕੇ ਲੋਕ ਪਰਲੋਕ, ਦੋ ਜਹਾਨਾਂ ਪਰਦਾ ਦਏ ਚੁਕਾਈਆ । ਬੋਧ ਅਗਾਧਾ ਸੁਣਾ ਕੇ ਸਚ ਸਲੋਕ, ਅੰਤਰ ਮੰਤਰ ਨਾਮ ਇਕ ਦ੍ਰਿੜਾਈਆ । ਡੂੰਘੀ ਭਵਰੀ ਕਰਨਹਾਰਾ ਖੋਜ, ਗ੍ਰਿਹ ਮੰਦਰ ਅੰਦਰ ਵੇਖ ਵਖਾਈਆ । ਕੂੜ ਅੰਧੇਰੇ ਪਰਕਾਸ਼ ਕਰਨਹਾਰਾ ਜੋਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਭਗਤ ਸੁਹੇਲਾ ਬਖ਼ਸ਼ਣਹਾਰਾ ਸਾਚੀ ਓਟ, ਚਰਨ ਕਵਲ ਦਏ ਸਰਨਾਈਆ । ਕੂੜੀ ਕਿਰਿਆ ਮਾਇਆ ਮਮਤਾ ਕਢਣਹਾਰਾ ਖੋਟ, ਦੁਰਮਤ ਮੈਲ ਦਏ ਧੁਵਾਈਆ । ਹਉਮੇ ਹੰਗਤਾ ਗਵਾਵਣਹਾਰਾ ਰੋਗ, ਚਿੰਤਾ ਚਿਖਾ ਨਾ ਕੋਇ ਜਲਾਈਆ । ਸਚ ਦਵਾਰੇ ਬਖ਼ਸ਼ਣਹਾਰਾ ਮੌਜ, ਮਜਲਸ ਆਪਣੇ ਨਾਲ ਵਖਾਈਆ । ਲਹਿਣਾ ਦੇਣਾ ਚੁਕਾਏ ਜਨਮ ਮਰਨ ਲੇਖਾ ਲਾੜੀ ਮੌਤ, ਅਗਨੀ ਤਤ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਸਤਿਗੁਰ ਸ਼ਬਦ ਕਹੇ ਮੈਂ ਗਹਿਰ ਗੰਭੀਰ, ਆਦਿ ਅੰਤ ਮੇਰਾ ਅੰਤ ਕੋਇ ਨਾ ਪਾਈਆ । ਹੁਕਮੇ ਅੰਦਰ ਘਲ ਗੁਰ ਅਵਤਾਰ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਬਾਣੀ ਦਿਤੀ ਜਣਾਈਆ । ਝਲਕ ਪਲਕ ਖ਼ਲਕ ਵਖਾ ਕੇ ਆਪਣੀ ਤਸਵੀਰ, ਨੂਰ ਨੁਰਾਨੀ ਡਲਕ ਲਗਾਈਆ । ਆਪਣੀ ਮੰਜ਼ਲ ਦੱਸੀ ਨਾ ਕਿਸੇ ਅਖ਼ੀਰ, ਹਦ ਬੇਹਦ ਭੇਵ ਨਾ ਕੋਇ ਖੁਲ੍ਹਾਈਆ । ਪੰਜ ਤਤ ਨਾਤਾ ਜੋੜ ਕੇ ਲੇਖਾ ਬਣਾ ਕੇ ਕਰਮ ਕਾਂਡ ਤਕਦੀਰ, ਤ੍ਰੈਗੁਣ ਕਰੀ ਕੁੜਮਾਈਆ । ਸ਼ਰਅ ਸ਼ਰੀਅਤ ਪਾ ਜ਼ੰਜੀਰ, ਤਸਬੀ ਮਾਲਾ ਹੱਥ ਫੜਾਈਆ । ਕਰ ਕੇ ਖੇਲ ਬੇਨਜ਼ੀਰ, ਨਜ਼ਰੀਆ ਆਪਣਾ ਲਿਆ ਬਦਲਾਈਆ । ਉਚੀ ਕੂਕਦਾ ਗਿਆ ਕਬੀਰ, ਜੁਲਾਹਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਹਰਿ ਸ਼ਬਦ ਕਹੇ ਮੈਂ ਵਡ ਬਲਵਾਨ, ਬਲਧਾਰੀ ਨਜ਼ਰੀ ਆਈਆ । ਬ੍ਰਹਿਮੰਡ ਖੰਡ ਮੇਰਾ ਨਿੱਕਾ ਜਿਹਾ ਖੇਲ ਮਹਾਨ, ਕੋਟਨ ਕੋਟ ਰਵ ਸਸ ਨੂਰੀ ਚੰਦ ਕਰਾਂ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਣ, ਚਾਕਰ ਖ਼ਾਦਮ ਲਏ ਬਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤੀ ਢੋਲੇ ਗਾਣ, ਜੁਗ ਚੌਕੜੀ ਨਾਦ ਵਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰਾ ਕਰਨ ਬਿਆਨ, ਸ੍ਰਿਸ਼ਟੀ ਦ੍ਰਿਸ਼ਟੀ ਨਾਲ ਮਿਲਾਈਆ । ਕਲਮਾ ਕਾਇਨਾਤ ਕਰੇ ਕਲਿਆਣ, ਹਰਫ਼ ਹਰੂਫ਼ ਮਾਤ ਸਮਝਾਈਆ । ਸ੍ਰਿਸ਼ਟ ਸਬਾਈ ਦੱਸਣਹਾਰ ਈਮਾਨ, ਸਿਦਕ ਸਬੂਰੀ ਸਚ ਸਮਝਾਈਆ । ਆਪ ਹੋ ਕੇ ਬੇਪਹਿਚਾਨ, ਘਰ ਘਰ ਬੈਠਾ ਡੇਰਾ ਲਾਈਆ । ਬੇਪਰਵਾਹ ਸਾਰੇ ਕਰਦੇ ਗਏ ਐਲਾਨ, ਹਦ ਮਹਿਦੂਦ ਬੰਦ ਨਾ ਕੋਇ ਕਰਾਈਆ । ਲੋਕਮਾਤ ਮੇਰੀ ਨਿੱਕੀ ਜਿਹੀ ਵਿਦਿਆ ਬ੍ਰਹਮ ਗਿਆਨ, ਸਚ ਭੰਡਾਰਾ ਆਪਣੇ ਵਿਚ ਛੁਪਾਈਆ । ਭਗਤ ਸੁਹੇਲਾ ਗੁਰ ਚੇਲਾ ਬਖ਼ਸ਼ਾਂ ਇਕ ਧਿਆਨ, ਸਤਿ ਸਚ ਸਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਲਖ, ਅਲਖ ਅਗੋਚਰ ਅਗੰਮ ਅਥਾਹ ਭੇਵ ਕੋਇ ਨਾ ਆਈਆ । ਜੁਗ ਚੌਕੜੀ ਨਿਰਗੁਣ ਸਰਗੁਣ ਹੋ ਪਰਤਖ, ਪਤਿਪਰਮੇਸ਼ਵਰ ਸਿਫ਼ਤੀ ਢੋਲੇ ਸੁਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਚੇ ਭਗਤਾਂ ਖੋਲ੍ਹ ਕੇ ਆਪਣੀ ਅੱਖ, ਆਖ਼ਰ ਆਪਣਾ ਰੰਗ ਰੰਗਾਈਆ । ਸਚ ਹਕੀਕਤ ਵਿਚੋਂ ਦੇ ਕੇ ਹਕ, ਵਸਤ ਅਮੋਲਕ ਝੋਲੀ ਪਾਈਆ । ਧੁਰ ਸੰਦੇਸ਼ਾ ਇਕੋ ਦੱਸ, ਸਤਿ ਸਤਿਵਾਦ ਕਰਾਂ ਪੜ੍ਹਾਈਆ । ਪਰਗਟ ਹੋ ਕੇ ਘਟ ਘਟ, ਗ੍ਰਿਹ ਮੰਦਰ ਮੇਲ ਮਿਲਾਈਆ । ਸਚ ਦਵਾਰ ਖੋਲ੍ਹ ਕੇ ਹੱਟ, ਬਣ ਵਣਜਾਰਾ ਅਗੰਮੀ ਦਾਤ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਬਿਨ

ਮੇਰੀ ਕਿਰਪਾ ਕੋਈ ਨਾ ਸਕੇ ਲੱਭ, ਨਵ ਨੌ ਚਾਰ ਖੋਜਿਆਂ ਹੱਥ ਕਿਸੇ ਨਾ ਆਈਆ । ਬਿਨਾ ਮੇਰੇ ਕਿਸੇ ਨੂਰੀ ਨੂਰ ਨਾ ਲੱਭੇ ਰੱਬ, ਪਰਵਰਦਿਗਾਰ ਸਾਂਝਾ ਯਾਰ ਦਰਸ ਕੋਇ ਨਾ ਪਾਈਆ । ਦੋ ਜਹਾਨਾਂ ਅਖਤਿਆਰ ਦਿਤਾ ਮੇਰੇ ਹੱਥ, ਦੂਜਾ ਸਾਨੀ ਰੂਪ ਨਾ ਕਦੇ ਵਟਾਈਆ । ਸ੍ਰੀ ਭਗਵਾਨ ਇਕ ਇਕੱਲਾ ਬੈਠਾ ਰਹੇ ਸਚਖੰਡ, ਜੋਤੀ ਜਾਤਾ ਜੋਤ ਆਪਣੇ ਵਿਚ ਸਮਾਈਆ । ਥਿਰ ਘਰ ਮਾਣ ਵਡਿਆਈ ਦੇ ਕੇ ਪੁਰਖ ਸਮਰਥ, ਸੀਸ ਤਾਜ ਮੇਰੇ ਇਕ ਟਿਕਾਈਆ । ਹੁਕਮੇ ਅੰਦਰ ਲੱਖ ਚੁਰਾਸੀ ਜੀਵ ਜੰਤ ਖਾਣੀ ਬਾਣੀ ਸ੍ਰਿਸ਼ਟੀ ਰਚ, ਬ੍ਰਹਿਮੰਡ ਖੰਡ ਰਚਨਾ ਲਈ ਰਚਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰਾ ਰੂਪ ਸਤਿ, ਅਸਤਿ ਕਰਾਂ ਲੋਕਾਈਆ । ਮਿਹਰਵਾਨ ਹੋ ਕੇ ਕੋਟਨ ਕੋਟਾਂ ਵਿਚੋਂ ਭਗਤ ਸੁਹੇਲੇ ਲਵਾਂ ਰਖ, ਜਿਨ੍ਹਾਂ ਆਪਣੀ ਮਿਹਰ ਨਜ਼ਰ ਨਾਲ ਤਰਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਕਾਇਆ ਮਾਟੀ ਸਾਚੀ ਹਾਟੀ ਰਹਿਬਰ ਹੋ ਕੇ ਮਾਰਗ ਦੇਵਾਂ ਦੱਸ, ਅਧਵਿਚਕਾਰ ਨਾ ਕੋਇ ਅਟਕਾਈਆ । ਪ੍ਰੀਤਮ ਪ੍ਰੇਮੀ ਪਿਆਰਾ ਹੋ ਕੇ ਸਚ ਦਵਾਰੇ ਜਾਵਾਂ ਵਸ, ਵਸਲ ਅਸਲ ਆਪਣੇ ਨਾਲ ਜਣਾਈਆ । ਸਵੱਛ ਸਰੂਪ ਹੋ ਅਨੂਪ ਦਰਸ ਕਰਾਵਾਂ ਪਰਤਖ, ਸਵੱਛ ਸਰੂਪੀ ਰੂਪ ਵਟਾਈਆ । ਸੇਜ ਸੁਹੰਜਣੀ ਅੰਤਰ ਆਤਮ ਬਹਵਾਂ ਸਚ, ਸਿੰਘਾਸਣ ਆਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਸਤਿਗੁਰ ਸ਼ਬਦ ਕਹੇ ਮੈਂ ਸਚਾ ਮਹਿਬੂਬ, ਮੁਹੱਬਤ ਵਿਚ ਸਮਾਈਆ । ਅਰਸ਼ ਫ਼ਰਸ਼ ਤੋਂ ਉਚਾ ਇਕ ਅਰੂਜ, ਸਚ ਸਿੰਘਾਸਣ ਸੋਭਾ ਰਿਹਾ ਪਾਈਆ । ਜਿਥੇ ਨਾ ਕੋਈ ਤਤ ਕਾਇਆ ਕਲਬੂਤ, ਕਲਮਾ ਪੜ੍ਹੇ ਨਾ ਕੋਇ ਲੋਕਾਈਆ । ਛੱਪਰ ਛੰਨ ਕਰੇ ਨਾ ਕੋਇ ਮਹਿਫੂਜ਼, ਚਾਰ ਦੀਵਾਰੀ ਵੰਡ ਨਾ ਕੋਇ ਵੰਡਾਈਆ । ਆਰ ਪਾਰ ਜਾਣੇ ਨਾ ਕੋਇ ਹਦੂਦ, ਅੰਤ ਕਹਿ ਸਕੇ ਕੋਇ ਨਾ ਰਾਈਆ । ਅਗੰਮ ਅਥਾਹ ਮੰਜ਼ਲ ਮੇਰੀ ਮਕਸੂਦ, ਮਕਸਦ ਮੇਰਾ ਹਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਬਖ਼ਸ਼ਿਸ਼ ਇਕੋ ਝੋਲੀ ਪਾਈਆ । ਸਤਿਗੁਰ ਸ਼ਬਦ ਕਹੇ ਮੈਂ ਦਾਤਾ ਦੀਨ ਦੁਨੀ, ਦੋ ਜਹਾਨਾਂ ਦਇਆ ਕਮਾਇੰਦਾ । ਕੋਟਨ ਕੋਟ ਸੇਵਾ ਲਾ ਕੇ ਰਿਖੀ ਮੁਨੀ, ਹੁਕਮੇ ਅੰਦਰ ਸਰਬ ਭੁਆਇੰਦਾ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਵਿਰਲੇ ਆਵਾਜ਼ ਸੁਣੀ, ਜਿਸ ਅੰਤਰ ਆਤਮ ਧਿਆਨ ਲਗਾਇੰਦਾ । ਭੇਵ ਖੁਲ੍ਹਾ ਕੇ ਆਪਣਾ ਗੁਣ ਗੁਣੀ, ਗੁਣਵੰਤ ਦਇਆਵੰਤ ਆਪਣੀ ਕਾਰ ਕਮਾਇੰਦਾ । ਆਤਮਕ ਰਾਗ ਸੁਣਾ ਕੇ ਸਾਚੀ ਧੁਨੀ, ਮਸਤ ਖ਼ੁਮਾਰੀ ਇਕ ਵਖਾਇੰਦਾ । ਸਿਰ ਓਢਨ ਦੇ ਕੇ ਨਾਮ ਅਮੋਲਕ ਚੁੰਨੀ, ਪੜਦਾ ਦੋ ਜਹਾਨ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਇੰਦਾ । ਸ਼ਬਦ ਗੁਰੂ ਕਹੇ ਮੈਨੂੰ ਸਾਰੇ ਮੰਨਦੇ, ਜੁਗ ਚੌਕੜੀ ਹੁਕਮ ਵਰਤਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਆਧਾਰੀ ਪੰਜ ਤਤ ਤਨ ਦੇ, ਤਿਨ੍ਹਾਂ ਓਟ ਇਕ ਜਣਾਈਆ । ਜਿਨ੍ਹਾਂ ਨੂੰ ਮਾਤ ਪਿਤ ਜਨਨੀ ਹੋ ਕੇ ਜਨਦੇ, ਗੋਦੀ ਗੋਦ ਉਠਾਈਆ । ਉਹ ਸੇਵਕ ਬਣਾ ਕੇ ਘੱਲਾਂ ਸਾਚੇ ਰਾਮ ਦੇ, ਜੋ ਹਰ ਘਟ ਰਿਹਾ ਸਮਾਈਆ । ਨਾਮ ਸੰਦੇਸ਼ੇ ਦੱਸਾਂ ਸਾਚੇ ਗਾਨ ਦੇ, ਜੋ ਰਸਨਾ ਜਿਹਵਾ ਬੱਤੀ ਦੰਦ ਲੋਕਮਾਤ ਦੇਣ ਸੁਣਾਈਆ । ਸਚ ਪਰਕਾਸ਼ ਦੇਵਾਂ ਅਗੰਮੀ ਭਾਨ ਦੇ, ਜੋਤੀ ਜੋਤ ਜੋਤ ਰੁਸ਼ਨਾਈਆ । ਪੜਦੇ ਲਾਹਵਾਂ ਓਸ ਸਚ ਨਿਸ਼ਾਨ ਦੇ, ਜਿਸ ਦਾ ਨਿਸ਼ਾਨਾ ਵੇਖਣ ਕੋਇ ਨਾ ਪਾਈਆ । ਭੇਵ ਖੁਲ੍ਹਾਵਾਂ ਅਗੰਮੀ ਕਾਹਨ ਦੇ, ਜੋ ਲੱਖ ਚੁਰਾਸੀ ਗੋਪੀ ਸਦਾ ਹੰਢਾਈਆ । ਕੁੰਡੇ ਖੋਲ੍ਹਾਂ ਓਸ ਮਕਾਨ ਦੇ, ਜਿਸ ਗ੍ਰਹਿ ਵਸੇ ਸ਼ਹਿਨਸ਼ਾਹੀਆ । ਰਸਤੇ ਦੱਸਾਂ ਦੀਨ ਮਜ਼੍ਹਬ ਈਮਾਨ ਦੇ, ਸ਼ਰਅ ਸ਼ਰੀਅਤ

ਜਗਤ ਵਡਿਆਈਆ । ਭੇਵ ਖੁਲ੍ਹਾਵਾਂ ਸਚ ਗਿਆਨ ਦੇ, ਗਿਆਨ ਨੇਤਰ ਇਕ ਜਣਾਈਆ । ਨਾਦ ਸੁਣਾਵਾਂ ਸਚੇ ਦੀਵਾਨ ਦੇ, ਅਨਹਦ ਨਾਦੀ ਨਾਦ ਵਜਾਈਆ । ਖੇਲ ਵਖਾਵਾਂ ਸ੍ਰੀ ਭਗਵਾਨ ਦੇ, ਜੋ ਸਭ ਦਾ ਮਾਲਕ ਇਕੋ ਰੂਪ ਸਮਾਈਆ । ਝਗੜੇ ਚੁਕਾਵਾਂ ਆਵਣ ਜਾਣ ਦੇ, ਜਿਨ੍ਹਾਂ ਭਗਤਾਂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਪਿਆਰਾ, ਪ੍ਰੇਮੀ ਪ੍ਰੇਮਿਕਾ ਆਪਣੇ ਵਿਚ ਸਮਾਈਆ । ਜੁਗ ਚੌਕੜੀ ਲੈ ਅਵਤਾਰਾ, ਗੁਰ ਗੁਰ ਧਾਰ ਬੰਧਾਈਆ । ਨਾਮ ਅਗੰਮੀ ਬੋਲ ਜੈਕਾਰਾ, ਢੋਲਾ ਸਚ ਸੁਣਾਈਆ । ਹੁਕਮੀ ਹੁਕਮ ਕਰ ਵਰਤਾਰਾ, ਵੇਖਾਂ ਥਾਉਂ ਥਾਈਂਆ । ਬ੍ਰਹਿਮੰਡ ਖੰਡ ਹੁਲਾਰਾ, ਪੁਰੀ ਲੋਅ ਆਕਾਸ਼ ਪਾਤਾਲ ਧਰਨੀ ਧਰਤ ਧਵਲ ਸੁਹਾਈਆ । ਭਗਤਨ ਮੀਤਾ ਹੋ ਕੇ ਦੇਵਾਂ ਆਧਾਰਾ, ਸੰਤ ਸੁਹੇਲਾ ਸੰਗ ਨਿਭਾਈਆ । ਗੁਰਮੁਖਾਂ ਕਰਾ ਸਚ ਵਣਜਾਰਾ, ਸੌਦਾ ਸਾਚੇ ਹੱਟ ਵਿਕਾਈਆ । ਗੁਰਸਿੱਖਾਂ ਚਰਨ ਪ੍ਰੀਤੀ ਦੇ ਭੰਡਾਰਾ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਸਤਿ ਸਤਿ ਵਸਤ ਦੇ ਕੇ ਥਾਰਾ, ਥਿਰ ਘਰ ਸਾਚੇ ਦਿਆਂ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਸ਼ਹਿਨਸ਼ਾਹੀਆ । ਸਤਿਗੁਰ ਸ਼ਬਦ ਕਹੇ ਮੈਂ ਸਰਬ ਸਵਾਮੀ, ਪੁਰਖ ਅਕਾਲ ਦਿਤੀ ਵਡਿਆਈਆ । ਬਿਨ ਮੇਰੀ ਕਿਰਪਾ ਕੋਈ ਨਾ ਜਾਵੇ ਦੇਸ ਅਨਾਮੀ, ਸਚ ਦਵਾਰਾ ਵੇਖਣ ਕੋਇ ਨਾ ਪਾਈਆ । ਬਿਨ ਮੇਰੀ ਇਛਿਆ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ ਕੋਈ ਨਾ ਗਾਵੇ ਬਾਣੀ, ਰਾਗ ਅਨਰਾਗ ਤਾਲ ਨਾ ਕੋਇ ਵਜਾਈਆ । ਬਿਨ ਮੇਰੀ ਕਿਰਪਾ ਅੰਮ੍ਰਿਤ ਜਲ ਪੀਵੇ ਕੋਈ ਨਾ ਪਾਣੀ, ਅਠਸਠ ਮਿਲੇ ਨਾ ਕੋਇ ਵਡਿਆਈਆ । ਬਿਨ ਮੇਰੀ ਕਿਰਪਾ ਸਤਿ ਧਰਮ ਦੀ ਦਿਸੇ ਨਾ ਕੋਇ ਨਿਸ਼ਾਨੀ, ਸਚਾ ਮਾਰਗ ਨਾ ਕੋਇ ਲਗਾਈਆ । ਬਿਨ ਮੇਰੀ ਕਿਰਪਾ ਕਿਸੇ ਦਾ ਮੁਕੇ ਨਾ ਆਵਣ ਜਾਣੀ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਬਿਨ ਮੇਰੀ ਕਿਰਪਾ ਝਗੜਾ ਮੁਕੇ ਨਾ ਚਾਰੇ ਖਾਣੀ, ਚਾਰ ਕੁੰਟ ਵੱਜੇ ਨਾ ਸਚ ਵਧਾਈਆ । ਬਿਨ ਮੇਰੀ ਕਿਰਪਾ ਸੁਰਤ ਸਵਾਣੀ ਮਿਲੇ ਨਾ ਆਪਣੇ ਹਾਣੀ, ਘਰ ਸੱਜਣ ਜੋੜ ਨਾ ਕੋਇ ਜੁੜਾਈਆ । ਬਿਨ ਮੇਰੀ ਕਿਰਪਾ ਕੋਈ ਵੇਖੇ ਨਾ ਪਦ ਨਿਰਬਾਣੀ, ਮੰਜ਼ਲ ਆਪਣੀ ਰਾਹ ਤਕਾਈਆ । ਬਿਨ ਮੇਰੀ ਕਿਰਪਾ ਸ੍ਰਿਸ਼ਟ ਸਬਾਈ ਸਭ ਦੀ ਦਿਸੇ ਹਾਨੀ, ਸਿਰ ਸਕੇ ਨਾ ਕੋਇ ਉਠਾਈਆ । ਸਤਿਗੁਰ ਸ਼ਬਦ ਕਹੇ ਇਹ ਮੇਰੀ ਵਡੀ ਮਿਹਰਵਾਨੀ, ਜੁਗ ਜੁਗ ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਲੋਕਮਾਤ ਪਾਰ ਲੰਘਾਈਆ । ਮੇਰੇ ਪ੍ਰੇਮ ਪਿਆਰ ਮੁਹੱਬਤ ਦੀ ਸਚ ਤੁਗ਼ਿਆਨੀ, ਕੂੜੀ ਕਿਰਿਆ ਏਕਾ ਵਾਰ ਦਏ ਰੁੜ੍ਹਾਈਆ । ਜਿਸ ਨੂੰ ਸਮਝ ਨਾ ਸਕੇ ਕੋਇ ਵਿਦਵਾਨੀ, ਜਗਤ ਵਿਦਿਆ ਬੈਠੀ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਦਾ ਸਦਾ ਅਹਿਸਾਨੀ, ਜੋ ਪ੍ਰੇਮ ਪਾ ਕੇ ਪਿਆਰ ਵਿਚ ਅਹਿਸਾਨ ਮੇਰੇ ਉਤੇ ਚੜ੍ਹਾਈਆ ।



੬੫੦

✻ ੨੨ ਚੇਤ ਸ਼ਹਿਨਸ਼ਾਹੀ ਸੰਮਤ ੧ ਅਮਰੀਕ ਸਿੰਘ ਦੇ ਗ੍ਰਿਹ ਪਿੰਡ ਸਰਾਈਂ ਜ਼ਿਲਾ ਹੁਸ਼ਿਆਰ ਪੁਰ ✻

ਪ੍ਰੇਮ ਕਿੰਗ ਕਹੇ ਮੈਂ ਰਹੀ ਵਜਦੀ, ਜੁਗ ਚੌਕੜੀ ਲੋਕਮਾਤ ਸੇਵ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਰਹੀ ਭੱਜਦੀ, ਬਣ ਬਣ ਪਾਂਧੀ

ਰਾਹੀਆ । ਰਾਗਾਂ ਨਾਦਾਂ ਸਵਾਦਾਂ ਵਿਚੋਂ ਰਹੀ ਲਭਦੀ, ਤਰਾਨਿਆਂ ਨਾਲ ਵਡਿਆਈਆ । ਜੰਗਲ ਜੂਹ ਉਜਾੜ ਪਹਾੜ ਕੂਕਾਂ ਮਾਰਦੀ ਰਹੀ ਸਦ ਦੀ, ਨਾਅਰੇ ਹਕ ਹਕ ਦ੍ਰਿੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੀ ਆਸਾ ਪੂਰੀ ਨਾ ਹੋਈ ਸਾਚੇ ਹੱਜ ਦੀ, ਬਿਨ ਕਾਅਬਿਉਂ ਕਾਅਬਾ ਦਏ ਵਖਾਈਆ । ਸਚ ਕਹਾਣੀ ਜਨ ਭਗਤੋ ਦੱਸਾਂ ਪ੍ਰੀਤ ਪ੍ਰਭ ਪਰਮ ਪੁਰਖ ਅਤੇ ਰੱਬ ਦੀ, ਜੋ ਜਲਵਾ ਨੂਰ ਜ਼ਹੂਰ ਇਕ ਖ਼ੁਦਾਈਆ । ਸੁਨੇਹੜਾ ਦੇਵਾਂ ਖ਼ੁਸ਼ੀਆਂ ਨਾਲ ਹਸਦੀ, ਅੰਤਰ ਆਪਣੀ ਖ਼ਾਹਸ਼ ਪਰਗਟਾਈਆ । ਜੇ ਕੋਈ ਮੈਥੋਂ ਗੱਲ ਪੁਛੇ ਘੜੀ ਸੁਹੰਜਣੀ ਅੱਜ ਦੀ, ਪਰਦਾ ਲਾਹ ਕੇ ਦਿਆਂ ਸਮਝਾਈਆ । ਜਿਹੜੀ ਕਲਗੀ ਕਲਗੀਧਰ ਦੇ ਸੀਸ ਉਤੇ ਸਜਦੀ, ਸੱਜਣ ਜਣਾਵੇ ਧੁਰਦਰਗਾਹੀਆ । ਮੈਂ ਓਸਦਾ ਦਰਸ਼ਨ ਕਰ ਕਰ ਰਜਦੀ, ਨੇਤਰ ਨੈਣ ਖ਼ੁਸ਼ੀ ਮਨਾਈਆ । ਜਿਸਦੇ ਕੋਲ ਅੰਮ੍ਰਿਤ ਧਾਰ ਅਗੰਮੀ ਰਸ ਮੁਧ ਦੀ, ਨਾਮ ਖ਼ੁਮਾਰੀ ਦਏ ਚੜ੍ਹਾਈਆ । ਚਿੰਤਾ ਮੁਕਾਵੇ ਹੱਡ ਹੱਡ ਦੀ, ਨਾੜੀ ਨਾੜੀ ਕਰੇ ਰੁਸ਼ਨਾਈਆ । ਜਿਸ ਦੀ ਪ੍ਰੇਮ ਪ੍ਰੀਤੀ ਦੋ ਜਹਾਨਾਂ ਵਿਚੋਂ ਚੰਗੀ ਲਗਦੀ, ਅਣਿਆਲੇ ਤੀਰ ਰਹੀ ਚਲਾਈਆ । ਜਿਸ ਦੀ ਜੋੜੀ ਜੋੜੀ ਚਮਕੌਰ ਸਰਹੰਦ ਵਿਚ ਫਬਦੀ, ਫ਼ੈਸਲੇ ਧੁਰਦੇ ਗਿਆ ਕਰਾਈਆ । ਓਸਦੀ ਵੇਲ ਵੇਖੋ ਵਧਦੀ, ਧਰਨੀ ਧਰਤ ਧਵਲ ਸੋਭਾ ਪਾਈਆ । ਓਸ ਦੀ ਕਲਾ ਵੇਖੋ ਚੜ੍ਹਦੀ, ਦੋ ਜਹਾਨ ਕਰੇ ਰੁਸ਼ਨਾਈਆ । ਮੈਂ ਓਸੇ ਦੇ ਗੀਤ ਰਟਦੀ, ਸਿਫ਼ਤਾਂ ਸਿਫ਼ਤ ਸਾਲਾਹੀਆ । ਮਸਤੀ ਵੇਖ ਨੂਰਾਨੀ ਅੱਖ ਦੀ, ਆਖ਼ਰ ਆਪਣਾ ਆਪ ਭੁਲਾਈਆ । ਗਾਵਣ ਵਜਾਵਣ ਵਾਲਿਓ ਤੁਹਾਨੂੰ ਕੀ ਮੈਂ ਦੱਸਦੀ, ਤੂੰ ਹੀ ਤੂੰ ਰਾਗ ਅਲਾਈਆ । ਮੈਂ ਓਸੇ ਦੇ ਚਰਨਾਂ ਉਤੇ ਢਠਦੀ, ਜੋ ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਸਿਰ ਕ਼ਦਮਾਂ ਉਤੇ ਸਟਦੀ, ਜੋ ਦੁਰਮਤ ਮੈਲ ਦਏ ਧਵਾਈਆ । ਇਕੋ ਲਾਹ ਦਰ ਤੇ ਖਟਦੀ, ਅਗੇ ਦਾ ਖਟਕਾ ਰਹੇ ਨਾ ਰਾਈਆ । ਇਹ ਖੇਲ ਨਹੀਂ ਕੋਈ ਬਾਜ਼ੀਗਰ ਨਟ ਦੀ, ਸਵਾਂਗੀ ਸਵਾਂਗ ਨਾ ਕੋਇ ਰਚਾਈਆ । ਇਹ ਧਾਰ ਪੁਰਖ ਸਮਰਥ ਦੀ, ਮਹਿੰਮਾ ਸ਼ਬਦ ਅਕਥ ਪੜ੍ਹਾਈਆ । ਜਿਸ ਦੇ ਕੋਲ ਵਸਤ ਅਮੋਲਕ ਉਹ ਨਜ਼ਰੀ ਆਏ ਸਭ ਦੀ, ਦੇਵਣਹਾਰ ਬੇਪਰਵਾਹੀਆ । ਜਿਸ ਦੇ ਅੰਤਰ ਜੋਤ ਅਕਾਲ ਇਕੋ ਜਗ ਦੀ, ਨੂਰੋ ਨੂਰ ਨੂਰ ਰੁਸ਼ਨਾਈਆ । ਕਿੰਗ ਕਹੇ ਮੇਰੀ ਪੁਰਾਨੀ ਆਸਾ ਕਦ ਕੀ, ਕ਼ੁਦਰਤ ਦਾ ਕ਼ਾਦਰ ਰਿਹਾ ਕਰਾਈਆ । ਮੈਂ ਅਗੇ ਹੋ ਕੇ ਵਧਦੀ, ਆਪਣਾ ਸੀਸ ਝੁਕਾਈਆ । ਗੋਬਿੰਦ ਜੇ ਤੂੰ ਆਇਉਂ ਖ਼ਾਤਰ ਜਗ ਲਈ, ਜਾਗਰਤ ਜੋਤ ਕਰ ਰੁਸ਼ਨਾਈਆ । ਹੁਣ ਰਹਿਣਾ ਤੈਥੋਂ ਅੱਡ ਨਹੀਂ, ਵਿਛੜਿਆਂ ਲੈ ਮਿਲਾਈਆ । ਹੇਰਾ ਫੇਰੀ ਦਾ ਕਰਨਾ ਕੋਈ ਪੱਜ ਨਹੀਂ, ਝਗੜਾ ਦੂਈ ਦੇਣਾ ਮਿਟਾਈਆ । ਇਕ ਓਟ ਤੇਰੀ ਤਕ ਲਈ, ਆਸਾ ਇਕ ਪਰਗਟਾਈਆ । ਜੇ ਕਿਰਪਾ ਕਰਕੇ ਦਵਾਰੇ ਆਪਣੇ ਸੱਦ ਲਈ, ਸੇਵਾ ਸਚ ਦਸਾਈਆ । ਮੈਂ ਪ੍ਰੇਮ ਪਿਆਰ ਅੰਦਰ ਆ ਕੇ ਵੱਝ ਗਈ, ਵਜਹ ਵਜ਼ਾਹਤ ਨਾਲ ਦਿਤੀ ਸੁਣਾਈਆ । ਲੱਖ ਚੁਰਾਸੀ ਦੇ ਗੇੜ ਵਿਚੋਂ ਕੱਢ ਲਈ, ਬਨਾਸਪਤ ਤੇਰੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕਿੰਗ ਕਹੇ ਜਿਸ ਵੇਲੇ ਮੈਨੂੰ ਪੋਟੇ ਨਾਲ ਲਾਈ ਧੁਨਕੀ, ਸੁਰ ਤਾਲ ਦਿਤਾ ਬਣਾਈਆ । ਮੇਰੀ ਸੁੰਨ ਅਗੰਮ ਖੁਲ੍ਹ ਗਈ, ਪਰਦਾ ਰਿਹਾ ਨਾ ਰਾਈਆ । ਮੈਂ ਕੰਡੇ ਅਨੋਖੇ ਤੁਲ ਗਈ, ਜਿਸ ਦਾ ਵਜ਼ਨ ਨਾ ਕੋਇ ਸਮਝਾਈਆ । ਮੈਂ ਲੋਕਮਾਤ ਮੂਲ ਨਾ ਰੁਲ ਗਈ, ਕਮਲੀ ਕੋਝੀ ਮਿਲੀ ਵਡਿਆਈਆ । ਮੈਂ ਗੁਲਸ਼ਨ ਦੇ ਫੁੱਲ ਵਾਂਗ ਖਿਲ ਗਈ, ਜਿਸ ਦੀ ਟਹਿਕ ਮਹਿਕ ਸੁਗੰਧ ਵਿਚ ਛੁਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਕਿੰਗ ਕਹੇ ਮੇਰੀ ਸਾਥਣ ਇਕ ਹੋਰ ਢੱਡ, ਜੋ ਆਪਣਾ ਤਾਲ ਵਜਾਈਆ । ਜਿਸ ਦੀ ਸਮਝ ਸਕੇ ਨਾ ਕੋਈ ਯਦ, ਪਰਦਾ ਓਹਲਾ ਨਾ ਕੋਇ ਉਠਾਈਆ । ਓਸੇ ਦੇ ਉਤੇ ਵਜਦਾ ਵਾਰੋ ਵਾਰੀ ਹੱਥ, ਉਂਗਲਾ ਆਪਣਾ ਤਾਲ ਜਣਾਈਆ । ਉਹ ਅੰਦਰੋਂ ਕਹੇ ਮੈਂ ਬੋਲਾਂ ਸਚ, ਸਚ ਦਿਆਂ ਜਣਾਈਆ । ਮੈਂ ਬਾਹਰੋਂ ਮਾਟੀ ਕਚ, ਕੂੜੀ ਜੜਤ ਦਿਤੀ ਜੜਾਈਆ । ਜਗਤ ਅਖਾੜਿਆਂ ਵਿਚ ਸਦਾ ਰਹੀ ਨਚ, ਢੋਲਿਆਂ ਵਾਲੇ ਰਾਗ ਸੁਣਾਈਆ । ਢੱਡ ਕਹੇ ਜੇ ਸਚ ਪੁਛੋਂ ਮੇਰੀ ਅੰਦਰੋਂ ਖੁਲ੍ਹੀ ਅੱਜ ਅੱਖ, ਨਿਜ ਨੇਤਰ ਹੋਈ ਰੁਸ਼ਨਾਈਆ । ਜਿਸ ਸਾਹਿਬ ਸਤਿਗੁਰ ਨੂੰ ਦੋ ਜਹਾਨ ਰਹੇ ਲਭ, ਪ੍ਰਕਾਸ਼ ਅਕਾਸ਼ ਵੇਖਣ ਥਾਉਂ ਥਾਈਂਆ । ਜਿਸ ਦਾ ਨਾਮ ਸਿਮਰਨ ਪੂਜਾ ਪਾਠ ਕਰਨ ਜਪ, ਅਭਿਆਸ ਵਿਚ ਧਿਆਨ ਲਗਾਈਆ । ਜਿਸ ਨੂੰ ਖੋਜਦੇ ਉਤੇ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਜਿਸ ਦੇ ਕਾਰਨ ਮਣਕੇ ਮਾਲਾ ਰਹੇ ਰਟ, ਤਸਬੀ ਗਲਾਂ ਵਿਚ ਲਟਕਾਈਆ । ਜਿਸ ਦੇ ਵਾਸਤੇ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਰਹੇ ਭੱਜ, ਬਣ ਬਣ ਪਾਂਧੀ ਰਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਘਰ ਠਾਕਰ ਪਾਇਆ ਸਮਰਥ, ਗਹਿਰ ਗੰਭੀਰ ਬੇਨਜ਼ੀਰ ਸ਼ਾਹ ਹਕੀਰ ਨਜ਼ਰੀ ਆਈਆ । ਢੱਡ ਕਹੇ ਵਜਾਵਣ ਵਾਲਿਓ ਇਸ ਦੇ ਕੋਲੋਂ ਮੰਗ ਲਓ ਉਹ ਵਥ, ਜਿਹੜੀ ਵਿਸ਼ਨੂੰ ਝੋਲੀ ਕਿਸੇ ਨਾ ਪਾਈਆ । ਪ੍ਰੇਮ ਪਿਆਰ ਨਾਲ ਦੇ ਕੇ ਜਾਵੇ ਬ੍ਰਹਮ ਮਤਿ, ਮਨਮਤ ਕੂੜੀ ਦਏ ਗਵਾਈਆ । ਨਿਝਰ ਝਿਰਨਾ ਝਰਾਏ ਅੰਮਿਉਂ ਰਸ, ਨਾਭੀ ਕਵਲ ਦਏ ਉਲਟਾਈਆ । ਨਿਰਗੁਣ ਨੂਰ ਜੋਤ ਕਰੇ ਪ੍ਰਕਾਸ਼, ਘਰ ਘਰ ਵਿਚ ਦੀਵਾ ਬਾਤੀ ਕਮਲਾਪਾਤੀ ਇਕੋ ਡਗਮਗਾਈਆ । ਸ਼ਬਦ ਅਗੰਮੀ ਅਨਹਦ ਅਨਾਦੀ ਧੁਰ ਲਗਾਵੇ ਸੱਟ, ਅਨੁਰਾਗੀ ਰਾਗ ਸੁਣਾਈਆ । ਬੇਸ਼ਕ ਮੈਂ ਤੁਹਾਡੇ ਹੱਥਾਂ ਨਾਲ ਰਹੀ ਵੱਜ, ਇਸ਼ਾਰਿਆਂ ਨਾਲ ਆਪਣਾ ਤਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਕਿੰਗ ਕਹੇ ਮੇਰੀ ਵੇਖੋ ਤੰਦ ਤੰਦ ਸਤਾਰ, ਜੋ ਆਪਣਾ ਹਾਲ ਸੁਣਾਈਆ । ਇਕੋ ਪਰਵਰਦਿਗਾਰ ਸਾਂਝੇ ਯਾਰ ਕਰੋ ਪਿਆਰ, ਜੋ ਲਾਸ਼ਰੀਕ ਨੂਰੋ ਨੂਰ ਨਜ਼ਰੀ ਆਈਆ । ਮੁਕਾਮੇ ਹਕ ਸਚਖੰਡ ਵੇਖੋ ਇਕੋ ਧਾਰ, ਦੂਜਾ ਇਸ਼ਟ ਨਾ ਕੋਈ ਵਖਾਈਆ । ਜੁਗ ਚੌਕੜੀ ਨਿਤ ਨਵਿਤ ਜਿਸ ਦੀ ਮਹਿੰਮਾ ਕਰਦੇ ਗੁਰ ਅਵਤਾਰ, ਪੀਰ ਪੈਗ਼ੰਬਰ ਢੋਲੇ ਰਾਗ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਕਰਨ ਪੁਕਾਰ, ਅੰਜੀਲ ਕੁਰਾਨ ਤੀਸ ਬਤੀਸਾ ਹਦੀਸਾ ਇਕ ਸੁਣਾਈਆ । ਓਸ ਸਵਾਮੀ ਦਾ ਸਚ ਸਜਿਆ ਵੇਖੋ ਦਰਬਾਰ, ਜਿਥੇ ਜੋਤ ਜਗੇ ਅਪਾਰ, ਸ਼ਬਦੀ ਨਾਦ ਰਿਹਾ ਵਜਾਈਆ । ਜਿਹੜੀ ਗਾਈ ਤੁਸਾਂ ਵਾਰ, ਇਹ ਖੇਲ ਹਰਿ ਕਰਤਾਰ, ਗੋਬਿੰਦ ਵੇਖੇ ਵਿਚ ਸੰਸਾਰ, ਧਰਤ ਧਵਲ ਦਿਤੀ ਮਾਣ ਵਡਿਆਈਆ । ਚਾਰੇ ਸੁਤ ਵੇਖ ਦੁਲਾਰ, ਚਾਰੇ ਜੁਗ ਜੜ੍ਹ ਦਿਤੀ ਉਖਾੜ, ਚਾਰ ਕੁੰਟ ਚਾਰ ਵਰਨ ਬਖ਼ਸ਼ ਇਕ ਸਰਨਾਈਆ । ਕਿੰਗ ਕਹੇ ਮੈਂ ਓਸੇ ਦੀ ਕਰਾਂ ਗੁਫ਼ਤਾਰ, ਜੋ ਗੁਫ਼ਤ ਸ਼ਨੀਦ ਆਪਣੀ ਕਾਰ ਕਮਾਈਆ । ਮੇਰੇ ਅੰਦਰ ਇਕ ਇਜ਼ਹਾਰ, ਜਿਸਦਾ ਖੇਲ ਸਦਾ ਨਿਆਰ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਢੱਡ ਕਹੇ ਮੈਨੂੰ ਕੋਈ ਨਾ ਜਾਣਿਓ ਢੋਲਕ, ਡੱਗਾ ਧੁਰ ਦਾ ਨਾਮ ਜਣਾਈਆ । ਸਤਿਗੁਰ ਸ਼ਬਦ ਇਕ ਅਮੋਲਕ, ਅਕਲ ਦੇ ਵਡਿਆਈਆ । ਰੱਖਕੇ ਵੇਖੋ ਆਪਣੀ ਕਾਇਆ ਗੋਲਕ, ਸਾਢੇ ਤਿੰਨ ਹੱਥ ਪਰਦਾ ਲਾਹੀਆ । ਪਰਮ ਪੁਰਖ

ਪਤਿਪਰਮੇਸ਼ਵਰ ਵੇਖੇ ਅਡੋਲਤ, ਸਚ ਸਵਾਮੀ ਬੈਠਾ ਸੋਭਾ ਪਾਈਆ । ਜਿਸ ਦਾ ਨਾਮ ਨਿਧਾਨ ਸਦਾ ਅਨਬੋਲਤ, ਰਸਨਾ ਜਿਹਵਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਕਿੰਗ ਕਹੇ ਜਿਸ ਵੇਲੇ ਗਾਇਆ ਰਾਗ, ਬੈਖਰੀ ਰੂਪ ਵਟਾਈਆ । ਮੇਰੇ ਅੰਤਰ ਉਪਜਿਆ ਇਕ ਵੈਰਾਗ, ਕੂੜ ਕੁੜਿਆਰੇ ਵੈਰੀ ਦਿਤੇ ਖਪਾਈਆ । ਮੇਰੀ ਜਨਮ ਜਨਮ ਦੀ ਬੁਝੀ ਤ੍ਰਿਸ਼ਨਾ ਆਗ, ਹਉਮੇ ਰੋਗ ਦਿਤਾ ਮੁਕਾਈਆ । ਮੇਰੇ ਅੰਦਰੋਂ ਆਈ ਇਕ ਆਵਾਜ਼, ਧੁਰ ਦਾ ਨਾਅਰਾ ਰਹੀ ਜਣਾਈਆ । ਮੇਰੀ ਸੁਰਤੀ ਗਈ ਜਾਗ, ਮੇਰੇ ਲੋਚਨ ਲਈ ਅੰਗੜਾਈਆ । ਮੇਰੇ ਅੰਤਰ ਆਇਆ ਸਵਾਦ, ਅੰਮ੍ਰਿਤ ਰਸ ਚਵਾਈਆ । ਮੇਰਾ ਰਸਨਾ ਵਾਲਾ ਹੋਇਆ ਸਾਜ, ਰਬਾਬ ਅਹਿਬਾਬ ਰੂਪ ਵਟਾਈਆ । ਮੈਂ ਕੂੜੀ ਕਿਰਿਆ ਜਗਤ ਤਿਆਗ, ਵੈਰਾਗੀ ਰੂਪ ਬਣਾਈਆ । ਧੰਨ ਭਾਗ ਸੁਲਖਣੀ ਘੜੀ ਹਰਿ ਮਿਲਿਆ ਕੰਤ ਸੁਹਾਗ, ਜਗਤ ਵਿਜੋਗ ਦਿਤਾ ਮਿਟਾਈਆ । ਕਰ ਕਿਰਪਾ ਜਗਤ ਕਿਰਿਆ ਵਿਚੋਂ ਕਾਢ, ਆਪਣੇ ਰੰਗ ਰੰਗਾਈਆ । ਤੇਰੇ ਵਿਚ ਹੋਵਾਂ ਵਿਸਮਾਦ, ਬਿਸਮਲ ਹੋ ਕੇ ਸੇਵ ਕਮਾਈਆ । ਧੰਨ ਭਾਗ ਜੇ ਮਿਲਿਉਂ ਆਜ, ਫੇਰ ਲੱਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇ ਮਾਣ ਵਡਿਆਈਆ । ਢੱਡ ਕਹੇ ਜਿਸ ਵੇਲੇ ਮੇਰੇ ਉਤੇ ਵੱਜਾ ਧੱਫਾ, ਉਂਗਲਾਂ ਅਦਲ ਬਦਲ ਕੇ ਲਾਈਆ । ਮੈਨੂੰ ਮਿਲ ਗਿਆ ਉਹ ਗੱਫਾ, ਜੋ ਬੇਪਰਵਾਹ ਰਿਹਾ ਵਰਤਾਈਆ । ਮੈਨੂੰ ਯਾਦ ਆ ਗਿਆ ਢਾਢੀਆਂ ਵਾਲਾ ਪਿਛਲਾ ਸਫਾ, ਜੋ ਸੱਤਾ ਬਲਵੰਡਾ ਰਾਗ ਅਲਾਈਆ । ਜਿਨ੍ਹਾਂ ਦਾ ਮਜ਼ਮੂਨ ਸੀ ਇਕ ਨਿੱਕਾ, ਨਿਰੰਕਾਰ ਨਿਰੰਕਾਰ ਇਕੋ ਧਾਰ ਸੁਣਾਈਆ । ਜਿਸ ਦਾ ਖੇਲ ਸਦਾ ਅਣਡਿੱਠਾ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਉਹ ਮਾਲਕ ਖ਼ਾਲਕ ਬਣ ਕੇ ਆਇਆ ਧੁਰ ਦਾ ਪਿਤਾ, ਪਤਿਪਰਮੇਸ਼ਵਰ ਰੂਪ ਵਟਾਈਆ । ਲਕੜੀ ਚੰਮ ਕਹੇ ਜਿਸ ਮੇਰੇ ਨਾਲ ਕੀਤਾ ਹਿੱਤਾ, ਪ੍ਰੇਮ ਪ੍ਰੀਤੀ ਇਕ ਜਣਾਈਆ । ਮੈਂ ਓਸੇ ਦਰ ਤੇ ਵਿਕਾਂ, ਕ਼ੀਮਤ ਅਵਰ ਨਾ ਕੋਇ ਰਖਾਈਆ । ਜਿਸ ਦਾ ਮਾਰਗ ਸਭ ਤੋਂ ਸਿਧਾ, ਦੋ ਜਹਾਨ ਨਾ ਕੋਇ ਅਟਕਾਈਆ । ਕਿਸ ਬਿਧ ਆਪਣੇ ਮਿਲਣ ਦੀ ਆਪੇ ਬਣਾ ਲਈ ਬਿਧਾ, ਬਿਧਨਾ ਦਾ ਲੇਖ ਮੁਕਾਈਆ । ਓਸ ਦੀ ਸਿਫ਼ਤ ਵਿਚ ਢੋਲਾ ਗਾਵਾਂ ਕਿੱਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕਿੰਗ ਕਹੇ ਮੇਰੇ ਜਾਗੇ ਕਰਮ, ਨਿਹਕਰਮੀ ਦਏ ਵਡਿਆਈਆ । ਜਿਸ ਦੀ ਮਿਲ ਗਈ ਸਾਚੀ ਸਰਨ, ਸਰਨਗਤ ਇਕੋ ਹੋ ਆਈਆ । ਲਹਿਣਾ ਦੇਣਾ ਚੁਕਾ ਕੇ ਮਰਨ ਡਰਨ, ਭੈ ਭਉ ਨਾ ਕੋਇ ਵਖਾਈਆ । ਜਿਸ ਦਾ ਨਾਮ ਨਿਧਾਨ ਗਾ ਗਾ ਗੁਰਮੁਖ ਸੰਤ ਸੁਹੇਲੇ ਸਾਚੇ ਪੌੜੇ ਚੜ੍ਹਨ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਸਖ਼ੀਓ ਮੈਂ ਵੀ ਓਸੇ ਦਾ ਅੱਜ ਆਂਖਣ ਦਰਸ਼ਨ ਕਰਨ, ਜਿਸ ਦਾ ਦਰਸ ਦੀਦਾਰ ਦੀਦ ਚੰਦ ਚੰਦ ਰੁਸ਼ਨਾਈਆ । ਜੋ ਪੂਰਬ ਜਨਮ ਲਹਿਣੇ ਦੇਣੇ ਕਰਮ ਕੁਕਰਮ ਰਿਹਾ ਵਿਚਾਰ, ਭੇਵ ਅਭੇਦ ਧੁਰ ਦਾ ਦਏ ਖੁਲ੍ਹਾਈਆ । ਡੰਡੌਤ ਬੰਦਨਾ ਮੇਰੀ ਨਿਮਸਕਾਰ, ਸਜਦਾ ਕਰ ਕਰ ਖ਼ੁਸ਼ੀ ਮਨਾਈਆ । ਸੰਦੇਸ਼ੇ ਵਿਚ ਸਭ ਨੂੰ ਕਰਾਂ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਧੁਰ ਦਾ ਮਾਲਕ ਏਕੰਕਾਰ, ਅਕਲ ਕਲਧਾਰੀ ਆਪਣਾ ਵੇਸ ਵਟਾਈਆ । ਜਿਸ ਨੂੰ ਲਭਦੇ ਰਹੇ ਜੁਗ ਚਾਰ, ਨਵ ਨੌਂ ਚਾਰ ਆਪਣੀ ਅੱਖ ਖੁਲ੍ਹਾਈਆ । ਸੋ ਲੇਖਾ ਲਹਿਣਾ ਦੇਵਣਹਾਰ, ਧੁਰ ਦੀ ਵਸਤ ਰਿਹਾ ਵਰਤਾਈਆ । ਮੇਰੇ ਲਹਿਣੇ ਵਿਚ ਪਾਏ ਅੱਜ ਦਿਹਾੜ, ਸੇਵਾ ਸਚ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੬੫੩

ਕਰ, ਸਿਰ ਆਪਣਾ ਹੱਥ ਰਖਾਈਆ । ਢੱਡ ਕਿੰਗ ਕਹੇ ਅਸਾਂ ਦੋਹਾਂ ਮਿਲ ਕੇ ਗਾਇਆ ਗੀਤ, ਸੋਹਣੀ ਸੇਵ ਕਮਾਈਆ । ਕਿਰਪਾ ਕਰ ਕੇ ਸਾਡੀ ਬਦਲ ਦੇਵੇ ਨੀਤ, ਅੰਤਰ ਅੰਤਰ ਦਏ ਬਦਲਾਈਆ । ਅੰਮ੍ਰਿਤ ਰਸ ਭਰਦੇ ਕਾਇਆ ਕੌੜੇ ਰੀਠ, ਦੁਰਮਤ ਮੈਲ ਧਵਾਈਆ । ਸਵਾਮੀ ਹੋ ਕੇ ਵਸੇ ਚੀਤ, ਮਨ ਚਿਤ ਠਗੋਰੀ ਕੋਇ ਨਾ ਪਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਉਡੀਕ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਚਾਰੇ ਬਾਣੀ ਚਾਰੇ ਖਾਣੀ ਕਰੇ ਜਿਸਦੀ ਤਸਦੀਕ਼, ਸੋ ਤਸੱਵਰ ਆਪਣਾ ਆਪ ਰਿਹਾ ਕਰਾਈਆ । ਜਿਸ ਦੀ ਧਾਰਾ ਸਦਾ ਬਾਰੀਕ, ਜਗਤ ਜੀਵ ਸਮਝ ਸਕੇ ਨਾ ਰਾਈਆ । ਸੋ ਠਾਕਰ ਸਵਾਮੀ ਵੇਖਿਆ ਠੀਕ, ਜੋ ਠੋਕਰ ਆਪਣੇ ਨਾਮ ਲਗਾਈਆ । ਸਾਚਾ ਕਲਮਾ ਦੱਸੇ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਜੋ ਵੇਖਣਹਾਰਾ ਖੇਲ ਬੀਸ ਇਕੀਸ, ਨਿਰਗੁਣ ਸਰਗੁਣ ਰੂਪ ਵਟਾਈਆ । ਜਿਸ ਦੀ ਸਭ ਤੋਂ ਵਖਰੀ ਨਿਰਾਲੀ ਤਰਤੀਬ, ਤਰਾ ਤਰਾ ਦਏ ਜਣਾਈਆ । ਸੋ ਦੂਰ ਦੁਰਾਡਾ ਚਲ ਕੇ ਆਇਆ ਕ਼ਰੀਬ, ਨੇਰਨ ਨੇਰਾ ਸੋਭਾ ਪਾਈਆ । ਜਿਸ ਦੀ ਸਿਫ਼ਤਾਂ ਨਾਲ ਸਾਰੇ ਕਰਨ ਤਮਹੀਦ, ਢੋਲਿਆਂ ਵਿਚ ਜਣਾਈਆ । ਓਸ ਦਾ ਰੂਪ ਅਨੂਪ ਅਜੀਬ, ਅਜਬ ਲੀਲਾ ਰਿਹਾ ਵਰਤਾਈਆ । ਪਾਰ ਉਤਾਰਨ ਆਇਆ ਜਗਤ ਨਿਮਾਣੇ ਗ਼ਰੀਬ, ਹੰਕਾਰਿਆਂ ਗ਼ੁਰਬਤ ਦਏ ਮਿਟਾਈਆ । ਢੱਡ ਕਿੰਗ ਕਹੇ ਸਾਡੇ ਬਦਲ ਜਾਏ ਨਸੀਬ, ਮਿਹਰ ਨਜ਼ਰ ਇਕ ਟਿਕਾਈਆ । ਲੋੜ ਰਹੇ ਨਾ ਪੜ੍ਹਨ ਦੀ ਕ਼ੁਰਾਨ ਸ਼ਰੀਫ਼, ਮਸਲਾ ਹਲ ਕਰ ਵਖਾਈਆ । ਆਪਣੇ ਨਾਮ ਦੀ ਦੇ ਕੇ ਜਾਵੇ ਭੀਖ, ਭਿਛਿਆ ਧੁਰ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਧੁਰ ਦੇ ਰਿਹਾ ਚੁਕਾਈਆ । ਢੱਡ ਕਿੰਗ ਕਹੇ ਜਿਨ੍ਹਾਂ ਸਾਡੇ ਨਾਲ ਮਿਲਕੇ ਗਾਇਆ, ਸ਼ਰੀਰ ਪੰਜ ਤਤ ਰਖਾਈਆ । ਪੁਰਖ ਅਕਾਲ ਦੀਨ ਦਿਆਲ ਉਨ੍ਹਾਂ ਦਾ ਹੋਣਾ ਆਪ ਸਹਾਇਆ, ਸਿਰ ਆਪਣਾ ਹੱਥ ਟਿਕਾਈਆ । ਕੂੜੀ ਕਿਰਿਆ ਮੇਟ ਕੇ ਤ੍ਰੈਗੁਣ ਮਾਇਆ, ਤ੍ਰੈਭਵਣ ਧਨੀ ਆਪਣਾ ਰੰਗ ਦੇਣਾ ਚੜ੍ਹਾਈਆ । ਬਿਰਥਾ ਨਾ ਜਾਏ ਤੇਰੇ ਪ੍ਰੇਮ ਦਾ ਢੋਲਾ ਗਾਇਆ, ਸੋਹਲਾ ਤੇਰਾ ਨਾਮ ਵਡਿਆਈਆ । ਦੀਨ ਦਿਆਲ ਵਿਚੋਲਾ ਬਣ ਕੇ ਜੇ ਤੂੰ ਲੋਕਮਾਤ ਆਇਆ, ਜਨ ਭਗਤਾਂ ਬੇੜਾ ਪਾਰ ਕਰਾਈਆ । ਧੰਨ ਵਡਿਆਈ ਜਿਸ ਵੇਲਾ ਵਕ਼ਤ ਅੱਜ ਸੁਹਾਇਆ, ਸਮਰਥ ਤੇਰੀ ਬੇਪਰਵਾਹੀਆ । ਹਕ਼ੀਕ਼ਤ ਵਿਚੋਂ ਹੱਕ਼ ਮੰਗ ਮੰਗਾਇਆ, ਲਾਲਚ ਤਮਅ ਨਾ ਕੋਇ ਰਖਾਈਆ । ਨੇਤਰ ਲੋਚਨ ਨੈਣ ਤੇਰਾ ਦਰਸ਼ਨ ਪਾਇਆ, ਜਮ ਕਾ ਭੈ ਦੇਣਾ ਮਿਟਾਈਆ । ਰਾਏ ਧਰਮ ਨਾ ਦਏ ਸਜ਼ਾਇਆ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਗੋਦ ਸੁਆਇਆ, ਫੜ ਕੇ ਆਪਣੇ ਗਲੇ ਲੈਣਾ ਲਗਾਈਆ । ਚਰਨ ਸਰਨ ਸਰਨ ਚਰਨ ਪ੍ਰਭ ਤੇਰੀ ਓਟ ਤਕਾਇਆ, ਤਕ਼ਦੀਰ ਤਦਬੀਰ ਨਾਲ ਦੇਣੀ ਬਦਲਾਈਆ । ਪੀਰਾਂ ਦਾ ਪੀਰ ਬੇਨਜ਼ੀਰ ਲਾਤਸਵੀਰ ਨਵਾਂ ਨੂਰ ਨਜ਼ਰ ਆਇਆ, ਤਨ ਵਜੂਦ ਮਹਿਬੂਬ ਤੇਰਾ ਸਮਝ ਕੋਇ ਨਾ ਪਾਈਆ । ਤੇਰੇ ਪ੍ਰੇਮ ਦੇ ਅੰਦਰ ਸਾਚੇ ਮੰਦਰ ਇਕੋ ਰਾਗ ਸੁਣਾਇਆ, ਦੂਜਾ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਢੱਡ ਕਿੰਗ ਕਹੇ ਇਕ ਹੋਰ ਬੇਨੰਤੀ ਦੇਵਾਂ ਦੱਸ, ਆਰਜ਼ੂ ਅਰਜ਼ ਜਣਾਈਆ । ਕਿਰਪਾਲ ਠਾਕਰ ਸਭ ਕੁਛ ਤੇਰੇ ਵਸ, ਬੇਵਸ ਦਿਸੇ ਲੋਕਾਈਆ । ਜੋ ਬਾਲੇ ਨੱਢੇ ਬੁੱਢੇ ਇਸਤਰੀ ਪੁਰਸ਼ ਏਥੇ ਆਏ ਨੱਠ, ਆਪਣਾ ਪੰਧ ਮੁਕਾਈਆ । ਮਿਹਰ ਨਜ਼ਰ ਨਾਲ ਤੱਕ, ਨੇਤਰ ਨੈਣ ਨੈਣ ਖੁਲ੍ਹਾਈਆ । ਜੇ ਤੇਰਾ ਭੇਦ ਨਹੀਂ ਸਕੇ ਲਭ, ਅੰਦਰ ਵੜ ਕੇ ਦੇ ਸਮਝਾਈਆ । ਇਨ੍ਹਾਂ ਦੀ ਮੰਜ਼ਲ ਮੁਕਾ

ਦੇ ਪਿਛਲੀ ਹਦ, ਬ੍ਰਹਮ ਬ੍ਰਹਿਮਾਂਡ ਦੇ ਜਣਾਈਆ । ਜਿਨ੍ਹਾਂ ਨੇ ਗਾਇਆ ਇਸ ਦੇ ਦਰ ਤੋਂ ਖ਼ਾਲੀ ਕੋਈ ਨਾ ਜਾਵੇ ਅੱਜ, ਉਜਲ ਮੁਖ ਦੇਵੇ ਕਰਾਈਆ । ਪ੍ਰਭੂ ਤੇਰਾ ਕੀ ਜਾਣਾ ਘਟ, ਦਿੰਦਿਆਂ ਤੋਟ ਰਹੇ ਨਾ ਰਾਈਆ । ਮੁਹੱਬਤ ਵਿਚ ਪ੍ਰੀਤਮ ਬਣ ਕੇ ਵਸ, ਪਿਆਰ ਪਿਆਰ ਵਿਚ ਕੁੜਮਾਈਆ । ਜੇ ਇਹਨਾਂ ਦਾ ਨਹੀਂ ਤੇ ਆਪਣੇ ਕੋਲੋਂ ਦੇ ਦੇ ਹਕ, ਹਕੀਕਤ ਵਾਲੇ ਦੇ ਬਣਾਈਆ । ਰਾਤੀ ਸੁੱਤਿਆਂ ਨੂੰ ਘਰ ਘਰ ਦੇ ਦੇ ਦਰਸ, ਆਪਣਾ ਭੇਵ ਖੁਲ੍ਹਾਈਆ । ਗ਼ਰੀਬ ਉਧਾਰਨਾ ਤੇਰਾ ਫ਼ਰਜ਼, ਦੁਰਮਤ ਪਤਿਤ ਪਾਪੀਆਂ ਮੈਲ ਧਵਾਈਆ । ਜੇ ਅਮਰੀਕ ਸਿੰਘ ਤੈਨੂੰ ਲਿਆਂਦਾ ਸੱਦ, ਸਧਨੇ ਵਾਂਗ ਲੇਖੇ ਪੂਰੇ ਦੇ ਕਰਾਈਆ । ਖ਼ਾਲੀ ਮੁੜ ਕੇ ਕੋਈ ਨਾ ਜਾਵੇ ਆਪਣੇ ਹੱਥ, ਸਮਰਥ ਵਥ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਬਖ਼ਸ਼ ਸਚੀ ਸਰਨਾਈਆ । ਕਿੰਗ ਢੱਡ ਇਕ ਯਾਦ ਆ ਗਈ ਹੋਰ ਬਾਤ, ਦਰਦੀਆ ਤੈਨੂੰ ਦਿਆਂ ਸੁਣਾਈਆ । ਕਲਜੁਗ ਵੇਖ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਸ੍ਰਿਸ਼ਟੀ ਹੋਈ ਨਾਰ ਕਮਜ਼ਾਤ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਆਤਮ ਪਰਮਾਤਮ ਗਾਏ ਕੋਈ ਨਾ ਗਾਥ, ਮੁਖ ਰਸਨਾ ਜਿਹਵਾ ਕਰੇ ਪੜ੍ਹਾਈਆ । ਤੇਰਾ ਦਰਸ ਕੋਈ ਨਾ ਪਾਵੇ ਪੁਰਖ ਅਬਿਨਾਸ਼, ਨੇਤਰ ਲੋਚਨ ਨੈਣ ਨਜ਼ਰ ਕਿਸੇ ਨਾ ਆਈਆ । ਮੰਜ਼ਲ ਪੂਰੀ ਚੜ੍ਹੇ ਕੋਈ ਨਾ ਘਾਟ, ਉੱਤਰ ਪੂਰਬ ਪੱਛਮ ਦੱਖਣ ਰੁਲਦੀ ਵੇਖੀ ਲੋਕਾਈਆ । ਭਗਤ ਸੁਹੇਲੇ ਰੱਖਣ ਤੇਰੀ ਆਸ , ਪਿਆਸ ਵਿਚ ਬਿਹਬਲ ਹੋ ਕੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਦੇਣੀ ਇਕ ਵਡਿਆਈਆ । ਕਿੰਗ ਕਹੇ ਜਿਸ ਵੇਲੇ ਮੇਰਾ ਹਿਲਿਆ ਤੰਦ, ਤੰਬੂਰਾ ਇਕ ਵਜਾਈਆ । ਦੀਨ ਦਿਆਲ ਵੇਖਿਆ ਅਨੰਦ, ਰਹਿਮਤ ਦਾ ਮਾਲਕ ਇਕ ਗੁਸਾਈਆ । ਮੇਰਾ ਖ਼ੁਸ਼ੀ ਹੋ ਗਿਆ ਬੰਦ ਬੰਦ, ਬੰਦਗੀ ਵਿਚ ਸੀਸ ਨਿਵਾਈਆ । ਜਿਨ੍ਹਾਂ ਢੋਲਾ ਸਾਚਾ ਗਾਇਆ ਗੁਜਰੀ ਚੰਦ, ਚੰਦ ਸਤਾਰੇ ਦਏ ਬਣਾਈਆ । ਪੂਰੀ ਅਨੰਦ ਵਾਲੇ ਦੇ ਉਹ ਅਨੰਦ, ਜਿਹੜਾ ਖੋਜਿਆਂ ਹੱਥ ਨਾ ਆਈਆ । ਜਨਮ ਕਰਮ ਦੀ ਟੁੱਟੀ ਇਹਨਾਂ ਦੀ ਗੰਢ, ਇਹ ਵੀ ਬੇਨੰਤੀ ਵਿਚ ਸੁਣਾਈਆ । ਸਭ ਦੇ ਅੰਦਰ ਪਾ ਠੰਡ, ਅਗਨੀ ਤਤ ਦੇ ਬੁਝਾਈਆ । ਸੁਰਤ ਸਵਾਣੀ ਰਹੇ ਕੋਈ ਨਾ ਰੰਡ, ਸਤਿਗੁਰ ਸ਼ਬਦ ਹਾਣੀ ਜੋੜ ਜੁੜਾਈਆ । ਭਰਮਾਂ ਦੀ ਢਾਹ ਦੇ ਕੰਧ, ਪਰਦਾ ਓਹਲਾ ਦੇ ਉਠਾਈਆ । ਤੂੰ ਸਾਹਿਬ ਸੂਰਾ ਸਰਬੰਗ, ਅਲਪਗ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਢੱਡ ਕਹੇ ਜਿਸ ਵੇਲੇ ਮੈਂ ਕੂਕ ਪੁਕਾਰ ਕੀਤੀ ਨਾਲ ਜ਼ੋਰ, ਜ਼ੋਰਾਵਰ ਸਿੰਘ ਫ਼ਤਹਿ ਸਿੰਘ ਮਿਲੀ ਵਡਿਆਈਆ । ਜਿਸ ਦੇ ਹੱਥ ਸਭ ਦੀ ਡੋਰ, ਉਹ ਸ਼ਬਦੀ ਤੰਦ ਸਤਾਰ ਹਿਲਾਈਆ । ਮੈਂ ਅਗੇ ਵੇਖਿਆ ਕੁਛ ਹੋਰ, ਆਪਣਾ ਕ਼ਦਮ ਉਠਾਈਆ । ਜਿਸ ਦਾ ਮੰਤਰ ਫੁਰਨਾ ਫੇਰ, ਫੌਰਨ ਆਪਣਾ ਹੁਕਮ ਮਨਾਈਆ । ਅਜੀਤ ਜੁਝਾਰ ਚੜ੍ਹਾ ਕੇ ਘੋੜ, ਖ਼ਾਲੀ ਦੋਹਾਂ ਹੁਕਮ ਸੁਣਾਈਆ । ਤੁਹਾਡੀ ਬੱਚਿਓ ਓਸ ਨੂੰ ਲੋੜ, ਜਿਸ ਨੇ ਮੇਰੀ ਤੇਰੀ ਬਣਤ ਬਣਾਈਆ । ਤੁਸੀਂ ਜਾਣਾ ਪੁਰਖ ਅਕਾਲ ਦੇ ਕੋਲ, ਜਿਸਦੀ ਕਲਾ ਬੇਪਰਵਾਹੀਆ । ਤੁਹਾਡਾ ਲਹਿਣਾ ਦੇਣਾ ਫੇਰ ਉਤੇ ਧਰਨੀ ਧੌਲ, ਧਵਲ ਧਿਆਨ ਲਗਾਈਆ । ਪੂਰਾ ਕਰਨਾ ਇਕਰਾਰ ਕੌਲ, ਕੀਤਾ ਕੌਲ ਭੁਲ ਨਾ ਜਾਈਆ । ਕਲਜੁਗ ਅੰਤ ਸਤਿ ਸਚ ਹੋ ਕੇ ਤੁਸਾਂ ਜਾਣਾ ਮੌਲ, ਮੌਲਾ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਕਿੰਗ ਕਹੇ ਮੈਂ ਸੁਣਿਆ ਇਕ ਸੰਦੇਸ਼ਾ, ਜੋ ਅਗੰਮੀ

ਧਾਰ ਜਣਾਈਆ । ਹਰਿ ਕਰਤਾ ਨਰ ਨਰੇਸ਼ਾ, ਨਰ ਨਰਾਇਣ ਸਚੀ ਸ਼ਹਿਨਸ਼ਾਹੀਆ । ਭਗਤ ਉਧਾਰਨ ਜਿਸ ਦਾ ਪੇਸ਼ਾ, ਗੁਰਮੁਖਾਂ ਗੋਦ ਬਹਾਈਆ । ਕਲਜੁਗ ਅੰਤਮ ਸਭ ਦਾ ਦੇਵਣਹਾਰਾ ਲੇਖਾ, ਲਿਖਤ ਭਵਿਖਤ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, । ਢੱਡ ਕਿੰਗ ਕਹੇ ਅੱਜ ਦੀ ਘੜੀ ਸੁਲਖਣੀ, ਸੁਖ ਸਾਗਰ ਰੂਪ ਨਜ਼ਰੀ ਆਈਆ । ਗੁਰਮੁਖੋ ਝੋਲੀ ਲੈ ਕੇ ਜਾਇਓ ਕੋਈ ਨਾ ਸਖਣੀ, ਪ੍ਰੇਮ ਪ੍ਰੀਤੀ ਨਾਲ ਸਭ ਦੀ ਦਏ ਭਰਾਈਆ । ਬਿਨ ਚਰਨ ਟੇਕ ਹੋਰ ਕਿਤੇ ਨਾ ਰਖਣੀ, ਧੁਰ ਦੀ ਧਾਰ ਸਮਝਾਈਆ । ਜਿਹੜੀ ਆਤਮਾ ਹੋਈ ਬੇਵਤਨੀ, ਘਰ ਬਾਹਰ ਗਈ ਤਜਾਈਆ । ਓਸ ਦੀ ਪਤ ਇਸੇ ਰਖਣੀ, ਜੋ ਵਿਛੜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਹਿਬ ਗੁਸਾਈਆ । ਢੱਡ ਕਹੇ ਮੈਂ ਸੋਹਣਾ ਵੇਖਿਆ ਰੰਗ, ਰੰਗ ਰੱਤਾ ਨਜ਼ਰੀ ਆਈਆ । ਜਿਸ ਦੀ ਮਹਿੰਮਾ ਦਾ ਗਾਇਆ ਛੰਦ, ਉਹ ਸਹਿੰਸੇ ਦਏ ਚੁਕਾਈਆ । ਦੋ ਜਹਾਨਾਂ ਪਾਉਂਦਾ ਜਾਏ ਗੰਢ, ਪੁਰੀ ਲੋਅ ਬ੍ਰਹਿਮੰਡ ਖੰਡ ਪਾਰ ਲੰਘਾਈਆ । ਕੋਝੇ ਕਮਲੇ ਲੈਂਦਾ ਜਾਏ ਅੰਗ, ਅੰਗੀਕਾਰ ਇਕ ਹੋ ਜਾਈਆ । ਦੇਵਣਹਾਰਾ ਸੁਖ ਸਚ ਅਨੰਦ, ਪਰਮਾਨੰਦ ਵਿਚ ਸਮਾਈਆ । ਭੇਵ ਖੁਲ੍ਹਾਏ ਜੀਵ ਇੰਡ ਪਿੰਡ, ਬ੍ਰਹਿਮੰਡ ਪਰਦੇ ਰਿਹਾ ਉਠਾਈਆ । ਜਿਸ ਦੇ ਪ੍ਰੇਮ ਅੰਦਰ ਵਜ ਗਈ ਬਣ ਕੇ ਧਾਰ ਕਿੰਗ, ਸੋ ਕਿੰਗਰਾ ਕਿੰਗਰਾ ਰਿਹਾ ਹਿਲਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ, ਕਰੋੜ ਤੇਤੀਸਾ ਅੱਖ ਨਾ ਕੋਇ ਉਠਾਈਆ । ਜਿਸ ਨੇ ਘਾਲਣਾ ਘਾਲੀ ਕੂਟ ਹੇਮ ਕੁੰਡ, ਠੰਡਕ ਧਾਰਾ ਜਲ ਵਹਾਈਆ । ਸੋ ਕਲਜੁਗ ਅੰਤਮ ਮੇਟਣਹਾਰਾ ਕੂੜੀ ਧੁੰਦ, ਸਾਚਾ ਚੰਦ ਕਰੇ ਰੁਸ਼ਨਾਈਆ । ਓਸੇ ਦੀ ਸਿਫ਼ਤ ਅੰਦਰ ਢੱਡ ਕਿੰਗ ਕਹੇ ਅਸਾਂ ਗਾਇਆ ਗੁਣ, ਗਹਿਰ ਗੰਭੀਰ ਰਾਗ ਅਲਾਈਆ । ਜਿਨ੍ਹਾਂ ਪਿਆਰਿਆਂ ਪ੍ਰੇਮ ਨਾਲ ਲਿਆ ਸੁਣ, ਤਿਨ੍ਹਾਂ ਦੀ ਸੁਰਤੀ ਆਪਣੇ ਨਾਲ ਮਿਲਾਈਆ । ਜਗਤ ਵਾਲਾ ਉਧਾਰ ਨਹੀਂ ਲੇਖਾ ਆਪਣਾ ਹੁਣ, ਬਹੁਤੀ ਦੇਰ ਨਾ ਕੋਇ ਲਗਾਈਆ । ਲੱਖ ਚੁਰਾਸੀ ਕਰਨਹਾਰਾ ਛਾਣ ਪੁਣ, ਖਾਣੀ ਬਾਣੀ ਫੋਲ ਫੁਲਾਈਆ । ਪਰਦਾ ਲਾਹੁਣਹਾਰਾ ਰਿਖ ਮੁਨ, ਜੋਗੀ ਜੋਗੀਸ਼ਰ ਤਪੀਸ਼ਰ ਭੇਵ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਹਿਜ ਸੁਖਦਾਈਆ । ਗੀਤ ਬੋਲਣ ਵਾਲੀ ਕਹੇ ਜ਼ਬਾਨ, ਮੈਂ ਆਪਣਾ ਹਾਲ ਦਿਆਂ ਜਣਾਈਆ । ਜਿਸ ਵੇਲੇ ਅੰਦਰੋਂ ਆਇਆ ਇਕ ਧਿਆਨ, ਮਿਹਰਵਾਨ ਦਿਤੀ ਵਡਿਆਈਆ । ਬਿਨ ਅੱਖਾਂ ਤੋਂ ਮੈਨੂੰ ਆਈ ਪਹਿਚਾਨ, ਬੇਪਹਿਚਾਨ ਦਿਆਂ ਜਣਾਈਆ । ਜਿਹੜਾ ਸਾਹਿਬ ਨਿਰਗੁਣ ਸਰਗੁਣ ਸ੍ਰੀ ਭਗਵਾਨ ਭਗਤਾਂ ਦਾ ਮਹਿਬਾਨ, ਮਹਿਬੂਬ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਨਜ਼ਰੀ ਆਈਆ । ਦੱਸਦਾ ਜਗਤ ਵਾਲਾ ਨਹੀਂ ਦੀਵਾਨ, ਝੁਲਾਵਣ ਆਇਆ ਭਗਤ ਨਿਸ਼ਾਨ, ਬਖ਼ਸ਼ਣਹਾਰਾ ਚਰਨ ਧਿਆਨ, ਜਨਮ ਜਨਮ ਦੀ ਕਰੇ ਕਲਿਆਣ, ਅਗਲਾ ਲੇਖਾ ਰਿਹਾ ਮੁਕਾਈਆ । ਗਾਵਣ ਦਾ ਇਹ ਜਿਹੜਾ ਤੁਸਾਂ ਕੀਤਾ ਅਹਿਸਾਨ, ਇਸ ਦਾ ਲਹਿਣਾ ਦੇਣਾ ਦੇਣਾ ਵਿਚ ਜਹਾਨ, ਮਿਹਰਵਾਨ ਹੋ ਕੇ ਆਪਣੀ ਦਇਆ ਕਮਾਈਆ । ਸੇਵਾ ਲੇਖੇ ਵਿਚ ਨਿਸ਼ਕਾਮ, ਅੰਤਰ ਆਤਮ ਦਏ ਆਰਾਮ, ਸੀਤਾ ਸੁਰਤੀ ਨਾਲੋਂ ਵਿਛੜਿਆ ਮੇਲੇ ਰਾਮ, ਰਾਮ ਰਾਮ ਰੂਪ ਨਜ਼ਰੀ ਆਈਆ । ਢੱਡ ਕਿੰਗ ਜੋ ਕੀਤੀ ਕਲਿਆਣ, ਤੰਦ ਸਤਾਰ ਵਜਾਈਆ । ਨਿਰਗੁਣ ਸੇਵਾ ਕਰੀ ਮਹਾਨ, ਫਲੀਭੂਤ ਅਗੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਹਰਿਜਨ ਜਨ ਹਰਿ

ਵਸਾਏ ਆਪਣੇ ਘਰ, ਗ੍ਰਿਹਿ ਮੰਦਰ ਕਾਇਆ ਅੰਦਰ ਡੂੰਘੀ ਕੰਦਰ ਪੁਰਖ ਅਬਿਨਾਸ਼ੀ ਜੋਤ ਪਰਕਾਸ਼ੀ ਮੰਡਲ ਰਾਸੀ ਵਸੇ ਪਾਸੀ, ਕਰੇ ਕਰਾਏ ਦਾਸ ਦਾਸੀ, ਨਿਜ ਘਰ ਕਰ ਕੇ ਵਾਸ ਵਾਸਤਾ ਆਪਣੇ ਨਾਲ ਰਖਾਈਆ ।

### ✻ ੨੩ ਚੇਤ ਸ਼ਹਿਨਸ਼ਾਹੀ ਸੰਮਤ ੧ ਪਿਆਰਾ ਸਿੰਘ ਦੇ ਗ੍ਰਿਹਿ ਪਿੰਡ ਸਰਾਂਈ ਜ਼ਿਲਾ ਹੁਸ਼ਿਆਰ ਪੁਰ ✻

ਸਤਿ ਪੁਰਖ ਨਿਰੰਜਣ ਕਿਰਪਾ ਕਰ ਦੇ, ਚਰਨ ਕਵਲ ਤੇਰੀ ਸਚ ਸਰਨਾਈਆ । ਖ਼ਾਕੀ ਬੰਦੇ ਚਾਕਰ ਤੇਰੇ ਦਰ ਦੇ, ਦੀਨ ਦੁਨੀ ਦੇ ਮਾਲਕ ਤੇਰੀ ਸੇਵ ਕਮਾਈਆ । ਮਾਣ ਅਭਿਮਾਨ ਸਭ ਤੇਰੇ ਅਗੇ ਧਰਦੇ, ਰੋਗ ਸੋਗ ਤਾਪ ਸੰਤਾਪ ਤੇਰੀ ਝੋਲੀ ਪਾਈਆ । ਜਨਮ ਕਰਮ ਕਰ ਜੋ ਵਿਛੜੇ ਪਿਛਲੇ ਚਿਰ ਦੇ, ਧੁਰ ਦਾ ਮੇਲਾ ਲੈ ਮਿਲਾਈਆ । ਲੱਖ ਚੁਰਾਸੀ ਵਿਚ ਫਿਰਦੇ ਫਿਰਦੇ, ਮਾਣਸ ਜਨਮ ਮਿਲੀ ਵਡਿਆਈਆ । ਕਿਰਪਾ ਕਰ ਕੇ ਸਾਂਤ ਕਰਦੇ ਹਿਰਦੇ, ਅਗਨੀ ਤਤ ਬੁਝਾਈਆ । ਸੈਰ ਕਰਾ ਘਰ ਥਿਰ ਦੇ, ਗ੍ਰਿਹਿ ਮੰਦਰ ਇਕ ਸੁਹਾਈਆ । ਵੈਰਾਗ ਨਹੀਂ ਹੰਝੂ ਕਿਰਦੇ, ਨੈਣਾਂ ਛਹਿਬਰ ਲਾਈਆ । ਬਿਨ ਤੇਰੀ ਕਿਰਪਾ ਕਰਮ ਕਾਂਡ ਨਾ ਮਿਟਦੇ, ਲੇਖਾ ਮੁੱਕੇ ਨਾ ਜਗਤ ਲੋਕਾਈਆ । ਧੁਰ ਦਾ ਲਹਿਣਾ ਦੇਣਾ ਆਪੇ ਲਿਖ ਦੇ, ਜਗਤ ਤੁਟੀ ਆਪੇ ਗੰਢ ਪਵਾਈਆ । ਭਗਤ ਸੁਹੇਲੇ ਗੁਰ ਚੇਲੇ ਮਾਲਕ ਇਕ ਦੇ, ਏਕੰਕਾਰ ਤੇਰੀ ਸਰਨਾਈਆ । ਆਤਮ ਪਰਮਾਤਮ ਸਾਚਾ ਹਿਤ ਦੇ, ਰੀਤੀ ਨੀਤੀ ਇਕ ਦ੍ਰਿੜਾਈਆ । ਸਚ ਵਸੇਰਾ ਕਰ ਵਿਚ ਚਿਤ ਦੇ, ਕੂੜੀ ਚਿੰਤਾ ਦੇ ਮਿਟਾਈਆ । ਝਗੜੇ ਮੁਕਾ ਦੇ ਨਿਤ ਦੇ, ਸਚ ਨੇਤਰ ਨੈਣ ਆਪਣਾ ਰੰਗ ਚੜ੍ਹਾਈਆ । ਗੁਰਮੁਖ ਬਿਰਹੋਂ ਵੈਰਾਗੀ ਹੋ ਕੇ ਪਿਟਦੇ, ਦੁਖੀਏ ਹਾਲ ਸੁਣਾਈਆ । ਹੁਣ ਦਵਾਰੇ ਜਾਈਏ ਕਿਸ ਦੇ, ਪ੍ਰਭ ਮਿਲਿਆ ਬੇਪਰਵਾਹੀਆ । ਝਗੜੇ ਮੁਕਾ ਦੇ ਪੱਥਰ ਇੱਟ ਦੇ, ਜਲਾਂ ਥਲਾਂ ਸੀਸ ਨਾ ਕੋਇ ਨਿਵਾਈਆ । ਬਲ ਵਧਾ ਦੇ ਸਾਡੀ ਹਿੱਕ ਦੇ, ਹਿਕਮਤ ਆਪਣੀ ਇਕ ਦ੍ਰਿੜਾਈਆ । ਰਸ ਝੂਠੇ ਮਿਟ ਜਾਣ ਫਿਕ ਦੇ, ਫ਼ਿਕਰਾ ਤੇਰਾ ਢੋਲਾ ਗਾਈਆ । ਜਨ ਭਗਤ ਤੇਰੇ ਦਰ ਤੇ ਵਿਕਦੇ, ਕਰਤੇ ਕ਼ੀਮਤ ਦੇਣੀ ਪਾਈਆ । ਸਾਡੇ ਕੁਕਰਮ ਭਾਵੇਂ ਸਾਨੂੰ ਨਹੀਂ ਦਿਸਦੇ, ਤੂੰ ਵੇਖਣਹਾਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਕਰ ਦੇ ਮਾਲਕ, ਮਾਲੀ ਦੋ ਜਹਾਨਾਂ ਨਜ਼ਰੀ ਆਈਆ । ਨਿਰਗੁਣ ਸਰਗੁਣ ਬਣ ਸਾਲਸ, ਜਗਤ ਵਿਚੋਲਾ ਬੇਪਰਵਾਹੀਆ । ਨਾਮ ਨਿਧਾਨ ਆਪਣੀ ਦੱਸ ਦੇ ਬਾਤ, ਧੁਰ ਦੀ ਬੰਦਗੀ ਸਚ ਕਮਾਈਆ । ਮਿਹਰ ਮੁਹੱਬਤ ਕਰ ਸਖ਼ਾਵਤ, ਵਸਤ ਅਮੋਲਕ ਝੋਲੀ ਪਾਈਆ । ਕੂੜੀ ਕਿਰਿਆ ਨਾ ਰਹੇ ਅਲਾਮਤ, ਮਾਇਆ ਮਮਤਾ ਮੋਹ ਮਿਟਾਈਆ । ਹੋਣਾ ਸਹਾਈ ਵੇਲੇ ਕ਼ਿਆਮਤ, ਕ਼ਿਆਮਗਾਹ ਆਪਣੀ ਦੇਣੀ ਕਮਾਈਆ । ਇਕੋ ਵਾਰ ਦੇ ਕੇ ਜ਼ਮਾਨਤ, ਦੋ ਜਹਾਨਾਂ ਬਰੀ ਦੇਣਾ ਕਰਾਈਆ । ਜੇ ਤੂੰ ਪ੍ਰਭੂ ਆਪ ਸਹੀ ਸਲਾਮਤ, ਭਗਤ ਸੁਹੇਲੇ ਆਪਣੇ ਸੰਗ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰ ਘਟ ਜਾਨਤ, ਜਾਣੀ ਜਾਣ ਤੇਰੀ ਵਡੀ ਵਡ ਵਡਿਆਈਆ ।

### ❊ ੨੩ ਚੇਤ ਸ਼ਹਿਨਸ਼ਾਹੀ ਸੰਮਤ ੧ ਅਰਜਨ ਸਿੰਘ ਦੇ ਗ੍ਰਿਹ ਸਲੀਮ ਪੁਰਾ ਜ਼ਿਲਾ ਹੁਸ਼ਿਆਰ ਪੁਰ ❊

ਗੁਰਮੁਖ ਕਹੇ ਕਿਰਪਾ ਕਰ ਜਾ ਜਾਂਦਾ ਜਾਂਦਾ, ਜੁਗ ਚੌਕੜੀ ਗਏ ਵਿਹਾਈਆ । ਜਨਮ ਕਰਮ ਦਾ ਥੱਕਾ ਮਾਂਦਾ, ਥਕਾਵਟ ਵਿਚ ਰਿਹਾ ਕੁਰਲਾਈਆ । ਮੰਜ਼ਲ ਪਾਂਧੀ ਬਣ ਭਸਮਾਂਦਾ, ਨਿਰਧਨ ਦਏ ਦੁਹਾਈਆ । ਹੋਇਆ ਵਿਛੋੜਾ ਤੇਰੇ ਨਾਂ ਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਰਸਨਾ ਜਿਹਵਾ ਰਿਹਾ ਗਾਂਦਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਢੋਲੇ ਰਾਗ ਰਿਹਾ ਸੁਣਾਂਦਾ, ਅਗੰਮ ਸਤਾਰ ਨਾ ਕੋਇ ਹਿਲਾਈਆ । ਤੀਰਥ ਤਟ ਰਿਹਾ ਨਹਾਂਦਾ, ਪਾਪਾਂ ਮੈਲ ਨਾ ਕੋਇ ਧਵਾਈਆ । ਪੂਜਾ ਪਾਠ ਰਿਹਾ ਕਰਾਂਦਾ, ਕਰਮ ਕਾਂਡ ਨਾ ਕੋਇ ਮਿਟਾਈਆ । ਸਾਧਾਂ ਸੰਤਾਂ ਦਰਸ਼ਨ ਰਿਹਾ ਪਾਂਦਾ, ਦੇਸ ਪਰਦੇਸ ਪੰਧ ਨਾ ਕੋਇ ਚੁਕਾਈਆ । ਪੂਰਬ ਜਨਮ ਦਾ ਪੂਰਾ ਕਰੇ ਨਾ ਕੋਈ ਵਾਅਦਾ, ਵਾਹਿਦ ਮੇਲ ਨਾ ਕੋਇ ਮਿਲਾਈਆ । ਸਾਚਾ ਦੱਸੇ ਨਾ ਕੋਈ ਮੁਆਇਦਾ, ਤਸਦੀਕ ਸ਼ਨਾਖ਼ਤ ਸਕੇ ਨਾ ਕੋਇ ਸਮਝਾਈਆ । ਜ਼ਿੰਦਗੀ ਜੀਵਣ ਜਨਮ ਗੁਜ਼ਰਿਆ ਬੇਫ਼ਾਇਦਾ, ਫ਼ਾਇਦਾ ਹਾਸਲ ਨਾ ਕੋਇ ਕਰਾਈਆ । ਤੇਰੇ ਨਾਲੋਂ ਵਿਛੜ ਕੇ ਹੋਏ ਅਲਾਇਦਾ, ਵਿਛੋੜਾ ਸਕੇ ਨਾ ਕੋਇ ਕਟਾਈਆ । ਪ੍ਰਭੂ ਜੇ ਤੂੰ ਆਪ ਮਾਲਕ ਗੋਬਿੰਦ ਸ਼ਬਦ ਬਣਾਇਆ ਨੁਮਾਇੰਦਾ, ਨਿਰਗੁਣ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਗੁਰਮੁਖ ਕਹੇ ਜੇ ਆ ਗਿਆ ਪਾਂਧੀ ਰਾਹੀ, ਸਫ਼ਰ ਸਫ਼ਰ ਵਿਚ ਕਰਾਈਆ । ਦੋ ਜਹਾਨ ਬਣ ਮਲਾਹੀ, ਮਾਲਕ ਹੋ ਕੇ ਬੇੜਾ ਕੰਧ ਉਠਾਈਆ । ਤੂੰ ਕਿਹੜੀ ਕਿਸੇ ਤੋਂ ਲੈਣੀ ਸਲਾਹੀ, ਇਕੋ ਹੁਕਮ ਦੇਣਾ ਵਰਤਾਈਆ । ਕਿਉਂ ਮਾਨਸ ਜਨਮ ਵਿਚ ਰਿਹਾ ਤਰਸਾਈ, ਤ੍ਰਿਸ਼ਨਾ ਤ੍ਰਿਖਾ ਮਗਰ ਲਗਾਈਆ । ਆਪਣੀ ਕਿਰਨ ਜੋਤ ਕਰ ਰੁਸ਼ਨਾਈ, ਨੂਰੋ ਨੂਰ ਡਗਮਗਾਈਆ । ਬੂੰਦ ਸਵਾਂਤੀ ਅੰਮ੍ਰਿਤ ਦੇ ਝਿਰਾਈ, ਘਰ ਝਿਰਨਾ ਦੇ ਝਿਰਾਈਆ । ਮਹਲ ਅਟਲ ਦੇ ਸੁਹਾਈ, ਆਤਮ ਪਰਮਾਤਮ ਦੇ ਮਿਲਾਈਆ । ਮਿਲ ਮਿਲ ਆਪਣੀ ਖ਼ੁਸ਼ੀ ਦੇ ਪਰਗਟਾਈ, ਤੂੰ ਸਾਹਿਬ ਸਚ ਗੁਸਾਈਆਂ । ਗਹਿਰ ਗੰਭੀਰ ਤੇਰੀ ਸਰਨਾਈ, ਤੁਧ ਬਿਨ ਦੂਜਾ ਕੋਇ ਨਾਹੀਆ । ਧੁਰ ਦਾ ਮਾਲਕ ਇਕੋ ਨਜ਼ਰੀ ਆਈ, ਵੇਖੀਂ ਭਗਤ ਉਧਾਰਨ ਵਾਸਤੇ ਨਾ ਕਰੀਂ ਕੋਤਾਹੀਆ । ਨਿਹਕਰਮੀ ਹੋ ਕੇ ਆਪਣਾ ਕਰਮ ਕਮਾਈ, ਸਚ ਦਵਾਰੇ ਮੰਗੀਏ ਸਚ ਦੁਆਈ, ਅਰਜ਼ ਬੇਨੰਤੀ ਇਕੋ ਇਕ ਸੁਣਾਈਆ । ਤੇਰਾ ਪੱਲੂ ਛਡਣਾ ਨਾਹੀਂ, ਨਿਰਗੁਣ ਸਰਗੁਣ ਮੇਲਾ ਲੈਣਾ ਮਿਲਾਈ, ਤੇਰੇ ਪ੍ਰੇਮ ਪਿਆਰ ਦੀ ਖਾ ਕੇ ਇਕ ਗਰਾਹੀ, ਸਬਰ ਸੰਤੋਖ ਇਕ ਜਣਾਈਆ । ਜਨਮ ਜਨਮ ਦੀ ਆਸ ਬੁਝਾਈਂ, ਪਿਆਸਾ ਰਹੇ ਕੋਈ ਨਾ ਰਾਈਆ । ਕਿਆਸ ਕਰ ਕੇ ਅੱਖ ਖੁਲਾਈਂ, ਅਭੁਲ ਹੋ ਕੇ ਭੁਲ ਕਦੇ ਨਾ ਜਾਈਆ । ਬੇਸ਼ਕ ਗੁਰਮੁਖ ਭਾਵੇਂ ਹੋਵਣ ਬੜੇ ਗੁਨਾਹੀ, ਪਾਪਾਂ ਗਠੜੀ ਤੇਰੀ ਝੋਲੀ ਪਾਈਆ । ਤੂੰ ਦੇਣਾ ਮਾਣ ਵਡਿਆਈ, ਪ੍ਰਭ ਤੇਰੀ ਸਚ ਸਰਨਾਈਆ । ਆਤਮ ਪਰਮਾਤਮ ਹੋਵੇ ਕੁੜਮਾਈ, ਨਾਤਾ ਧੁਰ ਦਾ ਲੈਣਾ ਜੁੜਾਈਆ । ਵਿਛੋੜੇ ਵਿਚ ਨਾ ਦੇਈਂ ਜੁਦਾਈ, ਜੁਦਾ ਰੂਪ ਨਾ ਕੋਇ ਵਖਾਈਆ । ਬਿਰਹੋਂ ਵਿਚ ਨਾ ਜਗਤ ਰੁਆਈਂ, ਰੋਂਦਿਆਂ ਗਲੇ ਲੈਣਾ ਲਗਾਈਆ । ਤੂੰ ਨਹੀਂ ਵੇਖਿਆ ਕਿਉਂ ਲਾਲ ਸਿੰਘ ਰਾਤੀਂ ਮਾਰੀਆਂ ਧਾਹੀਂ, ਉਚੀ ਕੂਕ ਕੂਕ ਸੁਣਾਈਆ । ਅਮਰੀਕ ਸਿੰਘ ਤ੍ਰੇਤੇ ਜੁਗ ਦਾ ਇਸ ਦਾ ਭਾਈ, ਭਤੀਜਾ ਅਰਜਨ ਸਿੰਘ ਨਜ਼ਰੀ ਆਈਆ । ਵਸ਼ਿਸ਼ਟ ਰਾਮ ਵਾਲੀ ਗੱਲ ਇਨ੍ਹਾਂ ਨੂੰ ਜਿਸ ਸੁਣਾਈ, ਪ੍ਰੇਮ ਨਾਲ ਬੁਝਾਈਆ । ਓਸੇ ਵੇਲੇ ਇਨ੍ਹਾਂ ਆਸਾ ਅੰਤਰ ਇਕ ਰਖਾਈ, ਕਿਸ ਬਿਧ ਸਾਨੂੰ

ਲਏ ਮਿਲਾਈਆ । ਧੁਰਦਰਗਾਹੀ ਹੁਕਮ ਦਿਤਾ ਬੇਪਰਵਾਹੀ, ਸ਼ਬਦੀ ਨਾਦ ਵਜਾਈਆ । ਇਸ ਜਨਮ ਤੁਹਾਡੀ ਜਗਤ ਵਾਲੀ ਸਲਾਹੀ, ਸਲਾਹਕਾਰ ਇਕ ਦੂਜੇ ਨਾਲ ਸੰਗ ਨਿਭਾਈਆ । ਕਲਜੁਗ ਅੰਤਮ ਜਿਸ ਵੇਲੇ ਸੰਮਤ ਆਵੇ ਸ਼ਹਿਨਸ਼ਾਹੀ, ਸ਼ਹਿਨਸ਼ਾਹ ਆਪਣਾ ਮੇਲਾ ਲਏ ਮਿਲਾਈਆ । ਸ਼ਬਦ ਵਿਚੋਲਾ ਦੇਵੇ ਵਿਚ ਗਵਾਹੀ, ਸ਼ਹਾਦਤ ਇਕ ਭੁਗਤਾਈਆ । ਪ੍ਰੇਮ ਪ੍ਰੀਤੀ ਬੰਨ੍ਹਾ ਥਾਉਂ ਥਾਈਂ, ਦੂਰ ਦੁਰਾਡੇ ਜੋੜ ਜੁੜਾਈਆ । ਇਕ ਮਾਤ ਪਿਤਾ ਦੇ ਘਰ ਤੁਸਾਂ ਨਹੀਂ ਹੋਣਾ ਜਨਮ ਕੇ ਭਾਈ, ਰਕਤ ਬੂੰਦ ਰੰਗ ਨਾ ਕੋਇ ਰੰਗਾਈਆ । ਸਚ ਪ੍ਰੇਮ ਕਰਾਂ ਕੁੜਮਾਈ, ਕ਼ੁਦਰਤ ਦਾ ਕ਼ਾਦਰ ਹੋ ਕੇ ਵੇਖ ਵਖਾਈਆ । ਮੇਲ ਮਿਲਾਵਾਂ ਚਾਈਂ ਚਾਈਂ, ਚਾਓ ਘਨੇਰਾ ਇਕ ਸਮਝਾਈਆ । ਜਿਸ ਵੇਲੇ ਅਰਜਨ ਸਿੰਘ ਬੇਨੰਤੀ ਰਿਹਾ ਸੁਣਾਈ, ਆਪਣੀ ਆਤਮ ਖ਼ਾਹਿਸ਼ ਰਿਹਾ ਪਰਗਟਾਈਆ । ਸੰਗਤ ਸੰਗ ਔਣਾ ਧੁਰ ਦੇ ਮਾਹੀ, ਆਪਣਾ ਪੰਧ ਮੁਕਾਈਆ । ਸਹਿਜ ਸੁਭਾਉ ਕਿਹਾ ਕੋਈ ਵਿਛੜ ਜਾਵੇ ਨਾਹੀਂ, ਜਿਨ੍ਹਾਂ ਦਾ ਮੇਲਾ ਉਨ੍ਹਾਂ ਮੇਲਾ ਲੈਣਾ ਕਰਾਈਆ । ਬੱਚਿਉ ਕਰ ਕੇ ਦੱਸੋ ਖਾਂ ਭਲਾ ਜੁਦਾਈ, ਭੱਜਿਆਂ ਫੜ ਫੜ ਅੰਗ ਲਗਾਈਆ । ਅਜੇ ਓਹੋ ਤਕਦੀ ਤੁਹਾਡਾ ਰਾਹ ਗੋਬਿੰਦ ਵਾਲੀ ਕਾਹੀ, ਜੰਗਲਾਂ ਵਿਚੋਂ ਬੇਲਿਆਂ ਵਿਚ ਚਲ ਕੇ ਆਈਆ । ਓਥੇ ਇਕ ਹੋਰ ਬੈਠਾ ਜੋ ਚਾਚਾ ਸੈਣ ਨਾਈ, ਧੂੜੀ ਆਪਣੀ ਵਖਰੀ ਲਾਈਆ । ਓਸ ਦੇ ਪਿਤਾ ਦਾ ਜੀਜਾ ਜਿਸ ਦੀ ਆਸ ਤਕਾਈ, ਆਸਾ ਨਾਲ ਵਡਿਆਈਆ । ਕੁਮਾਰ ਉਹੋ ਨਜ਼ਰੀ ਆਈ, ਜੋ ਨੌਂ ਸਾਲ ਕਮਲਾ ਹੋ ਕੇ ਝਟ ਗਿਆ ਲੰਘਾਈਆ । ਇਕ ਦਿਨ ਉਸ ਨੂੰ ਯਾਦ ਇਕ ਅੰਦਰੋਂ ਰਹੀ ਸਤਾਈ, ਸੁੱਤਿਆਂ ਦਿਤਾ ਉਠਾਈਆ । ਉਠ ਵੇਖ ਆਪਣਾ ਧੁਰ ਦਾ ਮਾਹੀ, ਮਹਿਬੂਬ ਨੂਰ ਖ਼ੁਦਾਈਆ । ਉਸਨੇ ਕਿਹਾ ਅਜੇ ਵਾਰੀ ਨਹੀਂ ਮੇਰੀ ਆਈ, ਕੋਈ ਹੋਰ ਰਿਹਾ ਦ੍ਰਿੜਾਈਆ । ਕਲਜੁਗ ਅੰਤ ਜਿਸ ਵੇਲੇ ਆਵੇ ਧੁਰਦਰਗਾਹੀ, ਦਰਗਾਹ ਦਾ ਮਾਲਕ ਫੇਰਾ ਪਾਈਆ । ਓਸ ਵੇਲੇ ਮੇਲਾ ਲਏ ਮਿਲਾਈ, ਪੂਰਬ ਵਿਛੋੜਾ ਦਏ ਕਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਕ਼ਰਜੇ ਰਿਹਾ ਲਾਹੀ, ਲਹਿਣੇ ਦੇਣੇ ਸਭ ਦੇ ਝੋਲੀ ਪਾਈਆ ।

੬੫੯

### ❋ ੨੩ ਚੇਤ ਸ਼ਹਿਨਸ਼ਾਹੀ ਸੰਮਤ ੧ ਖ਼ੁਸ਼ਹਾਲ ਸਿੰਘ ਦੇ ਗ੍ਰਿਹ ਪਿੰਡ ਜਲਾਲ ਪੁਰ ਜ਼ਿਲਾ ਹੁਸ਼ਿਆਰ ਪੁਰ ❋

ਸਤਿਗੁਰ ਸ਼ਬਦ ਕਹੇ ਮੈਂ ਸਦਾ ਦਿਆਲ, ਦੀਨਨ ਆਪਣੇ ਗਲੇ ਲਗਾਇੰਦਾ । ਭਗਤ ਵਛਲ ਬਣ ਕਿਰਪਾਲ, ਮਿਹਰ ਨਜ਼ਰ ਇਕ ਉਠਾਇੰਦਾ । ਸੰਤ ਸੁਹੇਲੇ ਸਾਚੇ ਲਾਲ, ਫੜ ਬਾਹੋਂ ਗੋਦ ਬਹਾਇੰਦਾ । ਸਾਚਾ ਮਾਰਗ ਇਕ ਸਿਖਾਲ, ਧੁਰ ਦੀ ਸਿਖਿਆ ਆਪ ਪੜ੍ਹਾਇੰਦਾ । ਨਾਮ ਭੰਡਾਰਾ ਦੇ ਕੇ ਸਚਾ ਧਨ ਮਾਲ, ਵਸਤ ਅਮੋਲਕ ਵਿਚ ਟਿਕਾਇੰਦਾ । ਸ਼ਬਦ ਨਾਦ ਵਜਾ ਕੇ ਅਗੰਮੀ ਤਾਲ, ਧੁਨ ਆਤਮਕ ਰਾਗ ਸੁਣਾਇੰਦਾ । ਦੀਪਕ ਜੋਤੀ ਨਿਰਗੁਣ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਕਾਇਆ ਮੰਦਰ ਅੰਦਰ ਵਖਾ ਕੇ ਸਚੀ ਧਰਮਸਾਲ, ਧੁਰ ਦਰਬਾਰਾ ਆਪ ਸੁਹਾਇੰਦਾ । ਕੂੜੀ ਕਿਰਿਆ ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਜਣਾਇੰਦਾ । ਲੇਖਾ ਮੁਕਾ ਕੇ ਕਾਲ ਮਹਾਕਾਲ, ਚਰਨ ਸਰਨ ਸਰਨ ਚਰਨ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਭਗਤ ਸੁਹੇਲਾ, ਸੰਤਨ ਦੇਵਾਂ ਮਾਣ ਵਡਿਆਈਆ । ਜੁਗ ਚੌਕੜੀ ਸੁਹਾਵਾਂ ਸਾਚਾ ਵੇਲਾ, ਵਾਰ ਥਿਤ ਘੜੀ ਪਲ ਆਪਣੇ ਹੱਥ ਰਖਾਈਆ । ਭਾਗ

ਲਗਾਵਾਂ ਗ੍ਰਿਹਿ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਰੰਗ ਰੰਗਾਈਆ । ਨਿਰਗੁਣ ਨਿਰਗੁਣ ਕਰ ਕੇ ਮੇਲਾ, ਸਰਗੁਣ ਸਰਗੁਣ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਕਾਦਰ ਖੇਲ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਗੁਰਮੁਖ ਪਿਆਰਾ, ਪ੍ਰੀਤਮ ਪ੍ਰੇਮੀ ਦਿਆਂ ਮਿਲਾਈਆ । ਅੰਦਰ ਬਾਹਰ ਕਰ ਉਜਿਆਰਾ, ਗੁਪਤ ਜ਼ਾਹਰ ਰੰਗ ਚੜ੍ਹਾਈਆ । ਕਾਇਆ ਤਨ ਰਬਾਬ ਵਜਾਵਾਂ ਸਚ ਸਤਾਰਾ, ਅਨੁਰਾਗੀ ਆਪਣਾ ਰਾਗ ਸੁਣਾਈਆ । ਮਹਲ ਅਟਲ ਸੁਹਾਵਾਂ ਸਚ ਮਨਾਰਾ, ਮਹਿਫ਼ਲ ਆਪਣਾ ਨਾਮ ਲਗਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰਾ, ਪ੍ਰਕਾਸ਼ ਪ੍ਰਕਾਸ਼ ਵਿਚੋਂ ਵਡਿਆਈਆ । ਸਾਹਿਬ ਸੱਜਣ ਬਣ ਕੇ ਮੀਤ ਮੁਰਾਰਾ, ਮਿਤਰ ਹੋ ਕੇ ਤੋੜ ਨਿਭਾਈਆ । ਜਿਸ ਦਾ ਲੇਖਾ ਕਾਗਤ ਕ਼ਲਮ ਨਾ ਲਿਖਣਹਾਰਾ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਆਪੇ ਠਾਕਰ ਆਪੇ ਵਸਤ ਆਪੇ ਬਣ ਬਣਜਾਰਾ, ਗ੍ਰਿਹਿ ਗ੍ਰਿਹਿ ਆਪੇ ਝੋਲੀ ਪਾਈਆ । ਭਗਤਨ ਮੀਤਾ ਠਾਂਡਾ ਸੀਤਾ ਆਦਿ ਜੁਗਾਦੀ ਏਕੰਕਾਰਾ, ਅਕਲ ਕਲਧਾਰੀ ਆਪਣਾ ਖੇਲ ਖਿਲਾਈਆ । ਵਸਣਹਾਰਾ ਧਾਮ ਨਿਆਰਾ, ਨਿਰਗੁਣ ਨੂਰ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਸਤਿਗੁਰ ਸ਼ਬਦ ਕਹੇ ਮੇਰਾ ਆਦਿ ਜੁਗਾਦੀ ਰੰਗ, ਜਨ ਭਗਤਾਂ ਦਿਆਂ ਚੜ੍ਹਾਈਆ । ਆਤਮ ਸੇਜਾ ਵੇਖ ਪਲੰਘ, ਸਿੰਘਾਸਣ ਸੁਹੰਜਣਾ ਦਿਆਂ ਵਡਿਆਈਆ । ਪ੍ਰੇਮ ਪ੍ਰੀਤੀ ਅੰਦਰ ਜਾਵਾਂ ਵਸ, ਆਪ ਆਪਣਾ ਪੰਧ ਮੁਕਾਈਆ । ਅੰਮ੍ਰਿਤ ਅੰਮਿਉਂ ਦੇਵਾਂ ਸਾਚਾ ਰਸ, ਵਿਖ ਰਹਿਣ ਕੋਇ ਨਾ ਪਾਈਆ । ਬਿਨ ਮੱਕੇ ਕਾਅਬਿਉਂ ਕਰਾ ਕੇ ਹੱਜ, ਹਾਜ਼ਰ ਹਜ਼ਰਤ ਦਿਆਂ ਮਿਲਾਈਆ । ਬਿਨ ਮੰਦਰ ਮਸਜਿਦ ਸ਼ਿਵਦਵਾਲੇ ਮਠ, ਘਰ ਮੰਦਰ ਸੋਹਣਾ ਦੇਵਾਂ ਸੁਹਾਈਆ । ਜਿਸ ਗ੍ਰਿਹਿ ਜੋਤ ਜਗੇ ਲਟ ਲਟ, ਦਿਵਸ ਰੈਣ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਹਰਿ ਕਾ ਨਾਉਂ ਬਿਨ ਰਸਨਾ ਜਿਹਵਾ ਬੱਤੀ ਦੰਦ ਰਿਹਾ ਰਟ, ਤੂੰ ਹੀ ਤੂੰ ਹੀ ਰਿਹਾ ਸੁਣਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਹਰ ਘਟ ਮੀਤਾ ਠਾਂਡਾ ਸੀਤਾ ਭਗਤਾਂ ਹੋਇਆ ਵਸ, ਨਿਰਗੁਣ ਹੋ ਕੇ ਨਰ ਨਿਰੰਕਾਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪ ਪਰਗਟਾਈਆ । ਸਤਿਗੁਰ ਸ਼ਬਦ ਕਹੇ ਮੇਰੀ ਜੁਗ ਜੁਗ ਕਾਰ, ਕਰਨੀ ਕਰਤਾ ਆਪ ਕਰਾਈਆ । ਨਿਤ ਨਵਿਤ ਵੇਖਿਆ ਸਰਬ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਸ਼ਬਦ ਸੰਦੇਸ਼ੇ ਦੇਂਦਾ ਰਿਹਾ ਗੁਰੂ ਅਵਤਾਰ, ਪੀਰ ਪੈਗੰਬਰਾਂ ਕਲਮਾ ਨਗ਼ਮਿਆਂ ਵਿਚ ਸੁਣਾਈਆ । ਕਰਦਾ ਰਿਹਾ ਖੇਲ ਦੋ ਜਹਾਨ, ਮਿਹਰਵਾਨ ਹੋ ਕੇ ਹੁਕਮ ਵਰਤਾਈਆ । ਕਲਜੁਗ ਅੰਤਮ ਹੋ ਕੇ ਬੇਪਹਿਚਾਨ, ਜੋਤੀ ਜਾਤਾ ਆਪਣਾ ਵੇਸ ਵਟਾਈਆ । ਸਖ਼ੀਆਂ ਦਾ ਕਾਹਨ, ਸੀਤਾ ਦਾ ਰਾਮ, ਸੁਰਤੀ ਦਾ ਸੁਲਤਾਨ, ਮੁਹੱਬਤ ਵਿਚ ਮਹਿਬੂਬ ਆਪਣਾ ਫੇਰਾ ਪਾਈਆ । ਜਨ ਭਗਤਾਂ ਦੇਵਣਹਾਰਾ ਮਾਣ, ਚਰਨ ਪ੍ਰੀਤੀ ਬਖ਼ਸ਼ੇ ਦਾਨ, ਅੰਤਰ ਆਤਮ ਬ੍ਰਹਮ ਗਿਆਨ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸਨਮੁਖ ਹੋ ਕੇ ਦਰਸ਼ਨ ਦੇਵੇ ਆਣ, ਕਿਰਪਾ ਕਰੇ ਸ੍ਰੀ ਭਗਵਾਨ, ਧਰਮ ਵਖਾ ਕੇ ਇਕ ਨਿਸ਼ਾਨ, ਜੂਠ ਝੂਠ ਭਾਂਡਾ ਭਰਮ ਭਉ ਭੰਨਾਈਆ । ਰੋਗ ਸੋਗ ਵੇਖੇ ਮਾਰ ਧਿਆਨ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਰਨਹਾਰ ਕਲਿਆਣ, ਰਹਿਮਤ ਦਾ ਦਾਤਾ ਰਹੀਮ ਰੂਪ ਰਹਿਮਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਰਬ ਸਵਾਮੀ ਅੰਤਰਜਾਮੀ ਹਰ ਘਟ ਵੇਖ ਵਖਾਈਆ ।

੬੬੦

ਸਤਿਗੁਰ ਸ਼ਬਦ ਕਹੇ ਮੈਂ ਸਾਚਾ ਮੀਤਾ, ਸੱਜਣ ਧੁਰ ਦਾ ਨਜ਼ਰੀ ਆਈਆ । ਜਨ ਭਗਤਾਂ ਸੀਨਾ ਕਰਾਂ ਠਾਂਡਾ ਸੀਤਾ, ਅੰਮ੍ਰਿਤ ਰਸ ਮੇਘ ਚਵਾਈਆ । ਝਗੜਾ ਚੁਕਾਵਾਂ ਹਸਤ ਕੀਟਾ, ਊਚ ਨੀਚ ਨਾ ਕੋਇ ਵਖਾਈਆ । ਤ੍ਰੈਗੁਣ ਮਾਇਆ ਤਪੇ ਨਾ ਤਤ ਅੰਗੀਠਾ, ਤਤਵ ਤਤ ਦਿਆਂ ਬੁਝਾਈਆ । ਹੁਕਮੇਂ ਅੰਦਰ ਬਣਾ ਕੇ ਭਗਤਾਂ ਮੀਤਾ, ਮਿਹਰਵਾਨ ਹੋ ਕੇ ਹੋਏ ਸਹਾਈਆ । ਲੇਖਾ ਜਾਣੇ ਜੀਵ ਜੀ ਕਾ, ਜੀਵਣ ਜੁਗਤ ਜਗ ਦਾਤਾ ਆਪ ਜਣਾਈਆ । ਪੂਰਬ ਜਨਮ ਪੂਰੀ ਕਰ ਕੇ ਆਸਾ, ਸਚ ਭਰਵਾਸਾ ਇਕ ਰਖਾਈਆ । ਦਇਆਵਾਨ ਪੁਰਖ ਅਬਿਨਾਸ਼ਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਜੀਵ ਜੰਤ ਵੇਖਣ ਆਇਆ ਤਮਾਸ਼ਾ, ਗੁਰਮੁਖ ਵਿਰਲੇ ਗੁਰ ਗੁਰ ਸਤਿਗੁਰ ਆਪਣੀ ਗੋਦ ਉਠਾਈਆ ।

✻ ੨੪ ਚੇਤ ਸ਼ਹਿਨਸ਼ਾਹੀ ਸੰਮਤ ੧ ਹੁਕਮ ਸਿੰਘ ਦੇ ਗ੍ਰਿਹ ਫੈਜਪੁਰਾ ਜ਼ਿਲਾ ਗੁਰਦਾਸਪੁਰ ✻

ਕਿਰਪਾ ਕਰੇ ਸਤਿਗੁਰ ਮਿਹਰਵਾਨ, ਗੁਰਮੁਖ ਦੇਵੇ ਮਾਣ ਵਡਿਆਈਆ । ਜੁਗ ਚੌਕੜੀ ਦਇਆਵਾਨ, ਮਿਹਰ ਨਜ਼ਰ ਇਕ ਉਠਾਈਆ । ਲੇਖਾ ਜਾਣ ਸ੍ਰੀ ਭਗਵਾਨ ਪੂਰਬ ਲਹਿਣਾ ਲਹਿਣਾ ਝੋਲੀ ਪਾਈਆ । ਨੌ ਜਨਮ ਦੀ ਕਰ ਕਲਿਆਣ, ਕਰਮ ਕੁਕਰਮ ਲੇਖਾ ਦਏ ਮੁਕਾਈਆ । ਨੌ ਸਿੰਘਾਂ ਕਰੌਣਾ ਇਸ਼ਨਾਨ, ਦੋਆਬਾ ਮੇਲਾ ਸਹਿਜ ਸੁਭਾਈਆ । ਲੇਖਾ ਜਾਣੇ ਜਾਣੀ ਜਾਣ, ਜਾਨਣਹਾਰ ਬੇਪਰਵਾਹੀਆ । ਭੇਵ ਅਭੇਦਾ ਖੋਲ੍ਹੇ ਸ੍ਰੀ ਭਗਵਾਨ, ਪਰਦਾ ਆਪ ਉਠਾਈਆ । ਨਦੇੜ ਦਾ ਪੂਰਾ ਕਰੇ ਬਿਆਨ, ਮਾਣ ਦੇਵੇ ਕ਼ਲਮ ਸ਼ਾਹੀਆ । ਇੱਕੀਆਂ ਦਾ ਇਕ ਫ਼ਰਮਾਨ, ਧੁਰ ਦਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਨੌ ਗੁਰਮੁਖ ਨਵ ਦਵਾਰ, ਨਵ ਨੌ ਚਾਰ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਹੁਕਮ ਦੇਵੇ ਸਹਿਜ ਸੁਭਾਈਆ । ਬ੍ਰਾਹਮਣ ਲੇਖਾ ਮੁਕੇ ਠਗ ਚੋਰ ਯਾਰ, ਅੰਤ ਅਖ਼ੀਰੀ ਦੇਣਾ ਝੋਲੀ ਪਾਈਆ । ਬਗਲਾ ਹੰਸ ਬਣੇ ਰਲੇ ਹੰਸਾਂ ਡਾਰ, ਮਾਣਕ ਮੋਤੀ ਚੋਗ ਆਪਣਾ ਨਾਮ ਮੁਖ ਰਖਾਈਆ । ਅੰਦਰ ਬਾਹਰ ਦੁਖ ਦਏ ਨਵਾਰ, ਸੁਖ ਸਾਗਰ ਸਹਿਜ ਉਪਾਈਆ । ਨੌ ਦਸ ਇਕ ਵਿਹਾਰ, ਵਿਵਹਾਰੀ ਆਪ ਜਣਾਈਆ । ਪ੍ਰੇਮ ਪ੍ਰੀਤੀ ਬੰਧਾਏ ਸਿਰ ਦਸਤਾਰ, ਸਿਰ ਆਪਣਾ ਹੱਥ ਟਿਕਾਈਆ । ਸੇਵਾ ਕਰੇ ਸਿੰਘ ਲਾਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਸਾਚਾ ਬਸਤਰ ਕਰਾਏ ਤਨ ਸ਼ਿੰਗਾਰ, ਤਤਵ ਤਤ ਬਦਲਾਈਆ । ਪੂਰਬ ਲਹਿਣਾ ਪਿਛਲਾ ਉਧਾਰ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਵੇਖਿਆ ਚਵੀ ਚੇਤ, ਚੌਵੀ ਹੱਥ ਨਿਸ਼ਾਨਾ ਨਜ਼ਰੀ ਆਈਆ । ਜਿਸ ਠਾਕਰ ਸਵਾਮੀ ਰਚੀ ਖੇਡ, ਖਿਲਾਰੀ ਹੋ ਕੇ ਫੇਰਾ ਪਾਈਆ । ਉਸ ਦੇ ਕੋਲੋਂ ਪੁਛਣਾ ਭੇਤ, ਪਰਦਾ ਦੇ ਉਠਾਈਆ । ਓਸਨੇ ਕਰਨਾ ਹੇਤ, ਜਿਸ ਨੂੰ ਲੋਕਮਾਤ ਸਭ ਤੋਂ ਉਤਮ ਮਿਲੀ ਵਡਿਆਈਆ । ਸਚ ਸੁਹੰਜਣੀ ਦੇ ਕੇ ਸੇਜ, ਆਸਣ ਸਿੰਘਾਸਣ ਦੇਣਾ ਸੁਹਾਈਆ । ਧੁਰ ਸੰਦੇਸ਼ਾ ਦੇਣਾ ਭੇਜ, ਜਨ ਭਗਤਾਂ ਕਰ ਸ਼ਨਵਾਈਆ । ਮਨ ਵਾਸਨਾ ਛਡ ਕੇ ਬਣਨਾ ਨੇਕ, ਨਿੱਕਿਆਂ ਵੱਡਾ ਇਕੋ ਰੰਗ ਵਖਾਈਆ । ਤੁਸੀਂ ਵੇਖੋ ਆਪਣਾ ਦੇਸ,

ਕਿਉਂ ਪਰਦੇਸੀ ਹੋ ਕੇ ਬੈਠੇ ਮੁਖ ਭਵਾਈਆ । ਇਕੋ ਸਜਦਾ ਇਕੋ ਕਰੇ ਆਦੇਸ, ਨਿਉਂ ਨਿਉਂ ਏਕਾ ਸੀਸ ਨਿਵਾਈਆ । ਜੋ ਸਰਬ ਸਵਾਮੀ ਕਰਨ ਆਇਆ ਹੇਤ, ਹਿਤਕਾਰੀ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਵੀ ਚੇਤ ਕਹੇ ਮੈਂ ਨੌ ਦਾ ਦੱਸਾਂ ਹਾਲ, ਨਵ ਨੌ ਚਾਰ ਦਿਆਂ ਵਡਿਆਈਆ । ਇਨ੍ਹਾਂ ਦਾ ਲੇਖਾ ਨਾਲ ਸਿੰਘ ਪਾਲ, ਜੋ ਪਲਕ ਵਿਛੋੜਾ ਝਲ ਨਾ ਸਕਣ ਰਾਈਆ । ਇਸੇ ਕਾਰਨ ਹੋਇਆ ਪ੍ਰਭੂ ਦਿਆਲ, ਦਇਆਨਿਧ ਬੇਪਰਵਾਹੀਆ । ਪ੍ਰੇਮ ਪ੍ਰੀਤੀ ਪਾ ਕੇ ਜਾਲ, ਬੰਧਨ ਇਕ ਰਖਾਈਆ । ਭਗਤ ਦਵਾਰੇ ਸਚ ਸਚੀ ਧਰਮਸਾਲ, ਪੂਰਬ ਲੇਖਾ ਦਏ ਮੁਕਾਈਆ । ਅਗਲਾ ਦੱਸੇ ਹੋਰ ਸਵਾਲ, ਜਿਸ ਦਾ ਜਵਾਬ ਨਾ ਕੋਇ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲਣਹਾਰਾ ਖੇਲ ਮਹਾਨ, ਦੀਨਾ ਬੰਧਪ ਦੀਨ ਦਿਆਲ, ਪੁਰਖ ਅਕਾਲ ਅਕਲ ਕਲ ਆਪਣੀ ਆਪ ਵਰਤਾਈਆ ।

### ✳ ੨੪ ਚੇਤ ਸ਼ਹਿਨਸ਼ਾਹੀ ਸੰਮਤ ੧ ਅਜੀਤ ਸਿੰਘ ਦੇ ਗ੍ਰਿਹ ਬਟਾਲਾ ✳

੬੬੨ ਜਲ ਕਹੇ ਨੌ ਗੁਰਮੁਖ ਖ਼ੁਸ਼ੀ ਮਨੌਣਗੇ । ਨੌ ਦਸ ਸਾਚੀ ਸੇਵ ਕਮੌਣਗੇ । ਹਸ ਹਸ ਪੰਡਤ ਦਾ ਪੰਧ ਮੁਕੌਣਗੇ । ਜਪ ਜਪ ਇਕੋ ਢੋਲਾ ਗੌਣਗੇ । ਛੰਦ ਛੰਦ ਸੋਹੰ ਰਾਗ ਅਲੌਣਗੇ । ਬੰਦ ਬੰਦ ਬੰਦਗੀ ਵਿਚ ਸਮੌਣਗੇ । ਅਨੰਦ ਅਨੰਦ ਅਨੰਦ ਵਿਚੋਂ ਪਰਗਟੌਣਗੇ । ਮੰਗ ਮੰਗ ਮਾਂਗਤ ਹੋ ਕੇ ਝੋਲੀ ਵਖੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਆਸਾ ਇਕ ਵਧੌਣਗੇ । ਆਸਾ ਕਹੇ ਮੈਂ ਬੜੀ ਵੱਡੀ ਲੰਮੀ ਵਧਣਾ, ਸਭ ਨੂੰ ਦਿਆਂ ਸੁਣਾਈਆ । ਜਿਸ ਨੇ ਪਾਰ ਕਰਾਇਆ ਸਧਨਾ, ਸਿਰ ਆਪਣਾ ਹੱਥ ਟਿਕਾਈਆ । ਪਾਰ ਉਤਾਰਨਹਾਰਾ ਆਹਲਾ ਅਦਨਾ, ਅਦਾਲਤ ਇਕ ਲਗਾਈਆ । ਕਰਮ ਕੁਕਰਮ ਦਾ ਜਿਸ ਨੇ ਤੋਲਣਾ ਵਜ਼ਨਾ, ਨਾਮ ਕੰਡੇ ਉਤੇ ਚੜ੍ਹਾਈਆ । ਜਿਸ ਦਾ ਸਤਿ ਹੋਣਾ ਬਚਨਾ, ਸਕੇ ਨਾ ਕੋਇ ਉਲਟਾਈਆ । ਓਸੇ ਨੇ ਸਾਚਾ ਹੁਕਮ ਇਕ ਦੱਸਣਾ, ਹਰਿਸੰਗਤ ਦਏ ਸਮਝਾਈਆ । ਦੋ ਚਾਰ ਹੋ ਕੇ ਤੁਹਾਡੇ ਅੰਦਰ ਵਸਣਾ, ਕੂੜੀ ਵਿਸ ਬਾਹਰ ਕਢਾਈਆ । ਦਰਸ ਕਰੌਣਾ ਅੱਖਨਾ, ਅੱਖ ਅੱਖ ਨਾਲ ਮਿਲਾਈਆ । ਲੱਖ ਚੁਰਾਸੀ ਵਰੋਲ ਮੱਖਣਾ, ਗੁਰਮੁਖ ਰਿਹਾ ਪਰਗਟਾਈਆ । ਪ੍ਰੇਮ ਪ੍ਰੀਤੀ ਕੋਈ ਨਾ ਰਹੇ ਸਖਣਾ, ਦੇਵਣਹਾਰ ਆਪ ਗੁਸਾਈਆ । ਨੌ ਸਿੱਖ ਤਾਰਾ ਸਿੰਘ ਮਲਣਾ ਵਟਣਾ, ਪ੍ਰਭ ਦੀ ਚਰਨ ਧੂੜ ਦਿਤੀ ਨਾਲ ਮਿਲਾਈਆ । ਕੁਛ ਲੇਖਾ ਪਿਛੇ ਰਹਿ ਗਿਆ ਪਟਨਾ, ਧੁਰ ਦਾ ਵੇਖ ਵਖਾਈਆ । ਇਹ ਖੇਲ ਅਗੰਮੀ ਘਟਨਾ, ਘਾਟੇ ਵਾਲਿਆਂ ਦੇ ਘਾਟੇ ਪੂਰ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੇ ਲੇਖਾ ਫੇਰ ਜਣਾਵੇ ਅਗਲਾ, ਸ਼ਾਹ ਕੰਗਲਾ ਆਪਣੇ ਵਿਚ ਸਮਾਈਆ ।

੬੬੩

## ❊ ੨੪ ਚੇਤ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਨੌ ਗੁਰਸਿਖ ਆਓ ਅਗੇ, ਪਿਛਲਾ ਲੇਖਾ ਦਿਆਂ ਚੁਕਾਈਆ । ਗਲ ਵਿਚੋਂ ਲਾਹ ਲਓ ਆਪਣੇ ਆਪਣੇ ਝੱਗੇ, ਤਪਸਿਆ ਪਿਛਲੀ ਝੋਲੀ ਪਾਈਆ । ਮੀਤ ਪਿਆਰੇ ਸੱਜਣ ਬਣੇ ਸਕੇ, ਸਗਲਾ ਸੰਗ ਬਣਾਈਆ । ਧੁਰ ਦੇ ਸ਼ਬਦ ਜੋ ਅੰਤ ਅਖ਼ੀਰੀ ਦੱਸੇ, ਪਾਲ ਸਿੰਘ ਦਿਆਂ ਵਡਿਆਈਆ । ਓਸੇ ਦੇ ਅੱਜ ਆ ਗਏ ਸੱਦੇ, ਪਿਛਲਾ ਪੰਧ ਮੁਕਾਈਆ । ਓਸੇ ਦਾ ਨੂਰ ਓਸੇ ਦੀ ਜੋਤ ਜਗੇ, ਸ਼ਬਦ ਸੁਤ ਵੱਜੇ ਵਧਾਈਆ । ਪ੍ਰੇਮ ਪਿਆਰ ਸਚ ਪ੍ਰੀਤੀ ਦੇ ਵੇਖੋ ਮਜ਼ੇ, ਮਜ਼ਲਸ ਆਪਣੇ ਨਾਲ ਰਖਾਈਆ । ਅਜੇ ਤਕ ਗੁਰਮੁਖੋ ਤੁਹਾਡੇ ਲੇਖੇ ਰੱਖੇ ਅੱਧੇ, ਅੱਧਾ ਹਿੱਸਾ ਇਕੋ ਵਾਰ ਅਗਲਾ ਤੁਹਾਡੀ ਝੋਲੀ ਪਾਈਆ । ਕਿਰਪਾ ਕਰੇ ਪੁਰਖ ਸਮਰਥੇ, ਸਾਹਿਬ ਸਵਾਮੀ ਬੇਪਰਵਾਹੀਆ । ਓਸ ਬ੍ਰਾਹਮਣ ਨੂੰ ਵੇਖੋ ਅੱਖੇ, ਜੋ ਪਿਛਲਾ ਸੰਗੀ ਜੋੜ ਜੁੜਾਈਆ । ਜਿਸ ਦੇ ਕਰਮਾਂ ਦੇ ਰੋਗ ਕੱਟੇ, ਪਾਪਾਂ ਦੀ ਮੈਲ ਧੁਆਈਆ । ਧੁਰ ਸੰਦੇਸ਼ੇ ਦੇ ਕੇ ਸੱਚੇ, ਸਚ ਸੁਚ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕੁੜਤਾ ਕਹੇ ਮੈਂ ਕਿਉਂ ਗਿਆ ਲਥ, ਮੈਨੂੰ ਪੁਛੋ ਚਾਈਂ ਚਾਈਂਆ । ਕੀ ਕਰੇ ਖੇਲ ਪੁਰਖ ਸਮਰਥ, ਸਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਮੈਂ ਕਾਇਆ ਚੋਲਾ ਬਦਲ ਕੇ ਬਦਲੀ ਕੀਤੀ ਝਟ, ਪੜਦਾ ਆਪਣਾ ਦਿਤਾ ਉਠਾਈਆ । ਸਾਰੇ ਗੁਰਮੁਖ ਅੱਖਾਂ ਨਾਲ ਲਓ ਤਕ, ਜੋ ਨੌ ਦਰ ਬੈਠੇ ਪੰਧ ਮੁਕਾਈਆ । ਸਚ ਦਵਾਰੇ ਆਏ ਹੱਸ, ਖ਼ੁਸ਼ੀਆਂ ਢੋਲੇ ਗਾਈਆ । ਜਿਨ੍ਹਾਂ ਪਿਛੇ ਮਾਰਗ ਲੈਣਾ ਸਚ, ਇਹ ਰੀਤੀ ਸਚ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਝੱਗਾ ਕਹੇ ਅਸੀਂ ਨੌ ਕਰਨ ਲੱਗੇ ਸੀ ਇਸ਼ਨਾਨ, ਪਿਛਲੇ ਸਾਥੀ ਨਜ਼ਰੀ ਆਈਆ । ਸਾਨੂੰ ਗਲੋਂ ਲੱਥਿਆਂ ਨੂੰ ਵੇਖ ਕੇ ਇਸ ਬ੍ਰਾਹਮਣ ਨੇ ਮੰਗ ਲਿਆ ਦਾਨ, ਅਗੇ ਆਪਣੀ ਝੋਲੀ ਡਾਹੀਆ । ਜੇ ਵਿਛੜਨ ਲਗਿਆਂ ਮੈਨੂੰ ਦੇ ਦਿਉ ਦਾਨ ਮੈਂ ਜ਼ਰੂਰ ਮਿਲਾਵਾਂ ਭਗਵਾਨ, ਵਿਚੋਲਾ ਸਾਚਾ ਸੇਵ ਕਮਾਈਆ । ਨੌਆਂ ਕੀਤਾ ਇਕ ਫ਼ਰਮਾਨ, ਕਿਉਂ ਪੰਡਤਾ ਰਿਹਾ ਸਤਾਈਆ । ਉਹਨਾਂ ਨੂੰ ਇਸ਼ਾਰੇ ਨਾਲ ਕਹਿੰਦਾ ਉਹ ਵੇਖੋ ਰੱਬ ਦਾ ਨਿਸ਼ਾਨ, ਸਾਢੇ ਤਿੰਨ ਮਿੰਟ ਧਿਆਨ ਲਗਾਈਆ । ਅੱਖਾਂ ਮੀਟੋ ਤੁਹਾਨੂੰ ਆ ਜਾਵੇ ਗਿਆਨ, ਪੁਰਖ ਅਬਿਨਾਸ਼ੀ ਦਰਸ ਦਿਖਾਈਆ । ਉਹ ਸਾਰੇ ਜਲ ਵਿਚ ਬੈਠੇ ਅੱਖਾਂ ਉਂਗਲਾਂ ਨਾਲ ਦਬਾਣ, ਅੰਦਰੇ ਅੰਦਰ ਖੋਜ ਖੁਜਾਈਆ । ਓਧਰੋਂ ਬ੍ਰਾਹਮਣ ਹੋ ਪਰਧਾਨ, ਆਪ ਆਪਣਾ ਹੁਕਮ ਸੁਣਾਈਆ । ਸੋਹਣਾ ਸਮਾਂ ਪ੍ਰਭ ਨੇ ਮੇਲਿਆ ਆਣ, ਖ਼ੁਸ਼ੀ ਦਿਨ ਵਖਾਈਆ । ਨਵਾਂ ਦੇ ਕੁੜਤੇ ਚੁਕ ਕੇ ਭੱਜਿਆ ਵਿਚ ਮੈਦਾਨ, ਅਗਲਾ ਪੰਧ ਮੁਕਾਈਆ । ਮਨ ਵਾਸਨਾ ਆਈ ਜੇ ਮੈਨੂੰ ਪਹਿਲੋਂ ਕਰਾ ਦੇਂਦੇ ਇਸ਼ਨਾਨ, ਆਪਣੀ ਸੇਵ ਕਮਾਈਆ । ਫੇਰ ਮੈਂ ਸਾਰੇ ਬਸਤਰਾਂ ਦਾ ਇਹਨਾਂ ਕੋਲੋਂ ਮੇਟ ਦਿੰਦਾ ਨਿਸ਼ਾਨ, ਪਿੱਛਾ ਸਮਝ ਕਿਸੇ ਨਾ ਆਈਆ । ਓਧਰੋਂ ਸਾਢੇ ਤਿੰਨਾਂ ਮਿੰਟਾਂ ਪਿਛੋਂ ਅੱਖਾਂ ਖੋਲ੍ਹ ਕੇ ਇਕ ਦੂਜੇ ਵਲੇ ਲੱਗੇ ਤਕਾਣ, ਤੱਕਣ ਚਾਈਂ ਚਾਈਆ । ਕਿਸ ਤਰਾ ਦਾ ਤੈਨੂੰ ਮਿਲਿਆ ਭਗਵਾਨ, ਮੈਨੂੰ ਦੇ ਦ੍ਰਿੜ੍ਹਾਈਆ । ਓਨੇ ਚਿਰ ਨੂੰ ਲਾਲ ਸਿੰਘ ਦਾ ਕਪੜਿਆਂ ਵੱਲੇ ਹੋ ਗਿਆ ਖ਼ਿਆਲ, ਅੱਖ ਨਾਲ ਤੱਕ ਕੇ ਸਭ ਨੂੰ ਰਿਹਾ ਸੁਣਾਈਆ । ਵੇਖੋ ਪੰਡਤ ਕਿਧਰ ਗਿਆ ਸ਼ਿਤਾਬ, ਬਸਤਰ ਉਠਾ ਕੇ ਭੱਜਾ ਵਾਹੋ ਦਾਹੀਆ । ਇਕ ਨੇ ਕਿਹਾ ਅਸੀਂ ਕਰਾਇਆ ਨਹੀਂ ਉਸ ਨੂੰ ਇਸ਼ਨਾਨ, ਸਾਡੀ ਭੁਲ ਦੀ ਸਜ਼ਾ ਤੇਗ਼ਾ ਕਮਲਾ ਰਿਹਾ ਭੁਗਤਾਈਆ । ਚਲੋ ਓਸੇ ਨੂੰ ਜਾ ਕੇ ਦੱਸੀਏ

ਉਹਦਾ ਬਿਆਨ, ਹਾਲਤ ਸਰਬ ਦ੍ਰਿੜਾਈਆ । ਇਕੱਠੇ ਹੋ ਕੇ ਆ ਗਏ ਸਚ ਅਸਥਾਨ, ਵਾਰਤਾ ਸਚ ਦਿਤੀ ਸੁਣਾਈਆ । ਓਸ ਅੱਗੋਂ ਕਿਹਾ ਆਉ ਮੇਰੇ ਮਹਿਮਾਨ, ਪ੍ਰੇਮ ਪਿਆਰ ਨਾਲ ਜਣਾਈਆ । ਕੁਛ ਤੁਹਾਨੂੰ ਸੁਣਾਵਾਂ ਵਿਚ ਕਾਨ, ਹੌਲੀ ਜਿਹੀ ਦ੍ਰਿੜਾਈਆ । ਜਿਸ ਵੇਲੇ ਭਗਤਾਂ ਦਾ ਭਗਵਨ ਬਣ ਕੇ ਆਇਆ ਭਗਵਾਨ, ਤੁਹਾਡਾ ਲੇਖਾ ਦਏ ਮੁਕਾਈਆ । ਬ੍ਰਾਹਮਣ ਦਾ ਪੂਰਾ ਕਰ ਇਸ਼ਨਾਨ, ਦੁਰਮਤ ਮੈਲ ਦੇਵੇ ਧੁਆਈਆ । ਅਗੇ ਦੇ ਕੇ ਧੁਰ ਫ਼ਰਮਾਨ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਜਨ ਭਗਤੋ ਗੁਰਮੁਖੋ ਤੁਸੀਂ ਕਦੇ ਨਹੀਂ ਹੋਣਾ ਬੇਈਮਾਨ, ਕੂੜੀ ਕਿਰਿਆ ਅੰਤਰ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਹੋ ਕੇ ਮਿਹਰਵਾਨ, ਰਛਿਆ ਕਰੇ ਥਾਉਂ ਥਾਈਂਆ । ਵੇਲਾ ਵਕਤ ਘੜੀ ਪਲ ਥਿਤ ਚਵੀ ਚੇਤ ਮਹਾਨ, ਮਹਿੰਮਾ ਅਕਥ ਅਕਥ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਨੌ ਕਹਿਣ ਕਿਸ ਬਿਧ ਵੇਖੀਏ ਖੇਲ ਤਮਾਸ਼ੇ, ਭੇਵ ਕਵਣ ਖੁਲ੍ਹਾਈਆ । ਕਿਸ ਬਿਧ ਮਿਲੇ ਪੁਰਖ ਅਬਿਨਾਸ਼ੇ, ਸ਼ਬਦ ਕਵਣ ਸੁਣਾਈਆ । ਕਿਸ ਬਿਧ ਨਿਰਗੁਣ ਨੂਰ ਜੋਤ ਹੋਵੇ ਪਰਕਾਸ਼ੇ, ਅੰਧ ਅੰਧੇਰ ਦਏ ਮਿਟਾਈਆ । ਕਿਸ ਬਿਧ ਸਗਲਾ ਸੰਗੀ ਹੋਵੇ ਸਾਥੇ, ਧੁਰ ਦਾ ਸੰਗ ਬਣਾਈਆ । ਤੇਗ਼ਬਹਾਦਰ ਕਿਹਾ ਉਹ ਸਮਰਥ ਕਲਾ ਪ੍ਰਭ ਆਪੇ, ਆਪਣੀ ਬਣਤ ਆਪਣੇ ਹੱਥ ਰਖਾਈਆ । ਤੁਹਾਡੇ ਜੋੜ ਕੇ ਧੁਰ ਦੇ ਨਾਤੇ, ਬੰਧਨ ਆਪਣਾ ਦੇਵੇ ਪਾਈਆ । ਸਗਲਾ ਸੰਗ ਬਣਾ ਕੇ ਸਾਥੇ, ਸੋਹਣਾ ਜੋੜ ਜੁੜਾਈਆ । ਪੂਰਬ ਜਨਮ ਪੂਰੇ ਕਰ ਕੇ ਘਾਟੇ, ਮੰਜ਼ਲ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਤੇਗ਼ਬਹਾਦਰ ਕਹੇ ਮੇਰੀ ਪ੍ਰਭੂ ਕਰੇ ਪ੍ਰਿਤਪਾਲ, ਪਾਲ ਮੇਰੇ ਨਾਉਂ ਮਿਲੀ ਵਡਿਆਈਆ । ਮੇਰੀ ਲੇਖੇ ਲਾਵੇ ਘਾਲ, ਜੋ ਧੁਰ ਦੀ ਸੇਵ ਕਮਾਈਆ । ਵਡਿਆਈ ਮਿਲੇ ਓਸੇ ਦੇ ਲਾਲ, ਦੋ ਜਹਾਨਾਂ ਕਰੇ ਰੁਸ਼ਨਾਈਆ । ਤੁਹਾਡੀ ਅਮਾਨਤ ਗੁਰਮੁਖੋ ਰੱਖਾਂ ਸੰਭਾਲ, ਖਿਆਨਤ ਵਿਚ ਨਾ ਕੋਇ ਕਰਾਈਆ । ਜਿਸ ਵੇਲੇ ਮੇਰਾ ਬਣਿਆ ਚੌਵੀਆਂ ਸਾਲ, ਦੋ ਚਾਰ ਇਕੋ ਰੰਗ ਵਖਾਈਆ । ਧੁਰ ਸੰਦੇਸ਼ਾ ਦੇ ਅਹਿਵਾਲ, ਸਤਿ ਸਚ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪਾਲ ਸਿੰਘ ਕਹੇ ਮੈਂ ਵੇਖਿਆ ਪ੍ਰਿਤਪਾਲਕ, ਪਾਲਣਹਾਰਾ ਇਕੋ ਨਜ਼ਰੀ ਆਈਆ । ਗੁਰਮੁਖੋ ਓਸ ਦੇ ਬਣੇ ਰਹੋ ਬਾਲਕ, ਬਾਲਿਆਂ ਨਾਲੋਂ ਚੰਗਾ ਆਪਣੀ ਗੋਦ ਟਿਕਾਈਆ । ਓਸ ਦਾ ਰੂਪ ਵੇਖਿਓ ਖ਼ਾਲਸ, ਜੋ ਖ਼ਾਲਸ ਦਾਤਾ ਬੇਪਰਵਾਹੀਆ । ਨਿੰਦਰਾ ਵਿਚ ਨਾ ਆਇਓ ਆਲਸ, ਮਾਇਆ ਮਮਤਾ ਮੋਹ ਨਾ ਕੋਇ ਵਡਿਆਈਆ । ਮੈਂ ਤੁਹਾਡੀ ਕਰਾਂ ਸਫ਼ਾਰਸ਼, ਜ਼ਾਮਨ ਹੋ ਕੇ ਲਵਾਂ ਬਚਾਈਆ । ਅੱਖਰਾਂ ਵਾਲੀ ਨਾ ਸਮਝਿਓ ਇਬਾਰਤ, ਧੁਰ ਦਾ ਸ਼ਬਦ ਧੁਰ ਦੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪਾਲ ਸਿੰਘ ਕਿਹਾ ਵੇਖੋ ਵੇਲਾ ਵਕ਼ਤ ਆਇਆ ਆਪਣੇ ਕੰਢੇ, ਸੋਹਣੀ ਰੁਤ ਥਿਤ ਸੁਹਾਈਆ । ਕਿਉਂ ਤੁਸੀਂ ਬੈਠੇ ਪਿੰਡੇ ਨੰਗੇ, ਤਨ ਖ਼ਾਕੀ ਰਹੇ ਵਖਾਈਆ । ਸਚ ਪੁਛੋ ਪ੍ਰਭੂ ਨੇ ਕਿਰਪਾ ਕਰਨੀ ਕੂੜ ਕੁੜਿਆਰੇ ਮਿਹਰ ਨਿਗਾਹ ਨਾਲ ਕਰਨੇ ਚੰਗੇ, ਖੋਟਿਆਂ ਖਰੇ ਦੇਣੇ ਬਣਾਈਆ । ਬਿਨ ਬੰਦਗੀਉਂ ਬਣਾ ਕੇ ਬੰਦੇ, ਹੁਕਮ ਆਪਣਾ ਇਕ ਸਮਝਾਈਆ । ਜੋ ਗੁਰਮੁਖ ਸਾਚੀ ਧਾਰ ਵਿਚੋਂ ਲੰਘੇ, ਆਪਣਾ ਪੰਧ ਮੁਕਾਈਆ । ਵੇਖੋ ਲੇਖਾ ਮੁਕਦਾ ਬ੍ਰਾਹਮਣ ਪੰਡੇ, ਨੌ ਜਨਮ ਦਾ ਲਹਿਣਾ ਝੋਲੀ ਪਾਈਆ । ਦੀਨ ਦਿਆਲ ਟੁਟੀ ਗੰਢੇ, ਨਾਤਾ ਆਪਣੇ ਨਾਲ ਜੁੜਾਈਆ । ਗੁਰਮੁਖ

੬੬੪

ਬਣਾ ਕੇ ਆਪਣੇ ਸਾਚੇ ਚੰਦੇ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੌ ਕਹਿਣ ਕੀ ਪੰਡਤ ਦਾ ਹਿਸਾਬ, ਸਮਝ ਵਿਚ ਕੁਛ ਨਾ ਆਈਆ । ਪੁਰਖ ਅਕਾਲ ਕਿਹਾ ਇਸਨੂੰ ਕੋਈ ਦੁਖ ਦਰਦ ਔਣ ਵਾਲਾ ਸੀ ਅਜ਼ਾਬ, ਜੋ ਸਾਢੇ ਤਿੰਨ ਮਹੀਨੇ ਸਤਾਈਆ । ਛੱਤੀ ਦਿਨ ਇਹਦੀ ਬੰਦ ਰਹਿਣੀ ਆਵਾਜ਼, ਰਸਨਾ ਮੁਖ ਨਾ ਕੋਇ ਹਿਲਾਈਆ । ਜਗਤ ਸਨਬੰਧੀਆਂ ਦੇਣਾ ਸੀ ਜਵਾਬ, ਨਾਤਾ ਕੂੜ ਦੇਣਾ ਤੁੜਾਈਆ । ਇਹ ਖੇਲ ਵੇਖ ਪਾਲ ਸਿੰਘ ਦਿਤਾ ਆਖ, ਆਖ਼ਰ ਅੰਤ ਜਣਾਈਆ । ਇਹ ਉਹਨਾਂ ਦਾ ਸਾਥ, ਸੰਗੀ ਬਣ ਕੇ ਫੇਰੀ ਗਿਆ ਪਾਈਆ । ਕਰਨੀ ਦਾ ਬੜਾ ਚਲਾਕ, ਕਰਤੇ ਦਾ ਰੂਪ ਲਏ ਬਦਲਾਈਆ । ਨੌਵਾਂ ਦੀ ਗੰਢ ਰਖੀ ਸਾਂਭ, ਆਪਣੇ ਕੋਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਨੌ ਕਹਿਣ ਅਸੀਂ ਤੇ ਸਮਝਿਆ ਬੜਾ ਚੰਗਾ, ਚੰਗਿਆਂ ਵਿਚੋਂ ਨਜ਼ਰੀ ਆਈਆ । ਜਿਹੜਾ ਤੀਰਥ ਉਤੇ ਜਾ ਕੇ ਕਰਦਾ ਮਾਈ ਗੰਗਾ, ਪਾਪਾਂ ਮੈਲ ਗਵਾਈਆ । ਵਖਰਾ ਵੇਖਿਆ ਇਸ ਕੋਲ ਢੰਗਾ, ਜੋ ਜਾਂਦੇ ਰਾਹੀਆਂ ਲਏ ਚੁਰਾਈਆ । ਬਾਹਰੋਂ ਕਰ ਕੇ ਭੇਖ ਭਖੰਡਾ, ਅੰਦਰੋਂ ਠੱਗੀ ਜਾਏ ਕਮਾਈਆ । ਜੇ ਪ੍ਰਭੂ ਕਿਰਪਾ ਕਰ ਕੇ ਇਹਨੂੰ ਬਣਾ ਦਏਂ ਬੰਦਿਆਂ ਵਰਗਾ ਬੰਦਾ, ਅੰਦਰੋਂ ਸੁਰਤੀ ਦੇ ਭੁਆਈਆ । ਇਹਦਾ ਮਨ ਨਾ ਰਹੇ ਗੰਦਾ, ਕੂੜੀ ਕਿਰਿਆ ਜਾਏ ਤਜਾਈਆ । ਫੇਰ ਸਾਡਾ ਬਣੇ ਸੋਹਣਾ ਸੰਗਾ, ਬੰਧਨ ਇਕੋ ਨਜ਼ਰੀ ਆਈਆ । ਜਿਸ ਸਾਡਾ ਨੰਗਾ ਕੀਤਾ ਪਿੰਡਾ, ਇਸ ਦੇ ਪਿਛੇ ਇਸ ਦਾ ਪਿੰਡਾ ਮਲ ਮਲ ਕੇ ਸੇਵਾ ਲਈਏ ਕਮਾਈਆ । ਇਹ ਪਿਆਰ ਸਾਨੂੰ ਲਗੇ ਚੰਗਾ, ਜਿਸ ਦਾ ਲੇਖਾ ਅਗੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਚਵੀ ਚੇਤ ਕਹੇ ਮੈਂ ਜਿਸ ਦੀ ਰੱਖੀ ਉਡੀਕ, ਬੈਠਾ ਰਿਹਾ ਧਿਆਨ ਲਗਾਈਆ । ਓਸੇ ਦੀ ਆ ਗਈ ਤਾਰੀਖ, ਪ੍ਰਭੂ ਤਬਦੀਲੀ ਦੇ ਕਰਾਈਆ । ਗੁਰਮੁਖਾਂ ਦੀ ਵੇਖ ਪ੍ਰੀਤ, ਪ੍ਰੀਤਮ ਆਪਣੀ ਦਇਆ ਕਮਾਈਆ । ਪਿਛਲੇ ਮਹੀਨੇ ਵਿਚ ਲਿਆਂਦੇ ਘਸੀਟ, ਸ਼ਬਦੀ ਡੋਰੀ ਤੰਦ ਬੰਧਾਈਆ । ਕਰੇ ਖੇਲ ਅਗੰਮੀ ਅਜੀਬ, ਅਜਬ ਲੀਲਾ ਆਪ ਵਰਤਾਈਆ । ਬ੍ਰਾਹਮਣ ਲਿਆਂਦਾ ਕ਼ਰੀਬ, ਆਪਣਾ ਹੁਕਮ ਸੁਣਾਈਆ । ਜਿਸ ਨੇ ਅਗੇ ਬਣਨਾ ਸੀ ਮਰੀਜ਼, ਤਬੀਬ ਬਣ ਕੇ ਗੁਰਮੁਖੋ ਓਸ ਦਾ ਰੋਗ ਦਿਓ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਗੁਰਸਿਖ ਕਹਿਣ ਪ੍ਰਭੂ ਸਾਨੂੰ ਦੇ ਗਿਆਨ, ਕਿਸ ਬਿਧ ਲਹਿਣਾ ਦੇਈਏ ਚੁਕਾਈਆ । ਅਬਿਨਾਸ਼ੀ ਕਰਤੇ ਕਿਹਾ ਫੜ ਕੇ ਕਰਾਓ ਇਸ਼ਨਾਨ, ਪਿਛਲੇ ਸਾਥੀ ਸੇਵ ਕਮਾਈਆ । ਦੋਆਬੇ ਵਾਲਿਓ ਇਹ ਫ਼ਰਮਾਨ, ਧੁਰ ਦਰਗਾਹੀ ਦਏ ਜਣਾਈਆ । ਜਿਸ ਸਮੇਂ ਤਾਰਾ ਸਿੰਘ ਜਾਣਾ ਵਿਚ ਮਸਾਨ, ਤੁਸਾਂ ਹਾਜ਼ਰ ਹੋਣਾ ਆਣ, ਮਕਾਣ ਵਾਲਾ ਨਾ ਰੂਪ ਬਣਾਈਆ । ਇਸ ਦਾ ਲੇਖਾ ਮੁੱਕੇ ਵਿਚ ਜਹਾਨ, ਅਗੇ ਮਿਲੇ ਸ੍ਰੀ ਭਗਵਾਨ, ਵਿਛੋੜਾ ਪੰਧ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਓਸੇ ਦਾ ਲੇਖਾ ਓਸੇ ਦਾ ਲਹਿਣਾ ਆਪਣੀ ਕਿਰਪਾ ਨਾਲ ਓਸੇ ਦੀ ਝੋਲੀ ਪਾਈਆ । ਨੰਗਾ ਪਿੰਡਾ ਕਹੇ ਮੇਰੀ ਇਕ ਮੰਗ, ਮਾਂਗਤ ਹੋ ਕੇ ਰਿਹਾ ਧਿਆਨ ਜਣਾਈਆ । ਅਬਿਨਾਸ਼ੀ ਕਰਤੇ ਚਾੜ੍ਹ ਦੇ ਆਪਣਾ ਰੰਗ, ਮਿਹਰਵਾਨ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਤੇਰਾ ਬਣਿਆ ਸੰਗ, ਹਰਿ ਸੰਗਤ ਜੋੜ ਜੁੜਾਈਆ । ਸਾਨੂੰ ਪਿਛਲਾ ਭੁਲ ਜਾਏ ਅਨੰਦ, ਆਪਣਾ ਅਨੰਦ ਦੇ ਵਖਾਈਆ । ਆਤਮ ਪਰਮਾਤਮ ਪਾ ਦੇ ਗੰਢ,

੬੬੫

ਦੋ ਜਹਾਨਾਂ ਨਾ ਹੋਵੇ ਜੁਦਾਈਆ । ਤੂੰ ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੰਗਾ ਪਿੰਡਾ ਦੇਵੇ ਦਾਤ, ਦਇਆਵਾਨ ਦਇਆ ਕਮਾਈਆ । ਜਨ ਭਗਤੋ ਚਵੀ ਚੇਤ ਨੂੰ ਸਦਾ ਰਹਾਂ ਤੁਹਾਡੇ ਸਾਥ, ਵਿਛੋੜਾ ਨਜ਼ਰ ਕੋਇ ਨਾ ਆਈਆ । ਭੇਵ ਖੁਲ੍ਹਾ ਕੇ ਆਪਣਾ ਆਪ, ਪਰਦੇ ਦਿਆਂ ਚੁਕਾਈਆ । ਜਨਮ ਕਰਮ ਦੇ ਕਟ ਕੇ ਪਾਪ, ਪਤਿਤ ਪੁਨੀਤ ਦਿਆਂ ਬਣਾਈਆ । ਦਰਸ ਵਖਾਵਾਂ ਸਾਖ਼ਿਆਤ, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਚਵੀ ਚੇਤ ਕਹੇ ਤੁਹਾਡੀ ਸੁਰਤੀ ਕਰੇ ਚੇਤਨ, ਚਿੰਤਾ ਚਿਖਾ ਦਏ ਮਿਟਾਈਆ । ਤੁਹਾਡੀ ਭਟਕਣਾ ਮੇਟੇ ਵਾਸਨ, ਮਨ ਮਨਸਾ ਮਨ ਹੀ ਮਾਹੇਂ ਸਮਾਈਆ । ਭਾਗ ਲਗਾਵੇ ਤੁਹਾਡੇ ਤਨ, ਤੰਦ ਸਤਾਰ ਦਏ ਹਿਲਾਈਆ । ਜੋ ਸ਼ਬਦ ਬਚਨ ਸੁਣ ਕੇ ਜਾਓ ਕੰਨ, ਘਰ ਜਾ ਨਾ ਦੇਣਾ ਭੁਲਾਈਆ । ਪ੍ਰੇਮ ਪਿਆਰ ਦਾ ਬੇੜਾ ਰਿਹਾ ਬੰਨ੍ਹ, ਆਪਣੇ ਕੰਧ ਉਠਾਈਆ । ਕੂੜ ਕੁੜਿਆਰ ਰਿਹਾ ਡੰਨ, ਚੋਟ ਧੁਰ ਦੀ ਇਕ ਜਣਾਈਆ । ਅੱਖੀਂ ਵੇਖ ਕੇ ਨੇਤਰ ਬਣੇ ਨਾ ਰਿਹੋਂ ਅੰਨ੍ਹ, ਅੰਧਲਾਪਨ ਦੇਣਾ ਗਵਾਈਆ । ਪ੍ਰਭੂ ਕੋਈ ਲੋੜ ਨਹੀਂ ਕਿਸੇ ਦੀ ਧਨ, ਜਗਤ ਮਾਇਆ ਨਾ ਕੋਇ ਭਰਮਾਈਆ । ਸਾਚੇ ਮਾਰਗ ਜੋ ਜਨ ਰਿਹਾ ਚਲ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੌ ਕਹਿਣ ਅਸੀਂ ਕਿਉਂ ਆਏ ਦੋਆਬੇ, ਦੋ ਦਰਿਆ ਦੇਣ ਗਵਾਹੀਆ । ਨੌਂਵਾਂ ਕਹੇ ਸਾਡੇ ਪਿਛਲੇ ਏਧਰ ਸੀ ਮਾਪੇ, ਉਹਨਾਂ ਦੀ ਯਾਦ ਖਿਚ ਲਿਆਈਆ । ਲਾਲ ਸਿੰਘ ਕਿਹਾ ਮੈਂ ਤੁਹਾਡੇ ਨਾਲੋਂ ਛੇਤੀ ਛਡ ਕੇ ਆਪਣਾ ਸਾਥੇ, ਕੀੜੀ ਰੂਪ ਬਦਲਾਈਆ । ਇਕ ਆਸ ਰਖ ਕੇ ਗਿਆ ਕਿ ਸਾਡੇ ਸਾਰਿਆਂ ਦਾ ਪ੍ਰਭੂ ਆਪੇ ਪਰਦਾ ਢਾਕੇ, ਓਢਣ ਆਪਣਾ ਨਾਮ ਪਾਈਆ । ਸਨਮੁਖ ਹੋ ਕੇ ਕਰੇ ਬਾਤੇ, ਸ਼ਬਦ ਨਾਦ ਧੁਨ ਸ਼ਨਵਾਈਆ । ਸਾਨੂੰ ਬੱਚੂ ਬੱਚੂ ਆਖੇ, ਪੁੱਤਰਾਂ ਵਾਂਗ ਗੋਦ ਸੁਹਾਈਆ । ਸਾਨੂੰ ਭੁਲ ਜਾਣ ਪਿਛਲੇ ਮਾਪੇ, ਝੂਠਾ ਨਾਤਾ ਨਾ ਕੋਇ ਰਖਾਈਆ । ਬ੍ਰਾਹਮਣ ਦੇ ਕਪੜੇ ਨਾ ਰਹਿਣ ਪਾਟੇ, ਸੋਹਣੀ ਦਸਤਾਰ ਸੀਸ ਦੇਵੇ ਬੰਧਾਈਆ । ਅਗੇ ਮੰਜ਼ਲ ਰਹੇ ਨਾ ਅਧਵਾਟੇ, ਸਾਚੇ ਪੌੜੇ ਦੇਵੇ ਚੜ੍ਹਾਈਆ । ਜਨ ਭਗਤਾਂ ਕਥਾ ਕਹਾਣੀ ਦੱਸੇ ਸਾਚੇ, ਸਚ ਸਚ ਜਣਾਈਆ । ਤੁਸੀਂ ਬਣੇ ਨਾ ਰਿਹੋ ਸਦਾ ਕਾਕੇ, ਜੋਬਨ ਤੁਹਾਡਾ ਲਏ ਅੰਗੜਾਈਆ । ਤੁਹਾਡੇ ਬਦਲ ਦੇਣੇ ਪਾਸੇ, ਨਰਦ ਨਟੀ ਨਾ ਕੋਇ ਰਖਾਈਆ । ਵੇਖਣਹਾਰਾ ਖੇਲ ਤਮਾਸ਼ੇ, ਨਿਰਗੁਣ ਨਿਰਾਕਾਰ ਨਿਰੰਕਾਰ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਦੇਵੇ ਨਿਵਾਸੇ, ਨਿਵਾਸ ਅਸਥਾਨ ਇਕੋ ਇਕ ਵਖਾਈਆ । ਪੰਡਤ ਕਹੇ ਜਿਸ ਵੇਲੇ ਇਸ਼ਨਾਨ ਕੀਤਾ ਮੈਨੂੰ ਲਗੀ ਠੰਡ, ਅਗਨੀ ਤਤ ਬੁਝਾਈਆ । ਮੇਰੇ ਜਨਮ ਕਰਮ ਦੀ ਪਿਛਲੀ ਖੁਲ੍ਹ ਗਈ ਸਾਰੀ ਗੰਢ, ਲੇਖਾ ਨਜ਼ਰ ਕੋਇ ਨਾ ਆਈਆ । ਮੈਂ ਅੰਦਰੇ ਅੰਦਰ ਮੰਗੀ ਇਕ ਮੰਗ, ਝੋਲੀ ਖ਼ਾਲੀ ਅਗੇ ਡਾਹੀਆ । ਪ੍ਰਭੂ ਜਿਨ੍ਹਾਂ ਦਾ ਮੇਰੇ ਨਾਲ ਸੰਗ, ਨਵਾਂ ਦੇ ਨੌ ਨੌ ਜਨਮ ਦੇ ਮੇਰੇ ਲੇਖੇ ਆਪਣੀ ਝੋਲੀ ਪਾਈਆ । ਸਭ ਕੁਛ ਤੇਰੇ ਹਾਥੇ, ਦੇਵਣਹਾਰ ਸੱਚੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਟੇਕਣ ਮਾਥੇ, ਬੈਠੇ ਸੀਸ ਝੁਕਾਈਆ । ਬਿਨ ਤੇਰੀ ਕਿਰਪਾ ਤੇਰਾ ਹੁਕਮ ਕਿਹੜਾ ਵਾਚੇ, ਜਗਤ ਬੁਧੀ ਨਾ ਕੋਇ ਚਤੁਰਾਈਆ । ਪੁਰਖ ਅਕਾਲ ਕਿਹਾ ਮੈਂ ਮਾਰਗ ਲੌਣਾ ਸਾਚੇ, ਸਚ ਸੁਚ ਦਿਆਂ ਦ੍ਰਿੜ੍ਹਾਈਆ । ਕੂੜੀ ਕਿਰਿਆ ਤੋੜ ਕੇ ਨਾਤੇ, ਧੁਰ ਦਾ ਮੇਲਾ ਲੈਣਾ ਮਿਲਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬ੍ਰਾਹਮਣ ਕਹੇ ਜਿਸ ਵੇਲੇ ਮੇਰੇ ਉਤੋਂ ਦੀ ਵਗੀ ਜਲਧਾਰ, ਆਪਣੀ ਸੇਵ ਕਮਾਈਆ । ਮੈਂ ਪ੍ਰਭੂ ਨੂੰ ਕਰ ਕੇ ਨਿਮਸਕਾਰ, ਆਪਣੀ ਭੁਲ ਬਖ਼ਸ਼ਾਈਆ । ਪਿਛਲਾ ਕ਼ਰਜ਼ਾ ਦਿਤਾ ਉਤਾਰ, ਨੌਵਾਂ ਦਾ ਉਧਾਰ ਝੋਲੀ ਦਿਤਾ ਪਾਈਆ । ਪੰਡਤ ਕਹੇ ਮੈਂ ਛਡਿਆ ਵਿਕਾਰ, ਜੂਠ ਝੂਠ ਬਾਹਰ ਦਿਤਾ ਕਢਾਈਆ । ਅਗੇ ਮੈਨੂੰ ਕੋਈ ਨਾ ਕਿਹੋ ਚੋਰ ਠਗ ਯਾਰ, ਕੂੜੀ ਕਿਰਿਆ ਦਿਤੀ ਤਜਾਈਆ । ਜਿਸ ਵੇਲੇ ਮੈਨੂੰ ਨੌਵਾਂ ਨੇ ਦਿਤਾ ਨੁਹਾਲ, ਮੇਰਾ ਲਹਿਣਾ ਦਿਤਾ ਬਦਲਾਈਆ । ਨਾਹ ਧੋ ਕੇ ਦਰਸ ਪਾਇਆ ਚਮਿਆਰ ਯਾਰ, ਰਵੀਦਾਸ ਓਹੋ ਨਜ਼ਰੀ ਆਈਆ । ਜੋ ਨੰਗੇ ਪਿੰਡੇ ਸੇਵਾ ਕਰਦਾ ਰਿਹਾ ਵਿਚ ਸੰਸਾਰ, ਪਾਣਹਾ ਗੰਢ ਕੇ ਝਟ ਲੰਘਾਈਆ । ਨੌ ਜਣੇ ਤੁਸੀਂ ਵੀ ਓਸ ਵੇਲੇ ਆ ਕੇ ਖੇਡਦੇ ਸੀ ਸ਼ਿਕਾਰ, ਝਾੜ ਖੱਡਾਂ ਫੋਲ ਫੁਲਾਈਆ । ਓਸ ਵੇਲੇ ਹੁੰਦੀ ਰੁੱਤ ਸੀ ਹਾੜ੍ਹ, ਅਗਨੀ ਅੱਗ ਸਤਾਈਆ । ਤੁਸਾਂ ਗਲੋਂ ਕਪੜੇ ਲਏ ਸੀ ਉਤਾਰ, ਨੰਗੇ ਪਿੰਡੇ ਜਿਸ ਦੇ ਕੋਲ ਬੈਠੇ ਚਾਈਂ ਚਾਈਆ । ਓਸ ਨੇ ਕਿਹਾ ਹਸ ਕੇ ਨਾਲ ਪਿਆਰ, ਕੀ ਮਾਰਿਆ ਸ਼ਿਕਾਰ, ਮੈਨੂੰ ਦਿਓ ਸਮਝਾਈਆ । ਸਾਰੇ ਕਹਿਣ ਕੁਛ ਹੱਥ ਨਹੀਂ ਆਇਆ ਯਾਰ, ਐਵੇਂ ਬਣੇ ਪਾਂਧੀ ਰਾਹੀਆ । ਓਨ ਆਖਿਆ ਆਹ ਵੇਖੋ ਮੇਰੀ ਰੰਬੀ ਤੇ ਆਰ, ਜਿਸ ਉਤੇ ਲਿਖਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਕੋਲੋਂ ਤੁਹਾਨੂੰ ਮਿਲਣਾ ਦਾਨ, ਲਹਿਣਾ ਚੁਕਣਾ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੌ ਕਹਿਣ ਦੱਸ ਚਮਰੇਟੇ, ਕੀ ਸਾਨੂੰ ਰਿਹਾ ਜਣਾਈਆ । ਰਵਿਦਾਸ ਕਿਹਾ ਤੁਸਾਂ ਇਕ ਪੁਰਖ ਅਕਾਲ ਦੇ ਪੈਣਾ ਪੇਟੇ, ਮੈਨੂੰ ਏਹੋ ਨਜ਼ਰੀ ਆਈਆ । ਵਾਰ ਥਿਤ ਘੜੀ ਰਖਿਓ ਚੇਤੇ, ਚੌਵੀ ਚੇਤ ਦਿਆਂ ਸਮਝਾਈਆ । ਤੇਗ਼ਬਹਾਦਰ ਹੱਥ ਤੁਹਾਡੇ ਲੇਖੇ, ਲੇਖਾ ਧੁਰ ਦਾ ਦਏ ਮੁਕਾਈਆ । ਜਿਸ ਵੇਲੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਮੁਕਣੇ ਠੇਕੇ, ਆੜ੍ਹਤ ਗਾਹਕ ਦੋਵੇਂ ਰਹਿਣ ਕੋਇ ਨਾ ਪਾਈਆ । ਓਸ ਵੇਲੇ ਤੁਸਾਂ ਓਸ ਭਗਵਾਨ ਦੇ ਬਣਨਾ ਬੇਟੇ, ਜਿਹੜਾ ਵੱਟਿਆਂ ਵਿਚੋਂ ਧੰਨੇ ਵਰਗਿਆਂ ਰਿਹਾ ਉਪਜਾਈਆ । ਓਹਨਾਂ ਕਿਹਾ ਸਾਡੇ ਵਿਚੋਂ ਕੌਣ ਉਹਨੂੰ ਵੇਖੇ, ਕੌਣ ਦੇਵੇ ਸਮਝਾਈਆ । ਰਵਿਦਾਸ ਕਿਹਾ ਉਹ ਆਪੇ ਕਰ ਕੇ ਚੇਤੇ, ਤੁਹਾਨੂੰ ਲਏ ਉਠਾਈਆ । ਆਪਣੇ ਸੰਮਤ ਵਿਚ ਆਪਣੇ ਨੇਤਰ ਪੇਖੇ, ਦੇਵੇ ਮਾਣ ਵਡਿਆਈਆ । ਪੂਰਬ ਲਹਿਣਾ ਰੱਖੀਏ ਚੇਤੇ, ਅਭੁਲ ਭੁਲ ਕਦੇ ਨਾ ਜਾਈਆ । ਬ੍ਰਾਹਮਣ ਨਹਾ ਧੋ ਕੇ ਇਧਰ ਉਧਰ ਪੇਖੇ, ਕੀ ਮਿਲੇ ਤੈਨੂੰ ਵਡਿਆਈਆ । ਅੰਦਰੇ ਅੰਦਰ ਪਹਿਲੇ ਜਨਮ ਦੇ ਕਰਕੇ ਚੇਤੇ, ਸੁਧ ਬੁਧ ਸਮਝ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਓਸ ਕਿਹਾ ਓਹ ਮਿਲੇ ਭਗਵੰਤ, ਭਾਗਾਂ ਭਰਿਉ ਤੁਹਾਨੂੰ ਦਿਆਂ ਸੁਣਾਈਆ । ਤੁਸਾਂ ਨੰਗੇ ਪਿੰਡੇ ਵਾਲਿਆਂ ਬਣਨਾ ਸੱਚੇ ਸੰਤ, ਸਾਹਿਬ ਸਤਿਗੁਰ ਆਪਣੇ ਰੰਗ ਰੰਗਾਈਆ । ਤੁਹਾਡਾ ਇਕੋ ਹੋਣਾ ਮੰਤ, ਮੰਤਵ ਦਿਆਂ ਸਮਝਾਈਆ । ਤੁਹਾਡਾ ਸਾਥੀ ਨਾਲ ਹੋਵੇ ਬ੍ਰਾਹਮਣ ਪੰਡਤ, ਜਿਸ ਅਗਲੇ ਜਨਮ ਲੇਖਾ ਤੁਹਾਡੇ ਨਾਲ ਜਣਾਈਆ । ਓਸ ਵੇਲੇ ਅੰਦਰੇ ਅੰਦਰ ਇਕ ਰੂਪ ਹੋ ਕੇ ਕਰ ਲਿਉ ਮਿੰਨਤ, ਧਿਆਨ ਚਰਨਾਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਮਿਟਾਈਆ । ਨੌ ਕਹਿਣ ਹਿੰਮਤ ਕਰੀਏ ਕਿਹੜੀ, ਸਾਨੂੰ ਦੇ ਸਮਝਾਈਆ । ਰਵਿਦਾਸ ਨੇ ਕਿਹਾ ਜਿਸ ਵੇਲੇ ਚੜ੍ਹੋ ਓਸ ਦੀ ਬੇੜੀ, ਬੇੜਾ ਸਮਝੋ ਬੇਪਰਵਾਹੀਆ । ਹੰਕਾਰ ਵਿਕਾਰ ਦੀ ਛਡ ਦਿਉ ਢੇਰੀ, ਮਾਇਆ ਮਮਤਾ

ਮੋਹ ਮਿਟਾਈਆ । ਚਰਨ ਕਵਲ ਬਣ ਕੇ ਚੇਰੀ, ਸਾਚੀ ਸੇਵ ਲੈਣੀ ਕਮਾਈਆ । ਤੁਹਾਡੇ ਵਾਸਤੇ ਇਕੋ ਓਟ ਵਥੇਰੀ, ਚਵੀ ਚੇਤ ਮਿਲੇ ਮਾਣ ਵਡਿਆਈਆ । ਪੰਡਤ ਦੀ ਆਵਣ ਜਾਵਣ ਚੁਕ ਜਾਏ ਗੇੜੀ, ਗੇੜਾ ਅਗਲਾ ਪਿਛਲਾ ਦਏ ਕਟਾਈਆ । ਤੁਸਾਂ ਨੌਵਾਂ ਜਣਿਆਂ ਹਰਿ ਸੰਗਤ ਨੂੰ ਕਹਿਣਾ ਇਕ ਵੇਰੀ, ਸਚ ਸੰਦੇਸ਼ ਸੁਣਾਈਆ । ਗੁਰਮੁਖੋ ਅਗੋਂ ਪ੍ਰਭੂ ਦੇ ਨਾਲ ਕਰਿਓ ਨਾ ਹੇਰਾ ਫੇਰੀ, ਜਗਤ ਰੀਤੀ ਦੇਣੀ ਤਜਾਈਆ । ਕੂੜੀ ਕਿਰਿਆ ਝੁਲਣ ਨਹੀਂ ਦੇਣੀ ਜਿਸ ਅੰਧੇਰੀ, ਸਚ ਸਚ ਕਰਨੀ ਰੁਸ਼ਨਾਈਆ । ਓਸ ਦੇ ਕਾਰਨ ਪਾਈ ਫੇਰੀ, ਹੇਰਾ ਫੇਰੀ ਵਕ਼ਤ ਨਾ ਕੋਇ ਲੰਘਾਈਆ । ਅੱਜ ਦੀ ਸੁਲੱਖਣੀ ਘੜੀ ਆਈ ਜਿਹੜੀ, ਸਭ ਨੂੰ ਜਮਾਂ ਤੋਂ ਲਏ ਛੁਡਾਈਆ । ਅਗੇ ਇਕ ਖੇਲ ਹੋਰ ਬਥੇਰੀ, ਪਰਦਾ ਦਿਆਂ ਚੁਕਾਈਆ । ਜੇ ਕਹੋਗੇ ਮੇਰੀ ਮੇਰੀ, ਹੱਥ ਕੁਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਧੁਰ ਸੰਦੇਸ਼ਾ ਕਹੇ ਚਵੀ ਚੇਤ ਯਾਦ ਰਖਣਾ, ਯਾਦ ਯਾਦ ਵਿਚੋਂ ਦਵਾਈਆ । ਪਾਲ ਸਿੰਘ ਰਿਹਾ ਨਹੀਂ ਸਖਣਾ, ਦਰਗਾਹ ਸਾਚੀ ਮਿਲੇ ਵਡਿਆਈਆ । ਇਹ ਓਸੇ ਦਾ ਖੇੜਾ ਵਸਣਾ, ਓਸੇ ਗ੍ਰਹਿ ਵੱਜੇ ਵਧਾਈਆ । ਓਸ ਦਾ ਨੂਰ ਚਮਕਣਾ, ਓਸੇ ਦੀ ਹੋਵੇ ਰੁਸ਼ਨਾਈਆ । ਵੇਖਿਓਂ ਕਦੀ ਭੁਲ ਵਿਚ ਆ ਕੇ ਇਸ ਨੂੰ ਨਹੀਂ ਪਰਖਣਾ, ਪਾਰਖਾਂ ਦਾ ਪਾਰਖੂ ਇਕੋ ਬੇਪਰਵਾਹੀਆ । ਇਸ ਨੇ ਗੱਲਾਂ ਬਾਤਾਂ ਨਾਲ ਨਹੀਂ ਹੁਣ ਪਰਚਣਾ, ਹੇਰਾ ਫੇਰੀ ਨਾਲ ਨਾ ਕੋਇ ਭਰਮਾਈਆ । ਜਿਹੜਾ ਵਿਛੜਿਆ ਓਸ ਮੁੜ ਕੇ ਇਸ ਦਰ ਨਹੀਂ ਪਰਤਣਾ, ਲੱਖ ਚੁਰਾਸੀ ਦਏ ਸਜ਼ਾਈਆ । ਦੂਤਾਂ ਨੂੰ ਦੰਡਦਿਆਂ ਇਹਨੂੰ ਕਦੇ ਨਾ ਆਵੇ ਤਰਸਨਾ, ਗੁਰਮੁਖਾਂ ਨੂੰ ਆਪਣੀ ਗੋਦ ਬਹਾਈਆ । ਗੁਰਮੁਖੋ ਵੇਲਾ ਔਣਾ ਤੁਸਾਂ ਇਕ ਦੂਜੇ ਦੇ ਪਿਆਰ ਨੂੰ ਤਰਸਣਾ, ਬਿਨ ਮੇਰੇ ਪਿਆਰ ਹੱਥ ਕਿਸੇ ਨਾ ਆਈਆ । ਤੁਹਾਨੂੰ ਕੁਕਰਮ ਕਰਦਿਆਂ ਅਗੇ ਹੋ ਕੇ ਨਹੀਂ ਵਰਜਣਾ, ਹੁਕਮ ਦੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣੇ ਦੇ ਦ੍ਰਿੜਾਈਆ । ਚਵੀ ਚੇਤ ਕਹੇ ਬਣਿਓਂ ਨਾ ਚਾਤਰ, ਚਲਾਕੀ ਕੰਮ ਕਿਸੇ ਨਾ ਆਈਆ । ਜੇ ਜੀਉਂਣਾ ਤੇ ਪ੍ਰਭੂ ਦੀ ਖ਼ਾਤਰ, ਬਾਕੀ ਖ਼ਤਰੇ ਵਿਚ ਸਰਬ ਲੋਕਾਈਆ । ਜਗਤ ਸਵਾਣੀ ਕਿਸੇ ਕੰਮ ਨਾ ਆਵੇ ਮਲਿਆ ਦੰਦਾਸਾ ਮੁਖ ਦਾਤਨ, ਕੂੜਾ ਰੰਗ ਨਾ ਕੋਇ ਵਡਿਆਈਆ । ਮਨ ਚਤੁਰਾਈ ਜੇ ਕੋਈ ਕਰੇ ਸਾਧਨ, ਆਪਣਾ ਬਲ ਧਰਾਈਆ । ਓਸ ਕੁਲੱਖਣੀ ਨੂੰ ਸਮਝੋ ਵਾਂਜਿਲ, ਜਿਸ ਦਾ ਸਾਂਈ ਸਿਰ ਹੱਥ ਨਾ ਕੋਇ ਟਿਕਾਈਆ । ਓਸ ਨੂੰ ਸਮਝੋ ਪਾਗ਼ਲ, ਜੋ ਸਤਿਗੁਰ ਹੁਕਮ ਗਿਆ ਭੁਲਾਈਆ । ਉਹ ਗੁਰਸਿੱਖ ਦਾ ਦਿਸੇ ਕਾਤਲ, ਜੋ ਵੇਖ ਕੇ ਮੁਖ ਭਵਾਈਆ । ਪੁਰਖ ਅਕਾਲ ਸੱਚਾ ਕਰਨ ਆਇਆ ਆਦਲ, ਅਦਲੀ ਹੋ ਕੇ ਅਦਾਲਤ ਇਕ ਲਗਾਈਆ । ਜਿਸ ਬ੍ਰਹਿਮੰਡ ਖੰਡ ਕਰਕੇ ਤਬਾਦਲ, ਲੇਖੇ ਸਭ ਦੇ ਦੇਣੇ ਮੁਕਾਈਆ । ਓਸ ਨੂੰ ਕਿਆ ਕੋਈ ਸਿਖਿਆ ਆਵੇ ਸਿਖਾਲਣ, ਆਪਣੀ ਸਮਝ ਲਏ ਵਡਿਆਈਆ । ਓਸ ਦਾ ਰੂਪ ਹਾਕਣ ਡਾਕਣ, ਵਿਸ਼ਟਾ ਸਦਾ ਮੁਖ ਚਖਾਈਆ । ਬਿਨਾ ਭਗਤ ਤੇ ਭਗਵਾਨ ਦਾ ਬਣਿਆ ਕੋਈ ਨਹੀਂ ਸਾਥਣ, ਲਗੀ ਤੋੜ ਨਾ ਕੋਇ ਨਿਭਾਈਆ । ਜਗਤ ਅੰਧੇਰਾ ਝੁਲਦਾ ਵੇਖੋ ਝਾਖੜ, ਪੈਰ ਸੰਭਲ ਨਾ ਕੋਇ ਟਿਕਾਈਆ । ਇਹ ਵੇਲਾ ਅੰਤ ਅਖ਼ੀਰ ਆਖ਼ਰ, ਇਕੋ ਵਾਰ ਜਣਾਈਆ । ਜਗਤ ਕਿਨਾਰਾ ਵੇਖੋ ਪਾਤਣ, ਪਤਨ ਬੈਠਾ ਬੇਪਰਵਾਹੀਆ । ਸਭ ਦੇ ਲੇਖੇ ਆਇਆ ਵਾਚਣ, ਪੂਰਬ ਜਨਮਾਂ ਖੋਜ ਖੁਜਾਈਆ । ਜਿਹੜੇ ਇਸ ਦੇ ਦਰ ਤੋਂ ਗਵਾਚਣ, ਉਨ੍ਹਾਂ ਦੀ ਸਾਰ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ

੬੬੮

ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਵੀ ਚੇਤ ਕਹੇ ਗੁਰਮੁਖੋ ਹੋ ਜਾਓ ਅਤੀਤ, ਧੁਰ ਦਾ ਹੁਕਮ ਸੁਣਾਈਆ । ਮਨ ਵਾਸਨਾ ਕਰ ਲਓ ਠਾਂਡੀ ਸੀਤ, ਅਗਨੀ ਤੱਤ ਬੁਝਾਈਆ । ਜਗਤ ਵਿਵਹਾਰੀ ਬਦਲ ਦਿਉ ਰੀਤ, ਅਧਾਰੀ ਇਕੋ ਨਜ਼ਰੀ ਆਈਆ । ਜੇ ਤੁਸੀਂ ਇਸਨੂੰ ਪਰਮਾਤਮ ਸਮਝੋ ਠੀਕ, ਠਾਕਰ ਹੋ ਕੇ ਮਿਲੇ ਚਾਈਂ ਚਾਈਂਆ । ਜੇ ਕੋਈ ਚਾਹੇ ਮੈਂ ਜਗਤ ਵਾਲੀ ਕਰਾਂ ਪ੍ਰੀਤ, ਓਸ ਪ੍ਰੀਤੀ ਵਿਚੋਂ ਹੱਥ ਕਿਸੇ ਨਾ ਆਈਆ । ਅਗਲਾ ਖੇਲ ਅਜਬ ਅਨਡੀਠ, ਧੁਰ ਫ਼ਰਮਾਨੇ ਦੇ ਦ੍ਰਿੜਾਈਆ । ਇਸ ਦੇ ਦਰਸ ਨੂੰ ਤੁਹਾਨੂੰ ਲਗੀ ਰਹਿਣੀ ਉਡੀਕ, ਲੱਭਿਆਂ ਹੱਥ ਕਿਸੇ ਨਾ ਆਈਆ । ਹੌਲੀ ਹੌਲੀ ਤੁਹਾਨੂੰ ਲਿਆਂਦਾ ਘਸੀਟ, ਇਸ ਮੰਜ਼ਲ ਦਿਤਾ ਚੜ੍ਹਾਈਆ । ਹੁਣ ਵੀਹ ਸੌ ਇੱਕੀ ਬਿਕ੍ਰਮੀ ਗਈ ਬੀਤ, ਆਪਣਾ ਪੰਧ ਮੁਕਾਈਆ । ਹੁਣ ਸ੍ਰੀ ਭਗਵਾਨ ਆਪਣੀ ਬਦਲ ਦੇਣੀ ਰੀਤ, ਰੀਤੀ ਸਭ ਦੀ ਦੇਣੀ ਬਦਲਾਈਆ । ਚਵੀ ਚੇਤ ਕਹੇ ਮੈਂ ਕਰਾਂ ਤਸਦੀਕ਼, ਸ਼ਹਾਦਤ ਦੇਵਾਂ ਪਾਈਆ । ਗੁਰਮੁਖੋ ਜਿਸ ਦੀ ਬਿਨਾਂ ਪਿਆਰ ਤੋਂ ਹੋਰ ਕੋਈ ਦੇਣੀ ਨਹੀਂ ਪੈਂਦੀ ਫ਼ੀਸ, ਭੇਟਾ ਜਗਤ ਨਾ ਕੋਇ ਚੜ੍ਹਾਈਆ । ਨਵੀਂ ਨਵੀਨ ਨਵ ਜੁਗ ਦੀ ਨਵੀਂ ਤਾਰੀਖ਼, ਤਵਾਰੀਖ਼ ਤੁਹਾਡੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੰਦੇਸ਼ਾ ਇਕ ਨਰੇਸ਼ਾ ਹੁਕਮ ਧੁਰ ਦਾ ਦਏ ਦ੍ਰਿੜਾਈਆ ।



ਚਵੀ ਚੇਤ ਕਹੇ ਇਕ ਮੇਰੀ ਮੰਨ ਅਰਜ਼, ਬੇਨੰਤੀ ਰਿਹਾ ਸੁਣਾਈਆ । ਕਿਰਪਾ ਕਰਨਾ ਪ੍ਰਭੂ ਤੇਰਾ ਫ਼ਰਜ, ਨਜ਼ਰ ਮਿਹਰ ਉਠਾਈਆ । ਪ੍ਰੀਤੀ ਕਰਨੀ ਗੁਰਮੁਖੋ ਤੁਹਾਡੀ ਗ਼ਰਜ਼, ਵਸਤ ਅਮੋਲਕ ਝੋਲੀ ਪਾਈਆ । ਇਨ੍ਹਾਂ ਦੇ ਕਰਮਾਂ ਦੀ ਵੇਖ ਕੇ ਫ਼ਰਦ, ਫ਼ੈਸਲੇ ਸਾਰੇ ਦੇ ਸੁਣਾਈਆ । ਕੂੜੀ ਕਿਰਿਆ ਰਹੇ ਕੋਈ ਨਾ ਗਰਦ, ਗੁਬਾਰ ਦੇ ਮਿਟਾਈਆ । ਦਰਦੀਆਂ ਦਾ ਵੰਡ ਦਰਦ, ਦੁਖੀਆਂ ਦਾ ਹੋ ਸਹਾਈਆ । ਤੇਰੇ ਦਰਸ ਨੂੰ ਅਗੇ ਕੋਈ ਨਾ ਜਾਵੇ ਤਰਸ, ਘਰ ਘਰ ਖ਼ੁਸ਼ੀ ਦੇਣੀ ਵਖਾਈਆ । ਜਿਸ ਕਾਰਨ ਆਇਉਂ ਪਰਤ, ਪਰਮਾਤਮ ਹੋ ਕੇ ਆਪਣਾ ਖੇਲ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਬਖ਼ਸ਼ਣੀ ਇਕ ਸਰਨਾਈਆ । ਚਵੀ ਚੇਤ ਕਹੇ ਮੈਂ ਵੇਖਣੀ ਉਹ ਫੁਲਵਾੜੀ, ਜਿਸ ਦੇ ਫੁੱਲ ਗੁਲ ਗ਼ੁੰਚੇ ਸਮਝ ਕੋਇ ਨਾ ਪਾਈਆ । ਮੈਂ ਪਹਿਲੇ ਸੰਮਤ ਦੀ ਪਹਿਲੀ ਵੇਖਣੀ ਹਾੜੀ, ਹਰਿ ਦੀ ਸੰਗਤ ਪ੍ਰੇਮ ਨੂਰ ਰੁਸ਼ਨਾਈਆ । ਮੈਂ ਮੰਗਣ ਔਣੀ ਵਾੜੀ, ਦਰ ਠਾਂਡੇ ਅਲਖ ਸੁਣਾਈਆ । ਤੂੰ ਰਹਿਮਤ ਕਰਨੀ ਭਾਰੀ, ਬਖ਼ਸ਼ਿਸ਼ ਝੋਲੀ ਦੇਣੀ ਭਰਾਈਆ । ਖ਼ੁਸ਼ੀ ਹੋਵਾਂ ਖੇਲ ਵੇਖ ਕੇ ਨਿਆਰੀ, ਨਿਰਾਕਾਰ ਨਿਰੰਕਾਰ ਬੇਪਰਵਾਹੀਆ । ਜਨ ਭਗਤਾਂ ਮਿਲਦੀ ਵੇਖਾਂ ਸਰਦਾਰੀ, ਸਚਖੰਡ ਸਾਚੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਨੂੰ ਸੋਹਣੀ ਲੱਗਣੀ ਉਹ ਬਹਾਰੀ, ਜਿਹੜੀ ਰੁਤ ਮੌਲ ਕੇ ਆਪਣਾ ਰੰਗ ਬਦਲਾਈਆ । ਚਿੱਟੀ ਧਾਰ ਗੁਰਮੁਖ ਨਜ਼ਰ ਔਣ ਵਿਚ ਸੰਸਾਰੀ, ਤਨ ਬਸਤਰ ਸੋਹਣਾ ਰੂਪ ਵਟਾਈਆ । ਓਸ ਦਿਵਸ ਦੀ ਖ਼ੁਸ਼ੀ ਅਪਾਰੀ, ਮਹਿੰਮਾ ਅਪਾਰ ਦਿਆਂ ਦ੍ਰਿੜਾਈਆ । ਜਿਸ ਦਾ ਹੁਕਮ ਵਰਤਣਾ ਦੋ ਧਾਰੀ, ਨਾ ਕੋਈ ਮੇਟੇ ਮੇਟ ਮਿਟਾਈਆ । ਭਗਤੇ ਜਾਂ ਭਗਵਾਨ ਦੇ ਨਾਲ ਲੱਗੀ ਰਹਿ ਜਾਣੀ ਯਾਰੀ, ਜਾਂ ਨਾਤੇ ਜਾਣੇ

ਤੁੜਾਈਆ । ਇਹ ਖੇਲ ਅਜਬ ਨਿਆਰੀ, ਨਿਰਾਕਾਰ ਹੋ ਕੇ ਦੇਣੀ ਕਰਾਈਆ । ਕੂੜੀ ਕਿਰਿਆ ਦੀ ਰਹਿਣ ਨਹੀਂ ਦੇਣੀ ਵਿਚ ਬੀਮਾਰੀ, ਬਾਹਰੋਂ ਨਿਰਮਲ ਅੰਦਰੋਂ ਨਿਰਮਲ ਦੇਣੇ ਬਣਾਈਆ । ਜੇ ਪਸੰਦ ਆਵੇ ਤੇ ਫੇਰ ਰੱਖਿਓ ਮੇਰੇ ਨਾਲ ਯਾਰੀ, ਝੂਠੇ ਯਰਾਨੇ ਦੀ ਲੋੜ ਰਹੇ ਨਾ ਰਾਈਆ । ਮੈਂ ਫਿਰਨਾ ਬਣ ਕੇ ਵਡ ਸੰਸਾਰੀ, ਸਵਾਧਾਨ ਸਾਰੇ ਦੇਣੇ ਕਰਾਈਆ । ਪੂਰਨ ਨਾ ਸਮਝਿਓ ਪੂਰਨ ਜੋਤ ਨਿਰੰਕਾਰੀ, ਧੁਰ ਦਾ ਹੁਕਮ ਇਕ ਵਰਤਾਈਆ । ਸ਼ਬਦ ਸੰਦੇਸ਼ਾ ਕਰੇ ਖ਼ਬਰਦਾਰੀ, ਬੇਖ਼ਬਰਾਂ ਖ਼ਬਰ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪਣੇ ਹੱਥ ਰਖਾਈਆ । ਚਵੀ ਚੇਤ ਕਹੇ ਮੈਂ ਖ਼ੁਸ਼ੀ ਹੋਵਾਂ ਵੇਖ ਵੇਖ ਕੇ ਸੰਮਤ, ਸਮਾਂ ਸਮਾਂ ਰਿਹਾ ਬਦਲਾਈਆ । ਲੇਖਾ ਮੁਕ ਗਿਆ ਬ੍ਰਾਹਮਣ ਪੰਡਤ, ਪੰਜ ਤੱਤ ਦਿਤੀ ਵਡਿਆਈਆ । ਨਵੀਂ ਚੜ੍ਹ ਗਈ ਰੰਗਤ, ਬਖ਼ਸ਼ੇ ਸਚ ਸਰਨਾਈਆ । ਪਿਆਰੀ ਲਗੀ ਸੰਗਤ, ਗੁਰਮੁਖ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚਵੀ ਚੇਤ ਕਹੇ ਗੁਰਮੁਖ ਜਾਏ ਨਾ ਕੋਇ ਉਦਾਸ, ਮੇਰੀ ਨਿਸ਼ਾਨੀ ਝੋਲੀ ਦੇਣੀ ਪਾਈਆ । ਇਕ ਸੁਣੌਣੀ ਗਾਥ, ਧੁਰ ਦਾ ਹੁਕਮ ਦ੍ਰਿੜਾਈਆ । ਬੱਚਿਓ ਸਾਚੀ ਸਿੱਖ ਲਓ ਜਾਚ, ਨਿੱਕਿਆਂ ਵੱਡਿਆਂ ਦਏ ਪੜ੍ਹਾਈਆ । ਜੇ ਪੁਰਖ ਅਕਾਲ ਨੂੰ ਸਮਝੋ ਬਾਪ, ਭਾਈ ਭੈਣ ਸਾਰੇ ਨਜ਼ਰੀ ਆਈਆ । ਹਰਿ ਸੰਗਤ ਵਿਚ ਪ੍ਰੇਮ ਸਭ ਦਾ ਸੱਜਣ ਤੇ ਸਭ ਦਾ ਸਾਕ, ਸਨਬੰਧੀ ਦਿਤਾ ਬਣਾਈਆ । ਗੁਰਮੁਖੋ ਤੁਹਾਡਾ ਬਣੌਣਾ ਇਤਫ਼ਾਕ, ਘਰ ਘਰ ਵਿਚੋਂ ਕੂੜਾ ਝਗੜਾ ਦੇਣਾ ਕਢਾਈਆ । ਸਤਾਰਾਂ ਹਾੜ ਨੂੰ ਇਕੀਆਂ ਦੀ ਬਣਾ ਦੇਣੀ ਜਮਾਤ, ਜੋ ਗੁਰਮੁਖਾਂ ਦੇ ਫ਼ੈਸਲੇ ਦਏ ਕਰਾਈਆ । ਜੇ ਨਿਭ੍ਹ ਤੇ ਪੱਕੀ ਮੇਰੇ ਸਾਥ, ਨਹੀਂ ਤੇ ਏਥੇ ਓਥੇ ਹੋਏ ਜੁਦਾਈਆ । ਵੇਖੋ ਹੁਣ ਕਿਹਨੂੰ ਮਿਲਦੀ ਸ਼ਾਬਾਸ਼, ਕਿਹੜੇ ਜਾਂਦੇ ਪੱਲੂ ਛੁਡਾਈਆ । ਬਚਨ ਸ਼ਬਦ ਹੁਕਮ ਅਖ਼ੀਰੀ ਇਕੋ ਵਾਰ ਦੇਵੇ ਆਖ, ਦੁਹਰੌਣ ਦੀ ਲੋੜ ਰਹੇ ਨਾ ਰਾਈਆ । ਜਾਂ ਅਜ਼ੀਜ਼ ਬਣੋ ਜਾਂ ਗੁਸਤਾਖ, ਅਧਵਿਚਕਾਰ ਲਟਕਦਾ ਨਜ਼ਰ ਕੋਈ ਨਾ ਆਈਆ । ਜਾਂ ਜਨਮ ਕਰਮ ਭੋਗੋ ਜਾਂ ਕਰਾ ਲਓ ਮੁਆਫ਼, ਬਰੀ ਆਪਣਾ ਆਪ ਕਰਾਈਆ । ਨਵੇਂ ਸੰਮਤ ਦੀ ਨਵੀਂ ਸਿੱਖ ਲੌ ਜਾਚ, ਯਾਚਕ ਬਣ ਕੇ ਸੇਵ ਕਮਾਈਆ । ਨਾ ਉਹ ਪੂਰਨ ਰਿਹਾ ਨਾ ਉਹ ਪੂਰਨ ਵਾਲੀ ਬਾਤ, ਪਤਿਪਰਮੇਸ਼ਵਰ ਹੋ ਕੇ ਆਪਣਾ ਹੁਕਮ ਵਰਤਾਈਆ । ਗੁਰਮੁਖ ਹੋ ਕੇ ਬਣਿਓ ਨਾ ਨਾਰ ਕਮਜ਼ਾਤ, ਕੁਲਖਣੀ ਹੋ ਨਾ ਮੁਖ ਭਵਾਈਆ । ਜਿਸ ਦਾ ਲੇਖਾ ਓਸੇ ਦਾ ਹਿਸਾਬ, ਦੇਵਣਹਾਰਾ ਓਹੋ ਗੁਸਾਈਆ । ਜੇ ਤੁਸਾਂ ਕਿਸੇ ਬਚਨ ਵਿਚ ਦੇਣਾ ਹੋਵੇ ਜਵਾਬ, ਜਵਾਬ ਦੇਣ ਤੋਂ ਪਹਿਲਾਂ ਬੇਨੰਤੀ ਕਰ ਕੇ ਆਪਣਾ ਪੱਲਾ ਲਓ ਛੁਡਾਈਆ । ਹੁਣ ਰਹਿਣ ਨਹੀਂ ਦੇਣਾ ਅੰਦਰੋਂ ਉਹਲਾ ਤੇ ਬਾਹਰੋਂ ਕਹੋ ਗੁਰੂ ਮਹਾਰਾਜ, ਪਾਤਸ਼ਾਹ ਸੱਚਾ ਕਹਿ ਕੇ ਸੀਸ ਨਿਵਾਈਆ । ਮੈਂ ਅੰਦਰ ਫੋਲ ਕੇ ਸਭ ਦਾ ਵੇਖਣਾ ਤਾਕ, ਕਵਣ ਨੇਕ ਕਵਣ ਠਗ ਕਵਣ ਯਾਰ ਕਵਣ ਬਦੀ ਰਿਹਾ ਕਮਾਈਆ । ਗੁਰਮੁਖੋ ਹਰਿਸੰਗਤ ਵਿਚ ਰਹਿਣ ਨਹੀਂ ਦੇਣਾ ਝਗੜਾ ਫ਼ਸਾਦ, ਪ੍ਰੇਮ ਪ੍ਰੀਤੀ ਦੇਣੀ ਸਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਗੰਮੀ ਦਏ ਆਵਾਜ਼, ਰਾਜ਼ ਰਮਜ਼ ਨਾਲ ਖੁਲ੍ਹਾਈਆ ।

ਗੋਦਾਵਰੀ ਕਹੇ ਮੇਰਾ ਪੂਰਾ ਕਰ ਇਕਰਾਰ, ਦਿਲੇ ਦਿਲਦਾਰ ਬੇਪਰਵਾਹ ਤੇਰੀ ਆਸ ਰਖਾਈਆ । ਚੇਤ ਦਸ ਦਾ ਪਹਿਲਾ ਵਿਹਾਰ, ਪੂਰਬ ਲਹਿਣਾ ਦੇਣਾ ਦੇ ਮੁਕਾਈਆ । ਪਟਨੇ ਵਾਲਾ ਆ ਗਿਆ ਛਡ ਦਰਬਾਰ, ਘਰਬਾਰ ਦੌਲਤ ਧਨ ਮਾਲ ਤਜਾਈਆ । ਏਸੇ ਦੀ ਸੀ ਇੰਤਜਾਰ, ਜਿਸ ਕਾਰਨ ਲੇਖਾ ਬਾਕੀ ਰਿਹਾ ਲਿਖਾਈਆ । ਤ੍ਰੇਤੇ ਦੇ ਮਿਤਰ ਜਗਤ ਦੇ ਵਿਵਹਾਰ, ਰੀਤੀ ਸੰਸਾਰ ਨਾਲ ਰਲਾਈਆ । ਉਹਨਾਂ ਦਾ ਉਧਾਰ ਕ਼ਰਜ਼ਾ ਦੇ ਉਤਾਰ, ਪਰਦਾ ਦੇ ਉਠਾਈਆ । ਤਿੰਨਾਂ ਨਾਲ ਮੇਰਾ ਸੀ ਬਪਾਰ, ਲਹਿਣਾ ਦੇਣਾ ਕਰਦਾ ਰਿਹਾ ਸਾਲ ਤਰਿਆਸੀ ਅਪਰ ਅਪਾਰ, ਸੋਹਣਾ ਸੰਗ ਨਿਭਾਈਆ । ਇਕ ਦਿਨ ਆ ਗਈ ਵੀਚਾਰ, ਪ੍ਰੇਮ ਨਾਲ ਬੋਲਿਆ ਇਕ ਜੈਕਾਰ, ਧੁਰ ਦਾ ਰਾਗ ਸੁਣਾਈਆ । ਰਾਮ ਵਸ਼ਿਸ਼ਟ ਦੀ ਪਰਗਟ ਹੋ ਗਈ ਯਾਦ, ਅੰਦਰੋਂ ਆਇਆ ਇਕ ਸਵਾਦ, ਬਰਬਾਦ ਖੇੜਾ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਸੁਣੀ ਸਚ ਆਵਾਜ਼, ਅੰਦਰੋਂ ਖੁਲ੍ਹਿਆ ਰਾਜ਼, ਕਿਸੇ ਨੇ ਕਿਹਾ ਸ਼ਾਬਾਸ਼, ਧੁਨ ਅਗੰਮ ਜਣਾਈਆ । ਤਿੰਨਾਂ ਕਰ ਇਤਫ਼ਾਕ, ਮੇਰਾ ਪਕੜਿਆ ਹਾਥ, ਹਲੂਣਾ ਦਿਤਾ ਲਗਾਈਆ । ਕੋਈ ਸਾਨੂੰ ਦੱਸ ਬਾਤ, ਤੂੰ ਸਾਡਾ ਸਚ ਭਰਾਤ, ਭੇਵ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਵੇਖ ਵਖਾਈਆ । ਤ੍ਰੇਤਾ ਕਹੇ ਤੇਰੇ ਪਿਛਲੇ ਸਾਥੀ, ਮਾਣਸ ਰੂਪ ਨਜ਼ਰੀ ਆਈਆ । ਜਿਨ੍ਹਾਂ ਦਾ ਲਹਿਣਾ ਦੇਣਾ ਬਾਕੀ, ਲੇਖਾ ਝੋਲੀ ਪਾਈਆ । ਇਕ ਬਾਤ ਅਨੋਖੀ ਜੋ ਪੂਰਬ ਜਨਮ ਭਾਖੀ, ਭਾਸ਼ਾ ਪਿਛਲੀ ਦਏ ਗਵਾਹੀਆ । ਸੱਜਣੋਂ ਤੁਸੀਂ ਮੇਰੇ ਸੱਚੇ ਸਾਥੀ, ਪਿਆਰ ਮਿਤਰਾਂ ਵਾਲਾ ਬਣਾਈਆ । ਮੇਰੀ ਰਾਮ ਵਸ਼ਿਸ਼ਟ ਨੇ ਖੋਲ੍ਹੀ ਤਾਕੀ, ਪੜਦਾ ਦਿਤਾ ਉਠਾਈਆ । ਜੇ ਤੁਸੀਂ ਮਿਲਣਾ ਚਾਹੋ ਕਮਲਾਪਾਤੀ, ਪਤਿਪਰਮੇਸ਼ਵਰ ਮੇਲਾ ਸਹਿਜ ਸੁਭਾਈਆ । ਓਸੇ ਵੇਲੇ ਹਰਿ ਹੁਕਮ ਸੰਦੇਸ਼ਾ ਦਿਤਾ ਮਾਰੀ ਇਕ ਆਵਾਜ਼ੀ, ਸ਼ਬਦ ਸ਼ਬਦ ਨਾਲ ਜਣਾਈਆ । ਅਗੇ ਨਾ ਕੋਈ ਸਵਾਲ ਤੇ ਨਾ ਕੋਈ ਜਵਾਬੀ, ਬੱਤੀ ਦੰਦ ਵਾਲਾ ਮੁਖ ਬੰਦ ਕਰਾਈਆ । ਕੁਛ ਅਗੇ ਲੇਖਾ ਵੇਖ ਜਿਸ ਦਾ ਵਖਰਾ ਹਿਸਾਬੀ, ਜਗਤ ਵਿਦਿਆ ਨਾ ਕੋਇ ਜਣਾਈਆ । ਇਹ ਲਹਿਣਾ ਦੇਣਾ ਹਰਿ ਪੁਰਖ ਅਬਿਨਾਸ਼ੀ, ਕਰਨੀ ਦਾ ਕਰਤਾ ਦੇਵਣਹਾਰ ਵਡਿਆਈਆ । ਤ੍ਰੇਤਾ ਦੁਆਪਰ ਕਲਜੁਗ ਅੰਤਮ ਵੇਖਣੀ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਸਚ ਦਿਸੇ ਨਾ ਕੋਇ ਪਰਭਾਤੀ, ਸੰਧਿਆ ਆਪਣਾ ਰੂਪ ਬਦਲਾਈਆ । ਕਰੇ ਖੇਲ ਹਰਿ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਤੇਰੇ ਪਕੜ ਉਠਾਵੇ ਸਾਥੀ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਦਾਵਰੀ ਕਹੇ ਲੇਖਾ ਦੱਸ ਦੇ ਸਤਿ ਸਚ, ਦਰ ਠਾਂਡੇ ਮੰਗ ਮੰਗਾਈਆ । ਕੰਢੀ ਵਾਲੇ ਕਰ ਪਰਗਟ, ਰਾਜ ਨਰਾਇਣ ਗਿਆ ਆਈਆ । ਜਿਨ੍ਹਾਂ ਦੇ ਅੰਦਰ ਗਿਉਂ ਵਸ, ਵਾਸਤਾ ਉਹਨਾਂ ਦਾ ਆਪਣੇ ਨਾਲ ਜੁੜਾਈਆ । ਤੇਜ ਭਾਨ ਖੋਲ੍ਹ ਦੇ ਅੱਖ, ਲਛਮਣ ਸਿੰਘ ਲਛਮੀ ਨਾਲੋਂ ਕਰੇ ਜੁਦਾਈਆ । ਚੇਲਾ ਸਿੰਘ ਪਰਤ ਕੇ ਆਇਆ ਵਤ, ਵਤਨ ਆਪਣਾ ਦੇ ਵਖਾਈਆ । ਲਾਲੋ ਨੂੰ ਦੇ ਕੇ ਅੰਤਰ ਰਸ, ਰਸਤੇ ਧੁਰ ਦੇ ਦੇਣੇ ਪਾਈਆ । ਪੰਜਾਂ ਪਿਆਰਿਆਂ ਵਿਚੋਂ ਜੋ ਅਗੇ ਰਹੇ ਬਚ, ਚਾਰੇ ਉਹ ਵੀ ਨਾਲ ਰਲਾਈਆ । ਜਿਹੜਾ ਗੋਬਿੰਦ ਦੀ ਨਿੰਦਿਆ ਕਰਦਾ ਸੀ ਭਜ ਭਜ, ਉਸਦਾ ਲੇਖਾ ਲੇਖੇ ਵਿਚੋਂ ਲਏ ਕਢਾਈਆ । ਜਿਸ ਦਾ ਨਾਮ ਸਿੰਘ ਪਰਗਟ, ਪਿਤਾ ਪਾਲ ਸਿੰਘ ਸਮਝਾਈਆ । ਗੋਦਾਵਰੀ


੬੭੧

ਕਹਿਵੇ ਉਹ ਵੀ ਤਿੰਨ ਦੱਸ, ਜਿਹੜੇ ਛਡ ਕੇ ਭੱਜੇ ਵਾਹੋ ਦਾਹੀਆ । ਤੇਰੇ ਨਾਲੋਂ ਬਦਲ ਕੇ ਅੱਖ, ਆਖ਼ਰ ਰਹੇ ਪਛਤਾਈਆ । ਮਨ ਵਾਸਨਾ ਛਡ ਕੇ ਆਤਮ ਪਿਆਰ ਅੰਦਰ ਗਏ ਢਠ, ਹੰਕਾਰ ਵਿਕਾਰ ਦਿਤਾ ਗੁਵਾਈਆ । ਮੈਂ ਉਹਨਾਂ ਦਾ ਰਾਹ ਰਹੀ ਤੱਕ, ਨੇਤਰ ਲੋਚਨ ਨੈਣ ਆਪਣੀ ਸੇਵ ਲਗਾਈਆ । ਤੂੰ ਸਾਹਿਬ ਪੁਰਖ ਸਮਰਥ, ਬੇਪਰਵਾਹ ਤੇਰੇ ਹੱਥ ਵੱਡੀ ਵਡਿਆਈਆ । ਪੁਰਖ ਅਕਾਲ ਪਿਆ ਹਸ, ਗੋਦਾਵਰੀ ਤੇਰੀ ਚਿੰਤਾ ਦਿਆਂ ਗਵਾਈਆ । ਉਹਨਾਂ ਤਿੰਨਾਂ ਵਿਚੋਂ ਦੋ ਅਟਾਰਸੀ ਰਹੇ ਵਸ, ਜਸਵੰਤ ਸਿੰਘ ਹਰਦਿੱਤ ਸਿੰਘ ਨਾਮ ਦਿਆਂ ਸਮਝਾਈਆ । ਤੀਜਾ ਜਾਮਾ ਬਦਲ ਕੇ ਆਪਣਾ ਵੇਸ ਆਇਆ ਉਲਟ, ਥੋੜਾ ਪਰਦਾ ਵਿਚ ਜਣਾਈਆ । ਇਕ ਦਿਨ ਖਵਾਬ ਵਿਚ ਸੁਤਿਆਂ ਓਸ ਆਪਣੀ ਘਰ ਦੀ ਇਸਤਰੀ ਲਈ ਤਕ, ਢਾਈ ਸਕਿੰਟ ਧਿਆਨ ਉਸ ਦੇ ਵਿਚ ਰਖਾਈਆ । ਓਸ ਸਮੇਂ ਗੋਬਿੰਦ ਨਾਲੋਂ ਹੋ ਕੇ ਵਖ, ਆਪਣੀ ਨੀਤੀ ਲਈ ਬਦਲਾਈਆ । ਜਿਸ ਵੇਲੇ ਸੁੱਤੇ ਦੀ ਖੁਲ੍ਹੀ ਅੱਖ, ਗੋਬਿੰਦ ਨਜ਼ਰ ਆਇਆ ਪਰਤਖ, ਚਰਨਾਂ ਦੇ ਉਤੇ ਗਿਆ ਢਠ, ਬੇਨੰਤੀ ਦਿਤੀ ਸੁਣਾਈਆ । ਮੈਂ ਹੋ ਕੇ ਬੇਵਸ, ਕੂੜੀ ਕਿਰਿਆ ਦਾ ਜਾਣ ਕੇ ਰਸ, ਰਸਤਾ ਤੇਰਾ ਦਿਤਾ ਭੁਲਾਈਆ । ਨੇਤਰ ਨੀਰ ਵਹਾ ਕੇ ਅਥ, ਦੋਵੇਂ ਚਰਨਾਂ ਤੇ ਰਖ ਕੇ ਹੱਥ, ਧੂੜੀ ਟਿੱਕਾ ਲਾ ਕੇ ਮਥ, ਮਸਤਕ ਲਿਆ ਰਗੜਾਈਆ । ਗੋਬਿੰਦ ਕਿਹਾ ਬਸ, ਓਸ ਕਿਹਾ ਕੁਛ ਮੇਰੇ ਨਹੀਂ ਵਸ, ਜੋ ਕਰਨੀ ਤੂੰ ਆਪੇ ਰਿਹਾ ਕਰਾਈਆ । ਜੇ ਸਤਿਗੁਰ ਹੋ ਕੇ ਮੇਰੇ ਹਿਰਦੇ ਜਾਦੋਂ ਵਸ, ਮਨ ਵਾਸਨਾ ਕਦੇ ਨਾ ਹੁੰਦੀ ਹਲਕਾਈਆ । ਆਪਣੇ ਲੇਖੇ ਲਾ ਲੈ ਮੇਰੀ ਰਤ, ਰਤੀ ਰਤ ਵਿਚੋਂ ਆਪਣਾ ਰਤਨ ਲੈ ਪਰਗਟਾਈਆ । ਗੋਬਿੰਦ ਪ੍ਰੇਮ ਪਿਆਰ ਨਾਲ ਲਿਆ ਤੱਕ, ਸ਼ਬਦੀ ਅੱਖ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹ ਕੇ ਦੱਸਾਂ ਸਚ, ਸੁਨੇਹੜਾ ਇਕ ਸੰਦੇਸ਼ੇ ਵਿਚ ਪਰਗਟਾਈਆ । ਜਿਸ ਵੇਲੇ ਮੁੜ ਕੇ ਆਵਾਂ ਵਤ, ਜੋਤੀ ਸ਼ਬਦੀ ਖੇਲ ਖਿਲਾਈਆ । ਸਚ ਦਵਾਰੇ ਲਵਾਂ ਸਦ, ਸੱਦਾ ਆਪਣਾ ਨਾਮ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਗੁਰਮੁਖ ਹੋ ਨਿਮਾਣਾ ਗਿਆ ਝੁਕ, ਚਰਨ ਕਵਲ ਸੀਸ ਨਿਵਾਈਆ । ਮੇਰਾ ਪੈਂਡਾ ਤੇਰੇ ਬਿਨਾ ਨਾ ਜਾਵੇ ਮੁੱਕ, ਲੇਖਾ ਲੇਖੇ ਨਾ ਕੋਇ ਰਖਾਈਆ । ਗੋਬਿੰਦ ਕਿਹਾ ਬੇਸ਼ਕ ਗੁਰਮੁਖ ਤੂੰ ਬੱਚਾ ਪਿਆਰਾ ਨਾਲੋਂ ਪੁਤ, ਪੁਤਰਾਂ ਤੋਂ ਚੰਗੀ ਦਿਆਂ ਵਡਿਆਈਆ । ਜੇ ਸਚ ਸਚ ਲਵੇਂ ਪੁਛ, ਪੁਸ਼ਤ ਪਨਾਹ ਤੇਰੀ ਹੱਥ ਰਖਾਈਆ । ਭੇਤ ਥੋੜ੍ਹਾ ਵਿਚ ਕੁਛ, ਤੈਨੂੰ ਦਿਆਂ ਜਣਾਈਆ । ਤੇਰਾ ਜਾਮਾ ਬਦਲਨਾ ਨਾ ਦਾੜ੍ਹੀ ਹੋਏ ਨਾ ਮੁੱਛ, ਇਸਤਰੀ ਪਿਛੇ ਇਸਤਰੀ ਰੂਪ ਦੇਣਾ ਬਣਾਈਆ । ਨੇਤਰ ਰੋ ਕੇ ਉਸ ਚਰਨ ਫੜੇ ਘੁੱਟ, ਬਹੁੜੀ ਬਹੁੜੀ ਕੀਤੀ ਦੁਹਾਈਆ । ਗੋਬਿੰਦ ਕਿਹਾ ਇਹ ਪੜਦਾ ਨਹੀਂ ਕੋਈ ਲੁਕ, ਧੁਰ ਦਾ ਹੁਕਮ ਦਿਤਾ ਸਮਝਾਈਆ । ਗੁਰਸਿਖ ਕਿਹਾ ਮੈਂ ਬਣਨਾ ਚਾਹਵਾਂ ਤੇਰਾ ਪੁਤ, ਪਿਤਾ ਇਕੋ ਨਜ਼ਰੀ ਆਈਆ । ਗੋਬਿੰਦ ਕਿਹਾ ਜੋ ਕਿਹਾ ਸੋ ਦਰੁਸਤ, ਨਾ ਕੋਈ ਮੇਟੇ ਮੇਟ ਮਿਟਾਈਆ । ਬੱਚਿਆਂ ਵਾਂਗ ਤੈਨੂੰ ਗੋਦੀ ਲਵਾਂ ਚੁਕ, ਫੜ ਬਾਹੋਂ ਗਲੇ ਲਗਾਈਆ । ਜੇ ਪੁਤ ਨਹੀਂ ਤੇ ਪੁਤ ਦੇ ਨਾਲ ਰੱਖਾਂ ਖ਼ੁਸ਼, ਇਸੇ ਕਰਕੇ ਮਨਜੀਤ ਦਾ ਜੋੜਾ ਲਿਆ ਜੁੜਾਈਆ । ਇੱਕੀਆਂ ਦੀ ਸੋਹਣੀ ਰੁਤ, ਗੋਦਾਵਰੀ ਤੇਰੀ ਰੁਤੜੀ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਲੇਖਾ ਦੇ ਚੁਕਾਈਆ । ਗੋਦਾਵਰੀ ਕਹੇ ਮੈਨੂੰ ਹੋਰ ਆਈ ਯਾਦ, ਯਦੀ ਦਿਆਂ ਬਤਲਾਈਆ । ਮੈਨੂੰ ਪਤਾ ਲੱਗਾ ਤੂੰ ਨੌ ਦਵਾਰੇ ਕਰਨੇ ਬਰਬਾਦ, ਭਗਤਾਂ ਨੂੰ ਇਕੋ ਘਰ ਦੇਣਾ ਬਹਾਈਆ ।

੬੭੨

ਉਹਨਾਂ ਦਾ ਬਣਕੇ ਕੰਤ ਸੁਹਾਗ, ਧੁਰ ਦਾ ਜੋੜਾ ਲੈਣਾ ਜੁੜਾਈਆ । ਮੈਨੂੰ ਆਇਆ ਇਕ ਵੈਰਾਗ, ਵੈਰੀ ਅੰਦਰੋਂ ਦੇਣੇ ਮਿਟਾਈਆ । ਜਿਨ੍ਹਾਂ ਨੇ ਕੂੜੀ ਕਿਰਿਆ ਦਾ ਕਰਨਾ ਤਿਆਗ, ਤਿਆਗੀ ਹੋ ਕੇ ਤੇਰਾ ਦਰਸ਼ਨ ਪਾਈਆ । ਉਹ ਹੰਸ ਨਾ ਰਹਿ ਜਾਣ ਕਾਗ, ਕਾਗ ਹੰਸ ਤੇਰੇ ਚਰਨ ਮਿਲੇ ਸਰਨਾਈਆ । ਤੇਰਿਆਂ ਭਗਤਾਂ ਦਾ ਵੇਖਾਂ ਇਕ ਸਮਾਜ, ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਇਕ ਸਰਨਾਈਆ । ਤੇਰੀ ਰਮਜ਼ ਨੂੰ ਕਿਹੜਾ ਸਮਝ ਸਕੇ ਦਿਮਾਗ਼, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਕਹੇ ਮੇਰੀ ਹੋਰ ਇਕ ਮੰਨ, ਮਨਸਾ ਦਿਆਂ ਜਣਾਈਆ । ਇੱਕੀਆਂ ਦਾ ਬੇੜਾ ਬੰਨ੍ਹ, ਇੱਕੀ ਇੱਕੀ ਆਪਣੀ ਗੰਢ ਵਖਾਈਆ । ਨੌਆਂ ਨੂੰ ਹੋਰ ਦੇ ਦੇ ਆਪਣੇ ਪ੍ਰੇਮ ਦਾ ਸੱਚਾ ਧਨ, ਧਨਵੰਤ ਦੇ ਬਣਾਈਆ । ਜੇ ਉਹਵੀ ਨਾਲ ਰਲਕੇ ਔਣ ਚੰਨ, ਮੈਂ ਚੰਦ ਮੁਖੜੇ ਵੇਖ ਕੇ ਖ਼ੁਸ਼ੀ ਮਨਾਈਆ । ਪਰ ਗੋਦਾਵਰੀ ਕਹੇ ਮੇਰੇ ਕੰਢੇ ਤੇ ਬਹਿਣ ਤੋਂ ਪਹਿਲੋਂ ਫੜਨ ਆਪਣੇ ਕੰਨ, ਦੋ ਹੱਥਾਂ ਵਿਚ ਟਿਕਾਈਆ । ਨੇਤਰ ਰੋਵਣ ਛੰਮ ਛੰਮ, ਵੈਰਾਗੀ ਹੋ ਕੇ ਛਹਿਬਰ ਦੇਣ ਲਗਾਈਆ । ਮੈਂ ਭੱਜਾਂ ਉਹਨਾਂ ਵਲ, ਨੱਠਾਂ ਚਾਈਂ ਚਾਈਆ । ਗੁਰਮੁਖੋ ਤੁਸਾਂ ਨੌਆਂ ਨੇ ਸਾਰੀ ਸੰਗਤ ਵਾਸਤੇ ਨੌਂ ਵਾਰ ਪ੍ਰਭ ਦੇ ਚਰਨਾਂ ਉਤੇ ਝਟਣਾ ਜਲ, ਘਰ ਘਰ ਸੁਖ ਸਾਂਤ ਦਏ ਕਰਾਈਆ । ਜਿਹੜਾ ਸਮਾਂ ਇਹ ਮਿਲ ਗਿਆ ਕਲਜੁਗ ਵਿਚ ਕਲ, ਇਹ ਕਲਮਿਆਂ ਵਾਲਿਆਂ ਹੱਥ ਕਿਸੇ ਨਾ ਆਈਆ । ਪੂਰਬ ਦਾ ਫਲ, ਭਗਤਾਂ ਦਾ ਮਲ, ਗੋਦਾਵਰੀ ਕਢਕੇ ਵਿਚੋਂ ਜਲ, ਇਸ਼ਾਰੇ ਨਾਲ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਪੁਰਖ ਅਕਾਲ ਕਿਹਾ ਗੋਦਾਵਰੀ ਕਿਉਂ ਹੋਵੇਂ ਹੈਰਾਨ, ਤੇਰੀ ਹੈਰਾਨੀ ਦਿਆਂ ਗਵਾਈਆ । ਲੇਖਾ ਵਿਚ ਜਹਾਨ, ਪੂਰਬ ਝੋਲੀ ਪਾਈਆ । ਸਤਿ ਝੁਲਾ ਕੇ ਨਿਸ਼ਾਨ, ਨਿਗਾਹਬਾਨ ਇਕ ਅਖਵਾਈਆ । ਹੁਕਮ ਦੇ ਕੇ ਜ਼ਿਮੀ ਅਸਮਾਨ, ਦਰਗਾਹ ਸਾਚੀ ਖ਼ੁਸ਼ੀ ਜਣਾਈਆ । ਨੌਂ ਸਤ ਦੀ ਇਕ ਕਲਾਮ, ਕਲਮੇ ਨਗ਼ਮੇ ਰਾਗ ਨਾਦ ਦਿਆਂ ਜਣਾਈਆ । ਪੈਗ਼ੰਬਰਾਂ ਦਾ ਇਕ ਅਮਾਮ, ਅਮਲਾਂ ਵਿਚ ਵੇਖਾਂ ਸਰਬ ਲੋਕਾਈਆ । ਭਗਤਾਂ ਦਾ ਭਗਵਾਨ, ਸ਼ਾਹ ਸੁਲਤਾਨ ਹੋ ਕੇ ਖ਼ੁਸ਼ੀ ਜਣਾਈਆ । ਅਗਲਾ ਦੇ ਕੇ ਧੁਰ ਫ਼ਰਮਾਨ, ਸੰਮਤ ਸ਼ਹਿਨਸ਼ਾਹੀ ਕਰ ਪਰਧਾਨ, ਜਗਤ ਪਰਧਾਨਾਂ ਸੰਦੇਸ਼ੇ ਦਿਆਂ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਦਿਆਂ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਕਿਹੜੀ ਵਿਸਾਖੀ, ਵਸਾਹ ਕੇ ਗਈ ਆਈਆ । ਸੰਮਤ ਸਦੀਆਂ ਦੀ ਕਰਕੇ ਬਾਕੀ, ਬਕਤਿਆਂ ਦੇ ਲੇਖੇ ਰਹੀ ਚੁਕਾਈਆ । ਚਾਰ ਜੁਗ ਦੀ ਵੇਖ ਕੇ ਸਾਖੀ, ਸੁਖ ਸੁਨੇਹੜੇ ਘਰ ਘਰ ਰਹੀ ਪਹੁੰਚਾਈਆ । ਸਤਿ ਸਤਿ ਦਾ ਨਾਮ ਸੰਦੇਸ਼ਾ ਦੇ ਕੇ ਪਾਤੀ, ਪਰਦਾ ਇਕੋ ਮਜ਼ਮੂਨ ਰਹੀ ਜਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਜ਼ਿਮੀ ਆਸਮਾਨ ਖੋਲ੍ਹੇ ਤਾਕੀ, ਪਰਦੇ ਰਹੀ ਉਠਾਈਆ । ਪਿਛਲੀ ਮੁਕੀ ਸਭ ਦੀ ਵਾਟੀ, ਅਗਲਾ ਪੰਧ ਰਿਹਾ ਨਾ ਰਾਈਆ । ਧੁਰ ਦਾ ਹੁਕਮ ਪੁਰਖ ਅਬਿਨਾਸ਼ੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਰਿਹਾ ਜਣਾਈਆ । ਜਨ ਭਗਤੋ ਤੁਹਾਡਾ ਮੇਲਾ ਨਾਲ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਰੰਗ ਚੜ੍ਹਾਈਆ । ਤੁਹਾਡੀ ਆਤਮ ਓਸੇ ਦੀ ਜ਼ਾਤੀ, ਜ਼ਾਤ ਪਾਤ ਨਜ਼ਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਗੁਰ ਅਵਤਾਰ ਕਹਿਣ ਆਓ ਵੇਖੋ ਤੱਕੋ

੬੭੩

ਵਸਾਖੀ ਦਾ ਮੇਲਾ, ਹਰਿ ਕਰਤਾ ਦਏ ਵਡਿਆਈਆ । ਇਕੋ ਰੰਗ ਦਿਸੇ ਗੁਰੂ ਗੁਰ ਚੇਲਾ, ਚੇਲਾ ਗੋਬਿੰਦ ਗੋਬਿੰਦ ਚੇਲੇ ਵਿਚ ਸਮਾਈਆ । ਦੋ ਜਹਾਨਾਂ ਨਾਲੋਂ ਹੋ ਕੇ ਵੇਹਲਾ, ਵਾਹਿਦ ਭਗਤਾਂ ਕਰੇ ਕੁੜਮਾਈਆ । ਵਸਣਹਾਰਾ ਰੰਗ ਨਵੇਲਾ, ਨਿਰਗੁਣ ਦਾਤਾ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਾਚੀ ਖੇਲ ਰਿਹਾ ਖੇਲਾ, ਖ਼ਾਲਕ ਖ਼ਲਕ ਪਰਦਾ ਦਏ ਉਠਾਈਆ । ਜਨ ਭਗਤੋ ਤੁਹਾਡਾ ਰਹੇ ਨਾ ਵਕ਼ਤ ਦੁਹੇਲਾ, ਦੋਹਰੀ ਚੋਟ ਤਨ ਨਗਾਰੇ ਅੰਦਰ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਵਸਾਖੀ ਕਹੇ ਇਸ ਦਾ ਕਰਿਓ ਨਾ ਕੋਈ ਵਸਾਹ, ਵਸਦੇ ਖੇੜੇ ਦਏ ਉਜਾੜ, ਉਜੜਿਆਂ ਦਏ ਵਸਾਈਆ । ਪ੍ਰਭ ਦਾਤਾ ਵੱਡਾ ਬੇਪਰਵਾਹ, ਸਦਾ ਬੇਪਰਵਾਹੀ ਵਿਚ ਸਮਾਈਆ । ਜਿਸ ਦੀ ਜੁਗ ਚੌਕੜੀ ਬਦਲ ਕੇ ਮੈਂ ਪਹਿਲੀ ਵਾਰੀ ਗਈ ਆ, ਲੋਕਮਾਤ ਫੇਰਾ ਪਾਈਆ । ਮੇਰੀ ਮੰਗ ਮੈਂ ਸ਼ਹਿਨਸ਼ਾਹੀ ਸੰਮਤ ਸੁਣਾਂ ਨਾਲ ਚਾ, ਚਾਉ ਘਨੇਰਾ ਇਕ ਰਖਾਈਆ । ਤਸਬੀਆਂ ਮਾਲਾਂ ਤੋਂ ਬਾਹਰ ਮਿਲ ਗਿਆ ਸਚ ਖ਼ੁਦਾ, ਨਾ ਖ਼ਾਦਮ ਨਾ ਆਦਮ ਅਦਲਾਂ ਦਾ ਅਦਲ ਰਿਹਾ ਕਮਾਈਆ । ਭਗਤਾਂ ਦਾ ਬਣਕੇ ਗਵਾਹ, ਏਥੇ ਓਥੇ ਰਿਹਾ ਬਚਾ, ਬਚਪਨ ਆਪਣੀ ਝੋਲੀ ਪਾਈਆ । ਏਥੇ ਕੀ ਕਰੇ ਬਾਵਾ ਆਦਮ ਤੇ ਹਵਾ, ਪਾਰਬਤੀ ਤੇ ਸ਼ਿਵ ਨਿਉਂ ਨਿਉਂ ਸੀਸ ਝੁਕਾਈਆ । ਪੈਗ਼ੰਬਰਾਂ ਕਿਹਾ ਖ਼ੁਦਾ, ਅਵਤਾਰਾਂ ਕਿਹਾ ਜੋਤੀ ਜੋਤ ਰਿਹਾ ਡਗਮਗਾ, ਗੁਰੂਆਂ ਕਿਹਾ ਗਹਿਰ ਗੰਭੀਰ ਨਜ਼ਰੀ ਆਈਆ । ਵਸਾਖੀ ਕਹੇ ਜੇ ਕੋਈ ਮੈਨੂੰ ਪੁਛੇ ਆ ਮੈਂ ਸਚ ਦਿਆਂ ਸੁਣਾ, ਇਹ ਉਹ ਬੇਪਰਵਾਹ, ਜਿਸ ਦਾ ਖਾਣੀ ਬਾਣੀ ਜਸ ਢੋਲਿਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਸੁਣ ਕੇ ਬਾਤ, ਛੋਟੇ ਬਾਲੇ ਨੱਢੇ ਕਾਕੇ ਮਨਜੀਤ ਲਈ ਅੰਗੜਾਈਆ । ਥੱਲੇ ਮਾਰ ਕੇ ਵੇਖਿਆ ਝਾਤ, ਪੜਦਾ ਪਰੇ ਉਠਾਈਆ । ਭਗਤਾਂ ਦੀ ਬੈਠੀ ਜਮਾਤ, ਸੋਹਣੀ ਨਜ਼ਰੀ ਆਈਆ । ਜਗਦੀਸ਼ ਨੂੰ ਮਾਰ ਕੇ ਆਵਾਜ਼, ਭਾਈ ਨੂੰ ਭਾਈ ਲਿਆ ਜਗਾਈਆ । ਜਗਦੀਸ਼ ਸਵਰਨ ਦਾ ਖੋਲ੍ਹ ਕੇ ਤਾਕ, ਤੁਰਤ ਦਿਤਾ ਸੁਣਾਈਆ । ਸਵਰਨ ਕਹੇ ਮੈਂ ਗੁਰਦਿਆਲ ਸਿੰਘ ਨੂੰ ਲਵਾਂ ਆਖ, ਸਾਰੇ ਵੇਖੀਏ ਚਾਈਂ ਚਾਈਆ । ਗੁਰਦਿਆਲ ਸਿੰਘ ਕਿਹਾ ਪਾਲ ਸਿੰਘ ਦੇ ਸਾਰੇ ਦਾਸ, ਮਿਲਕੇ ਆਪਣਾ ਹਾਲ ਸੁਣਾਈਆ । ਮਨਜੀਤ ਕਿਹਾ ਇਹ ਭਗਤਾਂ ਦਾ ਰਿਵਾਜ, ਦੋ ਜਹਾਨਾਂ ਨਜ਼ਰੀ ਆਈਆ । ਕਿਰਪਾ ਕੀਤੀ ਪੁਰਖ ਅਬਿਨਾਸ਼, ਮਿਹਰ ਨਜ਼ਰ ਇਕ ਉਠਾਈਆ । ਮੈਂ ਪ੍ਰਭ ਦੇ ਅਗੇ ਕਰਨੀ ਇਕ ਅਰਦਾਸ, ਬੇਨੰਤੀ ਆਪਣੀ ਦੇਣੀ ਸੁਣਾਈਆ । ਹੇ ਪ੍ਰਭੂ ਜਿਸ ਮਾਤਾ ਨੇ ਮੈਨੂੰ ਜਨਮ ਦਿਤਾ ਵਿਚ ਲੋਕਮਾਤ, ਆਪ ਆਪਣੀ ਕੁੱਖ ਸੁਹਾਈਆ । ਉਸਦੀ ਕਰਦੇ ਆਪ ਨਜਾਤ, ਨਜ਼ਰ ਮਿਹਰ ਇਕ ਉਠਾਈਆ । ਤੂੰ ਸਾਹਿਬ ਬਖ਼ਸ਼ਿੰਦ ਸਾਖ਼ਿਆਤ, ਪਰਦਾ ਉਹਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਮਨਜੀਤ ਕਹੇ ਵਸਾਖੀ ਮੰਨਾਂ ਤਾਂ, ਪ੍ਰਭ ਤੇਰੀ ਓਟ ਤਕਾਈਆ । ਜੇ ਵਡਿਆਈ ਦੇਵੇਂ ਓਸ ਮਾਂ, ਜਿਸ ਨੂੰ ਵੀਹ ਸੌ ਦਸ ਬਿਕ੍ਰਮੀ ਵਿਚ ਲਾਰਾ ਲਾ ਕੇ ਗਿਆ ਆਈਆ । ਜਿੰਨਾਂ ਚਿਰ ਨਾ ਕਰੇਂ ਹਾਂ, ਮੇਰਾ ਹਕ਼ ਨਾ ਝੋਲੀ ਪਾਈਆ । ਓਨਾਂ ਚਿਰ ਪੱਲਾ ਛੱਡਾਂ ਨਾ, ਸਚ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਵਿਚ ਰਖਾਈਆ । ਮਨਜੀਤ ਕਹੇ ਮੈਂ ਕੋਈ ਮੰਗੀ ਨਹੀਂ ਮੰਗ ਵਾਸਤੇ ਲਾਲਚ, ਲਾਲਚੀ ਰੂਪ ਨਾ ਕੋਇ ਬਣਾਈਆ । ਸੱਤ ਮਹੀਨੇ ਤਿੰਨ ਦਿਨ ਜੋ ਤੇਰੀ ਭਗਤੀ ਕੀਤੀ

ਖ਼ਾਲਸ, ਖ਼ਾਸ ਤੇਰੀ ਸੇਵ ਕਮਾਈਆ । ਛੋਟਾ ਨੰਨ੍ਹਾ ਬਣ ਕੇ ਬਾਲਕ, ਗੋਦੀ ਮਾਂ ਸੁਹਾਈਆ । ਅੱਜ ਓਸੇ ਦਾ ਬਣ ਕੇ ਸਾਲਸ, ਬੇਨੰਤੀ ਰਿਹਾ ਜਣਾਈਆ । ਤੂੰ ਮਾਲਕ ਸਭ ਦਾ ਖ਼ਾਲਕ, ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮਨਜੀਤ ਕਹੇ ਮੈਂ ਗਿਆਰਾਂ ਸਾਲ ਰਿਹਾ ਚੁਪ, ਆਪਣੀ ਮੰਗ ਨਾ ਕੋਇ ਮੰਗਾਈਆ । ਪ੍ਰੇਮ ਪਿਆਰ ਅੰਦਰ ਆਇਆ ਦੁਖ, ਬੇਨੰਤੀ ਦਿਤੀ ਸੁਣਾਈਆ । ਓਸ ਨੂੰ ਦੇ ਸੁਖ, ਜਿਸ ਨੇ ਸੁਖ ਸਾਂਦ ਨਾਲ ਤੇਰੀ ਗੋਦੀ ਦਿਤਾ ਬਹਾਈਆ । ਪੁਰਖ ਅਕਾਲ ਹੋ ਕੇ ਤੁਠ, ਬੇਪਰਵਾਹ ਤੇਰੇ ਹੱਥ ਵਡਿਆਈਆ । ਚਰਨ ਕਵਲਾਂ ਉਤੇ ਝੁਕ, ਝੋਲੀ ਅਗੇ ਡਾਹੀਆ । ਜਿਸ ਤਰਾ ਰੰਗ ਚੜ੍ਹਾਇਆ ਪੁਤ, ਓਹੋ ਮਾਤ ਦੇ ਵਡਿਆਈਆ । ਪੁਰਖ ਅਕਾਲ ਕਿਹਾ ਤੇਰੀ ਬੇਨੰਤੀ ਉਤੇ ਹੋਇਆ ਖ਼ੁਸ਼, ਖ਼ੁਸ਼ੀਆਂ ਵਿਚ ਖ਼ੁਸ਼ੀ ਦਿਆਂ ਬਦਲਾਈਆ । ਹਾੜ ਸਤਾਰਾਂ ਇਕ ਵਖਰੀ ਨਿਰਾਲੀ ਅਨੋਖੀ ਗਾ ਕੇ ਤੁਕ, ਤੁਰਤ ਮੇਲਾ ਲਵਾਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਮਨਜੀਤ ਕਹੇ ਕਿਹੜੀ ਤੁਕ, ਗੌਣਾ ਛੰਦ, ਮੈਨੂੰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਉਹ ਮੇਰੇ ਵਿਚ ਬੰਦ, ਕੋਈ ਬੰਦੀਖ਼ਾਨੇ ਵਿਚੋਂ ਬੰਦਾ ਨਾ ਬਾਹਰ ਛੁਡਾਈਆ । ਇੱਕੀਆਂ ਸਿੱਖਾਂ ਦਾ ਬਣਾ ਕੇ ਸੰਗ, ਸੋਹਣਾ ਵੇਲਾ ਵਕਤ ਦਿਆਂ ਜਣਾਈਆ । ਹਾੜ ਸਤਾਰਾਂ ਸ਼ਬਦੀ ਧਾਰ ਪਾ ਕੇ ਠੰਡ, ਮਿਹਰ ਨਜ਼ਰ ਇਕ ਟਿਕਾਈਆ । ਜਿਸ ਦਾ ਨੂਰ ਉਪਜਿਆ ਚੰਦ, ਸਾਚੀ ਜੋਤ ਜਗਤ ਰੁਸ਼ਨਾਈਆ । ਓਸੇ ਦਾ ਮਨ ਵਿਕਾਰ ਕਰ ਕੇ ਖੰਡ, ਖੰਡਾ ਨਾਮ ਤਨ ਪਹਿਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਬਖ਼ਸ਼ ਕੇ ਸਚ ਅਨੰਦ, ਸਾਚੀ ਸੇਵਾ ਅਗਲੀ ਦਏ ਜਣਾਈਆ ।



### ❊ ੨ ਵਸਾਖ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਚਨਾ ਕਹੇ ਮੈਨੂੰ ਲਾ ਦੇ ਭੋਗ, ਕੱਚੇ ਤੋਂ ਪੱਕਾ ਦੇ ਬਣਾਈਆ । ਪੇਠਾ ਕਹੇ ਮੇਰਾ ਪਿਛਲਾ ਸੰਜੋਗ, ਪਰਦਾ ਦੇ ਉਠਾਈਆ । ਕੇਲਾ ਕਹੇ ਮੈਂ ਸਭ ਦੀ ਭੇਟਾ ਚੜ੍ਹਦਾ ਰਿਹਾ ਰੋਜ ਰੋਜ, ਗੁੱਝੀ ਰਮਜ਼ ਨਾ ਕਿਸੇ ਲਗਾਈਆ । ਸੌਂਫ਼ ਕਹੇ ਮੈਨੂੰ ਖਾ ਖਾ ਥੱਕੇ ਲੋਕ, ਰਸ ਵਿਚ ਰਸ ਨਾ ਕੋਇ ਮਿਲਾਈਆ । ਬਾਦਾਮ ਕਹਿਣ ਸਾਨੂੰ ਖਾ ਕੇ ਸਭ ਨੂੰ ਆਵੇ ਜੋਸ਼, ਸਾਂਤਕ ਸਤਿ ਰੂਪ ਨਾ ਕੋਇ ਸਮਾਈਆ । ਸਾਰੇ ਬੈਠੇ ਰਹੇ ਖ਼ਾਮੋਸ਼, ਆਪਣੀ ਵਿਥਿਆ ਨਾ ਕਿਸੇ ਜਣਾਈਆ । ਠਾਕਰ ਤੇਰੀ ਠਾਕਰਾਂ ਨਾਲ ਵੇਂਹਦੇ ਰਹੇ ਮੌਜ, ਠੋਕਰ ਅੰਦਰ ਨਾ ਕਿਸੇ ਲਗਾਈਆ । ਢਈਆ ਸਈਆ ਕਰਦੇ ਰਹੇ ਖੋਜ, ਬਈਆਂ ਪਕੜ ਗਲੇ ਨਾ ਕੋਈ ਲਗਾਈਆ । ਅਚਾਨਕ ਅਸੁਤੇ ਆ ਗਈ ਹੋਸ਼, ਅੰਦਰੋਂ ਸੁਰਤੀ ਦਿਤੀ ਖੁਲ੍ਹਾਈਆ । ਬਿਨਾ ਸੋਚ ਤੋਂ ਆ ਗਈ ਸੋਚ, ਕਿਸੇ ਅਗੰਮੀ ਰਮਜ਼ ਦਿਤੀ ਲਗਾਈਆ । ਤੱਕਿਆ ਵੇਖਿਆ ਲੱਖਣ ਪੁਸ਼ਕਰ ਕਰੌਚ, ਜੰਬੂ ਧਿਆਨ ਲਗਾਈਆ । ਸੁਣਿਆ ਢੋਲਾ ਇਕ ਸਲੋਕ, ਧੁਰ ਕਾ ਨਾਅਰਾ ਨਾਮ ਖ਼ੁਦਾਈਆ । ਅੰਤਰ ਰਿਹਾ ਨਾ ਕੋਈ ਰੋਗ, ਕੂੜੀ ਖ਼ਾਹਸ਼ ਨਾ ਕੋਇ ਜਣਾਈਆ । ਆਸਾ ਪੁੰਨੀ ਸਾਰੇ ਮਿਲ ਕੇ ਬਣੀਏ ਸਾਚੀ ਚੋਗ, ਜਿਸ ਨੂੰ ਖਾਦਿਆਂ ਚੁਗਲੀ ਨਿੰਦਿਆ ਅੰਦਰ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਦਈਏ ਗਿਆਨ

ਬੋਧ, ਬੁਧੀ ਬਿਬੇਕ ਬਣਾਈਆ । ਹਿਰਦੇ ਦਈਏ ਸੋਧ, ਸੁਗੰਧੀ ਸਚ ਸਮਾਈਆ । ਕੂੜੀ ਕਿਰਿਆ ਕੱਢੀਏ ਖੋਟ, ਅਗੇ ਖਟਕਾ ਰਹੇ ਨਾ ਰਾਈਆ । ਗੋਬਿੰਦ ਪ੍ਰੇਮ ਦੀ ਲੱਗੇ ਚੋਟ, ਚੋਟ ਨਗਾਰਾ ਇਕ ਸੁਣਾਈਆ । ਬੰਕ ਦਵਾਰਾ ਸੋਹੇ ਕੋਟ, ਗ੍ਰਹਿ ਮੰਦਰ ਖ਼ੁਸ਼ੀ ਵਖਾਈਆ । ਸਾਚੀ ਗੋਸ਼ਨਾ ਗੋਸ਼ਟ ਕਰੀਏ ਕੂਣੇ ਗੋਸ਼, ਗੁਫ਼ਤ ਸ਼ੁਨੀਦ ਦੀਦ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਮੁਕਾਈਆ । ਚਨਾ ਕਹੇ ਮੈਨੂੰ ਚਬਣਾ ਨਹੀਂ ਨਾਲ ਦੰਦ, ਬੱਤੀ ਦੰਦਾਂ ਵਾਲੀ ਵੇਖੀ ਸਰਬ ਲੋਕਾਈਆ । ਜਿਨਾਂ ਖਾਧਾ ਉਹਨਾਂ ਵਿਸ਼ਟਾ ਰੂਪ ਕਢਿਆ ਗੰਦ, ਪਰਮਾਨੰਦ ਨਾ ਕੋਇ ਵਖਾਈਆ । ਬਿਨ ਗੋਬਿੰਦ ਸਾਨੂੰ ਮਿਲਿਆ ਨਹੀਂ ਉਹ ਅਨੰਦ, ਜੋ ਅਨੰਦ ਪਟਨੇ ਗਿਆ ਜਣਾਈਆ । ਨਾ ਉਹ ਮਈਆ ਨਾ ਉਹ ਰਾਜਾ ਨਾ ਉਹ ਪ੍ਰੇਮ ਪਿਆਰ ਦਾ ਢੰਗ, ਤਰੀਕਾ ਸਚ ਨਾ ਕੋਇ ਦ੍ਰਿੜਾਈਆ । ਸਦੀਆਂ ਵੇਂਹਦੇ ਰਹੇ ਕਦੇ ਸੂਰਜ ਤੇ ਕਦੇ ਚੰਦ, ਦਿਵਸ ਰੈਣ ਧਿਆਨ ਲਗਾਈਆ । ਸਾਡੇ ਅੰਤਰ ਨਹੀਂ ਪਈ ਠੰਡ, ਅਗਨੀ ਤੱਤ ਨਾ ਕੋਇ ਬੁਝਾਈਆ । ਸਾਨੂੰ ਖ਼ੁਸ਼ੀ ਆਈ ਜਿਸ ਵੇਲੇ ਸੰਮਤ ਚੜ੍ਹਿਆ ਸ਼ਹਿਨਸ਼ਾਹੀ ਰਾਜ ਨਰੈਣ ਲੈ ਕੇ ਗਿਆ ਗੰਢ, ਪਟਨੇ ਸੰਦੇਸ਼ਾ ਦਿਤਾ ਸੁਣਾਈਆ । ਸਾਨੂੰ ਪਿਛਲੀ ਯਾਦ ਆ ਗਈ ਮੰਗ, ਜੋ ਗੋਬਿੰਦ ਦਿਆਂ ਦੰਦਾਂ ਨਾਲ ਛੋਹ ਕੇ ਬੇਨੰਤੀ ਦਿਤੀ ਸੁਣਾਈਆ । ਉਹ ਹੌਲੀ ਜਿਹੀ ਕਹਿ ਕੇ ਗਿਆ ਸਾਨੂੰ ਵਿਚ ਕੰਨ, ਨਿਕੰਮਿਉ ਤੁਹਾਨੂੰ ਦਿਆਂ ਵਡਿਆਈਆ । ਜਿਸ ਵੇਲੇ ਪਰਮ ਪੁਰਖ ਦਾ ਚੜ੍ਹ ਕੇ ਆਵਾਂ ਚੰਨ, ਦੋ ਜਹਾਨ ਕਰਾਂ ਰੁਸ਼ਨਾਈਆ । ਤੁਹਾਡਾ ਬੇੜਾ ਦੇਵਾਂ ਬੰਨ੍ਹ, ਲੇਖਾ ਆਪਣੇ ਨਾਲ ਚਲਾਈਆ । ਉਹਨਾਂ ਉਸ ਵੇਲੇ ਕਿਹਾ ਕਿਵੇਂ ਸਾਡੀ ਲਏ ਮੰਨ, ਸਚ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਨਾ ਕਹੇ ਮੈਨੂੰ ਕੋਈ ਦੰਦਾਂ ਨਾਲ ਨਾ ਲਵੇ ਪੀਸ, ਪੇਸ਼ਤਰ ਦਿਆਂ ਜਣਾਈਆ । ਮੈਂ ਮਿਲਣਾ ਓਸ ਜਗਦੀਸ, ਜੋ ਜਗਦੀਸ਼ਰ ਹਰ ਘਟ ਰਿਹਾ ਸਮਾਈਆ । ਜਿਸ ਦੇ ਛਤਰ ਝੁਲੇ ਸੀਸ, ਸਾਹ ਸਾਹ ਨਾਮ ਜਪੇ ਲੋਕਾਈਆ । ਜਿਸ ਦੀ ਗੋਬਿੰਦ ਨਾਲ ਪ੍ਰੀਤ, ਗੋਬਿੰਦ ਓਸੇ ਵਿਚ ਨਜ਼ਰੀ ਆਈਆ । ਮੈਂ ਕਰਨ ਆਇਆ ਤਸਦੀਕ, ਛੋਟਾ ਚਨਾ ਦੇਵੇ ਗਵਾਹੀਆ । ਜਿਸ ਨੇ ਮੇਰੀ ਰੱਖੀ ਉਡੀਕ, ਵੇਲਾ ਵਕ਼ਤ ਸੁਹੰਜਣਾ ਰਿਹਾ ਸੁਹਾਈਆ । ਗੁਰਮੁਖੋ ਜੋ ਕਹਾਂ ਸੋ ਠੀਕ, ਠਾਕਰ ਨੇ ਠੋਕਰ ਲਾ ਕੇ ਲਿਆ ਉਠਾਈਆ । ਮੈਨੂੰ ਨਾ ਸਮਝਿਉ ਮੈਂ ਨਿੱਕਾ ਜਿਹਾ ਕੀਟ, ਮੇਰੀ ਹਸਤੀ ਮਸਤੀ ਵਿਚ ਸਮਾਈਆ । ਮੈਂ ਓਸ ਘਰ ਦਾ ਵਸਨੀਕ, ਜਿਥੇ ਵਸਦਿਆਂ ਬਾਹਰ ਸਕੇ ਨਾ ਕੋਇ ਕਢਾਈਆ । ਜਿਸ ਵੇਲੇ ਗੋਬਿੰਦ ਨੇ ਰਾਣੀ ਦੇ ਘਰ ਭੋਗ ਲਗਾਇਆ ਸਾਡੀ ਨਿਕਲੀ ਸੀ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਗੋਬਿੰਦ ਨੇ ਹਸ ਕੇ ਸਾਡੇ ਅੰਦਰ ਵੜ ਕੇ ਗਾਇਆ ਇਕ ਨਿੱਕਾ ਜਿਹਾ ਗੀਤ, ਸੋਹੰ ਸੋ ਢੋਲਾ ਦਿਤਾ ਸੁਣਾਈਆ । ਤੁਸੀਂ ਮੇਰੇ ਮੈਂ ਤੁਹਾਡਾ ਦੋਹਾਂ ਦੇ ਵਿਚ ਪਰਮ ਪੁਰਖ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਇਹ ਚਨਾ ਕਹੇ ਮੈਂ ਓਸੇ ਵੇਲੇ ਉਛਲ ਕੇ ਗੋਬਿੰਦ ਦੀ ਝੋਲੀ ਵਿਚ ਡਿੱਗਾ ਜਿਸ ਨੂੰ ਗਲ ਦਾ ਕਪੜਾ ਕਹਿੰਦੇ ਕ਼ਮੀਜ਼, ਬਾਣਾ ਬੱਚਿਆਂ ਵਾਲਾ ਨਜ਼ਰੀ ਆਈਆ । ਓਸ ਫੜ ਕੇ ਨਾਲ ਰੀਝ, ਆਪਣੀ ਜੇਬ ਵਿਚ ਲਿਆ ਰਖਾਈਆ । ਮੈਂ ਅੰਦਰ ਵੜ ਕੇ ਆਪਣੀ ਬਦਲ ਲਈ ਨੀਤ, ਰੂਪ ਅਨੂਪ ਵਟਾਈਆ । ਮੰਗੀ ਮੰਗ ਜੇ ਤੂੰ ਮੇਰਾ ਤੇ ਮੈਨੂੰ ਆਪਣਾ ਕਰ ਲੈ ਠੀਕ, ਠਗ ਚੋਰ ਯਾਰ ਵਾਲੀ ਠੱਗੀ ਨਾ ਕੋਇ ਕਮਾਈਆ । ਓਸ ਹੱਸ ਕੇ ਕਿਹਾ ਮੈਂ ਤੁਹਾਡੀ ਰੱਖਾਂ ਸਦਾ ਉਡੀਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ


੬੭੬

ਨਜ਼ਰ ਇਕ ਇਕ ਉਠਾਈਆ । ਚਨਾ ਕਹੇ ਤੁਸੀਂ ਨਹੀਂ ਜਾਣਦੇ ਮੈਨੂੰ ਕਿਉਂ ਭੋਗ ਲਗਦਾ, ਅੰਮ੍ਰਿਤ ਰਸ ਭੋਗੀ ਦਇਆ ਕਮਾਈਆ । ਮੈਂ ਓਸ ਦਵਾਰ ਤੇ ਸਜਦਾ, ਜਿਥੇ ਸਜਦਾ ਕਰੇ ਲੋਕਾਈਆ । ਬਹੁਤ ਚਿਰ ਹੋਇਆ ਫਿਰਦਾ ਲੱਭਦਾ, ਲੱਭਿਆਂ ਹੱਥ ਕੁਛ ਨਾ ਆਈਆ । ਵੇਖੋ ਹੁਣ ਖੇਲ ਹੋਇਆ ਸਬਬ ਦਾ, ਰਾਜ ਨਰੈਣ ਦਿਤਾ ਮਿਲਾਈਆ । ਚਨਾ ਕਹੇ ਮੈਂ ਰਾਜ ਨਰੈਣ ਨੂੰ ਕੁਛ ਦਸਦਾ, ਅਗਲਾ ਪੜਦਾ ਦਿਆਂ ਉਠਾਈਆ । ਸਵਾ ਤਿੰਨ ਸਾਲ ਤੇਰਾ ਪਟਨੇ ਵਾਲਾ ਘਰ ਉਜਾੜਾਂ ਵਸਦਾ, ਗੋਬਿੰਦ ਦੇ ਚਰਨ ਵਿਚ ਆਸਣ ਦਿਆਂ ਲਗਾਈਆ । ਬਿਨ ਤੇਰੇ ਮੇਰਾ ਪ੍ਰੇਮ ਨਹੀਂ ਫਬਦਾ, ਪ੍ਰੀਤੀ ਸਚ ਨਾ ਕੋਇ ਸਮਝਾਈਆ । ਉਹ ਤੁਸਾਂ ਕੀ ਰਸ ਕਰਨਾ ਓਸ ਕਵਲ ਨਭ ਦਾ, ਜਿਹੜੀ ਨਾਭੀ ਕਵਲ ਸਤਿਗੁਰ ਪੂਰੇ ਭਗਤਾਂ ਨਾ ਕਦੇ ਰਖਾਈਆ । ਉਸ ਦੇ ਉਤੇ ਆਪ ਵਸਦਾ, ਜਿਥੇ ਭਗਤਾਂ ਮੇਲੇ ਸਹਿਜ ਸੁਭਾਈਆ । ਕੌਣ ਲੇਖਾ ਜਾਣੇ ਇਹਦੀ ਹਦ ਦਾ, ਹਦ ਤੋਂ ਬਾਹਰ ਬੇਹਦ ਬੇਪਰਵਾਹੀਆ । ਜਿਹੜਾ ਪ੍ਰੇਮ ਨਾਲ ਤੇਰੇ ਚਨੇ ਚਬਦਾ, ਆਪਣਾ ਚਮੜਾ ਤੇਰੀ ਸੇਜ ਦੇਵੇ ਬਣਾਈਆ । ਓਹ ਗੁਰਮੁਖੋ ਤੁਹਾਨੂੰ ਨਹੀਂ ਪਤਾ ਇਹ ਲਹਿਣਾ ਦੇਣਾ ਕਬ ਦਾ, ਕਵਣ ਝੋਲੀ ਰਿਹਾ ਪਾਈਆ । ਹੁਣ ਰੰਗ ਰਹਿਣ ਨਹੀਂ ਦੇਣਾ ਵਿਚ ਡਬ ਦਾ, ਲਲਾਰੀ ਹੋ ਕੇ ਰੰਗ ਇਕੋ ਦੇਣਾ ਚੜ੍ਹਾਈਆ । ਦੀਪਕ ਜੋਤ ਵਿਚ ਉਹ ਜਗਦਾ, ਦੀਪਕ ਜੋਤ ਕਰੇ ਰੁਸ਼ਨਾਈਆ । ਲੇਖਾ ਮੁਕ ਜਾਏ ਜਗਤ ਹੱਜ ਦਾ, ਹਾਜ਼ਰ ਹੋ ਕੇ ਆਪਣਾ ਦਰਸ ਕਰਾਈਆ । ਇਹ ਕ਼ੀਮਤ ਵਿਚ ਨਾ ਕੱਖ ਦਾ ਤੇ ਨਾ ਲੱਖ ਦਾ, ਸਮਰਥ ਹੱਥ ਇਸੇ ਦੀ ਵਡਿਆਈਆ । ਚਨਾ ਕਹੇ ਮੈਂ ਸਚ ਸਚ ਦੱਸਦਾ, ਦਹਿ ਦਿਸ਼ਾ ਪੜਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ੬੭੭
ਚਨਾ ਕਹੇ ਮੈਨੂੰ ਕੋਈ ਨਾ ਸਮਝਿਓ ਦੋ ਫਾੜ, ਟੁਕੜਾ ਅਲਗ ਅਲਗ ਜਣਾਈਆ । ਮੇਰਾ ਲੇਖਾ ਵੇਖਿਉ ਸਤਾਰਾਂ ਹਾੜ, ਹਾੜੇ ਕਢ ਕੇ ਦਿਆਂ ਸੁਣਾਈਆ । ਜਿਸ ਦਾ ਲੇਖਾ ਵਿਚ ਉਜਾੜ, ਮਾਛੂਵਾੜੇ ਕੀੜੀ ਕਿਰਿਆ ਵਿਚ ਸੇਵ ਕਮਾਈਆ । ਇਕੱਠਾ ਕੀਤਾ ਭਾਲ, ਭਾਲਦਾ ਭੁਲਿਆਂ ਭਟਕਿਆਂ ਮੇਲ ਮਿਲਾਈਆ । ਸ਼ਾਹਾਂ ਤੋਂ ਬਣਾ ਕੇ ਕੰਗਾਲ, ਕੰਗਲਿਆਂ ਤੋਂ ਕਮਲਾਪਤ ਦਿਆਂ ਮਿਲਾਈਆ । ਸਚ ਦਰ ਦੀ ਸੱਚੀ ਧਰਮਸਾਲ, ਸਚ ਦਵਾਰਾ ਇਕ ਵਡਿਆਈਆ । ਚੰਨਾ ਕਹੇ ਗੁਰਮੁਖੋ ਕੀ ਤੁਸੀਂ ਇਕ ਰਾਜ ਨਰੈਣ ਨਹੀਂ ਸਕਦੇ ਸੰਭਾਲ, ਜਿਸ ਦੇ ਘਰ ਘੜੀ ਪਲ ਗੋਬਿੰਦ ਕਟ ਕੇ ਆਇਆ ਬਣਾ ਕੇ ਆਇਆ ਪਿਤਾ ਮਾਈਆ । ਅਗੇ ਬਹੁਤਾ ਹੋਰ ਅਹਿਵਾਲ, ਬਿਨਾ ਸਵਾਲ ਜਵਾਬ ਸਹਿਜੇ ਨਾਲ ਦਿਆਂ ਲਿਖਾਈਆ । ਚਨਾ ਕਹੇ ਇਹੋ ਵੇਖੋ ਉਹ ਨਿਸ਼ਾਨ, ਜੋ ਬਿਆਨ ਨਾਲ ਰਹੇ ਜਣਾਈਆ । ਰਾਜ ਪਾਲ ਓਸ ਦਰਬਾਰ, ਦਵਾਰਪਾਲ ਬਣ ਕੇ ਸੋਭਾ ਪਾਈਆ । ਵਸਤ ਰਸਦ ਬਹੁ ਮਹਾਨ, ਸਿੰਘਾਸਣ ਉਤੇ ਮਿਲੀ ਮਾਣ ਵਡਿਆਈਆ । ਕਿੱਡਾ ਵੱਡਾ ਸਚ ਨਿਸ਼ਾਨ, ਨਿਸ਼ਾਨਿਆਂ ਵਿਚੋਂ ਨਿਸ਼ਾਨਾ ਰਿਹਾ ਜਣਾਈਆ । ਚਨਾ ਕਹੇ ਮੈਨੂੰ ਸਾਰੇ ਕਰਿਉ ਪਰਵਾਨ, ਮਿਹਰਵਾਨ ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਿਸ਼ਾਨਾ ਕਹੇ ਮੈਂ ਸ਼ਬਦੀ ਧਾਰ ਖੰਡਾ, ਖੜਗ ਖੜਗ ਟਕਰਾਈਆ । ਮੇਰਾ ਰੂਪ ਨਹੀਂ ਕੋਈ ਮਾਣਸ ਬੰਦਾ, ਬੰਦਗੀ ਬੰਦਨਾ ਨਾ ਕੋਇ ਜਣਾਈਆ । ਮੈਂ ਨੇਤਰਹੀਣ ਅੰਧਾ, ਜਗਤ ਅੱਖ ਨਾ ਕੋਇ ਖੁਲ੍ਹਾਈਆ । ਮੈਨੂੰ ਜਗਤ ਲੁਹਾਰ ਗੰਢਾ, ਤੋੜ ਫੋੜ ਪਾਲਿਸ਼ ਨਾਲ ਚਮਕਾਈਆ । ਮੇਰੇ ਅੰਦਰ ਇਕ ਸੁਗੰਧਾ, ਜੋ ਮਹਿਕ ਸਚ ਮਹਿਕਾਈਆ । ਪੁਰਖ ਅਕਾਲ ਪ੍ਰਭ ਠਾਕਰ ਤਾਰਨ ਆਇਆ ਬਖ਼ਸ਼ੰਦਾ, ਬਖ਼ਸ਼ਿਸ਼

੬੭੮

ਰਹਿਮਤ ਆਪ ਕਮਾਈਆ । ਹੁਣ ਭਗਤ ਸੁਹੇਲਾ ਬਣ ਕੇ ਸੰਗਾ, ਸੋਹਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਉਪਰ ਹੋ ਮਿਹਰਵਾਨ, ਮਾਲਕ ਖ਼ਾਲਕ ਸਾਲਸ ਸਵਾਮੀ ਅੰਤਰ ਜਾਨਤ, ਆਪਣਾ ਹੁਕਮ ਵਰਤਾਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਦਇਆ ਕਮਾਈਆ । ਪਟਨੇ ਨਿਵਾਸੀ ਬਣਿਆ ਸਾਥ, ਰਾਜ ਨਰੈਣ ਨਾਤਾ ਇਕ ਜੁੜਾਈਆ । ਪੰਜਾਂ ਪਿਆਰਿਆਂ ਨਾਲ ਤੇਰਾ ਸਾਥ, ਹੱਥ ਨਾਲ ਹੱਥ ਦਿਤਾ ਮਿਲਾਈਆ । ਅਮਰਜੀਤ ਸਿੰਘ ਨਾਲ ਸਾਂਝੀ ਤੇਰੀ ਬਾਤ, ਬੱਚਿਆਂ ਵਾਂਗ ਗੋਦ ਉਠਾਈਆ । ਸੁਰਜੀਤ ਸਿੰਘ ਨਾਲ ਪ੍ਰੇਮ ਪਿਆਰ ਦੀ ਰਾਸ, ਸੋਹਣਾ ਵੇਲਾ ਵਕ਼ਤ ਦਏ ਸੁਹਾਈਆ । ਹਰਿਸੰਗਤ ਤੇਰੇ ਮਿਲਣ ਦੀ ਸਾਰੀ ਰੱਖੇ ਆਸ, ਬਾਹਰ ਰਹਿਣ ਕੋਇ ਨਾ ਪਾਈਆ । ਆ ਕੇ ਗੋਬਿੰਦ ਦੇ ਘਾਟ, ਬੇੜੇ ਬਹਿ ਕੇ ਖ਼ੁਸ਼ੀ ਮਨਾਈਆ । ਜਨਮਾਂ ਦੀ ਮੁੱਕੀ ਵਾਟ, ਕਰਮਾਂ ਦਾ ਗੇੜ ਗਵਾਈਆ । ਪ੍ਰਭ ਦੇ ਵਿਕਿਆ ਹਾਟ, ਕ਼ੀਮਤ ਕਰਤਾ ਦਏ ਚੁਕਾਈਆ । ਵੇਖੀਂ ਭੁਲ ਕੇ ਸਵਾ ਤਿੰਨ ਸਾਲ ਪਟਨਾ ਨਾ ਕਰੀਂ ਯਾਦ, ਵਾਗ ਤੇਰੀ ਆਪਣੇ ਹੱਥ ਰਖਾਈਆ । ਇਹ ਗੁਰਮੁਖ ਤੇਰੇ ਟਹਿਕਦੇ ਫੁੱਲ ਗੁਲਾਬ, ਗੁਲਸ਼ਨ ਤੇਰੇ ਨਾਲ ਮਹਿਕਾਈਆ । ਲਾਲ ਸਿੰਘ ਦਾ ਹੋ ਰਿਹਾ ਹਿਸਾਬ, ਇੱਕੀ ਦਿਨ ਤੇਰੇ ਇਸ ਦੇ ਘਰ ਝਟ ਲੰਘਾਈਆ । ਪੰਜ ਦਿਨ ਤੇਰਾ ਪਖੋਵਾਲ ਹਿਸਾਬ, ਉਹ ਵੀ ਰਿਹਾ ਸੁਣਾਈਆ । ਯਾਰਾਂ ਦਿਨ ਤੈਨੂੰ ਜੰਮੂ ਮਿਲਣਾ ਖ਼ਤਾਬ, ਖ਼ਤਾ ਵਿਚ ਨਾ ਕੋਇ ਰਖਾਈਆ । ਤਿੰਨ ਦਿਨ ਕੰਗਾਂ ਵਾਲਿਆਂ ਕਰਨਾ ਯਾਦ, ਨਰੈਣ ਸਿੰਘ ਬੈਠਾ ਅੱਖ ਖੁਲ੍ਹਾਈਆ । ਸੱਤ ਦਿਨ ਨਾਬੇਵਾਲੀ ਮਿਲਣਾ ਪੁੰਨ ਸਵਾਬ, ਸੁਬਹ ਸ਼ਾਮ ਇਕੋ ਰੰਗ ਚੜ੍ਹਾਈਆ । ਹਰਬੰਸ ਸਿੰਘ ਪਕੜਨੀ ਤੇਰੀ ਵਾਗ, ਪੰਜ ਦਿਨ ਜ਼ਿਲਾ ਕਰਨਾਲ ਸੇਵਾ ਕਰੇ ਚਾਈਂ ਚਾਈਆ । ਅਗੇ ਹੋਰ ਵੱਡਾ ਤੇਰਾ ਖ਼ਵਾਬ, ਬੇਖ਼ਬਰ ਖ਼ਬਰਾਂ ਨਾਲ ਸਮਝਾਈਆ । ਤੇਰੇ ਪ੍ਰੇਮ ਤੋਂ ਘਰ ਘਰ ਕਰਨਾ ਅਬਾਦ, ਜਗ ਵਿਚ ਉਜੜੇ ਨੂੰ ਭਗਤਾਂ ਦੇ ਅੰਦਰ ਦਿਤਾ ਵਸਾਈਆ । ਸਤਾਰਾਂ ਹਾੜ ਨੂੰ ਇਹਨੂੰ ਆਪਣੇ ਖ਼ੂਨ ਦਾ ਦੇਣਾ ਰਸ ਆਪ, ਪਿਆਲਾ ਪ੍ਰੇਮ ਪਿਆਰ ਪਿਲਾਈਆ । ਫਿਰ ਅਗਲੀ ਕਢ ਕਿਤਾਬ, ਲੇਖਾ ਭਵਿਖਤ ਦੇਣਾ ਸਮਝਾਈਆ । ਤੇਰੀ ਕਾਇਆ ਦਾ ਖੋਲ੍ਹ ਕੇ ਗੁਦਾਮ, ਵਪਾਰੀ ਧੁਰ ਦਾ ਦੇਣਾ ਬਣਾਈਆ । ਸਚ ਸੁਖ ਵਿਚ ਦੇ ਕੇ ਆਰਾਮ, ਚਰਨ ਕਵਲ ਬਖ਼ਸ਼ਣੀ ਇਕ ਸਰਨਾਈਆ । ਲੇਖੇ ਲਾ ਕੇ ਪ੍ਰੇਮ ਵਾਲੀ ਪਰਨਾਮ, ਪ੍ਰਣ ਤੇਰਾ ਤੋੜ ਨਿਭਾਈਆ । ਇਕ ਰਾਤ ਤੈਨੂੰ ਕਟਣੀ ਪੈਣੀ ਸ਼ਹਿਰ ਸਨਾਮ, ਤ੍ਰਿਲੋਕ ਸਿੰਘ ਪਿਛਲੀ ਯਾਦ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਹੁਤਾ ਲੇਖਾ ਥੋੜ੍ਹਾ ਕਰ ਕੇ ਦਏ ਭੁਗਤਾਈਆ ।

### ✻ ੨ ਵਸਾਖ ਸ਼ਹਿਨਸ਼ਾਹੀ ਸੰਮਤ ੧ ਆਤਮਾ ਸਿੰਘ ਦਾ ਕੋਟ, ਬੀਬੀ ਬਲਵੰਤ ਕੌਰ ਦੇ ਗ੍ਰਹਿ ਅੰਮ੍ਰਿਤਸਰ ✻

ਦੋ ਵਸਾਖ ਕਹੇ ਮੇਰੇ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਅਬਿਨਾਸ਼ੀ ਕਰਤੇ ਤੇਰਾ ਵੇਖਿਆ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਾਹ ਤਕਾਣ, ਨੇਤਰ ਲੋਚਨ ਨੈਣ ਸਰਬ ਉਠਾਈਆ ।

ਨੌ ਖੰਡ ਪ੍ਰਿਥਮੀ ਸੱਤ ਦੀਪ ਸ੍ਰਿਸ਼ਟੀ ਦ੍ਰਿਸ਼ਟੀ ਵੇਖਿਆ ਖੇਲ ਮਹਾਨ, ਧੁਰ ਦਾ ਇਸ਼ਟੀ ਨਜ਼ਰ ਕੋਇ ਨਾ ਆਈਆ । ਸਾਚਾ ਮੰਤਰ ਆਤਮ ਅੰਤਰ ਨਜ਼ਰ ਨਾ ਆਇਆ ਬ੍ਰਹਮ ਗਿਆਨ, ਪਾਰਬ੍ਰਹਮ ਬ੍ਰਹਮ ਵਿਦਿਆ ਸਚ ਨਾ ਕੋਇ ਪੜ੍ਹਾਈਆ । ਖਾਣੀ ਬਾਣੀ ਖੇਲ ਵੇਖਿਆ ਲੱਖ ਚੁਰਾਸੀ ਹੋ ਪਰਧਾਨ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਬੀਸ ਇਕੀਸੇ ਹਰਿ ਜਗਦੀਸੇ ਸਤਿ ਮਿਲਿਆ ਨਾ ਕੋਇ ਨਿਸ਼ਾਨ, ਸਤਿ ਸਚ ਨਾ ਕੋਇ ਵਡਿਆਈਆ । ਕੂੜੀ ਕਿਰਿਆ ਜੂਠ ਝੂਠ ਵੇਖੀ ਦੁਕਾਨ, ਮਾਇਆ ਮਮਤਾ ਹਉਮੇ ਹੰਗਤਾ ਘਰ ਘਰ ਨਜ਼ਰੀ ਆਈਆ । ਮਨ ਵਾਸਨਾ ਨਚਦਾ ਫਿਰੇ ਸ਼ੈਤਾਨ, ਦੀਨ ਮਜ਼੍ਹਬ ਜ਼ਾਤ ਪਾਤ ਸ਼ਰਅ ਕਰੇ ਲੜਾਈਆ । ਪੁਰਖ ਅਕਾਲ ਦੀਨ ਦਿਆਲ ਸਾਹਿਬ ਸਵਾਮੀ ਤੇਰਾ ਦੇਵੇ ਨਾ ਕੋਈ ਧਿਆਨ, ਪਰਵਰਦਿਗਾਰ ਸਾਂਝੇ ਯਾਰ ਮੇਲ ਨਾ ਕੋਇ ਮਿਲਾਈਆ । ਪੜ੍ਹ ਪੜ੍ਹ ਥੱਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ, ਰਸਨਾ ਜਿਹਵਾ ਬੱਤੀ ਦੰਦ ਢੋਲੇ ਗਾਈਆ । ਸਾਚੀ ਮੰਜ਼ਲ ਚੜ੍ਹ ਕੇ ਧਰਮ ਦਵਾਰੇ ਮਿਲਿਆ ਨਾ ਕੋਈ ਆਣ, ਅੰਤਰ ਆਪਣਾ ਪਰਦਾ ਲਾਹੀਆ । ਅਠਸਠ ਤੀਰਥ ਤਟ ਕਰਦੇ ਵੇਖੇ ਇਸ਼ਨਾਨ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਦੁਰਮਤ ਮੈਲ ਧੋ ਨਿਰਮੋਹ ਹੋ ਨਾ ਸਕਿਆ ਕੋਈ ਇਨਸਾਨ, ਗੁਣ ਨਿਧਾਨ ਤੇਰਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਆਪਣਾ ਘਰ, ਗ੍ਰਿਹ ਮੰਦਰ ਵੱਜੇ ਨਾ ਕੋਇ ਵਧਾਈਆ । ਦੋ ਵਸਾਖ ਕਹੇ ਪ੍ਰਭ ਦੋ ਜਹਾਨਾਂ ਵਾਲੀ, ਸ੍ਰਿਸ਼ਟੀ ਵਾਰਸ ਨਜ਼ਰ ਕੋਇ ਨਾ ਆਈਆ । ਸਾਢੇ ਤਿੰਨ ਹੱਥ ਕਾਇਆ ਮਾਟੀ ਦਿਸੀ ਖ਼ਾਲੀ, ਸਚ ਭੰਡਾਰਾ ਨਾਮ ਅਮੋਲਕ ਵਸਤ ਨਾ ਕੋਇ ਵਰਤਾਈਆ । ਤ੍ਰੈਗੁਣ ਟੁੱਟੇ ਨਾ ਕੋਇ ਜੰਜਾਲੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕੂੜੀ ਕਿਰਿਆ ਜਗਤ ਵਾਸਨਾ ਦਿਸੀ ਸਰਬ ਦਲਾਲੀ, ਧੁਰ ਦਾ ਸਾਲਸ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਆਪਣਾ ਘਰ, ਗ੍ਰਿਹ ਮੰਦਰ ਫੇਰਾ ਪਾਈਆ । ਦੋ ਵਸਾਖ ਕਹੇ ਪ੍ਰਭੂ ਮੇਰੀ ਦੁਹਾਈ, ਤੋਬਾ ਤੋਬਾ ਕਰ ਕੇ ਦਿਆਂ ਜਣਾਈਆ । ਜ਼ਿਮੀਂ ਅਸਮਾਨ ਵੇਖੇ ਥਲ ਅਸਗਾਹੀ, ਮਹੀਅਲ ਫੇਰਾ ਪਾਈਆ । ਭਰਮੇਂ ਭੁਲੇ ਕਲਜੁਗ ਰਾਹੀ, ਸਾਚਾ ਮਾਰਗ ਪੰਧ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਫਿਰ ਨਾ ਕੋਇ ਸਹਾਈ, ਸਦੀ ਚੌਧਵੀਂ ਪਲੂ ਗਏ ਛੁਡਾਈਆ । ਨਾਤਾ ਤੁਟਿਆ ਭਾਈ ਭਾਈ, ਪਿਤਾ ਪੂਤ ਨਾ ਕੋਇ ਵਡਿਆਈਆ । ਚਾਰੋਂ ਕੁੰਟ ਅੰਧੇਰਾ ਰਿਹਾ ਛਾਈ, ਸਾਚਾ ਨੂਰੀ ਚੰਦ ਨਾ ਕੋਇ ਚਮਕਾਈਆ । ਜਲਵਾ ਦਿਸੇ ਨਾ ਕਿਸੇ ਨੂਰ ਇਲਾਹੀ, ਕਾਇਆ ਕਾਅਬਾ ਹਕ ਹਕ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਸਭ ਦੀ ਹੋਈ ਜੁਦਾਈ, ਸੁਰਤੀ ਸ਼ਬਦੀ ਮੇਲ ਨਾ ਕੋਇ ਮਿਲਾਈਆ । ਕਾਇਆ ਮੰਦਰ ਅੰਦਰ ਮੰਜ਼ਲ ਕਿਸੇ ਨਾ ਮੁੱਕੇ ਡੂੰਘੀ ਖਾਈ, ਚੋਟੀ ਚੜ੍ਹ ਦਰਸ ਕੋਇ ਨਾ ਪਾਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਜਗਤ ਵਿਦਿਆ ਰਹੇ ਕੁਰਲਾਈ, ਬੋਧ ਅਗਾਧਾ ਸ਼ਬਦ ਅਨਾਦਾ ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਵੇਖ ਦਰ, ਦਰਵੇਸ਼ ਆਪਣੀ ਅਲਖ ਜਗਾਈਆ । ਦੋ ਵਸਾਖ ਕਹੇ ਮੈਂ ਵੇਖਿਆ ਚਾਰ ਕੁੰਟ ਜਗਤ, ਧਰਨੀ ਧਰਤ ਧੌਲ ਧਿਆਨ ਲਗਾਈਆ । ਘਰ ਘਰ ਕਾਇਆ ਮੰਦਰ ਅੰਦਰ ਲਗੀ ਵੇਖੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਹੰਸ ਬੁੱਧੀ ਹੋਈ ਕੱਗ, ਕੂੜ ਕੁੜਿਆਰਾ ਕਾਗ ਵਾਂਗ ਕੁਰਲਾਈਆ । ਜਗਤ ਦਵਾਰੇ ਪਾਰ ਕਰ ਕੇ ਹਦ, ਭਾਂਡਾ ਭਰਮ ਨਾ ਕੋਇ ਭੰਨਾਈਆ ।

੬੭੯

ਘਰ ਸਵਾਮੀ ਸੱਜਣ ਲਏ ਕੋਈ ਨਾ ਸਦ, ਪਰਦਾ ਨਾ ਕੋਇ ਉਠਾਈਆ । ਸ਼ਬਦ ਅਨਾਦੀ ਸੁਣੇ ਨਾ ਕੋਈ ਨਦ, ਅਨਹਦ ਧੁਨ ਨਾ ਕੋਇ ਉਪਜਾਈਆ । ਅੰਮ੍ਰਿਤ ਰਸ ਪੀਵੇ ਕੋਈ ਨਾ ਮਧ, ਸਾਚਾ ਜਾਮ ਹੱਥ ਨਾ ਕੋਇ ਫੜਾਈਆ । ਬਿਨ ਹਰਿ ਨਾਮੇ ਖ਼ਾਲੀ ਹੋਏ ਹੱਡ, ਰਤੀ ਰਤ ਨਾ ਕੋਇ ਰੰਗਾਈਆ । ਮਨ ਵਾਸਨਾ ਕਲਜੁਗ ਜੀਵ ਰਹੇ ਨਚ, ਬੁਧਿ ਬਿਬੇਕੀ ਰੂਪ ਨਾ ਕੋਇ ਵਟਾਈਆ । ਫਿਰੀ ਦਰੋਹੀ ਵਿਚ ਵਰਭੰਡ, ਬ੍ਰਹਿਮੰਡ ਨਾ ਕੋਇ ਸਹਾਈਆ । ਕਿਸੇ ਨਾਤਾ ਤੁਟੇ ਨਾ ਜੇਰਜ ਅੰਡ, ਉਤਭੁਜ ਸੇਤਜ ਪਾਰ ਨਾ ਕੋਇ ਲੰਘਾਈਆ । ਆਤਮ ਪਰਮਾਤਮ ਕਿਸੇ ਹੱਥ ਨਾ ਆਵੇ ਅਨੰਦ, ਪਰਮਾਨੰਦ ਨਾ ਕੋਇ ਸਮਾਈਆ । ਸਾਚਾ ਨੂਰ ਚੜ੍ਹੇ ਨਾ ਧੁਰ ਦਾ ਚੰਦ, ਜੋਤੀ ਜਾਤਾ ਨਾ ਕੋਇ ਰੁਸ਼ਨਾਈਆ । ਭੇਵ ਚੁਕੇ ਨਾ ਹੰ ਬ੍ਰਹਮ, ਪਾਰਬ੍ਰਹਮ ਤੇਰਾ ਸੰਗ ਨਾ ਕੋਈ ਰਖਾਈਆ । ਸਾਚਾ ਦਿਸੇ ਕੋਈ ਨਾ ਜਨ, ਜਨਨੀ ਗੋਦ ਨਾ ਕੋਈ ਸੁਹਾਈਆ । ਦੋਏ ਲੋਚਣ ਜਗਤ ਸ੍ਰਿਸ਼ਟੀ ਹੋਵੇ ਅੰਨ੍ਹ, ਨਿਜ ਨੇਤਰ ਅੱਖ ਨਾ ਕੋਈ ਖੁਲ੍ਹਾਈਆ । ਕੂੜੀ ਕਿਰਿਆ ਭਾਂਡਾ ਭਰਮ ਦੇਵੇ ਨਾ ਕੋਈ ਭੰਨ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਸਚ ਧਰਮ ਮਿਲੇ ਨਾ ਕੋਈ ਨਿਸ਼ਾਨ, ਇਨਸਾਨ ਹੈਵਾਨ ਰੂਪ ਵਟਾਈਆ । ਅਗੰਮੀ ਕਲਮਾ ਪੜ੍ਹੇ ਨਾ ਕੋਈ ਕਲਾਮ, ਕਾਇਨਾਤ ਕਲਮਾ ਨਾ ਕੋਇ ਜਣਾਈਆ । ਸਤਿ ਸਰੂਪ ਨਜ਼ਰ ਨਾ ਆਏ ਕਿਸੇ ਭਗਵਾਨ, ਸਚ ਦੁਵਾਰੇ ਸੋਭਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖ ਹੋਇਆ ਹੈਰਾਨ, ਹਰਿ ਜੀ ਇਹ ਕੀ ਖੇਲ ਵਰਤਾਈਆ । ਕਲਜੁਗ ਲੇਖਾ ਲਗਾ ਦੇ ਵਿਚ ਜਹਾਨ, ਲੋਕਮਾਤ ਰਹਿਣ ਕੋਇ ਨਾ ਪਾਈਆ । ਸਤਿ ਧਰਮ ਕਰ ਪਰਧਾਨ, ਧੁਰ ਦਾ ਹੁਕਮ ਇਕ ਜਣਾਈਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਨਰ ਨਰੇਸ਼ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਰ ਤੇ ਮੰਗਦੇ ਦਾਨ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਮਾਲਕ ਖ਼ਾਲਕ ਇਕ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਸਮਾਈਆ । ਚਾਰੇ ਬਾਣੀ ਸਿਫ਼ਤਾਂ ਭਰਿਆ ਕਰੇ ਬਿਆਨ, ਸੋਹਲੇ ਢੋਲੇ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਦਰ, ਦਰ ਠਾਂਡੇ ਪਰਦਾ ਲਏ ਉਠਾਈਆ । ਦੋ ਵਸਾਖ ਕਹੇ ਮੇਰੇ ਸਾਹਿਬ ਸਵਾਮੀ, ਸਤਿ ਸਤਿਵਾਦੀ ਤੇਰੀ ਓਟ ਤਕਾਈਆ । ਪਤਿਪਰਮੇਸ਼ਵਰ ਅੰਤਰਜਾਮੀ, ਬੇਪਰਵਾਹ ਤੇਰੀ ਬੇਪਰਵਾਹੀਆ । ਕੂੜੀ ਕਿਰਿਆ ਜਗਤ ਨਿਸ਼ਾਨੀ, ਨਵ ਨੌਂ ਚਾਰ ਨਜ਼ਰੀ ਆਈਆ । ਸਾਚਾ ਮਿਲਿਆ ਨਾ ਕਿਸੇ ਅਮਰਾਪਦ ਨਿਰਬਾਨੀ, ਮੰਜ਼ਲ ਚੜ੍ਹੇ ਨਾ ਕੋਈ ਨੌਜਵਾਨ ਨੌਬਤ ਨਾਮ ਨਾ ਕੋਈ ਸੁਣਾਈਆ । ਕਾਗ਼ਜ਼ ਕਲਮ ਸ਼ਾਹੀ ਲਿਖ ਲਿਖ ਥੱਕੀ ਕਾਨੀ, ਕ਼ੁਦਰਤ ਦੇ ਕ਼ਾਦਰ ਕਾਤਬ ਬੈਠੇ ਮੁਖ ਭਵਾਈਆ । ਤੇਰਾ ਮੇਲ ਮਿਲਾਪ ਬਿਨ ਅੱਖਰਾਂ ਵਾਲਾ ਜਾਪ ਦੱਸੇ ਨਾ ਕੋਇ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਖੇਲ ਵੇਖ ਹੋਈ ਹੈਰਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਦਰ, ਦਰਵਾਜ਼ਾ ਸਚ ਖੁਲ੍ਹਾਈਆ । ਦੋ ਵਸਾਖ ਕਹੇ ਮੈਂ ਵੇਖਿਆ ਜੀਵ ਜਗਤ, ਜਾਗਰਤ ਰੂਪ ਅੱਖ ਖੁਲ੍ਹਾਈਆ । ਸਾਚੀ ਨਜ਼ਰ ਨਾ ਆਈ ਸ਼ਕਤ, ਸ਼ਖ਼ਸੀਅਤ ਸਾਰੇ ਗਏ ਭੁਲਾਈਆ । ਜਗਤ ਅੰਧੇਰਾ ਅਰਸ਼ ਫ਼ਰਸ਼, ਪੜਦਾ ਸਕੇ ਨਾ ਕੋਇ ਉਠਾਈਆ । ਚਾਰੋਂ ਕੁੰਟ ਸੋਗ ਹਰਖ, ਚਿੰਤਾ ਗ਼ਮ ਡੇਰਾ ਢਾਹੀਆ । ਦੁੱਖੀਆਂ ਵੰਡੇ ਕੋਇ ਨਾ ਦਰਦ, ਗ਼ਰੀਬਾਂ ਗੋਦ ਨਾ ਕੋਇ ਬਹਾਈਆ । ਜਗਤ ਕਸਾਈ ਦਿਸੀ ਕਰਦ, ਕਤਲਗਾਹ ਬਣੀ ਲੋਕਾਈਆ । ਪਤਿਪਰਮੇਸ਼ਵਰ ਧੁਰਦਰਗਾਹੀ ਮੇਰੀ ਇਕੋ ਅਰਜ਼, ਬੇਨੰਤੀ ਤੇਰੇ ਅਗੇ ਸੁਣਾਈਆ । ਆਪਣਾ ਖੇਲ ਕਰ ਅਸਚਰਜ, ਭੇਵ ਅਭੇਦਾ ਪਰਦਾ ਲਾਹੀਆ । ਕੂੜੀ ਕਿਰਿਆ

ਮੇਟ ਦੇ ਗਰਦ, ਗੁਬਾਰ ਨਜ਼ਰ ਕੋਇ ਨਾ ਆਈਆ । ਭਗਤ ਸੁਹੇਲੇ ਬਣਾ ਕੇ ਧੁਰ ਮਰਦ, ਮਰਦ ਮਰਦਾਨੇ ਆਪਣਾ ਹੁਕਮ ਵਰਤਾਈਆ । ਨਾਮ ਖੰਡਾ ਉਠਾ ਕੇ ਕਰਦ, ਦੋ ਜਹਾਨਾਂ ਦੇ ਚਮਕਾਈਆ । ਹੁਕਮ ਸੰਦੇਸ਼ਾ ਇਕ ਨਿਧੜਕ, ਬੇਪਰਵਾਹ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੋ ਵਸਾਖ ਕਹੇ ਪ੍ਰਭ ਮੈਂ ਵੇਖੀ ਤੇਰੀ ਦੁਨੀਆ, ਮਾਨਸ ਮਾਨੁਖ ਮਾਨਵ ਖੋਜ ਖੁਜਾਈਆ । ਝਗੜਾ ਪਿਆ ਰਿਖੀਆਂ ਮੁਨੀਆਂ, ਪਰਦਾ ਸਕੇ ਨਾ ਕੋਇ ਗਵਾਈਆ । ਸਮਝ ਆਵੇ ਨਾ ਕਿਸੇ ਵੱਡੇ ਗੁਣ ਗੁਣੀਆਂ, ਗਹਿਰ ਗੰਭੀਰ ਤੇਰੀ ਮਿਲੇ ਨਾ ਕੋਇ ਸਰਨਾਈਆ । ਭਾਗ ਲੱਗਾ ਨਾ ਦਿਸੇ ਕਾਇਆ ਕੁਲੀਆਂ, ਕਲਮੇ ਪੜ੍ਹਦੀ ਵੇਖੀ ਜਗਤ ਲੋਕਾਈਆ । ਅਠਸਠ ਤੀਰਥ ਭਰਦੇ ਵੇਖੇ ਚੁਲੀਆਂ, ਨਿਝਰ ਝਿਰਨਾ ਅੰਮ੍ਰਿਤ ਰਸ ਜਾਮ ਬੂੰਦ ਸਵਾਂਤੀ ਨਾ ਕੋਇ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਦੋ ਵਸਾਖ ਕਹੇ ਮੇਰੇ ਸਾਹਿਬ ਸਤਿਗੁਰ ਠਾਕਰ, ਠੋਕਰ ਆਪਣੀ ਦੇ ਲਗਾਈਆ । ਕੂੜੀ ਕਿਰਿਆ ਵੇਖ ਡੂੰਘਾ ਸਾਗਰ, ਭਵਰੀ ਭਵਰ ਆਪਣਾ ਰੰਗ ਬਦਲਾਈਆ । ਭਾਗ ਲੱਗਾ ਕਿਸੇ ਥਾਂ ਨਾ ਦਿਸੇ ਕਾਇਆ ਗਾਗਰ, ਕਾਚੀ ਮਾਟੀ ਨਾ ਹੋਏ ਕੋਇ ਰੁਸ਼ਨਾਈਆ । ਸਾਚੇ ਦਰ ਦਾ ਬਣੇ ਨਾ ਕੋਇ ਸੁਦਾਗਰ, ਸਿਫ਼ਤ ਸਾਲਾਹੀ ਢੋਲੇ ਰਹੇ ਗਾਈਆ । ਨਿਰਮਲ ਕਰਮ ਨਾ ਹੋਏ ਉਜਾਗਰ, ਦੁਰਮਤ ਮੈਲ ਨਾ ਕੋਇ ਧੁਆਈਆ । ਸੂਰਬੀਰ ਦਿਸੇ ਜੋਧਾ ਨਾ ਕੋਇ ਬਹਾਦਰ, ਮਨ ਮਨਸਾ ਲਏ ਮਿਟਾਈਆ । ਤੂੰ ਕਰਤਾ ਕਰੀਮ ਕੁਦਰਤ ਦਾ ਕ਼ਾਦਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤ ਅਖ਼ੀਰੀ ਆਪਣਾ ਕਰ ਦੇ ਸੱਚਾ ਆਦਲ, ਅਦਲ ਅਦਾਲਤ ਇਕੋ ਇਕ ਲਗਾਈਆ । ਜਗਤ ਅੰਧੇਰਾ ਰਹੇ ਨਾ ਬਾਦਲ, ਬਦਲੀ ਕਰ ਦੇ ਥਾਉਂ ਥਾਈਂਆ । ਲੇਖਾ ਮੁਕਾ ਦੇ ਮਕ਼ਤੂਲ ਕ਼ਾਤਲ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਮਾਣਸ ਰਹੇ ਕੋਈ ਨਾ ਪਾਗ਼ਲ, ਬੁਧਿ ਬਿਬੇਕੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਦੋ ਵਸਾਖ ਕਹੇ ਘਰ ਘਰ ਪਿਆ ਝਗੜਾ, ਸਾਚਾ ਨਾਉਂ ਨਾ ਕੋਇ ਧਿਆਈਆ । ਕੋਈ ਮਾਰਗ ਪੰਥ ਨਾ ਜਾਣੇ ਅਗਲਾ, ਪਰਦਾ ਸਕਿਆ ਨਾ ਕੋਇ ਚੁਕਾਈਆ । ਜਗਤ ਵਾਸਨਾ ਸਭ ਨੂੰ ਕੀਤਾ ਕੰਗਲਾ, ਧਨ ਗਠੜੀ ਨਾਮ ਹੱਥ ਨਾ ਕੋਇ ਫੜਾਈਆ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਵੇਖੇ ਜੰਗਲਾ, ਸਮੁੰਦ ਸਾਗਰ ਡੂੰਘੀ ਖਾਈ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇ ਸਮਝਾਈਆ । ਦੋ ਵਸਾਖ ਕਹੇ ਤੇਰੀ ਖੇਲ ਪ੍ਰਭੂ ਧੁਰ ਦੀ, ਧੁਰਦਰਗਾਹੀ ਤੇਰੀ ਵਡਿਆਈਆ । ਆਪਣੀ ਸ੍ਰਿਸ਼ਟੀ ਵੇਖ ਰੁੜ੍ਹਦੀ, ਬਿਨ ਤੇਰੇ ਪਾਰ ਨਾ ਕੋਇ ਲੰਘਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਹੁਕਮ ਨਾਲ ਨਹੀਂ ਮੁੜਦੀ, ਚਾਰ ਜੁਗ ਦੇ ਲੇਖੇ ਰਹੀ ਮੁਕਾਈਆ । ਕਿਸੇ ਓਟ ਨਾ ਰਖੀ ਸਾਚੇ ਗੁਰ ਦੀ, ਗੁਰ ਪਰਮੇਸ਼ਵਰ ਦੋਵੇਂ ਗਏ ਭੁਲਾਈਆ । ਘਰ ਘਰ ਅੰਦਰ ਖੇਲ ਵੇਖੀ ਪੰਜ ਤੱਤ ਠਗ ਚੋਰ ਦੀ, ਕਾਮ ਕਰੋਧ ਲੋਭ ਮੋਹ ਹੰਕਾਰ ਦੀ ਆਸ਼ਾ ਮੁਕੀ ਤੇਰੀ ਲੋੜ ਦੀ, ਲੋੜੀਂਦਾ ਸਾਜਨ ਨਜ਼ਰ ਕਿਸੇ ਨਾ ਆਈਆ । ਖੇਲ ਵੇਖ ਅੰਧੇਰੇ ਅੰਧ ਘੋਰ ਦੀ, ਘੋਰੀ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਕਾਤੀ ਵੇਖ ਵਖਾਈਆ । ਦੋ ਵਸਾਖ ਕਹੇ ਪ੍ਰਭ ਹਾਜ਼ਰ ਹੋ ਕੇ ਵੇਖ ਮੌਜੂਦ, ਮਜਲਸ ਹਕ ਨਾ ਕੋਇ ਲਗਾਈਆ । ਕਲਜੁਗ ਅੰਤ ਮੰਜ਼ਲ ਚੜ੍ਹੇ ਨਾ ਕੋਇ ਮਕ਼ਸੂਦ, ਮੁਕਾਮੇ

ਹਕ ਡੇਰਾ ਕੋਇ ਨਾ ਲਾਈਆ । ਮਿਲਿਆ ਸਚ ਨਾ ਕੋਇ ਮਹਿਬੂਬ, ਮੁਹੱਬਤ ਪ੍ਰੇਮ ਨਾ ਕੋਇ ਜਣਾਈਆ । ਝਗੜਾ ਪਿਆ ਤੱਤ ਕਲਬੂਤ, ਦਿਵਸ ਰੈਣ ਲੜਾਈਆ । ਸਾਚਾ ਲੱਭੇ ਨਾ ਕਿਸੇ ਅਰੂਜ, ਅਰਸ਼ ਫ਼ਰਸ਼ ਲੇਖਾ ਨਾ ਕੋਇ ਮੁਕਾਈਆ । ਕੂੜੀ ਚੁਕੇ ਨਾ ਕੋਇ ਹਦੂਦ, ਹਦ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਕਾਤੀ ਵੇਸ ਵਟਾਈਆ । ਦੋ ਵਸਾਖ ਕਹੇ ਮੈਂ ਜੁਗ ਚੌਕੜੀ ਤਕਦਾ ਰਿਹਾ ਰਾਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਮੇਰੇ ਗਵਾਹ, ਜੋ ਸ਼ਹਾਦਤ ਦੇਣ ਨਾਲ ਸਫ਼ਾਈਆ । ਵਾਕ ਭਵਿਖਤ ਰਹੇ ਜਣਾ, ਸ਼ਬਦ ਇਸ਼ਾਰੇ ਨਾਲ ਦ੍ਰਿੜਾਈਆ । ਬੀਸ ਇਕੀਸਾ ਬੇਪਰਵਾਹ, ਪਤਿਪਰਮੇਸ਼ਵਰ ਨੂਰ ਖ਼ੁਦਾਈਆ । ਵਾਹਿਦ ਲਾਸ਼ਰੀਕ ਨੂਰ ਖ਼ੁਦਾ, ਸ਼ਾਹ ਪਾਤਸ਼ਾਹ ਆਪਣਾ ਹੁਕਮ ਮਨਾਈਆ । ਸਭ ਦਾ ਲਹਿਣਾ ਦੇਣਾ ਦਏ ਮੁਕਾ, ਮੁਕੰਮਲ ਆਪਣੀ ਕਾਰ ਕਮਾਈਆ । ਪੂਰਬ ਲੇਖਾ ਝੋਲੀ ਪਾ, ਫ਼ੈਸਲਾ ਹਕ ਸੁਣਾਈਆ । ਮੈਂ ਵੇਖਿਆ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਬਿਨ ਤੇਰੇ ਪਕੜੇ ਕੋਇ ਨਾ ਬਾਂਹ, ਬ੍ਰਹਿਮੰਡ ਵਰਭੰਡ ਨਾ ਕੋਇ ਸੁਹਾਈਆ । ਜਗਤ ਬੁੱਧੀ ਹੋਈ ਕਾਂ, ਹੰਸਾ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਆਤਮ ਪਰਮਾਤਮ ਮਿਲਿਆ ਕੋਈ ਨਾ ਆ, ਸ਼ਬਦ ਮਲਾਹ ਬੇੜਾ ਨਾ ਕੋਇ ਚਲਾਈਆ । ਸਾਚੇ ਪੌੜੇ ਚੜ੍ਹ ਕੇ ਦਰਸ਼ਨ ਕੋਈ ਨਾ ਸਕੇ ਪਾ, ਅਗਲਾ ਪੰਧ ਨਾ ਕੋਇ ਚੁਕਾਈਆ । ਰਸਨਾ ਜਿਹਵਾ ਬੱਤੀ ਦੰਦ ਗੋਸ਼ਟ ਰਹੇ ਸੁਣਾ, ਅੱਖਰਾਂ ਵਾਲੀ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਦੋ ਵਸਾਖ ਕਹੇ ਮੈਂ ਤਕਦਾ ਰਿਹਾ ਰਾਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਕਵਣ ਵੇਲਾ ਪਰਗਟ ਹੋਵੇ ਬੇਪਰਵਾਹ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਪੂਰਬ ਲੇਖਾ ਵੇਖੇ ਥਾਉਂ ਥਾਂ, ਦੋ ਜਹਾਨਾਂ ਖੋਜ ਖੁਜਾਈਆ । ਲਹਿਣਾ ਦੇਣਾ ਸਭ ਦਾ ਦਏ ਚੁਕਾ, ਖ਼ਾਲੀ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਦਏ ਮਿਟਾ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਧੁਰ ਦਾ ਮਾਲਕ ਖ਼ਾਲਕ ਆਪ ਅਖਵਾ, ਬੇਖ਼ਬਰਾਂ ਖ਼ਬਰ ਸੁਣਾਈਆ । ਗੁਰ ਅਵਤਾਰਾਂ ਪੀਰ ਪੈਗ਼ਬੰਰਾਂ ਲੇਖਾ ਜਗਤ ਮੁਕਾ, ਮੁਕੰਮਲ ਆਪਣਾ ਹੁਕਮ ਸੁਣਾਈਆ । ਵਾਕ ਭਵਿਖਤ ਪੂਰ ਕਰਾ, ਅਨਦ੍ਰਿਸ਼ਟ ਦ੍ਰਿਸ਼ਟੀ ਦਏ ਜਣਾਈਆ । ਸਾਚਾ ਸੰਮਤ ਹਰਿ ਆਪਣਾ ਲਾ, ਸ਼ਹਿਨਸ਼ਾਹ ਵਜਾਏ ਇਕ ਵਧਾਈਆ । ਸੋ ਵਕ਼ਤ ਸੁਹੰਜਣਾ ਗਿਆ ਆ, ਘਰ ਸੱਜਣ ਲਿਆ ਮਿਲਾਈਆ । ਕਾਗ਼ਜ਼ ਲਿਖੇ ਕੋਈ ਨਾ ਸ਼ਾਹ, ਅੱਖਰਾਂ ਵਾਲੀ ਵੰਡ ਨਾ ਕੋਇ ਵੰਡਾਈਆ । ਮਨ ਵਿਚ ਸਕੇ ਨਾ ਕੋਇ ਸਮਝਾ, ਖ਼ਾਹਿਸ਼ਾਂ ਵਿਚ ਨਾ ਕੋਇ ਰੁਲਾਈਆ । ਹੰਗਤਾ ਵਿਚ ਸਕੇ ਨਾ ਕੋਇ ਛੁਪਾ, ਪਰਦਾ ਉਪਰ ਨਾ ਕੋਇ ਟਿਕਾਈਆ । ਪਾਂਧਾ ਬਣ ਕੇ ਸਕੇ ਨਾ ਕੋਈ ਦ੍ਰਿੜਾ, ਚੌਦਾਂ ਵਿਦਿਆ ਸਾਰ ਨਾ ਆਈਆ । ਚੌਦਾਂ ਲੋਕ ਬੈਠੇ ਸੀਸ ਨਿਵਾ, ਸਜਦਿਆਂ ਵਿਚ ਕਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਦੋ ਵਸਾਖ ਕਹੇ ਪ੍ਰਭੂ ਜੁਗ ਚੌਕੜੀ ਤੇਰੀ ਕਰਦੇ ਗਏ ਉਡੀਕ, ਆਸਾ ਆਸਾ ਨਾਲ ਵਧਾਈਆ । ਸੋ ਵਕ਼ਤ ਸੁਹੰਜਣਾ ਸੁਹਾਵਣੀ ਆ ਗਈ ਤਰੀਕ, ਤਵਾਰੀਖ ਦੇ ਬਦਲਾਈਆ । ਮਾਲਕ ਹੋ ਕੇ ਲਾਸ਼ਰੀਕ, ਸ਼ਰਕਤ ਸਭ ਦੀ ਦੇ ਮਿਟਾਈਆ । ਤੇਰੇ ਵਿਚ ਵਡ ਤੌਫ਼ੀਕ, ਤੁਆਰਫ਼ ਆਪਣਾ ਦੇ ਸਮਝਾਈਆ । ਦੂਰ ਦੁਰਾਡੇ ਆ ਕੇ ਆਪ ਕ਼ਰੀਬ, ਪਰਦਾ ਓਹਲਾ ਆਪ ਚੁਕਾਈਆ । ਸਾਚੇ ਨਾਮ ਦੀ ਇਕ ਤਮਹੀਦ, ਧੁਰ ਦਾ ਢੋਲਾ ਦੇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨ


੬੮੨

ਗਾਵਣ ਤੇਰਾ ਗੀਤ, ਕਾਇਆ ਕਾਅਬਾ ਇਕੋ ਦੇ ਵਖਾਈਆ । ਪੁਰਖ ਅਕਾਲ ਦੀਨ ਮਜ਼੍ਹਬ ਝਗੜਾ ਮੁਕਾ ਦੇ ਮੰਦਰ ਮਸੀਤ, ਸ਼ਿਵਦਵਾਲਾ ਮਠ ਇਕੋ ਦੇ ਸਮਝਾਈਆ । ਜਿਸ ਗ੍ਰਿਹ ਮੰਦਰ ਅੰਦਰ ਲੱਗੇ ਇਕ ਪ੍ਰੀਤ, ਦੂਜਾ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਆਤਮ ਧਾਰ ਬਖ਼ਸ਼ ਠਾਂਡੀ ਸੀਤ, ਨਿਝਰ ਝਿਰਨਾ ਦੇ ਝਿਰਾਈਆ । ਲੇਖਾ ਮੁਕ ਜਾਏ ਹਸਤ ਕੀਟ, ਊਚ ਨੀਚ ਰਹਿਣ ਕੋਇ ਨਾ ਪਾਈਆ । ਸਾਚੇ ਨਾਮ ਦੀ ਕਰ ਬਖ਼ਸ਼ੀਸ਼, ਰਹਿਮਤ ਆਪਣੀ ਇਕ ਕਮਾਈਆ । ਤੇਰਾ ਕਲਮਾ ਤੇਰਾ ਨਾਮ ਤੇਰੀ ਸਚ ਹਦੀਸ, ਹਜ਼ਰਤ ਇਕੋ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮੈਂ ਵੇਖਾਂ ਵਕ਼ਤ ਸੁਹੰਜਣਾ, ਸੋਭਾਵੰਤ ਦਏ ਵਡਿਆਈਆ । ਕਿਰਪਾ ਕਰੇ ਸੋ ਹਰਿ ਪੁਰਖ ਨਿਰੰਜਣਾ, ਪਤਿਪਰਮੇਸ਼ਵਰ ਬੇਪਰਵਾਹੀਆ । ਦਇਆ ਕਮਾਏ ਹਰਿ ਪੁਰਖ ਧੁਰ ਦਾ ਸੱਜਣਾ, ਸਾਜਣ ਮੀਤ ਸਹਿਜ ਸੁਖਦਾਈਆ । ਏਕੰਕਾਰ ਭਾਂਡਾ ਭਰੇ ਸਖਣਾ, ਵਸਤ ਅਮੋਲਕ ਇਕ ਵਰਤਾਈਆ । ਆਦਿ ਨਿਰੰਜਣ ਦੀਪਕ ਗ੍ਰਿਹ ਗ੍ਰਿਹ ਸਾਚਾ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਨਾਮ ਖ਼ੁਮਾਰੀ ਦੇਵੇ ਮਧਨਾ, ਰਸ ਇਕੋ ਇਕ ਚਖਾਈਆ । ਸ੍ਰੀ ਭਗਵਾਨ ਸਚ ਦਵਾਰ ਬਹਿ ਕੇ ਸਜਣਾ, ਆਸਣ ਸਿੰਘਾਸਣ ਡੇਰਾ ਲਾਈਆ । ਪਾਰਬ੍ਰਹਮ ਤੇਰਾ ਰੂਪ ਰਹੇ ਅਲਗ ਨਾ, ਪਰਮਾਤਮ ਪਰਦਾ ਦੇਣਾ ਉਠਾਈਆ । ਬਿਨਾ ਕਾਅਬਿਉਂ ਹੋਵੇ ਹੱਜਣਾ, ਬਿਨ ਹਜ਼ਰਤ ਇਕੋ ਨਜ਼ਰੀ ਆਈਆ । ਬਿਨਾ ਗੁਰ ਸਤਿਗੁਰ ਦਰ ਲੱਭਣਾ, ਸਾਡੇ ਤਿੰਨ ਹੱਥ ਅੰਦਰ ਵੇਖ ਵਖਾਈਆ । ਪ੍ਰੇਮ ਪ੍ਰੀਤੀ ਕਰੌਣਾ ਮਜਨਾ, ਦੁਰਮਤ ਮੈਲ ਧਵਾਈਆ । ਅਨੰਦ ਵਿਚੋਂ ਦੇਣਾ ਸਚ ਅਨੰਦਨਾ, ਪਰਮਾਨੰਦ ਵਖਾਈਆ । ਪਾਂਧੀ ਹੋ ਕੇ ਜਗਤ ਦਵਾਰਿਉਂ ਪਾਰ ਲੰਘਣਾ, ਅੱਧ ਵਿਚ ਨਾ ਕੋਇ ਅਟਕਾਈਆ । ਘਰ ਵਿਚ ਘਰ ਸੁਹੌਣਾ ਬੰਗਲਾ, ਮੰਗਲਾਚਾਰ ਆਪਣਾ ਨਾਉਂ ਜਣਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਰਹੇ ਨਾ ਸੰਗਲਾ, ਬੰਧਨ ਸਾਰੇ ਦੇਣੇ ਕਟਾਈਆ । ਇਕੋ ਪੁਰਖ ਅਕਾਲ ਇਕੋ ਤੇਰੀ ਬੰਦਨਾ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਗਾ ਕੇ ਛੰਦਨਾ, ਕਲਮਾ ਢੋਲਾ ਨਗ਼ਮਾ ਧੁਰ ਦਾ ਨਾਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਹੋ ਸਹਾਈਆ । ਦੋ ਵਸਾਖ ਕਹੇ ਪੁਰਖ ਅਕਾਲ ਹੋ ਜਾ ਦਰਦੀ, ਦਰੋਹੀ ਤੇਰਾ ਨਾਮ ਖ਼ੁਦਾਈਆ । ਸਚ ਦਵਾਰੇ ਸੁਣ ਅਰਜ਼ੀ, ਆਰਜ਼ੂ ਆਪਣੀ ਦਿਤੀ ਪਰਗਟਾਈਆ । ਜਗਤ ਸ੍ਰਿਸ਼ਟੀ ਬਿਨ ਤੇਰੇ ਵੇਖੀ ਮਰਦੀ, ਜੂਨੀ ਲੱਖ ਲੱਖ ਭਵਾਈਆ । ਅਗਨੀ ਵੇਖੀ ਸੜਦੀ, ਤੱਤਾਂ ਤੱਤ ਰਹੇ ਜਲਾਈਆ । ਕੂੜੀ ਕਿਰਿਆ ਵੇਖੀ ਹੜ੍ਹਦੀ, ਅਗੇ ਹੋ ਨਾ ਕੋਇ ਬਚਾਈਆ । ਦੁਨੀਆ ਦੀਨਾਂ ਮਜ਼੍ਹਬਾਂ ਵਿਚ ਲੜਦੀ, ਝਗੜੇ ਮਨ ਰਿਹਾ ਵਖਾਈਆ । ਤੇਰੀ ਮੰਜ਼ਲ ਅਗੇ ਹੋ ਨਾ ਕੋਇ ਚੜ੍ਹਦੀ, ਪੰਧ ਸਕੇ ਨਾ ਕੋਇ ਮੁਕਾਈਆ । ਖੇਲ ਦੱਸੇ ਨਾ ਕੋਇ ਥਿਰ ਘਰ ਦੀ, ਸਚਖੰਡ ਨਿਵਾਸੀ ਤੇਰਾ ਪਰਦਾ ਨਾ ਕੋਇ ਉਠਾਈਆ । ਕਲਜੁਗ ਅੰਤ ਕੋਟਨ ਕੋਟਾਂ ਵਿਚੋਂ ਕਿਸੇ ਭਗਤ ਸੁਹੇਲੇ ਆਤਮ ਤੈਨੂੰ ਵਰਦੀ, ਆਪਣਾ ਫ਼ੈਸਲਾ ਹਕ ਸੁਣਾਈਆ । ਦਾਸੀ ਬਣ ਕੇ ਤੇਰੇ ਘਰ ਦੀ, ਘਰ ਆਪਣੇ ਵਿਚੋਂ ਘਰ ਲਏ ਬਦਲਾਈਆ । ਜਿਥੇ ਜੋਤ ਅਗੰਮੀ ਬਲਦੀ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਉਹ ਆਤਮ ਪਰਮਾਤਮ ਤੇਰੇ ਵਿਚ ਰਲਦੀ, ਤੇਰੀ ਰਹਿਮਤ ਵਿਚ ਸਮਾਈਆ । ਮੈਂ ਵੇਖ ਕੇ ਖੇਲ ਕਲਜੁਗ ਕਲ ਦੀ, ਕਲਿਆਣ ਕਰ ਕੇ ਦਿਤੀ ਸੁਣਾਈਆ । ਦੋ ਵਸਾਖ ਕਹੇ ਇਹ ਤੇਰੀ ਖੇਲ ਹਾਲ ਅਹਿਬਾਬ ਦੀ, ਦੀਨ ਦਿਆਲ ਤੇਰੀ ਓਟ ਤਕਾਈਆ । ਏਥੇ ਲੋੜ ਨਹੀਂ ਸਵਾਲ ਜੁਆਬ ਦੀ, ਝਗੜਾ ਅਵਰ

ਨਾ ਕੋਇ ਬਣਾਈਆ । ਮੰਨ ਬੇਨੰਤੀ ਇਕ ਕੰਗਾਲ ਦੀ, ਗ਼ਰੀਬ ਨਿਮਾਣੇ ਲੈ ਤਰਾਈਆ । ਖੇਲ ਕਰ ਆਪਣੀ ਅਗੰਮੀ ਚਾਲ ਦੀ, ਚਲਾਕੀ ਸਭ ਦੀ ਦੇ ਮਿਟਾਈਆ । ਲੋੜ ਰਹੇ ਨਾ ਤਲਵਾਰ ਢਾਲ ਦੀ, ਸ਼ਬਦੀ ਖੰਡੇ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਵੇਖ ਵਖਾਈਆ । ਦੋ ਵਸਾਖ ਕਹੇ ਜਗ ਨਾਤਾ ਪ੍ਰਭ ਤੇਰਾ ਗਿਆ ਛੱਡ, ਅੰਦਰੋਂ ਗਏ ਭੁਲਾਈਆ । ਮਨ ਮਤਿ ਕੀਤਾ ਅੱਡ, ਗੁਰਮਤ ਸਮਝ ਨਾ ਕੋਇ ਸਮਝਾਈਆ । ਕੂੜੀ ਕਿਰਿਆ ਡਿੱਗੀ ਡੂੰਘੇ ਖੱਡ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਸਾਚੀ ਬਣੇ ਨਾ ਕੋਇ ਵਿਸ਼ਵ ਯਦ, ਬੰਸ ਸਰਬੰਸ ਨਾ ਕੋਇ ਸਹਾਈਆ । ਜਗਤ ਵਾਸਨਾ ਹੋਏ ਅਲਗ, ਅਲਪਗ ਰੂਪ ਵਟਾਈਆ । ਤੂੰ ਸਾਹਿਬ ਸਵਾਮੀ ਸਰਬਗ, ਬਖ਼ਸ਼ਣਹਾਰ ਇਕ ਸਰਨਾਈਆ । ਲੱਖ ਚੁਰਾਸੀ ਵਿਚੋਂ ਭਗਤ ਆਪਣੇ ਸੱਦ, ਸਦਾ ਆਪਣਾ ਨਾਮ ਸੁਣਾਈਆ । ਧੁਰ ਦਾ ਢੋਲਾ ਜਣਾ ਕੇ ਛੰਦ, ਸੰਸੇ ਸਾਰੇ ਦੇ ਮਿਟਾਈਆ । ਖ਼ੁਸ਼ੀ ਕਰਾ ਕੇ ਬੰਦ ਬੰਦ, ਬੰਦਗੀ ਇਕੋ ਦੇ ਦ੍ਰਿੜਾਈਆ । ਆਤਮ ਪਰਮਾਤਮ ਪਾ ਕੇ ਗੰਢ, ਝਗੜਾ ਦੀਨ ਮਜ਼੍ਹਬ ਮਿਟਾਈਆ । ਅੰਮ੍ਰਿਤ ਰਸ ਦੇ ਕੇ ਠੰਡ, ਅਗਨੀ ਤਤ ਦੇ ਬੁਝਾਈਆ । ਨਾਮ ਮਜੀਠੀ ਚਾੜ੍ਹ ਕੇ ਰੰਗ, ਰੰਗਰਤੇ ਹੋ ਸਹਾਈਆ । ਸਾਚੀ ਸੇਜਾ ਇਕ ਪਲੰਘ, ਅੰਤਰ ਅੰਤਰ ਦੇ ਸੁਹਾਈਆ । ਜਿਥੇ ਵਜੇ ਅਗੰਮੀ ਸੁਰੰਗ, ਤੁਰੀਆ ਨੈਣ ਸ਼ਰਮਾਈਆ । ਆਸਾ ਮਨਸਾ ਪੂਰੀ ਕਰ ਕੇ ਮੰਗ, ਪਰਮਾਨੰਦ ਵਿਚ ਸਮਾਈਆ । ਨਾਤਾ ਤੋੜ ਕੇ ਜੇਰਜ ਅੰਡ, ਉਤਭੁਜ ਸੇਤਜ ਪੰਧ ਮੁਕਾਈਆ । ਲੇਖਾ ਮੁਕਾ ਕੇ ਬ੍ਰਹਮ ਹੰ, ਪਾਰਬ੍ਰਹਮ ਆਪਣੇ ਵਿਚ ਸਮਾਈਆ । ਸਚ ਦਵਾਰੇ ਧੁਰ ਦੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜਿਨ੍ਹਾਂ ਗੁਰਮੁਖਾਂ ਜਨ ਭਗਤਾਂ ਤੇਰਾ ਬਣਿਆ ਸੰਗ,

ਹਰਿਸੰਗਤ ਰੂਪ ਵਟਾਈਆ । ਉਹਨਾਂ ਦੀ ਅੰਤਰ ਆਤਮ ਵੇਖ ਕੇ ਜਾ ਮੰਨ, ਕੂੜੀ ਮਮਤਾ ਮੋਹ ਮਿਟਾਈਆ । ਨਾਮ ਪਦਾਰਥ ਦੇ ਦੇ ਆਪਣਾ ਧਨ, ਅਣਮੰਗੀ ਦੌਲਤ ਝੋਲੀ ਪਾਈਆ । ਸੰਤ ਸੁਹੇਲੇ ਬਣਾ ਲੈ ਜਨ, ਜਨਣੀ ਹੋ ਕੇ ਗੋਦ ਉਠਾਈਆ । ਭਾਗ ਲਗਾ ਦੇ ਕਾਇਆ ਤਨ, ਮਾਟੀ ਖ਼ਾਕੀ ਵੱਜੇ ਵਧਾਈਆ । ਏਥੇ ਉਥੇ ਬੇੜਾ ਦੇਵੇਂ ਬੰਨ੍ਹ, ਅਗੇ ਪਿਛੇ ਨਾ ਕੋਇ ਰੁੜ੍ਹਾਈਆ । ਨਿਹਕਰਮੀ ਆਪਣਾ ਕਰ ਕਰਮ, ਕਰਮ ਕਾਂਡ ਡੇਰਾ ਦੇ ਢਾਹੀਆ । ਲੇਖੇ ਲਾ ਹੱਡ ਮਾਸ ਨਾੜੀ ਚਰਮ, ਚੰਮ ਦ੍ਰਿਸ਼ਟੀ ਦੇ ਮਿਟਾਈਆ । ਸੰਸਾ ਰੋਗ ਰਹੇ ਨਾ ਭਰਮ, ਭੈ ਭਉ ਭਾਉ ਆਪਣਾ ਦੇ ਸਮਝਾਈਆ । ਝਗੜਾ ਰਹੇ ਨਾ ਚਾਰ ਵਰਨ, ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਆਤਮ ਬ੍ਰਹਮ ਦੇ ਸਮਝਾਈਆ । ਨੇਤਰ ਖੋਲ੍ਹ ਦੇ ਹਰਨ ਫਰਨ, ਨਿਜ ਨੇਤਰ ਕਰ ਰੁਸ਼ਨਾਈਆ । ਤੂੰ ਮਾਲਕ ਖ਼ਾਲਕ ਤਰਨੀ ਤਰਨ, ਸਮਰਥ ਤੇਰੀ ਵਡਿਆਈਆ । ਭਗਤਾਂ ਦੀ ਮੰਜ਼ਲ ਆਇਓਂ ਚੜ੍ਹਨ, ਆਪਣਾ ਪੰਧ ਮੁਕਾਈਆ । ਸੰਤ ਸੁਹੇਲੇ ਆਇਓਂ ਫੜਨ, ਲੱਖ ਚੁਰਾਸੀ ਖੋਜ ਖੁਜਾਈਆ । ਧੁਰ ਦਾ ਢੋਲਾ ਆਇਓਂ ਪੜ੍ਹਨ, ਸਾਚਾ ਸੋਹਲਾ ਇਕ ਸਮਝਾਈਆ । ਆਪਣੀ ਕਰਨੀ ਆਇਓਂ ਕਰਨ, ਕਰਤਾ ਪੁਰਖ ਹੋ ਕੇ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੈਣੇ ਲੰਘਾਈਆ । ਦੋ ਵਸਾਖ ਕਹੇ ਮੇਰੇ ਪਰਮ ਪੁਰਖ ਅਬਿਨਾਸ਼ੀ, ਪਾਰਬ੍ਰਹਮ ਇਕ ਤੇਰੀ ਸਰਨਾਈਆ । ਭਗਤ ਸੁਹੇਲੇ ਵੇਖ ਪਵਣ ਸਵਾਸੀ, ਜੋ ਅੰਤਰ ਅੰਤਰ ਧਿਆਨ ਲਗਾਈਆ । ਚਰਨ ਪ੍ਰੀਤੀ ਅੰਦਰ ਬਣ ਕੇ ਦਾਸ ਦਾਸੀ, ਸੇਵਕ ਸੇਵਾ ਸਚ ਰਹੇ ਕਮਾਈਆ । ਉਹਨਾਂ ਦੇ ਅੰਦਰੋਂ ਕਾਇਆ ਮੰਦਰੋਂ ਕਰ ਦੇ ਦੂਰ ਉਦਾਸੀ, ਹੈਰਾਨੀ ਚਿੰਤਾ ਗ਼ਮ ਰਹਿਣ ਕੋਇ ਨਾ ਪਾਈਆ । ਰਾਏ ਧਰਮ ਚਿਤਰ

ਗੁਪਤ ਦਾ ਲੇਖਾ ਮੁਕਾ ਕੇ ਕੱਟ ਕੇ ਜਮ ਦੀ ਫ਼ਾਸੀ, ਲੱਖ ਚੁਰਾਸੀ ਅਗੇ ਨਾ ਕੋਇ ਭਵਾਈਆ । ਮਾਤ ਗਰਭ ਨਾ ਅਗਨ ਤਪਾਸੀ, ਜੂਨੀ ਜੂਨ ਨਾ ਕੋਇ ਫਿਰਾਈਆ । ਤੇਰੀ ਸਰਨ ਸਰਨਾਈ ਇਕੋ ਭਾਖੀ, ਬੇਪਰਵਾਹ ਲੇਖਾ ਦੇਣਾ ਮੁਕਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਜਨ ਭਗਤਾਂ ਦੀ ਆਈ ਇਹ ਵਸਾਖੀ, ਜਿਸ ਦੀ ਗੋਬਿੰਦ ਪਾਤੀ ਦੇ ਕੇ ਅਗੰਮ ਗਿਆ ਸਮਝਾਈਆ । ਕੋਈ ਸਮਝ ਨਾ ਸਕੇ ਜਗਤ ਵਿਦਵਾਨੀ ਗਿਆਨੀ ਪਾਠੀ, ਦ੍ਰਿਸ਼ਟਾਂਤ ਦੇ ਨਾ ਕੋਇ ਦ੍ਰਿੜਾਈਆ । ਪਰਦਾ ਖੋਲ੍ਹ ਨਾ ਸਕੇ ਪੰਡਤ ਕਾਸ਼ੀ, ਭੇਵ ਅਭੇਦ ਦਏ ਜਣਾਈਆ । ਵਾਹਿਦਾ ਕਰ ਨਾ ਸਕੇ ਕੋਇ ਮੁਲਾ ਸ਼ੇਖ਼ ਨਿਮਾਜ਼ੀ, ਨਮੂਦਾਰ ਕਰੇ ਨਾ ਕੋਇ ਵਿਚ ਲੋਕਾਈਆ । ਪਰਵਰਦਿਗਾਰ ਪੁਰਖ ਅਕਾਲ ਦੀਨ ਦਿਆਲ ਸਾਂਝੇ ਯਾਰ ਭਗਤ ਸੁਹੇਲੇ ਅੰਮ੍ਰਿਤ ਮੇਘ ਬਰਸ ਕੇ ਜਨ ਭਗਤਾਂ ਦੀ ਨਵੀਂ ਕਰ ਦੇ ਆਬਪਾਸ਼ੀ, ਰੁਤ ਬਸੰਤ ਸਚ ਫੁਲਵਾੜੀ ਦੇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਧੁਰ ਦੀ ਮੁਹੱਬਤ ਦਏ ਬਣਾਈਆ । ਧੁਰ ਦੀ ਮੁਹੱਬਤ ਕਹੇ ਮੇਰਾ ਸੁਣ ਲਉ ਨਗ਼ਮਾ, ਨਾਮ ਨਗਾਰਾ ਦਿਆਂ ਵਜਾਈਆ । ਜਨ ਭਗਤਾਂ ਜਨਮ ਕਰਮ ਦਾ ਮੇਟ ਕੇ ਸਦਮਾ, ਦੁਖੜੇ ਦਿਆਂ ਮਿਟਾਈਆ । ਮੇਲ ਮਿਲਾ ਕੇ ਓਸ ਦੇ ਕ਼ਦਮਾਂ, ਜੋ ਕ਼ਦੀਮ ਦਾ ਮਾਲਕ ਨਜ਼ਰੀ ਆਈਆ । ਅਗੇ ਦੱਸ ਦੇਵਾਂ ਵਧਣਾ, ਰਹਿਬਰ ਹੋ ਕੇ ਰਾਹ ਵਖਾਈਆ । ਸਚ ਦਵਾਰੇ ਹਰਿ ਸੰਤ ਸੁਹੇਲੇ ਸਾਚੇ ਸਦਣਾ, ਸਦਕੇ ਵਾਰੀ ਘੋਲ ਘੁਮਾਈਆ । ਸਤਿਜੁਗ ਸਾਚੀ ਧਾਰ ਲੋਕਮਾਤ ਚਲੌਣਾ ਰਿਵਾਜਣਾ, ਕਲਜੁਗ ਕੂੜੀ ਕਿਰਿਆ ਕਰ ਖ਼ੁਆਰ । ਸਤਿ ਧਰਮ ਦਾ ਖੇੜਾ ਕਰ ਆਬਾਦਨਾ, ਜਿਸ ਦੀ ਆਬਾਦੀ ਭਗਤਾਂ ਵਾਲੀ ਲੱਖ ਕਰੋੜ ਨਹੀਂ ਗਿਣਤੀ ਵਿਚ ਥੋੜ੍ਹੇ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਸਭ ਦਾ ਰਿਹਾ ਵਿਚਾਰ । ਦੋ ਵਸਾਖ ਕਹੇ ਮੇਰੀ ਅੰਤ ਅੰਤ ਬੇਨੰਤੀ, ਬਿਨਉ ਦਿਆਂ ਜਣਾਈਆ । ਤੂੰ ਪਤਿਪਰਮੇਸ਼ਵਰ ਸਾਹਿਬ ਸਵਾਮੀ ਧੁਰ ਦਾ ਕੰਤੀ, ਕੰਤ ਕਤੂਹਲ ਸੱਚਾ ਸ਼ਹਿਨਸ਼ਾਹੀਆ । ਤੇਰਾ ਵੇਸ ਅਨੇਕ ਬਹੁ ਭਾਂਤ ਅਨੰਤੀ, ਕਲਧਾਰੀ ਤੇਰੀ ਵਡ ਵਡਿਆਈਆ । ਗੁਰੂ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀ ਮਨੌਂਦੇ ਪੁਰਖ ਅਕਾਲ ਦੀ ਸਤਿਜੁਗ ਸਾਚੀ ਧਾਰ ਦੀ ਚਲੀ ਸਾਚੀ ਸੰਮਤੀ, ਪਿਛਲੇ ਸੰਮਤ ਰਿਹਾ ਬਦਲਾਈਆ । ਨਾ ਕੋਈ ਈਸਵੀ ਰਹੇ ਨਾ ਮੁਹੰਮਦੀ, ਨਾਨਕ ਸ਼ਾਹੀ ਸ਼ਹਿਨਸ਼ਾਹ ਆਪਣੇ ਵਿਚ ਸਮਾਈਆ । ਇਕੋ ਧਾਰ ਜੋ ਸਭ ਦਾ ਬੇੜਾ ਬੰਨ੍ਹਦੀ, ਨਈਆ ਨੌਕਾ ਇਕੋ ਇਕ ਜਣਾਈਆ । ਅਗੇ ਲੋੜ ਰਹੇ ਨਾ ਘੜ ਭੰਨ ਦੀ, ਪਰਚੂਨ ਰੂਪ ਨਾ ਕੋਇ ਵਟਾਈਆ । ਇਕੋ ਦਾ ਹੁਕਮ ਸ੍ਰਿਸ਼ਟ ਸਬਾਈ ਰਹੇ ਮੰਨਦੀ, ਮਨਸਾ ਅਵਰ ਨਾ ਕੋਇ ਵਧਾਈਆ । ਜਨ ਭਗਤੋ ਲਹਿਰ ਖ਼ਤਮ ਹੋਣੀ ਕੂੜੇ ਗ਼ਮ ਦੀ, ਖ਼ੁਸ਼ੀ ਆਪਣੀ ਦਏ ਵਖਾਈਆ । ਲੇਖੇ ਲਾ ਕੇ ਮਾਟੀ ਤੁਹਾਡੇ ਕਾਇਆ ਧਨ ਦੀ, ਤ੍ਰੈਗੁਣ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੈਜ ਰਖੇ ਭਗਤ ਜਨ ਦੀ, ਜੋ ਸਾਚੀ ਸਰਨ ਲਏ ਲਗਾਈਆ । ਅਗਲੀ ਖੇਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ, ਭਗਵਨ ਭਾਗ ਸਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਕਰੇ ਓਸ ਖ਼ਸਮ ਦੀ, ਜੋ ਸਭ ਦੀ ਖ਼ਾਹਿਸ਼ ਨਾਲ ਪੂਰ ਕਰਾਈਆ ।


੬੮੫

✻ ੩ ਵਸਾਖ ਸ਼ਹਿਨਸ਼ਾਹੀ ਸੰਮਤ ੧ ਹਰਭਜਨ ਸਿੰਘ ਦੇ ਗ੍ਰਿਹ ਕਿਤੇ ਗਲੀ ਨੰ੦ ਚਾਰ, ਅੰਮ੍ਰਿਤਸਰ
(ਡਾਂਡੀਆਂ ਜ਼ਿਲਾ ਹੁਸ਼ਿਆਰਪੁਰ ਵਾਲਾ) ✻

ਗੁਰਮੁਖ ਤੇਰਾ ਸਤਿਗੁਰ ਮੀਤ, ਗੁਰ ਸ਼ਬਦ ਸੁਹੇਲਾ ਇਕ ਨਜ਼ਰੀ ਆਈਆ । ਆਤਮ ਪਰਮਾਤਮ ਬਣਾ ਕੇ ਸਚ ਪ੍ਰੀਤ, ਨਿਰਗੁਣ ਨਿਰਗੁਣ ਵਿਚੋਲਾ ਸੇਵ ਕਮਾਈਆ । ਅਨਹਦ ਨਾਦੀ ਸੁਣਾ ਕੇ ਅਗੰਮੀ ਗੀਤ, ਧੁਨੀ ਧੁਨ ਆਤਮਕ ਰਾਗ ਸੁਣਾਈਆ । ਕੂੜੀ ਕਿਰਿਆ ਮਿਟਾ ਕੇ ਰੀਤ, ਧੁਰ ਦੀ ਸਾਚੀ ਸਿਖਿਆ ਇਕ ਸਮਝਾਈਆ । ਕਾਇਆ ਕਾਅਬਾ ਸਚ ਮਸੀਤ, ਮੰਦਰ ਅੰਦਰ ਅੰਦਰ ਪਰਗਟਾਈਆ । ਜਿਥੇ ਝਗੜਾ ਮੁਕਦਾ ਊਚ ਨੀਚ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਇਕੋ ਪੁਰਖ ਅਕਾਲ ਦੀਨ ਦਿਆਲ ਸਾਚਾ ਗੀਤ, ਗਹਿਰ ਗੰਭੀਰ ਗੁਣੀ ਗਹਿੰਦ ਆਪ ਸੁਣਾਈਆ । ਸਾਚਾ ਕਲਮਾ ਹਕ ਹਦੀਸ, ਹਜ਼ਰਤ ਇਕੋ ਕਰੇ ਪੜ੍ਹਾਈਆ । ਸਾਹਿਬ ਸਤਿਗੁਰ ਕਲਜੁਗ ਅੰਤ ਕਰਨਹਾਰਾ ਤਸਦੀਕ, ਤਦਬੀਰ ਆਪਣੇ ਵਿਚ ਰਖਾਈਆ । ਦੂਰ ਦੁਰਾਡਾ ਨਜ਼ਰੀ ਆਏ ਗ੍ਰਿਹ ਅਤੀਤ, ਨਿਜ ਘਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵਣਹਾਰ ਵਡਿਆਈਆ । ਗੁਰਮੁਖ ਤੇਰਾ ਪ੍ਰੇਮ ਪ੍ਰੀਤੀ ਰੰਗ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਿਰਪਾ ਕਰੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅੰਤਰ ਆਤਮ ਦੇ ਕੇ ਇਕ ਅਨੰਦ, ਨਿਜਾਨੰਦ ਪਰਮਾਨੰਦ ਵਿਚ ਸਮਾਈਆ । ਧੁਰ ਦਾ ਰਾਗ ਸੁਣਾ ਕੇ ਛੰਦ, ਬਿਨ ਅੱਖਰਾਂ ਕਰੇ ਪੜ੍ਹਾਈਆ । ਨਿਰਗੁਣ ਨੂਰ ਚਾੜ੍ਹ ਕੇ ਚੰਦ, ਸਚ ਨੂਰ ਕਰੇ ਰੁਸ਼ਨਾਈਆ । ਕੂੜ ਕੁੜਿਆਰਾ ਮੇਟ ਅੰਧੇਰਾ ਅੰਧ, ਜੂਠ ਝੂਠ ਡੇਰਾ ਢਾਹੀਆ । ਸਰਬ ਸਵਾਮੀ ਹੋ ਕੇ ਵਸੇ ਸੰਗ, ਸੱਜਣ ਦਾਤਾ ਬੇਪਰਵਾਹੀਆ । ਧੁਰ ਦੀ ਧਾਰ ਵੱਜੇ ਮਰਦੰਗ, ਤੰਦ ਸਿਤਾਰ ਨਾ ਕੋਇ ਹਿਲਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਆਪਣੇ ਵਿਚ ਮਿਲਾਈਆ । ਕੂੜੀ ਕਿਰਿਆ ਤ੍ਰਿਸ਼ਨਾ ਮੇਟ ਕੇ ਤਮ, ਜਗਤ ਤਮੋ ਦਏ ਵਡਿਆਈਆ । ਅੰਮ੍ਰਿਤ ਮੇਘ ਧਾਰ ਬਰਸੇ ਛਮ ਛਮ, ਛਹਿਬਰ ਆਪਣਾ ਨਾਮ ਲਗਾਈਆ । ਚਿੰਤਾ ਸੋਗ ਰੋਗ ਮਿਟਾ ਕੇ ਗ਼ਮ, ਖ਼ੁਸ਼ੀ ਰੁਚੀ ਆਪਣੇ ਨਾਲ ਰਲਾਈਆ । ਪਵਣ ਸਵਾਸੀ ਲੇਖੇ ਲਾ ਕੇ ਦਮ, ਦਮਾਂ ਦਾ ਮਾਲਕ ਦਮਨ ਆਪਣੇ ਵਿਚ ਕਰਾਈਆ । ਨਿਹਕਰਮੀ ਵੇਖਣਹਾਰਾ ਕਰਮ ਕਾਂਡ ਦਾ ਕੰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਖੋਜ ਖੁਜਾਈਆ । ਗੁਰਮੁਖ ਤੇਰਾ ਮੰਦਰ ਸੁਹੰਜਣਾ, ਕਾਇਆ ਮਾਟੀ ਭੀਤਰ ਨਜ਼ਰੀ ਆਈਆ । ਦੀਆ ਬਾਤੀ ਕਮਲਾਪਾਤੀ ਜਗਾ ਕੇ ਆਦਿ ਨਿਰੰਜਣਾ, ਤੇਲ ਵਟੀ ਨਾ ਕੋਇ ਰਖਾਈਆ । ਤੇਰਾ ਮਾਲਕ ਸਾਲਸ ਦਰਦ ਦੁਖ ਭੈ ਭੰਜਣਾ, ਭਵ ਸਾਗਰ ਭੈ ਭਉ ਭਰਮ ਮਿਟਾਈਆ । ਨਿਜ ਨੇਤਰ ਲੋਚਨ ਨੈਣ ਪਾਵੇ ਕਜਲਾ, ਕ਼ਜ਼ਾ ਕੂੜੀ ਦਏ ਚੁਕਾਈਆ । ਸੁਰਤੀ ਸ਼ਬਦੀ ਦੇਵੇ ਇਕ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਚ ਡੰਡਾਵਤ ਦੱਸੇ ਬੰਦਨਾ, ਨਮਸਤੇ ਨਮੋ ਨਮੋ ਕਰਾਈਆ । ਕਿਸ ਬਿਧ ਪਾਰ ਜਹਾਨੋਂ ਲੰਘਣਾ, ਬੇੜਾ ਧੁਰ ਦਾ ਦਏ ਪਰਗਟਾਈਆ । ਦੂਜੇ ਘਰੋਂ ਨਾ ਪਏ ਮੰਗਣਾ, ਸਤਿਗੁਰ ਪੂਰਾ ਝੋਲੀ ਨਾਮ ਭਰਾਈਆ । ਲੇਖਾ ਚੁਕੇ ਬ੍ਰਹਿਮੰਡ ਖੰਡ ਵਰਭੰਡਣਾ, ਲੱਖ ਚੁਰਾਸੀ ਭੰਡੀ ਨਾ ਕੋਇ ਜਣਾਈਆ । ਰਾਏ ਧਰਮ ਨਾ ਦੇਵੇ ਦੰਡਣਾ, ਲੇਖਾ ਚਿਤਰ ਗੁਪਤ ਨਾ ਕੋਇ ਜਣਾਈਆ । ਮਨ ਵਾਸਨਾ ਰਹੇ ਕੋਈ ਨਾ ਗੰਦਨਾ, ਕੁਦਰਤ ਦਾ ਕ਼ਾਦਰ ਕਰੇ ਸਫ਼ਾਈਆ । ਸਾਚਾ ਚਮਕੇ ਚੰਦਨਾ,

੬੮੭

ਸਾਢੇ ਤਿੰਨ ਹੱਥ ਅੰਦਰ ਮੰਦਰ ਹੋਵੇ ਰੁਸ਼ਨਾਈਆ । ਸਾਚੀ ਮੰਜ਼ਲ ਸਚ ਦਵਾਰਾ ਮਹਿਬੂਬ ਅੰਦਰ ਲੰਘਣਾ, ਅਰੂਜ ਅਰਸ਼ ਕੁਰਸ਼ ਮਹਿਬੂਬ ਇਕੋ ਨਜ਼ਰੀ ਆਈਆ । ਨਾਮ ਮਤਿਹਰਾ ਵੇਖ ਮਲੰਗਣਾ, ਨੱਚਣ ਟੱਪਣ ਕੁੱਦਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਸਾਜਣ ਮੀਤ ਮੁਰਾਰੇ, ਧੰਨ ਧੰਨ ਤੇਰੀ ਵਡਿਆਈਆ । ਕਲਜੁਗ ਨਈਆ ਕੂੜੇ ਕਿਨਾਰੇ, ਸ਼ੌਹ ਦਰਿਆਏ ਸੋਭਾ ਪਾਈਆ । ਮਨਮੁਖ ਜੀਵ ਹੋਏ ਵਣਜਾਰੇ, ਵਸਤ ਖ਼ਰੀਦਣ ਥਾਉਂ ਥਾਈਆ । ਸਚ ਜਵਾਹਰੀ ਹਰਿ ਭਗਤ ਸੁਹੇਲਾ ਵਿਰਲਾ ਖਰੀਦਾਰੇ, ਅਮੋਲ ਅਮੁਲ ਦੇਵਣਹਾਰ ਵਡਿਆਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਭਗਵਨ ਬਖ਼ਸ਼ੇ ਚਰਨ ਪਿਆਰੇ, ਸਤਿ ਚਰਨੋਦਕ ਮੁਖ ਚਵਾਈਆ । ਅੰਤਰ ਅੰਤਰ ਮਿਲੇ ਹੁਲਾਰੇ, ਪੌਣ ਪਵਣਾਂ ਸੇਵ ਕਮਾਈਆ । ਪੜਦਾ ਖੁਲ੍ਹੇ ਬਜਰ ਕਿਵਾੜੇ, ਨੌਂ ਦਰ ਡੇਰਾ ਦੇਵੇ ਢਾਹੀਆ । ਸ਼ਬਦ ਨਾਦ ਸੁਣੇ ਧੁਨਕਾਰੇ, ਘਰ ਨਾਦੀ ਨਾਦ ਅਲਾਈਆ । ਅੰਮ੍ਰਿਤ ਮਿਲੇ ਬੂੰਦ ਫੁਹਾਰੇ, ਨਿਝਰ ਝਿਰਨਾ ਇਕ ਝਿਰਾਈਆ । ਜੋਤੀ ਜੋਤ ਹੋਏ ਉਜਿਆਰੇ, ਨੂਰੋ ਨੂਰ ਡਗਮਗਾਈਆ । ਮੇਲਾ ਮਿਲੇ ਹਰਿ ਕੰਤ ਭਤਾਰੇ, ਗ੍ਰਿਹਿ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਗੁਰਮੁਖ ਸਾਚੇ ਗਹਿਰ ਗੰਭੀਰ, ਗੁਣਵੰਤਾ ਦਏ ਵਡਿਆਈਆ । ਲੇਖਾ ਜਾਣੇ ਕਾਇਆ ਪੰਜ ਤੱਤ ਸਰੀਰ, ਗ੍ਰਿਹਿ ਮੰਦਰ ਖੋਜ ਖੁਜਾਈਆ । ਨਿਰਗੁਣ ਰੂਪ ਨਿਰਵੈਰ ਨਿਰਾਕਾਰ ਮਹਿਸੂਸ ਕਰਾਏ ਆਪਣੀ ਸਚ ਤਸਵੀਰ, ਤਸੱਵਰ ਆਪਣਾ ਆਪ ਕਰਾਈਆ । ਜਿਸ ਦੀ ਸਿਫ਼ਤ ਸਾਲਾਹ ਜੁਗ ਚੌਕੜੀ ਗੌਂਦੇ ਪੀਰ ਫ਼ਕੀਰ, ਪੈਗ਼ੰਬਰ ਰਸੂਲ ਕਲਮਿਆਂ ਨਗ਼ਮਿਆਂ ਵਿਚ ਢੋਲੇ ਗਾਈਆ । ਜਿਸ ਦਾ ਜਲਵਾ ਨੂਰ ਨੁਰਾਨੀ ਬੇਨਜ਼ੀਰ, ਨਜ਼ਰੀਆ ਸਭ ਦਾ ਦਏ ਬਦਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਖਣ ਆਇਆ ਖੇਲ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਈਆ । ਆਪੇ ਸ਼ਹਿਨਸ਼ਾਹ ਆਪ ਵਜ਼ੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਗੁਰਮੁਖ ਤੇਰਾ ਪਾਕ ਪਵਿੱਤ ਹਿਰਦਾ, ਪੁਨੀਤ ਨਜ਼ਰੀ ਆਈਆ । ਮਨ ਮਨੂਆ ਜੋ ਦਹਿ ਦਿਸ਼ ਫਿਰਦਾ, ਨੌਂ ਦਵਾਰੇ ਭੱਜੇ ਬਣ ਬਣ ਪਾਂਧੀ ਰਾਹੀਆ । ਕਿਸ ਦੀ ਪੈਜ ਰਖੇ ਬਿਰਦਾ, ਸਤਿਗੁਰ ਸ਼ਬਦ ਹੋਏ ਸਹਾਈਆ । ਜਿਸ ਦੇ ਹੁਕਮੇਂ ਅੰਦਰ ਬ੍ਰਹਿਮੰਡ ਖੰਡ ਘਿਰਦਾ, ਮੰਡਲ ਮੰਡਪ ਸੇਵ ਕਮਾਈਆ । ਹਰਿ ਪਰਦਾ ਖੋਲ੍ਹੇ ਘਰ ਥਿਰ ਦਾ, ਥਿਰ ਘਰ ਵਾਸੀ ਸ਼ਬਦੀ ਸ਼ਬਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਤੇਰਾ ਪ੍ਰੇਮ ਪ੍ਰੀਤੀ ਸਚ ਸ਼ਿੰਗਾਰ, ਸੱਚਾ ਮਾਰਗ ਰਿਹਾ ਜਣਾਈਆ । ਹਉਮੇ ਹੰਗਤਾ ਮਾਇਆ ਮਮਤਾ ਕਰ ਖ਼ਵਾਰ, ਪ੍ਰੇਮ ਪ੍ਰੀਤੀ ਇਕੋ ਰਾਹ ਤਕਾਈਆ । ਜਿਸ ਦੀ ਭਵਿਖਤਾਂ ਵਿਚ ਕਰਦੇ ਗਏ ਸਰਬ ਪੁਕਾਰ, ਗੁਰ ਅਵਤਾਰ ਪੈਗ਼ੰਬਰ ਢੋਲੇ ਗਾਈਆ । ਸੋ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਨੂਰ ਜੋਤ ਕਰ ਉਜਿਆਰ, ਚਾਰ ਕੁੰਟ ਦਹਿ ਦਿਸ਼ਾ ਕਰੇ ਰੁਸ਼ਨਾਈਆ । ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਹੋ ਕੇ ਖ਼ਬਰਦਾਰ, ਸਚ ਸਰੰਗਾ ਬਿਨ ਤੰਦੀ ਤਾਰ ਤੰਦਾਂ ਦਏ ਵਜਾਈਆ । ਜਿਸ ਦੀ ਰਮਜ਼ ਸਮਝ ਸਕੇ ਕੋਈ ਨਾ ਪੰਡਾ, ਗਿਆਨੀ ਧਿਆਨੀ ਪੜਦਾ ਨਾ ਕੋਇ ਖੁਲ੍ਹਾਈਆ । ਹਰਿਜਨ ਹਰਿਭਗਤ ਤੇਰੇ ਅੰਤਰ ਆਤਮ ਉਹ ਸਰੰਗਾ, ਜੋ ਸੋਈ ਸੁਰਤੀ ਮਸਤੀ ਵਿਚ ਲਿਆਈਆ । ਨਾਮ ਭੰਡਾਰਾ ਭਰਿਆ ਬਹੁ ਰੰਗਾ, ਬਹੁ ਬਿਧ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ ।

ਗੁਰਮੁਖ ਤੇਰਾ ਸੋਹਣਾ ਗ੍ਰਿਹਿ, ਪੰਜਾਂ ਤੱਤਾਂ ਬਣਤ ਬਣਾਈਆ। ਪੁਰਖ ਅਬਿਨਾਸ਼ੀ ਸਦਾ ਰਹੇ, ਨਿਰਗੁਣ ਬੈਠਾ ਸੋਭਾ ਪਾਈਆ। ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਾਚਾ ਕਹੇ, ਰਸਨਾ ਜਿਹਵਾ ਖ਼ੁਸ਼ੀ ਮਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ। ਗੁਰਮੁਖ ਤੇਰਾ ਗੁਰਦੇਵ ਸਵਾਮੀ ਇਕ, ਪੁਰਖ ਅਕਾਲ ਸੋਭਾ ਪਾਇੰਦਾ। ਜੋ ਆਦਿ ਜੁਗਾਦਿ ਜੁਗ ਚੌਕੜੀ ਅਗਲਾ ਪਿਛਲਾ ਲਹਿਣਾ ਦੇਣਾ ਲਵੇ ਨਜਿੱਠ, ਪੜਦਾ ਓਹਲਾ ਆਪ ਉਠਾਇੰਦਾ। ਸਚ ਪ੍ਰੀਤੀ ਅੰਦਰ ਕੀਤਾ ਧੁਰ ਦਾ ਹਿਤ, ਹਿਤਕਾਰੀ ਹੋ ਕੇ ਵੇਖ ਵਖਾਇੰਦਾ। ਲੇਖੇ ਲਗੇ ਕਾਇਆ ਅੰਦਰ ਰਿਤ, ਚਮਕਣੀ ਚਮਕ ਨਾਲ ਚਮਕਾਇੰਦਾ। ਸਦ ਦਰਸ਼ਨ ਹੋਵਣ ਨਿਤ, ਲੋਚਣ ਨੈਣ ਰੰਗ ਚੜ੍ਹਾਇੰਦਾ। ਕਰਵਟ ਲੈ ਬਦਲੇ ਪਿਠ, ਸਨਮੁਖ ਹੋ ਕੇ ਆਪਣੀ ਗੋਦ ਬਹਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਜਾਣੇ ਨਿਤ ਨਵਿਤ, ਨਵ ਨੌ ਚਾਰ ਹਰਿ ਨਿਰੰਕਾਰ ਸਤਿ ਸਤਿਵਾਦੀ ਬੰਨ੍ਹੇ ਧਾਰ, ਧਰਮ ਨਿਸ਼ਾਨਾ ਵਾਲੀ ਦੋ ਜਹਾਨਾਂ ਲੋਕਮਾਤ ਆਪ ਝੁਲਾਇੰਦਾ।

## * ੩ ਵਸਾਖ ਸ਼ਹਿਨਸ਼ਾਹੀ ਸੰਮਤ ੧ ਸਰਬ ਹਿੰਦ ਵੇਦਾਂਤ ਸਮੇਲਨ ਜੰਮੂ *

ਜੰਮੂ ਵਾਲਿਓ ਅਖਲ ਭਾਰਤੀਆ ਸਮੇਲਨ ਵੇਖਣ ਆਏ ਵੇਦਾਂਤ, ਨਰ ਨਾਰੀ ਆਪਣਾ ਅੰਤਰ ਧਿਆਨ ਲਗਾਈਆ। ਮਨ ਆਤਮਾ ਕਰ ਲਓ ਇਕਾਂਤ, ਦੁਤੀਆ ਰੂਪ ਨਾ ਕੋਇ ਵਟਾਈਆ। ਸੰਤ ਸਾਧ ਸੱਜਣ ਪਿਆਵਣ ਆਏ ਅੰਮ੍ਰਿਤ ਬੂੰਦ ਸੁਵਾਂਤ, ਨਿਝਰ ਝਿਰਨਾ ਇਕ ਝਿਰਾਈਆ। ਕੂੜੀ ਕਿਰਿਆ ਜਗਤ ਅੰਧੇਰੀ ਮੇਟ ਕੇ ਵਾਟ, ਦੂਰ ਕਰ ਦਿਓ ਅੰਧੇਰੀ ਰਾਤ, ਜੂਠ ਝੂਠ ਮਾਇਆ ਮਮਤਾ ਆਸਾ ਤ੍ਰਿਸ਼ਨਾ ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਕੋਇ ਨਾ ਪਾਈਆ। ਸੋਹਣੀ ਨਗਰੀ ਸੁਹੰਜਣਾ ਪਰਾਂਤ, ਚਾਰ ਕੁੰਟ ਗ੍ਰਿਹਿ ਗ੍ਰਿਹਿ ਘਰ ਘਰ ਵੱਜੇ ਵਧਾਈਆ। ਪ੍ਰੇਮ ਪਿਆਰ ਦੀ ਪ੍ਰੇਮ ਨਾਲ ਅੰਦਰ ਬਾਹਰ ਗੁਪਤ ਜ਼ਾਹਰ ਸਾਰੇ ਕਰੋ ਬਾਤ, ਦੂਈ ਦਵੈਤੀ ਸ਼ਰਅ ਸ਼ਰਾਇਤੀ ਨਜ਼ਰ ਕੋਇ ਨਾ ਆਈਆ। ਕਾਇਆ ਖੇੜਾ ਉਜੜਿਆ ਹੋਇਆ ਆਪਣਾ ਕਰ ਲਓ ਫੇਰ ਆਬਾਦ, ਗੁਲਸ਼ਨ ਗੁਲ ਮਹਿਕ ਅੰਤਰ ਆਤਮ ਇਕ ਮਹਿਕਾਈਆ। ਸਾਧਾਂ ਸੰਤਾਂ ਦੇ ਕੋਲੋਂ ਅੰਦਰ ਦਾ ਸੁਣ ਲਓ ਅਗੰਮੀ ਰਾਜ਼, ਪਰਦਾ ਪੂਰਨ ਦੇਣ ਉਠਾਈਆ। ਵਿਸ਼ਵ ਦੀ ਸਚ ਆਵਾਜ਼, ਨੌ ਖੰਡ ਪ੍ਰਿਥਮੀ ਸਤ ਦੀਪ ਮਾਨਵ ਮਨੁਖਤਾ ਮਨੁਸ਼ ਸਾਰੇ ਲੈਣ ਅੰਗੜਾਈਆ। ਧੁਰ ਸੰਦੇਸ਼ਾ ਸੁਣੌਣ ਪ੍ਰਿਥਮੀ ਆਕਾਸ਼, ਗਗਨ ਮੰਡਲ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਸਾਰੇ ਅੱਖ ਖੁਲ੍ਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਦਰ ਦਰ, ਸੰਤ ਸੁਹੇਲੇ ਆਪਣੇ ਸੰਗ ਰਲਾਈਆ। ਅਖਲ ਭਾਰਤੀਆ ਸਮੇਲਨ ਵੇਦਾਂਤ ਦਾ ਹੋਇਆ ਇਕੱਠ, ਭਾਰਤ ਖੰਡ ਵਜੀ ਵਧਾਈਆ। ਕੰਮ ਕਾਜ ਜਗਤ ਵਿਹਾਰ ਛਡ ਕੇ ਸਾਰੇ ਆਇਓਂ ਨਠ, ਨੇਤਰ ਲੋਚਨ ਨੈਣ ਆਪਣੀ ਅੱਖ ਖੁਲ੍ਹਾਈਆ। ਧੁਰ ਦਾ ਸੰਦੇਸ਼ਾ ਸ਼ਬਦੀ ਨਾਦ ਦੇਣਾ ਸਚ, ਕਾਇਆ ਕੱਚ ਮਾਟੀ ਗਗਰੀਆ ਭਾਗ ਲਗਾਈਆ। ਮਨ ਵਾਸਨਾ ਕੂੜੀ ਕਿਰਿਆ ਸਚ ਦਵਾਰੇ ਨਾ ਜਾਣਾ ਨੱਚ, ਸਾਂਤਕ ਸਤਿ ਲੈਣਾ ਕਰਾਈਆ। ਇਕ ਦੂਸਰੇ ਨੂੰ ਮਿਲਣਾ ਹਸ ਹਸ, ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਵੰਡ ਨਾ ਕੋਇ ਵੰਡਾਈਆ। ਪ੍ਰਭ ਨੂੰ ਮਿਲਣ ਵਾਲੀ ਵੇਖਣ ਵਾਲੀ ਇਸੇ ਸਮੇਲਨ ਵਿਚ ਜੰਮੂ ਵਾਲਿਓ ਆਪਣੀ ਖੋਲ੍ਹ ਲੈਣੀ ਅੱਖ, ਦੋਵੇਂ ਲੋਚਣ ਬੰਦ

ਕਰਾਈਆ । ਵੇਖਿਓ ਇਸ ਸਚ ਤੋਂ ਨਾ ਜਾਇਓ ਉਕ, ਵੇਲਾ ਗਿਆ ਫੇਰ ਹੱਥ ਕਿਸੇ ਨਾ ਆਈਆ । ਸੰਤਾਂ ਦੇ ਨਾਲ ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਪਰਵਰਦਿਗਾਰ ਸਾਂਝਾ ਯਾਰ ਵਾਹਦ ਗਾਡ ਵੇਖੇ ਸਮਰਥ, ਮਹਿੰਮਾ ਅਕਥ ਦਏ ਦ੍ਰਿੜਾਈਆ । ਤੁਹਾਡੀ ਅੰਤਰ ਆਤਮਾ ਨੂੰ ਪਰਮਾਤਮਾ ਨਾਲ ਕਰਾਏ ਇਕੱਠ, ਪ੍ਰੇਮ ਪਿਆਰ ਨਾਲ ਮਨ ਵਾਸਨਾ ਮਨ ਵਿਚ ਦਏ ਖਪਾਈਆ । ਤੁਸੀਂ ਓਸ ਦੇ ਉਹ ਤੁਹਾਡਾ ਗਾਵੇ ਜਸ, ਇਹ ਸੰਤਾਂ ਦੇ ਨਾਲ ਸ਼ਬਦ ਦਾ ਤੀਰ ਬੇਨਜ਼ੀਰ ਤੁਹਾਡੇ ਕਾਇਆ ਅੰਦਰ ਮਾਰਨਾ ਕਸ, ਬਜਰ ਕਪਾਟੀ ਆਰ ਪਾਰ ਦੇਣਾ ਲੰਘਾਈਆ । ਸ੍ਰਿਸ਼ਟੀ ਦ੍ਰਿਸ਼ਟੀ ਪੰਚ ਵਿਕਾਰ ਤੁਹਾਨੂੰ ਨਾ ਸਕਣ ਮਾਰ, ਮਾਇਆ ਮਮਤਾ ਨਾ ਸਕੇ ਸਾੜ, ਅੰਮ੍ਰਿਤ ਮੇਘ ਸਾਚਿਆਂ ਸੰਤਾਂ ਤੁਹਾਡੇ ਉਤੇ ਦੇਣਾ ਬਰਸਾਈਆ । ਅੱਜ ਪਹਿਲੀ ਰਾਤ, ਅਗਲਾ ਖੇਲ ਤਮਾਸ਼, ਪ੍ਰੇਮਾ ਨੰਦ ਜੀ ਕਹਿੰਦੇ ਥੋੜ੍ਹਾ ਸਮਾਂ ਥੋੜੀ ਬਾਤ, ਆਇਓ ਸੱਜਣੋ ਇਹ ਇਸੇ ਲਈ ਬੰਦ ਕਰਾਈਆ ।

### ✻ ੪ ਵਸਾਖ ਸ਼ਹਿਨਸ਼ਾਹੀ ਸੰਮਤ ੧ ਜੈਨ ਮੰਦਰ ਜੰਮੂ ✻

ਪ੍ਰੇਮ ਪਿਆਰ ਪ੍ਰੀਤਮ ਮੁਹੱਬਤ ਸਭ ਨੇ ਲੈ ਕੇ ਜਾਣਾ ਪਰਸ਼ਾਦ, ਸਚ ਵਸਤ ਇਕ ਵਰਤਾਈਆ । ਬਿਨ ਰਸਨਾ ਜਿਹਵਾ ਅੰਤਰ ਆਤਮ ਵੇਖਣਾ ਇਕ ਸਵਾਦ, ਅਨਡਿੱਠੜਾ ਆਪ ਚਖਾਈਆ । ਆਤਮ ਰਾਮ ਸੁਣਨਾ ਧੁਨ ਅਨਾਦ, ਸ਼ਬਦੀ ਰਾਗ ਅਲਾਈਆ । ਹੰਸ ਬਣ ਕੇ ਜਾਣਾ ਬੁਧੀ ਕਾਗ, ਸਰ ਸਰੋਵਰ ਇਸ਼ਨਾਨ ਇਕ ਕਰਾਈਆ । ਦੁਰਮਤ ਮੈਲ ਧੋ ਕੇ ਜਾਣਾ ਦਾਗ, ਜੋ ਜਨ ਆਏ ਚਾਈਂ ਚਾਈਆ । ਵੇਖੇ ਸਮੇਲਨ ਹੋਵੇ ਸੰਤ ਸਾਧ, ਸਾਧਨਾ ਸਭ ਦੀ ਰਹੇ ਕਰਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਸਤਿ ਆਏ ਆਵਾਜ਼, ਅਸਤਿ ਰਹਿਣ ਕੋਇ ਨਾ ਪਾਈਆ । ਸਚ ਦਵਾਰੇ ਕਾਇਆ ਮੰਦਰ ਡੂੰਘੀ ਕੰਦਰ ਪਰਦਾ ਚੁਕੇ ਖੋਲ੍ਹ ਕੇ ਜਾਣਾ ਰਾਜ਼, ਦੂਈ ਦਵੈਤੀ ਸੰਗ ਨਾ ਕੋਇ ਰਖਾਈਆ । ਸਾਚੀ ਪੂਜਾ ਸਾਚਾ ਮੰਤਰ ਅੰਤਰ ਸਿਖ ਕੇ ਜਾਣਾ ਇਕ ਨਿਮਾਜ਼, ਸਜਦਾ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸ਼ਾਦ ਇਕ ਸਮਝਾਈਆ । ਸਚ ਪਰਸ਼ਾਦ ਨਾਮ ਰਸ, ਹਰਿ ਕਰਤਾ ਆਪ ਜਣਾਈਆ । ਮਨ ਵਾਸਨਾ ਹੋਵੇ ਵਸ, ਖਾਧਿਆਂ ਤ੍ਰਿਸ਼ਨਾ ਦਏ ਗਵਾਈਆ । ਹਕੀਕਤ ਵਿਚੋਂ ਲੇਖਾ ਦੇਵੇ ਹਕ, ਭੇਵ ਅਭੇਦਾ ਇਕ ਜਣਾਈਆ । ਜਿਸ ਨੂੰ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਸ਼ਿਵਦਵਾਲੇ ਮਠ ਮੰਦਰ ਮਸਜਿਦ ਰਹੇ ਲੱਭ, ਸੋ ਕਾਇਆ ਅੰਦਰ ਬੈਠਾ ਸੋਭਾ ਪਾਈਆ । ਆਏ ਸਜਣੋ ਆਪਣੀ ਖੋਲ੍ਹ ਕੇ ਜਾਇਓ ਅਖ, ਨਿਰਗੁਣ ਰੂਪ ਤਕਣਾ ਪਰਤਖ, ਜਿਹੜਾ ਤੁਹਾਥੋਂ ਨਹੀਂ ਵਖ, ਆਤਮ ਪਰਮਾਤਮ ਇਕੋ ਰੂਪ ਵਖਾਈਆ । ਜੋ ਸੀਤ ਪਰਸ਼ਾਦ ਦੇਵੇ ਹਸ ਹਸ, ਮਨ ਵਾਸਨਾ ਦੌੜੇ ਦਹਿ ਦਿਸ਼ਾ ਨਾ ਉਠ ਉਠ, ਹਰਿਜਨ ਸਾਚੇ ਕਰ ਇਕੱਠ, ਅੰਮ੍ਰਿਤ ਮੇਘ ਇਕ ਬਰਸਾਈਆ । ਨਾੜੀ ਨਾੜੀ ਨਾ ਉਬਲੇ ਰਤ, ਸਭ ਨੂੰ ਆਵੇ ਬ੍ਰਹਮ ਮਤਿ, ਧੀਰਜ ਦੇਵੇ ਸੰਤੋਖ ਸਤਿ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਸ਼ਾਦ ਸਭ ਦੀ ਝੋਲੀ ਦਏ ਭਰਾਈਆ । ਸਚ ਪਰਸ਼ਾਦ ਜਾ ਕੇ ਪੌਣਾ ਝੋਲੀ, ਅੰਤਰ ਆਤਮ ਆਪਣੀ ਡਾਹੀਆ । ਤੂੰ ਮੇਰਾ ਮੈਂ ਤੇਰਾ ਸਾਰੇ ਸਿੱਖ ਕੇ ਜਾਇਓ ਬੋਲੀ, ਦੂਜਾ ਨਜ਼ਰ ਕੋਇ ਨਾ ਆਈਆ । ਆਪਣੀ ਵਸਤ ਅਨਡਿੱਠੜੀ ਅੱਜ ਤਕ ਕਿਸੇ ਨਾ ਤੋਲੀ, ਘਰ

੬੮੯

ਨਾਮ ਤਰਾਜ਼ੂ ਕੰਡਾ ਨਾ ਕੋਇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਜਾਤ ਪਾਤ ਊਚ ਨੀਚ ਸ਼ਰਅ ਸ਼ਰੀਅਤ ਵੇਖੇ ਪੌਂਦੀ ਰੌਲੀ, ਹਕੀਕਤ ਹਕ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸ਼ਾਦ ਦਾ ਸਾਚਾ ਹਿੱਸਾ, ਜਨ ਭਗਤਾਂ ਵੰਡ ਵੰਡਾਈਆ । ਸਤਿ ਪਰਸ਼ਾਦ ਕਹੇ ਮੈਂ ਮਿਲਣਾ ਵਸਾਖ ਚਾਰ, ਸਤਿ ਸੁਹੰਜਣੀ ਦਿਆਂ ਵਡਿਆਈਆ । ਫਿਰਦਾ ਫਿਰਦਾ ਚਲਦਾ ਚਲਦਾ ਆ ਗਿਆ ਜੰਮੂ ਦੇ ਵਿਚਕਾਰ, ਜਮਾਂ ਕੀਤੇ ਸੰਤ ਭਗਤ ਇਕੱਠ ਇਕ ਵਖਾਈਆ । ਝੂਠੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਤੋੜ ਦਿਓ ਹੰਕਾਰ, ਨਿਵਣ ਸੋ ਅੱਖਰ ਇਕੋ ਨਜ਼ਰੀ ਆਈਆ । ਸਾਰੇ ਇਕ ਦੂਜੇ ਨੂੰ ਸਮਝੋ ਤੂੰ ਮੇਰਾ ਮੈਂ ਤੇਰਾ ਯਾਰ, ਦੂਜਾ ਨਜ਼ਰ ਕੋਇ ਨਾ ਆਈਆ । ਇਸੇ ਸਮੇਲਨ ਅੰਦਰ ਸਭ ਨੂੰ ਕਰ ਕੇ ਜਾਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦੇਣੀ ਸੁਣਾਈਆ । ਸਚ ਖ਼ੁਦਾਏ ਦਾ ਕਰੋ ਦੀਦਾਰ, ਪਰਵਰਦਿਗਾਰ ਸਾਂਝਾ ਯਾਰ ਦੋ ਜਹਾਨਾ ਸ੍ਰੀ ਭਗਵਾਨਾ ਸ਼ਾਹ ਸੁਲਤਾਨਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੁਰਖ ਅਕਾਲ ਦੀਨ ਦਿਆਲ ਇਕੋ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਸ਼ਾਦ ਇਕ ਵਖਾਈਆ । ਸਚ ਪਰਸ਼ਾਦ ਹਰਿ ਅੰਮ੍ਰਿਤ ਬਾਣੀ, ਸੰਤ ਸੱਜਣ ਰਹੇ ਜਣਾਈਆ । ਅੰਮ੍ਰਿਤ ਆਤਮ ਰਸ ਪੀਣਾ ਠੰਡਾ ਪਾਣੀ, ਨਿਝਰ ਝਿਰਨਾ ਦੇਣ ਝਿਰਾਈਆ । ਲੇਖਾ ਚੁਕ ਜਾਏ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾਈਆ । ਓਸ ਸਵਾਮੀ ਦੀ ਤੁਹਾਡੀ ਆਤਮ ਬਣ ਜਾਏ ਸੱਚੀ ਰਾਣੀ, ਜੋ ਰਾਮ ਰੂਪ ਸਭ ਸੇਜਾ ਰਿਹਾ ਸੁਹਾਈਆ । ਇਕ ਦੂਜੇ ਦੀ ਕਰ ਲਓ ਜਾਣ ਪਛਾਣੀ, ਹਿੰਦੂ ਮੁਸਲਮ ਸਿਖ ਈਸਾਈ ਬੋਧੀ ਪਾਰਸੀ ਜੈਨੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਪਰਸ਼ਾਦ ਸਤਿ ਧਰਮ ਜਾਵੇ ਸਮਝਾਈਆ । ਸਤਿ ਪਰਸ਼ਾਦ ਸਭ ਨੇ ਲੈ ਕੇ ਜਾਣਾ ਸੱਚਾ ਧਰਮ, ਮਾਨਵ ਦੇਵੇ ਮਾਣ ਵਡਿਆਈਆ । ਸਿਖ ਕੇ ਜਾਣਾ ਸਾਚਾ ਕਰਮ, ਨਿਹਕਰਮੀ ਰੂਪ ਵਖਾਈਆ । ਝਗੜਾ ਮੁਕੇ ਮਨ ਵਾਸਨਾ ਵਰਨ ਬਰਨ, ਆਤਮ ਪਰਮਾਤਮ ਇਕੋ ਨਜ਼ਰੀ ਆਈਆ । ਸ੍ਰੀ ਭਗਵਾਨ ਦੀ ਸਾਚੀ ਇਕੋ ਸਰਨ, ਜੋ ਸਾਹਿਬ ਸਵਾਮੀ ਅੰਤਰਜਾਮੀ, ਹਰ ਘਟ ਬੈਠਾ ਸੋਭਾ ਪਾਈਆ । ਓਸ ਦੀ ਲੈ ਕੇ ਜਾਣਾ ਇਕ ਸਤਿ ਸਚ ਦੀ ਸਚ ਨਿਸ਼ਾਨੀ, ਜਿਸ ਦਾ ਨਿਸ਼ਾਨਾ ਦੋ ਜਹਾਨ ਨਜ਼ਰੀ ਆਈਆ । ਲੋਕ ਪਰਲੋਕ ਚੌਦਾਂ ਤਬਕ ਜਿਸ ਦੀ ਮੰਗਦੇ ਰਹਿਣ ਸਦਾ ਮਹਿਮਾਨੀ, ਮਹਿਬੂਬ ਮੁਹੱਬਤ ਅੰਦਰ ਫੇਰਾ ਪਾਵੇ ਮਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਜਗਤ ਵਾਸਨਾ ਦੇਂਦੇ ਰਹੇ ਕ਼ੁਰਬਾਨੀ, ਆਪ ਆਪਣਾ ਭੇਟ ਕਰਾਈਆ । ਸੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੰਤਾਂ ਵਿਚ ਸੋਹੇ ਆਪ ਸੁਲਤਾਨੀ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਵਡਿਆਈਆ । ਸਚ ਪਰਸ਼ਾਦ ਕਹੇ ਮੇਰਾ ਲੈ ਕੇ ਜਾਇਓ ਸੰਦੇਸ਼ਾ, ਜਨ ਮਿਲੇ ਮਾਣ ਵਡਿਆਈਆ । ਅਗਲਾ ਪਿਛਲਾ ਮੁਕ ਜਾਏ ਸਭ ਦਾ ਲੇਖਾ, ਜੋ ਅੰਤਰ ਆਤਮ ਰਾਮ ਲਏ ਮਿਲਾਈਆ । ਆਇਓ ਸਜਣੋ ਕੂੜੀ ਕਿਰਿਆ ਜੂਠ ਝੂਠ ਹਉਮੇ ਹੰਗਤਾ ਮਾਇਆ ਮਮਤਾ ਐਥੇ ਕਰ ਕੇ ਜਾਇਓ ਭੇਟਾ, ਘਰ ਵਾਪਸ ਲੈ ਕੋਇ ਨਾ ਜਾਈਆ । ਸਾਰੇ ਰਲ ਕੇ ਮੰਨ ਲਓ ਪਰਮ ਪੁਰਖ ਪਰਮਾਤਮ ਸਭ ਦਾ ਨੇਤਾ, ਜੋ ਨਿਜ ਘਰ ਆਤਮ ਬੈਠਾ ਡੇਰਾ ਲਾਈਆ । ਭੈਣ ਭਾਈ ਹੋ ਕੇ ਸਭ ਦੇ ਨਾਲ ਕਰੋ ਹੇਤਾ, ਹਿਤਕਾਰੀ ਹੋ ਕੇ ਆਪਣਾ ਹੱਥ ਨਾਲ ਹੱਥ ਮਿਲਾਈਆ । ਜੋ ਸੰਤ ਸੱਜਣ ਦੂਰ ਦੁਰਾਡੇ ਚਲ ਕੇ ਆਏ ਦੇਸ ਪਰਦੇਸਾ, ਆਪਣਾ ਪੰਧ ਮੁਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਸ਼ਾਦ ਸਾਚਾ ਨਾਮ ਘਰ ਘਰ ਰਿਹਾ ਟਿਕਾਈਆ । ਸਤਿ ਪਰਸ਼ਾਦ ਕਹੇ ਜਿਸ ਮੇਰਾ ਵੇਖਣਾ ਰੰਗ, ਮੈਂ ਰੰਗਤ ਦਿਆਂ ਚੜ੍ਹਾਈਆ । ਬਿਨਾਂ ਖਾਧਿਆਂ ਅੰਤਰ ਆਤਮ ਦੇਵਾਂ ਅਨੰਦ, ਨਿਜਾਨੰਦ ਪਰਮਾਨੰਦ ਵਿਚ ਸਮਾਈਆ । ਸਚ ਪਰਕਾਸ਼ ਜੋਤ ਨੁਰਾਨੀ ਚਾਹੜਾਂ ਚੰਦ, ਅਗਿਆਨ ਅੰਧੇਰਾ ਦਿਆਂ ਮਿਟਾਈਆ । ਭੇਵ ਚੁਕਾ ਕੇ ਹੰ ਬ੍ਰਹਮ, ਪਾਰਬ੍ਰਹਮ ਇਕੋ ਰੰਗ ਵਖਾਈਆ । ਇਕ ਦੂਜੇ ਦਾ ਕਰਨਾ ਧੰਨ ਧੰਨ, ਧੰਨਵਾਦ ਵਿਚ ਹੋਵੇ ਸਰਬ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਭਾਰਤ ਨਿਵਾਸੀਓ ਚੜ੍ਹਨਾ ਹੋ ਕੇ ਸਾਚੇ ਚੰਨ, ਚੌਦਸ ਚੰਦ ਮੁਖ ਸ਼ਰਮਾਈਆ । ਧੁਰ ਸੰਦੇਸ਼ਾ ਸਭ ਨੇ ਸੁਣ ਕੇ ਜਾਣਾ ਕੰਨ, ਅੰਦਰ ਬਾਹਰ ਗੁਪਤ ਜ਼ਾਹਰ ਦੀਦ ਸ਼ੁਨੀਦ ਇਕੋ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਇਕ ਵਖਾਈਆ । ਸਚ ਪਰਸ਼ਾਦ ਕਹੇ ਮੇਰਾ ਅੰਤ ਅਖ਼ੀਰ, ਆਖ਼ਰ ਦਿਆਂ ਜਣਾਈਆ । ਪ੍ਰੇਮੀਉਂ ਆਪਣੀ ਬਦਲ ਕੇ ਜਾਇਓ ਤਕਦੀਰ, ਤਦਬੀਰ ਸੰਤ ਜਨ ਰਹੇ ਸਮਝਾਈਆ । ਸ਼ਰਅ ਦੀ ਕਟ ਕੇ ਜਾਇਓ ਜ਼ੰਜੀਰ, ਕੂੜੀ ਕਿਰਿਆ ਗੰਢ ਨਾ ਕੋਇ ਬੰਧਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਸਾਂਝਾ ਪੀਰ, ਪਰਵਰਦਿਗਾਰ ਸਚ ਗੁਸਾਈਂਆ । ਜਿਸ ਦੀ ਤੁਹਾਡੇ ਅੰਦਰ ਉਹ ਤਸਵੀਰ, ਜੋ ਤਸਬੀ ਮਾਲਾ ਵਿਚ ਬੰਦ ਨਾ ਕੋਇ ਕਰਾਈਆ । ਸਤਿ ਪਰਸ਼ਾਦ ਨਾਮ ਸਤਿ ਇਹ ਕੋਈ ਖਾਣ ਵਾਲਾ ਨਹੀਂ ਹਲਵਾ ਪੂੜੀ ਖੀਰ, ਖ਼ਾਹ ਮਖ਼ਾਹ ਆਤਮ ਪਰਮਾਤਮ ਪਰਮਾਤਮ ਆਤਮ ਤੁਹਾਡੇ ਨਾਲ ਮੇਲਾ ਰਿਹਾ ਮਿਲਾਈਆ ।



✻ ੪ ਵਸਾਖ ਸ਼ਹਿਨਸ਼ਾਹੀ ਸੰਮਤ ੧ ਸਵਾਮੀ ਸਰਬ ਅਨੰਦ ਜੀ ਮਾਰਫ਼ਤ ਮੇਜਰ ਪਰਤਾਪ ਸਿੰਘ ਟੀ ਜੀ ਸੀ ਐਸ ਏ ੬੮੨ ✻

ਆਣੇ ਵਾਲਾ ਸਮਾਂ ਭਿਅੰਕਰ, ਭਿਆਨਕ ਭੈ ਸਰਬ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਮੰਨਣ ਸ਼ੰਕਰ, ਦੇਵਤ ਸੁਰ ਅੱਖ ਖੁਲ੍ਹਾਇੰਦਾ । ਕਲਜੁਗ ਜੀਵ ਭੇਵ ਨਾ ਜਾਣੇ ਕੋਈ ਆਤਮ ਅੰਤਰ, ਮਾਇਆ ਮਮਤਾ ਮੋਹ ਹਉਮੇ ਹੰਗਤਾ ਗੜ੍ਹ ਕੂੜੀ ਕਿਰਿਆ ਬਾਹਰ ਨਾ ਕੋਇ ਕਢਾਇੰਦਾ । ਹਰਿ ਕਾ ਨਾਮ ਹਿਰਦੇ ਵਸੇ ਕਿਸੇ ਨਾ ਅੰਤਰ, ਕਾਇਆ ਮੰਦਰ ਅੰਦਰ ਬਹਿ ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਇੰਦਾ । ਚਾਰ ਕੁੰਟ ਦਹਿ ਦਿਸ਼ਾ ਕੂੜ ਅੰਧੇਰਾ ਗਗਨ ਗਗਨੰਤਰ, ਨੂਰ ਨੁਰਾਨਾ ਜ਼ਿਮੀਂ ਅਸਮਾਨਾ ਜੋਤੀ ਚੰਦ ਨਾ ਕੋਇ ਚਮਕਾਇੰਦਾ । ਕਲਜੁਗ ਕਾਇਆ ਜਿਸ ਬਣਾਈ ਬਣਤਰ, ਘੜਨ ਭੰਨਣਹਾਰ ਸਮਰਥ ਸਵਾਮੀ ਆਪਣਾ ਖੇਲ ਖਿਲਾਇੰਦਾ । ਭੇਵ ਅਭੇਦਾ ਖੋਲ੍ਹਣਹਾਰਾ ਬ੍ਰਹਮ ਨਿਰੰਤਰ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਜੁਗ ਚੌਕੜੀ ਆਪਣਾ ਹੁਕਮ ਵਰਤਾਇੰਦਾ । ਭਿਅੰਕਰ ਸਮਾਂ ਕਹੇ ਮੈਂ ਆਇਆ ਲੋਕਮਾਤ, ਸਦੀ ਬੀਸਵੀਂ ਰਾਹ ਤਕਾਈਆ । ਭਵਿਖਤਾਂ ਵਿਚ ਮੈਨੂੰ ਕਰ ਕੇ ਗਏ ਯਾਦ, ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਲਿਖਤ ਲਿਖਾਈਆ । ਜੂਠ ਝੂਠ ਮੋਹ ਵਿਕਾਰ ਘਰ ਘਰ ਅੰਦਰ ਹੋਇਆ ਆਬਾਦ, ਸਤਿ ਸਚ ਸ੍ਰਿਸ਼ਟੀ ਦ੍ਰਿਸ਼ਟੀ ਨਾਤਾ ਗਈ ਤੁੜਾਈਆ । ਡੂੰਘੀ ਕਵਰੀ ਕਾਇਆ ਭਵਰੀ ਖੋਲ੍ਹੇ ਨਾ ਰਾਜ਼, ਜਗਤ ਨਿਮਾਜ਼ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਰਾਮ ਕ੍ਰਿਸ਼ਨ ਸਾਰੇ ਗੌਂਦੇ ਗਾਥ, ਅੱਲਾ ਵਾਹਿਗੁਰੂ ਢੋਲੇ ਗਾਈਆ । ਆਪਣੇ ਉਤੇ ਕਿਸੇ ਨੂੰ ਰਿਹਾ ਨਹੀਂ ਕੋਈ ਵਿਸ਼ਵਾਸ਼,

ਆਪਣਾ ਆਪ ਨਜ਼ਰ ਕਿਸੇ ਨਾ ਆਈਆ । ਮਨ ਮਨੂਆ ਹੋਇਆ ਬਦਮਾਸ਼, ਗ੍ਰਿਹ ਗ੍ਰਿਹ ਅੰਦਰ ਕਰੇ ਲੜਾਈਆ । ਭਿਅੰਕਰ ਸਮਾਂ ਕਹੇ ਮੈਂ ਰੱਖੀ ਆਪਣੀ ਆਸ, ਪੂਰਬ ਬੈਠਾ ਧਿਆਨ ਲਗਾਈਆ । ਚੌਦਾਂ ਤਬਕ ਕਹਿਣ ਸਾਡੀ ਇਹੋ ਖ਼ਾਹਸ਼, ਚੌਦਾਂ ਲੋਕ ਦੇਣ ਗਵਾਹੀਆ । ਕਲਜੁਗ ਕੂੜ ਅੰਧਿਆਰਾ ਬਿਨ ਸਤਿ ਧਰਮ ਨਾ ਹੋਏ ਨਾਸ, ਪਰਕਾਸ਼ ਸਚ ਨਾ ਕੋਇ ਜਣਾਈਆ । ਸਮਾਂ ਸਮਾਂ ਸਦੀ ਸਦੀ ਬੀਤ ਗਈ ਵੇਖਦੀ ਖੇਲ ਤਮਾਸ਼, ਖ਼ਾਲਕ ਖ਼ਲਕ ਆਪਣਾ ਰੂਪ ਬਦਲਾਈਆ । ਭਿਅੰਕਰ ਸਮਾਂ ਕਹੇ ਮੇਰੀ ਕਰੇ ਉਹ ਤਲਾਸ਼, ਜਿਸ ਦੇ ਇਕੋ ਅੰਤਰ ਆਸ, ਦੂਜੀ ਵਸਤ ਰਖੇ ਕੋਈ ਨਾ ਪਾਸ, ਦੁਤੀਆ ਭਾਉ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਸਮਾਂ ਭਿਅੰਕਰ ਕਹੇ ਮੈਂ ਆਇਆ ਨੇੜੇ, ਆਪਣਾ ਪੰਧ ਮੁਕਾਈਆ । ਕਾਇਆ ਸਰੀਰ ਤਨ ਤੱਤ ਵੇਖੇ ਉਜੜੇ ਖੇੜੇ, ਅੰਦਰ ਰੰਗ ਨਾ ਕੋਇ ਰੰਗਾਈਆ । ਮਾਇਆ ਮਮਤਾ ਮਨ ਵਾਸਨਾ ਝੂਠੇ ਝੇੜੇ, ਦੀਨ ਮਜ਼੍ਹਬ ਜ਼ਾਤ ਪਾਤ ਕਰੇ ਲੜਾਈਆ । ਸਾਰੇ ਕਹਿੰਦੇ ਮੇਰੇ ਮੇਰੇ, ਮੇਰਾ ਤੇਰਾ ਸਮਝ ਕਿਸੇ ਨਾ ਆਈਆ । ਸੂਰਬੀਰ ਜੋਧੇ ਬਲਵਾਨ ਵੇਖੇ ਬਬੇਰੇ, ਰਾਜ ਰਾਜਾਨ ਸ਼ਾਹ ਸੁਲਤਾਨ ਸੋਭਾ ਪਾਈਆ । ਸਮਾਂ ਕਹੇ ਮੈਂ ਦੇਵਣਹਾਰਾ ਗੇੜੇ, ਉਲਟੀ ਲਠ ਦਿਆਂ ਭੁਵਾਈਆ । ਭਰਮੇ ਭੁਲਦੇ ਵੇਖੇ ਗੁਰ ਚੇਰੇ, ਚੇਲਾ ਗੁਰ ਇਕ ਰੰਗ ਨਾ ਕੋਇ ਸਮਾਈਆ । ਸ੍ਰਿਸ਼ਟ ਸਬਾਈ ਫਿਰੇ ਕਲਜੁਗ ਜਗਤ ਅੰਧੇਰੇ, ਆਤਮ ਪਰਮਾਤਮ ਸਚ ਪਰਕਾਸ਼ ਨਾ ਕੋਇ ਵਖਾਈਆ । ਮੈਂ ਹੁਣ ਲਭਣੇ ਕਿਹੜੇ ਕਿਹੜੇ ਸੰਤ ਸੁਹੇਲੇ ਜਿਨ੍ਹਾਂ ਦੇ ਧੁਰ ਦੇ ਮੇਲੇ, ਅੰਦਰੋਂ ਬਾਹਰੋਂ ਇਕੋ ਰੂਪ ਸਮਾਈਆ । ਕਿਹੜੇ ਪਰਮਾਤਮਾ ਨਾਲੋਂ ਹੋ ਕੇ ਵਿਹਲੇ, ਰੁਚੀ ਜਗਤ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਭਿਅੰਕਰ ਸਮਾਂ ਕਹੇ ਮੇਰੀ ਮੁਕਣ ਵਾਲੀ ਮੁਨਿਆਦ, ਅਗਲਾ ਪੈਂਡਾ ਨੇੜੇ ਆਈਆ । ਕਿਉਂ, ਹੁਣ ਸ੍ਰਿਸ਼ਟੀ ਦਿਆਂ ਸੰਤਾਂ ਨੂੰ ਆਈ ਜਾਗ, ਆਪਣੀ ਅੱਖ ਰਹੇ ਖੁਲ੍ਹਾਈਆ । ਸਾਰੇ ਕੱਠੇ ਹੋ ਕੇ ਦੇਵਣ ਲਗੇ ਇਕ ਆਵਾਜ਼, ਮਾਨਵਾਂ ਰਹੇ ਜਗਾਈਆ । ਕੂੜੀ ਕਿਰਿਆ ਸ਼ਾਹ ਸੁਲਤਾਨ ਰਾਜ ਰਾਜਾਨ ਛਡ ਦਿਓ ਰਾਜ, ਸਤਿ ਧਰਮ ਲਓ ਅਪਨਾਈਆ । ਕਿਸੇ ਕੰਮ ਨਹੀਂ ਔਣਾ ਰਖਿਆ ਰੋਜ਼ਾ ਨਿਮਾਜ਼, ਜਿੰਨਾਂ ਚਿਰ ਮੁਕਾਮੇ ਹਕ ਹਕ ਮਹਿਬੂਬ ਮੇਲ ਨਾ ਕੋਇ ਮਿਲਾਈਆ । ਕਿਸੇ ਕੰਮ ਨਾ ਔਣਾ ਸਿਮਰਨ ਜੋਗ ਅਭਿਆਸ ਪੂਜਾ ਪਾਠ, ਜਿੰਨਾਂ ਚਿਰ ਅੰਤਰ ਅੰਤਰ ਅੰਤਸ਼ਕਰਨ ਨਾ ਲਿਆ ਬਦਲਾਈਆ । ਕਿਸੇ ਕੰਮ ਨਾ ਔਣਾ ਤੀਰਥ ਤਾਟ, ਜਿੰਨਾਂ ਚਿਰ ਅੰਦਰੋਂ ਦੁਰਮਤ ਮੈਲ ਨਾ ਬਾਹਰ ਕਢਾਈਆ । ਕਲਜੁਗ ਕਹੇ ਮੈਂ ਵੇਖੋ ਘਰ ਘਰ ਰੌਲਾ ਪਾਇਆ ਵਿਚ ਸਮਾਜ, ਬੁੱਧੀਵਾਨਾਂ ਦੀ ਬੁੱਧੀ ਦਿਤੀ ਬਦਲਾਈਆ । ਜੇ ਕੋਈ ਅੰਦਰ ਦਾ ਖੋਲ੍ਹਣ ਲਗੇ ਰਾਜ਼, ਮੈਂ ਅਗੇ ਹੋ ਕੇ ਦਿਆਂ ਹਟਾਈਆ । ਭਿਅੰਕਰ ਸਮਾਂ ਕਹੇ ਮੇਰੀ ਅਜੇ ਬਹੁਤੀ ਲੰਮੀ ਖ਼ਾਹਸ਼, ਵਿਸਥਾਰ ਨਾਲ ਦਿਆਂ ਸਮਝਾਈਆ । ਜੇ ਸੰਤ ਸਤਿਗੁਰ ਮਿਲ ਜਾਏ ਜਗਤ ਵਾਸਨਾ ਮੇਟ ਦੇਵੇ ਖ਼ਾਹਸ਼, ਅੰਦਰੋਂ ਆਪਣਾ ਆਪ ਹੋ ਜਾਏ ਤਲਾਸ਼, ਫੇਰ ਸਮਝੋ ਭਿਅੰਕਰ ਸਮਾਂ ਰਹਿਣ ਕੋਇ ਨਾ ਪਾਈਆ । ਭਿਅੰਕਰ ਸਮਾਂ ਓਨਾਂ ਚਿਰ ਦੇਵੇ ਭੈ, ਜਿੰਨਾਂ ਚਿਰ ਅਗਿਆਨ ਦੂਰ ਨਾ ਕੋਇ ਕਰਾਈਆ । ਜਿਸ ਵੇਲੇ ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੂਪ ਵੇਖ ਲਏ, ਭਾਂਡਾ ਭਰਮ ਭੌ ਭੰਨਾਈਆ । ਫੇਰ ਉਹ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਭ ਨੂੰ ਕਹੇ, ਨਾ ਰੋਗ ਨਾ ਸੋਗ ਨਾ ਚਿੰਤਾ ਨਾ ਦੁਖ ਨਾ ਭੋਗ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ

ਵੰਡਾਈਆ । ਨਾ ਤੂੰ ਤੇ ਨਾ ਮੈਂ, ਹਾਂ ਵਿਚ ਹਾਂ, ਬਾਂਹ ਵਿਚ ਬਾਂਹ, ਪ੍ਰੇਮ ਪਿਆਰ ਨਾਲ ਗਲਵਕੜੀ ਲੈਣੀ ਪਾਈਆ । ਕਲਜੁਗ ਅੰਤਰ ਸਤਿਜੁਗ ਸੱਚਾ ਥਾਂ, ਸੰਤ ਸੁਹੇਲੇ ਸਭ ਨੂੰ ਦੇਣ ਸਮਝਾਈਆ । ਜਿਨ੍ਹਾਂ ਦੀ ਕਾਗ ਬੁੱਧੀ ਦੇਣ ਬਦਲਾ, ਹੰਸ ਰੂਪ ਦੇਣ ਬਣਾਈਆ । ਘਰ ਵਿਚ ਕੰਤ ਸੁਹਾਗ ਦੇਣ ਵਖਾ, ਜਗਤ ਰੰਡੇਪਾ ਦੂਰ ਕਰਾਈਆ । ਓਹੋ ਪਤੀ ਤੇ ਓਹੋ ਪਤਨੀ ਜੇ ਕੋਈ ਜਾਣੇ ਓਸ ਦਾ ਨਾਂ, ਨਾਉਂ ਨਿਰੰਕਾਰਾ ਸਭ ਕੁਛ ਦਏ ਸਮਝਾਈਆ । ਕਲਜੁਗ ਕਹੇ ਮੈਂ ਸਾਚਿਆਂ ਭਗਤਾਂ ਅਗੇ ਦੇਵਾਂ ਸੀਸ ਨਿਵਾ, ਭਿਅੰਕਰ ਸਮਾਂ ਕਹੇ ਮੈਂ ਚਰਨ ਧੂੜੀ ਲਾਵਾਂ ਛਾਹ, ਸਤਿ ਸਚ ਦੇ ਨਾਲ ਸੇਵਾ ਲਵਾਂ ਕਮਾ, ਜਿਨ੍ਹਾਂ ਆਤਮ ਭਰਮ ਦਿਤਾ ਮਿਟਾ, ਕਰਮ ਕਾਂਡ ਡੇਰਾ ਢਾਹੀਆ । ਇਕੋ ਰਹਿਬਰ ਤੇ ਇਕੋ ਖ਼ੁਦਾ, ਇਕੋ ਮਹਿਬੂਬ ਜੋ ਮੁਹੱਬਤ ਵਿਚ ਕਦੇ ਨਾ ਹੋਵੇ ਜੁਦਾ, ਇਕੋ ਨਾਮ ਇਕੋ ਮੰਤਰ ਇਕੋ ਵੇਦ ਇਕੋ ਪਾਠ ਇਕੋ ਗੀਤਾ ਇਕੋ ਗਿਆਨ ਇਕੋ ਅੰਜੀਲ ਇਕੋ ਕ਼ੁਰਾਨ ਇਕੋ ਗ੍ਰੰਥ ਇਕੋ ਪੰਥ ਇਕੋ ਮਾਰਗ ਦਏ ਵਖਾ, ਪਰਦਾ ਇਕੋ ਦੂਰ ਕਰਾਈਆ । ਜਗਤ ਅੰਧੇਰਾ ਮਿਟੇ ਅੰਤਰ ਹੋਏ ਰੁਸ਼ਨਾ, ਚਾਰ ਕੁੰਟ ਦਹਿ ਦਿਸ਼ਾ ਇਕੋ ਰੂਪ ਨਜ਼ਰੀ ਆਈਆ । ਮਾਣਸ ਮਾਣਸ ਲਏ ਪਰਨਾ, ਮਾਨਵ ਮਾਨਵ ਪਕੜੇ ਬਾਂਹ, ਇਕੋ ਅੰਦਰ ਇਕੋ ਮੰਦਰ ਇਕੋ ਗੁਰੂ ਇਕੋ ਦਵਾਰਾ ਇਕੋ ਸੱਜਣ ਇਕੋ ਮੀਤ ਮੁਰਾਰਾ ਦੂਤੀ ਦੁਸ਼ਮਣ ਰਹਿਣ ਕੋਇ ਨਾ ਪਾਈਆ । ਭਿਅੰਕਰ ਸਮਾਂ ਕਹੇ ਸੰਤ ਸੁਹੇਲਾ ਸਦਾ ਸਦਾ ਮੇਰਾ ਬਣੇ ਗਵਾਹ, ਜਗਤ ਸ਼ਹਾਦਤ ਦੇਵੇ ਆ, ਅਦਲ ਅਦਾਲਤ ਵੇਖ ਬੇਪਰਵਾਹ, ਬਿਨ ਕ਼ਲਮ ਸ਼ਾਹੀ ਅਗਲਾ ਲੇਖਾ ਦਏ ਬਣਾਈਆ । ਥੋੜ੍ਹਾ ਸਮਾਂ ਥੋੜ੍ਹਾ ਦਿਤਾ ਸੁਣਾ, ਫੇਰ ਪੁਛੋਗੇ ਤੇ ਬਹੁਤਾ ਨਾਲ ਦਿਆਂ ਰਲਾ, ਰੰਗ ਵਿਚ ਰੰਗ ਤਰੰਗ ਵਿਚ ਤਰੰਗ ਉਮੰਗ ਵਿਚ ਮੰਗ ਸੰਗ ਵਿਚ ਸੰਗ ਅਨੰਦ ਵਿਚ ਪਰਮਾਨੰਦ ਵਿਚ ਇਕੋ ਰੂਪ ਸਮਾਈਆ ।



੬੯੩

### ✻ ੫ ਵਸਾਖ ਸ਼ਹਿਨਸ਼ਾਹੀ ਸੰਮਤ ੧ ਅਖਲ ਵੇਦਾਂਤ ਸਮੇਲਨ ਜੰਮੂ ✻

ਮੈਕਰਾਫ਼ੂਨ ਕਹੇ ਮੈਂ ਸਭ ਦੀ ਦਿਆਂ ਰਿਪੋਟ, ਜੋ ਜਨ ਸਨਮੁਖ ਬੈਠੇ ਆਈਆ । ਬਾਹਰੋਂ ਬਾਹਰੋਂ ਸਭ ਦੇ ਹਿਲਦੇ ਵੇਖੇ ਹੋਂਟ, ਅੰਤਰ ਆਤਮ ਪ੍ਰੇਮ ਨਾ ਕੋਇ ਰਖਾਈਆ । ਮੈਂ ਅੰਦਰ ਵੜ ਕੇ ਮੰਦਰ ਚੜ੍ਹ ਕੇ ਵੇਖਿਆ ਸਾਚੀ ਕਿਸੇ ਨਾ ਜਗਾਈ ਜੋਤ, ਨਿਰਗੁਣ ਨੂਰ ਨਜ਼ਰ ਕੋਇ ਨਾ ਆਈਆ । ਚਾਰ ਘੰਟਿਆਂ ਵਿਚ ਕਿਸੇ ਨੇ ਪ੍ਰਣ ਨਹੀਂ ਕੀਤਾ ਅੰਦਰੋਂ ਕਢ ਦੇਣਾ ਖੋਟ, ਮੰਚ ਦੇ ਅਗੇ ਦੇਣਾ ਟਿਕਾਈਆ । ਮਨ ਮਨਸਾ ਦੀ ਦੂਰ ਨਹੀਂ ਕੀਤੀ ਸੋਚ, ਬੁੱਧੀ ਬਿਬੇਕ ਸਾਫ਼ ਵਖਾਈਆ । ਸੰਤ ਸੱਜਣਾਂ ਦੇ ਸੁਣਦੇ ਰਹੇ ਸਾਰੇ ਸਲੋਕ, ਮੋਕਸ਼ ਰੂਪ ਸਕਿਆ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਹਰ ਘਟ ਥਾਈਆ । ਇਕ ਹੋਰ ਕਰੇ ਬਿਆਨ, ਕਹਾਣੀ ਆਪਣੀ ਰਿਹਾ ਸੁਣਾਈਆ । ਕਿਰਪਾ ਕਰ ਸ੍ਰੀ ਭਗਵਾਨ, ਅਰਜ਼ੋਈ ਇਕੋ ਇਕ ਜਣਾਈਆ । ਮੈਂ ਸੁਣਾ ਸੁਣਾ ਥੱਕਿਆ ਸਭ ਦੇ ਕਾਨ, ਸੁਬਹ ਸ਼ਾਮ ਰਿਹਾ ਕੁਰਲਾਈਆ । ਸੰਤ ਸੁਹੇਲਾ ਸੱਜਣ ਸੱਚਾ ਇਕੋ ਉਠ ਕੇ ਸਭ ਦੇ ਅੰਦਰ ਮਾਰ ਦੇਵੇ ਨਾਮ ਨਿਰਾਲਾ ਬਾਣ, ਬਜਰ ਕਪਾਟੀ ਪਰਦਾ ਦੇਵੇ ਪਾਰ ਕਰਾਈਆ । ਸਭ ਨੂੰ ਸਮਝ ਆ ਜਾਏ ਅਸੀਂ ਇਨਸਾਨਾਂ ਦੇ ਇਨਸਾਨ, ਹੈਵਾਨਾਂ ਵਾਲੀ ਮਤਿ ਨਾ ਕੋਇ ਰਖਾਈਆ । ਜਿਸ ਨੂੰ ਲਭਣ ਜਾਂਦੇ ਜੰਗਲ ਜੂਹ ਉਜਾੜ ਪਹਾੜ

ਉਚੇ ਟਿੱਲੇ ਪਰਬਤ ਬੀਆਬਾਨ, ਸਮੁੰਦ ਸਾਗਰ ਡੂੰਘੀ ਕੰਦਰ ਜੋਗ ਅਭਿਆਸ ਵਿਚ ਧਿਆਨ ਲਗਾਈਆ । ਸੋ ਹਰ ਘਟ ਬੈਠਾ ਸਾਢੇ ਤਿੰਨ ਹੱਥ ਕਾਇਆ ਮੰਦਰ ਮਕਾਨ, ਨਿਜਾਨੰਦ ਪਰਮਾਨੰਦ ਆਤਮ ਪਰਮਾਤਮ ਆਪਣਾ ਰੂਪ ਵਟਾਈਆ । ਮਨ ਵਾਸਨਾ ਦਹਿ ਦਿਸ਼ਾ ਚਾਰ ਕੁੰਟ ਕੋਈ ਨਾ ਦੌੜੇ ਬੰਦਰ, ਇਧਰ ਉਧਰ ਜ਼ੋਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਮੈਕਰਾਫ਼ੂਨ ਕਹੇ ਮੇਰੀ ਇਕ ਹੋਰ ਅਰਜ਼, ਸਭ ਨੂੰ ਦਿਆਂ ਸੁਣਾਈਆ । ਸੰਤ ਸੱਜਣ ਸਾਧ ਸਾਰੇ ਰਹੇ ਵਰਜ, ਮੁਨੀ ਰਿਖੀ ਰਹੇ ਜਣਾਈਆ । ਢੋਲਿਆਂ ਨਾਦਾਂ ਗੀਤਾਂ ਵਾਲੀ ਤਰਜ, ਧੁਨੀਆਂ ਵਿਚ ਜਣਾਈਆ । ਬਿਨਾ ਪੂਰਨ ਪੂਰੇ ਸਤਿਗੁਰ ਅੰਦਰ ਦੀ ਬਦਲ ਦੇਵੇ ਕੋਈ ਨਾ ਮਰਜ਼, ਜੋ ਮਨ ਨੇ ਦਿਤੀ ਲਗਾਈਆ । ਹੁਣ ਵੇਖੋ ਖੇਲ ਇਕ ਹੋਣ ਲੱਗਾ ਅਸਚਰਜ, ਨੌ ਖੰਡ ਪ੍ਰਿਥਮੀ ਸੱਤ ਦੀਪ ਕੂੜੀ ਕਿਰਿਆ ਮਚੀ ਦੁਹਾਈਆ । ਖਰੇ ਝੂਠੇ ਦੀ ਕੋਈ ਨਾ ਕਰੇ ਪਰਖ, ਜਗਤ ਵਿਦਿਆ ਵਿਦਿਆ ਨਾਲ ਹਲਕਾਈਆ । ਆਤਮ ਅੰਤਰ ਬ੍ਰਹਮ ਗਿਆਨ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਨਿਰਾਕਾਰ ਕੋਈ ਨਾ ਕਰੇ ਸਰਚ, ਪਰਦਾ ਸਕੇ ਨਾ ਕੋਇ ਉਠਾਈਆ । ਆ ਗਏ ਸੱਜਣੋ ਤੁਹਾਡਾ ਪਰਵਚਨ ਸੁਣਨ ਤੇ ਹੋਣਾ ਨਹੀਂ ਖਰਚ, ਬਿਨ ਖਰਚੋਂ ਪੱਲੇ ਤੁਹਾਡੇ ਦੇਵਾਂ ਪਾਈਆ । ਜੋਧੇ ਸੂਰਬੀਰ ਮਰਦਾਨੇ ਬਣ ਕੇ ਮਰਦ, ਬਲ ਆਪਣਾ ਲਓ ਵਧਾਈਆ । ਤੁਹਾਡੇ ਜਨਮਾਂ ਕਰਮਾਂ ਦੀ ਪੁੱਠੀ ਸਿੱਧੀ ਹੋ ਜਾਏ ਨਰਦ, ਜੇ ਇਕੋ ਅੰਤਰ ਆਪਣਾ ਧਿਆਨ ਰਖਾਈਆ । ਤੁਹਾਡਾ ਜਨਮ ਕਰਮ ਦਾ ਹੈ ਕੋਈ ਕ਼ਰਜ਼, ਮਕ਼ਰੂਜ਼ ਲੇਖਾ ਦਏ ਮੁਕਾਈਆ । ਅੱਖਰਾਂ ਵਾਲੀ ਰਹੇ ਨਾ ਲਿਖਤ ਪੜ੍ਹਤ, ਨਿਸ਼ਅੱਖਰ ਫ਼ੈਸਲਾ ਹਕ ਸੁਣਾਈਆ । ਓਸੇ ਮੰਜ਼ਲ ਓਸੇ ਘਰ ਓਸੇ ਦਰ ਓਸੇ ਮਕ਼ਾਮ ਉਹ ਮਹਿਬੂਬ ਮੁਹੱਬਤ ਵਾਲਾ ਸਰੂਪ ਵੇਖੋ ਪਰਤ, ਜਿਸ ਨੇ ਪ੍ਰਤੀਨਿਧ ਲੋਕਮਾਤ ਮਾਣਸ ਜਨਮ ਦਿਤਾ ਬਣਾਈਆ । ਜਗਤ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਕਿਉਂ ਗਏ ਅਟਕ, ਸਿੱਧੀ ਸੜਕ ਸੰਤ ਸੱਜਣ ਰਹੇ ਸਮਝਾਈਆ । ਤੁਹਾਡੇ ਨਾਲ ਵਾਅਦਾ ਕਰਾਂ ਖੇਲ ਬਾਕ਼ਾਇਦਾ ਪੂਰੀ ਕਰਾਂ ਸ਼ਰਤ, ਚਾੜ੍ਹ ਦੇਵਾਂ ਫ਼ਰਸ਼ ਤੋਂ ਉਤੇ ਅਰਸ਼, ਮਿਹਰਵਾਨ ਹੋ ਕੇ ਆਪਣੀ ਦਇਆ ਕਮਾਈਆ । ਅੰਮ੍ਰਿਤ ਮੇਘ ਦੇਵਾਂ ਬਰਸ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਬੈਠਾ ਵੇਖ ਵਖਾਈਆ । ਸਾਚੇ ਸੰਤੋ ਮੈਂ ਦੇਵਾਂ ਸਚ ਦੱਸ, ਸਭ ਨੂੰ ਦਿਆਂ ਸਮਝਾਈਆ । ਇਕੋ ਜਾਣੋ ਬ੍ਰਹਮ ਮਤਿ, ਬ੍ਰਹਮ ਵਿਦਿਆ ਦਿਆਂ ਜਣਾਈਆ । ਆਪਣੇ ਅੰਤਰ ਆਪੇ ਵੇਖੋ ਵਸ, ਦੂਜਾ ਸੰਗ ਨਾ ਕੋਇ ਰਲਾਈਆ । ਆਪਣਾ ਤੀਰ ਆਪੇ ਮਾਰੋ ਕਸ, ਅਣਿਆਲਾ ਆਪ ਚਲਾਈਆ । ਆਪਣੇ ਅੰਮ੍ਰਿਤ ਆਪੇ ਪੀਓ ਰਸ, ਨਿਝਰ ਝਿਰਨਾ ਕਵਲ ਨਾਭ ਉਲਟਾਈਆ । ਆਪਣੇ ਮਿਲਣ ਦੀ ਆਪੇ ਖੋਲ੍ਹੋ ਅੱਖ, ਨੇਤਰ ਗਿਆਨ ਇਕ ਸਮਝਾਈਆ । ਮੰਜ਼ਲ ਚੜ੍ਹ ਕੇ ਆਪ ਜਾਣਾ ਵਸ, ਘਰ ਸੁਹੰਜਣੇ ਡੇਰਾ ਲਾਈਆ । ਉਹ ਮਹਿਬੂਬ ਮਹਿਬਾਨ ਬੀਦੋ ਮਿਲ ਜਾਏ ਹਕ, ਪਰਵਰਦਿਗਾਰ ਸਾਂਝਾ ਯਾਰ ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਤੁਹਾਡਾ ਹੋ ਕੇ ਤੁਹਾਡੇ ਅੰਦਰ ਰਿਹਾ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਬੈਠਾ ਅੰਦਰ ਵੜ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਨਿਰਗੁਣ ਦਾਤਾ ਸਰਬ ਬਿਧਾਤਾ ਜੋਤੀ ਨੂਰ ਹਾਜ਼ਰ ਹਜ਼ੂਰ, ਨਾ ਨੇੜੇ ਨਾ ਜਾਣੋਂ ਦੂਰ, ਸਰਬ ਕਲਾ ਆਪੇ ਭਰਪੂਰ, ਆਤਮ ਸੇਜੇ ਸਚ ਸਰੂਰ, ਕੂੜਾ ਨਸ਼ਾ ਸਭ ਦਾ ਦਏ ਮਿਟਾਈਆ । ਸ੍ਰੀ ਭਗਵਾਨ ਕਹੇ ਇਕੋ ਜਿਹੀ ਸਚ ਦਲੀਲ, ਸਭ

ਨੂੰ ਦਿਆਂ ਸਮਝਾਈਆ । ਦੂਜਾ ਸਮਝੇ ਨਾ ਕੋਇ ਵਕੀਲ, ਅਵਰ ਲੋੜ ਰਹੇ ਨਾ ਰਾਈਆ । ਆਪਣੀ ਆਤਮਾ ਆਪੇ ਕਰੇ ਅਪੀਲ, ਆਪੇ ਲੇਖਾ ਦਏ ਸਮਝਾਈਆ । ਉਹ ਦਾਤਾ ਜੋਧਾ ਸੂਰਬੀਰ ਛੈਲ ਛਬੀਲ, ਜੋਬਨ ਰਤਾ ਆਤਮ ਪਰਮਾਤਮ ਰੂਪ ਵਟਾਈਆ । ਜਿਸ ਦੀ ਧਾਰ ਆਦਿ ਜੁਗਾਦਿ ਜੁਗ ਚੌਕੜੀ ਸਾਧਾਂ ਸੰਤਾਂ ਗੁਰ ਅਵਤਾਰਾਂ ਪੀਰ ਪੈਗੰਬਰਾਂ ਸੂਫ਼ੀਆਂ ਦਿਸੇ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੇ ਇਕ ਸੱਜਣ ਤੇ ਸਾਰੇ ਕਰ ਕੇ ਜਾਓ ਯਕੀਨ, ਵੇਦਾਂਤ ਦੀ ਲੈ ਕੇ ਜਾਉ ਤਾਲੀਮ, ਮੰਜ਼ਲ ਸਾਢੇ ਤਿੰਨ ਹੱਥ ਅਜ਼ੀਮ, ਜਿਥੇ ਨਾ ਕੋਈ ਨੁਕਤਾ ਨੂਨ ਨਾ ਕੋਇ ਡੰਡਾ ਮੀਮ, ਤਕਸੀਮ ਦੂਜੀ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਆਤਮ ਸਭ ਦਾ ਖੇਲ ਖਿਲਾਈਆ । ਮਾਇਕਰਾਫ਼ੂਨ ਕਹੇ ਮੈਂ ਦੱਸਾਂ ਹਾਲ, ਸਭ ਦੀ ਕਹਾਣੀ ਦਿਆਂ ਜਣਾਈਆ । ਸਭ ਦਾ ਅੰਦਰ ਬਾਹਰ ਦਾ ਵੇਖਣਾ ਸਵਾਲ, ਪਰਦਾ ਚੁੱਕਕੇ ਖੋਜ ਖੁਜਾਈਆ । ਤ੍ਰੈਗੁਣ ਮਾਇਆ ਪਿਆ ਜਾਲ, ਬੰਧਨ ਸਕੇ ਨਾ ਕੋਇ ਤੁੜਾਈਆ । ਕੂੜੀ ਕਿਰਿਆ ਘਾਲਨ ਰਹੇ ਘਾਲ, ਜੂਠ ਝੂਠ ਰਿਹਾ ਕੁਰਲਾਈਆ । ਦੀਨਾਂ ਮਜ਼੍ਹਬਾਂ ਕੀਤਾ ਬੇਹਾਲ, ਸ਼ਰਅ ਸ਼ਰੀਅਤ ਕਰੇ ਲੜਾਈਆ । ਅੰਤਰ ਆਤਮ ਆਵੇ ਨਾ ਕਿਸੇ ਗਿਆਨ, ਬੋਧ ਅਗਾਧ ਨਾ ਕੋਇ ਸਮਝਾਈਆ । ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਵਿਦਤ ਵੇਖੀ ਸਰਬ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਸਾਰੇ ਦੇਣ ਬਿਆਨ, ਅਹਿਵਾਲੇ ਦੇ ਦੇ ਰਹੇ ਜਣਾਈਆ । ਫੜ ਕੇ ਬਾਹੋਂ ਸੁੱਤਿਆਂ ਦਏ ਨਾ ਕੋਈ ਉਠਾਲ, ਸਚ ਹਲੂਣਾ ਨਾਮ ਨਾ ਕੋਇ ਲਗਾਈਆ । ਅੰਮ੍ਰਿਤ ਦਾ ਆਤਮ ਆਤਮ ਦਾ ਅੰਮ੍ਰਿਤ ਨਿਝਰ ਦਏ ਨਾ ਕੋਈ ਪਿਆਲ, ਬੂੰਦ ਸਵਾਂਤ ਨਾ ਕੋਇ ਟਪਕਾਈਆ । ਸਾਚੀ ਮੰਜ਼ਲ ਸਾਚੇ ਪੌੜੇ ਸਾਚੇ ਗ੍ਰਿਹ ਸਾਚੇ ਦਰ ਕਰੇ ਨਾ ਕੋਇ ਸਵਾਲ, ਸੁਖਆਸਣ ਨਾ ਕੋਇ ਵਖਾਈਆ । ਕਿਰਪਾ ਕਰ ਕੇ ਅੰਦਰ ਵੜ ਕੇ ਨਾਤਾ ਤੋੜ ਨਾ ਸਕੇ ਕੋਈ ਕਾਲ ਮਹਾਕਾਲ, ਅਗਲਾ ਲੇਖ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਦਰ ਦਰ, ਗ੍ਰਿਹ ਗ੍ਰਿਹ ਸੋਭਾ ਪਾਈਆ । ਮਾਇਕਰਾਫ਼ੂਨ ਕਹੇ ਮੈਂ ਜੋੜਾਂ ਹੱਥ, ਸਰਬ ਦਿਆਂ ਸਮਝਾਈਆ । ਆਏ ਸੱਜਣੋ ਆਪਣੀ ਖੋਲ੍ਹ ਕੇ ਜਾਇਓ ਅੱਖ, ਪਰਦਾ ਦੂਈ ਦਵੈਤ ਚੁਕਾਈਆ । ਮਨ ਵਾਸਨਾ ਰਹੇ ਕੋਈ ਨਾ ਨਠ, ਖਿਚੋਤਾਣ ਨਾ ਕੋਇ ਜਣਾਈਆ । ਸਤਿ ਧਰਮ ਦਾ ਕਰ ਕੇ ਜਾਇਓ ਹੱਠ, ਕੂੜੀ ਗੰਢ ਨਾ ਕੋਇ ਬੰਧਾਈਆ । ਤੁਹਾਡੇ ਅੰਦਰ ਨਾਮ ਕੁੰਡ ਅੰਮ੍ਰਿਤ ਰਸ, ਅਤੋਟ ਅਤੁਟ ਨਜ਼ਰੀ ਆਈਆ । ਜਿਸ ਦੀ ਸਿਫ਼ਤ ਕੋਈ ਨਾ ਸਕੇ ਦੱਸ, ਲੱਖ ਕਰੋੜੀ ਮੁੱਲ ਨਾ ਕੋਇ ਚੁਕਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਰਾਓ ਰੰਕ ਜਿਸ ਦੇ ਵਸ, ਸੋ ਸਮਰਥ ਪੁਰਖ ਮਹਿੰਮਾ ਅਕਥ, ਘਟ ਘਟ ਅੰਤਰ ਨਿਰਗੁਣ ਜੋਤ ਪਰਕਾਸ਼, ਅਬਿਨਾਸ਼ ਬੈਠਾ ਸੋਭਾ ਪਾਈਆ । ਉਸ ਦਾ ਇਕੋ ਮੰਤਰ ਸਚ, ਜੋ ਸਭ ਨੂੰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਕਾਇਆ ਘਰ, ਬੰਕ ਦਵਾਰ ਇਕੋ ਇਕ ਸੁਹਾਈਆ । ਮਾਇਕਰਾਫ਼ੂਨ ਕਹੇ ਪੂਰਨ ਸਿੰਘ ਨੂੰ ਮਿਲਿਆ ਵਕਤ ਨਾਲ ਜ਼ੋਰ, ਮੰਗ ਬਾਹਰੋਂ ਕਿਸੇ ਮੰਗਾਈਆ । ਮੈਂ ਕਹਿਣਾ ਮੈਨੂੰ ਇਹੋ ਜਿਹੇ ਦੀ ਲੋੜ, ਜਿਹੜਾ ਸਭ ਦਾ ਧਿਆਨ ਰਖਾਈਆ । ਜੋ ਸਭ ਦੇ ਅੰਦਰ ਵੜਿਆ ਆਪ ਆਪਣਾ ਨਾ ਦਏ ਵਿਛੋੜ, ਵਿਛੜਿਆਂ ਜੋੜ ਜੁੜਾਈਆ । ਜੋ ਬੈਠੇ ਅੰਧਘੋਰ, ਤਿਨ੍ਹਾਂ ਪਰਦਾ ਦਏ ਚੁਕਾਈਆ । ਸੰਤ ਬਣੇ ਨਾ ਕੋਈ ਅੰਦਰ ਦਾ ਚੋਰ, ਬਾਹਰੋਂ ਸ਼ੋਰ ਮਚਾਈਆ । ਗੁੱਡੀ ਚਾੜ੍ਹੇ ਆਪਣੀ ਡੋਰ, ਜਿਸ ਨੂੰ ਪੇਚਾ

ਪਾ ਨਾ ਕੋਇ ਕਟਾਈਆ । ਕੂੜੀ ਕਿਰਿਆ ਦੇਵੇ ਹੋੜ, ਭਾਂਡਾ ਭਰਮ ਭਉ ਭੰਨਾਈਆ । ਲੇਖਾ ਚੁਕੇ ਮੋਰ ਤੋਰ, ਹੰ ਬ੍ਰਹਮ ਇਕ ਸਮਝਾਈਆ । ਨਾਤਾ ਤੁਟੇ ਠਗ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਕਾਇਆ ਬੰਕ ਖੋਜ ਖੁਜਾਈਆ । ਮਾਇਕਰਾਫੂਨ ਕਹੇ ਮੈਂ ਅਰਜ਼ ਕਰਾਂ ਅਗੇ ਸਾਧ ਸੰਤ ਰਿਖੀਆਂ ਮੁਨੀਆਂ, ਜੋਗੀਸ਼ਰਾਂ ਤਪੀਸ਼ਰਾਂ ਦਿਆਂ ਜਣਾਈਆ । ਮੈਂ ਹੁਣ ਤਕ ਕਥਾ ਕਹਾਣੀਆਂ ਬਹੁਤੀਆਂ ਸੁਣੀਆਂ, ਸੁਣ ਸੁਣ ਥਕਾਵਟ ਆਪਣੀ ਰਿਹਾ ਜਣਾਈਆ । ਸਾਰੇ ਜਣੇ ਆਪੋ ਆਪਣੀ ਸਾਚੀ ਦੱਸੋ ਬਨਾਵਟ, ਜੋ ਵਿਛੜਿਆਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੀ ਆਤਮਾ ਸਾਫ਼ ਵੇਖੇ ਕਿ ਵੇਖੇ ਵਿਚ ਮਿਲਾਵਟ, ਸਭ ਦੇ ਪਰਦੇ ਫੋਲ ਫੁਲਾਈਆ ।

### ❊ ੫ ਵਸਾਖ ਸ਼ਹਿਨਸ਼ਾਹੀ ਸੰਮਤ ੧ ਸੰਤ ਹਰਿ ਮਿਲਾਪੀ ਨਾਲ ਬਚਨ ਜੰਮੂ ਸ਼ਹਿਰ ❊

ਨੁਕਤਾ ਕਹੇ ਮੇਰਾ ਦੱਸੋ ਨੁਕਤਾ, ਨੁਕਰ ਕੋਨੇ ਖੋਜ ਖੁਜਾਈਆ । ਜਿਸ ਨੁਕਤੇ ਤੇ ਪੈਂਡਾ ਮੁਕਦਾ, ਮੰਜ਼ਲ ਰਹੇ ਨਾ ਰਾਈਆ । ਜਿਥੇ ਪੈਂਡਾ ਮੁੱਕੇ ਦੁਖ ਸੁਖ ਦਾ, ਭੈ ਭਰਮ ਨਾ ਕੋਇ ਜਣਾਈਆ । ਪਰਦਾ ਰਹੇ ਨਾ ਕੋਈ ਲੁਕ ਦਾ, ਔਝਲ ਰੂਪ ਨਾ ਕੋਇ ਵਖਾਈਆ । ਝਗੜਾ ਦਿਸੇ ਪਿਉ ਪੁਤ ਦਾ, ਸਾਕ ਸੱਜਣ ਸੈਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੁਝਣਹਾਰਾ ਦਰ ਦਰ ਨੁਕਤਾ, ਜਿਸ ਨੂੰ ਲਿਖ ਸਕੇ ਨਾ ਕ਼ਲਮ ਸ਼ਾਹੀਆ । ਨੁਕਤਾ ਕਹੇ ਮੇਰੀ ਉਹ ਦਿਉ ਕਿਤਾਬ, ਸੰਤ ਜਨ ਪਰਦਾ ਇਕ ਉਠਾਈਆ । ਜਿਥੇ ਮੈਂ ਨਹੀਂ ਪਰ ਹੈ ਵੀ ਨਹੀਂ ਆਪ, ਆਪ ਆਪਣੇ ਵਿਚ ਸਮਾਈਆ । ਅਲਿਫ਼ ਯੇ ਦਾ ਲਿਖੇ ਨਹੀਂ ਕੋਇ ਅਲਫ਼ਾਜ਼, ੳ ਅ ਨਾ ਕੋਇ ਸਮਝਾਈਆ । ਅਗੇ ਪਿਛੇ ਨੁਕਤੇ ਵਾਲਾ ਨਹੀਂ ਕੋਈ ਸੁਰਾਖ, ਹੋਲ ਸੋਲ ਨਾ ਕੋਇ ਰੁਸ਼ਨਾਈਆ । ਗ਼ੁੱਸਾ ਗ਼ਮ ਨਾ ਕੋਇ ਗੁਸਤਾਖ, ਚਿੰਤਾ ਚਿਖਾ ਨਾ ਕੋਇ ਜਲਾਈਆ । ਪੁੰਨ ਨਾ ਕੋਈ ਪਾਪ, ਰੋਗ ਨਾ ਕੋਇ ਸੰਤਾਪ, ਦੁਖੜਾ ਦਰਦ ਨਾ ਕੋਇ ਰਖਾਈਆ । ਨਾ ਕੋਈ ਪਤਿਤ ਨਾ ਕੋਈ ਪਾਪ, ਨਾ ਕੋਈ ਝਗੜਾ ਨਾ ਇਤਫ਼ਾਕ, ਨਾ ਕੋਈ ਕਰੇ ਬੇਬਾਕ, ਨਾ ਕੋਈ ਪਤਿਤ ਨਾ ਕੋਈ ਰਸਨਾ ਕਰੇ ਵਾਦ, ਨਾ ਕੋਈ ਤੇਰਾ ਨਾ ਕੋਈ ਮੇਰਾ ਇਕ ਦੂਜੇ ਦੀ ਨਹੀਂ ਕੋਈ ਯਾਦ, ਯਾਦ ਦੀ ਯਾਦ ਇਕੋ ਨਜ਼ਰੀ ਆਈਆ । ਨਾ ਕੋਈ ਉਜੜਿਆ ਤੇ ਨਾ ਕੋਈ ਬਰਬਾਦ, ਨਾ ਕੋਈ ਦੂਰ ਨਾ ਕੋਈ ਸਾਖਿਆਤ, ਨਾ ਕੋਈ ਦੂਈ ਤੇ ਨਾ ਕੋਈ ਸ਼ਰਅ ਨਾ ਸ਼ਰਾਇਤ, ਸ਼ਰੀਅਤ ਅਸਲੀਅਤ ਅਸਲੀਅਤ ਸ਼ਰੀਅਤ ਇਕੋ ਨਜ਼ਰੀ ਆਈਆ । ਨਾ ਕੋਈ ਸ਼ਹਿਨਸ਼ਾਹ ਨਾ ਨਵਾਬ, ਨਾ ਕੋਈ ਸਜਦਾ ਨਾ ਅਦਾਬ ਨਿਮਸਕਾਰ ਨਸਮਤੇ ਨਮੋ ਨਮੋ ਕਹਿ ਨਾ ਮੁਖ ਸੁਣਾਈਆ । ਨਾ ਕੋਈ ਸਤਾਰ ਨਾ ਰਬਾਬ, ਨਾ ਕੋਈ ਵਜਾਵਣਹਾਰ ਅਹਿਬਾਬ, ਰਾਗ ਨਾਦ ਧੁਨ ਕਰੇ ਨਾ ਅਵਰ ਸ਼ਨਵਾਈਆ । ਨੁਕਤਾ ਕਹੇ ਮੇਰਾ ਖੋਲ੍ਹ ਕੇ ਦੱਸੋ ਰਾਜ਼, ਜਿਥੇ ਨਾ ਕੋਈ ਰੋਜ਼ਾ ਨਾ ਨਿਮਾਜ਼, ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਤੀਰਥ ਨਾ ਕੋਈ ਤਾਟ, ਨਾ ਕੋਈ ਤੱਤਾਂ ਵਾਲਾ ਸੰਤ ਤੇ ਨਾ ਕੋਈ ਸਾਧ, ਨਾ ਕੋਈ ਕਿੰਗ ਸਤਾਰ ਹਰਿ ਬਣਾਈਆ । ਨਾ ਕੋਈ ਲਾਗ ਨਾ ਦਵੈਸ਼, ਨਾ ਕੋਈ ਖ਼ਾਹਿਸ਼ ਨਾ ਕੋਈ ਆਸ, ਨਾ ਕੋਈ ਪਵਣ ਨਾ ਕੋਈ ਸਵਾਸ, ਨਾ ਕੋਈ

ਸੂਰਜ ਨਾ ਕੋਈ ਚੰਦ ਨਾ ਕੋਈ ਪ੍ਰਿਥਮੀ ਨਾ ਆਕਾਸ਼, ਜਹਾਂ ਤਹਾਂ ਤੇ ਆਪੇ ਆਪ, ਨਾ ਕੋਈ ਮਾਈ ਨਾ ਬਾਪ, ਜਨਣੀ ਜਨ ਰੂਪ ਨਾ ਕੋਇ ਵਟਾਈਆ । ਨੁਕਤਾ ਕਹੇ ਕਵਣ ਮੇਰਾ ਫੋਲ ਕੇ ਦੱਸੇ ਪਤਰਾ, ਵਰਕਾ ਦਏ ਉਲਟਾਈਆ । ਜਿਥੇ ਕੋਈ ਨਾ ਹੋਵੇ ਖ਼ਤਰਾ, ਗ਼ਮ ਗ਼ੁੱਸਾ ਗ਼ਮਗ਼ੀਨ ਗ਼ਮਖ਼ਾਰ ਨਜ਼ਰ ਕੋਇ ਨਾ ਆਈਆ । ਨਾ ਕੋਈ ਤਨ ਵਜੂਦ ਜੁੱਸਾ, ਜਸਮਾਨੀ ਅਸਮਾਨੀ ਰੁਹਾਨੀ ਅਹਿਸਾਨੀ ਨਿਸ਼ਾਨੀ ਦਏ ਸਮਝਾਈਆ । ਮੇਰਾ ਲੇਖਾ ਕਵਣ ਖੋਲ੍ਹ ਕੇ ਦੱਸੇ ਬੋਲ ਕੇ ਦੱਸੇ ਤੋਲ ਕੇ ਦੱਸੇ ਵਰੋਲ ਕੇ ਦੱਸੇ ਕਿਹੜੀ ਕੁਟੀਆ ਕਵਣ ਟਿਕਾਣੇ ਕਵਣ ਘਰਾਣੇ ਅੰਤਰ ਅੰਤਰ ਰਿਹਾ ਛੁਪਾਈਆ । ਹਰਿ ਮਿਲਾਪੀ, ਨੁਕਤਾ ਕਹੇ, ਮੈਨੂੰ ਇਹੋ ਅੰਦਰੋਂ ਜਾਪੀ, ਮੇਰੇ ਵਸਣ ਦੀ ਖੋਲ੍ਹ ਦਿਉ ਕਾਪੀ, ਫਿਰ ਮੈਂ ਥਾਪੀ ਸਭ ਨੂੰ ਦੇਵਾਂ ਲਾਈਆ । ਨੁਕਤਾ ਕਹੇ ਹਰਿ ਮਿਲਾਪੀ ਜੀ ਸੋਹਣਾ ਹਰਿ ਮਿਲਾਪ, ਮਿਲ ਮਿਲ ਖ਼ੁਸ਼ੀ ਵਖਾਈਆ । ਜਾਂ ਮਿਲਿਆ ਤੇ ਸਮਝਣਾ ਆਪਣਾ ਆਪ, ਵੈਰੀ ਬੇਗਾਨਾ ਰਹਿਣ ਕੋਇ ਨਾ ਪਾਈਆ । ਜਾਂ ਤਕਿਆ ਓਹੋ ਮੰਦਰ ਤੇ ਉਹੋ ਤਾਕ, ਓਹੋ ਬੈਠਾ ਸੋਭਾ ਪਾਈਆ । ਭਾਵੇਂ ਪਰਮੇਸ਼ਵਰ ਕਹੋ ਭਾਵੇਂ ਕਹੋ ਖ਼ੁਦਾ ਪਾਕ, ਭਾਵੇਂ ਅੰਤਰ ਆਤਮ ਆਪਣਾ ਆਪ ਆਪੇ ਲਓ ਜਣਾਈਆ । ਨਾ ਕੋਈ ਸੰਦੇਹ ਨਾ ਕੋਈ ਸੰਤਾਪ, ਨੁਕਤਾ ਕਹੇ ਮੈਂ ਉਹ ਕੁਛ ਰਿਹਾ ਆਖ, ਜਿਸ ਕਾਰਨ ਮੈਨੂੰ ਨੁਕਤਿਆਂ ਉਤੇ ਨੁਕਤਾ ਕਰ ਕੇ ਨੁਕਤਾ ਦਿਤਾ ਟਿਕਾਈਆ । ਵੇਖਿਓ ਮੈਨੂੰ ਕਦੇ ਨਾ ਕਹਿ ਦਿਉ ਨੁਕਤਾ, ਮੁਕੰਮਲ ਤਹੱਮੁਲ ਰਿਹਾ ਜਣਾਈਆ । ਹਰਿ ਮਿਲਾਪੀ ਜੀ ਹੁਣ ਸੁਣੋ ਵਾਕ, ਸੋਹਣਾ ਮਿਲਣ ਦਾ ਹੋਇਆ ਇਤਫ਼ਾਕ, ਇਹ ਕੋਈ ਖੇਲ ਹੀਰ ਰਾਂਝੇ ਵਾਲੀ ਨਹੀਂ ਚਾਕ, ਕ੍ਰਿਸ਼ਨ ਵਾਲੀ ਨਹੀਂ ਰਾਸ, ਜਨ ਭਗਤਾਂ ਦਾ ਮੁਹਤਾਜ, ਮੁਹੱਬਤਾਂ ਦਾ ਮਹਿਬੂਬ, ਵੇਖਣਹਾਰਾ ਮੰਜ਼ਲ ਮਕ਼ਸੂਦ, ਹਾਜ਼ਰ ਹਜ਼ੂਰ ਆਤਮ ਦਾ ਨੂਰ, ਪ੍ਰੇਮ ਦਾ ਭਰਪੂਰ, ਪਿਆਰ ਦਾ ਸਰੂਰ, ਜੋਤ ਦਾ ਨੂਰ, ਸ਼ਬਦ ਦਾ ਤੂਰ, ਤੁਰਤ ਵੇਲਾ ਰਿਹਾ ਸੁਹਾਈਆ । ਹਰਿ ਮਿਲਾਪੀ ਜੀ ਕਿੰਨਾਂ ਵੇਲਾ ਸੋਹਣਾ ਆਇਆ ਚੰਗਾ, ਘੜੀ ਸੁਹੰਜਣੀ ਦਏ ਵਡਿਆਈਆ । ਤੁਹਾਡੇ ਅੰਦਰ ਐਉਂ ਜਾਪਦਾ ਥੋੜਾ ਥੋੜਾ ਵੱਜੇ ਮਰਦੰਗਾ, ਇਸ ਦੀ ਅਗਲੀ ਮੰਜ਼ਲ ਨਾਲ ਆਪੇ ਦਏ ਸਮਝਾਈਆ । ਜਿਸ ਅਨੰਦ ਦੇ ਵਿਚੋਂ ਆਵੇ ਅਨੰਦਾ, ਸਦਾ ਚਿਤ ਅਨੰਦ ਮੇਰੇ ਅਨੰਦ ਵਿਚ ਸਮਾਈਆ । ਕਿਹੜਾ ਢੋਲ ਕਿਹੜਾ ਛੰਦਾ, ਕਿਹੜਾ ਗੀਤ ਕਿਹੜਾ ਗੋਬਿੰਦਾ, ਕਿਹੜਾ ਰਾਮ ਨਾਮ ਰੂਪ ਰਿਹਾ ਸਮਾਈਆ । ਇਹੋ ਸੋਹਣੀ ਸਾਚੀ ਸਤਿ ਸਤਿ ਮੰਗਾ, ਜਿਸ ਦੀ ਕ਼ੀਮਤ ਸਕੇ ਨਾ ਕੋਇ ਚੁਕਾਈਆ । ਹਾਸਾ ਕਹੇ ਮੇਰੇ ਅੰਦਰ ਆਈ ਹਾਸੀ, ਖ਼ੁਸ਼ੀ ਅੰਦਰੇ ਅੰਦਰ ਮੰਡਲਾਈਆ । ਪਵਣ ਕਹੇ ਮੈਂ ਬਾਹਰ ਘੱਲੀ ਨਾਲ ਸਵਾਸੀ, ਸਾਹ ਸਾਹ ਨਾਲ ਚਲਾਈਆ । ਅੰਦਰ ਇਕ ਹੋਰ ਉਪਜੀ ਖ਼ਾਹਿਸ਼ੀ, ਖ਼ਸੂਸੀਅਤ ਰਹੀ ਦ੍ਰਿੜਾਈਆ । ਮਨ ਮਨੂਆ ਫੜ ਕੇ ਕੀਤਾ ਪਾਜੀ, ਸਿਰ ਨਾ ਸਕੇ ਉਠਾਈਆ । ਅੰਤਰ ਅੰਤਰ ਲੇਖਾ ਰਾਜੀ, ਪੜਦਾ ਦਿਤਾ ਚੁਕਾਈਆ । ਕਥਾ ਕਹਾਣੀ ਸਾਚੀ, ਸਮਝ ਸਮਝ ਨਾਲ ਸਮਝਾਈਆ । ਕਾਇਆ ਮਾਟੀ ਕਾਚੀ, ਤੱਤਾਂ ਨਾਲ ਵਡਿਆਈਆ । ਅੰਦਰ ਆਤਮ ਬੈਠਾ ਅਬਿਨਾਸ਼ੀ ਨੂਰ ਜੋਤ ਪਰਕਾਸ਼ੀ, ਸੋਹਣਾ ਰੰਗ ਵਖਾਈਆ । ਹਰਿ ਮਿਲਾਪੀ ਜੀ ਹਰਿ ਦਾ ਹਰਿ ਮੰਦਰ ਅੰਦਰ ਕਿਵੇਂ ਹੋਵੇ ਮਿਲਾਪੀ, ਜਨਮ ਜਨਮ ਦਾ ਉਤਰੇ ਭਾਰ ਪਤਿਤ ਪਾਪੀ, ਪੁਨੀਤ ਰੂਪ ਲਏ ਬਦਲਾਈਆ । ਸੰਤਾਂ ਨਾਲ ਸੰਤਾਂ ਦੀ ਸੋਹਣੀ ਸਾਖੀ, ਇਕ ਦੂਜੇ ਦੇ ਅੰਦਰ ਬਾਹਰ ਲਈਏ ਝਾਕੀ, ਇਕ ਦੂਜੇ ਦਾ ਲਹਿਣਾ ਵੇਖੀਏ ਬਾਕੀ, ਮੰਜ਼ਲ ਵੇਖੀਏ ਕਿੰਨੀ ਰਹਿ ਗਈ ਵਾਟੀ, ਸਾਚੀ ਸੇਜਾ ਵੇਖੀਏ ਖਾਟੀ, ਜਿਥੇ ਇਕੋ ਇਕ ਬੈਠਾ ਨਜ਼ਰੀ ਆਈਆ । ਇਕ ਦਿਨ ਪ੍ਰਭ ਨੂੰ ਮਿਲਣ ਲੱਗਾ ਅੰਦਰ ਹੋ ਕੇ ਅਗੇ, ਆਪਣਾ ਆਪ ਲਿਆ ਰਖਾਈਆ ।

ਓਸ ਨੇ ਕਿਹਾ ਜੇ ਆਕੜ ਕਰਨੀ ਜਾਹ ਮਦੀਨੇ ਮੱਕੇ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦੁਆਰਿਆਂ ਵਿਚ ਸੀਸ ਨਿਵਾਈਆ । ਜੇ ਮਨ ਹੰਕਾਰ ਤੇ ਜਾਹ ਤੀਰਥ ਤੱਟੇ, ਭਜ ਵਾਹੋ ਦਾਹੀਆ । ਜੇ ਮੈਨੂੰ ਮਿਲਣਾ ਨੁਕਤਾ ਕਹੇ ਅੰਦਰੋਂ ਕਰ ਆਪਣੀ ਨਿਰਮਲ ਅੱਖੇ, ਬਾਹਰ ਦੋਵੇਂ ਲੋਚਨ ਇਕੋ ਮੇਰਾ ਰੂਪ ਸਭ ਨੂੰ ਲੈਣ ਤਕਾਈਆ । ਹਿੰਦੂ ਮੁਸਲਮ ਸਿੱਖ ਈਸਾਈ ਸਾਰੇ ਮੇਰੇ ਬੱਚੇ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਮ ਸਿੱਖ ਈਸਾਈ ਬੋਧੀ ਜੈਨੀ ਪਾਰਸੀ ਸਾਰੇ ਇਕੋ ਜਿਹੇ ਰੱਖੇ, ਦੂਜੀ ਵੰਡ ਨਾ ਕੋਇ ਵੰਡਾਈਆ । ਹਰਿ ਮਿਲਾਪੀ ਜੀ ਥੋੜ੍ਹੀ ਜਿਹੀ ਅੰਦਰ ਗੁੰਝਲ ਪੈਂਦੀ ਉਹ ਕਿਹੜੀ ਕੁੰਦਰ ਵਸੇ, ਉਹ ਵੀ ਘੁੰਡੀ ਤੁਸਾਂ ਦੇਣੀ ਖੁਲ੍ਹਾਈਆ । ਸਭ ਨੇ ਮੰਨਿਆ ਰਹਿੰਦਾ ਕਾਇਆ ਸਾਢੇ ਤਿੰਨ ਹੱਥੇ, ਡੇਰਾ ਅੰਦਰ ਲਾਈਆ । ਜੇ ਕੋਈ ਬੁੱਝ ਲਏ ਮੂਰਖ ਮੁਗਧ ਕੋਝਾ ਕਮਲਾ ਲੱਭੇ, ਸੰਤਾਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ ।

## ❊ ੫ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਜੈਨ ਭਵਨ ਬਿਮਲ ਮੁੰਨੀ ਦੇ ਨਾਲ ਬਚਨ ਜੰਮੂ ❊

ਸਾਚਾ ਸੰਤ ਅੰਦਰੋਂ ਫੜੇ ਵਾਗ, ਬਿਨ ਹੱਥਾਂ ਹੱਥ ਉਠਾਈਆ । ਮਨ ਵਾਸਨਾ ਕੂੜੀ ਕਿਰਿਆ ਦੁਰਮਤ ਮੈਲ ਧੋਵੇ ਦਾਗ਼, ਅੰਮ੍ਰਿਤ ਮੇਘ ਇਕ ਬਰਸਾਈਆ । ਦੀਪਕ ਜੋਤ ਜਗਾ ਕੇ ਚਿਰਾਗ਼, ਅੰਧ ਅੰਧੇਰਾ ਦਏ ਗਵਾਈਆ । ਜਗਤ ਤ੍ਰਿਸ਼ਨਾ ਤ੍ਰਿਖਾ ਬੁਝਾ ਕੇ ਆਗ, ਮਾਇਆ ਮਮਤਾ ਮੋਹ ਮਿਟਾਈਆ । ਫੜ ਕੇ ਹੰਸ ਬਣਾਏ ਕਾਗ, ਮਾਣਕ ਮੋਤੀ ਹਰਿ ਕਾ ਨਾਮ ਚੋਗ ਚੁਗਾਈਆ । ਪ੍ਰੇਮ ਪਿਆਰ ਦਾ ਉਪਜਾਵੇ ਇਕ ਵੈਰਾਗ, ਕੂੜੀ ਕਿਰਿਆ ਤਿਆਗ ਦੇਵੇ ਕਰਾਈਆ । ਮੇਲ ਕਰਾਵੇ ਸਚ ਸਵਾਮੀ ਕੰਤ ਸੁਹਾਗ, ਪਤਿਪਰਮੇਸ਼ਵਰ ਬੇਪਰਵਾਹੀਆ । ਜਗਤ ਨਾਤਾ ਤੋੜ ਸਮਾਜ, ਗ੍ਰਿਹਿ ਸਾਚੇ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਲੋਕਮਾਤ ਸਾਚੇ ਸੰਤਾਂ ਸੇਵਾ ਸਚ ਲਗਾਈਆ । ਸਾਚਾ ਸੰਤ ਵਾਗ ਪਕੜੇ ਡੋਰ, ਤੰਦੀ ਆਪਣੇ ਹੱਥ ਰਖਾਈਆ । ਮਨ ਵਾਸਨਾ ਮੇਟੇ ਕਾਮ ਕਰੋਧ ਲੋਭ ਮੋਹ ਹੰਕਾਰ ਝੂਠੇ ਚੋਰ, ਚੁਗਲੀ ਨਿੰਦਿਆਂ ਰਹਿਣ ਕੋਇ ਨਾ ਪਾਈਆ । ਅੰਦਰ ਬਾਹਰ ਗੁਪਤ ਜ਼ਾਹਰ ਵੇਖੇ ਕਰ ਕੇ ਗ਼ੌਰ, ਬੇਨਜ਼ੀਰ ਆਪਣੀ ਨਜ਼ਰ ਉਠਾਈਆ । ਕਰੇ ਪਰਕਾਸ਼ ਅੰਧੇਰੇ ਘੋਰ, ਨੂਰ ਨੁਰਾਨਾ ਚੰਦ ਚਮਕਾਈਆ । ਆਸਾ ਤ੍ਰਿਸ਼ਨਾ ਮਾਇਆ ਮਮਤਾ ਕੋਈ ਨਾ ਪਾਵੇ ਸ਼ੋਰ, ਮਨ ਕਾ ਮਣਕਾ ਦਏ ਭਵਾਈਆ । ਦੂਰ ਦੁਰਾਡਾ ਕਾਇਆ ਮੰਦਰ ਅੰਦਰ ਵਖਾਏ ਵਸਦਾ ਕੋਲ, ਪਰਦਾ ਓਹਲਾ ਦਏ ਚੁਕਾਈਆ । ਆਤਮ ਪਰਮਾਤਮ ਰੂਪ ਹੋ ਕੇ ਜਾਏ ਮੌਲ, ਜੋਤ ਜੋਤ ਵਿਚ ਸਮਾਈਆ । ਉਲਟਾ ਕਰ ਕੇ ਨਾਭ ਕੌਲ, ਨਿਝਰ ਝਿਰਨਾ ਦਏ ਝਿਰਾਈਆ । ਦਏ ਵਡਿਆਈ ਉਪਰ ਧੌਲ, ਧਰਨੀ ਧਰਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸੰਤ ਸੁਹੇਲੇ ਲੋਕਮਾਤ ਪਰਗਟਾਈਆ । ਸੰਤ ਸੁਹੇਲਾ ਡੋਰੀ ਪਕੜੇ ਆਪਣੇ ਹੱਥ, ਵਾਗ ਅੰਦਰੋਂ ਦਏ ਭਵਾਈਆ । ਹਰਿਜਨ ਖੋਲ੍ਹ ਦੇਵੇ ਅੱਖ, ਪਰਦਾ ਦੂਈ ਦਵੈਤ ਚੁਕਾਈਆ । ਸਾਚਾ ਮਾਰਗ ਦੇਵੇ ਦੱਸ, ਰਹਿਬਰ ਹੋ ਕੇ ਰਸਤੇ ਪਾਈਆ । ਅੰਮ੍ਰਿਤ ਮੇਘ ਹੋ ਕੇ ਜਾਏ ਵਸ, ਬੂੰਦ ਸਵਾਂਤੀ ਛਹਿਬਰ ਲਾਈਆ । ਸਚ ਵਸਤ ਨਾਮ ਭੰਡਾਰਾ ਖੋਲ੍ਹ ਕੇ ਹੱਟ ਕਾਇਆ ਮੰਦਰ ਅੰਦਰ

ਦਏ ਵਖਾਈਆ । ਧੁਰ ਦਾ ਕਾਅਬਾ ਦੇਵੇ ਦੱਸ, ਹੁਜਰਾ ਹਕ ਬੇਪਰਵਾਹੀਆ । ਨਾਅਰਾ ਬੋਲ ਕੇ ਇਕ ਅਲਖ, ਅਲਖ ਅਗੋਚਰ ਅਗੰਮ ਅਥਾਹ ਦਏ ਸਮਝਾਈਆ । ਜਿਸ ਨਾਲੋਂ ਸਮਝ ਕੇ ਬੈਠਾ ਵਖ, ਓਸੇ ਨਾਲ ਮੇਲਾ ਦਏ ਮਿਲਾਈਆ । ਘਰ ਵੇਖ ਕੇ ਪੁਰਖ ਸਮਰਥ, ਮਹਿੰਮਾ ਅਕਥ ਇਕ ਸੁਣਾਈਆ । ਇਕੋ ਮੰਦਰ ਇਕੋ ਗ੍ਰਿਹ ਇਕੋ ਸਵਾਮੀ ਇਕੋ ਅੰਤਰਜਾਮੀ ਆਤਮ ਮਿਲ ਕੇ ਜਾਏ ਵਸ, ਹਸ ਹਸ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਸੰਤ ਸੁਹੇਲੇ ਧੁਰ ਦੇ ਸੱਜਣ ਲੋਕਮਾਤ ਲਏ ਪਰਗਟਾਈਆ । ਸਾਚਾ ਸੰਤ ਡੋਰੀ ਅੰਦਰੋਂ ਲਏ ਪਕੜ, ਦੂਸਰ ਸਕੇ ਨਾ ਕੋਇ ਛੁਡਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਮਕਰ, ਜੂਠ ਝੂਠ ਬਾਹਰ ਕਢਾਈਆ । ਅੰਤਰ ਅੰਤਰ ਸੁਣਾਵੇ ਇਕੋ ਮੰਤਰ, ਧੁਰਦਾ ਢੋਲਾ ਰਾਗ ਸੁਣਾਈਆ । ਮਨ ਮਤਿ ਚਲੇ ਨਾ ਕੋਈ ਜੰਤਰ, ਜੀਵਣ ਜੁਗਤੀ ਦਏ ਬਦਲਾਈਆ । ਪਰਦਾ ਲਾਹ ਕੇ ਗਗਨ ਗਗਨੰਤਰ, ਗ੍ਰਿਹ ਮੰਡਲ ਮੰਡਪ ਦਏ ਵਖਾਈਆ । ਭੇਵ ਖੁਲ੍ਹਾ ਕੇ ਬ੍ਰਹਮ ਨਿਰੰਤਰ, ਪੜਦਾ ਓਹਲਾ ਦਏ ਚੁਕਾਈਆ । ਨਾਤਾ ਜੋੜ ਕੇ ਨਰ ਹਰਿ ਕੰਤਨ, ਦੁਹਾਗਣ ਸੁਹਾਗਣ ਰੂਪ ਦਏ ਬਣਾਈਆ । ਆਤਮ ਪਰਮਾਤਮ ਕਰਾ ਕੇ ਮਿਲਣ ਵਰਤਣ, ਕੂੜੀ ਕਿਰਿਆ ਨਾਲੋਂ ਕਰੇ ਜੁਦਾਈਆ । ਜਨਮ ਕਰਮ ਦਾ ਮੇਟ ਕੇ ਹਰਸਣ, ਹਵਸ ਦੇਵੇ ਬੁਝਾਈਆ । ਜਿਸ ਸਾਹਿਬ ਨੂੰ ਮਨ ਵਾਸਨਾ ਸਾਰੇ ਤੜਫਣ, ਸੰਤ ਸੁਹੇਲਾ ਬਣ ਵਿਚੋਲਾ ਸਹਿਜ ਸੁਭਾਓ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਹਰਿ, ਸੰਤ ਸੁਹੇਲੇ ਖੋਜ ਖੁਜਾਈਆ । ਵਾਗ ਕਹੇ ਜਿਹੜਾ ਸੰਤ ਮੈਨੂੰ ਲਏ ਪਕੜ, ਆਪਣਾ ਬਲ ਧਰਾਈਆ । ਭੈ ਚੁਕਾ ਦਏ ਡਰ, ਭਿਆਨਕ ਨਾ ਕੋਇ ਵਖਾਈਆ ।
੬੯੯ ਮੈਂ ਉਹਦਾ ਧੰਨਵਾਦ ਲਵਾਂ ਕਰ, ਸ਼ੁਕਰ ਗੁਜ਼ਾਰ ਇਕ ਅਖਵਾਈਆ । ਚਲੇ ਚਤੁਰਾਈ ਨਾ ਓਥੇ ਮਨ, ਮਨਸਾ ਮਨ ਹੀ ਮਾਹੇ ਟਿਕਾਈਆ । ਲੋੜ ੬੯੯
ਰਹੇ ਨਾ ਕੂੜੇ ਧਨ, ਜਗਤ ਵਿਦਿਆ ਨਾ ਕੋਇ ਵਡਿਆਈਆ । ਇਕੋ ਬਚਨ ਲਏ ਮੰਨ, ਧੁਰ ਸੰਦੇਸ਼ਾ ਸ਼ਹਿਨਸ਼ਾਹੀਆ । ਬਿਨਾ ਚੰਦ ਦੇ ਚਾੜ੍ਹਾਂ ਚੰਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਡੁੱਬਦਾ ਬੇੜਾ ਬਿਨ ਵੰਞ ਮੁਹਾਣੇ ਬੰਨ੍ਹ, ਪਾਰ ਕਿਨਾਰਾ ਇਕ ਵਖਾਈਆ । ਨੇਤਰ ਹੁੰਦਿਆਂ ਜੋ ਹੋਇਆ ਅੰਨ੍ਹ, ਨਿਜ ਨੇਤਰ ਦਿਆਂ ਖੁਲ੍ਹਾਈਆ । ਜਿਸ ਨੂੰ ਕੰਨਾਂ ਨਾਲ ਸੁਣਦੇ ਰਸਨਾ ਨਾਲ ਗਾਂਦੇ ਸ੍ਰੀ ਭਗਵਨ, ਸੋ ਭਗਵਾਨ ਬਿਨਾ ਰੂਪ ਰੰਗ ਨਿਸ਼ਾਨ, ਆਤਮ ਪਰਮਾਤਮ ਖੇਲ ਮਹਾਨ, ਸੰਤ ਸੱਜਣ ਦੇਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲਾ ਇਕ ਅਖਵਾਈਆ । ਸੰਤ ਸੁਹੇਲਾ ਜੋ ਡੋਰੀ ਨੂੰ ਪਕੜੇ ਕਸ, ਜ਼ੋਰ ਬਲ ਆਪਣਾ ਨਾਲ ਵਧਾਈਆ । ਓਥੇ ਮਨ ਬੁਧੀ ਦਾ ਨਾ ਰਹੇ ਕੋਈ ਵਸ, ਵਾਸਤਾ ਆਤਮਾ ਨਾਲ ਜੁੜਾਈਆ । ਇਹੋ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅਜੀਲ ਕੁਰਾਨ ਖਾਣੀ ਬਾਣੀ ਰਿਖਵ ਦੇਵ ਵਰਗੇ ਰਿਸ਼ੀ ਗਏ ਦੱਸ, ਮਹਾਨਤਾ ਇਕੋ ਇਕ ਸਮਝਾਈਆ । ਸੰਤ ਸੱਜਣ ਸਚ ਮਿਲਾਵਾ ਕਰਨ ਹਸ ਹਸ, ਹਸਤੀ ਨਾਲ ਹਸਤੀ ਫ਼ਰਸ਼ੀ ਨਾਲ ਅਰਸ਼ੀ ਦੇਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਲੋਕਮਾਤ ਸੇਵਾ ਇਕ ਸਮਝਾਈਆ । ਸਾਚਾ ਸੰਤ ਜੋ ਡੋਰੀ ਫੜਨ ਲਈ ਅੰਦਰ ਜਾਵੇ ਵੜ, ਨੌਂ ਦਵਾਰੇ ਪੰਧ ਮੁਕਾਈਆ । ਸੁਖਮਨ ਟੇਢੀ ਬੰਕ ਪਾਰ ਕਰ, ਈੜਾ ਪਿੰਗਲ ਲੇਖ ਚੁਕਾਈਆ । ਡੂੰਘੀ ਕੰਦਰ ਪਰਕਾਸ਼ ਕਰ, ਨੂਰੀ ਜੋਤ ਕਰੇ ਰੁਸ਼ਨਾਈਆ । ਪੰਚ ਵਿਕਾਰਾ ਡਿਗੇ ਦੜ, ਸਿਰ ਸਕੇ ਨਾ ਕੋਇ ਉਠਾਈਆ । ਅੰਮ੍ਰਿਤ ਆਤਮ ਦੇ ਕੇ ਜਲ, ਜਗਤ ਤ੍ਰਿਸ਼ਨਾ ਦਏ

ਬੁਝਾਈਆ । ਭਾਗ ਲਗਾ ਕੇ ਕਾਇਆ ਮਾਟੀ ਖੱਲ, ਮਨ ਮਮਤਾ ਦਏ ਚੁਕਾਈਆ । ਧਾਮ ਵਖਾ ਕੇ ਨਿਹਚਲ ਇਕ ਅਟਲ, ਮਾਰਗ ਸਚ ਸਮਝਾਈਆ । ਜਿਥੇ ਸਚ ਪਰਕਾਸ਼ ਦੀਪਕ ਜੋਤ ਰਿਹਾ ਬਲ, ਨੂਰੋ ਨੂਰ ਨੂਰ ਰੁਸ਼ਨਾਈਆ । ਓਥੇ ਦੂਈ ਦਵੈਤੀ ਹਰਖ ਸੋਗ ਨਾ ਕੋਈ ਸਲ, ਚਿੰਤਾ ਗ਼ਮ ਨਾ ਕੋਇ ਜਣਾਈਆ । ਸੱਜਣ ਸੁਹੇਲੇ ਸੱਚੀ ਵਾਗ ਫੜ ਕੇ ਗੁਰਸਿਖ ਨੂੰ ਕਹਿਣ ਓਥੇ ਚਲ, ਜਿਥੋਂ ਵਤ ਫੇਰ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਨ੍ਹਾਂ ਸੰਤ ਸਤਿਗੁਰ ਦਾ ਦਵਾਰਾ ਲਿਆ ਮਲ, ਮਾਲਕ ਨਾਲ ਮਾਲਕ ਹੋ ਕੇ ਮਾਲਕ ਵਿਚ ਸਮਾਈਆ । ਸਾਚਾ ਸੰਤ ਕਹੇ ਜਿਸ ਵੇਲੇ ਮੈਂ ਡੋਰੀ ਫੜ ਕੇ ਘੁਟਦਾ, ਵਾਗ ਆਪਣੇ ਹੱਥ ਰਖਾਈਆ । ਓਸ ਵੇਲੇ ਮਨ ਆਪਣੀ ਅੰਗੜਾਈ ਲੈ ਕਦੀ ਨਹੀਂ ਉਠਦਾ, ਅਧੀਨ ਹੋ ਕੇ ਸੇਵ ਕਮਾਈਆ । ਮੇਰੇ ਹੁਕਮ ਅੰਦਰ ਕੂੜੀ ਕਿਰਿਆ ਦੀ ਜੜ੍ਹ ਪੁਟਦਾ, ਜੂਠ ਝੂਠ ਬਾਹਰ ਕਢਾਈਆ । ਵੇਲਾ ਵਕਤ ਸੁਹੰਜਣਾ ਆਵੇ ਘਰ ਸੁਖ ਦਾ, ਦੁਖ ਦਰਦ ਰਹੇ ਨਾ ਰਾਈਆ । ਧੰਨ ਭਾਗ ਜਿਨ੍ਹਾਂ ਨੂੰ ਚੁਰਾਸੀ ਵਿਚੋਂ ਜਾਮਾ ਮਿਲਿਆ ਮਾਣਸ ਮਨੁਖ ਦਾ, ਤੱਤਾਂ ਵਾਲਾ ਸਰੀਰ ਹੰਢਾਈਆ । ਸੰਤ ਸਾਜਨ ਉਹਨਾਂ ਨੂੰ ਮਾਰਗ ਦੇਣ ਸਚ ਸੁੱਚ ਦਾ, ਸੂਝ ਬੂਝ ਆਪਣੀ ਆਪ ਸਮਝਾਈਆ । ਸਚ ਪੁਛੋ ਉਹਨਾਂ ਦਾ ਪੈਂਡਾ ਮੁਕਦਾ, ਜਿਨ੍ਹਾਂ ਦੀ ਵਾਗ ਫੜ ਕੇ ਕਾਇਆ ਮੰਦਰ ਅੰਦਰ ਚੋਟੀ ਚੜ੍ਹ ਕੇ ਸਚ ਦਵਾਰੇ ਖੜ ਕੇ ਘਰ ਸਾਚੇ ਦਏ ਬਹਾਈਆ । ਮੁਨੀ ਜੀ ਕਿਆ ਬਹੁਤ ਖ਼ੂਬ, ਅੰਤਰ ਆਤਮ ਖ਼ੁਸ਼ੀ ਮਨਾਈਆ । ਆਤਮਾ ਕਹੇ ਕਾਇਆ ਸਚ ਅਰੂਜ, ਅਰਸ਼ ਫ਼ਰਸ਼ ਨਾਲੋਂ ਚੰਗਾ ਸੋਭਾ ਪਾਈਆ । ਜਿਸ ਦੇ ਅੰਦਰ ਵਸਿਆ ਮਹਿਬੂਬ, ਮੁਹੱਬਤ ਵਿਚ ਮਹਿਵਖ਼ਾਨਾ ਦਿਤਾ ਖੁਲ੍ਹਾਈਆ । ਮੰਜ਼ਲ ਚਾੜ੍ਹ ਕੇ ਸਚ ਮਕਸੂਦ, ਮੁਕਾਮੇ ਹਕ ਦਿਤਾ ਉਪਜਾਈਆ । ਬੇਸ਼ਕ ਬਾਹਰੋਂ ਤੱਤਾਂ ਵਾਲਾ ਵਜੂਦ, ਅੰਦਰ ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੰਗ ਵਖਾਈਆ । ਇਸ ਦਾ ਸਾਹਿਬ ਸਤਿਗੁਰ ਕੋਲ ਸਚ ਸਬੂਤ, ਬਾਕੀ ਸਮਝ ਕਿਸੇ ਨਾ ਆਈਆ । ਸਚ ਜ਼ਰੂਰਤ ਸਚ ਆਪ, ਸਚ ਸਾਚਾ ਸਚ ਸਚ ਬਣਾਈਆ । ਸਾਚੇ ਸਚ ਦੀ ਆਪ ਕਰੇ ਮਹੂਰਤ, ਸਾਹਿਬਜ਼ਾਦਾ ਬੇਪਰਵਾਹੀਆ । ਜਿਸ ਸਚ ਦੀ ਕਿਸੇ ਨਾ ਲੱਭੀ ਅਜੇ ਤਕ ਸੂਰਤ, ਸਚ ਸੋਹਲੇ ਸਾਰੇ ਗਏ ਗਾਈਆ । ਸਚ ਨੂਰ ਨੁਰਾਨਾ ਆਸਾ ਮਨਸਾ ਪੂਰਤ, ਆਦਿ ਜੁਗਾਦਿ ਜੁਗ ਚੌਕੜੀ ਸਚ ਨਾਤਾ ਰਿਹਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਿਨ ਸਚ ਸਾਚਾ ਸੰਤ ਸਚ ਭਗਵੰਤ ਸਚ ਕੰਤ ਨਜ਼ਰ ਕੋਇ ਨਾ ਆਈਆ ।

### ✻ ੫ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਆਰ ਐਲ ਸ਼ਰਮਾ ਦੇ ਘਰ ਬੈਰਨ ਦੇ ਨਾਲ ਬਚਨ ਜੰਮੂ ✻

ਜਰਮਨੀ ਹੋਈ ਵੰਡ, ਹਿੱਸੇ ਦੋ ਨਜ਼ਰੀ ਆਈਆ । ਅਧ ਵਿਚਕਾਰ ਕੀਤਾ ਖੰਡ ਖੰਡ, ਮੇਲਾ ਸਚ ਨਾ ਕੋਇ ਮਿਲਾਈਆ । ਮਨ ਹੰਕਾਰ ਦਰਮਿਆਨੀ ਕੰਧ, ਕੂੜੀ ਜਗਤ ਬਣਾਈਆ । ਨੌ ਸਾਲ ਤਕ ਪਵੇ ਠੰਡ, ਸਾਂਤਕ ਸਤਿ ਸਤਿ ਰੂਪ ਸਮਾਈਆ । ਹੌਲੀ ਹੌਲੀ ਖੁਲ੍ਹਦੀ ਜਾਏ ਗੰਢ, ਲੇਖਾ ਮੁੱਕੇ ਕੂੜ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਹਿਜੇ ਸਹਿਜੇ ਅੰਤਮ ਅੰਤਮ ਇਕ ਵਖਾਈਆ । ਨੌ ਸਾਲ ਦਿਸਣ ਬਾਕੀ, ਅਗਲਾ ਪੰਧ ਜਣਾਈਆ । ਫੇਰ ਪ੍ਰੇਮ ਪਿਆਲਾ ਪੀਣਾ ਬਣ ਕੇ ਸਾਕੀ, ਦੋਹਾਂ ਧਿਰਾਂ ਵੱਜੇ ਵਧਾਈਆ ।



੭੦੦

੭੦੧

ਰਸ਼ੀਆ ਬਣ ਜਾਏ ਅੰਦਰੋਂ ਸਾਥੀ, ਬਾਹਰੋਂ ਹੋਏ ਜੁਦਾਈਆ । ਅਮਰੀਕਾ ਮੰਨ ਜਾਏ ਅੰਦਰੋਂ ਆਖੀ, ਆਪਣਾ ਆਪ ਬਦਲਾਈਆ । ਪਿਛਲਾ ਲੇਖਾ ਪਿਛੇ ਅਗਲਾ ਅਗੇ ਰਹੇ ਬਾਕੀ, ਬੰਦਾ ਖ਼ਾਕੀ ਵਿਚ ਕਰੇ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਮਿਹਰ ਨਜ਼ਰ ਨਾਲ ਮਿਲਾਈਆ । ਸਤਿਗੁਰ ਕਿਰਪਾ ਛੇਤੀ ਜਾਏ ਤਕਲੀਫ਼, ਦੁਖ ਸੁਖ ਰੋਗ ਰਹਿਣ ਕੋਈ ਨਾ ਪਾਈਆ । ਜਿਸ ਦੀ ਸੁਣਦੇ ਰਹੇ ਤਾਰੀਫ਼, ਪਰਵਰਦਿਗਾਰ ਬੇਪਰਵਾਹੀਆ । ਜੋ ਪ੍ਰੇਮ ਪਿਆਰ ਅੰਦਰ ਦੇਵੇ ਇਕ ਹਦੀਸ, ਹੁਕਮ ਹਕ ਸੁਣਾਈਆ । ਇਕੋ ਅੱਖਰ ਮੰਨਣ ਨਸੀਅਤ, ਦੂਈ ਦਵੈਤ ਚੁਕਾਈਆ । ਫਿਰ ਅੰਦਰ ਬਾਹਰ ਸਾਫ਼ ਹੋ ਜਾਏ ਤਬੀਅਤ, ਚਿੰਤਾ ਗ਼ਮ ਰਹਿਣ ਕੋਇ ਨਾ ਪਾਈਆ । ਅਸਲ ਵਿਚੋਂ ਅਸਲ ਮਿਲੇ ਅਸਲੀਅਤ, ਸਤਿ ਸਚ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਖ ਦਰਦ ਦੇਵੇ ਹਰ ਜਗਤ ਤਕਲੀਫ਼, ਬਰਸ ਮਹੀਨੇ ਨਹੀਂ ਦਿਨਾਂ ਵਿਚ ਪਾਰ ਕਰਾਈਆ । ਭਾਰਤਵਾਸੀ ਕਾਹਦਾ ਫ਼ਿਕਰ, ਫ਼ਿਕਰ ਦੇ ਫ਼ਿਕਰੇ ਵਿਚ ਸਰਬ ਲੋਕਾਈਆ । ਚੀਨ ਪਾਕਿਸਤਾਨ ਦਾ ਕਾਹਦਾ ਜ਼ਿਕਰ, ਅੰਦਰੋਂ ਸਾਫ਼ ਰੂਪ ਨਾ ਕੋਇ ਜਣਾਈਆ । ਥੋੜ੍ਹੇ ਸਮੇਂ ਅੰਦਰ ਸਤਿ ਸਚ ਆਏ ਨਿਤਰ, ਝੂਠ ਮੁਲੰਮਾ ਰਹਿਣ ਕੋਇ ਨਾ ਪਾਈਆ । ਕੂੜੇ ਸਾਥੀ ਇਕ ਦੂਜੇ ਨੂੰ ਵੇਖਣ ਬਿਟਰ ਬਿਟਰ, ਨਾਤਾ ਤੋੜ ਨਾ ਕੋਇ ਨਿਭਾਈਆ । ਭਾਰਤ ਨਿਵਾਸੀ ਸਭ ਦਾ ਬਣਨਾ ਮਿਤਰ, ਮੀਤ ਮੁਰਾਰਾ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਭਾਰਤ ਘਰ, ਸਾਚੇ ਖੰਡ ਦੇਵਣਹਾਰ ਵਡਿਆਈਆ । ਤਕਲੀਫ਼ ਮਿਟੌਣ ਦਾ ਜੇ ਛੇਤੀ ਚਾਅ, ਸਤਿ ਸਚ ਸਚ ਦਿਆਂ ਦ੍ਰਿੜਾਈਆ । ਇਕੋ ਮੰਨ ਸਚ ਰਜ਼ਾ, ਹੁਕਮ ਹਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਲੈਣਾ ਗਾ, ਅੰਤਰ ਆਤਮ ਵੱਜੇ ਨਾਮ ਵਧਾਈਆ । ਨਾਤਾ ਜੁੜੇ ਬੇਪਰਵਾਹ, ਬੇਪਰਵਾਹੀ ਵਿਚ ਰਖਾਈਆ । ਬਿਨਾ ਦਵਾ ਦਾਰੂ ਤੋਂ ਹੋਵੇ ਸ਼ਫ਼ਾ, ਮਰੀਜ਼ ਮਰਜ਼ ਦੇਵੇ ਗਵਾਈਆ । ਜੋ ਕੋਈ ਤਬੀਬ ਬਿਨਾ ਪੁਛਿਆਂ ਦੱਸਿਆਂ ਘਰ ਜਾਵੇ ਆ, ਉਸ ਦਾ ਨੁਸਖਾ ਲਓ ਅਜ਼ਮਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਲੈਣਾ ਖਾ, ਹਿਰਦੇ ਅੰਦਰ ਧਿਆਨ ਲਗਾਈਆ । ਰੋਗਾਂ ਦਾ ਰੋਗ ਸੋਗਾਂ ਦਾ ਸੋਗ ਸਹਿਜ ਸੁਭਾ ਦੇਵੇ ਗਵਾ, ਕ਼ੀਮਤ ਟਕਿਆਂ ਪੈਸਿਆਂ ਵਾਲੀ ਨਾ ਕੋਇ ਰਖਾਈਆ । ਜਿਸ ਉਤੇ ਕਿਰਪਾ ਹੋ ਜਾਏ ਉਹਨੂੰ ਪਏ ਨਾ ਫੇਰ ਇਹ ਵਬਾ, ਜਿਸ ਨਾਲ ਖ਼ੂਨ ਚਲੇ ਵਾਹੋ ਦਾਹੀਆ । ਹੁਣ ਅਗੇ ਬਹੁਤੀ ਭੁਗਤਣੀ ਨਹੀਂ ਪੈਂਦੀ ਸਜ਼ਾ, ਦੁਖ ਸੁਖ ਵਿਚ ਬਦਲਾਈਆ । ਅੰਦਰੋਂ ਬਦਲ ਦੇਵੇ ਆਬੋ ਹਵਾ, ਪਵਣ ਪਵਣ ਸਵਾਸਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਬੀਮਾਰੀ ਕੂੜੀ ਬਾਹਰ ਕਢਾਈਆ । ਸਭ ਤੋਂ ਵੱਡੀ ਮਾਨਵ ਸੇਵਾ ਜਾਇਦਾਦ, ਜਗਤ ਜਹਾਨ ਨਜ਼ਰੀ ਆਈਆ । ਜਿਸ ਨੂੰ ਜ਼ਬਤ ਕਰਨ ਵਾਸਤੇ ਕੋਈ ਕਾਨੂੰਨ ਕਾਇਦਾ ਨਹੀਂ ਆਇਦ, ਖੁਰਦ ਬੁਰਦ ਨਾ ਕੋਇ ਕਰਾਈਆ । ਜਿਸ ਵਿਚ ਨੁਕਸਾਨ ਨਹੀਂ ਹੋਵੇ ਬਹੁਤਾ ਫ਼ਾਇਦ, ਫ਼ੈਸਲਾ ਜਰਮਨ ਦਾ ਹੱਕ ਵਖਾਈਆ । ਪ੍ਰੇਮ ਨਾਲੋਂ ਹੋਰ ਕਿਹੜੀ ਚੰਗੀ ਕਫ਼ਾਇਤ, ਰਵਾਇਤ ਨਜ਼ਰ ਕੋਇ ਨਾ ਆਈਆ । ਹੰਕਾਰੀਆਂ ਨੂੰ ਕਰਨੀ ਹਦਾਇਤ, ਦੁਖੀਆਂ ਦੀ ਕਰਨੀ ਹਮਾਇਤ, ਸ਼ਰੀਆਂ ਨੂੰ ਦੱਸਣੀ ਸ਼ਰਾਇਤ, ਦੀਨਾਂ ਮਜ਼੍ਹਬਾਂ ਜੋੜ ਜੁੜਾਈਆ । ਮਜ਼ਲੂਮਾਂ ਦੀ ਪੂਰੀ ਕਰਨੀ ਖ਼ਾਹਿਸ਼, ਮਾਸੂਮਾਂ ਦੀ ਕਰਨੀ ਤਲਾਸ਼, ਚਾਰ ਵਰਨਾਂ ਦੀ ਇਕ ਥਾਂ ਕਰਨੀ ਰਿਹਾਇਸ਼, ਮੁਹੱਬਤ ਵਿਚ ਕਰਨੀ ਪੈਮਾਇਸ਼, ਪੂਰਬ ਏਸ਼ੀਆ

ਇਕੋ ਰੰਗ ਰੰਗਾਈਆ । ਸਚ ਦੀ ਲਗੌਣੀ ਨੁਮਾਇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਿਅਕਤੀ ਜੁਗ ਜੁਗ ਹੁਕਮੇ ਅੰਦਰ ਆਪਣਾ ਹੁਕਮ ਮਨਾਈਆ । ਜਗਤ ਜਾਇਦਾਦ ਬੁੱਧੀ, ਧੰਨ ਦੌਲਤ ਜਗਤ ਨਾਲ ਵਡਿਆਈਆ । ਪ੍ਰੇਮ ਭਾਵਨਾ ਵਿਸ਼ਵ ਸੇਵਾ ਸਭ ਤੋਂ ਅਗੰਮੀ ਅਨਮੁਲੀ, ਜਿਸ ਦੀ ਕ਼ੀਮਤ ਨਾ ਕੋਇ ਚੁਕਾਈਆ । ਸਾਚੀ ਜਾਇਦਾਦ ਬੈਰਨ ਸਾਹਿਬ ਤੁਹਾਡੀ ਸਾਢੇ ਤਿੰਨ ਹੱਥ ਕੁਲੀ, ਜਿਸ ਵਿਚ ਪ੍ਰੇਮ ਪਿਆਰ ਅਨਮੁਲ ਹੀਰਾ ਰਤਨ ਦਿਤਾ ਟਿਕਾਈਆ । ਚਾਰ ਕੁੰਟ ਦਹਿ ਦਿਸ਼ਾ ਸੱਤ ਦੀਪ ਨੌ ਖੰਡ ਤੁਹਾਡੀ ਜਾਇਦਾਦ ਖੁਲ੍ਹੀ, ਏਥੇ ਵੇਖੋ ਜਾਇਦਾਦਾਂ ਦੇ ਮਾਲਕ ਤੁਹਾਡੇ ਸੱਜਣ ਨਜ਼ਰੀ ਆਈਆ । ਪ੍ਰੇਮ ਭਾਵਨਾ ਕੋਈ ਨਹੀਂ ਬੁਰੀ, ਸੰਸਾਰ ਨੂੰ ਛੁਡੌਣਾ ਕੋਲੋਂ ਕਸਾਈਆਂ ਵਾਲੀ ਛੁਰੀ, ਜੋ ਮਾਨਵ ਮਾਨਵ ਉਪਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਜਣਾਈਆ । ਜਾਇਦਾਦ ਕਹੇ ਮੈਂ ਕਦੀ ਕਿਸੇ ਦੀ ਨਹੀਂ ਜੱਦੀ, ਰਾਜੇ ਰਾਣੇ ਸ਼ਾਹ ਪਾਤਸ਼ਾਹ ਕੋਟਨ ਕੋਟ ਖ਼ਾਲੀ ਹੱਥ ਗਏ ਵਖਾਈਆ । ਮੈਂ ਸਤਿ ਧਰਮ ਪ੍ਰੇਮ ਪਿਆਰ ਦੀ ਬੱਧੀ, ਸੱਚਿਆਂ ਗੁਰਮੁਖਾਂ ਨਾਲ ਆਪਣੀ ਕਰਾਂ ਕੁੜਮਾਈਆ । ਵੇਖੋ ਕਿਵੇਂ ਬੀਤਦੀ ਵੀਹਵੀਂ ਸਦੀ, ਸਦਮਾ ਘਰ ਘਰ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਜਗਤ ਪਰਦਾ ਲਾ ਸਭ ਦੀ ਹਿੱਲੀ ਗੱਦੀ, ਸਚ ਸਿੰਘਾਸਣ ਵਿਚ ਸੋਭਾ ਕੋਇ ਨਾ ਪਾਈਆ । ਇਹੋ ਜਿਹਾ ਸਮਾਂ ਬੈਰਨ ਸਾਹਿਬ ਮਿਲਦਾ ਕਦੀ ਕਦੀ, ਜਿਸ ਦੇ ਕ਼ਦਮਾਂ ਨੂੰ ਤੱਕੇ ਜਗਤ ਲੋਕਾਈਆ । ਵੇਖੋ ਚਾਰ ਕੁੰਟ ਕਹਿਰ ਦੀ ਵਗਦੀ ਨਦੀ, ਮਨੁਸ਼ ਆਪਣਾ ਭਵਿਸ਼ ਗਏ ਭੁਲਾਈਆ । ਇਹ ਕਾਰ ਵਿਹਾਰ ਸੰਸਾਰ ਵਿਚ ਜੇ ਤੁਹਾਨੂੰ ਗਿਆ ਲੱਭੀ, ਇਹ ਵੀ ਖ਼ੁਦਾ ਦੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਵਿਚ ਰਖਾਈਆ । ਹਿਜ਼ ਮਦਰ ਇਜ਼ ਪੋਲਿਸ਼, ਹਿਜ਼ ਫ਼ਾਦਰ ਇਜ਼ ਜਰਮਨੀ ।



੭੦੨

❊ ੬ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਜੈਨ ਭਵਨ, ਰਮੇਸ਼ ਮੁਨਸ਼ੀ ਰਾਮ ਕਸਤੂਰੀ ਦਾਸ ਜੋਸ਼ੀ ਜੀ ਨਰਸੀ ਬਦਰੀ ਨਾਥ ਕੈਲਾਸ਼ ਗਿਰੀ, ਜੰਮੂ ❊

ਢੋਲਕ ਵਾਜਾ ਕਹੇ ਅਸੀਂ ਪ੍ਰੇਮ ਨਾਲ ਵੱਜੇ ਸਾਜ, ਸੱਜਣ ਵੇਖ ਕੇ ਖ਼ੁਸ਼ੀ ਮਨਾਈਆ । ਦੋਏ ਜੋੜ ਬੇਨੰਤੀ ਕਰੀਏ ਅਰਦਾਸ, ਆਰਜ਼ੂ ਅਰਜ਼ ਇਕ ਸੁਣਾਈਆ । ਕਿਰਪਾ ਕਰ ਗ਼ਰੀਬ ਨਿਵਾਜ, ਮਿਹਰਵਾਨ ਦਇਆ ਕਮਾਈਆ । ਜਿਨ੍ਹਾਂ ਮਧੁਰ ਧੁਨ ਨਾਲ ਪ੍ਰੇਮ ਮਸਤੀ ਵਿਚ ਗਾਇਆ ਰਾਗ, ਸੋਹਣੀ ਆਵਾਜ਼ ਸੁਣਾਈਆ । ਇਹਨਾਂ ਦੇ ਅੰਦਰੋਂ ਬਾਹਰੋਂ ਦੁਰਮਤ ਮੈਲ ਧੋਵੇ ਦਾਗ਼, ਕੂੜੀ ਕਿਰਿਆ ਰਹਿਣ ਕੋਇ ਨਾ ਪਾਈਆ । ਹੰਸ ਬੁੱਧੀ ਨਿਰਮਲ ਕਰਾਵੇ ਕਾਗ, ਪਤਿਤ ਪੁਨੀਤ ਰੂਪ ਵਖਾਈਆ । ਅੰਮ੍ਰਿਤ ਬੂੰਦ ਪਿਆ ਸਵਾਂਤ, ਨਿਝਰ ਝਿਰਨਾ ਇਕ ਝਿਰਾਈਆ । ਸੁਰਤੀ ਸ਼ਬਦ ਕਰ ਇਕਾਂਤ, ਮਨ ਵਾਸਨਾ ਉਠ ਨਾ ਦਹਿ ਦਿਸ਼ ਧਾਈਆ । ਨਾਦ ਅਨਾਦੀ ਅੰਦਰ ਸੁਣਾ ਆਪਣਾ ਰਾਗ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਤੇਰੇ ਪ੍ਰੇਮ ਪਿਆਰ ਦੀ ਮਸਤੀ ਵਿਚ ਹੋ ਜਾਣਾ ਵਿਸਮਾਦ, ਬਿਸਮਲ ਹੋ ਕੇ ਤੇਰਾ ਰੂਪ ਨਜ਼ਰੀ ਆਈਆ । ਮਾਇਆ ਮਮਤਾ ਕੂੜੀ ਕਿਰਿਆ ਹਉਮੇ ਹੰਗਤਾ ਗੜ੍ਹ ਤੋੜ ਕੇ ਖੋਲ੍ਹ ਦੇ ਆਪਣਾ ਰਾਜ਼, ਰਹਿਮਤ ਸਚ ਕਮਾਈਆ । ਅਗੇ ਝਗੜਾ ਮੁਕ ਜਾਏ ਸਿਮਰਨ ਜੋਗ ਅਭਿਆਸ

ਪੂਜਾ ਪਾਠ, ਪੰਜ ਵਕਤ ਨਿਮਾਜ਼ ਨਾ ਕੋਇ ਰਖਾਈਆ । ਨਿਰਮਲ ਨੂਰ ਸਾਚੀ ਜੋਤ ਕਰ ਪਰਕਾਸ਼, ਅੰਧ ਅੰਧੇਰ ਅਗਿਆਨ ਦੇ ਮਿਟਾਈਆ । ਨਿਜ ਆਤਮ ਪਰਮਾਤਮ ਨਜ਼ਰੀ ਆਵੇ ਪਾਸ, ਦੂਰ ਦੁਰਾਡਾ ਪੰਧ ਨਾ ਕੋਇ ਜਣਾਈਆ । ਤੇਰੇ ਕੋਲ ਆ ਕੇ ਇਹੋ ਸੱਚੀ ਖ਼ਾਹਿਸ਼, ਆਸਾ ਮਨਸਾ ਦੇ ਦ੍ਰਿੜਾਈਆ । ਜਿਸ ਨੂੰ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਰਹੇ ਤਲਾਸ਼, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਭੱਜ ਭੱਜ ਵਾਹੋ ਦਾਹੀਆ । ਜਿਸ ਦੇ ਪਿਛੇ ਝਗੜਾ ਕਰਦੇ ਰਹੇ ਵਿਚ ਸਮਾਜ, ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਰੂਪ ਵਟਾਈਆ । ਓਹ ਸੱਜਣ ਮੀਤ ਮੁਰਾਰੇ ਘਰ ਸਵਾਮੀ ਮਿਲ ਜਾ ਸਾਥ, ਸਗਲਾ ਸੰਗ ਆਪ ਬਣਾਈਆ । ਵੇਖੀਂ ਕਿਤੇ ਭੁਲ ਕੇ ਭੁਲ ਨਾ ਜਾਈਂ ਸਾਡੀ ਅਰਦਾਸ, ਅਭੁਲ ਤੇਰੀ ਸ਼ਰਨਾਈਆ । ਤੇਰੇ ਪ੍ਰੇਮ ਅੰਦਰ ਗਾਈਏ ਸਵਾਸ ਸਵਾਸ, ਰਸਨਾ ਜਿਹਵਾ ਨਾਲ ਮਿਲਾਈਆ । ਢੋਲਕ ਕਹੇ ਮੈਂ ਸੱਚੀ ਦੱਸਣੀ ਬਾਤ, ਮੇਰਾ ਖ਼ਾਲੀ ਅੰਦਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਵੇਖ ਘਰ ਬਾਹਰ, ਬ੍ਰਹਮ ਪਾਰਬ੍ਰਹਮ ਪਰਦਾ ਆਪ ਉਠਾਈਆ । ਢੋਲਕੀ ਕਹੇ ਮੈਂ ਗਾਇਆ ਢੋਲਾ, ਅਨਬੋਲਤ ਰਾਗ ਸੁਣਾਈਆ । ਸਾਹਿਬ ਸਵਾਮੀ ਅੰਤਰਜਾਮੀ ਘਰ ਦਰ ਮਿਲੇ ਵਿਚੋਲਾ, ਬਾਹਰਲੇ ਗੁਰੂ ਦੀ ਲੋੜ ਰਹੇ ਨਾ ਰਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਅਨਾਦ ਅਨਾਦੀ ਹੋ ਕੇ ਬਣੇ ਤੋਲਾ, ਨਾਮ ਤਰਾਜ਼ੂ ਹੱਥ ਉਠਾਈਆ । ਅਗੇ ਰਹੇ ਨਾ ਕੋਈ ਪੜਦਾ ਓਹਲਾ, ਮੁਖ ਨਕ਼ਾਬ ਦਏ ਉਠਾਈਆ । ਘਰ ਵਿਚ ਘਰ ਵਖਾਵੇ ਆਪਣਾ ਆਪ ਨੂਰ ਮੌਲਾ, ਮਾਲਕ ਖ਼ਾਲਕ ਬੇਪਰਵਾਹੀਆ । ਮਨੂਆ ਮਨ ਨਾ ਪਾਏ ਰੌਲਾ, ਕੂੜੀ ਕਿਰਿਆ ਸੰਗ ਨਾ ਕੋਇ ਜਣਾਈਆ । ਵਾਜਾ ਕਹੇ ਮੈਂ ਸੁਰਾਂ ਤਾਲਾਂ ਨਾਲ ਗਾਇਆ ਸੋਹਲਾ, ਉਂਗਲੀਆਂ ਨਾਲ ਮਿਲ ਕੇ ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਵਾਜਾ ਢੋਲਕ ਕਹੇ ਜਿਨ੍ਹਾਂ ਸਾਡੇ ਨਾਲ ਕੀਤੀ ਪ੍ਰੀਤ, ਜਸ ਪ੍ਰੀਤਮ ਤੇਰਾ ਗਾਈਆ । ਉਹਨਾਂ ਦੇ ਅੰਦਰੋਂ ਬਦਲ ਦੇ ਨੀਤ, ਮਨ ਕਾ ਮਣਕਾ ਦੇ ਭਵਾਈਆ । ਬਿਮਲ ਮੁਨੀ ਦਾ ਧਾਮ ਉਹਨਾਂ ਦੀ ਕਰਦਾ ਰਹੇ ਤਸਦੀਕ਼, ਸਮੇਂ ਸਮੇਂ ਨਾਲ ਸ਼ਹਾਦਤ ਦੇਵੇ ਭੁਗਤਾਈਆ । ਜੇ ਦੂਰ ਦੁਰਾਡਾ ਅੰਦਰ ਵੜ ਕੇ ਮੰਦਰ ਚੜ੍ਹ ਕੇ ਸਨਮੁਖ ਹੋ ਨਜ਼ਦੀਕ, ਕਿਉਂ ਬੈਠਾ ਮੁਖ ਛੁਪਾਈਆ । ਲੱਖ ਚੁਰਾਸੀ ਵਿਚ ਭਰਮ ਭਰਮ ਕੇ ਮਾਣਸ ਵਿਚ ਰੱਖੀ ਤੇਰੀ ਉਡੀਕ, ਦੋਏ ਲੋਚਣ ਅੱਖ ਉਠਾਈਆ । ਜੇ ਮਨ ਸਾਡੇ ਅੰਦਰ ਰਹਿ ਕੇ ਸਾਡਾ ਬਣਿਆ ਰਹੇ ਸ਼ਰੀਕ, ਫਿਰ ਤੇਰੀ ਕੀ ਚਤੁਰਾਈਆ । ਪ੍ਰੇਮ ਪ੍ਰੀਤੀ ਮੁਹੱਬਤ ਵਿਚ ਸਚ ਨਾਮ ਦੀ ਮੰਗਦੇ ਭੀਖ, ਭਿਛਿਆ ਇਛਿਆ ਝੋਲੀ ਪਾਈਆ । ਤੂੰ ਦਾਤਾ ਦਾਨੀ ਦਇਆਵਾਨ ਜਗਦੀਸ਼, ਜਗਦੀਸ਼ਰ ਤੇਰਾ ਈਸ਼ ਜੀਵ ਤੇਰਾ ਰੂਪ ਨਜ਼ਰੀ ਆਈਆ । ਢੋਲਕ ਵਾਜਾ ਕਹੇ ਅਸੀਂ ਸਾਰੇ ਵੇਖੇ ਜਗਤ ਤਪੀਸ਼ਰ, ਚਾਰੋਂ ਕੁੰਟ ਭਜ ਭਜ ਕੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਵੇਖ ਦਰ, ਦਰ ਆਪਣਾ ਆਪ ਖੁਲ੍ਹਾਈਆ । ਢੋਲਕ ਕਹੇ ਸੁਣ ਵਾਜੇ ਮੇਰੇ ਸੱਜਣ, ਸਚ ਸੱਚ ਦਿਆਂ ਸਮਝਾਈਆ । ਜਿਸ ਵੇਲੇ ਮੇਰੇ ਉਤੇ ਹੱਥ ਲੱਗਾ ਸੀ ਵੱਜਣ, ਉਂਗਲੀਆਂ ਆਪਣਾ ਆਪ ਰਹੀਆਂ ਹਿਲਾਈਆ । ਸਚ ਪੁਛੇਂ ਬਿਨ ਅੱਖਾਂ ਤੋਂ ਮੈਨੂੰ ਨਜ਼ਰ ਆਇਆ ਉਹ ਸੱਜਣ, ਜੋ ਸਭ ਦਾ ਪਿਤਾ ਮਾਈਆ । ਮੈਂ ਇਰਦ ਗਿਰਦ ਚਾਰ ਕੁੰਟ ਲਗੀ ਭੱਜਣ, ਦਹਿ ਦਿਸ਼ਾ ਆਪਣੀ ਅੱਖ ਖੁਲ੍ਹਾਈਆ । ਮੈਂ ਵਾਜਿਆ ਤੈਨੂੰ ਆਈ ਸੱਦਣ, ਅੰਦਰ ਵੜ ਕੇ ਸੁੱਤੇ ਨੂੰ ਦਿਤਾ ਉਠਾਈਆ । ਗੋਪਾਲ ਮੂਰਤ

ਵੇਖ ਮੁਕੰਦ ਮਨੋਹਰ ਲਖਮੀ ਨਰਾਇਣ ਮਦਨ, ਕਵਲ ਨੈਣ ਨਿਰਗੁਣ ਨੂਰ ਨੂਰ ਰੁਸ਼ਨਾਈਆ । ਜਿਸ ਦੇ ਪਰਕਾਸ਼ ਨਾਲ ਭਗਤ ਸੁਹੇਲੇ ਸਾਚੇ ਦੀਪਕ ਜਗਣ, ਘਰ ਘਰ ਵਿਚ ਹੋਏ ਰੁਸ਼ਨਾਈਆ । ਓਸ ਦੇ ਚਰਨਾਂ ਦੀ ਪ੍ਰੀਤ ਵਿਚ ਹੋਈਏ ਮਗਨ, ਜੋ ਪਿਛਲਾ ਅਗਲਾ ਪੈਂਡਾ ਦਏ ਮੁਕਾਈਆ । ਜਿਸ ਦੇ ਬੇੜੇ ਉਤੇ ਚੜ੍ਹ ਕੇ ਸੰਤ ਸੁਹੇਲੇ ਗੁਰਮੁਖ ਗੁਰਸਿਖ ਹਰਿਜਨ ਪਾਰ ਲੰਘਣ, ਅਧ ਵਿਚਕਾਰ ਨਾ ਕੋਇ ਅਟਕਾਈਆ । ਰਲ ਮਿਲ ਕੇ ਓਸੇ ਦੇ ਦਵਾਰੇ ਤੇ ਆ ਗਏ ਮੰਗਣ, ਜੋ ਨਿਰਗੁਣ ਸਰਗੁਣ ਰੂਪ ਰਿਹਾ ਵਟਾਈਆ । ਤੁਹਾਡਾ ਲੇਖੇ ਲਗੇ ਅੱਖਰ ਅੱਖਰ ਦਾ ਗਾਇਆ ਭਜਨ, ਬੰਦਗੀ ਤੁਹਾਡੀ ਬੰਦੀਖ਼ਾਨਾ ਦਏ ਤੁੜਾਈਆ । ਲੱਖ ਚੁਰਾਸੀ ਦਾ ਤੋੜ ਕੇ ਤੰਦਨ, ਜਮਾਂ ਦੀ ਫ਼ਾਂਸੀ ਗਲੋਂ ਲਾਹੀਆ । ਰਾਏ ਧਰਮ ਨਾ ਆਵੇ ਦੰਡਣ, ਚਿਤਰ ਗੁਪਤ ਨਾ ਲੇਖ ਵਖਾਈਆ । ਤੁਸੀਂ ਓਸ ਦੇ ਤੇ ਓਹ ਤੁਹਾਡਾ ਸੱਜਣ, ਵਿਚ ਫ਼ਰਕ ਰਹਿਣ ਕੋਇ ਨਾ ਪਾਈਆ । ਉਹ ਮਾਲਕ ਸਭ ਦਾ ਸਵਾਮੀ ਜੁਗ ਚੌਕੜੀ ਨਿਤ ਨਵਿਤ ਕਰਨਹਾਰਾ ਅਦਲ, ਧਰਮ ਅਦਾਲਤ ਇਕ ਲਗਾਈਆ । ਰਾਤੀ ਸੁਤਿਆਂ ਤੁਹਾਡੀ ਦਲੀਲ ਅੰਦਰੋਂ ਦੇਵੇ ਬਦਲ, ਮੰਜ਼ਲ ਆਪਣਾ ਪੰਧ ਮੁਕਾਈਆ । ਹੁਣ ਹੋਰ ਗਾਓ ਕੋਈ ਪ੍ਰੇਮ ਵਾਲੀ ਗ਼ਜ਼ਲ, ਜਿਸ ਦੀ ਗ਼ਰਜ਼ ਨਾਲ ਤੁਹਾਡੀ ਗ਼ਮੀ ਖ਼ੁਸ਼ੀ ਵਿਚ ਆਪਣੇ ਲਏ ਸਮਾਈਆ । ਤੁਸੀਂ ਮੇਰੇ ਮੈਂ ਤੁਹਾਡਾ ਇਕ ਦੂਜੇ ਦੇ ਵਿਚ ਹੋ ਜਾਣਾ ਜਜ਼ਬ, ਜੁਦਾ ਰੂਪ ਨਾ ਕੋਇ ਵਖਾਈਆ । ਆਤਮਾ ਪਰਮਾਤਮਾ ਦਾ ਨਾ ਕੋਈ ਦੀਨ ਨਾ ਮਜ਼੍ਹਬ, ਜ਼ਾਤ ਪਾਤ ਨਾ ਕੋਇ ਵੰਡ ਵੰਡਾਈਆ । ਢੋਲਕ ਕਹੇ ਵਾਜਿਆ ਵੇਖ ਸਾਡਾ ਹੁੰਦਾ ਅਦਬ, ਜਿਨ੍ਹਾਂ ਅਦਾਬ ਨਾਲ ਸੀਸ ਦਿਤਾ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਕਾਇਆ ਘਰ ਘਰ, ਘਟ ਘਟ ਅੰਤਰ ਲਹਿਣਾ ਵੇਖੇ ਚਾਈਂ ਚਾਈਆ । ਵਾਜਾ ਕਹੇ ਸੁਣ ਢੋਲਕ ਪਿਆਰੀ, ਮੈਨੂੰ ਅੰਦਰੋਂ ਕੋਈ ਰਿਹਾ ਜਗਾਈਆ । ਹੌਲੀ ਹੌਲੀ ਵਾਜਾਂ ਰਿਹਾ ਮਾਰੀ, ਵਾਜਾਂ ਮਾਰਨ ਵਾਲਾ ਆਪਣਾ ਰੂਪ ਨਾ ਕੋਇ ਸਮਝਾਈਆ । ਉਸ ਦੀ ਖੇਲ ਅਗੰਮ ਨਿਆਰੀ, ਨਿਰਵੈਰ ਨਿਰਾਕਾਰ ਨਿਰੰਕਾਰ ਆਪ ਦ੍ਰਿੜਾਈਆ । ਧੰਨ ਭਾਗ ਸਾਡੀ ਲੇਖੇ ਲੱਗੀ ਅੱਜ ਦੀ ਦਿਹਾੜੀ, ਜੋ ਕਰਮਾਂ ਨਾਲ ਹੱਥ ਆਈਆ । ਜੇ ਲਗੇ ਤੇ ਲਗੇ ਸੱਚੇ ਨਾਲ ਯਾਰੀ, ਕੱਚਿਆਂ ਨਾਲੋਂ ਚੰਗੀ ਕੁਵਾਰੀ, ਝੂਠਾ ਕੰਤ ਨਾ ਕੋਇ ਹੰਡਾਈਆ । ਜਿਸ ਮਜਲਸ ਵਿਚ ਬਹਿ ਕੇ ਅੰਦਰ ਪ੍ਰੇਮ ਦੀ ਚੜ੍ਹੇ ਨਾ ਸਚ ਖ਼ੁਮਾਰੀ, ਕੂੜੀ ਕਿਰਿਆ ਭਰਮ ਦੀ ਦੂਰ ਨਾ ਹੋਵੇ ਬੀਮਾਰੀ, ਜੂਠ ਝੂਠ ਨਾ ਪੰਧ ਮੁਕਾਈਆ । ਜਿਸ ਨੂੰ ਮਿਲ ਕੇ ਦੀਪਕ ਜੋਤ ਨਾ ਜਗੇ ਕਾਇਆ ਮਹਲ ਉਚ ਅਟਾਰੀ, ਬਿਨ ਤੇਲ ਬੱਤੀ ਕਰੇ ਰੁਸ਼ਨਾਈਆ । ਵਾਜਾ ਕਹੇ ਢੋਲਕ ਢੋਲਕ ਕਹੇ ਵਾਜਿਆਂ ਵੇਖ ਦੋਹਾਂ ਦੀ ਕੱਠੀ ਆ ਗਈ ਵਾਰੀ, ਵਾਰਤਾ ਮਿਲ ਕੇ ਲਈਏ ਸੁਣਾਈਆ । ਸੁਣੌਣ ਵਾਲਿਓ ਜ਼ਰਾ ਹੋਰ ਰੰਗ ਚਾੜ੍ਹੋ ਇਕ ਵਾਰੀ, ਆਪ ਆਪਣਾ ਹੱਥ ਮਹਿੰਮਾ ਅਕਥ ਵਿਚ ਹਿਲਾਈਆ । ਬੇਨੰਤੀ ਅਰਦਾਸ ਹੋਈ ਮਨਜ਼ੂਰ, ਮੰਜ਼ਲ ਅਗਲੀ ਪਿਛਲੀ ਪੰਧ ਚੁਕਾਈਆ । ਕੋਟ ਜਨਮ ਦੇ ਬਖ਼ਸ਼ ਕ਼ਸੂਰ, ਨਾਮ ਕਸਰ ਇਸ਼ਾਰੀਏ ਨਾਲ ਦਿਤੇ ਉਡਾਈਆ । ਅਗੇ ਹੋਣਾ ਨਾ ਪਏ ਮਜ਼ਬੂਰ, ਸਦਮਾ ਸਿਰ ਨਾ ਕੋਇ ਰਖਾਈਆ । ਅੰਤਰ ਆਤਮ ਬਖ਼ਸ਼ ਕੇ ਸਾਚਾ ਨੂਰ, ਨੂਰੋ ਨੂਰ ਕਰੇ ਰੁਸ਼ਨਾਈਆ । ਹਉਮੇ ਹੰਗਤਾ ਗੜ੍ਹ ਨਾ ਰਹੇ ਗ਼ਰੂਰ, ਗ਼ੁਰਬਤ ਦਏ ਮਿਟਾਈਆ । ਪ੍ਰੇਮ ਪਿਆਰ ਦੀ ਮਸਤੀ ਦਾ ਰਹੇ ਸਰੂਰ, ਸਨਮੁਖ ਹੋ ਕੇ ਦਰਸ ਵਖਾਈਆ । ਮੇਲ ਮਿਲਾਏ ਜਿਉਂ ਮੂਸਾ ਉਤੇ ਕੋਹਤੂਰ, ਹਾਜ਼ਰ ਹਜ਼ੂਰ ਬੇਪਰਵਾਹੀਆ । ਨਾਤਾ ਤੋੜ ਕੇ ਕੂੜੋ ਕੂੜ, ਸਤਿ ਸਚ ਸੁਚ ਜੋੜ ਜੁੜਾਈਆ । ਚਤੁਰ ਸੁਘੜ ਬਣਾ

੭੦੪

ਕੇ ਮੂਰਖ ਮੂੜ੍ਹ, ਮਾਰਗ ਰਾਹ ਰਹਿਬਰ ਹੋ ਕੇ ਇਕ ਸਮਝਾਈਆ । ਜੋ ਪ੍ਰੇਮ ਪਿਆਰ ਮੁਹੱਬਤ ਵਿਚ ਗਾਇਆ ਮਜ਼ਮੂਨ, ਕਲਮਾ ਨਗ਼ਮਾ ਨਾਮ ਸਿਫ਼ਤ ਸਾਲਾਹੀਆ । ਸੋ ਕਿਰਪਾ ਕਰ ਕੇ ਤੇਰੇ ਅੰਦਰ ਵੜ ਕੇ ਤੇਰੇ ਮਨ ਦਾ ਬਦਲ ਦੇਵੇ ਕ਼ਾਨੂੰਨ, ਕਰਮਾਂ ਦਾ ਡੇਰਾ ਦੇਵੇ ਢਾਹੀਆ । ਸਾਚੇ ਦਾ ਸਾਚਾ ਇਕ ਅਸੂਲ, ਦਰ ਆਇਆਂ ਨੂੰ ਕਰੇ ਕ਼ਬੂਲ, ਭੁਲ ਵਿਚ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸਾਚਾ ਘਰ, ਚਰਨ ਕਵਲ ਦੇਵੇ ਸਰਨਾਈਆ । ਅਰਦਾਸ ਬੇਨੰਤੀ ਕਿਹਾ ਛਾਤੀ ਨਾਲ ਜਾਵਾਂ ਲਗ, ਪੰਜ ਤੱਤ ਕਾਇਆ ਚੋਲਾ ਮਿਲੇ ਵਡਿਆਈਆ । ਤ੍ਰੈਗੁਣ ਮਾਇਆ ਲਗੀ ਬੁਝੇ ਅੱਗ, ਅੰਮ੍ਰਿਤ ਮੇਘ ਦਏ ਬਰਸਾਈਆ । ਬਿਨ ਮੱਕੇ ਕਾਅਬਿਉਂ ਸਾਚੇ ਹੁਜਰੇ ਅੰਦਰ ਮਹਿਬੂਬ ਬਣ ਕੇ ਕਰਾਵੇ ਹੱਜ, ਦੂਜੀ ਹਾਜਤ ਰਹੇ ਨਾ ਰਾਈਆ । ਵਿਛੋੜੇ ਵਿਚ ਨਾ ਰਹੀਏ ਅਲਗ, ਦੋਹਾਂ ਦਾ ਇਕੋ ਰੂਪ ਨਜ਼ਰੀ ਆਈਆ । ਜਿਹੜਾ ਦੂਰ ਦੁਰਾਡਾ ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨ ਨੌਜਵਾਨ ਮਰਦ ਮਰਦਾਨਾ ਪੈਗ਼ੰਬਰਾਂ ਦਾ ਪੈਗ਼ੰਬਰ ਪੀਰਾਂ ਦਾ ਪੀਰ ਬੇਨਜ਼ੀਰ ਲਾਸ਼ਰੀਕ ਵਾਹਦ ਆਇਆ ਭੱਜ, ਸੋ ਭੱਜੇ ਜਾਂਦਿਆਂ ਫੜ ਫੜ ਆਪਣੇ ਨਾਲ ਮਿਲਾਈਆ । ਖ਼ੁਸ਼ੀਆਂ ਵਿਚ ਪੈਣਾਂ ਹਸ, ਹਸਤੀ ਵਿਚੋਂ ਹਸਤੀ ਮਸਤੀ ਵਿਚੋਂ ਮਸਤੀ ਖ਼ੁਮਾਰੀ ਵਿਚੋਂ ਖ਼ੁਮਾਰੀ ਯਾਰੀ ਵਿਚੋਂ ਯਾਰੀ, ਯਰਾਨਾ ਤੁਹਾਡੀ ਆਤਮਾ ਨਾਲ ਰਖਾਈਆ । ਇਹ ਵੀ ਸਾਹਿਬ ਸਤਿਗੁਰ ਦੀਨ ਦਿਆਲ ਨੂੰ ਆਦਿ ਜੁਗਾਦਿ ਜੁਗ ਚੌਕੜੀ ਭਗਤਾਂ ਨੂੰ ਮਿਲਣ ਦੀ ਬੀਮਾਰੀ, ਬਿਨਾ ਉਨ੍ਹਾਂ ਮਿਲਿਆਂ ਮਰਜ਼ ਨਾ ਕੋਇ ਗਵਾਈਆ ।



## ✻ ੬ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਪੰਛੀ ਗਿਰੀ ਜੀ ਨਾਲ ਬਚਨ ਜੈਨ ਭਵਨ ਜੰਮੂ ✻

ਪੰਛੀ ਜੀ ਅਸ਼ੀਰਵਾਦ ਵਿਚ ਸਾਚਾ ਵਾਸਾ, ਵਸਤ ਅਮੋਲਕ ਨਾਮ ਜਣਾਈਆ । ਗੁਰ ਪੂਰਾ ਸ਼ਬਦੀ ਦੇਵੇ ਸਚ ਭਰਵਾਸਾ, ਭਾਵਨਾ ਅੰਤਰ ਖੋਜ ਖੁਜਾਈਆ । ਆਤਮਾ ਬ੍ਰਹਮ ਰਹੇ ਨਾ ਕੋਇ ਨਿਰਾਸਾ, ਪਰਮਾਤਮ ਰੰਗ ਚੜ੍ਹਾਈਆ । ਜਗਤ ਸ੍ਰਿਸ਼ਟੀ ਕੂੜ ਤਮਾਸ਼ਾ, ਮੰਡਲ ਰਾਸਾ ਜਗਤ ਲੋਕਾਈਆ । ਜਨਮ ਜਨਮ ਦਾ ਬਦਲਦਾ ਰਿਹਾ ਪਾਸ਼ਾ, ਨਟੀ ਨਰਦ ਬਾਹਰ ਨਾ ਕੋਇ ਕਢਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਾਗ ਨਾਦ ਸਾਚੇ ਗੁਰੂ ਦਾ ਦੱਸਣ ਸਰਬ ਖੁਲਾਸਾ, ਸਿਫ਼ਤਾਂ ਨਾਲ ਕਰਨ ਵਡਿਆਈਆ । ਜਿਸ ਨੂੰ ਕਾਇਆ ਮੰਦਰ ਅੰਦਰ ਸਚ ਪ੍ਰੀਤਮ ਮਿਲ ਗਿਆ ਪੁਰਖ ਬਿਧਾਤਾ, ਬਿਧ ਆਪਣੀ ਨਾਲ ਜੁੜਾਈਆ । ਓਸ ਦਾ ਕੂੜ ਅੰਧੇਰਾ ਮਿਟਿਆ ਇਕੋ ਨੂਰ ਨਜ਼ਰੀ ਆਏ ਸਾਚਾ, ਸਤਿ ਸਚ ਸਚ ਸਮਝਾਈਆ । ਗਿਆਨ ਗੋਸ਼ਟ ਰਸਨਾ ਜਿਹਵਾ ਬੱਤੀ ਦੰਦ ਕਥਾ ਕਹਾਣੀ ਵਰਨਨ ਬਾਤਾਂ, ਬਾਤਨ ਭੇਵ ਬਿਨ ਮੁਰਸ਼ਦ ਖੋਲ੍ਹੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਸ਼ੀਰਵਾਦ ਇਕ ਸਮਝਾਈਆ । ਸਾਹਿਬ ਸਤਿਗੁਰ ਸਾਚੀ ਅਸੀਸ, ਆਸਾ ਪੂੰਨੀ ਆਪ ਜਣਾਈਆ । ਅੰਤਰ ਮੇਲਾ ਹਰਿ ਜਗਦੀਸ਼, ਜਗਤ ਵਿਛੋੜਾ ਰਹੇ ਨਾ ਰਾਈਆ । ਪ੍ਰੇਮ ਪਿਆਰ ਦੀ ਸਾਚੀ ਬੱਝੇ ਰੀਤ, ਨਾਤਾ ਸਕੇ ਨਾ ਕੋਇ ਤੁੜਾਈਆ । ਜਿਸ ਧੁਨ ਰਾਗ ਮਸਤੀ ਵਿਚ ਗਾਇਆ ਗੀਤ, ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ ਵੇਖ ਵਖਾਈਆ । ਅਗੇ ਹੋਰ ਸਾਚੇ ਨਾਮ ਦੀ ਹੋਏ ਬਖ਼ਸ਼ੀਸ਼, ਬਖ਼ਸ਼ਿਸ਼ ਵਿਚ ਰਹਿਮਤ ਨਾਲ ਮਿਲਾਈਆ । ਅੰਤਰ ਅੰਤਰ ਰਹੇ ਅਤੀਤ, ਲੇਖਾ ਮੁਕ ਜਾਏ ਹਸਤ ਕੀਟ, ਇਕੋ ਰੰਗ ਵਿਚ ਸਮਾਈਆ । ਜਿਸ

ਸਤਿਗੁਰ ਦੀ ਗਾਈ ਤਾਅਰੀਫ਼, ਸੋ ਪੁਰਖ ਅਕਾਲ ਦੀਨ ਦਿਆਲ ਤੋਹਫ਼ਾ ਨਾਮ ਪਦਾਰਥ ਕਾਇਆ ਮੰਦਰ ਅੰਦਰ ਸਾਚੀ ਝੋਲੀ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਜ਼ਰ ਨਾਲ ਤਰਾਈਆ । ਅਸ਼ੀਰਵਾਦ ਕਹੇ ਮੈਂ ਨਹੀਂ ਕੋਈ ਕਮਲੀ ਕੋਝੀ, ਮੂਰਖ ਮੁਗਧ ਨਾ ਰੂਪ ਵਟਾਈਆ । ਜੁਗ ਜੁਗ ਜਨ ਭਗਤਾਂ ਦੇਵਾਂ ਸਚ ਦਵਾਰੇ ਦੀ ਸਾਚੀ ਸੋਝੀ, ਬੋਧ ਅਗਾਧ ਗਿਆਨ ਦ੍ਰਿੜਾਈਆ । ਮੈਨੂੰ ਲੈ ਕੇ ਕੋਈ ਹਉਮੇ ਦਾ ਰਹੇ ਨਾ ਰੋਗੀ, ਮਮਤਾ ਵਿਚ ਨਾ ਮਨ ਲਗਾਈਆ । ਮੇਲ ਮਿਲ ਜਾਏ ਨਾਲ ਧੁਰ ਸੰਜੋਗੀ, ਜੋ ਵਿਛੜਿਆਂ ਜੋੜ ਜੁੜਾਈਆ । ਜਿਸ ਨੂੰ ਰਿਖੀ ਮੁਨੀ ਤਪੀ ਹਠੀ ਜਗਿਆਸੂ ਲਭਦੇ ਜੋਗੀ, ਚਾਰ ਕੁੰਟ ਖੋਜ ਖੁਜਾਈਆ । ਉਹ ਠਾਕਰ ਪ੍ਰੀਤਮ ਪ੍ਰੇਮ ਪਿਆਰ ਦਾ ਸਾਚਾ ਮੌਜੀ, ਤੁਹਾਡੀ ਮਜਲਸ ਵਿਚੋਂ ਅਸਲ ਸਚ ਮੁਹੱਬਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਸ਼ੀਰਵਾਦ ਅੰਤਰ ਆਤਮ ਦੇਵੇ ਦਾਦ, ਬਿਨ ਢੋਲਕ ਛੈਣੇ ਵਜੇ ਨਾਦ, ਸੁਰਤੀ ਸੋਈ ਸਦਾ ਜਾਏ ਜਾਗ, ਮੁੜ ਕੇ ਗੂੜ੍ਹੀ ਨੀਂਦ ਨਾ ਕੋਇ ਸਵਾਈਆ । ਅਸ਼ੀਰਵਾਦ ਕਹੇ ਮੈਂ ਰਸਨਾ ਵਿਚ ਵੇਖਿਆ ਰਸ, ਸੋਹਣਾ ਸੋਹਣਾ ਰਾਗ ਅਲਾਈਆ । ਐਂ ਜਾਪਿਆ ਜਿਵੇਂ ਭਗਵਾਨ ਇਨ੍ਹਾਂ ਦੇ ਅੰਦਰ ਗਿਆ ਵਸ, ਵਾਸਤਾ ਆਪਣੇ ਨਾਲ ਰਖਾਈਆ । ਪਤਾ ਨਹੀਂ ਕਿਧਰ ਦੀ ਤੀਰ ਅਣਿਆਲਾ ਮਾਰਿਆ ਕਸ, ਬਜਰ ਕਪਾਟੀ ਚੀਰ ਕੇ ਪੜਦਾ ਦਿਤਾ ਉਠਾਈਆ । ਅੰਦਰੋਂ ਖੋਲ੍ਹ ਕੇ ਆਪਣੀ ਅੱਖ, ਪਰਤਖ ਰੂਪ ਜਣਾਈਆ । ਜਿਨ੍ਹਾਂ ਨਜ਼ਮਾਂ ਜਿਨ੍ਹਾਂ ਸ਼ਬਦਾਂ ਜਿਨ੍ਹਾਂ ਨਾਦਾਂ ਫ਼ਰੀਦ ਨਾਨਕ ਧੁਰ ਦੀ ਬਾਣੀ ਦਾ ਗਾਇਆ ਜਸ, ਗੀਤਾ ਗਿਆਨ ਅਰਜਨ ਕ੍ਰਿਸ਼ਨ ਮੇਲ ਮਿਲਾਈਆ । ਉਹ ਵੇਖਣਹਾਰਾ ਪੁਰਖ ਸਮਰਥ, ਜਿਸ ਨੂੰ ਦੂਰ ਦੁਰਾਡਾ ਕਹਿਣ ਸਚਖੰਡ ਦਵਾਰੇ ਰਿਹਾ ਵਸ, ਐਂ ਜਾਪਦਾ ਜਿਵੇਂ ਇਸ ਘੜੀ ਏਥੇ ਆਇਆ ਨਠ, ਰਲ ਮਿਲ ਕੇ ਸੋਹਣਾ ਝਟ ਲੰਘਾਈਆ । ਸਤਿ ਦੇ ਅੰਦਰ ਹੋ ਕੇ ਸਤਿ, ਬ੍ਰਹਮ ਦੇ ਅੰਦਰ ਹੋ ਕੇ ਬ੍ਰਹਮ ਮਤਿ, ਤੱਤਾਂ ਦੇ ਵਿਚ ਰਲ ਕੇ ਤਤ, ਤਤਵ ਆਪਣਾ ਆਪ ਗਿਆ ਗਵਾਈਆ । ਅਸ਼ੀਰਵਾਦ ਕਹੇ ਮੈਨੂੰ ਪੰਛੀ ਨਾਲ ਮਿਲਾ ਲੈਣ ਦਿਓ ਹੱਥ, ਸ਼ਾਇਦ ਮੇਰੀ ਵੀ ਉਡਾਰੀ ਇਹਦੇ ਨਾਲ ਪ੍ਰਭ ਚਰਨਾਂ ਵਿਚ ਲੱਗੇ ਚਾਈਂ ਚਾਈਆ । ਅਸ਼ੀਰਵਾਦ ਕਹੇ ਕਿਸੇ ਨਾਲ ਕਦੇ ਨਹੀਂ ਹੁੰਦਾ ਧੋਖਾ, ਧੁਖਦਿਆਂ ਲਏ ਬਚਾਈਆ । ਸਾਚਿਆਂ ਸੰਗੀਆਂ ਦਾ ਗੁਰਮੁਖਾਂ ਦਾ ਭਗਤਾਂ ਦਾ ਸੰਤ ਜਨਾਂ ਦਾ ਸਬਬ ਦੇ ਨਾਲ ਮਿਲਦਾ ਮੌਕਾ, ਜੋ ਮੁਫ਼ਤ ਆਪਣਾ ਪ੍ਰੇਮ ਸਭ ਦੀ ਝੋਲੀ ਪਾਈਆ । ਜੇ ਕਹੋ ਪ੍ਰਭ ਨੂੰ ਮਿਲਣਾ ਸੌਖਾ, ਔਝੜ ਰਾਹ ਵੇਖੋ ਭੱਜੀ ਫਿਰੇ ਲੋਕਾਈਆ । ਜਿਨ੍ਹਾਂ ਸਚ ਨਜ਼ਾਰਾ ਦੱਸਿਆ ਕਾਇਆ ਮੰਦਰ ਸਾਚੇ ਕੋਠਾ, ਕੁਟੀਆ ਹਕ ਜਣਾਈਆ । ਏਥੇ ਹੁਣ ਕਿਹੜੀ ਲੋੜ ਰਹੀ ਹੋਰ ਸੋਚਣ ਦੀ ਸੋਚਾ, ਸੁੱਚਿਆਂ ਨਾਲ ਸੁੱਚੇ ਮਾਣਕਾਂ ਨਾਲ ਮਾਣਕ ਰਤਨਾਂ ਨਾਲ ਰਤਨ ਗੋਤੀਆਂ ਨਾਲ ਗੋਤੀ ਗੀਤ ਭਗਵਾਨ ਦਿਤੇ ਅਲਾਈਆ । ਪੰਛੀ ਜੀ ਜ਼ਰਾ ਚੜ੍ਹ ਕੇ ਵੇਖੋ ਆਪਣੇ ਅੰਦਰ ਮੰਜ਼ਲ ਚੋਟੀ, ਜਿਥੇ ਜਗਦੀ ਇਕੋ ਨਰਾਲਮ ਜੋਤੀ, ਬਾਹਰ ਨਾ ਤਕਿਓ ਆਲਮ ਸਾਰੀ ਸੋਤੀ, ਇਹ ਲੇਖਾ ਜਾਣੇ ਲਿਖਣਵਾਲਾ ਰਵਿਦਾਸ ਚੁਮਾਰਾ ਮੋਚੀ, ਜਿਸ ਦੇ ਨਾਲ ਮੁਸ਼ਕਲ ਸਭ ਦੀ ਹੱਲ ਕਰਾਈਆ । ਅਸ਼ੀਰਵਾਦ ਕਹੇ ਭਾਵੇਂ ਮੈਨੂੰ ਤਾਅਨੇ ਦੇਵਣ ਲੋਕੀਂ, ਮੈਂ ਕਿਸੇ ਤੋਂ ਜਾਂਦੀ ਨਹੀਂ ਰੋਕੀ, ਜੰਮੂ ਵਿਚ ਆ ਗਈ ਬਣ ਕੇ ਠਾਕਰ ਮੌਜੀ, ਮੌਜੂਦਾ ਹੋ ਕੇ ਮਹਿਫ਼ਲ ਮਲਜਸ ਮਹਿਮਾਨਾਂ ਨਾਲ ਮਿਲ ਕੇ ਮਹਿਮਾਨ, ਪਿਆਰ ਵਿਚ ਪ੍ਰੇਮ ਪ੍ਰੇਮ ਵਿਚ ਪਿਆਰ, ਆਪਣਾ ਰੰਗ ਦਿਤਾ ਵਖਾਈਆ । ਪੰਛੀ ਜੀ ਬੜੀ ਖੁਸ਼ੀ, ਖੁਸ਼ੀ ਕਹੇ ਪੰਛੀ ਖੁਸ਼ੀਆਂ ਦਾ ਪਰਧਾਨ, ਜਿਸ ਦੇ ਅੰਦਰ ਸਤਿ ਸਚ ਦਾ

੭੦੬

ਗਿਆਨ, ਭਾਵੇਂ ਉਹਦੀ ਬਾਹਰੋਂ ਬੋਲਦੀ ਦਿਸੇ ਜ਼ਬਾਨ, ਪਰ ਹਿਰਦੇ ਵਸਿਆ ਸ੍ਰੀ ਭਗਵਾਨ, ਬੈਠਾ ਸੋਭਾ ਪਾਈਆ । ਰਲ ਮਿਲ ਸਾਰੇ ਖ਼ੁਸ਼ੀ ਮਨਾਣ, ਭੂਮਿਕਾ ਸੋਹੀ ਜਿਥੇ ਬਿਮਲ ਮੁਨੀ ਜੀ ਸੁਹਾਇਆ ਸੱਚਾ ਅਸਥਾਨ, ਨਾਲੇ ਸਾਰਿਆਂ ਨੂੰ ਔਣ ਦਾ ਦਿਤਾ ਮਾਣ, ਇਸ ਤੋਂ ਵੱਡਾ ਪ੍ਰੇਮ ਨਹੀਂ ਕੋਈ ਵਿਚ ਜਹਾਨ, ਜਹਾਨ ਵਾਲਿਓ ਅੰਦਰੋਂ ਬਾਹਰੋਂ ਆਪਣੀ ਜਹਾਲਤ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਸੀਸ ਵਿਚ ਕਹੇ ਹੁਣ ਆਪਣੀ ਆਤਮਾ ਆਪਣੇ ਨਾਲ ਮਿਲ ਕੇ ਕਰੋ ਆਰਾਮ, ਸਚ ਸਿੰਘਾਸਣ ਉਤੇ ਹੋ ਬਰਾਜਮਾਨ, ਜਿਥੇ ਕਾਮ ਕਰੋਧ ਲੋਭ ਮੋਹ ਹੰਕਾਰ ਠਗ ਚੋਰ ਯਾਰ ਆਸਾ ਤ੍ਰਿਸ਼ਨਾ ਹਉਮੇ ਹੰਗਤਾ ਕੂੜੀ ਕਿਰਿਆ ਕਰਮ ਕਾਂਡ ਸਕੇ ਨਾ ਕੋਇ ਉਠਾਈਆ । ਜੈ ਜੈ ਜੈ ਸਦਾ ਅੰਤਰ ਜੈ, ਜੈਕਾਰਾ ਹਕ ਜਣਾਈਆ । ਪੰਛੀ ਜੀ ਪਸਚਾਤਾਪ ਕੋਈ ਨਾ ਰਹੇ, ਹਰਖ਼ ਸੋਗ ਸਰਬ ਮਿਟਾਈਆ । ਸਚ ਸਮਝੋ ਪ੍ਰੇਮ ਪਿਆਰ ਦੀ ਇਕੋ ਲੈ, ਜਿਸ ਦੀ ਰੇਖ ਸਕੇ ਨਾ ਕੋਇ ਸਮਝਾਈਆ । ਸਾਚੇ ਵਹਿਣ ਵਿਚ ਪ੍ਰੇਮੀ ਗੁਰਮੁਖ ਵਹੇ, ਚਲਣ ਵਾਹੋ ਦਾਹੀਆ । ਸਚ ਪੁੱਛੋ ਏਥੇ ਅੱਜ ਮੁਹੱਬਤ ਦੀ ਵਗ ਗਈ ਨੈਂ, ਜਿਸ ਦਾ ਮੋੜਾ ਕੋਈ ਨਾ ਸਕੇ ਪਾਈਆ । ਜਿਸ ਸਿੰਘਾਸਣ ਆਸਣ ਉਤੇ ਸੱਜਣ ਸੁਹੇਲੇ ਗਏ ਬਹਿ, ਖ਼ੁਸ਼ੀਆਂ ਨਾਲ ਗੀਤ ਗੋਬਿੰਦ ਅਲਾਈਆ । ਇਸ ਤੋਂ ਵੱਡੀ ਦੱਸੋ ਹੋਰ ਕਿਹੜੀ ਸ਼ੈ, ਜਿਹੜੀ ਸ਼ਹਿਨਸ਼ਾਹਾਂ ਰਾਜਿਆਂ ਰਾਣਿਆਂ ਦੇ ਘਰਾਂ ਵਿਚੋਂ ਹੱਥ ਕਿਸੇ ਨਾ ਆਈਆ । ਨਾ ਤੂੰ ਰਿਹਾ ਨਾ ਰਹੀ ਮੈਂ, ਦੋਹਾਂ ਦਾ ਇਕੋ ਰੂਪ ਸਤਿ ਸਰੂਪ ਵਿਚ ਸਮਾਈਆ । ਸੰਦੇਸ਼ਾ ਦੇਣਾ ਇਕ ਦੂਜੇ ਨਾਲ ਕੋਈ ਨਾ ਜਾਇਓ ਖਹਿ, ਖ਼ਾਹ ਮਖ਼ਾਹ ਨਾ ਕਰਿਓ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਦੀ ਸਦਾ ਬੁਲੌਂਦਾ ਰਹੇ ਜੈ, ਜਿਸ ਦੀ ਜਗ ਵਿਚ ਹੋਵੇ ਰੁਸ਼ਨਾਈਆ । ਪ੍ਰਭੂ ਮਿਲਣ ਦਾ ਸੱਚਾ ਰਾਹ, ਛੇਤੀ ਤੋਂ ਛੇਤੀ ਜਲਦੀ ਤੋਂ ਜਲਦੀ ਦਿਆਂ ਦ੍ਰਿੜਾਈਆ । ਜੇ ਕੋਈ ਪ੍ਰਭ ਨਾਲ ਮਿਲਿਆ ਹੋਇਆ ਮਿਲ ਜਾਏ ਮਲਾਹ, ਫੜ ਕੇ ਬੇੜੇ ਲਏ ਚੜ੍ਹਾਈਆ । ਅਧ ਵਿਚਕਾਰ ਕੋਈ ਨਾ ਸਕੇ ਅਟਕਾ, ਪੰਚ ਵਿਕਾਰ ਕੂੜ ਹੰਕਾਰ ਬੈਠਣ ਸੀਸ ਨਿਵਾਈਆ । ਸੋਈ ਸੁਰਤੀ ਲਏ ਜਗਾ, ਸ਼ਬਦ ਹਲੂਣੇ ਨਾਲ ਉਠਾ, ਆਲਸ ਨਿੰਦਰਾ ਦਏ ਮਿਟਾਈਆ । ਕਾਇਆ ਅੰਤਰ ਅੰਮ੍ਰਿਤ ਬੂੰਦ ਸਵਾਂਤੀ ਦਏ ਚਵਾ, ਕੂੜੀ ਕਿਰਿਆ ਤ੍ਰਿਸ਼ਨਾ ਦਏ ਗਵਾ, ਹਿਰਸ ਹਵਸ ਰਹਿਣ ਕੋਇ ਨਾ ਪਾਈਆ । ਧੁਨ ਆਤਮਕ ਨਾਦ ਦਏ ਸੁਣਾ, ਅਨਹਦ ਵਾਜਾ ਆਪ ਵਜਾ, ਅਗੰਮ ਅਥਾਹ ਕਰੇ ਸ਼ਨਵਾਈਆ । ਡੂੰਘੀ ਕੰਦਰ ਸੁਖਮਨ ਟੇਢੀ ਬੰਕ ਪਾਰ ਦੇਵੇ ਕਰਾ, ਆਪਣੀ ਉਂਗਲ ਲਏ ਲਾ, ਬਿਨ ਤੱਤਾਂ ਖੇਲ ਕਰਾਈਆ । ਬਜਰ ਕਪਾਟੀ ਦਏ ਤੁੜਾ, ਸਚ ਸਰੋਵਰ ਲਏ ਨਹਾ, ਕਾਗ ਹੰਸ ਰੂਪ ਬਦਲਾਈਆ । ਆਤਮ ਸੇਜਾ ਲਏ ਚੜ੍ਹਾ, ਜੋਤੀ ਨੂਰ ਕਰੇ ਰੁਸ਼ਨਾ, ਪਰਦਾ ਦੂਈ ਦਾ ਪਰੇ ਹਟਾ, ਜਿਸ ਨਾਲੋਂ ਵਿਛੜੇ ਓਸੇ ਨੂੰ ਲਏ ਮਿਲਾ, ਮਿਲਾਪ ਇਕੋ ਵਾਰ ਕਰਾਈਆ । ਪੂਜਾ ਪਾਠ ਜੋਗ ਅਭਿਆਸ ਹਠ ਤਪ ਸਿਮਰਨ ਹਵਨ ਕੋਈ ਨਾ ਲਏ ਕਰਾ, ਨਿਹਕਰਮੀ ਹੋ ਕੇ ਆਪਣਾ ਕਰਮ ਕਮਾਈਆ । ਮਿਹਰ ਨਜ਼ਰ ਦੇਵੇ ਪਾ, ਦ੍ਰਿਸ਼ਟੀ ਇਸ਼ਟੀ ਸ੍ਰਿਸ਼ਟੀ ਵਿਚੋਂ ਬਾਹਰ ਕਢਾਈਆ । ਸਭ ਤੋਂ ਨੇੜੇ ਸਭ ਤੋਂ ਸੌਖਾ ਸਭ ਤੋਂ ਛੋਟਾ ਸਭ ਤੋਂ ਚੰਗਾ, ਮਿਲਣ ਦਾ ਰਾਹ ਜੇ ਰਹਿਬਰ ਮਿਲ ਜਾਏ ਰੱਬੀ ਨੂਰ ਨੂਰ ਨੂਰ ਵਿਚ ਮਿਲਾਈਆ । ਫੇਰ ਨਾ ਖ਼ੁਦਾ ਤੇ ਨਾ ਜੁਦਾ, ਇਕ ਸਰੂਪ ਸਤਿ ਬ੍ਰਹਮ ਰੂਪ ਤੱਤ ਪਾਰਬ੍ਰਹਮ ਸਮਰਥ ਘਰ ਵਿਚ ਮਿਲੇ ਹਸ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ ।



੭੦੭

❊ ੭ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਫੁਮਣ ਸਿੰਘ ਚੇਲਾ ਸਿੰਘ ਜੰਮੂ ❊

ਆਪਣੇ ਵਲੋਂ ਕੁਛ ਦੇਈਏ ਦੱਸ, ਕਾਇਆ ਮੰਦਰ ਅੰਦਰ ਦਹਿ ਦਿਸ਼ਾ ਧਿਆਨ ਲਗਾਈਆ । ਅੰਮ੍ਰਿਤ ਮਿਲੇ ਨਾ ਕਿਸੇ ਸਾਚਾ ਰਸ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਮਨ ਵਾਸਨਾ ਸਾਰੇ ਰਹੇ ਨਸ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਨੇਤਰ ਲੋਚਨ ਨੈਣ ਖੁਲ੍ਹੀ ਕਿਸੇ ਨਾ ਅੱਖ, ਸਚ ਗਿਆਨ ਨਾ ਕੋਇ ਸਮਝਾਈਆ । ਆਪਣਾ ਆਪ ਬੈਠੇ ਕਰਕੇ ਵਖ, ਵਿਛੜੇ ਜੋੜ ਨਾ ਕੋਇ ਜੁੜਾਈਆ । ਨਿਰਮਲ ਜੋਤ ਨਾ ਹੋਏ ਪਰਕਾਸ਼, ਅੰਧ ਅਗਿਆਨ ਨਾ ਕੋਇ ਮਿਟਾਈਆ । ਅਗੰਮੀ ਵਸਤ ਕਿਸੇ ਨਾ ਆਵੇ ਹੱਥ, ਖ਼ਾਲੀ ਹੱਥ ਸਰਬ ਲੋਕਾਈਆ । ਸੱਜਣ ਮਿਲੇ ਨਾ ਪੁਰਖ ਸਮਰਥ ਪਾਰਬ੍ਰਹਮ ਬ੍ਰਹਮ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਕਰਨੀ ਦਾ ਕਰਤਾ ਕ਼ੁਦਰਤ ਦਾ ਮਾਲਕ ਖ਼ਲਕ ਦਾ ਖ਼ਾਲਕ ਆਪਣਾ ਖੇਲ ਖਿਲਾਈਆ । ਥੋੜ੍ਹਾ ਬਹੁਤਾ ਦੱਸਣ ਦੀ ਪੈ ਗਈ ਲੋੜ, ਸਤਿ ਸਚ ਦਿਆਂ ਦ੍ਰਿੜਾਈਆ । ਕਾਇਆ ਅੰਦਰ ਅੰਧ ਘੋਰ, ਸਚ ਨੂਰ ਨਾ ਕੋਇ ਰੁਸ਼ਨਾਈਆ । ਝਗੜਾ ਪਿਆ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਸਾਂਤਕ ਸਤਿ ਨਾ ਕੋਇ ਕਰਾਈਆ । ਆਪਣਾ ਆਪ ਤੱਕਿਆ ਕਿਸੇ ਨਾ ਗ਼ੌਰ, ਪੜਦਾ ਦੂਈ ਦਵੈਤ ਚੁਕਾਈਆ । ਮਨੂਆ ਮਨ ਵਾਸਨਾ ਪਾਵੇ ਸ਼ੋਰ, ਉਚੀ ਕੂਕ ਦਏ ਦੁਹਾਈਆ । ਵਿਛੜਿਆਂ ਕੋਈ ਨਾ ਦੇਵੇ ਜੋੜ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਨਿਤ ਨਵਿਤ ਭਗਤ ਸੁਹੇਲਾ ਇਕ ਅਕੇਲਾ ਨਿਰਗੁਣ ਸਰਗੁਣ ਆਪਣਾ ਖੇਲ ਵਖਾਈਆ । ਕੁਛ ਦੱਸੀਏ ਆਪਣੀ ਵੇਖੋ ਖੋਲ੍ਹ ਕੇ ਕਾਇਆ ਤਾਕੀ, ਪੜਦਾ ਓਹਲਾ ਪਰੇ ਹਟਾਈਆ । ਸਾਚਾ ਸੱਜਣ ਮਿਲੇ ਸਾਕੀ, ਵਡ ਦਾਤਾ ਬੇਪਰਵਾਹੀਆ । ਮਨਸਾ ਮਨੂਆ ਮਨ ਨਾ ਰਹੇ ਆਕੀ, ਕੂੜ ਕੁੜਿਆਰਾ ਦੇਵੇ ਮਿਟਾਈਆ । ਭਾਗ ਲਗਾ ਕੇ ਤਨ ਖ਼ਾਕੀ, ਕਾਚੀ ਗਗਰੀਆ ਰੰਗ ਚੜ੍ਹਾਈਆ । ਜਨਮ ਜਨਮ ਦੀ ਪੂਰੀ ਹੋਵੇ ਆਸੀ, ਮਾਇਆ ਮਮਤਾ ਤ੍ਰਿਸ਼ਨਾ ਦੇਵੇ ਗਵਾਈਆ । ਘਰ ਸੱਜਣ ਵੇਖੋ ਪੁਰਖ ਅਬਿਨਾਸ਼ੀ, ਨਿਜ ਆਤਮ ਪਰਮਾਤਮ ਬੈਠਾ ਸੋਭਾ ਪਾਈਆ । ਜੀਵਣ ਦੀ ਮੰਜ਼ਲ ਮੁੱਕੇ ਔਖੀ ਘਾਟੀ, ਅਗਲਾ ਪੰਧ ਰਹੇ ਨਾ ਰਾਈਆ । ਜਗਤ ਕਹਾਣੀ ਝੂਠੀ ਅੰਤਰ ਬਾਣੀ ਸਾਚੀ, ਸ਼ਬਦ ਸੁਨੇਹੜਾ ਨਾਮ ਸੁਣਾਈਆ । ਪਤਿਪਰਮੇਸ਼ਵਰ ਮੇਲ ਮਿਲਾ ਕਮਲਾਪਾਤੀ, ਕਵਲ ਨੈਣ ਬਿਨ ਨੈਣਾਂ ਨਜ਼ਰੀ ਆਈਆ । ਅੰਦਰੇ ਅੰਦਰ ਬਦਲ ਜਾਵੇ ਹਯਾਤੀ, ਜ਼ਿੰਦਗੀ ਵਿਚੋਂ ਜ਼ਿੰਦਗੀ ਆਪਣੀ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣਾ ਦਏ ਖੁਲ੍ਹਾਈਆ । ਕੁਛ ਕਹਿਣਾ ਕਹਿਣਾ ਕੀ, ਕਹਿ ਕਹਿ ਥੱਕੀ ਸਰਬ ਲੋਕਾਈਆ । ਕਹਿਣ ਨਾਲ ਕਿਸੇ ਦਾ ਨਿਰਮਲ ਨਹੀਂ ਹੋਇਆ ਜੀ, ਜੀਵਣ ਜੁਗਤ ਨਾ ਕੋਇ ਵਡਿਆਈਆ । ਕਹਿਣ ਨਾਲੋਂ ਮਿਹਰਵਾਨ ਹੋ ਕੇ ਲੇਖਾ ਚੁਕੌਣਾ ਸਾਢੇ ਤਿੰਨ ਹੱਥ ਸੀਂ, ਕਾਇਆ ਤਤ ਮਿਲੇ ਵਡਿਆਈਆ । ਸਤਿ ਧਰਮ ਦੀ ਸਾਚੇ ਮੰਦਰ ਰਖਕੇ ਨੀਂਹ, ਮਹਲ ਅਟਲ ਦਏ ਬਣਾਈਆ । ਅੰਮ੍ਰਿਤ ਆਬੇ ਹਯਾਤ ਮਸਤ ਪਿਆਲਾ ਲੈਣਾ ਪੀ, ਨਾਮ ਖ਼ੁਮਾਰੀ ਸਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥੋੜ੍ਹਾ ਥੋੜਾ ਰਿਹਾ ਜਣਾਈਆ । ਆਪਣੇ ਵਲੋਂ ਬਚਨ ਇਕੋ ਦੇਣਾ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਮਨ ਵਾਸਨਾ ਹੋਵੇ ਵਸ, ਕੂੜਾ ਸੰਗ ਨਾ ਕੋਇ ਨਿਭਾਈਆ । ਪ੍ਰੇਮ ਪਿਆਰ ਮਿਲੇ ਰਸ, ਰਸਤਾ ਨੂਰ

ਖ਼ੁਦਾਈਆ । ਤੀਰ ਨਿਰਾਲਾ ਵੱਜੇ ਝਟ, ਫੱਟ ਘਾਓ ਆਪਣਾ ਦਏ ਲਗਾਈਆ । ਵਸਤ ਅਮੋਲਕ ਕਾਇਆ ਮੰਦਰ ਅੰਦਰ ਪਏ ਲਭ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜਿਸ ਨੂੰ ਵਾਹਿਗੁਰੂ ਅੱਲਾ ਰਾਮ ਗੌਡ ਖ਼ੁਦਾ ਕਹਿੰਦੇ ਰੱਬ, ਰਾਬਤਾ ਕਰ ਕੇ ਦਏ ਜਣਾਈਆ । ਥੋੜ੍ਹਾ ਦੱਸਣ ਦਾ ਮੌਕਾ ਮਿਲਿਆ ਸਬਬ, ਸਭਿਅਤਾ ਵੇਖੇ ਥਾਉਂ ਥਾਈਂਆ । ਜਿਹੜਾ ਅੱਜ ਤਕ ਜੀਵਣ ਜ਼ਿੰਦਗੀ ਵਿਚ ਨਹੀਂ ਸਕਿਆ ਲਭ, ਪੜਦਿਆਂ ਵਿਚੋਂ ਪੜਦਾ ਪਰੇ ਹਟਾਈਆ । ਸੋ ਸਚ ਸੁਨੇਹੜਾ ਰਿਹਾ ਦੱਸ, ਹਸ ਹਸ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਇਕ ਦੂਜੇ ਦੇ ਹੋਣਾ ਵਸ, ਵਾਸਤਾ ਇਕੋ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਥੋੜ੍ਹਾ ਦੱਸਣਾ ਅਗੰਮੀ ਖੇਲ, ਅਗੰਮ ਅਗੰਮ ਵਡਿਆਈਆ । ਕਵਣ ਸੱਜਣ ਕਵਣ ਮੀਤ ਕਵਣ ਸੰਤ ਕਵਣ ਸਤਿਗੁਰ ਕਰੇ ਮੇਲ, ਆਪ ਆਪਣੇ ਵਿਚ ਸਮਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਰਬ੍ਰਹਮ ਖੇਲਣਹਾਰਾ ਅਚਰਜ ਖੇਲ, ਦੀਨ ਦੁਨੀ ਜਗਤ ਜਗਿਆਸੂ ਭਗਤ ਭਗਵੰਤ ਸੰਤ ਸੱਜਣ ਗੁਰਮੁਖ ਗੁਰਸਿਖ ਹਰਿਜਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਵੇਖ ਵਖਾਈਆ । ਮਨ ਸਦਾ ਰਹੇ ਪਰੇਸ਼ਾਨ, ਪਰੇਸ਼ਾਨੀ ਇਹਦਾ ਰੂਪ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ ਇਹਦੀ ਉਡਾਨ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਜਗਤ ਵਾਸਨਾ ਇਹਦਾ ਗਿਆਨ, ਆਸਾ ਤ੍ਰਿਸ਼ਨਾ ਸਿਫ਼ਤ ਸਾਲਾਹੀਆ । ਮਾਇਆ ਮਮਤਾ ਪੀਣ ਖਾਣ, ਹਉਮੇ ਹੰਗਤਾ ਗੜ੍ਹ ਬਣਾਈਆ । ਇਨਸਾਨਾਂ ਨੂੰ ਰਹਿਣ ਨਾ ਦੇਵੇ ਇਨਸਾਨ, ਅਸਲ ਵਸਲ ਨਾ ਕੋਇ ਸਮਝਾਈਆ । ਪੰਜ ਖੜ੍ਹੇ ਕਰ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਕਰੇ ਸ਼ਨਵਾਈਆ । ਬਣ ਕੇ ਰਾਜਾ ਸਾਢੇ ਤਿੰਨ ਹੱਥ ਮਕਾਨ, ਆਪਣਾ ਹੁਕਮ ਸਚ ਸੁਣਾਈਆ । ਜਿੰਨਾਂ ਚਿਰ ਸਾਹਿਬ ਸਤਿਗੁਰ ਮਿਲੇ ਨਾ ਸੂਰਾ ਬਲਵਾਨ, ਬਲਧਾਰੀ ਬੇਪਰਵਾਹੀਆ । ਜੋ ਸ਼ਬਦੀ ਧਾਰ ਮਨਾਵੇ ਆਪਣੀ ਆਣ, ਧੁਰ ਸੰਦੇਸ਼ਾ ਇਕ ਸੁਣਾਈਆ । ਡੋਰੀ ਤੰਦ ਬੰਧੇ ਮਹਾਨ, ਇਧਰ ਉਧਰ ਭੱਜਣ ਦੀ ਸ਼ਕਤ ਰਹੇ ਨਾ ਰਾਈਆ । ਓਨਾਂ ਚਿਰ ਮਨ ਥਿਰ ਹੋ ਕੇ ਬਹੇ ਨਾ ਵਿਚ ਕਾਇਆ ਮਕਾਨ, ਘੜੀ ਪਲ ਸਚ ਸਿੰਘਾਸਣ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਵਾਸਨਾ ਆਪਣੇ ਨਾਲ ਬੰਨ੍ਹਣਹਾਰ ਨਿਧਾਨ, ਮਨ ਦਾ ਮਾਲਕ ਆਪਣਾ ਹੁਕਮ ਮਨਾਈਆ । ਮੈਂ ਕਿਆ ਹੂੰ ਮੈਂ ਕਿਉਂ ਹੂੰ, ਕੋਈ ਨਾ ਜਾਣੇ ਜਗ, ਸ੍ਰਿਸ਼ਟੀ ਸਕੇ ਨਾ ਕੋਇ ਸਮਝਾਈਆ । ਸਮਰਥ ਪੁਰਖ ਕਹੇ ਸੂਰਾ ਸਰਬਗ, ਮੈਂ ਹੂੰ, ਜਿਸ ਆਪਣਾ ਆਪ ਲਿਆ ਪਰਗਟਾਈਆ । ਆਪਣੇ ਆਸਣ ਆਪਣੇ ਸਿੰਘਾਸਣ ਆਪੇ ਰਿਹਾ ਸਜ, ਦੂਜਾ ਰੂਪ ਨਾ ਕੋਇ ਵਟਾਈਆ । ਸਭ ਤੋਂ ਨਿਰਾਲਾ ਸਭ ਤੋਂ ਅਲਗ, ਸਭ ਤੋਂ ਵਖਰਾ ਸਭ ਦੇ ਅੰਦਰ ਆਪਣਾ ਆਪ ਸਮਾਈਆ । ਸਭ ਤੋਂ ਬਾਹਰ ਹਦ, ਹਦੂਦ ਸਕੇ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਪ ਦਏ ਦ੍ਰਿੜਾਈਆ । ਮੈਂ ਹੂੰ ਕੌਣ, ਮਨ ਮਤਿ ਬੁਧਿ ਸਕੇ ਨਾ ਕੋਇ ਸਮਝਾਈਆ । ਭੇਵ ਦੱਸੇ ਨਾ ਉਨੰਜਾ ਪੌਣ, ਪਰਦਾ ਓਹਲਾ ਨਾ ਕੋਇ ਖੁਲ੍ਹਾਈਆ । ਜਗਤ ਹੰਕਾਰੀ ਜਗਤ ਗਿਆਤਾ ਜਗਿਆਸੂ ਹੋਇਆ ਰੌਣ, ਰਾਵਣ ਰੂਪ ਵਟਾਈਆ । ਜੋ ਸਭ ਦਾ ਮਾਲਕ ਸਭ ਨੂੰ ਵਾਲਾ ਬਣੌਣ, ਘੜਨ ਭੰਨਣਹਾਰ ਸਮਰਥ ਪੁਰਖ ਬੇਪਰਵਾਹੀਆ । ਜੋ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਰਵ ਸਸ ਸੂਰਜ ਚੰਦ ਮੰਡਲ ਮੰਡਪ ਵਿਸ਼ਨ

ਬ੍ਰਹਮਾ ਸ਼ਿਵ ਗ੍ਰਿਹ ਮੰਦਰ ਹਾਰਵਸੌਣ, ਵਾਸਤਵ ਵਿਚ ਨਜ਼ਰ ਕਿਸੇ ਨਾ ਆਈਆ । ਹੁਕਮੇਂ ਅੰਦਰ ਆਦਿ ਅੰਤ ਜੁਗਾ ਜੁਗੰਤ ਨਿਤ ਨਵਿਤ ਤਤ ਪ੍ਰਕਿਰਤੀ ਮਾਇਆ ਲੱਖ ਚੁਰਾਸੀ ਜੀਵ ਜੰਤ ਆਤਮ ਪਰਮਾਤਮ ਖੇਲ ਆਇਆ ਖਿਲੌਣ, ਖ਼ਾਲਕ ਖ਼ਲਕ ਅਰਸ਼ ਫ਼ਰਸ਼ ਉਪਰ ਫ਼ਲਕ ਭੇਵ ਅਭੇਦਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੈਂ ਹੂੰ ਕੌਣ ਕਹੇ ਮੈਂ ਭਗਵਨ ਉਹ, ਜਿਸ ਦਾ ਉਹਲਾ ਬੇਪਰਵਾਹੀਆ । ਜਿਸ ਦਾ ਪਰਕਾਸ਼ ਅਗੰਮੀ ਲੋ, ਨਿਰਾਕਾਰ ਆਕਾਰ ਸਾਕਾਰ ਸਤਿ ਸਤਿ ਵਿਚ ਸਮਾਈਆ । ਆਪੇ ਤੋਂ ਆਪ ਗਿਆ ਹੋ, ਨਾ ਕੋਈ ਪਿਤਾ ਨਾ ਕੋਈ ਮਾਈਆ । ਸਚ ਸਿੰਘਾਸਣ ਰਿਹਾ ਛੋਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪੇ ਕਾਰ ਕਮਾਈਆ । ਮੈਂ ਹੂੰ ਕੌਣ ਕੌਣ ਜਾਣੇ, ਕਹਿਣ ਵਾਲਾ ਨਜ਼ਰ ਕੋਇ ਨਾ ਆਈਆ । ਮੇਰਾ ਕਿਹਾ ਸਰਬ ਖਾਣੇ, ਵਿਸ਼ਨ ਬ੍ਰਹਮਾ ਸ਼ਿਵ ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਕਰਨ ਪੜ੍ਹਾਈਆ । ਅਗੰਮ ਅਥਾਹ ਬੇਪਰਵਾਹ ਆਪਣੀ ਕਰਨੀ ਆਪੇ ਜਾਣੇ, ਦੂਜਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਮੈਂ ਹੂੰ ਕੌਣ ਕੋਈ ਨਾ ਸਕੇ ਸਮਝ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜਿਸ ਵੇਲੇ ਮੈਂ ਨੂੰ ਮੈਂ ਦੀ ਵੱਜੇ ਰਮਜ਼, ਮੈਂ ਹੂੰ ਕੌਣ ਹੂੰ ਮੈਂ ਮੈਂ ਮੈਂ ਰਹਿਣ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਜਗਤ ਵਿਦਿਆ ਕੋਈ ਵੇਖ ਨਾ ਸਕੇ ਦੋ ਨੈਣ, ਸ੍ਰਿਸ਼ਟੀ ਦ੍ਰਿਸ਼ਟੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣਾ ਆਪਣੇ ਵਿਚ ਸਮਾਈਆ ।



੭੧੦

ਰਿਧੀ ਸਿਧੀ ਨਵੇਂ ਨਵੇਂ ਛੋਟੇ ਛੋਟੇ ਚਮਤਕਾਰ, ਜੁਗਨੂੰਆਂ ਵਾਂਗੂ ਨਜ਼ਰੀ ਆਈਆ । ਮਨ ਮਤਿ ਬੁੱਧੀ ਦਾ ਖੇਲ ਸੰਸਾਰ, ਰੁਚੀ ਜਗਤ ਰਚਨਾ ਵਿਚ ਲਗਾਈਆ । ਥੋੜ੍ਹੀ ਥੋੜ੍ਹੀ ਅਗਨੀ ਚੰਗਿਆੜੀ ਨਿਕਲੇ ਬਾਹਰ, ਸ਼ੋਹਲਾ ਉਡ ਕੇ ਮੁੜ ਭਸਮ ਰੂਪ ਵਟਾਈਆ । ਇਹ ਖਾਣ ਪੀਣ ਦਾ ਅਧਾਰ, ਪੇਟ ਦਾ ਸ਼ਿੰਗਾਰ, ਤੱਤ ਸੋਭਾ ਪਾਈਆ । ਭਗਤ ਸੰਤ ਇਸ ਤੋਂ ਵਸਣ ਬਾਹਰ, ਜਿਥੇ ਖੇਲ ਅਪਾਰ, ਇਕੋ ਮਿਲੇ ਸਾਂਝਾ ਯਾਰ, ਨੂਰ ਖ਼ੁਦਾਈ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰੋ ਨੂਰ ਨੂਰ ਉਜਿਆਰ, ਬਿਨਾ ਸਖ਼ੀਆਂ ਮੰਗਲਾਚਾਰ, ਬਿਨਾ ਅੱਖੀਆਂ ਹੋਵੇ ਦੀਦਾਰ, ਦਰਸ ਦਰਸ ਵਿਚ ਮਿਲਾਈਆ । ਨਿੱਕੇ ਨਿੱਕੇ ਚਮਤਕਾਰ ਨਹੀਂ ਇਹ ਕੂੜੀ ਚਮਕ, ਚਾਨਣ ਸਚ ਨਾ ਕੋਇ ਰੁਸ਼ਨਾਈਆ । ਉਹ ਧੋਖਾ ਦੇਣ ਵਾਲੇ ਅਹਿਮਕ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸੱਚੇ ਸੰਤ ਉਹਨਾਂ ਦੇ ਨਾਲ ਕਦੇ ਨਹੀਂ ਹੁੰਦੇ ਸਹਿਮਤ, ਜਿਨ੍ਹਾਂ ਸਾਹਿਬ ਦਾ ਦਰਸ਼ਨ ਅੰਦਰੇ ਅੰਦਰ ਲੈਣਾ ਪਾਈਆ । ਸ੍ਰੀ ਭਗਵਾਨ ਜਿਨ੍ਹਾਂ ਦੇ ਉਤੇ ਕਰਦਾ ਰਹਿਮਤ, ਮਿਹਰਵਾਨ ਹੋ ਕੇ ਅੱਖ ਖੁਲ੍ਹਾਈਆ । ਉਹਨਾਂ ਦੇ ਮਨ ਵਿਕਾਰ ਹੰਕਾਰ ਦੀ ਕੋਈ ਨਹੀਂ ਰਹਿੰਦੀ ਜ਼ਹਮਤ, ਜਗਤ ਬੀਮਾਰੀ ਦਏ ਗਵਾਈਆ । ਹਰਿਜਨੋ ਜਿਨ੍ਹਾਂ ਨੂੰ ਸਚ ਇਸ਼ਾਰੇ ਦੀ ਵਜਦੀ ਸੈਨਤ, ਸਮਝ ਵਿਚੋਂ ਸਮਝ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਚਮਕ ਚਾਂਦਨੀ ਨਾ ਕੋਇ ਰੁਸ਼ਨਾਈਆ ।

ਮੁਖ ਦੰਦ ਬੁਲ ਕਹਿਣ ਕਿੱਡੀ ਸੋਹਣੀ ਆਈ ਹਾਸੀ, ਮੁਸਕਰਾਹਟ ਆਪਣਾ ਰੰਗ ਬਦਲਾਈਆ । ਜੇ ਸਤਿਗੁਰ ਅੰਦਰ ਮਿਲਿਆਂ ਰਹੇ ਉਦਾਸੀ, ਅਗੰਮੀ ਨਾ ਲਏ ਅੰਗੜਾਈਆ । ਜਮ ਦੀ ਨਾ ਟੁੱਟੇ ਫ਼ਾਸੀ, ਚੁਰਾਸੀ ਦਾ ਲੇਖ ਚੁਕਾਈਆ । ਦੋ ਜਹਾਨ ਨਾ ਬਣੇ ਸਾਥੀ, ਅੰਦਰੋਂ ਨਾ ਖੋਲ੍ਹੇ ਤਾਕੀ, ਸ਼ਬਦ ਨਾ ਸੁਣੇ ਨਾਦੀ, ਪੁਰਖ ਨਾ ਮਿਲੇ ਆਦੀ, ਪੜਦਾ ਨਾ ਚੁਕੇ ਬ੍ਰਿਹਮਾਦੀ, ਹਰਿਜਨ ਹੋ ਕੇ ਨਾ ਜਾਏ ਰਾਜ਼ੀ, ਰਜ਼ਾ ਕੰਮ ਕਿਸੇ ਨਾ ਆਈਆ । ਅੰਤਰ ਹੋਰ ਖੇਲ ਤਮਾਸ਼ੀ, ਗੋਪੀ ਕਾਹਨ ਪਾਵਣ ਰਾਸੀ, ਸੀਤਾ ਰਾਮ ਨਜ਼ਰੀ ਆਵਣ ਸਾਥੀ, ਪੁਰਖ ਅਬਿਨਾਸ਼ੀ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਮਾਈਆ । ਹਾਸੀ ਕਹੇ ਮੈਨੂੰ ਹਸਦਿਆਂ ਹਸਦਿਆਂ ਆ ਗਈ ਖ਼ੁਸ਼ੀ, ਅੰਦਰੋਂ ਅੰਤਸ਼ਕਰਨ ਲਏ ਅੰਗੜਾਈਆ । ਬਦਲੀ ਵਿਚ ਬਦਲ ਜਾਵੇ ਰੁਚੀ, ਰਚਨਾ ਝੂਠੀ ਵੇਖੇ ਜਗਤ ਲੋਕਾਈਆ । ਮੇਰੀ ਆਤਮਾ ਹੋ ਜਾਏ ਸੁਚੀ, ਸਤਿ ਸਤਿ ਬ੍ਰਹਮ ਮਤਿ ਇਕ ਦ੍ਰਿੜਾਈਆ । ਸਤਿਗੁਰ ਮਿਲਿਆਂ ਫੇਰ ਮੰਜ਼ਲ ਰਹਿ ਨਹੀ ਜਾਂਦੀ ਉਚੀ, ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਪੰਧ ਮੁਕਾਈਆ । ਆਪੇ ਅੰਦਰੋਂ ਕਾਇਆ ਦੀ ਖੋਲ੍ਹ ਦੇਵੇ ਗੁਥੀ, ਜੋ ਪਰਦੇ ਓਹਲੇ ਬੰਦ ਕਰਾਈਆ । ਫੇਰ ਕੋਈ ਪੜ੍ਹਨੀ ਨਾ ਪਏ ਪੋਥੀ, ਬਿਨ ਪੁਸਤਕੋਂ ਪੁਸ਼ਤ ਪਨਾਹ ਹੱਥ ਰਖ ਕੇ ਦੂਤੀ ਦੁਸ਼ਟ ਸਾਰੇ ਦਏ ਭਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਹਿਬ ਦਾਤਾ ਬੇਪਰਵਾਹੀਆ । ਹਾਸੀ ਕਹੇ ਮੇਰੇ ਅੰਦਰੋਂ ਖ਼ੁਸ਼ੀ ਨਾਲ ਨਿਕਲਿਆ ਕਲਾਮ, ਕਲਮਾ ਹਕ ਬੇਪਰਵਾਹੀਆ । ਸੰਦੇਸ਼ਾ ਦੇਵੇ ਪੈਗ਼ਾਮ, ਵਾਹਿਦ ਨੂਰ ਖ਼ੁਦਾਈਆ । ਆਲਮੀਨ ਅਮਾਮ, ਮਹਿਬਾਨ ਬੀਦੋ ਬੀ ਖੈਰੀਯਾ ਅੱਲਾ ਤੂੰ ਹੀ ਤੂੰ ਸਮਝਾਈਆ । ਧੁਰ ਦਾ ਨਗ਼ਮਾ ਆਇਆ ਸੁਣੌਣ, ਚਸ਼ਮਾ ਆਬੇ ਹਯਾਤ ਵਹਾਈਆ । ਬਰਦਾ ਬਰਦਾ ਨਾ ਰਹੇ ਗ਼ੁਲਾਮ, ਦਰ ਦਾ ਪਰਦਾ ਦਏ ਉਠਾਈਆ । ਸਜਦਾ ਕਰਨਾ ਨਾ ਪਏ ਫੇਰ ਵਿਚ ਸਲਾਮ, ਨਿਉਂ ਨਿਉਂ ਸੀਸ ਨਾ ਕੋਇ ਨਿਵਾਈਆ । ਮੁਰਸ਼ਦ ਮਿਲਿਆਂ ਮੁਰੀਦ ਦੀ ਮੁਸ਼ਕਲ ਹੋਵੇ ਆਸਾਨ, ਅਸਲ ਵਿਚੋਂ ਅਸਲੀਅਤ ਦਏ ਸਮਝਾਈਆ । ਹਾਸੀ ਕਹੇ ਜੇ ਹਸਦਿਆਂ ਹਸਦਿਆਂ ਮੈਨੂੰ ਅੰਦਰੋਂ ਮਿਲ ਜਾਏ ਰਾਮ, ਮੇਰਾ ਪੂਰਾ ਹੋ ਜਾਏ ਕਾਮ, ਲੌਣਾ ਪਏ ਨਾ ਕੋਈ ਦਾਮ, ਬਿਨ ਦਮਾਂ ਦਾਮਨਗੀਰ ਹੋ ਕੇ ਆਪਣਾ ਪਲੂ ਲਏ ਫੜਾਈਆ । ਹਾਸੀ ਕਹੇ ਜਿਸ ਵੇਲੇ ਮੇਰੀ ਅੰਦਰੋਂ ਆਈ ਆਵਾਜ਼, ਪਰੋਫ਼ੈਸਰ ਨੂੰ ਫ਼ੈਸਲਾ ਰਹੀ ਸੁਣਾਈਆ । ਇਕ ਹੋਰ ਡੂੰਘਾ ਰਾਜ਼, ਬਿਨ ਪਰਦਿਉਂ ਲਿਆ ਛੁਪਾਈਆ । ਜੇ ਹਿਰਦਿਉਂ ਪ੍ਰੇਮ ਵਾਲੀ ਕਰ ਲਈਏ ਖ਼ਾਹਿਸ਼, ਖ਼ਾਹਿਸ਼ ਦੇ ਨਾਲ ਸਵਾਸ ਇਕੋ ਰਾਮ ਧਿਆਈਆ । ਫਿਰ ਮਨ ਨਾ ਰਹੇ ਬਦਮਾਸ਼, ਆਪਣੇ ਆਪ ਦੀ ਹੋ ਜਾਏ ਤਲਾਸ਼, ਵਿਸ਼ਵਾਸ ਇਕੋ ਲੈਣਾ ਬੰਧਾਈਆ । ਹੁਜਰਾ ਹਕ ਮਹਿਬੂਬ ਦਾ ਹੋਵੇ ਇਤਫ਼ਾਕ, ਮਿਲਾਪ ਦਾ ਵੇਲਾ ਲਏ ਸੁਹਾਈਆ । ਜਨਮ ਕਰਮ ਦਾ ਲੇਖਾ ਹੋਵੇ ਬੇਬਾਕ, ਬਿਨ ਤੰਦੀ ਤੰਦ ਸਤਾਰ ਵੱਜੇ ਰਬਾਬ, ਘਰ ਸੱਜਣ ਮਿਲੇ ਅਹਿਬਾਬ, ਮਿਤਰ ਪਿਆਰਾ ਨਜ਼ਰੀ ਆਈਆ । ਫੇਰ ਓਥੇ ਸਵਾਲ ਤੇ ਓਥੇ ਜਵਾਬ, ਓਥੇ ਮੈਂ ਹੂੰ ਕੌਣ ਕੌਣ ਹੂੰ ਮੈਂ ਨਜ਼ਰੀ ਆਵੇ ਆਪ, ਭੁਲ ਜਾਏ ਜੰਮਣ ਵਾਲਾ ਮਾਈ ਬਾਪ, ਭਾਈ ਭੈਣ ਸਾਕ ਸੱਜਣ ਸਾਰੇ ਜਾਣ ਤਜਾਈਆ । ਆਸ਼ਾ ਨਾ ਹੋਵੇ ਨਿਰਾਸ਼, ਨਿਰਾਸਤਾ ਬੈਠੇ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਖੇਲ ਵਖਾਈਆ । ਹਾਸੀ ਕਹੇ ਜਿਸ ਵੇਲੇ ਮੈਂ ਅੰਦਰੋਂ ਚਲ ਕੇ ਆ ਗਈ ਕੋਲ ਬੁੱਲ, ਦੋਵੇਂ ਹੋਠ ਖ਼ੁਸ਼ੀਆਂ ਰਹੇ ਮਨਾਈਆ । ਸਿਫ਼ਤ ਕਹਿਣਾ ਪ੍ਰਭ ਮਿਲੇ ਮਾਲਕ ਕੁੱਲ, ਜੋ


੭੧੧

ਕੁਲ ਸਾਡੀ ਦਏ ਬਦਲਾਈਆ । ਦੇਵੇ ਨਾਮ ਭੰਡਾਰਾ ਅਤੁਲ, ਜਿਸ ਦੀ ਕ਼ੀਮਤ ਨਾ ਕੋਇ ਚੁਕਾਈਆ । ਪ੍ਰੇਮੀਆਂ ਦਾ ਪ੍ਰੇਮ ਪਿਆਰਾ ਹੋਵੇ ਸੁਲਹਕੁਲ, ਮੁਹੱਬਤ ਸਚ ਦਏ ਸਮਝਾਈਆ । ਅੰਦਰੋਂ ਚਿਰਾਗ਼ ਦੀਪਕ ਹੋਣ ਨਾ ਦੇਵੇ ਗੁਲ, ਬਿਨ ਤੇਲ ਬਾਤੀ ਕਰਦਾ ਰਹੇ ਰੁਸ਼ਨਾਈਆ । ਜੇ ਕਿਰਪਾ ਕਰ ਕੇ ਆਪਣੇ ਪ੍ਰੇਮ ਦਾ ਜਾਮ ਪਿਆ ਦਏ ਭਰ ਕੇ ਚੁਲ, ਚੋਰੀ ਠੱਗੀ ਯਾਰੀ ਅੰਦਰੋਂ ਬਾਹਰ ਦੇਵੇ ਕਢਾਈਆ । ਮਨ ਮਨੂਆ ਨਾ ਜਾਏ ਭੁਲ, ਭਟਕਣਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਦਰ ਬਾਹਰ ਗੁਪਤ ਜ਼ਾਹਰ ਆਪਣਾ ਰੰਗ ਆਪੇ ਵੇਖ ਵਖਾਈਆ । ਹਾਸੀ ਕਹੇ ਬੜੀ ਮੇਰੇ ਵਿਚ ਮਸਤੀ, ਮਸਤ ਮਸਤਾਨੇ ਦਿਆਂ ਬਣਾਈਆ । ਮਸਤੀ ਦੇ ਵਿਚੋਂ ਲੱਭਾਂ ਹਸਤੀ, ਹਾਸਲ ਨਾਲ ਹਾਸਲ ਜੋੜ ਜੁੜਾਈਆ । ਪ੍ਰੀਤਮ ਵੇਖਾਂ ਅਰਸ਼ੀ ਫ਼ਰਸ਼ੀ, ਦੋ ਜਹਾਨਾਂ ਮਾਲਕ ਸ਼ਹਿਨਸ਼ਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਗ਼ਰੀਬਾਂ ਦਾ ਦਰਦੀ, ਦੁਖੀਆਂ ਦਾ ਦੁਖ ਆਪਣੀ ਝੋਲੀ ਪਾਈਆ । ਨਿਮਾਣਿਆਂ ਦੀ ਸੁਣੇ ਅਰਜ਼ੀ, ਕੂੜ ਵੇਸ ਨਾ ਵਟਾਵੇ ਫ਼ਰਜ਼ੀ, ਕੂੜੀ ਕਿਰਿਆ ਸੰਗ ਨਾ ਕੋਇ ਰਖਾਈਆ । ਜਗਤ ਵਿਛੜਿਆਂ ਤਨ ਚੀਥੜ ਪਾਟੇ ਪਰਾਨੀਆਂ ਸੀਵੇਂ ਬਣ ਕੇ ਦਰਜ਼ੀ, ਅੰਦਰ ਦੀ ਦਰਜ਼ ਰਹਿਣ ਕੋਇ ਨਾ ਪਾਈਆ । ਪਰੋਫ਼ੈਸਰ ਜੀ ਇਹ ਗੱਲ ਤੁਹਾਡੀ ਤੇ ਸਾਡੇ ਘਰ ਦੀ, ਜਿਸ ਘਰ ਵਿਚ ਘਰ ਘਰ ਦਾ ਮਾਲਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਹਸਤੀ ਹਸਦਿਆਂ ਹਸਦਿਆਂ ਹੰਸਾ ਰੂਪ ਵਟਾਈਆ । ਹਾਸੀ ਕਹੇ ਬੜਾ ਮੁਸ਼ਕਲ ਹਿਸਾਬ, ਡਿਗਰੀ ਐਮ ਏ ਵਾਲੀ ਬੇਪਰਵਾਹੀਆ । ਬੜੀ ਮੁਸ਼ਕਲ ਕਿਤਾਬ, ਪੜ੍ਹਦਿਆਂ ਪੜ੍ਹਦਿਆਂ ਬੁੱਧੀ ਗਈ ਘਬਰਾਈਆ । ਅਗੋਂ ਕਿਤਾਬ ਨੇ ਦਿਤਾ ਜਵਾਬ, ਮੈਂ ਤੈਨੂੰ ਵਖਰਾ ਮਜ਼ਮੂਨ ਦਿਆਂ ਸਮਝਾਈਆ । ਜੇ ਤੈਨੂੰ ਮੇਰਾ ਮਿਲ ਜਾਏ ਆਪਣਾ ਆਪ, ਆਪਣਾ ਸੰਗ ਰਖਾਈਆ । ਫੇਰ ਸੁਆਲ ਕੱਢਣ ਵਾਸਤੇ ਲੋੜ ਰਹੇ ਨਾ ਕੋਈ ਕ਼ਲਮ ਦਵਾਤ, ਹਿੰਦਸਿਆਂ ਅੱਖਰਾਂ ਵਾਲੀ ਵੰਡ ਨਾ ਕੋਇ ਵੰਡਾਈਆ । ਡਿਗਰੀਆਂ ਦੀ ਡਿਗਰੀ ਕਰ ਕੇ ਤੇਰਾ ਖੋਲ੍ਹ ਦੇਵੇ ਤਾਕ, ਪਰਦਾ ਓਹਲਾ ਅੰਦਰੋਂ ਚੁਕਾਈਆ । ਫੇਰ ਨੰਬਰੀਆਂ ਵਾਲਾ ਰਹੇ ਕੋਈ ਨਾ ਬਾਬ, ਹਿੰਦਸਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਜੇ ਕਿਰਪਾ ਕਰ ਕੇ ਦੇ ਦਏ ਆਪ ਖ਼ਿਤਾਬ, ਫੇਰ ਡਾਕਟਰ ਲਾਅ ਦੀ ਲੋੜ ਰਹੇ ਨਾ ਰਾਈਆ । ਹਾਸੀ ਕਹੇ ਮੈਂ ਖ਼ੁਸ਼ੀਆਂ ਨਾਲ ਆਈ ਆਜ, ਆਪਣਾ ਪੰਧ ਮੁਕਾਈਆ । ਹੋਰ ਖ਼ੁਸ਼ੀ ਚੜ੍ਹ ਗਈ ਕਿਉਂ ਨਾਲ ਨਿਮੀਂ ਨਿਮੀਂ ਪਏ ਬਰਸਾਤ, ਘਨਘੋਰ ਘਟਾ ਰਹੀ ਛਾਈਆ । ਜੇ ਅੱਜ ਵੀ ਨਾ ਹੋਈ ਸ਼ਾਂਤ, ਜਗਤ ਤ੍ਰਿਸ਼ਨਾ ਨਾ ਬੁਝੀ ਰਾਈਆ । ਫੇਰ ਮੈਂ ਕੀ ਕਰੂੰ ਬਾਤ, ਹੋਂਟ ਕਹਿਣ ਕੀ ਕਿਹਨੂੰ ਹਿਲ ਕੇ ਦਈਏ ਵਖਾਈਆ । ਇਕ ਬੂੰਦ ਕਹੇ ਮੇਰੀ ਸੁਣ ਇਕ ਆਵਾਜ਼, ਜੋ ਅੰਬਰ ਤੋਂ ਲਹਿ ਕੇ ਥੱਲੇ ਆਈਆ । ਹੱਸਣਵਾਲੀ ਖ਼ੁਸ਼ੀ ਕਹੇ ਤੂੰ ਪ੍ਰੇਮ ਕਰਨ ਦੀ ਸਿਖ ਲੈ ਜਾਚ, ਯਾਚਕ ਹੋ ਕੇ ਆਪਣੀ ਸੇਵ ਕਮਾਈਆ । ਫੇਰ ਭਾਗ ਲਗਦਾ ਵੇਖ ਤੇਰੀ ਕਾਇਆ ਮਾਟੀ ਕਾਚ, ਕਚ ਕੰਚਨ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵੇਖ ਖੇਲ ਖ਼ੁਸ਼ੀ ਖ਼ੁਸ਼ੀ ਖ਼ੁਸ਼ੀ ਨਾਲ ਰਲਾਈਆ । ਚੌਥਾ ਜੁਗ ਨਹੀਂ ਇਹ ਤੀਜਾ ਪਦ, ਤੀਜੇ ਨੂੰ ਉਪਰ ਰਿਹਾ ਉਠਾਈਆ । ਜਿਸ ਨੇ ਉਪਰੋਂ ਥੱਲੇ ਲਿਆਂਦੇ ਸੱਦ, ਉਹ ਉਪਰ ਰਿਹਾ ਚੜ੍ਹਾਈਆ । ਓਸੇ ਦਾ ਕਾਅਬਾ ਤੇ ਓਸੇ ਦਾ ਹੱਜ, ਓਸੇ ਦਾ ਹੁਜਰਾ ਤੇ ਓਹੋ ਮੁਜ਼ਰਾ ਰਿਹਾ ਵਖਾਈਆ । ਇਕ ਦੂਜੇ ਨੂੰ ਦੋਹਾਂ ਮਿਲ ਕੇ ਲਿਆ ਲੱਭ, ਕਿਸੇ ਅੰਦਰੇ ਅੰਦਰ ਸਤਾਰ ਦਿਤੀ ਹਿਲਾਈਆ । ਕੂੜੀ

ਕਿਰਿਆ ਦੀ ਛਡ ਹਦ, ਹਦ ਅਗਲੀ ਦਿਤੀ ਸਮਝਾਈਆ । ਜਿਥੇ ਨਾ ਦੁਨੀਆ ਨਾ ਸ੍ਰਿਸ਼ਟੀ ਤੇ ਨਾ ਜਗ, ਖ਼ਾਹਿਸ਼ ਕੂੜੀ ਨਜ਼ਰ ਕੋਇ ਨਾ ਆਈਆ । ਜੇ ਜੰਗਲਾਂ ਪਹਾੜਾਂ ਸਕੂਲਾਂ ਮਕਤਬਾਂ ਪਾਠਸ਼ਾਲਾਂ ਵਿਚ ਨਹੀਂ ਪਿਆ ਲਭ, ਤੇ ਉਪਰ ਸ਼ਾਹਰਗ ਦਰਸ਼ਨ ਦੇਵੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਜੁਗ ਵਿਚ ਚੌਥਾ ਹਿੱਸਾ ਸਭ ਦੇ ਨਾਲ ਰਲਾਈਆ । ਮੈਂ ਕਿਆ ਹੂੰ ਲੈਣਾ ਜਾਣ, ਖ਼ਿਆਲ ਆਪਣਾ ਨਾ ਕੋਇ ਬਣਾਈਆ । ਮੇਰਾ ਭਗਵਨ ਤੇ ਮੈਂ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਓਸ ਦਾ ਹੁਕਮ ਓਸੇ ਦਾ ਫ਼ਰਮਾਨ, ਓਹੋ ਅੰਦਰ ਖ਼ਿਆਲ ਰਿਹਾ ਪਰਗਟਾਈਆ । ਜੇ ਮਨ ਦਾ ਸੁਣੋ ਅਹਿਵਾਲ, ਛਿਨ ਛਿਨ ਆਪਣੀ ਨੀਤੀ ਨੀਤੀ ਨਾਲੋਂ ਉਲਟਾਈਆ । ਜੇ ਹੋਰ ਪੁਛੋ ਬਿਆਨ, ਥੋੜ੍ਹਿਉਂ ਬਹੁਤਾ ਬਹੁਤਿਉਂ ਬਹੁਤਾ ਬਹੁਤਾ ਦਏ ਵਧਾਈਆ । ਇਹ ਰਸਨਾ ਦੀ ਕਲਿਆਣ, ਗੁਰਮੁਖਾਂ ਨੂੰ ਤੀਰ ਨਿਸ਼ਾਨਾ ਇਕੋ ਬਾਣ, ਜਿਹੜਾ ਲਗਦਿਆਂ ਲਗਦਿਆਂ ਲਗਾਂ ਮਾਤਰਾਂ ਸਾਰੀਆਂ ਦੇਵੇ ਭੁਲਾਈਆ । ਮੈਂ ਹੂੰ ਕੌਣ, ਮੈਂ ਹੂੰ ਅੰਞਾਣ, ਜਿੰਨਾਂ ਚਿਰ ਕੋਈ ਮਿਲੇ ਨਾ ਅੰਦਰੋਂ ਜਾਣੀ ਜਾਣ, ਆਪਣੀ ਆਪ ਕਰਾਵੇ ਪਛਾਣ, ਬੇਪਛਾਣ ਪਰਦਾ ਦਏ ਉਠਾਈਆ । ਖ਼ਾਹਿਸ਼ਾਂ ਦਾ ਬਣਿਆ ਇਨਸਾਨ, ਸਵਾਸਾਂ ਦਾ ਕੋਲ ਸਾਮਾਨ, ਭੰਡਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕਾਇਆ ਘਰ ਅੰਦਰ ਅੰਦਰ ਮੰਦਰ ਮੁਤਲਾਸ਼ੀ ਹੋ ਕੇ ਵੇਖ ਵਖਾਈਆ ।



## ✲ ੭ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਰਘੁਨਾਥ ਲਾਲ ਸ਼ਰਮਾ ਦੇ ਗ੍ਰਹਿ ਜੰਮੂ ✲

੭੧੩

ਕੰਮ ਕਾਜ ਜਗਤ ਵਿਹਾਰ ਜਗਤ ਧੰਦਾ, ਸ੍ਰਿਸ਼ਟ ਸਬਾਈ ਰਹੀ ਕਮਾਈਆ । ਮਨ ਸ਼ਾਂਤ ਕਰ ਸਕੇ ਨਾ ਕੋਈ ਬੰਦਾ, ਭੱਜਣ ਥਾਉਂ ਥਾਈਆ । ਅੰਤਰ ਆਤਮਾ ਖੋਲ੍ਹ ਨਾ ਸਕੇ ਕੋਈ ਜੰਦਾ, ਬਜਰ ਕਪਾਟੀ ਕੁੰਡਾ ਲਾਈਆ । ਸਾਚਾ ਸੁਣੇ ਨਾ ਕੋਇ ਮਰਦੰਗਾ, ਧੁਨ ਆਤਮਕ ਰਾਗ ਅਗੰਮੀ ਨਾਦ ਸ਼ਨਵਾਈਆ । ਭੇਵ ਚੁਕੇ ਨਾ ਹੰ ਬ੍ਰਹਮਾ, ਅੰਤਰ ਆਤਮ ਨਾ ਵੇਖ ਵਖਾਈਆ । ਸਾਚੀ ਸਚ ਸਤਿ ਨਾ ਮਿਲੇ ਸਰਨਾ, ਸਾਂਤਕ ਰੂਪ ਨਾ ਕੋਇ ਵਟਾਈਆ । ਕਰਮ ਕਾਂਡ ਚੁਕੇ ਨਾ ਭਰਮਾਂ, ਭੈ ਭੌ ਨਾ ਕੋਇ ਸਮਝਾਈਆ । ਝਗੜਾ ਚੁਕੇ ਨਾ ਵਰਨਾਂ ਬਰਨਾਂ, ਮਾਇਆ ਮਮਤਾ ਮੋਹ ਨਾ ਕੋਇ ਮਿਟਾਈਆ । ਖਾਣ ਪੀਣ ਪਹਿਨਣ ਵਾਸਤੇ ਵਿਹਾਰ ਸਭ ਨੇ ਕਰਨਾ, ਜਗਤ ਸੁਰਤੀ ਜਗਤ ਵਿਚ ਮਿਲਾਈਆ । ਸੱਚਾ ਕੰਮ ਵਖਰਾ ਸਭ ਤੋਂ ਦੱਸਣਾ, ਬਿਨਾਂ ਅੱਖਰਾਂ ਸਚ ਪੜ੍ਹਾਈਆ । ਹਰਿ ਸਿਮਰਨ ਜਪੇ ਬਿਨ ਰਸਨਾ ਜਿਹਵਾ ਆਪਣਾ, ਮਨ ਮਨ ਹੀ ਮਾਹੇ ਸਮਾਈਆ । ਜਗਤ ਵਿਕਾਰਾ ਪਾਰ ਲੰਘਣਾ, ਨਾਤਾ ਜੂਠ ਝੂਠ ਤੁੜਾਈਆ । ਮੰਦਰ ਵੇਖਣਾ ਇਕ ਸੁਹੰਜਣਾ, ਘਰ ਘਰ ਵਿਚ ਨਜ਼ਰੀ ਆਈਆ । ਜੋਤ ਜਗੇ ਨੂਰ ਨਿਰੰਜਣਾ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਓਥੇ ਕੰਮ ਕਾਜ ਦਾ ਕੋਈ ਨਾ ਰਹੇ ਝਗੜਾ, ਜਗਤ ਤ੍ਰਿਸ਼ਨਾ ਨਾ ਕੋਇ ਵਧਾਈਆ । ਖੇਲ ਇਸ ਤੋਂ ਹੋਰ ਅਗਲਾ, ਬੇਪਰਵਾਹ ਪਰਦਾ ਦਏ ਉਠਾਈਆ । ਲਹਿਣਾ ਦੇਣਾ ਮੁਕ ਜਾਏ ਸ਼ਾਹ ਕੰਗਲਾ, ਆਤਮ ਪਰਮਾਤਮ ਇਕੋ ਰੂਪ ਸਮਾਈਆ । ਸਚ ਅਨੰਦ ਵਿਚ ਅਨੰਦ ਮੰਗਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਹਾਰ ਵਿਚ ਸੰਸਾਰ ਪੰਜ ਤੱਤ ਕਾਇਆ ਰੀਤ ਚਲਾਈਆ । ਵਿਹਾਰ ਕਰ ਕਰ ਸਾਰੇ ਗਏ ਥੱਕ, ਥਕਾਵਟ ਵਿਚ ਸਰਬ ਲੋਕਾਈਆ । ਮੰਜ਼ਲ ਮੰਜ਼ਲ ਰਹੇ ਭੱਜ, ਦਿਵਸ ਰੈਣ ਵਾਹੋ ਦਾਹੀਆ ।

ਸਾਚਾ ਮਿਲਿਆ ਨਹੀਂ ਕਿਸੇ ਨੂੰ ਹਕ, ਹਕ਼ੀਕ਼ਤ ਸਚ ਨਾ ਕੋਇ ਸਮਝਾਈਆ । ਕੂੜੀ ਤ੍ਰਿਸ਼ਨਾ ਸਕਿਆ ਨਹੀਂ ਕੋਈ ਕੱਢ, ਅੰਦਰੋਂ ਬਾਹਰ ਦਏ ਸੁਟਾਈਆ । ਮਾਇਆ ਮਮਤਾ ਸਾਫ਼ ਕਰ ਨਹੀਂ ਸਕਿਆ ਹੱਡ, ਨਾੜੀ ਨਾੜੀ ਪਾਕ ਜਣਾਈਆ । ਸਾਚੇ ਕੰਮ ਦਾ ਸੱਚਾ ਮਾਰਗ ਨਹੀਂ ਸਕਿਆ ਲਭ, ਪੈਂਡਾ ਸਕਿਆ ਨਾ ਕੋਇ ਮੁਕਾਈਆ । ਸਾਚਾ ਖੇਲ ਪੁਰਖ ਸਮਰਥ, ਮਹਿੰਮਾ ਅਕਥ ਦਏ ਦ੍ਰਿੜਾਈਆ । ਬਿਨ ਰਸਨਾ ਜਿਹਵਾ ਜਪ, ਤੂੰ ਮੇਰਾ ਮੈਂ ਤੇਰਾ ਦੇਵੇ ਸਮਝਾਈਆ । ਅੰਦਰੋਂ ਖੋਲ੍ਹ ਕੇ ਅੱਖ, ਨੇਤਰ ਗਿਆਨ ਕਰੇ ਰੁਸ਼ਨਾਈਆ । ਫੇਰ ਲੋੜ ਨਾ ਰਹੇ ਕੰਮ ਕਾਜ ਕੋਈ ਸੰਸਾਰੀਆਂ ਵਾਲੇ ਹੱਥ, ਬਿਨ ਹੱਥਾਂ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਾਰੀਆ ਕਾਰਨ ਕਰਤਾ ਕ਼ੁਦਰਤ ਕਾਦਰ ਹੋ ਕੇ ਆਪਣੇ ਹੁਕਮ ਚਲਾਈਆ । ਕੰਮ ਕਾਜ ਕੀ ਕੀ ਕੀਤਾ, ਸਮਝ ਕਿਸੇ ਨਾ ਆਈਆ । ਪਿਛਲਾ ਵੇਲਾ ਪਿਛੇ ਬੀਤਾ, ਬਾਲ ਜਵਾਨੀ ਬੁਢੇਪਾ ਆਪਣਾ ਰੰਗ ਵਖਾਈਆ । ਅੰਦਰ ਮਾਰ ਕੇ ਧਿਆਨ ਆਪਣਾ ਵੇਖੋ ਸੀਸਾ, ਨੇਤਰ ਲੋਚਨ ਅੱਖ ਖੁਲ੍ਹਾਈਆ । ਕਵਣ ਰੰਗ ਚੜ੍ਹਿਆ ਮਜੀਠਾ, ਦੁਰਮਤ ਮੈਲ ਧਵਾਈਆ । ਕਿਹੜਾ ਧਿਆਏ ਲੇਖੇ ਲੱਗਾ ਗਾਇਆ ਗੀਤਾ, ਅਠਾਰਾਂ ਵਿਚੋਂ ਨਜ਼ਰੀ ਆਈਆ । ਕਿਥੇ ਰਾਮ ਬਣਿਆ ਮੀਤਾ, ਸੀਤਾ ਸੁਰਤੀ ਲਈ ਪਰਨਾਈਆ । ਕਿਥੇ ਕ੍ਰਿਸ਼ਨ ਵਸਿਆ ਚੀਤਾ, ਸੋਹਣੀ ਬੰਸਰੀ ਨਾਮ ਸੁਣਾਈਆ । ਕਿਥੇ ਮਨ ਹੰਕਾਰੀ ਹੋਇਆ ਨੀਕਣ ਨੀਕਾ, ਆਪਣਾ ਆਪ ਮਿਟਾਈਆ । ਸਾਚਾ ਕੰਮ ਬਿਨ ਪੁਰਖ ਅਕਾਲ ਸ੍ਰੀ ਭਗਵਾਨ ਚਰਨ ਸਰਨ ਪ੍ਰੀਤਾ, ਪ੍ਰੀਤਮ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਜਗਤ ਘਰ, ਗ੍ਰਿਹ ਗ੍ਰਿਹ ਘਟ ਘਟ ਫੋਲ ਫੁਲਾਈਆ । ਕੰਮ ਕਾਰ ਦੀ ਜਗਤ ਬਨਾਵਟ, ਅਬਿਨਾਸ਼ੀ ਕਰਤੇ ਦਿਤੀ ਬਣਾਈਆ । ਬਿਰਧ ਅਵਸਥਾ ਵਿਚ ਜੇ ਆ ਗਈ ਥਕਾਵਟ, ਅਗੇ ਹਿੰਮਤ ਨਾ ਰਾਈਆ । ਹੁਣ ਪ੍ਰਭ ਨੂੰ ਕਹੋ ਆਪਣੇ ਨਾਮ ਦੀ ਸਾਡੇ ਉਤੇ ਕਰਦੇ ਸਖ਼ਾਵਤ, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਸਾਚੇ ਕੰਮ ਦੀ ਆਤਮ ਪਰਮਾਤਮ ਹੋਵੇ ਅਬਾਦਤ, ਬੰਦਗੀ ਧੁਰ ਦੀ ਸਚ ਦ੍ਰਿੜਾਈਆ । ਜਗਤ ਵਿਹਾਰ ਕਰੇ ਨਾ ਕੋਇ ਮਮਾਨਤ, ਅਗੇ ਹੋ ਨਾ ਕੋਇ ਅਟਕਾਈਆ । ਸਾਚਾ ਕੰਮ ਕਾਜ ਕਰਦਿਆਂ ਰਹੀਏ ਸਹੀ ਸਲਾਮਤ, ਦੁਖ ਸੁਖ ਇਕੋ ਰੂਪ ਸਮਾਈਆ । ਅਗੇ ਜਨਮ ਜਨਮ ਦੀ ਮਰਨ ਮਰਨ ਦੀ ਲੱਖ ਚੁਰਾਸੀ ਵਾਲੀ ਨਾ ਰਹੇ ਅਲਾਮਤ, ਜੂਨੀ ਜੂਨ ਨਾ ਕੋਇ ਭਵਾਈਆ । ਮਨ ਅੰਦਰ ਵੜਿਆ ਕਰੇ ਨਾ ਕੋਇ ਬਗ਼ਾਵਤ, ਝਗੜਾ ਅਵਰ ਨਾ ਕੋਇ ਵਧਾਈਆ । ਸਾਹਿਬ ਸਵਾਮੀ ਸਾਚੇ ਨਾਮ ਦੀ ਦੇ ਜ਼ਮਾਨਤ, ਕਾਇਆ ਅੰਦਰ ਬਰੀ ਲੈਣਾ ਕਰਾਈਆ । ਆਦਿ ਦੀ ਤੇਰੀ ਅਮਾਨਤ, ਜਗਤ ਨਾ ਹੋਏ ਖ਼ਿਆਨਤ, ਅੰਤ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੰਮ ਕਾਜ ਜਗਤ ਰਚਨਾ ਰਚ ਕੇ ਰਚਣਹਾਰੇ ਸ੍ਰਿਸ਼ਟੀ ਦਾ ਧੰਦਾ ਦਿਤਾ ਬਣਾਈਆ । ਸਾਚਾ ਕੰਮ ਤਰੀਕਾ ਠੀਕ, ਠਾਕਰ ਸਭ ਨੂੰ ਦਿਤਾ ਸਮਝਾਈਆ । ਅੰਦਰੋਂ ਰੱਖੇ ਸਾਫ਼ ਨੀਤ, ਪ੍ਰੇਮ ਪਿਆਰ ਮਾਨਵ ਸੇਵ ਕਮਾਈਆ । ਇਕ ਦੂਜੇ ਨੂੰ ਸਮਝੇ ਆਪਣਾ ਮੀਤ, ਸ਼ਤਰੂ ਰੂਪ ਨਾ ਕੋਇ ਵਖਾਈਆ । ਘਿਰਨਾ ਛਡ ਕੇ ਊਚ ਨੀਚ, ਇਕੋ ਰੰਗ ਵੇਖ ਖ਼ੁਸ਼ੀ ਮਨਾਈਆ । ਸਾਚੀ ਸਿਖਿਆ ਸਾਚੀ ਵਿਦਿਆ ਸਾਚਾ ਕਰਮ ਸਚ ਹਦੀਸ, ਸਚ ਭਾਵਨਾ ਸਾਚੀ ਸਭ ਦੇ ਨਾਲ ਮਿਲਾਈਆ । ਬਿਨਾ ਕੰਮ ਕਾਜ ਮੇਰਾ ਰੂਪ ਹੋਏ ਨਾ ਕੋਇ ਚੀਜ਼, ਖ਼ਾਲੀ ਝੋਲੀ ਨਾ ਕੋਇ ਭਰਾਈਆ । . . . .


੭੧੪

ਪ੍ਰਭੂ ਤੇਰੀ ਭਗਤੀ ਦੀ ਲੋੜ ਰਹੀ ਨਾ ਰਾਈ, ਕਦੀ ਡੋਬ ਦਿਤਾ ਵਿਚ ਗੰਗ, ਵਹਿੰਦੇ ਵਹਿਣ ਵਹਾਈਆ । ਕਦੀ ਖਾਣ ਪੀਣ ਤੋਂ ਭੁਖ ਨੰਗ, ਇਸਤਰੀ ਬਾਣੀਆਂ ਹੱਟ ਵਿਕਾਈਆ । ਕਦੀ ਤਾਣੇ ਪੇਟੇ ਦੇ ਗੰਢਦਾ ਰਿਹਾ ਤੰਦ, ਟੁੱਟਿਆਂ ਜੋੜ ਜੁੜਾਈਆ । ਪਰ ਜਦ ਵੇਖਿਆ ਬਿਨ ਨੈਣ ਤੱਕਿਆ ਤੇਰਾ ਅੰਤਰ ਆਇਆ ਉਹ ਅਨੰਦ, ਜਿਹੜਾ ਰਾਮਾਨੰਦ ਮੈਨੂੰ ਗਿਆ ਸਮਝਾਈਆ । ਫੇਰ ਸਮਝਿਆ ਮੇਰਾ ਅਗੇ ਦਾ ਪਿਛੇ ਦਾ ਮੁਕਿਆ ਪੰਧ, ਮੰਜ਼ਲ ਮਿਲੀ ਬੇਪਰਵਾਹੀਆ । ਓਸ ਵੇਲੇ ਗਾਇਆ ਇਕ ਢੋਲਾ ਛੰਦ, ਸੋਹੰ ਰਾਗ ਅਲਾਈਆ । ਤੂੰ ਮੇਰਾ ਨੂਰ ਮੈਂ ਤੇਰਾ ਜ਼ਹੂਰ ਪ੍ਰਭੂ ਬਿਨਾ ਭਗਤਾਂ ਤੇਰਾ ਕੋਈ ਨਾ ਗਾਵੇ ਛੰਦ, ਜੇ ਅਸੀਂ ਨਾ ਹੋਈਏ ਤੈਨੂੰ ਔਤਰਾ ਕਹਿ ਕੇ ਬੋਲੇ ਸਰਬ ਲੋਕਾਈਆ । ਮੈਂ ਅਗੇ ਵਾਸਤੇ ਮੰਗਾਂ ਇਕ ਮੰਗ, ਖ਼ਾਲੀ ਝੋਲੀ ਆਪਣੀ ਇਕ ਡਾਹੀਆ । ਮੈਨੂੰ ਜਾਪਿਆ ਤੂੰ ਸੂਰਾ ਸਰਬੰਗ, ਸਮਰਥ ਅਕਥ ਅਖਵਾਈਆ । ਮਿਹਰ ਨਜ਼ਰ ਨਾਲ ਭਗਤਾਂ ਦਾ ਦੁਖ ਕੱਟ ਦੇ ਬੰਦ ਬੰਦ, ਬੰਦ ਅੰਦਰ ਕਰ ਕੇ ਆਪਣੀ ਬੰਦਗੀ ਆਪੇ ਲੈਣਾ ਲਾਈਆ । ਉਹਨਾਂ ਦੀ ਆਤਮਾ ਰਹਿਣ ਨਾ ਦੇਣੀ ਰੰਡ, ਹਰਿਜੂ ਕੰਤ ਸੁਹਾਗੀ ਹੋ ਕੇ ਲੈਣਾ ਪਰਨਾਈਆ । ਉਹਨਾਂ ਦੇ ਅੰਦਰ ਦੀ ਭਰਮਾਂ ਰਹਿਣ ਨਾ ਦੇਣੀ ਕੰਧ, ਕੂੜੀ ਕਿਰਿਆ ਬਾਹਰ ਕਢਾਈਆ । ਉਹਨਾਂ ਦੀ ਆਤਮ ਆਪਣਾ ਬਣਾ ਕੇ ਸੋਹਣਾ ਪਲੰਘ, ਸੋਹਣੀ ਸੇਜਾ ਲੈਣੀ ਹੰਢਾਈਆ । ਸਚ ਪ੍ਰੇਮ ਦੀ ਦੇ ਕੇ ਗੰਢ, ਜੋੜੀ ਧੁਰ ਦੀ ਲੈਣੀ ਜੁੜਾਈਆ । ਵੇਖੀਂ ਕਿਤੇ ਸਾਡੇ ਵਾਂਗੂ ਵਿਚ ਸੰਸਾਰ ਦੇ ਨਾ ਦੇਵੀਂ ਦੰਡ, ਹੁਕਮ ਆਪਣਾ ਇਕ ਵਰਤਾਈਆ । ਪੁਰਖ ਅਕਾਲ ਕਿਹਾ ਕਬੀਰਾ ਆਪਣੇ ਅੰਤਰ ਆਵਾਜ਼ ਕਰ ਬੰਦ, ਮੈਂ ਸਚ ਦਿਆਂ ਸਮਝਾਈਆ । ਇਸ ਤੋਂ ਅਗੇ ਕਿਰਪਾ ਕਰ ਕੇ ਜਨ ਭਗਤਾਂ ਨਾਲ ਆਪਣਾ ਨਾਤਾ ਲਵਾਂ ਬੰਨ੍ਹ, ਅੰਦਰੇ ਅੰਦਰ ਆਤਮ ਪਰਮਾਤਮ ਪਰਮਾਤਮ ਆਤਮ ਆਪਣੇ ਨਾਲ ਮਿਲਾਈਆ । ਤੂੰ ਵੇਖਣ ਆਵੀਂ ਨਿਸੰਗ, ਪੁਰੀਆਂ ਲੋਆਂ ਲੰਘ, ਲੋਕਮਾਤ ਨਿਰਗੁਣ ਧਾਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਵਿਦਾਸ ਕਿਹਾ ਪ੍ਰਭੂ ਵੇਖ ਮੈਂ ਤੇਰੇ ਟੁੱਟੇ ਹੋਏ ਛਿਤਰ ਗੰਢਦਾ ਚੰਮ, ਫਿਰ ਦਿਵਸ ਰੈਣ ਤੇਰਾ ਨਾਮ ਧਿਆਈਆ । ਘਰ ਦੀ ਸਵਾਣੀ ਨੂੰ ਖਾਣ ਪੀਣ ਦਾ ਗ਼ਮ, ਓਢਣ ਬਸਤਰ ਸੀਸ ਨਜ਼ਰ ਕੋਇ ਨਾ ਪਾਈਆ । ਨਾ ਕੋਇ ਮਕਾਨ ਬਿਲਡਿੰਗ ਕੋਠੀ ਨਾ ਵਸਣ ਵਾਲੀ ਛੰਨ, ਬਿਨਾਂ ਤਪੜੀ ਦੇ ਡੇਰਾ ਲਾਈਆ । ਨਾ ਦੌਲਤ ਨਾ ਖ਼ਜ਼ੀਨਾ ਨਾ ਧਨ, ਅੰਨ ਦਾਣਾ ਉਹ ਵੀ ਨਾ ਝੋਲੀ ਪਾਈਆ । ਪਰ ਸਚ ਪੁਛੇਂ ਤੇਰੀ ਕਿਰਪਾ ਨਾਲ ਮੇਰਾ ਸ਼ਾਂਤ ਹੋਇਆ ਮਨ, ਮਨਸਾ ਹੋਰ ਨਾ ਕੋਇ ਰਖਾਈਆ । ਅੱਠੇ ਪਹਿਰ ਓਹੋ ਮੰਗਾਂ ਮੰਗ, ਤੇਰਾ ਦਰਸ ਮੇਰੀ ਮਿਟਾਵੇ ਹਰਸ, ਲੇਖਾ ਚੁੱਕੇ ਫ਼ਰਸ਼, ਚੜ੍ਹ ਕੇ ਵੇਖਾਂ ਅਰਸ਼, ਆਰਜ਼ੂ ਆਪਣੀ ਤੇਰੀ ਝੋਲੀ ਪਾਈਆ । ਵਿਛੋੜੇ ਦੀ ਨਾ ਮਾਰੀਂ ਕਰਦ, ਬਿਰਹੋਂ ਦਾ ਨਾ ਦੇਵੀਂ ਦਰਦ, ਮੇਰਾ ਭੁਖੇ ਨੰਗੇ ਰਹਿ ਕੇ ਹੋਣਾ ਨਹੀਂ ਕੋਈ ਹਰਜ, ਅਸਚਰਜ ਤੇਰਾ ਰੂਪ ਵੇਖ ਵਖਾਈਆ । ਮੈਨੂੰ ਤੇਰੇ ਮਿਲਣ ਦੀ ਗ਼ਰਜ਼, ਮੇਰੀ ਪੁੱਠੀ ਸਿੱਧੀ ਕਰਦੇ ਨਰਦ, ਨਰ ਨਰਾਇਣ ਤੇਰੀ ਇਕ ਸਰਨਾਈਆ ।


੭੧੫

### ☀ ੭ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਆਰ ਐਲ ਸ਼ਰਮਾ ਦੇ ਗ੍ਰਹਿ ਜੰਮੂ ☀

ਬੇਸ਼ਕ ਤੁਸੀਂ ਕਹਿੰਦੇ ਅਸੀਂ ਨਹੀਂ ਰਹੇ ਭੱਜ, ਤੇਰੀ ਭਜਨ ਬੰਦਗੀ ਸਚ ਨਾ ਕੋਇ ਕਮਾਈਆ । ਸ੍ਰੀ ਭਗਵਾਨ ਕਹੇ ਮੈਂ ਤੁਹਾਡੇ ਅੰਤਰ ਆਤਮਾ ਬੈਠਾ ਸਜ, ਧੁਰਦਾ ਸੱਜਣ ਹੋ ਕੇ ਬੈਠਾ ਆਸਣ ਲਾਈਆ । ਤੁਹਾਡੀ ਰਸਨਾ ਜਿਹਵਾ ਦੰਦ ਭਾਵੇਂ ਮੇਰਾ ਨਾਮ ਨਹੀਂ ਰਹੇ ਰਟ, ਉਚੀ ਕੂਕ ਕੂਕ ਸੁਣਾਈਆ । ਮੈਂ ਅੰਤਰ ਅੰਤਰ ਰਿਹਾ ਵਸ, ਵਾਸਤਾ ਆਪਣੇ ਨਾਲ ਰਖਾਈਆ । ਜੇ ਤੁਸਾਂ ਆਪਣਾ ਆਪ ਕੀਤਾ ਭਗਵਨ ਦੇ ਹੱਥ, ਨਾਤਾ ਕੂੜਾ ਜਗਤ ਤੁੜਾਈਆ । ਪੁਰਖ ਅਕਾਲ ਕਹੇ ਮੈਂ ਸੁਣਾਵਾਂ ਸਮਰਥ, ਜਨ ਭਗਤਾਂ ਪਾਰ ਲੰਘਾਈਆ । ਪ੍ਰੇਮ ਪਿਆਰ ਦੀ ਦੇਵਾਂ ਉਹ ਵਸਤ, ਜਿਸ ਨੂੰ ਲੱਭ ਨਾ ਸਕੇ ਜਗਤ ਲੋਕਾਈਆ । ਨਾਮ ਖ਼ੁਮਾਰੀ ਦੇਵਾਂ ਵਸਤ, ਸ਼ਬਦ ਅਨਾਦੀ ਧੁਨ ਸ਼ਨਵਾਈਆ । ਪੜਦਾ ਚੁਕਾ ਦੇਵਾਂ ਅਰਸ਼ ਫ਼ਰਸ਼, ਨਿਜ ਨੇਤਰ ਕਰ ਰੁਸ਼ਨਾਈਆ । ਸਾਖ਼ਿਆਤ ਹੋਵੇ ਦਰਸ, ਬੰਸਰੀ ਵਾਲਾ ਘਨਈਆ ਰੂਪ ਅਨੂਪ ਨਜ਼ਰੀ ਆਈਆ । ਜਨਮ ਜਨਮ ਦੀ ਮਿਟੇ ਹਰਸ, ਰਾਮ ਰਮਈਆ ਗ੍ਰਹਿ ਅੰਦਰ ਸੋਭਾ ਪਾਈਆ । ਸ੍ਰੀ ਭਗਵਾਨ ਕਹੇ ਮੈਂ ਸਦਾ ਭਗਤਾਂ ਉਤੇ ਕਰਾਂ ਤਰਸ, ਮਿਹਰਵਾਨ ਹੋ ਕੇ ਵੇਖ ਵਖਾਈਆ । ਜੋ ਮੇਰੇ ਬਿਰਹੋਂ ਵਿਛੋੜੇ ਵਿਚ ਰਹੇ ਤੜਫ, ਅੱਠੇ ਪਹਿਰ ਦਿਵਸ ਰੈਣ ਰਾਹ ਤਕਾਈਆ । ਉਹਨਾਂ ਦੇ ਪ੍ਰੇਮ ਵਿਚ ਪੈਣ ਨਾ ਦੇਵਾਂ ਫ਼ਰਕ, ਫ਼ਰਜ਼ ਆਪਣਾ ਪੂਰ ਕਰਾਈਆ । ਦੁਖੀਆਂ ਦੀਨਾਂ ਦਾ ਮੇਰੇ ਅੰਦਰ ਦਰਦ, ਨੇੜੇ ਹੋ ਕੇ ਝੋਲੀ ਪਾਈਆ । ਜਿਸ ਪ੍ਰੇਮ ਨਾਲ ਕੀਤੀ ਅਰਜ਼, ਆਪਣੀ ਬੇਨੰਤੀ ਦਿਤੀ ਸੁਣਾਈਆ । ਸੋ ਖ਼ਾਹਿਸ਼ ਪੂਰੀ ਕਰ ਕੇ ਗ਼ਰਜ਼, ਆਸਾ ਤ੍ਰਿਸ਼ਨਾ ਲੇਖੇ ਵਿਚ ਲਗਾਈਆ । ਇਹੋ ਖੇਲ ਭਗਤ ਭਗਵਾਨ ਅਸਚਰਜ,
੭੧੬
ਸਭ ਕੁਛ ਹੁੰਦਿਆਂ ਫੇਰ ਵੀ ਕਹੇ ਮੇਰਾ ਕੁਛ ਨਹੀਂ ਖ਼ਾਲੀ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਬੇਸ਼ਕ ਨਹੀਂ ਮਾਲੂਮ ਕਿੰਨਾਂ ਕੀਤਾ ਭਜਨ, ਸਵਾਸ ਗਿਣਤੀ ਵਿਚ ਮਿਲਾਈਆ । ਪੁਰਖ ਅਕਾਲ ਮੀਤ ਮੁਰਾਰਾ ਧੁਰ ਦਾ ਸੱਜਣ, ਸਤਿ ਸੁਵਾਮੀ ਅੰਤਰਜਾਮੀ ਘਟ ਭੀਤਰ ਗ੍ਰਹਿ ਵੇਖੇ ਚਾਈਂ ਚਾਈਂਆ । ਜਿਸ ਨੇ ਨਿਜ ਨੇਤਰ ਪਾਇਆ ਅੰਜਨ, ਗਿਆਨ ਅੱਖ ਦਿਤੀ ਖੁਲ੍ਹਾਈਆ । ਉਹ ਚਰਨ ਧੂੜ ਦੇ ਕੇ ਜਾਵੇ ਮਜਨ, ਦੁਰਮਤ ਮੈਲ ਧੁਆਈਆ । ਸਚ ਪ੍ਰੀਤੀ ਵਿਚ ਕਰੇ ਮਗਨ, ਪਿਛਲਾ ਅਗਲਾ ਲੇਖਾ ਦਏ ਗਵਾਈਆ । ਅਗਨੀ ਤੱਤ ਨਾ ਸਾੜੇ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਧੁੰਨ ਆਤਮਕ ਅਨਾਦੀ ਨਾਦ ਵੱਜਣ, ਢੋਲਕ ਛੈਣੇ ਦੀ ਲੋੜ ਰਹੀ ਨਾ ਰਾਈਆ । ਲੱਖ ਚੁਰਾਸੀ ਵਿਚੋਂ ਆਏ ਕੱਢਣ, ਜਮ ਕੀ ਫ਼ਾਸੀ ਦਏ ਤੁੜਾਈਆ । ਸਤਿ ਸਰੂਪ ਮੂਰਤ ਗੋਪਾਲ ਮਦਨ, ਮਧ ਸੂਦਨ ਸ਼ਹਿਨਸ਼ਾਹੀਆ । ਨਿਤ ਨਵਿਤ ਕਰੇ ਸੱਚਾ ਅਦਲ, ਇਨਸਾਫ਼ ਆਪਣਾ ਇਕ ਜਣਾਈਆ । ਜਨ ਭਗਤ ਜਿਹੜਾ ਘਰ ਛਡ ਕੇ ਹੋ ਗਿਆ ਬੇਵਤਨ, ਅੰਤਮ ਓਸੇ ਵਿਚ ਮਿਲਾਈਆ । ਸਤਿਗੁਰੂ ਦਾ ਇਕੋ ਬੇੜਾ ਤੇ ਇਕੋ ਪਤਣ, ਜੋ ਆਵੇ ਫੜ ਕੇ ਪਾਰ ਦੇਵੇ ਕਰਾਈਆ । ਉਸ ਨੇ ਕਿਹੜੀ ਕਿਸੇ ਕੋਲੋਂ ਵਸਤ ਜਾਣੀ ਮੰਗਣ, ਮਾਲਕ ਹੋ ਕੇ ਹੋਏ ਸਹਾਈਆ । ਅੰਦਰ ਬਾਹਰ ਚਾੜ੍ਹੇ ਰੰਗਣ, ਜਗਤ ਲਲਾਰੀ ਕੋਈ ਸਮਝ ਨਾ ਸਕੇ ਰਾਈਆ । ਨਿਜਾਨੰਦ ਵਿਚ ਦੇਵੇ ਪਰਮਾਨੰਦਨ, ਪਰਮਾਨੰਦ ਵਿਚ ਪਰਮ ਸੁਖ ਵਖਾਈਆ । ਕਰਮ ਕਰਮ ਦਾ ਕੱਟ ਕੇ ਬੰਧਨ, ਬੰਦਾ ਬੰਦੀਖ਼ਾਨਿਉਂ ਲਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਵਣਹਾਰਾ ਸਾਚੇ ਅੰਗਣ, ਅੰਗੀਕਾਰ ਇਕ ਹੋ ਜਾਈਆ । ਅੰਤਰ ਕਹੇ ਮੈਂ ਭੱਜਿਆ ਨਹੀਂ

ਗੋਬਿੰਦ, ਗੋਪਾਲ ਸੀਸ ਨਾ ਕੋਇ ਨਿਵਾਈਆ । ਮੰਨਿਆ ਨਹੀਂ ਇੰਦ, ਸੁਰਪਤ ਸੀਸ ਝੁਕਾਈਆ । ਵੇਖਿਆ ਨਹੀਂ ਬਜ਼ਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਧਾਰ ਮਿਲੀ ਨਹੀਂ ਸਾਗਰ ਸਿੰਧ, ਅੰਮ੍ਰਿਤ ਰੂਪ ਵਟਾਈਆ । ਭੇਵ ਖੁਲ੍ਹਿਆ ਨਹੀਂ ਜੀਓਪਿੰਡ, ਬ੍ਰਹਿਮੰਡ ਖੰਡ ਪੜਦਾ ਨਾ ਕੋਇ ਉਠਾਈਆ । ਕੂੜੀ ਕਿਰਿਆ ਗਈ ਨਹੀਂ ਚਿੰਦ, ਹਉਮੇਂ ਰੋਗ ਨਾ ਕੋਇ ਮਿਟਾਈਆ । ਸਚ ਅਨਾਦੀ ਨਹੀਂ ਹੋਈ ਬਿੰਦ, ਬਿੰਦਰਾਬਨ ਵਾਲਾ ਮਿਲਿਆ ਨਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਸਿਰ ਆਪਣਾ ਹੱਥ ਟਿਕਾਈਆ । ਅੰਤਰ ਕਹੇ ਮੈਂ ਹੌਲੀ ਹੌਲੀ ਦਿਤਾ ਬੋਲ, ਰਾਗ ਨਿਮ੍ਹਾ ਨਿਮ੍ਹਾ ਗਾਈਆ । ਜਿਹੜਾ ਪ੍ਰੇਮ ਸੀ ਮੇਰੇ ਕੋਲ, ਉਹ ਔਂਦਿਆਂ ਦੇ ਭੇਟਾ ਦਿਤਾ ਚੜ੍ਹਾਈਆ । ਬਿਰਧ ਅਵਸਥਾ ਪ੍ਰਭੂ ਬਣ ਕੇ ਤੋਲਣਾ ਪੂਰਾ ਤੋਲ, ਤਕੜੀ ਵੱਟਾ ਸੰਗ ਨਾ ਕੋਇ ਰਖਾਈਆ । ਅਗੇ ਦਰ ਦਰਵਾਜ਼ਾ ਦੇਣਾ ਖੋਲ੍ਹ, ਬੰਦ ਤਾਕੀ ਨਾ ਕੋਇ ਜਣਾਈਆ । ਸੁਰਤੀ ਅੰਦਰ ਜਾਣਾ ਮੌਲ, ਸ਼ਬਦੀ ਰੰਗ ਚੜ੍ਹਾਈਆ । ਵਸਤ ਦੇ ਕੇ ਸਤਿ ਅਨਮੋਲ, ਅਨਡਿੱਠੜੀ ਝੋਲੀ ਪਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਵਸਣਾ ਕੋਲ, ਧੁਰ ਦਾ ਮੇਲਾ ਸਹਿਜ ਸੁਭਾਈਆ । ਮਨ ਥਿਰ ਤੇ ਆਤਮਾ ਰਹੇ ਅਡੋਲ, ਕੂੜੀ ਭਟਕਣਾ ਦੇਵੇ ਗਵਾਈਆ । ਆਤਮਾ ਵੇਖੇ ਇਕ ਨਿਰੋਲ, ਪਰਮਾਤਮਾ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਬੋਲ ਕਹੇ ਮੈਨੂੰ ਰਸਨਾ ਨੇ ਦਿਤਾ ਗਾ, ਬੱਤੀ ਦੰਦ ਦੇਣ ਗਵਾਹੀਆ । ਪਰਮ ਪੁਰਖ ਪ੍ਰਭ ਮਿਲੇ ਬੇਪਰਵਾਹ, ਡੁਬਦੇ ਬੇੜੇ ਪਾਰ ਲੰਘਾਈਆ । ਆਵਣ ਜਾਵਣ ਦਏ ਕਟਾ, ਲੇਖਾ ਅਵਰ ਰਹੇ ਨਾ ਰਾਈਆ । ਨਿਮਾਣਿਆਂ ਨਿਥਾਵਿਆਂ ਦੀ ਫੜ ਕੇ ਬਾਂਹ, ਸਹਾਰਾ ਧੁਰ ਦਾ ਦਏ ਜਣਾਈਆ । ਸਚ ਸਵਾਮੀ ਬਣ ਕੇ ਪਿਤਾ ਮਾਂ, ਹਰਿਜਨ ਸਾਚੇ ਗੋਦ ਉਠਾਈਆ । ਹੰਸ ਬੁੱਧੀ ਹੋਈ ਕਾਂ, ਮਾਣਕ ਮੋਤੀ ਚੋਗ ਚੁਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਧੁਰ ਦਾ ਦੱਸੇ ਨਾਂ, ਨਾਉਂ ਨਿਰੰਕਾਰਾ ਇਕ ਸਮਝਾਈਆ । ਗੁਰਮੁਖ ਗੁਰਸਿੱਖ ਹਰਿਜਨ ਹਰਿਭਗਤ ਪ੍ਰੇਮ ਪਿਆਰ ਅੰਦਰ ਜੇ ਇਕ ਵੇਰਾਂ ਅੰਦਰੋਂ ਕਹਿ ਦੇ ਹਾਂ, ਅਗੇ ਦਾ ਹੌਕਾ ਰਹੇ ਨਾ ਰਾਈਆ । ਅੰਤ ਸਮੇਂ ਮਨਸੌਣੀ ਪਏ ਨਾ ਕੋਈ ਗਾਂ, ਪੁੰਨ ਦਾਨ ਅਵਰ ਨਾ ਕੋਇ ਕਰਾਈਆ । ਸਿਰ ਦੇ ਕੇ ਠੰਡੀ ਛਾਂ, ਸ਼ਾਂਤੀ ਸ਼ਾਂਤ ਰੂਪ ਸਤਿ ਸਤਿ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਹੋਵੇ ਆਪ ਮਿਹਰਵਾਨ, ਮਿਹਰਵਾਨ ਆਪਣੀ ਦਇਆ ਕਮਾਈਆ । ਭਜਨ ਕਹੇ ਜਿਸ ਵੇਲੇ ਮੈਨੂੰ ਗਾਇਆ ਨਾਲ ਰਾਗ, ਨੇਤਰ ਨੈਣ ਛਹਿਬਰ ਰਹੇ ਵਹਾਈਆ । ਸੋਈ ਸੁਰਤੀ ਅੰਦਰੋਂ ਗਈ ਜਾਗ, ਆਪਣੀ ਲਏ ਅੰਗੜਾਈਆ । ਬੋਲ ਕੇ ਕਹੇ ਜੇ ਆਇਆਂ ਧੋ ਕੇ ਜਾਵੀਂ ਦਾਗ਼, ਦੁਰਮਤ ਮੈਲ ਰਹੇ ਨਾ ਰਾਈਆ । ਅੰਦਰ ਵੜ ਕੇ ਪਕੜੀਂ ਵਾਗ, ਡੋਰੀ ਆਪਣੇ ਹੱਥ ਰਖਾਈਆ । ਹਰਿ ਕੰਤ ਬਣਿਆ ਇਕ ਸੁਹਾਗ, ਸੌਹਰੇ ਪਈਏ ਦੋਵੇਂ ਜਾਵਾਂ ਤਜਾਈਆ । ਮੇਰੀ ਅੰਤਰ ਆਤਮਾ ਦਾ ਜਗੇ ਚਿਰਾਗ਼, ਦੀਏ ਬੱਤੀ ਦੀ ਲੋੜ ਰਹੀ ਨਾ ਰਾਈਆ । ਜਿਸ ਪ੍ਰਭੂ ਦੇ ਲੈਂਦੀ ਰਹੀ ਖ਼ੁਆਬ, ਸੋ ਖ਼ਾਹ ਮਖ਼ਾਹ ਮਿਲ ਮਿਲ ਕੇ ਰੰਗ ਚੜ੍ਹਾਈਆ । ਫੇਰ ਜਨਮ ਲੈਣਾ ਨਹੀਂ ਪੈਣਾ ਇਸ ਤੋਂ ਬਾਅਦ, ਜੂਨ ਵਿਚ ਨਾ ਕੋਇ ਭੁਆਈਆ । ਇਹ ਕੋਈ ਲੇਖਾ ਨਹੀਂ ਕਿਸੇ ਸੰਤ ਸਾਧ, ਸਤਿਗੁਰ ਦਾਤਾ ਦਇਆ ਕਮਾਈਆ । ਜੇ ਪਿਛੇ ਨਹੀਂ ਜਪਿਆ, ਜਿਹੜਾ ਇਕ ਅੱਖਰ ਲਿਆ ਅਰਾਧ, ਇਹ ਕੋਟ ਜਨਮ ਦਿਆਂ ਪੂਜਾ ਪਾਠਾਂ ਨਾਲੋਂ ਚੰਗਾ ਨਜ਼ਰੀ ਆਈਆ । ਕਿਉਂ ਤੁਹਾਡੇ ਪ੍ਰੇਮ


੭੧੭

ਦੀ ਸੁਣੀ ਗਈ ਆਵਾਜ਼, ਗ਼ਰੀਬ ਨਿਵਾਜ਼ਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦੀ ਦਾਤ, ਦਇਆਵਾਨ ਦਇਆ ਕਮਾਈਆ । ਆਵਾਜ਼ ਕਹੇ ਮੈਂ ਬੋਲਦੀ ਕਰਦੀ ਰਹੀ ਥਰ ਥਰ, ਖ਼ੁਸ਼ੀ ਵਿਚ ਗ਼ਮੀ ਦਿਤੀ ਗਵਾਈਆ । ਮੰਗ ਮੰਗਦੀ ਰਹੀ ਮਿਲੇ ਹਰਿ ਹਰਿ, ਹਰਿ ਹਰਿ ਜੂ ਘਰ ਮੰਦਰ ਸੋਭਾ ਪਾਈਆ । ਮੰਨਦੀ ਰਹੀ ਜਨਮ ਜਨਮ ਦਾ ਡਰ ਡਰ, ਭੈ ਭਿਆਨਕ ਨਜ਼ਰੀ ਆਈਆ । ਇਕ ਬੇਨੰਤੀ ਇਕੋ ਵਾਰ ਦਿਤੀ ਕਰ, ਸਹਿਜ ਧੁਨ ਵਿਚ ਸੁਣਾਈਆ । ਕਿਰਪਾ ਨਿਧਾਨ ਕਿਰਪਾ ਜਾਏ ਕਰ, ਕਰਨੀ ਦੇ ਕਰਤੇ ਤੇਰੇ ਹੱਥ ਵੱਡੀ ਵਡਿਆਈਆ । ਬੇਸ਼ਕ ਪੰਜ ਤਤ ਦਾ ਚੋਲਾ ਛਡ ਕੇ ਸਭ ਨੇ ਜਾਣਾ ਮਰ, ਮਰਨ ਤੋਂ ਪਹਿਲੋਂ ਮੇਰੇ ਜਨਮ ਦਾ ਲੇਖਾ ਦੇਣਾ ਮੁਕਾਈਆ । ਦਰ ਦਰਵੇਸ਼ ਦੀਨਾਂ ਨਾਥ ਮੰਗਿਆ ਤੇਰਾ ਦਰ, ਦੀਨਣ ਵੇਖ ਕੇ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੂਰਬ ਲਹਿਣਾ ਮਸਤਕ ਲੇਖਾ ਧੁਰ ਦਾ ਭਾਗ ਝੋਲੀ ਪਾਈਆ । ਜਨਮ ਮਰਨ ਦਾ ਰਹੇ ਨਾ ਬੰਧਨ, ਆਵਣ ਜਾਵਣ ਗੇੜ ਕਟਾਈਆ । ਜਮ ਦੀ ਫ਼ਾਸੀ ਤੁਟੇ ਬੰਧਨ, ਚਿਤਰ ਗੁਪਤ ਲੇਖਾ ਨਾ ਕੋਇ ਵਖਾਈਆ । ਅੰਤਰ ਆਤਮਾ ਦੇਵੇ ਇਕ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਭਗਤ ਰੂਪ ਬਣਾਏ ਸਾਚਾ ਚੰਦਨ, ਕੂੜੀ ਨਿੰਮ ਵਾਸਨਾ ਰਹੇ ਨਾ ਰਾਈਆ । ਸਾਹਿਬ ਸੁਵਾਮੀ ਅੰਤਰਜਾਮੀ ਪਤਿਪਰਮੇਸ਼ਵਰ ਜਨਮ ਜਨਮ ਦੀ ਵਿਛੜੀ ਆਤਮਾ ਆਇਆ ਗੰਢਣ, ਧੁਰ ਦਾ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਵਣ ਜਾਵਣ ਪਤਿਤ ਪਾਵਨ ਗੇੜਾ ਦਏ ਮੁਕਾਈਆ । ਸੱਚਾ ਰਸਤਾ ਪੂਰੇ ਸਤਿਗੁਰ ਸਰਨ, ਇਕੋ ਵਾਰ ਸਚ ਸਮਝਾਈਆ । ਜੋ ਅੰਦਰੋਂ ਖੋਲ੍ਹ ੭੧੮
ਦੇਵੇ ਹਰਨ ਫਰਨ, ਬਾਹਰੋਂ ਸੰਸਾ ਦਏ ਚੁਕਾਈਆ । ਬਿਨਾ ਵਿਦਿਆ ਤੋਂ ਸਾਚਾ ਮੰਤਰ ਲਗੇ ਪੜ੍ਹਨ, ਜਿਸ ਦੀ ਚੌਦਾਂ ਵਿਦਿਆ ਕਰਨ ਜਗਤ ਸਲਾਹੀਆ । ਬਿਨਾ ਪੌੜੀਉਂ ਆਪਣੀ ਅੰਦਰ ਮੰਜ਼ਲ ਲੱਗੇ ਚੜ੍ਹਨ, ਬਿਨ ਕ਼ਦਮਾਂ ਪੰਧ ਮੁਕਾਈਆ । ਜਾਤ ਪਾਤ ਲੇਖਾ ਚੁੱਕੇ ਵਰਨ ਬਰਨ, ਦੀਨ ਮਜ਼੍ਹਬ ਸ਼ਰਅ ਨਾ ਕੋਇ ਲੜਾਈਆ । ਸਭ ਤੋਂ ਸੌਖਾ ਸਸਤਾ ਅਨਮੁੱਲੜਾ ਰਸਤਾ ਸਾਹਿਬ ਸਰਨ, ਸਰਨਗਤ ਇਕੋ ਇਕ ਵਖਾਈਆ । ਔਣ ਨਾਲ ਸਾਰੇ ਮਿਟ ਜਾਣ ਕਲੇਸ਼, ਕੂੜੀ ਕਲਾ ਅੰਦਰ ਰਹਿਣ ਕੋਇ ਨਾ ਪਾਈਆ । ਸੁਖ ਸ਼ਾਂਤੀ ਰਹੇ ਹਮੇਸ਼, ਅਨੰਦ ਸਚ ਪਰਗਟਾਈਆ । ਤੁਹਾਡੀ ਮਦਦ ਕਰਨ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਗਣਪਤ ਪ੍ਰੇਮ ਧਿਆਨ ਵਧਾਈਆ । ਰਾਮ ਕ੍ਰਿਸ਼ਨ ਦੇਣ ਆਦੇਸ਼, ਸਿਰ ਸਿਰ ਹਥ ਰਖਾਈਆ । ਸਚ ਪਰਮਾਤਮ ਤੁਹਾਡਾ ਆਤਮ ਲਏ ਵੇਖ, ਪੜਦੇ ਅੰਦਰੋਂ ਪੜਦਾ ਆਪ ਚੁਕਾਈਆ । ਪਿਛਲੇ ਜਨਮ ਦਾ ਮੁਕੇ ਲੇਖ, ਅਗੇ ਲੱਛਣ ਦਏ ਬਦਲਾਈਆ । ਸਤਿ ਸਚ ਦੀ ਹੋਵੇ ਖੇਡ, ਪ੍ਰੇਮ ਖ਼ੁਸ਼ੀ ਦੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਲੇਖੇ ਵਿਚੋਂ ਜਣਾਈਆ । ਕਾਸ਼ੀ ਮਥਰਾ ਗੋਕਲ ਬਿੰਦਰਾਬਨ, ਬੰਸਰੀ ਵਾਲਾ ਰਿਹਾ ਜਣਾਈਆ । ਜਰਾ ਫਿਰਕੇ ਵੇਖ ਆਪਣੇ ਅੰਦਰ ਤਨ, ਤੀਰਥ ਯਾਤਰਾ ਸੋਹਣੀ ਇਕ ਬਣਾਈਆ । ਜਰਾ ਪੁੱਛ ਕੇ ਵੇਖ ਆਪਣੇ ਕੋਲੋਂ ਮਨ, ਜੋ ਮਨਸਾ ਬਾਹਰਲੀ ਰਿਹਾ ਵਧਾਈਆ । ਜ਼ਰਾ ਪੁਛ ਕੇ ਵੇਖ ਆਪਣੇ ਕੰਨ, ਜੋ ਜਗਤ ਸੰਗੀਤ ਰਹੇ ਸੁਣਾਈਆ । ਜ਼ਰਾ ਪੁਛ ਕੇ ਵੇਖ ਉਹ ਚੇਤਨ ਚੜ੍ਹਨ ਵਾਲੇ ਚੰਨ, ਜਿਹੜਾ ਸੀਤਲਾ ਕਰੇ ਰੁਸ਼ਨਾਈਆ । ਜੇ ਸੱਚੀ ਦੌਲਤ ਸੱਚਾ ਲਭਣਾ ਧਨ, ਕੋਈ ਸੱਚਾ ਸਤਿਗੁਰ ਲੱਭੇ ਜੋ ਧੁਰ ਦਾ ਹੋਵੇ ਗੁਸਾਈਆ । ਉਹ ਰਹਿਣ ਨਾ ਦੇਵੇ ਅੰਤਰ ਅੰਨ੍ਹ, ਰਾਤੀਂ

ਸੁੱਤਿਆਂ ਦਿਨੇ ਜਾਗਦਿਆਂ ਚਲਦਿਆਂ ਫਿਰਦਿਆਂ ਨੂੰ ਮਥਰਾ ਗੋਕਲ ਬਿੰਦਰਾਬਨ ਕਾਸ਼ੀ ਗਯਾ ਜਗਨਨਾਥ ਪੁਰੀ ਰਮੇਸ਼ਵਰ ਪਲਕ ਝਲਕ ਅੰਦਰ ਦਏ ਵਖਾਈਆ । ਰਾਸਤਾ ਲੈਣਾ ਕਿ ਬਰਾਸਤਾ, ਕਿ ਮਾਰਗ ਚਲਣਾ ਚਾਈਂ ਚਾਈਆ । ਛੇਤੀ ਜਾਣਾ ਕਿ ਆਹਿਸਤਾ, ਇਹ ਵੀ ਦੇਣਾ ਸਮਝਾਈਆ । ਰੱਜ ਕੇ ਖਾਣਾ ਕਿ ਥੋੜ੍ਹਾ ਥੋੜ੍ਹਾ ਜਿਹਾ ਨਾਸ਼ਤਾ, ਉਹ ਵੀ ਦੇਣਾ ਦ੍ਰਿੜਾਈਆ । ਪ੍ਰੇਮ ਰਖਣਾ ਕਿ ਵਾਸਤਾ, ਕਿ ਥੋੜ੍ਹਾ ਨਾਤਾ ਲੈਣਾ ਜੁੜਾਈਆ । ਨਾਮ ਜਪਣਾ ਕਿ ਲਹਿਣਾ ਚੁਕੌਣਾ ਸਵਾਸ ਸਵਾਸ ਦਾ, ਕਰਮ ਕਾਂਡ ਨਾਲ ਮਿਲਾਈਆ । ਕੰਨੀਂ ਸੁਣਨਾ ਕਿ ਖੇਲ ਵੇਖਣਾ ਗੋਪੀ ਕਾਹਨ ਵਾਲੀ ਰਾਸ ਦਾ, ਜੋ ਜਮਨਾ ਕਿਨਾਰੇ ਘਨਈਆ ਬਣ ਕੇ ਸਈਆ ਹੋ ਕੇ ਗਿਆ ਖੇਲ ਵਖਾਈਆ । ਇਹ ਖੇਲ ਜਨ ਭਗਤ ਪ੍ਰਭੂ ਦੇ ਚਰਨਾਂ ਦੇ ਵਾਸ ਦਾ, ਨਾ ਕਿਸੇ ਤੀਰਥ ਨਾ ਤਾਟ ਨਾ ਜਮਨਾ ਦੇ ਘਾਟ ਦਾ, ਇਹ ਤਮਾਸ਼ਾ ਆਤਮ ਪਰਮਾਤਮ ਦੀ ਬਾਤ ਦਾ, ਇਹ ਨਜ਼ਾਰਾ ਕਲਜੁਗ ਅੰਧੇਰੀ ਰਾਤ ਦਾ, ਇਹ ਸਹਾਰਾ ਓਸ ਅਬਿਨਾਸ਼ੀ ਕਮਲਾਪਾਤ ਦਾ, ਜੋ ਵਿਛੜਿਆਂ ਲਏ ਮਿਲਾਈਆ । ਤੇਰੇ ਮੱਥੇ ਬੁਰਾਈ ਨਹੀਂ ਇਹ ਤੇਰੀ ਭਗਤੀ ਦਾ ਤੋਲ, ਜਿਹੜੀ ਅੰਦਰੇ ਅੰਦਰ ਬੈਠੀ ਰਹੀ ਜਣਾਈਆ । ਇਹੋ ਸਤਿ ਸਚ ਦਾ ਮੂਲ, ਮਾਰਗ ਸੱਚਾ ਰਿਹਾ ਬਣਾਈਆ । ਉਹ ਪਰਮੇਸ਼ਵਰ ਨਹੀਂ ਕਦੇ ਜਾਣਾ ਭੁਲ, ਸਭ ਨੂੰ ਵੇਖੇ ਥਾਉਂ ਥਾਈਂਆ । ਸਭ ਦਾ ਲੇਖਾ ਦੇ ਮੂਲ, ਲਹਿਣਾ ਦੇਣਾ ਝੋਲੀ ਪਾਈਆ । ਬਿਰਹੋਂ ਵਿਚ ਬੋਲਿਆ ਹੰਝੂਆਂ ਵਾਲਾ ਹਾਰ, ਸਧਰਾਂ ਨਾਲ ਜੋ ਭੇਟ ਚੜ੍ਹਾਈਆ । ਪ੍ਰੀਤਮ ਪ੍ਰੇਮ ਦਾ ਦੇ ਪਿਆਰ, ਅੰਤਰ ਦਾ ਕਰ ਉਜਿਆਰ, ਨਿਰੰਤਰ ਰੂਪ ਸਮਝਾਈਆ । ਭਗਤਾਂ ਦੀ ਸੁਣ ਪੁਕਾਰ, ਸੰਤਾਂ ਦੀ ਪੈਜ ਸੁਆਰ, ਦੁਖੀਆਂ ਦਾ ਦੁਖ ਨਿਵਾਰ, ਨਿਰਾਕਾਰ ਤੇਰੀ ਵਡਿਆਈਆ । ਸ਼ਬਦਾਂ ਦੀ ਸੁਣ ਜੈਕਾਰ, ਬੇਖ਼ਬਰਾਂ ਨੂੰ ਕਰ ਖ਼ਬਰਦਾਰ, ਸੁੱਤਿਆਂ ਨੂੰ ਹਲੂਣਾ ਦੇ ਮਾਰ, ਆਲਸ ਨਿੰਦਰਾ ਰਹੇ ਨਾ ਰਾਈਆ । ਰਸਨਾ ਜਿਹਵਾ ਨਾ ਕਰੇ ਵੀਚਾਰ, ਬੱਤੀ ਦੰਦ ਨਾ ਪਾਵੇ ਸਾਰ, ਮਨੂਆ ਕਰ ਨਾ ਸਕੇ ਵਿਸਥਾਰ, ਬੁੱਧੀ ਬੋਧ ਨਾ ਕੋਇ ਦ੍ਰਿੜਾਈਆ । ਤੇਰਾ ਵਖਰਾ ਧਾਮ ਨਿਆਰ, ਅੱਖਰਾਂ ਵਾਲਾ ਲੇਖ ਕੋਈ ਲਿਖ ਨਾ ਸਕੇ ਲਿਖਾਰ, ਕਾਤਬ ਬੈਠੇ ਮੁਖ ਭਵਾਈਆ । ਤੇਰੀ ਮਹਿੰਮਾ ਬੇਸ਼ੁਮਾਰ, ਜੁਗ ਜੁਗ ਲਵੇਂ ਅਵਤਾਰ, ਨਿਰਗੁਣ ਸਰਗੁਣ ਵੇਖਣਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹੰਝੂਆਂ ਹਾਰ ਕਹੇ ਮੈਨੂੰ ਕੋਈ ਵਿਰਲਾ ਕਰੇ ਭੇਟ, ਪ੍ਰਭੂ ਚਰਨਾਂ ਵਿਚ ਟਿਕਾਈਆ । ਮੈਂ ਭਗਵਾਨ ਤੇ ਉਹ ਭਗਤ ਮੇਰਾ ਬੇਟ, ਪਿਤਾ ਪੂਤ ਇਕੋ ਰੰਗ ਸਮਾਈਆ । ਲੋਕਮਾਤ ਬਣ ਕੇ ਮਲਾਹ ਖੇਵਟ ਖੇਟ, ਨਈਆ ਨੌਕਾ ਸਾਚੀ ਲਵਾਂ ਚੜ੍ਹਾਈਆ । ਨਜ਼ਰੀ ਆਵਾਂ ਨੇਤ ਨੇਤ, ਨੇਤਰ ਨਿਜ ਅੱਖ ਖੁਲ੍ਹਾਈਆ । ਜਗਤ ਤੋਂ ਵਖਰਾ ਕਰਾਂ ਹੇਤ, ਆਸਾ ਸਧਰਾਂ ਵਾਲੀ ਪੂਰ ਕਰਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਦੇਸ, ਦਿਸ਼ਾ ਸਾਚੀ ਦਿਆਂ ਵਖਾਈਆ । ਮਿਹਰ ਕਰਾਂ ਸਦਾ ਹਮੇਸ਼, ਬੇਨਜ਼ੀਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਹੰਝੂਆਂ ਹਾਰ ਕਹੇ, ਜੋ ਮੇਰਾ ਜੋੜ ਜੁੜਾਵੇਗਾ । ਸੋ ਪ੍ਰਭੂ ਦੀ ਚਰਨੀ ਬਹੇ, ਪ੍ਰਭ ਲਗੀ ਤੋੜ ਨਿਭਾਵੇਗਾ । ਅਧਵਿਚਕਾਰ ਕੋਇ ਨਾ ਰਹੇ, ਦੋ ਜਹਾਨਾਂ ਪਾਰ ਕਰਾਵੇਗਾ । ਜਮਾਂ ਦਾ ਦੰਡ ਕੋਈ ਨਾ ਸਹੇ, ਅੰਤ ਆਪਣੀ ਗੋਦ ਉਠਾਵੇਗਾ । ਚਰਨਾਂ ਵਿਚ ਸਦਾ ਰਹੇ, ਰੂਪ ਅਨੂਪ ਪਰਗਟਾਵੇਗਾ । ਉਹਦੀ ਅੰਦਰੋਂ ਕਦੀ ਨਾ ਨਿਕਲੇ ਹਾਏ, ਰਾਮ ਰਾਮ ਇਕੋ ਰੂਪ ਬਣਾਵੇਗਾ । ਸੇਵਾ ਕੀਤੀ ਪਾ ਕੇ ਥਾਂਏ, ਝੋਲੀ ਅਗੰਮ

ਆਪ ਭਰਾਵੇਗਾ । ਕਿਸੇ ਹੋਰ ਵਸਤ ਦੀ ਲੋੜ ਨਾ ਰਹੇ, ਸਚ ਪ੍ਰੀਤੀ ਇਕੋ ਲੇਖੇ ਲਾਵੇਗਾ । ਮੁਹੱਬਤ ਵਿਚ ਜੋ ਸ਼ਬਦੀ ਢੋਲੇ ਗਾਏ, ਗਹਿਰ ਗੰਭੀਰ ਲੇਖੇ ਵਿਚ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਵੇਗਾ । ਹਾਰ ਕਹੇ ਭੇਟਾ ਚੜ੍ਹੌਣ ਦੀ ਹੋਰ ਕਿਹੜੀ ਲੋੜ, ਪਰਮਾਤਮਾ ਦੀ ਆਤਮਾ ਓਸੇ ਦੇ ਅਗੇ ਰਖਾਈਆ । ਆਪਣੇ ਨਾਲ ਲਵੇ ਜੋੜ, ਜੋੜੀ ਬਣੇ ਧੁਰਦਰਗਾਹੀਆ । ਜੇ ਪਿਛੇ ਕਰਮਾਂ ਕਰਕੇ ਛੱਡਿਆ ਵਿਛੋੜ, ਅਗੇ ਨਾ ਹੋਵੇ ਜੁਦਾਈਆ । ਸਚ ਮਾਲਕ ਦੇ ਹੱਥ ਡੋਰ, ਤੰਦੀ ਤੰਦ ਸਤਾਰ ਦਏ ਹਲਾਈਆ । ਬੇਨੰਤੀ ਕਰਕੇ ਜਨ ਭਗਤ ਕਹੇ ਓਸ ਦੇ ਅਗੇ ਕਾਹਦਾ ਜ਼ੋਰ, ਜ਼ੋਰਾਵਰ ਇਕੋ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਮੈਂ ਕੋਈ ਠੱਗ ਯਾਰ ਨਹੀਂ ਚੋਰ, ਕੂੜਾ ਰੂਪ ਨਾ ਕੋਇ ਵਟਾਈਆ । ਮੈਨੂੰ ਸਦਾ ਸਦਾ ਸਾਚਿਆਂ ਭਗਤਾਂ ਦੀ ਲੋੜ, ਬਿਨਾ ਭਗਤਾਂ ਪ੍ਰਭੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਹਾਰ ਕਹੇ ਮੇਰੀ ਪੂਰੀ ਹੋਈ ਆਸਾ, ਬੇਨੰਤੀ ਅਗਲੀ ਕੀ ਸੁਣਾਈਆ । ਉਹ ਕਹਿੰਦਾ ਤੇਰੇ ਚਰਨਾਂ ਦਾ ਭਰਵਾਸਾ, ਨਾਤਾ ਛੱਡਿਆ ਜਗਤ ਲੋਕਾਈਆ । ਮੈਂ ਮੰਗਾਂ ਤੇਰਾ ਸਾਥਾ, ਸਗਲਾ ਸੰਗ ਬਣਾਈਆ । ਤੂੰ ਅਨਾਥਾਂ ਦਾ ਨਾਥਾ, ਦੀਨਨ ਦਏਂ ਵਡਿਆਈਆ । ਤੂੰ ਰਾਮ ਕ੍ਰਿਸ਼ਨ ਵੇਖਣਹਾਰ ਤਮਾਸ਼ਾ, ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਧਾਰ ਪਰਗਟਾਈਆ । ਤੂੰ ਭੇਵ ਅਭੇਦ ਖੋਲ੍ਹੇਂ ਖ਼ੁਲਾਸਾ, ਬੋਧ ਅਗਾਧ ਜਣਾਈਆ । ਤੇਰੇ ਭਗਤ ਤੇਰੀਆਂ ਨਿੱਕੀਆਂ ਨਿੱਕੀਆਂ ਸ਼ਾਖਾਂ, ਪੱਤ ਟਹਿਣੀ ਲੋਕਮਾਤ ਲਹਿਰਾਈਆ । ਸਚ ਬੇਨੰਤੀ ਇਕ ਆਖਾਂ, ਉਚੀ ਕੂਕ ਕੂਕ ਸੁਣਾਈਆ । ਮੇਰੇ ਅੰਦਰੋਂ ਆਵੇ ਆਵਾਜ਼ਾ, ਆਜਜ਼ ਹੋ ਕੇ ਸੀਸ ਨਿਵਾਈਆ । ਆਹ ਵੇਖ ਸਾਡਾ ਤਮਾਸ਼ਾ, ਬਿਹਬਲ ਹੋ ਕੇ ਰਹੇ ਕੁਰਲਾਈਆ । ਕਰ ਕਰ ਥੱਕੇ ਪੂਜਾ ਪਾਠਾ, ਤੀਰਥ ਤਟ ਦੇਣ ਗਵਾਹੀਆ । ਜਿਧਰ ਵੇਖਿਆ ਪਿਆ ਘਾਟਾ, ਪੂਰਾ ਪੱਲੂ ਨਾ ਕੋਇ ਕਰਾਈਆ । ਕਿਸੇ ਰੂਪ ਵਿਚ ਆ ਜਾ ਬਣਾ ਲਾ ਦਾਸੀ ਦਾਸਾ, ਸੇਵਕ ਸੇਵਾ ਸਚ ਦੇ ਦ੍ਰਿੜਾਈਆ । ਤੇਰੇ ਘਰ ਕਿਹੜਾ ਘਾਟਾ, ਦਿੰਦਿਆਂ ਤੋਟ ਰਹੇ ਨਾ ਰਾਈਆ । ਭਾਵੇਂ ਜਲ ਹੋ ਭਾਵੇਂ ਮੇਘ ਬਣ ਬਰਸਾਤਾ, ਭਾਵੇਂ ਅਉਲੇ ਰੂਪ ਵਟਾਈਆ । ਸ੍ਰੀ ਭਗਵਾਨ ਕਹੇ ਮੈਂ ਅੰਦਰੇ ਅੰਦਰ ਜੋੜਾਂ ਨਾਤਾ, ਕਰਮਾਂ ਦਾ ਵੇਖਾਂ ਖਾਤਾ, ਜਿਨ੍ਹਾਂ ਜਿਨ੍ਹਾਂ ਦੀਆਂ ਜਾਣਾਂ ਬਾਤਾਂ, ਪੂਰਬ ਲਹਿਣਾ ਝੋਲੀ ਪਾਈਆ । ਹੁਣ ਪੜ੍ਹਨੀਆਂ ਨਹੀਂ ਪੈਂਦੀਆਂ ਕੋਈ ਜਮਾਤਾਂ, ਅੱਖਰਾਂ ਵਾਲੀ ਨਹੀਂ ਕੋਈ ਗਾਥਾ, ਜੋੜਨੇ ਪੈਂਦੇ ਨਹੀਂ ਦੋਵੇਂ ਹਾਥਾ, ਬਿਨ ਹੱਥਾਂ ਸਮਰਥ ਦਿਆਂ ਮਿਲਾਈਆ । ਪੜ੍ਹਨਾ ਨਹੀਂ ਪੈਂਦਾ ਕਾ ਖਾ, ਅੰਤਰ ਆਤਮ ਦੱਸਾਂ ਰਾਹ, ਪੜਦਾ ਦੂਈ ਦਵੈਤ ਚੁਕਾ, ਨਿਜ ਮੰਦਰ ਹੋਵਾਂ ਸਹਾ, ਜੇ ਭੁਲਣ ਲਗੇਂ ਫੜ ਕੇ ਹਲੂਣਾ ਦੇਵਾਂ ਲਗਾ, ਸਿੱਧਾ ਰਾਹ ਇਕ ਜਣਾਈਆ । ਜੇ ਆਪਣੀ ਮਤਿ ਲਵੇਂ ਗੁਵਾ, ਅੰਦਰ ਨਾਮ ਦੇਵਾਂ ਵਸਾ, ਤੇਰੀ ਬਦਲ ਜਾਵੇ ਹਵਾ, ਤਮਅ ਕੂੜੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਚੁਕਾਈਆ । ਤੇਰੀ ਆਸਾ ਕਹੇ ਮੈਂ ਅਸਮਰਥ, ਬਲਹੀਣ ਦਿਆਂ ਦੁਹਾਈਆ । ਮੈਂ ਲਭ ਲਭ ਗਿਆ ਥਕ, ਜੰਗਲ ਜੂਹ ਪਹਾੜ ਟਿਲੇ ਪਰਬਤ ਵੇਖ ਵਖਾਈਆ । ਮੈਨੂੰ ਕਿਤੋਂ ਨਹੀਂ ਲੱਭਾ ਸਚ, ਸਤਿ ਰੰਗ ਨਾ ਕੋਈ ਰੰਗਾਈਆ । ਕਿਸੇ ਝੋਲੀ ਨਹੀਂ ਪਾਇਆ ਹਕ, ਹਕੀਕਤ ਨਾ ਕੋਇ ਵਖਾਈਆ । ਮਨ ਨਹੀਂ ਦਿਤਾ ਡੱਕ, ਡੋਰੀ ਤੰਦ ਬੰਧਾਈਆ । ਮੈਥੋਂ ਹੁਣ ਨਹੀਂ ਹੁੰਦਾ ਬਹੁਤਾ ਹਠ, ਹੌਸਲਾ ਅਗੇ ਨਾ ਕੋਇ ਵਧਾਈਆ । ਜੇ ਆਇਆਂ ਤੇ ਮਾਰਕੇ ਜਾਵੀਂ ਓਹ ਸੱਟ, ਜਿਸਦੀ

੭੨੦

ਠੋਕਰ ਭੁਲ ਕੋਇ ਨਾ ਜਾਈਆ । ਤੂੰ ਮੇਰਾ ਤੇ ਮੈਂ ਤੇਰਾ ਇਕੋ ਨਾਮ ਲਵਾਂ ਰਟ, ਰੱਟਾ ਮੁਕੇ ਜਗਤ ਲੋਕਾਈਆ । ਮਾਨਸ ਜਨਮ ਦਾ ਇਹੋ ਲਾਹਾ ਲਵਾਂ ਖਟ, ਕਾਇਆ ਖੇੜਾ ਵੱਜੇ ਵਧਾਈਆ । ਜਿੰਨਾਂ ਚਿਰ ਮਿਲੇਂ ਨਾ ਓਨਾਂ ਚਿਰ ਅਸੀਂ ਨਹੀਂ ਕਰਨੀ ਬਸ, ਬਸਤੇ ਬੰਦ ਦੇਣੇ ਖੁਲ੍ਹਾਈਆ । ਭਗਵਾਨ ਤੈਨੂੰ ਨਹੀਂ ਪਤਾ, ਤੂੰ ਸਦਾ ਭਗਤਾਂ ਦੇ ਵਸ, ਜੁਗ ਜੁਗ ਆਪਣਾ ਫੇਰਾ ਪਾਈਆ । ਜੇ ਸਾਡੇ ਕੋਲੋਂ ਨਹੀਂ ਖੁਲ੍ਹੀ ਆਪਣੀ ਕਿਰਪਾ ਨਾਲ ਖੋਲ੍ਹਦੇ ਅੱਖ, ਆਖ਼ਰ ਮੰਜ਼ਲ ਦੇ ਚੜ੍ਹਾਈਆ । ਸਚ ਪੁਛੇਂ ਪ੍ਰਭੂ ਹੁਣ ਤੈਥੋਂ ਨਹੀਂ ਰਹਿਣਾ ਅੱਡ, ਝਲੀ ਨਾ ਜਾਂਦੀ ਜੁਦਾਈਆ । ਜਿਹੜਾ ਸਿਰ ਸਰ ਹੋ ਕੇ ਤੇਰੇ ਚਰਨਾਂ ਗਿਆ ਢਠ, ਨਾਤਾ ਤੋੜ ਦੇ ਤੱਤ ਅੱਠ, ਨੌਂ ਦਵਾਰੇ ਲੇਖਾ ਦੇ ਚੁਕਾਈਆ । ਦਸਮ ਦਵਾਰੇ ਆ ਕੇ ਵਸ, ਮੈਂ ਵੇਖਾਂ ਹਸ ਹਸ, ਪ੍ਰੇਮ ਪਿਆਰ ਦਾ ਮਿਲੇ ਰਸ, ਸਾਚਾ ਜਾਮ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿਜਨ ਸਾਚੀ ਮੰਗ ਮੰਗਾਈਆ । ਹਾਰ ਕਹੇ ਮੈਂ ਸਧਰਾਂ ਭਰਿਆ, ਲੜੀ ਹੰਝੂਆਂ ਵਾਲੀ ਬਣਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਕਦੇ ਨਾ ਡਰਿਆ, ਲੋਕਲਾਜ ਨੇੜ ਕੋਇ ਨਾ ਆਈਆ । ਬਿਨਾ ਭਗਤਾਂ ਦੇ ਪ੍ਰਭੂ ਦੇ ਦਵਾਰੇ ਕਦੀ ਨਾ ਚੜ੍ਹਿਆ, ਸਾਚੀ ਭੇਟਾ ਨਾ ਕੋਈ ਕਰਾਈਆ । ਬਿਨਾ ਹੱਥਾਂ ਤੋਂ ਤੈਨੂੰ ਹੱਥ ਕਿਸੇ ਨਾ ਫੜਿਆ, ਬਿਨਾ ਅੱਖਾਂ ਤੋਂ ਮੇਰੀ ਧਾਰ ਨਾ ਕਿਸੇ ਬਣਾਈਆ । ਮੈਂ ਅਗਨੀ ਹਵਨ ਵਿਚ ਕਦੀ ਨਹੀਂ ਸੜਿਆ, ਸੁਕ ਕੇ ਆਪਣਾ ਰੂਪ ਨਾ ਕੋਇ ਬਦਲਾਈਆ । ਜਦ ਵੇਖੋ ਤੇ ਭਗਤਾਂ ਦੇ ਪਿਆਰ ਅੰਦਰ ਹਰਿਆ, ਪ੍ਰਭੂ ਦੇ ਚਰਨਾਂ ਵਿਚ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਸਭ ਦੀ ਪੂਰ ਕਰਿਆ, ਖ਼ਾਲੀ ਕੋਈ ਰਹਿਣ ਨਾ ਪਾਈਆ ।



### ✻ ੭ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਲੈਫ਼ਟੀਨੈਂਟ ਭਗਤ ਸਿੰਘ ਦੇ ਗ੍ਰਿਹ ਜੰਮੂ ✻

ਦੀਨਾਂ ਨਾਥ ਦਰਦ ਦੁਖ ਭੈ ਭੰਜਨ, ਹਰਿ ਸਮਰਥ ਪੁਰਖ ਵਡੀ ਵਡਿਆਈਆ । ਚਰਨ ਧੂੜ ਇਸ਼ਨਾਨ ਕਰਾਏ ਸਾਚਾ ਮਜਨ, ਦੁਰਮਤ ਮੈਲ ਕੂੜੀ ਕਿਰਿਆ ਜਨਮ ਜਨਮ ਦਾ ਪਾਪ ਦਏ ਮਿਟਾਈਆ । ਘਰ ਠਾਕਰ ਸਵਾਮੀ ਅੰਤਰਜਾਮੀ ਚਾੜ੍ਹੇ ਸਾਚੀ ਰੰਗਣ, ਰੰਗ ਰੰਗੀਲਾ ਆਪ ਰੰਗਾਈਆ । ਨਾਮ ਖ਼ੁਮਾਰੀ ਧੁਰ ਦੀ ਯਾਰੀ ਵਿਚ ਕਰੇ ਮਗਨ, ਅਗਲਾ ਪਿਛਲਾ ਲੇਖਾ ਦਏ ਮੁਕਾਈਆ । ਨਿਰਗੁਣ ਨਿਰਵੈਰ ਨਿਰਾਕਾਰ ਦੀਆ ਬਾਤੀ ਜਗਾਏ ਜੋਤ ਨਿਰੰਜਣ, ਨੂਰੋ ਨੂਰ ਕਰੇ ਰੁਸ਼ਨਾਈਆ । ਕਾਇਆ ਮਾਟੀ ਖ਼ਾਕੀ ਲੇਖੇ ਲਾਵੇ ਬਦਨ, ਮਿਹਰ ਨਜ਼ਰ ਆਪਣੀ ਇਕ ਉਠਾਈਆ । ਘਟ ਘਟ ਅੰਤਰ ਵੇਖੇ ਕਵਣ ਗਾਏ ਸਾਚਾ ਭਜਨ, ਜੋਗ ਅਭਿਆਸ ਹਠ ਤਪ ਕੌਣ ਰਖਾਈਆ । ਜਾਨਣਹਾਰਾ ਸਾਚੇ ਬਚਨ, ਗ੍ਰਿਹ ਗ੍ਰਿਹ ਮੰਦਰ ਖੋਜ ਖੁਜਾਈਆ । ਜਨ ਭਗਤਾਂ ਦਾ ਬੱਚਿਆਂ ਵਾਲਾ ਵੇਖ ਕੇ ਬਚਪਨ, ਬਾਲਕ ਆਪਣੀ ਗੋਦ ਉਠਾਈਆ । ਜਿਹੜੇ ਹਰਿਜਨ ਹਰਿ ਦਰਸ ਨੂੰ ਤਰਸਣ, ਤਿਨ੍ਹਾਂ ਦੀ ਆਤਮ ਅੰਤਰ ਤ੍ਰਿਖਾ ਦਏ ਮਿਟਾਈਆ । ਮਾਨਸ ਜਨਮ ਦੀ ਮੇਟ ਕੇ ਹਰਸਨ, ਹਾਜ਼ਰ ਹੋ ਕੇ ਨਜ਼ਰੀ ਆਈਆ । ਸੋਈ ਸੁਰਤੀ ਕਰਕੇ ਮਰਦਨ, ਮਰਦ ਮਰਦਾਨਾ ਲਏ ਜਗਾਈਆ । ਕੀ ਹੋਇਆ ਜੇ ਕ੍ਰਿਸ਼ਨ ਉਂਗਲੀ ਉਠਾਇਆ ਗਵਰਧਨ, ਦੁਵਾਰਕਾ ਨਿਵਾਸੀਆਂ ਹੋਇਆ ਸਹਾਈਆ । ਪੁਰਖ ਅਬਿਨਾਸ਼ੀ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਵੰਡਣਹਾਰਾ ਦਰਦਨ, ਦੁਖੀਆਂ ਦਾ ਦੁਖ ਆਪਣੀ ਝੋਲੀ ਪਾਈਆ । ਅੰਦਰ ਬਾਹਰ ਗੁਪਤ

ਜ਼ਾਹਰ ਯਾਦ ਰਹੇ ਹਰ ਦਮ, ਸਾਹ ਸਾਹ ਵਿਚ ਸਮਾਈਆ । ਭਾਗ ਲਗਾਏ ਕਾਇਆ ਮਾਟੀ ਤਨ, ਤਤਵ ਤਤ ਦਏ ਸਮਝਾਈਆ । ਮਨ ਵਾਸਨਾ ਸ਼ਬਦੀ ਧਾਰ ਬੰਨ੍ਹ, ਖਿਚ ਲਿਆਏ ਵਾਹੋ ਦਾਹੀਆ । ਨਾਮ ਪਦਾਰਥ ਦੇਵੇ ਧਨ, ਦੌਲਤ ਅਣਮੁੱਲੀ ਝੋਲੀ ਪਾਈਆ । ਜਿਹੜੀ ਏਥੇ ਓਥੇ ਜੀਉਂਦਿਆਂ ਤੇ ਮਰਨ ਦੇ ਬਾਦ ਵੀ ਆਵੇ ਕੰਮ, ਦਰਗਾਹ ਸਾਚੀ ਆਪਣਾ ਸੰਗ ਰਖਾਈਆ । ਜਨ ਭਗਤ ਸੁਹੇਲੇ ਚਾੜ੍ਹ ਕੇ ਨੂਰੀ ਚੰਨ, ਲੋਕਮਾਤ ਸਾਚੇ ਚੰਦ ਕਰੇ ਰੁਸ਼ਨਾਈਆ । ਹਰਿ ਕਾ ਖੇਲ ਨਜ਼ਰ ਆਏ ਨਾ ਕਿਸੇ ਨੇਤਰ ਅੰਨ੍ਹ, ਹਰਿਜਨ ਵਿਰਲੇ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਤਿਗੁਰ ਕਹੇ ਮੈਂ ਸਭ ਦੇ ਅੰਦਰ ਵਸਦਾ, ਨਿਰਗੁਣ ਹੋ ਕੇ ਡੇਰਾ ਲਾਈਆ । ਪਰ ਕੋਟਾਂ ਵਿਚੋਂ ਵਿਰਲੇ ਆਪਣਾ ਮਾਰਗ ਦੱਸਦਾ, ਸੁੱਤਿਆਂ ਲਵਾਂ ਉਠਾਈਆ । ਲਹਿਣਾ ਦੇਣਾ ਦੇਵਾਂ ਉਹਨਾਂ ਦੇ ਗਾਏ ਸੱਚੇ ਜਸ ਦਾ, ਸਿਫ਼ਤਾਂ ਨਾਲ ਸਲਾਹੀਆ । ਮੇਲ ਮਿਲਾਵਾ ਕਰਾਂ ਓਸ ਅੱਖ ਦਾ, ਜਿਹੜੀ ਅੱਖਾਂ ਦੇ ਪਿਛੇ ਦਿਤੀ ਟਿਕਾਈਆ । ਜਿਸ ਦੇ ਨੂਰ ਨੂੰ ਜਗਤ ਜਹਾਨ ਲਭਦਾ, ਵਾਸਨਾ ਵਿਚ ਭੱਜੇ ਸਰਬ ਲੋਕਾਈਆ । ਸੋ ਲੇਖਾ ਚੁਕਾਵੇ ਕੂੜੀ ਹਦ ਦਾ, ਅਗਲਾ ਪੰਧ ਮੁਕਾਈਆ । ਨਾਤਾ ਜੋੜ ਕੇ ਭਗਤ ਭਗਵਾਨ ਅੱਜ ਦਾ, ਸਬਬ ਸੋਹਣਾ ਲਏ ਬਣਾਈਆ । ਰੈਣ ਸੁਬਾਈ ਪ੍ਰੀਤਮ ਹੋ ਕੇ ਪ੍ਰੇਮੀ ਨੂੰ ਰਿਹਾ ਦੱਸਦਾ, ਅੰਦਰ ਬਾਹਰ ਹੁਕਮ ਸੁਣਾਈਆ । ਵੇਖ ਖੇਲ ਓਸ ਸਮਰਥ ਦਾ, ਜੋ ਸਭ ਦਾ ਪਿਤਾ ਮਾਈਆ । ਦਰਵਾਜ਼ਾ ਖੋਲ੍ਹ ਸਾਚੇ ਹੱਟ ਦਾ, ਨਾਮ ਭਗਤਾਂ ਝੋਲੀ ਪਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਦਮਾਂ ਵਾਲੇ ਦਮ ਵਟਦਾ, ਕੀਮਤ ਸਵਾਸਾਂ ਵਾਲੀ ਪਾਈਆ । ਕਿਰਪਾ ਕਰੇ ਜਿਸ ਉਤੇ ਓਸੇ ਨੂੰ ਆਪੇ ਰਖਦਾ, ਰਛਿਆ ਕਰੇ ਥਾਉਂ ਥਾਈਂਆ । ਪਿਛੇ ਵੇਲਾ ਗਿਆ ਅਲਗ ਦਾ, ਅਗੇ ਹੋਏ ਨਾ ਕੋਇ ਜੁਦਾਈਆ । ਲੇਖਾ ਮੁਕਾਵੇ ਸ਼ਾਹ ਰਗ ਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਾਮ ਪਿਆਲਾ ਦੇਵੇ ਅੰਮ੍ਰਿਤ ਮਧੁ ਦਾ, ਖ਼ੁਮਾਰੀ ਸਾਚੀ ਦਏ ਚੜ੍ਹਾਈਆ । ਸਿਰ ਹੱਥ ਰਖ ਕੇ ਪਰਦੇ ਢਕਦਾ, ਹੋਵੇ ਆਪ ਸਹਾਈਆ । ਭਗਤ ਸਦਾ ਭਗਵਨ ਦੇ ਕੋਲ ਸਜਦਾ, ਭਗਵਨ ਭਗਤਾਂ ਵਿਚ ਸੋਭਾ ਪਾਈਆ । ਤੈਨੂੰ ਪਤਾ ਨਹੀਂ ਇਹ ਨਾਤਾ ਕਬ ਦਾ, ਜੁਗ ਤ੍ਰੇਤਾ ਦਏ ਗਵਾਹੀਆ । ਜਿਸ ਵੇਲੇ ਦਸਰਥ ਦਾ ਪਹੀਆ ਟੁਟਾ ਸੀ ਰਥ ਦਾ, ਕਕਈ ਅੱਖ ਖੁਲ੍ਹਾਈਆ । ਓਸ ਵੇਲੇ ਤੂੰ ਘਸੇਰਾ ਹੋ ਕੇ ਘਾਹ ਸੀ ਕਟਦਾ, ਦਾਤੀ ਦੰਦਿਆਂ ਵਾਲੀ ਹੱਥ ਉਠਾਈਆ । ਇਹ ਖੇਲ ਵੇਖ ਕੇ ਆਇਆ ਨਠਦਾ, ਨੇੜੇ ਆ ਕੇ ਸੀਸ ਝੁਕਾਈਆ । ਅਗੇ ਹੋ ਕੇ ਹੱਥ ਲਾ ਕੇ ਪਿਛੋਂ ਅਗੇ ਨੂੰ ਧਕਦਾ, ਆਪਣਾ ਜ਼ੋਰ ਲਗਾਈਆ । ਓਸ ਵੇਲੇ ਦਸਰਥ ਨੇ ਕਿਹਾ ਇਹ ਕੌਣ ਬੰਦਾ ਮੇਰੇ ਰਾਮ ਰੱਬ ਦਾ, ਜਿਹੜਾ ਬਿਨ ਸੱਦਿਆਂ ਗਿਆ ਆਈਆ । ਓਨੇ ਚਿਰ ਨੂੰ ਰਥ ਥੋੜ੍ਹਾ ਅਗੇ ਵਧਦਾ, ਆਪਣਾ ਪੰਧ ਮੁਕਾਈਆ । ਦਸਰਥ ਫੇਰ ਕਿਹਾ ਇਹੋ ਜਿਹਾ ਪ੍ਰੇਮੀ ਸਦਾ ਭਗਵਾਨ ਦੇ ਚਰਨਾਂ ਵਿਚ ਸਜਦਾ, ਸੱਜਣ ਧੁਰ ਦਾ ਨਜ਼ਰੀ ਆਈਆ । ਧੁਰ ਦਰਗਾਹੋਂ ਆਈ ਆਵਾਜ਼ ਇਹ ਖੇਲ ਪੁਰਖ ਸਮਰਥ ਦਾ, ਲੇਖਾ ਪੂਰਾ ਦਏ ਕਰਾਈਆ । ਜਿਸ ਵੇਲੇ ਵੇਲਾ ਆਇਆ ਕਲਜੁਗ ਅੰਤ ਕੂੜ ਕੁੜਿਆਰੇ ਜਗ ਦਾ, ਚਾਰੋਂ ਕੁੰਟ ਅੰਧੇਰਾ ਛਾਈਆ । ਓਸ ਵੇਲੇ ਇਸੇ ਅਵਸਥਾ ਵਿਚ ਸ੍ਰੀ ਭਗਵਾਨ ਆਪੇ ਏਨੂੰ ਲਭਦਾ, ਬਿਨ ਖੋਜਿਆਂ ਖੋਜ ਖੁਜਾਈਆ । ਜਿਹੜਾ ਰਥ ਦੇ ਪਿਛੇ ਵਧਦਾ, ਫੇਰ ਇਸ ਦਾ ਵਾਧਾ ਆਪਣੇ ਪ੍ਰੇਮ ਨਾਲ ਰਖਾਈਆ । ਕਾਇਆ ਦਾ ਭਾਂਡਾ ਸਭ ਦਾ ਭਜਦਾ, ਜੁਗ ਜੁਗ ਰਹਿਣ ਕੋਇ ਨਾ ਪਾਈਆ । ਸ੍ਰੀ ਭਗਵਾਨ ਸਾਚੇ ਭਗਤ ਜੀਵਾਂ ਜੰਤਾਂ ਵਿਚੋਂ ਆਪੇ ਕਢਦਾ, ਫੜ ਕੇ

ਬਾਹੋਂ ਲਏ ਉਠਾਈਆ । ਇਹੋ ਕਿਰਪਾ ਜਿਹੜਾ ਵੇਂਹਦੇ ਸਾਰ ਹੀ ਅੰਦਰ ਵਸਦਾ, ਹਸਦਾ ਹਸਦਾ ਆਪਣੇ ਗਲੇ ਲਗਾਈਆ । ਅਗੇ ਲਹਿਣਾ ਦੇਵੇ ਪ੍ਰੇਮ ਰਸ ਦਾ, ਰਸਤਾ ਅਗਲਾ ਸਾਫ਼ ਕਰਾਈਆ । ਆਤਮ ਵਿਛੋੜਾ ਦੇਵੇ ਅਗੰਮੀ ਪਟ ਦਾ, ਜਿਸ ਦਾ ਤਾਣਾ ਪੇਟਾ ਨਜ਼ਰ ਕਿਸੇ ਨਾ ਆਈਆ । ਘਰ ਵਖਾਵੇ ਜਿਥੇ ਦੀਪਕ ਇਕੋ ਜਗਦਾ, ਜੋਤੀ ਜੋਤ ਹੋਵੇ ਰੁਸ਼ਨਾਈਆ । ਜੇ ਤੂੰ ਤ੍ਰੇਤੇ ਦਾ ਬੰਦਾ ਰੱਬ ਦਾ, ਰਾਮ ਦਾ ਪਿਤਾ ਗਿਆ ਜਣਾਈਆ । ਹੁਣ ਕਿਉਂ ਨਾ ਤੈਨੂੰ ਸਦਦਾ, ਆਪਣਾ ਹੁਕਮ ਜਣਾਈਆ । ਪਿਛਲਾ ਲੇਖਾ ਗਿਆ ਕੂੜ ਕਿਰਿਆ ਕਗ ਦਾ, ਅਗੇ ਹੰਸ ਰੂਪ ਵਟਾਈਆ । ਤੇਰੇ ਪਿਛੇ ਸਾਰੀ ਰੈਣ ਰਿਹਾ ਭੱਜਦਾ, ਨੌਂ ਵਾਰੀ ਤੇਰੇ ਦਰ ਤੇ ਜਾਈਆ । ਕੋਈ ਪਿਆਰ ਨਹੀਂ ਕੀਤਾ ਇਸ ਸੌਣ ਵਾਲੇ ਪਲੰਘ ਦਾ, ਸੁਖਆਸਣ ਦਿਤਾ ਤਜਾਈਆ । ਜਿਹੜਾ ਮੇਰਾ ਮੈਂ ਓਸੇ ਨੂੰ ਰੰਗਦਾ, ਬਿਨਾ ਲਲਾਰੀਉਂ ਰੰਗ ਵਖਾਈਆ । ਜਿਸ ਦੇ ਅੰਦਰ ਦੀ ਇਕ ਵਾਰੀ ਲੰਘਦਾ, ਉਸ ਦਰ ਦੀ ਹੋਵੇ ਨਾ ਕਦੇ ਜੁਦਾਈਆ । ਵੇਖੋ ਖੇਲ ਸੂਰੇ ਸਰਬੰਗ ਦਾ, ਦੇਵਣਹਾਰ ਵੱਡੀ ਵਡਿਆਈਆ । ਸੁਖ ਮਾਨਣਾ ਸੱਚੇ ਅਨੰਦ ਦਾ, ਜੋ ਅਨੰਦ ਅਨੰਦ ਵਿਚੋਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੂਰਬ ਜਨਮ ਦਾ ਲੇਖਾ ਪੂਰਾ ਝੋਲੀ ਪਾਈਆ ।



## ❊ ੮ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਸਰਦੂਲ ਸਿੰਘ ਦੇ ਗ੍ਰਹਿ ਪਠਾਨਕੋਟ ਛਾਉਣੀ ❊

੭੨੩

ਜਾਣੀਜਾਣ ਸਭ ਕੁਛ ਰਿਹਾ ਜਾਣ, ਪੰਜ ਤੱਤ ਕਾਇਆ ਮਾਟੀ ਮਾਟੀ ਖੋਜ ਖੁਜਾਈਆ । ਭਗਤ ਸੁਹੇਲੇ ਹਰਿਜਨ ਵੇਖੇ ਮਾਰ ਧਿਆਨ, ਕਾਇਆ ਕਵਰੀ ਡੂੰਘੀ ਭਵਰੀ ਪਰਦਾ ਚੁਕਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਬਖ਼ਸ਼ੇ ਚਰਨ ਧਿਆਨ, ਪ੍ਰੇਮ ਪ੍ਰੀਤੀ ਧੁਰ ਦੀ ਮੁਹੱਬਤ ਇਕ ਜਣਾਈਆ । ਅੰਮ੍ਰਿਤ ਆਤਮ ਰਸ ਦੇਵੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁਖ ਮਿਟਾਈਆ । ਸ਼ਬਦ ਅਣਿਆਲਾ ਮਾਰੇ ਤੀਰ ਬਾਣ, ਦੂਈ ਦਵੈਤੀ ਬਜਰ ਕਪਾਟੀ ਪਾਰ ਕਰਾਈਆ । ਦੀਆ ਬਾਤੀ ਕਮਲਾਪਾਤੀ ਜੋਤ ਜਗਾਏ ਮਹਾਨ, ਨੂਰੋ ਨੂਰ ਕਰੇ ਰੁਸ਼ਨਾਈਆ । ਮਿਹਰਵਾਨ ਹੋ ਕੇ ਪੰਚ ਵਿਕਾਰਾ ਅੰਦਰੋਂ ਕੱਢੇ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਗਵਾਈਆ । ਸਤਿ ਸਤਿ ਸਚ ਸਚ ਧਰਮ ਵਖਾਏ ਇਕ ਨਿਸ਼ਾਨ, ਜੂਠ ਝੂਠ ਭਾਂਡਾ ਭਰਮ ਭੌ ਭੰਨਾਈਆ । ਭਾਗ ਲਗਾਏ ਕਾਇਆ ਹੱਟ ਮਕਾਨ, ਨਿਗਾਹਵਾਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਹਰ ਘਟ ਅੰਤਰ ਆਪਣਾ ਖੇਲ ਵਖਾਈਆ । ਜਾਣੀਜਾਣ ਹਰ ਘਟ ਨਿਵਾਸੀ, ਗ੍ਰਹਿ ਮੰਦਰ ਫੋਲ ਫੋਲਾਈਆ । ਪਤਿਪਰਮੇਸ਼ਵਰ ਪਰਮ ਪੁਰਖ ਅਬਿਨਾਸ਼ੀ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬੇਪਰਵਾਹੀਆ । ਕੂੜੀ ਕਿਰਿਆ ਜਨ ਭਗਤਾਂ ਮੇਟੇ ਰੈਣ ਅੰਧੇਰੀ ਰਾਤੀ, ਸਾਚਾ ਜੋਤੀ ਨੂਰ ਚੰਦ ਇਕ ਚਮਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸੇ ਸਾਚੀ ਗਾਥੀ, ਬੋਧ ਅਗਾਧਾ ਕਰੇ ਪੜ੍ਹਾਈਆ । ਜਨਮ ਜਨਮ ਦਾ ਪੰਧ ਮੁਕਾ ਕੇ ਵਾਟੀ, ਲੱਖ ਚੁਰਾਸੀ ਫੰਦ ਕਟਾਈਆ । ਨਾਮ ਪਦਾਰਥ ਸਚ ਭੰਡਾਰਾ ਦੇਵੇ ਦਾਤੀ, ਦੀਨ ਦਿਆਲ ਦਇਆਵਾਨ ਝੋਲੀ ਪਾਈਆ । ਸਾਚਾ ਜਾਮ ਪਿਆਏ ਬਣ ਕੇ ਸਾਕੀ, ਨਾਮ ਪਿਆਲਾ ਮੁਖ ਚਵਾਈਆ । ਮਨ ਮਨੂਆ

ਰਹੇ ਨਾ ਆਕੀ, ਕੂੜ ਵਿਕਾਰਾ ਡੇਰਾ ਢਾਹੀਆ । ਬੰਦ ਕਿਵਾੜਾ ਖੋਲ੍ਹੇ ਤਾਕੀ, ਅੰਤਰ ਅੰਤਰ ਓਹਲਾ ਦਏ ਚੁਕਾਈਆ । ਜਾਣੀਜਾਣ ਕਿਰਪਾ ਕਰ ਕੇ ਘਰ ਆਤਮ ਪਰਮਾਤਮ ਮੇਲ ਮਿਲਾਏ ਕਮਲਾਪਾਤੀ, ਜਗਤ ਵਿਛੋੜਾ ਦੂਰ ਕਰਾਈਆ । ਜੀਵਣ ਵਿਚੋਂ ਬਦਲ ਦੇਵੇ ਹਯਾਤੀ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਅਬਿਨਾਸ਼ੀ, ਘਰ ਘਰ ਅੰਦਰ ਵੇਖ ਵਖਾਈਆ । ਜਾਣੀਜਾਣ ਕਰੇ ਵਿਚਾਰ, ਜਾਨਣਹਾਰਾ ਇਕ ਅਖਵਾਇੰਦਾ । ਅੰਤਰ ਆਤਮ ਜਿਨ੍ਹਾਂ ਪਿਆਰ, ਪਤਿਪਰਮੇਸ਼ਵਰ ਵੇਖ ਵਖਾਇੰਦਾ । ਮਾਣਸ ਜਨਮ ਜਾਏ ਪੈਜ ਸੁਆਰ, ਸਿਰ ਆਪਣਾ ਹੱਥ ਟਿਕਾਇੰਦਾ । ਜਗਤ ਸਾਗਰ ਕਰੇ ਪਾਰ, ਭਵਜਲ ਵਿਚ ਨਾ ਕੋਇ ਰੁੜ੍ਹਾਇੰਦਾ । ਚਰਨ ਕਵਲ ਦੇ ਸਹਾਰ, ਕਿਨਾਰਾ ਧੁਰ ਦਾ ਇਕ ਵਖਾਇੰਦਾ । ਮੇਲ ਮਿਲਾ ਕੇ ਸੱਜਣ ਮੀਤ ਮੁਰਾਰ, ਨਰ ਨਿਰੰਕਾਰ ਦਇਆ ਕਮਾਇੰਦਾ । ਕਾਗ਼ਜ ਕ਼ਲਮ ਨਾ ਲਿਖਣਹਾਰ, ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਇੰਦਾ । ਗੁਰਮੁਖਾਂ ਦਾ ਅੰਦਰ ਵੜ ਕੇ ਵੇਖੇ ਹਾਲ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਭਾਗ ਲਗਾਏ ਕਾਇਆ ਧਰਮਸਾਲ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਨਾਤਾ ਤੋੜ ਕੇ ਕਾਲ ਮਹਾਕਾਲ, ਚਰਨ ਪ੍ਰੀਤੀ ਇਕ ਸਮਝਾਇੰਦਾ । ਅੰਦਰ ਵੜ ਕੇ ਵੇਖਣਹਾਰਾ ਮਾਰ ਧਿਆਨ, ਮੰਜ਼ਲ ਚੜ੍ਹ ਚੜ੍ਹ ਪੰਧ ਮੁਕਾਇੰਦਾ । ਜਾਣੀਜਾਣ ਸਰਬ ਜੀਆਂ ਆਪ ਭਗਵਾਨ, ਭਾਗਾਂ ਵਾਲਿਓ ਤੁਹਾਡਾ ਹਿੱਸਾ ਨਾਮ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਆਪਣੀ ਖੇਲ ਖਿਲਾਇੰਦਾ । ਜਾਣੀਜਾਣ ਉਤੇ ਜੋ ਕਰੇ ਮਾਣ, ਚਰਨ ਕਵਲ ਸੀਸ ਨਿਵਾਈਆ । ਮੇਲਾ ਮਿਲ ਜਾਏ ਭਗਤ ਭਗਵਾਨ, ਭੇਵ ਰਹੇ ਨਾ ਰਾਈਆ । ਇਕ ਦੂਜੇ ਦੀ ਆਏ ਪਛਾਣ, ਤੂੰ ਮੇਰਾ ਮੈਂ ਤੇਰਾ ਦੂਜਾ ਅਵਰ ਨਾ ਕੋਇ ਵਖਾਈਆ । ਘਰ ਸਵਾਮੀ ਮਿਲੇ ਰਾਮ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਗ੍ਰਿਹਿ ਨਜ਼ਰੀ ਆਏ ਘਨਈਆ ਸ਼ਾਮ, ਸਾਚੀ ਬੰਸਰੀ ਨਾਮ ਸੁਣਾਈਆ । ਨਾਤਾ ਟੁੱਟੇ ਕੂੜ ਜਹਾਨ, ਸਚ ਸੁਚ ਮਿਲੇ ਸਰਨਾਈਆ । ਅਬਿਨਾਸ਼ੀ ਕਰਤਾ ਕਰਤਾ ਪੁਰਖ ਕਰਨੀ ਦਾ ਮਾਲਕ ਕਿਰਪਾਨਿਧ ਆਦਿ ਜੁਗਾਦਿ ਜਾਣੀਜਾਣ, ਅਣਜਾਣਤ ਬੇਖ਼ਬਰ ਖ਼ਬਰ ਆਪਣੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਘਟ ਅੰਤਰ ਅੰਤਸ਼ਕਰਨ ਸਭ ਦੇ ਵੇਖ ਵਖਾਈਆ ।

### ✻ ੯ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਸ਼ਬਦ ਕਹੇ ਮੈਂ ਤੇਰਾ ਬਰਖ਼ੁਰਦਾਰ, ਪ੍ਰਭੂ ਬੇਖ਼ਬਰਾਂ ਖ਼ਬਰ ਪਹੁੰਚਾਈਆ । ਬ੍ਰਹਿਮੰਡਾਂ ਖੰਡਾਂ ਵੇਖ ਸਰਬ ਸੰਸਾਰ, ਸਵਾਰਥੀ ਹੋ ਕੇ ਸੇਵ ਕਮਾਈਆ । ਜੁਗ ਚੌਕੜੀ ਦਾ ਕ਼ਰਜ਼ਾ ਲਾਹਵਾਂ ਉਧਾਰ, ਲੇਖਾ ਸਾਫ਼ ਬਣਾਈਆ । ਹੁਕਮੇ ਉਤੇ ਹੁਕਮ ਚਲੇ ਅਪਾਰ, ਫ਼ਰਮਾਨ ਧੁਰ ਦਾ ਦਿਆਂ ਸੁਣਾਈਆ । ਤੇਰੇ ਯਰਾਨਿਆਂ ਵਾਲੇ ਲੱਭਾਂ ਯਾਰ, ਦੀਵਾਨਖ਼ਾਨਿਆਂ ਵਾਲੇ ਦੀਵਾਨੇ ਦਿਆਂ ਉਠਾਈਆ । ਮੈਖ਼ਾਨਿਆਂ ਵਾਲਾ ਵੇਖਾਂ ਪਿਆਰ, ਸਾਕੀਆਂ ਵਾਲਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਚ ਵਡਿਆਈਆ । ਸ਼ਬਦ ਕਹੇ ਪ੍ਰਭੂ ਮੋਹੇ ਤੇਰਾ ਜ਼ੋਰ, ਜ਼ਾਬਰ ਤੇਰੀ ਸਰਨਾਈਆ । ਬਿਨ ਤੇਰੇ ਮੇਰੇ ਗੁਰੂ ਰਹਿਣ ਨਹੀਂ ਦੇਣਾ ਕੋਈ ਹੋਰ, ਆਪਣਾ ਹੁਕਮ ਵਰਤਾਈਆ । ਪੜਦਾ ਚੁਕਣਾ ਠਗ ਚੋਰ, ਪੈਂਡਾ

੭੨੪

ਮੁਕਣਾ ਕੂੜ ਕਸਾਈਆ । ਭਗਤ ਸੰਤ ਦੀ ਪਕੜਨੀ ਡੋਰ, ਗੁਰਮੁਖ ਗੁਰਸਿਖ ਅੰਗ ਲਗਾਈਆ । ਜਿਹੜੀ ਸ੍ਰਿਸ਼ਟੀ ਤੈਨੂੰ ਸਮਝਦੀ ਰਹੀ ਹੋਰ ਤੇ ਮੈਨੂੰ ਸਮਝਦੀ ਹੋਰ, ਉਹਨਾਂ ਦਾ ਮੋਰ ਤੋਰ ਦੇਣਾ ਚੁਕਾਈਆ । ਕਿਸੇ ਅਵਤਾਰ ਪੈਗ਼ੰਬਰ ਦੀ ਰਹਿਣ ਨਹੀਂ ਦੇਣੀ ਲੋੜ, ਸਵੰਬਰ ਸ੍ਰਿਸ਼ਟੀ ਨਾਲ ਲੈਣਾ ਕਰਾਈਆ । ਜਿਥੇ ਨਹੀਂ ਕੋਈ ਪਹੁੰਚਿਆ ਓਥੇ ਜਾਣਾ ਬਹੁੜ, ਬਿਨਾ ਕ਼ਦਮਾਂ ਪੰਧ ਮੁਕਾਈਆ । ਸਚ ਸੰਦੇਸ਼ਾ ਦੇਣਾਂ ਨਵਾਂ ਨਕੋਰ, ਮਿਲਾਵਟ ਪਿਛਲੀ ਨਾ ਕੋਇ ਰਲਾਈਆ । ਹੁਜਰਿਆਂ ਵਿਚ ਤੱਕਣ ਵਾਲੇ ਰਹਿਣ ਨਹੀਂ ਦੇਣੇ ਮਜੌਰ, ਪੰਡਤ ਪਾਂਧੇ ਦੇਣੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸ਼ਬਦ ਗੁਰੂ ਕਹੇ ਮੈਨੂੰ ਬੜਾ ਆਉਂਦਾ ਚਾ, ਤੇਰੀ ਖ਼ੁਸ਼ੀ ਰੰਗ ਰੰਗਾਈਆ । ਸਭ ਦਾ ਲੇਖਾ ਕਰ ਕੇ ਸਫ਼ਾ, ਸਫਾ ਮਲੇਛਾਂ ਦਿਆਂ ਉਠਾਈਆ । ਇਕੋ ਬਣ ਕੇ ਧੁਰ ਮਲਾਹ, ਦੋ ਜਹਾਨਾਂ ਵੇਖ ਵਖਾਈਆ । ਬਿਨਾ ਤੇਰੇ ਮੇਰੇ ਹੋਰ ਕਿਸੇ ਦਾ ਜਪਣ ਵਾਲਾ ਰਹਿ ਨਾ ਜਾਏ ਨਾਂ, ਇਕੋ ਨਾਦ ਦਿਆਂ ਵਜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨਾਂ ਮਜ਼੍ਹਬਾਂ ਤੋਂ ਪਿਛਾ ਦੇਵਾਂ ਛੁਡਾ, ਇਸ਼ਟ ਤੇਰਾ ਇਕ ਦਰਸਾਈਆ । ਤੇਰਾ ਕਲਮਾ ਤੇ ਤੇਰੀ ਮੰਗਣ ਦੁਆ, ਦੂਜੇ ਸੀਸ ਨਾ ਕੋਇ ਨਿਵਾਈਆ । ਤੇਰਾ ਨੂਰ ਤੂੰ ਹੀ ਖ਼ੁਦਾ, ਖ਼ੁਦ ਮਾਲਕ ਬੇਪਰਵਾਹੀਆ । ਮੈਨੂੰ ਖ਼ੁਸ਼ੀ ਹੋਈ ਤੇਰਾ ਸੰਮਤ ਹੋਇਆ ਰਵਾਂ, ਦਿਨਬਦਿਨ ਆਪਣਾ ਪੰਧ ਮੁਕਾਈਆ । ਮੈਂ ਹੋਲੀ ਹੋਲੀ ਛੇਤੀ ਛੇਤੀ ਦੋਹਾਂ ਰੰਗਾਂ ਵਿਚ ਸਭ ਨੂੰ ਕਹਵਾਂ, ਅੰਦਰੋ ਅੰਦਰ ਦਿਆਂ ਹਿਲਾਈਆ । ਵੇਖੋ ਪ੍ਰਭ ਦਾ ਖੇਲ ਨਵਾਂ, ਨਵ ਨਵ ਚਾਰ ਰਿਹਾ ਜਣਾਈਆ । ਖ਼ੁਸ਼ੀਆਂ ਨਾਲ ਬ੍ਰਹਿਮੰਡ ਖੰਡ ਭਵਾਂ, ਭੱਜਾਂ ਵਾਹੋ ਦਾਹੀਆ । ਇਕੋ ਭਗਤਾਂ ਦੇ ਮਿਲਣ ਦੀ ਰੱਖਾਂ ਤਮਅ, ਦੂਜਾ ਲਾਲਚ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਹੜਾ ਉਡੀਕਦੇ ਗਏ ਸਮਾਂ, ਸੋ ਸਭ ਦੇ ਸੰਮਣ ਲੈ ਕੇ ਗਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬੇੜਾ ਦੋ ਜਹਾਨ ਬੰਨ੍ਹਾਂ, ਸੇਵਾ ਧੁਰ ਦੀ ਸਚ ਕਮਾਈਆ । ਸ਼ਬਦ ਗੁਰੂ ਕਹੇ ਮੇਰੇ ਵਿਚ ਬਦੋਬਦੀ ਪਰਗਟ ਹੁੰਦਾ ਜਾਂਦਾ ਬਲ, ਬਲਧਾਰੀ ਦਿਆਂ ਖਪਾਈਆ । ਜਿਹੜਾ ਅੱਜ ਤਕ ਕਿਸੇ ਨੇ ਸਮਝਿਆ ਨਹੀਂ ਵਲ, ਉਹ ਪਰਦਾ ਦਿਆਂ ਉਠਾਈਆ । ਸਾਰੇ ਕਹਿੰਦੇ ਗਏ ਖ਼ਤਰਨਾਕ ਕਲ, ਸੋ ਖ਼ਤਰੇ ਦਾ ਖ਼ਤਰਾ ਸਭ ਨੂੰ ਦਿਆਂ ਵਖਾਈਆ । ਮੈਂ ਜੁਗ ਚੌਕੜੀ ਵੇਂਹਦਾ ਰਿਹਾ ਜੋ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਘੱਲ, ਨਾਮ ਖਿਲੌਣੇ ਹੱਥਾਂ ਵਿਚ ਫੜਾਈਆ । ਅੰਤ ਸਾਰੇ ਏਥੋਂ ਗਏ ਚਲ, ਥਿਰ ਰਹਿਣ ਕੋਇ ਨਾ ਪਾਈਆ । ਮੈਨੂੰ ਵੇਖ ਵੇਖ ਲਗਦਾ ਰਿਹਾ ਸਲ, ਅੰਤਰ ਅੰਤਰ ਧਿਆਨ ਰਖਾਈਆ । ਇਸੇ ਕਾਰਨ ਤੇਰੇ ਨਾਲ ਧੁਰ ਦੀ ਕਰ ਕੇ ਸੱਚੀ ਗੱਲ, ਗਹਿਰ ਗੰਭੀਰ ਹੋ ਕੇ ਵੇਸ ਵਟਾਈਆ । ਅਗੇ ਮੇਰਾ ਜ਼ੋਰ ਸਕੇ ਨਾ ਕੋਈ ਝਲ, ਸਿਰ ਸਕੇ ਨਾ ਕੋਈ ਉਠਾਈਆ । ਹੁਕਮ ਸਕੇ ਨਾ ਕੋਇ ਠੱਲ, ਨਾ ਕੋਈ ਰੋਕੇ ਰੋਕ ਰੁਕਾਈਆ । ਤੇਰੇ ਹੁਕਮੇ ਅੰਦਰ ਪਾ ਦੇਣੀ ਥਰਥਲ, ਜਲ ਥਲ ਦਿਆਂ ਹਲਾਈਆ । ਮੈਂ ਕਿਹੜਾ ਵਜੌਣਾ ਤੇਰੇ ਮੰਦਰ ਵਿਚ ਟੱਲ, ਕਿਹੜੀ ਸੰਖਾਂ ਵਾਲੀ ਧੁਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸ਼ਬਦ ਗੁਰ ਕਹੇ ਬਿਨਾ ਮੁੱਛਾਂ ਤੋਂ ਦੇਵਾਂ ਤਾਅ, ਤਬਾ ਆਪਣੀ ਰਿਹਾ ਬਦਲਾਈਆ । ਪ੍ਰਭੂ ਇਕ ਵਾਰ ਪ੍ਰੇਮ ਨਾਲ ਕਹਿ ਦੇ ਹਾਂ, ਖ਼ੁਸ਼ੀ ਨਾਲ ਅੱਖ ਉਠਾਈਆ । ਫੇਰ ਮੈਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਲਵਾਂ ਬਦਲਾ, ਹੁਕਮ ਹਾਕਮ ਹੋ ਸੁਣਾਈਆ । ਕੂੜਿਆਂ ਨੂੰ ਕੂੜੇ ਵਿਚ ਦਿਆਂ ਰੁਲਾ, ਬਾਹਰ ਸਕੇ

੭੨੫

ਨਾ ਕੋਈ ਕਢਾਈਆ । ਭਗਤਾਂ ਨੂੰ ਭਗਤ ਲਵਾਂ ਬਣਾ, ਮਿਹਰ ਨਜ਼ਰ ਨਾਲ ਤਰਾਈਆ । ਚਾਰ ਜੁਗ ਦੇ ਪਿਛਲੇ ਗੁਰੂ ਪੈਗ਼ੰਬਰ ਅਵਤਾਰ ਤੇਰੇ ਕੋਲ ਜਮਾਂ ਦੇਵਾਂ ਕਰਾ, ਜਮਾਤ ਤੇਰੀ ਦੇਵਾਂ ਬਣਾਈਆ । ਇਹਨਾਂ ਨੂੰ ਅਗਲੇ ਜੁਗਾਂ ਵਾਸਤੇ ਹੋਰ ਕੁਛ ਪੜ੍ਹਾ, ਓਨਾਂ ਚਿਰ ਮੈਂ ਆਪਣਾ ਹੁਕਮ ਲਵਾਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ਼ਬਦ ਗੁਰ ਕਹੇ ਮੈਨੂੰ ਔਂਦਾ ਜੋਸ਼, ਪ੍ਰਭੂ ਵੇਖ ਤੇਰੀ ਲੋਕਾਈਆ । ਨੌ ਸੌ ਚੁਰਾਨਵੇ ਚੌਕੜੀ ਮੈਂ ਬੈਠਾ ਰਿਹਾ ਖ਼ਾਮੋਸ਼, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਜਗਤ ਲਗਾਈਆ । ਅੰਤ ਉਹ ਵੀ ਆਲ੍ਹਣਿਆਂ ਵਿਚੋਂ ਡਿੱਗੇ ਬੋਟ, ਫੜ ਕੇ ਤੇਰੀ ਝੋਲੀ ਦਿਤੇ ਪਾਈਆ । ਮੈਂ ਆਦਿ ਜੁਗਾਦੀ ਤੇਰਾ ਪੁਤ, ਗੁਰ ਅਵਤਾਰ ਪੀਰ ਪੈਗ਼ੰਬਰ ਮੇਰੇ ਬੱਚੇ ਕੋਟੀ ਕੋਟ, ਕਾਇਆ ਕੁਟੀਆ ਵਿਚ ਬੰਦ ਕਰਾਈਆ । ਜੇ ਬਖ਼ਸ਼ਾਂ ਨਾ ਸਾਚੀ ਜੋਤ, ਸ਼ਬਦੀ ਨਾ ਬਣਾਵਾਂ ਗੋਤ, ਚੋਟ ਸਚ ਲਗਾਈਆ । ਫੇਰ ਕਿਸੇ ਨੂੰ ਲੱਭੇ ਨਾ ਸਾਚੀ ਮੌਜ, ਤੇਰੇ ਦਰ ਨਾ ਸਕੇ ਪਹੁੰਚ, ਸਵਾਣੀ ਬਣ ਕੇ ਹੰਢਾਏ ਕੋਈ ਨਾ ਖੌਂਤ, ਦੁਹਾਗਣ ਰੂਪ ਨਜ਼ਰੀ ਆਈਆ । ਮੈਂ ਹੈਰਾਨ ਹੋਇਆ ਵੇਖ ਕੇ ਤੇਰੀ ਨਿੱਕੀ ਨਿੱਕੀ ਰੌਂਸ, ਲੋਕਮਾਤ ਮੱਤਾਂ ਅੰਦਰ ਧਾਰ ਚਲਾਈਆ । ਵਸਤ ਦੇ ਕੇ ਰਤੀਆਂ ਦੀ ਰਤੀ ਜੇ ਕਿਤੇ ਬਖ਼ਸ਼ ਦੇ ਮਾਸਾ ਔਂਸ, ਮਿਹਰਵਾਨ ਹੋ ਕੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ਣੀ ਸਚ ਸਰਨਾਈਆ । ਸ਼ਬਦ ਗੁਰ ਕਹੇ ਮੈਨੂੰ ਕਿਸੇ ਨਹੀਂ ਜਾਣਿਆ ਇਕੋ ਆਦਿ ਜੁਗਾਦੀ ਚਕਰਵਰਤੀ, ਚਕਰਵਰਤੀ ਬਣਦੇ ਰਹੇ ਉਹ ਜੋ ਮਾਟੀ ਖ਼ਾਕ ਵਿਚ ਸਮਾਈਆ । ਮੈਂ ਜੁਗ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਲੋਕਮਾਤ ਵਿਚ ਪੈਮਾਨੇ ਨਾਲ ਮਾਪ ਕੇ ਕਰਦਾ ਭਰਤੀ, ਵਜ਼ਨ ਤੋਲ ਕੇ ਆਪਣੇ ਕਾਂਟੇ ਉਤੇ ਚੜ੍ਹਾਈਆ । ਤੱਤਾਂ ਵਾਲੀ ਬਣਾ ਕੇ ਸੀਂ ਕੇ ਦੇਂਦਾ ਰਿਹਾ ਵਰਦੀ, ਨਾਮ ਖੰਡਾ ਹੱਥ ਫੜਾਈਆ । ਥੋੜ੍ਹੀ ਜਿਹੀ ਕਹਾਣੀ ਦਸਦਾ ਰਿਹਾ ਆਪਣੀ ਤੇ ਤੇਰੇ ਘਰ ਦੀ, ਗ਼ੁਲਾਮਾਂ ਵਾਂਗ ਸਮਝਾਈਆ । ਉਹਨਾਂ ਦੀ ਅੰਤਰ ਸਦਾ ਰਹੀ ਡਰਦੀ, ਨਿਉਂ ਨਿਉਂ ਸੀਸ ਝੁਕਾਈਆ । ਜਗਤ ਪਲੇਟਫ਼ਾਰਮ ਉਤੇ ਉਹਨਾਂ ਦੀ ਦੇਹੀ ਪਰੇਡ ਰਹੀ ਕਰਦੀ, ਹੁਕਮੇ ਅੰਦਰ ਵਖਰਾ ਕ਼ਦਮ ਉਠਾਈਆ । ਅੰਤ ਉਹਨਾਂ ਆਪਣੇ ਅਸਤੀਫ਼ੇ ਦੀ ਦਿਤੀ ਅਰਜ਼ੀ, ਸਾਰੇ ਕਹਿਣ ਸਾਡਾ ਵਜ਼ੀਫ਼ਾ ਬੰਦ ਦੇ ਕਰਾਈਆ । ਕਿਉਂ ਸਾਡੇ ਪਿਛੇ ਹੁਣ ਬਹੁਤੇ ਗੁਰੂ ਬਣ ਗਏ ਫ਼ਰਜ਼ੀ, ਫ਼ਰਜ਼ੀਆਂ ਨੂੰ ਅਸੀਂ ਹਟਾ ਨਾ ਸਕੇ ਰਾਹੀਆ । ਕਲਜੁਗ ਵੇਖ ਅੰਧੇਰ ਗਰਦੀ, ਗਰਦਸ਼ ਵਿਚ ਲੋਕਾਈਆ । ਅਸੀਂ ਸਾਰੇ ਚਾਹੁੰਦੇ ਤੂੰ ਕਰ ਆਪਣੀ ਮਰਜ਼ੀ, ਮਜਲਸ ਆਪਣੀ ਇਕ ਲਗਾਈਆ । ਸਾਨੂੰ ਖ਼ੁਸ਼ੀ ਵੇਖੀਏ ਖੇਲ ਨਰਾਇਣ ਨਰ ਦੀ, ਚਰਨ ਕਵਲ ਬਹਿਕੇ ਸੋਭਾ ਪਾਈਆ । ਤੇਰੀ ਸ੍ਰਿਸ਼ਟੀ ਵੇਖੀਏ ਇਕੋ ਤੇਰਾ ਨਾਮ ਪੜ੍ਹਦੀ, ਦੂਜਾ ਢੋਲਾ ਨਾ ਕੋਇ ਗਾਈਆ । ਤੇਰੀ ਧਾਰ ਵੇਖੀਏ ਭਗਤਾਂ ਦੇ ਅੰਦਰ ਵੜਦੀ, ਅਗੇ ਸਕੇ ਨਾ ਕੋਇ ਅਟਕਾਈਆ । ਖੇਲ ਵੇਖੀਏ ਮਿਹਰ ਨਜ਼ਰ ਦੀ, ਜੋ ਨਜ਼ਰਾਨੇ ਦਏ ਬਣਾਈਆ । ਘੜੀ ਸੁਹੰਜਣੀ ਵੇਖੀਏ ਫ਼ਜ਼ਲ ਦੀ, ਰਹਿਮਤ ਹਕ ਕਮਾਈਆ । ਉਹਦੀ ਖੇਡ ਵੇਖੀਏ ਜਿਹੜੀ ਚੁਰਾਸੀ ਉਤੇ ਅਜ਼ਲ ਦੀ, ਅਜ਼ੀਮੁਲਸ਼ਾਨ ਤੇਰੀ ਵਡਿਆਈਆ । ਉਹਦੀ ਧਾਰ ਵੇਖੀਏ ਸਾਚੇ ਤੋਲ ਵਜ਼ਨ ਦੀ, ਜੋ ਬਚਨਾਂ ਨਾਲ ਪੂਰ ਕਰਾਈਆ । ਤੇਰਿਆਂ ਭਗਤਾਂ ਲੋੜ ਨਾ ਰਹੇ ਕਿਸੇ ਕੋਲੋਂ ਨਾਮ ਵਸਤ ਮੰਗਣ ਦੀ, ਇਕੋ ਦੇਣੀ ਸਚ ਸਰਨਾਈਆ । ਦ੍ਰਿਸ਼ਟੀ ਬਣਾ ਦੇ ਸਭ ਦੀ ਇਕੋ ਬੰਦਨ ਦੀ, ਬੰਦਗੀ ਧੁਰ ਦੀ ਦੇ ਜਣਾਈਆ । ਨਿਮ ਵਾਸ ਨਾ ਰਹੇ ਸੁਗੰਧੀ ਦੇ ਦੇ ਚੰਦਨ ਦੀ, ਪ੍ਰੇਮ ਮਹਿਕ ਨਾਲ ਮਹਿਕਾਈਆ । ਹੁਣ ਘੜੀ ਤੇਰੀ ਸੱਚੀ ਦਾਤ

ਵੰਡਣ ਦੀ, ਜਨ ਭਗਤਾਂ ਝੋਲੀ ਦੇ ਭਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੁੱਤ ਸੁਹੰਜਣੀ ਆਈ ਜੋਤ ਜਗਣ ਦੀ, ਅੰਧੇਰੀ ਗਗਨ ਦੀ ਦੇ ਮਿਟਾਈਆ ।

### ❊ ਅਜੀਤ ਸਿੰਘ ਬਟਾਲੇ ਵਾਲੇ ਦੀ ਮਾਂ ਦੇ ਨਵਿਤ ❊

ਮਾਈ ਤੇਰੀ ਨੂੰ ਮਿਲ ਗਿਆ ਮਾਪਾ, ਪਿਤਾ ਪੁਰਖ ਅਕਾਲ ਬੇਪਰਵਾਹੀਆ । ਨਾ ਪੁੰਨ ਰਿਹਾ ਨਾ ਪਾਪਾ, ਪੁਨੀਤ ਦਿਤਾ ਕਰਾਈਆ । ਨਾ ਜਪ ਰਿਹਾ ਨਾ ਜਾਪਾ, ਜੋਤੀ ਜੋਤ ਸਮਾਈਆ । ਨਾ ਸਾਕ ਸੱਜਣ ਰਿਹਾ ਸਾਕਾ, ਨਾਤੇ ਸਭ ਦੇ ਦਿਤੇ ਤੁੜਾਈਆ । ਜਿਸ ਨੇ ਜੰਮਿਆ ਤੇਰੇ ਵਰਗਾ ਲਾਡਲਾ ਕਾਕਾ, ਤਿਸਦੀ ਬਾਕੀ ਰਹੇ ਨਾ ਰਾਈਆ । ਅਗੇ ਦਿਤਾ ਭਗਤਾਂ ਦਾ ਸਾਥਾ, ਗੁਰਮੁਖਾਂ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਜਨਮ ਦਾ ਪੂਰਾ ਕਰ ਕੇ ਘਾਟਾ, ਮਿਹਰ ਨਜ਼ਰ ਨਾਲ ਆਪਣੇ ਰੰਗ ਰੰਗਾਈਆ ।

### ❊ ੧੦ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਬੈਰਨ ਵਨ ਬਿਲੰਬਰਿੰਗ ਨੂੰ ਚੋਲਾ ਭੇਟ ਕਰਨ ਦੇ ਸਮੇਂ ਹਰਿ ਭਗਤ ਦਵਾਰ ਜੇਠੂਵਾਲ ❊



ਤਨ ਖ਼ਾਕੀ ਮਾਟੀ ਮਿਲੇ ਪੋਸ਼ਾਕ, ਪੁਸ਼ਤ ਪਨਾਹ ਪਰਵਰਦਿਗਾਰ ਸਾਂਝਾ ਯਾਰ ਹੱਥ ਟਿਕਾਈਆ । ਰੂਹ ਬੁਤ ਦੋਵੇਂ ਹੋਏ ਪਾਕ, ਅੰਤਰ ਅੰਤਰ ਹੋਏ ਨੂਰ ਰੁਸ਼ਨਾਈਆ । ਵਿਸ਼ਵ ਕਰਨਾ ਕਰੌਣਾ ਇਕ ਇਨਸਾਫ਼, ਦੂਈ ਰਹਿਣ ਕੋਈ ਨਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬਣਨਾ ਸਚ ਅਹਿਬਾਬ, ਮਿਤਰ ਪਿਆਰਾ ਰੂਪ ਵਟਾਈਆ । ਕਾਇਆ ਪਰਦਾ ਖੋਲ੍ਹਣਾ ਸਭ ਦਾ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਨਿਰਗੁਣ ਨੂਰ ਜੋਤ ਕਰਨਾ ਪਰਕਾਸ਼, ਅੰਧ ਅੰਧੇਰ ਦੇਣਾ ਮਿਟਾਈਆ । ਸਭ ਨੂੰ ਦੱਸਣਾ ਰਾਮ ਵਾਹਿਗੁਰੂ ਗਾਡ ਖ਼ੁਦਾ ਇਕੋ ਬਾਪ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਪੋਸ਼ਾਕ ਕਹੇ ਮੈਂ ਤਨ ਦਾ ਗਹਿਣਾ, ਗਹਿਰ ਗੰਭੀਰ ਦਿਆਂ ਮਿਲਾਈਆ । ਦਰਸ ਦਿਖਾਵਾਂ ਤੀਜੇ ਨੈਣਾਂ, ਵੱਨ ਆਈ ਕਰਾਂ ਰੁਸ਼ਨਾਈਆ । ਪ੍ਰੇਮ ਪਿਆਰ ਮੁਹੱਬਤ ਨਮੋ ਵਿਚ ਸਾਚਾ ਬਹਿਣਾ, ਗਰੈਂਡ ਫ਼ਾਦਰ ਸ਼ਾਹ ਸੁਲਤਾਨਾਂ ਇਕ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਸਚ ਸੰਦੇਸ਼ਾ ਧੁਰ ਦਾ ਕਹਿਣਾ, ਵਰਲਡ ਵਰਡਾਂ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਦ੍ਰਿੜਾਈਆ । ਪੋਸ਼ਾਕ ਕਹੇ ਮੈਨੂੰ ਕੋਈ ਨਾ ਸਮਝਿਓ ਚੋਲਾ, ਕਾਇਆ ਅੰਤਰ ਚੋਲੀ ਦਿਆਂ ਬਦਲਾਈਆ । ਭੇਵ ਖੁਲ੍ਹਾ ਕੇ ਪਰਦਾ ਓਹਲਾ, ਤੂੰ ਮੇਰਾ ਮੈਂ ਤੇਰਾ ਇਕੋ ਰੰਗ ਦਿਆਂ ਵਖਾਈਆ । ਸਚ ਸੰਦੇਸ਼ ਸਾਚੇ ਨਾਮ ਦਾ ਅਗੰਮੀ ਸੁਣਾਵਾਂ ਢੋਲਾ, ਅਨਹਦ ਨਾਦੀ ਨਾਦ ਵਜਾਈਆ । ਸਰਬ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਮਿਲਾ ਕੇ ਮੌਲਾ, ਵਾਹਦ ਮੇਲਾ ਸਹਿਜ ਸੁਭਾਈਆ । ਮਨ ਵਾਸਨਾ ਕੂੜੀ ਕਿਰਿਆ ਹਉਮੇ ਹੰਗਤਾ ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਰਹੇ ਕੋਈ ਨਾ ਰੌਲਾ, ਮਾਨਵ ਮਾਨੁਖ ਮਾਨੁਸ਼ ਸਭ ਨੂੰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਬੇਪਰਵਾਹੀਆ ।

੭੨੮

ਚੋਲਾ ਕਹੇ ਮੈਂ ਅੰਤਰ ਅੰਤਰ ਖੋਲ੍ਹਾਂ ਪਰਦਾ, ਭਾਂਡਾ ਭਰਮ ਭਉ ਭੰਨਾਈਆ । ਘਰ ਵਿਚ ਘਰ ਦਿਲਬਰ ਯਾਰ ਮਿਲਾਵਾਂ ਦਿਲ ਦਾ, ਦਿਲਦਾਰ ਇਕੋ ਨਜ਼ਰੀ ਆਈਆ । ਜਿਸ ਦੇ ਕਾਰਨ ਚਲਦਾ ਚਲਦਾ ਆਇਆ ਫਿਰਦਾ ਫਿਰਦਾ, ਦੂਰ ਦੁਰਾਡਾ ਪੰਧ ਮੁਕਾਈਆ । ਸੰਤ ਸੱਜਣਾਂ ਨਾਲ ਮਿਲ ਕੇ ਸਾਫ਼ ਹੋਇਆ ਹਿਰਦਾ, ਦੂਈ ਦਵੈਤੀ ਦਿਤੀ ਚੁਕਾਈਆ । ਹੁਣ ਵਿਛੋੜਾ ਚੁਕਣਾ ਚਿਰ ਦਾ, ਅਗਲਾ ਮੇਲਾ ਸਹਿਜ ਸੁਭਾਈਆ । ਰਾਹ ਵਖਾਵਾਂ ਘਰ ਥਿਰ ਦਾ, ਮੁਕਾਮੇ ਹਕ ਹਕ ਜਣਾਈਆ । ਇਕ ਸੰਦੇਸ਼ਾ ਸਚ ਅਸ਼ੀਰਵਾਦ ਦਾ, ਤਾਸੀਰ ਤਕ਼ਦੀਰ ਤਦਬੀਰ ਅੰਤਰ ਅੰਤਰ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਚੋਲਾ ਕਹੇ ਮੈਂ ਸੋਹਣਾ ਲਗਦਾ, ਤਨ ਮਾਟੀ ਦਿਆਂ ਵਡਿਆਈਆ । ਓਸ ਵੇਲੇ ਖ਼ੁਸ਼ੀ ਹੋਵੇ ਜਿਸ ਵੇਲੇ ਅੰਦਰ ਵੇਖਾਂ ਦੀਪਕ ਜਗਦਾ, ਨੂਰੋ ਨੂਰ ਨੂਰ ਚਮਕਾਈਆ । ਲੇਖਾ ਮੁਕ ਜਾਏ ਸਚ ਦਵਾਰੇ ਕੀਤੇ ਸੱਚੇ ਹੱਜ ਦਾ, ਦੂਜੀ ਹਾਜਤ ਰਹੇ ਨਾ ਰਾਈਆ । ਰਸ ਮਿਲ ਜਾਏ ਆਤਮਾ ਅਨੰਦ ਦਾ, ਪਰਮਾਨੰਦ ਇਕ ਵਖਾਈਆ । ਕਿਸ ਬਿਧ ਨਾਲ ਸਾਚੇ ਨਾਤੇ ਗੰਢਦਾ, ਧੁਰ ਦਾ ਮੇਲਾ ਰਿਹਾ ਮਿਲਾਈਆ । ਏਥੇ ਖੇਲ ਨਹੀਂ ਕੋਈ ਭੇਖ ਪਖੰਡ ਦਾ, ਧੁਰ ਦਾ ਮਾਲਕ ਧੁਰ ਦੀ ਕਰਨੀ ਕਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਖੇਲ ਕਰੇ ਸੂਰੇ ਸਰਬੰਗ ਦਾ, ਮਿਹਰਵਾਨ ਮਹਿਬੂਬ ਆਪਣੇ ਹੱਥ ਰਖੇ ਵਡਿਆਈਆ । ਚੋਲਾ ਕਹੇ ਮੇਰੀ ਵੇਖੋ ਚਮਕ, ਅੰਦਰੋਂ ਬਾਹਰੋਂ ਦਿਆਂ ਚਮਕਾਈਆ । ਸਚ ਪ੍ਰੇਮ ਦੀ ਲਾਵਾਂ ਤਨਕ, ਖਿੱਚਾਂ ਵਾਹੋ ਦਾਹੀਆ । ਕੋਈ ਸੰਸਾ ਰਹਿਣ ਨਾ ਦੇਵਾਂ ਸ਼ੰਕ, ਸ਼ਿਕਵਾ ਦਿਆਂ ਗਵਾਈਆ । ਜਿਸ ਦਾ ਹੁਕਮ ਸੰਦੇਸ਼ਾ ਨਵ ਨੌ ਚਾਰ ਮਿਲਣਾ ਅੰਤ, ਅੰਤਸ਼ਕਰਨ ਵੇਖੇ ਥਾਉਂ ਥਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਅਬਿਨਾਸ਼ੀ ਕਰਤਾ ਹਰਿ ਭਗਵੰਤ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਨੂਰ ਖ਼ੁਦਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰਮੁਖ ਗੁਰਸਿਖ ਹਰਿਜਨ ਖੋਜਦੇ ਭਗਤ ਸੰਤ, ਘਾਟੇ ਅੰਤਰ ਅੰਤਰ ਵੇਖ ਵਖਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕੋ ਰੰਗ ਦਏ ਵਖਾਈਆ । ਆਏ ਮਹਿਮਾਨਾਂ ਦਾ ਧੰਨਵਾਦ ਕਰੇ ਸੰਗਤ, ਅਗਲਾ ਸੋਹਣਾ ਸੰਗ ਸਦਾ ਸਦਾ ਸਦਾ ਨਾਲ ਨਿਭਾਈਆ ।

### ❊ ੧੦ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਬਿਨਾ ਲਹਿਣੇ ਦੇਣੇ ਲਹਿਣਾ ਦੇਣਾ ਮਿਲਦਾ, ਖ਼ਾਲੀ ਝੋਲੀ ਨਾ ਕੋਇ ਭਰਾਇੰਦਾ । ਮਸੀਹ ਆ ਗਿਆ ਫਿਰਦਾ ਫਿਰਦਾ, ਪਾਂਧੀ ਹੋ ਕੇ ਪੰਧ ਮੁਕਾਇੰਦਾ । ਉਹ ਪ੍ਰੇਮੀ ਪਿਆਰਾ ਸਾਚੇ ਦਿਲ ਦਾ, ਦਲੀਲ ਦਿਲਾਂ ਵਾਲੀ ਬਦਲਾਇੰਦਾ । ਇਹ ਬਿਆਸੀ ਸਾਲਾ ਬੁੱਢਾ ਸੀ ਝੂਲਦਾ ਹਿਲਦਾ, ਜਗਤ ਰੋਗ ਸਤਾਇੰਦਾ । ਜਿਸ ਵੇਲੇ ਮਸੀਹ ਨੂੰ ਮਿਲਦਾ, ਨੇਤਰ ਨੈਣਾਂ ਨੀਰ ਵਹਾਇੰਦਾ । ਕਰੇ ਆਰਜ਼ੂ ਮੈਨੂੰ ਬਖ਼ਸ਼ਣਾ ਤੇਰਾ ਖੇਲ ਛਿੰਨ ਦਾ, ਇਕੋ ਮੰਗ ਮੰਗਾਇੰਦਾ । ਓਧਰੋਂ ਹੁਕਮ ਆ ਗਿਆ ਸੱਚਾ ਪਿਰ ਦਾ, ਖ਼ੁਦਾ ਖ਼ੁਦ ਆਪ ਦ੍ਰਿੜਾਇੰਦਾ । ਅਗਲੇ ਲੇਖੇ ਵਿਚ ਗੇੜਾ ਗਿੜਦਾ, ਚੱਕਰ ਚੱਕਰ ਵਿਚ ਭੁਆਇੰਦਾ । ਜਿਸ ਵੇਲੇ ਮਾਲਕ ਆਇਆ ਘਰ ਥਿਰ ਦਾ, ਧੁਰਦਰਗਾਹੀ ਵੇਸ ਵਟਾਇੰਦਾ । ਓਸ ਵੇਲੇ ਇਸ ਦਾ ਲਹਿਣਾ ਵੇਖੇ

ਨਿਬੜਦਾ, ਨਬੇੜਾ ਹਕ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਸੀਹ ਕਿਹਾ ਮੇਰੇ ਬਾਪ, ਤੇਰੀ ਬੇਪਰਵਾਹੀ ਵਿਚ ਸਮਾਈਆ । ਤੂੰ ਇਸ ਦੇ ਤਨ ਮਾਟੀ ਦੀ ਬਦਲ ਦੇ ਪੋਸ਼ਾਕ, ਮਿਹਰ ਨਜ਼ਰ ਇਕ ਉਠਾਈਆ । ਇਹਦੇ ਤਨ ਦਾ ਦੁਖੜਾ ਹੋਵੇ ਨਾਸ, ਸੁਖ ਸਾਗਰ ਵਿਚ ਸਮਾਈਆ । ਓਧਰੋਂ ਆਈ ਕੰਨੀਂ ਇਕ ਆਵਾਜ਼, ਧੁਰ ਸੰਦੇਸ਼ਾ ਇਕ ਦ੍ਰਿੜਾਈਆ । ਇਹ ਪ੍ਰਭ ਦਾ ਖੇਲ ਤਮਾਸ਼, ਨਿਤ ਨਵਿਤ ਵੇਖ ਵਖਾਈਆ । ਸਦਾ ਸਦਾ ਸਦ ਸਭ ਦੀ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਜਿਸ ਵੇਲੇ ਆਵਾਂ ਹੋ ਕੇ ਪੁਰਖ ਅਬਿਨਾਸ਼, ਅਬਿਨਾਸ਼ੀ ਰੂਪ ਵਟਾਈਆ । ਤੇਰਾ ਲੇਖਾ ਵੇਖਾਂ ਖੋਲ੍ਹ ਕਿਤਾਬ, ਪੂਰਬ ਪਰਦਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਸੀਹ ਕਿਹਾ ਮੇਰੇ ਮਸੂਹ, ਮਸਾਇਲ ਦੇ ਜਣਾਈਆ । ਖ਼ੁਦਾ ਕਿਹਾ ਮੈਂ ਮਾਲਕ ਬੁਤ ਰੂਹ, ਹੂਬਹੂ ਆਪਣਾ ਰੂਪ ਵਟਾਈਆ । ਜਿਸ ਵੇਲੇ ਪਰਗਟ ਹੋ ਕੇ ਆਇਆ ਅੱਖ ਨੱਕ ਕੰਨ ਦਿਸੇ ਨਾ ਮੂੰਹ, ਜੋਤੀ ਜਾਤਾ ਫੇਰਾ ਪਾਈਆ । ਬਿਨਾਂ ਤਨ ਵਜੂਦ ਖੇਲਾਂ ਖੇਲ ਲੂੰ ਲੂੰ, ਰੋਮ ਰੋਮ ਆਪਣਾ ਰੰਗ ਰੰਗਾਈਆ । ਭੇਵ ਚੁਕਾ ਕੇ ਮੈਂ ਤੂੰ, ਕੂੜੀ ਤੋਹਮਤ ਦਿਆਂ ਮਿਟਾਈਆ । ਆਪਣਾ ਹੁਕਮ ਕਰ ਕੇ ਸ਼ੁਰੂ, ਸੰਮਤ ਸੰਮਤੀ ਰੰਗ ਰੰਗਾਈਆ । ਓਸ ਵੇਲੇ ਇਸ ਦਾ ਲੇਖਾ ਅਨਡਿਠ ਨਾਲ ਜੁੜੂ, ਮੇਲਾ ਸ਼ਬਦੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਸੀਹ ਕਿਹਾ ਕੀ ਇਹ ਆਵੇ ਫੇਰ ਮੁੜ, ਆਪਣਾ ਪੰਧ ਮੁਕਾਈਆ । ਪਰਵਰਦਿਗਾਰ ਕਿਹਾ ਹੁਕਮੇ ਨਾਲ ਸਾਰੇ ਰਹੇ ਤੁਰ, ਲੱਖ ਚੁਰਾਸੀ ਚਲੇ ਵਾਹੋ ਦਾਹੀਆ । ਜਿਸ ਵੇਲੇ ਕੋਈ ਪੀਰ ਅਵਤਾਰ ਪੈਗ਼ੰਬਰ ਨਾ ਰਿਹਾ ਗੁਰ, ਲੇਖਾ ਸਭ ਦਾ ਰਿਹਾ ਮੁਕਾਈਆ । ਇਕੋ ਮੇਰਾ ਮੰਤਰ ਜਾਏ ਫੁਰ, ਫੁਰਨਾ ਵੇਖੇ ਸਰਬ ਲੋਕਾਈਆ । ਓਸ ਵੇਲੇ ਇਹਨੂੰ ਮੇਰੀ ਪਵੇ ਲੋੜ, ਲੋੜਵੰਦ ਹੋ ਕੇ ਫਿਰੇ ਥਾਉਂ ਥਾਈਂਆ । ਇਹ ਵੀ ਹੱਥ ਮੇਰੇ ਡੋਰ, ਜਿਧਰ ਚਾਹਵਾਂ ਦੇਵਾਂ ਭਵਾਈਆ । ਮੇਰਾ ਰੂਪ ਅਨੂਪ ਨਵਾਂ ਨਕੋਰ, ਬਿਰਧ ਅਵਸਥਾ ਨਾ ਕੋਇ ਰਖਾਈਆ । ਮੈਂ ਅੰਤਰ ਹੋਰ ਤੇ ਬਾਹਰ ਹੋਰ, ਸਮਝ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਸੀਹ ਕਿਹਾ ਕੀ ਆਵੇ ਤੇਰੇ ਪਾਸ, ਸਚ ਦੇ ਦ੍ਰਿੜਾਈਆ । ਪਰਵਰਦਿਗਾਰ ਕਿਹਾ ਇਹ ਵੀ ਤੇਰੀ ਆਸ, ਇਸ ਦੇ ਨਾਲ ਪੂਰ ਕਰਾਈਆ । ਇਹਦੇ ਹਲੂਣੇ ਦਾ ਦਰਦ ਹੋਣਾ ਨਾਸ, ਦੁਖ ਰਹੇ ਨਾ ਰਾਈਆ । ਅੰਤਰ ਆਤਮ ਊਣੇ ਦੀ ਰਹੇ ਪਿਆਸ, ਬਿਨ ਮੇਰੇ ਤ੍ਰਿਖਾ ਨਾ ਕੋਇ ਬੁਝਾਈਆ । ਇਸ ਦੇ ਨਾਲ ਮੈਂ ਆਪਣੀ ਪਹਿਲੀ ਨਿੱਕੀ ਜਿਹੀ ਤੋਰਨੀ ਸ਼ਾਖ, ਅਗਲੀ ਸ਼ਨਾਖ਼ਤ ਆਪਣੇ ਹੱਥ ਰਖਾਈਆ । ਆਪਣੇ ਤਨ ਦੀ ਦੇ ਕੇ ਪੋਸ਼ਾਕ, ਪਾਸਾ ਆਪਣਾ ਲੈਣਾ ਪਲਟਾਈਆ । ਥੋੜ੍ਹੀ ਕਿਰਪਾ ਤੇ ਬਹੁਤਾ ਕਰਾ ਕੇ ਵਿਸ਼ਵਾਸ, ਹੁਕਮ ਜਗਤ ਵਿਚ ਸੁਣਾਈਆ । ਜਿਸ ਵੇਲੇ ਵਕ਼ਤ ਆਇਆ ਖ਼ਾਸ, ਸਾਚੇ ਖ਼ਾਲਸੇ ਲਵਾਂ ਪਰਗਟਾਈਆ । ਹੇਰਾ ਫੇਰੀ ਕਰਨੀ ਮੇਰੀ ਨਿੱਕੀ ਜਿਹੀ ਬਾਤ, ਚਲਾਕੀ ਇਤਫ਼ਾਕੀਆ ਦਿਆਂ ਬਣਾਈਆ । ਨਾ ਕੋਈ ਰਮਜ਼ ਸਮਝੇ ਤੇ ਨਾ ਕੋਈ ਸਮਝੇ ਬਾਤ, ਬਾਤਨ ਅੰਦਰ ਆਪਣੀ ਕਲਾ ਵਰਤਾਈਆ । ਅਗੇ ਲੇਖਾ ਕੁਛ ਹੋਰ ਹਿਸਾਬ, ਬਿਨਾ ਸਮੇਂ ਨਾ ਸਕਾਂ ਲਿਖਾਈਆ । ਜਿਸ ਵੇਲੇ ਇਹਨਾਂ ਦੇ ਅੰਦਰੋਂ ਇਹਨਾਂ ਨੂੰ ਦਿਤਾ ਜਵਾਬ, ਸੁਫ਼ਨਿਆਂ ਵਿਚ ਪੂਰਾ ਹੋਇਆ ਖ਼ਵਾਬ , ਫੇਰ ਸਾਰੇ ਕੈਥਲਕ ਕਹਿਣ ਇਹੋ ਸਾਡਾ ਬਾਪ, ਰੋਮਨ ਆਪਣਾ ਆਪ ਭੇਟ ਚੜ੍ਹਾਈਆ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਦਾ ਮਾਲਕ ਬਣ ਕੇ ਆਪ, ਪਰਤਾਪ ਜਾਪ ਨਾਲ ਵਡਿਆਈਆ । ਯੇਰੋਸ਼ਲਮ ਇਸ ਦਾ ਨਿਵਾਸ, ਦਿਸ਼ਾ ਦੱਖਣ ਵੰਡ ਵੰਡਾਈਆ । ਮੈਥਲ ਬਾਰੂਬ ਸੀ ਇਸ ਦਾ ਬਾਪ, ਲਗੂਗੇ ਲੀਬ ਇਸ ਦੀ ਮਾਈਆ ।



❋ ੧੧ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਗਿਆਨੀ ਗੁਰਮੁਖ ਸਿੰਘ ਜੀ ਦੀ ਸਪੁੱਤਰੀ ਦੀ ਕੁੜਮਾਈ ਦੇ ਸਮੇਂ ਜੇਠੂਵਾਲ ❋

ਪੂਰਬ ਲਹਿਣਾ ਜਨਮ ਸੰਜੋਗ, ਮਿਲੇ ਮਾਣ ਵਡਿਆਈਆ । ਨਾਮ ਸ਼ਨਵਾਈ ਸਚ ਸਲੋਕ, ਢੋਲਾ ਅਗੰਮ ਅਥਾਹੀਆ । ਪ੍ਰੇਮ ਪਿਆਰ ਦੀ ਸਾਚੀ ਮੋਖ, ਸਾਹਿਬ ਸਤਿਗੁਰ ਝੋਲੀ ਪਾਈਆ । ਅੰਤਰ ਅੰਤਰ ਧੁਰ ਦੀ ਮੌਜ, ਹਰਿ ਕਰਤਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਧੁਰ ਦਾ ਮੇਲਾ ਹਰਿ ਨਿਰੰਕਾਰ, ਹਰਿ ਕਰਤਾ ਆਪ ਕਰਾਈਆ । ਲੇਖਾ ਜਾਣੇ ਜਾਣਨਹਾਰ, ਬੇਪਰਵਾਹ ਵੱਡੀ ਵਡਿਆਈਆ । ਗੁਰ ਅੰਗਦ ਦਾ ਉਧਾਰ, ਲਹਿਣਾ ਰਿਹਾ ਮੁਕਾਈਆ । ਅਗਲਾ ਲੇਖਾ ਵਿਚ ਸੰਸਾਰ, ਸਾਹਿਬ ਸਵਾਮੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਚ ਸਰਨਾਈ ਦੇਵੇ ਆਪ, ਆਪਣੀ ਦਇਆ ਕਮਾਇੰਦਾ । ਸਿਰ ਰਖੇ ਦੇ ਕਰ ਹਾਥ, ਮਿਹਰ ਨਜ਼ਰ ਉਠਾਇੰਦਾ । ਧੁਰ ਦਾ ਬਣ ਕੇ ਸੱਜਣ ਸਾਕ, ਨਾਤਾ ਤੋੜ ਨਿਭਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਦੇਵੇ ਸਾਖਿਆਤ, ਆਪ ਆਪਣਾ ਹੁਕਮ ਵਰਤਾਇੰਦਾ ।

੭੩੦

❋ ੨੦ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❋

ਵੀਹ ਵਿਸਾਖ ਕਹੇ ਨੱਬੇ ਸਾਲ ਦੀ ਪਿਛਲੀ ਆਈ ਯਾਦ, ਜ਼ਾਹਰ ਹੋ ਕੇ ਦਿਆਂ ਜਣਾਈਆ । ਮਨੀ ਸਿੰਘ ਮਤਾਬ ਸਿੰਘ ਅਗੇ ਕੀਤੀ ਫ਼ਰਿਆਦ, ਦੋਏ ਜੋੜ ਬੇਨੰਤੀ ਸੀਸ ਨਿਵਾਈਆ । ਨਾਲ ਸਿੰਘ ਸੀ ਇਕ ਗੁਲਾਲ, ਬੱਚਾ ਘੁਮਿਆਰਾਂ ਰੂਪ ਵਟਾਈਆ । ਓਹਦੇ ਕੋਲ ਸੀ ਇਕ ਸਾਜ, ਜਿਸ ਨੂੰ ਤੂੰਬੀ ਕਹਿ ਕੇ ਜਗਤ ਸੁਣਾਈਆ । ਓਸ ਦੀ ਸੁਰੀਲੀ ਸੀ ਇਕ ਆਵਾਜ਼, ਪ੍ਰੇਮ ਰਸ ਵਿਚ ਭਰਾਈਆ । ਉਹ ਗੌਂਦਾ ਸੀ ਨਾਲ ਨਾਦ, ਮਸਖ਼ਰਾ ਰੂਪ ਵਟਾਈਆ । ਉਸ ਦੇ ਪ੍ਰੇਮ ਵਿਚ ਸੀ ਇਕ ਰਾਜ਼, ਪੜਦੇ ਪੜਦੇ ਵਿਚੋਂ ਉਠਾਈਆ । ਮਨੀ ਸਿੰਘ ਕਿਹਾ ਮਹਾਰਾਜ, ਕੁਛ ਇਸ ਤੋਂ ਸੁਣੋ ਚਾਈਂ ਚਾਈਆ । ਮੈਂ ਬਾਹਰ ਡੇਢ ਮੀਲ ਤੇ ਕਰਦਾ ਵੇਖਿਆ ਨਾਚ, ਖ਼ੁਸ਼ੀਆਂ ਨਾਲ ਪੈਰ ਉਠਾਈਆ । ਹਿਰਦੇ ਪ੍ਰਭ ਨੂੰ ਰਿਹਾ ਵਾਚ, ਬਚਨਾਂ ਨਾਲ ਸਿਫ਼ਤ ਸਾਲਾਹੀਆ । ਵੱਡੀ ਸਿਫ਼ਤ ਵੇਖੀ ਖ਼ਾਸ, ਬਿਨ ਤਮੰਨਾ ਤੋਂ ਢੋਲੇ ਗਾਈਆ । ਇਹਦੇ ਕੋਲ ਸੀ ਇਕ ਗਲਾਸ, ਜਲ ਪਾਣੀ ਨਾਲ ਭਰਾਈਆ । ਨਚ ਟਪ ਕੇ ਲੈਂਦਾ ਉਹਦਾ ਸਵਾਦ, ਬਿਨ ਪੀਤਿਆਂ ਬੁੱਲਾਂ ਨਾਲ ਛੁਹਾਈਆ । ਫੇਰ ਆਪਣੇ ਆਪ ਨੂੰ ਕਹੇ ਸ਼ਾਬਾਸ਼, ਦੂਜਾ ਸੰਗ ਨਾ ਕੋਇ ਰਖਾਈਆ । ਮਨੀ ਸਿੰਘ ਨੇ ਕਿਹਾ ਮੈਂ ਓਹਲੇ ਬੈਠਾ ਵੇਖਦਾ ਰਿਹਾ ਸੁਣਦਾ ਰਿਹਾ ਇਸਦੀ ਬਾਤ, ਜੋ ਸਚ ਪ੍ਰੀਤੀ ਦਿਤੀ ਲਗਾਈਆ । ਇਸ ਨੇ ਕਿਹਾ ਕੋਈ ਮੇਰਾ ਮਿਲ ਜਾਏ ਧੁਰ ਦਾ ਸਾਥ, ਅਗਲਾ ਮੇਲਾ ਲਏ ਮਿਲਾਈਆ । ਮੈਂ ਝਟ ਓਸੇ ਵੇਲੇ ਜਾ ਕੇ ਫੜ ਲਿਆ ਇਸ ਦਾ

ਹਾਥ, ਹੱਥ ਫੜ ਕੇ ਤੇਰੇ ਪਾਸ ਲਿਆਈਆ । ਤੂੰ ਬਖ਼ਸ਼ ਦੇ ਇਸ ਨੂੰ ਦਾਤ, ਦਾਤਾ ਹੋ ਕੇ ਦਇਆ ਕਮਾਈਆ । ਮਹਿਤਾਬ ਸਿੰਘ ਕਿਹਾ ਇਹਨੂੰ ਕਹਿ ਕਟ ਲੈ ਅੱਜ ਏਥੇ ਰਾਤ, ਬਿਨ ਬਸਤਰ ਸੇਜ ਹੰਢਾਈਆ । ਨਾਲੇ ਚੌਲਾਂ ਦਾ ਖਾ ਲੈ ਭਾਤ, ਰਸ ਸੋਹਣਾ ਵੇਖ ਵਖਾਈਆ । ਫੇਰ ਸਾਨੂੰ ਸੁਣਾ ਦੇ ਗਾਥ, ਢੋਲਾ ਬੇਪਰਵਾਹੀਆ । ਅਸੀਂ ਸੁਣੀਏ ਬੈਠ ਇਕਾਂਤ, ਸੁਖਆਸਣ ਸੋਭਾ ਪਾਈਆ । ਮਨੀ ਸਿੰਘ ਤੂੰ ਫੜਨੀ ਕ਼ਲਮ ਦਵਾਤ, ਧੁਰ ਦਾ ਲੇਖ ਦਿਆਂ ਬਣਾਈਆ । ਮਨੀ ਸਿੰਘ ਕਿਹਾ ਮੈਨੂੰ ਨਹੀਂ ਲਿਖਣ ਦੀ ਜਾਚ, ਯਾਚਕ ਹੋ ਕੇ ਸੀਸ ਨਿਵਾਈਆ । ਮਹਿਤਾਬ ਸਿੰਘ ਕਿਹਾ ਤੇਰਾ ਮੈਂ ਦਿਤਾ ਖ਼ਤਾਬ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਵੇਲੇ ਚੋਲਾ ਬਦਲ ਕੇ ਪ੍ਰਭ ਰੂਪ ਧਰ ਕੇ ਆਏ ਆਪਣਾ ਆਪ, ਆਪ ਆਪਣੀ ਸੇਵਾ ਲਏ ਲਗਾਈਆ । ਧੁਰ ਦੇ ਹੁਕਮ ਦੀ ਹੁਕਮ ਕਿਤਾਬ, ਕਾਤਬ ਦੇਵੇ ਮਾਣ ਵਡਿਆਈਆ । ਇਹ ਜੋ ਸੁਨਾਵਣਹਾਰਾ ਸਾਚਾ ਨਾਦ, ਆਪਣਾ ਰਾਗ ਅਲਾਈਆ । ਗੁਲਾਲ ਸਿੰਘ ਕਿਹਾ ਮੇਰੇ ਸਿਰ ਤੇ ਰਖਣਾ ਹਾਥ, ਮਿਹਰ ਨਜ਼ਰ ਉਠਾਈਆ । ਪਿਤਾ ਅਗੇ ਪੁਤ ਕੀ ਸਕੇ ਆਖ, ਕਹਿਣ ਸੁਣਨ ਦੀ ਲੋੜ ਰਹੇ ਨਾ ਰਾਈਆ । ਆਪਣੇ ਚਰਨਾਂ ਦੀ ਧੂੜੀ ਦੇ ਖ਼ਾਕ, ਮਸਤਕ ਟਿੱਕਾ ਲਵਾਂ ਲਗਾਈਆ । ਚਰਨ ਪ੍ਰੀਤੀ ਜੋੜ ਕੇ ਖਾਸ, ਨਾਤਾ ਬੇਪਰਵਾਹੀਆ । ਮਹਿਤਾਬ ਸਿੰਘ ਕਿਹਾ ਸ਼ਾਬਾਸ਼, ਵਾਹ ਵਾਹ ਸੋਹਣੀ ਵੰਡ ਵੰਡਾਈਆ । ਤੇਰੀ ਪੂਰੀ ਕਰਾਂ ਆਸ, ਤ੍ਰਿਸ਼ਨਾ ਦਿਆਂ ਬੁਝਾਈਆ । ਜਨਮ ਬਦਲ ਕੇ ਜਨਮ ਧਰਨਾ ਪੂਰਨ ਰਖਣਾ ਵਿਸ਼ਵਾਸ਼, ਧੀਰਜ ਸਤਿ ਰਖਾਈਆ । ਤੇਰਾ ਲਹਿਣਾ ਦੇਣਾ ਦੇਵਾਂ ਆਪ, ਧੁਰ ਦਾ ਬਾਪ ਹੋ ਕੇ ਵੇਖ ਵਖਾਈਆ । ਅੰਦਰੋਂ ਬਾਹਰੋਂ ਕਰ ਕੇ ਪਾਕ, ਪਤਿਤ ਪੁਨੀਤ ਰੂਪ ਵਟਾਈਆ । ਮਾਨਸ ਜਨਮ ਕਰ ਕੇ ਰਾਸ, ਰਾਸਤਾ ਅਗਲਾ ਦਿਆਂ ਵਖਾਈਆ । ਤੇਰਾ ਅੰਤਰ ਨਾ ਹੋਵੇ ਨਿਰਾਸ, ਨਿਰੰਤਰ ਬ੍ਰਹਮ ਜਣਾਈਆ । ਮੇਲ ਮਿਲਾ ਕੇ ਨਾਲ ਇਤਫ਼ਾਕ, ਧੁਰ ਦਾ ਜੋੜਾ ਜੋੜ ਜੁੜਾਈਆ । ਪੂਰਬ ਲੇਖਾ ਕਰਾਂ ਬੇਬਾਕ, ਪਿਛਲਾ ਕ਼ਰਜ਼ਾ ਝੋਲੀ ਪਾਈਆ । ਸਿਰ ਰੱਖ ਕੇ ਆਪਣਾ ਹਾਥ, ਦੇਵਾਂ ਜਗਤ ਮਾਣ ਵਡਿਆਈਆ । ਪੂਰਬ ਪੂਰਬ ਦੇ ਲਾਹ ਕੇ ਪਾਪ, ਦੁਰਮਤ ਮੈਲ ਧਵਾਈਆ । ਜਨਮ ਜਨਮ ਦੇ ਗੁਨਾਹ ਕਰਕੇ ਮੁਆਫ਼, ਕਰਮ ਕਰਮ ਦਾ ਰੋਗ ਮਿਟਾਈਆ । ਜਗਤ ਲੇਖੇ ਚੋਂ ਕਰ ਕੇ ਸਾਫ਼, ਸਿਰ ਤੇ ਪਗੜੀ ਦਿਆਂ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋ ਕੇ ਬਣਾਵਾਂ ਦਾਸ, ਦਾਸੀ ਦਾਸ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ ।



੭੩੧

### ❊ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਮਹਿੰਦਰ ਸਿੰਘ ਦੇ ਗ੍ਰਹਿ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ❊

ਕਲਜੁਗ ਕਹੇ ਮੇਰੀ ਮੁਕੀ ਔਧ, ਜਨ ਭਗਤਾਂ ਸੀਸ ਨਿਵਾਈਆ । ਜਿਨ੍ਹਾਂ ਨੂੰ ਪੁਰਖ ਅਕਾਲ ਕੀਤਾ ਬੋਧ, ਅੰਧ ਅਗਿਆਨ ਦਿਤਾ ਮਿਟਾਈਆ । ਆਤਮ ਪਰਮਾਤਮ ਲਈ ਸੋਧ, ਸਵੱਛ ਸਰੂਪ ਆਪਣਾ ਦਰਸ ਵਖਾਈਆ । ਅੰਦਰੋਂ ਕਟ ਕੇ ਹਉਮੇ ਰੋਗ, ਦੂਈ ਦੁਖੜਾ ਦਿਤਾ ਗਵਾਈਆ । ਸਤਿ ਸਤਿ ਦਾ ਕਰ ਕੇ ਧੁਰ ਸੰਜੋਗ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਨਾਮ ਸੁਣਾ ਕੇ ਸਚ ਸਲੋਕ, ਤੂੰ ਮੇਰਾ ਤੇਰਾ ਇਕੋ ਢੋਲਾ ਦਿਤਾ ਦ੍ਰਿੜਾਈਆ । ਲੇਖਾ ਚੁਕਾ ਕੇ ਚੌਦਾਂ ਲੋਕ, ਚੌਦਾਂ ਤਬਕਾਂ ਪੰਧ ਮੁਕਾਈਆ । ਸਚ ਪ੍ਰੀਤੀ ਬਖ਼ਸ਼ ਕੇ ਧੁਰ ਦੀ ਓਟ, ਕਵਲ ਚਰਨ ਉਪਰ ਧਰਨ

ਦਿਤੀ ਸਰਨਾਈਆ । ਨਾਮ ਤਨ ਨਗਾਰੇ ਲਾ ਕੇ ਚੋਟ, ਸੋਈ ਸੁਰਤੀ ਦਿਤੀ ਉਠਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਕਢ ਕੇ ਖੋਟ, ਸਚ ਸੁਗੰਧੀ ਨਾਮ ਭਰਾਈਆ । ਨਿਰਮਲ ਨੂਰ ਪਰਕਾਸ਼ ਕਰ ਕੇ ਜੋਤ, ਜੋਤੀ ਜੋਤ ਕਰੀ ਰੁਸ਼ਨਾਈਆ । ਜਿਥੇ ਕੋਈ ਨਾ ਸਕਿਆ ਪਹੁੰਚ, ਮੰਜ਼ਲ ਦਿਤੀ ਬੇਪਰਵਾਹੀਆ । ਆਦਿ ਅੰਤ ਅਖ਼ੀਰੀ ਇਕੋ ਮੌਜ, ਮਜਲਸ ਆਪਣੀ ਦਿਤੀ ਵਖਾਈਆ । ਜਿਥੇ ਕੋਈ ਨਾ ਸਕੇ ਰੋਕ, ਅਧ ਵਿਚਕਾਰ ਨਾ ਕੋਇ ਅਟਕਾਈਆ । ਸਚਖੰਡ ਦਵਾਰਾ ਬਖ਼ਸ਼ ਕੇ ਕਿਲਾ ਕੋਟ, ਕੋਟਨ ਕੋਟਾਂ ਵਿਚੋਂ ਪਾਰ ਲੰਘਾਈਆ । ਕਲਜੁਗ ਕਹੇ ਮੇਰੀ ਅੰਤ ਅਖ਼ੀਰੀ ਮੁੱਕੀ ਸੋਚ, ਸਮਝ ਸਮਝ ਦਿਤੀ ਬਦਲਾਈਆ । ਜਿਸ ਦੇ ਦਰਸ਼ਨ ਗੁਰ ਅਵਤਾਰ ਪੀਰ ਪੈਗ਼ੰਬਰ ਨਵ ਨੌ ਚਾਰ ਰਹੇ ਲੋਚ, ਸੋ ਲੋਚਾ ਪੂਰ ਆਸਾ ਮਨਸਾ ਵਿਚ ਸਮਾਈਆ । ਜਿਸ ਦੀ ਖਾਣੀ ਬਾਣੀ ਕਰਦੀ ਰਹੀ ਖੋਜ, ਗਹਿਰ ਗੰਭੀਰ ਬੇਨਜ਼ੀਰ ਆਪਣੀ ਨਜ਼ਰ ਰਿਹਾ ਉਠਾਈਆ । ਗੁਰਮੁਖਾਂ ਆਵਣ ਜਾਵਣ ਪਤਿਤ ਪਾਵਨ ਧੁਰ ਦਾ ਕਟ ਵਿਜੋਗ, ਸਾਚਾ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਕਲਜੁਗ ਕਹੇ ਮੇਰਾ ਅੰਤ ਅਖ਼ੀਰ, ਤਾ ਆਖ਼ਰ ਦਿਆਂ ਜਣਾਈਆ । ਮੈਂ ਨਜ਼ਰੀ ਤਕਿਆ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੀਰਾਂ ਦਾ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਸਵੰਬਰ ਸਾਚਾ ਰਿਹਾ ਰਚਾਈਆ । ਜਿਸ ਦਾ ਸ਼ਬਦ ਨਿਰਾਲਾ ਅਨੋਖਾ ਤੀਰ, ਅਣਿਆਲਾ ਤਿੱਖੀ ਮੁਖੀ ਧਾਰ ਜਣਾਈਆ । ਜੋ ਦੋ ਜਹਾਨਾਂ ਮੰਜ਼ਲ ਪੈਂਡਾ ਪੰਧ ਰਿਹਾ ਚੀਰ, ਚਾਰ ਕੁੰਟ ਦਹਿ ਦਿਸ਼ਾ ਵੇਖੇ ਥਾਉਂ ਥਾਈਂਆ । ਜਿਸ ਮਿਹਰ ਨਜ਼ਰ ਨਾਲ ਜਨ ਭਗਤਾਂ ਬਦਲ ਦਿਤੀ ਤਕਦੀਰ, ਤਦਬੀਰ ਨਾਲ ਤਾਸੀਰ ਦਿਤੀ ਬਦਲਾਈਆ । ਲੇਖੇ ਲਾ ਕੇ ਸ਼ਾਹ ਹਕੀਰ ਫ਼ਕੀਰ, ਦੀਨ ਮਜ਼੍ਹਬ ਸ਼ਰਅ ਜ਼ੰਜੀਰ ਦਿਤੀ ਕਟਾਈਆ । ਦੂਰ ਦੁਰਾਡਾ ਹਕ ਖ਼ੁਦਾਈ ਨਜ਼ਰੀ ਆਏ ਮਹਿਰਾਬ ਮਹਿਬੂਬ ਨਜ਼ਦੀਕ, ਗ੍ਰਿਹ ਮੰਦਰ ਅੰਦਰ ਮੇਲ ਮਿਲਾਇਆ ਸਹਿਜ ਸੁਭਾਈਆ । ਜਿਸ ਦਾ ਖੇਲ ਨਿਰਾਲਾ ਤੱਕਿਆ ਅਜਬ ਅਜੀਬ, ਜਗਤ ਬੁੱਧੀ ਭੇਵ ਕੋਇ ਨਾ ਆਈਆ । ਜਿਸ ਦਾ ਧੁਰ ਦਾ ਕਲਮਾ ਕ਼ੁਦਰਤ ਕ਼ਾਦਰ ਕ਼ਦਰਾਂ ਵਾਲੀ ਦੱਸੇ ਹਦੀਸ, ਹਜ਼ਰਤਾਂ ਦਾ ਹਜ਼ਰਤ ਹਾਜ਼ਰ ਹੋ ਕੇ ਆਪਣਾ ਹੁਕਮ ਵਰਤਾਈਆ । ਲੇਖਾ ਚੁਕਾ ਕੇ ਬੀਸ ਇਕੀਸ, ਬਿਸਤਰੇ ਸਭ ਦੇ ਦਿਤੇ ਬੰਧਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਪਾਰਬ੍ਰਹਮ ਪਤਿਪਰਮੇਸ਼ਵਰ ਦੋ ਜਹਾਨ ਸ੍ਰੀ ਭਗਵਾਨ ਸਚ ਸਵਾਮੀ ਦੇਵਣਹਾਰ ਆਪਣੀ ਤਰਤੀਬ, ਤਰਾ ਤਰਾ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਆਦਿ ਸ਼ਕਤ ਸਰਬ ਦਿਤੇ ਸਮਝਾਈਆ । ਕਲਜੁਗ ਕਹੇ ਮੇਰੀ ਕੂੜ ਕੁੜਿਆਰੀ ਭਗਤਾਂ ਅੰਦਰੋਂ ਮੇਟ ਕੇ ਲੀਕ, ਸ਼ਬਦ ਅਗੰਮੀ ਕਰ ਕੇ ਤਸਦੀਕ਼, ਬਿਨ ਅਬਾਦਤ ਸਚ ਸ਼ਹਾਦਤ ਦਿਤੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕਹੇ ਮੇਰੀ ਅੰਤ ਅੰਤ ਜਨ ਭਗਤੋ ਅਰਦਾਸ, ਭਗਵਨ ਲੇਖਾ ਰਿਹਾ ਮੁਕਾਈਆ । ਜਿਨ੍ਹਾਂ ਦਾ ਸਾਹਿਬ ਉਹਨਾਂ ਦੇ ਵਸਿਆ ਪਾਸ, ਤਿਨ੍ਹਾਂ ਦਾ ਲਹਿਣਾ ਦੇਣਾ ਦਿਤਾ ਚੁਕਾਈਆ । ਮੇਰੀ ਅੰਤ ਅਖ਼ੀਰੀ ਖ਼ਾਹਿਸ਼, ਮੈਂ ਵਸਾਂ ਸਵਾਸ ਸਵਾਸ, ਬੀਸ ਬੀਸੇ ਪੂਰੀ ਹੋਈ ਆਸ, ਨਿਰਾਸਤਾ ਆਪਣਾ ਮੁਖ ਭਵਾਈਆ । ਮੈਂ ਤਕ ਕੇ ਵੇਖਿਆ ਪ੍ਰਿਥਮੀ ਆਕਾਸ਼, ਲੱਖ ਚੁਰਾਸੀ ਪੰਜ ਤੱਤ ਕਾਇਆ ਵੇਖਿਆ ਲਬਾਸ, ਮੰਡਲ ਮੰਡਪ ਗੋਪੀ ਕਾਹਨ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਪੈਂਦੀ ਵੇਖੀ ਰਾਸ, ਰਸਤਾ ਤੱਕਿਆ ਬੇਪਰਵਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਸਿਮਰਨ ਪੂਜਾ ਪਾਠ ਵੇਖੀ ਨਿਮਾਜ਼, ਅੰਦਰ ਵੜ ਕੇ ਮਹਲ ਚੜ੍ਹ

੭੩੨

ਕੇ ਵੇਖਿਆ ਨਾ ਕਿਸੇ ਆਗ਼ਾਜ਼, ਰਾਜ਼ ਸਕਿਆ ਨਾ ਕੋਇ ਖੁਲ੍ਹਾਈਆ । ਮੈਂ ਹੈਰਾਨ ਹੋ ਕੇ ਵੈਰਾਨ ਹੋ ਕੇ ਸ਼ੈਤਾਨ ਹੋ ਕੇ ਨੌਜਵਾਨ ਹੋ ਕੇ ਨਿਗਾਹਬਾਨ ਹੋ ਕੇ ਜਨ ਭਗਤਾਂ ਕਹਾਂ ਸ਼ਾਬਾਸ਼, ਧਿਆਨ ਧੁਰ ਦਾ ਇਕ ਲਗਾਈਆ । ਜਿਨ੍ਹਾਂ ਮੇਰੇ ਅੰਦਰ ਰਹਿ ਕੇ ਆਪਣੇ ਮੰਦਰ ਲਿਆ ਝਾਕ, ਜਿਥੇ ਪ੍ਰਭੂ ਦਾ ਮੇਲਾ ਹੋਇਆ ਨਾਲ ਇਤਫ਼ਾਕ, ਨਾਤਾ ਤੁਟ ਗਿਆ ਕੂੜੇ ਸਾਕ, ਸੱਜਣ ਮਿਲਿਆ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੇ ਕੀਤੇ ਭਵਿਖਤ ਵਾਕ, ਨੌ ਖੰਡ ਪ੍ਰਿਥਮੀ ਖੋਲ੍ਹੇ ਤਾਕ, ਸ਼ਬਦ ਅਗੰਮੀ ਚੜ੍ਹੇ ਰਾਕ, ਦੋ ਜਹਾਨਾਂ ਆਪਣੇ ਹੱਥ ਵਿਚ ਪਕੜੇ ਵਾਗ, ਦੂਜਾ ਵਾਗੀ ਰਹਿਣ ਨਾ ਕੋਇ ਪਾਈਆ । ਬੀਸ ਬੀਸਾ ਹਰਿ ਜਗਦੀਸਾ ਸਭ ਦਾ ਲੇਖਾ ਕਰੇ ਬੇਬਾਕ, ਸਚ ਦਵਾਰੇ ਸਨਮੁਖ ਹੋ ਕੇ ਸਾਰੇ ਹੋਏ ਲਾਜਵਾਬ, ਅਹਿਬਾਬ ਰਬਾਬ ਤੰਦ ਸਤਾਰ ਧੁਰ ਦੀ ਆਪਣੀ ਇਕ ਵਜਾਈਆ । ਜਨ ਭਗਤਾਂ ਦੇ ਕੇ ਚਰਨ ਪ੍ਰੀਤੀ ਧੁਰ ਦਾ ਲਾਭ, ਆਸਾ ਮਨਸਾ ਪੂਰੀ ਕਰ ਕੇ ਮੁਰਾਦ, ਮੁਰਦੇ ਮੁਹੱਬਤ ਨਾਲ ਜ਼ਿੰਦਾ ਲਏ ਕਰਾਈਆ । ਵਸਦਾ ਖੇੜਾ ਬਿਨਾ ਉਜੜਿਆਂ ਹੋਏ ਆਬਾਦ, ਆਤਮ ਅੰਤਰ ਪਏ ਜਾਗ, ਸਚ ਪ੍ਰੀਤੀ ਉਪਜੇ ਵੈਰਾਗ, ਜਗਤ ਤ੍ਰਿਸ਼ਨਾ ਆਗ ਦਏ ਬੁਝਾਈਆ । ਜਿਸ ਹੰਸ ਬਣਾਏ ਕਾਗ, ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਸੁਣਾਏ ਆਵਾਜ਼, ਪਰਦਾ ਓਹਲਾ ਲਾਹ ਕੇ ਦੇਸ ਮਾਝ, ਸੀਸ ਜਗਦੀਸ਼ ਰਖ ਕੇ ਤਾਜ, ਤਾਜਾਂ ਵਾਲੇ ਤਖ਼ਤ ਨਿਵਾਸੀ ਤਖ਼ਤਾ ਦੀਨ ਦੁਨੀ ਦਏ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਖੇਲੇ ਖੇਲ ਹਕ ਗੁਸਾਂਈਆ । ਕਲਜੁਗ ਕਹੇ ਮੈਨੂੰ ਕੋਈ ਨਾ ਕਿਹੋ ਕਮਲਾ, ਕਲਮੇ ਵਾਲਿਆਂ ਕਲਮਾ ਅਗਲਾ ਦਿਆਂ ਪੜ੍ਹਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪੀਰ ਪੈਗ਼ੰਬਰ ਗੁਰ ਅਵਤਾਰ ਲੇਖਾ ਅਮਲਾਂ, ਆਮਲ ਕਾਮਲ ਮੁਰਸ਼ਦ ਧੁਰ ਦਾ ਹੁਕਮ ਰਿਹਾ ਜਣਾਈਆ । ਜਨ ਭਗਤ ਸੁਹੇਲੇ ਧੁਰ ਦੇ ਵੇਖਾਂ ਸੱਜਣਾਂ, ਸਾਜਣ ਹੋ ਕੇ ਖੋਜ ਖੁਜਾਈਆ । ਚਰਨ ਪ੍ਰੀਤੀ ਸਾਚੀ ਰੀਤੀ ਧੂੜੀ ਇਸ਼ਨਾਨ ਕਰਾਵਾਂ ਮਜਨਾ, ਕੂੜ ਕੁੜਿਆਰੀ ਦੁਰਮਤ ਮੈਲ ਧਵਾਈਆ । ਬਿਨ ਮੱਕੇ ਕਾਅਬਿਉਂ ਕਰਾਵਾਂ ਧੁਰ ਦਾ ਹੱਜਣਾ, ਹਾਜ਼ਰ ਹੋ ਕੇ ਹਜ਼ਰਤ ਦਿਆਂ ਮਿਲਾਈਆ । ਜਿਸ ਏਥੇ ਓਥੇ ਦੋ ਜਹਾਨ ਪਰਦਾ ਕਜਣਾ, ਨਾਮ ਦੁਸ਼ਾਲਾ ਸੀਸ ਓਢਣ ਦਏ ਟਿਕਾਈਆ । ਜਿਸ ਦਾ ਲੇਖਾ ਕੋਈ ਸਮਝ ਨਾ ਸਕੇ ਅਗਲਾ, ਪਿਛਲੇ ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਕਲਜੁਗ ਕਹੇ ਮੈਂ ਕਲਜੁਗ ਜੀਵਾਂ ਕੀਤਾ ਕੰਗਲਾ, ਸਾਚੀ ਵਸਤ ਨਾਮ ਅਮੋਲਕ ਧਨ ਦੌਲਤ ਧੁਰ ਦੀ ਹੱਥ ਕਿਸੇ ਨਾ ਆਈਆ । ਗੁਰਮੁਖ ਗੁਰਸਿਖ ਸਚ ਪ੍ਰੀਤੀ ਮਨ ਆਤਮ ਰੰਗਲਾ, ਪਰਮਾਤਮ ਮਿਲ ਮਿਲ ਢੋਲਾ ਗਾਈਆ । ਅੱਠੇ ਪਹਿਰ ਦਿਵਸ ਰੈਣ ਤਨ ਮਨ ਅੰਦਰ ਰਹੇ ਚਾਰ ਮੰਗਲਾ, ਗੀਤ ਗੋਬਿੰਦ ਬਿਨ ਰਸਨਾ ਜਿਹਵਾ ਗਾਈਆ । ਕਲਜੁਗ ਕਹੇ ਜਨ ਭਗਤੋ ਮੈਂ ਅੰਤ ਏਹੋ ਮੰਗ ਮੰਗ ਲਾਂ, ਮਾਂਗਤ ਹੋ ਕੇ ਆਪਣੀ ਝੋਲੀ ਡਾਹੀਆ । ਪ੍ਰਭੂ ਤੇਰੀ ਚਰਨ ਪ੍ਰੀਤੀ ਸਦਾ ਸਦਾ ਸਦ ਅਨੰਦ ਲਾਂ, ਅਨੰਦ ਚੰਦ ਆਪਣਾ ਨੂਰੀ ਨੂਰ ਦੇਣਾ ਚਮਕਾਈਆ । ਆਪਣੀ ਮੰਜ਼ਲ ਦਾ ਪੈਂਡਾ ਲੰਘ ਲਾਂ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖੇ ਥਾਉਂ ਥਾਈਂਆ । ਸਚ ਪੋਸ਼ਾਕ ਨਾਮ ਹੋ ਰਹੀ ਤਿਆਰ, ਤ੍ਰੈਗੁਣ ਅਤੀਤਾ ਤ੍ਰੈਭਵਨ ਧਨੀ ਰਿਹਾ ਬਣਾਈਆ । ਜਿਸ ਨੂੰ ਜਾਨਣਹਾਰਾ ਇਕ ਇਕਲਾ ਏਕੰਕਾਰ, ਅਕਲ ਕਲਧਾਰੀ ਆਪਣੀ ਕਲ ਰਿਹਾ ਵਰਤਾਈਆ । ਜਨ ਭਗਤ ਦਾ ਬਣੇ ਸ਼ਿੰਗਾਰ, ਜਗਤ ਜਹਾਨ


੭੩੩

ਨਾ ਪਾਵੇ ਸਾਰ, ਮਨ ਮਤਿ ਬੁਧਿ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੋਸ਼ਾਕ ਕਹੇ ਮੈਂ ਬਣਨਾ ਕੱਪੜ, ਤਨ ਮਾਟੀ ਖ਼ਾਕੀ ਦਿਆਂ ਵਡਿਆਈਆ । ਮੈਂ ਓਥੇ ਜਾਣਾ ਅੱਪੜ, ਜਿਥੇ ਮੰਜ਼ਲ ਬੇਪਰਵਾਹੀਆ । ਨਾ ਕੋਈ ਛੰਨ ਤੇ ਨਾ ਕੋਈ ਛੱਪਰ, ਮਹਲ ਅਟਲ ਨਜ਼ਰ ਕੋਇ ਨਾ ਆਈਆ । ਨਾ ਕੋਈ ਅੱਖਰ ਲਗ ਮਾਤਰ ਨਾ ਕੋਈ ਸਤਰ, ਹਿੰਦਸਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਨਾ ਕੋਈ ਕ਼ਲਮ ਦਵਾਤ ਸ਼ਾਹੀ ਪੱਤਰ, ਨਾ ਕੋਈ ਕਾਤਬ ਲੇਖਾ ਰਿਹਾ ਜਣਾਈਆ । ਇਕੋ ਨੂਰ ਜ਼ਹੂਰ ਬ੍ਰਹਮ ਪਾਰਬ੍ਰਹਮ ਨਿਰੰਤਰ, ਨਰ ਨਿਰੰਕਾਰ ਨਿਰਾਕਾਰ ਸੋਭਾ ਪਾਈਆ । ਨਾ ਕੋਈ ਰਾਗ ਧੁੰਨ ਸ਼ਬਦ ਮੰਤਰ, ਗਾਇਣ ਗਾਥਾ ਨਾ ਕੋਇ ਦ੍ਰਿੜਾਈਆ । ਜਿਸ ਧਾਮ ਤੇ ਕੋਈ ਨਾ ਪਹੁੰਚਿਆ ਸੰਤਨ, ਕਬੀਰ ਜੁਲਾਹਾ ਤਕ ਕੇ ਖ਼ੁਸ਼ੀ ਮਨਾਈਆ । ਗੁਰਮੁਖ ਓਸ ਪਹੁੰਚਣਾ ਪਤਣ, ਜਿਥੇ ਖੇਵਟ ਖੇਟਾ ਸ਼ਹਿਨਸ਼ਾਹੀਆ । ਸਚ ਦਵਾਰਾ ਵੇਖਣਾ ਓਹ ਵਤਨ, ਜਿਸ ਵਤਨ ਵਿਚੋਂ ਬੇਵਤਨ ਹੋ ਕੇ ਲੋਕਮਾਤ ਫੇਰਾ ਪਾਈਆ । ਸਤਿਗੁਰ ਸ਼ਬਦ ਪੋਸ਼ਾਕ ਕਹੇ ਭਗਤਾਂ ਦਾ ਭਗਤੀ ਵਾਲਾ ਪੂਰਾ ਹੋਇਆ ਯਤਨ, ਯਥਾਰਥ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਣਤ ਰਿਹਾ ਬਣਾਈਆ । ਪੋਸ਼ਾਕ ਕਹੇ ਮੈਨੂੰ ਕੋਈ ਨਾ ਸੀਏ ਨਾਲ ਸੂਈ ਧਾਗਾ, ਜਗਤ ਕਲਾ ਨਾ ਕੋਇ ਵਡਿਆਈਆ । ਜਗਤ ਕੂੜ ਕੁੜਿਆਰ ਨਾਲ ਮੈਨੂੰ ਕਦੇ ਨਾ ਲਗੇ ਦਾਗ਼ਾ, ਮੈਲਾ ਰੂਪ ਨਾ ਕੋਇ ਵਟਾਈਆ । ਮੈਂ ਓਸ ਦੀ ਰੱਖਾਂ ਲਾਜਾ, ਜਿਸ ਨੂੰ ਮਿਲਿਆ ਪ੍ਰਭੂ ਵਡਭਾਗਾ, ਭਾਗਾਂ ਵਾਲਿਆਂ ਭਾਗ ਧੁਰ ਦਾ ਝੋਲੀ ਪਾਈਆ । ਨੰਗੇ ਪਿੰਡੇ ਰਵਿਦਾਸ ਮਾਰੀ ਇਕ ਆਵਾਜ਼ਾ, ਬੋਲ ਕੇ ਕਿਹਾ ਗ਼ਰੀਬ ਨਿਵਾਜ਼ਾ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ ।  ਮਹਿਬੂਬ ਮਹਿਮਾਨ ਹੋ ਕੇ ਮੁਹੱਬਤ ਵਿਚ ਆ ਜਾ, ਆਪ ਆਪਣਾ ਰੰਗ ਰੰਗਾਈਆ । ਤਨ ਬਸਤਰ ਇਕ ਪਹਿਨਾ ਜਾ, ਤਨ ਖ਼ਾਕੀ ਆਪਣੇ ਰੰਗ ਰੰਗਾਈਆ । ਅਬਿਨਾਸ਼ੀ ਕਰਤੇ ਕਿਹਾ ਇਹ ਲੇਖਾ ਵਡ ਹਿਸਾਬਾ, ਬਿਨ ਕ਼ਲਮ ਸ਼ਾਹੀ ਦਿਆਂ ਜਣਾਈਆ । ਜਿਸ ਵੇਲੇ ਜੋਤੀ ਜਲਵਾ ਧਰ ਕੇ ਆਇਆ ਦੇਸ ਮਾਝਾ, ਮਜਲਸ ਭਗਤਾਂ ਵਿਚ ਰਖਾਈਆ । ਓਸ ਵੇਲੇ ਤੇਰਾ ਤਨ ਨਾ ਹੋਵੇ ਨਾਂਗਾ, ਸੋਹਣਾ ਬਸਤਰ ਦਿਆਂ ਪਹਿਨਾਈਆ । ਜਿਸ ਬਸਤਰ ਦਾ ਜਗਤ ਜਹਾਨ ਵਿਚ ਕੋਈ ਨਾ ਹੋਵੇ ਗਾਹਕਾ, ਬਿਨ ਕ਼ੀਮਤ ਤੇਰੇ ਹੱਥ ਫੜਾਈਆ । ਉਹ ਬਸਤਰ ਆਪਣੀ ਆਸ ਰਖ ਕੇ ਆਪਣੇ ਵੇਲੇ ਨਾਲ ਜਾਗਾ, ਆਪਣੀ ਆਪ ਲਏ ਅੰਗੜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਧੁਰ ਦੇ ਠਾਕਰ ਮੇਰੀ ਰਖ ਲਾਜਾ, ਦੇ ਮਾਣ ਸੱਚੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਾਇਆ ਮੰਦਰ ਅੰਦਰ ਆਤਮ ਪਰਮਾਤਮ ਸਤਿ ਪ੍ਰੇਮ ਸਚ ਨੇਮ ਦੀ ਪਹਿਨਾਏ ਉਹ ਪੋਸ਼ਾਕਾ, ਜਿਸ ਪੋਸ਼ਾਕ ਦਾ ਕਾਇਆ ਮਾਟੀ ਹੱਡ ਮਾਸ ਨਾੜੀ ਰਕਤ ਅੰਦਰ ਲਬਾਸ ਦਏ ਛੁਪਾਈਆ ।

੭੩੪

### ❊ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਹਰਭਜਨ ਸਿੰਘ ਦੇ ਗ੍ਰਿਹ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ❊

ਧਰਨੀ ਕਹੇ ਇਕ ਦਿਨ ਬਾਲਮੀਕ ਬੈਠਾ ਨਾਲ ਧਿਆਨ, ਅੰਤਰ ਅੰਤਰ ਧਿਆਨ ਲਗਾਈਆ । ਓਸ ਸੁਣਿਆ ਅਗੰਮੀ ਇਕ ਫ਼ਰਮਾਨ, ਧੁਰ ਸੰਦੇਸ਼ਾ ਸ਼ਹਿਨਸ਼ਾਹੀਆ । ਸੁਣ ਕੇ ਹੋਇਆ ਹੈਰਾਨ, ਕਵਣ ਢੋਲੇ ਰਿਹਾ ਗਾਈਆ । ਕਿਰਪਾ ਕਰ ਸ੍ਰੀ ਭਗਵਾਨ, ਆਪਣਾ ਹੁਕਮ ਦਿਤਾ ਜਣਾਈਆ ।

ਬਾਲ ਰਿਸ਼ੀ ਖੇਲ ਮਹਾਨ, ਮਹਿੰਮਾ ਅਗੰਮ ਅਥਾਹੀਆ । ਜਿਸ ਵੇਲੇ ਜੁਗ ਚੌਕੜੀ ਬੀਤੇ ਵਿਚ ਜਹਾਨ, ਕਲਜੁਗ ਵੇਲਾ ਅੰਤਮ ਦਏ ਗਵਾਹੀਆ । ਓਸ ਵੇਲੇ ਕਿਰਪਾ ਕਰੇ ਆਪ ਮਿਹਰਵਾਨ, ਨਜ਼ਰ ਮਿਹਰ ਇਕ ਉਠਾਈਆ । ਸਚ ਦਵਾਰੇ ਚਰਨ ਛੁਹਾਏ ਆਣ, ਰੂਪ ਅਨੂਪਾ ਵੇਸ ਵਟਾਈਆ । ਜਿਸ ਦੀ ਕਰੇ ਨਾ ਕੋਈ ਪਹਿਚਾਣ, ਭਾਂਡਾ ਭਰਮ ਨਾ ਕੋਇ ਭੰਨਾਈਆ । ਉਹ ਸਖ਼ੀਆਂ ਦਾ ਸੁਲਤਾਨ, ਰਾਮਾਂ ਦਾ ਰਾਮ ਨੂਰ ਖ਼ੁਦਾਈਆ । ਜਿਹੜੀ ਭੂਮੀ ਹੁਣ ਨਜ਼ਰ ਆਵੇ ਸ਼ਮਸ਼ਾਨ, ਮੁਰਦੇ ਰਹੀ ਜਲਾਈਆ । ਏਥੇ ਭਗਤ ਕਰੇ ਪਰਵਾਨ, ਪਰਵਾਨਾ ਆਪਣਾ ਹੱਥ ਫੜਾਈਆ । ਓਧਰੋਂ ਆ ਗਿਆ ਨੌਜਵਾਨ, ਪਾਲੀ ਚੋਖਰਾਂ ਸੇਵ ਕਮਾਈਆ । ਓਨ ਵੇਖਿਆ ਮਾਰ ਧਿਆਨ, ਕਵਣ ਸੁੰਨ ਸਮਾਧੀ ਵਿਚ ਸਮਾਈਆ । ਸਹਿਜ ਸੁਭਾਓ ਚਰਨ ਨਮਸਤੇ ਕੀਤੀ ਆਣ, ਧੂੜੀ ਟਿੱਕਾ ਖ਼ਾਕ ਰਮਾਈਆ । ਬਾਲਮੀਕ ਬਦਲ ਕੇ ਆਪਣਾ ਧਿਆਨ, ਝਟ ਪੁਸ਼ਤ ਪਨਾਹ ਆਪਣਾ ਹੱਥ ਦਿਤਾ ਟਿਕਾਈਆ । ਓਧਰੋਂ ਆਇਆ ਧੁਰ ਫ਼ਰਮਾਨ, ਹਰਿ ਸੁਨੇਹੜਾ ਸਚ ਜਣਾਈਆ । ਰਿਸ਼ੀ ਇਸ ਦੀ ਕਰ ਪਹਿਚਾਣ, ਨੇਤਰ ਨੇਤਰਾਂ ਨਾਲ ਜੁੜਾਈਆ । ਅੰਤਮ ਲਹਿਣਾ ਦੇਣਾ ਮੈਂ ਦੇਵਾਂ ਬਣ ਕੇ ਗੁਣ ਨਿਧਾਨ, ਗੁਣਵੰਤਾ ਹੋ ਕੇ ਝੋਲੀ ਪਾਈਆ । ਬਾਲਮੀਕ ਸੀਸ ਨਿਵਾਇਆ ਕਿਹਾ ਵਾਹ ਮੇਰੇ ਮਿਹਰਵਾਨ, ਤੇਰੀ ਬੇਪਰਵਾਹੀਆ । ਓਸ ਪਾਲੀ ਨੇ ਮੰਗ ਲਿਆ ਦਾਨ, ਝੋਲੀ ਆਪਣੀ ਅਗੇ ਡਾਹੀਆ । ਮੇਰੀ ਪ੍ਰੀਤੀ ਰਹੇ ਨਾਲ, ਜਗਤ ਕੰਗਾਲ ਮਿਲੇ ਮਾਣ ਵਡਿਆਈਆ । ਬਾਲਮੀਕ ਕਿਹਾ ਮੇਰੇ ਲਾਲ, ਲਾਲ ਰੰਗ ਦੇਵਾਂ ਰੰਗਾਈਆ । ਤੇਰਾ ਮੇਰੇ ਅਗੇ ਸੁਆਲ, ਮੈਂ ਧੁਰ ਦਰਗਾਹੀ ਦਿਆਂ ਪੁਚਾਈਆ । ਜਿਸ ਦੇ ਕੋਲ ਸਭ ਦਾ ਅਹਿਵਾਲ, ਲੇਖਾ ਜਾਣੇ ਥਾਉਂ ਥਾਈਂਆ । ਜੁਗ ਚੌਕੜੀ ਜੋ ਬਦਲਣਹਾਰਾ ਚਾਲ, ਆਪਣਾ ਹੁਕਮ ਵਰਤਾਈਆ । ਓਸ ਪਾਲੀ ਬੇਹਾਲ ਹੋ ਕੇ ਕਿਹਾ ਮੇਰੀ ਕਰਨੀ ਸੰਭਾਲ, ਸਭਾ ਆਪਣੀ ਲੈਣਾ ਮਿਲਾਈਆ । ਰਿਸ਼ੀ ਸਹਿਜ ਸੁਭਾਓ ਕਿਹਾ ਤੇਰਾ ਬਣਾਂ ਆਪ ਦਲਾਲ, ਦਲਾਲੀ ਦੋ ਜਹਾਨ ਕਮਾਈਆ । ਜਿਸ ਵੇਲੇ ਵੇਲਾ ਵਕਤ ਪਹੁੰਚਿਆ ਆਣ, ਸ੍ਰੀ ਭਗਵਾਨ ਦਿਆਂ ਮਿਲਾਈਆ । ਸ਼ਬਦ ਅਗੰਮੀ ਚੜ੍ਹਾ ਕੇ ਬਬਾਨ, ਮੰਜ਼ਲ ਮੰਜ਼ਲ ਪੰਧ ਚੁਕਾਈਆ । ਧਰਨੀ ਕਿਹਾ ਮੈਂ ਵੇਖ ਕੇ ਹੋਈ ਹੈਰਾਨ, ਕਿਸ ਬਿਧ ਰਿਹਾ ਲੇਖਾ ਲੇਖੇ ਵਿਚ ਪਾਈਆ । ਬਾਲਮੀਕ ਦਾ ਸਾਥੀ ਬਾਲ ਅੰਞਾਣ, ਬਾਲੀ ਬੁਧਿ ਹਿਰਦਾ ਸੁਧ ਖ਼ੁਸ਼ੀ ਵਖਾਈਆ । ਭਜਨ ਸਿੰਘ ਭੱਜਿਆ ਨਹੀਂ ਭੱਜੇ ਜਾਂਦਿਆਂ ਨੂੰ ਮਿਲਾਇਆ ਆਣ, ਆਣ ਆਪਣੀ ਰਿਹਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਪੂਰਬ ਰਿਹਾ ਚੁਕਾਈਆ ।


੭੩੫

## ☼ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਪਾਲ ਸਿੰਘ ਦੇ ਗ੍ਰਿਹ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ☼

ਧਰਨੀ ਕਹੇ ਮੈਂ ਭਾਗਾਂ ਵਾਲੀ ਭੂਮੀ, ਮੇਰੇ ਅੰਤਰ ਵਜੀ ਵਧਾਈਆ । ਜਿਸ ਨੂੰ ਖੋਜਦੇ ਰਿਖੀ ਮੁਨੀ, ਮਾਨਵ ਭਜਣ ਵਾਹੋ ਦਾਹੀਆ । ਜਿਸ ਨੂੰ ਲਭਦੇ ਵਡ ਗੁਣ ਗੁਣੀ, ਗੁਣਵਾਨ ਖੋਜ ਖੁਜਾਈਆ । ਸੋ ਸਾਹਿਬ ਸਵਾਮੀ ਪੁਕਾਰ ਸਚ ਸੁਣੀ, ਸਚਖੰਡ ਨਿਵਾਸੀ ਦਇਆ ਕਮਾਈਆ । ਆਪਣੇ ਨਾਮ ਨਿਧਾਨ ਦੀ ਸੁਣਾਵਣ ਆਇਆ ਧੁਨੀ, ਰਾਗ ਅਗੰਮੀ ਢੋਲਾ ਗਾਈਆ । ਵਸਤ ਦੇਵਣ ਆਇਆ ਅਨਮੁੱਲੀ, ਦੌਲਤ ਬੇਪਰਵਾਹੀਆ । ਜਿਥੇ ਸੋਹੇ ਇਹ ਕੁਲੀ, ਕੁਲ ਮਾਲਕ ਖ਼ੁਸ਼ੀ ਮਨਾਈਆ । ਮੈਨੂੰ ਉਹ ਕਥਾ ਕਹਾਣੀ ਨਹੀਂ ਭੁੱਲੀ, ਜਿਹੜੀ ਬਾਲਮੀਕ ਇੱਕੀ ਸਾਲ ਤਪਸਿਆ ਗਿਆ ਕਮਾਈਆ ।

ਖਾ ਕੇ ਰੁੱਖੀ ਸੁੱਕੀ ਗੁੱਲੀ, ਸੁੱਕੇ ਟੁਕੜਿਆਂ ਝਟ ਲੰਘਾਈਆ । ਪਾਣੀ ਥੋੜ੍ਹਾ ਲਾ ਕੇ ਬੁਲ੍ਹੀਂ, ਬਲ ਆਪਣਾ ਗਿਆ ਵਧਾਈਆ । ਉਸੇ ਦੀ ਫੁਲਵਾੜੀ ਫੁੱਲੀ, ਆਪਣੀ ਰੁਤ ਰਹੀ ਬਦਲਾਈਆ । ਓਸੇ ਦੀ ਪ੍ਰੇਮ ਪ੍ਰੀਤੀ ਲਹਿਰ ਝੁੱਲੀ, ਪਵਣ ਠੰਡੀ ਠੰਡਕ ਰਹੀ ਪਾਈਆ । ਓਸੇ ਦੀ ਪ੍ਰੀਤੀ ਚਰਨਾਂ ਉਤੇ ਘੋਲ ਘੁੱਲੀ, ਘਾਇਲ ਹੋ ਕੇ ਰਹੀ ਜਣਾਈਆ । ਓਸੇ ਦੀ ਸੁਰਤ ਅੰਦਰੋਂ ਖੁਲ੍ਹੀ, ਸਾਵਧਾਨ ਹੋ ਕੇ ਢੋਲਾ ਗਾਈਆ । ਧਰਨੀ ਕਹੇ ਮੈਨੂੰ ਵਸਤ ਮਿਲੀ ਅਨਮੁੱਲੀ, ਕਰਤੇ ਝੋਲੀ ਦਿਤੀ ਪਾਈਆ । ਮੇਰੀ ਪੱਤ ਟਹਿਣੀ ਮੂਲ ਨਾ ਫੁੱਲੀ, ਫੁਲ ਸੋਹਣਾ ਦਿਤਾ ਲਗਾਈਆ । ਲੋਕਮਾਤ ਮੇਰੀ ਖ਼ਾਕ ਨਾ ਰੁਲੀ, ਰੁਲਦੀ ਖ਼ਾਕ ਨੂੰ ਪਾਕ ਦਿਤਾ ਬਣਾਈਆ । ਆਪਣੇ ਪ੍ਰੇਮ ਪਿਆਰ ਦੀ ਅੰਮ੍ਰਿਤ ਦੇ ਕੇ ਨਿਝਰ ਚੁਲੀ, ਚੇਲਾ ਗੁਰੂ ਇਕੋ ਰੰਗ ਰੰਗਾਈਆ । ਜਿਸ ਦੀ ਬੂੰਦ ਸਵਾਂਤੀ ਮੂਲ ਨਾ ਡੁੱਲ੍ਹੀ, ਕਤਰਾ ਕਤਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਰ ਹੌਲਾ ਰਿਹਾ ਕਰਾਈਆ ।

ਧਰਨੀ ਕਹੇ ਮੈਂ ਕਿਹਾ ਨਿਧੜਕ, ਹੌਸਲੇ ਨਾਲ ਜਣਾਈਆ । ਭਗਤਾਂ ਦੀ ਸਿੱਧੀ ਸੜਕ, ਰਹਿਬਰ ਹੋ ਕੇ ਰਿਹਾ ਲਗਾਈਆ । ਮੰਜ਼ਲ ਵਿਚ ਨਹੀਂ ਕੋਈ ਅਟਕ, ਰਸਤਾ ਬਿਖੜਾ ਨਾ ਕੋਇ ਜਣਾਈਆ । ਅਧ ਵਿਚਕਾਰ ਕੋਈ ਨਾ ਰਹੇ ਲਟਕ, ਜਿਸ ਨੂੰ ਪਲੂ ਰਿਹਾ ਫੜਾਈਆ । ਜਗਤ ਨਾਲੋਂ ਚਾਲ ਨਿਰਾਲੀ ਕਰੇ ਮਟਕ, ਵਖਰਾ ਰੰਗ ਰੰਗਾਈਆ । ਭੈ ਭਉ ਚੁਕਾ ਕੇ ਕਰੇ ਬੇਖਟਕ, ਕੂੜਾ ਖਟਕਾ ਦਏ ਗਵਾਈਆ । ਲੇਖੇ ਲਾ ਕੇ ਬੂੰਦ ਰਕਤ, ਸੁਤ ਅਨਾਦੀ ਲਏ ਬਣਾਈਆ । ਆਤਮ ਪਰਮਾਤਮ ਦੇ ਕੇ ਸ਼ਕਤ, ਸਾਖਿਆਤ ਹੋਏ ਸਹਾਈਆ । ਲੇਖਾ ਚੁਕਾਵਣ ਆਇਆ ਭਗਤਾਂ ਦਾ ਫ਼ਕਤ, ਫ਼ਿਕਰਾ ਇਕੋ ਰਿਹਾ ਸੁਣਾਈਆ । ਭਰਮ ਭੁਲੇਖੇ ਪਾ ਕੇ ਜਗਤ, ਗੁਰਮੁਖ ਜੀਵਣ ਜੁਗਤੀ ਆਪਣੀ ਰਿਹਾ ਦ੍ਰਿੜਾਈਆ । ਆਤਮ ਦਰਸੀ ਹੋ ਕੇ ਦੇਵੇ ਦਰਸ, ਨਿਜ ਨੇਤਰ ਨੈਣ ਨੇਤਰ ਦਏ ਦਰਸਾਈਆ । ਜਨਮ ਜਨਮ ਦੀ ਮੇਟ ਕੇ ਹਰਸ, ਅਗਲੀ ਹਵਸ ਰਿਹਾ ਬੁਝਾਈਆ । ਇਸ ਦੀ ਕਿਆ ਕੋਈ ਕਰੇ ਪਰਖ, ਕਸਵਟੀ ਕਵਣ ਚੜ੍ਹਾਈਆ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਆਪਣੇ ਅੰਦਰ ਕਰ ਕੇ ਹੜਪ, ਤੜਪ ਜਗਤ ਦਿਤੀ ਲਗਾਈਆ । ਜਿਸ ਦਾ ਨਾਮ ਨਿਧਾਨਾ ਦੋ ਜਹਾਨਾਂ ਸ਼ਬਦ ਖੰਡਾ ਖੜਗ, ਲੱਖ ਚੁਰਾਸੀ ਝਟਕ ਝਟਕ ਰਿਹਾ ਵਖਾਈਆ । ਓਸ ਦੀ ਇਕੋ ਸਚ ਪ੍ਰੇਮ ਵਾਲੀ ਰਗੜ, ਜਨ ਭਗਤਾਂ ਦੀ ਆਤਮ ਨਾਲ ਪਰਮਾਤਮ ਹੋ ਕੇ ਦਏ ਛੁਹਾਈਆ । ਮੂਰਖ ਮੁਗਧ ਅੰਵਾਣ ਮਨ ਮਤਿ ਰਹੇ ਝਗੜ, ਝਗੜੇ ਵਿਚ ਸਰਬ ਲੋਕਾਈਆ । ਜਿਨ੍ਹਾਂ ਨੂੰ ਅੰਦਰੋ ਅੰਦਰ ਲਏ ਪਕੜ, ਸੁਰਤੀ ਸ਼ਬਦੀ ਡੋਰ ਬੰਧਾਈਆ । ਤੋਲ ਤੋਲ ਲਏ ਆਪਣੇ ਤੱਕੜ, ਨਾਮ ਤਰਾਜ਼ੂ ਕੰਡੇ ਲਏ ਉਠਾਈਆ । ਉਹ ਭਗਤ ਜਨ ਫ਼ਕੀਰਾਂ ਦੇ ਫ਼ੱਕਰ, ਫ਼ਿਕਰਾਂ ਦੇ ਫ਼ਿਕਰ ਸਾਰੇ ਜਾਣ ਮੁਕਾਈਆ । ਜਿਨ੍ਹਾਂ ਦਾ ਪੁਰਖ ਅਕਾਲ ਕਰੇ ਜ਼ਿਕਰ, ਧੁਰ ਦੇ ਢੋਲਿਆਂ ਵਿਚ ਗਾਈਆ । ਤਿਨ੍ਹਾਂ ਦਾ ਸਵਾਮੀ ਬਣ ਕੇ ਮਿਤਰ, ਮਿਤਰਤਾ ਦਏ ਜਣਾਈਆ । ਨੂਰ ਨੂਰ ਵਿਚੋਂ ਆਵੇ ਨਿਤਰ, ਜ਼ਹੂਰ ਜ਼ਹੂਰ ਕਰੇ ਰੁਸ਼ਨਾਈਆ । ਧਰਤੀ ਕਹੇ ਮੇਰਾ ਪ੍ਰੇਮ ਪ੍ਰੀਤੀ ਦਾ ਬਾਲਮੀਕ ਨਾਲ ਇਸ਼ਕ, ਆਸ਼ਕ ਮਾਸ਼ੂਕ ਦੋਹਾਂ ਤੋਂ ਵਖਰੀ ਆਪਣੀ ਧਾਰ ਚਲਾਈਆ । ਸੁਖ ਛਡ ਕੇ ਸਵਰਗ ਬਹਿਸ਼ਤ, ਆਪਣਾ ਕ਼ਦਮ ਉਠਾਈਆ । ਖ਼ੁਸ਼ੀ ਹੋਈ ਵੇਖ ਕੇ ਜਿਨ੍ਹਾਂ ਨੂੰ ਮਿਲ

ਗਿਆ ਇਕੋ ਇਸ਼ਟ, ਰਾਮ ਵਸ਼ਿਸ਼ਟ ਜਿਨ੍ਹਾਂ ਦਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਗਤ ਜਨਮ ਦੀ ਭਗਤਾਂ ਦੀ ਸਦਾ ਆਪਣੇ ਕੋਲ ਰਖੇ ਲਿਸਟ, ਫ਼ਰਿਸਤ ਹੱਥ ਨਾ ਕਿਸੇ ਫੜਾਈਆ ।

### ✻ ੩੧ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਮਿੱਸੀ ਰੋਟੀ ਕਹੇ ਮੇਰਾ ਸੋਹਣਾ ਪਕਵਾਨ, ਪੱਕੀ ਗੰਢ ਰਿਹਾ ਬੰਧਾਈਆ । ਭਗਤਾਂ ਵਲੋਂ ਮਿਲਿਆ ਸੱਚਾ ਦਾਨ, ਵਸਤ ਅਮੋਲਕ ਰੂਪ ਵਟਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਜਿਹੜਾ ਮਿਲਿਆ ਨਹੀਂ ਕਿਸੇ ਦਾਨ, ਸੋ ਅੰਮਿਉਂ ਅੰਮ੍ਰਿਤ ਅਮਿਤ ਦਿਤਾ ਵਰਤਾਈਆ । ਆਦਿ ਜੁਗਾਦਿ ਜੁਗ ਚੌਕੜੀ ਬ੍ਰਹਿਮੰਡ ਖੰਡ ਜਿਹੜਾ ਭੋਗ ਲੱਗਾ ਨਾ ਵਿਚ ਦੋ ਜਹਾਨ, ਪੁਰੀ ਲੋਅ ਆਕਾਸ਼ ਪਾਤਾਲ ਨਜ਼ਰ ਕਿਸੇ ਨਾ ਆਈਆ । ਗੁਰੂ ਅਵਤਾਰ ਪੀਰ ਪੈਗ਼ੰਬਰ ਵੇਲਾ ਵਕ਼ਤ ਸੁਹੰਜਣਾ ਵੇਖ ਹੋਏ ਹੈਰਾਨ, ਹੈਰਾਨੀ ਅੰਦਰ ਧਿਆਨ ਲਗਾਈਆ । ਜਿਸ ਦੀ ਮਹਿੰਮਾ ਸਿਫ਼ਤ ਸਾਲਾਹ ਕਰਦੇ ਰਹੇ ਵੇਦ ਪੁਰਾਨ, ਅੰਜੀਲ ਕ਼ੁਰਾਨ ਖਾਣੀ ਬਾਣੀ ਆਪਣਾ ਧਿਆਨ ਲਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਭਗਤਾਂ ਪ੍ਰੇਮ ਰਸ ਰਸਮ ਨਾਲ ਕਰੇ ਪਰਵਾਨ, ਕ਼ਸਮ ਨਾਲ ਕਾਮਲ ਮੁਰਸ਼ਦ ਦਏ ਵਡਿਆਈਆ । ਜਿਸ ਦਾ ਅੰਦਰੋਂ ਬਾਹਰੋਂ ਰਸ ਮਹਾਨ, ਮਿੱਸੀ ਰੋਟੀ ਅਚਾਰ ਦੇ ਮਿਲੇ ਨਾਲ ਭਗਵਾਨ, ਭਾਗਾਂ ਵਾਲਾ ਭਾਗ ਧੁਰ ਦਾ ਝੋਲੀ ਪਾਈਆ । ਪੰਧ ਮੁਕਾ ਕੇ ਜ਼ਿਮੀਂ ਅਸਮਾਨ, ਗ੍ਰਿਹ ਮੰਦਰ ਸੁਹਾਏ ਇਕ ਮਕਾਨ, ਕਾਇਆ ਕਾਅਬਾ ਦਏ ਵਡਿਆਈਆ । ਸੁੱਕਾ ਟੁੱਕਰ ਕਹੇ ਮੈਂ ਹੋਵਾਂ ਪਰਧਾਨ, ਮੈਨੂੰ ਲੈਣ ਲਈ ਤਰਸਣ ਬਾਲ ਬਿਰਧ ਨੌਜਵਾਨ, ਜੋਬਨਵੰਤਿਆਂ ਹੱਥ ਕਿਸੇ ਨਾ ਆਈਆ । ਮਾਖਨ ਕਹੇ ਕੀ ਹੋਇਆ ਮੈਨੂੰ ਖਾ ਗਿਆ ਕ੍ਰਿਸ਼ਨ ਕਾਹਨ, ਘਨਈਆ ਹੋ ਕੇ ਗੋਕਲ ਗਵਾਲਿਆਂ ਸੋਭਾ ਪਾਈਆ । ਰੋਟੀ ਮਿੱਸੀ ਕਹੇ ਮੇਰੀ ਮਿਸਲ ਨਾ ਬਣਾਈ ਕਿਸੇ ਵਿਚ ਜਹਾਨ, ਮਿਸ਼ਨ ਪਰਵਾਨਾ ਨਾ ਕੋਇ ਸਮਝਾਈਆ । ਕਮਿਸ਼ਨ ਰਖ ਕੇ ਲੈਂਦੇ ਰਹੇ ਪੁੰਨ ਦਾਨ, ਜਗਤ ਵਾਸਨਾ ਨਾਲ ਪਰਨਾਈਆ । ਮੈਂ ਚੋਟੀ ਚੜ੍ਹ ਕੇ ਵੇਖਿਆ ਖੇਲ ਮਹਾਨ, ਸੁੱਕਾ ਟੁਕੜਾ ਦਏ ਗਵਾਹੀਆ । ਜਿਥੇ ਨਾ ਕੋਈ ਪੀਣ ਨਾ ਕੋਈ ਖਾਣ, ਦਸਤਰ ਨਾ ਕੋਇ ਸਹਾਈਆ । ਸੋ ਪੁਰਖ ਬਿਧਾਤਾ ਸਰਬ ਸੁਖ ਦਾਤਾ, ਵੇਖਣਹਾਰ ਜਗਤ ਤਮਾਸ਼ਾ, ਭਗਤਾਂ ਅੰਦਰ ਭਗਤੀ ਦੇ ਭਰਵਾਸਾ, ਜਨਮ ਜਨਮ ਦਾ ਪਿਛਲਾ ਕਟ ਫ਼ਾਕਾ, ਅਗੇ ਬਣ ਕੇ ਧੁਰ ਦਾ ਆਕਾ, ਅਕਲ ਅਸਲ ਆਪਣੀ ਆਪ ਜਣਾਈਆ । ਸਤਿ ਸਚ ਪ੍ਰੇਮ ਪਿਆਰ ਪੱਕਿਆ ਕਹੇ ਪਰਸਾਦਾ, ਸਤਿਗੁਰ ਪਰਸਾਦ ਪਰੇ ਸੁਵਾਦ ਮੇਰਾ ਰੂਪ ਵਟਾਈਆ । ਕਰ ਕਿਰਪਾ ਕਿਰਪਾ ਨਿਧਾਨ ਮੈਨੂੰ ਲਾਏ ਹੱਥ, ਸਮਰਥ ਦਿਤੀ ਮਾਣ ਵਡਿਆਈਆ । ਮਿੱਸੀ ਰੋਟੀ ਕਹੇ ਸਭ ਨੂੰ ਦੇਵਾਂ ਆਖ, ਮੇਰੇ ਪਿਛੇ ਪਰਮ ਪੁਰਖ ਦਾ ਦਰਸ਼ਨ ਕਰੋ ਸਾਖ਼ਿਆਤ, ਤੁਹਾਡੀ ਸਿਖ਼ਾਵਤ ਸੁਖ ਨਾਲ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈ ਲੋਕਮਾਤ ਅਗੇ ਦਾ ਸਾਕ, ਪਰਮਾਤਮ ਆਤਮ ਜੋੜ ਜੁੜਾਈਆ । ਰੋਟੀ ਕਹੇ ਮੈਨੂੰ ਕੋਈ ਨਾ ਕਹੇ ਅੰਨ ਮਿੱਸਾ, ਮੁਸੀਬਤ ਵਿਚ ਹੋਏ ਸਹਾਈਆ । ਅੱਜ ਦੀ ਕਹਾਣੀ ਅਗਲਾ ਬਣਨਾ ਕ਼ਿੱਸਾ, ਕ਼ਿਸਮਤ ਸਭ ਦੀ ਦਿਆਂ ਬਦਲਾਈਆ । ਰੋਟੀ ਕਹੇ ਮੈਂ ਸਭ ਤੋਂ ਚੰਗੀ ਜਿਸ ਨੂੰ ਸਾਹਿਬ ਨੇ ਆਪ ਡਿਠਾ, ਅਨਡਿਠ ਦਿਤੀ ਵਡਿਆਈਆ । ਮੇਰਾ ਲੇਖਾ ਸਦਾ


੭੩੭

ਸਵਾ ਗਿਠਾ, ਜੋ ਅੰਦਰ ਦੀ ਧਾਰ ਰਹੀ ਸਮਝਾਈਆ । ਲੇਖ ਲਿਖਤ ਨਹੀਂ ਇਹ ਧੁਰ ਦਰਗਾਹੀ ਚਿੱਠਾ, ਫ਼ਰਮਾਨਾ ਸਚ ਸਚ ਸਮਝਾਈਆ । ਬੱਚਿਓ ਤੁਹਾਡੇ ਸਚੇ ਪ੍ਰੇਮ ਪਿਆਰ ਦਾ ਭੁੱਖਾ ਪਿਤਾ, ਸੁੱਕਾ ਟੁਕੜਾ ਖਾ ਕੇ ਖ਼ੁਸ਼ੀ ਮਨਾਈਆ । ਇਸ ਤੋਂ ਅਵਰ ਨਹੀਂ ਕੋਈ ਹਿਤਾ, ਸਾਜਣ ਮੀਤ ਨਹੀਂ ਕੋਈ ਮਿਤਾ, ਜੋ ਮਿਤਰ ਪਿਆਰੇ ਮੇਲ ਮਿਲਾਈਆ । ਅੰਮ੍ਰਿਤ ਰਸ ਸਾਰੇ ਕਹਿਣ ਇਸ ਤੋਂ ਅਵਰ ਨਹੀਂ ਰਸ ਮਿੱਠਾ, ਮਿਠਤ ਰੂਪ ਨਾ ਕੋਇ ਵਟਾਈਆ । ਮਿੱਸੀ ਰੋਟੀ ਕਹੇ ਜਿਸ ਵੇਲੇ ਮੈਨੂੰ ਪਿੱਠਾ, ਮੈਨੂੰ ਯਾਦ ਆ ਗਿਆ ਜਿਹੜਾ ਨਾਨਕ ਨਾਲ ਕੌਲ ਕੀਤਾ, ਇਕ਼ਰਾਰਨਾਮਾਂ ਸ਼ਬਦੀ ਰੂਪ ਵਟਾਈਆ । ਮੈਂ ਓਸੇ ਹੀ ਖ਼ਾਤਰ ਚੜ੍ਹਿਆ ਤਪਣ ਵਾਲੇ ਅੰਗੀਠਾ, ਅਗਨੀ ਅੱਗ ਨਾਲ ਆਪਣਾ ਰੂਪ ਬਦਲਾਈਆ । ਮੈਨੂੰ ਯਾਦ ਆ ਗਿਆ ਜਿਸ ਵੇਲੇ ਗੋਬਿੰਦ ਪਰਵੇਸ਼ ਹੋਇਆ ਵਿਚ ਅੰਗੀਠਾ, ਮਿੱਸਾ ਟੁਕੜਾ ਖਾ ਕੇ ਪੁਰਖ ਅਕਾਲ ਦਾ ਸ਼ੁਕਰ ਮਨਾਈਆ । ਓਸ ਵੇਲੇ ਪੁਰਖ ਅਕਾਲ ਕਿਹਾ ਮੇਰਾ ਗੋਬਿੰਦ ਸਦਾ ਜੀਤਾ, ਦੋ ਜਹਾਨ ਵਜੇ ਵਧਾਈਆ । ਗੋਬਿੰਦ ਕਿਹਾ ਪ੍ਰਭੂ ਆਪਣਾ ਫਲ ਭਗਤਾਂ ਦਰ ਦੀਤਾ, ਗੁਰਮੁਖਾਂ ਦੀ ਝੋਲੀ ਪਾਈਆ । ਗੁਰਸਿੱਖਾ ਉਸ ਦਾ ਇਹ ਨਤੀਜਾ ਜਿਸ ਦੇ ਉਪਰ ਠਾਕਰ ਪਤੀਜਾ, ਅਜ਼ੀਜ਼ਾਂ ਦਾ ਲੇਖਾ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ੁਸ਼ੀ ਨਾਲ ਖਾ ਕੇ ਖ਼ੁਸ਼ਹਾਲੀ ਵਿਚ ਦੇਵੇ ਅਸੀਸਾ, ਆਸਾ ਸਭ ਦੀ ਪੂਰ ਕਰਾਈਆ । ਵਿਸ਼ਨੂੰ ਆਣ ਕੇ ਵੇਖ ਆਪਣੀ ਰੋਟੀ, ਰੱਟੇ ਘਰ ਘਰ ਰਹੀ ਪਾਈਆ । ਹੁਣ ਲੇਖਾ ਨਾ ਰਵਿਦਾਸ ਚਮਾਰੇ ਮੋਚੀ, ਮੁਸ਼ਕਲ ਪਿਛਲੀ ਦੂਰ ਕਰਾਈਆ । ਕੋਈ ਭਗਤ ਨਾ ਰਹੇ ਲੋਭੀ, ਲਾਲਚ ਤਮਾ ਨਾ ਕੋਇ ਜਣਾਈਆ । ਖ਼ਾਨਾ ਖੋਲ੍ਹਣਾ ਨਾ ਪਏ ਮੋਦੀ, ਮੁਦਤ ਤੋਂ ਵਿਛੜੇ ਲੇਖੇ ਰਿਹਾ ਚੁਕਾਈਆ । ਪ੍ਰੇਮ ਪਿਆਰ ਦਾ ਪ੍ਰੀਤਮ ਚੋਜੀ, ਚਰਨ ਕਵਲ ਦੇਵੇ ਸਰਨਾਈਆ । ਅੰਤਰ ਆਤਮ ਦੇ ਕੇ ਸੋਝੀ, ਸੋਈ ਸੁਰਤੀ ਲਏ ਉਠਾਈਆ । ਦੁਖ ਭੁਖ ਦਾ ਗੁਰਮੁਖ ਰਹੇ ਨਾ ਕੋਈ ਰੋਗੀ, ਸ਼ਾਹਰਗ ਤੋਂ ਉਪਰ ਆਪਣਾ ਰੰਗ ਚੜ੍ਹਾਈਆ । ਸੁੱਕਾ ਟੁਕੜਾ ਕਹੇ ਮੈਨੂੰ ਖਾ ਕੇ ਸਤਿਗੁਰੂ ਬਣਨਾ ਧੋਬੀ, ਅੰਦਰੋਂ ਦੁਰਮਤ ਮੈਲ ਧੁਆਈਆ । ਗੁਰਮੁਖੋ ਬੱਚਿਆਂ ਵਾਂਗ ਚੁਕਣਾ ਗੋਦੀ, ਗੋਦਾਵਰੀ ਬੈਠੀ ਰਾਹ ਤਕਾਈਆ । ਦਿਤਾ ਦਰਸ ਅਮੋਘੀ, ਮੁਫ਼ਤ ਝੋਲੀ ਦਿਤੀ ਭਰਾਈਆ । ਮੇਲ ਮਿਲਾ ਕੇ ਧੁਰ ਸੰਜੋਗੀ, ਵਿਛੜਿਆਂ ਲੈਣਾ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੋਗ ਲਗਾ ਕੇ ਬਣੇ ਭੋਜੀ, ਭਾਜੀ ਗੁਰਮੁਖਾਂ ਦਏ ਵਰਤਾਈਆ ।


੭੩੮

### ❊ ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਸਾਹਿਬ ਨਹੀਂ ਇਹ ਅੰਕ ਸਹੇਲੀ, ਸਾਹਲ ਆਪਣਾ ਰਿਹਾ ਵਖਾਈਆ । ਸਾਹਿਬ ਨਹੀਂ ਇਹ ਸਚਾ ਮੇਲੀ, ਹਰਿ ਸੰਗਤ ਮੇਲ ਮਿਲਾਈਆ । ਸਾਹਿਬ ਨਹੀਂ ਇਹ ਅੰਤਮ ਬੇਲੀ, ਬੇਲੇ ਜੰਗਲ ਹੋਵੇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਸਾਹਿਬ ਨਹੀਂ ਇਹ ਅੰਗੀਕਾਰ, ਅੰਗ ਅੰਗ ਨਾਲ ਮਿਲਾਈਆ । ਸਾਹਿਬ ਨਹੀਂ ਇਹ ਦੁਖੀਆਂ ਦਾ ਦਿਲਦਾਰ, ਦਰਦੀਆਂ ਦਰਦ ਵੰਡਾਈਆ । ਸਾਹਿਬ ਨਹੀਂ ਇਹ ਪਤਿਤ ਪਾਪੀ ਲਾਏ ਪਾਰ, ਪਤਣ ਬੇੜੇ ਨਾਮ ਚੜ੍ਹਾਈਆ । ਸਾਹਿਬ ਨਹੀਂ ਇਹ ਸਭਨਾਂ ਦਾ ਸੇਵਾਦਾਰ, ਸਿਦਕ

ਸਬੂਰੀ ਨਾਲ ਸੇਵ ਕਮਾਈਆ । ਸਾਹਿਬ ਨਹੀਂ ਇਹ ਸੁੱਤਿਆਂ ਦਾ ਪਹਿਰੇਦਾਰ, ਬੇਖ਼ਬਰਾਂ ਖ਼ਬਰ ਪਹੁੰਚਾਈਆ । ਸਾਹਿਬ ਨਹੀਂ ਇਹ ਸਖ਼ੀਆਂ ਦਾ ਸੁਲਤਾਨ, ਦੀਨ ਦਿਆਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਸਾਹਿਬ ਨਹੀਂ ਦਿਲਦਾਰ ਦਿਲ ਦਾ, ਦਲਿਦ੍ਰੀ ਵੇਖ ਵਖਾਇੰਦਾ । ਸਾਹਿਬ ਨਹੀਂ ਪ੍ਰੀਤਮ ਪਿਆਰਾ ਹੋ ਕੇ ਮਿਲਦਾ, ਮੇਲ ਮਿਲਾਪ ਆਪਣੇ ਹੱਥ ਰਖਾਇੰਦਾ । ਸਾਹਿਬ ਨਹੀਂ ਸ੍ਰੀ ਭਗਵਾਨ ਫਿਰਦਾ ਤੁਰਦਾ, ਮੰਜ਼ਲ ਮੰਜ਼ਲ ਪੰਧ ਚੁਕਾਇੰਦਾ । ਸਾਹਿਬ ਨਹੀਂ ਮਹਿਬੂਬ ਮੁਹੱਬਤ ਵਾਲਾ ਧੁਰ ਦਾ, ਧੁਰ ਮਸਤਕ ਵੇਖ ਵਖਾਇੰਦਾ । ਸਾਹਿਬ ਨਹੀਂ ਖੇਲ ਕਰੇ ਆਪਣੀ ਲੋੜ ਦਾ, ਲੋੜੀਂਦੇ ਸੱਜਣ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਸਾਹਿਬ ਨਹੀਂ ਧੁਰ ਦਾ ਬਾਬਲ, ਪਿਤਾ ਪੂਤ ਵੇਖ ਵਖਾਈਆ । ਸਾਹਿਬ ਨਹੀਂ ਸਈਆ ਸੁੰਦਰ ਸਾਂਵਲ, ਸਖ਼ੀਆਂ ਅੰਗ ਲਗਾਈਆ । ਸਾਹਿਬ ਨਹੀਂ ਸਾਬਤ ਗੁਰਮੁਖ ਵੇਖੇ ਧੁਰ ਦੇ ਕ਼ਾਬਿਲ, ਕ਼ਾਬਲੀਅਤ ਧੁਰ ਦੀ ਝੋਲੀ ਪਾਈਆ । ਸਾਹਿਬ ਨਹੀਂ ਦਰਵੇਸ਼ੀ ਰਾਵਲ, ਰਮਤਾ ਰਮਤਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਰਿਹਾ ਉਠਾਈਆ । ਸਾਹਿਬ ਨਹੀਂ ਦੇਵਣ ਆਇਆ ਸਚ ਸਬੂਤ, ਸਬਬ ਨਾਲ ਮੇਲ ਮਿਲਾਈਆ । ਕਾਇਆ ਦਾ ਕੱਪੜ ਵੇਖ ਕਲਬੂਤ, ਕਰਮ ਕਾਂਡ ਖੋਜ ਖੁਜਾਈਆ । ਉਚ
੭੩੯ ਮੁਨਾਰਾ ਅਰਸ਼ ਫ਼ਰਸ਼ ਅਰੂਜ, ਆਸ਼ਿਸ਼ ਆਤਿਸ਼ ਦਏ ਬੁਝਾਈਆ । ਲੇਖਾ ਜਾਣਾ ਚੜ੍ਹਦਾ ਲਹਿੰਦਾ ਸ਼ਮਾਲ ਜਨੂਬ, ਦਿਸ਼ਾ ਆਪਣੀ ਸੋਭਾ ਪਾਈਆ । ਕ਼ੁਦਰਤ ਦਾ ਕ਼ਾਦਰ ਕਰਨੀ ਦਾ ਕਰਤਾ ਆ ਗਿਆ ਸਚ ਹਦੂਦ, ਮਹਿਰਾਬ ਮੁਹੱਬਤ ਵਾਲੀ ਬਣਾਈਆ । ਜਿਧਰ ਵੇਖੋ ਓਧਰ ਮੌਜੂਦ, ਮਾਜਰਾ ਆਪਣਾ ਰਿਹਾ ਵਖਾਈਆ । ਬਿਨ ਕਰਨੀ ਕਰਤਾ ਰੱਖਣਹਾਰਾ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖਾਂ ਹੋਣ ਨਾ ਦੇਵੇ ਮਹਿਰੂਮ, ਖ਼ਾਲੀ ਹੱਥ ਨਾ ਕੋਇ ਫਿਰਾਈਆ । ਜੁਗ ਜਨਮ ਦੇ ਵਿਛੜੇ ਬੱਚੇ ਨੱਢੇ ਮਾਸੂਮ, ਮਸਤ ਖ਼ੁਮਾਰੀ ਦਏ ਚੜ੍ਹਾਈਆ । ਜਗਤ ਵਿਕਾਰੀ ਤਜ ਹਜੂਮ, ਦੁਨਿਆਵੀ ਦੂਨੀ ਦਿਤੀ ਮਿਟਾਈਆ । ਜਿਸ ਦਾ ਕੋਈ ਪੰਡਤ ਪਾਂਧਾ ਲਾ ਨਾ ਸਕਿਆ ਨਜੂਮ, ਨਜ਼ਮ ਨਸਰ ਵਿਚ ਸਕੇ ਨਾ ਕੋਇ ਗਾਈਆ । ਜਿਸ ਦਾ ਖੇਲ ਨਾਮਾਲੂਮ, ਪੜਦਾ ਨਾ ਕੋਇ ਉਠਾਈਆ । ਜਿਸ ਦਾ ਇਲਮ ਜਾਣੇ ਨਾ ਕੋਈ ਅਲੂਮ, ਆਲਮ ਨਾ ਕੋਇ ਚਤੁਰਾਈਆ । ਜਿਸ ਦਾ ਸਮਝ ਨਾ ਸਕਿਆ ਕੋਇ ਮਜ਼ਮੂਨ, ਮੁਸ਼ਕਲ ਹਲ ਨਾ ਕੋਇ ਕਰਾਈਆ । ਜਿਸ ਦਾ ਤਾਜ਼ੀਰਾਤ ਤੋਂ ਬਾਹਰ ਕ਼ਾਨੂੰਨ, ਕ਼ਲਮਬੰਦ ਨਾ ਕੋਇ ਵਖਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਦੱਸਣਹਾਰਾ ਸਚ ਅਸੂਲ, ਅਸਲੀਅਤ ਰਿਹਾ ਦ੍ਰਿੜਾਈਆ । ਮਾਣਸ ਜਨਮ ਦਾ ਲਏ ਨਾ ਕੋਇ ਮਸੂਲ, ਕਰਾਇਆ ਕ਼ੀਮਤ ਨਾ ਕੋਇ ਰਖਾਈਆ । ਧੁਰ ਦਾ ਹੁਕਮ ਧੁਰ ਦਾ ਰੂਲ, ਸਚ ਸੰਦੇਸ਼ਾ ਇਕ ਸਮਝਾਈਆ । ਜੋ ਭਗਤ ਦਵਾਰੇ ਆਇਆ ਚਲ ਕੇ ਭੂਲ, ਭੁਲਿਆਂ ਗਲੇ ਲਗਾਈਆ । ਸਭ ਦਾ ਪਿਛਲਾ ਲਹਿਣਾ ਹੋਵੇ ਵਸੂਲ, ਵਸੂਲੀ ਬਿਨ ਵਰੰਟਾਂ ਦੇਵੇ ਕਰਾਈਆ । ਲੇਖਾ ਚੁਕਾ ਕੇ ਕ਼ਾਤਲ ਮਕਤੂਲ, ਮਕਤਬ ਇਕੋ ਕਰੇ ਪੜ੍ਹਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਧੂਲ, ਧੁਰ ਦਾ ਟਿੱਕਾ ਦੇਵੇ ਲਗਾਈਆ । ਰੰਗ ਚਾੜ੍ਹ ਕੇ ਨਾਮ ਚਲੂਲ, ਚੋਲੀ ਦਏ ਰੰਗਾਈਆ । ਦਰ ਆਇਆਂ ਜਨ ਭਗਤਾਂ ਕਰੇ ਕ਼ਬੂਲ, ਬਚਿਆ ਕੋਇ ਰਹਿਣ ਨਾ ਪਾਈਆ । ਭਗਤੋ ਤੁਹਾਡੀ ਭਗਤੀ ਸਦਾ ਸਦ ਮਨਜ਼ੂਰ, ਮਨਜ਼ੂਰੀ ਆਪਣੀ ਨਾਲ ਰਲਾਈਆ । ਤੁਹਾਡਾ ਵਕ਼ਤ ਜਾਵੇ ਨਾ ਐਵੇਂ ਫ਼ਜ਼ੂਲ, ਜੋ ਦਰ ਤੇ ਦਰਸ਼ਨ ਪਾਈਆ । ਤੁਸੀਂ ਮੇਰੇ

ਤੇ ਮੈਂ ਤੁਹਾਡਾ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਨਜ਼ਰੀ ਆਈਆ । ਜਨਮ ਜਨਮ ਦੀ ਕਰਨੀ ਦੇ ਬਖ਼ਸ਼ ਕੇ ਕ਼ਸੂਰ, ਤੁਹਾਡੀ ਕਿਸਮਤ ਨਾਲ ਦਿਆਂ ਉਡਾਈਆ । ਮਨ ਮਮਤਾ ਤੋੜ ਗ਼ਰੂਰ, ਸਚ ਨਿਮਰਤਾ ਇਕ ਸਮਝਾਈਆ । ਤੁਹਾਡੇ ਨਾਲ ਮਿਲ ਕੇ ਹੋਵਾਂ ਮਸ਼ਹੂਰ, ਮਸ਼ਵਰਾ ਤੁਹਾਡੇ ਨਾਲ ਰਖਾਈਆ । ਇਕ ਇਕ ਦਾ ਲਹਿਣਾ ਦੇਵਾਂ ਜ਼ਰੂਰ, ਜ਼ਰੂਰਤ ਸਭ ਦੀ ਝੋਲੀ ਪਾਈਆ । ਜਗਤ ਨਾਤਾ ਤੋੜ ਕੇ ਕੂੜ, ਕੂੜੀ ਕਿਰਿਆ ਦਿਆਂ ਮਿਟਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਮੂਹਰੇ ਆਪਣੇ ਲਵਾਂ ਲਗਾਈਆ । ਸੰਤ ਸੁਹੇਲੇ ਮੇਰਾ ਨੂਰ, ਜੋਤੀ ਜੋਤ ਜੋਤ ਜਗਾਈਆ । ਜਿਹੜਾ ਲੱਭਾ ਨਹੀਂ ਕਿਸੇ ਕੋਹਤੂਰ, ਉਹ ਕ਼ੁਦਰਤ ਦਾ ਮਾਲਕ ਕ਼ੁਦਰਤੀ ਗਿਆ ਆਈਆ । ਨਾ ਤੱਤ ਨਾ ਵਜੂਦ, ਅਚਰਜ ਖੇਲ ਰਿਹਾ ਵਖਾਈਆ । ਬਿਨਾਂ ਸਦਿਆਂ ਪੁਛਿਆਂ ਸਦਾ ਤੁਹਾਡੇ ਵਿਚ ਮੌਜੂਦ, ਮਜਲਸ ਅੰਦਰ ਬਾਹਰ ਵਖਾਈਆ । ਭਾਵੇਂ ਲੜ ਫੜ ਕੇ ਮੇਰੇ ਨਾਲ ਕਰਦੇ ਰਹੋ ਖਰੂਦ, ਫਿਰ ਵੀ ਖ਼ੁਸ਼ੀਆਂ ਨਾਲ ਗਲੇ ਲਗਾਈਆ । ਤੁਹਾਡੇ ਨੂਰ ਦਾ ਆਫ਼ਤਾਬ ਨਹੀਂ ਹੋਣਾ ਗ਼ਰੂਬ, ਸੂਰਜ ਮੁਖ ਨਾ ਕੋਇ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਵਡਿਆਈਆ । ਵਡਿਆਈ ਕਹੇ ਮੈਂ ਕਿਹੜੀ ਗੱਲੋਂ ਵੱਡੀ, ਧੁਰ ਦੀ ਧਾਰ ਦੇ ਜਣਾਈਆ । ਮੈਂ ਜੁਗ ਚੌਕੜੀ ਵੇਖੀ ਬੀਤਦੀ ਸਦੀ, ਸਦਾ ਸਦਾ ਸਦ ਆਪਣਾ ਰੂਪ ਵਟਾਈਆ । ਤੇਰੇ ਹੁਕਮ ਸੰਦੇਸ਼ੇ ਅੰਦਰ ਬੱਧੀ, ਜੁਗ ਚੌਕੜੀ ਸੇਵ ਕਮਾਈਆ । ਕੋਟਨ ਕੋਟ ਗੁਰੂ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਹੰਡੌਂਦੇ ਵੇਖੇ ਗੱਦੀ, ਕੋਟਨ ਕੋਟ ਗਦਾਗਰ ਹੋ ਕੇ ਦਰ ਦਰ ਅਲਖ ਜਗਾਈਆ । ਹੇ ਪ੍ਰਭੂ ਤੇਰੇ ਨਾਮ ਦੀ ਸਦਾ ਬਿਨ ਭਗਤਾਂ ਅੰਦਰ ਕਿਸੇ ਨਾ ਵੱਜੀ, ਵਾਜਬ ਹੁਕਮ ਨਾ ਕਿਸੇ ਮਨਾਈਆ । ਮੈਂ ਇਸੇ ਖ਼ੁਸ਼ੀ ਅੰਦਰ ਫਿਰਾਂ ਭੱਜੀ, ਨੱਠਾਂ ਵਾਹੋ ਦਾਹੀਆ । ਜਨ ਭਗਤਾਂ ਸੰਦੇਸ਼ਾ ਦੇਵਾਂ ਗੁਰਮੁਖੋ ਇਹ ਵੇਲਾ ਮਿਲਦਾ ਕਦੀ ਕਦੀ, ਕ਼ਾਦਰ ਕਦਮਾਂ ਜੋੜ ਜੁੜਾਈਆ । ਜਿਸ ਦੀ ਵਧਾਈ ਵਧਾਈਆਂ ਵਿਚੋਂ ਵੱਜੀ, ਵਜਾਵੇ ਬੇਪਰਵਾਹੀਆ । ਵਡਿਆਈ ਕਹੇ ਮੈਂ ਵੇਖ ਕੇ ਖ਼ੁਸ਼ ਹੋਈ ਇਹ ਸੰਗਤ ਓਸੇ ਦੀ ਸੱਦੀ, ਜੋ ਸਦਾ ਸਦਾ ਸਦ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਚੁਕਾਵੇ ਅੱਜੀਂ ਪੱਜੀਂ, ਅੰਞਾਣ ਬਾਲ ਆਪਣਾ ਹੁਕਮ ਮਨਾਈਆ ।

ਸੰਮਤ ਕਹੇ ਮੇਰਾ ਮਾਲਕ ਸ਼ਹਿਨਸ਼ਾਹ, ਤਖ਼ਤ ਨਿਵਾਸੀ ਨੂਰ ਖ਼ੁਦਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਬੇਪਰਵਾਹ, ਜੋਤੀ ਜਾਤਾ ਪੁਰਖ ਬਿਧਾਤਾ ਨੂਰ ਖ਼ੁਦਾਈਆ । ਸਚਖੰਡ ਨਿਵਾਸੀ ਵਸਣਹਾਰਾ ਸਾਚੇ ਥਾਂ, ਮੁਕਾਮੇ ਹਕ ਗਹਿਰ ਗੰਭੀਰ ਬੇਨਜ਼ੀਰ ਸੋਭਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਖੇਲ ਦੋ ਜਹਾਂ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਨਿਰਗੁਣ ਸਰਗੁਣ ਆਤਮ ਪਰਮਾਤਮ ਜੋ ਰਿਹਾ ਖੇਲ ਖਿਲਾ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਜੋ ਰਿਹਾ ਵਸਾ, ਧਰਨੀ ਧਰਤ ਧਵਲ ਜ਼ਿਮੀਂ ਅਸਮਾਨਾਂ ਸੋਭਾ ਪਾਈਆ । ਸ਼ਬਦ ਅਨਾਦ ਬ੍ਰਹਮ ਬ੍ਰਹਿਮਾਦ ਸਾਚਾ ਤਾਲ ਰਿਹਾ ਵਜਾ, ਅਨੁਰਾਗੀ ਆਪਣਾ ਨਾਮ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਰਿਹਾ ਪਰਗਟਾ, ਪਾਰਬ੍ਰਹਮ ਪਤਿਪਰਮੇਸ਼ਵਰ ਅਲਖ ਅਗੋਚਰ ਅਗੰਮ ਅਥਾਹੀਆ । ਜੁਗ ਚੌਕੜੀ ਨਿਤ ਨਵਿਤ ਜੋ ਆਵੇ ਵੇਸ ਵਟਾ, ਕਾਇਆ

੭੪੦

ਮਾਟੀ ਪੰਜ ਤੱਤ ਖ਼ਾਕੀ ਸੋਭਾ ਪਾਈਆ । ਦੀਨ ਦੁਨੀ ਜੋ ਵੇਖਣਹਾਰਾ ਆਪ ਖ਼ੁਦਾ, ਖ਼ਾਲਕ ਖ਼ਲਕ ਮਖ਼ਲੂਕ ਆਪਣਾ ਰੰਗ ਰੰਗਾਈਆ । ਮੰਤਰ ਅੰਤਰ ਜੋ ਨਾਮ ਨਿਧਾਨ ਰਿਹਾ ਸਮਝਾ, ਬੋਧ ਅਗਾਧ ਕਰੇ ਪੜ੍ਹਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਜੋ ਰਿਹਾ ਜਣਾ, ਗ੍ਰੰਥ ਪੰਥ ਦੇਵਣਹਾਰ ਵਡਿਆਈਆ । ਦੀਨ ਮਜ਼੍ਹਬ ਜ਼ਾਤ ਪਾਤ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜੋ ਵੰਡ ਰਿਹਾ ਵੰਡਾ, ਅਲਿਫ਼ ਯੇ ਅੱਖਰਾਂ ਕਰੇ ਪੜ੍ਹਾਈਆ । ਨਵ ਨੌ ਚਾਰ ਜੋ ਖੇਲ ਰਿਹਾ ਖਿਲਾ, ਧੁਰ ਫ਼ਰਮਾਨਾ ਹੁਕਮ ਮਨਾਈਆ । ਜਗਤ ਰੀਤੀ ਸਮਾਜ ਰਿਵਾਜ ਰਿਹਾ ਚਲਾ, ਅਧਿਆਪਕ ਹੋ ਕੇ ਕਰੇ ਪੜ੍ਹਾਈਆ । ਵਾਚਕ ਹੋ ਕੇ ਗਿਆਨ ਰਿਹਾ ਸੁਣਾ, ਧੁਰ ਦਾ ਢੋਲਾ ਧੁਰ ਦੀ ਧਾਰ ਬੰਧਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਗ੍ਰਹਿ ਪਰਦੇ ਰਿਹਾ ਖੁਲ੍ਹਾ, ਦ੍ਰਿਸ਼ਟ ਅਨਦ੍ਰਿਸ਼ਟ ਆਪਣੀ ਕਾਰ ਜਣਾਈਆ । ਜਗਤ ਵਿਦਿਆ ਅੱਖਰਾਂ ਜੋ ਜੋੜ ਰਿਹਾ ਜੁੜਾ, ਲੋਕਮਾਤ ਸੋਭਾ ਪਾਈਆ । ਜੋ ਮਾਟੀ ਖ਼ਾਕੀ ਪੱਥਰ ਪਾਹਨ ਰਿਹਾ ਤਰਾ, ਚਰਨ ਕਵਲ ਉਪਰ ਧਵਲ ਬਖ਼ਸ਼ਣਹਾਰ ਸਰਨਾਈਆ । ਆਦਿ ਜੁਗਾਦਿ ਨਿਤ ਨਵਿਤ ਕੋਟਨ ਕੋਟ ਨਾਮ ਰਿਹਾ ਸਮਝਾ, ਮਨ ਮਤਿ ਬੁਧਿ ਭੇਵ ਅਭੇਦ ਖੁਲ੍ਹਾਈਆ । ਕਾਗ਼ਜ਼ ਕ਼ਲਮ ਸ਼ਾਹੀ ਲੇਖਾ ਰਿਹਾ ਲਿਖਾ, ਤਕਰੀਰ ਤਹਿਰੀਰ ਵਿਚ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਸਰਗੁਣ ਮੁਸਾਫ਼ਰ ਰਿਹਾ ਫਰਾ, ਹੁਕਮੇ ਅੰਦਰ ਹੁਕਮ ਭਵਾਈਆ । ਭਾਵ ਭਵਿਖਤ ਦ੍ਰਿਸ਼ਟ ਅਨਦ੍ਰਿਸ਼ਟ ਰਿਹਾ ਸੁਣਾ, ਅਨਜਾਣਤ ਆਪਣੀ ਸਮਝ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਸੁਲਤਾਨ ਇਕ ਅਖਵਾਈਆ । ਸੰਮਤ ਕਹੇ ਸ਼ਾਹ ਸੁਲਤਾਨ ਮੇਰੇ ਨਾਲ ਸਹਿਮਤ, ਸਤਿਗੁਰ ਦਾਤਾ ਦਇਆ ਕਮਾਈਆ । ਮਿਹਰਵਾਨ ਕਰੇ ਰਹਿਮਤ, ਮਹਿਬੂਬ ਨੂਰ ਖ਼ੁਦਾਈਆ ।

੭੪੧

ਮੂਰਖ ਮੁਗਧ ਕੋਈ ਰਹਿਣ ਨਾ ਦੇਵੇ ਅਹਿਮਕ, ਕੂੜੀ ਕਿਰਿਆ ਖੋਜ ਖੁਜਾਈਆ । ਸ਼ਬਦ ਅਗੰਮੀ ਨਾਮ ਨਿਧਾਨ ਮਾਰੇ ਸੈਨਤ, ਰਾਗ ਨ਼ਗਮਿਆਂ ਵਿਚ ਜਣਾਈਆ । ਲੇਖਾ ਚੁਕਾ ਕੇ ਧੋਤੀ ਟਿੱਕਾ ਬੋਦੀ ਤਹਿਮਤ, ਸਾਚਾ ਬਸਤਰ ਅਸਤਰ ਸ਼ਸਤਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸੰਮਤ ਕਹੇ ਮੇਰਾ ਵਡ ਵਡਭਾਗ, ਪੁਰਖ ਅਕਾਲ ਦੀਨ ਦਿਆਲ ਦਏ ਵਡਿਆਈਆ । ਜਿਸ ਕਲਜੁਗ ਅੰਦਰ ਸਤਿਜੁਗ ਬਦਲ ਕੇ ਰਵਾਜ, ਰਵਾਦਾਰੀ ਕੂੜੀ ਦੇਣੀ ਗਵਾਈਆ । ਲੇਖਾ ਚੁਕਾ ਕੇ ਪੂਜਾ ਪਾਠ ਰੋਜ਼ਾ ਨਿਮਾਜ਼, ਮੰਤਰ ਸਾਚਾ ਦੇਣਾ ਪੜ੍ਹਾਈਆ । ਅੰਤਰ ਆਤਮ ਪਰਦਾ ਖੋਲ੍ਹ ਕੇ ਆਗ਼ਾਜ਼, ਭੇਵ ਅਭੇਦਾ ਦੇਣਾ ਜਣਾਈਆ । ਬਿਨ ਮੱਕੇ ਕਾਅਬਿਉਂ ਹਾਜ਼ੀਆਂ ਕਰਾ ਕੇ ਸਚਾ ਹਾਜ, ਹਜ਼ਰਤ ਹੋ ਕੇ ਹੋਏ ਸਹਾਈਆ । ਸਚ ਇਸ਼ਨਾਨ ਕਰਾਏ ਬਿਨ ਸਰੋਵਰ ਤੀਰਥ ਤਾਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੋੜ ਰਹੇ ਨਾ ਰਾਈਆ । ਚਰਨ ਧੂੜ ਮਜਨ ਕਰਾ ਕੇ ਮਾਘ, ਮਗਰਲੇ ਲੇਖੇ ਦਏ ਮੁਕਾਈਆ । ਅੰਮ੍ਰਿਤ ਰਸ ਪਿਆ ਕੇ ਹੰਸ ਬਣਾਏ ਕਾਗ, ਦੁਰਗੰਧੀ ਸੁਗੰਧੀ ਵਿਚ ਪਰਗਟਾਈਆ । ਆਤਮ ਪਰਮਾਤਮ ਰਚ ਕੇ ਕਾਜ, ਘਰ ਮੰਦਰ ਕਰੇ ਕੁੜਮਾਈਆ । ਸਤਿ ਧਰਮ ਦਾ ਦਸ ਕੇ ਇਕ ਰਵਾਜ, ਸੋਹਣੀ ਸਿਖਿਆ ਦੇਵੇ ਸਮਝਾਈਆ । ਧੁਰ ਦਾ ਢੋਲਾ ਸੁਣਾ ਕੇ ਅਗੰਮੀ ਬਾਤ, ਬਾਤਨ ਪਰਦੇ ਦਏ ਖੁਲ੍ਹਾਈਆ । ਪਤਿਪਰਮੇਸ਼ਵਰ ਕਮਲਾਪਾਤ, ਕਾਮਲ ਮੁਰਸ਼ਦ ਹੋਏ ਸਹਾਈਆ । ਸਾਚਾ ਸਜਦਾ ਦੱਸੇ ਅਦਾਬ, ਨਮੋ ਨਮਸਤੇ ਇਕੋ ਇਕ ਦ੍ਰਿੜਾਈਆ । ਵਸਤ ਅਮੋਲਕ ਦੇਵੇ ਹਾਥ, ਦਸਤ ਬਦਸਤ ਆਪ ਫੜਾਈਆ । ਇਕੋ ਸਿਮਰਨ ਇਕੋ ਪੂਜਾ ਇਕੋ ਪਾਠ, ਪਾਠਸ਼ਾਲਾ ਕਾਇਆ ਮੰਦਰ ਅੰਦਰ ਇਕ ਵਖਾਈਆ । ਇਕੋ ਪਟੀ ਤੁਲਬਾ ਪੜ੍ਹੇ

ਜਮਾਤ, ਵਿਦਿਆਲਾ ਇਕੋ ਦਏ ਵਖਾਈਆ । ਇਕੋ ਰਾਗ ਧੁਨ ਇਕੋ ਆਏ ਆਵਾਜ਼, ਰਸ ਇਕੋ ਇਕ ਵਖਾਈਆ । ਇਕੋ ਪ੍ਰੀਤਮ ਮੋਹਣ ਮਾਧਵ ਮਾਧ, ਮਧੁਰ ਧੁਨ ਇਕ ਜਣਾਈਆ । ਇਕੋ ਪਤਣ ਬੇੜਾ ਚਲਾਏ ਜਹਾਜ਼, ਖੇਵਟ ਖੇਟਾ ਇਕ ਅਖਵਾਈਆ । ਇਕੋ ਸਹਾਈ ਹੋਵੇ ਅਨਾਥਾਂ ਦਾ ਨਾਥ, ਦਾਤਾ ਦਾਨੀ ਬੇਪਰਵਾਹੀਆ । ਇਕੋ ਮੰਦਰ ਜਣਾਏ ਘਾਟ, ਰਹਿਬਰ ਇਕੋ ਨੂਰ ਖ਼ੁਦਾਈਆ । ਇਕੋ ਸੁਆਲ ਇਕੋ ਜਵਾਬ, ਇਕੋ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਮਤ ਦੇਵੇ ਵਡਿਆਈਆ । ਸੰਮਤ ਕਹੇ ਮੇਰਾ ਖੇਲ ਸੁਹਾਨਾ, ਸ਼ਾਹ ਪਾਤਸ਼ਾਹ ਦਏ ਵਡਿਆਈਆ । ਜਨ ਭਗਤੋ ਮੇਰਾ ਪਹਿਲੀ ਵਾਰ ਨਿੱਕਾ ਜਿਹਾ ਬਿਆਨਾ, ਇਕਰਾਰਨਾਮਾ ਤੁਹਾਡੇ ਨਾਲ ਰਖਾਈਆ । ਧੁਰ ਦੇ ਹੁਕਮ ਨਾਲ ਬਦਲ ਦੇਣਾ ਜ਼ਮਾਨਾ, ਜ਼ਾਮਨੀ ਸਭ ਦੀ ਦੇਣੀ ਤੁੜਾਈਆ । ਕੂੜਾ ਰਹਿਣ ਨਹੀਂ ਦੇਣਾ ਨਿਸ਼ਾਨਾ, ਸੱਤ ਰੰਗ ਦਏ ਗਵਾਹੀਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੋਤੀ ਜਾਤਾ ਪਹਿਰਿਆ ਬਾਣਾ, ਬਾਨੀ ਹੋ ਕੇ ਹੋਏ ਸਹਾਈਆ । ਦੀਨ ਮਜ਼੍ਹਬ ਜ਼ਾਤ ਪਾਤ ਟਿੰਡ ਵਿਚ ਰਹਿਣ ਨਹੀਂ ਦੇਣਾ ਕਾਨਾ, ਕਲਮਿਆਂ ਵਾਲਿਆਂ ਕਰੇ ਸਫ਼ਾਈਆ । ਧੁਰ ਸੰਦੇਸ਼ਾ ਦੇਣਾ ਇਕ ਫ਼ਰਮਾਨਾ, ਸ਼ਬਦ ਅਗੰਮਾ ਸਚ ਦ੍ਰਿੜਾਈਆ । ਨੌਜਵਾਨ ਮਰਦ ਮਰਦਾਨ ਖੇਲੇ ਖੇਲ ਦੋ ਜਹਾਨਾਂ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੁਕਮੀ ਹੁਕਮ ਵਰਤਾਏ ਨਿਰਗੁਣ ਸਰਗੁਣ ਹੋ ਪਰਧਾਨਾ, ਪਰਧਾਨਗੀ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਸੰਮਤ ਕਹੇ ਮੇਰੇ ਪ੍ਰਭ ਨੇ ਲੈਣੀ ਨਹੀਂ ਕਿਸੇ ਤੋਂ ਸਲਾਹ, ਸਲਾਹਗੀਰ ਨਾ ਕੋਇ ਬਣਾਈਆ । ਕਿਸੇ ਤੋਂ ਪੁਛਣਾ ਨਹੀਂ ਰਾਹ, ਰਹਿਬਰ ਇਕ ਅਖਵਾਈਆ । ਕਿਸੇ ਦੀ ਪਕੜਨੀ ਨਹੀਂ ਬਾਂਹ, ਸਹਾਰਾ ਨਾ ਕੋਇ ਤਕਾਈਆ । ਜੋ ਕਰਨੀ ਸੋ ਲੈਣੀ ਕਰਾ, ਕਰਾਮਾਤ ਨਾ ਕੋਇ ਵਡਿਆਈਆ । ਜਿਸ ਨੇ ਉਪਜਾਏ ਓਸੇ ਨੇ ਆਪਣੇ ਹੁਕਮੇ ਅੰਦਰ ਲੈਣੇ ਸਮਾਂ, ਸਮਝ ਵਿਚ ਸਮਝੇ ਨਾ ਕੋਇ ਲੋਕਾਈਆ । ਜਿਸ ਦੀ ਖੇਲ ਓਸੇ ਨੇ ਲਈ ਖਿਲਾ, ਵੇਖਣਹਾਰ ਆਪ ਹੋ ਜਾਈਆ । ਜਿਸ ਦੀ ਸਤਾਰ ਓਸੇ ਨੇ ਲੈਣੀ ਵਜਾ, ਰਬਾਬ ਕਾਇਆ ਕੰਧ ਉਠਾਈਆ । ਜਿਸਦਾ ਹਿਸਾਬ ਓਸੇ ਨੇ ਲੈਣਾ ਚੁਕਾ, ਜ਼ੋਰ ਜ਼ਬਰ ਨਾ ਕੋਇ ਵਡਿਆਈਆ । ਜਿਸ ਨੂੰ ਸਾਰੇ ਕਹਿੰਦੇ ਗਏ ਖ਼ੁਦਾ, ਖ਼ੁਦੀ ਸਭ ਦੀ ਦਏ ਮਿਟਾਈਆ । ਭਗਤਾਂ ਨਾਲੋਂ ਹੋਵੇ ਨਾ ਕਦੇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਜਿਨ੍ਹਾਂ ਪਿਛੇ ਸੰਮਤ ਕਹੇ ਮੈਨੂੰ ਦਿਤਾ ਚੜ੍ਹਾ, ਚੜ੍ਹਦਾ ਲਹਿੰਦਾ ਦੋਵੇਂ ਦਏ ਉਠਾਈਆ । ਡਾਢੇ ਨਾਲ ਕੀ ਕੋਈ ਮੱਥਾ ਸਕੇ ਲਾ, ਜੋ ਸਥਰ ਰਿਹਾ ਵਿਛਾਈਆ । ਮਾਛੂਵਾੜਾ ਹੋਇਆ ਗਵਾਹ, ਦਿਨ ਦਿਹਾੜਾ ਸ਼ਹਾਦਤ ਦਏ ਭੁਗਤਾਈਆ । ਜਿਸ ਨੂੰ ਸੂਲਾਂ ਦੀ ਸੇਜ ਦਿਤਾ ਸਵਾ, ਸੋ ਸ਼ਬਦੀ ਜੋਧਾ ਰੂਪ ਵਟਾਈਆ । ਜਿਸ ਦਾ ਕਾਇਦਾ ਕ਼ਾਨੂੰਨ ਕ਼ਲਮ ਲਿਖ ਨਾ ਸਕੇ ਸ਼ਾਹ, ਧਾਰ ਜਗਤ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੰਮਤ ਕਹੇ ਮੈਂ ਹੋਇਆ ਖ਼ੁਸ਼ਹਾਲ, ਖ਼ੁਸ਼ੀ ਖ਼ਾਹਿਸ਼ ਵਿਚੋਂ ਪਰਗਟਾਈਆ । ਪਰਮ ਪੁਰਖ ਪਰਮਾਤਮ ਵੇਖਿਆ ਦਿਆਲ, ਦੀਨ ਦੁਨੀ ਦਾ ਮਾਲਕ ਆਪਣਾ ਰੰਗ ਰੰਗਾਈਆ । ਖ਼ਾਲਕ ਖ਼ਲਕ ਵਿਚ ਖੇਲ ਕਰੇ ਕਮਾਲ, ਜੀਵ ਜੰਤ ਸਮਝ ਕਿਸੇ ਨਾ ਆਈਆ । ਕਾਇਆ ਕਾਅਬਾ ਸਾਚਾ ਮੰਦਰ ਦੱਸ ਕੇ ਸਚੀ ਧਰਮਸਾਲ, ਸਾਢੇ ਤਿੰਨ ਹੱਥ ਦਏ ਵਡਿਆਈਆ । ਜਗਤ ਅਨੋਖੀ ਵਖਰੀ ਚਲ ਕੇ ਚਾਲ, ਚਲਿਤ੍ਰ ਸਭ ਦੇ ਖੋਜ ਖੁਜਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਜ ਤੱਤ ਕੂੜਾ ਡੇਰਾ ਦੇਵੇ ਢਾਹੀਆ । ਜਨ


੭੪੨

ਭਗਤਾਂ ਸੁਰਤ ਸੰਭਾਲ, ਸੁੱਤਿਆਂ ਲਏ ਉਠਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਆਤਮ ਪਰਮਾਤਮ ਇਕੋ ਰੰਗ ਰੰਗਾਈਆ । ਪ੍ਰੇਮ ਪ੍ਰੀਤੀ ਧੁਰ ਦੀ ਸਿਖਿਆ ਇਕ ਸਿਖਾਲ, ਸਤਿ ਸਚ ਕਰੇ ਪੜ੍ਹਾਈਆ । ਨਾਮ ਪਦਾਰਥ ਦੇ ਕੇ ਧਨ ਮਾਲ, ਤਨ ਖ਼ਜ਼ੀਨਾ ਦਏ ਭਰਾਈਆ । ਪਿਛੇ ਤੋਂ ਅਗੇ ਦਾ ਦੱਸ ਅਹਿਵਾਲ, ਹਾਲਤ ਦਏ ਬਦਲਾਈਆ । ਗੁਰਮੁਖ ਬਣਾ ਕੇ ਅਨਮੁਲੜੇ ਲਾਲ, ਹੀਰੇ ਮਾਣਕ ਮੋਤੀ ਦਏ ਪਰਗਟਾਈਆ । ਆਪਣੇ ਕੋਲ ਰਖੇ ਸੰਭਾਲ, ਦੂਸਰ ਹੱਥ ਨਾ ਕਿਸੇ ਫੜਾਈਆ । ਜਨ ਭਗਤਾਂ ਦੀ ਬਣ ਕੇ ਤਲਵਾਰ ਢਾਲ, ਅਗੇ ਪਿਛੇ ਹੋਏ ਸਹਾਈਆ । ਨੇੜੇ ਪੋਹ ਨਾ ਸਕੇ ਕਾਲ, ਮਹਾਂਕਾਲ ਨੈਣ ਸ਼ਰਮਾਈਆ । ਦੂਤੀ ਦੁਸ਼ਮਣ ਦੀ ਕੀ ਮਜਾਲ, ਸਿਰ ਸਕੇ ਨਾ ਕੋਇ ਉਠਾਈਆ । ਜਹਾਂ ਤਹਾਂ ਕਰੇ ਪ੍ਰਿਤਪਾਲ, ਹੋਵੇ ਆਪ ਸਹਾਈਆ । ਜਿਸ ਨੇ ਜੁਗ ਜਨਮ ਦੇ ਵਿਛੜੇ ਲਏ ਭਾਲ, ਚੁਰਾਸੀ ਵਿਚੋਂ ਲਏ ਉਠਾਈਆ । ਉਹ ਅੰਦਰ ਬਾਹਰ ਸਦਾ ਨਾਲ, ਵਿਛੋੜਾ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਸੰਮਤ ਕਹੇ ਮੈਂ ਆਇਆ ਪਹਿਲੀ ਵਾਰ, ਲੋਕਮਾਤ ਨਾਉਂ ਪਰਗਟਾਈਆ । ਸਮਾਂ ਬੀਤਿਆ ਨੌਂ ਨਵ ਚਾਰ, ਜੁਗ ਚੌਕੜੀ ਪੰਧ ਮੁਕਾਈਆ । ਰਾਹ ਤਕਦੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਅੱਖ ਖੁਲ੍ਹਾਈਆ । ਮੰਗਾਂ ਮੰਗਦੇ ਗਏ ਬਣ ਭਿਖਾਰ, ਝੋਲੀ ਆਪਣੀ ਪਲੂ ਡਾਹੀਆ । ਕਵਣ ਵੇਲਾ ਸਖ਼ਾਵਤ ਕਰੇ ਪਰਵਰਦਿਗਾਰ, ਹਕ਼ੀਕਤ ਹਕ ਦਏ ਵਰਤਾਈਆ । ਇਹ ਖੇਲ ਸਭ ਦੀ ਤਾਕ਼ਤ ਤੋਂ ਬਾਹਰ, ਜ਼ੋਰਾਵਰ ਨਾ ਕੋਇ ਸਮਝਾਈਆ । ਸ਼ਬਦ ਅਗੰਮੀ ਨਾਲ ਕਰਦਾ ਰਿਹਾ ਗੁਫ਼ਤਾਰ, ਗੁਫ਼ਤ ਸ਼ਨੀਦ ਕਰੇ ਸ਼ਨਵਾਈਆ । ਕਿਸੇ ਨੂੰ ਦੱਸਿਆ ਸਾਂਝਾ ਯਾਰ, ਕਿਸੇ ਨੂੰ ਘਟ ਘਟ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸੰਮਤ ਕਹੇ ਮੈਨੂੰ ਚਾਓ ਘਨੇਰਾ, ਚਾਰ ਕੁੰਟ ਵੱਜੇ ਵਧਾਈਆ । ਪੁਰਖ ਅਕਾਲ ਸਚ ਵਸਾਇਆ ਖੇੜਾ, ਕਾਇਆ ਮੰਦਰ ਸੋਭਾ ਪਾਈਆ । ਭਗਤਾਂ ਦੇ ਅੰਦਰ ਲਾਇਆ ਡੇਰਾ, ਸਚ ਸਿੰਘਾਸਣ ਵੱਜੀ ਵਧਾਈਆ । ਨਾਤਾ ਜੋੜ ਕੇ ਤੇਰਾ ਮੇਰਾ, ਆਤਮ ਪਰਮਾਤਮ ਗੰਢ ਪਵਾਈਆ । ਅੰਦਰੋਂ ਚੁੱਕਕੇ ਕੂੜ ਅੰਧੇਰਾ, ਸਤਿ ਨੂਰ ਕਰੇ ਰੁਸ਼ਨਾਈਆ । ਇਸ ਖੇਲ ਨੂੰ ਸਮਝੇ ਕਿਹੜਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਅਗੇ ਹੋਰ ਨਾ ਕਿਸੇ ਵਰਤਾਈਆ । ਇਸੇ ਕਰ ਕੇ ਮਨ ਮਤਿ ਪਿਆ ਝੇੜਾ, ਬੁੱਧੀ ਨਾ ਕੋਇ ਵਡਿਆਈਆ । ਦੀਨ ਮਜ਼੍ਹਬ ਕਰ ਸਕੇ ਨਾ ਕੋਇ ਨਬੇੜਾ, ਪੰਡਤ ਪਾਂਧਾ ਮੁੱਲਾ ਸ਼ੇਖ਼ ਮੁਸਾਇਕ ਕ਼ਾਜ਼ੀ ਗ੍ਰੰਥੀ ਪੰਥੀ ਸਮਝ ਨਾ ਕੋਇ ਪਾਈਆ । ਜਿਨ੍ਹਾਂ ਦੇ ਉਪਰ ਸਾਹਿਬ ਸਵਾਮੀ ਅੰਤਰਜਾਮੀ ਹਰਿ ਠਾਕਰ ਕਰੇ ਮਿਹਰਾ, ਮਿਹਰ ਨਜ਼ਰ ਉਠਾਈਆ । ਉਹ ਬਿਨ ਕਲਮਿਉਂ ਬਿਨ ਪੂਜਾ ਪਾਠ ਚੁਕਾ ਲੈਣ ਅੰਦਰੋਂ ਝੇੜਾ, ਝਗੜਾ ਦਵੈਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਦਇਆ ਕਮਾਈਆ । ਸੰਮਤ ਕਹੇ ਮੈਨੂੰ ਮਿਲ ਗਈ ਟੇਕ, ਜਨ ਭਗਤਾਂ ਦਿਆਂ ਜਣਾਈਆ । ਜੇਠ ਤਪਿਆ ਸਭ ਜਗ ਕਹੇ ਤੁਸੀਂ ਬੁੱਧੀ ਕਰੋ ਬਿਬੇਕ, ਹਉਮੇ ਹੰਗਤਾ ਦੂਰ ਕਰਾਈਆ । ਤਨ ਮਾਟੀ ਕੂੜੀ ਕਿਰਿਆ ਲੱਗੇ ਨਾ ਸੇਕ, ਅਗਨੀ ਅੱਗ ਨਾ ਕੋਇ ਜਲਾਈਆ । ਜੇ ਕਿਸੇ ਨੂੰ ਅੰਦਰੋਂ ਲੱਭਿਆ ਨਹੀਂ ਪਿਛੇ ਭੇਤ, ਅਗੇ ਸਹਿਜੇ ਦਿਆਂ ਸਮਝਾਈਆ । ਖ਼ੁਸ਼ੀਆਂ ਨਾਲ ਵੇਖੋ ਓਸ ਪ੍ਰਭੂ ਦੀ ਖੇਡ, ਜੋ ਖੰਡੇ ਖੜਗ ਰਿਹਾ ਚਮਕਾਈਆ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਭੇਜ, ਭਜਨ ਬੰਦਗੀ ਇਕ ਸਮਝਾਈਆ । ਉਹ ਤੁਹਾਡੀ ਆਤਮ ਦੀ ਮਾਣੇ ਸੇਜ, ਸੱਜਣ ਹੋ ਕੇ ਅੰਗ ਲਗਾਈਆ । ਬਿਨ

ਅੱਖਾਂ ਤੋਂ ਰਿਹਾ ਵੇਖ, ਬਿਨ ਲੋਚਨ ਰਿਹਾ ਮਿਲਾਈਆ । ਜਿਸ ਨੂੰ ਸਮਝ ਨਾ ਸਕੇ ਚਾਰੇ ਵੇਦ, ਬ੍ਰਹਮੇ ਨਾ ਕੋਇ ਵਡਿਆਈਆ । ਜਿਸ ਦਾ ਲਿਖ ਨਾ ਸਕਿਆ ਕੋਈ ਲੇਖ, ਗੁਰ ਅਵਤਾਰ ਬੇਅੰਤ ਬੇਅੰਤ ਕਹਿ ਕੇ ਪਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਕਰ ਵਖਾਈਆ । ਸੰਮਤ ਕਹੇ ਮੇਰਾ ਸੰਦੇਸ਼ਾ ਸੁਣ ਲਉ ਯਾਰ, ਯਰਾਨਾ ਕੱਚਾ ਨਾ ਕੋਇ ਲਗਾਈਆ । ਜੇ ਕਰਨਾ ਤੇ ਸਚਾ ਪਿਆਰ, ਪ੍ਰੀਤੀ ਪ੍ਰੇਮ ਨਾਲ ਰਖਾਈਆ । ਮਤਲਬ ਵਿਚ ਨਾ ਬਣਿਉਂ ਖ਼ਿਦਮਤਗਾਰ, ਕੂੜੀ ਆਸ ਨਾ ਕੋਇ ਰਖਾਈਆ । ਇਹ ਜਗਤ ਵਣਜਾਰਿਆਂ ਵਾਲਾ ਨਹੀਂ ਹੁਦਾਰ, ਸੌਦਾ ਹੱਟ ਨਾ ਕੋਇ ਚੁਕਾਈਆ । ਇਹ ਲਹਿਣਾ ਦੇਣਾ ਮੀਤ ਮੁਰਾਰ, ਹਰਿ ਕਰਤਾ ਰਿਹਾ ਜਣਾਈਆ । ਜਿਸ ਨੇ ਜੀਉਂਦਿਆਂ ਕੂੜਾ ਛਡਣਾ ਸੰਸਾਰ, ਸੋ ਮੇਰੇ ਅੰਗਣ ਬਹਿ ਕੇ ਖ਼ੁਸ਼ੀ ਮਨਾਈਆ । ਲੋਕ ਲਜਿਆ ਦਿਤੀ ਮਾਰ, ਅਭਿਮਾਨ ਰੂਪ ਨਾ ਕੋਇ ਵਟਾਈਆ । ਸੰਸਾਰੀਆਂ ਦਾ ਰਹਿਣਾ ਨਹੀਂ ਠੇਕੇਦਾਰ, ਠੋਕਰ ਠਾਕਰ ਰਿਹਾ ਲਗਾਈਆ । ਸਮਝੌਣ ਵਾਸਤੇ ਕੰਧਾਂ ਉਤੇ ਲੌਣੇ ਨਹੀਂ ਕੋਈ ਇਸ਼ਤਿਹਾਰ, ਤੁਹਾਡੇ ਅੰਦਰ ਕਰਨੀ ਪੜ੍ਹਾਈਆ । ਸਾਚੀ ਮੰਜ਼ਲ ਦੱਸ ਕੇ ਉਚ ਮਨਾਰ, ਨਾਮ ਪੌੜੇ ਦੇਣਾ ਚੜ੍ਹਾਈਆ । ਜਿਸ ਨੂੰ ਚੰਗਾ ਨਾ ਲਗੇ ਇਹ ਵਿਹਾਰ, ਉਹ ਬੇਸ਼ਕ ਉਠ ਕੇ ਦੇਵੇ ਸੁਣਾਈਆ । ਜਿਨ੍ਹਾਂ ਹੁਕਮ ਨੂੰ ਕਹਿਣਾ ਉਹ ਖ਼ੁਸ਼ੀ ਨਾਲ ਨਿਕਲ ਜਾਏ ਬਾਹਰ, ਬਾਹਰ ਗਏ ਨੂੰ ਫੇਰ ਨਾ ਕੋਇ ਪਰਤਾਈਆ । ਇਹ ਪਰਖਣ ਵਾਲਾ ਨਹੀਂ ਕੋਈ ਸੁਨਿਆਰ, ਜੋ ਕਸਵਟੀ ਉਤੇ ਰਗੜ ਦੇਵੇ ਲਗਾਈਆ । ਇਸ ਦੇ ਕੋਲ ਉਹ ਅਗੰਮੀ ਹਥਿਆਰ, ਜਿਸ ਦੇ ਉਤੇ ਮੋਹਰ ਕਿਸੇ ਨਾ ਲਾਈਆ । ਜਿਹੜਾ ਅੰਦਰੇ ਅੰਦਰ ਮਾਰੇ ਮਾਰ, ਤਿੱਖੀ ਦੋਹਰੀ ਧਾਰ ਜਣਾਈਆ । ਸਚ ਪੁਛੋ ਤੇ ਅਗੇ ਸੱਜਣ ਰਹਿ ਜਾਣੇ ਸਚੇ ਯਾਰ, ਕੂੜਿਆਂ ਨਾਲੋਂ ਯਰਾਨੇ ਲੈਣੇ ਤੁੜਾਈਆ । ਇਹ ਵੀ ਸਤਾਰਾਂ ਹਾੜ ਤਕ ਉਧਾਰ, ਅਗੇ ਕ਼ਸਮ ਖਾ ਕੇ ਕਰਾਂ ਜੁਦਾਈਆ । ਭਾਵੇਂ ਨੌ ਖੰਡ ਪ੍ਰਿਥਮੀ ਵਿਚੋਂ ਗੁਰਮੁਖ ਰਹਿ ਜਾਣ ਦੋ ਚਾਰ, ਬਹੁਤਿਆਂ ਦੀ ਲੋੜ ਰਹੇ ਨਾ ਰਾਈਆ । ਉਹ ਮੇਰਾ ਨੈਣ ਸ਼ਿੰਗਾਰ, ਮੈਂ ਸ਼ਮਅ ਦਿਆਂ ਜਗਾਈਆ । ਵੇਖਿਉਂ ਭੁਲ ਕੇ ਕੂੜਾ ਨਾ ਕਰਿਉ ਇਤਬਾਰ, ਯਕੀਨ ਨਾਲ ਦਿਆਂ ਦ੍ਰਿੜਾਈਆ । ਕੋਈ ਲੋੜ ਨਹੀਂ ਕਾਗਾਂ ਦੀ ਰਹੇ ਡਾਰ, ਗੁਰਮੁਖ ਹੰਸ ਲੈਣੇ ਪਰਗਟਾਈਆ । ਜਿਹੜਾ ਗੁਰਸਿੱਖ ਗੁਰਸਿੱਖ ਨਾਲ ਕਰੇ ਖਾਰ, ਗ਼ੁੱਸੇ ਵਿਚ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਮੁਕਾਈਆ । ਸੰਮਤ ਕਹੇ ਮੈਂ ਕਿਉਂ ਆਇਆ ਜਗ, ਜਾਗਰਤ ਰੂਪ ਦਿਆਂ ਵਖਾਈਆ । ਸਚ ਦਵਾਰੇ ਪਰਗਟ ਹੋ ਕੇ ਗਿਆ ਸਜ, ਸੱਜਣ ਇਕੋ ਲਿਆ ਬਣਾਈਆ । ਵੇਖੋ ਜਿਸ ਤਰਾ ਮੈਂ ਪਿਛਲੇ ਦਿਤੇ ਛੱਡ, ਅਗੇ ਇਕੋ ਪੁਰਖ ਅਕਾਲ ਮਨਾਈਆ । ਜਗਤ ਜਹਾਨ ਨਾਲੋਂ ਹੋ ਕੇ ਅੱਡ, ਵਖਰੀ ਧਾਰ ਬਣਾਈਆ । ਸਮਾਂ ਸਮਾਂ ਮੇਰੇ ਵੇਂਹਦਿਆਂ ਵੇਂਹਦਿਆਂ ਗਿਆ ਲੰਘ, ਅੰਤਮ ਮੇਰੀ ਵਾਰੀ ਆਈਆ । ਮੈਂ ਕੋਟਨ ਕੋਟ ਵੇਖੇ ਬਗਲੇ ਬਪ, ਹੰਸ ਮਾਣਕ ਮੋਤੀ ਚੋਗ ਵਿਰਲਾ ਮੁਖ ਰਖਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਕਿਸੇ ਲੌਣ ਨਹੀਂ ਦੇਣਾ ਅਜ ਪਜ, ਝੂਠਾ ਮਕਰ ਫ਼ਰੇਬ ਨਾ ਕੋਇ ਬਣਾਈਆ । ਕੂੜ ਕੁੜਿਆਰੇ ਸਾਰੇ ਦੇਣੇ ਛਡ, ਛੁਟਕਾਰਾ ਲੈਣਾ ਪਾਈਆ । ਜਿਹੜੇ ਮੇਰੇ ਪ੍ਰਭੂ ਤੋਂ ਹੋਏ ਅੱਡ, ਮੈਂ ਵਖਰੇ ਡੇਰੇ ਦੇਣੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੁਕਮ ਨਾਲ ਦ੍ਰਿੜਾਈਆ । ਸੰਮਤ ਕਹੇ ਸਮਝ ਲਉ ਵੇਲਾ, ਵਲੀਆਂ ਦਾ ਵਲੀ ਰਿਹਾ ਜਣਾਈਆ । ਲੇਖਾ ਚੁਕ ਜਾਏ ਗੁਰੂ ਚੇਲਾ, ਚੇਲਾ ਗੁਰੂ ਸਮਝ ਨਾ ਰਾਈਆ । ਪੁਰਖ ਅਬਿਨਾਸ਼ੀ

ਕਰੇ ਕਰਾਏ ਖੇਲ ਨਵੇਲਾ, ਨਿਰਗੁਣ ਨਿਰੰਕਾਰ ਬੇਪਰਵਾਹੀਆ । ਅੰਮ੍ਰਿਤ ਰਸ ਅੰਮ੍ਰਿਤ ਫਲ ਇਕੋ ਵਾਰ ਰਸ ਖਾਣਾ ਕੇਲਾ, ਕ੍ਰਿੱਲਤ ਅਗਲੀ ਰਹੇ ਨਾ ਰਾਈਆ । ਕੋਟਨ ਕੋਟ ਜਨਮ ਭਰਮਦਿਆਂ ਪ੍ਰਭ ਨਾਲ ਹੋਇਆ ਮੇਲਾ, ਮਿਲਣੀ ਦੀ ਲੋੜ ਰਹੀ ਨਾ ਰਾਈਆ । ਠਾਕਰ ਮਿਲਿਆ ਸੱਜਣ ਸੁਹੇਲਾ, ਜਿਸ ਨੂੰ ਸਾਰੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੰਮਤ ਕਹੇ ਜਨ ਭਗਤੋ ਬਣ ਜਾਓ ਹੰਸ, ਝੂਠੀ ਹਸਤੀ ਦਿਉ ਮਿਟਾਈਆ । ਤੁਸੀਂ ਓਸ ਪ੍ਰਭੂ ਦਾ ਬਣ ਜਾਓ ਬੰਸ, ਜਿਸ ਬੰਸਰੀ ਵਾਲੇ ਕਾਹਨ ਸੇਵਾ ਲਾਈਆ । ਜਿਸ ਨੂੰ ਸੀਸ ਨਿਵੌਂਦੇ ਫਨਿੰਦਰ ਮੁਖ ਸਹੰਸ, ਦੋ ਸਹੰਸਰ ਜਿਹਵਾ ਢੋਲਾ ਗਾਈਆ । ਤੁਸੀਂ ਓਸ ਦੀ ਸਾਚੀ ਅੰਸ, ਜੋ ਅਸਲ ਰੂਪ ਆਤਮਾ ਹੋ ਕੇ ਤੁਹਾਡੇ ਅੰਦਰ ਡੇਰਾ ਲਾਈਆ । ਜਿਸ ਨੇ ਆਦਿ ਬਣਾਈ ਬਣਤ, ਅੰਤਮ ਦੇਵੇ ਵਡਿਆਈਆ । ਸੋ ਸਵਾਮੀ ਸਚਾ ਕੰਤ, ਗਹਿਰ ਗੰਭੀਰ ਅਖਵਾਈਆ । ਜਿਸ ਦਾ ਸੋਹੰ ਢੋਲਾ ਮੰਤ, ਤੂੰ ਮੇਰਾ ਮੈਂ ਤੇਰਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਵਖਾਈਆ । ਸੰਮਤ ਕਹੇ ਮੇਰਾ ਹੁਕਮ ਅਖ਼ੀਰੀ, ਆਖ਼ਰ ਦਿਆਂ ਜਣਾਈਆ । ਜਿਸ ਪੈਗ਼ੰਬਰਾਂ ਦੀ ਰਹਿਣ ਨਹੀਂ ਦਿਤੀ ਪੀਰੀ, ਮੀਰੀ ਦਿਤੀ ਬਦਲਾਈਆ । ਜਿਸ ਸ਼ਰਅ ਦੀ ਰਹਿਣ ਨਹੀਂ ਦਿਤੀ ਜ਼ੰਜੀਰੀ, ਸੰਗਲ ਦਿਤੇ ਤੁੜਾਈਆ । ਜਿਸ ਦਾ ਖੇਲ ਬੇਨਜ਼ੀਰੀ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਕੋਈ ਨਾ ਸਮਝਿਉ ਇਹ ਖੇਲ ਹੋਇਆ ਤਕਦੀਰੀ, ਕ਼ੁਦਰਤ ਦਾ ਮਾਲਕ ਹੋ ਕੇ ਆਪਣਾ ਹੁਕਮ ਵਰਤਾਈਆ । ਅਗੇ ਔਝੜ ਰਾਹ ਗਲੀ ਦਿਸੇ ਭੀੜੀ, ਪਾਰ ਕਿਨਾਰਾ ਨਾ ਕੋਇ ਕਰਾਈਆ । ਕਿਸੇ ਕੰਮ ਨਾ ਔਣੀ ਸ਼ਹਿਨਸ਼ਾਹੀ ਅਮੀਰੀ, ਮਾਇਆ ਮਮਤਾ ਸੰਗ ਨਾ ਕੋਇ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹਿਜ ਸਹਿਜ ਰਿਹਾ ਸਮਝਾਈਆ । ਸੰਮਤ ਕਹੇ ਮੈਨੂੰ ਮਿਲਿਆ ਇਕ ਫ਼ਰਮਾਨ, ਜਨ ਭਗਤੋ ਦਿਆਂ ਦ੍ਰਿੜਾਈਆ । ਸੰਦੇਸ਼ਾ ਦੇਵੇ ਸ੍ਰੀ ਭਗਵਾਨ, ਭਾਗਾਂ ਵਾਲਿਆਂ ਹੁਕਮ ਸੁਣਾਈਆ । ਗੁਰਮੁਖ ਰਹੇ ਨਾ ਕੋਈ ਅੰਞਾਣ, ਬਾਲੀ ਬੁਧ ਸੁਧ ਦਿਆਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਨਿਵਾਸੀ ਤਖ਼ਤਾ ਦੁਨੀਆ ਵੇਖ ਵਖਾਈਆ । ਸੰਮਤ ਕਹੇ ਪ੍ਰਭ ਦਾ ਹੁਕਮ ਵੇਖਿਓ ਸਖ਼ਤਾ, ਸਖ਼ੀਆਂ ਵਾਲੀ ਰਾਸ ਰਹਿਣ ਨਾ ਪਾਈਆ । ਕੂੜੀ ਕਿਰਿਆ ਬੰਨ੍ਹਣਾ ਬਸਤਾ, ਅਗੇ ਸਕੇ ਨਾ ਕੋਇ ਖੁਲ੍ਹਾਈਆ । ਸ੍ਰਿਸ਼ਟੀ ਹਾਲ ਹੋਣਾ ਖ਼ਸਤਾ, ਖ਼ੁਸਰਿਆਂ ਵਾਂਗ ਸਰਬ ਨਚਾਈਆ । ਮਾਰਗ ਮਿਲੇ ਨਾ ਕਿਸੇ ਰਸਤਾ, ਰੁੱਠੇ ਬੇਪਰਵਾਹੀਆ । ਸਾਚਾ ਨਾਮ ਜਿਨ੍ਹਾਂ ਕੀਤਾ ਸਸਤਾ, ਲੁੱਟੇ ਜਾਣ ਥਾਉਂ ਥਾਈਆ । ਸਾਚੀ ਕਿਸੇ ਕੋਲ ਰਹੇ ਨਾ ਵਸਤਾ, ਸ਼ਾਹ ਕੰਗਾਲ ਰੂਪ ਬਦਲਾਈਆ । ਸ਼ਾਹੀ ਫ਼ੌਜ ਨਾ ਕੋਈ ਦਸਤਾ, ਚਾਰੋਂ ਕੁੰਟ ਰਹੀ ਕੁਰਲਾਈਆ । ਖੇੜਾ ਰਹੇ ਨਾ ਕੋਈ ਵਸਦਾ, ਵਸਤੀ ਸੋਭਾ ਨਾ ਕੋਇ ਸੁਹਾਈਆ । ਮਨਮੁਖ ਰਹੇ ਕੋਈ ਨਾ ਹਸਦਾ, ਨੇਤਰ ਰੋਵਣ ਮਾਰਨ ਧਾਈਆ । ਜੋ ਢੋਲਾ ਗਾਵੇ ਪ੍ਰਭੂ ਦੇ ਜਸ ਦਾ, ਜਸ ਵੇਦ ਪੁਰਾਨ ਤਜਾਈਆ । ਉਹ ਨਜ਼ਾਰਾ ਵੇਖੇ ਓਸ ਅਲਖ ਦਾ, ਜੋ ਸਭ ਦੇ ਲੇਖੇ ਰਿਹਾ ਮਿਟਾਈਆ । ਇਸ਼ਾਰਾ ਤਕੇ ਓਸ ਪ੍ਰੇਮੀ ਦੀ ਅੱਖ ਦਾ, ਜੋ ਅੰਦਰੇ ਅੰਦਰ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਵਸਦਾ, ਵਸੇਰਾ ਆਪਣੇ ਨਾਲ ਮਿਲਾਈਆ । ਸੰਮਤ ਕਹੇ ਮੇਰੀ ਉਠਦੀ ਵੇਖੋ ਨਵੀਂ ਜਵਾਨੀ, ਨੌਜਵਾਨਾਂ ਦਿਆਂ ਦ੍ਰਿੜਾਈਆ । ਮੇਰੇ ਪ੍ਰਭੂ ਦੀ ਵੇਖੋ ਨਿਸ਼ਾਨੀ, ਜੋ ਨਿਸ਼ਾਨੇ ਘਰ ਘਰ ਰਿਹਾ ਲਗਾਈਆ । ਵਿਦਿਆ ਵਾਲਿਆਂ ਦੀ


੭੪੫

ਕੋਈ ਨਾ ਰਹੇ ਵਿਦਵਾਨੀ, ਵਾਧਲ ਹੋ ਕੇ ਕਰਨ ਲੜਾਈਆ । ਬੁੱਧੀਵਾਨਾਂ ਦੀ ਬੁੱਧੀ ਹੋਵੇ ਪਰੇਸ਼ਾਨੀ, ਸਾਂਤਕ ਸਤਿ ਨਾ ਕੋਇ ਵਖਾਈਆ । ਸ਼ਾਹ ਸੁਲਤਾਨਾਂ ਅੰਦਰ ਵੜ ਕੇ ਬੇਈਮਾਨੀ, ਮੂਰਖ ਮੁਗਧ ਦਏ ਬਣਾਈਆ । ਕੂੜੀ ਖ਼ਾਹਿਸ਼ ਨਾਲ ਦੇਵਣ ਕੁਰਬਾਨੀ, ਨਾਮ ਸ਼ਹੀਦੀ ਨਜ਼ਰ ਕਿਸੇ ਨਾ ਆਈਆ । ਰਾਏ ਧਰਮ ਦੇ ਘਰ ਸਾਰੇ ਖਾਣ ਮਹਿਮਾਨੀ, ਸ਼ੈਤਾਨੀ ਭਾਜੀ ਦਏ ਵਰਤਾਈਆ । ਹੁਣ ਅਗੇ ਦਾਅਵਾ ਮੂਲ ਨਹੀਂ ਰਹਿਣਾ ਦੀਵਾਨੀ, ਝਗੜਾ ਛੇਤੀ ਦਏ ਚੁਕਾਈਆ । ਆਪਣੇ ਨਾਮ ਦੀ ਹੋਣ ਨਾ ਦਏ ਬਦਨਾਮੀ, ਬੁੱਧੀਮਾਨੀ ਦੇ ਅੱਡੇ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਦ੍ਰਿੜਾਈਆ । ਸੰਮਤ ਕਹੇ ਮੇਰੇ ਨਾਲ ਪਿਛਲੇ ਕਰਨ ਆਏ ਸਮਝੌਤਾ, ਹੌਲੀ ਹੌਲੀ ਰਹੇ ਜਣਾਈਆ । ਸਾਡਾ ਸਮਾਂ ਨਹੀਂ ਬੀਤਿਆ ਬਹੁਤਾ, ਸਦੀ ਵੀਹਵੀਂ ਦਏ ਗਵਾਹੀਆ । ਸਾਨੂੰ ਅੰਦਰੋਂ ਆਵੇ ਹੌਕਾ, ਸੰਸੇ ਨਾਲ ਰਹੇ ਜਣਾਈਆ । ਅਸਾਂ ਘਰ ਘਰ ਝਗੜਾ ਪਾਇਆ ਪ੍ਰਭ ਕੇ ਨਾਉਂ ਦਾ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਖੇੜਾ ਬਣਾਇਆ ਹਉਮੇ ਹੰਗਤਾ ਹਉਂ ਕਾ, ਹੰ ਬ੍ਰਹਮ ਨਾ ਕੋਇ ਸਮਝਾਈਆ । ਬ੍ਰਾਹਮਣਾਂ ਦਾ ਸਾਫ਼ ਹੋਣ ਨਾ ਦਿਤਾ ਚੌਂਕਾ, ਗਾਏ ਗੋਬਰ ਪੋਚ ਪੁਚਾਈਆ । ਕਲਮੇ ਵਾਲਾ ਅਗੇ ਕੋਈ ਨਾ ਪਹੁੰਚਾ, ਮਿੱਟੀ ਖ਼ਾਕੀ ਸਜਦਿਆਂ ਵਿਚ ਸੀਸ ਨਿਵਾਈਆ । ਪਾਠਾਂ ਮੰਤਰਾਂ ਵਾਲਾ ਵੇਖਿਆ ਔਂਤਾ, ਆਪਣਾ ਘਰ ਨਾ ਸਕਿਆ ਵਸਾਈਆ । ਸਾਚਾ ਖ਼ਸਮ ਕਿਸੇ ਨੂੰ ਮਿਲਣ ਨਾ ਦਿਤਾ ਖੌਂਤਾ, ਨਾਰ ਦੁਹਾਗਣ ਸ੍ਰਿਸ਼ਟੀ ਨਜ਼ਰੀ ਆਈਆ । ਕਿਥੇ ਗੋਬਿੰਦ ਦਾ ਛੇਤੀ ਨਾਲ ਮੁਕ ਗਿਆ ਢਈਏ ਵਾਲਾ ਢੌਂਕਾ, ਜਿਸ ਆਪਣੀ ਆਪ ਲਈ ਅੰਗੜਾਈਆ । ਜੋ ਛਡ ਕੇ ਗਿਆ ਪਟਨਾ ਪੌਂਟਾ, ਲੇਖਾ ਗੋਦਾਵਰੀ ਨਾਲ ਮੁਕਾਈਆ । ਸੋ ਲੈ ਕੇ ਆ ਗਿਆ ਨਈਆ ਨਾਮ ਨੌਕਾ, ਖੇਵਟ ਖੇਟਾ ਬੇਪਰਵਾਹੀਆ । ਜਿਸ ਨੇ ਭਗਤਾਂ ਗੁਰਮੁਖਾਂ ਦਾ ਫੜਿਆ ਆ ਕੇ ਪੌਂਚਾ, ਹੱਥ ਗੁਟ ਨਾਲ ਬੰਧਾਈਆ । ਝਗੜਾ ਚੁਕਾਇਆ ਮਨ ਵਾਸਨਾ ਖੋਟੀ ਕਾਉਂ ਕਾ, ਸਾਚੀ ਕਰਨੀ ਦਿਤੀ ਜਣਾਈਆ । ਭੇਵ ਚੁਕਾ ਕੇ ਹਉਮੇ ਹਉਂ ਕਾ, ਹਮ ਸਾਜਣ ਲਿਆ ਮਿਲਾਈਆ । ਮਤਲਬ ਜਾਣ ਕੇ ਆਪਣੇ ਗਊਂ ਕਾ, ਗੁਰਮੁਖ ਆਪਣੀ ਗੋਦ ਬਹਾਈਆ । ਲਹਿਣਾ ਚੁਕਾਵਣ ਆਇਆ ਸਾਚੀ ਮਾਉਂ ਕਾ, ਮਾਇਆ ਮਮਤਾ ਕੂੜ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਈਆ । ਸੰਮਤ ਕਹੇ ਮੇਰਾ ਲੇਖਾ ਹੋਇਆ ਸ਼ੁਰੂ, ਸ਼ਰਅ ਦੇਵਾਂ ਬਦਲਾਈਆ । ਝੂਠਾ ਰਹਿਣ ਨਹੀਂ ਦੇਣਾ ਕੋਈ ਗੁਰੂ, ਗ਼ਰੀਬ ਨਿਵਾਜ਼ ਦਿਆਂ ਮਿਲਾਈਆ । ਜਗਤ ਮਿਸਾਲ ਮੱਛੀ ਪੱਥਰ ਚਟਕੇ ਮੁੜੂ, ਆਪਣਾ ਸੀਸ ਠੋਕਰ ਨਾਲ ਭੰਨਾਈਆ । ਸੰਮਤ ਕਹੇ ਮੇਰਾ ਸਾਹਿਬ ਸਵਾਮੀ ਪੁਰਖ ਅਕਾਲ ਦੀਨ ਦਿਆਲ ਮੇਰੇ ਨਾਲ ਮੇਰਾ ਮਾਲਕ ਹੋ ਕੇ ਤੁਰੂ, ਧਰਮੀ ਸੰਗ ਨਿਭਾਈਆ । ਮੰਜ਼ਲ ਚੋਟੀ ਜਨ ਭਗਤਾਂ ਅੰਦਰ ਮੈਂ ਆਪਣੀ ਮੰਜ਼ਲ ਚੜੂੰ, ਪਾਂਧੀ ਹੋ ਕੇ ਪੰਧ ਮੁਕਾਈਆ । ਸੁਰਤ ਸਵਾਣੀ ਸਾਚੀ ਫੜੂੰ, ਆਪਣਾ ਬਲ ਧਰਾਈਆ । ਦਰ ਦਰਵਾਜ਼ੇ ਅਗੇ ਖੜੂੰ, ਅਲਖ ਨਾਅਰਾ ਇਕ ਲਗਾਈਆ । ਓਸੇ ਨੂੰ ਜ਼ਰੂਰ ਵਰੂੰ, ਜਿਸ ਦਾ ਵਰ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਰਿਹਾ ਬਣਾਈਆ । ਸੰਮਤ ਕਹੇ ਮੈਂ ਭਗਤਾਂ ਦੀ ਕਰਾਂ ਰੀਝਾ, ਸਾਚਾ ਸਾਹਿਬ ਦਿਆਂ ਮਿਲਾਈਆ । ਕੋਈ ਰਹਿਣ ਨਾ ਦੇਵਾਂ ਚਾਚਾ ਭਤੀਜਾ, ਪਿਤਾ ਪੂਤ ਦਿਆਂ ਬਣਾਈਆ । ਬਿਨਾ ਪੁਰਖ ਅਕਾਲ ਦੇ ਰਹੇ ਕੋਈ ਨਾ ਤੀਜਾ, ਜੋ ਕਹੇ ਤੀਜੇ ਨੈਣ ਕਰਾਂ ਰੁਸ਼ਨਾਈਆ । ਇਕੋ ਬਾਬਲ ਤੇ ਇਕੋ ਪਿਆਰਾ ਸਭ ਦਾ ਗੀਗਾ, ਦੂਜੀ

ਵੰਡ ਨਾ ਕੋਇ ਵੰਡਾਈਆ । ਗੁਰਮੁਖ ਵੇਖਾਂ ਸਚ ਅਜ਼ੀਜ਼ਾ, ਆਜਜ਼ਾਂ ਆਪਣੀ ਗੋਦ ਉਠਾਈਆ । ਅੰਦਰੋਂ ਬਖ਼ਸ਼ ਕੇ ਸਚ ਤਮੀਜ਼ਾ , ਤਮਅ ਦਿਆਂ ਬਦਲਾਈਆ । ਸਭ ਦੀ ਝੋਲੀ ਪਾਵਾਂ ਸਭ ਦਾ ਕੀਤਾ, ਵੇਖਾਂ ਥਾਉਂ ਥਾਈਂਆ । ਜਿਸ ਦਾ ਚੰਦਨ ਨਾਲ ਤਪਿਆ ਅੰਗੀਠਾ, ਅਗਨੀ ਅੱਗ ਅਗਲਾ ਰੂਪ ਬਦਲਾਈਆ । ਸੋ ਬਖ਼ਸ਼ਣਹਾਰਾ ਸਚ ਪ੍ਰੀਤਾ, ਪਤਿਪਰਮੇਸ਼ਵਰ ਰਿਹਾ ਮਿਲਾਈਆ । ਗੁਰਮੁਖੋ ਤੁਹਾਡਾ ਲੇਖਾ ਚੁਕਾ ਦਏ ਪਿਛਲਾ ਬੀਤਾ, ਅਗੇ ਠਾਂਡਾ ਸੀਤਾ ਆਪ ਕਰਾਈਆ । ਕੋਈ ਲੋੜ ਰਹੇ ਨਾ ਪੜ੍ਹਨ ਦੀ ਗੀਤਾ, ਪੂਜਾ ਪਾਠ ਇਕੋ ਦਏ ਦ੍ਰਿੜ੍ਹਾਈਆ । ਜਨ ਭਗਤੋ ਤੁਹਾਡਾ ਸ੍ਰੀ ਭਗਵਾਨ ਬਣਿਆ ਆਪ ਵਸੀਕਾ, ਵਸੀਅਤ ਤੁਹਾਡੇ ਨਾਮ ਦੀ ਦਏ ਲਿਖਾਈਆ । ਤੁਹਾਨੂੰ ਕਿਸੇ ਦੇ ਕੋਲੋਂ ਮੰਗਣੀ ਪਏ ਨਾ ਭੀਖਾ, ਭਿਛਿਆ ਵਾਸਤੇ ਝੋਲੀ ਨਾ ਅਗੇ ਡਾਹੀਆ । ਤੁਹਾਡੇ ਅੰਦਰ ਆਪਣੀ ਕਿਰਪਾ ਦਾ ਰਖ ਦੇਵਾਂ ਸਭ ਕੁਛ ਕੀਤਾ, ਕਰਨੀ ਦੀ ਕਰਨੀ ਦਿਆਂ ਮੁਕਾਈਆ । ਜੇ ਪ੍ਰਭ ਨੂੰ ਮਿਲਿਆਂ ਫੇਰ ਵੀ ਪੂਰੀ ਹੋਏ ਨਾ ਰੀਝਾ, ਮਨ ਮਨਸਾ ਨਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਨ ਵੇਖੇ ਥਾਉਂ ਥਾਈਂਆ । ਸੰਮਤ ਕਹੇ ਸਾਰੇ ਲਿਓ ਸੋਚ, ਸਚ ਸਚ ਦਿਆਂ ਸਮਝਾਈਆ । ਆਲ੍ਹਣਿਉਂ ਡਿੱਗੇ ਕੋਈ ਨਾ ਚੁੱਕੇ ਬੋਟ, ਸਚ ਦਵਾਰੇ ਨਾ ਕੋਇ ਫੇਰ ਪਹੁੰਚਾਈਆ । ਲੱਖ ਚੁਰਾਸੀ ਜਨਮ ਭੋਗਣੇ ਪੈਂਦੇ ਕੋਟਨ ਕੋਟ, ਅੰਡਜ ਜੇਰਜ ਉਤਭੁਜ ਸੇਤਜ ਰੂਪ ਵਟਾਈਆ । ਬਿਨਾ ਸਤਿਗੁਰੂ ਦੇ ਚਰਨਾਂ ਮਿਲਦੀ ਕਿਤੇ ਨਾ ਮੌਜ, ਸ਼ਾਹ ਪਾਤਸ਼ਾਹ ਰੋਂਦੇ ਮਾਰਨ ਸਾਰੇ ਧਾਈਆ । ਸਾਰੇ ਆਪਣੀ ਟਿਕਾਣੇ ਕਰ ਲਓ ਹੋਸ਼, ਹੋਛੀ ਮਤਿ ਦਿਓ ਗਵਾਈਆ । ਬਿਨਾ ਪ੍ਰੇਮ ਤੋਂ ਕਿਸੇ ਕੰਮ ਨਹੀਂ ਔਂਦਾ ਜੋਸ਼, ਕਰੋਧ ਕੂੜ ਕਿਰਿਆ ਹਲਕਾਈਆ । ਜਿਹੜਾ ਇੱਕੀ ਸਾਲ ਨਿਰਗੁਣ ਹੋ ਕੇ

ਬੈਠਾ ਰਿਹਾ ਖ਼ਾਮੋਸ਼, ਅਗੇ ਖ਼ਾਹ ਮਖ਼ਾਹ ਸਭ ਨੂੰ ਦਏ ਸਮਝਾਈਆ । ਇਸ ਦਾ ਮਿੱਟੀ ਵਾਲਾ ਤਨ ਨਾ ਸਮਝਿਓ ਪੋਸ਼, ਪੋਸ਼ੀਦਾ ਹੋ ਕੇ ਆਪਣਾ ਹੁਕਮ ਵਰਤਾਈਆ । ਫੇਰ ਕਿਸੇ ਨੂੰ ਦਿਓ ਨਾ ਕੋਈ ਦੋਸ਼, ਤੁਹਾਡੇ ਸਾਮਣੇ ਸਭ ਦੀ ਕੀਤੀ ਸਭ ਨੂੰ ਦਏ ਭੁਗਤਾਈਆ । ਜਨ ਭਗਤਾਂ ਨਾਮ ਖ਼ੁਮਾਰੀ ਦੇ ਕਰੇ ਮਦਹੋਸ਼, ਮਧੁਰ ਆਪਣੀ ਧੁਨ ਸੁਣਾਈਆ । ਇਹ ਕੋਈ ਯਾਰੀ ਨਹੀਂ ਆਸ਼ਕ ਮਾਸ਼ੂਕ ਸੱਸੀ ਪੁਨੂੰ ਵਾਲੀ ਬਲੋਚ, ਜੋ ਰੇਗਸਤਾਨਾਂ ਵਿਚ ਕੁਰਲਾਈਆ । ਜਿਥੇ ਕੋਈ ਨਹੀਂ ਸਕਦਾ ਪਹੁੰਚ, ਓਥੇ ਪੁਜ ਕੇ ਤੁਹਾਨੂੰ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਹੋਏ ਸਹਾਈਆ । ਸੰਮਤ ਕਹੇ ਮੈਂ ਪ੍ਰਭ ਨੂੰ ਕਹਿਣਾ ਜਗਾ ਦੇ ਸ਼ਮਅ, ਦੀਪਕ ਸਚ ਕਰ ਰੁਸ਼ਨਾਈਆ । ਖ਼ੁਸ਼ੀ ਵਿਚ ਬਦਲਾ ਦੇ ਗ਼ਮਾ, ਗ਼ਮੀ ਦੇ ਮਿਟਾਈਆ । ਆਪਣੇ ਪ੍ਰੇਮ ਦੀ ਦੇ ਤਮਅ, ਲਾਲਚ ਮੁਹੱਬਤ ਵਾਲਾ ਜਣਾਈਆ । ਚਰਨ ਪ੍ਰੀਤੀ ਲਾ ਲੈ ਤਮਾ, ਸਚ ਸੇਵ ਕਮਾਈਆ । ਮਾਤ ਪਿਤ ਬਣ ਜਾ ਸਾਚੀ ਅੰਮਾਂ, ਗੋਦੜੀ ਗੋਦ ਉਠਾਈਆ । ਜੇ ਪ੍ਰਭੂ ਮੈਨੂੰ ਕੀਤਾ ਲੋਕਮਾਤ ਰਵਾਂ, ਰਹਿਬਰ ਹੋ ਕੇ ਹੋ ਸਹਾਈਆ । ਮੈਂ ਤੇਰਾ ਭਾਣਾ ਸਹਵਾਂ, ਸਿਰ ਆਪਣਾ ਹੱਥ ਟਿਕਾਈਆ । ਤੇਰੀ ਚਰਨੀ ਬਹਵਾਂ, ਦੂਜਾ ਨਜ਼ਰ ਨਾ ਕੋਇ ਉਠਾਈਆ । ਜਨ ਭਗਤਾਂ ਨੂੰ ਸਚ ਸਚ ਕਹਵਾਂ, ਧੁਰ ਸੰਦੇਸ਼ਾ ਇਕ ਸੁਣਾਈਆ । ਪ੍ਰਭ ਦੇ ਦਵਾਰੇ ਕਦੇ ਲੋੜ ਨਹੀਂ ਹੁੰਦੀ ਬਹੁਤੇ ਹੋਣ ਜਮਾਂ, ਥੋੜ੍ਹਿਆਂ ਨੂੰ ਬਹੁਤਿਆਂ ਵਿਚ ਦੇਵੇ ਵਡਿਆਈਆ । ਇਹ ਸੰਮਤ ਸਭ ਤੋਂ ਵਖਰਾ ਤੇ ਸਭ ਤੋਂ ਨਵਾਂ, ਨਵੇਂ ਨਰੋਏ ਗੁਰਮੁਖਾਂ ਦਏ ਬਣਾਈਆ । ਜਿਸ ਨੂੰ ਸਮਝ ਨਾ ਸਕੇ ਕੋਈ ਹਮਾਂ ਤੁਮਾਂ, ਹਮ ਸਾਜਣ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਦੀ ਹੋ ਕੇ ਦਰਦ ਰਿਹਾ

ਵੰਡਾਈਆ । ਸੰਮਤ ਕਹੇ ਮੈਂ ਬੜਾ ਚਾਲਾਕ, ਆਪਣੀ ਚਾਲ ਨਾ ਕਿਸੇ ਦ੍ਰਿੜਾਈਆ । ਪਹਿਲੋਂ ਚਲਾਕਾਂ ਨੂੰ ਕਰ ਕੇ ਖ਼ਾਕ, ਖ਼ਾਕ ਦਿਆਂ ਮਿਲਾਈਆ । ਭਗਤਾਂ ਦਾ ਖੋਲ੍ਹ ਕੇ ਤਾਕ, ਤਾਕਤਵਰ ਦਿਆਂ ਵਖਾਈਆ । ਮਨਮੁਖਾਂ ਨਾਲੋਂ ਤੋੜ ਕੇ ਸਾਕ, ਸੱਜਣ ਇਕੋ ਲਵਾਂ ਬਣਾਈਆ । ਭਗਤਾਂ ਨੂੰ ਦੇਵਾਂ ਆਖ, ਆਖ਼ਰ ਕਰਾਂ ਪੜ੍ਹਾਈਆ । ਸਚ ਪੁਛੋ ਤੇ ਅਜੇ ਇਕੋ ਮਹੀਨਾ ਲੰਘਿਆ ਵਿਸਾਖ, ਵਸਦੇ ਸਾਰੇ ਦੇਣ ਦੁਹਾਈਆ । ਜਿਸ ਵੇਲੇ ਇਕ ਦੇ ਦਿਤੀ ਥਾਪ, ਸ਼ੰਕਰ ਦਿਤਾ ਸਮਝਾਈਆ । ਫੇਰ ਕੋਈ ਰਹਿਣ ਨਹੀਂ ਦੇਣਾ ਗੁਸਤਾਖ, ਗ਼ੁੱਸਿਆਂ ਵਾਲੇ ਦੇਣੇ ਮਿਟਾਈਆ । ਉਹਨਾਂ ਨੂੰ ਕਰਨਾ ਮੁਆਫ਼, ਜੋ ਮੌਕੇ ਸਿਰ ਆਪਣਾ ਵੇਲਾ ਲੈਣ ਬਚਾਈਆ । ਸੰਮਤ ਕਹੇ ਮੈਨੂੰ ਐਂ ਰਹੀ ਭਾਖ, ਭਾਖੜਾ ਦਏ ਦੁਹਾਈਆ । ਲਹਿਰ ਦੀ ਵਜਣੀ ਠਾਠ, ਤਟ ਦੇਣੇ ਵਹਾਈਆ । ਇਹ ਵੀ ਖੇਲ ਹੋਣਾ ਪਹਿਰ ਆਠ, ਅੱਠਾ ਤੱਤਾਂ ਹੋਏ ਜੁਦਾਈਆ । ਕਿਸੇ ਨੂੰ ਲੱਭੇ ਨਾ ਲਕੜੀ ਕਾਠ, ਅਗਨੀ ਭੇਟ ਨਾ ਕੋਇ ਕਰਾਈਆ । ਫੇਰ ਭੁਲੇ ਪਿਛਲਾ ਪਾਠ, ਪੂਜਾ ਦੇਣ ਤਜਾਈਆ । ਇਕੋ ਪੁਰਖ ਅਕਾਲ ਆਵੇ ਯਾਦ, ਜੋ ਡੁਬਦਿਆਂ ਲਏ ਤਰਾਈਆ । ਜਿੰਨਾਂ ਚਿਰ ਵਸਦੇ ਨਾ ਹੋਏ ਬਰਬਾਦ, ਓਨਾਂ ਚਿਰ ਆਵਾਜ਼ ਇਕ ਨਾ ਕੋਇ ਸੁਣਾਈਆ । ਸੰਮਤ ਕਹੇ ਮੈਨੂੰ ਚਾ ਮੇਰਾ ਛੇਤੀ ਚਲੇ ਰਾਜ, ਰਸਤਾ ਇਕੋ ਦਏ ਵਖਾਈਆ । ਧਰਮੀਆਂ ਦਾ ਧਰਮ ਨਾਲ ਹੋਵੇ ਕਾਜ, ਕੁਕਰਮੀਆਂ ਨੂੰ ਕਰਮਾਂ ਦੀ ਧਾਰ ਅੰਦਰ ਦਏ ਰੁੜ੍ਹਾਈਆ । ਇਕੋ ਨਾਹਰਾ ਸੁਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੀਸ ਸੁਹੰਜਣਾ ਵੇਖਾਂ ਤਾਜ, ਤਖ਼ਤ ਨਿਵਾਸੀ ਦਇਆ ਕਮਾਈਆ । ਸੰਮਤ ਕਹੇ ਥੋੜ੍ਹਾ ਜਿਹਾ ਝਗੜਾ ਛਿੜਨ ਵਾਲਾ ਵਿਚ ਬਗ਼ਦਾਦ, ਬਗ਼ਲਗੀਰ ਹੋ ਕੇ ਸੰਗ ਨਿਭਾਈਆ । ਅਗੇ ਕੁਛ ਪਰਦੇ ਵਾਲਾ ਰਾਜ਼, ਡਰਦਿਆਂ ਹੋਰ ਨਾ ਕੋਇ ਡਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੇ ਭਗਤਾਂ ਦਾ ਬੇੜਾ ਚਲਾ ਨਾ ਸਕਿਆ ਜਹਾਜ਼, ਫੇਰ ਗੁਰੂ ਮਹਾਰਾਜ ਨਹੀਂ ਬਦਮਾਸ਼ਾਂ ਦਾ ਬਦਮਾਸ਼ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਸਾਜਣ ਰਿਹਾ ਸਾਜ, ਸਾਜਣ ਹੋ ਕੇ ਸਹਿਜ ਸੁਭਾਈਆ ।



੭੪੮

### ❊ ੨ ਜੇਠ ਸ਼ਹਿਨਸ਼ਾਹੀ ਸੰਮਤ ੧ ਹਜ਼ਾਰਾ ਸਿੰਘ ਦੇ ਗ੍ਰਿਹ ਪਿੰਡ ਛੀਨੇ ਜਸਤਰਵਾਲ ਜ਼ਿਲਾ ਅੰਮ੍ਰਿਤਸਰ ❊

ਸ਼ਹਿਨਸ਼ਾਹੀ ਸੰਮਤ ਕਹੇ ਮੇਰਾ ਵਕਤ ਸੁਹੇਲਾ ਚੰਗਾ, ਕ਼ੁਦਰਤ ਦੇ ਕ਼ਾਦਰ ਪੁਰਖ ਅਕਾਲ ਦਿਤੀ ਵਡਿਆਈਆ । ਸਚ ਸੰਦੇਸ਼ਾ ਨਾਮ ਨਿਧਾਨ ਦਿਤਾ ਖੰਡਾਂ ਬ੍ਰਹਿਮੰਡਾਂ, ਪੁਰੀ ਲੋਅ ਆਕਾਸ਼ ਪਾਤਾਲ ਦਿਤਾ ਦ੍ਰਿੜਾਈਆ । ਗੁਣ ਨਿਧਾਨ ਗਹਿਰ ਗੰਭੀਰ ਬੇਨਜ਼ੀਰ ਸਤਿ ਸਚ ਵਜਾ ਮਰਦੰਗਾ, ਦੋ ਜਹਾਨ ਨੌਜਵਾਨ ਦਿਤਾ ਉਠਾਈਆ । ਕ਼ੁਦਰਤ ਦੇ ਮਾਲਕ ਕਰਨੀ ਦੇ ਕਰਤੇ ਕਲਜੁਗ ਵੇਖ ਕੇ ਅੰਤਮ ਕੰਢਾ, ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਖੋਜ ਖੁਜਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਾਮ ਨਿਧਾਨ ਸ੍ਰੀ ਭਗਵਾਨ ਸੁਣਾ ਕੇ ਧੁਰ ਦਾ ਛੰਦਾ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਦਿਤਾ ਪਰਗਟਾਈਆ । ਕਾਇਆ ਮਾਟੀ ਅੰਦਰ ਘਰ ਵਿਚ ਘਰ ਬਜਰ ਕਪਾਟੀ ਤੋੜ ਕੇ ਜੰਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਦੀਨ ਦਿਆਲ ਠਾਕਰ ਸਵਾਮੀ ਬਣ ਕੇ ਬਖ਼ਸ਼ੰਦਾ, ਧੁਰ ਦੀ ਰਹਿਮਤ ਰਾਮ ਰਹੀਮ ਆਪ ਕਮਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਬਣਾ ਕੇ ਬੰਦਾ, ਬੰਦੀਖ਼ਾਨਿਉਂ ਲਏ ਛੁਡਾਈਆ । ਆਤਮ ਪਰਮਾਤਮ ਨੂਰੀ ਜੋਤ ਚਾੜ੍ਹ ਕੇ ਚੰਦਾ, ਨਿਜ ਘਰ ਵਾਸੀ ਪੁਰਖ ਅਬਿਨਾਸ਼ੀ ਅੰਧ ਅੰਧੇਰਾ ਦਏ

ਮਿਟਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸ਼ਨਾ ਕੱਢਕੇ ਗੰਦਾ, ਸਤਿ ਸਚ ਦਏ ਪਰਗਟਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਰਹੇ ਨਾ ਵੰਡਾ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਅੰਤਰ ਆਤਮ ਸਚ ਸਰੋਵਰ ਨਿਜ ਘਰ ਦੇਵੇ ਸਚ ਅਨੰਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੇਖਾ ਰਿਹਾ ਮੁਕਾਈਆ । ਭਗਤ ਸੁਹੇਲਾ ਇਕ ਅਕੇਲਾ ਏਕੰਕਾਰਾ ਹਰਿ ਨਿਰੰਕਾਰਾ ਸਾਚੀ ਮੰਜ਼ਲ ਪੌੜੀ ਚੜ੍ਹਾ ਕੇ ਡੰਡਾ, ਥਿਰ ਘਰ ਵਾਸੀ ਮੁਕਾਮੇ ਹਕ ਦਏ ਬਹਾਈਆ । ਕਲਜੁਗ ਕੂੜ ਕੁੜਿਆਰ ਜਨ ਭਗਤਾਂ ਨਾਲ ਕਰੇ ਕੋਈ ਨਾ ਦੰਗਾ, ਠਗ ਚੋਰ ਯਾਰ ਨੇੜ ਕੋਇ ਨਾ ਆਈਆ । ਪੁਰਖ ਅਕਾਲ ਸਾਹਿਬ ਸੁਲਤਾਨ ਸਤਿ ਸਚ ਪਰਗਟਾ ਕੇ ਖੰਡਾ, ਤਿੱਖੀ ਧਾਰ ਦਏ ਵਖਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਨਿਰਗੁਣ ਸਰਗੁਣ ਲਾਵਣਹਾਰਾ ਅੰਗਾ, ਅੰਗੀਕਾਰ ਇਕ ਹੋ ਜਾਈਆ । ਭੇਵ ਅਭੇਦ ਅਛਲ ਅਛੇਦ ਪਰਦਾ ਲਾਹ ਕੇ ਹੰ ਬ੍ਰਹਮਾ, ਨਿਜ ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਆਤਮ ਦਰਸੀ ਜੋਤੀ ਜਾਤਾ ਪੁਰਖ ਬਿਧਾਤਾ ਨੂਰ ਨੁਰਾਨਾ ਸਾਚਾ ਚਾੜ੍ਹ ਕੇ ਚੰਦਾ, ਰਵ ਸਸ ਨੈਣ ਰਹੇ ਸ਼ਰਮਾਈਆ । ਨਾੜ ਬਹੱਤਰ ਤਨ ਰਬਾਬ ਵਜਾ ਮਰਦੰਗਾ, ਸਚ ਸੁਰੰਗਾ ਇਕ ਜਣਾਈਆ । ਜੋਧਾ ਸੂਰਬੀਰ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬਣ ਸੂਰਾ ਸਰਬੰਗਾ, ਬਲਧਾਰੀ ਆਪਣਾ ਹੁਕਮ ਵਰਤਾਈਆ । ਦੀਨ ਦਿਆਲ ਸਰਬ ਕਿਰਪਾਲ ਆਦਿ ਜੁਗਾਦਿ ਬਣ ਬਖ਼ਸ਼ੰਦਾ, ਵਸਤ ਅਮੋਲਕ ਕਾਇਆ ਗੋਲਕ ਨਾਮ ਨਿਰਬਾਨ ਝੋਲੀ ਪਾਈਆ । ਕੂੜ ਕੁੜਿਆਰ ਮੇਟ ਸੰਸਾਰ ਲਹਿਣਾ ਦੇਣਾ ਚੁਕਾ ਕੇ ਭੇਖ ਪਖੰਡਾ, ਮਾਇਆ ਮਮਤਾ ਰਿਹਾ ਮਿਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਸੁਣਾਵੇ ਏਕੋ ਛੰਦਾ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਈਆ । ਹਰਿ ਕਾ ਸੰਮਤ ਕਹੇ ਮੇਰਾ ਵੱਜੇ ਸਚ ਨਗਾਰਾ, ਨੌਬਤ ਨਾਮ ਦਿਆਂ ਜਣਾਈਆ । ਸ਼ਬਦੀ ਸੁਤ ਹੋਇਆ ਖ਼ਬਰਦਾਰਾ, ਥਿਰ ਘਰ ਵਾਸੀ ਲਈ ਅੰਗੜਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਕਰੋੜ ਤੇਤੀਸਾ ਸੁਰਪਤ ਇੰਦ ਨੇਤਰ ਨੈਣ ਅੱਖ ਖੁਲ੍ਹਾਈਆ । ਗਣ ਗੰਧਰਬ ਉਚੀ ਕੂਕਣ ਕਰਨ ਪੁਕਾਰਾ, ਦੂਰ ਦੁਰਾਡੇ ਤੂੰ ਹੀ ਤੂੰ ਹੀ ਰਾਗ ਅਲਾਈਆ । ਤ੍ਰੈਗੁਣ ਮਾਇਆ ਪੰਜ ਤਤ ਨਿਰਗੁਣ ਸਰਗੁਣ ਲੱਗਾ ਵੇਖੇ ਅਖਾੜਾ, ਲੱਖ ਚੁਰਾਸੀ ਅੰਡਜ ਜੇਰਜ ਉਤਭੁਜ ਸੇਤਜ ਨਾਚ ਵਖਾਈਆ । ਭੇਵ ਅਭੇਦਾ ਅਛਲ ਅਛੇਦਾ ਖੋਲ੍ਹਣਹਾਰਾ, ਪੀਰ ਪੈਗ਼ੰਬਰ ਗੁਰ ਅਵਤਾਰ ਭਗਤ ਭਗਵਾਨ ਪਰਦਾ ਰਿਹਾ ਉਠਾਈਆ । ਸੰਤ ਸਾਜਣ ਦੱਸਣਹਾਰਾ ਅੰਤਰ ਆਤਮ ਇਕ ਨਜ਼ਾਰਾ, ਬੇਨਜ਼ੀਰ ਨਜ਼ਰ ਆਪਣੀ ਇਕ ਉਠਾਈਆ । ਗੁਰਮੁਖਾਂ ਗੁਰ ਗੁਰ ਰੂਪ ਖੋਲ੍ਹਣਹਾਰਾ ਬੰਦ ਕਿਵਾੜਾ, ਗ੍ਰਿਹ ਮੰਦਰ ਪਰਦਾ ਦਏ ਉਠਾਈਆ । ਗੁਰਸਿੱਖਾਂ ਚਰਨ ਪ੍ਰੀਤੀ ਦੇਵਣਹਾਰ ਸਹਾਰਾ, ਸਾਹਿਬ ਸਮਰਥ ਸਿਰ ਆਪਣਾ ਹੱਥ ਟਿਕਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਨਹਾਰਾ ਪਾਰ ਕਿਨਾਰਾ, ਪੂਰਬ ਲਹਿਣਾ ਲੇਖਾ ਸਭ ਦੀ ਝੋਲੀ ਪਾਈਆ । ਸ਼ਬਦ ਅਗੰਮੀ ਬਿਨ ਰਸਨਾ ਜਿਹਵਾ ਬੱਤੀ ਦੰਦ ਬੋਲਣਹਾਰ ਜੈਕਾਰਾ, ਧੁਨ ਅਨਾਦੀ ਆਪ ਪਰਗਟਾਈਆ । ਕਾਗਜ਼ ਕਲਮ ਸ਼ਾਹੀ ਕਾਤਬ ਬਣ ਕੇ ਨਿਤ ਨਵਿਤ ਲੇਖਾ ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਏਥੇ ਓਥੇ ਦੋ ਜਹਾਨ ਝੁਲਾਵਣਹਾਰਾ ਸਚ ਨਿਸ਼ਾਨਾ, ਮਰਦ ਮਰਦਾਨਾ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਜੋਤ ਸਰੂਪੀ ਪਹਿਰ ਕੇ ਬਾਣਾ, ਬਾਣੀ ਬਾਣ ਨਿਰਾਲਾ ਅਣਿਆਲਾ ਤੀਰ ਚਲਾਈਆ । ਲੱਖ

ਚੁਰਾਸੀ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਗੁਰੂ ਅਵਤਾਰ ਪੀਰ ਪੈਗ਼ੰਬਰ ਮੰਨਣਾ ਪਏ ਭਾਣਾ, ਜੋਧਾ ਸੂਰਬੀਰ ਰਾਜ ਰਾਜਾਨ, ਸੀਸ ਨਾ ਕੋਈ ਉਠਾਈਆ । ਰਾਓ ਰੰਕ ਸਾਨੀ ਦਿਸੇ ਨਾ ਕੋਇ ਰਜਵਾੜਾ, ਨੇਤਰ ਲੋਚਣ ਨੈਣ ਅੱਖ ਪਰਤਖ ਨਾ ਕੋਇ ਕਰਾਈਆ । ਹੁਕਮੇ ਅੰਦਰ ਹੁਕਮ ਵਰਤੇ ਸਚ ਨਿਰੰਕਾਰਾ, ਸਰਗੁਣ ਮੇਟ ਨਾ ਸਕੇ ਰਾਈਆ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ੀ ਭੂਪਤ ਭੂਪ ਹੋਏ ਉਜਿਆਰਾ, ਪਰਵਰਦਿਗਾਰ ਸਾਂਝਾ ਯਾਰ ਜਲਵਾ ਨੂਰ ਨੁਰਾਨਾ ਇਕ ਖ਼ੁਦਾਈਆ । ਚਾਰ ਕੁੰਟ ਦਹਿ ਦਿਸ਼ਾ ਵਜਾਵਣਹਾਰਾ ਇਕ ਨਗਾਰਾ, ਢੋਲ ਮਰਦੰਗ ਧੁਰ ਦਾ ਨਾਦ ਜਣਾਈਆ । ਗੀਤ ਗੋਬਿੰਦ ਗਹਿਰ ਗੰਭੀਰ ਪ੍ਰੇਮ ਪ੍ਰੀਤੀ ਅੰਦਰ ਗਾਵਣਹਾਰਾ, ਸਾਚਾ ਸੋਹਲਾ ਧੁਰ ਦਾ ਢੋਲਾ ਨਾਮ ਅਮੋਲਾ ਸੋਹੰ ਸਤਿ ਜਣਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੱਸਣਹਾਰਾ ਇਕ ਕਿਨਾਰਾ, ਨਈਆ ਨੌਕਾ ਨਾਮ ਖੇਵਟ ਖੇਟਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ । ਸੰਮਤ ਕਹੇ ਮੇਰੀ ਚਲੇ ਅਵੱਲੜੀ ਚਾਲ, ਅਚਲ ਆਪਣਾ ਖੇਲ ਖਿਲਾਈਆ । ਸ੍ਰਿਸ਼ਟ ਸਬਾਈ ਦ੍ਰਿਸ਼ਟੀ ਇਸ਼ਟੀ ਵੇਖਾਂ ਹਾਲ, ਹਾਲਤ ਸਭ ਦੀ ਖੋਜ ਖੁਜਾਈਆ । ਪੰਜ ਤੱਤ ਕਾਇਆ ਮਾਟੀ ਖ਼ਾਕੀ ਸਭ ਦੇ ਸਿਰ ਤੇ ਕੂਕੇ ਕਾਲ, ਸਚ ਨਗਾਰਾ ਰਿਹਾ ਵਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਵਿਖਤਾਂ ਵਿਚ ਜਿਸ ਦਾ ਦੱਸ ਕੇ ਗਏ ਅਹਿਵਾਲ, ਚਾਰੇ ਖਾਣੀ ਚਾਰੇ ਬਾਣੀ ਦਏ ਗਵਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਖਣਹਾਰਾ ਦੋ ਜਹਾਨ, ਨਿਰਗੁਣ ਸਰਗੁਣ ਘਟ ਭੀਤਰ ਖੋਜ ਖੁਜਾਈਆ । ਖੇਲ ਅਗੰਮਾ ਕਰੇ ਬੇਮਿਸਾਲ, ਜਿਸ ਦੀ ਮਿਸਲ ਅਸਲ ਨਾ ਕੋਇ ਸਮਝਾਈਆ । ਜਿਸ ਦਾ ਕਿਸੇ ਕੋਲੋਂ ਹਲ ਨਾ ਹੋਇਆ ਸਵਾਲ, ਜਵਾਬ ਦੇ ਨਾ ਸਕੇ ਕੋਇ ਲੋਕਾਈਆ । ਸੋ ਪੁਰਖ ਬਿਧਾਤਾ ਕਲਜੁਗ ਵੇਖ ਅੰਧੇਰੀ ਰਾਤਾ ਭਗਤ ਭਗਵਾਨ ਲਏ ਭਾਲ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਸੰਤ ਸੁਹੇਲਾ ਗੁਰਮੁਖ ਉਪਜਾ ਕੇ ਅਨਮੁਲੜਾ ਲਾਲ, ਕਰਨੀ ਦਾ ਕਰਤਾ ਕ਼ੀਮਤ ਆਪੇ ਪਾਈਆ । ਕਾਇਆ ਮੰਦਰ ਸਾਚਾ ਕਾਅਬਾ ਵਖਾ ਕੇ ਸਾਢੇ ਤਿੰਨ ਹੱਥ ਧਰਮਸਾਲ, ਉਚ ਮਨਾਰਾ ਹਰਿ ਨਿਰੰਕਾਰਾ ਘਰ ਘਰ ਅੰਦਰ ਦਏ ਵਡਿਆਈਆ । ਦੀਆ ਬਾਤੀ ਕਮਲਾਪਾਤੀ ਜੋਤੀ ਜੋਤ ਦੇਵੇ ਬਾਲ, ਅੰਧ ਅੰਧੇਰ ਦੇਵੇ ਮਿਟਾਈਆ । ਅਨਹਦ ਨਾਦੀ ਵਜਾ ਕੇ ਅਗੰਮੀ ਤਾਲ, ਢੋਲਕ ਛੈਣਾ ਨਾ ਕੋਇ ਖੜਕਾਈਆ । ਅੰਮ੍ਰਿਤ ਆਤਮ ਸੁਹਾ ਕੇ ਸਾਚਾ ਤਾਲ, ਨਿਝਰ ਝਿਰਨਾ ਦਏ ਝਿਰਾਈਆ । ਭਾਗ ਲਗਾ ਕੇ ਕਾਇਆ ਮਾਟੀ ਖਾਲ, ਗੁਰਮੁਖਾਂ ਵੇਖ ਵਖਾਈਆ । ਨਾਮ ਪਦਾਰਥ ਦੇ ਕੇ ਮਾਲ, ਧਨ ਦੌਲਤ ਇਕ ਸਮਝਾਈਆ । ਸੁਰਤ ਸਵਾਣੀ ਸ਼ਬਦੀ ਹਾਣੀ ਲੈ ਕੇ ਨਾਲ, ਅੰਮ੍ਰਿਤ ਜਲ ਪਾਣੀ ਠੰਡਾ ਦਏ ਪਿਆਈਆ । ਮਾਰਗ ਧੁਰ ਦਾ ਦੱਸ ਸੁਖਾਲ, ਪੌੜੀ ਪੌੜੀ ਮੰਜ਼ਲ ਮੰਜ਼ਲ ਦੇਵੇ ਪੰਧ ਮੁਕਾਈਆ । ਸਤਿ ਸਰੂਪੀ ਬਿਨ ਰੰਗ ਰੂਪੀ ਜੋਤੀ ਜਲਵਾ ਦਰਸ ਦਏ ਵਖਾਲ, ਦ੍ਰਿਸ਼ਟ ਅਨਦ੍ਰਿਸ਼ਟ ਆਪਣੀ ਧਾਰ ਜਣਾਈਆ । ਲੱਖ ਚੁਰਾਸੀ ਵਿਚੋਂ ਕਰ ਬਹਾਲ, ਜਮ ਦੀ ਫ਼ਾਂਸੀ ਦਏ ਤੁੜਾਈਆ । ਗੁਰਮੁਖ ਬਾਲੇ ਨੱਢੇ ਨੰਨ੍ਹੇ ਬੱਚੇ ਗੋਦ ਲਏ ਉਠਾਲ, ਕੂੜੀ ਕਿਰਿਆ ਦੁਰਮਤ ਮੈਲ ਦਏ ਧਵਾਈਆ । ਜੀਵਦਿਆਂ ਜਗ ਮਾਰ ਮਰਿਆਂ ਲਏ ਜਵਾਲ, ਮਰ ਜੀਵਤ ਆਪਣਾ ਰੰਗ ਰੰਗਾਈਆ । ਮਾਣ ਵਡਿਆਈ ਦੇ ਵਿਸ਼ਾਲ, ਵਿਸ਼ਵ ਇਕੋ ਘਰ ਸਮਝਾਈਆ । ਗ੍ਰਿਹਿ ਮੰਦਰ ਪੇਖ ਹੋਏ ਖ਼ੁਸ਼ਹਾਲ, ਸ਼ਮਅ ਦੀਪਕ ਦਏ ਬਾਲ, ਬਾਲੀ ਬੁਧਿ ਵੱਜੇ ਵਧਾਈਆ । ਜੋਤੀ ਜਲਵਾ ਨੂਰੀ ਦੇ ਜਮਾਲ, ਰਹਿਮਤ ਕਰ ਆਪ ਰਹਿਮਾਨ, ਸ੍ਰੀ ਭਗਵਾਨ ਹੋਏ ਸਹਾਈਆ । ਹਰਿ


੭੫੦

ਸੰਮਤ ਕਹੇ ਮੈਂ ਚੜ੍ਹਿਆ ਵਿਚ ਜਹਾਨ, ਪਹਿਲੀ ਚੇਤ ਮਿਲਿਆ ਦਾਨ, ਦੋ ਜਹਾਨ ਮੇਰਾ ਜਸ ਗਾਨ, ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਵਖਿਆਨ, ਸਚਖੰਡ ਦਵਾਰੇ ਮਿਲਿਆ ਮਾਨ, ਲੋਕਮਾਤ ਝੁਲਿਆ ਸਤਿ ਨਿਸ਼ਾਨ, ਹੈਰਾਨ ਹੋਏ ਜ਼ਿਮੀਂ ਆਸਮਾਨ, ਬੇਈਮਾਨ ਬੈਠਣ ਮੁਖ ਸ਼ਰਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਪ੍ਰਭ ਦੇਵਣਹਾਰ ਵਡਿਆਈਆ । ਸਾਚਾ ਸੰਮਤ ਕਹੇ ਮੈਂ ਢੋਲਾ ਸੁਣੌਣਾ ਇਕ ਸਲੋਕ, ਏਕੰਕਾਰ ਦਿਤੀ ਵਡਿਆਈਆ । ਸੋ ਪੁਰਖ ਨਿਰੰਜਣ ਮਾਣੇ ਸਾਰੇ ਮੌਜ, ਹਰਿ ਪੁਰਖ ਨਿਰੰਜਣ ਮੇਲਾ ਸਹਿਜ ਸਭਾਈਆ । ਆਦਿ ਨਿਰੰਜਣ ਘਰ ਘਰ ਜਗਾਓ ਜੋਤ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਅਬਿਨਾਸ਼ੀ ਕਰਤੇ ਕਰੋ ਖੋਜ, ਕਾਇਆ ਮੰਦਰ ਅੰਦਰ ਪਰਦਾ ਲਓ ਉਠਾਈਆ । ਸ੍ਰੀ ਭਗਵਾਨ ਦਰਸ਼ਨ ਕਰੋ ਨੇਤਰ ਲੋਚਣ ਲੋਚ, ਲੋਚਾ ਪੂਰੀ ਮਾਤ ਕਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਘਰ ਸੱਜਣ ਸਵਾਮੀ ਠਾਕਰ ਲਓ ਸੋਚ, ਮਨ ਮਤਿ ਬੁਧਿ ਚਲੇ ਨਾ ਕੋਈ ਚਤੁਰਾਈਆ । ਝਗੜਾ ਮੁਕ ਜਾਏ ਲੋਕ ਪਰਲੋਕ, ਆਵਣ ਜਾਵਣ ਰਹਿਣ ਨਾ ਪਾਈਆ । ਮੰਜ਼ਲ ਚੜ੍ਹ ਕੇ ਵੇਖੋ ਸਾਚੇ ਕਿਲ੍ਹੇ ਕੋਟ, ਮਹਲ ਅਟਲ ਬਹਿ ਕੇ ਖ਼ੁਸ਼ੀ ਮਨਾਈਆ । ਜਨ ਭਗਤੋ ਕੂੜੀ ਕਿਰਿਆ ਮਨ ਵਾਸਨਾ ਤੁਹਾਨੂੰ ਕੋਈ ਨਾ ਸਕੇ ਰੋਕ, ਕਾਮ ਕਰੋਧ ਲੋਭ ਮੋਹ ਹੰਕਾਰ ਸਿਰ ਸਕੇ ਨਾ ਕੋਈ ਉਠਾਈਆ । ਸਾਹਿਬ ਸਤਿਗੁਰ ਪੁਰਖ ਬਿਧਾਤਾ ਨਾਮ ਨਗਾਰਾ ਸਚ ਲਗਾਏ ਚੋਟ, ਚੋਟੀ ਦਾ ਮਾਲਕ ਦਏ ਵਡਿਆਈਆ । ਮਿਹਰ ਨਜ਼ਰ ਨਾਲ ਅੰਦਰੋਂ ਕੱਢਕੇ ਖੋਟ, ਕੂੜੀ ਕਿਰਿਆ ਦਏ ਗਵਾਈਆ । ਹਉਮੇ ਹੰਗਤਾ ਰਹੇ ਨਾ ਰੋਗ, ਦੁਤੀਆ ਭਾਓ ਨਾ ਕੋਇ ਜਣਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਧੁਰ ਸੰਜੋਗ, ਜਗਤ ਵਿਛੋੜਾ ਦਏ ਕਟਾਈਆ । ਮਾਣਕ ਮੋਤੀ ਨਾਮ ਅਨਮੋਲ ਚੁਗਾਏ ਚੋਗ, ਵਿਸ਼ਟਾ ਕਾਗ ਨਾ ਕੋਇ ਫੁਲਾਈਆ । ਜਨਮ ਕਰਮ ਤੋਂ ਰਹਿਤ ਕਰ ਨਿਰਦੋਸ਼, ਦੁਸ਼ਾਲਾ ਨਾਮ ਓਢਣ ਸੀਸ ਟਿਕਾਈਆ । ਪ੍ਰੇਮ ਖ਼ੁਮਾਰੀ ਅੰਦਰ ਕਰ ਮਦਹੋਸ਼, ਅੰਮ੍ਰਿਤ ਜਾਮ ਪਿਆਲਾ ਦਏ ਪਿਆਈਆ । ਮਨ ਵਾਸਨਾ ਕਰ ਖ਼ਾਮੋਸ਼, ਅੰਤਰ ਆਤਮ ਢੋਲਾ ਦਏ ਸੁਣਾਈਆ । ਜਨ ਭਗਤਾਂ ਕਦੀ ਪੋਹ ਨਾ ਸਕੇ ਲਾੜੀ ਮੌਤ, ਸ਼ਬਦ ਸ਼ਹੀਦੀ ਸਤਿਗੁਰ ਸਦ ਗੁਰਮੁਖ ਰੂਪ ਵਟਾਈਆ । ਸੰਤ ਸੱਜਣ ਕਦੇ ਨਾ ਜਾਵੇ ਔਂਤ, ਨਾਮ ਪ੍ਰੀਤੀ ਵਜਦੀ ਰਹੇ ਵਧਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਚਾਰ ਵਰਨ ਚੁਕੌਣੀ ਰੌਂਸ, ਰਾਂਵਾ ਹੋ ਕੇ ਰਹਿਬਰ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਰ ਕਰ ਹਿਤ ਆਪਣੀ ਕਾਰ ਕਮਾਈਆ । ਪ੍ਰਭ ਸੰਮਤ ਕਹੇ ਮੈਂ ਸਭ ਦਾ ਲੋੜਾਂ ਭਲਾ, ਹਰਿਜਨ ਭਾਲਾਂ ਥਾਉਂ ਥਾਈਆ । ਅਬਿਨਾਸ਼ੀ ਕਰਤਾ ਮਿਲਾਵਾਂ ਸੁਲਹਕੁਲਾ, ਕੁਲ ਮਾਲਕ ਬੇਪਰਵਾਹੀਆ । ਜੋ ਆਦਿ ਜੁਗਾਦਿ ਲਹਿਣਾ ਦੇਣਾ ਸਭ ਦਾ ਕਦੇ ਨਾ ਭੁੱਲਾ, ਅਭੁਲ ਇਕੋ ਇਕ ਅਖਵਾਈਆ । ਜੋ ਭਾਗ ਲਗਾਵਣਹਾਰਾ ਸਾਢੇ ਤਿੰਨ ਹੱਥ ਮਾਟੀ ਕੁੱਲਾ, ਕਾਇਆ ਗੜ੍ਹ ਬੰਕ ਦਏ ਵਡਿਆਈਆ । ਨਾਮ ਭੰਡਾਰਾ ਵਰਤਾਵਣਹਾਰਾ ਸਦਾ ਅਨਮੁੱਲਾ, ਜੁਗ ਚੌਕੜੀ ਗੁਰਮੁਖਾਂ ਝੋਲੀ ਪਾਈਆ । ਜਿਸ ਦਾ ਫਲ ਦੋ ਜਹਾਨ ਕਦੇ ਨਾ ਹੁੱਲਾ, ਅੰਮ੍ਰਿਤ ਰਸ ਰਿਹਾ ਚਖਾਈਆ । ਸਚ ਦਵਾਰਾ ਲੋਕਮਾਤ ਜਿਸ ਦਾ ਖੁਲ੍ਹਾ, ਖ਼ਾਲਸ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਦਰ ਮੰਦਰ ਇਕ ਦ੍ਰਿੜਾਈਆ । ਹਰਿ ਸੰਮਤ ਕਹੇ ਮੈਂ ਖੋਲ੍ਹਣਾ ਪੜਦਾ, ਦੂਈ ਦਵੈਤ ਦੇਣੀ ਮਿਟਾਈਆ । ਭੇਵ ਖੁਲ੍ਹੌਣਾ ਸਾਚੇ ਹਰਿ ਦਾ, ਜੋ ਹਰ ਘਟ ਰਿਹਾ ਸਮਾਈਆ । ਜਨ ਭਗਤਾਂ ਮੇਲ ਮਿਲੌਣਾ ਨਰਾਇਣ ਨਰ ਦਾ, ਜੋ ਨਾਰੀ ਪੁਰਖ ਦੋਵੇਂ ਲਏ

ਪਰਨਾਈਆ । ਮਿਹਰਵਾਨ ਦ੍ਰਿੜੌਣਾ ਕਰਨੀ ਕਰਦਾ, ਕਿਰਪਾ ਨਿਧਾਨ ਹੋਏ ਸਹਾਈਆ । ਦਰਵਾਜ਼ਾ ਖੁਲ੍ਹੌਣਾ ਘਰ ਥਿਰ ਦਾ, ਜਿਥੇ ਸ਼ਬਦੀ ਵਜਦੀ ਰਹੇ ਵਧਾਈਆ । ਗੁਲਸ਼ਨ ਅੰਦਰ ਗੁੰਚਾ ਵਖੌਣਾ ਖਿਲਦਾ, ਪੱਤ ਟਹਿਣੀ ਵੇਖ ਮਹਿਕਾਈਆ । ਜਿਨ੍ਹਾਂ ਦਾ ਲਹਿਣਾ ਦੇਣਾ ਪੂਰਬ ਜਨਮ ਦੇਰ ਦਾ, ਤਿਨ੍ਹਾਂ ਝੋਲੀ ਦਏ ਭਰਾਈਆ । ਲੇਖਾ ਮੁਕਾਵੇ ਕਲਜੁਗ ਕੂੜੀ ਕਿਰਿਆ ਉਲਟੇ ਗੇੜ ਦਾ, ਗੇੜਾ ਹੁਕਮੇਂ ਵਿਚ ਭਵਾਈਆ । ਲਹਿਣਾ ਦੇਣਾ ਹਕ ਹਕੀਕਤ ਵਿਚੋਂ ਨਿਬੇੜਦਾ, ਦੂਜੀ ਵੰਡ ਨਾ ਕੋਇ ਵੰਡਾਈਆ । ਜਿਸ ਵੇਲੇ ਪ੍ਰਭੂ ਭੰਡਾਰਾ ਖੋਲ੍ਹੇ ਮੁਹੱਬਤ ਮਿਹਰ ਦਾ, ਭਗਤ ਸੁਹੇਲੇ ਸੂਫ਼ੀ ਫ਼ਕੀਰ ਲਏ ਪਰਗਟਾਈਆ । ਹੁਕਮ ਵਰਤੇ ਪੁਰਖ ਅਕਾਲ ਇਕੋ ਅਗੰਮੀ ਸ਼ੇਰ ਦਾ, ਜੋ ਸ਼ਰਅ ਵਿਚੋਂ ਸ਼ਰਅ ਦਏ ਬਦਲਾਈਆ । ਜੋ ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਲੇਖਾ ਨਬੇੜਦਾ, ਆਤਮ ਪਰਮਾਤਮ ਮਾਨੁਖ ਮਾਨਵ ਮਾਣਸ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਾ ਹੁਕਮ ਇਕ ਵਰਤਾਈਆ । ਹਰਿ ਸੰਮਤ ਕਹੇ ਮੈਂ ਸਚ ਖੁਲ੍ਹੌਣੀ ਅੱਖ, ਆਖ਼ਰ ਦਿਆਂ ਜਣਾਈਆ । ਨਿਰਗੁਣ ਰੂਪ ਪਰਗਟੌਣਾ ਪ੍ਰਭੂ ਸਚ ਪਰਤਖ, ਪਤਿਪਰਮੇਸ਼ਵਰ ਬੇਪਰਵਾਹੀਆ । ਭਗਤ ਜਨ ਭਗਵਾਨ ਕਰਨੇ ਵਖ, ਧੁਰ ਦੀ ਧਾਰ ਸਮਝਾਈਆ । ਦੋਹਾਂ ਮਿਲ ਕੇ ਇਕ ਦੂਜੇ ਦਾ ਗੌਣਾ ਜਸ, ਤੂੰ ਮੇਰਾ ਮੈਂ ਤੇਰਾ ਢੋਲਾ ਸੋਹੰ ਇਕ ਦ੍ਰਿੜਾਈਆ । ਗੁਰ ਗੋਬਿੰਦ ਅੰਤਮ ਵਾਰ ਗਿਆ ਦੱਸ, ਸਾਚਾ ਭੱਥਾ ਤੀਰ ਕਮਾਨ ਧਰਮ ਨਿਸ਼ਾਨ ਇਕ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਭਾਂਡੇ ਕੂੜੇ ਹੋਣੇ ਸਖ, ਵਸਤ ਹੱਥ ਨਜ਼ਰ ਕੋਇ ਨਾ ਆਈਆ । ਜੂਠ ਝੂਠ ਖੇੜਾ ਹੋਣਾ ਭਠ, ਸਚ ਭਠਿਆਲਾ ਭਠ ਰਿਹਾ ਤਪਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਪਰਵਰਦਿਗਾਰ ਨਿਰਗੁਣ ਧਾਰ ਹੋਣਾ ਪਰਗਟ, ਪਰਗਟ ਹੋ ਕੇ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਸਰਨ ਸਰਨਾਈ ਰਹੇ ਢਠ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਮਣਕਾ ਮਣਕਾ ਮਾਲਾ ਮਾਲਾ ਜਿਸ ਦਾ ਨਾਮ ਰਹੇ ਰਟ, ਪੂਜਾ ਪਾਠ ਸਿਮਰਨ ਜੋਗ ਅਭਿਆਸ ਰਹੇ ਜਣਾਈਆ । ਜਿਸ ਦੀ ਖੋਜ ਅੰਦਰ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਰਹੇ ਨਠ, ਸਮੁੰਦ ਸਾਗਰ ਤੀਰਥ ਤਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਵੇਖ ਵਖਾਈਆ । ਸਾਚਾ ਸੰਮਤ ਕਹੇ ਮੈਂ ਦੇਣੀ ਇਕ ਸਿੰਮਤ, ਮਨਮਤ ਦੇਣੀ ਗਵਾਈਆ । ਸਭ ਦਾ ਚੋਲਾ ਕਾਇਆ ਪੰਜ ਤਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਈਆ । ਸਭ ਦੇ ਅੰਤਰ ਇਕੋ ਨੂਰ ਜੋਤ ਪਰਕਾਸ਼, ਆਤਮ ਪਰਮਾਤਮ ਦਿਤਾ ਟਿਕਾਈਆ । ਸਭ ਦੇ ਅੰਦਰ ਇਕੋ ਰੂਪ ਪਵਣ ਸਵਾਸ, ਦਿਵਸ ਰੈਣ ਚਲੇ ਵਾਹੋ ਦਾਹੀਆ । ਸਭ ਦਾ ਇਕੋ ਜਿਹਾ ਲਹੂ ਮਿਝ ਹੱਡ ਨਾੜੀ ਮਾਸ, ਰੰਗ ਰੰਗਾਂ ਨਾਲ ਮੇਲ ਮਿਲਾਈਆ । ਸਭ ਦੇ ਅੰਦਰ ਇਕੋ ਕਾਹਨ ਸਾਚੀ ਗੋਪੀ ਨਾਲ ਮਿਲ ਕੇ ਪਾਵੇ ਰਾਸ, ਬੰਸਰੀ ਧੁਰ ਦੀ ਇਕ ਸੁਣਾਈਆ । ਸਭ ਦੇ ਅੰਤਰ ਇਕੋ ਰਾਮ ਸੁਹੇਲਾ ਵਸੇ ਪਾਸ, ਸੀਤਾ ਸੁਰਤੀ ਲਏ ਪਰਨਾਈਆ । ਸਭ ਦੇ ਅੰਤਰ ਇਕੋ ਪਰਗਟਾਵਣਹਾਰਾ ਖ਼ਾਹਿਸ਼, ਆਸ਼ਾ ਧੁਰ ਦੀ ਨਾਲ ਮਿਲਾਈਆ । ਸਭ ਦੇ ਅੰਦਰ ਇਕੋ ਵਜਾਵਣਹਾਰ ਰਬਾਬ, ਬਿਨ ਤੰਦੀ ਤੰਦ ਸਤਾਰ ਰਿਹਾ ਹਿਲਾਈਆ । ਸਭ ਦੇ ਅੰਦਰ ਮਾਲਕ ਇਕ ਅਹਿਬਾਬ, ਜੋ ਮੁਹੱਬਤ ਵਿਚ ਸਮਾਈਆ । ਸਭ ਦੇ ਅੰਦਰ ਇਕੋ ਮੱਕਾ ਕਾਇਆ ਕਾਅਬ, ਕਾਅਬਾ ਧੁਰ ਦਾ ਰਿਹਾ ਉਪਜਾਈਆ । ਸਭ ਦੇ ਅੰਦਰ ਸਚ ਸੁਹੰਜਣੀ ਇਕ ਮਹਿਰਾਬ, ਜਿਸ ਦੇ ਉਹਲੇ ਮਹਿਬੂਬ ਬੈਠਾ ਸੋਭਾ ਪਾਈਆ । ਸਭ ਦੇ ਅੰਦਰ ਇਕੋ ਧੁਨ ਆਤਮਕ ਆਵਾਜ਼,

ਜੋ ਦਿਵਸ ਰੈਣ ਨਗ਼ਮਾ ਨਾਮ ਰਹੀ ਸੁਣਾਈਆ । ਸਭ ਦੇ ਅੰਦਰ ਇਕੋ ਓਸ ਦਾ ਡੂੰਘਾ ਰਾਜ਼, ਜਿਸ ਦੇ ਪਿਛੇ ਪੂਜਾ ਪਾਠ ਨਿਮਾਜ਼ ਦਿਤੀ ਪੜ੍ਹਾਈਆ । ਸਭ ਦੇ ਅੰਦਰ ਇਕੋ ਪਰਮਾਤਮਾ ਆਤਮਾ ਰੂਪ ਹੋ ਕੇ ਵਸੇ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਸਭ ਦੇ ਅੰਦਰ ਇਕੋ ਸਿਮਰਨ ਪੂਜਾ ਪਾਠ, ਇਕੋ ਢੋਲਾ ਸੋਹਲਾ ਬਣ ਵਿਚੋਲਾ ਦਏ ਜਣਾਈਆ । ਸਭ ਦੇ ਅੰਦਰ ਇਕੋ ਮੰਜ਼ਲ ਇਕੋ ਘਾਟ, ਇਕੋ ਪਤਣ ਬੈਠਾ ਬੇਪਰਵਾਹੀਆ । ਸਭ ਦੇ ਅੰਦਰ ਇਕੋ ਆਤਮ ਸੇਜਾ ਸੁਹੰਜਣੀ ਖਾਟ, ਜਿਥੇ ਵਸੇ ਪੁਰਖ ਅਬਿਨਾਸ਼, ਜੋਤੀ ਜਾਤਾ ਕਰ ਪਰਕਾਸ਼, ਨੂਰੋ ਨੂਰ ਨੂਰ ਸਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਅੰਦਰ ਚਾੜ੍ਹੇ ਸਚੀ ਪਰਭਾਤ, ਸੰਧਿਆ ਰੂਪ ਨਾ ਕੋਇ ਵਟਾਈਆ । ਗੁਰ ਅਵਤਾਰ ਪੈਗ਼ੰਬਰ ਜੋ ਗਏ ਆਖ, ਧੁਰ ਫ਼ਰਮਾਨ ਸਮਝਾਈਆ । ਸੋ ਪੂਰਬ ਪੂਰਾ ਕਰਾਏ ਸਾਖ਼ਿਆਤ, ਜਗਤ ਲੁਗਾਤ ਸਕੇ ਨਾ ਕੋਇ ਦ੍ਰਿੜਾਈਆ । ਭੇਵ ਅਭੇਦਾ ਖੋਲ੍ਹੇ ਨਾਲ ਵਜ਼ਾਹਤ, ਵਾਂਝੇ ਕਰ ਕੇ ਦਏ ਸਮਝਾਈਆ । ਅਗੇ ਸਭ ਦੀ ਸਚ ਧਰਮ ਦੀ ਬਣੌਣੀ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਪ੍ਰਭ ਦਾ ਢੋਲਾ ਸ੍ਰਿਸ਼ਟੀ ਨੇ ਮਿਲ ਕੇ ਲੈਣਾ ਆਖ, ਇਸ਼ਟ ਦ੍ਰਿਸ਼ਟ ਇਕ ਸਮਝਾਈਆ । ਨਾਮ ਨਿਧਾਨ ਲੈਣਾ ਵਾਚ, ਧੁਰ ਦਾ ਮੰਤਵ ਇਕ ਸਮਝਾਈਆ । ਜਿਸ ਭਾਗ ਲਗੌਣਾ ਕਾਇਆ ਮਾਟੀ ਕਾਚ, ਕੱਚ ਕੰਚਨ ਦਏ ਬਣਾਈਆ । ਸੋ ਕਲਜੁਗ ਅੰਤਮ ਲਹਿਣਾ ਦੇਣ ਮੁਕਾਏ ਹਿਸਾਬ, ਲੇਖਾ ਧੁਰ ਦਾ ਖੋਜ ਖੁਜਾਈਆ । ਅਗੇ ਸਤਿਜੁਗ ਬਖ਼ਸ਼ ਕੇ ਧਰਮ ਦਾ ਰਾਜ, ਧਰਮ ਦਵਾਰੇ ਦਏ ਵਡਿਆਈਆ । ਸਚ ਮੁਹੱਬਤ ਦੇ ਕਰ ਸਰਬ ਮੁਹਤਾਜ, ਲੋੜਵੰਦ ਪ੍ਰਭ ਆਪ ਅਖਵਾਈਆ । ਗ੍ਰਹਿ ਮੰਦਰ ਅੰਦਰ ਘਰ ਸਵਾਮੀ ਮਿਲੇ ਆਪ, ਵਡ ਪਰਤਾਪ ਦਏ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ੭੫੩
ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡਾਂ ਖੰਡਾਂ ਸਤਿਜੁਗ ਤੇਰੇ ਅੰਦਰ ਸੋਹੰ ਸਭ ਨੇ ਕਰਨਾ ਜਾਪ, ਇਕੋ ਢੋਲਾ ਲੈਣਾ ਗਾਈਆ । ਪੁਰਖ ਅਕਾਲ ਮੰਨਣਾ ਬਾਪ, ਇਕੋ ਨਜ਼ਰੀ ਆਏ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਜੋਤ ਪਰਕਾਸ਼, ਪੰਜ ਤਤ ਵਜੂਦ ਜਗਤ ਨਾ ਕੋਇ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਪੂਰੇ ਕਰੇ ਖ਼ੁਆਬ, ਸਜਦਿਆਂ ਵਿਚ ਦੱਸੇ ਅਦਾਬ, ਕਲਮਿਆਂ ਵਿਚ ਮਿਲੇ ਜਨਾਬ, ਦੋ ਦੋਆਬ ਆਬਰੂ ਦਏ ਜਣਾਈਆ ।

### ❊ ੩ ਜੇਠ ਸ਼ਹਿਨਸ਼ਾਹੀ ਸੰਮਤ ੧ ਛੀਨੋ ਤੋਂ ਮਾਨਾਂਵਾਲੇ ਔਂਦੇ ਸਮੇਂ ਭਾਗ ਸਿੰਘ ਦੇ ਨਵਿਤ ਜ਼ਿਲਾ ਅੰਮ੍ਰਿਤਸਰ ❊

ਸੀਤਾ ਤਕਿਆ ਭਿਖਾਰੀ ਗ਼ਰੀਬ, ਦਰਵੇਸ਼ ਦਰਦ ਖ਼ੁਦਾਈਆ । ਮਿੰਨਤ ਕਰ ਕੇ ਕਿਹਾ ਬਾਲਮੀਕ, ਰਿਸ਼ੀ ਵੇਖ ਪ੍ਰਭ ਦੀ ਬੇਪਰਵਾਹੀਆ । ਜਿਹੜੇ ਉਹਨੂੰ ਰਹੇ ਉਡੀਕ, ਉਹਨਾਂ ਤੋਂ ਬੈਠਾ ਮੁਖ ਛੁਪਾਈਆ । ਜਿਹੜੇ ਮੰਗਦੇ ਸਚ ਪ੍ਰੀਤ, ਪ੍ਰੀਤਮ ਪਰਦੇ ਅੰਦਰ ਪਰਦਾ ਲਾਈਆ । ਮੈਨੂੰ ਅੰਦਰੋਂ ਇਸ ਦੀ ਸਾਫ਼ ਦਿਸੇ ਨੀਤ, ਜੋ ਭੁੱਖਾ ਨੰਗਾ ਮਿਲਿਆ ਚਾਈਂ ਚਾਈਂਆ । ਓਸ ਓਸੇ ਵੇਲੇ ਸੀਤਾ ਰਾਮ ਦਾ ਗਾ ਕੇ ਗੀਤ, ਸਾਚਾ ਨਾਅਰਾ ਦਿਤਾ ਲਗਾਈਆ । ਬਾਲਮੀਕ ਪੁਛਿਆ ਕਿਹਨੂੰ ਰਿਹਾ ਉਡੀਕ, ਕਿਸ ਦਾ ਧਿਆਨ ਲਗਾਈਆ । ਓਸ ਕਿਹਾ ਇਸ ਦੀ ਕੌਣ ਕਰੇ ਤਸਦੀਕ, ਸ਼ਹਾਦਤ ਦੇਵੇ ਭੁਗਤਾਈਆ । ਸੀਤਾ ਕਿਹਾ ਜਿਹੜਾ ਸਭ ਦਾ ਪਿਆਰਾ ਮੀਤ, ਮਿਤਰ ਇਕ ਅਖਵਾਈਆ । ਓਸ ਮਾਰ ਕੇ ਆਪਣੀ ਉਂਗਲੀ

ਨਾਲ ਲੀਕ, ਲਾਇਨ ਦਿਤੀ ਲਗਾਈਆ । ਤੁਸੀਂ ਦੋਵੇਂ ਮਿਲ ਕੇ ਮੇਰੀ ਇਹ ਨਾਮ ਦੀ ਕਰੋ ਵਸੀਹਤ, ਦੋ ਲਾਈਨਾਂ ਨਾਲ ਮਿਲਾਈਆ । ਭੇਦ ਖੋਲ੍ਹੋ ਸਚ ਅਸਲੀਅਤ, ਅਸਲ ਦੇਣਾ ਦ੍ਰਿੜਾਈਆ । ਬਾਲਮੀਕ ਕਿਹਾ ਓਸੇ ਦੀ ਇਕ ਅਹਨੀਅਤ, ਅਹਿਮਕ ਲੇਖੇ ਪਾਈਆ । ਦੋ ਜਹਾਨ ਜਿਸ ਦੀ ਮਲਕੀਅਤ, ਮਾਲਕ ਬੇਪਰਵਾਹੀਆ । ਸਭ ਦੀ ਜਾਨਣਹਾਰਾ ਤਬੀਅਤ, ਤਬਅ ਵੇਖ ਵਖਾਈਆ । ਬਾਲਮੀਕ ਸੀਤਾ ਕਹੇ ਅਸੀਂ ਦਈਏ ਸਚ ਨਸੀਅਤ, ਧੁਰ ਦੀ ਧਾਰ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗ਼ਰੀਬ ਨਿਮਾਣਾ ਵੇਖ ਕੇ ਤਿੰਨ ਲਕੀਰ, ਤਿੰਨੇ ਨੇਤਰ ਨੈਣ ਉਠਾਈਆ । ਭਗਤ ਨਾਲ ਭਗਵਾਨ ਦੀ ਵੇਖੀ ਤਸਵੀਰ, ਸ਼ਾਹ ਨਾਲ ਵਜ਼ੀਰ ਸੀਤਾ ਨਜ਼ਰੀ ਆਈਆ । ਓਧਰੋਂ ਘਤ ਕੇ ਹੋਰ ਵਹੀਰ, ਤਿੰਨ ਸਾਥੀ ਪੰਧ ਮੁਕਾਈਆ । ਜਿਨ੍ਹਾਂ ਵਿਚੋਂ ਦੋ ਅਮੀਰ, ਇਕ ਫ਼ਕੀਰਾਂ ਦਾ ਫ਼ਕੀਰ, ਫ਼ਾਕਿਆਂ ਵਿਚ ਝਟ ਲੰਘਾਈਆ । ਓਹਨਾਂ ਦੀ ਓਥੇ ਆ ਕੇ ਬਦਲ ਗਈ ਤਾਅਸੀਰ, ਬਾਲਮੀਕ ਵੇਖ ਖ਼ੁਸ਼ੀ ਮਨਾਈਆ । ਸੀਤਾ ਕਿਹਾ ਲਾਡਲੇ ਮੇਰੇ ਵੀਰ, ਪ੍ਰੇਮੀ ਪਿਆਰੇ ਰੰਗ ਰੰਗਾਈਆ । ਸਾਰੇ ਅੰਦਰੋਂ ਆਪਣੀ ਵੇਖੋ ਜ਼ਮੀਰ, ਨਿਜ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਫ਼ੱਕਰ ਗ਼ਰੀਬ ਕਿਹਾ ਮੈਂ ਵੇਖਿਆ ਮਾਰ ਧਿਆਨ, ਅੰਦਰ ਅੰਦਰ ਖੋਜ ਖੁਜਾਈਆ । ਮੈਨੂੰ ਤੱਤਾਂ ਵਾਲਾ ਨਜ਼ਰੀ ਆਇਆ ਰਾਮ, ਜੋ ਦਸਰਥ ਬੇਟਾ ਜਗਤ ਵਡਿਆਈਆ । ਓਸ ਪਿਆਰ ਨਾਲ ਸੰਦੇਸ਼ਾ ਦਿਤਾ ਪੈਗ਼ਾਮ, ਹੁਕਮ ਸਚ ਜਣਾਈਆ । ਅਗਲਾ ਅਗੰਮ ਦੇਵਾਂ ਗਿਆਨ, ਬਿਨ ਅੱਖਰਾਂ ਕਰ ਪੜ੍ਹਾਈਆ । ਰਾਮ ਕਿਹਾ ਜਿਸ ਵੇਲੇ ਮੇਰਾ ਰਾਮ ਆਵੇ ਸ੍ਰੀ ਭਗਵਾਨ, ਨਿਰਗੁਣ ਰੂਪ ਸਤਿ ਸਰੂਪ ਸਹਿਜ ਸੁਖਦਾਈਆ । ਤੇਰਾ ਲਹਿਣਾ ਲੇਖਾ ਚੁਕਾਏ ਆਣ, ਕਲਜੁਗ ਅੰਤਮ ਵੱਜੇ ਵਧਾਈਆ । ਹਸ ਕੇ ਬਾਲਮੀਕ ਕਿਹਾ ਕੌਣ ਭੂਮਿਕਾ ਕੌਣ ਅਸਥਾਨ, ਸ਼ਬਦੀ ਰਾਮ ਦੇ ਦ੍ਰਿੜਾਈਆ । ਸੀਤਾ ਕਿਹਾ ਤਿੰਨਾਂ ਲੀਕਾਂ ਦਾ ਨਿਸ਼ਾਨ, ਪ੍ਰਭ ਤਰੀਕਾ ਦਿਤਾ ਸਮਝਾਈਆ । ਤਿੰਨੇ ਦੂਜੇ ਸਾਥੀ ਹੋਰ ਮਹਿਮਾਨ, ਜਿਹੜੇ ਚਲਦੇ ਰਾਹੀ ਪੰਧ ਮੁਕਾਈਆ । ਓਧਰੋਂ ਆਇਆ ਅਗੰਮੀ ਫ਼ਰਮਾਨ, ਸਚ ਸੰਦੇਸ਼ਾ ਦਿਤਾ ਸਮਝਾਈਆ । ਦੇਵਣਹਾਰਾ ਦਾਤਾ ਦਇਆਵਾਨ, ਜੁਗ ਚੌਕੜੀ ਵੇਖ ਵਖਾਈਆ । ਬਾਲਮੀਕ ਕਿਹਾ ਕਰ ਪਰਨਾਮ, ਨਮੋ ਨਮੋ ਸੀਸ ਝੁਕਾਈਆ । ਸੀਤਾ ਕਹੇ ਹੋਣਾ ਨਾ ਪਏ ਹੈਰਾਨ, ਇਨਸਾਨ ਸਮਝ ਸਕੇ ਕੋਇ ਨਾ ਰਾਈਆ । ਪੁਰਖ ਅਕਾਲ ਕਿਹਾ ਮੈਂ ਸਭ ਦਾ ਜਾਣੀਜਾਣ, ਜੁਗ ਚੌਕੜੀ ਲੇਖਾ ਦਿਆਂ ਮੁਕਾਈਆ । ਇਸੇ ਭੁੱਖੇ ਨੰਗੇ ਗ਼ਰੀਬ ਨੂੰ ਮਾਣਸ ਜਨਮ ਦੇ ਕੇ ਵਿਚ ਜਹਾਨ, ਕਰਮ ਆਪਣੇ ਨਾਲ ਬੰਧਾਈਆ । ਜਿਸ ਵੇਲੇ ਸਮਾਂ ਪਹੁੰਚਿਆ ਆਣ, ਦਇਆਵਾਨ ਦਇਆ ਕਮਾਈਆ । ਇਹੋ ਭੂਮਿਕਾ ਇਹੋ ਧਰਤੀ ਇਹੋ ਹੋਵੇ ਅਸਥਾਨ, ਇਸੇ ਦਾ ਇਸੇ ਧਾਮ ਮੇਲਾ ਲਏ ਮਿਲਾਈਆ । ਫ਼ੱਕਰ ਕਿਹਾ ਤੇਰੀ ਕਿਵੇਂ ਹੋਵੇ ਪਹਿਚਾਨ, ਰੂਪ ਰੰਗ ਦੇ ਸਮਝਾਈਆ । ਹੁਕਮੇਂ ਅੰਦਰ ਦੱਸਿਆ ਤੂੰ ਭਗਤ ਤੇ ਮੈਂ ਭਗਵਾਨ, ਤੇਰਾ ਮੇਰਾ ਸਚ ਨਿਸ਼ਾਨ ਵੇਖ ਵਖਾਣਾ ਚਾਈਂ ਚਾਈਂਆ । ਪਾਰਬ੍ਰਹਮ ਬਾਲਾ ਨਹੀਂ ਕੋਈ ਅੰਵਾਣ, ਜਾਨਣਹਾਰਾ ਦੋ ਜਹਾਨ, ਜੁਗ ਚੌਕੜੀ ਲੇਖਾ ਵੇਖ ਵਖਾਈਆ । ਪੂਰਬ ਲਹਿਣਾ ਲਿਆ ਪਹਿਚਾਣ, ਸਾਚਾ ਮੇਲ ਮਿਲਾਇਆ ਆਣ, ਮਿਹਰ ਨਜ਼ਰ ਨਜ਼ਰ ਉਠਾਈਆ । ਭਾਗ ਸਿੰਘ ਤੇਰੇ ਪਿਛਲੇ ਭਾਗ ਦਾ ਹਿੱਸਾ ਝੋਲੀ ਪਾਇਆ ਆਣ, ਅਗੇ ਚਰਨ ਪ੍ਰੀਤੀ ਦੇਵੇ ਮਾਣ, ਕਿਰਪਾ ਕਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣਾ ਰੰਗ ਰੰਗਾਈਆ ।

## ❊ ੩ ਜੇਠ ਸ਼ਹਿਨਸ਼ਾਹੀ ਸੰਮਤ ੧ ਨਾਜਰ ਸਿੰਘ ਦੇ ਗ੍ਰਿਹ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ❊

ਸਾਚਾ ਸੰਮਤ ਕਹੇ ਮੈਂ ਮੰਗੀ ਧੁਰ ਦੀ ਮੰਗ, ਸਚਖੰਡ ਦਵਾਰੇ ਆਪਣੀ ਝੋਲੀ ਡਾਹੀਆ । ਪੁਰਖ ਅਕਾਲ ਦੀਨ ਦਿਆਲ ਸਦਾ ਬਖ਼ਸ਼ੰਦ, ਮਿਹਰਵਾਨ ਮਹਿਬੂਬ ਪਰਵਰਦਿਗਾਰ ਮੁਹੱਬਤ ਝੋਲੀ ਦੇਣੀ ਪਾਈਆ । ਸਤਿ ਸਚ ਪ੍ਰੀਤ ਦੇਣਾ ਇਕ ਅਨੰਦ, ਸਤਿ ਸਤਿਵਾਦੀ ਤੇਰੀ ਓਟ ਤਕਾਈਆ । ਲੋਕਮਾਤ ਜਨ ਭਗਤ ਬਣੌਣਾ ਸਾਚਾ ਸੰਗ, ਸੰਤ ਸੁਹੇਲੇ ਜੋੜ ਜੁੜਾਈਆ । ਗੁਰਮੁਖਾਂ ਦੇ ਅੰਦਰ ਨਾਮ ਖ਼ੁਮਾਰੀ ਚਾੜ੍ਹਾ ਰੰਗ, ਗੁਰਸਿਖਾਂ ਵੱਜੇ ਸਚ ਵਧਾਈਆ । ਆਤਮ ਸੇਜਾ ਸੋਹਣੀ ਵੇਖਾਂ ਸੇਜ ਪਲੰਘ, ਜਿਸ ਦਾ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਬ੍ਰਹਮ ਬ੍ਰਹਿਮਾਦੀ ਪਿਆਰਿਆਂ ਅੰਦਰ ਤੇਰਾ ਵਜਦਾ ਵੇਖਾਂ ਮਰਦੰਗ, ਅਨਹਦ ਨਾਦੀ ਨਾਦ ਜਣਾਈਆ । ਜਨਮ ਕਰਮ ਦੀ ਵਿਛੜੀ ਆਤਮ ਪਰਮਾਤਮ ਪੌਣੀ ਗੰਢ, ਅੰਦਰ ਬਾਹਰ ਰਹੇ ਨਾ ਕੋਇ ਜੁਦਾਈਆ । ਅੰਮ੍ਰਿਤ ਮੇਘ ਬਰਸ ਕੇ ਪੌਣੀ ਠੰਡ, ਕੂੜੀ ਕਿਰਿਆ ਕਲਜੁਗ ਅਗਨੀ ਦੇਣੀ ਬੁਝਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਪਰਦਾ ਲਾਹ ਕੇ ਭੇਵ ਖੁਲ੍ਹੌਣਾ ਹੰ ਬ੍ਰਹਮ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਸਚ ਸਰਨਾਈਆ । ਨਿਹਕਰਮੀ ਹੋ ਕੇ ਨਿਰਗੁਣ ਸਰਗੁਣ ਵੇਖਣਾ ਕਰਮ, ਕੂੜੀ ਕਿਰਿਆ ਡੇਰਾ ਢਾਹੀਆ । ਗੁਰਮੁਖਾਂ ਲੇਖੇ ਲੌਣਾ ਮਾਨਸ ਜਨਮ, ਜ਼ਾਤੀ ਪਾਤੀ ਪੰਧ ਮੁਕਾਈਆ । ਸਚਾ ਬਖ਼ਸ਼ਣਾ ਧੁਰ ਦਾ ਚਰਨ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਨੇਤਰ ਖੋਲ੍ਹਣਾ ਹਰਨ ਫਰਨ, ਗਿਆਨ ਨੇਤਰ ਚਮਕ ਚਮਕਾਈਆ । ਭਗਤ ਸੁਹੇਲੇ ਤੇਰੀ ਮੰਜ਼ਲ ਚੜ੍ਹਨ, ਜਗਤ ਮਜ਼ਲ ਰਹੇ ਨਾ ਰਾਈਆ । ਸੱਜਣ ਮੀਤ ਮੁਰਾਰ ਤੇਰਾ ਢੋਲਾ ਪੜ੍ਹਨ, ਤੂੰ ਮੇਰਾ ਮੈਂ ਤੇਰਾ ਸੋਹੰ ਰੂਪ ਸਰਬ ਸਮਾਈਆ । ਸਚ ਦਰਬਾਰੇ ਹਰਿ ਨਿਰੰਕਾਰੇ ਤੇਰੇ ਖੜਨ, ਅਧਵਿਚਕਾਰ ਨਾ ਕੋਇ ਅਟਕਾਈਆ । ਨਿਤ ਨਵਿਤ ਬਿਨ ਅੱਖਾਂ ਦਰਸ਼ਨ ਤੇਰਾ ਕਰਨ, ਸਵੱਛ ਸਰੂਪੀ ਰੂਪ ਲੈਣਾ ਪਰਗਟਾਈਆ । ਮਰਨ ਤੋਂ ਪਹਿਲਾਂ ਦੇਣਾ ਸਚਾ ਮਰਨ, ਜੀਵਣ ਵਿਚੋਂ ਜੀਵਣ ਦੇਣਾ ਬਦਲਾਈਆ । ਸਾਹਿਬ ਸਮਰਥ ਸਵਾਮੀ ਹਰਿਜਨ ਸਾਚੇ ਸਾਚੀ ਤਰਨੀ ਤਰਨ, ਜਗਤ ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਇਕੋ ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਪੱਲੂ ਫੜਨ, ਦੂਜਾ ਸੀਸ ਨਾ ਕੋਇ ਨਿਵਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਲੜਨ, ਮਨ ਵਾਸਨਾ ਬਾਹਰ ਦੇਣ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਾਚੀ ਦਾਤ ਦੇਣੀ ਵਰਤਾਈਆ । ਸਾਚਾ ਸੰਮਤ ਕਹੇ ਮੈਂ ਧੁਰਦਰਬਾਰੀ ਮੰਗਤਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਫੇਰਾ ਪਾਈਆ । ਜਨ ਭਗਤਾਂ ਦੀ ਕਾਇਆ ਚੋਲੀ ਰੰਗਦਾ, ਲਾਲ ਗੁਲਾਲਾ ਰੂਪ ਵਟਾਈਆ । ਭੇਵ ਖੁਲ੍ਹਾ ਕੇ ਆਤਮ ਬ੍ਰਹਮ ਦਾ, ਪਾਰਬ੍ਰਹਮ ਦਿਆਂ ਮਿਲਾਈਆ । ਰਸ ਦੁਆਵਾਂ ਨਿਜਾਨੰਦ ਦਾ, ਪਰਮਾਨੰਦ ਵਿਚ ਸਮਾਈਆ । ਪਰਦਾ ਲਾਹ ਕੇ ਕੂੜ ਅੰਧੇਰੀ ਕੰਧ ਦਾ, ਬਜਰ ਕਪਾਟੀ ਦਿਆਂ ਤੁੜਾਈਆ । ਕਰ ਪਰਕਾਸ਼ ਸਾਚੇ ਨੂਰੀ ਚੰਦ ਦਾ, ਜੋਤੀ ਜੋਤ ਕਰਾਂ ਰੁਸ਼ਨਾਈਆ । ਭੇਵ ਖੁਲ੍ਹਾ ਕੇ ਜੀਓ ਪਿੰਡ ਬ੍ਰਹਿਮੰਡ ਦਾ, ਧੁਰ ਦੀ ਵੰਡ ਇਕ ਦ੍ਰਿੜਾਈਆ । ਨਾਤਾ ਤੋੜ ਦੁਹਾਗਣ ਰੰਡ ਦਾ, ਕੰਤ ਸੁਹਾਗੀ ਦਿਆਂ ਮਿਲਾਈਆ । ਸਚ ਜੈਕਾਰਾ ਜਣਾਵਾਂ ਸਾਚੇ ਛੰਦ ਦਾ, ਸੋਹੰ ਢੋਲਾ ਇਕੋ ਗਾਈਆ । ਪੈਂਡਾ ਮੁਕੇ ਅਗਲੇ ਪੰਧ ਦਾ, ਦਰਗਾਹ ਸਾਚੀ ਵੱਜੇ ਵਧਾਈਆ । ਲੇਖਾ ਮੁਕੇ ਨੁਹੌਣਾ ਤੀਰਥ ਤਟ ਗੰਗ ਦਾ, ਅੰਮ੍ਰਿਤ ਆਤਮ ਸਰੋਵਰ ਦਿਆਂ ਵਖਾਈਆ । ਝਗੜਾ ਮੁਕ ਜਾਏ ਵਿਕਾਰੇ ਪੰਜ ਦਾ, ਪੰਚਮ ਸ਼ਬਦ ਹੋਏ ਸ਼ਨਵਾਈਆ । ਲੇਖਾ ਮੁਕ ਜਾਏ ਕੂੜੇ ਰੰਜ ਦਾ, ਗ਼ਮੀ ਖ਼ੁਸ਼ੀ ਵਿਚ ਬਦਲਾਈਆ ।

ਮੇਲਾ ਹੋ ਜਾਏ ਗੁਜਰੀ ਚੰਦ ਦਾ, ਜੋ ਸ਼ਬਦੀ ਜੋਤੀ ਜੋਤ ਡਗਮਗਾਈਆ । ਪੈਂਡਾ ਮੁਕ ਜਾਏ ਜੇਰਜ ਅੰਡ ਦਾ, ਉਤਭੁਜ ਸੇਤਜ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਆਸਾ ਮਨਸਾ ਪੂਰ ਕਰਾਈਆ । ਸਾਚਾ ਸੰਮਤ ਕਹੇ ਮੈਂ ਕਲਜੁਗ ਅੰਦਰ ਬਦਲ ਦੇਣੀ ਰੀਤ, ਸਤਿਜੁਗ ਸਚ ਸਚ ਉਪਜਾਈਆ । ਝਗੜਾ ਚੁਕਾ ਕੇ ਮੰਦਰ ਮਸੀਤ, ਕਾਇਆ ਕਾਅਬਾ ਦੇਣਾ ਵਖਾਈਆ । ਲੇਖਾ ਮੁਕਾ ਕੇ ਊਚ ਨੀਚ, ਰਾਓ ਰੰਕ ਇਕੋ ਰੰਗ ਰੰਗਾਈਆ । ਪੁਰਖ ਅਕਾਲ ਦੱਸਣੀ ਸਚ ਪ੍ਰੀਤ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਗਏ ਧਿਆਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਾਚੀ ਰੀਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਦੇਣ ਗਵਾਹੀਆ । ਜਿਸ ਦਾ ਵਸੇਰਾ ਹਸਤ ਕੀਟ, ਨੀਕਣ ਨੀਕਾ ਸ਼ਹਿਨਸ਼ਾਹੀਆ । ਤਿਸ ਦਾ ਢੋਲਾ ਇਕੋ ਦੱਸਣਾ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋ ਨਿਤ ਨਵਿਤ ਭਗਤ ਭਗਵੰਤ ਕਰਨਹਾਰ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਆਪਣੀ ਝੋਲੀ ਪਾਈਆ । ਜਿਸ ਦਾ ਇਕੋ ਕਲਮਾ ਸਾਚਾ ਨ਼ਗਮਾ ਸਚ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਜਿਸ ਦੇ ਵਿਚ ਅਗੰਮੀ ਇਲਾਹੀ ਤੌਫ਼ੀਕ਼, ਤੋਹਫ਼ੇ ਘਰ ਘਰ ਰਿਹਾ ਪੁਚਾਈਆ । ਜਿਸ ਦੀ ਜੁਗ ਚੌਕੜੀ ਕਰਨ ਤਸਦੀਕ਼, ਪੈਗ਼ੰਬਰ ਸ਼ਹਾਦਤਾਂ ਵਿਚ ਭੁਗਤਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਮਰਥ ਪੁਰਖ ਤੇਰੀ ਸਰਨਾਈਆ । ਸਾਚਾ ਸੰਮਤ ਕਹੇ ਮੈਂ ਸਭ ਕੁਛ ਰਿਹਾ ਸੋਚ, ਸੋਚ ਸਮਝ ਪ੍ਰਭ ਦੀ ਝੋਲੀ ਪਾਈਆ । ਇਕੋ ਆਸਾ ਮਨਸਾ ਰਖੀ ਲੋਚ, ਬਿਨ ਲੋਚਨ ਨੈਣ ਅੱਖ ਖੁਲ੍ਹਾਈਆ । ਅਬਿਨਾਸ਼ੀ ਕਰਤੇ ਨਿਰਮਲ ਨੂਰ ਨੁਰਾਨੀ ਦੇ ਜੋਤ, ਜੋਤੀ ਦੀਪਕ ਸਚ ਜਲਾਈਆ । ਜਨ ਭਗਤਾਂ ਅੰਦਰੋਂ ਕਢ ਦੇ ਕੂੜਾ ਖੋਟ, ਕਰਮ ਕਾਂਡ ਰਹਿਣ ਨਾ ਪਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵਖਾ ਦੇ ਇਕੋ ਗੋਤ, ਆਤਮ ਬ੍ਰਹਮ ਦੇ ਸਮਝਾਈਆ । ਆਪਣੇ ਮਿਲਣ ਦੀ ਦੱਸ ਦੇ ਸਾਚੀ ਖੋਜ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਲੱਭਣ ਕੋਇ ਨਾ ਜਾਈਆ । ਕੂੜੀ ਹਉਮੇ ਹੰਗਤਾ ਕਢ ਦੇ ਰੋਗ, ਜੂਠ ਝੂਠ ਡੇਰਾ ਢਾਹੀਆ । ਸੁਰਤੀ ਸ਼ਬਦੀ ਕਰ ਦੇ ਸਰਬ ਸੰਜੋਗ, ਘਰ ਮੇਲਾ ਸਹਿਜ ਸੁਭਾਈਆ । ਤੇਰਾ ਵਿਛੋੜਾ ਨਾ ਹੋਵੇ ਵਿਜੋਗ, ਜੁਗ ਵਿਛੜਿਆਂ ਜੋੜ ਜੁੜਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਰਖ ਕੇ ਗਏ ਓਟ, ਨਿਤ ਨਿਤ ਤੇਰਾ ਧਿਆਨ ਲਗਾਈਆ । ਸ਼ਬਦ ਨਗਾਰੇ ਲਾ ਕੇ ਗਏ ਚੋਟ, ਉਚੀ ਕੂਕ ਕੂਕ ਸੁਣਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਸਾਚੀ ਮਿਲੇ ਨਾ ਕਿਤੇ ਮੌਜ, ਮਜਲਸ ਹਕ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦੇਣਾ ਸੁਹਾਈਆ । ਸਾਚਾ ਸੰਮਤ ਕਹੇ ਮੈਂ ਲੋਕਮਾਤ ਬਦਲ ਦੇਣਾ ਸੁਭਾਵਕ, ਸੋਭਾ ਪ੍ਰਭ ਨੂੰ ਦੇਣੀ ਦ੍ਰਿੜਾਈਆ । ਚਾਰ ਵਰਨ ਅਠਾਰਾਂ ਬਰਨ ਲਗੌਣਾ ਇਕ ਅਬਾਦਤ, ਭਜਨ ਬੰਦਗੀ ਨਾਮ ਇਕੋ ਇਕ ਸਮਝਾਈਆ । ਸਚ ਪ੍ਰੀਤੀ ਬਖ਼ਸ਼ਣੀ ਧੁਰ ਸਖ਼ਾਵਤ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਮਨ ਵਾਸਨਾ ਰਹੇ ਨਾ ਕੋਇ ਅਦਾਵਤ, ਕੂੜਾ ਝਗੜਾ ਦੇਣਾ ਚੁਕਾਈਆ । ਹਉਮੇ ਹੰਗਤਾ ਨਾ ਰਹੇ ਅਲਾਮਤ, ਆਮਿਲਾਂ ਨਾਲ ਕਾਮਲ ਮੁਰਸ਼ਦ ਦੇਣਾ ਮਿਲਾਈਆ । ਸਚ ਦਵਾਰ ਵਖੌਣਾ ਸਹੀ ਸਲਾਮਤ, ਜਿਸ ਘਰ ਵਸੇ ਬੇਪਰਵਾਹੀਆ । ਆਤਮ ਪਰਮਾਤਮ ਦੀ ਝੋਲੀ ਪੌਣੀ ਅਮਾਨਤ, ਖਿਆਨਤ ਵਿਚ ਨਾ ਕੋਇ ਰਖਾਈਆ । ਜਨ ਭਗਤਾਂ ਦੀ ਅੰਦਰ ਵਾੜ ਕੇ ਦੇਣੀ ਜ਼ਮਾਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਦ੍ਰਿੜਾਈਆ ।



੭੫੬

ਸਾਚਾ ਸੰਮਤ ਕਹੇ ਮੈਂ ਸਾਚਾ ਮਾਰਗ ਚਲੌਣਾ ਪੰਥ, ਵਰਨ ਬਰਨ ਇਕ ਸਰਨਾਈਆ । ਅੰਦਰ ਵੜ ਕੇ ਸੰਦੇਸ਼ਾ ਦੇਣਾ ਜੀਵ ਜੰਤ, ਸੰਖ ਅਸੰਖ ਕੋਟਨ ਕੋਟ ਹੁਕਮ ਸੁਣਾਈਆ । ਕਾਇਆ ਮੰਦਰ ਅੰਦਰ ਨਾਮ ਭਰਪੂਰ ਵਖਾਉਣਾ ਗ੍ਰੰਥ, ਜੋ ਨਿਰਅੱਖਰ ਅੱਖਰਾਂ ਵਿਚ ਆਪਣਾ ਰੂਪ ਬਦਲਾਈਆ । ਸਾਚਾ ਚਿੱਲਾ ਤੀਰ ਕਮਾਨ ਵਖਾਉਣਾ ਧਨੁਸ਼, ਧਨੁਖ ਇਕੋ ਰੂਪ ਵੰਡਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਵਖਾਉਣਾ ਕੰਤ, ਜੋ ਸੱਜਣ ਸੰਤ ਰਿਹਾ ਬਦਲਾਈਆ । ਸੋਹਣੀ ਰੁਤ ਵਖਾਉਣੀ ਸੁਹੰਜਣੀ ਬਸੰਤ, ਖ਼ਿਜ਼ਾ ਰੂਪ ਨਾ ਕੋਇ ਵਖਾਈਆ । ਸਤਿਜੁਗ ਸਚ ਬਣਾ ਕੇ ਬਣਤ, ਕੂੜੀ ਕਿਰਿਆ ਦੇਣੀ ਉਠਾਈਆ । ਜਿਸ ਦਾ ਖੇਲ ਆਦਿ ਓਸੇ ਦਾ ਖੇਲ ਅੰਤ, ਅੰਤਸ਼ਕਰਨ ਸਭ ਦਾ ਫੋਲ ਫੁਲਾਈਆ । ਪੁਰਖ ਅਕਾਲ ਦੀਨ ਦਿਆਲ ਬੋਧ ਅਗਾਧਾ ਬਣਾਉਂਣਾ ਪੰਡਤ, ਲੱਖ ਚੁਰਾਸੀ ਕਰੇ ਸਚ ਪੜ੍ਹਾਈਆ । ਦੂਜੇ ਦਰ ਕਦੇ ਨਾ ਜਾਵੇ ਮੰਗਤ, ਦੇਵਣਹਾਰ ਸਰਬ ਅਖਵਾਈਆ । ਸਤਿ ਧਰਮ ਬਣਾ ਕੇ ਸੰਗਤ, ਵਿਛੜੇ ਸਹਿਜੇ ਲਏ ਮਿਲਾਈਆ । ਲੇਖ ਮੁਕਾ ਕੇ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਹਿਰ ਗੰਭੀਰ ਹੋਵੇ ਸਹਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੇਰਾ ਹੋਣਾ ਵਕ਼ਤ ਚੰਗੇਰਾ, ਚਾਰ ਕੁੰਟ ਵੱਜੇ ਵਧਾਈਆ । ਧਰਨੀ ਧਰਤ ਧਵਲ ਸੁਹਾਉਣਾ ਖੇੜਾ, ਬੰਕ ਦੁਵਾਰਾ ਸੋਭਾ ਪਾਈਆ । ਜਨ ਭਗਤਾਂ ਬੰਨ੍ਹਣਾ ਬੇੜਾ, ਨਈਆ ਨੌਕਾ ਨਾਮ ਵਖਾਈਆ । ਕੂੜੀ ਕਿਰਿਆ ਮੁਕਾਉਣਾ ਝੇੜਾ, ਝਗੜਾ ਜਗਤ ਚੁਕਾਈਆ । ਗੁਰਮੁਖਾਂ ਨਜ਼ਰੀ ਆਉਣਾ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਇਕੋ ਰੰਗ ਵਖਾਉਣਾ ਸੰਝ ਸਵੇਰਾ, ਸ਼ਮਅ ਜੋਤ ਰੂਪ ਰੁਸ਼ਨਾਈਆ । ਸਾਢੇ ਤਿੰਨ ਹੱਥ ਅੰਦਰ ਸਰਬ ਵਸੇਰਾ, ਆਤਮ ਪਰਮਾਤਮ ਰਹੇ ਦ੍ਰਿੜਾਈਆ । ਗੁਰਸਿੱਖਾਂ ਅੰਦਰ ਹੋਵੇ ਚਾਉ ਘਨੇਰਾ, ਸਤਿ ਧਰਮ ਦੀ ਵੱਜੇ ਇਕ ਵਧਾਈਆ । ਹਰਿਜਨ ਸਾਚੇ ਇਕ ਦੂਜੇ ਨੂੰ ਕਹਿਣ ਤੂੰ ਮੇਰਾ ਮੈਂ ਤੇਰਾ, ਦੋਹਾਂ ਦੇ ਅੰਦਰ ਵਸਿਆ ਬੇਪਰਵਾਹੀਆ । ਨਵ ਨੌਂ ਚਾਰ ਪਿਛੋਂ ਜਿਸ ਨੇ ਪਾਇਆ ਫੇਰਾ, ਨਿਰਗੁਣ ਹੋ ਕੇ ਵੇਸ ਵਟਾਈਆ । ਕੂੜੀ ਕਿਰਿਆ ਚੁਕਾਏ ਅੰਧੇਰਾ, ਅੰਧ ਅੰਧਿਆਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਰਾਹ ਵਖਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵੀਹ ਸੌ ਇੱਕੀ ਪੂਰੀ ਕਰਨੀ ਆਸ, ਅਗੇ ਧੁਰ ਦਾ ਹੁਕਮ ਹੋਣਾ ਖ਼ਾਸ, ਜੋ ਸ੍ਰੀ ਭਗਵਾਨ ਦਏ ਦ੍ਰਿੜਾਈਆ । ਜਿਸ ਦਾ ਸਿਮਰਨ ਪੜ੍ਹਦੇ ਰਹੇ ਪੂਜਾ ਪਾਠ, ਸਜਦਿਆਂ ਵਿਚ ਸੀਸ ਝੁਕਾਈਆ । ਜਿਸ ਨੂੰ ਖੋਜਦੇ ਰਹੇ ਮੰਦਰ ਮਸਜਿਦ ਸ਼ਿਵਦਵਾਲੇ ਮਾਠ, ਤੀਰਥ ਤੱਟਾਂ ਫੇਰਾ ਪਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨਾਂ ਅੰਦਰ ਗਾਉਂਦੇ ਰਹੇ ਗਾਥ, ਅੱਖਰਾਂ ਨਾਲ ਕਰ ਪੜ੍ਹਾਈਆ । ਜਿਸ ਦੀ ਸਿਫ਼ਤ ਸਾਲਾਹ ਕਾਤਬ ਲਿਖਦੇ ਰਹੇ ਨਾਲ ਕ਼ਲਮ ਦਵਾਤ, ਕਾਗ਼ਜ਼ਾਂ ਉਤੇ ਵੰਡ ਵੰਡਾਈਆ । ਜਿਸ ਨੂੰ ਜੰਗਲ ਜੂਹ ਉਜਾੜ ਪਹਾੜ ਲੱਭਦੇ ਰਹੇ ਮਾਰ ਝਾਤ, ਚਾਰੋਂ ਕੁੰਟ ਵੇਖ ਵਖਾਈਆ । ਜਿਸ ਨੂੰ ਸਭ ਨੇ ਸੱਜਣ ਮੰਨਿਆ ਧੁਰ ਦਾ ਸਾਕ, ਸਚਾ ਸਾਕ ਇਕ ਅਖਵਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤ ਸਰੂਪ ਅਬਿਨਾਸ਼, ਅਬਿਨਾਸ਼ੀ ਆਪਣੀ ਧਾਰ ਚਲਾਈਆ । ਨਿਰਗੁਣ ਨੂਰ ਜ਼ਹੂਰ ਜੋਤੀ ਜਾਤਾ ਜੋਤ ਕਰ ਪਰਕਾਸ਼, ਲੋਕਮਤ ਕਰੇ ਰੁਸ਼ਨਾਈਆ । ਜੋ ਬ੍ਰਹਿਮੰਡ ਖੰਡ ਪੁਰੀ ਲੋਅ ਵਸਿਆ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਰਿਹਾ ਸਮਾਈਆ । ਜਿਸ ਦੇ ਅਗੇ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਅਰਦਾਸ, ਨਮਸਤੇ ਕਹਿ ਕੇ ਸੀਸ ਝੁਕਾਈਆ । ਜਿਸ ਦੇ ਕੋਲੋਂ ਨਾਮ ਨਿਧਾਨ ਸੁਣਦੇ

ਰਹੇ ਆਵਾਜ਼, ਅਗੰਮੀ ਨਾਦ ਧੁਨ ਸ਼ਨਵਾਈਆ । ਜਿਸ ਦਾ ਭਵਿਖਤਾਂ ਵਿਚ ਲੈਂਦੇ ਰਹੇ ਖ਼ੁਆਬ, ਲਿਖਤਾਂ ਵਿਚ ਗਏ ਦ੍ਰਿੜਾਈਆ । ਸੋ ਸਮਰਥ ਸਵਾਮੀ ਖੇਲ ਕਰੇ ਖ਼ਾਲਕ ਆਪ, ਕਲਜੁਗ ਕਲਪਨਾ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਣਹਾਰਾ ਪਾਪ, ਪਤਿਤ ਪਾਪੀ ਖੋਜ ਖੁਜਾਈਆ । ਵੀਹ ਸੌ ਇੱਕੀ ਬਿਕ੍ਰਮੀ ਕਹੇ ਅੰਤ ਅਖ਼ੀਰੀ ਦਿਤਾ ਸਰਬ ਜੁਆਬ, ਧੁਰ ਫ਼ਰਮਾਨਾ ਸਰਬ ਸੁਣਾਈਆ । ਸ਼ਬਦ ਸੰਦੇਸ਼ੇ ਵਿਚ ਦਿਤਾ ਆਖ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਅੰਦਰ ਪਰਦਾ ਰਿਹਾ ਉਠਾਈਆ । ਵੀਹ ਸੌ ਇੱਕੀ ਬਿਕ੍ਰਮੀ ਕਹੇ ਮੈਂ ਹੋਈ ਅੰਤ ਹੈਰਾਨ, ਹੈਰਾਨੀ ਮੇਰੇ ਉਤੇ ਆਈਆ । ਕਰਿਆ ਖੇਲ ਕੀ ਭਗਵਾਨ, ਸ੍ਰੀ ਭਗਵਾਨ ਬੇਪਰਵਾਹੀਆ । ਦੋ ਜਹਾਨਾਂ ਬਣ ਕੇ ਹੁਕਮਰਾਨ, ਸਚ ਸੰਦੇਸ਼ਾ ਦਿਤਾ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ ਚਰਨੀ ਡਿੱਗੇ ਆਣ, ਭਗਤਾਂ ਮਿਲ ਕੇ ਵੱਜੀ ਵਧਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਢੋਲੇ ਲਗੇ ਗਾਣ, ਦੂਜਾ ਨਾਦ ਨਾ ਕੋਇ ਸ਼ਨਵਾਈਆ । ਧੁਰ ਸੰਦੇਸ਼ਾ ਸੁਣਨ ਸਚ ਫ਼ਰਮਾਨ, ਜੋ ਫੁਰਨੇ ਸਭ ਦੇ ਬੰਦ ਕਰਾਈਆ । ਲੋਕਮਾਤ ਜਿਸ ਨੇ ਬਦਲ ਦੇਣਾ ਵਿਧਾਨ, ਦੀਨ ਦਿਆਲ ਦਇਆ ਕਮਾਈਆ । ਜਿਸ ਦੇ ਹੁਕਮੇ ਅੰਦਰ ਰਵ ਸਸ ਚਲਣ ਜ਼ਿਮੀਂ ਅਸਮਾਨ, ਮੰਡਲ ਮੰਡਪ ਭੱਜਣ ਵਾਹੋ ਦਾਹੀਆ । ਸੋ ਸਾਹਿਬ ਸਵਾਮੀ ਕਰੇ ਖੇਲ ਮਹਾਨ, ਮਹਿਮਾ ਅਕਥ ਕਥ ਜਣਾਈਆ । ਕਲਜੁਗ ਅੰਤ ਹੋ ਪਰਧਾਨ, ਜੋਤੀ ਸ਼ਬਦੀ ਰੂਪ ਪਰਗਟਾਈਆ । ਜਨ ਭਗਤਾਂ ਕਰਨ ਆਇਆ ਕਲਿਆਨ, ਬਿਨ ਕਲਮਿਆਂ ਪਾਰ ਲੰਘਾਈਆ । ਸਚ ਪ੍ਰੀਤੀ ਦੇ ਕੇ ਇਕ ਧਿਆਨ, ਅੰਤਰ ਅੱਖ ਦਿਤੀ ਖੁਲ੍ਹਾਈਆ । ਬਿਨ ਪੁੱਛਿਆਂ ਦਿਤਾ ਸਚ ਗਿਆਨ, ਬਿਨ ਅੱਖਰਾਂ ਦਿਤਾ ਸਮਝਾਈਆ । ਕੋਝਿਆਂ ਕਮਲਿਆਂ ਗ਼ਰੀਬ ਨਿਮਾਣਿਆਂ ਦੇ ਪਹਿਚਾਨ, ਰਾਜੇ ਰਾਣਿਆਂ ਖ਼ਾਕ ਵਿਚ ਮਿਲਾਈਆ । ਸ਼ਬਦੀ ਸ਼ਬਦ ਖੰਡਾ ਖਿੱਚ ਮਿਆਨ, ਦੋ ਜਹਾਨਾਂ ਰਿਹਾ ਡਰਾਈਆ । ਸੂਰਬੀਰ ਸੁਲਤਾਨ ਨੌਜਵਾਨ ਮਰਦ ਮਰਦਾਨ ਹੁਕਮੀ ਖੇਲ ਕਰੇ ਵਿਚ ਮੈਦਾਨ, ਤੁਖ਼ਮ ਤਾਸੀਰ ਸਭ ਦੀ ਦਏ ਬਦਲਾਈਆ । ਜਨ ਭਗਤ ਆਤਮਾ ਨੌ ਦਰ ਨਾ ਰਹੇ ਗ਼ੁਲਾਮ, ਪੰਜਾਂ ਤੋਂ ਛੁਟਕਾਰਾ ਦਏ ਕਰਾਈਆ । ਆਪਣਾ ਮਿਲਣਾ ਦੱਸੇ ਆਸਾਨ, ਅੰਦਰ ਵੜ ਕੇ ਸ੍ਰੀ ਭਗਵਾਨ, ਪੜਦਾ ਉਹਲਾ ਦਏ ਚੁਕਾਈਆ । ਨਾਦੀ ਧੁਨ ਸੁਣਾਏ ਧੁਨਕਾਨ, ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਜੋਤੀ ਜੋਤ ਜਗੇ ਮਹਾਨ, ਲੇਖਾ ਚੁਕ ਜਾਏ ਅੰਜੀਲ ਕ਼ੁਰਾਨ, ਵੇਦ ਪੁਰਾਨ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਕਾਇਆ ਮੰਦਰ ਅੰਦਰ ਸਚ ਸਵਾਮੀ ਅੰਤਰਜਾਮੀ ਜੋਤੀ ਜਾਤਾ ਪੁਰਖ ਵਿਧਾਤਾ ਸਿੱਧਾ ਮਿਲੇ ਆਣ, ਨਿਰਗੁਣ ਨਿਰਗੁਣ ਆਪਣਾ ਜੋੜ ਜੁੜਾਈਆ । ਅੰਤਰ ਆਤਮ ਸਚ ਸਰੋਵਰ ਕਰਾਏ ਇਸ਼ਨਾਨ, ਅੰਮ੍ਰਿਤ ਵੇਲਾ ਇਕੋ ਇਕ ਵਖਾਈਆ । ਸਾਚਾ ਸੰਮਤ ਕਹੇ ਮੈਂ ਭਗਤਾਂ ਦੀ ਕਰਾਉਣੀ ਕਲਿਆਨ, ਲੇਖਾ ਮੁਕਾਉਣਾ ਦੋ ਜਹਾਨ, ਆਵਣ ਜਾਵਣ ਲੱਖ ਚੁਰਾਸੀ ਨਾ ਰਹੇ ਜਹਾਨ, ਜਮ ਕੀ ਫ਼ਾਸੀ ਦੇਣੀ ਤੁੜਾਈਆ । ਸਚਖੰਡ ਦਵਾਰੇ ਸ੍ਰੀ ਭਗਵਾਨ ਦੇ ਬਣ ਕੇ ਜਾਣ ਮਹਿਮਾਨ, ਦਰਗਾਹ ਸਾਚੀ ਮਿਲੇ ਸਚ ਅਸਥਾਨ, ਜਿਥੇ ਨਾ ਕੋਈ ਜ਼ਿਮੀਂ ਨਾ ਅਸਮਾਨ, ਨਾ ਕੋਈ ਸ਼ਬਦ ਨਾਦ ਧੁਨ ਨਾ ਕੋਇ ਗੀਤ ਜ਼ਬਾਨ, ਨਾ ਕੋਈ ਪੌਣ ਪਾਣੀ ਬਸੰਤਰ ਨਾ ਕੋਈ ਖਾਣ, ਭਗਵਾਨ ਇਸ਼ਟ ਦੇਵ ਧਿਆਨ ਨਾ ਕੋਇ ਲਗਾਈਆ । ਨਾ ਕੋਈ ਚਾਰ ਦੀਵਾਰੀ ਨਾ ਕੋਈ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਿਸ਼ਾਨ, ਨਾ ਕੋਇ ਘੰਟੇ ਘੜਿਆਲ ਰਿਹਾ ਖੜਕਾਈਆ । ਨਾ ਕੋਇ ਦੀਨ ਮਜ਼੍ਹਬ ਜ਼ਾਤ ਪਾਤ ਉਚ ਨੀਚ ਕਰੇ ਪਹਿਚਾਨ, ਰਾਓ


੭੫੮

ਰੰਕ ਨਾ ਕੋਇ ਵਖਾਈਆ । ਜਿਧਰ ਤੱਕਣ ਓਧਰ ਇਕੋ ਜੋਤ ਸਰੂਪ ਭਗਵਾਨ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਭਗਤ ਸੁਹੇਲਾ ਇਕ ਅਕੇਲਾ ਗੁਰ ਚੇਲਾ ਵੇਖੇ ਆਣ, ਧੁਰ ਦਾ ਮੇਲਾ ਸਹਿਜ ਸੁਭਾਈਆ ।

❊ ੩ ਜੇਠ ਸ਼ਹਿਨਸ਼ਾਹੀ ਸੰਮਤ ੧ ਚਰਨ ਸਿੰਘ ਦੇ ਘਰ ਪਿੰਡ ਮਾਨਾਵਾਲਾ ਜ਼ਿਲਾ ਅੰਮ੍ਰਿਤਸਰ ❊

ਸੰਮਤ ਕਹੇ ਮੈਂ ਪ੍ਰਭ ਦੀ ਵੇਖੀ ਖੇਡ, ਜੋ ਖ਼ੁਦਾਵੰਦ ਹੋ ਕੇ ਰਿਹਾ ਖਿਡਾਈਆ । ਜਿਸ ਨੇ ਆਪਣੇ ਬਰਦੇ ਦਿਤੇ ਭੇਜ, ਫ਼ਕਤ ਆਪਣਾ ਹੁਕਮ ਸੁਣਾਈਆ । ਭਗਤਾਂ ਰੱਖੇ ਸਾਇਆ ਹੇਠ, ਸੂਫ਼ੀਆਂ ਸੰਗ ਨਿਭਾਈਆ । ਜੁਗ ਚੌਕੜੀ ਲਿਖੇ ਲੇਖ, ਭੋਗੀ ਰਿਹਾ ਭੁਗਤਾਈਆ । ਸਚ ਦਵਾਰੇ ਰਿਹਾ ਵੇਖ, ਸਚਖੰਡ ਸਾਚੇ ਸੋਭਾ ਪਾਈਆ । ਹੁਕਮ ਸੁਨੇਹੜਾ ਦੇਂਦਾ ਰਿਹਾ ਸੰਦੇਸ਼, ਪੈਗ਼ੰਬਰ ਗੁਰ ਪੜ੍ਹਾਈਆ । ਮਾਲਕ ਬਣਦਾ ਰਿਹਾ ਨਰੇਸ਼, ਨਰ ਨਰਾਇਣ ਵੱਡੀ ਵਡਿਆਈਆ । ਮਹਿੰਮਾ ਜਣਾਉਂਦਾ ਰਿਹਾ ਸਹੰਸਰ ਮੁਖ ਸ਼ੇਸ਼, ਬ੍ਰਹਮਾ ਵਿਸ਼ਨ ਮਹੇਸ਼ ਦੇਵਣਹਾਰ ਸਰਨਾਈਆ । ਨਿਰਗੁਣ ਸਰਗੁਣ ਨਾਨਕ ਹੱਥ ਖੂੰਡੀ ਮੋਢੇ ਧਰਾਉਂਦਾ ਰਿਹਾ ਖੇਸ, ਚਾਰ ਕੁੰਟ ਵਜਾਉਂਦਾ ਰਿਹਾ ਵਧਾਈਆ । ਗੋਬਿੰਦ ਧਾਰ ਦੱਸਦਾ ਰਿਹਾ ਭੇਦ, ਧੁਰ ਸੰਦੇਸ਼ਾ ਸ਼ਬਦ ਸੁਣਾਈਆ । ਸੀਸ ਪੁਆਉਂਦਾ ਰਿਹਾ ਰੇਤ, ਅਗਨੀ ਤੱਤ ਤਪਾਈਆ । ਗੁਰਮੁਖਾਂ ਕਰਦਾ ਰਿਹਾ ਹੇਤ, ਬੰਸ ਸਰਬੰਸ ਭੇਟ ਚੜ੍ਹਾਈਆ । ਤੀਰ ਅਣਿਆਲਾ ਮਾਰ ਕੇ ਕਰਦਾ ਰਿਹਾ ਛੇਕ, ਗੜ੍ਹ ਹੰਕਾਰੀ ਡੇਰਾ ਢਾਹੀਆ । ਊਚੀ ਕੂਕ ਦੱਸਦਾ ਰਿਹਾ ਏਕ, ਏਕੰਕਾਰ ਹਰਿ ਰਘੁਰਾਈਆ । ੭੫੯
ਜਿਸ ਦੀ ਸਭ ਨੇ ਰਖੀ ਟੇਕ, ਧੂੜੀ ਟਿੱਕੇ ਮਸਤਕ ਲਾਏ ਸ਼ਾਹੀਆ । ਜਿਸ ਬੁਧੀ ਕਰਨੀ ਵਿਵੇਕ, ਮਨ ਵਾਸਨਾ ਦਏ ਗੁਆਈਆ । ਕੂੜੀ ਕਿਰਿਆ ਕਰਨੀ ਖੇਤ, ਖੰਡਾ ਖੜਗ ਇਕ ਚਮਕਾਈਆ । ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਜਿਸ ਦੀ ਪੂਜਾ ਕਰਦੇ ਦੇਵਤ ਸੁਰ ਗਣੇਸ਼, ਦਿਵਸ ਰੈਣ ਧਿਆਨ ਲਗਾਈਆ । ਸੋ ਸਾਹਿਬ ਸਵਾਮੀ ਆਵੇ ਨਿਰੰਤਰ ਨੇਤ, ਬਸੰਤਰ ਅਗਨੀ ਦਏ ਬੁਝਾਈਆ । ਜਿਸ ਨੇ ਆਪਣਾ ਸੰਮਤ ਬਦਲ ਕੇ ਪਹਿਲੀ ਚੇਤ, ਚੇਤਨ ਸਭ ਨੂੰ ਦਿਤਾ ਕਰਾਈਆ । ਧੁਰ ਦਾ ਬਣ ਕੇ ਖੇਵਟ ਖੇਟ, ਬੇੜਾ ਆਪਣੇ ਕੰਧ ਉਠਾਈਆ । ਭਗਤ ਸੁਹੇਲਾ ਮੇਲ ਕੇ ਬੇਟੀ ਬੇਟ, ਪਤਣ ਆਪਣੇ ਲਿਆ ਬਹਾਈਆ । ਇਸ ਦਾ ਖੇਲ ਅਗੰਮੀ ਅੰਤ ਅਖ਼ੀਰੀ ਪੰਚਮ ਜੇਠ, ਸੇਠ ਦੇਣ ਦੁਹਾਈਆ । ਸੰਤ ਸੁਹੇਲੇ ਲਏ ਲਪੇਟ, ਨਾਮ ਦੁਸ਼ਾਲਾ ਇਕ ਵਖਾਈਆ । ਕੂੜਾ ਰਹਿਣ ਨਾ ਦੇਵੇ ਭੇਖ, ਪਾਖੰਡ ਦਏ ਮੁਕਾਈਆ । ਸਚ ਸੁਹੰਜਣਾ ਇਕੋ ਵਸੇ ਦੇਸ਼, ਸਚ ਦਵਾਰੇ ਵੱਜੇ ਵਧਾਈਆ । ਜਿਸ ਨੂੰ ਪਿਛੇ ਕਹਿੰਦੇ ਰਹੇ ਇੱਕੀ ਸਾਲ ਜੋਤ ਹੁੰਦੀ ਰਹੀ ਪਰਵੇਸ਼, ਸੋ ਹਮੇਸ਼ ਆਪਣਾ ਡੇਰਾ ਲਾਈਆ । ਜਿਸ ਵੇਲੇ ਕੋਈ ਚਾਹੇ ਉਸੇ ਵੇਲੇ ਸੋਈ ਲਏ ਵੇਖ, ਵਖਿਆਨ ਕਰਨ ਦੀ ਲੋੜ ਰਹੇ ਨਾ ਰਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਅਗੇ ਕਰ ਕੇ ਆਪਣਾ ਆਪ ਪੇਸ਼, ਪੇਸ਼ਤਰ ਹੁਕਮ ਸੁਣਾਈਆ । ਧੁਰਦਰਗਾਹੀ ਬਣ ਕੇ ਦਰ ਦਰਵੇਸ਼, ਦਰਦੀਆਂ ਦਾ ਦਰਦੀ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸੰਮਤ ਕਹੇ ਮੈਂ ਵੇਖਣਾ ਧੁਰ ਦਾ ਅਦਲ, ਆਦਲ ਕਵਣ ਰੂਪ ਵਟਾਈਆ । ਜੋ ਜਗਤ ਕਿਰਿਆ ਦੇਵੇ ਬਦਲ, ਬਦਲਾ ਦੇਵੇ ਚੁਕਾਈਆ । ਵਿਕਾਰਾਂ ਕਰ ਕੇ ਕ਼ਤਲ, ਕੂੜੀ ਕਰੇ ਸਫ਼ਾਈਆ ।

ਧੁਰ ਦਾ ਦੱਸ ਕੇ ਪਤਣ, ਭਗਤਾਂ ਲਏ ਉਠਾਈਆ । ਸੰਤਾਂ ਆਇਆ ਰੱਖਣ, ਗੁਰਮੁਖਾਂ ਲਏ ਜਗਾਈਆ । ਗੁਰਸਿੱਖਾਂ ਆਇਆ ਦੱਸਣ, ਪਰਦਾ ਰਹੇ ਨਾ ਰਾਈਆ । ਸਚ ਦਵਾਰੇ ਆਇਆ ਵਸਣ, ਆਤਮ ਸੇਜਾ ਡੇਰਾ ਲਾਈਆ । ਮੋਹ ਵਿਕਾਰਾ ਆਇਆ ਮਥਨ, ਨਾਮ ਮਧਾਨਾ ਰਿਹਾ ਪਾਈਆ । ਸਚ ਪੜ੍ਹਾਵਨ ਆਇਆ ਗਾਥਨ, ਧੁਰ ਦਾ ਰਾਗ ਸੁਣਾਈਆ । ਸਚਾ ਸੁਹਾਵਣ ਆਇਆ ਆਸਣ, ਆਸਰਾ ਇਕੋ ਇਕ ਵਖਾਈਆ । ਜਿਸ ਦਾ ਪਹਿਲਾ ਗੁਜ਼ਰਿਆ ਮਾਸਨ, ਮਸਲਿਆਂ ਵਿਚ ਪਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੰਮਤ ਕਹੇ ਮੈਂ ਵੇਖਣਾ ਸਤਿਵਾਦੀ, ਜੋ ਸਤਿਵਾਦੀ ਰੰਗ ਝੁਲਾਈਆ । ਜਗਤ ਬਦਲਣ ਦੀ ਜਿਸ ਨੂੰ ਧੁਰ ਦੀ ਵਾਦੀ, ਵਾਅਦੇ ਨਾਲ ਲੇਖੇ ਲੇਖੇ ਵਿਚ ਲਗਾਈਆ । ਲੱਖ ਚੁਰਾਸੀ ਜਿਸ ਦੀ ਬਾਂਦੀ, ਹੁਕਮੇ ਅੰਦਰ ਜਿਸ ਦੀ ਸੇਵ ਕਮਾਈਆ । ਲੋਕਮਾਤ ਆਉਂਦੀ ਜਾਂਦੀ, ਜਨਮ ਮਰਨ ਸੇਵ ਕਮਾਈਆ । ਪੰਜ ਤੱਤ ਚੋਲਾ ਹੰਢਾਉਂਦੀ, ਪਰਮਾਤਮ ਆਤਮ ਸੋਭਾ ਪਾਈਆ । ਆਸਾ ਤ੍ਰਿਸ਼ਨਾ ਰਸਨਾ ਜਿਹਵਾ ਬੱਤੀ ਦੰਦ ਖ਼ਾਹਸ਼ਾਂ ਨਾਲ ਪੀਂਦੀ ਖਾਂਦੀ, ਸੁਆਸਾਂ ਨਾਲ ਜੀਵਨ ਜੁਗਤ ਵਡਿਆਈਆ । ਮੰਜ਼ਲਾਂ ਵਿਚ ਥੱਕੀ ਮਾਂਦੀ, ਥਕਾਵਟ ਵਿਚ ਆਪਣਾ ਡੇਰਾ ਲਾਈਆ । ਦੂਰ ਦੁਰਾਡੇ ਲੋਚਨ ਨੈਣਾਂ ਰਾਹ ਤਕਾਂਦੀ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੰਮਤ ਕਹੇ ਸ੍ਰੀ ਭਗਵਾਨ ਦਾ ਵੇਖਿਆ ਝੰਡਾ, ਝਾੜ ਸਭ ਨੂੰ ਰਿਹਾ ਪਾਈਆ । ਸਾਢੇ ਤਿੰਨ ਹੱਥ ਦਾ ਵੇਖਿਆ ਡੰਡਾ, ਡੰਡਾਵਤ ਸਭ ਨੂੰ ਰਿਹਾ ਸਮਝਾਈਆ । ਸੋਹੰ ਦਾ ਸੁਣਿਆ ਛੰਦਾ, ਸੰਸੇ ਰਿਹਾ ਗਵਾਈਆ । ਪ੍ਰੇਮ ਪਿਆਰ ਦਾ ਵੇਖਿਆ ਬੰਦਾ, ਜੋ ਬੰਦਨਾ ਕਰ ਸੀਸ ਰਿਹਾ ਝੁਕਾਈਆ । ਕਲਜੁਗ ਕੂੜ ਕਿਰਿਆ ਦਾ ਵੇਖਿਆ ਕੰਢਾ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਜਗਤ ਜੀਵ ਜਹਾਨ, ਵੇਖਿਆ ਰੰਡਾ, ਕੰਤ ਮਿਲਿਆ ਨਾ ਬੇਪਰਵਾਹੀਆ । ਮਾਨਸ ਜਨਮ ਹੁੰਦਾ ਵੇਖਿਆ ਭੰਗਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਮਨ ਹੰਕਾਰੀ ਕਰਦਾ ਵੇਖਿਆ ਦੰਗਾ, ਗ੍ਰਿਹ ਗ੍ਰਿਹ ਕਰੇ ਲੜਾਈਆ । ਅੰਦਰੋਂ ਖੋਲ੍ਹਿਆ ਕਿਸੇ ਨਾ ਜਿੰਦਾ, ਕੁੰਜੀ ਸਕਿਆ ਨਾ ਕੋਇ ਲਗਾਈਆ । ਪੁਰਖ ਅਕਾਲ ਦੀ ਕੂੜ ਕੁੜਿਆਰੇ ਕਰਦੇ ਨਿੰਦਾ, ਗੁਰ ਦਾ ਸ਼ਬਦ ਗਏ ਭੁਲਾਈਆ । ਸ੍ਰੀ ਭਗਵਾਨ ਸਭ ਨੂੰ ਵੇਂਹਦਾ, ਵੇਖਣਹਾਰਾ ਆਪਣਾ ਆਪ ਛੁਪਾਈਆ । ਜਨ ਭਗਤਾਂ ਦਾ ਲਹਿਣਾ ਦੇਂਦਾ, ਸਚ ਦਵਾਰੇ ਝੋਲੀ ਪਾਈਆ । ਖੇਲ ਵਖਾ ਕੇ ਸਾਚੇ ਨੇਹੁੰ ਦਾ, ਪ੍ਰੀਤੀ ਆਪਣੀ ਇਕ ਬਣਾਈਆ । ਭੰਡਾਰਾ ਦੇਵੇ ਅੰਮ੍ਰਿਤ ਅੰਮਿਉਂ ਦਾ, ਮੇਘਲਾ ਇਕ ਬਰਸਾਈਆ । ਝਗੜਾ ਚੁਕਾ ਦੇਵੇ ਝੂਠੀ ਕਿਰਿਆ ਕਿਉਂ ਦਾ, ਨੂਰ ਜ਼ਹੂਰ ਖ਼ਾਹਮਖ਼ਾਹ ਕਰੇ ਨਾ ਕੋਇ ਲੜਾਈਆ । ਪਰਦਾ ਉਠਾ ਕੇ ਆਤਮ ਦੇਉ ਦਾ, ਦੇਵ ਆਤਮਾ ਦਏ ਸਮਝਾਈਆ । ਲੇਖਾ ਚੁਕ ਜਾਏ ਅਲਖ ਅਭੇਉ ਦਾ, ਭੇਵ ਅਭੇਦਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਦਰਸਾਈਆ । ਸੰਮਤ ਕਹੇ ਪ੍ਰਭ ਨੇ ਕੀਤਾ ਸਭ ਨਾਲ ਧ੍ਰੋਹ, ਆਪਣਾ ਹੁਕਮ ਵਰਤਾਈਆ । ਸਾਧਾਂ ਵਾਲੀ ਕੁੰਜੀ ਲਈ ਖੋਹ, ਅਗੇ ਜਿੰਦਾ ਸਕੇ ਨਾ ਕੋਇ ਖੁਲ੍ਹਾਈਆ । ਜਿੰਨਾਂ ਚਿਰ ਪ੍ਰਭ ਨਾਲ ਕਰੇ ਨਾ ਕੋਇ ਮੋਹ, ਮੂਹਰੇ ਰਾਹ ਨਾ ਕੋਇ ਦ੍ਰਿੜਾਈਆ । ਚਰਨ ਕਮਲ ਨਾ ਜਾਏ ਛੋਹ, ਛੋਹਰਾ ਬਾਂਕਾ ਨਾ ਰੂਪ ਵਟਾਈਆ । ਘਰ ਮੰਦਰ ਨਾ ਹੋਵੇ ਲੋ, ਅੰਧ ਅੰਧੇਰ ਨਾ ਕੋਇ ਗੁਆਈਆ । ਸਾਚਾ ਸ਼ਬਦ ਨਾ ਸੁਣੇ ਕੋ, ਹੰ ਬ੍ਰਹਮ ਨਾ ਕੋਇ ਵਡਿਆਈਆ । ਅੰਮ੍ਰਿਤ ਮੇਘ ਨਾ ਦੇਵੇ ਕੋਈ ਚੋ, ਨਿਝਰ ਰਸ ਨਾ



੭੬੦

ਕੋਇ ਚੁਆਈਆ । ਕਾਵਾਂ ਵਾਂਗ ਕਾਗ ਉਡਾ ਕੇ ਕਰਨ ਕੋ, ਹੋਕਰਾਂ ਨਾਲ ਸੁਣਾਈਆ । ਧੱਕੇ ਖਾਂਦੇ ਫਿਰਦੇ ਸਾਂਧਾ ਦੇ ਗ੍ਰੋਹ, ਜਿਨ੍ਹਾਂ ਸਾਧਨਾ ਅੰਦਰੋਂ ਹੱਥ ਨਾ ਆਈਆ । ਇਹ ਲੇਖਾ ਕਰੇ ਉਹ, ਜਿਸ ਨੂੰ ਵੇਹ ਕਹਿ ਕੇ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਰਿਹਾ ਕਮਾਈਆ । ਸੰਮਤ ਕਹੇ ਮੈਂ ਹੁਕਮ ਸੁਨਾਉਣਾ ਰੱਬੀ, ਰਾਬਤਾ ਸਭ ਨੂੰ ਦਿਆਂ ਸੁਣਾਈਆ । ਸਾਚਾ ਤਬੀਬ ਰਹਿਣਾ ਨਹੀਂ ਕੋਈ ਤਬੀ, ਤਬੀਅਤ ਸਭ ਦੀ ਦੇਣੀ ਬਦਲਾਈਆ । ਜਿਹੜੀ ਵਸਤ ਕਿਸੇ ਨਹੀਂ ਲੱਭੀ, ਉਹ ਗੁਰਮੁਖਾਂ ਦੇਣੀ ਝੋਲੀ ਪਾਈਆ । ਕਿਉਂ, ਗੁਰ ਅਵਤਾਰ ਪੀਰ ਪੈਗ਼ੰਬਰ ਛਡ ਗਏ ਗੱਦੀ, ਵੀਹਵੀਂ ਸਦੀ ਆਪਣਾ ਪੰਧ ਮੁਕਾਈਆ । ਹੁਕਮੇ ਅੰਦਰ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਬੱਧੀ, ਦੋ ਜਹਾਨ ਭੱਜਣ ਵਾਹੋ ਦਾਹੀਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਨਾਲ ਪ੍ਰੀਤੀ ਲੱਗੀ, ਲਗੀ ਪ੍ਰੀਤ ਤੋੜ ਨਿਭਾਈਆ । ਹੁਣ ਕਿਹੜੀ ਚਰਾਉਣੀ ਪੈਣੀ ਗਾਂ ਮੱਝੀ, ਮਜਲਸ ਭਗਤਾਂ ਵਿਚ ਰਖਾਈਆ । ਜੁਗਾਂ ਦੀ ਬਦਲ ਕੇ ਸਦੀ, ਸਾਫ਼ ਸੁਥਰਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਸੰਮਤ ਕਹੇ ਮੈਨੂੰ ਨਜ਼ਰੀ ਆਏ ਚਾਰੋਂ ਕੁੰਟ, ਹਰਖ਼ ਸੋਗ ਚਿੰਤਾ ਵਿਚ ਲੋਕਾਈਆ । ਮੈਂ ਇਸੇ ਵੇਲੇ ਸਭ ਨੂੰ ਅੰਦਰ ਵੜ ਕੇ ਲੈਣਾ ਘੋਖ, ਪੜਦਿਆਂ ਵਿਚੋਂ ਪਰਦੇ ਲੈਣੇ ਫੁਲਾਈਆ । ਕੂੜੀ ਕਿਰਿਆ ਦਾ ਦੇ ਕੇ ਜੋਸ਼, ਕੂੜ ਕਪਟ ਦੇਣੇ ਉਪਜਾਈਆ । ਜਨ ਭਗਤਾਂ ਨੂੰ ਕਰਕੇ ਖ਼ਾਮੋਸ਼, ਪ੍ਰੀਤੀ ਪ੍ਰਭੂ ਨਾਲ ਵਖਾਈਆ । ਸੰਮਤ ਕਹੇ ਮੈਨੂੰ ਬੜੀ ਹੁਣ ਲੱਗੀ ਸੋਚ, ਕਿਉਂ ਜ਼ਿਮੇਵਾਰੀ ਪ੍ਰਭ ਨੇ ਮੇਰੇ ਸਿਰ ਦਿਤੀ ਟਿਕਾਈਆ । ਰਾਜ ਰਜਾਨ ਸ਼ਾਹ ਸੁਲਤਾਨ ਜੰਗਲਾਂ ਵਿਚ ਫਿਰਨ ਵਾਂਗ ਖ਼ਰਗੋਸ਼, ਕੂੜੀ ਕਿਰਿਆ ਸੁਆਨ ਪਿਛੇ ਦੇਣੇ ਲਗਾਈਆ । ਸਭ ਦੀ ਟਿਕਾਣੇ ਕਰਕੇ ਹੋਸ਼, ਹੁਸ਼ ਹੁਸ਼ ਕਰਕੇ ਕੈਮਲ ਦੇਣੇ ਬਹਾਈਆ । ਵਿਦਿਆ ਦੀ ਰਹਿਣ ਦੇਣੀ ਨਾ ਸੋਚ, ਚਿੰਤਾ ਦੀ ਚਿਖਾ ਦੇਣੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੰਮਤ ਕਹੇ ਮੈਂ ਕੂਕ ਸੁਣਾਵਾਂ ਉਚੀ, ਉਚੇ ਮੁਨਾਰੇ ਦਿਆਂ ਹਿਲਾਈਆ । ਮੈਂ ਕੋਈ ਕੱਟਣ ਨਹੀਂ ਆਇਆ ਬੁੱਤੀ, ਬੁਤਖ਼ਾਨੇ ਸਾਰੇ ਦੇਣੇ ਢਾਹੀਆ । ਜਗਤ ਸ੍ਰਿਸ਼ਟੀ ਜਾਣੀ ਲੁਟੀ, ਲੁਟੇਰਾ ਇਕੋ ਬੇਪਰਵਾਹੀਆ । ਤਨ ਮਾਟੀ ਖ਼ਾਕ ਜਾਣੀ ਕੁੱਠੀ, ਕਾਇਆ ਕੁਟੀਆ ਸ਼ਾਂਤ ਨਾ ਕੋਇ ਕਰਾਈਆ । ਪਰਾਂਦੀ ਰਹਿਣੀ ਨਹੀਂ ਕਿਸੇ ਗੁੱਤੀਂ, ਸੁਹਾਗ ਕੰਤ ਨਾ ਕੋਇ ਹੰਢਾਈਆ । ਗੋਦ ਸੁਹਾਏ ਨਾ ਕੋਇ ਪੁੱਤੀਂ, ਨਾਰੀ ਕੰਤ ਸੇਜ ਨਾ ਕੋਇ ਸੁਹਾਈਆ । ਪੈਰੀਂ ਰਹੇ ਕਿਸੇ ਨਾ ਜੁੱਤੀ, ਜੋੜੀ ਜੋੜਾ ਦਏ ਦੁਹਾਈਆ । ਲੁਕਿਆ ਰਹੇ ਕੋਇ ਨਾ ਗੁਠੀਂ, ਚਾਰੋਂ ਕੁੰਟ ਦਏ ਫੁਲਾਈਆ । ਧਨ ਦੌਲਤ ਰਹੇ ਕੋਇ ਨਾ ਮੁਠੀ, ਮਾਹਬਦੌਲਤ ਆਪਣਾ ਹੁਕਮ ਵਰਤਾਈਆ । ਸਭ ਦੀ ਅਕਲ ਸੁਰਤ ਬੁਧੀ ਕਰ ਕੇ ਪੁੱਠੀ, ਗੇੜਾ ਜਗਤ ਵਿਚ ਗਿੜਾਈਆ । ਜਿਹੜੀ ਤਾਕ਼ਤ ਬਿਨ ਲਿਆਕ਼ਤ ਰੱਖੀ ਘੁਟੀ, ਆਪਣੇ ਵਿਚ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸੰਮਤ ਕਹੇ ਕਿਉਂ ਆਇਆ ਲੋਕਮਾਤ ਜੇਠ ਪੰਜ, ਪੰਜਾਂ ਦੇ ਪੰਜੇ ਵਿਚ ਗਿਆ ਲਗਾਈਆ । ਜਿਸ ਨੂੰ ਜਾਣ ਲੱਗਿਆਂ ਕੋਈ ਨਾ ਹੋਇਆ ਰੰਜ, ਗ਼ਮਾਂ ਵਿਚ ਨਾ ਗ਼ਮ ਬਦਲਾਈਆ । ਨੇਤਰ ਨੀਰ ਨਾ ਡੋਲ੍ਹਿਆ ਹੰਝ, ਹੰਝੂਆਂ ਧਾਰ ਨਾ ਕੋਇ ਵਹਾਈਆ । ਸੋ ਕਲਜੁਗ ਅੰਤਮ ਖ਼ਾਲੀ ਕਰੇ ਕੂੜੇ ਗੰਜ, ਹੁਕਮ ਹਾਕਮ ਇਕ ਵਰਤਾਈਆ । ਧਰਤ ਸੁਹਾਵੀ ਕਰ ਕੇ ਦੇਸ ਮੰਝ, ਮੰਜ਼ਲ ਪੰਧ ਚੁਕਾਈਆ । ਜਨ ਭਗਤਾਂ ਹਰਖ਼

ਸੋਗ ਮੇਟ ਕੇ ਰੰਜ, ਰੰਜਸ਼ ਦਏ ਗੁਆਈਆ । ਸਤਿਗੁਰ ਪੂਰਾ ਹੋ ਬਖ਼ਸ਼ੰਦ, ਰਹਿਮਤ ਰਾਮ ਕਮਾਈਆ । ਜੋ ਛਡ ਕੇ ਪੁਰੀ ਗਿਆ ਅਨੰਦ, ਸੋ ਅਨੰਦ ਦਾ ਮਾਲਕ ਆਪਣਾ ਫੇਰਾ ਪਾਈਆ । ਆਉਂਦਿਆਂ ਜਾਂਦਿਆਂ ਮਿਲਦਿਆਂ ਭਗਤਾਂ ਕੋਲੋਂ ਨਹੀਂ ਕੋਈ ਸੰਗ, ਸੰਗ੍ਰਹਿ ਹੋ ਕੇ ਆਪਣਾ ਸੰਗੀਤ ਸੁਣਾਈਆ । ਪਰ ਸਭ ਤੋਂ ਵਖਰਾ ਨਿਰਾਲਾ ਇਹ ਪ੍ਰਭੂ ਨੇ ਵਰਤਿਆ ਢੰਗ, ਜਿਸ ਨੂੰ ਸਮਝੇ ਨਾ ਕੋਈ ਲੋਕਾਈਆ । ਕੋਟਾਂ ਵਿਚੋਂ ਥੋੜ੍ਹਿਆਂ ਦੀ ਖੋਲ੍ਹੀ ਗੰਢ, ਪੜਦਾ ਦਿਤਾ ਉਠਾਈਆ । ਪਿਆਰ ਦਾ ਸੁਣਾ ਕੇ ਛੰਦ, ਅੰਮ੍ਰਿਤ ਧਾਰ ਦਿਤੀ ਵਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸੂਰੇ ਸਰਬੰਗ, ਕੂੜੀ ਕਿਰਿਆ ਭੰਨ ਕੇ ਕਾਚੀ ਵੰਗ, ਨਾਮ ਕੰਗਣ ਜਨ ਭਗਤ ਭਗਤਾਂ ਸੋਹਣਾ ਦਿਤਾ ਪਹਿਨਾਈਆ ।

### ✵ ੩ ਜੇਠ ਸ਼ਹਿਨਸ਼ਾਹੀ ਸੰਮਤ ੧ ਸੁਰਿੰਦਰ ਸਿੰਘ ਦੇ ਘਰ ਪਿੰਡ ਭੁਲਰ ✵

ਹਰਿ ਸੰਮਤ ਕਹੇ ਪ੍ਰਭ ਵੇਖੋ ਸੁਆਮੀ ਠਾਕਰ, ਨਾਮ ਠੋਕਰ ਠਾਕਰ ਆਪ ਲਗਾਇੰਦਾ । ਭਵਜਲ ਪਾਰ ਕਿਨਾਰਾ ਕਰੇ ਦੋ ਜਹਾਨ ਸਾਗਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਮੇਲ ਮਿਲਾਇੰਦਾ । ਨਿਹਕਰਮੀ ਨਿਰਮਲ ਕਰਮ ਕਰੇ ਉਜਾਗਰ, ਦੂਰ ਦੁਰਾਡਾ ਨੇਰਨ ਨੇਰਾ ਦੁਰਮਤ ਮੈਲ ਧੁਆਇੰਦਾ । ਨਾਮ ਵਣਜਾਰਾ ਸਚ ਸੁਦਾਗਰ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਇੰਦਾ । ਦਰ ਦਰਵੇਸ਼ਾ ਨਰ ਨਰੇਸ਼ਾ ਸਚ ਦੁਆਰੇ ਦੇਵੇ ਆਦਰ, ਅਦਲ ਅਦਾਲਤ ਇਕ ਵਖਾਇੰਦਾ । ਮਿਹਰਵਾਨ ਮਹਿਬਾਨ ਬੀਦੋ ਮਹਿਬੂਬ ਮਿਲਾਏ ਯਾ ਮੁਬੀਨ ਕਰਤਾ ਕ਼ਾਦਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਕੂੜੀ ਕਿਰਿਆ ਕਰੇ ਤਬਾਦਲ, ਨਾਮ ਖ਼ੁਮਾਰੀ ਸਚ ਸਤਿ ਚੜ੍ਹਾਇੰਦਾ । ਚਰਨ ਧੂੜੀ ਸਚ ਦੁਆਰਾ ਦੱਸੇ ਇਕੋ ਪਾਤਣ, ਖੇਵਟ ਖੇਟਾ ਨਈਆ ਨੌਕਾ ਆਪਣੇ ਹੱਥ ਰਖਾਇੰਦਾ । ਕਲਜੁਗ ਕੂੜੀ ਕਿਰਿਆ ਮੇਟਨ ਆਇਆ ਅੰਧੇਰੀ ਰਾਤਨ, ਸਤਿਜੁਗ ਸਾਚਾ ਜੋਤੀ ਨੂਰ ਚੰਦ ਚਮਕਾਇੰਦਾ । ਲੇਖ ਅਲੇਖਾ ਭੇਵ ਜਾਣੇ ਜ਼ਾਹਰ ਬਾਤਨ, ਪਰਦਾ ਉਹਲਾ ਕਾਇਆ ਮਾਟੀ ਗ੍ਰਿਹ ਮੰਦਰ ਆਪ ਉਠਾਇੰਦਾ । ਨਿਰਮਲ ਨੂਰ ਜੋਤ ਜਗਾਵਣਹਾਰਾ ਦੀਵਾ ਬਾਤੀ, ਸਤਿ ਸਰੂਪੀ ਸੋਭਾ ਪਾਇੰਦਾ । ਅੰਮ੍ਰਿਤ ਬਖ਼ਸ਼ਣਹਾਰਾ ਬੂੰਦ ਸੁਵਾਂਤੀ, ਨਿਝਰ ਝਿਰਨਾ ਨਿਰਾਕਾਰ ਨਰ ਨਿਰੰਕਾਰ ਆਪ ਝਿਰਾਇੰਦਾ । ਆਤਮ ਸੇਜ ਸੁਹਾਵਣਹਾਰਾ ਸਾਚੀ ਖਾਟੀ, ਸਚ ਸਿੰਘਾਸਣ ਪੁਰਖ ਅਬਿਨਾਸ਼ਨ, ਸੋਭਾ ਪਾਇੰਦਾ । ਜਨਮ ਜਨਮ ਦੀ ਕਰਮ ਕਰਮ ਦੀ ਮੇਟਣਹਾਰ ਵਾਟੀ, ਅਗਲਾ ਪਿਛਲਾ ਲੱਖ ਚੁਰਾਸੀ ਪੰਧ ਮੁਕਾਇੰਦਾ । ਸਾਚੀ ਮੰਜ਼ਲ ਹਕ ਮੁਕਾਮੇ ਚਾੜ੍ਹਨਹਾਰਾ ਘਾਟੀ, ਥਿਰ ਘਰ ਵਾਸੀ ਸਚਖੰਡ ਦਵਾਰਾ ਇਕ ਵਖਾਇੰਦਾ । ਜਿਸ ਗ੍ਰਿਹ ਮੰਦਰ ਅੰਦਰ ਸਾਹਿਬ ਸੁਵਾਮੀ ਵਸੇ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਡੇਰਾ ਲਾਇੰਦਾ । ਜਿਸ ਦੀ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗਾਵੇ ਗਾਥੀ, ਅੰਡਜ ਜੇਰਜ ਉਤਭੁਜ ਸੇਤਜ ਰਿਹਾ ਸਮਾਈਆ । ਜਿਸ ਦਾ ਨਿਰਗੁਣ ਸਰਗੁਣ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਜੁੜਿਆ ਨਾਤੀ, ਸੋ ਪੁਰਖ ਬਿਧਾਤਾ ਵੇਸ ਵਟਾਈਆ । ਜਿਸ ਦੇ ਕੋਲੋਂ ਗੁਰ ਅਵਤਾਰ ਪੀਰ ਪੈਗੰਬਰ ਨਿਤ ਨਵਿਤ ਮੰਗਦੇ ਰਹੇ ਦਾਤੀ, ਸਚਖੰਡ ਦੁਵਾਰੇ ਖ਼ਾਲੀ ਝੋਲੀ ਅਗੇ ਡਾਹੀਆ । ਜਿਸ ਦਾ ਰੂਪ ਰੰਗ ਰੇਖ ਨਾ ਕੋਇ ਜ਼ਾਤ ਪਾਤੀ, ਚਕਰ ਚਿਹਨ ਵਰਨ ਬਰਨ

ਜ਼ਾਤ ਪਾਤ ਨਾ ਕੋਇ ਸਮਝਾਈਆ । ਸੋ ਅਰਸ਼ੀ ਪ੍ਰੀਤਮ ਫ਼ਰਸ਼ ਉਤੇ ਸਚ ਜੋਤ ਪਰਕਾਸ਼ੀ, ਨੂਰੋ ਨੂਰ ਨੂਰ ਕਰੇ ਰੁਸ਼ਨਾਈਆ । ਭਗਤ ਸੁਹੇਲਾ ਇਕ ਅਕੇਲਾ ਗੁਰ ਚੇਲਾ ਪੁੱਛੇ ਵਾਤੀ, ਘਟ ਨਿਵਾਸੀ ਖੋਜ ਖੁਜਾਈਆ । ਸ਼ਬਦ ਅਗੰਮੀ ਬਿਨ ਰਸਨਾ ਜਿਹਵਾ ਬੱਤੀ ਦੰਦ ਕਰੇ ਬਾਤੀ, ਧੁਰ ਸੁਨੇਹੜਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਹਰਿ ਕਾ ਸੰਮਤ ਕਹੇ ਠਾਕਰ ਵੇਖੋ ਹਰਿ ਹਰਿ ਸੁਆਮੀ, ਸਾਹਿਬ ਸੁਲਤਾਨ ਬੇਪਰਵਾਹੀਆ । ਜੋ ਆਦਿ ਜੁਗਾਦਿ ਨਿਤ ਨਵਿਤ ਅੰਤਰਜਾਮੀ, ਲੱਖ ਚੁਰਾਸੀ ਵੇਖੇ ਥਾਉਂ ਥਾਈਆ । ਜਿਸ ਦੀ ਰਚਨਾ ਅੰਦਰ ਸਿਫ਼ਤ ਕਰੇ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਮਾਤ ਨਿਸ਼ਾਨੀ, ਨਿਰਗੁਣ ਸਰਗੁਣ ਰਿਹਾ ਸਮਝਾਈਆ । ਸੋ ਤੀਰ ਨਿਰਾਲਾ ਅਣਿਆਲਾ ਮਾਰਨਹਾਰਾ ਕਾਨੀ, ਕਾਇਨਾਤ ਪਰਦਾ ਰਿਹਾ ਖੁਲ੍ਹਾਈਆ । ਜਿਸ ਦਾ ਭੇਦ ਸਮਝ ਨਾ ਸਕੇ ਕੋਇ ਵਿਦਵਾਨੀ, ਚੌਦਾਂ ਵਿਦਿਆ ਚੌਦਾਂ ਲੋਕ ਚੌਦਾਂ ਤਬਕ ਰਹੇ ਕੁਰਲਾਈਆ । ਜਿਸ ਦੀ ਮੁਸ਼ਕਲ ਕੋਈ ਨਾ ਜਾਣੇ ਆਸਾਨੀ, ਅਸਲ ਵਸਲ ਹਕ ਹਕ਼ੀਕ਼ਤ ਰਮਜ਼ ਨਾ ਕੋਇ ਲਗਾਈਆ । ਜੋ ਜੋਧਾ ਸੂਰਬੀਰ ਮਰਦ ਮਰਦਾਨਾ ਨਿਰਵੈਰ ਨਿਰਾਕਾਰ ਨੌਜਵਾਨੀ, ਬਿਰਧ ਬਾਲ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੋ ਜਹਾਨਾਂ ਵੇਖ ਵਖਾਈਆ । ਹਰਿ ਸੰਮਤ ਕਹੇ ਪ੍ਰਭ ਠਾਕਰ ਮੀਤਾ, ਮਿਤਰ ਪਿਆਰਾ ਇਕੋ ਨਜ਼ਰੀ ਆਇੰਦਾ । ਜੋ ਆਦਿ ਜੁਗਾਦਿ ਠਾਂਢਾ ਸੀਤਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਚਖੰਡ ਦੁਆਰੇ ਸੋਭਾ ਪਾਇੰਦਾ । ਜੋ ਜੁਗ ਚੌਕੜੀ ਬਦਲਣਹਾਰਾ ਰੀਤਾ, ਰੀਤੀਵਾਨ ਆਪਣਾ ਹੁਕਮ ਵਰਤਾਇੰਦਾ । ਜਿਸ ਦਾ ਸਾਚਾ ਕਲਮਾ ਇਕੋ ਨਾਮ ਧੁਰ ਦੀ ਹਕ ਹਦੀਸਾ, ਹਜ਼ਰਤ ਸ਼ਾਹ ਹਕੀਰਾਂ ਆਪ ਪੜ੍ਹਾਇੰਦਾ । ਜਿਸ ਦਾ ਲੇਖਾ ਰਾਓ ਰੰਕ ਊਚ ਨੀਚਾ, ਚਾਰ ਵਰਨ ਅਠਾਰਾਂ ਬਰਨ ਸੋਭਾ ਪਾਇੰਦਾ । ਜਿਸ ਦਾ ਨਾਮ ਨਿਧਾਨ ਅਮਿਉਂ ਰਸ ਗੁਰਮੁਖ ਪਿਆਰੇ ਪੀਤਾ, ਪਿਤਾ ਪਤਿਪਰਮੇਸ਼ਵਰ ਨਜ਼ਰੀ ਆਇੰਦਾ । ਤ੍ਰੈਗੁਣ ਮਾਇਆ ਅਗਨੀ ਅੱਗ ਨਾ ਤਪੇ ਅੰਗੀਠਾ, ਪੰਚਮ ਨਾਤਾ ਮੋਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਇੰਦਾ । ਸਾਚਾ ਸੰਮਤ ਕਹੇ ਹਰਿ ਠਾਕਰ ਕਰਤਾ ਮੇਰਾ, ਮਿਹਰਵਾਨ ਦਇਆ ਕਮਾਈਆ । ਨਿਰਗੁਣ ਹੋ ਕੇ ਪਾਇਆ ਫੇਰਾ, ਜੋਤੀ ਜਾਤਾ ਵੇਸ ਵਟਾਈਆ । ਕਲਜੁਗ ਕੂੜੀ ਕਿਰਿਆ ਚੁਕਾਏ ਝੇੜਾ, ਸਚ ਸਤਿ ਲਏ ਪਰਗਟਾਈਆ । ਹਕ਼ੀਕ਼ਤ ਵਿਚੋਂ ਕਰੇ ਹਕ ਨਬੇੜਾ, ਲਾਸ਼ਰੀਕ ਵੇਖੇ ਖ਼ਲਕ ਖ਼ੁਦਾਈਆ । ਜਨ ਭਗਤਾਂ ਬੰਨ੍ਹੇ ਧੁਰ ਦਾ ਬੇੜਾ, ਖੇਵਟ ਖੇਟਾ ਹੋ ਕੇ ਬਣੇ ਸਹਾਈਆ । ਭੇਵ ਖੁਲ੍ਹਾਏ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਰੂਪ ਨਜ਼ਰੀ ਆਈਆ । ਧਰਨੀ ਧਰਤ ਧਵਲ ਕਰਾਏ ਖੁਲ੍ਹਾ ਵਿਹੜਾ, ਮਿਹਰਵਾਨ ਮਿਹਰ ਨਜ਼ਰ ਅੱਖ ਉਠਾਈਆ । ਹਰਿ ਕਾ ਭੇਵ ਦੇਵੀ ਦੇਵ ਸਮਝੇ ਕਿਹੜਾ, ਵਿਸ਼ਨ ਬ੍ਰਹਮਾ ਸ਼ਿਵ ਦੂਰ ਦੁਰਾਡੇ ਬੈਠੇ ਸੀਸ ਝੁਕਾਈਆ । ਜਿਥੇ ਦੀਨ ਮਜ਼੍ਹਬ ਜ਼ਾਤ ਪਾਤ ਨਾ ਕੋਇ ਝਗੜਾ ਝੇੜਾ, ਝੰਜਟ ਅਵਰ ਨਾ ਕੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲ ਕਲਕੀ ਵੇਸ ਵਟਾਈਆ । ਸਾਚਾ ਸੰਮਤ ਕਹੇ ਮੈਂ ਠਾਕਰ ਤੇਰਾ ਵੇਖ ਸਚਾ ਦਰਬਾਰ, ਧੁਰ ਦੀ ਧਾਰ ਦਿਆਂ ਪਰਗਟਾਈਆ । ਜਿਥੇ ਇਕੋ ਨੂਰ ਉਜਿਆਰ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਸਚ ਸਿੰਘਾਸਣ ਸੋਹੇ ਸਚੀ ਸਰਕਾਰ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਨਾ ਕੋਇ ਮੰਦਰ ਦਿਸੇ ਚਾਰ ਦੁਆਰ,

੭੬੩

ਸ਼ਿਵਦਵਾਲਾ ਮਠ ਨਾ ਕੋਇ ਬਣਾਈਆ । ਨਾ ਕੋਈ ਮਸਜਿਦ ਗੁਰਦਵਾਰ, ਰਸਨਾ ਜਿਹਵਾ ਰਾਗ ਨਾ ਕੋਇ ਸੁਣਾਈਆ । ਨਾ ਕੋਈ ਸੂਰਜ ਚੰਦ ਉਜਿਆਰ, ਮੰਡਲ ਮੰਡਪ ਨਾ ਕੋਇ ਸੁਹਾਈਆ । ਸਾਚੇ ਗ੍ਰਿਹਿ ਖੇਲ ਕਰੇ ਕਰਤਾਰ, ਹਰਿ ਕਰਤਾ ਬੇਪਰਵਾਹੀਆ । ਨਿਰਗੁਣ ਨਿਰਗੁਣ ਮੀਤ ਮੁਰਾਰ, ਧੁਰ ਦਾ ਸੱਜਣ ਇਕ ਜਣਾਈਆ । ਜਿਸ ਦੇ ਦਰ ਤੇ ਕੋਟਨ ਕੋਟ ਗੁਰ ਅਵਤਾਰ, ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਤੂੰ ਹੀ ਤੂੰ ਹੀ ਰਾਗ ਰਹੇ ਉਚਾਰ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਬਿਨਾ ਸਜਦਿਉਂ ਕਰਨ ਨਿਮਸਕਾਰ, ਨਮੋਂ ਨਮੋਂ ਧਿਆਨ ਲਗਾਈਆ । ਕ਼ਾਗਜ਼ ਕ਼ਲਮ ਕੋਇ ਨਾ ਲਿਖਣਹਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੁਗ ਚੌਕੜੀ ਜਾਣੇ ਆਪਣੀ ਕਾਰ, ਦੂਸਰਾ ਸਮਝ ਕੋਇ ਨਾ ਪਾਈਆ । ਜੋ ਵਾਕ ਭਵਿਖਤ ਲਿਖ ਕੇ ਗਏ ਤੇਈ ਅਵਤਾਰ, ਈਸਾ ਮੂਸਾ ਮੁਹੰਮਦ ਕਲਮਿਆਂ ਵਿਚ ਸੁਣਾਈਆ । ਨਾਨਕ ਨਿਰਗੁਣ ਸਰਗੁਣ ਗੋਬਿੰਦ ਗਿਆ ਉਚਾਰ, ਧੁਰ ਸੰਦੇਸ਼ਾ ਧੁਰਦਰਗਾਹੀਆ । ਜਿਸ ਦਾ ਆਦਿ ਜੁਗਾਦਿ ਅੰਤ ਨਾ ਪਾਰਾਵਾਰ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਸ਼ਾਹ ਸੁਲਤਾਨਾ ਦੋ ਜਹਾਨਾ ਖੇਲ ਕਰੇ ਅਗੰਮ ਅਪਾਰ, ਅਗੰਮੜੀ ਆਪਣੀ ਕਾਰ ਕਮਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਲਏ ਅਵਤਾਰ, ਜਿਸ ਨੂੰ ਜਨਮੇ ਕੋਈ ਨਾ ਪਿਤਾ ਮਾਈਆ । ਜਿਸ ਦਾ ਗ੍ਰੰਥਾਂ ਵਿਚ ਲਿਖਿਆ ਨਾ ਜਾਏ ਵਿਸਥਾਰ, ਕ਼ਲਮਾਂ ਨਾਲ ਨਾ ਸਿਫ਼ਤ ਸਾਲਾਹੀਆ । ਜਿਸ ਦਾ ਕਿਨਾਰਾ ਨਜ਼ਰ ਨਾ ਆਏ ਆਰ ਪਾਰ, ਬੇਅੰਤ ਕਹਿ ਕੇ ਸਾਰੇ ਸ਼ੁਕਰ ਮਨਾਈਆ । ਜੋ ਸਭ ਦਾ ਸਾਂਝਾ ਯਾਰ, ਸਚ ਦੁਆਰੇ ਬਹਿ ਬਹਿ ਖ਼ੁਸ਼ੀ ਮਨਾਈਆ । ਸੋ ਖੇਲ ਕਰੇ ਕਰਨੇਹਾਰ, ਕ਼ੁਦਰਤ ਦਾ ਮਾਲਕ ਕਰਨੀ ਦਾ ਕਰਤਾ ਆਪਣਾ ਫੇਰਾ ਪਾਈਆ । ਭਗਤ ਵਛਲ ਆਪ ਗਿਰਧਾਰ, ਗ੍ਰਿਹਿ ਮੰਦਰ ਖੋਜੇ ਚਾਈਂ ਚਾਈਆ । ਨਿਜ ਘਰ ਵਾਸੀ ਆਤਮ ਨੂਰ ਨੂਰ ਪਰਕਾਸ਼ੀ ਬ੍ਰਹਮ ਪਰਦਾ ਦਏ ਉਤਾਰ, ਪਾਰਬ੍ਰਹਮ ਏਕਾ ਰੰਗ ਸਮਾਈਆ । ਸੰਤ ਸੁਹੇਲਾ ਸਦਾ ਸਦਾ ਸਦ ਸਿਰਜਣਹਾਰ, ਦੀਆ ਬਾਤੀ ਨਿਰਗੁਣ ਨੂਰ ਕਰੇ ਉਜਿਆਰ, ਘਟ ਭੀਤਰ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਵੱਡੀ ਵਡਿਆਈਆ । ਹਰਿ ਸੰਮਤ ਕਹੇ ਠਾਕਰ ਠਾਕਰ ਦੀ ਸੁਣੇ ਅਰਦਾਸ, ਬੇਨੰਤੀ ਆਪਣੇ ਵਿਚ ਸਮਾਈਆ । ਸਤਿਗੁਰ ਸੁਆਮੀ ਹੋ ਕੇ ਵਸੇ ਪਾਸ, ਅੰਤਰ ਆਤਮ ਮੇਲ ਮਿਲਾਈਆ । ਸਚ ਦੁਆਰੇ ਸਚ ਨਿਵਾਸ, ਨਿਜ ਘਰ ਮੇਲਾ ਸਹਿਜ ਸੁਭਾਈਆ । ਦੁਰਮਤ ਮੈਲ ਦੇਵੇ ਕਾਟ, ਅੰਮ੍ਰਿਤ ਆਤਮ ਜਾਮ ਪਿਆਈਆ । ਸਾਚੀ ਮੰਜ਼ਲ ਚਾੜ੍ਹੇ ਘਾਟ, ਪਤਣ ਵਾਰ ਇਕ ਦਰਸਾਈਆ । ਨਿਰਗੁਣ ਨੂਰ ਜੋਤ ਜਗੇ ਲਲਾਟ, ਨੂਰੋ ਨੂਰ ਸਚ ਰੁਸ਼ਨਾਈਆ । ਜੋ ਪ੍ਰੇਮ ਨਾਲ ਸਚ ਦੁਵਾਰੇ ਮੰਗੀ ਦਾਤ, ਦਾਨੀ ਹੋ ਕੇ ਝੋਲੀ ਪਾਈਆ । ਇਹ ਕੋਈ ਦਸਣੀ ਨਹੀਂ ਕਰਾਮਾਤ, ਬਖ਼ਸ਼ਿਸ਼ ਕਰਨੀ ਪ੍ਰਭ ਨੂੰ ਭਾਈਆ । ਮਨ ਵਾਸਨਾ ਮੇਟ ਅੰਧੇਰੀ ਰਾਤ, ਸਾਚਾ ਨੂਰ ਦਿਆਂ ਚਮਕਾਈਆ । ਬੁੱਧੀ ਬਿਬੇਕ ਲੇਖਾ ਜਾਣ ਪਵਣ ਸਵਾਸ, ਸਾਹ ਸਾਹ ਆਪਣਾ ਆਪ ਜਣਾਈਆ । ਲੇਖਾ ਚੁਕਾ ਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਚਰਨਾਂ ਹੇਠ ਦਬਾਈਆ । ਸਿਰ ਰੱਖੇ ਦੇ ਕਰ ਹਾਥ, ਸਮਰਥ ਪੁਰਖ ਬੇਪਰਵਾਹੀਆ । ਲੇਖੇ ਲਾ ਅਨਾਥਾਂ ਨਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਜਿਸ ਗ੍ਰਿਹਿ ਬੈਠਾ ਡੇਰਾ ਲਾਈਆ । ਸੰਮਤ ਕਹੇ ਹਰਿ ਠਾਕਰ ਕਰਤਾ ਪੁਰਖ, ਕ਼ੁਦਰਤ ਦਾ ਕ਼ਾਦਰ ਇਕ ਅਖਵਾਈਆ । ਜਿਸ ਦਾ ਭੇਵ ਸਮਝ ਨਾ ਸਕੇ ਕੋਈ ਪੁਰਸ਼, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ



੭੬੪

ਆਪਣਾ ਹੁਕਮ ਵਰਤਾਈਆ । ਜਿਸ ਦਾ ਮਹਲ ਅਟਲ ਉਚ ਮਨਾਰ ਉਰਸ ਕੁਰਸ਼, ਫ਼ਰਸ਼ ਉਪਰ ਆਪਣੀ ਖੇਲ ਖਿਲਾਈਆ । ਜਿਸ ਦਾ ਹੁਕਮ ਦੋ ਜਹਾਨ ਚਲੇ ਦਰੁਸਤ, ਗੁਰ ਅਵਤਾਰ ਪੀਰ ਪੈਗ਼ੰਬਰ ਨਾ ਕੋਇ ਮਿਟਾਈਆ । ਸੋ ਸਾਹਿਬ ਸੁਲਤਾਨ ਜਨ ਭਗਤਾਂ ਨਾਮ ਭੰਡਾਰਾ ਵੰਡੇ ਮੁਫ਼ਤ, ਕੌਡੀਆਂ ਵਾਲਾ ਦਾਮ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲਏ ਮਿਲਾਈਆ । ਠਾਕਰ ਕਹੇ ਸੁਣੋ ਜਨ ਭਗਤ, ਹਰਿ ਭੇਵ ਦਿਆਂ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਵੇਖੋ ਜਗਤ, ਚਾਰੋਂ ਕੁੰਟ ਪਈ ਦੁਹਾਈਆ । ਸਾਚੀ ਮਿਲੇ ਨਾਮ ਨਾ ਵਸਤ, ਖ਼ਾਲੀ ਮੰਦਰ ਰਹੇ ਕੁਰਲਾਈਆ । ਨਾਮ ਖ਼ੁਮਾਰੀ ਹੋਇਆ ਕੋਈ ਨਾ ਮਸਤ, ਦੂਈ ਦਵੈਤ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਹਰਿ ਸੰਮਤ ਕਹੇ ਪ੍ਰਭ ਭਗਤ ਵਸੀਲਾ, ਜੁਗ ਵਿਛੜੇ ਸਦਾ ਮਿਲਾਈਆ । ਜਿਸ ਨੂੰ ਲਭਦੇ ਉਪਰ ਅੰਬਰ ਨੀਲਾ, ਜਗ ਨੇਤਰ ਲੋਚਨ ਅੱਖ ਖੁਲ੍ਹਾਈਆ । ਜਿਸ ਨੂੰ ਖੋਜਦੇ ਜੰਗਲ ਜੂਹ ਉਜਾੜ ਪਹਾੜ ਪਰਬਤ ਟੀਲਾ, ਡੂੰਘੀ ਕੰਦਰ ਧਿਆਨ ਲਗਾਈਆ । ਜਿਸ ਦਾ ਵੇਸ ਅਨੇਕ ਸੂਹਾ ਪੀਲਾ ਵੇਖਣ ਨੀਲਾ, ਚਿੱਟੀ ਧਾਰ ਸੋਭਾ ਪਾਈਆ । ਸੋ ਸਾਹਿਬ ਸਵਾਮੀ ਨਿਰਗੁਣ ਰੂਪ ਛੈਲ ਛਬੀਲਾ, ਜੋਬਨਵੰਤਾ ਹਰਿ ਰਘੁਰਾਈਆ । ਜਨ ਭਗਤ ਬਨਾਵਣਹਾਰਾ ਆਪਣਾ ਸਚ ਕ਼ਬੀਲਾ, ਪੂਰਬ ਲੇਖਾ ਵੇਖ ਵਖਾਈਆ । ਆਪਣੇ ਮਿਲਣ ਦਾ ਅੰਦਰੇ ਅੰਦਰ ਦੱਸ ਕੇ ਸਚ ਹੀਲਾ, ਹਾਲਤ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਚਾਈਂ ਚਾਈਆ । ਹਰਿਜਨ ਵੇਖੇ ਆਪ ਪ੍ਰਭ, ਹਰਿ ਕਰਤਾ ਬੇਪਰਵਾਹ । ਸੰਤ ਸੁਹੇਲੇ ਲਏ ਲਭ, ਲੱਖ ਚੁਰਾਸੀ ਵਿਚੋਂ ਆਪ ਉਠਾ । ਕੂੜੀ ਕਿਰਿਆ ਕਰ ਕੇ ਪਾਰ ਹਦ, ਗ੍ਰਿਹ ਮੰਦਰ ਪੜਦਾ ਦੇਵੇ ਲਾਹ । ਨਾਮ ਨਿਧਾਨ ਸੁਣਾਏ ਨਦ, ਅਨਹਦ ਨਾਦੀ ਨਾਦ ਵਜਾ । ਪੰਜ ਵਿਕਾਰੇ ਵਿਚੋਂ ਕਢ, ਸਾਚੀ ਮੰਜ਼ਲ ਦਏ ਪੁਜਾ । ਜਿਥੇ ਇਕੋ ਦੀਪਕ ਰਿਹਾ ਜਗ, ਦਿਵਸ ਰੈਣ ਕਰੇ ਰੁਸ਼ਨਾ । ਹੰਸ ਰੂਪ ਬਣਾਏ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾ । ਸੁਰਤੀ ਸ਼ਬਦੀ ਕਰਾਏ ਸਚ ਹੱਜ, ਕਾਇਆ ਕਾਅਬਾ ਦਏ ਵਡਿਆ । ਸਚ ਦਵਾਰੇ ਬਹਾਏ ਸਜ, ਆਤਮ ਦਰਸੀ ਰੰਗ ਰੰਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਜਾਏ ਤਰਾ । ਮਿਹਰ ਨਜ਼ਰ ਪ੍ਰਭ ਤਾਰਨਹਾਰਾ, ਦੀਨ ਦਿਆਲਾ ਦਇਆ ਕਮਾਈਆ । ਜਨ ਭਗਤਾਂ ਨੂੰ ਸ਼ਬਦੀ ਕਰੇ ਇਕ ਇਸ਼ਾਰਾ, ਸੁਰਤੀ ਸ਼ਬਦੀ ਨਾਲ ਮਿਲਾਈਆ । ਠਰਨਾਂ ਪਏ ਨਾ ਪਾਣੀ ਠੰਡੇ ਵਿਚ ਸੰਸਾਰਾ, ਅਗਨੀ ਤਤ ਨਾ ਕੋਇ ਤਪਾਈਆ । ਫਿਰਨਾ ਪਏ ਨਾ ਵਿਚ ਉਜਾੜਾਂ, ਜੰਗਲ ਬੇਲੇ ਨਾ ਕੋਇ ਭਵਾਈਆ । ਵੇਖਣਾ ਪਏ ਨਾ ਕੋਈ ਠਾਕਰ ਮੰਦਰ ਮਸਜਿਦ ਵਿਚ ਗੁਰੂਦਵਾਰਾ, ਕਾਇਆ ਮੰਦਰ ਹਰਿ ਮੰਦਰ ਇਕ ਸੁਹਾਈਆ । ਜਿਥੇ ਦੀਵਾ ਬਾਤੀ ਕਮਲਾਪਾਤੀ ਆਪ ਕਰੇ ਉਜਿਆਰਾ, ਬਿਨ ਤੇਲ ਬਾਤੀ ਡਗਮਗਾਈਆ । ਅੱਠੇ ਪਹਿਰ ਵਜਦੀ ਰਹੇ ਸਚੀ ਧੁਨਕਾਰਾ, ਧੁਨ ਆਤਮਕ ਰਾਗ ਅਲਾਈਆ । ਘਰ ਸੱਜਣ ਠਾਕਰ ਸੱਜਣ ਸਵਾਮੀ ਮਿਲਦਾ ਰਹੇ ਮੀਤ ਮੁਰਾਰਾ, ਸਵੱਛ ਸਰੂਪੀ ਨਜ਼ਰੀ ਆਈਆ । ਜਿਸ ਦਾ ਲਗਿਆ ਰਹੇ ਸਚ ਅਖਾੜਾ, ਗੋਪੀ ਕਾਹਨ ਸਾਚੀ ਬੰਸਰੀ ਨਾਮ ਸੁਣਾਈਆ । ਸੀਤਾ ਸੁਰਤੀ ਕਰਦਾ ਰਹੇ ਪਿਆਰਾ, ਰਾਮ ਰਮਈਆ ਰਘੁਪਤ ਰਘੁਬੰਸ ਰਘੁਰਾਈਆ । ਈਸਾ ਮੂਸਾ ਮੁਹੰਮਦ ਕਲਮਿਆਂ ਵਾਲਾ ਬੋਲਦਾ ਰਹੇ ਨਾਅਰਾ, ਹਕ ਹਕ ਸੁਣਾਈਆ । ਨਾਨਕ ਨਿਰਗੁਣ ਸਰਗੁਣ ਬੋਲੇ ਸਚ ਜੈਕਾਰਾ, ਡੰਕਾ ਫ਼ਤਹਿ ਵਾਲਾ ਵਜਾਈਆ ।

ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ, ਸਾਂਝਾ ਯਾਰ ਨਿਹਕਲੰਕ ਨਰਾਇਣ ਨਰ ਅਵਤਾਰਾ, ਕਲ ਕਲਕੀ ਨੂਰ ਇਲਾਹੀਆ । ਜਿਸ ਦਾ ਮਹਲ ਅਟਲ ਊਚ ਅਗੰਮ ਅਥਾਹ ਸਭ ਤੋਂ ਵੱਖਰਾ ਜਗਤ ਤੋਂ ਨਿਆਰਾ, ਇਸ਼ਾਰੇ ਨਾਲ ਨਾ ਕੋਇ ਦ੍ਰਿੜਾਈਆ । ਸੋ ਵੇਖਣ ਆਇਆ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤ੍ਰੈਗੁਣ ਮਾਇਆ, ਘਟ ਘਟ ਵਾਸੀ ਫੇਰਾ ਪਾਈਆ । ਭਗਤ ਸੁਹੇਲੇ ਸੰਤ ਸਾਜਣ ਗੁਰਮੁਖ ਗੁਰਸਿੱਖ ਸੂਫ਼ੀ ਸੰਤ ਫ਼ਕੀਰ ਰਿਹਾ ਉਠਾਇਆ, ਮੁਲਾ ਸ਼ੇਖ਼ ਮੁਸਾਇਕ ਨਾਇਕ ਪੀਰ ਪੈਗ਼ੰਬਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, . . . .

ਸੰਮਤ ਕਹੇ ਠਾਕਰ ਦਾ ਸੁਣਨਾ ਸਚਾ ਢੋਲਾ, ਜੋ ਅਨਬੋਲਤ ਰਾਗ ਅਲਾਈਆ । ਜੋ ਜੁਗ ਚੌਕੜੀ ਕਾਇਆ ਬਦਲਦਾ ਆਇਆ ਚੋਲਾ, ਪੰਜ ਤੱਤ ਮਾਟੀ ਵੇਸ ਵਟਾਈਆ । ਕਲਜੁਗ ਅੰਤਮ ਰੱਖਕੇ ਪੜਦਾ ਓਹਲਾ, ਨਿਰਗੁਣ ਸ਼ਬਦੀ ਡੰਕ ਵਜਾਈਆ । ਤੂੰ ਮੇਰਾ ਮੈਂ ਤੇਰਾ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ ਕਰੋੜ ਤੇਤੀਸਾ ਗਣ ਗੰਧਰਵ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਗੁਰਮੁਖ ਗੁਰਸਿਖ ਸੁਣਾਇਆ ਆਪਣਾ ਬੋਲਾ, ਸੋਇਆ ਰਹਿਣ ਕੋਇ ਨਾ ਪਾਈਆ । ਪ੍ਰੇਮ ਪਿਆਰ ਅੰਦਰ ਸਚ ਦਵਾਰ ਹਰਿ ਨਿਰੰਕਾਰ ਲਾਲ ਗੁਲਾਲ ਖਿਲਾਇਆ ਹੋਲਾ, ਰੰਗ ਮਜੀਠੀ ਅਨਡਿੱਠੀ ਧਾਰ ਇਕ ਰੰਗਾਈਆ । ਏਥੇ ਓਥੇ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਪੁਰੀ ਲੋਅ ਆਕਾਸ਼ ਪਾਤਾਲ ਸਚ ਦਵਾਰਾ ਧੁਰ ਦਾ ਖੋਲ੍ਹਾ, ਖ਼ਾਲਕ ਖ਼ਲਕ ਦਿਤਾ ਦ੍ਰਿੜਾਈਆ । ਜਿਸ ਗ੍ਰਿਹਿ ਮੰਦਰ ਅੰਦਰ ਨਾਮ ਵਸਤ ਭੰਡਾਰ ਰਹੇ ਅਨਮੋਲਾ, ਅਨਤੋਲਾ ਹੋ ਕੇ ਆਪ ਤੁਲਾਈਆ । ਸਚ ਖ਼ੁਮਾਰੀ ਧੁਰ ਦੀ ਯਾਰੀ ਜੋਤ ਨਿਰੰਕਾਰੀ ਦੇਵੇ ਇਕ ਝਕੋਲਾ, ਪਵਣ ਉਨੰਜਾ ਸਮਝ ਕੋਇ ਨਾ ਆਈਆ । ਕਲਜੁਗ ਕੂੜ ਕੁੜਿਆਰ ਹੋਵੇ ਬੇਜ਼ਾਰ ਸਤਿਜੁਗ ਸਾਚਾ ਅੰਗੜਾਈ ਲੈ ਕੇ ਕਰਵਟ ਬਦਲ ਕੇ ਆਪਣਾ ਪਾਵੇ ਰੌਲਾ, ਰੌਣਕ ਭਗਤਾਂ ਨਾਲ ਲਗਾਈਆ । ਉਚੀ ਕੂਕ ਸੁਣਾਵੇ ਸਭ ਦਾ ਠਾਕਰ ਸਭ ਦਾ ਮਾਲਕ ਸਭ ਦਾ ਪ੍ਰੀਤਮ ਇਕੋ ਮੌਲਾ, ਰਾਮ ਵਾਹਿਗੁਰੂ ਖ਼ੁਦਾ ਗਾਡ ਵਾਹਿਦ ਨੂਰ ਰੁਸ਼ਨਾਈਆ । ਜਿਸ ਨੇ ਪੈਗ਼ੰਬਰਾਂ ਅਵਤਾਰਾਂ ਗੁਰੂਆਂ ਨਾਲ ਕੀਤਾ ਕੌਲਾ, ਸ਼ਬਦੀ ਇਕਰਾਰਨਾਮੇ ਗਿਆ ਲਿਖਾਈਆ । ਸੋ ਪਰਗਟ ਹੋ ਕੇ ਆਇਆ ਨਿਰਵੈਰ ਉਪਰ ਧੌਲਾ, ਧਰਨੀ ਧਰਤ ਲੇਖਾ ਦਏ ਮੁਕਾਈਆ । ਜਿਸ ਨੂੰ ਮੰਨਿਆ ਨੂਰ ਖ਼ੁਦਾਈ ਅਵਲਾ ਸੁੰਦਰ ਸਾਵਲ ਸਵਲਾ, ਮੁਕੰਦ ਮਨੋਹਰ ਮਨੋਹਰ ਲਖਮੀ ਨਰਾਇਣ ਬੇਪਰਵਾਹੀਆ । ਸੋ ਦੋ ਜਹਾਨਾਂ ਪੰਧ ਮੁਕਾ ਕੇ ਮਜ਼ਲਾ, ਮੰਜ਼ਲ ਆਪਣੀ ਰਿਹਾ ਵਖਾਈਆ । ਜਨ ਭਗਤ ਰਹਿਣ ਨਾ ਦੇਵੇ ਕੋਈ ਕੰਗਲਾ, ਨਾਮ ਭੰਡਾਰਾ ਦਏ ਵਰਤਾਈਆ । ਜਨ ਭਗਤੋ ਤੁਹਾਨੂੰ ਕਰਨੀ ਪਏ ਨਾ ਹੋਰ ਕਿਸੇ ਦੀ ਬੰਦਨਾ, ਬੰਦੀਖ਼ਾਨੇ ਸਾਰੇ ਦਏ ਤੁੜਾਈਆ । ਰਸ ਦੇਵੇ ਆਪਣੇ ਅਨੰਦ ਦਾ, ਨਿਜਾਨੰਦ ਪਰਮਾਨੰਦ ਵਿਚ ਸਮਾਈਆ । ਮਾਲਕ ਹੋ ਕੇ ਟੁੱਟੀਆਂ ਗੰਢਦਾ, ਵਿਛੜਿਆਂ ਰਿਹਾ ਜੁੜਾਈਆ । ਜੁਗ ਜੁਗ ਜਨ ਭਗਤਾਂ ਨਾਲ ਯਾਰੀ ਲਾ ਕੇ ਹੰਢਦਾ, ਅਧਵਿਚਕਾਰ ਨਾ ਕੋਇ ਛੁਡਾਈਆ । ਤੁਹਾਡਾ ਲੇਖਾ ਮੁਕਿਆ ਨਾਰ ਦੋਹਾਗਣ ਰੰਡ ਦਾ, ਆਤਮ ਪਰਮਾਤਮ ਕੰਤ ਸੁਹਾਗੀ ਲਿਆ ਪਰਨਾਈਆ । ਝਗੜਾ ਮੁਕ ਗਿਆ ਰਸਨਾ ਜਿਹਵਾ ਬੱਤੀ ਦੰਦ ਦਾ, ਪੂਜਾ ਪਾਠ ਸੁਰਤੀ ਜੋਗ ਅਭਿਆਸ ਇਕੋ ਢੋਲੇ ਵਿਚ ਕਰਾਈਆ । ਧਰਮ


੭੬੬

ਰਾਏ ਚਿਤਰ ਗੁਪਤ ਤੁਹਾਥੋਂ ਅਗੇ ਲੇਖਾ ਕੋਈ ਨਾ ਮੰਗਦਾ, ਕੁੰਭੀ ਨਰਕ ਨਾ ਕੋਇ ਭਵਾਈਆ । ਇਸ਼ਨਾਨ ਕਰਨਾ ਪਏ ਨਾ ਗੋਦਾਵਰੀ ਗੰਗ ਦਾ, ਜਮਨਾ ਸੁਰਸਤੀ ਨਾਲੋਂ ਆਪਣੀ ਕਿਰਪਾ ਸਸਤੀ ਕਰ ਕੇ ਤੁਹਾਡੀ ਝੋਲੀ ਪਾਈਆ । ਭੇਵ ਚੁਕਾ ਕੇ ਹੰ ਬ੍ਰਹਮ ਦਾ, ਲੇਖਾ ਮੁਕ ਜਾਏ ਕਾਇਆ ਮਾਟੀ ਚਮ ਦਾ, ਤੱਤਾਂ ਵਾਲਾ ਸਰੀਰ ਫੇਰ ਨਾ ਕੋਇ ਹੰਢਾਈਆ । ਝਗੜਾ ਮੁਕ ਜਾਏ ਕੂੜੀ ਕਿਰਿਆ ਗ਼ਮ ਦਾ, ਲੇਖਾ ਲਗ ਜਾਏ ਪਵਣ ਸਵਾਮੀ ਦਮ ਦਾ, ਲਹਿਣਾ ਮਿਲ ਜਾਏ ਪੁਰਖ ਅਕਾਲ ਦੇ ਸਾਚੇ ਨਾਮ ਦਾ, ਜਾਮ ਧੁਰ ਦਾ ਦਏ ਪਿਆਈਆ । ਮੇਲਾ ਹੋ ਜਾਏ ਓਸ ਰਾਮ ਦਾ, ਜਿਹੜਾ ਤ੍ਰੈਲੋਕੀ ਨਾਥ ਕ੍ਰਿਸ਼ਨ ਕਾਹਨ ਨੂੰ ਜਾਣਦਾ, ਜਿਹੜਾ ਪੀਰ ਪੈਗ਼ੰਬਰ ਰੂਪ ਧਰੇ ਇਨਸਾਨ ਦਾ, ਜਿਹੜਾ ਗੁਰ ਗੁਰ ਸ਼ਬਦ ਸੰਦੇਸ਼ਾ ਦੇਵੇ ਸ੍ਰੀ ਭਗਵਾਨ ਦਾ, ਸੋ ਭਗਵਾਨ ਦਇਆਵਾਨ ਸਾਚੇ ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਆਪ ਆਪਣੇ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਝਗੜਾ ਮੁਕਾ ਦਏ ਰੋਗ ਸੋਗ ਸੰਤਾਪ ਦਾ, ਜਾਪ ਧੁਰ ਦਾ ਇਕ ਦ੍ਰਿੜਾਈਆ ।

### ❊ ੪ ਜੇਠ ਸ਼ਹਿਨਸ਼ਾਹੀ ੧ ਅਰਜਨ ਸਿੰਘ ਦੇ ਗ੍ਰਹਿ ਪਿੰਡ ਭੁਲਰ ਜ਼ਿਲਾ ਅੰਮ੍ਰਿਤਸਰ ❊

ਹਰਿ ਸੰਮਤ ਕਹੇ ਮੈਂ ਸਚਖੰਡ ਵੇਖਿਆ ਖੇਲ ਤਮਾਸ਼, ਦਰਗਾਹ ਸਾਚੀ ਪ੍ਰਭ ਨੇ ਦਇਆ ਕਮਾਈਆ । ਜਿਥੇ ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ਾ ਸ਼ਹਿਨਸ਼ਾਹ ਇਕੋ ਕਰਦਾ ਰਾਜ, ਦੂਜਾ ਨਜ਼ਰ ਕੋਇ ਨਾ ਆਈਆ । ਸੀਸ ਜਗਦੀਸ਼ ਸਤਿ ਸਰੂਪੀ ਆਪਣਾ ਪਹਿਨੇ ਅਗੰਮੀ ਤਾਜ, ਜਗਤ ਨੇਤਰ ਨੈਣ ਨਜ਼ਰ ਕੋਇ ਨਾ ਪਾਈਆ । ਭੂਪਤ ਭੂਪ ਹੋ ਕੇ ਆਪ ਗ਼ਰੀਬ ਨਿਵਾਜ਼, ਹੁਕਮਰਾਨ ਹੋ ਕੇ ਆਪਣਾ ਹੁਕਮ ਜਣਾਈਆ । ਘਰ ਵਿਚ ਘਰ ਥਿਰ ਘਰ ਲਏ ਸਾਜ, ਸਾਜਣਹਾਰਾ ਆਪਣੀ ਬਣਤ ਬਣਾਈਆ । ਬਿਨ ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਪਰਕਾਸ਼, ਸਾਚਾ ਨੂਰ ਕਰੇ ਰੁਸ਼ਨਾਈਆ । ਇਕ ਅਕੇਲਾ ਏਕੰਕਾਰ ਸਚ ਪਸਾਰਾ ਕਰ ਕੇ ਵੇਖੇ ਆਪ, ਆਪ ਆਪਣਾ ਖੇਲ ਪਰਗਟਾਈਆ । ਦੂਸਰ ਅਵਰ ਨਾ ਕੋਈ ਸਾਥ, ਪੁਰਖ ਅਬਿਨਾਸ਼ੀ ਆਪਣੀ ਕਾਰ ਕਮਾਈਆ । ਬਿਨ ਗੋਪੀ ਕਾਹਨ ਸਖ਼ੀਆਂ ਪਾਵੇ ਰਾਸ, ਵਕਤ ਸੁਹੇਲਾ ਸੁਹੰਜਣਾ ਲਏ ਪਰਗਟਾਈਆ । ਬਿਨ ਨਾਰੀ ਕੰਤ ਕਰੇ ਭੋਗ ਬਿਲਾਸ, ਸਾਚੀ ਸੇਜਾ ਸਚ ਸਵਾਮੀ ਆਪਣੀ ਆਪ ਹੰਢਾਈਆ । ਜੋਤੀ ਧਾਰਾ ਸ਼ਬਦੀ ਸੁਤ ਜਣ ਜਣੇਂਦੀ ਬਣ ਕੇ ਮਾਈ ਬਾਪ, ਪੂਤ ਸਪੂਤਾ ਆਪਣੇ ਵਿਚੋਂ ਪਰਗਟਾਈਆ । ਹੁਕਮੈਂ ਅੰਦਰ ਥਾਪਣਾ ਥਾਪ, ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਸਾਚੀ ਸਿਖਿਆ ਦਏ ਸਮਝਾਈਆ । ਸਚਖੰਡ ਅੰਦਰ ਥਿਰ ਘਰ ਖੋਲ੍ਹ ਕੇ ਦੂਆ ਤਾਕ, ਮਹਲ ਅਟਲ ਦਏ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਅਗੰਮੀ ਸ਼ਬਦ ਇਸ਼ਾਰੇ ਨਾਲ ਦਏ ਆਖ, ਸੰਦੇਸ਼ਾ ਸਚ ਸਮਝਾਈਆ । ਥਿਰ ਘਰ ਤੇਰਾ ਵੱਡਾ ਹੋਵੇ ਪਰਤਾਪ, ਮਿਹਰ ਨਜ਼ਰ ਉਠਾਈਆ । ਸ਼ਬਦ ਦੁਲਾਰੇ ਜੋੜੇ ਹਾਥ, ਬੇਨੰਤੀ ਦਿਤੀ ਸੁਣਾਈਆ । ਮੇਰੇ ਸਾਹਿਬ ਸੁਵਾਮੀ ਅੰਤਰਜਾਮੀ ਅਨਾਥਾਂ ਦੇ ਨਾਥ, ਦੀਨ ਦਿਆਲ ਤੇਰੀ ਸਰਨਾਈਆ । ਕਵਣ ਵੇਲਾ ਕਵਣ ਵਕਤ ਆਪਣੀ ਖੇਲ ਕਰੇ ਮੇਰੇ ਸਾਥ, ਜੋੜੀ ਧੁਰ ਦੀ ਜੋੜ ਜੁੜਾਈਆ । ਪੁਰਖ ਅਕਾਲ ਕਿਹਾ ਨਵ ਨੌਂ ਚਾਰ ਵੇਖ ਕੇ ਖੇਲ ਤਮਾਸ਼, ਜੁਗ ਚੌਕੜੀ ਪੰਧ ਮੁਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਣਾਕੇ ਲੋਕਮਾਤ ਸਾਕ, ਸੱਜਣ ਹੋ ਕੇ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ ਨਾਮ ਸਿਮਰਨ

੭੬੭

ਪੂਜਾ ਪਾਠ ਦੱਸ ਕੇ ਜੋਗ ਅਭਿਆਸ, ਕਲਮਿਆਂ ਨਾਲ ਕਲਾਮਾਂ ਦਿਆਂ ਦ੍ਰਿੜਾਈਆ । ਅੰਤਮ ਸਭ ਦਾ ਲਹਿਣਾ ਦੇਣਾ ਪੂਰਾ ਕਰ ਕੇ ਹਿਸਾਬ, ਖਾਤੇ ਆਪਣੇ ਵਿਚ ਟਿਕਾਈਆ । ਪਰਗਟ ਹੋ ਕੇ ਫੇਰ ਹਕ ਜਨਾਬ, ਜਾਨਬ ਤੇਰੀ ਵੇਖ ਵਖਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਬ੍ਰਹਿਮੰਡ ਖੰਡ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੰਮਤ ਕਹੇ ਮੈਂ ਨਿਰਅੱਖਰ ਧਾਰ ਪੜ੍ਹੀ, ਅੱਖਰਾਂ ਵਾਲੀ ਲੜੀ ਨਜ਼ਰ ਕੋਇ ਨਾ ਆਈਆ । ਚਾਰ ਦੀਵਾਰੀ ਦਿਸੀ ਕੋਈ ਨਾ ਗੜ੍ਹੀ, ਕਿਲ੍ਹਾ ਕੋਟ ਨਾ ਕੋਇ ਬਣਾਈਆ । ਬੱਦਲਾਂ ਵਾਲੀ ਨਾ ਕੋਇ ਝੜੀ, ਮੇਘ ਧਾਰ ਨਾ ਕੋਇ ਬਰਸਾਈਆ । ਪੁਰਖ ਅਬਿਨਾਸ਼ੀ ਆਪਣੀ ਕਿਰਪਾ ਆਪੇ ਕਰੀ, ਕਰਤਾ ਪੁਰਖ ਰਿਹਾ ਸਮਝਾਈਆ । ਨਿਰਗੁਣ ਰੂਪ ਨਿਰੰਕਾਰ ਸਚਾ ਹਰੀ, ਨਰ ਹਰਿ ਦਾਤਾ ਬੇਪਰਵਾਹੀਆ । ਜਿਸ ਦੀ ਸਰਨੀ ਲੱਖ ਚੁਰਾਸੀ ਪਰੀ, ਸਿਰ ਸਕੇ ਨਾ ਕੋਇ ਉਠਾਈਆ । ਜੋ ਆਦਿ ਜੁਗਾਦਿ ਲੱਖ ਚੁਰਾਸੀ ਕਰਦਾ ਬਰੀ, ਬਿਨਾ ਜ਼ਮਾਨਤ ਦਏ ਛੁਡਾਈਆ । ਸੋ ਸਾਹਿਬ ਸੁਹੇਲਾ ਇਕ ਅਕੇਲਾ ਜਨ ਭਗਤਾਂ ਰਿਹਾ ਵਰੀ, ਮਾਲਕ ਹੋ ਕੇ ਆਪਣੇ ਨਾਲ ਮਿਲਾਈਆ । ਧੁਰ ਦੀ ਵਸਤ ਅਮੋਲਕ ਨਾਮ ਦਾਤ ਦੇਵੇ ਖਰੀ, ਕੂੜ ਮੁਲੰਮਾ ਨਾਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਮਾਟੀ ਖ਼ਾਕੀ ਰੂਪ ਬਣਾ ਕੇ ਜ਼ਰੀ, ਜ਼ੱਰੇ ਜ਼ੱਰੇ ਕ਼ਤਰੇ ਕ਼ਤਰੇ ਵਿਚੋਂ ਆਪਣਾ ਰੂਪ ਪਰਗਟਾਈਆ । ਸੰਮਤ ਕਹੇ ਮੈਂ ਸਚਖੰਡ ਤਕਿਆ ਨਜ਼ਾਰਾ, ਬੇਨਜ਼ੀਰ ਦਿਤਾ ਵਖਾਈਆ । ਜਿਥੇ ਚਰਨਾਂ ਉਤੇ ਝੁਕ ਕੇ ਬੈਠੇ ਗੁਰੂ ਅਵਤਾਰਾ, ਪੈਗ਼ੰਬਰ ਸਜਦਿਆਂ ਨਾਲ ਸੀਸ ਝੁਕਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਲੈਂਦੇ ਨਾਅਰਾ, ਦੂਜਾ ਅੱਖਰ ਨਾ ਕੋਇ ਪੜ੍ਹਾਈਆ । ਤੂੰ ਕਰਨੀ ਦਾ ਕਰਤਾ ਕ਼ੁਦਰਤ ਦਾ ਪਿਆਰਾ, ਮੁਹੱਬਤ ਦਾ ਮਹਿਬੂਬ ਸਚਾ ਸ਼ਹਿਨਸ਼ਾਹੀਆ । ਭਗਤਾਂ ਦਾ ਅਖਾੜਾ, ਸੰਤਾਂ ਦਾ ਦਿਹਾੜਾ, ਗੁਰਮੁਖਾਂ ਦਾ ਲਾੜਾ, ਜੋਬਨਵੰਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਸਚ ਸੰਮਤ ਕਹੇ ਸਚਖੰਡ ਬਿਨ ਅੱਖਾਂ ਲਿਆ ਤਾਕ, ਬਿਨ ਨੈਣਾਂ ਦਰਸਨ ਪਾਈਆ । ਜਿਥੇ ਵਸੇ ਪੁਰਖ ਸਮਰਾਥ, ਮਹਿੰਮਾ ਅਕਥ ਅਕਥ ਸੁਣਾਈਆ । ਇਕੋ ਨੂਰ ਜੋਤ ਪਰਕਾਸ਼, ਆਦਿ ਜੁਗਾਦਿ ਡਗਮਗਾਈਆ । ਜਿਸ ਦਾ ਹੁਕਮ ਫ਼ਰਮਾਨਾ ਇਕ ਖ਼ਾਸ, ਖ਼ਾਲਸ ਹੋ ਕੇ ਰਿਹਾ ਜਣਾਈਆ । ਭਗਤਾਂ ਦਾ ਬਣ ਕੇ ਦਾਸੀ ਦਾਸ, ਦਾਸ ਦਾਸੀ ਆਪਣਾ ਰੂਪ ਵਟਾਈਆ । ਪੂਰਬ ਜਨਮ ਦੀ ਪੂਰੀ ਕਰ ਕੇ ਆਸ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਨਿਜ ਆਤਮ ਕਰ ਕੇ ਵਾਸ, ਘਰ ਮੰਦਰ ਦਏ ਸੁਹਾਈਆ । ਸਾਚੀ ਸੇਜ ਸੁਹਾ ਖਾਟ, ਖੱਟੀ ਧੁਰ ਦੀ ਝੋਲੀ ਪਾਈਆ । ਮੰਜ਼ਲ ਮੰਜ਼ਲ ਮੁਕਾ ਕੇ ਵਾਟ, ਅਗਲਾ ਲੇਖਾ ਦਏ ਮੁਕਾਈਆ । ਜਿਨ੍ਹਾਂ ਦਾ ਲਹਿਣਾ ਤਿਨ੍ਹਾਂ ਨੂੰ ਮਿਲਦਾ ਆਪ, ਸੁੱਤਿਆਂ ਲਏ ਜਗਾਈਆ । ਜਨਮ ਕਰਮ ਦਾ ਮੇਟ ਕੇ ਰੋਗ ਸੰਤਾਪ, ਦੁਖੀਆਂ ਦਾ ਦੁਖ ਦਰਦੀਆਂ ਦਾ ਦਰਦ ਦਰਦਵੰਦ ਹੋ ਕੇ ਆਪਣੀ ਝੋਲੀ ਪਾਈਆ । ਜਮ ਦੀ ਫ਼ਾਸੀ ਕਟ ਕੇ ਫ਼ਾਸ, ਫ਼ੈਸਲਾ ਧੁਰ ਦਾ ਹਕ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਦਾ ਬਣਿਆ ਸਚਾ ਸਾਕ, ਤਿਨ੍ਹਾਂ ਦਾ ਬੰਦ ਤਾਕ ਦਏ ਖੁਲ੍ਹਾਈਆ ।



੭੬੮

## ❊ ੪ ਜੇਠ ਸ਼ਹਿਨਸ਼ਾਹੀ ਸੰਮਤ ੧ ਮੰਗਲ ਸਿੰਘ ਦੇ ਘਰ ਪਿੰਡ ਸਾਰੰਗੜਾ ਜ਼ਿਲਾ ਅੰਮ੍ਰਿਤਸਰ ❊

ਹਰਿ ਸੰਮਤ ਕਹੇ ਪ੍ਰਭ ਤੇਰਾ ਸੰਦੇਸ਼, ਨਿਰਗੁਣ ਸਰਗੁਣ ਧਾਰ ਸਮਝ ਸਮਝਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਨੌ ਸਤ ਦਿਆਂ ਸਰਬ ਨਰੇਸ਼, ਨਰ ਨਿਰੰਕਾਰ ਸੋਇਆ ਰਹਿਣ ਕੋਇ ਨਾ ਪਾਈਆ । ਖ਼ਬਰਦਾਰ ਕਰਾਂ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼, ਦੇਵਤ ਸੁਰ ਦਿਆਂ ਉਠਾਈਆ । ਨਾਮ ਸੁਨੇਹੜਾ ਭੇਜਾਂ ਦੇਸ ਪਰਦੇਸ਼, ਧਰਨੀ ਧਰਤ ਧਵਲ ਵੰਡ ਵੰਡਾਈਆ । ਦੂਰ ਦੁਰਾਡੇ ਤੇਰਾ ਖੇਲ ਵਖਾਵਾਂ ਨੇਰਨ ਨੇਰ ਨੇਤ ਨੇਤ, ਸ਼ਾਹ ਪਾਤਸ਼ਾਹ ਤੇਰੀ ਸੇਵ ਕਮਾਈਆ । ਜਨ ਭਗਤਾਂ ਸਚ ਪ੍ਰੀਤੀ ਆਤਮ ਪਰਮਾਤਮ ਦੱਸਾਂ ਹੇਤ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਨਿਜ ਨੈਣ ਲੋਚਨ ਨੇਤਰ ਸੰਤ ਸੁਹੇਲੇ ਲਵਾਂ ਪੇਖ, ਲੱਖ ਚੁਰਾਸੀ ਖੋਜ ਖੁਜਾਈਆ । ਗੁਰਮੁਖਾਂ ਅੰਦਰ ਵੜ ਕੇ ਮੰਦਰ ਚੜ੍ਹ ਕੇ ਕਾਇਆ ਮਾਟੀ ਹਾਟੀ ਖੋਲ੍ਹਾਂ ਭੇਤ, ਦੁਵੈਤੀ ਭਾਂਡਾ ਭਉ ਭੰਨਾਈਆ । ਧੁਰ ਫ਼ਰਮਾਨਾ ਸ਼ਬਦ ਅਨਾਦੀ ਲਿਖਾਂ ਲੇਖ, ਅਗੰਮ ਅਥਾਹ ਬੇਪਰਵਾਹ ਕਰਾਂ ਪੜ੍ਹਾਈਆ । ਨਵ ਨੌ ਚਾਰ ਪਿਛੋਂ ਭਾਗ ਲਗਾ ਪਹਿਲੀ ਚੇਤ, ਪੁਰਖ ਅਕਾਲ ਦੀਨ ਦਿਆਲ ਦਿਤੀ ਵਡਿਆਈਆ । ਖੇਲ ਕਰ ਕਰ ਵੇਖਣਾ ਮਹੀਨਾ ਜੇਠ, ਖ਼ਾਲਕ ਖ਼ਲਕ ਖੋਜ ਖੁਜਾਈਆ । ਸ਼ਾਹ ਸੁਲਤਾਨ ਫੋਲਣੇ ਸੇਠ, ਚਾਰੋਂ ਕੁੰਟ ਫੇਰਾ ਪਾਈਆ । ਕੂੜੀ ਕਿਰਿਆ ਮਾਇਆ ਮਮਤਾ ਭੰਨਣੇ ਰੇਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਹਰਿ ਸੰਮਤ ਕਹੇ ਮੈਂ ਵੇਖਣਾ ਜਗ, ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਈਆ । ਤੇਰਾ ਹੁਕਮ ਸੂਰੇ ਸਰਬਗ, ਸ੍ਰੀ ਭਗਵਾਨ ਦੇਣਾ ਜਣਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਭਵਿਖਤਾਂ ਵਿਚ ਗਏ ਸਦ, ਢੋਲੇ ਧੁਰ ਦੇ ਨਾਦ ਅਲਾਈਆ । ਸੋ ਸਾਹਿਬ ਸੁਵਾਮੀ ਅੰਤਰਜਾਮੀ ਜੋਤੀ ਜਾਤਾ ਹੋ ਪਰਗਟ, ਅਲਖ ਨਿਰੰਜਣ ਦਾਤਾ ਆਪਣੀ ਅਲਖ ਜਗਾਈਆ । ਹਰ ਘਟ ਰਮਿਆ ਵਸਣਹਾਰਾ ਘਟ ਘਟ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸ਼ਬਦ ਅਗੰਮੀ ਵਜਾਏ ਨਦ, ਦੋ ਜਹਾਨ ਕਰੇ ਸ਼ਨਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਲੱਗੀ ਵੇਖੇ ਅੱਗ, ਤੱਤਵ ਤੱਤਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦਏ ਉਠਾਈਆ । ਹਰਿ ਸੰਮਤ ਕਹੇ ਪ੍ਰਭੂ ਤੇਰਾ ਹੁਕਮ ਫ਼ਰਮਾਨ, ਫੁਰਨੇ ਅੰਦਰ ਦਿਆਂ ਜਣਾਈਆ । ਧੁਰ ਸੰਦੇਸ਼ਾ ਇਕ ਜਹਾਨ, ਜਹਾਲਤ ਵਾਲਿਆਂ ਦਿਆਂ ਸਮਝਾਈਆ । ਮਾਨਸ ਮਾਨੁਖ ਮਾਨਵ ਕਰੋ ਧਿਆਨ, ਮਨ ਵਾਸਨਾ ਦੂਰ ਕਰਾਈਆ । ਕਾਇਆ ਮੰਦਰ ਅੰਦਰ ਖੋਜ ਸ੍ਰੀ ਭਗਵਾਨ, ਗ੍ਰਿਹ ਇਕੋ ਬੈਠਾ ਸੋਭਾ ਪਾਈਆ । ਜਿਸ ਦਾ ਨਿਰਗੁਣ ਰੂਪ ਜੋਤ ਮਹਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਜਿਸ ਦਾ ਨਾਦ ਸ਼ਬਦ ਧੁਨਕਾਨ, ਅਗੰਮੀ ਰਾਗ ਸੁਣਾਈਆ । ਜਿਸ ਦਾ ਅੰਮ੍ਰਿਤ ਪੀਣ ਖਾਣ, ਤ੍ਰਿਸ਼ਨਾ ਭੁਖ ਦਏ ਮਿਟਾਈਆ । ਜਿਸ ਦਾ ਸਤਿ ਸਤਿਵਾਦੀ ਝੁਲੇ ਇਕ ਨਿਸ਼ਾਨ, ਦੋ ਜਹਾਨਾਂ ਹੁਕਮ ਮਨਾਈਆ । ਜੋ ਲੱਖ ਚੁਰਾਸੀ ਸਖ਼ੀਆਂ ਦਾ ਧੁਰ ਦਾ ਕਾਹਨ, ਸਚਖੰਡ ਦੁਵਾਰੇ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਦਇਆ ਕਮਾਈਆ । ਹਰਿ ਸੰਮਤ ਕਹੇ ਦੀਨ ਦਿਆਲ ਚੁਕੌਣਾ ਸਭ ਦਾ ਮੂਲ, ਬਾਕੀ ਰਹਿਣ ਕੋਇ ਨਾ ਪਾਈਆ । ਹਰਿ ਹਰਿ ਨਾਉਂ ਜੋ ਮਨ ਵਾਸਨਾ ਗਏ ਭੂਲ, ਮਾਇਆ ਮਮਤਾ ਮੋਹ ਹਲਕਾਈਆ । ਤਿਨ੍ਹਾਂ ਮੇਲ ਮਿਲੌਣਾ ਹਰਿ ਕੰਤ ਸੁਹਾਗੀ ਸਚ ਕੰਤੂਲ, ਆਤਮ ਪਰਮਾਤਮ ਜੋੜ ਜੁੜਾਈਆ । ਧੂੜੀ ਟਿੱਕਾ ਮਸਤਕ ਛੁਹਾਣੀ ਸਾਚੀ ਧੂਲ, ਦੁਰਮਤ ਮੈਲ ਧੁਆਈਆ । ਸਤਿ

ਧਰਮ ਦਾ ਦਸਣਾ ਇਕ ਅਸੂਲ, ਚਾਰ ਵਰਨ ਅਠਾਰਾਂ ਬਰਨ ਕਰਨ ਇਕ ਪੜ੍ਹਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਦਾ ਆਦਿ ਜੁਗਾਦੀ ਇਕ ਮਜ਼ਮੂਨ, ਨਾਮ ਨਿਧਾਨਾ ਦਏ ਪੜ੍ਹਾਈਆ । ਜਿਸ ਦਾ ਬਦਲ ਨਾ ਸਕੇ ਕੋਇ ਕ਼ਾਨੂੰਨ, ਕਾਇਨਾਤ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਕਲਜੁਗ ਕੂੜੀ ਕਿਰਿਆ ਕੋਲੋਂ ਕਰ ਮਹਿਰੂਮ, ਮਾਸੂਮ ਗੁਰਮੁਖ ਬੱਚੇ ਲਏ ਬਚਾਈਆ । ਹਰਿ ਸੰਮਤ ਕਹੇ ਲੇਖਾ ਮੁਕਣਾ ਜ਼ਾਤ ਪਾਤ, ਕੂੜੀ ਕਿਰਿਆ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤੇ ਸਾਚੀ ਬਖ਼ਸ਼ਣੀ ਇਕੋ ਦਾਤ, ਦਾਤਾ ਹੋ ਕੇ ਦਏ ਵਰਤਾਈਆ । ਚਾਰ ਵਰਨ ਜੋੜਨਾ ਨਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਭੇਵ ਖੁਲ੍ਹਾਈਆ । ਕੂੜੀ ਕਿਰਿਆ ਮੇਟਣੀ ਰਾਤ, ਸਤਿ ਸਤਿ ਸਾਚਾ ਚੰਦ ਚਮਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸਣੀ ਸਾਚੀ ਗਾਥ, ਧੁਰ ਦਾ ਮੰਤਰ ਇਕ ਪੜ੍ਹਾਈਆ । ਮੇਲ ਮਿਲੌਣਾ ਪੁਰਖ ਸਮਰਥ, ਭਗਤ ਭਗਵੰਤ ਇਕੋ ਰੰਗ ਚੜ੍ਹਾਈਆ । ਨਿਜ ਨੇਤਰ ਖੋਲ੍ਹ ਕੇ ਸਾਚੀ ਅੱਖ, ਗਿਆਨ ਨੇਤਰ ਦੇਣਾ ਸਮਝਾਈਆ । ਦਰਸ ਵਖੌਣਾ ਹੋ ਪ੍ਰਤੱਖ, ਸਵਛ ਸਰੂਪੀ ਰੂਪ ਵਟਾਈਆ । ਪੰਚ ਵਿਕਾਰਾ ਦੇਣਾ ਮਥ, ਨਾਮ ਮਧਾਣਾ ਇਕ ਚਲਾਈਆ । ਸਤਿ ਦਵਾਰਾ ਖੋਲ੍ਹ ਕੇ ਹੱਟ, ਵਸਤ ਅਮੋਲਕ ਦੇਣੀ ਵਰਤਾਈਆ । ਦੂਈ ਦਵੈਤ ਮੇਟਕੇ ਫਟ, ਪੱਟੀ ਸਾਚਾ ਨਾਮ ਧੁਰ ਦੀ ਦੇਣੀ ਬੰਧਾਈਆ । ਦੁਰਮਤ ਮੈਲ ਅੰਦਰੋਂ ਬਾਹਰੋਂ ਕਟ, ਗੁਰਮੁਖਾਂ ਮਨ ਤਨ ਕਰਨੀ ਸਫ਼ਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਹਰਿ ਦਾ ਨਾਉਂ ਲੈਣ ਰਟ, ਮਨ ਕਾ ਮਣਕਾ ਦੇਣਾ ਭੁਵਾਈਆ । ਘਰ ਪਰਮੇਸ਼ਵਰ ਸਵਾਮੀ ਮਿਲੇ ਕਮਲਾਪਤ, ਜੰਗਲ ਜੂਹ ਉਜਾੜ ਪਹਾੜ ਖੋਜਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ੭੭੦
ਸਾਚਾ ਸੰਮਤ ਕਹੇ ਪ੍ਰਭ ਸਾਚੇ ਹੱਥ ਤੌਫ਼ੀਕ, ਪਰਵਰਦਿਗਾਰ ਵੱਡੀ ਵਡਿਆਈਆ । ਆਦਿ ਜੁਗਾਦੀ ਲਾਸ਼ਰੀਕ, ਸ਼ਿਰਕਤ ਵਿਚ ਨਾ ਕੋਇ ਲੜਾਈਆ । ਸਾਚਾ ਕਲਮਾ ਦੱਸੇ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਦੂਰ ਦੁਰਾਡਾ ਨਜ਼ਰ ਆਏ ਨਜ਼ਦੀਕ, ਨਿਰਗੁਣ ਆਪਣਾ ਪੰਧ ਮੁਕਾਈਆ । ਸਚ ਪ੍ਰੀਤੀ ਅੰਤਰ ਆਤਮ ਦੱਸੇ ਇਕ ਪ੍ਰੀਤ, ਪ੍ਰੀਤਮ ਆਪਣਾ ਜੋੜ ਜੁੜਾਈਆ । ਘਰ ਮੰਦਰ ਸੁਹਾਏ ਠੀਕ, ਠਾਕਰ ਹੋ ਕੇ ਸੋਭਾ ਪਾਈਆ । ਕਲਜੁਗ ਕੂੜ ਅੰਧੇਰਾ ਮਿਟਾਏ ਤਾਰੀਕ, ਅੰਧ ਅੰਧੇਰ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਸੁਣਾਏ ਸਾਚਾ ਗੀਤ, ਗਹਿਰ ਗੰਭੀਰ ਬੇਨਜ਼ੀਰ ਢੋਲਾ ਇਕੋ ਗਾਈਆ । ਘਰ ਸੱਜਣ ਮਿਲੇ ਮੀਤ, ਮਿਤਰ ਪਿਆਰਾ ਦਰਸ ਦਿਖਾਈਆ । ਤ੍ਰੈਗੁਣ ਮਾਇਆ ਕੋਲੋਂ ਕਰਕੇ ਅਤੀਤ, ਸਾਂਤਕ ਸਤਿ ਦਏ ਵਰਤਾਈਆ । ਨਾਮ ਭੰਡਾਰਾ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਧੁਰ ਦੀ ਝੋਲੀ ਪਾਈਆ । ਝਗੜਾ ਮੁਕਾ ਕੇ ਊਚ ਨੀਚ, ਰਾਓ ਰੰਕ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਹਰਿ ਸੰਮਤ ਕਹੇ ਮੈਂ ਆਇਆ ਲੋਕਮਾਤ, ਕਲਜੁਗ ਅੰਤ ਲੈ ਅੰਗੜਾਈਆ । ਮੇਰਾ ਲੇਖਾ ਲਿਖ ਨਾ ਸਕਿਆ ਕੋਈ ਨਾਲ ਕ਼ਲਮ ਸ਼ਾਹੀ ਦਵਾਤ, ਚਾਰ ਜੁਗ ਚਾਰ ਵੇਦ ਚਾਰੇ ਖਾਣੀ ਚਾਰੇ ਬਾਣੀ ਸਮਝ ਨਾ ਕੋਇ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਮੇਰਾ ਵੇਖਣਹਾਰਾ ਖੇਲ ਤਮਾਸ਼, ਘਟ ਘਟ ਵਾਸੀ ਅੰਤਰਜਾਮੀ ਸਚ ਦਵਾਰੇ ਸੋਭਾ ਪਾਈਆ । ਜੁਗ ਚੌਕੜੀ ਨਿਤ ਨਵਿਤ ਭਗਤਾਂ ਪੂਰੀ ਕਰਨਹਾਰਾ ਆਸ, ਸੰਤ ਸਾਜਨ ਦੇਵਣਹਾਰ ਵਡਿਆਈਆ । ਸੋ ਗਹਿਰ ਗੰਭੀਰ ਬੇਨਜ਼ੀਰ ਨਿਰਗੁਣ ਨੂਰ ਜੋਤ ਕਰ ਪਰਕਾਸ਼, ਲੋਕਮਾਤ ਬਿਨ ਤੱਤਾਂ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ

ਥਾਈਆ । ਹਰਿ ਸੰਮਤ ਕਹੇ ਮੈਂ ਪ੍ਰਭ ਦਾ ਵੇਖਿਆ ਅਜਬ ਪਸਾਰਾ, ਜਿਸ ਨੂੰ ਬੇਅੰਤ ਬੇਅੰਤ ਕਹਿਕੇ ਸਾਰੇ ਸੀਸ ਨਿਵਾਈਆ । ਸੋ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਦਿ ਜੁਗਾਦੀ ਏਕੰਕਾਰਾ, ਅਕਲ ਕਲ ਆਪਣੀ ਆਪ ਵਰਤਾਈਆ । ਸ਼ਬਦੀ ਸ਼ਬਦ ਉਠਾ ਕੇ ਸੁਤ ਦੁਲਾਰਾ, ਥਿਰ ਘਰ ਕੁੰਡਾ ਦਿਤਾ ਖੁਲ੍ਹਾਈਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਉਠਾਲਾ, ਸੋਇਆ ਰਹਿਣ ਨਾ ਕੋਇ ਪਾਈਆ । ਵੇਖਣਹਾਰ ਤ੍ਰੈਗੁਣ ਮਾਇਆ ਜਗਤ ਜੰਜਾਲਾ, ਪੰਚਮ ਪੰਚਮ ਭੇਵ ਚੁਕਾਈਆ । ਲੇਖਾ ਜਾਨਣਹਾਰ ਸ਼ਾਹ ਕੰਗਾਲਾ, ਰਾਜ ਰਾਜਾਨਾਂ ਵੇਖੇ ਥਾਉਂ ਥਾਈਆਂ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਲਜੁਗ ਅੰਤਮ ਕਰੇ ਖੇਲ ਨਿਰਾਲਾ, ਖ਼ਾਲਕ ਖ਼ਾਲਕ ਮਖ਼ਲੂਕ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਅੰਤਰ ਅੰਤਰ ਆਪਣਾ ਪਰਦਾ ਲਾਹੀਆ । ਹਰਿ ਸੰਮਤ ਕਹੇ ਪ੍ਰਭ ਦਾ ਵੇਖਣਾ ਖੇਲ ਅਜੀਬ, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਕਥ ਸਕੇ ਨਾ ਰਾਈਆ । ਜਿਸ ਦੀ ਜੁਗ ਚੌਕੜੀ ਸਮਝ ਨਾ ਸਕੇ ਕੋਇ ਤਰਤੀਬ, ਕਾਇਦਾ ਕ਼ਾਨੂੰਨ ਧੁਰ ਦਾ ਹਕ ਨਾ ਕੋਇ ਦ੍ਰਿੜਾਈਆ । ਜਿਸ ਦੀ ਸਿਫ਼ਤ ਕਰੇ ਕ਼ੁਰਾਨ ਮਜੀਦ, ਸਿਫ਼ਤਾਂ ਨਾਲ ਜਗਤ ਸਮਝਾਈਆ । ਜਿਸ ਦੀ ਕਲਮਿਆਂ ਵਿਚੋਂ ਕਲਾਮਾਂ ਵਾਲੀ ਹਦੀਸ, ਧੁਰ ਦਾ ਰਾਗ ਅਲਾਈਆ । ਜਿਸ ਦੀ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਰਖ ਕੇ ਗਏ ਉਡੀਕ, ਵੇਦ ਵਿਆਸਾ ਆਪਣੀ ਅੱਖ ਖੁਲ੍ਹਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਨਾਲ ਸਚ ਪ੍ਰੀਤ, ਦੋ ਜਹਾਨਾਂ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਾਤੀ ਵੇਖ ਵਖਾਈਆ । ਹਰਿ ਸੰਮਤ ਕਹੇ ਮੈਂ ਪ੍ਰਭ ਦਾ ਦਰਸ਼ਨ ਕਰਿਆ ਹਜ਼ੂਰ, ਹਾਜ਼ਰ ਹੋ ਕੇ ਸੀਸ ਨਿਵਾਈਆ । ਮੇਰੇ ਕੋਟ ਜਨਮ ਦੇ ਬਖ਼ਸ਼ੇ ਗਏ ਕ਼ਸੂਰ, ਮਿਹਰ ਨਜ਼ਰ ਇਕ ਉਠਾਈਆ । ਕੋਝੇ ਕਮਲੇ ਕਰ ਮਨਜ਼ੂਰ, ਸਿਰ ਆਪਣਾ ਹੱਥ ਦਿਤਾ ਟਿਕਾਈਆ । ਮੇਰਾ ਮਾਣ ਟੁੱਟਾ ਗ਼ਰੂਰ, ਹਉਮੇਂ ਰੋਗ ਰਿਹਾ ਨਾ ਰਾਈਆ । ਕੋਟਨ ਕੋਟ ਸੂਲੀ ਚੜ੍ਹਦੇ ਵੇਖੇ ਮਨਸੂਰ, ਸ਼ਮਸ਼ ਵਰਗੇ ਖੱਲ ਲੁਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਲੰਘਦੇ ਗਏ ਪੂਰ, ਆਵਣ ਜਾਵਣ ਆਪਣੀ ਬਣਤ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਮਜ਼ਦੂਰ, ਦਿਵਸ ਰੈਣ ਸੇਵ ਕਮਾਈਆ । ਲੱਖ ਚੁਰਾਸੀ ਸ੍ਰਿਸ਼ਟੀ ਵੇਖੀ ਕੂੜ, ਸ਼ਾਹ ਸੁਲਤਾਨ ਥਿਰ ਨਜ਼ਰ ਕੋਇ ਨਾ ਆਈਆ । ਚੌਦਾਂ ਵਿਦਿਆ ਪੜ੍ਹਦੇ ਵੇਖੇ ਮੂਰਖ ਮੂੜ੍ਹ, ਚੌਦਾਂ ਤਬਕ ਚੌਦਾਂ ਲੋਕ ਨੇਤਰ ਨੈਣਾਂ ਨੀਰ ਵਹਾਈਆ । ਕੋਟਨ ਕੋਟਾਂ ਵਿਚੋਂ ਜਿਨ੍ਹਾਂ ਗੁਰਮੁਖਾਂ ਪ੍ਰਭ ਬਖ਼ਸ਼ੀ ਚਰਨ ਧੂੜ, ਮਸਤਕ ਟਿੱਕੇ ਦਿਤੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਸੰਮਤ ਕਹੇ ਮੈਂ ਵੇਖਿਆ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਸਚ ਦਵਾਰੇ ਸੋਭਾ ਰਿਹਾ ਪਾ, ਰੂਪ ਰੰਗ ਵੇਖ ਸਕੇ ਨਾ ਕੋਇ ਜਣਾਈਆ । ਆਦਿ ਜੁਗਾਦੀ ਰਿਹਾ ਵੇਸ ਵਟਾ, ਗੁਰ ਅਵਤਾਰ ਪੀਰ ਪੈਗ਼ੰਬਰ ਨਾਉਂ ਵਡਿਆਈਆ । ਸਿਫ਼ਤੀ ਢੋਲੇ ਰਿਹਾ ਗਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਅੱਖਰਾਂ ਨਾਲ ਪੜ੍ਹਾਈਆ । ਪਰਦਾ ਓਹਲਾ ਰਿਹਾ ਰਖਾ, ਅੰਦਰ ਵੜ ਕੇ ਮੰਦਰ ਚੜ੍ਹ ਕੇ ਦਰਸ ਕੋਇ ਨਾ ਪਾਈਆ । ਜੁਗ ਚੌਕੜੀ ਸਭ ਦੇ ਡੇਰੇ ਰਿਹਾ ਢਾਹ, ਜੋ ਘੜਿਆ ਸੋ ਆਪੇ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਗ੍ਰਿਹ ਮੰਦਰ ਖੋਜ ਖੁਜਾਈਆ । ਗ੍ਰਿਹ ਮੰਦਰ ਪ੍ਰਭ ਖੋਜਣਹਾਰਾ, ਖੋਜੇ ਸਰਬ ਲੋਕਾਈਆ । ਘਟ ਦੀਪਕ ਕਰੇ ਸਰਬ ਉਜਿਆਰਾ,

੭੭੨

ਨੂਰੋ ਨੂਰ ਨੂਰ ਰੁਸ਼ਨਾਈਆ । ਭਗਤ ਵਛਲ ਗਿਰਵਰ ਗਿਰਧਾਰਾ, ਸੰਤ ਸੁਹੇਲਾ ਧੁਰ ਦਾ ਮਾਹੀਆ । ਗੁਰਮੁਖਾਂ ਗੁਰ ਸ਼ਬਦੀ ਦੇਵੇ ਧਾਰਾ, ਨਾਮ ਨਗਾਰਾ ਇਕ ਵਜਾਈਆ । ਗੁਰਸਿੱਖਾਂ ਖੋਲ੍ਹ ਕੇ ਬੰਦ ਕਿਵਾੜਾ, ਬਜਰ ਕਪਾਟੀ ਦਏ ਤੁੜਾਈਆ । ਘਰ ਵਿਚ ਘਰ ਵਖਾਏ ਮਹਲ ਮੁਨਾਰਾ, ਅਟਲ ਸੋਭਾ ਰਿਹਾ ਪਾਈਆ । ਅੱਠੇ ਪਹਿਰ ਦਿਵਸ ਰੈਣ ਸਚਾ ਧੁਨਕਾਰਾ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਆਤਮ ਠੰਡਾ ਠਾਰਾ, ਨਿਝਰ ਝਿਰਨਾ ਦਏ ਝਿਰਾਈਆ । ਜੋਤ ਨਿਰੰਜਣ ਕਰ ਉਜਿਆਰਾ, ਆਦਿ ਨਿਰੰਜਣ ਵੇਖ ਵਖਾਈਆ । ਸੁਰਤੀ ਸ਼ਬਦੀ ਮੇਲਾ ਅਪਰ ਅਪਾਰਾ, ਅਪਰੰਪਰ ਆਪਣੇ ਵਿਚ ਸਮਾਈਆ । ਸੇਜ ਸੁਹੰਜਣੀ ਸੁਹਾਵੇ ਧੁਰ ਦਾ ਲਾੜਾ, ਅੰਤਰ ਆਤਮ ਬਹਿ ਬਹਿ ਖ਼ੁਸ਼ੀ ਮਨਾਈਆ । ਬਿਨ ਸਖੀਆਂ ਗਾਏ ਮੰਗਲਾਚਾਰਾ, ਗੀਤ ਗੋਬਿੰਦ ਰਾਗ ਅਲਾਈਆ । ਕੂੜੀ ਕਿਰਿਆ ਕਲਜੁਗ ਕਰ ਕੇ ਪਾਰ ਕਿਨਾਰਾ, ਹਉਮੇ ਹੰਗਤਾ ਦਏ ਗੁਆਈਆ । ਸਤਿਜੁਗ ਸਾਚੇ ਕਰ ਪਸਾਰਾ, ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਦਏ ਬਦਲਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਇਕੋ ਨਾਉਂ ਇਕੋ ਸਚ ਜੈਕਾਰਾ, ਇਕੋ ਇਸ਼ਟ ਦੇਵ ਦਏ ਸਮਝਾਈਆ । ਇਕੋ ਮੰਦਰ ਮਸਜਿਦ ਸ਼ਿਵਦਵਾਲਾ ਮਠ ਗੁਰੂਦਵਾਰਾ, ਇਕੋ ਹਟ ਇਕੋ ਵਣਜ ਵਣਜਾਰਾ ਨਜ਼ਰੀ ਆਈਆ । ਇਕੋ ਸੱਜਣ ਹੋਵੇ ਮੀਤ ਮੁਰਾਰਾ, ਸਾਹਿਬ ਸਵਾਮੀ ਇਕੋ ਰੂਪ ਵਟਾਈਆ । ਇਕੋ ਨੌਬਤ ਵੱਜੇ ਧੁਰ ਨਗਾਰਾ, ਇਕੋ ਸੋਈ ਸੁਰਤੀ ਦਏ ਉਠਾਈਆ । ਇਕੋ ਕਾਤਬ ਬਣ ਲਿਖਾਰਾ, ਧੁਰ ਦਾ ਲੇਖਾ ਦਏ ਜਣਾਈਆ । ਇਕੋ ਆਤਮ ਇਕੋ ਪਰਮਾਤਮ, ਲੱਖ ਚੁਰਾਸੀ ਅੰਦਰ ਸੋਭਾ ਪਾਈਆ । ਇਕੋ ਤੱਟ ਕਿਨਾਰਾ ਪਾਤਣ, ਇਕੋ ਨਈਆ ਨੌਕਾ ਨਾਮ ਚੜ੍ਹਾਈਆ । ਇਕੋ ਸਾਹਿਬ ਸੁਹੇਲਾ ਆਵੇ ਰਾਖਣ, ਅਬਿਨਾਸ਼ੀ ਕਰਤਾ ਫੇਰਾ ਪਾਈਆ । ਇਕੋ ਜੁਗ ਜੁਗ ਜਗਤ ਮਾਰਗ ਆਵੇ ਦੱਸਣ, ਭਗਤ ਭਗਵਾਨ ਲਏ ਉਠਾਈਆ । ਇਕੋ ਨਿਰਵੈਰ ਹੋ ਕੇ ਆਵੇ ਅੰਦਰ ਵਸਣ, ਸਚ ਸਿੰਘਾਸਣ ਸੋਭਾ ਪਾਈਆ । ਇਕੋ ਨੌ ਖੰਡ ਸੱਤ ਦੀਪ ਕਰੌਚ ਪੁਸ਼ਕਰ ਵੇਖੇ ਲੱਖਣ, ਜੰਬੂ ਆਪਣਾ ਰੂਪ ਦ੍ਰਿੜਾਈਆ । ਇਕੋ ਗੁਰ ਸ਼ਬਦੀ ਸਚ ਸੁਣਾ ਕੇ ਬਚਨ, ਬੱਚਿਆਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਦਏ ਗੁਆਈਆ । ਕੂੜੀ ਕਿਰਿਆ ਨਾਤਾ ਦੇਣਾ ਤੋੜ, ਲੋਕਮਾਤ ਰਹਿਣ ਨਾ ਪਾਈਆ । ਚਾਰ ਵਰਨ ਦੇਵੇ ਜੋੜ, ਦੂਈ ਦਵੈਤੀ ਬਾਹਰ ਕਢਾਈਆ । ਮੰਤਰ ਦੱਸ ਕੇ ਫੁਰਨਾ ਫੋਰ, ਮਨ ਵਾਸਨਾ ਦੇਣੀ ਮਿਟਾਈਆ । ਝਗੜਾ ਮੁਕਾ ਕੇ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਗੁਆਈਆ । ਸਤਿਗੁਰ ਸਵਾਮੀ ਹੋ ਕੇ ਵਸਣਾ ਕੋਲ, ਅੰਤਰ ਆਤਮ ਮੇਲ ਮਿਲਾਈਆ । ਅਨਹਦ ਨਾਦ ਵਜਾਉਣਾ ਢੋਲ, ਕੂੜ ਕੁਟੰਬ ਦੇਣਾ ਤਜਾਈਆ । ਸ੍ਰਿਸ਼ਟ ਸਬਾਈ ਦੱਸਣਾ ਇਕ ਜੈਕਾਰਾ ਧੁਰ ਦਾ ਨਾਮ ਸਚਾ ਬੋਲ, ਦੀਨ ਮਜ਼੍ਹਬ ਜ਼ਾਤ ਪਾਤ ਇਕੋ ਵੱਜੇ ਸ਼ਨਵਾਈਆ । ਨਾਮ ਕੰਡੇ ਸਭ ਨੂੰ ਦੇਣਾ ਤੋਲ, ਤੋਲਾ ਹੋਵੇ ਬੇਪਰਵਾਹੀਆ । ਲੱਖ ਚੁਰਾਸੀ ਵਿਚ ਭਗਤ ਸੰਤ ਗੁਰਮੁਖ ਗੁਰਸਿਖ ਸੂਫ਼ੀ ਫ਼ਕੀਰ ਲੈਣੇ ਵਰੋਲ, ਅਨਮੋਲ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸਤਿ ਦਵਾਰਾ ਧਰਨੀ ਧਰਤ ਧਵਲ ਉਤੇ ਦੇਵੇ ਖੋਲ੍ਹ, ਖ਼ਾਲਸ ਖ਼ਾਲਸ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਸਦਾ ਮਿਹਰਵਾਨ, ਮਹਿਬਾਨ ਬੀਦੋ ਬੀ ਖੈਰਯਾ ਅਲਾਹੀ ਨੂਰ, ਕੁਲ ਆਲਮ ਉਲਮਾ ਕਰੇ ਪੜ੍ਹਾਈਆ ।

## ❊ ੪ ਜੇਠ ਸ਼ਹਿਨਸ਼ਾਹੀ ਸੰਮਤ ੧ ਹਜਾਰਾ ਸਿੰਘ ਦੇ ਗ੍ਰਿਹਿ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ❊

ਹਰਿਸੰਮਤ ਕਹੇ ਪੁਰਖ ਕਰਤਾਰ, ਕਰਨੀ ਦੇ ਕਰਤੇ ਤੇਰੇ ਹੱਥ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਆਪਣਾ ਕ਼ਰਜਾ ਸਿਰੋਂ ਉਤਾਰ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਿਰਜਣਹਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਆਸਾ ਮਨਸਾ ਪੂਰੀ ਕਰ ਦੇ ਪੈਗ਼ੰਬਰ ਗੁਰ ਅਵਤਾਰ, ਜੋ ਜੁਗ ਜੁਗ ਗਏ ਧਿਆਨ ਲਗਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਨਿਰਗੁਣ ਸਰਗੁਣ ਪਾ ਸਾਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਤਾਲ ਖੋਜ ਖੁਜਾਈਆ । ਸ਼ਬਦ ਦੁਲਾਰਾ ਜੋਧਾ ਸੂਰਬੀਰ ਬਲਕਾਰਾ ਕਰ ਤਿਆਰ, ਥਿਰ ਘਰ ਨਿਵਾਸੀ ਆਪਣਾ ਪਰਦਾ ਲਾਹੀਆ । ਖੜਗ ਖੰਡਾ ਨਾਮ ਸਚ ਵਖਾ ਤਿੱਖੀ ਧਾਰ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਜੀਵ ਜੰਤ ਸਾਧ ਸੰਤ ਕਰ ਖ਼ਬਰਦਾਰ, ਆਲਸ ਨਿੰਦਰਾ ਕੂੜੀ ਨੀਂਦ ਸੋਇਆ ਰਹਿਣ ਕੋਇ ਨਾ ਪਾਈਆ । ਨਾਮ ਡੰਕਾ ਰਾਉ ਰੰਕਾਂ ਸ਼ਾਹ ਸੁਲਤਾਨਾਂ ਸੁਣਾ ਵਿਚ ਸੰਸਾਰ, ਚਾਰ ਕੁੰਟ ਦਹਿ ਦਿਸ਼ਾ ਧੁਰ ਦਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚਾ ਸੰਮਤ ਕਹੇ ਮੈਂ ਵੇਖਿਆ ਅੰਤ ਅਖ਼ੀਰ, ਬੀਸ ਇਕੀਸਾ ਬੈਠਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਤੇਰਾ ਖੇਲ ਬੇਨਜ਼ੀਰ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਦੀ ਆਸਾ ਭਰਵਾਸਾ ਰਖ ਕੇ ਗਏ ਤਕਦੇ ਗਏ ਪੀਰ ਫ਼ਕੀਰ, ਪੈਗ਼ੰਬਰ ਧਿਆਨ ਲਗਾਈਆ । ਜਿਸ ਦੇ ਹੱਥ ਆਦਿ ਜੁਗਾਦਿ ਜੁਗ ਚੌਕੜੀ ਸਚ ਤਦਬੀਰ, ਤਕਦੀਰ ਸਭ ਦੀ ਰਿਹਾ ਬਦਲਾਈਆ । ਲੇਖਾ ਜਾਨਣਹਾਰਾ ਸ਼ਾਹ ਹਕੀਰ, ਜੀਵਾਂ ਜੰਤਾਂ ਖੋਜ ਖੁਜਾਈਆ । ਕੂੜੀ ਕਿਰਿਆ ਸ਼ਰਅ ਸ਼ਰਾਇਤ ਤੋੜ ਜ਼ੰਜੀਰ, ਜ਼ਾਲਮ ਜ਼ੁਲਮ ਦਏ ਮਿਟਾਈਆ । ਆਪਣਾ ਭੇਵ ਖੁਲ੍ਹਾ ਗਹਿਰ ਗੰਭੀਰ, ਪਰਦਾ ਉਹਲਾ ਦਏ ਚੁਕਾਈਆ । ਚੋਟੀ ਮੰਜ਼ਲ ਚੜ੍ਹ ਕੇ ਵੇਖ ਅਖੀਰ, ਹਕ ਮੁਕਾਮੇ ਅੱਖ ਖੁਲ੍ਹਾਈਆ । ਤੇਰੀ ਨਜ਼ਰ ਨਾ ਆਏ ਸ਼ਬਦ ਸਰੂਪੀ ਸਤਿ ਸਚੀ ਸ਼ਮਸ਼ੀਰ, ਜ਼ਮੀਰ ਸਭ ਦੀ ਖੋਜ ਖੁਜਾਈਆ । ਪਤਿਪਰਮੇਸ਼ਵਰ ਪਰਗਟ ਹੋ ਕੇ ਜ਼ਾਹਰਾ ਪੀਰ, ਜ਼ੱਰੇ ਜ਼ੱਰੇ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਉਠਾਈਆ । ਹਰਿਸੰਮਤ ਕਹੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸ ਅਖ਼ੀਰੀ ਬਾਤ, ਅਗੇ ਲੇਖਾ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਸਚਾ ਚੰਦ ਚਮਕਾਈਆ । ਚਾਰ ਜੁਗ ਪਿਛਲੀ ਲੇਖੇ ਲਾ ਲੈ ਆਪਣੀ ਗਾਥ, ਪੂਜਾ ਪਾਠ ਸਿਮਰਨ ਜੋਗ ਅਭਿਆਸ ਆਪਣੀ ਝੋਲੀ ਪਾਈਆ । ਲਹਿਣਾ ਚੁਕਾ ਦੇ ਅਠਸਠ ਤੀਰਥ ਤਾਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਰੋਵੇ ਦਏ ਦੁਹਾਈਆ । ਸਚ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਸਚ ਦਵਾਰਾ ਦੱਸ ਦੇ ਆਪਣਾ ਘਾਟ, ਦੂਜਾ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਤੇਰਾ ਧੁਰ ਦਾ ਸਾਥ, ਜਗਤ ਕੁਟੰਬੀ ਕੂੜ ਕੁੜਿਆਰ ਨਾਤੇ ਦੇ ਤੁੜਾਈਆ । ਲੇਖਾ ਚੁਕਾ ਪ੍ਰਿਥਮੀ ਆਕਾਸ਼, ਅੰਤਰ ਅੰਤਰ ਕਰ ਨਿਵਾਸ, ਨਿਰਗੁਣ ਜੋਤ ਕਰ ਪਰਕਾਸ਼, ਸ਼ਬਦੀ ਨਾਦ ਧੁਨ ਕਰ ਸ਼ਨਵਾਈਆ । ਸਾਚੇ ਮੰਡਲ ਵੇਖਾਂ ਤੇਰੀ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ ਦਾ ਘਰ, ਦਰਗਾਹ ਸਾਚੀ ਵੱਜੇ ਵਧਾਈਆ । ਹਰਿਸੰਮਤ ਕਹੇ ਪ੍ਰਭ ਪੀਰ ਪੈਗ਼ੰਬਰਾਂ ਦੱਸਦੇ ਆਪਣਾ ਸਜਦਾ, ਕਲਮਾ ਧੁਰ ਦਾ ਦੇ

ਜਣਾਈਆ । ਦਰ ਦਰਵੇਸ਼ ਦਰ ਹੋਵੇ ਬਰਦਾ, ਬੰਦੀਖ਼ਾਨੇ ਦਏ ਤੁੜਾਈਆ । ਤੂੰ ਕਰਨੀ ਦਾ ਕਰਤਾ ਖੇਲ ਆਪਣਾ ਕਰਦਾ, ਖ਼ਾਲਕ ਖ਼ਲਕ ਦੇ ਸਮਝਾਈਆ । ਤੇਰੀ ਮੰਜ਼ਲ ਕੋਇ ਨਾ ਚੜ੍ਹਦਾ, ਚੌਦਾਂ ਤਬਕ ਰਹੇ ਕੁਰਲਾਈਆ । ਤੇਰੀ ਹਕ ਹਕ਼ੀਕ਼ਤ ਵਾਲਾ ਨਾਮ ਕੋਇ ਨਾ ਪੜ੍ਹਦਾ, ਅਲਿਫ਼ ਯੇ ਕਰਨੀ ਸਰਬ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਸਮਝਾਈਆ । ਧੁਰ ਦਾ ਲੇਖਾ ਦੱਸ ਭਗਵੰਤ, ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਵੇਲਾ ਵੇਖ ਅੰਤ, ਅੰਤਸ਼ਕਰਨ ਸਭ ਦਾ ਖੋਜ ਖੁਜਾਈਆ । ਕਾਮੀ ਕਰੋਧੀ ਲੋਭੀ ਹੰਕਾਰੀ ਹੋਏ ਕਲਜੁਗ ਸੰਤ, ਸਚ ਸਾਧਨਾ ਸਮਝ ਕੋਇ ਨਾ ਪਾਈਆ । ਮਾਇਆ ਮਮਤਾ ਹਉਮੇ ਹੰਗਤਾ ਦਰ ਦਰਵੇਸ਼ ਬਣਿਆ ਮੰਗਤ, ਧੀਰਜ ਧੀਰ ਨਾ ਕੋਇ ਰਖਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਧੁਰ ਦਾ ਮਾਲਕ ਮਿਲਿਆ ਕੋਇ ਨਾ ਕੰਤ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਈਆ । ਜਗਤ ਵਾਸਨਾ ਨੌ ਦਵਾਰੇ ਦ੍ਰਿਸ਼ਟੀ ਇਸ਼ਟੀ ਬੋਧ ਅਗਾਧਾ ਮਿਲਿਆ ਕੋਇ ਨਾ ਪੰਡਤ, ਬੁਧਿ ਬਬੇਕ ਨਾ ਕੋਇ ਬਣਾਈਆ । ਸਾਚੇ ਘਰ ਦੀ ਕਿਸੇ ਦੁਆਰਿਉਂ ਮਿਲੇ ਕੋਇ ਨਾ ਸਨਦ, ਲੇਖਾ ਸਕੇ ਨਾ ਕੋਇ ਮੁਕਾਈਆ । ਨਾਤਾ ਤੋੜ ਦੇ ਦੋਜ਼ਖ਼ ਬਹਿਸ਼ਤ ਜੱਨਤ, ਸਵਰਗਾਂ ਦਾ ਲੇਖ ਰਹੇ ਨਾ ਰਾਈਆ । ਜਨ ਭਗਤਾਂ ਆਪਣੇ ਮਿਲਣ ਦੀ ਦੇ ਹਿੰਮਤ, ਹੌਸਲੇ ਅੰਦਰੇ ਅੰਦਰ ਵਧਾਈਆ । ਮਨ ਵਾਸਨਾ ਕਰੇ ਨਾ ਕੋਇ ਇੱਲਤ, ਪੰਜ ਵਿਕਾਰ ਨਾ ਕੋਇ ਲੜਾਈਆ । ਤੇਰੇ ਭਗਤ ਨੂੰ ਦੂਜੇ ਦੀ ਕਰਨੀ ਪਏ ਕੋਈ ਨਾ ਮਿੰਨਤ, ਦਰ ਦਰ ਸੀਸ ਨਾ ਕੋਇ ਝੁਕਾਈਆ । ਨਾਮ ਪੋਸ਼ਾਕਾ ਦੇ ਦੇ ਧੁਰ ਦਾ ਖ਼ਿਲਤ, ਸ਼ਾਹ ਸੁਲਤਾਨਾ ਸਿਰ ਆਪਣਾ ਹੱਥ ਟਿਕਾਈਆ । ਠਾਕਰ ਹੋ ਕੇ ਉਹਦੀ ਝੋਲੀ ਪਾ ਦੇ ਮਿਹਨਤ, ਜਗਤ ਮਜ਼ਦੂਰੀ ਦੀ ਲੋੜ ਰਹੇ ਨਾ ਰਾਈਆ । ਤੇਰੇ ਪ੍ਰੇਮ ਪਿਆਰ ਦੀ ਬਿਨ ਅੱਖਾਂ ਨਿਜ ਨੇਤਰ ਵੱਜੇ ਸੈਨਤ, ਸਮਝ ਨਾਲ ਸਮਝ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਾਚਾ ਸੰਮਤ ਕਹੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਦੇ ਇਕ ਹੁਲਾਰਾ, ਅੰਤਮ ਇਕੋ ਇਕ ਜਣਾਈਆ । ਆਪਣਾ ਵੇਖਣਾ ਅੰਤ ਕਿਨਾਰਾ, ਤੇਰਾ ਪਹਿਲਾ ਇਕ ਨਜ਼ਾਰਾ, ਮੁਜ਼ਾਹਰਾ ਤੇਰਾ ਨਾਮ ਲਗਾਈਆ । ਦੋ ਜਹਾਨਾਂ ਵੱਜੇ ਇਕ ਨਗਾਰਾ, ਤੂੰ ਮੇਰਾ ਮੈਂ ਤੇਰਾ ਗਾਵਣ ਸਰਬ ਜੈਕਾਰਾ, ਆਤਮ ਪਰਮਾਤਮ ਇਕੋ ਢੋਲਾ ਗਾਈਆ । ਲੱਖ ਚੁਰਾਸੀ ਜੀਵ ਜੰਤ ਚਾਰ ਵਰਨ ਅਠਾਰਾਂ ਬਰਨ ਦੇ ਦੇ ਇਕ ਸਹਾਰਾ, ਚਰਨ ਕਵਲ ਉਪਰ ਧਵਲ ਸਿਰ ਆਪਣਾ ਹੱਥ ਟਿਕਾਈਆ । ਤੂੰ ਆਦਿ ਜੁਗਾਦੀ ਵਸਣਹਾਰਾ ਅੰਦਰ ਬਾਹਰ ਗੁਪਤ ਜ਼ਾਹਰਾ, ਜੋਤੀ ਜਾਤਾ ਸ਼ਬਦੀ ਨਾਦ ਧੁਨੀ ਧੁਨ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਵਰਤਾਈਆ । ਹਰਿ ਸੰਮਤ ਕਹੇ ਗੁਰ ਅਵਤਾਰੋ ਪੀਰ ਪੈਗ਼ੰਬਰੋ ਪਹਿਲੀ ਇਕੋ ਵਾਰ, ਵਾਰਤਾ ਪ੍ਰਭ ਦੀ ਦਿਆਂ ਜਣਾਈਆ । ਜਿਸ ਦਾ ਹੁਕਮ ਉਸੇ ਦਾ ਸੰਸਾਰ, ਦੂਜਾ ਰਹਿਣ ਕੋਇ ਨਾ ਪਾਈਆ । ਜਿਸ ਦਾ ਮੰਗਦੇ ਰਹੇ ਦਰਸ ਦੀਦਾਰ, ਸੋ ਦੀਦਾ ਦਾਨਿਸਤਾ ਗਿਆ ਆਈਆ । ਜਿਸ ਦਾ ਸਿਫ਼ਤਾਂ ਵਿਚ ਕਰਦੇ ਗਏ ਇਜ਼ਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨਾਂ ਢੋਲਾ ਗਾਈਆ । ਜਿਸ ਦਾ ਨੂਰੀ ਤਕਦੇ ਗਏ ਚਮਤਕਾਰ, ਜੋਤੀ ਜਾਤਾ ਕਰੇ ਰੁਸ਼ਨਾਈਆ । ਜਿਸ ਦੀ ਸ਼ਬਦਾਂ ਅੰਦਰ ਗਾਉਂਦੇ ਗਏ ਵਾਰਤਾ ਵਾਰ, ਖਾਣੀ ਬਾਣੀ ਵੰਡ ਵੰਡਾਈਆ । ਜਿਸ ਨੂੰ ਮੰਨਦੇ ਗਏ ਪਰਵਰਦਿਗਾਰ ਸਾਂਝਾ ਯਾਰ, ਹਕ ਨੂਰ ਖ਼ੁਦਾਈਆ । ਜਿਸ ਨੂੰ ਵਾਹਿਗੁਰੂ ਕਰ ਕੇ ਕਰਦੇ ਗਏ ਨਿਮਸਕਾਰ, ਨਿਉਂ ਨਿਉਂ ਸੀਸ


੭੭੪

ਝੁਕਾਈਆ । ਜਿਸ ਦੇ ਦਰ ਤੇ ਦਰਵੇਸ਼ ਹੋ ਕੇ ਬਣੇ ਰਹੇ ਭਿਖਾਰ, ਖ਼ਾਲੀ ਝੋਲੀ ਅਗੇ ਡਾਹੀਆ । ਜਿਸ ਦਾ ਸੰਦੇਸ਼ਾ ਦੇ ਕੇ ਗਏ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੋਕਮਾਤ ਹੰਢਾਈਆ । ਜਿਸ ਦੀ ਆਸਾ ਭਰਵਾਸਾ ਰਖਦੇ ਗਏ ਨਾਲ ਕਲਕੀ ਲਏ ਅਵਤਾਰ, ਨਿਹਕਲੰਕਾ ਆਪਣਾ ਫੇਰਾ ਪਾਈਆ । ਸੋ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣਾ ਹੁਕਮ ਵਰਤਾਈਆ । ਜੋ ਲਹਿਣਾ ਦੇਣਾ ਜਗਤ ਜਹਾਨ ਸ੍ਰੀ ਭਗਵਾਨ ਪਿਛਲਾ ਕ਼ਰਜ਼ਾ ਦਏ ਉਤਾਰ, ਮਕਰੂਜ਼ ਰੂਪ ਨਾ ਕੋਇ ਵਟਾਈਆ । ਇਕੱਠੇ ਕਰ ਕੇ ਗੁਰੂ ਅਵਤਾਰ ਪੀਰ ਪੈਗ਼ੰਬਰ ਜਿਸ ਚਰਨਾਂ ਲਏ ਬਹਾਲ, ਸਚਖੰਡ ਦਵਾਰਾ ਏਕੰਕਾਰਾ ਦੱਸ ਕੇ ਸਚੀ ਧਰਮਸਾਲ, ਨਿਸ਼ਾਨਾ ਇਕੋ ਦਿਤਾ ਜਣਾਈਆ । ਅਗੇ ਦਾ ਮਾਲਕ ਹਰਿ ਭਗਵਾਨ, ਜਿਸ ਨੇ ਰਚਿਆ ਆਪ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਣ, ਧੁਰ ਦਾ ਹੁਕਮ ਆਪ ਮਨਾਈਆ । ਉਸੇ ਦਾ ਹੁਕਮ ਉਸੇ ਦਾ ਫ਼ਰਮਾਨ, ਉਸੇ ਦਾ ਤਖ਼ਤ ਉਸੇ ਦਾ ਨਿਸ਼ਾਨ, ਉਸੇ ਦਾ ਨੂਰ ਕਰੇ ਰੁਸ਼ਨਾਈਆ । ਝੁਕ ਝੁਕ ਸਾਰੇ ਮੰਨੇ ਇਕੋ ਆਨ, ਨਾਤਾ ਛੱਡੋ ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਵਿਚ ਜਹਾਨ, ਅੰਜੀਲ ਕ਼ੁਰਾਨ ਵੇਦ ਪੁਰਾਨ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਸੰਮਤ ਕਹੇ ਸਭ ਨੂੰ ਬੋਲਣਾ ਪੈਣਾ ਇਕ ਜੈਕਾਰਾ, ਜਗਹ ਜਗਹ ਇਸ਼ਟ ਦੇਵ ਨਾ ਕੋਇ ਮਨਾਈਆ । ਕਲਜੁਗ ਕੂੜਾ ਮੇਟਣਾ ਅੰਤ ਸਹਾਰਾ, ਸਤਿਜੁਗ ਸਾਚਾ ਲਏ ਅੰਗੜਾਈਆ । ਨਵ ਨੌ ਚਾਰ ਲਗਣਾ ਕੂੜ ਅਖਾੜਾ, ਮੂਰਖ ਮੂੜ੍ਹੇ ਦਏ ਨਚਾਈਆ । ਸ਼ਾਹ ਸੁਲਤਾਨਾਂ ਕਰੇ ਖ਼ੁਆਰਾ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਜਨ ਭਗਤਾਂ ਦੇਵੇ ਨਾਮ ਪਿਆਰਾ, ਅੰਤਰ ਆਤਮ ਨਾਦ ਸੁਣਾਈਆ । ਧੁਰ ਦਾ ਹੁਕਮ ਵਰਤੇ ਵਰਤਣਹਾਰਾ, ਨਾ ਕੋਇ ਮੇਟੇ ਮੇਟ ਮਿਟਾਈਆ । ਚਾਰੋਂ ਕੁੰਟ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਪੱਲੂ ਛੁਡਾ ਗਏ ਗੁਰੂ ਅਵਤਾਰਾ, ਅਗੇ ਗੰਢ ਨਾ ਕੋਇ ਪੁਵਾਈਆ । ਨਮੋਂ ਨਮੋਂ ਨਿਉਂ ਨਿਉਂ ਸਜਦਿਆਂ ਅੰਦਰ ਕਰਨ ਨਿਮਸਕਾਰਾ, ਚਰਨ ਕਵਲ ਅੱਖ ਨਾ ਕੋਇ ਉਠਾਈਆ । ਤੂੰ ਠਾਕਰ ਸਵਾਮੀ ਪਰਵਰਦਿਗਾਰਾ, ਪੁਰਖ ਅਕਾਲ ਤੇਰੀ ਵਡਿਆਈਆ । ਤੇਰਾ ਦੇਸ ਤੇਰਾ ਸੰਦੇਸ ਤੇਰਾ ਹੁਕਮ ਤੇਰਾ ਜੈਕਾਰਾ, ਤੇਰਾ ਨਾਅਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਰਨਹਾਰਾ ਇਸ਼ਾਰਾ, ਇਸ਼ਾਰੀਏ ਵਿਚ ਵੇਖੇ ਸਰਬ ਲੋਕਾਈਆ । ਹਰਿ ਸੰਮਤ ਕਹੇ ਲੱਖ ਚੁਰਾਸੀ ਤੇਰਾ ਲੁਕਮਾ, ਹਰਿ ਕਰਤਾ ਧੁਰ ਦਾ ਰਿਹਾ ਬਣਾਈਆ । ਕੂੜ ਕੁੜਿਆਰਿਆਂ ਪੈਂਡਾ ਮੁਕਣਾ, ਪਾਂਧੀ ਪੰਧ ਨਾ ਕੋਇ ਰਖਾਈਆ । ਪੁਰਖ ਅਕਾਲ ਸ਼ਬਦ ਅਗੰਮੀ ਸ਼ੇਰ ਇਕੋ ਬੁਕਣਾ, ਭਬਕ ਧੁਰ ਦਾ ਨਾਮ ਲਗਾਈਆ । ਜੋਧਾ ਸੂਰਬੀਰ ਮਰਦ ਮਰਦਾਨਾ ਉਠਣਾ, ਗੁਰ ਚੇਲਾ ਵੱਜੇ ਵਧਾਈਆ । ਜਿਸ ਦਾ ਨਿਸ਼ਾਨਾ ਅਣਿਆਲਾ ਕਦੇ ਨਾ ਰੁਕਣਾ, ਲੱਖ ਚੁਰਾਸੀ ਪਾਰ ਕਰਾਈਆ । ਜਿਸ ਨੂੰ ਕਰਨੀ ਕਰਦਿਆਂ ਕਿਸੇ ਨਾ ਪੁਛਣਾ, ਧੁਰ ਦਾ ਮਾਲਕ ਆਪਣਾ ਹੁਕਮ ਵਰਤਾਈਆ । ਜਿਸ ਦਾ ਭਾਣਾ ਕਦੇ ਨਾ ਰੁਕਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਸੋ ਵੇਲਾ ਵਕ਼ਤ ਸੁਹੰਜਣਾ ਹਰਿ ਸੰਮਤ ਅੰਦਰ ਢੁਕਣਾ, ਦੂਰ ਦੁਰਾਡਾ ਗਿਆ ਆਈਆ । ਜਗਤ ਵਿਕਾਰਾ ਫੜ ਫੜ ਕੁਠਣਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੰਦਰ ਇਕ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸੁਹਾਵੇ ਸਾਚੀ ਰੁਤਣਾ, ਰੁਤ ਰੁਤੜੀ ਆਪਣੇ ਰੰਗ ਮਹਿਕਾਈਆ ।

❊ ੫ ਜੇਠ ਸ਼ਹਿਨਸ਼ਾਹੀ ਸੰਮਤ ੧ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ❊

ਹਰਿ ਸੰਮਤ ਕਹੇ ਕੋਟਨ ਕੋਟ ਬੀਤੇ ਦਿਨ ਨਾਲ ਰਾਤ, ਜੁਗ ਚੌਕੜੀ ਆਪਣਾ ਪੰਧ ਮੁਕਾਈਆ । ਕੋਟਨ ਕੋਟ ਅੰਮ੍ਰਿਤ ਵੇਲੇ ਸੁਹਾ ਕੇ ਗਏ ਆਪਣੀ ਪਰਭਾਤ, ਕੋਟਨ ਕੋਟ ਸੰਧਿਆ ਦੀਪ ਗਈ ਜਗਾਈਆ । ਕੋਟਨ ਕੋਟ ਸਾਲ ਬਰਖ਼ ਮਹੀਨੇ ਔਂਦੇ ਰਹੇ ਯਾਦ, ਵਦੀ ਸੁਦੀ ਆਪਣਾ ਖੇਲ ਖਿਲਾਈਆ । ਕੋਟਨ ਕੋਟ ਬ੍ਰਹਿਮੰਡ ਖੰਡ ਹੁੰਦੇ ਰਹੇ ਆਬਾਦ, ਪੁਰੀ ਲੋਆਂ ਮੰਡਪ ਮੰਡਲ ਮੰਡਪ ਸੋਭਾ ਪਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਲੈਂਦੇ ਰਹੇ ਦਾਤ, ਸਚ ਦਵਾਰੇ ਝੋਲੀ ਆਪਣੀ ਆਪ ਭਰਾਈਆ । ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਖੇਲ ਖੇਲਦੇ ਰਹੇ ਲੋਕਮਾਤ, ਨਿਰਗੁਣ ਸਰਗੁਣ ਵੇਸ ਵਟਾਈਆ । ਕੋਟਨ ਕੋਟ ਮੰਜ਼ਲ ਪੌੜੀ ਚੜ੍ਹਦੇ ਰਹੇ ਘਾਟ, ਪਾਂਧੀ ਬਣ ਬਣ ਪੰਧ ਮੁਕਾਈਆ । ਜੁਗ ਚੌਕੜੀ ਬਦਲਦੇ ਰਹੇ ਸਮਾਜ, ਦੀਨ ਮਜ਼੍ਹਬ ਆਪਣੀ ਵੰਡ ਵੰਡਾਈਆ । ਕੋਟਨ ਕੋਟ ਪ੍ਰੇਮ ਪ੍ਰੀਤੀ ਅੰਦਰ ਕਰਦੇ ਗਏ ਖ਼ਿਦਮਾਤ, ਖ਼ਾਦਮ ਹੋ ਕੇ ਸੀਸ ਨਿਵਾਈਆ । ਕੋਟਨ ਕੋਟ ਅੰਤਰ ਆਤਮ ਮਾਰਦੇ ਗਏ ਝਾਕ, ਝਾਕੀ ਝਲਕ ਨਜ਼ਰ ਕਿਸੇ ਨਾ ਆਈਆ । ਕੋਟਨ ਕੋਟ ਇਬਾਰਤਾਂ ਵਾਲੀ ਲਿਖ ਕੇ ਗਏ ਬਾਤ, ਕਲਮਾਂ ਨਾਲ ਸਲਾਹੀਆ । ਕੋਟਨ ਕੋਟ ਗਾ ਕੇ ਗਏ ਗਾਥ, ਪੁਰਖ ਅਬਿਨਾਸ਼ੀ ਨਾਉਂ ਦ੍ਰਿੜਾਈਆ । ਕੋਟਨ ਕੋਟ ਮੰਗਾਂ ਮੰਗ ਕੇ ਗਏ ਪ੍ਰਭ ਪਰਗਟ ਹੋਵੇ ਪੁਰਖ ਸਮਰਾਥ, ਅਲਖ ਅਗੋਚਰ ਅਗੰਮ ਅਥਾਹੀਆ । ਪੰਜ ਜੇਠ ਕਹੇ ਸੋ ਵੇਲਾ ਆਇਆ ਆਜ, ਗੁਰੂ ਮਹਾਰਾਜ ਦਇਆ ਕਮਾਈਆ । ਜਿਸ ਦਾ ਨਿਤ ਨਵਿਤ ਬੇੜਾ ਚਲਦਾ ਰਹੇ ਜਹਾਜ਼, ਨਈਆ ਨੌਕਾ ਨਾਮ ਨਾਲ ਮਿਲਾਈਆ । ਜਿਸ ਦੇ ਸੀਸ ਉਤੋਂ ਕਦੇ ਨਾ ਲੱਥਾ ਤਾਜ, ਸਚਖੰਡ ਬੈਠਾ ਸੋਭਾ ਪਾਈਆ । ਜੋ ਸਦਾ ਸੁਹੇਲਾ ਗ਼ਰੀਬ ਨਿਵਾਜ਼, ਦੀਨਨ ਦਏ ਵਡਿਆਈਆ । ਸੋ ਪੁਰਖ ਅਕਾਲਾ ਹਰਿ ਗੋਪਾਲਾ ਸਚ ਦਵਾਰੇ ਗਿਆ ਆਪੇ ਜਾਗ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਮਾਲਕ ਹੋ ਕੇ ਦੋ ਜਹਾਨਾਂ ਪਕੜੇ ਵਾਗ, ਧੁਰ ਦਾ ਹੁਕਮ ਆਪਣੇ ਹੱਥ ਰਖਾਈਆ । ਜਨ ਭਗਤਾਂ ਦੁਰਮਤ ਮੈਲ ਧੋਵੇ ਦਾਗ਼, ਪਤਿਤ ਪੁਨੀਤ ਦੇਵੇ ਬਣਾਈਆ । ਸਾਚਾ ਮੇਲ ਮਿਲਾਵੇ ਕੰਤ ਸੁਹਾਗ, ਪਰਮਾਤਮ ਆਤਮ ਜੋੜ ਜੁੜਾਈਆ । ਸੁਹੰਜਣੀ ਸੇਜਾ ਕਰੇ ਲਾਡ, ਆਪ ਆਪਣੀ ਗੋਦ ਟਿਕਾਈਆ । ਪ੍ਰੇਮ ਪ੍ਰੀਤੀ ਮਾਰ ਆਵਾਜ਼, ਸੋਈ ਸੁਰਤ ਲਏ ਜਗਾਈਆ । ਅੰਦਰ ਵੜ ਕੇ ਖੋਲ੍ਹੇ ਰਾਜ਼, ਮੰਦਰ ਚੜ੍ਹ ਕੇ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਦਿਵਸ ਕਹੇ ਮੈਂ ਜੁਗ ਚੌਕੜੀ ਰਿਹਾ ਚੜ੍ਹਦਾ, ਆਪਣਾ ਆਪ ਬਦਲਾਈਆ । ਤੱਤੀ ਅਗਨੀ ਵਾਂਗਰ ਰਿਹਾ ਤਪਦਾ, ਸਾਂਤਕ ਸਤਿ ਨਾ ਕੋਇ ਕਰਾਈਆ । ਪੁਰਖ ਅਬਿਨਾਸ਼ੀ ਰਿਹਾ ਲਭਦਾ, ਭੱਜਿਆ ਵਾਹੋ ਦਾਹੀਆ । ਵਕ਼ਤ ਮਿਲਿਆ ਨਾ ਕੋਇ ਸਬਬ ਦਾ, ਜੋ ਸਾਹਿਬ ਦੇਵੇ ਮਿਲਾਈਆ । ਝਗੜਾ ਚੁਕਿਆ ਨਾ ਵਿਛੋੜੇ ਵਾਲੀ ਹਦ ਦਾ, ਹਾਜ਼ਰ ਹੋ ਕੇ ਦਰਸ ਨਾ ਕੋਇ ਕਰਾਈਆ । ਰਾਗ ਸੁਣਿਆ ਨਾ ਸਾਚੇ ਨਦ ਦਾ, ਅਗੰਮ ਨਾ ਕੋਇ ਪੜ੍ਹਾਈਆ । ਪਿਆਲਾ ਪੀਤਾ ਨਾ ਸਾਚੀ ਮਧੁ ਦਾ, ਮਧੁਰ ਰਸ ਨਾ ਕੋਇ ਚਖਾਈਆ । ਦੀਪਕ ਵੇਖਿਆ ਨਾ ਜੋਤੀ ਜਗਦਾ, ਦੋ ਜਹਾਨ ਕਰੇ ਰੁਸ਼ਨਾਈਆ । ਰਸ ਵੇਖਿਆ ਨਾ ਸਾਚੇ ਹੱਜ ਦਾ, ਜੋ ਬਿਨ ਕਾਅਬਿਉਂ ਦਏ ਵਡਿਆਈਆ । ਹਿੱਸਾ ਵੇਖਿਆ ਨਹੀਂ ਧੁਰ ਦੇ ਅਧ ਦਾ, ਪਿਤਾ ਪੂਤ ਰੰਗ ਚੜ੍ਹਾਈਆ । ਭੇਵ ਲੱਗਿਆ ਨਾ ਵਿਛੋੜਾ ਕਦ ਦਾ, ਕੋਟਨ ਕੋਟ ਜੁਗ ਆਪਣਾ ਗਏ ਵਕਤ ਲੰਘਾਈਆ । ਪਤਾ ਨਹੀਂ ਕਿਹੜਾ ਮੈਨੂੰ ਅਗੰਮੀ ਆਵਾਜ਼ ਅੰਦਰ

੭੭੭

ਦੱਸਦਾ, ਹੌਲੀ ਹੌਲੀ ਰਿਹਾ ਸੁਣਾਈਆ । ਜਿਸ ਦਾ ਰਾਹ ਰਿਹਾ ਤਕਦਾ, ਭਰਵਾਸਾ ਆਸਾ ਨਾਲ ਤਕਾਈਆ । ਸੋ ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਸਮਰਥ ਦਾ, ਅੱਖ ਅੱਖ ਨਾਲ ਬਦਲਾਈਆ । ਨਿਰਗੁਣ ਹੋ ਕੇ ਸਰਗੁਣ ਭੇਖ ਪੰਜ ਤੱਤ ਕਾਇਆ ਚੋਲਾ ਜੱਟ ਦਾ, ਜ਼ੋਰਾਵਰ ਵੱਡੀ ਵਡਿਆਈਆ । ਕਿਸੇ ਦਾ ਨਾਮ ਮੂਲ ਨਹੀਂ ਰਟਦਾ, ਪੂਜਾ ਪਾਠ ਨਾ ਕੋਇ ਵਖਾਈਆ । ਇਕੋ ਲੇਖਾ ਜਾਣੇ ਆਪਣੇ ਆਪ ਦਾ, ਦੂਜੀ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਨਾਤਾ ਜੋੜ ਕੇ ਪਿਤਾ ਪੁਰਖ ਅਕਾਲ ਬਾਪ ਦਾ, ਬਾਲ ਅੰਞਾਣੇ ਆਪਣੀ ਗੋਦ ਉਠਾਈਆ । ਦਰਸ਼ਨ ਦੇਵੇ ਸਤਿ ਸਰੂਪੀ ਸਾਖ਼ਿਆਤ ਦਾ, ਸਨਮੁਖ ਆਪਣਾ ਪਰਦਾ ਲਾਹੀਆ । ਪ੍ਰੇਮ ਪਿਆਲਾ ਦੇ ਕੇ ਆਬੇਹਯਾਤ ਦਾ, ਹਯਾਤੀ ਦਏ ਬਦਲਾਈਆ । ਗੁਰਮੁਖ ਗੁਲ ਬਣਾ ਕੇ ਅਗੰਮੀ ਗੁਲਾਬ ਦਾ, ਗ਼ੁੰਚਾ ਫੁੱਲ ਦਏ ਖਿਲਾਈਆ । ਮੰਦਰ ਸੁਹਾ ਕੇ ਸਚ ਮਹਿਰਾਬ ਦਾ, ਘਰ ਮਹਿਬੂਬ ਦਏ ਮਿਲਾਈਆ । ਭੇਵ ਖੁਲ੍ਹਾ ਕੇ ਪਰਵਰਦਿਗਾਰ ਦਾ, ਦੁਰਮਤ ਮੈਲ ਦਏ ਗਵਾਈਆ । ਮਾਰਗ ਵਖਾ ਕੇ ਸਾਚੇ ਘਾਟ ਦਾ, ਘਾਟੀ ਅੰਤ ਅਖ਼ੀਰੀ ਦਏ ਚੜ੍ਹਾਈਆ । ਜਿਥੇ ਨਾ ਕੋਈ ਸੁੱਤਾ ਨਾ ਕੋਈ ਜਾਗਦਾ, ਆਲਸ ਨਿੰਦਰਾ ਨਜ਼ਰ ਕੋਇ ਨਾ ਆਈਆ । ਜਿਥੇ ਨਾ ਕੋਈ ਰੂਪ ਹੰਸ ਨਾ ਕੋਈ ਦਿਸੇ ਕਾਗ ਦਾ, ਜੋਤੀ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਨੁਰਾਨਾ ਸਚ ਦਵਾਰੇ ਭਾਸਦਾ, ਭਾਂਬੜ ਅਗਨ ਨਾ ਕੋਇ ਲਗਾਈਆ । ਜਿਥੇ ਜਲਵਾ ਸਚ ਜੋਤ ਪਰਕਾਸ਼ ਦਾ, ਅੰਧ ਅੰਧੇਰਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਿਵਸ ਕਹੇ ਮੇਰੇ ਕੋਟਨ ਕੋਟ ਬੀਤੇ ਪਲ ਘੜੀ, ਵਕ਼ਤ ਸੁਹੰਜਣੇ ਗਏ ਵਿਹਾਈਆ । ਜੁਗ ਚੌਕੜੀ ਕਿਰਪਾ ਸਚ ਕਿਸੇ ਨਾ ਕਰੀ, ਕਰਮ ਕਾਂਡ ਨਾ ਦਿਤਾ ਗਵਾਈਆ । ਕਲਜੁਗ ਅੰਤ ਮਿਹਰਵਾਨ ਹੋ ਕੇ ਆਪ ਹਰੀ, ਹਿਰਦੇ ਵਸ ਕੇ ਦਿਤੀ ਵਡਿਆਈਆ । ਪੰਜਾਂ ਨਾਲੋਂ ਕਰ ਕੇ ਬਰੀ, ਪੰਜਾਂ ਦਾ ਮੇਲਾ ਲਿਆ ਮਿਲਾਈਆ । ਪੰਜਾਂ ਦੀ ਵਸਤ ਕਰ ਕੇ ਖਰੀ, ਪੰਜਾਂ ਦਾ ਖੋਟ ਰਿਹਾ ਚੁਕਾਈਆ । ਪੰਜਾਂ ਦੀ ਪੱਟੀ ਇਕੋ ਪੜ੍ਹੀ, ਪੰਚਮ ਕਰੇ ਸਚ ਪੜ੍ਹਾਈਆ । ਪੰਜਾਂ ਬੰਧ ਕੇ ਇਕੋ ਲੜੀ, ਪੱਲੂ ਆਪਣੀ ਗੰਢ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੰਜ ਜੇਠ ਕਹੇ ਮੇਰਾ ਨਵਾਂ ਨਿਰਾਲਾ ਜਨਮ, ਦੋ ਜਹਾਨ ਮੈਨੂੰ ਦੇਣ ਵਧਾਈਆ । ਵਖਰਾ ਨਿਰਾਲਾ ਮੇਰਾ ਕਰਮ, ਕਰਨੀ ਜਿਸ ਦੇ ਵਿਚ ਸਮਾਈਆ । ਸੋਹਣਾ ਸੁਚੱਜਾ ਮੇਰਾ ਧਰਮ, ਮਿਲਾਵਟ ਵਿਚ ਨਾ ਕੋਇ ਰਲਾਈਆ । ਭਾਗਾਂ ਵਾਲਾ ਵਰਨ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਦਰਸ਼ਨ ਵਾਲਾ ਚਰਨ, ਸ੍ਰੀ ਭਗਵਾਨ ਦਿਤੀ ਸਰਨਾਈਆ । ਬਿਨ ਅੱਖਾਂ ਖੁਲ੍ਹਿਆ ਹਰਨ ਫਰਨ, ਨਿਜ ਲੋਚਣ ਦਮਕ ਦਮਕਾਈਆ । ਬਿਨ ਮਕਤਬੋਂ ਆਇਆ ਪੜ੍ਹਨ, ਬਿਨ ਪਾਠਸ਼ਾਲਾ ਢੋਲੇ ਗਾਈਆ । ਬਿਨ ਪੌੜ੍ਹੀਉਂ ਆਇਆ ਚੜ੍ਹਨ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਦਇਆ ਕਮਾਈਆ । ਪੰਜ ਜੇਠ ਕਹੇ ਮੈਂ ਆਪਣਾ ਖੋਲ੍ਹ ਕੇ ਦੱਸਣਾ ਭੇਤ, ਕਲਜੁਗ ਮਿਲੀ ਮੈਨੂੰ ਵਡਿਆਈਆ । ਕਿਸ ਕਾਰਨ ਲਿਖੇ ਗਏ ਚਾਰੇ ਵੇਦ, ਕਿਹੜੀ ਕ਼ਲਮ ਤੇ ਕਿਹੜੀ ਸ਼ਾਹੀਆ । ਕਿਸ ਬਿਧ ਹੁਕਮ ਦਿਤਾ ਭੇਜ, ਬ੍ਰਹਮੇ ਕਰੀ ਪੜ੍ਹਾਈਆ । ਕਿਸ ਬਿਧ ਲਿਖੇ ਅਨੋਖੇ ਲੇਖ, ਵੰਡਾਂ ਵਿਚ ਵੰਡਾਈਆ । ਕਿਸ ਬਿਧ ਕਾਲੀ ਚਿੱਟੇ ਉਤੇ ਪਈ ਰੇਖ, ਆਪਣਾ ਰੂਪ ਬਦਲਾਈਆ । ਕਿਸ ਬਿਧ ਬੁੱਧੀ ਹੋਈ ਵਸੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ

ਇਕ ਉਠਾਈਆ । ਪੰਜ ਜੇਠ ਮੈਂ ਦੱਸਣਾ ਭਾਉ, ਭਾਂਡਾ ਭਰਮ ਭੌ ਭੰਨਾਈਆ । ਕਿਸ ਬਿਧ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪ੍ਰਭ ਨੇ ਦੱਸਿਆ ਆਪਣਾ ਨਾਉਂ, ਨਰ ਨਿਰੰਕਾਰ ਦਿਤਾ ਦ੍ਰਿੜਾਈਆ । ਕਿਸ ਬਿਧ ਪੰਜ ਤੱਤ ਕਾਇਆ ਖੇੜਾ ਵਸਾਇਆ ਗਾਉਂ, ਘਰ ਵਿਚ ਘਰ ਮੰਦਰ ਦਿਤਾ ਬਣਾਈਆ । ਕਿਸ ਬਿਧ ਲੱਖ ਚੁਰਾਸੀ ਜੀਵ ਜੰਤ ਚਲਾਇਆ ਰਾਹੋ, ਰਹਿਬਰ ਹੋ ਕੇ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੰਜ ਜੇਠ ਕਹੇ ਮੈਂ ਪਰਦਾ ਦੇਣਾ ਖੋਲ੍ਹ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਿਸ ਬਿਧ ਲੱਖ ਚੁਰਾਸੀ ਅੰਦਰ ਵੜ ਕੇ ਆਪਣਾ ਦੱਸਿਆ ਬੋਲ, ਕਿਸ ਬਿਧ ਜਿਹਵਾ ਦਿਤੀ ਹਿਲਾਈਆ । ਕਿਸ ਕਾਰਨ ਨਿਰਗੁਣ ਹੋ ਕੇ ਵਸਿਆ ਕੋਲ, ਸਰਗੁਣ ਮੇਲਾ ਸਹਿਜ ਸੁਭਾਈਆ । ਕਿਸ ਬਿਧ ਪੰਜਾਂ ਤੱਤਾਂ ਵਾਲਾ ਬਣਾਇਆ ਚੋਲ, ਰਕਤ ਬੂੰਦ ਬਦਲੀ ਦਿਤੀ ਕਰਵਾਈਆ । ਕਿਸ ਬਿਧ ਸਚ ਦਵਾਰਾ ਦਿਤਾ ਖੋਲ੍ਹ, ਨਾਮ ਭੰਡਾਰਾ ਇਕ ਵਰਤਾਈਆ । ਕਿਸ ਬਿਧ ਹਰ ਘਟ ਵਸੇ ਬੈਠਾ ਰਹੇ ਅਡੋਲ, ਸਚ ਸਿੰਘਾਸਣ ਸੋਭਾ ਪਾਈਆ । ਕਿਸ ਬਿਧ ਲੱਖ ਚੁਰਾਸੀ ਜੀਵ ਜੰਤ ਗੁਰ ਅਵਤਾਰ ਪੈਗ਼ੰਬਰ ਤੋਲੇ ਤੋਲ, ਸਚ ਤਰਾਜ਼ੂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੰਜ ਜੇਠ ਕਹੇ ਮੈਂ ਦੱਸਣਾ ਖੇਲ ਅਨੋਖਾ, ਜਿਸ ਦਾ ਲੇਖਾ ਸਕਿਆ ਨਾ ਕੋਇ ਲਿਖਾਈਆ । ਕਿਸ ਬਿਧ ਪ੍ਰਭੂ ਲੋਕਮਾਤ ਵੇਖਣ ਆਇਆ ਮੌਕਾ, ਨਿਰਗੁਣ ਆਪਣੀ ਦਇਆ ਕਮਾਈਆ । ਕਿਸ ਬਿਧ ਲੱਖ ਚੁਰਾਸੀ ਨਾਲ ਕਰੇ ਧੋਖਾ, ਪੜਦਾ ਉਹਲਾ ਆਪਣਾ ਪਾਈਆ । ਕਿਸ ਬਿਧ ਆਸਣ ਲਾਏ ਸਾਢੇ ਤਿੰਨ ਹੱਥ ਕਾਇਆ ਕੋਠਾ, ਕੁਟੀਆ ਅੰਦਰ ਬਹਿ ਕੇ ਆਪਣੀ ਖ਼ੁਸ਼ੀ ਮਨਾਈਆ । ਕਿਸ ਬਿਧ ਜਗਤ ਸ਼ੈਤਾਨ ਬਣੇ ਚੋਟਾ, ਚੋਟੀ ਚੜ੍ਹ ਕੇ ਆਪਣਾ ਆਪ ਛੁਪਾਈਆ । ਕਿਸ ਬਿਧ ਘਰ ਘਰ ਅੰਦਰ ਪਰਕਾਸ਼ ਕਰੇ ਨਿਰਗੁਣ ਜੋਤਾ, ਜੋਤੀ ਜੋਤ ਜੋਤ ਜਗਾਈਆ । ਕਿਸ ਬਿਧ ਭਗਤਾਂ ਦੀ ਸੇਜਾ ਉਪਰ ਸੋਤਾ, ਸਚ ਸਿੰਘਾਸਣ ਸੋਭਾ ਪਾਈਆ । ਕਿਸ ਬਿਧ ਸ਼ਬਦੀ ਧਾਰ ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਹੋਕਾ, ਹੁਕਮ ਨਾਲ ਲਏ ਜਗਾਈਆ । ਕਿਸ ਬਿਧ ਰਚ ਕੇ ਚੌਦਾਂ ਲੋਕਾਂ, ਚੌਦਾਂ ਤਬਕਾਂ ਵੰਡ ਵੰਡਾਈਆ । ਕਿਸ ਬਿਧ ਖ਼ੁਸ਼ੀਆਂ ਅੰਦਰ ਮਾਣੇ ਮੌਜਾਂ, ਮਜਲਸ ਆਪਣੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੀ ਦਏ ਦ੍ਰਿੜਾਈਆ । ਪੰਜ ਜੇਠ ਕਹੇ ਮੈਂ ਦੱਸਣਾ ਸਭ ਨੂੰ ਕਿਸ ਬਿਧ ਮੈਨੂੰ ਕਹਿੰਦੇ ਜੇਠ, ਕਿਉਂ ਮਿਲੀ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਿਉਂ ਰਹਿੰਦੇ ਸਾਇਆ ਹੇਠ, ਕਵਣ ਸੀਸ ਜਗਦੀਸ ਹੱਥ ਟਿਕਾਈਆ । ਕਿਸ ਬਿਧ ਨਿਰਗੁਣ ਸਰਗੁਣ ਅੰਦਰ ਔਂਦਾ ਮਾਤ ਗਰਭ ਦੇ ਪੇਟ, ਰੂਪ ਅਨੂਪ ਆਪ ਵਟਾਈਆ । ਕਿਸ ਬਿਧ ਅੰਦਰ ਬਾਹਰ ਗੁਪਤ ਜ਼ਾਹਰ ਬਿਨ ਅੱਖਾਂ ਲੈਂਦਾ ਵੇਖ, ਬਿਨ ਨੇਤਰ ਮੇਲ ਮਿਲਾਈਆ । ਕਿਸ ਬਿਧ ਰੋਮ ਰੋਮ ਤਨ ਉਤੇ ਮੁਛ ਦਾੜ੍ਹੀ ਉਪਜਦੀ ਕੇਸ, ਕਿਸ ਬਿਧ ਨਾਰੀ ਪੁਰਖ ਲਏ ਬਣਾਈਆ । ਇਹ ਚਿਨ੍ਹਾਂ ਵਾਲਾ ਖੋਲ੍ਹ ਕੇ ਦੱਸੇ ਭੇਤ, ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਜੇਠ ਕਹੇ ਮੈਂ ਦੱਸਣੀ ਲੱਖ ਚੁਰਾਸੀ ਜੜਤ, ਭਾਂਡਾ ਭਰਮ ਦੇਣਾ ਭੰਨਾਈਆ । ਕਿਸ ਬਿਧ ਪ੍ਰਭ ਦੀ ਆਪਣੇ ਨਾਲ ਆਪੇ ਹੋਈ ਲਿਖਤ ਪੜ੍ਹਤ, ਸਾਚੀ ਸਨਦ ਲਈ ਬਣਾਈਆ । ਕਿਸ ਬਿਧ ਨਿਰਗੁਣ ਸਰਗੁਣ ਹੋ ਕੇ ਆਵੇ ਪਰਤ, ਕਿਸ ਬਿਧ ਸਰਗੁਣ ਨਿਰਗੁਣ ਵਿਚ ਸਮਾਈਆ । ਕਿਸ ਬਿਧ ਹੁਕਮ ਸੰਦੇਸ਼ਾ ਦੇਵੇ ਉਪਰ ਧਰਤ,

ਧੁਰ ਫ਼ਰਮਾਨਾ ਆਪ ਜਣਾਈਆ । ਕਿਸ ਬਿਧ ਖੇਲ ਖੇਲੇ ਉਤੇ ਅਰਸ਼, ਕਿਸ ਬਿਧ ਫ਼ਰਸ਼ ਵੇਖ ਆਪਣੀ ਵੰਡ ਵੰਡਾਈਆ । ਕਿਸ ਬਿਧ ਜਨ ਭਗਤਾਂ ਉਤੇ ਕਰੇ ਤਰਸ, ਕਿਸ ਬਿਧ ਹੰਕਾਰੀਆਂ ਦਏ ਮਿਟਾਈਆ । ਕਿਸ ਬਿਧ ਗੁਰਮੁਖ ਮਨਮੁਖ ਅੰਦਰ ਰੱਖੇ ਫ਼ਰਕ, ਫ਼ੈਸਲਾ ਦਏ ਸਮਝਾਈਆ । ਕਿਸ ਬਿਧ ਲੱਖ ਚੁਰਾਸੀ ਜੀਵ ਜੰਤ ਕਰ ਕੇ ਤਰਕ, ਤੁਰਤ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਪੰਜ ਜੇਠ ਕਹੇ ਮੈਂ ਦੱਸਣਾ ਕਿਉਂ ਔਂਦੇ ਗੁਰ, ਪੈਗ਼ੰਬਰ ਫੇਰਾ ਪਾਈਆ । ਕਿਸ ਤਰਾ ਉਪਜਦੇ ਬਣਦੇ ਦੇਵਤ ਸੁਰ, ਕਵਣ ਪਿਤਾ ਤੇ ਕਵਣ ਮਾਈਆ । ਕਿਸ ਬਿਧ ਮੇਲੇ ਮਿਲਦੇ ਸਚ ਦਰਗਾਹੇ ਧੁਰ, ਆਤਮ ਪਰਮਾਤਮ ਜੋੜ ਜੁੜਾਈਆ । ਕਿਸ ਬਿਧ ਜਗਤ ਬੇੜੇ ਜਾਂਦੇ ਰੁੜ੍ਹ, ਅਗੇ ਹੋ ਨਾ ਕੋਇ ਬਚਾਈਆ । ਕਿਸ ਬਿਧ ਪ੍ਰਭ ਦੇ ਫੁਰਨੇ ਜਾਂਦੇ ਫੁਰ, ਮੰਤਰ ਸਚ ਦਏ ਸਮਝਾਈਆ । ਕਿਸ ਬਿਧ ਪਾਰਬ੍ਰਹਮ ਪਤਿਪਰਮੇਸ਼ਵਰ ਪੰਚਮ ਜੇਠ ਲੋਕਮਾਤ ਆਇਆ ਤੁਰ, ਤੁਰਤ ਆਪਣਾ ਖੇਲ ਕਰਾਈਆ । ਜੋ ਆ ਕੇ ਫੇਰ ਗਿਆ ਮੁੜ, ਜੋਤੀ ਜਾਤਾ ਵੇਸ ਵਟਾਈਆ । ਵੇਸ ਵਟਾ ਕੇ ਚੜ੍ਹ ਅਗੰਮੀ ਘੁੜ, ਸ਼ਬਦੀ ਭੱਜਾ ਵਾਹੋ ਦਾਹੀਆ । ਭਗਤਾਂ ਦੀ ਸਮਝ ਕੇ ਲੋੜ, ਰੂਪ ਅਨੂਪ ਦਰਸਾਈਆ । ਪਹਿਲਾਂ ਹੋਰ ਹੁਣ ਹੋਰ ਅਗੇ ਨਵਾਂ ਨਕੋਰ, ਘੋਰ ਕਲਜੁਗ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਵਾਮੀ ਅਨਾਮੀ ਧੁਰ ਧਾਮੀ ਪੈਗ਼ਾਮੀ ਆਪਣਾ ਹੁਕਮ ਮਨਾਈਆ ।



### ✻ ੫ ਜੇਠ ਸ਼ਹਿਨਸ਼ਾਹੀ ਸੰਮਤ ੧ ਬੂਟਾ ਸਿੰਘ ਦੇ ਗ੍ਰਿਹ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ✻

੭੭੯

ਪੰਜ ਜੇਠ ਕਹੇ ਜਿਸ ਵੇਲੇ ਵਕਤ ਹੋਇਆ ਜ਼ੀਰੋ ਜ਼ੀਰੋ ਜ਼ੀਰੋ ਇਕ, ਏਕੰਕਾਰ ਦਿਤੀ ਵਡਿਆਈਆ । ਠੋਕਰ ਮਾਰ ਕੇ ਮੇਰੀ ਹਿੱਕ, ਸੁੱਤਾ ਦਿਤਾ ਉਠਾਈਆ । ਪ੍ਰੇਮ ਪਿਆਰ ਦੀ ਲਾ ਕੇ ਖਿਚ, ਸਚ ਪ੍ਰੀਤੀ ਇਕ ਸਮਝਾਈਆ । ਬਿਨ ਅੱਖਰਾਂ ਮੇਰਾ ਲੇਖਾ ਦਿਤਾ ਲਿਖ, ਅਗੰਮੀ ਕ਼ਲਮ ਚਲਾਈਆ । ਦਿਤੀ ਵਡਿਆਈ ਲੋਕਮਾਤ ਵਿਚ, ਵਿਚਲਾ ਪੜਦਾ ਦਿਤਾ ਉਠਾਈਆ । ਫੇਰ ਮੈਨੂੰ ਉਪਜਿਆ ਹਿਤ, ਆਪਣੀ ਆਸਾ ਲਈ ਬਦਲਾਈਆ । ਬਿਨਾ ਪੁਰਖ ਅਕਾਲ ਕੋਈ ਸਚਾ ਨਹੀਂ ਮਿਤ, ਲਗੀ ਤੋੜ ਨਾ ਕੋਇ ਨਿਭਾਈਆ । ਬੇਸ਼ਕ ਗੁਰ ਅਵਤਾਰ ਪੈਗ਼ੰਬਰ ਆਵਣ ਨਿਤ, ਲੋਕਮਾਤ ਆਪਣਾ ਵੇਸ ਵਟਾਈਆ । ਤਨ ਹੰਡਾਵਣ ਹਡ ਮਾਸ ਨਾੜੀ ਬੂੰਦ ਰਿਤ, ਵਜੂਦ ਸਬੂਤ ਬਣਾਈਆ । ਅੰਤਮ ਕੋਈ ਨਾ ਰਿਹਾ ਦਿਸ, ਜਾਵਣ ਵਾਹੋ ਦਾਹੀਆ । ਓਨ੍ਹਾਂ ਕਿਹਾ ਜੇ ਮੰਨਣਾ ਤੇ ਮੰਨ ਇਸ, ਜੋ ਇਸਤਰੀ ਪੁਰਸ਼ ਦੋਵੇਂ ਰੂਪ ਵਟਾਈਆ । ਜਿਸ ਦਾ ਸਭ ਤੋਂ ਵਖਰਾ ਨਿਰਾਲਾ ਦ੍ਰਿਸ਼, ਦਿਸ਼ਾ ਵੱਖਰੀ ਸੋਭਾ ਪਾਈਆ । ਬੁਝਾਵਣਹਾਰਾ ਤ੍ਰਿਖਾ ਤ੍ਰਿਸ਼, ਤ੍ਰਿਸ਼ਨਾ ਦਏ ਮਿਟਾਈਆ । ਗਵਾਵਣਹਾਰਾ ਹਰਖ਼ ਹਿਰਸ, ਹਵਸ ਕਰੇ ਸਫ਼ਾਈਆ । ਖੇਲੇ ਖੇਲ ਅਰਸ਼ ਫ਼ਰਸ਼, ਫ਼ਰਿਸ਼ਤਿਆਂ ਹੁਕਮ ਮਨਾਈਆ । ਜਿਸ ਦਾ ਸ਼ਹਿਨਸ਼ਾਹੀ ਸੰਮਤ ਦਾ ਪਹਿਲਾ ਚੜ੍ਹਿਆ ਬਰਸ, ਬਿਸਤਰੇ ਸਭ ਦੇ ਗੋਲ ਦੇਵੇ ਕਰਾਈਆ । ਰਤੀ ਵਿਚੋਂ ਰਤੀ ਰਹਿਣ ਨਾ ਦੇਵੇ ਫ਼ਰਕ, ਪੱਤੀ ਵਾਲੀ ਹਿੱਸੇਦਾਰੀ ਦਏ ਮੁਕਾਈਆ । ਜਿਸ ਨੂੰ ਵੇਖ ਕੇ ਸਾਧ ਸੰਤ ਭੱਜੇ ਜਾਂਦੇ ਸਾਰੇ ਰਹੇ ਘਰਕ, ਸੌਖਾ ਸਾਹ ਲੈਣ ਕੋਇ ਨਾ ਪਾਈਆ । ਅੰਦਰੋਂ ਦੁਖਾਂ ਦੀ ਉਠੇ ਕਰਕ, ਕੂੜੀ ਦਰਦ ਦਏ ਲਗਾਈਆ ।

੭੮੦

ਅਗੇ ਜੂਨੀ ਖ਼ਰ ਨਾਲੇ ਖਰਕ, ਖ਼ਾਲਸ ਰੂਪ ਨਾ ਕੋਇ ਜਣਾਈਆ । ਦਸ ਦਸ ਹਜ਼ਾਰ ਜਾਮੇ ਨਾ ਹੋਵੇ ਦਰਸ, ਕੂੜੀ ਭਟਕਨਾ ਨਾ ਕੋਇ ਮਿਟਾਈਆ । ਜਾਮਾ ਬਦਲਦੇ ਰਹਿਣ ਇਕ ਵਾਰੀ ਨਾਰ ਤੇ ਇਕ ਵਾਰੀ ਪੁਰਸ਼, ਪੁਸ਼ਤ ਦਰ ਪੁਸ਼ਤ ਖੇਲ ਦਏ ਵਖਾਈਆ । ਜਿਹੜੇ ਨੇ ਬੇਗਿਣਤ ਹੋਏ ਦਰਜਣਾਂ ਨਾਲੋਂ ਵਧ ਕੇ ਗੁਰਸ, ਕੁਰਸ ਓਨ੍ਹਾਂ ਦੇ ਦੇਵੇ ਢਾਹੀਆ । ਜੇ ਕੋਈ ਥੋੜ੍ਹੀ ਬਹੁਤੀ ਨਾਮ ਦੀ ਲਟਕ ਅੱਜ ਉਹਵੀ ਅੰਦਰੋਂ ਦੇਵੇ ਖੁਰਚ, ਨਾਮ ਖੁਰਚੇ ਨਾਲ ਸਾਫ਼ ਕਰਾਈਆ । ਰਾਤ ਦੇ ਸਾਢੇ ਨੌ ਵਜੇ ਸਾਰਿਆਂ ਦੇ ਅੰਦਰੋਂ ਧਨ ਦੌਲਤ ਮਾਲ ਕਰ ਲਏ ਕੁਰਕ, ਬਿਨਾ ਵਰੰਟਾਂ ਆਪਣਾ ਹੁਕਮ ਸੁਣਾਈਆ । ਕੂੜੀ ਕਿਰਿਆ ਦੀ ਸਭ ਨੂੰ ਪੈ ਜਾਏ ਖੁਰਕ, ਖ਼ਾਰਸ਼ ਨਾਲ ਅਗੇ ਪਿਛੇ ਹੱਥ ਮਾਰਨ ਥਾਉਂ ਥਾਈਂਆ । ਤਿੰਨ ਤਿੰਨ ਜਾਮੇ ਭੋਗਣੇ ਪੈਣ ਘਰ ਤੁਰਕ, ਤੁਰਤ ਆਪਣਾ ਹੁਕਮ ਸੁਣਾਈਆ । ਇਕ ਦੂਜੇ ਦੀ ਜਨਮਾਂ ਵਿਚ ਭੌਣ ਵਾਲੀ ਲੱਗੀ ਰਹੇ ਬੁਰਦ, ਜੰਮਣ ਮਰਨ ਚਾਈਂ ਚਾਈਆ । ਸਾਰਿਆਂ ਦਾ ਰਾਸਤਾ ਬਰਾਸਤਾ ਡਾਕਖ਼ਾਨਾ ਪੋਸਟ ਆਫ਼ਿਸ ਕਰੇ ਖ਼ੁਰਦ, ਏਧਰੋਂ ਕੱਢੇ ਤੇ ਓਧਰੋਂ ਜੂਨੀਆਂ ਵਿਚ ਭੁਆਈਆ । ਨਾ ਜੀਂਦੇ ਤੇ ਨਾ ਉਹ ਮੁਰਦ, ਬਿਨ ਲੱਤਾਂ ਬਾਹਵਾਂ ਵਾਲੇ ਸਰਪ ਦਏ ਵਖਾਈਆ । ਕਿਸੇ ਨੂੰ ਖਾਣ ਨੂੰ ਲੱਭੇ ਨਾ ਦਾਲ ਉੜਦ, ਚੋਗਾ ਚੁੰਜਾਂ ਨਾਲ ਚੁਗਾਈਆ । ਮੈਂਡਕ ਰੂਪ ਹੋ ਕੇ ਮਾਰਨ ਛਾਲ ਭੁੜਕ, ਸਿਰ ਮਿੱਟੀ ਗਾਰੇ ਵਿਚ ਦਬਾਈਆ । ਮੱਝ ਗਾਂ ਬਣ ਕੇ ਚੋਣ ਵੇਲੇ ਜਾਣ ਉੜਕ, ਸਾਈਂ ਕੋਲੋਂ ਡੰਡਿਆਂ ਨਾਲ ਸਿਰ ਭਨਾਈਆ । ਜਿਹੜੀ ਝੂਠੀ ਜਗਤ ਨੂੰ ਦੱਸਦੇ ਜੁਗਤ, ਉਹ ਜੁਗਨੂੰ ਵਾਂਗ ਇਨ੍ਹਾਂ ਨੂੰ ਅੰਧੇਰੀ ਰਾਤ ਵਿਚ ਚਮਕਾਈਆ । ਆਪਣੀ ਕਰਨੀ ਦੀ ਕੀਤੀ ਲੈਣੀ ਸਭ ਨੇ ਭੁਗਤ, ਪ੍ਰਭ ਨੇ ਕੋਈ ਵਾਧੂ ਨਾ ਦਿਤੀ ਸਜ਼ਾਈਆ । ਜਨ ਭਗਤੋ ਧੁਰ ਦਾ ਹੁਕਮ ਮੰਨਣਾ ਤੁਰਤ, ਸਤਿ ਸਚ ਕਰ ਸਰਬ ਸਮਝਾਈਆ । ਘਰ ਬੈਠਿਆਂ ਦਰਸ਼ਨ ਪੌਣਾ ਅਕਾਲ ਮੂਰਤ, ਮਲ ਮੂਤਰ ਵਾਲੀ ਦੇਹ ਦੇਣੀ ਤਜਾਈਆ । ਬਾਹਰੋਂ ਵੇਖ ਕੇ ਭੁਲ ਨਾ ਜਾਇਓ ਪੂਰਨ ਸਿੰਘ ਦੀ ਸੂਰਤ, ਅੰਤਰ ਪੂਰਨ ਪਰਮੇਸ਼ਵਰ ਆਪਣਾ ਆਪ ਟਿਕਾਈਆ । ਜਿਹੜਾ ਆਪਣੀ ਆਪ ਕਰਨ ਆਇਆ ਮਹੂਰਤ, ਥਿਤ ਵਾਰ ਸੋਹਣੀ ਵੰਡ ਵੰਡਾਈਆ । ਨਾਤਾ ਤੋੜ ਕੇ ਕੂੜੋ ਕੂੜਤ, ਸਾਚੇ ਧੰਦੇ ਰਿਹਾ ਲਗਾਈਆ । ਜਾਣ ਬੁਝ ਕੇ ਬਣੇ ਰਿਹੋ ਨਾ ਮੂਰਖ ਮੂੜਤ, ਮੁਗਧ ਅੰਞਾਣ ਨਾ ਜਗਤ ਅਖਵਾਈਆ । ਬਖ਼ਸ਼ਿਸ਼ ਕਰੇ ਸਰਬ ਕਲਾ ਭਰਪੂਰਤ, ਖ਼ਾਲੀ ਭੰਡਾਰੇ ਦਏ ਭਰਾਈਆ । ਜੋਤੀ ਜਲਵਾ ਦੇ ਕੇ ਨੂਰਤ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਸਭ ਦੀ ਬਦਲ ਦੇਵੇ ਜਮਹੂਰਤ, ਜ਼ਾਮਨ ਹੋ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੁਕਮ ਦਾ ਪਹਿਲਾ ਅੰਕ, ਲਾਗੂ ਕਰੇ ਰਾਓ ਰੰਕ, ਤਿਆਗ ਵੇਖੇ ਜਗਤ ਲੋਕਾਈਆ ।

### ❊ ੫ ਜੇਠ ਸ਼ਹਿਨਸ਼ਾਹੀ ੧ ਮਹਿੰਦਰ ਸਿੰਘ ਦੇ ਗ੍ਰਿਹਿ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ❊

ਇਕ ਕਹੇ ਇਕ ਆਇਆ ਤਾਰਨ, ਇਕ ਇਕ ਨਾਲ ਮਿਲਾਈਆ । ਇਕ ਕਹੇ ਇਕ ਆਇਆ ਪਾਲਣ, ਇਕ ਇਕ ਵੇਖ ਵਖਾਈਆ । ਇਕ ਕਹੇ ਇਕ ਆਇਆ ਉਠਾਲਣ, ਇਕ ਇਕ ਨਾਲ ਜਗਾਈਆ । ਇਕ ਕਹੇ ਇਕ ਆਇਆ ਭਾਲਣ, ਇਕ ਇਕ ਖੋਜੇ ਥਾਉਂ ਥਾਈਂਆ ।

ਇਕ ਕਹੇ ਇਕ ਆਇਆ ਬਣ ਕੇ ਮਾਲਣ, ਇਕ ਇਕ ਦਾ ਮਾਲਕ ਬੇਪਰਵਾਹੀਆ । ਇਕ ਕਹੇ ਇਕ ਆਇਆ ਬਣ ਕੇ ਜ਼ਾਮਨ, ਇਕ ਇਕ ਦਾ ਦਾਮਨ ਨਾਲ ਬੰਧਾਈਆ । ਇਕ ਕਹੇ ਭਗਤ ਸੁਹੇਲਾ ਬਣਿਆ ਧੁਰ ਦਾ ਰਾਮਨ, ਰੌਣਕ ਭਗਤਾਂ ਨਾਲ ਲਗਾਈਆ । ਕੂੜੇ ਸੰਤਾਂ ਨੂੰ ਆਇਆ ਪਛਾਨਣ, ਪਰਦੇ ਰਿਹਾ ਖੁਲ੍ਹਾਈਆ । ਮਨਸਾ ਪੂਰੀ ਆਪਣੀ ਕਰੇ ਕਾਮਨ, ਆਸ਼ਾ ਸਭ ਦੀ ਦਏ ਜਣਾਈਆ । ਪੁਰਖ ਅਕਾਲ ਕੂੜ ਕੁੜਿਆਰਾਂ ਦਾ ਬਣੌਨਾ ਇਕ ਫ਼ਾਰਮ, ਕੰਦਰੀ ਹਦ ਸੋਹਣੀ ਵੇਖ ਵਖਾਈਆ । ਜਿਥੇ ਹੋਵੇ ਸੈਂਡ ਸਟਾਰਮ, ਪਾਣੀ ਚੁਲ੍ਹੂ ਨਜ਼ਰ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਇਕ ਕਹੇ ਮੈਂ ਵੇਖਿਆ ਆਕ਼ਾ, ਆਕ਼ਲਾਂ ਬੇਅਕਲ ਰਿਹਾ ਬਣਾਈਆ । ਜਿਸ ਦਾ ਕਿਸੇ ਕੋਲੋਂ ਖੁਲ੍ਹਿਆ ਨਹੀਂ ਤਾਕਾ, ਤਾਕ਼ਤਵਰ ਕੋਈ ਤਾਕ਼ਤ ਨਾ ਸਕੇ ਅਜ਼ਮਾਈਆ । ਜਿਸ ਦਾ ਨਕ਼ਸ਼ਾ ਖਿੱਚਿਆ ਨਾ ਗਿਆ ਖ਼ਾਕਾ, ਮੁਸਵਰ ਤਸੱਵਰ ਕਰ ਕੇ ਨਾ ਕੋਇ ਸਮਝਾਈਆ । ਸੋ ਵੇਖਣ ਆਇਆ ਖੇਲ ਤਮਾਸ਼ਾ, ਵੇਸ ਅਵੇਸਾ ਰੂਪ ਵਟਾਈਆ । ਭਗਤਾਂ ਦਾ ਭਰਵਾਸਾ, ਸੰਤਾਂ ਦਾ ਸਾਥਾ, ਗੁਰਮੁਖਾਂ ਦਾ ਮਾਪਾ, ਗੁਰਸਿੱਖਾਂ ਦਾ ਪਾਪਾ ਹੋ ਕੇ ਗੋਦ ਉਠਾਈਆ । ਮਨਮੁਖਾਂ ਦਾ ਖੁਲ੍ਹਾ ਵੇਖੇ ਝਾਟਾ, ਪੱਲੇ ਰੋਟੀ ਅੰਨ ਨਾ ਆਟਾ, ਮਾਣਸ ਜਨਮ ਪਾਏ ਘਾਟਾ, ਖਾਟਾ ਸੇਜ ਨਾ ਕੋਇ ਸੁਹਾਈਆ । ਅੰਮ੍ਰਿਤ ਪੀਏ ਨਾ ਕੋਇ ਬਾਟਾ, ਸੁਖ ਮਿਲੇ ਨਾ ਪਿਤਾ ਮਾਤਾ, ਸੰਗ ਸੱਜਣ ਨਾ ਭੈਣ ਭਰਾਤਾ, ਜਗਤ ਨਾਤਾ ਕੂੜ ਦਏ ਕੁਰਲਾਈਆ । ਸੋਹਣਾ ਬਣਾਏ ਆਪ ਹਾਤਾ, ਜਿਥੇ ਨੌਂ ਨੌਂ ਦਿਨ ਰਹੇ ਫ਼ਾਕਾ, ਫ਼ਿਕਰ ਵਾਲਾ ਫ਼ਿਕਰ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਜੇਠ ਕਹੇ ਮੇਰਾ ਖੇਲ ਵੇਖੇ ਜਠੌਰ, ਜਠਲ ਆਪਣਾ ਹੁਕਮ ਵਰਤਾਈਆ । ਜਿਸ ਦਾ ਸੁਤ ਦੁਲਾਰਾ ਸ਼ਬਦੀ ਕੌਰ, ਕਵਰ ਦਏ ਵਡਿਆਈਆ । ਸੋ ਤਕੇ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਬੇਪਰਵਾਹੀਆ । ਜਿਨ੍ਹਾਂ ਕੂੜ ਕੁੜਿਆਰਿਆਂ ਦੇ ਸਿਰ ਉਤੇ ਝੁਲਦੇ ਚੌਰ, ਓਨ੍ਹਾਂ ਨੂੰ ਚੌਰਸਤਿਆਂ ਦੇ ਕੂਕਰ ਦਏ ਬਣਾਈਆ । ਬਾਗ਼ਾਂ ਵਿਚ ਕਾਲੇ ਰੰਗ ਦੇ ਭੌਰ, ਸੁਗੰਧੀ ਤੋਂ ਦੂਰ ਦੂਰ ਉਡਾਈਆ । ਭਾਰ ਚੁੱਕ ਕੇ ਫਿਰਨ ਉਤੇ ਮੌਰ, ਭੇਖ ਵਾਲੀ ਗਠੜੀ ਦਏ ਬੰਧਾਈਆ । ਆਵਣ ਜਾਵਣ ਦਾ ਬਣਿਆ ਰਹੇ ਦੌਰ, ਦੌਰਿਆਂ ਵਾਲਾ ਨਸ਼ਾ ਦਏ ਗਵਾਈਆ । ਕੋਈ ਓਨ੍ਹਾਂ ਦੇ ਨਾਲ ਪ੍ਰਭ ਨੇ ਨਹੀਂ ਕੀਤਾ ਖੋਰ, ਖ਼ੁਦੀ ਦੀ ਸਜ਼ਾ ਦੇਣੀ ਭੁਗਤਾਈਆ । ਉਸ ਅਗੇ ਕਾਹਦਾ ਜ਼ੋਰ, ਜਿਸ ਨੂੰ ਜ਼ੇਰ ਜ਼ਬਰ ਸਮਝ ਸਕੇ ਨਾ ਰਾਈਆ । ਜਿਸ ਨੂੰ ਲੱਖ ਚੁਰਾਸੀ ਤਾਅਨੇ ਦੇ ਕੇ ਮੇਹਣੇ ਮਾਰਨ ਨਾਲ ਸ਼ੋਰ, ਸੋ ਸੁਹਾਗਣਾਂ ਦੇ ਸ਼ੌਹਰ ਖੋਹ ਕੇ ਰੰਡੀਆਂ ਦਏ ਕਰਾਈਆ । ਆਪਣਾ ਹੁਕਮ ਦੇਵੇ ਤੌਰ, ਬਤੌਰ ਤਰਤੀਬ ਤਰਕੀਬ ਨਾਲ ਜਣਾਈਆ । ਪ੍ਰਭ ਦੇ ਅਗੇ ਧੋਖਾ ਦਗ਼ਾ ਫ਼ਰੇਬ ਚਲ ਨਾ ਸਕਦਾ ਫੌੜ, ਝੂਠਾ ਕਹਿ ਕੇ ਸਕੇ ਨਾ ਕੋਇ ਭੁਲਾਈਆ । ਕਰਨੀ ਦੀ ਸਜ਼ਾ ਦੇਣ ਵਾਸਤੇ ਆਪੇ ਜਾਏ ਬੌਹੜ, ਧੁਰ ਦਾ ਮਾਲਕ ਆਪਣਾ ਪੰਧ ਮੁਕਾਈਆ । ਸਾਰਿਆਂ ਨੂੰ ਸਮਝ ਲਾ ਦੇਵੇ ਕਿਹੜਾ ਬ੍ਰਾਹਮਣ ਗੌੜ, ਅਮਾਮਾਂ ਦਾ ਅਮਾਮ ਰੂਪ ਵਟਾਈਆ । ਕਹਿਰ ਵਖਾ ਦੇਵੇ ਸਵਾ ਪਹਿਰ ਲਾਹੌਰ, ਪਸ਼ੌਰ ਮਜੌਰ ਨਾ ਕੋਇ ਵਡਿਆਈਆ । ਯਾਦ ਆਏ ਰਣਜੀਤ ਦੀ ਵਿਚ ਜਮਰੌਦ, ਔਧ ਸਭ ਦੀ ਵੇਖ ਵਖਾਈਆ । ਧਰਤ ਮਾਤ ਦੀ ਫੋਲ ਕੇ ਗੋਦ, ਗੋਦਾਵਰੀ ਵਾਲਾ ਗੱਦੀਆਂ ਦਏ ਹਿਲਾਈਆ । ਲਸ਼ਕਰ ਸ਼ਾਹੀ ਵੇਖੇ ਫ਼ੌਜ, ਫ਼ਾਜ਼ਲਕਾ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵਰਤਾਈਆ । ਜਿਹੜੇ ਕਹਿੰਦੇ

ਸਾਨੂੰ ਮਿਲਿਆ ਨੇਤਰ ਗਿਆਨ, ਬਿਨ ਗਿਆਨ ਤੋਂ ਗਿਆਨ ਬਣਾਈਆ । ਧੋਖਾ ਕਰਦੇ ਨਾਲ ਸ੍ਰੀ ਭਗਵਾਨ, ਜੀਵਾਂ ਜੰਤਾਂ ਰਹੇ ਭੁਲਾਈਆ । ਓਨ੍ਹਾਂ ਦਾ ਲੇਖਾ ਚੁਕਣਾ ਆਣ, ਆਨਨ ਫ਼ਾਨਨ ਕਰੇ ਸਫ਼ਾਈਆ । ਸ਼ੂਕਰ ਜੂਨ ਓਨ੍ਹਾਂ ਨੂੰ ਕਰਨੀ ਪਏ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਇਹ ਵੀ ਖੇਲ ਮਿਹਰਵਾਨ, ਜੋ ਮਿਹਰ ਕਰ ਕੇ ਭਗਤਾਂ ਦੀ ਝੋਲੀ ਪਾਈਆ । ਗੁਰਮੁਖੋ ਪ੍ਰਭ ਨਾਲ ਬਣਿਓ ਨਾ ਕੋਈ ਬੇਈਮਾਨ, ਅੰਦਰੋਂ ਕੂੜੇ ਤੇ ਬਾਹਰੋਂ ਦਿਉਂ ਸਫ਼ਾਈਆ । ਇਸ ਤੋਂ ਅਗੇ ਝੂਠੀ ਚਲਣ ਨਹੀ ਦੇਣੀ ਕੋਈ ਦੁਕਾਨ, ਤਾਲੇ ਘਰ ਘਰ ਦੇਣੇ ਲਗਾਈਆ । ਭੁੱਲ ਨਾ ਜਾਣਾ ਸੁਣ ਕੇ ਫ਼ਰਮਾਨ, ਜਿਹੜਾ ਭੁੱਲੇ ਓਸੇ ਨੂੰ ਮਿਲੇ ਸਜ਼ਾਈਆ । ਮਨ ਵਾਸਨਾ ਕਰਿਓ ਨਾ ਕਦੇ ਅਭਿਮਾਨ, ਕਾਮਨਾ ਜਗਤ ਨਾਲ ਰਲਾਈਆ । ਜੇ ਮਿਲਣ ਦਾ ਰਸਤਾ ਦਿਤਾ ਆਸਾਨ, ਅੰਤਰ ਭੁਲ ਨਾ ਜਾਇਓ 'ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ' ਜ਼ਬਾਨ ਕਲਾਮ ਇਕੋ ਗਾਈਆ । ਤੁਸੀਂ ਮੇਰੇ ਤੇ ਮੈਂ ਤੁਹਾਡਾ ਈਮਾਨ, ਜਿਥੇ ਲੋੜ ਰਹੇ ਨਾ ਵੇਦ ਪੁਰਾਨ, ਲੇਖਾ ਮੁਕ ਜਾਏ ਅੰਜੀਲ ਕੁਰਾਨ, ਨਾਮ ਨਿਧਾਨ ਆਪਣਾ ਝੋਲੀ ਪਾਈਆ । ਝੂਠ ਬੋਲਣਾ ਨਹੀਂ ਕਦੀ ਪ੍ਰਭ ਕੋਲ ਨਾਲ ਜ਼ਬਾਨ, ਜੇ ਕੋਈ ਕੁਕਰਮ ਹੋ ਜਾਏ ਪਰਦੇ ਵਿਚ ਦੱਸੋ ਆਣ, ਮਿਹਰਵਾਨ ਹੋ ਕੇ ਰਹਿਮਤ ਦਏ ਕਮਾਈਆ । ਜਨ ਭਗਤੋ ਤੁਸੀਂ ਸਾਰੇ ਨਿੱਕੇ ਨਿੱਕੇ ਬੱਚੇ ਬਾਲੇ ਨੱਢੇ ਨਿਧਾਨ, ਤੁਹਾਡਾ ਮਾਲਕ ਸ੍ਰੀ ਭਗਵਾਨ, ਜਿਧਰ ਵੇਖੋ ਨਿਗਾਹਬਾਨ, ਧਿਆਨ ਅੱਖ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਮਅ ਦੀਪ ਕਰੇ ਰੁਸ਼ਨਾਈਆ ।


੭੮੨

✲ ੫ ਜੇਠ ਸ਼ਹਿਨਸ਼ਾਹੀ ੧ ਹਰਿ ਭਗਤ ਦਵਾਰ ਜੇਠੂਵਾਲ ✲

ਜਿਸ ਵੇਲੇ ਕਿਰਪਾ ਕਰੀ ਪ੍ਰਭ ਆਪ, ਨਿਰਗੁਣ ਆਪਣੀ ਦਇਆ ਕਮਾਈਆ । ਪਰਬਤ ਚੋਟੀ ਵਿਚੋਂ ਕੱਢਕੇ ਪੰਜ ਆਬ, ਪੰਜਾਬ ਦਿਤੀ ਵਡਿਆਈਆ । ਓਸ ਵੇਲੇ ਸ਼ਬਦੀ ਸੁਤ ਪੁੱਛਿਆ ਸਚ ਦੱਸ ਮੇਰੇ ਬਾਪ, ਕੀ ਆਪਣੀ ਖੇਲ ਵਰਤਾਈਆ । ਓਧਰੋਂ ਹਸ ਕੇ ਧਰਤੀ ਬੋਲੀ ਮੇਰਾ ਵਧੌਣ ਲੱਗਾ ਪਰਤਾਪ, ਬਖ਼ਸ਼ੇ ਮਾਣ ਵਡਿਆਈਆ । ਖ਼ੁਸ਼ੀਆਂ ਨਾਲ ਟਪ ਪਈ ਖ਼ਾਕ, ਉਡ ਉਡ ਭੱਜੇ ਵਾਹੋ ਦਾਹੀਆ । ਉਤੋਂ ਹੱਸਣ ਲਗਿਆ ਆਕਾਸ਼, ਰਵ ਸਸ ਤਾਰਾ ਮੰਡਲ ਖ਼ੁਸ਼ੀ ਮਨਾਈਆ । ਨੂਰੀ ਚਮਕਣ ਲੱਗਾ ਜੋਤ ਪਰਕਾਸ਼, ਅੰਧ ਅੰਧੇਰ ਰਿਹਾ ਮਿਟਾਈਆ । ਅਗੰਮੀ ਹੋਣ ਲੱਗਾ ਸਵਾਲ ਜਵਾਬ, ਤੱਤਾਂ ਵਾਲਾ ਤਤ ਨਾ ਕੋਇ ਵਖਾਈਆ । ਸਾਚਾ ਵਜਣ ਲੱਗਾ ਰਬਾਬ, ਤੂ ਹੀ ਤੂ ਰਾਗ ਅਲਾਈਆ । ਖੇੜਾ ਹੋਣ ਲੱਗਾ ਪਾਕ, ਪਵਿੱਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੰਜ ਆਬ ਜਿਸ ਵੇਲੇ ਬਖ਼ਸ਼ਿਆ ਪਾਣੀ, ਪਵਣ ਪਾਣੀ ਦਇਆ ਕਮਾਈਆ । ਓਧਰੋਂ ਆਈ ਅਗੰਮੀ ਬਾਣੀ, ਧੁਰ ਸੰਦੇਸ਼ਾ ਰਹੀ ਦ੍ਰਿੜਾਈਆ । ਲੇਖਾ ਵੇਖ ਕੇ ਚਾਰੇ ਖਾਣੀ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਧਰਨੀ ਬਣਨਾ ਸਾਚੀ ਰਾਣੀ, ਰੌਣਕ ਤੇਰੀ ਬੇਪਰਵਾਹੀਆ । ਵੇਖਣਾ ਖੇਲ ਸ੍ਰੀ ਭਗਵਾਨੀ, ਸ਼ਾਹ ਪਾਤਸ਼ਾਹ ਆਪਣਾ ਰੰਗ ਰੰਗਾਈਆ । ਜਿਸ ਦਾ ਪਦ ਇਕ ਨਿਰਬਾਣੀ, ਨਿਰਵੈਰ ਪੁਰਖ ਨਾਉਂ ਪਰਗਟਾਈਆ । ਓਸ ਦੀ ਚਲਣੀ ਅਗੰਮੀ

ਅਕਥ ਕਥਾ ਕਹਾਣੀ, ਜਿਸ ਨੂੰ ਲਿਖ ਸਕੇ ਕੋਈ ਨਾ ਰਾਈਆ । ਓਸ ਦੀ ਕਲਜੁਗ ਵਿਚ ਨਾਨਕ ਨਿਰਗੁਣ ਔਣਾ ਸਚ ਨਿਸ਼ਾਨੀ, ਸਰਗੁਣ ਰੂਪ ਅਨੂਪ ਵਟਾਈਆ । ਗੋਬਿੰਦ ਕਰਨਾ ਖੇਲ ਸਚ ਮਹਾਨੀ, ਸ਼ਬਦੀ ਡੰਕਾ ਇਕ ਵਜਾਈਆ । ਪੁਰਖ ਅਕਾਲ ਧੁਰ ਦਾ ਦਾਤਾ ਹੋ ਕੇ ਕਰੇ ਵਡ ਮਿਹਰਵਾਨੀ, ਮਿਹਰਵਾਨ ਆਪਣੀ ਨਜ਼ਰ ਉਠਾਈਆ । ਧਰਨੀ ਕਹੇ ਮੈਂ ਰਖਣਾ ਚਰਨ ਧਿਆਨੀ, ਧਰਤ ਆਪਣਾ ਨਾਉਂ ਧਰਾਈਆ । ਮੰਗਣੀ ਸਤਿ ਸਚ ਕੁਰਬਾਨੀ, ਭੇਟਾ ਧੁਰ ਦੀ ਮੋਹੇ ਭਾਈਆ । ਜਿਸ ਨੂੰ ਸਮਝੇ ਨਾ ਕੋਇ ਵਿਦਵਾਨੀ, ਧਿਆਨੀ ਧਿਆਨ ਨਾ ਕੋਇ ਰਖਾਈਆ । ਜਿਸ ਦਾ ਲੇਖਾ ਲਿਖੇ ਨਾ ਕੋਇ ਕਲਮ ਕਾਨੀ, ਕਾਤਬ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਆਬ ਕਹਿਣ ਜਿਸ ਵੇਲੇ ਵਗਿਆ ਵਹਿਣ, ਲਹਿੰਦੀ ਧਾਰ ਜਣਾਈਆ । ਦੇਵਤ ਸੁਰ ਸਾਰੇ ਲਗੇ ਕਹਿਣ, ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਈਆ । ਪਿਤਾ ਪੂਤ ਮੰਗੇ ਲਹਿਣ ਦੇਣ, ਸ਼ਬਦੀ ਸ਼ਬਦ ਝੋਲੀ ਡਾਹੀਆ । ਬਿਨ ਨੇਤਰ ਲੋਚਣ ਖੋਲ ਕੇ ਨੈਣ, ਰਸਤਾ ਇਕ ਦ੍ਰਿੜਾਈਆ । ਸੱਜਣ ਬਣ ਕੇ ਸਚਾ ਸੈਣ, ਸੈਨਤ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਆਬ ਕਹੇ ਜਿਸ ਵੇਲੇ ਪ੍ਰਭ ਨੇ ਦਿਤੀ ਦਾਤ, ਮਿਹਰਵਾਨ ਆਪਣੀ ਦਇਆ ਕਮਾਈਆ । ਕੋਈ ਸੰਮਤ ਸੰਮਤੀ ਵਾਲੀ ਜਗਤ ਨਹੀਂ ਸੀ ਰਾਤ, ਪਰਭਾਤ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਬਹਿ ਕੇ ਇਕ ਇਕਾਂਤ, ਅਕਲ ਕਲਧਾਰੀ ਆਪਣੀ ਕਲ ਦਿਤੀ ਵਰਤਾਈਆ । ਬਖ਼ਸ਼ਿਸ਼ ਕਰ ਕੇ ਬੂੰਦ ਸਵਾਂਤ, ਧੁਰ ਦਾ ਅੰਮ੍ਰਿਤ ਦਿਤਾ ਝਿਰਾਈਆ । ਧਰਨੀ ਧਰਤ ਹੋ ਗਈ ਸ਼ਾਂਤ, ਸਤਿ ਸਤਿ ਵਿਚ

੭੮੩
ਸਮਾਈਆ । ਲੈ ਅੰਗੜਾਈ ਪੁਛੀ ਬਾਤ, ਆਪਣਾ ਅਹਿਵਾਲ ਰਹੀ ਜਣਾਈਆ । ਕਿਸ ਬਿਧ ਖ਼ਾਕ ਆਬ ਬਣਿਆ ਸਾਕ, ਨਾਤਾ ਲਿਆ ਜੁੜਾਈਆ । ਸ਼ਬਦ ਅਗੰਮੀ ਮਾਰ ਇਕ ਆਵਾਜ਼, ਧੁਰ ਸੰਦੇਸ਼ਾ ਰਿਹਾ ਸੁਣਾਈਆ । ਸਚ ਦਵਾਰੇ ਦਾ ਖੋਲ੍ਹ ਕੇ ਤਾਕ, ਪਰਦਾ ਦਿਤਾ ਉਠਾਈਆ । ਮੇਰੀ ਸੁਣੋ ਕਹਾਣੀ ਭਵਿਖਤਾਂ ਵਾਲਾ ਵਾਕ, ਬੇਹਿਸਾਬ ਦਿਆਂ ਦ੍ਰਿੜਾਈਆ । ਇਹ ਧੁਰ ਦੀ ਮਿਲੀ ਸੁਗ਼ਾਤ, ਅਗੰਮ ਅਗੰਮੜਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੰਜ ਆਬ ਕਹਿਣ ਜਿਸ ਵੇਲੇ ਮਿਲਿਆ ਮਾਣ, ਪ੍ਰਭੂ ਮਿਹਰ ਨਜ਼ਰ ਉਠਾਈਆ । ਸਾਖ਼ਿਆਤ ਨਜ਼ਰੀ ਆਇਆ ਸ੍ਰੀ ਭਗਵਾਨ, ਜੋਤੀ ਜਾਤਾ ਜੋਤ ਰੁਸ਼ਨਾਈਆ । ਦਰਵੇਸ਼ਾਂ ਪਾ ਕੇ ਧੁਰ ਦਾ ਦਾਨ, ਸਾਚੀ ਝੋਲੀ ਦਿਤੀ ਭਰਾਈਆ । ਇਕ ਸੁਣਾ ਕੇ ਅਗੰਮ ਫ਼ਰਮਾਨ, ਹੁਕਮ ਦਿਤਾ ਵਰਤਾਈਆ । ਲੋਕਮਾਤ ਕੋਟਨ ਕੋਟ ਫੇਰੇ ਪਾ ਕੇ ਜਾਣ ਕਾਹਨ, ਰਾਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਪੰਜ ਆਬ ਕਹਿਣ ਪ੍ਰਭ ਬਖ਼ਸ਼ ਕੇ ਸਚੀ ਧਾਰ, ਧੁਰ ਦਾ ਵਹਿਣ ਦਿਤਾ ਵਹਾਈਆ । ਸਾਡੇ ਨਾਲ ਕੀਤਾ ਇਕਰਾਰ, ਇਕਰਾਰਨਾਮਾ ਲਿਆ ਲਿਖਾਈਆ । ਜੁਗ ਚੌਕੜੀ ਵੇਖਾਂ ਸੰਸਾਰ, ਨਿਰਗੁਣ ਸਰਗੁਣ ਰੂਪ ਧਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਾਂ ਪਾਰ, ਕਲਜੁਗ ਵੇਖਾਂ ਚਾਈਂ ਚਾਈਂਆ । ਸ਼ਬਦੀ ਲਾਵਾਂ ਅੰਤ ਅਖਾੜ, ਨਾਨਕ ਗੋਬਿੰਦ ਡੰਕ ਵਜਾਈਆ । ਉਹਨਾਂ ਦੇ ਅੰਦਰ ਵੜ ਕੇ ਮੰਗਾਂ ਬਣ ਭਿਖਾਰ, ਝੋਲੀ ਸਾਚੀ ਅਗੇ ਡਾਹੀਆ । ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਤੇਰੀ ਓਟ ਰਖਾਈਆ । ਪੁਰਖ ਅਕਾਲ ਦੀਨ ਦਿਆਲ ਲਏ ਅਵਤਾਰ, ਜੋਤੀ ਜੋਤ ਹੋਵੇ ਰੁਸ਼ਨਾਈਆ । ਸ੍ਰਿਸ਼ਟ

ਸਬਾਈ ਪੌਣੀ ਤੇਰੀ ਸਾਰ, ਲੱਖ ਚੁਰਾਸੀ ਤੇਰੀ ਝੋਲੀ ਪਾਈਆ । ਸਤਿ ਧਰਮ ਦਾ ਬੋਲਨਾ ਇਕ ਜੈਕਾਰ, ਨਾਅਰਾ ਧੁਰ ਦਾ ਦੇਣਾ ਸੁਣਾਈਆ । ਜੁਗ ਚੌਕੜੀ ਦੇ ਫੜ ਕੇ ਗੁਰੂ ਅਵਤਾਰ, ਪੈਗ਼ੰਬਰ ਚਰਨਾਂ ਵਿਚ ਟਿਕਾਈਆ । ਸਚ ਦਵਾਰਾ ਖੋਲ੍ਹ ਸਚੀ ਧਰਮਸਾਲ, ਧੁਰ ਦਰਬਾਰਾ ਇਕ ਵਖਾਈਆ । ਲੇਖਾ ਚੁਕੌਣਾ ਸ਼ਾਹ ਕੰਗਾਲ, ਪ੍ਰਿਥਮੀ ਆਕਾਸ਼ ਵੱਜੇ ਤਾਲ, ਧਵਲ ਧਰਨੀ ਧਰਤ ਨਾਚ ਨਚਾਈਆ । ਪੰਜਾਂ ਪੂਰਾ ਕਰ ਕੇ ਹਲ ਸਵਾਲ, ਜੋ ਮਨਸਾ ਨਾਲ ਮਿਲਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਦੇਵੇ ਨਾ ਕੋਈ ਅਹਿਵਾਲ, ਇਤਿਹਾਸ ਭੇਵ ਨਾ ਕੋਇ ਖੁਲ੍ਹਾਈਆ । ਜਿਸ ਦਾ ਖੇਲ ਅਗੰਮੜਾ ਅਨੋਖੀ ਵਖਰੀ ਚਾਲ, ਚਲਤ ਆਪਣੀ ਰਿਹਾ ਜਣਾਈਆ । ਨਵ ਨੌ ਚਾਰ ਕਰ ਕੇ ਪਾਰ, ਆਪਣਾ ਖੇੜਾ ਲੈਣਾ ਵਸਾਈਆ । ਪੰਜਾਂ ਦਾ ਬਣ ਕੇ ਮੀਤ ਮੁਰਾਰ, ਪੰਚਮ ਮੇਲਾ ਮੇਲਣਾ ਸਹਿਜ ਸੁਭਾਈਆ । ਪੰਜਾਂ ਦਾ ਲਹਿਣਾ ਚੁਕਾ ਸੰਸਾਰ, ਸਤਿ ਸਤਿ ਧਰਮ ਦੇਣਾ ਦ੍ਰਿੜਾਈਆ । ਕੂੜੀ ਕਿਰਿਆ ਜਗਤ ਨਵਾਰ, ਸਚ ਸਚ ਕਰਨੀ ਰੁਸ਼ਨਾਈਆ । ਭੇਖ ਪਖੰਡ ਸੁਟਣਾ ਡੂੰਘੀ ਗਾਰ, ਜੂਠਾ ਝੂਠਾ ਸਾਧ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਭੁੱਲਿਆ ਅੰਦਰੋਂ ਹਰਿ ਨਿਰੰਕਾਰ, ਬਾਹਰੋਂ ਕੂੜੀ ਦੇਣ ਸਫ਼ਾਈਆ । ਮੰਦਰ ਵੇਖੇ ਨਾ ਹਰਿ ਕਾ ਦਵਾਰ, ਸਚਖੰਡ ਵੱਜੀ ਨਾ ਕੋਇ ਵਧਾਈਆ । ਕੁੰਡਾ ਖੁਲ੍ਹਿਆ ਨਾ ਬਜਰ ਕਪਾਟ, ਕਾਇਆ ਕੱਪੜ ਮੈਲ ਨਾ ਕੋਇ ਧੁਆਈਆ । ਸਚਾ ਮਿਲਿਆ ਨਾ ਕੋਇ ਸਿਕਦਾਰ, ਸ਼ਹਿਨਸ਼ਾਹੀ ਹਕ ਨਾ ਕੋਇ ਸਮਝਾਈਆ । ਗੁਲਸ਼ਨ ਵੇਖੀ ਨਾ ਕੋਇ ਗੁਲਜ਼ਾਰ, ਨਾਮ ਸੁਗੰਧ ਨਾ ਕੋਇ ਮਹਿਕਾਈਆ । ਹਉਮੇ ਹੰਗਤਾ ਗੜ੍ਹ ਬਣਾ ਹੰਕਾਰ, ਮਾਣ ਅਭਿਮਾਨ ਨਾਲ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪ੍ਰਭੂ ਕਰਦਾ ਰਹੇ ਅਧਾਰ, ਕਲਜੁਗ ਅੰਤਮ ਲੇਖਾ ਦੇਣਾ ਮੁਕਾਈਆ । ਤੇਰੇ ਨਾਲ ਸਾਡਾ ਕੌਲ ਇਕ਼ਰਾਰ, ਸ਼ਰਤੀਆ ਲੇਖਾ ਦੇਣਾ ਮੁਕਾਈਆ । ਪੰਜਾਂ ਦਾ ਮੀਤਾ ਬਣ ਸਰਦਾਰ, ਸਿਰ ਸਿਰ ਆਪਣਾ ਹੁਕਮ ਮਨਾਈਆ । ਓਸ ਵੇਲੇ ਪੰਜ ਜੇਠ ਸੀ ਦਿਵਸ ਦਿਹਾੜ, ਵਦੀ ਸੁਦੀ ਥਿਤ ਨਾਲ ਨਾ ਕੋਇ ਮਿਲਾਈਆ । ਸ਼ਬਦੀ ਸੁਤ ਢਹਿ ਕੇ ਚਰਨ ਦਵਾਰ, ਧੁਰ ਦੀ ਮੰਗ ਲਈ ਮੰਗਾਈਆ । ਦੱਸ ਮੇਰੇ ਕਰਤਾਰ, ਕਿਸ ਵੇਲੇ ਕ਼ੁਦਰਤ ਵੇਖੇਂ ਚਾਈਂ ਚਾਈਂਆ । ਪੁਰਖ ਅਕਾਲ ਕਿਹਾ ਮੈਂ ਆਵਾਂ ਆਪਣੀ ਵਾਰ, ਵੇਰਵਾ ਆਪਣਾ ਦਏ ਜਣਾਈਆ । ਲੇਖਾ ਮੁਕਾ ਕੇ ਗੁਰੂ ਅਵਤਾਰ, ਪੈਗ਼ੰਬਰਾਂ ਦੇਣ ਦੇ ਦੇ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਹੋ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦਿਆਂ ਸੁਣਾਈਆ । ਕਲ ਕਲਕੀ ਲਏ ਅਵਤਾਰ, ਨਿਹਕਰਮੀ ਹੋ ਕੇ ਆਪਣਾ ਕਰਮ ਕਮਾਈਆ । ਸ਼ਾਹੋ ਭੂਪ ਬਣ ਸਿਕਦਾਰ, ਹਕ ਮਹਿਬੂਬ ਵੇਸ ਵਟਾਈਆ । ਲੱਖ ਚੁਰਾਸੀ ਵੇਖਾਂ ਗੁਨਾਹਗਾਰ, ਗ੍ਰਿਹਿ ਮੰਦਰ ਖੋਜ ਖੋਜਾਈਆ । ਭਗਤ ਵਛਲ ਬਣ ਗਿਰਧਾਰ, ਗ੍ਰਿਹਿ ਆਪਣੇ ਲਵਾਂ ਮਿਲਾਈਆ । ਜੂਠੇ ਝੂਠਿਆਂ ਕਰਾਂ ਖ਼ੁਆਰ, ਮਾਇਆ ਮਮਤਾ ਡੇਰਾ ਢਾਹੀਆ । ਸੋਹਣਾ ਵਕ਼ਤ ਸੁਹੰਜਣਾ ਵੇਖਾਂ ਆਣ, ਲੋਕਮਾਤ ਫੇਰਾ ਪਾਈਆ । ਪੰਚਮ ਜੇਠ ਹੋਵੇ ਪਰਧਾਨ, ਤੱਤ ਜੋਤ ਹੋਵੇ ਰੁਸ਼ਨਾਈਆ । ਨਾਮ ਜਗਤ ਜਣਾ ਨਿਸ਼ਾਨ, ਅੰਤਮ ਡੇਰਾ ਢਾਹੀਆ । ਜੋਤੀ ਜਾਤਾ ਹੋ ਕੇ ਖੇਲ ਕਰਾਂ ਮਹਾਨ, ਲੇਖਾ ਲਿਖਤ ਨਾ ਕੋਇ ਵਖਾਈਆ । ਪਰਗਟ ਹੋ ਕੇ ਵਿਸ਼ਨੂੰ ਭਗਵਾਨ, ਤੂੰ ਮੇਰਾ ਮੈਂ ਤੇਰਾ ਪਿਤਾ ਪੂਤ ਸ਼ਬਦੀ ਢੋਲਾ ਦਿਆਂ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਾਂ ਮਾਰ ਧਿਆਨ, ਬਿਨ ਅੱਖਾਂ ਅੱਖ ਪਰਗਟਾਈਆ । ਸਾਚਾ ਖੰਡਾ ਤੀਰ ਕਮਾਨ, ਸ਼ਬਦੀ ਚਿੱਲਾ ਇਕ ਉਠਾਈਆ । ਕੂੜ ਕੁੜਿਆਰੇ ਮੇਟਾਂ ਸ਼ੈਤਾਨ, ਜਿਹੜੇ ਮੇਰੇ ਨਾਉਂ ਨੂੰ ਵਟਾ ਰਹੇ ਲਗਾਈਆ । ਮਾਲਕ ਹੋ ਕੇ ਹਕ ਮੁਕਾਮ, ਘਰ

ਘਰ ਕਰਾਂ ਸਫ਼ਾਈਆ । ਸਭ ਦਾ ਬਦਲ ਦੇਣਾ ਨਿਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਉਲਟ ਪੁਲਟ ਕਰਨਾ ਇਹ ਮੇਰਾ ਖੇਲ ਆਸਾਨ, ਸ੍ਰਿਸ਼ਟ ਸਬਾਈ ਦਿਆਂ ਭੁਆਈਆ । ਸੂਰਬੀਰ ਬਣ ਕੇ ਚੁਸਤ ਜਵਾਨ, ਜੋਬਨ ਵੇਖਾਂ ਚਾਈਂ ਚਾਈਂਆ । ਨਾਮ ਸੰਦੇਸ਼ਾ ਦੇ ਕੇ ਧੁਰ ਫ਼ਰਮਾਨ, ਸੁਨੇਹੜੇ ਸਭ ਨੂੰ ਦਿਆਂ ਘਲਾਈਆ । ਸੋਇਆ ਰਹੇ ਨਾ ਕੋਇ ਅੰਞਾਣ, ਬੁੱਧੀ ਬਿਬੇਕ ਦਿਆਂ ਬਣਾਈਆ । ਜਿਨ੍ਹਾਂ ਪੱਥਰਾਂ ਇੱਟਾਂ ਕਾਗ਼ਜਾਂ ਨੂੰ ਮੰਨਿਆ ਭਗਵਾਨ, ਤਿਨ੍ਹਾਂ ਨੂੰ ਬਿਨਾ ਸ਼ਹਾਦਤਾਂ ਦਿਆਂ ਸਜ਼ਾਈਆ । ਜਿਸ ਵੇਲੇ ਮੇਰਾ ਪਹਿਲਾ ਸੰਮਤ ਚੜ੍ਹਿਆ ਆਣ, ਪੰਚਮ ਜੇਠ ਖ਼ੁਸ਼ੀ ਮਨਾਈਆ । ਜਗਤ ਕੂੜ ਕੁੜਿਆਰੇ ਸਾਧਾਂ ਸੰਤਾਂ ਦੇ ਵੇਖਾਂ ਮਕਾਨ, ਕਾਇਆ ਖੇੜੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਪੰਜ ਆਬ ਕਿਹਾ ਮੇਰੇ ਸੁਲਤਾਨਾ, ਤੇਰੀ ਬੇਪਰਵਾਹੀਆ । ਜਿਸ ਵੇਲੇ ਪਹਿਰਿਆ ਆਪਣਾ ਬਾਣਾ, ਨਿਰਗੁਣ ਰੂਪ ਵਟਾਈਆ । ਕੂੜਾ ਜੀਵ ਨਾ ਰਹੇ ਸ਼ੈਤਾਨਾ, ਸ਼ਰਅ ਦੇਣੀ ਬਦਲਾਈਆ । ਤੇਰੇ ਨਾਮ ਦਾ ਵੱਜੇ ਇਕ ਤਰਾਨਾ, ਇਕੋ ਰਾਗ ਸੁਣਾਈਆ । ਇਕੋ ਮੰਦਰ ਸੋਹੇ ਮਕਾਨਾ, ਜਿਸ ਘਰ ਆਪਣਾ ਡੇਰਾ ਲਾਈਆ । ਦੂਜਾ ਝੁੱਲੇ ਨਾ ਕੋਇ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਈਆ । ਜਿਹੜੇ ਤੇਰੇ ਨਾਮ ਦਾ ਮੰਦਰ ਮਸਜਿਦ ਸ਼ਿਵਦਵਾਲਿਆਂ ਅੰਦਰ ਲੈਂਦੇ ਰਹਿਣ ਬਿਆਨਾ, ਤਿਨ੍ਹਾਂ ਦਾ ਬੀਜ ਦੇਣਾ ਮਿਟਾਈਆ । ਪ੍ਰਭੂ ਤੇਰੇ ਕੋਲ ਸਾਚੇ ਨਾਮ ਦਾ ਮਾਪਣ ਵਾਲਾ ਪੈਮਾਨਾ, ਪੈਮਾਇਸ਼ ਆਪਣੀ ਹੱਥੀਂ ਲੈਣੀ ਕਰਾਈਆ । ਖੇਲਣਾ ਖੇਲ ਦੋ ਜਹਾਨਾਂ, ਖ਼ਾਲਕ ਖ਼ਲਕ ਆਪਣਾ ਫੇਰਾ ਪਾਈਆ । ਜੂਠ ਝੂਠ ਦੀ ਰਹੇ ਨਾ ਕੋਇ ਦੁਕਾਨਾ, ਦੁਰਾਚਾਰ ਦਏ ਮਿਟਾਈਆ । ਇਕੋ ਪੂਜਾ ਪਾਠ ਰਹੇ ਸ੍ਰੀ ਭਗਵਾਨਾ, ਪੁਰਖ ਅਕਾਲਾ ਇਸ਼ਟ ਮਨਾਈਆ ।



੭੮੫

ਜਿਨ੍ਹਾਂ ਨੇ ਤੇਰੇ ਨਾਮ ਦਾ ਸਦਕਾ ਬਣਾਇਆ ਪੀਣਾ ਖਾਣਾ, ਤਿਨ੍ਹਾਂ ਦਾ ਖਾਨਾ ਦੇਣਾ ਗਵਾਈਆ । ਪੰਚਮ ਜੇਠ ਕਹੇ ਫਿਰ ਮੇਰਾ ਵੇਲਾ ਵਕ਼ਤ ਇਹੋ ਹੋਏ ਸੁਹਾਨਾ, ਸੋਹਣਾ ਰੂਪ ਬਦਲਾਈਆ । ਜਿਨ੍ਹਾਂ ਨੇ ਕੂੜੀ ਕਿਰਿਆ ਦਾ ਖੋਲ੍ਹਿਆ ਮਹਿਵਖ਼ਾਨਾ, ਤਿਨ੍ਹਾਂ ਨੂੰ ਖ਼ਾਕ ਦੇਣਾ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਆਬ ਕਹਿਣ ਪ੍ਰਭ ਵੇਖ ਕਲਜੁਗ ਹੋ ਗਈ ਹਦ, ਕੂੜੀ ਕਿਰਿਆ ਰਹੀ ਡਰਾਈਆ । ਪੰਚਮ ਜੇਠ ਪਰਤ ਕੇ ਆ ਗਿਆ ਜਗ, ਤੇਰਾ ਸੰਮਤ ਦਏ ਗਵਾਹੀਆ । ਕੂੜੀ ਕਿਰਿਆ ਵਾਲੇ ਲੋਕਮਾਤ ਵਿਚੋਂ ਕਢ, ਧਰਨੀ ਧਰਤ ਉਪਰ ਰਹਿਣ ਕੋਇ ਨਾ ਪਾਈਆ । ਸਤਿ ਧਰਮ ਨਿਸ਼ਾਨਾ ਆਪਣਾ ਗੱਡ, ਦੋ ਜਹਾਨਾਂ ਦੇ ਝੁਲਾਈਆ । ਭਗਤਾਂ ਨੂੰ ਰਹਿਣ ਨਹੀਂ ਦੇਣਾ ਅੱਡ, ਜਗਤ ਵਿਛੜੇ ਮੇਲ ਮਿਲਾਈਆ । ਬਿਨਾ ਮੱਕੇ ਕਾਅਬਿਉਂ ਕਰੌਣਾ ਹੱਜ, ਹਜ਼ਰਤ ਹੋ ਕੇ ਦਰਸ ਵਖਾਈਆ । ਸਾਚੇ ਮੰਦਰ ਚੜ੍ਹਨਾ ਭੱਜ, ਮਹਲ ਅਟਲ ਹੋਵੇ ਰੁਸ਼ਨਾਈਆ । ਤ੍ਰੈਗੁਣ ਅਗਨੀ ਬੁਝੌਣੀ ਅੱਗ, ਤੱਤਵ ਤੱਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣੀ ਸਾਚੀ ਸਚ ਸਰਨਾਈਆ । ਪੰਜ ਆਬ ਕਹਿਣ ਚਾਰ ਜੁਗ ਦਾ ਲੇਖਾ ਮੁਕਾ ਦੇ ਹਿਸਾਬ, ਹੁਕਮ ਧੁਰ ਦਾ ਇਕ ਵਰਤਾਈਆ । ਜਿਹੜੇ ਰਸਨਾ ਜਿਹਵਾ ਤੇਰੇ ਸਿਫ਼ਤ ਦੀ ਪੜ੍ਹ ਕੇ ਕਿਤਾਬ, ਆਪਣਾ ਨਾਮ ਰਹੇ ਵਡਿਆਈਆ । ਸ੍ਰਿਸ਼ਟੀ ਨੂੰ ਚੜ੍ਹੌਂਦੇ ਜਾਣ ਚਪੂ ਜਹਾਜ਼, ਚਪੂ ਆਪਣਾ ਨਾਮ ਲਗਾਈਆ । ਅੰਤ ਅਖ਼ੀਰੀ ਉਹਨਾਂ ਦਾ ਖੋਲ੍ਹ ਦੇ ਪਾਜ, ਪੜਦਾ ਰਹਿਣ ਕੋਇ ਨਾ ਪਾਈਆ । ਬਿਨ ਹਰਿਨਾਮੇ ਖ਼ਾਲੀ ਕਰਦੇ ਲਾਸ਼, ਸਾਢੇ ਨੌ ਵਕਤ ਸੁਹਾਈਆ । ਮਾਇਆ ਮਮਤਾ ਵਾਲੀ ਵੇਖ ਕੇ ਖ਼ਾਹਿਸ਼, ਕੂੜੀ ਕਿਰਿਆ ਨਾਲ ਮਿਲਾਈਆ । ਦਸ ਦਸ

ਹਜ਼ਾਰ ਜਨਮ ਤੈਨੂੰ ਕਰ ਨਾ ਸਕਣ ਤਲਾਸ਼, ਲੱਭਿਆਂ ਹੱਥ ਕਿਸੇ ਨਾ ਆਈਆ । ਦਰਿੰਦਿਆਂ ਕੋਲੋਂ ਕਟੌਣਾ ਮਾਸ, ਪਰਿੰਦਿਆਂ ਵਾਲਾ ਰੂਪ ਬਣਾਈਆ । ਜਮ ਦੀ ਪੌਣੀ ਗਲ ਵਿਚ ਫਾਸ, ਰਾਏ ਧਰਮ ਹੱਥ ਫੜਾਈਆ । ਸਭ ਨੂੰ ਭੁੱਲ ਜਾਏ ਸੁਰਾਹੀ ਪੈਮਾਨਾ ਗਿਲਾਸ, ਗ਼ਿਲਾਫ਼ ਤਨ ਦਾ ਦੇਣਾ ਬਦਲਾਈਆ । ਵੇਖੀਂ ਪ੍ਰਭੂ ਕਿਤੇ ਮਿਹਰ ਵਿਚ ਆ ਕੇ ਨਾ ਕਰੀਂ ਮੁਆਫ਼, ਗੁਸਤਾਖਾਂ ਨੂੰ ਸਜ਼ਾ ਦੇਣੀ ਭੁਗਤਾਈਆ । ਜਿਹੜਾ ਅੰਦਰੋਂ ਬਾਹਰੋਂ ਕਰ ਨਾ ਸਕਿਆ ਅਦਾਬ, ਸਿਰ ਆਪਨੇ ਛਤਰ ਝੁਲਾਈਆ । ਭੁੰਨ ਕੇ ਖਾਂਦੇ ਰਹੇ ਕਬਾਬ, ਸਲਾਖਾਂ ਉਤੇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਆਬ ਕਹੇ ਪ੍ਰਭੂ ਝੂਠਿਆਂ ਸਾਧਾਂ ਦੀ ਵੇਖ ਲਿਸਟ, ਬਾਵਨ ਲੱਖ ਨਜ਼ਰੀ ਆਈਆ । ਜਿਨ੍ਹਾਂ ਨੇ ਭੁੱਲਿਆ ਅੰਤਰ ਤੇਰਾ ਇਸ਼ਟ, ਬਾਹਰੋਂ ਆਪਨਾ ਆਪ ਰਹੇ ਵਡਿਆਈਆ । ਤਿਆਗੀ ਹੋ ਕੇ ਭੋਗਣ ਗ੍ਰਿਹਸਤ, ਕੂੜ ਕੁੜਿਆਰਾ ਹੋ ਕੇ ਬੰਧਨ ਪਾਈਆ । ਕਾਮ ਕਰੋਧ ਦਾ ਪਾ ਕੇ ਇਸ਼ਕ, ਤੇਰੇ ਨਾਮ ਦੀ ਕਰਨ ਪੜ੍ਹਾਈਆ । ਅੰਤਰ ਵੇਖਿਆ ਨਾ ਕਿਸੇ ਦ੍ਰਿਸ਼ਟ, ਪੁਸ਼ਤ ਪਨਾਹ ਦੋ ਜਹਾਨ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਭ ਦਾ ਲੇਖਾ ਦੇ ਮੁਕਾਈਆ । ਪੁਰਖ ਅਕਾਲ ਕਿਹਾ ਮੈਂ ਤਕਦਾ ਰਿਹਾ ਰਾਹ, ਜੁਗ ਚੌਕੜੀ ਵੇਖ ਵਖਾਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੂੰ ਰਹੇ ਧਿਆ, ਓਟ ਤੱਤਾਂ ਵਾਲੀ ਤਕਾਈਆ । ਉਹ ਸਾਰੇ ਛਡ ਕੇ ਹੋਏ ਜੁਦਾ, ਮੇਰੇ ਚਰਨਾਂ ਵਿਚ ਸਮਾਈਆ । ਗਲ ਵਿਚ ਪਲੂ ਪਾ ਕੇ ਮੰਗਣ ਇਕ ਰਜ਼ਾ, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਵਾਹਿਗੁਰੂ ਆਪ ਖ਼ੁਦਾ, ਖ਼ੁਦੀ ਸਭ ਦੀ ਦੇ ਮਿਟਾਈਆ । ਅਗੇ ਭੇਵ ਰਹੇ ਨਾ ਲੁਕਾ, ਪੜਦਾ ਉਹਲਾ ਦਿਆਂ ਚੁਕਾਈਆ । ਧੋਖਾ ਕਰਨ ਵਾਲਾ ਰਹੇ ਨਾ ਕੋਈ ਸੁੱਕਾ, ਸੁਕਣੇ ਸਭ ਨੂੰ ਦੇਵਾਂ ਪਾਈਆ । ਤੀਰ ਨਿਸ਼ਾਨਾ ਮੇਰਾ ਕਦੇ ਨਾ ਰੁਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਨਮ ਜਨਮ ਨਿਤ ਨਿਤ ਭਵਾਵਾਂ ਕੁੱਖਾ, ਜੇਰਜ ਅੰਡਜ ਰੂਪ ਬਣਾਈਆ । ਉਹਨਾਂ ਨਾਲ ਮੇਰਾ ਨਹੀਂ ਕੋਈ ਗ਼ੁੱਸਾ, ਕਰਨੀ ਦੀ ਕਰਨੀ ਓਹਨਾਂ ਦੇਣੀ ਭੁਗਤਾਈਆ । ਜੁੱਸੇ ਵਿਚੋਂ ਬਦਲਾ ਕੇ ਜੁੱਸਾ, ਮਾਤ ਗਰਭ ਗਰਭ ਦਿਆਂ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜੂਠ ਝੂਠ ਜੋ ਅਪਰਾਧੀ ਬਣਿਆ ਸਾਧ, ਠੱਗੀ ਪ੍ਰਭ ਦੇ ਨਾਲ ਕਮਾਈਆ । ਉਹ ਜਨਮ ਭੁਆਵਾਂ ਗੀਦ ਗਾਦ, ਘੋਗੜ ਰੂਪ ਵਟਾਈਆ । ਜਿਸ ਦਾ ਲੇਖਾ ਫਿਰ ਪੁਛ ਨਾ ਸਕੇ ਕੋਇ ਹਿਸਾਬ, ਛੁੜਾਵਣ ਵਾਲਾ ਨੇੜੇ ਕੋਇ ਨਾ ਆਈਆ । ਜਿਨ੍ਹਾਂ ਨੇ ਕੂੜ ਕੁੜਿਆਰ ਦੇ ਬਾਗ਼ੀਚੇ ਲਾਏ ਬਾਗ਼, ਤਿਨ੍ਹਾਂ ਦੀ ਜੜ੍ਹ ਦਿਆਂ ਉਖੜਾਈਆ । ਜਿਹੜੇ ਹਰਿ ਦੇ ਨਾਮ ਨੂੰ ਲੌਂਦੇ ਰਹੇ ਦਾਗ਼, ਨੇਤਰ ਲੋਚਨ ਨੈਣਾਂ ਧੀਆਂ ਭੈਣਾਂ ਤਕਾਈਆ । ਤਿਨ੍ਹਾਂ ਨੂੰ ਜੂਨ ਭੁਆਵਾਂ ਕਾਗ, ਵਿਸ਼ਟਾ ਮੁਖ ਵਿਚ ਟਿਕਾਈਆ । ਕੂੜੀ ਕਿਰਿਆ ਦਾ ਦੇ ਕੇ ਸਵਾਦ, ਚਾਰ ਕੁੰਟ ਦਹਿ ਦਿਸ਼ਾ ਦਿਆਂ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਲੇਖਾ ਚੁਕਾਵੇ ਖਾਧਾ ਮਾਸ, ਨਾੜੀ ਨਾੜੀ ਦਏ ਤੁੜਾਈਆ । ਪੰਜ ਜੇਠ ਕਹੇ ਮੈਨੂੰ ਲਾਹ ਲੈਣ ਦਿਉ ਚਾਅ, ਪ੍ਰਭ ਮੇਰਾ ਦਇਆ ਰਿਹਾ ਕਮਾਈਆ । ਜਿਨ੍ਹਾਂ ਨੇ ਖਾਧਾ ਸੂਰ ਜਿਨ੍ਹਾਂ ਨੇ ਖਾਧੀ ਗਾਂ, ਗਾਹਕ ਉਨ੍ਹਾਂ ਦੇ ਲਵਾਂ ਬਣਾਈਆ । ਉਨ੍ਹਾਂ ਦੀ ਕੂਕਰ ਸੂਕਰ ਮਾਤਾ ਦਿਆਂ ਬਣਾ, ਜੋ ਜਨਮ ਜਨਮ ਵਿਚ ਭਵਾਈਆ । ਹਰਖ਼ ਸੋਗ ਕੋਈ ਮਿਟਾ ਨਾ ਸਕੇ ਗ਼ਮਾ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਧੰਨ ਭਾਗ ਬਦਲ ਕੇ ਪ੍ਰਭ ਦਾ ਆ ਗਿਆ ਸਮਾਂ, ਸਮਝ ਸਭ ਨੂੰ ਦੇਵੇ ਪਾਈਆ ।



੭੮੬

ਅਜੇ ਸਾਲ ਹੋਇਆ ਰਵਾਂ, ਰਵਾਨਾ ਹੋ ਕੇ ਸਭ ਨੂੰ ਦਏ ਸਮਝਾਈਆ । ਇਹ ਜੁਗ ਸਭ ਤੋਂ ਨਿਰਾਲਾ ਚੜ੍ਹਨਾ ਨਵਾਂ, ਨਵ ਨੌ ਚਾਰ ਆਪਣਾ ਪੰਧ ਮੁਕਾਈਆ । ਕੂੜ ਕੁੜਿਆਰੇ ਸਾਧਾਂ ਨੂੰ ਫੜਨਾ ਜਮਾਂ, ਫ਼ਾਸੀ ਧੁਰ ਦੀ ਗਲ ਵਿਚ ਪਾਈਆ । ਫੇਰ ਸਭ ਨੇ ਪਛਤੌਣਾ ਕੀਤਾ ਕੀ ਮਨਾ, ਮਨ ਵਾਸਨਾ ਕਿਉਂ ਹੋਈ ਹਲਕਾਈਆ । ਨੇਤਰ ਹੁੰਦਿਆਂ ਹੋ ਗਿਆ ਅੰਨ੍ਹਾਂ, ਲੋਚਨ ਦਰਸ ਹਰਿ ਨਾ ਪਾਈਆ । ਦੂਰ ਦੁਰਾਡਾ ਸੁਣਦਾ ਰਿਹਾ ਨਾਲ ਕੰਨਾਂ, ਪੁਰਖ ਅਕਾਲ ਦੀਨ ਦਿਆਲ ਨਿਹਕਲੰਕ ਆਪਣੀ ਜੋਤ ਪਰਗਟਾਈਆ । ਜਿਸ ਨੇ ਸਭ ਦਾ ਹੱਦਾਂ ਵਾਲਾ ਤੋੜਨਾ ਬੰਨਾ, ਜਗਤ ਵੰਡ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਜਗਤ ਪਸਾਰਾ ਮੇਟਣਾ ਧਨਾ, ਦੌਲਤ ਝੋਲੀ ਨਾ ਕੋਇ ਭਰਾਈਆ । ਸਾਚਾ ਸੀਰ ਅੰਮ੍ਰਿਤ ਰਸ ਕਿਸੇ ਮਾਂ ਨਾ ਦੇਣਾ ਮੰਮਾ, ਵਾਂਗ ਤੁੰਮਾ ਕੜਵਾ ਰੰਗ ਦਏ ਵਖਾਈਆ । ਤੀਜੇ ਸਾਲ ਤਕ ਜਿਸ ਦੇ ਨਾਮ ਦੀਆਂ ਪੈ ਜਾਣੀਆਂ ਧੁਮਾਂ, ਧਮਾਕੇ ਨਾਲ ਸਭ ਨੂੰ ਦਏ ਹਿਲਾਈਆ । ਪੰਜ ਜੇਠ ਪਹਿਲੀ ਵਾਰ ਉਨ੍ਹਾਂ ਦੀਆਂ ਚੋਟੀਆਂ ਮੁੰਨਾਂ, ਜੋ ਚੋਟੇ ਹੋ ਕੇ ਪ੍ਰਭ ਨੂੰ ਰਹੇ ਭੁਲਾਈਆ । ਜੂਠ ਝੂਠ ਕਹਿਣ ਅਸੀਂ ਅੰਦਰੋਂ ਸੁਣੀਏ ਧੁਨਾ, ਰਾਗ ਨਾਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੰਚਮ ਜੇਠ ਕਹੇ ਮੇਰਾ ਦੁਹਰਾ ਰੰਗ, ਰੰਗਣ ਆਇਆ ਵਿਚ ਸੰਸਾਰ । ਆਸਾ ਦੀ ਪੂਰੀ ਕਰਾਂ ਮੰਗ, ਮਨਸਾ ਦੀ ਸੁਣਾਂ ਪੁਕਾਰ । ਪ੍ਰੇਮ ਦਾ ਭਜਾ ਕੇ ਤਰੰਗ, ਪਿਆਰ ਦਾ ਕਰਾਂ ਸ਼ਿੰਗਾਰ । ਨਾਮ ਵਜਾ ਕੇ ਮਰਦੰਗ, ਧੁਨ ਦਾ ਕਰਾਂ ਜੈਕਾਰ । ਭਗਤਾਂ ਦਾ ਬਣ ਕੇ ਸੰਗ, ਦੁਸ਼ਟਾਂ ਨੂੰ ਦੇਵਾਂ ਸੰਘਾਰ । ਸੰਤਾਂ ਦਾ ਬਣ ਕੇ ਅਨੰਦ, ਝੂਠਿਆਂ ਨੂੰ ਕਰਾਂ ਖ਼ੁਆਰ, ਗੁਰਮੁਖਾਂ ਨੂੰ ਲਾ ਕੇ ਅੰਗ, ਮਨਮੁਖਾਂ ਨੂੰ ਮਾਰਾਂ ਮਾਰ । ਗੁਰਸਿੱਖਾਂ ਦਾ ਚਾੜ੍ਹ ਕੇ ਚੰਦ, ਸਾਚਾ ਨੂਰ ਕਰਾਂ ਪਰਕਾਸ਼ । ਜਿਨ੍ਹਾਂ ਪ੍ਰਭ ਦੇ ਨਾਮ ਉਤੇ ਕੂੜਾ ਧਨ ਖਾਧਾ ਵੰਡ ਵੰਡ, ਜਾਮ ਪਿਆਲੇ ਪੀਤੇ ਭਰ ਗਲਾਸ । ਉਨ੍ਹਾਂ ਦੇ ਅੰਦਰੋਂ ਸਤਿ ਸੁਚ ਦੀ ਲਾਹ ਕੇ ਸਾਰੀ ਡੰਡ, ਦੰਡ ਅਗਲਾ ਦਿਆਂ ਵਖਾਲ । ਸਦਾ ਦਾ ਵਿਛੋੜਾ ਹੋ ਜਾਣ ਰੰਡ, ਧੁਰ ਦਾ ਮਿਲੇ ਨਾ ਮਾਲਕ ਸ੍ਰੀ ਭਗਵਾਨ । ਤਰਖਾਣ ਹੋ ਕੇ ਇਕੋ ਵਾਰ ਜਨ ਭਗਤਾਂ ਦਾ ਅੰਦਰ ਦੇਣਾ ਰੰਦ, ਸਾਫ਼ ਕਰਨਾ ਹੋ ਕੇ ਮਿਹਰਵਾਨ । ਕੂੜ ਕੁੜਿਆਰਿਆਂ ਸਾਧਾਂ ਦੀ ਝੋਲੀ ਪਾ ਕੇ ਮਾਇਆ ਮਮਤਾ ਦਾ ਗੰਦ, ਚਾਰੋਂ ਕੁੰਟ ਕਰਾਂ ਖ਼ੁਆਰ । ਮੇਰੇ ਕੋਲ ਜੁਗ ਚੌਕੜੀ ਬਦਲਣ ਦਾ ਸੋਹਣਾ ਢੰਗ, ਲੋੜ ਰਹੇ ਨਾ ਕੋਈ ਖੰਡਾ ਖੜਗ ਤੀਰ ਤਲਵਾਰ । ਗੁਰਮੁਖ ਪਿਆਰੇ ਬਣਾ ਕੇ ਸਚੇ ਭੁਯੰਗ, ਭੁਯੰਗੀ ਕਰਾਂ ਖ਼ਬਰਦਾਰ । ਜੂਠੇ ਝੂਠੇ ਰਾਏ ਧਰਮ ਦੇ ਕੋਲ ਕਰ ਕੇ ਬੰਦ, ਅਗੇ ਬੰਦੀਖ਼ਾਨੇ ਦੇਵਾਂ ਡਾਲ । ਸਭ ਦੀ ਮੁਰੰਮਤ ਸੋਹਣੀ ਹੋਵੇ ਝੰਡ, ਜਿਸ ਵੇਲੇ ਝੰਡਾ ਵਖਾਇਆ ਦੀਨ ਦਿਆਲ । ਜਨ ਭਗਤੇ ਆਪਣੇ ਅੰਦਰ ਪੁਰਖ ਅਕਾਲ ਦੀ ਦੇ ਲਉ ਗੰਢ, ਜੋ ਆਦਿ ਜੁਗਾਦੀ ਸਭ ਦਾ ਸਚਾ ਪ੍ਰਿਤਪਾਲ । ਦਰਸ਼ਨ ਕਰਕੇ ਸੀਤਲਧਾਰਾ ਪਏ ਠੰਡ, ਅਗਨੀ ਅੱਗ ਦਿਉ ਨਿਕਾਲ । ਤੁਹਾਨੂੰ ਕਿਹੜੀ ਲੋੜ ਅਗੇ ਰਹੇ ਗੋਦਾਵਰੀ ਗੰਗ, ਜਮਨਾ ਸੁਰਸਤੀ ਭਗਤਾਂ ਦੇ ਚਰਨਾਂ ਦੇ ਹੇਠ ਦੀ ਵਗੇ ਖਾਲ । ਦੀਨ ਮਜ਼੍ਹਬ ਦੀ ਕਿਹੜੀ ਰਹਿ ਜਾਏ ਕੰਧ, ਜ਼ਾਤ ਪਾਤ ਦੀ ਖੜ੍ਹੀ ਦਿਸੇ ਨਾ ਕੋਇ ਡਾਲ । ਤੁਸੀਂ ਮੇਰੇ ਮੈਂ ਤੁਹਾਡਾ ਦੋਹਾਂ ਦਾ ਇਕੋ ਬਣ ਗਿਆ ਛੰਦ, 'ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ' ਸਚ ਜੈਕਾਰ । ਕੂੜ ਕੁੜਿਆਰਾਂ ਨੂੰ ਪੈ ਗਿਆ ਫੰਦ, ਫਾਂਦਕੀ ਬਣਿਆ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰੇ ਕਮਾਲ । ਪ੍ਰਭ ਦੀ ਕਰਨੀ ਕਹੇ ਪ੍ਰਭੂ ਆਪਣਾ ਭੇਜ ਦੇ ਦੂਤ, ਦੁਤੀਆ


੭੮੭

ਭਾਉ ਰਹਿਣ ਨਾ ਪਾਈਆ । ਜਾ ਕੇ ਉਹਨਾਂ ਸਾਧਾਂ ਦੇ ਵੇਖ ਕਲਬੂਤ, ਜੋ ਕਲਮੇ ਪੜ੍ਹ ਪੜ੍ਹ ਅੰਦਰੋਂ ਤੈਨੂੰ ਗਏ ਭੁਲਾਈਆ । ਆਪਣਾ ਮੰਦਰ ਬਣਾ ਕੇ ਬੈਠੇ ਮਜ਼ਬੂਤ, ਜਿਸ ਨੂੰ ਕਹਿਣ ਸਕੇ ਕੋਇ ਨਾ ਢਾਹੀਆ । ਓਸ ਦਾ ਸਾਚਾ ਦੇ ਸਬੂਤ, ਸਨਮੁਖ ਹੋ ਕੇ ਆਪ ਸਮਝਾਈਆ । ਕਾਇਆ ਦੇ ਕੂੜੇ ਵੇਖ ਕਲਬੂਤ, ਜੋ ਮਾਟੀ ਖ਼ਾਕੀ ਰੂਪ ਵਟਾਈਆ । ਸਚ ਦਵਾਰੇ ਦੀ ਬਾਹਰ ਕਰਾ ਦੇ ਹਦੂਦ, ਅੰਦਰ ਰਹਿਣ ਕੋਇ ਨਾ ਪਾਈਆ । ਜੂਨਾਂ ਵਿਚ ਫਿਰੇ ਵਜੂਦ, ਵਜਹ ਸਭ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਇਕ ਵਰਤਾਈਆ । ਧੁਰ ਦੀ ਖੇਲ ਕਹੇ ਪ੍ਰਭ ਦੇ ਦੇ ਸਚ ਸੰਦੇਸ਼ਾ, ਸੱਦਿਆਂ ਵਾਲਾ ਸੁਣਾਈਆ । ਸਮਾਂ ਕਹੇ ਮੈਂ ਬਦਲ ਕੇ ਆਇਆ ਆਪਣਾ ਵੇਸਾ, ਸੋਹਣਾ ਰੂਪ ਪਰਗਟਾਈਆ । ਸਭ ਦਾ ਲਹਿਣਾ ਚੁਕਾਵਾਂ ਲੇਖਾ, ਪਿਛਲੀ ਲਿਖਤ ਦਿਆਂ ਭੁਗਤਾਈਆ । ਅਗੇ ਨੂੰ ਸਭ ਦਾ ਮੁਕਾ ਕੇ ਠੇਕਾ, ਧੁਰ ਦਾ ਆਪਣਾ ਹੁਕਮ ਮਨਾਈਆ । ਬੇਸ਼ਕ ਭਾਵੇਂ ਕੋਈ ਆਇਆ ਅਗੇਤਾ ਭਾਵੇਂ ਪਛੇਤਾ, ਪਿਛੜਿਆਂ ਨੂੰ ਅਗਲਿਆਂ ਨਾਲ ਮਿਲਾਈਆ । ਤੇਰਾ ਖੇਲ ਜਿਹੜਾ ਅਜੇ ਤਕ ਕਿਸੇ ਨਹੀਂ ਵੇਖਾ, ਉਹ ਗੁਰਮੁਖ ਵੇਖਣ ਨੂੰ ਬੈਠੇ ਰਾਹ ਤਕਾਈਆ । ਹੁਕਮੇਂ ਅੰਦਰ ਬਦਲ ਦੇ ਰੇਖਾ, ਰਿਖੀਆਂ ਮੁਨੀਆਂ ਫੜ ਫੜ ਦੇ ਹਿਲਾਈਆ । ਪਰਦਾ ਲਾਹ ਦੇ ਮੁੱਲਾ ਸ਼ੇਖ਼ਾ, ਸ਼ੇਖ਼ੀ ਸਭ ਦੀ ਦੇ ਗਵਾਈਆ । ਤੇਰੇ ਨਾਉਂ ਦਾ ਇਕੋ ਏਕਾ, ਇਕ ਏਕੰਕਾਰ ਤੇਰੀ ਵਡ ਵਡਿਆਈਆ । ਤੇਰਾ ਹੁਕਮ ਦੇਸ਼ ਪਰਦੇਸ਼ਾ, ਸ਼ਬਦ ਸ਼ਬਦੀ ਨਾਲ ਜਣਾਈਆ । ਜਿਨ੍ਹਾਂ ਤੇਰੇ ਨਾਮ ਵੇਚਣ ਦਾ ਫੜਿਆ ਪੇਸ਼ਾ, ਤਿਨ੍ਹਾਂ ਨੂੰ ਪੇਸ਼ੇ ਵਾਲੀ ਵੇਸਵਾ ਫੇਰ ਬਣਾਈਆ । ਮਸਤਕ ਲਿਖਦੇ ਵਿਕਾਰ ਹਮੇਸ਼ਾ, ਛੇਤੀ ਦਰਸ ਕਰਨ ਕੋਇ ਨਾ ਆਈਆ । ਮਰਨ ਤੋਂ ਪਹਿਲੋਂ ਸਾਢੇ ਤਿੰਨ ਸਾਲ ਹੱਡਾਂ ਵਿਚ ਪੈ ਗਿਆ ਰੇਸ਼ਾ, ਤੜਫ ਤੜਫ ਕੇ ਆਪਣਾ ਆਪ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇਣਾ ਵਰਤਾਈਆ । ਪੰਜ ਜੇਠ ਕਹੇ ਮੈਂ ਬੈਠਾ ਰਿਹਾ ਕਰ ਕੇ ਸਬਰ, ਸਬੂਤ ਆਪਣਾ ਦਿਆਂ ਜਣਾਈਆ । ਜਿਸ ਵੇਲੇ ਪਰਗਟ ਹੋ ਕੇ ਆਇਆ ਸੀ ਸ਼ੇਰ ਬੱਬਰ, ਲੋਕਮਾਤ ਫੇਰਾ ਪਾਈਆ । ਓਸ ਵੇਲੇ ਇਕ ਨਿੱਕਾ ਜਿਹਾ ਸੀ ਟੱਬਰ, ਗਿਣਤੀ ਵਿਚ ਦੋ ਚਾਰ ਅਖਵਾਈਆ । ਜਿਨ੍ਹਾਂ ਵਿਚ ਮੇਰੀ ਪੂਰੀ ਹੋਈ ਸਧਰ, ਕੋਈ ਕਹੇ ਤਾਇਆ ਕੋਈ ਕਹੇ ਚਾਚਾ ਕੋਈ ਭਾਈ ਕਹਿ ਕੇ ਰਿਹਾ ਸੁਣਾਈਆ । ਮੈਂ ਫੇਰ ਪਰਤ ਕੇ ਚੜ੍ਹ ਗਿਆ ਉਤੇ ਅੰਬਰ, ਜੋਤੀ ਜੋਤ ਵਿਚ ਮਿਲਾਈਆ । ਗੋਬਿੰਦ ਨਾਲ ਕਰ ਕੇ ਆਪਣਾ ਸਵੰਬਰ, ਸੋਹਣੀ ਜੋੜੀ ਲਈ ਜੁੜਾਈਆ । ਹੁਣ ਕਿਸੇ ਤੋਂ ਜਾਣਾ ਨਹੀਂ ਕੁਛ ਮੰਗਣ, ਜੋ ਕਰਨਾ ਸੋ ਆਪੇ ਕਰ ਵਖਾਈਆ । ਕੂੜ ਕੁੜਿਆਰਿਆਂ ਸਾਧਾਂ ਨੂੰ ਕਸਾਈਆਂ ਦੀਆਂ ਖੱਲਾਂ ਵਾਂਗ ਆਇਆ ਟੰਗਣ, ਜਿਵੇਂ ਰੱਸਿਆਂ ਉਤੇ ਲਟਕਾਈਆ । ਅਪਰਾਧੀਆਂ ਨੂੰ ਆਇਆ ਦੰਡਣ, ਜਿਨ੍ਹਾਂ ਭੁਲਿਆ ਬੇਪਰਵਾਹੀਆ । ਜਨ ਭਗਤੋ ਤੁਹਾਨੂੰ ਮੁਫ਼ਤ ਨਾਮ ਆਇਆ ਵੰਡਣ, ਆਪਣੀ ਕ਼ੀਮਤ ਨਾ ਕੋਇ ਰਖਾਈਆ । ਧੂੜੀ ਦਾ ਟਿੱਕਾ ਲਾਵਣ ਆਇਆ ਚੰਦਨ, ਨੂਰੀ ਜੋਤ ਕਰਾਂ ਰੁਸ਼ਨਾਈਆ । ਆਪਣੇ ਰੱਖਣ ਆਇਆ ਅੰਗਣ, ਫੜ ਬਾਹੋਂ ਗੋਦ ਬਹਾਈਆ । ਕਿਹੜੀ ਲੋੜ ਰਹਿ ਗਈ ਤੁਹਾਨੂੰ ਲੱਭਣਾ ਤ੍ਰੈਲੋਕੀ ਨੰਦਨ, ਅਨੰਦਾਂ ਦਾ ਅਨੰਦ ਤੁਹਾਡੇ ਅੰਦਰੋਂ ਦਿਆਂ ਪਰਗਟਾਈਆ । ਪਹਿਲੀ ਵਾਰ ਤੁਹਾਡੇ ਨਾਲ ਮਿਲ ਕੇ ਆਤਮ ਪਰਮਾਤਮ ਨੂੰ ਲਾਇਆ ਸਗਨ, ਸਗਲਾ ਲੇਖਾ ਦਿਤਾ ਚੁਕਾਈਆ । ਤੁਹਾਡੇ ਅੰਦਰ ਵੜ ਕੇ ਜੋਤ ਸਰੂਪ ਹੋ ਕੇ ਲੱਗਾ ਦਗਣ, ਦਿਨੋਂ ਦਿਨ ਜੋਤੀ ਜੋਤ ਕਰਾਂ ਰੁਸ਼ਨਾਈਆ । ਵੇਖਿਓ ਸਾਰਿਆਂ ਰਾਜਿਆਂ ਰਾਣਿਆਂ ਸਾਧਾਂ ਸੰਤਾਂ

੭੮੮

ਦਾ ਬਲ ਲੱਗਾ ਘਟਣ, ਘਾਟੇ ਵਿਚ ਰੱਖਾਂ ਸਰਬ ਲੋਕਾਈਆ । ਅੰਦਰ ਵੜ ਕੇ ਸਾਰਿਆਂ ਨੂੰ ਲੱਗਾ ਵੱਢਣ, ਛੁਰੀ ਕਟਾਰ ਹੱਥ ਨਾ ਕੋਇ ਉਠਾਈਆ । ਗੁਰਮੁਖੋ ਤੁਹਾਡਾ ਬਣਨ ਲੱਗਾ ਸੱਜਣ, ਸਾਜਣ ਹੋ ਕੇ ਲੱਗੀ ਤੋੜ ਨਿਭਾਈਆ । ਟੁੱਟੀ ਲੱਗਾ ਗੰਢਣ, ਜੋਬਨ ਜਵਾਨੀ ਨਾਲ ਲੱਗਾ ਹੰਢਣ, ਬੁਢੇਪਾ ਰੂਪ ਨਾ ਕੋਇ ਵਖਾਈਆ । ਤੁਹਾਨੂੰ ਕਟਣੀ ਪਏ ਕੋਈ ਨਾ ਮੰਜ਼ਲ, ਮਜ਼ਲ ਵਿਚ ਥਕਾਵਟ ਨਾ ਕੋਇ ਰਖਾਈਆ । ਨਾਮ ਆਪਣੇ ਦੀ ਸੁਣਾ ਕੇ ਗ਼ਜ਼ਲ, ਗ਼ਰਜ਼ ਸਭ ਦੀ ਪੂਰੀ ਦਏ ਕਰਾਈਆ । ਉਹਨਾਂ ਲੋੜ ਰਹਿਣ ਨਾ ਦੇਵੇ ਕਰਨ ਦੀ ਕੋਈ ਅਰਜ਼, ਬਿਨਾ ਮੰਗਿਆਂ ਦਾਤ ਤੁਹਾਡੀ ਝੋਲੀ ਪਾਈਆ । ਭਗਤ ਉਧਾਰਨਾ ਮੇਰਾ ਫ਼ਰਜ਼, ਫ਼ੈਸਲਾ ਧੁਰ ਦਾ ਦਿਆਂ ਸੁਣਾਈਆ । ਇਹੋ ਖੇਲ ਕਰਨਾ ਅਸਚਰਜ, ਜਿਸ ਨੂੰ ਵੇਖ ਸਕੇ ਨਾ ਕੋਇ ਲੋਕਾਈਆ । ਗ਼ਰੀਬ ਨਿਮਾਣਿਆਂ ਦਾ ਕਰਨਾ ਦਰਦ, ਰਾਜ ਰਾਜਾਨਾਂ ਖ਼ਾਕ ਵਿਚ ਸਮਾਈਆ । ਉਚੀ ਨਾਅਰਾ ਬੋਲ ਲਗੌਣਾ ਗਰਜ, ਭੈ ਵਿਚ ਕਰਨੀ ਸਰਬ ਲੋਕਾਈਆ । ਜੋਧਾ ਸੂਰਬੀਰ ਬਣ ਕੇ ਮਰਦਾਨਾ ਮਰਦ, ਮਰਦ ਦਾ ਚੇਲਾ ਦੇਣਾ ਉਠਾਈਆ । ਪ੍ਰਭ ਦੇ ਨਾਮ ਦਾ ਅਗੇ ਲਏ ਨਾ ਕੋਈ ਧੜਤ, ਮੁਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਸਾਰੇ ਦੇਣੇ ਭੁਆਈਆ । ਸਾਚੇ ਨਾਮ ਦਾ ਚਮਕਾ ਕੇ ਇਕੋ ਖੰਡਾ ਖੜਗ, ਨਿਧੜਕ ਆਪਣਾ ਹੁਕਮ ਵਰਤਾਈਆ । ਪ੍ਰਭ ਨੂੰ ਮਿਲਣ ਦੀ ਸਿੱਧੀ ਕਰ ਕੇ ਸੜਕ, ਦੀਨਾਂ ਮਜ਼੍ਹਬਾਂ ਦੇ ਝਗੜੇ ਦੇਣੇ ਚੁਕਾਈਆ । ਸੋਲਾਂ ਸਾਲ ਅੰਦਰ ਅੰਦਰ ਰਹਿਣ ਨਹੀਂ ਦੇਣੀ ਰੜਕ, ਰੋੜਿਆਂ ਦੀ ਜੜ੍ਹ ਦੇਣੀ ਉਖੜਾਈਆ । ਜੋ ਅੜਿਆ ਸੋ ਕਰ ਦੇਣਾ ਗ਼ਰਕ, ਸ਼ੌਹ ਦਰਿਆ ਦੇ ਵਿਚ ਰੁੜ੍ਹਾਈਆ । ਕਿਉਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਨਾਲ ਮੇਰੀ ਪੂਰੀ ਹੋ ਗਈ ਸ਼ਰਤ, ਅਗੇ ਸ਼ਰਅ ਦੇਣੀ ਬਦਲਾਈਆ । ਸਭ ਦੇ ਅਗੇ ਰੱਖਕੇ ਜੁਗ ਚੌਕੜੀ ੭੮੯ ਦੀ ਪਿਛਲੀ ਫ਼ਰਦ, ਫ਼ੈਸਲਾ ਅਗਲਾ ਦੇਣਾ ਸੁਣਾਈਆ । ਪ੍ਰਭ ਦੀ ਕਦੇ ਨਾ ਪੁਠੀ ਪਈ ਨਰਦ, ਨਟੀ ਵਾਲਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਜੇਠ ਕਹੇ ਕਿਉਂ ਮਿਲੀ ਵਡਿਆਈ ਮੈਨੂੰ ਦਿਵਸ ਪੰਜ, ਦਿਨ ਪੰਜਵੇਂ ਵੱਜੀ ਵਧਾਈਆ । ਗ਼ਮੀ ਸੋਗ ਨਾ ਰਿਹਾ ਰੰਝ, ਖ਼ੁਸ਼ੀ ਆਪਣੀ ਲਏ ਅੰਗੜਾਈਆ । ਸਚ ਪੁੱਛੋ ਭਗਤਾਂ ਦੀ ਬਦਲ ਕੇ ਆ ਗਈ ਰੈਣ ਅੰਧੇਰੀ ਰੂਪ ਪਰਭਾਤੀ ਵਾਲਾ ਕਰ ਕੇ ਸੰਝ, ਸੋਹਣਾ ਵੇਸ ਵਟਾਈਆ । ਜਿਸ ਆਤਮ ਪਰਮਾਤਮ ਦਾ ਗਾਇਆ ਛੰਦ, ਸੋਹੰ ਢੋਲਾ ਦਿਤਾ ਸੁਣਾਈਆ । ਨਾਲ ਹੁਕਮ ਕੀਤਾ ਕਲਜੁਗ ਸੰਤਾਂ ਦਾ ਲੇਖਾ ਅੰਦਰੋਂ ਕੀਤਾ ਬੰਦ, ਬੰਦਗੀ ਸਚ ਨਾ ਕੋਇ ਸਮਝਾਈਆ । ਬਾਹਰੋਂ ਦੰਦਾਂ ਵਾਲੀ ਰਹਿ ਜਾਏ ਡੰਡ, ਰੌਲਾ ਪਾ ਪਾ ਜਗਤ ਦੇਣ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਿਆਰਿਆਂ ਨੂੰ ਦੇ ਕੇ ਸਚਾ ਅਨੰਦ, ਅਨੰਦ ਵਿਚੋਂ ਅਨੰਦ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਾਕਾਰ ਚਾੜ੍ਹ ਕੇ ਆਪਣਾ ਰੰਗ, ਰੰਗਤ ਕੂੜੀ ਦਏ ਉਡਾਈਆ ।

੭੮੯

✻ ੯ ਜੇਠ ਸ਼ਹਿਨਸ਼ਾਹੀ ਸੰਮਤ ੧ ਜਸਵੰਤ ਸਿੰਘ ਦੇ ਗ੍ਰਿਹ ਕਰਤਾਰ ਪੁਰ ਜ਼ਿਲਾ ਜਲੰਧਰ ✻

ਨੌਂ ਜੇਠ ਕਹੇ ਮੈਂ ਤਕਦਾ ਰਿਹਾ ਨਵ ਨੌ ਚਾਰ, ਚਾਰ ਜੁਗ ਚੌਕੜ ਕੋਟਨ ਵਾਰ ਬਿਤਾਈਆ । ਨਵ ਨੌ ਚਾਰ ਕਹੇ ਮੈਂ ਤਕਦਾ ਰਿਹਾ ਵਿਸ਼ਨ

ਬ੍ਰਹਮਾ ਸ਼ਿਵ ਗੁਰ ਅਵਤਾਰ, ਪੈਗ਼ੰਬਰ ਪੀਰ ਵੇਖੇ ਚਾਈਂ ਚਾਈਆ । ਨਵ ਨੌ ਚਾਰ ਕਹੇ ਮੈਂ ਤਕਦਾ ਰਿਹਾ ਜੁਗ ਚੌਕੜੀ ਭਗਤ ਭਗਵਾਨ ਵਿਚ ਸੰਸਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਵ ਨੌ ਚਾਰ ਕਹੇ ਮੈਂ ਖੇਲ ਵੇਖਦਾ ਰਿਹਾ ਸ਼ਾਸਤਰ ਸਿਮਰਤ ਵੇਦ ਪੁਰਾਨ, ਨਿਰਅੱਖਰ ਅੱਖਰਾਂ ਵਿਚ ਪੜ੍ਹਾਈਆ । ਨਵ ਨੌ ਚਾਰ ਕਹੇ ਮੈਂ ਢੋਲੇ ਸੁਣਦਾ ਰਿਹਾ ਰਸਨਾ ਜਿਹਵਾ ਬੱਤੀ ਦੰਦ ਜ਼ਬਾਨ, ਅੰਜੀਲ ਕੁਰਾਨ ਸਿਫ਼ਤਾਂ ਵਿਚ ਸਾਲਾਹੀਆ । ਨਵ ਨੌ ਚਾਰ ਕਹੇ ਮੈਂ ਵੇਖਦਾ ਰਿਹਾ ਖਾਣੀ ਬਾਣੀ ਮਿਲਦਾ ਮਾਣ, ਧੁਰਦਰਗਾਹੀ ਆਪਣੀ ਦਇਆ ਕਮਾਈਆ । ਨਵ ਨੌ ਚਾਰ ਕਹੇ ਮੈਂ ਤਕਦਾ ਰਿਹਾ ਕ਼ਲਮ ਸ਼ਾਹੀ ਨਾਲ ਲਿਖਿਆ ਬਿਆਨ, ਜੋ ਸ਼ਹਾਦਤ ਅਬਾਦਤ ਵਾਲੀ ਭੁਗਤਾਈਆ । ਨਵ ਨੌ ਚਾਰ ਕਹੇ ਮੈਂ ਤਕਦਾ ਰਿਹਾ ਰਵ ਸਸ ਸੂਰੀਆ ਚੰਦਰ ਭਾਨ, ਬ੍ਰਹਿਮੰਡ ਖੰਡ ਮੰਡਲ ਮੰਡਪ ਆਪਣਾ ਧਿਆਨ ਲਗਾਈਆ । ਨਵ ਨੌ ਚਾਰ ਕਹੇ ਮੈਂ ਵੇਖਦਾ ਰਿਹਾ ਦਿਵਸ ਰੈਣ ਘੜੀ ਪਲ ਜ਼ਿਮੀਂ ਅਸਮਾਨ, ਮਾਸ ਬਰਖ ਆਪਣੀ ਅੱਖ ਖੁਲ੍ਹਾਈਆ । ਨਵ ਨੌ ਚਾਰ ਕਹੇ ਮੈਂ ਵੇਖਦਾ ਰਿਹਾ ਅੰਤਰ ਦ੍ਰਿਸ਼ਟੀ ਇਸ਼ਟੀ ਜਗਤ ਗਿਆਨ, ਨਿਜ ਨੇਤਰ ਪਰਦਾ ਅੱਖ ਖੁਲ੍ਹਾਈਆ । ਨਵ ਨੌ ਚਾਰ ਕਹੇ ਮੈਂ ਵੇਖਦਾ ਰਿਹਾ ਅੰਤਰ ਆਤਮ ਰਸ ਪੀਣ ਖਾਣ, ਭੇਵ ਅਭੇਦਾ ਪਰਦਾ ਓਹਲਾ ਇਕ ਉਠਾਈਆ । ਨਵ ਨੌ ਚਾਰ ਕਹੇ ਮੈਂ ਆਤਮ ਪਰਮਾਤਮ ਦੀਪਕ ਜਗਦਾ ਵੇਖਦਾ ਰਿਹਾ ਵਿਚ ਕਾਇਆ ਮਕਾਨ, ਨਿਤ ਨਵਿਤ ਆਪਣਾ ਰਾਹ ਤਕਾਈਆ । ਨਵ ਨੌ ਚਾਰ ਕਹੇ ਮੈਂ ਜੋੜ ਜੁੜਦਾ ਵੇਖਦਾ ਰਿਹਾ ਗੁਰ ਚੇਲਾ ਨੌਜੁਆਨ, ਸੂਰਬੀਰ ਬੀਰਰਸ ਦੇ ਵਿਚ ਰਸ ਆਪਣਾ ਆਪ ਟਿਕਾਈਆ । ਨਵ ਨੌ ਚਾਰ ਕਹੇ ਮੈਂ ਤਕਦਾ ਰਿਹਾ ਖੇਲ ਦੋ ਜਹਾਨ, ਚੌਦਾਂ ਲੋਕ ਚੌਦਾਂ ਤਬਕ ਧੁਰ ਦਾ ਨਾਅਰਾ ਸਚ ਸ਼ਨਵਾਈਆ । ਨਵ ਨੌ ਚਾਰ ਕਹੇ ਨਿਰਗੁਣ ਸਰਗੁਣ ਇਸ਼ਟ ਦੇਵ ਮੰਨਦਾ ਵੇਂਹਦਾ ਰਿਹਾ ਸੀਤਾ ਰਾਮ, ਕਾਹਨ ਕ੍ਰਿਸ਼ਨ ਗਵਾਲਾ ਖੋਜ ਖੁਜਾਈਆ । ਨਵ ਨੌ ਚਾਰ ਕਹੇ ਮੈਂ ਤਕਦਾ ਰਿਹਾ ਈਸਾ ਮੂਸਾ ਮੁਹੰਮਦ ਦਿੰਦਾ ਰਿਹਾ ਪੈਗ਼ਾਮ, ਕਲਮਾ ਕਾਇਨਾਤ ਅਲਿਫ਼ ਯੇ ਪੜ੍ਹਾਈਆ । ਨਵ ਨੌ ਚਾਰ ਕਹੇ ਮੈਂ ਆਵਣ ਜਾਵਣ ਲੱਖ ਚੁਰਾਸੀ ਖੇਲ ਵੇਖਦਾ ਰਿਹਾ ਅਵਾਮ, ਗ੍ਰਹਿ ਮੰਦਰ ਘਟ ਘਟ ਵੇਖ ਵਖਾਈਆ । ਨਵ ਨੌ ਚਾਰ ਕਹੇ ਮੈਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਤਕਦਾ ਰਿਹਾ ਬਦਲਦਾ ਨਿਜ਼ਾਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਗਏ ਵਰਤਾਈਆ । ਨਵ ਨੌ ਚਾਰ ਕਹੇ ਮੈਂ ਕਲਜੁਗ ਹੋਇਆ ਅੰਤ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਪੁਰਖ ਅਬਿਨਾਸ਼ੀ ਕਰਿਆ ਖੇਲ ਮਹਾਨ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹੀਆ । ਜੁਗ ਚੌਕੜੀ ਬਦਲ ਕੇ ਆਪਣੇ ਸਮੇਂ ਦਾ ਸੰਮਤ ਕਰ ਪਰਵਾਨ, ਪਰਵਾਨਾ ਦੋ ਜਹਾਨਾਂ ਦਿਤਾ ਪੁਚਾਈਆ । ਸ਼ਬਦ ਸੰਦੇਸ਼ਾ ਦੇ ਕੇ ਨੌਜੁਆਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਅੱਖ ਖੁਲ੍ਹਾਈਆ । ਪਰਤਖ ਹੋ ਵਿਚ ਜਹਾਨ, ਮਿਹਰਵਾਨ ਦਇਆ ਕਮਾਈਆ । ਜੁਗ ਜਨਮ ਦੇ ਪੂਰਬ ਵਿਛੜੇ ਮੇਲੇ ਆਣ, ਲੇਖਾ ਧੁਰ ਦਾ ਝੋਲੀ ਪਾਈਆ । ਚਾਰ ਕੁੰਟ ਦਹਿ ਦਿਸ਼ਾ ਵਦੀ ਸੁਦੀ ਪਰਵਿਸ਼ਟਿਆਂ ਵਿਚ ਮਾਰ ਧਿਆਨ, ਹਿੰਦਸਿਆਂ ਅੰਕੜਿਆਂ ਖੋਜ ਖੁਜਾਈਆ । ਖੋਜਦਿਆਂ ਖੋਜਦਿਆਂ ਨਵ ਜੇਠ ਦਿਵਸ ਮਿਲਿਆ ਮਹਾਨ, ਜਿਸ ਨਾਮ ਦੋ ਜਹਾਨ ਮਿਲੇ ਵਡਿਆਈਆ । ਨਵ ਜੇਠ ਕਹੇ ਮੈਂ ਕਰਾਂ ਚਰਨ ਧਿਆਨ, ਸੀਸ ਜਗਦੀਸ ਇਕ ਝੁਕਾਈਆ । ਜਿਸ ਦਾ ਹੁਕਮ ਧੁਰ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਿੱਲੀ ਦਵਾਰੇ ਦੇ ਕੇ ਮਾਣ, ਨਵ ਜੇਠ ਕਹੇ ਮੇਰੀ ਬਣਤ ਦਿਤੀ ਬਣਾਈਆ । ਜ਼ਿਮੀਂ ਅਸਮਾਨ ਸਕੇ ਨਾ ਕੋਇ ਪਹਿਚਾਨ, ਗ਼ਮੀ ਖ਼ੁਸ਼ੀ ਪਰਦਾ ਨਾ ਕੋਇ ਉਠਾਈਆ । ਜਿਸ ਦਾ

ਝੁਲਦਾ ਸਚ ਨਿਸ਼ਾਨ, ਦੋ ਜਹਾਨਾਂ ਰੱਖੇ ਆਣ, ਹੁਕਮ ਧੁਰ ਦਾ ਇਕ ਮਨਾਈਆ । ਸੋ ਭਗਤਾਂ ਕਰਨਹਾਰਾ ਕਲਿਆਣ, ਆਤਮ ਅੰਤਰ ਦੇਵਣਹਾਰਾ ਬ੍ਰਹਮ ਗਿਆਨ, ਆਤਮ ਜੋਤੀ ਸੁਰਤੀ ਸੋਤੀ ਜਾਗਰਤ ਰੂਪ ਲਏ ਕਰਾਈਆ । ਜੋਤੀ ਜਾਤਾ ਪੁਰਖ ਬਿਧਾਤਾ ਅਨੁਭਵ ਪਰਕਾਸ਼ਾ ਅਬਿਨਾਸ਼ੀ ਕਰਤਾ ਸ੍ਰੀ ਭਗਵਾਨ, ਨਿਗਾਹਬਾਨ ਨੂਰ ਖ਼ੁਦਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਦੇਵਣਹਾਰਾ ਪਦ ਨਿਰਬਾਣ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਬੇਪਰਵਾਹੀਆ । ਨਵ ਜੇਠ ਮੈਂ ਨਵਾਂ ਦੱਸਾਂ ਵਿਹਾਰ, ਨਵ ਨੌ ਡੇਰਾ ਢਾਹੀਆ । ਪੁਰਖ ਅਬਿਨਾਸ਼ੀ ਧੁਰ ਦਾ ਯਾਰ, ਭਗਤ ਸੱਜਣ ਸੁਹੇਲੇ ਰਿਹਾ ਮਿਲਾਈਆ । ਤਖ਼ਤ ਨਿਵਾਸੀ ਹੋ ਕੇ ਸ਼ਾਹ ਸਿਕਦਾਰ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਬੇਖ਼ਬਰਾਂ ਕਰਨ ਆਇਆ ਖ਼ਬਰਦਾਰ, ਸੁੱਤਿਆਂ ਗੁੱਸਿਆਂ ਲਏ ਉਠਾਈਆ । ਗ੍ਰਿਹ ਮੰਦਰ ਅੰਦਰ ਕਰਨ ਆਇਆ ਉਜਿਆਰ, ਦੀਆ ਬਾਤੀ ਕਮਲਾਪਾਤੀ ਸਾਚੇ ਮੰਦਰ ਆਪ ਟਿਕਾਈਆ । ਗ਼ਫ਼ਲਤ ਵਿਚੋਂ ਕਰਨ ਆਇਆ ਹੁਸ਼ਿਆਰ, ਆਲਸ ਨਿੰਦਰਾ ਅੱਖ ਖੁਲ੍ਹਾਈਆ । ਸਚ ਪ੍ਰੀਤੀ ਬਖ਼ਸ਼ਣ ਆਇਆ ਪਿਆਰ, ਧੁਰ ਦੀ ਰੀਤੀ ਇਕ ਦ੍ਰਿੜ੍ਹਾਈਆ । ਪੰਜ ਜੇਠ ਕਹੇ ਜਿਸ ਗਰਮੀ ਤੋਂ ਸਰਦੀ ਮੇਰੀ ਬਦਲ ਦਿਤੀ ਬਹਾਰ, ਉਹ ਭਗਤਾਂ ਦਾ ਅੰਦਰ ਜਾਏ ਠਾਰ, ਦੋਆਬੇ ਵਾਲਿਆਂ ਦੋ ਦੋਆਬਾ ਮੇਲ ਮਿਲਾਈਆ । ਜਿਸ ਮਿਲਾਪ ਵਿਚ ਲੇਖਾ ਮੁਕ ਜਾਏ ਪੁਰਖ ਨਾਰ, ਤਨ ਵਜੂਦ ਪੰਜ ਤੱਤ ਨਾ ਕੋਇ ਅਧਾਰ, ਦੀਪਕ ਜੋਤੀ ਜੋਤ ਜਗੇ ਅਗੰਮ ਅਪਾਰ, ਸ਼ਬਦੀ ਨਾਦ ਧੁਨ ਸ਼ਨਵਾਈਆ । ਸਾਚੀ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਇਕ ਜੈਕਾਰ, ਤੂੰ ਹੀ ਤੂੰ ਰਾਗ ਸੁਣਾਈਆ । ਜਨਮ ਜਨਮ ਦਾ ਰੋਗ ਨਿਵਾਰ, ਕਰਮ ਕਰਮ ਦਾ ਕਟ ਜੰਜਾਲ, ਵਰਨ ਬਰਨ ਦਾ ਲੇਖਾ ਦਏ ਮੁਕਾਈਆ । ਅੰਦਰ ਬਾਹਰ ਗੁਪਤ ਜ਼ਾਹਰ ਵਸੇ ਨਾਲ, ਦਿਵਸ ਰੈਣ ਅੱਠੇ ਪਹਿਰ ਰਖੇ ਖ਼ਿਆਲ, ਅਭੁਲ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਨੌ ਜੇਠ ਕਹੇ ਮੈਨੂੰ ਸਾਰੇ ਗਏ ਲੱਭਦੇ, ਜੁਗ ਚੌਕੜੀ ਧਿਆਨ ਲਗਾਈਆ । ਢੋਲੇ ਗੌਂਦੇ ਗਏ ਸਚੇ ਪ੍ਰਭ ਦੇ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਕੂਕਾਂ ਮਾਰ ਮਾਰ ਗਏ ਸੱਦਦੇ, ਹੋਕੇ ਦੇ ਦੇ ਜਣਾਈਆ । ਅੰਗੀਠੇ ਬਾਲਦੇ ਗਏ ਅੱਗ ਦੇ, ਜਲ ਧਾਰਾ ਵਿਚ ਸਮਾਈਆ । ਪੰਧ ਮੁਕੌਂਦੇ ਗਏ ਮੱਕਿਆ ਵਾਲੇ ਹੱਜ ਦੇ, ਮੰਦਰ ਮਸਜਿਦ ਸ਼ਿਵਦਵਾਲੇ ਮਠ ਖੋਜ ਖੁਜਾਈਆ । ਨੌ ਜੇਠ ਕਹੇ ਪ੍ਰਭ ਦੇ ਮੇਲੇ ਸਮੇਂ ਨਾਲ ਸਬਬ ਦੇ, ਖੋਜਿਆਂ ਹੱਥ ਕਿਸੇ ਨਾ ਆਈਆ । ਜਨ ਭਗਤੋ ਧੰਨਭਾਗ ਨੌ ਜੇਠ ਕਹੇ ਅੱਜ ਦੇ ਜਗ ਦੇ, ਦੀਪਕ ਜੋਤ ਕਰੇ ਰੁਸ਼ਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪ੍ਰੇਮ ਪਿਆਰ ਅੰਦਰ ਸਭ ਦੀ ਆਤਮ ਰੰਗ ਦੇ, ਦੂਈ ਦਵੈਤੀ ਦੁਰਮਤ ਮੈਲ ਧੁਆਈਆ । ਜਿਹੜੀ ਵਸਤ ਜੁਗ ਚੌਕੜੀ ਰਹੇ ਮੰਗਦੇ, ਓਹ ਅਨਮੰਗੀ ਝੋਲੀ ਪਾਈਆ । ਇਕੋ ਵਾਰ ਸਾਚਾ ਤੀਰਥ ਇਸ਼ਨਾਨ ਕਰਵਾ ਦਏ ਧੁਰ ਦੀ ਗੰਗ ਦੇ, ਦੂਜੀ ਵਾਰ ਨਹਾਵਣ ਦੀ ਲੋੜ ਰਹੇ ਨਾ ਰਾਈਆ । ਪਰਦੇ ਢਾਹ ਦਏ ਹਉਮੇ ਹੰਗਤਾ ਕੰਧ ਦੇ, ਕੂੜ ਵਿਕਾਰ ਦੇਵੇ ਮਿਟਾਈਆ । ਧੁਰ ਦੇ ਮੇਲੇ ਮਿਲਾ ਲਏ ਗੁਜਰੀ ਦੇ ਚੰਦ ਦੇ, ਚੰਦ ਚਾਂਦਨੇ ਨਾਲ ਰੁਸ਼ਨਾਈਆ । ਸਤਾਰਾਂ ਸੌ ਪੈਂਠ ਬਿਕ੍ਰਮੀ ਨੌ ਜੇਠ ਅੰਤ ਅਖ਼ੀਰੀ ਸਾਲ ਗੋਬਿੰਦ ਗੁਰਮੁਖਾਂ ਪ੍ਰੇਮ ਗਾਨੇ ਬੰਨ੍ਹ ਦਿਤੇ, ਬਿਨਾ ਨੌਵਾਂ ਦੂਸਰ ਸਮਝ ਕਿਸੇ ਨਾ ਪਾਈਆ । ਪਿਆਰ ਨਾਲ ਕਿਹਾ ਤੁਹਾਡੇ ਲੇਖੇ ਲਾਏ ਜੰਗ ਕੀਤੇ, ਅਗੇ ਮਰਨ ਦੀ ਲੋੜ ਰਹੇ ਨਾ ਰਾਈਆ । ਦਇਆ ਸਿੰਘ ਕਿਹਾ

ਪੁਰੀ ਅਨੰਦ ਕਿੱਥੇ, ਕਿਉਂ ਨੰਦੇੜ ਵੱਜੀ ਵਧਾਈਆ । ਦੱਖਣ ਦਿਸ਼ਾ ਆਈ ਹਿੱਸੇ, ਪਟਨਾ ਅੱਖ ਬਦਲਾਈਆ । ਗੋਬਿੰਦ ਕਿਹਾ ਇਹ ਬਚਨ ਤੇਰੇ ਮਿੱਠੇ, ਪੂਰੇ ਕਰ ਵਖਾਈਆ । ਜਿਸ ਵੇਲੇ ਪੁਰਖ ਅਕਾਲ ਦੀਨ ਦਿਆਲ ਅਗੰਮੇ ਲੇਖ ਲਿਖੇ, ਧੁਰ ਦਾ ਹੁਕਮ ਇਕ ਜਣਾਈਆ । ਓਸ ਵੇਲੇ ਮੈਂ ਤੁਹਾਡੇ ਕੱਢਕੇ ਹਿੱਸੇ, ਧੁਰ ਦੇ ਹਿੱਸੇਦਾਰ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੌਂ ਜੇਠ ਕਹੇ ਮੈਂ ਕਿਉਂ ਆਇਆ ਦੋਆਬੇ, ਦੇਵਣ ਮਾਣ ਵਡਿਆਈਆ । ਜਿਸ ਵੇਲੇ ਨਾਨਕ ਤੇਰਾਂ ਤੇਰਾਂ ਤੋਲਿਆ ਸੀ ਛਾਬੇ, ਛਾਬਾ ਆਪਣੇ ਹੱਥ ਉਠਾਈਆ । ਉਸ ਵੇਲੇ ਇਕ ਮਾਲੀ ਆਇਆ ਜਿਹੜਾ ਰਹਿੰਦਾ ਸੀ ਵਿਚ ਬਾਗ਼ੇ, ਅੰਬ ਨੌਂ ਝੋਲੀ ਵਿਚ ਪਾਈਆ । ਓਸ ਕਿਹਾ ਇਹ ਭੇਟ ਚੜ੍ਹੌਣੇ ਓਸ ਬਾਬੇ, ਜਿਹੜਾ ਭੁੱਖਿਆਂ ਰਿਹਾ ਰਜਾਈਆ । ਪੰਧ ਮੁਕਾ ਕੇ ਆਇਆ ਲਾਗੇ, ਕਰ ਬੰਦਨਾ ਸੀਸ ਨਿਵਾਈਆ । ਪ੍ਰੇਮ ਨਾਲ ਆਪਣੇ ਅੰਬ ਉਲਟਾ ਕੇ ਓਸ ਦੇ ਆਗੇ, ਨੇਤਰ ਨੈਣਾਂ ਨੀਰ ਦਿਤਾ ਵਹਾਈਆ । ਨਾਨਕ ਕਿਹਾ ਦੱਸ ਕਾਕੇ, ਕਿਉਂ ਭੇਟਾ ਰਿਹਾ ਚੜ੍ਹਾਈਆ । ਓਸ ਨੇ ਕਿਹਾ ਮੇਰੇ ਨਿੱਕੇ ਹੁੰਦੇ ਦੇ ਮਰ ਗਏ ਮਾਪੇ, ਪਿਤਾ ਪਿਆਰ ਨਾਲ ਗੋਦ ਨਾ ਕੋਇ ਉਠਾਈਆ । ਮੈਨੂੰ ਕੋਈ ਅੰਦਰ ਵੜ ਕੇ ਆਖੇ, ਇਸ਼ਾਰਿਆਂ ਨਾਲ ਸਮਝਾਈਆ । ਜੇ ਤੇਰੇ ਇਹਦੇ ਨਾਲ ਜੁੜ ਜਾਣ ਨਾਤੇ, ਮਾਤਾ ਪਿਤਾ ਦੀ ਲੋੜ ਰਹੇ ਨਾ ਰਾਈਆ । ਮੈਂ ਇਸੇ ਕਰ ਕੇ ਤੇਰੀ ਚਰਨੀ ਡਿੱਗਾ ਆਪਣਾ ਆਪ ਮਿਟਾ ਕੇ, ਹਭ ਕੁਛ ਤੇਰੀ ਝੋਲੀ ਪਾਈਆ । ਨਾਨਕ ਫੜ ਕੇ ਆਪਣੀ ਗੋਦ ਉਠਾ ਕੇ, ਸਿਰ ਹੱਥ ਦਿਤਾ ਟਿਕਾਈਆ । ਮੈਂ ਤੈਨੂੰ ਸਚ ਜਾਵਾਂ ਸਮਝਾ ਕੇ, ਹੌਲੀ ਜਿਹੀ ਜਣਾਈਆ । ਪੁਰਖ ਅਕਾਲ ਧੁਰ ਦਾ ਹੁਕਮ ਮੈਨੂੰ ਕੁਛ ਆਖੇ, ਬਿਨ ਅੱਖਰਾਂ ਕਰੇ ਪੜ੍ਹਾਈਆ । ਤੇਰਾ ਲਹਿਣਾ ਦੇਣਾ ਕੁਛ ਅਗੇ ਜਾਪੇ ਬਾਕੇ, ਬਾਕੀ ਦੇਵਣਹਾਰ ਬੇਪਰਵਾਹੀਆ । ਓਸ ਨਿਉਂ ਕੇ ਚਰਨ ਲਾਏ ਦੋ ਹਾਥੇ, ਧੂੜੀ ਮਸਤਕ ਨਾਲ ਛੁਹਾਈਆ । ਨਾਨਕ ਕਿਹਾ ਅਗਲਾ ਖੇਲ ਪੁਰਖ ਸਮਰਾਥੇ, ਤੇਰਾ ਵੇਖੇ ਚਾਈਂ ਚਾਈਂਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰ ਸਾਰੇ ਬਦਲ ਗਏ ਚਾਚੇ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਪਿਤਾ ਪੁਰਖ ਅਕਾਲ ਫੇਰਾ ਪਾਈਆ । ਤੇਰਾ ਲਹਿਣਾ ਦੇਣਾ ਪਿਛਲਾ ਹਿਸਾਬ ਧੁਰ ਦੇ ਖਾਤੇ ਵਿਚੋਂ ਕਾਢੇ, ਲੇਖਾ ਰਹਿਣ ਕੋਇ ਨਾ ਪਾਈਆ । ਪੂਰਬ ਲੇਖਾ ਤੇਰਾ ਵਾਚੇ, ਵਾਚਕ ਹੋ ਕੇ ਖੋਜ ਖੁਜਾਈਆ । ਮਾਲੀ ਕਿਹਾ ਮੈਨੂੰ ਸਮਝ ਨਾ ਆਈ ਬਾਤੇ, ਬਾਤਨ ਭੇਵ ਨਾ ਕੋਇ ਦ੍ਰਿੜਾਈਆ । ਨਾਨਕ ਕਿਹਾ ਤੇਰਾ ਮਾਨਸ ਜਨਮ ਜਨਮ ਵਿਚੋਂ ਹੋਵੇ ਸਾਚੇ, ਸਤਿ ਸਚ ਨਾਲ ਦ੍ਰਿੜਾਈਆ । ਤੇਰਾ ਲਹਿਣਾ ਦੇਣਾ ਜਨਮ ਹੋਵੇ ਵਿਚ ਦੋਆਬੇ, ਨੌਂ ਜੇਠ ਦਏ ਗਵਾਹੀਆ । ਜਿਸ ਤਰਾ ਤੂੰ ਪ੍ਰੇਮ ਪਿਆਰ ਪਾਇਆ ਵਿਚ ਛਾਬੇ, ਇਹੋ ਪ੍ਰੇਮ ਪਿਆਰ ਤੇਰਾ ਪ੍ਰੇਮੀਆਂ ਨਾਲ ਹੰਢਾਈਆ । ਓਸੇ ਦਾ ਲਹਿਣਾ ਦੇਣਾ ਓਸੇ ਦੇ ਹਾਥੇ, ਜੋ ਦਸਤ ਬਦਸਤ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਬੇਪਰਵਾਹੀਆ । ਨੌਂ ਜੇਠ ਕਹੇ ਕਿਰਪਾ ਕਰੇ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਵਿਛੜੀਆਂ ਰੂਹਾਂ ਦਾ ਮਾਲਕ ਬਣ ਕੇ ਕੰਤ, ਆਤਮ ਪਰਮਾਤਮ ਜੋੜ ਜੁੜਾਈਆ । ਧੁਰ ਦਾ ਨਾਮ ਦੇ ਕੇ ਸਾਚਾ ਮੰਤ, ਤੂੰ ਮੇਰਾ ਮੈਂ ਤੇਰਾ ਕਰੇ ਪੜ੍ਹਾਈਆ । ਮਹਿੰਮਾ ਦਰਸਾ ਕੇ ਆਪਣੀ ਅਨੰਤ, ਅਨਨ ਕਲਾ ਰਿਹਾ ਪਰਗਟਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਰਿਹਾ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਬੋਧ ਅਗਾਧ ਕਰੇ ਪੜ੍ਹਾਈਆ । ਹਰਖ਼ ਸੋਗ ਮਿਟਾ ਕੇ ਚਿੰਤ, ਗ਼ਮੀ ਖ਼ੁਸ਼ੀ ਰੰਗ ਚੜ੍ਹਾਈਆ । ਮਾਲੀ ਦਾ ਲਹਿਣਾ

੭੯੩

ਲੈਣਾ ਜਸਵੰਤ, ਧੁਰ ਦੀ ਬੇਪਰਵਾਹੀਆ । ਸ਼ਹਿਨਸ਼ਾਹੀ ਦਾ ਸ਼ਹਾਨਾ ਸੰਮਤ, ਹਿੰਮਤ ਸਭ ਦੀ ਰਿਹਾ ਵਧਾਈਆ । ਨੂਰ ਨੂਰਾਨੀ ਦੇ ਕੇ ਚਮਕ, ਅੰਧ ਅਗਿਆਨ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੌ ਜੇਠ ਕਹੇ ਜੁਗ ਚੌਕੜੀ ਰਿਹਾ ਤਪਦਾ, ਸਾਂਤਕ ਸਤਿ ਰੂਪ ਨਾ ਕੋਇ ਬਣਾਈਆ । ਜਗਤ ਭੰਡਾਰਾ ਵੇਖਦਾ ਰਿਹਾ ਪਪ ਦਾ, ਦੁਰਮਤ ਮੈਲ ਨਾ ਕੋਇ ਧਵਾਈਆ । ਖੇਲ ਵੇਖਦਾ ਰਿਹਾ ਤੀਰਥ ਅਠਸਠ ਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੋਜ ਖੁਜਾਈਆ । ਜਗਤ ਜਗਿਆਸੂ ਰਸਨਾ ਜਿਹਵਾ ਬੱਤੀ ਦੰਦ ਮਨਕਾ ਮਨਕਾ ਵੇਖਿਆ ਨਾਮ ਰਟਦਾ, ਤਸਬੀ ਹੱਥਾਂ ਵਿਚ ਫਿਰਾਈਆ । ਮਨ ਵਾਸਨਾ ਜਗਤ ਸੰਸਾਰ ਵੇਖਿਆ ਨੱਚਦਾ, ਨੌ ਦਵਾਰੇ ਟੱਪੇ ਕੁੱਦੇ ਚਾਈਂ ਚਾਈਆ । ਜਗਤ ਵਿਕਾਰਾ ਪਿਆਲਾ ਵੇਖਿਆ ਕੂੜੇ ਰਸ ਦਾ, ਅੰਮ੍ਰਿਤ ਜਾਮ ਮੁਖ ਨਾ ਕੋਇ ਲਗਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਚਾਰ ਕੁੰਟ ਦਹਿ ਦਿਸ਼ਾ ਵੇਖਿਆ ਨੱਸਦਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਨਿਤ ਨਵਿਤ ਝਗੜਾ ਵੇਖਿਆ ਝੂਠ ਸਚ ਦਾ, ਫੈਸਲਾ ਹਕ ਹਕ ਨਾ ਕੋਇ ਕਰਾਈਆ । ਬਚਨ ਬਲਾਸ ਸੁਣਿਆ ਮਾਨਖ ਮਾਨੁਸ਼ ਮਾਨਵ ਮਤਿ ਦਾ, ਬੁੱਧੀ ਬਬੇਕ ਨਾ ਕੋਇ ਜਣਾਈਆ । ਪੜਦਾ ਚੁਕ ਕੇ ਵੇਖਿਆ ਮੰਦਰ ਮਸਜਿਦ ਸ਼ਿਵਦਵਾਲੇ ਮਠ ਦਾ, ਗੁਰੂਦਵਾਰੇ ਖੋਜ ਖੁਜਾਈਆ । ਰਾਹ ਤਕਿਆ ਮੰਜ਼ਲ ਚੜ੍ਹ ਕੇ ਸ਼ਾਹਰਗ ਦਾ, ਸ਼ਹਿਨਸ਼ਾਹ ਮੇਲ ਨਾ ਕੋਇ ਮਿਲਾਈਆ । ਰਾਗ ਨਾਲ ਢੋਲਾ ਗੀਤ ਸੰਗੀਤ ਸੁਣਿਆ ਸ੍ਰਿਸ਼ਟ ਸਬਾਈ ਜਗ ਦਾ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਸਤਿ ਧਰਮ ਸ੍ਰਿਸ਼ਟੀ ਅੰਦਰ ਵੇਖਿਆ ਜੀਵ ਜਹਾਨ ਤਜਦਾ, ਕੂੜੀ ਕਿਰਿਆ ਬਾਹਰ ਨਾ ਕੋਇ ਕਢਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਮੈਂ ਵੇਖਾਂ ਭੱਜਦਾ, ਅੱਠੇ ਪਹਿਰ ਵਾਹੋ ਦਾਹੀਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਰਿਹਾ ਲਭਦਾ, ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਗਗਨੰਤਰ ਖੋਜ ਖੁਜਾਈਆ । ਬਿਰਹੋਂ ਵਿਛੋੜੇ ਅੰਦਰ ਰਿਹਾ ਦਗਦਾ, ਆਪ ਆਪਣਾ ਰਿਹਾ ਮਿਟਾਈਆ । ਨਵ ਨੌ ਚਾਰ ਪਿਛੋਂ ਸੁਭਾਗਾ ਦਿਹਾੜਾ ਮਿਲਿਆ ਅੱਜ ਦਾ, ਪਤਿਪਰਮੇਸ਼ਵਰ ਦੇਵਣਹਾਰ ਵਡਿਆਈਆ । ਜਿਸ ਦਾ ਸੰਮਤ ਸਮੇਂ ਸਮਾਪਤ ਕਰ ਕੇ ਲਗਦਾ, ਗੁਰ ਅਵਤਾਰ ਪੀਰ ਪੈਗੰਬਰ ਆਪਣੀ ਜੋਤ ਮਿਲਾਈਆ । ਨਾਤਾ ਤੁੜਾ ਕੇ ਰਕਤ ਬੂੰਦ ਨਾੜੀ ਮਾਸ ਹੱਡ ਦਾ, ਪੰਜ ਤੱਤ ਲਹਿਣਾ ਝੋਲੀ ਪਾਈਆ । ਭੇਵ ਖੁਲ੍ਹਾ ਕੇ ਆਪਣੀ ਅੱਖ ਪਰਤਖ ਦਾ, ਨਿਜ ਨੇਤਰ ਨੈਣ ਲਏ ਮਿਲਾਈਆ । ਢੋਲਾ ਗਾ ਕੇ ਸ਼ਬਦ ਅਗੰਮੀ ਜਸ ਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਧੁਰ ਦਾ ਹੁਕਮ ਇਕ ਮਨਾਈਆ । ਰੂਪ ਧਰਾ ਕੇ ਸੂਰੇ ਸਰਬਗ ਦਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਚਾਰ ਵਰਨ ਅਠਾਰਾਂ ਬਰਨ ਖਾਣੀ ਬਾਣੀ ਮਾਰਗ ਧੁਰ ਦਾ ਦੱਸਦਾ, ਆਤਮ ਪਰਮਾਤਮ ਬੋਧ ਅਗਾਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਬੇਪਰਵਾਹੀਆ । ਨਵ ਜੇਠ ਕਹੇ ਮੈਂ ਗਾਵਣ ਆਇਆ ਗੀਤ, ਢੋਲਾ ਗਹਿਰ ਗੰਭੀਰ ਸੁਣਾਈਆ । ਮਨਾਵਣ ਆਇਆ ਧੁਰ ਦਾ ਮੀਤ, ਪਤਿਪਰਮੇਸ਼ਵਰ ਬੇਪਰਵਾਹੀਆ । ਚਲਾਵਣ ਆਇਆ ਸਾਚੀ ਰੀਤ, ਸਤਿਜੁਗ ਸਾਚੀ ਧਾਰ ਬੰਧਾਈਆ । ਵਖਾਵਣ ਆਇਆ ਸ਼ਿਵਦਵਾਲਾ ਮਠ ਮੰਦਰ ਮਸੀਤ, ਕਾਇਆ ਕਾਅਬਾ ਹੁਜਰਾ ਹੱਕ ਇਕ ਵਡਿਆਈਆ । ਭੇਵ ਚੁਕਾਵਣ ਆਇਆ ਊਚ ਨੀਚ, ਰਾਓ ਰੰਕ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਬਹਾਈਆ । ਦੱਸਣ ਆਇਆ ਧੁਰ ਦਾ ਕਲਮਾ ਸਚ ਹਦੀਸ, ਕਲਮਾ ਨ਼ਗਮਾ ਕਾਇਨਾਤ ਪੜ੍ਹਾਈਆ ।

ਧਾਮ ਵਖਾਵਣ ਆਇਆ ਅਗੰਮ ਅਥਾਹ ਅਨਡੀਠ, ਜ਼ਿਮੀਂ ਅਸਮਾਨਾਂ ਸਮਝ ਕੋਇ ਨਾ ਪਾਈਆ । ਸੁਣਾਵਣ ਆਇਆ ਢੋਲਾ ਧੁਰ ਦਾ ਇਕੋ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਰੂਪ ਨਾ ਕੋਇ ਦਰਸਾਈਆ । ਜਨ ਭਗਤਾਂ ਭਗਵਾਨ ਵਸਾਵਣ ਆਇਆ ਚੀਤ, ਮਨ ਠਗੌਰੀ ਰਹਿਣ ਕੋਇ ਨਾ ਪਾਈਆ । ਸਚ ਦਵਾਰੇ ਸ਼ਬਦੀ ਕਰਨ ਆਇਆ ਤਸਦੀਕ, ਸ਼ਹਾਦਤ ਆਪਣੇ ਆਪ ਭੁਗਤਾਈਆ । ਦੱਸਣ ਆਇਆ ਗੁਰਮੁਖੋ ਤੁਸੀਂ ਉਸ ਘਰ ਦੇ ਵਸਨੀਕ, ਜਿਸ ਗ੍ਰਿਹਿ ਇਕੋ ਦੀਆ ਬਾਤੀ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੁਣਾਵਣ ਆਇਆ ਸਚ ਨਸੀਹਤ, ਕੂੜ ਕੁੜਿਆਰਾ ਨਾਤਾ ਦੇਣਾ ਤੁੜਾਈਆ । ਬੁਝਾਵਣ ਆਇਆ ਹਕ ਅਸਲੀਅਤ, ਅਸਲ ਵਸਲ ਇਕੋ ਇਕ ਸਮਝਾਈਆ । ਬਦਲਾਵਣ ਆਇਆ ਜਨ ਭਗਤਾਂ ਅੰਦਰ ਤਬੀਅਤ, ਮਾਇਆ ਮਮਤਾ ਰਫ਼ਾ ਦੇਵਾਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਪਤਿਪਰਮੇਸ਼ਵਰ ਇਕੋ ਓਟ ਰਖਾਈਆ । ਨਵ ਜੇਠ ਕਹੇ ਮੈਂ ਦੇਵਣ ਆਇਆ ਸਚ ਸੰਦੇਸ਼ਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਨਾਦ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਸਚ ਨਰੇਸ਼ਾ, ਨਰ ਨਰਾਇਣ ਵੇਖਣਹਾਰਾ ਇਕੋ ਨੈਣ ਦੂਜੀ ਅੱਖ ਨਾ ਕੋਇ ਖੁਲ੍ਹਾਈਆ । ਉਧਾਰਨਹਾਰ ਰੂਪ ਅਨੂਪ ਕਰ ਵੇਸਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਬੰਧਾਈਆ । ਭਗਤ ਉਧਾਰਨ ਜਿਸ ਦਾ ਪੇਸ਼ਾ, ਪੇਸ਼ਤਰ ਪੇਸ਼ੀਨਗੋਈ ਆਪਣੀ ਦਏ ਸਮਝਾਈਆ । ਗੁਰਮੁਖਾਂ ਕਰੇ ਸਾਚਾ ਹੇਤਾ, ਸੰਤ ਸੁਹੇਲੇ ਸਾਚੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸ਼ਰਨਾਈਆ । ਨਵ ਜੇਠ ਕਹੇ ਮੈਂ ਆਇਆ ਲੋਕਮਾਤ, ਸੰਮਤ ਸ਼ਹਿਨਸ਼ਾਹੀ ਮਿਲੀ ਵਡਿਆਈਆ । ਜਨ ਭਗਤਾਂ ਮੇਟ ਜਾਵਾਂ ਅੰਧੇਰੀ ਰਾਤ, ਨਿਰਗੁਣ ਨੂਰੀ ਚੰਦ ਚਮਕਾਈਆ । ਆਤਮ ਸੇਜਾ ਸੁਹਾ ਕੇ ਜਾਵਾਂ ਖਾਟ, ਸਚ ਸਿੰਘਾਸਣ ਸੋਭਾ ਪਾਈਆ । ਧੁਰ ਦਾ ਢੋਲਾ ਦ੍ਰਿੜਾ ਕੇ ਜਾਵਾਂ ਗਾਥ, ਸਚ ਸੰਦੇਸ਼ਾ ਇਕ ਸੁਣਾਈਆ । ਮਸਤਕ ਥੇਵਾ ਲਾ ਕੇ ਜਾਵਾਂ ਮਾਥ, ਜੋਤ ਲਲਾਟੀ ਨੂਰ ਰੁਸ਼ਨਾਈਆ । ਨਾਮ ਜਣਾ ਕੇ ਜਾਵਾਂ ਅਕਥਨਾ ਅਕਾਥ, ਰਸਨਾ ਜਿਹਵਾ ਕਥ ਨਾ ਸਕੇ ਰਾਈਆ । ਮੰਜ਼ਲ ਚੜ੍ਹਾ ਕੇ ਜਾਵਾਂ ਸਾਚੇ ਘਾਟ, ਨਵ ਦੁਵਾਰੇ ਪਾਰ ਕਰਾਈਆ । ਈੜਾ ਪਿੰਗਲ ਸੁਖਮਨ ਟੇਡੀ ਰਹੇ ਕੋਇ ਨਾ ਵਾਟ, ਪੰਚ ਵਿਕਾਰਾ ਲੇਖਾ ਦੇਵਾਂ ਮੁਕਾਈਆ । ਅੰਮ੍ਰਿਤ ਬੂੰਦ ਪਿਆਵਾਂ ਸਵਾਂਤ, ਨਿਝਰ ਝਿਰਨਾ ਇਕ ਝਿਰਾਈਆ । ਸ਼ਬਦ ਅਗੰਮੀ ਸੁਣਾਵਾਂ ਨਾਦ, ਅਨਹਦ ਨਾਦੀ ਨਾਦ ਵਜਾਈਆ । ਨੇਤਰ ਲੋਚਣ ਨੈਣ ਖੋਲ੍ਹ ਕੇ ਅੱਖ, ਆਲਸ ਨਿੰਦਰਾ ਦਿਆਂ ਮਿਟਾਈਆ । ਸਵੱਛ ਸਰੂਪ ਹੋ ਪਰਤਖ, ਸਨਮੁਖ ਬਹਿ ਬਹਿ ਖ਼ੁਸ਼ੀ ਮਨਾਈਆ । ਜਿਸ ਆਤਮ ਨੂੰ ਜਗਤ ਨੇਤਰ ਨਾ ਸਕਿਆ ਲਭ, ਪਰਮਾਤਮ ਹੋ ਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਨਵ ਜੇਠ ਕਹੇ ਮੇਰੀ ਆਈ ਵਾਰੀ, ਨਵ ਨੌ ਚਾਰ ਵੇਲਾ ਗਿਆ ਵਿਹਾਈਆ । ਭਗਤ ਸੁਹੇਲਾ ਬਣ ਕੇ ਏਕੰਕਾਰੀ, ਅਕਲ ਕਲ ਧਾਰੀ ਦਿਆਂ ਵਖਾਈਆ । ਜਿਸ ਦੀ ਟੁੱਟੇ ਕਦੇ ਨਾ ਯਾਰੀ, ਅਧਵਿਚਕਾਰ ਨਾ ਕੋਇ ਤੁੜਾਈਆ । ਜਿਸ ਦਾ ਨਾਮ ਸ਼ਬਦ ਖ਼ੁਮਾਰੀ, ਪਿਆਲਾ ਅੰਮ੍ਰਿਤ ਜਾਮ ਪਿਆਈਆ । ਜਿਸ ਦਾ ਨੂਰ ਨੁਰਾਨਾ ਇਕੋ ਇਕ ਉਜਿਆਰੀ, ਉਜਾਲਾ ਕਰੇ ਸਰਬ ਲੋਕਾਈਆ । ਜਿਸ ਦਾ ਖੇਲ ਦੋ ਜਹਾਨਾਂ ਆਰ ਪਾਰੀ, ਪਤਿਪਰਮੇਸ਼ਵਰ ਆਪਣਾ ਰੂਪ ਵਟਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਬਣਿਆ ਰਹੇ ਖਿਲਾੜੀ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਵਿਚ ਭਵਾਈਆ । ਜਿਸ

ਦਾ ਰੂਪ ਰੰਗ ਰੇਖ ਕੋਈ ਸਮਝ ਨਾ ਸਕੇ ਮੁੱਛ ਦਾੜ੍ਹੀ, ਕੇਸਾਧਾਰੀ ਨਾ ਮੂੰਡ ਮੁੰਡਾਈਆ । ਜਿਸ ਦਾ ਨੂਰ ਜ਼ਹੂਰ ਸ਼ਬੋਰੋਜ਼ ਨਾ ਸਕੇ ਕੋਇ ਵਿਚਾਰੀ, ਘੜੀ ਪਲ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸਮਝਾਈਆ । ਨਵ ਜੇਠ ਕਹੇ ਮੇਰਾ ਮੇਲਾ ਧੁਰ ਦਰਬਾਰ, ਧੁਰ ਦਰਬਾਰੀ ਦਿਆਂ ਮਿਲਾਈਆ । ਜਨ ਭਗਤਾਂ ਕਰ ਕੇ ਖ਼ਬਰਦਾਰ, ਧੁਰ ਦਾ ਹੁਕਮ ਇਕ ਸੁਣਾਈਆ । ਉਠੋ ਵੇਖੋ ਨੇਤਰ ਖੋਲ੍ਹ ਕਰੋ ਦੀਦਾਰ, ਦੀਦਾ ਦਾਨਿਸਤਾ ਬੈਠਾ ਵੇਸ ਵਟਾਈਆ । ਜਿਹੜਾ ਵੇਖਣ ਆਇਆ ਗੁਲਸ਼ਨ ਸਚ ਦਰਬਾਰ, ਚਾਰੋਂ ਕੁੰਟ ਫੇਰਾ ਪਾਈਆ । ਕੁਦਰਤ ਦਾ ਕ਼ਾਦਰ ਕਰਨੀ ਦਾ ਕਰਤਾਰ, ਹੁਕਮੇ ਅੰਦਰ ਹੁਕਮ ਮਨਾਈਆ । ਦੀਨਾ ਨਾਥਾਂ ਦੁਖੀਆਂ ਦਰਦ ਸੁਣੇ ਪੁਕਾਰ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਜੁਗ ਚੌਕੜੀ ਜਿਸ ਨੂੰ ਸਜਦੇ ਕਰਦੇ ਗਏ ਗੁਰ ਅਵਤਾਰ, ਪੈਗ਼ੰਬਰ ਹੋ ਕੇ ਸੀਸ ਨਿਵਾਈਆ । ਸੋ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਜਨ ਭਗਤਾਂ ਕਰਨ ਆਇਆ ਪਿਆਰ, ਪ੍ਰੀਤਮ ਹੋ ਕੇ ਆਪਣਾ ਮੇਲ ਮਿਲਾਈਆ । ਆਤਮ ਪਰਮਾਤਮ ਜੁਗ ਜਨਮ ਦੀ ਵਿਛੜੀ ਟੁੱਟੀ ਗੰਢੇ ਵਿਚ ਸੰਸਾਰ, ਜਗਤ ਵਿਛੋੜਾ ਰਹਿਣ ਨਾ ਪਾਈਆ । ਬਿਨ ਭਗਤੀ ਸ਼ਕਤੀ ਲਏ ਉਦਾਰ, ਪ੍ਰਤੀਨਿਧ ਹੋ ਕੇ ਆਪਣੀ ਦਇਆ ਕਮਾਈਆ । ਜਿਸ ਦੀ ਬਰਸੀ ਦਾ ਚੜ੍ਹਿਆ ਸੰਮਤ ਪਹਿਲਾ ਸਾਲ, ਦੋ ਜਹਾਨਾਂ ਬਣ ਦਲਾਲ, ਕਾਲ ਮਹਾਕਾਲ ਆਪਣਾ ਹੁਕਮ ਵਰਤਾਈਆ । ਭਗਤ ਦਵਾਰ ਸੁਹਾ ਕੇ ਸਚੀ ਧਰਮਸਾਲ, ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ, ਅਗਲਾ ਪਿਛਲਾ ਪੰਧ ਮੁਕਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਨਾਲ ਰਵਾਲ, ਟਿੱਲੇ ਪਰਬਤ ਚੋਟੀ ਕਰੇ ਭਾਲ, ਸਮੁੰਦ ਸਾਗਰ ਡੂੰਘੀ ਖਾਈ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚਾ ਵਰ, ਸਾਹਿਬ ਸਵਾਮੀ ਬੇਪਰਵਾਹੀਆ । ਨਵ ਜੇਠ ਕਹੇ ਦਿਵਸ ਵਡਭਾਗ, ਘੜੀ ਪਲ ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੀਪਕ ਜੋਤ ਜਗੇ ਚਰਾਗ਼, ਤੇਲ ਬਾਤੀ ਲੋੜ ਰਹੇ ਨਾ ਰਾਈਆ । ਕਲਜੁਗ ਅੰਦਰ ਸਤਿਜੁਗ ਬਦਲ ਦੇਵੇ ਸਮਾਜ, ਚਾਰ ਵਰਨ ਅਠਾਰਾਂ ਬਰਨ ਸਮਝ ਦਏ ਸਮਝਾਈਆ । ਮੂਰਖ ਮੁਗਧ ਬਾਲ ਅੰਞਾਣ ਹੰਸ ਬਣਾਏ ਫੜ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਆਤਮ ਅੰਤਰ ਪਰਮਾਤਮ ਹੋ ਕੇ ਦੇਵੇ ਵੈਰਾਗ, ਸੋਈ ਸੁਰਤੀ ਲਏ ਉਠਾਈਆ । ਦੁਰਮਤ ਮੈਲ ਜਰਮ ਕਰਮ ਦਾ ਧੋਵੇ ਦਾਗ਼, ਪਤਿਤ ਪਵਿਤ ਪੁਨੀਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਗ੍ਰਿਹ ਮੰਦਰ ਖੋਜ ਖੁਜਾਈਆ । ਨਵ ਜੇਠ ਕਹੇ ਮੇਰਾ ਭਾਗ ਮਥਨ, ਮਥਰਾ ਗੋਕਲ ਕਾਹਨ ਨਿਉਂ ਕੇ ਪਏ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਧੰਨ ਧੰਨ, ਸਚਖੰਡ ਦਵਾਰੇ ਵਜੀ ਹਕ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਗਿਆ ਮੰਨ, ਮਨਸਾ ਆਪਣੀ ਨਾ ਕੋਇ ਬਣਾਈਆ । ਸਾਧ ਸੰਤ ਭਗਤ ਭਗਵਾਨ ਇਕੋ ਰਾਗ ਸੁਣਨ ਕੰਨ, ਦੂਜਾ ਨਾਦ ਨਾ ਕੋਇ ਵਜਾਈਆ । ਨਿਰਗੁਣ ਨੂਰੀ ਜੋਤ ਸਤਿ ਪਰਕਾਸ਼ ਚੜ੍ਹੇ ਚੰਨ, ਕਲਜੁਗ ਅੰਧ ਅੰਧਿਆਰ ਦਏ ਮਿਟਾਈਆ । ਭਗਤ ਸੁਹੇਲਾ ਇਕ ਅਕੇਲਾ ਹਰਖ਼ ਸੋਗ਼ ਗ਼ਮੀ ਰਹਿਣ ਨਾ ਦੇਵੇ ਗ਼ਮ, ਕਾਇਆ ਮਾਟੀ ਚੰਮ ਦਏ ਸੁਹਾਈਆ । ਚਾਰ ਕੁੰਟ ਦਹਿ ਦਿਸ਼ਾ ਉਠ ਨਾ ਦੌੜੇ ਮਨ, ਪੰਖੀ ਵਾਂਗ ਉਡੇ ਨਾ ਵਾਹੋ ਦਾਹੀਆ । ਕੂੜੀ ਕਿਰਿਆ ਮਾਇਆ ਮਮਤਾ ਲੋਭ ਹੰਕਾਰ ਰਹੇ ਨਾ ਧਨ, ਹੰਗਤਾ ਰੋਗ ਦਏ ਗੁਆਈਆ । ਸੰਤ ਸੁਹੇਲਾ ਗੁਰ ਚੇਲਾ ਬਣਾ ਕੇ ਆਪਣਾ ਚੰਨ, ਜਨ ਜਣੇਂਦੀ

੭੯੫

ਵੇਖ ਵਖਾਈਆ । ਭਾਗ ਲਗਾ ਕੇ ਕਾਇਆ ਮਾਟੀ ਪੰਜ ਤਤ ਸਾਚੇ ਤਨ, ਤੱਤਵ ਆਪਣਾ ਦਏ ਬੁਝਾਈਆ । ਭੇਵ ਖੁਲ੍ਹਾਏ ਬ੍ਰਹਮ ਹੰ, ਹੰ ਬ੍ਰਹਮ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਨਵ ਜੇਠ ਕਹੇ ਜਨ ਭਗਤੋ ਸਿਮਰੋ ਇਕ ਭਗਵਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਜਸ ਰਹੇ ਗਾਈਆ । ਜਿਸ ਦਾ ਝੁਲਦਾ ਰਹੇ ਨਿਸ਼ਾਨ, ਸਚਖੰਡ ਦਵਾਰੇ ਸੋਭਾ ਪਾਈਆ । ਜਿਸ ਦਾ ਸੁੱਤ ਦੁਲਾਰਾ ਨੌਜਵਾਨ, ਥਿਰ ਘਰ ਬੈਠਾ ਡੇਰਾ ਲਾਈਆ । ਜਿਸ ਦਾ ਰਾਗ ਨਾਦ ਆਦਿ ਜੁਗਾਦਿ ਜਗਤ ਮਹਾਨ, ਸਿਫ਼ਤਾਂ ਵਿਚ ਸਿਫ਼ਤ ਨਾ ਕੋਇ ਅਲਾਈਆ । ਜੋ ਇਥੇ ਉਥੇ ਨਿਰਗੁਣ ਸਰਗੁਣ ਹੋਵੇ ਮਹਾਨ, ਹੁਕਮਰਾਨ ਹੁਕਮ ਸਕੇ ਨਾ ਕੋਇ ਜਣਾਈਆ । ਜਿਸ ਦਾ ਸਿਮਰਨ ਪੂਜਾ ਪਾਠ ਯੋਗ ਅਭਿਆਸ ਰਸਨਾ ਜਿਹਵਾ ਕਰਨ ਵਖਿਆਨ, ਕਲਮਿਆਂ ਨਾਲ ਪੜ੍ਹਾਈਆ । ਜਿਸ ਨੂੰ ਹਿੰਦੂ ਸਿੱਖ ਈਸਾਈ ਮੰਨਦੇ ਮੁਸਲਮਾਨ, ਮੁਖ ਆਪਣੇ ਨਾਮ ਧਿਆਈਆ । ਸੋ ਖ਼ਾਲਕ ਪ੍ਰਿਤਪਾਲਕ ਅਬਿਨਾਸ਼ੀ ਕਰਤਾ ਖੇਲ ਕਰੇ ਮਹਾਨ, ਜਹਾਲਤ ਕੂੜੀ ਦਏ ਗਵਾਈਆ । ਭਗਤ ਸੁਹੇਲੇ ਵੇਖੇ ਆਣ, ਬੇਈਮਾਨ ਜਗਤ ਤਜਾਈਆ । ਸਚ ਪ੍ਰੀਤੀ ਦੇ ਕੇ ਦਾਨ, ਅੰਤਰ ਨੀਤੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਵ ਜੇਠ ਕਹੇ ਜਨ ਭਗਤਾਂ ਮੰਨਣਾ ਇਕ ਭਗਵਾਨ, ਦੂਜਾ ਇਸ਼ਟ ਨਾ ਕੋਇ ਜਣਾਈਆ । ਜਿਸ ਰਾਮ ਵਿਚੋਂ ਉਪਜਿਆ ਰਾਮ, ਦਸਰਥ ਬੇਟਾ ਹੋ ਕੇ ਰਾਮ ਗਿਆ ਅਖਵਾਈਆ । ਜਿਸ ਕਾਹਨ ਵਿਚੋਂ ਆਇਆ ਕਾਹਨ, ਗੋਕਲ ਰਾਸ ਗੋਪੀਆਂ ਵਾਲੀ ਪਾਈਆ । ਸੋ ਖੇਲ ਕਰੇ ਵਡ ਵੱਡਾ ਵਡ ਮਹਾਨ, ਚਾਰ ਕੁੰਟ ਨਾ ਕੋਇ ਸਮਝਾਈਆ । ਜਨ ਭਗਤਾਂ ਦੇ ਕੇ ਧੁਰ ਦਾ ਦਾਨ, ਮਸਤਕ ਟਿੱਕਾ ਨਾਮ ਲਗਾਈਆ । ਸੰਤ ਸੁਹੇਲਾ ਹੋ ਕੇ ਸਿੱਧਾ ਮਿਲਿਆ ਆਣ, ਅਧਵਿਚਕਾਰ ਨਾ ਕੋਇ ਅਟਕਾਈਆ । ਮਿਹਰ ਨਜ਼ਰ ਨਜ਼ਰੀਆ ਨਾਲ ਕਰੇ ਕਲਿਆਨ, ਕਲਮਾ ਜਗਤ ਨਾ ਕੋਇ ਪੜ੍ਹਾਈਆ । ਨੇਤਰ ਲੋਚਨ ਨੈਣ ਦਰਸ਼ਨ ਦੇ ਕੇ ਝੂਲਾ ਦਾਨ, ਖ਼ਾਲੀ ਝੋਲੀ ਦਏ ਭਰਾਈਆ । ਅਗੇ ਦਾ ਮਾਰਗ ਕਰ ਆਸਾਨ, ਮੁਸ਼ਕਲ ਪਿਛਲੀ ਦੂਰ ਵਖਾਈਆ । ਗੁਰਮੁਖ ਬਾਲੇ ਨੱਢੇ ਉਠਾਏ ਨਾਦਾਨ, ਬਾਲੀ ਬੁਧਿ ਦਏ ਵਡਿਆਈਆ । ਆਤਮ ਅੰਤਰ ਸਾਚੀ ਸੇਜਾ ਸਭ ਨੇ ਕਰਨਾ ਆਰਾਮ, ਐਸ਼ੋ ਇਸ਼ਰਤ ਹੰਕਾਰ ਵਿਕਾਰ ਕੂੜ ਕੁੜਿਆਰ ਜਗਤ ਲੋਕਾਈਆ । ਮਿਹਰਵਾਨ ਹੋ ਕੇ ਅੰਦਰੋਂ ਬਦਲ ਦੇਵੇ ਨਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਰਾਤੀ ਸੁੱਤਿਆਂ ਦਿਨੇ ਜਾਗਦਿਆਂ ਸ਼ਬਦ ਸਰੂਪੀ ਹੁੰਦਾ ਰਹੇ ਪੈਗ਼ਾਮ, ਰਾਗੀ ਨਾਦੀ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਮਿਲਾਈਆ । ਨਵ ਜੇਠ ਕਹੇ ਕੂੜ ਕੁੜਿਆਰਾ ਰਹਿਣ ਨਾ ਪਾਏ ਪਾਪ, ਪਾਕੀ ਪਾਕ ਦਏ ਵਖਾਈਆ । ਅੰਤਰ ਅੰਤਰ ਬੁਝਾਏ ਆਪਣਾ ਆਪ, ਦੂਈ ਦਵੈਤੀ ਡੇਰਾ ਢਾਹੀਆ । ਚਿੰਤਾ ਰੋਗ ਮਿਟਾਏ ਸੰਤਾਪ, ਸੰਸੇ ਦਏ ਗਵਾਈਆ । ਸਿਮਰਨ ਯੋਗ ਅਭਿਆਸ ਲੇਖੇ ਲਾਏ ਪੂਜਾ ਪਾਠ, ਹੁਕਮ ਆਪਣਾ ਦਏ ਦ੍ਰਿੜਾਈਆ । ਜਨਮ ਜਨਮ ਦਾ ਕਰਮ ਕਰਮ ਦਾ ਲਹਿਣਾ ਦੇਣਾ ਝੋਲੀ ਪਾ ਕੇ ਘਾਟ, ਘਾਟਾ ਪਿਛਲਾ ਦਏ ਮੁਕਾਈਆ । ਅਗੇ ਦੂਰ ਦੁਰਾਡੀ ਨੇਰਨ ਨੇਰ ਦੱਸੇ ਵਾਟ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਨਵ ਜੇਠ ਕਹੇ ਨੌਂ ਸੌ ਚੁਰਾਨਵੇ ਜੁਗ ਚੌਕੜੀ ਪਿਛੋਂ ਮੈਨੂੰ ਭਗਤਾਂ ਨਾਲ ਮਿਲ ਕੇ ਮਿਲੀ ਇਹ ਰਾਤ, ਭਿੰਨੀ ਰੈਨੜੀ ਆਪਣਾ ਰੰਗ ਵਖਾਈਆ । ਜਿਸ ਦਾ ਲੇਖਾ ਕਿਸੇ ਨਾ ਲਿਖਿਆ ਕ਼ਲਮ ਦਵਾਤ, ਸ਼ਾਹੀ ਵੰਡ ਨਾ ਕੋਇ ਵੰਡਾਈਆ । ਸੋ ਪੁਰਖ ਅਕਾਲਾ ਦੀਨ

ਦਿਆਲਾ ਦੇਵਣਹਾਰਾ ਧੁਰ ਦੀ ਦਾਤ, ਦੌਲਤ ਆਪਣਾ ਨਾਮ ਝੋਲੀ ਪਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਨਾਰ ਬਣੇ ਨਾ ਕੋਇ ਕਮਜ਼ਾਤ, ਦੁਹਾਗਣ ਹੋ ਨਾ ਕੰਤ ਦੇਵੇ ਤਜਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਜ ਗ੍ਰਿਹਿ ਬੈਠਾ ਰਹੇ ਸਾਥ, ਸਗਲਾ ਸੰਗੀ ਲਾਏ ਅੰਗੀ ਅੰਗੀਕਾਰ ਇਕ ਹੋ ਜਾਈਆ । ਨਵ ਜੇਠ ਕਹੇ ਜਿਸ ਗੁਰਮੁਖ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਈ ਗਾਥ, ਉਸ ਦਾ ਪਿਛਲਾ ਲਹਿਣਾ ਦੇਣਾ ਚੁਕਣਾ ਮਸਤਕ ਮਾਥ, ਪੂਰਬ ਜਨਮ ਦਾ ਲੇਖੇ ਲਗਿਆ ਪੂਜਾ ਪਾਠ, ਮੰਜ਼ਲ ਪੌੜੇ ਚੜ੍ਹੇ ਘਾਟ, ਅਗਲੀ ਮੁਕੇ ਵਾਟ, ਮਿਲੇ ਪੁਰਖ ਅਬਿਨਾਸ਼, ਚਰਨਾਂ ਹੇਠ ਦਬ ਦਏ ਪ੍ਰਿਥਵੀ ਆਕਾਸ਼, ਵਿਸ਼ਨ ਬ੍ਰਹਮਾ ਸ਼ਿਵ ਤੋਂ ਉਤੇ ਰਖੇ ਵਾਸ, ਜਿਥੇ ਨਿਰਮਲ ਨੂਰ ਜੋਤ ਪਰਕਾਸ਼, ਸਵਾਮੀ ਅੰਤਰਜਾਮੀ ਬਹਿ ਬਹਿ ਆਪਣੀ ਖ਼ੁਸ਼ੀ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਨ੍ਹਾਂ ਨੂੰ ਦੇ ਕੇ ਜਾਵੇ ਦਾਤ, ਮਿਲਦਾ ਰਹੇ ਇਕ ਇਕਾਂਤ, ਤਾਕੀ ਖੋਲ੍ਹ ਕੇ ਮਾਰਦਾ ਰਹੇ ਝਾਤ, ਸ਼ਬਦ ਸ਼ਬਦੀ ਦੱਸਦਾ ਰਹੇ ਬਾਤ, ਪਤਿਪਰਮੇਸ਼ਵਰ ਹੋ ਕੇ ਦਇਆ ਕਮਾਈਆ । ਨਵ ਜੇਠ ਕਹੇ ਮੈਂ ਭਗਤਾਂ ਪਾਵਣ ਆਇਆ ਗੰਢ, ਧੁਰ ਦੀ ਡੋਰੀ ਤੰਦ ਬੰਧਾਈਆ । ਗਰਮੀ ਵਿਚ ਵਰਤਾਵਣ ਆਇਆ ਠੰਡ, ਅਗਨੀ ਤੱਤ ਬੁਝਾਈਆ । ਸੁਨਾਵਣ ਆਇਆ ਛੰਦ, ਸੋਹੰ ਢੋਲਾ ਸ਼ਹਿਨਸ਼ਾਹੀਆ । ਚੜ੍ਹਾਵਣ ਆਇਆ ਰੰਗ, ਦੁਰਮਤ ਮੈਲ ਧਵਾਈਆ । ਸੁਹਾਵਣ ਆਇਆ ਪਲੰਘ, ਆਤਮ ਸੇਜਾ ਵੱਜੇ ਵਧਾਈਆ । ਗੁਰਮੁਖਾਂ ਪਿਆਰਿਆਂ ਦੇਵਣ ਆਇਆ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਨੂੰ ਗਾ ਨਾ ਸਕਣ ਬੱਤੀ ਦੰਦ, ਤੀਸ ਬਤੀਸ ਹਦੀਸ ਰਿਹਾ ਸੁਣਾਈਆ । ਲੇਖਾ ਮੁਕਾ ਕੇ ਜੇਰਜ ਅੰਡ, ਉਤਭੁਜ ਸੇਤਜ ਨਾਤਾ ਰਿਹਾ ਤੁੜਾਈਆ । ਦੇ ਕੇ ਵਡਿਆਈ ਵਿਚ ਵਰਭੰਡ, ਬ੍ਰਹਿਮੰਡ ਪਾਰ ਲੰਘਾਈਆ । ਗੁਰਮੁਖਾਂ ਅੰਮ੍ਰਿਤ ਧਾਰ ਵਹਾ ਕੇ ਗੰਗ, ਰਸ ਜਾਮ ਇਕੋ ਨਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਪੂਰੀ ਕਰੇ ਮੰਗ, ਮਾਂਗਤ ਸੁਆਲੀ ਦਰ ਤੇ ਰਹਿਣ ਕੋਇ ਨਾ ਪਾਈਆ ।



### ❊ ੧੦ ਜੇਠ ਸ਼ਹਿਨਸ਼ਾਹੀ ਸੰਮਤ ੧ ਬੀਬੀ ਤੇਜ ਕੌਰ ਰੁੜਕਾ ਜ਼ਿਲਾ ਜਲੰਧਰ (ਕਰਤਾਰ ਪੁਰ ਦੁਆਬਾ ਸੰਗਤ ਦੇ ਨਵਿਤ) ❊

ਚਾਦਰ ਕਹੇ ਮੈਨੂੰ ਮੂਲ ਨਾ ਸਮਝਣਾ ਖੱਦਰ, ਖ਼ਤਰੇ ਸਾਰੇ ਦਿਆਂ ਮਿਟਾਈਆ । ਤ੍ਰੇਤੇ ਜੁਗ ਦੀ ਤੇਰੀ ਪਿਆਰੀ ਭੈਣ ਜਿਸ ਦੀ ਇਹ ਸਧਰ, ਆਸਾਂ ਨਾਲ ਜੋੜ ਜੁੜਾਈਆ । ਇਕ ਇਕ ਧਾਗੇ ਦੀ ਕਰ ਕੇ ਕ਼ਦਰ, ਕ਼ੁਦਰਤ ਦਾ ਮਾਲਕ ਲੇਖੇ ਲਾਈਆ । ਮਨ ਵਿਕਾਰ ਕਰ ਕੇ ਪੱਧਰ, ਅੰਦਰੋਂ ਬਾਹਰੋਂ ਕਰੇ ਸਫ਼ਾਈਆ । ਕੂੜੀ ਕਿਰਿਆ ਕਰੇ ਨਾ ਗਦਰ, ਦੁਖ ਦਰਦ ਦਏ ਮਿਟਾਈਆ । ਸਚ ਸਵਾਮੀ ਕਰਨ ਆਇਆ ਧੁਰ ਦਾ ਅਦਲ, ਇਨਸਾਫ਼ ਆਪਣੇ ਹੱਥ ਰਖਾਈਆ । ਕੀ ਹੋਇਆ ਜੇ ਜਾਮਾ ਪਾ ਕੇ ਦੂਰ ਦੂਰ ਲਗੇ ਵਸਣ, ਪਿਛਲੇ ਲਹਿਣੇ ਝੋਲੀ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਚਾਦਰ ਕਹੇ ਮੈਨੂੰ ਕੋਇ ਨਾ ਸਮਝਿਓ ਕੱਚਾ ਤੰਦ, ਗੋਹੜਾ ਪੂਣੀ ਨਜ਼ਰ ਕੋਇ ਨਾ ਆਈਆ । ਮੇਰਾ ਅੰਦਰੋਂ ਤੱਕੋ ਬੰਦ ਬੰਦ, ਤਾਣਾ ਪੇਟਾ ਖ਼ੁਸ਼ੀ ਮਨਾਈਆ । ਜਿਹੜੀ ਸਾਹਿਬ ਸਤਿਗੁਰ ਦੇ ਲਗ ਕੇ ਅੰਗ,

ਅੰਗਣ ਧੁਰ ਦਾ ਰਹੀ ਸੁਹਾਈਆ । ਤ੍ਰੇਤੇ ਜੁਗ ਦਾ ਕੱਟਕੇ ਪੰਧ, ਕਲਜੁਗ ਅੰਤਮ ਪੰਧ ਰਹੀ ਮੁਕਾਈਆ । ਮੇਰੇ ਅੰਦਰ ਉਹ ਅਨੰਦ, ਜਿਹੜਾ ਦੁਸ਼ਾਲਿਆਂ ਵਿਚੋਂ ਹੱਥ ਕੋਇ ਨਾ ਆਈਆ । ਇਹਦੇ ਵਿਚੋਂ ਵੀ ਨਜ਼ਰੀ ਆਵੇ ਗੁਜਰੀ ਚੰਦ, ਜਿਸ ਦਾ ਨੂਰ ਜ਼ਹੂਰ ਕਰੇ ਰੁਸ਼ਨਾਈਆ । ਮੇਰਾ ਓਢਣ ਕਰ ਕੇ ਆਤਮ ਰਹਿਣ ਨਾ ਪਾਏ ਰੰਡ, ਪਰਮਾਤਮ ਮੇਲਾ ਸਹਿਜ ਸੁਭਾਈਆ । ਇਸ ਨੂੰ ਲੈਣ ਵਿਚ ਕੋਈ ਨਾ ਕਰਨੀ ਸੰਗ, ਸੰਗਤ ਵਿਚ ਮਿਲੇ ਵਡਿਆਈਆ । ਇਹ ਢਕਣ ਵਾਲੀ ਭੁਖ ਨੰਗ, ਦੁਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਚਾਦਰ ਕਹੇ ਮੇਰਾ ਰੂਪ ਨਾ ਜਾਣੋ ਤਾਣਾ ਪੇਟਾ, ਆਪਣੀ ਦਿਸ਼ਾ ਲਈ ਬਦਲਾਈਆ । ਜਿਸ ਵੇਲੇ ਵੇਖਿਆ ਪੁਰਖ ਅਬਿਨਾਸ਼ੀ ਖੇਵਟ ਖੇਟਾ, ਡੁਬਦੇ ਬੇੜੇ ਪਾਰ ਲੰਘਾਈਆ । ਮੈਨੂੰ ਪੂਰਬ ਆ ਗਿਆ ਚੇਤਾ, ਪਿਛਲਾ ਲਹਿਣਾ ਰਿਹਾ ਸਤਾਈਆ । ਜਿਸ ਵੇਲੇ ਭੁਲ ਕੇ ਵਿਚ ਖੇਤਾਂ, ਘਰ ਤਿਆਗੀ ਬਣ ਕੇ ਭੱਜਿਆ ਵਾਹੋ ਦਾਹੀਆ । ਤੇਰੀ ਨੌ ਸਾਲ ਦੀ ਭੈਣ ਨੇ ਤੈਨੂੰ ਪ੍ਰੇਮ ਨਾਲ ਲਪੇਟਾ, ਨਿਸ਼ਾਨੀ ਭਰਾ ਦੀ ਲੈ ਕੇ ਆਪਣੇ ਗਲੇ ਲਗਾਈਆ । ਉਸ ਪ੍ਰਭ ਦੇ ਅਗੇ ਕੀਤੀ ਅੰਦੇਸ਼ਾ, ਸੁਨੇਹੜਾ ਦਿਤਾ ਜਣਾਈਆ । ਕਵਣ ਵੇਲੇ ਮੈਂ ਆਪਣਾ ਵੀਰ ਵੇਖਾਂ, ਵੇਖ ਪੇਖ ਬਿਗਸਾਈਆ । ਪੁਰਖ ਅਕਾਲ ਕਿਹਾ ਮੈਂ ਤੇਰਾ ਰਖਾਂ ਚੇਤਾ, ਅਭੁਲ ਭੁਲ ਵਿਚ ਨਾ ਕਦੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਚਾਦਰ ਕਹੇ ਮੇਰਾ ਰੂਪ ਨਾ ਸਮਝਿਉਂ ਕੋਈ ਸੂਤ, ਕੱਚਾ ਤੰਦ ਨਾ ਕੋਈ ਵਡਿਆਈਆ । ਮੈਂ ਪ੍ਰਭ ਦਾ ਦੇਣ ਆਈ ਸਬੂਤ, ਜਿਹੜਾ ਵਿਛੜੇ ਰਿਹਾ ਮਿਲਾਈਆ । ਭਾਗ ਲਗਾਏ ਪੰਜ ਤੱਤ ਕਾਇਆ ਕਲਬੂਤ, ਅੰਦਰ ਬਾਹਰ ਵੇਖ ਵਖਾਈਆ । ਮੈਂ ਹਾਜ਼ਰ ਹੋਈ ਮੌਜੂਦ, ਪਿਛਲਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖ ਰਿਹਾ ਦ੍ਰਿੜਾਈਆ । ਚਾਦਰ ਕਹੇ ਸਾਰੇ ਵੇਖੋ ਮੈਂ ਨਵੀਂ ਨਕੋਰ, ਧੋਬੀ ਖੁੰਬ ਨਾ ਕੋਇ ਚੜ੍ਹਾਈਆ । ਮੈਂ ਬਦਲ ਕੇ ਜਾਮਾ ਆ ਗਈ ਹੋਰ ਦੀ ਹੋਰ, ਹੋਕਾ ਦੇ ਕੇ ਦਿਆਂ ਸੁਣਾਈਆ । ਮੈਨੂੰ ਉਤੇ ਲੈਣ ਨਾਲ ਨਠ ਜਾਣ ਪੰਜੇ ਚੋਰ, ਕਰਾਂ ਸਚ ਸਫ਼ਾਈਆ । ਮਿਟ ਜਾਏ ਅੰਧੇਰਾ ਘੋਰ, ਜੋਤੀ ਨੂਰ ਕਰਾਂ ਰੁਸ਼ਨਾਈਆ । ਵਿਛੜੇ ਦੇਵਾਂ ਜੋੜ, ਮੇਲਾ ਸਹਿਜ ਸੁਭਾਈਆ । ਲਗੀ ਨਿਭਾਵਾਂ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਦੂਰ ਦੁਰਾਡਿਆਂ ਲਿਆਂਦਾ ਮੋੜ, ਮੁਹਰੇ ਹੋ ਕੇ ਸੇਵ ਕਮਾਈਆ । ਜਿਸ ਵੇਲੇ ਗੋਬਿੰਦ ਬੈਠਾ ਸੀ ਗੜ੍ਹੀ ਚਮਕੌਰ, ਚਮਕ ਆਪਣੀ ਸਚ ਚਮਕਾਈਆ । ਵੱਡੇ ਸੱਦ ਕੇ ਦੋਵੇਂ ਬਾਲੇ ਛੋਹਰ, ਸ਼ਹਿਨਸ਼ਾਹ ਦਿਤਾ ਜਣਾਈਆ । ਆਪਣੇ ਕੋਲੋਂ ਪ੍ਰੇਮ ਪਿਆਰ ਦੀ ਕੱਢਕੇ ਦੋਹਰ, ਚਾਦਰ ਉਨ੍ਹਾਂ ਉਪਰ ਟਿਕਾਈਆ । ਤੇਗ਼ਬਹਾਦਰ ਨੂੰ ਤੁਹਾਡੀ ਲੋੜ, ਜਿਹੜਾ ਹਿੰਦ ਦੀ ਚਾਦਰ ਰੂਪ ਵਟਾਈਆ । ਬਾਲਿਆਂ ਉਸੇ ਵੇਲੇ ਅਗੋਂ ਦਿਤੀ ਮੋੜ, ਚਰਨਾਂ ਉਤੇ ਭੇਟ ਚੜ੍ਹਾਈਆ । ਅੰਦਰੋਂ ਫੁਰਨਾ ਫੁਰਿਆ ਫੋਰ, ਮੰਤਵ ਸਚ ਸਮਝਾਈਆ । ਜਿਸ ਵੇਲੇ ਕਲਜੁਗ ਅੰਤਮ ਆਵੇ ਘੋਰ, ਅੰਧ ਅੰਧੇਰਾ ਰੂਪ ਵਟਾਈਆ । ਉਸ ਵੇਲੇ ਸਾਹਿਬ ਸਤਿਗੁਰ ਤੇਰੇ ਭਗਤਾਂ ਨੂੰ ਪਏ ਇਸ ਦੀ ਲੋੜ, ਲੋੜੀਂਦਾ ਸਾਜਨ ਘਰ ਘਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚੀ ਚਾਦਰ ਦੇਵਣਹਾਰ ਵਡਿਆਈਆ । ਚਾਦਰ ਕਹੇ ਮੈਨੂੰ ਕਿਸੇ ਨਹੀਂ ਨਾਪਿਆ ਕਿੰਨੀ ਲੰਮੀ ਚੌੜੀ, ਗਿਣਤੀ ਦੀ ਤੰਦ ਨਾ ਕੋਇ ਸਮਝਾਈਆ । ਮੈਂ ਭਗਤਾਂ ਦੇ ਅੰਦਰ ਪ੍ਰੇਮ ਪਿਆਰ ਦੀ ਲਾਵਣ ਆਈ ਪੌੜੀ, ਡੰਡਾ ਧੁਰ ਦਾ ਦੇਣਾ ਫੜਾਈਆ । ਮੈਨੂੰ ਉਨ੍ਹਾਂ ਦੀ ਲੋੜੀ,

ਜਿਨ੍ਹਾਂ ਦੀ ਲੋੜ ਪੁਰਖ ਅਕਾਲ ਦਿਤੀ ਸਮਝਾਈਆ । ਮੈਨੂੰ ਨਜ਼ਰੀ ਆਈ ਇਹ ਭੈਣ ਭਰਾਵਾਂ ਦੀ ਪਿਛਲੀ ਜੋੜੀ, ਜੁਗਾਂ ਦੇ ਪਿਛਲੇ ਰਹੀ ਮਿਲਾਈਆ । ਚਾਦਰ ਕਹੇ ਬੇਸ਼ਕ ਮੇਰੀ ਦਾਮਾਂ ਵਿਚ ਕ਼ੀਮਤ ਥੋੜ੍ਹੀ, ਲੱਖ ਕਰੋੜੀ ਮੁਲ ਨਾ ਕੋਇ ਰਖਾਈਆ । ਪਰ ਮੈਂ ਸਚ ਦੱਸਾਂ ਮੈਂ ਇਹਨਾਂ ਦੀ ਉਸ ਨਾਲ ਬੰਨ੍ਹਾ ਡੋਰੀ, ਜਿਸ ਦੀ ਡੋਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਚੁਕਾਈਆ । ਚਾਦਰ ਕਹੇ ਮੈਂ ਵੇਖਣ ਵਿਚ ਨਜ਼ਰੀ ਆਵਾਂ ਕੋਝੀ, ਜਗਤ ਵਾਲਾ ਹੱਥ ਨਾ ਕੋਇ ਲਗਾਈਆ । ਮੇਰੇ ਅੰਦਰ ਉਸ ਪ੍ਰਭੂ ਦੀ ਸੋਝੀ, ਜੋ ਸਭ ਦੀ ਸਮਝ ਦਏ ਬਦਲਾਈਆ । ਜੋ ਸਭ ਦਾ ਦਾਤਾ ਗਿਆਨ ਬੋਧੀ, ਬੁਧਿ ਵਿਵੇਕੀ ਰੂਪ ਦਏ ਵਟਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਕਹਿੰਦੇ ਪ੍ਰੀਤਮ ਚੋਜੀ, ਚੋਜ ਨਿਰਾਲੇ ਰਿਹਾ ਵਖਾਈਆ । ਜੋ ਨਿਤ ਨਵਿਤ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਖੋਜੀ, ਲੱਖ ਚੁਰਾਸੀ ਵੇਖੇ ਥਾਉਂ ਥਾਈਆ । ਜੋ ਅੰਦਰ ਬਾਹਰ ਆਤਮ ਪਰਮਾਤਮ ਦਾ ਠਾਕਰ ਮੌਜੀ, ਮਜਲਸ ਭਗਤਾਂ ਵਿਚ ਵਖਾਈਆ । ਮੈਂ ਉਸ ਦਵਾਰੇ ਆ ਕੇ ਓਸੇ ਦੀ ਹੋ ਗਈ, ਹੋਕਾ ਦੇ ਕੇ ਦਿਆਂ ਸਮਝਾਈਆ । ਚਾਦਰ ਕਹੇ ਮੈਨੂੰ ਲੈਣ ਵਾਲਾ ਹਉਮੇ ਦਾ ਹੋਏ ਕਦੇ ਨਾ ਰੋਗੀ, ਸੋਗ ਚਿੰਤਾ ਦਿਆਂ ਮਿਟਾਈਆ । ਜਗਤ ਵਿਕਾਰ ਦਾ ਕਰ ਕੇ ਵਿਯੋਗੀ, ਸੰਜੋਗੀ ਧੁਰ ਦਾ ਮੇਲ ਮਿਲਾਈਆ । ਬੇਸ਼ਕ ਮੇਰੀ ਕ਼ੀਮਤ ਨਹੀਂ ਕੌਡੀ, ਗੁਰਮੁਖ ਲਾਲ ਅਨਮੁਲੜੇ ਮਾਨਕ ਦਿਆਂ ਵਖਾਈਆ । ਤੁਸੀਂ ਨਹੀਂ ਜਾਣਦੇ ਮੇਰੀ ਖੁਲ੍ਹੀ ਸੀ ਡੋਡੀ, ਪੰਜਾਂ ਵਾਲਾ ਮੁਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਰਿਹਾ ਚੁਕਾਈਆ । ਚਾਦਰ ਕਹੇ ਮੈਂ ਕਿਸੇ ਨਹੀਂ ਵਿਕੀ ਹੱਟ, ਵਣਜਾਰਾ ਕੰਧ ਨਾ ਕੋਇ ਉਠਾਈਆ । ਮੈਂ ਸਿੱਧੀ ਉਸ ਦੇ ਚਰਨੀ ਆਈ ਨੱਠ, ਜਿਥੇ ਮਿਲੇ ਮਾਣ ਵਡਿਆਈਆ । ਜਿਹੜਾ ਕਚਿਆਂ ਤੰਦਾਂ ਨੂੰ ਬਣਾ ਕੇ ਸੋਹਣਾ ਤੰਦ, ਸੋਹਣਾ ਪਟੋਲਾ ਗੁਰਮੁਖਾਂ ਉਤੇ ਟਿਕਾਈਆ । ਮੈਂ ਇਹੋ ਲਾਹ ਰਹੀ ਖੱਟ, ਬਿਨ ਖਟੀਆ ਸੋਭਾ ਰਹੀ ਪਾਈਆ । ਜਿਸ ਵੇਲੇ ਮੈਂ ਲੱਗੀ ਤੱਤ ਅੱਠ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਕਰਾਂ ਸਫ਼ਾਈਆ । ਪ੍ਰੇਮ ਪਿਆਰ ਅੰਦਰ ਲੇਖੇ ਲਾ ਕੇ ਰਤ, ਰਤਨ ਅਮੋਲਕ ਹੀਰੇ ਦਿਆਂ ਬਣਾਈਆ । ਮੈਨੂੰ ਤਕੋ ਸਾਰੇ ਉਸ ਅੱਖ, ਜਿਸ ਅੱਖ ਨਾਲ ਰਵਿਦਾਸ ਚਮਾਰੇ ਪੁਰਾਣੀ ਚਾਦਰ ਦਿਤੀ ਵਖਾਈਆ । ਵੱਡੀ ਭੈਣ ਦਾ ਛੋਟੇ ਭਰਾ ਨੂੰ ਦੇਣ ਦਾ ਹਕ, ਪਿਛਲੀ ਰੀਤੀ ਚਲੀ ਆਈਆ । ਪਿਛੇ ਨਾਤਾ ਰਿਹਾ ਜਗ, ਅਗੇ ਤੋਂ ਭਗਤ ਪ੍ਰੀਤੀ ਵਿਚ ਗਏ ਬੱਝ, ਸਚ ਦਵਾਰੇ ਗਏ ਸਜ, ਸੱਜਣ ਮਿਲਿਆ ਬੇਪਰਵਾਹੀਆ । ਚਾਦਰ ਕਹੇ ਪ੍ਰਭੂ ਸਾਡਾ ਪੜਦਾ ਲਏ ਢਕ, ਝੋਲੀ ਪਾ ਕੇ ਧੁਰ ਦਾ ਹਕ, ਲੇਖਾ ਮੁਕਾਇਆ ਹੋ ਪ੍ਰਤੱਖ, ਖ਼ਾਲੀ ਝੋਲੀ ਰਹੇ ਨਾ ਸਖ, ਵਿਛੋੜਾ ਦੂਰ ਰਹੇ ਨਾ ਵਖ, ਧੁਰ ਦਵਾਰਿਉਂ ਦੇਵੇ ਨਾ ਧਕ, ਚੌਦਾਂ ਲੋਕ ਨਾ ਵੇਚੇ ਹੱਟ, ਗੁਰਮੁਖਾਂ ਦੇ ਉਪਰ ਪ੍ਰੇਮ ਨਾਲ ਸਟ, ਸੱਟ ਅਗਲੀ ਪਿਛਲੀ ਦਏ ਕਢਾਈਆ । ਚਾਦਰ ਕਹੇ ਲੈਣ ਦੇਣ ਵਾਲਿਓ ਤੁਹਾਡਾ ਦੋਹਾਂ ਦਾ ਨਹੀਂ ਕੋਈ ਵਸ, ਜਿਸ ਦਾ ਵਾਸਤਾ ਓਹ ਆਪੇ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਲਹਿਣਾ ਦੇਣਾ ਦੇਵੇ ਦੱਸ, ਪੜਦਾ ਉਹਲਾ ਦਏ ਉਠਾਈਆ ।

## ❊ ੧੧ ਜੇਠ ਸ਼ਹਿਨਸ਼ਾਹੀ ਸੰਮਤ ੧ ਦੁਆਬਾ ਸੰਗਤ ਦੇ ਨਵਿਤ ❊

ਇਕ ਸੌ ਇਕ ਕਹੇ ਮੇਰਾ ਕਿਸੇ ਨਾ ਸਮਝਿਆ ਅੰਕ, ਪਰਦਾ ਸਕਿਆ ਨਾ ਕੋਇ ਉਠਾਈਆ । ਕੋਟਨ ਕੋਟ ਦਵਾਰ ਵੇਖੇ ਬੰਕ, ਰਾਜ ਮਹਿਲਾਂ ਅੰਦਰ ਫੇਰੀਆਂ ਪਾਈਆ । ਕੋਟਨ ਕੋਟ ਫਿਰ ਗਏ ਸੰਤ, ਸੰਦੇਸ਼ਾ ਸਤਿ ਸਤਿ ਸੁਣਾਈਆ । ਕੋਟਨ ਕੋਟ ਗਿਣਤੀਆਂ ਗਿਣਦੇ ਗਏ ਅਗਿਣਤ, ਹਿਸਾਬ ਜਗਤ ਨਾਲ ਬਣਾਈਆ । ਪਰ ਮੇਰਾ ਕਿਸੇ ਨਹੀਂ ਦੱਸਿਆ ਸਚਾ ਮੰਤ, ਮਹਾਤਮ ਸਚਾ ਨਾ ਕੋਇ ਦ੍ਰਿੜਾਈਆ । ਜਿਸ ਦਾ ਖੇਲ ਸਚਾ ਬੇਅੰਤ, ਓਸੇ ਦੀ ਵੇਖੀ ਸਚੀ ਬੇਪਰਵਾਹੀਆ । ਜਿਸ ਦਾ ਲੇਖਾ ਜਗਤ ਜਹਾਨ ਜੀਵ ਜੰਤ, ਲੱਖ ਚੁਰਾਸੀ ਰਿਹਾ ਸਮਾਈਆ । ਸਭ ਦੀ ਬਨਾਉਣਹਾਰਾ ਬਣਤ, ਘੜਨ ਭੰਨਣਹਾਰ ਸਮਰਥ ਪੁਰਖ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪਰਦਾ ਰਿਹਾ ਉਠਾਈਆ । ਇਕ ਕਹੇ ਮੈਨੂੰ ਕਿਉਂ ਕਹਿੰਦੇ ਸਾਰੇ ਇਕ, ਏਕੰਕਾਰ ਮੇਰਾ ਏਕਾ ਇਕੋ ਰੂਪ ਬਣਾਈਆ । ਸਿਫ਼ਰਾ ਕਹੇ ਮੈਂ ਸਿਫ਼ਰਾ ਰੂਪ ਹੋ ਕੇ ਅਗੇ ਲੱਗਾਂ ਬਣ ਕੇ ਸਿੱਖ, ਜ਼ੀਰੋ ਹੋ ਕੇ ਆਪਣਾ ਆਪ ਮਿਟਾਈਆ । ਅਬਿਨਾਸ਼ੀ ਕਰਤਾ ਆਦਿ ਅੰਤ ਦਾ ਮਾਲਕ ਆਦਿ ਜੁਗਾਦੀ ਇਕ, ਸਿਫ਼ਰੇ ਤੋਂ ਆਪਣਾ ਰੂਪ ਦਏ ਬਦਲਾਈਆ । ਜਿਸ ਵੇਲੇ ਮੈਂ ਦੋਹਾਂ ਦੇ ਆ ਜਾਵਾਂ ਵਿਚ, ਏਥੇ ਓਥੇ ਅਗੇ ਪਿਛੇ ਪੁਰਖ ਅਬਿਨਾਸ਼ੀ ਹੋਏ ਸਹਾਈਆ । ਫਿਰ ਮੇਰਾ ਸੈਂਕੜਿਆਂ ਵਿਚ ਲੇਖਾ ਦੇਣ ਲਿਖ, ਗਿਣਤੀ ਬਹੁ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਇਕ ਕਹੇ ਮੈਂ ਵੇਖਿਆ ਏਕੰਕਾਰ, ਇਕੋ ਨਜ਼ਰੀ ਆਈਆ । ਸਿਫ਼ਰਾ ਰੂਪ ਸਰਬ ਸੰਸਾਰ, ਆਪਣੀ ਹਸਤੀ ਜਾਏ ਚੁਕਾਈਆ । ਮੇਲਾ ਮਿਲ ਕੇ ਸਚੀ ਸਰਕਾਰ, ਆਪਣਾ ਰੂਪ ਲਏ ਬਦਲਾਈਆ । ਸਿਫ਼ਰੇ ਦਾ ਇਕ ਅਧਾਰ, ਮਿਹਰਵਾਨ ਅਖਵਾਈਆ । ਮੇਲਾ ਮਿਲਾ ਕੇ ਅਪਰ ਅਪਾਰ, ਗੁਰ ਚੇਲਾ ਰੂਪ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਫ਼ਰਮਾਈਆ । ਇਕ ਕਹੇ ਸਿਫ਼ਰੇ ਨਾਲ ਮਿਲੀ ਇਕਾਈ, ਦਹਾਈ ਆਪਣਾ ਰੂਪ ਬਦਲਾਈਆ । ਇਕ ਦਸ ਦੀ ਹੋਈ ਕੁੜਮਾਈ, ਵਾਹਵਾ ਤੇਰੀ ਵੱਜੀ ਵਧਾਈਆ । ਸਾਚੇ ਘਰ ਹੋਈ ਰੁਸ਼ਨਾਈ, ਨੂਰੋ ਨੂਰ ਡਗਮਗਾਈਆ । ਅਗੇ ਮਿਲੇ ਹਰਿ ਗੁਰ ਸਾਂਈ, ਦਾਤਾ ਬੇਪਰਵਾਹੀਆ । ਆਪਣਾ ਪੜਦਾ ਲਵੇ ਪਾਈ, ਸਾਚਾ ਓਡਣ ਇਕ ਟਿਕਾਈਆ । ਉਥੇ ਇਥੇ ਹੋਏ ਸਹਾਈ, ਅਗੇ ਪਿਛੇ ਆਪਣੀ ਸੇਵ ਕਮਾਈਆ । ਤਿੰਨਾਂ ਮੇਲਾ ਸਹਿਜ ਸੁਭਾਈ, ਘਰ ਸਾਚੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਇਕ ਕਹੇ ਮੈਂ ਜ਼ੀਰੋ ਰੂਪ ਬਣ ਕੇ ਸਰਬ ਸੰਸਾਰ, ਅੰਤ ਏਕੇ ਵਿਚ ਸਮਾਈਆ । ਇਕ ਸਿਫ਼ਰ ਦਾ ਸਚ ਵਿਹਾਰ, ਝੂਠਾ ਫ਼ਿਕਰ ਦਏ ਗਵਾਈਆ । ਸਿਫ਼ਰੇ ਦੇ ਅਗੇ ਇਕ ਨੂੰ ਬਹਾਰ, ਗੁਲਸ਼ਨ ਬਾਗ਼ ਮਹਿਕਾਈਆ । ਇਸ ਤੋਂ ਅਵਰ ਨਹੀਂ ਕਿਛ ਬਾਹਰ, ਬੈਰੂਨੀ ਰੂਪ ਨਾ ਕੋਇ ਧਰਾਈਆ । ਇਕ ਇਕ ਦਾ ਖੇਲ ਅਪਾਰ, ਸਿਫ਼ਰਾ ਮੇਲਾ ਸਹਿਜ ਸੁਭਾਈਆ । ਸਿਫ਼ਰਾ ਕਹੇ ਗੁਰ ਚੇਲਾ ਵੇਖਾਂ ਇਕੋ ਧਾਰ, ਦੂਜਾ ਨਜ਼ਰ ਕੋਇ ਨਾ ਆਈਆ । ਖੇਵਟ ਖੇਟਾ ਬਣੇ ਇਕ ਕਰਤਾਰ, ਕਰਤਾ ਪੁਰਖ ਇਕ ਸ਼ਹਿਨਸ਼ਾਹੀਆਂ । ਜੁਗ ਜਨਮ ਦਾ ਪੂਰਾ ਕਰੇ ਉਧਾਰ, ਲੇਖਾ ਲੇਖੇ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇਕ ਕਹੇ ਮੈਂ ਆਇਆ ਉਤਰ, ਆਪਣਾ ਰੂਪ ਬਦਲਾਈਆ । ਸਿਫ਼ਰਾ ਰੂਪ

ਬਣਾ ਕੇ ਪੁਤਰ, ਪਿਤਾ ਪੂਤ ਜੋੜ ਜੁੜਾਈਆ । ਦੋਹਾਂ ਦਾ ਆਪੇ ਕਰ ਕੇ ਸ਼ੁਕਰ, ਏਕਾ ਕਹੇ ਮੈਂ ਆਪਣੀ ਖ਼ੁਸ਼ੀ ਮਨਾਈਆ । ਇਕ ਦੇ ਅੰਦਰ ਸਾਰੇ ਲੁਕਣ, ਸਿਫ਼ਰਾ ਰੂਪ ਸਰਬ ਦਰਸਾਈਆ । ਇਕ ਦੇ ਕੋਲੋਂ ਸਾਰੇ ਪੁਛਣ, ਸਚ ਦਵਾਰੇ ਮੰਗ ਮੰਗਾਈਆ । ਇਕ ਦੀ ਧਾਰੋਂ ਸਾਰੇ ਉਠਣ, ਲੱਖ ਚੁਰਾਸੀ ਨੂਰ ਰੁਸ਼ਨਾਈਆ । ਇਕ ਨੂੰ ਸਜਦਿਆਂ ਅੰਦਰ ਸਾਰੇ ਝੁਕਣ, ਨਮੋ ਨਮੋ ਸਾਰੇ ਸੀਸ ਝੁਕਾਈਆ । ਇਕ ਦਾ ਨਾਂ ਗਾਵਣ ਸਾਰੇ ਮੁਖਣ, ਢੋਲਿਆਂ ਵਿਚ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਇਕ ਸੌ ਇਕ ਕਹੇ ਮੈਂ ਆਇਆ, ਕਲਜੁਗ ਅੰਤਮ ਵੇਸ ਵਟਾਈਆ । ਕੂੜੀ ਕਿਰਿਆ ਜਗਤ ਤਜਾ ਕੇ ਮਾਇਆ, ਮਮਤਾ ਮੋਹ ਦੇਣਾ ਗਵਾਈਆ । ਪੁਰਖ ਅਬਿਨਾਸ਼ੀ ਰੰਗ ਚੜ੍ਹਾਇਆ, ਦੁਰਮਤ ਮੈਲ ਦੇਣੀ ਧੁਆਈਆ । ਜਿਸ ਦਾ ਲਹਿਣਾ ਓਸੇ ਦੀ ਝੋਲੀ ਪਾਇਆ, ਜਗਤ ਉਧਾਰ ਦਿਤਾ ਗਵਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਿਫ਼ਰਾ ਹੋ ਕੇ ਆਪਣਾ ਆਪ ਦਏ ਤਜਾਇਆ, ਅੰਤ ਏਕਾ ਏਕੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਇਕ ਕਹੇ ਮੇਰੇ ਨਾਲ ਲੱਗਾ ਸਿਫ਼ਰਾ, ਸਿਫ਼ਰਾ ਕਹੇ ਮੇਰੀ ਇਕ ਨਾਲ ਵਡਿਆਈਆ । ਤਿੰਨਾਂ ਦਾ ਮਿਲ ਕੇ ਸੋਹਣਾ ਬਣ ਗਿਆ ਫ਼ਿਕਰਾ, ਆਦਿ ਅੰਤ ਤੇ ਮਧ ਧਾਰ ਦਏ ਚਲਾਈਆ । ਜਨ ਭਗਤਾਂ ਦੀ ਚੋਟੀ ਚੜ੍ਹ ਕੇ ਸਿਫ਼ਰਾ, ਸਿਲਾ ਪੱਥਰ ਤੋੜ ਤੁੜਾਈਆ । ਆਤਮ ਪਰਮਾਤਮ ਦਾ ਬਣ ਕੇ ਮਿਤਰਾ, ਮੀਤ ਮੁਰਾਰਾ ਜੋੜ ਜੁੜਾਈਆ । ਜਗਤ ਅੰਧੇਰੇ ਵਿਚੋਂ ਬਾਹਰ ਨਿਤਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਦਾ ਮੇਟਣਹਾਰਾ ਖ਼ਤਰਾ, ਖ਼ਾਤਿਰ ਤਵੱਜਹ ਕਰੇ ਥਾਉਂ ਥਾਈਆ । ਕਾਇਆ ਦਾ ਪਲਟਣਹਾਰ ਪਤਰਾ, ਵਰਕਾ ੮੦੧

੮੦੧ ਵਰਕਾ ਦਏ ਪਲਟਾਈਆ । ਲੇਖਾ ਲਿਖ ਕੇ ਵਿਚ ਸਤਰਾਂ, ਸਤਾਰਾ ਕਿਸਮਤ ਦਾ ਦਏ ਬਦਲਾਈਆ । ਅਗੇ ਕਰਨਾ ਨਾ ਪਏ ਕੋਇ ਯਤਨਾ, ਯਥਾਰਥ ਆਪਣਾ ਰੰਗ ਚੜ੍ਹਾਈਆ । ਜਿਹੜੇ ਸਚਖੰਡ ਦੁਵਾਰਿਉਂ ਹੋ ਗਏ ਬੇਵਤਨਾ, ਉਹਨਾਂ ਨੂੰ ਆਪਣੇ ਵਤਨ ਦਏ ਪੁਜਾਈਆ । ਸਚ ਦਵਾਰੇ ਦਾ ਵਖਾ ਕੇ ਪਤਣਾ, ਧੁਰ ਦੀ ਨਈਆ ਦਏ ਚੜ੍ਹਾਈਆ । ਦਰ ਤੇ ਆਇਆ ਕੋਇ ਨਾ ਜਾਵੇ ਸਖਣਾ, ਆਸਾ ਮਨਸਾ ਸਭ ਦੀ ਪੂਰ ਕਰਾਈਆ । ਇਕ ਕਹੇ ਮੈਂ ਜ਼ੀਰੋ ਦੀ ਪਤ ਰਖਣਾ, ਜ਼ੀਰੋ ਕਹੇ ਮੇਰੀ ਇਕ ਨਾਲ ਵਡਿਆਈਆ । ਸਚ ਸੁਨੇਹੜਾ ਸਭ ਨੂੰ ਦਸਣਾ, ਦਹਿ ਦਿਸ਼ਾ ਹੁਕਮ ਸੁਣਾਈਆ । ਕਲਜੁਗ ਕੂੜੀ ਰੈਣ ਅੰਧੇਰੀ ਮੇਟੀ ਮਸਣਾ, ਸਾਚਾ ਨੂਰ ਕਰੇ ਰੁਸ਼ਨਾਈਆ । ਜ਼ੀਰੋ ਕਹੇ ਮੈਂ ਇਕ ਨਾਲ ਬਹਿ ਕੇ ਹਸਣਾ, ਇਕ ਅੰਦਰ ਆਪਣਾ ਡੇਰਾ ਲਾਈਆ । ਜਿਥੇ ਕੋਈ ਨਾ ਹੋਵੇ ਘਟਨਾ, ਭੈ ਭੌ ਨਾ ਕੋਇ ਜਣਾਈਆ । ਸਚ ਪ੍ਰੇਮ ਦਾ ਚੜ੍ਹੇ ਵਟਣਾ, ਸੋਹਣਾ ਸਗਨ ਮਨਾਈਆ । ਗੋਬਿੰਦ ਨੇ ਰਾਣੀ ਨੂੰ ਇਕ ਸੌ ਇਕ ਮੋੜ ਦਿਤਾ ਸੀ ਪਟਨਾ, ਸ਼ਬਦੀ ਸ਼ਬਦ ਦਿਤਾ ਜਣਾਈਆ । ਜਿਸ ਵੇਲੇ ਮੈਂ ਪ੍ਰੇਮੀਆਂ ਦੇ ਅੰਦਰ ਵਸਣਾ, ਆਤਮ ਸੇਜਾ ਡੇਰਾ ਲਾਈਆ । ਆਪਣਾ ਵਕਤ ਸੁਹੇਲਾ ਦੱਸਣਾ, ਪੜਦਾ ਦੇਣਾ ਉਠਾਈਆ । ਓਸ ਵੇਲੇ ਤ੍ਰੇਤੇ ਜੁਗ ਦੇ ਵਿਛੜੇ ਮਿਤਰਾਂ ਨਾਲ ਮਿਲ ਕੇ ਸਭ ਨੇ ਰਖਣਾ, ਮਿਲੇ ਮਾਣ ਵਡਿਆਈਆ । ਪੂਰਾ ਪਾਲਣ ਕਰਨਾ ਬਚਨਾ, ਸਤਿ ਬਚਨ ਦਿਤਾ ਦ੍ਰਿੜਾਈਆ । ਹੁਣ ਕਾਇਆ ਚੋਲੀ ਛਡਣਾ ਕਚਨਾ, ਤਨ ਮਾਟੀ ਰਹਿਣ ਨਾ ਪਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜਿਸ ਵੇਲੇ ਪਰਤਣਾ, ਪ੍ਰਤੀਨਿਧ ਹੋ ਕੇ ਹੁਕਮ ਮਨਾਈਆ । ਉਸ ਵੇਲੇ ਖੇਲ ਅਗੰਮੀ ਵਰਤਣਾ, ਜਿਸ ਨੂੰ ਸਮਝੇ ਨਾ ਕੋਇ ਲੋਕਾਈਆ । ਲੱਖ ਚੁਰਾਸੀ ਮਾਇਆ ਮਮਤਾ ਅੰਦਰ ਤਰਸਣਾ, ਹੰਗਤਾ ਗੜ੍ਹ ਬਣਾਈਆ ।

ਗੋਬਿੰਦ ਕਹੇ ਓਸ ਵੇਲੇ ਅੰਮ੍ਰਿਤ ਮੇਘ ਭਗਤਾਂ ਉਤੇ ਬਰਸਣਾ, ਬੂੰਦ ਸਵਾਂਤੀ ਮੁਖ ਚੁਆਈਆ । ਸ਼ਬਦੀ ਸੂਰਬੀਰ ਹੋ ਕੇ ਗਰਜਣਾ, ਗਰਜ ਇਕੋ ਭਬਕ ਜਣਾਈਆ । ਸੰਤ ਸੁਹੇਲੇ ਸਾਚੇ ਵਰਜਣਾ, ਵਜਹ ਅਗਲੀ ਦੇਣੀ ਦ੍ਰਿੜਾਈਆ । ਜਨ ਭਗਤੋ ਸਚ ਭੰਡਾਰਾ ਸਾਚੇ ਨਾਮ ਦਾ ਖਰਚਣਾ, ਅਤੋਟ ਅਤੁਟ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਮੁਕਾਈਆ । ਇਕ ਜ਼ੀਰੋ ਕਹੇ ਇਕ, ਇਕ ਨਾਲ ਵੱਜੀ ਵਧਾਈਆ । ਅਸੀਂ ਵੇਖੀਏ ਲਹਿਣਾ ਕਿਸ ਕਿਸ, ਕ਼ਿਸਮਤ ਕਿਸ ਦੀ ਰਿਹਾ ਬਦਲਾਈਆ । ਕਿਰਪਾ ਕੀਤੀ ਜਿਸ ਉਪਰ ਤਿਸ, ਤਿਲਕ ਲਲਾਟੀ ਦਿਤਾ ਟਿਕਾਈਆ । ਦਰਸ਼ਨ ਦੇ ਕੇ ਨੇਤਰ ਨਿਜ, ਪੜਦਾ ਦਿਤਾ ਖੁਲ੍ਹਾਈਆ । ਆਪਣੇ ਮਿਲਣ ਦੀ ਦੱਸ ਕੇ ਬਿਧ, ਮੇਲਾ ਲਿਆ ਕਰਾਈਆ । ਜਨਮ ਜਨਮ ਦੇ ਕਾਰਜ ਕਰ ਕੇ ਸਿੱਧ, ਸਿੱਧਾ ਰਸਤਾ ਇਕ ਵਖਾਈਆ । ਜਿਸ ਨੂੰ ਲਭਦੇ ਕੋਟਨ ਕੋਟ ਸੁਰਪਤ ਇੰਦ, ਕਰੋੜ ਤੇਤੀਸਾ ਭੱਜੇ ਵਾਹੋ ਦਾਹੀਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਮੰਨਣ ਮਰਗਿੰਦ, ਗੁਣੀ ਗਹਿੰਦ ਬੇਪਰਵਾਹੀਆ । ਜਿਸ ਦੀ ਧਾਰ ਅੰਮ੍ਰਿਤ ਸਾਗਰ ਸਿੰਧ, ਅਗੰਮ ਅਥਾਹ ਵਹਾਈਆ । ਜ਼ੀਰੋ ਕਹੇ ਮੈਂ ਉਸ ਦੀ ਬਿੰਦ, ਇਕ ਨਾਲ ਆਪਣਾ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਗੰਮੀ ਰਿਹਾ ਖਿਲਾਈਆ । ਇਕ ਸੌ ਇਕ ਕਹੇ ਮੈਨੂੰ ਕਹਿੰਦੇ ਰਹੇ ਅਕੋਤਰ, ਅਕਲਾਂ ਵਾਲੇ ਮਾਤ ਜਣਾਈਆ । ਪਰ ਮੇਰੀ ਮੰਜ਼ਲ ਮੂਲ ਨਾ ਪਹੁੰਚਣ, ਸਚ ਸਚ ਨਾ ਕੋਇ ਸਮਝਾਈਆ । ਸਾਰੇ ਕਰਦੇ ਗਏ ਸੋਚਨ, ਸੋਚ ਸਮਝ ਨਾ ਕੋਇ ਵਡਿਆਈਆ । ਮੇਰਾ ਜਗਤ ਉਧਾਰਾ ਰੋਕੜ, ਰੋਕੜਾਂ ਵਿਚ ਵੰਡ ਵੰਡਾਈਆ । ਜਗਤ ਸਵਾਰਥ ਲੋਕਨ, ਵਾਧਿਆਂ ਵਿਚ ਗਿਣਾਈਆ । ਪਹਿਲਾ ਲੇਖਾ ਮੇਰਾ ਕਪਾਲ ਮੋਚਨ, ਬ੍ਰਹਮੇ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਖ਼ੁਸ਼ੀ ਵਖਾਈਆ । ਇਕ ਸੌ ਇਕ ਕਹੇ ਜਿਸ ਵੇਲੇ ਰਚੀ ਸ੍ਰਿਸ਼ਟੀ, ਇਕ ਦਿਤੀ ਵਡਿਆਈਆ । ਜ਼ੀਰੋ ਰੂਪ ਬਣ ਕੇ ਗ੍ਰਿਸਤੀ, ਸੇਜ ਅਗੰਮੀ ਆਪ ਹੰਡਾਈਆ । ਇਕ ਬਣਾ ਕੇ ਸਾਚਾ ਇਸ਼ਟੀ, ਆਸ਼ਰਮ ਆਪਣਾ ਲਿਆ ਸੁਹਾਈਆ । ਆਪਣੇ ਪ੍ਰੇਮ ਦੀ ਉਪਜਾ ਕੇ ਦ੍ਰਿਸ਼ਟੀ, ਦ੍ਰਿਸ਼ ਆਪਣਾ ਰਿਹਾ ਵਖਾਈਆ । ਮਾਲਕ ਬਣ ਕੇ ਅਰਸ਼ੀ ਫ਼ਰਸ਼ੀ, ਫ਼ੈਸਲਾ ਹਕ ਸੁਣਾਈਆ । ਉਸ ਵੇਲੇ ਮੈਂ ਕੀਤੀ ਇਕ ਅਰਜ਼ੀ, ਬੇਨੰਤੀ ਇਕ ਸਚ ਜਣਾਈਆ । ਜੁਗ ਚੌਕੜੀ ਮੇਰੀ ਧਾਰ ਰਹੇ ਚਲਦੀ, ਇਕ ਸੌ ਇਕ ਵਜਦੀ ਰਹੇ ਵਧਾਈਆ । ਜਿਸ ਵੇਲੇ ਪ੍ਰਭ ਲੋਕਮਾਤ ਤੇਰੀ ਆਵੇ ਬਰਸੀ, ਤੇਰੇ ਨਾਮ ਵੱਜੇ ਵਧਾਈਆ । ਉਸ ਵੇਲੇ ਯਾਦ ਰੱਖੀਂ ਜਿਹੜਾ ਹੁੰਡੀ ਤਾਰਨ ਵੇਲੇ ਕੌਲ ਇਕ਼ਰਾਰ ਕੀਤਾ ਨਾਲ ਨਰਸੀ, ਰੋਕੜ ਆਪਣੀ ਵੇਖ ਵਖਾਈਆ । ਜ਼ੀਰੋ ਕਹੇ ਮੈਂ ਉਸ ਵੇਲੇ ਇਕ ਦੇ ਘਰ ਸੀ, ਅਗੇ ਇਕ ਦਾ ਰਾਹ ਤਕਾਈਆ । ਬਿਨਾ ਇਕ ਨਾ ਪਾਵਾਂ ਦਰਸੀ, ਦੀਦ ਈਦ ਨਾ ਕੋਇ ਰੁਸ਼ਨਾਈਆ । ਸਦਾ ਪ੍ਰਭ ਦੀ ਚਲਾਂ ਮਰਜ਼ੀ, ਆਪਣੀ ਮਨਸਾ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖੇ ਰਿਹਾ ਜਣਾਈਆ । ਇਕ ਸੌ ਇਕ ਕਹੇ ਮੈਨੂੰ ਮਿਲਦਾ ਰਿਹਾ ਮਾਣ, ਜਗਤ ਵਿਚ ਵਧਾਈਆ । ਇਕ ਕਹੇ ਮੈਂ ਆਦਿ ਜੁਗਾਦਿ ਵੇਖਿਆ ਇਕ ਭਗਵਾਨ, ਜੋ ਸਿਫ਼ਰੇ ਨੂੰ ਦਏ ਬਣਾਈਆ । ਸਿਫ਼ਰਾ ਕਹੇ ਮੈਂ ਉਸੇ ਦਾ ਨਿਸ਼ਾਨ, ਜੋ ਅੰਤ ਇਕੋ ਨਜ਼ਰੀ ਆਈਆ । ਤਿੰਨਾਂ ਦਾ ਮਿਲ ਕੇ ਬਣਿਆ ਵਿਧਾਨ, ਵਾਧਾ ਆਪਣਾ ਇਕ ਪਰਗਟਾਈਆ । ਭਗਤ ਸੁਹੇਲੇ ਕਰ ਪਰਵਾਨ, ਚਰਨ ਧਿਆਨ ਇਕ ਜਣਾਈਆ । ਮਿਹਰ ਨਜ਼ਰ ਨਾਲ ਦੇਵੇ ਗਿਆਨ,

੮੦੨

ਅਗਿਆਨ ਅੰਧੇਰ ਗੁਆਈਆ । ਜਨ ਭਗਤਾਂ ਦੀ ਜਨਮ ਜਨਮ ਦੀ ਕਰਮ ਕਰਮ ਦੀ ਧਰਮ ਧਰਮ ਦੀ ਸਰਨ ਸਰਨ ਦੀ ਮਰਨ ਮਰਨ ਦੀ ਤਰਨ ਤਰਨ ਦੀ ਸੇਵਾ ਕਰ ਪਰਵਾਨ, ਪਰਵਾਨੇ ਧੁਰ ਦਏ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗਾਂ ਵਾਲਿਆਂ ਭਗਤਾਂ ਭਾਗਸ਼ਾਲੀ ਲਏ ਬਣਾਈਆ ।

❊ ੧੧ ਜੇਠ ਸ਼ਹਿਨਸ਼ਾਹੀ ਸੰਮਤ ੧ ਲਛਮਣ ਸਿੰਘ ਦੇ ਖੂਹ ਉਤੇ ਰੁੜਕਾ ਕਲਾ ❊

ਧਰਨੀ ਕਹੇ ਵਕਤ ਸੁਹੰਜਣਾ ਸੁਹੇਲਾ ਵੇਲਾ ਲੱਭਾ, ਲਾਭਦਾਇਕ ਘੜੀ ਨਜ਼ਰੀ ਆਈਆ । ਪੁਰਖ ਅਕਾਲ ਦੀਨ ਦਿਆਲ ਮਿਲ ਗਿਆ ਧੁਰ ਦਾ ਅੱਬਾ, ਅੰਮੀ ਹੋ ਕੇ ਗੋਦ ਉਠਾਈਆ । ਮੇਰਾ ਰੋਗ ਸੋਗ ਦੁਖ ਗੁਆਇਆ ਹੱਬਾ, ਹਮ ਘਰ ਸਾਜਨ ਮਿਲਿਆ ਆਈਆ । ਸਚ ਪ੍ਰੀਤੀ ਅੰਦਰ ਬੱਧਾ, ਬੰਧੇ ਬੰਧਨ ਰਿਹਾ ਤੁੜਾਈਆ । ਧੁਰ ਦੇ ਪ੍ਰੇਮ ਦਾ ਦੇ ਕੇ ਮਜ਼ਾ, ਮਜ਼ਾਜ ਅੰਦਰੋਂ ਰਿਹਾ ਬਦਲਾਈਆ । ਆਪਣੇ ਆਵਣ ਦੀ ਦੱਸ ਕੇ ਵਜਹ, ਵਜੂਦਾਂ ਵਾਲਿਆਂ ਦਏ ਦ੍ਰਿੜਾਈਆ । ਗੁਰਮੁਖਾਂ ਦਾ ਲਹਿਣਾ ਦੇਣਾ ਰਹਿਣ ਨਾ ਦੇਵੇ ਗੱਬਾ, ਗਬਲਾ ਲੇਖਾ ਦਏ ਮੁਕਾਈਆ । ਨਾਮ ਭੰਡਾਰਾ ਅੰਦਰੋਂ ਕੱਢੇ ਦੱਬਾ, ਪਰਦਾ ਕੂੜਾ ਦਏ ਚੁਕਾਈਆ । ਧੁਰ ਸੰਦੇਸ਼ਾ ਦੇਵੇ ਸੱਦਾ, ਨਾਮ ਨਿਧਾਨਾ ਇਕ ਸੁਣਾਈਆ । ਗੁਰਮੁਖ ਸ਼ੇਰ ਬਣਾ ਕੇ ਬੱਗਾ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਨਾਲ ਕਦੇ ਨਾ ਕਰੇ ਦਗ਼ਾ, ਕਲਜੁਗ ਅਗਨੀ ਦਗਦੇ ਦੇ ਠਰਾਈਆ । ਭਾਗ ਲਗਾਵੇ ਕਾਇਆ ਮਾਟੀ ਨਾੜੀ ਮਾਸ ਹੱਡਾ, ਚਮੜੀ ਪੋਸ਼ ਵੇਖ ਵਖਾਈਆ । ਧੁਰ ਦਾ ਮੀਤ ਬਣ ਕੇ ਸਕਾ, ਸਾਜਨ ਹੋ ਕੇ ਵੇਖ ਵਖਾਈਆ । ਵਸਤ ਅਮੋਲਕ ਝੋਲੀ ਪਾਵੇ ਹਕਾ, ਹਕੀਕਤ ਆਪਣੀ ਝੋਲੀ ਪਾਈਆ । ਸਨਮੁਖ ਹੋ ਕੇ ਦਰਸ ਦਿਖਾਵੇ ਅੱਖਾ, ਆਖ਼ਰ ਆਪਣਾ ਜੋੜ ਜੁੜਾਈਆ । ਧਰਨੀ ਕਹੇ ਮੈਂ ਪ੍ਰਭ ਸਵਾਮੀ ਵੇਖਿਆ ਮਸਾਂ, ਜੋ ਮਸਲੇ ਸਭ ਦੇ ਹਲ ਕਰਾਈਆ । ਇਸੇ ਦੇ ਚਰਨਾਂ ਹੇਠ ਵਸਾਂ, ਵਾਸਤਾ ਇਸੇ ਨਾਲ ਜਣਾਈਆ । ਕਦਮਾਂ ਉਤੇ ਢੱਠਾਂ, ਸਿਰ ਨਾ ਸਕਾਂ ਉਠਾਈਆ । ਇਕੋ ਨਾਮ ਰਟਾਂ, ਤੂੰ ਹੀ ਤੂੰ ਹੀ ਢੋਲਾ ਗਾਈਆ । ਪਾਂਧੀ ਹੋ ਕੇ ਦਰ ਦਵਾਰ ਨੱਠਾਂ, ਭੱਜਾਂ ਵਾਹੋ ਦਾਹੀਆ । ਸਾਚਾ ਲਾਹ ਧੁਰ ਦਾ ਖੱਟਾਂ, ਵਸਤ ਅਮੋਲਕ ਝੋਲੀ ਪਾਈਆ । ਜਨ ਭਗਤਾਂ ਸਚ ਸਚ ਦੱਸਾਂ, ਦਹਿ ਦਿਸ਼ਾ ਦਿਆਂ ਜਣਾਈਆ । ਜਿਸ ਦਾ ਕਿਸੇ ਨੂੰ ਲੱਗਾ ਨਹੀਂ ਕੋਈ ਪਤਾ, ਪਤਿਪਰਮੇਸ਼ਵਰ ਹੋ ਕੇ ਆਇਆ ਬੇਪਰਵਾਹੀਆ । ਜਿਹੜੀ ਸੁਆਣੀ ਸੁਆਰ ਕੇ ਖੜਦੀ ਰਹੀ ਭੱਤਾ, ਭਾਵਨਾ ਆਪਣੇ ਨਾਲ ਬਣਾਈਆ । ਉਸੇ ਨਾਲ ਕਰਕੇ ਮਤਾ, ਸਚ ਸਲਾਹ ਲਈ ਸਮਝਾਈਆ । ਪੁਰਖ ਅਕਾਲ ਵੇਖਿਆ ਸਚਾ, ਸਚ ਦਾਤਾ ਬੇਪਰਵਾਹੀਆ । ਜਿਸ ਦਾ ਮਾਟੀ ਭਾਂਡਾ ਰੁੜ੍ਹ ਗਿਆ ਸੀ ਕੱਚਾ, ਕੰਚਨ ਰੂਪ ਦਿਆਂ ਬਦਲਾਈਆ । ਉਸੇ ਦਾ ਵਿਛੜਨ ਵਾਲਾ ਸੀ ਇਕ ਛੋਟੀ ਨਾਲ ਬੱਚਾ, ਨਵ ਦਿਨ ਬਾਕੀ ਨਜ਼ਰੀ ਆਈਆ । ਧਰਨੀ ਕਹੇ ਗਲ ਵਾਸਤਾ ਇਕੋ ਘੱਤਾਂ, ਨੀਵੀਂ ਹੋ ਕੇ ਸੀਸ ਨਿਵਾਈਆ । ਕਿਰਪਾ ਕਰ ਦੇ ਤਤ ਅੱਠਾ, ਅੱਠ ਨੌ ਪੰਧ ਮੁਕਾਈਆ । ਆਪਣੇ ਪਿਆਰ ਦਾ ਦੇਦੇ ਰਸਾ, ਰਸਨਾ ਜਿਹਵਾ ਨਾ ਹੋਏ ਹਲਕਾਈਆ । ਤੇਰਾ ਸੋਹਣਾ ਨਜ਼ਰੀ ਆਵੇ ਸੱਸਾ, ਜਿਸ ਉਤੇ ਹੋੜਾ ਦਿਤਾ ਟਿਕਾਈਆ । ਹੰ ਬ੍ਰਹਮ ਹੋ ਕੇ ਲੇਖਾ ਦਿਤਾ ਹਕਾ, ਹਕੀਕਤ ਝੋਲੀ ਦੇਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਨ ਧੁਰ ਦਾ ਇਕ ਵਰਤਾਈਆ ।

## ✻ ੧੧ ਜੇਠ ਸ਼ਹਿਨਸ਼ਾਹੀ ਸੰਮਤ ੧ ਨਛੱਤਰ ਸਿੰਘ ਦੇ ਗ੍ਰਹਿ ਦੁਰਾਹਾ ਲੁਧਿਆਣਾ ਸੰਗਤ ✻

ਗਿਆਰਾਂ ਜੇਠ ਕਹੇ ਮੈਂ ਹੋਇਆ ਖ਼ੁਸ਼ਹਾਲ, ਇਕ ਨਾਲ ਇਕ ਮਿਲ ਕੇ ਵੱਜੀ ਵਧਾਈਆ । ਕਿਰਪਾ ਕਰੀ ਪ੍ਰਭ ਦੀਨ ਦਿਆਲ, ਠਾਕਰ ਸੁਵਾਮੀ ਹੋਇਆ ਸਹਾਈਆ । ਪ੍ਰੇਮ ਪਿਆਰਿਆਂ ਦੇ ਅੰਦਰ ਦੇ ਕੇ ਪ੍ਰੇਮ ਉਛਾਲ, ਸੋਈ ਸੁਰਤੀ ਲਈ ਜਗਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਲੇਖਾ ਦਿਤਾ ਮਿਟਾਈਆ । ਸਤਿ ਦੀ ਰੀਤੀ ਦੱਸ ਕੇ ਵਿਚ ਸੰਸਾਰ, ਮੰਦਰ ਮਸੀਤੀ ਪੰਧ ਮੁਕਾਈਆ । ਨੇਤਰ ਲੋਚਨ ਨੈਣ ਇਕ ਦੀਦਾਰ, ਦਰਸੀ ਆਪਣਾ ਦਰਸ ਦਿਖਾਈਆ । ਗੁਲਸ਼ਨ ਵਾਲੀ ਮਹਿਕਾ ਕੇ ਸਚੀ ਬਹਾਰ, ਰੰਗ ਬਸੰਤ ਰਿਹਾ ਚੜ੍ਹਾਈਆ । ਕਲੀ ਕਲੀ ਦਾ ਸੋਹਣਾ ਹਾਰ, ਗੁਲ ਗੁਲ ਰਿਹਾ ਖਿਲਾਈਆ । ਜਨਮ ਜਨਮ ਦਾ ਵਣਜ ਵਪਾਰ, ਕਰਮ ਕਰਮ ਦਾ ਲਹਿਣਾ ਰਿਹਾ ਵਖਾਈਆ । ਹਰਿ ਸੰਗਤ ਸਾਚੀ ਕਰ ਤਿਆਰ, ਤ੍ਰੈਗੁਣ ਅਤੀਤਾ ਅੰਤਰ ਆਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗਿਆਰਾਂ ਜੇਠ ਕਹੇ ਮੈਨੂੰ ਹੋਈ ਖ਼ੁਸ਼ੀ, ਤਾਲ ਵੱਜਿਆ ਬੇਪਰਵਾਹੀਆ । ਮੈਂ ਭਗਤਾਂ ਦੀ ਆਤਮ ਵੇਖੀ ਸੁੱਚੀ, ਸਤਿ ਸਤਿਵਾਦੀ ਅੰਦਰੋਂ ਨਜ਼ਰੀ ਆਈਆ । ਜਿਨ੍ਹਾਂ ਦੀ ਇਕੋ ਨਾਲ ਰੁਚੀ, ਦੂਜਾ ਨਾਤਾ ਗਏ ਤੁੜਾਈਆ । ਉਨ੍ਹਾਂ ਦਾ ਨੂਰ ਸੋਹਣਾ ਚਮਕੇ ਮੁਖੀ, ਤਅਲੁਕ ਵੇਖੇ ਬੇਪਰਵਾਹੀਆ । ਭਾਗ ਲਗਾ ਕੇ ਮਾਤ ਕੁੱਖੀ, ਜਨਮਾਂ ਵਿਚੋਂ ਜਨਮ ਦਏ ਬਦਲਾਈਆ । ਏਥੇ ਓਥੇ ਦੋ ਜਹਾਨ ਰੱਖ ਕੇ ਸੁਖੀ, ਮਰਨ ਜਨਮ ਦਾ ਗੇੜਾ ਦਏ ਕਟਾਈਆ । ਜਿਹੜੀ ਆਤਮ ਪਰਮਾਤਮ ਮਿਲਣ ਨੂੰ ਭੁੱਖੀ, ਉਸ ਦੀ ਤ੍ਰਿਸ਼ਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਕਲ ਕਲੀ ਦਾ ਹਾਰ ਕਹੇ ਸਾਡੇ ਵਿਚ ਫੁਲ ਗੁਲਾਬ, ਗੁਲਸ਼ਨ ਧੁਰ ਦਾ ਰਹੇ ਮਹਿਕਾਈਆ । ਸਾਡੇ ਅੰਦਰ ਪ੍ਰੇਮ ਪ੍ਰੀਤੀ ਦਾ ਆਬ, ਆਬੇ ਹਯਾਤ ਰੂਪ ਵਟਾਈਆ । ਭੇਟਾ ਹੋ ਕੇ ਸ਼ਾਹ ਨਵਾਬ, ਆਪਣਾ ਲੇਖਾ ਰਹੇ ਮੁਕਾਈਆ । ਸੱਜਦਿਆਂ ਨਾਲ ਕਰ ਆਦਾਬ, ਨਮਸਤੇ ਕਹਿ ਕੇ ਸੀਸ ਝੁਕਾਈਆ । ਜਿਨ੍ਹਾਂ ਮਿਲੀ ਵਡਿਆਈ ਆਦਿ, ਅਜ਼ਲ ਦੀ ਮਜ਼ਲ ਦਿਤੀ ਮੁਕਾਈਆ । ਧੁਰ ਦਾ ਦੇ ਕੇ ਖ਼ਿਤਾਬ, ਖ਼ਤਾ ਪਿਛਲੀ ਦਿਤੀ ਗਵਾਈਆ । ਸਤਿ ਸਤਿ ਦਾ ਦੱਸ ਰਿਵਾਜ, ਮਾਰਗ ਇਕੋ ਇਕ ਦ੍ਰਿੜਾਈਆ । ਪੁਰਖ ਅਕਾਲਾ ਬਣ ਕੇ ਬਾਪ, ਦੀਨ ਦਿਆਲਾ ਭਗਤਾਂ ਗੋਦ ਉਠਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਧੁਰ ਦਾ ਜਾਪ, ਜੀਵਣ ਜੁਗਤ ਦਿਤੀ ਸਮਝਾਈਆ । ਕੋਟਨ ਕੋਟ ਜਗਤ ਦੇ ਉਤਾਰ ਕੇ ਪਾਪ, ਦੁਰਮਤ ਮੈਲ ਸਾਫ਼ ਕਰਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਦਾ ਪੂਰਾ ਕਰ ਕੇ ਵਾਕ, ਵਾਕਫ਼ਕਾਰ ਆਪਣੇ ਲਏ ਬਣਾਈਆ । ਅੰਦਰ ਵੜ ਕੇ ਸ਼ਬਦੀ ਧਾਰ ਖੋਲ੍ਹੇ ਤਾਕ, ਜਗਤ ਅੰਧੇਰਾ ਦਏ ਗਵਾਈਆ । ਲੇਖੇ ਲਾ ਕੇ ਪੰਜ ਤੱਤ ਮਾਟੀ ਖ਼ਾਕ, ਖ਼ਾਲਸ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਹਾਰ ਕਹਿਣ ਅਸਾਂ ਵੇਖਿਆ ਹਰਿ, ਹਿਰਦੇ ਅੰਦਰ ਡੇਰਾ ਲਾਈਆ । ਜਿਸ ਦਾ ਖੁਲ੍ਹਾ ਇਕੋ ਦਰ, ਜਗਤ ਦਰਵਾਜ਼ੇ ਬੰਦ ਰਿਹਾ ਕਰਵਾਈਆ । ਭਗਤ ਸੁਹੇਲਾ ਦੇਵਣਹਾਰਾ ਵਰ, ਮਿਹਰ ਨਜ਼ਰ ਇਕ ਉਠਾਈਆ । ਦੂਰ ਦੁਰਾਡੇ ਨੇਰਨ ਨੇਰਾ ਅੰਤਰ ਆਤਮ ਲਏ ਫੜ, ਨਿਰੰਤਰ ਬਾਂਹ ਲਏ ਉਠਾਈਆ । ਸਾਚੇ ਮੰਦਰ ਜਾਏ ਚੜ੍ਹ, ਅਗਲਾ ਪਿਛਲਾ ਪੰਧ ਮੁਕਾਈਆ । ਸੁਹੇਲਾ ਦੱਸ ਕੇ ਘਰ, ਘਿਰਨਾ ਸਾਰੀ ਦਏ ਮਿਟਾਈਆ । ਦੂਰ ਦੁਰਾਡਾ ਆਇਆ ਚਲ, ਨਿਰਗੁਣ ਆਪਣਾ ਪੰਧ



੮੦੪

ਮੁਕਾਈਆ । ਸਚ ਸਿੰਘਾਸਣ ਬੈਠਾ ਮਲ, ਸੋਭਨੀਕ ਬੇਪਰਵਾਹੀਆ । ਲਹਿਣਾ ਦੇਣਾ ਚੁਕਾਵਣਹਾਰਾ ਜਲ ਥਲ, ਸਮੁੰਦ ਸਾਗਰ ਖੋਜ ਖੁਜਾਈਆ । ਜਨ ਭਗਤਾਂ ਦਾ ਵਿਛੋੜਾ ਰਹਿਣ ਨਾ ਦੇਵੇ ਘੜੀ ਪਲ, ਪਲਕ ਦੀ ਪਲਕ ਆਪਣੇ ਵਿਚ ਰਲਾਈਆ । ਜਿਹੜੇ ਅੰਦਰੋਂ ਜਗਤ ਵਾਸਨਾ ਕਰ ਕੇ ਥੋੜ੍ਹੇ ਥੋੜ੍ਹੇ ਗਏ ਹਲ, ਸਿਰ ਉਹਨਾਂ ਦੇ ਆਪਣਾ ਹੱਥ ਟਿਕਾਈਆ । ਭਾਗ ਲਗਾ ਕੇ ਕਾਇਆ ਮਾਟੀ ਖੱਲ, ਖ਼ਲਕ ਦਾ ਖ਼ਾਲਕ ਖ਼ਿਲਕ ਆਪਣੀ ਦਏ ਵਖਾਈਆ । ਦੁਵਾਰ ਵਖਾ ਕੇ ਨਿਹਚਲ ਧਾਮ ਅਟਲ, ਮਹਲ ਸੁਹੰਜਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਰਿਹਾ ਚੁਕਾਈਆ । ਹਾਰ ਕਹਿਣ ਅਸੀਂ ਵੇਖਿਆ ਹਰਿ ਕਾ ਰੂਪ, ਗੁਰਮੁਖਾਂ ਅੰਦਰੋਂ ਨਜ਼ਰੀ ਆਈਆ । ਤੱਕਿਆ ਸਤਿ ਸਰੂਪ, ਸਚ ਸਚ ਵਿਚ ਸਮਾਈਆ । ਜਿਨ੍ਹਾਂ ਦਾ ਠਾਕਰ ਇਕੋ ਭੂਪ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਨਾਮ ਨਗਾਰਾ ਵਜਦਾ ਵੇਖਿਆ ਚਾਰੋਂ ਕੂਟ, ਦਹਿ ਦਿਸ਼ਾ ਡੰਕ ਸ਼ਨਵਾਈਆ । ਮਹਲ ਅਟਲ ਵੇਖਿਆ ਉਚ ਅਰੂਜ, ਅਰਸ਼ ਫ਼ਰਸ਼ ਨਾ ਕੋਇ ਵਡਿਆਈਆ । ਜਿਸ ਦਾ ਨਾ ਤਨ ਨਾ ਵਜੂਦ, ਨਿਰਗੁਣ ਦਾਤਾ ਨੂਰ ਰੁਸ਼ਨਾਈਆ । ਜਨ ਭਗਤਾਂ ਆਪਣਾ ਦੇਵਣ ਆਇਆ ਸਬੂਤ, ਸਚ ਸੁਨੇਹੜਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਪਿਛਲਾ ਰਿਹਾ ਚੁਕਾਈਆ । ਹਾਰ ਕਹਿਣ ਅਸੀਂ ਇਕ ਦੂਜੇ ਦੇ ਨਾਲ ਗਏ ਜੁੜ, ਬਹੁ ਗਿਣਤੀ ਰੂਪ ਵਟਾਈਆ । ਸਭ ਨੇ ਸੁਣੀ ਧੁਰਦਰਗਾਹੀ ਸੁਰ, ਸੁਰਤੀ ਆਪਣੀ ਲਈ ਬਦਲਾਈਆ । ਧੁਰ ਦਾ ਮਾਲਕ ਖ਼ਾਲਕ ਖ਼ਲਕ ਦਾ ਗੁਰ, ਗਹਿਰ ਗੰਭੀਰ ਸਚਾ ਸ਼ਹਿਨਸ਼ਾਹੀਆ । ਜਿਸ ਦੀ ਨਿਤ ਨਵਿਤ ਸਭ ਨੂੰ ਪਈ ਲੋੜ, ਪੀਰ ਪੈਗ਼ੰਬਰ ਬੈਠੇ ਰਾਹ ਤਕਾਈਆ । ਸੋ



ਸਵਾਮੀ ਅੰਤਰਜਾਮੀ ਨਿਰਗੁਣ ਦਾਤਾ ਪੁਰਖ ਬਿਧਾਤਾ ਸ਼ਬਦੀ ਧਾਰ ਆਇਆ ਦੌੜ, ਦੋ ਜਹਾਨਾਂ ਨੌਜੁਆਨਾ ਮਰਦ ਮਰਦਾਨਾ ਆਪਣਾ ਪੰਧ ਮੁਕਾਈਆ । ਜਨ ਭਗਤਾਂ ਤੱਕਣ ਆਇਆ ਕਰ ਕੇ ਗ਼ੌਰ, ਗਹਿਰ ਗੰਭੀਰ ਬੇਨਜ਼ੀਰ ਆਪਣਾ ਫੇਰਾ ਪਾਈਆ । ਕਰੇ ਖੇਲ ਅਵਰ ਕੀ ਔਰ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਵੇਖਣਹਾਰਾ ਅੰਧੇਰਾ ਘੋਰ, ਬ੍ਰਹਿਮੰਡਾਂ ਖੰਡਾਂ ਪੜਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਿਸ਼ ਰਹਿਮਤ ਆਪਣੀ ਰਿਹਾ ਵਰਤਾਈਆ । ਹਾਰ ਕਹਿਣ ਅਸੀਂ ਹੋ ਗਏ ਸਾਰੇ ਇਕੱਠੇ, ਰਲ ਕੇ ਆਪਣੀ ਖ਼ੁਸ਼ੀ ਮਨਾਈਆ । ਮਿਲਿਆ ਮੇਲ ਪੁਰਖ ਸਮਰਥੇ, ਸਾਹਿਬ ਸਵਾਮੀ ਹੋਏ ਸਹਾਈਆ । ਦਰਸ਼ਨ ਪਾਇਆ ਇਕੋ ਅੱਖੇ, ਦੂਜਾ ਨੈਣ ਨਾ ਕੋਇ ਖੁਲ੍ਹਾਈਆ । ਲੱਖ ਚੁਰਾਸੀ ਨਾਲੋਂ ਹੋ ਕੇ ਵੱਖੇ, ਵਖਰਾ ਮੇਲਾ ਲਿਆ ਮਿਲਾਈਆ । ਪੁਰਖ ਅਬਿਨਾਸ਼ੀ ਹੋ ਪਰਤਖੇ, ਪਾਰਖੂ ਬਣਿਆ ਜਗਤ ਲੋਕਾਈਆ । ਸੰਤ ਸੁਹੇਲੇ ਗੁਰਮੁਖ ਧੁਰ ਦੇ ਸੱਦੇ, ਹਰਿਜਨ ਆਪਣਾ ਜੋੜ ਜੁੜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਾਤਾਲ ਵਿਸ਼ਨ ਬ੍ਰਹਮਾ ਸ਼ਿਵ ਫਿਰਨ ਭੱਜੇ, ਚਾਰੋਂ ਕੁੰਟ ਵਾਹੋ ਦਾਹੀਆ । ਵੇਖਣ ਖੇਲ ਸਾਹਿਬ ਸੁਲਤਾਨ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਜੇ, ਉਚ ਅਰੂਜ ਮਹਿਫ਼ੂਜ਼ ਆਪਣਾ ਡੇਰਾ ਲਾਈਆ । ਜੋਤੀ ਜਾਤਾ ਨੂਰ ਨੁਰਾਨਾ ਜ਼ਿਮੀਂ ਅਸਮਾਨਾਂ ਇਕੋ ਦੀਪਕ ਜਗੇ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਜਿਹੜਾ ਚਾਰ ਕੁੰਟ ਦਹਿ ਦਿਸ਼ਾ ਜੰਗਲ ਜੂਹ ਉਜਾੜ ਪਹਾੜ ਤੀਰਥ ਤਟ ਕਿਤੇ ਨਾ ਲੱਭੇ, ਖੋਜਿਆਂ ਹੱਥ ਕਿਸੇ ਨਾ ਆਈਆ । ਸੋ ਪੁਰਖ ਬਿਧਾਤਾ ਜਨ ਭਗਤਾਂ ਰੰਗ ਮਜੀਠੀ ਰੰਗੇ, ਅਨਡਿਠੜਾ ਆਪਣਾ ਰੰਗ ਚੜ੍ਹਾਈਆ । ਹਾਰ ਕਹਿਣ ਸਚ ਸ਼ਿੰਗਾਰ ਦੇ ਸਾਨੂੰ ਮਿਲ ਗਏ ਮਜ਼ੇ, ਮਜਲਸ ਭਗਤਾਂ ਨਾਲ ਵਖਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਹਾਰ ਕਹਿਣ ਜਿਸ ਵੇਲੇ ਅਸੀਂ ਲੱਗੇ ਨਾਲ ਅੰਗ, ਆਪਣਾ ਰੰਗ ਲਿਆ ਬਦਲਾਈਆ । ਸੁਣਿਆ ਨਾਮ ਅਗੰਮੀ ਮਰਦੰਗ, ਢੋਲਾ ਬੇਪਰਵਾਹੀਆ । ਪੜਦਾ ਖੁਲ੍ਹ ਗਿਆ ਹੰ ਬ੍ਰਹਮ, ਪਾਰਬ੍ਰਹਮ ਦਿਤੀ ਸ਼ਰਨਾਈਆ । ਨੂਰੀ ਚਮਕਦਾ ਵੇਖਿਆ ਚੰਦ, ਜਗਤ ਅੰਧੇਰਾ ਰਿਹਾ ਮਿਟਾਈਆ । ਝਗੜਾ ਮੁਕਦਾ ਵੇਖਿਆ ਵਰਭੰਡ, ਬ੍ਰਹਿਮੰਡ ਖ਼ੁਸ਼ੀ ਵਖਾਈਆ । ਜਨ ਭਗਤਾਂ ਦਾ ਢੋਲਾ ਸੁਣ ਕੇ ਛੰਦ, ਸੰਸੇ ਸਾਰੇ ਦਿਤੇ ਗਵਾਈਆ । ਸਾਡੀ ਆਸਾ ਮਨਸਾ ਸਭ ਦੀ ਪੂਰੀ ਹੋ ਗਈ ਮੰਗ, ਤ੍ਰਿਸ਼ਨਾ ਰਹੀ ਨਾ ਰਾਈਆ । ਸਚ ਦਵਾਰੇ ਆ ਕੇ ਵੇਖਿਆ ਸਚ ਅਨੰਦ, ਜਿਹੜਾ ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਾ ਬਣਿਆ ਧੁਰ ਦਾ ਸੰਗ, ਸੰਗੀ ਸਾਥੀ ਸਾਰੇ ਪਾਰ ਲੰਘਾਈਆ ।

ਫੁੱਲ ਕਹਿਣ ਅਸੀਂ ਸੋਹਣੀ ਬਣਾਈ ਸੇਜ, ਆਪਣਾ ਆਪ ਭੇਟ ਚੜ੍ਹਾਈਆ । ਕਿਸੇ ਕ਼ੀਮਤ ਨਾਲ ਸਾਨੂੰ ਕੋਈ ਨਾ ਦੇਵੇ ਵੇਚ, ਵਿਚਲਾ ਮੁਲ ਨਾ ਕੋਇ ਪੁਆਈਆ । ਜੁਗ ਚੌਕੜੀ ਅਸੀਂ ਰਹੇ ਵੇਖ, ਨਿਤ ਨਵਿਤ ਅੱਖ ਖੁਲ੍ਹਾਈਆ । ਕੌਣ ਵੇਲਾ ਪਾਰਬ੍ਰਹਮ ਪਤਿਪਰਮੇਸ਼ਵਰ ਜੋਤੀ ਜਾਤਾ ਬਦਲ ਕੇ ਆਵੇ ਵੇਸ, ਅਵਲੜਾ ਰੂਪ ਵਟਾਈਆ । ਅਨੋਖੇ ਧਾਮ ਵਖਰੇ ਵਸੇ ਦੇਸ, ਸੰਬਲ ਵੱਜੇ ਵਧਾਈਆ । ਜਿਥੇ ਕੋਈ ਲਭ ਨਾ ਸਕੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਨੇਤਰ ਅੱਖ ਨਾ ਕੋਇ ਮਿਲਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਸੁਨੇਹੜਾ ਦੇ ਕੇ ਗਏ ਸੰਦੇਸ਼, ਭਵਿਖਤਾਂ ਵਿਚ ਜਣਾਈਆ । ਸੋ ਸਾਡੀ ਮੇਟਣ ਆਇਆ ਰੇਖ, ਰਿਖੀਆਂ ਮੁਨੀਆਂ ਨਾਲ ਮਿਲਾਈਆ । ਪ੍ਰੇਮ ਪਿਆਰ ਦਾ ਕਰ ਕੇ ਹੇਤ, ਚਰਨ ਕਵਲ ਕਵਲ ਚਰਨ ਉਤੇ ਦਿਤਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਰਿਹਾ ਸੁਹਾਈਆ । ਫੁੱਲ ਕਹਿਣ ਸਾਡੀ ਹੋ ਗਈ ਪੱਤੀ ਪੱਤੀ, ਪਤਣ ਵੇਖਿਆ ਬੇਪਰਵਾਹੀਆ । ਧੁਰ ਦਾ ਰੰਗ ਚੜ੍ਹ ਗਿਆ ਰਤ ਰਤੀ, ਰਤਨ ਅਮੋਲਕ ਹੀਰਾ ਦਿਤਾ ਬਣਾਈਆ । ਜਨ ਭਗਤਾਂ ਦੀ ਸੇਵਾ ਵੇਖ ਕੇ ਸਚੀ, ਸਾਜਨ ਸਾਚਾ ਦਇਆ ਕਮਾਈਆ । ਦਰਸ ਦਿਖਾ ਕੇ ਨੇਤਰ ਲੋਚਨ ਅੱਖੀਂ, ਆਖ਼ਰ ਆਪਣਾ ਮੇਲ ਮਿਲਾਈਆ । ਨਾਮ ਨਿਧਾਨ ਸ਼ਬਦ ਗਿਆਨ ਪੜ੍ਹਾ ਕੇ ਪੱਟੀ, ਪਟਨੇ ਦਾ ਮਾਲਕ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਫੁੱਲ ਕਹਿਣ ਅਸੀਂ ਸੁਹੰਜਣਾ ਬਣਾਇਆ ਸਿੰਘਆਸਣ, ਸਿੰਘਾਸਣ ਕਹੇ ਜਗਤ ਲੋਕਾਈਆ । ਭਗਤ ਸੁਹੇਲੇ ਵੇਖੇ ਦਾਸੀ ਦਾਸਨ, ਸੇਵਕ ਸੇਵਾ ਸਚ ਕਮਾਈਆ । ਝੁਕਦੇ ਵੇਖੇ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਸੀਸ ਨਿਵਾਈਆ । ਫੁੱਲ ਕਹਿਣ ਅਸੀਂ ਸਭ ਨੂੰ ਆਏ ਆਖਣ, ਬਿਨ ਅੱਖਰਾਂ ਦਈਏ ਜਣਾਈਆ । ਪਰਮ ਪੁਰਖ ਪਰਮਾਤਮ ਆਤਮ ਦਾ ਲਹਿਣਾ ਆਇਆ ਵਾਚਨ, ਅੰਤਰ ਅੰਤਰ ਖੋਜ ਖੁਜਾਈਆ । ਭਗਤਾਂ ਦਾ ਸਾਚੀ ਭਗਤੀ ਬਣ ਕੇ ਸਾਥਨ, ਧੁਰ ਦਾ ਸੰਗ ਨਿਭਾਈਆ । ਸਚ ਦਵਾਰੇ ਕੋਈ ਮਾਟੀ ਖ਼ਾਕੀ ਦੇਹ ਰਹੇ ਨਾ ਪਾਪਨ, ਜਿਸ ਉਪਰ ਆਪਣੀ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਜ਼ਾਹਰ ਬਾਤਨ, ਪੜਦਿਆਂ ਅੰਦਰ ਪੜਦਾ ਦਏ ਖੁਲ੍ਹਾਈਆ । ਹਰਿ ਸ਼ਬਦ ਕਹੇ ਮੈਂ ਧੁਰ ਦਾ ਦੂਤ, ਪੁਰਖ ਅਕਾਲ ਦਿਤੀ ਵਡਿਆਈਆ । ਨਿਰਗੁਣ ਸਰਗੁਣ ਦਹਿ ਦਿਸ਼ਾ ਵੇਖਾਂ ਚਾਰ ਕੂਟ, ਬ੍ਰਹਿਮੰਡ ਖੰਡ

ਖੋਜ ਖੁਜਾਈਆ । ਭੇਵ ਅਭੇਦਾ ਖੋਲ੍ਹਾਂ ਕਾਇਆ ਪੰਜ ਤੱਤ ਕਲਬੂਤ, ਅੰਤਰ ਆਪਣਾ ਰਾਹ ਵਖਾਈਆ । ਕਲਜੁਗ ਅੰਤਮ ਲਹਿਣਾ ਦੇਣਾ ਮੁਕਾਵਾਂ ਜੂਠ ਝੂਠ, ਸਚ ਸਤਿ ਦੇਵਾਂ ਸਮਝਾਈਆ । ਮਹਲ ਅਟਲ ਉਚ ਮਨਾਰਾਂ ਵਖਾਵਾਂ ਅਰੂਜ, ਅਰਸ਼ੀ ਪ੍ਰੀਤਮ ਦਿਆਂ ਮਿਲਾਈਆ । ਭਗਤ ਸੁਹੇਲਿਆਂ ਦੇ ਕੇ ਧੁਰ ਦੀ ਸੂਝ, ਬੁੱਧ ਬਿਬੇਕੀ ਦਿਆਂ ਬਣਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕੋਲੋਂ ਕਰ ਮਹਿਫ਼ੂਜ਼, ਦਿਵਸ ਰੈਣ ਸਿਰ ਆਪਣਾ ਹੱਥ ਟਿਕਾਈਆ । ਮੰਜ਼ਲ ਚੜ੍ਹਾਵਾਂ ਹਕ਼ ਮਕ਼ਸੂਦ, ਦਰਗਾਹ ਸਾਚੀ ਸਚ ਸੁਹਾਈਆ । ਸਦਾ ਸੁਹੇਲਾ ਹੋ ਕੇ ਹੋਵਾਂ ਮੌਜੂਦ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਵਰਤਾਈਆ । ਹਰਿ ਸ਼ਬਦ ਕਹੇ ਮੈਂ ਨੌਜਵਾਨ, ਨੌਬਤ ਇਕੋ ਨਾਮ ਵਜਾਈਆ । ਸ਼ਾਹ ਪਾਤਸ਼ਾਹ ਭੂਪਤ ਭੂਪ ਮੇਰਾ ਰਾਜ ਰਾਜਾਨ, ਤਖ਼ਤ ਨਿਵਾਸੀ ਪੁਰਖ ਅਕਾਲ ਬੇਪਰਵਾਹੀਆ । ਜੋ ਖੇਲੇ ਖੇਲ ਨਿਰਗੁਣ ਸਰਗੁਣ ਵਿਚ ਜਹਾਨ, ਲੱਖ ਚੁਰਾਸੀ ਜੀਵ ਜੰਤ ਵੇਖ ਵਖਾਈਆ । ਨਿਤ ਨਵਿਤ ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਧੁਰ ਦੀ ਆਪ ਵਰਤਾਈਆ । ਨਰ ਨਰੇਸ਼ਾ ਸਚ ਸੰਦੇਸ਼ਾ ਸੁਨਾਵਣਹਾਰਾ ਹਕ ਫ਼ਰਮਾਨ, ਹੁਕਮ ਹਕ਼ੀਕ਼ਤ ਇਕ ਪਗਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਖ਼ਸ਼ਣਹਾਰਾ ਮਾਣ, ਪੁਰਖ ਸਮਰਥ ਮਹਿੰਮਾ ਅਕਥ ਇਕ ਜਣਾਈਆ । ਦੀਆ ਬਾਤੀ ਕਮਲਾਪਾਤੀ ਜੋਤ ਜਗਾਵਣਹਾਰ ਮਹਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਚ ਸਵਾਮੀ ਅੰਤਰਜਾਮੀ ਧੁਰ ਦਾ ਬਣ ਕੇ ਕਾਹਨ, ਬੰਸਰੀ ਅਗੰਮੀ ਇਕ ਸੁਣਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਦਾ ਰਿਹਾ ਜਹਾਨ, ਨਿਤ ਨਵਿਤ ਵੇਸ ਅਨੇਕਾ ਲੋਕਮਾਤ ਆਪ ਵਟਾਈਆ । ਸਿਫ਼ਤ ਸਾਲਾਹੀ ਦੱਸਦਾ ਰਿਹਾ ਸ਼ਾਸਤਰ ਸਿਮਰਤ ਵੇਦ ਪੁਰਾਨ, ਅੱਖਰਾਂ ਨਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਹਰਿ ਸ਼ਬਦ ਕਹੇ ਮੈਂ ਵਡ ਬਲਵਾਨ, ਬਲਧਾਰੀ ਨਜ਼ਰੀ ਆਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਾ ਕੋਇ ਉਠਾਈਆ । ਗੁਰੂ ਅਵਤਾਰ ਪੀਰ ਪੈਗ਼ੰਬਰ ਜਿਸ ਤੋਂ ਲੈਂਦੇ ਦਾਨ, ਸਰਗੁਣ ਹੋ ਕੇ ਝੋਲੀ ਅਗੇ ਡਾਹੀਆ । ਜਿਸ ਦਾ ਕਲਮਾ ਨਗ਼ਮਾ ਕਾਇਨਾਤ ਪੜ੍ਹਨ ਕਲਾਮ, ਨਾਮ ਸਤਿ ਢੋਲੇ ਰਹੇ ਜਣਾਈਆ । ਸੋ ਸਭ ਦਾ ਮਾਲਕ ਪ੍ਰਿਤਪਾਲਕ ਹੋ ਪਰਧਾਨ, ਧੁਰ ਦੀ ਧਾਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹੀਆ । ਹਰਿ ਸ਼ਬਦ ਕਹੇ ਮੇਰਾ ਰੂਪ ਨਿਰਮਲ ਨੂਰ ਨੁਰਾਨਾ ਜੋਤ, ਜੋਤੀ ਜਾਤਾ ਵੇਖ ਵਖਾਈਆ । ਸਚ ਦਵਾਰ ਸੁਹਾ ਕੇ ਕੋਟ, ਬੰਕ ਇਕੋ ਰੰਗ ਰੰਗਾਈਆ । ਧੁਰ ਨਗਾਰਾ ਵਜਾ ਕੇ ਚੋਟ, ਆਲਸ ਨਿੰਦਰਾ ਸਰਬ ਮੁਕਾਈਆ । ਕੂੜੀ ਕਿਰਿਆ ਕਢ ਕੇ ਖੋਟ, ਆਤਮ ਪਰਮਾਤਮ ਦਿਆਂ ਮਿਲਾਈਆ । ਸਚ ਖ਼ੁਮਾਰੀ ਨਾਲ ਕਰਾਂ ਮਧਹੋਸ਼, ਜਾਮ ਧੁਰ ਦਾ ਇਕ ਪਿਆਈਆ । ਸਚ ਦਵਾਰੇ ਦੀ ਦੱਸਾਂ ਮੌਜ, ਜਿਥੇ ਮਜਲਸ ਬੇਪਰਵਾਹੀਆ । ਜਿਸ ਗ੍ਰਿਹਿ ਕੋਈ ਨਾ ਸਕੇ ਪਹੁੰਚ, ਸੋ ਮੰਦਰ ਦਿਆਂ ਵਡਿਆਈਆ । ਜਿਸ ਦੀ ਸੋਚ ਨਾ ਸਕੇ ਕੋਈ ਸੋਚ, ਸੋ ਪਰਵਰਦਿਗਾਰ ਨੂਰ ਖ਼ੁਦਾ ਜਲਵਾਗਰ ਦਿਆਂ ਵਖਾਈਆ । ਜਿਸ ਦੇ ਹੁਕਮੇ ਅੰਦਰ ਆਦਿ ਜੁਗਾਦਿ ਜੁਗ ਚੌਕੜੀ ਬ੍ਰਹਿਮੰਡ ਖੰਡ ਫਿਰਦੇ ਵੇਖੇ ਚੌਦਾਂ ਲੋਕ, ਚੌਦਾਂ ਤਬਕ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਧੁਰ ਦਾ ਦਾ ਸੰਗ ਨਿਭਾਈਆ । ਹਰਿ ਸ਼ਬਦ ਕਹੇ ਪੁਰਖ ਅਕਾਲ ਇਕੋ ਬਾਪ, ਦੋ ਜਹਾਨਾਂ ਦੇਣਾ ਜਣਾਈਆ । ਆਦਿ ਜੁਗਾਦੀ ਜਿਸ ਦਾ ਵਡ ਪਰਤਾਪ,


੮੦੭

ਦੂਸਰ ਸਕੇ ਨਾ ਕੋਇ ਮਿਟਾਈਆ । ਇਕ ਇਕੱਲਾ ਸਤਿ ਸਤਿਵਾਦੀ ਜਿਸ ਦਾ ਜਾਪ, ਜੀਵਣ ਜੁਗਤ ਦਏ ਸਮਝਾਈਆ । ਧੁਰ ਸੰਦੇਸ਼ਾ ਜੋ ਸਭੇ ਅੰਦਰ ਦੇਵੇ ਆਖ, ਆਖ਼ਰ ਲੇਖਾ ਦਏ ਮੁਕਾਈਆ । ਜੋ ਨਿਰਗੁਣ ਸਰਗੁਣ ਦੇਵਣਹਾਰਾ ਦਾਤ, ਦਾਤਾ ਦਾਨੀ ਬੇਪਰਵਾਹੀਆ । ਚਾਰੇ ਖਾਣੀ ਚਾਰੇ ਬਾਣੀ ਜਿਸ ਦੀ ਗਾਵਣ ਗਾਥ, ਰਾਗਾਂ ਵਿਚ ਸਿਫ਼ਤ ਸਾਲਾਹੀਆ । ਸੋ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਵਿਚ ਸਮਾਈਆ । ਜਿਸ ਨੇ ਰਚਨਾ ਰਚ ਲਈ ਆਦਿ, ਅੰਤਰ ਹੋ ਕੇ ਡੇਰਾ ਲਾਈਆ । ਨਿਰਗੁਣ ਰੂਪ ਹੋ ਵਿਸਮਾਦ, ਬਿਸਮਲ ਆਪਣਾ ਆਪ ਜਣਾਈਆ । ਕਲਜੁਗ ਅੰਤ ਧੁਰ ਸੰਦੇਸ਼ਾ ਦੇਵੇ ਆਪ, ਹੁਕਮ ਹਾਕਮ ਇਕ ਉਪਜਾਈਆ । ਕੂੜੀ ਕਿਰਿਆ ਕਰਨੀ ਨਾਸ, ਭੇਖ ਭਖੰਡ ਦੇਣਾ ਮਿਟਾਈਆ । ਝਗੜਾ ਮਿਟੌਣਾ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਨਾ ਕੋਇ ਲੜਾਈਆ । ਸਾਚੇ ਮੰਦਰ ਪੌਣੀ ਰਾਸ, ਬਿਨ ਗੋਪੀ ਕਾਹਨ ਵੱਜੇ ਵਧਾਈਆ । ਨਿਰਮਲ ਨੂਰ ਸਚ ਜੋਤ ਕਰਨਾ ਪਰਕਾਸ਼, ਅੰਧ ਅਗਿਆਨ ਦੇਣਾ ਮਿਟਾਈਆ । ਕਲਜੁਗ ਮੇਟਣੀ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਵਰਨ ਅਠਾਰਾਂ ਬਰਨ ਸਾਚੀ ਦੱਸਣੀ ਗਾਥ, ਆਤਮ ਪਰਮਾਤਮ ਇਕ ਪੜ੍ਹਾਈਆ । ਪੁਰਖ ਅਕਾਲ ਮਨੌਣਾ ਧੁਰ ਦਾ ਨਾਥ, ਕੂੜੇ ਨਾਤੇ ਦੇਣੇ ਛੁਡਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਪੂਰਾ ਕਰਨਾ ਭਵਿਖਤ ਵਾਕ, ਜੋ ਵਾਕਫ਼ ਹੋ ਕੇ ਗਏ ਸਮਝਾਈਆ । ਜਨ ਭਗਤਾਂ ਦਾ ਕਾਇਆ ਮੰਦਰ ਅੰਦਰ ਖੋਲ੍ਹਣਾ ਤਾਕ, ਪਰਦਾ ਦੂਈ ਦੇਣਾ ਗਵਾਈਆ । ਸਚ ਸਰੋਵਰ ਦੱਸਣਾ ਧੁਰ ਦਾ ਘਾਟ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਆਵਣ ਜਾਵਣ ਮੰਜ਼ਲ ਮੁਕੇ ਵਾਟ, ਮਜ਼ਲ ਆਪਣੀ ਦਏ ਵਖਾਈਆ । ਆਤਮ ਸੇਜਾ ਸੁਹੰਜਣੀ ਸੁਹੌਣੀ ਖਾਟ, ਬਿਨ ਬਿਸਤਰ ਡੇਰਾ ਲਾਈਆ । ਸ਼ਬਦ ਅਗੰਮੀ ਵਜੌਣਾ ਨਾਦ, ਬਿਨ ਰਸਨਾ ਜਿਹਵਾ ਬੱਤੀ ਦੰਦ ਕਰੇ ਸ਼ਨਵਾਈਆ । ਚਾਰ ਕੁੰਟ ਦਹਿ ਦਿਸ਼ਾ ਬਦਲ ਦੇਣਾ ਸਮਾਜ, ਸਮਝ ਵਿਚੋਂ ਸਮਝ ਦੇਣੀ ਬਦਲਾਈਆ । ਝਗੜਾ ਮੁਕੌਣਾ ਰੋਜ਼ਾ ਨਿਮਾਜ਼, ਹਜ਼ਰਤਾਂ ਦਾ ਹਜ਼ਰਤ ਪੀਰਾਂ ਦਾ ਪੀਰ ਪੈਗ਼ੰਬਰਾਂ ਦਾ ਪੈਗ਼ੰਬਰ ਸੁਵੰਬਰ ਆਪਣਾ ਇਕ ਰਚਾਈਆ । ਸ਼ਬਦ ਅਣਿਆਲਾ ਮਾਰਨਾ ਤੀਰ, ਤੀਰ ਅੰਦਾਜ ਨੂਰ ਖ਼ੁਦਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਕਟ ਜ਼ੰਜੀਰ, ਆਤਮ ਪਰਮਾਤਮ ਆਜ਼ਾਦ ਦੇਣੀ ਮਿਲਾਈਆ । ਭੇਵ ਖੁਲ੍ਹਾਏ ਗਹਿਰ ਗੰਭੀਰ, ਬੇਨਜ਼ੀਰ ਤਤ ਸਰੀਰ ਧੀਰਜ ਧੀਰ ਦੇਣਾ ਧਰਾਈਆ । ਲੇਖਾ ਚੁਕਾ ਕੇ ਹਸਤ ਕੀਟ, ਭੇਵ ਮਿਟਾ ਕੇ ਊਚ ਨੀਚ, ਕਲਮਾ ਦੱਸ ਕੇ ਇਕ ਹਦੀਸ, ਧੁਰ ਦਾ ਢੋਲਾ ਦੇਣਾ ਸਮਝਾਈਆ । ਪਤਿਪਰਮੇਸ਼ਵਰ ਸਭ ਨੇ ਗੌਣਾ ਗੀਤ, ਝਗੜਾ ਮੁਕਣਾ ਮੰਦਰ ਮਸੀਤ, ਸਤਿਜੁਗ ਸਾਚੀ ਚਲੇ ਰੀਤ, ਨੀਤੀ ਸਭ ਦੀ ਦਏ ਬਦਲਾਈਆ । ਪੁਰਖ ਅਕਾਲ ਹੋਵੇ ਪ੍ਰੀਤ, ਸਦੀ ਬੀਸਵੀਂ ਰਹੀ ਬੀਤ, ਭਗਤ ਸੁਹੇਲੇ ਕਰੇ ਤ੍ਰੈਗੁਣ ਅਤੀਤ, ਕੂੜੀ ਮਾਇਆ ਮਮਤਾ ਦੇਣ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਹਰਿ ਸ਼ਬਦ ਕਹੇ ਹਰਿ ਹੁਕਮ ਅਪਾਰ, ਅਪਰੰਪਰ ਸਵਾਮੀ ਰਿਹਾ ਸੁਣਾਈਆ । ਸਚਖੰਡ ਨਿਵਾਸੀ ਹੋ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਥਿਰ ਘਰ ਦਵਾਰਿਉਂ ਸ਼ਬਦੀ ਸੁਤ ਲਿਆ ਉਠਾਲ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋ ਧਿਆਨ, ਬਿਨ ਅੱਖਾਂ ਅੱਖ ਲਉ ਖੁਲ੍ਹਾਈਆ । ਕਲਜੁਗ ਅੰਤਮ ਸੁਣੋ ਸਚ ਫ਼ਰਮਾਨ, ਫੁਰਨੇ ਪਿਛਲੇ ਬੰਦ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹੋ ਨੌਜਵਾਨ, ਯੋਜਨਾ ਇਕੋ ਇਕ ਜਣਾਈਆ । ਲੋਕਮਾਤ ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਹੈਰਾਨ, ਹਰਿ ਕਾ ਰੂਪ ਹਰਿ ਮੰਦਰ


੮੦੮

ਨਾ ਕੋਇ ਜਣਾਈਆ । ਨੇਤਰ ਰੋਂਦੇ ਰਾਓ ਰੰਕ ਰਾਜ ਰਾਜਾਨ, ਸ਼ਾਹ ਸੁਲਤਾਨ ਰਹੇ ਕੁਰਲਾਈਆ । ਸਤਿ ਧਰਮ ਚਾਰ ਵਰਨ ਰਿਹਾ ਨਾ ਕੋਇ ਨਿਸ਼ਾਨ, ਸਚ ਗ੍ਰਿਹਿ ਨਾ ਕੋਇ ਵਡਿਆਈਆ । ਆਤਮ ਪਰਮਾਤਮ ਬਿਨ ਅੱਖਰਾਂ ਦੇਵੇ ਨਾ ਕੋਇ ਗਿਆਨ, ਜਗਤ ਵਿਦਿਆ ਨਾਲ ਪੜ੍ਹਾਈਆ । ਬਿਨ ਕਲਮਿਉਂ ਕਰੇ ਨਾ ਕੋਇ ਕਲਿਆਣ, ਅਲਿਫ ਯੇ ਨਗ਼ਮਾਂ ਨਗ਼ਮਿਆਂ ਨਾਲ ਸੁਣਾਈਆ । ਸਾਚੇ ਦਰ ਕਰੇ ਨਾ ਕੋਇ ਪਰਵਾਨ, ਪਰਵਾਨਾ ਧੁਰ ਹੱਥ ਨਾ ਕੋਇ ਫੜਾਈਆ । ਸਿੱਧਾ ਮੇਲ ਮਿਲਾਏ ਨਾ ਕੋਇ ਸ੍ਰੀ ਭਗਵਾਨ, ਸਾਧ ਸੰਤ ਧੁਰ ਦਾ ਕੰਤ ਜੋੜ ਨਾ ਕੋਇ ਜੁੜਾਈਆ । ਰਸਨਾ ਜਿਹਵਾ ਬੱਤੀ ਦੰਦ ਅੱਖਰਾਂ ਵਾਲਾ ਦੇਣ ਗਿਆਨ, ਸਿਫ਼ਤਾਂ ਵਾਲੀ ਸਿਫ਼ਤ ਸੁਣਾਈਆ । ਹਰਿ ਸ਼ਬਦ ਕਹੇ ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਧੁਰ ਦੀ ਨਜ਼ਰੀ ਆਈਆ । ਘਰ ਘਰ ਨਚਦਾ ਵੇਖਿਆ ਸ਼ੈਤਾਨ, ਸ਼ਰਅ ਕਰੇ ਲੜਾਈਆ । ਆਤਮ ਪਰਮਾਤਮ ਸਕਿਆ ਨਾ ਕੋਇ ਪਹਿਚਾਨ, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਾਈਆ । ਮੰਜ਼ਲ ਚੜ੍ਹ ਕੇ ਸਚ ਦਵਾਰਾ ਵੇਖੇ ਨਾ ਕੋਇ ਮਕਾਨ, ਮੁਹੱਬਤ ਮਹਿਬੂਬ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਹਰਿ ਸ਼ਬਦ ਕਹੇ ਮੈਂ ਵੇਖਿਆ ਜਗ, ਕਲਜੁਗ ਅੰਤਮ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਰਹੀ ਦਗ, ਅਗਨੀ ਤੱਤ ਨਾ ਕੋਇ ਬੁਝਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਗਏ ਥੱਕ, ਧੁਰ ਦਾ ਮੇਲਾ ਮੇਲ ਨਾ ਕੋਇ ਮਿਲਾਈਆ । ਹਕੀਕਤ ਵਿਚੋਂ ਮਿਲਿਆ ਕਿਸੇ ਨਾ ਹਕ, ਧੁਰ ਦਾ ਹਾਕਮ ਦੇਵੇ ਨਾ ਕੋਇ ਸਫ਼ਾਈਆ । ਜਗਤ ਵਾਸਨਾ ਮਾਇਆ ਮਮਤਾ ਰਹੇ ਨਠ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਮਣਕਾ ਮਣਕਾ ਮਨ ਵਾਸਨਾ ਰਹੇ ਰਟ, ਮਣਕਾ ਮਨ ਨਾ ਕੋਇ ਭਵਾਈਆ । ੮੦੯
੮੦੯ ਦੁਰਮਤ ਮੈਲ ਸਕਿਆ ਨਾ ਕੋਈ ਕੱਟ, ਅਠਸਠ ਤੀਰਥ ਭੱਜੇ ਵਾਹੋ ਦਾਹੀਆ । ਘਰ ਸਵਾਮੀ ਅੰਤਰਜਾਮੀ ਕਿਸੇ ਨਾ ਮਿਲਿਆ ਪੁਰਖ ਸਮਰਥ, ਮਹਿੰਮਾ ਅਕਥ ਨਾ ਕੋਇ ਵਡਿਆਈਆ । ਜਗਤ ਜੀਵ ਜਹਾਨ ਦਿਵਸ ਰੈਣ ਕਰਨ ਪੂਜਾ ਪਾਠ, ਸਿਮਰਨ ਜੋਗ ਅਭਿਆਸ ਰਹੇ ਕਮਾਈਆ । ਅੰਤਰ ਅੰਤਰ ਮਿਟੀ ਨਾ ਕਿਸੇ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਪੁਰਖ ਅਕਾਲ ਗੋਦੀ ਚੁਕੇ ਕਿਸੇ ਨਾ ਆਪ, ਪਿਤਾ ਪੂਤ ਨਾ ਹੋਏ ਸਹਾਈਆ । ਸਚ ਦਵਾਰੇ ਕਿਸੇ ਨਾ ਨਿਭਿਆ ਸਾਥ, ਧੁਰ ਦਾ ਸੰਗ ਨਾ ਕੋਇ ਜਣਾਈਆ । ਮੰਜ਼ਲ ਚੜ੍ਹਿਆ ਕੋਈ ਨਾ ਘਾਟ, ਘਾਟੇ ਵਿਚ ਵੇਖੀ ਲੋਕਾਈਆ । ਸਤਿ ਪੁਰਖ ਦੀ ਕਰਨ ਬਾਤ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਸੁਤ ਦਏ ਸਮਝਾਈਆ । ਹਰਿ ਸੁਤ ਕਹੇ ਮੈਂ ਵੇਖਣਾ ਲੋਕਮਾਤ, ਆਪਣੀ ਆਪ ਲੈ ਅੰਗੜਾਈਆ । ਸ੍ਰਿਸ਼ਟੀ ਦਾ ਖੋਲ੍ਹ ਕੇ ਵੇਖਣਾ ਤਾਕ, ਕਾਇਆ ਮੰਦਰ ਫੋਲ ਫੁਲਾਈਆ । ਕਿਹੜਾ ਮਿਤਰ ਕਿਹੜਾ ਸਾਕ, ਸੱਜਣ ਕਵਣ ਹਰਿ ਗੁਸਾਈਆ । ਕਿਸ ਦਾ ਖੁਲ੍ਹਿਆ ਤਾਕ, ਕਾਇਆ ਮੰਦਰ ਹੋਵੇ ਰੁਸ਼ਨਾਈਆ । ਸਾਧਾਂ ਸੰਤਾਂ ਕੋਲੋਂ ਲੈਣੇ ਜਵਾਬ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਪਹਿਲਾਂ ਭੇਵ ਦਸੌਣਾ ਆਪ, ਆਤਮ ਨੂਰ ਕਵਣ ਰੁਸ਼ਨਾਈਆ । ਕਵਣ ਪੁੰਨ ਕਵਣ ਪਾਪ, ਕਵਣ ਹਰਖ਼ ਸੋਗ ਸਮਝਾਈਆ । ਕਵਣ ਪੂਜਾ ਕਵਣ ਪਾਠ, ਕਵਣ ਆਸਣ ਸਿੰਘਾਸਣ ਡੇਰਾ ਲਾਈਆ । ਕਵਣ ਨਾਦ ਧੁਨ ਕਵਣ ਵਿਸਮਾਦ, ਕਵਣ ਰੂਪ ਵਟਾਈਆ । ਕਵਣ ਸੋਇਆ ਕਵਣ ਰਿਹਾ ਜਾਗ, ਕਵਣ ਆਲਸ ਨਿੰਦਰਾ ਰਿਹਾ ਵਟਾਈਆ । ਕਵਣ ਤ੍ਰੈਗੁਣ ਮਾਇਆ ਮੇਟੇ ਆਗ, ਕਵਣ ਸਾਂਤਕ ਸਤਿ ਆਪਣਾ ਆਪ ਕਰਾਈਆ । ਕਵਣ ਹੰਸ ਕਵਣ

ਕਾਗ, ਕਵਣ ਦੀਪਕ ਜਗਣ ਚਿਰਾਗ਼, ਕਵਣ ਸਤਿ ਸਚ ਆਏ ਵੈਰਾਗ, ਕਵਣ ਦੁਰਮਤ ਮੈਲ ਦਾਗ਼ ਧਵਾਈਆ । ਕਵਣ ਹਿੱਸਾ ਕਵਣ ਭਾਗ, ਕਵਣ ਮੇਲਾ ਕੰਤ ਸੁਹਾਗ, ਕਵਣ ਦਵਾਰੇ ਮਿਲ ਕੇ ਖ਼ੁਸ਼ੀ ਮਨਾਈਆ । ਕਵਣ ਗੋਬਿੰਦ ਕਵਣ ਬਾਜ਼, ਕਵਣ ਸੀਸ ਕਵਣ ਤਾਜ, ਕਵਣ ਮਾਰਗ ਸਚ ਰਿਵਾਜ, ਕਵਣ ਸ਼ਾਹ ਕਵਣ ਨਵਾਬ, ਕਵਣ ਹਯਾਤ ਕਵਣ ਆਬ, ਕਵਣ ਤਨ ਕਵਣ ਰਬਾਬ, ਕਵਣ ਅੰਮ੍ਰਿਤ ਕਵਣ ਕਬਾਬ, ਕਵਣ ਪਿਤਾ ਕਵਣ ਪੂਤ ਕਵਣ ਬਾਪ, ਕਵਣ ਖੇਲ ਰਿਹਾ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਸਮਝਾਈਆ । ਹਰਿ ਸ਼ਬਦ ਕਹੇ ਮੈਂ ਕਰਦਾ ਰਿਹਾ ਉਡੀਕ, ਨਵ ਨੌਂ ਚਾਰ ਜੁਗ ਚੌਕੜੀ ਧਿਆਨ ਲਗਾਈਆ । ਸੰਮਤ ਸੰਮਤੀ ਬਦਲ ਕੇ ਮੇਰੀ ਆ ਗਈ ਤਰੀਕ, ਜਿਸ ਨੇ ਤਵਾਰੀਖ ਦੇਣੀ ਬਦਲਾਈਆ । ਭੇਵ ਖੁਲ੍ਹਾ ਕੇ ਲਾਸ਼ਰੀਕ, ਜਨ ਭਗਤਾਂ ਅੰਦਰੋਂ ਕੂੜੀ ਸ਼ਰਕਤ ਦੇਣੀ ਗਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਕਰਦੇ ਗਏ ਤਸਦੀਕ, ਤਿਸ ਦਾ ਹੁਕਮ ਦੇਣਾ ਵਰਤਾਈਆ । ਲੇਖਾ ਚੁਕਾ ਕੇ ਰਾਓ ਰੰਕ ਅਮੀਰ ਗ਼ਰੀਬ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਜ਼ਿਮੀਂ ਅਸਮਾਨ ਅੰਡਜ ਜੇਰਜ ਉਤਭੁਜ ਸੇਤਜ ਦੇ ਕੇ ਸਚ ਤਰਤੀਬ, ਤਰਾ ਤਰਾ ਦੇਣਾ ਜਣਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖਾਂ ਗੁਰਸਿਖਾਂ ਬਦਲ ਦੇਣਾ ਨਸੀਬ, ਨਫ਼ਾ ਉਨ੍ਹਾਂ ਦੀ ਝੋਲੀ ਪਾਈਆ । ਪਿਛਲਾ ਲੇਖਾ ਪਿਛੇ ਗਿਆ ਬੀਤ, ਅਗੇ ਪ੍ਰਭ ਦੀ ਚਲੇ ਰੀਤ, ਦੂਸਰ ਸੰਗ ਨਾ ਕੋਇ ਰਖਾਈਆ । ਆਪ ਸਵਾਮੀ ਬਣੇ ਮੀਤ, ਇਕ ਸੁਣਾਏ ਅਗੰਮੀ ਗੀਤ, ਤੂੰ ਮੇਰਾ ਮੈਂ ਤੇਰਾ ਹਕੋ ਹਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਈਆ ।


੮੧੦

ਹਰਿ ਸ਼ਬਦ ਕਹੇ ਹੁਕਮ ਦੇਵੇ ਸ਼ਾਹ ਸੁਲਤਾਨਾ, ਹਰਿ ਕਰਤਾ ਬੇਪਰਵਾਹੀਆ । ਦੋ ਜਹਾਨਾਂ ਮੰਨਣਾ ਪਏ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਬਦੀ ਸੁਤ ਨੌਜਵਾਨਾ ਸੂਰਬੀਰ ਮਰਦ ਮਰਦਾਨਾ, ਨਿਰਗੁਣ ਨਿਰਾਕਾਰ ਨਿਰੰਕਾਰ ਲਏ ਅੰਗੜਾਈਆ । ਸਚ ਸੰਦੇਸ਼ਾ ਦੇਵੇ ਦੋ ਜਹਾਨਾਂ, ਬ੍ਰਹਿਮੰਡ ਖੰਡ ਰਿਹਾ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਖਾਏ ਖੇਲ ਮਹਾਨਾ, ਖ਼ਾਲਕ ਖ਼ਲਕ ਵਿਚ ਸਮਾਈਆ । ਨਵ ਨੌਂ ਚਾਰ ਮੁੱਕਿਆ ਪੰਧ ਪੁਰਾਣਾ, ਪਿਛਲਾ ਲੇਖਾ ਰਿਹਾ ਗਵਾਈਆ । ਅਗੇ ਖੇਲ ਸ੍ਰੀ ਭਗਵਾਨਾ, ਭਗਤਨ ਮੀਤਾ ਠਾਂਡਾ ਸੀਤਾ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਰ ਦਾ ਰਾਗ ਸੁਣਾਈਆ । ਵੇਖਣਹਾਰਾ ਇਕ ਇਕ ਦਾ ਜੋੜ ਜੇਠ ਮਹੀਨਾ, ਦੋ ਜਹਾਨਾਂ ਦਾਨਾ ਬੀਨਾ, ਦੇਵਣਹਾਰਾ ਖਾਣਾ ਪੀਣਾ, ਤਨ ਪੋਸ਼ਾਕ ਤੱਤਾਂ ਵਾਲੀ ਰਿਹਾ ਵਡਿਆਈਆ । ਜਨ ਭਗਤਾਂ ਠਾਂਡਾ ਕਰੇ ਸੀਨਾ, ਮਨ ਵਿਕਾਰੀ ਕਰੇ ਅਧੀਨਾ, ਗੁਰਮੁਖ ਬਣਾਏ ਧੁਰ ਦਾ ਸਚ ਨਗੀਨਾ, ਕ਼ੀਮਤ ਧੁਰ ਦੀ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕ਼ੁਦਰਤ ਦਾ ਕ਼ਾਦਰ ਵੇਖ ਵਖਾਈਆ । ਹਰਿ ਸ਼ਬਦ ਕਹੇ ਮੈਂ ਆਦਿ ਜੁਗਾਦਿ ਬਦਲਾਂ ਰਿਵਾਜ, ਰਵਾਦਾਰ ਰਹਿਣ ਕੋਇ ਨਾ ਪਾਈਆ । ਜੁਗ ਚੌਕੜੀ ਵੇਖਾਂ ਸਮਾਜ, ਚਾਰ ਕੁੰਟ ਭੱਜਾਂ ਵਾਹੋ ਦਾਹੀਆ । ਸ਼ਾਹ ਸ਼ਹਾਨਾ ਬਦਲ ਕੇ ਰਾਜ, ਰਈਅਤ ਦਿਆਂ ਸਮਝਾਈਆ । ਕਲਜੁਗ ਅੰਤਮ ਪੂਰਾ ਕਰਨਾ ਕਾਜ, ਕਰਨੀ ਆਪਣੀ ਨਾਲ ਮਿਲਾਈਆ । ਕੂੜੀ ਕਿਰਿਆ ਜੂਠ ਝੂਠ ਕਰਨਾ ਬਰਬਾਦ, ਸਤਿ ਸਚ ਦਾ ਖੇੜਾ ਦੇਣਾ ਵਸਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਚੇ ਨਾਮ ਦੀ ਦੱਸਣੀ ਇਕ ਆਵਾਜ਼, ਧੁਰ ਦਾ ਢੋਲਾ ਦੇਣਾ ਸੁਣਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਘਰ ਵਿਚ ਘਰ ਵੜ ਕੇ ਖੋਲ੍ਹਣਾ ਰਾਜ਼, ਸਾਢੇ

ਤਿੰਨ ਹੱਥ ਸੋਭਾ ਪਾਈਆ । ਝਗੜਾ ਮੁੱਕ ਜਾਏ ਰੋਜ਼ਾ ਨਿਮਾਜ਼, ਧੁਰ ਦਾ ਨਾਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਆਪ ਉਠਾਈਆ । ਹਰਿ ਸ਼ਬਦ ਕਹੇ ਮੈਂ ਆਇਆ ਲੋਕਮਾਤ ਜਗ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਜਨ ਭਗਤਾਂ ਮੇਲਾ ਕਰੌਣਾ ਉਪਰ ਸ਼ਾਹਰਗ, ਸਾਚਾ ਮੰਦਰ ਇਕ ਸੁਹਾਈਆ । ਕੂੜ ਕੁੜਿਆਰਾ ਦੇਣਾ ਦਗ਼, ਅਗਨੀ ਤਤ ਨਾਲ ਜਲਾਈਆ । ਸੰਤ ਸੁਹੇਲਿਆਂ ਪਰਦਾ ਕੱਜ, ਸਿਰ ਆਪਣਾ ਹੱਥ ਟਿਕਾਈਆ । ਮਾਇਆ ਮਮਤਾ ਕੂੜੀ ਕਿਰਿਆ ਜੋ ਘੜਿਆ ਸੋ ਜਾਏ ਭੱਜ, ਥਿਰ ਰਹਿਣ ਕੋਇ ਨਾ ਪਾਈਆ । ਗੁਰਮੁਖ ਗੁਰਸਿਖ ਅੰਤਰ ਆਤਮ ਵਜੌਣਾ ਨਦ, ਧੁਨ ਆਤਮਕ ਰਾਗ ਸੁਣਾਈਆ । ਕੂੜ ਕੁੜਿਆਰਿਆਂ ਸਚ ਦਵਾਰਿਉਂ ਬਾਹਰ ਕੱਢ, ਲੱਖ ਚੁਰਾਸੀ ਵਿਚ ਭਵਾਈਆ । ਇਹ ਵੀ ਹੁਕਮ ਪੁਰਖ ਸਮਰਥ, ਕਰਨੀ ਦਾ ਕਰਤਾ ਰਿਹਾ ਜਣਾਈਆ । ਭਗਤਾਂ ਦੇ ਕੇ ਆਪਣੀ ਅੱਖ, ਆਖ਼ਰ ਚੋਟੀ ਦਿਆਂ ਚੜ੍ਹਾਈਆ । ਗੁਰਮੁਖਾਂ ਕਰ ਕੇ ਵਖਰਾ ਵਖ, ਪੜਦਾ ਓਹਲਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਕ਼ਾਦਰ ਵੇਖ ਵਖਾਈਆ । ਹਰਿ ਸ਼ਬਦ ਕਹੇ ਮੈਂ ਨੂਰ ਨੁਰਾਨਾ, ਘਟ ਘਟ ਜੋਤ ਰਿਹਾ ਜਗਾਈਆ । ਲੱਖ ਚੁਰਾਸੀ ਵੇਖ ਮਕਾਨਾ, ਬਹਿ ਬਹਿ ਆਪਣੀ ਖ਼ੁਸ਼ੀ ਵਖਾਈਆ । ਜੁਗ ਚੌਕੜੀ ਵੇਖਾਂ ਖੇਲ ਮਹਾਨਾ, ਨਿਤ ਨਵਿਤ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਪਹਿਰ ਕੇ ਬਾਣਾ, ਕਲ ਕਲਕੀ ਨਾਉਂ ਧਰਾਈਆ । ਜਿਸ ਨੇ ਬਦਲ ਦੇਣਾ ਜ਼ਮਾਨਾ, ਜ਼ਾਮਨੀ ਸਭ ਦੀ ਦਏ ਗਵਾਈਆ । ਜਿਸ ਦਾ ਚਲਣਾ ਇਕ ਫ਼ਰਮਾਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਬਣਨਾ ਇਕ ਵਿਧਾਨਾ, ਧਾਰਾ ਧੁਰ ਦੀ ਦਏ ਦ੍ਰਿੜਾਈਆ । ਜਿਸ ਦਾ ਝੁਲਣਾ ਇਕ ਨਿਸ਼ਾਨਾ, ਸੱਤਾਂ ਦੀਪਾਂ ਸਚ ਲਹਿਰਾਈਆ । ਜਿਸ ਦਾ ਸੁਣਨਾ ਇਕੋ ਗਾਣਾ, ਸੋਹੰ ਢੋਲਾ ਵੱਜੇ ਸ਼ਨਵਾਈਆ । ਜਿਸ ਦਾ ਵਜਣਾ ਇਕ ਦਮਾਮਾ, ਢੋਲਕ ਛੈਣੇ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਵੇਖਿਆ ਇਕੋ ਕਾਹਨਾ, ਕੋਟਨ ਕੋਟ ਕਾਹਨ ਬੰਸਰੀਆਂ ਵਾਲੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਹੁਕਮ ਰਿਹਾ ਵਰਤਾਈਆ । ਹਰਿ ਸ਼ਬਦ ਕਹੇ ਮੈਂ ਧੁਰ ਦਾ ਦਰਵੇਸ਼, ਆਦਿ ਜੁਗਾਦੀ ਨਜ਼ਰੀ ਆਈਆ । ਸਚਖੰਡ ਦੁਵਾਰੇ ਪੁਰਖ ਅਕਾਲ ਅਗੇ ਹੁੰਦਾ ਰਹਵਾਂ ਪੇਸ਼, ਆਪਣੀ ਪੇਸ਼ੀ ਆਪ ਭੁਗਤਾਈਆ । ਹੁਕਮ ਮੰਨਦਾ ਰਹਾਂ ਸਦਾ ਹਮੇਸ਼, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਨਰ ਨਰੇਸ਼, ਹਰਿ ਨਰਾਇਣ ਦਏ ਵਡਿਆਈਆ । ਲੋਕਮਾਤ ਜਾ ਕੇ ਵੇਖ, ਨਿਰਗੁਣ ਸਰਗੁਣ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਬਦਲ ਕੇ ਔਂਦਾ ਰਿਹਾ ਭੇਖ, ਪੰਜ ਤੱਤ ਕਾਇਆ ਚੋਲਾ ਜਗਤ ਹੰਢਾਈਆ । ਕਲਜੁਗ ਅੰਤਮ ਜਗਤ ਨਿਰਾਲੀ ਖੇਲ ਖੇਡ, ਜਿਸ ਨੂੰ ਭੇਦ ਸਮਝ ਸਕੇ ਨਾ ਰਾਈਆ । ਗਿਆਨੀਆਂ ਧਿਆਨੀਆਂ ਆਇਆ ਨਾ ਭੇਤ, ਵਿਦਵਾਨ ਪਰਦਾ ਨਾ ਕੋਇ ਉਠਾਈਆ । ਕਰੇ ਖੇਲ ਸਾਹਿਬ ਸਵਾਮੀ ਨਰ ਨਰੇਸ਼, ਨਰ ਨਿਰੰਕਾਰ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਸਚ ਦਵਾਰੇ ਸੋਭਾ ਪਾਈਆ । ਜਿਸ ਦਾ ਰੂਪ ਰੰਗ ਨਜ਼ਰ ਨਾ ਆਏ ਰੇਖ, ਅਨੁਭਵ ਆਪਣਾ ਪਰਕਾਸ਼ ਰਿਹਾ ਕਰਾਈਆ । ਜਿਸ ਨੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਪਣਾ ਸੰਮਤ ਬਦਲ ਦਿਤਾ ਪਹਿਲੀ ਚੇਤ, ਚੇਤਨ ਸਭ ਨੂੰ ਲਏ ਕਰਾਈਆ । ਕੂੜ ਕੁੜਿਆਰੇ ਕਰੇ ਖੇਤ, ਅਗੇ ਸਕੇ ਨਾ ਕੋਇ ਬਚਾਈਆ । ਜਨ ਭਗਤਾਂ ਦੱਸ ਕੇ ਆਪਣਾ ਭੇਤ, ਅੰਦਰੋਂ ਪਰਦਾ ਦਿਤਾ ਉਠਾਈਆ । ਸਹਿਜ ਸੁਭਾਓ ਨੈਣ ਵੇਖ, ਨਿਜ ਨੇਤਰ ਦਰਸ਼ਨ

੮੧੧

ਪਾਈਆ । ਸਾਚੀ ਗੋਦੀ ਰਹੇ ਖੇਡ, ਪ੍ਰੇਮ ਪ੍ਰੀਤੀ ਇਕ ਬਣਾਈਆ । ਜੋਤੀ ਜਲਵਾ ਦੇ ਕੇ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੀ ਰੁਸ਼ਨਾਈਆ । ਆਤਮ ਪਰਮਾਤਮ ਵਖਾ ਕੇ ਸਾਚੀ ਸੇਜ, ਸੁਹੰਜਣੇ ਗ੍ਰਿਹ ਦਏ ਵਡਿਆਈਆ । ਧੁਰ ਦਾ ਮੀਤਾ ਮਿਤਰ ਪਿਆਰਾ ਹੋ ਕੇ ਕਰੇ ਹੇਤ, ਹਿਤਕਾਰੀ ਹੋ ਕੇ ਜੋੜ ਜੁੜਾਈਆ । ਜਨਮ ਕਰਮ ਦੀ ਬਦਲ ਕੇ ਰੇਖ, ਲੇਖਾ ਆਪਣੇ ਹੱਥ ਵਖਾਈਆ । ਸਚ ਦਵਾਰਾ ਸਮਝ ਕੇ ਧੁਰ ਦਾ ਦੇਸ, ਕੂੜਾ ਨਾਤਾ ਦਏ ਤੁੜਾਈਆ । ਸੁਹੇਲਾ ਬਣਿਆ ਰਹੇ ਹਮੇਸ਼, ਗੁਰ ਚੇਲਾ ਰੰਗ ਰੰਗਾਈਆ । ਦਰਸ਼ਨ ਦੇਂਦਾ ਰਹੇ ਨੇਤ ਨੇਤ, ਨਿਤ ਨਵਿਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਹਰਿ ਸ਼ਬਦ ਕਹੇ ਜਨ ਭਗਤੋ ਤੁਹਾਡਾ ਕਰਨ ਆਇਆ ਮਿਲਾਪ, ਮਿਲਣੀ ਪ੍ਰਭ ਦੇ ਨਾਲ ਕਰਾਈਆ । ਤੂੰ ਮੇਰਾ ਮੈਂ ਤੇਰਾ ਦੱਸਣ ਆਇਆ ਜਾਪ, ਢੋਲਾ ਧੁਰ ਦਾ ਇਕ ਸੁਣਾਈਆ । ਜਨਮ ਜਨਮ ਦਾ ਮੇਟਣ ਆਇਆ ਪਾਪ, ਦੁਰਮਤ ਮੈਲ ਦਿਆਂ ਧਵਾਈਆ । ਸਤਿ ਸਚ ਬੁਝਾ ਕੇ ਆਪ, ਹੰ ਬ੍ਰਹਮ ਦਿਆਂ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿ ਸਚ ਧਰਮ ਦਿਆਂ ਚਮਕਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਬ੍ਰਹਿਮੰਡ ਖੰਡ ਕਰਾਂ ਰੁਸ਼ਨਾਈਆ । ਭਗਤ ਉਧਾਰਨਾ ਪ੍ਰਭ ਦੀ ਰੀਤੀ ਖ਼ਾਸ, ਖ਼ਾਲਸ ਖ਼ਾਲਸੇ ਦਏ ਬਣਾਈਆ । ਗੁਰ ਅਵਤਾਰਾਂ ਪੂਰੀ ਕਰ ਕੇ ਆਸ, ਪੈਗ਼ੰਬਰਾਂ ਹੋਏ ਸਹਾਈਆ । ਸਚ ਪ੍ਰੀਤੀ ਜੋੜ ਕੇ ਨਾਤ, ਵਿਛੜਿਆਂ ਲਏ ਮਿਲਾਈਆ । ਝਗੜਾ ਮੁਕਿਆ ਜ਼ਾਤ ਪਾਤ, ਇਕੋ ਬ੍ਰਹਮ ਦਿਆਂ ਸਮਝਾਈਆ । ਦੇਵ ਦੇਵਾ ਤੇ ਆਤਮ ਦਾਸ, ਪਰਕਾਸ਼ ਨੂਰ ਖ਼ੁਦਾਈਆ । ਇਕੋ ਪਵਣ ਇਕ ਸਵਾਸ, ਇਕ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਹਰਿ ਸ਼ਬਦ ਕਹੇ ਮੈਂ ਮਾਲਕ ਧੁਰ ਦਾ, ਧੁਰ ਵਿਛੜੇ ਲਵਾਂ ਮਿਲਾਈਆ । ਰਾਗ ਸੁਣਾ ਕੇ ਆਪਣੀ ਸੁਰ ਦਾ, ਸੁੱਤਿਆਂ ਲਵਾਂ ਜਗਾਈਆ । ਪੜਦਾ ਲਾਹ ਕੇ ਪੂਰੇ ਗੁਰ ਦਾ, ਗੁਰ ਸਤਿਗੁਰ ਦਿਆਂ ਮਿਲਾਈਆ । ਲਹਿਣਾ ਚੁਕਾ ਕੇ ਅੰਧ ਘੋਰ ਦਾ, ਸਚ ਨੂਰ ਕਰਾਂ ਰੁਸ਼ਨਾਈਆ । ਝਗੜਾ ਮੁਕਾਵਾਂ ਪੰਜ ਚੋਰ ਦਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕਰੇ ਲੜਾਈਆ । ਨਾਤਾ ਜੋੜਾਂ ਓਸ ਅਗੰਮੀ ਡੋਰ ਦਾ, ਜਿਸ ਦਾ ਸੂਤਰ ਤਾਣੇ ਪੇਟੇ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਹਰਿ ਸ਼ਬਦ ਕਹੇ ਝਗੜਾ ਮੁਕੌਣਾ ਦੀਨ ਮਜ਼੍ਹਬ, ਜਗਤ ਲੋਕਾਈ ਦਿਆਂ ਸਮਝਾਈਆ । ਜਨ ਭਗਤਾਂ ਕਰਨਾਂ ਇਕੋ ਅਦਬ, ਅਦਾਲਤ ਧੁਰ ਦੀ ਇਕ ਰਖਾਈਆ । ਪ੍ਰੇਮੀਆਂ ਪ੍ਰੇਮ ਵਿਚ ਕਰ ਕੇ ਜਜ਼ਬ, ਜਜ਼ਬਾ ਸਚ ਦੇਣਾ ਭਰਾਈਆ । ਲੱਖ ਚੁਰਾਸੀ ਕਰਨੀ ਤੁਅੱਜਬ, ਹੈਰਾਨੀ ਵਿਚ ਸੁਕਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨ ਕੂੜ ਕੁੜਿਆਰ ਕਹਿਣ ਕੀ ਹੋਇਆ ਗ਼ਜ਼ਬ, ਗਹਿਰ ਗੰਭੀਰ ਭੇਵ ਕਿਸੇ ਨਾ ਆਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਦੇਣੀ ਬਦਲ, ਇਸ਼ਟ ਇਕੋ ਇਕ ਵਖਾਈਆ । ਮਨ ਵਾਸਨਾ ਕਰ ਕੇ ਕ਼ਤਲ, ਜਨ ਭਗਤਾਂ ਅੰਤਰ ਕਰਨੀ ਸਫ਼ਾਈਆ । ਸਚ ਦਵਾਰਾ ਵਖਾ ਕੇ ਪਤਣ, ਨਈਆ ਨੌਕਾ ਨਾਮ ਲੈਣੇ ਚੜ੍ਹਾਈਆ । ਬਣ ਕੇ ਆਇਆ ਸਚ ਸੁਹੇਲਾ ਭਗਤ ਵਛਲ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਸਚਾ ਮਾਰਗ ਆਇਆ ਦੱਸਣ, ਦਹਿ ਦਿਸ਼ਾ ਕਰੇ ਪੜ੍ਹਾਈਆ । ਲਜਪਤ ਆਇਆ ਰੱਖਣ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਚੋਂ ਵਿਰੋਲਣ ਆਇਆ ਮੱਖਣ, ਨਾਮ ਮਧਾਣਾ ਹੱਥ ਉਠਾਈਆ । ਬਿਨ ਹਰਿ ਕਿਰਪਾ ਕਿਸੇ ਦਾ ਕੰਮ ਨਾ ਆਏ ਕੋਈ ਯਤਨ, ਸਾਚਾ

ਜੋੜ ਨਾ ਕੋਇ ਜੁੜਾਈਆ । ਜਨ ਭਗਤੋ ਤੁਹਾਨੂੰ ਪੁਚੌਣਾ ਤੁਹਾਡੇ ਓਸ ਪਤਣ, ਜਿਸ ਘਰ ਵਸਿਆ ਬੇਪਰਵਾਹੀਆ । ਕਲਜੁਗ ਜੀਵ ਜਗਤ ਅਗਨੀ ਵਿਚ ਤਪਣ, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜੀ ਕਿਰਿਆ ਦੁਰਬਚਨ ਬੱਤੀਆਂ ਦੰਦਾਂ ਵਿਚੋਂ ਕੱਢਣ, ਹਰਿ ਕਾ ਨਾਮ ਨਾ ਕੋਇ ਧਿਆਈਆ । ਹਉਮੇ ਵਾਲਾ ਝਗੜਾ ਮੂਲ ਨਾ ਛੱਡਣ, ਹੰਗਤਾ ਵਿਚ ਕਰਨ ਲੜਾਈਆ । ਨਾਮ ਨਿਧਾਨੇ ਸਭ ਨੇ ਸਾਰੇ ਕੀਤੇ ਨਗਨ, ਓਢਣ ਸੀਸ ਨਾ ਕੋਇ ਟਿਕਾਈਆ । ਸੰਤ ਸੁਹੇਲਾ ਕੋਈ ਨਾ ਲਾਵੇ ਅੰਗਣ, ਅੰਗੀਕਾਰ ਇਕ ਅਖਵਾਈਆ । ਸਭ ਦੇ ਖ਼ਾਲੀ ਪੰਜਾਂ ਤੱਤਾਂ ਵਾਲੇ ਬਦਨ, ਬਦੀ ਸਕਿਆ ਨਾ ਕੋਇ ਗਵਾਈਆ । ਮੰਜ਼ਲ ਹਕ ਮੂਲ ਨਾ ਲੰਘਣ, ਸਾਚਾ ਪੰਧ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਹਰਿ ਸ਼ਬਦ ਕਹੇ ਮੈਂ ਭਗਤਾਂ ਮੀਤਾ, ਮਿਤਰ ਪਿਆਰਾ ਨਜ਼ਰੀ ਆਈਆ । ਝੋਲੀ ਪਾਵਾਂ ਪੂਰਬ ਲਹਿਣਾ ਕੀਤਾ, ਕਰਨੀ ਦੀ ਕ਼ੀਮਤ ਦਿਆਂ ਵਖਾਈਆ । ਅਗਲਾ ਮਾਰਗ ਦੱਸ ਕੇ ਨੀਕਣ ਨੀਕਾ, ਨਿੱਕਿਆਂ ਵੱਡਿਆਂ ਕਰਾਂ ਪੜ੍ਹਾਈਆ । ਪ੍ਰਭ ਮਿਲਣ ਦਾ ਸਚ ਤਰੀਕਾ, ਤਰਾ ਤਰਾ ਦਿਆਂ ਸਮਝਾਈਆ । ਧਾਮ ਵਖਾ ਕੇ ਇਕ ਅਨਡੀਠਾ, ਅਨਡਿਠੜਾ ਰਾਹ ਦਿਆਂ ਚਲਾਈਆ । ਤੱਤਾਂ ਵਾਲਾ ਤਪੇ ਨਾ ਕੋਇ ਅੰਗੀਠਾ, ਅਗਨੀ ਭਾਅ ਨਾ ਕੋਇ ਰਖਾਈਆ । ਪੜ੍ਹਨਾ ਪਏ ਨਾ ਸ਼ਾਸਤਰ ਸਿਮਰਤ ਵੇਦ ਪੁਰਾਨ ਅਠਾਰਾਂ ਧਿਆਏ ਗੀਤਾ, ਅੰਜੀਲ ਕ਼ੁਰਾਨ ਨਾਲ ਜ਼ਬਾਨ ਕਲਮਾ ਕਾਇਨਾਤ ਨਾ ਕੋਇ ਸੁਣਾਈਆ । ਜਿਨ੍ਹਾਂ ਠਾਕਰ ਸਵਾਮੀ ਅੰਤਰਜਾਮੀ ਮਿਤਰ ਪਿਆਰਾ ਮਿਲ ਗਿਆ ਮੀਤਾ, ਮਤਿ ਇਕੋ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਹਰਿ ਸ਼ਬਦ ਕਹੇ ਮੈਂ ਭਗਤਾਂ ਜੋਗਾ, ਜੁਗ ਜੁਗ ਸੇਵ ਕਮਾਈਆ । ਪ੍ਰਭ ਦੇ ਨਾਮ ਦਾ ਦੱਸ ਕੇ ਚੋਗਾ, ਤ੍ਰਿਸ਼ਨਾ ਭੁਖ ਮਿਟਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖੋ ਗੁਰਸਿਖੋ ਮਾਨਸ ਜਨਮ ਮੌਕਾ, ਮੁਕੰਮਲ ਮੇਲਾ ਲਏ ਮਿਲਾਈਆ । ਪੁਰਖ ਅਕਾਲ ਦੀਨ ਦਿਆਲ ਜੋਤੀ ਜਾਤਾ ਕਰੇ ਨਾ ਕੋਇ ਧੋਖਾ, ਕੂੜੀ ਕਿਰਿਆ ਕਾਰ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਹਰਿ ਸ਼ਬਦ ਕਹੇ ਮੈਂ ਤਾਰਨ ਆਇਆ ਭਗਤ, ਭਗਵਾਨ ਦਿਤੀ ਵਡਿਆਈਆ । ਦੇਵਾਂ ਵਡਿਆਈ ਵਿਚ ਸਰਨਾਈ ਜਗਤ, ਜਾਗਰਤ ਜੋਤ ਨੂਰ ਕਰ ਰੁਸ਼ਨਾਈਆ । ਸਤਿ ਸਤਿਵਾਦੀ ਕਰਾਵਾਂ ਦਰਸ, ਜਗਤ ਹਰਸ ਦਿਆਂ ਮਿਟਾਈਆ । ਪੰਧ ਮੁਕਾ ਕੇ ਅਰਸ਼ ਫ਼ਰਸ਼, ਕਾਇਆ ਕਾਅਬਾ ਇਕ ਖੁਲ੍ਹਾਈਆ । ਆਸਾ ਮਨਸਾ ਪੂਰੀ ਕਰ ਕੇ ਗ਼ਰਜ਼, ਤ੍ਰਿਸ਼ਨਾ ਦਿਆਂ ਗਵਾਈਆ । ਜਨ ਭਗਤ ਪਿਆਰਿਆਂ ਨੇਤਰ ਲੋਚਨ ਨੈਣ ਪਾਇਆ ਦਰਸ, ਸਨਮੁਖ ਹੋ ਕੇ ਖ਼ੁਸ਼ੀ ਮਨਾਈਆ । ਉਹਨਾਂ ਦੀ ਜਨਮ ਜਨਮ ਦੀ ਬੇਨੰਤੀ ਮਨਜ਼ੂਰ ਹੋਣੀ ਅਰਜ਼, ਆਰਜ਼ੂ ਵਾਲੀ ਖ਼ਾਹਿਸ਼ ਰਹੇ ਨਾ ਰਾਈਆ । ਦੀਨਾਂ ਦਾ ਦੀਨ ਦਰਦੀਆਂ ਦਾ ਦਰਦੀ ਹੋ ਕੇ ਵੰਡੇ ਦਰਦ, ਦੁਖੀਆਂ ਦਾ ਦੁਖ ਆਪਣੀ ਝੋਲੀ ਪਾਈਆ । ਗੁਰਮੁਖਾਂ ਦਾ ਮਾਨਸ ਜਨਮ ਹੋਣ ਨਾ ਦੇਵੇ ਹਰਜ, ਹਾਜ਼ਰ ਹੋ ਕੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਅਸਚਰਜ, ਅਚਰਜ ਲੀਲ੍ਹਾ ਰਿਹਾ ਵਰਤਾਈਆ । ਹਰਿ ਸ਼ਬਦ ਕਹੇ ਮੇਰੀ ਧੁਰ ਦੀ ਕਾਰ, ਕਰਤੇ ਦਿਤੀ ਜਣਾਈਆ । ਨਿਰਗੁਣ ਨਿਰਵੈਰ ਦੱਸ ਸਚ ਵਿਹਾਰ, ਨਿਰਾਕਾਰ ਰਿਹਾ ਸਮਝਾਈਆ । ਜਿਸ ਦੀ ਖੋਜ ਕਰਦੇ ਰਹੇ ਜੁਗ ਚਾਰ, ਚੌਕੜੀ ਅੱਖ ਖੁਲ੍ਹਾਈਆ । ਸ਼ਾਸਤਰ ਸਿਮਰਤ ਲਿਖਦੇ ਰਹੇ ਲਿਖਾਰ, ਕਾਤਬ ਹੋ ਕੇ ਕ਼ਲਮ ਚਲਾਈਆ ।

੮੧੩

ਬੁੱਧੀਵਾਨ ਕਰਦੇ ਰਹੇ ਵਿਚਾਰ, ਅਕਲਮੰਦ ਆਪਣੀ ਅਕਲ ਦੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਰਹੇ ਸਹਾਰ, ਭਵਿਖਤ ਕਾਲ ਵੇਖ ਵਖਾਈਆ । ਸੋ ਸਮਾਂ ਸੁਹਾਨਾ ਸ੍ਰੀ ਭਗਵਾਨਾ ਪਹੁੰਚਿਆ ਆਣ, ਆਣ ਆਪਣੀ ਲਏ ਮਨਾਈਆ । ਭਗਤ ਸੁਹੇਲੇ ਕਰ ਪਰਵਾਨ, ਪਰਵਾਨੇ ਧੁਰ ਦੇ ਦਏ ਫੜਾਈਆ । ਸਾਚਾ ਗੀਤ ਗੋਬਿੰਦ ਜਣਾ ਕੇ ਸ੍ਰੀ ਭਗਵਾਨ, ਧਰਮ ਨਿਸ਼ਾਨ ਦਏ ਝੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਾ ਕਰ ਇਕ ਈਮਾਨ, ਅਮਲਾਂ ਵਿਚ ਵੇਖੇ ਲੋਕਾਈਆ । ਸੁਰਤੀ ਸੀਤਾ ਦਾ ਇਕੋ ਨਜ਼ਰੀ ਆਵੇ ਰਾਮ, ਕਾਹਨ ਹੋ ਕੇ ਬੰਸਰੀ ਨਾਮ ਸੁਣਾਈਆ । ਇਕੋ ਸਜਦਾ ਹਕ ਪਰਨਾਮ, ਇਕੋ ਗੋਬਿੰਦ ਸੀਸ ਝੁਕਾਈਆ । ਇਕੋ ਦਾਤਾ ਦੇਵਣਹਾਰਾ ਦਾਨ, ਦੌਲਤ ਧੁਰ ਦੀ ਆਪ ਵਰਤਾਈਆ । ਇਕੋ ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਖੋਜ ਖੁਜਾਈਆ । ਇਕੋ ਮੇਲਾ ਕਰਨ ਆਇਆ ਭਗਵਾਨ, ਭਾਗਾਂ ਵਾਲਿਆਂ ਮਿਟੀ ਜੁਦਾਈਆ । ਤੁਹਾਡੇ ਅੰਦਰੋਂ ਕਢ ਕੇ ਜਾਏ ਸ਼ੈਤਾਨ, ਸ਼ਰਅ ਨਾ ਕਰੇ ਲੜਾਈਆ । ਸਿਦਕ ਸਬੂਰੀ ਦੱਸ ਕੇ ਸਚ ਈਮਾਨ, ਕਾਮਲ ਮੁਰਸ਼ਦ ਹੋਏ ਸਹਾਈਆ । ਇਕ ਇਕ ਦਾ ਦਿਵਸ ਮਹਾਨ, ਗਿਆਰਾਂ ਜੇਠ ਵੱਜੀ ਵਧਾਈਆ । ਦਰ ਆਏ ਹੋਏ ਮਿਹਰਵਾਨ, ਪਰਮ ਪੁਰਖ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਖੇਲ ਕਰੇ ਮਹਾਨ, ਸਰਗੁਣ ਕੋਈ ਸਮਝ ਸਕੇ ਨਾ ਰਾਈਆ ।



## ❋ ੧੨ ਜੇਠ ਸ਼ਹਿਨਸ਼ਾਹੀ ਸੰਮਤ ੧ ਜਸਵੰਤ ਕੌਰ ਦੇ ਗ੍ਰਿਹ ਦੁਰਾਹਾ ਮੰਡੀ ਜ਼ਿਲਾ ਲੁਧਿਆਣਾ ❋

੮੧੪

ਜਨ ਭਗਤਾਂ ਚਰਨ ਸੀਸ ਜਾਏ ਟਿਕ, ਟਿੱਕਾ ਮਸਤਕ ਧੂੜ ਰਮਾਈਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਸਾਚਾ ਹਿਤ, ਪਤਿਪਰਮੇਸ਼ਵਰ ਬੇਪਰਵਾਹੀਆ । ਨਿਜ ਨੇਤਰ ਲੋਚਨ ਨੈਣ ਆਵੇ ਦਿਸ, ਕਾਇਆ ਮੰਦਰ ਅੰਦਰ ਮੇਲਾ ਸਹਿਜ ਸੁਭਾਈਆ । ਕਰਵਟ ਲੈ ਬਦਲ ਲੈ ਪਿੱਠ, ਸਨਮੁਖ ਆਪਣਾ ਦਰਸ ਵਖਾਈਆ । ਦੋ ਜਹਾਨਾਂ ਸਾਜਣ ਨਜ਼ਰੀ ਆਏ ਮਿਤ, ਮਿਤਰ ਪਿਆਰਾ ਆਪਣਾ ਜੋੜ ਜੁੜਾਈਆ । ਆਵਣ ਜਾਵਣ ਲੱਖ ਚੁਰਾਸੀ ਝਗੜਾ ਮੇਟੇ ਨਿਤ, ਕੁੰਭੀ ਨਰਕ ਨਾ ਕੋਇ ਭੁਆਈਆ । ਪ੍ਰੇਮ ਪਿਆਰ ਮੁਹੱਬਤ ਵਿਚ ਲਏ ਖਿਚ, ਸੁਰਤੀ ਸ਼ਬਦੀ ਜੋੜ ਜੁੜਾਈਆ । ਨਿਰਗੁਣ ਧਾਰ ਨੂਰ ਨੁਰਾਨਾ ਨਜ਼ਰੀ ਆਏ ਕਾਇਆ ਵਿਚ, ਦੂਰ ਦੁਰਾਡਾ ਪੰਧ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਭਗਤ ਭਗਵਾਨ ਸੀਸ ਜਾਵੇ ਝੁਕ, ਦੂਸਰ ਮਿਲੇ ਨਾ ਕੋਇ ਵਡਿਆਈਆ । ਆਵਣ ਜਾਵਣ ਪੈਂਡਾ ਜਾਏ ਕੋਈ ਨਾ ਮੁਕ, ਤਿਨ੍ਹਾਂ ਮੇਲਾ ਲਏ ਮਿਲਾਈਆ । ਧੁਰ ਦਾ ਢੋਲਾ ਦੱਸ ਕੇ ਸੋਹਣੀ ਤੁਕ, ਨਾਮ ਨਿਧਾਨਾ ਦਏ ਉਪਜਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਦੇਵੇ ਸਾਚਾ ਸੁਖ, ਕੂੜੀ ਕਿਰਿਆ ਬਾਹਰ ਕਢਾਈਆ । ਦਰਸ ਵਖਾਏ ਜੋ ਬੈਠਾ ਲੁਕ, ਬਜਰ ਕਪਾਟੀ ਪੜਦਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਚਰਨ ਕਵਲ ਸੀਸ ਜਾਏ ਝੁਕ, ਵਿਛੋੜਾ ਕੋਇ ਰਹਿਣ ਨਾ ਪਾਈਆ । ਜਨਮ ਕਰਮ ਦੀ ਬੁਝੇ ਅੱਗ, ਕੂੜੀ ਕਿਰਿਆ ਨਾ ਕੋਇ ਸਤਾਈਆ । ਦੁਰਮਤ ਮੈਲ ਧੋਵੇ ਦਾਗ਼, ਪਤਿਤ ਪੁਨੀਤ ਰੂਪ ਵਟਾਈਆ । ਕਾਇਆ ਕਾਅਬੇ ਕਰੇ ਹੱਜ, ਹਜ਼ਰਤ ਮੇਲਾ ਸਹਿਜ ਸੁਭਾਈਆ । ਨਾਮ ਅਗੰਮੀ ਨਾਦ ਅਨਾਦੀ ਜਾਏ ਵਜ, ਸੁਰ ਤਾਲ ਸਮਝ ਕੋਇ ਨਾ ਆਈਆ । ਘਰ ਦੀਪਕ

ਪਰਕਾਸ਼ ਜੋਤ ਜਾਵੇ ਜਗ, ਜੋਤੀ ਜੋਤ ਕਰੇ ਰੁਸ਼ਨਾਈਆ । ਅਗੇ ਰਹਿਣ ਨਾ ਦੇਵੇ ਅੱਡ, ਵਖਰਾ ਧਾਮ ਨਾ ਕੋਇ ਵਖਾਈਆ । ਭਾਗ ਲਗਾ ਕੇ ਕਾਇਆ ਮਾਟੀ ਹੱਡ, ਤੱਤਵ ਤੱਤ ਖੋਜ ਖੁਜਾਈਆ । ਸਚ ਸੁਹੇਲਾ ਸੱਜਣ ਬਣ ਕੇ ਲਏ ਸੱਦ, ਸੁਨੇਹੜਾ ਆਪਣਾ ਨਾਮ ਘਲਾਈਆ । ਲੱਖ ਚੁਰਾਸੀ ਨਾਲੋਂ ਕਰ ਕੇ ਅਲਗ, ਅਗਲਾ ਮਾਰਗ ਇਕੋ ਇਕ ਸਮਝਾਈਆ । ਮਨ ਵਾਸਨਾ ਜਗਤ ਵਿਕਾਰ ਜਾਣ ਭੱਜ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਸਮਝਾਈਆ । ਜਨ ਭਗਤ ਚਰਨ ਕਵਲ ਸਰਨਾਈ ਜਾਵਣ ਢਠ, ਮਾਣ ਅਭਿਮਾਨ ਦੇਣ ਮਿਟਾਈਆ । ਭਾਗ ਲਗਾਵਣ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਵੱਜੇ ਵਧਾਈਆ । ਨਾੜ ਬਹੱਤਰ ਨਾ ਉਬਲੇ ਰਤ, ਅਗਨੀ ਅੱਗ ਨਾ ਕੋਇ ਜਲਾਈਆ । ਆਤਮ ਪਰਮਾਤਮ ਮਿਲੇ ਬ੍ਰਹਮ ਮਤਿ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਧੀਰਜ ਜਤ ਸੰਤੋਖ ਅੰਦਰ ਦੇਵੇ ਘਤ, ਵਸਤ ਅਮੋਲਕ ਸਚੀ ਝੋਲੀ ਪਾਈਆ । ਜਨਮ ਕਰਮ ਦਾ ਲਹਿਣਾ ਦੇ ਕੇ ਹਕ, ਹਕੀਕਤ ਪਰਦਾ ਦਏ ਉਠਾਈਆ । ਸ਼ਬਦ ਡੋਰ ਪਾ ਕੇ ਨੱਥ, ਮਨ ਵਾਸਨਾ ਲਏ ਬੰਧਾਈਆ । ਸਾਚਾ ਢੋਲਾ ਜਣਾ ਕੇ ਜਸ, ਤੂੰ ਮੈਂ ਤੇਰਾ ਕਰੇ ਪੜ੍ਹਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਘਰ ਘਰ ਦਰਸ਼ਨ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਦੇਵੇ ਵਡਿਆਈਆ । ਜਨ ਭਗਤ ਸੁਹੇਲਾ ਮਸਤਕ ਲਾਏ ਚਰਨ ਧੂੜ, ਧੁਰ ਦਾ ਟਿੱਕਾ ਖ਼ਾਕ ਰਮਾਈਆ । ਕਾਇਆ ਚੋਲੀ ਚੜ੍ਹਾਏ ਰੰਗ ਗੂੜ੍ਹ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਬੁਧਿ ਬਿਬੇਕੀ ਰੂਪ ਵਟਾਈਆ । ਜੋਤੀ ਜਾਤਾ ਬਖ਼ਸ਼ੇ ਆਤਮ ਨੂਰ, ਹਾਜ਼ਰ ਹਜ਼ੂਰ ਦਇਆ ਕਮਾਈਆ । ਸ਼ਬਦ ਨਾਦ ਸੁਣਾਵੇ ਤੂਰ, ਤੁਰੀਆ ਮੁਖ ਭਵਾਈਆ । ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਤੋੜੇ ਗ਼ਰੂਰ, ਨਿਵਣ ਸੋ ਅੱਖਰ ਇਕ ਸਮਝਾਈਆ । ਆਤਮ ਪਰਮਾਤਮ ਮੇਲਾ ਹੋਵੇ ਜ਼ਰੂਰ ਵਿਛੋੜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਜਨ ਭਗਤ ਚਰਨ ਕਵਲ ਟੇਕੇ ਮੱਥਾ ਮਥ, ਮਸਤਕ ਮਿਲੇ ਵਡਿਆਈਆ । ਲਹਿਣਾ ਦੇਣਾ ਹੱਥੋ ਹੱਥ, ਜੁਗ ਚੌਕੜੀ ਉਧਾਰ ਨਾ ਕੋਇ ਕਰਾਈਆ । ਖ਼ਾਲੀ ਭਾਂਡੇ ਭਰੇ ਸਖ, ਨਾਮ ਭੰਡਾਰਾ ਆਪ ਵਰਤਾਈਆ । ਨਿਜ ਨੈਣ ਖੋਲ੍ਹ ਕੇ ਅੱਖ, ਆਖ਼ਰ ਮੰਜ਼ਲ ਦਏ ਚੜ੍ਹਾਈਆ । ਸਾਚਾ ਗੀਤ ਸੁਣਾ ਕੇ ਜਸ, ਤੇਰਾ ਮੇਰਾ ਪਰਦਾ ਲਾਹੀਆ । ਨਜ਼ਰੀ ਆਵੇ ਘਟ ਘਟ, ਹਰ ਘਟ ਬੈਠਾ ਸੋਭਾ ਪਾਈਆ । ਸਚ ਸਰਨਾਈ ਜੋ ਭਗਤ ਸੁਹੇਲੇ ਜਾਵਣ ਢਠ, ਡਿੱਗਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਸੁਹਾਈਆ । ਜਨ ਭਗਤ ਰਾਹ ਤੱਕਣ ਚਰਨ ਕਵਲ ਕਰ ਧਿਆਨ, ਨਾਤਾ ਕੂੜਾ ਜਗਤ ਤਜਾਈਆ । ਇਕੋ ਮਿਲੇ ਸ੍ਰੀ ਭਗਵਾਨ, ਭਗਤਨ ਮੀਤਾ ਸਹਿਜ ਸੁਖਦਾਈਆ । ਅੰਤਰ ਦੇਵੇ ਬ੍ਰਹਮ ਗਿਆਨ, ਸਤਿ ਸਰੂਪ ਰੂਪ ਦ੍ਰਿੜਾਈਆ । ਬਸੰਤਰ ਮੇਟੇ ਕੂੜ ਜਹਾਨ, ਮੰਤਰ ਆਪਣਾ ਇਕ ਪੜ੍ਹਾਈਆ । ਕਾਇਆ ਵੇਖੇ ਬੀਆਬਾਨ, ਜੰਗਲ ਜੂਹ ਉਜਾੜ ਪਹਾੜ ਖੋਜ ਖੁਜਾਈਆ । ਸਤਿ ਧਰਮ ਵਖਾ ਕੇ ਇਕ ਨਿਸ਼ਾਨ, ਨਿਸ਼ਾਨੇ ਆਪਣੇ ਨਾਲ ਮਿਲਾਈਆ । ਸਾਚਾ ਮੰਦਰ ਸੁਹਾਏ ਆਣ, ਸਾਢੇ ਤਿੰਨ ਹੱਥ ਡੇਰਾ ਲਾਈਆ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਤ੍ਰਿਸ਼ਨਾ ਭੁਖ ਰਹੇ ਨਾ ਰਾਈਆ । ਝਗੜਾ ਮੁਕ ਜਾਏ ਸ਼ਾਸਤਰ ਸਿਮਰਤ ਵੇਦ ਪੁਰਾਨ, ਪੂਜਾ ਪਾਠ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਤ ਨਵਿਤ ਵੇਖ ਵਖਾਈਆ । ਜਨ ਭਗਤ ਚਰਨ ਕਵਲ ਦਵਾਰਾ ਲਏ ਤਕ, ਲੋਚਨ ਨੈਣ ਅੱਖ ਖੁਲ੍ਹਾਈਆ । ਸਭ ਦਾ ਪੂਰਾ ਕਰੇ ਹਕ, ਹਾਕਮ ਹੋ ਕੇ ਬੇਪਰਵਾਹੀਆ । ਲੇਖੇ ਲਾ ਕੇ ਰਤੀ ਰਤ, ਰਤਨ ਅਮੋਲਕ ਹੀਰੇ ਲਏ ਬਣਾਈਆ । ਲੱਖ ਚੁਰਾਸੀ ਵਿਚੋਂ ਲਏ ਕਢ, ਹਰਿਜਨ ਆਪਣੀ ਗੋਦ ਉਠਾਈਆ । ਅਧਵਿਚਕਾਰ ਨਾ ਜਾਏ ਛੱਡ, ਸਚ ਦਵਾਰੇ ਦਏ ਟਿਕਾਈਆ । ਜਿਥੇ ਇਕੋ ਨੌਬਤ ਨਾਮ ਨਗਾਰਾ ਰਿਹਾ ਵੱਜ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਇਕੋ ਦੀਪ ਰਿਹਾ ਜਗ, ਜੋਤੀ ਜੋਤ ਡਗਮਗਾਈਆ । ਇਕੋ ਪੁਰਖ ਅਕਾਲ ਸਚ ਸਿੰਘਾਸਣ ਰਿਹਾ ਸਜ, ਦੂਜਾ ਅਵਰ ਨਾ ਕੋਇ ਤਕਾਈਆ । ਚਰਨ ਕਵਲ ਕਵਲ ਚਰਨ ਇਕੋ ਧਾਮ ਵਖਾਏ ਹਕ, ਦੂਜੇ ਦਰ ਨਾ ਕੋਇ ਭੁਆਈਆ । ਸਚ ਸਰਨਾਈ ਬੇਪਰਵਾਹੀ ਜੋ ਗਿਆ ਢਠ, ਬਾਹੋਂ ਫੜ ਗਲੇ ਲਗਾਈਆ । ਸਾਚੇ ਮੰਦਰ ਮਹਲ ਅਟਲ ਉਚ ਮਨਾਰ ਸਚਖੰਡ ਦਵਾਰੇ ਲਏ ਰਖ, ਰਖਿਅਕ ਹੋ ਕੇ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਰੱਖੇ ਦੇ ਕਰ ਹੱਥ, ਏਥੇ ਓਥੇ ਦੋ ਜਹਾਨ ਜਹਾਲਤ ਵਿਚ ਹੋਏ ਸਹਾਈਆ ।

### ❊ ੧੨ ਜੇਠ ਸ਼ਹਿਨਸ਼ਾਹੀ ਸੰਮਤ ੧ ਗੁਰਨਾਮ ਕੌਰ ਦੇ ਗ੍ਰਹਿ ਦੁਰਾਹਾ ਮੰਡੀ ਜ਼ਿਲਾ ਲੁਧਿਆਣਾ ❊



ਭਗਤ ਸੀਸ ਕਹੇ ਮੈਂ ਇਕ ਦੀ ਹੋਇਆ ਭੇਟਾ, ਸਰਨ ਇਕੋ ਇਕ ਤਕਾਈਆ । ਪੁਰਖ ਅਕਾਲ ਦਾ ਬਣ ਕੇ ਬੇਟਾ, ਸਾਚੀ ਗੋਦ ਸੋਭਾ ਪਾਈਆ । ਸਚ ਸਿੰਘਾਸਣ ਉਪਰ ਲੇਟਾ, ਨਾਤਾ ਤੁਟਿਆ ਜਗਤ ਖਟਾਈਆ । ਪਿਛੇ ਜ਼ਰੂਰ ਭੁਲ ਗਿਆ ਚੇਤਾ, ਮਾਨਸ ਜਨਮ ਲਹਿਣਾ ਲਿਆ ਮੁਕਾਈਆ । ਸਚ ਦਵਾਰੇ ਖ਼ੁਸ਼ੀਆਂ ਨਾਲ ਖੇਡਾਂ, ਗ਼ਮੀ ਗ਼ਮਖ਼ਾਰ ਦਿਤੀ ਮਿਟਾਈਆ । ਸਚ ਸਵਾਮੀ ਸਾਚਾ ਵੇਖਾਂ, ਦ੍ਰਿਸ਼ਟੀ ਦਰਸ਼ਨ ਪਾ ਪਾ ਅਗਨੀ ਤ੍ਰਿਖਾ ਬੁਝਾਈਆ । ਜਨਮ ਕਰਮ ਦਾ ਮੁਕ ਗਿਆ ਲੇਖਾ, ਆਵਣ ਜਾਵਣ ਰਿਹਾ ਨਾ ਰਾਈਆ । ਸਾਚਾ ਮਿਲਿਆ ਇਕੋ ਹੇਤਾ, ਹਿਤਕਾਰੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਲੇਖੇ ਲਿਆ ਲਗਾਈਆ । ਭਗਤ ਸੀਸ ਕਹੇ ਮੈਂ ਸਚ ਦਵਾਰੇ ਗਿਆ ਚੜ੍ਹ, ਆਪਣਾ ਆਪ ਦਿਤਾ ਗਵਾਈਆ । ਓਸ ਸਵਾਮੀ ਲਿਆ ਫੜ, ਜਿਸ ਦਾ ਸਮਾਂ ਆਪਣਾ ਰੰਗ ਬਦਲਾਈਆ । ਸਚ ਦਵਾਰਾ ਵਖਾ ਕੇ ਕਿਲ੍ਹਾ ਗੜ੍ਹ, ਮਹਲ ਅਟਲ ਦਿਤਾ ਟਿਕਾਈਆ । ਸੋਹਣਾ ਸੁਹੰਜਣਾ ਮਿਲਿਆ ਦਰ, ਦਰਦੀ ਹੋ ਕੇ ਦਰਦ ਵੰਡਾਈਆ । ਆਪਣੇ ਜਿਹਾ ਆਪੇ ਕਰ, ਮੇਰੀ ਕਰਨੀ ਆਪਣੇ ਲੇਖੇ ਲਾਈਆ । ਜੀਂਵਦਿਆਂ ਜਗ ਗਿਆ ਮਰ, ਮਰ ਜੀਵਤ ਰੂਪ ਵਟਾਈਆ । ਦਰਸ਼ਨ ਕਰ ਕੇ ਹਰੀ ਹਰਿ, ਹਰਿ ਮੰਦਰ ਬਹਿ ਬਹਿ ਖ਼ੁਸ਼ੀ ਵਖਾਈਆ । ਮੇਰਾ ਪਿਛਲਾ ਚੁਕਿਆ ਡਰ, ਭੈ ਭਉ ਦਿਤਾ ਗਵਾਈਆ । ਸਚ ਦਵਾਰੇ ਗਿਆ ਖੜ੍ਹ, ਖਟਕਾ ਅਗੇ ਰਿਹਾ ਨਾ ਰਾਈਆ । ਮਿਲਿਆ ਮੇਲ ਨਰਾਇਣ ਨਰ, ਨਾਅਰਾ ਇਕੋ ਹਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਿਤਾ ਮੁਕਾਈਆ । ਜਨ ਭਗਤ ਸੀਸ ਕਹੇ ਮੈਂ ਆਇਆ ਪ੍ਰਭ ਦੇ ਅਗੇ, ਅਗਲਾ ਲੇਖਾ ਰਿਹਾ ਨਾ ਰਾਈਆ । ਜੋ ਹੰਸ ਬਣਾਏ ਬਗ ਬਪੜੇ ਬੱਗੇ, ਸਾਚੀ ਮਾਣਕ ਮੋਤੀ ਚੋਗ ਚੁਗਾਈਆ । ਜਿਸ ਦਾ ਦੀਪਕ ਦੋ ਜਹਾਨ ਜਗੇ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ ।

ਜਿਸ ਦੇ ਰੂਪ ਅਨੂਪ ਸਜੇ, ਸਿਫ਼ਤਾਂ ਵਿਚ ਲੋਕਾਈਆ । ਜਿਸ ਦੇ ਭਗਤਾਂ ਨਾਲ ਧੁਰ ਦੇ ਮਤੇ, ਮਨਮਤ ਰਿਹਾ ਗਵਾਈਆ । ਓਸ ਦਾ ਦਰਸ਼ਨ ਪਾ ਕੇ ਆਪਣੀ ਅੱਖੇ, ਆਖ਼ਰ ਮੰਜ਼ਲ ਚੜ੍ਹਿਆ ਚਾਈਂ ਚਾਈਂਆ । ਜਿਥੇ ਸਾਹਿਬ ਸਵਾਮੀ ਵਸੇ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਬਖ਼ਸ਼ਣਹਾਰ ਸਚੀ ਵਡਿਆਈਆ । ਤੁਹਾਡਾ ਸੀਸ ਕਹੇ ਮੈਂ ਆਪਾ ਦਿਤਾ ਵਾਰ, ਵਰ ਦਾਤਾ ਦੇਵੇ ਵਡਿਆਈਆ । ਮੇਲਾ ਮਿਲਾ ਕੇ ਨਾਲ ਨਿੰਰਕਾਰ, ਨਾਰੀ ਪੁਰਖ ਦੋਵੇਂ ਰੂਪ ਜਣਾਈਆ । ਮਹਲ ਅਟਲ ਵੇਖ ਮੀਨਾਰ, ਸਚ ਦੀਦਾਰ ਦਰਸ਼ਨ ਪਾਈਆ । ਸਜਦਾ ਕਰ ਕੇ ਨਿਮਸਕਾਰ, ਧੂੜੀ ਟਿੱਕਾ ਖ਼ਾਕ ਰਮਾਈਆ । ਸਾਚਾ ਬੋਲ ਕੇ ਹਕ ਜੈਕਾਰ, ਢੋਲਾ ਤੇਰਾ ਮੇਰਾ ਅਲਾਈਆ । ਨਾਤਾ ਤੋੜ ਕੂੜ ਸੰਸਾਰ, ਸ੍ਰਿਸ਼ਟੀ ਸਗਲੀ ਦਿਤੀ ਤਜਾਈਆ । ਇਕੋ ਵੇਖ ਕੇ ਮਦਦਗਾਰ, ਕ਼ਦਮ ਬੋਸੀ ਕਰ ਕੇ ਖ਼ੁਸ਼ੀ ਮਨਾਈਆ । ਕਾਗ਼ਜ਼ ਕ਼ਲਮ ਨਾ ਲਿਖਣਹਾਰ, ਸਿਫ਼ਤਾਂ ਵਿਚ ਨਾ ਕੋਇ ਵਡਿਆਈਆ । ਬੁੱਧੀ ਵਾਲੀ ਨਹੀਂ ਵਿਚਾਰ, ਸੋਚ ਸਮਝ ਰਹੇ ਨਾ ਰਾਈਆ । ਜਿਸ ਨਰ ਹਰਿ ਕਿਰਪਾ ਕਰੀ ਆਪ ਨਿਰੰਕਾਰ, ਸਭ ਦਾ ਲੇਖਾ ਆਪਣੀ ਝੋਲੀ ਪਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਣਹਾਰ, ਕੂੜ ਕੁਟੰਬ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਾਤਾ ਦਾਨੀ ਦਇਆਵਾਨ ਇਕ ਅਖਵਾਈਆ । ਜਨ ਭਗਤ ਸੀਸ ਕਹੇ ਮੇਰੀ ਕ਼ੀਮਤ ਪਿਆ ਮੁਲ, ਕਾਮਲ ਮੁਰਸ਼ਦ ਮਿਲੀ ਵਡਿਆਈਆ । ਮੇਰਾ ਦੀਪਕ ਨਾ ਹੋਇਆ ਗੁਲ, ਜੋਤੀ ਨੂਰ ਦਿਤਾ ਚਮਕਾਈਆ । ਸਾਚੇ ਤੋਲ ਗਿਆ ਤੁਲ, ਤੋਲਾ ਮਿਲਿਆ ਬੇਪਰਵਾਹੀਆ । ਮੇਰਾ ਲੇਖਾ ਗਿਆ ਨਹੀਂ ਭੁਲ, ਪੂਰਬ ਲਹਿਣਾ ਝੋਲੀ ਪਾਈਆ । ਮੇਰਾ ਅੰਤਰ ਨਾ ਗਿਆ ਡੁੱਲ, ਅਨਡੋਲਤ ਸਿਰ ਆਪਣਾ ਹੱਥ ਟਿਕਾਈਆ । ਮੇਰੀ ਦਾਗ਼ ਲਗਾ ਨਾ ਕੁਲ, ਕੁਲਵੰਤਾ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਲਿਆ ਟਿਕਾਈਆ । ਭਗਤ ਸੀਸ ਕਹੇ ਮੈਂ ਛੱਡ ਕੇ ਝਗੜਾ ਝੇੜਾ, ਝੰਜਟ ਕੂੜਾ ਦਿਤਾ ਮਿਟਾਈਆ । ਪ੍ਰਭ ਅਬਿਨਾਸ਼ੀ ਚਰਨਾਂ ਲਾ ਕੇ ਡੇਰਾ, ਡੇਰੇ ਸਾਰੇ ਦਿਤੇ ਛੁਡਾਈਆ । ਰੂਪ ਬਣਾ ਕੇ ਤੇਰਾ ਮੇਰਾ, ਮੈਂ ਮਮਤਾ ਦਿਤੀ ਮਿਟਾਈਆ । ਸਚ ਸਵਾਮੀ ਸਮਝ ਕੇ ਨੇੜਨ ਨੇੜਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸਚ ਵਸਦਾ ਵੇਖਿਆ ਖੇੜਾ, ਸ਼ਾਹ ਪਾਤਸ਼ਾਹ ਬੈਠਾ ਸੋਭਾ ਪਾਈਆ । ਅਗਲਾ ਪਿਛਲਾ ਚੁਕਿਆ ਅੰਧੇਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਰਿਹਾ ਸੁਹਾਈਆ । ਜਨ ਭਗਤ ਕਹੇ ਮੇਰੀ ਇਹ ਸੁਗ਼ਾਤ, ਪ੍ਰਭ ਵੇਖ ਕੇ ਖ਼ੁਸ਼ੀ ਮਨਾਈਆ । ਲੋਕਮਾਤ ਵਿਚੋਂ ਸੋਹਣੀ ਮਿਲੀ ਦਾਤ, ਅਨਮੁਲੜੀ ਦਰ ਤੇ ਗਈ ਆਈਆ । ਜਿਸ ਦਾ ਕਰੇ ਨਾ ਕੋਇ ਹਿਸਾਬ, ਲੇਖਾ ਸਕੇ ਨਾ ਕੋਇ ਜਣਾਈਆ । ਆਪਣੇ ਹੁਕਮ ਦੀ ਕਢ ਕਿਤਾਬ, ਵਰਕਾ ਵਰਕਾ ਲਿਆ ਉਲਟਾਈਆ । ਜਿਸ ਵਿਚ ਲੇਖਾ ਲਿਖਿਆ ਤੂੰ ਮੇਰਾ ਮੈਂ ਤੇਰਾ ਸਾਚਾ ਜਾਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਸਰਨਾਈਆ । ਓਥੇ ਰੂਹ ਬੁਤ ਦੋਵੇਂ ਹੋ ਜਾਣ ਪਾਕ, ਪਤਿਤ ਪੁਨੀਤ ਰੂਪ ਵਟਾਈਆ । ਜਨਮ ਜਨਮ ਦੀ ਮੁੱਕ ਜਾਏ ਆਸ, ਆਸਾ ਆਸਾ ਵਿਚ ਰਖਾਈਆ । ਇਹੋ ਭਗਤੀ ਧੁਰ ਦੀ ਸਚੀ ਦੱਸੀ ਖ਼ਾਸ, ਜੋ ਖ਼ਾਲਸ ਪ੍ਰਭ ਨੇ ਦਿਤੀ ਦ੍ਰਿੜਾਈਆ । ਇਕ ਅਕਾਲ ਤੇ ਰਖਣਾ ਵਿਸ਼ਵਾਸ਼, ਵਿਸ਼ਵ ਦੇਵਣਹਾਰ ਵਡਿਆਈਆ । ਜਿਸ ਦੇ ਹੱਥ ਵਿਚ ਲੱਖ ਚੁਰਾਸੀ ਜੀਵਣ ਜਗਤ ਸਵਾਸ, ਸਾਹ ਸਾਹ ਰਿਹਾ ਸਮਾਈਆ । ਜਨ ਭਗਤਾਂ ਸਦਾ ਵਸੇ


੮੧੭

ਪਾਸ, ਵਿਛੋੜੇ ਵਿਚ ਕਦੇ ਨਾ ਆਈਆ । ਸਮਝਾ ਕੇ ਗਿਆ ਚਮਿਆਰ ਰਵਿਦਾਸ, ਰਵੀ ਕਵੀਆਂ ਤਾਈਂ ਜਣਾਈਆ । ਜਿਸ ਨੂੰ ਲਭਦੇ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਈਆ । ਸੋ ਭਗਤਾਂ ਦਾ ਦਾਸ ਸੇਵਕ ਚਾਕਰ ਨਜ਼ਰੀ ਆਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗੰਬਰ ਖਾਣੀ ਬਾਣੀ ਵਿਚ ਕਰਦੇ ਗਏ ਬਾਤ, ਅੱਖਰਾਂ ਨਾਲ ਕਰ ਪੜ੍ਹਾਈਆ । ਸੋ ਸਵਾਮੀ ਅੰਤਰਜਾਮੀ ਜਨ ਭਗਤਾਂ ਦੀ ਪੁੱਛਣ ਆਇਆ ਵਾਤ, ਦਾਤਾ ਦਾਨੀ ਵਾਤਾਵਰਨ ਪਿਛਲਾ ਦਏ ਬਦਲਾਈਆ । ਸੀਸ ਜਗਦੀਸ ਲੇਖੇ ਲਾ ਕੇ ਲੇਖਾ ਚੁਕਾਵੇ ਆਪ, ਦੂਸਰ ਹੱਥ ਨਾ ਕਿਸੇ ਫੜਾਈਆ । ਸਚ ਦਵਾਰੇ ਬਣ ਕੇ ਮਾਈ ਬਾਪ, ਪਿਤਾ ਪੂਤ ਗੁਰਮੁਖ ਆਪਣੀ ਗੋਦ ਉਠਾਈਆ । ਸੀਸ ਕਹੇ ਮੇਰੇ ਜਗਦੀਸ ਦਾ ਇਕੋ ਜਾਪ, ਹਦੀਸ ਕਲਮਾ ਸਚ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰੂਪ ਸਾਖ਼ਿਆਤ, ਸਖ਼ੀਆਂ ਦਾ ਸੁਲਤਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾ ਕੇ ਜਾਵੇ ਅੱਜ ਦੀ ਰਾਤ, ਨਿਜਾਤ ਸਭ ਦੀ ਦਏ ਕਰਾਈਆ ।

### ❊ ੧੨ ਜੇਠ ਸ਼ਹਿਨਸ਼ਾਹੀ ਸੰਮਤ ੧ ਨਛੱਤਰ ਸਿੰਘ ਦੇ ਗ੍ਰਿਹ ਦੁਰਾਹਾ ਮੰਡੀ ਜ਼ਿਲਾ ਲੁਧਿਆਣਾ ❊

ਬਾਰਾਂ ਜੇਠ ਦੀ ਭਿੰਨੜੀ ਰੈਣ ਰਾਤ, ਆਪਣੀ ਖ਼ਾਹਿਸ਼ ਰਹੀ ਦ੍ਰਿੜ੍ਹਾਈਆ । ਸਚ ਦੁਵਾਰਿਉਂ ਮੰਗਾਂ ਦਾਤ, ਪਤਿਪਰਮੇਸ਼ਵਰ ਅਗੇ ਝੋਲੀ ਡਾਹੀਆ । ਕਿਰਪਾ ਕਰ ਪੁਰਖ ਅਬਿਨਾਸ਼, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਜੁਗ ਚੌਕੜੀ ਪਿਛੋਂ ਸਮਾਂ ਮਿਲਿਆ ਆਜ, ਕੋਟਨ ਕੋਟ ਕਾਲ ਲਏ ਲੰਘਾਈਆ । ਜਨ ਭਗਤਾਂ ਬਿਨ ਭਗਤੀ ਕਰ ਨਜਾਤ, ਨਿਜ ਘਰ ਆਪਣੇ ਜੋੜ ਜੁੜਾਈਆ । ਸਚ ਵਾਸਨਾ ਪੂਰੇ ਕਰ ਖ਼ੁਆਬ, ਖ਼ਾਲਸ ਰੂਪ ਦੇ ਬਦਲਾਈਆ । ਸਚ ਦੁਵਾਰੇ ਸਜਦਿਆਂ ਵਿਚ ਕਰਾਂ ਅਦਾਬ, ਨਮਸਤੇ ਕਹਿ ਕੇ ਸੀਸ ਨਿਵਾਈਆ । ਦੋ ਜਹਾਨਾਂ ਤਕ ਕੇ ਤੇਰਾ ਰਾਜ, ਅੰਤਰ ਅੰਤਰ ਵੱਜੀ ਵਧਾਈਆ । ਸਚ ਦਵਾਰੇ ਬਖ਼ਸ਼ ਇਕ ਖ਼ਤਾਬ, ਖ਼ਤਾ ਪਿਛਲੀ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਭਿੰਨੜੀ ਰੈਣ ਕਹੇ ਮੇਰਾ ਵਕ਼ਤ ਸੁਹੇਲਾ, ਲੋਕਮਾਤ ਮਿਲੀ ਵਡਿਆਈਆ । ਮੈਂ ਤੱਕਣ ਆਈ ਭਗਤ ਭਗਵਾਨ ਦਾ ਲੱਗਾ ਮੇਲਾ, ਦੂਰ ਦੁਰਾਡੀ ਆਪਣਾ ਪੰਧ ਮੁਕਾਈਆ । ਇਕੋ ਰੂਪ ਵੇਖਿਆ ਗੁਰੂ ਗੁਰ ਚੇਲਾ, ਜੋਤੀ ਸ਼ਬਦੀ ਧਾਰ ਸਮਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਫੇਰਾ ਪਾਈਆ । ਜਨ ਭਗਤਾਂ ਵਕਤ ਹੋਣ ਨਾ ਦਏ ਦੁਹੇਲਾ, ਦੁਖੀਆਂ ਆਪਣਾ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਖ਼ਸ਼ ਸਚ ਸਰਨਾਈਆ । ਭਿੰਨੜੀ ਰੈਣ ਕਹੇ ਮੇਰੀ ਇਕੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਸਤਿ ਸਤਿਵਾਦੀ ਤੇਰੀ ਓਟ ਤਕਾਈਆ । ਕਲਜੁਗ ਕੂੜ ਕੁੜਿਆਰਾ ਰਿਹਾ ਲੰਘ, ਭੱਜਾ ਜਾਏ ਵਾਹੋ ਦਾਹੀਆ । ਸਤਿਜੁਗ ਸਚ ਵਜਾਏ ਮਰਦੰਗ, ਨਾਮ ਨਗਾਰਾ ਇਕ ਸੁਣਾਈਆ । ਮੈਂ ਵੇਖਣ ਆਈ ਤੇਰੇ ਚੰਦ, ਜੋ ਨੂਰੀ ਨੂਰ ਨੂਰ ਚਮਕਾਈਆ । ਜਿਨ੍ਹਾਂ ਦਾ ਢੋਲਾ ਇਕੋ ਛੰਦ, ਸੰਸੇ ਰਿਹਾ ਮਿਟਾਈਆ । ਉਨ੍ਹਾਂ ਦੀ ਆਪਣੇ ਨਾਲ ਗੰਢ, ਗੰਢਣਹਾਰ ਗੋਪਾਲ ਵਡ ਗੁਸਾਂਈਆ । ਆਤਮ ਹੋਵੇ ਕਦੇ ਨਾ ਰੰਡ, ਕੰਤ ਸੁਹਾਗੀ ਜੋੜ ਜੁੜਾਈਆ । ਨਿਹਕਰਮੀ ਹੋ ਕੇ ਪਾ ਦੇ ਠੰਡ, ਅਗਨੀ ਤੱਤ ਦੇ ਬੁਝਾਈਆ । ਪ੍ਰੇਮ ਪਿਆਰ

੮੧੯

ਦਾ ਦੇ ਅਨੰਦ, ਖ਼ੁਸ਼ੀ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਿੰਨੜੀ ਰੈਣ ਕਹੇ ਮੈਂ ਸਚ ਸੰਦੇਸ਼ਾ ਆਈ ਕਹਿਣ, ਗੁਰਮੁਖਾਂ ਦਿਆਂ ਜਣਾਈਆ । ਪੁਰਖ ਅਬਿਨਾਸ਼ੀ ਨੇਤਰ ਤੱਕੋ ਨੈਣ, ਧੁਰ ਦੀ ਆਪਣੀ ਅੱਖ ਖੁਲ੍ਹਾਈਆ । ਸਚ ਸਵਾਮੀ ਜਾਣੋ ਸੈਣ, ਸੱਜਣ ਬੇਪਰਵਾਹੀਆ । ਆਦਿ ਜੁਗਾਦਿ ਚੁਕਾਵਣਹਾਰਾ ਲੈਣ ਦੇਣ, ਖ਼ਾਲੀ ਝੋਲੀ ਸਰਬ ਭਰਾਈਆ । ਵੇਖਿਓ ਮਾਇਆ ਮਮਤਾ ਕੋਈ ਨਾ ਰੁੜ੍ਹਿਓ ਡੂੰਘੇ ਵਹਿਣ, ਕੂੜੀ ਕਿਰਿਆ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਿੰਨੜੀ ਰੈਣ ਕਹੇ ਮੈਂ ਕਰਾਂ ਸਚ ਅਰਦਾਸ, ਬੇਨੰਤੀ ਇਕ ਜਣਾਈਆ । ਪ੍ਰਭੂ ਦੇਣਾ ਭਗਤਾਂ ਸਾਥ, ਕਦੇ ਨਾ ਹੋਵੇ ਜੁਦਾਈਆ । ਚਿਰੀ ਵਿਛੁੰਨਿਆਂ ਪੂਰੀ ਕਰਨੀ ਆਸ, ਤ੍ਰਿਸ਼ਨਾ ਦੇਣੀ ਬੁਝਾਈਆ । ਚਰਨ ਪ੍ਰੀਤੀ ਦੇ ਕੇ ਨਾਤ, ਧੁਰ ਦਾ ਨਾਤਾ ਲੈਣਾ ਜੁੜਾਈਆ । ਸਾਚੀ ਦਸ ਕੇ ਗਾਥ, ਆਤਮ ਬ੍ਰਹਮ ਕਰੀ ਪੜ੍ਹਾਈਆ । ਤੂੰ ਆਦਿ ਜੁਗਾਦੀ ਅਨਾਥਾਂ ਨਾਥ, ਦੀਨਾਂ ਦਇਆ ਕਮਾਈਆ । ਦਵਾਰ ਵਖਾ ਦੇ ਧੁਰ ਦਾ ਘਾਟ, ਲੇਖਾ ਆਨ ਬਾਟ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਆਪ ਚੁਕਾਈਆ । ਭਿੰਨੜੀ ਰੈਣ ਕਹੇ ਮੈਂ ਕਰਾਂ ਇਕ ਸਵਾਲ, ਆਸ਼ਾ ਆਪਣੀ ਨਾਲ ਪਰਗਟਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲ, ਦਇਆਵਾਨ ਦੇ ਸਮਝਾਈਆ । ਕਵਣ ਤੇਰੀ ਅਵਲੜੀ ਚਾਲ, ਕਵਣ ਰਾਹ ਰਿਹਾ ਵਖਾਈਆ । ਕਵਣ ਸ੍ਰਿਸ਼ਟੀ ਕਰੇ ਭਾਲ, ਕਵਣ ਇਸ਼ਟੀ ਲਏ ਪਰਗਟਾਈਆ । ਕਵਣ ਦ੍ਰਿਸ਼ਟੀ ਦਏ ਵਖਾਲ, ਸਨਮੁਖ ਹੋ ਕੇ ਨਜ਼ਰੀ ਆਈਆ । ਕਵਣ ਰੂਪ ਬਣੇ ਸਚ ਦਲਾਲ, ਦੋ ਜਹਾਨਾਂ ਜੋੜ ਜੁੜਾਈਆ । ਕਵਣ ਦਵਾਰੇ ਕਰੇ ਸੰਭਾਲ, ਸੰਬਲ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਦੇ ਉਠਾਈਆ । ਭਿੰਨੜੀ ਰੈਣ ਕਹੇ ਮੈਂ ਦੇਵਣ ਆਈ ਹੋਕਾ, ਹੁਕਮ ਧੁਰ ਦਾ ਇਕ ਸੁਣਾਈਆ । ਜਨ ਭਗਤੋ ਹੱਥੋਂ ਜਾਣ ਦਿਉ ਨਾ ਮੌਕਾ, ਮੁਕੰਮਲ ਮਿਲਿਆ ਬੇਪਰਵਾਹੀਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਕੂੜੀ ਕਿਰਿਆ ਨਾ ਕੋਇ ਜਣਾਈਆ । ਜਿਸ ਦਾ ਸਚਖੰਡ ਦੁਵਾਰਾ ਨਿਰਗੁਣ ਧਾਰਾ ਇਕੋ ਕੋਠਾ, ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਵਸਾਈਆ । ਸਚ ਪਰਕਾਸ਼ ਕਰਾਵਣਹਾਰਾ ਧੁਰ ਦੀ ਜੋਤਾ, ਧੁਰ ਦੀ ਜੋਤ ਕਰੇ ਰੁਸ਼ਨਾਈਆ । ਸਚ ਸ਼ਬਦ ਨਗਾਰੇ ਲਾਵੇ ਚੋਟਾ, ਸੁੱਤਿਆਂ ਰਿਹਾ ਉਠਾਈਆ । ਮਨਮੁਖ ਮੂਰਖ ਮੁਗਧ ਅਗਿਆਨ ਰਹਿਣ ਨਾ ਦੇਵੇ ਕੋਈ ਖੋਟਾ, ਖੋਟਿਆਂ ਖਰੇ ਲਏ ਬਣਾਈਆ । ਜਿਸ ਦਾ ਭਾਣਾ ਆਦਿ ਜੁਗਾਦਿ ਕਦੇ ਨਾ ਰੋਕਾ, ਜੁਗ ਚੌਕੜੀ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਭਿੰਨੜੀ ਰੈਣ ਕਹੇ ਮੈਂ ਮਾਰਨ ਆਈ ਝਾਤੀ, ਪਰਦਿਆਂ ਵਿਚੋਂ ਆਪਣਾ ਪੜਦਾ ਲਾਹੀਆ । ਜਨ ਭਗਤੋ ਆਪਣੀ ਅੰਦਰੋਂ ਖੋਲ੍ਹ ਕੇ ਵੇਖੋ ਤਾਕੀ, ਤਕਵਾ ਇਕੇ ਉਤੇ ਰਖਾਈਆ । ਜਿਸ ਦੇ ਦਵਾਰੇ ਕੋਟਨ ਕੋਟ ਜਨਮ ਦੇ ਉਧਰਦੇ ਪਾਪੀ, ਪਤਿਤਾਂ ਪੁਨੀਤ ਲਏ ਕਰਾਈਆ । ਨਿਤ ਨਵਿਤ ਜੁਗਾਂ ਪਰਵਾਨ ਚਲਦੀ ਸਾਖੀ, ਸੋ ਸਾਖਿਆਤ ਵੇਸ ਵਟਾਈਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਹੁਕਮੇ ਅੰਦਰ ਮੰਨੇ ਆਖੀ, ਅੱਖ ਸਕੇ ਨਾ ਕੋਇ ਬਦਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਮਲਾਪਾਤੀ, ਪਤਿਪਰਮੇਸ਼ਵਰ ਆਇਆ ਵੇਸ ਵਟਾਈਆ । ਤੁਹਾਡਾ ਲਹਿਣਾ ਦੇਣਾ ਚੁਕਾ ਕੇ ਜਾਵੇ ਬਾਕੀ, ਲੇਖਾ ਅਗੇ ਮੰਗੇ ਕੋਇ ਨਾ ਰਾਈਆ । ਮੰਜ਼ਲ ਪੰਧ ਮੁਕਾਏ ਵਾਟੀ, ਸਾਚੇ ਪੌੜੇ ਦਏ ਚੜ੍ਹਾਈਆ । ਬਾਰਾਂ ਜੇਠ ਕਹੇ

ਸੁਹੰਜਣੀ ਆਈ ਮੇਰੇ ਦਿਨ ਵਾਲੀ ਰਾਤੀ, ਰੁਤੜੀ ਆਪਣੀ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਭਗਤਾਂ ਨੂੰ ਮਨਾਵੇ ਆਪਣੀ ਆਖੀ, ਆਖ਼ਰ ਅਖ਼ੀਰ ਆਪਣੇ ਵਿਚ ਮਿਲਾਈਆ ।

❊ ੧੪ ਜੇਠ ਸ਼ਹਿਨਸ਼ਾਹੀ ਸੰਮਤ ੧ ਹਰਬੰਸ ਸਿੰਘ ਦੇ ਗ੍ਰਿਹ ਠੀਕਰੀ ਛੰਨਾ ਕਰਨਾਲ ਸੰਗਤ ❊

ਜੇਠ ਕਹੇ ਮੈਂ ਆਪਣਾ ਬਦਲ ਕੇ ਅਗਨੀ ਤੱਤ, ਤੱਤ ਭਗਤਾਂ ਦੇਣਾ ਬਦਲਾਈਆ । ਹੁਕਮ ਮੰਨ ਕੇ ਪੁਰਖ ਸਮਰਥ, ਧੁਰ ਸੰਦੇਸ਼ਾ ਦੇਣਾ ਸੁਣਾਈਆ । ਕੂੜ ਵਿਕਾਰਾ ਹੰਕਾਰਾ ਬਾਹਰ ਕਢ, ਸਚ ਸੰਤੋਖ ਦੇਣਾ ਟਿਕਾਈਆ । ਵਸਤ ਅਮੋਲਕ ਦੇ ਕੇ ਵਥ, ਖ਼ਾਲੀ ਭੰਡਾਰਾ ਦੇਣਾ ਭਰਾਈਆ । ਨਿਰਗੁਣ ਨਿਰਵੈਰ ਨਿਰੰਕਾਰ ਮਿਲਣ ਦੀ ਅੱਖ, ਨਿਜ ਨੇਤਰ ਦੇਣਾ ਖੁਲ੍ਹਾਈਆ । ਦਵਾਰਾ ਸਮਝਾ ਕੇ ਇਕੋ ਹਰਿ ਸਤਿ, ਸਤਿਵਾਦ ਦੇਣਾ ਮਿਲਾਈਆ । ਕੂੜੀ ਕਿਰਿਆ ਖੇੜਾ ਕਰਨਾ ਭਠ, ਭਾਂਡਾ ਭਰਮ ਭਉ ਭੰਨਾਈਆ । ਸਤਿ ਧਰਮ ਕਰ ਕੇ ਪਰਗਟ, ਸਚਾ ਮਾਰਗ ਦੇਣਾ ਲਗਾਈਆ । ਨਾਮ ਨਿਧਾਨਾ ਖੋਲ੍ਹ ਕੇ ਹੱਟ, ਵਸਤ ਅਮੋਲਕ ਦੇਣੀ ਵਰਤਾਈਆ । ਆਤਮ ਪਰਮਾਤਮ ਦੱਸ ਕੇ ਗਾਥ, ਧੁਰ ਦੀ ਕਰਨੀ ਸਚ ਪੜ੍ਹਾਈਆ । ਮਨਮਤਿ ਰਹਿਣ ਨਹੀਂ ਦੇਣੀ ਨਾਰ ਕਮਜ਼ਾਤ, ਬੁੱਧ ਬਿਬੇਕ ਦੇਣੀ ਬਣਾਈਆ । ਕਰਨਾ ਖੇਲ ਸਾਖ਼ਿਆਤ, ਪਰਦਾ ਓਹਲਾ ਰਹੇ ਨਾ ਰਾਈਆ । ਸਾਚਾ ਹੁਕਮ ਪੁਰਖ ਅਬਿਨਾਸ਼, ਨਾ ਕੋਇ ਮੇਟੇ ਮੇਟ ਮਿਟਾਈਆ । ਨਵੇਂ ਜੁਗ ਦੀ ਨਵੀਂ ਸ਼ਾਖ਼, ਲੋਕਮਾਤ ਦੇਣੀ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਜੇਠ ਕਹੇ ਮੈਂ ਆਪਣਾ ਬਦਲ ਕੇ ਰੂਪ, ਕਾਇਆ ਸਭ ਦੀ ਦੇਣੀ ਬਦਲਾਈਆ । ਪੁਰਖ ਅਕਾਲਾ ਦੀਨ ਦਿਆਲਾ ਮੇਲ ਮਿਲਾਉਣਾ ਸਾਚਾ ਭੂਪ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜਿਸ ਦਾ ਡੰਕਾ ਹੁਕਮ ਨਾਮ ਨਗਾਰਾ ਵੱਜੇ ਚਾਰ ਕੂਟ, ਦਹਿ ਦਿਸ਼ਾ ਬ੍ਰਹਿਮੰਡ ਖੰਡ ਦੋ ਜਹਾਨ ਆਪਣਾ ਹੁਕਮ ਮਨਾਈਆ । ਜਿਸ ਦਾ ਸੁਤ ਦੁਲਾਰਾ ਸ਼ਬਦ ਅਨਾਦੀ ਇਕੋ ਪੂਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਅਪਣੀ ਕਾਰ ਕਮਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਦਿੰਦੇ ਗਏ ਸਬੂਤ, ਸੋ ਸਾਬਤ ਸੂਰਤ ਪੁਰਖ ਅਬਿਨਾਸ਼ੀ ਆਪਣੀ ਰਿਹਾ ਵਖਾਈਆ । ਲੇਖਾ ਲਹਿਣਾ ਦੇਣਾ ਜਾਣੇ ਪੰਜ ਤੱਤ ਕਾਇਆ ਕਲਬੂਤ, ਆਤਮ ਪਰਮਾਤਮ ਖੋਜ ਖੁਜਾਈਆ । ਮਿਹਰ ਮੁਹੱਬਤ ਵਾਲਾ ਗੁਸਾਂਈ ਸਚ ਮਹਿਬੂਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਜੇਠ ਕਹੇ ਚਾਰ ਜੁਗ ਮੈਨੂੰ ਕਹਿੰਦੇ ਰਹੇ ਤਪੰਦਾ, ਖਾਣੀ ਬਾਣੀ ਢੋਲਿਆਂ ਵਿਚ ਗਾਈਆ । ਮੈਂ ਆਪਣਾ ਵੇਸ ਬਦਲ ਕੇ ਬੰਦਗੀ ਵਿਚੋਂ ਬਣਿਆ ਬੰਦਾ, ਬੰਦਨਾ ਧੁਰ ਦੀ ਦੇਣੀ ਸਮਝਾਈਆ । ਜਨ ਭਗਤਾਂ ਸਚ ਪ੍ਰੇਮ ਦਾ ਦੇਣਾ ਇਕ ਅਨੰਦਾ, ਅਨੰਦ ਆਤਮ ਵਿਚੋਂ ਪਰਗਟਾਈਆ । ਕੂੜੀ ਕਿਰਿਆ ਕਾਇਆ ਮੰਦਰ ਅੰਦਰ ਰਹਿਣ ਨਹੀਂ ਦੇਣਾ ਗੰਦਾ, ਦੁਰਮਤ ਮੈਲ ਦਿਆਂ ਧੁਆਈਆ । ਨਾਉਂ ਨਿਰੰਕਾਰ ਤਿੱਖਾ ਵਖਾਵਾਂ ਖੰਡਾ, ਦੋ ਧਾਰ ਆਪਣਾ ਰੂਪ ਲਏ ਬਦਲਾਈਆ । ਮਾਟੀ ਹਾਟੀ ਕਾਇਆ ਖੋਲ੍ਹ ਕੇ ਬਜਰ ਕਪਾਟੀ ਜਿੰਦਾ, ਜ਼ਿੰਦਗੀ ਵਿਚੋਂ ਜ਼ਿੰਦਗੀ ਦਿਆਂ ਬਦਲਾਈਆ । ਮੇਲ ਮਿਲਾ ਕੇ ਗੁਣੀ ਗਹਿੰਦਾ ਸਾਹਿਬ ਬਖ਼ਸ਼ੰਦਾ, ਧੁਰ ਦਾ ਨਾਤਾ ਦਿਆਂ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ ।

ਜੇਠ ਕਹੇ ਮੈਨੂੰ ਸਾਰੇ ਕਹਿਣ ਤਪਦਾ, ਅਗਨੀ ਅੱਗ ਲਗਾਈਆ । ਸਚ ਪੁਛੋ ਮੈਂ ਜੁਗ ਚੌਕੜੀ ਪੁਰਖ ਅਕਾਲ ਰਿਹਾ ਲਭਦਾ, ਲੋਕਮਾਤ ਆਪਣਾ ਪੰਧ ਮੁਕਾਈਆ । ਦਿਵਸ ਰੈਣ ਚਾਰ ਕੁੰਟ ਦਹਿ ਦਿਸ਼ਾ ਰਿਹਾ ਭੱਜਦਾ, ਪਾਂਧੀ ਹੋ ਕੇ ਵੇਖਾਂ ਥਾਉਂ ਥਾਈਂਆ । ਸਚ ਦਵਾਰਾ ਮਿਲਿਆ ਕੋਈ ਨਾ ਸਜਦਾ, ਜਿਥੇ ਸਜਦਾ ਕਰ ਕੇ ਆਪਣਾ ਸੀਸ ਨਿਵਾਈਆ । ਕਿਨਾਰਾ ਮਿਲਿਆ ਨਾ ਸਚ ਦੀ ਹੱਦ ਦਾ, ਹਦੂਦ ਹਕ ਨਾ ਕੋਇ ਦ੍ਰਿੜਾਈਆ । ਨਗਾਰਾ ਸੁਣਿਆ ਨਾ ਧੁਰ ਦੇ ਨਦ ਦਾ, ਅਗੰਮੀ ਕਰੇ ਨਾ ਕੋਇ ਪੜ੍ਹਾਈਆ । ਪਿਆਲਾ ਪੀਤਾ ਨਾ ਅੰਮ੍ਰਿਤ ਮਧ ਦਾ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਮੈਂ ਹਾਲ ਵੇਖਦਾ ਰਿਹਾ ਜੁਗ ਚੌਕੜੀ ਸ੍ਰਿਸ਼ਟੀ ਜਗ ਦਾ, ਜਗ ਜੀਵਨ ਦਾਤਾ ਸੰਗ ਨਾ ਕਿਸੇ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦੇ ਦਵਾਰੇ ਰਿਹਾ ਮੰਗਦਾ, ਖ਼ਾਲੀ ਝੋਲੀ ਅਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਕਰਾਈਆ । ਜੇਠ ਕਹੇ ਮੈਨੂੰ ਸਾਰੇ ਕਹਿੰਦੇ ਇਸ ਦੀ ਅਗਨੀ ਭਾਹ, ਚਾਰ ਕੁੰਟ ਰਹੀ ਜਲਾਈਆ । ਮੈਂ ਪੁਰਖ ਅਬਿਨਾਸ਼ੀ ਅਗੇ ਵਾਸਤਾ ਦਿਤਾ ਪਾ, ਦੋਏ ਜੋੜ ਸੀਸ ਨਿਵਾਈਆ । ਤੁਧ ਬਿਨ ਦਿਸੇ ਨਾ ਕੋਈ ਸਹਾ, ਮਿਹਰ ਨਜ਼ਰ ਨਜ਼ਰ ਉਠਾਈਆ । ਜੁਗ ਚੌਕੜੀ ਮੈਨੂੰ ਤਾਅਨੇ ਦੇਂਦੇ ਸਭ ਨੂੰ ਰਿਹਾ ਤਪਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਗੁਣ ਨਿਰਵੈਰ ਨਿਰੰਕਾਰ ਹੋ ਸਹਾ, ਸਿਰ ਆਪਣਾ ਹੱਥ ਟਿਕਾਈਆ । ਦੀਨ ਦਿਆਲ ਠਾਕਰ ਸਵਾਮੀ ਦਇਆ ਦਿਤੀ ਕਮਾ, ਮਿਹਰ ਨਜ਼ਰ ਟਿਕਾਈਆ । ਸ਼ਬਦ ਸੁਨੇਹੜੇ ਅੰਦਰ ਦਿਤਾ ਸੁਣਾ, ਧੁਰ ਦੀ ਆਵਾਜ਼ ਇਕ ਲਗਾਈਆ । ਮੈਂ ਨਿਰਗੁਣ ਸਰਗੁਣ ਵੇਸ ਲਵਾਂ ਵਟਾ, ਤੇਰੇ ਵਿਚ ਵੱਜੇ ਵਧਾਈਆ । ਮਾਤਲੋਕ ਮੇਰਾ ਸ੍ਰਿਸ਼ਟੀ ਵਾਲਾ ਸਾਹ, ਪੰਚਮ ਜੇਠ ਥਿਤ ਗਿਣਾਈਆ । ਚੋਲਾ ਜਗਤ ਤਨ ਹੰਡਾ, ਅੰਤ ਕਰਾਂ ਜੁਦਾਈਆ । ਜੋਤੀ ਜੋਤ ਜੋਤ ਸਮਾ, ਸਚਖੰਡ ਸਾਚੇ ਸੋਭਾ ਪਾਈਆ । ਨਿਰਗੁਣ ਨੂਰ ਨੂਰ ਵਟਾ, ਕਲ ਕਲਕੀ ਨਾਉਂ ਧਰਾਈਆ । ਸੰਮਤ ਸੰਮਤੀ ਪੰਧ ਮੁਕਾ, ਪਿਛਲਾ ਲੇਖਾ ਦਿਆਂ ਗਵਾਈਆ । ਆਪਣਾ ਹੁਕਮ ਆਪ ਵਰਤਾ, ਧੁਰ ਫ਼ਰਮਾਨਾ ਦਿਆਂ ਸੁਣਾਈਆ । ਸੰਮਤ ਸ਼ਹਿਨਸ਼ਾਹੀ ਚੜ੍ਹਾ, ਦੋ ਜਹਾਨਾਂ ਵੇਖ ਵਖਾਈਆ । ਕਿਰਪਾ ਕਰਾਂ ਹੋ ਕੇ ਬੇਪਰਵਾਹ, ਬੇਪਰਵਾਹੀ ਆਪਣੀ ਖੇਲ ਵਖਾਈਆ । ਜਗਤ ਜਲੰਦੇ ਜੇਠ ਤੇਰੇ ਅੰਤਰ ਆਪਣਾ ਅੰਮ੍ਰਿਤ ਦਿਆਂ ਵਰਸਾ, ਗੁਰਮੁਖਾਂ ਰੰਗ ਚੜ੍ਹਾਈਆ । ਜੁਗ ਜਨਮ ਦੇ ਵਿਛੜੇ ਲਵਾਂ ਮਿਲਾ, ਪਿਛਲਾ ਪੰਧ ਮੁਕਾਈਆ । ਸਚ ਦਵਾਰੇ ਲਵਾਂ ਬਹਾ, ਚਰਨ ਕਵਲ ਸਰਨਾਈਆ । ਨੇਤਰ ਲੋਚਣ ਦਰਸ ਦਿਆਂ ਕਰਾ, ਰਹਿਮਤ ਤਰਸ ਕਮਾਈਆ । ਅਗਨੀ ਤਤ ਦਿਆਂ ਮਿਟਾ, ਕੂੜੀ ਕਿਰਿਆ ਬਾਹਰ ਕਢਾਈਆ । ਧੁਰ ਦਾ ਜਾਮ ਦਿਆਂ ਪਿਲਾ, ਮਧੁਰ ਪਿਆਲਾ ਹੱਥ ਫੜਾਈਆ । ਸਾਚੀ ਸਿਖਿਆ ਦਿਆਂ ਸਮਝਾ, ਕਰਾਂ ਹਕ ਪੜ੍ਹਾਈਆ । ਨਾਅਰਾ ਇਕੋ ਦਿਆਂ ਲਗਾ, ਢੋਲਾ ਧੁਰ ਦਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੇਠ ਕਹੇ ਮੈਂ ਤਪਦਾ ਹੋਇਆ ਠੰਡਾ, ਮਿਲੀ ਮਾਣ ਵਡਿਆਈਆ । ਜਿਹੜਾ ਛਡ ਕੇ ਗਿਆ ਪੁਰੀ ਅਨੰਦਾ, ਉਹ ਅਨੰਦ ਮੇਰੀ ਝੋਲੀ ਰਿਹਾ ਪਾਈਆ । ਜਿਸ ਦਾ ਆਦਿ ਜੁਗਾਦਿ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਇਕੋ ਛੰਦਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੇ ਪੜ੍ਹਾਈਆ । ਉਹ ਬਾਹਰੋਂ ਤੱਤਾਂ ਵਾਲਾ ਨਜ਼ਰੀ ਆਵੇ ਬੰਦਾ, ਅੰਦਰੋਂ ਬੰਦੀਖਾਨੇ ਸਭ ਦੇ ਰਿਹਾ ਤੁੜਾਈਆ । ਜਿਸ ਦਾ ਨੂਰ ਜ਼ਹੂਰ ਜੋਤੀ ਜੋਤ ਸਾਚਾ ਚੰਦਾ, ਰਵ ਸਸ ਨੈਣ ਸ਼ਰਮਾਈਆ । ਜਿਸ

ਦਾ ਸ਼ਬਦ ਅਨਾਦੀ ਧੁਰ ਦਾ ਖੰਡਾ, ਬ੍ਰਹਿਮੰਡਾਂ ਖੰਡਾਂ ਰਿਹਾ ਡਰਾਈਆ। ਜੋ ਭਗਤ ਸੁਹੇਲਾ ਬਣ ਕੇ ਨਿਭਾਏ ਧੁਰ ਦਾ ਸੰਗਾ, ਸਗਲਾ ਸੰਗ ਆਪ ਹੋ ਜਾਈਆ। ਜੋ ਨੇਤਰ ਨੈਣ ਕਦੇ ਨਾ ਹੋਵੇ ਅੰਧਾ, ਵੇਖਣਹਾਰਾ ਜਗਤ ਲੋਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰਾ ਵਡਿਆਈਆ। ਜੇਠ ਕਹੇ ਮੈਂ ਤਪਦਾ ਹੋਇਆ ਸੀਤ, ਸੀਤਲ ਸਭ ਨੂੰ ਦਿਆਂ ਕਰਾਈਆ। ਜੋ ਮੇਰੇ ਪ੍ਰਭ ਦਾ ਗਾਵੇ ਗੀਤ, ਤਿਸ ਦਾ ਮੇਲਾ ਸਹਿਜ ਸੁਭਾਈਆ। ਕਲਜੁਗ ਕੂੜੀ ਕਿਰਿਆ ਬਦਲ ਕੇ ਰੀਤ, ਸਚਾ ਮਾਰਗ ਦਿਆਂ ਸਮਝਾਈਆ। ਸਭ ਦੀ ਅੰਦਰੋਂ ਵੇਖ ਕੇ ਨੀਤ, ਪਰਦਾ ਉਹਲਾ ਦਿਆਂ ਉਠਾਈਆ। ਝਗੜਾ ਮੁਕਾ ਕੇ ਹਸਤ ਕੀਟ, ਇਕੋ ਰੰਗ ਦਿਆਂ ਰੰਗਾਈਆ। ਧਾਮ ਵਸਾਂ ਸਾਹਿਬ ਅਣਡੀਠ, ਜਿਸ ਗ੍ਰਿਹਿ ਬੈਠਾ ਡੇਰਾ ਲਾਈਆ। ਕਿਸੇ ਹੱਥ ਨਾ ਆਏ ਮੰਦਰ ਮਸੀਤ, ਸ਼ਿਵਦਵਾਲੇ ਰਹੇ ਕੁਰਲਾਈਆ। ਜਨ ਭਗਤਾਂ ਸਚਾ ਕਲਮਾ ਦੱਸ ਹਦੀਸ, ਹਜ਼ਰਤਾਂ ਦਾ ਹਜ਼ਰਤ ਕਰੇ ਪੜ੍ਹਾਈਆ। ਅੰਦਰ ਠਾਕਰ ਸਵਾਮੀ ਬਣ ਕੇ ਮਿਲੇ ਮੀਤ, ਮਿਤਰਤਾ ਆਪਣੀ ਦਏ ਜਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸਮਝਾਈਆ। ਜੇਠ ਕਹੇ ਮੇਰੇ ਵਿਚ ਰਹੀ ਨਾ ਅਗਨੀ ਅੱਗ, ਅਗਲਾ ਲੇਖਾ ਪ੍ਰਭ ਨੇ ਦਿਤਾ ਸਮਝਾਈਆ। ਮੈਂ ਸ੍ਰਿਸ਼ਟ ਸਬਾਈ ਦੱਸਣ ਲੱਗਾ ਜਗ, ਚਾਰੋਂ ਕੁੰਟ ਕਰਾਂ ਸ਼ਨਵਾਈਆ। ਜਿਸ ਨੇ ਕਰਨਾ ਧੁਰ ਦਾ ਹੱਜ, ਹਜ਼ਰਤ ਵੇਖੋ ਬੇਪਰਵਾਹੀਆ। ਜਿਸ ਨੂੰ ਜੰਗਲ ਪਹਾੜ ਰਹੇ ਲਭ, ਸੋ ਸਚ ਦਵਾਰੇ ਬਹਿ ਬਹਿ ਖ਼ੁਸ਼ੀ ਮਨਾਈਆ। ਅੰਗੀਕਾਰ ਕਰੇ ਅੰਗ, ਅੰਤਸ਼ਕਰਨ ਵੇਖੇ ਥਾਉਂ ਥਾਈਆ। ਧੁਰ ਦਾ ਨਾਮ ਸੁਣੇ ਮਰਦੰਗ, ਘਰ ਘਰ ਢੋਲੇ ਦਏ ਜਣਾਈਆ। ਲੇਖਾ ਚੁਕੇ ਬ੍ਰਹਮ ਹੰ, ਆਤਮ ਪਰਮਾਤਮ ਵੇਖ ਵਖਾਈਆ। ੮੨੨
ਜਿਧਰ ਵੇਖੋ ਉਧਰ ਸੰਗ, ਧੁਰ ਦਾ ਸਾਥੀ ਬੇਪਰਵਾਹੀਆ। ਸਾਚਾ ਢੋਲਾ ਗਹਿਰ ਗੰਭੀਰ ਗੀਤ ਗੋਬਿੰਦ ਗਾਓ ਛੰਦ, ਸੰਸਾ ਰੋਗ ਰਹੇ ਨਾ ਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ। ਜੇਠ ਕਹੇ ਮੇਰੀ ਬਦਲ ਗਈ ਰੁਤ, ਰੁਤੜੀ ਭਗਤਾਂ ਦਿਤੀ ਬਦਲਾਈਆ। ਕਿਰਪਾ ਕੀਤੀ ਅਬਿਨਾਸ਼ੀ ਅਚੁਤ, ਸ੍ਰੀ ਭਗਵਾਨ ਹੋਇਆ ਸਹਾਈਆ। ਗੁਰਮੁਖਾਂ ਉਜਲ ਕਰੇ ਮੁਖ, ਦੁਰਮਤ ਮੈਲ ਧਵਾਈਆ। ਗੁਰਸਿਖਾਂ ਦੇਣਾ ਸੁਖ, ਜੋ ਹਿਰਦੇ ਹਰਿ ਹਰਿ ਰਹੇ ਵਸਾਈਆ। ਧੁਰ ਦੀ ਗੋਦੀ ਲੈਣਾ ਚੁਕ ਬ੍ਰਹਿਮੰਡ ਖੰਡ ਪੈਂਡਾ ਦੇਣਾ ਚੁਕਾਈਆ। ਸਚ ਦਵਾਰੇ ਲੇਖਾ ਪੁਛ, ਪੂਰਬ ਲੇਖਾ ਖੋਜ ਖੁਜਾਈਆ। ਆਵਣ ਜਾਵਣ ਜਨਮ ਮਰਨ ਲੱਖ ਚੁਰਾਸੀ ਰਹੇ ਨਾ ਕਿਸੇ ਦੁਖ, ਗੇੜਾ ਗੇੜਿਆਂ ਵਿਚੋਂ ਕਟਾਈਆ। ਸੁਫ਼ਲ ਕਰਾਏ ਜਨਨੀ ਕੁੱਖ, ਜਣੇਦੀ ਲੇਖੇ ਲੈਣੀ ਲਗਾਈਆ। ਮਨਮੁਖਾਂ ਨੂੰ ਮੇਰੀ ਲਗਣੀ ਅਗਨੀ ਧੁੱਪ, ਗੁਰਮੁਖ ਸਾਤਕ ਸਤਿ ਸਰੂਪ ਸਮਾਈਆ। ਆਪਣੀ ਧਾਰ ਬਦਲ ਕੇ ਮੈਂ ਗਿਆ ਉਠ, ਪਰਦਿਆਂ ਵਿਚੋਂ ਪੜਦਾ ਦੇਣਾ ਬਦਲਾਈਆ। ਜਿਨ੍ਹਾਂ ਉਪਰ ਪੁਰਖ ਅਕਾਲ ਦੀਨ ਦਿਅਲ ਗਿਆ ਤੁਠ, ਮਿਹਰਵਾਨ ਹੋਇਆ ਸੁਹਾਈਆ। ਉਨ੍ਹਾਂ ਨੂੰ ਘਰ ਘਰ ਦੇਣਾ ਸੁਖ, ਕੂੜੇ ਦੁਖੜੇ ਦੇਣੇ ਮਿਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਾਚਾ ਸੰਗ ਨਿਭਾਈਆ। ਜੇਠ ਕਹੇ ਮੈਂ ਉਠਿਆ ਜਾਗ, ਪੁਰਖ ਅਬਿਨਾਸ਼ੀ ਦਇਆ ਕਮਾਈਆ। ਗੁਰਮੁਖ ਰਹਿਣ ਨਹੀਂ ਦੇਣਾ ਕੋਈ ਬੁੱਧੀ ਕਾਗ, ਮਨਮਤ ਨਾ ਕੋਇ ਵਡਿਆਈਆ। ਘਰ ਘਰ ਦੀਪ ਜੋਤ ਜਗਾਉਣਾ ਚਿਰਾਗ਼, ਚਾਰ ਕੁੰਟ ਕਰਨੀ ਰੁਸ਼ਨਾਈਆ। ਮੇਰੀ ਮਿਸਲ ਮਸ਼ਹੂਰ ਅਗਨੀ ਤਪਦੀ ਆਗ, ਅਗਲਾ ਲੇਖਾ ਨਾ ਕੋਇ ਦ੍ਰਿੜਾਈਆ। ਉਸ ਦਾ ਮੈਂ ਦੇਣ ਆਇਆ ਜਵਾਬ, ਧੁਰ ਸੰਦੇਸ਼ਾ ਦਿਆਂ

ਸੁਣਾਈਆ । ਜਗਤ ਸ੍ਰਿਸ਼ਟੀ ਬਦਲ ਦੇਣਾ ਰਿਵਾਜ, ਕਾਜ ਪ੍ਰਭ ਨੇ ਦਿਤਾ ਸਮਝਾਈਆ । ਝਗੜਾ ਮੁਕਾਉਣਾ ਕੂੜ ਕੁੜਿਆਰੇ ਸੰਤ ਸਾਧ, ਸਾਧਨਾ ਸਭ ਦੀ ਵੇਖ ਵਖਾਈਆ । ਨਾਮ ਢੋਲਾ ਸੁਣ ਕੇ ਬੋਧ ਅਗਾਧ, ਕਰਨ ਅਗੰਮ ਪੜ੍ਹਾਈਆ । ਜਿਹੜੇ ਪਰਮ ਪੁਰਖ ਨੂੰ ਕਰਦੇ ਯਾਦ, ਉਹਨਾਂ ਸੁੱਤਿਆਂ ਲੈਣਾ ਉਠਾਈਆ । ਸਚ ਨਿਸ਼ਾਨੀ ਦੱਸਣੀ ਸੀਸ ਜਗਦੀਸ ਸੋਹਵੇ ਤਾਜ, ਤਾਜਾਂ ਵਾਲਿਆਂ ਖ਼ਾਕ ਰਿਹਾ ਮਿਲਾਈਆ । ਓਸ ਦੀ ਸਭ ਤੋਂ ਨਿਰਾਲੀ ਵਖਰੀ ਅਗੰਮੀ ਆਵਾਜ਼, ਸੋਹੰ ਢੋਲਾ ਰਿਹਾ ਗਾਈਆ । ਅੰਦਰ ਵੜ ਕੇ ਖੋਲ੍ਹਦਾ ਰਾਜ਼, ਪਰਦਿਆਂ ਵਿਚੋਂ ਪਰਦੇ ਰਿਹਾ ਫੁਲਾਈਆ । ਸਜਦਿਆਂ ਵਿਚ ਕਰਨੀ ਨਾ ਪਏ ਨਿਮਾਜ਼, ਰੋਜ਼ਿਆਂ ਵਿਚ ਅੰਨ ਨਾ ਕੋਇ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰਾ ਲੇਖਾ ਰਿਹਾ ਚੁਕਾਈਆ । ਜੇਠ ਕਹੇ ਮੇਰਾ ਵਕਤ ਹੋਣਾ ਸੁਹੰਜਣਾ, ਸਤਿ ਸਤਿ ਦਏ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਦਰਦ ਦੁਖ ਭੈ ਭੰਜਨਾ, ਸਿਰ ਮੇਰੇ ਹੱਥ ਟਿਕਾਈਆ । ਜਨ ਭਗਤਾਂ ਨੇਤਰ ਨਾਮ ਨਿਧਾਨ ਪਾਏ ਅੰਜਨਾ, ਅਗਿਆਨ ਅੰਧੇਰ ਦਏ ਚੁਕਾਈਆ । ਘਰ ਠਾਕਰ ਸੁਵਾਮੀ ਮਿਲੇ ਸਜਣਾ, ਸਤਿ ਸਤਿਵਾਦੀ ਬੇਪਰਵਾਹੀਆ । ਜਿਸ ਨੇ ਮਾਰਗ ਇਕੋ ਦੱਸਣਾ, ਦਹਿ ਦਿਸ਼ਾ ਦਏ ਸਮਝਾਈਆ । ਖ਼ੁਸ਼ੀਆਂ ਦੇ ਨਾਲ ਹੱਸਣਾ, ਹਉਮੇਂ ਦਾ ਰੋਗ ਮਿਟਾਈਆ । ਨਿਜ ਆਤਮ ਅੰਦਰ ਵਸਣਾ, ਪਰਮਾਤਮ ਹੋ ਕੇ ਸੋਭਾ ਪਾਈਆ । ਸਚ ਪ੍ਰੀਤੀ ਕਰਨ ਤੋਂ ਕਦੇ ਪਿਛੇ ਨਾ ਹਟਣਾ, ਅਗਲਾ ਲੇਖਾ ਧੁਰ ਦਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਡ ਦਾਤਾ ਬੇਪਰਵਾਹੀਆ । ਜੇਠ ਕਹੇ ਮੈਂ ਸਭ ਕੁਛ ਦੇਣਾ ਤਜ, ਅਗਨੀ ਅੱਗ ਦੇਣੀ ਗਵਾਈਆ । ਭਗਤਾਂ ਦੀ ਸੇਜ ਚੜ੍ਹਨਾ ਭੱਜ, ਆਪਣਾ ਪੰਧ ਮੁਕਾਈਆ । ਮਿਲਣਾ ਹਸ ਹਸ, ਖ਼ੁਸ਼ੀ ਖ਼ੁਸ਼ੀ ਵਿਚੋਂ ਜਣਾਈਆ । ਪ੍ਰੇਮ ਪਿਆਰ ਦਾ ਮਾਨਣਾ ਰਸ, ਵਿਖ ਕੂੜੀ ਬਾਹਰ ਕਢਾਈਆ । ਪੁਰਖ ਅਕਾਲ ਦਾ ਗਾਉਂਣਾ ਜਸ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਦੇਣਾ ਸੁਣਾਈਆ । ਭਗਤਾਂ ਦੇ ਹੋ ਕੇ ਵਸ, ਵਾਸਤਾ ਪ੍ਰਭੂ ਦੇ ਨਾਲ ਰਖਾਈਆ । ਸਚ ਸੁਨੇਹੜਾ ਦੇਣਾ ਦੱਸ, ਸ਼ਬਦੀ ਰਾਗ ਅਲਾਈਆ । ਹਰਿ ਭਗਤ ਮੇਰੇ ਅੰਦਰ ਕੋਇ ਨਾ ਜਾਵੇ ਤਪ, ਤਪਦਿਆਂ ਠੰਡੇ ਦੇਣਾ ਕਰਾਈਆ । ਜਿਨ੍ਹਾਂ 'ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ' ਜਪਿਆ ਜਪ, ਤਿਨ੍ਹਾਂ ਦਾ ਲਹਿਣਾ ਝੋਲੀ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜੇਠ ਕਹੇ ਮੇਰੀ ਅਗਨੀ ਅੱਗ ਨਾ ਸਕੇ ਸਾੜ, ਜਨ ਭਗਤ ਨਾ ਕੋਇ ਤਪਾਈਆ । ਉਸ ਦਵਾਰੇ ਦੇਵਾਂ ਵਾੜ, ਜਿਸ ਗ੍ਰਿਹਿ ਬੈਠਾ ਬੇਪਰਵਾਹੀਆ । ਨਿਤ ਨਵਿਤ ਹੋਵੇ ਦੀਦਾਰ, ਦਰਸੀ ਆਪਣਾ ਦਰਸ ਕਰਾਈਆ । ਜਿਨ੍ਹਾਂ ਬਖ਼ਸ਼ਿਆ ਸਚ ਪਿਆਰ, ਪ੍ਰੇਮੀ ਪ੍ਰੀਤਮ ਦੇਣਾ ਮਿਲਾਈਆ । ਜੁਗ ਚੌਕੜੀ ਪਿਛੋਂ ਬਦਲ ਕੇ ਪ੍ਰਭ ਦਾ ਸੰਮਤ ਆਇਆ ਵਿਚ ਸੰਸਾਰ, ਜਿਸ ਨੂੰ ਸਿਮਤ ਆਪਣੀ ਦੇਣੀ ਵਖਾਈਆ । ਜੋਧਾ ਸੂਰਬੀਰ ਬਣ ਕੇ ਹੋ ਤਿਆਰ, ਹੋਕਾ ਦੇ ਦੇ ਦਏ ਦ੍ਰਿੜਾਈਆ । ਜਨ ਭਗਤੋ ਗੁਰਮੁਖੋ ਉਠੋ ਵੇਖੋ ਪ੍ਰਭ ਦਾ ਸਚ ਦਰਬਾਰ, ਧੁਰ ਦਰਬਾਰੀ ਆਪ ਜਗਾਈਆ । ਬੇਖ਼ਬਰ ਹੋਵੋ ਖ਼ਬਰਦਾਰ, ਭਗਤਾਂ ਲਏ ਉਠਾਈਆ । ਜਿਸ ਦੀ ਆਸਾ ਮਨਸਾ ਰਖਦੇ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਸੋ ਸਰਬ ਸਵਾਮੀ ਅੰਤਰਜਾਮੀ ਆ ਗਿਆ ਸਾਂਝਾ ਯਾਰ, ਯਾਰੀ ਧੁਰ ਦੀ ਰਿਹਾ ਵਖਾਈਆ । ਚਰਨ ਪ੍ਰੀਤੀ ਸਾਚੀ ਰੀਤੀ ਦੱਸ ਕੇ ਵਿਚ ਸੰਸਾਰ, ਸੰਸਾਰੀਆਂ ਦੇ ਕੋਲੋਂ ਪਲੂ ਦਏ ਛੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ


੮੨੩

ਵਡੀ ਵਡਿਆਈਆ । ਜੇਠ ਕਹੇ ਮੇਰਾ ਵਕ਼ਤ ਸੁਹੰਜਣਾ ਹੋਣਾ ਚੰਗਾ, ਚੰਗੀ ਤਰਾ ਦਿਆਂ ਜਣਾਈਆ । ਜਨ ਭਗਤੋ ਤੁਹਾਨੂੰ ਲੋੜ ਰਹੇ ਨਾ ਨਹਾਵਣ ਦੀ ਗੰਗਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਹਾਡੇ ਚਰਨ ਧੋ ਧੋ ਖ਼ੁਸ਼ੀ ਮਨਾਈਆ । ਤੁਹਾਡੇ ਅੰਦਰ ਸਚ ਪ੍ਰੇਮ ਦਾ ਵਜਦਾ ਰਹੇ ਮਰਦੰਗਾ, ਹਰਿ ਕਾ ਨਾਮ ਆਪਣੀ ਧੁਨ ਸਚ ਸਨਵਾਈਆ । ਮਨ ਵਿਕਾਰੀ ਹੰਕਾਰੀ ਪੰਜਾਂ ਨਾਲ ਮਿਲ ਕੇ ਕਰੇ ਕੋਇ ਨਾ ਦੰਗਾ, ਹਉਮੇਂ ਹੰਗਤਾ ਗੜ੍ਹ ਨਾ ਕੋਇ ਬਣਾਈਆ । ਪੁਰਖ ਬਿਧਾਤਾ ਗਹਿਰ ਗੰਭੀਰ ਹੋਵੇ ਸਦਾ ਸੰਗਾ, ਬੇਨਜ਼ੀਰ ਆਪਣੀ ਨਜ਼ਰ ਉਠਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਹੋਏ ਅੰਧਾ, ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲਏ ਉਠਾਈਆ । ਗੁਰਮੁਖੋ ਗੁਰਮੁਖਾਂ ਵਾਲਾ ਕਰੋ ਧੰਦਾ, ਕੂੜੀ ਕਿਰਿਆ ਨਾਤਾ ਦੇਣਾ ਤੁੜਾਈਆ । ਜੇਠ ਕਹੇ ਮੈਂ ਆਪਣੀ ਰੁੱਤ ਬਦਲ ਕੇ ਹੋ ਗਿਆ ਠੰਢਾ, ਠੰਢਕ ਗੁਰਮੁਖਾਂ ਅੰਦਰ ਦੇਣੀ ਪਾਈਆ । ਸਚ ਪ੍ਰੇਮ ਦਾ ਬਖ਼ਸ਼ ਕੇ ਅਨੰਦਾ, ਅਨੰਦ ਆਤਮ ਦੇਣਾ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲਾ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪਣੀ ਸਦਾ ਭਗਤਾਂ ਦੀ ਝੋਲੀ ਪਾਈਆ ।

### ❊ ੧੫ ਜੇਠ ਸ਼ਹਿਨਸ਼ਾਹੀ ਸੰਮਤ ੧ ਬਲਵੰਤ ਸਿੰਘ ਦੇ ਗ੍ਰਹਿ ਸੇਵਕ ਕਲੋਨੀ ਪਟਿਆਲਾ ਸੰਗਤ ❊



ਪੰਦਰਾਂ ਜੇਠ ਕਹੇ ਮੈਂ ਵੇਖਿਆ ਖੇਲ ਅਗੰਮੀ ਹਰਿ ਦਾ, ਨਿਰਗੁਣ ਨਿਰਵੈਰ ਆਪਣੀ ਦਇਆ ਕਮਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਆਤਮ ਪਰਮਾਤਮ ਗੁਰਮੁਖਾਂ ਵਰਦਾ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਇੰਦਾ । ਦੂਈ ਦਵੈਤੀ ਹਉਮੇ ਹੰਗਤਾ ਕੂੜੀ ਕਿਰਿਆ ਚੁਕੇ ਪੜਦਾ, ਨਿਰਗੁਣ ਜੋਤੀ ਸ਼ਬਦ ਅਨਾਦੀ ਧੁਨ ਅਗੰਮੀ ਆਪ ਸੁਣਾਇੰਦਾ । ਅੰਮ੍ਰਿਤ ਰਸ ਨਿਝਰ ਝਿਰਨਾ ਜਾਮ ਪਿਆਵੇ ਸਾਚੇ ਸਰ ਦਾ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਜਗਤ ਤ੍ਰਿਸ਼ਨਾ ਭੁਖ ਮਿਟਾਇੰਦਾ । ਸਾਂਤਕ ਸਤਿ ਸਤਿ ਸਰੂਪ ਕਰੇ ਹਿਰਦਾ, ਭੇਵ ਖੁਲ੍ਹਾਵੇ ਘਰ ਥਿਰ ਦਾ, ਸਚਖੰਡ ਦਵਾਰਾ ਇਕੋ ਇਕ ਜਣਾਇੰਦਾ । ਜਨਮ ਜਨਮ ਦਾ ਲਹਿਣਾ ਦੇਣਾ ਲੇਖਾ ਮੁਕਾਵੇ ਚਿਰ ਦਾ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਇਆ ਫਿਰਦਾ, ਲੋਕਮਾਤ ਮਾਰ ਝਾਤ ਭਗਤ ਭਗਵੰਤ ਵੇਖ ਵਖਾਇੰਦਾ । ਪ੍ਰੇਮ ਪਿਆਰਾ ਸਚ ਮਹਿਬੂਬ ਮੁਹੱਬਤ ਅੰਦਰ ਮਿਲਦਾ, ਕਾਇਆ ਅਰੂਜ ਸਚ ਮੁਕਾਮ ਹਕ਼ੀਕ਼ਤ ਹਕ ਪੜਦਾ ਆਪ ਚੁਕਾਇੰਦਾ । ਅਛਲ ਅਛੇਦਾ ਭੇਵ ਖੁਲ੍ਹਾਵੇ ਸਾਚੇ ਦਰ ਦਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਗ੍ਰਹਿ ਮੰਦਰ ਅੰਦਰ ਜੋਤੀ ਜਾਤਾ ਡਮਗਾਇੰਦਾ । ਸੰਤ ਸੁਹੇਲਾ ਗੁਰੂ ਗੁਰ ਚੇਲਾ ਗੁਰਮੁਖ ਗੁਰ ਗੁਰ ਮੀਤ ਮੁਰਾਰਾ ਸੱਜਣ ਵਰਦਾ, ਕੰਤ ਸੁਹਾਗੀ ਵਡਭਾਗੀ ਪਤਿਪਰਮੇਸ਼ਵਰ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਆਪਣੇ ਰੰਗ ਰੰਗਾਇੰਦਾ । ਪੰਚਮ ਜੇਠ ਕਹੇ ਮੈਂ ਵੇਖਿਆ ਪ੍ਰਭ ਗਹਿਰ ਗੰਭੀਰ, ਪੰਦਰਾਂ ਜੇਠ ਦੇਵਣ ਆਇਆ ਵਡਿਆਈਆ । ਜੋਤੀ ਜਾਤਾ ਪੁਰਖ ਬਿਧਾਤਾ ਬੇਨਜ਼ੀਰ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਲਹਿਣਾ ਦੇਣਾ ਅੰਦਰ ਬਾਹਰ ਗੁਪਤ ਜ਼ਾਹਰ ਜਾਣੇ ਪੰਜ ਤੱਤ ਸਰੀਰ, ਤਨ ਮਾਟੀ ਖ਼ਾਕੀ ਨਾਦ ਅਨਾਦੀ ਢੋਲ ਫੁਲਾਈਆ ।

ਅੰਮ੍ਰਿਤ ਰਸ ਠਾਂਡਾ ਜਾਮ ਨਿਝਰ ਪਿਆਵਣਹਾਰ ਸੀਰ, ਤਕਦੀਰ ਤਦਬੀਰ ਨਾਲ ਦੇਵੇ ਬਦਲਾਈਆ । ਦੀਨ ਮਜ਼ੵਬ ਜ਼ਾਤ ਪਾਤ ਸ਼ਰਅ ਕੱਟ ਜ਼ੰਜੀਰ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੰਗ ਵਖਾਈਆ । ਦਾਤਾ ਬਣ ਕੇ ਜੋਧਾ ਸੂਰਬੀਰ, ਨਾਮ ਖੰਡਾ ਸ਼ਬਦ ਕਟਾਰ ਇਕੋ ਦਏ ਦ੍ਰਿੜਾਈਆ । ਲਹਿਣਾ ਦੇਣਾ ਲੇਖ ਮੁਕਾਏ ਸ਼ਾਹ ਪਾਤਸ਼ਾਹ ਫ਼ਕੀਰ ਹਕੀਰ, ਦਸਤਗੀਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਆਪਣੇ ਹੱਥ ਰਖਾਈਆ । ਪੰਦਰਾਂ ਜੇਠ ਕਹੇ ਮੈਂ ਵੇਖਿਆ ਸ੍ਰੀ ਭਗਵੰਤ, ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਮਹਿੰਮਾ ਅਗਣਤ, ਗੁਰ ਅਵਤਾਰ ਪੀਰ ਪੈਗ਼ੰਬਰ ਰਾਗਾਂ ਨਾਦਾਂ ਸਿਫ਼ਤਾਂ ਵਿਚ ਸਾਲਾਹੀਆ । ਜਿਸ ਦਾ ਨਾਮ ਨਿਧਾਨਾ ਮਰਦ ਮਰਦਾਨਾ ਦੋ ਜਹਾਨਾਂ ਚਲੇ ਸਾਚਾ ਮੰਤ, ਧੁਰ ਸੰਦੇਸ਼ਾ ਨਰ ਨਰੇਸ਼ਾ ਨਾਉਂ ਨਰ ਨਿਰੰਕਾਰ ਇਕ ਦ੍ਰਿੜਾਈਆ । ਜੋ ਨਿਤ ਨਵਿਤ ਮੇਲ ਮਿਲਾਵੇ ਸਾਚੇ ਸੰਤ, ਆਤਮ ਪਰਮਾਤਮ ਨਾਰ ਕੰਤ ਰੂਪ ਬਣਾਈਆ । ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਖੋਜ ਖੁਜਾਈਆ । ਭਗਤ ਸੁਹੇਲਾ ਇਕ ਇਕੇਲਾ ਗੁਰਮੁਖ ਬਣਾਏ ਸਾਚੀ ਬਣਤ, ਕੂੜੀ ਕਿਰਿਆ ਕਾਇਆ ਮੰਦਰ ਅੰਦਰ ਬਾਹਰ ਕਢਾਈਆ । ਤੋੜ ਤੁੜਾਏ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਇਕੋ ਇਕ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਅੱਖਰ ਨਿਰਵੈਰ ਨਿਰਾਕਾਰ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਭੇਵ ਅਭੇਦਾ ਅਛਲ ਅਛੇਦਾ ਆਪਣਾ ਪਰਦਾ ਦਏ ਉਠਾਈਆ । ਪੰਦਰਾਂ ਜੇਠ ਕਹੇ ਮੈਂ ਵੇਖਿਆ ਸ੍ਰੀ ਭਗਵਾਨ, ਭਗਤ ਸੁਹੇਲਾ ਨਜ਼ਰੀ ਆਈਆ । ਨਿਰਗੁਣ ਹੋ ਕੇ ਦੇਵੇ ਦਾਨ, ਦਾਤਾ ਦਾਨੀ ਬੇਪਰਵਾਹੀਆ । ਕੂੜੀ ਕਿਰਿਆ ਮੇਟਦਾ ਜਾਏ ਨਿਸ਼ਾਨ, ਮਾਇਆ ਮਮਤਾ ਮੋਹ ਮਿਟਾਈਆ । ਅੰਤਰ ਆਤਮ ਪਰਮਾਤਮ ਸ਼ਬਦ ਅਨਾਦੀ ਦੇਂਦਾ ਜਾਏ ਗਿਆਨ, ਤੂੰ ਮੇਰਾ ਮੈਂ ਤੇਰਾ ਸੋਹੰ ਕਰੇ ਸਚ ਪੜ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਜ਼ਿਮੀਂ ਅਸਮਾਨਾਂ ਬ੍ਰਹਿਮੰਡਾਂ ਖੰਡਾਂ ਝੁਲੌਂਦਾ ਜਾਏ ਨਿਸ਼ਾਨ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਨਿਉਂ ਨਿਉਂ ਸੀਸ ਨਿਵਾਈਆ । ਲੱਖ ਚੁਰਾਸੀ ਆਤਮ ਪਰਮਾਤਮ ਦੱਸਦਾ ਜਾਏ ਧੁਰ ਦਾ ਕਾਹਨ, ਸਚ ਸੰਦੇਸ਼ਾ ਨਰ ਨਰੇਸ਼ਾ ਬੰਸਰੀ ਇਕੋ ਨਾਮ ਵਜਾਈਆ । ਕੂੜੀ ਕਿਰਿਆ ਨੌ ਖੰਡ ਪ੍ਰਿਥਮੀ ਸੱਤ ਦੀਪ ਮੇਟਦਾ ਜਾਏ ਦੁਕਾਨ, ਜੂਠ ਝੂਠ ਕੂੜ ਕਪਟ ਰਹਿਣ ਕੋਇ ਨਾ ਪਾਈਆ । ਦੀਆ ਬਾਤੀ ਕਮਲਾਪਾਤੀ ਜਨ ਭਗਤਾਂ ਅੰਦਰ ਜੋਤ ਜਗੌਂਦਾ ਜਾਏ ਮਹਾਨ, ਅੰਧ ਅੰਧਿਆਰ ਸਚ ਮਹੱਲੇ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗੁਰਮੁਖ ਗੁਰਸਿਖ ਹਰਿ ਮੰਦਰ ਦਏ ਜਣਾਈਆ । ਪੰਦਰਾਂ ਜੇਠ ਕਹੇ ਮੈਂ ਵੇਖਿਆ ਪਾਰਬ੍ਰਹਮ, ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦਾ ਆਦਿ ਜੁਗਾਦੀ ਭਗਤ ਉਧਾਰਨ ਕਰਮ, ਨਿਹਕਰਮੀ ਕਰਮ ਆਪਣੇ ਹੱਥ ਰਖਾਈਆ । ਸਾਚੇ ਸੰਤਾਂ ਦੇਵੇ ਧੁਰ ਦੀ ਸਰਨ, ਦੂਜਾ ਇਸ਼ਟ ਦੇਵ ਜਗਤ ਨਾ ਕੋਇ ਸਮਝਾਈਆ । ਨੇਤਰ ਖੋਲ੍ਹ ਕੇ ਹਰਨ ਫਰਨ, ਨਿਜ ਆਤਮ ਕਰੇ ਰੁਸ਼ਨਾਈਆ । ਨਾਤਾ ਤੋੜ ਕੇ ਵਰਨ ਬਰਨ, ਜ਼ਾਤ ਪਾਤ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਅੰਦਰ ਸੋਭਾ ਪਾਈਆ । ਪੰਦਰਾਂ ਜੇਠ ਕਹੇ ਮੈਂ ਹੋਇਆ ਖ਼ੁਸ਼ਹਾਲ, ਦੋ ਜਹਾਨਾਂ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲ, ਦਇਆਨਿਧ ਠਾਕਰ ਸਵਾਮੀ ਆਪਣੀ

੮੨੫

ਫੇਰੀ ਪਾਈਆ । ਸੰਤ ਸੁਹੇਲੇ ਲੱਭੇ ਲਾਲ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਨਾਤਾ ਤੋੜ ਕੇ ਤ੍ਰੈਗੁਣ ਮਾਇਆ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਪੰਚਮ ਪੰਚ ਕਰੇ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਦੀਆ ਬਾਤੀ ਕਮਲਾਪਾਤੀ ਇਕੋ ਬਾਲ, ਹਰਿ ਮੰਦਰ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਜਾਮ ਰਿਹਾ ਪਿਆਲ, ਰਸ ਇਕੋ ਇਕ ਵਖਾਈਆ । ਸਾਢੇ ਤਿੰਨ ਹੱਥ ਘਰ ਵਿਚ ਘਰ ਵਖਾਏ ਸਚੀ ਧਰਮਸਾਲ, ਸ਼ਿਵਦਵਾਲੇ ਮਠ ਲੋੜ ਰਹੇ ਨਾ ਰਾਈਆ । ਲਹਿਣਾ ਮੁਕੇ ਸ਼ਾਹ ਕੰਗਾਲ, ਊਚ ਨੀਚ ਰਾਓ ਰੰਕ ਇਕੋ ਰੰਗ ਰੰਗਾਈਆ । ਜਨਮ ਜਨਮ ਦਾ ਕਰਮ ਕਰਮ ਦਾ ਜਨ ਭਗਤਾਂ ਹਲ ਹੋਵੇ ਸਵਾਲ, ਅਗੇ ਲੇਖਾ ਮੰਗੇ ਕੋਇ ਨਾ ਰਾਈਆ । ਏਥੇ ਓਥੇ ਦੋ ਜਹਾਨਾਂ ਸਤਿਗੁਰ ਹੋ ਕੇ ਕਰੇ ਆਪ ਪ੍ਰਿਤਪਾਲ, ਮਿਹਰਵਾਨ ਮਹਿਬੂਬ ਮੁਹੱਬਤ ਅੰਦਰ ਸਿਰ ਆਪਣਾ ਹੱਥ ਟਿਕਾਈਆ । ਅੰਤ ਪੋਹ ਨਾ ਸਕੇ ਕਾਲ, ਮਹਾਕਾਲ ਬੈਠੇ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜਨ ਭਗਤਾਂ ਆਪਣੀ ਗੋਦੀ ਲਏ ਉਠਾਲ, ਸ਼ਬਦ ਹੁਲਾਰਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪਾਰ ਲੰਘਾਈਆ । ਪੰਦਰਾਂ ਜੇਠ ਕਹੇ ਮੈਂ ਵੇਖਾਂ ਖੇਲ ਸੂਰੇ ਸਰਬੰਗ ਦਾ, ਜੋ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਨਜ਼ਰੀ ਆਈਆ । ਜਨ ਭਗਤਾਂ ਕਾਇਆ ਚੋਲੀ ਰੰਗ ਦਾ, ਨਾਮ ਲਲਾਰੀ ਬੇਪਰਵਾਹੀਆ । ਸਾਥ ਬਣ ਕੇ ਧੁਰ ਦੇ ਸੰਗ ਦਾ, ਆਵਣ ਜਾਵਣ ਰਿਹਾ ਕਟਾਈਆ । ਨਾਤਾ ਤੁੜਾ ਕੇ ਭੇਖ ਪਖੰਡ ਦਾ, ਕੂੜੀ ਕਿਰਿਆ ਬਾਹਰ ਕਢਾਈਆ । ਪਰਦਾ ਲਾਹ ਕੇ ਹੰ ਬ੍ਰਹਮ ਦਾ, ਪਾਰਬ੍ਰਹਮ ਰਿਹਾ ਮਿਲਾਈਆ । ਦੇ ਕੇ ਪਰਕਾਸ਼ ਜੋਤੀ ਚੰਦ ਦਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਭੰਡਾਰਾ ਦੇ ਕੇ ਧੁਰ ਦੇ ਧੰਨ ਦਾ, ਸਚ ਖ਼ਜ਼ੀਨਾ ਰਿਹਾ ਭਰਾਈਆ । ਢੋਲਾ ਸੁਣਾ ਕੇ ਅਗੰਮੀ ਛੰਦ ਦਾ, ਕਰੇ ਹਕੀਕਤ ਹਕ ਪੜ੍ਹਾਈਆ । ਲਹਿਣਾ ਚੁਕ ਜਾਏ ਬੰਦੀਖ਼ਾਨੇ ਬੰਦ ਦਾ, ਲੱਖ ਚੁਰਾਸੀ ਰਹਿਣ ਨਾ ਪਾਈਆ । ਰਸ ਦੇਵੇ ਅਗੰਮੀ ਅਨੰਦ ਦਾ, ਪਰਮਾਨੰਦ ਵਿਚ ਸਮਾਈਆ । ਜਨਮ ਜਨਮ ਦੇ ਵਿਛੜਿਆਂ ਸ਼ਬਦ ਡੋਰੀ ਨਾਲ ਗੰਢਦਾ, ਏਥੇ ਓਥੇ ਨਾਤਾ ਸਕੇ ਨਾ ਕੋਇ ਤੁੜਾਈਆ । ਚਰਨ ਧੂੜ ਇਸ਼ਨਾਨ ਕਰਾਵੇ ਸਚੀ ਗੰਗ ਦਾ, ਦੁਰਮਤ ਪਾਪਾਂ ਮੈਲ ਧੁਵਾਈਆ । ਜਨ ਭਗਤਾਂ ਲਹਿਣਾ ਚੁਕ ਜਾਏ ਗੌਣਾ ਬੱਤੀ ਦੰਦ ਦਾ, ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਸੋਹੰ ਅਜਪਾ ਜਾਪ ਜਪਾਈਆ । ਪਰਦਾ ਓਹਲਾ ਮੁਕਾ ਦੇਵੇ ਬਜਰ ਕਪਾਟ ਦਵੈਤੀ ਕੰਧ ਦਾ, ਸਚ ਮਹਲ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਪੰਦਰਾਂ ਜੇਠ ਕਹੇ ਮੈਂ ਵੇਖਿਆ ਪਤਿਪਰਮੇਸ਼ਵਰ ਸਵਾਮੀ, ਵਡ ਦਾਤਾ ਬੇਪਰਵਾਹੀਆ । ਜਿਸ ਦੀ ਬੋਧ ਅਗਾਧ ਅਗੰਮ ਅਥਾਹ ਅਗੰਮੀ ਬਾਣੀ, ਪਰਾ ਪਸੰਤੀ ਮਧਮ ਬੈਖਰੀ ਸਿਫ਼ਤਾਂ ਨਾਲ ਸਾਲਾਹੀਆ । ਜਿਸ ਦੇ ਹੁਕਮ ਅੰਦਰ ਅੰਡਜ ਜੇਰਜ ਉਤਭੁਜ ਸੇਤਜ ਉਪਜੇ ਚਾਰੇ ਖਾਣੀ, ਵਿਸ਼ਨ ਬ੍ਰਹਮਾ ਸ਼ਿਵ ਆਦਿ ਜੁਗਾਦਿ ਸੇਵ ਕਮਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਨੂਰੀ ਜੋਤ ਕਰੇ ਨੂਰਾਨੀ, ਨੂਰੋ ਨੂਰ ਨੂਰ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਦੀ ਵੇਖਣ ਆਇਆ ਕਹਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਫੋਲ ਫੁਲਾਈਆ । ਬੋਧ ਅਗਾਧਾ ਸ਼ਬਦ ਅਨਾਦਾ ਭੇਵ ਖੁਲ੍ਹਾਵੇ ਚੌਦਾਂ ਵਿਦਿਆ ਜਗਤ ਵਿਦਵਾਨੀ ਗਿਆਨੀ ਧਿਆਨੀ, ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਪਰਦਾ ਦਏ ਉਠਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖਣ ਆਇਆ ਸਚ ਨਿਸ਼ਾਨੀ, ਸਤਿ ਨਿਸ਼ਾਨਾ ਕਵਣ ਝੁਲਾਈਆ ।

ਕਵਣ ਸ਼ਹਿਨਸ਼ਾਹ ਕਵਣ ਰਾਜ ਰਾਜਾਨ ਸੁਲਤਾਨੀ, ਭੂਪਤ ਭੂਪ ਕਵਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਵੇਸ ਵਟਾਈਆ । ਪੰਦਰਾਂ ਜੇਠ ਕਹੇ ਮੈਂ ਵੇਖਿਆ ਸਚ ਅਨੰਦ, ਅਨੰਦ ਅਨੰਦ ਵਿਚੋਂ ਆਈਆ । ਧੁਰ ਦਾ ਢੋਲਾ ਸੁਣਿਆ ਛੰਦ, ਮੇਰਾ ਸੰਸਾ ਗਿਆ ਮੁਕਾਈਆ । ਜਨ ਭਗਤਾਂ ਚੋਲੀ ਰਿਹਾ ਰੰਗ, ਸੰਤ ਸੱਜਣ ਵੱਜੇ ਵਧਾਈਆ । ਗੁਰਮੁਖ ਚਾੜ੍ਹੇ ਸਾਚੇ ਚੰਦ, ਦੋ ਜਹਾਨ ਕਰੇ ਰੁਸ਼ਨਾਈਆ । ਗੁਰਸਿਖਾਂ ਨਾਲ ਜਾਵੇ ਹੰਡ, ਨਿਰਗੁਣ ਨਿਰਗੁਣ ਆਪਣਾ ਮੇਲ ਮਿਲਾਈਆ । ਲੱਖ ਚੁਰਾਸੀ ਜਨਮ ਜਨਮ ਦਾ ਮੇਟੇ ਪੰਧ, ਗੇੜਾ ਅਗੇ ਨਾ ਕੋਇ ਜਣਾਈਆ । ਕਾਇਆ ਮੰਦਰ ਅੰਦਰ ਸਚ ਦਵਾਰੇ ਬੈਠੇ ਲੰਘ, ਈੜਾ ਪਿੰਗਲ ਸੁਖਮਨ ਸਕੇ ਨਾ ਕੋਇ ਅਟਕਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਗਾਵੇ ਛੰਦ, ਅਨਰਾਗੀ ਆਪਣਾ ਰਾਗ ਸੁਣਾਈਆ । ਜਨਮ ਜਨਮ ਦੀ ਆਸਾ ਮਨਸਾ ਪੂਰੀ ਕਰੇ ਮੰਗ, ਪੂਰਬ ਲਹਿਣਾ ਸਭ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਪੰਦਰਾਂ ਜੇਠ ਕਹੇ ਮੈਂ ਕੋਟਨ ਵਾਰ ਲੋਕਮਾਤ ਗਿਆ ਲੰਘ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਦੀ ਸਦੀਵੀ ਜਗਤ ਹੰਡਾਈਆ । ਕਲਜੁਗ ਅੰਤ ਅਖ਼ੀਰੀ ਮੇਰਾ ਮੇਲ ਹੋਇਆ ਨਾਲ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦਿਤੀ ਮਾਣ ਵਡਿਆਈਆ । ਜਿਸ ਦਾ ਦੋ ਜਹਾਨ ਨੂਰ ਨੁਰਾਨਾ ਚਮਕਦਾ ਵੇਖਿਆ ਚੰਦ, ਜੋਤੀ ਜੋਤ ਡਗਮਗਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਦਾ ਬਣਿਆ ਸੰਗ, ਸਗਲ ਸ੍ਰਿਸ਼ਟੀ ਦਿਤੀ ਤਜਾਈਆ । ਅਸਵ ਘੋੜੇ ਸ਼ਬਦ ਅਗੰਮੀ ਕਸ ਕੇ ਤੰਗ, ਸਚ ਸਿੰਘਾਸਣ ਬਹਿ ਬਹਿ ਖ਼ੁਸ਼ੀ ਮਨਾਈਆ । ਹੁਕਮ ਸੰਦੇਸ਼ਾ ਨਰ ਨਰੇਸ਼ਾ ਬ੍ਰਹਿਮੰਡਾਂ ਖੰਡਾਂ ਸੁਣਾਏ ਇਕ ਮਰਦੰਗ, ਪੁਰੀ ਲੋਅ ਆਕਾਸ਼ ਪਾਤਾਲ ਜ਼ਿਮੀਂ ਅਸਮਾਨ ਗਗਨ ਗਗਨੰਤਰ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੰਦਰਾਂ ਜੇਠ ਕਹੇ ਮੈਨੂੰ ਸਚ ਆਇਆ ਯਾਦ, ਯਾਦਾਸ਼ਤ ਪਿਛਲੀ ਰਿਹਾ ਕਰਾਈਆ । ਜਿਸ ਵੇਲੇ ਪੰਜ ਆਬ ਹੋਇਆ ਆਬਾਦ, ਆਬ ਖ਼ਾਕ ਵੱਜੀ ਵਧਾਈਆ । ਨਾ ਕੋਈ ਸੂਰਜ ਚੰਦ ਨਾ ਕੋਇ ਮਹਿਤਾਬ, ਨਾ ਨੂਰ ਜ਼ਹੂਰ ਕਰੇ ਰੁਸ਼ਨਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਖੇਲਣਹਾਰਾ ਆਪ ਤਮਾਸ਼, ਦੂਜਾ ਸੰਗ ਨਾ ਕੋਇ ਬਣਾਈਆ । ਜਿਸ ਦਾ ਜੁਗ ਚੌਕੜੀ ਨਿਤ ਨਵਿਤ ਵਜਦਾ ਰਿਹਾ ਰਬਾਬ, ਗੁਰ ਅਵਤਾਰ ਪੀਰ ਪੈਗੰਬਰ ਸ਼ਬਦ ਅਨਾਦੀ ਨਾਦ ਸੁਣਾਈਆ । ਸੋ ਪੁਰਖ ਬਿਧਾਤਾ ਕਲ ਕਲਕੀ ਖੇਲ ਕਰੇ ਬ੍ਰਹਿਮਾਦ, ਬ੍ਰਹਿਮੰਡ ਖੰਡ ਆਪੇ ਖੋਜ ਖੁਜਾਈਆ । ਜਿਸ ਨੇ ਕਲਜੁਗ ਅੰਦਰ ਸਤਿਜੁਗ ਬਦਲ ਦੇਣਾ ਰਿਵਾਜ, ਸਮਾਜ ਜਗਤ ਦੇਣਾ ਵਟਾਈਆ । ਸੋ ਸਾਹਿਬ ਸਵਾਮੀ ਭਗਤ ਸੁਹੇਲਾ ਸੰਤ ਉਧਾਰਨ ਆਇਆ ਆਜ, ਗੁਰਮੁਖ ਗੁਰਸਿਖ ਆਪਣੇ ਰੰਗ ਰੰਗਾਈਆ । ਘਟ ਭੀਤਰ ਹੋ ਵਿਸਮਾਦ, ਬਿਸਮਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਪੰਦਰਾਂ ਜੇਠ ਕਹੇ ਪ੍ਰਭ ਦੇਵੇ ਸਰਨਗਤ, ਹਰਿ ਚਰਨ ਮਿਲੇ ਵਡਿਆਈਆ । ਭਗਤਾਂ ਬਖ਼ਸ਼ ਕੇ ਇਕੋ ਬ੍ਰਹਮ ਮਤਿ, ਬ੍ਰਹਮ ਵਿਦਿਆ ਦਏ ਸਮਝਾਈਆ । ਅਗਨੀ ਅੱਗ ਬੁਝਾ ਕੇ ਕੂੜਾ ਤਤ, ਤੱਤਵ ਤੱਤ ਦਏ ਦਰਸਾਈਆ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਬੂੰਦ ਸਵਾਂਤੀ ਮੁਖ ਚਵਾਈਆ । ਸਤਿ ਸੰਤੋਖ ਧੀਰਜ ਬਖ਼ਸ਼ੇ ਜਤ, ਪੰਚ ਵਿਕਾਰ ਨਾ ਕੋਇ ਹਲਕਾਈਆ । ਆਤਮ ਪਰਮਾਤਮ ਜੋੜੇ ਨਤ, ਪਾਰਬ੍ਰਹਮ ਬ੍ਰਹਮ ਆਪਣੇ ਵਿਚ ਸਮਾਈਆ । ਮੇਲ ਮਿਲਾਵੇ ਕਮਲਾਪਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਨ

ਭਗਤੋ ਤੁਹਾਡੇ ਅੰਦਰੋਂ ਖੋਲ੍ਹ ਕੇ ਆਪਣੀ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਕਾਇਆ ਭਾਂਡਾ ਰਹਿਣ ਨਾ ਦੇਵੇ ਕੋਈ ਸਖ, ਵਸਤ ਅਮੋਲਕ ਘਰ ਘਰ ਝੋਲੀ ਦੇਵੇ ਪਾਈਆ । ਪੁਰਖ ਅਬਿਨਾਸ਼ੀ ਗੌਣਾ ਜਸ, ਜਿਸ ਕਾਇਆ ਮੰਦਰ ਅੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਪੰਦਰਾਂ ਜੇਠ ਕਹੇ ਮੈਂ ਵੇਖਿਆ ਦਾਨੀ ਦਾਤਾ, ਗਹਿਰ ਗੰਭੀਰ ਨਜ਼ਰੀ ਆਈਆ । ਜਨ ਭਗਤਾਂ ਬਣ ਕੇ ਪਿਤਾ ਮਾਤਾ, ਪੂਤ ਸਪੂਤੇ ਗੋਦ ਉਠਾਈਆ । ਏਥੇ ਓਥੇ ਬਣ ਕੇ ਰਾਖਾ, ਦੋ ਜਹਾਨਾਂ ਪਾਰ ਲੰਘਾਈਆ । ਦਰਸ਼ਨ ਦੇਵੇ ਪਰਗਟ ਹੋ ਕੇ ਸਾਖ਼ਿਆਤਾ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸਚ ਸੰਦੇਸ਼ਾ ਅਗੰਮੀ ਸੁਣਾਏ ਧੁਰ ਦੀ ਗਾਥਾ, ਕਰੇ ਹਕ ਪੜ੍ਹਾਈਆ । ਮੰਦਰ ਅੰਦਰ ਖੋਲ੍ਹੇ ਧੁਰ ਦਾ ਰਾਜ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਦਰਾਂ ਜੇਠ ਕਹੇ ਮੈਂ ਮਿਲਦਾ ਵੇਖਿਆ ਮਹਿਬੂਬ, ਮੁਹੱਬਤ ਵਿਚ ਜੋੜ ਜੁੜਾਈਆ । ਜਨ ਭਗਤਾਂ ਸੂਫ਼ੀਆਂ ਸਾਚਾ ਦੱਸ ਕੇ ਇਕ ਅਰੂਜ, ਅਰਸ਼ ਕੁਰਸ਼ ਪੰਧ ਮੁਕਾਈਆ । ਕੂੜੀ ਕਿਰਿਆ ਜਗਤ ਵਿਕਾਰਾ ਪਾਰ ਕਰਾ ਕੇ ਹਦੂਦ, ਹਕ ਮੁਕਾਮ ਇਕ ਸਮਝਾਈਆ । ਨਿਰਗੁਣ ਸਰਗੁਣ ਜੋਤੀ ਜਾਤਾ ਦਏ ਸਬੂਤ, ਨੂਰ ਜ਼ਹੂਰ ਕਰ ਰੁਸ਼ਨਾਈਆ । ਭੇਵ ਅਭੇਦਾ ਚੁਕਾ ਕੇ ਪੰਜ ਤੱਤ ਵਜੂਦ, ਵਜਹ ਧੁਰ ਦੀ ਦਏ ਸਮਝਾਈਆ । ਭਾਗ ਲਗਾ ਕੇ ਤਨ ਮਾਟੀ ਖ਼ਾਕ ਕਲਬੂਤ, ਕਲਮਾ ਧੁਰ ਦਾ ਦਏ ਪੜ੍ਹਾਈਆ । ਜਿਧਰ ਵੇਖਣ ਜਨ ਭਗਤਾਂ ਓਧਰ ਨਜ਼ਰ ਆਏ ਮੌਜੂਦ, ਚਾਰੋਂ ਕੁੰਟ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਈਆ । ਪੰਦਰਾਂ ਜੇਠ ਕਹੇ ਮੈਂ ਪ੍ਰਭ ਦਾ ਖੇਲ ਵੇਖਿਆ ਖ਼ਾਲਸ, ਖ਼ਾਲਸ ਰੂਪ ਰਿਹਾ ਵਟਾਈਆ । ਦੋ ਜਹਾਨਾਂ ਬਣ ਕੇ ਆਇਆ ਸਾਲਸ, ਨਿਰਗੁਣ ਆਪਣੀ ਜੋਤ ਕਰ ਰੁਸ਼ਨਾਈਆ । ਗੁਰਮੁਖਾਂ ਕੂੜੀ ਕਿਰਿਆ ਨਿੰਦਰਾ ਲਾਹੇ ਆਲਸ, ਜਗਤ ਗ਼ਫ਼ਲਤ ਰਿਹਾ ਮਿਟਾਈਆ । ਸਾਚਾ ਨਾਮ ਧੁਰ ਦਾ ਕਲਮਾ ਦੇ ਇਬਾਰਤ, ਬੰਦਗੀ ਇਕੋ ਇਕ ਸਮਝਾਈਆ । ਆਤਮ ਪਰਮਾਤਮ ਮੇਲ ਮਿਲਾਏ ਸਹੀ ਸਲਾਮਤ, ਕੂੜੀ ਅਲਾਮਤ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਪੰਦਰਾਂ ਜੇਠ ਕਹੇ ਮੈਨੂੰ ਸਭ ਤੋਂ ਵੱਡੀ ਖ਼ੁਸ਼ੀ, ਖ਼ੁਸ਼ੀ ਗ਼ਮੀ ਦਿਆਂ ਬਦਲਾਈਆ । ਜਨ ਭਗਤਾਂ ਪ੍ਰਭ ਬਖ਼ਸ਼ੇ ਆਪਣੀ ਰੁਚੀ, ਅੰਤਰ ਅੰਤਰ ਵੇਖ ਵਖਾਈਆ । ਮਨ ਵਾਸਨਾ ਕਰ ਦਏ ਸੁੱਚੀ, ਦੁਰਮਤ ਮੈਲ ਬਾਹਰ ਕਢਾਈਆ । ਘਰ ਆ ਕੇ ਹਾਲਤ ਪੁੱਛੀ, ਪੂਰਬ ਜਨਮ ਲੇਖਾ ਰਿਹਾ ਮੁਕਾਈਆ । ਗੁਰਮੁਖ ਸਵਾਣੀ ਰਹੇ ਕੋਈ ਨਾ ਸੁੱਤੀ, ਨਾਮ ਹਲੂਣਾ ਦਏ ਲਗਾਈਆ । ਸੋ ਸੁਹਾਗਣ ਕੰਤ ਵੈਰਾਗਣ ਹੋ ਕੇ ਉਠੀ, ਜਿਸ ਅੰਤਰ ਅੰਤਰ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਚੁਕਾਈਆ । ਪੰਦਰਾਂ ਜੇਠ ਕਹੇ ਮੈਨੂੰ ਲੰਘ ਕੇ ਅੰਤਮ ਆ ਗਈ ਰਾਤ, ਭਿੰਨੜੀ ਆਪਣਾ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ ਬੈਠੇ ਵੇਖਣ ਮਾਰ ਝਾਤ, ਲੋਕਮਾਤ ਆਪਣਾ ਨੇਤਰ ਨੈਣ ਅੱਖ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਇਕ ਦੂਜੇ ਨਾਲ ਕਰਨ ਬਾਤ, ਸ਼ਬਦ ਸੰਦੇਸ਼ੇ ਨਾਲ ਕਰਨ ਪੜ੍ਹਾਈਆ । ਪੁਰਖ ਅਬਿਨਾਸ਼ੀ ਵੇਖੇ ਕੀ ਖੇਲ ਕਰੇ ਤਮਾਸ਼, ਨਿਰਗੁਣ ਨਿਰਵੈਰ ਆਪਣੇ ਹੱਥ ਰੱਖੇ ਵਡਿਆਈਆ । ਗੁਰਮੁਖ ਗੁਰਸਿਖ ਹਰਿਭਗਤ ਦੇਵਣਹਾਰਾ ਸਾਚੀ ਦਾਤ, ਦਾਤਾ ਹੋ ਕੇ ਦਇਆ ਕਮਾਈਆ । ਧੁਰ ਦਾ ਨਾਤਾ ਜੋੜ ਕੇ ਸਾਚਾ ਸਾਕ, ਆਤਮ ਪਰਮਾਤਮ ਮੇਲ ਮਿਲਾਈਆ ।

ਬਿਨਾ ਭਜਨ ਬੰਦਗੀ ਸਿਮਰਨ ਪੂਜਾ ਪਾਠ, ਗੁਰਮੁਖਾਂ ਦਾ ਅੰਦਰੋਂ ਖੋਲ੍ਹ ਕੇ ਤਾਕ, ਰਾਤੀ ਸੁੱਤਿਆਂ ਦਰਸ ਕਰਾਈਆ । ਬੁਧਿ ਬਿਬੇਕੀ ਮਨ ਵਾਸਨਾ ਕਰ ਦਏ ਘਾਤ, ਕੂੜੀ ਕਿਰਿਆ ਹਉਮੇ ਹੰਗਤਾ ਦਏ ਮਿਟਾਈਆ । ਦਿਵਸ ਰੈਣ ਅੱਠੇ ਪਹਿਰ ਸਾਚੇ ਪ੍ਰੇਮ ਦੀ ਬਖ਼ਸ਼ੇ ਇਕ ਪਰਭਾਤ, ਸੰਧਿਆ ਰੂਪ ਨਾ ਕੋਇ ਵਖਾਈਆ । ਬਿਨ ਦੀਵਾ ਬਾਤੀ ਕਮਲਾਪਾਤੀ ਕਰੇ ਪਰਕਾਸ਼, ਗੁਰਮੁਖਾਂ ਘਰ ਘਰ ਹੋਵੇ ਰੁਸ਼ਨਾਈਆ । ਜਿਨ੍ਹਾਂ ਢੋਲਾ ਗਾਇਆ 'ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ' ਸਾਚੀ ਗਾਥ, ਤਿਨ੍ਹਾਂ ਗਹਿਰ ਗੰਭੀਰ ਬੇਨਜ਼ੀਰ ਬਿਨਾ ਸਰੀਰ ਸਵੱਛ ਸਰੂਪੀ ਨਜ਼ਰੀ ਆਈਆ । ਲਹਿਣਾ ਦੇਣਾ ਪੂਰਬ ਜਨਮ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਚੁਕਾਏ ਮਸਤਕ ਮਾਥ, ਬਾਕੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰਿਹਾ ਤਰਾਈਆ । ਪੰਦਰਾਂ ਜੇਠ ਕਹੇ ਮੇਰੇ ਤਨ ਵਜੂਦ ਨਾ ਰਹੀ ਅੱਗ, ਤੱਤੀ ਵਾਉ ਦਿਤੀ ਬਦਲਾਈਆ । ਭਗਤ ਸੁਹੇਲੇ ਗੁਰਮੁਖ ਸਦ, ਪ੍ਰਭ ਅੰਮ੍ਰਿਤ ਮੇਘ ਰਿਹਾ ਵਰਸਾਈਆ । ਕੂੜੀ ਕਿਰਿਆ ਵਿਚੋਂ ਬਾਹਰ ਕਢ, ਕਰਮ ਕਾਂਡ ਰਿਹਾ ਮਿਟਾਈਆ । ਸਚ ਦਵਾਰ ਦੀ ਦੱਸ ਕੇ ਹਦ, ਕੂੜੀ ਹਦੂਦ ਦਿਤੀ ਮਿਟਾਈਆ । ਮਾਇਆ ਮਮਤਾ ਤ੍ਰਿਸ਼ਨਾ ਬੁਝਾ ਕੇ ਅੱਗ, ਹਉਮੇ ਹੰਗਤਾ ਦਿਤੀ ਗਵਾਈਆ । ਹੰਸ ਰੂਪ ਬਣਾ ਲਏ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸਦਾ ਸਦਾ ਦੇਵੇ ਦਰਸ ਉਪਰ ਸ਼ਾਹ ਰਗ, ਸਤਿਗੁਰ ਦਾਤਾ ਬੇਪਰਵਾਹੀਆ । ਬਿਨ ਮੱਕੇ ਕਾਅਬਿਉਂ ਕਰਾ ਦਏ ਹਜ, ਮਹਿਰਾਬ ਇਕੋ ਇਕ ਰੁਸ਼ਨਾਈਆ । ਲੋੜ ਰਹੇ ਨਾ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰਦਵਾਰ ਸਾਢੇ ਤਿੰਨ ਹੱਥ ਦਏ ਸੁਹਾਈਆ । ਧੁਨ ਆਤਮਕ ਨਾਮ ਸੁਣਾਏ ਨਦ, ਅਨਹਦ ਨਾਦੀ ਨਾਦ ਵਜਾਈਆ । ਲੱਖ ਚੁਰਾਸੀ ਵਿਚੋਂ ਅੰਤਮ ਬਾਹਰ ਕਢ, ਜੋਤੀ ਜੋਤ ਲਏ ਮਿਲਾਈਆ । ਆਤਮ ਪਰਮਾਤਮ ਸਚ ਦਵਾਰੇ ਲਏ ਸੱਦ, ਜਿਥੇ ਭਗਤੋ ਹੋਏ ਨਾ ਕਦੇ ਜੁਦਾਈਆ । ਫੇਰ ਔਣਾ ਨਾ ਪਏ ਦਸ ਦਸ ਮਾਸ ਮਾਤ ਗਰਭ ਸੜਨਾ ਨਾ ਪਏ ਅੱਗ, ਤੱਤਾਂ ਵਾਲਾ ਸਰੀਰ ਨਾ ਕੋਇ ਹੰਢਾਈਆ । ਜੋ ਸਾਹਿਬ ਸਤਿਗੁਰ ਦੀ ਸਰਨ ਸਰਨਾਈ ਵਿਚ ਇਕ ਵਾਰ ਗਿਆ ਲਗ, ਤਿਸ ਦੀ ਲਗ ਮਾਤਰ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪਣੇ ਵਿਚ ਸਮਾਈਆ । ਪੰਦਰਾਂ ਜੇਠ ਕਹੇ ਮੈਂ ਵੇਖਿਆ ਸਵਾਮੀ ਠਾਕਰ, ਠੋਕਰ ਭਗਤਾਂ ਰਿਹਾ ਲਗਾਈਆ । ਫੜ ਫੜ ਬਾਹੋਂ ਪਾਰ ਕਿਨਾਰਾ ਕਰਾਏ ਡੂੰਘਾ ਸਾਗਰ, ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਨਿਮਾਣਿਆਂ ਨਿਤਾਣਿਆਂ ਕੋਝਿਆਂ ਕਮਲਿਆਂ ਮੂਰਖ ਮੂੜ੍ਹਾਂ ਦਰ ਆਇਆਂ ਦੇਵੇ ਆਦਰ, ਆਦਰਸ਼ ਆਪਣਾ ਦਏ ਜਣਾਈਆ । ਜਿਸ ਦਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਨਾ ਸਕੇ ਸ਼ਾਹੀ ਕ਼ਲਮ ਕਾਗ਼ਜ਼, ਕਾਤਬ ਹੋ ਕੇ ਭੇਵ ਨਾ ਕੋਇ ਖੁਲ੍ਹਾਈਆ । ਸੋ ਕੂੜੀ ਕਿਰਿਆ ਕਲਜੁਗ ਅੰਤਮ ਮੇਟਣ ਆਇਆ ਆਤਸ਼, ਆਜਜ਼ ਅਜ਼ੀਜ਼ ਗੁਰਮੁਖ ਲਏ ਤਰਾਈਆ । ਦਰਸ਼ਨ ਦੇਵੇ ਜਾਹਰ ਬਾਤਨ, ਗੁਫ਼ਤ ਸ਼ੁਨੀਦ ਆਪਣਾ ਰਾਹ ਜਣਾਈਆ । ਸਰਬ ਕਲਾ ਪੁਰਖ ਸਮਰਾਥਨ, ਸਮਰਥ ਪੁਰਖ ਆਪਣੇ ਹੱਥ ਰਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਮੁਕਾਈਆ । ਪੰਦਰਾਂ ਜੇਠ ਕਹੇ ਮੇਰਾ ਸੋਹਣਾ ਸੁਹਾਵਣਾ ਵਕ਼ਤ, ਘੜੀ ਪਲ ਖ਼ੁਸ਼ੀ ਮਨਾਈਆ । ਅਰਸ਼ ਦਾ ਮਾਲਕ ਖੇਲ ਕਰੇ ਉਤੇ ਫ਼ਰਸ਼, ਜੋਤੀ ਜਾਤਾ ਵੇਸ ਵਟਾਈਆ । ਆਪਣਾ ਪੂਰਾ ਕਰਨ ਆਇਆ ਫ਼ਰਜ਼, ਫ਼ਜ਼ਲ ਰਹਿਮਤ ਰਿਹਾ ਕਮਾਈਆ ।

ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਮੰਨ ਕੇ ਅਰਜ਼, ਬੇਨੰਤੀ ਆਪਣੀ ਝੋਲੀ ਪਾਈਆ । ਜਿਸ ਦੀ ਚਾਰ ਜੁਗ ਤੇਈ ਅਵਤਾਰ ਅਠਾਰਾਂ ਭਗਤ ਦਸ ਗੁਰ ਈਸਾ ਮੂਸਾ ਮੁਹੰਮਦ ਦੱਸਦੇ ਗਏ ਗ਼ਰਜ਼, ਸੋ ਗ਼ਜ਼ਬ ਦਾ ਮਾਲਕ ਆਪਣਾ ਫੇਰਾ ਪਾਈਆ । ਜਿਸ ਦਾ ਹੁਕਮ ਭਾਣਾ ਕੋਈ ਨਾ ਸਕੇ ਵਰਜ, ਅਗੇ ਹੋ ਨਾ ਕੋਇ ਅਟਕਾਈਆ । ਜਿਸ ਨੇ ਦੋ ਜਹਾਨਾਂ ਆਪਣਾ ਰਾਗ ਸ਼ਬਦ ਅਨਾਦ ਅਗੰਮੀ ਸੁਣਾਈ ਤਰਜ਼, ਜੈਕਾਰਾ ਇਕੋ ਦਿਤਾ ਜਣਾਈਆ । ਅਗੇ ਖੇਲ ਕਰਨਾਂ ਅਸਚਰਜ, ਜਿਸ ਨੂੰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਮਝ ਸਕੇ ਨਾ ਕੋਈ ਰਾਈਆ । ਪਰਗਟ ਹੋ ਕੇ ਜੋਧਾ ਸੂਰਬੀਰ ਮਰਦਾਨਾ ਮਰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਸਚਾ ਸ਼ਹਿਨਸ਼ਾਹੀਆ । ਪੰਦਰਾਂ ਜੇਠ ਕਹੇ ਚਾਰ ਕੁੰਟ ਵੇਖਿਆ ਹੋ ਗਏ ਸਰਬ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਨੇਤਰ ਨੀਰ ਰੋਂਦੇ ਵੇਖੇ ਜਲ ਜਲ ਆਬ, ਸਮੁੰਦ ਸਾਗਰ ਰਹੇ ਕੁਰਲਾਈਆ । ਜੁਗ ਚੌਕੜੀ ਦਾ ਕੋਈ ਦੇ ਨਾ ਸਕਿਆ ਹਿਸਾਬ, ਗੁਰ ਅਵਤਾਰ ਪੈਗ਼ੰਬਰ ਅੱਖ ਨਾ ਕੋਇ ਉਠਾਈਆ । ਸੀਸ ਰਖ ਨਾ ਸਕਿਆ ਕੋਈ ਤਾਜ, ਸ਼ਾਹ ਸੁਲਤਾਨ ਦਰ ਦਰਵੇਸ਼ ਹੋ ਕੇ ਦਰ ਦਰ ਅਲਖ ਜਗਾਈਆ । ਲੱਖ ਚੁਰਾਸੀ ਵਿਚੋਂ ਕੋਈ ਹੰਸ ਨਾ ਬਣਿਆ ਬੁਧੀ ਹੋਈ ਕਾਗ, ਕੰਤ ਸੁਹਾਗ ਨਾ ਕੋਇ ਹੰਡਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪਾਂ ਵਿਚੋਂ ਥੋੜ੍ਹੇ ਗੁਰਮੁਖ ਗਏ ਜਾਗ, ਜਿਨ੍ਹਾਂ ਨੂੰ ਪ੍ਰਭ ਅੰਤਰ ਆਪਣਾ ਆਪ ਦਿਤਾ ਬੁਝਾਈਆ । ਤਿੰਨ੍ਹਾਂ ਦਾ ਲੇਖਾ ਦੇਵਣਹਾਰਾ ਪੁਰਖ ਅਬਿਨਾਸ਼, ਕਰਨੀ ਦਾ ਕਰਤਾ ਕਰਤਾ ਪੁਰਖ ਧੁਰ ਦੀ ਵਸਤ ਝੋਲੀ ਰਿਹਾ ਪਾਈਆ । ਗੁਰਮੁਖੋ ਸਦਾ ਸਦਾ ਸਦ ਤੁਹਾਡੇ ਅੰਦਰ ਨਿਰਗੁਣ ਹੋ ਕੇ ਰਖਣਾ ਵਾਸ, ਜੋਤ ਪਰਕਾਸ਼ ਦੇਣਾ ਕਰਾਈਆ । ਤੁਹਾਡਾ ਲੇਖੇ ਲੌਣਾ ਪਵਣ ਵਾਲਾ ਸਵਾਸ, ਸਾਹ ਸਾਹ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਜਿਸ ਗ੍ਰਿਹਿ ਬੈਠਾ ਸੋਭਾ ਪਾਈਆ । ਪੰਦਰਾਂ ਜੇਠ ਕਹੇ ਮੈਂ ਵੇਖਿਆ ਖੇਲ ਬੇਨਜ਼ੀਰ, ਜਗਤ ਨਜ਼ਰ ਕਿਸੇ ਨਾ ਆਈਆ । ਪੁਰਖ ਅਬਿਨਾਸ਼ੀ ਮੇਰਾ ਉਹ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਜਲਵਾ ਨੂਰ ਕਰੇ ਸ਼ਹਿਨਸ਼ਾਹੀਆ । ਜਿਸ ਨੂੰ ਕੱਟ ਨਾ ਸਕੇ ਕੋਇ ਸ਼ਮਸ਼ੀਰ, ਚਿੱਲਾ ਤੀਰ ਕਮਾਨ ਨਿਸ਼ਾਨ ਨਾ ਕੋਇ ਬਣਾਈਆ । ਜਿਸ ਦੇ ਹੱਥ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਤਦਬੀਰ, ਤਜਵੀਜ਼ ਆਪਣੇ ਵਿਚ ਛੁਪਾਈਆ । ਜਿਸ ਦੀ ਜਗਤ ਨੇਤਰਾਂ ਨਾਲ ਕੋਈ ਤਕ ਨਾ ਸਕਿਆ ਤਸਵੀਰ, ਰੂਪ ਰੰਗ ਰੇਖ ਨਾ ਸਕਿਆ ਕੋਇ ਸਮਝਾਈਆ । ਜਿਸ ਨੇ ਲੇਖਾ ਮੁਕੌਣਾ ਅਮੀਰ ਗ਼ਰੀਬ, ਸ਼ਾਹ ਹਕੀਰ ਇਕੋ ਰੰਗ ਰੰਗਾਈਆ । ਸੋ ਪੁਰਖ ਅਕਾਲ ਦੀਨ ਦਿਆਲ ਆਪਣਾ ਖੇਲ ਕਰਨ ਆਇਆ ਅਜੀਬ, ਜਿਸ ਦੀ ਤਰਤੀਬ ਸਕਿਆ ਨਾ ਕੋਇ ਜਣਾਈਆ । ਜਨ ਭਗਤਾਂ ਮਿਹਰ ਨਜ਼ਰ ਨਾਲ ਬਦਲ ਦੇਵੇ ਨਸੀਬ, ਨਿਸਬਤ ਆਪਣੇ ਹੱਥ ਵਖਾਈਆ । ਏਥੇ ਓਥੇ ਹੋਏ ਨਾ ਕੋਇ ਤਕਲੀਫ਼, ਦੁਖ ਦਰਦ ਦਰਦੀ ਹੋ ਕੇ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸਚ ਪ੍ਰੀਤ, ਪਰਮ ਪੁਰਖ ਪਰਮਾਤਮ ਆਤਮ ਆਪਣਾ ਜੋੜ ਜੁੜਾਈਆ । ਪੰਦਰਾਂ ਜੇਠ ਕਹੇ ਮੇਰਾ ਜਗਤ ਨਿਸ਼ਾਨਾ, ਸ਼ਹਿਨਸ਼ਾਹ ਦਏ ਵਡਿਆਈਆ । ਪੁਰਖ ਅਕਾਲ ਜਨ ਭਗਤਾਂ ਦੀਨ ਦੁਨੀ ਦਾ ਬਦਲ ਦੇਣਾ ਜ਼ਮਾਨਾ, ਜ਼ਾਮਨੀ ਦੇ ਕੇ ਸਕੇ ਨਾ ਕੋਇ ਬਚਾਈਆ । ਨਜ਼ਰੀ ਔਣਾ ਨਰ ਨਰਾਇਣ ਇਕੋ ਅਮਾਮਾ, ਉਮਤ ਉਮਤੀਆਂ ਦਏ ਸਮਝਾਈਆ । ਜਿਸ ਦਾ ਸੰਦੇਸ਼ਾ ਧੁਰ ਫ਼ਰਮਾਨਾ, ਸ਼ਬਦ ਸ਼ਬਦੀ ਰੂਪ ਵਟਾਈਆ । ਭਗਤ ਸੁਹੇਲਾ ਨੌਜੁਆਨਾ, ਨਰ ਨਿਰੰਕਾਰ

ਆਪਣਾ ਰੰਗ ਚੜ੍ਹਾਈਆ । ਜੁਗ ਚੌਕੜੀ ਪਿਛੋਂ ਵੇਖਣ ਆਇਆ ਸ੍ਰਿਸ਼ਟ ਸਬਾਈ ਬਣ ਕੇ ਧੁਰ ਦਾ ਕਾਹਨਾ, ਵੇਸ ਅਵੇਸਾ ਰੂਪ ਧਰਾਈਆ । ਨਾਉਂ ਧਰਾ ਕੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਵਿਸ਼ਵ ਆਪਣਾ ਹੁਕਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਧੁਰ ਦਾ ਵਰ, ਵਰਗ ਅਵਰ ਕੋਈ ਲਾ ਨਾ ਸਕੇ ਰਾਈਆ ।

✲ ੧੯ ਜੇਠ ਸ਼ਹਿਨਸ਼ਾਹੀ ਸੰਮਤ ੧ ਪਿੰਡ ਕਾਠਗੜ੍ਹ ਸੰਤਾਂ ਦੇ ਨਾਲ ਜ਼ਿਲਾ ਪਟਿਆਲਾ ✲

ਗਜ ਕਹੇ ਤਿੰਨ ਸੌ ਸਾਲ ਰਿਹਾ ਤੱਕਦਾ, ਅੰਤਰ ਆਤਮ ਧਿਆਨ ਲਗਾਈਆ । ਜਨਮ ਜਨਮ ਵਿਚ ਰਿਹਾ ਫਸਦਾ, ਸੱਤ ਜਨਮ ਲਏ ਬਦਲਾਈਆ । ਪੁਰਖ ਅਬਿਨਾਸ਼ੀ ਪਤਿਪਰਮੇਸ਼ਵਰ ਪਾਰਬ੍ਰਹਮ ਅਗੇ ਰਿਹਾ ਦੱਸਦਾ, ਸਚ ਬੇਨੰਤੀ ਇਕ ਸੁਣਾਈਆ । ਮੇਰਾ ਲਹਿਣਾ ਦੇਣਾ ਪੂਰਬ ਜਨਮ ਦੇਣਾ ਹਕ ਦਾ, ਜਨਮ ਕਰਮ ਵੇਖ ਵਖਾਈਆ । ਯਾਦ ਆਇਆ ਜਿਸ ਵੇਲੇ ਗੋਬਿੰਦ ਮੇਰੇ ਕੋਲ ਦੀ ਸੀ ਲੰਘਦਾ, ਨੇਤਰ ਨੈਣਾਂ ਨਾਲ ਤਕਾਈਆ । ਮੇਰਾ ਰੂਪ ਸੀ ਬੱਚਾ ਭੁਯੰਗ ਦਾ, ਬਾਲ ਅਵਸਥਾ ਸਮਝ ਕੋਇ ਨਾ ਪਾਈਆ । ਸੁਭਾਵਕ ਉਹ ਮੇਰੀ ਪਿਠ ਉਤੇ ਹੱਥ ਰਖਦਾ, ਥਪਕੀ ਦਿਤੀ ਲਗਾਈਆ । ਮੇਰਾ ਮਨ ਆਤਮਾ ਹਸਦਾ, ਅੰਦਰ ਵੱਜੀ ਵਧਾਈਆ । ਦਰਸ਼ਨ ਪਾ ਕੇ ਓਸ ਦੀ ਅੱਖ ਦਾ, ਨੇਤਰ ਨੂਰ ਹੋਈ ਰੁਸ਼ਨਾਈਆ । ਮੈਂ ਅੰਦਰੇ ਅੰਦਰ ਚਰਨਾਂ ਉਤੇ ਢਠਦਾ, ਬੇਨੰਤੀ ਦਿਤੀ ਸੁਣਾਈਆ । ਜੇ ਤੂੰ ਮੇਰੇ ਉਤੇ ਹੋਵੇਂ ਵਸਦਾ, ਖ਼ੁਸ਼ੀਆਂ ਨਾਲ ਭੱਜਾਂ ਚਾਈਂ ਚਾਈਆ । ਗੋਬਿੰਦ ਆਖਿਆ ਇਹ ਖੇਲ ਪੁਰਖ ਸਮਰਥ ਦਾ, ਜੋ ਆਦਿ ਜੁਗਾਦਿ ਜੁਗ ਚੌਕੜੀ ਰਿਹਾ ਕਰਾਈਆ । ਜਿਸ ਵੇਲੇ ਵੇਲਾ ਆਇਆ ਓਸ ਅਲੱਖ ਦਾ, ਅਲਖ ਅਗੋਚਰ ਅਗੰਮ ਅਥਾਹ ਦੇਵੇ ਮਾਣ ਵਡਿਆਈਆ । ਫਿਰ ਮੈਂ ਤੇਰੇ ਉਤੇ ਸੋਹਣਾ ਫਬਦਾ, ਨੂਰ ਇਕ ਦਾ ਨਿਰਗੁਣ ਜੋਤ ਕਰੇ ਰੁਸ਼ਨਾਈਆ । ਬਿਧ ਨਾਲ ਬਿਧਾਤਾ ਹੋ ਕੇ ਤੈਨੂੰ ਸਦਦਾ, ਲੇਖੇ ਵਿਚੋਂ ਲੇਖਾ ਲਏ ਲਗਾਈਆ । ਲਹਿਣਾ ਦੇਣਾ ਪੂਰਬ ਪਿਛਲਾ ਦਿਤਾ ਓਸ ਹਕ ਦਾ, ਜਿਸ ਨੂੰ ਹੁਕਮ ਹਾਕਮ ਦੇਣ ਵਾਲਾ ਸਮਝ ਸਕੇ ਨਾ ਰਾਈਆ । ਜਿਸ ਵੇਲੇ ਚਰਨ ਕਵਲ ਸੀ ਉਤੇ ਰਖਦਾ, ਅੰਤਰ ਅੱਖ ਦਿਤੀ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣੇ ਦਾ ਲਹਿਣਾ ਨੇਤਰ ਨੈਣਾਂ ਰਿਹਾ ਵਖਾਈਆ ।


੮੩੧

✲ ੧੯ ਜੇਠ ਸ਼ਹਿਨਸ਼ਾਹੀ ਸੰਮਤ ੧ ਜਾਗੀਰ ਕੌਰ ਪਿੰਡ ਕਾਠਗੜ੍ਹ ਜ਼ਿਲਾ ਪਟਿਆਲਾ ✲

ਛੱਪਰ ਕਹੇ ਮੈਨੂੰ ਕੋਈ ਨਾ ਕਿਹੋ ਕੁਲੀ ਕੱਖ, ਪ੍ਰਭ ਦੇਵਣਹਾਰ ਸਰਬ ਵਡਿਆਈਆ । ਪਰਮਾਤਮਾ ਕੋਲ ਸਭ ਦਾ ਇਕੋ ਜਿਹਾ ਹਕ, ਵੱਡਾ ਛੋਟਾ ਨਾ ਕੋਇ ਜਣਾਈਆ । ਕਰ ਕਿਰਪਾ ਜਿਨ੍ਹਾਂ ਨੂੰ ਦੇਵੇ ਆਪਣੇ ਮਿਲਣ ਦੀ ਅੱਖ, ਪੜਦਾ ਅੰਦਰੋਂ ਦਏ ਉਠਾਈਆ । ਨਜ਼ਰੀ ਆਏ ਸਾਖਿਆਤ ਪ੍ਰਤੱਖ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਨਾਮ ਭੰਡਾਰਾ ਝੋਲੀ ਪਾਵੇ ਹਕ, ਧੁਰ ਦੀ ਦਾਤ ਇਕ ਵਰਤਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਧੁਰ ਦਾ ਮੇਲਾ ਲਏ ਮਿਲਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿ ਧਰਮ ਸਾਚਾ ਚੰਦ ਕਰੇ ਰੁਸ਼ਨਾਈਆ । ਪ੍ਰੇਮੀ ਪਿਆਰਿਆਂ

ਪੁਛੇ ਵਾਤ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਜਨਮ ਜਨਮ ਦੀ ਜਗਤ ਆਸ, ਵੇਖਣਹਾਰਾ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਕੁੱਲੀ ਕੱਖ ਕਹੇ ਮੇਰਾ ਹੋਇਆ ਵਡ ਵਡਭਾਗ, ਭਾਗਾਂ ਭਰੀ ਖ਼ੁਸ਼ੀ ਮਨਾਈਆ । ਗ੍ਰਹਿ ਮੰਦਰ ਸੋਹਣਾ ਜਗਿਆ ਚਿਰਾਗ਼, ਦੀਪਕ ਜੋਤ ਹੋਈ ਰੁਸ਼ਨਾਈਆ । ਮੇਰਾ ਲਹਿਣਾ ਚੁਕਿਆ ਆਜ, ਦੇਵਣਹਾਰਾ ਦਇਆ ਕਮਾਈਆ । ਅੰਦਰ ਬਾਹਰ ਮੈਨੂੰ ਸੋਹਣੀ ਲਗੇ ਅਵਾਜ਼, ਗੀਤ ਗੋਬਿੰਦ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਕੁੱਲੀ ਕਹੇ ਘਰ ਪਾਇਆ ਠਾਕਰ ਸਵਾਮੀ, ਸਮਾਂ ਆਪਣਾ ਦਏ ਸਮਝਾਈਆ । ਭਗਤ ਸੁਹੇਲਾ ਅੰਤਰਜਾਮੀ, ਗੁਰਮੁਖਾਂ ਰੰਗ ਰੰਗਾਈਆ । ਅੰਮ੍ਰਿਤ ਜਲ ਦੇ ਕੇ ਜਾਵੇ ਠੰਡਾ ਪਾਣੀ, ਬੂੰਦ ਸੁਵਾਂਤੀ ਮੁਖ ਚਵਾਈਆ । ਤੀਰ ਨਿਸ਼ਾਨਾ ਮਾਰੇ ਕਾਨੀ, ਅਣਿਆਲਾ ਆਪ ਉਠਾਈਆ । ਸੁਰਤੀ ਸ਼ਬਦ ਮਿਲਾਵੇ ਹਾਣੀ, ਕੂੜੀ ਕਿਰਿਆ ਦਏ ਗਵਾਈਆ । ਸਾਚਾ ਦੇਵੇ ਪਦ ਨਿਰਬਾਨੀ, ਚਰਨ ਕਵਲ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚੇ ਦੇਵੇ ਤਾਰ, ਬਾਲੇ ਨੱਢਿਆਂ ਦਏ ਵਡਿਆਈਆ । ਜੁਗ ਜਨਮ ਦਾ ਲਹਿਣਾ ਦੇਣਾ ਦਏ ਉਤਾਰ, ਧੁਰ ਦਾ ਲੇਖਾ ਝੋਲੀ ਪਾਈਆ । ਮਾਨਸ ਜਨਮ ਜਾਏ ਸਵਾਰ, ਪੰਜ ਤੱਤ ਕਾਇਆ ਮਾਟੀ ਆਪਣੇ ਲੇਖੇ ਲਾਈਆ । ਧੀਰਜ ਸਤਿ ਸੰਤੋਖ ਦੇ ਕੇ ਜਾਏ ਅਧਾਰ, ਕੂੜੀ ਤ੍ਰਿਸ਼ਨਾ ਦੂਰ ਕਰਾਈਆ । ਹੰਸ ਮਿਲਾ ਕੇ ਜਾਏ ਗੁਰਮੁਖ ਹੰਸਾਂ ਡਾਰ, ਬੁਧੀ ਕਾਗ ਵਾਂਗ ਨਾ ਕੋਇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਰਖੇ ਆਪ ਸਮਰਥ, ਦਇਆਵਾਨ ਦਇਆ ਕਮਾਈਆ । ਨਾਮ ਪਦਾਰਥ ਦੇ ਕੇ ਵਥ, ਵਸਤ ਅਮੋਲਕ ਇਕ ਜਣਾਈਆ । ਸਾਚਾ ਢੋਲਾ ਦੱਸ ਕੇ ਗਥ, ਸੋਹੰ ਕਰੇ ਸਚ ਪੜ੍ਹਾਈਆ । ਭਗਤ ਭਗਵਾਨ ਦਾ ਇਕੋ ਜਸ, ਸਿਫ਼ਤ ਸਾਲਾਹ ਵਿਚ ਸਲਾਹੀਆ । ਆਦਿ ਜੁਗਾਦਿ ਏਥੇ ਓਥੇ ਕਦੇ ਨਾ ਹੋਵਣ ਵਖ, ਆਤਮ ਪਰਮਾਤਮ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦੇ ਵਡਿਆਈਆ । ਕੁੱਲੀ ਕੱਖ ਕਹੇ ਮੇਰੇ ਅੰਦਰ ਦੀਪਕ ਜੋਤ ਜਗਿਆ ਚਿਰਾਗ਼, ਚਾਰ ਕੁੰਟ ਹੋਈ ਰੁਸ਼ਨਾਈਆ । ਗੁਰਮੁਖਾਂ ਦਾ ਦੁਰਮਤ ਮੈਲ ਧੋਇਆ ਦਾਗ਼, ਦੂਈ ਦਵੈਤੀ ਦਏ ਮਿਟਾਈਆ । ਜਗਤ ਤ੍ਰਿਸ਼ਨਾ ਬੁਝਾ ਕੇ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਸਚ ਨਾਮ ਦਾ ਸੁਣਾ ਕੇ ਰਾਗ, ਨਾਦ ਅਨਾਦੀ ਧੁਨ ਵਜਾਈਆ । ਪ੍ਰੇਮ ਪ੍ਰੀਤੀ ਦਾ ਬਖ਼ਸ਼ ਕੇ ਵੈਰਾਗ, ਸੋਈ ਸੁਰਤੀ ਲਏ ਉਠਾਈਆ । ਦਰਸ ਵਿਖਾ ਕੇ ਬਹੁ ਬਿਧ ਭਾਂਤ, ਭਾਂਡਾ ਭਰਮ ਭਉ ਭੰਨਾਈਆ । ਨਜ਼ਰੀ ਆਵੇ ਇਕ ਇਕਾਂਤ, ਇਕ ਇਕੱਲਾ ਸ਼ਹਿਨਸ਼ਾਹੀਆ । ਸਤਿਜੁਗ ਸਚ ਦੇ ਕੇ ਜਾਵੇ ਧੁਰ ਦੀ ਦਾਤ, ਅਨਡਿਠੜੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪ੍ਰੇਮ ਪ੍ਰੀਤੀ ਸਚ ਸੁਗਾਤ, ਨਾਮ ਨਿਧਾਨਾ ਝੋਲੀ ਪਾਈਆ ।

### ✻ ੧੬ ਜੇਠ ਸ਼ਹਿਨਸ਼ਾਹੀ ਸੰਮਤ ੧ ਤ੍ਰਿਲੋਕ ਸਿੰਘ ਦੇ ਗ੍ਰਿਹ ਪਿੰਡ ਸਨਾਮ ✻

ਕੀੜੀ ਗਜ ਜੋ ਦੇਖੀ ਧਾਰ, ਮਹਲ ਅਟਲ ਕੱਖਾਂ ਕੁੱਲੀ ਆਪਣਾ ਰੰਗ ਰੰਗਾਈਆ । ਆਦਿ ਜੁਗਾਦਿ ਜੁਗ ਚੌਕੜੀ ਖੇਲੇ ਖੇਲ ਪ੍ਰਭੂ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਸਚਖੰਡ ਦਵਾਰੇ ਸਚ ਸਿੰਘਾਸਣ ਸੋਭਣਹਾਰਾ ਜੋਤੀ ਜਾਤਾ ਨਿਰਗੁਣ ਰੂਪ ਨਿਰਾਕਾਰ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਲੋਕਮਾਤ ਡੇਰਾ ਲਾਈਆ । ਪ੍ਰੇਮ ਪ੍ਰੀਤੀ ਸਾਚੀ ਨੀਤੀ ਅੰਦਰ ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਕਰਨੀ ਦਾ ਮਾਲਕ ਧੁਰ ਦਾ ਖ਼ਾਲਕ ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਗਜ ਕਹੇ ਜਿਸ ਵੇਲੇ ਪ੍ਰਭ ਚਰਨ ਰਖਿਆ ਸੀਸ, ਸਿੱਧਾ ਆਪਣਾ ਧਿਆਨ ਲਗਾਈਆ । ਪੁਰਖ ਅਕਾਲ ਕੀਤੀ ਬਖ਼ਸ਼ੀਸ਼, ਮਿਹਰ ਨਜ਼ਰ ਇਕ ਉਠਾਈਆ । ਮੈਨੂੰ ਪ੍ਰੇਮ ਪਿਆਰ ਦੀ ਪਿਛਲੀ ਆ ਗਈ ਯਾਦ ਰੀਤ, ਜੋ ਪਟਨੇ ਨਿਵਾਸੀ ਪਟਨੇ ਵਿਚ ਆਪਣਾ ਧਿਆਨ ਲਗਾਈਆ । ਗਜ ਕਿਹਾ ਗੋਬਿੰਦ ਦੇ ਜਨਮ ਤੋਂ ਪਹਿਲਾਂ ਮੇਰਾ ਜਨਮ ਪਹਿਲਾ ਤਿੰਨ ਸਾਲ ਸੀ ਠੀਕ, ਰਾਜ ਦਰਬਾਰ ਮਿਲੀ ਵਡਿਆਈਆ । ਬਾਲ ਅਵਸਥਾ ਜਿਸ ਵੇਲੇ ਗੋਬਿੰਦ ਗਿਆ ਮੇਰੇ ਨਜ਼ਦੀਕ, ਮਹਲ ਅਟਲ ਫੇਰਾ ਪਾਈਆ । ਮੈਂ ਓਸ ਵੇਲੇ ਮੰਗੀ ਮੰਗ ਠੀਕ, ਅੰਤਰ ਅੰਤਰ ਧਿਆਨ ਲਗਾਈਆ । ਗੋਬਿੰਦ ਕਰ ਕੇ ਗਿਆ ਤਸਦੀਕ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਤੇਰੀ ਸਾਹਿਬ ਸੁਲਤਾਨ ਸ੍ਰੀ ਭਗਵਾਨ ਨਾਲ ਮਿਲ ਕੇ ਕਰੌਣੀ ਸਚ ਪ੍ਰੀਤ, ਪ੍ਰੀਤਮ ਆਪਣੇ ਨਾਲ ਮਿਲਾਈਆ । ਕਲਜੁਗ ਅੰਤਮ ਸਦੀ ਵੀਹਵੀਂ ਜਾਣਾ ਬੀਤ, ਹਰਿ ਜਗਦੀਸ ਆਪਣਾ ਰੰਗ ਰੰਗਾਈਆ । ਕਰੇ ਖੇਲ ਤ੍ਰੈਗੁਣ ਅਤੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗਜ ਕਹੇ ਜਿਸ ਵੇਲੇ ਮੇਰੇ ਉਤੇ ਕੀਤੀ ਰਹਿਮਤ, ਜਨਮ ਜਨਮ ਦੀ ਮਿਲੀ ਮਾਣ ਵਡਿਆਈਆ । ਦੂਸਰ ਕੋਈ ਸਮਝ ਨਾ ਸਕਿਆ ਅਹਿਮਕ, ਮੂਰਖ ਮੁਗਧ ਸਾਰ ਕੋਇ ਨਾ ਪਾਈਆ । ਮੇਰੀ ਆਤਮਾ ਪਰਮਾਤਮਾ ਨਾਲ ਹੋ ਗਈ ਸਹਿਮਤ, ਏਕਾ ਦੂਆ ਭਉ ਚੁਕਾਈਆ । ਨਾਮ ਨਿਧਾਨਾ ਇਸ਼ਾਰਾ ਵਜੀ ਸੈਨਤ, ਸੋਈ ਸੁਰਤੀ ਦਿਤੀ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗਜ ਕਹੇ ਜਿਸ ਵੇਲੇ ਮੇਰੇ ਉਪਰ ਪਹਿਲੇ ਦਿਨ ਚੜ੍ਹਿਆ ਰਾਜਾ ਰਾਜ ਨਰੈਣ, ਅੰਦਰ ਬਾਹਰ ਵੱਜੀ ਵਧਾਈਆ । ਮੈਂ ਕੁਛ ਨਾ ਸਕਿਆ ਕਹਿਣ, ਮੇਰੀ ਜਿਹਵਾ ਨਾ ਸਕੀ ਸਮਝਾਈਆ । ਮੈਂ ਨੇਤਰ ਰੋ ਕੇ ਨੈਣ, ਪ੍ਰਭ ਨੂੰ ਦਿਤਾ ਵਖਾਈਆ । ਮੇਰਾ ਪੂਰਬ ਸੱਜਣ ਸੈਣ, ਸਨਬੰਧੀ ਦਿਤਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੇਰਾ ਪੜਦਾ ਖੁਲ੍ਹਿਆ ਮਹਾਨ, ਅਨਡਿਠ ਆਪਣੀ ਕਾਰ ਜਣਾਈਆ । ਮੈਨੂੰ ਨਜ਼ਰ ਆਇਆ ਜਿਹੜਾ ਮਹਾਵਤ ਮੇਰਾ ਕਰਦਾ ਮਾਣ, ਸਦਾ ਮੇਰਾ ਸੰਗ ਨਿਭਾਈਆ । ਰਾਜੇ ਦਾ ਦਰਬਾਨ, ਸੇਵਕ ਸੇਵਾ ਕਰ ਕਰ ਖ਼ੁਸ਼ੀ ਬਣਾਈਆ । ਗੋਬਿੰਦ ਦਰਸ ਕਰ ਕੇ ਖ਼ੁਸ਼ੀ ਹੋਈ ਮਿਲਿਆ ਚਰਨ ਧਿਆਨ, ਧਿਆਨ ਆਪਣਾ ਲਿਆ ਬਦਲਾਈਆ । ਅਜ ਓਸ ਦੀ ਪਿਛਲੀ ਹੋਈ ਪਹਿਚਾਣ, ਕਰਮਾਂ ਵਿਚੋਂ ਕਰਮ ਦਏ ਬਦਲਾਈਆ । ਪਤਿਪਰਮੇਸ਼ਵਰ ਸਾਹਿਬ ਸਵਾਮੀ ਵੇਖੇ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਗਜ ਕਿਹਾ ਪਟਨੇ ਵਾਲੇ ਰਾਜੇ ਦਾ ਲੇਖਾ ਮੁਕਣਾ ਵਿਚ ਸਨਾਮ, ਮਿਹਰਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ ।

ਗਜ ਕਹੇ ਇਕ ਦਿਨ ਮਹਾਵਤ, ਮੈਨੂੰ ਦਿਤਾ ਸ਼ਿੰਗਾਰ, ਸੋਹਣਾ ਆਸਣ ਦਿਤਾ ਬਣਾਈਆ । ਮੈਂ ਆਇਆ ਚਲ ਸਚੇ ਦਰਬਾਰ, ਨਿਉਂ ਨਿਉਂ ਸੀਸ ਝੁਕਾਈਆ । ਖ਼ੁਸ਼ੀ ਵਿਚ ਹੋ ਕੇ ਸੱਚੀ ਸਰਕਾਰ, ਦਿਤੀ ਮਾਣ ਵਡਿਆਈਆ । ਆਪਣੇ ਤਨ ਤੋਂ ਬਸਤਰ ਦਿਤੇ ਉਤਾਰ, ਪੋਸ਼ਾਕ ਮਹਾਵਤ ਦਿਤੀ ਪਹਿਨਾਈਆ । ਓਸ ਹੱਸ ਕਿਹਾ ਮਿਹਰਵਾਨ, ਤੇਰੀ ਬੇਪਰਵਾਹੀਆ । ਦਿਤਾ ਸਚਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਮੇਰੇ ਦਰ ਹੋਏ ਪਰਵਾਨ, ਸੀਸ ਤਨ ਰੰਗ ਹੰਢਾਈਆ । ਜੇ ਕਿਰਪਾ ਕਰੇ ਮਿਹਰਵਾਨ, ਇਸੇ ਤਰਾ ਮੈਂ ਵੀ ਤੇਰੀ ਸੇਵ ਕਮਾਈਆ । ਗਜ ਨੇ ਅੰਦਰੋਂ ਹੱਸ ਕੇ ਕਿਹਾ ਪੁਰਖ ਅਬਿਨਾਸ਼ੀ ਜੇ ਬੇਨੰਤੀ ਕਰ ਲਵੇ ਪਰਵਾਨ, ਦਰਬਾਨ ਦੇਵੇ ਵਡਿਆਈਆ । ਓਧਰੋਂ ਆਇਆ ਅਗੰਮੀ ਫ਼ਰਮਾਨ, ਸ਼ਬਦ ਸੰਦੇਸ਼ਾ ਦਿਤਾ ਸੁਣਾਈਆ । ਦੋਹਾਂ ਦਾ ਲੇਖਾ ਮੁਕਾਵਾਂ ਆਣ, ਇਹ ਮੇਰੀ ਬੇਪਰਵਾਹੀਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਕਲਜੁਗ ਅੰਤਮ ਵੇਲਾ ਦਿਆਂ ਸਮਝਾਈਆ । ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਲੋਕਮਾਤ ਹੋਵੇ ਪਰਧਾਨ, ਦੋ ਜਹਾਨ ਨੌ ਖੰਡ ਸੱਤ ਦੀਪ ਕਰੇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸਜਦੇ ਕਰਨ ਪਰਨਾਮ, ਨਿਉਂ ਨਿਉਂ ਸੀਸ ਨਿਵਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਭੂਪਤ ਭੂਪ ਸਕੇ ਨਾ ਕੋਇ ਪਹਿਚਾਨ, ਭਰਮੇ ਭੁਲੇ ਸਰਬ ਲੋਕਾਈਆ । ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਨੱਚੇ ਸਵਾਨ, ਦੀਨ ਮਜ਼੍ਹਬ ਜਾਤ ਪਾਤ ਸ਼ਰਅ ਸ਼ਰੀਅਤ ਕਰੇ ਲੜਾਈਆ । ਅੰਦਰ ਬਾਹਰ ਗੁਪਤ ਜ਼ਾਹਰ ਸਾਬਤ ਰਹੇ ਨਾ ਕਿਸੇ ਈਮਾਨ, ਧੀਰਜ ਜਤ ਰਹੇ ਕੋਇ ਨਾ ਰਾਈਆ । ਗੁਰ ਚੇਲਾ ਰਹੇ ਨਾ ਕੋਈ ਮਾਣ, ਅਭਿਮਾਨ ਵਿਚ ਦਿਸੇ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਰਬ ਕੁਰਲਾਣ, ਖਾਣੀ ਬਾਣੀ ਉਚੀ ਕੂਕੇ ਦਏ ਦੁਹਾਈਆ । ਚਾਰ ਕੁੰਟ ਦਹਿ ਦਿਸ਼ਾ ਸਾਚਾ ਝੁੱਲੇ ਨਾ ਕੋਇ ਨਿਸ਼ਾਨ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ ਪਤਿਪਰਮੇਸ਼ਵਰ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਗਜ ਕਹੇ ਜਿਸ ਵੇਲੇ ਕਿਰਪਾ ਕਰੀ ਪ੍ਰਭ ਆਪ, ਆਪਣੀ ਦਇਆ ਕਮਾਈਆ । ਮਿਹਰ ਨਿਗਾਹ ਨਾਲ ਕਰੇ ਧੁਰ ਦਾ ਮਿਲਾਪ, ਵਿਛੋੜਾ ਜਗਤ ਦਏ ਕਟਾਈਆ । ਪ੍ਰੇਮ ਪਿਆਰ ਵਿਚ ਮੁਹੱਬਤ ਦਾ ਬਣ ਕੇ ਸੱਜਣ ਸਾਕ, ਮਹਿਬੂਬ ਆਪਣਾ ਰੰਗ ਰੰਗਾਈਆ । ਗੋਬਿੰਦ ਦਾ ਮੀਤਾ ਠਾਂਡਾ ਸੀਤਾ ਪਟਨੇ ਦਾ ਰਾਜਾ ਲੈ ਕੇ ਸਾਥ, ਰਾਜ ਨਰੈਣ ਨੈਣ ਅੱਖ ਦਏ ਖੁਲ੍ਹਾਈਆ । ਪਿਛਲਾ ਲੇਖਾ ਪੂਰਬ ਦੀ ਜਾਣੇ ਗਾਥ, ਬੋਧ ਅਗਾਧ ਅਗੇ ਕਰੇ ਪੜ੍ਹਾਈਆ । ਸਚ ਪ੍ਰੀਤ ਜੋੜ ਕੇ ਨਾਤ, ਨਾਤਾ ਬਿਧਾਤਾ ਆਪਣੇ ਨਾਲ ਰਖਾਈਆ । ਵਸਤ ਅਮੋਲਕ ਕਾਇਆ ਗੋਲਕ ਨਾਮ ਨਿਧਾਨ ਦੇ ਕੇ ਦਾਤ, ਦੌਲਤਮੰਦ ਦਏ ਬਣਾਈਆ । ਅੱਠੇ ਪਹਿਰ ਇਕੋ ਰਖੇ ਪਰਭਾਤ, ਰੈਣ ਅੰਧੇਰੀ ਰੂਪ ਨਾ ਕੋਇ ਵਟਾਈਆ । ਅੰਮ੍ਰਿਤ ਬੂੰਦ ਪਿਆਏ ਸਵਾਂਤ, ਨਿਝਰ ਝਿਰਨਾ ਇਕ ਝਿਰਾਈਆ । ਨਿਰਗੁਣ ਜੋਤ ਕਰੇ ਪਰਕਾਸ਼, ਅੰਧ ਅੰਧੇਰ ਦਏ ਗਵਾਈਆ । ਗਜ ਮਹਾਵਤ ਦੀ ਪੂਰੀ ਕਰੇ ਆਸ, ਤ੍ਰਿਸ਼ਨਾ ਰਹਿਣ ਕੋਇ ਨਾ ਪਾਈਆ । ਇਸੇ ਕਰ ਕੇ ਤੈਨੂੰ ਲਿਆਂਦਾ ਖ਼ਾਸ, ਖ਼ਾਹਿਸ਼ ਪਿਛਲੀ ਪੂਰੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਜ ਨਰੈਣ ਕਿਉਂ ਮੇਲਾ ਹੋਇਆ ਨਾਲ ਸਿੰਘ ਤ੍ਰਿਲੋਕ, ਤਰਾ ਤਰਾ ਦਿਆਂ ਜਣਾਈਆ । ਤੇਰੇ ਰਾਜ ਦਰਬਾਰ ਵਿਚ ਮਾਣੀ ਜਿਸ ਮੌਜ, ਅਗੇ ਮਜਲਸ ਭਗਤਾਂ ਵਿਚ ਰਖਾਈਆ । ਅਗੇ ਨਾ ਲਸ਼ਕਰ ਨਾ ਸ਼ਾਹੀ ਫ਼ੌਜ, ਤਖ਼ਤ ਤਾਜ ਨਾ ਕੋਇ ਵਡਿਆਈਆ ।

੮੩੫

ਨਾ ਹੋਦੀ ਨਾ ਕੋਇ ਹੋਦ, ਸਿੰਘਾਸਣ ਸਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਪੂਰਾ ਰਿਹਾ ਕਰਾਈਆ । ਪੂਰਬ ਲੇਖਾ ਪੂਰਾ ਕਰੇ ਕਰਨ ਯੋਗ, ਭਗਤੀ ਆਪਣੇ ਹੱਥ ਰਖਾਈਆ । ਸ਼ਬਦ ਮਿਲਾਵਾ ਧੁਰ ਸੰਜੋਗ, ਤਨ ਮਾਟੀ ਖ਼ਾਕੀ ਨਾ ਕੋਇ ਵਡਿਆਈਆ । ਜਿਸ ਨੂੰ ਸਮਝ ਨਾ ਸਕੇ ਕੋਈ ਜੀਵ ਜੰਤ ਲੋਕ, ਲੱਖ ਚੁਰਾਸੀ ਭੇਵ ਨਾ ਰਾਈਆ । ਪੁਰਖ ਅਕਾਲ ਕਰ ਕੇ ਖੋਜ, ਧੁਰ ਦਾ ਮੇਲਾ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਪਟਨੇ ਨਿਵਾਸੀ ਖੋਲ੍ਹ ਆਪਣੀ ਸੁਰਤ, ਸੁੱਤਿਆਂ ਦਿਆਂ ਜਗਾਈਆ । ਜਿਸ ਦਾ ਮੇਲਾ ਹੋਇਆ ਤੁਰਤ, ਘਰ ਸਾਜਣ ਮੇਲ ਮਿਲਾਈਆ । ਏਥੇ ਓਥੇ ਦੋ ਜਹਾਨ ਆਸਾ ਮਨਸਾ ਪੂਰਤ, ਹਾਜ਼ਰ ਹਜ਼ੂਰ ਨਜ਼ਰੀ ਆਈਆ । ਲੇਖਾ ਚੁਕਾ ਕੇ ਨੇੜ ਦੂਰਤ, ਇਕੋ ਰੰਗ ਦਏ ਵਖਾਈਆ । ਲੇਖਾ ਚੁਕਿਆ ਮੂਰਖ ਮੂੜ੍ਹਤ, ਸੁਘੜ ਸੁਚੱਜਾ ਰੂਪ ਦਏ ਬਦਲਾਈਆ । ਨਾਮ ਨਿਧਾਨ ਸੁਣਾਏ ਆਪਣੀ ਤੂਰਤ, ਨਾਦ ਅਨਾਦੀ ਨਾਦ ਵਜਾਈਆ । ਜੋਤੀ ਨੂਰ ਬਖ਼ਸ਼ੇ ਨੂਰਤ, ਨੂਰੋ ਨੂਰ ਹੋਵੇ ਰੁਸ਼ਨਾਈਆ । ਚਿੱਟੇ ਬਸਤਰ ਜਿਨ੍ਹਾਂ ਨੇ ਬਾਹਰੋਂ ਕੀਤੀ ਮਹੂਰਤ, ਮਹਿੰਮਾ ਅੰਦਰੋਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਿੱਟਾ ਬਸਤਰ ਕਹੇ ਤਨ ਲੱਗਾ ਮਾਟੀ ਖ਼ਾਕ, ਖ਼ਾਲਸ ਰੂਪ ਦਿਆਂ ਬਦਲਾਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਤਿਤ ਪੁਨੀਤ ਦਿਆਂ ਜਣਾਈਆ । ਬੰਦ ਕਿਵਾੜੀ ਖੋਲ੍ਹ ਕੇ ਤਾਕ, ਅੰਤਰ ਆਤਮ ਪਰਦਾ ਓਹਲਾ ਦਿਆਂ ਉਠਾਈਆ । ਨਿਝਰ ਝਿਰਨਾ ਝਿਰਾ ਕੇ ਬੂੰਦ ਸਵਾਤ, ਰਸ ਅਗੰਮੀ ਦਿਆਂ ਚਖਾਈਆ । ਸ਼ਬਦ ਅਨਾਦੀ ਸੁਣਾ ਕੇ ਗਾਥ, ਅਨਹਦ ਰਾਗੀ ਆਪਣਾ ਰਾਗ ਸਮਝਾਈਆ । ਨਿਰਗੁਣ ਨੂਰੀ ਜੋਤ ਹੋਵੇ ਪਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਲੇਖੇ ਲੱਗੇ ਪਵਣ ਸਵਾਸ, ਰਸਨਾ ਜਿਹਵਾ ਬੱਤੀ ਦੰਦ ਵੱਜੇ ਵਧਾਈਆ । ਨੇਤਰ ਲੋਚਨ ਨੈਣ ਇਕੋ ਸੱਜਣ ਜਾਏ ਭਾਖ, ਦੂਜਾ ਸੱਜਣ ਨਜ਼ਰ ਕੋਇ ਨਾ ਆਈਆ । ਸਤਿ ਸਰੂਪ ਨਜ਼ਰੀ ਆਏ ਸਾਖਿਆਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਮਹਿੰਮਾ ਕੋਈ ਲਿਖ ਨਾ ਸਕੇ ਕ਼ਲਮ ਦਵਾਤ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਸੋ ਠਾਕਰ ਸਵਾਮੀ ਹੋ ਕੇ ਮਿਲੇ ਆਪ, ਪਤਿਪਰਮੇਸ਼ਵਰ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਕਾਇਆ ਮੰਦਰ ਅੰਦਰ ਚੜ੍ਹ ਕੇ ਦੱਸ ਜਾਏ ਸਾਚਾ ਜਾਪ, ਸੋਹੰ ਢੋਲਾ ਸਤਿ ਪੜ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਿਰਗੁਣ ਸਰਗੁਣ ਪੂਰਾ ਕਰੇ ਭਵਿਖਤ ਵਾਕ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਮਾਟੀ ਇਕੋ ਰੰਗ ਰੰਗਾਈਆ । ਚਿੱਟਾ ਬਸਤਰ ਕਹੇ ਮੈਂ ਤਨ ਮਾਟੀ ਗਿਆ ਲਗ, ਪੰਜ ਤੱਤ ਵੇਖ ਵਖਾਈਆ । ਜਗਤ ਤ੍ਰਿਸ਼ਨਾ ਬੁਝੌਣੀ ਅੱਗ, ਹਉਮੇ ਰੋਗ ਨਾ ਕੋਇ ਸਤਾਈਆ । ਬਿਨਾ ਮੱਕੇ ਕਾਅਬਿਉਂ ਵਖੌਣਾ ਹੱਜ, ਸਚ ਮਹਿਰਾਬ ਇਕ ਸੁਹਾਈਆ । ਬਿਨਾ ਰਸਨਾ ਜਿਹਵਾ ਸੁਣੌਣਾ ਛੰਦ, ਅਗੰਮੀ ਰਾਗ ਅਲਾਈਆ । ਖ਼ੁਸ਼ੀ ਕਰੌਣਾ ਬੰਦ ਬੰਦ, ਡੰਡਾਵਤ ਬੰਦਗੀ ਧੁਰ ਦੀ ਇਕ ਦ੍ਰਿੜਾਈਆ । ਜੋਤੀ ਨੂਰ ਚਾੜ੍ਹਨਾ ਚੰਦ, ਰਵ ਸਸ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਦੇਣਾ ਸਚ ਅਨੰਦ, ਪਰਮਾਨੰਦ ਵਿਚ ਸਮਾਈਆ । ਜਨਮ ਜਨਮ ਦੀ ਟੁੱਟੀ ਦੇਣੀ ਗੰਢ, ਨਾਤਾ ਧੁਰ ਦਾ ਆਪ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚਿੱਟਾ ਬਸਤਰ ਕਹੇ ਮੈਂ ਤਨ ਮਾਟੀ ਨਾਲ ਗਿਆ ਛੋਹ, ਅੰਗ ਨਾਲ ਆਪਣਾ ਅੰਗ ਲਗਾਈਆ । ਅੰਦਰ

ਵੜ ਕੇ ਦੇਣੀ ਸਾਚੀ ਸੋ, ਸੋ ਪੁਰਖ ਨਿਰੰਜਣ ਧੁਰ ਦਾ ਢੋਲਾ ਦੇਣਾ ਸੁਣਾਈਆ । ਹੰ ਬ੍ਰਹਮ ਨਿਰਗੁਣ ਰੂਪ ਦੱਸਣਾ ਉਹ, ਜਿਸਦਾ ਲੇਖਾ ਦੂਸਰ ਹੱਥ ਨਾ ਕਿਸੇ ਫੜਾਈਆ । ਸਾਢੇ ਤਿੰਨ ਹੱਥ ਕਾਇਆ ਮਨਾਰ ਕਰਨੀ ਲੋ, ਘਰ ਵਿਚ ਘਰ ਕਰਾਂ ਰੁਸ਼ਨਾਈਆ । ਅੰਦਰ ਬਾਹਰ ਗੁਪਤ ਜ਼ਾਹਰ ਦੁਰਮਤ ਮੈਲ ਦੇਣੀ ਧੋ, ਜੂਠ ਝੂਠ ਰਹਿਣ ਕੋਇ ਨਾ ਪਾਈਆ । ਸਚ ਮੁਹੱਬਤ ਪੁਰਖ ਅਕਾਲ ਦੱਸਣਾ ਮੋਹ, ਮੇਲਾ ਇਕੋ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਚੁਕਾਈਆ । ਚਿੱਟਾ ਬਸਤਰ ਕਹੇ ਮੇਰਾ ਰੰਗ ਜਗਤ ਜਾਣੇ ਸਫ਼ੇਦ, ਸਫਾ ਅੰਦਰੋਂ ਦਿਆਂ ਬਦਲਾਈਆ । ਮੇਰਾ ਨਿਤ ਨਵਿਤ ਸਤਿਜੁਗ ਨਾਲ ਅਹਿਦ, ਇਕਰਾਰਨਾਮਾ ਲਿਆ ਲਿਖਾਈਆ । ਮੇਰਾ ਸਤਿ ਧਰਮ ਕ਼ਾਨੂੰਨ ਕ਼ਵਾਇਦ, ਕਾਇਦਾ ਆਪਣਾ ਦਿਆਂ ਬਤਲਾਈਆ । ਧੁਰ ਦਾ ਹੁਕਮ ਕਰਨਾ ਰਾਇਜ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਸਤਿ ਸਚ ਨਿਕਲਣਾ ਨਤਾਇਜ, ਨਤੀਜੇ ਵਿਚ ਵੇਖੇ ਸਰਬ ਲੋਕਾਈਆ । ਜਨ ਭਗਤਾਂ ਪ੍ਰਭ ਚਰਨ ਸਰਨ ਦੱਸਣੀ ਰਿਹਾਇਸ਼, ਆਰਾਮਗਾਹ ਇਕ ਸਮਝਾਈਆ । ਜਗਤ ਵਿਛੋੜੇ ਦੀ ਰਹਿਣ ਨਾ ਦੇਣੀ ਗੁੰਜਾਇਸ਼, ਦੂਈ ਦਵੈਤੀ ਬੰਧਨ ਦੇਣਾ ਕਟਾਈਆ । ਚਿੱਟਾ ਬਸਤਰ ਕਹੇ ਮੇਰੀ ਕਿਆ ਕੋਈ ਕਰੇ ਅਜ਼ਮਾਇਸ਼, ਪੈਮਾਨਿਆਂ ਵਿਚ ਮਾਪ ਨਾ ਕੋਇ ਜਣਾਈਆ । ਮੈਂ ਗੁਰਮੁਖਾਂ ਕਰਨ ਆਇਆ ਹਦਾਇਤ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਚਿੱਟਾ ਬਸਤਰ ਕਹੇ ਮੈਂ ਕਿਉਂ ਹੋਇਆ ਭੇਟ, ਗੁਰਮੁਖ ਗੁਰਮੁਖ ਮਿਲੀ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਨਿਰਵੈਰ ਵਟਾਇਆ ਅਵਲੜਾ ਵੇਸ, ਦਰਵੇਸ਼ ਆਪਣੀ ਅਲਖ ਜਗਾਈਆ । ਪਟਨੇ ਦਾ ਰਾਜਾ ਫੜ ਨਰੇਸ਼, ਨਰ ਨਰਾਇਣ ਆਪਣਾ ਹੁਕਮ ਵਰਤਾਈਆ । ਪੂਰਬ ਜਨਮ ਦਾ ਲਹਿਣਾ ਵੇਖ, ਧੁਰ ਦਾ ਲੇਖਾ ਝੋਲੀ ਪਾਈਆ । ਜਿਹੜਾ ਸਜਦਿਆਂ ਵਿਚ ਕਰਦਾ ਸੀ ਆਦੇਸ, ਨਮਸਤੇ ਕਹਿ ਕਹਿ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਚਿੱਟਾ ਬਸਤਰ ਕਹੇ ਮੈਂ ਆਪਣਾ ਰੂਪ ਆਇਆ ਬਦਲ, ਮਹਾਵਤ ਸਖ਼ਾਵਤ ਦੇਣੀ ਕਰਾਈਆ । ਪੁਰਖ ਅਕਾਲ ਕੀਤਾ ਸਚ ਅਦਲ, ਅਦਾਲਤ ਆਪਣੀ ਹਕ ਜਣਾਈਆ । ਸਭ ਦੀ ਪੂਰੀ ਕਰ ਕੇ ਮਜ਼ਲ, ਮੰਜ਼ਲ ਆਪਣੀ ਦਿਤਾ ਚੜ੍ਹਾਈਆ । ਨਾਮ ਨਿਧਾਨ ਸੁਣਾ ਕੇ ਗ਼ਜ਼ਲ, ਪਰਦਾ ਓਹਲਾ ਦਿਤਾ ਉਠਾਈਆ । ਪ੍ਰੇਮ ਪਿਆਰਾ ਮੇਲ ਕੇ ਸੱਜਣ, ਗੁਰਮੁਖ ਜੋੜ ਜੁੜਾਈਆ । ਨੇਤਰ ਪਾ ਕੇ ਨਾਮ ਅੰਜਣ, ਅੰਤਰ ਅੱਖ ਦਿਤੀ ਖੁਲ੍ਹਾਈਆ । ਕਾਇਆ ਮਾਟੀ ਭਾਗ ਲਗਾ ਕੇ ਰੂਪ ਬਣਾਇਆ ਕੰਚਨ, ਮਿਹਰ ਨਜ਼ਰ ਇਕ ਉਠਾਈਆ । ਪੂਰਬ ਜਨਮ ਦਾ ਪੂਰਾ ਪਾਲਿਆ ਬਚਨ, ਬੱਚਿਆਂ ਵਾਂਗ ਆਪਣੀ ਗੋਦ ਉਠਾਈਆ । ਨਿਰਗੁਣ ਹੋ ਕੇ ਸਰਗੁਣ ਲੱਜਿਆ ਆਇਆ ਰੱਖਣ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜਨਮ ਦਾ ਲਹਿਣਾ ਰਿਹਾ ਮੁਕਾਈਆ । ਰਾਜ ਨਰੈਣ ਕਿਉਂ ਆਇਆ ਸਨਾਮ, ਪਟਨਾ ਨਿਵਾਸੀ ਫੇਰਾ ਪਾਈਆ । ਕੀ ਵਡਿਆਈ ਮਿਲੀ ਗਰਾਮ, ਖੇੜਾ ਵੱਜੇ ਵਧਾਈਆ । ਕਿਹੜਾ ਮਿਲਿਆ ਇਨਾਮ, ਖ਼ਾਲੀ ਝੋਲੀ ਧੁਰ ਦੀ ਵਸਤ ਟਿਕਾਈਆ । ਪ੍ਰਭ ਮੁਸ਼ਕਲ ਕਰ ਆਸਾਨ, ਸਹਿਜੇ ਦਿਤਾ ਸਮਝਾਈਆ । ਜਿਹੜਾ ਤੇਰੇ ਦਰ ਦਾ ਬਣਿਆ ਰਿਹਾ ਦਰਬਾਨ, ਗਜ ਮਹਾਵਤ ਸੇਵ ਕਮਾਈਆ । ਅੱਜ ਓਸੇ ਦਾ ਪਿਛਲਾ ਅਹਿਸਾਨ, ਤੇਰਾ ਤੇਰੀ ਝੋਲੀ ਪਾਈਆ । ਅਗੇ ਦੋਹਾਂ ਦਾ ਇਕੋ ਜਿਹਾ ਮਾਣ, ਰਾਓ ਰੰਕ ਨਜ਼ਰ ਕੋਇ

ਨਾ ਆਈਆ । ਭਗਤਾਂ ਨਾਲ ਭਗਤ ਸੰਤਾਂ ਨਾਲ ਸੰਤ ਗੁਰਮੁਖਾਂ ਨਾਲ ਗੁਰਮੁਖ ਗੁਰਸਿਖਾਂ ਨਾਲ ਗੁਰਸਿਖ ਕਰਨ ਇਕ ਪਹਿਚਾਣ, ਦੂਜੀ ਅੱਖ
ਨਾ ਕੋਇ ਬਦਲਾਈਆ । ਚਿੱਟੇ ਬਸਤਰ ਪਹਿਨ ਹੋ ਨਾ ਜਾਣਾ ਹੈਰਾਨ, ਹੈਰਾਨੀ ਵਾਲੀ ਗੱਲ ਨਾ ਕੋਇ ਸਮਝਾਈਆ । ਪਿਛਲਾ ਲਹਿਣਾ ਦੇਣਾ
ਚੁਕਾਇਆ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਪਤਿਪਰਮੇਸ਼ਵਰ
ਬੇਪਰਵਾਹੀਆ । ਚਿੱਟਾ ਬਸਤਰ ਕਹੇ ਮੈਂ ਕਰਾਂ ਪਤਿਤ ਪੁਨੀਤ, ਦੁਰਮਤ ਮੈਲ ਧਵਾਈਆ । ਕਾਇਆ ਮਾਟੀ ਕਰਾਂ ਠਾਂਡੀ ਸੀਤ, ਅਗਨੀ ਤਤ
ਬੁਝਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸੁਣਾਵਾਂ ਧੁਰ ਦਾ ਗੀਤ, ਆਤਮ ਪਰਮਾਤਮ ਵੱਜੇ ਵਧਾਈਆ । ਲੱਖ ਚੁਰਾਸੀ ਵਿਚੋਂ ਭਗਤਾਂ ਪਰਖ ਕੇ
ਸਾਚੀ ਨੀਤ, ਨੀਤੀਵਾਨ ਦਿਆਂ ਬਣਾਈਆ । ਚਰਨ ਕਵਲ ਉਪਰ ਧਵਲ ਪਰਮ ਪੁਰਖ ਸਾਚੀ ਦੱਸ ਪ੍ਰੀਤ, ਪ੍ਰੀਤਮ ਧੁਰ ਦਾ ਦਿਆਂ ਮਿਲਾਈਆ ।
ਜਨ ਭਗਤੋ ਲੇਖਾ ਚੁਕ ਜਾਏ ਮੰਦਰ ਮਸੀਤ, ਸ਼ਿਵਦਵਾਲਾ ਮਠ ਲੋੜ ਰਹੇ ਨਾ ਰਾਈਆ । ਘਰ ਸਵਾਮੀ ਠਾਕਰ ਤ੍ਰੈਗੁਣ ਅਤੀਤਾ ਮਿਲੇ ਠੀਕ,
ਕੂੜੀ ਕਿਰਿਆ ਕਾਇਆ ਠੀਕਰ ਭੰਨ ਵਖਾਈਆ । ਸਾਚਾ ਕਲਮਾ ਧੁਰ ਦਾ ਨਾਮ ਇਕੋ ਦੇ ਹਦੀਸ, ਹਜ਼ਰਤ ਹੋ ਕੇ ਕਰੇ ਪੜ੍ਹਾਈਆ । ਲੇਖਾ
ਜਾਣੇ ਰਾਓ ਰੰਕ ਊਚ ਨੀਚ ਹਸਤ ਕੀਟ, ਸ਼ਾਹ ਹਕੀਰ ਫ਼ਕੀਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ
ਖੇਲ ਸਾਚਾ ਹਰਿ, ਅੰਤਰ ਆਤਮ ਸਭ ਦੀ ਖੋਜ ਖੁਜਾਈਆ । ਚਿੱਟਾ ਬਸਤਰ ਕਹੇ ਮੈਂ ਭਗਤਾਂ ਅੰਦਰ ਦੇਣਾ ਰੰਗ, ਨਾਮ ਖ਼ੁਮਾਰੀ ਇਕ ਚੜ੍ਹਾਈਆ ।
ਸ਼ਬਦ ਨਾਦ ਵਜੌਣਾ ਮਰਦੰਗ, ਧੁਨ ਆਤਮਕ ਰਾਗ ਸੁਣਾਈਆ । ਦੂਈ ਦਵੈਤੀ ਢੌਣੀ ਕੰਧ, ਭਾਂਡਾ ਭਰਮ ਭਉ ਭੰਨਾਈਆ । ਸਚ ਪ੍ਰੀਤੀ ਦੇਣਾ
ਅਨੰਦ, ਨਿਜਾਨੰਦ ਵਿਚ ਰਸਾਈਆ । ਆਵਣ ਜਾਵਣ ਲੱਖ ਚੁਰਾਸੀ ਜਨਮ ਮਰਨ ਮੇਟਣਾ ਪੰਧ, ਰਾਏ ਧਰਮ ਨਾ ਦਏ ਸਜ਼ਾਈਆ । ਸਚ ਸਰੋਵਰ
ਤੀਰਥ ਇਸ਼ਨਾਨ ਕਰੌਣਾ ਧੁਰ ਦੀ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਸਚ ਦਵਾਰ ਹਰਿ ਕਰਤਾਰ
ਗੁਰਮੁਖਾਂ ਪੌਣੀ ਸਾਚੀ ਠੰਡ, ਅਗਨੀ ਤਤ ਰਹਿਣ ਕੋਇ ਨਾ ਪਾਈਆ । ਪੰਚ ਵਿਕਾਰ ਗੜ੍ਹ ਹੰਕਾਰ ਕਰੇ ਕੋਈ ਨਾ ਜੰਗ, ਆਸਾ ਤ੍ਰਿਸ਼ਨਾ ਮਾਇਆ
ਮਮਤਾ ਹੋਏ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਜਣ ਦੇਣਾ ਮਿਲਾਈਆ ।
ਚਿੱਟਾ ਬਸਤਰ ਕਹੇ ਮੈਂ ਅੰਤਰ ਵੇਖਿਆ ਮਾਰ ਕੇ ਧਿਆਨ, ਗੁਰਮੁਖਾਂ ਪੜਦਾ ਖੋਜ ਖੁਜਾਈਆ । ਸੀਤਾ ਸੁਰਤੀ ਮਿਲੌਣਾ ਰਾਮ, ਧੁਰ ਦਾ ਕਾਹਨ
ਸਾਚੀ ਬੰਸਰੀ ਨਾਮ ਸੁਣਾਈਆ । ਸਾਚਾ ਹਜ਼ਰਤ ਦਏ ਪੈਗਾਮ, ਬਿਨ ਅਲਿਫ਼ ਯੇ ਕਰੇ ਪੜ੍ਹਾਈਆ । ਪਰਗਟ ਕਰੌਣਾ ਸਚਾ ਨਾਮ, ਸਤਿਨਾਮ
ਸਤਿ ਸਤਿ ਜਣਾਈਆ । ਫ਼ਤਿਹ ਡੰਕਾ ਵਜੌਣਾ ਸੁਣੌਣਾ ਬਿਨਾ ਕਾਨ, ਅਨਹਦ ਨਾਦੀ ਆਪਣਾ ਭੇਵ ਖੁਲ੍ਹਾਈਆ । ਭਾਗ ਲਗੌਣਾ ਸਾਢੇ ਤਿੰਨ
ਹੱਥ ਕਾਇਆ ਮਕਾਨ, ਮੁਕਾਮੇ ਹਕ ਦੇਣਾ ਦਰਸਾਈਆ । ਪਿਛੇ ਇਸੇ ਦਾ ਦੇਣਾ ਇਸੇ ਕਰ ਕੇ ਔਣਾ ਪਿਆ ਸਨਾਮ, ਅਵਰ ਕਾਮ ਨਾ ਕੋਇ
ਜਣਾਈਆ । ਤ੍ਰਿਲੋਕ ਸਿੰਘ ਦਾ ਤੇਰਾ ਪਿਛਲਾ ਮਾਣ, ਧੁਰ ਫ਼ਰਮਾਨ ਤੁਸੀਂ ਦੋਵੇਂ ਜਾਣ ਨਾ ਸਕੇ ਅਨਜਾਣ, ਬਾਲੀ ਬੁਧਿ ਨਾ ਕੋਇ ਵਡਿਆਈਆ ।
ਕਰਨੀ ਦਾ ਕਰਤਾ ਕਰੇ ਕਰਾਏ ਸ੍ਰੀ ਭਗਵਾਨ, ਵੇਖਣਹਾਰਾ ਦੋ ਜਹਾਨ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਈਆ । ਸੁਣ ਸਾਹਿਬ
ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝੇ ਯਾਰ ਵਿਚ ਸੰਸਾਰ ਮੇਲ ਕਰਾਇਆ ਆਣ, ਸਾਚੇ ਦਰ ਕਰ ਪਰਵਾਨ,


੮੩੭

ਚਿੱਟੇ ਬਸਤਰ ਦੇ ਨਿਸ਼ਾਨ, ਮੇਲ ਮਿਲਾਏ ਧੁਰ ਦੇ ਕਾਹਨ ਬੰਸਰੀ ਸੁਣਾ ਕੇ ਸੱਚਾ ਨਾਮ, ਸੋਈ ਸੁਰਤੀ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਦਾਨ, ਦਾਤਾ ਦਾਨੀ ਵਾਲੀ ਦੋ ਜਹਾਨੀ ਦੀਨ ਦੁਨੀ ਲੇਖਾ ਰਿਹਾ ਮੁਕਾਈਆ । ਤਨ ਕਪੜਾ ਕਹੇ ਮੈਨੂੰ ਕਹਿੰਦੇ ਕੁੜਤਾ, ਕ਼ਮੀਜ਼ ਕਹਿ ਕੇ ਜਗਤ ਬੁਲਾਈਆ । ਮੇਰੀ ਸਿਫ਼ਤ ਮੈਂ ਜੀਂਦਾ ਕਰਾਂ ਮੁਰਦਾ, ਮੁਰਦਿਆਂ ਮੁਰਸ਼ਦ ਦਿਆਂ ਮਿਲਾਈਆ । ਭੇਵ ਖੁਲਾਵਾਂ ਸਾਚੇ ਗੁਰ ਦਾ, ਜੋ ਸਤਿਗੁਰ ਸਾਹਿਬ ਸਵਾਮੀ ਨਜ਼ਰੀ ਆਈਆ । ਜਿਸ ਦਾ ਹੁਕਮ ਫ਼ਰਮਾਣ ਦੋ ਜਹਾਨ ਕਦੇ ਨਾ ਮੁੜਦਾ, ਗੁਰ ਅਵਤਾਰ ਪੀਰ ਪੈਗ਼ੰਬਰ ਸਕੇ ਨਾ ਕੋਇ ਉਲਟਾਈਆ । ਅੱਜ ਓਸੇ ਦਾ ਮੇਲਾ ਮਿਲਦਾ, ਮਿਲ ਮਿਲ ਖ਼ੁਸ਼ੀ ਮਨਾਈਆ । ਜੇ ਕੋਈ ਹਾਲ ਪੁਛੇ ਦਿਲਬਰ ਦਿਲਦਾਰ ਦਿਲ ਦਾ, ਦਿਲ ਦੀ ਦਲੀਲ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਕੁੜਤਾ ਕਹੇ ਮੈਨੂੰ ਬੇਸ਼ਕ ਕਹਿੰਦੇ ਕ਼ਮੀਜ਼, ਤਨ ਖ਼ਾਕੀ ਦਿਆਂ ਵਡਿਆਈਆ । ਭਗਤਾਂ ਦੀ ਪੂਰੀ ਕਰਾਂ ਰੀਝ, ਸੋਹਣਾ ਰੰਗ ਚੜ੍ਹਾਈਆ । ਅੰਦਰ ਬਖ਼ਸ਼ਾਂ ਉਹ ਤਮੀਜ, ਜਿਸ ਦੇ ਨਾਲ ਮਿਲੇ ਸੱਚਾ ਸ਼ਹਿਨਸ਼ਾਹੀਆ । ਝਗੜਾ ਮੁਕ ਜਾਏ ਊਚ ਨੀਚ, ਰਾਓ ਰੰਕ ਰਹਿਣ ਨਾ ਪਾਈਆ । ਪੁਰਖ ਅਕਾਲ ਮਿਲਾਵਾਂ ਮੀਤ, ਮਿਤਰ ਪਿਆਰਾ ਧੁਰਦਰਗਾਹੀਆ । ਜਿਸ ਨੂੰ ਮਿਲਿਆਂ ਮਨ ਆਤਮਾ ਦੋਵੇਂ ਹੋਣ ਸੀਤ, ਅਗਨੀ ਤੱਤ ਨਾ ਲਗੇ ਰਾਈਆ । ਢੋਲਾ ਧੁਰ ਦਾ ਸੁਣਾਵਾਂ ਗੀਤ, ਸ਼ਬਦੀ ਸ਼ਬਦ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਰਥ ਸਿਰ ਆਪਣਾ ਹੱਥ ਟਿਕਾਈਆ ।





ਸਤਿਗੁਰ ਪੂਰਾ ਤਰਸ ਸਦਾ ਸਦ ਕਰਦਾ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਜਨ ਭਗਤ ਬਣਾ ਕੇ ਮਾਲਕ ਆਪਣੇ ਘਰ ਦਾ, ਚਰਨ ਦਵਾਰਾ ਇਕ ਵਖਾਇੰਦਾ । ਜਿਸ ਮੰਜ਼ਲ ਪੌੜੀ ਕੋਈ ਨਹੀਂ ਚੜ੍ਹਦਾ, ਸਚ ਮਨਾਰੇ ਆਪ ਬਹਾਇੰਦਾ । ਜਿਸ ਦਵਾਰੇ ਦਰਸ ਨਹੀਂ ਕੋਈ ਕਰਦਾ, ਤਿਸ ਗ੍ਰਿਹ ਸਵੱਛ ਸਰੂਪੀ ਨਜ਼ਰੀ ਆਇੰਦਾ । ਜਿਸ ਦਾ ਲੋਕਮਾਤ ਸੱਜਣ ਸੈਣ ਸਾਕ ਨਹੀਂ ਕੋਈ ਬਣਦਾ, ਗੁਰਮੁਖ ਆਪਣੀ ਗੋਦ ਉਠਾਇੰਦਾ । ਤਨ ਮਾਟੀ ਖ਼ਾਕੀ ਲੇਖਾ ਜਾਣੇ ਤਨ ਦਾ, ਆਤਮ ਪਰਮਾਤਮ ਭੇਵ ਚੁਕਾਇੰਦਾ । ਕਰ ਪਰਕਾਸ਼ ਸਾਚੇ ਨੂਰੀ ਚੰਨ ਦਾ, ਜਗਤ ਅੰਧੇਰ ਗਵਾਇੰਦਾ । ਜੋ ਕਰਮ ਕੁਕਰਮ ਸਚ ਦਵਾਰੇ ਮੰਨਦਾ, ਤਿਸ ਦੇ ਮਨ ਦਾ ਮਣਕਾ ਆਪ ਭਵਾਇੰਦਾ । ਹਿਰਦੇ ਅੰਦਰ ਅਗੇ ਵਸਦਾ, ਵਾਸਤਾ ਆਪਣੇ ਨਾਲ ਜੁੜਾਇੰਦਾ । ਪਰਦਾ ਲਾਹ ਕੇ ਸਾਚੀ ਅੱਖ ਦਾ, ਨੇਤਰ ਨੈਣਾਂ ਵਿਚ ਰਖਾਇੰਦਾ । ਪੂਰਬ ਲਹਿਣਾ ਦੇਵੇ ਹਕ ਦਾ, ਹਕ਼ੀਕ਼ਤ ਵਿਚੋਂ ਖੋਜ ਖੁਜਾਇੰਦਾ । ਮੀਤ ਪਿਆਰੇ ਪਿਛੇ ਮੂਲ ਨਾ ਛਡਦਾ, ਫੜ ਬਾਹੋਂ ਅਗੇ ਲਾਇੰਦਾ । ਵਿਕਾਰ ਮਿਟਾ ਕੇ ਕਾਇਆ ਮਾਟੀ ਚੰਮ ਹੱਡ ਦਾ, ਰੰਗ ਆਪਣਾ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਪੂਰਾ ਜਨ ਭਗਤਾਂ ਉਤੇ ਕਰੇ ਪੂਰਾ ਤਰਸ, ਜੁਗ ਜੁਗ ਰਹਿਮਤ ਆਪ ਕਮਾਈਆ । ਚਿੰਤਾ ਸੋਗ ਗ਼ਮ ਮਿਟਾ ਕੇ ਹਰਖ਼, ਦੁਖ ਦਰਦ ਦਏ ਗਵਾਈਆ । ਅੰਮ੍ਰਿਤ ਮੇਘ ਆਪਣਾ ਬਰਖ਼, ਕੂੜੀ ਤ੍ਰਿਸ਼ਨਾ ਦਏ ਬੁਝਾਈਆ । ਬਿਨ ਕਸਵਟੀਉਂ ਸਦਾ ਸਦਾ ਸਦ ਲਏ ਪਰਖ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਲਹਿਣਾ

ਦੇਣਾ ਜਾਨਣਹਾਰਾ ਅਰਸ਼ ਫ਼ਰਸ਼, ਦੋ ਜਹਾਨਾਂ ਖੋਜ ਖੁਜਾਈਆ । ਸਰਨ ਆਇਆਂ ਸਦਾ ਕਰੇ ਤਰਸ, ਸਿਰ ਆਪਣਾ ਹੱਥ ਟਿਕਾਈਆ । ਓਸ ਦਾ ਮਾਨਸ ਜਨਮ ਬੇੜਾ ਨਾ ਹੋਵੇ ਗ਼ਰਕ, ਡੁਬਦੀ ਨਈਆ ਲਏ ਤਰਾਈਆ । ਗੁਰਮੁਖ ਪਿਛਲਾ ਲੇਖਾ ਕਰੇ ਤਰਕ, ਅਗੇ ਚਲੇ ਸਚ ਰਜ਼ਾਈਆ । ਦੋਹਾਂ ਦੀ ਸਾਂਝੀ ਹੋ ਜਾਏ ਗ਼ਰਜ਼, ਗੁਰ ਚੇਲਾ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਾਹਿਬ ਸਤਿਗੁਰ ਸਦਾ ਸਦਾ ਸਦ ਤਰਸ ਕਰਦਾ, ਕਰਨੀ ਸਭ ਦੀ ਵੇਖ ਵਖਾਈਆ । ਗੁਰਮੁਖ ਬਣਾ ਕੇ ਆਪਣਾ ਬਰਦਾ, ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਭੇਵ ਚੁਕਾ ਕੇ ਨਰਾਇਣ ਨਰ ਦਾ, ਨਰ ਹਰਿ ਆਪਣਾ ਪਰਦਾ ਦਏ ਉਠਾਈਆ । ਸਾਚਾ ਸੋਹਲਾ ਪਰਮਾਤਮ ਆਤਮ ਨਾਲ ਮਿਲ ਕੇ ਪੜ੍ਹਦਾ, ਸੋਹੰ ਸੋ ਸਚ ਪੜ੍ਹਾਈਆ । ਸੋ ਜੀਵਤ ਰੂਪ ਕਦੇ ਨਾ ਮਰਦਾ, ਮਰ ਜੀਵਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਤਰਸ ਕਹੇ ਮੈਂ ਭਗਤਾਂ ਦੀ ਆਇਆ ਵੰਡ, ਵੰਡੀ ਧੁਰ ਦੀ ਦਿਤੀ ਪਾਈਆ । ਮੇਰਾ ਸਾਚਾ ਬਣਿਆ ਸੰਗ, ਪੁਰਖ ਅਕਾਲ ਦਿਤਾ ਸਮਝਾਈਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਗਾਇਆ ਛੰਦ, ਸੰਸੇ ਸਰਬ ਮਿਟਾਈਆ । ਉਹਨਾਂ ਨੂੰ ਦੇਵਾਂ ਅਨੰਦ, ਅੰਮ੍ਰਿਤ ਰਸ ਚਖਾਈਆ । ਭਰਮਾਂ ਦੀ ਢਾਹ ਕੇ ਕੰਧ, ਭਾਂਡਾ ਕੂੜਾ ਦਿਆਂ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਘਲਾਈਆ । ਤਰਸ ਕਹੇ ਮੈਂ ਸਾਚੇ ਘਰ ਦਾ ਗੋਲਾ ਗ਼ੁਲਾਮ ਬਰਦਾ, ਨਫ਼ਰ ਨਜ਼ਰੀ ਆਈਆ । ਭਗਤ ਪ੍ਰੇਮ ਪਿਛੇ ਫਿਰਾਂ ਮਰਦਾ, ਆਪਣਾ ਆਪ ਮਿਟਾਈਆ । ਜਿਨ੍ਹਾਂ ਦੀ ਸਾਹਿਬ ਸੁਲਤਾਨ ਮੰਨੇ ਅਰਜ਼ਾ, ਆਰਜ਼ੂ ਉਹਨਾਂ ਦੀ ਵੇਖ ਵਖਾਈਆ । ਜਿਨ੍ਹਾਂ ਦਾ ਅੰਦਰੋਂ ਚੁਕਿਆ ਜਾਏ ਪੜਦਾ, ਬਾਹਰੋਂ ਕਰਾਂ ਸਫ਼ਾਈਆ । ਜਿਹੜਾ ਮੇਰੇ ਸਾਹਿਬ ਕੋਲੋਂ ਨਹੀਂ ਡਰਦਾ, ਉਸ ਨੂੰ ਦਿਆਂ ਸਜ਼ਾਈਆ । ਇਹ ਖੇਲ ਅਛਲ ਛਲ ਦਾ, ਵਲਛਲ ਸਮਝੇ ਨਾ ਕੋਇ ਲੋਕਾਈਆ । ਜੋ ਪੁਰਖ ਅਕਾਲ ਚਰਨ ਕਵਲ ਮਰਦਾ, ਧੂੜੀ ਟਿੱਕਾ ਖ਼ਾਕ ਰਮਾਈਆ । ਉਸ ਦਾ ਲਹਿਣਾ ਲੇਖੇ ਲਾਵਾਂ ਘੜੀ ਪਲ ਦਾ, ਪਲਕ ਵਿਚੋਂ ਪਲਕ ਵੰਡ ਵੰਡਾਈਆ । ਲੇਖਾ ਦੇਵਾਂ ਚੰਗਾ ਅਸਮੇਧ ਯਗ ਨਾਲੋਂ ਬਲ ਦਾ, ਬਾਵਨ ਮੇਲਾ ਸਹਿਜ ਸੁਭਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਘਲਦਾ, ਤਰਸ ਕਰਕੇ ਹੋਏ ਸਹਾਈਆ । ਓਸੇ ਦਾ ਹੁਕਮ ਜੁਗ ਚੌਕੜੀ ਨਿਤ ਨਵਿਤ ਚਲਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਕਿਸੇ ਨੂੰ ਪਤਾ ਨਹੀਂ ਕਲ੍ਹ ਦਾ, ਕੀ ਕਰਤਾ ਖੇਲ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਜੁਗ ਜੁਗ ਤਰਸ ਕੀਤਾ, ਕੋੜ੍ਹਿਆਂ ਕਮਲਿਆਂ ਦਿਤੀ ਮਾਣ ਵਡਿਆਈਆ । ਜਨ ਭਗਤ ਬਣਾ ਕੇ ਆਪਣਾ ਮੀਤਾ, ਮਿਤਰ ਪਿਆਰਾ ਹੋ ਕੇ ਵੇਖ ਵਖਾਈਆ । ਅੰਤਰ ਬਾਹਰ ਕੀਤਾ ਠੰਡਾ ਸੀਤਾ, ਅਗਨੀ ਤੱਤ ਬੁਝਾਈਆ । ਜਗਤ ਨਾਲੋਂ ਵਖਰੀ ਦਸ ਕੇ ਰੀਤਾ, ਧੁਰ ਦਾ ਮਾਰਗ ਦਿਤਾ ਸਮਝਾਈਆ । ਰੋਗ ਵਖਾ ਕੇ ਤ੍ਰੈਗੁਣ ਅਤੀਤਾ, ਕੂੜੀ ਕਿਰਿਆ ਡੇਰਾ ਢਾਹੀਆ । ਸਾਚਾ ਕਲਮਾ ਦੱਸ ਹਦੀਸਾ, ਧੁਰ ਦਾ ਨਾਮ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਤਰਸ ਕਮਾਈਆ । ਜੁਗ ਜੁਗ ਤਰਸ ਕੀਤਾ ਭਗਵਾਨ, ਭਗਤਾਂ ਦਿਤੀ ਵਡਿਆਈਆ । ਚਰਨ ਪ੍ਰੀਤੀ ਧੂੜ ਇਸ਼ਨਾਨ, ਦੁਰਮਤ ਮੈਲ ਧਵਾਈਆ । ਨਾਮ ਅਮੋਲਕ ਸਚਾ ਦਾਨ, ਕਾਇਆ ਝੋਲੀ ਵਿਚ ਟਿਕਾਈਆ । ਆਤਮ ਪਰਮਾਤਮ ਸਚ

ਗਿਆਨ, ਸਿਖਿਆ ਸਚ ਸਮਝਾਈਆ । ਸਾਚਾ ਰਸਤਾ ਦੱਸ ਕੇ ਵਿਚ ਜਹਾਨ, ਅਗਲਾ ਪੰਧ ਕਟਾਈਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਚਰਨੀ ਡਿਗੇ ਆਣ, ਸਚ ਚਰਨੋਦਕ ਜਾਮ ਪਿਆਈਆ । ਗੁਰਮੁਖ ਸਦਾ ਸਦਾ ਸਦਾ ਸਦ ਬਾਲ ਅੰਞਾਣ, ਅਭੁਲ ਇਕੋ ਦਾਤਾ ਬੇਪਰਵਾਹੀਆ । ਕਰ ਕਿਰਪਾ ਮਿਹਰ ਨਾਲ ਜਿਨ੍ਹਾਂ ਆਪਣੇ ਦਰ ਕਰੇ ਪਰਵਾਨ, ਤਰਸ ਰਹਿਮਤ ਰਹਿਮ ਆਪਣਾ ਆਪ ਕਮਾਈਆ । ਸੋ ਗੁਰਮੁਖ ਗੁਰਸਿਖ ਚਤੁਰ ਸੁਘੜ ਸੁਜਾਨ, ਮੂਰਖ ਮੂੜ੍ਹ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਆਪਣਾ ਹੱਥ ਰਖਾਈਆ ।

### ✻ ੧੭ ਜੇਠ ਸ਼ਹਿਨਸ਼ਾਹੀ ਸੰਮਤ ੧ ਫ਼ਿਰੋਜ਼ਸ਼ਾਹ, ਸੜਕ ਉਤੇ, ਜ਼ਿਲਾ ਫ਼ਿਰੋਜ਼ਪੁਰ ✻

ਹਾਰ ਕਹਿਣ ਅਸੀਂ ਦੱਸਣ ਆਏ ਗੁਰਮੁਖਾਂ ਦਾ ਹਿਰਦਾ, ਹੱਦ ਪਿਆਰ ਵਾਲੀ ਪਾਰ ਕਰਾਈਆ । ਦਿਲਦਾਰ ਵੇਖਣ ਆਏ ਪ੍ਰਭ ਠਾਕਰ ਦਿਲ ਦਾ, ਜੋ ਦਿਲਗੀਰੀ ਜਗਤ ਰਿਹਾ ਗਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭਗਤਾਂ ਭਗਵੰਤ ਹੋ ਕੇ ਮਿਲਦਾ, ਮੇਲ ਮਿਲਾਵਾ ਆਤਮ ਪਰਮਾਤਮ ਡਿਠੇ ਸਹਿਜ ਸੁਖਦਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਭਗਤਾਂ ਦੇ ਅੰਦਰ ਆ ਗਿਆ ਫਿਰਦਾ ਫਿਰਦਾ, ਦੂਰ ਨੇੜਾ ਪੰਧ ਮੁਕਾਈਆ । ਲਹਿਣਾ ਦੇਣਾ ਪੂਰਬ ਚੁਕਾਏ ਜਨਮ ਜਨਮ ਦਾ ਚਿਰ ਦਾ, ਚੇਤਨ ਹੋ ਕੇ ਵੇਖ ਵਖਾਈਆ । ਅੰਮ੍ਰਿਤ ਮੇਘ ਬਰਸੇ ਆਪਣੀ ਮਿਹਰ ਦਾ, ਮਹਿਬੂਬ ਹੋ ਕੇ ਮੁਹੱਬਤ ਵਿਚ ਸਮਾਈਆ । ਬੇਸ਼ਕ ਗੁਰਮੁਖ ਤਕਦਾ ਰਿਹਾ ਸਵੇਰ ਦਾ, ਨੇਤਰ ਲੋਚਨ ਨੈਣ ਅੱਖ ਉਠਾਈਆ । ਸਮੇਂ ਨਾਲ ਪਰਸਿਧ ਹੋਣਾ ਸਤਿਗੁਰ ਅਗੰਮੀ ਸ਼ੇਰ ਦਾ, ਸ਼ਾਹ ਪਾਤਸ਼ਾਹ ਆਪਣਾ ਰੂਪ ਵਟਾਈਆ । ਬਿਨਾ ਭਗਤੀ ਜੁਗਤੀ ਤੋਂ ਜਨਮ ਮਰਨ ਦਾ ਲੇਖਾ ਨਬੇੜ ਦਾ, ਆਸਾ ਵਿਚ ਭਰਵਾਸਾ ਦਏ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹਾਰ ਕਹਿਣ ਅਸੀਂ ਵੇਖਣ ਆਏ ਹਰਿ, ਜੋ ਹਰ ਘਟ ਰਿਹਾ ਸਮਾਈਆ । ਸੰਤ ਸੁਹੇਲੇ ਰਿਹਾ ਵਰ, ਗੁਰਮੁਖਾਂ ਗੋਦ ਬਹਾਈਆ । ਭਗਤਾਂ ਦਾ ਖੋਲ੍ਹ ਕੇ ਦਰ, ਘਰ ਸਾਜਣ ਜੋੜ ਜੁੜਾਈਆ । ਪ੍ਰੇਮ ਪਿਆਰ ਮੁਹੱਬਤ ਦੇ ਬੰਨ੍ਹ ਕੇ ਲੜ, ਪਲੂ ਆਪਣੇ ਨਾਲ ਰਖਾਈਆ । ਕਾਇਆ ਮੰਦਰ ਅੰਦਰ ਜਾਏ ਵੜ, ਨਿਰਗੁਣ ਹੋ ਕੇ ਆਸਣ ਲਾਈਆ । ਸਚ ਵਖਾਵੇ ਧੁਰ ਦਾ ਘਰ, ਗ੍ਰਿਹ ਮੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਹਾਰ ਕਹਿਣ ਅਸੀਂ ਹੱਥਾਂ ਵਿਚ ਰਹੇ ਫਿਰਦੇ, ਸਾਰਾ ਦਿਨ ਆਪਣੀ ਖ਼ੁਸ਼ੀ ਮਨਾਈਆ । ਜਿਹੜੇ ਗੁਰਮੁਖ ਰਾਹ ਤਕਦੇ ਰਹੇ ਚਿਰ ਦੇ, ਚੇਤਨ ਹੋ ਕੇ ਅੱਖ ਖੁਲ੍ਹਾਈਆ । ਓਹਨਾਂ ਮਾਣ ਮਿਲਣੇ ਘਰ ਥਿਰ ਦੇ, ਸਚਖੰਡ ਵਜਣੀ ਸਚ ਵਧਾਈਆ । ਮੇਲੇ ਹੋਣੇ ਪ੍ਰੀਤਮ ਪਿਆਰੇ ਪਿਰ ਦੇ, ਜੋ ਪਤਿਪਰਮੇਸ਼ਵਰ ਬੇਪਰਵਾਹ ਅਖਵਾਈਆ । ਆਸਾ ਵਿਚ ਤੁਹਾਡੇ ਜਨਮਾਂ ਜਨਮਾਂ ਦੇ ਲੇਖੇ ਨਿਬੜਦੇ, ਕਰਮਾਂ ਕਰਮਾਂ ਦੇ ਡੇਰੇ ਢਾਹੀਆ । ਪੈਂਡੇ ਮੁਕਾ ਕੇ ਚੋਟੀ ਸਿਖ਼ਰ ਦੇ, ਮੰਜ਼ਲ ਧੁਰ ਦੀ ਦਏ ਵਖਾਈਆ । ਇਹ ਵੇਲੇ ਨੌਂ ਸੌ ਚੁਰਾਨਵੇ ਜੁਗ ਪਿਛੋਂ ਅਖ਼ੀਰ ਦੇ, ਆਖ਼ਰ ਆਪਣੇ ਰੰਗ ਸਮਾਈਆ । ਖ਼ੂਨ ਬਦਲ ਦੇਵੇ ਭਗਤਾਂ ਵਾਲੀ ਤਾਅਸੀਰ ਦੇ, ਜ਼ਮੀਰ ਅੰਦਰੋਂ ਦਏ ਬਦਲਾਈਆ । ਲਹਿਣੇ ਮੁਕਾ

ਦੇਵੇ ਜਗਤ ਵਾਲੀ ਤਕ਼ਦੀਰ ਦੇ, ਤਦਬੀਰ ਆਪਣੀ ਇਕ ਦ੍ਰਿੜਾਈਆ । ਝਗੜੇ ਮੁਕਾ ਦੇਣੇ ਸ਼ਰਅ ਜ਼ੰਜੀਰ ਦੇ, ਬੰਧਨ ਦੂਈ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਹਾਰ ਕਹਿਣ ਗੁਰਮੁਖੋ ਜੇ ਸਾਰਾ ਦਿਨ ਤਕਦੇ ਤਕਦੇ ਗਏ ਥਕ, ਪੰਜ ਤੱਤ ਕਾਇਆ ਦਏ ਦੁਹਾਈਆ । ਇਕ ਇਕ ਦਾ ਤੁਹਾਡਾ ਲਹਿਣਾ ਦੇਣਾ ਝੋਲੀ ਪਾਵੇ ਹਕ, ਹਕ਼ੀਕ਼ਤ ਸਭ ਦੀ ਵੇਖ ਵਖਾਈਆ । ਜੁਗ ਚੌਕੜੀ ਸਨਮੁਖ ਹੋ ਕੇ ਇਹੋ ਜਿਹਾ ਦਰਸ ਨਹੀਂ ਪਾਇਆ ਨਾਲ ਕਿਸੇ ਅੱਖ, ਸਨਮੁਖ ਹੋ ਖ਼ੁਸ਼ੀ ਮਨਾਈਆ । ਨਿਰਗੁਣ ਰੂਪ ਪ੍ਰਤੱਖ, ਧੁਰ ਦਾ ਦਾਤਾ ਬੇਪਰਵਾਹੀਆ । ਗਹਿਰ ਗੰਭੀਰ ਬੇਨਜ਼ੀਰ ਪ੍ਰੇਮ ਪਿਆਰ ਅੰਦਰ ਆਇਆ ਨਠ, ਬਣ ਪਾਂਧੀ ਪੰਧ ਮੁਕਾਈਆ । ਹਾਰ ਕਹਿਣ ਜਿਸ ਤਰਾ ਸਾਡਾ ਕਲੀ ਕਲੀ ਦਾ ਹੋਇਆ ਇਕੱਠ, ਗੁਰਮੁਖ ਇਕੋ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਵੇਖ ਵਖਾਈਆ । ਹਾਰ ਕਹਿਣ ਜੇ ਤਕਦਿਆਂ ਹੋ ਗਿਆ ਬਹੁਤਾ ਵਕ਼ਤ, ਦਿਵਸ ਘੜੀਆਂ ਪਲਾਂ ਵਿਚ ਲੰਘਾਈਆ । ਇਸੇ ਉਡੀਕ ਵਿਚ ਤੁਹਾਡਾ ਲੇਖਾ ਮੁਕਾ ਦਏ ਵਿਚੋਂ ਜਗਤ, ਜੀਵਨ ਆਪਣੀ ਝੋਲੀ ਪਾਈਆ । ਸਚ ਪ੍ਰੇਮ ਦੀ ਦੇ ਕੇ ਸ਼ਕਤ, ਸ਼ਖ਼ਸੀਅਤ ਸਾਚੀ ਦਏ ਸਮਝਾਈਆ । ਆਤਮ ਪਰਮਾਤਮ ਮਿਲਣ ਵਿਚ ਰਹਿਣ ਨਾ ਦੇਵੇ ਕੋਈ ਫ਼ਰਕ, ਪੜਦਾ ਵਿਚੋਂ ਦਏ ਉਠਾਈਆ । ਜਿਸ ਨੂੰ ਸਾਰੇ ਲਭਦੇ ਤਕਦੇ ਵੇਖਦੇ ਕਿਥੇ ਰਹਿੰਦਾ ਉਹ ਪਿਆ ਰਿਸ, ਅਰਸ਼ਾਂ ਦਾ ਮਾਲਕ ਉਤੇ ਫ਼ਰਸ਼ ਫ਼ਰਜ਼ ਆਪਣਾ ਪੂਰ ਕਰਾਈਆ । ਤੁਹਾਡੇ ਥਕੇਵੇਂ ਦੇ ਵੰਡੇ ਦਰਦ, ਥਕਾਵਟ ਆਪਣੇ ਨਾਲ ਮਿਲਾਈਆ । ਜੇ ਤੁਹਾਡਾ ਹੋ ਗਿਆ ਬਹੁਤਾ ਹਰਜ, ਹਰਜਾਨਾ ਧੁਰ ਦਾ ਨਾਮ ਵਟਾਂਦਰੇ ਵਿਚ ਰਖਾਈਆ । ਤੁਹਾਡੇ ਨਾਲੋਂ ਮੈਨੂੰ ਬਹੁਤੀ ਗ਼ਰਜ਼, ਜਿਸ ਦੀ ਖ਼ਾਤਰ ਭੱਜਾਂ ਵਾਹੋ ਦਾਹੀਆ । ਦੇਰ ਦੀ ਖ਼ਾਤਰ ਤੁਹਾਡੇ ਅਗੇ ਕਰ ਕੇ ਅਰਜ਼, ਤੁਹਾਡਾ ਗ਼ੁੱਸਾ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਹਾਰ ਕਹਿਣ ਸਾਨੂੰ ਕੋਈ ਨਾ ਰਿਹਾ ਦੁਖ, ਸਾਚੇ ਦਰ ਮਿਲੀ ਵਡਿਆਈਆ । ਜਨ ਭਗਤੋ ਸਾਨੂੰ ਲਵੋ ਪੁਛ, ਸਚ ਕਹਾਣੀ ਦਈਏ ਸਮਝਾਈਆ । ਸ੍ਰੀ ਭਗਵਾਨ ਤੁਹਾਡੇ ਉਤੇ ਖ਼ੁਸ਼, ਮਿਹਰਵਾਨ ਬੇਪਰਵਾਹੀਆ । ਤੁਹਾਡੇ ਅੰਦਰ ਬੈਠਾ ਲੁਕ, ਬਾਹਰ ਆਪਣਾ ਰੰਗ ਰੰਗਾਈਆ । ਦਰਦ ਵੰਡਾਏ ਜੀਵਣ ਦੁਖ, ਪਿਤਾ ਪੁਤ ਪੂਤ ਸਪੂਤ ਆਪਣੀ ਗੋਦ ਉਠਾਈਆ । ਜੇ ਰਾਹ ਤਕਦਿਆਂ ਦਾ ਪਿਆਸ ਨਾਲ ਤੁਹਾਡਾ ਸੁਕ ਗਿਆ ਮੁਖ, ਅੰਮ੍ਰਿਤ ਮੇਘ ਬੂੰਦ ਸੁਆਂਤੀ ਦਏ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖੇ ਵਿਚ ਪਾਈਆ । ਜਨ ਭਗਤੋ ਜੋ ਕ਼ਦਮ ਕ਼ਦਮ ਆਏ ਪਾ ਰਾਹ, ਰਹਿਬਰ ਹਕ ਤਕਾਈਆ । ਤੁਹਾਡਾ ਜਨਮ ਜਨਮ ਦਾ ਲੇਖਾ ਦਏ ਮੁਕਾ, ਮੁਕੰਮਲ ਆਪਣੇ ਵਿਚ ਮੁਕਾਈਆ । ਜਲਵਾ ਦੇ ਕੇ ਨੂਰੀ ਖ਼ੁਦਾ, ਖ਼ੁਦਗ਼ਰਜ਼ੀ ਦਏ ਗੁਆਈਆ । ਸਦਾ ਚਲੇ ਭਗਤ ਭਗਵਾਨ ਇਕ ਰਜ਼ਾ, ਦੂਜੀ ਵੰਡ ਨਾ ਕੋਇ ਵਖਾਈਆ । ਤੁਹਾਡੇ ਪਿਛੇ ਆਇਆ ਵੇਸ ਵਟਾ, ਅਵਲੜਾ ਭੇਸ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੁਹਾਡੀ ਗ਼ਮੀ ਖ਼ੁਸ਼ੀ ਵਿਚ ਦਏ ਬਦਲਾ, ਖ਼ੁਸ਼ਹਾਲੀ ਆਪਣੇ ਨਾਲ ਰਖਾਈਆ ।

## ❊ ੧੭ ਜੇਠ ਸ਼ਹਿਨਸ਼ਾਹੀ ਸੰਮਤ ੧ ਸੰਪੂਰਨ ਸਿੰਘ ਦੇ ਗ੍ਰਿਹ ਫ਼ਿਰੋਜ਼ਸ਼ਾਹ, ਜ਼ਿਲਾ ਫ਼ਿਰੋਜ਼ਪੁਰ (ਮਾਲਵਾ ਸੰਗਤ) ❊

ਸੋ ਪੁਰਖ ਨਿਰੰਜਣ ਆਦਿ ਜੁਗਾਦਿ, ਜੁਗ ਚੌਕੜੀ ਆਪਣਾ ਖੇਲ ਖਿਲਾਇੰਦਾ । ਵੇਖਣਹਾਰ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਪਤਿਪਰਮੇਸ਼ਵਰ ਦੋ ਜਹਾਨਾਂ ਖੋਜ ਖੁਜਾਇੰਦਾ । ਜੁਗ ਚੌਕੜੀ ਨਿਰਗੁਣ ਸਰਗੁਣ ਪੂਰਬ ਲਹਿਣਾ ਰਖੇ ਯਾਦ, ਭੇਵ ਅਭੇਦਾ ਅਛਲ ਅਛੇਦਾ ਪਰਦਾ ਉਹਲਾ ਆਪ ਉਠਾਇੰਦਾ । ਭਗਤ ਸੁਹੇਲਾ ਇਕ ਅਕੇਲਾ ਵਸਤ ਅਮੋਲਕ ਦੇਵਣਹਾਰਾ ਦਾਦ, ਨਾਮ ਨਿਧਾਨਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਝੋਲੀ ਪਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਖੇਲ ਤਮਾਸ਼ ਖ਼ਾਲਕ ਖ਼ਲਕ ਖ਼ਲਕ ਅਰਸ਼ ਪਰਦਾ ਓਹਲਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਆਪਣੀ ਕਾਰ ਕਮਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਹਰਿ ਕਰਤਾ ਵਡ ਵਡਿਆਈਆ । ਸਚਖੰਡ ਨਿਵਾਸੀ ਖੇਲੇ ਖੇਲ ਅਪਾਰਾ, ਦੂਜਾ ਸੰਗ ਨਾ ਕੋਇ ਰਖਾਈਆ । ਨਿਰਗੁਣ ਸਰਗੁਣ ਲਏ ਉਤਾਰਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਵੇਸ ਵਟਾਈਆ । ਭੇਵ ਅਭੇਦਾ ਅਛਲ ਅਛੇਦਾ ਆਤਮ ਪਰਮਾਤਮ ਖੇਲਣਹਾਰਾ, ਪਾਰਬ੍ਰਹਮ ਬ੍ਰਹਮ ਪਰਦਾ ਦਏ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਜਾਣੇ ਸਰਬ ਸੰਸਾਰਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਬੇਪਰਵਾਹੀਆ । ਸੋ ਪੁਰਖ ਨਿਰੰਜਣ ਸਾਹਿਬ ਸਵਾਮੀ, ਹਰਿ ਦਾਤਾ ਬੇਪਰਵਾਹੀਆ । ਆਦਿ ਜੁਗਾਦੀ ਅੰਤਰਜਾਮੀ, ਘਟ ਭੀਤਰ ਵੇਖ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਸਦਾ ਨਿਹਕਾਮੀ, ਨਿਹਚਲ ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬੈਠਾ ਸੋਭਾ ਪਾਈਆ । ਬੋਧ ਅਗਾਧ ਸ਼ਬਦ ਅਨਾਦ ਨਿਰਅੱਖਰ ਬੋਲਣਹਾਰਾ ਬਾਣੀ, ਚਾਰੇ ਖਾਣੀ ਧੁਰ ਫ਼ਰਮਾਨਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਸਚ ਕਮਾਈਆ । ਸੋ ਪੁਰਖ ਨਿਰੰਜਣ ਵਜਾਵਣ ਆਇਆ ਸ਼ਬਦੀ ਨਾਦ, ਦੋ ਜਹਾਨ ਅਗੰਮ ਅਥਾਹ ਆਪਣੀ ਧਾਰ ਸੁਣਾਈਆ । ਸੰਤ ਸੁਹੇਲੇ ਗੁਰਮੁਖ ਗੁਰ ਗੁਰ ਸੱਜਣ ਲਾਦ, ਮੇਲ ਮਿਲਾਏ ਸਹਿਜ ਸੁਭਾਈਆ । ਪੂਰਬ ਲਹਿਣਾ ਦੇਣਾ ਲੇਖਾ ਯਾਦ, ਪਰਦਾ ਓਹਲਾ ਆਪ ਚੁਕਾਈਆ । ਵੇਖਣਹਾਰਾ ਘਰ ਹਰਨਾਕਸ਼ ਦੈਂਤ ਭਗਤ ਪ੍ਰਹਿਲਾਦ, ਬੇਨਜ਼ੀਰ ਆਪਣੀ ਖੇਲ ਵਖਾਈਆ । ਤੇਜਭਾਨ ਜਿਸ ਦਾ ਸੀ ਉਸਤਾਦ, ਪੰਡਤ ਪਾਂਧਾ ਰੂਪ ਵਟਾਈਆ । ਸਾਚੀ ਸਿਖਿਆ ਦੇਵੇ ਬੁਧੀ ਕਰੇ ਅਗਾਧ, ਬੋਧ ਦਏ ਜਣਾਈਆ । ਜਲੇ ਥਲੇ ਹਰਨਾਕਸ਼ਾ ਰਾਧ, ਰਾਮ ਰਾਮ ਨਾ ਕੋਇ ਵਡਿਆਈਆ । ਦੀਨ ਦੁਨੀ ਦਾ ਬਦਲ ਰਿਹਾ ਸਮਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਬੇਪਰਵਾਹੀਆ । ਪ੍ਰਹਿਲਾਦ ਕਿਹਾ ਮੇਰੀ ਨਿਮਸਕਾਰ, ਨਮੋ ਨਮੋ ਕਰ ਸੁਣਾਈਆ । ਧੁਰ ਦਾ ਹੁਕਮ ਦੇਵੇ ਨਿਰੰਕਾਰ, ਅੰਤਰ ਆਤਮ ਕਰੇ ਸਚ ਪੜ੍ਹਾਈਆ । ਬਿਨ ਅੱਖਰਾਂ ਵਿਦਿਆ ਰਿਹਾ ਵਖਾਲ, ਨਿਰਅੱਖਰ ਭੇਵ ਰਿਹਾ ਖੁਲ੍ਹਾਈਆ । ਦੱਸੇ ਬੋਲ ਬਿਨ ਰਸਨਾ ਜ਼ਬਾਨ, ਬੱਤੀ ਦੰਦ ਨਾ ਕੋਇ ਹਿਲਾਈਆ । ਸ਼ਬਦ ਅਗੰਮੀ ਦਏ ਫ਼ਰਮਾਨ, ਧੁਰ ਸੰਦੇਸ਼ਾ ਇਕ ਸਮਝਾਈਆ । ਮਿਹਰਵਾਨ ਮੁਹੱਬਤ ਵਿਚ ਮਹਿਬੂਬ ਕਿਰਪਾ ਕਰੇ ਆਣ, ਦੀਨ ਦਿਆਲ ਦਇਆ ਕਮਾਈਆ । ਸਤਿ ਪ੍ਰੀਤੀ ਚਰਨ ਬਖ਼ਸ਼ੇ ਧਿਆਨ, ਨਜ਼ਰ ਨੈਣ ਨਾ ਕੋਇ ਫਿਰਾਈਆ । ਇਕੋ ਪੱਟੀ ਦੱਸੀ ਵਿਚ ਜਹਾਨ, ਜਿਸ ਦੀ ਅਬਾਰਤ ਸਕੇ ਨਾ ਕੋਇ ਬਦਲਾਈਆ । ਕ਼ਾਇਦਾ

੮੪੨

ਕ਼ਾਨੂੰਨ ਦੱਸਿਆ ਇਕ ਨਿਸ਼ਾਨ, ਨਿਸ਼ਾਨਾ ਧੁਰ ਦਾ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਬ੍ਰਾਹਮਣ ਕਿਹਾ ਤੂੰ ਆ ਜਾ ਪਾਠਸ਼ਾਲਾ, ਵਿਦਿਆਲਾ ਆਪਣਾ ਦਿਆਂ ਜਣਾਈਆ । ਇਸ ਵਕਤ ਵਿਚ ਪੜ੍ਹਨਾ ਸਭ ਤੋਂ ਸੁਖਾਲਾ, ਸਿਖਿਆ ਇਕੋ ਇਕ ਸਮਝਾਈਆ । ਕਿਹੜੇ ਰਾਮ ਦੀ ਫੇਰਦਾ ਮਾਲਾ, ਮਨਸਾ ਮਨ ਨਾਲ ਭੁਆਈਆ । ਕੂੜੀ ਕਿਰਿਆ ਛਡ ਜੰਜਾਲਾ, ਬੁੱਧੀ ਆਪਣੀ ਲੈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਪ੍ਹਿਲਾਦ ਕਿਹਾ ਮੈਂ ਕਰਾਂ ਡੰਡੌਤ, ਨਮੋ ਨਮੋ ਸੀਸ ਝੁਕਾਈਆ । ਮੈਨੂੰ ਪੜ੍ਹਨ ਦਾ ਬੜਾ ਸ਼ੌਕ, ਅੰਦਰੇ ਅੰਦਰ ਵੇਖ ਵਖਾਈਆ । ਇਕੋ ਮੰਜ਼ਲ ਦਿਸਦੀ ਔਖ, ਜਿਹੜੀ ਘਾਟੀ ਸਕੇ ਨਾ ਕੋਇ ਚੜ੍ਹਾਈਆ । ਜੇ ਮੇਰੇ ਸਾਹਿਬ ਕੋਲ ਜਾਵੇਂ ਪਹੁੰਚ, ਪਹਿਲੋਂ ਉਹਨੂੰ ਆਖ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਪ੍ਰਹਿਲਾਦ ਕਿਹਾ ਪਹਿਲਾਂ ਦੱਸ ਮੇਰਾ ਭਗਵਾਨ, ਜੋ ਦਇਆ ਮੇਰੇ ਉਤੇ ਰਿਹਾ ਕਮਾਈਆ । ਜਿਸ ਦਾ ਆਦਿ ਜੁਗਾਦਿ ਸਚਾ ਵਿਧਾਨ, ਸ਼ਰਅ ਸਕੇ ਨਾ ਕੋਇ ਬਦਲਾਈਆ । ਜਿਸ ਦੀ ਸਿਫ਼ਤ ਕਰਨ ਦੋ ਜਹਾਨ, ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਢੋਲੇ ਗਾਈਆ । ਜਿਸ ਨੂੰ ਸਮਝ ਨਾ ਸਕੇ ਕੋਇ ਜ਼ਬਾਨ, ਚੌਦਾਂ ਵਿਦਿਆ ਪੜਦਾ ਨਾ ਸਕੇ ਕੋਇ ਖੁਲ੍ਹਾਈਆ । ਜਿਸ ਦਾ ਮਜ਼ਮੂਨ ਸਭ ਤੋਂ ਵਖਰਾ ਵਿਚ ਜਹਾਨ, ਹੈਰਾਨ ਕਰੇ ਲੋਕਾਈਆ । ਜਿਸ ਦਾ ਕਾਤਬ ਲਿਖ ਕੇ ਕਰੇ ਨਾ ਕੋਇ ਬਿਆਨ, ਤਹਿਰੀਰ ਤਕਰੀਰ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ



੮੪੩

ਵਖਾਈਆ । ਬ੍ਰਾਹਮਣ ਕਿਹਾ ਸੁਣ ਨੱਢੇ ਬਾਲ, ਬਚਪਨ ਵਿਚ ਤੈਨੂੰ ਦਿਆਂ ਜਣਾਈਆ । ਪੜ੍ਹਨਾ ਲਿਖਣਾ ਬੁਧੀਵਾਨ ਬਣਨਾ ਕਮਾਲ, ਨੌਜਵਾਨ ਆਪਣਾ ਰੰਗ ਰੰਗਾਈਆ । ਤੇਰਾ ਪਿਤਾ ਹੋਵੇ ਮਿਹਰਵਾਨ, ਨਜ਼ਰ ਮਿਹਰ ਇਕ ਉਠਾਈਆ । ਸਾਨੂੰ ਦੇਵੇ ਸਾਚੇ ਨਾਮ, ਝਗੜੇ ਮੁਕ ਜਾਣ ਜਗਤ ਜਹਾਨ, ਭੁਖ ਨੰਗ ਰਹੇ ਨਾ ਰਾਈਆ । ਪ੍ਰਹਿਲਾਦ ਕਹੇ ਜੇ ਲੈਣਾ ਸਚ ਨਿਸ਼ਾਨ, ਇਕੋ ਮੰਨ ਸ੍ਰੀ ਭਗਵਾਨ, ਜੋ ਆਸਾ ਮਨਸਾ ਪੂਰੀ ਦਏ ਕਰਾਈਆ । ਤੇਰੀ ਪੱਟੀ ਦੀ ਪੱਟੀ ਕਰੇ ਪਰਵਾਨ, ਬਿਨ ਅੱਖਰਾਂ ਅੱਖਰ ਵੇਖ ਵਖਾਈਆ । ਤੇਰੇ ਉਪਦੇਸ਼ ਦਾ ਬਾਲਾਂ ਵਾਲਾ ਸੰਦੇਸ਼ਾ ਕਰੇ ਪਰਵਾਨ, ਧਿਆਨ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਪੰਡਤ ਕਿਹਾ ਲੈ ਬਾਲ ਉਪਦੇਸ਼, ਸਿਖਿਆ ਸਚ ਦ੍ਰਿੜਾਈਆ । ਸਾਚੇ ਗ੍ਰਹਿ ਦਾ ਵੇਖ ਸਾਚਾ ਭੇਤ, ਭੇਵ ਦਿਆਂ ਖੁਲ੍ਹਾਈਆ । ਪਿਤਾ ਪੂਤ ਕਰ ਸਾਚਾ ਹੇਤ, ਸ਼ਾਹੀ ਦਰ ਮਿਲੇ ਵਡਿਆਈਆ । ਬੁੱਧੀਵਾਨ ਬਣ ਨੇਕ, ਸਿਖਿਆ ਸੋਹਣੀ ਝੋਲੀ ਪਾਈਆ । ਪ੍ਰਹਿਲਾਦ ਕਿਹਾ ਮੈਂ ਹੁਕਮ ਮੰਨਣਾ ਏਕ, ਦੂਸਰ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇਵਣਹਾਰ ਵਡਿਆਈਆ । ਪੰਡਤ ਕਿਹਾ ਦੱਸ ਕਿਹੜਾ ਤੇਰਾ ਭਗਵੰਤ, ਜਿਸ ਦਾ ਧਿਆਨ ਰਿਹਾ ਲਗਾਈਆ । ਕਵਣ ਓਸ ਦਾ ਅਗੰਮੀ ਮੰਤ, ਜੋ ਬਿਨ ਅੱਖਰਾਂ ਕਰੇ ਪੜ੍ਹਾਈਆ । ਪ੍ਰਹਿਲਾਦ, ਕਿਹਾ ਉਹ ਬੋਧ ਅਗਾਧਾ ਪੰਡਤ, ਜਿਸ ਬ੍ਰਹਮ ਵੇਤੇ ਦਿਤੇ ਸਮਝਾਈਆ । ਗੜ੍ਹ ਸਭ ਦੇ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਜਣਾਈਆ । ਜਿਸ ਦਾ ਲਹਿਣਾ ਆਦਿ ਜੁਗਾਦਿ ਜੁਗ ਚੌਕੜੀ ਅੰਤ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਨੂੰ ਖੋਜਦੇ ਗੁਰ ਅਵਤਾਰ ਪੈਗ਼ੰਬਰ ਸੰਤ, ਭਗਤ ਉਸ

ਦਾ ਧਿਆਨ ਲਗਾਈਆ । ਮੇਰੀ ਉਸੇ ਅਗੇ ਮਿੰਨਤ ਜੋ ਸਭ ਦਾ ਪਿਤਾ ਮਾਈਆ । ਜਿਸ ਦੇ ਬਲ ਅੰਦਰ ਜੋਧੇ ਬੀਰ ਸੁਲਤਾਨ ਰਾਜ ਰਾਜਾਨ ਕਰਨ ਹਿੰਮਤ, ਹੌਸਲੇ ਜਗਤ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਡਤ ਕਿਹਾ ਪ੍ਰਹਿਲਾਦ ਤੇਰਾ ਭਗਵਾਨ ਸਦਾ ਅਨਪੜ੍ਹ, ਵਿਦਿਆ ਪੜ੍ਹਨ ਕੋਇ ਨਾ ਆਈਆ । ਪਤਾ ਨਹੀਂ ਕਿਸ ਮੁਕਾਮ ਤੇ ਬੈਠਾ ਚੜ੍ਹ, ਜਗਤ ਨੇਤਰ ਨਜ਼ਰ ਨਾ ਕੋਇ ਪਾਈਆ । ਚਾਰ ਕੁੰਟ ਦਹਿ ਦਿਸ਼ਾ ਹੱਥਾਂ ਨਾਲ ਸਕੇ ਕੋਇ ਨਾ ਫੜ, ਅੱਖਾਂ ਨਾਲ ਨਾ ਕੋਇ ਮਿਲਾਈਆ । ਜਿਸ ਦਾ ਨਾ ਕੋਇ ਸੀਸ ਨਾ ਧੜ, ਵਜੂਦ ਸਬੂਤ ਨਾ ਕੋਇ ਬਣਾਈਆ । ਜਿਸ ਦਾ ਨਾ ਕੋਇ ਮੰਦਰ ਨਾ ਦਵਾਰਾ ਨਜ਼ਰ ਨਾ ਆਵੇ ਘਰ, ਬੰਕ ਸਚ ਨਾ ਕੋਇ ਸਮਝਾਈਆ । ਜਿਸ ਦੇ ਪਿਛੇ ਕੋਟਨ ਕੋਟ ਤੜਪ ਕੇ ਗਏ ਮਰ, ਬੇਰਹਿਮ ਆਪਣਾ ਤਰਸ ਨਾ ਕੋਇ ਕਮਾਈਆ । ਛੋਟੇ ਬੱਚੇ ਤੂੰ ਕਿਉਂ ਬੈਠਾ ਅੜ, ਮਨ ਆਪਣਾ ਲੈ ਬਦਲਾਈਆ । ਸੋਟੀ ਨਾਲ ਦੇਵਣ ਲੱਗਾ ਡਰ, ਭੈ ਆਪਣਾ ਆਪ ਸਮਝਾਈਆ । ਉਸ ਵੇਲੇ ਪ੍ਰਹਲਾਦ ਅੰਤਰ ਆਤਮ ਧਿਆਨ ਕਰ, ਨਿਰਗੁਣ ਨਿਰਵੈਰ ਲਿਆ ਧਿਆਈਆ । ਆਪਣੀ ਵਿਦਿਆ ਆਪੇ ਪੜ੍ਹ, ਮੈਥੋਂ ਹੋਵੇ ਨਾ ਹੋਰ ਪੜ੍ਹਾਈਆ । ਪੁਰਖ ਅਕਾਲ ਕਿਹਾ ਜੇ ਕਹੇਂ ਤੇ ਤੇਰਾ ਰੂਪ ਲਵਾਂ ਧਰ, ਮਕਤਬ ਬਹਿ ਕੇ ਖ਼ੁਸ਼ੀ ਮਨਾਈਆ । ਪ੍ਰਹਿਲਾਦ ਕਿਹਾ ਤੂੰ ਨਰਾਇਣ ਨਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮਿਹਰਵਾਨ ਹੋ ਕੇ ਇਸ ਦੇ ਉਤੇ ਕਿਰਪਾ ਕਰ, ਪਤਿਤ ਪਾਪੀ ਪਾਰ ਲੰਘਾਈਆ । ਭਗਤ ਹੋ ਕੇ ਮੈਂ ਮੰਗਾਂ ਤੇਰੇ ਦਰ ਤੇ ਵਰ, ਦੂਤੀਆ ਭਉ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ । ਸ੍ਰੀ ਭਗਵਾਨ ਪਿਆ ਹਸ, ਭਗਤ ਪ੍ਰਹਿਲਾਦ ਦਏ ਵਡਿਆਈਆ । ਉਠ ਵੇਖ ਆਪਣੀ ਅੱਖ, ਪਰਤਖ ਰੂਪ ਗੁਸਾਂਈਆ । ਤੇਰੇ ਲਹਿਣੇ ਦਾ ਦੇਣਾ ਹਕ, ਧੁਰ ਦਾ ਲੇਖਾ ਆਪਣਾ ਝੋਲੀ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੋਕਮਾਤ ਹੋ ਪਰਗਟ, ਨਿਰਗੁਣ ਨਿਰਾਕਾਰ ਆਪਣੀ ਕਾਰ ਕਮਾਈਆ । ਮਿਹਰਵਾਨ ਹੋ ਕੇ ਸਚ ਦਵਾਰੇ ਲਵਾਂ ਸੱਦ, ਸਿਰ ਆਪਣਾ ਹੱਥ ਟਿਕਾਈਆ । ਦੁਆਪਰ ਜੁਗ ਇਕ ਵੇਰ ਮਾਨਸ ਜਨਮ ਦੇ ਕੇ ਸਚ, ਸੂਰਬੀਰ ਰੂਪ ਵਖਾਈਆ । ਅਸਸਥਾਮਾ ਨਾਉਂ ਰਖ, ਲੇਖਾ ਧੁਰ ਦਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਜਣਾਈਆ । ਪ੍ਰਹਿਲਾਦ ਕਿਹਾ ਇਹ ਤੇਰਾ ਖੇਲ ਮਹਾਨ, ਬੇਪਰਵਾਹ ਤੇਰੀ ਵਡ ਵਡਿਆਈਆ । ਅਬਿਨਾਸ਼ੀ ਕਰਤੇ ਕਿਹਾ ਜਿਸ ਵੇਲੇ ਲੋਕਮਾਤ ਹੋਵਾਂ ਪਰਧਾਨ, ਜੋਤੀ ਜਾਤਾ ਵੇਸ ਵਟਾਈਆ । ਕਲਜੁਗ ਅੰਤ ਖੇਲਾਂ ਖੇਲ ਮਹਾਨ, ਦੂਸਰ ਸਮਝ ਸਕੇ ਨਾ ਕੋਇ ਰਾਈਆ । ਲਹਿਣਾ ਦੇਣਾ ਲੇਖਾ ਚੁਕਾਵਾਂ ਆਣ, ਧੁਰ ਫ਼ਰਮਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪ੍ਰਹਿਲਾਦ ਨਮੋ ਕਹਿ ਕੇ ਸੀਸ ਨਿਵਾਉਂਦਾ ਏ । ਦੋਏ ਜੋੜ ਵਾਸਤਾ ਪਾਉਂਦਾ ਏ । ਧੂੜੀ ਖ਼ਾਕ ਆਪ ਰਮਾਉਂਦਾ ਏ । ਪੁਰਖ ਅਬਿਨਾਸ਼ੀ ਤੇਰਾ ਭਵਿਖਤ ਵਾਕ, ਨਾ ਕੋਇ ਮੇਟੇ ਮੇਟ ਮਿਟਾਉਂਦਾ ਏ । ਕਲਜੁਗ ਅੰਤਮ ਨੇੜੇ ਦਿਸੇ ਵਾਟ, ਤ੍ਰੇਤਾ ਦੁਆਪਰ ਆਪਣਾ ਪੰਧ ਮੁਕਾਉਂਦਾ ਏ । ਤੇਰਾ ਖੇਲ ਹੋਵੇ ਪੁਰਖ ਅਬਿਨਾਸ਼, ਨਾ ਕੋਇ ਮੇਟੇ ਮੇਟ ਮਿਟਾਉਂਦਾ ਏ । ਸਚ ਪ੍ਰੀਤੀ ਬੰਨ੍ਹੇ ਨਾਤ, ਨਾਤਾ ਧੁਰ ਦਾ ਆਪ ਜੁੜਾਉਂਦਾ ਏ । ਪੰਡਤ ਪਾਂਧੇ ਪੁਛਣ ਵਾਤ, ਪੂਰਬ ਲਹਿਣ ਖੋਜ ਖੁਜਾਉਂਦਾ ਏ । ਸ਼ਬਦ ਅਗੰਮੀ ਦੱਸੇ ਬਾਤ, ਪਰਦਾ ਓਹਲਾ ਆਪ ਚੁਕਾਉਂਦਾ ਏ । ਸਾਚੀ ਫੱਟੀ

ਬਿਨ ਸ਼ਾਹੀ ਕ਼ਲਮ ਦਵਾਤ, ਕਲਮਿਆਂ ਦਾ ਮਾਲਕ ਆਪ ਮਨਾਉਂਦਾ ਏ । ਪੂਰਬ ਲਹਿਣਾ ਰਖ ਯਾਦ, ਯਾਦਾਸ਼ਤ ਨਾ ਕੋਇ ਭੁਲਾਉਂਦਾ ਏ । ਜਿਸ ਦਾ ਅੰਤ ਨਾ ਪਾਰਾਵਾਰ ਨਾ ਕੋਇ ਹਿਸਾਬ, ਨਿਸਬਤ ਵਿਚ ਵੰਡ ਨਾ ਕੋਇ ਵੰਡਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਉਂਦਾ ਏ । ਫੱਟੀ ਕਹੇ ਮੈਂ ਬਣ ਕੇ ਤਖ਼ਤੀ, ਤਖ਼ਤ ਨਿਵਾਸੀ ਤੇਰੇ ਕੋਲ ਆਈਆ । ਮੇਰੀ ਸਚ ਬੇਨੰਤੀ ਧੁਰਦਰਗਾਹੀ ਅਰਜ਼ੀ, ਸਚ ਸਚ ਦਿਆਂ ਦ੍ਰਿੜਾਈਆ । ਆਪਣਿਆਂ ਭਗਤਾਂ ਨਾਲ ਪ੍ਰੇਮ ਪਿਆਰ ਦੀ ਵਰਤੀਂ ਮਰਜ਼ੀ, ਮਰਜ਼ ਜਨਮ ਕਰਮ ਦੀ ਦੇਣੀ ਗੁਆਈਆ । ਤੂੰ ਨਿਰਗੁਣ ਰੂਪ ਸਭ ਦਾ ਬਣਨਾ ਦਰਦੀ, ਸਰਗੁਣ ਦੂਜੀ ਫੱਟੀ ਨਾਲ ਮਿਲਾਈਆ । ਇਹ ਖੇਲ ਤੇਰੇ ਆਪਣੇ ਘਰ ਦੀ, ਦੂਜੇ ਸਮਝ ਕਿਸੇ ਨਾ ਆਈਆ । ਧਾਰ ਵੇਖ ਅੰਤਮ ਕਲ ਦੀ, ਕਲ ਕਲਕੀ ਹੋਣਾ ਸਹਾਈਆ । ਲੋੜ ਰਹੇ ਨਾ ਕ਼ਲਮ ਸ਼ਾਹੀ ਜਲ ਦੀ, ਬਿਨ ਅੱਖਰਾਂ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਤਖ਼ਤੀ ਕਹੇ ਮੇਰੇ ਉਤੇ ਲਿਖੇ ਨਾ ਕੋਇ ਮਜ਼ਮੂਨ, ਕਲਮਾਂ ਨਾਲ ਕਲਮਾ ਨਾ ਕੋਇ ਜਣਾਈਆ । ਮੇਰੇ ਪ੍ਰਭ ਦਾ ਵਖਰਾ ਸਭ ਤੋਂ ਕ਼ਾਨੂੰਨ, ਜਿਸ ਦੀ ਧਾਰਾ ਵੰਡ ਨਾ ਕੋਇ ਵੰਡਾਈਆ । ਬ੍ਰਹਿਮੰਡਾਂ ਖੰਡਾਂ ਅੰਦਰ ਜਿਸ ਦਾ ਚਲੇ ਇਕ ਅਸੂਲ, ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਫੱਟੀ ਕਹੇ ਜਨ ਭਗਤਾਂ ਮੁਕਾ ਦੇ ਹਿਸਾਬ, ਲੇਖਾ ਆਪਣਾ ਦੇ ਜਣਾਈਆ । ਜੇ ਪ੍ਰਭੂ ਤੈਨੂੰ ਲਿਖਣ ਪੜ੍ਹਨ ਦੀ ਨਹੀਂ ਜਾਚ, ਗੁਰਮੁਖਾਂ ਕੋਲੋਂ ਸਿਖਣਾ ਚਾਈਂ ਚਾਈਆ । ਤੈਨੂੰ ਆਪਣੇ ਪ੍ਰੇਮ ਦਾ ਖੋਲ੍ਹ ਕੇ ਦੱਸਣ ਰਾਜ਼, ਪਹਿਲਾ ਕੈਦਾ ਦਏ ਗਵਾਹੀਆ । ਦੂਜਾ ਮਾਰ ਕੇ ਦੱਸੇ ਆਵਾਜ਼, ਆਲਸ ਨਿੰਦਰਾ ਦਏ ਮਿਟਾਈਆ । ਤੀਜਾ ਕਹੇ ਭਗਤਾਂ ਕੋਲ ਆ ਜਾ ਆਪ, ਨਿਰਗੁਣ ਆਪਣਾ ਫੇਰਾ ਪਾਈਆ । ਤੈਨੂੰ ਲਿਖਣ ਪੜ੍ਹਨ ਦਾ ਦੱਸੀਏ ਖੇਲ ਤਮਾਸ਼, ਖ਼ਲਕ ਦੇ ਮਾਲਕ ਦਈਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਤੀਜਾ ਕੈਦਾ ਕਹੇ ਮੈਂ ਮੇਟਣੀ ਤ੍ਰੈਗੁਣ ਮਾਇਆ, ਮਮਤਾ ਰਹਿਣ ਕੋਇ ਨਾ ਪਾਈਆ । ਦੂਜਾ ਕੈਦਾ ਕਹੇ ਪੰਚ ਵਿਕਾਰ ਨਾ ਹੋਏ ਹਲਕਾਇਆ, ਕਾਮ ਕਰੋਧ ਲੋਭ ਮੋਹ ਦੇਣਾ ਮਿਟਾਈਆ । ਪਹਿਲਾ ਕੈਦਾ ਕਹੇ ਮੈਂ ਅਲਿਫ਼ ਯੇ ਨਾ ਕੋਇ ਪੜ੍ਹਾਇਆ, ਊੜਾ ਐੜਾ ਨਾ ਜੋੜ ਜੁੜਾਈਆ । ਕਾਇਆ ਅੰਧ ਘੋਰ ਪਰਕਾਸ਼ ਕਰਾਇਆ, ਜੋਤੀ ਜੋਤ ਨਾਲ ਮਿਲਾਈਆ । ਤਖ਼ਤੀ ਕਹੇ ਮੈਂ ਪੁਰਖ ਅਕਾਲ ਦਾ ਸਾਚਾ ਹੁਕਮ ਸੁਣਾਇਆ, ਤਖ਼ਤਾਂ ਵਾਲੇ ਤਖ਼ਤੋਂ ਦੇਣੇ ਉਠਾਈਆ । ਸਖ਼ਤੀ ਵਾਲਾ ਸਾਹਿਬ ਆਇਆ, ਅਰਸ਼ੀ ਫ਼ਰਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਲਏ ਉਠਾਈਆ । ਪਹਿਲਾ ਕੈਦਾ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਬਿਨ ਅੱਖਰਾਂ ਹਰਿ ਪੜ੍ਹਾਈਆ । ਸੰਤੋ ਭਗਤੋ ਲਵੋ ਗਿਆਨ, ਨਾਮ ਨਿਧਾਨ ਝੋਲੀ ਪਾਈਆ । ਗੁਰਮੁਖ ਗੁਰਸਿਖ ਹੋ ਜਾਵੋ ਸਾਵਧਾਨ, ਤੀਜਾ ਕੈਦਾ ਰਿਹਾ ਸਮਝਾਈਆ । ਪੱਟੀ ਕਹੇ ਮੈਂ ਕ਼ਲਮ ਸ਼ਾਹੀ ਦਾ ਲੇਖਾ ਲਿਖਣਾ ਨਹੀਂ ਕੋਈ ਜਹਾਨ, ਜਹਾਲਤ ਹਰਿਜਨ ਤੁਹਾਡੀ ਦੇਣੀ ਕਢਾਈਆ । ਦੂਜੀ ਪੱਟੀ ਕਹੇ ਮੈਂ ਦੱਸਣਾ ਇਕ ਕਲਾਮ, ਜੋ ਕਲਮਿਆਂ ਤੋਂ ਬਾਹਰ ਕਰੇ ਹੱਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਤਖ਼ਤੀ ਕਹੇ ਮੈਂ ਇਕ ਦੂਜੇ ਨਾਲ ਗਈ ਜੁੜ, ਜੋੜੀ ਲਈ ਬਣਾਈਆ । ਜਨ ਭਗਤੋ ਜੇ ਤੁਹਾਡੇ ਅੰਦਰ

ਵਿਦਿਆ ਦੀ ਰਹੀ ਬੁਝ, ਪੁਰਖ ਅਕਾਲ ਡਿਗਰੀ ਧੁਰ ਦੀ ਝੋਲੀ ਪਾਈਆ । ਜਨਮ ਕਰਮ ਦਾ ਲੇਖਾ ਲੱਖ ਚੁਰਾਸੀ ਗੇੜਾ ਨਾ ਆਵੇ ਮੁੜ, ਮਾਤ ਗਰਭ ਨਾ ਕੋਇ ਤਪਾਈਆ । ਰਹਿਣਾ ਪਏ ਨਾ ਅੰਧੇਰ ਘੋਰ, ਤੱਤਵ ਤੱਤ ਨਾ ਕੋਇ ਲੜਾਈਆ । ਝਗੜਾ ਰਹੇ ਨਾ ਕੋਇ ਚੋਰ, ਠੱਗੀ ਠਗ ਨਾ ਕੋਇ ਕਮਾਈਆ । ਪੁਰਖ ਅਕਾਲ ਤੁਹਾਡੀ ਰੱਖੀ ਲੋੜ, ਪੁਰੀਆਂ ਲੋਆਂ ਦਿਤੇ ਤਜਾਈਆ । ਨਿਰਗੁਣ ਹੋ ਕੇ ਗਿਆ ਬਹੁੜ, ਬਹੁੜੀ ਬਹੁੜੀ ਕਰਦੀ ਵੇਖੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਚੁਕਾਈਆ । ਜਨ ਭਗਤ ਕਹਿਣ ਸਾਡੇ ਕੋਲ ਵਿਦਿਆ ਬੇਅੰਤ, ਪੜ੍ਹ ਪੜ੍ਹ ਜਗਤ ਮਿਲੀ ਵਡਿਆਈਆ । ਤੇਰਾ ਲੇਖਾ ਵੇਖਿਆ ਅੰਤ, ਅੰਤਸ਼ਕਰਨ ਤੇਰੀ ਝੋਲੀ ਪਾਈਆ । ਤੇਰੇ ਨਾਮ ਦਾ ਸੋਹਣਾ ਮੰਤ, ਮੰਤਰ ਗਾ ਕੇ ਖ਼ੁਸ਼ੀ ਰਖਾਈਆ । ਧੁਰਦਰਗਾਹੀ ਮੰਨ ਕੇ ਕੰਤ, ਕੰਤੂਹਲ ਤੇਰੀ ਸੇਵ ਕਮਾਈਆ । ਨਾਤਾ ਛਡ ਕੇ ਜੀਵ ਜੰਤ, ਇਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਭਗਤਾਂ ਵਿਚੋਂ ਭਗਤ ਰਹੇ ਕੁਛ ਆਖ, ਆਪਣਾ ਆਪਣਾ ਧਿਆਨ ਲਗਾਈਆ । ਪਤਾ ਨਹੀਂ ਪ੍ਰਭੂ ਕਿਸ ਦੇ ਅੰਦਰ ਰਖਦਾ ਵਾਸ, ਕਵਣ ਦਵਾਰੇ ਸੋਭਾ ਪਾਈਆ । ਕਿਸ ਦੇ ਰਵਿਆ ਪਵਣ ਸਵਾਸ, ਸਾਹ ਸਾਹ ਆਪਣਾ ਖੇਲ ਖਿਲਾਈਆ । ਕਿਸ ਦੇ ਮੰਦਰ ਕਰ ਪਰਕਾਸ਼, ਜੋਤੀ ਨੂਰ ਦਿਤਾ ਚਮਕਾਈਆ । ਕਿਸ ਨੂੰ ਸ਼ਬਦ ਸੁਣਾ ਕੇ ਨਾਦ, ਧੁਨ ਆਤਮਕ ਰਾਗ ਦਿਤੀ ਸੁਣਾਈਆ । ਕਿਸ ਦੇ ਅੰਦਰ ਹੋ ਕੇ ਵਿਸਮਾਦ, ਬਿਸਮਲ ਹੋ ਕੇ ਆਪਣਾ ਖੇਲ ਖਿਲਾਈਆ । ਕਿਸ ਦਾ ਪਰਦਿਆਂ ਵਿਚੋਂ ਖੋਲ੍ਹ ਕੇ ਰਾਜ਼, ਰਹਿਮਤ ਸਚ ਕਮਾਈਆ । ਕਿਸ ਨੂੰ ਦਰਸ ਦਿਤਾ ਆਜ, ਸਨਮੁਖ ਹੋ ਕੇ ਨਜ਼ਰੀ ਆਈਆ । ਗੁਰਸਿਖ ਕਹਿਣ ਅਸੀਂ ਪ੍ਰਭ ਨੂੰ ਕਦੀ ਪੜ੍ਹਦਾ ਨਹੀਂ ਵੇਖਿਆ ਕਿਤਾਬ, ਸਾਰੇ ਰਲ ਮਿਲ ਕੇ ਇਹਨੂੰ ਸਿਖਿਆ ਦਿਉ ਸਮਝਾਈਆ । ਨਾਲੇ ਦੱਸੋ ਸਵਾਲ ਨਾਲੇ ਦੱਸੋ ਜਵਾਬ, ਜਵਾਬ ਤਲਬੀ ਸਾਰੇ ਲਵੋ ਕਰਾਈਆ । ਨਾਲੇ ਲਿਖਣਾ ਦੱਸੋ ਖ਼ਤ ਨਾਲੇ ਦਿਉ ਖ਼ਿਤਾਬ, ਖ਼ਤਾ ਆਪਣੀ ਇਸ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰਮੁਖ ਕਹਿਣ ਚਲੋ ਪੜ੍ਹਾਈਏ ਉਸ ਰੱਬ, ਜਿਸ ਦਾ ਰੱਬੀ ਨੂਰ ਜਗਤ ਖ਼ੁਦਾਈਆ । ਉਸ ਨੂੰ ਲੇਖਾ ਹਿਸਾਬ ਦੱਸੀਏ ਸਭ, ਅੱਛੀ ਤਰਾ ਸਮਝਾਈਆ । ਕੋਟਨ ਕੋਟ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਲਦ, ਲੋਕਮਾਤ ਆਪਣਾ ਫੇਰਾ ਪਾਈਆ । ਤੇਰਾ ਬਿਨ ਅੱਖਰਾਂ ਵਾਲਾ ਰਾਗ ਕੋਈ ਨਾ ਸਕਿਆ ਲਭ, ਪਰਦਾ ਸਕਿਆ ਨਾ ਕੋਇ ਉਠਾਈਆ । ਇਸੇ ਕਾਰਨ ਕਲਜੁਗ ਅੰਤ ਜਨ ਭਗਤਾਂ ਤੈਨੂੰ ਆਪਣੇ ਦੁਵਾਰੇ ਲਿਆ ਸਦ, ਸੱਦਾ ਪ੍ਰੇਮ ਪਿਆਰ ਦਾ ਇਕ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵੇਖਣਾ ਨਾਤਾ ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਜਨ ਭਗਤੋ ਮੈਂ ਆਇਆ ਜ਼ਰੂਰ ਪੜ੍ਹਨ, ਆਪਣੀ ਪੱਟੀ ਜਣਾਈਆ । ਤੁਹਾਡੇ ਅੰਦਰ ਆਇਆ ਵੜਨ, ਨਿਰਗੁਣ ਹੋ ਕੇ ਵੇਸ ਵਟਾਈਆ । ਤੁਹਾਡੇ ਮੰਦਰ ਆਇਆ ਚੜ੍ਹਨ, ਬਿਨ ਪੌੜੀਉਂ ਕ਼ਦਮ ਉਠਾਈਆ । ਜੋਤੀ ਨੂਰ ਹੋ ਕੇ ਆਇਆ ਮਗਨ, ਨੂਰ ਜ਼ਹੂਰ ਕਰਾਂ ਰੁਸ਼ਨਾਈਆ । ਸਤਿ ਪਰਕਾਸ਼ ਵਿਚ ਆਇਆ ਜਗਣ, ਜਾਗਰਤ ਜੋਤ ਡਗਮਗਾਈਆ । ਸਚ ਦੁਵਾਰਾ ਸੁਹਾਵਣ ਆਇਆ ਬਣ ਕੇ ਸੱਜਣ, ਮੀਤ ਮੁਰਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਜਨ ਭਗਤ ਕਹਿਣ ਧੰਨ ਭਾਗ ਜੇ ਆਇਆ ਘਰ ਠਾਕਰ,

ਠਾਕਰ ਮਿਲੇ ਵਡਿਆਈਆ । ਪ੍ਰੇਮ ਪਿਆਰ ਨਾਲ ਦਈਏ ਆਦਰ, ਕ਼ਾਦਰ ਤੇਰੀ ਸੇਵ ਕਮਾਈਆ । ਸਚ ਦਵਾਰੇ ਸੱਚਾ ਵੇਖਣਾ ਤੇਰਾ ਆਦਲ, ਅਦਾਲਤ ਇਕੋ ਇਕ ਪਰਗਟਾਈਆ । ਅੱਖਰ ਕਹਿਣ ਜੋ ਲਿਖੇ ਉਤੇ ਕਾਗ਼ਜ਼, ਰੋ ਰੋ ਰਹੇ ਜਣਾਈਆ । ਪੜ੍ਹਨ ਲਿਖਣ ਦੀ ਜਗਤ ਵਿਦਿਆ ਬਣ ਗਈ ਸਾਜਸ਼, ਮਨ ਮਤਿ ਬੁਧਿ ਕਰੇ ਲੜਾਈਆ । ਕੈਦੇ ਕਹਿਣ ਸਾਨੂੰ ਪੜ੍ਹਨ ਵਾਲਾ ਤੇਰੀ ਕਰੇ ਨਾ ਕੋਈ ਅਬਾਦਤ, ਤਿੰਨਾਂ ਲੋਕਾਂ ਵਿਚ ਨਜ਼ਰ ਕੋਇ ਨਾ ਆਈਆ । ਜਿਤਨੀ ਵਿਦਿਆ ਉਤਨੀ ਸ਼ਰਾਰਤ, ਕਾਇਆ ਇਮਾਰਤ ਦੀ ਸਫ਼ਾਈ ਨਾ ਕੋਇ ਕਰਾਈਆ । ਮਨ ਵਾਸਨਾ ਸਭ ਦੇ ਅੰਦਰ ਕਰੇ ਬਗ਼ਾਵਤ, ਪ੍ਰੇਮ ਪ੍ਰੀਤੀ ਨਾ ਕੋਇ ਜਣਾਈਆ । ਪ੍ਰਭੂ ਤੇਰੇ ਨਾਲ ਸਾਰੇ ਕਰਨ ਅਦਾਵਤ, ਝਗੜੇ ਵਿਚ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਦੀ ਕਰੇ ਨਾ ਕੋਇ ਸਫ਼ਾਰਸ਼, ਤੇਰੇ ਦਰ ਤੇ ਬੈਠੇ ਸੀਸ ਨਿਵਾਈਆ । ਦੱਸ ਕਿਹੜੇ ਕੰਮ ਆਈ ਇਹਨਾਂ ਫੱਟੀਆਂ ਉਤੇ ਲਿਖੀ ਅੱਖਰਾਂ ਵਾਲੀ ਅਬਾਰਤ, ਅਮਲਾਂ ਵਿਚ ਨਾ ਦਿਸੀ ਲੋਕਾਈਆ । ਤੇਰੇ ਨਾਮ ਦੀ ਜਗਤ ਦੁਕਾਨ ਚਲੇ ਆੜਤ, ਪੰਡਤ ਪਾਂਧੇ ਮੁਲਾਂ ਸ਼ੇਖ਼ ਗ੍ਰੰਥੀ ਪੰਥੀ ਹੱਟ ਰਹੇ ਚਲਾਈਆ । ਕੂੜੀ ਵਿਦਿਆ ਜਗਤ ਵਿਕਾਰ ਨੌਂ ਖੰਡ ਪ੍ਰਿਥਮੀ ਸੱਤ ਦੀਪ ਪੈਂਦੀ ਲਾਹਨਤ, ਤਮਅ ਨਾਲ ਤਮਅ ਬੈਠੀ ਅੱਖ ਵਖਾਈਆ । ਤੇਰੇ ਮਿਲਣ ਦੀ ਕਿਸੇ ਨਾ ਦਿਸੀ ਆਦਤ, ਦੂਰ ਦੁਰਾਡੇ ਬੈਠੇ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਹਰਿਜਨ ਸਾਚੇ ਲਏ ਤਰਾਈਆ । ਕੈਦੇ ਕਹਿਣ ਅਸੀਂ ਆਏ ਤਿੰਨ, ਤਿੰਨਾਂ ਜਨਮਾਂ ਵੇਖ ਵਖਾਈਆ । ਤਿੰਨੇ ਰੂਪ ਭਿੰਨ ਭਿੰਨ, ਪਰਦਾ ਰਹੇ ਉਠਾਈਆ । ਤਿੰਨਾ ਲੋਕਾਂ ਵਿਚੋਂ ਮਿਲਿਆ ਨਾ ਤੇਰਾ ਚਿੰਨ੍ਹ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਤ੍ਰੈਗੁਣ ਮਾਇਆ ਦਾ ਖੇਲ ਵੇਖਿਆ ਭਿੰਨ ਭਿੰਨ, ਲੱਖ ਚੁਰਾਸੀ ਕੂੜੇ ਧੰਦੇ ਲੱਗੀ ਲੋਕਾਈਆ । ਸਤਿਜੁਗ ਤ੍ਰੇਤਾ ਦੁਆਪਰ ਲੰਘਾਇਆ ਗਿਣ ਗਿਣ, ਕਲਜੁਗ ਅੰਤਮ ਰਾਹ ਤਕਾਈਆ । ਜਗਤ ਪੈਮਾਨਾ ਵੇਖਿਆ ਮਿਣ ਮਿਣ, ਮਹਿਵਖਾਨੇ ਸੁਰਾਹੀ ਆਪਣੇ ਹੱਥ ਉਠਾਈਆ । ਤੇਰਾ ਲੇਖਾ ਕੋਈ ਸਮਝ ਨਾ ਸਕੇ ਛਿੰਨ, ਸ਼ਾਹ ਪਾਤਸ਼ਾਹ ਤੇਰੀ ਸਮਝ ਕੋਇ ਨਾ ਪਾਈਆ । ਕੈਦੇ ਕਹਿਣ ਤੇਰੇ ਚਰਨਾਂ ਦੀ ਧੂੜ ਹੋ ਕੇ ਰੇਣ, ਮਾਣ ਅਭਿਮਾਨ ਮਿਟਾਈਆ । ਕਿਰਪਾ ਕਰ ਕੇ ਆਪਣਿਆਂ ਭਗਤਾਂ ਦਰਸ ਕਰਾ ਦੇ ਆਪਣੇ ਨੈਣ, ਲੋਚਣ ਲੋਚਾ ਪੂਰ ਕਰਾਈਆ । ਉਹ ਤੇਰਾ ਨਾਮ ਇਕੋ ਲੈਣ, ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਚੁਕਾ ਕੇ ਲੈਣ ਦੇਣ, ਕਾਇਆ ਪੱਟੀ ਅੰਦਰੋਂ ਸਾਫ਼ ਕਰਾਈਆ । ਪੱਟੀ ਕਹੇ ਮੈਂ ਆਈ ਕੋਲ ਕਮਲਾਪਤੀ, ਪਤਣ ਧੁਰ ਦਾ ਵੇਖ ਵਖਾਈਆ । ਨੇਤਰ ਲੋਚਨ ਨੈਣ ਵੇਖਣ ਅੱਖੀਂ, ਆਖ਼ਰ ਮੰਜ਼ਲ ਚੜ੍ਹ ਕੇ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੀਨ ਦਿਆਲ ਸਾਹਿਬ ਸੁਲਤਾਨ ਵੇਖਿਆ ਸਮਰਥੀ, ਸ਼ਾਹੋ ਭੂਪ ਵੱਡੀ ਵਡਿਆਈਆ । ਚਰਨ ਕਵਲ ਉਪਰ ਢੱਠੀ, ਸੀਸ ਜਗਦੀਸ ਦਿਤਾ ਝੁਕਾਈਆ । ਹੇ ਪ੍ਰਭੂ ਆਪਣੇ ਭਗਤਾਂ ਨੂੰ ਵਿਦਿਆ ਦੱਸੀਂ ਹਕੀ, ਹਕ਼ੀਕ਼ਤ ਵਿਚੋਂ ਪਰਦਾ ਦੇਣਾ ਉਠਾਈਆ । ਤੇਰਾ ਗੁਰਮੁਖ ਰਹਿ ਨਾ ਜਾਵੇ ਕੋਈ ਸ਼ੱਕੀ, ਸ਼ਿਕਵੇ ਸਾਰੇ ਦੇਣੇ ਗਵਾਈਆ । ਵੇਖੀ ਕੰਜੂਸ ਵਾਗੂੰ ਨਾ ਦੇਵੀਂ ਇਕ ਰਤੀ, ਰਤੀ ਨਹੀਂ ਰਤਨ ਅਮੋਲਕ ਹੀਰੇ ਲੈਣੇ ਬਣਾਈਆ । ਲੱਖ ਚੁਰਾਸੀ ਆਵਣ ਜਾਵਣ ਵਿਚ ਕੋਈ ਆਤਮ ਨਾ ਰਹੇ ਫਸੀ, ਫ਼ੈਸਲਾ ਹਕ ਦੇਣਾ ਸੁਣਾਈਆ । ਜਿਹੜੀ ਸੰਗਤ ਭਗਤ ਰੂਪ ਹੋ ਕੇ ਆਈ ਨੱਠੀ, ਮੰਜ਼ਲ ਮੰਜ਼ਲ ਹੋ ਕੇ ਪੰਧ ਮੁਕਾਈਆ । ਸਤਾਰਾਂ ਜੇਠ ਹੋਈ ਇਕੱਠੀ, ਇਕੱਠੇ ਹੋ ਕੇ ਇਕੋ ਢੋਲਾ ਗਾਈਆ । ਓਹਨਾਂ ਨੂੰ ਜਗਤ ਵਿਦਿਆ


੮੪੭

ਪੜ੍ਹਨ ਦੀ ਲੋੜ ਕੋਇ ਨਾ ਰੱਖੀ, ਪੱਟੀਆਂ ਵਾਲੀ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਥੇ ਉਥੇ ਲੇਖਾ ਦੇਣਾ ਚੁਕਾਈਆ । ਪਟੀ ਕੈਦਾ ਕਹੇ ਅਸੀਂ ਕਰਨ ਆਏ ਨਿਮਸਕਾਰ, ਨਮਸਤੇ ਦਿਤੀ ਸੁਣਾਈਆ । ਖ਼ਲਕ ਖ਼ੁਦਾਈ ਸਾਂਝੇ ਯਾਰ, ਪਰਵਰਦਿਗਾਰ ਤੇਰੀ ਬੇਪਰਵਾਹੀਆ । ਸੂਫ਼ੀ ਸੰਤ ਫ਼ਕੀਰ ਜਨ ਭਗਤ ਉਠਾਲ, ਗੁਰਮੁਖ ਗੁਰਸਿਖ ਆਪਣੇ ਰੰਗ ਰੰਗਾਈਆ । ਧੁਰ ਦੀ ਵਿਦਿਆ ਸਾਚੀ ਦੇ ਸਖਾਲ, ਦੂਜੀ ਲੋੜ ਰਹੇ ਨਾ ਰਾਈਆ । ਇਕੋ ਦਰਜਾ ਦੇ ਦੇ ਸ਼ਾਹ ਕੰਗਾਲ, ਊਚ ਨੀਚ ਇਕੋ ਮਾਣ ਵਡਿਆਈਆ । ਇਕੋ ਮੰਦਰ ਮਨਾਰ ਲਏ ਬਹਾਲ, ਜਿਸ ਗ੍ਰਿਹ ਤੇਰਾ ਦੀਪਕ ਰੂਪ ਜੋਤ ਰੁਸ਼ਨਾਈਆ । ਦਰ ਆਇਆਂ ਦਾ ਕਰਦੇ ਹਲ ਸੁਵਾਲ, ਘਟਾਉ ਵਧਾਉ ਦੀ ਲੋੜ ਰਹੇ ਨਾ ਰਾਈਆ । ਗੁਰਮੁਖ ਤੇਰੇ ਬੱਚੇ ਨੱਢੇ ਨੰਨੇ ਨਿੱਕੇ ਬਾਲ, ਲੋਕਮਾਤ ਕਰ ਆਪ ਸੰਭਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਜਨਮ ਜਨਮ ਦੀ ਲੇਖੇ ਲਾਉਂਣੀ ਘਾਲ, ਸਚਖੰਡ ਦਵਾਰਾ ਬਖ਼ਸ਼ ਕੇ ਸੱਚੀ ਧਰਮਸਾਲ, ਦੂਰ ਨੇੜੇ ਪੰਧ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧਾਨ ਠਾਕਰ ਸਵਾਮੀ ਦਰਗਾਹ ਸਾਚੀ ਦੇਣੀ ਵਡਿਆਈਆ । ਪੁਰਖ ਅਕਾਲ ਕਹੇ ਜੋ 'ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ' ਪੜ੍ਹਦਾ, ਪੱਟੀ ਕੈਦੇ ਦੇ ਕ਼ਾਨੂੰਨ ਦਏ ਬਦਲਾਈਆ । ਮੰਜ਼ਲ ਉਸ ਅਗੰਮੀ ਚੜ੍ਹਦਾ, ਜਿਸ ਦੀ ਕਬੀਰ ਜੁਲਾਹਾ ਦਏ ਸਫ਼ਾਈਆ । ਅਧਵਿਚਕਾਰ ਕੋਇ ਨਾ ਅੜਦਾ, ਰਾਹ ਵਿਚ ਨਾ ਕੋਇ ਅਟਕਾਈਆ । ਸਚ ਮਹਲ ਅੰਦਰ ਵੜਦਾ, ਜਿਥੇ ਵਸੇ ਬੇਪਰਵਾਹੀਆ । ਜੋਤੀ ਦੀਪਕ ਧੁਰ ਦਾ ਜਗਦਾ, ਤੇਲ ਬਾਤੀ ਵਿਚ ਨਾ ਕੋਇ ਟਿਕਾਈਆ । ਮੇਲਾ ਹੋ ਜਾਏ ਪੁਰਖ ਸਮਰਥ ਦਾ, ਜਗਤ ਵਿਛੋੜਾ ਰਹਿਣ ਕੋਇ ਨਾ ਪਾਈਆ । ਲਹਿਣਾ ਦੇਣਾ ਪੂਰਾ ਕਰੇ ਗਾਏ ਜਸ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਬਖ਼ਸ਼ੇ ਸਚ ਸਰਨਾਈਆ ।



### ✻ ੧੮ ਜੇਠ ਸ਼ਹਿਨਸ਼ਾਹੀ ਸੰਮਤ ੧ ਸੁੰਦਰ ਸਿੰਘ ਦੇ ਗ੍ਰਿਹ ਫ਼ਿਰੋਜ਼ਸ਼ਾਹ (ਮਾਲਵਾ ਸੰਗਤ) ਜ਼ਿਲਾ ਫ਼ਿਰੋਜਪੁਰ ✻

ਅਠਾਰਾਂ ਜੇਠ ਕਹੇ ਜਨ ਭਗਤੋ ਕਰੋ ਮਿਲਾਪ, ਮੇਲਾ ਜਗਤ ਵਾਲਾ ਰੂਪ ਨਾ ਕੋਇ ਵਖਾਈਆ । ਇਕੋ ਸਿਮਰਨ ਦੂਜਾ ਕਰ ਲਵੋ ਸੱਚਾ ਪਾਠ, ਪਾਠਸ਼ਾਲਾ ਦੀ ਲੋੜ ਨਾ ਹੋਰ ਵਖਾਈਆ । ਜਨਮ ਕਰਮ ਦੇ ਪੂਰਬ ਧੋ ਲਵੋ ਪਾਪ, ਸਚ ਸਰੋਵਰ ਰਿਹਾ ਨੁਹਾਈਆ । ਪਰਦਾ ਖੋਲ੍ਹ ਲਵੋ ਆਪਣਾ ਆਪ, ਉਹਲਾ ਮੌਲਾ ਦਏ ਚੁਕਾਈਆ । ਸਚ ਪ੍ਰੀਤੀ ਜੋੜੇ ਨਾਤ, ਗ੍ਰਿਹ ਮੰਦਰ ਵੱਜੇ ਵਧਾਈਆ । ਜਗਤ ਵਿਵਹਾਰਾ ਕੂੜਾ ਸਾਕ, ਸਗਲਾ ਸੰਗ ਨਾ ਕੋਇ ਨਿਭਾਈਆ । ਜਿਸ ਪ੍ਰਭੂ ਦੀ ਸਾਰੇ ਰਖਦੇ ਆਸ, ਆਸਾਵਾਦੀ ਹੋ ਕੇ ਸਾਰੇ ਧਿਆਨ ਲਗਾਈਆ । ਤਿਨ੍ਹਾਂ ਦੀ ਪੂਰੀ ਕਰਨ ਆਇਆ ਖ਼ਾਹਿਸ਼, ਖ਼ਾਲਸ ਆਪਣਾ ਰੂਪ ਵਟਾਈਆ । ਜਨ ਭਗਤੋ ਮਨ ਵਾਸਨਾ ਰਹੇ ਨਾ ਕੋਇ ਬਦਮਾਸ਼, ਬਦੀ ਦਾ ਬਦਲਾ ਦਏ ਚੁਕਾਈਆ । ਮੰਜ਼ਲ ਵੇਖੋ ਚੜ੍ਹ ਕੇ ਘਾਟ, ਘਾਟੇ ਪੂਰੇ ਦਏ ਕਰਾਈਆ । ਗ਼ਫ਼ਲਤ ਵਿਚ ਕਟ ਕੇ ਨਾ ਜਾਇਓ ਕੋਈ ਰਾਤ, ਮੁਸਾਫ਼ਰਾਂ ਵਾਲਾ ਰੂਪ ਵਟਾਈਆ । ਇਹ ਕਾਰਨ ਕਰਤੇ ਦਾ ਕੋਈ ਖ਼ਾਸ, ਖ਼ਾਲਸ ਆਪਣਾ ਹੁਕਮ ਵਰਤਾਈਆ । ਪ੍ਰੇਮ ਪ੍ਰੀਤੀ ਮੁਹੱਬਤ ਵਿਚ ਲੈ ਕੇ ਜਾਇਓ ਸ਼ਾਬਾਸ਼, ਅਗੇ ਪਿਛੇ ਮਿਲੇ ਮਾਣ ਵਡਿਆਈਆ । ਮਨਮੁਖ ਹੋ ਕੇ ਖ਼ਾਲੀ ਮੁੜ ਨਹੀਂ ਜਾਣਾ ਹਾਥ, ਪਿੱਠ ਸਵਾ ਗਿਠ ਨਾਲੋਂ ਬਦਲਾਈਆ । ਜਿਹੜੇ ਘਰ ਦੇ ਲਾਲਚ ਵਿਚ

ਚਲੇ ਗਏ ਆਜ, ਨੌ ਨੌ ਦਿਨ ਸਜ਼ਾ ਰਹੇ ਭੁਗਤਾਈਆ । ਜਿਸ ਨੂੰ ਕੋਈ ਕਰ ਨਾ ਸਕੇ ਮੁਆਫ਼, ਅਗੇ ਹੋ ਨਾ ਕੋਇ ਬਚਾਈਆ । ਇਕ ਅੱਠ ਕਹੇ ਮੇਰੀ ਸਮਝੀ ਕਿਸੇ ਨਾ ਜ਼ਾਤ, ਪਰਦਾ ਸਕਿਆ ਨਾ ਕੋਇ ਉਠਾਈਆ । ਇਹ ਠੱਗਾਂ ਦੀ ਨਹੀਂ ਜਮਾਤ, ਚੋਰਾਂ ਦੀ ਨਹੀਂ ਚਤੁਰਾਈਆ । ਤੁਹਾਨੂੰ ਬੇੜੇ ਚੜ੍ਹਾਉਣ ਆਇਆ ਉਸ ਜਹਾਜ਼, ਜਿਸ ਦਾ ਮਾਲਕ ਆਪ ਅਖਵਾਈਆ । ਕਿਸੇ ਕੰਮ ਨਹੀਂ ਆਉਣਾ ਤਨ ਮਾਟੀ ਖ਼ਾਕ, ਸਾਕ ਸੱਜਣ ਸਾਰੇ ਜਾਣੇ ਤਜਾਈਆ । ਵੇਖੋ ਸਭ ਦਾ ਲੇਖਾ ਮੁੱਕਣ ਲੱਗਾ ਹਿਸਾਬ, ਦੋ ਜਹਾਨਾਂ ਲਹਿਣਾ ਰਿਹਾ ਤਕਾਈਆ । ਜਨ ਭਗਤੋ ਤੁਹਾਡੇ ਵਾਸਤੇ ਵਖਰੀ ਰੱਖੀ ਕਿਤਾਬ, ਜਿਸ ਦਾ ਹਰਫ਼ ਨਜ਼ਰ ਕਿਸੇ ਨਾ ਆਈਆ । ਜਿਸ ਦੀ ਤਰਮੀਮ ਸਮਝ ਨਾ ਸਕੇ ਕੋਈ ਬਾਬ, ਹਿੱਸਿਆਂ ਵਾਲੀ ਵੰਡ ਨਾ ਕੋਈ ਵੰਡਾਈਆ । ਮੁਸ਼ਕਲ ਅਲਫ਼ਾਜ਼ ਦੱਸੇ ਨਾ ਕੋਈ ਲੁਗਾਤ, ਭੇਵ ਅਭੇਦਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਅਠਾਰਾਂ ਜੇਠ ਕਹੇ ਮੈਂ ਕੁਛ ਜਾਣਾ ਦੱਸ, ਫ਼ਰਮਾਨਾ ਫ਼ਰਮਾਬਰਦਾਰ ਹੋ ਕੇ ਦਿਆਂ ਸੁਣਾਈਆ । ਪੁਰਖ ਅਬਿਨਾਸ਼ੀ ਕਿਸੇ ਨਾ ਹੋਇਆ ਵਸ, ਵਾਸਤਾ ਭਗਤਾਂ ਨਾਲ ਰਖਾਈਆ । ਜਿਨ੍ਹਾਂ ਨੂੰ ਸੱਦੇ ਦੇ ਕੇ ਲਿਆ ਸੱਦ, ਸਧਨੇ ਨਾਲੋਂ ਚੰਗੀ ਦਏ ਵਡਿਆਈਆ । ਪਿੱਛਾ ਛੁੜਾ ਕੇ ਜਿਹੜੇ ਗਏ ਭਜ, ਵੇਲਾ ਵਕਤ ਹੱਥੋਂ ਮੂਲ ਚੁਕਾਈਆ । ਦੋ ਜਹਾਨ ਬ੍ਰਹਿਮੰਡ ਖੰਡ ਸਮਾਂ ਫੇਰ ਨਾ ਸਕੇ ਲੱਭ, ਸੁਹਾਵਣੀ ਰੁਤ ਨਾ ਕੋਇ ਵਖਾਈਆ । ਨੌ ਨੌ ਦਿਨ ਇਹਨਾਂ ਤੋਂ ਦੁਖ ਨਾਲ ਤਪਾ ਕੇ ਹੱਡ, ਘਰ ਦੇ ਕੰਮ ਦੇਣੇ ਛੁਡਾਈਆ । ਜੋ ਕਿਹਾ ਸੋ ਪੂਰਾ ਕਰਨਾ ਇਸ ਵਿਚ ਨਹੀਂ ਕੋਈ ਸ਼ਕ, ਸ਼ਕਾਇਤ ਸੁਣਨ ਦੀ ਗੁੰਜਾਇਸ਼ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਿਗੁਰ ਨਾਲੋਂ ਕੰਮ ਚੰਗਾ ! ਪੁਰਖ ਅਕਾਲ ਨਾਲੋਂ ਧੰਦੇ ਰਹੇ ਵਡਿਆਈਆ । ਸਚ ਪ੍ਰੇਮ ਨਾਲੋਂ ਜਗਤ ਵਿਹਾਰ ਵਿਚ ਅਨੰਦਾ ! ਅਨੰਦ ਧੁਰ ਦਾ ਰਹੇ ਗਵਾਈਆ । ਗੁਰਮੁਖੋ ਤੁਸੀਂ ਨਹੀਂ ਸਮਝਦੇ ਇਹ ਵੇਲਾ ਅੰਤਮ ਕੰਢਾ, ਕੰਡਿਆਂ ਵਿਚੋਂ ਤੁਹਾਨੂੰ ਬਾਹਰ ਕਢਾਈਆ । ਜਿਹੜਾ ਇਸ ਦਰ ਤੇ ਆ ਕੇ ਹੋਇਆ ਨਹੀਂ ਠੰਢਾ, ਮਨ ਵਾਸਨਾ ਪਿਛੇ ਫਿਰੇ ਹਲਕਾਈਆ । ਵੇਖੋ ਘਰ ਘਰ ਵਿਚ ਵੱਜਣ ਵਾਲਾ ਜਿੰਦਾ, ਮਮਤਾ ਮੋਹ ਸਭ ਨੇ ਦੇਣਾ ਤਜਾਈਆ । ਗ੍ਰਹਿ ਗ੍ਰਹਿ ਹੋਣ ਵਾਲਾ ਦੰਗਾ, ਦਗੇ ਨਾਲ ਲੁੱਟੇ ਸਰਬ ਲੋਕਾਈਆ । ਗੁਰਮੁਖ ਅੱਖੀਂ ਵੇਖ ਫਿਰੇ ਕਿਉਂ ਅੰਧਾ, ਨੇਤਰ ਨੈਣ ਬੰਦ ਕਰਾਈਆ । ਸਦਾ ਜੋਤੀ ਨੂਰ ਚਮਕੇ ਨਾ ਧੁਰ ਦਾ ਚੰਦਾ, ਪੁਰਖ ਅਕਾਲ ਬੰਦਾ ਬਣ ਕੇ ਵੇਸ ਨਾ ਕਦੇ ਵਟਾਈਆ । ਅਗੇ ਸ਼ਬਦੀ ਖੜਕਨ ਵਾਲਾ ਡੰਡਾ, ਹੋਸ਼ ਟਿਕਾਣੇ ਸਭ ਦੀ ਦਿਆਂ ਕਰਾਈਆ । ਗੁਰਮੁਖ ਰਹੇ ਜੋ ਗੁਰਸਿਖ ਨੀਤੀ ਵਿਚ ਚੰਗਾ, ਸਤਿ ਸਰੂਪ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲੇਖੇ ਵਿਚ ਰਖਾਈਆ । ਅਠਾਰਾਂ ਜੇਠ ਕਹੇ ਮੈਨੂੰ ਤਕਦੇ ਗਏ ਜੁਗ ਚੌਕੜੀ ਚਾਰ, ਚਾਰ ਚਾਰ ਨਾਲ ਵਡਿਆਈਆ । ਗੋਦਾਵਰੀ ਕੰਢੇ ਗੋਬਿੰਦ ਲਾ ਕੇ ਅੰਤ ਆਪਣਾ ਦਰਬਾਰ, ਧੁਰ ਦਰਬਾਰੀ ਅਗੇ ਸੀਸ ਦਿਤਾ ਨਿਵਾਈਆ । ਕੁਛ ਭੇਦ ਦੱਸ ਮੇਰੇ ਯਾਰ, ਪੜਦਾ ਉਹਲਾ ਦੇ ਉਠਾਈਆ । ਤੂੰ ਮਿਤਰ ਪਿਆਰਾ ਬਣ ਕੇ ਪੁਰਖ ਅਕਾਲ, ਕਲ ਆਪਣੀ ਦੇ ਸਮਝਾਈਆ । ਜਿਸ ਵੇਲੇ ਆਵੇ ਵਿਚ ਸੰਸਾਰ, ਲੋਕਮਾਤ ਵੇਸ ਵਟਾਈਆ । ਨਿਰਗੁਣ ਨੂਰ ਜੋਤ ਕਰੇ ਉਜਿਆਰ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਕਵਣ ਬਿਧ ਕਰੇ ਸਚ ਪਿਆਰ, ਪ੍ਰੀਤਮ ਮੈਨੂੰ ਦੇ ਸਮਝਾਈਆ । ਸ੍ਰੀ ਭਗਵਾਨ ਤੇਰੀ ਸ਼ਬਦੀ ਧਾਰ, ਗੋਬਿੰਦ ਮੇਰੇ ਵਿਚ

ਸਮਾਈਆ । ਤੇਰੇ ਭਗਤਾਂ ਕਰਾਂ ਪਿਆਰ, ਗੁਰਮੁਖਾਂ ਲਵਾਂ ਜਗਾਈਆ । ਸ਼ਹਿਨਸ਼ਾਹੀ ਸੰਮਤ ਵਿਚ ਚਲਾਂ ਅਵੱਲੜੀ ਚਾਲ, ਚਾਲ ਨਿਰਾਲੀ ਇਕ ਵਖਾਈਆ । ਮਾਝੇ ਤੋਂ ਹੋ ਕੇ ਬਾਹਰ, ਦੁਆਬੇ ਮੇਲਾ ਲਵਾਂ ਮਿਲਾਈਆ । ਦੁਆਬੇ ਤੋਂ ਅਗੇ ਲੁਧਪੁਰ ਕਰ ਕੇ ਖ਼ਬਰਦਾਰ, ਧੁਰ ਸੰਦੇਸ਼ਾ ਦਿਆਂ ਸਮਝਾਈਆ । ਅਗਲਾ ਲੇਖਾ ਗੁਰਮੁਖਾਂ ਦਾ ਪਤਣ ਵੇਖ ਕਿਨਾਰਾ ਪਾਰ, ਰੱਖਿਆ ਕਰਾਂ ਥਾਉਂ ਥਾਈਂਆ । ਜੰਗਲ ਜੂਹ ਵੇਖ ਕੇ ਟਿੱਲੇ ਧਾਰ, ਨੇਤਰ ਨੈਣ ਅੱਖ ਖੁਲ੍ਹਾਈਆ । ਛੇਕੜ ਏਕੜ ਆਵਾਂ ਮਾਲਵੇ ਵਿਚਕਾਰ, ਵਿਚਲੇ ਲਵਾਂ ਜਗਾਈਆ । ਹੱਦ ਤੋਂ ਆਰ ਪਾਰ, ਸਰਹੱਦ ਦਾ ਕੰਢਾ ਢਾਹੀਆ । ਮੁਸ਼ਕਲ ਵੇਖ ਦੁਸ਼ਵਾਰ, ਦੁਸ਼ਮਣ ਦਿਆਂ ਮਿਟਾਈਆ । ਚਰਨ ਪ੍ਰੀਤੀ ਬਖ਼ਸ਼ ਪਿਆਰ, ਪਿਆਰਿਆਂ ਦੇ ਪਿਆਰੇ ਆਪਣੀ ਗੋਦ ਉਠਾਈਆ । ਗੋਬਿੰਦ ਤੇਰੇ ਨਾਲ ਉਧਾਰ, ਅੰਤਮ ਲੇਖਾ ਦਿਆਂ ਵਖਾਈਆ । ਤਿਸ ਦਾ ਲਹਿਣਾ ਦੇਣਾ ਨਬੇੜਨ ਆਇਆ ਆਪ ਨਿੰਰਕਾਰ, ਨਿਰਗੁਣ ਹੋ ਕੇ ਆਪਣਾ ਹੁਕਮ ਵਰਤਾਈਆ । ਜਨ ਭਗਤੋ ਤੁਹਾਡੇ ਜਨਮ ਜਨਮ ਦੀ ਪੈਜ ਸੁਆਰ, ਪੈਦਲਾਂ ਦਾ ਪੰਧ ਮੁਕਾਈਆ । ਅਗੇ ਬਣ ਕੇ ਜਾਣਾ ਸ਼ਾਹ ਸਵਾਰ, ਸ਼ਬਦ ਬਬਾਣੇ ਉਠਣਾ ਵਾਹੋ ਦਾਹੀਆ । ਸੋਹਣਾ ਵਕ਼ਤ ਸੁਹੇਲਾ ਰਿਹਾ ਸੰਭਾਲ, ਮੇਲਾ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਬਾਣ ਰਿਹਾ ਲਗਾਈਆ । ਅਠਾਰਾਂ ਜੇਠ ਕਹੇ ਮੈਂ ਹੈਰਾਨ ਕਿਉਂਕਿ ਇਕ ਅੱਠ ਗਿਆ ਜੁੜ, ਅੰਕ ਨਾਲ ਅੰਕ ਮਿਲੀ ਵਡਿਆਈਆ । ਭੇਵ ਖੁਲ੍ਹਿਆ ਕਿਰਪਾ ਕੀਤੀ ਪੁਰਖ ਅਕਾਲ ਮਾਲਕ ਧੁਰ, ਧੁਰ ਦੀ ਧਾਰ ਦਿਤੀ ਜਣਾਈਆ । ਜੋ ਨਿਰਗੁਣ ਨਿਰਵੈਰ ਨਿਰੰਕਾਰ ਹੋ ਕੇ ਆਇਆ ਮੁੜ, ਸ਼ਾਹ ਪਾਤਸ਼ਾਹ ਆਪਣਾ ਫੇਰਾ ਪਾਈਆ । ਭਗਤਾਂ ਦੀ ਆਸਾ ਮਨਸਾ ਪੂਰੀ ਕਰਨ ਆਇਆ ਲੋੜ, ਤ੍ਰਿਸ਼ਨਾ ਕੂੜੀ ਜਗਤ ਗੁਆਈਆ । ਸਚਖੰਡ ਨਿਵਾਸੀ ਧੁਰ ਦਰਗਾਹੀ ਪੰਧ ਮੁਕਾਇਆ ਦੌੜ, ਮਜ਼ਲ ਮੰਜ਼ਲ ਵਿਚ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਈਆ । ਅਠਾਰਾਂ ਜੇਠ ਕਹੇ ਮੈਂ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਉਹਨਾਂ ਅੰਦਰ ਕੀ ਆਈ ਪਹਿਚਾਨ ! ਜੋ ਬਣ ਕੇ ਗਏ ਪਾਂਧੀ ਰਾਹੀਆ । ਕੀ ਉਹ ਇਥੇ ਕੋਈ ਬਣ ਆਏ ਸੀ ਮਹਿਮਾਨ, ਖਾ ਪੀ ਖ਼ੁਸ਼ੀ ਮਨਾਈਆ । ਅਠਾਰਾਂ ਜੇਠ ਕਹੇ ਇਹ ਖੇਲ ਸ੍ਰੀ ਭਗਵਾਨ, ਜਗਤ ਜਹਾਨ ਸਮਝ ਕਿਸੇ ਨਾ ਆਈਆ । ਜਨਮ ਵਿਚੋਂ ਜਨਮ ਆਇਆ ਬਦਲਾਣ, ਕਰਮਾਂ ਵਿਚੋਂ ਕਰਮ ਬਾਹਰ ਕਢਾਈਆ । ਬਤਾਲੀ ਲਖ ਜਨਮ ਜੇ ਕਰਦੇ ਰਹੋ ਪੁੰਨ ਦਾਨ, ਭਗਤੀ ਵਿਚ ਆਪਣਾ ਧਿਆਨ ਲਗਾਈਆ । ਅੱਜ ਦੇ ਦਿਨ ਵਰਗਾ ਫੇਰ ਵੀ ਨਹੀਂ ਮਿਲਣਾ ਮਾਣ, ਕੋਟਨ ਕੋਟ ਮਾਨਸ ਜਨਮ ਲਏ ਬਦਲਾਈਆ । ਪ੍ਰੇਮ ਨਾਲ ਪਿਆਰ ਵਿਚ ਭਗਤਾਂ ਦੀ ਕਰਨ ਆਇਆ ਕਲਿਆਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਧੁਰ ਦਾ ਰਿਹਾ ਜੁੜਾਈਆ । ਅਠਾਰਾਂ ਜੇਠ ਕਹੇ ਮੇਰੇ ਨੇਤਰਾਂ ਵਿਚੋਂ ਵਗ ਪਿਆ ਨੀਰ, ਛਹਿਬਰ ਅੰਦਰੇ ਅੰਦਰ ਲਾਈਆ । ਕੀ ਕਰੇ ਖੇਲ ਗੁਣੀ ਗਹੀਰ, ਗਹਿਰ ਗਵਰ ਬੇਪਰਵਾਹੀਆ । ਨਜ਼ਰ ਨਾ ਆਏ ਬੇਨਜ਼ੀਰ, ਅੱਖਾਂ ਤੋਂ ਓਝਲ ਡੇਰਾ ਲਾਈਆ । ਬਦਲ ਰਿਹਾ ਜ਼ਮੀਰ, ਸ਼ਮਸ਼ੀਰ ਇਕ ਚਮਕਾਈਆ । ਬਣਾ ਰਿਹਾ ਤਦਬੀਰ, ਤਕਦੀਰ ਨਾਲ ਟਕਰਾਈਆ । ਐਸ ਸਮੇਂ ਨੂੰ ਅੱਜ ਦੇ ਦਿਨ ਨੂੰ ਨੌ ਵਾਰ ਯਾਦ ਕੀਤਾ ਕਬੀਰ, ਕਮੇਰ ਬੈਠਾ ਅੱਖ ਖੁਲ੍ਹਾਈਆ । ਬ੍ਰਹਿਮੰਡ ਖੰਡ ਸਾਰੇ ਹੋਏ ਦਿਲਗੀਰ, ਦਿਲਦਾਰ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੀਰ, ਪਰਾ ਬੰਨ੍ਹ ਕੇ ਰਹੇ ਸੁਣਾਈਆ ।

ਪੁਰਖ ਅਕਾਲ ਭਗਤਾਂ ਦਾ ਲਹਿਣੇ ਦੇਣ ਦਾ ਦਿਵਸ ਰਖ ਕੇ ਅਖ਼ੀਰ, ਆਖ਼ਰ ਲੇਖਾ ਰਿਹਾ ਮੁਕਾਈਆ । ਅਗੇ ਦੂਰ ਦੁਰਾਡਿਆਂ ਦੀ ਕਟੇ ਭੀੜ, ਨੇਰਨ ਨੇਰਾ ਹੋ ਕੇ ਦਰਸ ਦਿਖਾਈਆ । ਇਕ ਕਹੇ ਮੈਂ ਪਾਤਸ਼ਾਹ ਅੱਠ ਤੱਤ ਕਹਿਣ ਅਸੀਂ ਵਜ਼ੀਰ, ਅਠਾਰਾਂ ਬਣ ਕੇ ਝਟ ਲੰਘਾਈਆ । ਜਗਤ ਵਾਸਨਾ ਭਗਤ ਕਿਉਂ ਹੋਏ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਆਪਣੀ ਖੇਲ ਵਖਾਈਆ । ਅਠਾਰਾਂ ਜੇਠ ਕਹੇ ਮੇਰੀ ਰੱਖੀ ਸਭ ਨੇ ਆਸ, ਆਸ਼ਕ ਹੋ ਕੇ ਧਿਆਨ ਲਗਾਈਆ । ਜਿਸ ਵੇਲੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਾਲੀ ਪ੍ਰਭ ਚਲਾਈ ਸ਼ਾਖ਼, ਨਿਰਗੁਣ ਸਰਗੁਣ ਵੇਸ ਵਟਾਈਆ । ਓਸ ਵੇਲੇ ਦਾ ਕਿਸੇ ਨੂੰ ਚੇਤਾ ਨਹੀਂ ਹਿਸਾਬ, ਥਿਤ ਵਾਰ ਨਾ ਕੋਇ ਦ੍ਰਿੜਾਈਆ । ਪੁਰਖ ਅਕਾਲ ਨੇ ਬਿਨ ਅੱਖਰਾਂ ਵਾਲੀ ਖੋਲ੍ਹ ਕੇ ਆਪਣੀ ਕਿਤਾਬ, ਮੇਰਾ ਲੇਖਾ ਲਿਆ ਜਣਾਈਆ । ਅਠਾਰਾਂ ਜੇਠ ਕਹੇ ਸੋ ਸੁਭਾਗਾ ਹੋਇਆ ਮੈਂ ਆਜ, ਆਜਿਜ਼ ਹੋ ਕੇ ਸੀਸ ਨਿਵਾਈਆ । ਜਿਸ ਦੀ ਕਰਨੀ ਓਸੇ ਦਾ ਕਾਜ, ਉਹ ਕਰਤਾ ਰਿਹਾ ਭੁਗਤਾਈਆ । ਜਨ ਭਗਤਾਂ ਦਾ ਬਣਾ ਕੇ ਸਾਮਜ, ਸਮਗਰੀ ਧੁਰ ਦੀ ਝੋਲੀ ਪਾਈਆ । ਸਤਿ ਧਰਮ ਦਾ ਚਲਾ ਕੇ ਰਿਵਾਜ, ਰਵਾਦਾਰੀ ਸਾਰੀ ਦਏ ਮਿਟਾਈਆ । ਇਕ ਜੈਕਾਰਾ ਸੁਣਾ ਕੇ ਗਾਥ, ਧੁਰ ਫ਼ਰਮਾਨਾ ਦਏ ਅਲਾਈਆ । ਜਿਨ੍ਹਾਂ ਨੂੰ ਪੂਰਾ ਵਿਸ਼ਵਾਸ਼, ਉਹ ਬੈਠੇ ਚਾਈਂ ਚਾਈਂਆ । ਸਤਿਗੁਰ ਨੂੰ ਛਡ ਕੇ ਜਾਣਾ ਕਿਹੜੀ ਚੰਗੀ ਬਾਤ, ਸੁਮਤ ਰੂਪ ਨਾ ਕੋਇ ਵਖਾਈਆ । ਜਗਤ ਜਹਾਨ ਸ੍ਰਿਸ਼ਟੀ ਦਾ ਆਦਿ ਜੁਗਾਦਿ ਜੁਗ ਚੌਕੜੀ ਡੁਬਦਾ ਰਿਹਾ ਜਹਾਜ਼, ਵੰਞ ਮੁਹਾਣਿਆਂ ਵਾਲੇ ਪਾਰ ਨਾ ਕੋਇ ਕਰਾਈਆ । ਜੀਂਵਦਿਆਂ ਦੇ ਕਦੇ ਨਹੀਂ ਮੁਕੇ ਕਾਜ, ਮਰਦਿਆਂ ਸੰਗ ਨਾ ਕੋਇ ਲੈ ਜਾਈਆ । ਅਗੇ

੮੫੧ ਤੋਂ ਸੋਹਣਾ ਚਲੌਣਾ ਰਵਾਜ, ਧੁਰ ਦਾ ਹੁਕਮ ਇਕ ਮਨਾਈਆ । ਜਦੋਂ ਆਈਏ ਮਾਲਵੇ ਵਾਲੇ ਸਾਰੇ ਰਹਿਣ ਤਿੰਨ ਦਿਨ ਸਾਥ, ਨਹੀਂ ਤੇ ਦਰਸ ਕੋਇ ਨਾ ਪਾਈਆ । ਖੋਟੇ ਬਣੋ ਖਰੇ ਜਾਂ ਦਿਓ ਜਵਾਬ, ਸਚ ਸੰਦੇਸ਼ਾ ਦਿਤਾ ਸੁਣਾਈਆ । ਮੈਂ ਤੁਹਾਡੀ ਕਰਨ ਆਇਆ ਅਮਦਾਦ, ਆਪਣੀ ਲੋੜ ਨਾ ਕੋਇ ਰਖਾਈਆ । ਤੁਹਾਡੇ ਜਨਮ ਜਨਮ ਦੇ ਝਗੜੇ ਮੇਟਣ ਆਇਆ ਫ਼ਸਾਦ, ਕਰਮਾਂ ਦਾ ਰੋਗ ਮਿਟਾਈਆ । ਦੁਰਮਤ ਮੈਲ ਧੋਵਣ ਆਇਆ ਦਾਗ਼, ਅੰਦਰੋਂ ਬਾਹਰੋਂ ਕਰਾਂ ਸਫ਼ਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਪੂਰੇ ਕਰਨ ਆਇਆ ਖ਼ੁਆਬ, ਜੋ ਤੁਹਾਡੀ ਦੇ ਕੇ ਗਏ ਗਵਾਹੀਆ । ਬਿਨਾ ਭਗਤੀ ਬਿਨਾ ਪੂਜਾ ਬਿਨਾ ਪਾਠ ਬਿਨਾ ਸਿਮਰਨ ਤੁਹਾਨੂੰ ਬਣੌਣ ਆਇਆ ਉਹ ਸਾਧ, ਜਿਸ ਦੀ ਸਾਧਨਾ ਨਾ ਕਿਸੇ ਸਮਝਾਈਆ । ਤੁਹਾਨੂੰ ਦੇਵਣ ਆਇਆ ਉਹ ਖ਼ਤਾਬ, ਜਿਸ ਨੂੰ ਮੰਗਦੇ ਮੰਗਦੇ ਕੋਟਨ ਕੋਟ ਗਏ ਆਪਣਾ ਆਪ ਮਿਟਾਈਆ । ਤੁਹਾਡਾ ਮੰਦਰ ਸੁਹਾਵਣ ਆਇਆ ਉਚ ਮਿਨਾਰ ਮਹਿਰਾਬ, ਮਹਿਬੂਬ ਹੋ ਕੇ ਫੇਰਾ ਪਾਈਆ । ਤੁਹਾਡੇ ਪ੍ਰੇਮ ਨੂੰ ਕਰਨ ਆਇਆ ਆਦਾਬ, ਸਜਦਿਆਂ ਵਿਚੋਂ ਸਜਦਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਅਠਾਰਾਂ ਜੇਠ ਕਹੇ ਮੇਰੀ ਸਭ ਨੂੰ ਤਾਂਘ, ਤੰਘੀ ਤੁਰਸੀ ਵਾਲੇ ਰਹੇ ਕੁਰਲਾਈਆ । ਜਿਸ ਨੇ ਪ੍ਰੇਮ ਦੀ ਚੜ੍ਹੌਣੀ ਕਾਂਗ, ਲਹਿਰ ਨਾਲ ਲਹਿਰ ਦੇਣੀ ਟਕਰਾਈਆ । ਸਵਾਂਗੀ ਦਾ ਸੋਹਣਾ ਸਵਾਂਗ, ਭੇਖ ਅਵੱਲੜਾ ਰੂਪ ਵਟਾਈਆ । ਸਚ ਪ੍ਰੇਮ ਦੀ ਕਰਦਾ ਮਾਂਗ, ਦੂਜੀ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਨ ਭਗਤਾਂ ਜਾਣ ਦਾ ਹੈ ਨਹੀਂ ਕੋਈ ਦੁਖ, ਦੁਖ ਵਿਚੋਂ ਦੁਖ ਰਿਹਾ ਜਣਾਈਆ । ਗੁਰਮੁਖਾਂ ਦੇ ਜਾਣ ੮੫੧

ਵਿਚ ਪੂਰਨ ਸਿੰਘ ਨੂੰ ਲਗੀ ਨਹੀਂ ਭੁਖ, ਧਿਆਨ ਵਿਚ ਆਪਣਾ ਧਿਆਨ ਰਖਾਈਆ । ਜਿਹੜੇ ਬੱਚੇ ਰੱਖੇ ਆਪਣੀ ਕੁੱਖ, ਕਿਉਂ ਕਰਨ ਲਗੇ ਜੁਦਾਈਆ । ਜਿਹੜੇ ਆਜ ਮੋੜ ਗਏ ਮੁਖ, ਫੇਰ ਕਵਣ ਲਏ ਬਚਾਈਆ । ਇਹੋ ਪ੍ਰੇਮ ਪਿਆਰ ਵਸਤ ਅਮੋਲ ਕੁਛ, ਜਿਹੜਾ ਆਪਣੇ ਵਿਚ ਛੁਪਾਈਆ । ਓਸ ਨੂੰ ਲਓ ਪੁਛ, ਜਿਹੜਾ ਬਿਨਾ ਪੁਛਿਆਂ ਤੁਹਾਨੂੰ ਰਿਹਾ ਮਿਲਾਈਆ । ਤੁਹਾਡੇ ਪਿਛੇ ਨੀਹਾਂ ਹੇਠ ਦਬਾ ਕੇ ਪੁਤ, ਪਤਣ ਤੁਹਾਡੇ ਰਿਹਾ ਬਣਾਈਆ । ਜੇ ਤੁਸੀਂ ਵੀ ਜਾਓ ਲੁਕ, ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਅਠਾਰਾਂ ਜੇਠ ਕਹੇ ਗੁਰਮੁਖੋ ਲੈ ਕੇ ਜਾਇਓ ਸਿਖਿਆ, ਇਕੋ ਵਾਰ ਦੇਣੀ ਸਮਝਾਈਆ । ਝੋਲੀ ਪੁਵਾ ਕੇ ਜਾਇਓ ਭਿਛਿਆ, ਖ਼ਾਲੀ ਹੱਥ ਨਾ ਕੋਇ ਭਵਾਈਆ । ਇਸੇ ਨੇ ਕਰਨੀ ਰੱਛਿਆ, ਰੱਛਕ ਹੋ ਕੇ ਹੋਏ ਸਹਾਈਆ । ਜਗਤ ਜਹਾਨ ਨਹੀਂ ਦਿਸਿਆ, ਹੌਲੀ ਹੌਲੀ ਆਪਣਾ ਨੂਰ ਕਰੇ ਰੁਸ਼ਨਾਈਆ । ਜਿਸ ਦਾ ਭਾਣਾ ਸਭ ਨੇ ਮੰਨਿਆ ਕਰ ਕੇ ਮਿਠਿਆ, ਗੁਰ ਅਵਤਾਰ ਸਕਿਆ ਨਾ ਕੋਇ ਉਲਟਾਈਆ । ਓਸ ਨੇ ਤੁਹਾਨੂੰ ਅਕੱਠਾ ਕੀਤਾ ਪਾ ਕੇ ਚਿਠੀਆਂ, ਹੁਕਮ ਸੁਨੇਹੜਾ ਇਕ ਸੁਣਾਈਆ । ਤੁਹਾਡੀ ਅਗਲੀ ਕਹਾਣੀ ਦੱਸਣੀ ਵਿਥਿਆ, ਪਰਦਾ ਦੇਣਾ ਖੁਲ੍ਹਾਈਆ । ਇਹ ਸ੍ਰਿਸ਼ਟੀ ਜਾਣੋ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਮਾਣ ਦਵੌਣਾ ਵਡਿਆਂ ਨਿਕਿਆਂ, ਜੋ ਚਲ ਆਇਆ ਸਰਨਾਈਆ । ਜੋ ਸਚੇ ਪ੍ਰੇਮ ਨਾਲ ਚਰਨਾਂ ਵਿਚ ਟਿਕਿਆ, ਟਿੱਕੇ ਧੁਰ ਦੇ ਦੇਣੇ ਲਾਈਆ । ਮੇਰਾ ਲਿਖਿਆ ਲੇਖ ਕਦੇ ਨਾ ਮਿਟਿਆ, ਨਾ ਕੋਇ ਮੇਟੇ ਮੇਟ ਮਿਟਾਈਆ । ਮੇਰਾ ਭਗਤ ਕਦੇ ਨਾ ਜਾਏ ਭਿਟਿਆ, ਊਚ ਨੀਚ ਦਾ ਡੇਰਾ ਦੇਣਾ ਢਾਹੀਆ । ਸਤਾਰਾਂ ਹਾੜ ਨੂੰ ਚਿੱਟੇ ਕਰ ਕੇ ਚਿੱਟਿਆ, ਚਿੱਟੀ ਧਾਰ ਦੇਣਾ ਮਿਲਾਈਆ । ਗੋਬਿੰਦ ਦਾ ਦੁੱਧ ਅਜੇ ਨਹੀਂ ਫਿਟਿਆ, ਫਟਕਾਰ ਲਾਹਨਤ ਦੇਵੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਵਰਤਾਈਆ । ਅਠਾਰਾਂ ਜੇਠ ਕਹੇ ਮੈਨੂੰ ਨਹੀਂ ਕੋਈ ਤਕੱਬਰ, ਮਾਣ ਨਾ ਕੋਇ ਵਡਿਆਈਆ । ਮੈਂ ਜੁਗ ਚੌਕੜੀ ਬੈਠਾ ਰਿਹਾ ਕਰ ਕੇ ਸਬਰ, ਸਬੂਰੀ ਆਪਣੇ ਨਾਲ ਹੰਡਾਈਆ । ਪੀਰ ਪੈਗ਼ੰਬਰਾਂ ਨੂੰ ਵੇਂਹਦਾ ਰਿਹਾ ਵਿਚੋਂ ਕ਼ਬਰ, ਮਕ਼ਬਰੇ ਦਿਤੇ ਫੁਲਾਈਆ । ਰਾਹ ਤਕਦਾ ਰਿਹਾ ਸ਼ੇਰ ਬੱਬਰ, ਦੋ ਜਹਾਨਾਂ ਅੱਖ ਖੁਲ੍ਹਾਈਆ । ਜਿਸ ਨੇ ਅੱਜ ਮੇਰੀ ਪੂਰੀ ਕਰਨੀ ਸਧਰ, ਸਦਕੇ ਵਾਰੀ ਘੋਲ ਘੁਮਾਈਆ । ਜਿਸ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਲੱਗੇ ਰਹੇ ਮਗਰ, ਪਿਛੇ ਭੱਜਣ ਵਾਹੋ ਦਾਹੀਆ । ਓਸ ਨੇ ਮਿਹਰ ਦੀ ਕਰ ਨਜ਼ਰ, ਨਜ਼ਰ ਨਾਲ ਨਜ਼ਰ ਦੇਣੀ ਬਦਲਾਈਆ । ਦਰ ਆਏ ਤਾਰ ਕੇ ਟੱਬਰਾਂ ਦੇ ਟੱਬਰ, ਇਕੋ ਟਾਇਮ ਸਾਰੇ ਪਾਰ ਦੇਣੇ ਲੰਘਾਈਆ । ਹੁਕਮ ਦੇ ਕੇ ਜ਼ਾਬਰ ਨੇ ਜਬਰ, ਜ਼ੁਲਮ ਦਾ ਡੇਰਾ ਦੇਣਾ ਢਾਹੀਆ । ਇਸੇ ਕਾਰਨ ਗੁਰਮੁਖੋ ਤੁਹਾਨੂੰ ਘਰ ਘਰ ਦਿਤੀ ਸੀ ਖ਼ਬਰ, ਸੁੱਤਿਆਂ ਨੂੰ ਲਿਆ ਉਠਾਈਆ । ਤੁਹਾਡੇ ਜਨਮ ਕਰਮ ਦਾ ਲੇਖਾ ਕਰਨਾ ਸੀ ਪੱਧਰ, ਅਗੇ ਦੀ ਹੋਣੀ ਸਫ਼ਾਈਆ । ਸਾਚੇ ਪ੍ਰੇਮ ਕਰਨਾ ਮਗਨ, ਕੂੜੀ ਰੀਤੀ ਦੇਣੀ ਛੁਡਾਈਆ । ਤੁਹਾਨੂੰ ਅਗੇ ਹੋਣ ਨਹੀਂ ਦੇਣਾ ਨਗਨ, ਸਾਚਾ ਓਡਣ ਸੀਸ ਆਪਣਾ ਨਾਮ ਜਣਾਈਆ । ਕਿਸੇ ਦੇ ਦਵਾਰਿਉਂ ਕੁਛ ਨਹੀਂ ਦੇਣਾ ਮੰਗਣ, ਅਨਮੁੱਲੀ ਦੌਲਤ ਧੁਰ ਦੀ ਝੋਲੀ ਪਾਈਆ । ਸਾਚੇ ਪ੍ਰੇਮ ਦਾ ਸਗਨਾਂ ਵਾਲਾ ਸਗਨ, ਲਗਨ ਅਗਲੀ ਦੇਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਅਠਾਰਾਂ ਜੇਠ ਕਹੇ ਕਿਸੇ ਨੂੰ ਨਹੀਂ ਕੁਛ ਪਤਾ, ਬੇਖ਼ਬਰ ਸੁੱਤੀ ਲੋਕਾਈਆ । ਸਾਰੇ ਇਕੋ ਜਾਣਦੇ ਜੇਠ

ਤੱਤਾਂ, ਅਗਨੀ ਨਾਲ ਤਪਾਈਆ । ਲੋ ਨਾਲ ਝੁਲਸਿਆ ਜਾਏ ਪੱਤਾ, ਪਤ ਟਹਿਣੀ ਰਹੀ ਕੁਰਲਾਈਆ । ਬਿਨਾ ਆਬ ਤੋਂ ਜੀਵਾਂ ਦੀ ਹੋਏ ਹੱਤਾ, ਪੰਖੇਰੂ ਡਿੱਗਣ ਥਾਉਂ ਥਾਈਂਆ । ਅਠਾਰਾਂ ਜੇਠ ਕਹੇ ਮੈਂ ਵੇਖਿਆ ਪੁਰਖ ਅਬਿਨਾਸ਼ੀ ਭਗਤਾਂ ਦਾ ਬਣ ਕੇ ਸਕਾ, ਸੱਜਣ ਸੁਹੇਲੇ ਰਿਹਾ ਮਿਲਾਈਆ । ਦਰ ਦਰ ਘਰ ਘਰ ਜਾਂਦਿਆਂ ਕਦੇ ਨਾ ਥੱਕਾ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਪ੍ਰੇਮੀਆਂ ਨੂੰ ਮਿਲਦਿਆਂ ਕਦੇ ਨਾ ਅੱਕਾ, ਬੇਅਕਲਾਂ ਨੂੰ ਅਕਲ ਵਾਲੇ ਰਿਹਾ ਬਣਾਈਆ । ਛਡ ਕੇ ਬ੍ਰਹਿਮੰਡ ਖੰਡ ਜਗਤ ਜਹਾਨ ਮਦੀਨਾ ਮੱਕਾ, ਮਹਿਰਾਬ ਭਗਤਾਂ ਰਿਹਾ ਸੁਹਾਈਆ । ਸਿਰ ਰਖ ਆਪਣਾ ਹੱਥਾ, ਹਥੇਲੀ ਉਤੇ ਲਏ ਟਿਕਾਈਆ । ਨੇਤਰ ਤਕ ਆਪਣੀਆਂ ਅੱਖਾਂ, ਅੱਖੀਆਂ ਵਾਲਿਆਂ ਅੱਖਾਂ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰਨ ਆਇਆ ਰੱਛਾ, ਰੱਛਕ ਹੋ ਕੇ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖਾ ਦੇਵੇ ਸਭ ਦਾ ਹੱਕਾ, ਹਾਕਮਾਂ ਦਾ ਹੁਕਮ ਨਾ ਚਲੇ ਰਾਈਆ ।

### ❊ ੧੯ ਜੇਠ ਸ਼ਹਿਨਸ਼ਾਹੀ ਸੰਮਤ ੧ ਸੁੰਦਰ ਸਿੰਘ ਦੇ ਗ੍ਰਹਿ ਫ਼ਿਰੋਜ਼ਸ਼ਾਹ, ਜ਼ਿਲਾ ਫ਼ਿਰੋਜ਼ਪੁਰ ❊

ਇਕ ਨੌਂ ਦਾ ਮਿਟ ਜਾਏ ਝਗੜਾ, ਉਂਨੀ ਉਂਨੀਸਾ ਲੇਖ ਚੁਕਾਈਆ । ਸਿੱਧਾ ਮਾਰਗ ਦੱਸ ਦਏ ਅਗਲਾ, ਪਿਛਲੀ ਆਦਤ ਲੈਣੀ ਬਦਲਾਈਆ । ਗੁਰਮੁਖ ਬਾਹਰੋਂ ਨਜ਼ਰ ਨਾ ਆਏ ਬਗਲਾ, ਅੰਤਰ ਆਤਮ ਕਰਨੀ ਸਚ ਸਫ਼ਾਈਆ । ਹਰਿਜਨ ਮਨ ਵਾਸਨਾ ਰਹੇ ਨਾ ਪਗ਼ਲਾ, ਕੂੜੀ ਕਿਰਿਆ ਨਾ ਕੋਇ ਹਲਕਾਈਆ । ਭਟਕਣਾ ਪਏ ਨਾ ਕਿਸੇ ਵਿਚ ਜੰਗਲਾਂ, ਚੋਟੀ ਪਹਾੜ ਨਾ ਕੋਇ ਤਕਾਈਆ । ਕਿਰਪਾ ਕਰ ਕੇ ਆਪਣੇ ਅੰਗ ਲਾ, ਅੰਗੀਕਾਰ ਇਕ ਅਖਵਾਈਆ । ਪਰਦਾ ਲਾਹ ਦੇ ਹੰ ਬ੍ਰਹਮ ਦਾ, ਪਾਰਬ੍ਰਹਮ ਬੇਪਰਵਾਹੀਆ । ਖੇਲ ਕਰ ਦੇ ਆਪਣੇ ਕਰਮ ਦਾ, ਨਿਹਕਰਮੀ ਹੋ ਕੇ ਹੋ ਸਹਾਈਆ । ਸਭ ਦਾ ਲੇਖਾ ਮੁਕਾ ਦੇ ਇਸ ਜਨਮ ਦਾ, ਜੋ ਚਲ ਆਇਆ ਸਰਨਾਈਆ । ਭਾਂਡਾ ਤੋੜ ਦੇ ਕੂੜੇ ਭਰਮ ਦਾ, ਭੈ ਅਵਰ ਨਾ ਕੋਇ ਰਖਾਈਆ । ਮਾਰਗ ਦੱਸ ਦੇ ਸੱਚੇ ਤਰਨ ਦਾ, ਨਈਆ ਨੌਕਾ ਨਾਮ ਜਣਾਈਆ । ਨੇਤਰ ਖੋਲ੍ਹ ਦੇ ਹਰਨ ਫਰਨ ਦਾ, ਗੁਰਮੁਖ ਅੱਠੇ ਪਹਿਰ ਤੇਰਾ ਦਰਸ਼ਨ ਪਾਈਆ । ਰਸਤਾ ਦੱਸ ਦੇ ਆਪਣੇ ਮੰਦਰ ਚੜ੍ਹਨ ਦਾ, ਅਧਵਿਚਕਾਰ ਨਾ ਕੋਇ ਅਟਕਾਈਆ । ਤਰੀਕਾ ਦੱਸ ਦੇ ਪੱਲੂ ਫੜਨ ਦਾ, ਲੜੀ ਲੜੀ ਨਾਲ ਗੰਢਾਈਆ ਰਾਹ ਦੱਸ ਦੇ ਜੀਉਂਦਿਆਂ ਮਰਨ ਦਾ, ਮਰ ਜੀਵਤ ਨਜ਼ਰੀ ਆਈਆ । ਖੇਲ ਦੱਸ ਦੇ ਆਤਮ ਪਰਮਾਤਮ ਕੰਤ ਸੁਹਾਗੀ ਵਰਨ ਦਾ, ਘਰ ਸਾਜਣ ਵੇਖ ਵਖਾਈਆ । ਝਗੜਾ ਚੁਕਾ ਦੇ ਕੂੜ ਕੁੜਿਆਰੀ ਜ਼ਾਤ ਪਾਤ ਵਰਨ ਬਰਨ ਦਾ, ਬ੍ਰਹਮਾ ਵਿਸ਼ਨ ਸ਼ਿਵ ਇਕੋ ਰੰਗ ਵਖਾਈਆ । ਸਹਾਰਾ ਬਖ਼ਸ਼ ਦੇ ਓਸ ਸਰਨ ਦਾ, ਜਿਸ ਦਾ ਮਾਲਕ ਇਕੋ ਤੂੰ ਹੀ ਨਜ਼ਰੀ ਆਈਆ । ਨਾਮ ਦੱਸ ਦੇ ਸੱਚਾ ਪੜ੍ਹਨ ਦਾ, ਮਿਲੇ ਦੋ ਜਹਾਨ ਵਡਿਆਈਆ । ਝਗੜਾ ਚੁਕਾ ਦੇ ਗ੍ਰਹਿ ਮੰਦਰ ਅੰਦਰ ਲੜਨ ਦਾ, ਪੰਚ ਵਿਕਾਰ ਨਾ ਕੋਇ ਲੜਾਈਆ । ਮਾਰਗ ਦੱਸ ਦੇ ਸਚ ਦਰਬਾਰੇ ਖੜਨ ਦਾ, ਸਨਮੁਖ ਹੋਏ ਦਰਸ਼ਨ ਪਾਈਆ । ਪੈਂਡਾ ਦੱਸ ਦੇ ਅਗੇ ਵਧਣ ਦਾ, ਭੱਜੀਏ ਚਾਈਂ ਚਾਈਂਆ । ਦਰਸ ਕਰਾ ਦੇ ਮੁਕੰਦ ਮਨੋਹਰ ਮੂਰਤ ਮਦਨ ਦਾ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਥੋੜ੍ਹਾ ਜਿਹਾ ਲੇਖਾ ਸਮਝਾ ਦੇ ਜੋ ਝਗੜਾ ਛਿੜਨਾ ਅਦਨ ਦਾ, ਅਦਾਲਤ

ਆਪਣੀ ਵਿਚੋਂ ਪਰਗਟਾਈਆ । ਭੇਵ ਖੁਲ੍ਹਾ ਦੇ ਜਗਤ ਆਤਸ਼ ਅਗਨ ਦਾ, ਸਾਜਸ਼ ਵਿਚ ਲੋਕਾਈਆ । ਪੜਦਾ ਲਾਹ ਦੇ ਕੂੜ ਕੁੜਿਆਰ ਫਿਰਨ ਨਗਨ ਦਾ, ਓਢਣ ਸੀਸ ਨਾ ਕੋਇ ਟਿਕਾਈਆ । ਮੰਦਰ ਸੁਹਾ ਦੇ ਗੁਰਮੁਖਾਂ ਦੇ ਦੀਪਕ ਜਗਣ ਦਾ, ਜਾਗਰਤ ਜੋਤ ਹੋਏ ਰੁਸ਼ਨਾਈਆ । ਪਿਆਰ ਦੱਸ ਦੇ ਆਪਣੇ ਨਾਲ ਮਿਲ ਕੇ ਵਸਣ ਦਾ, ਦਿਵਸ ਰੈਣ ਨਾ ਹੋਏ ਜੁਦਾਈਆ । ਮੁਖ ਦੇ ਦੇ ਸੁਹੰਜਣਾ ਹੱਸਣ ਦਾ, ਗ਼ਮੀ ਗ਼ਮਖ਼ਾਰ ਦੇਣੀ ਮਿਟਾਈਆ । ਅੰਮ੍ਰਿਤ ਪਿਆਲਾ ਦੇ ਦੇ ਧੁਰ ਦੇ ਝੱਟਣ ਦਾ, ਸੰਸੇ ਰੋਗ ਦੇਣੇ ਮਿਟਾਈਆ । ਮੇਲਾ ਮਿਲਾ ਦੇ ਆਪਣੀ ਅੱਖਣ ਦਾ, ਆਖ਼ਰ ਆਪਣਾ ਰੰਗ ਵਖਾਈਆ । ਝਗੜਾ ਮੁਕਾ ਦੇ ਝੋਲੀ ਸੱਖਣ ਦਾ, ਸਖਣੇ ਦੇ ਭਰਾਈਆ । ਹੁਣ ਵੇਲਾ ਨਹੀਂ ਪੁਤਰਾਂ ਤੋਂ ਖ਼ਾਲੀ ਰੱਖਣ ਦਾ, ਘਰ ਘਰ ਮਾਤਾ ਗੋਦ ਵੱਜੇ ਵਧਾਈਆ । ਸਮਾਂ ਨਹੀਂ ਛਡ ਕੇ ਭੱਜਣ ਦਾ, ਆਪਣਾ ਮੁਖ ਬਦਲਾਈਆ । ਇਹ ਲਹਿਣਾ ਧੁਰ ਦੇ ਸੱਜਣ ਦਾ, ਸਾਹਿਬ ਸੁਵਾਮੀ ਜੋ ਅਖਵਾਈਆ । ਰਸ ਦੇ ਦੇ ਧੂੜੀ ਮਜਨ ਦਾ, ਮਜਲਸ ਆਪਣੀ ਇਕ ਸੁਹਾਈਆ । ਤਾਲ ਦੱਸ ਦੇ ਅਗੰਮੀ ਨਾਦ ਵੱਜਣ ਦਾ, ਅੱਠੇ ਪਹਿਰ ਕਰੇ ਸ਼ਨਵਾਈਆ । ਦਰਵਾਜ਼ਾ ਖੋਲ੍ਹ ਦੇ ਆਪਣੇ ਦਰ ਲੰਘਣ ਦਾ, ਪੰਧ ਮੁਕੇ ਚਾਈਂ ਚਾਈਂਆ । ਬਿਸਤਰ ਸੁਹਾ ਦੇ ਆਪਣੇ ਪਲੰਘਣ ਦਾ, ਦੁਸ਼ਾਲਾ ਇਕੋ ਨਾਮ ਟਿਕਾਈਆ । ਰੰਗ ਚੜ੍ਹਾ ਦੇ ਆਪਣੇ ਰੰਗਣ ਦਾ, ਰੰਗ ਰਤੜੇ ਹੋ ਸਹਾਈਆ । ਝਗੜਾ ਮੁਕਾ ਦੇ ਮਰਨ ਜੰਮਣ ਦਾ, ਲੱਖ ਚੁਰਾਸੀ ਪੰਧ ਮੁਕਾਈਆ । ਹੁਣ ਭਗਤਾਂ ਦਾ ਵੇਲਾ ਨਹੀਂ ਕੰਬਣ ਦਾ, ਹਿੰਮਤ ਹੌਸਲੇ ਦੇ ਵਧਾਈਆ । ਹੁਣ ਲੇਖਾ ਨਹੀਂ ਹਿੰਮ ਕੁੰਡ ਵਾਲੇ ਦੁਸ਼ਟਦਮਨ ਦਾ, ਗੋਬਿੰਦ ਸ਼ਬਦੀ ਧਾਰ ਚਲਾਈਆ । ਵਕਤ ਸੁਹਾ ਦੇ ਸੋਹਣੇ ਚਮਨ ਦਾ, ਗੁਲ ਗੁਰਮੁਖ ਦੇ ਖਿਲਾਈਆ । ਰੰਗ ਰੰਗਾ ਦੇ ਸੁਖ ਅਮਨ ਦਾ, ਕੂੜੀ ਕਿਰਿਆ ਨਾ ਕੋਇ ਲੜਾਈਆ । ਜਨ ਭਗਤਾਂ ਨੂੰ ਸਿਦਕ ਭਰੋਸਾ ਦੇ ਦੇ ਆਪਣਾ ਭਾਣਾ ਮੰਨਣ ਦਾ, ਮਨਸਾ ਮਨ ਹੀ ਵਿਚ ਮਿਟਾਈਆ । ਸੰਤ ਸੁਹੇਲੇ ਰੂਪ ਬਣਾ ਲੈ ਆਪਣੇ ਚੰਨਣ ਦਾ, ਨਿੰਮ ਵਾਸ ਨਜ਼ਰ ਕੋਇ ਨਾ ਆਈਆ । ਡੇਰਾ ਢਾਹ ਦੇ ਕੂੜੀ ਕੰਧਣ ਦਾ, ਅੰਦਰੋਂ ਕਰ ਸਫ਼ਾਈਆ । ਝਗੜਾ ਮੁਕਾ ਦੇ ਕੂੜੇ ਕੁਟੰਬ ਵਾਲੇ ਬੰਧਨ ਦਾ, ਬੰਦਗੀ ਇਕ ਸਮਝਾਈਆ । ਨੂਰ ਚਮਕਾ ਦੇ ਅਗੰਮੀ ਰੱਬ ਦਾ, ਇਲਾਹੀ ਆਪ ਖ਼ੁਦਾਈਆ । ਭਰਮ ਰਹੇ ਨਾ ਇਹ ਵੇਲਾ ਸਬਬ ਦਾ, ਭਗਵਨ ਆਪਣਾ ਆਪ ਦਏ ਜਣਾਈਆ । ਜਿਸ ਨੂੰ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਲੱਭਦਾ, ਨੇਤਰ ਨੈਣ ਨੈਣ ਅੱਖ ਉਠਾਈਆ । ਸੋ ਪਾਰ ਕਿਨਾਰਾ ਕਰ ਕੇ ਅਗਲੀ ਪਿਛਲੀ ਹੱਦ ਦਾ, ਮਾਲਵੇ ਬੈਠਾ ਸੋਭਾ ਪਾਈਆ । ਜਿਸ ਦਾ ਗੁਰਮੁਖ ਦਰਸ਼ਨ ਕਰ ਕੇ ਰਜਦਾ, ਭੁਖਿਆਂ ਭੁਖ ਮਿਟਾਈਆ । ਸੂਫ਼ੀਆਂ ਨੂੰ ਮੌਕਾ ਮਿਲ ਗਿਆ ਹੱਜ ਦਾ, ਹਜ਼ਰਤ ਹੋ ਕੇ ਸਜਦਾ ਸੀਸ ਝੁਕਾਈਆ । ਇਕ ਨੌਂ ਕਹੇ ਮੈਂ ਓਸੇ ਦੇ ਹੁਕਮੇ ਅੰਦਰ ਭੱਜਦਾ, ਚਲਾਂ ਵਾਹੋ ਦਾਹੀਆ । ਜਿਹੜਾ ਗੁਰਮੁਖਾਂ ਦੇ ਸਨਮੁਖ ਸਜਦਾ, ਸੋਹਣਾ ਢੋਲ ਮਾਹੀਆ । ਜਿਸ ਦਾ ਖੇਲ ਜੁਗ ਚੌਕੜੀ ਨਾਲੋਂ ਚੰਗਾ ਅੱਜ ਦਾ, ਆਜਜ਼ਾਂ ਆਪਣੇ ਗਲੇ ਲਗਾਈਆ । ਭੇਵ ਖੁਲ੍ਹਾ ਕੇ ਕੂੜੇ ਜਗ ਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਾਮ ਨਗਾਰਾ ਜਿਸ ਦਾ ਵਜਦਾ, ਅਬਾਦਤ ਧੁਰ ਦੀ ਰਿਹਾ ਦ੍ਰਿੜਾਈਆ । ਗੁਰਮੁਖਾਂ ਦਾ ਰਾਹ ਤਕਦਾ ਰਿਹਾ ਕਦ ਦਾ, ਕ਼ਦਮ ਕ਼ਦਮ ਵੇਖ ਵਖਾਈਆ । ਅਗੇ ਲੇਖਾ ਚੁਕਾਵੇ ਰਹਿਣਾ ਅਲਗ ਦਾ, ਵਖਰੀ ਧਾਰ ਨਾ ਕੋਇ ਸਮਝਾਈਆ । ਪੰਧ ਮੁਕਾਵੇ ਸ਼ਾਹ ਰਗ ਦਾ, ਸ਼ਹਿਨਸ਼ਾਹ ਕ਼ਲਮ ਸ਼ਾਹੀ ਨਾਲ ਵਡਿਆਈਆ । ਰੂਪ ਜਣਾ ਦੇ ਸੂਰੇ ਸਰਬਗ ਦਾ, ਸੂਰਬੀਰ ਤੇਰੀ ਓਟ ਤਕਾਈਆ । ਤਾਲ ਸੁਣਾ ਦੇ ਓਸ ਰਬਾਬ ਦਾ, ਜੋ ਬਿਨ ਰਬਾਬ ਰਿਹਾ


੮੫੪

ਵਜਾਈਆ । ਜਾਮ ਪਿਆਲਾ ਪਿਆ ਦੇ ਓਸ ਆਬ ਦਾ, ਜੋ ਇਜ਼ਤ ਆਬਰੂ ਦਏ ਬਣਾਈਆ । ਲਹਿਣਾ ਪੂਰਾ ਕਰਦੇ ਪਿਛਲੇ ਖਵਾਬ ਦਾ, ਬੇਖ਼ਬਰਾਂ ਖ਼ਬਰ ਸੁਣਾਈਆ । ਅੰਮ੍ਰਿਤ ਰਸ ਚੁਆ ਦੇ ਓਸ ਨਾਭ ਦਾ, ਕਮਲ ਕਵਲ ਵਿਚੋਂ ਉਲਟਾਈਆ । ਪੰਧ ਮੁਕਾ ਦੇ ਦੂਈ ਦਵੈਤੀ ਦਰਾਜ ਦਾ, ਏਕਾ ਏਕ ਰੰਗ ਚੜ੍ਹਾਈਆ । ਗੁਰਮੁਖਾਂ ਨੂੰ ਰੂਪ ਬਣਾ ਲੈ ਆਪਣੇ ਸੀਸ ਤਾਜ ਦਾ, ਦੋ ਜਹਾਨਾਂ ਖ਼ੁਸ਼ੀਆਂ ਨਾਲ ਉਠਾਈਆ । ਝਗੜਾ ਚੁਕਾ ਦੇ ਸਵਾਲ ਜਵਾਬ ਦਾ, ਪੁਛਣ ਦੀ ਲੋੜ ਰਹੇ ਨਾ ਰਾਈਆ । ਜੇ ਤੂੰ ਮਾਲਕ ਸਜਦਾ ਦੱਸ ਦੇ ਆਪਣੇ ਆਦਾਬ ਦਾ, ਦੂਸਰ ਸੀਸ ਨਾ ਕੋਇ ਝੁਕਾਈਆ । ਅੱਖਰ ਪੜ੍ਹਾ ਦੇ ਓਸ ਲੁਗਾਤ ਦਾ, ਜਿਸ ਦਾ ਹਰਫ਼ ਯਕਤਰਫ਼ ਫ਼ੈਸਲਾ ਦਏ ਸੁਣਾਈਆ । ਨੂਰ ਕਰਦੇ ਆਪਣੇ ਮਹਿਤਾਬ ਦਾ, ਜ਼ਹੂਰ ਵਿਚੋਂ ਰੁਸ਼ਨਾਈਆ । ਪਰਦਾ ਲਾਹ ਦੇ ਮਹਿਰਾਬ ਦਾ, ਮਹਿਬੂਬ ਆਪਣਾ ਮੁਖ ਵਖਾਈਆ । ਪਰਕਾਸ਼ ਕਰ ਦੇ ਸੱਚੇ ਚਿਰਾਗ਼ ਦਾ, ਜੋ ਚਰਾਗਾਹਾਂ ਵਿਚ ਕਰੇ ਰੁਸ਼ਨਾਈਆ । ਕਿਸੇ ਨੂੰ ਦੁਖ ਨਾ ਰਹੇ ਔਲਾਦ ਦਾ, ਦੁਖ ਸੁਖ ਵਿਚ ਬਦਲਾਈਆ । ਆਸਰਾ ਰਹੇ ਨਾ ਗੁਰਮੁਖਾਂ ਨੂੰ ਕਿਸੇ ਦੀ ਅਮਦਾਦ ਦਾ, ਸਿਰ ਸਭ ਦੇ ਹੱਥ ਟਿਕਾਈਆ । ਝਗੜਾ ਚੁਕ ਜਾਏ ਇਸ਼ਕ ਹਕੀਕੀ ਤੇ ਮਜਾਜ਼ ਦਾ, ਤਰੀਕਾ ਆਪਣਾ ਨਾਮ ਦੇ ਸਮਝਾਈਆ । ਨਿਸ਼ਾਨ ਰਹੇ ਨਾ ਕੂੜੀ ਕਿਰਿਆ ਦਾਗ਼ ਦਾ, ਦੁਰਮਤ ਮੈਲ ਧੁਆਈਆ । ਨਾਤਾ ਬਣਾ ਲੈ ਅਗੰਮੀ ਬਾਪ ਦਾ, ਪਿਤਾ ਪੂਤ ਗੋਦ ਉਠਾਈਆ । ਲੇਖਾ ਲਾ ਲੈ ਆਪਣੇ ਜਾਪ ਦਾ, ਤੇਰਾ ਢੋਲਾ ਰਹੇ ਗਾਈਆ । ਸਾਨੂੰ ਭੇਵ ਖੁਲ੍ਹਾ ਦੇ ਆਪਣੇ ਆਪ ਦਾ, ਗੁਰਮੁਖ ਦੇਣ ਦੁਹਾਈਆ । ਵਕਤ ਸੁਹਾ ਦੇ ਗੋਬਿੰਦ ਭਵਿਖਤ ਵਾਕ ਦਾ, ਵਾਕਿਆ ਵਾਕਫ਼ ਹੋ ਕੇ ਦੇ ਜਣਾਈਆ । ਰਾਹ ਦੱਸ ਦੇ ਗੁਰਮੁਖਾਂ ਨੂੰ ਸੱਚੇ ਇਤਫ਼ਾਕ ਦਾ, ਜਗਤ ਵਿਕਾਰਾ ਕਰੇ ਨਾ ਕੋਇ ਲੜਾਈਆ । ਝਗੜਾ ਮੁਕ ਜਾਏ ਕੂੜੇ ਨਿਫ਼ਾਕ ਦਾ, ਨਫ਼ਰਤ ਦੇਣੀ ਗਵਾਈਆ । ਲੇਖਾ ਮੁਕਾ ਦੇ ਸੰਸਾ ਰਹੇ ਨਾ ਰਸੂਲ ਪਾਕ ਦਾ, ਵਾਹਿਦ ਆਪਣਾ ਆਪ ਦ੍ਰਿੜਾਈਆ । ਕੰਚਨ ਬਣਾ ਦੇ ਪੁਤਲਾ ਖ਼ਾਕ ਦਾ, ਮਿਹਰ ਨਜ਼ਰ ਇਕ ਉਠਾਈਆ । ਪੰਧ ਮੁਕਾ ਦੇ ਜਗਤ ਸ਼ੈਤਾਨ ਚਲਾਕ ਦਾ, ਸ਼ਰਅ ਵਿਚ ਨਾ ਕੋਇ ਲੜਾਈਆ । ਮੰਦਰ ਵਖਾ ਦੇ ਗੋਪੀਆਂ ਵਾਲੀ ਰਾਸ ਦਾ, ਕਾਹਨ ਇਕੋ ਨਜ਼ਰੀ ਆਈਆ । ਘਰ ਵਖਾ ਦੇ ਸਚ ਨਿਵਾਸ ਦਾ, ਜਿਥੇ ਬਹਿ ਕੇ ਸੋਭਾ ਪਾਈਆ । ਨੂਰ ਪਰਗਟਾ ਦੇ ਆਪਣੇ ਪਰਕਾਸ਼ ਦਾ, ਅੰਧ ਅੰਧੇਰ ਚੁਕਾਈਆ । ਲਹਿਣਾ ਦੇਣਾ ਚੁਕਾ ਦੇ ਸਾਸ ਗਰਾਸ ਦਾ, ਜਨ ਭਗਤ ਗ੍ਰਿਹਸਤੀ ਗ੍ਰਿਹਿ ਆਪਣੇ ਲੈਣੇ ਮਿਲਾਈਆ । ਧੀਰਜ ਸੰਤੋਖ ਦੇ ਦੇ ਆਪਣੇ ਵਿਸ਼ਵਾਸ ਦਾ, ਵਿਸ਼ਵ ਆਪਣਾ ਆਪ ਸਮਝਾਈਆ । ਪਰਦਾ ਉਠਾ ਦੇ ਆਤਮਾ ਸਾਫ਼ ਦਾ, ਸਤਿ ਸਤਿ ਨੂਰ ਨਜ਼ਰੀ ਆਈਆ । ਗ਼ੁੱਸਾ ਮਿਟਾ ਦੇ ਗੁਰਮੁਖ ਬੱਚੇ ਗੁਸਤਾਖ ਦਾ, ਅੰਦਰ ਆਤਮ ਆਪਣਾ ਰੰਗ ਚੜ੍ਹਾਈਆ । ਲਹਿਣਾ ਚੁਕਾ ਦੇ ਨਾਰ ਕਮਜ਼ਾਤ ਦਾ, ਕੋਝੀ ਕੁਲੱਖਣੀ ਦੁਹਾਗਣ ਰਹਿਣ ਕੋਈ ਨਾ ਪਾਈਆ । ਜਨ ਭਗਤਾਂ ਲੇਖਾ ਲਾ ਦੇ ਲੋਕਮਾਤ ਦਾ, ਬ੍ਰਹਿਮੰਡ ਖੰਡ ਲਹਿਣਾ ਦੇ ਮੁਕਾਈਆ । ਝਗੜਾ ਮੁਕ ਜਾਏ ਪ੍ਰਿਥਮੀ ਆਕਾਸ਼ ਦਾ, ਗਗਨ ਗਗਨੰਤਰ ਵੇਖ ਵਖਾਈਆ । ਵੇਲਾ ਆ ਗਿਆ ਪ੍ਰਭੂ ਤੇਰੇ ਪਰਤਾਪ ਦਾ, ਵਡ ਪਰਤਾਪੀ ਹਰਿ ਭਗਤ ਲੈ ਬਣਾਈਆ । ਤੇਰੇ ਦਵਾਰੇ ਲੇਖਾ ਰਹੇ ਨਾ ਕੋਈ ਪਾਪ ਦਾ, ਪਤਿਤ ਪੁਨੀਤ ਦੇ ਬਣਾਈਆ । ਝਗੜਾ ਮੁਕਾ ਦੇਣਾ ਜਮ ਕੇ ਫ਼ਾਸ ਦਾ, ਫ਼ਾਸੀ ਗਲ ਨਾ ਕੋਇ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮੇ ਅੰਦਰ ਸਭ ਕੁਛ ਜਾਪਦਾ, ਸਿਰ ਸਕੇ ਨਾ ਕੋਇ ਉਠਾਈਆ ।

## ✻ ੧੯ ਜੇਠ ਸ਼ਹਿਨਸ਼ਾਹੀ ਸੰਮਤ ੧ ਜਗਤਾਰ ਸਿੰਘ ਦੇ ਗ੍ਰਿਹਿ ਫ਼ਿਰੋਜਸ਼ਾਹ ਜ਼ਿਲਾ ਫ਼ਿਰੋਜਪੁਰ ✻

ਸਾਹਿਬ ਸਤਿਗੁਰ ਰੰਗ ਚੋਲੀ, ਕਾਇਆ ਚੋਲੀ ਰੰਗ ਚੜ੍ਹਾਈਆ । ਸਾਹਿਬ ਸਤਿਗੁਰ ਦੱਸ ਬੋਲੀ, ਆਤਮ ਪਰਮਾਤਮ ਸਚ ਪੜ੍ਹਾਈਆ । ਸਾਹਿਬ ਸਤਿਗੁਰ ਬਣਾ ਗੋਲੀ, ਗੁਰਮੁਖ ਯਾਚਕ ਸੇਵਕ ਮੰਗ ਮੰਗਾਈਆ । ਸਾਹਿਬ ਸਤਿਗੁਰ ਉਠਾ ਡੋਲੀ, ਨਿਰਗੁਣ ਸਰਗੁਣ ਆਪਣਾ ਭਾਰ ਉਠਾਈਆ । ਸਾਹਿਬ ਸਤਿਗੁਰ ਖਿਲਾ ਸਚ ਪ੍ਰੇਮ ਹੋਲੀ, ਰੰਗ ਗੁਲਾਲਾ ਇਕ ਚੜ੍ਹਾਈਆ । ਸਾਹਿਬ ਸਤਿਗੁਰ ਸਾਚੇ ਕੰਡੇ ਏਕਾ ਤੋਲੀ, ਜਗਤ ਤਰਾਜ਼ੂ ਹੱਥ ਨਾ ਕੋਇ ਲਗਾਈਆ । ਸਾਹਿਬ ਸਤਿਗੁਰ ਮਨ ਵਾਸਨਾ ਮੇਟ ਕੇ ਰੌਲੀ, ਰੌਣਕ ਧੁਰ ਦਰਬਾਰ ਦੀ ਦੇ ਵਖਾਈਆ । ਸਾਹਿਬ ਸਤਿਗੁਰ ਬੰਦ ਕਿਵਾੜੀ ਤਾਕ ਦੇ ਖੋਲ੍ਹੀ, ਖ਼ਾਲਕ ਮਾਲਕ ਕਰ ਰੁਸ਼ਨਾਈਆ । ਸਾਹਿਬ ਸਤਿਗੁਰ ਮਾਣ ਵਡਿਆਈ ਦੇ ਉਪਰ ਧੌਲੀ, ਤੇਰੇ ਨਾਮ ਦੀ ਵੱਜੇ ਸਚ ਵਧਾਈਆ । ਸਾਹਿਬ ਸਤਿਗੁਰ ਮੇਲ ਮਿਲਾ ਕੇ ਹੌਲੀ ਹੌਲੀ, ਹਲਤ ਪਲਤ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਾਹਿਬ ਸਤਿਗੁਰ ਰੰਗਦੇ ਤਨ, ਤਤਵ ਤਤ ਦੇ ਬਦਲਾਈਆ । ਕੂੜ ਕਲਪਣਾ ਮੇਟ ਦੇ ਮਨ, ਮਨ ਮਣਕਾ ਦੇ ਭਵਾਈਆ । ਸਾਚਾ ਰਾਗ ਸੁਣਾ ਕੇ ਕੰਨ, ਆਵਾਜ਼ ਧੁਰ ਦੀ ਦੇ ਪਰਗਟਾਈਆ । ਭਰਮ ਭੁਲੇਖਾ ਕਢ ਦੇ ਜ਼ਨ, ਮਿਹਰ ਨਜ਼ਰ ਇਕ ਉਠਾਈਆ । ਨਾਮ ਪਦਾਰਥ ਦੇ ਧਨ, ਅਣਮੰਗੀ ਦੌਲਤ ਝੋਲੀ ਪਾਈਆ । ਸਾਚਾ ਨੂਰ ਚਾੜ੍ਹ ਦੇ ਚੰਨ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਮਿਟੇ ਅੰਧੇਰ ਅੰਨ੍ਹ, ਜੂਠ ਝੂਠ ਲੇਖਾ ਦੇ ਗਵਾਈਆ । ਮੇਲ ਮਿਲਾ ਸ੍ਰੀ ਭਗਵਾਨ, ਭਾਗ ਪੂਰਬ ਝੋਲੀ ਪਾਈਆ । ਝਗੜਾ ਚੁਕਾ ਦੇ ਜ਼ਿਮੀਂ ਅਸਮਾਨ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਕਾਲ ਹੋ ਕੇ ਫੜ ਦਾਮਨ, ਦਾਮਨਗੀਰ ਨਜ਼ਰੀ ਆਈਆ । ਸੰਤ ਸੁਹੇਲਾ ਬਣ ਜ਼ਾਮਨ, ਜਮਾਂ ਤੋਂ ਲੈਣਾ ਛੁੜਾਈਆ । ਸਚ ਦੱਸ ਆਪਣਾ ਨਾਮਨ, ਨਾਉਂ ਨਿਰੰਕਾਰਾ ਇਕੋ ਢੋਲਾ ਗਾਈਆ । ਤੇਰੀ ਮੇਰੀ ਹੋਈ ਪਹਿਚਾਨਣ, ਸੋਹੰ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਾਹਿਬ ਸਤਿਗੁਰ ਹੋ ਕਿਰਪਾਲ, ਦੀਨ ਦਿਆਲ ਦਇਆ ਕਮਾਈਆ । ਭਗਤ ਸੁਹੇਲੇ ਵੇਖ ਲਾਲ, ਗੁਰਮੁਖ ਗੋਦ ਉਠਾਈਆ । ਨਾਮ ਅਗੰਮੀ ਵਜਾ ਤਾਲ, ਅਨਹਦ ਨਾਦੀ ਨਾਦ ਸੁਣਾਈਆ । ਫੜ ਕੇ ਸ਼ਾਹ ਬਣਾ ਕੰਗਾਲ, ਨਾਮ ਨਿਧਾਨਾ ਇਕ ਵਰਤਾਈਆ । ਕੂੜੀ ਕਿਰਿਆ ਤੁਟੇ ਜੰਜਾਲ, ਜੀਵਣ ਜੁਗਤ ਦੇ ਸਮਝਾਈਆ । ਤੇਰਾ ਖੇਲ ਸਦਾ ਕਮਾਲ, ਬੇਪਰਵਾਹ ਬੇਪਰਵਾਹੀ ਆਪਣੀ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਾਹਿਬ ਸਤਿਗੁਰ ਕਿਰਪਾ ਨਿਧਾਨ, ਤੇਰੀ ਵਡ ਵਡਿਆਈਆ । ਭਗਤਨ ਮੀਤਾ ਦੇ ਦਾਨ, ਮਨਸਾ ਆਸਾ ਪੂਰ ਕਰਾਈਆ । ਨੀਕਣ ਨੀਕਾ ਨਜ਼ਰੀ ਆਏ ਨੌਜਵਾਨ, ਮਰਦ ਮਰਦਾਨਾ ਫੇਰਾ ਪਾਈਆ । ਤਨ ਮਾਟੀ ਖ਼ਾਕੀ ਹੋਣ ਨਾ ਦੇਵੇ ਵੈਰਾਨ, ਅੰਤਮ ਆਪਣਾ ਲੇਖਾ ਆਪਣੇ ਵਿਚ ਰਖਾਈਆ । ਸਚ ਦਵਾਰੇ ਸੰਤ ਸੁਹੇਲੇ ਮੰਗਣ ਦਾਨ, ਗੁਰਮੁਖ ਝੋਲੀ ਰਹੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਪਦਾਰਥ ਦੇਵੇ ਦਾਨ, ਸਵਾਰਥ ਜਗਤ ਲੇਖੇ ਵਿਚ ਰਖਾਈਆ ।


੮੫੬

੮੫੭

## ✳ ੧੯ ਜੇਠ ਸ਼ਹਿਨਸ਼ਾਹੀ ਸੰਮਤ ੧ ਰਾਮ ਸਿੰਘ ਦੇ ਗ੍ਰਿਹਿ ਜ਼ਿਲਾ ਫ਼ਿਰੋਜ਼ਪੁਰ ✳

ਦਿਵਸ ਕਹੇ ਮੈਨੂੰ ਸਾਰੇ ਕਹਿੰਦੇ ਉਨੀਂ ਜੇਠ, ਇਕ ਨੌ ਮਿਲ ਕੇ ਅੰਕ ਬਣਾਈਆ । ਇਕ ਕਹੇ ਮੈਂ ਭਗਤ ਸੁਹੇਲਾ ਸਾਚੇ ਸੰਤਾਂ ਰੱਖਾਂ ਸਾਇਆ ਹੇਠ, ਨੌ ਕਹੇ ਮੈਂ ਨੌ ਖੰਡ ਨੌ ਦਰ ਡੇਰਾ ਦਿਆਂ ਚੁਕਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਆਤਮ ਪਰਮਾਤਮ ਦੱਸਾਂ ਭੇਤ, ਪਰਦਾ ਓਹਲਾ ਦੂਈ ਦਵੈਤ ਮਿਟਾਈਆ । ਪਾਰਬ੍ਰਹਮ ਬ੍ਰਹਮ ਸੱਚਾ ਦੱਸਾਂ ਕਰਨਾ ਹੇਤ, ਨਿਜ ਘਰ ਸੁਵਾਮੀ ਸਹਿਜੇ ਦਿਆਂ ਮਿਲਾਈਆ । ਨਿਜ ਨੇਤਰ ਗਿਆਨ ਅੱਖ ਲਵਾਂ ਪੇਖ, ਪਰਤਖ ਰੂਪ ਸਚ ਗੁਸਾਂਈ ਦਿਆਂ ਸਮਝਾਈਆ । ਸਚ ਸਵਾਮੀ ਅੰਤਰਜਾਮੀ ਮਿਲਾਵਾਂ ਸਾਚੇ ਦੇਸ, ਮੰਦਰ ਅੰਦਰ ਘਰ ਵਿਚ ਘਰ ਮੇਲਾ ਸਹਿਜ ਸੁਭਾਈਆ । ਜੇ ਬੇਵਤਨ ਹੋਇਆ ਛਡ ਕੇ ਆਪਣਾ ਦੇਸ, ਸਾਚੀ ਮੰਜ਼ਲ ਦਿਆਂ ਚੜ੍ਹਾਈਆ । ਜਿਸ ਗ੍ਰਿਹਿ ਇਕੋ ਸਵਾਮੀ ਵਸੇ ਹਰਿ ਨਰੇਸ਼, ਨਿਰੰਕਾਰਾ ਡੇਰਾ ਲਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਰਿਹਾ ਵੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਸੋ ਪੁਰਖ ਬਿਧਾਤਾ ਵੇਖਣਹਾਰਾ ਜਗਤ ਤਮਾਸ਼ਾ ਨਿਰਗੁਣ ਜੋਤੀ ਜਾਮਾ ਬਦਲ ਕੇ ਭੇਸ, ਅਵੱਲੜਾ ਰੂਪ ਇਕ ਇਕੱਲੜਾ ਰਿਹਾ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਸਮਝਾਈਆ । ਇਕ ਕਹੇ ਮੈਨੂੰ ਆਦਿ ਜੁਗਾਦੀ ਕਹਿੰਦੇ ਇਕ ਏਕੰਕਾਰ, ਅਕਲ ਕਲਧਾਰੀ ਬੇਪਰਵਾਹੀਆ । ਜੁਗ ਚੌਕੜੀ ਖੇਲ ਖੇਲਾਂ ਨੌ ਖੰਡ ਪ੍ਰਿਥਮੀ ਨੌ ਦਵਾਰ, ਨੌ ਰਸ ਖੋਜਾਂ ਚਾਈਂ ਚਾਈਂਆ । ਹੁਕਮੇ ਅੰਦਰ ਦਿਵਸ ਰੈਣ ਮਾਸ ਬਰਖ ਚਲਾਂ ਵਿਚ ਸੰਸਾਰ, ਘੜੀ ਪਲ ਭੱਜਾਂ ਵਾਹੋ ਦਾਹੀਆ । ਕੋਟਨ ਕੋਟ ਜੁਗ ਕਾਲ ਬੀਤ ਗਏ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਚ ਸੰਸਾਰ, ਨਿਤ ਨਵਿਤ ਆਪਣਾ ਵੇਸ ਵਟਾਈਆ । ਹੁਕਮੇ ਅੰਦਰ ਸੇਵਾ ਕਰ ਕੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਕਲਮਾ ਕਾਇਨਾਤ ਸੁਣਾਈਆ । ਧੁਰ ਸੰਦੇਸ਼ਾ ਦੇਂਦੇ ਗਏ ਭਗਤ ਸੁਹੇਲੇ ਬਣ ਕੇ ਯਾਰ, ਧੁਰ ਦਾ ਰਾਗ ਨਾਦ ਕਰ ਸ਼ਨਵਾਈਆ । ਕਾਗ਼ਜ਼ ਕ਼ਲਮ ਸ਼ਾਹੀ ਨਾਲ ਲੇਖਾ ਲਿਖਦੇ ਗਏ ਬੇਸ਼ੁਮਾਰ, ਸ਼ਰਅ ਸ਼ਰੀਅਤ ਬੰਧਨ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਉਨੀਂ ਜੇਠ ਕਹੇ ਮੈਂ ਆਇਆ ਲੋਕਮਾਤ ਜਗ, ਸ਼ਹਿਨਸ਼ਾਹ ਦਿਤੀ ਮਾਣ ਵਡਿਆਈਆ । ਨਿਰਗੁਣ ਧਾਰ ਵਖਾਵਾਂ ਪੁਰਖ ਸਮਰਥ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਨਿਰਾਕਾਰ ਵੇਸ ਵਟਾਈਆ । ਭੇਵ ਅਭੇਦਾ ਖੋਲ੍ਹ ਆਤਮ ਪਰਮਾਤਮ ਦੱਸਾਂ ਦਾਸ, ਤੂੰ ਮੇਰਾ ਮੈਂ ਤੇਰਾ ਦੂਜਾ ਰਹਿਣ ਕੋਇ ਨਾ ਪਾਈਆ । ਸਚ ਸਵਾਮੀ ਅੰਤਰਜਾਮੀ ਧੁਰ ਦੀ ਬਾਣੀ ਸ਼ਬਦ ਨਾਦ ਬੋਧ ਅਗਾਧ ਸੁਣਾਵਾਂ ਗਾਥ, ਚਾਰੇ ਖਾਣੀ ਚਾਰੇ ਬਾਣੀ ਭੇਵ ਅਭੇਦ ਦਿਆਂ ਖੁਲ੍ਹਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਆਕਾਰ ਸਦਾ ਸਾਥ, ਏਥੇ ਓਥੇ ਦੋ ਜਹਾਨਾਂ ਇਕੋ ਰੰਗ ਵਖਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਜਨ ਭਗਤਾਂ ਦੱਸਾਂ ਸਿਮਰਨ ਪੂਜਾ ਪਾਠ, ਜੋਗ ਅਭਿਆਸ ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਦਿਆਂ ਮਿਲਾਈਆ । ਵਸਤ ਅਮੋਲਕ ਕਾਇਆ ਗੋਲਕ ਸਚ ਖ਼ਜ਼ੀਨੇ ਦੇਵਾਂ ਦਾਤ, ਦਾਤਾ ਹੋ ਕੇ ਦਇਆਵਾਨ ਮਿਹਰ ਨਜ਼ਰ ਬੇਨਜ਼ੀਰ ਇਕ ਉਠਾਈਆ । ਸੰਤ ਸੁਹੇਲਾ ਇਕ ਅਕੇਲਾ ਪੂਰੀ ਕਰਨਹਾਰਾ ਆਸ, ਆਸਾ ਤ੍ਰਿਸ਼ਨਾ ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਦਏ ਮਿਟਾਈਆ । ਗੁਰਮੁਖਾਂ ਅੰਦਰ ਨਿਰਗੁਣ ਜੋਤ ਜੋਤੀ ਨੂਰ ਕਰੇ ਪਰਕਾਸ਼, ਅੰਧ ਅੰਧਿਆਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਧੁਰ ਦਾ ਹੁਕਮ ਇਕ ਵਰਤਾਈਆ । ਉਨੀਂ ਜੇਠ ਕਹੇ ਮੈਂ ਲੋਕਮਾਤ ਪਾਇਆ ਫੇਰਾ, ਸੰਮਤ ਸ਼ਹਿਨਸ਼ਾਹੀ ਦਏ ਗਵਾਹੀਆ । ਵੀਹ ਸੌ ਇੱਕੀ ਬਿਕ੍ਰਮੀ ਪੂਰਬ ਕਰ ਕੇ ਨਬੇੜਾ, ਝਗੜਾ ਪਹਿਲਾ ਦਿਤਾ ਮਿਟਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਪੁਰਖ ਅਕਾਲ ਬਬੇਰਾ, ਬਹੁ ਗਿਣਤੀ ਲੋੜ ਰਹੇ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਦਰ ਤੇ ਮੰਗਦੇ ਰਹੇ ਮਿਹਰਾ, ਨਿਉਂ ਨਿਉਂ ਚਰਨਾਂ ਸੀਸ ਕ਼ਦਮਾਂ ਵਿਚ ਝੁਕਾਈਆ । ਜਿਸ ਦੇ ਹੁਕਮੇ ਅੰਦਰ ਨਿਰਗੁਣ ਸਰਗੁਣ ਹੋ ਕੇ ਮਾਰ ਕੇ ਗਏ ਫੇਰਾ, ਚਾਰ ਕੁੰਟ ਦਹਿ ਦਿਸ਼ਾ ਸੋਹਲਾ ਢੋਲਾ ਨਾਮ ਦ੍ਰਿੜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸ਼ਬਦੀ ਧਾਰ ਜੋਧਾ ਸੂਰਬੀਰ ਸ਼ੇਰਾ, ਭਬਕ ਆਪਣਾ ਨਾਮ ਲਗਾਈਆ । ਦੂਰ ਦੁਰਾਡਾ ਵਸਣਹਾਰਾ ਨੇੜਨ ਨੇਰਾ, ਨਿਜ ਘਰ ਆਤਮ ਪਰਮਾਤਮ ਜ਼ਾਹਰ ਬਾਤਨ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਸਚ ਸਵਾਮੀ ਬੇਪਰਵਾਹੀਆ । ਉਨੀਂ ਜੇਠ ਕਹੇ ਮੈਨੂੰ ਕਹਿੰਦੇ ਇਕ ਉਨੀਸਾ, ਸਾਚੀ ਧਾਰ ਦਿਆਂ ਜਣਾਈਆ । ਮੈਂ ਦੇਵਾਂ ਸਚ ਹਦੀਸਾ, ਹਜ਼ਰਤਾਂ ਨਾਲੋਂ ਕਰਾਂ ਸਚ ਪੜ੍ਹਾਈਆ । ਭੇਵ ਚੁਕਾ ਕੇ ਊਚਾਂ ਨੀਚਾਂ, ਰਾਓ ਰੰਕਾਂ ਇਕੋ ਗ੍ਰਿਹਿ ਵਖਾਈਆ । ਪੁਰਖ ਅਬਿਨਾਸ਼ੀ ਸਚ ਸਵਾਮੀ ਸਭ ਦਾ ਮੀਤਾ ਠਾਕਰ, ਕਾਇਆ ਸਾਗਰ ਭਵ ਬੇੜਾ ਪਾਰ ਕਰਾਈਆ । ਨਿਰਮਲ ਕਰਮ ਕਰ ਉਜਾਗਰ, ਸਚ ਬਣਜਾਰੇ ਬਣਾਵਾਂ ਸੁਦਾਗਰ, ਵਸਤ ਅਮੋਲਕ ਇਕੋ ਨਾਮ ਹਟ ਜਣਾਈਆ । ਭੇਵ ਚੁਕਾ ਕੇ ਕਰੀਮ ਕਰਤਾ ਕ਼ਾਦਰ, ਸਚਖੰਡ ਦਰਗਾਹ ਸਾਚੀ ਦੇਵਾਂ ਆਦਰ, ਅਦਲ ਧੁਰ ਦਾ ਇਕ ਸੁਣਾਈਆ । ਜਨ ਭਗਤਾਂ ਵਾਸਨਾ ਕੂੜੀ ਕਿਰਿਆ ਅੰਦਰ ਰਹਿਣ ਨਾ ਦੇਵਾਂ ਸਾਜਸ਼, ਸਿਫ਼ਤ ਸਾਲਾਹੀ ਬੇਪਰਵਾਹੀ ਨੂਰ ਇਲਾਹੀ, ਜਲਵਾਗਰ ਇਕੋ ਦਿਆਂ ਜਣਾਈਆ । ਘਟ ਭੀਤਰ ਅੰਦਰ ਕਰਾਂ ਸਫ਼ਾਈ, ਦੁਰਮਤ ਮੈਲ ਰਹੇ ਨਾ ਰਾਈਆ । ਪਤਿਤ ਪੁਨੀਤ ਠਾਂਡੇ ਸੀਤ ਦਿਆਂ ਕਰਾਈ, ਪੁਰਖ ਅਕਾਲਾ ਦੀਨ ਦਿਆਲਾ ਮਿਲਾ ਕੇ ਸਚਾ ਸ਼ਹਿਨਸ਼ਾਹੀਆ । ਤ੍ਰੈਗੁਣ ਡੇਰਾ ਢਾਹ ਕੇ ਕਰਾਂ ਅਤੀਤ, ਤ੍ਰੈਭਵਣ ਧਨੀ ਗਹਿਰ ਗੰਭੀਰ ਗੁਣ ਗੁਣੀ ਗੁਣਵੰਤਾ ਦਿਆਂ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਵਿਦਿਆ ਹੋਣੀ ਅੰਨ੍ਹੀ, ਚੌਦਾਂ ਲੋਕ ਚੌਦਾਂ ਤਬਕ ਉਚੀ ਕੂਕਣ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਉਨੀਂ ਜੇਠ ਕਹੇ ਮੈਂ ਇਕ ਨੌਂ ਗਿਆ ਜੁੜ, ਭੇਵ ਅਭੇਦਾ ਆਪਣਾ ਦਿਆਂ ਖੁਲ੍ਹਾਈਆ । ਭਗਤ ਸੁਹੇਲਾ ਮਾਲਕ ਖ਼ਾਲਕ ਪ੍ਰਿਤਪਾਲਕ ਮੇਲਾ ਧੁਰ, ਧਰਨੀ ਧਰਤ ਧਵਲ ਲੇਖਾ ਦਿਆਂ ਚੁਕਾਈਆ । ਲਹਿਣਾ ਦੇਣਾ ਮੁਕੇ ਕਾਮ ਕਰੋਧ ਲੋਭ ਮੋਹ ਹੰਕਾਰ ਪੰਜ ਚੋਰ, ਆਸਾ ਮਨਸਾ ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਦਿਆਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚੇ ਵੇਖਣਹਾਰ ਸ੍ਰੀ ਭਗਵਾਨ, ਆਪਣੇ ਹੱਥ ਰਖੇ ਵਡਿਆਈਆ । ਜੁਗ ਚੌਕੜੀ ਦੇਵਣਹਾਰਾ ਦਾਨ, ਵਸਤ ਅਮੋਲਕ ਨਾਮ ਝੋਲੀ ਪਾਈਆ । ਸਚ ਮਹਲ ਅਟਲ ਵਖਾ ਕੇ ਇਕ ਮਕਾਨ, ਸਤਿ ਦਵਾਰੇ ਵੱਜੇ ਸਤਿ ਵਧਾਈਆ । ਆਤਮ ਪਰਮਾਤਮ ਜੋੜਾ ਜੁੜ ਜਾਏ ਗੋਪੀ ਕਾਹਨ, ਸੁਰਤੀ ਸ਼ਬਦੀ ਇਕੋ ਰੰਗ ਵਖਾਈਆ । ਇਕ ਦੂਜੇ ਦੀ ਬਿਨ ਵਿਦਿਆ ਦਏ ਪਹਿਚਾਣ, ਪਰਦਾ ਓਹਲਾ ਦਏ ਉਠਾਈਆ । ਬਿਨ ਹਰਿ ਕਿਰਪਾ ਪੂਰਨ ਆਇਆ ਨਾ ਕਿਸੇ ਗਿਆਨ, ਅੰਧ ਅੰਧੇਰ ਨਾ ਕੋਇ ਮਿਟਾਈਆ । ਅੰਤਰ ਬਖ਼ਸ਼ੇ ਸ਼ਬਦ ਨਾਦ ਧੁਨਕਾਨ, ਅਗੰਮੀ

ਰਾਗ ਜਣਾਈਆ । ਅੰਤਰ ਆਤਮ ਨਿਜ ਰਸ ਦੇਵੇ ਪੀਣ ਖਾਣ, ਕੂੜੀ ਕਿਰਿਆ ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਜੋਤੀ ਜਾਤਾ ਨਿਰਗੁਣ ਨੂਰ ਕਰੇ ਮਹਾਨ, ਸਤਿ ਸਤਿਵਾਦੀ ਆਪਣਾ ਪੜਦਾ ਦਏ ਉਠਾਈਆ । ਲੇਖਾ ਮੁਕ ਜਾਏ ਰਵ ਸਸ ਸੂਰੀਆ ਭਾਨ, ਮੰਡਲ ਮੰਡਪ ਲੋੜ ਰਹੇ ਨਾ ਰਾਈਆ । ਝਗੜਾ ਮੁਕ ਜਾਏ ਜ਼ਿਮੀਂ ਅਸਮਾਨ, ਗਗਨ ਮੰਡਲ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਦ੍ਰਿੜਾਈਆ । ਧੁਰ ਦਾ ਲੇਖਾ ਕਹੇ ਮੇਰਾ ਕਿਸੇ ਨਾ ਜਾਣਿਆ ਭੇਤ, ਪੜਦਾ ਸਕਿਆ ਨਾ ਕੋਇ ਉਠਾਈਆ । ਜੁਗ ਚੌਕੜੀ ਮੈਂ ਰਿਹਾ ਵੇਖ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਸਚ ਪ੍ਰੇਮ ਕਿਸੇ ਨਾ ਹੇਤ, ਪ੍ਰੀਤੀਵਾਨ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਖੇਲਦਾ ਰਿਹਾ ਖੇਡ, ਨਿਰਗੁਣ ਸਰਗੁਣ ਆਪਣੀ ਕਲ ਧਰਾਈਆ । ਗੁਰ ਅਵਤਾਰ ਪੈਗ਼ੰਬਰ ਜੁਗ ਜੁਗ ਰਿਹਾ ਭੇਜ, ਜੋਤੀ ਸ਼ਬਦੀ ਧਾਰ ਸਮਝਾਈਆ । ਆਤਮ ਬ੍ਰਹਮ ਮਾਣਦਾ ਰਿਹਾ ਸੇਜ, ਨਿਰੰਤਰ ਆਪਣਾ ਆਸਣ ਲਾਈਆ । ਦੋ ਜਹਾਨ ਬ੍ਰਹਿਮੰਡ ਖੰਡ ਰਿਹਾ ਵੇਖ, ਪੁਰੀ ਲੋਅ ਪਰਦਾ ਆਪ ਚੁਕਾਈਆ । ਮਾਲਕ ਬਣਦਾ ਰਿਹਾ ਸ਼ਾਹੋ ਭੂਪ ਨਰੇਸ਼, ਨਰ ਨਰਾਇਣ ਵੱਡੀ ਵਡਿਆਈਆ । ਭਗਤ ਸੁਹੇਲਾ ਗੁਰ ਚੇਲਾ ਕਰਦਾ ਰਿਹਾ ਹੇਤ, ਨਾਤਾ ਬਿਧਾਤਾ ਆਪ ਜੁੜਾਈਆ । ਸਿਫ਼ਤ ਸਾਲਾਹੀ ਕ਼ਲਮ ਸ਼ਾਹੀ ਕਾਤਬ ਬਣਕੇ ਲਿਖਦਾ ਰਿਹਾ ਲੇਖ, ਚਾਰੇ ਖਾਣੀ ਚਾਰੇ ਬਾਣੀ ਚਾਰੇ ਵਰਨ ਕਰਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਧੁਰ ਦਾ ਹੁਕਮ ਕਹੇ ਮੈਂ ਸੁਹਾਵਾਂ ਵਕਤ, ਵਾਰ ਥਿਤ ਸਮਝ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਮਾਣ ਦੇਵੇ ਵਡਿਆਈ ਵਿਚ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਾਲ ਮਿਲਾਏ ਸੰਤ ਸੁਹੇਲੇ ਗੁਰਮੁਖ ਭਗਤ, ਭਗਵਨ ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਆਤਮ ਪਰਮਾਤਮ ਦੇਵੇ ਸ਼ਕਤ, ਸ਼ਖ਼ਸੀਅਤ ਸਾਚੀ ਦਏ ਸਮਝਾਈਆ । ਪਰਦਾ ਉਹਲਾ ਭੇਵ ਚੁਕੌਣਾ ਅਰਸ਼ ਫ਼ਰਸ਼, ਦੋ ਜਹਾਨਾਂ ਇਕੋ ਰੰਗ ਵਖਾਈਆ । ਮਿਹਰਵਾਨ ਮੁਹੱਬਤ ਵਿਚ ਮਹਿਬੂਬ ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਮੁਖ ਚਵਾਈਆ । ਚਿੰਤਾ ਸੋਗ ਮਿਟਾ ਦੇ ਹਰਖ਼, ਦੁਖ ਦਰਦ ਨੇੜ ਕੋਇ ਨਾ ਆਈਆ । ਸਾਚੀ ਮੰਜ਼ਲ ਸਚ ਮਨਾਰ ਹਕ ਦਵਾਰ ਦੇਵੇ ਦਰਸ, ਆਦਰਸ਼ ਆਪਣਾ ਇਕ ਜਣਾਈਆ । ਗੁਰਮੁਖਾਂ ਉਤੇ ਰਹਿਮਤ ਨਾਲ ਕਰੇ ਤਰਸ, ਰਹੀਮ ਰਹਿਮਾਨ ਸੱਚਾ ਸ਼ਹਿਨਸ਼ਾਹੀਆ । ਜਨਮ ਕਰਮ ਦੀ ਮੇਟ ਦੇਵੇ ਹਰਸ, ਲੱਖ ਚੁਰਾਸੀ ਰੋਗ ਰਹਿਣ ਨਾ ਪਾਈਆ । ਧੁਰ ਦਾ ਨਾਮ ਸਾਚਾ ਢੋਲਾ ਸੁਣਾਵੇ ਤਰਜ਼, ਤਾਲ ਤਲਵਾੜਾ ਨਾ ਕੋਇ ਵਜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਾਰ ਜੁਗ ਦੀ ਬੇਨੰਤੀ ਮਨਜ਼ੂਰ ਕਰੇ ਅਰਜ਼, ਵਾਕ ਭਵਿਖਤਾਂ ਖੋਜ ਖੁਜਾਈਆ । ਸਮਰਥ ਸਵਾਮੀ ਆਪਣਾ ਖੇਲ ਕਰੇ ਅਸਚਰਜ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਭੇਵ ਨਾ ਕੋਇ ਖੁਲ੍ਹਾਈਆ । ਹੁਕਮ ਦੇਵੇ ਜੋਧਾ ਸੂਰਬੀਰ ਮਰਦਾਨਾ ਮਰਦ, ਸ਼ਬਦੀ ਸ਼ਬਦ ਆਪਣੀ ਕਾਰ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰ ਗਰਦ, ਨਵ ਨੌਂ ਚਾਰ ਪਰਦਾ ਰਿਹਾ ਉਠਾਈਆ । ਜਗਤ ਕਸਾਈ ਛੁਰੀ ਰਹਿਣ ਨਾ ਦੇਵੇ ਕਰਦ, ਕਤਲਗਾਹ ਲਹਿਣਾ ਦਏ ਮੁਕਾਈਆ । ਮਨ ਵਾਸਨਾ ਕੂੜੀ ਕਿਰਿਆ ਅੰਦਰ ਵੜ ਕੇ ਦੇਵੇ ਵਰਜ, ਧੁਰ ਫ਼ਰਮਾਨਾ ਸੱਚਾ ਰਾਣਾ ਸ੍ਰੀ ਭਗਵਾਨਾ ਆਪਣਾ ਆਪ ਸਮਝਾਈਆ । ਜਨ ਭਗਤਾਂ ਬੇੜਾ ਸ਼ੌਹ ਦਰਿਆਏ ਹੋਣ ਨਾ ਦੇਵੇ ਗ਼ਰਕ, ਖੇਵਟ ਖੇਟਾ ਬਿਨ ਵੰਞ ਮੁਹਾਣਿਉਂ ਪਾਰ ਲੰਘਾਈਆ । ਕਲਜੁਗ ਅੰਤ ਵੰਡਣਹਾਰਾ ਸੰਤ ਸੁਹੇਲੇ ਦਰਦ,

੮੬੦

ਦੁਖੀਆਂ ਦਾ ਦੁਖ ਆਪਣੀ ਝੋਲੀ ਪਾਈਆ । ਗੁਰਮੁਖਾਂ ਹੋਣ ਨਾ ਦੇਵੇ ਕੋਈ ਹਰਜ, ਮਾਣਸ ਜਨਮ ਮਨ ਵਾਸਨਾ ਦਏ ਮਿਟਾਈਆ । ਨਾਮ ਨਿਧਾਨਾ ਸਚ ਵਖਾਵੇ ਧੁਰ ਦੀ ਖੜਗ, ਖੰਡਾ ਇਕੋ ਇਕ ਚਮਕਾਈਆ । ਗੁਰਮੁਖ ਗੁਰਸਿਖ ਚਾਰ ਕੁੰਟ ਦਹਿ ਦਿਸ਼ਾ ਫਿਰੇ ਸਦਾ ਨਿਧੜਕ, ਵੈਰੀ ਮੀਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਵਖਾਈਆ । ਹਰਿਜਨ ਸੱਜਣ ਜਾਏ ਉਠ, ਕਲਜੁਗ ਨੀਂਦਰ ਗ਼ਫ਼ਲਤ ਰਹਿਣ ਨਾ ਪਾਈਆ । ਸ੍ਰੀ ਭਗਵਾਨ ਮਿਹਰਵਾਨ ਹੋ ਕੇ ਜਾਏ ਤੁਠ, ਸਿਰ ਆਪਣਾ ਹੱਥ ਰਖਾਈਆ । ਸਾਚਾ ਅੰਮ੍ਰਿਤ ਜਾਮ ਪਿਆਏ ਘੁਟ, ਅੰਦਰ ਬਾਹਰ ਦੁਰਮਤ ਮੈਲ ਕਰੇ ਸਫ਼ਾਈਆ । ਸਾਚੇ ਮੰਦਰ ਅੰਦਰ ਨਿਰਗੁਣ ਨੂਰ ਹੋਵੇ ਪਰਕਾਸ਼, ਜੋਤੀ ਜੋਤ ਡਗਮਗਾਈਆ । ਇਕੋ ਢੋਲਾ ਪਵਣ ਪਵਣੀ ਚਲੇ ਸਵਾਸ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਨਿਜ ਘਰ ਨਿਜ ਵਾਸੀ ਕਰੇ ਨਿਵਾਸ, ਧੁਰ ਦੇ ਮੰਦਰ ਅੰਦਰ ਸੋਭਾ ਪਾਈਆ । ਪ੍ਰੇਮ ਪਿਆਲਾ ਨਾਮ ਖ਼ੁਮਾਰੀ ਦੇਵੇ ਆਬੇ ਹਯਾਤ, ਮਧੁਰ ਰਸ ਮਧੁਰ ਧੁਨ ਆਤਮਕ ਦਏ ਜਣਾਈਆ । ਸਚ ਦਵਾਰੇ ਸਤਿ ਪੁਰਖ ਨਿਰੰਜਣ ਕਰੇ ਆਪ ਨਿਵਾਸ, ਸਿੰਘਾਸਣ ਆਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਦੱਸੇ ਸਚ ਪਰਭਾਤ, ਸੰਧਿਆ ਲੇਖਾ ਦਏ ਮਿਟਾਈਆ । ਵਕਤ ਕਹੇ ਮੇਰੀ ਸਚ ਪਰਭਾਤੀ, ਪ੍ਰਭ ਦਿਤੀ ਮਾਣ ਵਡਿਆਈਆ । ਦਿਵਸ ਬੀਤ ਕੇ ਆਈ ਰਾਤੀ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਅਰਸ਼ਾਂ ਤੋਂ ਮਾਰੇ ਫ਼ਰਸ਼ ਉਤੇ ਝਾਤੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਕੀ ਕਰੇ ਖੇਲ ਕਮਲਾਪਾਤੀ, ਪਤਿਪਰਮੇਸ਼ਵਰ ਦਾਤਾ ਬੇਪਰਵਾਹੀਆ । ਜਿਸ ਦਾ ਨਾਮ ਕਹਾਣੀ ਜੁਗ ਜੁਗ ਚਲਦੀ ਰਹੇ ਸਾਖੀ, ਸੋ ਸਾਖ਼ਿਆਤ ਆਪਣੀ ਕਾਰ ਕਮਾਈਆ । ਜਨ ਭਗਤਾਂ ਦੀ ਬਦਲ ਦੇਵੇ ਹਯਾਤੀ, ਜਨਮ ਵਿਚੋਂ ਜਨਮ ਦਏ ਵਖਾਈਆ । ਰੂਹ ਬੁਤ ਦੋਵੇਂ ਕਰ ਕੇ ਪਾਕੀ, ਮਾਟੀ ਖ਼ਾਕੀ ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨਾਂ ਬਣ ਕੇ ਸਾਥੀ, ਪੁਰਖ ਅਬਿਨਾਸ਼ੀ ਸਾਚੀ ਘਾਟੀ ਮੰਜ਼ਲ ਦਏ ਚੜ੍ਹਾਈਆ । ਜਿਥੇ ਜ਼ਾਤ ਪਾਤ ਦੀਨ ਮਜ਼੍ਹਬ ਕੋਈ ਨਾ ਕਰੇ ਬਾਤੀ, ਸ਼ਰਅ ਸ਼ਰੀਅਤ ਵਿਚ ਨਾ ਕੋਇ ਲੜਾਈਆ । ਮਨ ਵਾਸਨਾ ਕੂੜੀ ਕਿਰਿਆ ਨਾ ਦਿਸੇ ਕੋਇ ਫ਼ਸਾਦੀ, ਝਗੜਾ ਜੀਵ ਨਾ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਹੇਲਾ ਇਕ ਅਕੇਲਾ ਆਪਣਾ ਰੰਗ ਵਖਾਈਆ । ਵਕਤ ਕਹੇ ਮੈਂ ਆਇਆ ਲੋਕਮਾਤ, ਦੀਨ ਦਿਆਲ ਦਿਤੀ ਮਾਣ ਵਡਿਆਈਆ । ਜਨ ਭਗਤਾਂ ਜੋੜ ਕੇ ਸਾਚਾ ਨਾਤ, ਅਗਲਾ ਸੰਗ ਲਿਆ ਬਣਾਈਆ । ਨਾਮ ਨਿਧਾਨਾ ਸੁਣ ਕੇ ਗਾਥ, ਸੋਹੰ ਢੋਲਾ ਲਿਆ ਗਾਈਆ । ਸਚ ਪ੍ਰੇਮ ਦੀ ਵੇਖ ਜਮਾਤ, ਨਿਉਂ ਨਿਉਂ ਬੈਠਾ ਸੀਸ ਨਿਵਾਈਆ । ਸੇਵਕ ਬਣ ਕੇ ਦਾਸੀ ਦਾਸ, ਖ਼ਾਦਮ ਹੋ ਕੇ ਫੇਰਾ ਪਾਈਆ । ਰੰਗ ਰੰਗਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕੰਕਾਰਾ ਬੇਪਰਵਾਹੀਆ । ਇਕ ਨੌਂ ਕਹੇ ਸਾਡਾ ਹੋਇਆ ਇਕੱਠ, ਇਕ ਆਪਣਾ ਰੂਪ ਰਿਹਾ ਬਦਲਾਈਆ । ਹੁਕਮ ਸੁਣ ਪੁਰਖ ਸਮਰਥ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਨੇਤਰ ਖੋਲ੍ਹ ਨਾ ਸਕੇ ਕੋਈ ਅੱਖ, ਲੋਚਨ ਨੈਣ ਰਹੇ ਸ਼ਰਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਚਰਨੀ ਰਹੇ ਢਠ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ, ਸਾਡਾ ਲਹਿਣਾ ਦੇਣਾ ਹੋਇਆ ਬਸ, ਬਸਤੇ ਸਭ ਨੇ ਲਏ ਬੰਧਾਈਆ । ਨਿਰਗੁਣ ਨਿਰਵੈਰ ਨਿਰੰਕਾਰ ਤੇਰੀ ਆਸਾ

ਆਏ ਰਖ, ਰੱਖਕ ਬਣਨਾ ਥਾਉਂ ਥਾਈਂਆ । ਅਦਲ ਇਨਸਾਫ਼ ਕਰਨਾ ਹਕੀਕਤ ਹਕ, ਲਾਸ਼ਰੀਕ ਸਚ ਤੌਫ਼ੀਕ਼ ਤੇਹੇ ਨੂਰ ਖ਼ੁਦਾਈਆ । ਸਚਾ ਮਾਰਗ ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਦੇਣਾ ਦੱਸ, ਕਰਨੀ ਸਤਿ ਸਚ ਪੜ੍ਹਾਈਆ । ਹਉਮੇ ਹੰਗਤਾ ਗੜ੍ਹ ਹੰਕਾਰੀ ਬੁਰਜ ਕੂੜੀ ਕਿਰਿਆ ਖੇੜਾ ਕਰਨਾ ਭਠ, ਤਤ ਅੱਠ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਉਣਾ ਧੁਰ ਦਾ ਘਰ, ਜਿਸ ਗ੍ਰਿਹਿ ਧੁਰ ਦੀ ਧਾਰ ਸੋਭਾ ਪਾਈਆ । ਉਨੀਂ ਜੇਠ ਕਹੇ ਮੈਂ ਵੇਖਣ ਆਇਆ ਜਗਤ ਤਅਲੀਮ, ਤੁਲਬਿਆਂ ਵਾਲੀ ਪੜ੍ਹਾਈਆ । ਪ੍ਰਭ ਦੇ ਉਤੇ ਕਿਸੇ ਨਾ ਰਿਹਾ ਯਕੀਨ, ਯਕੇ ਬਾਅਦ ਦੀਗਰੇ ਸਾਰੇ ਗਏ ਭੁਲਾਈਆ । ਆਤਮ ਪਰਮਾਤਮ ਕੋਈ ਕਰ ਨਾ ਸਕਿਆ ਤਸਲੀਮ, ਤਮਅ ਵੇਖੀ ਜਗਤ ਲੋਕਾਈਆ । ਮਹਲ ਅਟਲ ਚੜ੍ਹ ਨਾ ਵੇਖਿਆ ਕਿਸੇ ਅਜ਼ੀਮ, ਇਸਮ ਆਜ਼ਮ ਨਾ ਕੋਇ ਸਮਝਾਈਆ । ਜਗਤ ਨੇਤਰ ਹੋਏ ਨਾਬੀਨ, ਲੋਚਣ ਅੱਖ ਨਾ ਸਕੇ ਖੁਲ੍ਹਾਈਆ । ਮਨ ਵਾਸਨਾ ਦੇਂਦੇ ਰਹੇ ਦਲੀਲ, ਕੂੜੀ ਕਿਰਿਆ ਨਾਲ ਰਲਾਈਆ । ਪੁਰਖ ਅਬਿਨਾਸ਼ੀ ਸਾਚਾ ਠਾਕਰ ਕਿਸੇ ਨਾ ਮਿਲਿਆ ਛੈਲ ਛਬੀਲ, ਸ਼ਹਿਨਸ਼ਾਹ ਆਪਣਾ ਨੂਰ ਨਾ ਕੋਇ ਚਮਕਾਈਆ । ਕਲਜੁਗ ਅੰਤ ਅੰਤ ਹੋਇਆ ਅਖ਼ੀਰ, ਤਕਦੀਰ ਸਭ ਦੀ ਦਿਆਂ ਬਦਲਾਈਆ । ਸ਼ਰਅ ਦੇ ਕਟ ਜ਼ੰਜੀਰ, ਝਗੜਾ ਚੁਕਾਏ ਕਬੀਰ, ਗਹਿਰ ਗੰਭੀਰ ਇਕੋ ਦਏ ਸਮਝਾਈਆ । ਜਿਸ ਦੀ ਖਿੱਚ ਨਾ ਸਕਿਆ ਕੋਇ ਤਸਵੀਰ, ਜੁਗ ਚੌਕੜੀ ਘਤਦਾ ਰਿਹਾ ਵਹੀਰ, ਇਕ ਇਕੱਲਾ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਵਾਰ ਏਕੰਕਾਰ ਆਪਣਾ ਹੁਕਮ ਵਰਤਾਈਆ । ਹੁਕਮ ਕਹੇ ਮੈਂ ਚਲਾਂ ਜੁਗ ਚਾਰ, ਚੌਕੜੀ ਸੀਸ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਨਮਸਤੇ ਕਹਿ ਕੇ ਸੀਸ ਨਿਵਾਈਆ । ਖੇਲ ਖੇਲਦੇ ਰਹੇ ਗੁਰੂ ਅਵਤਾਰ, ਪੈਗ਼ੰਬਰ ਵੇਸ ਵਟਾਈਆ । ਸੁਹਾਉਂਦੇ ਰਹੇ ਦਰੇ ਦਰਬਾਰ, ਦੀਵਾਨ ਧੁਰ ਦਾ ਨਾਮ ਲਗਾਈਆ । ਬਣਦੇ ਰਹੇ ਮੁਹੱਬਤ ਵਿਚ ਪ੍ਰੇਮੀ ਹਮ ਯਾਰ, ਯਰਾਨੇ ਗ਼ਮਖ਼ਾਰ ਨਜ਼ਰੀ ਆਈਆ । ਗੁਲਸ਼ਨ ਵਿਚ ਲੈਂਦੇ ਰਹੇ ਬਹਾਰ, ਪੱਤ ਟਹਿਣੀ ਫੂਲ ਨਾਲ ਮਹਿਕਾਈਆ । ਰਾਹ ਤਕਦੇ ਗਏ ਨਿਰੰਕਾਰ, ਚਾਰ ਕੁੰਟ ਵੇਖਣ ਥਾਉਂ ਥਾਈਂਆ । ਕਵਣ ਵਕ਼ਤ ਸੁਹੇਲਾ ਕਿਰਪਾ ਨਿਧਾਨ ਹੋਵੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦਏ ਜਣਾਈਆ । ਵਲੀਆਂ ਦਾ ਵਲੀ ਅਲੀਆਂ ਦਾ ਅਲੀ ਪੈਗ਼ੰਬਰਾਂ ਦਾ ਪੈਗ਼ੰਬਰ ਸ਼ਹਿਨਸ਼ਾਹ ਸਿਕਦਾਰ, ਹਕਦਾਰ ਸਾਰੇ ਵੇਖ ਵਖਾਈਆ । ਜਿਸਨੂੰ ਚਾਰ ਕੁੰਟ ਦਹਿ ਦਿਸ਼ਾ ਮੰਦਰ ਮਸਜਿਦ ਸ਼ਿਵਦਵਾਲੇ ਮਠਾਂ ਵਿਚ ਲਭਦਾ ਸੰਸਾਰ, ਤੀਰਥ ਤੱਟਾਂ ਉਤੇ ਫਿਰ ਫਿਰ ਦੇਣ ਦੁਹਾਈਆ । ਪੜ੍ਹ ਪੜ੍ਹ ਵਿਦਿਆ ਵਿਦਵਾਨ ਗਏ ਹਾਰ, ਨੇਤਰ ਲੋਚਨ ਦਰਸ ਕੋਇ ਨਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਬਣ ਰਖਵਾਲਾ ਜਨ ਭਗਤਾਂ ਮੇਲ ਮਿਲਾਏ ਵਿਚ ਸੰਸਾਰ, ਸੰਸਾ ਰੋਗ ਹਉਮੇ ਦਏ ਮਿਟਾਈਆ । ਉਨੀਂ ਜੇਠ ਕਹੇ ਮੈਂ ਤਕਿਆ ਉਹ ਨਿਰੰਕਾਰ, ਜਿਸ ਦੀ ਮੰਜ਼ਲ ਵਿਚ ਮਨਾਰ, ਦੀਵਾ ਬਾਤੀ ਜਗੇ ਅਗੰਮ ਅਪਾਰ, ਸਚ ਸਿੰਘਾਸਣ ਸੋਹੇ ਸੱਚੀ ਸਰਕਾਰ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਨਜ਼ਰੀ ਆਈਆ । ਭਗਤਾਂ ਕਰੇ ਉੱਧਾਰ, ਸੰਤਾਂ ਕਰੇ ਪਿਆਰ, ਗੁਰਮੁਖਾਂ ਲਾਏ ਪਾਰ, ਗੁਰਸਿੱਖਾਂ ਲਏ ਉਠਾਈਆ । ਸਚ ਬਣਾ ਕੇ ਧੁਰ ਦੇ ਲਾਲ, ਲਾਲ ਗੁਲਾਲਾ ਆਪਣਾ ਰੰਗ ਦਏ ਚੜ੍ਹਾਈਆ । ਭਗਤ ਵਛਲ ਦੀਨ ਦਿਆਲ, ਗ਼ਰੀਬ ਨਿਮਾਣਿਆਂ ਕਰੇ ਪ੍ਰਿਤਪਾਲ, ਗੁਰਮੁਖ ਵੇਖ ਨੱਢੇ ਬਾਲ, ਬਾਲੀ ਬੁਧਿ ਦਏ ਸਮਝਾਈਆ । ਤ੍ਰੈਗੁਣ ਮਾਇਆ ਤੋੜ

੮੬੧

ਜੰਜਾਲ, ਭਾਗ ਲਗਾ ਕੇ ਕਾਇਆ ਮਾਟੀ ਖਾਲ, ਕਾਇਆ ਮੰਦਰ ਅੰਦਰ ਵਖਾ ਕੇ ਸੱਚੀ ਧਰਮਸਾਲ, ਦੀਆ ਬਾਤੀ ਕਮਲਾਪਾਤੀ ਇਕੋ ਦੇਵੇ ਬਾਲ, ਜੋਤੀ ਜੋਤ ਇਕੋ ਕਰੇ ਰੁਸ਼ਨਾਈਆ । ਜੋ ਜਨਮ ਕਰਮ ਪੂਰਬ ਸੇਵਾ ਗਏ ਘਾਲ, ਤਿਨ੍ਹਾਂ ਹੋਏ ਨਾ ਅੰਤ ਜ਼ਵਾਲ, ਭੁਜਾਂ ਲਏ ਉਠਾਲ, ਫੜ ਬਾਹੋਂ ਗਲੇ ਲਗਾਈਆ । ਲੱਖ ਚੁਰਾਸੀ ਵਿਚੋਂ ਕਰੇ ਭਾਲ, ਭਗਤ ਸੁਹੇਲੇ ਮੇਲੇ ਨਾਲ, ਗੁਰ ਚੇਲੇ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਭਗਤ ਸੁਹੇਲੇ ਕਰ ਪਰਵਾਨ, ਮਹਿਮਾਨ ਧੁਰ ਦੇ ਦਏ ਬਣਾਈਆ ।



### ❊ ੨੦ ਜੇਠ ਸ਼ਹਿਨਸ਼ਾਹੀ ਸੰਮਤ ੧ ਸੁਰਜਨ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ❊

ਪੁਰਖ ਅਕਾਲ ਚੁਕਣਹਾਰਾ ਪਰਦਾ, ਜੁਗ ਚੌਕੜੀ ਜਨ ਭਗਤਾਂ ਦਏ ਵਡਿਆਈਆ । ਨਿਰਭੌ ਭੈ ਚੁਕਾਏ ਕੂੜੇ ਡਰ ਦਾ, ਆਸਾ ਤ੍ਰਿਸ਼ਨਾ ਮਾਇਆ ਮਮਤਾ ਮੋਹ ਦਏ ਗੁਆਈਆ । ਭੇਵ ਅਭੇਦਾ ਖੁਲ੍ਹਾਏ ਘਰ ਵਿਚ ਘਰ ਦਾ, ਕਾਇਆ ਮੰਦਰ ਅੰਦਰ ਵੱਜੇ ਵਧਾਈਆ । ਅੰਮ੍ਰਿਤ ਪਿਆਏ ਨਿਝਰ ਰਸ ਸਾਚੇ ਸਰ ਦਾ, ਬੂੰਦ ਸੁਵਾਂਤੀ ਠਾਂਢੀ ਆਪਣੀ ਆਪ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੰਤ ਸੁਹੇਲੇ ਵੇਖ ਵਖਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰਨਹਾਰਾ ਦਿਆਲ, ਦਇਆਨਿਧ ਵੱਡੀ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਕਰੇ ਭਾਲ, ਲੱਖ ਚੁਰਾਸੀ ਖੋਜ ਖੁਜਾਈਆ । ਸੰਤ ਸੁਹੇਲੇ ਗੁਰਮੁਖ ਲੱਭੇ ਸਾਚੇ ਲਾਲ, ਅਨਮੁਲੜੇ ਹੀਰੇ ਪ੍ਰਭ ਲਏ ਪਰਗਟਾਈਆ । ਸਾਚੀ ਸਿਖਿਆ ਧੁਰ ਦੀ ਦੇਵੇ ਇਕ ਸਖਾਲ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਕਰੇ ਪੜ੍ਹਾਈਆ । ਤ੍ਰੈਗੁਣ ਮਾਇਆ ਤੋੜ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਸੁਹਾਏ ਸਾਚਾ ਤਾਲ, ਤੀਰਥ ਤਟ ਲੋੜ ਰਹੇ ਨਾ ਰਾਈਆ । ਦੀਆ ਬਾਤੀ ਕਮਲਾਪਾਤੀ ਧੁਰ ਦਾ ਦੇਵੇ ਬਾਲ, ਦਿਵਸ ਰੈਣ ਕਰੇ ਰੁਸ਼ਨਾਈਆ । ਕਾਇਆ ਕਾਅਬਾ ਵਖਾਏ ਸੱਚੀ ਧਰਮਸਾਲ, ਸ਼ਿਵਦਵਾਲਾ ਮਠ ਇਕੋ ਨਜ਼ਰੀ ਆਈਆ । ਸੰਤ ਸੁਹੇਲੇ ਗੁਰਮੁਖ ਚੇਲੇ ਸਤਿਗੁਰ ਸੱਚਾ ਸਚ ਦੁਵਾਰੇ ਦਏ ਬਹਾਲ, ਕੂੜ ਕੁੜਿਆਰਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਜਣ ਮੀਤਾ ਬੇਪਰਵਾਹੀਆ । ਸਾਜਨ ਮੀਤਾ ਹਰਿ ਭਗਵੰਤ, ਕਰਨੀ ਕਰਤਾ ਇਕ ਅਖਵਾਇੰਦਾ । ਭਗਤ ਸੁਹੇਲਾ ਪ੍ਰਭ ਸਭ ਦਾ ਕੰਤ, ਸਵੱਛ ਸਰੂਪੀ ਰੂਪ ਵਟਾਇੰਦਾ । ਬੋਧ ਅਗਾਧ ਬਣਾ ਕੇ ਪੰਡਤ, ਧੁਰ ਦੀ ਵਿਦਿਆ ਇਕ ਪੜ੍ਹਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਦੇ ਵਡਿਆਈ ਵਿਚ ਜੀਵ ਜੰਤ, ਜੀਵਨ ਜੀਵਨ ਵਿਚੋਂ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਮਿਹਰਵਾਨ ਦਇਆ ਕਰ, ਹਰਿਜਨ ਸਾਚੇ ਵੇਖ ਵਖਾਈਆ । ਧੁਰ ਦਵਾਰਾ ਖੋਲ੍ਹ ਕੇ ਦਰ, ਪੜਦਾ ਓਹਲਾ ਦਏ ਉਠਾਈਆ । ਸਚ ਸਰੋਵਰ ਨੁਹਾ ਕੇ ਸਰ, ਦੁਰਮਤ ਮੈਲ ਦਏ ਧੁਆਈਆ । ਸਾਚੀ ਵਿਦਿਆ ਇਕੋ ਪੜ੍ਹ, ਧੁਰ ਦਾ ਨਾਮ ਦਏ ਸਮਝਾਈਆ । ਸਾਚੀ ਮੰਜ਼ਲ ਇਕੋ ਚੜ੍ਹ, ਧੁਰ ਧਾਮ ਦਏ ਵਖਾਈਆ । ਲੇਖਾ ਮੁਕਾ ਕੇ ਸੀਸ

੮੬੨

ਧੜ੍ਹ, ਆਤਮ ਪਰਮਾਤਮ ਮੇਲਾ ਸਹਿਜ ਸੁਭਾਈਆ । ਕੂੜੀ ਕਿਰਿਆ ਉਖੇੜੇ ਜੜ੍ਹ, ਤਨ ਮਾਟੀ ਖ਼ਾਕ ਰਹਿਣ ਨਾ ਪਾਈਆ । ਆਸਾ ਤ੍ਰਿਸ਼ਨਾ ਜਾਏ ਸੜ, ਜੋਤੀ ਅਗਨੀ ਲੰਬੂ ਲਾਈਆ । ਸੰਤ ਸਾਜਣ ਬਾਹੋਂ ਫੜ, ਗ੍ਰਿਹ ਮੰਦਰ ਲਏ ਬਹਾਈਆ । ਭੇਵ ਚੁਕਾਏ ਨਾਰੀ ਨਰ, ਇਕੋ ਰੰਗ ਵਖਾਈਆ । ਸਦਾ ਸੁਹੇਲਾ ਇਕ ਅਕੇਲਾ ਭਗਤ ਭਗਵਾਨ ਲਏ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਈਆ । ਦੀਨ ਦਿਆਲ ਪੁਰਖ ਅਬਿਨਾਸ਼ਾ, ਪੁਰਖ ਅਕਾਲ ਦਇਆ ਕਮਾਈਆ । ਭਗਤ ਜਨਾਂ ਹਰਿ ਦਾਸੀ ਦਾਸਾ, ਜੁਗ ਜੁਗ ਵੇਖ ਵਖਾਈਆ । ਜਨਮ ਕਰਮ ਦੀ ਕਰੇ ਪੂਰੀ ਆਸਾ, ਪੂਰਬ ਲਹਿਣਾ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਥੇ ਉਥੇ ਦੋ ਜਹਾਨ ਦੇਵੇ ਸਾਥਾ, ਬ੍ਰਹਿਮੰਡ ਖੰਡ ਪੁਰੀ ਲੋਅ ਪਾਰ ਲੰਘਾਈਆ । ਆਦਿ ਜੁਗਾਦਿ ਨਿਤ ਨਵਿਤ ਸੋਹੰ ਸ਼ਬਦ ਪੜ੍ਹਾ ਕੇ ਸਾਚੀ ਗਾਥਾ, ਗਹਿਰ ਗੰਭੀਰ ਬੇਨਜ਼ੀਰ ਨਜ਼ਰ ਇਕ ਉਠਾਈਆ । ਜਨਮ ਕਰਮ ਦੀ ਪੂਰੀ ਕਰੇ ਆਸਾ, ਚਰਨ ਕਵਲ ਦੇਵੇ ਭਰਵਾਸਾ, ਲੇਖੇ ਲਾਵੇ ਪਵਨ ਸਵਾਸਾ, ਨਿਰਗੁਣ ਜੋਤ ਕਰੇ ਪਰਕਾਸ਼ਾ, ਅੰਧ ਅੰਧੇਰ ਦਏ ਮਿਟਾਈਆ । ਪੁਰਖ ਅਕਾਲ ਸਰਬ ਗੁਣਤਾਸਾ, ਹਰ ਘਟ ਅੰਦਰ ਰੱਖੇ ਵਾਸਾ, ਭਗਤ ਸੁਹੇਲਾ ਬਣੇ ਰਾਖਾ, ਜੁਗ ਚੌਕੜੀ ਚਾਰ ਕੁੰਟ ਦਹਿ ਦਿਸ਼ਾ ਹੋਵੇ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੇ ਵਿਛੜੇ ਲਏ ਮਿਲਾਈਆ । ਭਗਤ ਸੁਹੇਲਾ ਹਰਿ ਬੇਪਰਵਾਹ, ਪਾਰਬ੍ਰਹਮ ਵਡੀ ਵਡਿਆਈਆ । ਆਦਿ ਜੁਗਾਦੀ ਬਣ ਮਲਾਹ, ਜੁਗ ਜੁਗ ਬੇੜਾ ਆਪਣੇ ਕੰਧ ਉਠਾਈਆ । ਕਲਜੁਗ ਅੰਤਮ ਹੋਏ ਸਹਾ, ਸਾਹਿਬ ਸੁਲਤਾਨ ਸੱਚਾ ਸ਼ਹਿਨਸ਼ਾਹੀਆ । ਜੋਤੀ ਜਾਤਾ ਵੇਸ ਵਟਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ । ਭਗਤ ਜਨਾਂ ਪ੍ਰਭ ਸਦਾ ਸੰਗ, ਮਿਤਰ ਪਿਆਰਾ ਮੀਤ ਨਜ਼ਰੀ ਆਇੰਦਾ । ਨਾਮ ਨਿਧਾਨ ਵਜਾਏ ਮਰਦੰਗ, ਅਨਰਾਗੀ ਆਪਣਾ ਰਾਗ ਸੁਣਾਇੰਦਾ । ਸਚ ਸਚ ਦੇਵਣਹਾਰ ਸਚ ਅਨੰਦ, ਨਿਜਾਨੰਦ ਪਰਮਾਨੰਦ ਵਿਚ ਮਿਲਾਇੰਦਾ । ਦੂਈ ਦਵੈਤੀ ਸ਼ਰਅ ਸ਼ਰਾਇਤੀ ਢਾਵਣਹਾਰਾ ਕੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪਣੇ ਹੱਥ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਪਾਏ ਸਾਰ ਜੁਗ ਚੌਕੜੀ ਸਮਾਂ ਵਿਚਾਰ, ਪਰਦਾ ਓਹਲਾ ਰਹਿਣ ਕੋਇ ਨਾ ਪਾਇੰਦਾ ।


੮੬੩

### ❋ ੨੦ ਜੇਠ ਸ਼ਹਿਨਸ਼ਾਹੀ ਸੰਮਤ ੧ ਗੁਰਚਰਨ ਕੌਰ ਦੇ ਘਰ, ਹੀਰਾ ਮੰਡੀ ਗੇਟ ਫ਼ਿਰੋਜ਼ਪੁਰ ❋

ਪ੍ਰੇਮ ਕਹੇ ਮੇਰਾ ਖੇਲ ਨਿਤ ਨਵਾਂ ਰੋਜ਼, ਜਗਹ ਬਜਗਹ ਵੇਖ ਵਖਾਈਆ । ਚਾਰੇ ਖਾਣੀ ਕਰਦਾ ਰਹਵਾਂ ਖੋਜ, ਬਾਹਰ ਅੰਦਰ ਫੋਲ ਫੁਲਾਈਆ । ਚਾਰ ਕੁੰਟ ਦਹਿ ਦਿਸ਼ਾ ਕਰਦਾ ਰਹਵਾਂ ਸੋਚ, ਸਮਝ ਆਪਣੀ ਨਾਲ ਮਿਲਾਈਆ । ਲਭਦਾ ਰਵਾਂ ਰੋਜ਼, ਚੌਦਾਂ ਤਬਕ ਸਬਕ ਕੌਣ ਪੜ੍ਹਾਈਆ । ਸੁਣਦਾ ਰਹਾਂ ਸਦਾ ਸਲੋਕ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਪਰਕਾਸ਼ ਤਕਦਾ ਰਹਾਂ ਜੋਤ, ਨਿਰਗੁਣ ਨਿਰਵੈਰ ਬੇਪਰਵਾਹੀਆ । ਨਗਾਰਿਆਂ ਉਤੇ ਸੁਣਦਾ ਰਹਾਂ ਚੋਟ, ਵੱਜੇ ਵਾਹੋ ਦਾਹੀਆ । ਮਹਲ ਅਟਲ ਵੇਂਹਦਾ ਰਹਾਂ ਕੋਟੀ ਕੋਟ, ਸ਼ਿਵਦਵਾਲੇ ਮਠ ਪਰਦਾ ਲਾਹੀਆ । ਬਿਨਾ ਸਤਿਗੁਰ

ਪੂਰੇ ਸਾਚੀ ਦੇਵੇ ਨਾ ਕੋਇ ਮੌਜ, ਮਜਲਸ ਸਚ ਨਾ ਕੋਇ ਲਗਾਈਆ । ਭਰਮ ਭਰਮ ਕੇ ਜੁਗ ਵੇਖੇ ਬਹੁਤ, ਬਹੁ ਗਿਣਤੀ ਵਿਚ ਜਣਾਈਆ । ਮੇਰੀ ਅਜੇ ਨਾ ਮੁੱਕੀ ਔਧ, ਆਯੂ ਨਾ ਕੋਇ ਵਿਹਾਈਆ । ਸਾਚਾ ਮਿਲਿਆ ਨਾ ਕੋਇ ਬੋਧ, ਧੁਰ ਗਿਆਨ ਨਾ ਕੋਇ ਦ੍ਰਿੜਾਈਆ । ਕੂੜੀ ਕਿਰਿਆ ਵੇਂਹਦਾ ਰਿਹਾ ਢੌਂਗ, ਭ੍ਰਿਸ਼ਟਾਚਾਰ ਲੋਕਾਈਆ । ਭਗਤਾਂ ਮਿਲਣ ਦਾ ਮੈਨੂੰ ਸ਼ੌਕ, ਆਪਣਾ ਹਾਲ ਸਮਝਾਈਆ । ਜਿਥੇ ਕੋਈ ਨਾ ਸਕੇ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਮੈਂ ਉਥੇ ਜਾਵਾਂ ਖ਼ਾਮੋਸ਼, ਚੁਪ ਚੁਪੀਤਾ ਪੰਧ ਮੁਕਾਈਆ । ਸਚ ਪ੍ਰੀਤੀ ਅੰਦਰ ਹੋਵਾਂ ਮਧਹੋਸ਼, ਮਦਿ ਇਕੋ ਰਸ ਵਖਾਈਆ । ਮੇਰਾ ਲੇਖੇ ਲਗ ਜਾਏ ਮਾਟੀ ਪੋਸ਼, ਪੁਸ਼ਤ ਪਨਾਹ ਮਿਲੇ ਵਡਿਆਈਆ । ਜਿਹੜਾ ਹੋਇਆ ਰਿਹਾ ਰੂਹਪੋਸ਼, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨਾਤਾ ਦਏ ਜੁੜਾਈਆ । ਪ੍ਰੇਮ ਕਹੇ ਮੈਂ ਪ੍ਰੇਮੀ ਰਿਹਾ ਲਭਦਾ, ਪ੍ਰੇਮਿਕਾ ਰੂਪ ਵਟਾਈਆ । ਆਦਿ ਜੁਗਾਦਿ ਰਿਹਾ ਭੱਜਦਾ, ਜੁਗ ਚੌਕੜੀ ਬੈਠਾ ਪੰਧ ਮੁਕਾਈਆ । ਦਿਵਸ ਰੈਣ ਰਿਹਾ ਨਸਦਾ, ਨੱਠਾਂ ਵਾਹੋ ਦਾਹੀਆ । ਖ਼ੁਸ਼ੀਆਂ ਵਿਚ ਰਿਹਾ ਹਸਦਾ, ਹੰਸੀ ਮੁਖ ਵਖਾਈਆ । ਸਚ ਦਵਾਰੇ ਰਿਹਾ ਵਸਦਾ, ਵਸਲ ਇਕੋ ਯਾਰ ਖ਼ੁਦਾਈਆ । ਦਰਸ਼ਨ ਕਰਦਾ ਰਿਹਾ ਅਗੰਮੀ ਅੱਖ ਦਾ, ਬਿਨ ਅੱਖਾਂ ਅੱਖ ਜਣਾਈਆ । ਸਾਚੀ ਮੰਜ਼ਲ ਰਿਹਾ ਵਧਦਾ, ਕ਼ਦਮ ਕ਼ਦਮ ਨਾਲ ਬਦਲਾਈਆ । ਮੈਂ ਸਾਰੀ ਸ੍ਰਿਸ਼ਟੀ ਨਾਲੋਂ ਭਗਤਾਂ ਦਾ ਹਿੱਸੇਦਾਰ ਬਣਿਆ ਅਧ ਦਾ, ਧੁਰ ਦਾ ਲਹਿਣਾ ਝੋਲੀ ਪਾਈਆ । ਮੈਂ ਰਾਹ ਤਕਦਾ ਪੁਰਾਣਾ ਕਦ ਦਾ, ਕ਼ਦੀਮ ਦਿਆਂ ਸਮਝਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਰਿਹਾ ਸਦਦਾ, ਹੋਕੇ ਦੇ ਦੇ ਜਗਤ ਅਲਾਈਆ । ਲੇਖਾ ਮੁਕਦਾ ਰਿਹਾ ਹਕ ਦਾ, ਹਕੋ ਹਕ ਦਏ ਬਦਲਾਈਆ । ਪਿਆਰ ਦਏ ਆਪਣੇ ਹੱਥ ਦਾ, ਸਿਰ ਸਾਹਿਬ ਸਵਾਮੀ ਆਪ ਟਿਕਾਈਆ । ਪ੍ਰੇਮ ਕਹੇ ਮੈਂ ਉਸ ਦਵਾਰੇ ਫਬਦਾ, ਜੋ ਫ਼ੈਸਲੇ ਧੁਰ ਦੇ ਦਏ ਸੁਣਾਈਆ । ਮੈਂ ਨੂਰ ਰੱਬੀ ਵੇਖਿਆ ਰੱਬ ਦਾ, ਸਬਬ ਨਾਲ ਗਿਆ ਆਈਆ । ਝਗੜਾ ਚੁਕਾਵਾਂ ਕੂੜੇ ਪੱਜ ਦਾ, ਪੰਚਮ ਡੇਰਾ ਢਾਹੀਆ । ਨਜ਼ਾਰਾ ਵਖਾ ਦੇ ਆਪਣੇ ਹੱਜ ਦਾ, ਹਾਜਤ ਪੂਰ ਕਰਾਈਆ । ਨਾਮ ਸੁਣਾ ਦੇ ਜੈਕਾਰਾ ਆਪਣੇ ਡੰਕ ਦਾ, ਢੋਲਾ ਇਕੋ ਗਾਈਆ । ਝਗੜਾ ਮੁਕਾ ਦੇ ਲੱਖ ਚੁਰਾਸੀ ਪੰਧ ਦਾ, ਪਾਂਧੀ ਪੰਧ ਨਾ ਕੋਇ ਭੁਆਈਆ । ਕਿਲ੍ਹਾ ਤੋੜ ਦੇ ਵਕਾਰੀ ਕੰਧ ਦਾ, ਜੂਠਾ ਝੂਠਾ ਡੇਰਾ ਦੇਣਾ ਢਾਹੀਆ । ਰਸ ਦੇ ਦੇ ਆਪਣੇ ਅਨੰਦ ਦਾ, ਪ੍ਰੇਮ ਕਹੇ ਪ੍ਰੇਮ ਆਪਣੇ ਵਿਚੋਂ ਪਰਗਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦੇ ਅੰਦਰ ਵਸਦਾ, ਝਗੜਾ ਚੁਕਾਇਆ ਰਹਿਣਾ ਵਖ ਦਾ, ਪਰਦਾ ਉਹਲਾ ਨਾ ਰਿਹਾ ਪਲਕ ਅੱਖ ਦਾ, ਸਭ ਦਾ ਮਾਲਕ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਤਿੰਨਾਂ ਦੇ ਪੜਦੇ ਢਕਦਾ, ਪ੍ਰੇਮ ਪਿਆਰ ਅੰਦਰ ਲਭਦਾ, ਦੂਸਰ ਡੋਰੀ ਤੰਦ ਨਾ ਕੋਇ ਵਖਾਈਆ ।

❊ ੨੦ ਜੇਠ ਸ਼ਹਿਨਸ਼ਾਹੀ ਸੰਮਤ ੧ ਸਲੱਖਣ ਸਿੰਘ ਦੇ ਗ੍ਰਿਹ ਪਿੰਡ ਮੂੰਗਲਾ ਜ਼ਿਲਾ ਫ਼ਿਰੋਜ਼ਪੁਰ ❊

ਗੁਰਮੁਖ ਨਿਮਾਣਾ ਕਦੇ ਨਾ ਹੋਇਆ, ਸਦਾ ਸਦਾ ਸਦ ਸਤਿਗੁਰ ਆਪਣੀ ਗੋਦ ਉਠਾਇੰਦਾ । ਗੁਰਮੁਖ ਸੱਜਣ ਕਦੇ ਨਾ ਮੋਇਆ, ਮਰ ਜੀਵਤ ਜੀਵਨ ਜਗਤ ਵਿਚ ਵਡਿਆਇੰਦਾ । ਗੁਰਮੁਖ ਆਪਣਾ ਆਪ ਕਦੇ ਨਾ ਖੋਇਆ, ਜੋ ਤਨ ਮਨ ਸਤਿਗੁਰ ਭੇਟ ਚੜ੍ਹਾਇੰਦਾ । ਗੁਰਸਿਖ

੮੬੪

ਦੁਖ ਦਰਦ ਵਿਚ ਕਦੇ ਨਾ ਰੋਇਆ, ਜੋ ਆਤਮ ਪਰਮਾਤਮ ਜੋੜ ਜੁੜਾਇੰਦਾ । ਗੁਰਮੁਖ ਪਾਪਾਂ ਮੈਲ ਦੁਰਮਤ ਸਦਾ ਧੋਇਆ, ਉਜਲ ਆਪਣਾ ਆਪ ਕਰਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਗੁਰਮੁਖ ਗੁਰ ਗੁਰ ਸਤਿਗੁਰ ਇਕੋ ਹੋਇਆ, ਦੂਜਾ ਰੂਪ ਨਾ ਕੋਇ ਪਰਗਟਾਇੰਦਾ । ਗੁਰਸਿਖ ਕਦੇ ਨਾ ਹੋਏ ਕੰਗਾਲ, ਜਗਤ ਗ਼ਰੀਬੀ ਨਾ ਕੋਇ ਹੰਢਾਇੰਦਾ । ਜਿਨ੍ਹਾਂ ਨੂੰ ਦੇਵੇ ਅਨਮੁੱਲੜਾ ਲਾਲ, ਨਾਮ ਖ਼ਜ਼ਾਨਾ ਆਪ ਭਰਾਇੰਦਾ । ਵਿਚੋਲਾ ਬਣ ਦਲਾਲ, ਦੁਨੀਆ ਤੋਂ ਲਏ ਛੁੜਾਈਆ । ਪੁਛ ਮੁਰੀਦਾਂ ਹਾਲ, ਮੁਰਦੇ ਲਏ ਜਵਾਈਆ । ਜਮਾਂ ਤੋਂ ਕਰ ਬਹਾਲ, ਫ਼ਾਸੀ ਤੋਂ ਲਏ ਛੁਡਾਈਆ । ਨਾਤਾ ਤੋੜ ਕੇ ਕਾਲ, ਦੀਨ ਦਿਆਲ ਆਪਣਾ ਰੰਗ ਰੰਗਾਈਆ । ਮਾਰਗ ਦੱਸ ਸੁਖਾਲ, ਔਝੜ ਰਾਹ ਕਟਾਈਆ । ਬਿਹੰਗਮ ਦੱਸ ਕੇ ਚਾਲ, ਅੰਤਮ ਲੈ ਕੇ ਜਾਵੇ ਨਾਲ, ਵਿਛੋੜਾ ਰਹਿਣ ਕੋਇ ਨਾ ਪਾਈਆ । ਗੋਦ ਸੁਹੰਜਣੀ ਸੋਹੇ ਬਾਲ, ਲੋਰੀ ਸ਼ਬਦ ਨਾਲ ਪਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਫਲ ਦੇਵੇ ਖੁਵਾਲ, ਤ੍ਰਿਸ਼ਨਾ ਭੁਖ ਸਰਬ ਮਿਟਾਈਆ । ਗੁਰਮੁਖ ਕਦੇ ਨਾ ਹੋਵੇ ਨਿਕੰਮਾ, ਨਿਹਕਰਮੀ ਰੂਪ ਨਾ ਕਦੇ ਵਟਾਈਆ । ਗੁਰਮੁਖ ਸਦਾ ਸਤਿਗੁਰ ਘਰ ਜੰਮਾ, ਨਾਤਾ ਮਾਤ ਪਿਤ ਤੁੜਾਈਆ । ਇਕੋ ਪੁਰਖ ਅਕਾਲ ਜੋਤ ਅਕਾਲਣ ਧੁਰ ਦੀ ਅੰਮਾ, ਅਮਾਨਤ ਆਪਣੀ ਝੋਲੀ ਪਾਈਆ । ਨਾਤਾ ਸ੍ਰਿਸ਼ਟੀ ਨਾਲ ਤੱਤ ਮਾਟੀ ਖ਼ਾਕੀ ਤਨਾ, ਆਤਮ ਪਰਮਾਤਮ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰਮੁਖ ਕਦੇ ਨਾ ਹੋਵੇ ਭੁੱਖਾ, ਪ੍ਰਭ ਭੁੱਖਿਆਂ ਭੁਖ ਮਿਟਾਈਆ । ਜਨਮ ਕਰਮ ਦਾ ਮੇਟ ਕੇ ਦੁਖਾ, ਦੁਖ ਦਰਦ ਦਏ ਗਵਾਈਆ । ਸਚ ਪ੍ਰੇਮ ਦਾ ਦੇ ਕੇ ਸੁਖਾ, ਸੁਖ ਸਾਗਰ ਵਿਚ ਸਮਾਈਆ । ਬੁੱਢਿਆਂ ਨੱਢਿਆਂ ਬਿਨ ਸਤਿਗੁਰ ਪੂਰੇ ਕੋਇ ਨਾ ਕਹੇ ਆ ਮੇਰਿਆ ਪੁਤਾ, ਫੜ ਬਾਹੋਂ ਗਲੇ ਲਗਾਈਆ । ਪ੍ਰਭ ਦੀ ਯਾਦ ਵਿਚ ਜਿਨ੍ਹਾਂ ਨੇ ਟੁੱਕੜ ਖਾਧਾ ਰੁੱਖਾ ਸੁੱਖਾ, ਸੁਖ ਸਾਗਰ ਵਿਚ ਸਮਾਈਆ । ੮੬੫

ਮਨ ਮਨਸਾ ਗਏ ਮਿਟਾਈਆ । ਜਿਨ੍ਹਾਂ ਦੇ ਅੰਤਰ ਪ੍ਰੇਮ ਪਿਆਰ ਸੱਚਾ ਉੱਠਾ, ਲਹਿਰ ਲਹਿਰ ਵਿਚੋਂ ਬਦਲਾਈਆ । ਪੁਰਖ ਅਕਾਲ ਸਦਾ ਉਨ੍ਹਾਂ ਤੇ ਤੁਠਾ, ਪਿਆਰ ਮੁਹੱਬਤ ਝੋਲੀ ਪਾਈਆ । ਮੀਤ ਮੁਰਾਰ ਰਹਿਣ ਦੇਵੇ ਕੋਈ ਨਾ ਰੁੱਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਗੁਰਮੁਖ ਕਦੇ ਨਾ ਕਹੇ ਮੈਂ ਗ਼ਰੀਬ, ਗ਼ਰੀਬੀ ਮੇਰੇ ਉਤੇ ਆਈਆ । ਕਦੀ ਨਾ ਕਹੇ ਮੈਂ ਬਦਨਸੀਬ, ਧੱਕੇ ਦੇਵੇ ਲੋਕਾਈਆ । ਜਿਨ੍ਹਾਂ ਦੇ ਸਾਹਿਬ ਸਵਾਮੀ ਵਸਿਆ ਕ਼ਰੀਬ, ਘਰ ਸੱਜਣ ਬੈਠਾ ਸੋਭਾ ਪਾਈਆ । ਜਿਨ੍ਹਾਂ ਦੇ ਕੋਲ ਪ੍ਰਭ ਮਿਲਣ ਦੀ ਤੌਫ਼ੀਕ, ਉਹ ਤੋਫ਼ੇ ਜਗਤ ਦੇ ਦੇਣ ਗੁਆਈਆ । ਧੁਰ ਦਾ ਸੱਜਣ ਲੱਭ ਰਫ਼ੀਕ ਵਾਂਗ ਫ਼ਰੀਦ, ਅਜੀਬ ਮੰਜ਼ਲ ਇਕੋ ਪਾਈਆ । ਨਜ਼ਰੀ ਆਏ ਸਚ ਤਬੀਬ, ਜੋ ਤਬਾ ਦਏ ਬਦਲਾਈਆ । ਜਿਨ੍ਹਾਂ ਨੂੰ ਜੁਗਾਂ ਜੁਗਾਂ ਦੀ ਉਮੀਦ, ਆਸਾ ਵਿਚ ਬਹਿ ਬਹਿ ਖ਼ੁਸ਼ੀ ਮਨਾਈਆ । ਕਰਦੇ ਰਹੇ ਉਡੀਕ, ਨੇਤਰ ਲੋਚਣ ਅੱਖ ਖੁਲ੍ਹਾਈਆ । ਬਿਨਾ ਵੇਖਿਆਂ ਡਿਠਿਆਂ ਕਰਦੇ ਰਹੇ ਤਾਰੀਫ਼, ਮਨਸਾ ਮਨਸਾ ਨਾਲ ਮਿਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਿਨ੍ਹਾਂ ਨੂੰ ਸਨਮੁਖ ਹੋਇਆ ਪ੍ਰਤੀਤ, ਸਤਿ ਸਤਿਵਾਦੀ ਨਜ਼ਰੀ ਆਈਆ । ਨਾਲ ਮਿਲ ਕੇ ਢੋਲਾ ਗਾਵਣ ਸੋਹੰ ਗੀਤ, ਗੋਬਿੰਦ ਰੰਗ ਚੜ੍ਹਾਈਆ । ਉਹ ਗੁਰਮੁਖ ਕਦੇ ਨਾ ਹੋਵੇ ਨੀਚ, ਨੀਚੋਂ ਊਚ ਦਏ ਬਣਾਈਆ । ਜਿਨ੍ਹਾਂ ਦੇ ਅੰਦਰ ਲੰਘ ਜਾਏ ਦਹਲੀਜ਼, ਦਹਿ ਦਿਸ਼ਾ ਪੰਧ ਮੁਕਾਈਆ । ਉਹਨਾਂ ਨੂੰ ਆਪਣੇ ਪ੍ਰੇਮ ਦੀ ਦੱਸ ਦੇਵੇ ਤਮੀਜ਼, ਸਹਿਜ ਨਾਲ ਸਮਝਾਈਆ ।

ਜਨ ਭਗਤ ਬਣਾ ਕੇ ਅਜ਼ੀਜ਼, ਖ਼ਿਦਮਤਗਾਰ ਸੇਵਾ ਸਚ ਬਣਾਈਆ । ਜਿਹੜੇ ਗੋਬਿੰਦ ਧਾਰ ਹੋਏ ਸ਼ਹੀਦ, ਉਹਨਾਂ ਦਾ ਮੇਲਾ ਸਹਿਜ ਸੁਭਾਈਆ । ਸ਼ਬਦੀ ਗੁਰ ਕਰੇ ਤਸਦੀਕ, ਸ਼ਹਾਦਤ ਆਪਣੀ ਰਿਹਾ ਭੁਗਤਾਈਆ । ਪੁਰਖ ਅਕਾਲ ਬਣ ਕੇ ਮੀਤ, ਮਿਤਰਾਂ ਵਾਲਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦਏ ਉਠਾਈਆ । ਗੁਰਮੁਖ ਕਦੇ ਨਾ ਕਹੇ ਮੈਂ ਕੰਗਲਾ, ਧਨ ਦੌਲਤ ਮਾਇਆ ਨਜ਼ਰ ਕੋਇ ਨਾ ਆਈਆ । ਜਿਸ ਦੇ ਕੋਲ ਅਨਮੁੱਲਾ ਸਾਢੇ ਤਿੰਨ ਹੱਥ ਕਾਇਆ ਬੰਗਲਾ, ਨਿਰਗੁਣ ਸਰਗੁਣ ਵੰਡ ਵੰਡਾਈਆ । ਜਿਸ ਗ੍ਰਿਹਿ ਮੰਦਰ ਅੰਦਰ ਬੈਠਾ ਪ੍ਰੀਤਮ ਰੰਗਲਾ, ਰੰਗ ਰਤੜਾ ਆਸਣ ਲਾਈਆ । ਜੋ ਚਾਹੇ ਸੋ ਘਰ ਵਿਚ ਮੰਗ ਲਾ, ਮੰਗਲਾਚਾਰ ਆਪਣਾ ਦਏ ਜਣਾਈਆ । ਬਿਨ ਰਸਨਾ ਤੋਂ ਸਾਚਾ ਅਨੰਦ ਲਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਨਮ ਜਨਮ ਦੀ ਟੁੱਟੀ ਗੰਢ ਲਾ, ਗੰਢਣਹਾਰ ਗੋਪਾਲ ਗੁਸਾਈਆ । ਜਿਸ ਗੁਰਸਿਖ ਚਰਨ ਕਵਲ ਪ੍ਰੇਮ ਨਾਲ ਕੀਤੀ ਬੰਦਨਾ, ਸੋ ਬੰਦੀਖਾਨੇ ਦਏ ਤੁੜਾਈਆ । ਰਾਏ ਧਰਮ ਮੂਲ ਨਾ ਦੰਡਣਾ, ਕਰਮ ਕਾਂਡ ਰਹਿਣ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਹਰਿਜਨ ਕੋਈ ਨਾ ਕਹੇ ਮੈਂ ਮੰਗਤ, ਭਿਖਾਰੀ ਦਰਵੇਸ਼ ਨਜ਼ਰੀ ਆਈਆ । ਜਿਨ੍ਹਾਂ ਨੂੰ ਪੁਰਖ ਅਕਾਲ ਮੇਲ ਮਿਲਾਇਆ ਨਾਲ ਹਰਿਸੰਗਤ, ਸੋ ਹਰਿ ਕਾ ਰੂਪ ਗਏ ਬਣਾਈਆ । ਉਹਨਾ ਦਾ ਲੇਖਾ ਰਿਹਾ ਨਾ ਅੰਤ, ਅੰਤਸ਼ਕਰਨ ਵੱਜੀ ਵਧਾਈਆ । ਢੋਲਾ ਸੁਣ ਕੇ ਪ੍ਰਭ ਦਾ ਮੰਤ, ਮੰਤਵ ਆਪਣਾ ਹਲ ਕਰਾਈਆ । ਮੇਲਾ ਨਾਲ ਸ੍ਰੀ ਭਗਵੰਤ, ਨਾਰ ਕੰਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸੱਚੀ ਸਰਨਾਈਆ । ੮੬੬ ਗੁਰਮੁਖ ਕਦੇ ਨਾ ਕਹੇ ਔਖਾ, ਘੜੀ ਔਖੀ ਰਹਿਣ ਕੋਇ ਨਾ ਪਾਈਆ । ਸਤਿਗੁਰ ਮਿਲ ਕੇ ਸਤਿ ਵਿਚ ਸੌਖਾ, ਮਨ ਮਮਤਾ ਦਏ ਮਿਟਾਈਆ । ਪੁਰਖ ਅਕਾਲ ਕਿਸੇ ਨਾਲ ਕਦੇ ਕਰੇ ਨਾ ਧੋਖਾ, ਧੁਖਦਿਆਂ ਦੀ ਅਗਨੀ ਦਏ ਬੁਝਾਈਆ । ਆਪਣਾ ਮਾਰਗ ਦੱਸ ਕੇ ਸੌਖਾ, ਮੰਜ਼ਲ ਦਏ ਚੜ੍ਹਾਈਆ । ਚੁਰਾਸੀ ਵਿਚੋਂ ਮੌਕਾ, ਮੁਫ਼ਤ ਆਪਣਾ ਜੋੜ ਜੁੜਾਈਆ । ਝਗੜਾ ਚੁਕਾ ਕੇ ਲੋਕਾ, ਲੋਕਾਈ ਕੋਲੋਂ ਪਲੂ ਦਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਸਰਨ ਸਰਨ ਇਕੋ ਇਕ ਵਖਾਈਆ ।

੮੬੬

## ✳ ੨੦ ਜੇਠ ਸ਼ਹਿਨਸ਼ਾਹੀ ਸੰਮਤ ੧ ਕਿਰਪਾਲ ਸਿੰਘ ਦੇ ਗ੍ਰਿਹਿ ਪਿੰਡ ਗੋਲੇਵਾਲਾ ✳

ਜਿਸ ਉਪਰ ਸਾਹਿਬ ਸਤਿਗੁਰ ਕਿਰਪਾ ਕਰਦਾ, ਕਰਨੀ ਦਾ ਕਰਤਾ ਦਇਆ ਕਮਾਈਆ । ਤਨ ਮਾਟੀ ਖ਼ਾਕੀ ਠਾਂਡਾ ਕਰੇ ਹਿਰਦਾ, ਸੀਤਲ ਸੀਤ ਰੂਪ ਵਟਾਈਆ । ਭੇਵ ਅਭੇਦਾ ਅਛਲ ਅਛੇਦਾ ਲੇਖ ਜਾਣੇ ਦਿਲ ਦਾ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਵੇਖ ਵਖਾਈਆ । ਹਰਿ ਸੰਤ ਸਵਾਮੀ ਪੁਰਖ ਅਕਾਲ ਹੋ ਕੇ ਮਿਲਦਾ, ਦੀਨਨ ਦਇਆਵਾਨ ਆਪਣੇ ਰੰਗ ਰੰਗਾਈਆ । ਸਚ ਨਿਸ਼ਾਨ ਵਖਾਏ ਅਗੰਮੀ ਤਿਲ ਦਾ, ਨਿਜ ਨੈਣ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਸੱਚੀ ਵਡਿਆਈਆ । ਜਨ ਭਗਤਾਂ ਉਤੇ ਪਰਮ ਪੁਰਖ ਹੋਏ ਦਿਆਲ, ਪਾਰਬ੍ਰਹਮ ਬੇਪਰਵਾਹੀਆ । ਕਾਇਆ ਮੰਦਰ ਵਖਾਵੇ ਸਚ ਸੱਚੀ ਧਰਮਸਾਲ, ਮਹਲ ਅਟਲ ਸੋਭਾ ਪਾਈਆ । ਗ੍ਰਿਹਿ

੮੬੭

ਮੰਦਰ ਅੰਦਰ ਦੀਪਕ ਜੋਤੀ ਦਏ ਬਾਲ, ਨਿਰਗੁਣ ਨੂਰ ਜ਼ਹੂਰ ਕਰੇ ਰੁਸ਼ਨਾਈਆ । ਭਾਗ ਲਗਾਵੇ ਕਾਇਆ ਮਾਟੀ ਖਾਲ, ਖ਼ਾਲਕ ਖ਼ਲਕ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਬੇਪਰਵਾਹੀਆ । ਜਨ ਭਗਤਾਂ ਪ੍ਰਭ ਦੇਵੇ ਚਰਨ ਸਾਚੀ ਧੂੜ, ਮਿੱਟੀ ਖ਼ਾਕ ਪਾਕ ਲਏ ਬਣਾਈਆ । ਜਨਮ ਜਨਮ ਬਖ਼ਸ਼ ਦੇਵੇ ਕ਼ਸੂਰ, ਕ਼ਿਸਮਤ ਵਿਚੋਂ ਕ਼ਿਸਮਤ ਦਏ ਬਦਲਾਈਆ । ਨਾਮ ਭੰਡਾਰਾ ਭਰ ਭਰਪੂਰ, ਅਤੋਟ ਅਤੁਟ ਦਏ ਵਖਾਈਆ । ਪਾਰਬ੍ਰਹਮ ਬ੍ਰਹਮ ਦੇ ਕੇ ਨੂਰ, ਸਚ ਜ਼ਹੂਰ ਕਰੀ ਰੁਸ਼ਨਾਈਆ । ਨਾਦ ਧੁਨ ਵਜਾ ਕੇ ਤੂਰ, ਤੁਰਤ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਰਬ ਮਿਟਾਈਆ । ਜਨ ਭਗਤਾਂ ਦੇਵੇ ਅਨਮੁਲੜਾ ਯੋਗ, ਯੁਗਤੀ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਕਰ ਕੇ ਧੁਰ ਸੰਜੋਗ, ਘਰ ਸਾਚੇ ਸੱਚਾ ਮੇਲ ਮਿਲਾਇੰਦਾ । ਪੁਰਖ ਅਕਾਲ ਦੀਨ ਦਿਆਲ ਦੱਸ ਕੇ ਇਕੋ ਓਟ, ਜਗਤ ਆਸਰੇ ਸਰਬ ਗਵਾਇੰਦਾ । ਮੋਹ ਮਾਇਆ ਮਮਤਾ ਕੂੜੀ ਕਿਰਿਆ ਕੱਢੇ ਖੋਟ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਚਾਰ ਕੁੰਟ ਦਹਿ ਦਿਸ਼ਾ ਜਾਏ ਪਹੁੰਚ, ਦੂਰ ਦੁਰਾਡਾ ਨੇੜਨ ਨੇਰਾ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਇੰਦਾ । ਜਨ ਭਗਤਾਂ ਪ੍ਰਭ ਦੇਵਣਹਾਰਾ ਦਾਤ, ਵਸਤ ਆਪਣੀ ਹੱਥ ਰਖਾਈਆ । ਸਤਿ ਸਚ ਬਖ਼ਸ਼ੇ ਸਚ ਸੁਗ਼ਾਤ, ਸੁਗੰਦ ਖਾ ਕੇ ਝੋਲੀ ਪਾਈਆ । ਨਾਮ ਨਿਧਾਨ ਸੁਣਾਏ ਧੁਰ ਦੀ ਬਾਤ, ਬਾਤਨ ਪਰਦਾ ਆਪ ਉਠਾਈਆ । ਕਲਜੁਗ ਕੂੜੀ ਕਿਰਿਆ ਮੇਟੇ ਰਾਖ, ਪਵਿਤ ਪਾਕ ਦਏ ਬਣਾਈਆ । ਹਿਰਦੇ ਹਰਿਜਨ ਹਰਿ ਹਰਿ ਲੈਣਾ ਭਾਖ, ਪਾਰਬ੍ਰਹਮ ਪ੍ਰਭ ਪਰਦਾ ਦਏ ਉਠਾਈਆ । ਜਨਮ ਜਨਮ ਦੀ ਕਰਮ ਕਰਮ ਦੀ ਪ੍ਰਭ ਪੂਰੀ ਕਰਨਹਾਰਾ ਆਸ, ਆਸਾ ਤ੍ਰਿਸ਼ਨਾ ਦਏ ਗਵਾਈਆ । ਜਗਤ ਵਾਸਨਾ ਰਹਿਣ ਨਾ ਦੇਵੇ ਉਦਾਸ, ਧੀਰਜ ਧੀਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਭਗਤਾਂ ਵਸਿਆ ਸਾਥ, ਤਿਨ੍ਹਾਂ ਆਤਮ ਅੰਤਰ ਨਾ ਹੋਏ ਘਾਟ, ਕਲਜੁਗ ਮੇਟੇ ਅੰਧੇਰੀ ਰਾਤ, ਅੰਤ ਲੈ ਕੇ ਜਾਏ ਸਾਥ, ਘਰ ਘਰ ਗ੍ਰਿਹਿ ਗ੍ਰਿਹਿ ਦਰ ਦਰ ਆਪੇ ਵੇਖ ਵਖਾਈਆ ।

### ✻ ੨੦ ਜੇਠ ਸ਼ਹਿਨਸ਼ਾਹੀ ਸੰਮਤ ੧ ਸੁਦਾਗਰ ਸਿੰਘ ਪੂਰਨ ਸਿੰਘ ਦੇ ਗ੍ਰਿਹਿ ਪਿੰਡ ਨਾਥੇਵਾਲਾ ਜ਼ਿਲਾ ਫ਼ਿਰੋਜਪੁਰ ✻

ਸਚਖੰਡ ਕਹੇ ਮੈਂ ਸੁਣਿਆ ਸਚ ਜੈਕਾਰਾ, ਲੋਕਮਾਤ ਧਿਆਨ ਲਗਾਈਆ । ਥਿਰ ਘਰ ਕਹੇ ਮੈਂ ਸੁਣਿਆ ਧੁਰ ਦਾ ਨਾਅਰਾ, ਧਰਨੀ ਧਰਤ ਧਵਲ ਵੱਜੀ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਨੂੰ ਲੱਗਾ ਪਿਆਰਾ, ਸੀਤਲ ਧਾਰਾ ਰਿਹਾ ਵਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੋਹਣਾ ਵੇਖਿਆ ਅਖਾੜਾ, ਜ਼ਿਮੀਂ ਅਸਮਾਨਾਂ ਵੱਜੀ ਵਧਾਈਆ । ਭਗਤਾਂ ਕਿਹਾ ਸ੍ਰੀ ਭਗਵਾਨ ਸਾਚਾ ਕਰੇ ਪਿਆਰਾ, ਪ੍ਰੇਮੀ ਪ੍ਰੀਤਮ ਧੁਰ ਦੀ ਲੱਗੀ ਸਾਚੀ ਤੋੜ ਨਿਭਾਈਆ । ਕੂੜੀ ਕਿਰਿਆ ਵੇਖਿਆ ਕਿਨਾਰਾ, ਕਲਜੁਗ ਅੰਤਮ ਅੱਖ ਖੁਲ੍ਹਾਈਆ । ਸਤਿਜੁਗ ਸਾਚਾ ਵੇਖਿਆ ਦਵਾਰਾ, ਧੁਰ ਦਰਬਾਰੀ ਪਰਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ

੮੬੮

ਜਿਸ ਵੇਲੇ ਸੁਣਿਆ ਜੈਕਾਰਾ ਬੋਲ, ਜਾਗਦੀ ਜੋਤ ਨਜ਼ਰੀ ਆਈਆ । ਥਿਰ ਘਰ ਕਹੇ ਮੈਂ ਨੇਤਰ ਵੇਖਿਆ ਖੋਲ੍ਹ, ਨਿਰਗੁਣ ਨੂਰ ਹੋਈ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸ਼ਬਦੀ ਵੱਜਦਾ ਵੇਖਿਆ ਢੋਲ, ਅਨਹਦ ਨਾਦੀ ਨਾਦ ਰਿਹਾ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸ੍ਰੀ ਭਗਵਾਨ ਕਰਦਾ ਵੇਖਿਆ ਚੋਹਲ, ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਭਗਤ ਭਗਵਾਨ ਕਹਿਣ ਪੂਰਾ ਤੁਲਦਾ ਵੇਖਿਆ ਤੋਲ, ਕਰਤਾ ਕ਼ੀਮਤ ਆਪੇ ਰਿਹਾ ਪਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਖ਼ੁਸ਼ੀ ਮਨਾਈਆ । ਮੇਰਾ ਪੂਰਾ ਹੋਣ ਲੱਗਾ ਕੌਲ, ਇਕਰਾਰਨਾਮੇ ਦੀ ਮੁਦਤ ਗਈ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਮੈਂ ਸੁਣਿਆ ਸੰਗੀਤ, ਪ੍ਰੇਮ ਪਿਆਰ ਵਿਚੋਂ ਪਰਗਟਾਈਆ । ਥਿਰ ਘਰ ਕਹੇ ਮੈਂ ਵੇਖਿਆ ਬੈਠ ਅਤੀਤ, ਤ੍ਰੈਗੁਣ ਅਤੀਤਾ ਆਪਣਾ ਹੁਕਮ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਅਸੀਂ ਗਾਇਆ ਸੱਚਾ ਗੀਤ, ਗਹਿਰ ਗੰਭੀਰ ਦਿਤਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚ ਮੰਦਰ ਠਾਕਰ ਦੁਵਾਰ ਵੇਖਿਆ ਮਸੀਤ, ਗੁਰੂ ਗੁਰ ਗੁਰਦਵਾਰਾ ਇਕੋ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਚਖੰਡ ਕਹੇ ਮੈਂ ਵੇਖਿਆ ਰੱਬੀ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਥਿਰ ਘਰ ਕਹੇ ਸਰਬ ਕਲਾ ਭਰਪੂਰ, ਦੂਜੇ ਦਰ ਨਾ ਮੰਗਣ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਆਦਿ ਜੁਗਾਦਿ ਹਾਜ਼ਰ ਹਜ਼ੂਰ, ਚਾਰੋਂ ਕੁੰਟ ਸੋਭਾ ਪਾਈਆ । ਜਨ ਭਗਤ ਕਹਿਣ ਪ੍ਰਭੂ ਸਾਡਾ ਮਜ਼ਦੂਰ, ਜੁਗ ਚੌਕੜੀ ਸੇਵ ਕਮਾਈਆ । ਕਟ ਕੇ ਜਾਏ ਜਨਮ ਜਨਮ ਦੇ ਕ਼ਸੂਰ, ਕ਼ਸਮ ਖਾ ਕੇ ਆਪਣੀ ਦਇਆ ਕਮਾਈਆ । ਜਿਧਰ ਵੇਖਣ ਓਧਰ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਨਜ਼ਰੀ ਆਈਆ । ਅਗਲਾ ਸਤਿ ਸਚ ਦਾ ਦੱਸਦਾ ਜਾਏ ਦਸਤੂਰ, ਦਸਤਾਵੇਜ਼ ਕਾਗ਼ਜ਼ਾਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਸਚਖੰਡ ਕਹੇ ਮੈਂ ਸਾਚੀ ਵੇਖੀ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਥਿਰ ਘਰ ਕਹੇ ਨਾ ਵਰਨ ਨਾ ਗੋਤ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਤਿ ਧਰਮ ਦੀ ਲੱਗੀ ਵੇਖੀ ਮੌਜ, ਮਜਲਸ ਭਗਤਾਂ ਵਿਚ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਜਿਸ ਨੂੰ ਚਾਰ ਜੁਗ ਚੌਕੜੀ ਰਹੇ ਖੋਜ, ਚਾਰ ਕੁੰਟ ਦਹਿ ਦਿਸ਼ਾ ਆਪਣਾ ਧਿਆਨ ਲਗਾਈਆ । ਸੋ ਸਾਹਿਬ ਸੁਹੇਲਾ ਇਕ ਅਕੇਲਾ ਨਿਤ ਨਵਿਤ ਭਗਤਾਂ ਦਰਸ਼ਨ ਦੇਵੇ ਰੋਜ਼, ਰਾਜ਼ਕ ਰਹੀਮ ਕਰੀਮ ਰਹਿਮ ਆਪਣਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਰਿਹਾ ਮੁਕਾਈਆ । ਸਚਖੰਡ ਕਹੇ ਮੈਂ ਵੇਖਿਆ ਹਰਿ ਕਰਤਾ ਠਾਕਰ, ਜੋ ਠੋਕਰਾਂ ਨਾਲ ਭਗਤ ਸੁਹੇਲੇ ਰਿਹਾ ਉਠਾਈਆ । ਥਿਰ ਘਰ ਕਹੇ ਮੈਂ ਵੇਖਿਆ ਗਹਿਰ ਗੰਭੀਰ ਡੂੰਘਾ ਸਾਗਰ, ਜੋ ਅਛਲ ਛਲ ਅਸਗਾਹ ਭੇਵ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਭਾਗ ਲਗੌਂਦਾ ਵੇਖਿਆ ਕਾਇਆ ਗਾਗਰ, ਸਾਢੇ ਤਿੰਨ ਹੱਥ ਮਾਟੀ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਜੋਧਾ ਸੂਰਬੀਰ ਵਡ ਬਹਾਦਰ, ਨਾਮ ਖੰਡਾ ਬ੍ਰਹਿਮੰਡਾਂ ਵਿਚ ਰਿਹਾ ਚਮਕਾਈਆ । ਪੁਰਖ ਅਕਾਲ ਦੀਨ ਦਿਆਲ ਦੇਵਣਹਾਰਾ ਸਚ ਅਨੰਦਾ , ਰਸਨਾ ਰਸ ਸਾਚਾ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਵਰਤਾਈਆ । ਸਚਖੰਡ ਕਹੇ ਮੈਂ ਵੇਖਿਆ ਸਲੋਕ, ਗੁਣ ਨਿਧਾਨਾ ਰਿਹਾ ਜਣਾਈਆ । ਜਨ

ਭਗਤਾਂ ਕਰ ਨਿਰਦੋਸ਼, ਦੋਸ਼ੀ ਕਰੇ ਸਰਬ ਲੋਕਾਈਆ । ਸ਼ਰਅ ਜ਼ੰਜੀਰ ਜਿਨ੍ਹਾਂ ਗਲੋਂ ਲਾਹ ਕੇ ਤੋਸ਼, ਤਬਾ ਤਬੀਅਤ ਸਭ ਦੀ ਦਏ ਬਦਲਾਈਆ । ਪ੍ਰਭ ਮਿਲਣ ਦਾ ਜਿਨ੍ਹਾਂ ਸ਼ੌਕ, ਸ਼ਹਾਨਾ ਸਮਾਂ ਤਿਨ੍ਹਾਂ ਦਏ ਵਖਾਈਆ । ਬਿਨ ਹਰਿ ਨਾਮੇ ਸ੍ਰਿਸ਼ਟ ਸਬਾਈ ਗਈ ਔਂਤ, ਪਿਤਾ ਪੂਤ ਭਾਈ ਭੈਣ ਸਾਕ ਸੱਜਣ ਸੈਣ ਸੰਗ ਨਾ ਕੋਇ ਵਖਾਈਆ । ਮਿਹਰਵਾਨ ਹੋ ਕੇ ਜਿਨ੍ਹਾਂ ਦੀ ਖੋਜੀ ਖੋਜ, ਗੁਰਮੁਖ ਗੁਰਸਿਖ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਮੰਤਰ ਰਾਗ ਪੜ੍ਹਾਈਆ । ਸਚਖੰਡ ਕਹੇ ਮੈਂ ਦੇਵਣਹਾਰਾ ਸਬੂਤ, ਸੁਗੰਦ ਖਾ ਕੇ ਦਿਆਂ ਜਣਾਈਆ । ਥਿਰ ਘਰ ਕਹੇ ਮੈਨੂੰ ਨਜ਼ਰ ਆਏ ਇਕ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਜਿਧਰ ਵੇਖੀਏ ਉਧਰ ਮੌਜੂਦ, ਚਾਰੋਂ ਕੁੰਟ ਆਪਣਾ ਰੰਗ ਵਰਤਾਈਆ । ਭਗਤਾਂ ਮੀਤਾ ਸੰਤਾਂ ਦੀ ਵੇਖ ਹਦੂਦ, ਗੁਰਮੁਖਾਂ ਦੇ ਪਰਦੇ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਵਡ ਦਾਤਾ ਬੇਪਰਵਾਹੀਆ । ਸਚਖੰਡ ਕਹੇ ਮੈਂ ਦੇਣਾ ਸੰਦੇਸ਼ਾ, ਅੰਤ ਅਖ਼ੀਰ ਆਖਰ ਦਿਆਂ ਸਮਝਾਈਆ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨ ਧੁਰ ਨਰੇਸ਼ਾ, ਨਰ ਨਰਾਇਣ ਅਖਵਾਈਆ । ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਭੇਜਾ, ਭਜਨ ਬੰਦਗੀ ਵਿਚ ਲਗਾਈਆ । ਕਲਜੁਗ ਅੰਤ ਜਨ ਭਗਤਾਂ ਦੀ ਆਤਮ ਮਾਣੇ ਸੇਜਾ, ਸਿੰਘਾਸਣ ਸੋਹਣਾ ਇਕ ਸੁਹਾਈਆ । ਸਚ ਦਵਾਰਿਉਂ ਨਜ਼ਰੀ ਆਏ ਜਿਸ ਗ੍ਰਿਹਿ ਕਿਸੇ ਨਾ ਪੇਖਾ, ਸੋ ਮੰਦਰ ਵੱਜੇ ਵਧਾਈਆ । ਸ੍ਰਿਸ਼ਟੀ ਸੰਸਾਰ ਦੀ ਬਦਲ ਦੇਵੇ ਰੇਖਾ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਸਚਖੰਡ ਕਹੇ ਮੈਂ ਮਾਰਨੀ ਇਕ ਆਵਾਜ਼, ਸੁੱਤਿਆਂ ਦੇਣਾ ਜਗਾਈਆ । ਥਿਰ ਘਰ ਕਹੇ ਮੈਂ ਕਹਿਣਾ ਪੜਦਾ ਖੋਲ੍ਹ ਕੇ ਵੇਖੋ ਰਾਜ਼, ਅੰਦਰ ਲੁਕਿਆ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਅਸੀਂ ਗੁਰ ਅਵਤਾਰ ਪੈਗ਼ੰਬਰ ਨਾਲ ਮਿਲੌਣਾ ਜਿਸ ਨੇ ਰਸਨਾ ਰਚੀ ਆਦਿ, ਅੰਤ ਓਸੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਕ਼ੁਦਰਤ ਦਾ ਮਾਲਕ, ਭਗਤਾਂ ਦਾ ਸਾਲਸ, ਜੋਤੀ ਨੂਰ ਖ਼ਾਲਸ, ਆਲਸ ਨਿੰਦਰਾ ਸਭ ਦੀ ਦਏ ਗਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਨਿਰੰਕਾਰ ਆਪਣੀ ਬਦਲ ਦੇਵੇ ਆਦਤ, ਅਦਾਲਤ ਵੱਖਰੀ ਦੋ ਜਹਾਨਾਂ ਲਏ ਲਗਾਈਆ ।


੮੯੯

### ❊ ੨੧ ਜੇਠ ਸ਼ਹਿਨਸ਼ਾਹੀ ਸੰਮਤ ੧ ਬੂੜ ਸਿੰਘ ਦੇ ਗ੍ਰਿਹਿ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ ❊

ਹਰਿ ਕਿਰਪਾ ਹੋਵੇ ਬਣੇ ਭਗਤ, ਵਡਭਾਗੀ ਭਾਗ ਜਗਤ ਅਖਵਾਈਆ । ਹਰਿ ਕਿਰਪਾ ਹੋਵੇ ਬਣੇ ਸੱਚਾ ਸੰਤ, ਗੁਰ ਸਾਖੀ ਸਚ ਦ੍ਰਿੜਾਈਆ । ਹਰਿ ਕਿਰਪਾ ਹੋਵੇ ਮਿਲੇ ਨਾਮ ਮੰਤ, ਅੰਤਰ ਆਤਮ ਇਕ ਲਿਵ ਲਾਈਆ । ਹਰਿ ਕਿਰਪਾ ਹੋਵੇ ਚੜ੍ਹੇ ਰੰਗ ਬਸੰਤ, ਤਨ ਮਾਟੀ ਖ਼ਾਕੀ ਸੋਭਾ ਪਾਈਆ । ਹਰਿ ਕਿਰਪਾ ਹੋਵੇ ਆਤਮ ਪਰਮਾਤਮ ਮਿਲੇ ਧੁਰ ਦੇ ਕੰਤ, ਸੇਜ ਸੁਹੰਜਣੀ ਵੱਜੇ ਵਧਾਈਆ । ਹਰਿ ਕਿਰਪਾ ਹੋਵੇ ਹਉਮੇ ਰੋਗ ਮਿਟੇ ਚਿੰਤ, ਸੰਸਾ ਸੰਸਾਰ ਰਹਿਣ ਨਾ ਪਾਈਆ । ਹਰਿ ਕਿਰਪਾ ਹੋਵੇ ਮਾਨਸ ਦੇਹੀ ਬਣੇ ਬਣਤ, ਤਤਵ ਤਤ ਬੂਝ ਬੁਝਾਈਆ । ਹਰਿ ਕਿਰਪਾ ਹੋਵੇ

ਲੇਖਾ ਲਗੇ ਅੰਤ, ਅੰਤਰ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਵਖਾਈਆ । ਹਰਿ ਕਿਰਪਾ ਹੋਵੇ ਭਗਤ ਜਨ ਉਪਜੇ ਭਾਗ, ਭਾਗਹੀਣ ਰਹਿਣ ਕੋਇ ਨਾ ਪਾਈਆ । ਹਰਿ ਕਿਰਪਾ ਹੋਵੇ ਜੋਤੀ ਨੂਰ ਜਗੇ ਚਿਰਾਗ਼, ਅੰਧ ਅੰਧੇਰ ਦਏ ਮਿਟਾਈਆ । ਹਰਿ ਕਿਰਪਾ ਹੋਵੇ ਗੁਰਮੁਖ ਪੂਰਨ ਬਣੇ ਸਾਧ, ਸਾਧਨਾ ਸਤਿ ਸਚ ਸਮਝਾਈਆ । ਹਰਿ ਕਿਰਪਾ ਹੋਵੇ ਘਰ ਸੱਜਣ ਸੁਣੇ ਨਾਦ, ਅਨਾਦੀ ਧੁਨ ਸ਼ਨਵਾਈਆ । ਹਰਿ ਕਿਰਪਾ ਹੋਵੇ ਬਦਲ ਜਾਏ ਸਮਾਜ, ਰੀਤੀ ਨੀਤੀ ਦਏ ਉਲਟਾਈਆ । ਹਰਿ ਕਿਰਪਾ ਹੋਵੇ ਮਿਟ ਜਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਈਆ । ਹਰਿ ਕਿਰਪਾ ਹੋਵੇ ਸੁਰਤੀ ਸ਼ਬਦ ਹੋਵੇ ਵਿਸਮਾਦ, ਆਪਣਾ ਆਪ ਮਿਟਾਈਆ । ਹਰਿ ਕਿਰਪਾ ਹੋਵੇ ਮਿਲੇ ਕੰਤ ਸੁਹਾਗ, ਨਰ ਨਰਾਇਣ ਸਚਾ ਸ਼ਹਿਨਸ਼ਾਹੀਆ । ਹਰਿ ਕਿਰਪਾ ਹੋਵੇ ਪਰਦਿਆਂ ਵਿਚੋਂ ਖੁਲ੍ਹੇ ਰਾਜ਼, ਰਾਜ਼ਾਂ ਵਿਚੋਂ ਰਾਜ਼ਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਹਰਿ ਕਿਰਪਾ ਹੋਵੇ ਭਗਤਾਂ ਖੁਲ੍ਹੇ ਅੱਖ, ਅੱਖੀਆਂ ਨੂਰ ਚਮਕਾਈਆ । ਹਰਿ ਕਿਰਪਾ ਹੋਵੇ ਨਜ਼ਰ ਆਵੇ ਪਰਤਖ, ਪਰਤਖ ਪ੍ਰਭੂ ਗੁਸਾਂਈਆ । ਹਰਿ ਕਿਰਪਾ ਹੋਵੇ ਧਾਮ ਨਿਆਰਾ ਵੇਖੇ ਵਖ, ਮਹਲ ਅਟਲ ਸੋਭਾ ਪਾਈਆ । ਹਰਿ ਕਿਰਪਾ ਹੋਵੇ ਮਿਲੇ ਅਮੋਲਕ ਵਥ, ਵਸਤ ਬੇਪਰਵਾਹੀਆ । ਹਰਿ ਕਿਰਪਾ ਹੋਵੇ ਆਤਮ ਪਰਮਾਤਮ ਸੁਣੇ ਜਸ, ਸੋਹੰ ਢੋਲਾ ਸਹਿਜ ਸੁਖਦਾਈਆ । ਹਰਿ ਕਿਰਪਾ ਹੋਵੇ ਅੰਮ੍ਰਿਤ ਪ੍ਰੇਮ ਲਏ ਰਸ, ਕੂੜੀ ਕਿਰਿਆ ਦਏ ਗਵਾਈਆ । ਹਰਿ ਕਿਰਪਾ ਹੋਵੇ ਅੰਦਰ ਉਪਜੇ ਸਚ, ਜੂਠ ਝੂਠ ਡੇਰਾ ਢਾਹੀਆ । ਹਰਿ ਕਿਰਪਾ ਹੋਵੇ ਧੁਰ ਦੀ ਆਵੇ ਮਤਿ, ਮਨਮਤ ਦਏ ਤਜਾਈਆ । ਹਰਿ ਕਿਰਪਾ ਹੋਵੇ ਉਜੜਿਆ ਖੇੜਾ ਜਾਏ ਵਸ, ਸਾਢੇ ਤਿੰਨ ਹੱਥ ਵੱਜੇ ਨਾਮ ਵਧਾਈਆ । ਹਰਿ ਕਿਰਪਾ ਹੋਵੇ ਮੇਲ ਮਿਲਾਵਾ ਹੋਵੇ ਝਬ, ਦੂਰ ਦੁਰਾਡਾ ਪੰਧ ਮੁਕਾਈਆ । ਹਰਿ ਕਿਰਪਾ ਹੋਵੇ ਗੁਰਮੁਖ ਸਚ ਦਵਾਰੇ ਬਹੇ ਫਬ, ਕੂੜ ਫ਼ਰੇਬ ਰਹਿਣ ਨਾ ਪਾਈਆ । ਹਰਿ ਕਿਰਪਾ ਹੋਵੇ ਨਾਮ ਖ਼ੁਮਾਰੀ ਮਿਲੇ ਮਧੁ, ਮਧੁਰ ਰਸ ਇਕ ਚਖਾਈਆ । ਹਰਿ ਕਿਰਪਾ ਹੋਵੇ ਹਰਿਜਨ ਸਾਚੇ ਲਏ ਸੱਦ, ਚਰਨ ਕਵਲ ਦਏ ਵਡਿਆਈਆ । ਹਰਿ ਕਿਰਪਾ ਹੋਵੇ ਮਿਟੇ ਵਿਛੋੜਾ ਜਗਤ ਅੱਡ, ਸੋਹਣਾ ਸੰਗ ਬਣਾਈਆ । ਹਰਿ ਕਿਰਪਾ ਹੋਵੇ ਲੇਖੇ ਲਗ ਜਾਏ ਕਾਇਆ ਮਾਟੀ ਹੱਡ, ਰਕਤ ਬੂੰਦ ਸੋਭਾ ਪਾਈਆ । ਹਰਿ ਕਿਰਪਾ ਹੋਵੇ ਸਿਫ਼ਤ ਸਾਲਾਹੀ ਢੋਲੇ ਗਾਵਣ ਬੱਤੀ ਦੰਦ, ਰਸਨਾ ਜਿਹਵਾ ਨਾਲ ਮਿਲਾਈਆ । ਹਰਿ ਕਿਰਪਾ ਹੋਵੇ ਨੂਰੀ ਨੂਰ ਚਮਕੇ ਚੰਦ, ਪਰਕਾਸ਼ ਪਰਕਾਸ਼ ਸੋਭਾ ਪਾਈਆ । ਹਰਿ ਕਿਰਪਾ ਹੋਵੇ ਮਿਲੇ ਅਗੰਮ ਅਨੰਦ, ਮਨ ਚਿੰਤ ਦਏ ਗਵਾਈਆ । ਹਰਿ ਕਿਰਪਾ ਹੋਵੇ ਜਨਮ ਜਨਮ ਦਾ ਮਿਟੇ ਪੰਧ, ਮੰਜ਼ਲ ਮਿਲੇ ਸ਼ਹਿਨਸ਼ਾਹੀਆ । ਹਰਿ ਕਿਰਪਾ ਹੋਵੇ ਚੜ੍ਹੇ ਆਤਮ ਪਰਮਾਤਮ ਰੰਗ, ਰੰਗ ਰਤੜਾ ਦਏ ਰੰਗਾਈਆ । ਹਰਿ ਕਿਰਪਾ ਹੋਵੇ ਮਿਲ ਜਾਏ ਸਾਚੇ ਸੇਜ ਸੁੰਹਜਣੀ ਪਲੰਘ, ਕਰਵਟ ਰੂਪ ਨਾ ਕੋਇ ਬਦਲਾਈਆ । ਹਰਿ ਕਿਰਪਾ ਹੋਵੇ ਜਨ ਭਗਤਾਂ ਆਸਾ ਮਨਸਾ ਪੂਰੀ ਹੋਵੇ ਮੰਗ, ਤ੍ਰਿਸ਼ਨਾ ਤ੍ਰਿਖਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨਕ ਬਿਧੀ ਤਰੀਕੇ ਢੰਗ ਆਪਣੇ ਵਿਚ ਛੁਪਾਈਆ ।

⁕ ੨੧ ਜੇਠ ਸ਼ਹਿਨਸ਼ਾਹੀ ਸੰਮਤ ੧ ਨਾਜ਼ਰ ਸਿੰਘ, ਭਾਗ ਸਿੰਘ, ਜਗੀਰ ਸਿੰਘ ਦੇ ਗ੍ਰਿਹ ਪਿੰਡ ਮਾੜੀ ਜ਼ਿਲਾ ਫ਼ਿਰੋਜ਼ਪੁਰ ⁕

ਜਨ ਭਗਤਾਂ ਉਤੇ ਸਦਾ ਸੁਲਖਣੀ ਘੜੀ, ਦਿਵਸ ਰੈਣ ਮਾਸ ਬਰਖ ਵਜਦੀ ਰਹੇ ਵਧਾਈਆ । ਸਚ ਪ੍ਰੇਮ ਅਗੰਮੀ ਨਾਮ ਦੀ ਜਿਨ੍ਹਾਂ ਤੁਕ ਪੜ੍ਹੀ, ਸੋਹੰ ਢੋਲਾ ਰਸਨਾ ਜਿਹਵਾ ਗਾਈਆ । ਪ੍ਰੇਮ ਪਿਆਰ ਮਿਹਰ ਮੁਹੱਬਤ ਦੀ ਲਗੀ ਰਹੇ ਝੜੀ, ਛਹਿਬਰ ਧਾਰ ਇਕ ਵਹਾਈਆ । ਆਤਮ ਪਰਮਾਤਮ ਬੱਝੀ ਰਹੇ ਲੜੀ, ਪਲੂ ਨਾਲੋਂ ਪਲੂ ਨਾ ਕੋਇ ਛੁਡਾਈਆ । ਕੂੜ ਕੁੜਿਆਰ ਜਗਤ ਵਿਕਾਰ ਵਿਚੋਂ ਕਰ ਕੇ ਬਰੀ, ਸਚ ਦਵਾਰ ਦਏ ਵਖਾਈਆ । ਜਿਸ ਘਰ ਮੰਦਰ ਅੰਦਰ ਵਸੇ ਨਿਰਗੁਣ ਰੂਪ ਹਰੀ, ਪਰਮ ਪੁਰਖ ਬੇਪਰਵਾਹੀਆ । ਸੋ ਆਤਮ ਜੁਗ ਚੌਕੜੀ ਕਦੇ ਨਾ ਮਰੀ, ਤਨ ਮਾਟੀ ਖ਼ਾਕ ਰੂਪ ਲਏ ਬਦਲਾਈਆ । ਵਸਤ ਅਮੋਲਕ ਹਰਿ ਕਾ ਨਾਮ ਮਿਲੇ ਖਰੀ, ਰਈਅਤ ਨਾਲ ਆਪਣੇ ਘਰ ਦਏ ਦਿਸਾਈਆ । ਸਾਚੀ ਮੰਜ਼ਲ ਅਗੰਮ ਅਥਾਹ ਉਚ ਮਹਲ ਚੜ੍ਹੀ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੁਲੱਖਣੀ ਘੜੀ ਕਹੇ ਮੈਂ ਜਾਵਾਂ ਬਲਿਹਾਰ, ਜਨ ਭਗਤੋ ਨਿਉਂ ਨਿਉਂ ਸੀਸ ਨਿਵਾਈਆ । ਜਿਨ੍ਹਾਂ ਅੰਦਰ ਅਗੰਮ ਅਥਾਹ ਪਿਆਰ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਪਰਮ ਪੁਰਖ ਦੇ ਧੁਰ ਦੇ ਬਣ ਕੇ ਯਾਰ, ਦੋਸਤ ਸੱਜਣ ਰੂਪ ਵਟਾਈਆ । ਅੱਠੇ ਪਹਿਰ ਲਗੀ ਰਹੇ ਬਹਾਰ, ਕਾਇਆ ਗੁਲਸ਼ਨ ਸਚ ਮਹਿਕਾਈਆ । ਸੁਣਦੇ ਰਹਿਣ ਧੁਨ ਆਵਾਜ਼, ਅਨਹਦ ਨਾਦੀ ਵੱਜੇ ਸਚ ਵਧਾਈਆ । ਸਤਿ ਸਚ ਹੋਵੇ ਕਾਜ, ਕਰਮ ਕਾਂਡ ਡੇਰਾ ਦੇਵੇ ਢਾਹੀਆ । ਜਿਹੜਾ ਸਮਾਂ ਸੁਭਾਗਾ ਮਿਲਿਆ ਆਜ, ਅਜ਼ਲ ਤੋਂ ਦੇਵੇ ਬਚਾਈਆ । ਸੁਲੱਖਣੀ ਘੜੀ ਕਹੇ ਮੇਰੇ ਵਡ ਵਡਭਾਗ, ਵਡਭਾਗੀ ਪ੍ਰਭ ਸਤਿਗੁਰ ਦਰਸ਼ਨ ਪਾਈਆ । ਘਰ ਨੂਰੀ ਜੋਤ ਜਗੇ ਚਿਰਾਗ਼, ਕੁਕਰਮਾਂ ਦਾ ਮੇਟੇ ਦਾਗ਼, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸੁਲੱਖਣੀ ਘੜੀ ਕਹੇ ਮੈਂ ਚਾਰੋਂ ਕੁੰਟ ਰਹੀ ਤਕ, ਬਿਨ ਅੱਖਾਂ ਅੱਖ ਹਿਲਾਈਆ । ਖ਼ੁਸ਼ੀਆਂ ਨਾਲ ਪਈ ਹਸ, ਮੁਸਕਰਾਹਟ ਵੇਖੀ ਬੇਪਰਵਾਹੀਆ । ਨੂਰ ਨੂਰਾਨੀ ਚਮਕੀ ਅੱਖ, ਜੋ ਬਿਨ ਅੱਖਰਾਂ ਕਰੇ ਪੜ੍ਹਾਈਆ । ਹਕ਼ੀਕਤ ਵਿਚੋਂ ਨਜ਼ਰੀ ਆਇਆ ਹਕ, ਪੜਦਾ ਓਹਲਾ ਰਿਹਾ ਉਠਾਈਆ । ਕਿਰਪਾ ਕਰ ਪੁਰਖ ਸਮਰਥ, ਸਮਾਂ ਸੁਹਾਵਣਾ ਰਿਹਾ ਵਖਾਈਆ । ਧੁਰ ਦਾ ਮਾਰਗ ਇਕੋ ਦੱਸ, ਹਰਿਜਨ ਸਾਚੇ ਦਏ ਸਮਝਾਈਆ । ਭਗਤਾਂ ਅੰਤਰ ਜਾਏ ਵਸ, ਵਸਲ ਇਕੋ ਯਾਰ ਕਰਾਈਆ । ਕੂੜੀ ਰੈਣ ਮੇਟ ਕੇ ਮਸ, ਮਸਤ ਨਾਮ ਖ਼ੁਮਾਰੀ ਦਏ ਚੜ੍ਹਾਈਆ । ਸਿਰ ਰੱਖਕੇ ਦੋਵੇਂ ਹੱਥ, ਦੋ ਜਹਾਨਾਂ ਦੇਵੇ ਪੰਧ ਮੁਕਾਈਆ । ਜੋ ਸਾਹਿਬ ਸਰਨਾਈ ਗਏ ਢਠ, ਮਾਣ ਅਭਿਮਾਨ ਜਗਤ ਮਿਟਾਈਆ । ਸੋ ਸਚ ਦਵਾਰੇ ਗਏ ਵਸ, ਨਾਤਾ ਛੁਟਿਆ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਸਰਨਾਈਆ । ਸੁਲੱਖਣੀ ਘੜੀ ਕਹੇ ਮੇਰਾ ਵਕਤ ਸੁਹੇਲਾ, ਘੜੀ ਪਲ ਵਿਸਰ ਕਦੇ ਨਾ ਜਾਈਆ । ਸਤਿਗੁਰ ਮਿਲਿਆ ਸੱਜਣ ਸੁਹੇਲਾ, ਸਾਹਿਬ ਸੁਵਾਮੀ ਬੇਪਰਵਾਹੀਆ । ਆਤਮ ਪਰਮਾਤਮ ਕਰਾਏ ਮੇਲਾ, ਮਿਲ ਮਿਲ ਆਪਣਾ ਰੰਗ ਚੜ੍ਹਾਈਆ । ਅਚਰਜ ਖੇਲ ਨਿਰਗੁਣ ਹੋ ਕੇ ਖੇਲਾ, ਸਰਗੁਣ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ

ਸਰਨਾਈਆ । ਸੁਲੱਖਣੀ ਘੜੀ ਕਹੇ ਮੈਂ ਆ ਗਈ ਮੁੜ, ਮਾਤਲੋਕ ਫੇਰਾ ਪਾਈਆ । ਪੁਰਖ ਅਕਾਲ ਮਿਲਿਆ ਸਾਚਾ ਧੁਰ, ਤਖ਼ਤ ਨਿਵਾਸੀ ਆਪਣੀ ਦਇਆ ਕਮਾਈਆ । ਜਿਸ ਨੂੰ ਲਭਦੇ ਅਵਤਾਰ ਗੁਰ, ਪੈਗ਼ੰਬਰ ਰਾਹ ਤਕਾਈਆ । ਜਿਸ ਨੂੰ ਖੋਜਦੇ ਦੇਵਤ ਸੁਰ, ਵਿਸ਼ਨ ਬ੍ਰਹਮਾ ਸ਼ਿਵ ਭੱਜਣ ਵਾਹੋ ਦਾਹੀਆ । ਜਿਸ ਦੀ ਲੱਖ ਚੁਰਾਸੀ ਰਖੇ ਸਦਾ ਲੋੜ, ਚਾਰੇ ਖਾਣੀ ਨਿਉਂ ਨਿਉਂ ਸੀਸ ਨਿਵਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਆਇਆ ਦੌੜ, ਦੂਰ ਦੁਰਾਡਾ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਜੀਵ ਜੰਤ ਮਿੱਠੇ ਕੌੜ, ਗ੍ਰਿਹਿ ਮੰਦਰ ਫੋਲ ਫੁਲਾਈਆ । ਘਰ ਵਿਚ ਘਰ ਤਕੇ ਕਰਕੇ ਗ਼ੌਰ, ਅੱਖ ਅੱਖ ਨਾਲ ਮਿਲਾਈਆ । ਜਿਨ੍ਹਾਂ ਸਾਹਿਬ ਸਤਿਗੁਰ ਗੁਸਾਈਂ ਹੋ ਕੇ ਗਿਆ ਬਹੁੜ, ਬਹੁੜੀ ਬਹੁੜੀ ਕਰਨੋਂ ਦਏ ਛੁਡਾਈਆ । ਝਗੜਾ ਚੁਕਾ ਕੇ ਮੇਰ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਮੰਤਰ ਦੇ ਕੇ ਫੁਰਨਾ ਫੋਰ, ਜਗਤ ਵਾਸਨਾ ਡੇਰਾ ਢਾਹੀਆ । ਆਪਣੇ ਹੱਥ ਪਕੜ ਕੇ ਡੋਰ, ਚਾਰੋਂ ਕੁੰਟ ਦਏ ਭਵਾਈਆ । ਅਗੇ ਕੋਈ ਨਾ ਸਕੇ ਹੋੜ, ਅਧਵਿਚਕਾਰ ਨਾ ਕੋਇ ਅਟਕਾਈਆ । ਸੁਲੱਖਣੀ ਘੜੀ ਕਹੇ ਮੈਂ ਦੋਵੇਂ ਹੱਥ ਜੋੜ, ਸਾਹਿਬ ਸਤਿਗੁਰ ਦਿਆਂ ਸੁਣਾਈਆ । ਮੇਟ ਅੰਧੇਰ ਅੰਧਘੋਰ, ਸਚ ਨੂਰ ਕਰ ਰੁਸ਼ਨਾਈਆ । ਤੇਰੇ ਭਗਤ ਜਨ ਤੈਨੂੰ ਰਹੇ ਟੋਲ, ਖੋਜਣ ਥਾਉਂ ਥਾਈਂਆ । ਜਨ ਭਗਤਾਂ ਨੂੰ ਕਿਹਾ ਬੋਲ, ਉਚੀ ਕੂਕ ਕੂਕ ਸੁਣਾਈਆ । ਸੁਲੱਖਣੀ ਘੜੀ ਕਹੇ ਨਾਜ਼ਰ ਸਿੰਘ ਇਹ ਠਾਕਰ ਸਦਾ ਵਸਦਾ ਕੋਲ, ਦੂਰ ਦੁਰਾਡਾ ਨੇਰਨ ਨੇਰ ਨਿਜ ਘਰ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਰਖੇ ਸਦਾ ਲੋੜ, ਜੋੜ ਆਪਣੇ ਨਾਲ ਜੁੜਾਈਆ ।



੮੭੨

✻ ੨੧ ਜੇਠ ਸ਼ਹਿਨਸ਼ਾਹੀ ਸੰਮਤ ੧ ਸੰਤ ਗੁਰਮੇਲ ਸਿੰਘ ਦੇ ਨਾਲ ਬਚਨ ਅਤੇ ਪੁਛ ਗਿਛ ਬਾਘਾ ਪੁਰਾਣਾ ਜ਼ਿਲਾ ਫ਼ਿਰੋਜ਼ਪੁਰ ✻

ਅੰਮ੍ਰਿਤ ਜਲ ਮਿਲੇ ਧੁਰ ਦਾ ਰਸ, ਰਸਤਾ ਅਗੰਮ ਦਏ ਵਖਾਈਆ । ਮਨ ਵਾਸਨਾ ਹੋ ਕੇ ਵਸ, ਕੂੜੀ ਕਿਰਿਆ ਦਏ ਮਿਟਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਜਾਏ ਨੱਸ, ਤਨ ਮਾਟੀ ਖ਼ਾਕੀ ਰਹਿਣ ਕੋਇ ਨਾ ਪਾਈਆ । ਨਿਜ ਨੇਤਰ ਲੋਚਨ ਖੁਲ੍ਹੇ ਅੱਖ, ਅੰਧ ਅੰਧੇਰ ਦਏ ਮਿਟਾਈਆ । ਆਤਮ ਪਰਮਾਤਮ ਨਜ਼ਰੀ ਆਏ ਸਾਖ਼ਿਆਤ ਪਰਤਖ, ਗ੍ਰਿਹਿ ਮੰਦਰ ਵੱਜੇ ਸਚ ਵਧਾਈਆ । ਨਜ਼ਰੀ ਆਏ ਜਿਸ ਦਾ ਵਸੇਰਾ ਘਟ ਘਟ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੌਂਦੀ ਗਾਥ, ਸਾਧ ਸੰਤ ਗੁਰਮੁਖ ਗੁਰਸਿਖ ਹਰਿਜਨ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਰਸ ਅੰਮ੍ਰਿਤ ਅਮਿਉਂ ਦੇਣਾ ਚੁਆਈਆ । ਜਲ ਪਾਣੀ ਸਭ ਜਗ ਖਾਂਦਾ ਪੀਂਦਾ, ਲੱਖ ਚੁਰਾਸੀ ਪ੍ਰਭੂ ਅਧਾਰ ਬਣਾਈਆ । ਜਿਸ ਕਾਰਨ ਗੁਰਮੁਖ ਸੰਤ ਲੋਕਮਾਤ ਜੀਉਂਦਾ, ਕੂੜੀ ਕਿਰਿਆ ਪਰੇ ਹਟਾਈਆ । ਨਾਤਾ ਦੱਸ ਦਿਓ ਉਸ ਪੁਰਖ ਅਕਾਲ ਦੇ ਸਾਚੇ ਨੇਂਹੁ ਦਾ, ਸਾਚੀ ਲੱਗੀ ਨਾ ਕੋਇ ਤੁੜਾਈਆ । ਰੋਗ ਮਿਟ ਜਾਏ ਜਗਤ ਵਾਸਨਾ ਹਉਮੇ ਹਉ ਦਾ, ਹੰਗਤਾ ਗੜ੍ਹ ਹੰਕਾਰ ਰਹਿਣ ਨਾ ਪਾਈਆ । ਝਗੜਾ ਮੁਕ ਜਾਏ ਤੂੰ ਮੈਂ ਦਾ, ਆਤਮ ਪਰਮਾਤਮ ਇਕੋ ਰੰਗ ਸਮਾਈਆ । ਜਲ ਧਾਰ ਵਗ ਜਾਏ ਅਗੰਮੀ ਨੈਂ ਦਾ, ਸਮੁੰਦ ਸਾਗਰ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

ਰਸ ਅੰਮ੍ਰਿਤ ਅਮਰ ਦੇਣਾ ਵਖਾਈਆ । ਜਲ ਪੀਣ ਨੂੰ ਆਏ ਜਗ, ਪੰਜ ਤੱਤ ਕਾਇਆ ਮਾਟੀ ਚੋਲਾ ਜਗਤ ਹੰਢਾਈਆ । ਜਿਹੜਾ ਜਲ ਅੰਮ੍ਰਿਤ ਮਿਲੇ ਉਪਰ ਸ਼ਾਹਰਗ, ਸੋ ਝਿਰਨਾ ਦੇਣਾ ਵਖਾਈਆ । ਜਿਸ ਪੀਤਿਆਂ ਸੁਣਿਆ ਜਾਏ ਰਾਗ ਅਨਹਦ, ਧੁਨ ਆਤਮਕ ਵੱਜੇ ਵਧਾਈਆ । ਦੀਪਕ ਜੋਤ ਜਾਏ ਜਗ, ਅੰਧ ਅੰਧੇਰ ਰਹੇ ਨਾ ਰਾਈਆ । ਆਤਮ ਪਰਮਾਤਮ ਮੇਲਾ ਹੋਵੇ ਸਚ, ਘਰ ਵਿਚ ਘਰ ਮਿਲ ਕੇ ਬਹੀਏ ਵਸ, ਵਾਸਤਾ ਇਕੋ ਨਾਲ ਰਖਾਈਆ । ਜਿਸ ਤੋਂ ਪਰੇ ਨਹੀਂ ਕੋਈ ਰਸ, ਨੌ ਰਸ ਫੀਕੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗੇ ਸਚ ਵਰ, ਜਿਸ ਗ੍ਰਿਹਿ ਜਲ ਪਾਣੀ ਇਕੋ ਨਜ਼ਰੀ ਆਈਆ । ਜਲ ਪਾਣੀ ਪਿਔਣਾ ਜੇ ਬਣ ਕੇ ਸੱਜਣ ਮੀਤ, ਸੰਤ ਜੀ ਸਤਿ ਵਸਤੂ ਝੋਲੀ ਪਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਅੰਦਰੋਂ ਉਪਜੇ ਗੀਤ, ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਤਨ ਮਾਟੀ ਖ਼ਾਕ ਅੰਦਰ ਬਾਹਰ ਗੁਪਤ ਜ਼ਾਹਰ ਤਤਵ ਤਤ ਹੋਏ ਠਾਂਡਾ ਸੀਤ, ਪਤਿਤ ਪੁਨੀਤ ਦਏ ਕਰਾਈਆ । ਝਗੜਾ ਮੁਕ ਜਾਏ ਰਾਜ ਰਾਜਾਨ ਸ਼ਾਹ ਸੁਲਤਾਨ ਊਚ ਨੀਚ, ਏਕੰਕਾਰਾ ਇਕੋ ਨਜ਼ਰੀ ਆਈਆ । ਸੋ ਪੁਰਖ ਨਿਰੰਜਣ ਵਸੇ ਸਾਹਿਬ ਸਦਾ ਚੀਤ, ਅਬਿਨਾਸ਼ੀ ਕਰਤਾ ਸਵਾਮੀ ਆਪਣੀ ਠੋਕਰ ਦੇਣ ਲਗਾਈਆ । ਝਗੜਾ ਮੁਕ ਜਾਏ ਮੰਦਰ ਮਸੀਤ, ਕਾਇਆ ਕਾਅਬਾ ਹੁਜਰਾ ਹਕ ਮਹਿਬੂਬ ਮੁਹੱਬਤ ਵਿਚ ਦਏ ਵਖਾਈਆ । ਜਿਹੜਾ ਅੰਮ੍ਰਿਤ ਰਸ ਭਗਤਾਂ ਕੋਲ ਠੀਕ, ਉਹ ਪਿਆਲਾ ਮਧੁਰ ਦੇਣਾ ਪਿਆਈਆ । ਜਿਸ ਨੂੰ ਪੀਤਿਆਂ ਹੋ ਜਾਏ ਅਤੀਤ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਓਸੇ ਜਲ ਪੀਣ ਨੂੰ ਰਹੇ ਉਡੀਕ, ਕੋਈ ਸੱਜਣ ਸਾਜਣ ਦਏ ਪਿਲਾਈਆ । ਜੇ ਦਿਉਗੇ ਬਿਨ ਹੱਥਾਂ ਤੋਂ ਪੀਏ ਲਾ ਕੇ ਝੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਇਕੋ ਇਕ ਵਰਤਾਈਆ । ਸਾਰੇ ਕਹਿੰਦੇ ਸੰਤਾਂ ਕੋਲ ਵਸਤ ਅਨਮੋਲ, ਜਗਤ ਕੀਮਤ ਕੋਇ ਨਾ ਪਾਈਆ । ਮਹਾਪੁਰਖ ਦਾ ਪੂਰਨ ਬ੍ਰਹਮ ਦਾ ਬੋਲ, ਨਿਰੰਤਰ ਅੰਤਰ ਦਏ ਸਮਝਾਈਆ । ਜਿਹੜੀ ਵਸਤ ਸਭ ਤੋਂ ਉਤਮ ਸ੍ਰੇਸ਼ਟ ਤੁਹਾਡੇ ਕੋਲ, ਉਸ ਦੇ ਵਿਚੋਂ ਥੋੜ੍ਹਾ ਗੱਫ਼ਾ ਦੇਣਾ ਵਰਤਾਈਆ । ਜਿਸ ਨਾਲ ਮਨ ਤਨ ਹੋਵੇ ਅਡੋਲ, ਬੁੱਧੀ ਬਿਬੇਕ ਰੂਪ ਵਟਾਈਆ । ਅੰਦਰੋਂ ਪਰਦਾ ਦੇਣਾ ਖੋਲ੍ਹ, ਬਜਰ ਕਪਾਟੀ ਦੇਣਾ ਤੁੜਾਈਆ । ਸੁਰਤੀ ਸ਼ਬਦੀ ਜਾਏ ਮੌਲ, ਬਿਸਮਿਲ ਹੋ ਕੇ ਆਪਣਾ ਆਪ ਛੁਪਾਈਆ । ਉਹ ਪਿਆਲਾ ਦੇਣਾ ਭਰ ਕੇ ਕੌਲ, ਜੋ ਕਵਲ ਨਾਭੀ ਵਿਚੋਂ ਬਾਹਰ ਝਿਰਨਾ ਰਿਹਾ ਝਿਰਾਈਆ । ਸੰਤ ਬਚਨ ਸਦਾ ਅਨਮੋਲ, ਅਨਮੋਲਕ ਹੀਰੇ ਗੁਰਬਾਣੀ ਗੁਣ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਲਾ ਮੰਗੇ ਰਸ, ਰਸਾਂ ਵਿਚ ਸਮਝ ਕੋਇ ਨਾ ਆਈਆ । ਸੰਤ ਜੀ ਪਾਣੀ ਜਲ ਪੀਣ ਦਾ ਸਦਾ ਚਾਅ, ਸਚ ਦਈਏ ਜਣਾਈਆ । ਜੇ ਕੋਈ ਮਧੁਰ ਪਿਆਲਾ ਦਏ ਪਿਲਾ, ਰਸ ਵਿਚੋਂ ਰਸ ਨਜ਼ਰੀ ਆਈਆ । ਕਾਗੋਂ ਹੰਸ ਦਏ ਬਣਾ, ਮਾਣਕ ਮੋਤੀ ਚੋਗ ਚੁਗਾਈਆ । ਤਿਸ ਨੂੰ ਮਿਲੀਏ ਸਹਿਜ ਸੁਭਾ, ਅੰਦਰੋ ਅੰਦਰ ਪੰਧ ਦਈਏ ਮੁਕਾਈਆ । ਇਹੋ ਵਸਤ ਸਦਾ ਸਦਾ ਮੰਗਦੇ ਗਏ ਜਿਨ੍ਹਾਂ ਨੂੰ ਪ੍ਰਭ ਦੇ ਮਿਲਣ ਦੀ ਅਦਾ, ਆਦਤ ਸਿਖਿਆ ਨਾ ਕੋਇ ਬਦਲਾਈਆ । ਜਿਸ ਕਾਰਨ ਉਸ ਨਾਲੋਂ ਹੋਏ ਜੁਦਾ, ਉਹ ਝਗੜਾ ਰਹਿਣ ਨਾ ਪਾਈਆ । ਸੰਤ ਸਤਿਗੁਰ ਸਦਾ ਰੂਪ ਪੁਰਖ ਅਕਾਲ ਖ਼ੁਦਾ, ਨੂਰ ਨੂਰ ਵਿਚ ਸਮਾਈਆ । ਪਿਆਸੀਆਂ ਤਿਆਸੀਆਂ ਰੂਹਾਂ ਨੂੰ ਸਦਾ ਜਾਮ ਦੇਣ ਪਿਆ, ਹਰਸ ਹਵਸ ਰਹਿਣ ਨਾ ਪਾਈਆ । ਜੇ ਕੋਈ ਮੁਸਾਫ਼ਰਾਂ ਤੋਂ ਰਖੇ ਲੁਕਾ, ਇਹ ਕੋਈ ਵੱਡੀ ਨਹੀਂ ਚਤੁਰਾਈਆ । ਜੋਤੀ ਜੋਤ ਸਰੂਪ

੮੭੩

ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਸਾਚਾ ਦਰ, ਜਿਸ ਘਰ ਇਕੋ ਰਸ ਨਜ਼ਰੀ ਆਈਆ । ਕੀ ਸਚ ਜਾਮ ਪਿਆਉਗੇ । ਆਤਮ ਰਾਮ ਮਨਾਉਗੇ । ਕਾਇਆ ਨਗਰ ਖੇੜਾ ਗਰਾਮ ਵਸਾਉਗੇ । ਗੁਫ਼ਾ ਕੁਟੀਆ ਅੰਦਰ ਵਾਜਾ ਹਕ ਵਜਾਉਗੇ । ਜਿਸ ਪਿਆਰ ਦੀ ਖ਼ਾਤਰ ਆਏ, ਸਚ ਓਹੋ ਪਿਆਸ ਬੁਝਾਉਗੇ । ਜਲ ਪੀਣ ਦੀ ਬੜੀ ਲਗੀ ਤ੍ਰਿਸ਼ਨਾ, ਤ੍ਰਿਖਾ ਦਿਵਸ ਰੈਣ ਰਹੀ ਸਤਾਈਆ । ਜਿਹੜੀ ਬੁਝ ਨਾ ਸਕੀ ਬ੍ਰਹਮਾ ਸ਼ਿਵ ਵਿਸ਼ਨਾ, ਕਰੋੜ ਤੇਤੀਸਾ ਭੱਜਣ ਵਾਹੋ ਦਾਹੀਆ । ਜਿਹੜੀ ਹਟ ਨਾ ਸਕੀ ਕੋਲੋਂ ਕ੍ਰਿਸ਼ਨਾ, ਤ੍ਰੈਲੋਕੀ ਨਾਥ ਗੋਪੀਆਂ ਨਾਚ ਨਚਾਈਆ । ਸੋ ਤ੍ਰਿਸ਼ਨਾ ਸਾਚੇ ਸੰਤਾਂ ਕੋਲ ਮੰਗੇ ਭਿਖਣਾ, ਦਰ ਅਗੇ ਆਪਣੀ ਝੋਲੀ ਡਾਹੀਆ । ਜਿਸ ਦਾ ਲੇਖ ਆਦਿ ਜੁਗਾਦਿ ਜੁਗ ਚੌਕੜੀ ਪੁਰਖ ਅਕਾਲ ਦੀਨ ਦਿਆਲ ਲਿਖਣਾ, ਖਾਣੀ ਬਾਣੀ ਨਾਲ ਵਡਿਆਈਆ । ਉਹ ਸੰਤ ਸਾਜਣ ਸੱਚਾ ਦਿਸਣਾ, ਜੋ ਦਹਿ ਦਿਸ਼ਾ ਕਰੇ ਰੁਸ਼ਨਾਈਆ । ਧੁਰ ਦਰਗਾਹੀ ਮਿਲਾਏ ਮਿਤਨਾ, ਮੀਤ ਮੁਰਾਰ ਹਰਿ ਗੁਸਾਂਈਆ । ਜੇ ਅੰਮ੍ਰਿਤ ਦੇ ਦਿਓ ਬਹੁਤਾ ਨਹੀਂ ਤੇ ਇਤਨਾ, ਜਿਸ ਨਾਲ ਨਿੱਕਿਉਂ ਵੱਡਾ ਨਜ਼ਰੀ ਆਈਆ । ਇਹ ਸੰਸਾਰ ਸ੍ਰਿਸ਼ਟ ਲੋਕਾਈ ਖ਼ਲਕ ਦਿਸੇ ਮਿਥਨਾ, ਸਗਲਾ ਸੰਗ ਨਾ ਕੋਇ ਨਿਭਾਈਆ । ਬਿਨ ਪੀਏ ਅੰਮ੍ਰਿਤ ਰਸ ਜੀਓ ਜਗਤ ਜਹਾਨ ਪਿਟਣਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਏਕਾ ਵਰ, ਜਿਸ ਮਿਲਿਆਂ ਤ੍ਰਿਸ਼ਨਾ ਭੁਖ ਰਹੇ ਨਾ ਰਾਈਆ । ਜਲ ਪਾਣੀ ਕਹੇ ਮੈਂ ਓਸ ਦੇ ਅੰਦਰ ਜਾਵਾਂ ਵੜ, ਬਿਰਹੋਂ ਵੈਰਾਗੀ ਜੋ ਨਜ਼ਰੀ ਆਈਆ । ਸਾਚੇ ਮੰਦਰ ਜਾਵਾਂ ਚੜ੍ਹ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਪੰਚ ਵਿਕਾਰ ਵਿਚ ਨਾ ਜਾਵਾਂ ਅੜ, ਈੜਾ ਪਿੰਗਲ ਕਰਾਂ ਸਫ਼ਾਈਆ । ਓਸ ਦੇ ਪਹੁੰਚਾਂ ਘਰ, ਜੋ ਮਾਲਕ ਨੂਰ ਖ਼ੁਦਾਈਆ । ਜੋਤੀ ਧਾਰ ਜਾਵਾਂ ਰਲ, ਰਲਮਿਲ ਆਪਣਾ ਆਪ ਬਦਲਾਈਆ । ਸਚ ਦੁਵਾਰਾ ਲਵਾਂ ਮਲ, ਜਿਸ ਗ੍ਰਿਹਿ ਵਿਚੋਂ ਬਾਹਰ ਨਾ ਕੋਇ ਕਢਾਈਆ । ਸਾਚਿਆਂ ਸੰਤਾਂ ਦੇ ਹੋ ਜਾਵਾਂ ਵਲ, ਵਲ ਛਲ ਕਰਾਂ ਸਰਬ ਲੋਕਾਈਆ । ਜੇ ਉਹ ਗੁਰਮੁਖ ਸੰਤ ਭਗਤ ਮੇਰਾ ਪੀ ਕੇ ਜਲ, ਅੰਮ੍ਰਿਤ ਜਲ ਜਾਮ ਦੋ ਜਹਾਨ ਦੇਣ ਪਿਆਈਆ । ਪੀਂਦਿਆਂ ਸਾਰ ਨਜ਼ਰੀ ਆ ਜਾਏ ਨਿਹਚਲ ਧਾਮ ਅਟਲ, ਜਿਸ ਘਰ ਪੁਰਖ ਅਬਿਨਾਸ਼ੀ ਸਚ ਸਿੰਘਾਸਣ ਬੈਠਾ ਸੋਭਾ ਪਾਈਆ । ਇਸੇ ਕਾਰਨ ਚਾਰ ਕੁੰਟ ਦਹਿ ਦਿਸ਼ਾ ਸਾਚੇ ਸੰਤਾਂ ਕੋਲ ਰਹੇ ਚਲ, ਜੇ ਕੋਈ ਸੱਜਣ ਲੱਭੇ, ਅੰਮ੍ਰਿਤ ਜਾਮ ਦੇਵੇ ਹਥੇ, ਪ੍ਰੇਮ ਰਸ ਵਿਚ ਮਧੇ, ਮੰਜ਼ਲ ਆਪਣੀ ਧੁਰ ਦੀ ਸੱਦੇ, ਜਿਥੇ ਅਗੰਮੀ ਨਾਦ ਵੱਜੇ, ਧੁਨ ਅਗੰਮ ਸ਼ਨਵਾਈਆ । ਜਲ ਪਾਣੀ ਪਿਆਓ ਵਿਚੋਂ ਡੂੰਘੇ ਸਾਗਰ, ਸਹਿਜ ਸੁਭਾਓ ਜਲ ਪਾਣੀ ਦਿਓ ਵਖਾਈਆ । ਭਾਗ ਲਗੇ ਕਾਇਆ ਗਾਗਰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਪਿਔਣ ਵਾਲੇ ਦਾ ਬਦਲ ਜਾਏ ਕਰਮ ਮਸਤਕ ਹੋਵੇ ਨਿਰਮਲ ਉਜਾਗਰ, ਜੋਤ ਲਿਲਾਟ ਕਰੇ ਰੁਸ਼ਨਾਈਆ । ਸੰਤਾਂ ਦਾ ਸਦਾ ਉਪਕਾਰ ਘਰ ਆਇਆਂ ਨੂੰ ਦੇਣਾ ਆਦਰ, ਆਦਰਸ਼ ਅਨਦ੍ਰਿਸ਼ਟ ਦ੍ਰਿਸ਼ਟੀ ਵਿਚੋਂ ਦੇਣਾ ਵਖਾਈਆ । ਕੂੜੀ ਕਿਰਿਆ ਰਹੇ ਨਾ ਕੋਇ ਅੰਧੇਰਾ ਬਾਦਲ, ਨੂਰੀ ਨੂਰ ਨੂਰ ਹੋਏ ਰੁਸ਼ਨਾਈਆ । ਸਚ ਕਿਨਾਰਾ ਸੱਚਾ ਪਾਤਣ, ਸਚ ਮਲਾਹ ਸਚ ਬੇੜੀ ਖੇਵਟ ਖੇਟਾ ਸੱਚਾ ਰੂਪ ਦਿਖਾਈਆ । ਬਹੁਤਾ ਨਹੀਂ ਤੇ ਤੋਲਾ ਮਾਸਣ, ਆਸਾ ਮਨਸਾ ਪੂਰੀ ਲੇਖੇ ਲਗੇ ਸਵਾਸਨ, ਲੇਖਾ ਮੁਕੇ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਪੰਧ ਰਹਿਣ ਨਾ ਪਾਈਆ । ਭੇਵ ਖੁਲ੍ਹ ਜਾਏ ਜ਼ਾਹਰ ਬਾਤਨ, ਸਚ ਪ੍ਰੀਤੀ ਬੱਝੇ ਨਾਤਨ, ਮਹਾਤਮ ਇਕ ਦੇਣਾ ਦ੍ਰਿੜਾਈਆ ।


੮੭੪

❊ ੨੧ ਜੇਠ ਸ਼ਹਿਨਸ਼ਾਹੀ ਸੰਮਤ ੧ ਕਪੂਰ ਸਿੰਘ ਦੇ ਗ੍ਰਿਹ ਮੋਗਾ ਜ਼ਿਲਾ ਫ਼ਿਰੋਜ਼ਪੁਰ ❊

ਸਾਹਿਬ ਸਤਿਗੁਰ ਤਾਰਦਾ, ਸੰਤ ਸੁਹੇਲੇ ਸੱਜਣ ਮੀਤ । ਹਉਮੇ ਰੋਗ ਨਿਵਾਰਦਾ, ਮਨ ਤਨ ਕਰ ਕੇ ਠਾਂਡਾ ਸੀਤ । ਕਰਮ ਰੋਗ ਨਿਵਾਰਦਾ, ਸਾਚੀ ਬਖ਼ਸ਼ ਚਰਨ ਪ੍ਰੀਤ । ਸਚ ਘਰ ਸਾਚੇ ਵਾੜਦਾ, ਤ੍ਰੈਗੁਣ ਮਾਇਆ ਕਰ ਅਤੀਤ । ਜੁਗ ਚੌਕੜੀ ਪੈਜ ਸੁਆਰਦਾ, ਨਾਮ ਸੁਣਾ ਕੇ ਢੋਲਾ ਗੀਤ । ਜਨਮ ਜਨਮ ਦਾ ਕ਼ਰਜ਼ ਉਤਾਰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੂਪ ਧਰ ਸਿਰਜਣਹਾਰ ਦਾ । ਸਾਹਿਬ ਸਤਿਗੁਰ ਦੁਖ ਕਟਦਾ, ਅਗਨੀ ਤਤ ਜੰਜਾਲ । ਪੜਦਾ ਖੋਲ੍ਹ ਕੇ ਸਾਚੇ ਹੱਟ ਦਾ, ਵਸਤ ਅਮੋਲਕ ਦੇਵੇ ਲਾਲ । ਲੇਖਾ ਚੁਕ ਜਾਏ ਰਹਿਣਾ ਵਖ ਦਾ, ਗੁਰਮੁਖ ਮੇਲੇ ਸਾਚੇ ਲਾਲ । ਮਿਹਰ ਨਜ਼ਰ ਨਾਲ ਤਕਦਾ, ਲੱਖ ਚੁਰਾਸੀ ਵਿਚੋਂ ਕਰੇ ਬਹਾਲ । ਝਗੜਾ ਚੁਕਾ ਕੇ ਮਨਮਤ ਦਾ, ਗੁਰਮਤ ਸਾਚੀ ਦਏ ਸਿਖਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਕਿਰਪਾਲ । ਸਾਹਿਬ ਸਤਿਗੁਰ ਵੇਖਦਾ, ਵੇਖਣਹਾਰਾ ਏਕ । ਲਹਿਣਾ ਜਾਣੇ ਪੂਰਬ ਲੇਖ ਦਾ, ਜਨਮ ਜਨਮ ਦੀ ਦੇਵੇ ਟੇਕ । ਪਿਆਰ ਜਾਣੇ ਧੁਰ ਦੇ ਹੇਤ ਦਾ, ਲੋਚਣ ਨੈਣ ਨਿਜ ਪੇਖ । ਵਸਣਾ ਦੱਸੇ ਸਾਚੇ ਦੇਸ ਦਾ, ਪੜਦਾ ਓਹਲਾ ਖੋਲ੍ਹ ਕੇ ਭੇਤ । ਮਿਲਣਾ ਦੱਸੇ ਹਮੇਸ਼ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਖੇਵਟ ਖੇਟ । ਸਾਹਿਬ ਸਤਿਗੁਰ ਤਕਦਾ, ਬਿਨ ਨੇਤਰ ਨੈਣ ਉਠਾਲ । ਮਿਲਾਪ ਕਰ ਲਏ ਆਪਣੀ ਅੱਖ ਦਾ, ਜੋਤੀ ਦੀਆ ਇਕੋ ਬਾਲ । ਸੁਨੇਹੜਾ ਦੇ ਕੇ ਧੁਰ ਹਕ ਦਾ, ਜਲਵਾ ਨੂਰੀ ਦਏ ਜਮਾਲ । ਨਾਮ ਨਿਧਾਨਾ ਸੱਚਾ ਦੱਸਦਾ, ਧੁਰ ਦੇ ਕਲਮੇ ਦਏ ਅਹਿਵਾਲ । ਝਗੜਾ ਚੁਕਾਵੇ ਕਾਇਆ ਮਟ ਦਾ, ਸਚ ਵਖਾਏ ਸੱਚੀ ਧਰਮਸਾਲ । ਲਹਿਣਾ ਮੁਕਾਵੇ ਕੂੜੇ ਹੱਟ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰ ਆਪ ਮਿਹਰਵਾਨ । ਸਾਹਿਬ ਸਤਿਗੁਰ ਲੋਚ ਦਾ, ਗੁਰਮੁਖਾਂ ਦੀਦ ਦੀਦਾਰ । ਜੁਗ ਚੌਕੜੀ ਇਹੋ ਸੋਚ ਦਾ, ਕਿਸ ਬਿਧ ਨਿਭਾਂ ਭਗਤਾਂ ਨਾਲ । ਵਕ਼ਤ ਸੁਹੰਜਣਾ ਕਰਾਂ ਮੌਜ ਦਾ, ਗੁਰਮੁਖਾਂ ਗੁਰਸਿਖਾਂ ਹੋ ਦਿਆਲ । ਝਗੜਾ ਮੁਕਾਵਾਂ ਕੂੜੀ ਚੋਗ ਦਾ, ਮਾਣਕ ਮੋਤੀ ਇਕ ਖੁਵਾਲ । ਲਹਿਣਾ ਗਵਾਵਾਂ ਹਉਮੇ ਰੋਗ ਦਾ, ਪ੍ਰੇਮ ਪ੍ਰੀਤੀ ਭਰ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਆਧਾਰ । ਸਾਹਿਬ ਸਤਿਗੁਰ ਭਾਖਦਾ, ਅਨਡਿੱਠੜੀ ਕਾਰ ਜਣਾਈਆ । ਧੁਰ ਸੰਦੇਸ਼ਾ ਇਕੋ ਆਖਦਾ, ਪਾਰਬ੍ਰਹਮ ਬੇਪਰਵਾਹੀਆ । ਸਾਚਾ ਰਹਿਣਾ ਪ੍ਰਭ ਚਰਨ ਨਿਵਾਸ ਦਾ, ਕੂੜੀ ਕਿਰਿਆ ਜਗਤ ਵਖਾਈਆ । ਲਹਿਣਾ ਪੂਰਾ ਹੋਵੇ ਆਸ ਦਾ, ਮਿਲ ਸਤਿਗੁਰ ਖ਼ੁਸ਼ੀ ਮਨਾਈਆ । ਨੂਰ ਹੋਵੇ ਸੱਚੇ ਪਰਕਾਸ਼ ਦਾ, ਜੋਤੀ ਜੋਤ ਡਗਮਗਾਈਆ । ਧਾਮ ਮਿਲੇ ਨਿਜ ਘਰ ਨਿਵਾਸ ਦਾ, ਅਸਥਾਨ ਭੂਮਿਕਾ ਸੋਭਾ ਪਾਈਆ । ਗੁਰਮੁਖ ਗੁਰਸਿਖ ਰੂਪ ਬਣ ਜਾਏ ਸੱਚੇ ਦਾਸ ਦਾ, ਸੇਵਕ ਆਪਣਾ ਨਾਉਂ ਪਰਗਟਾਈਆ । ਲਹਿਣਾ ਦੇਣਾ ਮੁਕ ਜਾਏ ਅਗਲੀ ਪਿਛਲੀ ਬਾਤ ਦਾ, ਲੇਖਾ ਕਰਮ ਦਏ ਗਵਾਈਆ । ਮਾਣ ਮਿਲ ਜਾਏ ਭਗਤਾਂ ਦੀ ਜਮਾਤ ਦਾ, ਗੁਰਮੁਖ ਗੁਰਮੁਖਾਂ ਨਾਲ ਮਿਲਾਈਆ । ਅੰਧਿਆਰਾ ਮਿਟ ਜਾਏ ਕੂੜੀ ਰਾਤ ਦਾ, ਸਾਚਾ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਹੁਕਮ ਇਕੋ ਵਾਚਦਾ, ਬਚਨ ਆਪਣਾ ਦਏ ਸੁਣਾਈਆ ।

## ❋ ੨੨ ਜੇਠ ਸ਼ਹਿਨਸ਼ਾਹੀ ਸੰਮਤ ੧ ਜਰਨੈਲ ਸਿੰਘ ਦੇ ਗ੍ਰਿਹ ਪਿੰਡ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ❋

ਪਗੜੀ ਕਹੇ ਮੇਰਾ ਹੋਇਆ ਕਾਜ, ਪ੍ਰਭ ਪੂਰਨ ਆਸ ਕਰਾਈਆ । ਰਾਜਨ ਦੇ ਘਰ ਆਇਆ ਰਾਜ, ਨਰੈਣ ਨਰਾਇਣ ਦਇਆ ਕਮਾਈਆ । ਪਿਛਲੀ ਰੀਤੀ ਦਾ ਬਦਲ ਦਿਤਾ ਰਿਵਾਜ, ਆਪਣਾ ਹੁਕਮ ਵਰਤਾਈਆ । ਦੋਹਾਂ ਦੇ ਸਿਰ ਤੇ ਦਿਸਦਾ ਨਹੀਂ ਕੋਈ ਤਾਜ, ਸੇਵਕ ਹੋ ਕੇ ਸੇਵਾ ਸਚ ਕਮਾਈਆ । ਜਿਨ੍ਹਾਂ ਦੀ ਪ੍ਰਭ ਰਖਣੀ ਪਤ ਲਾਜ, ਚਰਨ ਕਵਲ ਦਏ ਸਰਨਾਈਆ । ਉਹਨਾਂ ਦਾ ਮੇਲਾ ਹੋਇਆ ਆਜ, ਅਜਬ ਲੀਲਾ ਹਰਿ ਵਰਤਾਈਆ । ਅਗੇ ਪ੍ਰੇਮੀਆਂ ਵਾਲਾ ਸਮਾਜ, ਭਗਤਾਂ ਰੰਗ ਚੜ੍ਹਾਈਆ । ਦੋਹਾਂ ਦੀ ਵਜਦੀ ਰਹੇ ਰਬਾਬ, ਸੁਰਤੀ ਤਾਲ ਰੂਪ ਬਣਾਈਆ । ਹਰਿ ਸੱਜਣ ਬਣ ਕੇ ਸਾਕ, ਜੋੜੇ ਰਿਹਾ ਜੁੜਾਈਆ । ਮਾਟੀ ਪੁਤਲੇ ਵੇਖ ਕੇ ਖ਼ਾਕ, ਖ਼ਾਲਸ ਰੰਗ ਰਿਹਾ ਰੰਗਾਈਆ । ਦੋਹਾਂ ਦਾ ਇਕੋ ਬਣ ਗਿਆ ਬਾਪ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਪਗੜੀ ਕਹੇ ਪੱਗ ਜਗ ਨਾ ਰਹਿ ਜਾਏ ਸਾਥ, ਰਘੁਨਾਥ ਸਿਰ ਆਪਣਾ ਹੱਥ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੀ ਪੂਰੀ ਕਰ ਕੇ ਵਾਟ, ਦੋਹਾਂ ਦਾ ਪੰਧ ਮੁਕਾਈਆ ।

## ❋ ੨੩ ਜੇਠ ਸ਼ਹਿਨਸ਼ਾਹੀ ਸੰਮਤ ੧ ਦਲੀਪ ਸਿੰਘ ਦੇ ਗ੍ਰਿਹ ਬਾਊ ਪੁਰ ਜ਼ਿਲਾ ਗੁਰਦਾਸਪੁਰ ❋



ਜਮਨਾ ਸੁਰਸਤੀ ਗੰਗਾ ਗੋਦਾਵਰੀ ਕਹੇ ਮੈਂ ਗਈ ਲੁੱਟੀ, ਲੁਟੇਰਾ ਆਇਆ ਧੁਰਦਰਗਾਹੀਆ । ਜਿਸ ਨੇ ਕਲਾ ਜਗਾਈ ਸੁੱਤੀ, ਸੁਤਿਆਂ ਦਿਤਾ ਹਿਲਾਈਆ । ਨਿਰਗੁਣ ਹੋ ਕੇ ਬਦਲ ਆਪਣੀ ਰੁਚੀ, ਰਚਨਾ ਵਖਰੀ ਦਿਤੀ ਰਚਾਈਆ । ਜੁਗ ਚੌਕੜੀ ਸਾਡੀ ਧਾਰ ਬਣੀ ਰਹੀ ਸੁੱਚੀ, ਪਵਿਤਰ ਰੂਪ ਵਖਾਈਆ । ਚੂਲੀਆਂ ਨਾਲ ਪੌਂਦੇ ਰਹੇ ਮੁਖੀਂ, ਅੰਮ੍ਰਿਤ ਜਲ ਵਡਿਆਈਆ । ਸਾਥੋਂ ਹੋ ਨਾ ਸਕਿਆ ਕੋਈ ਸੁਖੀ, ਬਿਨਾ ਕਬੀਰ ਰਵਿਦਾਸ ਮਿਲੀ ਨਾ ਕਿਸੇ ਵਡਿਆਈਆ । ਸਾਰੀ ਸ੍ਰਿਸ਼ਟੀ ਰਹੀ ਭੁੱਖੀ, ਤ੍ਰਿਸ਼ਨਾ ਅੱਗ ਨਾ ਕੋਇ ਬੁਝਾਈਆ । ਖੇਲ ਖੇਲਦੀ ਰਹੀ ਜਗਤ ਜੁਗੀ, ਚੌਕੜੀ ਪੰਧ ਮੁਕਾਈਆ । ਅੰਤਰ ਮੇਰੀ ਵਾਟ ਪੁੱਗੀ, ਅਗਲਾ ਪੰਧ ਰਿਹਾ ਨਾ ਰਾਈਆ । ਕਲਜੁਗ ਅੰਤ ਵਿਸ਼ੇਸ਼ ਰਹੀ ਨਾ ਕੋਈ ਬੁਧੀ, ਵਿਦਵਾਨ ਨਾ ਕੋਇ ਚਤੁਰਾਈਆ । ਰਮਜ਼ ਸਮਝੇ ਨਾ ਕੋਈ ਗੁਝੀ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਝਗੜਾ ਪੈ ਗਿਆ ਵਦੀ ਸੁਦੀ, ਪੁੰਨਿਆ ਅਮਾਵਸ ਦਏ ਦੁਹਾਈਆ । ਭਾਗ ਲੱਗਾ ਨਾ ਕਿਸੇ ਦੁੱਧੀ, ਪਿਤਾ ਪੂਤ ਕਰੇ ਲੜਾਈਆ । ਸਚ ਵਾਸਨਾ ਕਿਸੇ ਨਾ ਹੋਈ ਉਘੀ, ਮਹਲ ਅਟਲ ਨਾ ਕੋਇ ਸੁਹਾਈਆ । ਨਾਭੀ ਹੋ ਕੇ ਮੂਧੀ, ਆਪਣਾ ਆਪ ਬਦਲਾਈਆ । ਖੇਲ ਵੇਖੀ ਨਾ ਕਿਸੇ ਬੁਤ ਰੂਹ ਦੀ, ਚਮ ਦ੍ਰਿਸ਼ਟੀ ਜਗਤ ਹਲਕਾਈਆ । ਰਮਜ਼ ਵੇਖੀ ਨਾ ਕਿਸੇ ਸਾਢੇ ਤਿੰਨ ਕਰੋੜ ਲੂੰ ਲੂੰ ਦੀ, ਲਹਿਰ ਲਹਿਰ ਵਿਚੋਂ ਟਕਰਾਈਆ । ਸਿਫ਼ਤ ਸੁਣੀ ਨਾ ਕਿਸੇ ਪੁਰਖ ਅਕਾਲ ਇਕ ਅਗੰਮੀ ਹੂਬਹੂ ਦੀ, ਪੰਜਾਂ ਤੱਤਾਂ ਨਾਲ ਕਰਦੇ ਗਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਦਾਵਰੀ ਕਹੇ ਮੇਰਾ ਲੁਟਿਆ ਗਿਆ ਗੁਦਾਮ, ਗੋਦੀ ਖ਼ਾਲੀ ਨਜ਼ਰੀ ਆਈਆ । ਪੁਰਖ ਅਕਾਲ ਬਣ ਅਮਾਮ, ਅਮਲ ਸ੍ਰਿਸ਼ਟੀ ਵੇਖ ਵਖਾਈਆ । ਦ੍ਰਿਸ਼ਟੀ ਖ਼ਾਲੀ ਦਿਸੇ ਤਮਾਮ, ਇਸ਼ਟੀ ਨਜ਼ਰ ਕੋਇ ਨਾ ਆਈਆ । ਗ੍ਰਿਹਸਤੀ ਕਰਨ ਹਰਾਮ, ਸਾਧ ਮਨ ਵਾਸਨਾ ਹਲਕਾਈਆ । ਹਿਰਦੇ ਨਜ਼ਰ

ਨਾ ਆਵੇ ਰਾਮ, ਨਾਮ ਚੋਟ ਨਾ ਕੋਇ ਲਗਾਈਆ । ਭਾਗ ਲੱਗੇ ਨਾ ਕਿਸੇ ਕਾਇਆ ਗਰਾਮ, ਸਾਢੇ ਤਿੰਨ ਹੱਥ ਵੱਜੇ ਨਾ ਕੋਇ ਵਧਾਈਆ । ਚਾਰ ਕੁੰਟ ਹੋਈ ਅੰਧੇਰੀ ਸ਼ਾਮ, ਸਾਚਾ ਚੰਦ ਨਾ ਕੋਇ ਚਮਕਾਈਆ । ਰਸ ਰਿਹਾ ਨਾ ਸਾਡੇ ਵਿਚ ਜਾਮ, ਮਦਿ ਮਤਵਾਲਾ ਨਾ ਕੋਇ ਕਰਾਈਆ । ਮੈਂ ਹੋ ਗਈ ਹੈਰਾਨ, ਹੈਰਾਨੀ ਵਿਚ ਧਿਆਨ ਰਖਾਈਆ । ਜਿਸ ਦੇ ਸੁਣਦੀ ਰਹੀ ਪੈਗ਼ਾਮ, ਸਚ ਕਰੀ ਸ਼ਨਵਾਈਆ । ਜਿਸ ਦਾ ਦੱਸਦੇ ਗਏ ਨਿਸ਼ਾਨ, ਗੁਰ ਅਵਤਾਰ ਸਿਫ਼ਤ ਸਾਲਾਹੀਆ । ਸੋ ਆ ਗਿਆ ਸ੍ਰੀ ਭਗਵਾਨ, ਕਲ ਕਲਕੀ ਵੇਸ ਵਟਾਈਆ । ਜਿਸ ਦੀ ਲਹਿਰ ਦਾ ਤੁਫ਼ਾਨ, ਸਭ ਨੂੰ ਰਿਹਾ ਰੁੜ੍ਹਾਈਆ । ਜਨ ਭਗਤਾਂ ਕਰ ਪਰਵਾਨ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਮੁਹੱਬਤ ਵਿਚ ਹੋ ਕੇ ਮਿਹਰਵਾਨ, ਮਹਿਬੂਬ ਆਪਣਾ ਮੇਲ ਮਿਲਾਈਆ । ਪਤਾ ਨਹੀਂ ਕਿਧਰੋਂ ਚਲ ਕੇ ਆ ਗਿਆ ਅੱਜ ਦੀ ਸ਼ਾਮ, ਸ਼ਮਅ ਜੋਤ ਕਰ ਰੁਸ਼ਨਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀ ਥਕਾਵਟ ਗੁਰਮੁਖਾਂ ਘਰ ਕਰਨ ਆਇਆ ਆਰਾਮ, ਸਿੰਘਾਸਣ ਸੋਹਣੇ ਉਤੇ ਡੇਰਾ ਲਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਾਗਾਂ ਭਰੇ ਭਗਤ ਭਗਵੰਤ ਵੇਖ ਖ਼ੁਸ਼ੀ ਮਨਾਈਆ । ਮਿਹਰ ਵਿਚ ਆ ਕੇ ਦਏ ਸੱਚਾ ਇਨਾਮ, ਵਸਤ ਅਮੋਲਕ ਇਕ ਵਰਤਾਈਆ । ਜਨ ਭਗਤੋ ਪ੍ਰੇਮ ਪਿਆਰ ਦਾ ਪੀਓ ਜਾਮ, ਜਮਾਂ ਦਾ ਲੇਖਾ ਦਏ ਮੁਕਾਈਆ । ਮਾਣਸ ਜਨਮ ਦਾ ਪੂਰਾ ਕਰੇ ਕਾਮ, ਕਾਮਨਾ ਹੋਰ ਨਾ ਕੋਇ ਵਧਾਈਆ । ਤੁਹਾਡਾ ਵੇਖ ਕੇ ਨਗਰ ਖੇੜਾ ਗਰਾਮ, ਖਿੜਕੀਆਂ ਦੋ ਜਹਾਨ ਰਹੇ ਖੁਲ੍ਹਾਈਆ । ਨੇਤਰ ਕਰਨ ਧਿਆਨ, ਦੂਰ ਦੁਰਾਡੇ ਤੱਕਣ ਚਾਈਂ ਚਾਈਂਆ । ਜਿਹੋ ਜਿਹਾ ਅੱਜ ਬਿਸਤਰ ਮਿਲਿਆ ਕਰਨ ਵਾਸਤੇ ਬਿਸਰਾਮ, ਵਿਸ਼ਨ ਬ੍ਰਹਮਾ ਸ਼ਿਵ ਕਹੇ ਵੇਖਣ ਕਦੇ ਨਾ ਪਾਈਆ । ਇਹਦੀ ਸਿਫ਼ਤ ਦੀ ਕੀ ਕੋਈ ਕਰੇ ਕਮਾਲ, ਕਲਮਿਆਂ ਤੋਂ ਬਾਹਰ ਨਜ਼ਰੀ ਆਈਆ । ਭਗਵਨ ਨਾਲੋਂ ਵੱਧ ਭਗਤਾਂ ਦਾ ਅਹਿਸਾਨ, ਜੋ ਸੋਹਣਾ ਆਸ਼ਰਮ ਰਹੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਕਹੇ ਮੇਰੀ ਨਮਸਤੇ, ਨਮੋ ਨਮੋ ਸੀਸ ਝੁਕਾਈਆ । ਮੈਂ ਵੇਖੇ ਭਗਤਾਂ ਦੇ ਖੇੜੇ ਵਸਦੇ, ਸੋਹਣੇ ਰੂਪ ਵਟਾਈਆ । ਪ੍ਰੇਮੀ ਪ੍ਰੀਤਮ ਪ੍ਰੇਮ ਨਾਲ ਹਸਦੇ, ਖ਼ੁਸ਼ੀਆਂ ਗੀਤ ਗਾਈਆ । ਲੇਖੇ ਪੂਰੇ ਹੋਏ ਪੂਰਬ ਜਨਮ ਆਸ ਦੇ, ਨਿਰਾਸਾ ਰਹੇ ਕੋਈ ਨਾ ਰਾਈਆ । ਝਗੜੇ ਮੁਕ ਗਏ ਗੁਰਮੁਖਾਂ ਦੀ ਪਿਆਸ ਦੇ, ਅੰਮ੍ਰਿਤ ਜਾਮ ਦਿਤਾ ਪਿਆਈਆ । ਇਹ ਖੇਲ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕਰੇ ਆਪ ਦੇ, ਦੂਜਾ ਸੰਗ ਨਾ ਕੋਇ ਰਖਾਈਆ । ਤਨ ਪਵਿੱਤਰ ਕੀਤੇ ਭਰੇ ਦੁਰਮਤ ਪਾਪ ਦੇ, ਨਾਮ ਰਸ ਇਕ ਚਖਾਈਆ । ਖ਼ੁਸ਼ੀ ਹੋਵੇ ਕੰਢੇ ਓਸ ਗਲਾਸ ਦੇ, ਜਿਸ ਦੇ ਨਾਲ ਦਿਤਾ ਵਰਤਾਈਆ । ਭਾਗ ਚੰਗੇ ਦਿਸੇ ਅੱਜ ਵਾਲੀ ਰਾਤ ਦੇ, ਖ਼ੁਸ਼ੀਆਂ ਵਿਚ ਰਹੀ ਮੁਸਕਰਾਈਆ । ਧੰਨ ਭਾਗ ਦਰਸ਼ਨ ਹੋਏ ਓਸ ਬਾਪ ਦੇ, ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਧਿਆਈਆ । ਝਗੜੇ ਚੁਕ ਗਏ ਪੂਜਾ ਪਾਠ ਦੇ, ਮਠਾਂ ਦੀ ਲੋੜ ਰਹੀ ਨਾ ਰਾਈਆ । ਮੇਲੇ ਮਿਲ ਗਏ ਧੁਰ ਦੇ ਸਾਧ ਦੇ, ਅਧਵਿਚਕਾਰ ਨਾ ਕੋਇ ਅਟਕਾਈਆ । ਪੌੜੇ ਚੜ੍ਹ ਗਏ ਅਗੰਮੀ ਘਾਟ ਦੇ, ਜਿਸ ਦੀ ਮੰਜ਼ਲ ਬੇਪਰਵਾਹੀਆ । ਮੁਕਾਮ ਮਿਲ ਗਏ ਹਕ ਨਿਵਾਸ ਦੇ, ਧੁਰ ਦੇ ਮਾਲਕ ਦਇਆ ਕਮਾਈਆ । ਖੇਲ ਵੇਖ ਸ੍ਰੀ ਭਗਵਾਨ ਦੇ, ਦੋ ਜਹਾਨ ਵੇਖਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਧਾਰ ਅੰਮ੍ਰਿਤ ਰਸ ਰਸ ਧੁਰ ਦਾ ਰਿਹਾ ਚੁਆਈਆ ।

੮੭੭

੮੭੮

### ❊ ੨੪ ਜੇਠ ਸ਼ਹਿਨਸ਼ਾਹੀ ਸੰਮਤ ੧ ਬਲਾਕਾ ਸਿੰਘ, ਪਿਆਰਾ ਸਿੰਘ ਦੇ ਗ੍ਰਿਹਿ ਬਾਊ ਪੁਰ ਜ਼ਿਲਾ ਗੁਰਦਾਸਪੁਰ ❊

ਸੰਦੇਸ਼ਾ ਦੇਵੇ ਪੌਣ ਪਾਣੀ, ਹੁਲਾਰਿਆਂ ਵਿਚੋਂ ਜਣਾਈਆ । ਵੇਖ ਕੇ ਚਾਰ ਖਾਣੀ, ਚਾਰ ਕੁੰਟ ਖੋਜ ਖੁਜਾਈਆ । ਸੁਣ ਕੇ ਅਗੰਮੀ ਬਾਣੀ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਕਰੇ ਖੇਲ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਵੱਡੀ ਵਡਿਆਈਆ । ਜਨ ਭਗਤਾਂ ਮੇਲ ਮਿਲਾਏ ਬਣਕੇ ਧੁਰ ਦਾ ਹਾਣੀ, ਅੰਦਰ ਬਾਹਰ ਹੋਏ ਸਹਾਈਆ । ਮੰਜ਼ਲ ਦੇ ਕੇ ਪਦ ਨਿਰਬਾਣੀ, ਨਿਰਗੁਣ ਸਰਗੁਣ ਰਿਹਾ ਸਮਝਾਈਆ । ਬੋਧ ਅਗਾਧ ਦੱਸ ਕਹਾਣੀ, ਸ਼ਬਦੀ ਕਰੇ ਪੜ੍ਹਾਈਆ । ਆਤਮ ਰਹੇ ਨਾ ਕੋਇ ਨਿਮਾਣੀ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਸੁਘੜ ਸੁਚੱਜੀ ਬਣੇ ਸਵਾਣੀ, ਸੋਹਣਾ ਰੂਪ ਚੜ੍ਹਾਈਆ । ਲੇਖਾ ਮੁਕਾਵੇ ਆਵਣ ਜਾਣੀ, ਗੇੜ ਚੁਰਾਸੀ ਦਏ ਕਟਾਈਆ । ਮਸਤ ਖ਼ੁਮਾਰੀ ਵਿਚ ਕਰੇ ਦੀਵਾਨੀ, ਕੂੜੀ ਦਾਅਵੇਦਾਰੀ ਦਏ ਗਵਾਈਆ । ਸਾਚੀ ਬਖ਼ਸ਼ੇ ਸਤਿ ਕਲਾਮੀ, ਕਲਮਾ ਇਕ ਪੜ੍ਹਾਈਆ । ਮੇਲ ਮਿਲਾ ਕੇ ਗੁਣ ਨਿਧਾਨੀ, ਗੁਣਵੰਤ ਦਏ ਸਮਝਾਈਆ । ਪੌਣ ਕਹੇ ਪ੍ਰਭ ਕਰ ਕੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਪਾਣੀ ਕਹੇ ਕੀ ਦੇਵਣ ਆਇਆ ਸਚ ਨਿਸ਼ਾਨੀ, ਨਿਸ਼ਾਨਾ ਤੀਰ ਇਕੋ ਇਕ ਚਲਾਈਆ । ਝਗੜਾ ਮੁਕ ਜਾਏ ਚਾਰੇ ਖਾਣੀ, ਚੌਥੀ ਮੰਜ਼ਲ ਦਏ ਵਡਿਆਈਆ । ਜਿਥੇ ਰੂਹ ਇਕ ਖੇਲ ਰੂਹਾਨੀ, ਰਹਿਮਤ ਵਿਚ ਸਮਾਈਆ । ਜਗਤ ਵਿਕਾਰ ਨਾ ਕੋਇ ਤੁਗਿਆਨੀ, ਹੜ੍ਹ ਸ਼ੌਹ ਨਾ ਕੋਇ ਰੁੜ੍ਹਾਈਆ । ਭੇਵ ਪਾਏ ਨਾ ਕੋਇ ਵਿਦਵਾਨੀ, ਬੁੱਧੀਵਾਨ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪਵਣ ਪਾਣੀ ਕਹੇ ਵੇਖਿਆ ਧੁਰ ਦਾ ਮੰਤਰ, ਇਕੋ ਇਕ ਜਣਾਈਆ । ਬੁਝਾਵਣ ਆਇਆ ਬਸੰਤਰ, ਅਗਨੀ ਤਤ ਗਵਾਈਆ । ਜੋਤ ਜਗਾਵਣ ਆਇਆ ਨਿਰੰਤਰ, ਨੂਰ ਕਰੇ ਰੁਸ਼ਨਾਈਆ । ਮਿਲਾਵਣ ਆਇਆ ਸਾਚੇ ਸੰਤਨ, ਸਤਿ ਸਤਿਵਾਦੀ ਜੋੜ ਜੁੜਾਈਆ । ਭੇਵ ਚੁਕਾਵਣ ਆਇਆ ਮਨ ਤਨ, ਤਤਵ ਤਤ ਖੋਜ ਖੁਜਾਈਆ । ਰਾਗ ਸੁਣਾਵਣ ਆਇਆ ਸਚ ਕੰਨ, ਕਲਮਾ ਹਕੀਕਤ ਹਕ ਪੜ੍ਹਾਈਆ । ਜਨ ਭਗਤਾਂ ਬੇੜਾ ਦੇਂਦਾ ਰਿਹਾ ਬੰਨ੍ਹ, ਬੰਦਗੀ ਇਕੋ ਇਕ ਸੁਣਾਈਆ । ਨੇਤਰ ਰਹੇ ਕੋਈ ਨਾ ਅੰਨ੍ਹ, ਅੰਧਿਆਂ ਕਰੇ ਰੁਸ਼ਨਾਈਆ । ਗੁਰਮੁਖ ਚਾੜ੍ਹ ਕੇ ਸਾਚੇ ਚੰਨ, ਚਾਂਦਨੀ ਸਚ ਦਏ ਪਰਗਟਾਈਆ । ਕੂੜ ਕੁੜਿਆਰਾ ਭਾਂਡਾ ਭੰਨ, ਭਰਮ ਭਉ ਦਏ ਮਿਟਾਈਆ । ਪਵਣ ਪਾਣੀ ਕਹੇ ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਿਆ ਮੰਨ, ਤਿਨ੍ਹਾਂ ਦੀ ਮਨਸਾ ਅਮਾਵਸ ਵਾਲੀ ਸਚ ਪਰਕਾਸ਼ ਪਰਕਾਸ਼ ਵਿਚ ਮਿਲਾਈਆ ।

### ❊ ੨੫ ਜੇਠ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਕਿਰਪਾ ਅੰਦਰ ਕਿਰਪਾਲ, ਕਰਨੀ ਕਰਤਾ ਵੇਖ ਵਖਾਈਆ । ਦੀਨਾ ਉਤੇ ਹੋ ਦਿਆਲ, ਦਇਆ ਆਪ ਕਮਾਈਆ । ਪ੍ਰਿਤਪਾਲਕ ਹੋ ਕੇ ਕਰੇ ਪ੍ਰਿਤਪਾਲ, ਪਤਿਪਰਮੇਸ਼ਵਰ ਬੇਪਰਵਾਹੀਆ । ਦਾਤਾ ਹੋ ਕੇ ਦੇਵੇ ਦਾਨ, ਵਸਤ ਅਮੋਲਕ ਸਚ ਵਰਤਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਿਹਰ ਅੰਦਰ ਕਰੇ ਮਿਹਰ, ਮਹਿਬੂਬ ਵੇਖ ਵਖਾਇੰਦਾ । ਭਗਤ ਸੁਹੇਲਾ ਨਾ ਲਾਏ ਦੇਰ, ਪਰਦਾ ਓਹਲਾ ਆਪ ਉਠਾਇੰਦਾ । ਜੁਗ ਜਨਮ ਦਾ ਲਹਿਣਾ ਦਏ ਨਬੇੜ, ਲੇਖਾ ਅਗੇ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਜਿਨ੍ਹਾਂ ਉਤੇ ਹੋ ਦਿਆਲ, ਦਇਆਨਿਧ ਦਏ ਵਡਿਆਈਆ । ਭਗਤ ਸੁਹੇਲੇ ਵੇਖ ਕੇ ਲਾਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਮਾਇਆ ਮਮਤਾ ਤੋੜ ਜੰਜਾਲ, ਜੀਵਣ ਜੁਗਤ ਇਕ ਸਮਝਾਈਆ । ਜਨਮ ਜਨਮ ਦੀ ਪੂਰੀ ਘਾਲ, ਕੀਤੀ ਘਾਲ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾਏ ਆਪ, ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਕਰ ਵਡ ਪਰਤਾਪ, ਸਿਰ ਆਪਣਾ ਹੱਥ ਰਖਾਇੰਦਾ । ਜਨਮ ਜਨਮ ਦੇ ਮੇਟ ਪਾਪ, ਦੁਰਮਤ ਮੈਲ ਧਵਾਇੰਦਾ । ਅੰਦਰ ਬਾਹਰ ਕਰ ਕੇ ਸਾਫ਼, ਪਤਿਤ ਪੁਨੀਤ ਰੂਪ ਵਟਾਇੰਦਾ । ਕਰਨੀ ਕਿਰਿਆ ਕਰ ਮੁਆਫ਼, ਮੁਸ਼ਕਲ ਹਲ ਕਰਾਇੰਦਾ । ਸਚ ਪ੍ਰੀਤੀ ਜੋੜ ਕੇ ਨਾਤ, ਧੁਰ ਦਾ ਮੇਲਾ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਦ੍ਰਿੜਾਇੰਦਾ । ਧੁਰ ਫ਼ਰਮਾਣਾ ਕਹੇ ਮੈਂ ਧੁਰ ਦੀ ਧਾਰ, ਧਰਨੀ ਧਰਤ ਧਵਲ ਦਿਆਂ ਜਣਾਈਆ । ਜਿਸ ਦਾ ਹੁਕਮ ਓਸੇ ਦਾ ਸੰਸਾਰ, ਸੰਸਾਰੀ ਹੋ ਕੇ ਵੇਖ ਵਖਾਈਆ । ਜਿਸ ਦਾ ਨਾਮ ਓਸੇ ਦਾ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਜਿਸ ਦਾ ਨੂਰ ਓਸੇ ਦਾ ਉਜਿਆਰ, ਜੋਤ ਜੋਤ ਜੋਤ ਰੁਸ਼ਨਾਈਆ । ਜਿਸ ਦਾ ਸ਼ਬਦ ਓਸੇ ਦੀ ਧੁਨਕਾਰ, ਅਨਹਦ ਨਾਦੀ ਨਾਦ ਵਜਾਈਆ । ਜਿਸ ਦਾ ਹੁਕਮ ਓਹੋ ਕਰੇ ਖ਼ਬਰਦਾਰ, ਸੁੱਤਿਆਂ ਰਿਹਾ ਉਠਾਈਆ । ਜਿਸ ਦਾ ਪ੍ਰੇਮ ਓਸੇ ਦਾ ਪਿਆਰ, ਸਚ ਪ੍ਰੀਤੀ ਰਿਹਾ ਦ੍ਰਿੜਾਈਆ । ਜਿਸ ਦਾ ਖੇਲ ਜੁਗ ਚੌਕੜੀ ਬਾਹਰ, ਪਰਦਾ ਓਹਲਾ ਰਿਹਾ ਉਠਾਈਆ । ਸੋ ਕਿਰਪਾ ਕਰੇ ਹਰਿ ਕਰਤਾਰ, ਕਰਨੀ ਕੁਦਰਤ ਵੇਖ ਵਖਾਈਆ । ਮਿਹਰ ਨਜ਼ਰ ਨਾਲ ਜਾਏ ਤਾਰ, ਗੁਰਮੁਖਾਂ ਰੰਗ ਰੰਗਾਈਆ । ਜਨਮ ਜਨਮ ਦਾ ਗੇੜ ਨਵਾਰ, ਲੱਖ ਚੁਰਾਸੀ ਡੇਰਾ ਢਾਹੀਆ । ਔਖੀ ਮੰਜ਼ਲ ਪਾਰ ਕਰ ਦੁਸ਼ਵਾਰ, ਮਾਰਗ ਇਕੋ ਇਕ ਵਖਾਈਆ । ਜਿਸ ਨੂੰ ਭੁਲ ਜਾਏ ਕੋਈ ਗਵਾਰ, ਗੁਰਮੁਖ ਗੁਰ ਗੁਰ ਦਏ ਸਮਝਾਈਆ । ਬੰਦਾ ਬੰਦੀਖ਼ਾਨੇ ਵਿਚੋਂ ਪਾਏ ਛੁਟਕਾਰ, ਬੰਦਨਾ ਇਕੋ ਸੀਸ ਨਿਵਾਈਆ । ਦੁਖੀਆਂ ਦਾ ਦੁਖ ਦੇਵੇ ਨਿਵਾਰ, ਹਰਖ਼ ਸੋਗ ਦਏ ਮਿਟਾਈਆ । ਸਚ ਪ੍ਰੀਤੀ ਬਖ਼ਸ਼ ਪਿਆਰ, ਨਾਤਾ ਚਰਨਾਂ ਨਾਲ ਜੁੜਾਈਆ । ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਨਾਲ ਜਾਏ ਤਾਰ, ਉਧਾਰ ਅਗੇ ਨਾ ਕੋਇ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲਾ ਭਗਤਾਂ ਕਰੇ ਪਿਆਰ, ਭਾਵੀ ਭਉ ਭਰਮ ਭੈ ਸਾਰਾ ਦਏ ਮਿਟਾਈਆ ।

⁕ ੩੧ ਜੇਠ ਸ਼ਹਿਨਸ਼ਾਹੀ ਸੰਮਤ ੧ ਹਰਭਜਨ ਸਿੰਘ, ਗੁਰਦਿਆਲ ਸਿੰਘ ਦੇ ਗ੍ਰਿਹਿ
ਪਿੰਡ ਮਹਿਣੀਆਂ ਜ਼ਿਲਾ ਅੰਮ੍ਰਿਤਸਰ ⁕

ਭਗਤ ਸੁਹੇਲਾ ਨਰ ਹਰਿ ਮੀਤ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਾਣੇ ਸਾਚੀ ਰੀਤ, ਸਤਿ ਸਤਿਵਾਦੀ

ਬ੍ਰਹਮ ਬ੍ਰਹਿਮਾਦੀ ਸ਼ਬਦੀ ਧਾਰ ਪਰਗਟਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਰਖਣਹਾਰਾ ਨੀਤ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਘਟ ਘਟ ਅੰਤਰ ਖੋਜ ਖੁਜਾਇੰਦਾ । ਗੁਰਮੁਖ ਗੁਰਸਿਖ ਹਰਿਜਨ ਜਾਣੇ ਸਚ ਪ੍ਰੀਤ, ਅੰਤਰ ਆਤਮ ਪਰਮਾਤਮ ਵੇਖ ਵਖਾਇੰਦਾ । ਸੋਹਲਾ ਢੋਲਾ ਧੁਰ ਦਾ ਕਲਮਾ ਦੱਸੇ ਸਾਚਾ ਗੀਤ, ਨਾਮ ਨਿਧਾਨਾ ਸ੍ਰੀ ਭਗਵਾਨਾ ਅਗੰਮ ਅਥਾਹ ਇਕ ਪੜ੍ਹਾਇੰਦਾ । ਲੇਖਾ ਜਾਣੇ ਰਾਓ ਰੰਕ ਊਚ ਨੀਚ ਹਸਤ ਕੀਟ, ਸ਼ਾਹ ਪਾਤਸ਼ਾਹ ਭੇਵ ਅਭੇਦਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਵੇਖਣਹਾਰਾ, ਹਰਿ ਕਰਤਾ ਕਰਤਾ ਪੁਰਖ ਵੱਡੀ ਵਡਿਆਈਆ । ਨਿਰਗੁਣ ਸਰਗੁਣ ਪਾਵੇ ਸਾਰਾ, ਪੰਜ ਤਤ ਕਾਇਆ ਮਾਟੀ ਫੋਲ ਫੁਲਾਈਆ । ਆਤਮ ਪਰਮਾਤਮ ਵੇਖਣਹਾਰਾ, ਨੂਰੋ ਨੂਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਬ੍ਰਹਿਮਾਦ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਨਿਤ ਨਵਿਤ ਵੇਖਣਹਾਰ ਜਗਤ ਸਮਾਜ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਇੰਦਾ । ਏਥੇ ਓਥੇ ਦੋ ਜਹਾਨਾਂ ਖੇਲਣਹਾਰਾ ਖੇਲ ਤਮਾਸ਼, ਲੱਖ ਚੁਰਾਸੀ ਨਟੂਆ ਨਾਚ ਨਚਾਇੰਦਾ । ਜਨ ਭਗਤਾਂ ਪੂਰੀ ਕਰਨਹਾਰਾ ਆਸ, ਜਗਤ ਤ੍ਰਿਸ਼ਨਾ ਪਿਆਸ ਬੁਝਾਇੰਦਾ । ਕਾਇਆ ਮਾਟੀ ਕਰ ਪਰਕਾਸ਼, ਜਗਤ ਅੰਧੇਰਾ ਅੰਧ ਗੁਆਇੰਦਾ । ਸਦਾ ਸੁਹੇਲਾ ਬਣ ਕੇ ਵਸੇ ਪਾਸ, ਆਵਣ ਜਾਵਣ ਜਗਤ ਵਿਛੋੜਾ ਪੰਧ ਮੁਕਾਇੰਦਾ । ਮੰਜ਼ਲ ਪੌੜੀ ਚੜ੍ਹਾਏ ਘਾਟ, ਮਹਲ ਅਟਲ ਇਕ ਵਖਾਇੰਦਾ । ਅੰਤਮ ਤੋੜ ਕੇ ਜਮ ਦਾ ਫਾਸ, ਸਚ ਦਵਾਰਾ ਇਕ ਸੁਹਾਇੰਦਾ । ਜਨਮ ਜਨਮ ਦੀ ਕਰਮ ਕਰਮ ਦੀ ਪੂਰੀ ਕਰ ਕੇ ਆਸ, ਪਵਣ ਸਵਾਸ ਲੇਖੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਮੇਲਾ ਨਰ ਹਰਿ ਠਾਕਰ, ਹਰਿ ਕਰਤਾ ਦੇਵੇ ਵਡਿਆਈਆ । ਪਾਰ ਕਰੇ ਜਗਤ ਸਾਗਰ, ਗਹਿਰ ਗੰਭੀਰ ਦਇਆ ਕਮਾਈਆ । ਭਾਗ ਲਗਾ ਕੇ ਕਾਇਆ ਗਾਗਰ, ਸਾਚੇ ਤਿੰਨ ਹੱਥ ਕਰੇ ਰੁਸ਼ਨਾਈਆ । ਵਣਜ ਕਰਾ ਕੇ ਨਾਮ ਸੌਦਾਗਰ, ਵਸਤ ਅਮੋਲਕ ਝੋਲੀ ਪਾਈਆ । ਦਰਗਾਹ ਸਾਚੀ ਦੇਵੇ ਆਦਰ, ਅੰਤਮ ਆਪਣਾ ਰੰਗ ਵਖਾਈਆ । ਕ਼ੁਦਰਤ ਦਾ ਮਾਲਕ ਧੁਰ ਦਾ ਕ਼ਾਦਰ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਹਰਿਜਨ ਮੇਲਾ ਸ੍ਰੀ ਭਗਵੰਤ, ਭਗਵਨ ਆਪਣੇ ਰੰਗ ਰੰਗਾਇੰਦਾ । ਨਾਤਾ ਤੋੜ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਇਕ ਦਰਸਾਇੰਦਾ । ਨਾਮ ਨਿਧਾਨਾ ਮਣੀਆ ਮੰਤ, ਆਤਮ ਪਰਮਾਤਮ ਆਪ ਸਮਝਾਇੰਦਾ । ਬੋਧ ਆਗਾਧਾ ਬਣ ਕੇ ਪੰਡਤ, ਸਾਚੀ ਸਿਖਿਆ ਸਤਿ ਪੜ੍ਹਾਇੰਦਾ । ਮਾਤ ਪਿਤ ਭਾਈ ਭੈਣ ਸਾਕ ਸੈਣ ਬਣ ਕੇ ਬੰਧਪ, ਸਾਚਾ ਨਾਤਾ ਵੇਖ ਵਖਾਇੰਦਾ । ਗੜ੍ਹ ਤੋੜ ਕੇ ਹੰਕਾਰ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਜਨ ਭਗਤ ਮਿਲਾਵਾ ਭਗਵਨ ਸੰਗਤ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਘਰ ਵਸਾਇੰਦਾ । ਚਰਨਾਂ ਹੇਠ ਦਬਾ ਕੇ ਸਵਰਗ ਬਹਿਸ਼ਤ ਜੱਨਤ, ਮੰਜ਼ਲ ਆਪਣੀ ਸਚ ਚੜ੍ਹਾਇੰਦਾ । ਗੁਰਮੁਖਾਂ ਲੇਖਾ ਲੇਖੇ ਲਾ ਕੇ ਅੰਤ, ਆਤਮ ਪਰਮਾਤਮ ਆਪਣੀ ਗੰਢ ਪਵਾਇੰਦਾ । ਸੋ ਗੁਰਮੁਖ ਹਰਿਜਨ ਹਰਿਭਗਤ ਸਚ ਦਵਾਰੇ ਪਰਵਾਨ ਹੋਏ ਸੰਤ, ਜਿਸ ਸਤਿ ਪੁਰਖ ਨਿਰੰਜਣ ਆਪਣੇ ਵਿਚ ਸਮਾਇੰਦਾ । ਜਨਮ ਮਰਨ ਆਵਣ ਜਾਵਣ ਲੱਖ ਚੁਰਾਸੀ ਹਰਖ਼ ਸੋਗ ਰਹੇ ਨਾ ਚਿੰਤ, ਮਾਤ ਗਰਭ ਜੂਨੀ ਜੂਨ ਨਾ ਕੋਇ ਭੁਆਇੰਦਾ । ਧੁਰ ਦਾ ਮੇਲਾ ਵਕ਼ਤ ਸੁਹਾਵਾ ਨਾਤਾ ਬਣੇ ਨਾਰ ਕੰਤ, ਬ੍ਰਹਮ ਪਾਰਬ੍ਰਹਮ ਆਪਣੇ

੮੮੧

ਵਿਚ ਮਿਲਾਇੰਦਾ । ਹਰਿ ਭਗਤ ਦੂਜੇ ਦਰ ਨਾ ਜਾਏ ਮੰਗਤ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਧੁਰ ਦੀ ਵਸਤ ਇਕੋ ਨਾਮ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਦਰ ਸੁਹਾਇੰਦਾ । ਹਰਿਜਨ ਸਾਚਾ ਗਹਿਰ ਗੰਭੀਰ, ਪਰਮ ਪੁਰਖ ਪ੍ਰਭ ਦੇਵਣਹਾਰ ਵਡਿਆਈਆ । ਅੰਮ੍ਰਿਤ ਆਤਮ ਸਚ ਚਰਨੋਦਕ ਦੇਵੇ ਸੀਰ, ਠਾਂਡੀ ਧਾਰ ਨਿਝਰ ਦਏ ਝਿਰਾਈਆ । ਜਨਮ ਕਰਮ ਲੇਖਾ ਬਦਲ ਦੇਵੇ ਤਕ਼ਦੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਮੰਜ਼ਲ ਚੋਟੀ ਚਾੜ੍ਹੇ ਫੜ ਅਖ਼ੀਰ, ਰਾਏ ਧਰਮ ਚਿਤਰ ਗੁਪਤ ਅਧਵਿਚਕਾਰ ਲੇਖ ਨਾ ਕੋਇ ਵਖਾਈਆ । ਚਰਨ ਕਵਲ ਸਚ ਦਵਾਰ ਬਖ਼ਸ਼ ਅਗੰਮੀ ਧੀਰ, ਜਗ ਨੇਤਰ ਜਗਿਆਸੂ ਜੀਵ ਨਜ਼ਰ ਕੋਇ ਨਾ ਪਾਈਆ । ਜਿਸ ਮੰਜ਼ਲ ਦਾ ਰਾਹ ਤਕਦੇ ਪੀਰ ਫ਼ਕੀਰ, ਪੈਗ਼ੰਬਰ ਨਿਗਾਹ ਰਹੇ ਉਠਾਈਆ । ਦਸਤਗੀਰ ਹੋ ਦਿਲਗੀਰ, ਦਿਲਦਾਰ ਰਾਹ ਤਕਾਈਆ । ਸੋ ਮੰਜ਼ਲ ਜਨ ਭਗਤਾਂ ਮਿਲੇ ਲੇਖਾ ਟੁੱਟੇ ਸ਼ਾਹ ਹਕੀਰ, ਰਾਓ ਰੰਕ ਇਕੋ ਦਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪਗੜੀ ਕਹੇ ਮੈਨੂੰ ਸਿਰ ਤੇ ਲੈਣਾ ਰਖ, ਮਿਲੇ ਮਾਣ ਵਡਿਆਈਆ । ਪ੍ਰਭ ਮਿਲਣ ਦੀ ਖੁਲ੍ਹੀ ਰਹੇ ਅੱਖ, ਨਿਜ ਨੇਤਰ ਹੋਵੇ ਰੁਸ਼ਨਾਈਆ । ਨਾਤਾ ਕੂੜਾ ਸਮਝਣਾ ਜਗ, ਸ੍ਰਿਸ਼ਟੀ ਦੇਣੀ ਤਜਾਈਆ । ਮਨ ਆਤਮਾ ਸਤਿਗੁਰ ਵਸ, ਪਰਮਾਤਮ ਜੋੜ ਜੁੜਾਈਆ । ਸਦਾ ਮੇਲਾ ਉਪਰ ਸ਼ਾਹਰਗ, ਸ਼ਹਿਨਸ਼ਾਹ ਹੋਏ ਸਹਾਈਆ । ਕੂੜੀ ਕਿਰਿਆ ਬੁਝੇ ਅੱਗ, ਮਮਤਾ ਤ੍ਰਿਸ਼ਨਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਗੜੀ ਕਹੇ ਮੈਂ ਚੜ੍ਹ ਕੇ ਵੇਖਿਆ ਸੀਸ, ਆਪਣਾ ਬਲ ਧਰਾਈਆ । ਕਿਰਪਾ ਕਰੇ ਜਗਤ ਜਗਦੀਸ, ਜਗਦੀਸ਼ਰ ਦਏ ਵਡਿਆਈਆ । ਸਾਚਾ ਨਾਮ ਹਕ ਹਦੀਸ, ਇਕੋ ਰਿਹਾ ਸਮਝਾਈਆ । ਗੁਰਮੁਖ ਗੁਰਸਿਖ ਬਣਾ ਕੇ ਬਦਲ ਦੇਵੇ ਨੀਤ, ਨੀਤੀਵਾਨ ਬੇਪਰਵਾਹੀਆ । ਨਾਤਾ ਤੋੜ ਕੇ ਮੰਦਰ ਮਸੀਤ, ਕਾਇਆ ਕਾਅਬਾ ਦਏ ਵਖਾਈਆ । ਜਿਸ ਘਰ ਬੈਠਾ ਆਪ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਅੱਠੇ ਪਹਿਰ ਦਿਵਸ ਰੈਣ ਗਾਵੇ ਗੀਤ, ਬਿਨ ਰਸਨਾ ਜਿਹਵਾ ਬੱਤੀ ਦੰਦ ਰਿਹਾ ਸੁਣਾਈਆ । ਆਤਮ ਪਰਮਾਤਮ ਉਪਜੀ ਰਹੇ ਪ੍ਰੀਤ, ਸਦ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪਗੜੀ ਕਹੇ ਮੈਨੂੰ ਸਾਰੇ ਕਹਿੰਦੇ ਦਸਤਾਰ, ਦਸਤ ਕਵਲਾਂ ਵਿਚ ਆਪਣੀ ਸੇਵ ਕਮਾਈਆ । ਪਰ ਮੈਨੂੰ ਕਿਸੇ ਨਹੀਂ ਮਿਲਾਇਆ ਸਾਂਝਾ ਯਾਰ, ਪੁਰਖ ਅਕਾਲ ਨਾ ਜੋੜ ਜੁੜਾਈਆ । ਮੈਂ ਵਿਹਾਰਾਂ ਤੇ ਭੱਜ ਭੱਜ ਗਈ ਹਾਰ, ਹਰਿ ਕਾ ਮੰਦਰ ਨਾ ਕੋਇ ਸੁਹਾਈਆ । ਜਵਾਰੀ ਵੇਖਿਆ ਜਗਤ ਸੰਸਾਰ, ਮਾਇਆ ਮਮਤਾ ਕਾਰਨ ਦਏ ਦੁਹਾਈਆ । ਅੰਦਰ ਵੜ ਕੇ ਖੋਲ੍ਹਿਆ ਨਾ ਕਿਸੇ ਕਿਵਾੜ, ਪਰਦਾ ਦੂਈ ਨਾ ਕੋਇ ਚੁਕਾਈਆ । ਸਚ ਵਖਾਇਆ ਨਾ ਕੋਈ ਅਖਾੜ, ਕੋਟਨ ਕੋਟ ਅਖਾੜੇ ਗਏ ਲਗਾਈਆ । ਕਿਸੇ ਸਾਕ ਸੱਜਣ ਭੈਣ ਭਾਈ ਮੇਟੀ ਨਹੀਂ ਅੰਦਰੋਂ ਵਿਕਾਰਾਂ ਵਾਲੀ ਧਾੜ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਖਾ ਖਾ ਮਾਰਨ ਸਰਬ ਡਕਾਰ, ਸਾਂਤਕ ਸਤਿ ਨਾ ਕੋਇ ਜਣਾਈਆ । ਪਗੜੀ ਕਹੇ ਮੈਂ ਰੋਵਾਂ ਧਾਹਾਂ ਮਾਰ, ਹਾਲ ਵੇਖ ਜਗਤ ਲੋਕਾਈਆ । ਜਿੰਨਾਂ ਚਿਰ ਹਰਿਜਨ ਹਰਿਭਗਤ ਮਿਲੇ ਮੇਲ ਨਾ ਦੀਨ ਦਿਆਲ, ਠਾਕਰ ਵਿਚ ਨਾ ਜਾਏ ਸਮਾਈਆ । ਓਨਾਂ ਚਿਰ ਸਿਰ ਤੋਂ ਕਿਸੇ ਦਾ ਨਹੀਂ ਟਲਿਆ ਕਾਲ, ਕੋਟਨ ਕੋਟ ਖ਼ਾਕ ਦਿਤੇ ਮਿਲਾਈਆ । ਜਿਸ ਉਤੇ ਕਿਰਪਾ ਕਰੇ ਆਪ ਮਹਾਰਾਜ, ਮਿਹਰ ਨਜ਼ਰ ਉਠਾਈਆ ।



੮੮੧

ਪਗੜੀ ਕਹੇ ਮੈਂ ਓਸੇ ਦੇ ਸੀਸ ਦਾ ਬਣ ਜਾਵਾਂ ਤਾਜ, ਤਖ਼ਤ ਨਿਵਾਸੀ ਸ਼ਾਹੋ ਸ਼ਬਾਸੀ ਆਪਣੇ ਰੰਗ ਰੰਗਾਈਆ । ਹਰਭਜਨ ਸਿੰਘ ਇਹ ਕੋਈ ਲੇਖਾ ਨਹੀਂ ਸਮਾਜ, ਦਾਤ ਧੁਰ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਰੱਖੇ ਲਾਜ, ਦਸਤ ਦਸਤ ਰਖਾਈਆ ।



### ✻ ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਹਾੜ ਕਹੇ ਨਮਸਤੇ ਮੇਰੀ ਨਿਮਸਕਾਰ, ਨਿਰਵੈਰ ਤੇਰੀ ਸਰਨਾਈਆ । ਜੁਗ ਚੌਕੜੀ ਭਰਮਦਾ ਰਿਹਾ ਵਿਚ ਸੰਸਾਰ, ਕੋਟਨ ਕੋਟ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤ ਗਏ ਜੁਗ ਚਾਰ, ਚਾਰ ਕੁੰਟ ਦਹਿ ਦਿਸ਼ਾ ਆਪਣਾ ਡੰਕ ਵਜਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁੰਦੇ ਰਹੇ ਖ਼ਬਰਦਾਰ, ਸਾਵਧਾਨ ਰੂਪ ਵਟਾਈਆ । ਨਿਤ ਨਵਿਤ ਔਂਦੇ ਵੇਖਦਾ ਰਿਹਾ ਗੁਰੂ ਅਵਤਾਰ, ਪੈਗ਼ੰਬਰ ਧਿਆਨ ਲਗਾਈਆ । ਨਾਮ ਨਿਧਾਨਾ ਸੁਣਦਾ ਰਿਹਾ ਜੈਕਾਰ, ਕਲਮਾ ਹਕ ਵਡਿਆਈਆ । ਨਿਰਗੁਣ ਸਰਗੁਣ ਤਕਦਾ ਰਿਹਾ ਧਾਰ, ਧਰਨੀ ਧਰਤ ਖ਼ੁਸ਼ੀ ਮਨਾਈਆ । ਜੰਗਲ ਜੂਹ ਵੇਖਦਾ ਰਿਹਾ ਪਹਾੜ, ਟਿੱਲੇ ਪਰਬਤ ਖੋਜ ਖੁਜਾਈਆ । ਜ਼ਿਮੀਂ ਅਸਮਾਨਾਂ ਖੁਲ੍ਹਦੇ ਵੇਂਹਦਾ ਰਿਹਾ ਕਿਵਾੜ, ਅਕਾਸ਼ ਪਰਕਾਸ਼ ਰਾਹ ਤਕਾਈਆ । ਕ਼ਲਮ ਸ਼ਾਹੀ ਦੇ ਕਾਤਬ ਤਕਦਾ ਰਿਹਾ ਲਿਖਾਰ, ਨਿਰਅੱਖਰ ਅੱਖਰ ਧਾਰ ਰੂਪ ਪਰਗਟਾਈਆ । ਹੁਕਮ ਸੰਦੇਸ਼ਾ ਸੁਣਦਾ ਰਿਹਾ ਵਾਰੋ ਵਾਰ, ਵਾਰਤਾ ਧੁਰ ਦੀ ਬੇਪਰਵਾਹੀਆ । ਭਗਤ ਭਗਵਾਨ ਤਕਦਾ ਰਿਹਾ ਹੁੰਦਾ ਦੀਦਾਰ, ਅੱਖ ਅੱਖ ਨਾਲ ਰਲਾਈਆ । ਭਗਤ ਸ਼ਬਦ ਸੁਣਦਾ ਰਿਹਾ ਗੁਫ਼ਤਾਰ, ਬਿਨ ਰਸਨਾ ਜਿਹਵਾ ਬੱਤੀ ਦੰਦ ਪੜ੍ਹਾਈਆ । ਰਵ ਸਸ ਵੇਂਹਦਾ ਰਿਹਾ ਉਜਿਆਰ, ਦਿਵਸ ਰੈਣ ਵੰਡ ਵੰਡਾਈਆ । ਵਾਕ ਭਵਿਖਤ ਸੁਣਦਾ ਰਿਹਾ ਅਗੰਮ ਅਪਾਰ, ਅਪਰੰਪਰ ਤੇਰੀ ਬੇਪਰਵਾਹੀਆ । ਦ੍ਰਿਸ਼ਟੀ ਵੇਖਦਾ ਰਿਹਾ ਹਾਹਾਕਾਰ, ਚਾਰ ਕੁੰਟ ਕੂਕ ਕੁਰਲਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਮੈਂ ਰੋਂਦਾ ਰਿਹਾ ਧਾਹਾਂ ਮਾਰ, ਨੇਤਰ ਨੈਣਾਂ ਨੀਰ ਵਹਾਈਆ । ਲੋਕਮਾਤ ਕਰਿਆ ਨਾ ਕਿਸੇ ਸਾਚਾ ਪਿਆਰ, ਮੁਹੱਬਤ ਹਕ ਨਾ ਕੋਇ ਵਖਾਈਆ । ਸਾਰੇ ਕਹਿੰਦੇ ਰਹੇ ਸਾਨੂੰ ਹਾੜ ਨੇ ਦਿਤਾ ਸਾੜ, ਅਗਨੀ ਤੱਤ ਤਪਾਈਆ । ਪੰਛੀ ਡਿਗਦੇ ਰਹੇ ਵਿਚ ਉਜਾੜ, ਪੰਖੇਰੂ ਘੋਂਸਲੇ ਗਏ ਤਜਾਈਆ । ਮੇਰੇ ਦਰਦ ਦੁਖ ਦੀ ਸੁਣੀ ਕਿਸੇ ਨਾ ਵਾਰ, ਵਾਰਤਾ ਆਪਣੀ ਗਏ ਸੁਣਾਈਆ । ਮੈਂ ਮੰਗਦਾ ਰਿਹਾ ਭਿਖ ਬਣ ਭਿਖਾਰ, ਧੁਰ ਦਾ ਦਰਵੇਸ਼ਾ ਅਲਖ ਜਗਾਈਆ । ਕਿਰਪਾ ਕਰ ਮੇਰੇ ਸਿਰਜਣਹਾਰ, ਸਾਹਿਬ ਸਵਾਮੀ ਤੇਰੀ ਓਟ ਤਕਾਈਆ । ਦੂਜਾ ਮਿਤਰ ਨਾ ਕੋਇ ਯਾਰ, ਸੱਜਣ ਸੈਣ ਨਾ ਕੋਇ ਅਖਵਾਈਆ । ਆਦਿ ਪੁਰਖ ਅਪਰੰਪਰ ਸਵਾਮੀ ਕਿਰਪਾ ਦਿਤੀ ਧਾਰ, ਧੁਰ ਦੇ ਮਾਲਕ ਸਚ ਸੰਦੇਸ਼ਾ ਦਿਤਾ ਸੁਣਾਈਆ । ਤੇਰਾ ਵੇਲਾ ਵਕਤ ਸੁਹਾਵਾ ਆਣ, ਨਿਰਗੁਣ ਨਿਰਵੈਰ ਫੇਰਾ ਪਾਈਆ । ਤੇਰੀ ਬੇਨੰਤੀ ਕਰਾਂ ਪਰਵਾਨ, ਪਰਵਾਨਾ ਧੁਰ ਦਾ ਇਕ ਜਣਾਈਆ । ਸਚਖੰਡ ਨਿਵਾਸੀ ਹੋ ਕੇ ਸਾਵਧਾਨ, ਦੋ ਜਹਾਨਾਂ ਨਿੰਦਰਾ ਅੱਖ ਦਿਆਂ ਖੁਲ੍ਹਾਈਆ । ਲੱਖ ਚੁਰਾਸੀ ਦਾ ਬਣ ਕੇ ਕਾਹਨ, ਸਾਚੀ ਬੰਸਰੀ ਨਾਮ ਦਿਆਂ ਸੁਣਾਈਆ । ਆਤਮ ਪਰਮਾਤਮ ਸੀਤਾ ਦਾ ਬਣ ਕੇ ਰਾਮ, ਸੁਰਤੀ ਸੁਰਤ ਕਰਾਂ ਕੁੜਮਾਈਆ । ਮੰਤਰ ਜਣਾ ਕੇ ਧੁਰ ਦਾ ਨਾਮ, ਸਤਿ ਸਤਿ ਦਿਆਂ ਸਮਝਾਈਆ ।

ਕਲਮਾ ਹਕ ਜਗਤ ਦੇ ਪੈਗ਼ਾਮ, ਪੈਗ਼ੰਬਰਾਂ ਅੱਖ ਦੇ ਖੁਲ੍ਹਾਈਆ । ਸਜਦਾ ਧੁਰ ਦਾ ਦੱਸ ਸਲਾਮ, ਸੀਸ ਜਗਦੀਸ ਝੁਕਾਈਆ । ਜੋਧਾ ਬਣ ਕੇ ਵਡਾ ਅਮਾਮ, ਆਲਮ ਵੇਖਾਂ ਸਰਬ ਲੋਕਾਈਆ । ਲਹਿਣੇ ਦੇਣੇ ਚਾਰ ਜੁਗ ਦੇ ਮੇਟੇ ਸਰਬ ਤਮਾਮ, ਤਮਅ ਸਭ ਦੀ ਦਿਆਂ ਗਵਾਈਆ । ਦੋ ਜਹਾਨਾਂ ਬਦਲ ਨਿਜ਼ਾਮ, ਨੌਬਤ ਆਪਣਾ ਨਾਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜੋ ਸੰਦੇਸ਼ੇ ਦੇ ਕੇ ਗਏ ਜਹਾਨ, ਢੋਲੇ ਸੋਹਲੇ ਰਾਗ ਸੁਣਾਈਆ । ਸਭ ਦੇ ਲੇਖੇ ਕਰ ਪਰਵਾਨ, ਧੁਰ ਦਾ ਹੁਕਮ ਇਕ ਵਰਤਾਈਆ । ਤੇਰਾ ਮੇਲ ਮਿਲਾਵਾਂ ਹੋ ਕੇ ਮਿਹਰਵਾਨ, ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਦਾਤਾ ਹੋ ਕੇ ਦੇਵਾਂ ਦਾਨ, ਦੌਲਤਮੰਦ ਦਿਆਂ ਬਣਾਈਆ । ਤੇਰੀ ਬੰਦਨਾ ਕਰਾਂ ਪਰਵਾਨ, ਪਰਨਾਮ ਤੈਨੂੰ ਦਿਆਂ ਸਮਝਾਈਆ । ਆਪਣਾ ਖੇਲ ਦੱਸਾਂ ਮਹਾਨ, ਮਹਿੰਮਾ ਅਕਥ ਅਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ੍ਰੀ ਭਗਵਾਨ ਕਹੇ ਸੁਣ ਮੇਰੇ ਸੰਮਤ ਦੇ ਪਹਿਲੇ ਹਾੜ, ਹਾੜਾ ਤੇਰਾ ਵੇਖ ਵਖਾਈਆ । ਹੁਕਮ ਨਾਲ ਤੈਨੂੰ ਦੇਵਾਂ ਤਾੜ, ਭੈ ਲੇਖੇ ਵਿਚ ਸਮਝਾਈਆ । ਕੂੜਾ ਰਹਿਣ ਨਾ ਦੇਣਾ ਜਗਤ ਅਖਾੜ, ਝੂਠੀ ਰਾਸ ਨਾ ਕੋਇ ਵਖਾਈਆ । ਮਾਇਆ ਮਮਤਾ ਵੱਜਣ ਨਾ ਦੇਣਾ ਤਾਲ, ਹਉਮੇ ਹੰਗਤਾ ਗੜ੍ਹ ਨਾ ਕੋਇ ਬਣਾਈਆ । ਮਾਇਆ ਮੋਹ ਦੀ ਰਹੇ ਨਾ ਕੋਈ ਧਰਮਸਾਲ, ਸਚ ਦਵਾਰਾ ਦੇਣਾ ਪਰਗਟਾਈਆ । ਆਸਾ ਤ੍ਰਿਸ਼ਨਾ ਰਹੇ ਨਾ ਕਿਸੇ ਨਾਲ, ਕੂੜਾ ਲਾਲਚ ਦੇਣਾ ਗਵਾਈਆ । ਜਿਹੜੇ ਮੇਰੇ ਭਗਤ ਜੁਗ ਚੌਕੜੀ ਘਾਲਦੇ ਰਹੇ ਘਾਲ, ਉਨ੍ਹਾਂ ਸੁੱਤਿਆਂ ਦੇਣਾ ਉਠਾਈਆ । ਲੋਕਮਾਤ ਮੇਰੇ ਵੇਖਣੇ ਲਾਲ, ਅਨਮੁਲੜੇ ਖੋਜ ਖੁਜਾਈਆ । ਜਿਨ੍ਹਾਂ ਦੇ ਅੰਦਰ ਦੀਪਕ ਜਗੇ ਬੇਮਿਸਾਲ, ਮਿਸਲ ਜਗਤ ਨਾ ਕੋਇ ਸਮਝਾਈਆ । ਉਨ੍ਹਾਂ ਦਾ ਦੱਸਣਾ ਸਚ ਅਹਿਵਾਲ, ਹਾਲਤ ਦੇਣੀ ਦ੍ਰਿੜਾਈਆ । ਜਿਨ੍ਹਾਂ ਦੇ ਸਿਰ ਤੋਂ ਨਹੀਂ ਚੁਕਿਆ ਕਾਲ, ਮਹਾਕਾਲ ਦਏ ਗਵਾਹੀਆ । ਹੁਕਮੇਂ ਅੰਦਰ ਸਾਰੇ ਲੈਣੇ ਭਾਲ, ਖੋਜਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਹਾੜ ਕਹੇ ਪ੍ਰਭ ਤੇਰਾ ਹੁਕਮ ਮੈਨੂੰ ਮਨਜ਼ੂਰ, ਚਰਨ ਕਵਲ ਤੇਰੀ ਸਰਨਾਈਆ । ਆਪਣਾ ਬਖ਼ਸ਼ ਦੇ ਸਾਚਾ ਨੂਰ, ਨੇਤਰ ਅੱਖ ਖੁਲ੍ਹਾਈਆ । ਮਾਣ ਤੋੜ ਗ਼ਰੂਰ, ਗ਼ੁਰਬਤ ਰਹੇ ਨਾ ਰਾਈਆ । ਆਪਣੇ ਦਰ ਦਾ ਬਣਾ ਸਾਚਾ ਮਜ਼ਦੂਰ, ਸੇਵਾ ਸਚ ਦਿਆਂ ਕਮਾਈਆ । ਪੰਧ ਮੁਕਾਵਾਂ ਨੇੜੇ ਦੂਰ, ਭੱਜਾਂ ਵਾਹੋ ਦਾਹੀਆ । ਤੇਰੇ ਭਗਤ ਪਕੜ ਉਠਾਵਾਂ ਜ਼ਰੂਰ, ਜ਼ਰੂਰਤ ਤੇਰੇ ਨਾਲ ਮਿਲਾਈਆ । ਜਿਹੜੇ ਮੈਨੂੰ ਕਹਿੰਦੇ ਹਾੜ ਤਪਦਾ ਵਾਂਗ ਤੰਦੂਰ, ਤਿਨ੍ਹਾਂ ਨੂੰ ਅਗਨੀ ਦਿਆਂ ਲਗਾਈਆ । ਤੇਰੇ ਭਗਤਾਂ ਦਾ ਨਾਮ ਕਰ ਮਸ਼ਹੂਰ, ਮਸ਼ਵਰਾ ਤੇਰੇ ਨਾਲ ਰਖਾਈਆ । ਤੂੰ ਸਾਹਿਬ ਉਨ੍ਹਾਂ ਦੇ ਜਨਮ ਜਨਮ ਦੇ ਬਖ਼ਸ਼ ਦੇਣੇ ਕ਼ਸੂਰ, ਦੁਰਮਤ ਮੈਲ ਦੇਣੀ ਧਵਾਈਆ । ਨਾਤਾ ਤੋੜ ਕੇ ਕੂੜੇ ਕੂੜ , ਆਤਮ ਪਰਮਾਤਮ ਜੋੜਾ ਲੈਣਾ ਬਣਾਈਆ । ਮੈਂ ਮੰਗਾਂ ਇਕੋ ਚਰਨ ਧੂੜ, ਟਿੱਕਾ ਸਾਚਾ ਖ਼ਾਕ ਰਮਾਈਆ । ਤੇਰੇ ਦਰ ਤੇ ਹੋਵਾਂ ਮਸ਼ਕੂਰ, ਨਿਉਂ ਨਿਉਂ ਸੀਸ ਝੁਕਾਈਆ । ਮੇਰੀ ਸੇਵਾ ਕਰੀਂ ਕ਼ਬੂਲ, ਕਾਅਬੇ ਵਾਲਿਆਂ ਦੀ ਲੋੜ ਰਹੀ ਨਾ ਰਾਈਆ । ਤੂੰ ਮਾਲਕ ਇਕ ਮਹਿਬੂਬ, ਮੁਹੱਬਤ ਵਿਚ ਸਮਾਈਆ । ਜੋ ਆ ਜਾਏ ਤੇਰੇ ਹਦੂਦ, ਹਜ਼ਰਤ ਦੂਜੇ ਦੀ ਲੋੜ ਰਹੇ ਨਾ ਰਾਈਆ । ਤੂੰ ਹਰ ਘਟ ਸਦਾ ਮੌਜੂਦ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਬੇਸ਼ਕ ਤੇਰਾ ਤੱਤਾਂ ਵਾਲਾ ਨਹੀਂ ਵਜੂਦ, ਵਜਾਹਤ ਨਾਲ ਸਭ ਨੂੰ ਦਈਂ ਸਮਝਾਈਆ । ਮੈਂ ਉਠ ਕੇ ਵੇਖਿਆ ਤੂੰ ਚਾਰ ਜੁਗ ਦਾ ਲਹਿਣਾ ਦੇਣਾ ਕੀਤਾ ਮੌਕੂਫ਼, ਮੁਕੰਮਲ ਆਪਣਾ ਹੁਕਮ ਮਨਾਈਆ ।

੮੮੩

੮੮੪

ਤੇਰਾ ਭਗਤ ਰਹੇ ਨਾ ਕੋਈ ਬੇਵਕੂਫ਼, ਬੁੱਧ ਬਿਬੇਕੀ ਦੇਣੀ ਬਣਾਈਆ । ਅਸਲ ਨਾਲ ਚਾਰ ਜੁਗ ਦਾ ਦੇਣਾ ਸੂਦ, ਕੁਲਜ਼ਰ ਆਪਣਾ ਰੰਗ ਰੰਗਾਈਆ । ਕੋਈ ਲੋੜ ਨਾ ਰਹੇ ਪੜ੍ਹਨ ਦੀ ਹਜ਼ਾਰਾ ਦਰੂਦ, ਇਸਮ ਏ ਆਜ਼ਮ ਆਪਣਾ ਦੇਣਾ ਦਰਸਾਈਆ । ਕੂੜੀ ਕਿਰਿਆ ਕਰਕੇ ਨੇਸਤੋ ਨਾਬੂਦ, ਨਾਮ ਨਿਧਾਨਾ ਦੇਣਾ ਸਮਝਾਈਆ । ਜੋ ਤੇਰੇ ਉਤੋਂ ਤੇਰੀ ਕਿਰਪਾ ਨਾਲ ਗਏ ਝੂਜ, ਆਪਣਾ ਆਪ ਮਿਟਾਈਆ । ਸੋ ਮਿਹਰਵਾਨ ਤੇਰੀ ਮਿਹਰ ਨਾਲ ਲੈਣ ਤੈਨੂੰ ਬੂਝ, ਜਗਤ ਵਿਚੋਲਾ ਰਹਿਣ ਕੋਇ ਨਾ ਪਾਈਆ । ਭੇਵ ਖਲੌਣਾ ਅੰਦਰ ਵੜ ਕੇ ਬੋਧ ਅਗਾਧੇ ਗੂੜ੍ਹ, ਪਰਦਾ ਦੂਈ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਹਾੜ ਕਹੇ ਮੈਂ ਸੇਵਾਦਾਰ, ਸੇਵਾ ਸਚ ਕਮਾਈਆ । ਨਵ ਨੌਂ ਚਾਰ ਕਰ ਕੇ ਲੇਖਾ ਪਾਰ, ਪਾਰਬ੍ਰਹਮ ਤੇਰੀ ਆਸ ਰਖਾਈਆ । ਮੈਂ ਵੇਖ ਸਚਾ ਦਰਬਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਤੇਰਾ ਰੂਪ ਨਰ ਨਿਰੰਕਾਰ, ਨਰਾਇਣ ਨਰ ਤੇਰੀ ਵਡ ਵਡਿਆਈਆ । ਸਚ ਸਵਾਮੀ ਸਾਂਝੇ ਯਾਰ, ਪਰਵਰਦਿਗਾਰ ਨੂਰ ਖ਼ੁਦਾਈਆ । ਆਲਮੀਨ ਵੱਡੇ ਸਿਕਦਾਰ, ਸ਼ਾਹ ਪਾਤਸ਼ਾਹ ਤੇਰੀ ਓਟ ਜਣਾਈਆ । ਤੇਰਾ ਸੰਦੇਸ਼ਾ ਵਿਚ ਸੰਸਾਰ, ਸ਼ਬਦੀ ਡੰਕੇ ਨਾਲ ਵਜਾਈਆ । ਭਗਤ ਸੁਹੇਲੇ ਕਰਾਂ ਖ਼ਬਰਦਾਰ, ਆਲਸ ਨਿੰਦਰਾ ਦਿਆਂ ਮਿਟਾਈਆ । ਪਕੜ ਉਠਾਵਾਂ ਕਾਇਆ ਡੂੰਘੀ ਗਾਰ, ਬਜਰ ਕਪਾਟੀ ਟਿੱਲੇ ਪਰਬਤ ਡੇਰਾ ਢਾਹੀਆ । ਸਮੁੰਦ ਸਾਗਰ ਪਾਰ ਕਰਾ ਕੇ ਕਵਲੀ ਧਾਰ, ਝਿਰਨਾ ਧੁਰ ਦਾ ਦਿਆਂ ਝਿਰਾਈਆ । ਤੇਰਾ ਵਿਛੋੜਾ ਨਾ ਹੋਵੇ ਸਾਂਝੇ ਯਾਰ, ਯਰਾਨੇ ਕੂੜੇ ਦਿਆਂ ਮਿਟਾਈਆ । ਤਪਦੇ ਹਿਰਦੇ ਦੇਵਾਂ ਠਾਰ, ਅਗਨੀ ਤੱਤ ਬੁਝਾਈਆ । ਜਿਸ ਨੂੰ ਲਭਦੇ ਰਹੇ ਜੁਗ ਚਾਰ, ਗੁਰ ਅਵਤਾਰ ਧਿਆਨ ਲਗਾਈਆ । ਜਿਸ ਦੀਆਂ ਸਿਫ਼ਤਾਂ ਲਿਖਦੇ ਰਹੇ ਵੇਦ ਪੁਰਾਨ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਜਿਸ ਦਾ ਡੰਕਾ ਵਜਦਾ ਰਿਹਾ ਦੋ ਜਹਾਨ, ਆਦਿ ਜੁਗਾਦਿ ਨਾ ਕੋਇ ਮੇਟ ਮਿਟਾਈਆ । ਸੋ ਹੁਕਮ ਸੰਦੇਸ਼ਾ ਦੇਵੇ ਧੁਰ ਫ਼ਰਮਾਨ, ਮਿਹਰਵਾਨ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, । ਹਾੜ ਕਹੇ ਪ੍ਰਭ ਮੇਰੀ ਇਕ ਅਰਦਾਸ, ਬੇਨੰਤੀ ਇਕ ਜਣਾਈਆ । ਮਨਜ਼ੂਰ ਕਰੇਂ ਤੂੰ ਖ਼ਾਸ, ਖ਼ਾਲਸ ਹੋ ਕੇ ਰਿਹਾ ਜਣਾਈਆ । ਸਾਚਾ ਦੇਵੇਂ ਸਾਥ, ਸਗਲਾ ਸੰਗ ਨਿਭਾਈਆ । ਬਣ ਕੇ ਕਮਲਾਪਾਤ, ਪਤਿਪਰਮੇਸ਼ਵਰ ਵੇਖ ਵਖਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਲੱਗੀ ਤੋੜ ਨਿਭਾਈਆ । ਤੇਰਾ ਸੁਨੇਹੜਾ ਸਭ ਨੂੰ ਦੇਵਾਂ ਆਖ, ਆਖ਼ਰ ਹੁਕਮ ਦੇਵਾਂ ਸੁਣਾਈਆ । ਰਾਤੀਂ ਸੁੱਤਿਆਂ ਸਭ ਦੇ ਖੋਲ੍ਹ ਕੇ ਤਾਕ, ਪਰਦਾ ਦਿਆਂ ਚੁਕਾਈਆ । ਤੇਰੇ ਮਿਲਣ ਦੀ ਦੱਸ ਦੇ ਜਾਚ, ਘੜੀਆ ਪਲਾਂ ਵਿਚ ਪੈਂਡਾ ਦਿਆਂ ਮੁਕਾਈਆ । ਕਿਸੇ ਭਗਤ ਨੂੰ ਲਭਣਾ ਪਏ ਨਾ ਤ੍ਰੈਲੋਕੀ ਨਾਥ, ਰਾਮ ਵਾਲੀ ਗਾਥ ਨਾ ਕੋਇ ਗਾਈਆ । ਕਰਨਾ ਪਏ ਨਾ ਪੂਜਾ ਪਾਠ, ਜੋਗ ਅਭਿਆਸ ਦੀ ਲੋੜ ਰਹੇ ਨਾ ਰਾਈਆ । ਨਹੌਣਾ ਪਏ ਨਾ ਤੀਰਥ ਤਾਟ, ਅਠਸਠ ਪੰਧ ਨਾ ਕੋਇ ਮੁਕਾਈਆ । ਤੇਰੇ ਨਾਮ ਦੀ ਸੱਚੀ ਦੱਸ ਕੇ ਔਣੀ ਬਾਤ, ਬਾਤਨ ਪੜਦਾ ਦਿਆਂ ਖੁਲ੍ਹਾਈਆ । ਜਨ ਭਗਤੋ ਇਕੋ ਕਰ ਲਉ ਯਾਦ, ਜਿਸ ਦੀ ਯਾਦ ਵਿਚ ਲੋਕਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸੁਣਨਹਾਰ ਫ਼ਰਿਆਦ, ਫ਼ੈਸਲੇ ਧੁਰ ਦੇ ਹਕ ਸੁਣਾਈਆ । ਜਿਸ ਦੇ ਮਿਲਿਆ ਕਾਇਆ ਖੇੜਾ ਹੋਵੇ ਆਬਾਦ, ਘਰ ਘਰ ਵੱਜੇ ਵਧਾਈਆ । ਆਪਣੇ ਮਿਲਣ ਦਾ ਦੱਸੇ ਰਾਜ਼, ਪਰਦਾ ਓਹਲਾ ਦੂਰ ਕਰਾਈਆ । ਝਗੜਾ ਚੁਕ ਜਾਏ ਰੋਜ਼ਾ ਨਿਮਾਜ਼, ਸਜਦਿਆਂ ਵਿਚ ਸੀਸ ਨਾ ਕੋਇ ਨਿਵਾਈਆ । ਮਾਨਸ ਜਨਮ ਦੀ ਪੂਰੀ ਹੋ ਜਾਏ ਖ਼ਾਹਿਸ਼, ਖ਼ਾਲਸ ਆਪਣੇ

ਵਿਚ ਸਮਾਈਆ । ਹਾੜ ਕਹੇ ਮੈਂ ਉਨ੍ਹਾਂ ਦੀ ਕਰਨੀ ਅੱਜ ਤਲਾਸ਼, ਜਿਹੜੇ ਬੈਠੇ ਧਿਆਨ ਲਗਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੋਂ ਬਾਦ ਉਤਮ ਆਇਆ ਮਾਸ, ਮਹੀਨਾ ਆਪਣਾ ਰੂਪ ਵਟਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਰਖਦੇ ਝਾਕ, ਝਾਤੀਆਂ ਉਪਰ ਦੀ ਨੀਚੇ ਰਹੇ ਲਗਾਈਆ । ਜਿਸ ਨੇ ਪੂਰਾ ਕਰਨਾ ਭਵਿਖਤ ਵਾਕ, ਵਾਕਿਆ ਆਪਣਾ ਹੁਕਮ ਮਨਾਈਆ । ਭਗਤਾਂ ਨੂੰ ਦੇਵਣ ਆਇਆ ਧੁਰ ਦੀ ਦਾਤ, ਅਗੰਮੜੀ ਝੋਲੀ ਪਾਈਆ । ਸੱਜਣਾ ਦੀ ਬਣਾ ਕੇ ਜਮਾਤ, ਧੁਰ ਦਾ ਅੱਖਰ ਇਕ ਪੜ੍ਹਾਈਆ । ਗੁਰਮੁਖੋ ਬੈਠਣਾ ਪਏ ਨਾ ਕਿਤੇ ਇਕਾਂਤ, ਅੰਦਰ ਵੜ ਕੇ ਆਪਣਾ ਧਿਆਨ ਆਪ ਲਗਾਈਆ । ਤੁਹਾਡਾ ਮਾਲਕ ਬਣ ਜਾਏ ਕਮਲਾਪਾਤ, ਪਤਿਪਰਮੇਸ਼ਵਰ ਬੇਪਰਵਾਹੀਆ । ਹਾੜ ਕਹੇ ਮੈਂ ਸੁਗੰਦ ਖਾ ਕੇ ਆਖਾਂ ਇਹ ਵੇਲਾ ਹੱਥ ਨਹੀਂ ਔਣਾ ਸਤਾਰਾਂ ਹਾੜ ਦੀ ਰਾਤ, ਕ਼ਲਮ ਦਵਾਤ ਲਿਖੇ ਕੋਇ ਨਾ ਸ਼ਾਹੀਆ । ਕਿਸੇ ਭਗਤ ਦਾ ਤੱਤਾਂ ਨਾਲ ਰਹਿਣ ਨਹੀਂ ਦੇਣਾ ਦਾਗ਼, ਦਿਮਾਗ਼ ਦਾ ਰੋਗ ਦੇਣਾ ਕਢਾਈਆ । ਸਾਚੇ ਪ੍ਰੇਮ ਦੀ ਲਾ ਕੇ ਜਾਗ, ਲਾਜੁਵਾਬ ਕਰ ਦੇਣੀ ਲੋਕਾਈਆ । ਚਰਨੋਦਕ ਦਾ ਪਿਆ ਕੇ ਆਬ, ਪਰਦਾ ਨਕਾਬ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹਾੜ ਕਹੇ ਪ੍ਰਭੂ ਕਿਉਂ ਮੈਨੂੰ ਸਾਰੇ ਕਹਿਣ ਸੜਦਾ, ਅਗਨੀ ਰੂਪ ਵਟਾਈਆ । ਜੀਵ ਜਹਾਨ ਮੈਥੋਂ ਡਰਦਾ, ਪ੍ਰੇਮੀ ਪ੍ਰੇਮ ਨਾ ਕੋਇ ਕਮਾਈਆ । ਦਰਸ ਕਰਨ ਤੋਂ ਅੰਦਰ ਵੜਦਾ, ਨੇਤਰ ਨੈਣ ਸ਼ਰਮਾਈਆ । ਜਿਸ ਵੇਲੇ ਮੇਰਾ ਪਹਿਲਾ ਦਿਵਸ ਚੜ੍ਹਦਾ, ਚਾਰੋਂ ਕੁੰਟ ਜਗਤ ਕੁਰਲਾਈਆ । ਮੈਂ ਸ਼ਰਮ ਨਾਲ ਮਰਦਾ, ਅੱਖ ਨਾ ਉਪਰ ਉਠਾਈਆ । ਮੇਰਾ ਚਾਰ ਜੁਗ ਸਾਫ਼ ਹੋਇਆ ਨਾ ਹਿਰਦਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਹੱਥ ਰਖਿਆ ਨਹੀਂ ਕਿਸੇ ਮਿਹਰ ਦਾ, ਮਾਣ ਤਾਣ ਨਾ ਦਿਤੀ ਵਡਿਆਈਆ । ਮੈਂ ਰਾਹ ਤਕਦਾ ਰਿਹਾ ਦੇਰ ਦਾ, ਜੁਗ ਚੌਕੜੀ ਅੱਖ ਖੁਲ੍ਹਾਈਆ । ਕਵਣ ਵੇਲਾ ਆਵੇ ਸ਼ਬਦ ਅਗੰਮੀ ਸ਼ੇਰ ਦਾ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਜੋ ਲਹਿਣੇ ਦੇਣੇ ਸਭ ਨਿਬੇੜਦਾ, ਮੇਰਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ੍ਰੀ ਭਗਵਾਨ ਕਹੇ ਹਾੜ ਤੂੰ ਬੇਸ਼ਕ ਤਪਦਾ, ਅਗਨੀ ਅੱਗ ਬਰਸਾਈਆ । ਤੈਨੂੰ ਭੇਤ ਨਹੀਂ ਆਇਆ ਓਸ ਅਗੰਮੀ ਰੱਬ ਦਾ, ਜੋ ਰੱਬੀ ਖੇਲ ਆਪ ਖਿਲਾਈਆ । ਜਿਹੜਾ ਖੋਜਿਆਂ ਕਿਸੇ ਨਹੀਂ ਲਭਦਾ, ਬਾਹੋਂ ਫੜ ਨਾ ਕੋਇ ਮਨਾਈਆ । ਜਿਸ ਦਾ ਹਿੱਸੇਦਾਰ ਨਹੀਂ ਕੋਈ ਅਧ ਦਾ, ਨਿਉਂ ਨਿਉਂ ਸਾਰੇ ਸੀਸ ਝੁਕਾਈਆ । ਜਿਸ ਦਾ ਡੰਕਾ ਦੋ ਜਹਾਨਾਂ ਵਜਦਾ, ਡੌਰੂ ਰਿਹਾ ਸੁਣਾਈਆ । ਸੋ ਪੁਰਖ ਅਕਾਲ ਖੇਲ ਵੇਖ ਆਪਣੇ ਕਿਨਾਰੇ ਹਦ ਦਾ, ਹਦੂਦ ਸਭ ਦੀ ਵੇਖ ਵਖਾਈਆ । ਝਗੜਾ ਵੇਖ ਕੂੜ ਕੁੜਿਆਰੇ ਜਗ ਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਭਗਤ ਸੁਹੇਲੇ ਗੁਰਮੁਖ ਸੱਜਣ ਸਦਦਾ, ਨਾਤਾ ਜਗਤ ਨਾਲੋਂ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਹਾੜ ਕਹੇ ਪ੍ਰਭ ਮੈਂ ਨਹੀਂ ਸਮਝੀ ਬਾਤ, ਸਮਝ ਕਿਛ ਨਾ ਆਈਆ । ਖੋਲ੍ਹ ਕੇ ਦੱਸ ਰਾਜ਼, ਪਰਦਾ ਦੇ ਉਠਾਈਆ । ਪ੍ਰੇਮ ਦੀ ਮਾਰ ਕੇ ਆਵਾਜ਼, ਸਚ ਦੇ ਸਮਝਾਈਆ । ਮੈਂ ਤੇਰਾ ਹੁਕਮ ਲਵਾਂ ਵਾਚ, ਅੰਤਰ ਅੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹਿਜ ਸੁਭਾਓ ਦੇ ਦ੍ਰਿੜਾਈਆ । ਹਾੜ ਕਹੇ ਮੈਨੂੰ ਦੱਸ ਰਾਹ ਸੁਖਲਾ, ਭੇਵ ਅਭੇਦ ਜਣਾਈਆ । ਮੈਂ ਵੇਖਿਆ ਜਲਾਂ ਥਲਾਂ, ਟਿੱਲੇ ਪਰਬਤ ਪੰਧ ਮੁਕਾਈਆ । ਡੂੰਘੀ ਕੰਦਰ ਕੀਤਾ ਹੱਲਾ, ਭੱਜਾਂ ਵਾਹੋ


੯੯੫

ਦਾਹੀਆ । ਮੇਰਾ ਕਿਸੇ ਨਹੀਂ ਫੜਿਆ ਪੱਲਾ, ਧੁਰ ਦੀ ਗੰਢ ਨਾ ਕੋਇ ਬੰਧਾਈਆ । ਬਹੁੜੀ ਦਰੋਹੀ ਮੈਂ ਇਕ ਇਕੱਲਾ, ਕਾਇਨਾਤ ਵਿਚ ਕੁਰਲਾਈਆ । ਸਾਚਾ ਦੱਸ ਕੋਈ ਮਹੱਲਾ, ਜਿਥੇ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹਿਜ ਸੁਭਾਓ ਦੇ ਦ੍ਰਿੜਾਈਆ । ਸ੍ਰੀ ਭਗਵਾਨ ਕਹੇ ਸੁਣ ਹਾੜ ਅੰਞਾਣੇ ਮੂਰਖ, ਮੁਗਧ ਦਿਆਂ ਜਣਾਈਆ । ਤੂੰ ਲਭ ਨਾ ਸਕੇਂ ਮੇਰੀ ਸੂਰਤ, ਰੂਪ ਰੰਗ ਰੇਖ ਨਾ ਕੋਇ ਵਡਿਆਈਆ । ਤੂੰ ਜਾਣ ਨਾ ਸਕੇਂ ਮੇਰੀ ਤੂਰਤ, ਨਾਦ ਅਨਾਦ ਸ਼ਨਵਾਈਆ । ਤੇਰਾ ਕਲਜੁਗ ਨਾਤਾ ਜੁੜਿਆ ਕੂੜ ਕੂੜਤ, ਮਾਇਆ ਮਮਤਾ ਮੋਹ ਹਲਕਾਈਆ । ਸਾਚਾ ਨਜ਼ਰ ਨਾ ਆਇਆ ਨੁਰਾਨੀ ਨੂਰਤ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਜਣਾਈਆ । ਸ੍ਰੀ ਭਗਵਾਨ ਕਹੇ ਸੁਣ ਹਾੜ ਨਿੱਕੇ ਨੱਢੇ, ਤੈਨੂੰ ਦਿਆਂ ਜਣਾਈਆ । ਜਿਹੜੇ ਭਗਤ ਮੈਂ ਆਪਣੀ ਧਾਰੋਂ ਕੱਢੇ, ਜੋਤੀ ਜੋਤ ਜੋਤ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਵੱਡੇ, ਧੁਰ ਦੀ ਦਿਤੀ ਮਾਣ ਵਡਿਆਈਆ । ਜੋ ਹੁਕਮੇਂ ਅੰਦਰ ਆਏ ਹੁਕਮੇ ਅੰਦਰ ਜਾਣ ਸੱਦੇ, ਸਦਾ ਆਪਣਾ ਨਾਮ ਸੁਣਾਈਆ । ਪ੍ਰੇਮ ਪ੍ਰੀਤੀ ਅੰਦਰ ਬੱਧੇ, ਬੰਦਨਾ ਇਕੋ ਦਿਤੀ ਸਮਝਾਈਆ । ਸਾਚੇ ਨੂਰ ਨਾਲ ਜਗੇ, ਜਾਗਰਤ ਜੋਤ ਡਗਮਗਾਈਆ । ਸਚ ਦੁਵਾਰੇ ਬਹਿ ਕੇ ਸਜੇ, ਸਾਜਣ ਮਿਲਿਆ ਬੇਪਰਵਾਹੀਆ । ਅੰਦਰੋਂ ਉਹਨਾਂ ਹੱਥ ਬੱਧੇ, ਮਨ ਦੀ ਦੇਣ ਸਫ਼ਾਈਆ । ਪ੍ਰਭ ਦੇ ਨਾਲ ਨਾ ਕੋਈ ਦਗ਼ੇ, ਝੂਠ ਅਪਰਾਧ ਨਾ ਕੋਇ ਕਮਾਈਆ । ਓਸੇ ਪ੍ਰੀਤੀ ਅੰਦਰ ਬੱਝੇ, ਜਿਸ ਦੀ ਡੋਰ ਨਾ ਕੋਇ ਤੁੜਾਈਆ । ਕਰ ਕੇ ਇਕੋ ਧੁਰ ਦਾ ਹੱਜੇ, ਹਾਜਤ ਪੂਰ ਖ਼ੁਸ਼ੀ ਮਨਾਈਆ । ਜੇ ਤੂੰ ਉਹਨਾਂ ਵਿਚ ਬਹਿ ਕੇ ਸਜੇਂ, ਸਜਣਾਂ ਨਾਲ ਆਪਣਾ ਅੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇਂ ਮਾਣ ਵਡਿਆਈਆ । ਹਾੜ ਕਹੇ ਮੈਂ ਫਿਰ ਫਿਰ ਥੱਕਾ, ਜੁਗ ਜੁਗ ਪੰਧ ਮੁਕਾਈਆ । ਸੱਜਣ ਮਿਲਿਆ ਨਾ ਕਿਸੇ ਸਕਾ, ਨਾਤੇ ਕੂੜੇ ਗਏ ਤੁੜਾਈਆ । ਮੈਂ ਵਸੇਰਾ ਕਰ ਕੇ ਵੇਖਿਆ ਕੁੱਲੀ ਕੱਖਾਂ, ਮਹਲ ਅਟਲਾਂ ਵਿਚ ਡੇਰਾ ਲਾਈਆ । ਤੇਰਾ ਸਾਚਾ ਮਿਲਿਆ ਨਹੀਂ ਕੋਈ ਪਤਾ, ਪਤਿਪਰਮੇਸ਼ਵਰ ਮੇਲ ਨਾ ਕੋਇ ਮਿਲਾਈਆ । ਮੈਂ ਚਾਰ ਜੁਗ ਟੇਕ ਟੇਕ ਆਪਣਾ ਮੱਥਾ, ਮਸਤਕ ਲਿਆ ਘਸਾਈਆ । ਚਾਰ ਕੁੰਟ ਉਠ ਉਠ ਨੱਠਾ, ਭੱਜਿਆ ਵਾਹੋ ਦਾਹੀਆ । ਜੀਵਾਂ ਜੰਤਾਂ ਤੋਂ ਕਰਾਇਆ ਠੱਠਾ, ਲਾਅਨਤ ਜਾਮੇ ਗਲ ਵਿਚ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਬਣ ਕੇ ਪੱਠਾ, ਸੇਵਾ ਜਗਤ ਵਿਚ ਕਮਾਈਆ । ਅੰਤਮ ਉਹ ਵੀ ਰਲ ਗਏ ਮਿੱਟੀ ਘੱਟਾ, ਤੱਤ ਵਜੂਦ ਰਹਿਣ ਕੋਇ ਨਾ ਪਾਈਆ । ਮੇਰੇ ਪ੍ਰਭੂ ਮੈਂ ਖਾਂਦਾ ਰਿਹਾ ਜੁਗ ਜੁਗ ਤੇਰੇ ਵਿਛੋੜੇ ਦੀਆਂ ਸੱਟਾਂ, ਮੇਰਾ ਦਰਦ ਨਾ ਕੋਇ ਸੁਣਾਈਆ । ਮੈਂ ਮੰਨਦਾ ਰਿਹਾ ਪੱਥਰ ਇੱਟਾਂ, ਮੰਦਰ ਮਸਜਿਦ ਫੇਰਾ ਪਾਈਆ । ਮੈਂ ਵੇਂਹਦਾ ਰਿਹਾ ਕਾਗ਼ਜ਼ ਚਿੱਟਾ, ਉਤੇ ਸ਼ਾਹੀ ਦਏ ਗਵਾਹੀਆ । ਹੇ ਅਕਾਲ ਪੁਰਖ ਨੌਂ ਸੌ ਚੁਰਾਨਵੇ ਚੌਕੜੀ ਜੁਗ ਮੈਥੋਂ ਨਿਕਲਿਆ ਨਹੀਂ ਕੋਈ ਸਿੱਟਾ, ਸਿੱਟਾਬਾਜ਼ੀ ਲਾ ਕੇ ਸਾਰੇ ਰਹੇ ਛੁਡਾਈਆ । ਕਿਸੇ ਦਾ ਫੜਿਆ ਪੈਰ ਕਿਸੇ ਦਾ ਫੜਿਆ ਗਿੱਟਾ, ਕਿਸੇ ਦਾ ਘੁਟਨਾ ਦਿਤਾ ਦਬਾਈਆ । ਕਿਸੇ ਦਾ ਹੱਥ ਪਾ ਕੇ ਖਿਟਾ, ਕਿਸੇ ਛਾਤੀ ਨਾਲ ਰਗੜਾਈਆ । ਜਾਂ ਆਪਣਾ ਲੇਖਾ ਵੇਖਿਆ ਸੱਜਣ ਕੋਈ ਨਾ ਮਿਲਿਆ ਹਿੱਤਾ, ਅੱਧ ਵਿਚ ਯਾਰੀ ਸਾਰੇ ਗਏ ਤੁੜਾਈਆ । ਜਗਤ ਕਹਾਣੀ ਵੇਖ ਕੇ ਕ਼ਿੱਸਾ, ਕ਼ਸਮ ਖਾ ਕੇ ਤੇਰੀ ਓਟ ਲਈ ਤਕਾਈਆ । ਜਗਤ ਜਹਾਨ ਤੋਂ ਪੈ ਕੇ ਛਿਥਾ, ਤੇਰੇ ਅਗੇ ਦਿਤੀ ਦੁਹਾਈਆ । ਜੇ ਪੁਰਖ ਅਕਾਲ ਤੂੰ ਵੀ ਨਹੀਂ ਮਿਥਾ, ਮਿਥਿਆ


੮੮੬

ਤੇਰੀ ਲੋਕਾਈਆ । ਫੇਰ ਤੇਰੇ ਨਾਮ ਦਾ ਪੜ੍ਹਨਾ ਕੀ ਚਿੱਠਾ, ਦੂਰ ਦੁਰਾਡਾ ਆਪਣਾ ਮੁਖ ਛੁਪਾਈਆ । ਮੈਂ ਅੰਤ ਅਖ਼ੀਰੀ ਮੰਗਾਂ ਮੰਗ ਜੇ ਤੂੰ ਦੇ ਦਿਤੀ ਪਿੱਠਾ, ਮਿਲਣ ਨਾਲੋਂ ਚੰਗੀ ਤੇਰੀ ਜੁਦਾਈਆ । ਬੇਸ਼ਕ ਤੇਰਾ ਨਾਮ ਸਾਰੇ ਕਹਿੰਦੇ ਮਿੱਠਾ, ਪਰ ਮੈਨੂੰ ਤੇਰੇ ਮਿਲੇ ਬਿਨਾ ਚੈਨ ਕੋਇ ਨਾ ਆਈਆ । ਦੁਹੱਥੜਾਂ ਮਾਰ ਕੇ ਪਿੱਟਾਂ, ਉਚੀ ਕੂਕ ਸੁਣਾਈਆ । ਮੈਂ ਨਹੀਂ ਪਤੀਜਾ, ਜਿਹੜੇ ਗੁਰ ਅਵਤਾਰ ਪੈਗ਼ੰਬਰ ਤੇਰੇ ਸਿਫ਼ਤੀ ਨਾਮ ਦੀਆਂ ਦੇ ਕੇ ਗਏ ਚਿਟਾਂ, ਨਿੱਕੇ ਨਿੱਕੇ ਇਸ਼ਾਰੇ ਗਏ ਸਮਝਾਈਆ । ਮੈਂ ਇਕੋ ਗੱਲ ਤੇਰੇ ਕੋਲੋਂ ਸਿੱਖਾਂ, ਸਾਚੀ ਸਿਖਿਆ ਦੇਣੀ ਦ੍ਰਿੜਾਈਆ । ਕੀ ਤੇਰੇ ਸੰਮਤ ਵਿਚ ਮੇਰਾ ਤੇਰੇ ਭਗਤਾਂ ਨਾਲ ਹਿੱਸਾ, ਸਾਹਿਬ ਧੁਰ ਦੇਣਾ ਦ੍ਰਿੜਾਈਆ । ਜੇ ਪ੍ਰਭੂ ਤੂੰ ਆਪਣਿਆਂ ਭਗਤਾਂ ਦੇਵੇਂ ਪਿੱਛਾ, ਫਿਰ ਤੂੰ ਪਰਮਾਤਮਾ ਨਹੀਂ ਕੋਈ ਰੂਪ ਕਸਾਈਆ । ਹਾੜ ਕਹੇ ਮੈਂ ਤੇਰੇ ਕੋਲੋਂ ਸਭ ਦੀ ਪੂਰੀ ਕਰਾਉਂਣੀ ਇੱਛਾ, ਖ਼ਾਲੀ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਵੇਖ ਕੇ ਦਿਸ਼ਾ, ਤੇਰੇ ਭਗਤ ਲੈਣੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਝੋਲੀ ਦੇਣਾ ਪਾਈਆ । ਸ੍ਰੀ ਭਗਵਾਨ ਕਹੇ ਨਾ ਮਾਰ ਮਿਹਣਾ, ਤਾਅਨੇ ਵਾਲੇ ਤੀਰ ਮੂਲ ਲਗਾਈਂ ਨਾ । ਪਹਿਲੋਂ ਦਰਸ ਕਰ ਆਪਣੇ ਨੈਣਾ, ਕਿਸੇ ਦੂਜੇ ਤਾਈਂ ਜਣਾਈਂ ਨਾ । ਫਿਰ ਮੰਨ ਅਗੰਮੀ ਕਹਿਣਾ, ਸ੍ਰਿਸ਼ਟੀ ਨੂੰ ਸੁਣਾਈਂ ਨਾ । ਚਰਨਾਂ ਵਿਚ ਸਿਖ ਬਹਿਣਾ, ਦੂਜੇ ਨੂੰ ਸੀਸ ਨਿਵਾਈਂ ਨਾ । ਮੇਰੇ ਭਗਤਾਂ ਸੱਜਣਾਂ ਸੱਜਣ ਸਾਕ ਸੈਣਾ, ਭੈਣ ਭਾਈ ਹੋਰ ਵਡਿਆਈਂ ਨਾ । ਮੇਰੇ ਕੋਲੋਂ ਲਵੀਂ ਲਹਿਣਾ ਦੇਣਾ, ਦੂਜੇ ਅਗੇ ਝੋਲੀ ਡਾਹੀਂ ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਦੂਸਰ ਅਗੇ ਸੀਸ ਨਿਵਾਈਂ ਨਾ । ਹਾੜ ਕਹੇ ਇਹ ਕੀ ਮਾਰਿਆ ਤੀਰ, ਪ੍ਰਭੂ ਮੈਨੂੰ ਦੇ ਜਣਾਈਆ । ਮੈਂ ਅੱਕ ਕੇ ਥੱਕ ਕੇ ਤੇਰੇ ਚਰਨਾਂ ਡਿੱਗਾ ਅਖ਼ੀਰ, ਪਿਛਲੇ ਪੰਧ ਸਰਬ ਮੁਕਾਈਆ । ਸ਼ਰਅ ਦੇ ਤੋੜ ਕੇ ਜ਼ੰਜੀਰ, ਦੀਨ ਮਜ਼੍ਹਬ ਲੇਖੇ ਦਿਤੇ ਮੁਕਾਈਆ । ਝਗੜੇ ਛੱਡ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਬਾਣੀ ਕੋਇ ਨਾ ਗਾਈਆ । ਤੇਰੇ ਮਿਲਣ ਦੀ ਇਕੋ ਮਿਲ ਗਈ ਤਦਬੀਰ, ਜੋ ਅੰਦਰੇ ਅੰਦਰ ਤੂੰ ਆਪੇ ਦਿਤੀ ਸਮਝਾਈਆ । ਮੈਂ ਇਕ ਮੰਗ ਮੰਗਾਂ ਤੂੰ ਸਾਹਿਬ ਪਾਤਸ਼ਾਹ ਆਪਣਾ ਬਣਾ ਲੈ ਵਜ਼ੀਰ, ਦੂਜੀ ਵਜ਼ਾਰਤ ਦੀ ਲੋੜ ਰਹੇ ਨਾ ਰਾਈਆ । ਉਥੇ ਕੀ ਕਰੇ ਤਕਦੀਰ, ਤਕਦੀਰ ਦਾ ਮਾਲਕ ਆਪੇ ਹੋਏ ਸਹਾਈਆ । ਤੇਰੇ ਭਗਤਾਂ ਨੂੰ ਕੀ ਲੋੜ ਰਹੇ ਬਣਨ ਦੀ ਫ਼ਕੀਰ, ਫ਼ਿਕਰਾ ਆਪਣਾ ਇਕੋ ਦੇਣਾ ਸਮਝਾਈਆ । ਕਿਹੜੀ ਦੇਰ ਲਗਦੀ ਬਦਲ ਦੇ ਜ਼ਮੀਰ, ਮਨ ਤਾਸੀਰ ਆਪਣੇ ਨਾਲ ਰਲਾਈਆ । ਤੇਰੇ ਹੱਥ ਸ਼ਬਦ ਅਗੰਮੀ ਸ਼ਮਸ਼ੀਰ, ਸ਼ੈਤਾਨਾਂ ਦੀ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਨਾਲ ਰਲਾਈਆ । ਸ੍ਰੀ ਭਗਵਾਨ ਕਹੇ ਬਚੂ ਉਠ ਆ ਜਾ ਨੇੜੇ, ਤੈਨੂੰ ਦਿਆਂ ਸਮਝਾਈਆ । ਉਠ ਵੇਖ ਭਗਤ ਕਿਹੜੇ ਕਿਹੜੇ, ਤੇਰੀ ਅੰਦਰੋਂ ਅੱਖ ਖੁਲ੍ਹਾਈਆ । ਜਾ ਵੜ ਉਹਨਾਂ ਦੇ ਕਾਇਆ ਵਿਹੜੇ, ਗੁਆਂਢੀਆਂ ਖ਼ਬਰ ਲਗੇ ਨਾ ਰਾਈਆ । ਸੰਦੇਸ਼ਾ ਦੇ ਦੇ ਸਿੰਘ ਸ਼ੇਰੇ, ਭਬਕ ਇਕੋ ਨਾਮ ਸੁਣਾਈਆ । ਸਭ ਨੂੰ ਆਖਦੇ ਚੜ੍ਹ ਜਾਓ ਪ੍ਰਭੂ ਦੇ ਬੇੜੇ, ਨਈਆ ਦੀ ਲੋੜ ਰਹੇ ਨਾ ਰਾਈਆ । ਅਗੇ ਪਿਛੇ ਦੇ ਮੁਕ ਜਾਣ ਝੇੜੇ, ਝਗੜਾ ਚੁਕੇ ਜਗਤ ਲੋਕਾਈਆ । ਜਾਣਾ ਪਵੇ ਨਾ ਸਾਧਾਂ ਦੇ ਡੇਰੇ, ਸਾਧਾਂ ਦੇ ਸਾਧ ਤੁਹਾਨੂੰ ਦਏ ਬਣਾਈਆ । ਦੂਰ ਦੁਰਾਡਾ ਵੇਖ ਨੇੜੇ, ਨਿਜ ਨੇਤਰ ਦਰਸ ਆਪਣਾ ਦਏ ਕਰਾਈਆ । ਇਹੋ ਬਖ਼ਸ਼ਸ਼ ਇਹੋ ਮਿਹਰੇ, ਮਹਿਬੂਬ ਮੁਹੱਬਤ ਵਿਚ ਜਣਾਈਆ । ਜਨ ਭਗਤੋ ਇਹ ਨਾ ਸਮਝਿਓ ਅਸੀਂ ਐਵੇਂ ਮਾਰਦੇ ਫੇਰੇ, ਆਪਣਾ ਪੰਧ ਗਵਾਈਆ ।


੮੮੭

੮੮੮

ਕੋਟਨ ਕੋਟ ਜੁਗ ਚੌਕੜੀ ਲਭਦੇ ਗਏ ਵਿਚ ਅੰਧੇਰੇ, ਸਾਚਾ ਨੂਰ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਵੇਖ ਵਖਾਈਆ । ਹਾੜ ਕਹੇ ਪ੍ਰਭੂ ਮੈਨੂੰ ਅੰਦਰੋਂ ਮਿਲਿਆ ਇਸ਼ਾਰਾ, ਸੈਨਤ ਨਾਲ ਸਮਝਾਈਆ । ਮੈਨੂੰ ਨਜ਼ਰ ਆ ਗਿਆ ਲੇਖਾ ਜੁਗ ਚਾਰਾ, ਚਾਰੋਂ ਕੁੰਟ ਆਪਣਾ ਰੂਪ ਵਟਾਈਆ । ਗੁਰ ਅਵਤਾਰ ਪੈਗ਼ੰਬਰ ਦਿਸੇ ਤੇਰੇ ਦਰਬਾਰਾ, ਦੋਏ ਜੋੜ ਸੀਸ ਝੁਕਾਈਆ । ਸਾਰੇ ਕਹਿਣ ਪਰਵਰਦਿਗਾਰਾ, ਲਾਸ਼ਰੀਕ ਤੇਰੀ ਵਡਿਆਈਆ । ਮੁਕਾਮੇ ਹਕ ਤੇਰਾ ਵਣਜਾਰਾ, ਸਚਖੰਡ ਤੇਰੀ ਰੁਸ਼ਨਾਈਆ । ਤੂੰ ਸ਼ਾਹੋ ਭੂਪ ਵਡ ਸਿਕਦਾਰਾ, ਸਚ ਸਿੰਘਾਸਣ ਸੋਭਾ ਪਾਈਆ । ਧੰਨ ਭਾਗ ਤੂੰ ਲੋਕਮਾਤ ਆਇਓਂ ਮੇਰੇ ਵਿਚ ਦਿਹਾੜਾ, ਪਹਿਲਾ ਮਾਣ ਦਿਤੀ ਵਡਿਆਈਆ । ਤੇਰੇ ਸੰਮਤ ਦਾ ਸਮੇਂ ਵਾਲਾ ਸਹਾਰਾ, ਸਹਿਜ ਸਹਿਜ ਆਪਣੇ ਨਾਲ ਲੈਣਾ ਝੁਲਾਈਆ । ਸ੍ਰਿਸ਼ਟੀ ਨਾਲੋਂ ਕੀਤਾ ਕਿਨਾਰਾ, ਪਲੂ ਕੂੜਾ ਲਿਆ ਛੁਡਾਈਆ । ਤੇਰੇ ਭਗਤਾਂ ਦਾ ਬਣ ਵਣਜਾਰਾ, ਸਾਚਾ ਵਣਜ ਇਕੋ ਆਪਣੀ ਝੋਲੀ ਪਾਈਆ । ਕਰਨਾ ਉਹਨਾਂ ਦਾ ਉਹ ਦੀਦਾਰਾ, ਜਿਸ ਦੀਦਾਰ ਨਾਲ ਤੇਰੇ ਅੰਦਰ ਰਹੇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪਹਿਲੀ ਹਾੜ ਕਹੇ ਕਿਉਂ ਮੇਰਾ ਮਾਣ ਹੋਇਆ ਹਾੜ ਸਤਾਰਾਂ, ਸਤਹ ਜ਼ਮੀਨ ਉਤੇ ਵਡਿਆਈਆ । ਪੁਰਖ ਅਕਾਲ ਕਿਹਾ ਇਹ ਵਿਸ਼ਨ ਬ੍ਰਹਮਾ ਸ਼ਿਵ ਨਾਲ ਮੇਰਾ ਉਧਾਰਾ, ਆਦਿ ਆਦਿ ਦਿਤਾ ਸਮਝਾਈਆ । ਜਿਸ ਵੇਲੇ ਇਕ ਸੱਤ ਦਾ ਮੇਲ ਹੋਵੇ ਸੰਸਾਰਾ, ਸ੍ਰਿਸ਼ਟ ਦੀ ਅਗਨੀ ਦਏ ਬੁਝਾਈਆ । ਸੋ ਵੇਲਾ ਵਕਤ ਸਭ ਤੋਂ ਨਿਆਰਾ, ਤੱਤਵ ਤੱਤਾਂ ਵਿਚ ਸਮਾਈਆ । ਭਗਤਾਂ ਦਾ ਜਨਮ ਦੁਆ ਕੇ ਬਣਿਆ ਆਪ ਰਖਵਾਰਾ, ਸੇਵਕ ਹੋ ਕੇ ਸੇਵ ਕਮਾਈਆ । ਨੀਂਹ ਰਖਾ ਕੇ ਵਿਚ ਸੰਸਾਰਾ, ਜੜ੍ਹ ਆਪਣੀ ਆਪ ਟਿਕਾਈਆ । ਨੌਂ ਸਾਲ ਬੈਠਾ ਰਿਹਾ ਕਰ ਕੇ ਕਿਨਾਰਾ, ਪੜਦਾ ਓਹਲਾ ਆਪਣੇ ਵਿਚ ਟਿਕਾਈਆ । ਵੀਹ ਸੌ ਇੱਕੀ ਦਾ ਲੇਖਾ ਦੇ ਕੇ ਗੁਰ ਅਵਤਾਰਾ, ਪੀਰ ਪੈਗ਼ੰਬਰਾਂ ਲਹਿਣਾ ਝੋਲੀ ਪਾਈਆ । ਧੁਰ ਦਾ ਸੰਮਤ ਕਰ ਉਜਿਆਰਾ, ਸਮਾਂ ਸਾਰਾ ਦਏ ਬਦਲਾਈਆ । ਸਭ ਤੋਂ ਵਖਰਾ ਭਗਤਾਂ ਦਾ ਵਿਵਹਾਰਾ, ਵਿਵਹਾਰੀ ਹੋ ਕੇ ਆਪ ਕਰਾਈਆ । ਕਿਸੇ ਨੂੰ ਭੇਤ ਨਹੀਂ ਕੀ ਖੇਲ ਕਰੇ ਨਿਰੰਕਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਸਕੇ ਨਾ ਕੋਇ ਸਮਝਾਈਆ । ਕਿਉਂ ਭਗਤਾਂ ਦੀ ਬਾਹਰੋਂ ਰੱਖੇਂ ਸਫ਼ੈਦ ਧਾਰਾ, ਚਿੱਟੇ ਬਸਤਰਾਂ ਨਾਲ ਕਰਾਈਆ । ਇਹ ਮੰਗੀ ਮੰਗ ਨਾਨਕ ਨਿਰਗੁਣ ਸਰਗੁਣ ਸਚ ਦਵਾਰਾ, ਬੇਨੰਤੀ ਦੋਏ ਜੋੜ ਅਰਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਪਰਗਟਾਈਆ । ਹਾੜ ਕਹੇ ਕੀ ਨਾਨਕ ਮੰਗੀ ਮੰਗ, ਪ੍ਰਭ ਮੈਨੂੰ ਦੇ ਸਮਝਾਈਆ । ਮੈਂ ਅੰਦਰੋਂ ਹੋਇਆ ਦੰਗ, ਹੈਰਾਨੀ ਅੰਦਰੋਂ ਸੁਣ ਕੇ ਮੈਨੂੰ ਰਹੀ ਜਣਾਈਆ । ਕਿਉਂ ਕਲਜੁਗ ਰਿਹਾ ਲੰਘ, ਆਪਣਾ ਪੰਧ ਮੁਕਾਈਆ । ਕਿਉਂ ਪਰਗਟ ਹੋਇਆ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਕਿਉਂ ਭਗਤਾਂ ਦੇਵਣ ਆਇਆ ਅਨੰਦ, ਅਨੰਦ ਆਪਣੇ ਵਿਚੋਂ ਪਰਗਟਾਈਆ । ਕਿਉਂ ਗੁਰਮੁਖ ਚਾੜ੍ਹਨ ਆਇਆ ਚੰਦ, ਸਚ ਕਰੇ ਰੁਸ਼ਨਾਈਆ । ਕਿਉਂ ਮੇਟਣ ਆਇਆ ਭੇਖ ਪਖੰਡ, ਕੂੜੀ ਕਿਰਿਆ ਡੇਰਾ ਢਾਹੀਆ । ਕਿਉਂ ਡੋਰੀ ਨਾਲ ਬੰਧਾਵਣ ਆਇਆ ਤੰਦ, ਲੜੀ ਲੜੀ ਨਾਲ ਬੰਧਾਈਆ । ਕਿਉਂ ਭੇਵ ਖੁਲ੍ਹਾਵਣ ਆਇਆ ਹੰ ਬ੍ਰਹਮ, ਹੰ ਬ੍ਰਹਮ ਆਪ ਸਮਝਾਈਆ । ਪੁਰਖ ਅਕਾਲ ਨਹੀਂ ਪਿਆ ਜੰਮ, ਜੋਤੀ ਧਾਰ ਕਰੇ ਰੁਸ਼ਨਾਈਆ । ਕਿਉਂ ਪਿਆ ਇਹੋ ਜਿਹਾ ਕੰਮ, ਕਰਨੀ ਕਰਤਾ ਆਪਣੀ ਕਾਰ ਕਮਾਈਆ । ਨਾ ਕੋਈ ਹਰਖ਼ ਨਾ ਕੋਇ

ਗ਼ਮ, ਚਿੰਤਾ ਸੋਗ ਨਾ ਕੋਇ ਜਣਾਈਆ । ਕਿਉਂ ਭਾਗ ਲਗਾਵਣ ਲੱਗਾ ਕਾਇਆ ਮਾਟੀ ਤਨ, ਤੱਤਾਂ ਵਿਚ ਖ਼ੁਸ਼ੀ ਮਨਾਈਆ । ਨਾਨਕ ਨਿਰਗੁਣ ਕਿਹਾ ਮੈਂ ਕਰਾਂ ਧੰਨ ਧੰਨ, ਸਰਗੁਣ ਨਾਨਕ ਮਿਲ ਕੇ ਖ਼ੁਸ਼ੀ ਮਨਾਈਆ । ਮਿਹਰਵਾਨ ਹੋ ਕੇ ਪ੍ਰਭੂ ਜਨ ਭਗਤਾਂ ਬੇੜਾ ਰਿਹਾ ਬੰਨ੍ਹ, ਬੰਨ੍ਹ ਕੇ ਆਪਣੇ ਕੰਧ ਉਠਾਈਆ । ਸਤਿ ਧਰਮ ਦੇ ਸਚ ਚੜ੍ਹਾ ਕੇ ਚੰਨ, ਸੂਤਰਧਾਰੀ ਸੋਬਤ ਨਾਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹਾੜ ਕਹੇ ਕਿਉਂ ਪਹਿਨੇ ਬਸਤਰ, ਚਿੱਟੀ ਧਾਰ ਉਪਜਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਗੋਬਿੰਦ ਤਨ ਸੁਹਾਇਆ ਸ਼ਸਤਰ, ਪੁਰਖ ਅਕਾਲ ਧਿਆਨ ਲਗਾਈਆ । ਉਸ ਦੇ ਅੰਦਰੋਂ ਫੁਰਿਆ ਇਕੋ ਮੰਤਰ, ਸੋਹੰ ਢੋਲਾ ਗਾਈਆ । ਸ਼ਬਦੀ ਆਵਾਜ਼ ਆਈ ਨਿਰੰਤਰ, ਧੁਰ ਸੰਦੇਸ਼ ਸੁਣਾਈਆ । ਭਗਤ ਬਨਾਉਂਣੀ ਬਣਤਰ, ਲੋਕਮਾਤ ਵੱਜੇ ਵਧਾਈਆ । ਜਿਸ ਨੂੰ ਗੁਰਮੁਖ ਹੰਸ ਕਹਿੰਦੇ ਸੰਤਨ, ਸੋ ਸਾਹਿਬ ਸਵਾਮੀ ਵੇਖ ਵਖਾਈਆ । ਜਿਸ ਨੇ ਲੇਖਾ ਮੁਕਾਉਂਣਾ ਨਵ ਨੌ ਤਨ, ਪੰਚਮ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਜਿਸ ਵੇਲੇ ਗੋਬਿੰਦ ਸ਼ਸਤਰ ਕੀਤਾ ਪਿਆਰ, ਕਮਰਕਸਾ ਤਨ ਕਸਾਈਆ । ਚਿੱਟੇ ਬਸਤਰ ਰਖ ਕੇ ਧਾਰ, ਪੁਰਖ ਅਕਾਲ ਸੀਸ ਨਿਵਾਈਆ । ਮੈਂ ਸੇਵਾ ਕਰਾਂ ਬਣ ਕੇ ਸੇਵਾਦਾਰ, ਵਸਤ ਅਮੋਲਕ ਮੰਗ ਮੰਗਾਈਆ । ਮੀਤ ਮੁਰਾਰਾ ਤੇਰਾ ਬਣਾਂ ਯਾਰ, ਦੂਜੀ ਸੇਜ ਨਾ ਕੋਇ ਹੰਢਾਈਆ । ਪੁਰਖ ਅਕਾਲ ਕਰ ਪਿਆਰ, ਧੁਰ ਫ਼ਰਮਾਨ ਦਿਤਾ ਜਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਵਿਹਾਰ, ਦੂਜਾ ਸਮਝ ਸਕੇ ਨਾ ਰਾਈਆ । ਗੋਬਿੰਦ ਸੁਣ ਨਾਲ ਪਿਆਰ, ਧੁਰ ਫ਼ਰਮਾਨ ਇਕ ਦ੍ਰਿੜਾਈਆ । ਜਿਸ ਵੇਲੇ ਆਵਾਂ ਹੋ ਕੇ ਮਿਹਰਵਾਨ, ਲੋਕਮਾਤ ਫੇਰਾ ਪਾਈਆ । ਜਨ ਭਗਤਾਂ ਦੇਵਾਂ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਜਿਹੜੀ ਪ੍ਰੇਮ ਦੀ ਬਖ਼ਸ਼ੀ ਤੈਨੂੰ ਕਿਰਪਾਨ, ਕਿਰਪਾ ਨਿਧਾਨ ਦਿਤੀ ਵਡਿਆਈਆ । ਇਸ ਦਾ ਅਗਲਾ ਖੇਲ ਮਹਾਨ, ਭੇਵ ਅਭੇਵ ਵਿਚ ਸਮਝਾਈਆ । ਮੇਰੇ ਭਗਤਾਂ ਨੂੰ ਲੋੜ ਰਹੇ ਨਾ ਜਗਤ ਕੋਇ ਨਿਸ਼ਾਨ, ਨਿਸ਼ਾਨਾ ਇਕੋ ਦਿਆਂ ਲਗਾਈਆ । ਤੇਰੇ ਬਸਤਰ ਚਿੱਟੇ ਉਹਨਾਂ ਨੂੰ ਕਰਾਂ ਪਰਵਾਨ, ਪਰਵਾਨੇ ਧੁਰ ਦੇ ਦਿਆਂ ਜਣਾਈਆ । ਇਕ ਦਵਾਰੇ ਤੇ ਇਕੋ ਰੰਗ ਨਜ਼ਰ ਆਏ ਭਗਤ ਭਗਵਾਨ, ਦੂਜਾ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਧੁਰ ਦੇ ਵੇਖ ਵਖਾਈਆ । ਗੋਬਿੰਦ ਕਿਹਾ ਕੀ ਪ੍ਰਭੂ ਇਹ ਸਚ, ਸਚ ਦੇ ਦ੍ਰਿੜਾਈਆ । ਪੁਰਖ ਅਕਾਲ ਪਿਆ ਹਸ, ਗੋਬਿੰਦ ਇਹ ਵੀ ਤੇਰੇ ਹੱਥ ਵਡਿਆਈਆ । ਤੂੰ ਮੇਰਾ ਮਾਨਣਾ ਰਸ, ਰਸਤਾ ਇਕੋ ਨੂਰ ਖ਼ੁਦਾਈਆ । ਮੇਰੇ ਭਗਤਾਂ ਦਾ ਤੇਰਾ ਸਾਥ, ਦੋਹਾਂ ਦੀ ਹੋਏ ਨਾ ਕੋਇ ਜੁਦਾਈਆ । ਮੈਂ ਤੱਕਣਾ ਤੇਰੀ ਅੱਖ, ਆਪਣੀ ਅੱਖ ਨਾ ਕੋਇ ਵਡਿਆਈਆ । ਤੇਰੇ ਗੁਰਮੁਖਾਂ ਨੂੰ ਕਰ ਕੇ ਸਭ ਤੋਂ ਵਖ, ਵਾਸਤਾ ਆਪਣੇ ਨਾਲ ਜਣਾਈਆ । ਧੁਰ ਦਾ ਮਾਰਗ ਇਕੋ ਦੱਸ, ਦਹਿ ਦਿਸ਼ਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਕੀ ਪ੍ਰਭੂ ਉਹ ਕਪੜੇ ਹੋਣ ਚਿੱਟੇ, ਤਾਣੇ ਪੇਟੇ ਵਾਲੇ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਨਹੀਂ ਇਹ ਨਿਸ਼ਾਨੀ ਜੋ ਮੇਰੇ ਹੱਟ ਵਿਕੇ, ਦੂਜੇ ਸੀਸ ਨਾ ਕੋਇ ਨਿਵਾਈਆ । ਦੂਰ ਦੁਰਾਡੇ ਸਭ ਨੂੰ ਦਿੱਸਣ ਵੱਡੇ ਨਿੱਕੇ, ਜਿਨ੍ਹਾਂ ਦਾ ਮਾਲਕ ਬੇਪਰਵਾਹੀਆ । ਜਿਨ੍ਹਾਂ ਨੂੰ ਅੰਦਰੋਂ ਬਾਹਰੋਂ ਇਕੋ ਪੁਰਖ ਅਕਾਲ ਦਿਸੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਦਾ ਇਹਨਾਂ


੮੮੯

੮੯੦

ਦੇ ਅਗੇ ਪਿਛੇ, ਰਾਤੀਂ ਸੁੱਤਿਆਂ ਦੀ ਸੇਵ ਕਮਾਈਆ । ਇਹ ਉਸ ਦੀ ਗੋਦੀ ਕੁੱਖੇ, ਜਿਸ ਵਿਚੋਂ ਬਾਹਰ ਨਾ ਕੋਇ ਕਢਾਈਆ । ਦੁਨੀਆ ਦੇ ਰਸ ਛਡ ਕੇ ਫ਼ਿਕੇ, ਅੰਮ੍ਰਿਤ ਜਾਮ ਪੀ ਕੇ ਜਮਨਾ ਸੁਰਸਤੀ ਗੰਗਾ ਗੋਦਾਵਰੀ ਜਲ ਗਏ ਤਜਾਈਆ । ਜਿਨ੍ਹਾਂ ਦੇ ਸੋਹਣੇ ਲਗਦੇ ਜੁੱਸੇ, ਜਿਸਮ ਨਾਲ ਚਤੁਰਾਈਆ । ਉਹ ਸਮਝ ਲਵੇ ਆਪਣੇ ਮਾਰਗ ਤੋਂ ਨਹੀਂ ਘੁੱਥੇ, ਭਗਤ ਭਗਵਾਨ ਮਿਲਣ ਚਾਈਂ ਚਾਈਂਆ । ਜਿਨ੍ਹਾਂ ਨੂੰ ਬਾਹਰੋਂ ਬਣਾਇਆ ਸੁੱਚੇ, ਉਹਨਾਂ ਦੀ ਅੰਦਰੋਂ ਬਾਹਰੋਂ ਕਰੇ ਸਫ਼ਾਈਆ । ਅਗੇ ਭਗਤਾਂ ਵਿਚ ਰਹਿਣ ਨਾ ਦੇਣੇ ਗ਼ੁੱਸੇ, ਗੁਰਮੁਖ ਨਾਲ ਗੁਰਮੁਖ ਕਰੇ ਨਾ ਕੋਇ ਲੜਾਈਆ । ਦੂਈ ਦਵੈਤੀ ਅੰਦਰੋਂ ਫੜ ਕੇ ਕੁੱਟੇ, ਟੋਟੇ ਦਏ ਕਰਾਈਆ । ਪ੍ਰੇਮੀ ਪਿਆਰਿਆਂ ਆਪਣੀ ਗੋਦੀ ਚੁੱਕੇ, ਬਿਨਾ ਭੁਜਾਂ ਆਪਣੀ ਗੋਦੀ ਲਏ ਉਠਾਈਆ । ਸਵਰਗ ਬਹਿਸ਼ਤ ਵਿਚ ਕਦੇ ਨਾ ਸੁੱਤੇ, ਸਚਖੰਡ ਦਵਾਰੇ ਸਹਿਜੇ ਦਏ ਟਿਕਾਈਆ । ਜਿਨ੍ਹਾਂ ਨੇ ਬਸਤਰ ਪਾਏ ਚਿੱਟੇ, ਏਥੇ ਓਥੇ ਜਾਣ ਨਾ ਲੁੱਟੇ, ਜਗਤ ਲੁਟੇਰਾ ਨਜ਼ਰ ਕੋਇ ਨਾ ਆਈਆ । ਉਹ ਪ੍ਰਭ ਦੀ ਧਾਰੋਂ ਫੁੱਟੇ, ਅੰਤ ਪ੍ਰਭ ਧਾਰਾ ਵਿਚ ਸਮਾਈਆ । ਉਹਨਾਂ ਦੀ ਡੋਰ ਕਦੇ ਨਾ ਟੁੱਟੇ, ਜਿਨ ਪ੍ਰੀਤੀ ਇਕੋ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ । ਚਿੱਟਾ ਬਸਤਰ ਕਹੇ ਮੇਰਾ ਵੇਖਿਓ ਨਾ ਕੋਇ ਰੰਗ, ਮੈਂ ਸਭ ਨੂੰ ਦਿਆਂ ਸਮਝਾਈਆ । ਚਿੱਟਾ ਕਰਨ ਦਾ ਇਕੋ ਕੇਲ ਢੰਗ, ਜੋ ਜੁਗ ਚੌਕੜੀ ਤਰੀਕੇ ਸਭ ਨੂੰ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਮੰਗ, ਵਿਸ਼ਨ ਬ੍ਰਹਮਾ ਸ਼ਿਵ ਝੋਲੀਆਂ ਰਹੇ ਡਾਹੀਆ । ਉਹ ਦਾਤਾ ਦਾਨੀ ਸੂਰਾ ਸਰਬੰਗ, ਦੇਵਣਹਾਰ ਇਕ ਅਖਵਾਈਆ । ਜਿਨ੍ਹਾਂ ਭਗਤਾਂ ਨਾਲ ਹੋ ਗਿਆ ਇਕ ਸੰਗ, ਉਹਨਾਂ ਦੇਵੇ ਮਾਣ ਵਡਿਆਈਆ । ਜਨਮ ਜਨਮ ਦਾ ਮੇਟ ਕੇ ਪੰਧ, ਵਿਛੋੜਾ ਅਗਲਾ ਦਏ ਮੁਕਾਈਆ । ਤੰਦ ਨਾਲ ਜੋੜ ਕੇ ਤੰਦ, ਸੋਹਣੀ ਤਾਰ ਦਏ ਵਖਾਈਆ । ਸਚ ਪ੍ਰੇਮ ਦਾ ਦੇ ਕੇ ਅਨੰਦ, ਪਰਮਾਨੰਦ ਵਿਚ ਸਮਾਈਆ । ਧੁਰ ਦੀ ਪਾ ਕੇ ਗੰਢ, ਨਾਤਾ ਆਪਣੇ ਨਾਲ ਰਖਾਈਆ । ਹਾੜ ਕਹੇ ਮੇਰੀ ਇਹੋ ਸੱਚੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਭੂ ਭਗਤਾਂ ਦੀ ਮਾਣ ਸੇਜ ਪਲੰਘ, ਆਤਮ ਅੰਤਰ ਸੋਭਾ ਪਾਈਆ । ਝਗੜਾ ਚੁਕਾ ਦੇ ਭੇਖ ਪਖੰਡ, ਕੂੜੀ ਕਿਰਿਆ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਇਕ ਸਮਝਾਈਆ । ਸੱਚਾ ਦਰ ਦੱਸ ਦੇ ਦਰਦੀ, ਦਿਲਦਾਰ ਤੇਰੀ ਸਰਨਾਈਆ । ਕਲਜੁਗ ਵੇਖ ਅੰਧੇਰ ਗਰਦੀ, ਕੂੜੀ ਕਿਰਿਆ ਦੇ ਖਪਾਈਆ । ਤੇਰੀ ਪ੍ਰੇਮਣ ਵੈਰਾਗਾਂ ਵਿਚ ਮਰਦੀ, ਪ੍ਰੇਮ ਪਿਆਸੀ ਗੁਰਮੁਖ ਦਾਸੀ ਦਏ ਦੁਹਾਈਆ । ਸਦਾ ਸਦਾ ਤੇਰੇ ਭੈ ਵਿਚ ਡਰਦੀ, ਆਪਣਾ ਆਪ ਨਾ ਸਕੇ ਉਠਾਈਆ । ਤੂੰਹੀ ਤੂੰਹੀ ਤੂੰਹੀ ਕਰਦੀ, ਕ਼ਦਮ ਕ਼ਦਮ ਨਾਲ ਧਿਆਈਆ । ਪਹਿਲੀ ਹਾੜ ਕਹੇ ਮੇਰੀ ਅਰਜ਼ੀ, ਤੇਰੇ ਅਗੇ ਦਿਤੀ ਟਿਕਾਈਆ । ਵੇਖੀਂ ਕਰੀਂ ਨਾ ਆਪਣੀ ਮਰਜ਼ੀ, ਮੰਜ਼ਲ ਭਗਤਾਂ ਦੇਣੀ ਚੁਕਾਈਆ । ਹਾੜ ਵਿਚ ਰਹੇ ਨਾ ਕੋਈ ਗਰਮੀ, ਜਗਤ ਤਪਸ਼ ਦੇਣੀ ਬੁਝਾਈਆ । ਪੋਹ ਵਿਚ ਨਾ ਕੋਇ ਸਰਦੀ, ਇਕੋ ਰੰਗ ਦੇਣਾ ਚਮਕਾਈਆ । ਇਹੋ ਖੇਲ ਤੇਰੀ ਹਰਿ ਦੀ, ਹਰੀਦਵਾਰ ਦੇਣਾ ਸਮਝਾਈਆ । ਤਾਕੀ ਖੋਲ੍ਹਣੀ ਗੁਰਮੁਖ ਘਰ ਦੀ, ਪਰਦਾ ਆਪ ਉਠਾਈਆ । ਜੋਤ ਨਜ਼ਰੀ ਆਏ ਨਰਾਇਣ ਨਰ ਦੀ, ਨੂਰੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣੀ ਸਚ ਸਰਨਾਈਆ । ਸਚ ਸਰਨਾਈ ਬਖ਼ਸ਼ਣੀ ਏਕ, ਇਕੋ ਮੰਗ ਮੰਗਾਈਆ । ਹਾੜ ਕਹੇ ਪ੍ਰਭ ਤੇਰੀ ਟੇਕ, ਟਿੱਕਾ ਮਸਤਕ ਦੇਣਾ ਲਗਾਈਆ । ਭਗਤਾਂ ਕਰ ਕੇ ਬੁਧਿ ਬਿਬੇਕ, ਆਪਣਾ

ਆਪ ਦੇਣਾ ਸਮਝਾਈਆ । ਕੋਝੇ ਕਮਲੇ ਬਣ ਜਾਣ ਨੇਕ, ਮੂਰਖ ਮੂੜ ਮਿਲੇ ਵਡਿਆਈਆ । ਤ੍ਰੈਗੁਣ ਮਾਇਆ ਨਾ ਲਗੇ ਸੇਕ, ਅਗਨੀ ਤੱਤ ਨਾ ਕੋਇ ਜਲਾਈਆ । ਸੀਸ ਨਿਵੇਂ ਨਾ ਕਿਸੇ ਭੇਖ, ਇਸ਼ਟ ਅਵਰਾ ਨਾ ਕੋਇ ਸਮਝਾਈਆ । ਸਚ ਅਗੰਮਾ ਵਖਾਉਣਾ ਅਗੰਮੀ ਦੇਸ਼, ਜਿਸ ਘਰ ਬੈਠਾ ਸੋਭਾ ਪਾਈਆ । ਮਾਲਕ ਹੋ ਕੇ ਨਰ ਨਰੇਸ਼, ਧੁਰ ਦਾ ਹੁਕਮ ਦੇਣਾ ਸਮਝਾਈਆ । ਆਪਣਾ ਦੱਸ ਕੇ ਅਵੱਲੜਾ ਵੇਸ, ਭੇਵ ਅਭੇਦਾ ਦੇਣਾ ਸਮਝਾਈਆ । ਪਹਿਲੀ ਹਾੜ ਕਹੇ ਮੈਂ ਭਗਤਾਂ ਦੇਣਾ ਸੰਦੇਸ਼, ਘਰ ਘਰ ਫੇਰਾ ਪਾਈਆ । ਸਤਾਰਾਂ ਹਾੜ ਫੇਰ ਹੋਵਾਂ ਆ ਕੇ ਪੇਸ਼, ਸਭ ਦੀ ਪੇਸ਼ੀ ਦਿਆਂ ਸੁਣਾਈਆ । ਪ੍ਰਭੂ ਕਿਹੜਾ ਤੇਰੇ ਨਾਲ ਕਰੇ ਹੇਤ, ਕਿਹੜਾ ਮਤਲਬੀ ਰਿਹਾ ਧਿਆਈਆ । ਕਿਹੜਾ ਤੇਰਾ ਲੈਣ ਆਉਂਦਾ ਭੇਤ, ਐਵੇ ਨਿਉਂ ਨਿਉਂ ਮੱਥੇ ਗਿਆ ਟਿਕਾਈਆ । ਕਿਹੜਾ ਵੇਖਣ ਆਉਂਦਾ ਖੇਲ, ਕੀ ਭੇਖ ਪਖੰਡ ਰਚਨਾ ਰਿਹਾ ਰਚਾਈਆ । ਕਿਹੜਾ ਅੰਤਰ ਆਤਮ ਰਖਕੇ ਬੈਠਾ ਸਾਚੀ ਟੇਕ, ਟਿਕਟਿਕੀ ਇਕੋ ਨਾਲ ਲਗਾਈਆ । ਕਿਹੜਾ ਚੇਤਨ ਹੋ ਕੇ ਰਿਹਾ ਚੇਤ, ਮਨ ਵਾਸਨਾ ਨਾ ਕੋਇ ਹਲਕਾਈਆ । ਸਾਰਿਆਂ ਦੇ ਅੰਦਰਲਾ ਸੋਲਾਂ ਦਿਨਾਂ ਵਿਚ ਲੈ ਕੇ ਭੇਦ, ਨੌ ਖੰਡ ਪ੍ਰਿਥਮੀ ਸਤ ਦੀਪ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੈਣਾ ਲੇਖੇ ਲਾਈਆ । ਹਾੜ ਸਤਾਰਾਂ ਕਹੇ ਪਹਿਲੀ ਹਾੜ ਨਾ ਕਰੀਂ ਚਲਾਕੀ, ਤੈਨੂੰ ਰਿਹਾ ਸਮਝਾਈਆ । ਬੁਤਖ਼ਾਨੇ ਵੇਖੀਂ ਖ਼ਾਕੀ, ਘਰ ਘਰ ਫੇਰਾ ਪਾਈਆ । ਕਿਹੜਾ ਪ੍ਰਭ ਦਾ ਸੱਚਾ ਸਾਥੀ, ਸੱਜਣ ਰੂਪ ਵਟਾਈਆ । ਕਿਹੜਾ ਖੋਲ੍ਹ ਕੇ ਬੈਠਾ ਤਾਕੀ, ਅੰਦਰੇ ਅੰਦਰ ਧਿਆਨ ਰਖਾਈਆ । ਕਿਹੜਾ ਮਨ ਨੂੰ ਕਰਕੇ ਆਕੀ, ਬਾਹਰੋਂ ਦਏ ਸੁਹਾਈਆ । ਕਿਹੜਾ ਆਤਮ ਸੇਜਾ ਸੁੱਤਾ ਖਾਟੀ, ਸਚ ਸਿੰਘਾਸਣ ਡੇਰਾ ਲਾਈਆ । ਕਿਹੜਾ ਦਰਸ਼ਨ ਕਰੇ ਰਾਤੀਂ, ਪਰਭਾਤੀ ਰੂਪ ਵਟਾਈਆ । ਕਿਹੜਾ ਖੇਲ ਕਰੇ ਗੱਲੀ ਬਾਤੀਂ, ਜਗਤ ਨਾਤੇ ਖ਼ੁਸ਼ੀ ਮਨਾਈਆ । ਕਿਹੜਾ ਸੰਗੀ ਬਣੇ ਸਾਥੀ, ਵਿਦਿਆ ਨਾਲ ਲੜਾਈਆ । ਕਿਹੜਾ ਚੜ੍ਹੇ ਮੰਜ਼ਲ ਘਾਟੀ, ਬੈਠਾ ਪੰਧ ਮੁਕਾਈਆ । ਕਿਹੜਾ ਰਾਹ ਤੱਕੇ ਕਮਲਾਪਾਤੀ, ਨਿਜ ਨੇਤਰ ਨੈਣ ਖੁਲ੍ਹਾਈਆ । ਕਿਹੜਾ ਗੁਰਮੁਖ ਲੱਗਾ ਸੀਨੇ ਛਾਤੀ, ਆਪ ਆਪਣਾ ਗਿਆ ਮਿਟਾਈਆ । ਕਿਹੜਾ ਹੋਇਆ ਪਾਕ ਪਾਕੀ, ਪਵਿੱਤ ਦੇਣਾ ਸਮਝਾਈਆ । ਕਿਹੜਾ ਬਦਲ ਬੈਠਾ ਹਯਾਤੀ, ਸ਼ਰਮ ਹਯਾ ਲੋਕਮਾਤ ਵਾਲਾ ਤਜਾਈਆ । ਕਿਹੜਾ ਗੁਰਮੁਖ ਕਟ ਕੇ ਜਮ ਕੀ ਫ਼ਾਸੀ, ਫ਼ੈਸਲਾ ਇਕੋ ਹਕ ਸੁਣਾਈਆ । ਕਿਹੜਾ ਸੇਵਕ ਬਣਿਆ ਦਾਸੀ, ਧੁਰ ਦੀ ਸੇਵਾ ਸਚ ਕਮਾਈਆ । ਸਭ ਦਾ ਲੇਖਾ ਵੇਖ ਕੇ ਦੱਸਣਾ ਬਾਕੀ, ਬਚਿਆ ਰਹਿਣ ਕੋਇ ਨਾ ਪਾਈਆ । ਸਤਾਰਾਂ ਹਾੜ ਸੰਦੇਸ਼ਾ ਦੇਣਾ ਆ ਕੇ ਪਾਤੀ, ਅਭੁਲ ਭੁਲ ਕਦੇ ਨਾ ਜਾਈਆ । ਵੇਖੀਂ ਲਿਹਾਜ ਨਾ ਕਰੀ ਕਿਸੇ ਦਾ ਫੁਫੀ ਮਾਸੀ, ਭੈਣ ਭਾਈ ਸਾਕ ਸੈਣ ਨਾਰ ਪੁਰਖ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪਹਿਲੀ ਹਾੜ ਕਹੇ ਮੈਨੂੰ ਇਉਂ ਦਿਸਦਾ ਜਿਵੇਂ ਸਾਬਤ ਦਿਸਦੇ ਅੱਧੇ, ਅੱਧੇ ਡਾਵਾਂ ਡੋਲ ਨਜ਼ਰੀ ਆਈਆ । ਕੁਝ ਖਾਂਦੇ ਫਿਰਦੇ ਧੱਕੇ, ਸੰਭਲ ਆਪਣਾ ਨਾ ਕ਼ਦਮ ਟਿਕਾਈਆ । ਕੁਛ ਦਿੱਸਦੇ ਹੱਕੇ ਬੱਕੇ, ਹੈਰਾਨੀ ਅੰਦਰੋਂ ਰਹੀ ਸਤਾਈਆ । ਕੁਝ ਜਗਤ ਵਿਹਾਰਾਂ ਕਾਰਨ ਫਿਰਦੇ ਨੱਠੇ, ਪੁਤਰ ਧੀਆਂ ਨੈਣ ਉਠਾਈਆ । ਕੁਝ ਧਨ ਦੌਲਤ ਪਿਛੇ ਕ਼ਦਮਾਂ ਉਤੇ ਢੱਠੇ, ਜਗਤ ਸੀਸ ਰਹੇ ਨਿਵਾਈਆ । ਕੋਈ ਦੁੱਖਾਂ ਕਾਰਨ ਧੂੜੀ ਰਹੇ ਚੱਟੇ, ਰਸ ਜ਼ਬਾਨ ਨਾਲ ਲਗਾਈਆ । ਪ੍ਰਭੂ ਦੇ ਪ੍ਰੇਮ ਪਿਆਰ ਵਾਲੇ ਕਿਹੜੇ ਸਕੇ, ਸਾਰੇ ਵੇਖਣੇ ਥਾਉਂ ਥਾਈਆ । ਮੇਰੇ ਕੋਲ

੮੯੧

ਸਭ ਦੇ ਵਖਰੇ ਵਖਰੇ ਖ਼ਾਤੇ, ਖ਼ਤਾ ਵਿਚ ਕਦੇ ਨਾ ਆਈਆ । ਜਿਹੜੇ ਮਤਲਬ ਲਈ ਗਾਂਦੇ ਢੋਲੇ, ਉਚੀ ਉਚੀ ਸੁਣਾਈਆ । ਜਿਹੜੇ ਲੋਕ ਲਜਿਆ ਵੇਖ ਸ਼ਰਮਾਦੇ, ਸੀਸ ਨਿਵਾਉਣੋਂ ਮੁਖ ਭੁਆਈਆ । ਜਿਹੜੇ ਗੁਰਮੁਖ ਪ੍ਰੇਮ ਪ੍ਰੀਤੀ ਅੰਦਰ ਆਪਣਾ ਆਪ ਮਟਾਂਦੇ, ਤਨ ਮਾਟੀ ਖ਼ਾਕੀ ਭੇਟ ਚੜ੍ਹਾਈਆ । ਉਹਨਾਂ ਦੇ ਵਿਸ਼ਨ ਬ੍ਰਹਮਾ ਸ਼ਿਵ ਦਰਸ਼ਨ ਪਾਂਦੇ, ਨੇਤਰ ਨੈਣ ਅੱਖ ਖੁਲ੍ਹਾਈਆ । ਹਾੜ ਕਹੇ ਮੈਂ ਵੇਖਣੇ ਥੱਕੇ ਮਾਂਦੇ, ਦਰ ਦਰ ਘਰ ਘਰ ਖੋਜ ਖੁਜਾਈਆ । ਉਹ ਵੀ ਤਕਣੇ ਜਿਹੜੇ ਮੰਗਦੇ ਪਸ਼ੂ ਢਾਂਡੇ, ਪ੍ਰੀਤ ਢੋਰਾਂ ਨਾਲ ਲਗਾਈਆ । ਉਹ ਵੀ ਵੇਖਣੇ ਜਿਹੜੇ ਕਹਿੰਦੇ ਸਾਡੇ ਮਰ ਜਾਣ ਗੁਆਂਢੇ, ਦੌਲਤ ਕਾਰਨ ਦੇਣ ਦੁਹਾਈਆ । ਉਹ ਵੀ ਵੇਖਣੇ ਜਿਹੜੇ ਆਏ ਦੂਲ੍ਹਿਆਂ ਦੇ ਬਾਂਦੇ, ਓਪਰਾ ਓਪਰਾ ਸੀਸ ਨਿਵਾਈਆ । ਹੁਣ ਬਿਨਾ ਕੰਤ ਸੁਹਾਗ ਤੋਂ ਕਿਸੇ ਦੀ ਗੁਤ ਨਾਲ ਰਹਿਣ ਨਹੀਂ ਦੇਣੇ ਲਾਲ ਪਰਾਂਦੇ, ਰੰਡੇਪਾ ਘਰ ਘਰ ਦੇਣਾ ਵਖਾਈਆ । ਗੁਰਮੁਖੋ ਸਮਝਿਓ ਕੋਇ ਨਾ ਪਾਂਧੇ, ਜੋ ਪਤਰੀ ਵਾਚ ਕੇ ਰਿਹਾ ਸੁਣਾਈਆ । ਕੋਈ ਖੇਲ ਨਹੀਂ ਮੁੱਲਾ ਵਾਲਾ ਬਾਂਗੇ, ਜੋ ਕੂਕ ਕੂਕ ਦਏ ਦੁਹਾਈਆ । ਕੋਈ ਖੇਲ ਨਹੀਂ ਜੋ ਸਮਝ ਲਏ ਸੁਆਂਗੇ, ਭੇਖੀ ਆਪਣਾ ਭੇਖ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪਹਿਲੀ ਹਾੜ ਕਹੇ ਮੈਂ ਉਹ ਵੀ ਤਕਣੇ, ਘਰ ਘਰ ਫੇਰਾ ਪਾਈਆ । ਜਿਹੜੇ ਅੰਦਰੋਂ ਪ੍ਰੇਮ ਪ੍ਰੀਤੀ ਸਖਣੇ, ਬਾਹਰੋਂ ਦੇਣ ਸਫਾਈਆ । ਹੁਣ ਪੜਦੇ ਕਿਸੇ ਦੇ ਨਹੀਂ ਢਕਣੇ, ਫੈਸਲੇ ਸਚ ਦੇਣੇ ਸੁਣਾਈਆ । ਪ੍ਰਭੂ ਨੇ ਕਿਹੜੇ ਮੱਖਣਾਂ ਦੇ ਸਵਾਦ ਚਖਣੇ, ਗੋਪੀਆਂ ਨਾਲ ਰਾਸ ਰਚਾਈਆ । ਜਿਹੜਾ ਛਡ ਕੇ ਸਾਥੀ ਵਾਲੇ ਪਟਨੇ, ਪੁਰੀ ਅਨੰਦ ਗਿਆ ਤਜਾਈਆ । ਜਿਸ ਗੋਦਾਵਰੀ ਦੇ ਸਾਥੀ ਰਖਣੇ, ਬਾਕੀਆਂ ਨਾਲ ਕਰੇ ਲੜਾਈਆ । ਪਹਿਲੀ ਹਾੜ ਕਹੇ ਬਹੁਤਿਆਂ ਵਿਚੋਂ ਥੋੜੇ ਬਚਣੇ, ਜਿਨ੍ਹਾਂ ਨੂੰ ਬੱਚਿਆਂ ਵਾਂਗ ਗੋਦ ਉਠਾਈਆ । ਹਾੜ ਸਤਾਰਾਂ ਕਹੇ ਮੈਂ ਪਹਿਲੀ ਵਾਰ ਪਹਿਲੇ ਸੰਮਤ ਵਿਚ ਪਰਖਣੇ, ਖੋਟੇ ਖਰੇ ਅੱਡੋ ਅੱਡ ਕਰਾਈਆ । ਪੁਰਖ ਅਕਾਲ ਕੋਲ ਬੇਗਿਣਤ ਅਨਗਿਣਤ ਰਖਣੇ, ਜਿਸ ਦਾ ਭੇਦ ਕੋਇ ਸਮਝ ਸਕੇ ਨਾ ਰਾਈਆ । ਭਗਤ ਦਵਾਰੇ ਭਗਤ ਭਗਵਾਨ ਦੇ ਉਹ ਵਸਣੇ, ਜਿਹੜੇ ਵਾਸਤਾ ਇਕੋ ਨਾਲ ਜੁੜਾਈਆ । ਇਕੋ ਦੇ ਇਕੋ ਵਾਰ ਢੋਲੇ ਜਪਣੇ, ਦੂਜੀ ਵਾਰ ਹੋਏ ਨਾ ਕੋਇ ਪੜ੍ਹਾਈਆ । ਇਕੋ ਦੇ ਦਵਾਰੇ ਇਕੋ ਦੇ ਘਰ ਬਾਹਰ ਸਾਰੇ ਵਸਣੇ, ਦੂਜੇ ਦੇ ਘਰ ਨਾ ਡੇਰਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਾੜ ਕਹੇ ਮੈਂ ਭਗਤਾਂ ਅਗੇ ਕਢਣਾ ਹਾੜਾ, ਬਹੁੜੀ ਕਰ ਕੇ ਦੇਣਾ ਸੁਣਾਈਆ । ਜਨ ਭਗਤੋ ਵਕਤ ਸੰਭਾਲੋ ਸਤਾਰਾਂ ਹਾੜਾ, ਵੇਲਾ ਗਿਆ ਹੱਥ ਨਾ ਆਈਆ । ਇਕ ਦਿਨ ਪਿਛੇ ਅਗੇ ਰੁਲਣਾ ਨਾ ਪਏ ਉਜਾੜਾ, ਜਨਮ ਜਨਮ ਨਾ ਕੋਇ ਭੁਆਈਆ । ਮੇਲ ਮਿਲ ਜਾਏ ਧੁਰ ਦੇ ਲਾੜਾ, ਸਾਚਾ ਨਾਤਾ ਲਏ ਜੁੜਾਈਆ । ਮੰਜ਼ਲ ਪਾਰ ਹੋਏ ਦੁਸ਼ਵਾਰਾ, ਦੁਸ਼ਮਨ ਦੂਤੀ ਡੇਰਾ ਢਾਹੀਆ । ਮੇਲ ਮਿਲੇ ਇਕ ਨਿਰੰਕਾਰਾ, ਨਿਰਗੁਣ ਨਿਰਗੁਣ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦਾ ਬਣ ਪਿਆਰਾ, ਭਗਵਾਨ ਹੋ ਕੇ ਭਾਗ ਉਹਨਾਂ ਦੀ ਝੋਲੀ ਪਾਈਆ । ਰਾਵੀ ਕਹੇ ਇਹ ਗੁਰਮੁਖਾਂ ਦਾ ਰਵਾ, ਰਵਾਦਾਰ ਨਜ਼ਰ ਕੋਇ ਨਾ ਆਇੰਦਾ । ਜਿਨ੍ਹਾਂ ਨੂੰ ਗੋਬਿੰਦ ਵਡਿਆਈ ਦਿਤੀ ਮੇਰਾ ਇਕ ਲੱਖ ਸਵਾ, ਸਾਹਿਬ ਸਤਿਗੁਰ ਵੇਖ ਵਖਾਇੰਦਾ । ਰਾਵੀ ਕਹੇ ਮੈਂ ਉਹਨਾਂ ਦੇ ਗੁਣ ਗਾਵਾਂ, ਜਿਨ੍ਹਾਂ ਉਤੇ ਗਹਿਰ ਗੰਭੀਰ ਦਇਆ ਕਮਾਇੰਦਾ । ਉਹਨਾਂ ਦੇ ਚਰਨ ਕਮਲ ਦਬਾਵਾਂ, ਜਿਨ੍ਹਾਂ ਦਾ ਸਾਹਿਬ



੮੯੨

ਸਵਾਮੀ ਸੰਗ ਨਿਭਾਇੰਦਾ । ਉਹਨਾਂ ਦੇ ਵੈਰਾਗ ਅੰਦਰ ਰੋਵਾਂ, ਜਿਨ੍ਹਾਂ ਦੇ ਪੂਰਬ ਵਿਛੜੇ ਮੇਲ ਮਿਲਾਇੰਦਾ । ਉਹਨਾਂ ਦੇ ਪਿਆਰ ਅੰਦਰ ਸੌਵਾਂ, ਜਿਨ੍ਹਾਂ ਨੂੰ ਆਪਣੀ ਗੋਦ ਉਠਾਇੰਦਾ । ਰਾਵੀ ਕਹੇ ਮੈਂ ਉਹਨਾਂ ਵਰਗੀ ਹੋਵਾਂ, ਜਿਨ੍ਹਾਂ ਦਾ ਹੌਕਾ ਆਪਣੇ ਲੇਖੇ ਪਾਇੰਦਾ । ਮੈਂ ਆਪਣਾ ਆਪ ਵੈਰਾਗਣ ਹੋ ਕੇ ਖੋਵਾਂ, ਜਗਤ ਮਾਣ ਨਜ਼ਰ ਕੋਇ ਨਾ ਆਇੰਦਾ । ਮੈਂ ਹੋਕਾ ਦੇਵਾਂ ਪੁਰੀਆਂ ਲੋਆਂ, ਬ੍ਰਹਿਮੰਡਾਂ ਖੰਡਾਂ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਇੰਦਾ । ਰਾਵੀ ਕਹੇ ਮੈਂ ਵੇਖੀ ਗੁਰਮੁਖਾਂ ਦੀ ਸਿਕ, ਸਿਖਿਆ ਮੈਨੂੰ ਸਮਝਾਈਆ । ਜਿਨ੍ਹਾਂ ਦਾ ਪ੍ਰਭ ਨੇ ਲੇਖਾ ਦਿਤਾ ਲਿਖ, ਤ੍ਰੇਤਾ ਦੁਆਪਰ ਮੂਲ ਚੁਕਾਈਆ । ਭਗਤਾਂ ਨੂੰ ਚੁਕ ਕੇ ਆਪਣੀ ਪਿੱਠ, ਪਾਰ ਮੇਰੇ ਵਿਚੋਂ ਲੰਘਾਈਆ । ਜਨਮ ਜਨਮ ਦਾ ਲਹਿਣਾ ਦੇਣਾ ਨਜਿੱਠ, ਨਿਜ ਆਤਮ ਖ਼ੁਸ਼ੀ ਵਖਾਈਆ । ਪ੍ਰੇਮ ਪਿਆਰ ਵਾਲਾ ਕਰ ਕੇ ਹਿਤ, ਸੋਹਣੀ ਸਿਖਿਆ ਦੇਣੀ ਸਮਝਾਈਆ । ਮੈਂ ਉਡੀਕਦੀ ਮੈਨੂੰ ਉਹ ਸਮਾਂ ਆਵੇ ਨਿਤ, ਚਾਰੋਂ ਕੁੰਟ ਵੇਖ ਵਖਾਈਆ । ਧੰਨ ਭਾਗ ਉਹ ਪੰਦਰਾਂ ਪੋਹ ਦੀ ਥਿਤ, ਮੈਨੂੰ ਗਈ ਸਮਝਾਈਆ । ਇਹ ਮਾਲਕ ਸਭ ਦਾ ਪਿਤ, ਪਾਰਬ੍ਰਹਮ ਪਤਿਪਰਮੇਸ਼ਵਰ ਅਖਵਾਈਆ । ਜਿਹੜਾ ਭਗਤਾਂ ਨੂੰ ਰਿਹਾ ਦਿਸ, ਬਾਕੀ ਅੱਖ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਰਾਵੀ ਕਹੇ ਮੈਂ ਵੇਖੇ ਆਪਣੇ ਕੰਢੇ, ਕੰਢਿਆਂ ਵਿਚੋਂ ਧਿਆਨ ਲਗਾਈਆ । ਗੁਰਮੁਖ ਥੋੜ੍ਹੇ ਚੜ੍ਹੇ ਆਪਣੇ ਡੰਡੇ, ਜਿਨ੍ਹਾਂ ਨੂੰ ਪ੍ਰਭੂ ਨੇ ਡੰਡੌਤ ਦਿਤੀ ਸਮਝਾਈਆ । ਭਾਵੇਂ ਉਹ ਬਾਹਰੋਂ ਬੰਦਿਆਂ ਵਰਗੇ ਬੰਦੇ, ਅੰਦਰੋਂ ਬੰਦਗੀ ਮਿਲੀ ਬੇਪਰਵਾਹੀਆ । ਜੇ ਉਨ੍ਹਾਂ ਦੇ ਬਾਹਰੋਂ ਚੀਥੜ ਗੰਦੇ, ਅੰਦਰ ਜੋਤ ਨੂਰ ਰੁਸ਼ਨਾਈਆ । ਉਹ ਉਨ੍ਹਾਂ ਨਾਲੋਂ ਚੰਗੇ, ਜਿਹੜੇ ਜਗਤ ਦੇ ਰਾਜ ਰਾਜਾਨ ਹੋ ਕੇ ਆਪਣਾ ਹੁਕਮ ਸੁਣਾਈਆ । ਆਪਣਾ ਖੇਲ ਕਰ ਸੂਰੇ ਸਰਬੰਗੇ, ਸੋਹਣੀ ਸਿਖਿਆ ਦਿਤੀ ਸਮਝਾਈਆ । ਜਗਤ ਵਿਹਾਰ ਤੁੜਾਵੇ ਤੰਦੇ, ਕੂੜੀ ਦੱਸੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਰਾਵੀ ਕਹੇ ਕਿਉਂ ਕੀਤਾ ਇਹ ਵਿਹਾਰ, ਵਿਵਹਾਰੀ ਆਪਣਾ ਹੁਕਮ ਵਰਤਾਈਆ । ਜਿਸ ਵੇਲੇ ਮੇਰੇ ਲੰਘਿਆ ਸੀ ਆਰ ਪਾਰ, ਸ਼ਬਦ ਇਸ਼ਾਰੇ ਨਾਲ ਸਮਝਾਈਆ । ਭਗਤਾਂ ਦੀ ਬੰਨ੍ਹਣੀ ਧਾਰ, ਧਰਨੀ ਧਰਤ ਧਵਲ ਸੋਭਾ ਪਾਈਆ । ਸਾਚਾ ਦੱਸਣਾ ਪਿਆਰ, ਪ੍ਰੀਤਮ ਪ੍ਰੇਮ ਦਏ ਦ੍ਰਿੜਾਈਆ । ਸਤਿਗੁਰ ਦੇ ਘਰ ਵਿਚ ਨਾਤਾ ਜੁੜਨਾ ਪੁਰਖ ਨਾਰ, ਨਾਰੀ ਪੁਰਖ ਮੇਲ ਮਿਲਾਈਆ । ਪੁਰਾਣੀ ਰੀਤੀ ਇਕੋ ਵਾਰ ਕਰਨੀ ਖ਼ੁਆਰ, ਕੱਚੀ ਪਿੰਨੀ ਦਏ ਦੁਹਾਈਆ । ਸੌਹਰੇ ਪੇਕੇ ਦੋਵੇਂ ਹੋਣ ਸ਼ਰਮਸਾਰ, ਪ੍ਰਭ ਨੇ ਧੱਕਾ ਦਿਤਾ ਲਗਾਈਆ । ਬਿਨਾ ਸਤਿਗੁਰ ਸ਼ਬਦ ਹੋਰ ਨਹੀਂ ਕੋਈ ਸ਼ਿੰਗਾਰ, ਸੋਹਣਾ ਰੂਪ ਨਾ ਕੋਇ ਚੜ੍ਹਾਈਆ । ਉਹ ਗੁਰਮੁਖ ਸੁਹੰਜਣੀ ਮੁਟਿਆਰ, ਜੋ ਪ੍ਰਭ ਨੂੰ ਇਥੇ ਉਥੇ ਭਾਈਆ । ਇਹ ਪ੍ਰੇਮੀਆਂ ਦਾ ਪਰਸ਼ਾਦ, ਭਗਤਾਂ ਦੀ ਦਾਦ, ਸੰਤਾਂ ਦਾ ਰਿਵਾਜ, ਗੁਰਮੁਖਾਂ ਦਾ ਕਾਜ, ਕਰਤਾ ਰਿਹਾ ਕਰਾਈਆ । ਸਾਚੇ ਬੇੜੇ ਚਾੜ੍ਹ ਕੇ ਜਹਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਰਾਵੀ ਕਹੇ ਮੈਂ ਵੇਖੇ ਚਾਵਲ ਭੁਜਦੇ, ਭਠਿਆਲੇ ਨਾਲ ਆਪਣੀ ਅੱਖ ਮਿਲਾਈਆ । ਗੁਰਮੁਖ ਵੇਖੇ ਪ੍ਰੇਮ ਪ੍ਰੀਤੀ ਵਿਚ ਰੁਝਦੇ, ਰੁਚੀ ਇਕੋ ਨਾਲ ਮਿਲਾਈਆ । ਇਥੇ ਕੰਮ ਨਹੀਂ ਕੋਈ ਬੁਧਿ ਦੇ, ਮੂਰਖ ਮੂੜ੍ਹੇ ਚਤੁਰ ਸੁਘੜ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਮੈਂ ਵੇਖੇ ਅੰਦਰ ਫੁਰਨੇ ਫੁਰਦੇ, ਸ਼ੇਕ ਜੋੜ

ਜੁੜਾਈਆ । ਗੁਰਮੁਖ ਸਵਾਧਾਨ ਹੋ ਗਏ ਮੁਰਦੇ, ਖ਼ੁਸ਼ੀ ਅੰਦਰੋਂ ਇਕ ਪਰਗਟਾਈਆ । ਜਿਸ ਵੇਲੇ ਰਾਹ ਜਾਂਦੇ ਵੇਖੇ ਧੁਰ ਦੇ, ਨੰਗੀ ਪੈਰੀਂ ਭੱਜਣ ਵਾਹੋ ਦਾਹੀਆ । ਮੈਨੂੰ ਪਿਆਰ ਲੱਭੇ ਉਥੋਂ ਸਤਿਗੁਰ ਦੇ, ਰਾਵੀ ਰੋ ਕੇ ਦਏ ਦੁਹਾਈਆ । ਮੈਂ ਸੰਦੇਸ਼ਾ ਦੇਵਾਂ ਗੁਰਮੁਖ ਸੋਏ ਸਦਾ ਜੁੜਦੇ, ਜੁਗ ਚੌਕੜੀ ਬੈਠੇ ਰਾਹ ਤਕਾਈਆ । ਭਗਤ ਦੁਵਾਰੇ ਆ ਕੇ ਭਗਤ ਭਗਵਾਨ ਕੋਲੋਂ ਖ਼ਾਲੀ ਕਦੇ ਨਹੀਂ ਮੁੜਦੇ, ਸਭ ਦੀਆਂ ਝੋਲੀਆਂ ਦਏ ਭਰਾਈਆ । ਮੂਰਖ ਮੁਗਧ ਅੰਞਾਣ ਜਗਤ ਜਗਿਆਸੂ ਐਵੇਂ ਝੁਰਦੇ, ਪੂਰਬ ਲਹਿਣੇ ਲੇਖੇ ਵਿਚ ਲਗਾਈਆ । ਉਨ੍ਹਾਂ ਦੇ ਬੇੜੇ ਕਦੇ ਨਹੀਂ ਰੁੜ੍ਹਦੇ, ਰਾਵੀ ਕਹੇ ਜਿਨ੍ਹਾਂ ਨੂੰ ਮੇਰੇ ਅੰਦਰ ਬੇੜੇ ਲਿਆ ਚੜ੍ਹਾਈਆ । ਉਹ ਦੋ ਜਹਾਨ ਅਕਾਸ਼ਾਂ ਉਪਰ ਉਡਦੇ, ਪਰਕਾਸ਼ਾਂ ਵਿਚ ਸਮਾਈਆ । ਉਨ੍ਹਾਂ ਦੇ ਕਾਰਜ ਕਦੇ ਨਹੀਂ ਬੁੜ੍ਹਦੇ, ਜਗਤ ਗ਼ਰੀਬੀ ਧੁਰ ਦੀ ਅਮੀਰੀ ਦਏ ਵਖਾਈਆ । ਇਥੇ ਖੇਲ ਨਹੀਂ ਕੋਈ ਜ਼ੋਰ ਦੇ, ਬਾਹੂ ਬਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਸਮਝਾਈਆ । ਰਾਵੀ ਕਹੇ ਮੈਂ ਹੌਲੀ ਜਿਹੀ ਖੋਲ੍ਹ ਕੇ ਵੇਖੀ ਆਪਣੀ ਅੱਖ, ਕੰਢਿਆਂ ਉਤੇ ਧਿਆਨ ਲਗਾਈਆ । ਜਿਨ੍ਹਾਂ ਦੇ ਅੰਦਰ ਸਾਹਿਬ ਸਵਾਮੀ ਰਿਹਾ ਵਸ, ਉਹ ਅੰਦਰੇ ਅੰਦਰ ਵਾਸਤੇ ਰਹੇ ਪਾਈਆ । ਪ੍ਰੇਮ ਪਿਆਰ ਦੇ ਅੰਦਰ ਰਹੇ ਨੱਸ, ਭੱਜਣ ਵਾਹੋ ਦਾਹੀਆ । ਸਾਚੇ ਨਾਮ ਦਾ ਗਾਉਂਦੇ ਜਸ, ਸਿਫ਼ਤਾਂ ਨਾਲ ਸਲਾਹੀਆ । ਜਿਸ ਦੀ ਵਸਤ ਉਸੇ ਦੇ ਅਗੇ ਦਈਏ ਰੱਖ, ਚਰਨ ਕਵਲਾਂ ਵਿਚ ਟਿਕਾਈਆ । ਮਨਜ਼ੂਰ ਕਰਨਾ ਉਸੇ ਦਾ ਹੱਕ, ਜੋ ਹਜ਼ੂਰ ਰਿਹਾ ਸਮਝਾਈਆ । ਰਾਵੀ ਕਹੇ ਮੈਂ ਵੇਖਿਆ ਮਾਲਕ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ੮੯੪
ਰਾਵੀ ਕਹੇ ਮੈਂ ਹੁਣ ਤਕਿਆ ਪ੍ਰੇਮ ਪਿਆਰ ਦੀ ਪਰਸ਼ਾਦ ਹੋ ਗਏ ਭੇਟਾ, ਆਪਣਾ ਪੰਧ ਮੁਕਾਈਆ । ਅਗੰਮੀ ਵੇਖੀ ਖੇਡਾ, ਸਮਝ ਸਕੀ ਨਾ ਰਾਈਆ । ਭਗਤ ਭਗਵਾਨ ਨਾਤਾ ਵੇਖਿਆ ਬਾਪ ਬੇਟਾ, ਪਿਤਾ ਪੂਤ ਖ਼ੁਸ਼ੀ ਮਨਾਈਆ । ਹਾਏ ਹਾਏ ਕਰਦਿਆਂ ਲੰਘ ਗਿਆ ਮਹੀਨਾ ਜੇਠਾ, ਹਾੜ ਆਪਣੀ ਲਏ ਅੰਗੜਾਈਆ । ਜਨ ਭਗਤਾਂ ਅਗੇ ਖਾਣਾ ਪਏ ਨਾ ਠੇਡਾ, ਮੂੰਹ ਦੇ ਭਾਰ ਨਾ ਕੋਇ ਸੁਟਾਈਆ । ਮੈਂ ਲੈ ਕੇ ਆਈ ਨੇਂਦਾ, ਭਾਜੀ ਧੁਰ ਦੀ ਝੋਲੀ ਪਾਈਆ । ਜਗਤ ਜਹਾਨ ਰਹਿ ਜਾਏ ਵੇਂਹਦਾ, ਗੁਰਮੁਖਾਂ ਗੁਰੂ ਸਤਿਗੁਰ ਸਗਨ ਦਏ ਲਗਾਈਆ । ਦੇਵਣ ਵਾਲਾ ਸਦਾ ਦੇਂਦਾ, ਜਨ ਭਗਤਾਂ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਸਭ ਦਾ ਪੂਰ ਕਰਾਈਆ । ਰਾਵੀ ਕਹੇ ਮੇਰੇ ਲਈ ਇਹ ਲੈ ਕੇ ਆਏ ਚੂੰਢੀ, ਚੁਟਕੀ ਪਰਸ਼ਾਦ ਮੇਰੀ ਝੋਲੀ ਪਾਈਆ । ਮੈਨੂੰ ਨਜ਼ਰ ਆਇਆ ਜਿਸ ਦੇ ਹੱਥ ਵਿਚ ਸੀ ਖੂੰਡੀ, ਖੁਲ੍ਹੇ ਗੱਫ਼ੇ ਰਿਹਾ ਵਰਤਾਈਆ । ਮੈਂ ਉਸ ਵੇਲੇ ਡਰਦੀ ਨਹੀਂ ਸਾਂ ਕੂੰਦੀ, ਮੇਰੀ ਅੱਖ ਜਗਤ ਸ਼ਰਮਾਈਆ । ਹੁਣ ਮੈਂ ਆਪਣੀ ਹੰਝੂਆਂ ਧਾਰ ਪੂੰਝੀ, ਆਸਾ ਲਈ ਬਦਲਾਈਆ । ਭਗਤਾਂ ਅੰਦਰੋਂ ਆਵਾਜ਼ ਸੁਣੀ ਤੂੰ ਹੀ ਤੂੰ ਦੀ, ਮੈਂ ਮੇਰਾ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰਾ ਦਏ ਕਰਾਈਆ । ਰਾਵੀ ਆਹ ਲੈ ਭੇਟਾ ਆਪਣੀ ਚੁਟਕੀ, ਤੇਰੀ ਆਸਾ ਪੂਰ ਕਰਾਈਆ । ਤੂੰ ਸੇਵਾ ਕੀਤੀ ਅਰਜਨ ਗੁਰ ਦੀ, ਤੱਤਾ ਠੰਡਾ ਰੂਪ ਵਟਾਈਆ । ਕਰੇ ਆਸਾ ਮਨਸਾ ਪੂਰ ਦੀ, ਭਿਛਿਆ ਭਿਛਿਆ ਦਿਤੀ ਵਰਤਾਈਆ । ਜਿਸ ਖ਼ਾਹਿਸ਼ ਨੂੰ ਰਹੀ ਲੋੜਦੀ, ਸੋ ਲੇਖਾ ਦਿਤਾ ਮੁਕਾਈਆ । ਕਲਜੁਗ ਵੇਖ ਖੇਲ ਅੰਧ ਘੋਰ ਦੀ,

ਤੇਰੀ ਅੱਖ ਦਿਤੀ ਖੁਲ੍ਹਾਈਆ । ਅਗੇ ਪ੍ਰਭ ਨੂੰ ਲੋੜਦੀ, ਜਨ ਭਗਤਾਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਆਪਣੇ ਹੱਥ ਰਖਾਈਆ ।

✻ ੨ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਬਾਲਟਾ ਕਹੇ ਮੈਂ ਮੰਗਾਂ ਦਾਤ, ਝੋਲੀ ਸਭ ਦੇ ਅਗੇ ਡਾਹੀਆ । ਕਿਉਂ ਤੁਹਾਡਾ ਬਣਿਆ ਸਾਥ, ਸੇਵਾ ਰਹੇ ਕਮਾਈਆ । ਮੈਨੂੰ ਯਾਦ ਆਇਆ ਰੁੜਕੇ ਵਾਲਾ ਪਾਣੀ ਦਾ ਇਕ ਗਿਲਾਸ, ਜਿਹੜਾ ਗੋਬਿੰਦ ਚਰਨ ਸੇਵ ਕਮਾਈਆ । ਇਹ ਉਸ ਤੋਂ ਪਹਿਲਾਂ ਦੀ ਆਸ, ਜੋ ਨਾਨਕ ਗਿਆ ਸਮਝਾਈਆ । ਜਿਸ ਸੁਣ ਅਗੰਮੀ ਆਵਾਜ਼, ਸੰਦੇਸ਼ਾ ਦਿਤਾ ਦ੍ਰਿੜਾਈਆ । ਜਿਸ ਵੇਲੇ ਆਵੇ ਪੁਰਖ ਅਬਿਨਾਸ਼, ਜੋਤੀ ਜਾਤਾ ਵੇਸ ਵਟਾਈਆ । ਭਗਤਾਂ ਦਾ ਦੇਵੇ ਸਾਥ, ਸੋਹਣਾ ਸੰਗ ਬਣਾਈਆ । ਅੰਦਰੋਂ ਬਾਹਰੋਂ ਕਰੇ ਸਾਫ਼, ਪਤਿਤ ਪੁਨੀਤ ਦਏ ਜਣਾਈਆ । ਜਨਮ ਜਨਮ ਦੇ ਕੁਕਰਮ ਕਰੇ ਮੁਆਫ਼, ਸਿਰ ਆਪਣਾ ਹੱਥ ਟਿਕਾਈਆ । ਮੈਂ ਦੋ ਹਾੜ ਰਿਹਾ ਝਾਕ, ਬਾਲਟਾ ਕਹਿ ਕੇ ਢੋਲੇ ਗਾਈਆ । ਗੁਰਮੁਖਾਂ ਦੀ ਨਠਦਿਆਂ ਭਜਦਿਆਂ ਮੁਕਦੀ ਵੇਂਹਦਾ ਵਾਟ, ਜੋ ਚਲੇ ਵਾਹੋ ਦਾਹੀਆ । ਉਨ੍ਹਾਂ ਦੇ ਅੰਦਰੋਂ ਮੈਨੂੰ ਪ੍ਰਭ ਦੀ ਨਜ਼ਰੀ ਆਈ ਜ਼ਾਤ, ਸੋ ਜ਼ਾਹਰ ਜ਼ਹੂਰ ਰਿਹਾ ਸਮਾਈਆ । ਮੈਂ ਕਰਦਾ ਰਿਹਾ ਤਲਾਸ਼, ਰੈਣ ਸਬਾਈ ਖੋਜ ਖੁਜਾਈਆ । ਬਹੁਤਿਆਂ ਵਿਚੋਂ ਥੋੜ੍ਹਿਆਂ ਦੀ ਮਿਟੀ ਵੇਖੀ ਪਿਆਸ, ਜਿਹੜੇ ਤ੍ਰਿਸ਼ਨਾ ਜਗਤ ਮੁਕਾਈਆ । ੮੯੫ ਮੈਂ ਨਾਲ ਤਕਿਆ ਸੇਵਾ ਕਰਦਾ ਤ੍ਰਿਲੋਕੀ ਨਾਥ, ਰਾਮ ਵਸ਼ਿਸ਼ਟ ਆਪਣਾ ਫੇਰਾ ਪਾਈਆ । ਹੌਲੀ ਹੌਲੀ ਅੰਦਰੇ ਅੰਦਰ ਸਭ ਦੀ ਸੁਣਦਾ ਰਿਹਾ ਬਾਤ, ਜੋ ਖ਼ੁਸ਼ੀਆਂ ਢੋਲੇ ਗਾਈਆ । ਇਸੇ ਕਾਰਨ ਮੈਂ ਖ਼ਾਲੀ ਹੋ ਕੇ ਮੰਗਾਂ ਦਾਤ, ਝੋਲੀ ਭਗਤਾਂ ਅਗੇ ਡਾਹੀਆ । ਗੁਰਮੁਖੋ ਤੁਹਾਨੂੰ ਰਹਿਣਾ ਪੈਣਾਂ ਅੱਜ ਦੀ ਰਾਤ, ਰੈਣ ਆਪਣਾ ਧਿਆਨ ਲਗਾਈਆ । ਮੈਂ ਚਾਹੁੰਦਾ ਤੁਹਾਡਾ ਲੇਖਾ ਲਿਖਿਆ ਜਾਵੇ ਨਾਲ ਕ਼ਲਮ ਦਵਾਤ, ਜਿਸ ਨੂੰ ਅਗੇ ਨਾ ਕੋਇ ਮਿਟਾਈਆ । ਧੁਰ ਦਾ ਜੁੜਦਾ ਵੇਖਾਂ ਨਾਤ, ਸਗਲਾ ਸੰਗ ਬੇਪਰਵਾਹੀਆ । ਮਰਨ ਤੋਂ ਪਹਿਲਾਂ ਤੁਹਾਡੀ ਕਟਦੀ ਵੇਖਾਂ ਜਮ ਦੀ ਫ਼ਾਸ, ਫ਼ੈਸਲਾ ਹਕ ਸੁਣਾਂ ਚਾਈਂ ਚਾਈਂਆ । ਵੇਖਿਉ ਮੇਰੀ ਨਾਮਨਜ਼ੂਰ ਨਾ ਕਰਿਉ ਦਰਖ਼ਾਸ, ਦਰਖ਼ਾਸਤ ਆਸਤਕ ਰੂਪ ਜਣਾਈਆ । ਮੈਨੂੰ ਤੁਹਾਡੇ ਉਤੇ ਵਿਸ਼ਵਾਸ਼, ਵਿਸ਼ਾ ਆਪਣਾ ਦਿਤਾ ਸਮਝਾਈਆ । ਜਿਸ ਤਰਾ ਮੈਂ ਤੁਹਾਡੇ ਨਾਲ ਮਿਲਾਇਆ ਹਾਥ, ਦਸਤ ਦਸਤ ਨਾਲ ਜੁੜਾਈਆ । ਮੇਰਾ ਮੂੰਹ ਉਪਰ ਖੇਲ ਤਕਦਾ ਰਿਹਾ ਆਕਾਸ਼, ਧਰਨੀ ਉਤੇ ਤੁਹਾਡੇ ਚਰਨ ਸੋਭਾ ਪਾਈਆ । ਮੈਨੂੰ ਆਵਾਜ਼ ਆਈ ਇਹ ਮੇਰੇ ਰੂਪ ਦੀ ਸੋਹਣੀ ਸ਼ਾਖ, ਸ਼ਨਾਖ਼ਤ ਆਪਣੇ ਹੱਥ ਰਖਾਈਆ । ਮੈਨੂੰ ਸਭ ਕੁਛ ਗਿਆ ਭਾਖ, ਭਾਖਿਆ ਦਿਤੀ ਬੇਪਰਵਾਹੀਆ । ਬਾਟਾ ਕਹੇ ਮੈਂ ਇਕ ਗੱਲੋਂ ਗੁਸਤਾਖ, ਤੁਹਾਡੇ ਸੀਸ ਉਤੇ ਚੜ੍ਹ ਕੇ ਆਪਣਾ ਭਾਰ ਟਿਕਾਈਆ । ਪਰ ਤੁਹਾਡਾ ਦਰਦੀ ਵੇਖਿਆ ਇਕੋ ਤੁਹਾਡਾ ਬਾਪ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੇ ਮਿਹਰ ਨਜ਼ਰ ਨਾਲ ਮੇਰਾ ਖੋਲ੍ਹ ਕੇ ਤਾਕ, ਸਭ ਕੁਛ ਦਿਤਾ ਸਮਝਾਈਆ । ਉਹ ਤੁਹਾਡਾ ਤਕਿਆ ਦਾਸ, ਸੇਵਕਾਂ ਦਾ ਸੇਵਕ ਸੱਜਣ ਸ਼ਹਿਨਸ਼ਾਹੀਆ । ਆਉ ਸਾਰੇ ਰਲ ਮਿਲ ਕੇ ਕਰ ਲਈਏ ਇਤਫ਼ਾਕ, ਮੁਫ਼ਾਦ ਰਹਿਣ ਕੋਇ ਨਾ ਪਾਈਆ । ਜੇ ਕੋਈ ਕੁਕਰਮ ਤੁਹਾਡੇ ਕੋਲ ਹੈਗਾ ਪਾਪ, ਉਹ ਵੀ ਮੇਰੇ ਵਿਚ ਦਿਉ ਟਿਕਾਈਆ ।

੮੯੬

ਮੈਂ ਚਰਨ ਚੁੰਮ ਕੇ ਕਹਾਂ ਇਹਦਾ ਦਰਸ਼ਨ ਕਰੋ ਸਾਖ਼ਿਆਤ, ਜੋ ਸਨਮੁਖ ਸਾਹਿਬ ਨਜ਼ਰੀ ਆਈਆ । ਇਸ ਦੇ ਪ੍ਰੇਮ ਦਾ ਪੀਉ ਆਬੇ ਹਯਾਤ, ਅੰਮ੍ਰਿਤ ਰਸ ਰਿਹਾ ਚਖਾਈਆ । ਤੁਹਾਡਾ ਲੇਖਾ ਸਭ ਦਾ ਮੁਕ ਜਾਏ ਕਾਗ਼ਜ਼ਾਤ, ਹਿਸਾਬ ਕਿਤਾਬ ਅਗੇ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਨੂੰ ਪ੍ਰੇਮ ਨਾਲ ਕਰੇ ਆਦਾਬ, ਆਦਾਬ ਏ ਅਰਜ਼ ਕਹਿ ਕੇ ਸ਼ੁਕਰ ਮਨਾਈਆ ।

ਰੈਣ ਕਹੇ ਮੈਂ ਬਣ ਗਈ ਰਾਤ, ਰੁਤੜੀ ਆਪਣੀ ਲਈ ਬਦਲਾਈਆ । ਜਨ ਭਗਤਾਂ ਮੰਨੀ ਧੁਰ ਦੀ ਬਾਤ, ਬਾਤਨ ਹੁਕਮ ਦਿਤਾ ਸੁਣਾਈਆ । ਪੁਰਖ ਅਕਾਲ ਦਾ ਵੇਖਿਆ ਤਕਿਆ ਸਾਥ, ਸਾਥੀ ਬੇਪਰਵਾਹੀਆ । ਲਹਿਣਾ ਦੇਣਾ ਲੇਖਾ ਦੇਵੇ ਕ਼ਲਮ ਦਵਾਤ, ਤਅਦਾਦ ਆਪਣੀ ਨਾਲ ਮਿਲਾਈਆ । ਸੰਤ ਸੁਹੇਲੇ ਵੇਖ ਜਮਾਤ, ਮੇਰੀ ਖ਼ੁਸ਼ੀ ਦੂਣ ਸਵਾਈਆ । ਪ੍ਰੇਮ ਪਿਆਰ ਵਜਾ ਕੇ ਰਬਾਬ, ਸੋਹਣੀ ਤਾਰ ਸਤਾਰ ਹਿਲਾਈਆ । ਮਨਸਾ ਪੂਰੀ ਹੋਈ ਖ਼ਾਹਿਸ਼, ਸਵਾਸ ਸਵਾਸ ਮਿਲੀ ਵਡਿਆਈਆ । ਤਨ ਮਾਟੀ ਖ਼ਾਕੀ ਲੇਖੇ ਲਗੀ ਲਾਸ਼, ਤਲਾਸ਼ ਕਰੇ ਨੂਰ ਖ਼ੁਦਾਈਆ । ਭਿੰਨੜੀ ਰੈਣ ਕਹੇ ਜਨ ਭਗਤਾਂ ਸ਼ਾਬਾਸ਼, ਸ਼ਾਹ ਨਵਾਜ਼ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਰਾਤ ਕਹੇ ਮੋਹੇ ਚਾਉ ਘਨੇਰਾ, ਘੜੀ ਪਲ ਮਿਲੀ ਵਡਿਆਈਆ । ਘਰ ਠਾਕਰ ਸਵਾਮੀ ਮਿਲਿਆ ਪਤਿਪਰਮੇਸ਼ਵਰ ਮੇਰਾ, ਮਿਹਰਵਾਨ ਦਇਆ ਕਮਾਈਆ । ਸਚ ਦਵਾਰੇ ਸੋਹਣਾ ਲਗਾਇਆ ਡੇਰਾ, ਡੰਡੌਤ ਇਕੋ ਰਿਹਾ ਦ੍ਰਿੜਾਈਆ । ਭਗਤ ਸੁਹੇਲਾ ਬੰਨ੍ਹ ਕੇ ਬੇੜਾ, ਖੇੜਾ ਧੁਰ ਦਾ ਰਿਹਾ ਵਸਾਈਆ । ਜਗਤ ਵਿਕਾਰ ਮੇਟ ਕੇ ਝੇੜਾ, ਝਗੜਾ ਮੁਕਾਇਆ ਜਗਤ ਲੋਕਾਈਆ । ਨਜ਼ਰੀ ਆਇਆ ਨੇੜੂੰ ਨੇੜਾ, ਦੂਰ ਦੁਰਾਡਾ ਪੰਧ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਤਾਰ ਹੋਏ ਸਹਾਈਆ । ਰੈਣ ਕਹੇ ਮੇਰੀ ਰੁੱਤ ਆਇਆ ਸੁਹਾਵਣ, ਧੁਰਦਰਗਾਹੀ ਦਇਆ ਕਮਾਈਆ । ਵੇਸ ਵਟਾ ਕੇ ਪਤਿਤ ਪਾਵਨ, ਪਤਿਤ ਪੁਨੀਤ ਰਿਹਾ ਬਣਾਈਆ । ਭਗਤ ਸੁਹੇਲਾ ਫੜ ਕੇ ਦਾਮਨ, ਦਾਮਨਗੀਰ ਇਕ ਅਖਵਾਈਆ । ਧੁਰਦਰਗਾਹੀ ਬਣ ਕੇ ਜ਼ਾਮਨ, ਜਮਾਂ ਤੋਂ ਰਿਹਾ ਛੁਡਾਈਆ । ਅੰਮ੍ਰਿਤ ਮੇਘ ਬਰਸਾ ਕੇ ਸਾਵਨ, ਬੂੰਦ ਸਵਾਂਤੀ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਦਏ ਵਡਿਆਈਆ । ਰਾਤ ਕਹੇ ਮੈਨੂੰ ਕਹੋ ਭਿੰਨੜੀ ਰੈਣ, ਰਹਿਮਤ ਪ੍ਰਭੂ ਰਿਹਾ ਕਮਾਈਆ । ਭਗਤਾਂ ਦਾ ਆਇਆ ਲਹਿਣਾ ਦੇਣਾ ਦੇਣ, ਦੇਵਣਹਾਰ ਬੇਪਰਵਾਹੀਆ । ਮੈਂ ਦਰਸ਼ਨ ਤਕਿਆ ਨੈਣ, ਅੱਖ ਪਰਤਖ ਗੁਸਾਂਈਆ । ਸੱਜਣ ਵੇਖ ਕੇ ਸੈਣ, ਮੇਰੇ ਅੰਤਰ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਇਕ ਅਖਵਾਈਆ । ਰਾਤ ਕਹੇ ਮੈਂ ਸੁਣਿਆ ਰਾਗ, ਢੋਲੇ ਅਗੰਮ ਜਣਾਈਆ । ਮੈਂ ਸਭ ਕੁਛ ਗਈ ਤਿਆਗ, ਆਪਣਾ ਆਪ ਮਿਟਾਈਆ । ਮੈਂ ਸੋਈ ਗਈ ਜਾਗ, ਬਿਨ ਅੱਖਾਂ ਅੱਖ ਖੁਲ੍ਹਾਈਆ । ਸੁਣੀ ਅਗੰਮੀ ਆਵਾਜ਼, ਸੰਦੇਸ਼ਾ ਰਹੀ ਸਮਝਾਈਆ । ਜਨ ਭਗਤਾਂ ਖੇੜਾ ਵੇਖ ਆਬਾਦ, ਪੱਤ ਟਹਿਣੀ ਸਰਬ ਮੁਕਾਈਆ । ਵਸਤ ਅਮੋਲਕ ਮਿਲੀ ਦਾਦ, ਧੁਰਦਰਗਾਹੀ ਆਪ ਵਰਤਾਈਆ । ਜਿਸ ਦਾ ਅਨੋਖਾ ਵਖਰਾ ਸਭ ਤੋਂ ਸਵਾਦ, ਰਸਾਂ ਵਿਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੀਤ ਗੋਬਿੰਦ ਇਕ ਦ੍ਰਿੜਾਈਆ । ਰਾਤ ਕਹੇ

ਮੈਂ ਦੱਸਾਂ ਆਪਣੀ ਅੰਕ ਸੁਹੇਲੀ, ਸਖ਼ੀ ਸਚ ਦਿਆਂ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਅਲਖ ਅਗੋਚਰ ਇਕੋ ਬੇਲੀ, ਬਲਧਾਰੀ ਨਜ਼ਰੀ ਆਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਬਣ ਕੇ ਬੈਠੇ ਚੇਲੀ, ਸੇਵਕ ਆਪਣੀ ਸੇਵ ਕਮਾਈਆ । ਉਸ ਦੀ ਖੇਲ ਆਦਿ ਜੁਗਾਦਿ ਜਗਤ ਨਵੇਲੀ, ਨਵ ਨੌ ਚਾਰ ਰਿਹਾ ਸਮਝਾਈਆ । ਭਗਤ ਸੁਹੇਲੇ ਸੱਜਣ ਗੁਰਮੁਖ ਰਿਹਾ ਮੇਲੀ, ਮਿਲਾਪ ਆਪਣੇ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਵੇਖ ਵਖਾਈਆ । ਰਾਤ ਕਹੇ ਮੈਨੂੰ ਦਿਉ ਵਧਾਈ, ਵਾਧਾ ਪ੍ਰਭ ਦਾ ਦਿਆਂ ਜਣਾਈਆ । ਜਿਸ ਦੇ ਨਾਲ ਜਨ ਭਗਤ ਕਰਨ ਕੁੜਮਾਈ ਨਾਤਾ ਧੁਰ ਦਾ ਰਹੇ ਬਣਾਈਆ । ਅਗੇ ਹੋਏ ਨਾ ਕੋਇ ਜੁਦਾਈ, ਜੁਦਾ ਰੂਪ ਨਾ ਕੋਇ ਵਖਾਈਆ । ਜਿਸ ਦੀ ਸਾਚੀ ਸੇਵ ਕਮਾਈ, ਭੱਜੇ ਵਾਹੋ ਦਾਹੀਆ । ਉਹ ਦੇਵਣਹਾਰ ਵਡਿਆਈ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਹੋ ਕੇ ਵੇਖ ਵਖਾਈਆ । ਰਾਤ ਕਹੇ ਮੇਰਾ ਸਾਰੇ ਗਾਓ ਗੀਤ, ਗੁਣਵੰਤ ਦਿਆਂ ਜਣਾਈਆ । ਜਿਸ ਦੀ ਅਚਰਜ ਵੇਖੀ ਰੀਤ, ਰਹਿਬਰ ਨੂਰ ਖ਼ੁਦਾਈਆ । ਭਗਤਾਂ ਨਾਲ ਤੱਕੀ ਪ੍ਰੀਤ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਅੰਦਰ ਦੇ ਕੇ ਸਚ ਅਸਲੀਅਤ, ਅਸਲ ਆਪਣਾ ਆਪ ਦਿਤਾ ਸਮਝਾਈਆ । ਪਰਖ ਕੇ ਸਭ ਦੀ ਨੀਯਤ, ਨੀਤੀਵਾਨ ਰਿਹਾ ਬਣਾਈਆ । ਸਚ ਪ੍ਰੇਮ ਦੀ ਤਕ ਤਬੀਅਤ, ਤੌਫ਼ੀਕ ਇਕੋ ਝੋਲੀ ਪਾਈਆ । ਆਪਣਾ ਪ੍ਰੇਮ ਬਣਾ ਕੇ ਹਕ ਮਲਕੀਅਤ, ਮਾਲਕ ਧੁਰ ਦੇ ਦਏ ਵਖਾਈਆ । ਨਾਮ ਨਿਧਾਨ ਦੇ ਨਸੀਹਤ, ਹੁਕਮ ਹਕ ਹਕ ਜਣਾਈਆ । ਸਭ ਦੀ ਤੱਕੀ ਇਕੋ ਵਲਦੀਅਤ, ਵਾਲਦ ਪਰਮ ਪੁਰਖ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਤ ਕਹੇ ਮੈਂ ਕੀ ਕੀ ਦੱਸਾਂ, ਕਹਾਣੀ ਬੇਪਰਵਾਹੀਆ । ਜਨ ਭਗਤਾਂ ਨਾਲ ਮਿਲਾ ਕੇ ਅੱਖਾਂ, ਆਖ਼ਰ ਆਪਣਾ ਆਪ ਮਿਟਾਈਆ । ਉਹਨਾਂ ਦੀ ਚਰਨੀ ਢੱਠਾਂ, ਜਿਨ੍ਹਾਂ ਸਾਚੀ ਸੇਵ ਕਮਾਈਆ । ਚਰਨਾਂ ਹੇਠਾਂ ਹੱਥ ਰੱਖਾਂ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਾਤ ਕਹੇ ਮੇਰੇ ਕੋਲ ਆ ਗਿਆ ਬਾਟਾ, ਆਪਣਾ ਪੰਧ ਮੁਕਾਈਆ । ਜਿਸ ਦਾ ਪੁਰਖ ਅਕਾਲ ਨਾਲ ਨਾਤਾ, ਧੁਰ ਦਾ ਜੋੜ ਜੁੜਾਈਆ । ਸੋਹਣੀ ਵੇਖੀ ਉਸ ਦੀ ਆਸਾ, ਮਨਸਾ ਵੱਜੇ ਵਧਾਈਆ । ਪ੍ਰਭ ਮਿਲਣ ਦੀ ਵੇਖੀ ਖ਼ਾਹਿਸ਼ਾ, ਖ਼ੁਸ਼ੀਆਂ ਵੱਜੇ ਵਧਾਈਆ । ਪ੍ਰੇਮ ਪਿਆਰ ਦੀਆਂ ਕਰੇ ਬਾਤਾਂ, ਧੁਰ ਦੀ ਗੱਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਬਾਟਾ ਕਹੇ ਮੈਂ ਵੇਖੇ ਗੁਰਮੁਖ, ਭਿੰਨੜੀ ਰੈਣ ਤੈਨੂੰ ਦਿਆਂ ਜਣਾਈਆ । ਜਿਨ੍ਹਾਂ ਦੇ ਅੰਦਰ ਪ੍ਰੇਮ ਪਿਆਰ ਦਾ ਸਾਚਾ ਸੁਖ, ਸਤਿ ਸਤਿ ਦਾ ਢੋਲਾ ਗਾਈਆ । ਜਿਸ ਵੇਲੇ ਮੈਨੂੰ ਸੀਸ ਲੈਂਦੇ ਚੁਕ, ਭੱਜਣ ਵਾਹੋ ਦਾਹੀਆ । ਮੈਂ ਹੁੰਦਾ ਰਿਹਾ ਖ਼ੁਸ਼, ਖ਼ੁਸ਼ੀਆਂ ਵਿਚ ਸਮਾਈਆ । ਅੰਤ ਉਹਨਾਂ ਮੈਨੂੰ ਲਿਆ ਪੁਛ, ਪ੍ਰੇਮ ਪ੍ਰੀਤੀ ਹੋਰ ਵਧਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚੇਤਾ ਪਿਛਲਾ ਦਿਤਾ ਕਰਾਈਆ । ਭਗਤ ਸੁਹੇਲੇ ਮੇਲ ਕੇ ਸੁਤ, ਸੱਜਣ ਸੱਚੇ ਦਿਤੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਰਾਤ ਕਹੇ ਕੀ ਇਹ ਭਗਤ ਸੱਜਣ, ਮੈਨੂੰ ਦੇ ਸਮਝਾਈਆ । ਬਾਟਾ ਕਹੇ ਇਹ ਪੂਰੀ ਕਰਨ ਆਏ ਮਜ਼ਲ, ਮੰਜ਼ਲ ਪੰਧ ਮੁਕਾਈਆ । ਇਹ ਸਾਹਿਬ ਪਿਆਰੇ ਹਰਦਿਲ, ਅਜ਼ੀਜ਼ ਰੂਪ ਵਟਾਈਆ । ਜਿਨ੍ਹਾਂ ਵਾਰਿਆ ਆਪਣਾ

ਮਨ ਤਨ, ਧਨ ਦੀ ਲੋੜ ਰਹੀ ਨਾ ਰਾਈਆ । ਗੁਰਮੁਖ ਸੋਹਣੇ ਲਗੇ ਪਿਆਰੇ ਚੰਨ, ਸੂਰਜ ਚੰਨ ਨੈਣ ਸ਼ਰਮਾਈਆ । ਧੰਨ ਵਡਿਆਈ ਜਿਸ ਜਨਨੀ ਲਏ ਜਨ, ਗੋਦੀ ਕੁੱਖ ਸੁਹਾਈਆ । ਜਿਨ੍ਹਾਂ ਦੀ ਖ਼ਤਮ ਹੋਈ ਵਾਸਨਾ ਮਨ, ਮਮਤਾ ਗਏ ਮਿਟਾਈਆ । ਘਰ ਦੇ ਵਿਹਾਰ ਛਡ ਕੇ ਕੰਮ, ਕਾਮਨਾ ਕੂੜੀ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਰੈਣ ਕਹੇ ਮੈਂ ਸਭ ਕੁਛ ਤਕਿਆ, ਸੋਹਣੀ ਅੱਖ ਖੁਲ੍ਹਾਈਆ । ਖੇਲ ਵੇਖ ਪੁਰਖ ਸਮਰਥਿਆ, ਮੇਰੇ ਅੰਤਰ ਵੱਜੀ ਵਧਾਈਆ । ਜਿਹੜਾ ਭਗਤਾਂ ਅੰਦਰ ਵਸਿਆ, ਸਚ ਦਵਾਰੇ ਡੇਰਾ ਲਾਈਆ । ਹਕ ਮੁਹੱਬਤ ਵਿਚ ਹੱਸਿਆ, ਖ਼ੁਸ਼ੀਆਂ ਰਾਗ ਅਲਾਈਆ । ਜਿਸ ਦੀ ਸੇਵਾ ਕਰ ਕਰ ਗੁਰਮੁਖ ਕਦੇ ਨਾ ਥੱਕਿਆ, ਗ਼ਫ਼ਲਤ ਨੀਂਦ ਨਾ ਕੋਇ ਜਣਾਈਆ । ਉਹਨਾਂ ਲੋੜ ਰਹੀ ਨਾ ਮਦੀਨਾ ਮੱਕਿਆ, ਧੁਰ ਦਾ ਹੱਜ ਦਿਤਾ ਕਰਾਈਆ । ਨਾਤਾ ਜੋੜ ਕੇ ਪਿਤਾ ਪੂਤ ਸਕਿਆ, ਸਗਲਾ ਦੁਖ ਦਿਤਾ ਗਵਾਈਆ । ਬਾਟਾ ਕਹੇ ਮੈਂ ਸਿਰ ਉਤੇ ਮੂਲ ਨਾ ਅੱਕਿਆ, ਕੂੜੀ ਦਿਤੀ ਨਾ ਕੋਇ ਦੁਹਾਈਆ । ਰਾਜ ਨਰੈਣ ਵਰਗੇ ਸਿਰ ਉਤੇ ਰਖਿਆ, ਚਲਿਆ ਵਾਹੋ ਦਾਹੀਆ । ਮੈਂ ਉਸ ਵੇਲੇ ਭਗਤਾਂ ਦਾ ਪਿਆਰ ਪ੍ਰਭ ਦੇ ਚਰਨਾਂ ਵਿਚ ਜਾ ਕੇ ਦੱਸਿਆ, ਸਹਿਜ ਨਾਲ ਸੁਣਾਈਆ । ਉਹ ਅੰਦਰੋਂ ਬਾਹਰ ਆਇਆ ਨੱਠਿਆ, ਪ੍ਰੇਮ ਦਾ ਪਿਆਰ ਕਦੇ ਕਰੇ ਨਾ ਬੇਵਫ਼ਾਈਆ । ਜਿਸ ਦੇ ਪਿਆਰ ਅੰਦਰ ਫੱਟਿਆ, ਉਸੇ ਨੇ ਲਿਆ ਉਠਾਈਆ । ਆਪਣੇ ਸੀਸ ਚੱਕਿਆ, ਸੋਹਣੀ ਖ਼ੁਸ਼ੀ ਮਨਾਈਆ । ਫੇਰ ਭਗਤਾਂ ਅਗੇ ਰੱਖਿਆ, ਪ੍ਰੇਮ ਪਿਆਰ ਦੀ ਮੰਗ ਮੰਗਾਈਆ । ਅਗੇ ਵਾਸਤਾ ਸੱਚਾ ਘੱਤਿਆ, ਬੇਨਤੀ ਦਿਤੀ ਸੁਣਾਈਆ । ਗੁਰਮੁਖ ਅੱਜ ਕੋਈ ਨਾ ਜਾਵੇ ਨੱਸਿਆ, ਆਪਣਾ ਮੁਖ ਭੁਆਈਆ । ਭਿੰਨੜੀ ਰੈਣ ਵਿਚ ਹੋਣਾ ਸਭ ਨੇ ਇਕੱਠਿਆ, ਇਕੋ ਘਰ ਵੱਜੇ ਵਧਾਈਆ । ਅਗੇ ਜਨਮ ਜਨਮ ਦੇ ਮਿਟਣੇ ਰੱਟਿਆ, ਝੂਠਾ ਗੇੜ ਦਏ ਮਿਟਾਈਆ । ਤੋਲ ਤੋਲੇ ਆਪਣੇ ਸਾਚੇ ਵੱਟਿਆ, ਵਟਣਾ ਧੁਰ ਦਾ ਦਏ ਲਗਾਈਆ । ਇਥੇ ਉਥੇ ਦੋ ਜਹਾਨ ਕਰੇ ਰਖਿਆ, ਰਖ਼ਸ਼ਿਕ ਹੋ ਕੇ ਸਿਰ ਆਪਣਾ ਹੱਥ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਦੇ ਅੰਤਰ ਆਤਮ ਵਸਿਆ, ਉਹ ਵਸਦੇ ਖੇੜੇ ਨਜ਼ਰੀ ਆਈਆ ।

## ✻ ੩ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਗੁੜ ਕਹੇ ਮੈਂ ਬੜਾ ਮਿੱਠਾ, ਮਿਠਾਸ ਆਪਣੀ ਦਿਆਂ ਵਖਾਈਆ । ਬੱਚੇ ਕਹਿਣ ਮਾਤਾ ਨੇ ਦਿੱਤਾ, ਰਾਜ ਮਾਤਾ ਨਾਲ ਮਿਲਾਈਆ । ਮੈਂ ਸਚ ਸੁਣਾਵਾਂ ਕਹਾਣੀ ਕ਼ਿੱਸਾ, ਆਪਣਾ ਹਾਲ ਦ੍ਰਿੜਾਈਆ । ਪਿਛਲਾ ਆਇਆ ਚੇਤਾ, ਸਭ ਕੁਝ ਦਿਆਂ ਸਮਝਾਈਆ । ਮੈਂ ਗੋਬਿੰਦ ਦਾ ਉਹ ਖੇਲ ਵੇਖਾਂ, ਜਿਸ ਪੁਰੀ ਅਨੰਦ ਦਿਤੀ ਜੁਦਾਈਆ । ਇਹ ਲਹਿਣੇ ਦਾ ਵੱਡਾ ਲੇਖਾ, ਗਹਿਰ ਗੰਭੀਰ ਰਿਹਾ ਮੁਕਾਈਆ । ਉਸ ਵੇਲੇ ਦਾ ਸਚ ਸੰਦੇਸ਼ਾ, ਹਰਿ ਸੰਗਤ ਦਿਤਾ ਸਮਝਾਈਆ । ਜਿਸ ਵੇਲੇ ਆਵੇ ਨਰ ਨਰੇਸ਼ਾ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਜਨ ਭਗਤਾਂ ਚੁੱਕੇ ਠੇਕਾ, ਠਾਕਰ ਹੋ ਕੇ ਗੋਦ ਬਹਾਈਆ । ਮਾਤਾ ਦੀ ਕੁੱਖ ਭਾਗ ਲੱਗੇ ਪੇਟਾ, ਵੱਜੇ ਸਚ ਵਧਾਈਆ । ਪੁਰਖ ਅਕਾਲ ਭਗਤ ਬਣਾ ਕੇ ਆਪਣਾ ਬੇਟਾ, ਬੇਟੀ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਗੁੜ ਕਹੇ ਮੇਰੇ ਵਿਚ ਸੋਹਣੀ

੮੯੮

ਮਿਠਾਸ, ਮਿੱਠਿਆਂ ਦਿਆਂ ਜਣਾਈਆ । ਪੂਰਬ ਜਨਮ ਦੀ ਜਿਨ੍ਹਾਂ ਆਸ, ਆਸਾ ਤੋੜ ਨਿਭਾਈਆ । ਸੋਹਣਾ ਦਿਆਂ ਸਾਥ, ਸਗਲਾ ਸੰਗ ਬਣਾਈਆ । ਧਰਮ ਜਣਾਵਾਂ ਗਾਥ, ਬ੍ਰਹਮ ਕਰਾਂ ਪੜ੍ਹਾਈਆ । ਬੱਚਿਆਂ ਨਾਲ ਮਿਲ ਗਈ ਉਹਨਾਂ ਦੀ ਮਾਤ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਸਾਂਝਾ ਹੋ ਗਿਆ ਨਾਤ, ਮਿਟੀ ਜਗਤ ਜੁਦਾਈਆ । ਊਣਾ ਭਰ ਗਿਆ ਖਾਤ, ਭੰਡਾਰਾ ਭਰਪੂਰ ਦਏ ਕਰਾਈਆ । ਅਗੇ ਦੋਵੇਂ ਪੁਛਣ ਤੁਹਾਡੀ ਵਾਤ, ਆਉਂਦਿਆਂ ਜਾਂਦਿਆਂ ਵੇਖ ਖ਼ੁਸ਼ੀ ਮਨਾਈਆ । ਗੁਰ ਕਹੇ ਆਪਣੀ ਮਾਤਾ ਪਿਛੇ ਅਜ ਦੀ ਰਹਿ ਜਾਣਾ ਰਾਤ, ਖ਼ੁਸ਼ੀਆਂ ਨਾਲ ਸੰਗ ਨਿਭਾਈਆ । ਇਕੱਠਿਆਂ ਹੋ ਕੇ ਸਾਢੇ ਪੰਜ ਵਜੇ ਮੈਨੂੰ ਪਾਉਂਣਾ ਵਿਚ ਪਰਾਤ, ਪਾਣੀ ਨਾਲ ਮਿਲਾਈਆ । ਪ੍ਰੇਮ ਦੇ ਆਟੇ ਦੀ ਰੱਖਕੇ ਵਿਚ ਸੁਗਾਤ, ਸਾਚਾ ਜੋੜ ਲੈਣਾ ਜੁੜਾਈਆ । ਫੇਰ ਗੁੰਨਣਾ ਨਾਲ ਹਾਥ, ਪੰਜ ਮਿਲ ਮਿਲ ਸੇਵ ਕਮਾਈਆ । ਫੇਰ ਲਿਆਉਂਣਾ ਲੋਹ ਦੇ ਘਾਟ, ਪਤਣ ਉਤੇ ਟਿਕਾਈਆ । ਪਰਸ਼ਾਦੇ ਬਨਾਣੇ ਸਾਫ਼, ਅਗਨੀ ਨਾਲ ਸੜ ਕੋਇ ਨਾ ਜਾਈਆ । ਇਕੱਠੇ ਕਰ ਕੇ ਸਾਰਿਆਂ ਬਣਨਾ ਦਾਸ, ਸੇਵਕ ਰੂਪ ਵਟਾਈਆ । ਫੇਰ ਚੁਕ ਕੇ ਲਿਆਉਂਣਾ ਪ੍ਰਭ ਦੇ ਪਾਸ, ਦੋਵੇਂ ਮਾਤਾ ਨਾਲ ਮਿਲਾਈਆ । ਫੇਰ ਭੋਗ ਲੱਗੇ ਛਕੇ ਪਰਸ਼ਾਦ, ਸਵਾਦ ਤੁਹਾਡਾ ਵਿਚ ਟਿਕਾਈਆ । ਨਵਾਂ ਖੇੜਾ ਹੋ ਜਾਏ ਆਬਾਦ, ਉਜੜਿਆਂ ਲਏ ਵਸਾਈਆ । ਸੋਹਣੀ ਦੇਵੇ ਦਾਤ, ਹਰਿਸੰਗਤ ਮਾਣ ਵਡਿਆਈਆ । ਚਰਨ ਪ੍ਰੀਤੀ ਬਖ਼ਸ਼ੇ ਨਾਤ, ਨਾਤਾ ਧੁਰ ਜਣਾਈਆ । ਬੱਚਿਆਂ ਦੀ ਮਾਂ ਨੂੰ ਆ ਗਈ ਜਾਗ, ਪ੍ਰੇਮ ਪ੍ਰੀਤੀ ਇਕ ਵਖਾਈਆ । ਅਗੇ ਸਦਾ ਸੁਣੇ ਫ਼ਰਿਆਦ, ਪੂਰਬ ਲੇਖਾ ਝੋਲੀ ਪਾਈਆ । ਦੋ ਜਹਾਨਾਂ ਬਣਾ ਲਏ ਸਾਕ, ਆਪਣੀ ਗੰਢ ਜੁੜਾਈਆ । ਲੇਖਾ ਲਿਖ ਦੇ ਕ਼ਲਮ ਦਵਾਤ, ਮੇਟ ਸਕੇ ਕੋਇ ਨਾ ਰਾਈਆ । ਕਾਇਆ ਮਾਟੀ ਪੋਚ ਪਾਚ ਕੇ ਕਰੇ ਸਾਫ਼, ਅੰਦਰੋਂ ਸੁਥਰੇ ਦਏ ਬਣਾਈਆ । ਪੂਰਬ ਕੁਕਰਮ ਕਰ ਕੇ ਮੁਆਫ਼, ਸਿਰ ਆਪਣਾ ਹੱਥ ਟਿਕਾਈਆ । ਸਚ ਸੁਵਰਨ ਗੁਰਮੁਖ ਪਰਖੇ ਬਣ ਸਰਾਫ਼, ਕਸਵੱਟੀ ਆਪਣੇ ਹੱਥ ਉਠਾਈਆ । ਜਿਸ ਕਾਰਨ ਤੁਹਾਡੀ ਭੇਟਾ ਚੜ੍ਹਿਆ ਪਰਸ਼ਾਦ, ਉਸ ਦਾ ਲੇਖਾ ਦਏ ਜਣਾਈਆ । ਅਗੇ ਬਣੀ ਰਹੇ ਜਮਾਤ, ਇਕ ਇਕ ਨਾਲ ਮਿਲਾਈਆ । ਖੇਲ ਵਖਾਵੇ ਬੱਚਿਆਂ ਨਾਲ ਮਾਤ, ਭੈਣ ਭਰਾਵਾਂ ਇਕੋ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣਨਹਾਰਾ ਆਪਣੀ ਆਵਾਜ਼, ਜੁਆਬ ਵਿਚ ਮਾਰਗ ਦਏ ਬਣਾਈਆ ।

ਗੁਰ ਕਹੇ ਬੱਚਿਆਂ ਜੰਮਦਿਆਂ ਦੀ ਮੇਰੀ ਮਿਲਦੀ ਗੁੜਤੀ, ਮਾਤਾ ਖ਼ੁਸ਼ੀ ਨਾਲ ਮੁਖ ਲਗਾਈਆ । ਇਹ ਵਸਤ ਮਿਲੀ ਧੁਰ ਦੀ, ਧੁਰ ਮਸਤਕ ਲੇਖਾ ਦਏ ਚੁਕਾਈਆ । ਇਹ ਰੀਤੀ ਸਾਚੇ ਗੁਰ ਦੀ, ਹਰਿ ਸੰਗਤ ਮੇਲ ਮਿਲਾਈਆ । ਆਪਣੇ ਨਾਲ ਮਿਲਾ ਕੇ ਸੁਰਤੀ, ਮਨ ਵਾਸ਼ਨਾ ਦਏ ਖਪਾਈਆ । ਸਵਾਧਾਨ ਹੋਏ ਮੁਰਦੀ, ਮੁਰਦਿਆਂ ਲਏ ਉਠਾਈਆ । ਇਹ ਖੇਲ ਆਪਣੀ ਲੋੜ ਦੀ, ਲੋੜੀਂਦਾ ਕਾਰਜ ਰਿਹਾ ਕਰਾਈਆ । ਗੁਰ ਕਹੇ ਇਹ ਖੇਲ ਨਹੀਂ ਕਿਸੇ ਹੋਰ ਦੀ, ਹਰਿਜੂ ਆਪਣਾ ਰੰਗ ਰੰਗਾਈਆ । ਤੁਹਾਡੀ ਕਾਲਖ ਮੇਟੇ ਪੰਜ ਚੋਰ ਦੀ, ਝਗੜਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਗੁਰ ਕਹੇ ਮਾਤਾ ਬੱਚਿਆਂ ਨਾਲ ਕੀਤਾ ਪਿਆਰ, ਸੋਹਣੀ ਰੀਤ ਬਣਾਈਆ । ਵਸਤ ਅਮੋਲਕ ਦੇ ਕੇ ਧਾਰ, ਧਰਮ ਜੜ੍ਹ ਦਿਤੀ ਲਗਾਈਆ । ਇਕ ਘਰ ਦਾ ਇਕ ਵਿਹਾਰ, ਇਕ ਦਰ ਵੱਜੇ ਵਧਾਈਆ ।


੮੯੯

ਆਪਣੇ ਬੱਚਿਆਂ ਵਰਗਾ ਤੁਹਾਡੇ ਨਾਲ ਕਰੇ ਪਿਆਰ, ਸੱਚਿਆਂ ਦੇ ਸਚੇ ਵੇਖ ਵਖਾਈਆ । ਅਗੇ ਵਾਸਤੇ ਸਭ ਨੂੰ ਕਰਨੀ ਪਏ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਨੇ ਨੀਹਾਂ ਹੇਠਾਂ ਬੱਚੇ ਦਿਤੇ ਸਵਾਲ, ਗੋਦੀ ਵਾਲੀ ਤੁਹਾਡੀ ਭੇਟ ਕਰਾਈਆ । ਮਨਜੀਤ ਜਗਦੀਸ਼ਾ ਦਿਤੇ ਵਾਰ, ਵਾਰਸ ਤੁਹਾਨੂੰ ਦਿਤਾ ਬਣਾਈਆ । ਸੋਹਣੇ ਮੰਦਰ ਦਿਤੇ ਉਸਾਰ, ਨੌ ਦਵਾਰ ਵੱਜੇ ਵਧਾਈਆ । ਚਾਰੋਂ ਕੁੰਟ ਹੋਏ ਉਜਿਆਰ, ਜੈ ਜੈਕਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਗੁੜ ਕਹੇ ਮੈਂ ਆਇਆ ਵਿਹਾਰ ਕਾਰਨ, ਕਰਤਾ ਦੇਵੇ ਵਡਿਆਈਆ । ਦੂਈ ਦਵੈਤੀ ਵਿਚੋਂ ਆਇਆ ਮਾਰਨ, ਮਰਿਆਂ ਨੂੰ ਦਿਆਂ ਉਠਾਈਆ । ਡੁਬਦਿਆਂ ਨੂੰ ਆਇਆ ਤਾਰਨ, ਬੇੜੇ ਵਿਚ ਚੜ੍ਹਾਈਆ । ਸੋਹਣਾ ਪ੍ਰੇਮ ਆਇਆ ਸਿਖਾਲਣ, ਸਿਖਿਆ ਸਚ ਸਮਝਾਈਆ । ਪ੍ਰੇਮ ਨਾਲ ਆਇਆ ਪਾਲਣ, ਦਿਵਸ ਰੈਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਿਤਾ ਬਣਾਈਆ । ਗੁੜ ਕਹੇ ਮੈਨੂੰ ਚੰਗੇ ਲੱਗੇ ਇਕੱਠੇ ਮਾਂ ਪੁਤ, ਪਿਤਾ ਕੋਲ ਖ਼ੁਸ਼ੀਆਂ ਨਾਲ ਆਈਆ । ਇਸ ਤੋਂ ਵੱਡੀ ਸੋਹਣੀ ਕਿਹੜੀ ਰੁਤ, ਹਿਰਦੇ ਸੜਦੇ ਸ਼ਾਂਤ ਕਰਾਈਆ । ਇਕ ਦੂਜੇ ਨੂੰ ਵੇਖ ਸਾਰੇ ਹੋਏ ਖ਼ੁਸ਼, ਖ਼ੁਸ਼ੀ ਆਪਣੀ ਰਹੇ ਜਣਾਈਆ । ਅਗੇ ਪਰਦਾ ਉਹਲਾ ਰਹੇ ਨਾ ਲੁਕ, ਗੁਰਦੇਵ ਮਾਤਾ ਸਾਚੀ ਦਿਤੀ ਸਮਝਾਈਆ । ਉਹ ਸਮਾਂ ਆਇਆ ਢੁਕ, ਜਿਸ ਦਾ ਵੇਲਾ ਸਾਰੇ ਰਹੇ ਤਕਾਈਆ । ਹੁਣ ਬੱਝਣ ਲਗਾ ਮੁਢ, ਧੁਰ ਦੀ ਨੀਂਹ ਰਿਹਾ ਬਣਾਈਆ । ਭੇਵ ਰਹਿਣ ਨਹੀਂ ਦੇਣਾ ਗੁਝ, ਪਰਦਾ ਦੇਣਾ ਉਠਾਈਆ । ਮਾਤਾ ਆਪਣਿਆਂ ਬੱਚਿਆਂ ਲਏ ਪੁਛ, ਬੱਚਿਆਂ ਨਾਲ ਬੱਚਿਆਂ ਲਏ ਮਿਲਾਈਆ । ਸਭ ਦੀ ਸਾਂਝੀ ਹੋ ਜਾਏ ਤੁਕ, ਇਕੋ ਨਾਮ ਵਡਿਆਈਆ । ਇਕੋ ਮੰਜ਼ਲ ਤੇ ਪੈਂਡਾ ਜਾਏ ਮੁਕ, ਅਗੇ ਪਿਛੇ ਨਾ ਕੋਇ ਵਖਾਈਆ । ਜਿਸ ਨੇ ਵਿਛੋੜਾ ਝਲ ਕੇ ਆਪਣੇ ਪੁਤ, ਗੁਰਮੁਖ ਬੱਚੇ ਗੋਦ ਬਠਾਈਆ । ਧਰਤ ਧਵਲ ਤੋਂ ਆਪਣੇ ਬੂਟੇ ਪੁਟ, ਉਪਰ ਆਕਾਸ਼ਾਂ ਦਿਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁੜ ਕਹੇ ਮੈਨੂੰ ਚੰਗਾ ਲੱਗਾ ਨਾਤਾ, ਬੰਧਨ ਸੋਹਣਾ ਨਜ਼ਰੀ ਆਈਆ । ਜਨ ਭਗਤਾਂ ਮੇਲ ਮਿਲਿਆ ਧੁਰ ਦੀ ਮਾਤਾ, ਵਡ ਮਾਤਾ ਖ਼ੁਸ਼ੀ ਰਖਾਈਆ । ਜਿਸ ਦਾ ਗੋਬਿੰਦ ਗੁਰ ਸਾਚਾ, ਸ਼ਬਦ ਪੂਤ ਵਡਿਆਈਆ । ਦੋ ਜਹਾਨਾਂ ਰਾਜਾ, ਸ਼ਹਿਨਸ਼ਾਹ ਅਖਵਾਈਆ । ਸੀਸ ਰਖ ਕੇ ਤਾਜਾ, ਤਖ਼ਤ ਤਾਜ ਉਲਟਾਈਆ । ਸੋਹਣਾ ਰਚ ਕੇ ਕਾਜਾ, ਬੱਚਿਆਂ ਨਾਲ ਮਿਲਾਈਆ । ਬੁੱਢੜੀ ਮਾਈ ਸਭ ਦਾ ਖ਼ੂਨ ਕਰ ਕੇ ਸਾਂਝਾ, ਧਾਰ ਆਪਣੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁੜ ਕਹੇ ਮੈਂ ਸੁਣਿਆ ਸੋਹਣਾ ਢੋਲਾ, ਮਾਂ ਪੁਤਰ ਰਹੇ ਗਾਈਆ । ਵਿਚ ਰਲਿਆ ਹੋਰ ਵਿਚੋਲਾ, ਰਾਜ ਨਰੈਣ ਖ਼ੁਸ਼ੀ ਮਨਾਈਆ । ਜਿਸ ਦੇ ਅੰਦਰ ਰੰਗ ਗੁਲਾਲਾ ਚੜ੍ਹਿਆ ਹੋਲਾ, ਸੋਹਣਾ ਰੂਪ ਵਟਾਈਆ । ਇਕ ਨਜ਼ਰੀ ਆਇਆ ਤੋਲਾ, ਅਮੀਰ ਚੰਦ ਧੜਵਾਈਆ । ਸਭ ਦਾ ਕਰਨਾ ਭਾਰ ਹੌਲਾ, ਲੇਖੇ ਲਹਿਣੇ ਵਿਚ ਰਖਾਈਆ । ਭਾਵੇਂ ਮੇਰਾ ਤਨਾਂ ਵਾਲਾ ਨਹੀਂ ਚੋਲਾ, ਕਾਇਆ ਸਾੜ ਕੇ ਮੈਨੂੰ ਮਿਲੀ ਵਡਿਆਈਆ । ਮੈਂ ਉਚੀ ਕੂਕ ਪਾਵਾਂ ਰੌਲਾ, ਭਗਤਾਂ ਦੇਣਾ ਸੁਣਾਈਆ । ਫਿਰ ਲਭਣਾ ਨਹੀਂ ਮੌਲਾ, ਮਾਲਕ ਬੇਪਰਵਾਹੀਆ । ਜਿਸ ਦਾ ਗੋਬਿੰਦ ਨਾਲ ਕੌਲਾ, ਇਕਰਾਰ ਲਿਆ ਲਿਖਾਈਆ । ਸੋ ਆਇਆ ਉਪਰ ਧੌਲਾ, ਧੁਰਦਰਗਾਹੀ ਵੇਖ ਵਖਾਈਆ । ਤੁਹਾਡਾ ਭਾਰ

ਕਰ ਕੇ ਹੌਲਾ, ਦੁਖ ਦਰਦ ਦਏ ਗਵਾਈਆ । ਲਹਿਣਾ ਚੁਕਾਏ ਪ੍ਰੇਮ ਪਿਆਰ ਦਾ ਰੋਣਾ, ਸੋਹਣਾ ਆਪਣੇ ਵਿਚ ਸਮਾਈਆ । ਸਦਾ ਬੱਚਿਆਂ ਦਾ ਮੁਖੜਾ ਮਾਤਾ ਨੇ ਧੋਣਾ, ਇਹ ਸੇਵਾ ਧੁਰ ਦੀ ਬਣੀ ਆਈਆ । ਗੀਤ ਢੋਲਾ ਸੋਹਲਾ ਰਲ ਕੇ ਗੌਣਾ, ਗਹਿਰ ਗੰਭੀਰ ਵੱਜੀ ਵਧਾਈਆ । ਗੁੜ ਕਹੇ ਸਾਢੇ ਪੰਜ ਵਜੇ ਮੇਰੇ ਉਤੇ ਨਵਾਂ ਪਾਉਣਾ ਪੋਣਾ, ਕੋਰਾ ਸਵਾ ਗਜ਼ ਵਖਾਈਆ । ਕੋਲ ਜਲ ਦਾ ਭਰਿਆ ਹੋਵੇ ਡੋਹਣਾ, ਸਵਾ ਸੇਰ ਦੁੱਧ ਨਾਲ ਵਡਿਆਈਆ । ਪੰਜ ਵਾਰੀ ਬਾਹਰੋਂ ਧੋਣਾ, ਪ੍ਰੇਮ ਪ੍ਰੀਤੀ ਸੇਵ ਕਮਾਈਆ । ਪੰਜਾਂ ਨੇ ਇਕ ਦੂਜੇ ਤੋਂ ਹੌਲੀ ਹੌਲੀ ਖੋਹਣਾ, ਵੰਡ ਵੇਰਵੇ ਵਾਰ ਸਮਝਾਈਆ । ਇਹ ਵਰ ਮੰਗਿਆ ਸੀ ਅਚਾਰਜ ਦਰੋਣਾ, ਕ੍ਰਿਸ਼ਨ ਅਗੇ ਸੀਸ ਨਿਵਾਈਆ । ਇਹ ਵਰ ਮੰਗਿਆ ਸੀ ਕਰਨ ਦਾਨ ਕਰਨ ਲਗਿਆਂ ਸੋਨਾ, ਸਵਾ ਮਣ ਭੇਟ ਚੜ੍ਹਾਈਆ । ਜਨ ਭਗਤਾਂ ਸਭ ਕੁਛ ਲੇਖੇ ਪੌਣਾ, ਕਿਸੇ ਨੂੰ ਦੇਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁੜ ਕਹੇ ਉਹ ਖੋਣ ਵਾਲੇ ਕੱਪੜੇ ਪੰਜ, ਸਚ ਦਿਆਂ ਸਮਝਾਈਆ । ਇਹ ਖੇਲ ਬਾਜੀ ਸ਼ਤਰੰਜ, ਸਾਰ ਪਾਸ਼ਾ ਨਜ਼ਰੀ ਆਈਆ । ਜਿਸ ਕਾਰੂ ਦੇ ਭਰੇ ਗੰਜ, ਅੰਤ ਖ਼ਾਲੀ ਹੱਥ ਵਖਾਈਆ । ਜਿਸ ਰਾਜੇ ਰਾਣੇ ਕੀਤੇ ਤੰਗ, ਸ਼ਹਿਨਸ਼ਾਹ ਖ਼ਾਕ ਮਿਲਾਈਆ । ਜਿਸ ਦੇ ਨਾਮ ਦਾ ਇਕ ਮਰਦੰਗ, ਢੋਲੇ ਰਿਹਾ ਸੁਣਾਈਆ । ਜਿਸ ਸੋਹਣੀ ਦਾਤ ਦੇਣੀ ਵੰਡ, ਵੰਡ ਵੇਰਵੇ ਵਾਰ ਪਾਈਆ । ਸਾਚਾ ਖੇਲ ਕਰੇ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਵਿਚ ਸਮਾਈਆ । ਦੋਵੇਂ ਗੋਬਿੰਦ ਦੇ ਹੋਵਣ ਚੰਦ, ਆਪਣਾ ਸੰਗ ਰਖਾਈਆ । ਕਿਸ਼ਨ ਸਿੰਘ ਆਇਆ ਵਿਚ ਵੰਡ, ਰਾਜ ਨਰੈਣ ਜੋੜ ਜੁੜਾਈਆ । ਰਣਜੀਤ ਕੌਰ ਹੋਵੇ ਸੰਗ, ਪੰਜਾਂ ਮਿਲ ਕੇ ਜੋੜ ਜੁੜਾਈਆ । ਵੱਡੀ ਮਾਤਾ ਵੇਖੇ ਇਹ ਅਨੰਦ, ਬੱਚਿਆਂ ਨਾਲ ਖ਼ੁਸ਼ੀ ਪਰਗਟਾਈਆ । ਸੋਹਣਾ ਬਣੇ ਸੰਗ, ਚਿੰਤਾ ਸਗਲ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁੜ ਕਹੇ ਮੇਰੇ ਅੰਦਰ ਕਿਹੜਾ ਰਸ, ਅੱਖਾਂ ਨਾਲ ਨਜ਼ਰ ਕਿਸੇ ਨਾ ਆਈਆ । ਜਿਹੜਾ ਰਸਨਾ ਨਾਲ ਲਵੇ ਚਖ, ਓਸੇ ਦਿਆਂ ਸਮਝਾਈਆ । ਅਗੇ ਤੋਂ ਮਾਂ ਪੁਤ ਰਹਿਣ ਨਹੀਂ ਦੇਣੇ ਵਖ, ਇਕੋ ਘਰ ਦੇਣੇ ਵਸਾਈਆ । ਤੁਹਾਡਾ ਸਾਰਿਆਂ ਦਾ ਸਾਂਝਾ ਕੀਤਾ ਹਕ, ਦੂਈ ਦੀ ਹਕੂਮਤ ਦਿਤੀ ਬਦਲਾਈਆ । ਧੁਰ ਦਾ ਨਾਤਾ ਹੋਇਆ ਪਕ, ਪੱਕੀ ਗੰਢ ਪਵਾਈਆ । ਇਸ ਵਿਚ ਰਹੇ ਕੋਈ ਨਾ ਸ਼ਕ, ਭੁਲੇਖੇ ਦਏ ਕਢਾਈਆ । ਭਗਤ ਦਵਾਰੇ ਸਭ ਨੇ ਮਿਲ ਕੇ ਜਾਣਾ ਵਸ, ਵਾਸਤਾ ਇਕੋ ਨਾਲ ਰਖਾਈਆ । ਮਾਂ ਪੁੱਤਾਂ ਦੀ ਬਦਲ ਨਾ ਜਾਏ ਕਦੀ ਅੱਖ, ਪਿਠ ਸਕੇ ਨਾ ਕੋਇ ਬਦਲਾਈਆ । ਗੁਰਮੁਖ ਗ਼ਰੀਬ ਨਿਮਾਣੇ ਹਾੜ ਕਹੇ ਗੋਬਿੰਦ ਦੇ ਸਵਾ ਲੱਖ, ਧੁਰ ਦੀ ਆਵਾਜ਼ ਦਿਤੀ ਸਮਝਾਈਆ । ਜਿਨ੍ਹਾਂ ਦੇ ਅੰਤਰ ਪ੍ਰਭ ਸਾਚਾ ਰਿਹਾ ਵਸ, ਹਰਦਮ ਆਪਣਾ ਡੇਰਾ ਲਾਈਆ । ਇਹ ਨਾਤਾ ਬਣ ਗਿਆ ਸਚ, ਸਚ ਵੱਜੀ ਵਧਾਈਆ । ਸਭ ਦੀ ਪੂਰੀ ਹੋਵੇ ਆਸ, ਆਸਾ ਰੰਗ ਚੜ੍ਹਾਈਆ । ਗੁੜ ਕਹੇ ਮੈਨੂੰ ਦਿਓ ਸ਼ਾਬਾਸ਼, ਮੈਂ ਵਿਛੜਿਆਂ ਰਿਹਾ ਮਿਲਾਈਆ । ਖਿੱਚਕੇ ਲਿਆਇਆ ਸਤਿਗੁਰ ਪਾਸ, ਅੰਦਰੇ ਅੰਦਰ ਦਿਤੇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿਰ ਆਪਣਾ ਹੱਥ ਰਖਾਈਆ । ਗੁੜ ਕਹੇ ਮੇਰਾ ਲੇਖਾ ਨਾਲ ਅਗੰਮੀ ਬਾਣੀ, ਪੁਰਖ ਅਕਾਲ ਦਏ ਵਡਿਆਈਆ । ਗੋਬਿੰਦ ਮਿਲਿਆ ਸੱਚਾ ਹਾਣੀ, ਗੁਰ ਸਤਿਗੁਰ ਦਇਆ ਕਮਾਈਆ । ਮਿਹਰਵਾਨ ਹੋ ਕੇ ਕਰੇ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਦਇਆਵਾਨ ਹੋ ਕੇ

ਬਣੇ ਦਾਨੀ, ਦੌਲਤ ਆਪਣੀ ਇਕ ਵਰਤਾਈਆ । ਸਚ ਪਿਆਰ ਦੀ ਦੇਵੇ ਨਿਸ਼ਾਨੀ, ਦੋ ਜਹਾਨਾਂ ਨਜ਼ਰੀ ਆਈਆ । ਪੂਰਬ ਲਹਿਣਾ ਚੁਕਾਏ ਗੁਣ ਨਿਧਾਨੀ, ਗੁਣਵੰਤਾ ਸਹਿਜ ਸੁਖਦਾਈਆ । ਪੂਰਬ ਲੇਖਾ ਚੁਕਾਏ ਦੋ ਜਹਾਨੀ, ਲੋਕਮਾਤ ਵੱਜੇ ਵਧਾਈਆ । ਮੇਰੇ ਵਿਚ ਮਿਲਾਏ ਠੰਡਾ ਪਾਣੀ, ਜੋੜ ਧੁਰ ਦਾ ਦਏ ਜੁੜਾਈਆ । ਸਾਚੇ ਸੀਰ ਦੀ ਦੇਵੇ ਪਦ ਨਿਰਬਾਨੀ, ਰਸ ਧੁਰ ਦਾ ਵਿਚ ਰਖਾਈਆ । ਸਾਡੀ ਚੜ੍ਹਦੀ ਹੋਵੇ ਜਵਾਨੀ, ਜੋਬਨ ਰੂਪ ਪਰਗਟਾਈਆ । ਸੇਵਾ ਕਰ ਲੈ ਸਚ ਮਹਾਨੀ, ਆਪਣਾ ਆਪ ਭੇਟ ਚੜ੍ਹਾਈਆ । ਲੇਖਾ ਵੇਖ ਕੇ ਚਾਰੇ ਖਾਣੀ, ਗੁਰਮੁਖਾਂ ਰਾਹ ਤਕਾਈਆ । ਭਗਤ ਸੁਹੇਲਾ ਸ੍ਰੀ ਭਗਵਾਨੀ, ਭਾਗ ਸਾਡਾ ਦਏ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਗੁੜ ਕਹੇ ਪਾਣੀ ਦੁੱਧ ਹੋਇਆ ਮਿਲਾਪ, ਤ੍ਰੈ ਮੇਲਾ ਸਹਿਜ ਸੁਭਾਈਆ । ਇਕੋ ਆਈ ਆਵਾਜ਼, ਸੰਦੇਸ਼ਾ ਧੁਰ ਸਮਝਾਈਆ । ਪੁਰਖ ਅਕਾਲ ਧੁਰ ਦਾ ਬਾਪ, ਅਨਬੋਲਤ ਰਾਗ ਅਲਾਈਆ । ਸਚ ਸੁਵਾਮੀ ਕਰਨ ਆਇਆ ਇਨਸਾਫ਼, ਅਦਲ ਅਦਾਲਤ ਇਕ ਵਖਾਈਆ । ਤ੍ਰੈਗੁਣ ਮਾਇਆ ਉਤਾਰ ਕੇ ਪਾਪ, ਗੁਰਮੁਖ ਪਤਿਤ ਪੁਨੀਤ ਰੂਪ ਬਣਾਈਆ । ਅਗਲਾ ਖੇਲ ਸਚ ਤਮਾਸ਼, ਬਿਨ ਤਮਅ ਲੋਭ ਦਏ ਦ੍ਰਿੜਾਈਆ । ਜੋ ਗੋਬਿੰਦ ਗਿਆ ਆਖ, ਸੁਨੇਹੜਾ ਸਚ ਸਮਝਾਈਆ । ਸੋ ਵਕਤ ਸੁਹੰਜਣਾ ਵੇਖੇ ਆਪ, ਪਤਿਪਰਮੇਸ਼ਵਰ ਬੇਪਰਵਾਹੀਆ । ਕੂੜੀ ਕਿਰਿਆ ਮੇਟ ਕੇ ਤਾਪ, ਤ੍ਰੈਗੁਣ ਡੇਰਾ ਰਿਹਾ ਢਾਹੀਆ । ਸਾਡਾ ਸੱਜਣ ਬਣ ਕੇ ਸਾਕ, ਸਗਲਾ ਸੰਗ ਨਿਭਾਈਆ । ਆਟਾ ਪਾ ਕੇ ਵਿਚ ਪਰਾਤ, ਪਰਤਾਪ ਭਗਤਾਂ ਰਿਹਾ ਵਧਾਈਆ । ਪੰਜਾਂ ਨੂੰ ਦੱਸੇ ਸੋਹਣੀ ਜਾਚ, ਪੰਚਮ ਮੀਤਾ ਬੇਪਰਵਾਹੀਆ । ਮਿਲ ਕੇ ਦੇਣਾ ਧੁਰ ਦਾ ਸਾਥ, ਸੋਹਣਾ ਸੰਗ ਬਣਾਈਆ । ਅੰਦਰ ਗੌਣੀ ਆਤਮ ਪਰਮਾਤਮ ਗਾਥ, ਸੋਹੰ ਢੋਲਾ ਰਾਗ ਅਲਾਈਆ । ਮੇਰੀ ਪਿਛਲੀ ਪੂਰੀ ਹੋਵੇ ਖ਼ਾਹਿਸ਼, ਆਸਾ ਨਾਲ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਗੁੜ ਕਹੇ ਮੈਨੂੰ ਪਾਣੀ ਵਿਚ ਦਿਤਾ ਘੋਲ, ਪਾਣੀ ਦੁੱਧ ਨਾਲ ਮਿਲਾਈਆ । ਪੰਜ ਜੈਕਾਰੇ ਦਿਓ ਬੋਲ, ਵੱਜੇ ਨਾਮ ਵਧਾਈਆ । ਬਿਨ ਵਜ਼ਨ ਤੋਂ ਤੋਲ ਵਡ ਤੋਲ, ਅਨਤੁਲ ਵਸਤ ਉਲਟਾਈਆ । ਮੈਂ ਆਟੇ ਵਿਚ ਜਾਵਾਂ ਮੌਲ, ਮਿਲ ਕੇ ਖ਼ੁਸ਼ੀ ਮਨਾਈਆ । ਪੰਜਾਂ ਹੱਥਾਂ ਨਾਲ ਫੇਰ ਦੇਣਾ ਫਰੋਲ, ਹਿੱਸਾ ਧੁਰ ਦਾ ਸੇਵ ਕਮਾਈਆ । ਮੈਂ ਵੇਖਾਂ ਖੇਲ ਅਡੋਲ, ਸਤਿ ਸਚ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਗੁੜ ਕਹੇ ਮੇਰੀ ਪੁਕਾਰ ਲਈ ਸੁਣ, ਪ੍ਰਭ ਆਪਣੀ ਦਇਆ ਕਮਾਈਆ । ਸੋਹਣਾ ਵਕ਼ਤ ਸੁਹੇਲਾ ਲਿਆ ਚੁਣ, ਚਾਰੋਂ ਕੁੰਟ ਖੋਜ ਖੁਜਾਈਆ । ਪ੍ਰੇਮ ਪਿਆਰ ਉਪਜਾ ਕੇ ਧੁਨ, ਗੁਰਮੁਖਾਂ ਲਿਆ ਉਠਾਈਆ । ਹੌਲੀ ਹੌਲੀ ਮੈਨੂੰ ਹੁਣ ਗੁੰਨ, ਭਾਰ ਥੋੜ੍ਹਾ ਥੋੜ੍ਹਾ ਪਾਈਆ । ਸੋਹੰ ਜਾਪ ਦੇ ਹਿਲਦੇ ਰਹਿਣ ਬੁੱਲ, ਤੂੰਹੀ ਤੂੰਹੀ ਰਾਗ ਅਲਾਈਆ । ਮੈਂ ਆ ਗਿਆ ਭਗਤਾਂ ਦੀ ਵਿਚ ਕੁਲ, ਕੁਲਵੰਤਾ ਮੇਲ ਮਿਲਾਈਆ । ਸਚ ਫੁਲਵਾੜੀ ਗਈ ਫੁੱਲ, ਪੱਤ ਟਹਿਣੀ ਰੰਗ ਮਹਿਕਾਈਆ । ਗੁਰਮੁਖ ਕੋਈ ਨਾ ਜਾਵੇ ਭੁਲ, ਭੁੱਲਿਆਂ ਰਸਤੇ ਦੇਣਾ ਲਗਾਈਆ । ਸਚ ਦਵਾਰਾ ਗਿਆ ਖੁਲ੍ਹ, ਭੁੱਖਿਆਂ ਦਏ ਰਜਾਈਆ । ਖਾਣ ਪੀਣ ਦਾ ਲਗੇ ਕੋਈ ਨਾ ਮੁੱਲ, ਕ਼ੀਮਤ ਕਰਤਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਧੁਰ ਦਾ ਸੰਗ ਨਿਭਾਈਆ । ਗੁੜ ਕਹੇ ਰਲ ਮਿਲ ਕੇ ਹੋਏ ਇਕੱਠੇ, ਇਕੋ ਰੰਗ ਸਮਾਈਆ । ਸ਼ਬਦ ਸੰਦੇਸ਼ੇ ਸੁਣੇ ਧੁਰ ਦੇ ਪਤੇ, ਪਤਿਪਰਮੇਸ਼ਵਰ

ਦਏ ਵਡਿਆਈਆ । ਅਸੀਂ ਸੱਚੇ ਪਕਾ ਲਈਏ ਮਤੇ, ਮਤਿ ਆਪਣੀ ਦਿਤੀ ਗਵਾਈਆ । ਭਾਈ ਭਾਈ ਬਣ ਗਏ ਸੱਕੇ, ਦੁੱਧ ਪਾਣੀ ਆਟਾ ਗੁੜ ਨਾ ਕੋਈ ਜੁਦਾਈਆ । ਇਕੋ ਬਰਤਨ ਵਿਚ ਸਭ ਨੂੰ ਰੱਖੇ, ਸੋਹਣਾ ਥਾਂ ਸੁਹਾਈਆ । ਸਾਡੇ ਭਾਗ ਹੋ ਗਏ ਅੱਛੇ, ਕੁਕਰਮਾਂ ਡੇਰਾ ਢਾਹਿਆ । ਭਗਤ ਸੁਹੇਲੇ ਵੇਖੇ ਸੱਚੇ, ਸਤਿ ਸਚ ਧਿਆਨ ਰਹੇ ਲਗਾਈਆ । ਅਸੀਂ ਖ਼ੁਸ਼ੀਆਂ ਅੰਦਰ ਹੱਸੇ, ਗੀਤ ਗੋਬਿੰਦ ਅਲਾਈਆ । ਇਕ ਦੂਜੇ ਨੂੰ ਪਤੇ ਦੱਸੇ, ਭੇਵ ਅਭੇਦ ਖੁਲ੍ਹਾਈਆ । ਅਸੀਂ ਹੁਣ ਠੰਡਿਆਂ ਤੋਂ ਹੋਣਾ ਤੱਤੇ, ਅਗਨੀ ਲੋਹ ਉਤੇ ਤਪਾਈਆ । ਸਾਨੂੰ ਸੱਟਾਂ ਵਜਣੀਆਂ ਉਤੇ ਫੱਟੇ, ਸੁਵਾਣੀਆਂ ਹੱਥਾਂ ਨਾਲ ਘੜ੍ਹਾਈਆ । ਫੇਰ ਅਸਾਂ ਪ੍ਰਭ ਦੇ ਦਰ ਤੇ ਹੋਣਾ ਅੱਛੇ, ਆਪਣਾ ਆਪ ਦੇਣਾ ਜਲਾਈਆ । ਜਿਹੜਾ ਸਾਨੂੰ ਗੁਰਮੁਖ ਛਕੇ, ਸ਼ਕ ਓਸਦੇ ਦੇਣੇ ਗਵਾਈਆ । ਇਹ ਮਾਲਕ ਧੁਰ ਦਾ ਹੱਕੇ, ਹਕੀਕਤ ਸਭ ਦੀ ਵੇਖ ਵਖਾਈਆ । ਮਸਤਕ ਲੇਖ ਮਿਟਾ ਕੇ ਲਿਖੇ, ਲੇਖਾ ਆਪਣਾ ਦਏ ਪਰਗਟਾਈਆ । ਜਗ ਨੇਤਰ ਕਿਸੇ ਨਾ ਦਿਸੇ, ਕੂੜ ਕੁੜਿਆਰੇ ਰਹੇ ਕੁਰਲਾਈਆ । ਜਨ ਭਗਤਾਂ ਆਇਆ ਹਿੱਸੇ, ਸੋਹਣੀ ਵੰਡ ਵੰਡਾਈਆ । ਗੁਰਮੁਖੋ ਤੁਸਾਂ ਖ਼ੁਸ਼ੀਆਂ ਨਾਲ ਛਕਣੇ ਪਰਸ਼ਾਦੇ ਮਿੱਠੇ, ਮਿਠਾਸ ਤੁਹਾਡੇ ਅੰਦਰ ਦਿਆਂ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੁੜ ਕਹੇ ਅਸੀਂ ਰਲ ਮਿਲ ਕਰਨੀ ਸੇਵਾ, ਰਲ ਮਿਲ ਆਪਣਾ ਆਪ ਭੇਟ ਚੜ੍ਹਾਈਆ । ਪੁਰਖ ਅਕਾਲ ਮੰਨਣਾ ਦੇਵੀ ਦੇਵਾ, ਦੇਵਤ ਸੁਰ ਨਾਲ ਮਿਲਾਈਆ । ਉਸਤਤ ਕਰਨ ਬਿਨ ਰਸਨਾ ਜਿਹਵਾ, ਅਨਬੋਲਤ ਰਾਗ ਸੁਣਾਈਆ । ਪਤਿਪਰਮੇਸ਼ਵਰ ਪੌਣਾ ਅਲਖ ਅਭੇਵਾ, ਅਗੰਮ ਅਥਾਹ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁੜ ਆਟਾ ਪਾਣੀ ਦੁੱਧ ਕਹੇ ਜਿਸ ਵੇਲੇ ਸਾਨੂੰ ਵਜਦੀ ਮੁੱਕੀ, ਪੰਜਾਂ ਉਂਗਲਾਂ ਦੀ ਪਿੱਠ ਰਹੀ ਦਬਾਈਆ । ਸਾਡੀ ਸੁਰਤ ਉਠਦੀ ਸੁੱਤੀ, ਖ਼ਬਰਦਾਰ ਰਹੀ ਕਰਾਈਆ । ਪ੍ਰੇਮ ਪਿਆਰ ਨਿਸ਼ਾਨਿਉਂ ਕਦੇ ਨਾ ਰੁਕੀਂ, ਇਕੋ ਗੱਲ ਰਹੀ ਜਣਾਈਆ । ਪੂਰਬ ਪੂਰਬ ਜਨਮ ਦੀ ਜੋ ਗੁਰਮੁਖਾਂ ਦੀ ਮਨਸਾ ਦੀ ਭੁੱਖੀ, ਪ੍ਰੇਮ ਨਾਲ ਦੇਣੀ ਰਜਾਈਆ । ਜਨ ਭਗਤ ਸੁਹੇਲੇ ਸਾਰੇ ਬਣੌਣੇ ਪੰਜ ਮੁਖੀ, ਮੁਖ ਅੰਤਰ ਵੇਖ ਵਖਾਈਆ । ਪ੍ਰਭ ਦੇ ਵਿਛੋੜੇ ਵਿਚ ਰਹੇ ਕੋਈ ਨਾ ਦੁਖੀ, ਦੁਖੀਆਂ ਦਰਦ ਦੇਣਾ ਗਵਾਈਆ । ਚਾਰੋਂ ਕੁੰਟ ਨਜ਼ਰ ਆਵਣ ਸੁਖੀ, ਸੁਖ ਸਾਗਰ ਵਿਚ ਸਮਾਈਆ । ਭਾਗ ਲਗੌਣਾ ਮਾਵਾਂ ਕੁੱਖੀਂ, ਜਣੇਂਦੀ ਦੇਣੀ ਵਡਿਆਈਆ । ਪ੍ਰੇਮ ਪ੍ਰੀਤੀ ਦੇਣੀ ਸੁਚੀ, ਕੂੜੀ ਗੰਢ ਨਾ ਕੋਇ ਬੰਧਾਈਆ । ਜਨ ਭਗਤਾਂ ਦੀ ਸੰਗਤ ਕਰਨੀ ਉਚੀ, ਉਚ ਅਗੰਮ ਅਥਾਹ ਨਾਲ ਮਿਲਾਈਆ । ਸਾਰਿਆਂ ਦੀ ਮਿਲ ਕੇ ਸਾਡੇ ਵਰਗੀ ਹੋਣੀ ਰੁਚੀ, ਇਕੋ ਰੰਗ ਸਮਾਈਆ । ਪਿਛਲੀ ਜਨਮ ਕਰਮ ਦੀ ਜੋ ਲੜੀ ਪਿਛਲੀ ਟੁੱਟੀ, ਉਹ ਵੀ ਗੰਢ ਵਖਾਈਆ । ਗੁੜ ਕਹੇ ਸਾਡਾ ਪ੍ਰੇਮ ਪਿਆਰ ਰਸ ਖਾ ਕੇ ਸਭ ਨੂੰ ਮਿਲੇ ਛੁੱਟੀ, ਛੁਟਕਾਰਾ ਜਮਾਂ ਤੋਂ ਦਿਤਾ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਿਨੋਂ ਦਿਨ ਵਧੌਂਦਾ ਜਾਏ ਖ਼ੁਸ਼ੀ, ਖ਼ੁਸ਼ਹਾਲੀ ਭਗਤਾਂ ਵਿਚ ਟਿਕਾਈਆ ।

### ❋ ੧੪ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❋

ਦੱਖਣ ਦਿਸ਼ਾ ਕਹੇ ਪ੍ਰਭ ਕਿਰਪਾ ਕੀਤੀ ਆਪ, ਦਛਨਾ ਆਪਣੀ ਰਿਹਾ ਵਰਤਾਈਆ । ਸਾਚੀ ਕੂਟ ਕੀਤਾ ਪਰਤਾਪ, ਪ੍ਰਤੀਨਿਧ ਆਪਣਾ ਹੁਕਮ

ਸਮਝਾਈਆ । ਧੁਰ ਦਾ ਨਾਮ ਦੱਸ ਕੇ ਜਾਪ, ਸੰਦੇਸ਼ਾ ਇਕੋ ਦਿਤਾ ਸੁਣਾਈਆ । ਪੂਰਬ ਪੂਰਾ ਕਰ ਕੇ ਭਵਿਖਤ ਵਾਕ, ਵਾਕਿਆ ਵੇਖਾ ਥਾਉਂ ਥਾਈਆ । ਦੱਖਣ ਦਿਸ਼ਾ ਕਹੇ ਆਦਿ ਤੋਂ ਆਦੀ ਉਪਜਿਆ ਮੇਰਾ ਜਾਪ, ਵੱਜੀ ਅਗੰਮ ਵਧਾਈਆ । ਪੁਰਖ ਅਕਾਲ ਦੇ ਕੇ ਸਾਥ, ਜੁਗ ਚੌਕੜੀ ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਤਾ ਵੇਖ ਵਖਾਈਆ । ਦੱਖਣ ਦਿਸ਼ਾ ਕਹੇ ਮੈਂ ਵੇਖਿਆ ਦੀਨ ਦਿਆਲ, ਦਇਆਨਿਧ ਇਕੋ ਨਜ਼ਰੀ ਆਈਆ । ਭਗਤ ਵਛਲ ਸਦਾ ਕਿਰਪਾਲ, ਮਿਹਰਵਾਨ ਨੂਰ ਖ਼ੁਦਾਈਆ । ਮਾਲਕ ਖ਼ਾਲਕ ਦੋ ਜਹਾਨ, ਸਾਲਸ ਹੋਵੇ ਥਾਉਂ ਥਾਈਆ । ਜਗਤ ਸੁਹੇਲੇ ਗੁਰ ਚੇਲੇ ਲਏ ਭਾਲ, ਜੁਗ ਚੌਕੜੀ ਵੇਸ ਵਟਾਈਆ । ਨਾਮ ਸੰਦੇਸ਼ਾ ਦੇ ਫ਼ਰਮਾਣ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਨਿਤ ਨਵਿਤ ਕਰੇ ਖੇਲ ਮਹਾਨ, ਮਹਾਬਲੀ ਆਪਣੀ ਕਲ ਧਰਾਈਆ । ਜੋਧਾ ਸੂਰਬੀਰ ਬਣ ਨੌਜਵਾਨ, ਨੌਬਤ ਆਪਣਾ ਨਾਮ ਕਰੇ ਸ਼ਨਵਾਈਆ । ਸਖ਼ੀਆਂ ਦਾ ਬਣ ਕੇ ਧੁਰ ਦਾ ਕਾਹਨ, ਦੋ ਜਹਾਨ ਇਕੋ ਇਕ ਵਖਾਈਆ । ਆਤਮ ਦਾ ਅੰਤਰ ਬਣ ਕੇ ਰਾਮ, ਰਮਤਾ ਰਮਤਾ ਪੰਧ ਮੁਕਾਈਆ । ਸਚ ਦਵਾਰੇ ਸੁਹਾ ਕੇ ਅਗੰਮ ਮਕਾਨ, ਥੰਮ੍ਹ ਰਿਹਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਹਿਬ ਗੁਸਾਂਈਆ । ਦੱਖਣ ਦਿਸ਼ਾ ਕਹੇ ਪ੍ਰਭ ਸਭ ਦੀ ਮੰਨੇ ਆਖੀ, ਆਖ਼ਰ ਆਪਣਾ ਖੇਲ ਕਰਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਦੀ ਭਵਿਖਤ ਆਖੀ, ਵਾਕਫ਼ਕਾਰ ਆਪੇ ਦਏ ਸਮਝਾਈਆ । ਆਦਿ ਜੁਗਾਦੀ ਧੁਰ ਦਾ ਸਾਥੀ, ਸਗਲਾ ਸੰਗ ਦਏ ਦ੍ਰਿੜਾਈਆ । ਦੱਖਣ ਦਿਸ਼ਾ ਕਹੇ ਐਰਾਪਤ ਉਤੇ ਜ਼ੀਨ ਪਾਖਰ ਸੋਹੇ ਕਾਠੀ, ਹਮਾਰੀ ਹਮ ਸਾਜਣ ਵੇਖ ਵਖਾਈਆ । ਜਿਸ ਦੇ ਕੋਲ ਨਾਮ ਅਗੰਮੀ ਸ਼ਬਦ ਸਰੂਪੀ ਲਾਠੀ, ਬ੍ਰਹਿਮੰਡਾਂ ਖੰਡਾਂ ਰਿਹਾ ਡਰਾਈਆ । ਸੋ ਮੰਜ਼ਲ ਪੂਰੀ ਕਰ ਕੇ ਵਾਟੀ, ਅਗਲਾ ਪਿਛਲਾ ਪੰਧ ਰਿਹਾ ਚੁਕਾਈਆ । ਸਚ ਦਵਾਰਾ ਧਰਮ ਖੋਲ੍ਹ ਕੇ ਹਾਟੀ, ਵਣਜਾਰਾ ਹੋ ਕੇ ਵਣਜ ਕਰਾਈਆ । ਤਿਸ ਦਾ ਲੇਖਾ ਲਹਿਣਾ ਦੇਣਾ ਜਗਤ ਵਾਸਨਾ ਮੁਕੇ ਨਾ ਗੱਲੀਂ ਬਾਤੀ, ਸ਼ਬਦੀ ਸ਼ਬਦ ਧੁਰ ਦੀ ਕਾਰ ਕਮਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਦੇਵਣ ਆਇਆ ਬਿਨ ਅੱਖਰਾਂ ਵਾਲੀ ਪਾਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਦੱਖਣ ਦਿਸ਼ਾ ਕਹੇ ਮੈਂ ਪ੍ਰਭ ਦਾ ਵੇਖਦੀ ਰਹੀ ਰੁਖ਼, ਅਸਾੜ ਮਹੀਨਾ ਮੇਰੀ ਦਏ ਗਵਾਹੀਆ । ਜਿਸ ਨੇ ਭਗਤਾਂ ਦਾ ਮੇਟਣਾ ਦੁਖ, ਦਰਦੀਆਂ ਦਰਦ ਦੇਣਾ ਮਿਟਾਈਆ । ਪ੍ਰੇਮੀਆਂ ਤੋਂ ਪ੍ਰੇਮ ਪਿਆਲਾ ਨਾ ਜਾਣਾ ਛੁਟ, ਅਭਿਮਾਨੀਆਂ ਦਾ ਮਾਣ ਦੇਣਾ ਗਵਾਈਆ । ਨਵ ਨੌਂ ਚਾਰ ਪਿਛੋਂ ਮੈਂ ਹੋਈ ਅੱਜ ਖ਼ੁਸ਼, ਖ਼ੁਸ਼ੀ ਨਾਲ ਦੇਵਾਂ ਸੁਣਾਈਆ । ਜਿਹੜਾ ਪੁਰਖ ਅਕਾਲ ਦੀਨ ਦਿਆਲ ਬੈਠਾ ਰਿਹਾ ਚੁਪ, ਸੁਨੇਹੜਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹੱਥ ਘਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਬਣ ਰਖਵਾਲਾ ਜਗ ਗੋਦੀ ਰਿਹਾ ਚੁੱਕ, ਨਿਰਗੁਣ ਆਪਣਾ ਵੇਸ ਵਟਾਈਆ । ਦੱਖਣ ਦਿਸ਼ਾ ਕਹੇ ਸਭ ਤੋਂ ਵਖਰੀ ਨਿਰਾਲੀ ਜਿਸ ਦੀ ਹੋਣੀ ਰੁਤ, ਜਗਤ ਰੁਤੜੀ ਦਏ ਬਦਲਾਈਆ । ਤੁਹਾਡੇ ਅੰਦਰ ਬਖ਼ਸ਼ ਕੇ ਸਚ ਸੁੱਚ, ਸਾਚੀ ਵਿਦਿਆ ਦਿਤੀ ਪੜ੍ਹਾਈਆ । ਉਜਲ ਕਰ ਕੇ ਮਾਤ ਮੁਖ, ਭਗਤ ਦੇਣੀ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੇ ਮੰਦਰੋਂ ਅੰਦਰੋਂ ਜਾਣਾ ਉਠ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ ।


੯੦੪

## ੧੯ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ

ਸੋਲਾਂ ਹਾੜ ਕਹੇ ਮੈਂ ਆਇਆ ਜਗ, ਬ੍ਰਹਿਮੰਡ ਖੰਡ ਦੋ ਜਹਾਨ ਵੱਜੀ ਵਧਾਈਆ । ਜਨ ਭਗਤ ਸੁਹੇਲੇ ਸੱਜਣ ਲਏ ਸੱਦ, ਦੂਰ ਦੁਰਾਡੇ ਮੇਲ ਮਿਲਾਈਆ । ਅੰਤਰ ਆਤਮ ਪ੍ਰੇਮ ਪਿਆਰ ਦਾ ਵਜਾ ਕੇ ਨਦ, ਸੋਈ ਸੁਰਤੀ ਦਿਤੀ ਉਠਾਈਆ । ਕੂੜੀ ਕਿਰਿਆ ਜਾਤ ਪਾਤ ਦੀਨ ਮਜ਼੍ਹਬ ਨਾ ਕੋਈ ਹਦ, ਮਾਇਆ ਮਮਤਾ ਮੋਹ ਦੇਣੀ ਤਜਾਈਆ । ਘਰ ਸਵਾਮੀ ਦਰਸ਼ਨ ਕਰਨਾ ਉਪਰ ਸ਼ਾਹਰਗ, ਬਿਨ ਨੇਤਰ ਨੈਣਾ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਰੇ ਖੇਲ ਸਮਰਥ, ਸਮਰਥ ਅਗੰਮ ਕਹਾਣੀ ਇਕ ਸਮਝਾਈਆ । ਸੋ ਸਾਹਿਬ ਸੁਹੇਲਾ ਜਨ ਭਗਤਾਂ ਦੇਵੇ ਸਾਚੀ ਵਥ, ਨਾਮ ਨਿਧਾਨਾ ਸ੍ਰੀ ਭਗਵਾਨਾ ਨਾਮ ਵਸਤ ਅਮੋਲਕ ਝੋਲੀ ਪਾਈਆ । ਪ੍ਰੇਮੀ ਸੱਜਣ ਗੁਰਮੁਖ ਸੰਤ ਸੁਹੇਲੇ ਹਰਿ ਭਗਤ ਦਵਾਰੇ ਰਹੇ ਸਜ, ਦਰ ਘਰ ਸਾਚੇ ਸੋਭਾ ਪਾਈਆ । ਰਸਨਾ ਜਿਹਵਾ ਸਿੰਘ ਗਿਰਧਾਰਾ ਰਿਹਾ ਭਜ, ਗੁਰ ਕੀ ਮੂਰਤ ਗੁਰ ਨੂਰ ਨਜ਼ਰੀ ਆਈਆ । ਮਨ ਵਾਸਨਾ ਅੰਤਰ ਵਾਲੀ ਤਜ, ਦ੍ਰਿਸ਼ਟੀ ਅੰਦਰੋਂ ਦਿਤੀ ਬਦਲਾਈਆ । ਬਿਨ ਮੱਕੇ ਕਾਅਬਿਉਂ ਹੋਣਾ ਹੱਜ, ਲਾਸ਼ਰੀਕ ਨੂਰ ਖ਼ੁਦਾਈਆ । ਜਨਮ ਜਨਮ ਦਾ ਕੂੜਾ ਰਹੇ ਕੋਈ ਨਾ ਦਾਗ਼, ਮਾਇਆ ਮਮਤਾ ਮੋਹ ਨਾ ਕੋਇ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਬਦਲਣਹਾਰਾ ਰਿਵਾਜ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਆਦਿ ਜੁਗਾਦਿ ਜੁਗ ਜੁਗ ਪ੍ਰਭ ਦੇ ਹੁਕਮ ਨਾਲ ਰਹੇ ਜਾਗ, ਦੋ ਜਹਾਨਾਂ ਅਭੁਲ ਨਾ ਕੋਇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸੋਲਾਂ ਹਾੜ ਕਹੇ ਮੇਲਾ ਹੋਇਆ ਭਗਤਨ ਮੀਤਾ, ਮਿਤਰ ਪਿਆਰਾ ਦਿਆਂ ਮਿਲਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਵਖਰੀ ਰੀਤਾ, ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਢੋਲੇ ਜਸ ਰਹੇ ਗਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਘਰ ਠਾਂਡੇ ਬੈਠਾ ਸੀਤਾ, ਤ੍ਰੈਗੁਣ ਅਤੀਤਾ ਆਪਣਾ ਹੁਕਮ ਮਨਾਈਆ । ਹਰ ਘਟ ਅੰਦਰ ਵਸਣਹਾਰਾ ਚੀਤਾ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਜਿਸ ਦੇ ਛਤਰ ਝੁਲੇ ਸੀਸਾ, ਸਚਖੰਡ ਸਾਚੇ ਵੱਜੇ ਵਧਾਈਆ । ਲੱਖ ਚੁਰਾਸੀ ਵੇਖਣਹਾਰਾ ਨੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਰ ਆਤਮ ਪ੍ਰੇਮੀਆਂ ਦੇਵੇ ਨਾਮ ਰਸ ਧੁਰ ਦਾ ਮੀਠਾ, ਕੂੜੀ ਕਿਰਿਆ ਮਨ ਤਨ ਕਾਇਆ ਮਾਟੀ ਬਾਹਰ ਕਢਾਈਆ । ਸੋਲਾਂ ਹਾੜ ਕਹੇ ਗੁਰਮੁਖੋ ਮੇਰਾ ਤੁਹਾਡੇ ਨਾਲ ਨਾਤਾ, ਜੁਗ ਜੁਗ ਚਲਿਆ ਆਈਆ । ਆਤਮ ਪਰਮਾਤਮ ਖੇਲ ਖੇਲਦਾ ਰਿਹਾ ਬਿਧਾਤਾ, ਸਾਚੀ ਦੇਵੇ ਸਿਫ਼ਤ ਸਾਲਾਹੀਆ । ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਮਾਰਦੇ ਰਹੇ ਝਾਤਾ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਭਗਤਾਂ ਉਤੇ ਕਿਰਪਾ ਕਰ ਪੁਰਖ ਸਮਰਾਥਾ, ਲੇਖੇ ਲਾਏ ਅੱਜ ਦੀ ਰਾਤਾ, ਜੋ ਚਲ ਆਏ ਸਰਨਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਸਤ ਕੀਟ ਮੇਲ ਮਿਲਾਵਾ ਭੈਣ ਭਰਾਤਾ, ਦੂਈ ਦਵੈਤੀ ਰਹਿਣ ਕੋਇ ਨਾ ਪਾਈਆ । ਸਰਬ ਜੀਆਂ ਦਾ ਪੁਰਖ ਅਕਾਲ ਦੀਨ ਦਿਆਲ ਪਿਤਾ ਮਾਤਾ, ਹਰਿਜਨ ਬਣ ਕੇ ਗੁਰਮੁਖ ਹੋ ਕੇ ਗੁਰਸਿਖ ਇਕੋ ਗੁਰ ਲਏ ਹੰਢਾਈਆ । ਜੋ ਦੇਵਣਹਾਰਾ ਬੂੰਦ ਸੁਵਾਂਤਾ, ਕੂੜੀ ਕਿਰਿਆ ਜਗਤ ਇਕੋ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਅਛਲ ਅਛੇਦਾ ਅੰਤਰ ਆਤਮ ਆਪ ਖੁਲ੍ਹਾਈਆ । ਸੋਲਾਂ ਹਾੜ ਕਹੇ ਮੇਰਾ ਨਾਮ ਅਨਮੋਲਾ, ਸ਼ਹਾਦਤ

ਗੁਰ ਅਵਤਾਰ ਪੈਗ਼ੰਬਰਾਂ ਦੇਣੀ ਭੁਗਤਾਈਆ । ਅਗੇ ਪੜਦਾ ਰਹਿਣ ਨਹੀਂ ਦੇਣਾ ਓਹਲਾ, ਮੁਖ ਨਕ਼ਾਬ ਨਾ ਕੋਇ ਰਖਾਈਆ । ਲੱਖ ਚੁਰਾਸੀ ਸ੍ਰਿਸ਼ਟ ਸਬਾਈ ਬ੍ਰਹਿਮੰਡ ਖੰਡ ਇਕੋ ਨਾਮ ਸੁਣਾਵਾਂ ਢੋਲਾ, ਸਤਿ ਸਰੋਵਰ ਇਕੋ ਰੰਗ ਵਖਾਈਆ । ਗੁਰਮੁਖੋ ਗੁਰਸਿਖੋ ਹਰਿਜਨ ਹਰਿਭਗਤੋ ਸਾਰੇ ਕਰ ਲਉ ਇਕ਼ਰਾਰ ਕੌਲਾ, ਦਵੈਤ ਅੰਦਰੋਂ ਦੇਣੀ ਕਢਾਈਆ । ਕੂੜ ਕੁੜਿਆਰ ਜੂਠ ਝੂਠ ਦਾ ਭਾਰ ਕਰ ਲਓ ਹੌਲਾ, ਸਚ ਸੁਚ ਆਪਣੇ ਅੰਤਰ ਲੈਣੀ ਵਸਾਈਆ । ਬਿਨ ਹਰਿ ਨਾਮੇ ਰਸਨਾ ਜਿਹਵਾ ਬੱਤੀ ਦੰਦ ਕੂੜੀ ਵਾਸਨਾ ਪੌਣਾ ਰੌਲਾ, ਆਤਮ ਬ੍ਰਹਮ ਗਿਆਨ ਸਕੇ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੋਲਾਂ ਹਾੜ ਕਹੇ ਮੈਂ ਕਰਾਂ ਸਵਾਗਤ, ਸਭ ਨੂੰ ਦਿਆਂ ਦ੍ਰਿੜਾਈਆ । ਪ੍ਰਭ ਦਾ ਅੰਤਰ ਆਤਮ ਨਿੰਦਕ ਮੂਰਖ ਮੂੜ੍ਹ ਸਾਕਤ, ਜੋ ਨੇਤਰ ਲੋਚਨ ਨੈਣ ਦਰਸ਼ਨ ਪਾਈਆ । ਭੇਵ ਅਭੇਦਾ ਸਭ ਦਾ ਲੇਖਾ ਜਾਣੇ ਪ੍ਰਭ ਨਹੀਂ ਅਨਜਾਨਤ, ਪਰਦਾ ਓਹਲਾ ਆਪਣੇ ਹੱਥ ਰਖਾਈਆ । ਸਾਚੇ ਨਾਮ ਦੀ ਪੂਰਬ ਜਨਮਾਂ ਦੀ ਰਖੀ ਹੋਈ ਤੁਹਾਡੀ ਝੋਲੀ ਪਾਏ ਅਮਾਨਤ, ਵਸਤ ਅਮੋਲਕ ਦਏ ਵਰਤਾਈਆ । ਤੁਸੀਂ ਏਥੇ ਓਥੇ ਰਹਿਣਾ ਸਹੀ ਸਲਾਮਤ, ਮਿਹਰਵਾਨ ਸਦਾ ਸਿਰ ਆਪਣਾ ਹੱਥ ਟਿਕਾਈਆ । ਹਰਿਭਗਤ ਦੂਰ ਦੁਰਾਡਾ ਨੇਰਨ ਨੇਰਾ ਆਵਣ ਜਾਵਣ ਦੀ ਰਹੇ ਨਾ ਕੋਈ ਮਮਾਨਤ, ਸਚ ਦੁਵਾਰੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੋਲਾਂ ਹਾੜ ਕਹੇ ਮੈਂ ਸਭ ਨੂੰ ਦੱਸਾਂ ਖ਼ੁਸ਼ੀ, ਗੁਰਮੁਖੋ ਲੈਣਾ ਧਿਆਨ ਲਗਾਈਆ । ਇਕੋ ਨਾਲ ਕਰ ਲਿਉ ਰੁਚੀ, ਚਾਰ ਕੁੰਟ ਦਹਿ ਦਿਸ਼ਾ ਉਠ ਨਾ ਕੋਇ ਧਾਈਆ । ਤੁਹਾਡੀ ਅੰਤਰ ਆਤਮ ਹੋ ਜਾਵੇ ਸੁੱਚੀ, ਮਨ ਵਾਸਨਾ ਦੁਰਮਤ ਮੈਲ ਲੈਣੀ ਧੁਆਈਆ । ਤੁਹਾਡੀ ਪਵਿੱਤਰ ਹੋਵੇ ਬੁੱਧੀ, ਅੱਜ ਦੀ ਸੁਲਖਣੀ ਘੜੀ ਦਏ ਗਵਾਹੀਆ । ਇਹ ਕੋਈ ਖੇਲ ਰਮਜ਼ ਨਹੀਂ ਗੁੱਝੀ, ਸੁੱਤਿਆਂ ਰਹੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸੋਲਾਂ ਹਾੜ ਕਹੇ ਦੂਰ ਦੁਰਾਡੇ ਜੋ ਆਏ ਚਲ, ਆਪਣਾ ਪੰਧ ਮੁਕਾਈਆ । ਮੈਂ ਖ਼ੁਸ਼ੀ ਨਾਲ ਹੋਇਆ ਇਹਨਾਂ ਵੱਲ, ਅੰਦਰ ਵੜਕੇ ਦੇ ਸਮਝਾਈਆ । ਜਿਸ ਦੀ ਦੀਪਕ ਜੋਤ ਤੁਹਾਡੇ ਅੰਦਰ ਰਹੀ ਬਲ, ਉਹ ਮਾਲਕ ਆਪਣਾ ਖੇਲ ਵਰਤਾਈਆ । ਜਿਸ ਦਾ ਨਿਹਚਲ ਧਾਮ ਅਟਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਸਚ ਸਿੰਘਾਸਣ ਨਿਜ ਆਤਮ ਬੈਠਾ ਮੱਲ, ਬੇਪਰਵਾਹ ਹੋ ਕੇ ਡੇਰਾ ਲਾਈਆ । ਜ਼ਰਾ ਨਿਜ ਨੇਤਰ ਤੱਕੋ ਉਹਦੇ ਵੱਲ, ਵਲਵਲੇ ਸਾਰੇ ਦਏ ਮਿਟਾਈਆ । ਅੱਜ ਦੇ ਆਇਆਂ ਦਾ ਸੱਚੇ ਪ੍ਰੇਮ ਦਾ ਮਿਲੇ ਅਗੰਮੀ ਫਲ, ਫਲੀਭੂਤ ਪੰਜ ਤਤ ਦਏ ਕਰਾਈਆ । ਅੰਤ ਸਮੇਂ ਕ਼ਜ਼ਾ ਆਵਣ ਵਾਲੀ ਜਾਏ ਟਲ, ਪੁਰਖ ਅਕਾਲ ਮਜ਼ਾ ਆਪਣੇ ਨਾਮ ਚਖਾਈਆ । ਲੱਖ ਚੁਰਾਸੀ ਵਿਚੋਂ ਕੱਢਕੇ ਡੂੰਘੀ ਝਲ, ਆਪ ਆਪਣੇ ਰੰਗ ਰੰਗਾਈਆ । ਮਾਤ ਗਰਭ ਫੇਰ ਕਿਸੇ ਨੌ ਅਠਾਰਾਂ ਧਾਮ ਨਹੀਂ ਲੈਣਾ ਮੱਲ, ਜੋਤੀ ਜੋਤ ਲਏ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਲੇਖਾ ਆਪਣੇ ਹੱਥ ਰਖਾਈਆ । ਸੋਲਾਂ ਹਾੜ ਕਹੇ ਜਨ ਆਏ ਸੱਜਣ ਮੀਤ, ਮਿਤਰ ਪਿਆਰਾ ਦਏ ਵਡਿਆਈਆ । ਕਿਰਪਾ ਕਰੇ ਤੁਹਾਡੀ ਕਾਇਆ ਕਾਅਬੇ ਮੰਦਰ ਮਸੀਤ, ਸ਼ਿਵਦਵਾਲਾ ਮਠ ਪੁਰਖ ਸਮਰਥ ਇਕੋ ਦਏ ਵਖਾਈਆ । ਸਭ ਦੇ ਨਾਲ ਸੱਚੀ ਕਰਨੀ ਸਿਖੋ ਪ੍ਰੀਤ, ਬਿਨ ਪ੍ਰੀਤੀ ਪ੍ਰੀਤਮ ਮੇਲ ਨਾ ਕਿਸੇ ਮਿਲਾਈਆ । ਪਿਛਲੀ ਸਭ ਦੀ ਪਿਛੇ ਗਈ ਬੀਤ, ਅਗੇ ਪੁਰਖ ਅਕਾਲ ਸ਼ਹਿਨਸ਼ਾਹੀ ਸੰਮਤ ਦਿਤਾ

੯੦੬

ਲਗਾਈਆ । ਜਿਸ ਦਾ ਫ਼ਰਮਾਣ ਵਕ਼ਤ ਨਾਲ ਠੀਕ, ਦੋ ਜਹਾਨ ਨਾ ਕੋਈ ਮੇਟੇ ਮੇਟ ਮਿਟਾਈਆ । ਜਨ ਭਗਤਾਂ ਖੇਲ ਦੱਸੇ ਅਨਡੀਠ, ਸਾਚੇ ਮੰਦਰ ਅੰਦਰ ਵਜਾਵੇ ਨਾਮ ਵਧਾਈਆ । ਧੁਰ ਦਾ ਢੋਲਾ ਨਾਮ ਅਗੰਮੀ ਸੁਣਾਵੇ ਗੀਤ, ਰਸਨਾ ਜਿਹਵਾ ਬੱਤੀ ਦੰਦ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਪੜਦਾ ਦਏ ਖੁਲ੍ਹਾਈਆ । ਸੋਲਾਂ ਹਾੜ ਕਹੇ ਜੋ ਆਏ ਦਰ ਦਵਾਰ, ਪ੍ਰੇਮੀ ਪ੍ਰੇਮੀ ਰੂਪ ਵਟਾਈਆ । ਉਹਨਾਂ ਦੇ ਅੰਦਰ ਵਸੇ ਨਿਰੰਕਾਰ, ਨਿਰਗੁਣ ਬੈਠਾ ਸੋਭਾ ਪਾਈਆ । ਜੋ ਹੌਲੀ ਹੌਲੀ ਹਿਲਾਏ ਤੰਦ ਸਤਾਰ, ਸੁਰਤੀ ਸ਼ਬਦ ਨਾਲ ਮਿਲਾਈਆ । ਸੋਹਣੇ ਗੁਰਦਿਆਲ ਸਿੰਘ ਦੇ ਸੁਣੇ ਵਿਚਾਰ, ਵਿਚਰਕੇ ਦਿਤੇ ਜਣਾਈਆ । ਇਹ ਵੀ ਗੋਬਿੰਦ ਨਾਲ ਕੌਲ ਇਕ਼ਰਾਰ, ਗੋਦਾਵਰੀ ਕੰਢਾ ਦਏ ਗਵਾਹੀਆ । ਜਿਸ ਦਾ ਦਇਆ ਸਿੰਘ ਨਾਲ ਸੀ ਬੜਾ ਪਿਆਰ, ਅਠਾਰਾਂ ਸਾਲ ਜੋੜ ਜੁੜਾਈਆ । ਇਸੇ ਕਾਰਨ ਹੋਇਆ ਅੱਜ ਵਿਹਾਰ, ਵਿਵਹਾਰੀ ਦਿਤਾ ਸਮਝਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਦੇਵਣਹਾਰ ਆਪ ਕਰਤਾਰ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਗੁਰਮੁਖ ਗੁਰਮੁਖਾਂ ਨਾਲੋਂ ਵਿਛੜੇ ਮਿਲੇ ਯਾਰ, ਯਾਰੀ ਧੁਰ ਦੀ ਇਕੋ ਲੈਣੀ ਬਣਾਈਆ । ਜਗਤ ਹਕੂਮਤ ਸਦਾ ਦਿਨ ਚਾਰ, ਇਹ ਵੀ ਖ਼ੁਸ਼ੀਆਂ ਵਿਚ ਵਖਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਸਿਖਿਆ ਇਕ ਜਣਾਈਆ । ਸਰਬ ਦਾ ਸਾਂਝਾ ਕਰਨਾ ਇਕ ਪਿਆਰ, ਪਿਆਰਿਆਂ ਪਿਆਰ ਲੈਣਾ ਪਰਗਟਾਈਆ । ਪ੍ਰੀਤ ਅਗੇ ਗੁਰਮੁਖੋ ਅਗੇ ਨਹੀਂ ਕੋਈ ਉਧਾਰ, ਸੌਦਾ ਨਕ਼ਦੋ ਨਕ਼ਦੀ ਕਾਇਆ ਮੰਦਰ ਅੰਦਰ ਦਏ ਜਣਾਈਆ । ਸੋਲਾਂ ਹਾੜ ਕਹੇ ਮੈਂ ਹਰਿਭਗਤਾਂ ਆਇਆਂ ਗੁਰਮੁਖਾਂ ਤੋਂ ਜਾਵਾਂ ਬਲਿਹਾਰ, ਬਲਿਹਾਰੀ ਜੋ ਇਹਨਾਂ ਦੇ ਗੁਣ ਗਾਈਆ । ਜਿਨ੍ਹਾਂ ਦੇ ਅੰਦਰ ਵਸਿਆ ਸਾਂਝਾ ਯਾਰ, ਸਾਂਝੀ ਵਾਰਤਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤ ਦਾ ਜਾਮ ਸਾਚੇ ਪ੍ਰੇਮੀਆਂ ਨੂੰ ਦਏ ਪਿਆਲ, ਪ੍ਰੇਮ ਦਾ ਨਾਤਾ ਪਰਮਾਤਮ ਆਤਮ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਜਿਸਦੀ ਜਗਤ ਬੁਧੀ ਸਮਝ ਕਿਸੇ ਨਾ ਪਾਈਆ ।



੯੦੭

ਬਾਂਹ ਕਹੇ ਮੈਂ ਗਈ ਫੜੀ, ਫੜਨ ਵਾਲੇ ਦਇਆ ਕਮਾਈਆ । ਮੈਨੂੰ ਪਿਛਲੀ ਯਾਦ ਆਈ ਬੜੀ, ਮੈਂ ਬੁੜ੍ਹਾਪੇ ਵਿਚੋਂ ਜਵਾਨੀ ਲਈ ਬਦਲਾਈਆ । ਲੇਖਾ ਮੁਕਿਆ ਚਮਕੌਰ ਗੜ੍ਹੀ, ਚਮਕਦੇ ਹੀਰੇ ਗੁਰਮੁਖ ਲਏ ਪਰਗਟਾਈਆ । ਸ਼ਹੀਦੀ ਦੀ ਸ਼ਹਾਦਤ ਵਿਚੋਂ ਕਰ ਕੇ ਬਰੀ, ਬਰੀਖ਼ਾਨਾ ਦਿਤਾ ਵਖਾਈਆ । ਜਿਨ੍ਹਾਂ ਨਾਲ ਮਿਲ ਕੇ ਗੋਬਿੰਦ ਪ੍ਰਭ ਦੀ ਸੋਹਵੇ ਘੜੀ, ਜਗਤ ਘੜਿਆਲ ਵਕ਼ਤ ਨਾ ਕੋਇ ਸਮਝਾਈਆ । ਮੇਲਾ ਹੋ ਗਿਆ ਨਾਲ ਓਸ ਹਰੀ, ਜੋ ਹਰ ਹਿਰਦੇ ਰਿਹਾ ਸਮਾਈਆ । ਲੇਖੇ ਲਗੀ ਸੇਵਾ ਕਰੀ, ਕਰਮਾਂ ਦਾ ਲਹਿਣਾ ਝੋਲੀ ਪਾਈਆ । ਗੁਰਮੁਖ ਆਤਮ ਕਦੇ ਨਾ ਮਰੀ, ਮੁਰਦਾ ਹੋ ਨਾ ਗੋਰ ਸਮਾਈਆ । ਓਸੇ ਦੀ ਸਰਨ ਪੜੀ, ਜਿਹੜਾ ਪਰਤ ਕੇ ਆਪਣਾ ਵੇਸ ਵਟਾਈਆ । ਜਿਸ ਦੇ ਘਰ ਕ਼ੀਮਤ ਪੈਂਦੀ ਖਰੀ, ਖੋਟਿਆਂ ਖਰੇ ਦਏ ਬਣਾਈਆ । ਪ੍ਰੇਮ ਦੀ ਲਾਵੇ ਝੜੀ, ਝਗੜੇ ਜਨਮ ਦੇ ਦਏ ਚੁਕਾਈਆ । ਬਾਂਹ ਕਹੇ ਮੈਂ ਭਗਤ ਦੀ ਉਚੀ ਹੋ ਕੇ

ਖੜੀ, ਖੰਡੇ ਖੜਗ ਨਾਲੋਂ ਤਿੱਖੀ ਨਜ਼ਰੀ ਆਈਆ । ਜਿਸ ਦੀ ਪ੍ਰੇਮ ਦੀ ਜ਼ੰਜੀਰ ਵਖਰੀ ਸਭ ਤੋਂ ਕੜੀ, ਕੜਿਆਂ ਦੇ ਕੰਗਣ ਰਿਹਾ ਬਣਾਈਆ । ਉਸੇ ਦੇ ਦਵਾਰ ਤੇ ਹਰਿਸੰਗਤ ਸੋਹਣੀ ਖੜੀ, ਜਿਨ੍ਹਾਂ ਖ਼ਤਮ ਕੀਤੀ ਲੋਕਾਈਆ । ਭੈ ਵਿਚੋਂ ਨਿਕਲ ਕੇ ਹੋਈ ਨਿਡਰੀ, ਕੂੜਾ ਭਉ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਲਗਾਈਆ । ਬਾਂਹ ਕਹੇ ਮੈਂ ਵੇਖਿਆ ਫੜਦਾ, ਬਿਨ ਹੱਥਾਂ ਹੱਥ ਲਗਾਈਆ । ਗੁਰਮੁਖਾਂ ਦਾ ਲਹਿਣਾ ਵੇਖਿਆ ਅਗੇ ਧਰਦਾ, ਧਰਨੀ ਧਰਤ ਧਵਲ ਦਏ ਗਵਾਹੀਆ । ਪ੍ਰੇਮੀ ਪ੍ਰੀਤਮ ਅੰਦਰ ਹੁੰਦਾ ਵੇਖਿਆ ਬਰਦਾ, ਬਦਲੇ ਦਾ ਬਦਲਾ ਰਿਹਾ ਚੁਕਾਈਆ । ਬਾਂਹ ਕਹੇ ਜਿਸ ਦਾ ਭਗਤਾਂ ਬਿਨਾ ਕੰਮ ਨਹੀਂ ਸਰਦਾ, ਸੱਜਣ ਸਾਚੇ ਵੇਖ ਵਖਾਈਆ । ਜਿਹੜਾ ਗੋਬਿੰਦ ਪਿਛੇ ਪਿਛੇ ਰਿਹਾ ਲੜਦਾ, ਉਨ੍ਹਾਂ ਦੀ ਲੜੀ ਆਪਣੇ ਨਾਲ ਜੁੜਾਈਆ । ਘਰ ਵਖਾ ਕੇ ਸੱਚਾ ਹਰਿ ਦਾ, ਦਰ ਦਾ ਮੇਲਾ ਰਿਹਾ ਕਰਾਈਆ । ਲਹਿਣਾ ਚੁਕਾ ਕੇ ਪੁਰਖ ਨਾਰ ਦਾ, ਨਰ ਨਰਾਇਣ ਹੋਏ ਸਹਾਈਆ । ਲੇਖਾ ਮੁਕਿਆ ਜੁਝਾਰ ਵਾਲੇ ਜਲ ਦਾ, ਝਲ ਦਾ ਦੁਖ ਨਾ ਕੋਇ ਵਖਾਈਆ । ਭਗਤਾਂ ਦੇ ਪ੍ਰੇਮ ਪਿਆਰ ਨਾਲ ਸੀਨੇ ਸਲਦਾ, ਤੀਰ ਅਣਿਆਲਾ ਇਕ ਚਲਾਈਆ । ਅੰਦਰੇ ਅੰਦਰ ਸ਼ਬਦ ਸਰੂਪੀ ਸੁਨੇਹੜੇ ਘਲਦਾ, ਕੀੜੀ ਚਿਊਂਟੀ ਨੰਨ੍ਹੀ ਲਏ ਉਠਾਈਆ । ਅਜੇ ਵੀ ਲੇਖਾ ਕੁਛ ਵਲ ਛਲ ਦਾ, ਜਿਹੜਾ ਪਰਦਿਆਂ ਵਿਚ ਛੁਪਾਈਆ । ਸਮਾਂ ਔਣਾ ਜਿਸ ਵੇਲੇ ਭਗਤ ਭਗਵਾਨ ਨੇ ਵੇਖਣਾ ਫਲਦਾ, ਬੂਟਾ ਦੋ ਜਹਾਨ ਮਹਿਕਾਈਆ । ਸਭ ਦਾ ਲੇਖਾ ਬਿਨ ਲਿਖਤੋਂ ਮੇਰੇ ਨਾਲ ਚਲਦਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਜਨ ਭਗਤੋ ਲਹਿਣਾ ਹੋਰ ਵੇਖਿਓ ਕਲ੍ਹ ਦਾ, ਜੋ ਬਿਨਾ ਕਲਮਿਓਂ ਦਏ ਗਵਾਹੀਆ । ਤੁਹਾਡੀ ਜੋਬਨ ਜਵਾਨੀ ਦਾ ਪ੍ਰਛਾਵਾਂ ਕਦੇ ਨਾ ਢਲਦਾ, ਜੁਗੋ ਜੁਗ ਨਿਤ ਨਵਿਤ ਆਪਣੇ ਨਾਲ ਰਖਾਈਆ । ਤੁਹਾਨੂੰ ਭੇਤ ਨਹੀਂ ਇਸ ਗੋਬਿੰਦ ਵਾਲੇ ਬਲ ਦਾ, ਜੋ ਬਹੁਤਾ ਹੋ ਕੇ ਥੋੜ੍ਹਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਾਂਹ ਕਹੇ ਜਿਸ ਵੇਲੇ ਮੈਨੂੰ ਫੜ ਕੇ ਘੁੱਟਿਆ, ਘੁਟ ਅੰਮ੍ਰਿਤ ਦਿਤਾ ਪਿਆਈਆ । ਮੇਰਾ ਜਗਤ ਜਹਾਨ ਦਾ ਨਾਤਾ ਤੁਟਿਆ, ਸ਼ਰੀਕਾ ਨਾਲੋਂ ਹੋਈ ਜੁਦਾਈਆ । ਮੇਰਾ ਕੂੜ ਕੁੜਿਆਰਾ ਮਿਟਿਆ ਗ਼ੁੱਸਿਆ, ਮਮਤਾ ਮੋਹ ਦਿਤੀ ਤਜਾਈਆ । ਮੈਂ ਸਹਿਜ ਸੁਭਾਉ ਗੋਬਿੰਦ ਪੁਛਿਆ, ਸੀਸ ਚਰਨਾਂ ਉਤੇ ਟਿਕਾਈਆ । ਕਿਹੜੀ ਗੱਲੋਂ ਮਾਲਕ ਹੋ ਕੇ ਰੁਸਿਆ, ਅੰਦਰਲੇ ਰਸਤੇ ਦਿਤੀ ਜੁਦਾਈਆ । ਜੇ ਤੂੰ ਵਸੇਂ ਭਗਤਾਂ ਜੁੱਸਿਆਂ, ਕੂੜੀ ਕਿਰਿਆ ਦੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣੇ ਧੁਰ ਦੇ ਵੇਖ ਵਖਾਈਆ । ਬਾਂਹ ਕਹੇ ਮੈਨੂੰ ਫੜਿਆ ਸਾਹਿਬ ਨੇ ਘੁੱਟ, ਹੌਲੀ ਜਿਹੀ ਉਂਗਲਾਂ ਨਾਲ ਦਬਾਈਆ । ਅਗੰਮੀ ਆਵਾਜ਼ ਨਾਲ ਕਿਹਾ ਗੁਰਮੁਖ ਸਾਚੇ ਸੁਤ, ਸੁੱਤਿਆਂ ਲਵਾਂ ਉਠਾਈਆ । ਅਗੇ ਆ ਗਈ ਮੇਰੀ ਰੁਤ, ਪਿਛਲੀ ਰੁਤ ਦਿਤੀ ਬਦਲਾਈਆ । ਤੁਹਾਡਾ ਵੇਲਾ ਆਇਆ ਢੁਕ, ਸੋਹਣਾ ਸਮਾਂ ਦਿਆਂ ਸੁਹਾਈਆ । ਜੇ ਤੁਹਾਡੇ ਕੋਲ ਨਹੀਂ ਕੁਛ, ਨਾਮ ਭੰਡਾਰੇ ਦਿਆਂ ਭਰਾਈਆ । ਜਿਸ ਦਾ ਲੇਖਾ ਕਦੇ ਨਾ ਜਾਵੇ ਮੁਕ, ਆਦਿ ਜੁਗਾਦਿ ਰਿਹਾ ਵਰਤਾਈਆ । ਗੁਰਮੁਖੋ ਤੁਹਾਡੇ ਉਤੇ ਇਕੋ ਵਾਰ ਹੋਣਾ ਖ਼ੁਸ਼, ਖ਼ੁਸ਼ੀ ਸਭ ਨੂੰ ਦੇਣਾ ਕਰਾਈਆ । ਇਸ ਤੋਂ ਅਗਲਾ ਲੇਖਾ ਸਤਾਰਾਂ ਹਾੜੀ ਲਿਆ ਪੁਛ, ਬਿਨਾ ਪੁਛਿਆਂ ਬਿਨਾ ਦੱਸਿਆਂ ਆਪਣਾ ਆਪ ਨਾ ਕਦੇ ਲੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੌਲੀ ਹੌਲੀ ਤੁਹਾਡੇ ਉਤੇ ਰਿਹਾ ਤੁਠ, ਨੌ ਸੌ ਚੁਰਾਨਵੇ ਚੌਕੜੀ ਦੀ ਮੀਟੀ ਮੁਠ, ਆਪੇ ਰਿਹਾ ਖੁਲ੍ਹਾਈਆ ।


੯੦੮

ਰੋਟੀ ਕਹੇ ਮੈਂ ਬਦਲਿਆ ਰੂਪ ਪਰਸ਼ਾਦੇ ਮਿੱਸੇ, ਮਿਸਲ ਆਪਣੀ ਦੇਣੀ ਬਣਾਈਆ । ਜਿਹੜੇ ਗੋਬਿੰਦ ਦੇ ਆਏ ਸੀ ਹਿੱਸੇ, ਉਹ ਪੁਰਖ ਅਕਾਲ ਨੂੰ ਦੇਣੇ ਖਵਾਈਆ । ਬਿਨਾ ਭਗਤ ਦੁਵਾਰਿਉਂ ਲੱਭਣ ਕਿਥੇ, ਦੋ ਜਹਾਨਾਂ ਹੱਥ ਕਿਸੇ ਨਾ ਆਈਆ । ਇਹ ਸਭ ਰਸਾਂ ਨਾਲੋਂ ਮਿੱਠੇ, ਮਿੱਠਿਆਂ ਦੀ ਮਿਠਾਸ ਰਹੇ ਗਵਾਈਆ । ਬਿਨਾ ਪੁਰਖ ਅਕਾਲ ਕਿਸੇ ਨਾ ਡਿੱਠੇ, ਜਗ ਨੇਤਰ ਨਜ਼ਰ ਨਾ ਕੋਇ ਟਿਕਾਈਆ । ਜਨ ਭਗਤੋ ਤੁਹਾਡੀ ਪਿਛਲੀ ਕੀਤੀ ਦੇ ਨਿਕਲੇ ਸਿੱਟੇ, ਸਿਖ਼ਰ ਚੋਟੀ ਦਏ ਚੜ੍ਹਾਈਆ । ਤੁਹਾਡੇ ਪਿਛਲੇ ਲੇਖੇ ਕਰ ਕੇ ਚਿੱਟੇ, ਚਿੱਟੇ ਬਸਤਰ ਦਿਤੇ ਪਹਿਨਾਈਆ । ਜਿਨ੍ਹਾਂ ਦੀ ਮਾਂ ਕਦੀ ਨਾ ਪਿੱਟੇ, ਨੇਤਰ ਨੀਰ ਨਾ ਕੋਇ ਵਹਾਈਆ । ਮਾਰਗ ਧੁਰ ਦੇ ਜਾਣਾ ਸਿੱਧੇ, ਰਹਿਬਰ ਹੋ ਕੇ ਦਇਆ ਕਮਾਈਆ । ਪ੍ਰੇਮ ਪਿਆਰ ਦੇ ਪੌਣੇ ਗਿੱਧੇ, ਦੋ ਜਹਾਨਾਂ ਵੱਜੇ ਵਧਾਈਆ । ਏਥੇ ਲੋੜ ਕਿਹੜੀ ਨਾਲ ਪੱਕੇ ਰਿੱਧੇ, ਸਵਾਦ ਸੋਹਣਾ ਨਜ਼ਰੀ ਆਈਆ । ਕਿਉਂ ਪ੍ਰਭੂ ਜੁਗ ਜੁਗ ਭਗਤਾਂ ਨਾਲ ਸੁੱਕੇ ਟੁਕੜੇ ਖਾਣ ਗਿੱਝੇ, ਰਵਿਦਾਸ ਚਮਾਰਾ ਦਏ ਗਵਾਹੀਆ । ਇਹ ਵੀ ਆਪਣੇ ਹੁਕਮ ਦੀ ਖੇਲ ਕਰਾਈ ਬਿਧੇ, ਬਿਧਾਤਾ ਦੇਵਣਹਾਰ ਵਡਿਆਈਆ । ਸੁੱਕੇ ਟੁੱਕੜਿਆਂ ਵਾਲਿਓ ਤੁਸੀਂ ਵੱਡੇ ਹੋ ਗਏ ਕਿੱਡੇ, ਕ੍ਰਿਸਮਤ ਆਪਣੀ ਲਈ ਬਦਲਾਈਆ । ਓਸੇ ਗੋਬਿੰਦ ਦੀ ਚਰਨੀ ਡਿੱਗੇ, ਜਿਹੜਾ ਡਿਗਦਿਆਂ ਗਲੇ ਲਗਾਈਆ । ਅਗੇ ਹੋਣੇ ਮੂਲ ਨਾ ਦਗ਼ੇ, ਜਗਤ ਦਗ਼ੇ ਵਿਚੋਂ ਬਾਹਰ ਕਢਾਈਆ । ਤੁਹਾਡਾ ਪਰਸ਼ਾਦ ਖਾ ਕੇ ਉਹ ਸਵਾਮੀ ਰੱਜੇ, ਜੋ ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਜਿਸ ਨੇ ਪ੍ਰੇਮ ਪਿਆਰ ਅੰਦਰ ਗੁਰਮੁਖ ਸੱਦੇ, ਸ਼ਬਦ ਸੰਦੇਸ਼ੇ ਸਚ ਘਲਾਈਆ । ਬੇਸ਼ਕ ਤੁਹਾਡੇ ਗਲੋਂ ਲੱਥੇ ਝੱਗੇ, ਝਗੜੇ ਸਾਰੇ ਦਿਤੇ ਗਵਾਈਆ । ਤੁਹਾਡੇ ਨਾਮ ਦਾ ਡੰਕਾ ਵਜਣਾ ਬਿਨਾ ਢੋਲ ਡੱਗੇ, ਕੁੰਟ ਚਾਰ ਹੋਵੇ ਸ਼ਨਵਾਈਆ । ਇਸ ਪਕਵਾਨ ਦੇ ਪੱਕੇ ਹੋਏ ਮਜ਼ੇ, ਰਸ ਅਗੰਮ ਰਹੇ ਵਖਾਈਆ । ਲੇਖਾ ਹੋਰ ਬਾਕੀ ਅਜੇ ਅਗੇ, ਆਪਣੇ ਹੱਥ ਰਖਾਈਆ । ਭਗਤ ਭਗਵਾਨ ਪੂਰਬ ਲਹਿਣੇ ਅੰਦਰ ਬੱਧੇ, ਦੇਣੇ ਵਿਚ ਖੇਲ ਵਖਾਈਆ । ਉਚੇ ਸੁੱਚੇ ਹੋ ਕੇ ਸਭੇ, ਪ੍ਰਭ ਸਭਿਅਤਾ ਦਏ ਬਦਲਾਈਆ । ਤੁਹਾਡੇ ਅੰਦਰੋਂ ਆਪਣਾ ਨਾਮ ਖ਼ਜ਼ਾਨਾ ਪੁਟ ਕੇ ਕੱਢੇ, ਜੋ ਪੜਦਿਆਂ ਵਿਚ ਲੋਕਾਈਆ । ਵਸਤ ਅਮੋਲਕ ਆਪਣੀ ਲੱਭੇ, ਲਾਭਦਾਇਕ ਤੁਹਾਨੂੰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ ।



੯੦੯

### ❋ ੧੭ ਹਾੜ ਸ਼ਹਿਨਸ਼ਾਹੀ ਸੰਮਤ ੧ ਲੰਗਰ ਅਸਥਾਨ ਜੇਠੂਵਾਲ ❋

ਹਰਿਸੰਗਤ ਕਹੇ ਪ੍ਰਭ ਤੇਰੀ ਪਹਿਲੀ ਬਰਸੀ, ਬਿਛਰਤ ਲਿਆ ਮਿਲਾਈਆ । ਭਗਤਾਂ ਦੀ ਮੰਨ ਭਗਵਾਨ ਅਰਜ਼ੀ, ਅਰਸ਼ੀ ਪ੍ਰੀਤਮ ਧੁਰਦਰਗਾਹੀਆ । ਦੁਖੀਆਂ ਦਾ ਬਣ ਦਰਦੀ, ਦਰਦੀਆਂ ਦੁਖ ਵੰਡਾਈਆ । ਜੁਗ ਚੌਕੜੀ ਤੈਨੂੰ ਰਹੀ ਲਭਦੀ, ਗੁਰਮੁਖ ਆਤਮ ਰਹੀ ਕੁਰਲਾਈਆ । ਸਹਿੰਦੀ ਰਹੀ ਗਰਮੀ ਸਰਦੀ, ਜਗਤ ਵੰਡ ਵੰਡਾਈਆ । ਤੇਰੇ ਨਾਮ ਦੇ ਕਲਮੇ ਰਹੀ ਪੜ੍ਹਦੀ, ਢੋਲੇ ਰਸਨਾ ਗਾਈਆ । ਵੇਖੀ ਖੇਲ ਨਾ ਸੱਚੇ ਹਰਿ ਦੀ, ਹਿਰਦੇ ਵਿਚ ਨਾ ਗਿਆ ਸਮਾਈਆ । ਅੱਜ ਖੇਲ ਭਗਤਾਂ ਦੇ ਘਰ ਦੀ, ਘਰਬਾਰ ਵਾਲੇ ਦੇ ਬਣਾਈਆ । ਇਕੇ ਸ੍ਰਿਸ਼ਟੀ ਤੇਰੀ ਸੇਵਾ ਰਹੀ ਕਰਦੀ, ਠਾਕਰ ਸੇਵ ਨਾਮ ਕਮਾਈਆ । ਅੱਜ ਹਾਲਤ ਵੇਖ ਸਾਡੇ ਹਾਲ ਦੀ, ਹਰਿਜਨ ਹਿਰਦਾ ਦਏ ਗਵਾਹੀਆ । ਸਾਨੂੰ ਲੋੜ ਨਹੀਂ ਜਗਤ ਧਨ ਮਾਲ

ਦੀ, ਮਾਇਆ ਮਮਤਾ ਦਿਤੀ ਤਜਾਈਆ । ਸਾਨੂੰ ਖ਼ੁਸ਼ੀ ਉਸ ਪ੍ਰੇਮ ਭਰੀ ਦਾਲ ਦੀ, ਜੋ ਦਲਿੱਦ੍ਰੀਆਂ ਦਲਿਦਰ ਵੰਡਾਈਆ । ਜਿਸ ਨੂੰ ਖਾਦਿਆਂ ਜ਼ੰਜੀਰੀ ਕਟ ਜਾਏ ਜਾਲ ਦੀ, ਅਗੇ ਦੇਵੇ ਨਾ ਕੋਇ ਸਜ਼ਾਈਆ । ਇਹ ਬੇਨੰਤੀ ਗ਼ਰੀਬਾਂ ਦੇ ਸੁਆਲ ਦੀ, ਆਪਣੇ ਨਾਲ ਲੈਣਾ ਮਿਲਾਈਆ । ਮਿਹਰ ਵੇਖੀਏ ਤੇਰੀ ਦੀਨ ਦਿਆਲ ਦੀ, ਦਇਆਵਾਨ ਦੇਣੀ ਵਡਿਆਈਆ । ਜੇ ਪਿਛੇ ਨਹੀਂ ਸਾਂ ਤੈਨੂੰ ਜਾਣਦੀ, ਅੱਜ ਤੋਂ ਆਪਣਾ ਭੇਦ ਦੇਣਾ ਖੁਲ੍ਹਾਈਆ । ਭੁਖ ਰਹੇ ਨਾ ਪੀਣ ਖਾਣ ਦੀ, ਤ੍ਰਿਸ਼ਨਾ ਦਏ ਮਿਟਾਈਆ । ਪ੍ਰਭ ਸਾਨੂੰ ਇਛਿਆ ਭਿਛਿਆ ਮਿਲ ਜਾਵੇ ਤੇਰੇ ਦਾਨ ਦੀ, ਖ਼ਾਲੀ ਝੋਲੀ ਦੇਣੀ ਭਰਾਈਆ । ਤੇਰੀ ਸਿਫ਼ਤ ਆਦਿ ਜੁਗਾਦਿ ਸ਼ਾਹ ਪਾਤਸ਼ਾਹ ਸੱਚੇ ਸੁਲਤਾਨ ਦੀ, ਜੋ ਭੁਖਿਆਂ ਰਿਹਾ ਰਜਾਈਆ । ਕੜਛੀ ਕਹੇ ਭਰਦੇ ਵਿਚ ਦੇਗ, ਦਗ਼ਾ ਰਹਿਣ ਕੋਇ ਨਾ ਪਾਈਆ । ਜਿਹੜੀ ਮੰਗ ਮੰਗ ਗਿਆ ਬਹਾਦਰ ਗੁਰੂ ਤੇਗ਼, ਅੰਤਰ ਆਪਣਾ ਧਿਆਨ ਲਗਾਈਆ । ਗੋਬਿੰਦ ਹੋ ਕੇ ਲਿਖ ਗਿਆ ਲੇਖ, ਬਿਨਾ ਕ਼ਲਮ ਦਵਾਤ ਸ਼ਾਹੀਆ । ਜਿਨ੍ਹਾਂ ਨੂੰ ਆਪਣੇ ਹੁਕਮ ਅੰਦਰ ਦਿਤਾ ਭੇਜ, ਭਜਨ ਬੰਦਗੀ ਇਕੋ ਦਿਤੀ ਦ੍ਰਿੜਾਈਆ । ਉਹਨਾਂ ਦੇ ਅੰਦਰ ਮਾਣ ਆ ਕੇ ਸੇਜ, ਜਗਤ ਬਿਸਤਰੇ ਦੇਣੇ ਤਜਾਈਆ । ਪ੍ਰਭ ਤੇਰੀ ਵੇਖੇ ਉਹ ਅਗੰਮੀ ਖੇਡ, ਜਿਸ ਨੂੰ ਖਿਲਾੜੀ ਸਕੇ ਨਾ ਕੋਇ ਖਿਲਾਈਆ । ਤੇਰੇ ਪ੍ਰੇਮ ਪਿਆਰ ਦੀ ਖਾ ਕੇ ਦਾਲ ਹੋ ਜਾਈਏ ਸਾਰੇ ਨੇਕ, ਬਦੀ ਰਹਿਣ ਕੋਇ ਨਾ ਪਾਈਆ । ਵੱਡੇ ਛੋਟੇ ਅਮੀਰ ਗ਼ਰੀਬ ਚਾਰੇ ਵਰਨ ਹੋ ਜਾਈਏ ਏਕ, ਏਕੰਕਾਰ ਤੇਰੀ ਸਰਨਾਈਆ । ਵੇਖੀਂ ਕਿਤੇ ਆਪਣੇ ਦਵਾਰੇ ਤੋਂ ਨਾ ਦੇਵੀਂ ਛੇਕ, ਛੇਕੜ ਇਹੋ ਮੰਗ ਮੰਗਾਈਆ । ਸਤਿ ਪ੍ਰੀਤੀ ਬਖ਼ਸ਼ ਟੇਕ, ਟਿੱਕੇ ਧੂੜੀ ਦੇਣੇ ਲਗਾਈਆ । ਤੇਰੇ ਪਿਆਰ ਦਾ ਲੱਭੇ ਹੇਤ, ਮੁਹੱਬਤ ਬੇਪਰਵਾਹੀਆ । ਜਿਸ ਕਾਰਨ ਸੱਦੇ ਦਿਤੇ ਭੇਜ, ਗੁਰਮੁਖ ਸੱਜਣ ਲਏ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਾਰ ਤੱਕ ਕੇ ਮੇਰੇ ਵਲ ਲੈ ਵੇਖ, ਵਖਰੀ ਆਪਣੀ ਨਜ਼ਰ ਤਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਇਉਂ ਭਗਤਾਂ ਦੇਸ, ਆਪਣਾ ਬਦਲ ਕੇ ਭੇਸ, ਰੇਖ ਪਿਛਲੀ ਦੇਣੀ ਮਿਟਾਈਆ ।



ਪ੍ਰੇਮ ਪਿਆਰ ਨਾਲ ਕਹੇ ਜਨ ਭਗਤਾਂ ਫੁਲਕਾ, ਫੁੱਲ ਕੇ ਆਪਣੀ ਖ਼ੁਸ਼ੀ ਵਖਾਈਆ । ਮੈਂ ਦਰਸ਼ਨ ਕੀਤਾ ਉਸ ਸਤਿਗੁਰ ਦਾ, ਜੋ ਗੁਰ ਆਪਣਾ ਰਿਹਾ ਬਦਲਾਈਆ । ਜੋ ਲਹਿਣਾ ਦੇਣਾ ਦੇਵੇ ਧੁਰ ਦਾ, ਧੁਰ ਧਾਰ ਵੇਖ ਵਖਾਈਆ । ਜੋ ਸਚਖੰਡ ਦਵਾਰੇ ਜਾ ਕੇ ਆਪਣੇ ਹੁਕਮ ਅੰਦਰ ਮੁੜਦਾ, ਦੂਜਾ ਸੰਗ ਨਾ ਕੋਇ ਰਖਾਈਆ । ਸੰਤ ਸੁਹੇਲੇ ਸੱਜਣ ਸਾਚੇ ਲੋੜਦਾ, ਲੱਖ ਚੁਰਾਸੀ ਵੇਖ ਵਖਾਈਆ । ਭੇਵ ਮਿਟਾ ਕੇ ਮੋਰ ਤੋਰ ਦਾ, ਤੁਰਤ ਆਪਣਾ ਹੁਕਮ ਮਨਾਈਆ । ਲਹਿਣਾ ਮਿਟਾ ਕੇ ਕੂੜੀ ਕਿਰਿਆ ਸ਼ੋਰ ਦਾ, ਸ਼ਹਿਨਸ਼ਾਹ ਆਪਣਾ ਰੰਗ ਚੜ੍ਹਾਈਆ । ਖੇਲ ਕਰੇ ਭਗਤ ਵਛਲ ਵਿਚੋਲ ਦਾ, ਮੇਲ ਮਿਲਾ ਕੇ ਧੁਰਦਰਗਾਹੀਆ । ਜਨ ਭਗਤੋ ਝਗੜਾ ਰਿਹਾ ਨਾ ਕਿਸੇ ਰੋਲ ਦਾ, ਰੌਣਕ ਆਪਣੀ ਇਕ ਜਣਾਈਆ । ਢੋਲਾ ਸੁਣਾ ਦੇ ਸਾਚੇ ਢੋਲ ਦਾ, ਅਗੰਮੀ ਨਾਦ ਵਜਾਈਆ । ਫੁਲਕਾ ਕਹੇ ਮੈਂ ਅੰਦਰੋਂ ਸੜ ਕੇ ਤੁਹਾਡੇ ਉਤੋਂ ਆਪਣਾ ਆਪ ਘੋਲ ਦਾ, ਘੋਲ ਘੁਮਾ ਕੇ ਸੇਵ ਕਮਾਈਆ । ਇਹ ਪੁਰਖ ਅਬਿਨਾਸ਼ੀ ਜਿਸ ਦੇ ਤੋਲ ਤੋਲਦਾ, ਤੋਲਣਹਾਰਾ ਇਕੋ ਨਜ਼ਰੀ ਆਈਆ । ਮੈਂ ਸੁਨੇਹੜਾ ਦੇਵਾਂ ਜਿਹੜਾ ਗੁਰਮੁਖ ਮੈਨੂੰ ਖਾਵੇ ਉਹ ਇਥੇ ਉਥੇ ਕਦੇ ਨਾ ਡੋਲਦਾ, ਸਿਦਕ ਸਬੂਰੀ ਦਿਆਂ ਬੰਧਾਈਆ । ਪੂਰਾ ਕੀਤਾ ਇਕਰਾਰ ਗੁਰ ਅਵਤਾਰ ਦੇ ਕੌਲ ਦਾ, ਇਕ

ਅਕੇਲਾ ਹੋ ਕੇ ਰੂਪ ਵਟਾਈਆ । ਲਹਿਣਾ ਮੁਕਿਆ ਐਸ ਧੌਲ ਦਾ, ਜਿਥੇ ਬਾਲਮੀਕ ਇੱਕੀ ਦਿਨ ਭੁੱਖਾ ਰਹਿ ਕੇ ਝਟ ਗਿਆ ਲੰਘਾਈਆ । ਅੱਜ ਉਸੇ ਦੇ ਪ੍ਰੇਮ ਦਾ ਬੂਟਾ ਮੌਲ ਦਾ, ਮੌਲਾ ਆਪਣਾ ਰੰਗ ਵਖਾਈਆ । ਜਨ ਭਗਤੋ ਮਿਹਰ ਨਜ਼ਰ ਨਾਲ ਤੁਹਾਡੇ ਪਿਛਲੇ ਪਰਦੇ ਨਹੀਂ ਫੋਲਦਾ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਆਪਣੀ ਸਮਗਰੀ ਵਿਚੋਂ ਤੁਹਾਡਾ ਖੋਲ੍ਹਦਾ ਜੋਤ ਇਕਗਰੀ ਦਏ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੰਮ ਕਰੇ ਨਾ ਕੋਇ ਹੁਣ ਗੋਲ ਮੋਲ ਦਾ, ਭੁੱਖਿਆਂ ਸਾਰਿਆਂ ਦਏ ਰਜਾਈਆ ।

### ✻ ੧੭ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਪੁਰਖ ਅਬਿਨਾਸ਼ੀ ਸੰਦੇਸ਼ਾ ਦਏ ਹਰਿ ਨਿਰੰਕਾਰ, ਸਹਿਜ ਸੁਭਾਉ ਸਰਬ ਸਮਝਾਈਆ । ਨੌਂ ਸੌ ਚੁਰਾਨਵੇ ਚੌਕੜੀ ਆਸਾ ਭਰਿਆ ਆ ਗਿਆ ਸਤਾਰਾਂ ਹਾੜ, ਫਿਰਤ ਪਿਰਤ ਆਪਣਾ ਰੂਪ ਬਦਲਾਈਆ । ਜਿਸ ਦਾ ਰਾਹ ਤਕਦੇ ਗਏ ਗੁਰੂ ਅਵਤਾਰ, ਪੈਗ਼ੰਬਰ ਅੱਖ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਕਰੇ ਪੁਕਾਰ, ਦਿਵਸ ਰੈਣ ਢੋਲੇ ਸੋਹਲੇ ਗਾਈਆ । ਨਿਤ ਨਵਿਤ ਜੁਗ ਚੌਕੜੀ ਲੱਭਦੇ ਗਏ ਸੰਸਾਰ, ਨਿਰਗੁਣ ਸਰਗੁਣ ਹੋ ਹੋ ਵੇਖ ਵਖਾਈਆ । ਜਿਸ ਦਾ ਕੋਟਨ ਕੋਟ ਨਾਮ ਹੋਇਆ ਉਜਿਆਰ, ਅੱਖਰਾਂ ਨਾਲ ਕਰੇ ਪੜ੍ਹਾਈਆ । ਜਿਸ ਦੇ ਪਿਛੇ ਸ਼ਿਵਦਵਾਲੇ ਮਠ ਸੁਹਾਉਂਦੇ ਗੁਰਦਵਾਰ, ਮੰਦਰ ਮਸਜਿਦ ਰਾਹ ਤਕਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਕਿਸੇ ਹੱਥ ਨਾ ਆਇਆ ਨਰ ਨਿਰੰਕਾਰ, ਨਿਰਗੁਣ ਬੈਠਾ ਮੁਖ ਛੁਪਾਈਆ । ਜਿਸ ਦੀ ਭਵਿਖਤਾਂ ਵਿਚ ਲਿਖ ਕੇ ਗਏ ਵਿਚਾਰ, ਸੰਦੇਸ਼ਾ ਦੋ ਜਹਾਨ ਜਣਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਗਣਪਤ ਕਰੇ ਨਿਮਸਕਾਰ, ਕਰੋੜ ਤੇਤੀਸਾ ਸੁਰਪਤ ਇੰਦ ਬੈਠਾ ਸੀਸ ਨਿਵਾਈਆ । ਜਿਸ ਦਾ ਲੱਖ ਚੁਰਾਸੀ ਖਾਣੀ ਬਾਣੀ ਬ੍ਰਹਿਮੰਡ ਖੰਡ ਸਰਬ ਪਸਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਸੋ ਸਾਹਿਬ ਸੁਵਾਮੀ ਅੰਤਰਜਾਮੀ ਧੁਰ ਧਾਮ ਅਨਾਮੀ ਇਕ ਸੁਹਾਏ ਭਗਤ ਦਵਾਰ, ਭਗਤ ਸੁਹੇਲਾ ਖੇਲ ਖਿਲਾਈਆ । ਵੇਖਣਹਾਰਾ ਅੰਦਰ ਬਾਹਰ ਗੁਪਤ ਜ਼ਾਹਰ, ਜੀਵ ਜੰਤ ਸਾਧ ਸੰਤ ਪਰਦਾ ਰਿਹਾ ਲਾਹੀਆ । ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਜੋਤੀ ਸ਼ਬਦੀ ਧਾਰ ਸਾਂਝਾ ਯਾਰ, ਨਿਰਵੈਰ ਨਿਰਾਕਾਰ ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਹੇ ਹਾੜ ਸਤਾਰਾਂ ਆਇਆ ਜਗ, ਜਗਦੀ ਜੋਤ ਹੋਏ ਰੁਸ਼ਨਾਈਆ । ਜਿਸ ਨੂੰ ਜੁਗ ਚੌਕੜੀ ਰਹੇ ਲਭ, ਸੋ ਬੇਪਰਵਾਹ ਆਪਣਾ ਨੂਰ ਕਰੇ ਰੁਸ਼ਨਾਈਆ । ਖੇਲ ਕਰੇ ਪੁਰਖ ਸਮਰਥ, ਮਹਿੰਮਾ ਅਕਥ ਅਕਥ ਦ੍ਰਿੜਾਈਆ । ਭਗਤ ਸੁਹੇਲੇ ਕਰ ਕੇ ਵਖ, ਵਖਰੀ ਧਾਰ ਇਕ ਜਣਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਪਰਤਖ ਰੂਪ ਦਏ ਪਰਗਟਾਈਆ । ਵਸਤ ਅਮੋਲਕ ਦੇ ਕੇ ਸਚ, ਸਾਚੀ ਸਿਖਿਆ ਇਕ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਪਏ ਹਸ, ਕੂੜੀ ਕਿਰਿਆ ਬਾਹਰ ਕਢਾਈਆ । ਜੋ ਗੁਰ ਅਵਤਾਰ ਪੈਗ਼ੰਬਰ ਪੀਰ ਗਏ ਦੱਸ, ਦਸ ਦਸਮੇਸ਼ ਦਏ ਗਵਾਹੀਆ । ਉਸ ਦਾ ਲਹਿਣਾ

ਦੇਣਾ ਅੱਜ, ਆਜਿਜ਼ ਵੇਖੇ ਚਾਈਂ ਚਾਈਆ । ਸੰਤ ਸੁਹੇਲੇ ਸੱਜਣ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਉਧਰੋਂ ਪਹਿਲੀ ਹਾੜ ਪਿਆ ਹਸ, ਖ਼ੁਸ਼ੀਆਂ ਨਾਲ ਸੀਸ ਨਿਵਾਈਆ । ਮੈਂ ਪ੍ਰਭੂ ਤੇਰੇ ਭਗਤ ਦਵਾਰੇ ਬਾਹਰ ਗਿਆ ਢਠ, ਆਪਣਾ ਸੀਸ ਝੁਕਾਈਆ । ਮੇਰੇ ਵੇਖ ਖ਼ਾਲੀ ਹੱਥ, ਕੂਕ ਕੂਕ ਦਿਆਂ ਦੁਹਾਈਆ । ਨਵ ਨੌ ਚਾਰ ਤੇਰਾ ਜਗਤ ਖੇੜਾ ਹੁੰਦਾ ਵੇਖਿਆ ਭਠ, ਥਿਰ ਰਹਿਣ ਕੋਇ ਨਾ ਪਾਈਆ । ਤੇਰੀ ਬਿਰਹੋਂ ਲਗਦੀ ਵੇਖੀ ਸੱਟ, ਨਗਾਰਾ ਵੱਜੇ ਨਾਮ ਖ਼ੁਦਾਈਆ । ਮੈਂ ਨੌ ਸੱਤ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਰਿਹਾ ਟੱਪ, ਬਣ ਬਣ ਪਾਂਧੀ ਰਾਹੀਆ । ਮੈਂ ਲੱਖ ਚੁਰਾਸੀ ਅੰਦਰ ਆਇਆ ਵਸ, ਗ੍ਰਹਿ ਗ੍ਰਹਿ ਆਪਣਾ ਫੇਰਾ ਪਾਈਆ । ਮੈਂ ਖੋਜਦਾ ਆਇਆ ਹਕ਼ੀਕ਼ਤ ਹਕ, ਨਿਰਗੁਣ ਸਰਗੁਣ ਵੇਖ ਵਖਾਈਆ । ਮੈਂ ਵੇਂਹਦਾ ਰਿਹਾ ਮੰਦਰ ਮਸਜਿਦ ਮਠ, ਸ਼ਿਵਦਵਾਲੇ ਪਰਦਾ ਆਪ ਉਠਾਈਆ । ਪੰਧ ਮੁਕਾ ਕੇ ਆਇਆ ਤੀਰਥ ਤਟ, ਗੰਗਾ ਗੋਦਾਵਰੀ ਸੁਰਸਤੀ ਦਏ ਦੁਹਾਈਆ । ਚਾਰ ਕੁੰਟ ਦਾ ਖ਼ਾਲੀ ਵੇਖਿਆ ਹੱਟ, ਵਸਤ ਅਮੋਲ ਵਿਚ ਨਾ ਕੋਇ ਟਿਕਾਈਆ । ਸਾਧਾਂ ਸੰਤਾਂ ਖੇਲ ਵੇਖਿਆ ਬਾਜ਼ੀਗਰ ਨਟ, ਸਚ ਸਵਾਂਗ ਨਾ ਕੋਇ ਜਣਾਈਆ । ਜੋਤ ਪਰਕਾਸ਼ ਨਾ ਲਟ ਲਟ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਹਿਰਦੇ ਹਰਿ ਨਾ ਰਿਹਾ ਵਸ, ਖ਼ਾਲੀ ਦਿਸੀ ਸਰਬ ਲੋਕਾਈਆ । ਮਾਇਆ ਮਮਤਾ ਅੰਦਰ ਗਏ ਫਸ, ਜਮ ਦੀ ਫਾਸੀ ਨਾ ਕੋਇ ਤੁੜਾਈਆ । ਨਜ਼ਰੀ ਆਇਆ ਨਾ ਵਸਿਆ ਘਟ ਘਟ, ਅੰਤਰ ਖੋਜ ਨਾ ਕੋਇ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਪਹਿਲੀ ਹਾੜ ਕਹੇ ਮੈਂ ਆਇਆ ਦੂਰ ਦੁਰਾਡਾ, ਪ੍ਰਭ ਬਣ ਕੇ ਪਾਂਧੀ ਰਾਹੀਆ । ਕੋਈ ਮਿਲਿਆ ਨਾ ਯਾਰ ਸਾਂਝਾ, ਸਗਲਾ ਸੰਗ ਨਿਭਾਈਆ । ਮੈਂ ਜੰਗਲ ਬੇਲੇ ਮਾਰੀਆਂ ਆਵਾਜ਼ਾਂ, ਕੂਕਾਂ ਦਿਆਂ ਦੁਹਾਈਆ । ਪ੍ਰੇਮ ਜੁੜਿਆ ਨਾ ਕੋਇ ਨਾਤਾ, ਮੁਹੱਬਤ ਸਚ ਨਾ ਕੋਇ ਕਮਾਈਆ । ਦਹਿ ਦਿਸ਼ਾ ਦਾ ਖ਼ਾਲੀ ਵੇਖਿਆ ਖਾਤਾ, ਨਵ ਨੌ ਚਾਰ ਰਹੀ ਕੁਰਲਾਈਆ । ਝਗੜੇ ਵਾਲੀਆਂ ਕਰਦੇ ਬਾਤਾਂ, ਹਕ਼ੀਕ਼ਤ ਹਕ ਨਾ ਕੋਇ ਸਮਝਾਈਆ । ਖ਼ਾਲੀ ਦਿਸਿਆ ਤੱਤ ਆਠਾ, ਨੌ ਦਵਾਰੇ ਪਈ ਦੁਹਾਈਆ । ਅੰਦਰੋਂ ਪਰਦਾ ਕਿਸੇ ਨਾ ਪਾਟਾ, ਐਵੇਂ ਝੂਠ ਰਹੇ ਸਮਝਾਈਆ । ਮੈਂ ਸਭ ਦੀਆਂ ਕਰ ਕੇ ਆਇਆ ਛਾਂਟਾ, ਲੱਖ ਚੁਰਾਸੀ ਖੋਜ ਖੁਜਾਈਆ । ਬਿਨ ਪ੍ਰਭੂ ਤੋਂ ਪੂਰੀਆਂ ਹੋਈਆਂ ਕਿਸੇ ਨਾ ਵਾਟਾਂ, ਅਧਵਾਟੇ ਬੈਠੀ ਸਰਬ ਲੋਕਾਈਆ । ਖ਼ਾਲੀ ਦਿਸੀਆਂ ਸੇਜਾਂ ਖਾਟਾਂ, ਆਤਮ ਸੇਜ ਨਾ ਕੋਇ ਸੁਹਾਈਆ । ਮੇਰੀਆਂ ਫਿਰਦਿਆਂ ਫਿਰਦਿਆਂ ਸੋਲਾਂ ਗੁਜ਼ਰ ਗਈਆਂ ਰਾਤਾਂ, ਰਤੀ ਰਤ ਨਾ ਕੋਇ ਸਹਾਈਆ । ਜਿਧਰ ਤਕਿਆ ਨਾਰ ਕਮਜ਼ਾਤਾਂ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਕੂੜੀ ਕਿਰਿਆ ਪੈਂਦੀਆਂ ਹਾਕਾਂ, ਹੁਕਮ ਹਕ ਨਾ ਕੋਇ ਸੁਣਾਈਆ । ਸਾਚਾ ਬਣਿਆ ਨਾ ਕੋਇ ਕਾਕਾ, ਪਿਤਾ ਪੁਰਖ ਅਕਾਲ ਨਾ ਕੋਇ ਜਣਾਈਆ । ਸਾਚੇ ਪ੍ਰੇਮ ਦਾ ਨਜ਼ਰੀ ਆਇਆ ਫ਼ਾਕਾ, ਝੋਲੀ ਧੁਰ ਨਾ ਕੋਇ ਭਰਾਈਆ । ਕਿਸੇ ਕੰਮ ਨਾ ਲਗਿਆ ਕੀਤਾ ਪੂਜਾ ਪਾਠਾ, ਮਨ ਹੰਕਾਰੀ ਦਏ ਦੁਹਾਈਆ । ਤੇਰੇ ਦਵਾਰੇ ਆ ਕੇ ਢਾਠਾ, ਪ੍ਰਭੂ ਮੰਗਾਂ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਪਹਿਲੀ ਹਾੜ ਕਹੇ ਵੇਖ ਮੇਰਾ ਰੰਗ, ਰੰਗ ਰਤੜੇ ਦਿਆਂ ਜਣਾਈਆ । ਜਨਮ ਜਨਮ ਦੀ ਆਸਾ ਮੰਗ, ਪ੍ਰਭ ਪੂਰੀ ਕਰ ਵਖਾਈਆ । ਨਵ ਨੌ ਚਾਰ ਮੈਂ ਵੇਖਦਾ ਰਿਹਾ ਜੋ ਲੋਕਮਾਤ ਗਿਆ ਲੰਘ, ਚੌਕੜੀ ਆਪਣਾ ਪੰਧ ਮੁਕਾਈਆ । ਸਚ ਮਿਲਿਆ ਨਾ ਕਿਸੇ ਅਨੰਦ, ਪਰਮਾਨੰਦ ਨਾ ਕੋਇ ਸਮਾਈਆ । ਬਿਨ


੬੧੨

ਤੇਰੇ ਕੋਇ ਨਾ ਪਾਵੇ ਠੰਢ, ਅਗਨੀ ਤੱਤ ਨਾ ਕੋਇ ਬੁਝਾਈਆ । ਮੈਂ ਤੇਰਿਆਂ ਭਗਤਾਂ ਦੇ ਦਵਾਰੇ ਫਿਰ ਕੇ ਆਇਆ ਦੇ ਦੇ ਗੰਢ, ਸੁਨੇਹੜੇ ਸਚ ਸਚ ਜਣਾਈਆ । ਗੁਰਮੁਖੋ ਰਿਹੋ ਨਾ ਆਤਮ ਰੰਡ, ਕੰਤ ਸੁਹਾਗੀ ਲੈਣਾ ਮਨਾਈਆ । ਜਿਸ ਦਾ ਇਕੋ ਸੋਹਣਾ ਛੰਦ, ਸੋਹੰ ਢੋਲਾ ਰਿਹਾ ਦ੍ਰਿੜਾਈਆ । ਮੇਰਾ ਐਵੇਂ ਨਾ ਜਾਵੇ ਮਾਰਿਆ ਪੰਧ, ਮੇਰੀ ਸੇਵਾ ਧੁਰ ਦੇ ਮਾਲਕ ਆਪ ਲਗਾਈਆ । ਤੁਹਾਡੇ ਅੰਦਰ ਰਹਿਣ ਨਹੀਂ ਦੇਣਾ ਗੰਦ, ਕੂੜੀ ਕਿਰਿਆ ਦੇਣੀ ਕਢਾਈਆ । ਤੁਹਾਨੂੰ ਬਣਾਉਣਾ ਉਸ ਦੇ ਚੰਦ, ਜੋ ਆਪਣੇ ਚੰਦ ਸਤਾਰੇ ਨੀਹਾਂ ਹੇਠ ਦਬਾਈਆ । ਅਗੇ ਕੋਇ ਰਹਿਣ ਨਹੀਂ ਦੇਣੀ ਵੰਡ, ਵਖਰਾ ਖੇਲ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣੇ ਲੇਖਾ ਲੈਣਾ ਲਗਾਈਆ । ਪਹਿਲੀ ਹਾੜ ਕਹੇ ਮੇਰਾ ਝੁਕਿਆ ਮੱਥਾ, ਮਸਤਕ ਸੀਸ ਨਿਵਾਈਆ । ਚਾਰ ਕੁੰਟ ਮੈਂ ਫਿਰ ਕੇ ਦੇਵਾਂ ਸਭ ਨੂੰ ਮੱਤਾ, ਅੱਛੀ ਤਰਾ ਜਣਾਈਆ । ਮੈਂ ਜਲ ਥਲ ਮਹੀਅਲ ਵੇਖਿਆ ਮੱਛ ਕਛਾ, ਟਿੱਲੇ ਪਰਬਤ ਖੋਜ ਖੁਜਾਈਆ । ਮੈਂ ਜਲਧਾਰ ਅੰਦਰ ਨੱਸਾ, ਪੌਣਾ ਵਿਚ ਪੰਧ ਮੁਕਾਈਆ । ਮੈਂ ਗੁਰਮੁਖ ਪ੍ਰੇਮੀ ਲਭਦਾ ਰਿਹਾ ਸੱਚਾ, ਸਤਿ ਸਤਿਵਾਦੀ ਖੋਜ ਖੁਜਾਈਆ । ਮੈਂ ਸਾਢੇ ਤਿੰਨ ਹੱਥ ਕਾਇਆ ਭਾਂਡਾ ਵੇਖਿਆ ਕੱਚਾ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਪਹਿਲੀ ਹਾੜ ਕਹੇ ਮੈਂ ਵੇਖਿਆ ਆਦਿ ਰਿਵਾਜੇ, ਪ੍ਰਭ ਬੰਦਨਾ ਸੀਸ ਨਿਵਾਈਆ । ਆਦਿ ਜੁਗਾਦਿ ਜੋ ਸਾਹਿਬ ਸਵਾਮੀ ਤੂੰ ਸਾਜਣ ਸਾਜੇ, ਸੱਜਨ ਹੋ ਕੇ ਵੇਖ ਵਖਾਈਆ । ਅੰਦਰ ਬਾਹਰ ਦੇ ਸਭ ਦੇ ਵੇਖੇ ਕਾਜੇ, ਕ਼ਤਰਾ ਕ਼ਤਰਾ ਫੋਲ ਫੁਲਾਈਆ । ਜਨ ਭਗਤਾਂ ਸੁਨੇਹੜਾ ਦਿਤਾ ਮਾਰ ਆਵਾਜ਼ੇ, ਧੁਰ ਫ਼ਰਮਾਨ ਸਮਝਾਈਆ । ਜਨ ੯੧੩
੯੧੩ ਭਗਤੋ ਸ੍ਰੀ ਭਗਵਾਨ ਵਸਿਆ ਓਸ ਮਾਝੇ, ਜਿਹੜਾ ਮਾਝਾ ਆਤਮ ਪਰਮਾਤਮ ਨਾਲ ਜੁੜਾਈਆ । ਜਿਸ ਦੇ ਹੱਥ ਵਿਚ ਅਗਲੇ ਅਗੇ ਵਾਧੇ, ਪਿਛਲੇ ਲੇਖੇ ਰਿਹਾ ਚੁਕਾਈਆ । ਜਿਸ ਨੂੰ ਮਿਲ ਕੇ ਮਾਂ ਪਿਉ ਭੁਲ ਜਾਣ ਦਾਦੀ ਦਾਦੇ, ਨਾਨਕਿਆਂ ਸੰਗ ਨਾ ਕੋਇ ਬਣਾਈਆ । ਲੇਖਾ ਮੁਕ ਜਾਏ ਭੋਜਨ ਸਵਾਦੇ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਦੇਣੀ ਪਵੇ ਨਾ ਮਸਜਿਦਾਂ ਵਿਚ ਬਾਂਗੇ, ਉਂਗਲਾਂ ਕੰਨਾਂ ਵਿਚ ਨਾ ਕੋਇ ਪਾਈਆ । ਪੜ੍ਹਨੀ ਪਏ ਨਾ ਕੋਇ ਨਿਮਾਜ਼ੇ, ਸਜਦਾ ਸੀਸ ਨਾ ਕੋਇ ਝੁਕਾਈਆ । ਕਰਨਾ ਪਏ ਨਾ ਪੂਜਾ ਪਾਠੇ, ਪਤਰਾ ਪਤਰਾ ਨਾ ਕੋਇ ਉਲਟਾਈਆ । ਵਿਕਣਾ ਪਏ ਕਿਸੇ ਨਾ ਹਾਟੇ, ਹੱਟੋ ਹੱਟ ਨਾ ਕੋਇ ਭੁਆਈਆ । ਇਕੋ ਨਜ਼ਰੀ ਆਏ ਪੁਰਖ ਸਮਰਾਥੇ, ਜਿਸ ਦੇ ਹੱਥ ਵੱਡੀ ਵਡਿਆਈਆ । ਜਿਸ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਗਾਉਂਦੇ ਗਏ ਸਾਕੇ, ਖਾਣੀ ਬਾਣੀ ਦਏ ਗਵਾਹੀਆ । ਸੋ ਖੇਲ ਕਰੇ ਪ੍ਰਭ ਆਪੇ, ਕਲ ਆਪਣਾ ਵੇਸ ਵਟਾਈਆ । ਪਹਿਲੀ ਹਾੜ ਕਹੇ ਮੈਨੂੰ ਭੁਲ ਗਏ ਮੇਰੇ ਮਾਪੇ, ਜਨਨੀ ਨਜ਼ਰ ਕੋਇ ਨਾ ਆਈਆ । ਇਕੋ ਇਕ ਨਜ਼ਰੀ ਆਏ ਪੁਰਖ ਅਬਿਨਾਸ਼ੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਹਿਲੀ ਹਾੜ ਕਹੇ ਮੈਂ ਆਇਆ ਫਿਰ ਕੇ, ਫ਼ਿਰਕੇਦਾਰੀ ਵੇਖ ਵਖਾਈਆ । ਸਭ ਦੇ ਖੋਜ ਕੇ ਆਇਆ ਹਿਰਦੇ, ਪਰਦਿਆਂ ਅੰਦਰ ਡੇਰਾ ਲਾਈਆ । ਓਹ ਵੇਖ ਕੇ ਆਇਆ ਜਿਹੜੇ ਤਪਦੇ ਚਿਰਦੇ, ਜੁਗ ਚੌਕੜੀ ਅੱਖ ਖੁਲ੍ਹਾਈਆ । ਓਹ ਵੇਖ ਕੇ ਆਇਆ ਜਿਹੜੇ ਅੰਦਰੇ ਅੰਦਰ ਮਿਲਦੇ, ਮਿਲਣੀ ਜਗਦੀਸ਼ ਨਾਲ ਕਰਾਈਆ । ਓਹ ਵੇਖ ਕੇ ਆਇਆ ਜਿਹੜੇ ਆਸ਼ਕ ਇਕੋ ਧਿਰ ਦੇ, ਅਗੇ ਦੀ ਸਾਰ ਕੋਇ ਨਾ ਪਾਈਆ । ਓਹ ਵੇਖੇ ਜਿਹੜੇ ਮਾਇਆ

ਮਮਤਾ ਅੰਦਰ ਹਿਲਦੇ, ਧੀਰਜ ਧੀਰ ਨਾ ਕੋਇ ਬੰਧਾਈਆ । ਓਹ ਵੇਖ ਕੇ ਆਇਆ ਜਿਹੜੇ ਝੂਠੇ ਲਾਰੇ ਲਾਉਣ ਦਿਲ ਦੇ, ਮਨ ਵਾਸਨਾ ਹੋਏ ਹਲਕਾਈਆ । ਮੈਂ ਵੇਖ ਕੇ ਆਇਆ ਜਿਹੜੇ ਜਗਤ ਖ਼ਾਹਿਸ਼ਾਂ ਨਾਲ ਖਿੜਦੇ, ਖ਼ੁਸ਼ੀਆਂ ਢੋਲੇ ਗਾਈਆ । ਮੈਂ ਵੇਖ ਕੇ ਆਇਆ ਜਿਹੜੇ ਪ੍ਰੇਮੀ ਪਿਆਰੇ ਸਾਚੇ ਪਿਰ ਦੇ, ਪੀਆ ਪ੍ਰੀਤਮ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇ ਜਣਾਈਆ । ਹਾੜ ਕਹੇ ਪ੍ਰਭੂ ਮੈਨੂੰ ਲੈ ਚਲ ਅਗੇ, ਅਗਲਾ ਹਾਲ ਦਿਆਂ ਜਣਾਈਆ । ਜਿਥੇ ਤੇਰਾ ਨੂਰ ਨੁਰਾਨਾ ਦੀਪਕ ਜਗੇ, ਇਕੋ ਜੋਤ ਹੋਏ ਰੁਸ਼ਨਾਈਆ । ਨਾਮ ਪਿਆਲੇ ਮਿਲਦੇ ਮੱਗੇ, ਅੰਮ੍ਰਿਤ ਰਸ ਚੁਆਈਆ । ਭਗਤ ਸੁਹੇਲੇ ਸੱਜਣ ਲੱਭੇ, ਦੂਜਾ ਨਜ਼ਰ ਕੋਇ ਨਾ ਪਾਈਆ । ਜਿਨ੍ਹਾਂ ਦੇ ਅੰਤਰ ਆਤਮ ਪ੍ਰੇਮ ਬੱਧੇ, ਬਾਹਰੋਂ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਡਿਆਈਆ । ਪੁਰਖ ਅਕਾਲ ਕਹੇ ਮੈਂ ਦਿਆਂ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਮੇਲਾ ਸਤਾਰਾਂ ਹਾੜਾ, ਸੋ ਵਕ਼ਤ ਗਿਆ ਆਈਆ । ਦੋਹਾਂ ਸਾਂਝਾ ਕਰਾਂ ਪਿਆਰਾ, ਇਕੋ ਰੰਗ ਰੰਗਾਈਆ । ਆਪ ਵਖਾਵਾਂ ਭਗਤ ਦਵਾਰਾ, ਆਪਣੀ ਉਂਗਲੀ ਲਵਾਂ ਲਗਾਈਆ । ਨੇਤਰ ਨੈਣ ਖੋਲ੍ਹ ਕਿਵਾੜਾ, ਪੜਦਾ ਦਿਆਂ ਉਠਾਈਆ । ਅਗਨੀ ਤਪਦਾ ਕਰ ਕੇ ਠੰਡਾ ਠਾਰਾ, ਸੀਤਲ ਧਾਰ ਦਿਆਂ ਵਹਾਈਆ । ਸਚ ਪ੍ਰੇਮ ਦਾ ਦੱਸ ਨਜ਼ਾਰਾ, ਨਜ਼ਰੀਆ ਤੇਰਾ ਦਿਆਂ ਬਦਲਾਈਆ । ਸੋਹਣਾ ਵਖਾਣਾ ਇਕ ਅਖਾੜਾ, ਮਜਲਸ ਬੇਪਰਵਾਹੀਆ । ਧੁਰ ਦਰਗਾਹੀ ਮਿਲਾਵਾਂ ਲਾੜਾ, ਨਰ ਨਿਰੰਕਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਲੂ ਰਿਹਾ ਉਠਾਈਆ । ਪਹਿਲੀ ਹਾੜ ਕਹੇ ਮੈਂ ਆਵਾਂ ਪਿਛੇ, ਪਿਛਲਾ ਲੇਖਾ ਨਾਲ ਲਿਆਈਆ । ਮੇਰੇ ਕੋਲ ਸਭ ਦੇ ਹਿੱਸੇ, ਹਿੱਸੇਦਾਰੀ ਆਪਣੀ ਵਿਚ ਛੁਪਾਈਆ । ਜਗਤ ਨੇਤਰ ਕਿਸੇ ਨਾ ਦਿੱਸੇ, ਲੱਖ ਚੁਰਾਸੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਉਂਗਲੀ ਲਿਆ ਲਗਾਈਆ । ਪਹਿਲੀ ਹਾੜ ਕਹੇ ਮੈਂ ਲੈ ਕੇ ਆਇਆ ਰਿਪੋਟ, ਫਿਰਿਆ ਵਾਹੋ ਦਾਹੀਆ । ਸਭ ਦੇ ਕਰ ਕੇ ਆਇਆ ਚੋਟ, ਅਭੁਲ ਭੁਲ ਨਾ ਕੋਇ ਰਖਾਈਆ । ਘਰ ਘਰ ਸਾਚੀ ਵੇਖ ਕੇ ਆਇਆ ਜੋਤ, ਜੋ ਜ਼ਾਹਰ ਬਾਤਨ ਕਰੇ ਰੁਸ਼ਨਾਈਆ । ਪੜਦਾ ਚੁਕ ਕੇ ਆਇਆ ਵਰਨ ਗੋਤ, ਜਾਤ ਪਾਤ ਭੇਵ ਖੁਲ੍ਹਾਈਆ । ਜਨ ਭਗਤਾਂ ਦੇ ਕੇ ਆਇਆ ਹੋਸ਼, ਹੁਸ਼ਿਆਰੀ ਨਾਲ ਸਮਝਾਈਆ । ਸਭ ਦੇ ਅੰਦਰ ਵੜਦਾ ਰਿਹਾ ਖ਼ਾਮੋਸ਼, ਉਚੀ ਕੂਕ ਨਾ ਕੋਇ ਸੁਣਾਈਆ । ਸਾਰੇ ਤੱਕਕੇ ਆਇਆ ਦੋਸ਼, ਨਿਰਦੋਸ਼ ਲੇਖਾ ਆਪਣੇ ਹੱਥ ਬਣਾਈਆ । ਮੈਨੂੰ ਸਮਝ ਨਾ ਸਕਿਆ ਕੋਈ ਚੌਦਾਂ ਲੋਕ, ਚੌਦਾਂ ਤਬਕ ਅੱਖ ਨਾ ਕਿਸੇ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਕਿਆ ਨਾ ਕੋਇ ਸੋਚ, ਸੋਚ ਸਮਝ ਨਾ ਕੋਇ ਵਡਿਆਈਆ । ਮੈਂ ਭਗਤਾਂ ਖੋਲ੍ਹ ਕੇ ਆਇਆ ਨੇਤਰ ਲੋਚ, ਅੱਖ ਪਰਤਖ ਗੁਸਾਈਆਂ । ਮੈਂ ਕਰ ਕੇ ਆਇਆ ਡੂੰਘੀ ਖੋਜ, ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਭਗਤ ਭਗਵਾਨ ਦੀ ਲਗੀ ਵੇਖ ਕੇ ਆਇਆ ਮੌਜ, ਮੌਜੂਦਾ ਹੋ ਕੇ ਦਿਆਂ ਸੁਣਾਈਆ । ਪ੍ਰਭੂ ਅਗੇ ਦਾ ਝਗੜਾ ਰਹਿਣ ਨਹੀਂ ਦੇਣਾ ਰੋਜ਼ ਰੋਜ਼, ਲੇਖਾ ਇਕੋ ਵਾਰ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਮੇਰੀ ਝੋਲੀ ਦੇਣਾ ਪਾਈਆ । ਹਾੜ ਕਹੇ ਮੈਂ ਹੋ ਗਿਆ ਦਲੀਆ, ਦਲ ਆਪਣਾ ਇਕ ਦੁੜਾਈਆ । ਨਵ ਖੰਡ ਦਾ ਬਣ ਕੇ ਛਲੀਆ, ਫੇਰਾ ਆਇਆ ਪਾਈਆ । ਲੱਖ ਚੁਰਾਸੀ ਵੇਖ ਕੇ ਆਇਆ ਗਲੀਆਂ, ਭੱਜਿਆ ਵਾਹੋ

ਦਾਹੀਆ । ਪੁਰਖ ਅਕਾਲ ਦੀਨ ਦਿਆਲ ਜਿਨ੍ਹਾਂ ਨੂੰ ਪ੍ਰੇਮ ਦੀਆਂ ਪਾਤੀਆਂ ਘੱਲੀਆਂ, ਸ਼ਬਦ ਸੁਨੇਹੜੇ ਨਾਲ ਜਣਾਈਆ । ਉਹ ਸਖ਼ੀਆਂ ਕਿਸੇ ਨਾਲ ਨਾ ਵੇਖੀਆਂ ਰਲੀਆਂ, ਵਲੀਆਂ ਨਾਲੋਂ ਵਖਰੇ ਡੇਰੇ ਲਾਈਆ । ਉਹਨਾਂ ਨੂੰ ਕੋਇ ਨਾ ਜਾਣੇ ਕੱਲੀਆਂ, ਜਿਨ੍ਹਾਂ ਦਾ ਮਾਲਕ ਸਾਹਿਬ ਗੁਸਾਈਆ । ਉਹ ਹਿਰਦੇ ਪ੍ਰੇਮ ਨਾਲ ਫਲੀਆਂ, ਜਿਸ ਦਾ ਪਤ ਡਾਲ੍ਹੀ ਵੇਖਣ ਕੋਇ ਨਾ ਪਾਈਆ । ਮੈਂ ਬਿਰਹੋਂ ਵੈਰਾਗਣ ਵੇਖਾਂ ਝੱਲੀਆਂ, ਜੋ ਬਿਰਹੋਂ ਵਿਛੋੜੇ ਵਿਚ ਰਹੇ ਕੁਰਲਾਈਆ । ਮੈਂ ਤੀਰ ਨਿਰਾਲੇ ਨਾਲ ਵੇਖੀਆਂ ਛਣੀਆਂ, ਜੋ ਸ਼ਬਦ ਬਬਾਣਾ ਰਿਹਾ ਲਗਾਈਆ । ਮੈਂ ਮਾਟੀ ਖ਼ਾਕ ਵਿਚ ਵੇਖੀਆਂ ਰਲੀਆਂ, ਚਰਨ ਧੂੜੀ ਟਿੱਕੇ ਮਸਤਕ ਰਹੀਆਂ ਲਗਾਈਆ । ਮੈਂ ਵੇਂਹਦਾ ਦੇਂਦੀਆਂ ਬਲੀਆਂ, ਆਪਣਾ ਆਪ ਭੇਟ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਆਪਣੇ ਵਿਚ ਰਖਾਈਆ । ਪਹਿਲੀ ਹਾੜ ਕਹੇ ਮੈਂ ਤਕ ਕੇ ਆਇਆ ਨਜ਼ਾਰਾ, ਦੀਨ ਦੁਨੀ ਵੇਖ ਵਖਾਈਆ । ਜਿਹੜਾ ਗੁਰ ਅਵਤਾਰ ਪੀਰ ਪੈਗ਼ੰਬਰ ਲੱਭਿਆ ਨਾ ਕੋਇ ਕਿਨਾਰਾ, ਪ੍ਰਭ ਨੇ ਸਹਿਜੇ ਦਿਤਾ ਵਖਾਈਆ । ਜਿਥੇ ਵਸਿਆ ਪਰਵਰਦਿਗਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਥੇ ਇਕੋ ਹੁਕਮ ਇਕੋ ਸ਼ਾਹ ਸਵਾਰਾ, ਸਿਕਦਾਰਾ ਇਕੋ ਨਜ਼ਰੀ ਆਈਆ । ਜਿਥੇ ਇਕੋ ਨਾਮ ਇਕ ਜੈਕਾਰਾ, ਇਕੋ ਢੋਲਾ ਰਿਹਾ ਗਾਈਆ । ਇਕੋ ਵਣਜ ਇਕੋ ਵਪਾਰਾ, ਇਕੋ ਹੱਟ ਰਿਹਾ ਖੁਲ੍ਹਾਈਆ । ਇਕੋ ਸਾਜਣ ਮੀਤ ਮੁਰਾਰਾ, ਇਕੋ ਸਗਲਾ ਸੰਗ ਬਣਾਈਆ । ਇਕੋ ਲੇਖਾ ਲਿਖਣਹਾਰਾ, ਇਕੋ ਲੇਖੇ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਸਮਝਾਈਆ । ਹਾੜ ਕਹੇ ਮੈਂ ਪਿੱਛਾ ਵੇਖਿਆ ਚਾਰ ਜੁਗ ਦਾ ਦੱਸਿਆ ਹਾਲ, ਨਵ ਨੌ ਚਾਰ ਖੋਜ ਖੁਜਾਈਆ । ਜੋ ਉਪਜਿਆ ਤਿਸ ਨੂੰ ਖਾਧਾ ਕਾਲ, ਕਲਮੇ ਵਾਲਾ ਰਹਿਣ ਕੋਇ ਨਾ ਪਾਈਆ । ਜਿਹੜਾ ਢੋਲੇ ਗਾਉਂਦਾ ਰਿਹਾ ਨਾਲ ਜ਼ਬਾਨ, ਅੰਤਮ ਨਿਸ਼ਾਨ ਗਿਆ ਗੁਆਈਆ । ਜਿਹੜਾ ਵਸਦਾ ਰਿਹਾ ਸਾਢੇ ਤਿੰਨ ਹੱਥ ਕਾਇਆ ਮਕਾਨ, ਉਸ ਦਾ ਮੁਕਾਮ ਲੋਕਮਾਤ ਨਜ਼ਰ ਕੋਇ ਨਾ ਆਈਆ । ਜਿਹੜਾ ਪ੍ਰਭ ਦਾ ਦੱਸਦਾ ਗਿਆ ਨਿਸ਼ਾਨ, ਇਸ਼ਾਰਿਆਂ ਨਾਲ ਦ੍ਰਿੜਾਈਆ । ਜਿਹੜਾ ਬਣਦਾ ਗਿਆ ਕਾਹਨ, ਰਾਸ ਸਖ਼ੀਆਂ ਵਾਲੀ ਪਾਈਆ । ਜਿਹੜਾ ਸਮਝਾਉਂਦਾ ਗਿਆ ਰਾਮ, ਰਾਮ ਰਾਮ ਵਿਚ ਸਮਾਈਆ । ਪਹਿਲੀ ਹਾੜ ਕਹੇ ਮੈਂ ਵੇਖ ਕੇ ਆਇਆ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਫੋਲ ਫੁਲਾਈਆ । ਮੈਂ ਤਕ ਕੇ ਆਇਆ ਪੀਰ ਪੈਗ਼ੰਬਰ ਅਮਾਮ, ਜੋ ਮਸਲੇ ਹਕ ਰਹੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਆਪਣੀ ਝੋਲੀ ਪਾਈਆ । ਪਹਿਲੀ ਹਾੜ ਕਹੇ ਮੈਂ ਖੋਜਿਆ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖ ਕੇ ਸਭ ਦੇ ਖਾਤ, ਖਾਤੇ ਫੋਲ ਫੁਲਾਈਆ । ਜਿਸ ਦਾ ਦੇਣਾ ਦੇਣ ਆਇਆ ਅੱਜ ਦੀ ਰਾਤ, ਹਾੜ ਸਤਾਰਾਂ ਮਿਲੇ ਵਡਿਆਈਆ । ਨਵ ਨੌ ਚਾਰ ਦੀ ਪੂਰੀ ਹੋਵੇ ਖ਼ਾਹਿਸ਼, ਤ੍ਰਿਸ਼ਨਾ ਰਹੇ ਨਾ ਰਾਈਆ । ਲੇਖੇ ਲਗੇ ਪੂਰਬ ਸਵਾਸ, ਸਾਹ ਸਾਹ ਸਮਾਈਆ । ਜਿਸ ਦੀ ਕਰਦੇ ਰਹੇ ਤਲਾਸ਼, ਸੋ ਆਪਣਾ ਵੇਸ ਵਟਾਈਆ । ਜਿਸ ਨੇ ਇਕੇ ਨਜ਼ਰ ਨਾਲ ਲੱਖ ਚੁਰਾਸੀ ਵੇਖ ਲਈ ਬਦਮਾਸ਼, ਬਦੀ ਅੰਦਰ ਬਦੀ ਰਹੇ ਕਮਾਈਆ । ਪੰਜ ਤੱਤ ਕਾਇਆ ਮਾਟੀ ਪੁਤਲੇ ਵੇਖੇ ਖ਼ਾਕ, ਮਨ ਮਤਿ ਬੁਧਿ ਕਰੇ ਲੜਾਈਆ । ਜਗਤ ਨਾਤੇ ਵੇਖੇ ਸੱਜਣ ਸਾਕ, ਬੰਧਨ ਖੋਜ ਖੁਜਾਈਆ । ਰੂਹ ਬੁੱਤ ਹੁੰਦੇ ਵੇਖੇ ਪਾਕ, ਪਾਕੀ ਦਾ ਰੂਪ ਵਟਾਈਆ । ਇਕ ਸੱਤ ਦੇ ਨਾਲ ਹੁੰਦਾ ਵੇਖਿਆ ਇਤਫ਼ਾਕ, ਨਫ਼ਾਕ ਰਿਹਾ ਕਢਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪਣੇ ਵਿਚ ਸਮਾਈਆ । ਪਹਿਲੀ ਹਾੜ ਕਹੇ ਮੈਂ ਵੇਖਿਆ ਸੰਸਾਰ, ਪ੍ਰਭ ਦਾ ਸਮਾਂ ਦਏ ਗਵਾਹੀਆ । ਜਿਸ ਦਾ ਅੰਤ ਨਾ ਕੋਇ ਸ਼ੁਮਾਰ, ਸ਼ਮਅ ਸਭ ਦੀ ਰਿਹਾ ਜਗਾਈਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਦਾ ਹੁਕਮ ਗੁਰੂ ਅਵਤਾਰ, ਪੀਰ ਪੈਗ਼ੰਬਰ ਮੰਨਣ ਚਾਈਂ ਚਾਈਂਆ । ਜਿਸ ਦਾ ਭਗਤਾਂ ਨਾਲ ਉਧਾਰ, ਨਿਤ ਨਵਿਤ ਵੇਖ ਵਖਾਈਆ । ਜਿਸ ਦਾ ਭਵਿਖਤਾਂ ਵਿਚ ਜੈਕਾਰ, ਨਾਅਰੇ ਢੋਲੇ ਗਾਏ ਲਗਾਈਆ । ਜਿਸ ਦੀ ਕਰਦੇ ਰਹੇ ਇੰਤਜ਼ਾਰ, ਸੋ ਮਾਲਕ ਗਿਆ ਆਈਆ । ਜਿਸ ਕਰਕੇ ਖ਼ਬਰਦਾਰ, ਮੇਰੀ ਸੇਵਾ ਸਚ ਲਗਾਈਆ । ਮੈਂ ਫਿਰ ਕੇ ਜੰਗਲ ਪਹਾੜ, ਆਇਆ ਚਾਈਂ ਚਾਈਂਆ । ਲਹਿਣਾ ਮੇਰਾ ਜੁੜ ਜਾਏ ਨਾਲ ਸਤਾਰਾਂ ਹਾੜ, ਵਦੀ ਸੁਦੀ ਦੀ ਲੋੜ ਰਹੇ ਨਾ ਰਾਈਆ । ਸਚ ਪ੍ਰੇਮ ਦੀ ਖੜਕਦੀ ਤਾਰ, ਸਤਾਰ ਇਕੋ ਦਏ ਜਣਾਈਆ । ਗੁਫ਼ਤ ਸ਼ਨੀਦ ਹੋਵੇ ਗੁਫ਼ਤਾਰ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਸਾਚੇ ਨੂਰ ਦਾ ਹੋਏ ਉਜਿਆਰ, ਕੂੜ ਅੰਧੇਰਾ ਦਏ ਮਿਟਾਈਆ । ਜਿਸ ਦਾ ਭਗਤਾਂ ਨਾਲ ਵਿਹਾਰ, ਭਗਵਾਨ ਬੇਪਰਵਾਹੀਆ । ਜਿਸ ਦੇ ਕੋਲ ਸਰਬ ਅਖਤਿਆਰ, ਧੁਰ ਦਾ ਮਾਲਕ ਫੇਰਾ ਪਾਈਆ । ਜਿਹੜਾ ਜੂਨੀਆਂ ਵਿਚੋਂ ਬਾਹਰ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਜਿਹੜਾ ਲੱਖ ਚੁਰਾਸੀ ਸਖ਼ੀਆਂ ਦਾ ਸੱਚਾ ਕਾਹਨ, ਪੁਰਖ ਅਕਾਲ ਵੱਡੀ ਵਡਿਆਈਆ । ਜਿਹੜਾ ਜੁਗ ਚੌਕੜੀ ਦੇਵਣਹਾਰ ਦਾਨ, ਦਾਤਾ ਬੇਪਰਵਾਹੀਆ । ਜਿਸ ਨੂੰ ਸਾਰਿਆਂ ਮੰਨਿਆ ਆਦਿ ਜੁਗਾਦਿ ਇਕ ਪਰਧਾਨ, ਭਾਵੀ ਸਭ ਦੇ ਉਤੇ ਲਗਾਈਆ । ਜਿਸ ਦਾ ਖੇਲ ਸਦਾ ਮਹਾਨ, ਮਹਿੰਮਾ ਕਥ ਨਾ ਕੋਇ ਦ੍ਰਿੜਾਈਆ । ਉਸ ਦਾ ਰੂਪ ਵੇਖ ਲਵੇ ਅੰਦਰੋਂ ਬਾਹਰੋਂ ਕਿਸੇ ਨਜ਼ਰ ਨਾ ਆਏ ਵਿਚ ਜਹਾਨ, ਜਹਾਲਤ ਸਭ ਦੇ ਉਤੇ ਪਾਈਆ । ਇਕੋ ਦੀਪਕ ਜੋਤ ਜਗੇ ਮਹਾਨ, ਜੋਤੀ ਜੋਤ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਵੇਖ ਵਖਾਈਆ । ਪਹਿਲੀ ਹਾੜ ਕਹੇ ਮੈਂ ਆਇਆ ਉਸ ਦਵਾਰੇ, ਜਿਥੇ ਦੋ ਜਹਾਨ ਸੀਸ ਨਿਵਾਈਆ । ਜਿਥੇ ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰੇ, ਸਿਰ ਸਕੇ ਨਾ ਕੋਇ ਉਠਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਮੰਗਣ ਭਿਖਾਰੇ, ਖ਼ਾਲੀ ਝੋਲੀ ਅਗੇ ਡਾਹੀਆ । ਜਿਥੇ ਕਰੋੜ ਤੇਤੀਸ ਬਣ ਵਣਜਾਰੇ, ਸੌਦਾ ਹਟ ਰਹੇ ਚਲਾਈਆ । ਜਿਸ ਦਾ ਨੂਰ ਅਗੰਮ ਅਥਾਹ ਸਦਾ ਉਜਿਆਰੇ, ਤੇਲ ਬਾਤੀ ਦੀ ਲੋੜ ਰਹੇ ਨਾ ਰਾਈਆ । ਜਿਸ ਦੇ ਬੇਪਰਵਾਹੀ ਦੇ ਭੰਡਾਰੇ, ਨਿਤ ਨਵਿਤ ਰਿਹਾ ਵਰਤਾਈਆ । ਜਿਸ ਨੇ ਕੋਟਨ ਕੋਟ ਜੁਗ ਪਾਰ ਉਤਾਰੇ, ਥਿਰ ਨਜ਼ਰ ਕਿਸੇ ਨਾ ਆਈਆ । ਜਿਸ ਦੇ ਲੱਖ ਚੁਰਾਸੀ ਜੀਵ ਜੰਤ ਸਹਾਰੇ, ਆਤਮ ਪਰਮਾਤਮ ਵਜੇ ਵਧਾਈਆ । ਜਿਸ ਦੇ ਪ੍ਰੇਮੀਆਂ ਵਾਲੇ ਅਖਾੜੇ, ਧੁਰ ਦੇ ਢੋਲੇ ਗੀਤ ਸੁਣਾਈਆ । ਜਿਸ ਦੇ ਇਕ ਸੱਤ ਨਾਲ ਮਿਲ ਕੇ ਅਨੇਕ ਸੋ ਗਏ ਸਤਾਰਾਂ ਹਾੜੇ, ਹਾੜੇ ਕਢਦਿਆਂ ਵੇਖ ਵਖਾਈਆ । ਜਿਨ੍ਹਾਂ ਨੇ ਨਵ ਨੌਂ ਚਾਰ ਜੁਗ ਆਪਣੇ ਕਟੇ ਦਿਹਾੜੇ, ਯਾਦ ਯਾਦ ਵਿਚ ਲੰਘਾਈਆ । ਅੱਜ ਉਹਨਾਂ ਦੇ ਲੈਣੇ ਦੇਣੇ ਲੇਖੇ ਪਿਛਲੇ ਚੁਕਣੇ ਉਧਾਰੇ, ਝੋਲੀ ਸਭ ਦੀ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਹਿਲੀ ਹਾੜ ਕਹੇ ਸੁਣ ਸਤਾਰਾਂ ਹਾੜ ਮਿਤਰ, ਤੈਨੂੰ ਦਿਆਂ ਜਣਾਈਆ । ਮੈਂ ਤੈਨੂੰ ਦੱਸਾਂ ਕਿਹੜੇ ਲੱਖ ਚੁਰਾਸੀ ਵਿਚੋਂ ਗਏ ਨਿਤਰ, ਆਪਣਾ ਵੇਸ ਬਦਲਾਈਆ । ਜਿਨ੍ਹਾਂ ਦੇ ਸਿਰ ਤੋਂ ਗੁਰੂਆਂ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਚੁਕਿਆ ਫ਼ਿਕਰ, ਫ਼ਿਕਰਾ ਇਕੋ ਢੋਲਾ ਗਾਈਆ । ਜੋ ਪ੍ਰਭ ਦਾ ਕਰਦੇ

ਜ਼ਿਕਰ, ਜ਼ਾਕਿਰ ਇਕੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਰਤਾਈਆ । ਪਹਿਲੀ ਹਾੜ ਕਹੇ ਮੈਂ ਭਗਤਾਂ ਘਰ ਵੜਦਾ, ਹੌਲੀ ਹੌਲੀ ਆਪਣਾ ਕ਼ਦਮ ਟਿਕਾਈਆ । ਮੈਂ ਜਿਧਰ ਵੇਖਿਆ ਸੋਹੰ ਢੋਲਾ ਪੜ੍ਹਦਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਭਾਵੇਂ ਕੋਈ ਭੁੱਖਾ ਤਿਹਾਇਆ ਮਰਦਾ, ਤਨ ਕੱਪੜਾ ਓਡਣ ਨਜ਼ਰ ਨਾ ਆਈਆ । ਭਾਵੇਂ ਕੋਈ ਦੁਖ ਸਹੇ ਚਿਰ ਦਾ, ਕਲਜੁਗ ਅਗਨ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਪਰਵਾਹੀਆ । ਪਹਿਲੀ ਹਾੜ ਕਹੇ ਮੈਂ ਸਭ ਤੋਂ ਗ਼ਰੀਬ ਵੇਖਿਆ ਇਕ ਨੰਦੂ, ਨਿਮਾਣਿਆਂ ਤੋਂ ਨਿਮਾਣਾ ਨਜ਼ਰੀ ਆਈਆ । ਉਹਦੇ ਅੰਦਰ ਵੜ ਕੇ ਵੇਖਿਆ ਉਹਦੀ ਆਤਮ ਸੇਜਾ ਉਤੇ ਸੁੱਤਾ ਦੀਨਾ ਬੰਧੂ, ਬੰਦਨਾ ਇਕੋ ਸੀਸ ਨਿਵਾਈਆ । ਉਸ ਮੈਨੂੰ ਕਿਹਾ ਉਹ ਪਹਿਲੀ ਹਾੜ ਸੱਜਣ ਇਕੇ ਨੂੰ ਮੰਨੂੰ, ਨਾਤੇ ਸਭ ਦੇ ਦਿਤੇ ਤੁੜਾਈਆ । ਮੈਂ ਕੂੜੀ ਕਿਰਿਆ ਸਾਰੀ ਭੰਨੂੰ, ਪੈਰਾਂ ਹੇਠਾਂ ਦਿਤੀ ਦਬਾਈਆ । ਮੈਂ ਉਸੇ ਨੂੰ ਸੁਨੇਹੜਾ ਘਲੂੰ, ਜੋ ਡੁਬਦਿਆਂ ਲਏ ਤਰਾਈਆ । ਮੈਂ ਉਸੇ ਦੇ ਕੋਲ ਚਲੂੰ, ਜੋ ਚਲਦਿਆਂ ਫਿਰਦਿਆਂ ਪਾਰ ਲੰਘਾਈਆ । ਮੈਂ ਉਸੇ ਦਾ ਦਵਾਰਾ ਮਲੂੰ, ਜੋ ਮਲ ਮੂਤਰ ਮੈਲ ਦਏ ਧੁਆਈਆ । ਮੈਂ ਉਸੇ ਦਾ ਬੰਨੂੰ ਪਲੂ, ਜੋ ਬਾਲ ਅੰਞਾਣੇ ਗੋਦ ਖਿਡਾਈਆ । ਮੈਂ ਉਸੇ ਦਾ ਜੋਧਾ ਸੂਰਬੀਰ ਬਣੂੰ ਕਲੂ, ਜਿਨ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਦੇਵਣਹਾਰ ਮੈਨੂੰ ਵਡਿਆਈਆ । ਪਹਿਲੀ ਹਾੜ ਕਹੇ ਮੈਂ ਵੜ ਗਿਆ ਘਰ ਭੁਖਿਆਂ ਨੰਗਿਆਂ, ਜੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਹੇ ਗਾਈਆ । ਮੈਂ ਜਾ ਕੇ ਹੌਲੀ ਜਿਹੀ ਉਹਨਾਂ ਦੇ ਕੋਲੋਂ ਕੁਛ ਮੰਗਿਆ, ਆਪਣੀ ਆਸ਼ਾ ਦਿਤੀ ਜਣਾਈਆ । ਆਉ ਤੁਹਾਨੂੰ ਇਸ਼ਨਾਨ ਕਰਵਾ ਲਿਆਵਾਂ ਵਿਚ ਮਾਈ ਗੰਗਿਆ, ਦੁਰਮਤ ਮੈਲ ਦਿਆਂ ਧੁਆਈਆ । ਉਹਨਾਂ ਮੈਨੂੰ ਹੱਸਕੇ ਕਿਹਾ ਜਾਹ ਖ਼ਸਮ ਨੂੰ ਖਾਣਿਆਂ ਰੰਡਿਆ, ਤੈਨੂੰ ਦਿਆਂ ਜਣਾਈਆ । ਅਸੀਂ ਚੜ੍ਹ ਗਏ ਓਸ ਡੰਡਿਆ, ਜਿਥੇ ਨਹੌਣ ਧੋਣ ਦੀ ਲੋੜ ਰਹੇ ਨਾ ਰਾਈਆ । ਜਨ ਭਗਤ ਕਹਿਣ ਸਾਡੇ ਚਰਨ ਧੋਵੇ ਤੇਰੀ ਮਾਤਾ ਗੰਗਿਆ, ਗੋਦਾਵਰੀ ਬੈਠੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਡੇ ਹੱਥ ਟਿਕਾਈਆ । ਪਹਿਲੀ ਹਾੜ ਕਹੇ ਮੈਂ ਰੋਵਾਂ ਮਾਰ ਕੇ ਦੁਹੱਥੜ, ਬਹੁੜੀ ਬਹੁੜੀ ਦਿਆਂ ਸੁਣਾਈਆ । ਉਹ ਮੈਂ ਕੀ ਕਰਾਂ ਇਹ ਸਭ ਪ੍ਰਭ ਦੇ ਕੋਲ ਗਏ ਅੱਪੜ, ਭੱਜੇ ਵਾਹੋ ਦਾਹੀਆ । ਅਠ ਸਠ ਤੀਰਥਾਂ ਨੂੰ ਸਮਝ ਕੇ ਛੱਪੜ, ਬੈਠੇ ਮੁਖ ਭਵਾਈਆ । ਜੇ ਮੈਂ ਕਿਸੇ ਨੂੰ ਕੁਛ ਲਾਲਚ ਦਿਤਾ ਭਗਤਾਂ ਨੇ ਮੇਰੇ ਮੁਖ ਤੇ ਮਾਰਿਆ ਥੱਪੜ, ਪਿਛਲੀ ਪੈਰੀਂ ਦਿਤਾ ਭਵਾਈਆ । ਓ ਕਮਲਿਆ ਤੈਨੂੰ ਪਤਾ ਨਹੀਂ ਅਸੀਂ ਪ੍ਰਭ ਦੀ ਡੋਰੀ ਨਾਲ ਗਏ ਜਕੜ, ਸਾਡਾ ਜ਼ੰਜੀਰ ਨਾ ਕੋਇ ਖੁਲ੍ਹਾਈਆ । ਅਸੀਂ ਤੁਲ ਗਏ ਓਸ ਤੱਕੜ, ਜਿਸ ਦੀ ਧੜੀ ਸੇਰ ਵੰਡ ਨਾ ਕੋਇ ਵੰਡਾਈਆ । ਉਹ ਸਾਨੂੰ ਆਇਆ ਰੱਖਣ, ਰਾਖਾ ਸਾਹਿਬ ਗੁਸਾਈਆ । ਲੱਖ ਚੁਰਾਸੀ ਵਿਚੋਂ ਥੋੜ੍ਹੇ ਵਰੋਲੇ ਮੱਖਣ, ਨਾਮ ਮਧਾਣਾ ਆਪਣਾ ਪਾਈਆ । ਸਾਡੇ ਭਾਂਡੇ ਨਹੀਂ ਅੰਦਰੋਂ ਸੱਖਣ, ਸਚ ਸਾਖੀ ਰਹੇ ਸੁਣਾਈਆ । ਅਸਾਂ ਓਸਨੂੰ ਤਕਿਆ ਆਪਣੀ ਅੱਖਣ, ਜੋ ਅੱਖੀਆਂ ਵਾਲਿਆਂ ਨਜ਼ਰ ਨਾ ਆਈਆ । ਜੋ ਸਾਡੇ ਹਿਰਦੇ ਆਇਆ ਵਸਣ, ਵਾਸਤਾ ਆਪਣੇ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਹਾੜ ਕਹੇ ਮੈਂ ਇਕ ਦਿਨ ਭਗਤਾਂ ਘਰ ਵੜ ਗਿਆ ਕਰ ਕੇ ਭੇਖ, ਭਿੱਖਕ ਆਪਣਾ ਵੇਸ ਵਟਾਈਆ । ਆਓ ਤੁਹਾਨੂੰ ਲੈ


੬੧੭

ਚਲਾਂ ਵਿਸ਼ਨ ਬ੍ਰਹਮਾ ਸ਼ਿਵ ਦੇ ਦੇਸ਼, ਜਿਥੇ ਵਜੇ ਸਚ ਵਧਾਈਆ । ਇਕ ਭਗਤ ਨੇ ਮੈਨੂੰ ਕਿਹਾ ਉਹ ਤੇਰੇ ਨਾਲੋਂ ਮੇਰੇ ਚੰਗੇ ਖੇਤ, ਜਿਥੇ ਮੇਰਾ ਮਾਹੀ ਨਜ਼ਰੀ ਆਈਆ । ਅੰਦਰੇ ਅੰਦਰ ਕਰੇ ਹੇਤ, ਮੈਨੂੰ ਸਭ ਕੁਛ ਦਿਤਾ ਸਮਝਾਈਆ । ਭਾਵੇਂ ਭੁਖ ਨਾਲ ਮੇਰਾ ਖ਼ਾਲੀ ਪੇਟ, ਮੇਰੀ ਅੰਤਰ ਆਤਮਾ ਓਸੇ ਦੇ ਗੁਣ ਗਾਈਆ । ਉਹਨੂੰ ਮੈਂ ਜਾਣਦਾ ਸਾਡਾ ਇਕੋ ਕੋਟ ਜਨਮ ਦਾ ਇਸ ਦੇ ਨਾਲ ਖੇਡ, ਕਲਜੁਗ ਅੰਤਮ ਆਪੇ ਰਿਹਾ ਮਿਲਾਈਆ । ਜਿਸ ਨੇ ਆਪਣੀ ਲੋੜ ਖ਼ਾਤਰ ਸਾਨੂੰ ਲੋਕਮਾਤ ਦਿਤਾ ਭੇਜ, ਫੇਰ ਆਪਣਾ ਆਪ ਵਖਾਈਆ । ਕਿਉਂ ਨਾ ਮਾਣੇ ਸਾਡੀ ਸੇਜ, ਘਰ ਆ ਕੇ ਡੇਰਾ ਲਾਈਆ । ਨੇਤਰ ਖੋਲ੍ਹ ਕੇ ਆਪਣੇ ਵੇਖ, ਵਖਰਾ ਧਾਮ ਦਏ ਜਣਾਈਆ । ਜਿਸ ਨੇ ਆਪਣੇ ਹੁਕਮ ਨਾਲ ਸੰਮਤ ਸ਼ੁਰੂ ਕੀਤਾ ਪਹਿਲੀ ਚੇਤ, ਸ਼ਹਿਨਸ਼ਾਹ ਆਪਣਾ ਅੰਕ ਬਦਲਾਈਆ । ਜਿਸ ਨੂੰ ਲੱਭਦੇ ਮੁਲਾ ਸ਼ੇਖ਼, ਪੰਡਤ ਪਾਂਧੇ ਗਏ ਫੇਰੀਆਂ ਪਾਈਆ । ਜਿਨ੍ਹਾਂ ਨੂੰ ਮਣਕਿਆਂ ਵਾਲੀ ਟੇਕ, ਪੱਥਰਾਂ ਇੱਟਾਂ ਨੂੰ ਸੀਸ ਰਹੇ ਨਿਵਾਈਆ । ਕਾਗ਼ਜ਼ਾਂ ਦੀ ਹੁੰਦੇ ਭੇਟ, ਅੱਖਰਾਂ ਦੀ ਕਰਨ ਪੜ੍ਹਾਈਆ । ਅਸੀਂ ਤੇ ਵਸ ਗਏ ਓਸ ਦੇਸ, ਜਿਥੇ ਵਸੇ ਬੇਪਰਵਾਹੀਆ । ਸਦਾ ਰਹਿਣਾ ਉਹਦੇ ਕੋਲ ਹਮੇਸ਼, ਭਗਤ ਦਾਹਵੇ ਨਾਲ ਕਹਿਣ ਸਾਡੀ ਕਰ ਨਾ ਸਕੇ ਕੋਇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਪਹਿਲੀ ਹਾੜ ਆ ਕੇ ਬਹੁੜੀ ਬਹੁੜੀ ਕਰ ਕੇ ਪਿਆ ਰੋ, ਅੰਝੂ ਅੱਖਾਂ ਵਿਚੋਂ ਵਹਾਈਆ । ਹਾਏ ਹਾਏ ਇਹ ਕੀ ਗਿਆ ਹੋ, ਹੋਕਾ ਦੇ ਕੇ ਰਿਹਾ ਸੁਣਾਈਆ । ਪ੍ਰਭੂ ਨੇ ਇਹਨਾਂ ਨੂੰ ਕਿਥੋਂ ਦੇ ਦਿਤੀ ਆਪਣੀ ਲੋ, ਜਗਤ ਅੰਧੇਰੇ ਗਏ ਲੁਟਾਈਆ । ਇਹਨਾਂ ਦੀ ਅੰਤਰ ਆਤਮਾ ਗਿਆ ਛੋਹ, ਬਾਂਕੇ ਛੋਹਰੇ ਲਏ ਬਣਾਈਆ । ਜਗਤ ਜਹਾਨ ਨਾਲੋਂ ਕਰ ਕੇ ਨਿਰਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਦੁਰਮਤ ਮੈਲ ਕੂੜੀ ਧੋ, ਪਤਿਤ ਪੁਨੀਤ ਰਿਹਾ ਵਖਾਈਆ । ਮਾਲਕ ਬਣ ਕੇ ਆਪ ਸੋ, ਹੰ ਬ੍ਰਹਮ ਰਿਹਾ ਮਿਲਾਈਆ । ਅੰਮ੍ਰਿਤ ਆਤਮ ਧੁਰ ਦਾ ਚੋ, ਬੂੰਦ ਸਵਾਂਤੀ ਇਕ ਚਖਾਈਆ । ਹਾੜ ਕਹੇ ਮੈਂ ਪਹਿਲੇ ਭਗਤ ਇਕ ਇਕ ਤਕਦਾ ਰਿਹਾ ਹੁਣ ਵੇਖਿਆ ਤੇ ਬਹੁਤਾ ਬਣ ਗਿਆ ਗਰੋਹ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਪਿੱਛਾ ਤਕ ਕੇ ਵੇਖਿਆ ਮੈਨੂੰ ਯਾਦ ਆ ਗਿਆ ਛੱਬੀ ਸਤਾਈ ਪੋਹ, ਜਿਸ ਵੇਲੇ ਸੰਸੇ ਸਭ ਦੇ ਦਿਤੇ ਮੁਕਾਈਆ । ਪੁਰਖ ਅਕਾਲ ਉਹਨਾਂ ਜੋਗਾ ਹੋ, ਉਹਨਾਂ ਦੇ ਅੰਦਰ ਡੇਰਾ ਲਾਈਆ । ਧੁਰ ਦਾ ਲੈ ਕੇ ਢੋਆ ਢੋ, ਵਸਤ ਅਗੰਮੀ ਦਿਤੀ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਹਿਲੀ ਹਾੜ ਕਹੇ ਮੈਂ ਰੋ ਰੋ ਪਾਵਾਂ ਵੈਣ, ਹੰਝੂਆਂ ਨੀਰ ਵਹਾਈਆ । ਮੈਂ ਤੇ ਆਂਹਦਾ ਸਾਂ ਮੈਂ ਬਹੁਤ ਕੁਛ ਔਣਾ ਕਹਿਣ, ਪਰਦੇ ਸਭ ਦੇ ਦੇਣੇ ਫੁਲਾਈਆ । ਜਾਂ ਗੁਰਮੁਖਾਂ ਦੇ ਅੰਦਰ ਵੜ ਕੇ ਵੇਖਿਆ ਤੇਰੇ ਵਿਛੋੜੇ ਦੇ ਪੈਣ ਵੈਣ, ਵੈਰਾਗੀ ਬੈਠੇ ਨਜ਼ਰੀ ਆਈਆ । ਜਾਂ ਏਧਰ ਓਧਰ ਤਕਿਆ ਨਾਤਾ ਜੁੜ ਗਿਆ ਭਾਈ ਭੈਣ, ਜ਼ਾਤ ਪਾਤ ਵੰਡ ਨਾ ਕੋਇ ਵਖਾਈਆ । ਧੁਰ ਦੇ ਬਣ ਗਏ ਸੱਜਣ ਸੈਣ, ਨਾਤਾ ਇਕੇ ਨਾਲ ਮਿਲਾਈਆ । ਇਕੇ ਭਗਤ ਦੁਵਾਰੇ ਬਹਿਣ, ਜਿਥੇ ਕਿਸੇ ਦੀ ਚਲੇ ਨਾ ਕੋਇ ਚਤੁਰਾਈਆ । ਜਿਸ ਦਵਾਰੇ ਉਤੇ ਗੁਰ ਅਵਤਾਰ ਪੀਰ ਪੈਗ਼ੰਬਰ ਢਹਿਣ, ਢਹਿ ਢਹਿ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਵੇਖ ਵਖਾਈਆ । ਪਹਿਲੀ ਹਾੜ ਕਹੇ ਸੁਣ ਹਾੜ ਸਤਾਰਾਂ ਯਾਰ, ਤੇਰੀ ਮਦਦ ਮੰਗ ਮੰਗਾਈਆ । ਮੈਂ ਗਿਆ ਸਾਂ ਮਾਰ ਕੇ ਲਲਕਾਰ, ਆਪਣਾ ਬਲ ਪਰਗਟਾਈਆ । ਮੈਨੂੰ ਇਉਂ ਦਿਸਦਾ ਸੀ ਜਿਵੇਂ ਅੱਧੇ ਗ਼ਫ਼ਲਤ ਵਿਚੋਂ ਨਾ ਹੋਏ ਬੇਦਾਰ, ਸੁੱਤਿਆਂ ਅੱਖ ਨਾ ਕੋਇ ਖੁਲ੍ਹਾਈਆ ।


੬੧੮

ਕੁਛ ਫਿਰਦੇ ਜਗਤ ਵਿਹਾਰ, ਕੁਛ ਦੁੱਖਾਂ ਲਏ ਉਠਾਈਆ । ਕੁਛ ਮੰਗਣ ਬੱਚਿਆਂ ਪਿਆਰ, ਕੁਛ ਧਨ ਦੌਲਤ ਕਮਾਈਆ । ਕੋਈ ਮੰਗੇ ਨਾਰ ਜੋਬਨ ਮੁਟਿਆਰ, ਕੋਈ ਨਾਰ ਕੰਤ ਝੋਲੀ ਡਾਹੀਆ । ਜਾਂ ਘਰ ਘਰ ਜਾ ਕੇ ਵੇਖਿਆ ਓਥੇ ਖੇਲ ਅਪਾਰ ਉਸ ਦੀ ਧਾਰ, ਜਿਸ ਦੀ ਸਮਝ ਕੋਇ ਨਾ ਪਾਈਆ । ਮੈਨੂੰ ਅੰਦਰ ਵੜਦਿਆਂ ਕਿਸੇ ਨੇ ਕਰ ਦਿਤਾ ਖ਼ਬਰਦਾਰ, ਧੁਰ ਫ਼ਰਮਾਨਾ ਇਕ ਜਣਾਈਆ । ਮੂਰਖਾ ਜਿਸ ਨੇ ਪੰਜ ਵਾਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੋਲਿਆ ਜੈਕਾਰ, ਤਿਸ ਦਾ ਲੇਖਾ ਬਾਕੀ ਰਹਿਣ ਕੋਇ ਨਾ ਪਾਈਆ । ਮਿਹਰ ਨਜ਼ਰ ਨਾਲ ਮੈਂ ਰਿਹਾ ਤਾਰ, ਇਹੋ ਵੱਡੀ ਵਡਿਆਈਆ । ਪਿਛਲਾ ਦੇਵਣ ਆਇਆ ਉਧਾਰ, ਕ਼ਰਜ਼ਾ ਮੂਲ ਚੁਕਾਈਆ । ਜੇ ਇਹ ਸਾਚੇ ਦਰ ਨਾ ਸੋਂਹਦੇ ਦਰਬਾਰ, ਦਰਗਾਹ ਸਾਚੀ ਨਾ ਕੋਇ ਜਣਾਈਆ । ਫੇਰ ਕਾਹਨੂੰ ਬਸਤਰ ਚਿੱਟੇ ਕਰ ਕੇ ਤਿਆਰ, ਇਹਨਾਂ ਨੂੰ ਦੇਂਦਾ ਪਹਿਨਾਈਆ । ਜਿਹੜੇ ਗੋਬਿੰਦ ਦੀ ਨਿਕਲੇ ਵਿਚੋਂ ਧਾਰ, ਧਰਤੀ ਉਤੇ ਸੋਭਾ ਪਾਈਆ । ਅੱਜ ਉਹਨਾਂ ਦਾ ਵਿਹਾਰ, ਜੁਗ ਚੌਕੜੀ ਪਿਛੋਂ ਵਾਰੀ ਗਈ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹਾੜ ਸਤਾਰਾਂ ਕਹੇ ਪਹਿਲੀ ਹਾੜ ਛਡ ਦੇ ਝੇੜਾ, ਝਗੜਾ ਵੇਖ ਜਗਤ ਲੋਕਾਈਆ । ਤੈਨੂੰ ਨਹੀਂ ਪਤਾ ਪ੍ਰਭ ਨੇ ਇਹਨਾਂ ਦਾ ਵੀਹ ਸੌ ਬਾਰਾਂ ਬਿਕ੍ਰਮੀ ਬੰਨ੍ਹਿਆ ਬੇੜਾ, ਥਿਤ ਵਾਰ ਮੇਰੀ ਦਏ ਗਵਾਹੀਆ । ਜਿਸ ਨੂੰ ਚਰਨ ਲਗਾਇਆ ਇਕ ਵਾਰ ਕੇਰਾਂ, ਕਰਮ ਕਾਂਡ ਦਾ ਲੇਖਾ ਦਿਤਾ ਮੁਕਾਈਆ । ਸਚ ਦਵਾਰਾ ਖੁਲ੍ਹਾ ਕਰ ਕੇ ਵਿਹੜਾ, ਵਹਿੰਦੇ ਵਹਿਣ ਵਿਚੋਂ ਪਾਰ ਦਏ ਲੰਘਾਈਆ । ਜਿਨ੍ਹਾਂ ਦੀ ਖ਼ਾਤਰ ਮਾਰਿਆ ਫੇਰਾ, ਫਿਰਦੇ ਤੁਰਦੇ ਆਪਣੀ ਗੋਦ ਬਹਾਈਆ । ਜਿਨ੍ਹਾਂ ਨੇ ਕੂੜ ਕੁੜਿਆਰ ਦਾ ਢੌਣਾ ਡੇਰਾ, ਭਗਤ ਦਵਾਰ ਇਕੋ ਦੇਣਾ ਵਸਾਈਆ । ਜਿਥੇ ਢੋਲਾ ਤੂੰ ਮੇਰਾ ਮੈਂ ਤੇਰਾ, ਦੂਜਾ ਗੀਤ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਚੁਕਾਈਆ । ਹਾੜ ਸਤਾਰਾਂ ਕਿਹਾ ਮੈਂ ਸੁਣ ਲਿਆ ਸਵਾਲ ਜਵਾਬ, ਲੇਖਾ ਨਜ਼ਰ ਕੋਇ ਨਾ ਆਈਆ । ਜਿਹਨਾਂ ਦਾ ਪੁਰਖ ਅਕਾਲ ਬਣ ਗਿਆ ਬਾਪ, ਪਿਤਾ ਪੂਤ ਦਏ ਵਡਿਆਈਆ । ਆਤਮ ਪਰਮਾਤਮ ਦਾ ਦੱਸਿਆ ਜਾਪ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤਿਨ੍ਹਾਂ ਦਾ ਮਿਟ ਗਿਆ ਰੋਗ ਸੰਤਾਪ, ਮਾਇਆ ਮੋਹ ਦਿਤਾ ਚੁਕਾਈਆ । ਅੰਦਰੋਂ ਖੋਲ੍ਹ ਕੇ ਪਰਦਾ ਤਾਕ, ਸਵੱਛ ਸਰੂਪੀ ਨਜ਼ਰੀ ਆਈਆ । ਲੇਖੇ ਲਾਵੇ ਪੰਜ ਤੱਤ ਮਾਟੀ ਖ਼ਾਕ, ਸਿਰ ਸਿਰ ਦੇਵੇ ਮਾਣ ਵਡਿਆਈਆ । ਜੋ ਸਰਨਾਈ ਚਲ ਕੇ ਆਏ ਆਜ, ਅੰਤਮ ਅਜ਼ਲ ਤੋਂ ਲਏ ਬਚਾਈਆ । ਜਿਸ ਨੂੰ ਬੁਧੀ ਸਮਝ ਨਾ ਸਕੇ ਕੋਇ ਦਿਮਾਗ਼, ਹਰਫ਼ਾਂ ਵਾਲੀ ਨਾ ਕੋਇ ਪੜ੍ਹਾਈਆ । ਜਿਸ ਨੇ ਸਭ ਦਾ ਬਦਲ ਦਿਤਾ ਸਮਾਜ, ਇਕੋ ਮਾਰਗ ਦਿਤਾ ਵਖਾਈਆ । ਸਚ ਪ੍ਰੇਮ ਦਾ ਕਰ ਕੇ ਕਾਜ, ਅਨੰਦ ਆਪਣੇ ਨਾਲ ਬਣਾਈਆ । ਧੁਰ ਦੇ ਬੇੜੇ ਚੜ੍ਹਾ ਕੇ ਜਹਾਜ਼, ਕੂੜੀ ਨਈਆ ਦਿਤੀ ਡੁਬਾਈਆ । ਸ਼ਬਦ ਅਗੰਮੀ ਮਾਰ ਕੇ ਆਵਾਜ਼, ਵਾਹਿਦ ਖ਼ੁਦਾ ਰਿਹਾ ਵਖਾਈਆ । ਬਿਨ ਰਸਨਾ ਜਿਹਵਾ ਦੇ ਕੇ ਸਵਾਦ, ਰਸ ਸਾਚਾ ਦਿਤਾ ਚਖਾਈਆ । ਅੰਦਰ ਵੜ ਕੇ ਖੋਲ੍ਹਿਆ ਰਾਜ਼, ਰਮਜ਼ ਆਪਣੀ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਆਇਆ ਦੇਣ ਵਡਿਆਈਆ । ਹਾੜ ਸਤਾਰਾਂ ਕਹੇ ਮੇਰੀ ਵੇਂਹਦਿਆਂ ਵੇਂਹਦਿਆਂ ਬਦਲ ਗਈ ਰੁਚੀ, ਪ੍ਰਭ ਰਚਨਾ ਦਿਤੀ ਬਦਲਾਈਆ । ਮਿਹਰ ਨਜ਼ਰ ਨਾਲ ਆਪਣੀ ਹਰਿ ਸੰਗਤ ਕਰ ਕੇ ਸੁੱਚੀ, ਕੂੜੇ ਨਾਤੇ ਦਿਤੇ ਤੁੜਾਈਆ । ਭਾਵੇਂ ਲੱਖ ਚੁਰਾਸੀ ਵਿਚੋਂ ਇਕੋ

ਮੁਠੀ, ਗਿਣਤੀ ਦੇ ਆਪਣੇ ਨਾਲ ਜੁੜਾਈਆ । ਇਹਨਾਂ ਦੀ ਰਮਜ਼ ਨਹੀਂ ਰਹੀ ਗੁੱਝੀ, ਚਾਰੋਂ ਕੁੰਟ ਕਰੇ ਸ਼ਨਵਾਈਆ । ਜਿਨ੍ਹਾਂ ਦੇ ਅੰਦਰ ਭਾਵਨਾ ਰਹਿਣੀ ਨਹੀਂ ਦੂਜੀ, ਇਕੋ ਕਰੀ ਹਕ ਪੜ੍ਹਾਈਆ । ਜਿਨ੍ਹਾਂ ਦੀ ਸ੍ਰੇਸ਼ਟ ਹੋਈ ਨਹੀਂ ਬੁੱਧੀ, ਸੋਹੰ ਢੋਲਾ ਲੈਣਾ ਗਾਈਆ । ਜਿਨ੍ਹਾਂ ਦੀ ਇਕੋ ਨਾਲ ਰੁਚੀ, ਧੁਰ ਦਾ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹਾੜ ਸਤਾਰਾਂ ਕਹੇ ਪ੍ਰਭੂ ਮੇਰੀ ਇਕ ਬੇਨੰਤੀ, ਤੈਨੂੰ ਦਿਆਂ ਜਣਾਈਆ । ਜਨ ਭਗਤਾਂ ਚਾੜ੍ਹ ਦੇ ਰੰਗ ਬਸੰਤੀ, ਅੰਦਰੋਂ ਅੰਦਰ ਦੇਣਾ ਰੰਗਾਈਆ । ਇਹਨਾਂ ਨੂੰ ਸਿਖਾ ਦੇ ਆਪਣੀ ਇਕੋ ਭਗਤੀ, ਜੋ ਪੰਜਾਂ ਤੋਂ ਖਹਿੜਾ ਦਏ ਛੁਡਾਈਆ । ਭਾਵੇਂ ਲੱਖ ਚੁਰਾਸੀ ਤੈਨੂੰ ਮੰਨਦੀ, ਬਿਨ ਭਗਤਾਂ ਸੱਚਾ ਪ੍ਰੇਮ ਨਾ ਕੋਇ ਕਮਾਈਆ । ਮੈਂ ਖੇਲ ਵੇਖੀ ਤੇਰੇ ਗੋਬਿੰਦ ਚੰਨ ਦੀ, ਜੋ ਗੁਰਮੁਖ ਸਾਚੇ ਚੰਦ ਰਿਹਾ ਚਮਕਾਈਆ । ਜਿਨ੍ਹਾਂ ਨੂੰ ਲੋੜ ਨਹੀਂ ਕਿਸੇ ਧਨ ਦੀ, ਧੰਨ ਧੰਨ ਕਹਿ ਕੇ ਤੇਰਾ ਸ਼ੁਕਰ ਮਨਾਈਆ । ਓਹਨਾਂ ਦੀ ਪ੍ਰੀਤੀ ਛੱਪਰ ਛੰਨ ਦੀ, ਮਹਲ ਅਟਲ ਗਏ ਤਜਾਈਆ । ਉਹਨਾਂ ਨੂੰ ਲੋੜ ਨਹੀਂ ਗੱਲ ਸੁਣਨ ਕੰਨ ਦੀ, ਧੁਨ ਆਤਮਕ ਤੇਰਾ ਰਾਗ ਰਹੇ ਜਸ ਗਾਈਆ । ਉਹਨਾਂ ਦੀ ਆਸ਼ਾ ਰਹੀ ਨਾ ਮਨ ਦੀ, ਮਨਸਾ ਗਏ ਮਿਟਾਈਆ । ਉਹਨਾਂ ਨੂੰ ਲੋੜ ਇਕੋ ਗੱਲ ਦੀ, ਸਦਾ ਮੰਗਣ ਤੇਰੀ ਸਰਨਾਈਆ । ਉਹਨਾਂ ਦੀ ਆਸ ਬੂੰਦ ਸਵਾਂਤੀ ਜਲ ਦੀ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਉਹਨਾਂ ਦੀ ਘੜੀ ਤੇਰੇ ਬਿਨਾ ਨਹੀਂ ਲੰਘਦੀ, ਵਿਛੋੜੇ ਦੀ ਕਟ ਜੁਦਾਈਆ । ਮਾਣ ਸੇਜ ਓਸ ਆਤਮ ਪਲੰਘ ਦੀ, ਜਿਸ ਉਤੇ ਬਹਿ ਕੇ ਸੋਭਾ ਪਾਈਆ । ਅਵਾਜ਼ ਸੁਣਾ ਓਸ ਮਰਦੰਗ ਦੀ, ਜਿਥੇ ਢੋਲਕ ਛੈਣਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰ ਕਰਾਈਆ । ਸਤਾਰਾਂ ਹਾੜ ਕਹੇ ਗੁਰਮੁਖੋ ਨਾ ਡਰਿਓ, ਤੁਹਾਡਾ ਲਹਿਣਾ ਪਿਛਲਾ ਨਜ਼ਰੀ ਆਈਆ । ਦੂਜਾ ਅੱਖਰ ਕਦੀ ਨਾ ਪੜ੍ਹਿਓ, ਇਹੋ ਤੁਹਾਡੀ ਵਡਿਆਈਆ । ਇਸ ਦੇ ਮੰਦਰ ਚੜ੍ਹਿਓ, ਜਿਥੇ ਹੋਵੇ ਨਾ ਕਦੇ ਜੁਦਾਈਆ । ਇਸ ਦੇ ਨਾਲ ਅੜ ਕੇ ਲੜਿਓ, ਆਪਣਾ ਹਿੱਸਾ ਆਪਣੀ ਝੋਲੀ ਪਾਈਆ । ਜੇ ਛੁਪੇ ਤੇ ਧੌਣੋ ਫੜਿਓ, ਤੁਹਾਨੂੰ ਤਰੀਕਾ ਦਿਆਂ ਸਮਝਾਈਆ । ਫੜਨ ਤੋਂ ਪਹਿਲਾਂ ਸਾਰੇ ਇਕੱਠ ਇਕੋ ਕਰਿਓ, ਤੁਹਾਡੇ ਵਿਚ ਦਵੈਤ ਨਜ਼ਰ ਕੋਇ ਨਾ ਆਈਆ । ਇਸੇ ਦੀ ਪ੍ਰੀਤੀ ਵਿਚ ਮਰਿਓ, ਜੋ ਮਰਿਆਂ ਲਏ ਜਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਹਾੜ ਸਤਾਰਾਂ ਕਹੇ ਪ੍ਰਭੂ ਭਗਤਾਂ ਦੇ ਵੜ ਜਾ ਅੰਦਰ, ਹੁਣ ਕੁੰਡਾ ਦੇ ਖੁਲ੍ਹਾਈਆ । ਕੀ ਲੈਣਾ ਇੱਟਾ ਪੱਥਰਾਂ ਵਾਲੇ ਮੰਦਰ, ਸਾਢੇ ਤਿੰਨ ਹੱਥ ਆਪਣਾ ਨੂਰ ਕਰ ਰੁਸ਼ਨਾਈਆ । ਭਾਗ ਲਗਾ ਦੇ ਓਸ ਕੰਦਰ, ਜਿਥੇ ਹੋਵੇ ਸਚ ਰੁਸ਼ਨਾਈਆ । ਆਪਣਾ ਕੁਫ਼ਲ ਤੋੜ ਦੇ ਜੰਦਰ, ਜਨ ਭਗਤਾਂ ਦੀ ਜ਼ਿੰਦਗੀ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਾਰਾਂ ਹਾੜ ਕਹੇ ਮੈਂ ਗੋਬਿੰਦ ਚਲਿਆ ਦੱਸਣ, ਤੇਰਾ ਵੇਲਾ ਗਿਆ ਆਈਆ । ਵੇਖ ਖੇਲ ਪੁਰਖ ਸਮਰਥਣ, ਮੇਰੀ ਅੰਤਰ ਦਏ ਦੁਹਾਈਆ । ਜੋ ਮੀਤ ਮੁਰਾਰੇ ਸੱਜਣ, ਸਾਹਿਬ ਸਵਾਮੀ ਲਏ ਉਠਾਈਆ । ਜਿਨ੍ਹਾਂ ਤੇਰੀ ਧੂੜੀ ਕੀਤਾ ਮਜਨ, ਮਜਲਸ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਕੇ ਖੇਲ ਰਿਹਾ ਪਰਗਟਾਈਆ । ਸਤਾਰਾਂ ਹਾੜ ਕਹੇ ਗੋਬਿੰਦ ਨਾਲ ਹੋਇਆ ਮਿਲਾਪ, ਸੋਹਣਾ ਵਕ਼ਤ ਸੁਹਾਈਆ । ਓਸ ਕਿਰਪਾ ਕੀਤੀ ਆਪ, ਭੇਵ ਦਿਤਾ ਖੁਲ੍ਹਾਈਆ । ਜਿਹੜਾ ਮੇਰਾ ਬਣਿਆ


੯੨੦

ਬਾਪ, ਪੁਰਖ ਅਕਾਲ ਗੁਸਾਈਆਂ । ਓਸੇ ਦਾ ਭਗਤਾਂ ਨਾਲ ਸਾਥ, ਨਾਤਾ ਲਿਆ ਜੁੜਾਈਆ । ਮੈਨੂੰ ਪਰਵਰਦਿਗਾਰ ਗਏ ਆਖ, ਜਲਵਾ ਨੂਰ ਖ਼ੁਦਾਈਆ । ਉਹ ਲਹਿਣਾ ਦੇਣਾ ਦੇਵਣ ਆਇਆ ਹਾਥ, ਦਸਤ ਬਸਤ ਫੜਾਈਆ । ਸਦਾ ਸਦਾ ਸੁਹੇਲਾ ਬਣ ਕੇ ਸਾਥ, ਸਗਲਾ ਸੰਗ ਨਿਭਾਈਆ । ਕੋਟ ਜਨਮ ਦੇ ਮੇਟ ਕੇ ਪਾਪ, ਦੁਰਮਤ ਮੈਲ ਧਵਾਈਆ । ਪਤਿਤ ਪੁਨੀਤ ਕਰ ਕੇ ਸਾਫ਼, ਆਪਣਾ ਰੰਗ ਚੜ੍ਹਾਈਆ । ਪੂਰਾ ਕਰ ਕੇ ਭਵਿਖਤ ਵਾਕ, ਸੰਤ ਸੁਹੇਲੇ ਰਿਹਾ ਤਰਾਈਆ । ਜਿਨ੍ਹਾਂ ਨੇ ਗਾਇਆ ਇਕੋ ਮੁਖਵਾਕ, ਢੋਲਾ ਸ਼ਹਿਨਸ਼ਾਹੀਆ । ਉਨ੍ਹਾਂ ਹੋਣ ਨਾ ਦੇਵਾਂ ਕਿਸੇ ਦੇ ਮੁਹਤਾਜ, ਮਿਹਰ ਨਜ਼ਰ ਨਾਲ ਉਠਾਈਆ । ਵੇਖੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਦਲ ਗਿਆ ਰਾਜ, ਰਿਵਾਜ ਆਪਣਾ ਰਿਹਾ ਜਣਾਈਆ । ਸਤਿਜੁਗ ਦਾ ਬੇੜਾ ਤਾਰ ਕੇ ਜਹਾਜ਼, ਭਗਤ ਸੁਹੇਲੇ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਹਾੜ ਸਤਾਰਾਂ ਕਹੇ ਮੈਨੂੰ ਸੋਹਣੇ ਚਿੱਟੇ ਲਗੇ ਸਫ਼ੈਦ, ਆਪਣਾ ਰੂਪ ਆਏ ਬਦਲਾਈਆ । ਜਿਸ ਦਾ ਗੋਬਿੰਦ ਨਾਲ ਅਹਿਦ, ਇਕ਼ਰਾਰ ਰਿਹਾ ਭੁਗਤਾਈਆ । ਜਿਸ ਦਾ ਬਦਲੇ ਨਾ ਕੋਇ ਕ਼ਾਨੂੰਨ ਕ਼ਵਾਇਦ, ਕ਼ੁਦਰਤ ਦਾ ਮਾਲਕ ਬੇਪਰਵਾਹੀਆ । ਜਿਸ ਦਾ ਜਲਵਾ ਨੂਰ ਵਾਹਿਦ, ਵਾਹਿਗੁਰੂ ਕਹੇ ਖ਼ੁਦਾਈਆ । ਜਿਸ ਦਾ ਧੁਰ ਫ਼ਰਮਾਨਾ ਹੁੰਦਾ ਆਇਦ, ਦੋ ਜਹਾਨ ਨਾ ਕੋਇ ਮਿਟਾਈਆ । ਜਿਸ ਦੇ ਵਿਚ ਨਾ ਦੂਈ ਦਵੈਤ, ਸ਼ਰਅ ਨਾ ਕੋਇ ਲੜਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਹਮ ਸਾਜਣ ਰੂਪ ਵਟਾਈਆ । ਸੋ ਭਗਤਾਂ ਦੇ ਆਇਆ ਦੇਸ, ਭਗਤ ਦਵਾਰੇ ਸੋਭਾ ਪਾਈਆ । ਜਿਸ ਦਾ ਹੁਕਮ ਉਤਮ ਵਿਸ਼ੇਸ਼, ਵਿਸ਼ਵ ਆਪਣੀ ਧਾਰ ਦ੍ਰਿੜਾਈਆ । ਪਹਿਲੀ ਹਾੜ ਹੋਇਆ ਪੇਸ਼, ਪੇਸ਼ੀਨਗੋਈ ਰਿਹਾ ਸਮਝਾਈਆ । ਪੁਰਖ ਅਕਾਲ ਕਿਹਾ ਸ੍ਰਿਸ਼ਟ ਸਬਾਈ ਕੂੜਾ ਭੇਖ, ਦ੍ਰਿਸ਼ਟੀ ਸਚ ਨਾ ਕੋਇ ਜਣਾਈਆ । ਮੇਰਾ ਭਗਤ ਮੇਰੇ ਵਸਿਆ ਦੇਸ, ਦੂਜਾ ਦਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹਾੜ ਸਤਾਰਾਂ ਕਹੇ ਮੈਂ ਭਗਤੋ ਤੁਹਾਡੀ ਦੇਵਾਂ ਗਵਾਹੀ, ਪ੍ਰੇਮ ਪ੍ਰੀਤੀ ਸਚ ਜਣਾਈਆ । ਆਪਣੇ ਅੰਦਰੋਂ ਮੇਟ ਦਿਓ ਝੂਠੀ ਸ਼ਾਹੀ, ਸ਼ਹਿਨਸ਼ਾਹ ਦਇਆ ਰਿਹਾ ਕਮਾਈਆ । ਸਾਚੇ ਬਣਿਓ ਪਾਂਧੀ ਰਾਹੀ, ਮੰਜ਼ਲ ਇਕੋ ਨੂਰ ਖ਼ੁਦਾਈਆ । ਜਿਸ ਗੋਬਿੰਦ ਬੂਟਾ ਪੁਟਿਆ ਕਾਹੀ, ਸੋ ਤੁਹਾਡੀਆਂ ਜੜ੍ਹਾਂ ਰਿਹਾ ਲਗਾਈਆ । ਜਿਸ ਦੇ ਨਾਮ ਦੀ ਪਈ ਦੁਹਾਈ, ਸੋ ਢੋਲਾ ਰਿਹਾ ਸੁਣਾਈਆ । ਜਿਸ ਦਾ ਸੰਮਤ ਚਲਿਆ ਸ਼ਹਿਨਸ਼ਾਹੀ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਜਿਸ ਦਾ ਜਲਵਾ ਨੂਰ ਇਲਾਹੀ, ਨੂਰੋ ਨੂਰ ਡਗਮਗਾਈਆ । ਜਿਸ ਦੇ ਹੁਕਮੇ ਅੰਦਰ ਤਬਾਹੀ, ਤੋਬਾ ਤੋਬਾ ਕਰੇ ਲੋਕਾਈਆ । ਜਿਸ ਨੇ ਭਗਤ ਸੁਹੇਲੇ ਫੜਨੇ ਬਾਂਹੀ, ਗ਼ਰੀਬ ਨਿਮਾਣੇ ਗੋਦ ਉਠਾਈਆ । ਜਿਸ ਨੇ ਜੋੜੇ ਛੀਂਬੇ ਨਾਈ, ਝੀਵਰ ਆਪਣੇ ਅੰਗ ਲਗਾਈਆ । ਜੋ ਤੁਹਾਡੀ ਦੇਣ ਆਇਆ ਸਫ਼ਾਈ, ਸਫ਼ਾ ਸਭ ਦੀ ਦਏ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਹਾੜ ਸਤਾਰਾਂ ਕਹੇ ਤੁਹਾਡੇ ਬਸਤਰ ਚਿੱਟੇ ਧੋਤੇ, ਧੋਬੀ ਸਤਿਗੁਰ ਨਜ਼ਰੀ ਆਈਆ । ਇਸ ਦੀ ਸੋਚ ਕੋਈ ਨਾ ਸੋਚੇ, ਸਮਝ ਵਿਚੋਂ ਸਮਝ ਦਏ ਲਗਾਈਆ । ਜਿਸ ਵੇਲੇ ਮੁਹੰਮਦ ਰੱਖੇ ਸੀ ਰੋਜ਼ੇ, ਨਿਮਾਜ਼ਾਂ ਦੀ ਆਇਤ ਦਿਤੀ ਗਾਈਆ । ਓਸ ਵੇਲੇ ਪਰਵਰਦਿਗਾਰ ਉਸ ਨੂੰ ਨਜ਼ਰ ਆਇਆ ਸੀ ਇਕ ਗੋਸ਼ੇ, ਜੋ ਕਲਮਾ ਰਿਹਾ ਦ੍ਰਿੜਾਈਆ । ਜਿਸ ਦੇ ਹੁਕਮ ਅੰਦਰ ਮਾਣੀ ਮੌਜੇ, ਮਜਲਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਧੁਰ ਦਾ ਭੇਵ ਦਏ ਦ੍ਰਿੜਾਈਆ । ਜਿਸ ਵੇਲੇ ਮੁਹੰਮਦ ਨੇ ਤਕਿਆ ਦਸਤਗੀਰ, ਸ਼ਾਹ ਸੁਲਤਾਨ ਨਜ਼ਰੀ ਆਈਆ । ਓਸ ਦੀ ਅਲਫ਼ੀ ਲੀਰੋ ਲੀਰ, ਮੁਖ ਨਕਾਬ ਨਾ ਕੋਇ ਟਿਕਾਈਆ । ਓਸ ਝਟ ਬਦਲ ਲਈ ਆਪਣੀ ਤਸਵੀਰ, ਰੂਪ ਅਨੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਪਰਵਾਹੀਆ । ਜਿਸ ਵੇਲੇ ਜਲਵਾ ਨੂਰ ਕੀਤਾ ਬਦਲੀ, ਅਵੱਲੜਾ ਵੇਸ ਵਟਾਈਆ । ਧੁਰ ਦਾ ਮਾਲਕ ਬਣ ਕੇ ਅਦਲੀ, ਹੁਕਮ ਇਕ ਸਮਝਾਈਆ । ਜਿਸ ਵੇਲੇ ਮੁਹੰਮਦ ਤੇਰੀ ਹੋਵੇ ਬਦਲੀ, ਸਦੀ ਚੌਧਵੀਂ ਦਏ ਗਵਾਹੀਆ । ਮੈਂ ਚਲ ਕੇ ਆਵਾਂ ਮਜ਼ਲੋ ਮਜ਼ਲੀ, ਮੰਜ਼ਲ ਆਪਣੀ ਡੇਰਾ ਲਾਈਆ । ਤਾਕ਼ਤ ਰਹੇ ਨਾ ਕਿਸੇ ਬਲ ਦੀ, ਬਲਹੀਣ ਦਿਆਂ ਕਰਾਈਆ । ਸਮਰਥਿਆ ਰਹੇ ਨਾ ਵਲ ਛਲ ਦੀ, ਅਛਲ ਛਲ ਆਪਣਾ ਦਿਆਂ ਦ੍ਰਿੜਾਈਆ । ਸਭ ਦੀ ਜਵਾਨੀ ਅੰਤਮ ਢਲਦੀ, ਬੁਢੇਪਾ ਆਪਣਾ ਰੂਪ ਵਟਾਈਆ । ਮੁਹੰਮਦਾ ਕਿਸੇ ਨੂੰ ਸਮਝ ਨਹੀਂ ਘੜੀ ਪਲ ਦੀ, ਮਾਲਕ ਧੁਰ ਦਾ ਕੀ ਕੀ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਪਰਵਰਦਿਗਾਰ ਆਪਣਾ ਬਦਲ ਕੇ ਰੂਪ, ਅਨੂਪ ਰਿਹਾ ਦ੍ਰਿੜਾਈਆ । ਬਣ ਕੇ ਸੱਚਾ ਭੂਪ, ਸ਼ਹਿਨਸ਼ਾਹ ਸੀਸ ਤਾਜ ਟਿਕਾਈਆ । ਜਲਵਾ ਦੇ ਕੇ ਚਾਰੇ ਕੂਟ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਆਪਣੇ ਆਪ ਦਾ ਸਚ ਸਬੂਤ, ਆਪੇ ਰਿਹਾ ਸਮਝਾਈਆ । ਵੇਖੋ ਤੱਤਾਂ ਵਾਲਾ ਕਲਬੂਤ, ਜਿਸ ਦੇ ਨਾਲ ਚਿੱਟੇ ਬਸਤਰ ਲਏ ਛੁਹਾਈਆ । ਇਹ ਮੈਂ ਆਪਣੇ ਭਗਤਾਂ ਨੂੰ ਦੇਣਾ ਵਜੂਦ, ਜਿਨ੍ਹਾਂ ਨੂੰ ਵੁਜ਼ੂ ਦੀ ਲੋੜ ਰਹੇ ਨਾ ਰਾਈਆ । ਜਿਧਰ ਵੇਖਣ ਓਧਰ ਮੌਜੂਦ, ਮੁਫ਼ਲਿਸਾਂ ਆਪਣੀ ਗੋਦ ਬਹਾਈਆ । ਮੇਰੇ ਸੰਮਤ ਦਾ ਏਹੋ ਸਬੂਤ, ਗੁਰਮੁਖ ਸਾਚੇ ਭਗਤ ਸੁਹੇਲੇ ਸੂਫ਼ੀ ਸੰਤ ਫ਼ਕੀਰ ਚਿੱਟੀ ਧਾਰ ਲੈਣੇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਹਾੜ ਸਤਾਰਾਂ ਕਹੇ ਮੈਨੂੰ ਚੇਤਾ ਆ ਗਿਆ ਜਿਸ ਵੇਲੇ ਮੂਸਾ ਡਿੱਗਾ ਕੋਹਤੂਰ, ਆਪਣਾ ਆਪ ਮਿਟਾਈਆ । ਜਲਵਾ ਤਕ ਕੇ ਨੂਰ, ਨੂਰ ਵਿਚ ਸਮਾਈਆ । ਓਹਨੂੰ ਨਜ਼ਰੀ ਆਇਆ ਇਕ ਹਜ਼ੂਰ, ਜੋ ਹਜ਼ਰਤ ਬੇਪਰਵਾਹੀਆ । ਜਿਸ ਦਾ ਸੱਚਾ ਸਚ ਦਸਤੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਮਾਣ ਤਾਣ ਮੇਟੇ ਗ਼ਰੂਰ, ਗ਼ੁਰਬਤ ਦਏ ਗਵਾਈਆ । ਸਾਚੇ ਨਾਮ ਦਾ ਦੇ ਸਰੂਰ, ਖ਼ੁਮਾਰੀ ਦਏ ਵਖਾਈਆ । ਜੋ ਪਤਿਤ ਪਾਪੀਆਂ ਬਖ਼ਸ਼ ਦੇਵੇ ਕ਼ਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਉਸ ਨੇ ਸ਼ਬਦ ਦੀ ਦੇ ਕੇ ਤੂਰ, ਮੂਸਾ ਦਿਤਾ ਸਮਝਾਈਆ । ਮੈਂ ਕਲਜੁਗ ਅੰਤ ਔਣਾ ਜ਼ਰੂਰ, ਆਪਣਾ ਫੇਰਾ ਪਾਈਆ । ਜਿਹੜੇ ਭਗਤ ਮੇਰੇ ਮਜ਼ਦੂਰ, ਮੁਸ਼ੱਕਤ ਓਨ੍ਹਾਂ ਦੀ ਝੋਲੀ ਪਾਈਆ । ਸਾਚੀ ਦਰਗਾਹ ਕਰ ਕ਼ਬੂਲ, ਧੁਰ ਦੇ ਕਾਅਬੇ ਲੈਣਾ ਮਿਲਾਈਆ । ਮਾਲਕ ਬਣ ਕੇ ਹਕ ਮਹਿਬੂਬ, ਮੁਹੱਬਤ ਦੇਣੀ ਸਮਝਾਈਆ । ਅਰਸ਼ ਫ਼ਰਸ਼ ਦੱਸ ਅਰੂਜ਼, ਕਾਅਬਾ ਇਕੋ ਦੇਣਾ ਦ੍ਰਿੜਾਈਆ । ਲੋੜ ਰਹੇ ਨਾ ਹਜ਼ਾਰਾ ਦਰੂਦ, ਬਸਰੀ ਇਸਮ ਨਾ ਕੋਇ ਗਾਈਆ । ਸਭ ਦੇ ਲੇਖੇ ਕਰ ਮੌਕੂਫ਼, ਆਪਣਾ ਹੁਕਮ ਦੇਣਾ ਵਰਤਾਈਆ । ਸੱਚੇ ਪ੍ਰੇਮ ਵਿਚ ਹੋ ਮਸਰੂਫ਼, ਇਕੋ ਲਗਨ ਦੇਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇਣਾ ਮੁਕਾਈਆ । ਮੂਸੇ ਵੇਖਿਆ ਵਰਤਦਾ ਭਾਣਾ, ਹੈਰਾਨੀ ਅੰਦਰੇ ਅੰਦਰ ਨਜ਼ਰੀ ਆਈਆ । ਅਗੇ ਵੇਖਿਆ ਚਿੱਟਾ ਬਾਣਾ, ਸਤਿ ਸਫ਼ੈਦੀ ਧਾਰ ਸਮਾਈਆ । ਸ਼ਾਹੋ ਭੂਪ ਬਣ ਕੇ ਰਾਣਾ, ਸ਼ਹਿਨਸ਼ਾਹ ਰਿਹਾ ਸਮਝਾਈਆ । ਜਿਸ ਨੇ ਕਲਜੁਗ ਅੰਤ ਮਿਟਾਣਾ, ਸਤਿਜੁਗ ਸਾਚੇ ਦਏ ਵਡਿਆਈਆ । ਜਿਸ ਨੇ ਜੁਗ

ਚੌਕੜੀ ਲੇਖ ਚੁਕਾਣਾ, ਧੁਰ ਦਾ ਲੇਖਾ ਝੋਲੀ ਪਾਈਆ । ਜਿਸ ਨੇ ਵੇਸ ਅਵੇਸ ਵਟਾਣਾ, ਜੋਤੀ ਜੋਤ ਕਰੇ ਰੁਸ਼ਨਾਈਆ । ਜਿਸ ਨੇ ਭਗਤਾਂ ਰੰਗ ਚੜ੍ਹਾਨਾ, ਸਿਰ ਆਪਣਾ ਹੱਥ ਟਿਕਾਈਆ । ਜਿਸ ਨੇ ਦੱਸਣਾ ਸੱਚਾ ਗਾਣਾ, ਸੋਹੰ ਕਰੇ ਪੜ੍ਹਾਈਆ । ਜਿਸ ਨੇ ਵਰਤਣਾ ਆਪਣਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਨੇ ਬਣਨਾ ਧੁਰ ਦਾ ਕਾਹਨਾ, ਨਾਮ ਬੰਸਰੀ ਇਕ ਸੁਣਾਈਆ । ਜਿਸ ਨੇ ਬਣਨਾ ਸੱਚਾ ਰਾਮਾ, ਸੀਤਾ ਸੁਰਤੀ ਲਏ ਪਰਨਾਈਆ । ਜਿਸ ਨੇ ਪਹਿਨਣਾ ਆਪਣਾ ਬਾਣਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਜਿਸ ਨੇ ਆਪਣੇ ਭਗਤ ਬਣੌਣੇ ਨਿਸ਼ਾਨਾ, ਨਿਸ਼ਾਨਾ ਜਗਤ ਵਿਚ ਉਠਾਈਆ । ਉਨ੍ਹਾਂ ਨੂੰ ਚਿੱਟੇ ਬਸਤਰਾਂ ਦਾ ਦੇਣਾ ਦਾਨਾ, ਮੂਸੇ ਇਹ ਮੇਰੀ ਵਡਿਆਈਆ । ਫੇਰ ਭਰ ਕੇ ਨਾਮ ਖ਼ਜ਼ਾਨਾ, ਕਲਮਾ ਇਕੋ ਦੇਣਾ ਸਮਝਾਈਆ । ਓਨ੍ਹਾਂ ਦੇ ਘਰ ਆਵੇ ਬਣ ਕੇ ਮਹਿਮਾਨਾ, ਨਿਰਗੁਣ ਸਰਗੁਣ ਵੇਸ ਵਟਾਈਆ । ਭਾਵੇਂ ਲੱਖ ਚੁਰਾਸੀ ਮੇਰੇ ਭਗਤਾਂ ਨੂੰ ਮਾਰਨ ਤਾਅਨਾ, ਉਹ ਤਨ ਮਨ ਦਾ ਲੇਖਾ ਦੇਣ ਗਵਾਈਆ । ਓਨ੍ਹਾਂ ਦੇ ਅੰਦਰ ਵੜ ਕੇ ਦੇਵਾਂ ਸਚ ਗਿਆਨਾ, ਜਗਤ ਗਿਆਨਾਂ ਤੋਂ ਪੱਲੇ ਲੈਣ ਛੁਡਾਈਆ । ਇਕੇ ਵਾਰ ਇਕੇ ਦਿਨ ਇਕੇ ਘੜੀ ਇਕੇ ਪਲ ਓਨ੍ਹਾਂ ਦਾ ਅੰਦਰੋ ਅੰਦਰ ਬਦਲ ਦੇਵਾਂ ਜ਼ਮਾਨਾ, ਜ਼ਾਮਨੀ ਆਪਣੀ ਵਿਚ ਰਖਾਈਆ । ਮੇਰੇ ਕੋਲ ਨਾਪਣ ਦਾ ਓਹ ਪੈਮਾਨਾ, ਜਿਸ ਦੀ ਡਿਗਰੀ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਮੁਕਾਈਆ । ਹਾੜ ਸਤਾਰਾਂ ਕਹੇ ਜਨ ਭਗਤੋ ਤੁਸੀਂ ਚਿੱਟੇ ਸੋਹਣੇ, ਬਾਹਰੋਂ ਨਜ਼ਰੀ ਆਈਆ । ਅੰਦਰੋਂ ਛੱਡ ਦਿਓ ਕੂੜੇ ਰੋਣੇ, ਕੂੜੀ ਕਿਰਿਆ ਬਾਹਰ ਕਢਾਈਆ । ਬਿਨਾ ਪੁਰਖ ਅਕਾਲ ਤੁਹਾਡੇ ਪਾਪ ਕਿਸੇ ਨਾ ਧੋਣੇ, ਧੁਰ ਦਾ ਸੰਗ ਨਾ ਕੋਇ ਬਣਾਈਆ । ਸਾਚੇ ਸੁਖ ਬਿਨਾ ਗੁਰ ਕਿਸੇ ਨਾ ਔਣੇ, ਔਂਤਾ ਵੇਖੀ ਜਗਤ ਲੋਕਾਈਆ । ਆਤਮ ਪਰਮਾਤਮ ਢੋਲੇ ਜਿਨ੍ਹਾਂ ਗੌਣੇ, ਗਹਿਰ ਗੰਭੀਰ ਮਿਲੇ ਗੁਸਾਈਆ । ਸ਼ਬਦ ਸੰਦੇਸੇ ਤੁਹਾਨੂੰ ਦੇਵੇ ਉਣੰਜਾ ਪਵਣੇ, ਦਿਵਸ ਰੈਣ ਰਹੀ ਸੁਣਾਈਆ । ਜਨ ਭਗਤੋ ਜਿਸ ਨੇ ਕਟੇ ਅਵਣੇ ਗਵਣੇ, ਲੱਖ ਚੁਰਾਸੀ ਫੰਦ ਕਟਾਈਆ । ਇਕ ਵਾਰ ਸਤਾਰਾਂ ਹਾੜ ਕਹੇ ਓਸ ਦੇ ਆ ਜਾਓ ਸਾਹਮਣੇ, ਤੁਹਾਡਾ ਸਮਾਂ ਦਏ ਬਦਲਾਈਆ । ਝੂਠੀ ਰਹੇ ਨਾ ਤ੍ਰਿਸ਼ਨਾ ਕਾਮਨੇ, ਕਾਮ ਕਰੋਧ ਦਏ ਮਿਟਾਈਆ । ਜਿਹੜਾ ਵਰ ਦਿਤਾ ਸੀ ਭੀਲਣੀ ਨੂੰ ਰਾਮ ਨੇ, ਓਸ ਦਾ ਲੇਖਾ ਤੁਹਾਡੀ ਝੋਲੀ ਪਾਈਆ । ਜਿਹੜੀ ਕਹਾਣੀ ਦੱਸੀ ਸੀ ਰਾਧਾ ਨੂੰ ਸ਼ਾਮ ਨੇ, ਉਹ ਸ਼ਮਅ ਤੁਹਾਡੀ ਦਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਮੁਕਾਈਆ । ਹਾੜ ਸਤਾਰਾਂ ਕਹੇ ਪ੍ਰਭ ਮੰਗ ਇਕੋ ਮੰਗੀ, ਮਾਂਗਤ ਹੋ ਕੇ ਦਿਆਂ ਜਣਾਈਆ । ਭਗਤਾਂ ਦੀ ਰਹਿਣ ਨਾ ਦੇਵੀਂ ਤੰਗੀ, ਤੁਰਸ਼ੀ ਦੇਣੀ ਮਿਟਾਈਆ । ਤੂੰ ਮਾਲਕ ਬਹੁ ਢੰਗੀ, ਤਰੀਕਿਆਂ ਵਿਚ ਤੇਰੀ ਲੋਕਾਈਆ । ਇਹ ਤੇਰੇ ਜੁਗਾਂ ਜੁਗਾਂ ਦੇ ਸਬੰਧੀ, ਵਿਛੜੇ ਮਿਲੇ ਚਾਈਂ ਚਾਈਆ । ਵੇਖੀਂ ਅੰਤਮ ਨਾ ਇਨ੍ਹਾਂ ਛੱਡੀਂ, ਦੇਵੀਂ ਨਾ ਜਗਤ ਜੁਦਾਈਆ । ਇਨ੍ਹਾਂ ਨੌ ਸੌ ਚੁਰਾਨਵੇ ਜਨਮ ਤੇਰੀ ਭੇਟ ਚੜ੍ਹਾਈ ਆਪਣੀ ਹੱਡੀ ਹੱਡੀ, ਮਾਣਸ ਵਿਚੋਂ ਮਾਣਸ ਰੂਪ ਬਦਲਾਈਆ । ਪ੍ਰਭੂ ਭਗਤਾਂ ਬਿਨਾ ਮਾਤ ਚਲੇ ਨਾ ਤੇਰੀ ਗੱਡੀ, ਗਦਾਗਰ ਹੋ ਕੇ ਘਰ ਘਰ ਫੇਰੇ ਪਾਈਆ । ਤੇਰੇ ਨਾਮ ਨੂੰ ਸਾਰਿਆਂ ਕਰ ਕੇ ਰੱਦੀ, ਆਪਣੇ ਢੋਲੇ ਦਿਤੇ ਜਣਾਈਆ । ਧੰਨਭਾਗ ਪ੍ਰਭੂ ਤੇਰੀ ਜੋਤ ਜਗੀ, ਮੇਰੇ ਘਰ ਹੋਈ ਰੁਸ਼ਨਾਈਆ । ਜਿਸ ਵੇਲੇ ਨਾਨਕ ਚਾਰਦਾ ਪਿਆ ਸੀ ਮੱਝੀ, ਖੇਤਾਂ ਵਿਚ ਆਪਣਾ ਧਿਆਨ ਲਗਾਈਆ । ਓਸ ਵੇਲੇ ਤੂੰ ਓਸ ਦੀ ਬਾਂਹ ਫੜ ਕੇ ਸੱਜੀ, ਹਲੂਣਾ ਦਿਤਾ ਲਗਾਈਆ । ਨਾਨਕ

ਔਹ ਵੇਖ ਵੀਹਵੀਂ ਸਦੀ, ਅਖ਼ੀਰੀ ਮੇਰਾ ਸੰਮਤ ਮਿਲੇ ਵਡਿਆਈਆ । ਜਿਸ ਵੇਲੇ ਭਗਤਾਂ ਪ੍ਰੇਮ ਪ੍ਰੀਤੀ ਦੇਣੀ ਆਪਣੇ ਵਿਚੋਂ ਅੱਧੀ, ਅਦਨਿਆਂ ਤੋਂ ਆਅਲੇ ਲੈਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਹਾੜ ਕਹੇ ਬਸਤਰਾਂ ਵਾਲਿਓ ਜਾਓ ਜਾਗ, ਲਹਿਣੇ ਸਭ ਦੇ ਫੋਲ ਫੁਲਾਈਆ । ਚਿੱਟੇ ਹੰਸ ਨਾ ਬਣਿਓ ਕਾਗ, ਬਗਲਿਆਂ ਵਾਲਾ ਰੂਪ ਵਟਾਈਆ । ਤੁਹਾਡੇ ਪਿਛੇ ਸ੍ਰੀ ਭਗਵਾਨ ਨੂੰ ਨਾ ਲਗੇ ਦਾਗ਼, ਜੋ ਭਾਗਾਂ ਦਾ ਹਿੱਸਾ ਤੁਹਾਡੀ ਝੋਲੀ ਪਾਈਆ । ਤੁਹਾਡੇ ਨਾਲ ਮਿਲ ਕੇ ਸ੍ਰਿਸ਼ਟੀ ਦਾ ਬਦਲ ਦੇਣਾ ਰਿਵਾਜ, ਦੀਨ ਮਜ਼੍ਹਬ ਦਾ ਲੇਖਾ ਦੇਣਾ ਚੁਕਾਈਆ । ਸਾਚੇ ਨਾਮ ਦਾ ਚਲੌਣਾ ਜਹਾਜ਼, ਬੇੜਾ ਇਕੋ ਦੇਣਾ ਵਖਾਈਆ । ਸੱਚੇ ਪ੍ਰੇਮ ਦਾ ਦੱਸ ਕੇ ਕਾਜ, ਕਰਨੀ ਇਕੋ ਦੇਣੀ ਵਖਾਈਆ । ਜੋ ਕੁਛ ਦੇਣਾ ਸੋ ਪਹਿਲੀ ਵਾਰ ਆਜ, ਇੱਕੀ ਸਾਲ ਲਾਰਿਆਂ ਵਿਚ ਝਟ ਲੰਘਾਈਆ । ਤੁਹਾਡੀ ਖ਼ੁਸ਼ੀ ਮੇਰਾ ਟਹਿਕਿਆ ਹੋਇਆ ਬਾਗ਼, ਪੱਤ ਡਾਲ੍ਹੀ ਦੇਣੀ ਮਹਿਕਾਈਆ । ਗੋਬਿੰਦ ਬੂਟਾ ਹੋਣ ਨਹੀਂ ਦੇਣਾ ਬਰਬਾਦ, ਸ਼ਬਦੀ ਨਾਦ ਦੇਣਾ ਸੁਣਾਈਆ । ਜੋ ਸਚ ਦਵਾਰੇ ਆਏ ਭਾਜ, ਭਜਨ ਬੰਦਗੀ ਤੋਂ ਖਹਿੜਾ ਦੇਣਾ ਛੁਡਾਈਆ । ਜਿਸ ਵੇਲੇ ਪੰਜਾਂ ਜੈਕਾਰਿਆਂ ਵਿਚ ਮਾਰੇ ਆਵਾਜ, ਅੰਦਰ ਹੋ ਕੇ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਖੇਲ ਤਮਾਸ਼, ਤਮਅ ਸਭ ਦੀ ਦਏ ਮਿਟਾਈਆ । ਹਾੜ ਸਤਾਰਾਂ ਕਹੇ ਗੁਰਮੁਖੋ ਅੰਦਰ ਬਾਹਰ ਗਾ ਲਓ ਗੀਤ, ਗਾਵਣਹਾਰਾ ਰਿਹਾ ਜਣਾਈਆ । ਕਾਇਆ ਕਾਅਬਾ ਤੁਹਾਡੀ ਮੰਦਰ ਮਸੀਤ, ਸ਼ਿਵਦਵਾਲਾ ਇਕੋ ਦਿਤਾ ਬਣਾਈਆ । ਠਾਕਰ ਸਵਾਮੀ ਮਿਲ ਲਓ ਮੀਤ, ਮਿਤਰ ਪਿਆਰਾ ਨਜ਼ਰੀ ਆਈਆ । ਜੀਂਦਿਆਂ ਜਗ ਲਓ ਜੀਤ, ਮਰਿਆਂ ਪਿਛੋਂ ਮਰਨ ਦੀ ਲੋੜ ਰਹੇ ਨਾ ਰਾਈਆ । ਸਾਚੇ ਧਾਮ ਵਸੋ ਅਤੀਤ, ਤ੍ਰੈਗੁਣ ਡੇਰਾ ਦੇਣਾ ਢਾਹੀਆ । ਲੇਖਾ ਚੁਕ ਜਾਏ ਹਸਤ ਕੀਟ, ਆਪਣੀ ਹਸਤੀ ਲਓ ਬਦਲਾਈਆ । ਬੇਸ਼ਕ ਤੁਸੀਂ ਜਨਮ ਕਰਮ ਦੇ ਗ਼ਰੀਬ, ਤੁਹਾਡੇ ਅੱਜ ਨਸੀਬ ਦਿਤੇ ਬਦਲਾਈਆ । ਚਿੱਟੇ ਬਸਤਰਾਂ ਨਾਲ ਇਕੋ ਦੇ ਕੇ ਸਰਬ ਤਰਤੀਬ, ਤਾਰ ਸਤਾਰ ਦਿਤੀ ਹਿਲਾਈਆ । ਤੁਹਾਡੀ ਮੰਜ਼ਲ ਮੇਰਾ ਅਖ਼ੀਰ, ਆਖ਼ਰ ਤੁਹਾਡੇ ਵਿਚ ਸਮਾਈਆ । ਤੁਸੀਂ ਪਾਤਸ਼ਾਹ ਤੇ ਮੈਂ ਤੁਹਾਡਾ ਵਜ਼ੀਰ, ਆਦਿ ਜੁਗਾਦਿ ਸੇਵ ਕਮਾਈਆ । ਅੱਜ ਖ਼ੁਸ਼ੀ ਹੋਇਆ ਤੁਹਾਨੂੰ ਤਕ ਕੇ ਕਬੀਰ, ਕਾਲੀ ਕੰਬਲੀ ਉਤੋਂ ਦਿਤੀ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ੁਸ਼ੀਆਂ ਨਾਲ ਦਏ ਵਡਿਆਈਆ । ਸਤਾਰਾਂ ਹਾੜ ਕਹੇ ਗੁਰਮੁਖੋ ਕਰ ਕੇ ਜਾਇਓ ਨਮਸਤੇ, ਨਮੋ ਨਮੋ ਸੀਸ ਨਿਵਾਈਆ । ਤੁਹਾਡੇ ਘਰਾਣੇ ਰਹਿਣ ਵਸਦੇ, ਭਾਵੇਂ ਉਜੜੇ ਸਰਬ ਲੋਕਾਈਆ । ਤੁਹਾਡੇ ਅੰਦਰ ਰਹਿਣ ਹਸਦੇ, ਖ਼ੁਸ਼ੀ ਗ਼ਮੀ ਇਕੋ ਰੰਗ ਸਮਾਈਆ । ਤੁਹਾਡੇ ਭੰਡਾਰੇ ਭਰੇ ਰਹਿਣ ਪ੍ਰਭੂ ਦੇ ਜਸ ਦੇ, ਖ਼ਾਲੀ ਸਕੇ ਨਾ ਕੋਇ ਕਰਾਈਆ । ਭਾਵੇਂ ਜਗਤ ਵਲੋਂ ਕੰਗਲੇ ਗ਼ਰੀਬ ਕੱਖ ਦੇ, ਅਗੇ ਤੁਹਾਨੂੰ ਲਾਲਾਂ ਨਾਲੋਂ ਚੰਗੀ ਦਿਤੀ ਵਡਿਆਈਆ । ਜਿਸ ਵੇਲੇ ਮੇਰੇ ਨਾਮ ਦਾ ਮਜ਼ਾ ਤੁਸੀਂ ਚਖਦੇ, ਸੋਹੰ ਢੋਲਾ ਧੁਰ ਦਾ ਗਾਈਆ । ਓਸ ਵੇਲੇ ਮੇਰੇ ਹੁਕਮ ਸਜ਼ਾ ਦੇਣ ਵਾਲੇ ਟੁਟਦੇ, ਹਾਕਮ ਹੋ ਕੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਵੇਖ ਵਖਾਈਆ । ਹਾੜ ਸਤਾਰਾਂ ਕਹੇ ਜਨ ਭਗਤੋ ਸੁਣੋ ਯਾਰ, ਸਚ ਕਹਾਣੀ ਦਿਆਂ ਜਣਾਈਆ । ਇਕੋ ਮੰਨੋ ਧੁਰ ਦਾ ਯਾਰ, ਯਰਾਨਾ ਹਕ ਲਓ ਲਗਾਈਆ । ਬੇਖ਼ਬਰ ਹੋ ਜਾਓ ਖ਼ਬਰਦਾਰ, ਸੁੱਤਿਆਂ ਦਿਆਂ ਉਠਾਈਆ । ਜਿਸ ਦਾ ਇਕੋ ਭਗਤ ਦਵਾਰ, ਭਗਵਨ ਬੇਪਰਵਾਹੀਆ । ਜਿਸ ਦਾ ਲੇਖਾ ਸਦਾ ਜੁਗ

ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਕਿਸੇ ਨਹੀਂ ਕਰਿਆ ਕੋਈ ਇਤਬਾਰ, ਅਛਲ ਛਲ ਸਾਰੇ ਰਹੇ ਗਾਈਆ । ਸੋ ਆਇਆ ਚਲ ਕੇ ਵਿਚ ਸੰਸਾਰ, ਰੂਪ ਅਨੂਪਾ ਵੇਸ ਵਟਾਈਆ । ਕਲ ਕਲਕੀ ਲੈ ਅਵਤਾਰ, ਕਲਮਾ ਇਕੋ ਰਿਹਾ ਪੜ੍ਹਾਈਆ । ਜਨ ਭਗਤੋ ਬੇੜਾ ਕਰ ਜਾਏ ਪਾਰ, ਜੋ ਚਲ ਆਏ ਸਰਨਾਈਆ । ਸੌਂਦਿਆਂ ਜਾਗਦਿਆਂ ਪੰਜ ਵਾਰ ਬੋਲਿਆ ਕਰੋ ਮੇਰਾ ਜੈਕਾਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧਿਆਈਆ । ਬੇੜੇ ਸਭ ਦੇ ਕਰ ਜਾਵਾਂ ਪਾਰ, ਸ਼ੌਹ ਦਰਿਆ ਨਾ ਕੋਇ ਡੁਬਾਈਆ । ਆਪਣੇ ਅੰਮ੍ਰਿਤ ਦੀ ਦੇ ਕੇ ਧਾਰ, ਸਾਂਤਕ ਸਤਿ ਦਿਆਂ ਵਰਤਾਈਆ । ਮਾਤ ਗਰਭ ਨਾ ਔਣਾ ਪਵੇ ਡੂੰਘੀ ਗਾਰ, ਅੰਧ ਅੰਧੇਰ ਨਾ ਕੋਇ ਫਿਰਾਈਆ । ਆਪਣੇ ਗਲ ਦੇ ਤੁਹਾਨੂੰ ਬਣਾ ਕੇ ਹਾਰ, ਹਿਰਦੇ ਆਪਣੇ ਵਿਚ ਲਵਾਂ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਹਾੜ ਸਤਾਰਾਂ ਕਹੇ ਕਰੋ ਕੌਲ ਇਕਰਾਰ, ਦੋਵੇਂ ਹੱਥ ਉਠਾਈਆ । ਜੇ ਮੰਨਣਾ ਤੇ ਮੰਨਣਾ ਇਕ ਨਿਰੰਕਾਰ, ਦੂਜੀ ਓਟ ਨਾ ਕੋਇ ਤਕਾਈਆ । ਜੇ ਵਸਣਾ ਤੇ ਵਸਣਾ ਸਚਖੰਡ ਦਵਾਰ, ਦੂਜੇ ਦਰ ਕੋਇ ਨਾ ਜਾਈਆ । ਜੇ ਢੋਲਾ ਗੌਣਾ ਤੇ ਗਾਓ ਅਗੰਮ ਅਪਾਰ, ਤੱਤਾਂ ਵਾਲੀ ਨਾ ਕੋਇ ਪੜ੍ਹਾਈਆ । ਜੇ ਦੀਪ ਜਗੌਣਾ ਤੇ ਜੋਤ ਨਿਰਾਕਾਰ, ਤੇਲ ਬਾਤੀ ਨਾ ਕੋਇ ਰਖਾਈਆ । ਜੇ ਕਰਨਾ ਤੇ ਸਚ ਪਿਆਰ, ਕੂੜਾ ਯਰਾਨਾ ਨਾ ਕੋਇ ਲਗਾਈਆ । ਜੇ ਪੀਣਾ ਤੇ ਮਧ ਖ਼ੁਮਾਰ, ਨਾਮ ਪਿਆਲਾ ਮੁਖ ਲਗਾਈਆ । ਜੇ ਚੜ੍ਹਨਾ ਤੇ ਮੰਦਰ ਮੁਨਾਰ, ਦਰਗਾਹ ਸਾਚੀ ਸੋਭਾ ਪਾਈਆ । ਜੇ ਵੇਖਣਾ ਤੇ ਜਲਵਾ ਨੂਰ ਉਜਿਆਰ, ਦੂਸਰੀ ਅੱਖ ਨਾ ਕੋਇ ਖੁਲ੍ਹਾਈਆ । ਜੇ ਲਭਣਾ ਤੇ ਮਦਦਗਾਰ, ਜੋ ਦੋ ਜਹਾਨਾਂ ਪੈਂਡਾ ਦਏ ਮੁਕਾਈਆ । ਉਚੀ ਬੋਲ ਕੇ ਕਹੇ ਸਤਾਰਾਂ ਹਾੜ, ਹਰਿ ਦੇ ਹੁਕਮ ਦਿਆਂ ਜਣਾਈਆ । ਕੋਈ ਸੱਜਣ ਨਾ ਜਾਇਓ ਵਿਚ ਉਜਾੜ, ਟਿੱਲਿਆਂ ਵਾਲੀ ਨਾ ਖੋਜ ਖੁਜਾਈਆ । ਜਨ ਭਗਤੋ ਦਰਸ਼ਨ ਕਰਨਾ ਤੇ ਕਰੋ ਭਗਤ ਦਵਾਰ, ਉਹਲਾ ਲੁਕ ਰਿਹਾ ਨਾ ਰਾਈਆ । ਜਿਸ ਨੇ ਚਿੱਟੇ ਬਸਤਰ ਪਹਿਨਾ ਕੇ ਰੰਗ ਦਿਤਾ ਚਾੜ੍ਹ, ਰੰਗੀਲਾ ਹੋ ਕੇ ਵੇਖ ਵਖਾਈਆ । ਸੋ ਵਸੇ ਤੁਹਾਡੀ ਬਹੱਤਰ ਨਾੜ, ਨਾੜੀ ਨਾੜੀ ਨਾਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹਾੜ ਸਤਾਰਾਂ ਸੁਣ ਭਗਤ ਜਨ ਬੋਲੇ, ਸਚ ਦੇਈਏ ਦ੍ਰਿੜਾਈਆ । ਬਿਨ ਇਸ ਦੀ ਕਿਰਪਾ ਸਭ ਦੀ ਨਈਆ ਡੋਲੇ, ਪਾਰ ਕਿਨਾਰੇ ਨਾ ਕੋਇ ਲਗਾਈਆ । ਜਿਸ ਦੀ ਅੰਤਰ ਆਤਮਾ ਆਪ ਪ੍ਰਭੂ ਮੌਲੇ, ਧੀਰਜ ਧੀਰ ਦਏ ਬੰਧਾਈਆ । ਸਚ ਦਵਾਰ ਕੁੰਡਾ ਖੋਲ੍ਹੇ, ਪਰਦੇ ਦਏ ਉਠਾਈਆ । ਗੁਰਮੁਖ ਇਸੇ ਦੇ ਗਾਵੇ ਢੋਲੇ, ਜਿਸ ਨੂੰ ਢੋਲ ਹੋ ਕੇ ਮਿਲੇ ਸੱਚਾ ਮਾਹੀਆ । ਆਤਮ ਪਰਮਾਤਮ ਵਸੇ ਕੋਲੇ, ਅਗੇ ਹੋਵੇ ਨਾ ਕੋਇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤ ਕਹਿਣ ਤੂੰ ਹਾੜ ਸਤਾਰਾਂ ਬੋਲਿਆ ਸਚ, ਸਚ ਤੇਰੀ ਵਡਿਆਈਆ । ਅਸੀਂ ਇਸੇ ਦੇ ਵਿਛੋੜੇ ਅੰਦਰ ਰਹੇ ਮਚ, ਬਿਰਹੋਂ ਅਗਨੀ ਰਹੀ ਜਲਾਈਆ । ਇਹਦੀ ਕਿਰਪਾ ਨਾਲ ਕਲਜੁਗ ਵਿਚੋਂ ਗਏ ਬਚ, ਆਏ ਚਲ ਸਰਨਾਈਆ । ਪਰ ਸਾਡੇ ਸਭ ਦੇ ਖ਼ਾਲੀ ਹੱਥ, ਓਟ ਇਕੋ ਇਕ ਤਕਾਈਆ । ਹਾੜ ਸਤਾਰਾਂ ਪਿਆ ਹਸ, ਖ਼ੁਸ਼ੀਆਂ ਨਾਲ ਜਣਾਈਆ । ਜੇ ਭਗਤੋ ਪ੍ਰਭ ਦੀ ਚਰਨੀ ਜਾਓ ਢਠ, ਫੇਰ ਲੇਖੇ ਦਏ ਮੁਕਾਈਆ । ਇਹ ਕਰਨਹਾਰਾ ਕੱਖੋਂ ਲੱਖ, ਲੱਖੋਂ ਕੱਖ ਦਏ ਬਣਾਈਆ । ਸ੍ਰਿਸ਼ਟੀ ਸਾਰੀ ਹੋ ਗਈ ਇਸ ਤੋਂ ਵਖ, ਥੋੜ੍ਹੇ ਮੈਨੂੰ ਤੁਸੀਂ ਨਜ਼ਰੀ ਆਈਆ । ਜਿਹੜੇ


੯੨੫

ਸੋਹੰ ਢੋਲਾ ਗੌਂਦੇ ਜਸ, ਵੇਦ ਪੁਰਾਨ ਗਏ ਤਜਾਈਆ । ਅੰਦਰੋਂ ਨੇਤਰਾਂ ਵਾਲੀ ਖੋਲ੍ਹ ਕੇ ਅੱਖ, ਬੈਠੇ ਧਿਆਨ ਲਗਾਈਆ । ਇਸੇ ਮੁਹੱਬਤ ਵਿਚ ਮਿਲਿਆ ਪਰਤਖ, ਦਰਸ਼ਨ ਕਰੋ ਚਾਈਂ ਚਾਈਂਆ । ਅਗੇ ਤੁਹਾਡੀ ਝੋਲੀ ਪਾ ਦੇਵੇ ਤੁਹਾਡਾ ਹਕ, ਪੂੰਜੀ ਸਕੇ ਨਾ ਕੋਇ ਚੁਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੁਰਖ ਸਮਰਥ, ਹਰਿ ਸੰਗਤ ਦਰ ਆਈ ਉਤੇ ਰੱਖੇ ਹੱਥ, ਸਿਰ ਤਲੀ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਦੀ ਕਰਮ ਕਰਮ ਦੀ ਪੂਰੀ ਕਰ ਕੇ ਆਸ, ਆਸਾ ਵਾਲਿਓ ਮਨਸਾ ਸਭ ਦੀ ਪੂਰ ਕਰਾਈਆ ।

ਸਤਾਰਾਂ ਹਾੜ ਕਹੇ ਭਗਤਾਂ ਦਾ ਵਿਹਾਰ, ਭਗਵਨ ਦਏ ਦ੍ਰਿੜਾਈਆ । ਗੁਰਮੁਖ ਸਾਚੇ ਲਾਲ, ਸੰਤ ਸੁਹੇਲੇ ਲਏ ਉਠਾਈਆ । ਜਿਨ੍ਹਾਂ ਦੇ ਉਤੇ ਕਫ਼ਨ ਦੇਣ ਲਾਲ, ਦੀਨ ਦਿਆਲ ਦਇਆ ਕਮਾਈਆ । ਅਗੇ ਵਖਰੀ ਚਲ ਕੇ ਚਾਲ, ਹੁਕਮ ਦਏ ਸਮਝਾਈਆ । ਗੁਰਮੁਖ ਰੂਪ ਹੋਏ ਗੁਲਾਲ, ਸੋਹਣਾ ਰੂਪ ਵਟਾਈਆ । ਜਿਨ੍ਹਾਂ ਦਾ ਪ੍ਰਭੂ ਹੋਏ ਦਲਾਲ, ਵਿਚੋਲਾ ਇਕ ਅਖਵਾਈਆ । ਇਨ੍ਹਾਂ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਤਾਰਾਂ ਹਾੜ ਕਹੇ ਸਾਚੇ ਭਗਤ ਪ੍ਰਭ ਦੇ ਬਣ ਗਏ ਲਾਲ, ਪਿਤਾ ਇਕੋ ਨਜ਼ਰੀ ਆਈਆ । ਜਾਂਦੀ ਵਾਰ ਓਨ੍ਹਾਂ ਦੇ ਸੀਸ ਉਤੇ ਇਸੇ ਰੰਗ ਦੀ ਹੋਵੇ ਦਸਤਾਰ, ਖ਼ੁਦ ਮੁਖਤਿਆਰ ਦਏ ਬਣਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਲੈ ਕੇ ਜਾਣਾ ਓਸ ਦਰਬਾਰ, ਜਿਥੇ ਵਸੇ ਸ਼ਹਿਨਸ਼ਾਹੀਆ । ਭੁਲ ਕੇ ਗੁਰਮੁਖੋ ਇਹ ਛੱਡਿਓ ਨਾ ਕਦੇ ਵਿਹਾਰ, ਸਾਚੀ ਸਿਖਿਆ ਦਿਤੀ ਸਮਝਾਈਆ । ਇਹ ਗੁਰਮੁਖ ਦੀ ਦਸਤਾਰ, ਇਹ ਗੁਰਸਿਖ ਦਾ ਪਿਆਰ, ਇਹ ਭਗਤ ਦਾ ਉਧਾਰ, ਇਹ ਜੋਤ ਦਾ ਉਜਿਆਰ, ਆਦਿ ਸ਼ਕਤ ਦਾ ਸ਼ਿੰਗਾਰ, ਸੋਹਣਾ ਰੂਪ ਦੇਣਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਸ ਪਗੜੀ ਦੀ ਖ਼ਾਤਰ ਖ਼ਤਰੇ ਤੁਹਾਡੇ ਦਿਤੇ ਗਵਾਈਆ ।

ਸ਼ਹਿਨਸ਼ਾਹੀ ਸੰਮਤ ਕਹੇ ਮੇਰੇ ਵਿਚ ਭਗਤਾਂ ਦੇ ਹੋਣੇ ਵਿਵਾਹ, ਗੁਰਮੁਖ ਗੁਰਮੁਖ ਨਾਤਾ ਜੋੜ ਜੁੜਾਈਆ । ਇਨ੍ਹਾਂ ਨੇ ਬਣਨਾ ਗਵਾਹ, ਜੋ ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਆਏ ਪਾਈਆ । ਅਠਸਠ ਦਾ ਲੇਖਾ ਆਏ ਮੁਕਾ, ਭੱਜੇ ਵਾਹੋ ਦਾਹੀਆ । ਓਨ੍ਹਾਂ ਦੀ ਸ਼ਹਾਦਤ ਦੇਣੀ ਭੁਗਤਾ, ਸੋਹਣਾ ਵਕ਼ਤ ਸੁਹਾਈਆ । ਜਿਨ੍ਹਾਂ ਦੇ ਹੁਕਮ ਨੂੰ ਮੋੜ ਨਾ ਸਕੇ ਖ਼ੁਦਾ, ਖ਼ੁਸ਼ੀ ਵਿਚੋਂ ਖ਼ੁਸ਼ੀ ਲਏ ਪਰਗਟਾਈਆ । ਜੋੜ ਜੁੜਿਆ ਨਾ ਹੋਵੇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਨੂੰ ਭਗਤੀ ਦਾ ਮਾਰਗ ਦੱਸ ਕੇ ਸਿੱਧਾ, ਸਿੱਧੇ ਰਸਤੇ ਦਿਤਾ ਪਾਈਆ । ਪੁਰਖ ਅਬਿਨਾਸ਼ੀ ਬਣ ਕੇ ਮਿਤਾ, ਮੀਤ ਮੁਰਾਰ ਹੋਏ ਸਹਾਈਆ । ਜਿਨ੍ਹਾਂ ਦਾ ਧੁਰ ਦਰਗਾਹੋਂ ਲੇਖਾ ਲਿਖਾ, ਉਨ੍ਹਾਂ ਦੀ ਹੋਏ ਕੁੜਮਾਈਆ । ਜਨਮ ਜਨਮ ਦਾ ਦੇਵੇ ਹਿੱਸਾ, ਹਿੱਸੇਦਾਰੀ ਦਏ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਵਾਰ ਦੇਵੇ ਸਭ ਨੂੰ ਸਾਚੀ ਸਿੱਖਾ, ਸਿਖ ਹੋ ਕੇ ਦੂਜੇ ਦੀ ਓਟ ਨਾ ਕੋਇ ਤਕਾਈਆ ।

### ✻ ੧੮ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਮਿਹਰ ਨਜ਼ਰ ਸੱਚੀ ਅਸ਼ੀਰਵਾਦ, ਸ਼ੀਰਖਵਾਰ ਬੱਚਿਆਂ ਦਏ ਵਡਿਆਈਆ । ਜਿਨ੍ਹਾਂ ਦੇ ਅੰਦਰ ਪ੍ਰੇਮ ਦੀ ਬਖ਼ਸ਼ੀ ਦਾਦ, ਪ੍ਰੀਤੀ ਸਚ ਦ੍ਰਿੜਾਈਆ । ਨਾਮ ਜਣਾਇਆ ਨਾਦ, ਸ਼ਬਦ ਰਾਗ ਅਲਾਈਆ । ਇਹਨਾਂ ਦਾ ਕਾਇਆ ਖੇੜਾ ਹੋਣ ਨਾ ਦੇਵੇ ਬਰਬਾਦ, ਸਾਢੇ ਤਿੰਨ ਹੱਥ ਲੇਖੇ ਲਾਈਆ । ਕਿਸੇ ਦੇ ਹੋਣ ਨਾ ਦੇਵੇ ਮੁਹਤਾਜ, ਸਿਰ ਆਪਣਾ ਹੱਥ ਟਿਕਾਈਆ । ਜਿਨ੍ਹਾਂ ਖ਼ੁਸ਼ੀਆਂ ਨਾਲ ਕੀਤਾ ਨਾਚ, ਢੋਲ ਢਮੱਕਾ ਲਿਆ ਵਜਾਈਆ । ਉਨ੍ਹਾਂ ਦੇ ਅੰਦਰ ਖੋਲ੍ਹੇ ਰਾਜ਼, ਰਹਿਮਤ ਆਪ ਕਮਾਈਆ । ਬੱਚਿਆਂ ਨਾਲ ਪਾਰ ਕਰਾਏ ਉਨ੍ਹਾਂ ਦੇ ਉਸਤਾਦ, ਜੋ ਖ਼ੁਸ਼ੀਆਂ ਵਿਚ ਆਏ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਅਸ਼ੀਰਵਾਦ ਕਹੇ ਪ੍ਰਭ ਦੇਵਣਹਾਰਾ ਮਾਣ, ਮਿਹਰ ਨਜ਼ਰ ਇਕ ਉਠਾਈਆ । ਜਿਨ੍ਹਾਂ ਸੱਦਾਂ ਨਾਲ ਗਾਇਆ ਗਾਨ, ਵਿਸ਼ਨੂੰ ਭਗਵਾਨ ਢੋਲਾ ਦਿਤਾ ਸੁਣਾਈਆ । ਉਨ੍ਹਾਂ ਦਾ ਆਇਆ ਹੋਇਆ ਪਰਵਾਨ, ਪਰਵਾਨੇ ਧੁਰ ਦੇ ਆਪਣੇ ਦਿਤੇ ਫੜਾਈਆ । ਅੰਤ ਮੇਟ ਕੇ ਜਮ ਕੀ ਕਾਣ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਸਾਰਿਆਂ ਨੂੰ ਹੌਲੀ ਹੌਲੀ ਰਾਤੀਂ ਸੁੱਤਿਆਂ ਦਰਸ਼ਨ ਦੇਵੇ ਆਣ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅਸ਼ੀਰਵਾਦ ਕਹੇ ਮੈਂ ਵੇਖਿਆ ਢੋਲੀ, ਜੋ ਡੱਗਾ ਖ਼ੂਬ ਵਜਾਈਆ । ਜਿਸ ਦੇ ਅੰਦਰੋਂ ਨਿਕਲੇ ਪ੍ਰੇਮ ਦੀ ਬੋਲੀ, ਰਾਗ ਖ਼ੁਸ਼ੀਆਂ ਵਿਚ ਸੁਣਾਈਆ । ਇਨ੍ਹਾਂ ਦਾ ਤੋਲ ਰਿਹਾ ਤੋਲੀ, ਨਾਮ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋਹਣਾ ਰੰਗ ਦਏ ਚੜ੍ਹਾਈਆ । ਢੋਲ ਕਹੇ ਮੈਂ ਬੱਚੇ ਵੇਖੇ ਨਚਦੇ, ਕ਼ਦਮ ਕਦਮ ਨਾਲ ਵਡਿਆਈਆ । ਅੰਦਰੋਂ ਬਾਹਰੋਂ ਵੇਖੇ ਹਸਦੇ, ਭੰਗੜਾ ਰਹੇ ਵਖਾਈਆ । ਪ੍ਰੇਮ ਪਿਆਰ ਦੀ ਪ੍ਰੀਤੀ ਦਸਦੇ, ਸੋਹਣੇ ਗੀਤ ਜਣਾਈਆ । ਕਮਰ ਕੱਸੇ ਸੋਹਣੇ ਕਸਦੇ, ਰੂਪ ਅਨੂਪ ਵੇਸ ਵਟਾਈਆ । ਜਿਹੜੇ ਹਰੀਪੁਰ ਵਿਚ ਵਸਦੇ, ਉਹ ਹਰਿ ਦਵਾਰੇ ਆ ਕੇ ਆਪਣਾ ਰੰਗ ਬਦਲਾਈਆ । ਉਹਨਾਂ ਦੇ ਆਵਣ ਜਾਵਣ ਲੇਖੇ ਮੁਕ ਗਏ ਜਗ ਦੇ, ਜਮ ਕੀ ਫ਼ਾਸੀ ਦਿਤੀ ਤੁੜਾਈਆ । ਥੋੜੇ ਸਮੇਂ ਬਦਲੇ ਅਗੇ ਭਗਤਾਂ ਨਾਲ ਵਸਦੇ, ਚਰਨ ਕਵਲ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਵੇ ਸਾਚਾ ਵਰ, ਇਹੋ ਖੇਲ ਪੁਰਖ ਸਮਰਥ ਦੇ, ਘਰ ਆਇਆਂ ਦਰਦੀ ਹੋ ਕੇ ਪਾਰ ਲੰਘਾਈਆ । ਸਤਿਜੁਗ ਕਹੇ ਸੰਮਤ ਚੜ੍ਹਿਆ ਸ਼ਹਿਨਸ਼ਾਹ, ਜੋ ਸ਼ਾਹੀ ਰਿਹਾ ਬਦਲਾਈਆ । ਦੋ ਜਹਾਨਾਂ ਵੇਖ ਵਖਾ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਹਾੜ ਸਤਾਰਾਂ ਰੁਤ ਸੁਹਾ, ਭਗਤ ਦਵਾਰ ਦਏ ਵਡਿਆਈਆ । ਅਠਾਰਾਂ ਦਿਵਸ ਵੇਖ ਵਖਾ, ਗੁਰ ਅਵਤਾਰ ਪੈਗ਼ੰਬਰ ਲਏ ਬੁਲਾਈਆ । ਧੁਰ ਸੰਦੇਸ਼ਾ ਦਏ ਸੁਣਾ, ਹੁਕਮ ਇਕ ਇਲਾਹੀਆ । ਸਾਰੇ ਮਿਲ ਕੇ ਸੀਸ ਲਓ ਝੁਕਾ, ਸਿਰ ਸਕੇ ਨਾ ਕੋਇ ਉਠਾਈਆ । ਪੈਗ਼ੰਬਰੋ ਮੰਗੋ ਹਕ ਦੁਆ, ਨੇਤਰ ਨੈਣ ਉਠਾਈਆ । ਕਿਰਪਾ ਕਰੇ ਬੇਪਰਵਾਹ, ਪਾਰਬ੍ਰਹਮ ਹਰਿ ਰਘੁਰਾਈਆ । ਸਾਰੇ ਰਲ ਕੇ ਕਹੋ ਪ੍ਰਭੂ ਮਿਹਰਬਾਨ, ਮਿਹਰਵਾਨ ਤੇਰੀ ਸਰਨਾਈਆ । ਜਿਸ ਦਾ ਸਚਖੰਡ ਮਕਾਨ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਝੁਲਦਾ ਇਕ ਨਿਸ਼ਾਨ, ਸਤਿ ਸਤਿਵਾਦੀ ਨਜ਼ਰੀ ਆਈਆ । ਉਹ ਖੇਲੇ ਖੇਲ ਵਿਚ ਜਹਾਨ, ਨਿਰਗੁਣ ਦਾਤਾ ਨੂਰ ਰੁਸ਼ਨਾਈਆ । ਜਿਸ ਨੇ ਸਭ ਦਾ ਬਦਲ ਦਿਤਾ ਵਿਧਾਨ, ਵਾਧਾ ਆਪਣਾ ਦਏ ਵਖਾਈਆ ।

ਪਹਿਲੋਂ ਗੁਰਮੁਖਾਂ ਨੂੰ ਦੇ ਕੇ ਸਚ ਗਿਆਨ, ਗੁਰ ਮੰਤਰ ਨਾਮ ਦ੍ਰਿੜਾਈਆ । ਚਰਨ ਕਵਲ ਕਰਾ ਪਰਨਾਮ, ਮਸਤਕ ਧੂੜੀ ਟਿੱਕੇ ਲਾਈਆ । ਸ਼ਰਅ ਵਿਚੋਂ ਕੱਢਕੇ ਗ਼ੁਲਾਮ, ਬਰਦੇ ਆਪਣੇ ਲਏ ਬਣਾਈਆ । ਪਿਛਲੇ ਮੇਟ ਕੇ ਸਮਾਜ ਰਿਵਾਜ ਤਮਾਮ, ਧੁਰ ਦਾ ਮਾਰਗ ਇਕ ਵਖਾਈਆ । ਗੁਰਮੁਖੋ ਰਿਹੋ ਨਾ ਕੋਈ ਅਣਜਾਣ, ਸੁਧ ਬੁਧਿ ਇਕੋ ਇਕ ਵਖਾਈਆ । ਇਹ ਹੁਕਮ ਸ੍ਰੀ ਭਗਵਾਨ, ਨਾ ਕੋਇ ਮੇਟੇ ਮੇਟ ਮਿਟਾਈਆ । ਮੰਨਣਾ ਪਏ ਜ਼ਿਮੀਂ ਆਸਮਾਨ, ਬ੍ਰਹਿਮੰਡ ਖੰਡ ਸੀਸ ਝੁਕਾਈਆ । ਇਹ ਸੋਹਣਾ ਬਣਨ ਲੱਗਾ ਵਿਧਾਨ, ਵਾਹਵਾ ਵਜਣੀ ਜਗਤ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਮਰਥ ਪੁਰਖ ਹਰਿ ਕਰਤਾਰ, ਆਪਣੀ ਦਇਆ ਕਮਾਈਆ । ਸਤਿਜੁਗ ਕਹੇ ਮੇਰੀ ਬੰਨ੍ਹਣ ਲੱਗਾ ਧਾਰ, ਨੀਂਹ ਲੋਕਮਾਤ ਰਖਾਈਆ । ਭਗਤਾਂ ਪੈਜ ਰਿਹਾ ਸਵਾਰ, ਮਿਹਰ ਨਜ਼ਰ ਉਠਾਈਆ । ਅੰਦਰ ਵੜਕੇ ਕਰੇ ਸਚ ਗੁਫ਼ਤਾਰ, ਨਾਮ ਨਿਧਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਜੁਗ ਕਹੇ ਕਿਰਪਾ ਕਰਨ ਲੱਗਾ ਬੇਪਰਵਾਹ, ਦੀਨ ਦਿਆਲ ਦਇਆ ਕਮਾਈਆ । ਭਗਤ ਸੁਹੇਲਾ ਅਬਿਨਾਸ਼ੀ ਕਰਤਾ ਨੂਰ ਖ਼ੁਦਾ, ਖ਼ੁਦੀ ਸਭ ਦੀ ਰਿਹਾ ਗੁਆਈਆ । ਜਿਹੜੇ ਜੁਗ ਜਨਮ ਕਰਮਾਂ ਨਾਲ ਹੋਏ ਜੁਦਾ, ਉਹਨਾਂ ਦੇ ਲੇਖੇ ਵੇਖ ਵਖਾਈਆ । ਆਤਮ ਪਰਮਾਤਮ ਹੋ ਕੇ ਰਿਹਾ ਮਿਲਾ, ਤੱਤਾਂ ਵਾਲਾ ਜੋੜ ਜੁੜਾਈਆ । ਸਚ ਸੁਹੇਲੇ ਇਕ ਅਕੇਲੇ ਸਾਚਾ ਸ਼ਾਹ ਰਿਹਾ ਸਮਝਾ, ਸਿੱਧਾ ਮਾਰਗ ਦਏ ਵਖਾਈਆ । ਜਿਨ੍ਹਾਂ ਦਾ ਹਰਿ ਭਗਤ ਦੁਵਾਰ ਹੋਣਾ ਵਿਵਾਹ, ਵਾਹਿਗੁਰੂ ਉਹਨਾਂ ਵਿਚ ਸਮਾਈਆ । ਜੇ ਨਾਨਕ ਲਾਂਵ ਪਹਿਲੀ ਚੌਥੀ ਗਿਆ ਗਾ, ਪ੍ਰਭ ਅਬਿਨਾਸ਼ੀ ਕੰਤ ਹੋਏ ਸੁਹਾਗੀ ਰੂਪ ਲਏ ਵਟਾਈਆ । ਦੋਹਾਂ ਦਾ ਮੇਲਾ ਸਹਿਜ ਸੁਭਾ, ਜੋੜੀ ਧੁਰ ਦੀ ਦਏ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬਣਨ ਗਵਾਹ, ਸ਼ਹਾਦਤ ਧੁਰ ਦੀ ਇਕ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਜੁਗ ਕਹੇ ਮੇਰਾ ਚਲਿਆ ਸਚ ਰਿਵਾਜ, ਹਰਿ ਕਰਤਾ ਆਪ ਚਲਾਈਆ । ਜੀਹਦੇ ਸੀਸ ਸੋਹਵੇ ਤਾਜ, ਤਖ਼ਤ ਨਿਵਾਸੀ ਬੇਪਰਵਾਹੀਆ । ਉਹ ਗ਼ਰੀਬਾਂ ਨੂੰ ਰਿਹਾ ਨਿਵਾਜ, ਨਿਮਾਣਿਆਂ ਗੋਦ ਉਠਾਈਆ । ਭਗਤਾਂ ਨੂੰ ਭਗਤੀ ਦਾ ਦੇ ਕੇ ਦਾਜ, ਦੌਲਤਮੰਦ ਦਏ ਬਣਾਈਆ । ਸਦਾ ਸੁਹੇਲਾ ਆਪ ਵਸੇ ਸਾਥ, ਵਿਛੋੜਾ ਰਹਿਣ ਕੋਇ ਨਾ ਪਾਈਆ । ਸਭ ਦੀ ਪੂਰੀ ਕਰੇ ਆਸ, ਨਿਰਾਸ਼ਾ ਨਜ਼ਰ ਕੋਇ ਨਾ ਆਈਆ । ਇਹ ਹਰਿ ਕਾ ਵਿਹਾਰ ਖ਼ਾਸ, ਜੋ ਖ਼ਾਲਸ ਗੁਰਮੁਖ ਲਏ ਪਰਗਟਾਈਆ । ਜਿਹੜੇ ਜਨਮ ਕਰਮ ਦੀ ਭਗਤੀ ਵਿਚੋਂ ਹੋਏ ਪਾਸ, ਉਹਨਾਂ ਦਾ ਅਨੰਦ ਕਾਰਜ ਦਏ ਵਖਾਈਆ । ਨੌਂ ਖੰਡਾਂ ਵਿਚੋਂ ਨੌਂ ਜੋੜੇ ਪਹਿਲੀ ਵੇਰ ਲੱਭੇ ਆਜ, ਨੌਂ ਦਵਾਰ ਦੇ ਲੇਖੇ ਦਏ ਮੁਕਾਈਆ । ਆਤਮ ਦੇ ਬਣਾ ਕੇ ਸੱਚੇ ਸਾਧ, ਪਰਮਾਤਮਾ ਆਪਣਾ ਰੰਗ ਚੜ੍ਹਾਈਆ । ਸਦਾ ਖੇੜੇ ਵਸਦੇ ਰਹਿਣ ਆਬਾਦ, ਖ਼ਿਜ਼ਾਂ ਰੂਪ ਨਾ ਕੋਇ ਵਖਾਈਆ । ਪ੍ਰਭ ਨੇ ਸਾਚੀ ਸਾਜਣਾ ਅਗੰਮੀ ਸਾਜ, ਸਾਜਣ ਹੋ ਕੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਜੁਗ ਕਹੇ ਚਾਰ ਵਰਨ ਦੀ ਦੱਸੀ ਰੀਤੀ, ਰਾਹ ਧੁਰ ਦਾ ਦਿਤਾ ਜਣਾਈਆ । ਨਾ ਮੰਦਰ ਨਾ ਮਸੀਤੀ, ਗੀਤਾ ਗਿਆਨ ਅੰਜੀਲ ਕੁਰਾਨ ਨਾ ਕੋਇ ਪੜ੍ਹਾਈਆ । ਪ੍ਰੇਮ ਪਿਆਰ ਦੀ ਸਾਚੀ ਦੱਸ ਕੇ ਨੀਤੀ, ਨੀਤੀਵਾਨ ਰਿਹਾ ਵਖਾਈਆ । ਇਕੋ ਰੰਗ ਰੰਗ ਕੇ ਹਸਤ ਕੀਟੀ, ਚਿੱਟੇ ਬਸਤਰ ਦਏ ਛੁਹਾਈਆ । ਪਰਮ

ਪੁਰਖ ਪਰਮਾਤਮ ਆਤਮ ਸਾਚੀ ਦੱਸੇ ਪ੍ਰੀਤੀ, ਪ੍ਰੀਤਮ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਜੁਗ ਕਹੇ ਹਰਿ ਭਗਤ ਦਵਾਰ ਜੋੜੇ ਜੁੜਨੇ, ਸ੍ਰੀ ਭਗਵਾਨ ਦਇਆ ਕਮਾਈਆ । ਜਿਹੜੇ ਏਥੋਂ ਜਾ ਕੇ ਦਰਗਾਹ ਦੇ ਵਿਚੋਂ ਕਦੇ ਨਾ ਮੁੜਨੇ, ਸਚਖੰਡ ਬਹਿ ਬਹਿ ਖ਼ੁਸ਼ੀ ਮਨਾਈਆ । ਉਹਨਾਂ ਦੇ ਅੰਦਰ ਇਕੋ ਫੁਰਨੇ ਫੁਰਨੇ, ਸੋਹੰ ਢੋਲੇ ਲੈਣੇ ਗਾਈਆ । ਹੁਣ ਚਾਰ ਚੁਫੇਰੇ ਪੈਂਡੇ ਨਹੀਂ ਪੈਣੇ ਤੁਰਨੇ, ਸਨਮੁਖ ਹੋ ਕੇ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸਤਿਜੁਗ ਕਹੇ ਮੈਨੂੰ ਖ਼ੁਸ਼ੀ ਹੋਈ ਪ੍ਰਭ ਸਾਚਾ ਕਰੇ ਨਿਕਾਹ, ਨਕਾਬ ਮੁਖ ਤੋਂ ਦਿਤਾ ਉਠਾਈਆ । ਸੋਹਣਾ ਸੁਹੰਜਣਾ ਦਿਸੇ ਵਿਵਾਹ, ਵਾਹਵਾ ਵੱਜੇ ਵਧਾਈਆ । ਸਾਚਾ ਮਾਰਗ ਇਕ ਸਮਝਾ, ਚਾਰ ਵਰਨ ਦਿਤਾ ਦ੍ਰਿੜਾਈਆ । ਜੋ ਪੰਜ ਜੈਕਾਰੇ ਦਿਤੇ ਲਗਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧਿਆਈਆ । ਓਥੇ ਮੁੱਲਾ ਕਾਜ਼ੀ ਪੰਡਤ ਗ੍ਰੰਥੀ ਦੀ ਲੋੜ ਰਹੇ ਨਾ ਰਾ, ਧੁਰ ਦਾ ਹੁਕਮ ਇਕੋ ਨਜ਼ਰੀ ਆਈਆ । ਹਰਿ ਕਾ ਸ਼ਬਦ ਅਨੰਦ ਕਾਰਜ ਦਏ ਕਰਾ, ਪੰਜਾਂ ਤੱਤਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਕਹੇ ਪੰਜ ਜੈਕਾਰੇ ਗੁਰਮੁਖ ਸਚ ਲਗੌਣਗੇ । ਮੇਰੀ ਪ੍ਰੀਤੀ ਨੀਤੀ, ਲੋਕਮਾਤ ਇਕ ਬਣੌਣਗੇ । ਜਿਹੜੇ ਚੜ੍ਹ ਗਏ ਸਿਖ਼ਰ ਉਪਰ ਟੀਸੀ, ਮੰਜ਼ਲ ਆਪਣੀ ਪੰਧ ਮੁਕੌਣਗੇ । ਉਹ ਖਹਿੜਾ ਛੱਡਣ ਪਿਛਲੀ ਕਹਾਣੀ ਬੀਤੀ, ਅਗਲਾ ਇਕੋ ਰਾਹ ਵੇਖ ਖ਼ੁਸ਼ੀ ਮਨੌਣਗੇ । ਭਗਤ ਭਗਵਾਨ ਦੀ ਸਾਚੀ ਰੀਤੀ, ਨੀਤੀਵਾਨ ਹੋ ਕੇ ਜਗਤ ਚਲੌਣਗੇ । ਜਗਤ ਸਮਾਜ ਦੀ ਸਚ ਪ੍ਰੀਤੀ, ਪ੍ਰੇਮੀ ਹੋ ਕੇ ਆਪ ਬਣੌਣਗੇ । ਜਿਹੜੀ ਖੇਲ ਕਿਸੇ ਨਹੀਂ ਡੀਠੀ, ਉਹ ਲੋਕਮਾਤ ਦਰਸੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨੌਣਗੇ । ਸਤਿਜੁਗ ਕਹੇ ਮੈਂ ਖਾ ਕੇ ਕਹਾਂ ਕ਼ਸਮ, ਸੋਹੰ ਇਕ ਜਣਾਈਆ । ਪੁਰਖ ਅਕਾਲ ਸਭ ਦਾ ਇਸਮ, ਆਹਲਾ ਆਜ਼ਮ ਨਜ਼ਰੀ ਆਈਆ । ਜਿਸ ਦਾ ਤੱਤਾਂ ਵਾਲਾ ਨਹੀਂ ਜਿਸਮ, ਜਗਤ ਵਜੂਦ ਨਾ ਕੋਇ ਵਖਾਈਆ । ਜਿਹਦੀ ਮੜ੍ਹੀ ਗੋਰ ਨਾ ਹੋਵੇ ਭਸਮ, ਖ਼ਾਕੀ ਖ਼ਾਕ ਨਾ ਕੋਇ ਰਲਾਈਆ । ਸੋਹਣਾ ਮਾਰਗ ਆਇਆ ਦੱਸਣ, ਜਨ ਭਗਤਾਂ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਦਰਸਾਈਆ । ਸਤਿਜੁਗ ਕਹੇ ਮੇਰਾ ਪ੍ਰਭੂ ਚਲਾ ਵਿਹਾਰ, ਹੱਥ ਤੇਰੇ ਵਡਿਆਈਆ । ਭਗਤਾਂ ਦੱਸ ਸਚ ਜੈਕਾਰ, ਮੇਰਾ ਕਾਰਜ ਪੂਰ ਕਰਾਈਆ । ਚਾਰ ਵਰਨ ਇਕੋ ਧਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਏ ਸਮਝਾਈਆ । ਗੁਰਮੁਖ ਗੁਰਸਿਖ ਕਰ ਤਿਆਰ, ਬੰਧਨ ਧੁਰ ਦਾ ਦੇ ਬੰਧਾਈਆ । ਜਿਹੜਾ ਜੋੜਾ ਜੁੜੇ ਵਿਚ ਸੰਸਾਰ, ਬਿਨ ਤੇਰੇ ਨਾਮ ਵਿਚੋਲਾ ਨਜ਼ਰ ਕੋਇ ਨਾ ਆਈਆ । ਸਚ ਸੁਹਾ ਕੇ ਇਕ ਦਵਾਰ, ਭਗਤ ਭਗਵਾਨ ਖ਼ੁਸ਼ੀ ਮਨਾਈਆ । ਜਿਸ ਨੂੰ ਤੇਰੇ ਉਤੇ ਨਹੀਂ ਇਤਬਾਰ, ਉਸ ਦਾ ਮੇਲ ਨਾ ਕੋਇ ਮਿਲਾਈਆ । ਮੈਂ ਸਚ ਕਰਾਂ ਪੁਕਾਰ, ਕੂਕ ਕੂਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ, ਦਇਆਨਿਧ ਵਡਿਆਈਆ । ਸਤਿਜੁਗ ਸਾਚੇ ਸਾਚਾ ਮਾਰਗ ਕਰ ਬਹਾਲ, ਧੁਰ ਦੀ ਧਾਰ ਦਿਆਂ ਬੰਧਾਈਆ । ਜਿਨ੍ਹਾਂ ਭਗਤਾਂ ਨੂੰ ਖਾਣਾ ਨਹੀਂ ਕਾਲ, ਆਵਣ ਜਾਵਣ ਰਹੇ ਨਾ ਰਾਈਆ । ਬੈਠਣ ਸਚ ਸੱਚੀ ਧਰਮਸਾਲ, ਪੁਰਖ ਅਬਿਨਾਸ਼ੀ ਚਰਨਾਂ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਪਰਗਟਾਈਆ । ਸਤਿਜੁਗ ਕਹੇ ਮੈਨੂੰ ਆਇਆ ਇਕ ਅਨੰਦ, ਮੇਰੀ

੯੨੯

ਰੀਤ ਦਿਤੀ ਬਦਲਾਈਆ । ਗੁਰਮੁਖ ਵੇਖੇ ਚੰਦ, ਹੋਈ ਸਚ ਰੁਸ਼ਨਾਈਆ । ਜਿਨ੍ਹਾਂ ਦਾ ਖ਼ੁਸ਼ੀ ਬੰਦ ਬੰਦ, ਬੰਦਗੀ ਵਿਚ ਸਮਾਈਆ । ਦੋਹਾਂ ਢਾਹ ਕੇ ਭਰਮਾਂ ਕੰਧ, ਦੂਈ ਰਹੇ ਮਿਟਾਈਆ । ਸੋਹੰ ਗਾ ਕੇ ਢੋਲਾ ਛੰਦ, ਇਕ ਦੂਜੇ ਨਾਲ ਕਰੀ ਕੁੜਮਾਈਆ । ਸੋਹਣਾ ਬਣਿਆ ਲੋਕਮਾਤੀ ਸੰਗ, ਸਗਲਾ ਸੰਗ ਗਏ ਤਜਾਈਆ । ਇਹਨਾਂ ਨੂੰ ਅਗੇ ਹੋਣ ਨਾ ਦੇਵਾਂ ਨੰਗ, ਮਿਹਰ ਨਜ਼ਰ ਨਾਲ ਤਰਾਈਆ । ਸਾਚਾ ਚਾੜ੍ਹ ਕੇ ਨਾਮ ਰੰਗ, ਰੰਗਤ ਆਪਣੀ ਦਏ ਵਖਾਈਆ । ਮਿਹਰਵਾਨ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜਗਤ ਵਿਆਹ ਦਾ ਸੋਹਣਾ ਦੱਸਿਆ ਢੰਗ, ਧੁਰ ਦਾ ਨਾਅਰਾ ਦਿਤਾ ਜਣਾਈਆ । ਇਹ ਆਦਿ ਜੁਗਾਦੀ ਗੁਰ ਪੀਰਾਂ ਦੀ ਮੰਗ, ਮਨਸਾ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਸਤਾ ਦਿਤਾ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਗੇ ਦੇ ਕੇ ਆਪਣਾ ਅਨੰਦ, ਅੰਧ ਵਿਸ਼ਵਾਸ਼ ਦਏ ਮਿਟਾਈਆ । ਹਾਰ ਕਹੇ ਮੋਹੇ ਚਾਓ ਘਨੇਰਾ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਬਦਲੀ ਹੋ ਕੇ ਰਿਸ਼ਤਾ ਜੁੜਿਆ ਤੇਰਾ ਮੇਰਾ, ਮੈਂ ਮਮਤਾ ਦਿਤੀ ਚੁਕਾਈਆ । ਧੰਨ ਭਾਗ ਲੱਖ ਚੁਰਾਸੀ ਚੁਕਿਆ ਗੇੜਾ, ਘਰ ਸਾਚੇ ਮਿਲੀ ਵਡਿਆਈਆ । ਸਾਢੇ ਤਿੰਨ ਹੱਥ ਵਸਿਆ ਖੇੜਾ, ਸੋਹਣਾ ਬੰਕ ਸੋਭਾ ਪਾਈਆ । ਨਾਰੀ ਪੁਰਖ ਜ਼ਿੰਦਗੀ ਵਾਲਾ ਬੇੜਾ, ਸਤਿਗੁਰ ਤੇਰੇ ਹੱਥ ਫੜਾਈਆ । ਸਾਡਾ ਤੱਤਾਂ ਵਾਲਾ ਨਾ ਰਹੇ ਝੇੜਾ, ਝਗੜਾ ਘਰ ਨਾ ਕੋਇ ਬਣਾਈਆ । ਇਕ ਦੂਜੇ ਨੂੰ ਸਮਝੀਏ ਤੂੰ ਮੇਰਾ ਮੈਂ ਤੇਰਾ, ਵਿਚੋਲਾ ਸਭ ਦਾ ਬੇਪਰਵਾਹੀਆ । ਸਾਡਾ ਹੋਏ ਨਾ ਕੋਈ ਬਖੇੜਾ, ਬਿਖੜਾ ਰਾਹ ਨਾ ਕੋਇ ਬਣਾਈਆ । ਅੰਤ ਤੇਰੇ ਕੋਲ ਸਚ ਨਬੇੜਾ, ਹਕੀਕਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰਦਰਗਾਹੀ ਅਗੰਮੀ ਸ਼ੇਰਾ, ਸ਼ਹਿਨਸ਼ਾਹ ਹੋ ਕੇ ਆਪਣਾ ਮੇਲ ਲੈਣਾ ਮਿਲਾਈਆ ।

## ✻ ੧੮ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਪੁਰਖ ਅਕਾਲ ਕਹੇ ਮੈਂ ਸ਼ਬਦੀ ਭੇਜਿਆ ਦੂਤ, ਧੁਰ ਦਾ ਹੁਕਮ ਸੁਣਾਈਆ । ਭਗਤ ਦਵਾਰੇ ਅੰਦਰ ਜਨ ਭਗਤ ਵੇਖ ਪੰਜ ਤੱਤ ਕਾਇਆ ਕਲਬੂਤ, ਮਨ ਮਤਿ ਬੁਧਿ ਖੋਜ ਖੁਜਾਈਆ । ਇਹਨਾਂ ਦੀ ਸਾਬਤੀ ਦਾ ਦੇ ਸਬੂਤ, ਸਚ ਸਚ ਜਣਾਈਆ । ਓਸੇ ਵੇਲੇ ਹੋ ਕੇ ਮਸਰੂਫ਼, ਭੱਜਿਆ ਵਾਹੋ ਦਾਹੀਆ । ਸੌ ਵਿਚੋਂ ਬਾਰਾਂ ਦੇ ਹਿਰਦੇ ਵੇਖੇ ਮਜ਼ਬੂਤ, ਅਠਾਸੀ ਹੈਰਾਨੀ ਵਿਚ ਨਜ਼ਰੀ ਆਈਆ । ਹੌਲੀ ਜਿਹੀ ਉਸ ਆਣ ਕੇ ਕਿਹਾ ਖ਼ੂਬ, ਖ਼ਬਰ ਦਿਤੀ ਪੁਚਾਈਆ । ਸੁਣ ਸਾਹਿਬ ਮੇਰੇ ਮਹਿਬੂਬ, ਮਿਹਰਵਾਨ ਦਿਆਂ ਦ੍ਰਿੜਾਈਆ । ਤੂੰ ਸਵਾਮੀ ਹਾਜ਼ਰ ਮੌਜੂਦ, ਸਾਖ਼ਿਆਤ ਨਜ਼ਰੀ ਆਈਆ । ਤੇਰੇ ਹੁਕਮ ਅੰਦਰ ਮੈਂ ਫਿਰ ਕੇ ਆਇਆ ਦੂਤ, ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਦੂਤ ਕਹੇ ਮੈਂ ਹਰ ਘਟ ਗਿਆ ਫਿਰਦਾ, ਭੱਜਿਆ ਵਾਹੋ ਦਾਹੀਆ । ਸਭ ਦਾ ਵੇਖਿਆ ਹਿਰਦਾ, ਪਰਦਾ ਦਿਤਾ ਚੁਕਾਈਆ । ਘਿਰਨਾ ਵਿਚ ਬਹੁਤਿਆਂ ਦਾ ਮਨ ਘਿਰਦਾ, ਸਲਾਹ ਨਾਲ ਸਲਾਹ ਰਹੇ ਪਕਾਈਆ । ਕੀ ਹੁਕਮ ਹੋਇਆ ਪ੍ਰਭ ਪਿਰ ਦਾ, ਫ਼ਰਮਾਨਾ ਦਿਤਾ ਜਣਾਈਆ । ਕਿਸ ਬਿਧ ਅਗਲਾ ਗੇੜਾ ਗਿੜਦਾ, ਧੁਰ ਦਾ ਗੇੜ ਦਏ ਵਖਾਈਆ । ਅਜੇ ਮਾਰਗ ਇਸ ਦਾ ਛਿੜਦਾ, ਜੋ ਸਾਨੂੰ ਰਿਹਾ

ਘਬਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਦੂਤ ਕਹੇ ਅਠਾਸੀਆਂ ਦੀ ਪੁਕਾਰ, ਅੱਠਾਂ ਤੱਤਾਂ ਵਾਲੇ ਅੰਦਰੇ ਅੰਦਰ ਧਿਆਨ ਲਗਾਈਆ । ਅੱਜ ਵੇਲਾ ਆਇਆ ਬਦਲ ਦੇ ਵਿਹਾਰ, ਰੀਤੀ ਨੀਤੀ ਨਾਲ ਮਿਲਾਈਆ । ਤੇਰੇ ਸੰਮਤ ਦਾ ਪਹਿਲਾ ਦਰਬਾਰ, ਧੁਰ ਦਰਬਾਰੀ ਨਜ਼ਰੀ ਆਈਆ । ਸਾਡੀ ਮੰਨ ਸੱਚੀ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਜਿਹੜੀ ਤੂੰ ਇਕੋ ਬਖ਼ਸ਼ੀ ਦਸਤਾਰ, ਓਢਣ ਰੂਪ ਵਖਾਈਆ । ਬਾਕੀ ਨਾ ਹੁੰਦੇ ਵੇਖ ਖ਼ੁਆਰ, ਬਹੁਤਿਆਂ ਦੀ ਅੰਦਰੋਂ ਨਿਕਲੀ ਧਾਈਆ । ਕਿਰਪਾ ਕਰ ਸੱਚੀ ਸਰਕਾਰ, ਦਰ ਤੇਰੇ ਅਰਜ਼ ਸੁਣਾਈਆ । ਅੰਦਰ ਪ੍ਰੇਮ ਦਾ ਦੇ ਸ਼ਿੰਗਾਰ, ਬਾਹਰੋਂ ਸਗਨਾਂ ਨਾਲ ਖ਼ੁਸ਼ੀ ਵਖਾਈਆ । ਨੌਂ ਦਵਾਰੇ ਦਾ ਰਸ ਨੌ ਦੇਣ ਮਾਰ, ਕੂੜੀ ਕਿਰਿਆ ਬਾਹਰ ਕਢਾਈਆ । ਸਾਚੇ ਭਗਤਾਂ ਕਰ ਪਿਆਰ, ਰੀਤੀ ਇਕੋ ਦੇ ਜਣਾਈਆ । ਲਾਲ ਕਪੜਾ ਰੋਇਆ ਧਾਹਾਂ ਮਾਰ, ਕੂਕ ਕੂਕ ਸੁਣਾਈਆ । ਖ਼ਾਲੀ ਕੋਈ ਨਾ ਮੁੜਿਆ ਜਿਹੜਾ ਆਇਆ ਤੇਰੇ ਦਰਬਾਰ, ਧੁਰ ਦੇ ਯਾਰ ਦੇ ਵਡਿਆਈਆ । ਮੈਨੂੰ ਆਪਣੇ ਭਗਤਾਂ ਦੇ ਚਰਨਾਂ ਹੇਠ ਲੈਣਾ ਵਿਛਾਲ, ਗੁਰਮੁਖ ਉਪਰ ਲੈਣੇ ਬਹਾਈਆ । ਮੌਲੀ ਕਹੇ ਗਾਨੀ ਬੰਨ੍ਹੀਂ ਸਾਂਝੇ ਯਾਰ, ਤਨ ਖ਼ਾਕੀ ਦੇਣੀ ਵਡਿਆਈਆ । ਮੇਰੇ ਨਾਲ ਮਿਲਾ ਕੇ ਬਾਦਾਮ, ਗਿਰੀ ਛੁਹਾਰੇ ਸੋਹਣਾ ਮੇਲਾ ਲਈਂ ਮਿਲਾਈਆ । ਮਖਾਣਿਆਂ ਵਾਲਾ ਰਸ ਅਪਾਰ, ਵਿਚ ਮਿੱਠਾ ਦੇਣਾ ਟਿਕਾਈਆ । ਮਹਿੰਦੀ ਵਾਲਾ ਰੰਗ ਚਾੜ੍ਹ, ਆਪਣਾ ਰੰਗ ਦੇਣਾ ਪਰਗਟਾਈਆ । ਇਕ ਰੁਪਈਆ ਜੋ ਭਗਤ ਦਵਾਰੇ ਨੀਹਾਂ ਹੇਠ ਰੱਖਕੇ ਦਿਤਾ ਉਸਾਰ, ਉਹ ਗੁਰਮੁਖਾਂ ਹੱਥ ਦੇਣਾ ਟਿਕਾਈਆ । ਸਾਚੇ ਪ੍ਰੇਮ ਦਾ ਟਿੱਕਾ ਲੌਣਾ ਮਸਤਕ ਖ਼ੁਸ਼ੀਆਂ ਨਾਲ, ਸਵਾ ਰਤੀ (ਕੇਸਰ) ਸੀਸ ਨਿਵਾਈਆ । ਇਕੋ ਰੰਗ ਚਾੜ੍ਹਨਾ ਸ਼ਾਹ ਕੰਗਾਲ, ਨਾਥ ਅਨਾਥਾਂ ਹੋਣਾ ਸਹਾਈਆ । ਜਿਨ੍ਹਾਂ ਦਾ ਵਜ਼ਨ ਅਪਰ ਅਪਾਰ, ਵਜਹ ਨਾਲ ਸਮਝਾਈਆ । ਬੀਸ ਤੋਲੇ ਮਿੱਠੀ ਧਾਰ, ਪੰਜ ਮਹਿੰਦੀ ਰੰਗ ਰੰਗਾਈਆ । ਪੰਜਾਂ ਦੀ ਕਿਸ਼ਮਸ਼ ਨਾਲ ਲੈਣੀ ਉਠਾਲ, ਸੋਹਣੀ ਬਣਤ ਬਣਾਈਆ । ਸੱਤਾਂ ਦਾ ਸਤਿ ਬਣੌਣਾ ਯਾਰ, ਬਾਦਾਮ ਛੁਹਾਰਾ ਝੋਲੀ ਡਾਹੀਆ । ਗਿਰੀ ਕਹੇ ਮੇਰਾ ਬੰਦ ਖੋਲ੍ਹ ਦੇਣਾ ਕਿਵਾੜ, ਪਰਦਾ ਵਿਚੋਂ ਦੇਣਾ ਚੁਕਾਈਆ । ਮੌਲੀ ਕਹੇ ਮੇਰਾ ਇਕ ਅੱਟੀ ਦਾ ਵਿਹਾਰ, ਖੱਟੀ ਭਗਤਾਂ ਨਾਲ ਰਲਾਈਆ । ਲਾਲ ਰੰਗ ਕਹੇ ਸਵਾ ਗਜ਼ ਮੇਰਾ ਕਪੜਾ ਲੈਣਾ ਪਾੜ, ਜਨ ਭਗਤਾਂ ਸੇਜ ਸੁਹਾਈਆ । ਇਹ ਨੌਂ ਵਸਤੂ ਭਗਤਾਂ ਦੇ ਸਗਨ ਦਾ ਵਿਹਾਰ, ਚਾਰ ਵਰਨਾਂ ਇਕੋ ਇਕ ਜਣਾਈਆ । ਧੁਰ ਦੀ ਦਾਤ ਸੱਚੀ ਦਸਤਾਰ, ਸੀਸ ਓਢਣ ਦਏ ਬਣਾਈਆ । ਸ਼ਬਦ ਦੂਤ ਕਹੇ ਮੈਂ ਛੇਤੀ ਛੇਤੀ ਸੁਣ ਕੇ ਸਰਬ ਪੁਕਾਰ, ਪੁਰਖ ਅਬਿਨਾਸ਼ੀ ਦਿਤੀ ਜਣਾਈਆ । ਮਰਦਾਂ ਵਿਚੋਂ ਮਰਦ ਸੌ ਵਿਚੋਂ ਦਸ ਜਿਨ੍ਹਾਂ ਦਾ ਅੰਦਰ ਰਿਹਾ ਉਧਾਰ, ਨੱਬੇ ਆਪਣਾ ਆਪ ਡੁਲਾਈਆ । ਇਸਤਰੀਆਂ ਦਾ ਸੌ ਵਿਚੋਂ ਦੋ ਦਾ ਵੇਖਿਆ ਪਿਆਰ, ਜਿਹੜੀ ਸੁਣ ਕੇ ਖ਼ੁਸ਼ੀ ਮਨਾਈਆ । ਇਸੇ ਕਾਰਨ ਸ਼ਬਦ ਸੁੱਤ ਕਹੇ ਮੈਂ ਹੋਇਆ ਮਦਦਗਾਰ, ਗ਼ਰੀਬਾਂ ਨਾਲ ਮਿਲ ਕੇ ਵੇਸ ਵਟਾਈਆ । ਜਿਨ੍ਹਾਂ ਨੂੰ ਦਰ ਦਵਾਰਿਉਂ ਦਿਤਾ ਦੁਰਕਾਰ, ਉਨ੍ਹਾਂ ਨੂੰ ਆਪਣੇ ਲੇਖੇ ਲਏ ਲਗਾਈਆ । ਸਭਨਾਂ ਨਾਲ ਮਿਲ ਕੇ ਤੇਰੇ ਦਰ ਤੇ ਚਲਦਾ ਰਿਹਾ ਵਿਹਾਰ, ਵਿਵਹਾਰੀ ਤੇਰੀ ਸੇਵ ਕਮਾਈਆ । ਖ਼ਾਲੀ ਦਰ ਤੋਂ ਨਾ ਦੁਰਕਾਰ, ਕੂਕ ਕੂਕ ਰਹੇ ਕੁਰਲਾਈਆ । ਸਾਡਾ ਵਜ਼ਨ ਮਣਾਂ ਵਿਚ ਨਹੀਂ ਸ਼ੁਮਾਰ, ਗਿਣਤੀ ਤੋਲਿਆਂ ਵਿਚ ਰਖਾਈਆ । ਮੰਗਦੇ ਮੰਗ ਅਠਾਰਾਂ ਹਾੜ, ਹਾੜਾ ਕੱਢ ਕੇ ਦੇਣ ਦੁਹਾਈਆ । ਸਾਹਿਬ ਸਤਿਗੁਰ ਜਿਨ੍ਹਾਂ ਵਸਿਆ ਤੂੰ ਨਾਲ, ਉਥੇ ਚਲੇ ਨਾ ਕੋਇ ਚਤੁਰਾਈਆ । ਅਸੀਂ

ਸਾਰੇ ਹੋ ਕੰਗਾਲ, ਦਰ ਠਾਂਡੇ ਮੰਗ ਮੰਗਾਈਆ । ਸਾਡੀ ਸੇਵਾ ਕਰ ਬਹਾਲ, ਗੁਰਮੁਖਾਂ ਲਈਏ ਕਮਾਈਆ । ਜਿਸ ਤਰਾ ਤੈਨੂੰ ਪਿਆਰੇ ਲਗੇ ਤੇਰੇ ਲਾਲ, ਸੋਹਣੇ ਸੁਨੱਖੇ ਬੈਠੇ ਸੋਭਾ ਪਾਈਆ । ਅਸੀਂ ਵੀ ਉਹਨਾਂ ਤੋਂ ਹੋਈਏ ਕ਼ੁਰਬਾਨ, ਆਪ ਆਪਣਾ ਭੇਟ ਚੜ੍ਹਾਈਆ । ਮੰਗਤੇ ਖੜੇ ਦਰ ਦਰਬਾਨ, ਦਰ ਠਾਂਡੇ ਸੀਸ ਨਿਵਾਈਆ । ਕਰਨੀ ਦੇ ਕਰਤੇ ਕਰ ਪਰਵਾਨ, ਕ਼ੁਦਰਤ ਦੇ ਮਾਲਕ ਤੇਰੀ ਇਕ ਸਰਨਾਈਆ । ਇਕੱਲਿਆਂ ਇਕੱਲਿਆਂ ਦਾ ਲੈ ਬਿਆਨ, ਬੇਨੰਤੀ ਸਚ ਦਈਏ ਜਣਾਈਆ । ਜਿਸ ਘਰ ਤੂੰ ਵਸੇ ਭਗਵਾਨ, ਓਥੇ ਕਿਉਂ ਨਾ ਖ਼ੁਸ਼ੀ ਮਨਾਈਆ । ਸੁਣ ਕੇ ਹੈਰਾਨ ਹੋਏ ਤੇਰਾ ਫ਼ਰਮਾਨ, ਬਹੁੜੀ ਕਿਉਂ ਸਾਨੂੰ ਦਿਤੀ ਜੁਦਾਈਆ । ਅਗੇ ਵਾਸਤੇ ਅਸੀਂ ਹੋਈਏ ਨਾ ਬੇਈਮਾਨ, ਨਿਸ਼ਾਨ ਗੁਰਮੁਖਾਂ ਦਈਏ ਪਰਗਟਾਈਆ । ਤੂੰ ਸਭ ਦਾ ਇਕ ਅਮਾਮ, ਮੌਲੀ ਮਹਿੰਦੀ ਰਹੀ ਕੁਰਲਾਈਆ । ਤੂੰ ਭਗਤਾਂ ਦਾ ਸਾਚਾ ਸ਼ਾਮ, ਗਿਰੀ ਬਾਦਾਮ ਛੁਹਾਰੇ ਸੀਸ ਝੁਕਾਈਆ । ਤੂੰ ਸਭ ਤੋਂ ਮਿੱਠਾ ਰਾਮ, ਮਖਾਣੇ ਨਿਉਂ ਨਿਉਂ ਲਾਗਣ ਪਾਈਆ । ਕਿਸ਼ਮਿਸ਼ ਕਹੇ ਤੂੰ ਗੋਬਿੰਦ ਨੌਜਵਾਨ, ਜਿਹੜਾ ਨਿਤ ਨਵਿਤ ਮੈਨੂੰ ਭੋਗ ਲਗਾਈਆ । ਇਕ ਰੁਪਈਆ ਕਹੇ ਮੇਰਾ ਸੌਦਾ ਹੋਇਆ ਤੇਰੇ ਨਾਲ ਵਿਚ ਜਹਾਨ, ਭਗਤ ਦਵਾਰੇ ਦਿਤਾ ਦਬਾਈਆ । ਤੇਰਾ ਖੇਲ ਵੇਖੀਏ ਸ਼ਾਹ ਸੁਲਤਾਨ, ਸ਼ਹਿਨਸ਼ਾਹ ਇਕੋ ਓਟ ਰਖਾਈਆ । ਦਰ ਦੇ ਬਰਦੇ ਬਣੀਏ ਗ਼ੁਲਾਮ, ਨਿਮਰਤਾ ਵਿਚ ਸੀਸ ਨਿਵਾਈਆ । ਬਿਨ ਤੇਰੇ ਚਰਨਾਂ ਕਿਤੇ ਨਾ ਮਿਲੇ ਆਰਾਮ, ਸਾਂਤਕ ਸਤਿ ਨਾ ਕੋਇ ਕਰਾਈਆ । ਅਸੀਂ ਛਡ ਕੇ ਜਗਤ ਜਹਾਨ, ਸਰਨੀ ਤੇਰੀ ਡਿੱਗੇ ਆਈਆ । ਕਿਰਪਾ ਕਰ ਸ੍ਰੀ ਭਗਵਾਨ, ਸਾਹਿਬ ਤੇਰੀ ਸਰਨਾਈਆ । ਤੇਰੇ ਦਰ ਤੋਂ ਖ਼ਾਲੀ ਕੋਈ ਨਾ ਜਾਣ, ਜੋ ਹਾੜ ਸਤਾਰਾਂ ਦਰਸ਼ਨ ਪਾਈਆ । ਪਹਿਲੇ ਸੰਮਤ ਦਾ ਪਹਿਲਾ ਦੇ ਦੇ ਫ਼ਰਮਾਨ, ਫ਼ਰਮਾਬਰਦਾਰ ਹੋ ਕੇ ਸੇਵ ਕਮਾਈਆ । ਤੇਰੇ ਭਗਤਾਂ ਦੀ ਚਰਨ ਧੂੜੀ ਮੰਗਦੇ ਦਾਨ, ਖ਼ਾਲੀ ਝੋਲੀ ਅਗੇ ਡਾਹੀਆ । ਤੂੰ ਗ਼ਰੀਬ ਨਿਮਾਣਿਆਂ ਅਨਾਥਾਂ ਦਾ ਕਾਹਨ, ਦੀਨਾਂ ਦਏਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਤੇਰੀ ਆਸ ਰਖਾਈਆ । ਨੌ ਵਸਤ ਕਹਿਣ ਦਸਵੀਂ ਦੇ ਮੀਤੇ, ਮਿਤਰ ਪਿਆਰੇ ਤੇਰੀ ਆਸ ਰਖਾਈਆ । ਅਸੀਂ ਸਭ ਨੇ ਮਤੇ ਪੱਕੇ ਕੀਤੇ, ਇਕ ਸਲਾਹ ਲਈ ਬਣਾਈਆ । ਜਿਹੜੀ ਵਸਤੂ ਗੋਬਿੰਦ ਕੋਲ ਰਖੀ ਸੀ ਵਿਚ ਬਹਿਣ ਲੱਗੇ ਅੰਗੀਠੇ, ਨਦੇੜ ਉਦੇੜ ਕੇ ਦਏ ਗਵਾਹੀਆ । ਭਾਵੇਂ ਉਸ ਨੂੰ ਥੋੜ੍ਹੇ ਸੰਮਤ ਬੀਤੇ, ਸਦੀਆਂ ਦੇਣ ਗਵਾਹੀਆ । ਅੱਜ ਉਸੇ ਦੀ ਬਨਾਵਣ ਆਏ ਰੀਤੇ, ਰੀਤੀਵਾਨ ਹੋ ਕੇ ਸੇਵ ਕਮਾਈਆ । ਜਿਸ ਨੇ ਗੁਰਸਿਖ ਆਪਣੇ ਜਿਹੇ ਕੀਤੇ, ਕਰਨੀ ਧੁਰ ਦੀ ਆਪਣੀ ਝੋਲੀ ਪਾਈਆ । ਝਗੜਾ ਚੁਕਾਇਆ ਬੀਸ ਇਕੀਸੇ, ਸੰਮਤ ਸ਼ਹਿਨਸ਼ਾਹੀ ਵਡਿਆਈਆ । ਉਸ ਦੇ ਛਤਰ ਵੇਖਿਆ ਸੀਸੇ, ਸ਼ਹਿਨਸ਼ਾਹ ਬੇਪਰਵਾਹੀਆ । ਅਸੀਂ ਬਾਲੇ ਨੱਢੇ ਬਣ ਕੇ ਨੀਕੇ, ਨਿਉਂ ਨਿਉਂ ਸੀਸ ਦਿਤਾ ਝੁਕਾਈਆ । ਹੇ ਪ੍ਰਭੂ ਤੇਰੇ ਦਰ ਤੇ ਅਸੀਂ ਕੋਈ ਭੁਗਤਣ ਆਏ ਨਹੀਂ ਜਗਤ ਤਰੀਕੇ, ਤੱਤਾਂ ਵਾਲੀ ਨਾ ਕੋਇ ਲੜਾਈਆ । ਪੂਰੇ ਕੌਲ ਇਕ਼ਰਾਰ ਕਰ ਦੇ ਪਿਛਲੇ ਕੀਤੇ, ਕਰਤਬ ਨਾਲ ਦੇ ਸਮਝਾਈਆ । ਜੇ ਤੇਰਾ ਹੁਕਮ ਸੁਣ ਕੇ ਗੁਰਮੁਖ ਰਹਿੰਦੇ ਚੁਪ ਚਪੀਤੇ, ਫੇਰ ਲੇਖਾ ਬਦਲਣ ਦੀ ਲੋੜ ਰਹਿੰਦੀ ਨਾ ਰਾਈਆ । ਹੁਣ ਆਪਣੇ ਹੁਕਮ ਦੀ ਆਪੇ ਕਰ ਦੇ ਤਸਦੀਕ਼ੇ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਸ ਵਸਤੂ ਕਹਿਣ ਅਸੀਂ ਚਰਨੀਂ ਗਈਆਂ ਲਗ, ਚਰਨ ਛੋਹ ਮਿਲੀ ਵਡਿਆਈਆ । ਖ਼ਾਲੀ ਦਰ ਤੋਂ ਨਹੀਂ ਜਾਣਾ ਭੱਜ, ਆਪਣਾ ਮੁਖ ਭੁਆਈਆ । ਅਸੀਂ ਆ

ਗਏ ਉਸ ਦੀ ਹਦ, ਜਿਹੜਾ ਹਦਾਂ ਰਿਹਾ ਮਿਟਾਈਆ । ਜੇ ਸਾਡੀ ਲਜਿਆ ਨਾ ਸਕਿਆ ਰਖ, ਪਰਤਖ ਰੂਪ ਗੁਸਾਈਆ । ਫੇਰ ਕਿਸ ਦਾ ਦਰਸ਼ਨ ਕਰੀਏ ਨਾਲ ਅੱਖ, ਦੋ ਜਹਾਨਾਂ ਵੇਖ ਵਖਾਈਆ । ਅਸੀਂ ਖ਼ਾਲੀ ਨਹੀਂ ਜਾਣਾ ਮੁੜ ਕੇ ਸਖ, ਸੁਖ਼ਨ ਦਿਤਾ ਸੁਣਾਈਆ । ਸਾਰੇ ਕਹਿਣ ਰਲ ਕੇ ਚਰਨਾਂ ਉਤੇ ਗਏ ਢਠ, ਮਿਲ ਕੇ ਆਪਣਾ ਆਪ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਨੂੰ ਦੇਵੇ ਮਾਣ ਵਡਿਆਈਆ । ਦਸ ਵਸਤੂ ਕਹੇ ਅਸਾਂ ਲੱਭਿਆ ਦਸਤਗੀਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਸ਼ਰਅ ਦੀ ਤੋੜ ਜ਼ੰਜੀਰ, ਭਗਤ ਸੁਹੇਲੇ ਲਏ ਪਰਗਟਾਈਆ । ਉਨ੍ਹਾਂ ਦੀ ਅੰਦਰੋਂ ਬਦਲ ਜ਼ਮੀਰ, ਦਾਮਨੀ ਆਪਣੀ ਵੇਖ ਵਖਾਈਆ । ਭਾਵੇਂ ਕੋਈ ਸ਼ਾਹ ਹੋਵੇ ਭਾਵੇ ਕੰਗਾਲ ਤੇ ਭਾਵੇ ਅਮੀਰ, ਸਭ ਦੀ ਵਸਤੂ ਇਕੋ ਜਿਹੀ ਨਜ਼ਰੀ ਆਈਆ । ਪਿਛਲੇ ਬੋਲੇ ਉਤੇ ਫੇਰ ਦਿਤੀ ਲਕੀਰ, ਤਕਰੀਰ ਨੂੰ ਤਹਿਰੀਰ ਵਿਚ ਦਿਤਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਦਸ ਵਸਤੂ ਕਹਿਣ ਅਸੀਂ ਆ ਗਏ ਉਸ ਦੇ ਦਸਤ, ਜੋ ਸਭ ਦੇ ਸਿਰ ਤੇ ਹੱਥ ਟਿਕਾਈਆ । ਜਿਸ ਨੇ ਛਿਨ ਵਿਚ ਸਭ ਦੇ ਅੰਦਰ ਕਰ ਕੇ ਗਸ਼ਤ, ਰੁਚੀ ਸਭ ਦੀ ਵੇਖ ਵਖਾਈਆ । ਸੌ ਵਿਚ ਬਾਰਾਂ ਲੱਭੇ ਮਸਤ, ਦੋ ਦਸ ਦੀ ਵੰਡ ਵੰਡਾਈਆ । ਬਾਕੀਆਂ ਨੂੰ ਥੋੜ੍ਹੀ ਥੋੜ੍ਹੀ ਅੰਦਰ ਆ ਗਈ ਹਸਦ, ਕੀ ਵਖਰਾ ਹੁਕਮ ਦਿਤਾ ਸੁਣਾਈਆ । ਦੀਨ ਦਿਆਲ ਹਰ ਘਟ ਨਿਵਾਸੀ ਉਸੇ ਵੇਲੇ ਗਿਆ ਸਮਝ, ਅਭੁਲ ਭੁਲ ਰਹੀ ਨਾ ਰਾਈਆ । ਪਹਿਲਾਂ ਇਸੇ ਕਾਰਨ ਕਰ ਕੇ ਰਸਨਾ ਨਾਲ ਮਾਰੀ ਸੀ ਰਮਜ਼, ਕਲਮ ਸ਼ਾਹੀ ਨਾ ਕੋਇ ਰਖਾਈਆ । ਬਿਨਾ ਲਿਖਤ ਤੋਂ ਕੋਈ ਨਾ ਪੁੱਟਿਆ ਜਾਂਦਾ ਕ਼ਦਮ, ਜ਼ਬਾਨੀ ਕਲਾਮੀ ਨਾ ਕੋਇ ਵਡਿਆਈਆ । ੯੩੩
ਜਨ ਭਗਤੋ ਇਨ੍ਹਾਂ ਦਸਾਂ ਨਾਲ ਸਭ ਨੂੰ ਲਗਣਾ ਸਗਨ, ਸੰਗੀ ਇਕੱਠੇ ਦਿਤੇ ਕਰਾਈਆ । ਧੁਰ ਦਰਗਾਹੀ ਕਰਨਹਾਰਾ ਅਦਲ, ਦਰ ਆਇਆਂ ਲੇਖਾ ਲੇਖੇ ਵਿਚ ਜਣਾਈਆ । ਪੱਕੀ ਰੀਤੀ ਨਾਲ ਪਿਛਲੀ ਰੀਤੀ ਬਦਲ, ਦਸਾਂ ਨੂੰ ਦਸਵੇਂ ਘਰ ਪਹੁੰਚਾਈਆ । ਜਿਥੇ ਮਿਲ ਕੇ ਇਕੋ ਢੋਲਾ ਇਕੋ ਗ਼ਜ਼ਲ, ਸੋਹੰ ਗੀਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਮੋਹਰ ਦਿਤੀ ਲਗਾਈਆ । ਮੋਹਰ ਲਗੀ ਤੇ ਨਾ ਕੋਇ ਸੁਵਾਲ ਤੇ ਨਾ ਕੋਇ ਜਵਾਬ, ਝਗੜਾ ਨਾ ਕੋਇ ਪਰਗਟਾਈਆ । ਇਕੋ ਦੇ ਕੇ ਸਚ ਖ਼ਿਤਾਬ, ਖ਼ਤਾ ਸਭ ਦੀ ਦਿਤੀ ਗੁਆਈਆ । ਸਭ ਦਾ ਪੂਰਾ ਕਰ ਕੇ ਹਿਸਾਬ, ਲਹਿਣਾ ਝੋਲੀ ਦਿਤਾ ਟਿਕਾਈਆ । ਪ੍ਰਭ ਦੇ ਹੁਕਮ ਨੂੰ ਕਿਹੜਾ ਸਮਝੇ ਨਵਾਬ, ਗੱਲਾਂ ਬਾਤਾਂ ਵਾਲੀ ਨਾ ਕੋਇ ਪੜ੍ਹਾਈਆ । ਜਿਸ ਦੇ ਹੱਥ ਬ੍ਰਹਿਮੰਡ ਖੰਡ ਦੋ ਜਹਾਨ ਦਾ ਰਾਜ, ਉਸ ਨੂੰ ਬੁਧੀ ਅੰਦਰ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਹੁਤਿਆਂ ਨੂੰ ਹੋਣ ਨਹੀਂ ਦਿਤਾ ਉਦਾਸ, ਥੋੜ੍ਹਿਆਂ ਨੇ ਕੀਤੇ ਸੁਵਾਲ ਜਵਾਬ, ਦੋਹਾਂ ਦਾ ਵਿਚੋਲਾ ਬਣ ਕੇ ਆਪ, ਆਪਣਾ ਹੁਕਮ ਦਿਤਾ ਵਰਤਾਈਆ ।

## ✻ ੧੯ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਖ਼ੁਸ਼ੀਆਂ ਨਾਲ ਕਹੇ ਪਰਮ ਪੁਰਖ ਦੀ ਸਤਾਰਾਂ ਹਾੜੀ, ਹਿਰਦੇ ਸਾਰੇ ਰਹੇ ਹਿਲਾਈਆ । ਜਿਸ ਦਾ ਖੇਲ ਓਹੋ ਬਣਿਆ ਖਿਲਾੜੀ, ਖ਼ਾਲਕ ਖ਼ਲਕ ਬੇਪਰਵਾਹੀਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜਿਹੜਾ ਬਣਿਆ ਰਿਹਾ ਇਸ਼ਤਿਹਾਰੀ, ਫੜਿਆਂ ਹੱਥ ਕਿਸੇ ਨਾ ਆਈਆ । ਜਿਸ ਨੂੰ ਲਭਦੇ ਗਏ ਵਾਰੋ ਵਾਰੀ, ਵਾਰਤਾ ਕਥਨੀ ਕਥ ਦ੍ਰਿੜਾਈਆ । ਜਿਸ ਦਾ ਖੇਲ ਅਗੰਮ ਅਪਾਰੀ, ਭੇਵ ਅਭੇਦਾ ਵੇਖ ਵਖਾਈਆ । ਸ਼ਾਹ ਪਾਤਸ਼ਾਹ ਸੱਚਾ ਨਿਰੰਕਾਰੀ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਜੋ ਪੂਰਬ ਲਹਿਣਾ ਦੇਣਾ ਕਰਜ਼ਾ ਰਿਹਾ ਉਤਾਰੀ, ਝੋਲੀ ਸਭ ਦੀ ਰਿਹਾ ਭਰਾਈਆ । ਸਮਾਂ ਬਦਲ ਕੇ ਆ ਗਿਆ ਆਪਣੀ ਧਾਰੀ, ਜੋਤੀ ਜੋਤ ਜੋਤ ਰੁਸ਼ਨਾਈਆ । ਸਭ ਦੀ ਪੈਜ ਰਿਹਾ ਸਵਾਰੀ, ਸਾਹਿਬ ਸੁਲਤਾਨ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਾਰਾਂ ਹਾੜੀ ਕਹੇ ਮੈਂ ਕੱਢਾਂ ਭਗਤਾਂ ਹਾੜਾ, ਇਕੋ ਵਾਰ ਜਣਾਈਆ । ਇਹ ਉਸੇ ਦਾ ਖ਼ੁਸ਼ੀਆਂ ਵਾਲਾ ਦਿਹਾੜਾ, ਜੋ ਗੋਬਿੰਦ ਪੁਰਖ ਅਕਾਲ ਵਿਚ ਸਮਾਈਆ । ਇਹ ਉਸੇ ਦਾ ਦੂਹਲਾ ਸੋਹਣਾ ਲਾੜਾ, ਜਿਹੜਾ ਬਿਨ ਪਾਣੀਉਂ ਦਿਤਾ ਪਰਤਾਈਆ । ਜਿਸ ਨੇ ਖੰਡੇ ਫੜ ਗੁਆਇਆ ਧਾੜਾ, ਸੀਸ ਤਨ ਭੇਟ ਚੜ੍ਹਾਈਆ । ਜਿਸ ਨੇ ਪੁਰਖ ਅਕਾਲ ਦਾ ਲਾਇਆ ਨਾਅਰਾ, ਅੰਤਮ ਲੇਖਾ ਉਸ ਦੀ ਝੋਲੀ ਪਾਈਆ । ਇਹ ਉਹੋ ਰੂਪ ਜੁਝਾਰਾ, ਜੋ ਝੁਰ ਝੁਰ ਵਖਾਈਆ । ਜਿਸ ਨੇ ਪਰਨਾਈ ਨਾ ਕੋਇ ਨਾਰਾ, ਸੁਹਾਗੀ ਰੂਪ ਨਾ ਕੋਇ ਵਖਾਈਆ । ਸ਼ਬਦ ਸ਼ਹਾਦਤ ਵਿਚ ਗਿਆ ਕੁਆਰਾ, ਕਉਰ ਹੋ ਕੇ ਆਪਣਾ ਰੰਗ ਬਦਲਾਈਆ । ਭਾਗਵੰਤੀ ਉਸ ਵੇਲੇ ਕੰਨਿਆ ਸੀ ਇਕ ਮੁਟਿਆਰਾ, ਸੁਨਿਆਰ ਬੇਟੀ ਨਜ਼ਰੀ ਆਈਆ । ਜਿਸ ਦਾ ਖੇਲ ਅਗੰਮ ਅਪਾਰਾ, ਪਾਰਬ੍ਰਹਮ ਰਿਹਾ ਸਮਝਾਈਆ । ਉਸ ਦੇ ਅੰਦਰ ਇਕੋ ਇਕ ਵਿਚਾਰਾ, ਆਤਮ ਆਤਮ ਖੋਜ ਖੁਜਾਈਆ । ਸਾਢੇ ਤਿੰਨ ਸਾਲ ਰਸਨਾ ਜਿਹਵਾ ਬੋਲ ਨਾ ਸਕੀ ਕੋਈ ਨਾਅਰਾ, ਉਚੀ ਆਵਾਜ਼ ਨਾ ਕੋਇ ਸੁਣਾਈਆ । ਦੋਏ ਜੋੜ ਕਰਦੀ ਰਹੀ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਗੋਬਿੰਦ ਗੋਬਿੰਦ ਕਹਿ ਕੇ ਮੰਨਦੀ ਰਹੀ ਪਿਤਾ ਪੁਰਖ ਅਕਾਲ ਹਮਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਕੀਤਾ ਸਰਬ ਪਸਾਰਾ, ਵਡ ਪਸਾਰੀ ਬੇਪਰਵਾਹੀਆ । ਜੋ ਬਖ਼ਸ਼ੇ ਸਚ ਪਿਆਰਾ, ਪ੍ਰੀਤੀ ਇਕੋ ਇਕ ਵਖਾਈਆ । ਮੇਰੇ ਅੰਤਰ ਆਤਮ ਦਏ ਉਧਾਰਾ, ਸਿਰ ਆਪਣਾ ਹੱਥ ਟਿਕਾਈਆ । ਸਚ ਸਤਿ ਦਾ ਦਏ ਹੁਲਾਰਾ, ਹਲੂਣਾ ਆਪਣਾ ਨਾਮ ਵਖਾਈਆ । ਮੇਰਾ ਵਰ ਬਣਾਏ ਕੰਤ ਭਤਾਰਾ, ਸੁਤ ਦੁਲਾਰਾ ਆਪਣੀ ਝੋਲੀ ਪਾਈਆ । ਮੇਰਾ ਆਸ਼ਾ ਭਰਿਆ ਨਜ਼ਾਰਾ, ਨਜ਼ਰ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੈਂ ਬਣਿਆ ਪਾਂਧੀ ਰਾਹੀ, ਗਹਿਰ ਗੰਭੀਰ ਲਿਆ ਬਣਾਈਆ । ਜਿਸ ਗੋਬਿੰਦ ਨੇ ਬਦਲ ਦਿਤੀ ਸੀ ਸ਼ਾਹੀ, ਸ਼ਹਿਨਸ਼ਾਹ ਦਿਤੇ ਹਿਲਾਈਆ । ਜਿਸ ਨੇ ਬੱਚਿਆਂ ਦੀ ਭੇਟ ਚੜ੍ਹਾਈ, ਆਪ ਆਪਾ ਨਾਲ ਮਿਲਾਈਆ । ਅੱਜ ਉਸੇ ਬੇਟੇ ਦੀ ਸੀ ਕੁੜਮਾਈ, ਜਿਸ ਦੀ ਸਾਰ ਕਿਸੇ ਨਾ ਪਾਈਆ । ਝਗੜਾ ਕੀਤਾ ਜਿਸ ਲੋਕਾਈ, ਧੁਰ ਦਾ ਹੁਕਮ ਨਾ ਕੋਇ ਮਨਾਈਆ । ਗੁਰਮੁਖੋ ਬੇਸ਼ਕ ਜੇ ਤੁਹਾਡੀ ਮਾਤਾ ਦੀ ਕੁੱਖੋਂ ਨਹੀਂ ਸੀ ਜਨਮਿਆ ਤੁਹਾਡਾ ਭਾਈ, ਗੋਬਿੰਦ ਦਾ ਬੇਟਾ ਤੁਹਾਡਾ ਹੇਤਾ ਨਜ਼ਰੀ ਆਈਆ । ਜਿਹੜਾ ਪਿਛਲੇ ਜਨਮ ਕਿਸੇ ਦਾ ਬਣਿਆ ਨਹੀਂ ਸੀ ਜੁਆਈ, ਕੰਨਿਆ ਕੁਆਰ

੯੩੫

ਨਾ ਕੋਇ ਪਰਨਾਈਆ । ਅੱਜ ਉਸੇ ਭਾਗਾਵੰਤੀ ਦੀ ਸੀ ਸਗਾਈ, ਜਿਸ ਦਾ ਪਿਤਾ ਸੁਖਰਾਮ ਨਜ਼ਰੀ ਆਈਆ । ਊਦਮ ਸਿੰਘ ਹੋ ਕੇ ਆਪਣਾ ਵੇਸ ਵਟਾਈ, ਕੰਨਿਆ ਦੀ ਇੱਛਿਆ ਆਪਣੇ ਨਾਲ ਮਿਲਾਈਆ । ਜਗਤ ਨੇਤਰਾਂ ਨਾਲ ਕਿਸੇ ਨਾ ਦਿਸਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹਾੜ ਸਤਾਰਾਂ ਕਹੇ ਭਗਤੋ ਮੈਂ ਵੇਖਣ ਆਇਆ ਨਜ਼ਾਰਾ, ਆਪ ਆਪਣਾ ਪੰਧ ਮੁਕਾਈਆ । ਇਹ ਉਸੇ ਦਾ ਦਰਬਾਰਾ, ਜੋ ਸ਼ਾਹ ਸੁਲਤਾਨ ਧੁਰਦਰਗਾਹੀਆ । ਇਹ ਉਸੇ ਦਾ ਦੁਲਾਰਾ, ਜਿਸ ਦਾ ਸਾਨੀ ਰੂਪ ਨਾ ਕੋਇ ਵਟਾਈਆ । ਇਹ ਉਸੇ ਦਾ ਵਿਵਹਾਰਾ, ਜਿਸ ਦੀ ਬਿਧੀ ਆਪਣੇ ਹੱਥ ਰਖਾਈਆ । ਇਹ ਉਸੇ ਦਾ ਛੁਹਾਰਾ, ਜਿਸ ਨੂੰ ਸ਼ਾਮ ਘਨਈਆ ਸੀਸ ਨਿਵਾਈਆ । ਇਹ ਉਸੇ ਦਾ ਉਧਾਰਾ, ਪੂਰਬ ਲਹਿਣਾ ਝੋਲੀ ਪਾਈਆ । ਇਹ ਉਸੇ ਦਾ ਅਖਾੜਾ, ਜੋ ਹਿਰਦਿਆਂ ਖ਼ੁਸ਼ੀ ਬਣਾਈਆ । ਇਹ ਉਸੇ ਦਾ ਧਾੜਾ, ਜੋ ਹੰਕਾਰੀਆਂ ਡੇਰਾ ਢਾਹੀਆ । ਇਹ ਉਸੇ ਦਾ ਵਾੜਾ, ਜੋ ਗੁਰਮੁਖ ਮੰਗਣ ਆਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਾਰਾਂ ਹਾੜ ਕਹੇ ਜਿਸ ਦਾ ਮਨੁੱਖਾਂ ਵਾਲਾ ਨਹੀਂ ਸੀ ਸਗਨ, ਵਸਤ ਅਮੋਲਕ ਪ੍ਰਭ ਨੇ ਆਪ ਮੰਗਾਈਆ । ਜਿਸ ਦੀ ਪਿਛਲੀ ਸੀ ਲਗਨ, ਉਸ ਦਾ ਮੇਲਾ ਰਿਹਾ ਮਿਲਾਈਆ । ਭਗਤ ਸੁਹੇਲੇ ਕਰ ਕੇ ਇਕੱਠੇ ਸੱਜਣ, ਸੋਹਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਾਰਾਂ ਹਾੜ ਕਹੇ ਮੈਂ ਕਰਨਾ ਖੇਲ ਅਪਾਰ, ਅਪਰੰਪਰ ਦਏ ਵਡਿਆਈਆ । ਧੁਰ ਦਾ ਹੁਕਮ ਸੱਚੀ ਸਰਕਾਰ, ਮੰਨਣਾ ਚਾਈਂ ਚਾਈਆ । ਜਿਸ ਨੇ ਮੁਸ਼ਕਿਲ ਕਟੀ ਦੁਸ਼ਵਾਰ, ਸੌਖਾ ਰਾਹ ਦਿਤਾ ਬਣਾਈਆ । ਸੋ ਮਿਹਰਵਾਨ ਹੋਵੇ ਨਿਰੰਕਾਰ, ਨਿਰਗੁਣ ਆਪਣੀ ਅੱਖ ਖੁਲ੍ਹਾਈਆ । ਮੇਰਾ ਲੇਖਾ ਦਏ ਨਿਵਾਰ, ਲਹਿਣਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਜਣਾਈਆ । ਹਾੜ ਸਤਾਰਾਂ ਕਹੇ ਮੈਂ ਸਗਨ ਲਗਦਾ ਵੇਖਣਾ ਮੁਖ, ਬਿਨ ਵੇਖਿਆਂ ਚੈਨ ਨਾ ਆਈਆ । ਭਾਵੇਂ ਸਾਰੀ ਸ੍ਰਿਸ਼ਟੀ ਕਰੇ ਦੁਖ, ਪੁਰਖ ਅਕਾਲ ਆਪਣੀ ਕਾਰ ਲਏ ਭੁਗਤਾਈਆ । ਜਿਸ ਦੇ ਕੋਲ ਆਦਿ ਜੁਗਾਦਿ ਦਾ ਸੁਖ, ਦੋ ਜਹਾਨਾਂ ਦਏ ਵਡਿਆਈਆ । ਉਸ ਦੀ ਸੁਫਲ ਹੋਣੀ ਕੁੱਖ, ਜੋ ਛੋਟੇ ਬਾਲਿਆਂ ਭੇਟ ਚੜ੍ਹਾਈਆ । ਜਿਸ ਦੇ ਦਰਬਾਰ ਅੰਦਰ ਰਹੇ ਝੁਕ, ਉਹ ਦਰਬਾਰੀ ਵੇਖ ਵਖਾਈਆ । ਉਸ ਦਾ ਬੂਟਾ ਨਾ ਗਿਆ ਸੁੱਕ, ਹਰਿਆ ਹਰਿਆਵਲ ਚਾਰੋਂ ਤਰਫ਼ ਰਿਹਾ ਮਹਿਕਾਈਆ । ਜਿਸ ਦੇ ਵਿਹਾਰ ਅੰਦਰ ਹੋਈ ਰੋਕ ਟੋਕ, ਸੋਗ ਰੂਪ ਬੈਠਾ ਬਦਲਾਈਆ । ਉਸ ਦੀ ਪੁਰਖ ਅਕਾਲ ਆਪਣੀ ਮਿਹਰ ਦੀ ਦੇਵੇ ਮਹੂਰਤ, ਮੋਹਤ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਾਰਾਂ ਹਾੜ ਕਹੇ ਮੈਂ ਸਤਾਰਾਂ ਤੋਂ ਹੋ ਗਿਆ ਉਨੀਂ, ਆਪਣਾ ਅੰਕ ਲਿਆ ਬਦਲਾਈਆ । ਕਿਰਪਾ ਕਰੇ ਗਹਿਰ ਗੰਭੀਰ ਪ੍ਰਭ ਗੁਣੀ, ਗੁਣਵੰਤ ਵੱਡੀ ਵਡਿਆਈਆ । ਜਿਸ ਨੇ ਪੁਕਾਰ ਮੇਰੀ ਸੁਣੀ, ਸੁੱਤਿਆਂ ਲਿਆ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਹਾੜ ਸਤਾਰਾਂ ਕਹੇ ਕਿਉਂ ਲਛਮਣ ਦੁਆਬਿਉਂ ਲੈ ਕੇ ਆਇਆ ਵਸਤ, ਹੁਕਮ ਕੌਣ ਕੌਣ ਦ੍ਰਿੜਾਈਆ । ਕਿਸ ਨੇ ਹੱਥ ਲਗਾਇਆ ਦਸਤ, ਆਪਣੀਆਂ ਉਂਗਲਾਂ ਨਾਲ ਛੁਹਾਈਆ । ਕਿਸ ਬਿਧ ਦੁਆਬੇ ਵਾਲਿਆਂ ਦਾ ਬਣਿਆ ਵਫ਼ਦ, ਕੱਠੇ ਲਏ ਕਰਾਈਆ । ਕਿਸ ਬਿਧ ਗੋਬਿੰਦ ਸੂਰਾ ਕਰੇ ਮਜਜ,

ਅੰਦਰੇ ਅੰਦਰ ਰਿਹਾ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਲਛਮਣ ਸਿੰਘ ਭਾਗਵੰਤੀ ਦਾ ਪਿਛਲਾ ਨਜ਼ਰ ਆਏ ਤਾਇਆ, ਜਿਸ ਦੀ ਅੰਸ ਰੂਪ ਨਾ ਕੋਇ ਵਟਾਈਆ । ਉਸ ਨੇ ਇਸ ਨੰਨ੍ਹੀ ਬੱਚੀ ਨੂੰ ਝੋਲੀ ਪਾਇਆ, ਭਰਾ ਛੋਟੇ ਕੋਲੋਂ ਮੰਗ ਮੰਗਾਈਆ । ਇਸ ਦਾ ਲਹਿਣਾ ਦੇਣਾ ਮੈਂ ਆਪਣੀ ਝੋਲੀ ਪਾਇਆ, ਸੁਖਨ ਸਚ ਦਿਤਾ ਸੁਣਾਈਆ । ਉਸ ਦੇ ਮੰਗਣ ਵਿਆਹੁਣ ਦਾ ਲੇਖਾ ਆਪਣੇ ਨਾਲ ਰਖਾਇਆ, ਲਭਦਾ ਫਿਰਿਆ ਚੰਗਾ ਜੁਆਈਆ । ਜਿਸ ਵੇਲੇ ਸਿੰਘ ਜੁਝਾਰ ਨੇ ਆਪਣਾ ਸੀਸ ਕਟਾਇਆ, ਉਸੇ ਵੇਲੇ ਕੰਨਿਆ ਦੇਹ ਗਈ ਤਜਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜਾਂਦੀ ਵਾਰੀ ਸ਼ਬਦ ਸੁਣਾਇਆ, ਢੋਲਾ ਇਕੋ ਇਕ ਬੇਪਰਵਾਹੀਆ । ਤੇਰਾ ਲਹਿਣਾ ਦੇਣਾ ਆਪਣੀ ਝੋਲੀ ਪਾਇਆ, ਬਣ ਵਿਚੋਲਾ ਹੋਣਾ ਸਹਾਈਆ । ਉਸੇ ਦਾ ਅੱਜ ਵੇਲਾ ਆਇਆ, ਵਕਤ ਦਏ ਗਵਾਹੀਆ । ਜਿਸ ਦਾ ਪ੍ਰਭ ਨੇ ਜੋੜ ਜੁੜਾਇਆ, ਦੂਜਾ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਤਾਰਾਂ ਹਾੜ ਕਹੇ ਮੈਂ ਫਿਰ ਫਿਰ ਆਇਆ ਮੁੜ, ਆਪਣਾ ਪੰਧ ਮੁਕਾਈਆ । ਮੈਂ ਲੱਭਦਾ ਥੱਕਿਆ ਅਵਤਾਰ ਗੁਰ, ਖੋਜਿਆ ਚਾਈਂ ਚਾਈਂਆ । ਮੈਨੂੰ ਮਾਲਕ ਮਿਲ ਗਿਆ ਧੁਰ, ਜੋ ਧੁਰ ਮਸਤਕ ਵੇਖ ਵਖਾਈਆ । ਮੇਰੀ ਆਸਾ ਮਨਸਾ ਪੂਰੀ ਕਰੇ ਲੋੜ, ਮਿਹਰ ਨਜ਼ਰ ਇਕ ਉਠਾਈਆ । ਉਹਨਾਂ ਵਿਛੜਿਆਂ ਦਏ ਜੋੜ, ਜਿਨ੍ਹਾਂ ਦੀ ਅੰਤਰ ਖ਼ਾਹਿਸ਼ ਬਣਾਈਆ । ਸ਼ਬਦੀ ਪ੍ਰੇਮ ਪਾਵੇ ਡੋਰ, ਸੋਹਣਾ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਗਨ ਕਹੇ ਕਿਉਂ ਲਛਮਣ ਲਏ ਖ਼ਰੀਦ, ਹੁਕਮ ਕੌਣ ਜਣਾਈਆ । ਸਨਮੁਖ ਹੋ ਕੇ ਪ੍ਰਭ ਨੇ ਦਰਸ਼ਨ ਦਿਤਾ ਦੀਦ, ਸੁਨੇਹੜਾ ਧੁਰ ਦਾ ਇਕ ਜਣਾਈਆ । ਨਾਲੇ ਪੈਸਿਆਂ ਵਾਲੀ ਦੱਸੀ ਰਸੀਦ, ਲੇਖਾ ਧੁਰਦਰਗਾਹੀਆ । ਜਿਸ ਦਾ ਸਗਨ ਲਗਣਾ ਇਕ ਅਜ਼ੀਜ਼, ਪ੍ਰੇਮੀ ਪਿਆਰੇ ਮਾਣ ਵਖਾਈਆ । ਜਿਸ ਦੀ ਸਾਰੇ ਕਰਨ ਉਡੀਕ, ਉਹ ਲੇਖਾ ਰਿਹਾ ਵਖਾਈਆ । ਜਿਸ ਲਾਲ ਸਿੰਘ ਨੇ ਕੋਰੀ ਕ਼ਮੀਜ਼, ਚਿਉਂਟੀ ਹੋ ਕੇ ਗੋਬਿੰਦ ਸੇਵ ਕਮਾਈਆ । ਗੋਬਿੰਦ ਅੰਤ ਅਖੀਰੀ ਦੇ ਕੇ ਗਿਆ ਟੇਕ, ਟਿੱਕਾ ਮਸਤਕ ਇਕ ਛੁਹਾਈਆ । ਜਿਸ ਵੇਲੇ ਮੈਂ ਮਾਲਕ ਬਣ ਕੇ ਆਵਾਂ ਏਕੇ ਦਾ ਏਕ, ਇਕ ਇਕ ਵਿਚ ਸਮਾਈਆ । ਰਵਿਦਾਸ ਚਮਾਰਾ ਲਿਖੇ ਮੇਰੇ ਲੇਖ, ਭਾਈ ਗੁਰਦਾਸ ਮਿਲੇ ਵਡਿਆਈਆ । ਉਸ ਵੇਲੇ ਨਾ ਕੋਇ ਮੁੱਲਾ ਰਹਿਣਾ ਸ਼ੇਖ਼, ਨਾ ਕੋਇ ਪੰਡਤ ਨਜ਼ਰੀ ਆਈਆ । ਨਾ ਕੋਇ ਗ੍ਰੰਥੀ ਬਦਲੇ ਭੇਖ, ਛੀਂਬਾ ਨਾਈ ਮਿਲੇ ਇਕ ਨਾ ਕੋਇ ਵਡਿਆਈਆ । ਇਕ ਇਕੱਲਾ ਇਕੰਕਾਰਾ ਆਪੇ ਲਏ ਵੇਖ, ਪਾਰਬ੍ਰਹਮ ਬੇਪਰਵਾਹੀਆ । ਜਿਸ ਦਾ ਅਗੰਮ ਅਥਾਹ ਅਵਲੜਾ ਭੇਤ, ਸਮਝ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵਰਤਾਈਆ । ਹਾੜ ਸਤਾਰਾਂ ਕਹੇ ਮੈਂ ਆਇਆ ਫਿਰਦਾ ਤੁਰਦਾ, ਤੁਰਤ ਆਪਣਾ ਹੁਕਮ ਮਨਾਈਆ । ਵੇਖੋ ਖੇਲ ਸੱਚੇ ਸਤਿਗੁਰ ਦਾ, ਗੁਰਦੇਵ ਆਪਣੀ ਧਾਰ ਚਲਾਈਆ । ਆਪਣੀ ਕਰਨੀ ਕਦੇ ਨਾ ਮੁੜਦਾ, ਕੁਦਰਤ ਦਾ ਕ਼ਾਦਰ ਬੇਪਰਵਾਹੀਆ । ਲੇਖਾ ਜਾਣੇ ਸੰਜੋਗ ਧੁਰ ਦਾ, ਜਿਸ ਕੰਨਿਆ ਦਾ ਫੁਰਨਾ ਅੰਦਰੇ ਅੰਦਰ ਰਿਹਾ ਫੁਰਦਾ, ਫ਼ੌਰਨ ਉਸੇ ਦਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹਾੜ ਸਤਾਰਾਂ ਕਹੇ ਮੈਂ ਹੁਣ ਦੱਸਾਂ ਇਕੋ ਗੱਲ, ਗਲਵਕੜੀ ਸਭ ਨੂੰ ਪਾਈਆ । ਜਨ ਭਗਤੋ ਤੁਹਾਡੇ ਦਵਾਰੇ ਆਇਆ ਚਲ, ਚਲਿਤ੍ਰ


੯੩੬

੯੩੭

ਆਪਣਾ ਦਿਤਾ ਵਖਾਈਆ । ਜਿਹੜੀ ਦਿਨੇ ਵਖਾਈ ਖ਼ੁਸ਼ੀ ਕਲ੍ਹ, ਰੈਨ ਓਸੇ ਦਿਤਾ ਰਵਾਈਆ । ਜਿਸ ਦਾ ਹੁਕਮ ਸਦਾ ਅਟਲ, ਧੁਰ ਦੀ ਧਾਰ ਰਿਹਾ ਜਣਾਈਆ । ਇਹ ਵੀ ਉਸੇ ਦਾ ਛਲ, ਦੁਆਬੇ ਵਾਲਿਆਂ ਲਿਆ ਹਿਲਾਈਆ । ਜੋਤ ਸਰੂਪੀ ਅੰਦਰ ਰਲ, ਸੁੱਤਿਆਂ ਲਿਆ ਉਠਾਈਆ । ਜਿਹੜਾ ਸਗਨ ਲਛਮਣ ਨੇ ਦਿਤਾ ਸੀ ਘਲ, ਉਸ ਦੀ ਘਾਲ ਲੇਖੇ ਲਏ ਲਗਾਈਆ । ਸੋਹਣਾ ਪ੍ਰੇਮ ਦਾ ਦੇਕੇ ਬਲ, ਬਲਧਾਰੀ ਲਏ ਬਣਾਈਆ । ਕਰਨੀ ਦਾ ਪੂਰਨ ਫਲ, ਝੋਲੀ ਵਿਚ ਟਿਕਾਈਆ । ਪਾਲ ਸਿੰਘ ਗਲਾਸ ਲਿਆਉਂਣਾ ਇਕ ਜਲ, ਜਲਵਾਗਰ ਦੇ ਵਡਿਆਈਆ । ਜਿਸ ਦੇ ਅੰਤਰ ਕੇਸਰ ਜਾਣਾ ਰਲ, ਕਿਸਮਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵਣਹਾਰ ਵਡਿਆਈਆ । ਹਾੜ ਸਤਾਰਾਂ ਕਹੇ ਹਾਜ਼ਰ ਕਰ ਲਵੋ ਬੱਚਾ ਬੱਚੀ, ਪਿਛਲੀ ਆਦਿ ਨਜ਼ਰੀ ਆਈਆ । ਅਗੇ ਗੰਢ ਰਹੇ ਨਾ ਕੱਚੀ, ਕੰਚਨ ਰੂਪ ਦਿਆਂ ਬਦਲਾਈਆ । ਇਕੋ ਸਮਝਾ ਕੇ ਧੁਰ ਦੀ ਪਟੀ, ਗੁਰਮਤ ਸੱਚੀ ਦਿਆਂ ਦ੍ਰਿੜਾਈਆ । ਹਰਿਸੰਗਤ ਸਤਿਗੁਰ ਸਾਹਮਣੇ ਕਦੇ ਨਾ ਹੋਵੇ ਅੰਦਰੋਂ ਤੱਤੀ, ਤਪਦਿਆਂ ਹਿਰਦਿਆਂ ਸ਼ਾਂਤ ਕਰਾਈਆ । ਇਹ ਕੋਈ ਚੰਦੂ ਵਾਲੀ ਨਹੀਂ ਭੱਠੀ, ਭਗਤ ਦਵਾਰਾ ਨਜ਼ਰੀ ਆਈਆ । ਜਿਸ ਨੇ ਜਨਮ ਜਨਮ ਦੀ ਵਿਛੜੀ ਸੰਗਤ ਕੀਤੀ ਇਕੱਠੀ, ਇਕੱਠਿਆਂ ਦਏ ਵਡਿਆਈਆ । ਜਨ ਭਗਤੋ ਬੱਚਿਆਂ ਨਾਲ ਬਰਾਬਰ ਤੁਹਾਨੂੰ ਹੱਥ ਤੇ ਬੰਨ੍ਹਣੀ ਮੌਲੀ ਅੱਟੀ, ਤੰਦ ਸਾਂਝਾ ਦੇਣਾ ਪਾਈਆ । ਗਿਰੀ ਬਾਦਾਮ ਛੁਹਾਰੇ ਜਿਹੜੀ ਸਾਂਭ ਕੇ ਵਸਤ ਰੱਖੀ, ਰਖਣੇ ਤੁਹਾਡੇ ਵਿਚ ਦੇਣੀ ਟਿਕਾਈਆ । ਸਾਚੀ ਮਹਿੰਦੀ ਨੂੰ ਤਕਣਾ ਅੱਖੀਂ, ਜੋ ਅੱਖੀਆਂ ਵਾਲਿਆਂ ਦਏ ਸਮਝਾਈਆ । ਜਿਸ ਨੂੰ ਮੇਰੇ ਵਰਗਾ ਰੰਗ ਚੜ੍ਹ ਗਿਆ ਕਮਲਾਪਤੀ, ਉਹਨਾਂ ਨੂੰ ਦੂਜੇ ਰੰਗ ਦੀ ਲੋੜ ਨਾ ਰਹੇ ਰਾਈਆ । ਉਹ ਇਕੋ ਦੀ ਬਣ ਗਏ ਸਾਂਝੀ ਸਖ਼ੀ, ਦੂਜੀ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਾਰਾਂ ਹਾੜ ਕਹੇ ਜਿਹੜਾ ਝੂਜਿਆ ਨਾਲ ਖੰਡੇ, ਖੜਗ ਖੜਕ ਨਾਲ ਖੜਗ ਚਮਕਾਈਆ । ਹੁਣ ਭਗਤਾਂ ਦੀ ਆਇਆ ਵੰਡੇ, ਜਿਸ ਪਾਸੇ ਚਾਹੋ ਦੇਵੋ ਲਗਾਈਆ । ਜੇ ਕਹੋ ਤੇ ਚਾੜ੍ਹ ਦੇਵਾਂ ਉਸ ਡੰਡੇ, ਜਿਥੇ ਮੰਜ਼ਲ ਬੇਪਰਵਾਹੀਆ । ਜੇ ਕਹੋ ਤੇ ਇਸ ਦਾ ਕਤਰਾ ਕਤਰਾ ਖ਼ੂਨ ਤੁਹਾਨੂੰ ਵੰਡੇ, ਮਸਤਕ ਟਿੱਕੇ ਦੇਵੇ ਲਗਾਈਆ । ਇਹਨਾਂ ਬੱਚਿਆਂ ਦੀ ਖ਼ਾਤਰ ਵੇਖਿਓ ਭਗਤੋ ਹੋਇਓ ਕਦੇ ਨਾ ਗੰਦੇ, ਅੰਦਰੋਂ ਗੰਦਗੀ ਦੇਣੀ ਕਢਾਈਆ । ਮੈਂ ਇਹਨਾਂ ਨੂੰ ਓਸ ਸਾਣ ਨਾਲ ਚੰਡੇ, ਜਿਥੇ ਚੰਡੀ ਬੈਠੀ ਸੀਸ ਨਿਵਾਈਆ । ਮੈਂ ਦੋਹਰੀ ਵੇਰ ਤੁਹਾਡੇ ਨਾਤੇ ਇਹਨਾਂ ਨਾਲ ਗੰਢੇ, ਜਿਥੋਂ ਸਕੇ ਨਾ ਕੋਇ ਤੁੜਾਈਆ । ਕਿਉਂ ਦੁਆਬੇ ਵਾਲਿਆਂ ਰਾਤੀਂ ਖੁਆਏ ਮੰਡੇ, ਭਾਰ ਸਿਰ ਤੇ ਚੁਕ ਕੇ ਲਿਆਈਆ । ਕਿਉਂ ਰੋ ਰੋ ਗਾਏ ਛੰਦੇ, ਢੋਲਾ ਸਹਿਜ ਸੁਭਾਈਆ । ਕਿਉਂ ਲਾਲ ਸਿੰਘ ਵਰਗੇ ਹੋ ਗਏ ਨੰਗੇ, ਆਪਣਾ ਪੜਦਾ ਦਿਤਾ ਮਿਟਾਈਆ । ਰੋ ਕੇ ਕਹਿਣ ਆ ਜਾਓ ਭਗਤੋ ਬਣ ਜਾਈਏ ਓਸ ਪ੍ਰਭੂ ਦੇ ਬੰਦੇ, ਜੋ ਬਿਨਾ ਬੰਦਗੀਉਂ ਪਾਰ ਲੰਘਾਈਆ । ਜਿਹੜਾ ਤੁਹਾਡੀ ਆਤਮ ਸੇਜਾ ਦੇ ਸੌਂਵੇਂ ਮੰਜੇ, ਮਜਲਸ ਤੁਹਾਡੇ ਵਿਚ ਰਖਾਈਆ । ਜੇ ਲੇਖੇ ਲਾਏ ਰਵਿਦਾਸ ਦੇ ਛਿਤਰ ਗੰਢੇ, ਸੁੱਕੇ ਟੁਕੜਿਆਂ ਖਾ ਕੇ ਖ਼ੁਸ਼ੀ ਮਨਾਈਆ । ਨੇਤਰ ਵੇਖ ਕੇ ਹੋ ਨਾ ਜਾਇਓ ਅੰਧੇ, ਭਾਂਡਾ ਭਰਮ ਦੇਣਾ ਭੰਨਾਈਆ । ਤੁਹਾਡਾ ਓਸ ਨਾਲ ਬਣੇ ਸੰਗੇ, ਜੋ ਧੁਰ ਦਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਹਾੜ ਸਤਾਰਾਂ ਕਹੇ ਮੈਂ ਸਭ ਕੁਛ ਆਇਆ ਦੱਸਣ, ਪੜਦਾ ਦਿਆਂ ਉਠਾਈਆ ।

ਗੁਰਮੁਖੋ ਤੁਹਾਡੇ ਹਿਰਦੇ ਆਇਆ ਵਸਣ, ਵਾਸਤਾ ਇਕ ਜੁੜਾਈਆ । ਕੀ ਹੋਇਆ ਜੇ ਤੇਗ਼ ਬਹਾਦਰ ਪਰਗਟ ਕੀਤਾ ਮੱਖਣ, ਲੁਬਾਣੇ ਦਿਤੀ ਦੁਹਾਈਆ । ਮੈਂ ਜਾਂਦੇ ਭਗਤਾਂ ਨੂੰ ਅੱਜ ਆਇਆ ਡੱਕਣ, ਹੋਕਾ ਦੇ ਕੇ ਲਵਾਂ ਅਟਕਾਈਆ । ਮੈਂ ਗੁਰਮੁਖਾਂ ਵਿਚ ਰਹਿਣ ਨਹੀਂ ਦੇਣਾ ਕੂੜਾ ਛੱਟਣ, ਕਰ ਦੇਣੀ ਸਚ ਸਫ਼ਾਈਆ । ਪਟਨੇ ਵਾਲਾ ਨਾਲ ਮਿਲਾ ਕੇ ਕੂੜੀ ਜੜ੍ਹ ਆਇਆ ਪੱਟਣ, ਦੁਰਮਤ ਮੈਲ ਦੇਣੀ ਧੁਆਈਆ । ਸਚ ਪੁਛੋ ਤੁਹਾਡੇ ਵਿਚ ਆਇਆ ਵਸਣ, ਵਸਲ ਇਕੋ ਦੇਣਾ ਵਖਾਈਆ । ਆਪਣਾ ਤਨ ਵਜੂਦ ਕਰ ਕੇ ਭਸਮ, ਜੋਤੀ ਜੋਤ ਕਰੀ ਰੁਸ਼ਨਾਈਆ । ਤੁਹਾਨੂੰ ਭਜਦਿਆਂ ਨਹੀਂ ਦੇਣਾ ਭੱਜਣ, ਅਗੇ ਹੋ ਕੇ ਲੈਣਾ ਅਟਕਾਈਆ । ਤੁਹਾਨੂੰ ਕਿਸੇ ਜੋਗਾ ਨਹੀਂ ਰਹਿਣ ਦੇਣਾ ਭਟਕਣ, ਇਕੋ ਓਟ ਦੇਣੀ ਦ੍ਰਿੜਾਈਆ । ਤੁਸੀਂ ਮੇਰੇ ਤੀਰ ਨਾਲ ਹੋਣਾ ਫਟੜ, ਸਹਿਜ ਸੁਭਾਉ ਦਿਤਾ ਚਲਾਈਆ । ਤੁਹਾਡੇ ਅੰਦਰੋਂ ਦੂਈ ਦਵੈਤੀ ਕਢਣੀ ਵੱਟਣ, ਵਟਣਾ ਆਪਣਾ ਦੇਣਾ ਲਗਾਈਆ । ਤੁਸੀਂ ਗੋਬਿੰਦ ਦੇ ਆ ਗਏ ਵਤਨ, ਬੱਚਿਓ ਤੁਹਾਡੀ ਕਿਹੜਾ ਕਰੇ ਜੁਦਾਈਆ । ਤੁਹਾਡਾ ਪੁਰਖ ਅਕਾਲ ਸੱਜਣ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਰਲ ਮਿਲ ਕੇ ਸਿਖੋ ਵਸਣ, ਪਿਤਾ ਦੇ ਪੁੱਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ, ਕਰ, ਧੁਰ ਦਾ ਖੇਲ ਰਿਹਾ ਵਖਾਈਆ । ਹਾੜ ਸਤਾਰਾਂ ਕਹੇ ਮੈਂ ਭਗਤ ਹੌਲੀ ਹੌਲੀ ਵੇਖੇ ਤੁਰਦੇ, ਅਗੇ ਪਿਛੇ ਧਿਆਨ ਲਗਾਈਆ । ਨੌ ਸੌ ਸੱਠਾਂ ਨੇ ਵਿਚੋਂ ਕਿਹਾ ਕਿਸ ਕੰਮ ਲਈ ਜੁੜਦੇ, ਸਮਝ ਕੋਇ ਨਾ ਆਈਆ । ਤਿੰਨ ਸੌ ਬਹੱਤਰਾਂ ਕਿਹਾ ਖ਼ਾਲੀ ਐਵੇਂ ਮੁੜਦੇ, ਲਾਰੇ ਲੱਪੇ ਰਿਹਾ ਲਗਾਈਆ । ਅਠਾਰਾਂ ਸੌ ਬਿਆਸੀ ਕਹਿਣ ਅਸੀਂ ਹੋ ਗਏ ਓਸੇ ਗੁਰ ਦੇ, ਜੋ ਗੋਰਖ ਧੰਦੇ ਰਿਹਾ ਮੁਕਾਈਆ । ਪੰਜ ਸੌ ਪੈਂਸਠ ਕਹਿਣ ਅਸੀਂ ਨਾ ਜੀਉਂਦੇ ਨਾ ਮੁਰਦੇ, ਅਗਲਾ ਪਿਛਲਾ ਭੇਵ ਨਾ ਕੋਇ ਖੁਲ੍ਹਾਈਆ । ਸਤਾਰਾਂ ਹਾੜ ਕਿਹਾ ਮੈਂ ਸਭ ਦੇ ਫੁਰਨੇ ਵੇਖੇ ਫੁਰਦੇ, ਫੁਰਤੀ ਨਾਲ ਖੋਜ ਖੁਜਾਈਆ । ਸਹਿਜ ਨਾਲ ਆ ਕੇ ਕਿਹਾ ਪ੍ਰਭੂ ਬਿਨ ਤੇਰੀ ਕਿਰਪਾ ਬਹੁਤੇ ਜਾਂਦੇ ਰੁੜ੍ਹਦੇ, ਕਿਉਂ ਬੈਠਾ ਮੁਖ ਛੁਪਾਈਆ । ਕਿਉਂ ਖੇਲ ਕਰੇਂ ਅਗੰਮੀ ਚੋਰ ਦੇ, ਠੱਗਾਂ ਵਾਲਾ ਰੂਪ ਵਟਾਈਆ । ਪੁਰਖ ਅਕਾਲ ਕਿਹਾ ਜਿਹੜੇ ਮੈਨੂੰ ਸੱਚੇ ਲੋੜਦੇ, ਉਹਨਾਂ ਨੂੰ ਲੋੜੀਂਦਾ ਸੱਜਣ ਦਿਆਂ ਮਿਲਾਈਆ । ਸਤਾਰਾਂ ਹਾੜ ਕਿਹਾ ਜਿਹੜੇ ਇਕ ਵਾਰਾਂ ਤੇਰੇ ਅਗੇ ਹੱਥ ਜੋੜ ਗਏ, ਉਹਨਾਂ ਨੂੰ ਇਹਨਾਂ ਨਾਲ ਮਿਲਾਈਆ । ਭਾਵੇਂ ਅੰਦਰੋਂ ਬੋਲ ਕਬੋਲ ਗਏ, ਤਾਅਨਿਆਂ ਨਾਲ ਜਣਾਈਆ । ਪ੍ਰਭੂ ਇਕ ਵਾਰੀ ਤੇ ਤੇਰੇ ਕੰਡੇ ਦਾ ਤੋਲ ਤੋਲ ਗਏ, ਕਿਉਂ ਦੂਜਿਆਂ ਛਾਬਿਆਂ ਵਿਚ ਰਖਾਈਆ । ਪੁਰਖ ਅਕਾਲ ਕਿਹਾ ਉਹ ਸਚ ਦਵਾਰੇ ਖੋਲ੍ਹ ਗਏ, ਸਚ ਦਵਾਰੇ ਦਰਸ਼ਨ ਪਾਈਆ । ਜੇ ਉਹ ਭੁੱਲ ਕੇ ਆਪਣੇ ਆਪ ਨੂੰ ਰੋਲ ਗਏ, ਮੈਂ ਜਾਂਦਿਆਂ ਰਾਹੀਆਂ ਪਾਰ ਲੰਘਾਈਆ । ਜਿਨ੍ਹਾਂ ਦੇ ਅੰਦਰ ਮੇਰੇ ਨਾਮ ਦੇ ਵਜ ਢੋਲ ਗਏ, ਮੈਂ ਢੋਲਾ ਉਹਨਾਂ ਦਾ ਗਿਆ ਗਾਈਆ । ਜਨ ਭਗਤੋ ਹੁਣ ਲੇਖੇ ਪਿਛਲੇ ਵਾਲੇ ਮਖ਼ੌਲ ਗਏ, ਹੁਣ ਮੁਖੀਏ ਗੁਰਮੁਖ ਲੈਣੇ ਬਣਾਈਆ । ਲੱਖ ਚੁਰਾਸੀ ਵਿਚੋਂ ਵਰੋਲ ਲਏ, ਰੁਲਦਿਆਂ ਨੂੰ ਗੋਦ ਉਠਾਈਆ । ਇਹ ਕ਼ੀਮਤ ਵਿਚ ਅਨਮੋਲ ਲਏ, ਜਗਤ ਖ਼ਜ਼ਾਨੇ ਕ਼ੀਮਤ ਕੋਇ ਨਾ ਪਾਈਆ । ਤੁਸੀਂ ਭਾਵੇਂ ਅਨਸੁਰਤੀ ਵਿਚ ਡੋਲ ਗਏ, ਮੈਂ ਡੁਲਿਆਂ ਲਵਾਂ ਤਰਾਈਆ । ਭਾਵੇਂ ਮੇਰੇ ਬੱਚੇ ਨੀਹਾਂ ਦੇ ਹੇਠਾਂ ਉਪਰ ਧੌਲ ਪਏ, ਮੈਂ ਧਰਮ ਦੀ ਲਾਜ ਰਖਾਈਆ । ਮੇਰੇ ਕੀਤੇ ਕੌਲ ਇਕਰਾਰ ਨਹੀਂ ਝੂਠ ਦੇ, ਮੈਂ ਝੁਠਿਆਂ ਡੇਰੇ ਢਾਹੀਆ । ਜਿਹੜੇ ਗੁਰਮੁਖ ਮੈਥੋਂ ਰੂਠ ਗਏ, ਮੈਂ ਉਹਨਾਂ ਲਵਾਂ ਮਨਾਈਆ । ਜਿਹੜੇ ਖ਼ਾਲੀ ਲੈ ਕੇ ਠੂਠ ਗਏ, ਘਰ ਜਾਣ ਤੋਂ ਪਹਿਲੋਂ

੯੩੮

ਦਿਆਂ ਭਰਾਈਆ । ਉਹ ਮੇਰੇ ਬਣਕੇ ਪੂਤ ਗਏ, ਮੈਂ ਸਪੂਤ ਬਣਾਕੇ ਦਿਆਂ ਵਖਾਈਆ । ਚਾਰ ਦਿਸ਼ਾ ਆਪਣੀ ਕੂਟ ਗਏ, ਮੈਂ ਕੁਟਲਤਾ ਦਿਆਂ ਗਵਾਈਆ । ਉਹ ਮੇਰੇ ਤਾਣੇ ਪੇਟੇ ਦੇ ਸੂਤ ਗਏ, ਮੈਂ ਸੁਤਿਆਂ ਲਵਾਂ ਉਠਾਈਆ । ਉਹ ਮੇਰੇ ਮਹਲ ਮੁਨਾਰੇ ਊਚੇ ਤੋਂ ਊਚ ਪਏ, ਜਿਨ੍ਹਾਂ ਦੇ ਅੰਦਰ ਵੜਕੇ ਆਪਣਾ ਡੇਰਾ ਲਾਈਆ । ਬੇਸ਼ਕ ਮੇਰੇ ਜੁਝਾਰ ਜੂਝ ਗਏ, ਜੂਝਿਆਂ ਨੂੰ ਆਪਣੇ ਨਾਲ ਮਿਲਾਈਆ । ਗੋਬਿੰਦ ਦੇ ਦੂਧ ਕਦੇ ਨਹੀਂ ਫੂਟ ਗਏ, ਫੁਟਿਆਂ ਦਾ ਜੋੜ ਜੁੜਾਈਆ । ਗੁਰਮੁਖੋ ਤੁਸੀਂ ਮੇਰੇ ਫੁੱਲ ਨਹੀਂ ਤੂਟ ਗਏ, ਮੈਂ ਗੁਲਸ਼ਨ ਦਿਤੀ ਲਗਾਈਆ । ਮੇਰੇ ਸ਼ਬਦ ਸਰੂਪੀ ਬ੍ਰਹਿਮੰਡਾਂ ਖੰਡਾਂ ਵਿਚ ਦੂਤ ਗਏ, ਦਿਵਸ ਰੈਣ ਦਿਤੇ ਭਜਾਈਆ । ਤੁਹਾਨੂੰ ਨਹੀਂ ਪਤਾ ਤੁਹਾਡੇ ਆਪ ਸਬੂਤ ਲਏ, ਸਿਦਕ ਸਬੂਰੀ ਆਪਣੀ ਤੁਹਾਡੀ ਝੋਲੀ ਪਾਈਆ । ਤੁਹਾਡੇ ਪੰਜਾਂ ਤੱਤਾਂ ਵਾਲੇ ਵੇਖ ਕਲਬੂਤ ਲਏ, ਆਪ ਆਪਣਾ ਭੇਟ ਕਰਾਈਆ । ਤੁਹਾਡੇ ਅਸਲ ਨਾਲ ਸੂਦ ਦਏ, ਲਹਿਣੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹਾੜ ਸਤਾਰਾਂ ਕਹੇ ਮੈਨੂੰ ਆਵੇ ਹੌਕਾ, ਹੋਕਾ ਦੇ ਕੇ ਦਿਆਂ ਜਣਾਈਆ । ਜਨ ਭਗਤੋ ਤੁਹਾਨੂੰ ਮੁਫ਼ਤ ਮਿਲ ਗਿਆ ਮੌਕਾ, ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਜਿਸ ਦੀ ਰਖਦੇ ਗਏ ਓਟਾ, ਓੜਕ ਓਹੋ ਗਿਆ ਆਈਆ । ਜਿਹੜਾ ਅੰਦਰ ਵੜ ਕੇ ਮਾਰੇ ਚੋਟਾਂ, ਚੋਟੀ ਤੇ ਚੜ੍ਹਿਆਂ ਲਏ ਉਠਾਈਆ । ਕਿਹੜੀ ਲੋੜ ਗਿਆਨ ਦੇਣਾ ਵਾਂਗ ਗਨਕਾ ਤੋਤਾ, ਤੁਰਤ ਆਪਣੇ ਨਾਲ ਮਿਲਾਈਆ । ਗੁਰਮੁਖੋ ਗੁਰਸਿਖ ਬਣ ਕੇ ਹੋਇਓ ਕੋਇ ਨਾ ਹੋਛਾ, ਸਿਦਕ ਸਬੂਰੀ ਤੁਹਾਡੇ ਅੰਦਰ ਦੇਣੀ ਟਿਕਾਈਆ । ਭਾਵੇਂ ਮੇਰੇ ਬੱਚਿਆਂ ਦਾ ਪਾ ਦਿਉ ਮੋਛਾ, ਮੁਸ਼ਕਲ ਤੁਹਾਡੀ ਹਲ ਵਖਾਈਆ । ਮੈਂ ਆਇਆ ਤੁਹਾਡੇ ਗੋਸ਼ਾ, ਕੋਨਾ ਕੋਨਾ ਦੇਣਾ ਫੁਲਾਈਆ । ਮੈਂ ਖਾ ਕੇ ਤੁਹਾਡਾ ਤੋਸਾ, ਤੁਖ਼ਮ ਦੀ ਤਾਸੀਰ ਦੇਣੀ ਬਦਲਾਈਆ । ਮੈਂ ਕਦੇ ਨਹੀਂ ਕਰਨਾ ਧੋਖਾ, ਧੋਖੇ ਵਾਲਿਆਂ ਨੂੰ ਧੁਖਦੇ ਧੂੰਏਂ ਵਿਚੋਂ ਬਾਹਰ ਕਰਾਈਆ । ਇਹ ਕੋਈ ਜਗਤ ਵਾਲਾ ਨਹੀਂ ਕੋਠਾ, ਭਗਤ ਦਵਾਰ ਸੋਭਾ ਪਾਈਆ । ਜਿਸ ਦਾ ਰਾਹ ਤਕਦੇ ਚੌਦਾਂ ਲੋਕਾ, ਚੌਦਾਂ ਤਬਕ ਅੱਖ ਉਠਾਈਆ । ਜਿਥੇ ਗੁਰ ਅਵਤਾਰ ਪੀਰ ਪੈਗ਼ੰਬਰਾਂ ਆਪਣਾ ਆਪ ਆ ਕੇ ਝੋਕਾ, ਝੁਕ ਝੁਕ ਸੀਸ ਨਿਵਾਈਆ । ਜਿਥੇ ਚਾਰ ਜੁਗ ਦਾ ਰਿਹਾ ਨਾ ਕੋਈ ਰੋਸਾ, ਦੀਨਾਂ ਮਜ਼੍ਹਬਾਂ ਵਾਲੇ ਇਕ ਦੂਜੇ ਨਾਲ ਕਰ ਕੇ ਗਏ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਰਤਾਈਆ । ਹਾੜ ਕਹੇ ਨੌ ਵਸਤੂ ਦਸਵੀਂ ਨਾਲ ਮਿਲ ਕੇ ਰਹੀਆਂ ਗੌਂ, ਸੋਹਣਾ ਗੀਤ ਅਲਾਈਆ । ਅਸੀਂ ਨਵ ਨੌ ਚਾਰ ਵੇਖਿਆ ਭੌਂ, ਭੰਬਲ ਭੂਸੇ ਵਿਚ ਲੋਕਾਈਆ । ਸਭ ਦੇ ਨਾਲ ਲਗਦਾ ਰਿਹਾ ਦਾਓ, ਦਰਦੀ ਹੋ ਕੇ ਦਰਦ ਨਾ ਕੋਇ ਵੰਡਾਈਆ । ਜੋ ਪੰਜਾਂ ਤੱਤਾਂ ਦਾ ਗੁਰੂ ਆਇਆ ਉਤੇ ਧਰਤੀ ਗਿਆ ਸੌਂ, ਸੁੱਤਿਆਂ ਫੇਰ ਨਾ ਕੋਇ ਜਗਾਈਆ । ਇਹ ਪੁਰਖ ਅਕਾਲ ਦਾ ਪਤਾ ਨਹੀਂ ਕਿਉਂ ਜੋਤ ਸਰੂਪੀ ਚਲਿਆ ਰੌਂ, ਰੌਣਕ ਭਗਤਾਂ ਨਾਲ ਲਗਾਈਆ । ਮਮਤਾ ਚੁਕਾ ਕੇ ਮੈਂ ਤੇ ਹਉਂ, ਹਮ ਸਾਜਣ ਲਿਆ ਮਿਲਾਈਆ । ਫੜ ਕੇ ਹੰਸ ਬਣਾ ਕਾਉਂ, ਕਾਗੋਂ ਹੰਸ ਉਡਾਈਆ । ਜਿਨ੍ਹਾਂ ਨੂੰ ਕਿਤੇ ਨਾ ਮਿਲਿਆ ਥਾਉਂ, ਉਹਨਾਂ ਨੂੰ ਆਪਣੀ ਗੋਦ ਉਠਾਈਆ । ਧੁਰ ਦਾ ਬਣ ਕੇ ਪਿਤਾ ਮਾਉਂ, ਬਾਲ ਅੰਞਾਣਿਆਂ ਹੋਏ ਸਹਾਈਆ । ਨਗਰ ਖੇੜਾ ਵਸਾਏ ਗਰਾਉਂ, ਗਹਿਰ ਗੰਭੀਰ ਬੇਪਰਵਾਹੀਆ । ਫੜ ਫੜ ਸਿੱਧਾ ਮਾਰਗ ਵਖਾਏ ਰਾਹੋ, ਰਹਿਬਰ ਹੋਏ ਨੂਰ ਖ਼ੁਦਾਈਆ । ਅੱਜ ਓਸੇ ਗੋਬਿੰਦ ਨੂੰ ਚੜ੍ਹਿਆ ਚਾਓ, ਸ਼ਹੀਦੀ ਵਾਲੇ ਦੀਦ ਰਿਹਾ ਕਰਾਈਆ । ਜੇ ਇਸਨੂੰ ਚੰਗਾ

ਸਮਝੋ ਨਿਆਂਉਂ, ਫਿਰ ਸਗਣ ਦਿਉ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਕਰਨੀ ਕਾਰ ਕਮਾਈਆ । ਸਗਣ ਕਹੇ ਮੈਂ ਕਦੀ ਨਹੀਂ ਕਿਸੇ ਦਾ ਸਕਾ, ਸਚ ਸੱਚੀ ਦਿਆਂ ਜਣਾਈਆ । ਜਿਨ੍ਹਾਂ ਮੇਰਾ ਜੁਗ ਜੁਗ ਮਾਰਿਆ ਫੱਕਾ, ਖੁਸ਼ੀਆਂ ਨਾਲ ਖਾਈਆ । ਅੰਤਮ ਮਾਰ ਕੇ ਧੱਕਾ, ਲਾੜੀ ਮੌਤ ਦੇ ਅਗੇ ਦਿਤਾ ਲਾਈਆ । ਭਾਵੇਂ ਕਿਸੇ ਨੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਸੀਸ ਨਿਵਾਇਆ ਮਦੀਨਾ ਮੱਕਾ, ਮਕ਼ਬਰਿਆਂ ਵਿਚ ਦਿਤੇ ਸਵਾਈਆ । ਮੈਂ ਜੁਗ ਚੌਕੜੀ ਕਦੇ ਨਾ ਉਕਾ, ਅਕਲ ਸਭ ਦੀ ਦਿਤੀ ਭਵਾਈਆ । ਇਕੋ ਗੋਬਿੰਦ ਵੇਖਿਆ ਨਾਲ ਅੱਖਾਂ ਜਿਸ ਦੀ ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਜਨ ਭਗਤਾਂ ਗੁਰਮੁਖਾਂ ਪਿੱਛੇ ਆਪਣਾ ਸਭ ਕੁਛ ਦਿੱਤਾ, ਅੰਤਮ ਖ਼ਾਲੀ ਹੱਥ ਦਿਆਂ ਵਖਾਈਆ । ਓਹ ਵੀ ਨਾਤਾ ਤੋੜ ਕੇ ਤੱਤਾਂ ਅੱਠਾਂ, ਜੋਤੀ ਜੋਤ ਸਮਾਈਆ । ਹੁਣ ਪੁਰਖ ਅਕਾਲ ਨਾਲ ਮਿਲ ਕੇ ਹੋ ਗਿਆ ਅਕੱਠਾ, ਇਕੋ ਰੂਪ ਬਦਲਾਈਆ । ਭਾਵੇਂ ਸਚ ਸਮਝੋ ਤੇ ਭਾਵੇਂ ਸਮਝੋ ਠੱਠਾ, ਠਾਕਰ ਹੋ ਕੇ ਠੋਕਰ ਰਿਹਾ ਲਗਾਈਆ । ਭਾਵੇਂ ਕਿੰਨਾ ਆਪਣੀ ਮਤਿ ਦਾ ਪਕਾਓ ਮਤਾ, ਮਤਲਬ ਹਲ ਨਾ ਕੋਇ ਕਰਾਈਆ । ਨਾ ਕੋਈ ਚੂੰਕਿ ਨਾ ਕੋਈ ਚਨਾਚੇ ਨਾ ਕੋਈ ਅਲਬਤਾ, ਇਲਮ ਇਕੋ ਦਏ ਪੜ੍ਹਾਈਆ । ਨਾ ਠੰਡਾ ਨਾ ਤੱਤਾਂ, ਨਾ ਫੜਿਆ ਜਾਏ ਨਾਲ ਹੱਥਾਂ, ਨਾ ਦੇਖਿਆ ਜਾਏ ਜਗਤ ਅੱਖਾਂ, ਨਾ ਵਿਰੋਲਿਆ ਜਾਏ ਵਿਚ ਕੱਖਾਂ, ਗਹਿਰ ਗੰਭੀਰ ਆਪਣੇ ਵਿਚ ਛੁਪਾਈਆ । ਜਿਸ ਦੇ ਭੇਤ ਦਾ ਨਹੀਂ ਕੋਈ ਪਤਾ, ਉਸ ਦਾ ਲੇਖਾ ਕਿਸੇ ਨਾ ਲਿਖਾ ਨਾ ਕੋਈ ਜਾਣੇ ਪਿਛਾ, ਨਾ ਕੋਈ ਜਾਣੇ ਅਗਾ, ਭੇਦ ਅਭੇਦ ਨਾ ਕੋਇ ਖੁਲ੍ਹਾਈਆ । ਸਚ ਪੁਛੋ ਸਾਹਿਬ ਸਤਿਗੁਰ ਗੁਰਸਿਖਾਂ ਨਾਲ ਨਾ ਕਦੇ ਕਮਾਏ ਦਗ਼ਾ, ਦਗ਼ੇਬਾਜੀ ਅੰਦਰੋਂ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡਾ ਵਧਾਵਣ ਆਇਆ ਅਗਾ, ਪਿਛਲਾ ਪੰਧ ਚੁਕਾਈਆ । ਹਾੜ ਸਤਾਰਾਂ ਕਹੇ ਮੇਰਾ ਸਾਹਿਬ ਅਗੰਮੀ ਕਰਦਾ ਚੋਰੀ, ਯਰਾਨੇ ਭਗਤਾਂ ਨਾਲ ਲਗਾਈਆ । ਫੜ ਕੇ ਸ਼ਬਦ ਅਗੰਮੀ ਡੋਰੀ, ਹੌਲੀ ਹੌਲੀ ਰਿਹਾ ਜੁੜਾਈਆ । ਪ੍ਰੇਮ ਪ੍ਰੀਤੀ ਨਾਲ ਜਾਏ ਤੋਰੀ, ਤੁਰਤ ਆਪਣਾ ਹੁਕਮ ਮਨਾਈਆ । ਸਾਚੇ ਸ਼ਬਦ ਚਾੜ੍ਹੇ ਘੋੜੀ, ਸ਼ਾਹ ਸਵਾਰਾ ਬੇਪਰਵਾਹੀਆ । ਜਿਸ ਦੀ ਖੇਲ ਵੇਖੀ ਦੋਹਰੀ, ਨਿਰਗੁਣ ਸਰਗੁਣ ਰੂਪ ਵਟਾਈਆ । ਜਿਸ ਮਨਜੀਤੇ ਦੀ ਮਾਤਾ ਵੰਡੀ ਨਹੀਂ ਸੀ ਅਜੇ ਲੋਹੜੀ, ਉਹ ਲਾੜਾ ਬਣ ਕੇ ਖ਼ੁਸ਼ੀ ਮਨਾਈਆ । ਜਿਸ ਜਗਦੀਸ਼ੇ ਦੀ ਜਗਤ ਨਾਲ ਤੋਰ ਕੋਇ ਨਾ ਤੋਰੀ, ਤੁਰਤ ਆਪਣਾ ਹੁਕਮ ਵਰਤਾਈਆ । ਦੋਹਾਂ ਦੇ ਪਿਛੇ ਭਗਤਾਂ ਦੀ ਖੇਲ ਬਣਾ ਕੇ ਨਵੀਂ ਨਕੋਰੀ, ਭਗਤ ਦਵਾਰਾ ਦਿਤਾ ਵਡਿਆਈਆ । ਹੁਣ ਬਾਕੀ ਰਹਿ ਗਈ ਜੋੜੀ, ਜਿਸ ਦਾ ਪਿਛੇ ਲੇਖਾ ਆਇਆ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਕਹੇ ਮੈਂ ਵੇਖਣੇ ਜੋੜ ਜੁੜਦੇ, ਦੋ ਜਹਾਨਾਂ ਅੱਖ ਉਠਾਈਆ । ਦੁਆਰਿਉਂ ਖ਼ਾਲੀ ਕੋਈ ਨਹੀਂ ਮੁੜਦੇ, ਮੁਰਦੇ ਜ਼ਿੰਦਾ ਦਏ ਕਰਾਈਆ । ਲੇਖੇ ਜਾਣ ਅਗੰਮੀ ਧੁਰ ਦੇ, ਧੁਰ ਮਸਤਕ ਖੋਜ ਖੁਜਾਈਆ । ਸੱਜਣ ਮਿਲਾਏ ਆਪਣੇ ਲੋੜ ਦੇ, ਨਾਤੇ ਕੂੜੇ ਦਏ ਤੁੜਾਈਆ । ਇਹ ਭੇਵ ਅਭੇਦ ਗਹਿਰ ਗੰਭੀਰ ਗਵਰ ਦੇ, ਗਵਰ ਦਏ ਸਮਝਾਈਆ । ਇਹ ਨਾਤੇ ਨਹੀਂ ਕਿਸੇ ਔਰ ਦੇ, ਔਰਤ ਮਰਦ ਆਪਣਾ ਰੂਪ ਵਖਾਈਆ । ਇਹ ਹੁਕਮ ਨਹੀਂ ਕਿਸੇ ਪੰਡਤ ਪਾਧੇ ਮਜੌਰ ਦੇ, ਗ੍ਰੰਥੀਆਂ ਵਾਲੀ ਨਾ ਕੋਇ ਪੜ੍ਹਾਈਆ । ਇਹ ਕੋਈ ਭਾਂਡੇ ਨਹੀਂ ਕੱਚ ਬਲੋਰ ਦੇ, ਠੋਕਰ ਲਾਇਆਂ ਆਪਣਾ ਆਪ ਦੇਣ ਤਜਾਈਆ । ਇਹ ਬੇਟੇ ਓਸ ਹਰਿ ਹੋਰ ਦੇ, ਜੋ ਹਰ ਹਿਰਦੇ

ਵਿਚ ਸਮਾਈਆ । ਜਿਹੜੇ ਸੋਹੰ ਢੋਲਾ ਬੋਲਦੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਤਾਰਾਂ ਹਾੜ ਕਹੇ ਸਗਨ ਦਾ ਸਗਲਾ ਵਿਹਾਰ, ਸਚ ਦਿਆਂ ਜਣਾਈਆ । ਭਗਤਾਂ ਨੂੰ ਅਖਤਿਆਰ, ਮੁਖਤਾਰਨਾਮਾ ਇਨ੍ਹਾਂ ਹੱਥ ਫੜਾਈਆ । ਸਦਾ ਪਰਗਟ ਨਹੀਂ ਰਿਹਾ ਦਾਤਾਰ, ਸਨਮੁਖ ਦਰਸ ਕੋਇ ਨਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਦੇਵੇ ਇਸ ਤਰਾ ਦੀਦਾਰ, ਜੋਤੀ ਜੋਤ ਰੂਪ ਬਦਲਾਈਆ । ਭਗਤਾਂ ਨਾਲ ਕਰੇ ਸੱਚੀ ਗੁਫ਼ਤਾਰ, ਖ਼ੁਸ਼ੀਆਂ ਢੋਲੇ ਗਾਈਆ । ਗੁਰਮੁਖੋ ਤੁਹਾਨੂੰ ਕਟਣੀ ਨਾ ਪਏ ਵਗਾਰ, ਵੰਗਾਰਕੇ ਆਪਣੇ ਨਾਲ ਮਿਲਾਈਆ । ਇਹ ਮੌਲੀ ਮਹਿੰਦੀ ਕਰਨ ਆਈ ਤੁਹਾਡਾ ਸ਼ਿੰਗਾਰ, ਬਣ ਕੇ ਬਰਦੀ ਸੇਵ ਕਮਾਈਆ । ਮੈਨੂੰ ਤੁਹਾਡੇ ਤੇ ਇਤਬਾਰ, ਜੇ ਤੁਹਾਨੂੰ ਮੇਰੇ ਉਤੇ ਇਤਬਾਰ ਨਹੀਂ ਮੈਂ ਮੁਆਫ਼ੀ ਮੰਗ ਕੇ ਖ਼ੁਸ਼ੀ ਮਨਾਈਆ । ਮੈਂ ਰੁੱਸਿਆਂ ਦਾ ਸਦਾ ਯਾਰ, ਵਿਛੜਿਆਂ ਲਵਾਂ ਜੁੜਾਈਆ । ਮੈਂ ਡੁਬਦਿਆਂ ਨੂੰ ਤਾਰਨਹਾਰ, ਰੁੜ੍ਹਦਿਆਂ ਨੂੰ ਗੋਦ ਬਹਾਈਆ । ਜਿਹੜੀ ਸੋਹਣੀ ਪਿਛੇ ਮਰਿਆ ਸੀ ਮਹੀਵਾਲ, ਓਸ ਦੇ ਯਰਾਨੇ ਦੀ ਆਸਾ ਪੂਰ ਕਰਾਈਆ । ਅੱਜ ਓਸੇ ਦਾ ਵਿਵਹਾਰ, ਜੋ ਵਿਵਹਾਰੀ ਹੋ ਕੇ ਆਪਣਾ ਹੁਕਮ ਵਰਤਾਈਆ । ਜੇ ਤੁਸੀਂ ਚਾਹੁੰਦੇ ਜੇ ਇਸਨੂੰ ਪੂਰਾ ਕਰ ਲਓ ਸੰਸਾਰ, ਮੈਨੂੰ ਲੋੜ ਰਹੀ ਨਾ ਰਾਈਆ । ਸਚ ਪੁੱਛੋ ਤੇ ਸਾਰੇ ਬੇਟੇ ਬੇਟੀਆਂ ਤੁਹਾਡੇ ਉਤੋਂ ਦਿਤੇ ਵਾਰ, ਆਪਣੇ ਕੁਟੰਭ ਦਾ ਨਾਤਾ ਨਜ਼ਰ ਕੋਇ ਨਾ ਆਈਆ । ਮੇਰਾ ਤੁਹਾਡੇ ਨਾਲ ਪਿਆਰ, ਤੁਸੀਂ ਮੇਰਾ ਕਰੋ ਦੀਦਾਰ, ਮੈਂ ਸਭ ਦਾ ਸਾਂਝਾ ਯਾਰ, ਠੱਗਾਂ ਦਾ ਰੂਪ ਨਾ ਕੋਇ ਵਟਾਈਆ । ਭਾਵੇਂ ਕ਼ਤਲ ਕਰੋ ਨਾਲ ਤਲਵਾਰ, ਭਾਵੇਂ ਸੀਸ ਦਿਉ ਉਤਾਰ, ਭਾਵੇਂ ਇਹ ਸਚ ਦੀ ਸਮਝੋ ਧਾਰ, ਤੁਹਾਡਾ ਵਸਦਾ ਰਹੇ ਭਗਤ ਦਵਾਰ, ਮੈਨੂੰ ਪੁਤਰਾਂ ਦੀ ਲੋੜ ਰਹੀ ਨਾ ਰਾਈਆ । ਜਿਨ੍ਹਾਂ ਪਿਛੇ ਮੇਰਾ ਡੰਕਾ ਵਜਣਾ ਜੁਗ ਚਾਰ, ਬ੍ਰਹਿਮੰਡ ਖੰਡ ਹੋਣੇ ਖ਼ਬਰਦਾਰ, ਵਿਸ਼ਨ ਬ੍ਰਹਮਾ ਸ਼ਿਵ ਕਰਦੇ ਨਿਮਸਕਾਰ, ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਮਾਰ ਧਿਆਨ, ਆਪ ਆਪਣੀ ਅੱਖ ਖੁਲ੍ਹਾਈਆ । ਇਹ ਕੋਈ ਸਗਣ ਦਾ ਨਹੀਂ ਵਿਹਾਰ, ਇਹ ਗੜ੍ਹੀ ਚਮਕੌਰ ਨੂੰ ਆਇਆ ਕਰਨ ਖ਼ਬਰਦਾਰ, ਸੜਦਿਆਂ ਮਰਦਿਆਂ ਨੂੰ ਰਿਹਾ ਠਾਰ, ਅੰਮ੍ਰਿਤ ਮੇਘ ਇਕ ਬਰਸਾਈਆ । ਲੱਖ ਚੁਰਾਸੀ ਜੋੜੇ ਬਣਦੇ ਗਏ ਪੁਰਖ ਨਾਰ, ਚਾਰ ਕੁੰਟ ਦਹਿ ਦਿਸ਼ਾ ਆਪਣਾ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਇਹ ਜੋੜੀ ਕੋਈ ਨਹੀਂ ਜੁੜੀ, ਤੁਹਾਨੂੰ ਦਿਆਂ ਸਮਝਾਈਆ । ਅਜੇ ਇਕ ਮੁੰਡਾ ਤੇ ਇਕ ਕੁੜੀ, ਕੁੜਮ ਕੁੜਮੇਟੇ ਦਾ ਰੂਪ ਨਾ ਕੋਇ ਬਦਲਾਈਆ । ਗੁਰਮੁਖੋ ਮੇਰੀ ਲਾਈਨ ਤੁਰੀ, ਤੁਰਤ ਦਿਆਂ ਸਮਝਾਈਆ । ਜਿਹੜੀ ਆਤਮ ਹੋਵੇ ਨਿਗੁਰੀ, ਮੇਰੇ ਸਾਹਮਣੇ ਕਦੀ ਨਾ ਆਈਆ । ਮੈਂ ਛਡ ਕੇ ਅਨੰਦ ਪੁਰੀ, ਅਨੰਦ ਤੁਹਾਡੇ ਵਿਚ ਰਖਾਈਆ । ਜਿਹੜੀ ਵਸਤ ਮੈਥੋਂ ਥੁੜੀ, ਮੈਂ ਝੋਲੀ ਡਾਹ ਕੇ ਮੰਗ ਮੰਗਾਈਆ । ਜੇ ਤੁਹਾਨੂੰ ਲਗੇ ਬੁਰੀ, ਮੈਂ ਨਿਉਂ ਕੇ ਸੀਸ ਨਿਵਾਈਆ । ਭਾਵੇਂ ਆਰ ਪਾਰ ਫੇਰ ਦਿਉ ਛੁਰੀ, ਆਪਣੀ ਸ਼ਰਅ ਨਾ ਸਕਾਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਜਿਸ ਕੰਨਿਆ ਦੀਆਂ ਪਿਛਲੀਆਂ ਸਧਰਾਂ, ਸਾਧੂ ਸਮਝ ਕੋਇ ਨਾ ਪਾਈਆ । ਜਿਸ ਦੀਆਂ ਮੰਨਦਾ ਰਿਹਾ ਅੰਦਰੇ ਅੰਦਰ ਬੰਦਨਾ, ਬੰਦਗੀ ਵਾਲਾ ਬੇਪਰਵਾਹੀਆ । ਜਿਸ ਬਚਨ ਕੀਤਾ ਨਾ ਦੰਦ ਨਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਅੱਜ ਓਸੇ ਪ੍ਰੇਮ ਪਿਆਰੀ ਬੱਚੀ ਦਾ ਹੋਵੇ ਮੰਗਣਾ,

ਤੁਹਾਡੇ ਕੋਲੋਂ ਮੰਗ ਕੇ ਦਾਨ ਇਨ੍ਹਾਂ ਦੀ ਝੋਲੀ ਪਾਈਆ । ਗੁਰਮੁਖੋ ਕੋਈ ਹੋਇਓ ਅੰਦਰੋਂ ਤੰਗ ਨਾ, ਤੰਗੀ ਦੇਣੀ ਕਢਾਈਆ । ਮੈਂ ਵਿਹਾਰ ਕਰਦਾ ਸਦਾ ਢੰਗਨਾ, ਬਹੁ ਭੇਖੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੇ ਬੱਚਾ ਵੇਖੋ ਤੇ ਉਹ ਲੜਕਾ, ਜਿਹੜਾ ਆਪਣਾ ਆਪ ਗਿਆ ਲਟਕਾਈਆ । ਜਿਸ ਨੂੰ ਮੌਤ ਦਾ ਨਹੀਂ ਖਟਕਾ, ਭੈ ਅਵਰ ਨਾ ਕੋਇ ਜਣਾਈਆ । ਉਹ ਬਣਿਆਂ ਓਸ ਰਤ ਦਾ, ਜਿਸ ਦੀ ਰਤੀ ਰਤ ਸਭ ਨੂੰ ਦਏ ਰੰਗਾਈਆ । ਇਹ ਪੁਤਲਾ ਓਸੇ ਦੇ ਸਚ ਦਾ, ਜੋ ਸਾਚੀ ਸੇਵ ਕਮਾਈਆ । ਮਾਰਨਾ ਜਿਵਾਲਨਾ ਮੇਰਾ ਖੇਲ ਮਾਮੂਲੀ ਹੱਥ ਦਾ, ਜੇ ਚਾਹੋ ਤੇ ਹੱਥਾਂ ਨਾਲ ਤੁਹਾਡੀ ਭੇਟ ਦਿਆਂ ਕਰਾਈਆ । ਮੈਂ ਕੋਈ ਬੰਦਾ ਨਹੀਂ ਜਿਹੜਾ ਪੁਤਰਾਂ ਬਿਨਾ ਮਰਦਾ, ਭਗਤਾਂ ਨਾਲ ਮੇਰੀ ਵਡਿਆਈਆ । ਮੇਰਾ ਬੇੜਾ ਨਹੀਂ ਭਰਿਆ ਕੋਈ ਪਾਪ ਦਾ, ਪਤਿਤ ਪੁਨੀਤ ਰਿਹਾ ਬਣਾਈਆ । ਮੈਂ ਕੁਛ ਨਹੀਂ ਸਮਝਿਆ ਆਪ ਦਾ, ਸਭ ਕੁਛ ਤੁਹਾਡੀ ਭੇਟ ਚੜ੍ਹਾਈਆ । ਜੇ ਤੁਸੀਂ ਸਮਝ ਲਓ ਮਤਲਬ ਸੋਹੰ ਜਾਪ ਦਾ, ਫੇਰ ਤੁਹਾਡਾ ਮੇਰਾ ਫ਼ਰਕ ਰਹੇ ਨਾ ਰਾਈਆ । ਸਚ ਪੁਛੋ ਸਤਾਰਾਂ ਹਾੜ ਇਹੋ ਆਖਦਾ, ਆਖ਼ਰ ਰਿਹਾ ਸੁਣਾਈਆ । ਲੇਖਾ ਹੋਇਆ ਗੋਬਿੰਦ ਭਵਿਖਤ ਵਾਕ ਦਾ, ਵਾਕਫ਼ਕਾਰ ਤੁਹਾਨੂੰ ਦਏ ਮਿਲਾਈਆ । ਇਹ ਪ੍ਰੇਮੀ ਨਾਤਾ ਜੁੜਿਆ ਸਚ ਦਾ, ਸਚ ਮਿਲੇ ਵਡਿਆਈਆ । ਇਹ ਖੇਲ ਪੁਰਖ ਸਮਰਥ ਦਾ, ਸਮਰਥ ਹੋਏ ਸਹਾਈਆ । ਜੋ ਹਰ ਹਿਰਦੇ ਵਿਚ ਵਸਦਾ, ਵਾਸਤਾ ਆਪਣੇ ਨਾਲ ਜੁੜਾਈਆ । ਜਿਹੜਾ ਰੋਂਦਿਆਂ ਨਾਲ ਹਸਦਾ, ਖ਼ੁਸ਼ੀਆਂ ਗੀਤ ਅਲਾਈਆ । ਜ਼ਰਾ ਭਗਤੋ ਰਸ ਲੈ ਲਓ ਓਸ ਪ੍ਰੇਮੀ ਰਸ ਦਾ, ਜੋ ਰਸਤੇ ਰਿਹਾ ਵਖਾਈਆ । ਇਹ ਮੈਨੂੰ ਵੀ ਪਤਾ ਜਿਹੜਾ ਮੇਰੀ ਪ੍ਰੀਤੀ ਅੰਦਰ ਫਸਦਾ, ਉਹਦੀ ਹੋਵੇ ਨਾ ਕਦੇ ਜੁਦਾਈਆ । ਮੈਂ ਇਕੋ ਵਸਤ ਤੁਹਾਡੇ ਕੋਲੋਂ ਮੰਗਦਾ, ਆਪਣੇ ਸੀਸ ਦਾ ਤਾਜ ਤੁਹਾਡੀ ਭੇਟ ਕਰਾਈਆ । ਜੇ ਕੋਈ ਤੁਹਾਨੂੰ ਤਾਹਨਾ ਦਏ ਜਗਤ ਦਾ, ਉਹ ਵੀ ਮੇਰੀ ਗੋਦੀ ਦੇਣਾ ਟਿਕਾਈਆ । ਜੇ ਮੈਂ ਤੁਹਾਡੀ ਕੀਤੀ ਹੋਵਾਂ ਰਦਦਾ, ਮੈਨੂੰ ਰੱਦੀਖ਼ਾਨਾ ਦਿਉ ਬਣਾਈਆ । ਸਚ ਪੁਛੋ ਮੈਂ ਤੁਹਾਡੇ ਪ੍ਰੇਮ ਅੰਦਰ ਦਗਦਾ, ਨੂਰੋ ਨੂਰ ਕਰਾਂ ਰੁਸ਼ਨਾਈਆ । ਇਹ ਸੁਭਾਗ ਦਿਹਾੜਾ ਤੁਹਾਡਾ ਹੋਇਆ ਅੱਜ ਦਾ, ਇੱਜ਼ਤ ਤੁਹਾਡੀ ਰਿਹਾ ਬਣਾਈਆ । ਝਗੜਾ ਮੁਕ ਗਿਆ ਅਜ ਪਜ ਦਾ, ਸਿੱਧਾ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਕਹੇ ਅਸੀਂ ਆਪਣੇ ਸਿਰ ਦਾ ਦਿਤਾ ਸਲਵਾਰਨਾ, ਸਵਾ ਲੱਖ ਦੀ ਰੀਤੀ ਪੂਰ ਕਰਾਈਆ । ਗੋਬਿੰਦ ਸਤਿ ਕਦੇ ਨਾ ਹਾਰਨਾ, ਲੋਕਮਾਤ ਹੁਕਮੇ ਅੰਦਰ ਸੇਵ ਕਮਾਈਆ । ਜਿਸ ਨੇ ਇਕੇ ਨੂੰ ਨਿਮਸਕਾਰਨਾ, ਦੂਜੀ ਓਟ ਨਾ ਕੋਇ ਜਣਾਈਆ । ਅੱਜ ਓਸੇ ਉਤੋਂ ਕਿਸੇ ਮਾਈ ਭੈਣ ਭਾਈ ਨਹੀਂ ਕਰਨਾ ਵਾਰਨਾ, ਗੁਰਮੁਖੋ ਇਹ ਵੀ ਰੀਤ ਤੁਹਾਡੇ ਹੱਥ ਫੜਾਈਆ । ਪਾਲ ਸਿੰਘ ਤੇਰਾ ਪਹਿਲਾ ਇਕ ਪਿਆਰਨਾ, ਪੰਜਾਂ ਦੀ ਪੰਜੇ ਵਾਰੀ ਮੋਹਰ ਦੇਣੀ ਲਗਾਈਆ । ਫੇਰ ਗੁਰਮੁਖਾਂ ਦੇ ਵੇਖਣਾ ਪਿਆਰਨਾ, ਪ੍ਰਭ ਕਿਹੜੀ ਸੇਵ ਕਮਾਈਆ । ਗੁਰਮੁਖੋ ਏਥੇ ਕਰਨੀ ਕੋਈ ਖਾਰ ਨਾ, ਇਕੋ ਰੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਵਾਰਨੇ ਦੇ ਨਾਂ ਸੁਣ ਕੇ ਬੋਲ ਪਈ ਬੁੱਢੀ ਦਾਦੀ, ਦਾਅਵੇ ਨਾਲ ਸੁਣਾਈਆ । ਗੋਬਿੰਦ ਪਿਛੇ ਤੇਰੇ ਹੱਥ ਫੜਾਈ ਬਾਜ਼ੀ, ਬਾਜ਼ਾਂ ਵਾਲਿਆ ਬੇਪਰਵਾਹੀਆ । ਤੇਰੇ ਥੱਲੇ ਦਿਸੇ ਨਾ ਤਾਜੀ, ਤਖ਼ਤਾਂ ਵਾਲੇ ਦਿਤੀ ਛੁਪਾਈਆ । ਸ਼ਰਅ ਦੇ ਲਾਵਣ ਵਾਲਾ ਰਿਹਾ ਨਾ ਕੋਇ ਕ਼ਾਜ਼ੀ, ਕ਼ਾਜ਼ੀਆਂ ਦੇ ਬਦਲੇ ਭਗਤ ਬੈਠੇ



੯੪੨

ਸੋਭਾ ਪਾਈਆ । ਜਿਨ੍ਹਾਂ ਨੂੰ ਵੇਖ ਕੇ ਮੈਂ ਹੋਈ ਰਾਜ਼ੀ, ਆਪਣੀ ਰਮਜ਼ ਜਣਾਈਆ । ਮੈਂ ਬਣ ਕੇ ਸਭ ਦੀ ਮਾਂਗੀ, ਮਾਂਗਤਾ ਸਭ ਦੇ ਨਾਲ ਰਖਾਈਆ । ਜੇ ਗੁਰਮੁਖੋ ਕਹਿ ਦਿਉ ਹਾਂ ਜੀ, ਮੇਰੀ ਪਿਛਲੀ ਕੀਤੀ ਤੁਹਾਡੀ ਝੋਲੀ ਵਿਚੋਂ ਨਜ਼ਰੀ ਆਈਆ । ਮੈਂ ਉਹ ਦਿਨ ਵੇਖਣਾ ਜਿਸ ਵੇਲੇ ਮੇਰੇ ਪੋਤੇ ਦੇ ਭਗਤ ਸੁਹੇਲੇ ਬਣਨੇ ਜਾਂਵੀ, ਖ਼ੁਸ਼ੀਆਂ ਨਾਲ ਭਗਤ ਦਵਾਰੇ ਆਈਆ । ਮੈਂ ਇਨ੍ਹਾਂ ਨੂੰ ਪ੍ਰੇਮ ਪਿਆਰ ਦੀ ਵੰਡਣੀ ਭਾਜੀ, ਜਿਹੜੀ ਭਜਨ ਬੰਦਗੀ ਵਿਚੋਂ ਲਈ ਪਰਗਟਾਈਆ । ਮੇਰੇ ਦੁੱਧ ਨੂੰ ਜਾਗ ਲਗੀ ਨਹੀਂ ਕਾਂਜੀ, ਸੋਹਣਾ ਸਾਫ਼ ਸੁਥਰਾ ਰੂਪ ਜਣਾਈਆ । ਜੇ ਭਗਤੋ ਤੁਸੀਂ ਰਾਜ਼ੀ, ਤੇ ਮੈਂ ਖ਼ੁਸ਼ੀਆਂ ਵਿਚ ਸਮਾਈਆ । ਮੈਂ ਆਪਣੇ ਬੰਸ ਦੀ ਲਾ ਕੇ ਬਾਜ਼ੀ, ਮੁੜ ਕੇ ਤੁਹਾਡੀ ਨੀਂਹ ਧਰਾਈਆ । ਤੁਸੀਂ ਮੇਰੀ ਮੰਨ ਲਓ ਆਖੀ, ਮੈਂ ਆਖ਼ਰ ਰਹੀ ਜਣਾਈਆ । ਜਿਸ ਗੋਬਿੰਦ ਨੇ ਸਿੱਖੀ ਬਣਾਈ ਉਤੇ ਵਸਾਖੀ, ਉਹ ਵਸਾਹ ਕੇ ਸਤਾਰਾਂ ਹਾੜ ਗਿਆ ਆਈਆ । ਵੇਖਿਓ ਬੱਚਿਓ ਭੁਲ ਕੇ ਕਰਿਓ ਨਾ ਕੋਇ ਗੁਸਤਾਖ਼ੀ, ਗ਼ੁੱਸੇ ਦੇਣੇ ਗਵਾਈਆ । ਮੇਰਾ ਬੱਚਾ ਕਰਨ ਆਇਆ ਤੁਹਾਡੀ ਰਾਖੀ, ਰਖਿਆ ਕਰੇ ਥਾਉਂ ਥਾਈਆ । ਮੈਨੂੰ ਐਂ ਜਾਪਦਾ ਇਹ ਪੰਜੇ ਪਿਆਰੇ ਪਿਛਲੇ ਇਹਦੇ ਜਮਾਤੀ, ਜਿਹੜੇ ਇਕੱਠੇ ਬਹਿ ਕੇ ਮਤਾ ਪਕਾਈਆ । ਹੋਰ ਦਿਸਿਆ ਜਿਹੜੇ ਸਰਸੇ ਵਿਚ ਰੁੜ੍ਹ ਗਏ ਰਾਤੀ, ਰੁਤ ਆਪਣੀ ਦਏ ਸੁਹਾਈਆ । ਮੈਂ ਕੀ ਲੱਭਿਆ ਜਿਨ੍ਹਾਂ ਦੀ ਗੜ੍ਹੀ ਚਮਕੌਰ ਹੋਈ ਘਾਤੀ, ਉਹ ਘਾਓ ਖਾ ਕੇ ਦਾਓ ਲਾ ਕੇ ਏਥੇ ਗਏ ਆਈਆ । ਮੈਨੂੰ ਵੀ ਸੰਗਰਾਣੇ ਦੀ ਢਾਬ ਮਾਰੇ ਅਵਾਜ਼ੀ, ਹੌਲੀ ਹੌਲੀ ਸੁਣਾਈਆ । ਮਹਾਂ ਸਿੰਘ ਦੀ ਕ਼ਲਮ ਦਵਾਤੀ, ਮੈਨੂੰ ਅੱਖਰ ਰਹੀ ਦ੍ਰਿੜਾਈਆ । ਜਿਸ ਦੀ ਯਾਦ ਆ ਗਈ ਯਾਦੀ, ਯਦੀ ਰਹੀ ਸੁਣਾਈਆ । ਜੋ ਰੂਪ ਬਦਲ ਕੇ ਸੇਵਾ ਸਿੰਘ ਆ ਗਿਆ ਪਾਂਧੀ, ਆਪਣਾ ਫੇਰਾ ਪਾਈਆ । ਬੁੱਢੀ ਦਾਦੀ ਕਹੇ ਭਗਤੋ ਅੱਜ ਦੀ ਰਾਤ ਮੈਂ ਚਾਹੁੰਦੀ ਤੁਸੀਂ ਸਾਰੇ ਬਣਾਓ ਸਾਂਝੀ ਇਕ ਹਾਂਡੀ, ਖ਼ੁਸ਼ੀਆਂ ਨਾਲ ਮਿਲ ਕੇ ਹਿੱਸਾ ਪਾਈਆ । ਦੂਰ ਦੁਰਾਡੀਆਂ ਸੰਗਤਾਂ ਬਣ ਜਾਓ ਆਂਡੀ ਗਵਾਂਡੀ, ਦੂਰ ਨੇੜਾ ਪੰਧ ਮੁਕਾਈਆ । ਇਨ੍ਹਾਂ ਬੱਚਿਆਂ ਦੀ ਮਾਂ ਆ ਜਾਏ ਗਾਂਦੀ, ਜਿਸ ਨੇ ਪਹਿਲੇ ਬੇਟੇ ਭੇਟਾ ਦਿਤੇ ਚੜ੍ਹਾਈਆ । ਉਹ ਆਖੇ ਮੈਂ ਭਗਤਾਂ ਦੀ ਬਾਂਦੀ, ਗੁਰਮੁਖੋ ਤੁਹਾਡੀ ਸੇਵ ਕਮਾਈਆ । ਕਿਉਂਕੇ ਤੁਸੀਂ ਮੇਰੇ ਬੱਚੇ ਦੇ ਬਣਨਾ ਜਾਂਵੀ, ਸੋਹਣੀ ਜੰਵ ਦੇਣੀ ਸੁਹਾਈਆ । ਤੁਸੀਂ ਸੁਵਰਨ ਤੇ ਮੈਂ ਚਾਂਦੀ, ਤੁਹਾਡੇ ਨਾਲ ਮਿਲ ਕੇ ਆਪਣਾ ਰੂਪ ਲਵਾਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੈਨੂੰ ਕੁਛ ਪਿਛਾ ਯਾਦ ਰਿਹਾ ਕਰਾ, ਟੁੰਬ ਟੁੰਬ ਕੇ ਰਿਹਾ ਉਠਾਈਆ । ਬਿਸ਼ਨ ਸਿੰਘ ਦਾ ਪਿਛਲਾ ਭਗਤ ਸਿੰਘ ਤੀਜੇ ਥਾਂ ਵੱਡਾ ਦਿਸੇ ਭਰਾ, ਜੋ ਇਟਾਰਸੀ ਵਿਚੋਂ ਚਲ ਕੇ ਏਥੇ ਫੇਰਾ ਪਾਈਆ । ਉਹ ਵੀ ਦਿਸਿਆ ਰਣਜੀਤ ਕੌਰ ਇਨ੍ਹਾਂ ਦੀ ਨਿਕੀ ਭੈਣ ਗਲਵਕੜੀ ਲੈਂਦੀ ਸੀ ਪਾ, ਖ਼ੁਸ਼ੀਆਂ ਨਾਲ ਮਿਲ ਕੇ ਝਟ ਲੰਘਾਈਆ । ਤੁਹਾਡੇ ਪਿਛਲੇ ਭਣੇਵੇਂ ਦਾ ਅਜ ਅਨੰਦ ਕਾਰਜ ਦਿਤਾ ਰਚਾ, ਰੁਝੇਵੇਂ ਸਾਰੇ ਦਿਤੇ ਮੁਕਾਈਆ । ਵਿਚ ਗੋਬਿੰਦ ਬਣ ਮਲਾਹ, ਸ਼ਹਾਦਤ ਗਹਿਰੀ ਦਿਤੀ ਪਾਈਆ । ਅੰਦਰ ਵੜੇ ਨੂੰ ਭਾਵੇਂ ਬੇਵਕੂਫ਼ ਸਮਝੋ ਤੇ ਭਾਵੇਂ ਸਮਝੋ ਖ਼ੁਦਾ, ਖ਼ੁਦ ਮਾਲਕ ਆਪਣਾ ਹੁਕਮ ਵਰਤਾਈਆ । ਤੁਹਾਡੇ ਨਾਲੋਂ ਜਿਸ ਨੇ ਨਹੀਂ ਹੋਣਾ ਜੁਦਾ, ਵਿਛੜਿਆਂ ਮੇਲ ਮਿਲਾਈਆ । ਓ ਗੁਰਮੁਖੋ ਖ਼ੁਸ਼ੀਆਂ ਨਾਲ ਸਗਨ ਲਓ ਪਾ, ਜਿਹੜਾ ਸਗਨ ਪੌਣ ਤੋਂ ਪਹਿਲੋਂ ਆਪਣਾ ਆਪ ਭੇਟ ਗਿਆ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਵਾਰਨਾ ਕਰੇ ਨਾਲ ਚਾ, ਦੋਹਾਂ ਦੀ ਝੋਲੀ ਦਏ ਟਿਕਾਈਆ । ਗੁਰਮੁਖ ਸਿੰਘ ਦੋਵਾਂ ਦੇ ਸਿਰ

ਤੇ ਹੱਥ ਦੇ ਰਖਾ, ਮੁਖੋਂ ਕਹਿ ਦੇ ਤੇਰੀ ਬੇਪਰਵਾਹੀਆ । ਕਿਉਂ ਪਰਦਾ ਰੱਖਿਆ ਛੁਪਾ, ਹੱਸਦਿਆਂ ਨੂੰ ਲਿਆ ਰੁਆ, ਮੀਂਹ ਵਿਚ ਲਿਆ ਠਰਾ, ਰੌਲਾ ਦਿਤਾ ਪੁਆ, ਆਪ ਹੋ ਕੇ ਬੇਪਰਵਾਹ, ਖ਼ੁਸ਼ੀਆਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਡੇ ਪ੍ਰੇਮ ਦਾ ਵੇਖੇ ਚਾਅ, ਆਪਣਾ ਚਾਓ ਤੁਹਾਡੇ ਨਾਲ ਮਿਲਾਈਆ ।

ਗੁਰਮੁਖੋ ਮੈਂ ਤੁਹਾਨੂੰ ਲਾਵਾਂ ਟਿੱਕਾ, ਟਿੱਕਾ ਆਪਣਾ ਨੂਰ ਬਣਾਈਆ । ਤੁਹਾਡਾ ਬਣ ਕੇ ਪਿਤਾ, ਸਾਚੀ ਗੋਦ ਬਿਠਾਈਆ । ਸਾਚੇ ਨਾਮ ਦਾ ਦੇ ਕੇ ਸਿੱਕਾ, ਸੋਹਣੀ ਟਕਸਾਲ ਦਿਤੀ ਵਖਾਈਆ । ਕੂੜਾ ਰਸ ਕੱਢਕੇ ਫਿਕਾ, ਅੰਮ੍ਰਿਤ ਰਸ ਦਿਤਾ ਭਰਾਈਆ । ਜਨਮ ਕਰਮ ਦੀ ਮੇਟ ਕੇ ਤ੍ਰਿਖਾ, ਤ੍ਰਿਸ਼ਨਾ ਦਿਤੀ ਗਵਾਈਆ । ਸਾਰੇ ਸੰਗਤ ਦੇ ਦਵਾਰੇ ਤੇ ਵਿਕਾ, ਅੰਮ੍ਰਿਤ ਛਿੱਟੇ ਰਿਹਾ ਬਰਸਾਈਆ । ਪੰਜੇ ਮਿਲ ਕੇ ਆਪਣੇ ਛੋਟੇ ਨੂੰ ਲਾ ਦਿਓ ਟਿੱਕਾ, ਪ੍ਰੇਮ ਪ੍ਰੇਮ ਰੰਗ ਚੜ੍ਹਾਈਆ । ਬਿਸ਼ਨ ਸਿੰਘਾ ਤੂੰ ਦੋਹਾਂ ਦੀ ਹੱਥ ਲੌਣਾ ਪਿੱਠਾ, ਪਿਆਰ ਨਾਲ ਟਿਕਾਈਆ । ਪਾਲ ਸਿੰਘ ਵੰਡਣਾ ਸੱਚਾ ਹਿੱਸਾ, ਹਿੱਸੇਦਾਰ ਦਿਤਾ ਬਣਾਈਆ । ਇੰਦਰ ਸਿੰਘ ਵੇਖ ਖੇਲ ਅਨਡਿੱਠਾ, ਧੁਰ ਦਾ ਦਿਆਂ ਵਖਾਈਆ । ਪ੍ਰੀਤਮ ਸਿੰਘ ਇਕ ਰੁਪਈਆ ਕਢ ਚਿੱਟਾ, ਸਲਵਾਰਨਾ ਦੋਹਾਂ ਉਤੋਂ ਕਰਾਈਆ । ਭਗਤ ਸਿੰਘ ਆਵੇ ਪਿੱਛਾ, ਪਿਛਲਾ ਲਹਿਣਾ ਦੇ ਚੁਕਾਈਆ । ਬਾਕੀ ਹਰਿ ਸੰਗਤ ਸਾਚੇ ਭਗਤਾਂ ਦੀ ਪ੍ਰੇਮ ਪਿਆਰ ਦੀ ਇੱਛਾ, ਜੋ ਚਾਹਵੇ ਸੋ ਵਾਰ ਕੇ ਖ਼ੁਸ਼ੀ ਮਨਾਈਆ । ਨਾਲ ਜੈਕਾਰੇ ਬੋਲਣੇ ਅਮਰਜੀਤ ਸੁਰਜੀਤ ਜੋ ਤੁਹਾਡਾ ਪਿਤਾ ਸੋ ਸਾਡਾ ਪਿਤਾ, ਭਾਈ ਭੈਣ ਬਣ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਸਭ ਦੀ ਝੋਲੀ ਪਾਈਆ ।



ਸਲਵਾਰਨਾ ਕਹੇ ਮੈਂ ਅੱਜ ਸਭ ਨੂੰ ਕਹਾਂ, ਕਹਿ ਕੇ ਦਿਆਂ ਜਣਾਈਆ । ਮੈਨੂੰ ਕੋਈ ਨਾ ਵਾਰਿਓ ਉਤੋਂ ਸਵਾ, ਇਹ ਸਾਹਿਬ ਦੀ ਬੇਪਰਵਾਹੀਆ । ਮੈਂ ਪੂਰਬ ਲਹਿਣੇ ਦਾ ਲਹਿਣਾ ਲਵਾਂ, ਦੇਣਾ ਅਗੇ ਦਿਆਂ ਵਖਾਈਆ । ਭਗਤਾਂ ਦੀ ਚਰਨੀ ਢਹਵਾਂ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਹਾੜ ਕਹੇ ਮੈਂ ਸਤਾਰਾਂ ਵਜਾਵਣ ਆਇਆ ਸਤਾਰ, ਸਚ ਸੁਰੰਗੀ ਨਾਲ ਲਿਆਈਆ । ਪੁਰਖ ਅਕਾਲ ਗੋਬਿੰਦ ਦੀ ਗੁਫ਼ਤਾਰ, ਖ਼ੁਫ਼ੀਆ ਹੋ ਕੇ ਸਭ ਨੂੰ ਦਿਆਂ ਸੁਣਾਈਆ । ਦੂਤੀਆ ਭਾਓ ਨਾ ਰਹੇ ਕੂੜ ਪਿਆਰ, ਇਕੋ ਰੰਗ ਦਿਆਂ ਰੰਗਾਈਆ । ਜਨ ਭਗਤੋ ਤੁਸੀਂ ਨਿਕਲੇ ਪ੍ਰਭ ਦੀ ਵਿਚੋਂ ਧਾਰ, ਧਾਰਨਾ ਇਕੋ ਦਿਤੀ ਵਖਾਈਆ । ਰਲ ਮਿਲ ਕੇ ਸਾਰੇ ਇਸ ਵਕਤ ਨੂੰ ਲਓ ਸਵਾਰ, ਸੋਹਣਾ ਰੰਗ ਚੜ੍ਹਾਈਆ । ਬੁੱਢੀ ਦਾਦੀ ਕਹੇ ਮੈਨੂੰ ਖ਼ੁਸ਼ੀ ਨਾਲ ਵਾਰ ਲੈਣ ਦਿਓ ਦੋ ਚਾਰ, ਮੈਂ ਚਾਰੇ ਤੁਹਾਡੀ ਝੋਲੀ ਪਾਈਆ । ਜਿਨ ਟੱਬਰਾਂ ਦੇ ਟੱਬਰ ਦਿਤੇ ਤਾਰ, ਕਾਇਆ ਕ਼ਬਰ ਵਿਚੋਂ ਬਾਹਰ ਕਢਾਈਆ । ਜਿਨ ਅੰਬਰਾਂ ਦੇ ਉਤੇ ਦਿਤੇ ਚਾੜ੍ਹ, ਭਗਤਾਂ ਦੀ ਦਏ ਵਡਿਆਈਆ । ਉਹ ਸਵੰਬਰਾਂ ਦਾ ਸਰਦਾਰ, ਕੂੜੇ ਅਡੰਬਰ ਰਿਹਾ ਉਡਾਈਆ । ਉਹ ਕਾਇਆ ਮੰਦਰਾਂ ਦਾ ਹਕਦਾਰ, ਘਟ

ਘਟ ਅੰਦਰ ਵੇਖ ਵਖਾਈਆ । ਇਹ ਰੀਤੀ ਵਖਰੀ ਜਗਤ ਸੰਸਾਰ, ਮਾਰਗ ਧੁਰ ਦਾ ਰਹੀ ਦ੍ਰਿੜਾਈਆ । ਨੌ ਦਸ ਦਾ ਇਕ ਵਿਹਾਰ, ਵਿਵਹਾਰੀ ਹੋ ਕੇ ਰਿਹਾ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਡਾ ਬੇੜਾ ਕਰ ਕੇ ਪਾਰ, ਸਚ ਕਿਨਾਰੇ ਦਏ ਲਗਾਈਆ ।

ਨਾ ਪਟਨੇ ਦਾ ਰਾਜ ਨਾ ਦਿਸੇ ਰਈਅਤ, ਨਵਾਂ ਸਾਲ ਰਿਹਾ ਜਣਾਈਆ । ਪਾਤਸ਼ਾਹ ਹੋ ਕੇ ਜਿਸ ਗੋਬਿੰਦ ਦੀ ਸਮਝੀ ਸੀ ਹੈਸੀਅਤ, ਰਾਣੀ ਚਣਿਆਂ ਭੋਗ ਲਗਾਈਆ । ਜਿਸ ਨਾਲ ਖ਼ੁਸ਼ ਹੋਈ ਸੀ ਤਬੀਅਤ, ਸੁਖਨ ਕੀਤਾ ਸਹਿਜ ਸੁਭਾਈਆ । ਮਾਤਾ ਮੈਂ ਕਰ ਕੇ ਜਾਵਾਂ ਇਕ ਵਸੀਅਤ, ਕਿੱਥੋਂ ਗ਼ਰੀਬਾਂ ਦਾ ਚੋਗਾ ਮੇਰੇ ਅਗੇ ਦਿਤਾ ਟਿਕਾਈਆ । ਉਸ ਨੇ ਹਸ ਕੇ ਕਿਹਾ ਅਸਲੀਅਤ, ਬੱਚਿਆ ਮੈਨੂੰ ਬੱਚਾ ਪਾਲਣ ਦੀ ਜਾਚ ਜ਼ਰਾ ਨਾ ਰਾਈਆ । ਮੇਰੀ ਬਣੀ ਨਹੀਂ ਕਿਸੇ ਬੱਚੇ ਵਾਲੀ ਵਲਦੀਅਤ, ਗੋਦੀ ਕੁੱਖ ਨਾ ਕੋਇ ਵਡਿਆਈਆ । ਗੋਬਿੰਦ ਕਿਹਾ ਮੇਰੀ ਅਹਮੀਅਤ, ਤੈਨੂੰ ਦਿਆਂ ਸਮਝਾਈਆ । ਜਿਸ ਵੇਲੇ ਖੇਲ ਖੇਲਾਂ ਵਿਚ ਅਸਲੀਅਤ, ਅਸਲ ਆਪਣਾ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਿਹਾ ਪਟਨੇ ਰਾਣੀ, ਮਾਤਾ ਤੈਨੂੰ ਦਿਆਂ ਜਣਾਈਆ । ਤੇਰੇ ਚਣਿਆਂ ਨਾਲ ਠੰਡਾ ਪਾਣੀ, ਪੀ ਪੀ ਖ਼ੁਸ਼ੀ ਮਨਾਈਆ । ਤੇਰਾ ਲੇਖਾ ਦੇਵਾਂ ਵਿਚ ਜਹਾਨੀ, ਦੋਹਰਾ ਵੇਸ ਵਟਾਈਆ । ਆਪਣੇ ਪ੍ਰੇਮ ਦੀ ਇਕ ਨਿਸ਼ਾਨੀ, ਭੁਖ ਦੁਖ ਤੇਰੇ ਹੱਥ ਫੜਾਈਆ । ਜਿਸ ਵੇਲੇ ਆਵਾਂ ਨਾਲ ਮਿਲ ਕੇ ਸ਼ਾਹ ਸੁਲਤਾਨੀ, ਰੂਪ ਅਨੂਪਾ ਵੇਸ ਵਟਾਈਆ । ਤੇਰੇ ਖ਼ਜ਼ਾਨੇ ਦੀ ਤੇਰੇ ਕੋਲ ਨਹੀਂ ਰਹਿਣੀ ਦੁਆਨੀ, ਦਵਾਨੀ ਦਾ ਦਾਅਵਾ ਦਾਇਰ ਕਰ ਰਿਹਾ ਚਲਾਈਆ । ਓਸ ਵੇਲੇ ਤੁਸਾਂ ਮੇਰੀ ਖਾਣ ਔਣਾ ਮਹਿਮਾਨੀ, ਪਰਾਹੁਣੇ ਬਣ ਕੇ ਫੇਰਾ ਪਾਈਆ । ਤੁਸਾਂ ਖੁਆਏ ਛੋਲੇ ਮੈਂ ਸੁਣੌਣੀ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਤੁਸਾਂ ਮੈਨੂੰ ਬੱਚਾ ਸਮਝਿਆ ਮੈਂ ਆਪਣਾ ਬਣੌਣਾ ਹਾਣੀ, ਆਪਣਾ ਮੇਲਾ ਲੈਣਾ ਮਿਲਾਈਆ । ਫੇਰ ਦੇ ਕੇ ਪਦ ਨਿਰਬਾਨੀ, ਨਿਰਬਾਣ ਪਦ ਦੇਣਾ ਵਖਾਈਆ । ਅੱਜ ਓਸੇ ਦੀ ਕਹਾਣੀ, ਜਿਸ ਦੀ ਕਹਾਵਤ ਜਗਤ ਦਏ ਗਵਾਹੀਆ । ਪੁਰਖ ਅਕਾਲ ਦੀਨ ਦਿਆਲ ਸਭ ਦਾ ਜਾਣ ਜਾਣੀ, ਹਰ ਹਿਰਦੇ ਖੋਜ ਖੁਜਾਈਆ । ਰਾਜੇ ਤੇਰੀ ਆਸ਼ਾ ਨਾ ਹੋਏ ਨਿਮਾਣੀ, ਅੰਦਰੇ ਅੰਦਰ ਵੇਖ ਵਖਾਈਆ । ਤੂੰ ਬਣ ਗਈ ਸੁਘੜ ਸੁਚੱਜੀ ਸੁਵਾਣੀ, ਮਾਲਕ ਤੇਰਾ ਬੇਪਰਵਾਹੀਆ । ਅੱਜ ਤੋਂ ਭੰਡਾਰ ਤੇਰੇ ਹੱਥ ਅੰਨ ਦਾਣੀ, ਨਾਨਕ ਨਾਲੋਂ ਚੰਗਾ ਤੇਰਾ ਮੋਦੀਖ਼ਾਨਾ ਬਣਾਈਆ । ਮੈਨੂੰ ਯਾਦ ਤੇਰੀ ਕੁਰਬਾਨੀ, ਪਟਨਾ ਛੱਡ ਕੇ ਭੱਜਿਆ ਵਾਹੋ ਦਾਹੀਆ । ਤੇਰੇ ਵਿਚ ਨਜ਼ਰ ਨਾ ਆਈ ਕੋਈ ਬੇਈਮਾਨੀ, ਸਤਾਰਾਂ ਹਾੜ ਤਕ ਅੰਦਰ ਵੜ ਵੜ ਵੇਖ ਵਖਾਈਆ । ਅਗੇ ਦੇਣੀ ਹੱਥੋਂ ਨਹੀਂ ਕੋਈ ਦਵਾਨੀ, ਦੀਵਾਨਖ਼ਾਨਾ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਕੋਲੋਂ ਮੰਗ ਕੇ ਆਪਣਾ ਝਟ ਲੰਘਾਈਆ । ਤੇਰੇ ਹੱਥ ਦੇਵਾਂ ਭੰਡਾਰਾ, ਭੰਡਾਰੀ ਦਿਆਂ ਬਣਾਈਆ । ਤੇਰੇ ਨਾਲ ਬਣਾਂ ਵਰਤਾਰਾ, ਭਗਤਾਂ ਦੀ ਸੇਵ ਕਮਾਈਆ । ਜਿਸ ਤੇਰੇ ਪ੍ਰੇਮੀ ਵੀਰ ਦਾ ਪਏ ਛੁਹਾਰਾ, ਸੋਹਣੀ ਰੁਤ ਸੁਹਾਈਆ । ਜਿਸ ਤੇਰੀ ਭੈਣ ਦਾ ਪਿਛਲਾ ਚੁਕਿਆ ਉਧਾਰਾ, ਲੇਖਾ ਦਿਤਾ ਮੁਕਾਈਆ । ਅਗੇ ਨੂੰ ਤੇਰਾ ਅੰਦਰ ਕਰ ਕੇ ਭਾਰਾ, ਨਾਮ ਖ਼ਜ਼ਾਨਾ ਤੇਰੀ ਝੋਲੀ ਪਾਈਆ । ਇਹ ਕੋਈ ਭੁੱਖਿਆਂ ਦਾ ਨਹੀਂ ਦਵਾਰਾ, ਭਗਤਾਂ ਦਾ ਘਰ ਬਾਰਾ, ਜਿਥੇ ਤੋਟ ਕਦੇ ਨਾ ਆਈਆ । ਜੇ

ਇਕ ਰੁਪਈਆ ਦੇ ਦਿੰਦੋਂ ਫੇਰ ਇਟਾਰਸੀ ਵਾਲੇ ਵੇਖਦੇ ਕਿਸ ਤਰਾ ਇਹ ਤੇਰਾ ਮੇਰਾ ਨਜ਼ਾਰਾ, ਇਸ਼ਾਰਾ ਇਹੋ ਸਭ ਨੂੰ ਰਿਹਾ ਲਗਾਈਆ । ਭਗਤੋ ਜੇ ਕਰਨਾ ਤੇ ਕਰੋ ਸਚ ਪਿਆਰਾ, ਪਿਆਰ ਵਿਚੋਂ ਪ੍ਰੀਤਮ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਓਸ ਕੀੜੀ ਦਾ ਲੈ ਕੇ ਸਹਾਰਾ, ਬਾਹਰੋਂ ਆਇਆ ਭਗਤਾਂ ਦੇ ਦਰਬਾਰਾ, ਨਿਰੰਕਾਰ ਹੋ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰਾ, ਅਗੰਮ ਅਥਾਹ ਬੇਪਰਵਾਹ ਸ਼ਹਿਨਸ਼ਾਹ ਲਾਲ ਸਿੰਘ ਰਿਹਾ ਸਮਝਾ, ਸਮਾਂ ਥੋੜ੍ਹਾ ਥੋੜ੍ਹੇ ਤੋਂ ਥੋੜ੍ਹਾ ਫੇਰ ਇਕੱਠਿਆਂ ਲਏ ਕਰਾਈਆ ।

### ✻ ੧੯ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਪੁਰਖ ਅਕਾਲ ਕਹੇ ਮੇਰੇ ਹਾੜ ਬੱਚੇ, ਇਕ ਸੱਤ ਸਤਾਰਾਂ ਦਿਆਂ ਵਡਿਆਈਆ । ਅਗੋਂ ਹਾੜ ਸਤਾਰਾਂ ਖ਼ੁਸ਼ੀਆਂ ਨਾਲ ਹੱਸੇ, ਹਸਤੀ ਵੇਖ ਬੇਪਰਵਾਹੀਆ । ਦੋਹਾਂ ਮਿਲ ਕੇ ਰਾਹ ਓਸ ਗੋਬਿੰਦ ਦੇ ਤੱਕੇ, ਜਿਹੜਾ ਆਪਾ ਆਪ ਗਿਆ ਮਿਟਾਈਆ । ਜੋ ਜੋਤੀ ਧਾਰ ਸਚਖੰਡ ਦਵਾਰੇ ਵਸੇ, ਸਿੰਘਾਸਣ ਆਸਣ ਸੋਭਾ ਪਾਈਆ । ਜਿਸ ਦੀਆਂ ਆਸਾਂ ਸਾਰੇ ਬੈਠੇ ਰੱਖੇ, ਦੋ ਜਹਾਨ ਅੱਖ ਖੁਲ੍ਹਾਈਆ । ਜਿਸ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਦੇ ਨਾ ਸਕੀ ਪਤੇ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਨਾਮ ਅਨਮੁਲੜੇ ਰਤੇ, ਧੁਰ ਦੇ ਰਤਨ ਦਏ ਬਣਾਈਆ । ਜਿਸ ਦਾ ਖੇੜਾ ਆਦਿ ਜੁਗਾਦਿ ਨਿਤ ਨਵਿਤ ਸਦਾ ਵਸੇ, ਢਾਹ ਬਰਬਾਦ ਨਾ ਕੋਇ ਕਰਾਈਆ । ਜੋ ਯਾਰ ਯਰਾਨੇ ਵਾਲਾ ਸੱਥਰ ਘੱਤੇ, ਸਾਥੀ ਸੰਗ ਨਾ ਕੋਇ ਵਖਾਈਆ । ਹਾੜ ਸਤਾਰਾਂ ਕਹੇ ਮੈਂ ਓਸੇ ਦੇ ਦਰਸ਼ਨ ਤੱਕੇ, ਜੋ ਤਾਕ਼ਤ ਵਾਲਾ ਨਜ਼ਰੀ ਆਈਆ । ਪੁਰਖ ਅਕਾਲ ਕਹੇ ਅਸੀਂ ਤਿੰਨੇ ਹੋ ਗਏ ਇਕੱਠੇ, ਸਭ ਨੂੰ ਦਿਆਂ ਮਾਣ ਵਡਿਆਈਆ । ਗੋਬਿੰਦ ਅੰਦਰੋ ਅੰਦਰੀ ਚਰਨੀ ਢੱਠੇ, ਢਹਿ ਪਿਆ ਸਰਨਾਈਆ । ਪ੍ਰਭੂ ਪਿਛਲੀ ਹਿੱਸੇਦਾਰੀ ਦੇ ਪਾੜ ਦੇ ਪਟੇ, ਪਟਨੇ ਵਾਲਾ ਦਏ ਜਣਾਈਆ । ਦੀਨ ਮਜ਼੍ਹਬ ਦੇ ਰਹਿਣ ਨਹੀਂ ਦੇਣੇ ਰੱਟੇ, ਰਟਣ ਇਕੋ ਦਏ ਸਮਝਾਈਆ । ਜਿਹੜੇ ਜ਼ਾਤ ਪਾਤ ਅੰਦਰ ਫਸੇ, ਫ਼ੈਸਲਾ ਇਕੋ ਦੇ ਸੁਣਾਈਆ । ਹਾੜ ਸਤਾਰਾਂ ਕਹੇ ਮੈਨੂੰ ਉਹ ਸਭ ਤੋਂ ਲਗਦੇ ਅੱਛੇ, ਜੋ ਜੋਬਨਵੰਤ ਨਜ਼ਰੀ ਆਈਆ । ਗੋਬਿੰਦ ਕਿਹਾ ਕਿਹੜੇ, ਹਾੜ ਕਿਹਾ ਜਿਹੜੇ ਪ੍ਰਭ ਦੀ ਚਰਨੀ ਵਸੇ, ਨਾਤੇ ਦੂਸਰ ਗਏ ਤੁੜਾਈਆ । ਪੁਰਖ ਅਕਾਲ ਕਿਹਾ ਮੈਂ ਉਨ੍ਹਾਂ ਵਲ ਰਿਹਾ ਤੱਕੇ, ਬਿਨ ਅੱਖਾਂ ਅੱਖ ਮਿਲਾਈਆ । ਹਾੜ ਸਤਾਰਾਂ ਕਹੇ ਮੈਂ ਖ਼ਾਲੀ ਵੇਖੇ ਮਦੀਨੇ ਮੱਕੇ, ਕਾਅਬੇ ਕਮਲਾਪਤ ਨਜ਼ਰ ਕੋਇ ਨਾ ਆਈਆ । ਗੋਬਿੰਦ ਕਹੇ ਮੈਂ ਮੰਦਰ ਸ਼ਿਵਦਵਾਲੇ ਮਠ ਸਾਰੇ ਛੱਡੇ, ਖਹਿੜਾ ਲਿਆ ਛੁਡਾਈਆ । ਪੁਰਖ ਅਕਾਲ ਕਹੇ ਮੈਂ ਸਭ ਦੀ ਪਾਰ ਕੀਤੀ ਹੱਦੇ, ਲੇਖਾ ਦਿਤਾ ਚੁਕਾਈਆ । ਹਾੜ ਸਤਾਰਾਂ ਖ਼ੁਸ਼ੀਆਂ ਨਾਲ ਨੱਚੇ ਟੱਪੇ, ਕੁੱਦੇ ਵਾਹੋ ਦਾਹੀਆ । ਉਚੀ ਕੂਕ ਕੂਕ ਦੱਸੇ, ਸੋਹਣੇ ਢੋਲੇ ਰਾਗ ਸੁਣਾਈਆ । ਗੋਬਿੰਦ ਹੌਲੀ ਹੌਲੀ ਉਹਦੇ ਸਿਰ ਤੇ ਮਾਰੇ ਧੱਫੇ, ਥਪਕੀ ਰਿਹਾ ਲਗਾਈਆ । ਪੁਰਖ ਅਕਾਲ ਨਿਰਗੁਣ ਹੋ ਕੇ ਅੰਦਰ ਵਸੇ, ਜੋਤੀ ਜਾਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਾੜ


੯੪੬

ਸਤਾਰਾਂ ਕਹੇ ਪ੍ਰਭ ਮੇਰੇ ਪੁਰਖ ਅਕਾਲਾ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਗੋਬਿੰਦ ਕਹੇ ਮੇਰੇ ਦੀਨ ਦਿਆਲਾ, ਦਇਆ ਨਿਧ ਤੇਰੀ ਸ਼ਰਨਾਈਆ । ਪੁਰਖ ਅਕਾਲ ਕਹੇ ਤੂੰ ਗੋਬਿੰਦ ਮੇਰਾ ਇਕੋ ਬਾਲਾ, ਦੂਜਾ ਨਜ਼ਰ ਕੋਇ ਨਾ ਆਈਆ । ਹਾੜ ਸਤਾਰਾਂ ਕਹੇ ਮੈਂ ਤੇਰੀ ਵੇਖ ਕੇ ਅਗੰਮੀ ਚਾਲਾ, ਹੈਰਾਨੀ ਅੰਦਰ ਧਿਆਨ ਲਗਾਈਆ । ਸ੍ਰੀ ਭਗਵਾਨ ਕਹੇ ਮੈਂ ਦੱਸਣ ਆਇਆ ਮਾਰਗ ਸੁਖਾਲਾ, ਓਝੜ ਰਾਹ ਨਾ ਕੋਇ ਭਵਾਈਆ । ਗੋਬਿੰਦ ਕਹੇ ਮੈਂ ਭਗਤਾਂ ਗੁਰਮੁਖਾਂ ਦੀ ਬਣ ਕੇ ਤਲਵਾਰ ਢਾਲਾ, ਦੋਵੇਂ ਧੜੇ ਦਿਤੇ ਬਦਲਾਈਆ । ਹਾੜ ਸਤਾਰਾਂ ਕਹੇ ਮੈਂ ਵੇਖਿਆ ਤੈਨੂੰ ਰਖਵਾਲਾ, ਜੋਧਾ ਸੂਰਬੀਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਹਾੜ ਸਤਾਰਾਂ ਕਹੇ ਸ਼ਾਹ ਪਾਤਸ਼ਾਹ ਮੇਰੇ ਸੁਲਤਾਨ, ਨਰ ਨਿਰੰਕਾਰ ਤੇਰੀ ਵਡਿਆਈਆ । ਦਾਤਾ ਦਾਨੀ ਮਿਹਰਵਾਨ, ਮੇਰੀ ਝੋਲੀ ਦਿਤੀ ਭਰਾਈਆ । ਤੇਰਾ ਸੂਰਾ ਨੌਜਵਾਨ ਗੋਬਿੰਦ ਸੁਤ ਸ਼ਬਦੀ ਮਿਲਿਆ ਆਣ, ਫੜ ਬਾਹੋਂ ਗਲੇ ਲਗਾਈਆ । ਮੇਰਾ ਵਧ ਗਿਆ ਏਥੇ ਓਥੇ ਮਾਣ, ਅਭਿਮਾਨ ਦਿਤਾ ਮਿਟਾਈਆ । ਹੁਣ ਓਹਨ ਹੌਲੀ ਜਿਹੀ ਮੈਨੂੰ ਕੁਛ ਦੱਸਿਆ ਆਣ, ਸੁਨੇਹੜਾ ਦਿਤਾ ਸੁਣਾਈਆ । ਮੇਰੀ ਮੇਰੇ ਸਾਹਿਬ ਨਾਲ ਕਰ ਪਹਿਚਾਨ, ਦੂਜੇ ਦਰ ਨਾ ਵੇਖਣ ਜਾਈਆ । ਜਿਨ੍ਹਾਂ ਬਣਾਇਆ ਸਤਿ ਨਿਸ਼ਾਨ, ਬ੍ਰਹਿਮੰਡਾਂ ਰਿਹਾ ਹਿਲਾਈਆ । ਉਹ ਵੇਖਣਹਾਰਾ ਮਾਰ ਧਿਆਨ, ਧਰਨੀ ਧਰਤ ਧਵਲ ਖੋਜ ਖੁਜਾਈਆ । ਹਾੜ ਸਤਾਰਾਂ ਕਹੇ ਪ੍ਰਭ ਤੇਰਾ ਚੰਗਾ ਲੱਗਾ ਗਿਆਨ, ਜੋ ਅਗਿਆਨੀਆਂ ਦਏ ਜਣਾਈਆ । ਗੋਬਿੰਦ ਕਹੇ ਤੇਰਾ ਹੁਕਮ ਮੈਨੂੰ ਪਰਵਾਨ, ਪਰਵਾਨਾ ਧੁਰ ਦਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਾੜ ਸਤਾਰਾਂ ਕਹੇ ਮੈਂ ਪ੍ਰਭੂ ਵੇਖਿਆ ਤੇਰਾ ਜਗਤ, ਦੀਨ ਦੁਨੀ ਖੋਜ ਖੁਜਾਈਆ । ਗੋਬਿੰਦ ਕਹੇ ਮੈਂ ਤੇਰਾ ਢਾਹ ਕੇ ਅਰਸ਼ ਫ਼ਰਸ਼, ਮੰਦਰ ਇਕੋ ਇਕ ਸੁਹਾਈਆ । ਪੁਰਖ ਅਕਾਲ ਕਹੇ ਜੋ ਮੇਰੇ ਦਰਸ ਨੂੰ ਰਹੇ ਤਰਸ, ਤਿਨ੍ਹਾਂ ਦੀ ਤ੍ਰਿਖਾ ਰਿਹਾ ਬੁਝਾਈਆ । ਹਾੜ ਸਤਾਰਾਂ ਕਹੇ ਜੋ ਰਹੇ ਤੜਪ, ਵੈਰਾਗੀ ਰੂਪ ਵਟਾਈਆ । ਉਨ੍ਹਾਂ ਦਾ ਮਾਰਗ ਸਿੱਧੀ ਕਰ ਕੇ ਸੜਕ, ਸਿੱਧੇ ਰਸਤੇ ਦਿਤੇ ਪਾਈਆ । ਸਚਖੰਡ ਦਵਾਰੇ ਜਾਂਦਿਆਂ ਕੋਈ ਨਾ ਜਾਵੇ ਅਟਕ, ਵਿਸ਼ਨ ਬ੍ਰਹਮਾ ਸ਼ਿਵ ਸਾਰੇ ਬਹਿ ਬਹਿ ਸੀਸ ਨਿਵਾਈਆ । ਪੁਰਖ ਅਕਾਲ ਕਹੇ ਮੈਂ ਭਗਤਾਂ ਦੇ ਪੱਲੇ ਬੰਨ੍ਹਾਂ ਖਰਚ, ਜਿਸ ਦੀ ਤੋਟ ਰਹੇ ਨਾ ਰਾਈਆ । ਕਿਸੇ ਨੂੰ ਮੰਦਰ ਜਾਣਾ ਪਏ ਨਾ ਮਸਜਿਦ ਚਰਚ, ਚਰਚਾ ਆਪਣੀ ਅੰਦਰੇ ਅੰਦਰ ਦਿਆਂ ਜਣਾਈਆ । ਕਿਸੇ ਦੇ ਕੋਲੋਂ ਨਾਮ ਦਾ ਲੈਣਾ ਪਏ ਨਾ ਕਰਜ਼, ਸ਼ਬਦ ਖ਼ਜ਼ਾਨੇ ਦਿਆਂ ਭਰਾਈਆ । ਜੋ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਗ਼ਰਜ਼, ਉਨ੍ਹਾਂ ਦਾ ਲੇਖਾ ਝੋਲੀ ਪਾਈਆ । ਭਗਤ ਉਧਾਰਨਾ ਪ੍ਰਭ ਦਾ ਫ਼ਰਜ਼, ਵਾਧੂ ਸੇਵ ਨਾ ਕੋਇ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰ ਗਰਦ, ਸਤਿਜੁਗ ਸਚ ਚੰਦ ਕਰੇ ਰੁਸ਼ਨਾਈਆ । ਇਕੋ ਰੰਗ ਚਾੜ੍ਹ ਕੇ ਨਾਰ ਮਰਦ, ਚਿੱਟੀ ਧਾਰ ਦਿਤੀ ਵਖਾਈਆ । ਵਹਿਣਾਂ ਵਿਚ ਹੋਣ ਨਾ ਦਿਤੇ ਗ਼ਰਕ, ਡੁਬਦੇ ਲਏ ਤਰਾਈਆ । ਗੋਬਿੰਦ ਪੁਰਖ ਅਕਾਲ ਨਾਲ ਜੋ ਲਾਈ ਸ਼ਰਤ, ਮਾਛੂਵਾੜਾ ਦਏ ਗਵਾਹੀਆ । ਉਨ੍ਹਾਂ ਦੇ ਕਾਰਨ ਆਇਆ ਪਰਤ, ਜੋ ਪਤਿਪਰਮੇਸ਼ਵਰ ਰਹੇ ਧਿਆਈਆ । ਜਨਮ ਜਨਮ ਦਾ ਹੋਣ ਨਾ ਦਿਤਾ ਹਰਜ, ਸਿਰ ਆਪਣਾ ਹੱਥ ਰਖਾਈਆ । ਹਾੜ ਸਤਾਰਾਂ ਕਹੇ ਮੇਰੀ ਥਿਤ ਵਿਚ ਵੰਡਿਆ ਦਰਦ, ਦੁਖੀਆਂ ਦਾ ਦੁਖ ਆਪਣੀ ਝੋਲੀ ਪਾਈਆ । ਇਨ੍ਹਾਂ ਦੇ ਅੰਦਰੋਂ ਬਾਹਰ ਕੱਢ ਦਿਤੀ ਮਜ਼੍ਹਬਾਂ ਵਾਲੀ ਛੁਰੀ ਕਰਦ, ਕਸਾਈ ਨਜ਼ਰ ਕੋਇ ਨਾ ਆਈਆ । ਜੋਤੀ ਜੋਤ

੯੪੮

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਹਾੜ ਸਤਾਰਾਂ ਕਹੇ ਮੈਨੂੰ ਯਾਦ ਆਇਆ ਵੇਲਾ, ਵਿਹਲਾ ਹੋ ਕੇ ਦਿਆਂ ਸੁਣਾਈਆ । ਜਿਸ ਵੇਲੇ ਗੋਬਿੰਦ ਪੁਰਖ ਅਕਾਲ ਦਾ ਬਣਿਆ ਚੇਲਾ, ਨਿਵ ਨਿਵ ਲਾਗਾ ਪਾਈਆ । ਸਤਾਰਾਂ ਹਾੜ ਕਹੇ ਉਹ ਦਿਨ ਥਿਤ ਸੀ ਮੇਰਾ ਵੇਲਾ, ਦੂਜਾ ਦਿਵਸ ਨਾ ਕੋਇ ਜਣਾਈਆ । ਦੱਭ ਕਾਹੀ ਜੰਗਲ ਬੇਲਾ, ਬਿਸਤਰਾ ਸੋਹਣਾ ਲਿਆ ਵਿਛਾਈਆ । ਥੱਲੇ ਮਿੱਟੀ ਦਾ ਰਖ ਕੇ ਢੇਲਾ, ਭੀਲਣੀ ਦਾ ਰਾਮ ਖੋਜ ਖੁਜਾਈਆ । ਕੁਦਰਤ ਦਾ ਕ਼ਾਦਰ ਬਣ ਕੇ ਸੱਜਣ ਸੁਹੇਲਾ, ਆਪਣਾ ਰੰਗ ਚੜ੍ਹਾਈਆ । ਧਾਮ ਵੇਖ ਕੇ ਇਕ ਨਵੇਲਾ, ਨੌਬਤ ਧੁਰ ਦੀ ਦਿਤੀ ਵਜਾਈਆ । ਜੋਬਨ ਮਤਾ ਜਗ ਅਲਬੇਲਾ, ਸੋਹਣਾ ਰੂਪ ਲਿਆ ਪਰਗਟਾਈਆ । ਅਚਰਜ ਖੇਲ ਅਗੰਮੀ ਖੇਲਾ, ਜਿਸ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹਾੜ ਸਤਾਰਾਂ ਕਹੇ ਮੇਰੇ ਪੁਰਖ ਅਕਾਲ, ਵਡ ਦਾਤੇ ਬੇਪਰਵਾਹੀਆ । ਮੈਂ ਦਰਸ ਕਰ ਕੇ ਤੇਰੇ ਗੋਬਿੰਦ ਲਾਲ, ਲਾਲਾਂ ਵਾਲੇ ਦਿਤੇ ਤਜਾਈਆ । ਜਲਵਾ ਨੂਰ ਤਕ ਜਲਾਲ, ਜੋਬਨ ਵੇਖ ਖ਼ੁਸ਼ੀ ਮਨਾਈਆ । ਨਜ਼ਰੀ ਆਈ ਹਕ਼ੀਕ਼ਤ ਹਲਾਲ, ਕ਼ਾਤਲ ਹੋ ਕੇ ਦਏ ਵਖਾਈਆ । ਨਾਤਾ ਤੋੜ ਕਾਲ ਮਹਾਕਾਲ, ਮਹਿਬੂਬ ਰਿਹਾ ਮਿਲਾਈਆ । ਪਿਛਲਾ ਕਰ ਕੇ ਹਲ ਸਵਾਲ, ਸੋਹਣਾ ਮਾਰਗ ਰਿਹਾ ਵਖਾਈਆ । ਭਗਤ ਸੁਹੇਲਾ ਹੋ ਕੇ ਕਰੇ ਪ੍ਰਿਤਪਾਲ, ਮਿਹਰ ਨਜ਼ਰ ਇਕ ਉਠਾਈਆ । ਜੋਬਨਵੰਤਾ ਨੌਜਵਾਨ, ਨੂਰ ਨੁਰਾਨਾ ਨੂਰ ਪਰਗਟਾਈਆ । ਸੂਰਬੀਰ ਮਰਦ ਮਰਦਾਨ, ਬਲਧਾਰੀ ਆਪ ਹੋ ਜਾਈਆ । ਲੱਖ ਚੁਰਾਸੀ ਸਖ਼ੀਆਂ ਦਾ ਕਾਹਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਪਰਗਟ ਹੋ ਕੇ ਆਇਆ ਬ੍ਰਹਿਮੰਡ ਖੰਡ ਦੋ ਜਹਾਨਾਂ ਵਿਚ ਮੈਦਾਨ, ਮਰਦ ਕਾ ਚੇਲਾ ਆਪਣੀ ਧਾਰ ਜਣਾਈਆ । ਜਿਸ ਨੂੰ ਸਮਝ ਨਾ ਸਕੇ ਕੋਈ ਇਨਸਾਨ, ਬੁਧੀ ਚਲੇ ਨਾ ਕੋਇ ਚਤੁਰਾਈਆ । ਜਿਸ ਦਾ ਖੰਡਾ ਕਦੇ ਬੰਦ ਨਾ ਹੋਇਆ ਵਿਚ ਮਿਆਨ, ਤਿੱਖੀ ਧਾਰ ਨਾ ਕੋਇ ਬਦਲਾਈਆ । ਉਹ ਭਗਤਾਂ ਦੀ ਕਰਨ ਆਇਆ ਕਲਿਆਣ, ਬਿਨ ਕਲਮਿਆਂ ਪਾਰ ਲੰਘਾਈਆ । ਉਨ੍ਹਾਂ ਦੀ ਹਿਲਦੀ ਨਾ ਵੇਖੇ ਕੋਈ ਜ਼ਬਾਨ, ਬਿਨ ਜਿਹਵਾ ਜਸ ਸੁਣਾਈਆ । ਅੰਦਰੋਂ ਸਾਬਤ ਕਰ ਈਮਾਨ, ਧਰਮ ਇਕੋ ਦਿਤਾ ਵਖਾਈਆ । ਤੁਹਾਡਾ ਇਸ਼ਟ ਸ੍ਰੀ ਭਗਵਾਨ, ਪਾਰਬ੍ਰਹਮ ਬੇਪਰਵਾਹੀਆ । ਜਨ ਭਗਤੋ ਸੌਦਾ ਲੈਣ ਨਹੀਂ ਜਾਣਾ ਕਿਸੇ ਦੁਕਾਨ, ਦਰ ਦਵਾਰਾ ਇਕੋ ਦਿਤਾ ਖੁਲ੍ਹਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਮੰਨਦੇ ਆਣ, ਉਹ ਤੁਹਾਡਾ ਮਹਿਮਾਨ ਹੋ ਕੇ ਘਰ ਘਰ ਫੇਰੇ ਪਾਈਆ । ਜਿਸ ਦਾ ਇਕੋ ਨਾਮ ਦਾ ਸਜਿਆ ਦੀਵਾਨ, ਦੀਵਾਨਖ਼ਾਨੇ ਸਾਰੇ ਦਏ ਮਿਟਾਈਆ । ਜੋ ਰਹਿਮਤ ਵਿਚ ਰਹਿਮਾਨ, ਮਹਿਬੂਬ ਨੂਰ ਖ਼ੁਦਾਈਆ । ਜਿਸ ਦਾ ਸਿਦਕ ਸਬੂਰੀ ਵਾਲਾ ਇਸਲਾਮ, ਇਸਮ ਆਅਜ਼ਮ ਦਏ ਵਖਾਈਆ । ਜੋ ਕਾਇਨਾਤ ਦੇਵੇ ਪੈਗ਼ਾਮ, ਪੈਗ਼ੰਬਰਾਂ ਕਰੇ ਪੜ੍ਹਾਈਆ । ਜਿਸ ਨੂੰ ਮੁਹੰਮਦ ਮੰਨਿਆ ਅਮਾਮ, ਸੋ ਅਮਾਮ ਵੇਸ ਵਟਾਈਆ । ਜਿਸ ਨੂੰ ਸਜਦਾ ਕਰੇ ਤਮਾਮ, ਤਰਾ ਤਰਾ ਸਮਝਾਈਆ । ਜਿਸ ਦੇ ਬਰਦੇ ਹੋਏ ਗ਼ੁਲਾਮ, ਚਾਕਰ ਰੂਪ ਬਣਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸ਼ਾਹ ਪਾਤਸ਼ਾਹ ਸੱਚਾ ਭਗਵਾਨ, ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਸਤਾਰਾਂ ਹਾੜ ਕਹੇ ਮੈਂ ਨਿਉਂ ਨਿਉਂ ਕਰਾਂ ਸਲਾਮ, ਸਜਦਿਆਂ ਵਿਚ ਵੇਖਾਂ ਸਰਬ ਲੋਕਾਈਆ । ਮੈਂ ਹੈਰਾਨ ਹੋ ਗਿਆ ਬਾਹਰੋਂ ਇਨਸਾਨਾਂ ਵਰਗਾ ਇਨਸਾਨ, ਅੰਦਰ ਜੋਤ ਨੂਰ ਰੁਸ਼ਨਾਈਆ । ਜੋ ਭਗਤਾਂ ਦੇਵਣ ਆਇਆ ਦਾਨ, ਦਾਤਾ ਹੋ ਕੇ ਝੋਲੀ ਪਾਈਆ । ਨਿਹਕਰਮੀ

ਹੋ ਕੇ ਕਰੇ ਕਾਮ, ਕਰਮ ਕਾਂਡ ਦਏ ਖਪਾਈਆ । ਸੀਤਾ ਸੁਰਤੀ ਮੇਲੇ ਰਾਮ, ਰਮਈਆ ਆਪਣੇ ਅੰਗ ਲਗਾਈਆ । ਭੇਵ ਚੁਕਾ ਘਨਈਆ ਕਾਹਨ, ਬੰਸਰੀ ਨਾਮ ਦਏ ਸੁਣਾਈਆ । ਨਾਨਕ ਨਿਰਗੁਣ ਸਰਗੁਣ ਦੱਸੇ ਨਿਸ਼ਾਨ, ਨਿਸ਼ਾਨਾ ਧੁਰ ਦਾ ਇਕ ਦ੍ਰਿੜਾਈਆ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਬਿਨ ਤੱਤਾਂ ਮਿਲੇ ਆਣ, ਆਤਮ ਪਰਮਾਤਮ ਆਪਣਾ ਜੋੜ ਜੁੜਾਈਆ । ਜਿਸ ਦੀ ਚਾਰੇ ਖਾਣੀ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਗੌਂਦੀ ਗਾਣ, ਸ਼ਬਦ ਇਸ਼ਾਰਿਆਂ ਨਾਲ ਅਲਾਈਆ । ਜਿਸ ਦੀ ਨਾਦ ਅਨਾਦ ਧੁਨਕਾਨ, ਰਾਗ ਰਾਗਨੀ ਖ਼ੁਸ਼ੀ ਮਨਾਈਆ । ਓਸ ਦੀ ਕਰੇ ਨਾ ਕੋਈ ਪਹਿਚਾਨ, ਜੋਤੀ ਜਾਤਾ ਨੌਜਵਾਨ, ਖੇਲੇ ਖੇਲ ਦੋ ਜਹਾਨ, ਦਾਤਾ ਦਾਨੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਾਰਾਂ ਹਾੜ ਕਹੇ ਮੈਂ ਮਾਰਾਂ ਲਲਕਾਰਾ, ਲੋਕ ਪਰਲੋਕ ਦਿਆਂ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆ ਗਿਆ ਵਿਚ ਸੰਸਾਰਾ, ਨਿਰਗੁਣ ਹੋ ਕੇ ਵੇਸ ਵਟਾਈਆ । ਜਿਨ੍ਹਾਂ ਨੂੰ ਗੋਬਿੰਦ ਦੇ ਕੇ ਗਿਆ ਲਾਰਾ, ਗੁਰਮੁਖ ਉਹੋ ਲਏ ਮਿਲਾਈਆ । ਜਿਨ੍ਹ ਤਿੰਨ ਅੱਸੂ ਨੂੰ ਜਾਣਾ ਗੋਦਾਵਰੀ ਕਿਨਾਰਾ, ਨਦੇੜ ਦਾ ਲੇਖਾ ਔਣਾ ਚੁਕਾਈਆ । ਇੱਕੀਆਂ ਦਾ ਵਿਹਾਰਾ, ਨੌਆਂ ਦੀ ਜੋਤ ਕਰੇ ਰੁਸ਼ਨਾਈਆ । ਜਿਨ੍ਹਾਂ ਵਿਚੋਂ ਸਰੂਪ ਸਿੰਘ ਲੱਗਾ ਪਿਆਰਾ, ਰੇਸ਼ਮ ਸਿੰਘ ਓਸ ਦਾ ਜੋੜ ਜੁੜਾਈਆ । ਕੁੰਦਨ ਸਿੰਘ ਦਾ ਦੇਣਾ ਉਧਾਰਾ, ਆਪ ਆਪਣਾ ਲੇਖਾ ਝੋਲੀ ਦਏ ਭਰਾਈਆ । ਊਧਮ ਸਿੰਘ ਦਾ ਵਖੌਣਾ ਅਖਾੜਾ, ਸਾਚੀ ਸਖ਼ੀਆਂ ਨਾਚ ਨਚਾਈਆ । ਨਾਲ ਹੋਣਾ ਕਪੂਰ ਸਿੰਘ ਬਰਾੜਾ, ਅੰਦਰੋਂ ਬਾਹਰੋਂ ਪੜਦਾ ਦਏ ਚੁਕਾਈਆ । ਸੋਹਣੀ ਵੇਖਣ ਜਾਣਾ ਗੁਲਜ਼ਾਰਾ, ਅਜੀਤ ਸਿੰਘ ਦਏ ਗਵਾਹੀਆ । ਨਾਲ ਹੋਣਾ ਸਿੰਘ ਦਰਬਾਰਾ, ਜੋ ਮਲੂਆਲ ਡੇਰਾ ਲਾਈਆ । ਸੱਤ ਪੁਰਖ ਤੇ ਦੋ ਨਾਰਾ, ਪ੍ਰਭ ਦਾ ਲੇਖਾ ਸਹਿਜ ਸੁਭਾਈਆ । ਇਕ ਦਲਜੀਤ ਤੇ ਇਕ ਕੁਲਦੀਪ, ਕੁਲ ਦਾ ਲੇਖਾ ਦਏ ਮੁਕਾਈਆ । ਪ੍ਰਭ ਦੇ ਸਿਰ ਤੇ ਛਤਰ ਝੁਲਣਾ ਉਤੇ ਸੀਸ, ਜਗਦੀਸ਼ ਨਜ਼ਰੀ ਆਈਆ । ਸਾਜਣ ਤੇਰੀ ਸੱਚੀ ਚਲਾਵਣ ਜਾਣਾ ਰੀਤ, ਰੀਤੀ ਤੇਰੇ ਨਾਲ ਰਖਾਈਆ । ਸਭ ਦਾ ਲੇਖਾ ਪਿਛਲਾ ਗਿਆ ਬੀਤ, ਬਾਕੀ ਰਹਿਣ ਕੋਇ ਨਾ ਪਾਈਆ । ਜਿਸ ਦੀ ਕਰਦੇ ਗਏ ਉਡੀਕ, ਸੋ ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਿਸ ਦੀ ਸਿਫ਼ਤਾਂ ਕਰਦੇ ਗਏ ਤਮਹੀਦ, ਵਾਹਿਦ ਨੂਰ ਕਰੇ ਰੁਸ਼ਨਾਈਆ । ਭਗਤ ਸੁਹੇਲੇ ਸੂਫ਼ੀ ਸੰਤ ਵੇਖੇ ਅਜ਼ੀਜ਼, ਆਜਿਜ਼ ਆਪਣੀ ਉਂਗਲੀ ਲਾਈਆ । ਤੁਹਾਡੇ ਅੰਦਰ ਵੜ ਕੇ ਆਪਣੇ ਮਿਲਣ ਦੀ ਦੱਸ ਦੇਵੇ ਤਮੀਜ਼, ਤਰਾ ਤਰਾ ਸਮਝਾਈਆ । ਜੇ ਤੁਹਾਨੂੰ ਭਗਵਾਨ ਮਿਲਣ ਦੀ ਰੀਝ, ਜੋਤੀ ਜੋਤੀ ਜੋਤ ਨਾਲ ਜੁੜਾਈਆ । ਤੁਸੀਂ ਓਸੇ ਦਾ ਗੌਂਦੇ ਗੀਤ, ਸੋਹੰ ਢੋਲਾ ਰਾਗ ਸੁਣਾਈਆ । ਤੁਹਾਡਾ ਕਾਇਆ ਕਾਅਬਾ ਇਹੋ ਮੰਦਰ ਮਸੀਤ, ਗੁਰੂਦਵਾਰਾ ਇਕੋ ਦਿਤਾ ਜਣਾਈਆ । ਜਿਹਨੂੰ ਪ੍ਰਭ ਮਿਲਣ ਦੀ ਉਮੀਦ, ਆਸਾ ਮਨਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਸਤਾਰਾਂ ਹਾੜ ਕਹੇ ਮੈਂ ਭਗਤਾਂ ਆਤਮ ਵੇਖੀ ਬਾਵਰੀ, ਬੌਰੀ ਹੋ ਕੇ ਭੱਜੇ ਵਾਹੋ ਦਾਹੀਆ । ਰਾਹ ਲੱਭੇ ਕਵਣ ਧਾਮ ਬੈਠਾ ਪੁਰਖ ਅਕਾਲ ਆਦਲੀ, ਸਚ ਅਦਾਲਤ ਇਕ ਲਗਾਈਆ । ਜਿਸ ਨੇ ਦੋ ਜਹਾਨਾਂ ਕਰਨੀ ਤਬਾਦਲੀ, ਬਦਲਾ ਸਭ ਦਾ ਦਏ ਚੁਕਾਈਆ । ਜਿਸ ਨੇ ਹਰਿ ਸੰਗਤ ਬਣੌਣੀ ਸਾਦਗੀ, ਚਿੱਟੇ ਬਸਤਰ ਤਨ ਪਹਿਨਾਈਆ । ਉਹਨਾਂ ਨੂੰ ਲੋੜ ਰਹਿਣੀ ਨਾ ਕਿਸੇ ਰਾਜ ਦੀ, ਰਾਜਿਆਂ ਦਾ ਰਾਜਾ ਇਕੋ ਨਜ਼ਰੀ ਆਈਆ । ਆਸਾ ਮੁਕ ਜਾਣੀ ਜਗਤ ਸਮਾਜ ਦੀ, ਦੀਨ ਮਜ਼੍ਹਬ

ਨਾ ਕੋਇ ਵਡਿਆਈਆ । ਉਹ ਪ੍ਰੀਤੀ ਉਪਜਣੀ ਇਕੋ ਵੈਰਾਗ ਦੀ, ਜੋ ਪੁਰਖ ਅਕਾਲ ਸ਼ਬਦੀ ਨਾਦ ਸੁਣਾਈਆ । ਉਹਨਾਂ ਦੀ ਸੁਰਤੀ ਖੇਲ ਕਰਨੀ ਵਿਸਮਾਦ ਦੀ, ਬਿਸਮਲ ਹੋ ਕੇ ਆਪਣਾ ਆਪ ਮਿਟਾਈਆ । ਸਤਾਰਾਂ ਹਾੜ ਕਹੇ ਮੇਰੀ ਕਹਾਣੀ ਆਜ ਦੀ, ਪਿਛਲੀ ਦਿਤੀ ਨਾ ਕੋਇ ਦ੍ਰਿੜਾਈਆ । ਥਿਤ ਸੁਹੰਜਣੀ ਭਗਤਾਂ ਨੂੰ ਮਿਲੀ ਦਾਤ ਦੀ, ਦਾਤਾ ਦਾਨੀ ਦਇਆ ਕਮਾਈਆ । ਖ਼ੁਸ਼ੀਆਂ ਨਾਲ ਨੱਚੇ ਟੱਪੇ ਅਠਾਰਾਂ ਹਾੜ ਪਿਛੋਂ ਘੜੀ ਉਨੀਂ ਰਾਤ ਦੀ, ਇਕ ਨੌ ਖ਼ੁਸ਼ੀ ਮਨਾਈਆ । ਜਿਹੜੀ ਖੇਲ ਪ੍ਰਭੂ ਮੇਰੇ ਭਾਸਦੀ, ਓਸੇ ਦੀ ਵੱਜੀ ਵਧਾਈਆ । ਇਹ ਸ੍ਰਿਸ਼ਟੀ ਦ੍ਰਿਸ਼ਟੀ ਜਿਸ ਨੂੰ ਨਹੀਂ ਜਾਚਦੀ, ਉਹ ਜਾਚਕ ਹੋ ਕੇ ਸੇਵ ਕਮਾਈਆ । ਵੇਖੋ ਖੇਲ ਓਸ ਬਾਪ ਦੀ, ਜੋ ਪਿਤਾ ਹੋ ਕੇ ਪੂਤ ਗੋਦੀ ਰਿਹਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਹਾੜ ਕਹੇ ਓਹ ਮੇਰੇ ਗੋਬਿੰਦ, ਗਹਿਰ ਗੰਭੀਰ ਗੁਸਾਈਆ । ਮੇਰੀ ਆ ਕੇ ਲਾਹ ਦੇ ਚਿੰਦ, ਚਿੰਤਾ ਚਿਖਾ ਦੇ ਮਿਟਾਈਆ । ਆਪਣੇ ਭਗਤ ਬਣਾ ਲੈ ਆਪਣੀ ਬਿੰਦ, ਬਿੰਦਰਾਬਨ ਦੀ ਲੋੜ ਰਹੇ ਨਾ ਰਾਈਆ । ਝਗੜਾ ਮੁਕਾ ਕੇ ਵਿਸ਼ਨ ਬ੍ਰਹਮਾ ਸ਼ਿਵ ਇੰਦ, ਸਿੰਘਾਸਣ ਸੋਹਣਾ ਦੇ ਸੁਹਾਈਆ । ਤੂੰ ਦਾਤਾ ਗੁਣੀ ਗਹਿੰਦ, ਬੇਅੰਤ ਨੂਰ ਖ਼ੁਦਾਈਆ । ਜੋ ਜੁਗ ਚੌਕੜੀ ਤੇਰੇ ਨਾਲੋਂ ਵਿਛੜ ਕੇ ਗਏ ਖਿੰਡ, ਅੰਤਮ ਆਪਣਾ ਮੇਲ ਮਿਲਾਈਆ । ਹਰਿ ਭਗਤ ਦਵਾਰਾ ਜੇਠੂਵਾਲ ਨਹੀਂ ਪਿੰਡ, ਪਿੰਡਾਂ ਤੋਂ ਪਰੇ ਛਡ ਕੇ ਨੌ ਦਰੇ, ਲੱਖ ਚੁਰਾਸੀ ਵਿਚੋਂ ਲੱਭ ਕੇ ਖਰੇ, ਖ਼ੈਰਖ਼ਾਹ ਹੋ ਕੇ ਆਪਣੇ ਨਾਲ ਮਿਲਾਈਆ । ਜੋ ਚਰਨ ਆਏ ਸੋ ਤਰੇ, ਮੰਦਰ ਅਗੰਮੀ ਚੜ੍ਹੇ, ਜਿਥੇ ਧਰਮ ਰਾਏ ਨਾ ਫੜੇ, ਚਿਤਰ ਗੁਪਤ ਨਾ ਲੇਖ ਜਣਾਈਆ । ਕੰਤ ਸੁਹਾਗੀ ਇਕੋ ਵਰੇ, ਧੁਰ ਦਾ ਢੋਲਾ ਸਾਚਾ ਪੜ੍ਹੇ, ਸਚ ਦਵਾਰੇ ਜਾ ਕੇ ਚੜ੍ਹੇ, ਜਿਥੇ ਖਟਕਾ ਰਹੇ ਨਾ ਰਾਈਆ । ਸਤਾਰਾਂ ਹਾੜ ਕਹੇ ਮੇਰੇ ਕੋਲ ਜਿੰਨੇ ਆਏ ਓਨੇ ਹੀ ਬੜੇ, ਬਹੁਤਿਆਂ ਨਾਲੋਂ ਥੋੜ੍ਹੇ ਜੋ ਪ੍ਰਭ ਨੇ ਆਪਣੇ ਨਾਲ ਜੋੜੇ, ਅਗੇ ਜੋੜੇ ਜੋੜੇ ਦਿਤੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਪਰਗਟਾਈਆ । ਹਾੜ ਸਤਾਰਾਂ ਕਹੇ ਗੁਰਮੁਖੋ ਅੰਦਰ ਮਾਰੋ ਝਾਤ, ਤੁਹਾਨੂੰ ਦਿਆਂ ਸੁਣਾਈਆ । ਗੋਬਿੰਦ ਕਹੇ ਨਹੀਂ ਇਹ ਮੇਰਾ ਭਵਿਖਤ ਵਾਕ, ਸ਼ਹਾਦਤ ਦਏ ਗਵਾਹੀਆ । ਪੁਰਖ ਅਕਾਲ ਕਹੇ ਨਹੀਂ ਇਹਨਾਂ ਨਾਲ ਮੇਰਾ ਪੁਰਾਣਾ ਸਾਕ, ਸੱਜਣ ਲਏ ਮਿਲਾਈਆ । ਗੁਰਮੁਖ ਕਹਿਣ ਨਹੀਂ ਸਾਨੂੰ ਲੱਭਾ ਇਕੋ ਬਾਪ, ਚਾਚੇ ਸਾਰੇ ਦਿਤੇ ਤਜਾਈਆ । ਅੰਦਰੋਂ ਸਭ ਦਿਉਂ ਪਰਗਟ ਹੋ ਗਈ ਇਕ ਆਵਾਜ਼, ਤੂੰ ਹੀ ਤੂੰ ਹੀ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਜਾਪ, ਆਤਮ ਪਰਮਾਤਮ ਝਗੜਾ ਰਿਹਾ ਨਾ ਰਾਈਆ । ਰੂਹ ਬੁਤ ਦੋਵੇਂ ਹੋ ਗਏ ਪਾਕ, ਨਾਨਕ ਨਿਰਗੁਣ ਸਰਗੁਣ ਦਏ ਗਵਾਹੀਆ । ਜੋ ਗੋਬਿੰਦ ਸੂਰਾ ਗਿਆ ਆਖ, ਆਖ਼ਰ ਓਹੋ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਹਾੜ ਕਹੇ ਜਨ ਭਗਤੋ ਅੰਦਰ ਆਪਣਾ ਪੜਦਾ ਲਵੋ ਖੋਲ੍ਹ, ਮੈਂ ਖ਼ਾਹ ਮਖ਼ਾਹ ਤੁਹਾਨੂੰ ਰਿਹਾ ਜਣਾਈਆ । ਓਸ ਗੋਬਿੰਦ ਦਾ ਸੁਣੋ ਬੋਲ, ਜੋ ਸ਼ਬਦੀ ਰੂਪ ਵਟਾਈਆ । ਓਸ ਪ੍ਰਭੂ ਦੇ ਵਸੋ ਕੋਲ, ਜੋ ਦੂਰ ਦੁਰਾਡੇ ਮੇਲ ਮਿਲਾਈਆ । ਵੇਖਿਓ ਕਿਤੇ ਮਾਇਆ ਕਾਰਨ ਨਾ ਰਿਹੋ ਅਨਤੋਲ, ਭੁਲ ਵਿਚ ਨਾ ਵਕਤ ਗਵਾਈਆ । ਇਹ ਤੋਲਣ ਆਇਆ ਤੋਲ, ਧੁਰ ਦਾ ਦਾਤਾ ਸ਼ਹਿਨਸ਼ਾਹੀਆ । ਜਨਮ ਨਾ ਗਵਾਇਓ ਵਿਚ ਮਖ਼ੌਲ, ਮਸਕਰਿਆਂ ਵਾਲਾ ਰੂਪ ਜਣਾਈਆ । ਹਰਿ ਕਾ ਰੂਪ ਨਾ ਕੋਈ ਪੰਡਤ ਜਾਣੇ ਪਾਂਧਾ ਨਾ ਕੋਈ ਜਾਣੇ ਰੌਲ, ਮੁਲਾਂ ਸ਼ੇਖ਼ ਗ੍ਰੰਥੀ ਪੰਥੀ ਸਮਝ

ਕਿਸੇ ਨਾ ਆਈਆ । ਸਤਾਰਾਂ ਹਾੜ ਕਹੇ ਮੇਰੇ ਵਡ ਵਡਭਾਗ ਉਹ ਭਾਗਾਂ ਭਰਿਆ ਆ ਗਿਆ ਉਪਰ ਧੌਲ, ਜੋ ਹਰ ਘਟ ਰਿਹਾ ਮੌਲ, ਗੋਬਿੰਦ ਦਾ ਪੂਰਾ ਕਰੇ ਕੌਲ, ਇਕਰਾਰ ਆਪਣੇ ਨਾਲ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਤਮ ਪ੍ਰੇਮ ਰਸ ਦੀ ਦੇ ਕੇ ਸਾਚੀ ਪਾਹੁਲ, ਨਾਮ ਨਿਧਾਨ ਸ੍ਰੀ ਭਗਵਾਨ ਜਾਮ ਇਕੋ ਦਏ ਪਿਆਈਆ । ਸਤਾਰਾਂ ਹਾੜ ਕਹੇ ਮੈਂ ਗੋਬਿੰਦ ਤਕਿਆ ਸਾਥ, ਸਾਥੀ ਧੁਰ ਦਾ ਨਜ਼ਰੀ ਆਈਆ । ਜਿਸ ਨੇ ਜੁਝਾਰ ਨੂੰ ਮੋੜਿਆ ਬਿਨ ਪਾਣੀ ਇਕ ਗਲਾਸ, ਆਸਾ ਆਪਣੀ ਨਾਲ ਤਕਾਈਆ । ਬੱਚਾ ਬੱਚਿਆਂ ਵਾਲੀ ਨਾ ਰਖੀਂ ਆਸ ਬੇਆਸ, ਪੁਰਖ ਅਕਾਲ ਹੁਕਮ ਸਰਬ ਗੁਣਤਾਸ, ਧੁਰ ਫ਼ਰਮਾਨਾ ਰਿਹਾ ਜਣਾਈਆ । ਤੂੰ ਮੰਨ ਲੈ ਮੇਰਾ ਵਾਕ, ਮੈਂ ਖੋਲ੍ਹ ਦੇਵਾਂ ਤੇਰਾ ਤਾਕ, ਫਿਰ ਮੇਲਾ ਕਰਾਂ ਨਾਲ ਇਤਫ਼ਾਕ, ਸਾਕ ਇਹੋ ਲਵਾਂ ਬਣਾਈਆ । ਮੈਨੂੰ ਜੁਗ ਚੌਕੜੀ ਖੇਲ ਕਰਨ ਦੀ ਜਾਚ, ਮੈਨੂੰ ਸਾਰੇ ਮੰਨਦੇ ਬਾਪ, ਗੁਰਮੁਖ ਬੱਚੇ ਗੋਦੀ ਲਵਾਂ ਉਠਾਈਆ । ਮੇਰਾ ਇਕੋ ਸਿਮਰਨ ਇਕੋ ਪਾਠ, ਇਕੋ ਤੀਰਥ ਇਕੋ ਤਾਟ, ਇਕੋ ਵਣਜਾਰਾ ਇਕੋ ਹਾਟ, ਇਕੋ ਮੇਰੀ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਮੇਰੀ ਇਕੋ ਆਸਾ ਮੇਰੀ ਇਕੋ ਖ਼ਾਹਿਸ਼, ਜੁਗ ਚੌਕੜੀ ਕਰਾਂ ਵੇਖਾਂ ਖੇਲ ਤਮਾਸ਼, ਸਖ਼ੀਆਂ ਨਾਲ ਮਿਲ ਕੇ ਪਾਵਾਂ ਰਾਸ, ਸੀਤਾ ਨਾਲ ਕੱਟਾਂ ਬਨਬਾਸ ਨਾਨਕ ਨਿਰਗੁਣ ਹੋ ਕੇ ਹੋਵਾਂ ਉਦਾਸ, ਗੋਬਿੰਦ ਹੋ ਕੇ ਸੱਥਰ ਸੇਜ ਸੂਲਾਂ ਲਵਾਂ ਵਿਛਾਈਆ । ਮੇਰਾ ਭਵਿਖਤਾਂ ਵਾਲਾ ਵਾਕ, ਮੇਰੀ ਭਗਤਾਂ ਵਾਲੀ ਪਰਭਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨਾ ਮਸਤ ਮਸਤਾਨਾ ਵਾਲੀ ਦੋ ਜਹਾਨਾ, ਦੋਹਰਾ ਆਪਣਾ ਵੇਸ ਵਟਾਈਆ । ਹਾੜ ਕਹੇ ਗੁਰਮੁਖੋ ਅੰਦਰੋਂ ਚੁਕ ਦਿਓ ਪਰਦੇ, ਓਹਲਾ ਰਹਿਣ ਕੋਇ ਨਾ ਪਾਈਆ । ਤੁਸੀਂ ਬਣ ਗਏ ਓਸ ਦੇ ਬਰਦੇ, ਜੋ ਬਿਨ ਬੰਦਗੀਉਂ ਪਾਰ ਲੰਘਾਈਆ । ਜਿਸ ਨੂੰ ਭਗਤੋ ਤੁਸੀਂ ਗੋਬਿੰਦ ਕਹਿੰਦੇ, ਸੋ ਦਇਆ ਰਿਹਾ ਕਮਾਈਆ । ਤੁਸੀਂ ਓਸ ਦੀ ਗੋਦੀ ਚੜ੍ਹਦੇ, ਜਿਹੜਾ ਬੱਚੇ ਨੀਹਾਂ ਹੇਠਾਂ ਗਿਆ ਦਬਾਈਆ । ਤੁਸੀਂ ਜੀਉਂਦੇ ਕਦੀ ਨਾ ਮਰਦੇ, ਮੁਰਦਿਆਂ ਵਿਚੋਂ ਬਾਹਰ ਲਏ ਰਖਾਈਆ । ਤੁਸੀਂ ਮਾਲਕ ਓਸ ਘਰ ਦੇ, ਜਿਹੜਾ ਘਰਾਨਾ ਗੋਬਿੰਦ ਗਿਆ ਬਣਾਈਆ । ਤੁਹਾਡੇ ਬਿਨਾ ਪ੍ਰਭੂ ਦੇ ਕਾਜ ਮੂਲ ਨਹੀਂ ਸਰਦੇ, ਬਿਨ ਭਗਤਾਂ ਹਰਿਜੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਜਨ ਭਗਤ ਕਹਿਣ ਹਾੜ ਸਤਾਰਾਂ ਸਾਨੂੰ ਨਾ ਵਡਿਆ, ਵੱਡੀ ਨਾ ਦੇ ਵਡਿਆਈਆ । ਜੇ ਸਚ ਪੁਛੇਂ ਅਸੀਂ ਸਮਝ ਨਾ ਸਕੇ ਰਾਅ, ਮਨ ਮਤਿ ਬੁਧਿ ਚਲੇ ਨਾ ਕੋਇ ਚਤੁਰਾਈਆ । ਸਾਨੂੰ ਇਕੋ ਅੰਦਰ ਕਿਸੇ ਨੇ ਦਿਤਾ ਚਾਅ, ਚਾਓ ਘਨੇਰਾ ਦਿਤਾ ਵਖਾਈਆ । ਬਿਨ ਅੱਖਰਾਂ ਤੋਂ ਦਿਤਾ ਪੜ੍ਹਾ, ਵਿਦਿਆ ਇਕ ਸਮਝਾਈਆ । ਚੋਟ ਨਗਾਰੇ ਦਿਤੀ ਲਾ, ਸੋਈ ਸੁਰਤ ਉਠਾਈਆ । ਅੰਮ੍ਰਿਤ ਆਤਮ ਜਾਮ ਦਿਤਾ ਪਿਲਾ, ਨਿਝਰ ਝਿਰਨਾ ਦਿਤਾ ਝਿਰਾਈਆ । ਅਨਹਦ ਨਾਦੀ ਨਾਦ ਦਿਤਾ ਸੁਣਾ, ਧੁਨ ਆਤਮਕ ਰਾਗ ਅਲਾਈਆ । ਬਜਰ ਕਪਾਟੀ ਪੜਦਾ ਦਿਤਾ ਤੁੜਾ, ਦੂਈ ਦਵੈਤੀ ਮੇਟ ਮਿਟਾਈਆ । ਆਤਮ ਪਰਮਾਤਮ ਹੋ ਕੇ ਆਪਣਾ ਹੁਕਮ ਦਿਤਾ ਸੁਣਾ, ਸਹਿਜ ਸੁਭਾਓ ਆਪ ਦ੍ਰਿੜਾਈਆ । ਜਨ ਭਗਤੋ ਚਿੱਟੇ ਬਸਤਰ ਪਾ, ਭਗਤ ਦਵਾਰੇ ਜਾਣਾ ਆਈਆ । ਅਗੇ ਲੇਖਾ ਬੇਪਰਵਾਹ, ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਫੜ ਫੜ ਸਭ ਦੀ ਦੁਰਮਤ ਮੈਲ ਦਏ ਧੁਆ, ਤੁਹਾਨੂੰ ਧੋਣ ਦੀ ਲੋੜ ਰਹੇ ਨਾ ਰਾਈਆ । ਪੰਜ ਤੱਤ ਕਾਇਆ ਮਾਟੀ ਤੁਹਾਡੀ ਅੰਦਰੋਂ ਕਰੇ ਸਫ਼ਾ,

੯੫੨

ਦੁਰਮਤ ਦੂਰ ਕਰਾਈਆ । ਸੋਹਣੀ ਰੰਗਣ ਲਏ ਰੰਗਾ, ਰੰਗ ਰੰਗੀਲਾ ਸ਼ਹਿਨਸ਼ਾਹੀਆ । ਮੰਦਰ ਧੁਰ ਦਾ ਦਏ ਸੁਹਾ, ਵੱਜੇ ਨਾਮ ਵਧਾਈਆ । ਤੁਸਾਂ ਰਲ ਮਿਲ ਕੇ ਸਭ ਨੇ ਸੋਹੰ ਢੋਲਾ ਲੈਣਾ ਗਾ, ਅਵਣ ਗਵਣ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਪੁਰਖ ਅਕਾਲ ਕਹੇ ਮੈਂ ਸਭ ਕੁਛ ਲਿਆ ਸੁਣ, ਜੋ ਸਤਾਰਾਂ ਹਾੜ ਆਪਣਾ ਦਿਤਾ ਜਣਾਈਆ । ਮੈਂ ਜਾਣਾ ਗੁਣ ਅਵਗੁਣ, ਲੱਖ ਚੁਰਾਸੀ ਫੋਲ ਫੁਲਾਈਆ । ਜਿਨ੍ਹਾਂ ਦੇ ਅੰਦਰ ਬਖ਼ਸ਼ੀ ਆਪਣੀ ਧੁਨ, ਧੁਰ ਦੀ ਧਾਰ ਸਮਝਾਈਆ । ਉਹ ਗੁਰਮੁਖ ਸੱਜਣ ਸੁਹੇਲੇ ਸੰਤ ਪਿਆਰੇ ਭਗਤਨ ਮੀਤੇ ਲਏ ਚੁਣ, ਚਾਰੋਂ ਕੁੰਟ ਵੇਖ ਵਖਾਈਆ । ਜਿਸ ਮੰਜ਼ਲ ਨੂੰ ਤੜਫਦੇ ਰਿਖ ਮੁਨ, ਬੈਠੇ ਧਿਆਨ ਲਗਾਈਆ । ਕੋਟਨ ਕੋਟ ਫਸ ਗਏ ਵਿਚ ਸੁਨ, ਸਮਾਧੀਆਂ ਵਿਚ ਵੜ ਪਾਰ ਨਾ ਕੋਇ ਲੰਘਾਈਆ । ਕੋਟਨ ਕੋਟ ਆਪਣਾ ਤਨ ਰਹੇ ਭੁੰਨ, ਅਗਨੀ ਅਗ ਤਪਾਈਆ । ਕੋਟਨ ਕੋਟ ਜਲਧਾਰਾ ਅੰਦਰ ਰਹੇ ਰੁਲ, ਤਨ ਪਾਣੀ ਨਾਲ ਠਰਾਈਆ । ਹਾੜ ਸਤਾਰਾਂ ਕਹੇ ਮੈਂ ਸਭ ਤੋਂ ਉਤਮ ਸਰਬ ਸ੍ਰੇਸ਼ਟੀ ਆਣ ਵੇਖੀ ਭਗਤਾਂ ਵਾਲੀ ਕੁਲ, ਜਿਸ ਦਾ ਮਾਲਕ ਇਕੋ ਨਜ਼ਰੀ ਆਈਆ । ਜਨ ਭਗਤੇ ਬਿਨ ਕ਼ੀਮਤੋਂ ਬਿਨ ਪੈਸੇ ਧੇਲੇ ਬਿਨ ਸੋਨਾ ਚਾਂਦੀ ਬਿਨ ਜਵਾਹਰ ਲਾਲ ਮੋਤੀ ਪੰਨੇ, ਕ਼ੀਮਤ ਦਿਤੀ ਪਾਈਆ । ਲੱਖ ਚੁਰਾਸੀ ਜੁਗ ਜੁਗ ਜੀਵ ਜੰਤ ਜਗਤ ਜਹਾਨ ਨਿਜ ਨੇਤਰ ਹੋਏ ਅੰਨ੍ਹੇ, ਦੋ ਲੋਚਨ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਾਰਾਂ ਹਾੜ ਕਹੇ ਮੈਂ ਪ੍ਰਭੂ ਵੇਖ ਕੇ ਤੇਰੀ ਖੇਲ, ਖ਼ਾਲਕ ਦਿਆਂ ਜਣਾਈਆ । ਜਿਨ੍ਹਾਂ ਨੇ ਧਰਮ ਰਾਜ ਦੀ ਛਡੌਣੀ ਜੇਲ੍ਹ, ਇਕੋ ਸਰਨ ਲਗੇ ਸਰਨਾਈਆ । ਜਿਨ੍ਹਾਂ ਆਤਮ ਪਰਮਾਤਮ ਚੜ੍ਹੌਣਾ ਤੇਲ, ਧੁਰ ਦਾ ਸਗਣ ਮਨਾਈਆ । ਉਹ ਠਾਕਰ ਵੇਖੇ ਸਭ ਦਾ ਸੱਜਣ ਸੁਹੇਲ, ਸਭ ਦਾ ਸਵਾਮੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਹਾੜ ਸਤਾਰਾਂ ਕਹੇ ਭਗਤਾਂ ਮਿਲਦਾ ਵੇਖਿਆ ਮਾਣ, ਸੋਹਣੀ ਮਿਲੀ ਵਡਿਆਈਆ । ਦਰ ਦਵਾਰੇ ਗੋਦਾਵਰੀ ਆਈ ਜੋਬਨ ਰਤੀ ਨਾਲ ਰਕਾਨ, ਆਪਣਾ ਸੀਸ ਨਿਵਾਈਆ । ਮੇਰੇ ਕੋਲ ਗੋਬਿੰਦ ਦਾ ਪੈਗ਼ਾਮ, ਜੋ ਅੰਤ ਅਖ਼ੀਰੀ ਗਿਆ ਸੁਣਾਈਆ । ਜਿਸ ਦਾ ਕਿਸੇ ਨੂੰ ਲਭਿਆ ਨਾ ਕੋਇ ਨਿਸ਼ਾਨ, ਉਹ ਨਿਸ਼ਾਨੇ ਗਿਆ ਲਗਾਈਆ । ਮੈਂ ਦੂਰ ਦੁਰਾਡੀ ਤਕਿਆ ਭਗਤਾਂ ਨੂੰ ਮਿਲੇ ਦਾਨ, ਸ਼ਹਿਨਸ਼ਾਹ ਰਿਹਾ ਵਰਤਾਈਆ । ਮੈਂ ਉਠ ਭੱਜੀ ਵਿਚ ਮੈਦਾਨ, ਜੰਗਲ ਜੂਹ ਉਜਾੜ ਪਹਾੜ ਪਾਰ ਕਰਾਈਆ । ਅਖ਼ੀਰੀ ਭਗਤ ਦੁਵਾਰੇ ਪਹੁੰਚੀ ਆਣ, ਨਿਉਂ ਨਿਉਂ ਸੀਸ ਨਿਵਾਈਆ । ਮੈਂ ਵੇਖ ਹੋਈ ਹੈਰਾਨ, ਸਿਦਕ ਈਮਾਨ ਗਈ ਡੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਉਂ ਨਿਉਂ ਲਾਗੇ ਪਾਈਆ । ਗੋਬਿੰਦ ਕਹੇ ਮੇਰਾ ਸ਼ਬਦੀ ਰੂਪ, ਪੰਜ ਤੱਤ ਨਾ ਕੋਇ ਵਡਿਆਈਆ । ਮੇਰਾ ਖੇਲ ਚਾਰੇ ਕੂਟ, ਦਹਿ ਦਿਸ਼ਾ ਵੱਜੇ ਸ਼ਨਵਾਈਆ । ਲੇਖਾ ਮੇਟਣਾ ਜੂਠ ਝੂਠ, ਸਤਿ ਸਚ ਲੈਣਾ ਪਰਗਟਾਈਆ । ਗੁਰਮੁਖ ਬਣੌਣਾ ਧੁਰ ਦਾ ਪੂਤ, ਪਿਤਾ ਪੂਤ ਜੋੜ ਜੁੜਾਈਆ । ਭਾਗ ਲਗੌਣਾ ਕਾਇਆ ਕਲਬੂਤ, ਕਲਮਾ ਇਕੋ ਦੇਣਾ ਸਿਖਾਈਆ । ਧਾਮ ਵਖੌਣਾ ਉਚ ਮੁਨਾਰਾ ਅਰਸ਼ ਅਰੂਜ, ਮਹਿਫ਼ੂਜ਼ ਦੇਣਾ ਸਮਝਾਈਆ । ਜਿਸ ਦੀ ਮੰਜ਼ਲ ਇਕ ਮਕ਼ਸੂਦ, ਮਜ਼ਲ ਸਭ ਦੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਬੇਪਰਵਾਹੀਆ । ਗੋਦਾਵਰੀ ਕਹੇ ਮੇਰੀ ਭਗਤ ਦੁਵਾਰੇ ਲੱਭੀ ਚਿੰਦ, ਚਿੰਤਾ ਦਿਤੀ ਗਵਾਈਆ ।

ਵੇਖਿਆ ਸਾਹਿਬ ਬਖ਼ਸ਼ਿੰਦ, ਦਾਤਾ ਬੇਪਰਵਾਹੀਆ । ਧਾਰ ਵੇਖੀ ਗਹਿਰ ਗੰਭੀਰ ਦਾਤੇ ਦਾਨੀ ਗੋਬਿੰਦ, ਸ਼ਬਦੀ ਡੰਕਾ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਗੋਦਾਵਰੀ ਕਹੇ ਮੈਂ ਵੇਖਿਆ ਗੋਦੀ ਵਾਲਾ, ਗੋਦ ਭਗਤਾਂ ਰਿਹਾ ਉਠਾਈਆ । ਮਸਤੀ ਵਿਚ ਮਤਵਾਲਾ, ਹਸਤੀ ਵਿਚ ਨਿਰਾਲਾ, ਜੋਤੀ ਜੋਤ ਅਕਾਲਾ, ਦੀਨਾਂ ਦਾ ਦੀਨ ਦਿਆਲਾ, ਗੁਰਮੁਖਾਂ ਦਾ ਰਖਵਾਲਾ, ਸਚ ਵਖਾਏ ਸੱਚੀ ਧਰਮਸਾਲਾ, ਜਿਥੇ ਪੋਹ ਨਾ ਸਕੇ ਕਾਲਾ, ਨਾ ਸਰਦੀ ਨਾ ਗਰਮੀ ਨਾ ਕੋਈ ਮਣਕਾ ਨਾ ਕੋਈ ਮਾਲਾ, ਨਾ ਕੋਈ ਮੰਦਰ ਨਾ ਧਰਮਸਾਲਾ, ਨਾ ਕੋਈ ਸ਼ਾਹ ਨਾ ਕੰਗਾਲਾ, ਨਾ ਕੋਈ ਦੀਆ ਬੱਤੀ ਬਾਲਾ, ਇਕੋ ਜੋਤ ਜਗੇ ਅਕਾਲਾ, ਨੂਰੋ ਨੂਰ ਨੂਰ ਰੁਸ਼ਨਾਈਆ । ਨਾ ਕੋਈ ਮੰਗੇ ਕਿਸੇ ਤੋਂ ਹਾਲਾ, ਨਾ ਕੋਈ ਸਵਾਲ ਨਾ ਕੋਈ ਜਵਾਬ ਨਾ ਕੋਈ ਵੱਜੇ ਤਾਲਾ, ਨਾ ਕੋਈ ਸਜਦਾ, ਨਾ ਆਦਾਬ ਨਾ ਕੋਈ ਕਰੇ ਸਲਾਮਾ, ਨਾ ਕੋਈ ਅਟਾਰੀ ਮਹਲ ਨਾ ਕੋਈ ਦਿਸੇ ਮਹਿਰਾਬ ਨਾ ਅਗਨੀ ਜੋਤ ਜਗੇ ਜਵਾਲਾ, ਨਾ ਕੋਈ ਸ਼ਕਤ ਨਾ ਕੋਈ ਸ਼ਰਅ ਨਾ ਕਿਤਾਬ, ਕਾਗ਼ਜ਼ ਕ਼ਲਮ ਸ਼ਾਹੀ ਨਜ਼ਰ ਕੋਇ ਨਾ ਆਈਆ । ਨਾ ਕੋਈ ਹਿੱਸਾ ਵੰਡ ਬਾਬ, ਨਾ ਕੋਈ ਮਿਤਰ ਪਿਆਰਾ ਅਹਿਬਾਬ, ਨਾ ਕੋਈ ਸੁਰੰਗੀ ਵਜਾਏ ਨਾ ਦਿਸੇ ਕੋਈ ਰਬਾਬ, ਨਾ ਕੋਈ ਦਿਵਸ ਨਾ ਕੋਈ ਰਾਤ, ਨਾ ਕੋਈ ਗਾਵੇ ਢੋਲਾ ਗਾਥ, ਨਾ ਕੋਈ ਮਸਤਕ ਨਿਵੇਂ ਮਾਥ, ਨਾ ਕੋਈ ਧੂੜੀ ਲਾਵੇ ਖ਼ਾਕ, ਨਾ ਕੋਈ ਬੰਦ ਕਿਵਾੜੀ ਖੋਲ੍ਹੇ ਤਾਕ, ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤ, ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਤਤ ਨਾ ਕੋਈ ਨਾਦ, ਨਾ ਕੋਈ ਸ਼ਬਦ ਨਾ ਕੋਈ ਧੁਨ, ਇਕੋ ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ ਨਜ਼ਰੀ ਆਈਆ । ਨਾ ਕੋਈ ਖਾਣੀ ਨਾ ਕੋਈ ਬਾਣੀ, ਨਾ ਕੋਈ ਰਾਜਾ ਨਾ ਕੋਈ ਰਾਣੀ, ਨਾ ਕੋਈ ਜਲ ਨਾ ਕੋਈ ਪਾਣੀ, ਨਾ ਕੋਈ ਦੁੱਧ ਨਾ ਕੋਈ ਮਧਾਣੀ, ਨਾ ਕੋਈ ਰਿੜਕਣ ਵਾਲੀ ਸਵਾਣੀ, ਨਾ ਕੋਈ ਰੱਖਣ ਵਾਲੀ ਚਾਰ ਖਾਣੀ, ਜਿਧਰ ਵੇਖਾਂ ਜਿਧਰ ਤੱਕਾਂ ਇਕੋ ਨਜ਼ਰੀ ਆਏ ਦਾਤਾ ਦਾਨੀ ਬੇਪਰਵਾਹੀਆ । ਨਾ ਕੋਈ ਮਰਦ ਨਾ ਜਨਾਨੀ, ਨਾ ਕੋਈ ਔਰਤ ਨਾ ਕੋਈ ਖ਼ਾਵੰਦ, ਨਾ ਕੋਈ ਚਿੰਨ੍ਹ ਦਿਸੇ ਨਿਸ਼ਾਨੀ, ਨਾ ਕੋਈ ਬਾਲ ਬਿਰਧ ਨਾ ਕੋਈ ਜੋਬਨ ਜਵਾਨੀ, ਨਾ ਕੋਈ ਮਣਕਾ ਨਾ ਕੋਈ ਗਾਨੀ, ਨਾ ਕੋਈ ਮਸਤਕ ਨਾ ਕੋਈ ਪੇਸ਼ਾਨੀ, ਨਾ ਕੋਈ ਪੈਸਾ ਧੇਲਾ ਦਿਸੇ ਦਵਾਨੀ, ਨਾ ਕੋਈ ਗੋਪੀ ਨਾ ਕੋਈ ਕਾਹਨੀ, ਨਾ ਕੋਈ ਸੀਤਾ ਨਾ ਕੋਈ ਰਾਮੀ, ਨਾ ਕੋਈ ਕਥਾ ਨਾ ਕਹਾਣੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਜੋਤੀ ਜਾਤਾ ਇਕ ਇਕਾਂਤਾ ਕਰਨੀ ਦਾ ਕਰਤਾ ਇਕੋ ਨਜ਼ਰੀ ਆਈਆ । ਨਾ ਕੋਈ ਟਿੱਕਾ ਨਾ ਕੋਈ ਬੋਦੀ, ਨਾ ਕੋਈ ਵੇਦੀ ਨਾ ਕੋਈ ਸੋਢੀ, ਨਾ ਕੋਈ ਫੁੱਲ ਨਾ ਕੋਈ ਡੋਡੀ, ਨਾ ਕੋਈ ਦੁਖ ਨਾ ਕੋਈ ਵਸਤ ਨਾ ਕੋਈ ਚੋਗੀ, ਨਾ ਕੋਈ ਨਾਰ ਭਤਾਰ ਕਰੇ ਭੋਗੀ, ਜਿਧਰ ਵੇਖਾਂ ਜਿਧਰ ਤੱਕਾਂ ਇਕੋ ਪੁਰਖ ਅਕਾਲ ਜਿਸਦਾ ਮੇਲਾ ਧੁਰ ਸੰਜੋਗੀ, ਦਰ ਆਇਆ ਭਗਤਾਂ ਆਪਣੇ ਨਾਲ ਮਿਲਾਈਆ । ਨਾ ਕੋਈ ਪੁਸਤਕ ਨਾ ਕੋਈ ਪੋਥੀ, ਨਾ ਕੋਈ ਮੰਦਰ ਨਾ ਕੋਈ ਕੋਠੀ, ਨਾ ਕੋਈ ਮੁਖ ਕੰਨ ਨਕ ਨਾ ਕੋਈ ਦਿਸੇ ਠੋਡੀ, ਨਾ ਕੋਈ ਲੋਕ ਨਾ ਪਰਲੋਕੀ, ਨਾ ਕੋਈ ਬੰਦਨਾ ਨਾ ਸਲੋਕੀ, ਨਾ ਕੋਈ ਮੰਜ਼ਲ ਘਾਟੀ ਦਿਸੇ ਔਖੀ, ਜਿਧਰ ਵੇਖਾਂ ਜਿਧਰ ਤੱਕਾਂ ਇਕੋ ਦਾਤਾ ਪੁਰਖ ਬਿਧਾਤਾ ਦੇਵਣਹਾਰਾ ਭਗਤਾਂ ਸਾਥਾ, ਏਥੇ ਓਥੇ ਭਗਤਾਂ ਸਗਲਾ ਸੰਗ ਨਿਭਾਈਆ । ਹਾੜ ਸਤਾਰਾਂ ਕਹੇ ਮੈਂ ਭਗਤੋ ਤੁਹਾਨੂੰ ਪੁਛਾਂ ਵਾਤਾਂ, ਕੀ ਘਰੋਂ ਛਡ ਕੇ ਆਏ ਪਿਤਾ ਮਾਤਾ, ਕੀ ਆਪਣੇ ਵੇਖ ਕੇ ਆਏ ਪੂਰਬਲੇ ਜਨਮਾਂ ਦਾ ਖਾਤਾ, ਕੀ ਆਪਣਾ ਪਰਦਾ ਲਾਹ ਕੇ ਆਏ ਜੋ

ਅੰਧੇਰੀ ਰਾਤਾ, ਕੀ ਆਪਣੀ ਆਤਮਾ ਪਰਮਾਤਮਾ ਵਾਲਾ ਜੋੜਨ ਆਏ ਨਾਤਾ, ਕੀ ਸਾਚੀ ਸੱਚੀ ਸੌਣ ਆਏ ਜੇ ਖਾਟਾ, ਕੀ ਅੰਮ੍ਰਿਤ ਪੀਣ ਆਏ ਜੇ ਬਾਟਾ, ਕੀ ਮੇਟਣ ਆਏ ਜੇ ਵਾਟਾ, ਕੀ ਮੇਟਣ ਆਏ ਜੇ ਜ਼ਾਤਾ ਪਾਤਾ, ਕੀ ਏਥੋਂ ਲੈਣ ਆਏ ਜੇ ਚੰਗੀ ਸੁਗ਼ਾਤਾ, ਜੇ ਤੁਹਾਡੀ ਇਹ ਆਸਾ, ਦੇ ਕੇ ਧਰਵਾਸਾ ਝੋਲੀ ਦਿਆਂ ਭਰਾਈਆ । ਗੁਰਮੁਖ ਕਹਿਣ ਅਸੀਂ ਪ੍ਰਭੂ ਕੋਝੇ ਕਮਲੇ, ਸਾਡੀ ਬੁਧੀ ਨਾ ਕੋਇ ਚਤੁਰਾਈਆ । ਪੰਚ ਵਿਕਾਰ ਦਿਨੇ ਰਾਤੀਂ ਸਾਡੇ ਅੰਦਰ ਕਰਦੇ ਹਮਲੇ, ਜ਼ੋਰ ਆਪਣਾ ਰਹੇ ਵਧਾਈਆ । ਅਸੀਂ ਮਤਿਹੀਣ ਹੋਏ ਬਗਲੇ, ਚਲੇ ਨਾ ਕੋਇ ਚਤੁਰਾਈਆ । ਸਾਡੇ ਭੇਦ ਖੋਲ੍ਹੇ ਨਹੀਂ ਕਿਸੇ ਅੰਦਰ ਵਾਲੇ ਗਭਲੇ, ਵਿਚਲਾ ਲੇਖਾ ਨਾ ਕੋਇ ਚੁਕਾਈਆ । ਅਸਾਂ ਮੰਦਰ ਮਸਜਿਦਾਂ ਸ਼ਿਵਦਵਾਲਿਆਂ ਮਠਾਂ ਵਿਚ ਵਜਦੇ ਸੁਣੇ ਤਬਲੇ, ਅਨਹਦ ਰਾਗ ਨਾ ਕੋਇ ਸੁਣਾਈਆ । ਕੂੜੀ ਕਿਰਿਆ ਕਲਜੁਗ ਝੂਠੇ ਧੰਦੇ ਕੰਮ ਲਾਏ, ਰਾਮ ਨਾਮ ਨਾ ਕੋਇ ਧਿਆਈਆ । ਬੇਸ਼ਕ ਕੋਟਨ ਕੋਟਾਂ ਜਨਣੀਆਂ ਪੁਤਰ ਜੰਮ ਲਏ, ਬਿਨ ਭਗਤਾਂ ਜਨਣੀ ਕੰਮ ਕਿਸੇ ਨਾ ਆਈਆ । ਉਹਨਾਂ ਪੰਜ ਤੱਤ ਕਾਇਆ ਪੋਸ਼ ਵਾਲੇ ਚੰਮ ਲਏ, ਚੰਮ ਦ੍ਰਿਸ਼ਟੀ ਹੋਈ ਕੁੜਮਾਈਆ । ਜਿਨ੍ਹਾਂ ਦੇ ਬੇੜੇ ਗੋਬਿੰਦ ਸੂਰੇ ਬੰਨ੍ਹ ਲਏ, ਬੰਨ੍ਹ ਕੇ ਆਪਣੇ ਕੰਧ ਉਠਾਈਆ । ਉਹ ਅੰਦਰੋਂ ਚਿੱਟੇ ਬਾਹਰੋਂ ਬਸਤਰਾਂ ਵਾਲੇ ਹੁਕਮ ਮੰਨ ਲਏ, ਝੂਠੀ ਮਨਸਾ ਦਿਤੀ ਮਿਟਾਈਆ । ਉਹਨਾਂ ਭਗਤ ਦਵਾਰੇ ਆ ਕੇ ਦਮ ਲਏ, ਭੱਜੇ ਵਾਹੋ ਦਾਹੀਆ । ਸਚ ਪੁਛੋ ਭਗਤੋ ਤੁਹਾਡੇ ਜਨਮ ਮਰਨ ਦੇ ਗ਼ਮ ਗਏ, ਜਿਨ੍ਹਾਂ ਜਮਾਂ ਤੋਂ ਲਿਆ ਛੁਡਾਈਆ । ਤੁਸਾਂ ਪ੍ਰਭ ਦੇ ਖ਼ਜ਼ਾਨੇ ਵਿਚੋਂ ਉਹ ਧਨ ਲਏ, ਜਿਨ੍ਹਾਂ ਨੂੰ ਠਗ ਚੋਰ ਯਾਰ ਨਾ ਕੋਇ ਚੁਰਾਈਆ । ਬ੍ਰਹਿਮੰਡ ਖੰਡ ਤੁਹਾਡੇ ਪ੍ਰੇਮ ਨੂੰ ਵੇਖ ਕੰਬ ਗਏ, ਹਿਲਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲਹਿਣੇ ਝੋਲੀ ਪਾਈਆ । ਜਨ ਭਗਤ ਕਹਿਣ ਪ੍ਰਭੂ ਸਾਨੂੰ ਤੇਰੀ ਨਹੀਂ ਪਰਵਾਹ, ਪਰਦਾ ਲਾਹ ਕੇ ਦਈਏ ਜਣਾਈਆ । ਜੇ ਤੈਨੂੰ ਸਾਡੀ ਲੋੜ ਸਾਨੂੰ ਅੰਦਰ ਵੜ ਕੇ ਸਮਝਾ, ਵੇਖੀਂ ਕਿਤੇ ਭੁਲ ਕੇ ਬਾਹਰੋਂ ਨਾ ਕਰੀਂ ਪੜ੍ਹਾਈਆ । ਆਪਣਾ ਰਸਤਾ ਸਿਧਾ ਸਸਤਾ ਦੇਣਾ ਵਖਾ, ਮਸਤ ਅਲਮਸਤ ਆਪਣੀ ਧਾਰ ਜਣਾਈਆ । ਵਿਦਿਆ ਦਾ ਨਾਮ ਵਾਲਾ ਬਸਤਾ ਸਾਡੇ ਅੰਦਰ ਦੇਣਾ ਖੁਲ੍ਹਾ, ਸਾਨੂੰ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜੇ ਪ੍ਰਭ ਤੈਨੂੰ ਸਾਡੇ ਮਿਲਣ ਦਾ ਚਾਅ, ਅੰਦਰ ਵੜ ਕੇ ਗਲਵਕੜੀ ਲੈਣੀ ਪਾਈਆ । ਤੂੰ ਜਲਵਾ ਨੂਰ ਖ਼ੁਦਾ, ਸਾਡੀ ਖ਼ੁਦੀ ਦੇਣੀ ਗਵਾਈਆ । ਸਾਡੇ ਅੰਤਰ ਆਪਣੀ ਭਰ ਕੇ ਆਬੋ ਹਵਾ, ਸਭ ਦਾ ਰੂਪ ਦੇਣਾ ਬਦਲਾਈਆ । ਸਾਡਾ ਹੋ ਕੇ ਸਾਥੋਂ ਰੱਖੀਂ ਨਾ ਕੋਈ ਛੁਪਾ, ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਾਂਡ ਦੇਣਾ ਗਵਾਈਆ । ਪੁਰਖ ਅਕਾਲ ਕਹੇ ਸਤਾਰਾਂ ਹਾੜ ਪਹਿਲੇ, ਬਚੂ ਮੈਨੂੰ ਦੇ ਸੁਣਾਈਆ । ਕਵਣ ਮੇਰੇ ਦਵਾਰੇ ਟਹਿਲੇ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਕਵਣ ਸਹਿਜ ਸੁਭਾਓ ਮਿਲਿਆ ਸੁਹੇਲੇ, ਆਪਣਾ ਪੰਧ ਮੁਕਾਈਆ । ਕਵਣ ਸਾਚੀ ਗਾੜੀ ਚੜ੍ਹਿਆ ਬੈਲੇ, ਸੋਹਣਾ ਰੂਪ ਬਦਲਾਈਆ । ਕਵਣ ਆਪਣੀ ਕਾਇਆ ਖ਼ਜ਼ਾਨੇ ਹੱਥ ਮਾਰੇ ਬੈਲੇ, ਵਸਤ ਅਮੋਲਕ ਖੋਜ ਖੁਜਾਈਆ । ਕਵਣ ਆਪਣੀ ਸੁਰਤੀ ਵਿਚ ਹੋਏ ਅਨਗਹਿਲੇ, ਗਹਿਰ ਗੰਭੀਰ ਸਾਰ ਨਾ ਆਈਆ । ਜੋ ਕੁਛ ਕਹਿਣਾ ਸੋ ਇਕੋ ਵਾਰ ਕਹਿ ਲੈ, ਮੁੜਕੇ ਕਹਿਣ ਦੀ ਲੋੜ ਰਹੇ ਨਾ ਰਾਈਆ । ਜੋ ਕੁਛ ਲੈਣਾ ਭਗਤਾਂ ਜੋਗਾ ਇਕੋ ਵਾਰ ਲੈ ਲੈ, ਦੇਵਣਹਾਰ ਦਇਆ ਕਮਾਈਆ । ਹਾੜ ਸਤਾਰਾਂ ਕਹੇ ਮੈਂ ਕੁਛ ਨਹੀਂ ਮੰਗਦਾ ਇਕੋ ਮੈਨੂੰ ਚਾਅ ਤੂੰ ਭਗਤਾਂ ਵਿਚ ਬਹਿ ਲੈ, ਬਹਿਕੇ ਆਪਣੀ ਖ਼ੁਸ਼ੀ ਮਨਾਈਆ ।


੬੫੪

ਤੂੰ ਪਰੇਮ ਪ੍ਰੀਤੀ ਅੰਦਰ ਢਹਿ ਲੈ, ਢਹਿ ਕੇ ਇਨ੍ਹਾਂ ਦੇ ਅੰਦਰੋਂ ਕੂੜੇ ਡੇਰੇ ਦੇਣੇ ਢਾਹੀਆ । ਤੂੰ ਇਹਨਾਂ ਦੀ ਆਤਮਾ ਨਾਲ ਪਰਮਾਤਮਾ ਹੋ ਕੇ ਖਹਿ ਲੈ, ਸ਼ਬਦੀ ਰਗੜ ਦੇਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਮੈਂ ਸਾਚੀ ਦਇਆ ਕਮਾਵਾਂਗਾ । ਜਿਨ੍ਹਾਂ ਨੂੰ ਮੇਰੇ ਮਿਲਣ ਦੀ ਲੈ, ਲਹਿਣੇ ਦੇਣੇ ਉਨ੍ਹਾਂ ਦੀ ਝੋਲੀ ਪਾਵਾਂਗਾ । ਜਿਨ੍ਹਾਂ ਨੇ ਮੇਰੇ ਭਾਣੇ ਸਹੇ, ਉਹਨਾਂ ਨੂੰ ਆਪਣੀ ਗੋਦ ਉਠਾਵਾਂਗਾ । ਜਿਹੜੇ ਡੁੱਬ ਕੇ ਸਰਸੇ ਨੈਂ, ਨੌਕਾ ਇਕੋ ਨਾਮ ਚੜ੍ਹਾਵਾਂਗਾ । ਜਿਹੜੇ ਕੱਢਕੇ ਆ ਗਏ ਅੰਦਰੋਂ ਮੈਂ, ਮਨਸਾ ਉਨ੍ਹਾਂ ਦੀ ਪੂਰ ਵਖਾਵਾਂਗਾ । ਜਿਹੜੇ ਹੱਥ ਜੋੜਕੇ ਕਹਿਣ ਸਾਡੇ ਕੋਲ ਨਹੀਂ ਕੋਈ ਸ਼ੈ, ਸ਼ਹਿਨਸ਼ਾਹ ਧੁਰ ਦੇ ਉਨ੍ਹਾਂ ਬਣਾਵਾਂਗਾ । ਜਿਨ੍ਹਾਂ ਦਾ ਮੰਦਰ ਕਦੇ ਨਾ ਢਹੇ, ਛੱਪਰ ਛੰਨ ਨਾ ਕੋਇ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਜਣਾਵਾਂਗਾ । ਹਾੜ ਕਹੇ ਪ੍ਰਭੂ ਮੈਨੂੰ ਐਂ ਲਗਦਾ ਜਿਵੇਂ ਭਗਤ ਤੇਰੇ ਚੰਗੇ, ਧਿਆਨ ਨਾਲ ਵੇਖ ਵਖਾਈਆ । ਪੁਰਖ ਅਕਾਲ ਕਿਹਾ ਏਹੋ ਮੇਰੀ ਆਏ ਵੰਡੇ, ਨਵ ਨੌਂ ਚਾਰ ਖੋਜ ਖੁਜਾਈਆ । ਗੋਬਿੰਦ ਕਿਹਾ ਮੈਂ ਚਾੜ੍ਹ ਦਿਤੇ ਓਸ ਡੰਡੇ, ਜਿਥੇ ਡੰਡੌਤ ਕਰਨ ਦੀ ਲੋੜ ਰਹੇ ਨਾ ਰਾਈਆ । ਪੇਟ ਵਾਸਤੇ ਖਾਣ ਪੀਣ ਨਾ ਮੰਡੇ, ਪਾਣੀ ਵਾਸਤੇ ਵਾਂਗ ਜੁਝਾਰ ਗਲਾਸ ਨਾ ਕਿਸੇ ਫੜਾਈਆ । ਇਹਨਾਂ ਨੂੰ ਆਪਣੀ ਰੰਗਣ ਰੰਗੇ, ਕੂੜਾ ਰੰਗ ਨਾ ਕੋਇ ਵਖਾਈਆ । ਜਨ ਭਗਤੋ ਭਗਤਾਂ ਵਿਚ ਮਨ ਵਾਸਨਾ ਰਹਿਣ ਨਹੀਂ ਦੇਣੇ ਗੰਦੇ, ਨੂਰ ਨੁਰਾਨੇ ਗੁਰਮੁਖ ਚੰਦ ਲੈਣੇ ਪਰਗਟਾਈਆ । ਵੇਖਿਓ ਨੇਤਰਹੀਣ ਨਾ ਬਣਿਓ ਅੰਧੇ, ਅੱਖਾਂ ਵਾਲਿਓ ਤੁਹਾਨੂੰ ਅੱਖਾਂ ਨਾਲ ਵਖਾਈਆ । ਇਹ ਖੇਲ ਸੂਰੇ ਸਰਬੰਗੇ, ਸੂਰਜ ਚੰਦ ਨਿਉਂ ਨਿਉਂ ਸੀਸ ਨਿਵਾਈਆ । ਜਿਸ ਦਾ ਹੁਕਮ ਵਰਤੇ ਬ੍ਰਹਿਮੰਡ ਖੰਡੇ ਜੇਰਜ ਅੰਡੇ, ਉਤਭੁਜ ਸੇਤਜ ਸਿਰ ਸਕੇ ਨਾ ਕੋਇ ਉਠਾਈਆ । ਜਿਨ੍ਹਾਂ ਉਤੇ ਮਿਹਰਵਾਨ ਹੋਇਆ ਭਾਵੇਂ ਉਹ ਮਾੜੇ ਭਾਵੇਂ ਉਹ ਚੰਗੇ, ਇਕੋ ਰੰਗ ਰੰਗਾਈਆ । ਗੋਦਾਵਰੀ ਕਹੇ ਮੈਂ ਸੇਵਾ ਕਰਨੀ ਜਿਸ ਵੇਲੇ ਭਗਤਾਂ ਨੇ ਔਣਾ ਮੇਰੇ ਕੰਢੇ, ਕੰਢੀ ਵਾਲਾ ਆਪਣੇ ਨਾਲ ਮਿਲਾਈਆ । ਮੈਂ ਕਿਸੇ ਦੇ ਤਨ ਵਜੂਦ ਵੇਖਣੇ ਨਹੀਂ ਨੰਗੇ, ਸਿਰ ਤੋਂ ਪੈਰਾਂ ਤਕ ਓਢਣ ਇਕ ਪਹਿਨਾਈਆ । ਮੁਖ ਨਕ਼ਾਬ ਰੱਖਣ ਆਪਣੇ ਸੰਗੇ, ਢਾਈ ਗਿਠਾਂ ਲੰਬੀ ਦਿਤੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਰਿਹਾ ਭੁਗਤਾਈਆ । ਹਾੜ ਕਹੇ ਗੁਰਮੁਖੋ ਵੇਖਿਓ ਨਾ ਜਾਇਓ ਹਰ, ਹਾਰਦੀ ਦਿਸੇ ਲੋਕਾਈਆ । ਤੁਸੀਂ ਓਸ ਪ੍ਰਭ ਦੀ ਜੜ੍ਹ, ਜੋ ਜੁਗ ਜੁਗ ਬੂਟੇ ਰਿਹਾ ਲਗਾਈਆ । ਜਿਸ ਨੇ ਬਾਹੋਂ ਆਂਦੇ ਫੜ, ਦਰੇ ਦਰਬਾਰ ਦਿਤੀ ਵਡਿਆਈਆ । ਤੁਸੀਂ ਕਦੇ ਨਹੀਂ ਜਾਣਾ ਮਰ, ਮਰ ਜੀਵਤ ਰੂਪ ਵਟਾਈਆ । ਤੁਹਾਡਾ ਮੇਲਾ ਨਾਲ ਨਰਾਇਣ ਨਰ, ਨਰਕਾਂ ਤੋਂ ਬਾਹਰ ਕਢਾਈਆ । ਤੁਸਾਂ ਵਸਣਾ ਆਪਣੇ ਘਰ, ਸਚਖੰਡ ਦਵਾਰੇ ਜਿਥੇ ਬੈਠਾ ਸ਼ਹਿਨਸ਼ਾਹੀਆ । ਸਭ ਨੇ ਢੋਲਾ ਇਕੋ ਲਿਆ ਪੜ੍ਹ, ਇਕੋ ਦਾ ਮਾਲਕ ਵੇਖੇ ਚਾਈਂ ਚਾਈਆ । ਗੋਦਾਵਰੀ ਆਪਣੀ ਕੰਨੀ ਦਾ ਖੋਲ੍ਹਣ ਲੱਗੀ ਲੜ, ਕੰਨੀ ਕੰਨੀ ਨਾਲੋਂ ਰਹੀ ਕਤਰਾਈਆ । ਮੇਰਾ ਪੂਰਾ ਹੋਵਣ ਲਗਾ ਵਰ, ਸਦੀਆਂ ਦੇ ਵਰੇ ਦਿਤੇ ਮੁਕਾਈਆ । ਮੇਰਾ ਪੂਰਾ ਕਰੇ ਸਫ਼ਰ, ਆਪਣਾ ਸਫ਼ਾ ਦਏ ਉਲਟਾਈਆ । ਮੈਨੂੰ ਖ਼ੁਸ਼ੀ ਹੋਈ ਜਿਸ ਗੋਬਿੰਦ ਦੇ ਲੱਗੀ ਮਗਰ, ਓਸੇ ਨੇ ਲਿਆ ਬੁਲਾਈਆ । ਧੰਨ ਭਾਗ ਜੇ ਮੇਰੀ ਪੂਰੀ ਕਰ ਦਏ ਸਧਰ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਮੈਂ ਭਗਤੋ ਤੁਹਾਡਾ ਜ਼ਰੂਰ ਕਰਾਂ ਕ਼ਦਰ, ਗੋਦਾਵਰੀ ਹੱਥ ਜੋੜ ਕੇ ਵਾਸਤਾ ਪਾਈਆ । ਕਿਉਂ ਮੇਰੇ ਉਤੇ ਤੁਹਾਡੇ ਮਾਲਕ ਦੀ


੯੫੫

ਨਜ਼ਰ, ਜੋ ਬੇਨਜ਼ੀਰ ਨਜ਼ਰੀ ਆਈਆ । ਜਿਹੜਾ ਕਦੀ ਨਹੀਂ ਸੜਿਆ ਗੋਰ ਵਿਚ ਨਾ ਪਿਆ ਕ਼ਬਰ, ਜਗਤ ਮਨਾਰ ਨਾ ਕੋਇ ਵਖਾਈਆ । ਓਸੇ ਨੇ ਮੈਨੂੰ ਦਿਤਾ ਸਬਰ, ਸਿਖਿਆ ਸਚ ਸਮਝਾਈਆ । ਜਿਸ ਦਾ ਸ਼ਬਦੀ ਰੂਪ ਸ਼ੇਰ ਬਬਰ, ਜਨ ਭਗਤਾਂ ਟੱਬਰ ਆਪਣਾ ਰਿਹਾ ਬਣਾਈਆ । ਜਿਸਦਾ ਵਾਸਾ ਉਤੇ ਅੰਬਰ, ਸਵੰਬਰ ਗੁਰਮੁਖਾਂ ਨਾਲ ਰਖਾਈਆ । ਸਰਬ ਕਲਾ ਪੀਤੰਬਰ, ਭੂਤ ਭਵਿਖਤ ਕਾਲ ਦਏ ਗਵਾਹੀਆ । ਜਿਸ ਨੇ ਕੂੜਾ ਮੇਟਣਾ ਜਗਤ ਅਡੰਬਰ, ਅੱਡੇ ਬਦੀ ਦੇ ਦੇਣੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਇਕ ਵਰਤਾਈਆ । ਗੋਦਾਵਰੀ ਕਹੇ ਗੁਰਮੁਖੋ ਕੀ ਮੇਰੇ ਦਵਾਰੇ ਆਉਗੇ । ਪਰਮ ਪੁਰਖ ਦੇ ਸਾਚੇ ਸਿੱਖੋ, ਕੀ ਮੇਰੀ ਸੁਖਣਾ ਪੂਰ ਕਰਾਉਗੇ । ਗੋਬਿੰਦ ਦੇ ਉਜਲ ਮੁਖੋ, ਕੀ ਮੇਰਾ ਮੁਖ ਅਪਣੇ ਰੰਗ ਚਮਕਾਉਗੇ । ਖ਼ੁਸ਼ੀਆਂ ਨਾਲ ਕਿਸ ਬਿਧ ਉਠੋ, ਬਣ ਕੇ ਪਾਂਧੀ ਆਪਣਾ ਪੰਧ ਤਜਾਉਗੇ । ਮਿਹਰਵਾਨ ਹੋ ਕੇ ਤੁੱਠੋ, ਪ੍ਰੇਮ ਪ੍ਰੀਤੀ ਮੇਰੀ ਝੋਲੀ ਪਾਉਗੇ । ਗੋਦਾਵਰੀ ਕਹੇ ਵੇਖਿਓ ਮੇਰੇ ਨਾਲ ਮੂਲ ਨਾ ਰੁਸੋ, ਮੈਂ ਰੋ ਰੋ ਦਿਆਂ ਦੁਹਾਈਆ । ਜੇ ਮੈਨੂੰ ਸਚ ਪੁੱਛੋ, ਤੁਹਾਡੀ ਖ਼ਾਤਰ ਮੈਨੂੰ ਮਿਲਣਾ ਸੱਚਾ ਮਾਹੀਆ । ਜਿਸ ਦੀ ਤੁਸੀਂ ਉਪਜੇ ਕੁੱਖੋਂ, ਨਾਦੀ ਸੁਤ ਲਏ ਪਰਗਟਾਈਆ । ਮੈਂ ਤੁਹਾਨੂੰ ਖ਼ੁਸ਼ੀਆਂ ਨਾਲ ਫੜਿਆ ਗੁਟੋਂ, ਪੰਜਾਂ ਉਂਗਲੀਆਂ ਨਾਲ ਦਬਾਈਆ । ਆਓ ਗੋਬਿੰਦ ਦੇ ਸਾਚਿਓ ਪੁੱਤੋ, ਮੇਰਾ ਪਤਿਪਰਮੇਸ਼ਵਰ ਦਿਓ ਮਿਲਾਈਆ । ਆਪਣੇ ਚਰਨ ਮੇਰੇ ਵਿਚ ਸੁੱਟੋ, ਮੈਨੂੰ ਰੁੜ੍ਹਦੀ ਜਾਂਦੀ ਨੂੰ ਲਓ ਤਰਾਈਆ । ਫੜ ਕੇ ਬਾਹੋਂ ਮੈਨੂੰ ਬਾਹਰ ਖਿੱਚੋ, ਮੇਰਾ ਰੂਪ ਦਿਓ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਦਏ ਵਖਾਈਆ । ਗੋਦਾਵਰੀ ਕਹੇ ਉਡੀਕਦੀ ਮੈਨੂੰ ਸਮਾਂ ਗਿਆ ਲੰਘ, ਮੈਂ ਬੈਠੀ ਰਾਹ ਤਕਾਈਆ । ਮੈਨੂੰ ਅੱਜ ਆਉਣ ਲੱਗਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਹੜਾ ਪੁਰਖ ਅਕਾਲ ਦਾ ਚੰਦ, ਚੰਦ ਗੁਰਮੁਖ ਕਰੇ ਰੁਸ਼ਨਾਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਗੀ ਇਕੋ ਦਿਤੀ ਦ੍ਰਿੜਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਹਮ ਸਾਜਣ ਲਿਆ ਮਿਲਾਈਆ । ਆਪਣੇ ਲਾ ਕੇ ਅੰਗ, ਅੰਗੀਕਾਰ ਇਕ ਹੋ ਜਾਈਆ । ਗੋਦਾਵਰੀ ਕਹੇ ਮੈਂ ਵੇਖ ਕੇ ਹੋਈ ਦੰਗ, ਹੈਰਾਨੀ ਮੇਰੇ ਉਤੇ ਛਾਈਆ । ਇਸ ਦੇ ਕੋਲ ਕਿਹੜਾ ਢੰਗ, ਜਿਹੜਾ ਸੁੱਤਿਆਂ ਰਿਹਾ ਉਠਾਈਆ । ਵਕਤਾ ਹੋ ਕੇ ਨਾ ਪਾਵੇ ਡੰਡ, ਕਿਹੜੀ ਰਮਜ਼ ਬਿਨ ਸਮਝ ਰਿਹਾ ਲਗਾਈਆ । ਪੁਰਖ ਅਕਾਲ ਕਿਹਾ ਓਹ ਕਮਲੀਏ ਮੇਰਾ ਗੋਬਿੰਦ ਭਗਤਾਂ ਦੁਵਾਰੇ ਸਦਾ ਮਾਰਦਾ ਰਹਿੰਦਾ ਪੰਧ, ਦਿਵਸ ਰੈਣ ਫਿਰ ਫਿਰ ਸੇਵ ਕਮਾਈਆ । ਕੁਛ ਓਸ ਦੇ ਕੋਲੋਂ ਮੰਗ, ਤੇਰੀ ਝੋਲੀ ਦਿਆਂ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਦਾਵਰੀ ਕਹੇ ਮੈਂ ਇਕ ਦਵਾਰੇ ਬਣੀ ਮੰਗਤ, ਭਿਖਾਰੀ ਨਜ਼ਰੀ ਆਈਆ । ਗੋਬਿੰਦ ਪਹਿਲੋਂ ਤਾਰਦੇ ਆਪਣੀ ਸੰਗਤ, ਸ੍ਰੀ ਭਗਵਾਨ ਨਾਲ ਜੋੜ ਜੁੜਾਈਆ । ਕੋਈ ਰਹਿਣ ਨਾ ਪਾਵੇ ਪਾਂਧਾ ਪੰਡਤ, ਬੋਧ ਅਗਾਧ ਦਏ ਸਮਝਾਈਆ । ਕਲਜੁਗ ਅੰਤ ਅਖ਼ੀਰੀ ਅਨਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਆਪਣਾ ਨਾਮ ਜਣਾ ਦੇ ਧੁਰ ਦਾ ਮੰਤ, ਮੰਤਵ ਸਭ ਦਾ ਹਲ ਕਰਾਈਆ । ਭਾਵੇਂ ਕਲਜੁਗ ਵਿਚ ਪਭੂ ਨੂੰ ਮਿਲਿਆ ਨਹੀਂ ਕੋਈ ਸੰਤ, ਕੋੜ੍ਹਿਆਂ ਕਮਲਿਆਂ ਨੂੰ ਸੰਤਾਂ ਦੇ ਸੰਤ ਦੇ ਬਣਾਈਆ । ਕਿਉਂ ਇਨ੍ਹਾਂ ਦਾ ਮਾਲਕ ਤੂੰ ਮਿਲ ਗਿਉਂ ਸਾਚਾ ਕੰਤ, ਆਤਮ ਸੇਜਾ ਰਿਹਾ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭੂ ਤੇਰਾ ਖ਼ੁਸ਼ੀਆਂ ਵਾਲਾ ਸੰਮਤ, ਸਮਾਂ ਆਪਣਾ ਰੰਗ ਬਦਲਾਈਆ । ਸੰਮਤ ਕਹੇ ਨੀ ਗੋਦਾਵਰੀ

ਤੈਨੂੰ ਮੇਰਾ ਆ ਗਿਆ ਚੇਤਾ, ਜੋ ਗੋਬਿੰਦ ਗਿਆ ਦ੍ਰਿੜਾਈਆ । ਓਸ ਨੇ ਰੋ ਕੇ ਕਿਹਾ ਮੈਨੂੰ ਤੇਰਾ ਉਪਜਿਆ ਹੇਤਾ, ਪ੍ਰੇਮ ਅੰਦਰੋਂ ਦਿਤਾ ਹਿਲਾਈਆ । ਕਿਉਂ ਤੂੰ ਸਭ ਦਾ ਸਾਂਝਾ ਨੇਤਾ, ਨੀਤੀਵਾਨ ਅਖਵਾਈਆ । ਗੁਰਮੁਖ ਪਾਰ ਕਰੌਣਾ ਤੇਰੇ ਕੋਲ ਠੇਕਾ, ਬਾਕੀ ਦੀ ਠੇਕੇਦਾਰੀ ਦਿਤੀ ਗਵਾਈਆ । ਤੇਰੇ ਰਾਹ ਜਾਂਦਿਆਂ ਕਿਸੇ ਗੁਰਮੁਖ ਨੂੰ ਵਿਕਾਰਾਂ ਵਾਲਾ ਲੱਗੇ ਨਾ ਠੇਡਾ, ਕੂੜੇ ਰੋੜੇ ਦੇਣੇ ਹਟਾਈਆ । ਤੇਰਾ ਗੁਰਸਿਖ ਤੂੰ ਆਪੇ ਕਿਹਾ ਤੇਰੇ ਜੇਡਾ, ਇਕੋ ਰੰਗ ਦੇਣਾ ਰੰਗਾਈਆ । ਇਹ ਹਰਿ ਕੇ ਭਗਤ ਕੋਈ ਵਾੜਾ ਨਹੀਂ ਭੇਡਾਂ, ਜੋ ਸਾਲ ਛੇਈਂ ਮਹੀਨੇ ਮੁੰਨ ਕੇ ਉਨ ਹੱਟੀਆਂ ਵਿਚ ਵਿਕਾਈਆ । ਸਾਰਿਆਂ ਵਸਣਾ ਇਕੋ ਦੇਸਾ, ਜਿਸ ਦੇਸ ਦਾ ਮਾਲਕ ਬੇਪਰਵਾਹੀਆ । ਸਾਚਿਆਂ ਭਗਤਾਂ ਨੇ ਸਦਾ ਰਹਿਣਾ ਹਮੇਸ਼ਾ, ਲੱਖ ਚੁਰਾਸੀ ਮਰੇ ਜੰਮੇ ਜੰਮੇ ਮਰੇ ਭੱਜੇ ਵਾਹੋ ਦਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਡਾ ਲਹਿਣੇ ਵਿਚ ਲਹਿਣਾ ਪਾ ਕੇ ਪੂਰਾ ਕਰੇ ਲੇਖਾ, ਲਿਖਤ ਭਵਿਖਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਾਰਾਂ ਹਾੜ ਦਾ ਝੋਲੀ ਪਾ ਕੇ ਹਿੱਸਾ, ਹਿਸਾਬ ਪੂਰਾ ਦਏ ਕਰਾਈਆ ।





### ❊ ੨੦ ਹਾੜ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਤੁਹਾਡੇ ਘਰ ਭਾਗ ਲਗੌਣਾ ਪੁੱਤੀਂ, ਖ਼ਾਲੀ ਕੁੱਖ ਰਹਿਣ ਕੋਇ ਨਾ ਪਾਈਆ । ਸਭ ਦੇ ਕੋਲ ਚਲ ਕੇ ਆਵਾਂ ਪੈਰੀਂ ਨੰਗੀਂ ਥੱਲੇ ਨਾ ਹੋਵੇ ਜੁਤੀ, ਯਥਾਰਥ ਆਪਣੀ ਸੇਵ ਕਮਾਈਆ । ਸਭ ਦੀ ਆਪਣੇ ਨਾਲ ਬੰਨ੍ਹ ਕੇ ਰੁਚੀ, ਆਪਣੀ ਰੁਚੀ ਦਿਆਂ ਵਖਾਈਆ । ਜਿਹੜੀ ਗੋਦਾਵਰੀ ਸਭ ਤੋਂ ਬਣੀ ਰਹੀ ਸੁੱਚੀ, ਉਹ ਤੁਹਾਡਿਆਂ ਪੈਰਾਂ ਹੇਠਾਂ ਦਿਤੀ ਦਬਾਈਆ । ਅਗੇ ਭਗਤਾਂ ਦੀ ਧਾਰ ਕਰ ਕੇ ਉਘੀ, ਉਦੇ ਆਥਣ ਦਿਤੀ ਵਡਿਆਈਆ । ਤੁਹਾਡੀ ਉਤਮ ਸ੍ਰੇਸ਼ਟ ਬਿਬੇਕ ਕਰ ਕੇ ਬੁੱਧੀ, ਵਿਸ਼ੇਸ਼ਤਾ ਇਕੋ ਦਿਤੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਹਰਿ ਸੰਗਤ ਨਾ ਮੰਗੋ ਛੁੱਟੀ, ਛੁੱਟੀ ਨੂੰ ਖ਼ੁਸ਼ੀ ਵਿਚ ਲਓ ਬਦਲਾਈਆ । ਬੜਿਆਂ ਚਿਰਾਂ ਪਿਛੋਂ ਤੁਹਾਡੀ ਗੰਢੀ ਟੁੱਟੀ, ਨਾਤਾ ਧੁਰ ਦਾ ਲਿਆ ਬਣਾਈਆ । ਤੁਹਾਡੇ ਪ੍ਰੇਮ ਪਿਆਰ ਵਿਚ ਤੁਹਾਡੀ ਖਾ ਕੇ ਰੋਟੀ ਸੁੱਕੀ, ਸੁਕਿਆਂ ਹਰੇ ਰਿਹਾ ਕਰਾਈਆ । ਤੁਹਾਡੀ ਧਾਰ ਦਾਤਾਰ ਵਿਚੋਂ ਫੁੱਟੀ, ਪਿਆਰ ਵਿਚੋਂ ਪਿਆਰ ਰਹੀ ਜਣਾਈਆ । ਤੁਹਾਡੀ ਮਨ ਵਾਸਨਾ ਹੋਵੇ ਸੁੱਚੀ, ਕੂੜੀ ਕਿਰਿਆ ਰਹੇ ਨਾ ਰਾਈਆ । ਸਤਿਗੁਰ ਨੂੰ ਮਿਲ ਕੇ ਅੰਦਰੋਂ ਰਹੇ ਕੋਈ ਨਾ ਦੁਖੀ, ਦੁਖੀਆਂ ਦਾ ਦਰਦ ਦੇਣਾ ਗਵਾਈਆ । ਤੁਸੀਂ ਤਾਅ ਦੇਂਦੇ ਜਾਓ ਮੁੱਛੀਂ, ਪ੍ਰਭ ਮਿਲਿਆ ਬੇਪਰਵਾਹੀਆ । ਦਰ ਆਈ ਬਿਰਧ ਬਾਲ ਜਵਾਨ ਭਗਤਾਂ ਵਾਲੀ ਸੰਗਤ ਤਾਰੀ ਸਮੁੱਚੀ, ਸਮਝ ਨਾਲ ਸਮਝ ਦਿਤੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਛੁੱਟੀ ਕਹੇ ਮੈਂ ਖ਼ੁਸ਼ੀ ਵਿਚ ਹੋਈ ਤਬਦੀਲ, ਤਬਾਦਲਾ ਦਿਤਾ ਕਰਾਈਆ । ਦਰਗਾਹ ਦਾ ਮਿਲ ਗਿਆ ਇਕ ਵਕੀਲ, ਬਿਨਾ ਵਕਾਲਤ ਤੋਂ ਲੇਖੇ ਰਿਹਾ ਚੁਕਾਈਆ । ਜਿਸ ਦੀ ਬਦਲੇ ਨਾ ਕਦੇ ਦਲੀਲ, ਦਲੀਲ ਆਪਣੀ ਨਾਲ ਮਿਲਾਈਆ । ਜਿਨ੍ਹਾਂ ਦਾ ਇਕੋ ਟਿਕਾਣਾ ਇਕੋ ਦਰ ਫਸੀਲ, ਰਾਜਧਾਨੀ ਨਾ ਕੋਇ ਪਰਗਟਾਈਆ । ਪ੍ਰੇਮ ਪਿਆਰ ਬਖ਼ਸ਼ ਕੇ ਸਚ ਤਮੀਜ਼, ਕੂੜੀ ਤਮਅ ਦਏ

ਮੁਕਾਈਆ । ਜਨ ਭਗਤੋ ਤੁਸੀਂ ਬਾਲੇ ਨੱਢੇ ਨੰਨ੍ਹੇ ਬੱਚੇ ਮੇਰੇ ਅਜ਼ੀਜ਼, ਆਜਿਜ਼ ਬਣ ਸੀਸ ਨਿਵਾਈਆ । ਬਿਨ ਕ਼ੀਮਤੋਂ ਤੁਸਾਂ ਉਸ ਨੂੰ ਲਿਆ ਖ਼ਰੀਦ, ਜਿਸ ਦੀ ਕ਼ੀਮਤ ਨਾ ਕੋਇ ਚੁਕਾਈਆ । ਮੈਂ ਖ਼ੁਸ਼ੀ ਹੋਵਾਂ ਕਰ ਕੇ ਤੁਹਾਡੀ ਦੀਦ, ਦੀਦਾ ਦਾਨਿਸਤਾ ਦਰਸ਼ਨ ਪਾ ਕੇ ਭਗਤਾਂ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਚੜ੍ਹਾਈਆ । ਖ਼ੁਸ਼ੀ ਕਹੇ ਮੈਂ ਦੇਵਾਂ ਖ਼ੁਸ਼ਖਬਰੀ, ਬੇਖ਼ਬਰਾਂ ਖ਼ਬਰ ਜਣਾਈਆ । ਜਨ ਭਗਤੋ ਅੰਦਰੋਂ ਕਢ ਦਿਉ ਬੇਸਬਰੀ, ਸਿਦਕ ਸਬੂਰੀ ਲੈਣੀ ਹੰਢਾਈਆ । ਬਿਨਾ ਭਗਤ ਭਗਵਾਨ ਅਗੇ ਸਭ ਦੀ ਹੁੰਦੀ ਬੇਕਦਰੀ, ਰਾਜੇ ਰਾਣਿਆਂ ਤਖ਼ਤ ਨਿਵਾਸੀਆਂ ਧੱਕੇ ਮਿਲਣ ਥਾਉਂ ਥਾਈਂਆ । ਜਿਨ੍ਹਾਂ ਨੂੰ ਪੁਰਖ ਅਕਾਲ ਮਿਲ ਜਾਏ ਧੁਰ ਦਾ ਅਦਲੀ, ਅਦਾਲਤ ਆਪਣੀ ਦਏ ਜਣਾਈਆ । ਉਹਨਾਂ ਦੀ ਰਾਏ ਧਰਮ ਜੂਨੀਆਂ ਵਿਚ ਕਰ ਨਾ ਸਕੇ ਬਦਲੀ, ਲੱਖ ਚੁਰਾਸੀ ਨਾ ਕੋਇ ਭਵਾਈਆ । ਬੇਸ਼ਕ ਤੁਹਾਡੀ ਮੇਰੇ ਨਾਲ ਪ੍ਰੀਤ ਤੁਹਾਨੂੰ ਦਿਸੇ ਸਜਰੀ, ਇਹ ਪਿਛਲੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਕਾਰਨ ਸੰਗਤ ਹਰਿ ਸੱਦ ਲਈ, ਸਦਕੇ ਉਹਨਾਂ ਜੋ ਚਲ ਕੇ ਆਏ ਪਾਂਧੀ ਰਾਹੀਆ । ਤੁਹਾਡੀ ਔਂਦਿਆਂ ਜਾਂਦਿਆਂ ਦੀ ਵੇਲ ਵਧ ਗਈ, ਵਾਧਾ ਤੁਹਾਡੇ ਹੱਥ ਫੜਾਈਆ । ਪੁਰਖ ਅਕਾਲ ਦੀ ਸੱਚੀ ਬਣ ਯਦ ਗਈ, ਯਦੀ ਆਪਣਾ ਰੰਗ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰਫ਼ ਆਇਆ ਤੁਹਾਡੇ ਸੰਗ ਲਈ, ਅੰਗ ਆਪਣੇ ਲਏ ਲਗਾਈਆ । ਭਗਤ ਸਿੰਘ ਉਠ ਵੇਖ ਆਪਣੇ ਮਹਿਮਾਨ, ਸਹਿਜੇ ਦਿਆਂ ਵਖਾਈਆ । ਇਹਨਾਂ ਕੋਲ ਤੇਰੀ ਜਗਤ ਰਿਸ਼ਤੇਦਾਰੀ ਦਾ ਨਹੀਂ ਨਿਸ਼ਾਨ, ਦੁਨੀਆ ਵਾਲੇ ਸੱਜਣ ਨਜ਼ਰ ਨਾ ਆਈਆ । ਇਹ ਉਹ ਮੇਲ ਜਿਹੜਾ ਮੇਲਿਆ ਸ੍ਰੀ ਭਗਵਾਨ, ਮੇਲੀ ਬਣਾ ਕੇ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਅੰਤਰ ਪ੍ਰੇਮ ਗਿਆਨ, ਸ਼ਬਦੀ ਢੋਲੇ ਗਾਈਆ । ਤੂੰ ਭੁਲ ਗਿਉਂ ਪਿਛਲਾ ਇਹਨਾਂ ਦਾ ਅਨਵਾਨ, ਰੂਪ ਰੰਗ ਰੇਖ ਸਮਝ ਕੋਇ ਨਾ ਆਈਆ । ਇਕ ਦਿਨ ਗੋਬਿੰਦ ਦਾ ਭਰਿਆ ਸੀ ਦੀਵਾਨ, ਮਜਲਸ ਗੁਰਮੁਖਾਂ ਵਿਚ ਟਿਕਾਈਆ । ਦਇਆ ਸਿੰਘ ਦੇ ਨਾਲ ਤੂੰ ਆਇਉਂ ਬਣ ਕੇ ਚਤੁਰ ਸੁਜਾਨ, ਹਿਰਦਿਉਂ ਸੀਸ ਦਿਤਾ ਨਿਵਾਈਆ । ਇਕ ਛੋਟਾ ਬੱਚਾ ਜਿਸ ਅਸੁੱਤੇ ਤੇਰਾ ਪਲੂ ਫੜਿਆ ਆਣ, ਤੂੰ ਖ਼ੁਸ਼ੀ ਨਾਲ ਗੋਦ ਉਠਾਈਆ । ਉਸ ਵੇਲੇ ਤੇਰੇ ਘਰ ਕੋਈ ਨਹੀਂ ਸੀ ਸੰਤਾਨ, ਬਾਲੇ ਮਿਲ ਕੇ ਗੋਬਿੰਦ ਸੀਸ ਦਿਤਾ ਨਿਵਾਈਆ । ਗੋਬਿੰਦ ਪੁਛਿਆ ਇਹ ਕਾਕਾ ਸੋਹਣਾ ਚਤੁਰ ਸੁਜਾਨ, ਅੰਦਰੋਂ ਬਾਹਰੋਂ ਨਜ਼ਰੀ ਆਈਆ । ਤੂੰ ਹੌਲੀ ਜਿਹੀ ਕਿਹਾ ਜੇ ਇਹ ਦੇ ਦੇਂ ਦਾਨ, ਤੇਰੀ ਬੇਪਰਵਾਹੀਆ । ਗੋਬਿੰਦ ਅੰਦਰ ਸ਼ਬਦ ਇਸ਼ਾਰਾ ਦਿਤਾ ਆਣ, ਅਗੰਮੀ ਹੁਕਮ ਵਰਤਾਈਆ । ਤੈਨੂੰ ਇਕ ਵੇਰਾਂ ਛਡਣਾ ਪਏ ਜਹਾਨ, ਨਾਤਾ ਲੋਕਮਾਤ ਤੁੜਾਈਆ । ਉਸ ਵੇਲੇ ਇਹ ਸਾਰੇ ਗੁਰਮੁਖ ਬੈਠੇ ਸੀ ਸਨਮੁਖ ਵਿਚ ਮੈਦਾਨ, ਖ਼ੁਸ਼ੀਆਂ ਨਾਲ ਦਰਸ਼ਨ ਸਤਿਗੁਰ ਪਾਈਆ । ਗੋਬਿੰਦ ਸਹਿਜ ਸੁਭਾਓ ਬੋਲਿਆ ਨਾਲ ਜ਼ਬਾਨ, ਧੁਰ ਦੀ ਧਾਰ ਦਏ ਜਣਾਈਆ । ਜਿਸ ਵੇਲੇ ਮੈਂ ਮੁੜ ਕੇ ਆਵਾਂ ਜੋਧਾ ਸੂਰ ਸ਼ਬਦੀ ਬਣ ਬਲਵਾਨ, ਵੇਸ ਅਵਲੜਾ ਆਪ ਵਟਾਈਆ । ਤੇਰਾ ਖ਼ਾਲੀ ਭੰਡਾਰਾ ਭਰਾਂ ਦੇ ਕੇ ਦਾਨ, ਗੋਦੀ ਗੋਦ ਦਿਆਂ ਸੁਹਾਈਆ । ਇਸੇ ਬੱਚੇ ਨੂੰ ਰੱਖਾਂ ਤੇਰੇ ਨਾਲ, ਸਿਰ ਆਪਣਾ ਹੱਥ ਰਖਾਈਆ । ਦਇਆ ਕਰਾਂ ਹੋ ਕੇ ਦੀਨ ਦਿਆਲ, ਦਇਆਨਿਧ ਆਪਣਾ ਫੇਰਾ ਪਾਈਆ । ਕਰਨਾ ਖੇਲ ਇਕ ਮਹਾਨ, ਮਹਿੰਮਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਮਸਤਕ ਵੇਖ ਵਖਾਈਆ । ਭਗਤ ਸਿੰਘ ਆਹ ਵੇਖ ਆਪਣੇ ਸੱਜਣ, ਸਹਿਜੇ ਦਿਆਂ ਵਖਾਈਆ । ਜਿਹੜੇ ਪ੍ਰੇਮ ਪ੍ਰੀਤੀ ਅੰਦਰ ਮਗਨ, ਮਗਰਲੇ

ਲੇਖੇ ਨਾਲ ਵਡਿਆਈਆ । ਇਹਨਾਂ ਦੇ ਬਾਹਰੋਂ ਤੱਤਾਂ ਵਾਲੇ ਬਦਲ ਗਏ ਬਦਨ, ਅੰਦਰ ਓਹੋ ਨੂਰ ਰੁਸ਼ਨਾਈਆ । ਸਾਚੇ ਦੀਪਕ ਵਾਂਗੂ ਜਗਣ, ਜੋਤੀ ਨੂਰ ਨੂਰ ਰੁਸ਼ਨਾਈਆ । ਭਾਵੇਂ ਓਸੇ ਕਰ ਕੇ ਜੋਗਿੰਦਰ ਦੀ ਸ਼ਾਦੀ ਵਾਸਤੇ ਤੂੰ ਨਹੀਂ ਗਿਆ ਸੱਦਣ, ਗੋਬਿੰਦ ਆਪੇ ਲਏ ਮੰਗਾਈਆ । ਜਿਸ ਦੇ ਹੱਥ ਇਨਸਾਫ਼ ਅਦਲ, ਅਦਲ ਅਦਾਲਤ ਇਕ ਕਮਾਈਆ । ਓਸ ਵੇਲੇ ਗੋਬਿੰਦ ਦੁਵਾਰੇ ਇਕ ਮਲੰਗ ਆਇਆ ਨੱਚਣ, ਸੋਹਣਾ ਵੇਸ ਵਟਾਈਆ । ਖ਼ੁਸ਼ੀਆਂ ਨਾਲ ਲੱਗਾ ਹੱਸਣ, ਹੱਥ ਦੋਵੇਂ ਅਗੇ ਫੈਲਾਈਆ । ਪ੍ਰਭੂ ਨਾ ਮੇਰੀ ਬੰਦਗੀ ਤੇ ਨਾ ਮੇਰਾ ਭਜਨ, ਤਨ ਖ਼ਾਕੀ ਮਾਟੀ ਫਿਰਾਂ ਨਗਨ, ਪ੍ਰੇਮ ਪਿਆਰ ਦਾ ਲਾ ਕੇ ਸਗਨ, ਇਹਨਾਂ ਭੈਣਾਂ ਭਾਈਆਂ ਨਾਲ ਲਏਂ ਮਿਲਾਈਆ । ਗੋਬਿੰਦ ਕਿਹਾ ਸਤਿ ਮੇਰਾ ਤੇਰੇ ਨਾਲ ਬਚਨ, ਤੇਰਾ ਬਣਾਵਾਂ ਸੋਹਣਾ ਸਰੀਰ ਕੰਚਨ, ਰੂਪ ਆਪਣਾ ਦਿਆਂ ਚੜ੍ਹਾਈਆ । ਭਗਤਾਂ ਨਾਲ ਬਣਾ ਕੇ ਸੋਹਣਾ ਸੱਜਣ ਸਗਲਾ ਸੰਗ ਨਿਭਾਈਆ । ਓਸੇ ਦਾ ਰੂਪ ਜਸਵੰਤ ਸਿੰਘ ਉਹਨਾਂ ਭੈਣਾਂ ਭਾਈਆਂ ਵਿਚ ਆਇਆ ਵਸਣ, ਵਾਸਤਾ ਡਾਹਢੇ ਦਿਤਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਭਗਤ ਸਿੰਘ ਭਾਵੇਂ ਭੈਣ ਭਾਈ ਨਹੀਂ ਇਹ ਤੇਰੇ ਰਿਸ਼ਤੇਦਾਰ, ਜਗਤ ਕੁਟੰਭ ਰੂਪ ਨਾ ਕੋਇ ਵਖਾਈਆ । ਇਹ ਹਕ਼ੀਕ਼ਤ ਵਿਚੋਂ ਹਕ਼ੀਕ਼ੀ ਤੇਰੇ ਯਾਰ, ਸ਼ਰੀਕੇ ਵਾਲੀ ਗਲ ਨਾ ਕੋਇ ਬਣਾਈਆ । ਨਾ ਕੋਈ ਰੋਸਾ ਨਾ ਕੋਈ ਗ਼ੁੱਸਾ ਨਾ ਕੋਈ ਖਾਣ ਪੀਣ ਦਾ ਵਿਹਾਰ, ਦੀਦ ਨਾਲ ਕਰਕੇ ਦੀਦਾਰ ਅੰਦਰੋਂ ਬਾਹਰੋਂ ਖ਼ੁਸ਼ੀ ਬਣਾਈਆ । ਸਭ ਤੋਂ ਪਿਆਰਾ ਪਰਮ ਪੁਰਖ ਦਾ ਵਿਹਾਰ, ਜਿਸ ਦੀ ਧਾਰ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਰਿਹਾ ਵਖਾਈਆ । ਭਗਤ ਸਿੰਘ ਅੱਜ ਭਗਤੀ ਦੀ ਉਹ ਧਾਰ, ਜੋ ਭਗਵਨ ਰਿਹਾ ਪਰਗਟਾਈਆ । ਬੇਸ਼ਕ ਤੇਰੇ ਨਾਲ ਨਹੀਂ ਜੁੰਡੀ ਦੇ ਯਾਰ, ਜੁਗ ਦੇ ਵਿਛੜੇ ਮੇਲ ਮਿਲਾਈਆ । ਬੇਸ਼ਕ ਇਹ ਖਾ ਪੀ ਕੇ ਨਹੀਂ ਮਾਰਦੇ ਲਲਕਾਰ, ਅੰਦਰੇ ਅੰਦਰ ਢੋਲੇ ਗਾਈਆ । ਤੇਰੇ ਪਿਛਲੇ ਲਹਿਣੇ ਪਿਛੇ ਇਨ੍ਹਾਂ ਤੇਰਾ ਕੀਤਾ ਸਤਿਕਾਰ, ਕਿਉਂ ਅੱਜ ਤੇਰਾ ਪੁੱਤ ਲਾੜਾ ਬਣ ਕੇ ਸੌਹਰਿਆਂ ਘਰ ਜਾਈਆ । ਇਸੇ ਕਰ ਕੇ ਪਹਿਲੋਂ ਦਿਤਾ ਨਹੀਂ ਕੋਈ ਹੁਲਾਰ, ਅੰਦਰ ਵੜ ਕੇ ਰਮਜ਼ ਨਾ ਕੋਇ ਲਗਾਈਆ । ਗੁਰਮੁਖੋ ਅੱਖੀਂ ਵੇਖੋ ਇਹ ਭੈਣਾਂ ਭਰਾਵਾਂ ਦਾ ਪਿਆਰ, ਜੋ ਸਦੀਆਂ ਵਿਚ ਸਕੇ ਨਾ ਕੋਇ ਬਣਾਈਆ । ਤੁਸੀਂ ਭਾਵੇਂ ਇਕ ਦੂਜੇ ਦੇ ਨਾਂ ਦੇ ਨਹੀਂ ਜਾਣਕਾਰ, ਪਰ ਦਰਸ਼ਨ ਕਰ ਕੇ ਗੁਰਮੁਖ ਗੁਰਮੁਖ ਮਿਲੇ ਚਾਈਂ ਚਾਈਂਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਵੱਡਿਆਂ ਛੋਟਿਆਂ ਦਾ ਕਰਦਾ ਰਹੇ ਪਿਆਰ, ਘਰ ਬਾਰ ਇਕੋ ਸਰਬ ਵਖਾਈਆ ।

### ❊ ੨੮ ਹਾੜ ਸ਼ਹਿਨਸ਼ਾਹੀ ਸੰਮਤ ੧ ਊਧਮ ਸਿੰਘ ਦੇ ਗ੍ਰਹਿ ਜਲਾਲਾਬਾਦ ❊

ਚਿਰੀ ਵਿਛੁੰਨੀ ਕਹੇ ਗਹਿਰ ਗੰਭੀਰ ਗਵਰ, ਗੋਦਾਵਰੀ ਨਿਜ ਨੇਤਰ ਧਿਆਨ ਲਗਾਈਆ । ਮੈਂ ਤਕਦੀ ਰਹੀ ਜ਼ਿਮੀਂ ਅਸਮਾਨ ਰਵ ਸਸ ਮੰਡਲ ਮੰਡਪ ਸਤਾਰੇ ਅੰਬਰ, ਲੋਕ ਪਰਲੋਕ ਵੇਖ ਵਖਾਈਆ । ਆਸਾ ਭਰਵਾਸਾ ਕਰ ਕੇ ਬੈਠੀ ਰਹੀ ਵਿਚ ਸਬਰ, ਸਿਦਕ ਆਤਮ ਅੰਤਰ ਇਕ ਬਣਾਈਆ । ਕਵਣ ਵੇਲਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜੋਤੀ ਧਾਰ ਸ਼ਬਦੀ ਆਏ ਬਬਰ, ਬੇਪਰਵਾਹ ਆਪਣੀ ਦਇਆ ਕਮਾਈਆ । ਨਿਰਗੁਣ



੬੫੯

ਨਿਰਵੈਰ ਨਿਰਾਕਾਰ ਨਿਰੰਕਾਰ ਸਤਿ ਸਤਿਵਾਦੀ ਕਰੇ ਅਦਲ, ਹੁਕਮ ਫ਼ਰਮਾਨ ਇਕੋ ਇਕ ਜਣਾਈਆ । ਜਗਤ ਜੁਗ ਚੌਕੜੀ ਭਗਤ ਭਗਵਾਨ ਰੀਤੀ ਨੀਤੀ ਦੇਵੇ ਬਦਲ, ਸੰਤ ਸੂਫ਼ੀ ਆਪਣੇ ਰੰਗ ਰੰਗਾਈਆ । ਮਨ ਵਾਸਨਾ ਕੂੜੀ ਕਿਰਿਆ ਹਉਮੇ ਹੰਗਤਾ ਕਰ ਕ਼ਤਲ, ਕੁਦਰਤ ਦਾ ਕ਼ਾਦਰ ਕਰਨੀ ਦਾ ਕਰਤਾ ਵੇਖ ਵਖਾਈਆ । ਮੈਂ ਵੇਖਦੀ ਰਹੀ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਯਤਨ, ਯਥਾ ਯੋਗ ਯਥਾਰਥ ਆਪਣੀ ਸੇਵ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅੰਤਰਜਾਮੀ ਕਵਣ ਵੇਲਾ ਵੇਖੇ ਆਪਣਾ ਵਤਨ, ਬੇਵਤਨਾਂ ਭੇਵ ਅਭੇਦਾ ਦਏ ਖੁਲ੍ਹਾਈਆ । ਗੁਰ ਚੇਲਾ ਸ਼ਬਦੀ ਧਾਰ ਆਏ ਰੱਖਣ, ਰੱਖਕ ਹੋ ਕੇ ਹੋਏ ਸਹਾਈਆ । ਮੈਂ ਨਿਜ ਨੇਤਰ ਲੋਚਨ ਨੈਣ ਦਰਸ ਕਰਾਂ ਅੱਖਣ, ਸਮਰਥ ਪਰਤਖ ਅਲੱਖ ਰੂਪ ਗੁਸਾਈਂਆ । ਮੇਰੀ ਆਸਾ ਮਨਸਾ ਖ਼ਾਹਿਸ਼ ਪੂਰੀ ਕਰੇ ਪੁਰਖ ਸਮਰਥਣ, ਮਹਿੰਮਾ ਅਕਥ ਬੋਧ ਅਗਾਧ ਦਏ ਦ੍ਰਿੜਾਈਆ । ਮੈਂ ਧੂੜੀ ਟਿੱਕਾ ਚਰਨ ਕਵਲ ਮਸਤਕ ਲਾਵਾਂ ਚੰਨਣ, ਨਮੋ ਨਮੋ ਨਮਸਤੇ ਡੰਡਾਵਤ ਕਹਿ ਕੇ ਸੀਸ ਨਿਵਾਈਆ । ਭਗਤ ਸੁਹੇਲਾ ਇਕ ਅਕੇਲਾ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਸਰਗੁਣ ਸਾਥ ਆਏ ਵਸਣ, ਹਕ ਵਸੇਰਾ ਨੇਰਨ ਨੇਰਾ ਅੰਤਰ ਬ੍ਰਹਮ ਨਿਰੰਤਰ ਮੇਲ ਮਿਲਾਈਆ । ਵਕ਼ਤ ਸੁਹੇਲਾ ਸੁਹੰਜਣਾ ਸੁਹਾਵਣੀ ਰੁਤ ਆਏ ਹੱਸਣ, ਖ਼ੁਸ਼ੀਆਂ ਗੀਤ ਤ੍ਰੈਗੁਣ ਅਤੀਤ ਤ੍ਰੈਭਵਨ ਧਨੀ ਢੋਲਾ ਇਕੋ ਗਾਈਆ । ਗੋਬਿੰਦ ਦਾ ਪੂਰਾ ਕਰੇ ਬਚਨ, ਅੰਚਨ ਕੰਚਨ ਨਿਰੰਚਨ ਨਿਰਾਕਾਰ ਵਡੀ ਵਡਿਆਈਆ । ਬਿਰਹੋਂ ਵੈਰਾਗੀ ਪ੍ਰੇਮ ਪਿਆਰ ਅੰਦਰ ਜੋ ਤੜਫਣ, ਭਟਕਣ ਅਟਕਣ ਸਭ ਦੀ ਦਏ ਗੁਆਈਆ । ਸੁਰਤ ਸਵਾਣੀ ਸ਼ਬਦ ਹਾਣੀ ਕਰਕੇ ਮਰਦਨ, ਆਤਮ ਪਰਮਾਤਮ ਪਰਮ ਪੁਰਖ ਆਪਣੇ ਰੰਗ ਰੰਗਾਈਆ । ਨੇਤਰ ਰੋਵੇ ਨੀਰ ਵਹਾਵੇ ਗੋਦਾਵਰੀ ਕਹੇ ਗੁਵਰਧਨ, ਜਮਨਾ ਕੂਕ ਕੂਕ ਸੁਣਾਈਆ । ਕ੍ਰਿਸ਼ਨ ਕੁਰਲਾਹਟ ਸੁਣਿਆ ਅਰਜਨ, ਥਰ ਥਰਾਹਟ ਸਰਬ ਲੋਕਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਸਾਫ਼ ਕਰੇ ਬਰਤਨ, ਸਾਹਿਬ ਸੁਵਾਮੀ ਅੰਤਰਜਾਮੀ ਦੁਰਮਤ ਮੈਲ ਧੁਆਈਆ । ਜੁਗ ਚੌਕੜੀ ਨਿਤ ਨਵਿਤ ਭਗਤ ਸੁਹੇਲਾ ਗੁਰਮੁਖਾਂ ਆਵੇ ਪਰਖਣ, ਪ੍ਰੀਖਿਆ ਦੀਖਿਆ ਆਪਣੇ ਹੱਥ ਰਖਾਈਆ । ਜੁਗ ਜਨਮ ਦੀ ਮੇਟਣਹਾਰਾ ਹਰਸਨ, ਹਵਸ ਹਰਸ ਅਰਸ਼ ਫ਼ਰਸ਼ ਦਏ ਚੁਕਾਈਆ । ਗੋਦਾਵਰੀ ਕਹੇ ਮੈਂ ਖ਼ੁਸ਼ੀਆਂ ਨਾਲ ਦਰਸ਼ਨ ਆਵਾਂ ਪਰਸਨ, ਦੀਦ ਈਦ ਚੰਦ ਨੂਰ ਨੂਰ ਨੂਰ ਰੁਸ਼ਨਾਈਆ । ਦੀਨ ਦੁਖੀ ਦਰਦੀਆਂ ਦਾ ਵੇਖੇ ਦਰਦਨ, ਦੀਨਾਂ ਨਾਥ ਅਨਾਥਾਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੋਦਾਵਰੀ ਕਹੇ ਬੇਪਰਵਾਹ ਬੇਨਜ਼ੀਰ, ਜਗਤ ਨਜ਼ਰ ਕਿਸੇ ਨਾ ਆਈਆ । ਸਚ ਮਹਿਬੂਬ ਲਾਤਸਵੀਰ, ਸੂਰਤ ਹਕ ਨਾ ਕੋਇ ਦ੍ਰਿੜਾਈਆ । ਜਗਤ ਕਿਰਿਆ ਕੂੜੀ ਕਟ ਸ਼ਰਅ ਜ਼ੰਜੀਰ, ਤਦਬੀਰ ਆਪਣੀ ਦੇ ਸਮਝਾਈਆ । ਤੂੰ ਪਾਤਸ਼ਾਹ ਸ਼ਹਿਨਸ਼ਾਹ ਪੈਗ਼ੰਬਰ ਗੁਰ ਤੇਰੇ ਵਜ਼ੀਰ, ਵਜਹ ਨਾਲ ਦੇ ਸਮਝਾਈਆ । ਮੇਰਾ ਵੇਲਾ ਵਕ਼ਤ ਪੁਜਿਆ ਅਖੀਰ, ਆਖ਼ਰ ਫ਼ਿਕਰੇ ਰਹੀ ਸੁਣਾਈਆ । ਗੰਗਾ ਗੋਦਾਵਰੀ ਗੰਗਾ ਧਾਰ ਵਿਚੋਂ ਰੋ ਕੇ ਕਿਹਾ ਕਬੀਰ, ਕਾਇਆ ਕਬਰ ਸ਼ੋਰ ਮਚਾਈਆ । ਦਸਤਗੀਰ ਨਾ ਕਰ ਦਿਲਗੀਰ, ਜ਼ਮੀਰ ਅੰਦਰੋਂ ਦੇ ਬਦਲਾਈਆ । ਤੂੰ ਪਾਤਸ਼ਾਹ ਮੈਂ ਹਕੀਰ ਫ਼ਕੀਰ, ਤੇਰੀ ਦਰ ਦਹਲੀਜ਼ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਈਆ । ਗੋਦਾਵਰੀ ਕਹੇ ਮੇਰੇ ਸਾਹਿਬ ਸਚ ਗੁਸਾਈਂ, ਸਾਵਲ ਸੁੰਦਰ ਤੇਰੀ ਬੇਪਰਵਾਹੀਆ । ਮੈਂ ਬਣ ਕੇ ਪਾਂਧੀ ਰਾਹੀ, ਦਿਵਸ ਰੈਣ ਭੱਜਾਂ ਚਾਈਂ ਚਾਈਆ । ਗੁਰ ਅਵਤਾਰਾਂ

੯੬੦

ਪੀਰ ਪੈਗ਼ੰਬਰਾਂ ਫੜ ਫੜ ਥੱਕੀ ਬਾਂਹੀ, ਸਗਲਾ ਸੰਗ ਨਾ ਕੋਇ ਨਿਭਾਈਆ । ਜਲ ਥਲ ਮਹੀਅਲ ਦੇਣ ਗਵਾਹੀ, ਧੁਰ ਦੀ ਧਾਰ ਸ਼ਹਾਦਤ ਰਹੀ ਭੁਗਤਾਈਆ । ਇਕੋ ਯਾਦ ਗੋਬਿੰਦ ਲੇਖਾ ਲਿਖਿਆ ਬਿਨ ਕ਼ਲਮ ਸ਼ਾਹੀ, ਬਿਨ ਅੱਖਰਾਂ ਗਿਆ ਸਮਝਾਈਆ । ਸਚ ਤੌਫ਼ੀਕ ਨੂਰ ਖ਼ੁਦਾਈ, ਖ਼ੁਦ ਮਾਲਕ ਖ਼ਾਲਕ ਦਏ ਵਡਿਆਈਆ । ਜੁਗ ਚੌਕੜੀ ਵੇਖਣਹਾਰਾ ਹਰ ਘਟ ਥਾਈਂ, ਥਾਨ ਥਨੰਤਰ ਖੋਜ ਖੁਜਾਈਆ । ਤੇਰਾ ਲਹਿਣਾ ਦੇਣਾ ਚੁਕਾਏ ਨੇਤਰ ਲੋਚਨ ਅੱਖ ਖੁਲ੍ਹਾਈ, ਆਲਸ ਨਿੰਦਰਾ ਦਏ ਮਿਟਾਈਆ । ਜਿਸ ਵੇਲੇ ਸੰਮਤ ਆਵੇ ਸ਼ਹਿਨਸ਼ਾਹੀ, ਧੁਰ ਫ਼ਰਮਾਨਾ ਧੁਰ ਦੀ ਧਾਰੋਂ ਦਏ ਪਰਗਟਾਈਆ । ਮਾਲਕ ਮਹਿਬੂਬ ਹੋ ਕੇ ਹਕ਼ੀਕ਼ਤ ਦਾ ਬਣ ਕੇ ਮਾਹੀ, ਰਵਾਦਾਰੀ ਸਭ ਦੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਕਹੇ ਹਾਏ ਮੇਰੇ ਭਗਵਾਨ, ਹੌਕੇ ਲੈ ਲੈ ਰਹੀ ਜਣਾਈਆ । ਕੋਟਨ ਕੋਟ ਮੇਰੇ ਵਿਚ ਕਰ ਕਰ ਗਏ ਦਾਨ, ਦਾਤੇ ਹੋ ਕੇ ਸੇਵ ਕਮਾਈਆ । ਹੀਰੇ ਲਾਲ ਜਵਾਹਰ ਮੋਤੀਆਂ ਦੀ ਬਣਾ ਕੇ ਖਾਣ, ਖ਼ਾਨਾ ਆਪਣਾ ਗਏ ਮਿਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਦੀ ਰਹੀ ਜਹਾਨ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸਖ਼ੀਆਂ ਵਾਲਾ ਤਕਦੀ ਰਹੀ ਕਾਹਨ, ਬੰਸਰੀ ਵਾਲੀ ਨਾਮ ਧੁਨ ਸ਼ਨਵਾਈਆ । ਸੀਤਾ ਵਾਲਾ ਤਕਦੀ ਰਹੀ ਰਾਮ, ਪੰਚਬਟੀ ਆਪਣਾ ਫੇਰਾ ਪਾਈਆ । ਨਿਤ ਨਵਿਤ ਬਣੀ ਰਹੀ ਗ਼ੁਲਾਮ, ਸੇਵਕ ਹੋ ਕੇ ਸੇਵ ਕਮਾਈਆ । ਕਲਮੇ ਇਸ਼ਾਰੇ ਸੁਣਦੀ ਰਹੀ ਪੈਗ਼ਾਮ, ਪੈਗ਼ੰਬਰਾਂ ਵਾਲੀ ਪੜ੍ਹਾਈਆ । ਮਖ਼ਲੂਕ ਦਾ ਮਾਲਕ ਔਣਾ ਅਮਾਮ, ਜਲਵਾ ਨੂਰ ਨੂਰ ਰੁਸ਼ਨਾਈਆ । ਭਗਤਾਂ ਦਾ ਪਕੜੇ ਦਾਮ, ਦਾਮਨਗੀਰ ਵੇਸ ਵਟਾਈਆ । ਹਕ਼ੀਕ਼ਤ ਦਾ ਪਿਆਏ ਜਾਮ, ਰਸ ਇਕੋ ਇਕ ਵਖਾਈਆ । ਦੋ ਜਹਾਨਾਂ ਬਦਲ ਕੇ ਨਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਗੋਦਾਵਰੀ ਉਤੇ ਹੋਵੇ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਚਰਨ ਧੂੜੀ ਦੇ ਕੇ ਮਾਣ, ਅਭਿਮਾਨ ਦਏ ਗਵਾਈਆ । ਭਗਤਾਂ ਦਾ ਭਗਤੀ ਵਖਾ ਕੇ ਨਿਸ਼ਾਨ, ਨਿਸ਼ਾਨੇ ਸਾਰੇ ਦਏ ਬਦਲਾਈਆ । ਲਹਿਣਾ ਦੇਣਾ ਮੁਕਾ ਕੇ ਅੰਜੀਲ ਕ਼ੁਰਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਲੇਖਾ ਲੇਖੇ ਵਿਚ ਟਿਕਾਈਆ । ਨਾਮ ਸੰਦੇਸ਼ਾ ਦੇ ਕੇ ਧੁਰ ਫ਼ਰਮਾਨ, ਫੁਰਨੇ ਸਭ ਦੇ ਬੰਦ ਕਰਾਈਆ । ਹੈਵਾਨ ਵੇਖੇ ਇਨਸਾਨ, ਅਗਿਆਨ ਅੰਧ ਖੋਜ ਖੁਜਾਈਆ । ਸਚ ਦਵਾਰੇ ਪਹੁੰਚੇ ਆਣ, ਅਨਕ ਕਲਧਾਰੀ ਆਪਣਾ ਵੇਸ ਵਟਾਈਆ । ਬਿਨ ਅੱਖਾਂ ਵੇਖੇ ਮਾਰ ਧਿਆਨ, ਅੰਦਰ ਬਾਹਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਦਾਵਰੀ ਕਹੇ ਮੈਂ ਹੋਵਾਂ ਗਦ ਗਦ, ਹੋਕਾ ਦੇ ਕੇ ਦਿਆਂ ਸੁਣਾਈਆ । ਜਿਸ ਵੇਲੇ ਸਾਹਿਬ ਸਵਾਮੀ ਭਗਤ ਸੁਹੇਲੇ ਸਜਣ ਸੱਦ, ਦਰ ਦਵਾਰੇ ਤਟ ਕਿਨਾਰੇ ਡੇਰਾ ਲਾਈਆ । ਮੇਰੀ ਖ਼ੁਸ਼ੀ ਦੀ ਰਹੇ ਕੋਈ ਨਾ ਹਦ, ਹਦੂਦ ਸਾਰੀ ਦੇ ਗਵਾਈਆ । ਮੈਂ ਸੁਣ ਕੇ ਨਾਮ ਅਗੰਮਾ ਨਦ, ਨਦੀਆਂ ਦੀ ਧਾਰ ਵਿਚੋਂ ਆਪਣਾ ਰੂਪ ਲਵਾਂ ਪਰਗਟਾਈਆ । ਮੇਰਾ ਕਿਸੇ ਨਜ਼ਰ ਨਹੀਂ ਔਣਾ ਕ਼ਦ, ਕ਼ਦਮਾਂ ਉਤੇ ਢਹਿ ਕੇ ਸੀਸ ਨਿਵਾਈਆ । ਭਗਤਾਂ ਦੀ ਵੇਖ ਕੇ ਸੋਹਣੀ ਯਦ, ਯਦੀ ਆਪਣੀ ਝੋਲੀ ਖ਼ਾਲੀ ਦਿਆਂ ਵਖਾਈਆ । ਕੂੜੀ ਕਿਰਿਆ ਜਗਤ ਵਾਸਨਾ ਮੇਟ ਦੇ ਅੱਗ, ਮਾਇਆ ਮਮਤਾ ਤ੍ਰਿਸ਼ਨਾ ਦੇ ਮਿਟਾਈਆ । ਤੇਰੀ ਚਰਨ ਸਰਨ ਗਈ ਲਗ, ਅਗਲਾ ਪਿਛਲਾ ਲੇਖਾ ਦੇ ਮੁਕਾਈਆ । ਅੰਮ੍ਰਿਤ ਜਲ ਪਿਆ ਮਧ, ਮਧੁਰ ਧੁਨ ਸੁੰਨ ਮੁੰਨ ਦੇ ਖੁਲ੍ਹਾਈਆ । ਤੇਰਾ ਨਾਮ ਨਗਾਰਾ ਜਾਏ ਵੱਜ, ਦੋ ਜਹਾਨ ਕਰੇ ਸ਼ਨਵਾਈਆ । ਗੋਬਿੰਦ ਬਚਨ ਬਚਨ ਕਰ ਸਚ, ਸਚ ਸਤਿ

ਦੇ ਦ੍ਰਿੜਾਈਆ । ਮੇਰਾ ਪਰਦਾ ਲਏ ਕਜ, ਓਢਣ ਇਕੋ ਸੀਸ ਟਿਕਾਈਆ । ਜਿਵੇਂ ਰਖ਼ਸ਼ਾ ਕੀਤੀ ਗਜ, ਮਿਹਰ ਨਜ਼ਰ ਇਕ ਉਠਾਈਆ । ਸਭ ਕੁਛ ਬੈਠੀ ਤਜ, ਤਤਕਰਾ ਆਪਣਾ ਦੇ ਦ੍ਰਿੜਾਈਆ । ਤੇਰੇ ਭਗਤਾਂ ਦੇ ਚਰਨੀ ਜਾਵਾਂ ਢਠ, ਅਠਸਠ ਮਾਣ ਮਿਟਾਈਆ । ਜੁਗ ਚੌਕੜੀ ਬੈਠੀ ਰਹੀ ਕਰ ਕੇ ਹਠ, ਬੇਸਬਰੀ ਸਬਰ ਵਿਚ ਸਮਾਈਆ । ਧੰਨ ਭਾਗ ਤੂੰ ਆਇਉਂ ਮੇਰੇ ਤਟ, ਕਿਨਾਰੇ ਵਜੀ ਵਧਾਈਆ । ਸਚ ਦਵਾਰਾ ਖੋਲ੍ਹ ਕੇ ਹੱਟ, ਵਣਜਾਰਾ ਹੋ ਕੇ ਰਿਹਾ ਵਰਤਾਈਆ । ਪ੍ਰੇਮ ਪਿਆਰ ਵਸਤੂ ਮੇਰੀ ਝੋਲੀ ਘਤ, ਗਹਿਰ ਗੰਭੀਰ ਤੇਰੀ ਸਰਨਾਈਆ । ਗੋਬਿੰਦ ਇਸ਼ਾਰਾ ਕਰ ਕੇ ਗਿਆ ਨਾਲ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਸੋ ਸਾਹਿਬ ਸਵਾਮੀ ਹੋ ਪਰਤਖ, ਅੰਤਰਜਾਮੀ ਲੇਖਾ ਦੇ ਮੁਕਾਈਆ । ਮੇਰੀ ਝੋਲੀ ਪੌਣਾ ਮੇਰਾ ਹਕ, ਪੂਰਬ ਲਹਿਣਾ ਲੇਖੇ ਦੇਣਾ ਲਗਾਈਆ । ਮੈਂ ਜਲਧਾਰ ਪੱਥਰਾਂ ਦੀ ਠੋਕਰ ਨਾਲ ਰਹੀ ਟੱਪ, ਭੱਜਾਂ ਵਾਹੋ ਦਾਹੀਆ । ਕੋਟਨ ਕੋਟ ਜੀਵ ਮੇਰੇ ਵਿਚ ਆਪਣੇ ਲਾਹੌਣ ਔਂਦੇ ਪਾਪ, ਮੈਂ ਕਿਸੇ ਦੀ ਦੁਰਮਤ ਮੈਲ ਨਾ ਸਕੀ ਧਵਾਈਆ । ਤੇਰੇ ਭਗਤਾਂ ਤੋਂ ਸੁਣ ਕੇ ਸੋਹੰ ਜਾਪ, ਮੈਂ ਆਪਣਾ ਜਨਮ ਮਰਨ ਬੈਠੀ ਭੁਲਾਈਆ । ਧੰਨ ਵਡਿਆਈ ਜੇ ਪਰਗਟ ਹੋਇਉਂ ਆਪ, ਆਪਣੀ ਦਇਆ ਕਮਾਈਆ । ਤੇਰੀ ਚਰਨ ਛੋਹ ਨਾਲ ਹੋਵਾਂ ਪਾਕ, ਪਤਿਤ ਪੁਨੀਤ ਰੂਪ ਵਟਾਈਆ । ਤੇਰਾ ਗੋਬਿੰਦ ਦਾ ਬਣਿਆ ਧੁਰ ਦਾ ਸਾਕ, ਸੱਜਣ ਇਕੋ ਰੂਪ ਵਟਾਈਆ । ਮੇਰੀ ਪੂਰੀ ਕਰਦੇ ਆਸ, ਆਸਾ ਮਨਸਾ ਆਪਣੇ ਨਾਲ ਮਿਲਾਈਆ । ਮੈਨੂੰ ਤੇਰੇ ਉਤੇ ਵਿਸ਼ਵਾਸ਼, ਵਿਸ਼ਵ ਆਪਣਾ ਰੰਗ ਚੜ੍ਹਾਈਆ । ਤੂੰ ਦਾਤਾ ਸਰਬ ਗੁਣਤਾਸ, ਸਰਬ ਸਵਾਮੀ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਸੁਣ ਅਗੰਮੀ ਬਾਤ, ਬਾਤਨ ਦਿਆਂ ਜਣਾਈਆ । ਤੇਈ ਅਵਤਾਰਾਂ ਈਸਾ ਮੂਸਾ ਮੁਹੰਮਦ ਗੁਰੂ ਦਸ ਤਿੰਨ ਚਾਰ ਅੱਸੂ ਦੀ ਮੰਗਦੇ ਗਏ ਰਾਤ, ਬਿਨ ਕਲਮ ਦਵਾਤ ਅੱਖਰ ਇਸ਼ਾਰਿਆਂ ਨਾਲ ਰਿਹਾ ਦ੍ਰਿੜਾਈਆ । ਜੁਗ ਚੌਕੜੀ ਦਾ ਲਹਿਣਾ ਦੇਣਾ ਹਿਸਾਬ ਪੂਰਾ ਕਰੇ ਪਰਮ ਪੁਰਖ ਪ੍ਰਭ ਆਪ, ਜਿਸ ਦਾ ਵਡ ਵੱਡਾ ਪਰਤਾਪ, ਨਾਉਂ ਨਿਰੰਕਾਰਾ ਧੁਰ ਦਾ ਜਾਪ, ਜੀਵਣ ਜੁਗਤ ਜਗਤ ਦਏ ਜਣਾਈਆ । ਗੋਦਾਵਰੀ ਕਿਉਂ ਰੋ ਰੋ ਰਹੀ ਮੰਗ, ਨੇਤਰ ਨੈਣਾਂ ਨੀਰ ਵਹਾਈਆ । ਜਿਹੜਾ ਬਣਾ ਕੇ ਗਿਆ ਤੇਰਾ ਸੰਗ, ਸਗਲਾ ਲੇਖਾ ਦਏ ਚੁਕਾਈਆ । ਬ੍ਰਹਿਮੰਡ ਖੰਡ ਆਵੇ ਲੰਘ, ਪੁਰੀ ਲੋਅ ਪੰਧ ਚੁਕਾਈਆ । ਸੋ ਸਾਹਿਬ ਦੀਨ ਦਿਆਲ ਸਦਾ ਬਖ਼ਸ਼ੰਦ, ਰਹਿਮਤ ਰਹੀਮ ਦਏ ਕਮਾਈਆ । ਜੋ ਨਾਤਾ ਤੋੜ ਕੇ ਪੁਰੀ ਅਨੰਦ, ਅਨੰਦ ਆਪਣਾ ਗਿਆ ਬਣਾਈਆ । ਜਿਸ ਦੇ ਨੂਰੀ ਚਮਕਦੇ ਚੰਦ, ਗੁਰਮੁਖ ਜੋਤ ਰੁਸ਼ਨਾਈਆ । ਉਹ ਸੋਹਣਾ ਬਣਾ ਕੇ ਸੰਗ, ਤੇਰਾ ਤਟ ਕਿਨਾਰਾ ਦਏ ਸੁਹਾਈਆ । ਬੇਸਬਰੀ ਵਿਚ ਪਾ ਨਾ ਡੰਡ, ਉਚੀ ਕੂਕ ਨਾ ਕੋਇ ਸੁਣਾਈਆ । ਉਹ ਕਸਣਹਾਰਾ ਅਸਵ ਆਪਣਾ ਅਗੰਮੀ ਤੰਗ, ਸ਼ਾਹ ਸਵਾਰਾ ਦਇਆ ਕਮਾਈਆ । ਨਾਮ ਨਗਾਰਾ ਵਜਾ ਕੇ ਮਰਦੰਗ, ਮਰਦ ਮਰਦਾਨਾ ਦਏ ਉਠਾਈਆ । ਜੁਗ ਚੌਕੜੀ ਭਗਤ ਉਧਾਰਨ ਦਾ ਓਸ ਕੋਲ ਸਭ ਤੋਂ ਵਖਰਾ ਢੰਗ, ਕਰਨੀ ਆਪਣੀ ਨਾਲ ਬਣਾਈਆ । ਜਿਹੜਾ ਸ਼ਸਤਰ ਬਸਤਰ ਸੂਰਬੀਰਤਾ ਨਾਲ ਕਰਦਾ ਰਿਹਾ ਜੰਗ, ਖੰਡਾ ਖੜਗ ਖੜਗ ਨਾਲ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਦਾਵਰੀ ਨਾ ਪਾ ਰੌਲਾ, ਰੋਇਆਂ ਹੱਥ ਕਿਛ ਨਾ ਆਈਆ । ਜਿਸ ਨੇ ਤੇਰੇ ਨਾਲ ਕੀਤਾ ਕੌਲਾ, ਇਕ਼ਰਾਰ ਪੂਰਾ ਦੇ ਕਰਾਈਆ । ਜੋ ਆਇਆ ਉਪਰ ਧੌਲਾ, ਧਰਨੀ ਧਰਤ ਵੇਖ ਵਖਾਈਆ । ਕੂੜੀ ਕਿਰਿਆ ਦਾ ਭਾਰ ਕਰੇ ਹੌਲਾ, ਹੌਲੀ ਹੌਲੀ ਆਪਣਾ ਹੁਕਮ ਸੁਣਾਈਆ ।

ਨੂਰ ਖ਼ੁਦਾਈ ਹੋ ਕੇ ਮੌਲਾ, ਘਟ ਘਟ ਬੈਠਾ ਡੇਰਾ ਲਾਈਆ । ਪਰਦਾ ਚੁਕਾ ਕੇ ਦਵੈਤੀ ਉਹਲਾ, ਭਰਮਾਂ ਡੇਰਾ ਦੇਣਾ ਢਾਹੀਆ । ਨਾਮ ਸ਼ਬਦ ਦੇ ਕੇ ਸੋਹਲਾ, ਸੋ ਸਵਾਮੀ ਹੋਏ ਸਹਾਈਆ । ਜਿਸ ਦਾ ਇਕੋ ਨਾਦ ਇਕੋ ਸ਼ਬਦ ਇਕੋ ਰਾਗ ਇਕੋ ਬੋਲਾ, ਅਨਬੋਲਤ ਆਪਣਾ ਨਾਮ ਜਣਾਈਆ । ਸੋ ਸਤਿਗੁਰ ਸਾਚਾ ਤੇਰਾ ਪੂਰਬਲਾ ਨਿਹਕਰਮੀ ਬਣਿਆ ਵਿਚੋਲਾ, ਵਿਚਲਾ ਲੇਖਾ ਦੇ ਗਵਾਈਆ । ਜਿਸ ਨੇ ਸਚ ਦਵਾਰਾ ਖੋਲ੍ਹਾ, ਭਗਤਾਂ ਦਏ ਵਡਿਆਈਆ । ਉਹ ਅੰਤ ਕੰਤ ਭਗਵੰਤ ਤੇਰਾ ਲੇਖਾ ਚੁਕਾਏ ਤੈਨੂੰ ਪਾਵੇ ਓਸ ਡੋਲਾ, ਜਿਸ ਦਾ ਕਹਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਦਾਵਰੀ ਕਹੇ ਪ੍ਰਭੂ ਕੀ ਕੁਛ ਦੱਸਿਆ, ਦਹਿ ਦਿਸ਼ਾ ਵੇਖ ਵਖਾਈਆ । ਮੇਰਾ ਅੰਤਰ ਅੰਤਰ ਹੱਸਿਆ, ਹਸਤੀ ਦਿਤੀ ਬਦਲਾਈਆ । ਕੀ ਸਚ ਉਹ ਗੋਬਿੰਦ ਸ਼ਬਦੀ ਧਾਰ ਆਵੇ ਨੱਸਿਆ, ਨਿਰਗੁਣ ਆਪਣਾ ਪੰਧ ਮੁਕਾਈਆ । ਭਗਤਾਂ ਕਰੇ ਇਕੱਠਿਆਂ, ਜੁਗ ਵਿਛੜੇ ਮੇਲ ਮਿਲਾਈਆ । ਪ੍ਰੇਮ ਅੰਦਰ ਰਤਿਆ, ਰਤੀ ਰਤ ਰੰਗ ਦਏ ਚੜ੍ਹਾਈਆ । ਜਨਮ ਕਰਮ ਦੇ ਗੁਰਮੁਖ ਸੱਜਣ ਸੱਚਿਆ, ਸਚ ਸਮਗਰੀ ਝੋਲੀ ਦੇਵੇ ਪਾਈਆ । ਮਾਣ ਵਡਿਆਈ ਦੇ ਕੇ ਵਾਂਗ ਬੱਚਿਆ, ਆਪਣੀ ਗੋਦ ਲਏ ਉਠਾਈਆ । ਲੂੰ ਲੂੰ ਅੰਦਰ ਦਿਸੇ ਰਚਿਆ, ਸਾਢੇ ਤਿੰਨ ਕਰੋੜ ਵੱਜੇ ਵਧਾਈਆ । ਗੁਰਮੁਖਾਂ ਭਾਂਡਾ ਰਹਿਣ ਨਾ ਦੇਵੇ ਕੋਈ ਕੱਚਿਆ, ਕੂੜੇ ਠੀਕਰ ਭੰਨ ਵਖਾਈਆ । ਮਾਇਆ ਮਮਤਾ ਮੇਟ ਕੇ ਮਨ ਮਤਿਆ, ਗੁਰਮਤ ਇਕੋ ਦਏ ਸਮਝਾਈਆ । ਕੂੜੀ ਕਿਰਿਆ ਦੀ ਅੰਦਰੋਂ ਕਰ ਕੇ ਹਤਿਆ, ਸਤਿ ਸਚ ਦਏ ਪਰਗਟਾਈਆ । ਜਿਸ ਨੇ ਤੀਰ ਨਿਰਾਲਾ ਅਣਿਆਲਾ ਬਿਨ ਚਿੱਲੇ ਕਮਾਨ ਕਸਿਆ, ਆਰ ਪਾਰ ਦਏ ਲੰਘਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਅਕਲ ਕਲਧਾਰੀ ਮਾਲਕ ਸਮਰਥਿਆ, ਘਟ ਅੰਤਰ ਵੇਖ ਵਖਾਈਆ । ਜਿਸ ਦੇ ਹੁਕਮੇਂ ਅੰਦਰ ਬ੍ਰਹਿਮੰਡ ਖੰਡ ਦੋ ਜਹਾਨ ਬੱਝਿਆ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੇ ਪਟਨਾ ਪੌਂਟਾ ਪੁਰੀ ਅਨੰਦ ਤਜਿਆ, ਪੁਸ਼ਕਰ ਚਰਨਾਂ ਹੇਠ ਦਬਾਈਆ । ਸੋ ਤੇਰੀ ਰੱਖਣ ਆਵੇ ਲੱਜਿਆ, ਲਾਜਾਵੰਤ ਸੱਚਾ ਸ਼ਹਿਨਸ਼ਾਹੀਆ । ਬਿਨ ਪੁਰਖ ਅਕਾਲ ਪਰਦਾ ਕਿਸੇ ਨਾ ਕਜਿਆ, ਓਢਣ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰ ਕਰ ਕੇ ਬੇਪਰਵਾਹੀ ਹਦਿਆ, ਹਦ ਤੇਰੀ ਦਏ ਸੁਹਾਈਆ ।



### ✳ ੨੯ ਹਾੜ ਸ਼ਹਿਨਸ਼ਾਹੀ ਸੰਮਤ ੧ ਚੇਲਾ ਸਿੰਘ ਦੇ ਗ੍ਰਹਿ ਜੰਮੂ ✳

ਗੋਦਾਵਰੀ ਕਹੇ ਮੈਂ ਰਾਹ ਤੱਕਾਂ ਸਚ ਪਰਭਾਤੀ, ਪ੍ਰਭੂ ਜਿਸ ਨੂੰ ਦੇਵੇ ਮਾਣ ਵਡਿਆਈਆ । ਜਿਸ ਪੁਰਖ ਅਕਾਲ ਦੀਨ ਦਿਆਲ ਗੋਬਿੰਦ ਮੰਨ ਕੇ ਆਖੀ, ਆਖ਼ਰ ਆਪਣਾ ਹੁਕਮ ਵਰਤਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬਣ ਕੇ ਸਾਥੀ, ਧੁਰ ਦਾ ਬੇਲੀ ਸਗਲਾ ਸੰਗ ਨਿਭਾਈਆ । ਜਿਸ ਦੀ ਅਗੰਮ ਅਥਾਹ ਬਿਨ ਅੱਖਰਾਂ ਵਾਲੀ ਪਾਤੀ, ਬਿਨ ਸਤਰਾਂ ਰਹੀ ਸਮਝਾਈਆ । ਉਹ ਵਾਰਤਾ ਕਥਾ ਦੱਸੇ ਸਾਚੀ, ਸਤਿ ਸਤਿ ਦ੍ਰਿੜਾਈਆ । ਮੈਨੂੰ ਯਾਦ ਆਈ ਪਿਛਲੀ ਬਾਤੀ, ਬਾਤਨ ਪੜਦਾ ਦਿਆਂ ਉਠਾਈਆ । ਤੇਰਾ ਖੇਲ ਪੁਰਖ ਅਬਿਨਾਸ਼ੀ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਤੇਰਾ ਹੁਕਮ ਭਵਿਖਤ ਵਾਕੀ, ਵੇਲਾ ਵਕਤ ਦਏ ਸੁਹਾਈਆ । ਦਇਆਵਾਨ ਮਿਹਰਵਾਨ ਨਜ਼ਰੇ ਕਰਮ ਕਰੀਂ ਨਾਥ ਅਨਾਥੀ,

ਦੀਨਾਂ ਗੋਦ ਉਠਾਈਆ । ਸਚ ਸੁਹੰਜਣੀ ਸੁਹੌਣੀ ਮੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਜਨ ਭਗਤਾਂ ਦੀ ਪਹਿਲੋਂ ਮੁਆਫ਼ ਕਰਕੇ ਜਨਮ ਜਨਮ ਦੀ ਗੁਸਤਾਖੀ, ਗ਼ੁੱਸਾ ਗਿਲਾ ਦੇਣਾ ਗਵਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਲਿਖਿਆ ਹੋਵੇ ਉਪਰ ਛਾਤੀ, ਧੁਰ ਦੀ ਧਾਰਾ ਨਾਲ ਬਣਾਈਆ । ਪ੍ਰੇਮ ਪਿਆਰ ਨਾਲ ਤਕੇ ਕਮਲਾਪਾਤੀ, ਪਤਿਪਰਮੇਸ਼ਵਰ ਨੂਰ ਖ਼ੁਦਾਈਆ । ਜਨਮ ਜਨਮ ਦੀ ਬਦਲ ਦੇ ਹਯਾਤੀ, ਹਾਜ਼ਰ ਹੋ ਕੇ ਹੋ ਸਹਾਈਆ । ਹੁਣ ਕਿਹੜੀ ਕਥਾ ਤੇਰੀ ਕਾਗ਼ਜ਼ਾਤੀ, ਸਾਖ਼ਿਆਤ ਤੇਰੀ ਬੇਪਰਵਾਹੀਆ । ਕਿਹੜਾ ਮੇਲ ਹੋਇਆ ਇਤਫ਼ਾਕੀ, ਹੁਕਮੇਂ ਅੰਦਰ ਆਪਣਾ ਹੁਕਮ ਵਰਤਾਈਆ । ਪ੍ਰਭੂ ਤੇਰੇ ਭਗਤ ਸਦਾ ਤੇਰੇ ਜਮਾਤੀ, ਦੂਜੀ ਪਾਠਸ਼ਾਲਾ ਵਿਚ ਕਰਨ ਨਾ ਕੋਈ ਪੜ੍ਹਾਈਆ । ਤੇਰਾ ਇਲਮ ਆਲਮਾਂ ਤੋਂ ਬਾਹਰ ਸਫ਼ਾਤੀ, ਬਿਨ ਸਮਝ ਦੇਣਾ ਸਮਝਾਈਆ । ਲੇਖਾ ਲਿਖਿਆ ਨਾ ਜਾਏ ਕ਼ਲਮ ਦਵਾਤੀ, ਦਾਨਸ਼ਮੰਦੀ ਨਾ ਕੋਇ ਚਤੁਰਾਈਆ । ਲੇਖਾ ਚੁਕ ਜਾਏ ਇਸ਼ਕ ਹਕ਼ੀਕ਼ੀ ਮਜਾਜ਼ੀ, ਲਾਜੁਵਾਬੀ ਆਪਣਾ ਹੁਕਮ ਵਰਤਾਈਆ । ਮਨ ਵਾਸਨਾ ਕੂੜੀ ਕਿਰਿਆ ਤੇਰੇ ਭਗਤਾਂ ਅੰਦਰ ਨਾ ਕਰੇ ਖ਼ਰਾਬੀ, ਖੋਟੇ ਖਰੇ ਦੇਣੇ ਬਣਾਈਆ । ਆਪਣੇ ਪ੍ਰੇਮ ਪਿਆਲੇ ਮਤਵਾਲੇ ਦੇ ਕਰ ਕੇ ਸ਼ਰਾਬੀ, ਨਸ਼ਾ ਇਕੋ ਦੇਣਾ ਚੜ੍ਹਾਈਆ । ਤੇਰੇ ਰਸ ਦਾ ਖਾਵਣ ਸਚ ਕਬਾਬੀ, ਕਾਇਆ ਕਾਅਬਾ ਦੇਣਾ ਖੁਲ੍ਹਾਈਆ । ਸਚ ਮੰਦਰ ਸੁਹਾ ਮਹਿਰਾਬੀ, ਮਹਿਬੂਬ ਆਪਣਾ ਰੰਗ ਰੰਗਾਈਆ । ਭਗਤ ਉਧਾਰਨਾ ਤੇਰੀ ਧੁਰ ਦੀ ਵਾਦੀ, ਵਾਅਦਾ ਗੋਬਿੰਦ ਪੂਰ ਕਰਾਈਆ । ਮਮਤਾ ਪੂਰੀ ਹੋਵੇ ਓਸ ਦਾਦੀ, ਜੋ ਦਾਅਵੇ ਨਾਲ ਗਈ ਦ੍ਰਿੜਾਈਆ । ਧੁਰ ਦੀ ਬਾਣ ਤੇਰੀ ਆਦੀ, ਅਦਲ ਇਕੋ ਲੈਣਾ ਕਮਾਈਆ । ਗੁਰਮੁਖ ਹੰਸ ਬਣੌਣੇ ਕਾਗੀ, ਕਲਮਾ ਨਾਮ ਸਚ ਜਣਾਈਆ । ਗੀਤ ਸੁਣੌਣਾ ਧੁਰ ਦਾ ਰਾਗੀ, ਅਨਰਾਗੀ ਆਪ ਦ੍ਰਿੜਾਈਆ । ਸਾਚੇ ਭਗਤਾਂ ਬਖ਼ਸ਼ ਕੇ ਇਕ ਆਜ਼ਾਦੀ, ਅਜ਼ਲ ਤੋਂ ਲੈਣਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਈਆ । ਗੋਦਾਵਰੀ ਕਹੇ ਪ੍ਰਭ ਮੇਰੀ ਪੂਰਬ ਵੰਡੀ, ਹਿੱਸਿਆਂ ਵਾਲੀ ਨਜ਼ਰੀ ਆਈਆ । ਕੰਢੇ ਵਾਲੇ ਜਿਸ ਵੇਲੇ ਜਾਵੇ ਕੰਢੀ, ਵੇਸ ਅਨੇਕਾ ਰੂਪ ਵਟਾਈਆ । ਜਨ ਭਗਤ ਬਣਾ ਕੇ ਸੰਗੀ, ਧੁਰ ਦਾ ਸੰਗ ਰਖਾਈਆ । ਕੂੜੀ ਕਿਰਿਆ ਤੋੜ ਪਾਬੰਦੀ, ਮੁਸ਼ਕਲ ਓਹਨਾਂ ਹਲ ਬਣਾਈਆ । ਸਿੱਧਾ ਮਾਰਗ ਦੱਸ ਕੇ ਡੰਡੀ, ਡੰਡੌਤ ਇਕੋ ਦੇਣੀ ਸਮਝਾਈਆ । ਆਤਮ ਰਹੇ ਕੋਈ ਨਾ ਰੰਡੀ, ਦੋਹਾਗਣ ਰੂਪ ਨਾ ਕੋਇ ਵਟਾਈਆ । ਮਨ ਵਾਸਨਾ ਕਢ ਕੇ ਗੰਦੀ, ਅੰਮ੍ਰਿਤ ਜਾਮ ਦੇਣਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਗੋਦਾਵਰੀ ਕਹੇ ਪ੍ਰਭੂ ਮੇਰੀ ਇਕ ਹੋਰ ਲਗਨ, ਲੱਗੀ ਦਿਆਂ ਜਣਾਈਆ । ਤੇਰੇ ਭਗਤਾਂ ਨੂੰ ਮੈਂ ਖ਼ੁਸ਼ੀਆਂ ਨਾਲ ਪੌਣਾ ਸਗਣ, ਸੋਹਣਾ ਵੇਸ ਵਟਾਈਆ । ਨਾਮ ਖ਼ੁਮਾਰੀ ਪ੍ਰੇਮ ਪ੍ਰੀਤੀ ਚਾੜ੍ਹਨੀ ਰੰਗਣ, ਕਸੁੰਭੜਾ ਰੂਪ ਨਾ ਕੋਇ ਵਟਾਈਆ । ਸੱਜਣ ਸੁਹੇਲੇ ਲਾ ਕੇ ਅੰਗਣ, ਅੰਗੀਕਾਰ ਲੈਣੇ ਬਣਾਈਆ । ਜੋਤੀ ਧਾਰ ਦੇ ਨਿਰੰਜਣ, ਅੰਜਣ ਇਕੋ ਦੇਣਾ ਵਖਾਈਆ । ਧੁਰ ਦੀ ਧਾਰ ਸਾਚਾ ਮਜਨ, ਅੰਮ੍ਰਿਤ ਜਲ ਮੁਖ ਚਵਾਈਆ । ਆਤਮ ਪਰਮਾਤਮ ਕਰ ਕੇ ਮਗਨ, ਮਗਰਲਾ ਲੇਖਾ ਦੇਣਾ ਮੁਕਾਈਆ । ਪਿਛੋਂ ਭੇਵ ਖੁਲ੍ਹਾ ਕੇ ਉਪਰ ਗਗਨ, ਗਹਿਰ ਗੰਭੀਰ ਦੇਣਾ ਮਿਲਾਈਆ । ਜਿਨ੍ਹਾਂ ਦੀ ਵੇਲ ਲਗੀ ਵਧਣ, ਬੰਸ ਉਨ੍ਹਾਂ ਦੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਦੇਣੀ ਦ੍ਰਿੜਾਈਆ । ਗੋਦਾਵਰੀ ਕਹੇ ਮੈਂ ਤਕਦੀ ਰਹੀ ਜੁਗ ਚਾਰ, ਬਿਨ ਅੱਖਾਂ ਧਿਆਨ ਲਗਾਈਆ । ਜਗਤ

ਮੈਲ ਧੋਂਦੀ ਰਹੀ ਸੰਸਾਰ, ਸੇਵਾ ਸੇਵ ਕਮਾਈਆ । ਵੇਂਹਦੀ ਰਹੀ ਵਿਭਚਾਰ, ਕੂੜ ਕੁੜਿਆਰ ਰਾਹ ਤਕਾਈਆ । ਸ੍ਰਿਸ਼ਟੀ ਰੋਂਦੀ ਰਹੀ ਜ਼ਾਰੋ ਜ਼ਾਰ, ਦ੍ਰਿਸ਼ਟੀ ਦ੍ਰਿਸ਼ਟ ਨਾ ਕਿਸੇ ਖੁਲ੍ਹਾਈਆ । ਗ੍ਰਿਹਸਤੀ ਔਂਦੇ ਰਹੇ ਵਾਰੋ ਵਾਰ, ਬਣ ਬਣ ਪਾਂਧੀ ਰਾਹੀਆ । ਸਾਧ ਸੰਤ ਰਸਨਾ ਜਿਹਵਾ ਬੋਲਦੇ ਰਹੇ ਨਾਲ ਜ਼ਬਾਨ, ਰਾਮ ਨਾਮ ਢੋਲਾ ਗਾਈਆ । ਹੇ ਪ੍ਰਭੂ ਬਿਨਾ ਤੇਰੀ ਕਿਰਪਾ ਸਾਬਤ ਵੇਖਿਆ ਨਹੀਂ ਕਿਸੇ ਦਾ ਈਮਾਨ, ਅਮਲਾਂ ਵਿਚ ਨਾ ਕੋਇ ਲੋਕਾਈਆ । ਸ਼ਾਹ ਸੁਲਤਾਨ ਵੇਖੇ ਬੇਈਮਾਨ, ਬੇਵਾ ਹੋ ਕੇ ਦੇਣ ਦੁਹਾਈਆ । ਮੇਰੇ ਧੰਨ ਭਾਗ ਜੇ ਭਗਵੰਤ ਤੇਰਾ ਭਗਤਾਂ ਦਾ ਵੇਖਾਂ ਖ਼ਾਨਦਾਨ, ਹਾਨੀ ਮੇਰੀ ਪੂਰ ਮੈਂ ਖ਼ੁਸ਼ੀ ਹੋਵਾਂ ਜਹਾਨ, ਆਪਣਾ ਰੰਗ ਬਦਲਾਈਆ । ਜਿਸ ਵੇਲੇ ਤੇਰੇ ਭਗਤਾਂ ਦਾ ਸੋਹਣਾ ਲਗੇ ਦੀਵਾਨ, ਅੰਤਰ ਆਤਮ ਇਕ ਲਿਵ ਲਾਈਆ । ਮੈਂ ਸੁਣਨਾ ਸਚ ਫ਼ਰਮਾਨ, ਜੋ ਫ਼ੁਰਨਿਉਂ ਬਾਹਰ ਦਏ ਦ੍ਰਿੜਾਈਆ । ਜਿਸ ਨੂੰ ਜਾਣੇ ਨਾ ਕੋਇ ਅਵਾਮ, ਕਲਮਾਂ ਨਾਲ ਨਾ ਵੰਡ ਵੰਡਾਈਆ । ਤੂੰ ਦਰਦੀ ਬਣ ਸੁਲਤਾਨ, ਹੋਣਾ ਸਚ ਸਹਾਈਆ । ਮੈਂ ਬਰਦੀ ਬਣ ਗ਼ੁਲਾਮ, ਦਰ ਤੇਰੇ ਸੀਸ ਨਿਵਾਈਆ । ਕਰ ਬੇਨੰਤੀ ਮੰਗਾਂ ਦਾਨ, ਨੇਤਰ ਨੈਣਾਂ ਨੀਰ ਵਹਾਈਆ । ਹੇ ਪ੍ਰਭੂ ਤੇਰੇ ਭਗਤ ਬਾਲੇ ਨੱਢੇ ਬੱਚੇ ਅਜੇ ਅੰਞਾਣ, ਹੌਲੀ ਹੌਲੀ ਉਪਰ ਲੈਣਾ ਉਠਾਈਆ । ਇਨ੍ਹਾਂ ਦੇ ਅੰਦਰ ਬਖ਼ਸ਼ ਇਕ ਗਿਆਨ, ਬਿਨ ਤੇਰੇ ਦੂਸਰ ਸੀਸ ਨਾ ਕਿਸੇ ਨਿਵਾਈਆ । ਤੂੰ ਇਨ੍ਹਾਂ ਦਾ ਬਣ ਉਹ ਕਾਹਨਾਂ ਦਾ ਕਾਹਨ, ਜਿਸ ਕਾਹਨ ਨੇ ਕਾਹਨ ਦਿਤੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਦਾਵਰੀ ਕਹੇ ਸਗਣ ਵਾਲੀਆਂ ਵਸਤੂ ਦਸ, ਗੁਰਮੁਖਾਂ ਹੱਥ ਵਡਿਆਈਆ । ਲਾਲ ਦਸਤਾਰ ਸੱਜੇ ਹੱਥ, ਹਾਰ ਸਤਾਰਾਂ ਦਏ ਗਵਾਹੀਆ । ਅੱਖ ਵਿਚੋਂ ਅੱਖ ਕਰ ਕੇ ਵਖ, ਹੁਕਮ ਦੇਣਾ ਸਮਝਾਈਆ । ਸਚ ਰੂਪ ਕਰ ਪਰਤਖ, ਭਰਮ ਦੇਣਾ ਮਿਟਾਈਆ । ਜੋ ਗੁਰਮੁਖ ਲਏ ਸੱਦ, ਸ਼ਬਦੀ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਆਪਣੇ ਹੱਥ ਰਖਾਈਆ । ਗੋਦਾਵਰੀ ਕਹੇ ਸਗਣ ਉਹ ਸਗਲਾ, ਭਗਤ ਮਿਲੇ ਵਡਿਆਈਆ । ਜਿਸ ਨਾਲ ਮਾਰਗ ਮਿਲੇ ਅਗਲਾ, ਪਿਛਲਾ ਪੰਧ ਚੁਕਾਈਆ । ਹਰਿਜਨ ਰਹੇ ਕੋਈ ਨਾ ਕੰਗਲਾ, ਨਾਮ ਭੰਡਾਰਾ ਦਏ ਭਰਾਈਆ । ਫਿਰਨਾ ਪਏ ਨਾ ਵਿਚ ਜੰਗਲਾ, ਜੂਹਾਂ ਵਿਚ ਨਾ ਕੋਇ ਭਟਕਾਈਆ । ਦਵਾਰਾ ਕੋਈ ਨਾ ਪਏ ਮੰਗਣਾ, ਭੇਖੀ ਰੂਪ ਨਾ ਕੋਇ ਵਖਾਈਆ । ਘਰ ਬਾਰ ਨਾ ਪਏ ਤਜਣਾ, ਨਾਤਾ ਗ੍ਰਿਹਸਤ ਨਾ ਕੋਇ ਤੁੜਾਈਆ । ਦਇਆਵਾਨ ਹੋ ਕੇ ਘਰ ਸਵਾਮੀ ਮਿਲਣਾ ਸੱਜਣਾ, ਸਹਿਜ ਸੁਭਾਓ ਆਪਣੇ ਅੰਗ ਲਗਾਈਆ । ਜੁਗ ਚੌਕੜੀ ਤੇਰਿਆਂ ਭਗਤਾਂ ਬਹੁ ਕੀਤੀ ਤੇਰੀ ਬੰਦਨਾ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇ ਚੁਕਾਈਆ । ਗੋਦਾਵਰੀ ਕਹੇ ਮੈਂ ਵੇਖਣੀ ਭਗਤਾਂ ਦੀ ਉਹ ਛਾਤੀ, ਜਿਹੜੀ ਹਨੂਵੰਤ ਗਿਆ ਵਖਾਈਆ । ਗੁਰਮੁਖਾਂ ਦੀ ਵੇਖਣੀ ਉਹ ਰਾਤੀਂ, ਜੋ ਨਾਨਕ ਗਿਆ ਦ੍ਰਿੜਾਈਆ । ਗੁਰਸਿਖਾਂ ਦੀ ਵੇਖਣੀ ਉਹ ਜਮਾਤੀ, ਗੋਬਿੰਦ ਕਰ ਕੇ ਗਿਆ ਪੜ੍ਹਾਈਆ । ਭਗਤਾਂ ਦੀ ਵੇਖਣੀ ਉਹ ਸਾਖੀ, ਜੋ ਸਾਖ਼ਿਆਤ ਭਗਵਾਨ ਦਰਸ਼ਨ ਪਾਈਆ । ਸਭ ਨੇ ਮਿਲ ਕੇ ਇਕ ਦੀ ਮੰਨਣੀ ਆਖੀ, ਵਿਚੋਂ ਦੂਜਾ ਲੈਣਾ ਸਮਝਾਈਆ । ਗੋਦਾਵਰੀ ਕਹੇ ਪ੍ਰਭੂ ਤੇਰੇ ਦਰ ਤੇ ਆ ਕੇ ਕੋਈ ਨਾ ਰਹੇ ਪਾਪੀ, ਪਤਿਤ ਪੁਨੀਤ ਦੇਣੇ ਬਣਾਈਆ । ਚਾਰ ਜੁਗ ਦੇ ਲੇਖ ਖੋਲ੍ਹ ਕੇ ਵੇਖ ਆਪਣੀ ਕਾਪੀ, ਜਿਸ ਦਾ ਰਾਈਟ ਰਾਈਟਰ ਤੁਧ ਬਿਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ

ਸੰਗ ਦੇਣਾ ਵਖਾਈਆ । ਗੋਦਾਵਰੀ ਕਹੇ ਮੈਂ ਗੁਰਮੁਖਾਂ ਦਾ ਵੇਖਿਆ ਹਿਰਦਾ, ਅੰਦਰ ਵੜ ਕੇ ਧਿਆਨ ਲਗਾਈਆ । ਜਿਨ੍ਹਾਂ ਦਾ ਵਿਛੋੜਾ ਚਿਰ ਦਾ, ਚਿਰੀ ਵਿਛੁੰਨੇ ਲਏ ਮਿਲਾਈਆ । ਜਿਨ੍ਹਾਂ ਦੇ ਅੰਤਰ ਗੋਬਿੰਦ ਫਿਰਦਾ, ਭੱਜੇ ਵਾਹੋ ਦਾਹੀਆ । ਜਿਸ ਦੇ ਪ੍ਰੇਮ ਪਿਆਰ ਅੰਦਰ ਹੰਝੂ ਗਿਰਦਾ, ਨੇਤਰ ਨੈਣ ਛਹਿਬਰ ਲਾਈਆ । ਉਹਨਾਂ ਉਤੇ ਤੇਰਾ ਹੱਥ ਵੇਖਣਾ ਫਿਰਦਾ, ਕਿਸ ਬਿਧ ਲਏ ਟਿਕਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਵੇਲਾ ਆਇਆ ਉਸ ਅਗੰਮੀ ਪਿਰ ਦਾ, ਜਿਸ ਦੀ ਸ਼ਾਹੀ ਸਕੇ ਨਾ ਕੋਇ ਬਦਲਾਈਆ । ਹਕ ਹਕ ਹਕ਼ੀਕਤ ਨਿਬੜਦਾ, ਝਗੜਾ ਚੁਕਾਵੇ ਕੂੜ ਲੋਕਾਈਆ । ਮੈਂ ਰਾਹ ਤੱਕਾਂ ਉਸ ਦਲੇਰ ਦਿਲਦਾਰ ਦਿਲਬਰ ਦਾ, ਜੋ ਦਿਲ ਦੀ ਹਾਲਤ ਦਏ ਬਦਲਾਈਆ । ਜੋ ਮੇਰੇ ਕੰਢੇ ਉਤੇ ਆ ਕੇ ਕੰਢੀ ਵਾਲੇ ਵਿਛੜੇ ਮੇਲਦਾ, ਮਿਲਾਪੀ ਹੋ ਕੇ ਹੋਏ ਸਹਾਈਆ । ਨਾਤਾ ਕਟ ਕੇ ਰਾਏ ਧਰਮ ਦੀ ਜੇਲ ਦਾ, ਜੇਲਖ਼ਾਨਾ ਕੂੜਾ ਦਏ ਗਵਾਈਆ । ਝਗੜਾ ਮੁਕਾ ਕੇ ਪਾਸ ਫ਼ੇਲ ਦਾ, ਇਕੋ ਡਿਗਰੀ ਹੱਥ ਫੜਾਈਆ । ਓਥੇ ਮਿਟ ਜਾਏ ਝਗੜਾ ਭੰਡਾਰਾ ਖੀਰ ਦਾ, ਆਸਾ ਤ੍ਰਿਸ਼ਨਾ ਦਏ ਗਵਾਈਆ । ਗੋਦਾਵਰੀ ਕਹੇ ਮੈਂ ਖੇਲ ਵੇਖਾਂ ਉਸੇ ਦੀ ਖੇਲ ਦਾ, ਜੋ ਖ਼ੁਲਾਸੇ ਨਾਲ ਭਰਵਾਸਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਲਕ ਹੋ ਕੇ ਦਇਆ ਕਮਾਈਆ । ਗੋਦਾਵਰੀ ਕਹੇ ਸਚ ਭੇਵ ਹੁਣ ਰਹਿਣ ਨਹੀਂ ਦੇਣਾ ਗੁਪਤ, ਮੈਂ ਸਚ ਦਿਆਂ ਦ੍ਰਿੜਾਈਆ । ਭਗਤਾਂ ਉਤੇ ਪ੍ਰਭ ਮਿਹਰ ਕਰਨੀ ਮੁਫ਼ਤ, ਬੰਦਗੀ ਦੀ ਲੋੜ ਰਹੇ ਨਾ ਰਾਈਆ । ਜੁਗ ਚੌਕੜੀ ਤੇਰੀ ਕਰਦੇ ਰਹੇ ਸਿਫ਼ਤ, ਰਾਗਾਂ ਨਾਦਾਂ ਵਿਚ ਸਲਾਹੀਆ । ਸ਼ਰਅ ਵਿਚ ਹੁੰਦੇ ਰਹੇ ਗਰਿਫ਼ਤ, ਬੰਦੀਖ਼ਾਨਾ ਨਾ ਕੋਇ ਤੜਾਈਆ । ਦੀਨ ਮਜ਼੍ਹਬ ਹਿੱਸੇ ਵੰਡਦੇ ਰਹੇ ਨਿਸਫ਼, ਸਚ ਰੰਗ ਨਾ ਕੋਇ ਰੰਗਾਈਆ । ੯੬੬
ਹੇ ਪ੍ਰਭੂ ਤੂੰ ਸਭ ਦਾ ਮਾਲਕ ਲੱਖ ਚੁਰਾਸੀ ਨੂਰ ਉਪਜਿਆ ਵਿਚੋਂ ਤੇਰੇ ਗ੍ਰਿਹਿਸਤ, ਆਤਮ ਪਰਮਾਤਮ ਵੰਡ ਵੰਡਾਈਆ । ਤੇਰਿਆਂ ਭਗਤਾਂ ਨੂੰ ਤੇਰੇ ਮਿਲਣ ਦਾ ਇਸ਼ਕ, ਦੂਜੀ ਆਸ ਨਾ ਕੋਇ ਵਖਾਈਆ । ਗੋਦਾਵਰੀ ਕਹੇ ਅਗੇ ਗੋਬਿੰਦ ਮੈਨੂੰ ਲਾਰਾ ਲਾ ਕੇ ਗਿਆ ਖ਼ਿਸਕ, ਹੁਣ ਹੋਣ ਨਾ ਦੇਣੀ ਜੁਦਾਈਆ । ਸਨਮੁਖ ਹੋ ਕੇ ਤੇਰੇ ਕੋਲੋਂ ਲੁਆਣਾ ਤਿਲਕ, ਸਵਾ ਰਤੀ ਕੇਸਰ ਪਟਨੇ ਵਾਲਾ ਦਏ ਗਵਾਹੀਆ । ਮੈਂ ਪੱਕਾ ਕਰ ਲਿਆ ਨਿਸਚ, ਸਚ ਨਿਸਚੇ ਨਾਲ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਯਾਦ ਛੱਬੀ ਪੋਹ ਵਾਲੇ ਦਿਤੇ ਟਿਕਟ, ਬਿਨ ਟਕਿਆਂ ਦਿਤੇ ਵਰਤਾਈਆ । ਤੇਰੇ ਭਗਤ ਪ੍ਰੇਮੀ ਵੇਖਾਂ ਤੇਰੇ ਨਿਕਟ, ਨਿਕਟਵਰਤੀ ਹੋ ਕੇ ਹੋ ਸਹਾਈਆ । ਵਿਛੋੜੇ ਵਾਲੀ ਕਟ ਦਿੱਕਤ, ਦੁਖੀਆਂ ਦਰਦ ਲਏ ਵੰਡਾਈਆ । ਸਚ ਭਰੋਸਾ ਦੇ ਸਿਦਕ, ਚਰਨ ਪ੍ਰੀਤੀ ਇਕ ਸਰਨਾਈਆ । ਦਰ ਤੇ ਰਹੇ ਕੋਈ ਨਾ ਨਿੰਦਕ, ਕੂੜੀ ਕਿਰਿਆ ਦੇਣੀ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰਾ ਦੇਣਾ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜੀ ਦੇਣਾ ਦਾਨ, ਇਸ਼ਨਾਨ ਮਜਨ ਇਕੋ ਵਾਰ ਦੇਣਾ ਕਰਾਈਆ ।

### ✻ ੩੦ ਹਾੜ ਸ਼ਹਿਨਸ਼ਾਹੀ ਸੰਮਤ ੧ ਸਤਿਸੰਗ ਭਵਨ ਰਾਣੀ ਤਾਲਾਬ ਜੰਮੂ ਸ਼ਹਿਰ ✻

ਸਾਹਿਬ ਸਤਿਗੁਰ ਸੱਚਾ ਗਿਆ ਆ, ਆਦਿ ਜੁਗਾਦਿ ਸ਼ਬਦ ਅਨਾਦੀ ਬੇਪਰਵਾਹੀਆ । ਜੋ ਏਥੇ ਓਥੇ ਦੋ ਜਹਾਨਾਂ ਬਣੇ ਮਲਾਹ, ਖੇਵਟ

ਖੇਟਾ ਬੇੜਾ ਆਪਣੇ ਕੰਧ ਉਠਾਈਆ । ਵਾਰ ਥਿਤ ਸੋਹਣੀ ਪੂਰਨਮਾ ਰਿਹਾ ਸੁਹਾ, ਵੇਲਾ ਵਕਤ ਦਏ ਵਡਿਆਈਆ । ਜੰਮੂ ਨਿਵਾਸੀਓ ਜ਼ਰਾ ਮਾਰ ਕੇ ਵੇਖੋ ਧਿਆਂ, ਬੰਦ ਕਿਵਾੜੀ ਪਰਦਾ ਲਾਹੀਆ । ਘਰ ਘਰ ਬੈਠਾ ਜੋਤ ਜਗਾ, ਨੂਰੋ ਨੂਰ ਨੂਰ ਰੁਸ਼ਨਾਈਆ । ਸ਼ਬਦ ਅਗੰਮੀ ਨਾਦ ਰਿਹਾ ਵਜਾ, ਦਿਵਸ ਰੈਣ ਅੱਠੇ ਪਹਿਰ ਕਰੇ ਸ਼ਨਵਾਈਆ । ਮਨ ਵਾਸਨਾ ਨਾਲ ਹੋ ਕੇ ਜੁਦਾ, ਆਤਮ ਪਰਮਾਤਮ ਪਲੂ ਗਏ ਛੁੜਾਈਆ । ਧੁਰ ਦਾ ਮਾਲਕ ਨਰ ਹਰਿ ਖ਼ਾਲਕ ਸਚ ਸੰਦੇਸ਼ਾ ਇਕੋ ਰਿਹਾ ਸੁਣਾ, ਜਗ ਜੀਵਨ ਦਾਤਾ ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਅੰਦਰ ਬੈਠਾ ਵੜ, ਦੂਰ ਦੁਰਾਡਾ ਪੰਧ ਨਾ ਕੋਇ ਰਖਾਈਆ । ਸਤਿਗੁਰ ਸਾਚਾ ਤੁਹਾਡੇ ਕਾਇਆ ਮੰਦਰ ਅੰਦਰ, ਨਿਜ ਘਰ ਬੈਠਾ ਡੇਰਾ ਲਾਈਆ । ਸਾਢੇ ਤਿੰਨ ਹੱਥ ਵੇਖੇ ਸੋਹਣਾ ਮੰਦਰ, ਨੌ ਦਵਾਰੇ ਪੰਧ ਚੁਕਾਈਆ । ਬਜਰ ਕਪਾਟੀ ਖੋਲ੍ਹ ਕੇ ਵੇਖੇ ਜਿੰਦਰ, ਨੂਰੋ ਨੂਰ ਨੂਰ ਰੁਸ਼ਨਾਈਆ । ਮਨ ਵਾਸਨਾ ਦਹਿ ਦਿਸ਼ਾ ਨਾ ਦੌੜੇ ਭੱਜੇ ਬੰਦਰ, ਕੂੜੀ ਕਿਰਿਆ ਬਾਹਰ ਕਢਾਈਆ । ਸਾਚਾ ਰਸ ਦੇਵੇ ਨਿਜ ਨੰਦਨ, ਸਾਚਾ ਰਸ ਇਕ ਵਖਾਈਆ । ਜਨਮ ਕਰਮ ਲੱਖ ਚੁਰਾਸੀ ਤੋੜੇ ਬੰਧਨ, ਬੰਦਗੀ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਅੰਦਰ ਬੈਠਾ ਵੜ, ਸਤਿਗੁਰ ਸੱਚਾ ਬੇਪਰਵਾਹੀਆ । ਸਤਿਗੁਰ ਸੱਚਾ ਪਾਰਬ੍ਰਹਮ, ਪਤਿਪਰਮੇਸ਼ਵਰ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਨਾ ਜਨਮੇ ਨਾ ਜਾਏ ਮਰ, ਨੂਰੋ ਨੂਰ ਨੂਰ ਰੁਸ਼ਨਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਿਹਕਰਮੀ ਵੇਖੇ ਸਰਬ ਕਰਮ, ਕਰਮ ਕਾਂਡਾਂ ਡੇਰਾ ਦਏ ਢਾਹੀਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਮਨ ਵਾਸਨਾ ਤੋੜੇ ਭਰਮ, ਭਾਂਡਾ ਭੈ ਭੌ ਭੰਨਾਈਆ । ਪੰਜ ਤੱਤ ਕਾਇਆ ਮਾਟੀ ਵੇਖਣਾ ਹੱਡ ਮਾਸ ਨਾੜੀ ਚਰਮ, ਗ੍ਰਿਹ ਗ੍ਰਿਹ ਆਪੇ ਫੋਲ ਫੁਲਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਇਕੋ ਸਮਝਾ ਦਏ ਜ਼ਾਤ ਪਾਤ ਬਰਨ, ਵਰਨ ਗੋਤ ਵੰਡ ਨਾ ਕੋਇ ਵੰਡਾਈਆ । ਸਾਹਿਬ ਸੁਵਾਮੀ ਅੰਤਰਜਾਮੀ ਸਾਚੀ ਬਖ਼ਸ਼ੇ ਇਕ ਸਰਨ, ਚਰਨ ਕਵਲ ਧਿਆਨ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਬੈਠਾ ਅੰਦਰ ਵੜ, ਗ੍ਰਿਹ ਗ੍ਰਿਹ ਆਪਣਾ ਆਸਣ ਲਾਈਆ । ਸਤਿਗੁਰ ਪੂਰਾ ਹਰ ਘਟ ਵਸੇਰਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜਿਸ ਦੇ ਕੋਲ ਹਕ ਨਬੇੜਾ, ਜੁਗ ਚੌਕੜੀ ਵੇਖ ਵਖਾਈਆ । ਭਾਗ ਲਗਾਏ ਕਾਇਆ ਮਾਟੀ ਖੇੜਾ, ਅੰਦਰ ਮੰਦਰ ਸੋਭਾ ਪਾਈਆ । ਪਤਿਤ ਪਾਪੀ ਉਤੇ ਕਰੇ ਮਿਹਰਾ, ਮਿਹਰ ਨਜ਼ਰ ਆਪ ਟਿਕਾਈਆ । ਬਿਨ ਕਰਨੀਓ ਕਰਤਾ ਪਾਰ ਕਰ ਜਾਏ ਬੇੜਾ, ਸਤਿਗੁਰ ਸ਼ਬਦ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਸ਼ਬਦ ਅਨੰਦ ਸਾਗਰ, ਗਹਿਰ ਗੰਭੀਰ ਨਜ਼ਰੀ ਆਈਆ । ਭਾਗ ਲਗਾਵੇ ਕਾਇਆ ਗਾਗਰ, ਮਾਨਸ਼ ਮਾਨੁਖ ਵੰਡ ਵੰਡਾਈਆ । ਆਤਮ ਪਰਮਾਤਮ ਦੇਵੇ ਆਦਰ, ਮਨ ਵਾਸਨਾ ਦੂਰ ਕਰਾਈਆ । ਕਿਰਪਾ ਕਰੇ ਕਰੀਮ ਕ਼ਾਦਰ, ਕ਼ੁਦਰਤ ਦਾ ਮਾਲਕ ਖ਼ਾਲਕ ਸ਼ਹਿਨਸ਼ਾਹੀਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧੁਆਈਆ । ਸਾਚਾ ਵਣਜ ਕਰਾਏ ਬਣ ਸੌਦਾਗਰ, ਸਾਚਾ ਸੌਦਾ ਇਕੋ ਨਾਮ ਵਖਾਈਆ । ਸੋ ਸੂਰਬੀਰ ਜੋਧਾ ਬਹਾਦਰ, ਜੋ ਸਤਿਗੁਰ ਪੂਰੇ ਲਗੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਅੰਦਰ ਬੈਠਾ ਵੜ, ਨਿਰਗੁਣ ਨੂਰ ਨੂਰ ਡਗਮਗਾਈਆ । ਸਤਿਗੁਰ ਪੂਰਾ ਕਹੇ ਜਿਨ੍ਹਾਂ ਮੇਰੇ ਮਿਲਣ ਦੀ ਰੱਖੀ ਆਸ, ਅੰਤਰ

ਆਤਮ ਧਿਆਨ ਲਗਾਈਆ । ਮੈਂ ਸਦਾ ਵਸਾਂ ਪਾਸ, ਜਗਤ ਵਿਛੋੜਾ ਪੰਧ ਮੁਕਾਈਆ । ਦੀਆ ਬਾਤੀ ਕਮਲਾਪਾਤੀ ਕਰਾਂ ਇਕ ਪਰਕਾਸ਼, ਅੰਧ ਅੰਧੇਰਾ ਦਿਆਂ ਗਵਾਈਆ । ਲੇਖੇ ਲਾਵਾਂ ਪਵਣ ਸਵਾਸ, ਸਾਹ ਸਾਹ ਸਮਾਈਆ । ਝਗੜਾ ਮੁਕਾ ਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹੀਆ । ਦਰਸ ਵਖਾਵਾਂ ਸਾਖ਼ਿਆਤ, ਸਵੱਛ ਸਰੂਪੀ ਆਪਣਾ ਰੂਪ ਵਟਾਈਆ । ਜ਼ਾਹਰ ਬਾਤਨ ਕਰਾਂ ਬਾਤ, ਭੇਵ ਅਭੇਦਾ ਕਰਾਂ ਰੁਸ਼ਨਾਈਆ । ਪੂਰਨਮਾਸ਼ੀ ਕਹੇ ਮੇਰੀ ਪੂਰਨਮਾ ਵਾਲੀ ਰਾਤ, ਰਾਤੀ ਸੁੱਤਿਆਂ ਸ਼ਬਦ ਹੋ ਕੇ ਦਿਆਂ ਵਖਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੌਂਦੇ ਗਾਥ, ਗੀਤਾ ਗਿਆਨ ਕਰੇ ਵਡਿਆਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਵਸੇਰਾ ਸਭ ਦੇ ਵਸੇ ਪਾਸ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਹੋ ਕੇ ਅੰਦਰ ਬੈਠਾ ਵੜ, ਸਤਿਗੁਰ ਪੂਰਾ ਡੇਰਾ ਲਾਈਆ । ਸਤਿਗੁਰ ਕਹੇ ਮੈਂ ਸਚ ਸਵਾਮੀ ਮਾਲਕ ਇਕੋ ਨਜ਼ਰੀ ਆਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਅੱਖਰਾਂ ਬੋਲਾਂ ਬਾਣੀ, ਨਿਰਅੱਖਰ ਧਾਰ ਸਮਝਾਈਆ । ਅੰਮ੍ਰਿਤ ਆਤਮ ਰਸ ਦੇਵਾਂ ਠੰਡਾ ਪਾਣੀ, ਕਵਲ ਨਾਭੀ ਆਪ ਉਲਟਾਈਆ । ਲੇਖਾ ਚੁਕਾਵਾਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਲੋੜ ਰਹੇ ਨਾ ਰਾਈਆ । ਸੁਰਤੀ ਸ਼ਬਦ ਮਿਲਾਵਾਂ ਹਾਣੀ, ਸੀਤਾ ਰਾਮ ਹੋਵੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਅੰਦਰ ਬੈਠਾ ਵੜ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਨਿਜ ਆਤਮ ਪਰਮਾਤਮ ਡੇਰਾ ਲਾਈਆ । ਸਤਿਗੁਰ ਸ਼ਬਦ ਕਹੇ ਜਿਸ ਨੂੰ ਮੇਰੀ ਲੋੜ, ਅੰਦਰ ਵੜ ਕੇ ਖੋਜ ਖੁਜਾਈਆ । ਮੇਰਾ ਰੂਪ ਰੰਗ ਭਾਗ ਕਰੇ ਮਥੋਰ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਨਾਤਾ ਤੋੜੇ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਚਿਰੀ ਵਿਛੁੰਨੀ ਆਤਮ ਪਰਮਾਤਮ ਦਏ ਜੋੜ, ਨਾਤਾ ਧੁਰ ਦਾ ਦਏ ਬਣਾਈਆ । ਇਕੋ ਤੰਦ ਬੱਝੇ ਡੋਰ, ਦੂਜੀ ਲੋੜ ਰਹੇ ਨਾ ਰਾਈਆ । ਅੰਧੇਰਾ ਚੁਕੇ ਅੰਧ ਘੋਰ, ਸਤਿ ਦੀਪ ਹੋਏ ਰੁਸ਼ਨਾਈਆ । ਮੰਤਰ ਫੁਰੇ ਫੁਰਨਾ ਫੋਰ, ਮਨ ਮਨਸਾ ਦਏ ਗਵਾਈਆ । ਜੂਠ ਝੂਠ ਕੂੜੀ ਕਿਰਿਆ ਦੇਵੇ ਹੋੜ, ਹੋਕਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਵਸੇ ਸਾਚੇ ਘਰ, ਗ੍ਰਿਹ ਮੰਦਰ ਅੰਦਰ ਬੈਠਾ ਡੇਰਾ ਲਾਈਆ । ਸਤਿਗੁਰ ਸ਼ਬਦ ਦੀਨ ਦਿਆਲ, ਦਇਆਨਿਧ ਆਪਣੀ ਦਇਆ ਕਮਾਈਆ । ਨਾਤਾ ਤੋੜ ਕਾਲ ਮਹਾਕਾਲ, ਮੁਹੱਬਤ ਧੁਰ ਦੀ ਇਕ ਬੰਧਾਈਆ । ਸਾਚੀ ਸਖ਼ੀਆਂ ਮਿਲੇ ਸਾਚਾ ਕਾਹਨ, ਗ੍ਰਿਹ ਮੰਦਰ ਵੱਜੇ ਵਧਾਈਆ । ਪ੍ਰੇਮ ਪ੍ਰੀਤੀ ਬਖ਼ਸ਼ੇ ਦਾਨ, ਧੁਰ ਦੀ ਵਸਤ ਇਕ ਵਰਤਾਈਆ । ਸਚ ਸਿੰਘਾਸਣ ਦੇਵੇ ਆਰਾਮ, ਮਨ ਵਾਸਨਾ ਨਾ ਕੋਇ ਹਲਕਾਈਆ । ਆਵਣ ਜਾਵਣ ਝਗੜੇ ਮੁਕਾਵੇ ਤਮਾਮ, ਲੱਖ ਚੁਰਾਸੀ ਦਏ ਮਿਟਾਈਆ । ਸਚ ਵਸਤੂ ਦੇ ਕੇ ਧੁਰ ਦਾ ਇਨਾਮ, ਨਾਮ ਨਿਧਾਨਾ ਝੋਲੀ ਪਾਈਆ । ਇਕੋ ਮੇਲਾ ਹੋਵੇ ਸੱਚੇ ਰਾਮ, ਜੋ ਰਿਸ਼ਤਾ ਧੁਰ ਦਾ ਦਏ ਜਣਾਈਆ । ਬਿਨ ਸਤਿਗੁਰ ਪੂਰੇ ਹੋਏ ਨਾ ਕਿਸੇ ਕਲਿਆਣ, ਸਚਖੰਡ ਦੁਵਾਰੇ ਨਾ ਕੋਇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਮਾਰਗ ਰਸਤਾ ਦੱਸੇ ਆਸਾਨ, ਮਿਹਰਵਾਨ ਹੋ ਕੇ ਮਿਹਰ ਨਜ਼ਰ ਨਾਲ ਤਰਾਈਆ । ਆਪ ਭਾਵੇਂ ਕੁਛ ਨਾ ਕਹਿਣਾ, ਕਹਿਣ ਦੀ ਲੋੜ ਰਹੇ ਨਾ ਰਾਈਆ । ਜ਼ਰੂਰ ਪ੍ਰਭ ਦਾ ਦਰਸ਼ਨ ਕਰਨਾ ਓਸ ਨੈਣਾਂ, ਜਿਹੜੀ ਅੱਖ ਨਾ ਕਿਸੇ ਖੁਲ੍ਹਾਈਆ । ਸੱਜਣ ਬਣੌਣਾ ਇਕੋ ਸੈਣਾ, ਜੋ ਸਾਖ਼ਿਆਤ ਹੋਏ ਸਹਾਈਆ । ਜਿਸ ਦੇ ਨਾਲ ਸਦਾ ਸਦਾ ਸਦ ਮਿਲ ਕੇ ਬਹਿਣਾ,

੯੬੮

ਘਰ ਇਕੋ ਡੇਰਾ ਲਾਈਆ । ਜੋ ਚੁਕਾਵੇ ਜਨਮ ਜਨਮ ਦਾ ਲਹਿਣਾ ਦੇਣਾ, ਦੇ ਦੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਕਹਿਣ ਸੁਣਨ ਤੋਂ ਸਭ ਕੁਛ ਦਏ ਸਮਝਾਈਆ । ਬੇਸ਼ਕ ਕਹਿਣ ਸੁਣਨ ਦੀ ਨਹੀਂ ਗੱਲ, ਭੇਵ ਅਭੇਦ ਨਾ ਕੋਇ ਜਣਾਈਆ । ਜੇ ਸਹਿਜੇ ਮੁਸ਼ਕਲ ਹੋ ਜਾਏ ਹਲ, ਬਿਨ ਹਲਵੇ ਪੂੜੀ ਖਵਾਇਆਂ ਮਿਲੇ ਹਰਿ ਰਘੁਰਾਈਆ । ਵਿਛੋੜਾ ਰਹੇ ਨਾ ਘੜੀ ਪਲ, ਆਤਮ ਪਰਮਾਤਮ ਨਾ ਹੋਏ ਜੁਦਾਈਆ । ਦੀਪਕ ਜੋਤੀ ਜਾਏ ਬਲ, ਅੰਦਰੇ ਅੰਦਰ ਹੋਏ ਰੁਸ਼ਨਾਈਆ । ਦੂਈ ਦਵੈਤੀ ਮਿਟ ਜਾਏ ਸਲ, ਸਾਹਿਬ ਇਕੋ ਨਜ਼ਰੀ ਆਈਆ । ਪੂਰਬ ਜਨਮ ਦਾ ਝੋਲੀ ਪੈ ਜਾਏ ਫਲ, ਇਸ ਜਨਮ ਦਾ ਲੇਖਾ ਦਏ ਮੁਕਾਈਆ । ਨਿਹਚਲ ਧਾਮ ਵਖਾਏ ਅਟਲ, ਸਚ ਦਰ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਕਹਿਣ ਸੁਣਨ ਤੋਂ ਕਾਇਆ ਕੱਪੜ ਵੇਖ ਵਖਾਈਆ । ਕਹਿਣ ਸੁਣਨ ਨਾਲੋਂ ਅੰਦਰ ਧਿਆਨ ਚੰਗਾ, ਬਿਨ ਰਸਨਾ ਜਿਹਵਾ ਮਿਲੇ ਵਡਿਆਈਆ । ਸਾਹਿਬ ਸਤਿਗੁਰ ਸਦਾ ਬਖ਼ਸ਼ੰਦਾ, ਸ਼ਬਦੀ ਰੂਪ ਬੇਪਰਵਾਹੀਆ । ਜਗਤ ਨੇਤਰ ਜਹਾਨ ਅੰਧਾ, ਭਗਤ ਭਗਵਾਨ ਅੰਦਰ ਅੱਖ ਖੁਲ੍ਹਾਈਆ । ਤੁਹਾਡੇ ਜੀਵਣ ਦਾ ਅੰਤਮ ਕੰਢਾ, ਵੇਲਾ ਨੇੜੇ ਦਏ ਵਖਾਈਆ । ਬਿਨਾ ਪੂਰੇ ਸਤਿਗੁਰ ਮੰਜ਼ਲ ਪੌੜੀ ਚੜ੍ਹਿਆ ਕੋਇ ਨਾ ਡੰਡਾ, ਡੰਡਾਵਤ ਸਚ ਨਾ ਕੋਇ ਕਰਾਈਆ । ਆਤਮ ਪਰਮਾਤਮ ਬਣ ਜਾਏ ਧੁਰ ਦਾ ਸੰਗਾ, ਸਗਲਾ ਸੰਗ ਨਿਭਾਈਆ । ਕਾਇਆ ਮੰਦਰ ਅੰਦਰ ਸਾਚਾ ਤੀਰਥ ਹੋ ਜਾਏ ਗੰਗਾ, ਗੋਦਾਵਰੀ ਜਮਨਾ ਸੁਰਸਤੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਕਹਿਣ ਤੋਂ ਕਰਨੀ ਵੇਖ ਵਖਾਈਆ । ਕਹਿਣ ਸੁਣਨ ਦੀ ਏਥੇ ਕਿਹੜੀ ਲੋੜ, ਬੁਧੀ ਵਾਲੀ ਨਾ ਕੋਇ ਚਤੁਰਾਈਆ । ਜਿਹੜਾ ਵਿਛੜਿਆਂ ਰਿਹਾ ਜੋੜ, ਆਤਮ ਪਰਮਾਤਮ ਮੇਲ ਮਿਲਾਈਆ । ਜਿਸਦੀ ਲਗੀ ਨਿਭੇ ਤੋੜ, ਅਧਵਿਚਕਾਰ ਨਾ ਕੋਇ ਅਟਕਾਈਆ । ਸਾਹਿਬ ਸਵਾਮੀ ਹੋਵੇ ਬੰਦੀ ਛੋੜ, ਫਾਂਸੀ ਜਮ ਦੀ ਦਏ ਕਟਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਰਖਦੇ ਗਏ ਲੋੜ, ਸੋ ਆਸਾ ਪੂਰ ਪ੍ਰਭ ਪੂਰਨ ਬੇਪਰਵਾਹੀਆ । ਸੁਰਤੀ ਸ਼ਬਦ ਬੰਧਾਵੇ ਡੋਰ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਦਏ ਖੁਲ੍ਹਾਈਆ । ਰਸਨਾ ਕਹਿਣ ਦੀ ਕਿਹੜੀ ਬਾਤ, ਕਹਿ ਕਹਿ ਥੱਕੀ ਸਰਬ ਲੋਕਾਈਆ । ਬਿਨ ਸਤਿਗੁਰ ਪੂਰੇ ਅੰਦਰੋਂ ਖੋਲ੍ਹਿਆ ਕਿਸੇ ਨਾ ਤਾਕ, ਪਰਦਾ ਪਰੇ ਨਾ ਕੋਇ ਹਟਾਈਆ । ਧੁਰ ਦਾ ਜੁੜਿਆ ਨਾ ਕੋਈ ਸਾਥ, ਸੱਜਣ ਸਾਹਿਬ ਨਾ ਅੰਗ ਲਗਾਈਆ । ਅੱਜ ਮਿਲਣ ਦਾ ਹੋ ਗਿਆ ਇਤਫ਼ਾਕ, ਇਤਫ਼ਾਕੀਆ ਗਿਆ ਆਈਆ । ਵਸਤ ਅਮੋਲਕ ਦੇਵੇ ਦਾਤ, ਦਾਤਾ ਦਾਨੀ ਦਇਆ ਕਮਾਈਆ । ਸ਼ਬਦ ਘੋੜੇ ਚੜ੍ਹਾਵੇ ਰਾਕ, ਅਸਵ ਇਕੋ ਦਏ ਵਖਾਈਆ । ਜੇ ਜਗਤ ਗਵਰਨਰੀ ਦਾ ਕੀਤਾ ਰਾਜ, ਹੁਕਮ ਹਾਸਲ ਨਾਲ ਵਡਿਆਈਆ । ਅੰਦਰ ਆਤਮਾ ਪਰਮਾਤਮਾ ਦੀ ਰਹੀ ਆਵਾਜ਼, ਲੋੜੀਂਦਾ ਸਾਜਣ ਨਾ ਕੋਇ ਮਿਲਾਈਆ । ਫਿਰਦਾ ਰਿਹਾ ਵਿਚ ਸਮਾਜ, ਭੱਜਿਆ ਵਾਹੋ ਦਾਹੀਆ । ਤਕਦਾ ਰਿਹਾ ਸੰਤ ਸਾਧ, ਸਾਧਨਾ ਸਚ ਨਾ ਕੋਇ ਜਣਾਈਆ । ਜੋ ਸੁਵਾਮੀ ਹਰ ਘਟ ਅੰਦਰ ਹੋਇਆ ਵਿਸਮਾਦ, ਬਿਸਮਲ ਆਪਣਾ ਆਪ ਕਰਾਈਆ । ਜਿਸ ਨੂੰ ਸਮਝ ਨਾ ਸਕੇ ਕੋਈ ਦਿਮਾਗ਼, ਬੁਧੀ ਚਲੇ ਨਾ ਕੋਇ ਚਤੁਰਾਈਆ । ਭਗਤ ਉਧਾਰਨ ਜਿਸ ਦਾ ਜੁਗ ਚੌਕੜੀ ਰਿਵਾਜ, ਰਿਆਇਤ ਨਾਲ ਪਾਰ ਦੇਵੇ ਕਰਾਈਆ । ਓਥੇ ਕਹਿਣ ਸੁਣਨ ਦੀ ਕਿਹੜੀ ਗਾਥ, ਜੋ ਅੰਦਰ ਵੜਿਆ ਮੰਦਰ ਚੜ੍ਹਿਆ ਸਭ ਕੁਛ ਜਾਣੇ ਚਾਈਂ ਚਾਈਂਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦਏ ਉਠਾਈਆ । ਕਹਿ ਸੁਣ ਰਸਨਾ ਥੱਕੀ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਲਭ ਲਭ ਸ੍ਰਿਸ਼ਟੀ ਅੱਕੀ, ਭੱਜੇ ਵਾਹੋ ਦਾਹੀਆ । ਬਿਨ ਹਰਿ ਕਿਰਪਾ ਤੱਕੇ ਨਾ ਕਮਲਾਪਤੀ, ਪਤਿਪਰਮੇਸ਼ਵਰ ਸਿਰ ਹੱਥ ਨਾ ਕੋਇ ਟਿਕਾਈਆ । ਜਿਨ੍ਹਾਂ ਨਾਮ ਦੇਵੇ ਨਿਰਗੁਣ ਨਿਰਵੈਰ ਇਕ ਰਤੀ, ਰਤਨ ਅਮੋਲਕ ਹੀਰੇ ਦਏ ਬਣਾਈਆ । ਸਨਮੁਖ ਸਾਖ਼ਿਆਤ ਦਰਸ ਕਰਾਵੇ ਅੱਖੀ, ਅੱਖ ਅੱਖ ਨਾਲ ਮਿਲਾਈਆ । ਭਗਤ ਭਗਵਾਨ ਦੀ ਬਣ ਜਾਏ ਉਹ ਸਖ਼ੀ, ਜਿਸ ਦੀ ਰਾਸ ਆਦਿ ਜੁਗਾਦਿ ਨਜ਼ਰੀ ਆਈਆ । ਭਾਵੇਂ ਜਗਤ ਮਾਇਆ ਵਿਚ ਹੋਵੇ ਲੱਖ ਲੱਖੀ, ਕਰੋੜ ਕਰੋੜੀ ਰੂਪ ਵਟਾਈਆ । ਪ੍ਰਭ ਦੁਵਾਰੇ ਕ਼ੀਮਤ ਕੋਇ ਨਾ ਕੱਖੀ, ਕੌਡੀ ਹੱਟ ਨਾ ਕੋਇ ਵਿਕਾਈਆ । ਜੇ ਸਤਿਗੁਰ ਪੂਰੇ ਗੁਰਮੁਖ ਕਹੇ ਮੈਂ ਕੋਈ ਗੱਲ ਦੱਸੀ, ਦੱਸ ਕੇ ਦਿਤਾ ਸਮਝਾਈਆ । ਇਹ ਗੱਲ ਨਹੀਂ ਅੱਛੀ, ਭਗਤ ਭਗਵਾਨ ਸਦਾ ਵਜਦੀ ਰਹੇ ਵਧਾਈਆ । ਸ੍ਰਿਸ਼ਟੀ ਕਹੇ ਵਿਛੋੜਾ ਜਲਮੀਨ ਮੱਛੀ, ਗੁਰਮੁਖ ਕਹੇ ਵਿਛੋੜੇ ਵਿਚੋਂ ਜੋੜਾ ਜੋੜੇ ਵਿਚੋਂ ਇਕੋ ਨਜ਼ਰੀ ਆਈਆ । ਕਹਿਣ ਸੁਣਨ ਦੀ ਪੜ੍ਹਨ ਲਿਖਣ ਦੀ ਏਥੇ ਨਹੀਂ ਕੋਈ ਪੱਟੀ, ਪਟੇਦਾਰੀ ਸਾਰੀ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕੋ ਸੱਚੀ, ਸਚ ਸਾਜਣ ਲਏ ਮਿਲਾਈਆ । ਠੀਕ ਹੋਵੇ ਜੇ ਮਿਲੇ ਠਾਕਰ, ਅੰਦਰ ਠੋਕਰ ਦਏ ਲਗਾਈਆ । ਭੇਵ ਖੁਲ੍ਹਾ ਕੇ ਕਾਇਆ ਗਾਗਰ, ਅੰਮ੍ਰਿਤ ਰਸ ਦਏ ਚਵਾਈਆ । ਸ਼ਬਦ ਗੁਰੂ ਪਰਗਟ ਹੋਏ ਬਹਾਦਰ, ਸੂਰਬੀਰ ਇਕੋ ਨਜ਼ਰੀ ਆਈਆ । ਦਰ ਆਇਆਂ ਘਰ ਆਇਆਂ ਗ੍ਰਿਹ ਮੰਦਰ ਦੇਵੇ ਆਦਰ, ਆਦਰਸ਼ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠੀਕ ਠਾਕ ਸਭ ਨੂੰ ਵੇਖ ਵਖਾਈਆ । ਠੀਕ ਠਾਕ ਸਾਰੇ ਕਹਿੰਦੇ ਫ਼ੱਕਰ, ਫ਼ਿਕਰਿਆਂ ਵਿਚ ਗਾਈਆ । ਚੋਟੀ ਚੜ੍ਹਿਆ ਵੇਖਿਆ ਕੋਇ ਨਾ ਸਿਖ਼ਰ, ਮੰਜ਼ਲ ਹਕ ਨਾ ਕੋਇ ਜਣਾਈਆ । ਜਗਤ ਵਿਦਿਆ ਪੜ੍ਹ ਕੇ ਅੱਖਰ, ਦੀਨ ਦੁਨੀ ਰਹੇ ਸੁਣਾਈਆ । ਆਪ ਆਪਣਾ ਕਰ ਕੇ ਵੱਖਰ, ਰਹਿਬਰ ਮਿਲਿਆ ਨਾ ਬੇਪਰਵਾਹੀਆ । ਜਿਸ ਵੇਲੇ ਭਗਤ ਭਗਵਾਨ ਦੇ ਆ ਜਾਏ ਪਤਣ, ਪਿਛਲਾ ਪੰਧ ਮੁਕਾਈਆ । ਓਸ ਵੇਲੇ ਸਾਹਿਬ ਆਪ ਆਵੇ ਪਤ ਰੱਖਣ, ਨਿਰਗੁਣ ਸਰਗੁਣ ਵੇਸ ਵਟਾਈਆ । ਫੇਰ ਲੋੜ ਨਾ ਰਹੇ ਕਰਨ ਦੀ ਕੋਈ ਯਤਨ, ਯਥਾ ਯੋਗ ਯਥਾਰਥ ਯਦਪ ਆਪਣਾ ਰੰਗ ਦਏ ਰੰਗਾਈਆ । ਮੁੜ ਕੇ ਲੈ ਜਾਏ ਓਸ ਵਤਨ, ਜਿਸ ਵਤਨ ਵਿਚੋਂ ਬੇਵਤਨ ਕਰ ਕੇ ਲੋਕਮਾਤ ਦਿਤਾ ਘਲਾਈਆ । ਪੂਰਨਮਾਸ਼ੀ ਕਹੇ ਫੇਰ ਅੰਧੇਰੀ ਰੈਣ ਨਾ ਹੋਵੇ ਮਸਣ, ਨੂਰੀ ਚੰਦ ਹੋਵੇ ਰੁਸ਼ਨਾਈਆ । ਪੂਰਨਮਾ ਕਹੇ ਮੈਂ ਅੱਜ ਆਈ ਸਭ ਨੂੰ ਦੱਸਣ, ਹੋਕਾ ਦੇ ਕੇ ਰਹੀ ਸੁਣਾਈਆ । ਬਾਹਰ ਕੋਈ ਨਾ ਜਾਇਓ ਲੱਭਣ, ਘਰ ਬੈਠਾ ਬੇਪਰਵਾਹੀਆ । ਜਿਸ ਨੂੰ ਕਹਿੰਦੇ ਗੋਪਾਲ ਮੂਰਤ ਮਦਨ, ਮੁਕੰਦ ਮਨੋਹਰ ਲਖਮੀ ਨਰਾਇਣ ਗਾ ਗਾ ਖ਼ੁਸ਼ੀ ਮਨਾਈਆ । ਜਿਸ ਦੇ ਚਰਨ ਕਵਲਾਂ ਵਿਚੋਂ ਲੱਭੇ ਪਦਮ, ਨਿਸ਼ਾਨੀ ਤੱਤਾਂ ਵਾਲੀ ਵਡਿਆਈਆ । ਉਸ ਦਾ ਭਗਤਾਂ ਦੇ ਕਾਇਆ ਮੰਦਰ ਅੰਦਰ ਪਹਿਲਾ ਕ਼ਦਮ, ਲੰਘ ਦਹਲੀਜ਼ੋਂ ਅਗੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਕਹਿਆਂ ਸੁਣਿਆਂ ਸਭ ਕੁਛ ਆਵੇ ਸਮਝਣ, ਲੇਖਾ ਸਭ ਦਾ ਵੇਖ ਵਖਾਈਆ । ਗਵਰਨਰ ਜੀ ਕਦੀ ਵੇਖਿਆ ਜੇ ਨਰ, ਜਿਸ ਨੂੰ ਨਰਾਇਣ ਸਤਿ ਕਹਿ ਕੇ ਸਾਰੇ ਰਹੇ ਗਾਈਆ । ਜਿਸ ਦਾ ਇਕੋ ਸਚਖੰਡ ਦਵਾਰ ਸੱਚਾ ਘਰ, ਸਚ ਸਿੰਘਾਸਣ ਡੇਰਾ ਲਾਈਆ । ਜੋ ਸੰਤ ਸੁਹੇਲੇ ਰਿਹਾ ਫੜ, ਅੰਦਰੇ ਅੰਦਰ ਜੋੜ ਜੁੜਾਈਆ । ਜੋ ਕਾਇਆ


੯੭੦

ਮੰਦਰ ਅੰਦਰ ਜਾਏ ਚੜ੍ਹ, ਨੌ ਦਵਾਰੇ ਪੰਧ ਮੁਕਾਈਆ । ਜਿਸ ਤੋਂ ਵਿਕਾਰ ਹੰਕਾਰ ਰਹੇ ਡਰ, ਪ੍ਰਕਿਰਤੀ ਸੀਸ ਨਾ ਕੋਇ ਉਠਾਈਆ । ਜਿਸ ਦੇ ਹੁਕਮੇਂ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਖੇਲ ਰਹੇ ਕਰ, ਜੁਗ ਚੌਕੜੀ ਆਪਣਾ ਵੇਸ ਵਟਾਈਆ । ਸੋ ਸਾਹਿਬ ਸਮਰਥ ਜਿਸ ਦੀ ਮਹਿੰਮਾ ਅਕਥ ਜੁਗ ਚੌਕੜੀ ਚਲਾਵੇ ਰਥ, ਸਮਰਥ ਸਹਿਜ ਸੁਖਦਾਈਆ । ਜੇ ਓਸ ਦਾ ਦਰਸ਼ਨ ਕਰ ਲਓ ਨਾਲ ਅੱਖ, ਫੇਰ ਹੋ ਜਾਓ ਸ੍ਰਿਸ਼ਟੀ ਨਾਲੋਂ ਵਖ, ਨਜ਼ਰੀ ਆਏ ਉਹ ਪਰਤਖ, ਜਿਸ ਨੂੰ ਰਸਨਾ ਜਿਹਵਾ ਨਾ ਸਕੇ ਦੱਸ, ਬਿਨ ਕਹਿਣ ਤੋਂ ਹੋ ਜਾਓ ਓਸ ਦੇ ਵਸ, ਉਹ ਅੰਤਰ ਆਤਮ ਦੇਵੇ ਰਸ, ਮੇਟ ਰੈਣ ਅੰਧੇਰੀ ਮਸ, ਸ਼ਬਦੀ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਇਕੋ ਇਕ ਚਲਾਈਆ ।

### ✻ ੩੦ ਹਾੜ ਸ਼ਹਿਨਸ਼ਾਹੀ ਸੰਮਤ ੧ ਆਰ ਐਲ ਸ਼ਰਮਾ ਦੇ ਗ੍ਰਿਹਿ ਜੰਮੂ ✻

ਸ਼ਮਅ ਕਹੇ ਕੋਟਨ ਕੋਟ ਪਰਵਾਨਾ ਮੇਰੇ ਉਤੇ ਸੜਦਾ, ਤਨ ਮਾਟੀ ਖ਼ਾਕ ਰੁਲਾਈਆ । ਇਕ ਦੂਜੇ ਨੂੰ ਵੇਖ ਵੇਖ ਮਰਦਾ, ਆਪਣਾ ਆਪ ਮਿਟਾਈਆ । ਬਹੁਤਿਆਂ ਵਿਚੋਂ ਕੋਈ ਵਿਰਲਾ ਦਿਸੇ ਪ੍ਰੇਮੀ ਸੱਚੇ ਪ੍ਰੇਮ ਪਿਆਰ ਦਾ, ਪ੍ਰੀਤੀ ਆਪਣੀ ਦਏ ਦ੍ਰਿੜਾਈਆ । ਜੋ ਰਾਹ ਤੱਕੇ ਮੁਹੱਬਤ ਵਾਲੇ ਮਹਿਬੂਬ ਹਕ਼ੀਕ਼ੀ ਯਾਰ ਦਾ, ਯਰਾਨਾ ਧੁਰ ਦਾ ਇਕ ਲਗਾਈਆ । ਸੋ ਮਰਨ ਤੋਂ ਪਹਿਲੋਂ ਅੰਤਰ ਅੰਤਰ ਇਕੋ ਇਕ ਪੁਕਾਰਦਾ, ਤੂੰ ਹੀ ਤੂੰ ਰਾਗ ਅਲਾਈਆ । ਲੇਖਾ ਛਡ ਕੇ ਜਿਤ ਹਾਰ ਦਾ, ਨਾਤਾ ਤੋੜ ਜਗਤ ਵਡਿਆਈਆ । ਗੁਲਸ਼ਨ ਛਡ ਮੌਜ ਬਹਾਰ ਦਾ, ਬਸੰਤ ਕੋਲੋਂ ਮੁਖ ਭਵਾਈਆ । ਰਾਹ ਤੱਕੇ ਮੰਜ਼ਲ ਓਸ ਅਗੰਮ ਅਪਾਰ ਦਾ, ਜਿਸ ਦਾ ਪੌੜਾ ਨਜ਼ਰ ਕਿਸੇ ਨਾ ਆਈਆ । ਪੁਰਖ ਅਕਾਲ ਪਰਵਰਦਿਗਾਰ ਮੇਲਾ ਮੰਗੇ ਓਸ ਨਿਰੰਕਾਰ ਦਾ, ਜੋ ਨਿਰਾਕਾਰ ਆਪਣਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਮਅ ਪਰਵਾਨਾ ਆਪਣਾ ਹੁਕਮ ਇਕ ਵਖਾਈਆ । ਪਰਵਾਨਾ ਕਹੇ ਸੁਣ ਸ਼ਮਅ, ਦੀਪਕ ਤੈਨੂੰ ਦਿਆਂ ਜਣਾਈਆ । ਮੇਰਾ ਪ੍ਰੇਮ ਪਿਆਰ ਦਾ ਸੋਹਣਾ ਸਮਾਂ, ਸੁਹਾਵਣੀ ਰੁਤ ਦਏ ਵਡਿਆਈਆ । ਮੈਂ ਛਡ ਕੇ ਹਰਖ਼ ਸੋਗ ਗ਼ਮਾਂ, ਦਰ ਤੇਰਾ ਵੇਖ ਵਖਾਈਆ । ਕੂੜੀ ਕਿਰਿਆ ਲਾਲਚ ਰਹੀ ਕੋਈ ਨਾ ਤਮਅ, ਮਮਤਾ ਮੋਹ ਦਿਤਾ ਮਿਟਾਈਆ । ਮੇਰਾ ਜੋਬਨ ਨਿਤ ਨਵਾਂ, ਜੋ ਤੇਰੀ ਭੇਟ ਚੜ੍ਹਾਈਆ । ਮੈਂ ਸੰਦੇਸ਼ਾ ਇਕ ਕਹਵਾਂ, ਗੀਤ ਗੋਬਿੰਦ ਅਲਾਈਆ । ਮੈਂ ਓਸੇ ਦੇ ਅੰਦਰ ਰਹਿਵਾਂ, ਜਿਥੋਂ ਹੋਵੇ ਨਾ ਕਦੇ ਜੁਦਾਈਆ । ਓਸੇ ਦੀ ਸੇਜੇ ਸਵਾਂ, ਜਿਥੇ ਸਕੇ ਨਾ ਕੋਇ ਉਠਾਈਆ । ਓਸੇ ਦੀ ਚਰਨੀ ਬਹਵਾਂ, ਜੋ ਮਿਹਰ ਨਜ਼ਰ ਨਾਲ ਤਰਾਈਆ । ਤੇਰੀ ਭੇਟ ਕਰ ਕੇ ਆਪਣਾ ਦਮਾ, ਦੀਵਾਨਾ ਹੋ ਕੇ ਸ਼ਹਾਦਤ ਦਿਆਂ ਵਖਾਈਆ । ਮੇਰਾ ਰਾਸ ਹੋਵੇ ਕੰਮਾ, ਕਰਮ ਕਾਂਡ ਦੇਣਾ ਮਿਟਾਈਆ । ਜਗਤ ਵਾਸਨਾ ਨਾ ਰਹੇ ਮਨਾ, ਮਨ ਕਾ ਮਣਕਾ ਦਿਤਾ ਭਵਾਈਆ । ਦੂਰ ਦੁਰਾਡਾ ਆਇਆ ਭੰਨਾ, ਭੱਜਿਆ ਵਾਹੋ ਦਾਹੀਆ । ਤੇਰੇ ਪਰਕਾਸ਼ ਨੂੰ ਵੇਖ ਕੇ ਹੋਇਆ ਅੰਨ੍ਹਾ, ਬੀਨਾਈ ਮੇਰੇ ਉਤੇ ਛਾਈਆ । ਮੈਂ ਵਾਰ ਕੇ ਆਪਣਾ ਤਨਾ, ਤਕ਼ਦੀਰ ਤਦਬੀਰ ਨਾਲ ਲਵਾਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸ਼ਮਅ ਕਹੇ ਸੁਣ ਪਰਵਾਨੇ ਨਿਧਾਨ, ਮੈਂ ਸਤਿ ਸਚ ਦਿਆਂ ਦ੍ਰਿੜਾਈਆ । ਮੇਰੇ ਉਤੋਂ ਕੋਟਨ ਕੋਟ ਆਪਣਾ ਆਪ ਕਰਕੇ ਦਾਨ, ਤਨ ਮਾਟੀ ਗਏ

ਤਜਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਅੰਦਰੋਂ ਸਮਝ ਕਿਸੇ ਨਾ ਪਾਈਆ । ਬਹੁਤੇ ਮਰੇ ਵਿਚ ਅਗਿਆਨ, ਭਰਮੀ ਭਰਮ ਭੁਲਾਈਆ । ਇਕ ਦੋ ਚਾਰ ਨੂੰ ਮਿਲਿਆ ਸੱਚਾ ਗਿਆਨ, ਬੋਧ ਅਗਾਧ ਦਿਤਾ ਸਮਝਾਈਆ । ਅਗਨੀ ਸੜਿਆ ਪਰਵਾਨਾ ਹੋਵੇ ਨਾ ਕਦੇ ਪਰਵਾਨ, ਪਰਾਂ ਵਾਲਾ ਲੇਖਾ ਕੰਮ ਕਿਸੇ ਨਾ ਆਈਆ । ਅੰਤਰ ਅੰਦਰ ਕਰੋ ਇਕ ਧਿਆਨ, ਬ੍ਰਹਮ ਵਿਦਿਆ ਸਚ ਪੜ੍ਹਾਈਆ । ਮੇਰੇ ਉਤੋਂ ਸੜਨ ਤੋਂ ਪਹਿਲੋਂ ਤੁਹਾਡੀ ਆਸਾ ਬੇਨੰਤੀ ਪਰਵਾਨ ਕਰੇ ਭਗਵਾਨ, ਮਿਹਰਵਾਨ ਆਪਣੀ ਝੋਲੀ ਪਾਈਆ । ਫੇਰ ਤੁਸੀਂ ਪਰਵਾਨੇ ਚੰਗੇ ਨਾਲੋਂ ਇਨਸਾਨ, ਧੁਰ ਦਾ ਹੁਕਮ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਰਵਾਨਾ ਕਹੇ ਸੁਣ ਦੀਪਕ ਜੋਤ, ਤੇਰਾ ਅਗਨੀ ਤੱਤ ਨਜ਼ਰੀ ਆਈਆ । ਮੇਰੇ ਅੰਦਰ ਤੇਰੇ ਪ੍ਰੇਮ ਪਿਆਰ ਦੀ ਚੋਟ, ਸੁੱਤਿਆਂ ਰਹੀ ਉਠਾਈਆ । ਭਾਵੇਂ ਸੜ ਗਏ ਕੋਟੀ ਕੋਟ, ਆਪਣਾ ਆਪ ਮਿਟਾਈਆ । ਮੈਂ ਆਸਾ ਰੱਖੀ ਜਾਣਾ ਓਸ ਦੀ ਗੋਦ, ਜੋ ਸਿਰ ਆਪਣਾ ਹੱਥ ਰਖਾਈਆ । ਮੈਨੂੰ ਕਿਸੇ ਅੰਦਰੋਂ ਦਿਤਾ ਬੋਧ, ਕੀਤੀ ਸਚ ਪੜ੍ਹਾਈਆ । ਭਾਵੇਂ ਵਿਦਿਆ ਵਾਲੇ ਬਹੁਤੇ ਲੋਗ, ਸ਼ਾਸਤਰਾਂ ਰਹੇ ਸੁਣਾਈਆ । ਮੈਂ ਇਕੋ ਧੁਨ ਆਵਾਜ਼ ਸੁਣੀ ਧੁਰ ਸਲੋਕ, ਢੋਲਾ ਅਗੰਮ ਅਥਾਹੀਆ । ਜਿਸ ਦੇ ਚਰਨ ਚੁੰਮੇ ਮੋਖ, ਮੁਕਤੀ ਨਿਉਂ ਨਿਉਂ ਸੀਸ ਨਿਵਾਈਆ । ਓਥੇ ਕਿਸੇ ਦੀ ਚਲੇ ਨਾ ਕੋਈ ਸੋਚ, ਸਮਝ ਨਾ ਕੋਇ ਵਡਿਆਈਆ । ਜਗਤ ਵਿਚਾਰ ਨਾ ਜਾਣੇ ਖੋਜ, ਪਰਦਾ ਓਹਲਾ ਨਾ ਕੋਇ ਉਠਾਈਆ । ਮਰਨ ਤੋਂ ਪਹਿਲਾਂ ਜਿਹੜੀ ਮੈਨੂੰ ਆਈ ਮੌਜ, ਮੌਜੂਦਾ ਹੋ ਕੇ ਦਿਆਂ ਸੁਣਾਈਆ । ਮੈਂ ਤੇਰੇ ਦਰਸ਼ਨ ਕਰਦਾ ਰੋਜ਼, ਦੂਰ ਦੁਰਾਡਾ ਬੈਠਾ ਆਸਣ ਲਾਈਆ । ਅੱਜ ਮੇਰੀ ਪੁਗ ਗਈ ਔਧ, ਵੇਲਾ ਅੰਤ ਦਏ ਗਵਾਹੀਆ । ਮੇਰਾ ਤੱਤਾਂ ਵਾਲਾ ਸ਼ਰੀਰ ਹੋਣਾ ਮੌਤ, ਅਗਨੀ ਦੇਣਾ ਜਲਾਈਆ । ਮੈਂ ਮਿਲਣਾ ਓਸ ਖ਼ੌਂਤ, ਜੋ ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਜਿਹੜਾ ਕਦੀ ਨਾ ਗਿਆ ਔਤ, ਭਗਤ ਭਗਵੰਤ ਲਏ ਪਰਗਟਾਈਆ । ਭਾਵੇਂ ਸ਼ਮਅ ਦੇ ਕੋਲ ਪਰਵਾਨੇ ਬਹੁਤ, ਬਹੁਤਿਆਂ ਵਿਚੋਂ ਇਕ ਦੋ ਚਾਰ ਆਪਣੇ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਨੂੰ ਦਿਤੀ ਆਪਣੀ ਹੋਸ਼, ਹਵਸ ਕੂੜੀ ਦਏ ਬੁਝਾਈਆ । ਦੀਪਕ ਕਹੇ ਪਰਵਾਨੇ ਮੈਨੂੰ ਸਾਰੇ ਕਹਿੰਦੇ ਚਿਰਾਗ਼, ਚਰਾਗਾਹਾਂ ਵਿਚ ਕਰਾਂ ਰੁਸ਼ਨਾਈਆ । ਅੰਧੇਰ ਦਾ ਧੋਵਾਂ ਦਾਗ਼, ਨੂਰੋ ਨੂਰ ਡਗਮਗਾਈਆ । ਪ੍ਰੇਮੀਆਂ ਦਾ ਬਣਾ ਸਾਕ, ਸੱਜਣ ਇਕ ਅਖਵਾਈਆ । ਮਿਤਰਾਂ ਦਾ ਖੋਲ੍ਹਾਂ ਤਾਕ, ਪਰਦਾ ਦਿਆਂ ਗਵਾਈਆ । ਤੇਰਾ ਮੇਲਾ ਹੋਇਆ ਨਾਲ ਇਤਫ਼ਾਕ, ਜੋੜਾ ਜੁੜਿਆ ਸਹਿਜ ਸੁਭਾਈਆ । ਲੇਖਾ ਮੁਕੌਣਾ ਦਿਵਸ ਰਾਤ, ਬਿਨਾ ਦੀਪਕ ਦੀਪ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦਏ ਚੁਕਾਈਆ । ਪਰਵਾਨਾ ਕਹੇ ਸੁਣ ਬਲਦੀ ਜੋਤ, ਅਗਨੀ ਰੂਪ ਨਜ਼ਰੀ ਆਈਆ । ਮੈਂ ਵੇਖ ਕੇ ਲੋਕ ਪਰਲੋਕ, ਦੋ ਜਹਾਨ ਖੋਜ ਖੁਜਾਈਆ । ਸਾਚੀ ਮਿਲੀ ਨਾ ਕਿਤੇ ਮੌਜ, ਮਜਲਸ ਹਕ ਨਾ ਕੋਇ ਦ੍ਰਿੜਾਈਆ । ਰਸਨਾ ਜਿਹਵਾ ਬੱਤੀ ਦੰਦ ਗੌਣ ਦੇ ਪ੍ਰੇਮੀ ਬਹੁਤ, ਅੰਤਰ ਆਤਮ ਭੇਟ ਨਾ ਕੋਇ ਕਰਾਈਆ । ਬੇਸ਼ਕ ਤੇਰੇ ਉਤੇ ਸੜਨ ਦੀ ਸਾਡੀ ਰੌਂਸ, ਧੁਰ ਦੀ ਵਾਦੀ ਮਾਤਲੋਕ ਵੇਖ ਵਖਾਈਆ । ਬਿਨਾ ਸਚ ਪ੍ਰੀਤ ਸਾਚੀ ਮੰਜ਼ਲ ਸਕਿਆ ਕੋਈ ਨਾ ਪਹੁੰਚ, ਮੁਕਾਮੇ ਹਕ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੀਪਕ ਕਹੇ ਪਰਵਾਨਿਆ ਮੈਂ ਚੁੱਕਾਂ ਤੇਰਾ ਪਰਦਾ, ਕੂੜੀ ਕਿਰਿਆ ਦੇਵਾਂ ਜਲਾਈਆ । ਤੇਰਾ ਸਾਫ਼ ਕਰਾਂ ਹਿਰਦਾ,

ਮਾਇਆ ਮਮਤਾ ਮੋਹ ਮਿਟਾਈਆ । ਤੇਰਾ ਮੇਲ ਮਿਲਾਵਾਂ ਜੋ ਵਿਛੜਿਆ ਚਿਰ ਦਾ, ਆਤਮ ਦਾ ਮਾਲਕ ਬੇਪਰਵਾਹੀਆ । ਜੋ ਬ੍ਰਹਿਮੰਡਾਂ ਖੰਡਾਂ ਅੰਦਰ ਫਿਰਦਾ, ਪੁਰੀਆਂ ਲੋਆਂ ਆਕਾਸ਼ ਪਾਤਾਲਾਂ ਵੇਖ ਵਖਾਈਆ । ਜੋ ਮਾਲਕ ਸਚਖੰਡ ਦੁਵਾਰ ਥਿਰ ਘਰ ਦਾ, ਹਕ ਮੁਕਾਮੇ ਡੇਰਾ ਲਾਈਆ । ਜਿਸ ਦਾ ਗੇੜਾ ਆਦਿ ਜੁਗਾਦਿ ਗਿੜਦਾ, ਜੁਗ ਚੌਕੜੀ ਰਿਹਾ ਭਵਾਈਆ । ਜਿਸ ਦੀ ਅਦਾਲਤ ਅੰਦਰ ਸਚ ਨਬੇੜਾ ਨਿਬੜਦਾ, ਝੂਠਾ ਜੁਰਮ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਪਰਵਾਨਾ ਕਹੇ ਬੇਸ਼ਕ ਤੂੰ ਮੇਰਾ ਕਰਮ ਦੇਵੇਂ ਸਾੜ, ਅਗਨੀ ਅੱਗ ਜਲਾਈਆ । ਦੁਹਾਈ ਦਰੋਹੀ ਖ਼ੁਦਾਏ ਦੀ ਕੂਕ ਕੇ ਕਹੇ ਤੀਹ ਹਾੜ, ਹਾੜਾ ਕਢ ਕੇ ਇਕ ਜਣਾਈਆ । ਜਿਨ੍ਹਾਂ ਪਰਵਾਨਿਆਂ ਦੀ ਗਿਣੀ ਨਹੀਂ ਕਿਸੇ ਕੋਲੋਂ ਮਿਕਦਾਰ, ਤਾਦਾਦ ਸ਼ਮਾਰ ਨਾ ਕੋਇ ਜਣਾਈਆ । ਉਨ੍ਹਾਂ ਵਿਚੋਂ ਇਕ ਦੋ ਚਾਰ ਦਾ ਖੇੜਾ ਹੋਵੇ ਆਬਾਦ, ਬਹੁਤੀ ਆਬਾਦੀ ਦੀ ਲੋੜ ਰਹੇ ਨਾ ਰਾਈਆ । ਜਿਨ੍ਹਾਂ ਸਚ ਪ੍ਰੇਮ ਅੰਦਰ ਆਪਣਾ ਆਪ ਕੀਤਾ ਬਰਬਾਦ, ਬੰਦੀਖਾਨਾ ਗਏ ਤੁੜਾਈਆ । ਉਨ੍ਹਾਂ ਨੂੰ ਸੂਫੀ ਕਹਿਣ ਸ਼ਾਬਾਸ਼, ਸੰਤ ਫ਼ਕੀਰ ਢੋਲੇ ਰਹੇ ਸੁਣਾਈਆ । ਝਗੜਾ ਮੁੱਕਿਆ ਵਿਚੋਂ ਕਾਇਨਾਤ, ਕਲਮਾ ਇਕੋ ਹਕ ਹਕ਼ੀਕ਼ਤ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਪਰਵਾਨਾ ਕਹੇ ਬੇਸ਼ਕ ਅਸੀਂ ਬਹੁਤੇ, ਆਪ ਆਪਣਾ ਗਏ ਮਿਟਾਈਆ । ਦੀਪਕ ਕਹੇ ਮੈਂ ਸਾਰੇ ਵੇਖੇ ਰੋਂਦੇ, ਕੂਕ ਕੂਕ ਦੇਣ ਦੁਹਾਈਆ । ਥੋੜੇ ਵਿਚੋਂ ਓਸ ਦਾ ਢੋਲਾ ਗੌਂਦੇ, ਗਹਿਰ ਗੰਭੀਰ ਇਕੋ ਆਸ ਤਕਾਈਆ । ਉਹ ਸਾਚੀ ਸੇਜਾ ਸੌਂਦੇ, ਜਿਥੇ ਸਕੇ ਨਾ ਕੋਇ ਉਠਾਈਆ । ਜਨਮ ਮਰਨ ਵਿਚ ਨਾ ਔਂਦੇ, ਨਾਤਾ ਚੁਰਾਸੀ ਗਏ ਤੁੜਾਈਆ । ਭਗਤ ਸਦਾ ਭਗਵਾਨ ਦੇ ਅਖਵੌਂਦੇ, ਜੁਗ ਜੁਗ ਆਪਣਾ ਫੇਰਾ ਪਾਈਆ । ਰੂਪ ਧਰਨਾ ਕੂੜ ਕੁੜਿਆਰ ਕਾਂਉਂ ਦੇ, ਹੰਸ ਮਾਣਕ ਮੋਤੀ ਚੋਗ ਚੁਗਾਈਆ । ਝਗੜੇ ਮੁਕਾ ਦੇਣ ਹੂੰ ਤੂੰ ਦੇ, ਕੂੜੀ ਤਮਅ ਦੇਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਪਰਵਾਨਿਆਂ ਵਿਚੋਂ ਪਰਵਾਨਾ ਕੋਈ ਮਨਜ਼ੂਰ, ਲੇਖਾ ਵੇਖੇ ਧੁਰ ਦਰਗਾਹੀਆ । ਜਿਵੇਂ ਸੂਲੀ ਚੜ੍ਹਦਿਆਂ ਵਿਚੋਂ ਮਨਜ਼ੂਰ ਹੋਇਆ ਮਨਸੂਰ, ਮਨਸਾ ਆਸਾ ਉਸ ਦੀ ਪੂਰ ਕਰਾਈਆ । ਇਹ ਪ੍ਰਭ ਦਾ ਸੱਚਾ ਦਸਤੂਰ, ਜੁਗ ਚੌਕੜੀ ਵੇਖ ਵਖਾਈਆ । ਜੋ ਜਲਵਾ ਦੇਵੇ ਕੋਹਤੂਰ, ਮੂਸੇ ਨੂੰ ਮੂੰਹ ਦੇ ਭਾਰ ਸੁਟਾਈਆ । ਜੇ ਪਰਵਾਨਿਉਂ ਤੁਹਾਡੇ ਅੰਦਰ ਹੋਇਆ ਗ਼ਰੂਰ, ਮਗ਼ਰੂਰੀ ਕੰਮ ਕਿਸੇ ਨਾ ਆਈਆ । ਸਭ ਨੇ ਨਾਤਾ ਛਡਣਾ ਤਨ ਵਜੂਦ, ਤੱਤਾਂ ਤਤ ਨਾ ਕੋਇ ਹੰਢਾਈਆ । ਮੰਜ਼ਲ ਚੜ੍ਹ ਕੇ ਵੇਖੇ ਅਰਸ਼ ਅਰੂਜ਼, ਮਹਿਰਾਬ ਸ਼ਹਿਨਸ਼ਾਹੀਆ । ਜਿਥੇ ਸੜ ਕੇ ਸਵਾਹ ਬਣ ਕੇ ਲੇਖਾ ਨਾ ਹੋਵੇ ਮੌਕੂਫ਼, ਹਰੂਫ਼ ਸਕੇ ਨਾ ਕੋਇ ਬਦਲਾਈਆ । ਸ਼ਮਅ ਉਤੇ ਡਿਗਣ ਵਾਲੇ ਪਰਵਾਨੇ ਸਾਰੇ ਦਿਸਣ ਮਸਰੂਫ਼, ਭੱਜਣ ਵਾਹੋ ਦਾਹੀਆ । ਕੋਟਾਂ ਵਿਚੋਂ ਦੋ ਚਾਰ ਜਿਹੜੇ ਮੰਗਦੇ ਮੰਜ਼ਲੇ ਮਕ਼ਸੂਦ, ਮੁਕਾਮੇ ਹਕ ਬੈਠੇ ਡੇਰਾ ਲਾਈਆ । ਉਨ੍ਹਾਂ ਨੂੰ ਕਿਹੜੀ ਲੋੜ ਪੜ੍ਹਨ ਹਜ਼ਾਰਾ ਦਰੂਦ, ਕਲਮਿਆਂ ਨਾਲ ਕਰਨ ਲੜਾਈਆ । ਜਿਧਰ ਵੇਖਾਂ ਉਧਰ ਮੌਜੂਦ, ਮੁਫ਼ਲਿਸਾਂ ਅੰਦਰ ਮੁਫ਼ਲਿਸ, ਚਾਕਰਾਂ ਅੰਦਰ ਚਾਕਰ, ਸ਼ਹਿਨਸ਼ਾਹਾਂ ਅੰਦਰ ਸ਼ਹਿਨਸ਼ਾਹੀਆ । ਭਗਤ ਭਗਵਾਨ ਦੋਵੇਂ ਮਿਲ ਕੇ ਸੱਚੇ ਪਰਵਾਨਿਆਂ ਦਾ ਦੇਣ ਸਬੂਤ, ਜੁਗ ਚੌਕੜੀ ਖੇਲ ਖਿਲਾਈਆ । ਮੈਖ਼ਾਨੇ ਹੋਵਣ ਮਹਿਫੂਜ਼, ਜਿਥੇ ਦੀਵਾਨੇ ਬੈਠੇ ਸੋਭਾ ਪਾਈਆ । ਪੈਮਾਨਾ ਹਕ ਦੇਵਣਹਾਰਾ ਬਾਰਸੂਖ਼, ਜਾਮ ਧੁਰ ਦਾ ਇਕ ਪਿਆਈਆ । ਜਿਸ ਦਾ ਪ੍ਰੇਮ ਕਰੇ ਨਾ ਕੋਈ ਮਨਸੂਖ਼, ਜੁਗ

੯੭੩

੯੭੪

ਚੌਕੜੀ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਪਰਵਾਨਾ ਸ਼ਮਅ ਜਗਤ ਕਹਾਵਤ, ਚੰਦ ਚਕੋਰ ਨਾਲ ਮਿਲਾਈਆ । ਜਿਨ੍ਹਾਂ ਉਤੇ ਪਰਮਾਤਮ ਆਤਮ ਕਰੇ ਸਖ਼ਾਵਤ, ਮਿਹਰ ਨਜ਼ਰ ਇਕ ਉਠਾਈਆ । ਮਨ ਮਨੂਆ ਨਾ ਪਏ ਬਗ਼ਾਵਤ, ਕੂੜੀ ਕਿਰਿਆ ਨਾ ਕੋਇ ਲੜਾਈਆ । ਪੰਜਾਂ ਤੱਤਾਂ ਨਾ ਕੋਇ ਅਦਾਵਤ, ਝਗੜਾ ਕੂੜ ਨਾ ਕੋਇ ਵਖਾਈਆ । ਉਨ੍ਹਾਂ ਪਰਵਾਨਿਆਂ ਦੀ ਸਭ ਤੋਂ ਵਖਰੀ ਬਨਾਵਟ, ਰੂਪ ਅਨੂਪ ਦਏ ਦ੍ਰਿੜਾਈਆ । ਜਿਨ੍ਹਾਂ ਨੂੰ ਜਲਦਿਆਂ ਜਲਦਿਆਂ ਸੜਦਿਆਂ ਸੜਦਿਆਂ ਕੋਈ ਨਾ ਹੋਵੇ ਰੁਕਾਵਟ, ਅਗੇ ਹੋ ਨਾ ਕੋਈ ਪਰਤਾਈਆ । ਉਨ੍ਹਾਂ ਦੀ ਜਨਮ ਜਨਮ ਦੀ ਮੁਕੇ ਥਕਾਵਟ, ਪਾਂਧੀ ਆਪਣਾ ਪੰਧ ਜਾਣ ਗਵਾਈਆ । ਮਾਤ ਗਰਭ ਦੀ ਰਹੇ ਨਾ ਅਲਾਮਤ, ਆਲਮਾਂ ਕੋਲੋਂ ਇਲਮ ਨਾ ਕਰਨ ਪੜ੍ਹਾਈਆ । ਤਿਨ੍ਹਾਂ ਦੀ ਦੇਵੇ ਆਪ ਜ਼ਮਾਨਤ, ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਸੋ ਪਰਵਾਨਾ ਜਨਮ ਤੋਂ ਪਹਿਲੋਂ ਮਰਨ ਤੋਂ ਬਾਅਦ ਸਹੀ ਸਲਾਮਤ, ਸਾਹਿਬ ਸਵਾਮੀ ਆਪਣੇ ਰੰਗ ਰੰਗਾਈਆ । ਸੱਚੇ ਦੀਪਕ ਉਤੇ ਸੜਨ ਦੀ ਕਿਸੇ ਨੂੰ ਨਹੀਂ ਮਮਾਨਤ, ਹੋਕਾ ਦੇ ਨਾ ਕੋਇ ਹਟਾਈਆ । ਸ਼ਮਅ ਨਾਲ ਪ੍ਰੇਮ ਸ਼ਖ਼ਸ਼ੀਅਤ ਦੀ ਸੱਚੀ ਅਮਾਨਤ, ਧੁਰ ਦੀ ਵਸਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪਰਵਾਨਾ ਕਹੇ ਸ਼ਮਅ ਮੈਂ ਤੇਰੇ ਉਤੋਂ ਹੋਵਾਂ ਮੁਰਦਾ, ਆਪਣਾ ਆਪ ਮਿਟਾਈਆ । ਦੀਪਕ ਕਹੇ ਪਹਿਲੋਂ ਸੁਣ ਸੰਦੇਸ਼ਾ ਓਸ ਸਤਿਗੁਰ ਦਾ, ਜੋ ਇਕੋ ਇਕ ਸਮਝਾਈਆ । ਜਿਸ ਦਾ ਹੁਕਮ ਫ਼ਰਮਾਣ ਕਦੇ ਨਾ ਮੁੜਦਾ, ਦੋ ਜਹਾਨਾਂ ਰਿਹਾ ਭਵਾਈਆ । ਜੋ ਖੇਲ ਕਰੇ ਆਪਣੀ ਲੋੜ ਦਾ, ਲੋੜੀਦਾ ਆਪਣਾ ਹੁਕਮ ਵਰਤਾਈਆ । ਜੋ ਜੁਗ ਜੁਗ ਵਿਛੜਿਆਂ ਜੋੜਦਾ, ਮੇਲਾ ਮੇਲੇ ਸਹਿਜ ਸੁਭਾਈਆ । ਪ੍ਰੇਮੀ ਪਿਆਰੇ ਪ੍ਰੀਤਮ ਹੋ ਕੇ ਆਪਣੇ ਨਾਲ ਤੋਰਦਾ, ਤੁਰਤ ਆਪਣਾ ਰੰਗ ਰੰਗਾਈਆ । ਸਚ ਦਵਾਰਾ ਇਕੋ ਖੋਲ੍ਹਦਾ, ਧੁਰ ਦੀ ਸਿਖਿਆ ਕਰੇ ਪੜ੍ਹਾਈਆ । ਸਚ ਵਣਜਾਰਾ ਬਣ ਕੇ ਤੋਲਦਾ, ਨਾਮ ਕੰਡਾ ਹੱਥ ਉਠਾਈਆ । ਜਿਥੇ ਲੇਖਾ ਨਹੀਂ ਕੋਈ ਰੋਲ ਦਾ, ਕੂੜੀ ਕਿਰਿਆ ਵੰਡ ਨਾ ਕੋਇ ਵੰਡਾਈਆ । ਬੇਸ਼ਕ ਪਰਵਾਨੇ ਤੂੰ ਆਪਣਾ ਆਪ ਵਾਰੀ ਘੋਲੀ ਘੋਲ ਘੋਲਦਾ, ਤਨ ਮਾਟੀ ਵਿਚ ਸਮਾਈਆ । ਜੇ ਹੁਕਮ ਮੰਨੇਂ ਓਸ ਧੁਰਦਰਗਾਹੀ ਢੋਲ ਦਾ, ਜੋ ਸੋਹੰ ਢੋਲਾ ਰਿਹਾ ਸੁਣਾਈਆ । ਤੈਨੂੰ ਘਰ ਨਜ਼ਰੀ ਆ ਜਾਏ ਕੋਲ ਦਾ, ਦੂਰ ਜਾਣ ਦੀ ਆਸ ਰਹੇ ਨਾ ਰਾਈਆ । ਜੋ ਮਿਹਰਵਾਨ ਹੋ ਕੇ ਪਰਦੇ ਖੋਲ੍ਹਦਾ, ਘਰ ਵਿਚ ਘਰ ਕਰੇ ਰੁਸ਼ਨਾਈਆ । ਜਿਸ ਦਾ ਦੀਪਕ ਪਵਣ ਹਵਾ ਨਾਲ ਕਦੇ ਨਹੀਂ ਡੋਲ ਦਾ, ਸਾਸ ਨਾਲ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਦਏ ਖੁਲ੍ਹਾਈਆ । ਸ਼ਮਅ ਕਹੇ ਪਰਵਾਨੇ ਵੇਖ ਉਹ ਦੀਪ, ਜੋ ਦੀਪਾਂ ਲੋਆਂ ਕਰੇ ਰੁਸ਼ਨਾਈਆ । ਜਿਸ ਦੇ ਨਾਲ ਲੱਖ ਚੁਰਾਸੀ ਰੋਸ਼ਨ ਹਸਤ ਕੀਟ, ਘਟ ਘਟ ਰਿਹਾ ਡਗਮਗਾਈਆ । ਉਸ ਦੀ ਧਾਰ ਅਗੰਮੀ ਅਨਡੀਠ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਉਹ ਦੀਪਕ ਬਾਲਿਆ ਜਾਏ ਨਾ ਕਦੀ ਕਿਸੇ ਸੀਖ, ਮਾਚਸ ਨਾਲ ਨਾ ਕੋਇ ਵਡਿਆਈਆ । ਉਹ ਸ਼ਮਅ ਸਾਚੇ ਪਰਵਾਨਿਆਂ ਨੂੰ ਰਿਹਾ ਉਡੀਕ, ਜੋ ਭਗਵਾਨ ਭਗਤ ਰਿਹਾ ਉਪਜਾਈਆ । ਜਿਹੜੇ ਸੜ ਮਰਨੇ ਓਸੇ ਦੇ ਘਰ ਦੇ ਬਣਨ ਵਸਨੀਕ, ਵਾਸਤਾ ਇਕੋ ਨਾਲ ਰਖਾਈਆ । ਉਹ ਦੀਪਕ ਤੇਰੇ ਮੰਦਰ ਅੰਦਰ ਨਜ਼ਦੀਕ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਜਿਸ ਦੇ ਨਾਲ ਆਦਿ ਜੁਗਾਦੀ ਸਚ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਬਹੁਤਿਆਂ ਵਿਚੋਂ ਇਕ ਦੋ

ਚਾਰ ਦਿਸਣ ਠੀਕ, ਜੋ ਪਰਵਾਨੇ ਬਣ ਕੇ ਸਾਚੀ ਸ਼ਮਅ ਉਤੋਂ ਆਪਣਾ ਆਪ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੀਪ ਕਰੇ ਰੁਸ਼ਨਾਈਆ । ਸ਼ਮਅ ਸ਼ਮਅ ਦੀਪ ਦੀਪ ਪਰਵਾਨੇ ਪਰਵਾਨੇ ਸਾਰੇ ਗਾਉਂਦੇ, ਗਾ ਗਾ ਰਹੇ ਸੁਣਾਈਆ । ਅੱਖਰਾਂ ਵਾਲੇ ਸ਼ੇਅਰ ਬਣੌਂਦੇ, ਨਜ਼ਮਾਂ ਨਾਲ ਵਡਿਆਈਆ । ਜਗਤ ਅਖਾੜਿਆਂ ਵਿਚ ਜਣੌਂਦੇ, ਰਸਨਾ ਜਿਹਵਾ ਬੱਤੀ ਦੰਦ ਆਪਣਾ ਜ਼ੋਰ ਲਗਾਈਆ । ਅੰਦਰ ਵੜ ਕੇ ਸਚ ਪਰਵਾਨਾ ਆਪਣਾ ਰੂਪ ਨਾ ਕੋਇ ਵਟੌਂਦੇ, ਦੀਵਾਨਾ ਹੋ ਕੇ ਮਸਤੀ ਨਾਮ ਨਾ ਕੋਇ ਚੜ੍ਹਾਈਆ । ਸਾਚਾ ਦੀਪਕ ਬਿਨ ਤੇਲ ਬਾਤੀ ਨਾ ਮੂਲ ਜਗੌਂਦੇ, ਜਿਸ ਦੀ ਦਿਵਸ ਰੈਣ ਹੋਏ ਰੁਸ਼ਨਾਈਆ । ਸੜਨ ਤੋਂ ਪਹਿਲਾਂ ਮਰਨ ਓਸੇ ਦੀ ਝੋਲੀ ਨਹੀਂ ਪੌਂਦੇ, ਜਿਸ ਨੇ ਸ਼ਮਅ ਪਰਵਾਨੇ ਦੋਵੇਂ ਦਿਤੇ ਬਣਾਈਆ । ਜਗਤ ਵਾਲੀ ਰੀਤ ਭਗਤ ਭਗਵਾਨ ਸੁਖੌਂਦੇ, ਨਿਤ ਨਵਿਤ ਵੇਸ ਵਟਾਈਆ । ਕੋਟਾਂ ਵਿਚੋਂ ਦੋ ਚਾਰ ਆਪਣਾ ਲੇਖਾ ਲੇਖੇ ਲੌਂਦੇ, ਜਿਨ੍ਹਾਂ ਦੀ ਲੇਖ ਲਿਖਤ ਸ਼ਹਾਦਤ ਦਏ ਗਵਾਹੀਆ । ਬਾਕੀ ਆਪਣਾ ਪੰਧ ਨਾ ਮੂਲ ਮੁਕੌਂਦੇ, ਪਾਂਧੀ ਹੋ ਕੇ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਵਾਨਾ ਗੁਰਮੁਖ ਇਕ ਵਡਿਆਈਆ । ਸਚ ਪਰਵਾਨਾ ਜਿਸ ਬਣਨ ਦਾ ਚਾਓ, ਦੀਪਕ ਉਤੇ ਆਪਣਾ ਆਪ ਦੇਣਾ ਜਲਾਈਆ । ਸੋ ਮੰਜ਼ਲ ਤਕੇ ਬੇਪਰਵਾਹੋ, ਜਿਸ ਦਾ ਖੇਲ ਬੇਪਰਵਾਹੀਆ । ਜੋ ਫੜ ਬਾਹੋਂ ਲਏ ਉਠਾਓ, ਸੁੱਤਿਆਂ ਲਏ ਜਗਾਈਆ । ਜਿਸ ਦੀ ਨਈਆ ਨੌਕਾ ਚਲੇ ਨਾਓ, ਖੇਵਟ ਖੇਟਾ ਹੋ ਕੇ ਸੇਵ ਕਮਾਈਆ । ਜਿਸ ਦਾ ਦੀਪਕ ਬਲੇ ਥਾਈਂ ਥਾਉਂ, ਘਟ ਘਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਵਾਨਾ ਸਾਚੀ ਸ਼ਮਅ ਦੋਹਾਂ ਦਾ ਲੇਖਾ ਸਦਾ ਸਦਾ ਸਦ ਵੇਖ ਵਖਾਈਆ । ਸ਼ਮਅ ਕਹੇ ਮੈਂ ਪਰਵਾਨੇ ਵੇਖੇ ਬੇਸ਼ੁਮਾਰ, ਨਿਤ ਨਵਿਤ ਮੇਰੇ ਉਤੇ ਫੇਰਾ ਪਾਈਆ । ਮੈਨੂੰ ਇਕ ਦੋ ਚਾਰ ਉਤੇ ਰਿਹਾ ਇਤਬਾਰ, ਬਾਕੀਆਂ ਨਾਲੋਂ ਨਾਤਾ ਲਿਆ ਤੁੜਾਈਆ । ਭਾਵੇਂ ਮੇਰੇ ਪਰਕਾਸ਼ ਅੰਦਰ ਹੁੰਦੇ ਖ਼ੁਆਰ, ਖ਼ਾਹਮਖ਼ਾਹ ਆਪਣਾ ਆਪ ਮਿਟਾਈਆ । ਮੈਂ ਤਕਦਾ ਥੋੜ੍ਹਿਆਂ ਨੂੰ ਮਿਲਦਾ ਦਲੀਲ ਦਾ ਦਿਲਬਰ ਯਾਰ, ਮਿਹਰਵਾਨ ਦਇਆ ਕਮਾਈਆ । ਬਹੁਤੇ ਹੁੰਦੇ ਵੇਖੇ ਖ਼ੁਆਰ, ਜਨਮ ਮਰਨ ਵਿਚ ਫੇਰੇ ਰਹੇ ਪਾਈਆ । ਜਿਨ੍ਹਾਂ ਦੇ ਅੰਤਰ ਬਖ਼ਸ਼ਿਆ ਹਕ ਪਿਆਰ, ਸਚ ਦਿਤਾ ਦ੍ਰਿੜਾਈਆ । ਸੋ ਬੈਠੇ ਠਾਂਡੇ ਦਰਬਾਰ, ਚਰਨ ਕਵਲ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਸ਼ਮਅ ਕਹੇ ਮੈਂ ਕਲਜੁਗ ਵੇਖੀ ਸ਼ਰਾਰਤ, ਸ਼ਰਈ ਸਾਰੇ ਨਜ਼ਰੀ ਆਈਆ । ਹਰਫ਼ਾਂ ਦੀ ਪੜ੍ਹਨ ਇਬਾਰਤ, ਅੱਖਰਾਂ ਨਾਲ ਸ਼ਨਵਾਈਆ । ਕੋਟਾਂ ਵਿਚੋਂ ਮੈਂ ਦੋ ਚਾਰ ਦੀ ਕਰਨੀ ਸਫ਼ਰਾਸ਼, ਬਹੁਤਿਆਂ ਦੀ ਲੋੜ ਰਹੇ ਨਾ ਰਾਈਆ । ਜਿਨ੍ਹਾਂ ਨੂੰ ਅੰਤਰ ਦਿਤੀ ਢਾਰਸ, ਕੂੜੀ ਕਿਰਿਆ ਤਮਅ ਮਿਟਾਈਆ । ਦੀਪ ਦੀਆ ਵਖਾ ਕੇ ਇਕ ਖ਼ਾਲਸ, ਖ਼ੁਸੂਸੀਅਤ ਉਸ ਦੀ ਦੇਣੀ ਸਮਝਾਈਆ । ਜਿਸ ਦੇ ਵਿਚ ਨਹੀਂ ਕੋਈ ਲਾਲਸ, ਲਾਲਚ ਰੂਪ ਨਾ ਕੋਇ ਵਟਾਈਆ । ਜੋ ਭਗਤਾਂ ਦੀ ਨਿੰਦਰਾ ਲਾਹਵੇ ਆਲਸ, ਦਲਿਦਰੀਆਂ ਦਾ ਦਲਿਦਰ ਦਏ ਗਵਾਈਆ । ਟਿੱਕੇ ਮਸਤਕ ਲਾਹ ਕੇ ਕਾਲਖ, ਜੋਤੀ ਨੂਰ ਕਰੇ ਰੁਸ਼ਨਾਈਆ । ਏਥੇ ਓਥੇ ਬਣ ਕੇ ਸਾਲਸ, ਝਗੜਾ ਦਏ ਮਿਟਾਈਆ । ਸਚ ਪਰਵਾਨਿਆਂ ਦਾ ਬਣ ਕੇ ਵਾਰਸ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਵਾਨਾ ਸ਼ਮਅ ਦੀਵਾਨਾ ਇਤਮੀਨਾਨ ਨਾਲ ਦੋਹਾਂ ਖੇਲ ਖਿਲਾਈਆ ।

## ❊ ੩੦ ਹਾੜ ਸ਼ਹਿਨਸ਼ਾਹੀ ਸੰਮਤ ੧ ਵਿਦਿਆ ਨੰਦ ਸੂਦਨ ਪਦਮਨੀ ਦੇਵੀ ਦੇ ਗ੍ਰਿਹ ਜੰਮੂ ❊

ਦਇਆਵਾਨ ਸਦਾ ਭਗਵਾਨ, ਭਗਤ ਵਛਲ ਅਖਵਾਇੰਦਾ । ਜੁਗ ਚੌਕੜੀ ਨਿਤ ਨਵਿਤ ਵੇਖਣਹਾਰਾ ਮਾਰ ਧਿਆਨ, ਲੱਖ ਚੁਰਾਸੀ ਜੀਵ ਜੰਤ ਖੋਜ ਖੁਜਾਇੰਦਾ । ਸਚ ਪ੍ਰੀਤੀ ਦੇਵਣਹਾਰਾ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਸਰਨ ਸਰਨਾਈ ਜੋ ਡਿੱਗੇ ਆਣ, ਫੜ ਬਾਹੋਂ ਗਲੇ ਲਗਾਇੰਦਾ । ਸ਼ਬਦ ਅਗੰਮੀ ਦੇ ਗਿਆਨ, ਬੋਧ ਅਗਾਧ ਆਪ ਸਮਝਾਇੰਦਾ । ਆਤਮ ਪਰਮਾਤਮ ਵਖਾ ਕੇ ਸਚ ਨਿਸ਼ਾਨ, ਨਿਸ਼ਾਨਾ ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਸ੍ਰੀ ਭਗਵਾਨ ਸਦਾ ਦਾਤਾਰ, ਦਇਆਵਾਨ ਅਖਵਾਈਆ । ਭਗਤ ਸੁਹੇਲਾ ਵਿਚ ਸੰਸਾਰ, ਲੋਕਮਾਤ ਦਏ ਵਡਿਆਈਆ । ਜਿਸ ਦੀ ਸਿਫ਼ਤ ਗੌਂਦੇ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਸੰਦੇਸ਼ਾ ਦੇਵਣ ਸ਼ਾਸਤਰ ਸਿਮਰਤ ਵੇਦ ਪੁਰਾਨ, ਭੇਦ ਅਭੇਦਾ ਰਹੇ ਖੁਲ੍ਹਾਈਆ । ਤਿਸ ਦਾ ਮਿਲਣਾ ਬੜਾ ਆਸਾਨ, ਘਰ ਘਰ ਵਿਚ ਮੇਲਾ ਸਹਿਜ ਸੁਭਾਈਆ । ਸਤਿ ਸਰੂਪ ਇਕੋ ਜਾਣ, ਵਡ ਸ਼ਾਹੋ ਭੂਪ ਭਰਮ ਦਏ ਮਿਟਾਈਆ । ਨਿਜ ਨੇਤਰ ਬਖ਼ਸ਼ ਕੇ ਇਕ ਨਿਸ਼ਾਨ, ਨਿਸ਼ਾਨਾ ਧੁਰ ਦਾ ਦਏ ਵਖਾਈਆ । ਸਚ ਦੁਵਾਰੇ ਕਰ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ, ਵਡ ਵੱਡਾ ਵਡ ਵਡਿਆਈਆ । ਜਨਮ ਕਰਮ ਦੀ ਸਗਲੀ ਮੇਟੇ ਚਿੰਦ, ਚਿੰਤਾ ਚਿਖਾ ਦਏ ਗਵਾਈਆ । ਅੰਮ੍ਰਿਤ ਧਾਰ ਵਹਾ ਕੇ ਅੰਦਰ ਸਾਗਰ ਸਿੰਧ, ਕੂੜੀ ਕਿਰਿਆ ਦਏ ਰੁੜ੍ਹਾਈਆ । ਭੇਵ ਚੁਕਾ ਕੇ ਜੀਉ ਇੰਡ ਪਿੰਡ, ਬ੍ਰਹਿਮੰਡ ਦਏ ਵਖਾਈਆ । ਭੇਵ ਖੁਲ੍ਹਾ ਕੇ ਸੁਰਪਤ ਇੰਦ, ਵਿਸ਼ਨ ਬ੍ਰਹਮਾ ਸ਼ਿਵ ਧੁਰ ਦਾ ਨੂਰ ਚਮਕਾਈਆ । ਭਗਤ ਸੁਹੇਲੇ ਬਣਾ ਕੇ ਅਨਾਦੀ ਬਿੰਦ, ਬਿੰਦਰਾਬਨ ਵਾਲਾ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਮਰਥ ਦਏ ਵਡਿਆਈਆ । ਸ੍ਰੀ ਭਗਵਾਨ ਸਦਾ ਦਿਆਲ, ਦਇਆਨਿਧ ਅਖਵਾਈਆ । ਭਗਤ ਸੁਹੇਲੇ ਵੇਖੇ ਲਾਲ, ਸੰਤ ਸੱਜਣ ਲਏ ਉਠਾਈਆ । ਫਲ ਲਗਾ ਕੇ ਕਾਇਆ ਡਾਲ੍ਹ, ਬਸੰਤੀ ਰੁਤ ਦਏ ਬਣਾਈਆ । ਨਾਤਾ ਤੋੜ ਕੇ ਕੂੜ ਕੁੜਿਆਰ, ਕਾਲ ਮਹਾਕਾਲ ਭਉ ਮਿਟਾਈਆ । ਸਾਚਾ ਮੰਦਰ ਵਖਾ ਕੇ ਕਾਇਆ ਧਰਮਸਾਲ, ਦਰਵਾਜ਼ਾ ਇਕੋ ਦਏ ਖੁਲ੍ਹਾਈਆ । ਜਿਥੇ ਸ਼ਬਦ ਅਗੰਮੀ ਅਨਹਦ ਵਜੇ ਤਾਲ, ਤਲਵਾੜੇ ਦੀ ਲੋੜ ਰਹੇ ਨਾ ਰਾਈਆ । ਦੀਪਕ ਜੋਤੀ ਜੋਤ ਨਿਰੰਜਣ ਦੇਵੇ ਬਾਲ, ਆਦਿ ਨਿਰੰਜਨ ਹੋਏ ਆਪ ਸਹਾਈਆ । ਜਨਮ ਜਨਮ ਦੀ ਲੇਖੇ ਲਾਏ ਘਾਲ, ਘਾਇਲ ਥਾਂਏ ਲਏ ਪਾਈਆ । ਸ੍ਰੀ ਭਗਵਾਨ ਸਦਾ ਸਦਾ ਭਗਤਾਂ ਦਾ ਸੁਣਨਹਾਰਾ ਸਵਾਲ, ਜੋ ਸਵਾਲੀ ਹੋ ਕੇ ਆਏ ਅੰਤਰ ਆਤਮ ਆਪਣੀ ਝੋਲੀ ਡਾਹੀਆ । ਇਹੋ ਮਿਸਲ ਬੇਮਿਸਾਲ, ਜੋ ਬਿਨਾਂ ਮਸਲਿਆਂ ਲਏ ਪਰਗਟਾਈਆ । ਜਿਸ ਸ੍ਰੀ ਭਗਵਾਨ ਦਾ ਦੇਂਦੇ ਸਰਬ ਅਹਿਵਾਲ, ਉਹ ਹਾਲਤ ਸਭ ਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ੍ਰੀ ਭਗਵਾਨ ਸਰਬ ਗੁਣਵੰਤ, ਗੁਣੀ ਗਹਿੰਦ ਅਖਵਾਇੰਦਾ । ਨਾਮ ਭੰਡਾਰਾ ਦੇ ਕੇ ਮੰਤ, ਮੰਤਵ ਸਭ ਦਾ ਹਲ ਕਰਾਇੰਦਾ । ਭਗਤ ਸੁਹੇਲੇ ਬਣਾ ਸੰਤ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਇੰਦਾ । ਆਤਮ ਪਰਮਾਤਮ ਬਣਾ ਕੇ ਨਾਰ ਕੰਤ, ਸੇਜ ਸੁਹੰਜਣੀ ਇਕ ਹੰਢਾਇੰਦਾ ।


੯੭੬

ਨਾਮ ਚਾੜ੍ਹ ਕੇ ਰੰਗ ਬਸੰਤ, ਕੂੜ ਕੁੜਿਆਰਾ ਰੂਪ ਬਦਲਾਇੰਦਾ । ਗੜ੍ਹ ਤੋੜ ਕੇ ਹਉਮੇਂ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਮੇਲ ਮਿਲਾ ਕੇ ਸਾਚੀ ਸੰਗਤ, ਧੁਰ ਦਾ ਸੰਗ ਜਣਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਵਿਦਿਆ ਇਕੋ ਇਕ ਦ੍ਰਿੜਾਇੰਦਾ । ਨਾਤਾ ਤੁੜਾ ਕੇ ਸਵਰਗ ਬਹਿਸ਼ਤ ਜੱਨਤ, ਸਚਖੰਡ ਦਵਾਰਾ ਇਕ ਸੁਹਾਇੰਦਾ । ਜਿਸ ਦਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਇੰਦਾ । ਸੋ ਸਾਹਿਬ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਬੇਅੰਤ, ਬੇਪਰਵਾਹ ਆਪਣਾ ਹੁਕਮ ਵਰਤਾਇੰਦਾ । ਸ੍ਰੀ ਭਗਵਾਨ ਜਨ ਭਗਤਾਂ ਕੋਲੋਂ ਅਗੇ ਕਰਾਏ ਨਾ ਕੋਈ ਮਿੰਨਤ, ਸਿੰਮਤ ਅੰਦਰੋਂ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਵੇਂ ਬਿਦਰ ਅਲੂਣਾ ਸਾਗ ਖਾਧਾ ਬਿਨਾ ਨਿਮਕ, ਅੰਮ੍ਰਿਤ ਰਸ ਵਿਚ ਭਰਾਇੰਦਾ । ਸ੍ਰੀ ਭਗਵਾਨ ਸਭ ਦਾ ਮਿਤਰ, ਮੀਤ ਮੁਰਾਰ ਨਜ਼ਰੀ ਆਈਆ । ਨਿਰਗੁਣ ਧਾਰੋਂ ਆਏ ਨਿਕਲ, ਮਾਤ ਗਰਭ ਨਾ ਫੇਰਾ ਪਾਈਆ । ਜਨ ਭਗਤਾਂ ਤਨ ਮਨ ਠਾਂਡਾ ਕਰੇ ਸੀਤਲ, ਅਗਨੀ ਅੱਗ ਬੁਝਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਮੁਲੰਮਾ ਕੋਈ ਪੀਤਲ, ਕੰਚਨ ਇਕੋ ਰੰਗ ਰੰਗਾਈਆ । ਭੇਵ ਖੁਲ੍ਹਾ ਕੇ ਅੰਦਰ ਬਾਹਰ ਭੀਤਰ, ਪਰਦਾ ਦਏ ਉਠਾਈਆ । ਸਾਚਾ ਮੇਲ ਕੇ ਧੁਰ ਦਾ ਪ੍ਰੀਤਮ, ਪ੍ਰੀਤੀ ਇਕੋ ਦਏ ਵਖਾਈਆ । ਬੇਸ਼ਕ ਲਭਦਿਆਂ ਲਭਦਿਆਂ ਮਾਨਸ ਜਨਮ ਦੇ ਅਨੇਕ ਸਾਲ ਬੀਤਣ, ਖੋਜਿਆਂ ਹੱਥ ਕਿਸੇ ਨਾ ਆਈਆ । ਜਿਸ ਵੇਲੇ ਧਰਨੀ ਧਰਤ ਧਵਲ ਉਤੇ ਆਪਣੀ ਆਪ ਦੇਵੇ ਪਰੀਖਣ, ਪਰਦਿਆਂ ਅੰਦਰ ਪਰਦਾ ਦਏ ਉਠਾਈਆ । ਨਾਮ ਨਿਧਾਨ ਸੁਣਾਏ ਕੀਰਤਨ, ਬਿਨ ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਫੇਰ ਗੁਰਮੁਖ ਪੀੜ ਰਹੇ ਨਾ ਕਿਸੇ ਤਨ, ਦੁਖ ਦਰਦ ਦਏ ਮਿਟਾਈਆ । ਬੰਨ੍ਹ ਲਵੇ ਵਾਸਨਾ ਮਨ, ਮਮਤਾ ਮੋਹ ਨਾ ਕੋਇ ਹਲਕਾਈਆ । ਸੋਹਣਾ ਪੁੰਨਿਆਂ ਦਾ ਚੜ੍ਹੇ ਚੰਨ, ਅੰਧ ਅੰਧੇਰ ਦਏ ਗਵਾਈਆ । ਰਾਏ ਧਰਮ ਨਾ ਸਕੇ ਡੰਨ, ਚਿਤਰ ਗੁਪਤ ਨਾ ਲੇਖ ਵਖਾਈਆ । ਨੇਤਰਹੀਣ ਰਹੇ ਨਾ ਕੋਈ ਅੰਨ੍ਹ, ਸਤਿ ਪਰਕਾਸ਼ ਦਏ ਪਰਗਟਾਈਆ । ਡੁਬਦਾ ਬੇੜਾ ਦੇਵੇ ਬੰਨ੍ਹ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਕਿਰਪਾ ਕਰੇ ਸ੍ਰੀ ਭਗਵਨ, ਭਗਤਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਦਾ ਲੇਖਾ ਝੋਲੀ ਪਾਈਆ । ਸ੍ਰੀ ਭਗਵਾਨ ਕਹੇ ਮੈਂ ਸਭ ਦਾ ਮਾਲਕ, ਬੇਪਰਵਾਹ ਰੂਪ ਵਟਾਇੰਦਾ । ਆਦਿ ਜੁਗਾਦੀ ਖ਼ਲਕ ਦਾ ਖ਼ਾਲਕ, ਮਖ਼ਲੂਕ ਵੇਖ ਵਖਾਇੰਦਾ । ਸ਼ਬਦ ਸਰੂਪੀ ਬਣ ਕੇ ਸਾਲਸ, ਧੁਰ ਦਾ ਹੁਕਮ ਇਕ ਜਣਾਇੰਦਾ । ਕੂੜੀ ਨਿੰਦਰਾ ਮੇਟ ਕੇ ਆਲਸ, ਜੂਠ ਝੂਠ ਪੰਧ ਚੁਕਾਇੰਦਾ । ਭਗਤ ਸੁਹੇਲੇ ਕਢ ਕੇ ਖ਼ਾਲਸ, ਜ਼ਾਤ ਪਾਤ ਵਰਨ ਗੋਤ ਡੇਰਾ ਢਾਹਿੰਦਾ । ਦੁਰਮਤ ਮੈਲ ਧੋ ਕੇ ਕਾਲਖ, ਨਾਮ ਟਿੱਕਾ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਸਾਹਿਬ ਸਵਾਮੀ ਹਰ ਘਟ ਵੇਖ ਵਖਾਇੰਦਾ । ਸ੍ਰੀ ਭਗਵਾਨ ਕਹੇ ਜੋ ਸਚ ਬੇਨੰਤੀ ਕਰੇ ਅਰਦਾਸ, ਆਸਾ ਮਨ ਹੀ ਮਨ ਉਪਜਾਈਆ । ਸਦਾ ਸਦਾ ਸਦ ਰਵਾਂ ਉਸ ਦੇ ਪਾਸ, ਆਪਣਾ ਸੰਗ ਬਣਾਈਆ । ਢੋਲਾ ਦੱਸ ਕੇ ਧੁਰ ਦੀ ਗਾਥ, ਸੋਹੰ ਸੋ ਕਰਾਂ ਪੜ੍ਹਾਈਆ । ਆਤਮ ਪਰਮਾਤਮ ਬਣਾ ਕੇ ਨਾਤ, ਕੂੜੀ ਕਿਰਿਆ ਦਿਆਂ ਖਪਾਈਆ । ਅੱਠੇ ਪਹਿਰ ਰਖ ਇਕੋ ਪਰਭਾਤ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਸਾਚੀ ਪਟੀ ਪੜ੍ਹਾ ਕੇ ਜਮਾਤ, ਧੁਰ ਦੇ ਹਰਫ਼ ਦਿਆਂ ਸਮਝਾਈਆ । ਜਿਸ ਦਾ ਲੇਖਾ ਲਿਖ ਨਾ ਸਕੇ ਕੋਈ ਕਾਇਨਾਤ, ਕ਼ਲਮ ਦਵਾਤ ਨਾ ਕੋਇ ਵਡਿਆਈਆ । ਜਿਸ ਦਾ ਨੂਰ ਗ਼ਰੂਬ ਹੋਇਆ ਨਾ ਕਦੀ ਆਫ਼ਤਾਬ, ਜੋਤ

੯੭੭

ਜੋਤ ਜੋਤ ਰੁਸ਼ਨਾਈਆ । ਜੋ ਖ਼ਲਕ ਦਾ ਖ਼ਾਲਕ ਸਭ ਦਾ ਅਹਿਬਾਬ, ਮੁਹੱਬਤ ਵਿਚ ਸਮਾਈਆ । ਤਨ ਵਜੂਦ ਵਜਾਏ ਰਬਾਬ, ਸੁਰੰਗੀ ਧੁਰ ਦੀ ਇਕ ਹਿਲਾਈਆ । ਸੋ ਭਗਤ ਸੁਹੇਲਾ ਭਗਤਾਂ ਬਣਿਆ ਰਹੇ ਗ਼ੁਲਾਮ, ਫ਼ਰਮਾਬਰਦਾਰ ਇਕੋ ਨਜ਼ਰੀ ਆਈਆ । ਜੋ ਵੱਡਾ ਵਡ ਅਮਾਮ, ਨੌਬਤ ਆਪਣਾ ਨਾਮ ਵਜਾਈਆ । ਸੋ ਸਭ ਦੇ ਪੂਰੇ ਕਰਨ ਆਇਆ ਕਾਮ, ਕਾਮਨੀ ਕੂੜੀ ਦਏ ਗਵਾਈਆ । ਜਨ ਭਗਤਾਂ ਦਾ ਨਿਮਕ ਨਾ ਕਰੇ ਹਰਾਮ, ਖਾ ਕੇ ਮੁਸ਼ਕਲ ਹਲ ਸਹਿਜੇ ਦਏ ਕਰਾਈਆ । ਘਰ ਸੁਰਤੀ ਮੇਲਾ ਕਰ ਕੇ ਰਾਮ, ਧੁਰ ਦੀ ਬੰਸਰੀ ਘਨਈਆ ਦਏ ਵਜਾਈਆ । ਜੋਬਨ ਵੰਤਾ ਨੌਜਵਾਨ, ਰੂਪ ਅਨੂਪ ਲਏ ਪਰਗਟਾਈਆ । ਭਾਗ ਲਗਾ ਕੇ ਕਾਇਆ ਖੇੜਾ ਗਰਾਮ, ਸਾਚੇ ਮੰਦਰ ਬੈਠਾ ਸੋਭਾ ਪਾਈਆ । ਮੇਟ ਮਿਟਾ ਕੇ ਅੰਧੇਰੀ ਰੈਣ ਸ਼ਾਮ, ਧੁਰ ਦਾ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਪਿਆ ਕੇ ਅੰਮ੍ਰਿਤ ਜਾਮ, ਜਮਾਂ ਤੋਂ ਲਏ ਛੁਡਾਈਆ । ਜਿਨ੍ਹਾਂ ਓਟ ਰਖੀ ਇਕ ਭਗਵਾਨ, ਦੂਜੇ ਦਰ ਨਾ ਮੰਗਣ ਜਾਈਆ । ਤੀਰਥ ਤਟ ਨਾ ਕੋਇ ਇਸ਼ਨਾਨ, ਘਰ ਸਵਾਮੀ ਮਿਲੇ ਕਾਹਨ, ਮੁਸ਼ਕਲ ਕਰੇ ਆਸਾਨ, ਦਰਸ ਦਿਖਾਵੇ ਗੁਣ ਨਿਧਾਨ, ਆਵਣ ਜਾਵਣ ਚੁਕੇ ਜਮ ਦੀ ਕਾਣ, ਮਨ ਸ਼ੈਤਾਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰੀ ਭਗਵਾਨ ਸਾਹਿਬ ਸੁਲਤਾਨ ਵਾਲੀ ਦੋ ਜਹਾਨ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਡੂੰਘੀ ਕੰਦਰ ਵੇਖ ਵਖਾਈਆ । ਸ੍ਰੀ ਭਗਵਾਨ ਕਹੇ ਜੋ ਮੇਰਾ ਬਣ ਜਾਏ ਭਗਤ, ਭਾਗ ਧੁਰ ਦਾ ਝੋਲੀ ਪਾਈਆ । ਨਾਤਾ ਤੁਟ ਜਾਏ ਕੂੜੇ ਜਗਤ, ਜਗਿਆਸੂ ਕਰਾਂ ਜਣਾਈਆ । ਅੰਤਰ ਆਤਮ ਦੇ ਕੇ ਸ਼ਕਤ, ਸ਼ਖ਼ਸੀਅਤ ਦਿਆਂ ਬਦਲਾਈਆ । ਸੁਹੰਜਣਾ ਕਰ ਕੇ ਵਕ਼ਤ, ਵੇਲਾ ਵੇਖ ਵਖਾਈਆ । ਪੰਧ ਮੁਕਾ ਕੇ ਅਰਸ਼ ਫ਼ਰਸ਼, ਧਰਨੀ ਧਰਤ ਧਵਲ ਖੋਜ ਖੁਜਾਈਆ । ਜਿਹੜੀ ਆਦਿ ਤੋਂ ਮੰਗੀ ਸ਼ਰਤ, ਸ਼ਰਤੀਆ ਓਹੋ ਭਗਤਾਂ ਨਾਲ ਪੂਰ ਕਰਾਈਆ । ਕੂੜੀ ਕਿਰਿਆ ਦਾ ਪੂਰਨਮਾਸ਼ੀ ਕਹੇ ਮੇਰਾ ਸਭ ਨੇ ਰਖਣਾ ਵਰਤ, ਵਾਰਤਾ ਅਗਲੀ ਦਿਆਂ ਜਣਾਈਆ । ਸੂਰਬੀਰ ਮਰਦਾਨੇ ਬਣਾਵਾਂ ਮਰਦ, ਮਦਦ ਆਪਣੀ ਨਾਲ ਰਖਾਈਆ । ਭਗਤਾਂ ਦਾ ਵੰਡਾਂ ਦਰਦੀਆਂ ਦਾ ਦਰਦ ਝੋਲੀ ਲਵਾਂ ਪਾਈਆ । ਸ੍ਰੀ ਭਗਵਾਨ ਕਹੇ ਮੇਰੇ ਨਾਲ ਮਿਲ ਕੇ ਹੁੰਦਾ ਨਹੀਂ ਕਿਸੇ ਦਾ ਹਰਜ਼, ਹਰਜਾਨੇ ਸਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਪੂਰਾ ਕਰਨ ਆਇਆ ਫ਼ਰਜ਼, ਫ਼ਰਾਇਜ਼ ਸਭ ਦੇ ਵੇਖ ਵਖਾਈਆ ।



੯੭੮

### ❊ ੩੦ ਹਾੜ ਸ਼ਹਿਨਸ਼ਾਹੀ ਸੰਮਤ ੧ ਚੇਲਾ ਸਿੰਘ ਦੇ ਗ੍ਰਿਹ ਵਜ਼ਾਰਤ ਰੋਡ ਜੰਮੂ ❊

ਕਰਮ ਕਾਂਡ ਦਾ ਜਗਤ ਗਿਆਨ, ਵਿਦਿਆ ਲੋਕਮਾਤ ਵਡਿਆਈਆ । ਆਤਮ ਬੋਧ ਸ੍ਰੀ ਭਗਵਾਨ, ਪਰਮ ਪੁਰਖ ਅਖਵਾਈਆ । ਜਿਨ੍ਹਾਂ ਉਪਰ ਹੋਵੇ ਮਿਹਰਵਾਨ, ਨਜ਼ਰੇ ਕਰਮ ਮਿਹਰ ਉਠਾਈਆ । ਸਚ ਪ੍ਰੀਤੀ ਬਖ਼ਸ਼ੇ ਚਰਨ ਧਿਆਨ, ਨੀਤੀ ਅੰਦਰੋਂ ਦਏ ਬਦਲਾਈਆ । ਸੋ ਸਰਨੀ ਚਰਨੀ ਡਿਗੇ ਆਣ, ਆਪ ਆਪਣਾ ਮਾਣ ਮਿਟਾਈਆ । ਤਿਸ ਰੱਖਣਹਾਰਾ ਵਾਲੀ ਦੋ ਜਹਾਨ, ਮਾਲਕ ਖ਼ਾਲਕ ਨੂਰ ਖ਼ੁਦਾਈਆ । ਵਸਤ ਅਮੋਲਕ ਨਾਮ ਨਿਧਾਨਾ ਦੇ ਕੇ ਧੁਰ ਦਾ ਦਾਨ, ਖ਼ਾਲੀ ਭੰਡਾਰੇ ਦਏ ਭਰਾਈਆ । ਭੇਵ ਚੁਕਾ ਕੇ ਜ਼ਿਮੀਂ ਅਸਮਾਨ, ਗਗਨ ਮੰਡਲ ਪਰਦਾ ਦਏ ਉਠਾਈਆ ।

ਘਰ ਸਵਾਮੀ ਸੱਜਣ ਮਿਲੇ ਆਣ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਪੰਜ ਤੱਤ ਤ੍ਰੈਗੁਣ ਸਾਚੇ ਦਰ ਕਰ ਪਰਵਾਨ, ਪਰਵਾਨਾ ਆਪਣਾ ਦਏ ਫੜਾਈਆ । ਆਤਮ ਪਰਮਾਤਮ ਦਾ ਮਾਲਕ ਧੁਰ ਦਾ ਕਾਹਨ, ਸਾਚੀ ਸਖ਼ੀਆਂ ਮਿਲ ਕੇ ਰਾਸ ਵਖਾਈਆ । ਠਾਕਰ ਸਵਾਮੀ ਬਣ ਕੇ ਧੁਰ ਦਾ ਰਾਮ, ਸੀਤਾ ਸੁਰਤੀ ਲਏ ਪਰਨਾਈਆ । ਮਹਿਬੂਬ ਮੁਹੱਬਤ ਵਿਚ ਬਣ ਕੇ ਇਕ ਅਮਾਮ, ਅਮਲਾਂ ਦਾ ਲੇਖਾ ਦਏ ਚੁਕਾਈਆ । ਸਾਚਾ ਸਜਦਾ ਦੱਸੇ ਇਕ ਸਲਾਮ, ਨਮੋ ਨਮਸਤੇ ਇਕ ਦ੍ਰਿੜਾਈਆ । ਜੋ ਅੰਤ ਅਖ਼ੀਰੀ ਕਿਹਾ ਕ੍ਰਿਸ਼ਨ ਕਾਹਨ, ਭਗਵਤ ਗੀਤਾ ਦਏ ਗਵਾਹੀਆ । ਅਠਾਰਾਂ ਧਿਆਏ ਜਗ ਕਰਦੇ ਗਏ ਗਿਆਨ, ਹਰਫ਼ ਹਰੂਫ਼ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਦਿ ਜੁਗਾਦਿ ਪੁਰਖ ਅਕਾਲ ਦੇਵੇ ਸਾਚੀ ਸਰਨਗਤ, ਗਤ ਮਿਤ ਆਪਣੇ ਹੱਥ ਰਖਾਈਆ । ਬੋਧ ਅਗਾਧ ਆਤਮ ਪਰਮਾਤਮ ਦੇ ਕੇ ਬ੍ਰਹਮ ਮਤਿ, ਅਲਖ ਅਗੋਚਰ ਅਗੰਮ ਅਥਾਹ ਸਾਚੀ ਵਿਦਿਆ ਆਪ ਪੜ੍ਹਾਈਆ । ਨਾੜ ਬਹੱਤਰ ਨਾ ਉਬਲੇ ਰਤ, ਅਗਨੀ ਤੱਤ ਨਾ ਕੋਇ ਜਲਾਈਆ । ਧੀਰਜ ਦੇ ਸੰਤੋਖ ਸਤਿ, ਸਤਿ ਸਤਿਵਾਦੀ ਮੇਲ ਮਿਲਾਈਆ । ਨਿਜ ਨੈਣ ਖੋਲ੍ਹ ਕੇ ਅੱਖ, ਗਿਆਨ ਨੇਤਰ ਇਕ ਪਰਗਟਾਈਆ । ਕਰਮ ਧਰਮ ਤੋਂ ਕਰ ਕੇ ਵਖ, ਮਹਲ ਅਟਲ ਇਕ ਸੁਹਾਈਆ । ਜਿਸ ਗ੍ਰਿਹ ਨਿਰਗੁਣ ਨੂਰ ਜੋਤੀ ਦੀਪਕ ਬਲੇ ਲਟ ਲਟ, ਅੰਧ ਅੰਧੇਰਾ ਨਜ਼ਰ ਕੋਇ ਨਾ ਆਈਆ । ਸ਼ਬਦ ਅਨਾਦੀ ਰਾਗ ਸੁਣੇ ਅਨਹਦ, ਧੁਨ ਆਤਮਕ ਰਾਗ ਆਪ ਦ੍ਰਿੜਾਈਆ । ਸ੍ਰੀ ਭਗਵਾਨ ਜੋ ਚਰਨੀ ਗਿਆ ਢਠ, ਅੱਠ ਤੱਤ ਮਨ ਮਤਿ ਮਾਇਆ ਮੋਹ ਚੁਕਾਈਆ । ਨਾਤਾ ਜੋੜ ਕੇ ਸੱਚੋ ਸਚ, ਸਤਿ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਰਨ ਪੜੇ ਜੋ ਸਾਹਿਬ ਗ੍ਰਿਹਿਸਤੀ, ਦਇਆਵਾਨ ਆਪਣੀ ਦਇਆ ਕਮਾਈਆ । ਨਾਮ ਖ਼ੁਮਾਰੀ ਦੇ ਕੇ ਮਸਤੀ, ਮਸਤ ਦੀਵਾਨੇ ਲਏ ਬਣਾਈਆ । ਪ੍ਰੀਤਮ ਹੋ ਕੇ ਮਿਲੇ ਅਰਸ਼ੀ, ਅਰਸ਼ ਫ਼ਰਸ਼ ਦੋਵੇਂ ਪੰਧ ਮੁਕਾਈਆ । ਦੇਵੇ ਵਡਿਆਈ ਉਪਰ ਧਰਤੀ, ਧਰਨੀ ਧੌਲ ਆਪਣੇ ਰੰਗ ਰੰਗਾਈਆ । ਖੇਲ ਵਖਾਏ ਸਾਚੇ ਘਰ ਦੀ, ਜਿਸ ਘਰ ਵੱਜੇ ਇਕੋ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਜ਼ਲ ਵਖਾਏ ਉਹ ਚੜ੍ਹਦੀ, ਜਿਸ ਦਾ ਪੌੜਾ ਹੱਥ ਕਿਸੇ ਨਾ ਆਈਆ । ਸਰਨ ਪੜੇ ਜੋ ਸਾਹਿਬ ਸਵਾਮੀ, ਅੰਤਰ ਜਾਨਤ ਵੇਖ ਵਖਾਈਆ । ਪਤਿਪਰਮੇਸ਼ਵਰ ਅੰਤਰਜਾਮੀ, ਭੇਵ ਅਭੇਦਾ ਦਏ ਖੁਲ੍ਹਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਏ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਝਗੜਾ ਮੁਕਾਏ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਡੇਰਾ ਦੇਵੇ ਢਾਹੀਆ । ਅੰਮ੍ਰਿਤ ਆਤਮ ਨਿਜਰ ਦੇਵੇ ਠੰਡਾ ਪਾਣੀ, ਬੂੰਦ ਸਵਾਂਤੀ ਆਪ ਚਵਾਈਆ । ਆਤਮ ਪਰਮਾਤਮ ਸਾਚਾ ਮੇਲਾ ਸੁਰਤੀ ਸ਼ਬਦੀ ਹਾਣੀ, ਘਰ ਮੰਦਰ ਵੱਜੇ ਵਧਾਈਆ । ਸੋ ਗੁਰਮੁਖ ਗੁਰਸਿਖ ਹਰਿਭਗਤ ਹਰਿਜਨ ਸੁਘੜ ਸੁਚੱਜੀ ਬਣੇ ਸਵਾਣੀ, ਗ੍ਰਿਹਿਸਤੀ ਆਪਣਾ ਰੰਗ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸ੍ਰੀ ਭਗਵਾਨ ਜਿਸ ਸਰਨ ਲਈ ਤਕ, ਓਟ ਇਕੋ ਇਕ ਰਖਾਈਆ । ਓਸ ਦਾ ਨਬੇੜਾ ਕਰੇ ਹਕੀਕਤ ਹਕ, ਲਾਸ਼ਰੀਕ ਨੂਰ ਖ਼ੁਦਾਈਆ । ਨੇਤਰ ਲੋਚਨ ਖੋਲ੍ਹ ਕੇ ਅੱਖ, ਆਖ਼ਰ ਆਪਣੀ ਮੰਜ਼ਲ ਦਏ ਵਖਾਈਆ । ਜਿਸ ਗ੍ਰਿਹ ਬੈਠਾ ਪੁਰਖ ਸਮਰਥ, ਜੋਤੀ ਜਾਤਾ ਡਗਮਗਾਈਆ । ਸਚ ਸੱਚ ਦਵਾਰਾ ਖੋਲ੍ਹ ਕੇ ਹੱਟ, ਵਸਤੂ ਇਕੋ ਇਕ ਦਏ ਵਰਤਾਈਆ । ਮੇਲ ਮਿਲਾ ਕੇ ਕਮਲਾਪਾਤ,

ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਜਨਮ ਕਰਮ ਕਰਮ ਜਨਮ ਤੋਂ ਕਰ ਕੇ ਵੱਖ, ਘਰ ਸੁਹਾਵਣਾ ਇਕੋ ਦਏ ਸਮਝਾਈਆ । ਜਿਥੇ ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਹੋਵੇ ਜਸ, ਦੂਜੀ ਸਿਫ਼ਤ ਨਾ ਕੋਇ ਸਲਾਹੀਆ । ਜਿਥੇ ਸੰਤ ਸੁਹੇਲੇ ਭਗਤ ਭਗਵਾਨ ਸੂਫ਼ੀ ਫ਼ਕੀਰ ਕਰਨ ਅਕੱਠ, ਦੂਜਾ ਨਜ਼ਰ ਕੋਇ ਨਾ ਆਈਆ । ਜਿਹੜਾ ਗਿਆਨ ਕ੍ਰਿਸ਼ਨ ਅਰਜਨ ਦਿਤਾ ਦੱਸ, ਦੂਸਰ ਕਿਸੇ ਨਾ ਆਇਆ ਹੱਥ, ਸਾਰੇ ਰੋਂਦੇ ਨੇਤਰ ਅੱਖ, ਹੰਝੂਆਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਵਖਾਈਆ । ਸਚ ਗ੍ਰਿਹਿਸਤੀ ਪ੍ਰਭ ਦੀ ਸਰਨ, ਸਾਹਿਬ ਸਵਾਮੀ ਦਇਆ ਕਮਾਈਆ । ਨੇਤਰ ਖੋਲ੍ਹ ਕੇ ਹਰਨ ਫਰਨ, ਫੁਰਨੇ ਪੂਰੇ ਬੰਦ ਦਏ ਵਖਾਈਆ । ਲਹਿਣਾ ਦੇਣਾ ਚੁਕਾ ਕੇ ਮਰਨ ਡਰਨ, ਆਵਣ ਜਾਵਣ ਗੇੜ ਕਟਾਈਆ । ਸਾਚੀ ਤਰਨੀ ਦੱਸੇ ਤਰਨ, ਅਣਤਾਰੂ ਪਾਰ ਲੰਘਾਈਆ । ਜੋ ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਚਰਨ ਫੜਨ, ਫੜ ਬਾਹੋਂ ਗਲੇ ਲਗਾਈਆ । ਸਚ ਦਵਾਰੇ ਠਾਂਡੇ ਦਰਬਾਰੇ ਉਹ ਵੜਨ, ਅੱਧ ਵਿਚਕਾਰ ਨਾ ਕੋਇ ਅਟਕਾਈਆ । ਨਾਤਾ ਤੁਟ ਜਾਏ ਵਰਨ ਬਰਨ, ਜਾਤ ਪਾਤ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਅਠਾਰਾਂ ਧਿਆਏ ਬੋਲਕੇ ਕਹੇ ਗੀਤਾ, ਅੱਖਰਾਂ ਅੱਖਰਾਂ ਨਾਲ ਵਡਿਆਈਆ । ਸਭ ਦਾ ਮਾਲਕ ਇਕੋ ਠਾਂਡਾ ਸੀਤਾ, ਸਤਿਗੁਰ ਸਾਚਾ ਬੇਪਰਵਾਹੀਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਅਗੰਮੀ ਰੀਤਾ, ਸਮਝ ਸਕੇ ਕੋਇ ਨਾ ਰਾਈਆ । ਜਿਹੜਾ ਤ੍ਰੈਗੁਣ ਸਦਾ ਰਹੇ ਅਤੀਤਾ, ਤ੍ਰੈਭਵਣ ਧਨੀ ਆਪਣੀ ਖੇਲ ਵਖਾਈਆ । ਜਿਸ ਦਾ ਵਸੇਰਾ ਊਚਾਂ ਨੀਚਾਂ, ਘਟ ਘਟ ਰਿਹਾ ਸਮਾਈਆ । ਜਿਸ ਦਾ ਕਲਮਾ ਨਾਮ ਹਦੀਸਾ, ਹਜ਼ਰਤਾਂ ਕਰੇ ਪੜ੍ਹਾਈਆ । ਜਿਸ ਦਾ ਲੇਖਾ ਜੁਗ ਚੌਕੜੀ ਕਦੇ ਨਾ ਬੀਤਾ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਕ੍ਰਿਸ਼ਨ ਕਹੇ ਮੈਂ ਅਰਜਨ ਦਿਤੀ ਸਿਖਿਆ, ਅਠਾਰਾਂ ਧਿਆਏ ਮਿਲੀ ਵਡਿਆਈਆ । ਨਾਮ ਨਿਧਾਨ ਦੀ ਪਾ ਕੇ ਭਿਛਿਆ, ਭੇਵ ਦਿਤਾ ਖੁਲ੍ਹਾਈਆ । ਸਾਚਾ ਨਾਮ ਸ੍ਰੀ ਭਗਵਾਨ ਕਿਸੇ ਕ਼ਲਮ ਸ਼ਾਹੀ ਨਾਲ ਲੋਕਮਾਤ ਨਾ ਲਿਖਿਆ, ਸਾਰੇ ਓਸੇ ਦੀ ਸਿਫ਼ਤ ਸਾਲਾਹੀਆ । ਜੋ ਸਚ ਸਰਨਾਈ ਆਏ ਉਸ ਦੀ ਕੀ ਕਹਾਣੀ ਤੇ ਕੀ ਵਿਥਿਆ, ਕੀ ਕਰੇ ਕੋਇ ਵਡਿਆਈਆ । ਉਹ ਛਡ ਕੇ ਸ੍ਰਿਸ਼ਟੀ ਕੂੜੀ ਦ੍ਰਿਸ਼ਟੀ ਮਿਲੇ ਇਕੋ ਮਿਤਿਆ, ਜੋ ਮਿਤਰ ਪਿਆਰਾ ਆਦਿ ਜੁਗਾਦਿ ਇਕ ਅਖਵਾਈਆ । ਜਿਥੇ ਮਾਣ ਮਿਲਦਾ ਵਡਿਆਂ ਨਿਕਿਆਂ, ਊਚੋਂ ਨੀਚ ਨੀਚੋਂ ਊਚ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਕ੍ਰਿਸ਼ਨ ਕਿਹਾ ਗੀਤਾ ਸੰਦੇਸ਼ਾ ਦੇਵੇ ਸ੍ਰੀ ਭਗਵਾਨ, ਜੋ ਭਾਗ ਸਭ ਦਾ ਝੋਲੀ ਪਾਈਆ । ਬਾਰਾਂ ਅਖਸ਼ਰਾਂ ਵਾਲਾ ਜਗਤ ਗਿਆਨ, ਵਾਸਦੇਵਾ ਸਰਬ ਸਮਝਾਈਆ । ਜੋ ਪ੍ਰਭ ਦੀ ਚਰਨ ਸਰਨ ਡਿੱਗੇ ਆਣ, ਉਹਨਾਂ ਨੂੰ ਪੜ੍ਹਨ ਲਿਖਣ ਦੀ ਲੋੜ ਰਹੇ ਨਾ ਰਾਈਆ । ਉਹ ਮਿਹਰ ਨਜ਼ਰ ਨਾਲ ਲੈ ਜਾਏ ਓਸ ਅਸਥਾਨ, ਜਿਸ ਦੀ ਭੂਮਿਕਾ ਸਮਝ ਕੋਇ ਨਾ ਪਾਈਆ । ਜਿਥੇ ਕਾਹਨਾਂ ਦਾ ਵਸੇ ਕਾਹਨ, ਨਾ ਜ਼ਿਮੀਂ ਨਾ ਅਸਮਾਨ, ਕੋਟਨ ਕੋਟ ਨਿਮਸਕਾਰ ਕਰਦੇ ਰਾਮ, ਦਸਰਥ ਬੇਟੇ ਬੈਠੇ ਅੱਖ ਝੁਕਾਈਆ । ਉਸ ਦਾ ਇਕੋ ਇਕ ਨਿਸ਼ਾਨ, ਇਕੋ ਨੂਰ ਨੂਰੀ ਮਹਾਨ, ਦੂਜਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦਏ ਉਠਾਈਆ । ਭਗਵਨ ਕਹੇ ਜੋ ਗ੍ਰਿਹਿਸਤੀ

ਆਏ ਦਵਾਰ, ਚਰਨ ਕਵਲ ਸਰਨਾਈਆ । ਬਿਨ ਭਗਤੀਉਂ ਦੇਵਾਂ ਤਾਰ, ਏਹੋ ਮੇਰੀ ਵਡਿਆਈਆ । ਪਤਿਤ ਪਾਪੀਆਂ ਕਰਾਂ ਉਧਾਰ, ਦੁਸ਼ਟ ਦੁਰਾਚਾਰਾਂ ਆਪਣੇ ਰੰਗ ਰੰਗਾਈਆ । ਜੋ ਨਾਰ ਹੋਵੇ ਵਿਭਚਾਰ, ਕੰਤ ਦੁਹਾਗਣ ਵੇਸ ਵਟਾਈਆ । ਜਿਸ ਵੇਲੇ ਸਰਨ ਡਿਗੇ ਆਣ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਓਸ ਵੇਲੇ ਦੇ ਕੇ ਸੱਚਾ ਦਾਨ, ਪੂਰਬ ਲੇਖਾ ਕਰਮਾਂ ਰੋਗ ਮਿਟਾਈਆ । ਅਗੇ ਸਾਖ਼ਿਆਤ ਮੇਲਾ ਧੁਰ ਭਗਵਾਨ, ਭਗਵਨ ਹੋ ਕੇ ਆਪਣੀ ਗੋਦ ਉਠਾਈਆ । ਜੁਗ ਚੌਕੜੀ ਪਿਛੋਂ ਕੋਟਾਂ ਵਿਚੋਂ ਕੋਈ ਹੁੰਦਾ ਪਰਵਾਨ, ਜਿਸ ਉਪਰ ਆਪਣੀ ਦਇਆ ਕਮਾਈਆ । ਪ੍ਰਭ ਸਰਨ ਏਹੋ ਵਡਾ ਗਿਆਨ, ਇਸ ਤੋਂ ਪਰੇ ਨਹੀਂ ਕੋਈ ਧਿਆਨ, ਕਰਮ ਕਾਂਡ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦਏ ਚੁਕਾਈਆ । ਪ੍ਰਭ ਦੀ ਸਰਨ ਸਭ ਤੋਂ ਉਤਮ ਜੁਗਤੀ, ਜਗਤ ਜਗ ਜੀਵਣ ਦਾਤਾ ਦਏ ਵਡਿਆਈਆ । ਓਥੇ ਲੋੜ ਰਹੇ ਨਾ ਮੁਕਤੀ, ਮੁਕਤ ਤੋਂ ਪਰੇ ਸਾਚੇ ਘਰ ਸਚ ਦਵਾਰੇ ਦਏ ਬਹਾਈਆ । ਜਿਥੇ ਮੰਜ਼ਲ ਭਗਤਾਂ ਦੀ ਮੁਕਦੀ, ਅਗਲਾ ਪੰਧ ਨਾ ਕੋਇ ਜਣਾਈਆ । ਓਥੇ ਲੋੜ ਰਹੇ ਨਾ ਕੋਈ ਪੜ੍ਹਨੀ ਤੁਕ ਦੀ, ਢੋਲੇ ਗੀਤ ਨਾ ਕੋਇ ਸੁਣਾਈਆ । ਨੂਰੀ ਧਾਰ ਨੂਰ ਨੂੰ ਝੁਕਦੀ, ਨੂਰ ਨੂਰ ਵਿਚ ਸਮਾਈਆ । ਇਹ ਖੇਲ ਨਹੀਂ ਕੋਈ ਪਰਦੇ ਓਹਲੇ ਲੁਕ ਦੀ, ਸਨਮੁਖ ਹੋ ਕੇ ਰਿਹਾ ਸਮਝਾਈਆ । ਜਿਹੜੀ ਆਤਮ ਪਰਮਾਤਮ ਨਾਲ ਗ੍ਰਿਹਸਤੀ ਹੋ ਕੇ ਦੂਜਿਆਂ ਤਾਈਂ ਪੁਛਦੀ, ਦੁਹਾਗਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਆਪਣੀ ਖੇਲ ਵਖਾਈਆ । ਗ੍ਰਿਹਸਤੀ ਸਰਬ ਧਰਮੋਂ ਸੇ ਵਸੇ ਬਾਹਰੇ ਸਾਥ ਏਕ, ਸਾਹਿਬ ਸਵਾਮੀ ਨਜ਼ਰੀ ਆਈਆ । ਤਿਸਦੀ ਸਾਚੀ ਟੇਕ, ਜੋ ਟਿੱਕੇ ਮਸਤਕ ਰਿਹਾ ਲਗਾਈਆ । ਜਿਸ ਦੇ ਰੂਪ ਜੁਗ ਚੌਕੜੀ ਅਨੇਕ, ਨਿਰਗੁਣ ਸਰਗੁਣ ਆਪਣਾ ਫੇਰਾ ਪਾਈਆ । ਸੋ ਭਗਤ ਸੁਹੇਲਾ ਇਕ ਅਕੇਲਾ ਹਰ ਘਟ ਰਿਹਾ ਪੇਖ, ਨਿਜ ਆਤਮ ਬੈਠ ਡੇਰਾ ਲਾਈਆ । ਓਸ ਦੇ ਕੋਲ ਬ੍ਰਹਿਮੰਡ ਖੰਡ ਦੋ ਜਹਾਨਾਂ ਭੇਤ, ਭੇਵ ਦਏ ਖੁਲ੍ਹਾਈਆ । ਕੀ ਹੋਇਆ ਜੇ ਗੀਤਾ ਅਠਾਰਾਂ ਧਿਆਏ ਲਿਖਿਆ ਲੇਖ, ਤ੍ਰੈਲੋਕੀ ਨਾਥ ਅਨਾਥਾਂ ਦਿਤੀ ਵਡਿਆਈਆ । ਪ੍ਰਭ ਦੀ ਸਰਨ ਸਭ ਤੋਂ ਉਤਮ ਸ੍ਰੇਸ਼ਟ ਵਿਸ਼ੇਸ਼, ਜੋ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਜਿਸ ਦੀ ਓਟ ਰਖਦੇ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਇਕੋ ਅੱਖ ਖੁਲ੍ਹਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸੁਹਾਵਣਹਾਰਾ ਸੱਚੇ ਦੇਸ, ਧਾਮ ਅਵਲੜੇ ਡੇਰਾ ਲਾਈਆ । ਗ੍ਰਿਹਸਤੀਆਂ ਨਾਲ ਗ੍ਰਿਹਸਤੀ ਹੋ ਕੇ ਰਿਹਾ ਖੇਡ, ਖਿਲਾਰੀਆਂ ਨਾਲ ਆਪਣੀ ਖੇਲ ਬਣਾਈਆ । ਜਿਹਨੇ ਅਰਜਨ ਨੂੰ ਦਿਤਾ ਭੇਜ, ਕ੍ਰਿਸ਼ਨ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵੇਖਣਹਾਰਾ ਥਾਉਂ ਥਾਈਂਆ । ਥਾਨ ਥਨੰਤਰ ਖੋਜਦਾ, ਬ੍ਰਹਿਮੰਡ ਖੰਡ ਦੋ ਜਹਾਨ । ਸਭ ਦੀ ਸੋਚ ਆਪੇ ਸੋਚਦਾ, ਜਾਣੀ ਜਾਣ ਮਿਹਰਵਾਨ । ਭੇਵ ਜਾਣੇ ਲੋਕ ਪਰਲੋਕ ਦਾ, ਵਡ ਦਾਤਾ ਗੁਣੀ ਨਿਧਾਨ । ਲੇਖਾ ਜਾਣੇ ਅਠਾਰਾਂ ਧਿਆਏ ਅੱਖਰਾਂ ਵਾਲੇ ਸਲੋਕ ਦਾ, ਸੋਲਾਂ ਕਲਾ ਨੌਜਵਾਨ । ਅੰਤਮ ਮਾਲਕ ਬਣ ਕੇ ਆਪਣੀ ਮੌਜ ਦਾ, ਦਿਤਾ ਇਕ ਫ਼ਰਮਾਨ । ਜੋ ਮਾਲਕ ਖ਼ਾਲਕ ਪਰਲੋਕ ਦਾ, ਦਾਤਾ ਦਾਨੀ ਮਿਹਰਵਾਨ । ਜੋ ਭਗਤ ਸੁਹੇਲਾ ਬਣ ਜਾਏ ਓਸ ਦਾ, ਚਰਨ ਕਵਲ ਕਰੇ ਧਿਆਨ । ਓਸਦੀ ਮੰਜ਼ਲ ਕੋਇ ਨਾ ਰੋਕਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਲ ਅਟਲ ਸੁਹਾਏ ਇਕ ਮਕਾਨ । ਉਤਮ ਨਿਰਾਲਾ ਸਭ ਤੋਂ ਵਖਰਾ ਗ੍ਰਿਹਸਤ, ਗਹਿਰ ਗੰਭੀਰ ਗਿਆ ਸਮਝਾਈਆ । ਜਿਨ੍ਹਾਂ ਦੇ

੯੮੨

ਅੰਦਰ ਪ੍ਰੇਮ ਪਿਆਰ ਦਾ ਇਸ਼ਕ, ਨਾਰੀ ਕੰਤ ਖ਼ੁਸ਼ੀ ਮਨਾਈਆ । ਸਾਖ਼ਿਆਤ ਸਚ ਸਵਾਮੀ ਜਿਨ੍ਹਾਂ ਦਾ ਇਸ਼ਟ, ਦ੍ਰਿਸ਼ਟ ਗਏ ਖੁਲ੍ਹਾਈਆ । ਖੇਲ ਅਵਲੜਾ ਅਨੋਖਾ ਰਾਮਾ ਵਸ਼ਿਸ਼ਟ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਸਰਨ ਲਗਿਆਂ ਦੀ ਪ੍ਰਭ ਦੇ ਕੋਲ ਲਿਸਟ, ਵਖਰੀ ਵੰਡ ਆਪਣੇ ਹੱਥ ਰਖਾਈਆ । ਉਨ੍ਹਾਂ ਨੂੰ ਕਰਮ ਧਰਮ ਗਿਆਨ ਧਿਆਨ ਦੀ ਦੇਣੀ ਨਾ ਪਏ ਕਿਸ਼ਤ, ਹਿੱਸਿਆਂ ਵਿਚੋਂ ਹਿੱਸਾ ਨਾ ਕੋਇ ਰਖਾਈਆ । ਉਨ੍ਹਾਂ ਨੂੰ ਲੋੜ ਰਹੇ ਨਾ ਸਵਰਗ ਬਹਿਸ਼ਤ, ਉਨ੍ਹਾਂ ਦੇ ਪੈਂਡੇ ਦਏ ਮੁਕਾਈਆ । ਉਨ੍ਹਾਂ ਦੀ ਆਸਾ ਪੂਰੀ ਕਰੇ ਪ੍ਰਭੂ ਆਪ ਨਿਰਇਛਤ, ਇਛਿਆ ਸਭ ਦੀ ਵੇਖ ਵਖਾਈਆ । ਚਰਨੀ ਲਗਣਾ ਬੜਾ ਔਖਾ ਬਹੁਤਿਆਂ ਵਿਚੋਂ ਬਹੁਤੇ ਜਾਂਦੇ ਖ਼ਿਸਕ, ਥੋੜ੍ਹਿਆਂ ਵਿਚੋਂ ਥੋੜ੍ਹੇ ਪ੍ਰੇਮੀ ਨਜ਼ਰੀ ਆਈਆ । ਪਰਮਾਤਮਾ ਆਤਮ ਦਾ ਸਦਾ ਭੋਗੇ ਆਪ ਗ੍ਰਿਹਸਤ, ਅਨਭੋਗੀ ਹੋ ਕੇ ਆਪਣੀ ਖੇਲ ਖਿਲਾਈਆ । ਇਹ ਕੋਈ ਸੌਦਾ ਨਹੀਂ ਟਾਂਕ ਜਿਸਤ, ਹਿੰਦਸਿਆਂ ਵਾਲੀ ਵੰਡ ਵੰਡਾਈਆ । ਸਰਨਗਤ ਜੋ ਆਏ ਜਨਮ ਕਰਮ ਦਾ ਕੂੜ ਕੁੜਿਆਰਾ ਨਿੰਦਕ, ਪ੍ਰਭ ਗਹਿਰ ਗੰਭੀਰ ਬੇਨਜ਼ੀਰ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਸਰਨ ਜੋ ਜਾਏ ਢਠ, ਅਭੁਲ ਭੁਲ ਦਏ ਬਖ਼ਸ਼ਾਈਆ । ਜਨਮ ਜਨਮ ਦੀ ਕਰਮ ਕਰਮ ਦੀ ਦੁਰਮਤ ਮੈਲ ਦੇਵੇ ਕਟ, ਪਤਿਤ ਪੁਨੀਤ ਦਏ ਵਖਾਈਆ । ਨਾਮ ਅਗੰਮੀ ਸ਼ਬਦੀ ਲਾ ਕੇ ਸੱਟ, ਸੋਈ ਸੁਰਤੀ ਲਏ ਉਠਾਈਆ । ਦਰਸ ਦਿਖਾ ਕੇ ਨਿਜ ਨੇਤਰ ਆਪਣੀ ਅੱਖ, ਦੋਂਹ ਅੱਖਾਂ ਦਾ ਲੇਖਾ ਦਏ ਮੁਕਾਈਆ । ਮੇਲ ਮਿਲਾ ਕੇ ਸੱਚੇ ਸਚ, ਸਚ ਸਮਗਰੀ ਦਏ ਸਮਝਾਈਆ । ਭਗਤ ਭਗਵਾਨ ਮਿਲ ਕੇ ਪੈਣ ਹਸ, ਹਸਤੀ ਵਿਚੋਂ ਮਸਤੀ ਮਿਲੇ ਨੂਰ ਖ਼ੁਦਾਈਆ । ਇਕੋ ਮੰਦਰ ਅੰਦਰ ਜਾਣ ਵਸ, ਵਸਲ ਇਕੋ ਇਕ ਜਣਾਈਆ । ਸਭ ਤੋਂ ਨਿਆਰੇ ਸਭ ਤੋਂ ਹੋ ਕੇ ਵਖ, ਸਭ ਦੇ ਅੰਦਰ ਇਕੋ ਇਕ ਵੇਖ ਵੇਖ ਖ਼ੁਸ਼ੀ ਮਨਾਈਆ । ਕ੍ਰਿਸ਼ਨ ਕਾਹਨ ਸਚ ਸੁਨੇਹੜਾ ਜੋ ਅਖ਼ੀਰੀ ਗਿਆ ਦੱਸ, ਦਹਿ ਦਿਸ਼ਾ ਜਗਤ ਸੁਣਾਈਆ । ਸ੍ਰੀ ਭਗਵਾਨ ਪੁਰਖ ਸਮਰਥ, ਸਭ ਦੇ ਸੰਸੇ ਰਿਹਾ ਮੁਕਾਈਆ । ਜੋ ਉਸ ਦੀ ਸਰਨ ਗਿਆ ਢਠ, ਲੇਖਾ ਮੁਕ ਜਾਏ ਤਤ ਅੱਠ, ਕੂੜੀ ਕਿਰਿਆ ਮੇਟੇ ਸਾੜੇ ਜਗਤ ਭਠ, ਆਤਮ ਬ੍ਰਹਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਝਣ ਦੀ ਸੱਚੀ ਰਖੀ ਕਿਆਸ, ਅੰਦਰ ਅੰਦਰ ਕਾਇਆ ਮੰਦਰ ਵੇਖੇ ਮਾਰ ਝਾਤ, ਬੰਦ ਕਿਵਾੜੀ ਤੋਂ ਅਗਲਾ ਖੋਲ੍ਹ ਕੇ ਤਾਕ, ਜਿਥੋਂ ਖ਼ਾਹਿਸ਼ ਉਪਜੇ ਬਾਹਰ ਆਵੇ ਨਾਲ ਸਵਾਸ, ਰਸਨਾ ਜਿਹਵਾ ਮਿਲ ਕੇ ਬਾਣੀ ਬੈਖਰੀ ਵਿਚ ਸ਼ਨਵਾਈਆ ।

✻ ੩੧ ਹਾੜ ਸ਼ਹਿਨਸ਼ਾਹੀ ਸੰਮਤ ੧ ਗੁਰਮੋਹਣ ਸਿੰਘ ਦੇ ਗ੍ਰਿਹਿ ਪਠਾਨਕੋਟ ਜ਼ਿਲਾ ਗੁਰਦਾਸਪੁਰ ✻

ਫੁੱਲ ਕਹਿਣ ਅਸੀਂ ਬਣ ਕੇ ਸੋਹਣਾ ਹਾਰ, ਹਾਰਦਿਕ ਦੇਣ ਆਏ ਵਧਾਈਆ । ਭਗਤ ਵਛਲ ਗਿਰਵਰ ਗਿਰਧਾਰ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਜੁਗ ਚੌਕੜੀ ਵਿਛੜੇ ਮੇਲੇ ਸੱਜਣ ਯਾਰ, ਮੀਤ ਮੁਰਾਰੇ ਆਪਣਾ ਜੋੜ ਰਿਹਾ ਜੁੜਾਈਆ । ਅੰਤਰ ਆਤਮ ਬਖ਼ਸ਼ ਇਕ ਪਿਆਰ, ਸੋਈ ਸੁਰਤੀ ਲਏ ਉਠਾਈਆ । ਨਿਜ ਨੇਤਰ ਦੇ ਦੀਦਾਰ, ਕੂੜੀ ਹਵਸ ਦਏ ਮਿਟਾਈਆ । ਧੁਰ ਦਾ ਮੰਦਰ ਮੈਨੂੰ ਵਖਾਲ, ਗ੍ਰਿਹਿ ਦੀਆ ਬਾਤੀ

ਇਕੋ ਹੋਏ ਰੁਸ਼ਨਾਈਆ । ਸੰਤ ਸੁਹੇਲੇ ਗੁਰਮੁਖ ਵੇਖ ਕੇ ਆਪਣੇ ਲਾਲ, ਲਾਲ ਗੁਲਾਲਾ ਆਪਣਾ ਰੰਗ ਚੜ੍ਹਾਈਆ । ਤੂੰ ਦਾਤਾ ਦੀਨ ਦਿਆਲ, ਦਇਆਵਾਨ ਅਖਵਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਘਰ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਈਆ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ ਨਾਲ, ਜਗਤ ਵਿਛੋੜਾ ਪੰਧ ਕਟਾਈਆ । ਮਾਨਸ ਜਨਮ ਦੀ ਲੇਖੇ ਲਾਏ ਕੀਤੀ ਘਾਲ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹਾਰ ਕਹੇ ਮੈਂ ਚਰਨੀ ਗਿਆ ਲਗ, ਆਪ ਆਪਣਾ ਲਿਆ ਮਿਟਾਈਆ । ਮਿਲ ਕੇ ਸਾਹਿਬ ਸੂਰੇ ਸਰਬਗ, ਮੇਰੇ ਅੰਦਰ ਵੱਜੀ ਵਧਾਈਆ । ਮੈਂ ਕੂਕ ਸੁਣਾਵਾਂ ਜਗ, ਦਹਿ ਦਿਸ਼ਾ ਢੋਲਾ ਇਕ ਅਲਾਈਆ । ਸਾਹਿਬ ਸਵਾਮੀ ਅੰਤਰਜਾਮੀ ਭਗਤ ਸੁਹੇਲੇ ਰਿਹਾ ਲਭ, ਨਿਰਗੁਣ ਦਾਤਾ ਪੁਰਖ ਬਿਧਾਤਾ ਭੇਵ ਅਭੇਦਾ ਆਪ ਖੁਲ੍ਹਾਈਆ । ਕੂੜੀ ਕਿਰਿਆ ਜਗਤ ਵਾਸਨਾ ਪਾਰ ਕਰ ਕੇ ਹਦ, ਸਚ ਦਰਬਾਰਾ ਨਰ ਨਿਰੰਕਾਰਾ ਇਕੋ ਵੇਖ ਵਖਾਈਆ । ਜਿਸ ਘਰ ਪ੍ਰੇਮ ਅੰਦਰ ਦੀਪਕ ਜੋਤੀ ਰਿਹਾ ਜਗ, ਨੂਰੋ ਨੂਰ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਅਨਹਦ ਨਾਦ ਰਿਹਾ ਵਜ, ਧੁੰਨ ਆਤਮਕ ਰਾਗ ਅਲਾਈਆ । ਬਿਨ ਮੱਕੇ ਕਾਅਬਿਉਂ ਸਾਚੇ ਹੁਜਰੇ ਕਰਾਏ ਹੱਜ, ਮਹਿਬੂਬ ਮੁਹੱਬਤ ਸਚ ਕਮਾਈਆ । ਦਰਸ਼ਨ ਦੇਵੇ ਉਪਰ ਸ਼ਾਹਰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਾਰ ਕਹੇ ਜਿਸ ਵੇਲੇ ਮੈਂ ਲੱਗਾ ਚਰਨ, ਧੂੜੀ ਟਿੱਕਾ ਮਸਤਕ ਲਾਈਆ । ਮੇਰਾ ਅੰਦਰੋਂ ਖੁਲ੍ਹ ਗਿਆ ਹਰਨ ਫਰਨ, ਨਿਜ ਲੋਇਣ ਹੋਈ ਰੁਸ਼ਨਾਈਆ । ਮੇਰਾ ਚੁਕਿਆ ਮਰਨ ਡਰਨ, ਲੱਖ ਚੁਰਾਸੀ ਪੈਂਡਾ ਰਿਹਾ ਮੁਕਾਈਆ । ਮੈਂ ਮੰਜ਼ਲ ਓਸ ਲੱਗਾ ਚੜ੍ਹਨ, ਜਿਸਦਾ ਰਾਹ ਖਹਿੜਾ ਨਾ ਕੋਇ ਦਰਸਾਈਆ । ਮੈਂ ਓਸ ਦਾ ਢੋਲਾ ਲੱਗਾ ਪੜ੍ਹਨ, ਜਿਸ ਦਾ ਨਗਮਾ ਨਾਮ ਤਾਲੀਮ ਵਿਚ ਨਾ ਕੋਇ ਦ੍ਰਿੜਾਈਆ । ਮੈਂ ਦਰਸ਼ਨ ਲੱਗਾ ਕਰਨ, ਹਰਸ ਹਵਸ ਦਿਤੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹਾਰ ਕਹੇ ਮੈਂ ਵੇਖਿਆ ਨਰ ਨਰੇਸ਼, ਨਰ ਨਿਰੰਕਾਰ ਇਕੋ ਨਜ਼ਰੀ ਆਈਆ । ਜੋ ਨਿਵਾਸੀ ਸਚਖੰਡ ਦਵਾਰੇ ਧੁਰ ਦੇ ਦੇਸ, ਮੁਕਾਮੇ ਹਕ ਸੋਭਾ ਪਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਗਏ ਸੰਦੇਸ਼, ਖਾਣੀ ਬਾਣੀ ਢੋਲੇ ਕਲਮਿਆਂ ਵਿਚ ਜਣਾਈਆ । ਜਿਸ ਦਾ ਆਤਮ ਪਰਮਾਤਮ ਇਕੋ ਉਪਦੇਸ਼, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋ ਹਰ ਘਟ ਅੰਦਰ ਰਿਹਾ ਵੇਖ, ਗਹਿਰ ਗੰਭੀਰ ਬੇਨਜ਼ੀਰ ਗੁਸਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਧਰ ਕੇ ਵੇਸ, ਅਵਲੜਾ ਰੂਪ ਇਕ ਪਰਗਟਾਈਆ । ਜਨ ਭਗਤਾਂ ਕਰੇ ਸਾਚਾ ਹੇਤ, ਦਰਸ਼ਨ ਦੇਵੇ ਨੇਤਨ ਨੇਤ, ਨਰ ਨਰਾਇਣ ਬੇਪਰਵਾਹੀਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਬਜਰ ਕਪਾਟੀ ਲਾਹ ਕੇ ਦੱਸੇ ਭੇਤ, ਪਰਦਾ ਓਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਹਾਰ ਕਹੇ ਮੈਂ ਆਪਣੀ ਭੇਟਾ ਦਿਤੀ ਬਲੀ, ਬਲਵਾਨ ਹੋ ਕੇ ਸੀਸ ਨਿਵਾਈਆ । ਪਰਮ ਪੁਰਖ ਪਤਿਪਰਮੇਸ਼ਵਰ ਵੇਖਿਆ ਧਨੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨਜ਼ਰੀ ਆਈਆ । ਜਿਸ ਦੀ ਭਗਤਾਂ ਨਾਲ ਬਣੀ, ਜੁਗ ਚੌਕੜੀ ਆਪਣੀ ਗੋਦ ਉਠਾਈਆ । ਸਾਚੇ ਸੰਤਾਂ ਦੀ ਵੜ ਜਾਏ ਅੰਦਰ ਗਲੀ, ਬਾਹਰੋਂ ਖੋਜਿਆਂ ਹੱਥ ਕਿਸੇ ਨਾ ਆਈਆ । ਗੁਰਮੁਖਾਂ ਨਾਲ ਆਤਮ ਪਰਮਾਤਮ ਰੂਪ ਰਲੀ, ਰੰਗ ਇਕੋ

ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਇਕੋ ਬੇਪਰਵਾਹੀਆ । ਹਾਰ ਕਹੇ ਮੈਨੂੰ ਆਵੇ ਹਾਸਾ, ਖ਼ੁਸ਼ੀਆਂ ਨਾਲ ਜਣਾਈਆ । ਪਰਮ ਪੁਰਖ ਖੇਲ ਤਮਾਸ਼ਾ, ਜੁਗ ਚੌਕੜੀ ਵੇਖ ਵਖਾਈਆ । ਦਾਤਾ ਦਾਨੀ ਗਹਿਰ ਗੰਭੀਰ ਸਰਬ ਗੁਣਤਾਸਾ, ਦੀਨ ਦਿਆਲ ਵਡੀ ਵਡਿਆਈਆ । ਮੰਡਲ ਮੰਡਪ ਦੋ ਜਹਾਨ ਸ੍ਰੀ ਭਗਵਾਨ ਬਿਨ ਗੋਪੀ ਕਾਹਨ ਪਾਵਣਹਾਰਾ ਰਾਸਾ, ਨਾਮ ਬੰਸਰੀ ਧੁਰ ਦੀ ਧੁਨ ਅਗੰਮ ਆਵਾਜ਼ ਇਕ ਸੁਣਾਈਆ । ਸੰਤ ਸੁਹੇਲਾ ਇਕ ਅਕੇਲਾ ਜੁਗ ਚੌਕੜੀ ਜਨ ਭਗਤਾਂ ਦੇਵੇ ਭਰਵਾਸਾ, ਭਰਮ ਭੁਲੇਖਾ ਕੂੜਾ ਦਏ ਮਿਟਾਈਆ । ਆਤਮ ਪਰਮਾਤਮ ਖੋਲ੍ਹੇ ਸਦ ਖ਼ਲਾਸਾ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਦਇਆਵਾਨ ਹੋ ਕੇ ਦੀਨਨ ਦੇਵੇ ਦਾਤਾਂ, ਦਾਤਾਰ ਆਪਣੀ ਦਇਆ ਕਮਾਈਆ । ਸਭ ਦੀਆਂ ਪੂਰੀਆਂ ਕਰੇ ਖ਼ਾਹਿਸ਼ਾਂ, ਖ਼ਾਹਿਸ਼ ਆਪਣੀ ਨਾਲ ਮਿਲਾਈਆ । ਸਾਹਿਬ ਸਵਾਮੀ ਪੁਰਖ ਸਮਰਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹਾਰ ਕਹੇ ਮੈਂ ਇਕੋ ਪ੍ਰੇਮ ਪਿਆਰ ਦਾ ਵੇਖਿਆ ਧਾਗਾ, ਜੋ ਕਲੀ ਕਲੀ ਰਿਹਾ ਜਣਾਈਆ । ਦੁਰਮਤ ਮੈਲ ਧੋਵੇ ਦਾਗ਼ਾ, ਪਤਿਤ ਪੁਨੀਤ ਦਏ ਵਖਾਈਆ । ਨਾਮ ਸੁਣਾਏ ਧੁਰ ਦੀ ਗਾਥਾ, ਤੂੰ ਮੇਰਾ ਮੈਂ ਤੇਰਾ ਕਰੇ ਸਚ ਪੜ੍ਹਾਈਆ । ਜਿਸ ਦੀ ਵਾਰ ਗੌਂਦੇ ਰਾਸਾ, ਸਿਫ਼ਤਾਂ ਨਾਲ ਸਲਾਹੀਆ । ਉਹ ਸਵਾਮੀ ਸਾਹਿਬ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਵੇਸ ਵਟਾਈਆ । ਜਨ ਭਗਤਾਂ ਜਨਮ ਜਨਮ ਦਾ ਪੂਰਾ ਕਰੇ ਘਾਟਾ, ਵਾਧਾ ਚਰਨ ਕਵਲ ਦਏ ਸਰਨਾਈਆ । ਸਚਖੰਡ ਨਿਵਾਸੀ ਸਚ ਦਵਾਰ

੬੮੪ ਧੁਰ ਦਾ ਸੁਣਾਵੇ ਸਾਕਾ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਗੁਰਮੁਖਾਂ ਅੰਦਰੋਂ ਖੋਲ੍ਹ ਕੇ ਤਾਕਾ, ਪਰਦਾ ਓਹਲਾ ਦਏ ਉਠਾਈਆ । ਨਿਰਗੁਣ ੬੮੪

ਨੂਰ ਨੂਰ ਜੋਤ ਕਰ ਪਰਕਾਸ਼ਾ, ਸ਼ਬਦੀ ਨਾਦ ਧੁੰਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਆਪਣਾ ਰੰਗ ਰੰਗਾਈਆ । ਹਾਰ ਕਹੇ ਮੇਰੇ ਵਿਚ ਫੁੱਲ ਗੁਲਾਬ, ਗੁਲਸ਼ਨ ਸੋਹਣਾ ਰਿਹਾ ਮਹਿਕਾਈਆ । ਮੈਂ ਸਜਦਾ ਓਸ ਨੂੰ ਕਰਾਂ ਅਦਾਬ, ਬਿਸਮਲ ਹੋ ਕੇ ਆਪਣਾ ਆਪ ਭੇਟ ਕਰਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸਾਰੇ ਕਹਿਣ ਗੁਰੂ ਮਹਾਰਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਹੜਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਦਾਤ, ਨਿਰਗੁਣ ਸਰਗੁਣ ਝੋਲੀ ਦਏ ਭਰਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰੀ ਰਾਤ, ਸਤਿ ਸਤਿਵਾਦੀ ਇਕੋ ਚੰਦ ਕਰੇ ਰੁਸ਼ਨਾਈਆ । ਚਾਰ ਵਰਨ ਬਣਾਵੇ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸੁਣਾਏ ਇਕੋ ਗਾਥ, ਗੀਤ ਗੋਬਿੰਦ ਅਗੰਮ ਅਥਾਹ ਇਕੋ ਇਕ ਜਣਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜੁਗ ਜਨਮ ਦਿਆਂ ਵਿਛੜਿਆਂ ਪੁਛੇ ਬਾਤ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਨਿਜ ਨੇਤਰ ਲੋਚਨ ਨੈਣ ਦਰਸ਼ਨ ਦੇਵੇ ਇਕ ਇਕਾਂਤ, ਸ਼ਾਹੋ ਭੂਪੀ ਸਵੱਛ ਸਰੂਪੀ ਆਪਣਾ ਰੂਪ ਵਖਾਈਆ । ਜਨਮ ਕਰਮ ਲੇਖਾ ਲਾਏ ਲੋਕਮਾਤ, ਲਹਿਣਾ ਦੇਣਾ ਅਗਲਾ ਪਿਛਲਾ ਦਏ ਮਿਟਾਈਆ । ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਏ ਸਾਖਿਆਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਹਾਰ ਕਹੇ ਮੈਂ ਦੇਣਾ ਹੋਕਾ, ਹੁਕਮ ਧੁਰ ਦਾ ਦੇਣਾ ਜਣਾਈਆ । ਸੰਦੇਸ਼ਾ ਦੇਵਾਂ ਚੌਦਾਂ ਲੋਕਾਂ, ਚੌਦਾਂ ਤਬਕ ਦਿਆਂ ਉਠਾਈਆ । ਪ੍ਰਭ ਮਿਲਣ ਦਾ ਇਕੋ ਮੌਕਾ, ਲੱਖ ਚੁਰਾਸੀ ਵਿਚੋਂ ਮਾਨਸ ਜੂਨੀ ਨਜ਼ਰੀ ਆਈਆ । ਜਿਸ ਵਿਚ ਮਨ ਦੇ ਨਾ ਸਕੇ ਧੋਖਾ, ਬੁੱਧੀ ਚਲੇ ਨਾ ਕੋਇ ਚਤੁਰਾਈਆ ।

ਭਾਗ ਲਗੇ ਸਾਢੇ ਤਿੰਨ ਹੱਥ ਕਾਇਆ ਕੋਠਾ, ਮੰਦਰ ਅੰਦਰ ਵਜੇ ਵਧਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਬਿਨ ਪੁਸਤਕ ਸਾਚੀ ਸਿਖਿਆ ਦਏ ਸਮਝਾਈਆ । ਜਗਤ ਸਾਧਨਾ ਵਿਚ ਹੋਣਾ ਨਾ ਪਏ ਔਖਾ, ਜਿਸ ਉਪਰ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਹਾਰ ਕਹੇ ਮੈਂ ਸਭ ਨੂੰ ਦੱਸਣਾ ਹਾਰ ਜੀਤ, ਘਟ ਘਟ ਦੇਣਾ ਦ੍ਰਿੜਾਈਆ । ਪਤਿਪਰਮੇਸ਼ਵਰ ਸਾਹਿਬ ਸਵਾਮੀ ਸਚ ਪ੍ਰੀਤ, ਸ੍ਰੀ ਭਗਵਾਨ ਇਕ ਸਰਨਾਈਆ । ਦਾਤਾ ਦਾਨੀ ਗਹਿਰ ਗੰਭੀਰ ਬੇਨਜ਼ੀਰ ਤ੍ਰੈਗੁਣ ਮਾਇਆ ਕਰੇ ਅਤੀਤ, ਤ੍ਰੈਭਵਨ ਧਨੀ ਆਪਣਾ ਰੰਗ ਰੰਗਾਈਆ । ਪੰਜ ਤਤ ਕਾਇਆ ਮਾਟੀ ਪ੍ਰੇਮ ਪਿਆਲੇ ਕਰੇ ਠਾਂਡੇ ਸੀਤ, ਨਿਝਰ ਝਿਰਨਾ ਅੰਮ੍ਰਿਤ ਇਕੋ ਇਕ ਝਿਰਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸੇ ਧੁਰ ਦਾ ਗੀਤ, ਚੌਦਾਂ ਵਿਦਿਆ ਨਾ ਕੋਇ ਪੜ੍ਹਾਈਆ । ਠਾਕਰ ਸਵਾਮੀ ਘਰ ਸੱਜਣ ਮਿਲੇ ਠੀਕ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਲੇਖਾ ਜਾਣੇ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਹਸਤ ਕੀਟ, ਘਟ ਘਟ ਅੰਦਰ ਵੇਖ ਵਖਾਈਆ । ਸਾਚਾ ਕਲਮਾ ਕਾਇਨਾਤ ਦੱਸੇ ਇਕ ਹਦੀਸ, ਹਜ਼ਰਤ ਹੋ ਕੇ ਕਰੇ ਹਕ ਪੜ੍ਹਾਈਆ । ਜਨਮ ਕਰਮ ਬਦਲ ਦੇਵੇ ਨਸੀਬ, ਮਿਹਰਵਾਨ ਮਿਹਰ ਨਜ਼ਰ ਇਕੋ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਹਾਰ ਕਹੇ ਜਿਸ ਮੈਨੂੰ ਕੀਤਾ ਭੇਟਾ, ਪ੍ਰੇਮ ਪ੍ਰੀਤੀ ਇਕ ਜਣਾਈਆ । ਤਿਸ ਦਾ ਮਾਲਕ ਇਕੋ ਬਣੇ ਖੇਵਟ ਖੇਟਾ, ਬੇੜਾ ਆਪਣੇ ਕੰਧ ਉਠਾਈਆ । ਪੂਰਬ ਜਨਮ ਜਿਸ ਪਿਛਲਾ ਰਖਿਆ ਚੇਤਾ, ਅਗੇ ਰਾਏ ਧਰਮ ਨਾ ਦਏ ਸਜ਼ਾਈਆ । ਮਾਨਸ ਜਨਮ ਲੇਖੇ ਲਾਏ ਲੇਖਾ, ਚਿਤਰ ਗੁਪਤ ਹਿਸਾਬ ਨਾ ਕੋਇ ਵਖਾਈਆ । ਅੰਦਰ
੯੮੫ ਵੜ ਕੇ ਸਾਹਿਬ ਸਤਿਗੁਰ ਖੋਲ੍ਹੇ ਭੇਤਾ, ਪਰਦਾ ਓਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ੯੮੫
ਨਾਲ ਤਰਾਈਆ । ਹਾਰ ਕਹੇ ਜਿਸ ਮੈਨੂੰ ਲਿਆ ਗੁੰਦ, ਕਲੀ ਕਲੀ ਮੇਲ ਮਿਲਾਈਆ । ਮੈਂ ਸਾਹਿਬ ਸਤਿਗੁਰ ਲਿਆ ਢੂੰਡ, ਜਗਤ ਜਹਾਨ ਖੋਜ ਖੁਜਾਈਆ । ਜਿਸ ਦੇ ਕੋਲ ਅੰਮ੍ਰਿਤ ਸੁਹੰਜਣੀ ਸਵਾਂਤੀ ਬੂੰਦ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਕੂੜੀ ਕਿਰਿਆ ਆਲਸ ਮੇਟੇ ਨੀਂਦ, ਚੇਤਨ ਸੁਰਤੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਹੋਏ ਸਹਾਈਆ । ਹਾਰ ਕਹੇ ਮੈਂ ਬਹੁਤਾ ਹੋਇਆ ਖੁਸ਼, ਖੁਸ਼ੀਆਂ ਵਿਚ ਜਣਾਈਆ । ਜੇ ਕੋਈ ਮੈਨੂੰ ਲਵੇ ਪੁਛ, ਸਚ ਸੰਦੇਸ਼ਾ ਦਿਆਂ ਦ੍ਰਿੜਾਈਆ । ਜੋ ਸਭ ਤੋਂ ਨਿਰਾਲਾ ਵਖਰਾ ਨਿਰਵੈਰ ਹੋ ਕੇ ਬੈਠਾ ਲੁਕ, ਨਿਰਗੁਣ ਆਪਣਾ ਆਪ ਛੁਪਾਈਆ । ਜਿਸ ਗੋਬਿੰਦ ਸੂਰਾ ਬਣਾਇਆ ਆਪਣਾ ਸੁਤ, ਜੋਤੀ ਸ਼ਬਦੀ ਧਾਰ ਖੇਲ ਖਿਲਾਈਆ । ਸੋ ਖੇਲ ਕਰੇ ਅਬਿਨਾਸ਼ੀ ਅਚੁਤ, ਬੇਪਰਵਾਹ ਆਪਣੇ ਹੱਥ ਰਖੇ ਵਡਿਆਈਆ । ਸੋਹਣੀ ਸੁਹਾਵਣੀ ਮੌਲੇ ਇਕੋ ਰੁਤ, ਬਸੰਤ ਆਪਣਾ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਜਿਸ ਗ੍ਰਿਹ ਮੰਦਰ ਘਰ ਵੱਜੇ ਨਾਮ ਵਧਾਈਆ । ਹਾਰ ਕਹੇ ਮੈਂ ਦੇਵਾਂ ਸਚ ਸਬੂਤ, ਸਰਬ ਦਿਆਂ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦਾ ਇਕ ਮਹਿਬੂਬ, ਮੁਹੱਬਤ ਵਿਚ ਸਮਾਈਆ । ਜਿਸ ਦਾ ਮਹਲ ਅਟਲ ਮੰਦਰ ਇਕ ਅਰੂਜ, ਅਰਸ਼ ਕੁਰਸ਼ ਦੋਵੇਂ ਵੇਖ ਵਖਾਈਆ । ਸੂਫ਼ੀ ਸੰਤ ਫ਼ਕੀਰ ਸਦਾ ਰਖੇ ਮਹਿਫ਼ੂਜ, ਸਿਰ ਆਪਣਾ ਹੱਥ ਟਿਕਾਈਆ । ਫੁੱਲ ਕਹਿਣ ਅਸੀਂ ਫੁਲਵਾੜੀ ਵਿਚੋਂ ਨਿਕਲ ਕੇ ਗਏ ਝੂਜ, ਆਪਣਾ ਆਪ ਭੇਟ ਕਰਾਈਆ । ਜਨ ਭਗਤਾਂ ਦੇ ਅੰਦਰੋਂ ਕੱਢਕੇ ਦੂਜ, ਦੁਤੀਆ

ਭਾਉ ਦੇਣਾ ਮਿਟਾਈਆ । ਗੁਰਮੁਖਾਂ ਆਵੇ ਇਕੋ ਸੂਝ, ਬੁੱਧੀ ਬਿਬੇਕ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਹਾਰ ਕਹੇ ਮੇਰੀ ਬੇਨੰਤੀ ਅੰਤ ਅਖ਼ੀਰ, ਅਰਦਾਸ ਇਕੋ ਦਿਆਂ ਜਣਾਈਆ । ਮਾਲਕ ਖ਼ਾਲਕ ਪੀਰਾਂ ਦਾ ਪੀਰ, ਪੈਗ਼ੰਬਰਾਂ ਦਾ ਅਮਾਮ ਨੂਰ ਖ਼ੁਦਾਈਆ । ਸ਼ਰਅ ਦੇ ਕਟਣਹਾਰਾ ਜ਼ੰਜੀਰ, ਸ਼ਰੀਅਤ ਅੰਦਰੋਂ ਦਏ ਬਦਲਾਈਆ । ਮਿਟਾਵਣਹਾਰਾ ਜਗਤ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਬਿਨਾ ਅੱਖਾਂ ਤੋਂ ਦਰਸਾਵਣਹਾਰਾ ਸਚ ਤਸਵੀਰ, ਨੂਰ ਨੂਰ ਕਰੇ ਰੁਸ਼ਨਾਈਆ । ਜਿਸ ਦੀ ਮਹਿੰਮਾ ਸਿਫ਼ਤ ਕਰੇ ਕਬੀਰ, ਕਾਅਬਿਆਂ ਵਿਚ ਵੱਜੇ ਵਧਾਈਆ । ਸੋ ਸਭ ਨੂੰ ਦੇਵਣਹਾਰਾ ਧੀਰ, ਧੀਰਜ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਹਾਰ ਕਹੇ ਮੈਂ ਸਤਿਗੁਰ ਆਇਆ ਗ੍ਰਿਹਿ, ਘਰ ਸਚ ਮਿਲੇ ਵਡਿਆਈਆ । ਸਾਚੇ ਮੰਦਰ ਅੰਦਰ ਨਿਰਗੁਣ ਹੋ ਕੇ ਬਹੇ, ਸਰਗੁਣ ਮੇਲਾ ਸਹਿਜ ਸੁਭਾਈਆ । ਸ਼ਬਦ ਅਗੰਮੀ ਅੰਤਰ ਨਾਮ ਨਿਧਾਨ ਇਕੋ ਕਹੇ, ਰਸਨਾ ਜਿਹਵਾ ਬੱਤੀ ਦੰਦ ਵੱਜੇ ਹੱਕ ਵਧਾਈਆ । ਅੰਮ੍ਰਿਤ ਆਤਮ ਜਾਮ ਪਿਆਏ ਵਹਾਏ ਧੁਰ ਦੀ ਨੈਂ, ਵਹਿਣ ਆਪਣੇ ਨਾਲ ਮਿਲਾਈਆ । ਝਗੜਾ ਚੁਕਾ ਕੇ ਤੂੰ ਮੈਂ, ਮਾਇਆ ਮਮਤਾ ਦਏ ਗਵਾਈਆ । ਸਚ ਪ੍ਰੇਮ ਦੀ ਬਖ਼ਸ਼ ਕੇ ਲੈ, ਕੂੜੀ ਕਿਰਿਆ ਦਏ ਮਿਟਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸ੍ਰੀ ਭਗਵਾਨ ਮਿਲ ਕੇ ਢੋਲਾ ਇਕੋ ਕਹੇ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸੰਤ ਸੱਜਣ ਚਰਨਾਂ ਉਪਰ ਢਹੇ, ਮਾਟੀ ਖ਼ਾਕੀ ਧੂੜੀ ਮਸਤਕ ਟਿੱਕਾ ਇਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਝੋਲੀ ਪਾਈਆ ।



ਹਾਰ ਕਹੇ ਮੈਂ ਉਨ੍ਹਾਂ ਦਾ ਕਰਾਂ ਧੰਨਵਾਦ, ਜਿਨ੍ਹਾਂ ਧੁਰ ਦਰਬਾਰਾ ਦਿਤਾ ਵਖਾਈਆ । ਪ੍ਰਭੂ ਦੇ ਅਗੇ ਕਰਾਂ ਫ਼ਰਿਆਦ, ਅੰਤਰ ਆਤਮਾ ਨਾਲ ਜਣਾਈਆ । ਸਾਹਿਬ ਸਵਾਮੀ ਇਨ੍ਹਾਂ ਦੇ ਕੇ ਜਾਵੀਂ ਦਾਦ, ਵਸਤ ਅਮੋਲਕ ਝੋਲੀ ਪਾਈਆ । ਸਚ ਪ੍ਰੇਮ ਦੀ ਬਖ਼ਸ਼ ਕੇ ਯਾਦ, ਯਦ ਆਪਣੀ ਵਿਚ ਲੈਣਾ ਮਿਲਾਈਆ । ਕਾਇਆ ਖੇੜਾ ਸਦਾ ਰਹੇ ਆਬਾਦ, ਘਰ ਮਹਿਬੂਬ ਨਜ਼ਰੀ ਆਈਆ । ਅੰਦਰ ਵੜ ਕੇ ਖੋਲ੍ਹਣਾ ਰਾਜ਼, ਪਰਦਾ ਦੇਣਾ ਉਠਾਈਆ । ਝਗੜਾ ਚੁਕ ਜਾਏ ਜਗਤ ਨਿਮਾਜ਼, ਆਵਾਜ਼ ਇਕੋ ਦੇਣੀ ਲਗਾਈਆ । ਸੁਰਤੀ ਸ਼ਬਦ ਕਰ ਕੇ ਕਾਜ, ਮੇਲਾ ਧੁਰ ਦਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣੀ ਮਾਣ ਵਡਿਆਈਆ । ਹਾਰ ਕਹੇ ਮੇਰੀ ਇਕੋ ਮੰਗ, ਗਹਿਰ ਗੰਭੀਰ ਦਿਆਂ ਜਣਾਈਆ । ਪ੍ਰੇਮੀ ਪਿਆਰਿਆਂ ਚਾੜ੍ਹ ਉਹ ਰੰਗ, ਨਾਮ ਮਜੀਠੀ ਰੂਪ ਵਟਾਈਆ । ਆਤਮਕ ਧੁਨ ਵਜਾ ਸੱਚਾ ਮਰਦੰਗ, ਅਨਹਦ ਨਾਦੀ ਨਾਦ ਸੁਣਾਈਆ । ਸਚ ਦਵਾਰਾ ਵੇਖ ਲੰਘ, ਨੌਂ ਦਵਾਰੇ ਡੇਰਾ ਢਾਹੀਆ । ਆਤਮ ਸੇਜਾ ਸੁਹਾ ਪਲੰਘ, ਆਸਣ ਸਿੰਘਾਸਣ ਆਪਣੀ ਖ਼ੁਸ਼ੀ ਜਣਾਈਆ । ਨਿਰਗੁਣ ਨੂਰ ਅਗੰਮੀ ਚੜ੍ਹਾ ਚੰਦ, ਜਿਸ ਦਾ ਕਿਸ਼ਨਾ ਸੁਖਲਾ ਪਖ ਨਜ਼ਰ ਕੋਇ ਨਾ ਆਈਆ । ਪ੍ਰੇਮੀ ਪਿਆਰਿਆਂ ਭਗਤਾਂ ਆਪਣਾ ਦੇ ਉਹ ਅਨੰਦ, ਜਿਸ ਅਨੰਦ ਵਿਚੋਂ ਅਨੰਦਪੁਰੀ ਵਾਲੇ ਗੁਰਮੁਖ ਲਏ ਪਰਗਟਾਈਆ । ਖ਼ੁਸ਼ੀ ਕਰਦੇ ਬੰਦ ਬੰਦ, ਬੰਦਗੀ ਇਕੋ ਇਕ ਦ੍ਰਿੜਾਈਆ । ਜਨਮ ਮਰਨ ਆਵਣ ਜਾਵਣ ਲੱਖ ਚੁਰਾਸੀ ਮੁਕ ਜਾਏ ਪੰਧ, ਰਾਏ ਧਰਮ ਨਾ ਦਏ ਸਜ਼ਾਈਆ । ਆਤਮ ਪਰਮਾਤਮ ਵਿਛੋੜੇ ਵਿਚ ਨਾ ਹੋਵੇ ਰੰਡ, ਕੰਤ ਸੁਹਾਗੀ ਹੋ ਕੇ ਖ਼ੁਸ਼ੀ ਦੇਣੀ ਵਖਾਈਆ । ਆਸਾ ਮਨਸਾ ਪੂਰੀ ਕਰਨੀ ਤੂੰ ਸਾਹਿਬ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਤੇਰੀ ਬੇਪਰਵਾਹੀਆ । ਜੇ ਲੇਖਾ ਨਹੀਂ

ਫੇਰ ਵੀ ਗੰਢ, ਸ਼ਬਦੀ ਡੋਰੀ ਤੰਦ ਬੰਧਾਈਆ । ਮਿਹਰਵਾਨ ਹੋ ਕੇ ਲਾ ਅੰਗ, ਅੰਗੀਕਾਰ ਇਕ ਅਖਵਾਈਆ । ਮਨ ਵਾਸਨਾ ਕੂੜੀ ਕਿਰਿਆ ਅੰਤਰ ਰਹੇ ਨਾ ਗੰਦ, ਸੁਗੰਧ ਇਕੋ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤਾਂ ਅੰਦਰ ਤੇਰੇ ਸਚ ਪ੍ਰੇਮ ਦੀ ਸਦਾ ਵਜਦੀ ਰਹੇ ਵਧਾਈਆ ।

## ❊ ੩੧ ਹਾੜ ਸ਼ਹਿਨਸ਼ਾਹੀ ਸੰਮਤ ੧ ਸਰਦੂਲ ਸਿੰਘ ਦੇ ਗ੍ਰਿਹਿ ਪਠਾਨਕੋਟ ਜ਼ਿਲਾ ਗੁਰਦਾਸਪੁਰ ❊

ਫੁੱਲ ਕਹੇ ਗੁਰਮੁਖ ਬਣ ਅਗੰਮੀ ਫੂਲ, ਸਚ ਸੁਗੰਧੀ ਵਿਚ ਭਰਾਈਆ । ਮਨ ਵਾਸਨਾ ਨਾ ਜਾਣਾ ਭੁਲ, ਅਭੁਲ ਦਏ ਵਡਿਆਈਆ । ਆਪਣਾ ਆਦਿ ਦਾ ਵੇਖ ਮੂਲ, ਤੇਰਾ ਨੂਰ ਆਤਮ ਪਰਮਾਤਮ ਨਜ਼ਰੀ ਆਈਆ । ਕਟ ਵਿਛੋੜਾ ਕੰਤ ਕੰਤੂਲ, ਘਰ ਸਾਚੇ ਵੱਜੇ ਵਧਾਈਆ । ਸ੍ਰੀ ਭਗਵਾਨ ਮੰਨ ਅਸੂਲ, ਨੇਮ ਇਕੋ ਰਿਹਾ ਦ੍ਰਿੜਾਈਆ । ਸਚ ਵਸਤ ਕਰ ਵਸੂਲ, ਵਸਲ ਇਕੋ ਯਾਰ ਖ਼ੁਦਾਈਆ । ਧੂੜੀ ਟਿੱਕਾ ਮਸਤਕ ਲਾ ਧੂਲ, ਧੁਰ ਦਾ ਲੇਖਾ ਦਏ ਚੁਕਾਈਆ । ਸਚ ਪੰਘੂੜਾ ਲੈਣਾ ਝੂਲ, ਨਾਮ ਹੁਲਾਰਾ ਦਏ ਵਖਾਈਆ । ਪ੍ਰੇਮ ਪ੍ਰੀਤੀ ਅੰਦਰ ਹੋਣਾ ਮਸ਼ਗ਼ੂਲ, ਮਸ਼ਵਰਾ ਇਕੋ ਇਕ ਦ੍ਰਿੜਾਈਆ । ਮਾਣਸ ਜਨਮ ਨਾ ਜਾਏ ਫ਼ਜ਼ੂਲ, ਫ਼ਜ਼ਲ ਰਹਿਮਤ ਦਏ ਕਮਾਈਆ । ਜਨਮ ਕਰਮ ਦਾ ਮੰਗੇ ਨਾ ਕੋਇ ਮਸੂਲ, ਅਗੇ ਹੋ ਨਾ ਕੋਇ ਅਟਕਾਈਆ । ਤੇਰਾ ਲਹਿਣਾ ਦੇਣਾ ਲੇਖਾ ਮੁਕੇ ਜ਼ਰੂਰ, ਜ਼ਰੂਰਤ ਜਨਮ ਜਨਮ ਦੀ ਖੋਜ ਖੁਜਾਈਆ । ਅਬਿਨਾਸ਼ੀ ਕਰਤਾ ਸਦਾ ਸਦਾ ਸਦ ਹਾਜ਼ਰ ਹਜ਼ੂਰ, ਹਜ਼ਰਤ ਹੋ ਕੇ ਦਇਆ ਕਮਾਈਆ । ਜੂਠ ਝੂਠ ਦਾ ਕਟ ਕ਼ਸੂਰ, ਕ਼ਿਸਮਤ ਦਏ ਬਦਲਾਈਆ । ਮਾਇਆ ਮਮਤਾ ਤੋੜ ਗ਼ਰੂਰ, ਸਚ ਸ਼ਊਰ ਦਏ ਵਖਾਈਆ । ਹਉਮੇ ਹੰਗਤਾ ਨਾ ਰਹੇ ਫ਼ਤੂਰ, ਨਿਵਣ ਸੋ ਅੱਖਰ ਇਕ ਸਮਝਾਈਆ । ਜਲਵਾ ਮਿਲੇ ਜੋਤੀ ਕੋਹਤੂਰ, ਕੁਤਬਖ਼ਾਨਿਆਂ ਦੀ ਲੋੜ ਰਹੇ ਨਾ ਰਾਈਆ । ਸਰਬ ਸਵਾਮੀ ਹੋਏ ਮਜ਼ਦੂਰ, ਚਾਕਰ ਖ਼ਾਦਮ ਸੇਵ ਕਮਾਈਆ । ਅੰਤਰ ਆਤਮ ਕਰੇ ਕ਼ਬੂਲ, ਮਿਹਰ ਨਜ਼ਰ ਨਾਲ ਮਿਲਾਈਆ । ਮੁਹੱਬਤ ਦਾ ਮਾਲਕ ਸਾਹਿਬ ਮਹਿਬੂਬ, ਮਹਿਵਖ਼ਾਨਾ ਇਕ ਦਰਸਾਈਆ । ਲੇਖਾ ਚੁਕ ਜਾਏ ਮਸ਼ਰਕ ਮਗ਼ਰਬ ਸ਼ਮਾਲ ਜਨੂਬ, ਸਿਮਤ ਦੀ ਲੋੜ ਰਹੇ ਨਾ ਰਾਹੀਆ । ਲੇਖਾ ਮੁਕ ਜਾਏ ਕੂੜ ਹਦੂਦ, ਹਦ ਤੋਂ ਪਰੇ ਡੇਰਾ ਦਏ ਵਖਾਈਆ । ਜਿਧਰ ਵੇਖੇ ਉਧਰ ਮੌਜੂਦ, ਗੁਰਮੁਖ ਸਨਮੁਖ ਨਜ਼ਰੀ ਆਈਆ । ਜਗਤ ਲਾਲਚ ਕਰ ਦੇ ਨੇਸਤੋ ਨਾਬੂਦ, ਕੂੜੀ ਕਿਰਿਆ ਜੜ੍ਹ ਉਖੜਾਈਆ । ਲੇਖੇ ਲਾਏ ਤਨ ਵਜੂਦ, ਵਜਹ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਮਿਲਾਈਆ । ਫੁੱਲ ਕਹੇ ਗੁਰਮੁਖ ਆਪਣੇ ਅੰਦਰ ਵੇਖ ਸੁਗੰਧੀ, ਸੁਗੰਦ ਖਾ ਕੇ ਦਿਆਂ ਜਣਾਈਆ । ਜਿਸ ਦੇ ਉਤੇ ਨਹੀਂ ਕੋਈ ਪਾਬੰਦੀ, ਪਾਬੰਦ ਹੋ ਕੇ ਬੈਠਾ ਬੇਪਰਵਾਹੀਆ । ਜੋ ਤੋੜਨਹਾਰਾ ਖ਼ਾਨਾਬੰਦੀ, ਬੰਦਗੀ ਇਕੋ ਇਕ ਸਮਝਾਈਆ । ਵਾਸਨਾ ਰਹਿਣ ਨਾ ਦੇਵੇ ਗੰਦੀ, ਕੂੜੀ ਕਿਰਿਆ ਬਾਹਰ ਕਢਾਈਆ । ਜੋਤੀ ਨੂਰ ਚਮਕਾਵੇ ਚੰਦੀ, ਚੰਦ ਸੂਰਜ ਨੈਣ ਸ਼ਰਮਾਈਆ । ਮਾਰਗ ਸਿੱਧੀ ਦੱਸੇ ਡੰਡੀ, ਡੰਡੌਤ ਇਕੋ ਇਕ ਦ੍ਰਿੜਾਈਆ । ਪੰਚ ਵਿਕਾਰਾ ਭੇਖ ਮੇਟੇ ਪਖੰਡੀ, ਸਤਿਸੰਗੀ ਸਤਿਗੁਰ ਸ਼ਬਦ ਦਏ ਜਣਾਈਆ । ਮੰਜ਼ਲ ਰਾਹ ਹੋਵੇ ਨਾ ਤੰਗੀ, ਟੇਢੀ ਬੰਕ ਨਾ ਕੋਇ ਅਟਕਾਈਆ । ਤਟ ਕਿਨਾਰਾ

ਸੁਹਾਏ ਭੂਮਿਕਾ ਚੰਗੀ, ਚਾਰੋਂ ਕੁੰਟ ਖ਼ੁਸ਼ੀ ਵਖਾਈਆ । ਸਾਹਿਬ ਸਤਿਗੁਰ ਜਿਸ ਦਾ ਦਰਵਾਜ਼ਾ ਗਏ ਲੰਘੀ, ਆਪਣਾ ਪੰਧ ਮੁਕਾਈਆ । ਓਥੇ ਆਤਮ ਰਹੇ ਕੋਇ ਨਾ ਅੰਧੀ, ਸਤਿ ਸਰੂਪ ਇਕੋ ਨਜ਼ਰੀ ਆਈਆ । ਓਥੇ ਸਾਧਾਂ ਦੀ ਨਹੀਂ ਕੋਈ ਮੰਡੀ, ਮਵੇਸ਼ੀਆਂ ਵਾਂਗ ਨਾ ਕੋਇ ਭਵਾਈਆ । ਕੋਟਾਂ ਵਿਚੋਂ ਭਗਤ ਸੁਹੇਲਾ ਮਾਣੇ ਰਸ ਅਨੰਦੀ, ਅਨੰਦ ਆਤਮ ਵਿਚ ਪਰਗਟਾਈਆ । ਜਿਨ੍ਹਾਂ ਦੀ ਪਿਠ ਹੋਵੇ ਨਾ ਨੰਗੀ, ਪੁਸ਼ਤ ਪਨਾਹ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਜਣ ਹੋਏ ਸਹਾਈਆ । ਫੁੱਲ ਕਹੇ ਗੁਰਮੁਖ ਤੇਰੇ ਅੰਦਰ ਸੋਹਣਾ ਰੰਗ, ਮੈਨੂੰ ਨਜ਼ਰੀ ਆਈਆ । ਜਿਥੇ ਵੱਜੇ ਨਾਮ ਮਰਦੰਗ, ਅਨਰਾਗੀ ਢੋਲੇ ਗਾਈਆ । ਪਵਣ ਪਵਣਾਂ ਪਾਏ ਠੰਡ, ਅੰਮ੍ਰਿਤ ਝਿਰਨਾ ਰਿਹਾ ਝਿਰਾਈਆ । ਸੇਜ ਸੁਹੰਜਣੀ ਸੁਹਾਏ ਪਲੰਘ, ਬਿਨ ਪਾਵਾ ਚੂਲ ਟਿਕਾਈਆ । ਨੂਰੀ ਨੂਰ ਚੜ੍ਹਾ ਕੇ ਚੰਦ, ਅਗੰਮ ਕਰੇ ਰੁਸ਼ਨਾਈਆ । ਸੱਜਣ ਸੁਹੇਲਾ ਹੋ ਕੇ ਸੰਗ, ਧੁਰ ਦਾ ਮੇਲ ਮਿਲਾਈਆ । ਨਾਤਾ ਤੋੜ ਕੇ ਜੇਰਜ ਅੰਡ, ਉਤਭੁਜ ਸੇਤਜ ਲੇਖਾ ਦਏ ਮੁਕਾਈਆ । ਜਨਮ ਜਨਮ ਦੀ ਟੁੱਟੀ ਗੰਢ, ਗੋਪਾਲ ਦਿਆਲ ਦੀਨਾਂ ਹੋਏ ਸਹਾਈਆ । ਵਸਤ ਅਮੋਲਕ ਰਿਹਾ ਵੰਡ, ਨਾਮ ਨਿਧਾਨਾ ਝੋਲੀ ਪਾਈਆ । ਪੰਜਾਂ ਕਰ ਕੇ ਖੰਡ ਖੰਡ, ਅੰਦਰ ਬਾਹਰ ਕਰੇ ਸਫ਼ਾਈਆ । ਕੂੜ ਕੁੜਿਆਰੀ ਢਾਹ ਕੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਪਰਦਾ ਲਾਹ ਕੇ ਹੰ ਬ੍ਰਹਮ, ਪਾਰਬ੍ਰਹਮ ਆਪਣਾ ਆਪ ਪਰਗਟਾਈਆ । ਚਰਨ ਕਵਲ ਸਰਨਾਈ ਦੇ ਕੇ ਅਨੰਦ, ਸਰਨਗਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੰਜ਼ਲ ਵੇਖ ਵਖਾਈਆ । ਫੁੱਲ ਕਹੇ ਮੈਂ ਵੇਖਾਂ ਗੁਰਮੁਖੋ ਤੁਹਾਡੀ ਸੋਹਣੀ ਫੁਲਵਾੜੀ, ਪੱਤ ਟਹਿਣੀ ਖ਼ੂਬ ਮਹਿਕਾਈਆ । ਜਿਨ੍ਹਾਂ ਦਾ ਲੇਖਾ ਲੱਗਾ ਸਤਾਰਾਂ ਹਾੜੀ, ਪੂਰਬ ਹਾੜੇ ਕੱਢੇ ਮਿਲੀ ਵਡਿਆਈਆ । ਲਹਿਣਾ ਮੁਕਿਆ ਚਰਨ ਛੁਹਾਈ ਦਾੜ੍ਹੀ, ਸਿਰ ਮਸਤਕ ਹੱਥ ਟਿਕਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਈ ਵਾਰੀ, ਵਾਰਤਾ ਪਿਛਲੀ ਦਏ ਗਵਾਹੀਆ । ਅਗੇ ਹੋਏ ਨਾ ਕੋਇ ਖ਼ੁਆਰੀ, ਜਨਮ ਮਰਨ ਨਾ ਕੋਇ ਜਣਾਈਆ । ਭਾਵੇਂ ਪ੍ਰਭ ਨੂੰ ਸਾਰੇ ਕਹਿੰਦੇ ਜਵਾਰੀ, ਧੋਖੇਬਾਜ਼ ਨੂਰ ਖ਼ੁਦਾਈਆ । ਜੁਗ ਚੌਕੜੀ ਹੋਇਆ ਰਿਹਾ ਬੇਇਤਬਾਰੀ, ਅਛਲ ਛਲ ਆਪਣਾ ਨਾਉਂ ਧਰਾਈਆ । ਫੁੱਲ ਕਹੇ ਧੰਨ ਭਾਗ ਜਿਸ ਤੁਹਾਡੇ ਨਾਲ ਲਾਈ ਯਾਰੀ, ਆਪਣੀ ਖ਼ਾਤਰ ਮਿਲ ਕੇ ਖ਼ੁਸ਼ੀ ਮਨਾਈਆ । ਤੁਹਾਡੀ ਆਤਮਾ ਨਾ ਰਹੇ ਕਵਾਰੀ, ਪਰਮਾਤਮ ਹੋ ਕੇ ਆਪ ਪਰਨਾਈਆ । ਸਚ ਪ੍ਰੇਮ ਨਾਲ ਸ਼ਿੰਗਾਰੀ, ਜੋਬਨ ਰੂਪ ਇਕ ਚੜ੍ਹਾਈਆ । ਮੁਹੱਬਤ ਦੀ ਕਰ ਪੁਜਾਰੀ, ਘਰ ਸਾਚੇ ਲਈ ਬੁਲਾਈਆ । ਧੁਰ ਦੀ ਦੇ ਖ਼ੁਮਾਰੀ, ਖ਼ਾਹ ਮਖ਼ਾਹ ਆਪਣਾ ਰੰਗ ਰੰਗਾਈਆ । ਤੁਹਾਡੇ ਨਾਲ ਨਾ ਕਰੇ ਗ਼ਦਾਰੀ, ਗਦਾਗਰ ਹੋ ਕੇ ਸੇਵ ਕਮਾਈਆ । ਭਗਤ ਸੁਹੇਲੇ ਜਾਵੇ ਤਾਰੀ, ਚਾਰੋਂ ਤਰਫ਼ ਵੱਜੇ ਵਧਾਈਆ । ਲਹਿਣਾ ਚੁਕਾ ਕੇ ਪੁਰਖ ਨਾਰੀ, ਨਰ ਨਰਾਇਣ ਮਾਣ ਤਾਣ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਪਾਰ ਲੰਘਾਈਆ । ਫੁੱਲ ਕਹੇ ਜਨ ਭਗਤੋ ਤੁਹਾਡਾ ਸਾਹਿਬ ਰੰਗ ਰੰਗੀਲਾ, ਸਚ ਰੰਗਤ ਵਿਚ ਸਮਾਈਆ । ਜੋ ਬਣ ਕੇ ਸਚ ਵਸੀਲਾ, ਲੋਕਮਾਤ ਵੇਸ ਵਟਾਈਆ । ਪਾਰ ਕਰ ਕੇ ਅੰਬਰ ਨੀਲਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਭ ਦੀ ਵੇਖਣਹਾਰ ਦਲੀਲਾ, ਅੰਦਰ ਅੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਬੇਪਰਵਾਹੀਆ । ਜਨ ਭਗਤੋ ਵੇਖੋ ਖੇਲ ਸੱਚੇ ਸਤਿਗੁਰ ਦਾ, ਜੋ ਸਾਚੀ ਸੇਵ ਕਮਾਈਆ । ਪੂਰਬ ਲਹਿਣਾ

ਵੇਖ ਧੁਰ ਦਾ, ਵਿਛੜਿਆਂ ਜੋੜ ਜੁੜਾਈਆ । ਆਪਣੀ ਕਰਨੀ ਕਰਨ ਤੋਂ ਕਦੇ ਨਾ ਮੁੜਦਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਭਾਵੇਂ ਹੱਥਾਂ ਪੈਰਾਂ ਨਾਲ ਨਹੀਂ ਤੁਰਦਾ, ਤੁਰਤ ਆਪਣਾ ਹੁਕਮ ਜਣਾਈਆ । ਸਾਜਣ ਗੁਰਮੁਖ ਮੇਲੇ ਆਪਣੀ ਲੋੜ ਦਾ, ਲੋੜੀਂਦਾ ਆਪਣੇ ਨਾਲ ਜੁੜਾਈਆ । ਲੇਖਾ ਚੁਕਾ ਕੇ ਅੰਧ ਘੋਰ ਦਾ, ਸਚ ਪਰਕਾਸ਼ ਕਰੇ ਰੁਸ਼ਨਾਈਆ । ਨਾਤਾ ਤੁੜਾ ਕੇ ਕੂੜ ਕੁੜਿਆਰ ਚੋਰ ਦਾ, ਜਗਤ ਠੱਗੀ ਤੋਂ ਲਏ ਬਚਾਈਆ । ਮੰਤਰ ਦੱਸ ਕੇ ਆਪਣਾ ਫੁਰਨਾ ਫੇਰ ਦਾ, ਪਰਦਾ ਓਹਲਾ ਦਏ ਉਠਾਈਆ । ਜੋ ਚਰਨ ਪ੍ਰੀਤੀ ਕਰ ਕੇ ਆਪਣਾ ਆਪ ਘੋਲਦਾ, ਸੋ ਘੋਲੀ ਘੋਲ ਘੁਮਾਈ ਵੇਖ ਵਖਾਈਆ । ਸਾਚੇ ਨਾਮ ਕੰਡੇ ਤਰਾਜ਼ੂ ਇਕੋ ਤੋਲਦਾ, ਧੜੀ ਸੇਰ ਵਟਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੁਹੇਲੇ ਭਗਤ ਵਰੋਲਦਾ, ਆਪ ਆਪਾ ਖੋਜ ਖੁਜਾਈਆ । ਫੁੱਲ ਕਹੇ ਮੈਂ ਸਚ ਸਤਿ ਧੁਰ ਹੁਕਮ ਨਾਲ ਬੋਲਦਾ, ਆਪਣੀ ਕਥਾ ਨਾ ਕੋਇ ਸੁਣਾਈਆ । ਜਿਹੜਾ ਸਾਹਿਬ ਸਤਿਜੁਗ ਦਾ ਰਾਹ ਖੋਲਦਾ, ਕੁੰਡੇ ਅੰਦਰੋਂ ਦਏ ਖੁਲ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਵਖਾਵੇ ਘਰ ਵਿਚ ਕੋਲ ਦਾ, ਕੁਲਵੰਤ ਸ੍ਰੀ ਭਗਵੰਤ ਜਨ ਭਗਤ ਕੁਲ ਆਪਣੀ ਦਏ ਬਣਾਈਆ ।

### ❊ ੩੧ ਹਾੜ ਸ਼ਹਿਨਸ਼ਾਹੀ ਸੰਮਤ ੧ ਕਰਮ ਸਿੰਘ ਦੇ ਗ੍ਰਹਿ ਨਯਾਸ਼ਾਲਾ ਜ਼ਿਲਾ ਗੁਰਦਾਸਪੁਰ ❊

ਗੋਬਿੰਦ ਕਹੇ ਮੈਂ ਪੁਛਾਂ ਵਾਤ, ਪੁਰਖ ਅਕਾਲ ਸੇਵ ਕਮਾਈਆ । ਜੁਗ ਜਨਮ ਦਾ ਵੇਖਾਂ ਨਾਤ, ਪੂਰਬ ਪੂਰਬ ਫੋਲ ਫੁਲਾਈਆ । ਜਨਮ ਜਨਮ ਦਾ ਪੂਰਾ ਕਰਾਂ ਘਾਟ, ਘਾਟਾ ਪਿਛਲਾ ਦਿਆਂ ਮੁਕਾਈਆ । ਮੰਜ਼ਲ ਮੰਜ਼ਲ ਅਗਲੀ ਦੱਸਾਂ ਵਾਟ, ਦਰ ਘਰ ਸਾਚਾ ਇਕ ਸਮਝਾਈਆ । ਸ਼ਬਦੀ ਸ਼ਬਦ ਸੁਣਾਵਾਂ ਧੁਰ ਦੀ ਗਾਥ, ਅਲਬੋਲਤ ਬੋਲਤ ਰਾਗ ਅਲਾਈਆ । ਸਚ ਭੰਡਾਰ ਦੇ ਕੇ ਦਾਤ, ਦੌਲਤਮੰਦ ਦਿਆਂ ਬਣਾਈਆ । ਸੁਰਤੀ ਸੁਰਤ ਕਰ ਇਕਾਂਤ, ਲਿਵ ਇਕੋ ਇਕ ਵਖਾਈਆ । ਸੋਹਣੀ ਸੁਹੰਜਣੀ ਭਿੰਨੜੀ ਰੈਣ ਵਖਾ ਕੇ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਆਤਮ ਪਰਮਾਤਮ ਕਰ ਕੇ ਯਾਦ, ਮੇਲ ਮਿਲਾਵਾਂ ਸਹਿਜ ਸੁਭਾਈਆ । ਸਾਚਾ ਖੇੜਾ ਕਰ ਆਬਾਦ, ਨਾਮ ਵਜਾਵਾਂ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੈਂ ਲੇਖਾ ਲੈਣਾ, ਪਾਰਬ੍ਰਹਮ ਪ੍ਰਭ ਤੇਰੀ ਸੇਵ ਕਮਾਈਆ । ਗੁਰਮੁਖ ਸੱਜਣ ਮੇਲ ਮਿਲੌਣਾ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਆਤਮ ਅੰਤਰ ਭੇਵ ਖੁਲੌਣਾ, ਦੂਈ ਦਵੈਤੀ ਡੇਰਾ ਢਾਹੀਆ । ਸਚ ਸੰਦੇਸ਼ਾ ਨਾਮ ਸੁਣੌਣਾ, ਕਰਾਂ ਹੱਕ ਪੜ੍ਹਾਈਆ । ਵਿਛੜਿਆਂ ਜਗ ਮੇਲ ਮਿਲੌਣਾ, ਨਾਤਾ ਕੂੜ ਤੁੜਾਈਆ । ਮਹਲ ਅਟਲ ਇਕ ਸੁਹੌਣਾ, ਜੋਤੀ ਨੂਰ ਕਰ ਰੁਸ਼ਨਾਈਆ । ਅੰਮ੍ਰਿਤ ਠਾਂਡਾ ਜਲ ਪਿਔਣਾ, ਰਸ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਮੈਂ ਕਰਨਾ ਖ਼ਬਰਦਾਰ, ਧੁਰ ਸੰਦੇਸ਼ਾ ਇਕ ਜਣਾਈਆ । ਸੋਈ ਸੁਰਤ ਕਰਨੀ ਬੇਦਾਰ, ਗ਼ਫ਼ਲਤ ਨਿੰਦਰਾ ਰਹਿਣ ਕੋਇ ਨਾ ਪਾਈਆ । ਸੰਦੇਸ਼ਾ ਦੇਣਾ ਧੁਰ ਦੇ ਯਾਰ, ਸੁਨੇਹੜਾ ਇਕ ਸੁਣਾਈਆ । ਭਗਤ ਸੁਹੇਲੇ ਲੈਣੇ ਉਠਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਨੇਤਰ ਲੋਚਨ ਨੈਣ ਕਰੋ ਇਕ ਦੀਦਾਰ, ਪਾਰਬ੍ਰਹਮ ਪ੍ਰਭ ਸਾਚਾ ਦਰਸ਼ਨ ਪਾਈਆ । ਨਵ ਨੌ ਚਾਰ ਪਿਛੋਂ ਆਈ ਜਿਸ

ਦੀ ਵਾਰ, ਵਾਰਤਾ ਸਭ ਦੀ ਵੇਖ ਵਖਾਈਆ । ਜਿਸ ਦੇ ਪਿਛੇ ਹੁੰਦੇ ਰਹੇ ਖ਼ੁਆਰ, ਲੱਖ ਚੁਰਾਸੀ ਭਜ ਭਜ ਥੱਕੇ ਵਾਹੋ ਦਾਹੀਆ । ਪ੍ਰੀਤਮ ਮਿਲਿਆ ਨਾ ਸਾਂਝਾ ਯਾਰ, ਸਤਿ ਸਤਿਵਾਦੀ ਨਜ਼ਰ ਕੋਇ ਨਾ ਆਈਆ । ਜਿਸ ਦੀ ਸਿਫ਼ਤ ਕਰ ਕਰ ਕਾਗ਼ਜ਼ ਕਲਮ ਸ਼ਾਹੀ ਗਏ ਹਾਰ, ਆਦਿ ਅੰਤ ਕਹਿਣ ਕੋਇ ਨਾ ਪਾਈਆ । ਜਿਸ ਨੂੰ ਖੋਜਦੇ ਰਹੇ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਣ ਚਾਈਂ ਚਾਈਂਆ । ਜਿਸ ਦੀ ਭਵਿਖਤਾਂ ਵਿਚ ਗੌਂਦੇ ਵਾਰ, ਗੁਰ ਅਵਤਾਰ ਪੈਗ਼ੰਬਰ ਢੋਲੇ ਨਾਦ ਜਣਾਈਆ । ਜਿਸ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਬਣੇ ਰਹੇ ਇਸ਼ਤਿਹਾਰ, ਇਸ਼ਤਿਹਾਰੀ ਬੈਠਾ ਰਿਹਾ ਮੁਖ ਛੁਪਾਈਆ । ਸੋ ਸਾਹਿਬ ਸੁਵਾਮੀ ਅੰਤਰਜਾਮੀ ਪੁਰਖ ਬਿਧਾਤਾ ਹੋ ਕੇ ਜ਼ਾਹਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸਦਾ ਨਾ ਕੋਈ ਖੰਡਾ ਨਾ ਤਲਵਾਰ, ਖੜਗ ਹੱਥ ਨਾ ਕੋਇ ਚਮਕਾਈਆ । ਹੁਕਮੇ ਅੰਦਰ ਕਰੇ ਕਾਰ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਸੰਤ ਸੁਹੇਲੇ ਗੁਰ ਚੇਲੇ ਮੇਲੇ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਮਾਇਆ ਮਮਤਾ ਮੋਹ ਤੋੜ ਅਭਿਮਾਨ, ਸਾਚੀ ਸਿਖਿਆ ਇਕ ਸਮਝਾਈਆ । ਆਤਮ ਪਰਮਾਤਮ ਦੇ ਕੇ ਬ੍ਰਹਮ ਗਿਆਨ, ਭਾਂਡਾ ਭਰਮ ਦੇਵੇ ਭੰਨਾਈਆ । ਸਤਿ ਧਰਮ ਵਖਾਏ ਨਿਸ਼ਾਨ, ਸ਼ਰਅ ਵਿਚ ਨਾ ਕੋਇ ਲੜਾਈਆ । ਸਾਬਤ ਦੱਸੇ ਇਕ ਈਮਾਨ, ਸ੍ਰੀ ਭਗਵਾਨ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਕਹੇ ਮੈਂ ਦੱਸਣ ਆਇਆ ਖ਼ਲਾਸਾ, ਭੇਵ ਅਭੇਦਾ ਇਕ ਖੁਲ੍ਹਾਈਆ । ਜਿਸ ਦੇ ਉਤੇ ਰਖ ਕੇ ਆਏ ਭਰਵਾਸਾ, ਜੁਗ ਚੌਕੜੀ ਬਿਨ ਵੇਖਿਆਂ ਧਿਆਨ ਲਗਾਈਆ । ਜਿਸ ਨੂੰ ਸਾਰੇ ਮੰਨਦੇ ਆਏ ਬਾਪਾ, ਪੁਰਖ ਅਕਾਲ ਬੇਪਰਵਾਹੀਆ । ਜਿਸ ਦਾ ਪਰਮਾਤਮ ਆਤਮ ਜੁੜਿਆ ਸੱਚਾ ਨਾਤਾ, ਦੋ ਜਹਾਨਾਂ ਨਾ ਕੋਇ ਤੁੜਾਈਆ । ਜਿਸ ਦੀ ਸਤਿ ਸਤਿਵਾਦੀ ਗਾਥਾ, ਵਿਸ਼ਨ ਬ੍ਰਹਮਾ ਸ਼ਿਵ ਢੋਲੇ ਰਹੇ ਗਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਟੇਕਣ ਮਾਥਾ, ਸਜਦਿਆਂ ਵਿਚ ਸੀਸ ਝੁਕਾਈਆ । ਜਿਸ ਦੀ ਚਰਨ ਛੋਹ ਮੰਗਣ ਤੀਰਥ ਤਾਟਾ, ਸਰ ਸਰੋਵਰ ਰਾਹ ਤਕਾਈਆ । ਜਿਸ ਦੀ ਸਮਝ ਨਾ ਸਕੇ ਕੋਈ ਜ਼ਾਤ ਪਾਤਾ, ਵਰਨ ਗੋਤ ਨਾ ਵੰਡ ਵੰਡਾਈਆ । ਸੋ ਸਾਹਿਬ ਸਵਾਮੀ ਪੁਰਖ ਅਕਾਲਾ ਵੇਖਣ ਆਇਆ ਜਗਤ ਤਮਾਸ਼ਾ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੈਂ ਸਚ ਸੰਦੇਸ਼ਾ ਦੇਣਾ ਬੋਲ, ਢੋਲਾ ਇਕੋ ਇਕ ਜਣਾਈਆ । ਪੁਰਖ ਅਕਾਲਾ ਤੋਲਣ ਆਇਆ ਤੋਲ, ਨਾਮ ਕੰਡਾ ਹੱਥ ਉਠਾਈਆ । ਸਚ ਦੁਵਾਰ ਰਿਹਾ ਖੋਲ੍ਹ, ਚਾਰੇ ਕੁੰਟਾਂ ਪੰਧ ਮੁਕਾਈਆ । ਸੰਤ ਸੁਹੇਲੇ ਰਿਹਾ ਵਰੋਲ, ਲੱਖ ਚੁਰਾਸੀ ਫੋਲ ਫੁਲਾਈਆ । ਪੂਰਾ ਕਰਨ ਆਇਆ ਕੌਲ, ਇਕ਼ਰਾਰ ਆਪਣਾ ਵੇਖ ਵਖਾਈਆ । ਪਰਗਟ ਹੋ ਕੇ ਉਪਰ ਧਰਨੀ ਧੌਲ, ਧਵਲ ਰਿਹਾ ਸਮਝਾਈਆ । ਜਿਸ ਦਾ ਲੇਖਾ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਮੁਲਾ ਸ਼ੇਖ਼ ਮੁਸਾਇਕ ਸਾਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੁਨੇਹੜਾ ਇਕ ਸੁਣਾਈਆ । ਗੋਬਿੰਦ ਕਹੇ ਮੈਂ ਦੱਸਾਂ ਸੱਚ, ਸਤਿ ਸਤਿ ਦਿਆਂ ਦ੍ਰਿੜਾਈਆ । ਪੁਰਖ ਅਬਿਨਾਸ਼ੀ ਆਇਆ ਵਤ, ਬੇਵਤਨ ਆਪਣਾ ਫੇਰਾ ਪਾਈਆ । ਜਿਸ ਦੀ ਨਾ ਕੋਈ ਜਗਤ ਵਾਲੀ ਅੱਖ, ਬਿਨ ਨੇਤਰ ਲੋਚਨ ਨੈਣ ਸਭ ਨੂੰ ਰਿਹਾ ਤਕਾਈਆ । ਜਿਸ ਦੇ ਕੋਲ ਸੰਸਾਰੀਆਂ ਵਾਲੀ ਨਹੀਂ ਵਥ, ਨਾਮ ਭੰਡਾਰਾ ਇਕ ਵਰਤਾਈਆ । ਜਿਸ ਦੇ ਕੋਲ ਕੂੜੀ ਮਹਿੰਮਾ ਵਾਲਾ ਨਹੀਂ ਜਸ, ਸਚ ਸਤਿ ਇਕੋ

ਇਕ ਦ੍ਰਿੜਾਈਆ । ਜੋ ਭਗਤਾਂ ਅੰਦਰ ਰਿਹਾ ਵਸ, ਬਿਨ ਡੇਰਿਉਂ ਡੇਰਾ ਰਿਹਾ ਲਗਾਈਆ । ਪ੍ਰੇਮ ਪ੍ਰੀਤੀ ਅੰਦਰ ਰਿਹਾ ਹਸ, ਹਸਤੀ ਹਸਤੀ ਵਿਚੋਂ ਬਦਲਾਈਆ । ਕੂੜੀ ਕਿਰਿਆ ਕਰੇ ਭਠ, ਅਗਨੀ ਤੱਤ ਦਏ ਜਲਾਈਆ । ਮਾਇਆ ਮਮਤਾ ਮੋਹ ਹੰਕਾਰ ਵਿਕਾਰ ਵਿਚੋਂ ਲਏ ਰਖ, ਮਿਹਰ ਨਜ਼ਰ ਇਕ ਰਖਾਈਆ । ਦੀਨ ਦੁਨੀ ਨਾਲੋਂ ਕਰ ਕੇ ਵੱਖ, ਵਾਸਤਾ ਆਪਣੇ ਨਾਲ ਜੁੜਾਈਆ । ਧੁਰ ਦੀ ਧਾਰ ਦੇਵੇ ਸਾਚਾ ਹੱਕ, ਹਾਕਮ ਹੋ ਕੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੈਂ ਦੱਸਣਾ ਸਚ ਪਿਆਰ, ਪ੍ਰੇਮੀ ਹੋ ਕੇ ਦਿਆਂ ਜਣਾਈਆ । ਮੇਰਾ ਅੰਤ ਅਖ਼ੀਰੀ ਇਕ ਵਿਹਾਰ, ਵਿਵਹਾਰੀ ਹੋ ਕੇ ਰਿਹਾ ਦ੍ਰਿੜਾਈਆ । ਜਿਹੜਾ ਹੱਥ ਨਾ ਆਇਆ ਕਿਸੇ ਜੁਗ ਚਾਰ, ਚੌਕੜੀ ਫਿਰਦੇ ਮਾਰੇ ਧਾਈਆ । ਜਿਸ ਦਾ ਲੇਖਾ ਲਿਖ ਨਾ ਸਕਿਆ ਕੋਈ ਸੰਸਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਸੋ ਲਹਿਣਾ ਦੇਣਾ ਦੇਵਣਹਾਰ ਆਪ ਨਿਰੰਕਾਰ, ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਬੰਧਾਈਆ । ਗੋਬਿੰਦ ਕਹੇ ਮੈਂ ਦਿਆਂ ਸਚ ਹਕੂਕ, ਪ੍ਰੇਮੀਆਂ ਝੋਲੀ ਦਿਆਂ ਭਰਾਈਆ । ਨਾਤਾ ਤੁਟ ਜਾਏ ਆਸ਼ਕ ਮਾਸ਼ੂਕ, ਗੁਰਸਿਖ ਗੁਰਮੁਖ ਗੁਰ ਗੁਰ ਇਕੋ ਰੰਗ ਰੰਗਾਈਆ । ਆਰ ਪਾਰ ਦੀ ਮੁਕ ਜਾਏ ਹਦੂਦ, ਆਰ ਪਾਰ ਵੰਡ ਨਾ ਕੋਇ ਵੰਡਾਈਆ । ਸੰਤ ਸੁਹੇਲੇ ਕਰ ਮਹਿਫੂਜ਼, ਸਿਰ ਆਪਣਾ ਹੱਥ ਟਿਕਾਈਆ । ਮਹਲ ਅਟਲ ਦੱਸ ਅਰਸ਼ ਅਰੂਜ਼, ਇਕੋ ਘਰ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਹੋ ਕੇ ਦੀਨਾਂ ਗਲੇ ਲਗਾਈਆ । ਗੋਬਿੰਦ ਕਹੇ ਮੈਂ ਭਗਤਾਂ ਦੱਸਣਾ ਬਣ ਕੇ ਵਾਰਸ, ਧੁਰ ਦਾ ਹੁਕਮ ਜਣਾਈਆ । ਜੁਗ ਚੌਕੜੀ ਪਿਛੋਂ ਇਕੋ ਵਾਰ ਕਰਾਂ ਸਫ਼ਾਰਸ਼, ਨਿਤ ਨਿਤ ਲੋੜ ਰਹੇ ਨਾ ਰਾਈਆ । ਮੇਰੀ ਅੱਖਰਾਂ ਵਾਲੀ ਨਹੀਂ ਅਬਾਰਤ, ਅਲਿਫ਼ ਯੇ ਨਾ ਕੋਇ ਪੜ੍ਹਾਈਆ । ਮੇਰੀ ਇੱਟਾਂ ਪੱਥਰਾਂ ਵਾਲੀ ਨਹੀਂ ਇਮਾਰਤ, ਝਰੋਖੇ ਜਗਤ ਨਾ ਕੋਇ ਜਣਾਈਆ । ਮੇਰੀ ਵਕੀਲਾਂ ਅਪੀਲਾਂ ਵਾਲੀ ਨਹੀਂ ਅਦਾਲਤ, ਹੁਕਮ ਧੁਰ ਦਾ ਇਕ ਸੁਣਾਈਆ । ਕੂੜੀ ਕਿਰਿਆ ਨਹੀਂ ਅਮਾਨਤ, ਮਾਇਆ ਮਮਤਾ ਮੋਹ ਨਾ ਕੋਇ ਵਡਿਆਈਆ । ਮਚਲਕਾ ਭਰੇ ਨਾ ਕੋਇ ਜ਼ਮਾਨਤ, ਸ਼ਹਾਦਤ ਸਕੇ ਨਾ ਕੋਇ ਭੁਗਤਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਰੱਖਾਂ ਸਹੀ ਸਲਾਮਤ, ਏਥੇ ਓਥੇ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਚੁਕਾਈਆ । ਗੋਬਿੰਦ ਕਹੇ ਮੈਂ ਬਣਨਾ ਦੱਸ ਕੇ ਸ਼ਬਦ ਗੁਰੂ, ਨਾਤਾ ਤੱਤਾਂ ਵਾਲਾ ਤੁੜਾਈਆ । ਪੁਰਖ ਅਕਾਲ ਦਾ ਮਾਰਗ ਹੋਣਾ ਸ਼ੁਰੂ, ਸ਼ਰਅ ਦਏ ਬਦਲਾਈਆ । ਜਿਸ ਦਾ ਇਕੋ ਮੰਤਰ ਫ਼ੁਰੂ, ਚਾਰ ਵਰਨ ਕਰੇ ਪੜ੍ਹਾਈਆ । ਆਤਮ ਪਰਮਾਤਮ ਸਿੱਧੀ ਇਕੇ ਨਾਲ ਜੁੜੂ, ਅਧ ਵਿਚ ਨਾ ਕੋਇ ਅਟਕਾਈਆ । ਸਾਚਾ ਭਗਤ ਮੰਜ਼ਲ ਚੜ੍ਹ ਨਾ ਪਿਛੇ ਮੁੜੂ, ਅਗੇ ਭੱਜੇ ਵਾਹੋ ਦਾਹੀਆ । ਗੋਬਿੰਦ ਕਹੇ ਮੈਂ ਉਨ੍ਹਾਂ ਨਾਲ ਤੁਰੂੰ, ਜੋ ਤੁਰਤ ਮੇਰਾ ਹੁਕਮ ਮੰਨ ਕੇ ਖ਼ੁਸ਼ੀ ਮਨਾਈਆ । ਲੂਣ ਵਾਂਗ ਕਦੇ ਨਾ ਖੁਰੂੰ, ਆਦਿ ਜੁਗਾਦਿ ਇਕੋ ਰੰਗ ਰੰਗਾਈਆ । ਸੂਮਾਂ ਵਾਂਗ ਕਦੇ ਨਾ ਝੁਰੂੰ, ਦਾਤਾ ਹੋ ਕੇ ਦੌਲਤਮੰਦ ਦਿਆਂ ਬਣਾਈਆ । ਜਗਤ ਵਹਿਣ ਕਦੇ ਨਾ ਰੁੜੂੰ, ਕੂੜੀ ਕਿਰਿਆ ਦਿਆਂ ਮਿਟਾਈਆ । ਅਗਨੀ ਅੱਗ ਕਦੇ ਨਾ ਸੜੂੰ, ਤਪਦਿਆਂ ਠੰਡੇ ਦਿਆਂ ਕਰਾਈਆ । ਤੀਰ ਤਲਵਾਰ ਨਾਲ ਕਦੇ ਨਾ ਲੜੂੰ, ਸ਼ਬਦੀ ਹੁਕਮ ਇਕ ਮਨਾਈਆ । ਜੁਗ ਜਨਮ ਦੇ ਵਿਛੜੇ ਗੁਰਮੁਖ ਸੱਜਣ ਫੜੂੰ, ਲੱਖ ਚੁਰਾਸੀ ਫੋਲ ਫੁਲਾਈਆ । ਉਨ੍ਹਾਂ ਦੀ ਅੰਦਰ ਮੰਦਰ ਮੰਜ਼ਲ ਚੜ੍ਹੂੰ,

ਸਚ ਸਿੰਘਾਸਣ ਬਹਿ ਬਹਿ ਡੇਰਾ ਲਾਈਆ । ਜੋ ਇਛਿਆ ਸੋ ਦੋ ਜਹਾਨ ਕਰੂੰ, ਸਲਾਹ ਲੈਣ ਦੀ ਲੋੜ ਰਹੇ ਨਾ ਰਾਈਆ । ਬ੍ਰਹਿਮੰਡ ਖੰਡ ਕਿਸੇ ਕੋਲੋਂ ਨਾ ਹਰੂੰ, ਹਾਰ ਜਿੱਤ ਆਪਣੀ ਆਪਣੇ ਹੱਥ ਰਖਾਈਆ । ਸਰਬ ਦਾ ਮਾਲਕ ਪ੍ਰਿਤਪਾਲਕ ਇਕੋ ਬਣੂ, ਬੇੜਾ ਆਪਣੇ ਕੰਧ ਉਠਾਈਆ । ਜਿਹੜੀ ਜ਼ਾਤ ਪਾਤ ਵੰਡ ਕੇ ਗਿਆ ਮਨੂ, ਮਨ ਵਿਚੋਂ ਵਾਸਨਾ ਦੇਣੀ ਗਵਾਈਆ । ਸਾਚੇ ਭਗਤ ਸੁਹੇਲੇ ਸ਼ਬਦੀ ਧਾਰ ਵਿਚੋਂ ਜਣੂੰ, ਬਣ ਕੇ ਧੁਰ ਦੀ ਜਣੇਂਦੀ ਮਾਈਆ । ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਡੰਨੂੰ, ਦੇਵਾਂ ਸਖ਼ਤ ਸਜ਼ਾਈਆ । ਨੇਤਰਹੀਣ ਗੁਰਮੁਖ ਰਹਿਣ ਨਹੀਂ ਦੇਣਾ ਅੰਨ੍ਹ, ਲੋਚਨ ਆਪਣਾ ਦੇਣਾ ਖੁਲ੍ਹਾਈਆ । ਗੜ੍ਹ ਹੰਕਾਰੀ ਭਾਂਡੇ ਸਭ ਦੇ ਭੰਨੂ, ਤੀਰ ਅਣਿਆਲਾ ਇਕ ਚਲਾਈਆ । ਸ੍ਰਿਸ਼ਟ ਸਬਾਈ ਓਸ ਵੇਲੇ ਗੁਰ ਸ਼ਬਦੀ ਸਚ ਮੰਨੂ, ਜਿਸ ਵੇਲੇ ਘਰ ਬਾਹਰ ਸਾਰੇ ਗਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੋਬਿੰਦ ਕਹੇ ਮੈਂ ਹੁਕਮ ਦਸਣਾ ਜਗਦੀਸ਼, ਜਗਦੀਸ਼ਰ ਰਿਹਾ ਜਣਾਈਆ । ਦੋ ਜਹਾਨਾਂ ਜਿਸ ਦੇ ਸੀਸ ਤੇ ਹੋਣਾ ਸੀਸ, ਸਿਰ ਵਿਚੋਂ ਸਿਰ ਨਜ਼ਰ ਕਿਸੇ ਨਾ ਆਈਆ । ਕਲਮਾ ਧੁਰ ਦਾ ਦੱਸੇ ਹਦੀਸ, ਹਜ਼ਰਤ ਇਕ ਪੜ੍ਹਾਈਆ । ਲੱਖ ਚੁਰਾਸੀ ਬਦਲ ਕੇ ਰੀਤ, ਨੀਤ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਗੋਬਿੰਦ ਕਹੇ ਮੇਰਾ ਅਖ਼ੀਰੀ ਕੰਢਾ ਅੰਤਮ ਵਾਟ, ਸਭ ਨੂੰ ਦਿਆਂ ਜਣਾਈਆ । ਜਿਸ ਵੇਲੇ ਵਕਤ ਸੁਹੌਣਾ ਗੋਦਾਵਰੀ ਕਿਨਾਰਾ ਤਾਟ, ਅਤੁਟ ਦਇਆ ਕਮਾਈਆ । ਇਕ ਸ਼ਬਦ ਸੰਦੇਸ਼ਾ ਦੇਣਾ ਪੁਰਖ ਸਮਰਾਥ, ਅਗੰਮ ਅਥਾਹ ਜਣਾਈਆ । ਧੁਰ ਦਾ ਅੰਮ੍ਰਿਤ ਲੈ ਕੇ ਹਾਥ, ਹਥੇਲੀ ਉਤੇ ਲੈਣਾ ਟਿਕਾਈਆ । ਰਵੀਦਾਸ ਦਾ ਰਵਿਆ ਹੋਇਆ ਗਲਾਸ, ਬੇਆਸ ਆਸ ਪੁਜਾਈਆ । ਲੇਖਾ ਦੇ ਪੁਰਖ ਅਬਿਨਾਸ਼, ਵਿਸ਼ਵਾਸ਼, ਸਭ ਦਾ ਦਏ ਧਰਾਈਆ । ਉਸ ਤੋਂ ਅਗੇ ਗੁਰਮੁਖ ਰਹੇ ਨਾ ਕੋਈ ਉਦਾਸ, ਨਿਰਾਸ਼ਾ ਰੂਪ ਨਾ ਕੋਇ ਵਟਾਈਆ । ਸਵਾਮੀ ਬਣ ਕੇ ਵਸਾਂ ਪਾਸ, ਅੰਤਰਜਾਮੀ ਹੋ ਕੇ ਵੇਖ ਵਖਾਈਆ । ਲੇਖੇ ਲਾ ਕੇ ਲੱਖ ਚੁਰਾਸੀ ਵਿਚੋਂ ਇਕ ਰਾਤ, ਜਮਾਤ ਭਗਤਾਂ ਦਿਆਂ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਬੇੜੇ ਚੜ੍ਹਾ ਕੇ ਰਾਥ ਰਥਵਾਹੀ ਬਣ ਕੇ ਧੁਰ ਦੀ ਸੇਵ ਕਮਾਈਆ ।



### ✳ ੩੨ ਹਾੜ ਸ਼ਹਿਨਸ਼ਾਹੀ ਸੰਮਤ ੧ ਮਹਿੰਦਰ ਸਿੰਘ, ਦਰਸ਼ਨ ਸਿੰਘ ਦੇ ਗ੍ਰਿਹ ਪਿੰਡ ਨਯਾਸ਼ਾਲਾ ਜ਼ਿਲਾ ਗੁਰਦਾਸਪੁਰ ✳

ਸਤਿਗੁਰ ਸ਼ਬਦ ਕਹੇ ਸ਼ਬਦੀ ਧਾਰ ਬਣਾਵਾਂ ਸਿਖ, ਤੱਤਾਂ ਵਿਚੋਂ ਤਤ ਮਿਟਾਈਆ । ਧੁਰ ਦਾ ਲੇਖਾ ਦੇਵਾਂ ਲਿਖ, ਜਿਸ ਸਕੇ ਨਾ ਕੋਇ ਮਿਟਾਈਆ । ਸਭ ਦਾ ਸਤਿਗੁਰ ਨਜ਼ਰੀ ਆਵਾਂ ਇਕ, ਦੂਜਾ ਇਸ਼ਟ ਨਾ ਕੋਇ ਵਖਾਈਆ । ਸਾਚੇ ਪ੍ਰੇਮ ਦੀ ਪ੍ਰੇਮੀਆਂ ਲਾਵਾਂ ਖਿਚ, ਅੰਤਰ ਅੰਤਰ ਦਿਆਂ ਹਿਲਾਈਆ । ਵਸੇਰਾ ਕਰਾਂ ਉਹਨਾਂ ਵਿਚ, ਜੋ ਵਿਚੋਂ ਕੂੜੀ ਕਿਰਿਆ ਗਏ ਕਢਾਈਆ । ਜਨਮ ਕਰਮ ਦੀ ਪੂਰੀ ਕਰਾਂ ਸਿਕ, ਸਿਖ਼ਰ ਚੋਟੀ ਚੜ੍ਹ ਕੇ ਵੇਖ ਵਖਾਈਆ । ਸਚ ਦਵਾਰੇ ਪਵਾਂ ਦਿਸ, ਘਰ ਮੰਦਰ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਖੇਲ ਦਏ ਬਦਲਾਈਆ । ਸਤਿਗੁਰ ਸ਼ਬਦ ਕਹੇ ਸ਼ਬਦੀ ਸਿਖ ਬਣੌਣਾ ਬੱਚਾ, ਰਕਤ ਬੂੰਦ ਨਾ ਕੋਇ ਵਡਿਆਈਆ । ਨਾਮ ਨਿਧਾਨ ਦੇ ਕੇ ਸੱਚਾ, ਸਚ ਸਚ ਨਾਲ ਮਿਲਾਈਆ । ਮੁਹੱਬਤ ਵਿਚ ਰਹਿਣ ਨਹੀਂ ਦੇਣਾ ਕੱਚਾ, ਕੂੜੀ ਗੰਢ ਨਾ ਕੋਇ ਵਖਾਈਆ । ਰੰਗ ਚਾੜ੍ਹ ਕੇ ਆਪਣਾ ਤੱਤਾਂ, ਤਤ ਇਕੋ ਦੇਣਾ ਵਖਾਈਆ । ਦਰਸ ਦਿਖਾ ਕੇ ਬਿਨਾ ਅੱਖਾਂ, ਅੱਖ ਆਪਣੇ ਨਾਲ ਮਿਲਾਈਆ । ਸਾਚੀ ਸਿਖਿਆ ਧੁਰ ਦੀ ਇਕੋ ਦੱਸਾਂ, ਦਰਸ਼ਨ ਜੋਤ ਸ਼ਬਦ ਸਮਾਈਆ । ਹਰਿ ਜੂ ਹੋ ਕੇ ਹਿਰਦੇ ਵਸਾਂ, ਹਾਰਦਿਕ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਮੈਂ ਗੁਰਸਿਖ ਸ਼ਬਦੀ ਬਣੌਣਾ ਚੇਲਾ, ਨਾਤਾ ਤਤ ਨਾ ਕੋਇ ਰਖਾਈਆ । ਬਿਨ ਮੰਦਰ ਮਸਜਿਦ ਸ਼ਿਵਦਵਾਲੇ ਮਠ ਹੁੰਦਾ ਰਹੇ ਮੇਲਾ, ਘਟ ਭੀਤਰ ਜੋੜ ਜੁੜਾਈਆ । ਸਵਾਮੀ ਬਣ ਕੇ ਸੱਜਣ ਸੁਹੇਲਾ, ਅੰਤਰਜਾਮੀ ਹੋ ਕੇ ਵੇਖ ਵਖਾਈਆ । ਧਾਮ ਆਪਣਾ ਦੱਸ ਨਵੇਲਾ, ਮੰਦਰ ਧੁਰ ਦਾ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿਗੁਰ ਸ਼ਬਦ ਕਹੇ ਗੁਰਮੁਖ ਸ਼ਬਦੀ ਧਾਰ ਵਿਚੋਂ ਲੈਣਾ ਕਢ, ਇਹੋ ਵਡੀ ਵਡਿਆਈਆ । ਸਚ ਪਿਆਰ ਪ੍ਰੇਮ ਪ੍ਰੀਤੀ ਵਿਚ ਲਡੌਣਾ ਲਡ, ਅੰਗੀਕਾਰ ਇਕ ਅਖਵਾਈਆ । ਧੁਰ ਦਾ ਨਗ਼ਮਾ ਸੁਣੌਣਾ ਛੰਦ, ਕਲਮਾ ਇਕ ਪੜ੍ਹਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਦੇਣਾ ਅਨੰਦ, ਰਸ ਧੁਰ ਦਾ ਦਏ ਵਖਾਈਆ । ਸਚ ਇਸ਼ਨਾਨ ਕਰੌਣਾ ਬਿਨ ਤੀਰਥ ਤਟ ਗੰਗ, ਦੁਰਮਤ ਮੈਲ ਧਵਾਈਆ । ਬਿਨ ਰੂਪ ਰੰਗ ਹੋਣਾ ਸੰਗ, ਅਨੁਭਵ ਆਪਣੀ ਖੇਲ ਵਖਾਈਆ । ਬਿਨ ਸੂਰਜ ਚੰਦ ਚਮਕੌਣਾ ਉਹ ਚੰਦ, ਜਿਸ ਦਾ ਪਖ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਗੁਰਮੁਖ ਬਣੌਣਾ ਸ਼ਬਦੀ ਮੁਰੀਦ, ਮੁਰਦਾ ਗੋਰ ਨਾ ਕੋਇ ਦਬਾਈਆ । ਡਾਕਟਰ ਬਣ ਕੇ ਧੁਰ ਦਾ ਤਬੀਬ, ਅੰਦਰੋਂ ਤਬੀਅਤ ਦੇਣੀ ਬਦਲਾਈਆ । ਸੱਜਣ ਮੀਤ ਮੁਰਾਰ ਬਣ ਹਬੀਬ, ਤਮੀਜ਼ ਇਕੋ ਦੇਣੀ ਦ੍ਰਿੜਾਈਆ । ਮਿਹਰ ਨਜ਼ਰ ਨਾਲ ਕਰ ਅਜ਼ੀਜ਼, ਸਿਰ ਆਪਣਾ ਹੱਥ ਟਿਕਾਈਆ । ਸਤਿ ਵਸਤ ਤੋਂ ਰਹਿਣ ਨਹੀਂ ਦੇਣਾ ਕੋਈ ਗ਼ਰੀਬ, ਵਸਤ ਅਮੋਲਕ ਝੋਲੀ ਪਾਈਆ । ਜੁਗ ਚੌਕੜੀ ਜੋ ਥੋੜ੍ਹੀ ਥੋੜ੍ਹੀ ਦੇਂਦਾ ਰਿਹਾ ਤਰਤੀਬ, ਹਿੱਸਿਆਂ ਵਿਚ ਵੰਡ ਵੰਡਾਈਆ । ਖਾਣੀ ਬਾਣੀ ਸ਼ਰਅ ਸ਼ਰੀਅਤ ਵੇਦ ਪੁਰਾਨਾਂ ਸੁਣੌਂਦਾ ਰਿਹਾ ਗੀਤ, ਢੋਲਾ ਧੁਰਦਰਗਾਹੀਆ । ਸੋ ਸਤਿਗੁਰ ਸਾਹਿਬ ਖੇਲ ਕਰੇ ਅਜੀਬ, ਅਜਬ ਨਿਰਾਲਾ ਵੇਸ ਵਟਾਈਆ । ਜਿਸ ਦੀ ਮੰਨਣੀ ਨਾ ਪਏ ਕੋਇ ਈਦ, ਬਕਰੀਦ ਰੂਪ ਨਾ ਕੋਇ ਵਟਾਈਆ । ਸਿੱਧੀ ਅੰਦਰੋਂ ਕਰ ਦਏ ਦੀਦ, ਅੱਖ ਅੱਖ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਤਿਗੁਰ ਸ਼ਬਦ ਕਹੇ ਮੈਂ ਗੁਰਸਿਖ ਸ਼ਬਦੀ ਬਣੌਣਾ ਸੰਤ, ਜਗਤ ਵਾਲੀ ਨਾ ਕੋਇ ਪੜ੍ਹਾਈਆ । ਭੇਵ ਵਾਲੀ ਨਹੀਂ ਕੋਈ ਬਣਤ, ਬਸਤਰ ਇਕੋ ਤਨ ਛੁਹਾਈਆ । ਧੁਰ ਸੁਹਾਗ ਮਿਲਾ ਕੇ ਕੰਤ, ਦੁਹਾਗਣ ਨਾਤਾ ਦੇਣਾ ਤੁੜਾਈਆ । ਨਾਮ ਇਕੋ ਦੇ ਕੇ ਮੰਤ, ਮੰਤਰ ਸਚ ਸਚ ਸਮਝਾਈਆ । ਜਿਸ ਦੇ ਸਹਾਰੇ ਲੱਖ ਚੁਰਾਸੀ ਜੀਵ ਜੰਤ, ਅੰਤਮ ਓਹੋ ਦੇਣਾ ਮਿਲਾਈਆ । ਜਿਸ ਨੂੰ ਸਰਬ ਕਹਿਣ ਬੇਅੰਤ, ਬੇਪਰਵਾਹ ਅਖਵਾਈਆ । ਜੋ ਆਦਿ ਜੁਗਾਦੀ ਬੋਧ ਅਗਾਧਾ ਪੰਡਤ, ਗੁਰ ਅਵਤਾਰਾਂ ਕਰੇ ਪੜ੍ਹਾਈਆ । ਜਿਸ ਦੀ ਬਦਲੀ ਵਿਚੋਂ ਬਦਲ ਕੇ ਆ ਗਿਆ ਸੰਮਤ, ਸਮਾਂ ਰਿਹਾ ਸਮਝਾਈਆ । ਜਿਸ ਦੇ ਦਰ

੯੬੩

ਤੇ ਸਾਰੇ ਕਰਦੇ ਮਿੰਨਤ, ਸਿਰ ਸਕੇ ਨਾ ਕੋਇ ਉਠਾਈਆ । ਸੋ ਗੁਰਮੁਖਾਂ ਮੇਟਣਹਾਰਾ ਚਿੰਤ, ਚਿੰਤਾ ਗ਼ਮ ਨਾ ਕੋਇ ਸਤਾਈਆ । ਮਨ ਵਾਸਨਾ ਰਹਿਣ ਨਾ ਦੇਵੇ ਇੱਲਤ, ਦਹਿ ਦਿਸ਼ਾ ਨਾ ਕੋਇ ਭੁਆਈਆ । ਆਪਣੇ ਮਿਲਣ ਦੀ ਆਪੇ ਦੇਵੇ ਹਿੰਮਤ, ਧੁਰ ਦਾ ਹੌਸਲਾ ਦਏ ਵਧਾਈਆ । ਗੁਰਮੁਖਾਂ ਸਤਿਗੁਰ ਸ਼ਬਦ ਪਾਵੇ ਕ਼ੀਮਤ, ਕਰਨੀ ਆਪ ਚੁਕਾਈਆ । ਇਹ ਖੇਲ ਵਖਰਾ ਗ਼ਨੀਮਤ, ਇਤਿਹਾਸ ਸਕੇ ਨਾ ਕੋਇ ਸਮਝਾਈਆ । ਲੇਖਾ ਸਮਝੇ ਨਾ ਕੋਇ ਤੁਰੀਆ ਤਰੀਮਤ, ਤਾਰ ਸਤਾਰ ਨਾ ਕੋਇ ਦ੍ਰਿੜਾਈਆ । ਭੇਵ ਜਾਣੇ ਨਾ ਕੋਇ ਜ਼ੇਬੋ ਜ਼ੀਨਤ, ਸ਼ਾਹ ਸ਼ਹਾਨ ਨਾ ਕੋਇ ਜਣਾਈਆ । ਆਲਮੀਨ ਲੇਖਾ ਸਮਝਾ ਨਾ ਕੋਇ ਅਮੀਨਤ, ਇਲਮ ਉਲਮਾ ਨਾ ਕੋਇ ਵਡਿਆਈਆ । ਧਾਰ ਜਾਣੇ ਨਾ ਮਜ਼੍ਹਬ ਦੀਨਤ, ਦੀਨ ਦੁਨੀ ਨਾ ਕੋਇ ਵਖਾਈਆ । ਭੇਵ ਰਹੇ ਨਾ ਜਲ ਮੀਨਤ, ਚੰਦ ਚਕੋਰ ਨਾ ਕੋਇ ਸਲਾਹੀਆ । ਇਹ ਖੇਲ ਨਵਾਂ ਨਵੀਨਤ, ਨਵ ਨੌ ਚਾਰ ਰਾਹ ਤਕਾਈਆ । ਸਤਿਗੁਰ ਸ਼ਬਦ ਕਹੇ ਗੁਰਮੁਖ ਦੋ ਜਹਾਨ ਕਦੇ ਨਾ ਆਵੇ ਹੀਨਤ, ਲਾਨਤ ਸਕੇ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੰਮ ਕਰੇ ਨਾ ਕੋਇ ਕਮੀਨਤ, ਪਾਤਸ਼ਾਹ ਹੋ ਕੇ ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ ।



### ✻ ੩੨ ਹਾੜ ਸ਼ਹਿਨਸ਼ਾਹੀ ਸੰਮਤ ੧ ਨੁਸ਼ਹਿਰਾ ਮਜਾ ਸਿੰਘ ਸੰਤ ਹਰਨਾਮ ਸਿੰਘ ਦੇ ਡੇਰੇ ਜ਼ਿਲਾ ਗੁਰਦਾਸਪੁਰ ✻

੯੯੪

ਸਬਬ ਨਾਲ ਜੋ ਮਿਲਿਆ ਨਾਲ, ਅੰਤਰ ਆਤਮ ਪ੍ਰੇਮ ਵਧਾਈਆ । ਸਾਹਿਬ ਸਤਿਗੁਰ ਨਦਰ ਨਿਹਾਲ, ਨੇਤਰ ਲੋਚਨ ਨੈਣ ਨਿਜ ਦਏ ਖੁਲ੍ਹਾਈਆ । ਨਾਤਾ ਤੋੜ ਕੇ ਕੂੜਾ ਪੰਜ ਤੱਤ ਤ੍ਰੈਗੁਣ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਹਰਿ ਠਾਕਰ ਸਵਾਮੀ ਦਏ ਮਿਲਾਈਆ । ਅੱਠੇ ਪਹਿਰ ਦਿਵਸ ਰੈਣ ਘੜੀ ਪਲ ਸ਼ਬਦੀ ਧੁਨ ਵੱਜੇ ਤਾਲ, ਅਨਹਦ ਨਾਦੀ ਨਾਦ ਸੁਣਾਈਆ । ਦਾਤਾ ਹੋ ਕੇ ਦੀਨ ਦਿਆਲ, ਦੀਨਾਂ ਅਨਾਥਾਂ ਆਪਣੇ ਗਲੇ ਲਗਾਈਆ । ਅੰਦਰ ਬਾਹਰ ਗੁਪਤ ਜ਼ਾਹਰ ਕਰੇ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਸਵੱਛ ਸਰੂਪੀ ਸੋਵਤ ਜਾਗਤ ਦਰਸ ਦਏ ਦਿਖਾਲ, ਜਾਗਰਤ ਤੁਰੀਆ ਆਪਣਾ ਰੰਗ ਰੰਗਾਈਆ । ਜਿਸ ਸਤਿਗੁਰ ਦੀ ਕਰਦੇ ਭਾਲ, ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤ ਸਰੂਪੀ ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਖੇੜਾ ਵੇਖੇ ਘਰ, ਸਾਢੇ ਤਿੰਨ ਹੱਥ ਖੋਜ ਖੁਜਾਈਆ । ਸਬਬ ਨਾਲ ਹੋਇਆ ਮਿਲਾਪ, ਵੇਲਾ ਵਕ਼ਤ ਦਏ ਗਵਾਹੀਆ । ਅੰਤਰ ਉਪਜੇ ਇਕੋ ਜਾਪ, ਅਜਪਾ ਰੂਪ ਵਟਾਈਆ । ਕੂੜੀ ਕਿਰਿਆ ਮਿਟ ਜਾਏ ਸੰਤਾਪ, ਸੰਸਾ ਰੋਗ ਰਹੇ ਨਾ ਰਾਈਆ । ਪੂਰਬ ਜਨਮ ਦਾ ਰਹੇ ਨਾ ਪਾਪ, ਦੁਰਮਤ ਮੈਲ ਦੇਵੇ ਧਵਾਈਆ । ਆਤਮ ਪਰਮਾਤਮ ਇਕੋ ਰੰਗ ਰੰਗੇ ਆਪ, ਕੁਸੰਬੜਾ ਰੂਪ ਨਾ ਕੋਇ ਵਟਾਈਆ । ਸਤਿਗੁਰ ਗੁਰਸਿਖ ਧੁਰ ਦਾ ਨਾਤਾ ਜਿਉਂ ਪਿਤਾ ਪੂਤ ਬਾਪ, ਸਾਚਾ ਨਾਤਾ ਇਕ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲੇਖੇ ਵਿਚ ਰਖਾਈਆ । ਸਬਬ ਨਾਲ ਹੋਇਆ ਜੋੜ, ਅੰਦਰ ਵੱਜੇ ਨਾਮ ਵਧਾਈਆ । ਸਤਿਗੁਰ ਪ੍ਰੀਤੀ ਲੱਗੀ ਨਿਭੇ ਤੋੜ, ਜਗਤ ਵਿਚ ਨਾ ਕੋਇ ਤੁੜਾਈਆ । ਪੰਚ ਵਿਕਾਰਾਂ ਦੇਵੇ ਹੋੜ,

ਕਾਮ ਕਰੋਧ ਲੋਭ ਮੋਹ ਹੰਕਾਰ ਡੇਰਾ ਢਾਹੀਆ । ਹਉਮੇ ਹੰਗਤਾ ਕਢੇ ਰੋਗ, ਹੰ ਬ੍ਰਹਮ ਇਕ ਦ੍ਰਿੜਾਈਆ । ਆਤਮ ਪਰਮਾਤਮ ਹੋਵੇ ਧੁਰ ਸੰਜੋਗ, ਸ਼ਬਦੀ ਗੁਰ ਮੇਲਾ ਸਹਿਜ ਸੁਭਾਈਆ । ਜਿਸ ਸਤਿਗੁਰ ਦੀ ਸਾਚੀ ਰਖੀ ਓਟ, ਉਹ ਸਤਿਗੁਰ ਸਮਰਥ ਜਿਸ ਦੀ ਮਹਿੰਮਾ ਅਕਥ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਰਾਗਾਂ ਨਾਦਾਂ ਵਿਚ ਢੋਲੇ ਰਹੀ ਗਾਈਆ । ਸੋ ਪੁਰਖ ਅਕਾਲ ਦੀਨ ਦਿਆਲ ਅਬਿਨਾਸ਼ੀ ਕਰਤਾ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਹਿਰਦੇ ਜਾਏ ਵਸ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸ਼ਬਦ ਅਣਿਆਲਾ ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟੀ ਚੀਰ ਵਖਾਈਆ । ਅੰਦਰੋਂ ਖੋਲ੍ਹ ਕੇ ਨਿਜ ਨੈਣ ਅੱਖ, ਪਰਤਖ ਨਜ਼ਰੀ ਆਈਆ । ਅਗੇ ਖ਼ਾਲੀ ਰਹਿਣ ਨਾ ਹੱਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਏਕ ਆਦਿ ਜੁਗਾਦੀ ਜੁਗ ਚੌਕੜੀ ਸਭ ਨੂੰ ਦੇਵੇ ਟੇਕ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸਭ ਦਾ ਹੋਏ ਸਹਾਈਆ ।

### ❊ ੩੨ ਹਾੜ ਸ਼ਹਿਨਸ਼ਾਹੀ ਸੰਮਤ ੧ ਅਜੀਤ ਸਿੰਘ ਦੇ ਘਰ ਤੋਤੀ ਵਾਲਾ ਖੂਹ ਬਟਾਲਾ ❊

ਗੁਰਸਿਖ ਕਹੇ ਮੇਰਾ ਮੇਲਾ ਸ਼ਬਦ ਗੁਰਦੇਵ, ਜੋ ਗੱਦੀਆਂ ਤੋਂ ਬਾਹਰ ਡੇਰਾ ਲਾਈਆ । ਜਿਸ ਦੀ ਸਦਾ ਸਦਾ ਸਦ ਸੱਚੀ ਕਰਾਂ ਸੇਵ, ਸੇਵਕ ਆਪਣਾ ਰੂਪ ਧਰਾਈਆ । ਜੋ ਵਸੇ ਧਾਮ ਨਿਹਚਲ ਨਿਹਕੇਵ, ਸਚ ਸਿੰਘਾਸਣ ਡੇਰਾ ਲਾਈਆ । ਜਿਸ ਦੇ ਕੋਲ ਅਗੰਮੜਾ ਭੇਵ, ਭੇਦ ਆਪਣੇ ਵਿਚ ਛੁਪਾਈਆ । ਜਿਸ ਦੀ ਮਹਿੰਮਾ ਕਰ ਨਾ ਸਕੇ ਰਸਨਾ ਜਿਹਵ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਇਕ ਜਣਾਈਆ । ਗੁਰਸਿਖ ਕਹੇ ਮੈਂ ਸਤਿਗੁਰ ਸ਼ਬਦ ਲੱਭਣਾ ਸਵਾਮੀ, ਸਮਾਂ ਸਚ ਰਿਹਾ ਦ੍ਰਿੜਾਈਆ । ਜੋ ਅੰਤਰ ਦਾ ਹੋਵੇ ਅੰਤਰਜਾਮੀ, ਘਟ ਭੀਤਰ ਵੇਖ ਵਖਾਈਆ । ਜੋ ਅਗੰਮੀ ਸੁਣਾਵੇ ਬਾਣੀ, ਨਾਮ ਨਿਧਾਨਾ ਇਕ ਜਣਾਈਆ । ਜੋ ਬਿਨ ਸਰੋਵਰ ਪਿਆਵੇ ਠੰਡਾ ਪਾਣੀ, ਅੰਮ੍ਰਿਤ ਰਸ ਚਖਾਈਆ । ਜੋ ਗੇੜਾ ਚੁਕਾਵੇ ਚਾਰੇ ਖਾਣੀ, ਜੂਨੀਆਂ ਵਿਚੋਂ ਬਾਹਰ ਕਢਾਈਆ । ਜੋ ਮਹਿੰਮਾ ਦ੍ਰਿੜਾਵੇ ਅਕਥ ਕਹਾਣੀ, ਧੁਰ ਦੀ ਧਾਰ ਰਾਗ ਪਰਗਟਾਈਆ । ਜਿਸ ਨੂੰ ਮਿਲ ਕੇ ਆਤਮਾ ਬਣੇ ਸੁਘੜ ਸੁਚੱਜੀ ਰਾਣੀ, ਮਹਲ ਅਟਲ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਵੇ ਮਾਣ ਵਡਿਆਈਆ । ਗੁਰਸਿਖ ਕਹੇ ਮੈਂ ਸਤਿਗੁਰ ਸ਼ਬਦ ਲੱਭਣਾ ਜਗ, ਜੋ ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦੀ ਆਰ ਪਾਰ ਆਪਣੀ ਇਕੋ ਹਦ, ਦੂਜੀ ਵੰਡ ਨਾ ਕੋਇ ਵੰਡਾਈਆ । ਜੋ ਜੁਗ ਚੌਕੜੀ ਨਿਰਗੁਣ ਸਰਗੁਣ ਹੋ ਕੇ ਪਰਗਟ, ਰੂਪ ਅਨੂਪਾ ਰੂਪ ਵਟਾਈਆ । ਜੋ ਨਿਤ ਨਵਿਤ ਖੋਲ੍ਹੇ ਹੱਟ, ਨਾਮ ਭੰਡਾਰਾ ਸਚ ਵਰਤਾਈਆ । ਜੋ ਨੇਤਰ ਲੋਚਨ ਨੈਣ ਖੋਲ੍ਹੇ ਅੱਖ, ਪਰਤਖ ਨਜ਼ਰੀ ਆਈਆ । ਜੋ ਸਤਿ ਸਤਿਵਾਦ ਦੱਸੇ ਸਚ, ਸਾਚੀ ਸਿਖਿਆ ਇਕ ਪੜ੍ਹਾਈਆ । ਜੋ ਬਿਨ ਰਸਨਾ ਜਿਹਵਾ ਬੱਤੀ ਦੰਦ ਜਾਏ ਹਸ, ਹਸਤੀ ਆਪਣੀ ਵਿਚ ਮਿਲਾਈਆ । ਜੋ ਹਿਰਦੇ ਅੰਦਰ ਆਤਮ ਹੋ ਕੇ ਜਾਏ ਵਸ, ਵਸਲ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਮੇਲਾ ਸਹਿਜ ਸੁਭਾਈਆ । ਗੁਰਸਿਖ


੯੯੫

੯੯੬

ਕਹੇ ਮੈਂ ਸਤਿਗੁਰ ਸ਼ਬਦ ਲੱਭਣਾ ਮਾਤਲੋਕ, ਦਹਿ ਦਿਸ਼ਾ ਖੋਜ ਖੁਜਾਈਆ । ਜੋ ਸੁਣਾਵੇ ਸਚ ਸਲੋਕ, ਇਕੋ ਰਾਗ ਅਲਾਈਆ । ਜੋ ਜਗਾਵੇ ਨਿਰਮਲ ਜੋਤ, ਜੋਤੀ ਜੋਤ ਡਗਮਗਾਈਆ । ਜੋ ਮੰਦਰ ਅੰਦਰ ਕਰੇ ਖੋਜ, ਪੂਰਬ ਲਹਿਣਾ ਵੇਖ ਵਖਾਈਆ । ਜੋ ਨੇਤਰ ਖੋਲ੍ਹੇ ਲੋਚਣ ਲੋਚ, ਪਰਦਾ ਦਏ ਚੁਕਾਈਆ । ਨਾਮ ਖ਼ੁਮਾਰੀ ਦੇ ਕਰੇ ਮਦਹੋਸ਼, ਮਦਿਰਾ ਜਾਮ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਰੰਗਾਈਆ । ਗੁਰਸਿਖ ਕਹੇ ਮੈਂ ਸਤਿਗੁਰ ਸ਼ਬਦ ਨਾਲ ਜੁੜਨਾ, ਜੋੜੀ ਇਕੋ ਨਾਲ ਬਣਾਈਆ । ਸਾਚੇ ਮਾਰਗ ਉਤੇ ਤੁਰਨਾ, ਜੋ ਤੁਰਤ ਦੇਵੇ ਸਮਝਾਈਆ । ਮਨ ਵਾਸਨਾ ਬੰਦ ਕਰਨਾ ਫੁਰਨਾ, ਸ਼ਬਦੀ ਸ਼ਬਦ ਵੱਜੇ ਵਧਾਈਆ । ਆਪਣੀ ਮੰਜ਼ਲ ਕੋਲੋਂ ਨਹੀਂ ਮੁੜਨਾ, ਭੱਜਣਾ ਵਾਹੋ ਦਾਹੀਆ । ਮਾਇਆ ਮਮਤਾ ਵਿਚ ਨਹੀਂ ਰੁਲਣਾ, ਕੂੜੀ ਕਿਰਿਆ ਨਾ ਕੋਇ ਫਸਾਈਆ । ਬਿਨ ਅੰਮ੍ਰਿਤ ਫਲ ਨਹੀਂ ਹੁਲਣਾ, ਸਿੰਮਲ ਰੂਪ ਨਾ ਕੋਇ ਧਰਾਈਆ । ਬਹੁਤਿਆਂ ਅੱਖਰਾਂ ਵਾਲਾ ਨਹੀਂ ਪੜ੍ਹਨਾ ਜੁਮਲਾ, ਇਕੋ ਢੋਲਾ ਲੈਣਾ ਗਾਈਆ । ਭੇਵ ਖੁਲ੍ਹੌਣਾ ਆਦਿ ਮੁਢਲਾ, ਕ਼ਦੀਮ ਦਏ ਜਣਾਈਆ । ਅੰਦਰ ਰਹੇ ਕੋਈ ਨਾ ਗੁੰਝਲਾ, ਗੁਝੀ ਰਮਜ਼ ਦਏ ਲਗਾਈਆ । ਗਿਣਨਾ ਪਏ ਨਾ ਉਤੇ ਉਂਗਲਾਂ, ਸਾਚਾ ਹਿੰਦਸਾ ਦਏ ਸਮਝਾਈਆ । ਰਲਨਾ ਪਏ ਨਾ ਵਿਚ ਚੁਗਲਾਂ, ਚੁਗਲੀ ਨਿੰਦਿਆ ਦੋਵੇਂ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰਸਿਖ ਕਹੇ ਮੈਂ ਸਤਿਗੁਰ ਲੱਭਣਾ ਸ਼ਬਦੀ ਮੀਤ, ਜੋ ਸ਼ਰਅ ਦਏ ਬਦਲਾਈਆ । ਜਿਸ ਦੇ ਹੱਥ ਸਾਚੀ ਰੀਤ, ਰੀਤੀਵਾਨ ਵਡੀ ਵਡਿਆਈਆ । ਜੋ ਝਗੜਾ ਮਿਟਾ ਦਏ ਮੰਦਰ ਮਸੀਤ, ਕਾਅਬਿਆਂ ਦਾ ਡੇਰਾ ਢਾਹੀਆ । ਤ੍ਰੈਗੁਣ ਮਾਇਆ ਕਰ ਅਤੀਤ, ਤ੍ਰੈਲੋਕੀ ਲੇਖਾ ਦਏ ਚੁਕਾਈਆ । ਤਨ ਮਾਟੀ ਖ਼ਾਕੀ ਕਰ ਕੇ ਠਾਂਡੀ ਸੀਤ, ਅਗਨੀ ਤਤ ਦਏ ਬੁਝਾਈਆ । ਚਰਨ ਪ੍ਰੀਤੀ ਦੇ ਇਕੋ ਰੰਗ ਵਖਾਏ ਊਚ ਨੀਚ, ਰੰਕ ਰਾਜਾਨ ਨਾ ਕੋਇ ਜਣਾਈਆ । ਆਤਮ ਪਰਮਾਤਮ ਦੱਸੇ ਗੀਤ, ਢੋਲਾ ਗਹਿਰ ਗੰਭੀਰ ਗੁਸਾਈਆ । ਜਿਸ ਦੀ ਬਿਨ ਪੁਰਖ ਅਕਾਲ ਦੂਜਾ ਕਰ ਨਾ ਸਕੇ ਤਸਦੀਕ਼, ਸਮਝ ਇਕ ਨਾ ਕੋਇ ਸਮਝਾਈਆ । ਜੋ ਇਕੋ ਇਕ ਕਰੇ ਤਬਲੀਗ਼, ਤਬਾ ਦਏ ਬਦਲਾਈਆ । ਪਿਛਲੀ ਕਰਨੀ ਉਤੇ ਮਾਰੇ ਲੀਕ, ਅਗੇ ਆਪਣਾ ਰੰਗ ਰੰਗਾਈਆ । ਉਹ ਓਸ ਦੇ ਵਿਚ ਹੋਵੇ ਸਚ ਤੌਫ਼ੀਕ਼, ਜਗਤ ਵਿਕਾਰ ਤੋਬਾ ਤੋਬਾ ਕਰ ਕੇ ਦੇਣ ਦੁਹਾਈਆ । ਉਹ ਸਚਖੰਡ ਦਾ ਹੋਵੇ ਵਸਨੀਕ, ਮੁਕਾਮੇ ਹਕ ਦਾ ਮਾਲਕ ਨਜ਼ਰੀ ਆਈਆ । ਦੂਰ ਦੁਰਾਡਾ ਨਜ਼ਰੀਂ ਆਵੇ ਨਜ਼ਦੀਕ, ਨੇਰਨ ਨੇਰਾ ਡੇਰਾ ਲਾਈਆ । ਗੁਰਸਿਖ ਕਹੇ ਓਸ ਸਤਿਗੁਰ ਸ਼ਬਦ ਨਾਲ ਕਰਨੀ ਪ੍ਰੀਤ, ਜੋ ਪ੍ਰੀਤਮ ਪਰਤਾਪ ਵਿਚ ਪਰਤ ਪਰਤ ਆਪਣਾ ਵੇਸ ਵਟਾਈਆ ।

### ❊ ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਮਿਲਣ ਵਿਛੜਨ ਦਾ ਚੁਕ ਗਿਆ ਝਗੜਾ, ਜਗਤ ਜੁਗ ਵਾਲੀ ਨਾ ਕੋਇ ਜੁਦਾਈਆ । ਮਾਰਗ ਇਕੋ ਰਹਿ ਗਿਆ ਅਗਲਾ, ਪਿਛਲਾ ਪੰਧ ਮੁਕਾਈਆ । ਚਰਨ ਪ੍ਰੀਤੀ ਨਾਤਾ ਜੁੜ ਗਿਆ ਸਗਲਾ, ਧੁਰ ਦਾ ਸੰਗ ਬਣਾਈਆ । ਸਚ ਦਵਾਰਾ ਜਿਨ੍ਹਾਂ ਬਖ਼ਸ਼ਿਆ ਬੰਗਲਾ, ਗੁਰਮੁਖ

ਹੰਸ ਬੈਠੇ ਸੋਭਾ ਪਾਈਆ । ਸਚ ਪ੍ਰੇਮ ਤੋਂ ਰਹੇ ਕੋਇ ਨਾ ਕੰਗਲਾ, ਪ੍ਰੇਮ ਭੰਡਾਰਾ ਦਏ ਭਰਾਈਆ । ਫਿਰਨਾ ਪਏ ਨਾ ਕਿਸੇ ਜੰਗਲਾਂ, ਜੂਹਾਂ ਵਿਚ ਨਾ ਕੋਇ ਭਵਾਈਆ । ਸਦਾ ਵਖਾਵੇ ਚਾਰ ਮੰਗਲਾ, ਵਜਦੀ ਰਹੇ ਵਧਾਈਆ । ਭੁਲੇਖਾ ਰਹੇ ਨਾ ਕੋਈ ਧੁੰਦਲਾ, ਸਚ ਪਰਕਾਸ਼ ਦਏ ਸਮਝਾਈਆ । ਅੰਦਰ ਰਹੇ ਕੋਈ ਨਾ ਗੁੰਝਲਾ, ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਵਿਛੋੜਾ ਕਹੇ ਮੈਂ ਭਗਤ ਦਵਾਰ ਨਹੀਂ ਰਹਿਣਾ, ਆਪਣਾ ਆਪ ਜਾਣਾ ਛੁਪਾਈਆ । ਮੇਲ ਕਹੇ ਮੈਂ ਇਸੇ ਦਰ ਤੇ ਬਹਿਣਾ, ਆਪਣਾ ਆਸਣ ਲਾਈਆ । ਵਿਛੋੜਾ ਕਹੇ ਮੈਂ ਇਕੋ ਵਾਰ ਭਗਤਾਂ ਕਹਿਣਾ, ਧੁਰ ਦਾ ਹੁਕਮ ਦੇਣਾ ਸੁਣਾਈਆ । ਮੇਲ ਕਹੇ ਮੈਂ ਉਹਨਾਂ ਦੇ ਦਰਸ਼ਨ ਕਰਨਾ ਨੈਣਾਂ, ਜੋ ਨੈਣ ਸਤਿਗੁਰ ਭੇਟ ਚੜ੍ਹਾਈਆ । ਵਿਛੋੜਾ ਕਹੇ ਮੈਂ ਜਾਂਦੀ ਵਾਰ ਗੁਰਮੁਖਾਂ ਦੇ ਚਰਨੀ ਢਹਿਣਾ, ਢਹਿ ਕੇ ਸੀਸ ਨਿਵਾਈਆ । ਮੇਲ ਕਹੇ ਮੈਂ ਇਹਨਾਂ ਦੇ ਅੰਦਰ ਵੜ ਕੇ ਬਹਿਣਾ, ਅੰਦਰ ਵੜ ਕੇ ਆਸਣ ਲੈਣਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮੇਲ ਵਿਛੋੜਾ ਕਹੇ ਜੁਗ ਚੌਕੜੀ ਰਹੇ ਵਿਛੜੇ, ਮਿਲਾਪ ਆਪ ਨਾ ਕੋਈ ਕਰਾਈਆ । ਮਾਰਗ ਫਿਰਦੇ ਰਹੇ ਬਿਖੜੇ, ਸਾਚੇ ਰਾਹ ਨਾ ਕੋਇ ਚਲਾਈਆ । ਭਗਤ ਭਗਵਾਨ ਕੋਲੋਂ ਰਹੇ ਨਿਖੜੇ, ਫੜ ਬਾਹੋਂ ਉਹਨਾਂ ਗਲੇ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫਿਰਦੇ ਰਹੇ ਕਿਧਰੇ, ਚਾਰੋਂ ਕੁੰਟ ਵਾਹੋ ਦਾਹੀਆ । ਲਹਿਣਾ ਦੇਣਾ ਸਭ ਦਾ ਇਕੋ ਥਾਂ ਮੂਲ ਨਾ ਨਿਕਲੇ, ਲੇਖਾ ਝੋਲੀ ਨਾ ਕੋਇ ਪਾਈਆ । ਚੋਟੀ ਚੜ੍ਹਿਆ ਕੋਈ ਨਾ ਸ਼ਿਖ਼ਰੇ, ਮੰਜ਼ਲ ਹਕ ਨਾ ਕੋਇ ਪਹੁੰਚਾਈਆ । ਧੁਰ ਦਾ ਮਿਲਿਆ ਨਾ ਮੀਤ ਮਿਤਰੇ, ਪ੍ਰੀਤੀ ਪ੍ਰੇਮ ਨਾ ਕੋਇ ਵਧਾਈਆ । ਆਤਮ ਸੇਜਾ ਖ਼ਾਲੀ ਸੁਤੇ ਰਹੇ ਬਿਸਤਰੇ, ਸੁਹੰਜਣਾ ਰੰਗ ਨਾ ਕੋਇ ਰੰਗਾਈਆ । ਪਤਾ ਨਹੀਂ ਹੁਣ ਮਿਲ ਗਿਆ ਕਿਸ ਤਰ੍ਹੇ, ਕ਼ਿਸਮਤ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਮੇਲ ਵਿਛੋੜਾ ਕਹੇ ਗੁਰਮੁਖੋ ਦੇਵਾਂ ਸਚ ਸੁਣਾ, ਸਹਿਜ ਸੁਭਾਓ ਦ੍ਰਿੜ੍ਹਾਈਆ । ਵਿਛੋੜੇ ਦਾ ਅਗੇ ਲੈਣਾ ਕਿਸੇ ਨਾ ਨਾਂ, ਨਾਂਵਾਂ ਇਕੋ ਵਾਰ ਦਿਤਾ ਕਟਾਈਆ । ਜਿਨ੍ਹਾਂ ਦਾ ਮੇਲਾ ਲਿਆ ਮਿਲਾ, ਮਿਲੀ ਸਚ ਦਰ ਸੱਚੀ ਵਡਿਆਈਆ । ਪੂਰਬ ਲੇਖਾ ਦਿਤਾ ਚੁਕਾ, ਅਗਲਾ ਪੰਧ ਮੁਕਾਈਆ । ਸਾਵਣ ਸ਼ਹਾਦਤ ਦਵੇ ਗਵਾਹ, ਨਿਉਂ ਕੇ ਸੀਸ ਝੁਕਾਈਆ । ਮੇਘਲਾ ਵਰਸੇ ਵਾਹੋ ਦਾਹ, ਬੂੰਦਾ ਬਾਂਦੀ ਆਪਣੀ ਰਿਹਾ ਟਪਕਾਈਆ । ਜਿਨ੍ਹਾਂ ਨੂੰ ਬੱਚੇ ਲਿਆ ਬਣਾ, ਉਹਨਾਂ ਦਾ ਬਚਪਨ ਆਪਣੀ ਗੋਦੀ ਵਿਚ ਰਖਾਈਆ । ਬਖ਼ਸ਼ਿਸ਼ ਕਰ ਕੇ ਜਨਮ ਜਨਮ ਦੇ ਬਖ਼ਸ਼ ਦਿਤੇ ਗੁਨਾਹ, ਗਹਿਰ ਗੰਭੀਰ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡਿਆਈ ਦੇਵੇ ਤੁਹਾਡੀ ਓਸ ਬੁੱਢੀ ਮਾਂ, ਜੋ ਦੁਧੀ ਧਾਰ ਸਭ ਦੇ ਮੁਖ ਚੁਆਈਆ ।



੯੯੭

ਰੀ ਸਖ਼ੀ ਸੁਣ ਸਾਵਣ ਆਇਆ, ਸਖ਼ਾਵਤ ਲੈ ਕੇ ਧੁਰਦਰਗਾਹੀਆ । ਰੀ ਸਖ਼ੀ ਪਤਿਤ ਪਾਵਨ ਆਇਆ, ਪਤਿਤ ਉਧਾਰੀ ਬੇਪਰਵਾਹੀਆ । ਰੀ ਸਖ਼ੀ ਭੇਖਾਧਾਰੀ ਬਾਵਨ ਆਇਆ, ਪਰਦੇ ਉਹਲੇ ਅੰਦਰ ਵੇਖ ਵਖਾਈਆ । ਰੀ ਸਖ਼ੀ ਵੇਖ ਰਾਮਨ ਆਇਆ, ਰਮਈਆ ਹੋ ਕੇ ਖੇਲ ਖਿਲਾਈਆ । ਰੀ ਸਖ਼ੀ ਵੇਖ ਸੁੰਦਰ ਸਾਵਲ ਆਇਆ, ਮੁਕੰਦ ਮਨੋਹਰ ਆਪਣਾ ਵੇਸ ਵਟਾਈਆ । ਰੀ ਸਖ਼ੀ ਅਨੰਦ ਮਾਨਣ ਆਇਆ, ਗਹਿਰ ਗੰਭੀਰ ਫੇਰਾ

ਪਾਈਆ । ਰੀ ਸਖ਼ੀ ਧੁਰ ਦਾ ਮੇਲ ਮਿਲਾਵਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵੇਖ ਸਖ਼ੀ ਉਹ ਸਈਆ ਕਾਹਨ, ਮਨਮੋਹਣੀ ਰੂਪ ਵਟਾਈਆ । ਜਿਸ ਨੂੰ ਘਨਈਏ ਕੋਟਾਂ ਗਾਣ, ਰਾਮ ਸੀਸ ਝੁਕਾਈਆ । ਜਿਸ ਨੂੰ ਕੋਟਨ ਰਾਧਾ ਕਰਨ ਪਰਨਾਮ, ਬੈਠੀਆਂ ਸੀਸ ਝੁਕਾਈਆ । ਜਿਸ ਦੇ ਕ਼ਦਮ ਚੁੰਮਣ ਕੋਟਨ ਸ਼ਾਮ, ਬੰਸਰੀਆਂ ਵਾਲੀ ਧੁਨ ਅਲਾਈਆ । ਜਿਸ ਨੂੰ ਲਭਦੇ ਵਿਚੋਂ ਬੀਆਬਾਨ, ਬਿੰਦਰਾ ਗੋਕਲ ਦਏ ਦੁਹਾਈਆ । ਰੀ ਸਖ਼ੀ ਉਹ ਆ ਗਿਆ ਕਾਹਨ, ਜਿਸ ਦਾ ਨਿਸ਼ਾਨ ਨਜ਼ਰ ਕਿਸੇ ਨਾ ਆਈਆ । ਜਿਸ ਦੇ ਕੋਲ ਆਦਿ ਜੁਗਾਦੀ ਆਰਾਮ, ਸੁਖ ਸਾਂਤ ਇਕ ਵਖਾਈਆ । ਜਿਸ ਦੇ ਉਤੇ ਸਭ ਨੂੰ ਮਾਣ, ਅਭਿਮਾਨ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਰੀ ਸਖ਼ੀ ਉਠ ਵੇਖ ਘਨਈਆ, ਗਹਿਰ ਗੰਭੀਰ ਫੇਰਾ ਪਾਈਆ । ਰੀ ਸਖ਼ੀ ਉਹ ਤੇਰੀ ਪਕੜੇ ਬਹੀਆ, ਆਪ ਆਪਣੇ ਅੰਗ ਲਗਾਈਆ । ਰੀ ਸਖ਼ੀ ਸਚ ਚੜ੍ਹਾਏ ਧੁਰ ਦੀ ਨਈਆ, ਨੌਕਾ ਇਕੋ ਇਕ ਵਖਾਈਆ । ਰੀ ਸਖ਼ੀ ਉਹ ਮਾਲਕ ਧੁਰ ਦਾ ਸਈਆ, ਸਾਹਿਬ ਸੁਲਤਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਰਿਹਾ ਵਖਾਈਆ । ਨੀ ਸਖ਼ੀ ਕੀ ਸਾਜਣ ਕਹਿੰਦਾ, ਕਹਿ ਕੇ ਗਿਆ ਸੁਣਾਈਆ । ਤੂੰ ਸੰਭਲ ਨਾ ਸਕੀ ਆਪਣਾ ਲਹਿੰਗਾ, ਅੰਗੀ ਅੰਗ ਨਾ ਕੋਇ ਛੁਹਾਈਆ । ਕਮਲੀਏ ਤੈਨੂੰ ਨਹੀਂ ਪਤਾ ਕਿਹੜੇ ਵੇਲੇ ਸਿੰਘਾਸਣ ਤੇਰੀ ਸੇਜਾ ਬਹਿੰਦਾ, ਸੁਖ ਆਸਣ ਡੇਰਾ ਲਾਈਆ । ਕੀ ਬਚਨ ਅਮੋਲਕ ਤੈਨੂੰ ਕਹਿੰਦਾ, ਬਿਨ ਰਸਨਾ ਜਿਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਰ ਵਖਾਈਆ ।



੯੯੮

ਸਾਵਣ ਕਹੇ ਮੈਂ ਆਇਆ ਫਿਰਦਾ, ਜੁਗ ਚੌਕੜੀ ਵੇਸ ਵਟਾਈਆ । ਰੀ ਸਖ਼ੀ ਤੈਨੂੰ ਨਹੀਂ ਪਤਾ ਮੈਂ ਕੇਤੇ ਜੁਗ ਤੇਰਾ ਸਾਫ਼ ਕਰਦਾ ਰਿਹਾ ਹਿਰਦਾ, ਅੰਦਰ ਵੜ ਕੇ ਕੀਤੀ ਸਫ਼ਾਈਆ । ਤੈਨੂੰ ਪਤਾ ਨਹੀਂ ਕਿਉਂ ਪਿਆਰ ਲੱਭਾ ਦਿਲਬਰ ਦਿਲਦਾਰ ਦਾ, ਮੁਹੱਬਤ ਸਚ ਕਿਉਂ ਜਣਾਈਆ । ਜਿਹੜਾ ਸਾਚਾ ਝੂਲਾ ਦੇਵੇ ਇਕ ਝੂਲਣੇ ਵਾਲੇ ਹੁਲਾਰ ਦਾ, ਜਿਸ ਦਾ ਬਾਢੀ ਨਜ਼ਰ ਕੋਇ ਨਾ ਆਈਆ । ਇਸੇ ਕਰ ਕੇ ਰੂਪ ਧਰਿਆ ਤਰਖਾਣ ਦਾ, ਵਿੰਗੇ ਟੇਹਡੇ ਸਿੱਧੇ ਲਏ ਕਰਾਈਆ । ਇਹ ਲੇਖਾ ਨਹੀਂ ਕਿਸੇ ਅੰਞਾਣ ਦਾ, ਜੋ ਭੁਲ ਵਿਚ ਭੁਲੇਖਾ ਦੇਵੇ ਪਾਈਆ । ਇਹ ਖੇਲ ਓਸ ਭਗਵਾਨ ਦਾ, ਜੋ ਕ੍ਰਿਸ਼ਨ ਵਰਗੇ ਭਗਵਾਨ ਤ੍ਰੈਲੋਕੀ ਵਿਚ ਨਚਾਈਆ । ਉਹ ਕ੍ਰਿਸ਼ਨ ਇਕ ਨਿੱਕੇ ਜਿਹੇ ਖ਼ਾਨਦਾਨ ਦਾ, ਮਹਿਮਾਨ ਕਰ ਕੇ ਤੁਹਾਡੀ ਸੇਵਾ ਵਿਚ ਲਗਾਈਆ । ਸਾਵਣ ਕਹੇ ਮੈਂ ਪਿਛਲੇ ਭੰਗੂੜੇ ਨਹੀਂ ਪਛਾਣਦਾ, ਹੱਥਾਂ ਦੇ ਝੂਲੇ ਵਾਲੀ ਰੀਤ ਰਹੀ ਨਾ ਰਾਈਆ । ਮੈਂ ਰੰਗ ਮਾਨਣਾ ਓਸ ਮਕਾਨ ਦਾ, ਜਿਸ ਨੂੰ ਇੱਟ ਪੱਥਰ ਗਾਰਾ ਨਾ ਕੋਇ ਬਣਾਈਆ । ਰੀ ਸਖ਼ੀ ਇਹ ਵੇਲਾ ਤੇਰੇ ਇਮਤਿਹਾਨ ਦਾ, ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਰੀ ਸਖ਼ੀ ਇਹ ਆਇਆ ਗੋਪਾਲਾ, ਗੋਕਲ ਬਿੰਦਰਾਬਨ ਤਜਾਈਆ । ਰੀ ਸਖ਼ੀ ਇਹ ਆਇਆ ਅਕਾਲਾ, ਅਕਲ ਕਲ ਵਡੀ ਵਡਿਆਈਆ । ਜਿਸ ਤੇਰੀ ਕਾਇਆ ਮੰਦਰ ਬਣਾਈ ਸੱਚੀ ਧਰਮਸਾਲਾ, ਧਰਮ ਦਵਾਰ ਇਕ ਸੁਹਾਈਆ । ਪ੍ਰੇਮ ਪ੍ਰੀਤੀ ਮਾਰਗ ਧੁਰ ਦਾ ਦੇ ਨਿਰਾਲਾ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਦੀਆਂ ਪਾਰ ਨਾ ਕਰਨਾ ਪਏ ਕੋਈ ਉਛਾਲਾ, ਜਮਨਾ ਧਾਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੁਤੜੀ ਦਏ ਮਹਿਕਾਈਆ ।

ਸਾਵਣ ਕਹੇ ਰੁਤੜੀ ਆਈ ਵਡ ਚੰਗੇਰੀ, ਚੰਗੀ ਤਰਾ ਜਣਾਈਆ । ਸਾਚੀ ਸਖ਼ੀ ਸਾਹਿਬ ਦੀ ਚੇਰੀ, ਚਿਰੀ ਵਿਛੁੰਨੀ ਮੇਲ ਮਿਲਾਈਆ । ਮਿਲਦਿਆਂ ਮੂਲ ਨਾ ਲਗੀ ਦੇਰੀ, ਜੁਗਾਂ ਦਾ ਲੇਖਾ ਦਿਤਾ ਢਾਹੀਆ । ਰੈਣ ਪਿਛਲੀ ਚੁਕੇ ਅੰਧੇਰੀ, ਅਗਲਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਰੀ ਸਖ਼ੀ ਉਠ ਵੇਖ ਕਾਹਨ, ਬਿਨ ਹੱਥਾਂ ਪੈਰਾਂ ਵਾਲਾ ਨਜ਼ਰੀ ਆਈਆ । ਜਿਸ ਦੀ ਬੰਸਰੀ ਨਾਮ ਧੁਨ ਸੱਚੀ ਮੁਸਕਾਨ, ਮੁਸ਼ਕਲ ਹਲ ਕਰਾਈਆ । ਜਿਸ ਦੇ ਅਗੇ ਮੰਗਣਾ ਆਸਾਨ, ਸਹਿਜ ਸੁਭਾਓ ਦਏ ਵਡਿਆਈਆ । ਜਿਸ ਨੂੰ ਸਜਦੇ ਕਰੇ ਦੋ ਜਹਾਨ, ਨਮਸਤੇ ਵਿਚ ਲੋਕਾਈਆ । ਉਹ ਛਡ ਕੇ ਗੋਕਲ ਬਿੰਦਰਾਬਨ ਨਿਸ਼ਾਨ, ਸਾਢੇ ਤਿੰਨ ਹੱਥ ਅੰਦਰ ਡੇਰਾ ਲਾਈਆ । ਘਰ ਸੱਜਣ ਤਕ ਭਗਵਾਨ, ਭਾਗਾਂ ਭਰੀਏ ਬੈਠਾ ਆਈਆ । ਜਗਤ ਜੁਗਤ ਨਾ ਰਹੀਂ ਨਾਦਾਨ, ਵਕ਼ਤ ਸ਼ਕਤ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰੁਤੜੀ ਨਾਲ ਮਿਲਾਈਆ । ਸਾਵਣ ਕਹੇ ਮੇਰਾ ਵਕ਼ਤ ਸੁਹੇਲਾ, ਰੁਤੜੀ ਨਾਲ ਮਹਿਕਾਈਆ । ਸਚ ਸਖ਼ੀ ਤੇਰਾ ਸੋਹਣਾ ਮੇਲਾ, ਮਿਲ ਸੱਜਣ ਖ਼ੁਸ਼ੀ ਮਨਾਈਆ । ਤੇਰਾ ਮੰਦਰ ਇਕ ਨਵੇਲਾ, ਸੋਹਣਾ ਦਿਤਾ ਸਜਾਈਆ । ਜਿਥੇ ਵਕਤ ਨਾ ਹੋਏ ਦੁਹੇਲਾ, ਦੂਜੀ ਵੰਡ ਨਾ ਕੋਇ ਵੰਡਾਈਆ । ਆਪਣਾ ਲਹਿਣਾ ਦੇਣਾ ਲੈ ਲਾ, ਪੂਰਬ ਲੇਖਾ ਝੋਲੀ ਪਾਈਆ । ਮਿਲ ਪ੍ਰੀਤਮ ਰਲ ਕੇ ਬਹਿ ਲਾ, ਬਹੁੜੀ ਬਹੁੜੀ ਨਾ ਕਰ ਦੁਹਾਈਆ । ਜੋ ਖ਼ੁਸ਼ੀਆਂ ਵਿਚ ਕਹਿਣਾ ਸੋ ਕਹਿ ਲਾ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਅੰਦਰੋਂ ਬਾਹਰੋਂ ਦਰਸ ਕਰ ਲਾ ਨੈਣਾਂ, ਬਿਨ ਨੈਣਾਂ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਦ੍ਰਿੜਾਈਆ । ਉਠ ਵੇਖ ਸਖ਼ੀ ਪਰਮ ਪੁਰਖ ਦੀ ਰਾਸ, ਬਿਨ ਗੋਪੀ ਕਾਹਨ ਜਣਾਈਆ । ਬਿਨ ਹੱਥਾਂ ਪੈਰਾਂ ਬਾਹਵਾਂ ਕਰੇ ਨਾਚ, ਮੁਖ ਘੁੰਗਟ ਨਜ਼ਰ ਕਿਸੇ ਨਾ ਆਈਆ । ਸਖ਼ੀ ਕਾਹਨ ਵੇਖ ਕੇ ਕਹੇ ਸ਼ਾਬਾਸ਼, ਸ਼ਾਬਾਸ਼ ਤੇਰੀ ਵਡਿਆਈਆ । ਪੂਰਨ ਪੁੰਨੀ ਆਸ, ਪੂਰਬ ਲੇਖ ਚੁਕਾਈਆ । ਕ੍ਰਿਸ਼ਨ ਤੱਤਾਂ ਨਾਲ ਕੀਤਾ ਖੇਲ ਤਮਾਸ਼, ਪ੍ਰਭ ਜੋਤੀ ਧਾਰ ਆਪਣਾ ਭੇਵ ਜਣਾਈਆ । ਉਹ ਤਨ ਬਸਤਰ ਪਹਿਨਦਾ ਰਿਹਾ ਲਿਬਾਸ, ਇਹ ਸ਼ਬਦੀ ਰੂਪ ਸਮਾਈਆ । ਉਹ ਜਮਨਾ ਦੇ ਔਂਦਾ ਰਿਹਾ ਘਾਟ, ਇਹ ਤੁਹਾਡੇ ਅੰਦਰ ਡੇਰਾ ਲਾਈਆ । ਉਹ ਭੰਨਦਾ ਰਿਹਾ ਕਾਚੀ ਮਟਕੀ ਮਾਟ, ਇਹ ਬਜਰ ਕਪਾਟੀ ਤੋੜ ਤੁੜਾਈਆ । ਉਹ ਸਖ਼ੀਆਂ ਨਾਲ ਮਿਲੌਂਦਾ ਰਿਹਾ ਹਾਥ, ਇਹ ਆਤਮ ਪਰਮਾਤਮ ਜੋੜ ਜੁੜਾਈਆ । ਉਹ ਗਵਰਧਨ ਚੁਕ ਕੇ ਕਰਦਾ ਰਿਹਾ ਰਾਖ, ਇਹ ਏਥੇ ਓਥੇ ਦੋ ਜਹਾਨਾਂ ਹੋਏ ਸਹਾਈਆ । ਉਹ ਹਲਕਾਰਿਆਂ ਹੱਥੀਂ ਭੇਜਦਾ ਰਿਹਾ ਡਾਕ, ਇਹ ਸ਼ਬਦੀ ਸ਼ਬਦ ਜਣਾਈਆ । ਉਹ ਵਲੀਆ ਛਲੀਆ ਬਣਦਾ ਰਿਹਾ ਚਾਲਾਕ, ਰਾਧਾ ਰੁਕਮਣੀ ਅੰਗ ਲਗਾਈਆ । ਇਹ ਤਨ ਮਾਟੀ ਖ਼ਾਕੀ ਕੂੜੀ ਛਡ ਕੇ ਖ਼ਾਕ, ਨੂਰ ਜ਼ਹੂਰ ਰਿਹਾ ਵਖਾਈਆ । ਉਹ ਤੱਤਾਂ ਵਾਲੇ ਝੂਲੇ ਝੂਲਦਾ ਰਿਹਾ ਸਾਖ਼ਿਆਤ, ਸਹਾਰੇ ਦੂਜਿਆਂ ਆਪਣਾ ਆਪ ਹਿਲਾਈਆ । ਇਹ ਪਰਮਾਤਮ ਦਾ ਬਣ ਕੇ ਸਾਕ, ਇਤਫ਼ਾਕ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਕਰਨੀ ਕਰ ਵਖਾਈਆ । ਰੀ ਸਖ਼ੀ ਉਹ ਝੂਲਾ ਸੋਨਾ ਚਾਂਦੀ, ਹੀਰੇ ਮੋਤੀ ਨਾਲ ਜੁੜਾਈਆ । ਉਸ ਦੇ ਢੋਲੇ ਸਖ਼ੀ ਜਿਹਵਾ ਗਾਂਦੀ, ਰਸਨਾ ਨਾਲ ਵਡਿਆਈਆ । ਉਸ ਦੀ ਸੇਜ ਬਿਸਤਰ ਵਾਲੀ ਸੁਹਾਂਦੀ, ਖਟੀਆ ਨਾਲ ਵਡਿਆਈਆ । ਉਸ ਦੀ ਤੱਤਾਂ ਵਾਲੀ ਬਾਂਦੀ, ਹੱਥਾਂ ਨਾਲ ਸੇਵ ਕਮਾਈਆ । ਉਸ ਦੇ ਲੁਟੇਰੇ

੯੯੯

ਬਣੇ ਜਾਂਵੀ, ਜਿਸ ਨੇ ਘਰ ਦੀ ਘਰ ਕਰੀ ਕੁੜਮਾਈਆ । ਉਹ ਤੱਤਾਂ ਦਾ ਸਵਾਲੀ, ਛਲੀਆ ਜਗਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਰੀ ਸਖ਼ੀ ਇਹ ਸਖ਼ੀਆਂ ਦਾ ਮੁਰਾਰ, ਬਿਨਾ ਮੁਰਲੀ ਮੁਰਲੀ ਰਿਹਾ ਵਜਾਈਆ । ਰੀ ਸਖ਼ੀ ਬਿਨਾ ਤੱਤਾਂ ਇਹ ਕਰੇ ਉਧਾਰ, ਸਰਬ ਉਧਾਰੀ ਬੇਪਰਵਾਹੀਆ । ਰੀ ਸਖ਼ੀ ਜਿਸ ਦੀ ਸਦਾ ਸਾਵਣ ਵਾਲੀ ਬਹਾਰ, ਪਵਣ ਠੰਡੀ ਰਿਹਾ ਵਗਾਈਆ । ਰੀ ਸਖ਼ੀ ਜਿਸ ਦੇ ਝੂਲੇ ਦੀ ਚਮਤਕਾਰ, ਬਿਨ ਸੋਨੇ ਚਾਂਦੀ ਡਗਮਗਾਈਆ । ਰੀ ਸਖ਼ੀ ਜਿਸ ਦੀ ਸੇਜ ਬਿਨ ਲੇਫ ਤਲਾਈ ਹੋਏ ਤਿਆਰ, ਆਤਮ ਅੰਤਰ ਰਿਹਾ ਸੁਹਾਈਆ । ਰੀ ਸਖ਼ੀ ਜਿਸ ਦਾ ਹੱਥਾਂ ਵਾਲਾ ਨਹੀਂ ਪਿਆਰ, ਸ਼ਬਦੀ ਸ਼ਬਦ ਜੋੜ ਜੁੜਾਈਆ । ਰੀ ਸਖ਼ੀ ਸੋ ਸਾਹਿਬ ਸਵਾਮੀ ਅੰਤਰਜਾਮੀ ਮਿਲਿਆ ਆਣ, ਸ੍ਰੀ ਭਗਵਾਨ ਵੱਡੀ ਵਡਿਆਈਆ । ਉਠ ਵੇਖ ਲੈ ਮਾਰ ਧਿਆਨ, ਅੱਖ ਅੱਖ ਨਾਲ ਮਿਲਾਈਆ । ਬਾਲੀ ਬੁਧਿ ਨਾ ਰਹੇ ਅੰਞਾਣ, ਸੁਰਤੀ ਸੁਰਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਸੁਹਾਈਆ । ਸੁਣ ਸਖ਼ੀ ਸੱਚੀ ਇਕ ਬਾਤ, ਬਾਤਨ ਦਿਆਂ ਜਣਾਈਆ । ਸਾਵਣ ਕਹੇ ਮੇਰੀ ਸੁਹੰਜਣੀ ਰਾਤ, ਭਿੰਨੜੀ ਰੈਣ ਨਾਲ ਮਿਲਾਈਆ । ਉਠ ਵਸੀਏ ਧਾਮ ਇਕਾਂਤ, ਜਿਥੇ ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਰਸਨਾ ਜਿਹਵਾ ਵਾਲੀ ਕਰੇ ਬਾਤ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਨਾ ਕੋਈ ਸੱਜਣ ਨਾ ਕੋਈ ਸਾਕ, ਨਾ ਕੋਈ ਗਵਾਲ ਬਾਲਾ ਨਜ਼ਰੀ ਆਈਆ । ਨਾ ਕੋਈ ਦਹੀਂ ਦੂਧ ਵਾਲੀ ਭਾਤ, ਨਾ ਕੋਈ ਮਟਕੇ ਸੀਸ ਟਿਕਾਈਆ । ਨਾ ਛੁਪਣਾ ਪਏ ਅੰਧੇਰੀ ਰਾਤ, ਨਾ ਕੋਈ ਤਾਅਨੇ ਦਏ ਲੋਕਾਈਆ । ਨਾ ਕੋਈ ਪੜ੍ਹਨੀ ਪਏ ਜਮਾਤ, ਨਾ ਕੋਈ

੧੦੦੦ ਵਿਦਿਆ ਕਰੇ ਲੜਾਈਆ । ਨਾ ਕੋਈ ਮੰਦਰ ਕਰਨਾ ਪਏ ਤਲਾਸ਼, ਨਾ ਕੋਈ ਮੱਠਾਂ ਖੋਜ ਖੁਜਾਈਆ । ਨਾ ਕੋਈ ਭੈ ਵਿਚ ਲੈਣਾ ਪਏ ਸਵਾਸ, ੧੦੦੦

ਨਾ ਕੋਈ ਨੈਣਾਂ ਨੀਰ ਵਹਾਈਆ । ਨਾ ਕੋਈ ਪੈਰਾਂ ਨਾਲ ਨਚ ਕੇ ਪੌਣੀ ਪਏ ਰਾਸ, ਨਾ ਕੋਈ ਹੱਥਾਂ ਵਾਲਾ ਤਾਲ ਵਜਾਈਆ । ਨਾ ਕੋਈ ਬਦਲਣਾ ਪਏ ਲਿਬਾਸ, ਨਾ ਕੋਈ ਰੇਖਾ ਸਕੇ ਬਦਲਾਈਆ । ਨਾ ਕੋਈ ਕੱਜਲ ਪੌਣਾ ਪਏ ਅੱਖ, ਨਾ ਕੋਈ ਬਿੰਦੀ ਟਿੱਕਾ ਮਸਤਕ ਲਾਈਆ । ਨਾ ਕੋਈ ਹੱਥ ਡਾਹ ਕੇ ਮੰਗਣਾ ਪਏ ਹਕ, ਨਾ ਕੋਈ ਦੀਪਕ ਵਾਲੀ ਥਾਲੀ ਲਏ ਫਿਰਾਈਆ । ਨਾ ਕੋਈ ਨਕ ਬਲਾਕ ਪੌਣੀ ਪਏ ਨੱਥ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਨਾ ਕੋਈ ਦੰਦਾਸਾ ਮਲਣਾ ਪਏ ਸੱਕ, ਕੂੜਾ ਰੰਗ ਨਾ ਕੋਇ ਚੜ੍ਹਾਈਆ । ਨਾ ਕੋਈ ਗ਼ੁੱਸੇ ਵਿਚ ਖਾਵੇ ਵਟ, ਨਾ ਕੋਈ ਨੈਣ ਸਕੇ ਬਦਲਾਈਆ । ਨਾ ਕੋਈ ਰੋਸੇ ਵਿਚ ਕਹੇ ਕ੍ਰਿਸ਼ਨਾ ਪਿਛੇ ਹਟ, ਤੇਰੀ ਲੋੜ ਰਹੀ ਨਾ ਰਾਈਆ । ਇਹ ਓਸ ਵੇਲੇ ਦੀ ਬਾਤ, ਜਿਸ ਵੇਲੇ ਨੌ ਵਾਰ ਰਾਧਾ ਸੁਖਨ ਦਿਤਾ ਉਲਟਾਈਆ । ਕ੍ਰਿਸ਼ਨ ਕਿਹਾ ਮੇਰਾ ਭਗਵਨ ਅਗੇ ਬਦਲ ਦੇਵੇ ਰਿਵਾਜ, ਮਿਹਰਵਾਨ ਬੇਪਰਵਾਹੀਆ । ਜੋ ਸਖ਼ੀਆਂ ਦੀ ਪਾਵੇ ਰਾਸ, ਗੁਰਮੁਖ ਸਖ਼ੀਆਂ ਲਏ ਪਰਗਟਾਈਆ । ਜਿਨ੍ਹਾਂ ਦੇ ਅੰਦਰ ਮਿਲਣ ਦੀ ਪਿਆਸ, ਇਕ ਧਿਆਨ ਦ੍ਰਿੜਾਈਆ । ਉਨ੍ਹਾਂ ਨੂੰ ਨੱਚਣ ਟੱਪਣ ਕੁੱਦਣ ਦੀ ਦੱਸ ਦਏ ਜਾਚ, ਜਾਚਕ ਆਪਣੇ ਲਏ ਬਣਾਈਆ । ਉਨ੍ਹਾਂ ਦੇ ਮਸਤਕ ਨੂਰੀ ਜੋਤ ਧਾਰ ਮਹਿਤਾਬ, ਮਹਿਬੂਬ ਮੁਹੱਬਤ ਵਿਚ ਵੇਖ ਵਖਾਈਆ । ਸਾਚਾ ਪ੍ਰੇਮੀ ਬਣ ਕੇ ਅਹਿਬਾਬ, ਅਵਲ ਦਿਸੇ ਨੂਰ ਖ਼ੁਦਾਈਆ । ਝੂਲਿਆਂ ਵਾਲਾ ਖੋਲ੍ਹ ਕੇ ਰਾਜ਼, ਹੁਲਾਰਾ ਇਕੋ ਦਏ ਲਗਾਈਆ । ਰਮਜ਼ ਸਮਝ ਕੇ ਆਪਣੀ ਆਪ, ਆਪੇ ਹੁਕਮ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ

ਦਾ ਹੁਕਮ ਇਕ ਵਰਤਾਈਆ । ਰਾਧਾ ਕਹੇ ਨਿਰਗੁਣ ਓਹ ਆਇਆ ਸਵਾਮੀ, ਸੋਹਣਾ ਰੂਪ ਵਟਾਈਆ । ਨੀ ਭਗਤਾਂ ਦਾ ਭਗਤ ਅੰਤਰਜਾਮੀ, ਪਾਰਬ੍ਰਹਮ ਬੇਪਰਵਾਹੀਆ । ਨੀ ਸਖ਼ੀਏ ਜਿਸ ਦੇ ਕਾਰਨ ਸਿਰ ਤੇ ਮਟਕੇ ਚੁਕਦੀ ਰਹੀ ਪਾਣੀ, ਪਨਘਟ ਉਤੇ ਫੇਰੀ ਪਾਈਆ । ਜਿਸ ਦੇ ਹਨੋਰੇ ਮਰੋੜੇ ਨਾਲ ਗੌਂਦੀ ਰਹੀ ਬਾਣੀ, ਸ਼ਾਮ ਸ਼ਾਮ ਕਹਿ ਕੇ ਰਾਗ ਅਲਾਈਆ । ਜਿਸ ਦੇ ਕੋਲੋਂ ਇਕ ਫੇਰੇ ਦੀ ਮੰਗਦੀ ਰਹੀ ਦਵਾਨੀ, ਦੁਨੀਆ ਵਾਲੀ ਰਾਸ ਜਗਤ ਰਚਾਈਆ । ਸਖ਼ੀਏ ਓਹ ਤੇਰਾ ਕਾਹਨ ਹੋ ਗਿਆ ਫ਼ਾਨੀ, ਜਿਸ ਦੀ ਦਿਸੇ ਨਾ ਕੋਇ ਨਿਸ਼ਾਨੀ, ਪੰਜ ਤੱਤਾਂ ਕਰੀ ਜੁਦਾਈਆ । ਆ ਤੈਨੂੰ ਵਖਾਵਾਂ ਜੋ ਸਦਾ ਕਰੇ ਮਿਹਰਵਾਨੀ, ਗਲ ਲਗਾਵੇ ਬਾਲ ਅੰਞਾਣੀ, ਬਖ਼ਸ਼ੇ ਇਕੋ ਚਰਨ ਧਿਆਨੀ, ਜਿਸ ਦੇ ਦਰ ਮੰਗ ਕੇ ਦੇਣੀ ਨਾ ਪਏ ਦਵਾਨੀ, ਦੋਹਰਾ ਆਪਣਾ ਰੰਗ ਰੰਗਾਈਆ । ਰੀ ਸਖ਼ੀ ਮੈਂ ਵੇਖਿਆ ਤੇਰਾ ਸਾਵਲ ਸੁੰਦਰ, ਸੋਹਣਾ ਨਜ਼ਰੀ ਆਈਆ । ਕੰਨੀਂ ਨਾ ਕੋਈ ਕੁੰਡਲ ਨਾ ਕੋਈ ਮੁੰਦਰ, ਨਾ ਕੋਈ ਵੇਸ ਵਟਾਈਆ । ਹਾਏ ਮੈਂ ਕਿਸ ਤਰਾ ਇਹਦੇ ਵਲ ਕਰਾਂ ਉਂਗਲ, ਮੇਰੇ ਨੈਣ ਰਹੇ ਸ਼ਰਮਾਈਆ । ਇਹਦਾ ਰੂਪ ਅਨੂਪ ਪਤਾ ਨਹੀਂ ਢਲ੍ਹਿਆ ਕਿਹੜੇ ਕੁੰਦਨ, ਸਮਝ ਨਾ ਕੋਇ ਰਖਾਈਆ । ਮੈਂ ਸ਼ਰਮ ਦੀ ਮਾਰੀ ਆਈ ਮੰਗਣ, ਆਪਣਾ ਮੁਖ ਛੁਪਾਈਆ । ਇਹਨਾਂ ਸਖ਼ੀਆਂ ਨੂੰ ਆਈ ਪੁਛਣ ਨੀ ਦੱਸੋ ਕਿਹੋ ਜਿਹਾ ਤੁਹਾਡਾ ਕੁੰਦਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਗੁਰਮੁਖ ਗੋਪੀ ਕਹੇ ਨੀ ਮੈਂ ਕੀ ਦੱਸਾਂ, ਰਾਧਾ ਤੈਨੂੰ ਸਮਝ ਅਜੇ ਨਾ ਆਈਆ । ਜਿਸ ਨੇ ਸਾਡੇ ਅੰਦਰ ਲਾਈਆਂ ਅੱਖਾਂ, ਬਾਹਰੋਂ ਕੀਤੀ ਬੀਨਾਈਆ । ਅਸਾਂ ਲਭਿਆ ਮਸਾਂ ਮਸਾਂ, ਜੋ ਮਸਖ਼ਰਾ ਹੱਥ ਕਿਸੇ ਨਾ ਆਈਆ । ਜਿਸ ਨੂੰ ਮਥਰਾ ਰੋਂਦੀ ਰਹੀ ਮਲ ਮਲ ਅੱਖਾਂ, ਗੋਕਲ ਬਿੰਦਰਾ ਰਿਹਾ ਕੁਰਲਾਈਆ । ਜਿਸ ਨੂੰ ਖੋਜਦੇ ਤੀਰਥ ਤੱਟਾਂ, ਤਟ ਕਿਨਾਰੇ ਸਾਰ ਕਿਸੇ ਨਾ ਪਾਈਆ । ਉਹ ਵਸਿਆ ਗੁਰਮੁਖ ਕਾਇਆ ਮੱਟਾਂ, ਪੰਜ ਤਤ ਮਿੱਟੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਰੀ ਸਖ਼ੀ ਕੀ ਉਸ ਦਾ ਰੂਪ, ਕੁਛ ਮੈਨੂੰ ਦੇ ਜਣਾਈਆ । ਨੀ ਉਹ ਕਿਸ ਦਾ ਪੂਤ, ਕਵਣ ਮਾਤ ਗੋਦੀ ਰਹੀ ਉਠਾਈਆ । ਵਸੇ ਕਿਹੜੀ ਕੂਟ, ਕਵਣ ਕਿਨਾਰੇ ਡੇਰਾ ਲਾਈਆ । ਕਵਣ ਸੁਹਾਵੇ ਰੂਤ, ਕਵਣ ਰੰਗ ਚੜ੍ਹਾਈਆ । ਗੁਰਮੁਖ ਕਹੇ ਕਮਲੀਏ ਤੈਨੂੰ ਕੋਈ ਨਹੀਂ ਸੂਝ, ਤੈਨੂੰ ਦਿਆਂ ਜਣਾਈਆ । ਜਿਸ ਦੇ ਵਿਚ ਨਹੀਂ ਕੋਈ ਦੂਜ, ਗੁਰਮੁਖ ਸਖ਼ੀਆਂ ਇਕੋ ਰੰਗ ਰੰਗਾਈਆ । ਉਹ ਕਿਸੇ ਦਾ ਨਹੀਂ ਪੂਤ, ਪਿਤਾ ਮਾਂ ਨਾ ਕੋਇ ਬਣਾਈਆ । ਉਸ ਦਾ ਕੋਈ ਨਾ ਦੇਵੇ ਸਬੂਤ, ਭੇਵ ਦੱਸੇ ਨਾ ਕੋਇ ਖੁਲ੍ਹਾਈਆ । ਅਸੀਂ ਇਕੋ ਸਮਝੀਏ ਉਹ ਸਭ ਦਾ ਮਾਲਕ ਮਹਿਬੂਬ, ਮੁਹੱਬਤ ਵਿਚ ਡੇਰਾ ਲਾਈਆ । ਜਿਸ ਦਾ ਤਤ ਨਾ ਵਜੂਦ, ਵਸੇ ਅਰਸ਼ ਕੁਰਸ਼ ਅਰੂਜ, ਹਕ ਮੁਕਾਮੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਖ਼ੀ ਕਹੇ ਮੈਂ ਰਾਸ ਪੌਣ ਲਗੀ ਹੱਥ ਧਰਾਂ ਬੱਖੀ, ਆਪਣਾ ਵੇਸ ਵਟਾਈਆ । ਸੱਜੇ ਹੱਥ ਵਿਚ ਫੜਾਂ ਪੱਖੀ, ਪਵਣ ਹੁਲਾਰਾ ਦਿਆਂ ਜਣਾਈਆ । ਮੈਂ ਨੇਤਰ ਚੁਕ ਕੇ ਵੇਖਾਂ ਅੱਖੀਂ, ਚਾਰੋਂ ਕੁੰਟ ਖੋਜ ਖੁਜਾਈਆ । ਨੀ ਮੈਂ ਕੂੜਾ ਰੰਗ ਚੜ੍ਹਾਇਆ ਖ਼ਰੀਦ ਕੇ ਵਿਚੋਂ ਹੱਟੀ, ਆਪਣਾ ਰੰਗ ਬਦਲਾਈਆ । ਮੈਂ ਬਹਾਨਾ ਕਰ ਕੇ ਆਪਣੇ ਗੁਟ ਨੂੰ ਬੰਨ੍ਹੀ ਪੱਟੀ, ਕੂੜਾ ਵੇਸ ਵਟਾਈਆ । ਮੱਥੇ ਲਾ ਕੇ ਲਾਲ ਰੰਗ ਰਤੀ, ਆਪਣੀ ਰਤ ਲਈ ਬਦਲਾਈਆ । ਮੈਂ ਅੰਦਰੋਂ ਬਾਹਰੋਂ ਵੇਖ ਕੇ ਰਹੀ ਨਾ ਯਤੀ, ਮੇਰਾ ਮਨ ਗਿਆ ਚੁਰਾਈਆ । ਗੁਰਸਿਖ



੧੦੦੧

ਕਿਹਾ ਨੀ ਰਾਧਾ ਉਹ ਤੱਤਾਂ ਵਾਲਾ ਨਹੀਂ ਪਤੀ, ਜੋ ਵਿਸ਼ਿਆਂ ਵਿਚ ਆਪਣਾ ਆਪ ਗਵਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਘਟ ਵਸੇਰਾ ਜਿਸ ਵਿਚ ਫ਼ਰਕ ਜ਼ਰਾ ਨਹੀਂ ਰਤੀ, ਗੁਰਮੁਖ ਰਤਨ ਅਮੋਲਕ ਹੀਰੇ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਪੀ ਕਹੇ ਜਿਸ ਵੇਲੇ ਮੈਂ ਲਕ ਨੂੰ ਦਿਆਂ ਮਰੋੜਾ, ਘੁੰਮਰ ਆਪਣੀ ਪਾਈਆ । ਕ੍ਰਿਸ਼ਨ ਦਾ ਬੰਸਰੀ ਵਾਲਾ ਤੋੜਾ, ਮੈਨੂੰ ਅੰਦਰੋਂ ਦਏ ਸਤਾਈਆ । ਮੇਰੇ ਪੈਰ ਦਾ ਜੋੜਾ, ਜੋੜਾ ਅੱਡੀ ਦਏ ਹਿਲਾਈਆ । ਮੇਰੇ ਮੁਖ ਚੋਂ ਨਿਕਲੇ ਦੋਹਰਾ, ਸੋਹਣਾ ਰਾਗ ਸੁਣਾਈਆ । ਜਿਸ ਵੇਲੇ ਮੈਂ ਸਚ ਪ੍ਰੇਮ ਮੰਗਾਂ ਮੈਨੂੰ ਕ੍ਰਿਸ਼ਨ ਜਵਾਬ ਦਏ ਕੋਰਾ, ਮੈਂ ਕੁੜੀਆਂ ਦੀ ਕੁੜੀ ਕੁੜੀਆਂ ਵਰਗੀ ਨਜ਼ਰੀ ਆਈਆ । ਮੇਰਾ ਅਜੇ ਤਕ ਨਾ ਗਿਆ ਝੋਰਾ, ਝੁਰਦਿਆਂ ਝੁਰਦਿਆਂ ਇਹ ਵੇਲਾ ਪਹੁੰਚਿਆਂ ਵਕ਼ਤ ਗਿਆ ਸੁਹਾਈਆ । ਜਿਸ ਦੀ ਪੈ ਗਈ ਸਾਚੀ ਲੋੜਾ, ਸੋ ਆਇਆ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਰਾਸ ਕਹੇ ਇਕ ਦਿਨ ਸਖ਼ੀਆਂ ਕੀਤਾ ਇਕੱਠ, ਕ੍ਰਿਸ਼ਨ ਲਿਆ ਮਨਾਈਆ । ਕਾਹਨਾ ਸਾਨੂੰ ਦੱਸ, ਤੇਰੇ ਅਗੇ ਝੋਲੀ ਡਾਹੀਆ । ਕਿਉਂ ਸਾਨੂੰ ਕੀਤਾ ਵਸ, ਲਜਿਆ ਜਗਤ ਗਵਾਈਆ । ਕਿਉਂ ਮਿਲਾਵੇਂ ਅੱਖ ਨਾਲ ਅੱਖ, ਨੇਤਰ ਨੈਣ ਨੈਣ ਮਟਕਾਈਆ । ਮਾਰੇਂ ਵਿਛੋੜੇ ਵਾਲੀ ਸੱਟ, ਭੇਵ ਅਭੇਦਾ ਦੇ ਖੁਲ੍ਹਾਈਆ । ਤਿੰਨਾਂ ਸਖ਼ੀਆਂ ਮਾਰ ਕੇ ਕ੍ਰਿਸ਼ਨ ਦੇ ਪਟਾਂ ਤੇ ਹੱਥ, ਹੱਥ ਉਤੇ ਦਿਤੇ ਲਗਾਈਆ । ਕੀ ਤੂੰ ਤ੍ਰੈਲੋਕੀ ਵਿਚ ਸਕੇਂ ਰੱਖ, ਕਿ ਬਾਹਰ ਵੀ ਦਏਂ ਕਢਾਈਆ । ਓਨ ਕਿਹਾ ਇਹ ਨਹੀਂ ਮੇਰੇ ਵਸ, ਇਹ ਜਾਣੇ ਬੇਪਰਵਾਹੀਆ । ਮੈਂ ਤੇ ਸਿਰਫ਼ ਮਾਰਨ ਵਾਲਾ ਮੱਛ, ਜਗਤ ਖੇਲ ਵਿਚ ਵਡਿਆਈਆ । ਖ਼ੁਸ਼ੀ ਨਾਲ ਤੁਹਾਡੇ ਅਗੇ ਜਾਵਾਂ ਢਠ, ਕ੍ਰਿਸ਼ਨ ਕਹਿ ਕੇ ਰਿਹਾ ਸਮਝਾਈਆ । ਜਿਸ ਵੇਲੇ ਆਵੇ ਮੇਰਾ ਪੁਰਖ ਸਮਰਥ, ਕਾਹਨਾਂ ਦਾ ਕਾਹਨ ਨਜ਼ਰੀ ਆਈਆ । ਨੀ ਸਖ਼ੀਓ ਤੁਹਾਨੂੰ ਉਹ ਆਪਣਾ ਸੋਹਣਾ ਨਾਚ ਦੇਵੇ ਦੱਸ, ਜੋ ਤੁਹਾਡੇ ਅੰਦਰ ਵੜ ਕੇ ਤੁਹਾਡੀ ਕਾਇਆ ਦਏ ਬਦਲਾਈਆ । ਤੁਸੀਂ ਹੋ ਜਾਓ ਬੇਵਸ, ਉਹਦੀ ਚਰਨੀ ਡਿੱਗੋ ਵਾਹੋ ਦਾਹੀਆ । ਤੁਹਾਡੇ ਰੰਗਲੇ ਹੋ ਜਾਣ ਹੱਥ, ਤੁਹਾਡੀ ਕੱਜਲ ਪੈ ਜਾਏ ਅੱਖ, ਨੇਤਰ ਨਾਮ ਕਰੇ ਰੁਸ਼ਨਾਈਆ । ਤੁਹਾਨੂੰ ਆਤਮ ਸੇਜਾ ਸੌਣ ਦਾ ਦੇ ਦਏ ਹਕ, ਕੂੜੇ ਨਾਤੇ ਦਏ ਤੁੜਾਈਆ । ਕਮਲੀਏ ਤੁਹਾਥੋਂ ਕਦੀ ਨਾ ਹੋਵੇ ਵਖ, ਬਿਸਤਰ ਇਕੋ ਲਏ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰਾਸ ਦਏ ਬਣਾਈਆ । ਰਾਸ ਕਹੇ ਮੈਂ ਵੇਖਾਂ ਰਸੀਆ, ਰਹਿਬਰ ਨੂਰ ਖ਼ੁਦਾਈਆ । ਜਿਸ ਨੂੰ ਕਦੀ ਕਿਸੇ ਨਾ ਬੱਧਾ ਨਾਲ ਰੱਸੀਆਂ, ਰਸਤੇ ਵਿਚ ਨਾ ਕੋਇ ਅਟਕਾਈਆ । ਜਿਹੜਾ ਵਸਿਆ ਕਦੀ ਨਾ ਗੋਕਲ ਵਰਗੀਆਂ ਵਸਤੀਆਂ, ਵਸਤੀ ਆਪਣੀ ਵਖਰੀ ਇਕ ਪਰਗਟਾਈਆ । ਜਿਸ ਦੇ ਨਾਲ ਦੰਦਾਂ ਵਾਲੀਆਂ ਗੋਪੀਆਂ ਕਦੇ ਨਾ ਹੱਸੀਆਂ, ਅੰਤਰ ਆਤਮ ਖ਼ੁਸ਼ੀ ਮਨਾਈਆ । ਓਧਰੋਂ ਸਾਵਣ ਕਹੇ ਉਹ ਹੋਣੀਆਂ ਅੱਜ ਇੱਕਠੀਆਂ, ਜੋ ਜੁਗ ਵਿਛੜੀਆਂ ਬੈਠੀਆਂ ਧਿਆਨ ਲਗਾਈਆ । ਜਿਨ੍ਹਾਂ ਦੇ ਅੰਦਰ ਪ੍ਰੇਮ ਦੀਆਂ ਰਤੀਆਂ, ਰੰਗ ਰਤੜਾ ਆਪਣਾ ਰੰਗ ਰਿਹਾ ਰੰਗਾਈਆ । ਏਥੇ ਕੋਈ ਹਿੱਸੇ ਵਾਲੀਆਂ ਨਹੀਂ ਪੱਤੀਆਂ, ਪਤਰਿਆਂ ਵਾਲੀ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸਾਵਣ ਕਹੇ ਅੱਜ ਵੇਖਣਾ ਨਾਚ ਗਾਣਾ, ਆਪਣੀ ਆਸ ਜਣਾਈਆ । ਅੱਜ ਵੇਖਣਾ ਉਹ ਟਿਕਾਣਾ, ਜਿਥੇ ਸਖ਼ੀਆਂ ਮਿਲੇ ਵਡਿਆਈਆ । ਅੱਜ ਵੇਖਣਾ ਉਹ ਨਿਸ਼ਾਨਾ, ਜੋ ਨਿਸ਼ਾਨੇ ਰਿਹਾ ਲਗਾਈਆ । ਅੱਜ ਵੇਖਣਾ

੧੦੦੩

ਉਹ ਕਾਹਨਾ, ਜਿਹੜਾ ਕਾਹਨ ਰਿਹਾ ਬਣਾਈਆ । ਅੱਜ ਵੇਖਣਾ ਉਹ ਭਗਵਾਨਾ, ਜੋ ਭਗਤ ਵਛਲ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਾਵਣ ਕਹੇ ਮੈਂ ਮਹੀਨਾ ਆਵਾਂ ਪਰਤ, ਸਦ ਸਦ ਵੇਸ ਵਟਾਈਆ । ਮੇਰੀ ਸੋਭਾ ਉਤੇ ਧਰਤ, ਧਵਲ ਵਜੇ ਵਧਾਈਆ । ਮੇਰਾ ਮਾਣ ਉਤੇ ਫ਼ਰਸ਼, ਅਰਸ਼ ਖ਼ੁਸ਼ੀ ਵਖਾਈਆ । ਮੈਂ ਗਰਮ ਤੋਂ ਕਰਾਂ ਸਰਦ, ਠੰਡਕ ਇਕ ਵਰਤਾਈਆ । ਪ੍ਰੇਮੀਆਂ ਦੀ ਵੰਡਾਂ ਦਰਦ, ਪਿਆਰਾ ਪ੍ਰੀਤਮ ਦਿਆਂ ਮਿਲਾਈਆ । ਸਖ਼ੀਆਂ ਦੀ ਸੁਣਾਂ ਅਰਜ਼, ਆਰਜ਼ੂ ਅਗੇ ਧਿਆਨ ਜਣਾਈਆ । ਮੇਰਾ ਖੇਲ ਇਹੋ ਅਸਚਰਜ, ਜੋ ਭਗਤਾਂ ਅੰਦਰ ਪ੍ਰੇਮ ਝੂਲੇ ਦਿਆਂ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਾਵਣ ਕਹੇ ਪ੍ਰੇਮ ਝੂਲਾ ਕਰੇ ਝਿਲਮਿਲ, ਝਲਕ ਆਪਣੀ ਰਿਹਾ ਵਖਾਈਆ । ਗੁਰਮੁਖਾਂ ਨੂੰ ਦਿਸੇ ਪਾਰ ਓਸ ਤਿਲ, ਜਿਸ ਤਿਲ ਪਿਛੇ ਫਿਰਦੀ ਰਹੀ ਲੋਕਾਈਆ । ਜਿਨ੍ਹਾਂ ਦਾ ਸਾਹਿਬ ਨਾਲ ਮਿਲ ਗਿਆ ਦਿਲ, ਉਹ ਦਿਲਦਾਰ ਗਏ ਮਨਾਈਆ । ਉਨ੍ਹਾਂ ਦੇ ਪ੍ਰੇਮ ਗ਼ੁੰਚੇ ਗਏ ਖਿਲ, ਪੱਤ ਟਹਿਣੀ ਨਾਲ ਮਹਿਕਾਈਆ । ਉਹ ਬਿਨਾ ਕਰਦ ਛੁਰੀ ਹੋਏ ਬਿਸਮਿਲ, ਆਪਣਾ ਆਪ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸੰਦੇਸ਼ਾ ਦਏ ਜਣਾਈਆ । ਗੋਪੀ ਕਾਹਨ ਰਾਸ ਪੌਣ ਦੀ ਖੇਲ ਨਿੱਕੀ, ਨਿਕਿਆਂ ਵਡਿਆਂ ਦਿਆਂ ਜਣਾਈਆ । ਜਨ ਭਗਤੋ ਇਸ ਤੋਂ ਉਪਰ ਬੜੀ ਦੂਰ ਸਿੱਖੀ, ਜੋ ਸਾਖ਼ਿਆਤ ਦਿਆਂ ਸਮਝਾਈਆ । ਜਿਸ ਦੀ ਪੁਰਖ ਅਕਾਲ ਕੋਲ ਅਗੰਮੀ ਚਿੱਠੀ, ਗੋਬਿੰਦ ਹੱਥ ਫੜਾਈਆ । ਜਿਸ ਦੀ ਔਣ ਵਾਲੀ ਵਾਰ ਥਿਤੀ, ਰੁਤ ਮਹੀਨਾ ਉਸ ਦੀ ਦਏ ਗਵਾਹੀਆ । ਜਿਨ੍ਹਾਂ ਨੇ ਗੋਦਾਵਰੀ ਕੰਢੇ ਜਾਣਾ ਉਹ ਆਪਣੀ ਅੰਤਰ ਕਰ ਲਓ ਸਿੱਧੀ, ਸਿੱਧਾ ਹੋ ਕੇ ਰਿਹਾ ਜਣਾਈਆ । ਜੇ ਕਿਸੇ ਦੀ ਮਨ ਵਾਸਨਾ ਰਹਿ ਗਈ ਵਿੰਗੀ, ਪੰਦਰਾਂ ਦਿਨ ਪਹਿਲੋਂ ਲਿਸਟ ਵਿਚੋਂ ਦਏ ਕਢਾਈਆ । ਫੇਰ ਨਾ ਕਿਹੋ ਜਗਤ ਮਸਾਲ ਮਸ਼ਹੂਰ ਜਨਾਨੀਆਂ ਮਤਿ ਗਿੱਚੀ, ਗਰਦਨ ਕੰਮ ਕਿਸੇ ਨਾ ਆਈਆ । ਜਿਹੜੀ ਗੋਬਿੰਦ ਦੀ ਬਣ ਗਈ ਇੱਕੀ, ਉਹ ਇਕੋ ਰੂਪ ਦਏ ਪਰਗਟਾਈਆ । ਉਨ੍ਹਾਂ ਦੇ ਅੰਦਰੋਂ ਇਕੋ ਆਵਾਜ ਨਿਕਲੇ ਮਿੱਠੀ, ਧੁਰ ਦੇ ਢੋਲੇ ਸਾਚੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਸਮਝਾਈਆ । ਸਾਵਣ ਕਹੇ ਮੈਨੂੰ ਸਾਰੇ ਕਹਿੰਦੇ ਆਇਆ ਠੰਡਾ, ਠੰਡਕ ਰਿਹਾ ਵਰਤਾਈਆ । ਗੁਰਮੁਖੋ ਮੇਰੇ ਕੋਲ ਵੱਡਾ ਡੰਡਾ, ਪੁਰਖ ਅਬਿਨਾਸ਼ੀ ਦਿਤਾ ਫੜਾਈਆ । ਜਿਹੜਾ ਲੇਖਾ ਗੋਦਾਵਰੀ ਕੰਢਾ, ਤੁਅੱਲਕ ਮੇਰੇ ਨਾਲ ਰਖਾਈਆ । ਬੇਸ਼ਕ ਭਾਵੇਂ ਮੈਂ ਤੱਤਾਂ ਵਾਲਾ ਨਹੀਂ ਬੰਦਾ, ਬੰਦਗੀ ਕਰ ਕੇ ਮੈਨੂੰ ਚਾਰ ਜੁਗ ਮਿਲੀ ਵਡਿਆਈਆ । ਗੁਰਮੁਖੋ ਕੋਈ ਰਹਿਣ ਨਹੀਂ ਦੇਣਾ ਵਿਚ ਗੰਦਾ, ਮਨ ਹੰਕਾਰੀ ਬਾਹਰ ਦੇਣਾ ਕਢਾਈਆ । ਕੂੜ ਕੁੜਿਆਰਾਂ ਨਾਲੋਂ ਸਤਿਗੁਰ ਚੰਗਾ ਰੰਡਾ, ਬਿਨ ਗੁਰਮੁਖਾਂ ਸੋਭਾ ਕਦੇ ਨਾ ਪਾਈਆ । ਜੇ ਤੁਹਾਡੇ ਮਨ ਦੇ ਅੰਦਰ ਹੈ ਦੰਗਾ, ਉਸ ਨੂੰ ਬਾਹਰ ਦੇਣਾ ਕਢਾਈਆ । ਇਸ ਵਕ਼ਤ ਨਾਲੋਂ ਵੇਲਾ ਹੋਰ ਨਹੀਂ ਸਮਝਣਾ ਚੰਗਾ, ਭਾਵੇਂ ਕੋਟਨ ਕੋਟ ਜਨਮ ਰਾਜਿਆਂ ਘਰ ਪਾਈਆ । ਤੁਹਾਡੇ ਪਿਛੇ ਛਡ ਕੇ ਪੁਰੀ ਅਨੰਦਾ, ਗੋਦਾਵਰੀ ਉਤੇ ਲੇਖਾ ਗਿਆ ਲਿਖਾਈਆ । ਅਗੇ ਗੋਬਿੰਦ ਤੱਤਾਂ ਵਾਲਾ ਸੀ ਬੰਦਾ, ਹੁਣ ਸ਼ਬਦੀ ਰੂਪ ਨਜ਼ਰ ਕਿਸੇ ਨਾ ਆਈਆ । ਅਗੇ ਬਾਜ਼ ਹੱਥ ਤੇ ਰਖਦਾ ਸੀ ਪਰਿੰਦਾ, ਖੇਲ ਲੋਕਮਾਤ ਜਗਤ ਵਖਾਈਆ । ਹੁਣ ਦਾਤਾ ਬਣ ਕੇ ਗੁਣੀ ਗਹਿੰਦਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਰਿਹਾ ਕਮਾਈਆ । ਸਾਵਣ ਕਹੇ ਗੁਰਮੁਖੋ ਜੇ ਤੁਸੀਂ ਨਹੀਂ ਨਿਭੌਣ ਜੋਗੇ, ਠੰਡੇ ਹੋ ਕੇ ਦਿਉ ਜਣਾਈਆ । ਪ੍ਰਭੂ ਸਾਡੇ ਬਦਲ ਦੇ ਕਾਇਆ ਚੋਗੇ, ਇਸ ਜਨਮ ਦਾ ਲੇਖਾ ਦੇ ਚੁਕਾਈਆ । ਜਗਤ ਜਹਾਨ ਮਿਟ ਜਾਏ ਹਰਖ਼ ਸੋਗੇ, ਚਿੰਤਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪੇ ਰਿਹਾ ਵਖਾਈਆ । ਸਾਵਣ ਕਹੇ ਮੇਰੀ ਰੁਤ ਸੁਹਾਵਣੀ, ਸੁਹੰਜਣਾ ਰੂਪ ਵਟਾਈਆ । ਮੈਂ ਮੰਨਾ ਰਜ਼ਾ ਜੋ ਖੇਲ ਸਾਹਿਬ ਮੇਰੇ ਭਾਵਣੀ, ਭਾਣੇ ਵਿਚ ਰਿਹਾ ਜਣਾਈਆ । ਭਗਤ ਭਗਵਨ ਦੀ ਧਾਰ ਵੇਖਾਂ ਆਮਣੇ ਸਾਹਮਣੀ, ਸਨਮੁਖ ਹੋ ਕੇ ਖ਼ੁਸ਼ੀ ਮਨਾਈਆ । ਜਨ ਭਗਤੋ ਸਾਵਣ ਕਹੇ ਮੇਰੇ ਪ੍ਰੇਮ ਪਿਆਰ ਠੰਡੇ ਦੀ ਲੈ ਲਉ ਜ਼ਾਮਨੀ, ਜ਼ਾਮਨ ਹੋ ਕੇ ਦਿਆਂ ਜਣਾਈਆ । ਤੁਸਾਂ ਵਸਤ ਅਮੋਲਕ ਇਕ ਪਾਵਣੀ, ਪਵਿੱਤਰ ਹੋ ਕੇ ਦਿਉ ਵਖਾਈਆ । ਤੁਹਾਡੀ ਜ਼ਰੂਰ ਪੂਰੀ ਕਰੇ ਭਾਵਨੀ, ਭਾਣੇ ਵਿਚ ਰਹਿ ਕੇ ਖ਼ੁਸ਼ੀ ਲਉ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਰਿਹਾ ਵਰਤਾਈਆ । ਸਾਵਣ ਕਹੇ ਮੇਰੀ ਵੇਖ ਘਟਾ ਘਨਘੋਰ, ਬਾਦਲ ਘਿਰ ਘਿਰ ਖ਼ੁਸ਼ੀ ਮਨਾਈਆ । ਮਨ ਚੰਚਲ ਚਿਤ ਠਗੌਰੀ ਰਹੇ ਨਾ ਚੋਰ, ਕੂੜੀ ਕਿਰਿਆ ਦਏ ਮਿਟਾਈਆ । ਮਾਇਆ ਮਮਤਾ ਜਾਏ ਦੌੜ, ਹਉਮੇ ਹੰਗਤਾ ਮੁਖ ਛੁਪਾਈਆ । ਰੀਠਾ ਤਤ ਰਹੇ ਨਾ ਕੌੜ, ਅੰਮ੍ਰਿਤ ਰਸ ਭਰਾਈਆ । ਗੁਰਮੁਖੋ ਤੁਹਾਡੀ ਜਨਮ ਜਨਮ ਦੀ ਬੁਝ ਗਈ ਔੜ, ਓੜਕ ਆਪਣੇ ਨਾਲ ਮਿਲਾਈਆ । ਵਿਚ ਫ਼ਰਕ ਨਾ ਰਖਿਆ ਹੋਰ, ਹੋਰ ਦਾ ਹੋਰ ਰੰਗ ਚੜ੍ਹਾਈਆ । ਵੇਖਿਓ ਮਨ ਵਾਸਨਾ ਨਾਲ ਨਾ ਬਣਿਓ ਕਮਜ਼ੋਰ, ਗੁਰ ਸ਼ਬਦੀ ਟੇਕ ਸਮਝਾਈਆ । ਪ੍ਰਭੂ ਕਦੀ ਨਾ ਜਾਇਓ ਵਿਛੋੜ, ਜੋ ਵਿਛੜਿਆਂ ਰਿਹਾ ਮਿਲਾਈਆ । ਆਦਿ ਜੁਗਾਦੀ ਨਿਭੇ ਤੋੜ, ਟੁਟਿਆਂ ਰਿਹਾ ਜੁੜਾਈਆ । ਮੇਰੇ ਪ੍ਰੇਮ ਦਾ ਵੇਖਿਓ ਨਿਚੋੜ, ਸਮਾਂ ਥੋੜ੍ਹਾ ਬਹੁਤਾ ਗਿਆ ਵਿਹਾਈਆ । ਕੂੜੀ ਕਿਰਿਆ ਨੂੰ ਦਿਉ ਮਰੋੜ, ਬਲ ਆਤਮ ਇਕ ਵਧਾਈਆ । ਘਿਰਨਾ ਨੂੰ ਦਿਓ ਝੰਜੋੜ, ਧੱਕਾ ਦੇਣਾ ਲਗਾਈਆ । ਤੁਹਾਡੇ ਅੰਦਰ ਰੜਕੇ ਕੋਈ ਨਾ ਰੋੜ, ਕੂੜ ਕੁੜਿਆਰਾ ਦੇਣਾ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਦਏ ਰੰਗਾਈਆ । ਸਾਵਣ ਕਹੇ ਗੋਪੀ ਕਾਹਨ ਮਿਲ ਕੇ ਪਾ ਲਉ ਰਾਸ, ਸੋਹਣਾ ਵਕਤ ਸੁਹਾਈਆ । ਇਕ ਦੂਜੇ ਦੇ ਆ ਜਾਓ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਸਾਚੀ ਮਸਾਲ ਕਰੋ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਇਕ ਦੂਜੇ ਤੇ ਕਰੋ ਵਿਸ਼ਵਾਸ਼, ਅੰਧ ਵਿਸ਼ਵਾਸ ਦੇਣਾ ਗਵਾਈਆ । ਸੱਚੇ ਪ੍ਰੇਮ ਦਾ ਕਰੋ ਨਾਚ, ਕ਼ਦਮ ਕ਼ਦਮ ਨਾਲ ਬਦਲਾਈਆ । ਵੇਸ ਵਟੌਣ ਦੀ ਸਿੱਖੋ ਜਾਚ, ਅੰਦਰੋਂ ਵਕਾਰ ਦੇਣਾ ਕਢਾਈਆ । ਸਾਚੇ ਕਾਹਨ ਦਾ ਦੇਣਾ ਸਾਥ, ਜੋ ਸਗਲਾ ਸੰਗ ਨਿਭਾਈਆ । ਜਿਹੜੀ ਕ੍ਰਿਸ਼ਨ ਨੇ ਦੱਸੀ ਨਾ ਬਾਤ, ਸੋ ਗੁਰਮੁਖ ਸਖ਼ੀਓ ਤੁਹਾਨੂੰ ਸੋਹੰ ਢੋਲਾ ਦਿਤਾ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਸਾਥ, ਜਗਤ ਨਾਤਾ ਦਿਤਾ ਗਵਾਈਆ । ਆਤਮ ਪਰਮਾਤਮ ਦਾ ਕਰ ਕੇ ਇਤਫ਼ਾਕ, ਧੁਰ ਦਾ ਮੇਲਾ ਲਿਆ ਮਿਲਾਈਆ । ਸਚ ਪ੍ਰੇਮ ਦੀ ਦੇ ਕੇ ਸੌਗ਼ਾਤ, ਖ਼ਾਲੀ ਝੋਲੀ ਰਿਹਾ ਭਰਾਈਆ । ਸਾਵਣ ਰੁਤੜੀ ਸੋਹਣੀ ਲਗੇ ਬਰਸਾਤ, ਨਦੀਆਂ ਨਾਲੇ ਰਹੀ ਵਹਾਈਆ । ਬੂੰਦਾ ਬਾਂਦੀ ਬੂੰਦ ਸਵਾਂਤ, ਅੰਮ੍ਰਿਤ ਝਿਰਨੇ ਰਹੀ ਝਿਰਾਈਆ । ਜਨ ਭਗਤੋ ਹੋ ਇਕਾਂਤ, ਪ੍ਰਭ ਤਕੋ ਸਚ ਗੁਸਾਈਆ । ਨਵ ਨੌਂ ਚਾਰ ਪਿਛੋਂ ਲੱਭੇ ਇਹ ਰਾਤ, ਸਾਵਣ ਸਦਾ ਰਹੇ ਪਰਭਾਤ, ਸੰਮਤ ਸ਼ਹਿਨਸ਼ਾਹੀ ਵਡਿਆਈਆ । ਵੇਖਿਓ ਕੋਈ ਬਣਿਓ ਨਾ ਨਾਰ ਕਮਜ਼ਾਤ, ਕੁਲਖਣੀ ਦੁਹਾਗਣ ਰੂਪ

੧੦੦੪

ਵਟਾਈਆ । ਤੁਹਾਡਾ ਪ੍ਰੇਮੀ ਪ੍ਰੀਤਮ ਉਤੇ ਉਤੇ ਮੁਸ਼ਤਾਕ, ਮੁਸ਼ਕਲ ਸਭ ਦੀ ਹਲ ਕਰਾਈਆ । ਲੇਖਾ ਕਰਨ ਆਇਆ ਬੇਬਾਕ, ਲਹਿਣਾ ਦੇਣਾ ਦੇਵੇ ਥਾਉਂ ਥਾਈਂਆ । ਦਾਤਾ ਦਾਨੀ ਗਹਿਰ ਗੰਭੀਰ ਗ਼ਰੀਬ ਨਿਵਾਜ਼, ਰਖਸ਼ਿਕ ਹੋ ਕੇ ਵੇਖ ਵਖਾਈਆ । ਸਾਵਣ ਕਹੇ ਮੈਂ ਸੁਹਾਵਣਾ ਹੋਇਆ ਆਜ, ਸਖ਼ੀਆਂ ਦਾ ਕਾਹਨ ਮਿਲਿਆ ਸੀਸ ਦਾ ਤਾਜ, ਜਿਸ ਚੌਕੜੀ ਜੁਗ ਬਦਲ ਦਿਤਾ ਰਿਵਾਜ, ਬੇੜਾ ਚਲਾ ਕੇ ਨਾਮ ਜਹਾਜ਼, ਗੁਰਮੁਖ ਸਾਚੇ ਪਾਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਸੋਹਣਾ ਦੱਸੇ ਨਾਚ, ਕਾਇਆ ਮਾਟੀ ਸਾਵੇ ਤਿੰਨ ਹੱਥ ਕਾਚ, ਪ੍ਰੇਮ ਪਿਆਰ ਮੁਹੱਬਤ ਧੁਰ ਦਾ ਤਬਲਾ ਨਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵਖਰੀ ਵਖਾਏ ਆਪਣੀ ਰਾਸ, ਪ੍ਰੇਮੀ ਪਿਆਰਿਆਂ ਦੀ ਬੁਝਾਏ ਪਿਆਸ, ਆਤਮ ਪਰਮਾਤਮ ਦੇਵੇ ਸਾਥ, ਸਗਲਾ ਸੰਗ ਨਿਭਾਈਆ ।

ਮੋਰ ਚਕੋਰ ਘਣੇ ਬਾਦਲ ਅੰਬਰ ਰਹੇ ਝਾਕ, ਨਿਉਂ ਨਿਉਂ ਸੀਸ ਨਿਵਾਈਆ । ਬਖ਼ਸ਼ਿਸ਼ ਵਿਚ ਧੁਰ ਦਾ ਦਾਨ, ਝੋਲੀ ਸਚ ਭਰਾਈਆ । ਤੂੰ ਸਖ਼ੀ ਬਣ ਮੈਂ ਤੇਰਾ ਕਾਹਨ, ਸੋਹਣੀ ਰਾਸ ਰਚਾਈਆ । ਤੂੰ ਬਾਲੀ ਨੱਢੀ ਮੈਂ ਨੌਜਵਾਨ, ਸੋਹਣਾ ਖੇਲ ਵਖਾਈਆ । ਤੂੰ ਪ੍ਰੇਮ ਪਿਆਸੀ ਮੈਂ ਭਗਤ ਵਛਲ ਭਗਵਾਨ, ਸਿਰ ਆਪਣਾ ਹੱਥ ਟਿਕਾਈਆ । ਤੂੰ ਮੰਡਲ ਰਾਸੀ ਮੈਂ ਖੇਲਾਂ ਖੇਲ ਮਹਾਨ, ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਬਣ ਕੇ ਸੱਚਾ ਸਾਥੀ, ਸੱਚਾ ਸੰਗ ਨਿਭਾਈਆ । ਤੇਰੀ ਸਖ਼ੀਆਂ ਵਾਲੀ ਪੁਕਾਰ, ਪ੍ਰੇਮ ਪਿਆਰ ਰਹੀ ਜਣਾਈਆ । ਮੇਰਾ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਦੋਹਾਂ ਦਾ ਮੇਲਾ ਵਿਚ ਸੰਸਾਰ, ਮਾਤਲੋਕ ਵੱਜੇ ਵਧਾਈਆ । ਤੇਰਾ ਲਹਿਣਾ ਦੇ ਕੇ ਉਧਾਰ, ਕ਼ਰਜ਼ਾ ਦਿਤਾ ਚੁਕਾਈਆ । ਚਰਨਾਂ ਦਾ ਬਖ਼ਸ਼ ਪਿਆਰ, ਪ੍ਰੀਤੀ ਰੰਗ ਰੰਗਾਈਆ । ਸਾਵਣ ਦੀ ਬਹਾਰ, ਸੋਹਣੀ ਠੰਡ ਵਰਤਾਈਆ । ਭਗਤਾਂ ਦੀ ਗੁਲਜ਼ਾਰ, ਫੁੱਲ ਫੁਲਵਾੜੀ ਇਕ ਮਹਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਖ਼ੀਆਂ ਦਾ ਸਰਦਾਰ, ਅੱਖੀਆਂ ਦਾ ਕਲਾਕਾਰ, ਕ਼ੁਦਰਤ ਦਾ ਕ਼ਾਦਰ ਕਰਨੀ ਦਾ ਕਰਤਾ ਦਇਆ ਕਮਾਈਆ ।


੧੦੦੫

### ❊ ੨੪ ਸਾਵਣ ਸ਼ਹਿਨਸ਼ਾਹੀ ਸੰਮਤ ੧ ਲਾਲ ਸਿੰਘ ਦੇ ਗ੍ਰਿਹਿ ਪਿੰਡ ਹੇਰ ਜ਼ਿਲਾ ਜਲੰਧਰ ❊

ਧੰਨਵਾਦ ਤੇਰਾ ਸ਼ੁਕਰ, ਰਹਿਮਤ ਬੇਪਰਵਾਹੀਆ । ਨਿਰਗੁਣ ਨਿਰਵੈਰ ਹੋ ਕੇ ਆਪਣੀ ਧਾਰੋਂ ਆਇਆ ਉਤਰ, ਬੇਅੰਤ ਅੰਤ ਤੇਰੀ ਬੇਪਰਵਾਹੀਆ । ਜਿਸ ਸ਼ਬਦੀ ਧਾਰ ਗੋਬਿੰਦ ਬਣਾਇਆ ਪੁਤਰ, ਪਤਿਪਰਮੇਸ਼ਵਰ ਹੋ ਸਹਾਈਆ । ਕੀਤਾ ਕੌਲ ਇਕ਼ਰਾਰ ਨਾ ਗਿਉਂ ਮੁਕਰ, ਅਭੁਲ ਆਪਣੀ ਦਇਆ ਕਮਾਈਆ । ਗੁਰਮੁਖ ਦੁਹਾਗਣ ਨਾਰ ਨਾ ਹੋਣ ਦਿਤੀ ਛੁਟੜ, ਕੁਲਖਣੀ ਕਮਜ਼ਾਤ ਨਾ ਰੂਪ ਵਟਾਈਆ । ਪ੍ਰੇਮੀ ਪਿਆਰ ਵਿਚ ਪ੍ਰੀਤਮ ਹੋ ਕੇ ਗੁਰਮੁਖਾਂ ਚੁਕੇ ਆਪਣੇ ਕੁਛੜ, ਗੋਦ ਸੁਹੰਜਣੀ ਇਕ ਸੁਹਾਈਆ । ਭਾਗਹੀਣ ਰਹਿਣ ਨਾ ਦਿਤਾ ਪੁਤਰ, ਏਕਾ ਰੰਗ ਲਿਆ ਰੰਗਾਈਆ । ਲੱਖ ਚੁਰਾਸੀ ਜੂਨੀ ਕਟ ਕੇ ਸੂਕਰ ਕੂਕਰ, ਕੁਕਰਮਾਂ ਦਾ ਡੇਰਾ ਦਿਤਾ ਢਾਹੀਆ । ਚਾਰ ਕੁੰਟ ਲੁਕਿਆ ਰਹਿਣ ਨਾ ਦਿਤਾ ਕਿਸੇ ਨੁੱਕਰ, ਨੁਕਤਿਆਂ

ਵਿਚੋਂ ਨੁਕਤਾ ਰਿਹਾ ਪਰਗਟਾਈਆ । ਜਨਮ ਜਨਮ ਦਾ ਪਿਆਸਾ ਵੇਖ ਕੇ ਭੁਖੜ, ਚਾਰੋਂ ਕੁੰਟ ਖੋਜ ਖੁਜਾਈਆ । ਵਿਛੋੜੇ ਦਰਦੀ ਦਾ ਵੇਖ ਦੁਖੜ, ਦੁਖੀਆਂ ਦਾ ਦੁਖ ਵੇਖ ਕੇ ਹੋਏ ਸਹਾਈਆ । ਜਿਸ ਦਵਾਰੇ ਤੇ ਸਜਦਿਆਂ ਵਿਚ ਝੁਕਣ, ਨਿਉਂ ਨਿਉਂ ਲਾਗਣ ਪਾਈਆ । ਦੀਨ ਦਿਆਲ ਠਾਕਰ ਸਵਾਮੀ ਹੋ ਕੇ ਜਿਥੇ ਬਾਲੇ ਨੱਢਿਆਂ ਆਇਆ ਚੁਕਣ, ਨੇਰਨ ਦੂਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਆਪਣਾ ਫੇਰਾ ਪਾਈਆ । ਧੰਨਵਾਦ ਕੀ ਉਸ ਦਾ ਸ਼ੁਕਰਾਨਾ, ਜੋ ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਈਆ । ਤੁਹਾਡੇ ਪਿਛੇ ਗੋਬਿੰਦ ਦੇ ਕੇ ਗਿਆ ਬਿਆਨਾ, ਬੱਚੇ ਨੀਹਾਂ ਹੇਠ ਦਬਾਈਆ । ਤੁਹਾਨੂੰ ਪਿਆ ਕੇ ਗਿਆ ਜਾਮਾ, ਜਿਸ ਦੀ ਪੈਮਾਇਸ਼ ਨਾ ਕੋਇ ਕਰਾਈਆ । ਓਸੇ ਦਾ ਲੇਖਾ ਦੇਵਣਹਾਰ ਭਗਵਾਨਾ, ਪਰਮ ਪੁਰਖ ਖ਼ੁਦਾਈਆ ।

### ❊ ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਪਹਿਲੀ ਭਾਦਰੋਂ ਕਹੇ ਮੈਂ ਗੋਦਾਵਰੀ ਵੇਖੀ ਹਸਦੀ, ਬਿਨ ਦੰਦਾਂ ਖ਼ੁਸ਼ੀ ਬਣਾਈਆ । ਪਲਕ ਸਵਾਰ ਕੇ ਆਪਣੀ ਅੱਖ ਦੀ, ਬਿਨ ਨੇਤਰ ਨੈਣ ਉਠਾਈਆ । ਖੇਲ ਵੇਖ ਪੁਰਖ ਸਮਰਥ ਦੀ, ਭੱਜੇ ਵਾਹੋ ਦਾਹੀਆ । ਇਹ ਕਥਾ ਕਹਾਣੀ ਸਚ ਦੀ, ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਗਵਾਹੀਆ । ਜਮਨਾ ਸੁਰਸਤੀ ਗੰਗਾ ਨੂੰ ਬਹਿ ਕੇ ਦੱਸਦੀ, ਦਹਿ ਦਿਸ਼ਾ ਰਹੀ ਜਣਾਈਆ । ਵੇਖੋ ਘੜੀ ਬਣੀ ਪ੍ਰਭੂ ਦੇ ਜਸ ਦੀ, ਵੇਲੇ ਵਕਤ ਨਾਲ ਵਡਿਆਈਆ । ਅੜੀਓ ਏਥੇ ਲੋੜ ਨਾ ਬੁਧ ਮਤਿ ਦੀ, ਮਨ ਚੰਚਲ ਚਲੇ ਨਾ ਕੋਇ ਚਤੁਰਾਈਆ । ਇਹ ਖੇਲ ਹਕੀਕਤ ਹਕ ਦੀ, ਧੁਰ ਦਾ ਮਾਲਕ ਵੇਖ ਵਖਾਈਆ । ਵਸਤ ਅਮੋਲਕ ਤਕੋ ਓਸ ਹੱਟ ਦੀ, ਜਿਥੇ ਵਣਜਾਰਾ ਨਜ਼ਰ ਕੋਇ ਨਾ ਆਈਆ । ਰਮਜ਼ ਸਮਝੋ ਘਟ ਘਟ ਦੀ, ਜੋ ਗ੍ਰਿਹ ਭੀਤਰ ਰਿਹਾ ਦ੍ਰਿੜਾਈਆ । ਜੁਗ ਚੌਕੜੀ ਜਿਸ ਨੂੰ ਰਹੀ ਲਭਦੀ, ਦੀਨਾਂ ਵਿਚ ਭੱਜੀ ਵਾਹੋ ਦਾਹੀਆ । ਜਾਮ ਪਿਆਲੇ ਪਿਆਉਂਦੀ ਰਹੀ ਅੰਮ੍ਰਿਤ ਮਧੁ ਦੀ, ਰਸ ਖ਼ੁਮਾਰੀ ਜਗਤ ਚੜ੍ਹਾਈਆ । ਅੱਖੀਂ ਵਿਛੋੜਾ ਤਕਦੀ ਰਹੀ ਅਲਗ ਦੀ, ਸਗਲਾ ਸੰਗ ਨਾ ਕੋਇ ਬਣਾਈਆ । ਬਿਰਹੋਂ ਅੰਦਰ ਰਹੀ ਦਗ਼ਦੀ, ਅਗਨੀ ਤਤ ਤਪਾਈਆ । ਜਗਤ ਕਿਰਿਆ ਵੇਂਹਦੀ ਰਹੀ ਜਗ ਦੀ, ਸ੍ਰਿਸ਼ਟੀ ਖੋਜ ਖੁਜਾਈਆ । ਮੈਨੂੰ ਇਕੋ ਧੁਰ ਦੀ ਰਮਜ਼ ਚੰਗੀ ਲਗਦੀ, ਜੋ ਬਿਨਾ ਲਗਾਂ ਮਾਤਰਾਂ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਰਤਾਈਆ । ਗੋਦਾਵਰੀ ਕਹੇ ਮੈਂ ਸੁਤੀ ਗਈ ਉਠ, ਕਿਸੇ ਅਗੰਮੀ ਦਇਆ ਕਮਾਈਆ । ਮੇਰਾ ਮੇਰੇ ਵਿਚੋਂ ਲਿਆ ਲੁਟ, ਆਪ ਆਪਾ ਗਈ ਮਿਟਾਈਆ । ਕਿਸੇ ਹੌਲੀ ਜਿਹੀ ਲਿਆ ਪੁਛ, ਧੁਰ ਸੁਨੇਹੜਾ ਇਕ ਸੁਣਾਈਆ । ਉਠ ਵੇਖ ਹੋ ਖ਼ੁਸ਼, ਕੁਛ ਤੈਨੂੰ ਦਿਆਂ ਜਣਾਈਆ । ਜਿਹੜਾ ਸੁਹਾ ਕੇ ਗਿਆ ਤੇਰੀ ਰੁੱਤ, ਅੰਤਮ ਤੀਰਥ ਤਟ ਗਿਆ ਵਡਿਆਈਆ । ਜਿਹੜਾ ਵਾਰ ਕੇ ਆਪਣੇ ਸੁਤ, ਗੁਰਮੁਖ ਦੁਲਾਰੇ ਰਿਹਾ ਬਣਾਈਆ । ਜਿਸ ਦੇ ਕੋਲ ਸਭ ਕੁਛ, ਖ਼ਾਲੀ ਭੰਡਾਰੇ ਦਏ ਭਰਾਈਆ । ਉਸ ਦੇ ਕੋਲੋਂ ਪਰਦਾ ਕਾਹਦਾ ਲੁਕ, ਭੇਵ ਅਭੇਦਾ ਦਏ ਖੁਲ੍ਹਾਈਆ । ਜਿਸ ਨੇ ਬਦਲਿਆ ਆਪਣਾ ਰੁਖ਼, ਦੋ ਜਹਾਨਾਂ ਪੰਧ ਮੁਕਾਈਆ । ਜਿਸ ਦਾ ਤੀਰ ਨਿਸ਼ਾਨਾ ਕਦੇ ਨਾ ਗਿਆ ਉਕ, ਅਨਿਆਲਾ ਆਪ ਚਲਾਈਆ । ਜਿਸ

ਨੂੰ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਰਹੇ ਝੁਕ, ਸਜਦਿਆਂ ਵਿਚ ਲੋਕਾਈਆ । ਜਿਸ ਦਾ ਅੰਮ੍ਰਿਤ ਜਾਮ ਘੁਟ, ਚਿੜੀਆਂ ਬਾਜ਼ ਤੁੜਾਈਆ । ਜਿਸ ਦੀ ਚੋਗ ਕਦੇ ਨਾ ਜਾਏ ਨਿਖੁਟ, ਲੱਖ ਚੁਰਾਸੀ ਹੋਏ ਸਹਾਈਆ । ਜਿਸ ਦੀ ਗੁਰਮੁਖ ਗੁਰਸਿਖ ਰੱਖਣ ਓਟ, ਓੜਕ ਸ਼ਬਦੀ ਰੂਪ ਵਟਾਈਆ । ਜਿਸ ਦੀ ਨਾਮ ਨਗਾਰੇ ਲੱਗੇ ਚੋਟ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈਆ । ਜਿਸ ਦਾ ਨੂਰ ਅਗੰਮੀ ਜੋਤ, ਜਲਵਾ ਇਕੋ ਇਕ ਦਰਸਾਈਆ । ਜਿਸ ਦੀ ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਜਿਸ ਦੀ ਬੁਧੀ ਵਾਲੀ ਨਹੀਂ ਸੋਚ, ਅਗੰਮੀ ਹੁਕਮ ਇਕ ਸੁਣਾਈਆ । ਜਿਸ ਦੇ ਦਰਸ਼ਨ ਨੂੰ ਨੇਤਰ ਲੋਚਣ ਰਹੇ ਲੋਚ, ਸੋ ਲੋਕ ਪਰਲੋਕ ਵੇਖ ਵਖਾਈਆ । ਜਿਸ ਦਾ ਨਾਮ ਨਿਧਾਨਾ ਅਗਾਧ ਬੋਧ, ਜਗਤ ਵਿਦਿਆ ਸਮਝ ਕੋਇ ਨਾ ਪਾਈਆ । ਜਿਸ ਦੇ ਗ੍ਰਹਿ ਇਕੋ ਮੌਜ, ਸਚਖੰਡ ਵਜਦੀ ਰਹੇ ਵਧਾਈਆ । ਜਿਸ ਦੇ ਚਰਨਾਂ ਹੇਠਾਂ ਚੌਦਾਂ ਲੋਕ, ਸੀਸ ਸਕੇ ਨਾ ਕੋਇ ਉਠਾਈਆ । ਜਿਸ ਦਾ ਨਾਮ ਸਚ ਜੈਕਾਰਾ ਇਕ ਸਲੋਕ, ਧੁਰ ਦਾ ਢੋਲਾ ਰਿਹਾ ਦ੍ਰਿੜਾਈਆ । ਜਿਸ ਦਾ ਹੁਕਮ ਸਕੇ ਕੋਈ ਨਾ ਰੋਕ, ਭਾਣੇ ਵਿਚ ਖ਼ਲਕ ਖ਼ੁਦਾਈਆ । ਜਿਸ ਦਾ ਕੋਈ ਨਾ ਜਾਣੇ ਦੋਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵਰਤਾਈਆ । ਗੋਦਾਵਰੀ ਕਹੇ ਕਿਸੇ ਮੈਨੂੰ ਦਿਤਾ ਹੁਲਾਰਾ, ਹੌਲੀ ਜਿਹੀ ਦਿਤਾ ਉਠਾਈਆ । ਕਮਲੀਏ ਵੇਖ ਨਰ ਨਿਰੰਕਾਰਾ, ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦਾ ਗੋਬਿੰਦ ਸੁਤ ਦੁਲਾਰਾ, ਸ਼ਬਦੀ ਨਾਉਂ ਵਡਿਆਈਆ । ਜਿਸ ਦਾ ਮਹਲ ਅਟਲ ਉਚ ਮਨਾਰਾ, ਸਚਖੰਡ ਸਾਚਾ ਸੋਭਾ ਪਾਈਆ । ਜਿਸ ਦਾ ਆਰ ਪਾਰ ਸਮਝੇ ਨਾ ਕੋਇ ਕਿਨਾਰਾ, ਨਦੀਆਂ ਵਹਾ ਨਾ ਕੋਇ ਦ੍ਰਿੜਾਈਆ । ਜਿਸ ਦੇ ਦਰ ਤੇ ਕੋਟਨ ਕੋਟ ਮੰਗਣ ਪੀਰ ਪੈਗ਼ੰਬਰ ਗੁਰ ਅਵਤਾਰਾ, ਦਰ ਦਰਵੇਸ਼ ਰੂਪ ਵਖਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦਾ ਧਾਮ ਅਵਲੜਾ ਸਭ ਤੋਂ ਨਿਆਰਾ, ਨਿਰਗੁਣ ਨਿਰਵੈਰ ਨਿਰਾਕਾਰ ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਦਾ ਆਦਿ ਅੰਤ ਕਿਸੇ ਨਾ ਪਾਇਆ ਪਾਰਾਵਾਰਾ, ਬੇਅੰਤ ਕਹਿ ਕੇ ਸਾਰੇ ਗਏ ਗਾਈਆ । ਸੋ ਖੇਲ ਕਰੇ ਅਗੰਮ ਅਪਾਰਾ, ਅਲਖ ਅਗੋਚਰ ਆਪਣੇ ਹੱਥ ਰਖੇ ਵਡਿਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਭਗਤ ਵਛਲ ਗਿਰਧਾਰਾ, ਗਹਿਰ ਗੰਭੀਰ ਬੇਪਰਵਾਹੀਆ । ਧੁਰ ਦਾ ਨਾਮ ਸਾਚਾ ਰਾਮ ਖੋਲ੍ਹ ਕੇ ਇਕ ਦਵਾਰਾ, ਦਰ ਦਰਵਾਜ਼ਾ ਰਿਹਾ ਖੁਲ੍ਹਾਈਆ । ਭਗਤ ਸੁਹੇਲਾ ਇਕ ਇਕੇਲਾ ਭਗਤਨ ਮੀਤਾ ਗੁਰਮੁਖਾਂ ਅੰਮ੍ਰਿਤ ਬਖ਼ਸ਼ੇ ਠੰਡੀ ਧਾਰਾ, ਅਗਨੀ ਤਤ ਰਹਿਣ ਕੋਇ ਨਾ ਪਾਈਆ । ਜਿਸ ਦਾ ਲੇਖ ਕਾਗਦ ਕ਼ਲਮ ਨਾ ਲਿਖਣਹਾਰਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਵੇਖ ਵਖਾਈਆ । ਗੋਦਾਵਰੀ ਕਹੇ ਮੈਂ ਉਠ ਕੇ ਅੱਖ ਲਈ ਖੋਲ੍ਹ, ਚਾਰੋਂ ਕੁੰਟ ਧਿਆਨ ਲਗਾਈਆ । ਕਵਣ ਦਵਾਰੇ ਠਾਕਰ ਸਵਾਮੀ ਮੇਰਾ ਬਾਬਲ ਰਿਹਾ ਬੋਲ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਗੋਬਿੰਦ ਨਾਲ ਕੌਲ, ਧੁਰ ਸੰਦੇਸ਼ਾ ਆਪਣਾ ਆਪ ਜਣਾਈਆ । ਜਿਸ ਦਾ ਖੇਲ ਸਮਝੇ ਕੋਈ ਨਾ ਪੰਡਤ ਪਾਂਧਾ ਰੌਲ, ਮੁੱਲਾ ਸ਼ੇਖ਼ ਮੁਸਾਇਕ ਭੇਦ ਕੋਇ ਨਾ ਆਈਆ । ਜੋ ਸਚ ਦਵਾਰੇ ਬੈਠਾ ਸਦਾ ਅਡੋਲ, ਅਨਬੋਲਤ ਆਪਣਾ ਰਾਗ ਅਲਾਈਆ । ਸੋ ਪੁਰਖ ਬਿਧਾਤਾ ਕਰੇ ਖੇਲ ਉਪਰ ਧੌਲ, ਧਰਨੀ ਧਵਲ ਧਰਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਾਦਰੋਂ ਕਹੇ ਮੈਂ ਗੋਦਾਵਰੀ ਲੈਂਦੀ ਵੇਖੀ ਅੰਗੜਾਈ, ਕਰਵਟ ਆਪਣੀ ਰਹੀ ਬਦਲਾਈਆ । ਜਿਸ

੧੦੦੭

ਦੇ ਅੰਦਰ ਵੱਜੀ ਵਧਾਈ, ਬਾਹਰੋਂ ਸਮਝ ਕੋਇ ਨਾ ਪਾਈਆ । ਸ਼ਬਦ ਸੰਦੇਸ਼ਾ ਸੁਣ ਕੇ ਸ਼ਹਿਨਸ਼ਾਹੀ, ਸ਼ਾਮ ਆਪਣਾ ਗਈ ਭੁਲਾਈਆ । ਖ਼ੁਸ਼ੀਆਂ ਨਾਲ ਵੈਰਾਗਣ ਬਣ ਕੇ ਦਏ ਦੁਹਾਈ, ਉਚੀ ਕੂਕ ਕੂਕ ਸੁਣਾਈਆ । ਮੈਂ ਆਪਣਾ ਵੇਖਾਂ ਗੋਬਿੰਦ ਸੱਚਾ ਮਾਹੀ, ਜਿਸ ਦੀ ਮਹਿੰਮਾ ਕਿਸੇ ਨਾ ਗਾਈਆ । ਜਿਸ ਦਾ ਜਲਵਾ ਜੋਤ ਨੂਰ ਰੁਸ਼ਨਾਈ, ਸ਼ਬਦੀ ਢੋਲੇ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਦਾਵਰੀ ਕਹੇ ਗੰਗਾ ਮੇਰੀ ਉਠ ਸਹੇਲੀ, ਸਖ਼ੀਏ ਤੈਨੂੰ ਦਿਆਂ ਜਣਾਈਆ । ਪਰਮ ਪੁਰਖ ਪਰਮਾਤਮ ਧੁਰ ਦਾ ਬੇਲੀ, ਜੋ ਬੇਲਿਆਂ ਵਿਚ ਮੇਲਾ ਲਏ ਮਿਲਾਈਆ । ਜਿਸ ਨੇ ਗੋਬਿੰਦ ਨਾਲ ਮਿਲ ਕੇ ਖੇਲ ਖੇਲੀ, ਖ਼ਾਲਕ ਖ਼ਲਕ ਸਮਝ ਕਿਸੇ ਨਾ ਆਈਆ । ਉਸ ਨੇ ਧਾਰ ਰਹਿਣ ਨਹੀਂ ਦੇਣੀ ਨਵੇਲੀ, ਨਿਰਾਕਾਰ ਨਿਹਕਰਮੀ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਦਾਵਰੀ ਕਹੇ ਉਠ ਵੇਖ ਸੁਰਸਤੀ, ਸੁਤੀਏ ਤੈਨੂੰ ਦਿਆਂ ਜਣਾਈਆ । ਮੇਰੇ ਪ੍ਰਭ ਨੂੰ ਵੇਖੀਂ ਚੜ੍ਹਦੀ ਮਸਤੀ, ਮੁਸ਼ਕਲ ਰਹਿਣ ਕੋਇ ਨਾ ਪਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਇਕੋ ਹਸਤੀ, ਹਸਦਿਆਂ ਹਸਦਿਆਂ ਮੇਲਾ ਲਏ ਮਿਲਾਈਆ । ਜਿਸ ਦਿਆਂ ਚਰਨਾਂ ਹੇਠਾਂ ਭਗਤਾਂ ਦੀ ਬਸਤੀ ਵਸਦੀ, ਦੂਜਾ ਨਜ਼ਰ ਕੋਇ ਨਾ ਆਈਆ । ਓਥੇ ਕਥਾ ਜਿਹਵਾ ਕੋਇ ਨਾ ਦੱਸਦੀ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਲੋੜ ਰਹੇ ਨਾ ਰਸਨਾ ਰਸ ਦੀ, ਪਾਣੀ ਧਾਰ ਨਾ ਕੋਇ ਵਹਾਈਆ । ਮੈਨੂੰ ਕ਼ਸਮ ਓਸੇ ਰੱਬ ਦੀ, ਜੋ ਰਬੀਉਲ ਹੋ ਕੇ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਗੋਦਾਵਰੀ ਕਹੇ ਉਠ ਵੇਖ ਭੈਣ ਜਮਨਾ, ਜਾਮਨ ਹੋ ਕੇ ਦਿਆਂ ਵਖਾਈਆ । ਜਿਸ ਦੇ ਮਿਲਣ ਦੀ ਰਖਦੀ ਰਹੀ ਤਮੰਨਾ, ਆਸਾ ਆਸਾ ਨਾਲ ਵਧਾਈਆ । ਜਿਸ ਤੋਂ ਬਿਨਾ ਬਿਰਥਾ ਜਨਮ ਨਿਕੰਮਾ, ਨਿਕੰਮੀਏ ਕੰਮ ਕਿਸੇ ਨਾ ਆਈਆ । ਜਿਸ ਦੀ ਯਾਦ ਅੰਦਰ ਲੇਖੇ ਲਗਣ ਦਮਾਂ, ਸਾਹ ਸਾਹ ਸਮਾਈਆ । ਉਹ ਖੇਲ ਕਰੇ ਅਗੰਮਾ, ਅਗੰਮੜਾ ਵੇਸ ਵਟਾਈਆ । ਜਿਹੜਾ ਹੱਥ ਨਾ ਆਇਆ ਕਾਇਆ ਮਾਟੀ ਸਾਢੇ ਤਿੰਨ ਹੱਥ ਚੰਮਾਂ, ਚੰਮ ਦ੍ਰਿਸ਼ਟੀ ਗਿਆ ਗਵਾਈਆ । ਜੋ ਨਿਤ ਨਵਿਤ ਵੇਸ ਵਟਾਏ ਵੇਖ ਕੇ ਆਪਣਾ ਸਮਾਂ, ਸੰਮਤ ਆਪਣਾ ਰਿਹਾ ਲਗਾਈਆ । ਜਿਸ ਦਾ ਖੇਲ ਸਭ ਤੋਂ ਨਵਾਂ, ਨਵ ਨੌਂ ਚਾਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਗੰਗਾ ਸੁਰਸਤੀ ਜਮਨਾ ਤਿੰਨੇ ਪਈਆਂ ਉਠ, ਗੋਦਾਵਰੀ ਵਲ ਧਿਆਨ ਲਗਾਈਆ । ਭੈਣੇ ਸਾਨੂੰ ਲਗੀ ਭੁਖ, ਜੁਗ ਚੌਕੜੀ ਤ੍ਰਿਸ਼ਨਾ ਪੂਰ ਨਾ ਕੋਇ ਕਰਾਈਆ । ਸਚ ਪ੍ਰੇਮ ਪਿਆਰ ਦਾ ਅੰਮ੍ਰਿਤ ਦੇ ਘੁਟ, ਤੇਰੇ ਕੋਲ ਨਜ਼ਰੀ ਆਈਆ । ਗੋਦਾਵਰੀ ਅੱਖਾਂ ਮੀਟ ਕੇ ਹੋ ਗਈ ਚੁਪ, ਨੇਤਰ ਨੈਣਾਂ ਨੀਰ ਵਹਾਈਆ । ਮੈਨੂੰ ਓਸ ਤੋਂ ਲੈਣ ਦਿਉ ਪੁਛ, ਜੋ ਪਿਛਲਾ ਲੇਖਾ ਰਿਹਾ ਮੁਕਾਈਆ । ਜਿਹੜਾ ਪੁਰਖ ਅਕਾਲ ਦਾ ਬਣਿਆ ਪੁਤ, ਗੋਬਿੰਦ ਸ਼ਬਦੀ ਰੂਪ ਵਟਾਈਆ । ਜੋ ਸਭ ਦੇ ਅੰਦਰ ਬੈਠਾ ਲੁਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੇ ਉਹ ਮਿਹਰਵਾਨ ਹੋਇਆ ਖ਼ੁਸ਼, ਮੈਂ ਨਿਉਂ ਕੇ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਤਿੰਨੇ ਕਹਿਣ ਸਾਨੂੰ ਲਗੀ ਪਿਆਸ, ਤ੍ਰਿਖਾ ਨਾ ਕੋਇ ਬੁਝਾਈਆ । ਗੋਦਾਵਰੀ ਕਹੇ ਤੁਸੀਂ ਮੇਰਾ ਦੇਵੋ ਸਾਥ, ਸੰਦੇਸ਼ਾ ਦਿਆਂ ਦ੍ਰਿੜਾਈਆ । ਮੈਂ ਓਸ ਨੂੰ ਦਿਆਂ ਆਖ, ਜੋ ਆਖ਼ਰ ਸਭ ਦਾ ਪਿਤਾ

੧੦੦੮

ਮਾਈਆ । ਜਿਸ ਜੁਝਾਰ ਨੂੰ ਦਿਤਾ ਨਹੀਂ ਗਲਾਸ, ਤ੍ਰਿਖਾ ਸਭ ਦੀ ਰਿਹਾ ਬੁਝਾਈਆ । ਉਹ ਚਲ ਕੇ ਔਣਾ ਤੁਹਾਡੇ ਪਾਸ, ਪਿਛਲੇ ਲੇਖੇ ਦਏ ਮੁਕਾਈਆ । ਪੂਰੇ ਕਰੇ ਭਵਿਖਤ ਵਾਕ, ਵਾਕਿਆ ਸਚ ਦਏ ਕਰਾਈਆ । ਮੈਂ ਉਡੀਕਾਂ ਉਹ ਰਾਤ, ਜਿਸ ਵਿਚ ਰੁਤੜੀ ਦੇਣੀ ਮਹਿਕਾਈਆ । ਮੇਰੇ ਨਾਲ ਮਿਲ ਕੇ ਕਰਨੀ ਬਾਤ, ਬਾਤਨ ਭੇਵ ਦਿਆਂ ਜਣਾਈਆ । ਭਗਤਾਂ ਨਾਲ ਜੋੜਨਾ ਸਾਕ, ਸਾਫ਼ ਦੇਣਾ ਬਣਾਈਆ । ਸਭ ਦਾ ਬਣ ਕੇ ਮਾਈ ਬਾਪ, ਧੁਰ ਦੀ ਗੋਦ ਲੈਣਾ ਉਠਾਈਆ । ਜਿਥੇ ਕਦੇ ਨਾ ਲਗੇ ਪਿਆਸ, ਤ੍ਰਿਖਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਸਮਝਾਈਆ । ਗੋਦਾਵਰੀ ਕਹੇ ਨੀ ਸੁਣੋ ਕਹਾਣੀ ਅਕਥ, ਕਥਨੀ ਕਥ ਨਾ ਸਕੇ ਰਾਈਆ । ਕਰਨਾ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜਿਸ ਦੇ ਕੋਲ ਅਗੰਮੀ ਵਥ, ਦੋ ਜਹਾਨਾਂ ਰਿਹਾ ਵਰਤਾਈਆ । ਸਭ ਦੀ ਝੋਲੀ ਪਾਏ ਹਕ, ਹਾਕਮ ਹੋ ਕੇ ਹੋਏ ਸਹਾਈਆ । ਤੁਸੀਂ ਖੋਲ੍ਹ ਕੇ ਵੇਖਿਓ ਆਪਣੀ ਅੱਖ, ਸਾਖ਼ਿਆਤ ਤੁਹਾਨੂੰ ਦਿਆਂ ਵਖਾਈਆ । ਜਿਸ ਨੇ ਭਗਤਾਂ ਦਾ ਕਰਨਾ ਪਖ, ਗੁਰਮੁਖਾਂ ਰੰਗ ਚੜ੍ਹਾਈਆ । ਸ੍ਰਿਸ਼ਟੀ ਤੋਂ ਕਰ ਕੇ ਵਖ, ਮਹਲ ਅਟਲ ਦੇਣੇ ਬਹਾਈਆ । ਧੁਰ ਦਾ ਢੋਲਾ ਦੱਸ ਕੇ ਸਚ, ਇਕੋ ਕਰਨੀ ਧੁਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਕਹੇ ਮੈਨੂੰ ਖ਼ੁਸ਼ੀ ਆਈ ਇਕ, ਇਕ ਇਕ ਇਕ ਦਿਆਂ ਦ੍ਰਿੜਾਈਆ । ਜਿਸ ਦੀ ਆਸਾਂ ਭਰੀ ਸਿਕ, ਸਿਖ਼ਰ ਚੋਟੀ ਦਏ ਚੜ੍ਹਾਈਆ । ਧੁਰ ਦਾ ਮਾਲਕ ਬਣ ਕੇ ਪਿਤ, ਪਿਤਾ ਪੂਤ ਗੋਦ ਉਠਾਈਆ । ਗੁਰਮੁਖ ਦੁਲਾਰੇ ਲੈ ਕੇ ਸਿੱਖ, ਸਖ਼ੀਓ ਮੇਲਾ ਸਹਿਜ ਸੁਭਾਈਆ । ਸਾਚੇ ਪ੍ਰੇਮ ਦੀ ਮਾਰ ਕੇ ਖਿਚ, ਆਤਮ ਪਰਮਾਤਮ ਜੋੜ ਜੁੜਾਈਆ । ਧੁਰ ਦਾ ਵਿਚੋਲਾ ਬਣ ਕੇ ਵਿਚ, ਸੁਰਤੀ ਸ਼ਬਦੀ ਲਏ ਮਿਲਾਈਆ । ਅਗਲਾ ਲੇਖਾ ਦੇਵੇ ਲਿਖ, ਪੂਰਬ ਕਰਮਾਂ ਡੇਰਾ ਢਾਹੀਆ । ਚਾਰੋਂ ਕੁੰਟ ਪਏ ਦਿਸ, ਗੁਰਮੁਖਾਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਗੋਦਾਵਰੀ ਕਹੇ ਮੈਂ ਓਸ ਦੀ ਰੱਖਣੀ ਉਡੀਕ, ਇਕੋ ਧਿਆਨ ਲਗਾਈਆ । ਜਿਸ ਦਾ ਲੇਖਾ ਮਿਲੇ ਨਾ ਵਿਚੋਂ ਕਿਸੇ ਤਵਾਰੀਖ, ਜਗਤ ਵਿਦਿਆ ਨਾ ਦਏ ਗਵਾਹੀਆ । ਜਿਸ ਦੀ ਸਿਧੀ ਆਤਮ ਨਾਲ ਪ੍ਰੀਤ, ਪਰਮਾਤਮ ਬੇਪਰਵਾਹੀਆ । ਜੋ ਬੈਠਾ ਧਾਮ ਅਨਡੀਠ, ਸਚਖੰਡ ਦਵਾਰੇ ਸੋਭਾ ਪਾਈਆ । ਜੋ ਆਦਿ ਜੁਗਾਦਿ ਜਗਤ ਜਗਦੀਸ, ਜਗਦੀਸਰ ਨਾਉਂ ਧਰਾਈਆ । ਜਿਸ ਦੀ ਕੋਈ ਨਾ ਕਰੇ ਰੀਸ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਜਿਸ ਦਾ ਲਹਿਣਾ ਦੇਣਾ ਲੱਖ ਚੁਰਾਸੀ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਜੋ ਮਾਲਕ ਸ਼ਾਹ ਸੁਲਤਾਨ ਅਮੀਰ ਗ਼ਰੀਬ, ਆਜਜ਼ ਵੇਖੇ ਚਾਈਂ ਚਾਈਂਆ । ਜਿਸ ਦੀ ਸਮਝ ਸਕੇ ਨਾ ਕੋਇ ਤਰਤੀਬ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਸੋ ਮਾਲਕ ਨੂਰ ਨੁਰਾਨਾ ਇਕ ਅਜੀਬ, ਜਲਵਾਗਰ ਬੇਪਰਵਾਹੀਆ । ਜਿਸ ਦੀ ਗੋਬਿੰਦ ਨਾਲ ਬਿਨਾ ਕਲਮਿਉਂ ਹੋਈ ਹਦੀਸ, ਬਿਨਾ ਹਜ਼ਰਤ ਕਰੀ ਪੜ੍ਹਾਈਆ । ਇਕੋ ਹੁਕਮ ਦੀ ਕਰ ਤਾਕੀਦ, ਤਾਕੀਦ ਨਾਲ ਸਮਝਾਈਆ । ਜਿਸ ਦੀ ਲਿਖ ਨਾ ਸਕੇ ਕੋਇ ਤਮਹੀਦ, ਸਿਫ਼ਤਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਖੇਲ ਰਿਹਾ ਵਖਾਈਆ । ਭਾਦਰੋਂ ਕਹੇ ਮੈਂ ਹੋਰ ਕੁਛ ਲਿਆ ਵੇਖ, ਅੱਖੀਂ ਡਿੱਠਾ ਹਾਲ ਸੁਣਾਈਆ । ਜਿਸ ਦੀ ਨਜ਼ਰ ਨਾ ਆਏ ਕੋਈ ਰੇਖ, ਰੂਪ ਸਕੇ ਨਾ ਕੋਇ ਜਣਾਈਆ ।

ਜਿਸ ਦਾ ਲਹਿਣਾ ਦੇਣਾ ਨਾਲ ਦਸ ਦਸਮੇਸ਼, ਦਹਿ ਦਿਸ਼ਾ ਵੇਖ ਵਖਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਜਿਸ ਨੂੰ ਸੀਸ ਨਿਵੌਂਦੇ ਵਿਸ਼ਨੂੰ ਬ੍ਰਹਮਾ ਸ਼ਿਵ ਗਣਪਤ ਗਣੇਸ਼, ਇੰਦ ਇੰਦਰਾਸਣ ਨਿਉਂ ਨਿਉਂ ਲਾਗਣ ਪਾਈਆ । ਜਿਸ ਦੇ ਪਿਛੇ ਝੂਜ ਝੂਜ ਸਾਰੇ ਹੋਏ ਖੇਤ, ਰਣਭੂਮੀ ਆਪਣਾ ਆਪ ਟਿਕਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਦੱਸਦੇ ਗਏ ਥੋੜ੍ਹਾ ਭੇਤ, ਸ਼ਬਦ ਇਸ਼ਾਰੇ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਭਾਦਰੋਂ ਕਹੇ ਮੈਂ ਵੇਖਿਆ ਹੋ ਕੇ ਓਹਲੇ, ਸਚ ਦਿਆਂ ਜਣਾਈਆ । ਜੋ ਵਸਿਆ ਕਾਇਆ ਮਾਟੀ ਸਾਢੇ ਤਿੰਨ ਹੱਥ ਚੋਲੇ, ਚੋਲੀ ਆਪਣਾ ਰੰਗ ਰੰਗਾਈਆ । ਸ਼ਬਦ ਅਗੰਮੀ ਢੋਲੇ ਬੋਲੇ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਸਚ ਦਵਾਰ ਇਕੋ ਖੋਲ੍ਹੇ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਕੂੜੀ ਕਿਰਿਆ ਮੇਟੇ ਸਾਰੇ ਰੌਲੇ, ਰੌਣਕ ਇਕੋ ਘਰ ਦਏ ਵਖਾਈਆ । ਭਾਗ ਲਗਾ ਕੇ ਧਰਨੀ ਉਪਰ ਧੌਲੇ, ਧਵਲ ਦਏ ਸੁਹਾਈਆ । ਜੋ ਆਦਿ ਜੁਗਾਦਿ ਕਦੀ ਨਾ ਡੋਲੇ, ਡੋਲਦਿਆਂ ਦਏ ਬਚਾਈਆ । ਜੋ ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਵਰੋਲੇ, ਗੁਰਮੁਖ ਸੱਜਣ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਭਾਦਰੋਂ ਕਹੇ ਗੋਦਾਵਰੀ ਜਾਣਾ ਜਾਗ, ਜਗਹ ਬਜਗਹ ਦਿਆਂ ਜਣਾਈਆ । ਤੇਰੇ ਹੋਣੇ ਵਡ ਵਡ ਭਾਗ, ਭਾਗਾਂ ਭਰੀਏ ਦਿਆਂ ਸਮਝਾਈਆ । ਬਿਨਾ ਤੇਲ ਬੱਤੀ ਤੋਂ ਜਗੌਣਾ ਇਕ ਚਿਰਾਗ਼, ਚਰਾਗਾਹਾਂ ਵਿਚ ਹੋਏ ਰੁਸ਼ਨਾਈਆ । ਤੇਰੇ ਦਵਾਰੇ ਔਣਾ ਕੰਤ ਸੁਹਾਗ, ਬੇਪਰਵਾਹ ਫੇਰਾ ਪਾਈਆ । ਆਪਣਾ ਗ੍ਰਿਹ ਰੱਖੀਂ ਕਰ ਕੇ ਸਾਫ਼, ਸਚ ਸੰਦੇਸ਼ਾ ਦਿਆਂ ਜਣਾਈਆ । ਇਕੋ ਅੰਦਰੇ ਅੰਦਰ



੧੦੧੦

ਕਰੀਂ ਜਾਪ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪਿਛਲਾ ਵੇਲਾ ਰੱਖੀਂ ਯਾਦ, ਜੋ ਗੋਬਿੰਦ ਗਿਆ ਜਣਾਈਆ । ਤੇਰੀ ਸੁਣਨ ਆਵੇ ਫ਼ਰਿਆਦ, ਫ਼ੈਸਲਾ ਅਗਲਾ ਪੰਧ ਮੁਕਾਈਆ । ਸਾਚਾ ਗ੍ਰਿਹ ਕਰੇ ਆਬਾਦ, ਖੇੜਾ ਉਜੜ ਕਦੇ ਨਾ ਜਾਈਆ । ਤੇਰੇ ਸਵਾਲ ਦਾ ਦਏ ਜਵਾਬ, ਅਹਿਬਾਬ ਹੋ ਕੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਖੇਲ ਵਖਾਈਆ । ਗੋਦਾਵਰੀ ਕਹੇ ਭਾਦਰੋਂ ਮੈਂ ਸੁਣਿਆ ਤੇਰਾ ਸੰਦੇਸ਼ਾ, ਵੱਜੀ ਸਚ ਵਧਾਈਆ । ਗ੍ਰਿਹ ਆਵੇ ਨਰ ਨਰੇਸ਼ਾ, ਬੇਪਰਵਾਹ ਧੁਰ ਦਾ ਮਾਹੀਆ । ਮੈਂ ਓਸ ਦਾ ਦਰਸ਼ਨ ਪੇਖਾਂ, ਜੋ ਕਰ ਕੇ ਗਿਆ ਜੁਦਾਈਆ । ਅਗੇ ਰਹੇ ਨਾ ਮੇਰਾ ਕੋਈ ਲੇਖਾ, ਭਰਮ ਭੁਲੇਖਾ ਦਏ ਮਿਟਾਈਆ । ਸ੍ਰਿਸ਼ਟੀ ਵਿਚੋਂ ਮੇਰਾ ਚੁਕੇ ਠੇਕਾ, ਤੀਰਥ ਤਟ ਨਾ ਕੋਇ ਵਡਿਆਈਆ । ਮੈਂ ਜਮਨਾ ਸੁਰਸਤੀ ਗੰਗਾ ਨਾਲ ਕਰ ਲਿਆ ਲੇਖਾ, ਮਸ਼ਵਰਾ ਇਕੋ ਲਿਆ ਪਕਾਈਆ । ਸਾਰੀਆਂ ਰਲ ਕੇ ਓਸ ਪ੍ਰਭੂ ਦੀ ਅੰਤ ਅਖ਼ੀਰੀ ਲੈ ਲਉ ਟੇਕਾ, ਜੋ ਇਕੋ ਮਸਤਕ ਰਿਹਾ ਲਗਾਈਆ । ਕੂੜਾ ਰਹੇ ਨਾ ਕੋਈ ਭੇਖਾ, ਸਭ ਨੂੰ ਸਚ ਦਿਉ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਗੋਦਾਵਰੀ ਗੰਗਾ ਜਮਨਾ ਸੁਰਸਤੀ ਇਕਠੀਆਂ ਹੋ ਕੇ ਪਈਆਂ ਹੱਸਣ, ਚਾਰੇ ਕੁੰਟ ਮੁਖ ਭਵਾਈਆ । ਆਪਣੀਆਂ ਨੇਤਰ ਖੋਲ੍ਹ ਕੇ ਅੱਖਣ, ਪਲਕ ਰਹੀਆਂ ਉਠਾਈਆ । ਓਸ ਪ੍ਰਭੂ ਦਾ ਰਾਹ ਰਹੀਆਂ ਤੱਕਣ, ਜੋ ਇਕੋ ਦਾਤਾ ਬੇਪਰਵਾਹੀਆ । ਵਿਛੋੜੇ ਅੰਦਰ ਲਗੀਆਂ ਮਚਣ, ਬਿਰਹੋਂ ਰਹੀ ਸਤਾਈਆ । ਉਚੀ ਕੂਕ ਕੂਕ ਬੋਲਣ ਲਗੀਆਂ ਬਚਨ, ਸੋਹੰ ਢੋਲਾ ਸੱਚਾ ਗਾਈਆ । ਪ੍ਰਭ ਤੂੰ ਧੁਰ ਦਾ ਸਾਡਾ ਸੱਜਣ, ਵਿਛੜੇ ਲਏ ਮਿਲਾਈਆ । ਜੁਗ ਚੌਕੜੀ ਅਸੀਂ ਕਿਸੇ ਨੂੰ ਵਖਾਇਆ ਨਹੀਂ ਪਾ

ਕੇ ਕਜਲ, ਕਜਲਧਾਰ ਨਾ ਕੋਇ ਬੰਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਹੜੇ ਸਾਨੂੰ ਆ ਕੇ ਮਾਤਲੋਕ ਲੱਭਣ, ਸਾਡੀ ਆਸਾ ਪੂਰ ਨਾ ਕੋਇ ਕਰਾਈਆ । ਬਿਨ ਤੇਰੇ ਸਚ ਪ੍ਰੀਤੀ ਅੰਦਰ ਅਸੀਂ ਕਦੀ ਨਾ ਹੋਈਆਂ ਮਗਨ, ਸੱਚੀ ਪ੍ਰੀਤੀ ਨਾ ਕੋਇ ਦ੍ਰਿੜਾਈਆ । ਸਾਨੂੰ ਯਾਦ ਆਇਆ ਵੀਹ ਸੌ ਪੰਦਰਾਂ ਬਿਕ੍ਰਮੀ ਇੱਕੀਆਂ ਸਿੱਖਾਂ ਨਾਲ ਤ੍ਰਵੈਣੀ ਪਾਇਆ ਸਗਣ, ਸਾਡਾ ਨਾਤਾ ਲਿਆ ਜੁੜਾਈਆ । ਗੰਗਾ ਕਹੇ ਮੈਨੂੰ ਯਾਦ ਰਵਿਦਾਸੇ ਵਾਲਾ ਕੰਗਣ, ਭੁਲ ਰਹੇ ਨਾ ਰਾਈਆ । ਜਮਨਾ ਕਹੇ ਮੇਰਾ ਲੇਖਾ ਦੇਣਾ ਓਸ ਕਾਹਨ ਮਦਨ, ਜੋ ਮੁਕੰਦ ਮਨੋਹਰ ਨਜ਼ਰੀ ਆਈਆ । ਓਹੋ ਲੇਖਾ ਆਈਆਂ ਮੰਗਣ, ਖ਼ਾਲੀ ਝੋਲੀ ਦੇਣੀ ਭਰਾਈਆ । ਸਾਡਾ ਕਿਸੇ ਕੰਮ ਨਾ ਆਇਆ ਜੁਗ ਜੁਗ ਕੀਤਾ ਯਤਨ, ਯਥਾ ਯੋਗ ਸਭ ਦੀ ਸੇਵ ਕਮਾਈਆ । ਬਿਨਾ ਪ੍ਰਭੂ ਤੇਰੇ ਸਾਨੂੰ ਕਿਸੇ ਨਾ ਖੜਿਆ ਤੇਰੇ ਵਤਨ, ਸਾਚੇ ਗ੍ਰਿਹਿ ਨਾ ਕੋਇ ਟਿਕਾਈਆ । ਸਚਖੰਡ ਦਾ ਮਿਲਿਆ ਕੋਈ ਨਾ ਪਤਣ, ਠੇਕੇਦਾਰੀ ਕੂੜੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਮੁਕਾਈਆ । ਪੁਰਖ ਅਕਾਲ ਕਹੇ ਸੁਣੋ ਨੱਢੀ ਬੱਚੀ ਨੰਨ੍ਹੀ, ਤੁਹਾਨੂੰ ਦਿਆਂ ਜਣਾਈਆ । ਮੇਰਾ ਨੂਰ ਅਗੰਮੀ ਚੰਨੀ, ਨਿਰਗੁਣ ਧਾਰ ਕਰੇ ਰੁਸ਼ਨਾਈਆ । ਗੋਬਿੰਦ ਨਾਲ ਬੰਧਾਵਾਂ ਤੁਹਾਡੀ ਕੰਨੀ, ਪੱਲਾ ਸਕੇ ਨਾ ਕੋਇ ਛੁਡਾਈਆ । ਜਗਤ ਸ੍ਰਿਸ਼ਟੀ ਕਰ ਕੇ ਅੰਨ੍ਹੀ, ਗੁਰਮੁਖ ਥੋੜ੍ਹੇ ਨਾਲ ਮਿਲਾਈਆ । ਧੁਰ ਦਾ ਮਾਲਕ ਬਣ ਕੇ ਧਨੀ, ਨਾਮ ਦੌਲਤ ਝੋਲੀ ਦੇਵਾਂ ਪਾਈਆ । ਜਿਸ ਨੇ ਜਣੀ ਓਸੇ ਨੂੰ ਬਣੀ, ਵੇਲਾ ਵਕਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਵੇਖ ਵਖਾਈਆ । ਗੋਦਾਵਰੀ ਕਹੇ ਪ੍ਰਭੂ ਕਿਹੜੀ ਕੰਨੀ ਕਿਹੜਾ ਲੜ, ਪਲੂ ਕਵਣ ਫੜਾਈਆ । ਪੁਰਖ ਅਕਾਲ ਕਿਹਾ ਜਿਸ ਦਾ ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਸ਼ਬਦੀ ਰੂਪ ਲਏ ਪਰਗਟਾਈਆ । ਨਾ ਜਨਮੇ ਨਾ ਜਾਏ ਮਰ, ਮੜ੍ਹੀ ਗੋਰ ਨਾ ਕਦੇ ਸਮਾਈਆ । ਸੋ ਸਵਾਮੀ ਹੋ ਕੇ ਲਏ ਵਰ, ਵਾਰਸ ਇਕੋ ਆਪਣੇ ਦਏ ਬਣਾਈਆ । ਚਲ ਕੇ ਆਏ ਦਵਾਰੇ ਘਰ, ਦਵਾਰਾ ਇਕੋ ਦਿਆਂ ਵਖਾਈਆ । ਰੂਪ ਵਖਾ ਕੇ ਨਰਾਇਣ ਨਰ, ਨਰ ਹਰਿ ਆਪਣੀ ਕਾਰ ਕਮਾਈਆ । ਨਾ ਕੋਈ ਕਿਲ੍ਹਾ ਕੋਟ ਗੜ੍ਹ, ਮਹਲ ਅਟਲ ਨਾ ਕੋਇ ਵਖਾਈਆ । ਗੋਦਾਵਰੀ ਵੇਖ ਕੇ ਧਾਰ ਤੇਰੀ ਜਲ, ਨੀਰ ਰੁੜ੍ਹਦਿਆਂ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੜੀ ਕਾਰ ਰਿਹਾ ਕਮਾਈਆ । ਗੋਦਾਵਰੀ ਕਹੇ ਮੈਂ ਵੀ ਤੱਕਾਂ ਰਾਹ, ਰਹਿਬਰ ਵੇਖਾਂ ਨੂਰ ਖ਼ੁਦਾਈਆ । ਜਿਹੜਾ ਪਬ ਮੇਰੇ ਉਤੇ ਗਿਆ ਟਿਕਾ, ਪਦਮਾਂ ਵਿਚੋਂ ਲੇਖਾ ਦਏ ਮੁਕਾਈਆ । ਜਿਸ ਨੂੰ ਰਸਨਾ ਜਿਹਵਾ ਬੱਤੀ ਦੰਦ ਰੱਬੀ ਨੂਰ ਕਹੇ ਖ਼ੁਦਾ, ਜੋਤ ਜੋਤ ਰੁਸ਼ਨਾਈਆ । ਸੋ ਮਾਲਕ ਖ਼ਾਲਕ ਬਣ ਕੇ ਆਏ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਿਸ ਦਾ ਇਕੋ ਧੁਰ ਦਾ ਨਾਂ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਗੀਤਾ ਗਿਆਨ ਖਾਣੀ ਬਾਣੀ ਜਿਸ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਰਿਹਾ ਵਖਾਈਆ । ਗੋਦਾਵਰੀ ਸੁਣ ਉਹ ਵੇਲਾ ਔਂਦਾ ਜਾਂਦਾ ਨੇੜੇ, ਨੌ ਸੌ ਚੁਰਾਨਵੇ ਚੌਕੜੀ ਪੰਧ ਮੁਕਾਈਆ । ਆਪਣੇ ਮਿਤਰ ਪਿਆਰੇ ਸੱਦੇ ਜਿਹੜੇ ਜਿਹੜੇ, ਸਚ ਸੁਨੇਹੜਾ ਰਿਹਾ ਘਲਾਈਆ । ਓਸ ਵੇਲੇ ਆਵਣ ਤੇਰੇ ਵਿਹੜੇ, ਹੀਰਾ ਘਾਟ ਵੱਜੇ ਵਧਾਈਆ । ਸਾਥ ਗੁਰਮੁਖ ਭਗਤ ਹੋਵਣ ਮੇਰੇ, ਰੰਗ ਇਕੋ ਵਿਚ ਸਮਾਈਆ । ਲਹਿਣਾ ਦੇਣਾ ਸਰਬ ਨਬੇੜੇ, ਲੇਖਾ ਰਹਿਣ ਕੋਇ ਨਾ ਪਾਈਆ । ਅਗੇ ਸਾਧਾਂ ਵਾਲੇ ਰਹਿਣੇ ਨਹੀਂ

ਡੇਰੇ, ਬਿਨਾ ਪੁਰਖ ਅਕਾਲ ਇਸ਼ਟ ਨਾ ਕੋਇ ਮਨਾਈਆ । ਕਲਜੁਗ ਗੁਰੂ ਵੇਖੇ ਜਗਤ ਬਥੇਰੇ, ਚਾਰੇ ਕੁੰਟ ਬੈਠੇ ਡੇਰੇ ਲਾਈਆ । ਜਿਨ੍ਹਾਂ ਨੂੰ ਸ਼ਬਦੀ ਪੌਣੇ ਘੇਰੇ, ਘਿਰਨਾ ਦੇਣੀ ਮੁਕਾਈਆ । ਲੇਖ ਲਿਖਣਾ ਇਕ ਨੰਦੇੜੇ, ਜੋ ਗੋਬਿੰਦ ਆਸਾ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਆਪ ਜਣਾਈਆ । ਗੋਦਾਵਰੀ ਕਹੇ ਮੈਂ ਦੇਵਾਂ ਸੱਦਾ, ਨਿਉਂ ਨਿਉਂ ਬੇਨੰਤੀ ਦਿਆਂ ਜਣਾਈਆ । ਬ੍ਰਹਮੇ ਤੂੰ ਵੀ ਔਣਾ ਭੱਜਾ, ਵਿਸ਼ਨੂੰ ਤੂੰ ਵੀ ਤਕਣਾ ਮਜ਼ਾ, ਨੇਤਰ ਨੈਣ ਉਠਾਈਆ । ਸ਼ੰਕਰ ਤੂੰ ਵੀ ਵਿਛੌਣਾ ਮੰਜਾ, ਸਿੰਘਾਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਵਕ਼ਤ ਦਏ ਸੁਹਾਈਆ । ਮੇਰਾ ਸੱਦਾ ਸੁਣੋ ਤੇਈ ਅਵਤਾਰ, ਸਚ ਸਭ ਨੂੰ ਦਿਆਂ ਜਣਾਈਆ । ਪੈਗ਼ੰਬਰ ਸੁਣੋ ਮੀਤ ਮੁਰਾਰ, ਈਸਾ ਮੂਸਾ ਮੁਹੰਮਦ ਇਕ ਦੁਹਾਈਆ । ਨਾਨਕ ਗੋਬਿੰਦ ਵੇਖਣਾ ਖੇਲ ਅਪਾਰ, ਦਹਿ ਦਿਸ਼ਾ ਹੁਕਮ ਵਰਤਾਈਆ । ਭਗਤ ਅਠਾਰਾਂ ਔਣਾ ਪੰਧ ਵਿਚਾਰ, ਭੱਜਣਾ ਵਾਹੋ ਦਾਹੀਆ । ਮੇਰੇ ਦਵਾਰੇ ਔਣਾ ਉਹ ਨਿਰੰਕਾਰ ਜਿਸ ਨੂੰ ਨਾਨਕ ਧਾਰ ਨਿਰਗੁਣ ਨਿਰਗੁਣ ਕਰ ਕੇ ਗਾਈਆ । ਤਿਸ ਦਾ ਸੋਹਣਾ ਲਗਣਾ ਦਰਬਾਰ, ਦਰਗਾਹ ਸਾਚੀ ਰੂਪ ਵਟਾਈਆ । ਜਿਸ ਦਾ ਵਖਰਾ ਹੋਣਾ ਵਿਹਾਰ, ਵਿਵਹਾਰ ਨਾ ਕੋਇ ਲੁਕਾਈਆ । ਪੂਰਬ ਲਹਿਣਾ ਰਿਹਾ ਵਿਚਾਰ, ਲੇਖਾ ਜਨਮ ਚੁਕਾਈਆ । ਕ਼ਰਜ਼ਾ ਦਏ ਉਧਾਰ, ਮਕ਼ਰੂਜ਼ ਫੇਰਾ ਪਾਈਆ । ਸਚ ਦੱਸੇ ਪਿਆਰ, ਮੁਹੱਬਤ ਵਿਚ ਵਡਿਆਈਆ । ਅਗੰਮੀ ਦੱਸ ਗੁਫ਼ਤਾਰ, ਸ਼ਬਦੀ ਕਰੇ ਪੜ੍ਹਾਈਆ । ਇੱਕੀਆਂ ਦਾ ਵਣਜਾਰ, ਹੱਟ ਦਏ ਖੁਲ੍ਹਾਈਆ ।

੧੦੧੨ ਨਵਾਂ ਦਾ ਸ਼ਿੰਗਾਰ, ਸੋਹਣਾ ਰੂਪ ਚੜ੍ਹਾਈਆ । ਅੰਮ੍ਰਿਤ ਸਾਚੀ ਧਾਰ, ਝਿਰਨਾ ਦਏ ਝਿਰਾਈਆ । ਸਾਢੇ ਤਿੰਨ ਹੱਥ ਦਾ ਵਿਚਾਰ, ਰੰਗ ਸੱਤ ੧੦੧੨

ਸੋਭਾ ਪਾਈਆ । ਕੰਘਾ ਸਚ ਸੀਸ ਦਸਤਾਰ, ਲੇਖਾ ਦਏ ਦ੍ਰਿੜਾਈਆ । ਖੰਡਾ ਵੇਖ ਟੇਡੀ ਧਾਰ, ਪਾਸਾ ਦਏ ਉਲਟਾਈਆ । ਭੁੰਨੇ ਚਣਿਆਂ ਦਾ ਅਹਾਰ, ਪ੍ਰੇਮੀ ਭੁਖਿਆਂ ਦਏ ਕਰਾਈਆ । ਢਾਈ ਗਜ਼ ਦਾ ਦੁਪੱਟਾ ਫੜ ਨਿਰੰਕਾਰ, ਢਈਆ ਪਿਛਲਾ ਲੇਖੇ ਲਾਈਆ । ਛੰਨਾ ਓਸ ਦਾ ਪਿਛਲਾ ਯਾਰ, ਜੋ ਸਵਾ ਸੇਰ ਨਾਮਾ ਠਾਕਰ ਦੁੱਧ ਪਿਆਈਆ । ਲਾਲ ਰੰਗ ਸੋਹਣਾ ਦੇਵੇ ਚਾੜ੍ਹ, ਜੋ ਧੰਨਾ ਠਾਕਰ ਰਿਹਾ ਮਨਾਈਆ । ਸਵਾ ਰਤੀ ਕੇਸਰ ਗੋਬਿੰਦ ਇਕ ਪਿਆਰ, ਜੋ ਪੰਜਾਂ ਮਿਲੇ ਮਾਣ ਵਡਿਆਈਆ । ਸਵਾ ਪਾਓ ਤੇਲ ਦਾ ਅਧਾਰ, ਗੋਦਾਵਰੀ ਗੋਤਮ ਤੇਰੀ ਵੰਡ ਵੰਡਾਈਆ । ਨੇਤਰ ਰੋਂਦਾ ਆਵੇ ਬਾਜ਼, ਨੈਣਾਂ ਨੀਰ ਬਰਸਾਈਆ । ਓਸ ਨੀਲੇ ਦੀ ਆਵੇ ਆਵਾਜ਼, ਜੋ ਸ਼ਾਹ ਸਵਾਰਾ ਪਿਠ ਉਠਾਈਆ । ਓਸ ਦਿਲਬਾਗ਼ ਦਾ ਖੜਕੇ ਸਾਜ, ਜੋ ਸੱਜਣ ਹੋ ਕੇ ਰਿਹਾ ਗਾਈਆ । ਮਾਧੋ ਦਾ ਧੋਵੇ ਦਾਗ਼, ਬੰਦੇ ਦੀ ਬੰਦਗੀ ਲੇਖੇ ਪਾਈਆ । ਭਾਗੋ ਦਾ ਮੇਟ ਕੇ ਦਾਗ਼, ਭਗਤਾਂ ਨਾਲ ਮਿਲਾਈਆ । ਗੋਦਾਵਰੀ ਤੇਰਾ ਪੂਰਾ ਕਰ ਕੇ ਵੈਰਾਗ, ਬਿਰਹੋਂ ਵਿਛੋੜਾ ਦਏ ਕਟਾਈਆ । ਚਰਨ ਛੁਹਾ ਕੇ ਪੂਰੀ ਕਰੇ ਆਸ, ਆਸ਼ਾ ਪੂਰ ਵਖਾਈਆ । ਸਿਰ ਧਰ ਅਗੰਮੀ ਤਾਜ, ਪੰਚਮ ਮੇਲਾ ਸਹਿਜ ਸੁਭਾਈਆ । ਸੋਹਣਾ ਬਣਾ ਕੇ ਤਨ ਲਿਬਾਸ, ਸਾਚਾ ਨੂਰ ਕਰੇ ਰੁਸ਼ਨਾਈਆ । ਭਗਤਾਂ ਨੂੰ ਦੇ ਕੇ ਸ਼ਾਬਾਸ਼, ਸ਼ਬੇ ਰੋਜ਼ ਰੰਗ ਰੰਗਾਈਆ । ਰਵਿਦਾਸ ਦਾ ਲੇਖੇ ਲਾ ਕੇ ਇਕ ਗਲਾਸ, ਗਲੀ ਧੁਰ ਦੀ ਲੇਖੇ ਲਾਈਆ । ਆਤਮ ਅੰਤਰ ਵਜਾ ਕੇ ਰਬਾਬ, ਮਧੁਰ ਧੁਨ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਵੇ ਸਹਾਈਆ । ਗੋਦਾਵਰੀ ਕਹੇ ਮੈਨੂੰ ਓਸ ਦੀਆਂ ਨਿਤ ਉਡੀਕਾ, ਜਿਸ ਦਾ ਵੇਲਾ ਨਾ ਕੋਇ ਸਮਝਾਈਆ । ਜਿਸ ਨੇ ਬਦਲ ਦੇਣੀਆਂ ਸਰਬ ਤਵਾਰੀਖਾਂ, ਰੀਤੀ

ਇਕੋ ਦੇਣੀ ਬਣਾਈਆ । ਜਿਸ ਨੇ ਮੇਟਣੀਆਂ ਕੂੜੀਆਂ ਲੀਕਾਂ, ਲਾਇਕ ਗੁਰਮੁਖ ਦੇਣੇ ਵਖਾਈਆ । ਜਿਸ ਦੀਆਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰਨੀਆਂ ਤਸਦੀਕਾਂ, ਸ਼ਹਾਦਤ ਦਏ ਭੁਗਤਾਈਆ । ਜਿਸ ਦਾ ਸਭ ਤੋਂ ਵਖਰਾ ਹੋਣਾ ਵਸੀਕਾ, ਜਿਸ ਦੀ ਲਿਖਤ ਨਾ ਕੋਇ ਮਿਟਾਈਆ । ਜਿਸ ਦਾ ਦੋ ਜਹਾਨ ਲੱਖ ਚੁਰਾਸੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਨਹੀਂ ਕੋਈ ਸ਼ਰੀਕਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਸਭ ਨੂੰ ਦੱਸਣੀ ਸਚ ਪ੍ਰੀਤਾ, ਪ੍ਰੀਤਮ ਇਕੋ ਦੇਣਾ ਮਿਲਾਈਆ । ਗੋਦਾਵਰੀ ਕਹੇ ਅਸਾਂ ਵੀ ਓਸ ਤੋਂ ਸਿਖਣਾ ਧੁਰ ਦਾ ਇਕ ਤਰੀਕ਼ਾ, ਜੋ ਤ੍ਰਿਆ ਤਰੀਮਤ ਨਾਰੀ ਆਪਣੇ ਵਿਚ ਸਮਾਈਆ । ਜੋ ਲੇਖਾ ਸੋ ਠੀਕਾ, ਠੀਕਰ ਕੂੜਾ ਦੇਣਾ ਭੰਨਾਈਆ । ਸਭ ਦੀ ਵੇਖਣਹਾਰਾ ਨੀਤਾ, ਇਕੋ ਕਰੇ ਖੋਜ ਖੁਜਾਈਆ । ਭੇਵ ਜਾਣੇ ਜੀਵ ਜੀਕਾ, ਹਰ ਘਟ ਵਸਿਆ ਡੇਰਾ ਲਾਈਆ । ਜਿਸ ਦਾ ਰਸ ਨਾ ਹੋਵੇ ਫੀਕਾ, ਜਾਮ ਇਕੋ ਦਏ ਪਿਆਈਆ । ਜਿਸ ਦਾ ਵੇਲਾ ਵਕ਼ਤ ਅਖ਼ੀਰੀ ਕਦੇ ਨਾ ਬੀਤਾ, ਬਾਤਨ ਸਭ ਕੁਛ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਗੋਦਾਵਰੀ ਕਹੇ ਜਿਸ ਵੇਲੇ ਆਵੇ ਮੇਰੇ ਕੰਢਾ, ਕੰਢੀ ਵਾਲਾ ਫੇਰੀ ਪਾਈਆ । ਮੈਨੂੰ ਦੇਵੇ ਉਹ ਅਨੰਦਾ, ਜੋ ਪੁਰੀ ਅਨੰਦ ਵਿਚ ਗਿਆ ਜਣਾਈਆ । ਮੈਨੂੰ ਦੱਸੇ ਉਹ ਛੰਦਾ, ਜੋ ਸੁੱਤਿਆ ਜਾਵੇ ਸਮਝਾਈਆ । ਮੇਰਾ ਤੋੜ ਕੇ ਜਾਵੇ ਜਿੰਦਾ, ਜ਼ਿੰਦਗੀ ਅੰਦਰੋਂ ਜਾਵੇ ਬਦਲਾਈਆ । ਸਾਚੇ ਪ੍ਰੇਮ ਦਾ ਫੇਰ ਕੇ ਰੰਦਾ, ਕੂੜੀ ਕਿਰਿਆ ਬਾਹਰ ਕਢਾਈਆ । ਸੱਤ ਰੰਗ ਦਾ ਵਖਾ ਕੇ ਡੰਡਾ, ਡੰਡਾਵਤ ਇਕੋ ਦਏ ਸਮਝਾਈਆ । ਜਿਸ ਦਾ ਸਵਾ ਇੰਚ ਦਾ ਖੰਡਾ, ਖੰਡਰ ਕਰੇ ਸਰਬ ਲੋਕਾਈਆ । ਭਗਤ ਸੁਹੇਲਾ ਹੋਣ ਨਾ ਦੇਵੇ ਕੋਈ ਰੰਡਾ, ਧੁਰ ਦਾ ਕੰਤ ਮੇਲਾ ਲਏ ਮਿਲਾਈਆ । ਮਨਮੁਖ ਕੂੜਾ ਰਹਿਣ ਨਾ ਦਏ ਗੰਦਾ, ਸੰਤ ਸੁਹੇਲੇ ਲਏ ਜਗਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮਾ, ਪਾਰਬ੍ਰਹਮ ਪ੍ਰਭ ਪਰਦਾ ਦਏ ਉਠਾਈਆ । ਝਗੜਾ ਮੁਕਾ ਕੇ ਖ਼ੁਸ਼ੀ ਗ਼ਮਾ, ਇਕੋ ਰੰਗ ਦਏ ਰੰਗਾਈਆ । ਗੁਰਮੁਖਾਂ ਅੰਦਰ ਮਾਇਆ ਮਮਤਾ ਰਹਿਣ ਨਾ ਦੇਵੇ ਤਮਅ, ਤ੍ਰਿਸ਼ਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਚਾੜ੍ਹ ਕੇ ਚੰਨਾ, ਸਾਚੇ ਚੰਦ ਕਰੇ ਰੁਸ਼ਨਾਈਆ । ਗੋਦਾਵਰੀ ਕਹੇ ਮੈਂ ਸੋਹਣੀ ਖ਼ੁਸ਼ੀ ਮਨਾਵਾਂਗੀ । ਤਿੰਨ ਚਾਰ ਦੀ ਰਾਤ ਢੋਲੇ ਗਾਵਾਂਗੀ । ਵੇਖ ਕੇ ਮੀਤ ਮੁਰਾਰ, ਸੀਸ ਨਿਵਾਵਾਂਗੀ । ਕਰ ਕੇ ਦਰਸ ਅਪਾਰ, ਅਪਰੰਪਰ ਵਿਚ ਸਮਾਵਾਂਗੀ । ਦੱਸ ਕੇ ਆਪਣੀ ਪੁਕਾਰ, ਹਾਲ ਦ੍ਰਿੜਾਵਾਂਗੀ । ਰੋ ਕੇ ਹੰਝੂਆਂ ਹਾਰ, ਸੋਹਣਾ ਇਕ ਸੁਹਾਵਾਂਗੀ । ਆਪ ਆਪਾ ਦਿਆਂ ਵਾਰ, ਵਾਰਤਾ ਪਿਛਲੀ ਫੋਲ ਫੁਲਾਵਾਂਗੀ । ਮੰਜ਼ਲ ਰਹੇ ਨਾ ਕੋਈ ਦੁਸ਼ਵਾਰ, ਦੁਸ਼ਮਣ ਦੂਤੀ ਪ੍ਰਭ ਦੀ ਝੋਲੀ ਪਾਵਾਂਗੀ । ਮੈਨੂੰ ਜਗਤ ਨਾ ਕਰ ਖ਼ੁਆਰ, ਆਪਣੀ ਬੀਤੀ ਆਪ ਸਮਝਾਵਾਂਗੀ । ਕੂੜੀ ਕਿਰਿਆ ਜਗਤ ਵਿਹਾਰ, ਬਿਨ ਅੱਖਾਂ ਅੱਖ ਸ਼ਰਮਾਵਾਂਗੀ । ਸਤਿ ਰਿਹਾ ਨਾ ਕੋਇ ਪਿਆਰ, ਕਲਜੁਗ ਕੂੜ ਭੇਤ ਖੁਲ੍ਹਾਵਾਂਗੀ । ਨੰਗੇ ਨਹਾਉਂਦੇ ਪੁਰਖ ਨਾਰ, ਪਾ ਵਾਸਤਾ ਚਰਨਾਂ ਸੀਸ ਟਿਕਾਵਾਂਗੀ । ਮੇਰਾ ਲੇਖਾ ਮੁਕਾ ਦੇ ਵਿਚ ਸੰਸਾਰ, ਤੀਰਥ ਤਟ ਤੇਰੇ ਚਰਨਾਂ ਹੇਠ ਦਬਾਵਾਂਗੀ । ਬਿਨ ਤੇਰੇ ਨਜ਼ਰ ਨਾ ਆਵੇ ਕੋਈ ਦਵਾਰ, ਦਰਬਾਰ ਇਕੋ ਇਕ ਜਣਾਵਾਂਗੀ । ਜਨ ਭਗਤਾਂ ਕਰਾਂ ਖ਼ਬਰਦਾਰ, ਖ਼ਬਰ ਆਪਣੀ ਨਾਲ ਮਿਲਾਵਾਂਗੀ । ਰਲ ਮਿਲ ਮਿਲਿਓ ਓਸ ਯਾਰ, ਜਿਸ ਦਾ ਯਰਾਨਾ ਜਗਤ ਬਾਹਰ ਜਣਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਵਾਂਗੀ । ਦਰ ਤੇਰੇ ਅਲਖ ਜਗੇਗੀ ।

ਗੋਦਾਵਰੀ ਸਰਨੀ ਲੱਗੇਗੀ । ਖੇਲ ਵੇਖੇ ਤੇਰੀ ਮਜ਼ੇ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗੇਗੀ । ਦਰ ਤੇਰਾ ਇਕੋ ਮੰਗਾਂਗੀ । ਪ੍ਰਭ ਮੂਲ ਮੂਲ ਨਾ ਸੰਗਾਂਗੀ । ਖੇਲ ਛਡ ਕੇ ਕੂੜੀ ਕਿਰਿਆ ਜਗਤ ਅਨੰਦਾ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਇਕੋ ਆਸ ਰਖਾਂਗੀ । ਗੋਦਾਵਰੀ ਆਸਾ ਲੈਣੀ ਰਖ, ਧੁਰ ਫ਼ਰਮਾਣ ਜਣਾਈਆ । ਸਭ ਕੁਛ ਪੁਰਖ ਅਕਾਲ ਦੇ ਹੱਥ, ਦੂਸਰ ਚਲੇ ਨਾ ਕੋਇ ਚਤੁਰਾਈਆ । ਹੁਕਮ ਸੰਦੇਸ਼ਾ ਦੇਣਾ ਸਚ, ਸੁਨੇਹੜਾ ਇਕ ਸਮਝਾਈਆ । ਜਿਸ ਵੇਲੇ ਭਗਤ ਸੁਹੇਲੇ ਤੇਰੇ ਕੰਢੇ ਬਹਿਣ ਸਜ, ਸਾਢੇ ਤਿੰਨ ਹੱਥ ਉਪਰ ਡੇਰਾ ਲਾਈਆ । ਤੂੰ ਸਹਿਜ ਸੁਭਾਓ ਕੋਲ ਆਵੀਂ ਭੱਜ, ਪਾਣੀ ਵਿਚੋਂ ਸਵਾਣੀ ਬਣ ਕੇ ਰੂਪ ਵਟਾਈਆ । ਇਕ ਬਚਨ ਅਨੋਖਾ ਤੈਨੂੰ ਦੇਵਾਂ ਦੱਸ, ਧੋਖਾ ਅਗੇ ਰਹੇ ਨਾ ਰਾਈਆ । ਪੜ੍ਹਨਾ ਪਏ ਨਾ ਕੋਈ ਪੋਥਾ ਪਤ, ਵਰਕਾ ਜਗਤ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਸਮਝਾਈਆ । ਗੋਦਾਵਰੀ ਕਹੇ ਮੈਂ ਆਵਾਂ ਕਿਹੜੀ ਥਾਂ, ਬਨੰਤਰ ਦੇ ਜਣਾਈਆ । ਪੁਰਖ ਅਕਾਲ ਕਿਹਾ ਜਿਥੇ ਲਿਖਿਆ ਹੋਵੇ ਮੇਰਾ ਨਾਂ, ਬਿਨ ਅੱਖਾਂ ਤੈਨੂੰ ਨਜ਼ਰੀ ਆਈਆ । ਓਹਦੇ ਉਤੇ ਰੱਖੀਂ ਆਪਣੀ ਬਾਂਹ, ਸੱਜਾ ਹੱਥ ਹਥੇਲੀ ਉਪਰ ਟਿਕਾਈਆ । ਸਹਿਜ ਨਾਲ ਤੈਨੂੰ ਲਵਾਂ ਹਿਲਾ, ਅੰਤਰ ਅੰਤਰ ਆਪਣਾ ਹੁਕਮ ਮਨਾਈਆ । ਪਾਣੀ ਦੀ ਧਾਰ ਵਿਚੋਂ ਲਵਾਂ ਪਰਗਟਾ, ਪਰਗਟ ਹੋ ਕੇ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਰਿਹਾ ਸਮਝਾਈਆ । ਗੋਦਾਵਰੀ ਕਹੇ ਮੇਰੀ ਬਾਂਹ ਬੜੀ ਨਿੱਕੀ, ਪ੍ਰਭੂ ਕੋਮਲ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਓਹ ਵੇਖ ਗੋਬਿੰਦ ਕੋਲ ਚਿਠੀ, ਜੋ ਪਿਛਲੀ ਰਿਹਾ ਵਖਾਈਆ । ਜਿਸ ਦੇ ਉਤੇ ਲੇਖ ਲੇਖਣੀ ਉਹ ਲਿਖੀ, ਜਿਸ ਦਾ ਲੇਖਾ ਬੇਪਰਵਾਹੀਆ । ਸਭ ਤੋਂ ਚੰਗੀ ਦੱਸੀ ਉਹ ਸਿੱਖੀ, ਦੂਸਰ ਅਵਰ ਨਾ ਕੋਇ ਚਤੁਰਾਈਆ । ਜਿਸ ਨੂੰ ਲਭਦੇ ਮੁਨੀ ਰਿਖੀ, ਕੰਢੇ ਤੇਰੇ ਡੇਰੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਰਿਹਾ ਸਮਝਾਈਆ । ਗੋਦਾਵਰੀ ਕਹੇ ਕੀ ਗੁਰਮੁਖ ਮੈਥੋਂ ਚੰਗਾ, ਹੈਰਾਨੀ ਮੇਰੇ ਅੰਦਰ ਆਈਆ । ਗੋਬਿੰਦ ਕਿਹਾ ਉਹ ਵੇਖ ਉਹਨਾਂ ਦੇ ਚਰਨ ਝਸਦੀ ਗੰਗਾ, ਸੁਰਸਤੀ ਧੂੜੀ ਟਿੱਕਾ ਮਸਤਕ ਲਾਈਆ । ਜਮਨਾ ਲਭਦੀ ਫਿਰੇ ਅਨੰਦਾ, ਖ਼ਾਲੀ ਝੋਲੀ ਭੱਜੇ ਵਾਹੋ ਦਾਹੀਆ । ਜਿਨ੍ਹਾਂ ਗੁਰਮੁਖਾਂ ਨੂੰ ਇਕੋ ਸਤਿਗੁਰ ਲਗੇ ਚੰਗਾ, ਸ੍ਰਿਸ਼ਟੀ ਸਾਰੇ ਗਏ ਤਜਾਈਆ । ਉਹਨਾਂ ਦਾ ਮੇਲ ਨਾਲ ਸੂਰਾ ਸਰਬੰਗਾ, ਭੈ ਭਉ ਸਰਬ ਮਿਟਾਈਆ । ਮੰਜ਼ਲ ਚੜ੍ਹ ਕੇ ਓਸ ਡੰਡਾ, ਜਿਥੇ ਡੰਡੌਤ ਦੀ ਲੋੜ ਰਹੇ ਨਾ ਰਾਈਆ । ਇਕੋ ਪੁਰਖ ਅਕਾਲ ਮਿਲਿਆ ਸੰਗਾ, ਸਾਥੀ ਸ਼ਹਿਨਸ਼ਾਹੀਆ । ਪਾਰ ਕਿਨਾਰਾ ਭਗਤ ਸੁਹੇਲਾ ਸਾਚਾ ਲੰਘਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਦਾਵਰੀ ਕਹੇ ਕੀ ਸਿਖ ਵਿਚ ਵਡਿਆਈ, ਕੁਛ ਮੈਨੂੰ ਦੇ ਸਮਝਾਈਆ । ਗੋਬਿੰਦ ਕਿਹਾ ਉਹ ਝਲੇ ਨਾ ਮੇਰੀ ਜੁਦਾਈ, ਤੂੰ ਭੱਜੇ ਵਾਹੋ ਦਾਹੀਆ । ਗੁਰਸਿਖ ਆਪਣਾ ਆਪ ਰਹੇ ਮਿਟਾਈ, ਮਾਣ ਅਭਿਮਾਨ ਨਾ ਕੋਇ ਦਰਸਾਈਆ । ਤੂੰ ਤੀਰਥ ਤਟਾਂ ਜਗਤ ਇਸ਼ਨਾਨ ਰਹੀ ਕਰਾਈ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਦਾ ਕਰਤਾ ਖੇਲ ਕਰਾਈਆ । ਭਾਦਰੋਂ ਕਹੇ ਮੈਂ ਗੋਦਾਵਰੀ ਵੇਖੀ ਖ਼ੁਸ਼ੀ, ਖ਼ੁਸ਼ੀਆਂ ਦੇ ਗੀਤ ਅਲਾਈਆ । ਆਪਣੇ ਆਪ ਨੂੰ ਕਰ ਕੇ


੧੦੧੪

ਸੁੱਚੀ, ਸੁਚ ਸੰਜਮ ਰਹੀ ਬਣਾਈਆ । ਸਭ ਨੂੰ ਦਸਦੀ ਰੁਖੀ ਰੁਖੀ, ਇਸ਼ਾਰਿਆਂ ਨਾਲ ਦ੍ਰਿੜਾਈਆ । ਭੱਜੀ ਫਿਰੇ ਅੱਡੀ ਉਚੀ, ਚਾਰ ਕੁੰਟ ਪੰਧ ਮੁਕਾਈਆ । ਰਮਜ਼ ਲੌਂਦੀ ਜਾਏ ਗੁੱਝੀ, ਸੁਨੇਹੜਾ ਇਕ ਸੁਣਾਈਆ । ਮਨ ਮਤਿ ਹੰਕਾਰ ਛਡ ਦਿਉ ਬੁਧੀ, ਵਿਦਿਆ ਵਿਚ ਨਾ ਕੋਇ ਚਤੁਰਾਈਆ । ਓਸ ਦੇ ਨਾਲ ਸਾਰੇ ਲਾ ਲਉ ਰੁਚੀ, ਜੋ ਰੁਸਿਆਂ ਰਿਹਾ ਮਨਾਈਆ । ਜਿਸ ਦੀ ਔਧ ਕਦੇ ਨਾ ਮੁੱਕੀ, ਜੁਗ ਚੌਕੜੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਾਂਡ ਰਿਹਾ ਮਿਟਾਈਆ । ਭਾਦਰੋਂ ਕਹੇ ਮੈਨੂੰ ਸਾਰੇ ਕਹਿੰਦੇ ਬੁਰਾ ਬੁਰਾ ਇਸ ਦਾ ਹੁਸੜ, ਅੰਦਰੇ ਅੰਦਰ ਅੱਗ ਲਗਾਈਆ । ਮੈਂ ਜੁਗ ਜੁਗ ਭਗਤਾਂ ਨੂੰ ਚੁਕਾਂ ਕੁਛੜ, ਸੋਹਣੀ ਸੇਵ ਕਮਾਈਆ । ਕੁਛ ਲਹਿਣਾ ਪਿਛਲਾ ਲਾਲੋ ਦੇ ਫੁਫੜ, ਜੋ ਨਾਨਕ ਸੇਵ ਕਮਾਈਆ । ਜਿਸ ਲੇਖੇ ਲਾਇਆ ਗ਼ਰੀਬਾਂ ਦਾ ਟੁੱਕਰ, ਰਵਿਦਾਸੇ ਦਏ ਵਡਿਆਈਆ । ਜਿਸ ਦਾ ਸਾਰੇ ਕਰਦੇ ਸ਼ੁਕਰ, ਸ਼ੁਕਰਾਨੇ ਵਿਚ ਲੋਕਾਈਆ । ਜਿਸ ਨੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਵਿਚ ਇਕੋ ਗੋਬਿੰਦ ਬਣਾਇਆ ਪੁਤਰ, ਆਪਣੀ ਗੋਦ ਉਠਾਈਆ । ਕੀਤੇ ਕੌਲ ਤੋਂ ਨਾ ਗਿਆ ਮੁਕਰ, ਨਿਰਗੁਣ ਆਪਣਾ ਵੇਸ ਵਟਾਈਆ । ਜਿਸ ਨੂੰ ਨਾਨਕ ਕਿਹਾ ਮਹਾਬਲੀ ਹੋ ਕੇ ਆਵੇ ਉਤਰ, ਉੱਤਰ ਪੂਰਬ ਪੱਛਮ ਦੱਖਣ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਵੇਸਾ ਰੂਪ ਵਟਾਈਆ । ਭਾਦਰੋਂ ਕਹੇ ਮੈਨੂੰ ਸਾਰੇ ਕਹਿੰਦੇ ਲੱਗੇ ਚਮਾਸਾ, ਚੰਮ ਬਾਹਰੋਂ ਦਏ ਜਲਾਈਆ । ਮੈਨੂੰ ਵੇਖ ਵੇਖ ਆਵੇ ਹਾਸਾ, ਲਾਅਨਤ ਕੂੜਿਆਂ ਦੇਵਾਂ ਪਾਈਆ । ਜਿਨ੍ਹਾਂ ਦੇ ਅੰਦਰ ਪ੍ਰਭੂ ਦਾ ਸਚ ਭਰਵਾਸਾ, ਉਨ੍ਹਾਂ ਮੇਰੀ ਧੁਪ ਲਗੇ ਨਾ ਰਾਈਆ । ਜਿਨ੍ਹਾਂ ਨੇ ਪ੍ਰੇਮ ਪਿਆਰ ਦਾ ਰਸ ਖਾਧਾ, ਉਹ ਤ੍ਰਿਸ਼ਨਾ ਗਏ ਮਿਟਾਈਆ । ਜਿਨ੍ਹਾਂ ਦਾ ਗੋਬਿੰਦ ਪਿਤਾ ਪੁਰਖ ਅਕਾਲ ਦਾਦਾ, ਜਗਤ ਰੋਗ ਨਾ ਕੋਇ ਸਤਾਈਆ । ਜੋ ਸਾਚੀ ਨਈਆ ਨੌਕਾ ਚੜ੍ਹ ਗਏ ਓਸ ਜਹਾਜ਼ਾ, ਜਿਸਦਾ ਕਰੂਹ ਬੇਪਰਵਾਹੀਆ । ਜਿਸਦਾ ਖੇੜਾ ਇਕ ਅਬਾਦਾ, ਨਗਰੀ ਇਕ ਸੁਹਾਈਆ । ਜਿਸ ਦਾ ਸ਼ਬਦ ਅਗੰਮੀ ਵਾਜਾ, ਅਨਹਦ ਰਾਗ ਸੁਣਾਈਆ । ਜਿਸ ਨੇ ਵਸਾਇਆ ਜਨ ਭਗਤਾਂ ਅੰਦਰ ਉਹ ਇਲਾਕਾ, ਜਿਸ ਨੂੰ ਅਕਲ ਸਮਝ ਸਕੇ ਨਾ ਰਾਈਆ । ਜਿਥੇ ਆਵੇ ਕਦੇ ਨਾ ਫ਼ਾਕਾ, ਭੁੱਖਿਆਂ ਭੁਖ ਦਏ ਮਿਟਾਈਆ । ਜਿਸ ਦਾ ਖਿੱਚੇ ਕੋਇ ਨਾ ਖ਼ਾਕਾ, ਨਕਸ਼ਾ ਜਗਤ ਨਾ ਕੋਇ ਵਡਿਆਈਆ । ਭਾਦਰੋਂ ਕਹੇ ਮੈਂ ਉਨ੍ਹਾਂ ਦੀਆਂ ਪੂਰੀਆਂ ਕਰਾਂ ਆਸਾਂ, ਜੋ ਆਸਾਂ ਵਾਲੇ ਚਲ ਕੇ ਆਏ ਪਾਂਧੀ ਰਾਹੀਆ । ਗੁਰਮੁਖੋ ਇਸ ਵਿਚ ਫ਼ਰਕ ਰਤੀ ਨਹੀਂ ਮਾਸਾ, ਕੂੜੀ ਵੰਡ ਨਾ ਕੋਇ ਵੰਡਾਈਆ । ਜੋਤ ਸਰੂਪੀ ਪੁਰਖ ਅਬਿਨਾਸ਼ਾ, ਗੋਬਿੰਦ ਸ਼ਬਦੀ ਧਾਰ ਚਲਾਈਆ । ਜਿਸ ਦੀ ਗੋਪੀ ਕਾਹਨ ਪਾਵੇ ਰਾਸਾ, ਮਧੁਰ ਧੁਨ ਸੁਣਾਈਆ । ਜਿਸ ਦਾ ਸੋਹਣਾ ਅਵੱਲੜਾ ਸਭ ਤੋਂ ਸਾਕਾ, ਜਗਤ ਸਾਖੀਆਂ ਦੇਣ ਗਵਾਹੀਆ । ਮਾਲਕ ਬਣ ਕੇ ਇਕੋ ਆਕਾ, ਆਕ਼ਬਤ ਸਭ ਦੀ ਵੇਖ ਵਖਾਈਆ । ਗੋਦਾਵਰੀ ਉਤੇ ਵੇਖਿਓ ਅਜਬ ਤਮਾਸ਼ਾ, ਸੋਹਣਾ ਦਏ ਵਖਾਈਆ । ਨਾਲੇ ਖ਼ੁਸ਼ੀਆਂ ਨਾਲੇ ਹਾਸਾ, ਹਸਤੀ ਵਿਚੋਂ ਲਏ ਬਦਲਾਈਆ । ਨਾਲੇ ਗੋਬਿੰਦ ਦੀ ਬ੍ਰਿਜ ਸੁਣਿਓ ਭਾਸਾ, ਜਿਸ ਨੂੰ ਨੰਦ ਲਾਲ ਗਿਆ ਸੀਸ ਨਿਵਾਈਆ । ਜਿਸਦਾ ਸ਼ਬਦ ਬਵੰਜਾ ਕਵੀਆਂ ਮੂਲ ਨਾ ਵਾਚਾ, ਵਾਚਕ ਹੋਇਆ ਨਾ ਕੋਇ ਜਗਤ ਲੋਕਾਈਆ । ਉਸ ਨੇ ਤੁਹਾਡੇ ਨਾਲ ਜੋੜਨਾ ਨਾਤਾ, ਸਾਕ ਇਕੋ ਬੇਪਰਵਾਹੀਆ । ਅਗੇ ਸਾਂਝਾ ਕਰ ਕੇ ਖਾਤਾ, ਕੂੜੀ ਕਿਰਿਆ ਖ਼ਤਮ ਕਰਾਈਆ । ਇਕੋ ਦੱਸ ਕੇ ਪੂਜਾ ਪਾਠਾ, ਇਕੋ ਮੇਲਾ ਲਏ ਮਿਲਾਈਆ । ਇਕੋ ਬਣ ਕੇ ਧੁਰ ਦਾ ਬਾਪਾ, ਸਾਚੀ ਗੋਦ ਦਏ ਟਿਕਾਈਆ ।

੧੦੧੬

ਝਗੜਾ ਮੁਕਾ ਕੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਕਰ ਕੇ ਵਾਸਾ, ਨਿਵਾਸ ਅਸਥਾਨ ਇਕੋ ਦਏ ਵਖਾਈਆ । ਭਾਦਰੋਂ ਕਹੇ ਮੈਨੂੰ ਸਾਰੇ ਕਹਿੰਦੇ ਭੈੜਾ, ਜਗਤ ਰਸਨਾ ਦਏ ਦੁਹਾਈਆ । ਸਚ ਪੁਛੋ ਮੈਂ ਭਗਤਾਂ ਦਾ ਕਦੀ ਨਹੀਂ ਛਡਣਾ ਖਹਿੜਾ, ਗੁਰਮੁਖਾਂ ਦੇ ਨਾਲ ਮਿਲ ਕੇ ਖ਼ੁਸ਼ੀ ਮਨਾਈਆ । ਹੁਣ ਵੀ ਦੱਸਣ ਆਇਆ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਮੁਕਿਆ ਗੇੜਾ, ਪਾਂਧੀ ਆਪਣਾ ਪੰਧ ਚੁਕਾਈਆ । ਵੇਖਿਓ ਮਨ ਮਨਸਾ ਨਾਲ ਕਰਿਓ ਨਾ ਝੇੜਾ, ਝਗੜਾ ਦੂਈ ਨਾ ਕੋਇ ਜਣਾਈਆ । ਸਾਢੇ ਤਿੰਨ ਹੱਥ ਵਸੌਣਾ ਪੈਣਾ ਖੇੜਾ, ਖਿੜਕੀ ਅੰਦਰੋਂ ਲੈਣੀ ਖੁਲ੍ਹਾਈਆ । ਕੂੜੀ ਕਿਰਿਆ ਚੁਕੇ ਅੰਧੇਰਾ, ਸਚ ਜੋਤ ਹੋਵੇ ਰੁਸ਼ਨਾਈਆ । ਆਤਮ ਪਰਮਾਤਮ ਢੋਲਾ ਗੌਣਾ ਤੇਰਾ ਮੇਰਾ, ਤੂੰ ਹੀ ਤੂੰ ਰਾਗ ਅਲਾਈਆ । ਸਾਚਾ ਬਣ ਕੇ ਗੁਰੂ ਚੇਲਾ, ਚੇਲਾ ਗੁਰੂ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਾਦਰੋਂ ਕਹੇ ਗੁਰਮੁਖੋ ਬਸਤਰ ਪਾਇਓ ਚਿੱਟੇ, ਚਟਕ ਆਪਣਾ ਆਪ ਬਣਾਈਆ । ਗੋਬਿੰਦ ਦੁੱਧ ਕਦੇ ਨਾ ਫਿੱਟੇ, ਅੰਮ੍ਰਿਤ ਰੂਪ ਰਿਹਾ ਬਦਲਾਈਆ । ਜਿਸ ਵੇਲੇ ਜਲ ਆਵੇ ਤੁਹਾਡੇ ਗਿੱਟੇ, ਚਰਨ ਆਪਣੇ ਵਿਚ ਛੁਪਾਈਆ । ਤੁਸੀਂ ਮਨ ਮਾਣ ਗੁਆ ਕੇ ਸਾਰੇ ਬਣਿਓ ਨਿੱਕੇ, ਵੱਡਾ ਵਡ ਨਾ ਕੋਇ ਵਡਿਆਈਆ । ਪਰਦਿਆਂ ਵਿਚੋਂ ਤੁਹਾਨੂੰ ਦਿਸੇ, ਸੋਹਣਾ ਸੁਵਾਮੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਕਰਾਈਆ । ਗਿੱਟਾ ਕਹੇ ਜਿਸ ਵੇਲੇ ਪਾਣੀ ਜਾਏ ਲਗ, ਮੈਂ ਹਾਲ ਦੇਣਾ ਸੁਣਾਈਆ । ਗੁਰਮੁਖੋ ਸੁਗੰਦ ਖਾਓ ਅਸਾਂ ਨਾਤਾ ਤੋੜਿਆ ਜਗ, ਕਿਰਿਆ ਕੂੜ ਤਜਾਈਆ । ਕ਼ਸਮ ਖਾ ਕੇ ਇਕ ਪ੍ਰੀਤੀ ਅੰਦਰ ਗਏ ਬਝ, ਪੁਰਖ ਅਕਾਲ ਇਕ ਮਨਾਈਆ । ਭੈਣ ਭਾਈ ਸਾਕ ਸੱਜਣ ਸਾਰੇ ਦਿਤੇ ਛਡ, ਹੁਕਮੇ ਅੰਦਰ ਸੀਸ ਨਿਵਾਈਆ । ਪਰਮ ਪੁਰਖ ਦੀ ਬਣ ਗਈ ਯਦ, ਯਥਾਰਥ ਇਕੋ ਰਾਹ ਤਕਾਈਆ । ਹੰਸ ਰੂਪ ਨਾ ਬਣੇ ਕਗ, ਵਿਸ਼ਟਾ ਕੂੜ ਨਾ ਕੋਇ ਫੁਲਾਈਆ । ਪ੍ਰਭ ਤੋਂ ਹੋਣਾ ਨਹੀਂ ਕਦੇ ਅਲਗ, ਆਤਮ ਪਰਮਾਤਮ ਲਿਆ ਜੁੜਾਈਆ । ਫੇਰ ਥੋੜ੍ਹਾ ਅਗੇ ਜਾਣਾ ਵਧ, ਵਾਧਾ ਹੋਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਪਾਣੀ ਕਹੇ ਜਿਸ ਵੇਲੇ ਲੱਗਾਂ ਨਾਲ ਲੱਤਾਂ, ਲਾਅਨਤ ਕੂੜਿਆਂ ਦੇਣੀ ਪਾਈਆ । ਅੰਦਰੋਂ ਬਦਲ ਲਓ ਆਪਣੀਆਂ ਮੱਤਾਂ, ਮਨ ਵਾਸਨਾ ਦੇਣੀ ਕਢਾਈਆ । ਝੂਠਾ ਨਾਤਾ ਸਮਝੋ ਤੱਤਾਂ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੰਗ ਨਾ ਕੋਇ ਨਿਭਾਈਆ । ਆਪਣੀਆਂ ਅੰਦਰੋਂ ਖੋਲ੍ਹੋ ਅੱਖਾਂ, ਦਰਸ਼ਨ ਤੱਕੋ ਚਾਈਂ ਚਾਈਆ । ਵੇਲਾ ਵਕਤ ਮਿਲਿਆ ਮਸਾਂ ਮਸਾਂ, ਮਸਲੇ ਹਲ ਲਓ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਈਆ । ਪਾਣੀ ਕਹੇ ਮੈਨੂੰ ਕਿਸੇ ਨੇ ਵਿਚੋਂ ਕਹਿਣਾ ਜਲ, ਅੰਤਰ ਧਿਆਨ ਲਗਾਈਆ । ਓਸ ਦਾ ਪਾਪ ਜਾਣਾ ਹਲ, ਜੋ ਤੀਹਵੇਂ ਸਾਲ ਵਿਚ ਕਮਾਈਆ । ਓਸ ਦਾ ਕੁਕਰਮਾਂ ਦਾ ਕਟ ਕੇ ਫਲ, ਪ੍ਰਭ ਨੇ ਦਇਆ ਦੇਣੀ ਕਮਾਈਆ । ਇਹ ਖੇਲ ਨਹੀਂ ਹੋਣਾ ਘੜੀ ਕੋਈ ਪਲ, ਫੁਰਨੇ ਵਿਚ ਦਏ ਜਣਾਈਆ । ਓਥੇ ਕਰਨਾ ਨਹੀਂ ਕੋਈ ਛਲ, ਅਛਲ ਛਲ ਨਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੋਦਾਵਰੀ ਕਹੇ ਗੁਰਮੁਖੋ ਆਪਣੇ ਚਰਨਾਂ ਦੀ ਲੈ ਕੇ ਆਇਓ ਧੂੜ, ਵਾਸਤਾ ਰਹੀ ਪਾਈਆ । ਮੇਰੀ ਅਰਜ਼ ਮੰਨਿਓ ਜ਼ਰੂਰ, ਬੇਨੰਤੀ ਰਹੀ ਸੁਣਾਈਆ ।

ਤੁਹਾਡੇ ਕੋਲ ਹਾਜ਼ਰ ਹਜ਼ੂਰ, ਹਰਿ ਜੂ ਸ਼ਹਿਨਸ਼ਾਹੀਆ । ਮੈਂ ਆਸਾਂ ਭਰੀ ਮਜਬੂਰ, ਦੂਰ ਦੁਰਾਡੀ ਰਾਹ ਤਕਾਈਆ । ਤੁਸੀਂ ਜਲਵਾ ਤਕੋ ਨੂਰ, ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਧੂੜੀ ਖ਼ਾਕ ਭਰਨੀ ਚੁਟਕੀ, ਅੰਕ ਤੀਸ ਤੀਸ ਗਣਾਈਆ । ਮੇਰੀ ਔਧ ਜਾਏ ਮੁਕਦੀ, ਤੁਹਾਡੇ ਅਗੇ ਵਾਸਤਾ ਪਾਈਆ । ਹੁਣ ਖੇਲ ਨਹੀਂ ਰਹਿਣੀ ਲੁਕ ਦੀ, ਪ੍ਰਭ ਪਰਦੇ ਰਿਹਾ ਉਠਾਈਆ । ਧਾਰ ਚਲਣੀ ਗੋਬਿੰਦ ਸੁਤ ਦੀ, ਜਿਸ ਦਾ ਪੁਰਖ ਅਕਾਲ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਕਹੇ ਗੁਰਮੁਖੋ ਧੂੜ ਦੀ ਭਰਿਓ ਚੂੰਢੀ, ਮੈਂ ਗਲ ਵਿਚ ਪਲੂ ਪਾਈਆ । ਜਿਸ ਵੇਲੇ ਸਾਹਿਬ ਸੁਲਤਾਨਾ ਆਪਣੇ ਹੱਥ ਵਿਚ ਫੜੇ ਖੂੰਡੀ, ਉਹਦੇ ਚਰਨਾਂ ਹੇਠੋਂ ਲੈਣੀ ਉਠਾਈਆ । ਮੈਨੂੰ ਜੁਗ ਚੌਕੜੀ ਲੱਭੀ ਨਾ ਢੂੰਡੀ, ਹੱਥ ਨਾ ਕਿਸੇ ਜਣਾਈਆ । ਮੈਂ ਸ਼ਰਮ ਦੀ ਮਾਰੀ ਕਿਸੇ ਨਾਲ ਨਾ ਕੂੰਦੀ, ਤੁਹਾਡੇ ਅਗੇ ਵਾਸਤਾ ਪਾਈਆ । ਤੁਹਾਡੀ ਸ਼ਕਲ ਓਸੇ ਵਰਗੀ ਹੂਬਹੂ ਦੀ, ਰੂਹ ਬੁਤ ਆਪਣਾ ਰੰਗ ਰੰਗਾਈਆ । ਜਿਨ੍ਹਾਂ ਦੇ ਅੰਦਰੋਂ ਅਵਾਜ ਆਏ ਤੂੰਹੀ ਤੂੰ ਦੀ, ਦੂਜਾ ਢੋਲਾ ਨਾ ਕੋਇ ਗਾਈਆ । ਫੇਰ ਖ਼ੁਸ਼ੀ ਵੇਖਿਓ ਮੇਰੇ ਲੂੰ ਲੂੰ ਦੀ, ਤੁਹਾਨੂੰ ਸਾਹਮਣੇ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਰੰਗਣ ਦਿਉ ਰੰਗਾਈਆ । ਜਨ ਭਗਤੋ ਧੂੜੀ ਨਾ ਸਮਝਿਓ ਖ਼ਾਕ, ਮਿੱਟੀ ਰੂਪ ਨਾ ਕੋਇ ਵਟਾਈਆ । ਜਿਸ ਦੇ ਨਾਲ ਤੁਸਾਂ ਹੋਣਾ ਸਾਫ਼, ਬਿਬੇਕ ਮੈਨੂੰ ਦੇਣਾ ਕਰਾਈਆ । ਦੋਹਾਂ ਦਾ ਹੋਣਾ ਇਤਫ਼ਾਕ, ਅਗੇ ਨਾ ਹੋਏ ਜੁਦਾਈਆ । ਗੋਬਿੰਦ ਦਾ ਭਵਿਖਤਾਂ ਵਾਲਾ ਵਾਕ, ਪੂਰਾ ਦੇਣਾ ਕਰਾਈਆ । ਪੁਰਖ ਅਕਾਲ ਬਾਪ,
੧੦੧੭ ਇਕੋ ਲੈਣਾ ਮਨਾਈਆ । ਸੋਹੰ ਢੋਲਾ ਜਾਪ, ਨਾਨਕ ਰਿਹਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸਾਥ, ਵਜਦੀ ਰਹੇ ਵਧਾਈਆ । ਏਥੇ ਝੁਕਣੇ ੧੦੧੭
ਪ੍ਰਿਥਮੀ ਆਕਾਸ਼, ਸਿਰ ਸਕੇ ਨਾ ਕੋਇ ਉਠਾਈਆ । ਗੋਪੀਆਂ ਪੌਣੀ ਰਾਸ, ਆਪਣਾ ਨਾਚ ਵਖਾਈਆ । ਰਾਮ ਨੇ ਕਟਣਾ ਬਨਬਾਸ, ਸ਼ਹਿਨਸ਼ਾਹ ਦਏ ਵਡਿਆਈਆ । ਚਾਰ ਕੁੰਟ ਬਿਨਾ ਭਗਤਾਂ ਅੰਦਰ ਜਗਣਾ ਨਾ ਕੋਇ ਚਿਰਾਗ਼, ਖ਼ਾਲੀ ਦਿਸੇ ਸਰਬ ਲੋਕਾਈਆ । ਓਸ ਬਾਪ ਦੀ ਸੁਣਿਓ ਆਵਾਜ਼, ਜੋ ਈਸਾ ਮੂਸਾ ਕਰ ਕੇ ਗਿਆ ਪੜ੍ਹਾਈਆ । ਵੇਖਿਓ ਭੁਲ ਵਿਚ ਨਾ ਹੋਇਓ ਗੁਸਤਾਖ, ਗ਼ੁੱਸੇ ਵਿਚ ਨਾ ਕੋਇ ਲੜਾਈਆ । ਜੇ ਜਨਮ ਲਿਆ ਤੇ ਦਰਸ ਕੀਆ ਲੈ ਕੇ ਜਾਇਓ ਸ਼ਾਬਾਸ਼, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਹੁਕਮ ਇਕ ਵਰਤਾਈਆ । ਧੂੜੀ ਕਹੇ ਗੁਰਮੁਖੋ ਮੈਨੂੰ ਫੜਿਓ ਸੱਜੇ ਚਰਨ ਦੇ ਹੇਠ ਅੰਗੂਠੇ, ਉਂਗਲੀਆਂ ਦੀ ਲੋੜ ਰਹੀ ਨਾ ਰਾਈਆ । ਤੁਹਾਡੇ ਖ਼ਾਲੀ ਭਰ ਦਿਆਂ ਠੂਠੇ, ਭੁੱਖਿਆਂ ਭੁਖ ਮਿਟਾਈਆ । ਦਵਾਰਾ ਧੁਰ ਦਾ ਇਕੋ ਸੂਝੇ, ਨਾਤੇ ਕੂੜੇ ਦਿਆਂ ਤੁੜਾਈਆ । ਸੋ ਗੁਰਮੁਖ ਸੱਚਾ ਬੂਝੇ, ਜਿਸ ਦਾ ਪਰਦਾ ਦਿਆਂ ਉਠਾਈਆ । ਭਰਮ ਚੁਕਾ ਕੇ ਏਕਾ ਦੂਜੇ, ਦੂਆ ਏਕੇ ਵਿਚ ਮਿਲਾਈਆ । ਦਰਸ ਕਰਾ ਕੇ ਨੇਤਰ ਤੀਜੇ, ਲੋਚਣ ਸਚ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਰਿਹਾ ਸਮਝਾਈਆ । ਧੂੜ ਕਹੇ ਮੈਂ ਖੇਲ ਵੇਖਣੀ ਧੁਰ ਦੀ, ਧੁਰ ਮਸਤਕ ਲੇਖ ਜਣਾਈਆ । ਧੁਨ ਸੁਣੌਣੀ ਓਸਦੀ ਸੁਰ ਦੀ, ਜੋ ਸੁਤਿਆਂ ਲਏ ਉਠਾਈਆ । ਧਾਰ ਪਰਗਟੌਣੀ ਓਸ ਗੁਰ ਦੀ, ਜੋ ਗੋਦੀ ਲਏ ਟਿਕਾਈਆ । ਜਿਸ ਨੇ ਪਾਰ ਕਰੌਣੀ ਗੋਦਾਵਰੀ ਮੁਰਦੀ, ਮੁਦਤਾਂ ਪਿਛੋਂ ਫੇਰਾ ਪਾਈਆ । ਇਹ ਖੇਲ ਨਹੀਂ ਕਿਸੇ ਦੇਵਤ ਸੁਰ ਦੀ,

ਵਿਸ਼ਨ ਬ੍ਰਹਮਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਧੁਰ ਕਹੇ ਮੈਂ ਦੱਸਾਂ ਅੰਤ ਅਖ਼ੀਰੀ, ਆਖ਼ਰ ਦਿਆਂ ਜਣਾਈਆ । ਪ੍ਰਭ ਦੇ ਚਰਨਾਂ ਵਿਚ ਉਹ ਪੀਰੀ, ਜਿਸ ਨੂੰ ਪੀਰ ਪੈਗ਼ੰਬਰ ਸਜਦਿਆਂ ਵਿਚ ਸੀਸ ਨਿਵਾਈਆ । ਜਿਸ ਨੇ ਸ਼ਰਅ ਦੀ ਕਟਣੀ ਜ਼ੰਜੀਰੀ, ਤਾਮੀਰ ਆਪਣੀ ਦਏ ਬਣਾਈਆ । ਜਿਸ ਨੇ ਲੇਖੇ ਲੌਣੀ ਸ਼ਾਹੀ ਹਕੀਰੀ, ਹਕੀਰ ਸ਼ਾਹ ਇਕੋ ਰੰਗ ਰੰਗਾਈਆ । ਜਿਸ ਨੇ ਭਗਤਾਂ ਨੂੰ ਦੱਸਣੀ ਸਚ ਫ਼ਕੀਰੀ, ਫ਼ਿਕਰਾ ਢੋਲਾ ਇਕੋ ਦੇਣਾ ਸੁਣਾਈਆ । ਮੰਜ਼ਲ ਚਾੜ੍ਹ ਕੇ ਭਗਤ ਕਬੀਰੀ, ਕਰਮਾਂ ਦਾ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਭਾਦਰੋਂ ਕਹੇ ਜਨ ਭਗਤੋ ਮੇਰੀ ਤੁਹਾਨੂੰ ਨਮਸਤੇ, ਨਮੋ ਕਹਿ ਕੇ ਦਿਆਂ ਜਣਾਈਆ । ਤੁਹਾਡੇ ਖੇੜੇ ਰਹਿਣ ਵਸਦੇ, ਵਸਲ ਇਕੋ ਯਾਰ ਖ਼ੁਦਾਈਆ । ਤੁਹਾਡੇ ਅੰਤਰ ਵੇਖਾਂ ਹਸਦੇ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਪੰਚ ਵਿਕਾਰ ਵੇਖਾਂ ਨਸਦੇ, ਭੱਜਣ ਵਾਹੋ ਦਾਹੀਆ । ਤੁਹਾਡੇ ਢੋਲੇ ਸੁਣਾ ਜਸ ਦੇ, ਜੋ ਇਕੋ ਰਾਗ ਅਲਾਈਆ । ਤੁਹਾਡੇ ਨਿਸ਼ਾਨੇ ਵੇਖਾਂ ਪ੍ਰੇਮੀ ਅੱਖ ਦੇ, ਜੋ ਅਣਿਆਲੇ ਤੀਰ ਚਲਾਈਆ । ਜਿਸ ਨੂੰ ਜੁਗ ਚੌਕੜੀ ਸਾਰੇ ਰਹੇ ਲਭਦੇ, ਸੋ ਤੁਹਾਡਾ ਹੋ ਕੇ ਮਿਲਿਆ ਚਾਈਂ ਚਾਈਂਆ । ਉਸੇ ਦੇ ਦਵਾਰੇ ਫਬਦੇ, ਜੋ ਫ਼ੈਸਲੇ ਹਕ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਪੁਰਖ ਸਮਰਥ ਦੇ, ਸਮਰਥ ਹੋ ਕੇ ਤੁਹਾਡੀ ਵਸਤ ਤੁਹਾਡੀ ਝੋਲੀ ਪਾਈਆ ।



✻ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਬਖ਼ਸ਼ੀਸ਼ ਸਿੰਘ ਦੇ ਗ੍ਰਿਹ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ✻

ਨਿਰਗੁਣ ਧਾਰ ਪੁਰਖ ਅਕਾਲ ਪਿਆ ਉਠ, ਜੋਤੀ ਜਾਤਾ ਨੂਰ ਇਲਾਹੀਆ । ਸਚਖੰਡ ਦਵਾਰਾ ਹੋਇਆ ਖ਼ੁਸ਼, ਥਿਰ ਘਰ ਵੱਜੀ ਇਕ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਗਏ ਝੁਕ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਧੁਰ ਦੀ ਰੁਤ, ਬਿਨ ਲੋਚਨ ਨੈਣ ਅੱਖ ਖੁਲ੍ਹਾਈਆ । ਭਗਤ ਸੁਹੇਲੇ ਇਕ ਦੂਜੇ ਨੂੰ ਰਹੇ ਪੁਛ, ਸਚ ਦਵਾਰੇ ਖ਼ੁਸ਼ੀ ਮਨਾਈਆ । ਸੰਤ ਸਾਜਣ ਬਦਲ ਕੇ ਆਪਣਾ ਰੁਖ਼, ਆਤਮ ਪਰਮਾਤਮ ਧਿਆਨ ਲਗਾਈਆ । ਗੁਰਮੁਖ ਕਰ ਕੇ ਉਜਲ ਮੁਖ, ਨਿਜ ਨੈਣ ਰਹੇ ਖੁਲ੍ਹਾਈਆ । ਗੁਰਸਿਖ ਸਾਚਾ ਢੋਲਾ ਗੌਣ ਅਗੰਮੀ ਤੁਕ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਕਹਿਣ ਸਾਡਾ ਪੈਂਡਾ ਰਿਹਾ ਮੁਕ, ਉਚੀ ਕੂਕ ਕੂਕ ਸੁਣਾਈਆ । ਜਿਸ ਨੇ ਪੰਜ ਤੱਤ ਕਾਇਆ ਮਾਟੀ ਵੇਖਣਾ ਬੁਤ, ਤਤਵ ਤਤ ਖੋਜ ਖੁਜਾਈਆ । ਜਿਸ ਦਾ ਓਹਲਾ ਭੇਵ ਰਹੇ ਨਾ ਲੁਕ, ਪਰਦਾ ਅਵਰ ਨਾ ਕੋਇ ਜਣਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਰ ਪਰਕਾਸ਼ ਨਿਰਗੁਣ ਜੋਤ, ਦੋ ਜਹਾਨਾਂ ਵੇਖ ਵਖਾਈਆ । ਜਿਸ ਦਾ ਨਾਮ ਨਗਾਰਾ ਇਕੋ ਵੱਜੇ ਚੋਟ, ਦੂਜਾ ਤਾਲ ਨਾ ਕੋਇ ਵਖਾਈਆ । ਜਿਸ ਨੂੰ ਝੁਕਦੇ ਚੌਦਾਂ ਲੋਕ, ਚੌਦਾਂ ਤਬਕ ਪੈਰਾਂ ਹੇਠ ਆਪਣਾ ਆਪ ਮਿਟਾਈਆ । ਚੌਦਾਂ ਵਿਦਿਆ ਸਮਝ ਨਾ ਸਕੇ ਇਕ ਸਲੋਕ, ਲੇਖਾ ਲਿਖਤ ਨਾ ਕੋਇ ਵਡਿਆਈਆ । ਜਿਸ ਦਾ ਭਾਣਾ ਸਕੇ ਨਾ ਕੋਈ ਰੋਕ, ਸ਼ਾਹ ਸੁਲਤਾਨਾਂ ਰਿਹਾ ਮਿਟਾਈਆ । ਜਿਸ ਦੀ ਸਚ ਦਵਾਰੇ ਨਿਰਗੁਣ ਧਾਰ ਅਗੰਮੀ ਮੌਜ, ਸਰਗੁਣ ਨਜ਼ਰ ਕੋਇ ਨਾ ਆਈਆ । ਜੋ ਘਟ ਘਟ ਅੰਤਰ ਸਭ ਨੂੰ ਰਿਹਾ ਖੋਜ, ਹਿਰਦੇ

ਅੰਤਰ ਵੇਖ ਵਖਾਈਆ । ਜੋ ਨਾਮ ਖ਼ੁਮਾਰੀ ਦੇਵੇ ਕਰੇ ਮਦਹੋਸ਼, ਮਧੁਰ ਧੁਨ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਨਿਰਗੁਣ ਨਿਰਵੈਰ, ਨਿਰਾਕਾਰ ਖੇਲ ਖਿਲਾਈਆ । ਬ੍ਰਹਿਮੰਡਾਂ ਖੰਡਾਂ ਅੰਦਰ ਕਰਨਹਾਰਾ ਸੈਰ, ਲੱਖ ਚੁਰਾਸੀ ਵੇਖ ਵਖਾਈਆ । ਜਿਸ ਨੂੰ ਗੁਰੂ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਗਏ ਗੰਭੀਰ ਗਹਿਰ, ਬੇਅੰਤ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਚਰਨਾਂ ਕੋਲ ਵਰਤੇ ਕਦੀ ਨਾ ਕਹਿਰ, ਅਗਨੀ ਤੱਤ ਨਾ ਕੋਇ ਜਲਾਈਆ । ਜਿਸ ਨੂੰ ਮਿਲਦਿਆਂ ਲਗੇ ਕਦੀ ਨਾ ਦੇਰ, ਅੰਤਰ ਅੰਤਰ ਮੇਲਾ ਸਹਿਜ ਸੁਭਾਈਆ । ਜਿਸ ਦਾ ਨਾਮ ਨਿਧਾਨਾ ਸ਼ਬਦ ਅਗੰਮੀ ਸ਼ੇਰ, ਭਬਕ ਦੋ ਜਹਾਨ ਸੁਣਾਈਆ । ਜੋ ਗ਼ਰੀਬ ਨਿਮਾਣਿਆਂ ਕੋੜਿਆਂ ਕਮਲਿਆਂ ਉਤੇ ਕਰੇ ਮਿਹਰ, ਨਿਓਟਿਆਂ ਨਿਆਸਰਿਆਂ ਆਪਣੀ ਗੋਦ ਉਠਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਲਹਿਣਾ ਦੇਣਾ ਦਏ ਨਬੇੜ, ਹਕ ਹਕੀਕਤ ਦਏ ਵਖਾਈਆ । ਜੋ ਕੂੜੀ ਕਿਰਿਆ ਜਗਤ ਵਾਸਨਾ ਮਨ ਤਨ ਰਿਹਾ ਛੇੜ, ਨਵ ਨੌ ਚਾਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਮੇਰਾ ਨੂਰ ਅਗੰਮਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਨਾਮ ਨਿਧਾਨਾ ਸ਼ਬਦ ਮਾਤ ਕੁੱਖ ਕਿਸੇ ਨਾ ਜੰਮਾ, ਪਿਤਾ ਪੂਤ ਨਾ ਕੋਇ ਬਣਾਈਆ । ਮੇਰਾ ਪਿਆਰ ਹੱਥ ਨਾ ਆਇਆ ਕਿਸੇ ਮਾਟੀ ਚੰਮਾ, ਤੱਤਾਂ ਰੰਗ ਨਾ ਕੋਇ ਵਖਾਈਆ । ਮੇਰੇ ਦਵਾਰੇ ਹਰਖ਼ ਸੋਗ ਰਹੇ ਨਾ ਗ਼ਮਾ, ਚਿੰਤਾ ਰੋਗ ਨਾ ਕੋਇ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਆਪਣੀ ਧਾਰ ਵਿਚੋਂ ਇਕੋ ਭਗਤ ਸੁਹੇਲੇ ਜੰਮਾਂ, ਬਣ ਧੁਰ ਜਣੇਦੀ ਮਾਈਆ । ਇਕੋ ਰਾਗ ਸੁਣਾ ਕੇ ਬਿਨਾ ਕੰਨਾਂ, ਅੰਤਰ ਆਤਮ ਕਰਾਂ ਪੜ੍ਹਾਈਆ । ਸਚ ਖ਼ਜ਼ੀਨਾ ਦੇ ਕੇ ਧਨਾ, ਧੁਰ ਦਾ ਧਨ ਦਿਆਂ ਦ੍ਰਿੜਾਈਆ । ਨੂਰੀ ਜੋਤ ਚਾੜ੍ਹ ਕੇ ਚੰਨਾਂ, ਕਾਇਆ ਮੰਦਰ ਅੰਦਰ ਕਰਾਂ ਰੁਸ਼ਨਾਈਆ । ਦੂਈ ਦਵੈਤੀ ਕੂੜੀ ਕਿਰਿਆ ਮਾਇਆ ਮਮਤਾ ਦੀਨ ਮਜ੍ਹਬ ਜ਼ਾਤ ਪਾਤ ਮਿਟਾ ਕੇ ਬੰਨਾ, ਇਕੋ ਆਤਮ ਪਰਮਾਤਮ ਦਿਆਂ ਸਮਝਾਈਆ । ਸਚ ਸੰਦੇਸ਼ਾ ਬਣ ਨਰੇਸ਼ਾ ਨਰ ਨਿਰੰਕਾਰ ਹੋ ਕੇ ਘੱਲਾਂ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਕਰਤਾ ਆਪ ਕਰਾਈਆ । ਵੱਜੀ ਵਧਾਈ ਸਚ ਦਵਾਰਾ, ਥਿਰ ਘਰ ਢੋਲਾ ਇਕੋ ਗਾਈਆ । ਸਜਦਾ ਕਰੇ ਗੁਰੂ ਅਵਤਾਰਾ, ਪੈਗ਼ੰਬਰ ਨਾਲ ਮਿਲਾਈਆ । ਦੇਵਤ ਸੁਰ ਕਰਨ ਨਿਮਸਕਾਰਾ, ਗਣ ਗੰਧਰਵ ਰਹੇ ਜਸ ਗਾਈਆ । ਜੁਗ ਚੌਕੜੀ ਭੱਜਣ ਵਾਰੋ ਵਾਰਾ, ਰਵ ਸਸ ਆਪਣਾ ਪੰਧ ਮੁਕਾਈਆ । ਕਰੇ ਖੇਲ ਭਗਤ ਵਛਲ ਸੱਚਾ ਗਿਰਧਾਰਾ, ਗਹਿਰ ਗੰਭੀਰ ਵਡੀ ਵਡਿਆਈਆ । ਜਿਸ ਦਾ ਲੇਖਾ ਆਦਿ ਅੰਤ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਖਾਣੀ ਬਾਣੀ ਨਾ ਕੋਇ ਵਿਚਾਰਾ, ਬੁਧੀ ਚਲੀ ਨਾ ਕੋਇ ਚਤੁਰਾਈਆ । ਕਾਤਬ ਬਣਿਆ ਨਾ ਕੋਇ ਲਿਖਾਰਾ, ਹਰਫ਼ ਹਰੂਫ਼ ਨਾ ਕੋਇ ਦ੍ਰਿੜਾਈਆ । ਜਿਸ ਨੂੰ ਜਲਵਾ ਨੂਰ ਮੰਨਿਆ ਪਰਵਰਦਿਗਾਰਾ, ਵਾਹਿਦ ਲਾਸ਼ਰੀਕ ਅਖਵਾਈਆ । ਜਿਹੜਾ ਨਾਮ ਸੰਦੇਸ਼ਾ ਦੇਂਦਾ ਰਿਹਾ ਵਾਰੋ ਵਾਰਾ, ਜ਼ਿਮੀਂ ਅਸਮਾਨਾਂ ਦੋ ਜਹਾਨਾਂ ਕਰ ਪੜ੍ਹਾਈਆ । ਜਿਸ ਦਾ ਧੁਰ ਦਰਬਾਰ ਠਾਂਡਾ ਇਕ ਦਰਬਾਰਾ, ਦੂਜਾ ਗ੍ਰਿਹ ਨਾ ਕੋਇ ਵਖਾਈਆ । ਜਿਸ ਦਾ ਇਕੋ ਮੰਦਰ ਸ਼ਿਵਦਵਾਲਾ ਮਸਜਿਦ ਗੁਰੂਦਵਾਰਾ, ਮਠ ਵੰਡ ਨਾ ਕੋਇ ਵੰਡਾਈਆ । ਜਿਸ ਗ੍ਰਿਹ ਇਕੋ ਦੀਪ ਹੋਏ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਥੇ ਇਕੋ ਨਾਮ ਜੈਕਾਰਾ, ਬਿਨ ਰਸਨਾ


੧੦੧੯

ਜਿਹਵਾ ਢੋਲਾ ਰਿਹਾ ਸੁਣਾਈਆ । ਜਿਥੇ ਇਕੋ ਹੁਕਮ ਵਰਤਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਪੁਰਖ ਅਕਾਲ ਹਮਾਰਾ, ਹਮ ਸਾਜਣ ਕਰ ਕੇ ਗਿਆ ਜਣਾਈਆ । ਜਿਸ ਦਾ ਭਵਿਖਤਾਂ ਵਿਚ ਵਿਚਾਰਾ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰਾ, ਨਿਰਗੁਣ ਨਿਰਵੈਰ ਨਿਰਾਕਾਰ ਭੇਵ ਖੁਲ੍ਹਾਈਆ । ਜਿਸਦਾ ਅੰਤ ਨਾ ਪਾਰਾਵਾਰਾ, ਬੇਅੰਤ ਕਹੇ ਲੋਕਾਈਆ । ਸੋ ਖੇਲ ਕਰੇ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਧਾਰ ਚਲਾਈਆ । ਜੋਤੀ ਜਾਤਾ ਪੁਰਖ ਬਿਧਾਤਾ ਪਤਿਪਰਮੇਸ਼ਵਰ ਹੋ ਉਜਿਆਰਾ, ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਆਪਣਾ ਵੇਸ ਵਟਾਈਆ । ਜਿਸ ਨੇ ਚਾਰ ਕੁੰਟ ਦਹਿ ਦਿਸ਼ਾ ਨਵ ਨੌ ਚਾਰ ਕਰਨਾ ਖੇਲ ਨਿਆਰਾ, ਬੋਧ ਅਗਾਧਾ ਸ਼ਬਦ ਅਨਾਦਾ ਬ੍ਰਹਮ ਬ੍ਰਹਿਮਾਦਾ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਇਕ ਵਰਤੌਂਦਾ ਏ । ਪੁਰਖ ਅਕਾਲ ਦਇਆ ਕਮੌਂਦਾ ਏ । ਥਿਰ ਘਰ ਦਵਾਰਿਉਂ ਆਪਣਾ ਸੁਤ ਉਠੌਂਦਾ ਏ । ਸ਼ਬਦੀ ਪੁਤ ਆਪ ਉਠੌਂਦਾ ਏ । ਕਰ ਖੇਲ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਆਪ ਕਰੌਂਦਾ ਏ । ਨਵ ਨੌ ਚਾਰ ਪਿਛੋਂ ਸੁਹਾਵੇ ਸੁਹੰਜਣੀ ਆਪਣੀ ਰੁਤ, ਰੁਤੜੀ ਆਪਣੇ ਨਾਲ ਮਹਿਕੌਂਦਾ ਏ । ਚਾਰ ਕੁੰਟ ਦਹਿ ਦਿਸ਼ਾ ਸਚ ਸਵਾਮੀ ਹੋ ਕੇ ਜਾਏ ਤੁਠ, ਭੰਡਾਰਾ ਨਾਮ ਅਤੁਟ ਆਪ ਵਰਤੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪੌਂਦਾ ਏ । ਸਚ ਦਵਾਰਾ ਕਹੇ ਮੈਂ ਤਕਿਆ ਇਕ ਨਿਰੰਕਾਰ, ਜੋਤੀ ਜਾਤਾ ਨਜ਼ਰੀ ਆਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਚੌਕੜੀ ਵੇਸ ਵਟਾਈਆ । ਜਿਸ ਦਾ ਰੂਪ ਅਗੰਮ ਅਪਾਰ, ਜਗ ਨੇਤਰ ਨਜ਼ਰ

੧੦੨੦ ਕਿਸੇ ਨਾ ਆਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਅਧਾਰ, ਅੰਤਰ ਅੰਤਰ ਧਿਆਨ ਲਗਾਈਆ । ਜਿਸ ਦੀ ਗੁਫ਼ਤ ਸ਼ਨੀਦ ਗੁਫ਼ਤਾਰ, ਧੁਰ ਦਾ ਕਲਮਾ ਕਰੇ ਪੜ੍ਹਾਈਆ । ਜੋ ਮਾਲਕ ਖ਼ਾਲਕ ਪ੍ਰਿਤਪਾਲਕ ਵਡ ਸਿਕਦਾਰ, ਸ਼ਹਿਨਸ਼ਾਹ ਅਖਵਾਈਆ । ਜਿਸ ਦਾ ਭਾਣਾ ਮੇਟੇ ਕੋਈ ਨਾ ਜੋਧਾ ਸੂਰਬੀਰ ਬਲਕਾਰ, ਬਲਧਾਰੀ ਨਜ਼ਰ ਕੋਇ ਨਾ ਆਈਆ । ਜਿਸ ਦਾ ਰਾਹ ਤਕਦੇ ਗਏ ਪੈਗ਼ੰਬਰ ਗੁਰ ਅਵਤਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਆਇਆ ਆਪਣੀ ਵਾਰ, ਵਾਰਸ ਹੋ ਕੇ ਵੇਖ ਵਖਾਈਆ । ਸਭ ਦਾ ਲਹਿਣਾ ਦੇਣਾ ਪੂਰਬ ਲੇਖਾ ਜਨਮ ਜਨਮ ਦਾ ਦਏ ਉਤਾਰ, ਕਰਜ਼ ਮਕਰੂਜ਼ ਨਾ ਕੋਇ ਰਖਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਦੇਵੇ ਮਾਰ, ਜੂਠਾ ਝੂਠਾ ਲੇਖਾ ਦਏ ਚੁਕਾਈਆ । ਜ਼ਾਤ ਪਾਤ ਦੀਨ ਮਜ੍ਹਬ ਊਚ ਨੀਚ ਰਾਓ ਰੰਕ ਕਰ ਖ਼ੁਆਰ, ਸਚ ਦਵਾਰਾ ਇਕੋ ਦਏ ਦ੍ਰਿੜਾਈਆ । ਸਾਢੇ ਤਿੰਨ ਹੱਥ ਤਾਕੀ ਖੋਲ੍ਹ ਕਿਵਾੜ, ਬਜਰ ਕਪਾਟੀ ਪਰਦਾ ਦਏ ਉਠਾਈਆ । ਤ੍ਰੈਗੁਣ ਮਾਇਆ ਮੇਟੇ ਅਗਨੀ ਹਾੜ, ਅੰਮ੍ਰਿਤ ਮੇਘ ਦਏ ਬਰਸਾਈਆ । ਸੁਰਤੀ ਸ਼ਬਦ ਮਿਲਾ ਕੇ ਧਾਰ, ਧੁਰ ਦਾ ਮੇਲਾ ਸਹਿਜ ਸੁਭਾਈਆ । ਸਾਚਾ ਮੰਦਰ ਵਖਾਏ ਜਿਥੇ ਜੋਤ ਜਗੇ ਅਗੰਮ ਅਪਾਰ, ਦੀਆ ਬਾਤੀ ਲੋੜ ਰਹੇ ਨਾ ਰਾਈਆ । ਸ੍ਰਿਸ਼ਟ ਸਬਾਈ ਦੱਸੇ ਇਕ ਜੈਕਾਰ, ਆਤਮ ਪਰਮਾਤਮ ਢੋਲਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਚਖੰਡ ਦਵਾਰਾ ਕਹੇ ਮੈਂ ਵੇਖਿਆ ਕਰਤਾ, ਕੁਦਰਤ ਦਾ ਮਾਲਕ ਨਜ਼ਰੀ ਆਈਆ । ਜਿਸ ਤੋਂ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨ ਡਰਦਾ, ਸਿਰ ਸਕੇ ਨਾ ਕੋਇ ੧੦੨੦

ਉਠਾਈਆ । ਜੋ ਨਿਤ ਨਵਿਤ ਆਪਣਾ ਖੇਲ ਕਰਦਾ, ਨਿਰਗੁਣ ਸਰਗੁਣ ਫੇਰਾ ਪਾਈਆ । ਜੋ ਨਿਤ ਨਵਿਤ ਜੁਗ ਚੌਕੜੀ ਕਦੇ ਨਾ ਮਰਦਾ, ਮਾਤ ਗਰਭ ਨਾ ਫੇਰਾ ਪਾਈਆ । ਸੋ ਕਰੇ ਖੇਲ ਆਪਣੀ ਧਾਰ ਦਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰੇ ਗੁਰ ਅਵਤਾਰ ਦਾ, ਜੋ ਭਵਿਖਤਾਂ ਵਿਚ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਸਚਖੰਡ ਕਹੇ ਮੈਂ ਵੇਖਿਆ ਉਹ ਭਗਵਾਨ, ਜਿਸ ਦਾ ਭੇਵ ਕੋਇ ਨਾ ਪਾਈਆ । ਜਿਸ ਦਾ ਝੁਲਦਾ ਇਕ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਬਣਾਈਆ । ਜਿਸ ਦਾ ਇਕੋ ਨਾਮ ਨਿਧਾਨ, ਦੂਜੀ ਸਿਖਿਆ ਨਾ ਕੋਈ ਸਮਝਾਈਆ । ਜਿਸ ਦਾ ਧੁਰ ਇਕ ਮੁਕਾਮ, ਮੁਕਾਮੇ ਹਕ ਡੇਰਾ ਲਾਈਆ । ਜਿਸ ਦਾ ਖੇਲ ਦੋ ਜਹਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਸਚਖੰਡ ਦਵਾਰਾ ਕਹੇ ਮੈਂ ਜੁਗ ਜੁਗ ਵੇਖੀ ਰੀਤ, ਅਬਿਨਾਸ਼ੀ ਕਰਤੇ ਦਿਤੀ ਦ੍ਰਿੜਾਈਆ । ਖੇਲ ਵੇਖਦਾ ਰਿਹਾ ਠੀਕ, ਠਾਕਰ ਹੋ ਕੇ ਰਿਹਾ ਸਮਝਾਈਆ । ਮੈਂ ਬਹਿ ਕੇ ਸਦਾ ਅਤੀਤ, ਲੇਖਾ ਤ੍ਰੈਗੁਣ ਵੇਖਿਆ ਚਾਈਂ ਚਾਈਂਆ । ਲੱਖ ਚੁਰਾਸੀ ਤਕਦਾ ਰਿਹਾ ਨੀਤ, ਦੂਰ ਦੁਰਾਡਾ ਖੋਜ ਖੁਜਾਈਆ । ਵੇਂਹਦਿਆਂ ਵੇਂਹਦਿਆਂ ਨੌ ਸੌ ਚੁਰਾਨਵੇ ਚੌਕੜੀ ਜੁਗ ਗਏ ਬੀਤ, ਬਣ ਬਣ ਪਾਂਧੀ ਰਾਹੀਆ । ਗੁਰ ਅਵਤਾਰ ਪੈਗ਼ੰਬਰ ਰਸਨਾ ਜਿਹਵਾ ਬੱਤੀ ਦੰਦ ਗਾ ਕੇ ਗਏ ਗੀਤ, ਧੁਰ ਸੰਦੇਸ਼ੇ ਜਗਤ ਸੁਣਾਈਆ । ਸ਼ਿਵਦਵਾਲੇ ਮਠ ਬਣਾ ਕੇ ਮੰਦਰ ਮਸੀਤ, ਗੁਰੂਦਵਾਰ ਕਰ ਕੁੜਮਾਈਆ । ਆਤਮ ਪਰਮਾਤਮ ਸਾਚੀ ਮਿਲੇ ਨਾ ਕਿਸੇ ਪ੍ਰੀਤ, ਪ੍ਰੀਤਮ ਮੇਲ ਨਾ ਕੋਇ ਮਿਲਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਝਗੜਾ ਚੁਕੇ ਨਾ ਹਸਤ ਕੀਟ, ਦੂਈ ਦਵੈਤ ਨਾ ਕੋਇ ਗਵਾਈਆ । ਸਾਚਾ ਕਲਮਾ ਪੜ੍ਹੇ ਨਾ ਕੋਇ ਹਦੀਸ, ਧੁਰ ਦਾ ਨਾਮ ਨਾ ਕੋਇ ਜਣਾਈਆ । ਜਗਤ ਨਿਸ਼ਾਨਾ ਵਿਚ ਜਹਾਨਾਂ ਅੱਖਰਾਂ ਵਾਲੀ ਵੇਖੀ ਵਸੀਅਤ, ਵਸੀਕਾ ਗੁਰ ਅਵਤਾਰ ਪੈਗ਼ੰਬਰ ਨਜ਼ਰੀ ਆਈਆ । ਬਿਨ ਸਚਖੰਡ ਦਵਾਰੇ ਮਿਲੇ ਨਾ ਕੋਇ ਅਸਲੀਅਤ, ਅਸਲ ਵਸਲ ਸਾਂਝੇ ਯਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਈਆ । ਸਚਖੰਡ ਕਹੇ ਮੈਂ ਦੱਸਾਂ ਜਗ, ਨਵ ਨੌ ਚਾਰ ਪਿਛੋਂ ਦਿਆਂ ਵਖਾਈਆ । ਵੇਖੇ ਖੇਲ ਸੂਰੇ ਸਰਬਗ, ਜੋ ਸ਼ਾਹ ਪਾਤਸ਼ਾਹ ਰਿਹਾ ਵਰਤਾਈਆ । ਕਲਜੁਗ ਕੂੜੀ ਕਿਰਿਆ ਸ੍ਰਿਸ਼ਟ ਸਬਾਈ ਕੀਤੀ ਕੱਗ, ਹੰਸ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਹਉਮੇ ਹੰਗਤਾ ਲਗੀ ਅੱਗ, ਨਿਝਰ ਝਿਰਨਾ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਚ ਸੁਵਾਮੀ ਅੰਤਰਜਾਮੀ ਦਰਸ ਕਰੇ ਨਾ ਕੋਈ ਉਪਰ ਚੜ੍ਹ ਸ਼ਾਹ ਰਗ, ਸਾਚਾ ਜੋੜ ਨਾ ਕੋਇ ਜੁੜਾਈਆ । ਬਿਨ ਮੱਕੇ ਕਾਅਬਿਉਂ ਪੂਰਾ ਹੋਇਆ ਕਿਸੇ ਨਾ ਹੱਜ, ਹਜ਼ਰਤ ਸਚ ਮਹਿਰਾਬੇ ਦਰਸ ਕੋਇ ਨਾ ਪਾਈਆ । ਸਤਿਗੁਰ ਸ਼ਬਦ ਸਾਢੇ ਤਿੰਨ ਹੱਥ ਅੰਦਰ ਕਿਸੇ ਲਿਆ ਨਾ ਲੱਭ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਧੁਨ ਆਤਮਕ ਸੁਣੇ ਕੋਈ ਨਾ ਨਦ, ਢੋਲਕ ਛੈਣੇ ਰਹੇ ਖੜਕਾਈਆ । ਕਲਜੁਗ ਕਹੇ ਇਹ ਖੇਲ ਪੁਰਖ ਸਮਰਥ, ਜੋ ਧੁਰ ਦਾ ਹੁਕਮ ਰਿਹਾ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਜੋੜਦੇ ਹੱਥ, ਚਰਨਾਂ ਉਤੇ ਢਹਿ ਕੇ ਡੰਡਾਵਤ ਕਰ ਕੇ ਧੂੜੀ ਟਿੱਕਾ ਮਸਤਕ ਰਹੇ ਲਗਾਈਆ । ਉਹ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸਭ ਦਾ ਦੇਵਣਹਾਰਾ ਹਕ, ਹਾਕਮ ਹੋ ਕੇ ਵੇਖ ਵਖਾਈਆ । ਸਦੀ ਚੌਧਵੀਂ ਰਾਹ ਸਾਰੇ ਰਹੇ ਤਕ, ਤਕਵਾ ਇਕ

ਰਖਾਈਆ । ਬੀਸ ਇਕੀਸ ਕਹੇ ਮੇਰਾ ਵੇਲਾ ਗਿਆ ਲੰਘ, ਪੈਂਡਾ ਲਿਆ ਮੁਕਾਈਆ । ਸ੍ਰੀ ਭਗਵਾਨ ਨੌਜਵਾਨ ਸਾਚੇ ਤਖ਼ਤ ਬੈਠ ਪਲੰਘ, ਜਿਸ ਦੀ ਪਾਵਾ ਚੂਲ ਨਜ਼ਰ ਕਿਸੇ ਨਾ ਆਈਆ । ਸਤਿ ਧਰਮ ਦਾ ਵਜਾ ਇਕ ਮਰਦੰਗ, ਕੂੜੀ ਕਿਰਿਆ ਦੇ ਖਪਾਈਆ । ਹੁਲਾਰਾ ਦੇ ਦੇ ਵਿਚ ਵਰਭੰਡ, ਬ੍ਰਹਿਮੰਡ ਦੇ ਉਠਾਈਆ । ਗੁਰਮੁਖ ਆਤਮ ਰਹੇ ਕੋਈ ਨਾ ਰੰਡ, ਭਗਤ ਸੁਹੇਲੇ ਗੁਰ ਚੇਲੇ ਲਏ ਮਿਲਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਅੰਤਰ ਆਤਮ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੁਗ ਜਨਮ ਦੇ ਵਿਛੜਿਆਂ ਸ਼ਬਦੀ ਸੁਰਤੀ ਡੋਰੀ ਗੰਢ, ਤੇਰੇ ਨਾਲੋਂ ਨਾ ਹੋਏ ਜੁਦਾਈਆ । ਬੂੰਦ ਸਵਾਂਤੀ ਦੇ ਕੇ ਪਾ ਠੰਡ, ਅਗਨੀ ਤਤ ਦੇ ਬੁਝਾਈਆ । ਕੋਝੇ ਕਮਲੇ ਗ਼ਰੀਬ ਨਿਮਾਣਿਆਂ ਲਾ ਅੰਗ, ਜੋ ਸਾਹਿਬ ਆਏ ਤੇਰੀ ਸਰਨਾਈਆ । ਲੇਖਾ ਮੁਕਾ ਦੇ ਜੇਰਜ ਅੰਡ, ਉਤਭੁਜ ਸੇਤਜ ਫੇਰ ਨਾ ਕੋਇ ਫਿਰਾਈਆ । ਤੈਨੂੰ ਮਿਲ ਕੇ ਪੜ੍ਹਨਾ ਪਏ ਕੋਇ ਨਾ ਛੰਦ, ਗ੍ਰੰਥਾਂ ਵਾਲੀ ਨਾ ਕੋਈ ਸ਼ਨਵਾਈਆ । ਝਗੜਾ ਮੁਕਾ ਦੇ ਬ੍ਰਹਮ ਹੰ, ਹੰ ਬ੍ਰਹਮ ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਕੂੜੀ ਦਿਸੇ ਕਾਇਆ ਮਾਟੀ ਤਨ, ਪੰਚਮ ਪੰਚਮ ਲੇਖਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਮੇਲਾ ਲੈ ਮਿਲਾਈਆ । ਸਚਖੰਡ ਕਹੇ ਮੈਂ ਜੁਗ ਜੁਗ ਪੈਂਡਾ ਵੇਖਿਆ ਮੁਕਦਾ, ਸਤਿਜੁਗ ਤ੍ਰੇਤਾ ਦੁਆਪਰ ਗਿਆ ਫੇਰਾ ਪਾਈਆ । ਪੁਰਖ ਅਕਾਲ ਪਾਰਬ੍ਰਹਮ ਪਤਿਪਰਮੇਸ਼ਵਰ ਜੁਗ ਜੁਗ ਭਗਤਾਂ ਪੁਛਦਾ, ਸੰਤ ਸੁਹੇਲੇ ਗਲੇ ਲਗਾਈਆ । ਸੂਫ਼ੀ ਫ਼ਕੀਰ ਗੋਦੀ ਚੁਕਦਾ, ਅਲਫ਼ੀ ਸੋਹਣਾ ਰੰਗ ਚੜ੍ਹਾਈਆ । ਨਾਤਾ ਜੋੜ ਕੇ ਪਿਤਾ ਪੂਤ ਦਾ, ਗੁਰਮੁਖ ਆਪਣੇ ਰੰਗ ਰੰਗਾਈਆ । ਜਗਤ ਵਿਕਾਰ ਉਨ੍ਹਾਂ ਦਾ ਲੁਟਦਾ, ਜਿਸ ਸਿਰ ਆਪਣਾ ਹੱਥ ਰਖਾਈਆ । ਪਿਆਲਾ ਦੇ ਕੇ ਅਗੰਮੀ ਘੁਟ ਦਾ, ਅੰਮ੍ਰਿਤ ਇਕੋ ਦਏ ਪਿਆਈਆ । ਜਿਸ ਨਾਲ ਆਵਣ ਜਾਵਣ ਲੱਖ ਚੁਰਾਸੀ ਛੁਟਦਾ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਵਖਾਈਆ । ਸਚਖੰਡ ਕਹੇ ਮੇਰੇ ਧੁਰ ਦੇ ਪਰਵਰਦਿਗਾਰ, ਲਾਸ਼ਰੀਕ ਤੇਰੀ ਵਡਿਆਈਆ । ਕਿਰਪਾ ਕਰ ਸਾਂਝੇ ਯਾਰ, ਸਾਹਿਬ ਸਵਾਮੀ ਦਇਆ ਕਮਾਈਆ । ਕੂੜੀ ਕਿਰਿਆ ਹੋਵੇ ਪਾਰ ਕਿਨਾਰ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਮੰਜ਼ਲ ਰਹੇ ਨਾ ਕੋਈ ਦੁਸ਼ਵਾਰ, ਔਖੀ ਘਾਟੀ ਦੇਣੀ ਢਾਹੀਆ । ਭਗਤ ਸੁਹੇਲੇ ਸੱਜਣ ਕਰ ਤਿਆਰ, ਗੁਰਮੁਖ ਮਾਤ ਉਠਾਈਆ । ਅੰਦਰ ਵੜ ਕੇ ਦੇ ਦੀਦਾਰ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਸ਼ਬਦੀ ਨਾਦ ਸੁਣਾ ਸੱਚੀ ਧੁਨਕਾਰ, ਅਨਰਾਗੀ ਰਾਗ ਜਣਾਈਆ । ਜਾਮ ਪਿਆਲਾ ਦੇ ਅਪਰ ਅਪਾਰ, ਜੋ ਤੀਰਥ ਤੱਟਾਂ ਵਿਚੋਂ ਹੱਥ ਕਿਸੇ ਨਾ ਆਈਆ । ਘਰ ਵਿਚ ਘਰ ਦੀਪਕ ਦੇ ਬਾਲ, ਬਿਨ ਤੇਲ ਬਾਤੀ ਜੋਤ ਹੋਵੇ ਰੁਸ਼ਨਾਈਆ । ਇਕੋ ਰੰਗ ਰੰਗਾ ਦੇ ਸ਼ਾਹ ਕੰਗਾਲ, ਆਤਮ ਬ੍ਰਹਮ ਭੇਵ ਖੁਲ੍ਹਾਈਆ । ਸਤਿਜੁਗ ਸਾਚੇ ਬਣ ਦਲਾਲ, ਵਿਚੋਲਾ ਹੋ ਕੇ ਮੇਲ ਮਿਲਾਈਆ । ਧੁਰ ਦਾ ਜਲਵਾ ਦੱਸ ਜਲਾਲ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਝਗੜਾ ਮੁਕ ਜਾਏ ਕੂੜ ਤਮਾਮ, ਲੇਖਾ ਰਹੇ ਰਾਈਆ । ਸਭ ਨੂੰ ਨਜ਼ਰੀ ਆ ਜਾ ਉਹ ਅਮਾਮ, ਜਿਸ ਨੂੰ ਮੁਹੰਮਦ ਈਸਾ ਮੂਸਾ ਗਏ ਸੀਸ ਨਿਵਾਈਆ । ਪਰਗਟ ਹੋ ਜਾ ਧੁਰ ਦੇ ਰਾਮ, ਜਿਸ ਰਾਮ ਨੂੰ ਰਾਮ ਦਸਰਥ ਬੇਟਾ ਮਿਲ ਕੇ ਖ਼ੁਸ਼ੀ ਮਨਾਈਆ । ਖੇਲ ਕਰਦੇ ਧੁਰ ਦੇ ਕਾਹਨ, ਜਿਸ ਕਾਹਨ ਨੂੰ ਬੰਸਰੀ ਵਾਲੀ ਕਾਹਨ ਧੁਨ ਸੁਣਾਈਆ । ਸਚ ਸੰਦੇਸ਼ਾ ਦੇ ਦੇ ਇਕੋ ਨਾਮ, ਜਿਸ ਨਾਮ ਦੀ ਨਾਨਕ ਨਿਰਗੁਣ ਸਿਫ਼ਤਾਂ ਵਿਚ ਕਰੀ ਲਿਖਾਈਆ । ਸਾਚਾ ਸ਼ਸਤਰ ਦੇ ਦੇ ਜਿਸ ਦੇ ਨਾਲ ਬਦਲ

ਜਾਵੇ ਨਜ਼ਾਮ, ਅੰਦਰੇ ਅੰਦਰ ਕਾਇਆ ਗਾਤਰੇ ਦੇਣਾ ਲਟਕਾਈਆ । ਤੇਰਾ ਖੇਲ ਵੇਖੀਏ ਵਿਚ ਜਹਾਨ, ਕਲਜੁਗ ਬੈਠਾ ਢੇਰੀਆਂ ਢਾਹੀਆ । ਜਗਤ ਸਦੀਆਂ ਹੋਈਆਂ ਹੈਰਾਨ, ਵਦੀ ਸੁਦੀ ਅੱਖ ਸ਼ਰਮਾਈਆ । ਸਾਲ ਮਹੀਨੇ ਦਿਵਸ ਘੜੀ ਪਲ ਸਰਬ ਕੁਰਲਾਣ, ਵਾਰ ਥਿਤ ਧੀਰ ਨਾ ਕੋਇ ਧਰਾਈਆ । ਸਭ ਨੂੰ ਉਡੀਕਾਂ ਲੰਘਦੀਆਂ ਗਈਆਂ ਤਾਰੀਖਾਂ ਕਲਜੁਗ ਅੰਤਮ ਔਣਾ ਸ੍ਰੀ ਭਗਵਾਨ, ਨਿਹਕਲੰਕ ਕਲ ਕਲਕੀ ਫੇਰਾ ਪਾਈਆ । ਕਿਸੇ ਸਮਝ ਨਾ ਆਈ ਸਾਢੇ ਤਿੰਨ ਹੱਥ ਸੰਬਲ ਕਿਹੜਾ ਮਕਾਨ, ਜਿਸ ਮੰਦਰ ਬਹਿ ਕੇ ਹਰਿ ਮੰਦਰ ਦਏ ਸੁਹਾਈਆ । ਬਿਨਾ ਭਗਤੀਉਂ ਬਿਨਾ ਸ਼ਕਤੀਉਂ ਅੰਤਰ ਆਤਮ ਦੇਵੇ ਬ੍ਰਹਮ ਗਿਆਨ, ਬਿਨ ਅੱਖਰਾਂ ਕਰੇ ਪੜ੍ਹਾਈਆ । ਸਾਚੀ ਮੰਜ਼ਲ ਚੜ੍ਹਨਾ ਦੱਸੇ ਆਸਾਨ, ਪੌੜੀ ਡੰਡਾ ਹੱਥ ਨਾ ਕੋਇ ਫੜਾਈਆ । ਘਰ ਸੁਰਤੀ ਗੋਪੀ ਮਿਲ ਜਾਏ ਧੁਰ ਦਾ ਕਾਹਨ, ਸੀਤਾ ਰਾਮ ਬਨਬਾਸ ਨਾ ਕੋਇ ਭਵਾਈਆ । ਬਿਨਾ ਸਜਦਿਆਂ ਕਲਮਿਉਂ ਦੱਸੇ ਪਰਨਾਮ, ਡੰਡਾਵਤ ਇਕੋ ਇਕ ਦ੍ਰਿੜਾਈਆ । ਸਾਚਾ ਮੰਦਰ ਦੱਸ ਉਹ ਮਕ਼ਾਮ, ਜਿਸ ਮਕਾਨ ਵਿਚ ਬਹਿ ਕੇ ਮਕਬਰਿਆਂ ਦੀ ਲੋੜ ਰਹੇ ਨਾ ਰਾਈਆ । ਓਧਰੋਂ ਬਚਨ ਸੁਣ ਕੇ ਸਚਖੰਡ ਬੋਲਿਆ ਬਿਨਾ ਜ਼ਬਾਨ, ਭਗਤੋ ਤੁਹਾਨੂੰ ਦਿਆਂ ਜਣਾਈਆ । ਬਿਨਾ ਪ੍ਰਭੂ ਦੇ ਚਰਨਾਂ ਮਿਲੇ ਨਾ ਕੋਈ ਆਰਾਮ, ਇਹੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਸਮਝਾਈਆ । ਜਿਸ ਨੂੰ ਮਿਲਣਾ ਬੜਾ ਆਸਾਨ, ਕਾਇਆ ਮੰਦਰ ਅੰਦਰ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਹਿਮਤ ਆਪਣੀ ਰਿਹਾ ਕਮਾਈਆ । ਸਚਖੰਡ ਕਹੇ ਮੈਂ ਵੇਖਿਆ ਲੋਕਮਾਤ ਅਨੋਖਾ ਸੰਮਤ, ਸ਼ਹਿਨਸ਼ਾਹੀ ਗਿਆ ਆਈਆ । ਜਿਸ ਦੇ ਅਗੇ ਚਾਰ ਜੁਗ ਕਰਦੇ ਮਿੰਨਤ, ਨੇਤਰ ਨੈਣਾਂ ਨੀਰ ਵਹਾਈਆ । ਅਗੇ ਰਹੇ ਨਾ ਕਿਸੇ ਦੀ ਕੋਈ ੧੦੨੩
੧੦੨੩ ਹਿੰਮਤ, ਹੌਂਸਲੇ ਸਾਰੇ ਰਹੇ ਢਾਹੀਆ । ਜਿਸ ਦੀ ਦਰੋਹੀ ਫਿਰੀ ਚਾਰੇ ਸਿਮਤ, ਸਮਾਂ ਦਏ ਗਵਾਹੀਆ । ਕਲਜੁਗ ਕੂੜੀ ਕਿਰਿਆ ਰਹਿਣ ਨਹੀਂ ਦੇਣੀ ਇੱਲਤ, ਮਾਇਆ ਮਮਤਾ ਦੇਣੀ ਮਿਟਾਈਆ । ਗੁਰਮੁਖਾਂ ਦੀ ਖ਼ੁਆਰੀ ਕਰੇ ਕੋਈ ਨਾ ਜ਼ਿੱਲਤ, ਸਿਰ ਆਪਣਾ ਹੱਥ ਟਿਕਾਈਆ । ਸਚ ਪ੍ਰੇਮ ਪਿਆਰ ਦਾ ਧੁਰ ਦਾ ਦੱਸੇ ਇਸ਼ਕ, ਜਿਸ ਨੂੰ ਹਕ਼ੀਕ਼ੀ ਮਜਾਜ਼ੀ ਦੋਵੇਂ ਸੀਸ ਨਿਵਾਈਆ । ਅੰਦਰੋਂ ਖੋਲ੍ਹ ਦੇਵੇ ਦ੍ਰਿਸ਼ਟ, ਪਰਦਾ ਦਏ ਚੁਕਾਈਆ । ਇਕੋ ਨਜ਼ਰੀ ਆਏ ਇਸ਼ਟ, ਜੋਤੀ ਜੋਤ ਜੋਤ ਰੁਸ਼ਨਾਈਆ । ਭਗਤਾਂ ਨਾਲ ਮਿਲ ਕੇ ਆਤਮ ਪਰਮਾਤਮ ਸਾਚੀ ਸੇਜਾ ਮਾਣੇ ਇਕੋ ਗ੍ਰਿਹਸਤ, ਗਹਿਰ ਗੰਭੀਰ ਦਇਆ ਕਮਾਈਆ । ਲੇਖਾ ਚੁਕਾ ਦੇ ਰਾਮ ਵਸ਼ਿਸ਼ਟ, ਗੁਰੂ ਗੁਰ ਚੇਲਾ ਆਪਣੇ ਰੰਗ ਰੰਗਾਈਆ । ਹੁਕਮ ਸੁਣਾ ਕੇ ਸਾਰੀ ਸ੍ਰਿਸ਼ਟ, ਕਾਇਨਾਤ ਕਰੇ ਪੜ੍ਹਾਈਆ । ਜਨ ਭਗਤੋ ਕਿਸੇ ਕੰਮ ਨਹੀਂ ਔਂਦਾ ਸਵਰਗ ਬਹਿਸ਼ਤ, ਬਿਨ ਪ੍ਰਭ ਚਰਨ ਸ਼ਾਂਤਕ ਸਤਿ ਨਾ ਕੋਇ ਕਰਾਈਆ । ਕੋਟਾਂ ਵਿਚੋਂ ਪਾਰਬ੍ਰਹਮ ਪ੍ਰਭ ਕੋਲ ਥੋੜ੍ਹਿਆਂ ਦੀ ਲਿਸਟ, ਜੋ ਆਪਣੇ ਲੇਖੇ ਜਾਣ ਮੁਕਾਈਆ । ਜਿਨ੍ਹਾਂ ਦੀ ਕਰਨੀ ਕਦੇ ਨਹੀਂ ਹੋਣੀ ਨਸ਼ਟ, ਨਿਹਕਰਮੀ ਦੇਵਣਹਾਰ ਵਡਿਆਈਆ । ਉਨ੍ਹਾਂ ਗੁਰਮੁਖਾਂ ਵਿਚੋਂ ਗਿਰਧਾਰਾ ਸਿੰਘ ਕਲਾਸ ਫ਼ਸਟ, ਫ਼ੈਸਲਾ ਧੁਰ ਦਾ ਦਿਤਾ ਸਮਝਾਈਆ । ਜਿਹਨੂੰ ਜਮਾਂ ਨੇ ਕਦੀ ਨਹੀਂ ਕਰਨਾ ਅਰੈਸਟ, ਧਰਮ ਰਾਏ ਲੇਖ ਨਾ ਕੋਇ ਵਖਾਈਆ । ਅਗੇ ਕਿਸੇ ਗੁਰ ਅਵਤਾਰ ਪੈਗ਼ੰਬਰ ਕੀਤਾ ਨਹੀਂ ਟੈਸਟ, ਮਜ਼ਮੂਨ ਧੁਰ ਦਾ ਦਿਤਾ ਪੜ੍ਹਾਈਆ । ਸਿਮਤ ਵੇਖਣੀ ਨਹੀਂ ਕੋਈ ਈਸਟ ਵੈਸਟ, ਸ਼ਰਕਣ ਗਰਬਣ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਕਹੇ ਮੈਂ ਵੇਖਾਂ ਲੋਕਮਾਤ, ਸੰਮਤ ਪਹਿਲੇ ਧਿਆਨ ਲਗਾਈਆ । ਭਗਤ ਵਛਲ ਪਾਰਬ੍ਰਹਮ

ਪਤਿਪਰਮੇਸ਼ਵਰ ਪਰਵਰਦਿਗਾਰ ਸਾਚੇ ਭਗਤਾਂ ਦੇਂਦਾ ਉਹ ਦਾਤ, ਸੂਫ਼ੀ ਫ਼ਕੀਰਾਂ ਰਿਹਾ ਪੜ੍ਹਾਈਆ । ਜਿਨ੍ਹਾਂ ਦੀ ਗ੍ਰਿਹ ਲੇਖੇ ਲਾਏ ਸੁਹੰਜਣੀ ਰਾਤ, ਪਰਭਾਤ ਆਪਣੀ ਦਏ ਵਖਾਈਆ । ਆਤਮ ਪਰਮਾਤਮ ਦੱਸ ਕੇ ਇਕੋ ਜ਼ਾਤ, ਝਗੜਾ ਦੂਈ ਦਏ ਮਿਟਾਈਆ । ਭਗਤਾਂ ਦੇਵਣਹਾਰਾ ਸ਼ਾਬਾਸ਼, ਮਿਹਰ ਨਜ਼ਰ ਇਕ ਉਠਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਪੂਰਬ ਲੇਖਾ ਰਿਹਾ ਮੁਕਾਈਆ । ਅੰਦਰ ਵੜ ਸਰਬ ਗੁਣਤਾਸ, ਸਤਿ ਸਤਿਵਾਦ ਆਪਣਾ ਰਾਹ ਸਮਝਾਈਆ । ਮੈਂ ਤੇਰਾ ਤੂੰ ਮੇਰਾ ਸਦ ਵਸਾਂ ਤੇਰੇ ਪਾਸ, ਜੋਤੀ ਸ਼ਬਦ ਹੋਵੇ ਨਾ ਕਦੇ ਜੁਦਾਈਆ । ਤੈਨੂੰ ਲੱਭਣਾ ਪਏ ਨਾ ਵਿਚੋਂ ਕਿਸੇ ਆਕਾਸ਼, ਜ਼ਿਮੀਂ ਅਸਮਾਨ ਨਾ ਖੋਜ ਖੁਜਾਈਆ । ਤੈਨੂੰ ਕਰਨਾ ਪਏ ਕੋਈ ਨਾ ਪਾਠ, ਮੰਤਰਾਂ ਵਾਲੀ ਨਾ ਕੋਇ ਸ਼ਨਵਾਈਆ । ਨਹੌਣਾ ਪਏ ਨਾ ਕਿਸੇ ਤਾਟ, ਤੀਰਥ ਦੁਰਮਤ ਮੈਲ ਨਾ ਕੋਇ ਧਵਾਈਆ । ਸਹਿਜ ਸਭਾਓ ਜਨ ਭਗਤਾਂ ਲੈ ਜਾਏ ਆਪਣੇ ਘਾਟ, ਸਤਿਗੁਰ ਹੋ ਕੇ ਪੈਂਡਾ ਦਏ ਮੁਕਾਈਆ । ਏਥੇ ਓਥੇ ਦੋ ਜਹਾਨਾਂ ਦੇਵੇ ਨਜਾਤ, ਨਿਜ ਨੇਤਰ ਆਪਣਾ ਦਰਸ ਦਿਖਾਈਆ । ਗੁਰਮੁਖੋ ਤੁਹਾਡੀ ਸਿਫ਼ਤ ਦਾ ਅੱਖਰ ਲੱਭਣਾ ਨਹੀਂ ਵਿਚੋਂ ਕਿਸੇ ਲੁਗਾਤ, ਸਾਚਾ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਮੰਦਰ ਹਰਿਜਨ ਦਏ ਸੁਹਾਈਆ । ਸਚਖੰਡ ਕਹੇ ਮੈਂ ਤੱਕਾਂ ਭਗਤ, ਭਗਵਨ ਮੀਤੇ ਨਜ਼ਰੀ ਆਈਆ । ਜਿਨ੍ਹਾਂ ਨਾਤਾ ਛਡਿਆ ਕੂੜਾ ਜਗਤ, ਜਗ ਜੀਵਣ ਦਾਤਾ ਇਕੋ ਰਹੇ ਮਨਾਈਆ । ਉਨ੍ਹਾਂ ਦਾ ਮੇਰੇ ਨਾਲ ਰਿਹਾ ਨਾ ਕੋਈ ਫ਼ਰਕ, ਜੋਤੀ ਜੋਤ ਜੋਤ ਜੋਤੀ ਇਕੋ ਨਜ਼ਰੀ ਆਈਆ । ਜਿਨ੍ਹਾਂ ਨੇ ਕੂੜੀ ਕਿਰਿਆ ਕੀਤੀ ਤਰਕ, ਤੁਰਤ ਆਤਮ ਪਰਮਾਤਮ ਮੇਲਾ ਗਏ ਮਿਲਾਈਆ । ਨਿਜ ਨੇਤਰ ਕਰਨ ਦਰਸ, ਦੋਏ ਲੋਚਨ ਬਾਹਰ ਵੱਜੇ ਵਧਾਈਆ । ਉਨ੍ਹਾਂ ਦੀ ਜਨਮ ਜਨਮ ਦੀ ਮਿਟੀ ਹਰਸ, ਹਵਸ ਦਿਤੀ ਬੁਝਾਈਆ । ਮਾਣ ਵਡਿਆਈ ਦੇ ਕੇ ਉਤੇ ਫ਼ਰਸ, ਫ਼ੈਸਲਾ ਧੁਰਦਾ ਦਏ ਸੁਣਾਈਆ । ਜਨ ਭਗਤੋ ਸਚਖੰਡ ਦਵਾਰੇ ਸਿੱਧੇ ਜਾਣਾ ਨਿਧੜਕ, ਰਾਹ ਵਿਚ ਸਕੇ ਨਾ ਕੋਇ ਅਟਕਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਢੋਲਾ ਗੌਣਾ ਨਿਧੜਕ, ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਉਤੇ ਕਰੇ ਆਪਣਾ ਤਰਸ, ਰਹਿਮਤ ਕਰ ਕੇ ਰਹੀਮ ਆਪਣੇ ਨਾਲ ਮਿਲਾਈਆ ।

### ❊ ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਪਿਆਰਾ ਸਿੰਘ ਦੇ ਗ੍ਰਿਹ ਪਿੰਡ ਸੈਦਪੁਰ ਜ਼ਿਲਾ ਅੰਮ੍ਰਿਤਸਰ ❊

ਪੰਜ ਤੱਤ ਕਾਇਆ ਮਾਟੀ ਸੋਹਣਾ ਨਗਰ, ਤ੍ਰੈਗੁਣ ਮੇਲਾ ਬੇਪਰਵਾਹੀਆ । ਸਚ ਵਸਤ ਨਾਮ ਅਮੋਲਕ ਮਿਲਿਆ ਸਗਨ, ਸਤਿ ਦਵਾਰੇ ਦਿਤਾ ਟਿਕਾਈਆ । ਨਿਰਗੁਣ ਨੂਰ ਜੋਤੀ ਦੀਪਕ ਜਗਣ, ਨਿਰਾਕਾਰ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਵਾਜੇ ਵੱਜਣ, ਅਨਹਦ ਨਾਦ ਕਰੇ ਸ਼ਨਵਾਈਆ । ਸਚ ਸਰੋਵਰ ਕਰੋ ਮਜਨ, ਅੰਮ੍ਰਿਤ ਇਕੋ ਇਕ ਦਰਸਾਈਆ । ਗੁਰਮੁਖੋ ਮਨ ਵਾਸਨਾ ਦਿਓ ਬਦਲ, ਕੂੜੀ ਕਿਰਿਆ ਬਾਹਰ ਕਢਾਈਆ । ਸਾਹਿਬ ਸਤਿਗੁਰ ਤੁਹਾਡੇ ਖੇੜੇ ਕਰੇ ਅਦਲ, ਇਨਸਾਫ਼ ਆਪਣੇ ਹੱਥ ਰਖਾਈਆ । ਪੰਜ ਵਿਕਾਰਾ ਸ਼ਬਦ ਖੰਡੇ ਨਾਲ ਕਰਦਾ ਕਤਲ, ਕੂੜੀ ਕਿਰਿਆ ਰਹਿਣ ਕੋਇ ਨਾ ਪਾਈਆ । ਵੇਖੋ ਪਰਤਕੇ ਪਿਛਲਾ ਵਤਨ, ਜਿਸ ਵਿਚੋਂ ਹੋਈ ਜੁਦਾਈਆ । ਲੱਖ ਚੁਰਾਸੀ ਮਾਨਸ ਦੇਹੀ ਅੰਦਰ ਤੁਹਾਨੂੰ ਆਇਆ ਸੱਦਣ,

ਸ਼ਬਦ ਸੁਨੇਹੜਾ ਇਕ ਸੁਣਾਈਆ । ਕੋਟਨ ਕੋਟਾਂ ਵਿਚੋਂ ਗੁਰਮੁਖ ਸੰਤ ਸੁਹੇਲੇ ਪਾਰ ਲੰਘਣ, ਮੰਜ਼ਲ ਪੰਧ ਮੁਕਾਈਆ ਨੌਂ ਦਵਾਰੇ ਫਿਰਨਾ ਛੱਡੋ ਜਗਤ ਪਰਭਾਸ ਕੂੜੇ ਜੰਗਲ, ਕੰਦਰ ਕੂੜੀ ਪਾਰ ਲੰਘਾਈਆ । ਵਾਸਨਾ ਬੰਨ੍ਹ ਲਓ ਮਨ ਬੰਦਰ, ਡੋਰੀ ਤੰਦ ਇਕ ਬੰਧਾਈਆ । ਬਜਰ ਕਪਾਟੀ ਤੁੜਾ ਲਓ ਜੰਦਰ, ਸਤਿਗੁਰ ਮਿਲੇ ਸਹਿਜ ਸੁਭਾਈਆ । ਘਰ ਭਾਗ ਲਗਾ ਲਓ ਆਪਣੇ ਸਾਢੇ ਤਿੰਨ ਹੱਥ ਮਾਟੀ ਖੰਡਰ, ਸੋਭਾਵੰਤ ਦਏ ਸੁਹਾਈਆ । ਇਕ ਸਾਹਿਬ ਦੇ ਲਗੋ ਅੰਗਣ, ਦੂਜੇ ਦੀ ਲੋੜ ਰਹੇ ਨਾ ਰਾਈਆ । ਨਾਮ ਮਜੀਠੀ ਚਾੜ੍ਹ ਲਓ ਰੰਗਣ, ਤਨ ਮਾਟੀ ਉਤਰ ਕਦੇ ਨਾ ਜਾਈਆ । ਬਿਨਾ ਸਤਿਗੁਰ ਪੂਰੇ ਤੋਂ ਦੂਜਾ ਦਰ ਨਾ ਜਾਇਓ ਮੰਗਣ, ਲੱਖ ਚੁਰਾਸੀ ਫੰਦ ਨਾ ਕੋਇ ਕਟਾਈਆ । ਆਤਮ ਪਰਮਾਤਮ ਢੋਲਾ ਧੁਰ ਦਾ ਛੰਦਣ, ਸਾਚਾ ਗੀਤ ਇਕ ਅਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਡੋਰੀ ਬੰਨ੍ਹੇ ਅਗੰਮੀ ਤੰਦਨ, ਸੂਤਰਧਾਰੀ ਸਮਝ ਕੋਇ ਨਾ ਪਾਈਆ । ਮਨ ਵਾਸਨਾ ਕੂੜੇ ਤੋੜ ਦਿਓ ਬੰਧਨ, ਬੰਦਗੀ ਇਕੋ ਇਕ ਸਮਝਾਈਆ । ਮਿਲੇ ਮੇਲ ਸੂਰੇ ਸਰਬੰਗਣ, ਸਾਹਿਬ ਸਵਾਮੀ ਇਕੋ ਇਕ ਨਜ਼ਰੀ ਆਈਆ । ਸਾਚੇ ਪ੍ਰੇਮ ਦਾ ਕਰ ਲਓ ਮਜਨ, ਦੰਦਾਸੇ ਦੀ ਲੋੜ ਰਹੇ ਨਾ ਰਾਈਆ । ਨਾਮ ਨਿਧਾਨਾ ਪਾ ਲਓ ਕੱਜਲ, ਨੇਤਰ ਨੈਣ ਦਏ ਬਦਲਾਈਆ । ਸਤਿਗੁਰ ਨੂੰ ਮਿਲ ਕੇ ਅੰਦਰ ਚੜ੍ਹ ਕੇ ਵੇਖੋ ਆਪਣੀ ਮਜ਼ਲ, ਮੰਜ਼ਲ ਹਕ ਦਏ ਮੁਕਾਈਆ । ਜਿਥੇ ਇਕੋ ਢੋਲਾ ਇਕੋ ਨਾਮ ਨਗ਼ਮਾ ਇਕੋ ਗ਼ਜ਼ਲ, ਗਹਿਰ ਗੰਭੀਰ ਬੇਨਜ਼ੀਰ ਰਿਹਾ ਸੁਣਾਈਆ । ਸਤਿਗੁਰ ਕੰਡੇ ਉਤੇ ਆਪਣਾ ਆਪ ਚਾੜ੍ਹ ਕੇ ਵੇਖੋ ਵਜ਼ਨ, ਮਣ ਸੇਰ ਤੋਲੇ ਮਾਸ਼ੇ ਰਤੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਦਏ ਸਮਝਾਈਆ । ਸਾਚੀ ਨਗਰੀ ਕਾਇਆ ਖੇੜਾ, ਸਾਢੇ ਤਿੰਨ ਹੱਥ ਮਾਟੀ ਨਜ਼ਰੀ ਆਈਆ । ਜਿਸ ਦੇ ਅੰਦਰ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਲਾਇਆ ਡੇਰਾ, ਜੋਤ ਸਰੂਪੀ ਬਿਨ ਰੰਗ ਰੂਪੀ ਸ਼ਬਦੀ ਡੇਰਾ ਲਾਈਆ । ਜਿਸ ਗ੍ਰਹਿ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਅੰਤਰ ਆਤਮ ਖੋਲ੍ਹੇ ਪਰਦਾ ਭੇਵ ਚੁਕਾਏ ਤੇਰਾ ਮੇਰਾ, ਹੰ ਬ੍ਰਹਮ ਪਾਰਬ੍ਰਹਮ ਇਕੋ ਦਏ ਜਣਾਈਆ । ਇਕੋ ਘਰ ਵਖਾਏ ਗੁਰੂ ਗੁਰ ਚੇਰਾ, ਚੇਲਾ ਗੁਰ ਸ਼ਬਦੀ ਰੂਪ ਵਟਾਈਆ । ਜਨਮ ਜਨਮ ਦਾ ਕਰਮ ਕਰਮ ਦਾ ਆਵਣ ਜਾਵਣ ਕੱਟੇ ਗੇੜਾ, ਕਾਲ ਮਹਾਕਾਲ ਲੇਖਾ ਰਹੇ ਨਾ ਰਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਖੁਲ੍ਹਾ ਕਰੇ ਵਿਹੜਾ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਦਰਗਾਹ ਸਾਚੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਸਾਚਾ ਨਗਰ ਇਕ ਵਖਾਈਆ । ਸਾਚਾ ਨਗਰ ਵੇਖੋ ਕਾਇਆ ਕਾਅਬਾ, ਬਿਨ ਮੁਰਸ਼ਦ ਨਜ਼ਰ ਕੋਇ ਨਾ ਆਈਆ । ਮੇਲ ਮਿਲਾਏ ਦੋ ਦੋਆਬਾ, ਆਬੇਹਯਾਤ ਮਸਤ ਪਿਆਲਾ ਸਚ ਸੁਰਾਹੀ ਵਿਚੋਂ ਜਾਮ ਪਿਆਈਆ । ਦਰਸ ਵਖਾਏ ਦੀਨ ਦਿਆਲਾ ਹਰਿ ਗੋਪਾਲਾ, ਹਕ ਮੁਕਾਮੇ ਨੂਰ ਇਲਾਹੀ ਲਾਸ਼ਰੀਕ ਇਕੋ ਨਜ਼ਰੀ ਆਈਆ । ਦੀਨਾਂ ਨਾਥ ਦਰਦ ਦੁਖ ਭੈ ਭੰਜਨ ਦੀਨ ਦਿਆਲਾ, ਸਰਬ ਸਵਾਮੀ ਪਤਿਪਰਮੇਸ਼ਵਰ ਮਿਹਰਵਾਨ ਮਿਹਰ ਨਜ਼ਰ ਉਠਾਈਆ । ਭੇਵ ਚੁਕਾਏ ਦਇਆ ਕਮਾਏ ਪਰਦਾ ਲਾਹੇ ਸ਼ਾਹ ਕੰਗਾਲਾ, ਰਾਓ ਰੰਕ ਰਾਜ ਰਾਜਾਨ ਹਕੀਰ ਫ਼ਕੀਰ ਜ਼ਮੀਰ ਅੰਦਰੋਂ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਗਰ ਇਕ ਜਣਾਈਆ । ਸਾਚਾ ਨਗਰ ਸਾਰੇ ਲਓ ਜਾਣ, ਆਪ ਆਪਣਾ ਵੇਖ ਵਖਾਈਆ । ਤੁਸੀਂ ਪੰਜਾਂ ਤੱਤਾਂ ਵਾਲੇ ਨਹੀਂ ਇਨਸਾਨ, ਹੱਡ ਮਾਸ

ਨਾੜੀ ਵੇਖ ਨਾ ਖ਼ੁਸ਼ੀ ਮਨਾਈਆ । ਨਿਜ ਨੇਤਰ ਆਪਣੇ ਘਰ ਤੱਕੋ ਭਗਵਾਨ, ਸਚ ਸਵਾਮੀ ਅੰਤਰਜਾਮੀ ਬੈਠਾ ਸੋਭਾ ਪਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਗੀਤਾ ਗਿਆਨ ਕਰੇ ਬਿਆਨ, ਖਾਣੀ ਬਾਣੀ ਢੋਲੇ ਗੀਤ ਰਾਗ ਸੰਗੀਤ ਸਿਫ਼ਤਾਂ ਵਿਚ ਸਲਾਹੀਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਸੁਹੇਲੇ ਗੁਰਮੁਖ ਸੱਜਣ ਸੂਫ਼ੀ ਕਰਨ ਧਿਆਨ, ਇਸ਼ਟ ਦੇਵ ਇਕੋ ਇਕ ਮਨਾਈਆ । ਜਿਸ ਦਾ ਅੱਖਰਾਂ ਤੋਂ ਬਾਹਰ ਨਿਰਅੱਖਰ ਇਕ ਗਿਆਨ, ਬੋਧ ਅਗਾਧ ਸ਼ਬਦ ਅਨਾਦ ਸਚ ਕਰੇ ਪੜ੍ਹਾਈਆ । ਜਿਸ ਦੇ ਹੁਕਮੇ ਅੰਦਰ ਬ੍ਰਹਿਮੰਡ ਖੰਡ ਪੁਰੀ ਲੋਅ ਸੇਵਾ ਕਰਨ ਜ਼ਿਮੀਂ ਅਸਮਾਨ, ਰਵ ਸਸ ਸੂਰਜ ਚੰਦ ਮੰਡਲ ਮੰਡਪ ਰਾਹ ਤਕਾਈਆ । ਜਿਸ ਦਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਰੇ ਕਰਦੇ ਮਾਣ, ਨਿਉਂ ਨਿਉਂ ਸੀਸ ਨਿਵਾਈਆ । ਲੱਖ ਚੁਰਾਸੀ ਸਖ਼ੀਆਂ ਦਾ ਕਾਹਨ, ਘਨਈਆ ਨਈਆ ਸਈਆ ਇਕੋ ਬੇਪਰਵਾਹੀਆ । ਜਿਸ ਨੂੰ ਬੇਅੰਤ ਬੇਅੰਤ ਕਹਿ ਦੇ ਕੇ ਗਏ ਫ਼ਰਮਾਨ, ਵਸਣਹਾਰਾ ਸਚ ਮਕਾਨ, ਸਚਖੰਡ ਦੁਵਾਰੇ ਹਕ ਮੁਕਾਮੇ ਨਿਰਗੁਣ ਜੋਤ ਨੂਰੀ ਨੂਰ ਬੈਠਾ ਆਸਣ ਲਾਈਆ । ਜੋ ਮਾਲਕ ਖ਼ਾਲਕ ਧੁਰ ਦਾ ਅਮਾਮ, ਜੋ ਦਸਰਥ ਬੇਟਾ ਉਪਜਾਏ ਰਮਈਆ ਰਾਮ, ਬੰਸਰੀਆਂ ਵਾਲੇ ਕਾਹਨ ਰਿਹਾ ਉਪਜਾਈਆ । ਸੋ ਸਾਹਿਬ ਸਮਰਥਾ ਜਿਸ ਦੀ ਮਹਿੰਮਾ ਅਕਥਾ, ਤੁਹਾਡੇ ਅੰਦਰ ਵਸਾ, ਨੇਤਰ ਖੋਲ੍ਹ ਕੇ ਵੇਖੋ ਨੂਰ ਜਲਵਾ ਇਕ ਮਹਾਨ, ਜ਼ਹੂਰ ਕਰੇ ਰੁਸ਼ਨਾਈਆ । ਇਹ ਸੋਹਣਾ ਮੰਦਰ ਮਕਾਨ ਨਗਰ ਖੇੜਾ ਇਕ ਮਹਾਨ, ਲੱਭਿਆ ਕਿਸੇ ਨਾ ਬੀਆਬਾਨ, ਜੰਗਲ ਜੂਹ ਉਜਾੜ ਪਹਾੜਾਂ ਡੂੰਘੀ ਕੰਦਰਾਂ ਵਿਚੋਂ ਹੱਥ ਕਿਸੇ ਨਾ ਆਈਆ । ਸਾਚੀ ਨਗਰੀ ਸਾਢੇ ਤਿੰਨ ਹੱਥ, ਨੌ ਦਰ ਬੈਠੀ ਵੰਡ ਵੰਡਾਈਆ । ਜਗਤ ਵਾਸਨਾ ਵਿਚ ਹੱਥ ਮੂੰਹ ਨਕ ਪੈਰ ਅੱਖ, ਸਰਵਣ ਰਹੇ ਲਲਚਾਈਆ । ਗੁਦਾ ਲਿੰਗ ਖੇਲ ਪਖ, ਖੇਲ ਬੇਪਰਵਾਹੀਆ । ਜਿਸ ਦਾ ਰਸਨਾ ਜਿਹਵਾ ਬੱਤੀ ਦੰਦ ਗੌਂਦੇ ਜਸ, ਅੱਖਰਾਂ ਨਾਲ ਵਡਿਆਈਆ । ਉਹ ਮੀਤ ਮੁਰਾਰਾ ਹਰਿ ਨਿਰੰਕਾਰਾ ਏਕੰਕਾਰਾ ਇਕੋ ਨਗਰ ਰਿਹਾ ਵਸ, ਘਟ ਭੀਤਰ ਸੋਭਾ ਪਾਈਆ । ਕੂੜ ਕੁੜਿਆਰੀ ਪਾਰ ਕਰ ਕੇ ਵੇਖੋ ਆਪਣੀ ਹਦ, ਹਦੂਦ ਸਾਚੀ ਦਏ ਜਣਾਈਆ । ਮਨ ਵਾਸਨਾ ਸਾਰੀ ਕਰ ਦਿਉ ਰਦ, ਅਮਲ ਇਕੋ ਦਏ ਦ੍ਰਿੜਾਈਆ । ਓਸ ਦੇ ਨਾਲ ਵੇਖੋ ਵਸ, ਜੋ ਵਸਲ ਸਾਚਾ ਦਏ ਕਰਾਈਆ । ਉਸ ਨੂੰ ਮਿਲ ਕੇ ਹੋ ਨਹੀਂ ਜਾਂਦੀ ਬਸ, ਅਗੇ ਆਪਣਾ ਭੇਦ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਦਏ ਵਡਿਆਈਆ । ਸਾਚੀ ਨਗਰੀ ਕਾਇਆ ਤਤ ਸਰੀਰ, ਪਰਕਿਰਤੀਆਂ ਨਾਲ ਜੋੜ ਜੁੜਾਈਆ । ਜਿਸ ਦੇ ਅੰਦਰ ਬੈਠਾ ਡਾਹਢਾ ਪੀਰ, ਪਰਾ ਪਸੰਤੀ ਮਧਮ ਬੈਖਰੀ ਜਿਸ ਦੇ ਢੋਲੇ ਗਾਈਆ । ਜਿਸਦੇ ਕੋਲ ਨਾਮ ਖੰਡਾ ਸਚ ਸ਼ਮਸ਼ੀਰ, ਜੋਧਾ ਸੂਰਬੀਰ ਅਖਵਾਈਆ । ਜਿਸ ਦਾ ਜਲਵਾ ਜੋਤੀ ਜੋਤ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜਿਹੜਾ ਮੰਜ਼ਲ ਚੋਟੀ ਚੜ੍ਹ ਕੇ ਬੈਠਾ ਅਖ਼ੀਰ, ਆਖ਼ਰ ਆਪਣਾ ਵੇਖ ਵਖਾਈਆ । ਜੇ ਓਸ ਨੂੰ ਮਿਲ ਪਓ ਤੁਹਾਡਾ ਝਗੜਾ ਮੁਕ ਜਾਏ ਤਕ਼ਦੀਰ, ਕਰਮਾਂ ਦੀ ਰੇਖ ਰਹੇ ਨਾ ਰਾਈਆ । ਗੁਰਸਿਖੋ ਉਹ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਤੁਸੀਂ ਓਹਦੇ ਵਜ਼ੀਰ, ਬਿਨਾ ਦੋਹਾਂ ਤੋਂ ਹਕੂਮਤ ਸੱਚੀ ਕੰਮ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਸਦਾ ਆਪਣਿਆਂ ਭਗਤਾਂ ਸਾਚੇ ਸੰਤਾਂ ਦੀ ਕਰਦਾ ਰਹੇ ਤਾਰੀਫ਼, ਢੋਲੇ ਸ਼ਬਦਾਂ ਵਿਚ ਗਾਈਆ । ਜੇ ਤੁਸੀਂ ਆਪਣੀ ਨਗਰੀ ਵਿਚ ਆਪਣੀ ਰਖੋ ਸਚ ਤਸ਼ਰੀਫ਼, ਤਮਅ ਕੂੜੀ ਦਿਓ ਗਵਾਈਆ । ਤੁਹਾਡਾ ਮਾਲਕ ਆਪੇ ਦੱਸ ਦੇ ਆਪਣੀ ਪ੍ਰੀਤ, ਪੜ੍ਹਨ ਲਿਖਣ ਦੀ ਲੋੜ ਰਹੇ ਨਾ ਰਾਈਆ ।

੧੦੨੯

ਓਸ ਦਾ ਜੋਗ ਅਭਿਆਸ ਅਜੀਬ, ਬਿਨਾ ਨੈਣ ਮੀਟਿਆਂ ਤੋਂ ਆਪਣਾ ਮੇਲਾ ਲਏ ਮਿਲਾਈਆ । ਕਿਉਂ ਤੁਹਾਡੀ ਆਤਮਾ ਦੇ ਵਸੇ ਕ਼ਰੀਬ, ਨਾਤਾ ਧੁਰ ਦਾ ਲਏ ਜੁੜਾਈਆ । ਸੱਚੇ ਸਤਿਗੁਰ ਵਿਚ ਇਹ ਤੌਫ਼ੀਕ, ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਗੁਰਮੁਖੋ ਤੁਹਾਡੀ ਨਗਰੀ ਦਾ ਰਸਤਾ ਬੜਾ ਬਾਰੀਕ, ਬਿਨ ਸਤਿਗੁਰ ਪੂਰੇ ਰਾਹੇ ਕੋਇ ਨਾ ਪਾਈਆ । ਬੇਸ਼ਕ ਤੁਸੀਂ ਡੰਡੀਆਂ ਵੇਖੀਆਂ ਬਹੁਤ ਵਪਰੀਤ, ਪਗਡੰਡੀਆਂ ਉਤੇ ਭੱਜੇ ਵਾਹੋ ਦਾਹੀਆ । ਜਿਸ ਵੇਲੇ ਸਾਹਿਬ ਸਵਾਮੀ ਤੁਹਾਨੂੰ ਆਪਣੇ ਮਿਲਣ ਦੀ ਨਿੱਕੀ ਜਿਹੀ ਦੱਸ ਦੇਵੇ ਤਰਤੀਬ, ਤਰਾ ਤਰਾ ਨਾਲ ਸਮਝਾਈਆ । ਓਹ ਤੁਹਾਡਾ ਤੁਸੀਂ ਓਸ ਦੇ ਦੋਹਾਂ ਦਾ ਮੇਲਾ ਹੋ ਜਾਏ ਠੀਕ, ਠੀਕਰ ਕੂੜਾ ਭੰਨ ਵਖਾਈਆ । ਸਾਚੀ ਨਗਰੀ ਵਿਚ ਗੁਰਮੁਖੋ ਕੋਈ ਭੁਗਤਣ ਨਹੀਂ ਔਣਾ ਤਰੀਕ, ਸਾਚਾ ਲੇਖਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਦਏ ਵਡਿਆਈਆ । ਨਗਰੀ ਕਹੇ ਮੈਨੂੰ ਜੇ ਤੁਸੀਂ ਸਮਝੋ ਸੱਚੀ ਚਾਰ ਦੀਵਾਰ, ਫ਼ਸੀਲ ਬਣਾਈ ਬੇਪਰਵਾਹੀਆ । ਮੈਂ ਤੁਹਾਨੂੰ ਮਿਲਾ ਦੇਵਾਂ ਅੰਦਰੋਂ ਤੁਹਾਡਾ ਯਾਰ, ਵਿਛੋੜਾ ਰਹਿਣ ਕੋਇ ਨਾ ਪਾਈਆ । ਜਿਹੜਾ ਗੁਫ਼ਤ ਸ਼ਨੀਦ ਕਰੇ ਗੁਫ਼ਤਾਰ, ਰਸਨਾ ਜਿਹਵਾ ਢੋਲੇ ਗਾਈਆਂ । ਸੁਰਤ ਸਵਾਣੀ ਕਰੇ ਖ਼ਬਰਦਾਰ, ਸ਼ਬਦ ਹਾਣੀ ਦਏ ਮਿਲਾਈਆ । ਜਿਹੜਾ ਅੰਮ੍ਰਿਤ ਜਲ ਦੇਵੇ ਠੰਡਾ ਠਾਰ, ਨਿਝਰ ਝਿਰਨਾ ਦਏ ਝਿਰਾਈਆ । ਜਿਹੜਾ ਸੁਖਮਣ ਟੇਢੀ ਬੰਕ ਕਰੇ ਪਾਰ, ਈੜਾ ਪਿੰਗਲ ਪੰਧ ਮੁਕਾਈਆ । ਜਿਹੜਾ ਬਜਰ ਕਪਾਟੀ ਖੋਲ੍ਹ ਕਿਵਾੜ, ਸਹੰਸ ਦਲ ਦਏ ਦ੍ਰਿੜਾਈਆ । ਜਿਹੜਾ ਕਰੇ ਪਰਕਾਸ਼ ਬਹੱਤਰ ਨਾੜ,
੧੦੨੭ ਜੋਤੀ ਜੋਤ ਜੋਤ ਰੁਸ਼ਨਾਈਆ । ਜਿਹੜਾ ਲੈ ਜਾਏ ਸਚ ਦਵਾਰ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਜਿਹੜਾ ਸੁੰਨ ਅਗੰਮ ਦਾ ਡੇਰਾ ਦਏ ੧੦੨੭
ਨਿਵਾਰ, ਝੇੜਾ ਦਹਿ ਦਿਸ਼ਾ ਦਏ ਚੁਕਾਈਆ । ਜਿਹੜਾ ਸਚ ਦਵਾਰੇ ਮੇਲ ਕਰੇ ਕਰਤਾਰ, ਧੁਰ ਧਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਨਗਰੀ ਸੋਭਾ ਪਾਈਆ । ਸਾਚੀ ਨਗਰੀ ਕਹੇ ਮੇਰੀ ਸੋਹਣੀ ਬਣਤ, ਪੁਰਖ ਅਕਾਲ ਬਣਾਈਆ । ਕੋਟਾਂ ਵਿਚੋਂ ਵਿਰਲਾ ਜਾਣੇ ਸੰਤ, ਜਿਸ ਨੂੰ ਹਰਿ ਸਚ ਦਏ ਸਮਝਾਈਆ । ਜਿਸ ਵਿਚ ਇਕੋ ਨਾਮ ਮਣੀਆ ਮੰਤ, ਇਕੋ ਵਜਦੀ ਰਹੇ ਵਧਾਈਆ । ਜਿਸਦਾ ਨਾਰ ਇਕੋ ਕੰਤ, ਇਕੋ ਸੇਜ ਰਿਹਾ ਹੰਢਾਈਆ । ਇਕੋ ਬੋਧ ਅਗਾਧਾ ਪੰਡਤ, ਇਕੋ ਕਰੇ ਪੜ੍ਹਾਈਆ । ਇਕੋ ਲੇਖ ਚੁਕਾਏ ਸਵਰਗ ਬਹਿਸ਼ਤ ਜੰਨਤ, ਸਾਚਾ ਨਗਰ ਦਏ ਸੁਹਾਈਆ । ਸਾਚਾ ਮੇਲ ਮਿਲਾਏ ਆਦਿ ਅੰਤ, ਅੰਤਸ਼ਕਰਨ ਆਪਣੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਨਗਰੀ ਦੇਵੇ ਮਾਣ ਵਡਿਆਈਆ । ਨਗਰੀ ਕਹੇ ਮੇਰਾ ਘਰ ਉਚੇਰਾ, ਉਚੋ ਊਚ ਦਿਆਂ ਜਣਾਈਆ । ਜਿਥੇ ਸਵਾਮੀ ਵਸੇ ਲਾ ਕੇ ਆਪਣਾ ਡੇਰਾ, ਬਿਨ ਪਾਵਾ ਚੂਲ ਸਚ ਸਿੰਘਾਸਣ ਸੋਭਾ ਪਾਈਆ । ਜਿਸ ਦੇ ਚਰਨਾਂ ਦੀ ਕਿਸੇ ਲੱਭੇ ਕਦੇ ਨਾ ਧੂੜ, ਧੂੜੀ ਟਿੱਕਾ ਹੱਥ ਕਿਸੇ ਨਾ ਆਈਆ । ਜਿਸ ਦਵਾਰੇ ਲਏ ਕੋਈ ਨਾ ਚੁੰਗੀ ਨਾ ਮਸੂਲ, ਮਾਇਆ ਮੋਹ ਨਾ ਕੋਇ ਜਣਾਈਆ । ਜੋ ਦਰ ਆਇਆ ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਕਰੇ ਕ਼ਬੂਲ, ਬਿਨਾ ਕਾਅਬਿਉਂ ਹਜ਼ਰਤ ਧੁਰ ਦਾ ਮੇਲ ਮਿਲਾਈਆ । ਵੇਖਿਓ ਕਿਤੇ ਆਪਣੀ ਨਗਰੀ ਵਿਚ ਵੜ ਕੇ ਨਾ ਜਾਇਓ ਭੂਲ, ਭੁੱਲਿਆਂ ਰਾਹ ਸਤਿਗੁਰ ਪੂਰੇ ਫੇਰ ਨਾ ਕੋਇ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਪੁਰਖ ਅਕਾਲ ਦਾ ਸਾਚਾ ਰੂਲ, ਅਸਲੀਅਤ ਸਭ ਨੂੰ ਦਏ ਦ੍ਰਿੜਾਈਆ । ਜਿਸ ਦਾ ਨਾਮ ਇਸ਼ਾਰਾ ਇਕ ਮਾਕੂਲ, ਮੁਕੰਮਲ

ਦਏ ਸਮਝਾਈਆ । ਜੇ ਕੋਈ ਲਹਿਣਾ ਦੇਣਾ ਪਿਛਲਾ ਬਾਕੀ ਨਗਰੀ ਵਾਲਿਓ ਕਰਿਓ ਵਸੂਲ, ਹਕ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਨਗਰੀ ਕਹੇ ਮੈਨੂੰ ਕਹਿੰਦੇ ਬਸਤੀ, ਤੱਤਾਂ ਵਾਲੀ ਜਗਤ ਮਿਲੀ ਵਡਿਆਈਆ । ਜਿਸ ਦੇ ਅੰਦਰ ਪਰਮ ਪੁਰਖ ਦੀ ਹਸਤੀ, ਕਲਜੁਗ ਹਸਤ ਕੀਟਾਂ ਵਿਚ ਸਮਾਈਆ । ਜਿਸ ਦੀ ਜੋਤ ਅਗੰਮੀ ਜਗਦੀ, ਜਾਗਰਤ ਨੂਰ ਕਰੇ ਰੁਸ਼ਨਾਈਆ । ਉਹ ਵੇਖੇ ਖੇਲ ਆਪਣੇ ਅਗੰਮੇ ਘਰ ਦੀ, ਚਾਰੋਂ ਕੁੰਟ ਦੁਹਾਈਆ । ਜਿਸ ਨੂੰ ਗੁਰਮੁਖਾਂ ਦੀ ਆਤਮ ਵੈਰਾਗਣ ਹੋ ਕੇ ਲਭਦੀ, ਭੱਜੇ ਥਾਉਂ ਥਾਈਂਆ । ਉਹਨਾਂ ਦੀ ਖੇਲ ਵਖਾਏ ਪਾਰ ਹਦ ਦੀ, ਹਦੂਦ ਆਪਣੀ ਦਏ ਸਮਝਾਈਆ । ਜਿਥੇ ਵਾ ਤੱਤੀ ਨਾ ਲਗਦੀ, ਕਰਮ ਗੇੜ ਰਹੇ ਨਾ ਰਾਈਆ । ਇਕੋ ਨਾਮ ਵਧਾਈ ਵਜਦੀ, ਦੂਜਾ ਗੀਤ ਨਾ ਕੋਇ ਸੁਣਾਈਆ । ਜਨ ਭਗਤੋ ਉਹ ਨਗਰੀ ਸੋਹਣੀ ਲਗਦੀ, ਜਿਥੇ ਗੁਰਮੁਖ ਸੋਹਣੇ ਨਜ਼ਰੀ ਆਈਆ । ਇਹ ਕੋਈ ਕਹਾਣੀ ਨਹੀਂ ਅੱਜ ਦੀ, ਗੁਰ ਅਵਤਾਰ ਪੀਰ ਪੈਗ਼ੰਬਰ ਇਸੇ ਦੇ ਢੋਲੇ ਗਾਈਆ । ਜੇ ਮੌਜ ਵੇਖਣੀ ਤੇ ਵੇਖਿਓ ਉਪਰ ਸ਼ਾਹਰਗ ਦੀ, ਜਿਥੇ ਸ਼ਹਿਨਸ਼ਾਹ ਖੇਲ ਰਿਹਾ ਕਰਾਈਆ । ਨਗਰੀ ਕਹੇ ਮੈਂ ਭਗਤਾਂ ਨਾਲ ਫੁਲਦੀ ਵਧਦੀ, ਵਾਧਾ ਇਹਨਾਂ ਨਾਲ ਜਣਾਈਆ । ਮੈਨੂੰ ਕ਼ਸਮ ਓਸੇ ਰੱਬ ਦੀ, ਜਿਸ ਦੁਨੀਆ ਕਾਇਨਾਤ ਸ੍ਰਿਸ਼ਟੀ ਦਿਤੀ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਰਚਾਈਆ । ਨਗਰੀ ਕਹੇ ਖੇਲ ਆਪਣੇ ਵਿਚ ਵਸਦੇ ਵੇਖਾਂ ਨਾਗਰ, ਨਾਗਰਿਕ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਨੇ ਪਾਰ ਕਿਨਾਰਾ ਕਰਨਾ ਜਗਤ ਸਾਗਰ, ਡੂੰਘੇ ਵਹਿਣ ਨਾ ਕੋਇ ਵਹਾਈਆ । ਨਿਰਮਲ ਕਰਮ ਹੋਏ ਉਜਾਗਰ, ਦੁਰਮਤ ਮੈਲ ਲੈਣੀ ਧੁਆਈਆ । ਸੂਰਬੀਰ ਬਣਨ ਬਹਾਦਰ, ੧੦੨੮
ਸਤਿਗੁਰ ਸਾਚਾ ਜੋੜ ਜੁੜਾਈਆ । ਮੇਲਾ ਹਕ ਕਰੀਮ ਕ਼ਾਦਰ, ਕ਼ੁਦਰਤ ਦਾ ਕਰਤਾ ਵੇਖ ਵਖਾਈਆ । ਸਾਚੀ ਨਗਰੀ ਦੇਵੇ ਆਦਰ, ਆਦਰਸ਼ ਇਕੋ ਦਏ ਵਖਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਬਾਦਲ, ਜਗਤ ਅੰਧੇਰਾ ਦਏ ਮਿਟਾਈਆ । ਗੁਰਮੁਖ ਰਹੇ ਕੋਇ ਨਾ ਪਾਗ਼ਲ, ਸੁਰਤੀ ਸ਼ਬਦ ਨਾਲ ਮਿਲਾਈਆ । ਭਾਗ ਲਗਾਏ ਕਾਇਆ ਗਾਗਰ, ਅੰਮ੍ਰਿਤ ਜਾਮ ਦਏ ਪਿਆਈਆ । ਜੋ ਬਣ ਕੇ ਵਣਜਾਰੇ ਆਏ ਸੌਦਾਗਰ, ਤਿਨ੍ਹਾਂ ਨੂੰ ਇਸੇ ਨਗਰੀ ਵਿਚੋਂ ਸੌਦਾ ਝੋਲੀ ਦੇਵੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਰਿਹਾ ਕਮਾਈਆ । ਨਗਰੀ ਕਹੇ ਮੈਂ ਦੇਵਾਂ ਹੋਕਾ, ਧੁਰ ਫ਼ਰਮਾਨਾ ਸ਼ਬਦ ਜਣਾਈਆ । ਖ਼ਬਰਦਾਰ ਹੋ ਜਾਓ ਚੌਦਾਂ ਲੋਕਾ, ਚੌਦਾਂ ਤਬਕ ਦਿਆਂ ਹਲਾਈਆ । ਜਿਸ ਪਰਮ ਪੁਰਖ ਪਰਮਾਤਮ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਦੇ ਗਏ ਮੌਕਾ, ਓਸੇ ਦਾ ਵੇਲਾ ਗਿਆ ਆਈਆ । ਗੋਬਿੰਦ ਜਾਗਿਆ ਲਾ ਕੇ ਢੌਂਕਾ, ਸ਼ਬਦੀ ਹੁਕਮ ਇਕ ਸੁਣਾਈਆ । ਸਾਚੀ ਨਗਰੀ ਵਿਚ ਰਹਿਣਾ ਨਹੀਂ ਔਖਾ, ਜੇ ਗੋਬਿੰਦ ਸ਼ਬਦੀ ਹੋਏ ਸਹਾਈਆ । ਵੇਖਿਓ ਕਿਸੇ ਨਾਲ ਨਾ ਕਰਿਓ ਧੋਖਾ, ਕੂੜੀ ਕਰਨੀ ਨਾ ਕੋਇ ਕੁੜਮਾਈਆ । ਇਕ ਅਕਾਲ ਦੀ ਰੱਖੋ ਸਾਰੇ ਓਟਾ, ਜੋ ਦਿਆਲ ਹੋ ਕੇ ਦਇਆ ਕਮਾਈਆ । ਜਿਸ ਦਾ ਸਚ ਦਵਾਰਾ ਧੁਰ ਦਾ ਧਾਮ ਇਕੋ ਕੋਠਾ, ਛਪਰ ਛੰਨ ਨਾ ਕੋਇ ਛੁਹਾਈਆ । ਜਿਸ ਦਾ ਨੂਰ ਅਗੰਮੀ ਸਚ ਪਰਕਾਸ਼ ਜੋਤਾ, ਆਦਿ ਨਿਰੰਜਣ ਜੋਤ ਨਿਰੰਜਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਭਾਗ ਲਗਾਈਆ । ਨਗਰੀ ਕਹੇ ਪ੍ਰਭੂ ਲਾ ਦੇ ਭਾਗ, ਇਕ ਮੇਰੀ ਅਰਜ਼ੋਈਆ । ਜਨ ਭਗਤਾਂ ਦੀਪਕ ਜਗੇ ਚਿਰਾਗ਼, ਸੁਰਤ ਸਵਾਣੀ ਉਠਾ ਸੋਈਆ । ਦੁਰਮਤ ਮੈਲ ਧੋ ਦਾਗ਼,

ਅੰਤਰ ਆਤਮ ਅੰਮ੍ਰਿਤ ਧਾਰ ਚਵਾਈਆ । ਫੜ ਕੇ ਹੰਸ ਬਣਾ ਕਾਗ, ਸਚ ਦਵਾਰੇ ਦੇ ਢੋਈਆ । ਆਤਮ ਉਪਜਾ ਇਕ ਵੈਰਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਗਰੀ ਕਹੇ ਪ੍ਰਭ ਕਰ ਦੇ ਉਜਾਲਾ, ਦੀਪ ਜੋਤ ਰੁਸ਼ਨਾਈਆ । ਸਾਢੇ ਤਿੰਨ ਹੱਥ ਬਣਾ ਦੇ ਸੱਚੀ ਧਰਮਸ਼ਾਲਾ, ਸ਼ਿਵਦਵਾਲਾ ਮਠ ਇਹੋ ਨਜ਼ਰੀ ਆਈਆ । ਜਿਸ ਗ੍ਰਿਹਿ ਮਿਲੇ ਪਰਮ ਪੁਰਖ ਅਕਾਲਾ, ਅਕਲ ਕਲਧਾਰੀ ਦਇਆ ਕਮਾਈਆ । ਧੁਰ ਦਾ ਮਾਰਗ ਦੱਸ ਸੁਖਾਲਾ, ਸਹਿਜ ਸੁਭਾਓ ਦੇ ਵਡਿਆਈਆ । ਚਵੀ ਹਜ਼ਾਰ ਸਵਾਸਾਂ ਵਾਲਾ ਭਰਿਆ ਨਹੀਂ ਜਾਂਦਾ ਹਾਲਾ, ਦਸਵਾਂ ਹਿੱਸਾ ਦਸਵੰਧ ਨਾ ਕੋਇ ਕਢਾਈਆ । ਜਿਨ੍ਹਾਂ ਤੂੰ ਬਣ ਜਾਏਂ ਆਪ ਰਖਾਵਾਲਾ, ਓਨ੍ਹਾਂ ਭੈ ਦੇ ਮੁਕਾਈਆ । ਸਚ ਪ੍ਰੀਤੀ ਨਿਭ ਜਾਏ ਤੇਰੇ ਨਾਲਾ, ਏਥੇ ਓਥੇ ਦੋ ਜਹਾਨ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਦੇ ਵਸਾਈਆ । ਸਾਚੀ ਨਗਰੀ ਸਚ ਵਸਾਵਾਂਗਾ । ਸਾਢੇ ਤਿੰਨ ਹੱਥ ਅੰਦਰ ਵਸ ਵਸ, ਵਾਸਤਾ ਆਪਣੇ ਨਾਲ ਜੁੜਾਵਾਂਗਾ । ਅੰਮ੍ਰਿਤ ਦੇ ਕੇ ਰਸ ਰਸ, ਧੁਰ ਦਾ ਜਾਮ ਪਿਆਵਾਂਗਾ । ਪੰਧ ਮੁਕਾਵਾਂ ਨਠ ਨਠ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਵਾਂਗਾ । ਲੇਖੇ ਲਾਵਾਂ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਆਪਣੇ ਵਿਚ ਛੁਪਾਵਾਂਗਾ । ਸ਼ਬਦ ਅਗੰਮੀ ਲਾਵਾਂ ਸੱਟ, ਧੁਰ ਦਾ ਤਾਲ ਵਜਾਵਾਂਗਾ । ਮਨ ਕਾ ਮਣਕਾ ਦੇਵਾਂ ਪਲਟ, ਤ੍ਰਿਸ਼ਨਾ ਦੂਰ ਕਰਾਵਾਂਗਾ । ਸਾਚੀ ਨਗਰੀ ਖੋਲ੍ਹ ਕੇ ਹੱਟ, ਸਚ ਵਣਜਾਰਾ ਇਕ ਸਦਾਵਾਂਗਾ । ਵਸਤ ਅਮੋਲਕ ਨਾਮ ਰਖ, ਪ੍ਰੇਮੀ ਪਿਆਰਿਆਂ ਆਪ ਵਰਤਾਵਾਂਗਾ । ਲੱਖ ਚੁਰਾਸੀ ਵਿਚੋਂ ਕਰ ਕੇ ਵਖ, ਪਰਤਖ ਆਪਣਾ ਦਰਸ ਵਖਾਵਾਂਗਾ । ਸਦਾ ਨਿਜ ਨੇਤਰ ਖੁਲ੍ਹੀ ਰਹੇ ਅੱਖ, ਨੇਤਰ ਗਿਆਨ ਆਪ ਦ੍ਰਿੜ੍ਹਾਵਾਂਗਾ । ਨਿਰਗੁਣ ਜੋਤ ਜਗਾ ਕੇ ਲਟ ਲਟ, ਅੱਠੇ ਪਹਿਰ ਆਪ ਰੁਸ਼ਨਾਵਾਂਗਾ । ਦੂਈ ਦਵੈਤੀ ਮੇਟ ਕੇ ਫਟ, ਭਾਂਡਾ ਭਰਮ ਭੌ ਭੰਨਾਵਾਂਗਾ । ਸਭ ਦੀ ਜਾਣ ਕੇ ਮਿਤ ਗਤ, ਗਤ ਮਿਤ ਆਪਣੀ ਆਪ ਸਮਝਾਵਾਂਗਾ । ਨਾਮ ਬੀਜ ਕੇ ਧੁਰ ਦੇ ਵਤ, ਫਲ ਅੰਮ੍ਰਿਤ ਆਪ ਖਵਾਵਾਂਗਾ । ਜਿਹੜੇ ਸਾਚੀ ਨਗਰੀ ਗਏ ਵਸ, ਵਾਸਤਾ ਓਨ੍ਹਾਂ ਇਕੋ ਨਾਲ ਜੁੜਾਵਾਂਗਾ । ਪ੍ਰੇਮ ਡੋਰੀ ਨਾਲ ਬੰਨ੍ਹਾਂ ਕਸ, ਤੰਦ ਇਕੋ ਇਕ ਵਖਾਵਾਂਗਾ । ਮਿਹਰਵਾਨ ਹੋ ਕੇ ਪੁਰਖ ਸਮਰਥ, ਸ਼ਬਦ ਗੁਰ ਡੰਕ ਵਜਾਵਾਂਗਾ । ਨਿਰਾਕਾਰ ਹੋ ਪਰਗਟ, ਸਾਕਾਰ ਵੰਡ ਵੰਡਾਵਾਂਗਾ । ਪ੍ਰੇਮ ਪਿਆਰਿਆਂ ਰਖਾਂ ਪਤ, ਪਤਿਪਰਮੇਸ਼ਵਰ ਜੋੜ ਜੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਨਗਰੀ ਤੇਰੀ ਰੰਗ ਰੰਗਾਵਾਂਗਾ । ਨਗਰੀ ਕਹੇ ਪ੍ਰਭੂ ਮੈਂ ਕਮਲੀ ਕੋਝੀ, ਤੱਤਾਂ ਵਾਲੀ ਨਜ਼ਰੀ ਆਈਆ । ਬਿਨ ਤੇਰੀ ਕਿਰਪਾ ਆਵੇ ਕੋਈ ਨਾ ਸੋਝੀ, ਮਨ ਮਤਿ ਬੁਧਿ ਚਲੇ ਨਾ ਕੋਇ ਚਤੁਰਾਈਆ । ਚਾਰ ਕੁੰਟ ਦਹਿ ਦਿਸ਼ਾ ਮੈਨੂੰ ਤਾਅਨੇ ਦੇਂਦੇ ਲੋਕੀ, ਝਗੜਿਆਂ ਵਿਚ ਲੋਕਾਈਆ । ਮੈਂ ਸਦੀ ਚੌਧਵੀਂ ਕਲਜੁਗ ਅੰਤ ਅਖ਼ੀਰ ਪੈ ਗਈ ਸੋਚੀਂ, ਕਿਹੜਾ ਸਤਿਗੁਰ ਪਾਰ ਲੰਘਾਈਆ । ਬਹੁਤੇ ਗੁਰੂ ਸੁਤੇ ਵੇਖੇ ਵਿਚ ਕੋਠੀ, ਕਾਇਆ ਸਾਫ਼ ਨਾ ਕੋਇ ਕਰਾਈਆ । ਕੋਈ ਪੜ੍ਹ ਪੜ੍ਹ ਦੱਸਣ ਪੋਥੀ, ਸ਼ਬਦ ਸੁਨੇਹੜਾ ਨਾ ਕੋਇ ਸਮਝਾਈਆ । ਧੰਨ ਭਾਗ ਤੂੰ ਸਾਚੀ ਨਗਰੀ ਦਾ ਬਣ ਜਾਏ ਖੋਜੀ, ਨਿਰਗੁਣ ਹੋ ਕੇ ਵੇਖ ਵਖਾਈਆ । ਪੁਰਖ ਅਕਾਲ ਤੇਰੀ ਸਿਫ਼ਤ ਕਰ ਕੇ ਗਏ ਵੇਦੀ ਸੋਢੀ, ਚਾਰੇ ਵੇਦ ਦੇਣ ਗਵਾਹੀਆ । ਮੈਨੂੰ ਮਿਲ ਕੇ ਜਗਤ ਵਾਸਨਾ ਦਾ ਰਹੇ ਕੋਇ ਨਾ ਰੋਗੀ, ਹੰਗਤਾ ਨੇੜ ਕੋਇ ਨਾ ਆਈਆ । ਤੇਰੇ ਚਰਨਾਂ ਨਾਲ ਮਿਲ ਕੇ ਬਣ ਜਾਏ ਧੁਰ ਦਾ ਜੋਗੀ,

੧੦੨੯

ਜਗਤ ਜੋਗ ਦੇਵੇ ਤਜਾਈਆ । ਤੇਰੇ ਦਵਾਰੇ ਤੋਂ ਨਾਮ ਪਦਾਰਥ ਲੈ ਕੇ ਸਾਚੀ ਰੋਜ਼ੀ, ਜਗਤ ਤ੍ਰਿਸ਼ਨਾ ਭੁਖ ਦਏ ਮਿਟਾਈਆ । ਤੂੰ ਮਾਲਕ ਪ੍ਰੀਤਮ ਪਿਆਰਾ ਮਹਿਬੂਬ ਮੁਹੱਬਤ ਵਾਲਾ ਚੋਜੀ, ਨਿਰਾਲੀ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਵੇਖ ਵਖਾਈਆ । ਸਾਚੀ ਨਗਰੀ ਦਾ ਬੁੱਢੇ ਕੀਤਾ ਵਖਿਆਨ, ਰਸਨਾ ਨਾਲ ਜਣਾਈਆ । ਨਗਰੀ ਤੋਂ ਪਰੇ ਨਗਰ ਇਕ ਮਹਾਨ, ਜਿਸ ਦਾ ਨਕਸ਼ਾ ਨਾ ਕੋਇ ਵਖਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗੰਬਰ ਦਸਦੇ ਗਏ ਵਿਚ ਜਹਾਨ, ਇਸ਼ਾਰਿਆਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਸਦਾ ਵਸਾਈਆ । ਸਾਚੀ ਨਗਰੀ ਆਦਿ ਜੁਗਾਦੀ ਜਗਤ, ਹਰਿ ਕਰਤੇ ਆਪ ਬਣਾਈਆ । ਜਿਸ ਨਗਰੀ ਵਿਚ ਵਸੇ ਗੁਰਮੁਖ ਭਗਤ, ਸੰਤ ਸੱਜਣ ਡੇਰਾ ਲਾਈਆ । ਓਸ ਦਵਾਰੇ ਧੁਰ ਦਾ ਮਾਲਕ ਆਵੇ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਸ਼ਬਦ ਜੈਕਾਰਾ ਨਾਅਰਾ ਦੋ ਜਹਾਨਾਂ ਬੋਲ ਨਿਧੜਕ, ਸਚ ਫ਼ਰਮਾਣਾ ਦਏ ਜਣਾਈਆ । ਸਿੱਧਾ ਮਾਰਗ ਦੱਸੇ ਅਗੰਮੀ ਸੜਕ, ਰਹਿਬਰ ਹੋ ਕੇ ਰਾਹ ਵਖਾਈਆ । ਸਾਚੀ ਨਗਰੀ ਜਾਂਦਾ ਗੁਰਮੁਖ ਕੋਇ ਨਾ ਜਾਏ ਅਟਕ, ਰਾਹ ਵਿਚ ਨਾ ਕੋਇ ਅਟਕਾਈਆ । ਇਹ ਮੰਜ਼ਲ ਦੁਸ਼ਵਾਰ ਓਨ੍ਹਾਂ ਵਾਸਤੇ ਸਖ਼ਤ, ਜਿਹੜੇ ਭੁਲੇ ਬੇਪਰਵਾਹੀਆ । ਗੁਰਮੁਖਾਂ ਦਾ ਸੁਹਾਵਣਾ ਸੋਹਣਾ ਸਦਾ ਵਕਤ, ਵਾਰ ਥਿਤ ਦਏ ਗਵਾਹੀਆ । ਜਿਹੜੀ ਨਗਰੀ ਤੱਕੋ ਉਪਰ ਫ਼ਰਸ਼, ਅਰਸ਼ ਇਹੋ ਰੂਪ ਬਦਲਾਈਆ । ਸਾਚੇ ਨਾਮ ਬਿਨਾ ਕੋਈ ਨਾ ਦੇਵੇ ਇਸ ਦਾ ਖਰਚ, ਸੱਚਾ ਆਸਣ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਦਏ ਵਧਾਈਆ । ਸਾਚੀ ਨਗਰੀ ਕਹੇ ਮੈਨੂੰ ਆਈ ਖ਼ੁਸ਼ੀ, ਸਚਖੰਡ ਵੱਜੀ ਵਧਾਈਆ । ਥਿਰ ਘਰ ਦਵਾਰੇ ਲੱਗੀ ਰੁਚੀ, ਰਚਨਾ ਧੁਰ ਦੀ ਵੇਖ ਵਖਾਈਆ । ਗੁਰਮੁਖਾਂ ਆਤਮ ਤੱਕੀ ਸੁੱਚੀ, ਸਤਿਗੁਰ ਚਰਨ ਧਿਆਨ ਲਗਾਈਆ । ਮਨ ਵਾਸਨਾ ਗਈ ਕੁੱਠੀ, ਕੂੜੀ ਕਿਰਿਆ ਬਾਹਰ ਕਢਾਈਆ । ਆਤਮ ਮਨਾਈ ਪੂਰਬ ਜਨਮ ਦੀ ਰੁੱਠੀ, ਰੋਸਾ ਦਿਤਾ ਗਵਾਈਆ । ਝਗੜਾ ਮੁਕਾ ਕੇ ਖੇਲ ਸਚ ਤ੍ਰਿਕੁਟੀ, ਕੂਟ ਆਪਣੀ ਦਏ ਵਖਾਈਆ । ਜਿਥੇ ਕਰਨੀ ਪਏ ਨਾ ਕੋਈ ਬੁਤੀ, ਬਿਨਾ ਜਜਮਾਨਾਂ ਤੋਂ ਜਜਮਾਨ ਨਜ਼ਰੀ ਆਈਆ । ਓਥੇ ਖ਼ਾਹਿਸ਼ ਰਹੇ ਨਾ ਪੁਤੀਂ, ਨਾਰ ਕੰਤ ਨਾ ਕੋਇ ਵਡਿਆਈਆ । ਇਕੋ ਰਮਜ਼ ਲਗੇ ਗੁੱਝੀ, ਤੀਰ ਨਿਸ਼ਾਨਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਉਠਾਵੇ ਸੁੱਤੀ, ਸ਼ਬਦ ਹਲੂਣਾ ਇਕ ਲਗਾਈਆ । ਨਗਰੀ ਕਹੇ ਮੇਰੇ ਜੋ ਵਸਦੇ ਵਸਨੀਕ, ਵੱਡੇ ਛੋਟੇ ਬੁੱਢੇ ਨੱਢੇ ਨਜ਼ਰੀ ਆਈਆ । ਸਾਹਿਬ ਸਤਿਗੁਰ ਓਨ੍ਹਾਂ ਦੇ ਅੰਦਰ ਦੇ ਇਕ ਤਮੀਜ਼, ਤਮੰਨਾ ਕੂੜੀ ਦੇਣੀ ਗਵਾਈਆ । ਤੇਰੇ ਮਿਲਣ ਦੀ ਸਾਰੇ ਰੱਖਣ ਉਮੀਦ, ਆਸਾਂ ਵਿਚ ਰਾਹ ਤਕਾਈਆ । ਦਇਆ ਕਰ ਮਿਹਰਵਾਨ ਆਪ ਅਜੀਬ, ਅਜਬ ਤਰਾ ਸਮਝਾਈਆ । ਤੇਰੇ ਵਿਚ ਇਹ ਤੌਫ਼ੀਕ਼, ਕੂੜੀ ਤੋਹਮਤ ਦੇਣੀ ਗਵਾਈਆ । ਤੇਰੇ ਪ੍ਰੇਮ ਪਿਆਰ ਅੰਦਰ ਬੈਠੇ ਅਮੀਰ ਗ਼ਰੀਬ, ਗ਼ੁਰਬਤ ਸਭ ਦੀ ਦੇ ਮਿਟਾਈਆ । ਸਾਚੇ ਨਾਮ ਦੀ ਬਿਨ ਅੱਖਰਾਂ ਵਾਲੀ ਕਟ ਦੇ ਰਸੀਦ, ਜਿਸ ਦੇ ਅੱਖਰ ਨਾ ਕੋਇ ਸਮਝਾਈਆ । ਬਿਨਾ ਕਲਮਿਉਂ ਦੇ ਦੇ ਉਹ ਹਦੀਸ, ਜਿਸ ਨੂੰ ਅਲਿਫ਼ ਯੇ ਸਮਝ ਸਕੇ ਨਾ ਰਾਈਆ । ਜੋ ਕੁਛ ਸਮਝੇਂ ਸਾਡੇ ਵਾਸਤੇ ਮੁਫ਼ੀਦ, ਉਹ ਮੁਫ਼ਤ ਝੋਲੀ ਦੇਣਾ ਪਾਈਆ । ਸਾਚੀ ਨਗਰੀ ਗ਼ਫ਼ਲਤ ਵਿਚ ਰਹੇ ਕਿਸੇ ਨਾ ਨੀਂਦ, ਅੰਤਰ ਆਤਮ ਆਲਸ ਦੇ ਗਵਾਈਆ । ਸਾਹਿਬ ਸਤਿਗੁਰ ਜੇ ਤੇਰਾ ਨਾਮ ਕੋਈ ਪ੍ਰੇਮ ਵਿਚ ਆਣ ਕੇ ਸਕਦਾ ਨਹੀਂ ਖ਼ਰੀਦ,

੧੦੩੦

ਮਿਹਰਵਾਨ ਹੋ ਕੇ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਧੁਰ ਦੀ ਨਗਰੀ ਜੋਤ ਇਕਗਰੀ, ਪਰਮ ਪੁਰਖ ਦੀ ਸਚ ਸਮਗਰੀ, ਵਸਤ ਅਮੋਲਕ ਦੇਦੇ ਕਾਇਆ ਗੋਲਕ ਧੁਰ ਧਾਮੀ ਸ਼ਬਦ ਅਨਾਮੀ ਆਪੇ ਝੋਲੀ ਪਾਈਆ । ਨਗਰੀ ਕਹੇ ਮੈਂ ਭਿਖਾਰ, ਦਰਵੇਸ਼ ਰੂਪ ਵਟਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਤੂੰ ਸਾਹਿਬ ਸਵਾਮੀ ਬਖ਼ਸ਼ਣਹਾਰ, ਤੇਰੀ ਬਖ਼ਸ਼ਿਸ਼ ਬੇਪਰਵਾਹੀਆ । ਡੁਬਦੇ ਪਾਹਨ ਦੇਵੇਂ ਤਾਰ, ਸਿਰ ਆਪਣਾ ਹੱਥ ਟਿਕਾਈਆ । ਸਾਡੇ ਗੁਣ ਅਵਗੁਣ ਨਾ ਵਿਚਾਰ, ਕਲਜੁਗ ਕੂੜੀ ਕਿਰਿਆ ਰਹੀ ਸਤਾਈਆ । ਅਸੀਂ ਪੜ੍ਹ ਪੜ੍ਹ ਥੱਕੇ ਵੇਦ ਚਾਰ, ਸ਼ਾਸਤਰ ਸਿਮਰਤ ਧਿਆਨ ਲਗਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਵੇਖੇ ਸੰਸਾਰ, ਤੀਰਥ ਤਟ ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਪ੍ਰਭੂ ਕਿਤੋਂ ਨਾ ਮਿਲਿਆ ਸਾਂਝਾ ਯਾਰ, ਨਿਜ ਨੇਤਰ ਕਿਤੇ ਨਾ ਹੋਇਆ ਦੀਦਾਰ, ਮਨ ਵਾਸਨਾ ਹੋਏ ਖ਼ੁਆਰ, ਆਤਮ ਪਰਮਾਤਮ ਪਰਮਾਤਮ ਆਤਮ ਧੁਰ ਦਾ ਮੇਲ ਨਾ ਕੋਇ ਮਿਲਾਈਆ । ਸਾਚੀ ਨਗਰੀ ਤੇਰਾ ਦਰਬਾਰ, ਜਿਥੇ ਇਕੋ ਜੋਤ ਹੋਵੇ ਉਜਿਆਰ, ਧੁਰ ਦਾ ਸ਼ਬਦ ਸੱਚੀ ਧੁਨਕਾਰ, ਅੰਮ੍ਰਿਤ ਬਰਖੇ ਠੰਡੀ ਠਾਰ, ਸਖ਼ੀਆਂ ਮੇਲਾ ਕੰਤ ਭਤਾਰ, ਗੁਰ ਚੇਲਾ ਇਕ ਦਵਾਰ, ਦੂਜੇ ਕਰਨੀ ਨਾ ਪਏ ਨਿਮਸਕਾਰ, ਡੰਡਾਵਤ ਇਕੋ ਨਜ਼ਰੀ ਆਈਆ । ਧੁਰ ਦਾ ਮੰਦਰ ਦੇ ਵਖਾਲ, ਜਿਥੇ ਵਸੇ ਆਪ ਅਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਚੀ ਨਗਰੀ ਸੀਸ ਨਿਵਾਈਆ । ਸਾਚੀ ਨਗਰੀ ਕਹੇ ਮੈਂ ਜਾਵਾਂ ਓਸ ਨੂੰ ਝੁਕ, ਜੋ ਧੁਰ ਦਾ ਮਾਲਕ ਇਕ ਅਖਵਾਈਆ । ਜਿਸ ਨੂੰ ਮਿਲਿਆਂ ਪੈਂਡਾ ਜਾਵੇ ਮੁਕ, ਰਸਤਿਆਂ ਵਿਚ ਨਾ ਕੋਇ ਭਵਾਈਆ । ਆਪਣੀ ਗੋਦੀ ਲਏ ਚੁਕ, ਫੜ ਬਾਹੋਂ ਗਲੇ ਲਗਾਈਆ । ਓਸ ਦਵਾਰੇ ਦੇਵੇ ਸੁਟ, ਜਿਥੋਂ ਬਾਹਰ ਨਾ ਕੋਇ ਕਢਾਈਆ । ਜਿਸ ਗ੍ਰਿਹ ਵਸੇ ਭਗਤ ਸੁਹੇਲੇ ਗੁਰਮੁਖ ਸਾਚੇ ਸੁਤ, ਸਤਿ ਸਤਿਵਾਦੀ ਹੋਏ ਸਹਾਈਆ । ਓਸ ਨਗਰੀ ਦੀ ਮੌਲੇ ਅਗੰਮੀ ਰੁਤ, ਪੱਤ ਟਹਿਣੀ ਆਪਣਾ ਰੰਗ ਵਖਾਈਆ । ਗੁਰਮੁਖੋ ਜੇ ਕੋਈ ਇਛਿਆ ਤੇ ਹੋਰ ਲਓ ਪੁਛ, ਸਭ ਨੂੰ ਸਭ ਕੁਛ ਦਿਆਂ ਸਮਝਾਈਆ । ਅੰਤਰ ਬਾਹਰ ਦਾ ਓਹਲਾ ਨਹੀਂ ਕੋਈ ਲੁਕ, ਬ੍ਰਹਿਮੰਡਾਂ ਖੰਡਾਂ ਵਿਚ ਪਰਦਾ ਦਿਆਂ ਉਠਾਈਆ । ਸਤਿਗੁਰ ਸ਼ਬਦ ਆਪਣੇ ਕੋਲ ਰਖੇ ਸਭ ਕੁਛ, ਅਤੋਟ ਅਤੁਟ ਬੇਪਰਵਾਹੀਆ । ਜਿਸ ਦਾ ਭੰਡਾਰਾ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਕਦੇ ਨਾ ਜਾਵੇ ਮੁਕ, ਅਗੰਮ ਅਥਾਹ ਬੇਪਰਵਾਹ ਵਰਤਾਈਆ । ਜਿੰਨਾਂ ਚਿਰ ਤੁਸੀਂ ਨਾ ਹੋਵੋ ਖ਼ੁਸ਼, ਅੰਤਰ ਆਤਮ ਨਾ ਵੱਜੇ ਵਧਾਈਆ । ਓਨਾਂ ਚਿਰ ਨਹੀਂ ਹੋਣਾ ਚੁਪ, ਭਾਵੇਂ ਅਨਗਿਣਤ ਸਵਾਲ ਅਗੇ ਦਿਉ ਰਖਾਈਆ । ਭਗਤਾਂ ਦੀ ਮਹਿੰਮਾ ਗੁਰਸਿੱਖਾਂ ਦੀ ਸਿਫ਼ਤ ਕਦੇ ਨਹੀਂ ਜਾਂਦੀ ਮੁਕ, ਸੰਤਾਂ ਦੀ ਸਦ ਵਡਿਆਈਆ । ਜੇ ਇਕ ਨਗਰੀ ਦੇ ਬਦਲੇ ਬੁੱਢੇ ਨੇ ਕਿਹਾ ਉਠ, ਓਸੇ ਨਗਰੀ ਨੂੰ ਦਿਤਾ ਸਮਝਾਈਆ । ਜਿਸ ਨਗਰੀ ਵਿਚ ਸਤਿਗੁਰ ਜਾਏ ਤੁਠ, ਓਥੇ ਤੋਟ ਰਹੇ ਨਾ ਰਾਈਆ । ਬਿਨਾ ਪੈਸਿਆਂ ਧੇਲਿਆਂ ਤੋਂ ਪ੍ਰਭ ਦੇ ਨਾਮ ਦੀ ਪਈ ਲੁਟ, ਬਿਨਾ ਡਾਂਗਾਂ ਸੋਟਿਆਂ ਤੋਂ ਲੁਟ ਕੇ ਆਪਣੀਆਂ ਝੋਲੀਆਂ ਲਉ ਭਰਾਈਆ । ਸਤਿਗੁਰ ਸੂਰਬੀਰ ਨੌਜਵਾਨ ਸ਼ਬਦੀ ਡੰਡੇ ਨਾਲ ਤੁਹਾਡੇ ਅੰਦਰੋਂ ਤੁਹਾਡਾ ਵਕਾਰ ਬਾਹਰ ਕੱਢੇ ਕੁਟ, ਕੁਟੀਆ ਤੁਹਾਡੀ ਸਾਫ਼ ਦਏ ਕਰਾਈਆ । ਤੁਹਾਡੀ ਨਗਰੀ ਦੀ ਸਦਾ ਮੌਲੀ ਰਹੇ ਰੁਤ, ਸਾਚੇ ਨਾਮ ਦੀ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਨਗਰੀ ਵਜਾਏ ਨਾਮ ਨਗਾਰਾ, ਡੰਕੇ ਚੋਟ ਇਕੋ ਇਕ ਲਗਾਈਆ ।

੧੦੩੧

## ✻ ੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਕੇਸਰ ਸਿੰਘ ਦੇ ਗ੍ਰਿਹ ਮੈਸ਼ਮ ਪੁਰਾ ਖ਼ੁਰਦ ✻

ਗੁਰਮੁਖ ਕੁੱਲੀ ਕਹੇ ਮੇਰੇ ਜਾਗੇ ਭਾਗ, ਹਰਿ ਭਗਤ ਮਿਲੇ ਵਡਿਆਈਆ । ਘਰ ਠਾਕਰ ਪਾਇਆ ਸਵਾਮੀ ਕੰਤ ਸੁਹਾਗ, ਪਤਿਪਰਮੇਸ਼ਵਰ ਬੇਪਰਵਾਹੀਆ । ਦੁਰਮਤ ਮੈਲ ਧੋ ਕੇ ਦਾਗ਼, ਅੰਮ੍ਰਿਤ ਆਤਮ ਜਾਮ ਪਿਆਈਆ । ਉਪਜਾ ਕੇ ਜਾਵੇ ਇਕ ਵੈਰਾਗ, ਗੁਰਚਰਨ ਪ੍ਰੀਤੀ ਸਚ ਇਕ ਦ੍ਰਿੜਾਈਆ । ਬੁਝਾ ਕੇ ਜਾਵੇ ਕੂੜੀ ਤ੍ਰਿਸ਼ਨਾ ਆਗ, ਮਾਇਆ ਮਮਤਾ ਮੋਹ ਗਵਾਈਆ । ਨਾਮ ਨਿਧਾਨ ਜਣਾ ਕੇ ਜਾਏ ਨਾਦ, ਧੁਨ ਆਤਮਕ ਰਾਗ ਅਲਾਈਆ । ਸੋਈ ਸੁਰਤ ਉਠਾਏ ਮਾਰ ਆਵਾਜ਼, ਕੂੜੀ ਕਿਰਿਆ ਪਰਦਾ ਲਾਹੀਆ । ਭੇਵ ਖੋਲ੍ਹ ਕੇ ਦੱਸੇ ਰਾਜ਼, ਵਰਨ ਬਰਨ ਡੇਰਾ ਢਾਹੀਆ । ਮਾਣਸ ਜਨਮ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੁਹੰਜਣੇ ਦਏ ਵਡਿਆਈਆ । ਭਗਤ ਕੁੱਲੀ ਕਹੇ ਮੈਂ ਗਾਵਾਂ ਖ਼ੁਸ਼ੀਆਂ ਢੋਲਾ, ਪ੍ਰਭ ਦਾ ਨਾਮ ਧਿਆਈਆ । ਗੁਰ ਸ਼ਬਦੀ ਬਣਿਆ ਇਕ ਵਿਚੋਲਾ, ਜੋ ਵਿਛੜਿਆਂ ਲਏ ਮਿਲਾਈਆ । ਸਾਚਾ ਨਾਮ ਸੁਣਾਏ ਸੋਹਲਾ, ਗੁਫ਼ਤ ਸ਼ਨੀਦ ਭੇਵ ਖੁਲ੍ਹਾਈਆ । ਮਨ ਮਨੂਆ ਨਾ ਪਾਵੇ ਰੌਲਾ, ਚੰਚਲ ਮਤਿ ਦਏ ਗਵਾਈਆ । ਭੇਵ ਚੁਕਾ ਕੇ ਪਰਦਾ ਓਹਲਾ, ਸਾਖ਼ਿਆਤ ਆਪਣਾ ਦਰਸ ਦਏ ਵਖਾਈਆ । ਉਲਟਾ ਕਰ ਕੇ ਨਾਭ ਕਵਲਾ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਮਿਹਰਵਾਨ ਹੋ ਕੇ ਪਾਰ ਕਰਾਏ ਬਿਨ ਅਮਲਾਂ, ਨਿਹਕਰਮੀ ਹੋ ਕੇ ਕਰਮਾਂ ਦਾ ਡੇਰਾ ਢਾਹੀਆ । ਸਚ ਦਵਾਰੇ ਦੱਸੇ ਮਰਨਾ, ਮਰ ਜੀਵਤ ਰੂਪ ਵਟਾਈਆ । ਸਾਚੀ ਤਰਨੀ ਦੱਸੇ ਤਰਨਾ, ਭਵਜਲ ਪਾਰ ਲੰਘਾਈਆ । ਨਿਜ ਨੇਤਰ ਖੋਲ੍ਹ ਕੇ ਹਰਨਾ ਫਰਨਾ, ਜੋਤੀ ਦਰਸ ਨੂਰ ਇਲਾਹੀਆ । ਸਾਚੀ ਮੰਜ਼ਲ ਦੱਸੇ ਚੜ੍ਹਨਾ, ਜਗਤ ਵਾਸਨਾ ਪੰਧ ਮੁਕਾਈਆ । ਇਕੋ ਨਾਮ ਦੱਸੇ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਕੁੱਲੀ ਕਹੇ ਮੈਂ ਵੇਖ ਕੇ ਹੋਈ ਨਿਹਾਲ, ਖ਼ੁਸ਼ੀਆਂ ਵਿਚ ਸਮਾਈਆ । ਜਿਸ ਨੂੰ ਕਹਿੰਦੇ ਦੀਨ ਦਿਆਲ, ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਕੁੱਲੀ ਕੱਖ ਬਣਾ ਕੇ ਧੁਰ ਦੀ ਧਰਮਸਾਲ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਬੈਠਾ ਸੋਭਾ ਪਾਈਆ । ਦੀਨਾਂ ਨਾਥਾਂ ਪੁਛਣਹਾਰਾ ਹਾਲ, ਮਿਹਰ ਨਜ਼ਰ ਬੇਨਜ਼ੀਰ ਇਕ ਉਠਾਈਆ । ਲੇਖੇ ਲਾਏ ਜਨਮ ਜਨਮ ਦੀ ਕੀਤੀ ਘਾਲ, ਪੂਰਬ ਲਹਿਣਾ ਝੋਲੀ ਪਾਈਆ । ਸਚ ਪ੍ਰੀਤੀ ਜੋੜੇ ਨਾਲ, ਨਾਲਿਸ਼ ਕੂੜੀ ਦਏ ਗਵਾਈਆ । ਨਾਤਾ ਤੋੜ ਕੇ ਅੰਤਮ ਕਾਲ, ਕਲਮਾ ਇਕੋ ਦਏ ਸਮਝਾਈਆ । ਨਾਮ ਭੰਡਾਰਾ ਦੇ ਸੱਚਾ ਧਨਮਾਲ, ਧੁਰ ਦੇ ਧਨੀ ਦਏ ਬਣਾਈਆ । ਗੁਰਮੁਖ ਕੋਈ ਕਦੇ ਨਾ ਹੋਵੇ ਕੰਗਾਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੇਵਣਹਾਰ ਵਡਿਆਈਆ । ਕੁੱਲੀ ਕਹੇ ਮੈਂ ਪਿਛਲਾ ਕੀ ਦੇਵਾਂ ਅਹਿਵਾਲ, ਨੇਤਰ ਪੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੁੱਲੀ ਕਹੇ ਮੇਰਾ ਜਾਗਿਆ ਕਰਮ, ਨਿਹਕਰਮੀ ਦਇਆ ਕਮਾਈਆ । ਮੇਰਾ ਮਿਟਾਇਆ ਭਰਮ, ਭਾਂਡਾ ਕੂੜ ਤੁੜਾਈਆ । ਲਹਿਣਾ ਚੁਕਾਇਆ ਵਰਨ ਬਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਆਤਮ ਪਰਮਾਤਮ ਦੇ ਕੇ ਸਰਨ, ਸਰਨਗਤ ਦਿਤੀ ਸਮਝਾਈਆ । ਸੰਤ ਸੁਹੇਲੇ ਆਇਆ ਫੜਨ, ਲੱਖ ਚੁਰਾਸੀ ਵਿਚੋਂ ਵੇਖ ਵਖਾਈਆ । ਧੁਰ ਦੀ ਕਰਨੀ ਆਇਆ ਕਰਨ, ਕਰਤਾ ਪੁਰਖ ਵੇਸ ਵਟਾਈਆ । ਜਿਸ ਦਵਾਰੇ ਛੁਹਾਏ ਚਰਨ, ਚਰਨੋਧਕ ਅੰਮ੍ਰਿਤ ਜਾਮ ਪਿਆਈਆ । ਉਹ

ਗੁਰਮੁਖ ਜੀਵਣ ਤੋਂ ਪਹਿਲਾਂ ਮਰਨ, ਮਰਨ ਤੋਂ ਬਾਦ ਜੀਵਨ ਲੈਣ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਦਏ ਵਡਿਆਈਆ । ਕੱਖਾਂ ਕੁੱਲੀ ਕਹੇ ਮੇਰੀ ਨਿਮਸਕਾਰ, ਨਮਸਤੇ ਕਹਿ ਕੇ ਸੀਸ ਨਿਵਾਈਆ । ਧੁਰ ਦਾ ਮਾਲਕ ਪਰਵਰਦਿਗਾਰ, ਬੇਪਰਵਾਹ ਤੇਰੀ ਵਡਿਆਈਆ । ਆਦਿ ਜੁਗਾਦਿ ਤੂੰ ਭਗਤਾਂ ਦਾ ਖ਼ਿਦਮਤਗਾਰ, ਗੁਰਮੁਖਾਂ ਦੀ ਸੇਵ ਕਮਾਈਆ । ਜਗਤ ਵਕਾਰਾਂ ਵਸਿਆ ਬਾਹਰ, ਪ੍ਰੇਮ ਪਿਆਰ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਗੁਰਮੁਖ ਕੁੱਲੀ ਕਹੇ ਮੇਰਾ ਆਪਾ ਗਿਆ ਝੁਕ, ਹੰਗਤਾ ਰਹਿਣ ਕੋਇ ਨਾ ਪਾਈਆ । ਮੇਰਾ ਪੈਂਡਾ ਗਿਆ ਮੁਕ, ਮੰਜ਼ਲ ਮਿਲੀ ਬੇਪਰਵਾਹੀਆ । ਜੋ ਭਗਤ ਉਧਾਰੇ ਆਪਣੇ ਸੁਤ, ਸਤਿ ਸਤਿਵਾਦੀ ਜੋੜ ਜੁੜਾਈਆ । ਸੋ ਮੇਰੀ ਮੌਲੇ ਆਣ ਕੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਮੈਂ ਵੇਖ ਕੇ ਹੋਈ ਖ਼ੁਸ਼, ਗ਼ਮੀ ਦਿਤੀ ਤਜਾਈਆ । ਜੋ ਬਖ਼ਸ਼ਣਹਾਰਾ ਸਚ ਸੁਚ, ਸਤਿ ਸਤਿਵਾਦ ਇਕੋ ਰਿਹਾ ਦਰਸਾਈਆ । ਮੇਰੇ ਗ੍ਰਿਹਿ ਗਿਆ ਪੁਜ, ਆਪਣਾ ਪੰਧ ਮੁਕਾਈਆ । ਨਿਰਮਲ ਕਰ ਕੇ ਜਾਏ ਵਿਚੋਂ ਬੁਧਿ, ਮਨਸਾ ਮਨ ਮਮਤਾ ਮੋਹ ਮਿਟਾਈਆ । ਦੇ ਕੇ ਜਾਵੇ ਸਾਚੀ ਸੁਧ, ਸਿੱਧਾ ਮਾਰਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਗੁਰਮੁਖ ਕੁੱਲੀ ਕਹੇ ਮੇਰਾ ਪੂਰਾ ਹੋਇਆ ਲੇਖਾ, ਲੇਖਣੀ ਲਿਖ ਨਾ ਸਕੇ ਰਾਈਆ । ਅੰਦਰ ਰਿਹਾ ਨਾ ਕੋਇ ਭੁਲੇਖਾ, ਭਾਂਡਾ ਭਰਮ ਭੰਨਾਈਆ । ਜੁਗ ਚੌਕੜੀ ਸ੍ਰੀ ਭਗਵਾਨ ਭਗਤਾਂ ਨਾਲ ਖੇਲੇ ਖੇਡਾਂ, ਸਤਿਜੁਗ ਤ੍ਰੇਤਾ ਦੁਆਪਰ ਦਏ ਗਵਾਹੀਆ । ਜਿਹੜਾ ਕਿਸੇ ਹੱਥ ਨਾ ਆਵੇ ਵਿਚੋਂ ਵੇਦਾਂ, ਮੰਦਰਾਂ ਵਿਚ ਮੇਲ ਨਾ ਕੋਇ ਮਿਲਾਈਆ ।


੧੦੩੩

ਉਹ ਸਵਾਮੀ ਅਛਲ ਅਛੇਦਾ, ਘਰ ਘਰ ਬੈਠਾ ਡੇਰਾ ਲਾਈਆ । ਕਰ ਪ੍ਰੇਮ ਪਿਆਰ ਜਿਨ੍ਹਾਂ ਬਖ਼ਸ਼ੇ ਆਪਣੇ ਭੇਤਾ, ਅਭੇਵ ਦਏ ਖੁਲ੍ਹਾਈਆ । ਘਰ ਜਣਾ ਕੇ ਸਾਚਾ ਦੇਸਾ, ਪਰਦਾ ਓਹਲਾ ਦਏ ਉਠਾਈਆ । ਦਇਆਵਾਨ ਹੋ ਕੇ ਗ੍ਰਿਹਿ ਮੇਰਾ ਆਪ ਪੇਖਾ, ਸਚ ਮੰਦਰ ਵੱਜੀ ਵਧਾਈਆ । ਪ੍ਰੇਮ ਪਿਆਰ ਦੀ ਦੇਵੇ ਭੇਟਾ, ਭਜਨ ਬੰਦਗੀ ਨਾਮ ਨਿਧਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਵੇਲਾ ਵਕ਼ਤ ਸੁਹਾਈਆ । ਕੁੱਲੀ ਕਹੇ ਮੇਰੀ ਪੂਰੀ ਹੋਈ ਕਾਮਨਾ, ਤ੍ਰਿਸ਼ਨਾ ਰਹੀ ਨਾ ਰਾਈਆ । ਧੁਰ ਦਾ ਠਾਕਰ ਬਣਿਆ ਜ਼ਾਮਨਾ, ਜਮਾਂ ਤੋਂ ਲਏ ਛੁਡਾਈਆ । ਮੇਲ ਮਿਲਾਵੇ ਸਾਚੇ ਰਾਮਨਾ, ਰਾਮ ਰਹੀਮ ਜੋੜ ਜੁੜਾਈਆ । ਭਾਗ ਲਗਾ ਕੇ ਸਾਚੇ ਖੇੜੇ ਗਰਾਮਨਾ, ਗ੍ਰਿਹਿ ਮੰਦਰ ਵੇਖ ਵਖਾਈਆ । ਕੂੜੀ ਮੇਟ ਕੇ ਤ੍ਰਿਸ਼ਨਾ ਤਾਮਨਾ, ਪ੍ਰੇਮ ਪ੍ਰੀਤੀ ਇਕ ਜਣਾਈਆ । ਗੁਰਮੁਖਾਂ ਦੀ ਪੂਰੀ ਕਰੇ ਭਾਵਨਾ, ਭਾਵ ਆਪਣਾ ਲਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁੱਲੀ ਕੱਖ ਕਹੇ ਮੈਂ ਢੋਲਾ ਸੱਚਾ ਗਾਵਣਾ, ਜਿਸ ਗਾਵਿਆਂ ਮਿਲੇ ਬੇਪਰਵਾਹੀਆ ।

### ❋ ੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਭਗਵਾਨ ਸਿੰਘ ਦੇ ਗ੍ਰਿਹਿ ਸੈਦ ਪੁਰ ❋

ਜਗਤ ਜਗਿਆਸੂਆਂ ਵਾਸਤੇ ਅੱਖਰਾਂ ਵਾਲੀ ਚਿੱਠੀ, ਕਾਗ਼ਜ਼ ਕ਼ਲਮ ਸ਼ਾਹੀ ਨਾਲ ਵਡਿਆਈਆ । ਪੁਰਖ ਅਗੰਮ ਆਪਣੀ ਧਾਰ ਹਰਫ਼ਾਂ ਵਿਚ ਕਦੀ ਨਾ ਲਿਖੀ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਜਿਸ ਦੇ ਹੁਕਮ ਅੰਦਰ ਦੋ ਜਹਾਨਾਂ ਵਿਚ ਬਦਲਣ ਵਾਲੀ ਮਿਤੀ, ਨਿਰਗੁਣ ਸਰਗੁਣ

ਦੋਵੇਂ ਰੂਪ ਜਣਾਈਆ । ਜਿਸ ਦੇ ਹੁਕਮੇ ਅੰਦਰ ਸੰਮਤ ਸੰਮਤੀ ਲੰਘਦੇ ਗਏ ਬੀਸ ਇੱਕੀ, ਸਰਗੁਣ ਨਿਰਗੁਣ ਭੇਵ ਕੋਇ ਨਾ ਪਾਈਆ । ਜਿਸ ਦੀ ਧਾਰ ਨਿਰਗੁਣ ਨਿਰਵੈਰ ਨਿਰਾਕਾਰ ਨਿੱਕੀ, ਜਗਤ ਨੇਤਰ ਨੂਰ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਸਮਝ ਸਕੇ ਨਾ ਕੋਈ ਮੁਨੀ ਰਿਖੀ, ਮਨ ਮਤਿ ਬੁਧਿ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਰਤਾਈਆ । ਜਗਤ ਜਗਿਆਸੂ ਚਿੱਠੀ ਵੇਖੇ ਅੱਖਰ, ਅੱਖਾਂ ਨਾਲ ਵਡਿਆਈਆ । ਪੁਰਖ ਅਕਾਲ ਆਪਣੀ ਧਾਰ ਰੱਖੇ ਨਿਰਅੱਖਰ, ਬੇਪਰਵਾਹ ਆਪਣੇ ਵਿਚ ਸਮਾਈਆ । ਜਿਸ ਨੇ ਹੁਕਮੇ ਅੰਦਰ ਦੋ ਜਹਾਨਾਂ ਕਰਨਾ ਪੱਧਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਇਕੋ ਹੁਕਮ ਸੁਣਾਈਆ । ਜਿਸ ਨੇ ਮਨ ਵਾਸਨਾ ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਮੇਟਣਾ ਗ਼ਦਰ, ਤ੍ਰੈਗੁਣ ਰਹਿਣ ਨਾ ਦੇਵੇ ਕੋਇ ਲੜਾਈਆ । ਸਾਚੇ ਤਖ਼ਤ ਬੈਠ ਕੇ ਆਤਮ ਪਰਮਾਤਮ ਕਰਨਾ ਅਦਲ, ਇਨਸਾਫ਼ ਇਕੋ ਇਕ ਜਣਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਧੁਰ ਦੀ ਦੱਸਣੀ ਸਾਚੀ ਮਜ਼ਲ, ਮੰਜ਼ਲ ਪਿਛਲਾ ਪੰਧ ਮੁਕਾਈਆ । ਕੂੜੀ ਕਿਰਿਆ ਕਰ ਕੇ ਕ਼ਤਲ, ਸਚ ਸੁਚ ਦੇਣਾ ਸਮਝਾਈਆ । ਭਗਤ ਸੁਹੇਲੇ ਖੜਨੇ ਆਪਣੇ ਵਤਨ, ਬੇਵਤਨਾਂ ਪਾਰ ਲੰਘਾਈਆ । ਸਚ ਕਿਨਾਰਾ ਵਸਣਾ ਪਤਣ, ਬੇੜੇ ਇਕ ਚੜ੍ਹਾਈਆ । ਉਹ ਧੁਰ ਦੀ ਚਿੱਠੀ ਜਗਤ ਵਿਦਿਆ ਵਾਲਿਆਂ ਆਈ ਦੱਸਣ, ਨਾਮ ਸੁਨੇਹੜਾ ਇਕ ਸੁਣਾਈਆ । ਕਿਸੇ ਲੈਣ ਨਹੀਂ ਦੇਣਾ ਅੱਜਨ ਪੱਜਨ, ਭਾਂਡੇ ਭਰਮ ਦਏ ਭੰਨਾਈਆ । ਪੁਰਖ ਅਕਾਲਾ ਸਭ ਦਾ ਇਕੋ ਧੁਰ ਦਾ ਸੱਜਣ, ਕੂੜੇ ਨਾਤੇ ਦਏ ਤੁੜਾਈਆ । ਅਠਸਠ ਨਾਲੋਂ ਗੁਰ ਸਰਨਾਈ ਸਾਚਾ ਮਜਨ, ਦੂਜਾ ਤਟ ਨਾ ਕੋਇ ਮਨਾਈਆ । ਜਗਤ ਵਿਕਾਰਾ ਮੇਟੇ ਅਗਨ, ਅੰਮ੍ਰਿਤ ਮੇਘ ਬਰਸਾਈਆ । ਜਿਥੇ ਨਾਦ ਅਗੰਮੀ ਵੱਜਣ, ਢੋਲਕ ਛੈਣਾ ਨਾ ਕੋਇ ਖੜਕਾਈਆ । ਜਿਥੇ ਜਗਤ ਦਵਾਰ ਰਹੇ ਕੋਈ ਨਾ ਹੱਦਣ, ਦਸਮ ਦਵਾਰੀ ਅਧ ਵਿਚ ਬੈਠੀ ਸੋਭਾ ਪਾਈਆ । ਜਿਸ ਘਰ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕੰਬਣ, ਸਿਰ ਸਕੇ ਨਾ ਕੋਇ ਉਠਾਈਆ । ਜਿਥੇ ਪੰਜ ਤਤ ਕਾਇਆ ਚੋਲੇ ਵਾਲੇ ਗੁਰੂ ਕਦੇ ਨਾ ਜੰਮਣ, ਸ਼ਬਦੀ ਜੋਤ ਵੱਜੇ ਵਧਾਈਆ । ਜਿਥੇ ਦ੍ਰਿਸ਼ਟੀ ਸ੍ਰਿਸ਼ਟੀ ਇਸ਼ਟੀ ਰਹੇ ਕੋਈ ਨਾ ਬੰਧਨ, ਰਸਨਾ ਜਿਹਵਾ ਬੱਤੀ ਦੰਦ ਢੋਲਾ ਕੋਇ ਨਾ ਗਾਈਆ । ਕਰੇ ਖੇਲ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਚਿੱਠੀ ਦਾ ਸਮਝ ਸਕੇ ਨਾ ਕੋਈ ਸਿਰਲੇਖ, ਸਮੁੰਦ ਸਾਗਰ ਨੇਤਰ ਨੈਣਾਂ ਨੀਰ ਵਹਾਈਆ । ਜਗਤ ਲੋਚਣ ਕੋਈ ਨਾ ਸਕੇ ਵੇਖ, ਇਹ ਹੁਕਮੇ ਦਿਤਾ ਦ੍ਰਿੜ੍ਹਾਈਆ । ਜੇ ਪ੍ਰਭ ਨਾਲ ਮਿਲ ਕੇ ਹੋ ਜਾਏ ਅਭੇਦ, ਫੇਰ ਪੜ੍ਹਨ ਲਿਖਣ ਦੀ ਲੋੜ ਰਹੇ ਨਾ ਰਾਈਆ । ਬਿਨਾ ਅੱਖਰਾਂ ਤੋਂ ਸਮਝ ਲਏ ਓਸ ਦੀ ਰੇਖ, ਜਿਸ ਦੀ ਰੇਖ ਰੰਗ ਰੂਪ ਨਾ ਕੋਇ ਦ੍ਰਿੜ੍ਹਾਈਆ । ਜਿਸ ਦਾ ਆਦਿ ਜੁਗਾਦੀ ਇਕੋ ਅੰਕ ਏਕ, ਏਕੰਕਾਰਾ ਬੇਪਰਵਾਹੀਆ । ਸਭ ਨੂੰ ਓਸ ਦੀ ਰਖਣੀ ਪਏ ਟੇਕ, ਸੁਨੇਹੜੇ ਘਰ ਘਰ ਰਿਹਾ ਪੁਚਾਈਆ । ਝੂਠਾ ਰਹਿਣ ਨਹੀਂ ਦੇਣਾ ਭੇਖ, ਕੂੜੀ ਕਿਰਿਆ ਦੇਣੀ ਮਿਟਾਈਆ । ਜਿਨ੍ਹਾਂ ਵਖੌਣਾ ਆਪਣਾ ਦੇਸ, ਸਾਚੇ ਘਰ ਲੈਣਾ ਬਹਾਈਆ । ਓਥੇ ਇਕੋ ਨਾਮ ਵਿਸ਼ੇਸ਼, ਦੂਜੀ ਅਵਰ ਨਾ ਕੋਇ ਪੜ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਸਦਾ ਰਹੇ ਹਮੇਸ਼, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਈਆ । ਇਹ ਚਿੱਠੀ ਨਹੀਂ ਭੁਲਿਆਂ ਭਟਕਿਆਂ ਨੂੰ ਦੇਵਣ ਆਇਆ ਸੰਦੇਸ਼, ਸੋਈ ਸੁਰਤੀ ਰਿਹਾ ਉਠਾਈਆ ।

ਜਿਨ੍ਹਾਂ ਨੇ ਅਜੇ ਤਕ ਨੌ ਦਵਾਰੇ ਪਾਰ ਨਹੀਂ ਕੀਤਾ ਗੇਟ, ਗੈਟਆਉਟ ਕਰਕੇ ਸਭ ਨੂੰ ਬਾਹਰ ਦਏ ਕਢਾਈਆ । ਅਗੇ ਹੁਣ ਨਹੀਂ ਕਰਨਾ ਕਿਸੇ ਦਾ ਵੇਟ, ਧੁਰ ਦਾ ਹੁਕਮ ਆਪ ਸਮਝਾਈਆ । ਜੋ ਸ਼ਹਿਨਸ਼ਾਹੀ ਸੰਮਤ ਵਿਚ ਹੋ ਗਏ ਲੇਟ, ਲੈਟਰ ਉਨ੍ਹਾਂ ਨੂੰ ਰਿਹਾ ਪੁਚਾਈਆ । ਏਥੇ ਕੋਈ ਨਾਮ ਭਗਤੀ ਵਾਲਾ ਲੱਗਾ ਨਹੀਂ ਰੇਟ, ਫੱਟੇ ਦਵਾਰਿਆਂ ਉਤੇ ਨਾ ਕੋਇ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਚਿੱਠੀ ਕਹੇ ਸੁਣੋ ਹੁਕਮ ਅਗੰਮ, ਸਭ ਨੂੰ ਦਿਆਂ ਜਣਾਈਆ । ਆਪਣਾ ਆਪਣਾ ਬਿਸਤਰਾ ਲਓ ਬੰਨ੍ਹ, ਡੰਕਾ ਵੱਜੇ ਬੇਪਰਵਾਹੀਆ । ਇਕੋ ਖੇਲ ਹੋਣਾ ਸ੍ਰੀ ਭਗਵਨ, ਦੂਜਾ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਦੇ ਸਰੋਤੇ ਸੁਣਦੇ ਨਹੀਂ ਸਰਵਣ, ਬੁੱਧੀ ਵਿਚਾਰ ਨਾ ਕੋਇ ਵਖਾਈਆ । ਉਨ੍ਹਾਂ ਨੂੰ ਦੇਣਾ ਜ਼ਰੂਰ ਡੰਨ, ਮਨ ਹੰਗਤਾ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਚਿੱਠੀ ਕਹੇ ਮੇਰਾ ਵਖਰਾ ਸਭ ਤੋਂ ਮਜ਼ਮੂਨ, ਮਜਮੂਹਾ ਰਿਹਾ ਸਮਝਾਈਆ । ਪੁਰਖ ਅਕਾਲ ਦਾ ਚਲਣਾ ਇਕ ਕ਼ਾਨੂੰਨ, ਬੇਕ਼ਾਇਦਗੀ ਸਾਰੀ ਦਏ ਮਿਟਾਈਆ । ਓਸੇ ਦੇ ਬਰਦੇ ਹੋ ਜਾਓ ਮਮਨੂਨ, ਜੋ ਮਾਇਆ ਮਮਤਾ ਮੋਹ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਸਮਝਾਈਆ । ਚਿੱਠੀ ਕਹੇ ਮੇਰਾ ਸਮਝ ਨਾ ਸਕਿਆ ਕੋਈ ਨੁਕ਼ਤਾ, ਜ਼ੇਰ ਜ਼ਬਰ ਨਜ਼ਰ ਕਿਸੇ ਨਾ ਆਈਆ । ਮੈਂ ਰਾਹ ਤਕਦੀ ਰਹੀ ਨੌਂ ਸੌ ਚੁਰਾਨਵੇ ਚੌਕੜੀ ਜੁਗ ਮੁਦਤਾ, ਦੋ ਜਹਾਨਾਂ ਧਿਆਨ ਲਗਾਈਆ । ਕਵਣ

੧੦੩੫ ਵੇਲਾ ਹੋਵੇ ਕਲਜੁਗ ਪੈਂਡਾ ਜਾਏ ਮੁੱਕਦਾ, ਲੇਖਾ ਲੇਖੇ ਦਏ ਲਗਾਈਆ । ਮੈਂ ਮੰਗਾਂ ਇਕੋ ਨਾਮ ਸੋਹਲਾ ਢੋਲਾ ਪੁਰਖ ਅਕਾਲ ਦੀ ਅਗੰਮੀ ਤੁਕ ੧੦੩੫

ਦਾ, ਜੋ ਤੁਖ਼ਮ ਤਾਸੀਰਾਂ ਦਏ ਬਦਲਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਸਜਦਿਆਂ ਵਿਚ ਝੁਕਦਾ, ਨਿਉਂ ਨਿਉਂ ਲਾਗੇ ਪਾਈਆ । ਜਿਸ ਦਾ ਤੀਰ ਨਿਸ਼ਾਨਾ ਕਦੇ ਨਾ ਉਕਦਾ, ਦੋ ਜਹਾਨਾਂ ਡੇਰੇ ਦੇਵੇ ਢਾਹੀਆ । ਉਹ ਕਾਗ਼ਜ਼ਾਂ ਵਾਲਿਆਂ ਅੱਖਰਾਂ ਕਦੇ ਨਾ ਪੁਛਦਾ, ਜੋ ਸਿਫ਼ਤ ਦੀ ਕਰਨ ਪੜ੍ਹਾਈਆ । ਉਹ ਖੇਲ ਜਾਣੇ ਲੱਖ ਚੁਰਾਸੀ ਰੂਹ ਬੁਤ ਦਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਉਹ ਅੰਮ੍ਰਿਤ ਮੇਘ ਬਰਸੇ ਆਪਣੇ ਘੁਟ ਦਾ, ਛਹਿਬਰ ਇਕ ਜਣਾਈਆ । ਜੇ ਕਿਤੇ ਮੇਲ ਹੁੰਦਾ ਤੁਹਾਡਾ ਵਾਂਗ ਭਗਤ ਪੁਤ ਦਾ, ਭਗਵਨ ਥੋੜ੍ਹੇ ਅੱਖਰਾਂ ਵਿਚੋਂ ਇਕੋ ਅੱਖਰ ਜਾਂਦਾ ਸਮਝਾਈਆ । ਇਹੋ ਖੇਲ ਸਚ ਤੇ ਸੁਚ ਦਾ, ਸਾਹਮਣੇ ਹੋ ਕੇ ਪਰਦਾ ਗਿਆ ਪਾਈਆ । ਹੁਣ ਅਗੇ ਲੇਖਾ ਰਹਿਣ ਨਹੀਂ ਦੇਣਾ ਲੁਕ ਦਾ, ਨੌ ਖੰਡ ਪ੍ਰਿਥਮੀ ਸਤ ਦੀਪ ਸਾਧਾਂ ਸੰਤਾਂ ਸਾਰਿਆਂ ਸ਼ਬਦ ਇਸ਼ਾਰੇ ਨਾਲ ਦੇਣਾ ਹਿਲਾਈਆ । ਕੋਈ ਓਹਲਾ ਰਹਿਣ ਨਹੀਂ ਦੇਣਾ ਗੁਝ ਦਾ, ਫੜ ਕੇ ਮੰਜ਼ਲ ਵੇਖਣੀ ਥਾਉਂ ਥਾਈਂਆ । ਜੇ ਕੋਈ ਬਣੇ ਮਾਲਕ ਓਸ ਰੁਤ ਦਾ, ਜੋ ਰੁਤੜੀ ਸਭ ਦੀ ਰਿਹਾ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਧੁਰ ਦੀ ਖੇਲ ਵਖਾਈਆ । ਚਿੱਠੀਆਂ ਕਹਿਣ ਅਸੀਂ ਆਈਆਂ ਦੋ, ਦੋਵੇਂ ਹੁਕਮ ਸੁਣਾਈਆ । ਗੁਰਮੁਖਾਂ ਨੂੰ ਮਿਲ ਗਈ ਓਸ ਦੀ ਸੋ, ਜੋ ਹੰ ਬ੍ਰਹਮ ਰਿਹਾ ਸਮਾਈਆ । ਪ੍ਰਭ ਤੋਂ ਵਿਛੜੇ ਰਹੇ ਰੋ, ਰਾਤੀ ਸੁਤਿਆਂ ਮਾਰਨ ਧਾਈਂਆ । ਜਿਨ੍ਹਾਂ ਦੀ ਆਤਮਾ ਨਾਲ ਪਰਮਾਤਮ ਗਿਆ ਛੋਹ, ਉਹ ਸ਼ਹਿਨਸ਼ਾਹ ਨਾਲ ਮਿਲ ਕੇ ਆਪਣਾ ਰੰਗ ਬਦਲਾਈਆ । ਉਨ੍ਹਾਂ ਨੂੰ ਬਿਨਾ ਅੱਖਾਂ ਤੋਂ ਅੰਦਰ ਆ ਗਈ ਲੋ, ਸਤਿਗੁਰ ਦਾ ਸ਼ਬਦ ਪੜ੍ਹਨ ਚਾਈਂ ਚਾਈਂਆ । ਵੇਖੋ ਤੁਹਾਡੇ ਨਾਲ ਕੋਈ ਕਰਨਾ ਨਹੀਂ ਜੇ ਧਰੋ, ਪਹਿਲੋਂ ਵਖਾ ਕੇ ਫੇਰ ਕਰ ਦੇਣੀ ਸਫ਼ਾਈਆ ।

ਭਾਵੇਂ ਤੁਸੀਂ ਕੋਟਨ ਕੋਟ ਵੇਂਹਦੇ ਸਾਧਾਂ ਦੇ ਗਰੋਹ, ਜੋ ਆਇਆ ਬਣ ਕੇ ਮਾਲਕ ਛੱਬੀ ਪੋਹ, ਉਹ ਸਭ ਦੀ ਅੰਤਰ ਆਤਮਾ ਖੋਜ ਖੁਜਾਈਆ । ਸ਼ਬਦ ਇਸ਼ਾਰੇ ਨਾਲ ਨਾਮ ਜੈਕਾਰੇ ਨਾਲ ਸਭ ਨੂੰ ਸੁਣਾਵੇ ਸੱਚੀ ਸੋ, ਲੁਕਿਆ ਕੋਇ ਰਹਿਣ ਨਾ ਪਾਈਆ । ਹੁਣ ਕੋਈ ਵੜਿਆ ਰਹਿਣ ਨਹੀਂ ਦੇਣਾ ਖੁੱਡਾਂ ਵਿਚ ਵਾਂਗ ਗੋਹ, ਪਿਛੋਂ ਫੜ ਕੇ ਬਾਹਰ ਦੇਣ ਕਢਾਈਆ । ਜਿਨ੍ਹਾਂ ਨੂੰ ਮਿਲ ਗਿਆ ਪਰਮ ਪੁਰਖ ਪਰਮਾਤਮ ਉਹ, ਉਹ ਕਿਉਂ ਬੈਠਣ ਮੁਖ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੁਖਨ ਰਿਹਾ ਸੁਣਾਈਆ । ਚਿੱਠੀਆਂ ਕਹਿਣ ਅਸੀਂ ਆਈਆਂ ਇਕੱਠੀਆਂ, ਧੁਰ ਦੇ ਮਾਲਕ ਦਿਤਾ ਪੁਚਾਈਆ । ਅਸੀਂ ਵੇਖਣੀਆਂ ਉਹ ਸਖ਼ੀਆਂ, ਜੋ ਹਰਿ ਕੰਤ ਰਹੀਆਂ ਹੰਢਾਈਆ । ਅਸੀਂ ਵੇਖਣੀਆਂ ਉਹ ਮੱਛੀਆਂ, ਜੋ ਬਿਨਾ ਜਲ ਆਪਣਾ ਆਪ ਮਿਟਾਈਆ । ਅਸੀਂ ਵੇਖਣੀਆਂ ਉਹ ਸੱਸੀਆਂ, ਜੋ ਥਲਾਂ ਦੇਣ ਦੁਹਾਈਆ । ਅਸੀਂ ਵੇਖਣੀਆਂ ਉਹ ਜੋ ਦੀਨਾਂ ਮਜ਼੍ਹਬਾਂ ਵਿਚ ਫਸੀਆਂ, ਮਨ ਦੀ ਕਰਨ ਲੜਾਈਆ । ਜੋ ਫਿਰਦੇ ਕਲਜੁਗ ਹੱਟੀਆਂ, ਸਾਚਾ ਨਾਮ ਝੋਲੀ ਕੋਇ ਨਾ ਪਾਈਆ । ਜਿਨ੍ਹਾਂ ਨੇ ਅੱਖੀਆਂ ਉਤੇ ਬੱਧੀਆਂ ਮਾਇਆ ਦੀਆਂ ਪੱਟੀਆਂ, ਹਾਜ਼ਰ ਹਜ਼ੂਰਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਮਣਕੇ ਮਣਕੇ ਵਾਲੀਆਂ ਮਾਲਾਂ ਰਟੀਆਂ, ਰੱਟਾ ਅੰਦਰੋਂ ਨਾ ਕੋਇ ਮੁਕਾਈਆ । ਅਸੀਂ ਵੇਖਣੀਆਂ ਉਹ ਜਿਹੜੀਆਂ ਸਤਿਗੁਰ ਸ਼ਬਦ ਨਾਲ ਗਈਆਂ ਫੱਟੀਆਂ , ਘਾਓ ਡੂੰਘੇ ਰਿਹਾ ਲਗਾਈਆ । ਅਸੀਂ ਵੇਖਣੀਆਂ ਉਹ ਜੋ ਫਿਰਨ ਬਾਜ਼ੀਗਰ ਵਾਂਗ ਨਟੀਆਂ, ਘਰ ਘਰ ਨਾਚ ਨਚਾਈਆ । ਅਸੀਂ ਵੇਖਣੀਆਂ ਉਹ ਜੋ ਕੰਤ ਸੁਹਾਗ ਪ੍ਰੀਤਮ ਨਾਲ ਵਸੀਆਂ, ਆਤਮ ਪਰਮਾਤਮ ਸੇਜਾ ਰਹੀਆਂ ਹੰਢਾਈਆ । ਅਸੀਂ ਵੇਖਣੀਆਂ ਉਹ ਜੋ ਸਤਿਗੁਰ ਨੂੰ ਵੇਖ ਕੇ ਪਿੱਛਾ ਦੇ ਕੇ ਨੱਸੀਆਂ, ਸ਼ਬਦ ਗੁਰੂ ਸਾਰ ਕੋਇ ਨਾ ਆਈਆ । ਅਸੀਂ ਵੇਖਣੀਆਂ ਉਹ ਜੋ ਸਾਢੇ ਤਿੰਨ ਹੱਥ ਕਾਇਆ ਅੰਦਰ ਵਸੀਆਂ, ਵਾਸਤਾ ਇਕੋ ਨਾਲ ਜੁੜਾਈਆ । ਅਸੀਂ ਵੇਖਣੀਆਂ ਉਹ ਜਿਹੜੀਆਂ ਊੜੇ ਐੜੇ ਵਾਲੀਆਂ ਪੜ੍ਹਦੀਆਂ ਪੱਟੀਆਂ, ਅਲਿਫ਼ ਯੇ ਕਲਮਾਂ ਨਾਲ ਬਣਾਈਆ । ਅਸੀਂ ਵੇਖਣੀਆਂ ਉਹ ਜਿਹੜੀਆਂ ਓਸ ਦੇ ਪ੍ਰੇਮ ਵਿਚ ਰਤੀਆਂ, ਰਤੀ ਰਤ ਰਹਿਣ ਨਾ ਪਾਈਆ । ਅਸੀਂ ਵੇਖਣੀਆਂ ਓਹ ਮੋਮਬੱਤੀਆਂ, ਜਿਹੜੀਆਂ ਜੋਤ ਨਿਰੰਜਣ ਨਾਲ ਕਰਨ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਪਰਗਟਾਈਆ । ਚਿੱਠੀਆਂ ਕਹਿਣ ਸਾਨੂੰ ਕੌਣ ਪੜ੍ਹਦਾ, ਕਿਸ ਨੂੰ ਦਈਏ ਸਮਝਾਈਆ । ਜੋ ਸਾਹਿਬ ਸਤਿਗੁਰ ਦੇ ਚਰਨ ਦਵਾਰੇ ਦੀ ਮੰਜ਼ਲ ਚੜ੍ਹਦਾ, ਉਨ੍ਹਾਂ ਨੂੰ ਅੱਖਰ ਅੱਖਰ ਨਜ਼ਰੀ ਆਈਆ । ਜੋ ਮਾਲਕ ਦਾ ਹੋਇਆ ਬਰਦਾ, ਬੰਦੀਖ਼ਾਨੇ ਗਿਆ ਤੁੜਾਈਆ । ਉਨ੍ਹਾਂ ਦਾ ਆਪੇ ਸਾਫ਼ ਸੁਥਰਾ ਹੋ ਜਾਏ ਵਰਕਾ, ਜਲ ਪਾਣੀ ਅੱਖਰ ਨਾ ਕੋਇ ਮਿਟਾਈਆ । ਇਹੋ ਤੁਹਾਡੇ ਵਿਚ ਅਜੇ ਫਰਕਾ, ਜੋ ਫ਼ੈਸਲੇ ਵਾਲਾ ਫ਼ੈਸਲਾ ਹਕ ਰਿਹਾ ਸੁਣਾਈਆ । ਜੇ ਸਾਹਿਬ ਸਤਿਗੁਰ ਦਾ ਸਚ ਦਵਾਰੇ ਨਿਰਗੁਣ ਨੂਰ ਵਿਚ ਕੀਤਾ ਹੁੰਦਾ ਦਰਸਾ, ਅੱਖਰ ਭੁਲ ਕਦੇ ਨਾ ਜਾਈਆ । ਇਹ ਅਜੇ ਬਿਨਾ ਮਿਹਰ ਤੋਂ ਭਾਣਾ ਵਰਤਾ, ਜੋ ਆਪ ਰਿਹਾ ਜਣਾਈਆ । ਇਸ ਤੋਂ ਅਗਲਾ ਬਹੁਤਾ ਪਰਦਾ, ਬਿਨਾ ਭਗਤਾਂ ਨਾ ਕਿਸੇ ਖੁਲ੍ਹਾਈਆ । ਜੋ ਮੰਜ਼ਲ ਅਗੰਮੀ ਚੜ੍ਹਦਾ, ਆਵਣ ਜਾਵਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਚਿੱਠੀ ਆਪ ਪੁਚਾਈਆ । ਚਿੱਠੀ ਕਹੇ ਕਿਸੇ ਨਹੀਂ ਵੇਖਿਆ ਚਿੱਠੀ ਰਸੈਣ, ਜੋ ਜਗਤ ਮੇਜ਼ ਉਤੇ ਗਿਆ ਟਿਕਾਈਆ । ਇਹ ਰਸਨਾ ਸਦਾ ਸਭ ਨੂੰ ਆਈ ਕਹਿਣ, ਕਹਿ ਕਹਿ ਰਹੀ ਜਣਾਈਆ । ਜੇ ਤੁਹਾਡਾ ਖੁਲ੍ਹਿਆ ਹੁੰਦਾ ਨਿਜ ਨੇਤਰ ਤੀਜਾ ਨੈਣ, ਫਿਰ ਆਪੇ

ਹੋ ਜਾਂਦੀ ਪੜ੍ਹਾਈਆ । ਸਤਿਗੁਰ ਸ਼ਬਦੀ ਨਿਰਗੁਣ ਸਰਗੁਣ ਧਾਰ ਹੁਣ ਸਾਧਾਂ ਦਾ ਆਇਆ ਟੈਸਟ ਲੈਣ, ਈਸਟ ਵੈਸਟ ਸਾਰੇ ਖੋਜ ਖੁਜਾਈਆ । ਜੋ ਚੰਗੇ ਹੋ ਕੇ ਬੈਸਟ ਤਗਮਾ ਲੈਣ, ਤਿਨ੍ਹਾਂ ਨੂੰ ਦੇਵੇ ਮਾਣ ਵਡਿਆਈਆ । ਨਹੀਂ ਤੇ ਕਰਕੇ ਅਰੈਸਟ ਵਹਾ ਦੇਵੇ ਅਗਲੇ ਵਹਿਣ, ਜਿਥੇ ਰਾਏ ਧਰਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਿਚ ਸ਼ਬਦੀ ਹੁਕਮ ਵਰਤਾਈਆ । ਚਿੱਠੀਆਂ ਕਹਿਣ ਸਾਡਾ ਲਿਖਣ ਵਾਲਾ ਨਿਰਾਲਾ, ਨਿਰਾਕਾਰ ਬੇਪਰਵਾਹੀਆ । ਜਿਸ ਦਾ ਮਜ਼ਮੂਨ ਬੇਮਿਸਾਲਾ, ਮਿਸਾਲ ਵਿਚ ਨਾ ਕੋਇ ਸਮਝਾਈਆ । ਜਿਸ ਦਾ ਪੜ੍ਹਨਾ ਨਹੀਂ ਸੁਖਾਲਾ, ਜਗਤ ਨੇਤਰ ਦੇਣ ਦੁਹਾਈਆ । ਜਿਹੜਾ ਹੱਥ ਨਾ ਆਏ ਲਭਿਆਂ ਭਾਲਾ, ਚਾਰੋਂ ਕੁੰਟ ਖੋਜ ਖੁਜਾਈਆ । ਜਿਹੜਾ ਮੰਜ਼ਲ ਚੋਟੀ ਚੜ੍ਹ ਕੇ ਬੈਠਾ ਅਖ਼ੀਰ ਸਾਢੇ ਤਿੰਨ ਹੱਥ ਸੱਚੀ ਧਰਮਸਾਲਾ, ਧਰਮ ਦਵਾਰੇ ਡੇਰਾ ਲਾਈਆ । ਜੋ ਲਹਿਣਾ ਦੇਣਾ ਦੇਵਣਹਾਰ ਸ਼ਾਹ ਕੰਗਾਲਾ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਆਪਣੇ ਅੰਦਰੋਂ ਪਰਦਾ ਚੁਕ ਲਓ ਰੁਮਾਲਾ, ਜੋ ਰੋਮ ਰੋਮ ਅੰਦਰ ਡੰਕਾ ਰਿਹਾ ਲਗਾਈਆ । ਫੇਰ ਅੱਖਰ ਨਜ਼ਰ ਨਾ ਆਵੇ ਕੋਈ ਕਾਲਾ, ਚਿੱਟੀ ਧਾਰ ਦਏ ਪਰਗਟਾਈਆ । ਜਿਸ ਵਿਚ ਪਹਿਲਾ ਜੁਵਾਬ ਤੇ ਦੂਜਾ ਸੁਵਾਲਾ, ਸੁਵਾਲ ਜਵਾਬ ਆਪਣਾ ਦਏ ਸਮਝਾਈਆ । ਕਲਜੁਗ ਜਗਤ ਅੰਧੇਰ ਦਿਸੇ ਤਰਕਾਲਾ, ਅੰਧ ਅੰਧੇਰਾ ਚਾਰੋਂ ਕੁੰਟ ਛਾਈਆ । ਜਿਸ ਨੇ ਸੁੱਤਿਆਂ ਆਪ ਉਠਾਲਾ, ਹੁਲਾਰਾ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚਿੱਠੀ ਉਤੇ ਇਸ ਕਰ ਕੇ ਕੀਤੇ ਨਹੀਂ ਦਸਖਤ, ਅਗੰਮੀ ਹਰੂਫ਼ ਨਾ ਕੋਇ ਜਣਾਈਆ । ਅਛਲ ਛਲ ਕਰ ਕੇ ਕਮਲਾਪਤ, ਪਤਿਪਰਮੇਸ਼ਵਰ ਖੇਲ ਕਰਾਈਆ । ਕਿਸੇ ਨਾ ਸਮਝਾਵੇ ਬਿਨਾ ਧੁਰ ਦੇ ਭਗਤ, ਨਿਰਅੱਖਰ ਨਾ ਕਰੇ ਪੜ੍ਹਾਈਆ । ਜਿਸ ਦਾ ਖੇਲ ਨਹੀਂ ਹੋਣਾ ਬਸ, ਬਸਤੇ ਸਭ ਦੇ ਰਿਹਾ ਬੰਧਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਲੱਖ ਚੁਰਾਸੀ ਅੰਦਰ ਬਾਹਰ ਗੁਪਤ ਜ਼ਾਹਰ ਰਿਹਾ ਨੱਸ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਤੁਸਾਂ ਜਗਤ ਕਾਗ਼ਜ਼ਾਂ ਵਾਲੇ ਬਸਤੇ ਮਾਰੇ ਕੱਛ, ਕਲਜੁਗ ਕੂੜੇ ਕੋਠੇ ਅੰਦਰ ਗਏ ਆਈਆ । ਉਹ ਦੋਵੇਂ ਚਿੱਠੀਆਂ ਤੁਹਾਡੇ ਹੱਥਾਂ ਵਿਚੋਂ ਗਈਆਂ ਬਚ, ਬਿਨਾ ਗੁਰਮੁਖਾਂ ਉਨ੍ਹਾਂ ਨੂੰ ਆਪਣੀ ਛਾਤੀ ਨਾ ਕੋਇ ਲਗਾਈਆ । ਇਹੋ ਖੇਲ ਓਸ ਰੱਬ ਸਚ, ਜੋ ਸਚ ਕਰ ਕੇ ਰਿਹਾ ਵਖਾਈਆ । ਲੈਣ ਨਹੀਂ ਦੇਣਾ ਕੋਈ ਮਨ ਮਤਿ ਬੁਧਿ ਵਾਲਾ ਅੱਜ ਪੱਜ, ਪੰਜਾਂ ਵਾਲੀ ਕਰਨੀ ਨਾ ਕੋਇ ਲੜਾਈਆ । ਜਿਹੜੇ ਗੁਰਮੁਖ ਸਤਿਗੁਰੂ ਦੇ ਚਰਨਾਂ ਵਿਚ ਬੈਠੇ ਸਜ, ਉਨ੍ਹਾਂ ਨੂੰ ਸਾਜਣ ਹੋ ਕੇ ਨਜ਼ਰੀ ਆਈਆ । ਧੁਰ ਦਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਕੋਈ ਕਰ ਨਾ ਸਕੇ ਰਦ, ਰਦੋਅਮਲ ਵਿਚ ਵੇਖੇ ਸਰਬ ਲੋਕਾਈਆ । ਬਿਨਾ ਸਤਿਗੁਰ ਕਿਰਪਾ ਸਕੇ ਨਾ ਕੋਈ ਸਮਝ, ਭੇਵ ਅਭੇਦ ਨਾ ਕੋਇ ਦ੍ਰਿੜਾਈਆ । ਸਿਆਣਿਆਂ ਨੂੰ ਇਸ਼ਾਰੇ ਵਾਲੀ ਰਮਜ਼, ਨੁਕ਼ਤਾ ਇਕੋ ਦਏ ਜਣਾਈਆ । ਧੁਰ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਪਰਵਰਦਿਗਾਰ ਸਾਂਝਾ ਯਾਰ ਏਕੰਕਾਰ ਇਕ ਇਕੱਲਾ ਬਣ ਕੇ ਲੱਖ ਚੁਰਾਸੀ ਖ਼ਸਮ, ਖ਼ਾਲਸ ਆਪਣਾ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤਤ ਕਾਇਆ ਮਾਟੀ ਖੇਲ ਨਹੀਂ ਵਜੂਦ ਜਿਸਮ, ਮਹਿਬੂਬ ਮਿਹਰਵਾਨ ਨੂਰ ਨੁਰਾਨਾ ਨੂਰ ਖ਼ੁਦਾਈਆ ।

੧੦੩੭

❊ ੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਡੇਰ੍ਹੀ ਵਾਲਾ ਤਾਰਾ ਸਿੰਘ ਦੇ ਨਵਿਤ ਜ਼ਿਲਾ ਅੰਮ੍ਰਿਤਸਰ ❊

(ਧਰਮਸਾਲਾ ਵਿਚ ਸੰਤ ਲਛਮਣ ਸਿੰਘ ਅੰਦਰੋਂ ਬਾਹਰ ਨਹੀਂ ਨਿਕਲਿਆ)

ਗੁਰਮੁਖ ਕਿਹਾ ਮੇਰੇ ਚਿੰਤਾ ਮਨ, ਸੰਸਾ ਰੋਗ ਨਾ ਕੋਇ ਮਿਟਾਈਆ । ਪੰਚ ਵਿਕਾਰਾ ਲਗੀ ਅੱਗ ਤਨ, ਦਿਵਸ ਰੈਣ ਰਹੀ ਜਲਾਈਆ । ਕੂੜੀ ਕਿਰਿਆ ਖ਼ਾਹਿਸ਼ ਵਾਸਨਾ ਕੋਈ ਨਾ ਸਕੇ ਬੰਨ੍ਹ, ਸ਼ਬਦੀ ਡੋਰੀ ਤੰਦ ਨਾ ਕੋਇ ਬੰਧਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣ ਸੁਣ ਥੱਕੇ ਕੰਨ, ਆਤਮ ਪਰਮਾਤਮ ਪਰਦਾ ਕੋਇ ਨਾ ਲਾਹੀਆ । ਸਾਚਾ ਨੂਰੀ ਜੋਤ ਚੜ੍ਹਿਆ ਮੂਲ ਨਾ ਚੰਨ, ਅੰਧ ਅੰਧੇਰ ਨਾ ਕੋਇ ਮਿਟਾਈਆ । ਕਰਾਂ ਬੇਨੰਤੀ ਦੋਏ ਜੋੜ ਬੰਨ੍ਹ, ਬੰਦਗੀ ਵਾਸਤਾ ਡੰਡੌਤ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਦ ਦਏ ਖੁਲ੍ਹਾਈਆ । ਮਨ ਮਨੂਆ ਦਹਿ ਦਿਸ਼ਾ ਰਿਹਾ ਭਜ, ਅੱਠੇ ਪਹਿਰ ਆਪਣਾ ਪੰਧ ਮੁਕਾਈਆ । ਕੂੜੀ ਵਾਸਨਾ ਅੰਦਰ ਰਿਹਾ ਰਚ, ਰਚਨਾ ਵੇਖੇ ਚਾਈਂ ਚਾਈਂਆ । ਜਿੰਨਾਂ ਚਿਰ ਸਤਿਗੁਰ ਸ਼ਬਦ ਨਾ ਮਿਲੇ ਸੱਚ, ਡੋਰੀ ਪ੍ਰੇਮ ਨਾ ਕੋਇ ਬੰਧਾਈਆ । ਓਨਾਂ ਚਿਰ ਭਾਗ ਲਗਣਾ ਨਹੀਂ ਕਾਇਆ ਮਾਟੀ ਕਚ, ਘਰ ਸਾਚੇ ਨਾ ਵੱਜੇ ਵਧਾਈਆ । ਮਿਹਰਵਾਨ ਹੋ ਕੇ ਸਤਿਗੁਰ ਅੰਦਰੋਂ ਖੋਲ੍ਹ ਦੇਵੇ ਅੱਖ, ਪਰਦਾ ਦੇਵੇ ਲਾਹੀਆ । ਫੇਰ ਮਨ ਵਾਸਨਾ ਆਪੇ ਹੋ ਜਾਏ ਸਥਰ ਨਹੀਂ ਸਟ, ਸਿਰ ਅਵਰ ਨਾ ਕੋਇ ਉਠਾਈਆ । ਦਇਆਵਾਨ ਦਇਆ ਕਰੇ ਪੁਰਖ ਸਮਰਥ, ਸਾਹਿਬ ਸੁਲਤਾਨ ਆਪਣੇ ਹੱਥ ਰੱਖੇ ਵਡਿਆਈਆ । ਜਾਂਦਿਆਂ ਜਾਂਦਿਆਂ ਤੁਹਾਡਾ ਮਨ ਤੁਹਾਡੇ ਕਰ ਜਾਏ ਵਸ, ਵਾਸਤਾ ਤੁਹਾਡੇ ਨਾਲ ਰਖਾਈਆ । ਕਰੇ ਨਬੇੜਾ ਹਕੀਕਤ ਹਕ, ਫ਼ੈਸਲਾ ਇਕੋ ਇਕ ਸਮਝਾਈਆ । ਘਰ ਸਵਾਮੀ ਮਿਲੇ ਠਾਕਰ ਹਸ ਹਸ, ਹਸਤੀ ਵਿਚੋਂ ਹਸਤੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮਨੂਆ ਵੇਖ ਵਖਾਈਆ । ਮਨ ਮਨੂਆ ਜਾਏ ਝੁਕ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਵੇਲੇ ਸਾਹਿਬ ਸਤਿਗੁਰ ਦੀ ਪੜ੍ਹ ਲਏ ਬਿਨ ਰਸਨਾ ਜਿਹਵਾ ਅੰਦਰ ਤੁਕ, ਤੁਖ਼ਮ ਤਾਸੀਰ ਦਏ ਬਦਲਾਈਆ । ਜਗਤ ਖ਼ਾਹਿਸ਼ਾਂ ਦਾ ਪੈਂਡਾ ਜਾਏ ਮੁਕ, ਨੌਂ ਦਵਾਰੇ ਡੇਰਾ ਦੇਵੇ ਢਾਹੀਆ । ਸਾਢੇ ਤਿੰਨ ਹੱਥ ਅੰਦਰ ਸੋਹਣਾ ਮਿਲੇ ਸੁਖ, ਸੁਖ ਸਾਗਰ ਦਏ ਜਣਾਈਆ । ਲੇਖੇ ਲਗੇ ਮਾਣਸ ਜਨਮ ਮਨੁਖ, ਮਨ ਦੀ ਮਮਤਾ ਦਏ ਮਿਟਾਈਆ । ਜਨਮ ਜਨਮ ਦਾ ਗੇੜਾ ਮਿਟੇ ਦੁਖ, ਲੱਖ ਚੁਰਾਸੀ ਗੇੜਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤੀ ਸ਼ਬਦੀ ਜੋੜ ਜੁੜਾਈਆ । ਮਨ ਕਹੇ ਮੇਰਾ ਨਹੀਂ ਕੋਈ ਮਾਣ ਤਾਣ, ਮੈਂ ਭਗਤਾਂ ਦਿਆਂ ਜਣਾਈਆ । ਜਿਨ੍ਹਾਂ ਨੂੰ ਸਤਿਗੁਰ ਆਪ ਲਏ ਪਹਿਚਾਨ, ਪਹਿਚਾਨ ਆਪਣੀ ਦਏ ਸਮਝਾਈਆ । ਅੰਦਰ ਦੇ ਕੇ ਸਚ ਫ਼ਰਮਾਨ, ਸਚ ਸੰਦੇਸ਼ਾ ਇਕ ਅਲਾਈਆ । ਕੂੜੀ ਕਿਰਿਆ ਮੇਟੇ ਵਿਚ ਜਹਾਨ, ਜਹਾਲਤ ਦਵੈਤੀ ਵਾਲੀ ਦਏ ਗਵਾਈਆ । ਮਨ ਕਹੇ ਮੈਂ ਸਦਾ ਸ਼ੈਤਾਨ, ਇਨਸਾਨਾਂ ਬਣਾਵਾਂ ਹੈਵਾਨ, ਖੁਡਿਆਂ ਦੇ ਅੰਦਰ ਦੇਵਾਂ ਪਾਈਆ । ਜਿਨ੍ਹਾਂ ਦੇ ਘਰ ਗੁਰਮੁਖ ਹੋਣ ਮਹਿਮਾਨ, ਜਿਨ੍ਹਾਂ ਦੇ ਅੰਦਰ ਜੋਤੀ ਜਲਵਾ ਨੂਰ ਮਹਾਨ, ਸ਼ਬਦ ਨਾਦ ਵੱਜੇ ਧੁਨਕਾਨ, ਢੋਲਾ ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਚੰਚਲ ਦਏ ਬਣਾਈਆ । ਮਨ ਚੰਚਲ ਕਹੇ ਮੈਂ ਬੜਾ ਠਗ, ਕਲਜੁਗ ਸੰਤਾਂ ਰਿਹਾ ਠਗਾਈਆ । ਅੰਦਰ ਲਾ ਕੇ ਪੰਜ ਤਤ ਕਾਇਆ ਅੱਗ, ਕਾਇਆ ਕੁਲੀ ਦਿਤੀ ਜਲਾਈਆ । ਇੱਟਾਂ

ਪੱਥਰਾਂ ਅੰਦਰ ਵੜਿਆ ਭੱਜ, ਆਪਣਾ ਮੁਖ ਛੁਪਾਈਆ । ਜਿਨ੍ਹਾਂ ਦੇ ਸ਼ਬਦ ਅਗੰਮੀ ਨਾਦ ਰਿਹਾ ਵਜ, ਉਹ ਗੁਰਮੁਖਾਂ ਨੂੰ ਮਿਲਣ ਚਾਈਂ ਚਾਈਆ । ਹਰਿ ਸੰਗਤ ਮਿਲਿਆਂ ਬਿਨਾ ਮੱਕੇ ਕਾਅਬਿਉਂ ਹੋ ਜਾਏ ਹੱਜ, ਹਜ਼ਰਤ ਸਾਖ਼ਿਆਤ ਦਰਸ ਦੇਵੇ ਦਿਖਾਈਆ । ਗੁਰਮੁਖਾ ਤੇਰੇ ਅੰਦਰੋਂ ਮਨ ਦੀ ਮਮਤਾ ਦਏ ਕਢ, ਸ਼ਬਦ ਖੰਡਾ ਇਕੋ ਵਾਰ ਫਿਰਾਈਆ । ਰਾਤੀ ਸੁੱਤਿਆਂ ਦਿਨੇ ਜਾਗਦਿਆਂ ਦਰਸ਼ਨ ਦੇਵੇ ਰਜ ਰਜ, ਰਜੋ ਤਮੋ ਸਤੋ ਲੇਖਾ ਦਏ ਚੁਕਾਈਆ । ਕੋਈ ਸੰਸਾਰੀਆਂ ਵਾਲਾ ਲੈਣਾ ਨਹੀਂ ਅੱਜ ਪੱਜ, ਭੰਡਾਰੀਆਂ ਵਾਲਾ ਭੰਡਾਰ ਦੇਣਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਅੰਤਮ ਮੇਲ ਮਿਲਾਈਆ । ਮਨ ਕਹੇ ਮੇਰੀ ਕਵਣ ਜਾਣੇ ਮਨਸਾ, ਮਾਇਆ ਮਮਤਾ ਮੋਹ ਵਿਚ ਲੋਕਾਈਆ । ਮੈਂ ਕਾਗ ਬਣਾਵਾਂ ਹੰਸਾ, ਵੇਖਾਂ ਥਾਉਂ ਥਾਈਂਆ । ਜਿਸ ਨੇ ਭਰਮ ਵਿਚ ਪਾਈ ਜੰਤਾ, ਬਿਨਾ ਮੰਜ਼ਲ ਤੋਂ ਕਰੇ ਪੜ੍ਹਾਈਆ । ਜਿਸ ਦੇ ਅੰਦਰ ਹਉਮੇ ਹੰਗਤਾ, ਕੂੜੇ ਅੰਦਰ ਬੈਠਾ ਮੁਖ ਛੁਪਾਈਆ । ਜੇ ਸਤਿਗੁਰੂ ਦੇ ਨਾਮ ਦੀ ਕੋਲ ਹੁੰਦੀ ਸੱਨਦਾ, ਸਾਹਮਣੇ ਹੋ ਕੇ ਦਿੰਦਾ ਵਖਾਈਆ । ਇਹ ਖੇਲ ਘਰ ਘਰ ਮਨ ਦਾ, ਕਰੇ ਜਗਤ ਲੜਾਈਆ । ਗੁਰਸਿਖ ਤੂੰ ਰੂਪ ਓਸ ਪਰਮਾਤਮਾ ਦੇ ਅਗੰਮੀ ਚੰਦ ਦਾ, ਜਿਸ ਦਾ ਚਾਂਦਨਾ ਨੌਂ ਖੰਡ ਪ੍ਰਿਥਮੀ ਕਰੇ ਰੁਸ਼ਨਾਈਆ । ਪੁਰਖ ਅਕਾਲ ਦੀਨ ਦਿਆਲ ਸਤਿਗੁਰ ਪੂਰਾ ਆਦਿ ਜੁਗਾਦਿ ਗੁਰਮੁਖਾਂ ਪ੍ਰੇਮੀ ਪਿਆਰਿਆਂ ਅੰਦਰ ਹੋ ਕੇ ਬੇੜਾ ਬੰਨ੍ਹਦਾ, ਮਨ ਵਿਕਾਰੀ ਹੰਕਾਰੀ ਡੰਨਦਾ, ਅੰਤਰ ਆਤਮ ਪਰਮਾਤਮ ਦਏ ਵਖਾਈਆ ।



## ❊ ੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਡੇਰ੍ਹੀ ਵਾਲਾ ਬੋਹੜ ਦੇ ਥੱਲੇ ਜ਼ਿਲਾ ਅੰਮ੍ਰਿਤਸਰ ❊

ਇਹ ਜਗਹ ਕਹੇ ਮੈਨੂੰ ਦਰਖ਼ਤ ਨਾ ਸਮਝਿਓ ਬੋਹੜ, ਬਹੁੜੀ ਬਹੁੜੀ ਬਹੁੜੀ ਕਰ ਕੇ ਦਿਆਂ ਜਣਾਈਆ । ਗੁਰਮੁਖੋ ਆਪਣੀ ਆਤਮਾ ਓਸ ਪਰਮਾਤਮਾ ਨਾਲ ਲਓ ਜੋੜ, ਜੋ ਗੁਰੂ ਗੋਬਿੰਦ ਦਾ ਬਣਿਆ ਪਿਤਾ ਮਾਈਆ । ਫਿਰ ਤੁਹਾਨੂੰ ਕਿਸੇ ਗੁਰੂ ਦੀ ਰਹਿਣੀ ਨਹੀਂ ਲੋੜ, ਪਿੰਡਾਂ ਨਗਰਾਂ ਵਿਚ ਭੱਜਣਾ ਪਏ ਨਾ ਵਾਹੋ ਦਾਹੀਆ । ਤੁਹਾਡਾ ਅੰਮ੍ਰਿਤ ਰਸ ਮਿੱਠਾ ਹੋ ਜਾਵੇ ਰੀਠਾ ਰਹੇ ਨਾ ਕੌੜ, ਕੂੜੀ ਕਿਰਿਆ ਬਾਹਰ ਦਿਤੀ ਕਢਾਈਆ । ਘਰ ਆਪਣੇ ਤਕ ਕੇ ਵੇਖੋ ਗ਼ੌਰ, ਗਹਿਰ ਗੰਭੀਰ ਬੈਠਾ ਡੇਰਾ ਲਾਈਆ । ਗੁਰਮੁਖਾਂ ਨੂੰ ਮਿਲ ਕੇ ਸਭ ਦਾ ਮਾਨਸ ਜਨਮ ਜਾਵੇ ਸੌਰ, ਨਾਨਕ ਗੋਬਿੰਦ ਸਭ ਨੂੰ ਕਰ ਕੇ ਗਏ ਪੜ੍ਹਾਈਆ । ਜੇ ਕੋਈ ਭੁਲ ਕੇ ਆ ਜਾਵੇ ਠਗ ਚੋਰ, ਉਸ ਨੂੰ ਫੜ ਕੇ ਗਲੇ ਲਓ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਜਣਾਈਆ । ਜਗਹ ਕਹੇ ਮੇਰੇ ਥੱਲੇ ਬੋਹੜ ਦੀ ਜੜ੍ਹ, ਡੂੰਘੀ ਨਜ਼ਰੀ ਆਈਆ । ਗੁਰਸਿਖੋ ਮਾਨਸ ਦੇਹੀ ਆਪਣੇ ਗਗਨ ਵੇਖੋ ਚੜ੍ਹ, ਜਿਥੇ ਮੰਜ਼ਲ ਬੇਪਰਵਾਹੀਆ । ਜਿਸ ਘਰ ਸਤਿਗੁਰ ਪੂਰਾ ਜਾਂਦਿਆਂ ਬਾਹੋਂ ਲਏ ਫੜ, ਨਾ ਕਿ ਜਿੰਦਰੇ ਮਾਰ ਕੇ ਅੰਦਰ ਮੁਖ ਛੁਪਾਈਆ । ਸਤਿਗੁਰ ਸ਼ਬਦ ਸਭ ਦੇ ਉਤੇ ਸਦਾ ਕਿਰਪਾ ਰਿਹਾ ਕਰ, ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਵੰਡ ਨਾ ਕੋਇ ਵੰਡਾਈਆ । ਉਹ ਸਭ ਦਾ ਮਾਲਕ ਤੇ ਸਭ ਦੇ ਵਸਿਆ ਘਰ, ਘਟ ਖ਼ਾਲੀ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਨੇ ਨਾਨਕ ਸਤਿਗੁਰ ਦੀ ਵਿਦਿਆ ਲਈ ਪੜ੍ਹ, ਉਹ ਸੱਜਣਾਂ ਨੂੰ ਸੱਜਣ ਮਿਲਣ ਚਾਈਂ ਚਾਈਆ । ਮੁਖ ਛਪੌਣ ਨਾਲੋਂ ਚੰਗਾ ਜਾਣਾ ਮਰ, ਬਿਨ ਪਿਆਰ ਮੁਹੱਬਤ ਮਾਨਸ

੧੦੪੦

ਜਨਮ ਕੰਮ ਕਿਸੇ ਨਾ ਆਈਆ । ਰੋ ਕੇ ਪੁਕਾਰੇ ਧੌਲ ਧਰਨੀ ਧਰ, ਧਵਲ ਦਏ ਦੁਹਾਈਆ । ਧੰਨ ਭਾਗ ਜੇ ਗੁਰਮੁਖ ਸੱਚੇ ਮੇਰੇ ਉਤੇ ਰਹੇ ਖੜ੍ਹ, ਬਹਿ ਬਹਿ ਕੇ ਆਸਣ ਲਾਈਆ । ਇਹ ਵੀ ਪਿਛਲਾ ਤ੍ਰੇਤੇ ਜੁਗ ਦਾ ਵਰ, ਸੀਤਾ ਰਾਮ ਦੇ ਕੇ ਗਏ ਗਵਾਹੀਆ । ਜਿਥੇ ਕਦੀ ਵਾਸਨਾ ਆਈ ਸੀ ਦੂਖਨ ਤੇ ਖਰ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਬੋਹੜ ਕਹੇ ਮੇਰਾ ਆਇਆ ਬੁਢਾਪਾ, ਓਹ ਬੁੱਢਿਓ ਨੱਢਿਓ ਬੱਚਿਓ ਸਭ ਨੂੰ ਦਿਆਂ ਜਣਾਈਆ । ਪੁਰਖ ਅਕਾਲ ਸਭ ਦਾ ਮਾਪਾ, ਇਕੋ ਇਕ ਅਖਵਾਈਆ । ਜੋ ਰੂਹ ਬੁਤ ਦੋਵੇਂ ਕਰੇ ਪਾਕਾ, ਅੰਦਰ ਬਾਹਰ ਕਰੇ ਸਫ਼ਾਈਆ । ਜੋ ਅੰਦਰ ਵੜ ਕੇ ਖੋਲ੍ਹੇ ਤਾਕਾ, ਬਜਰ ਕਪਾਟੀ ਕੁੰਡਾ ਦਏ ਖੁਲ੍ਹਾਈਆ । ਪ੍ਰੇਮੀਆਂ ਦਾ ਪ੍ਰੇਮੀਆਂ ਨਾਲ ਬਣਾਵੇ ਸਾਥਾ, ਇਹੋ ਗੋਬਿੰਦ ਅੰਮ੍ਰਿਤ ਜਾਮ ਪਿਆ ਕੇ ਗਿਆ ਸਮਝਾਈਆ । ਕਿਸੇ ਕੰਮ ਨਾ ਆਵੇ ਰਗੜਿਆ ਮਾਥਾ, ਜਿੰਨਾਂ ਚਿਰ ਮਸਤਕ ਵਿਚ ਖ਼ੁਸ਼ੀ ਨੂਰ ਨਜ਼ਰ ਨਾ ਆਈਆ । ਮਾਨਸ ਜਨਮ ਏਹੋ ਘਾਟਾ, ਜੋ ਗੁਰਮੁਖਾਂ ਕੋਲੋਂ ਗੁਰਸਿਖ ਬੈਠੇ ਮੁਖ ਭਵਾਈਆ । ਇਸ ਤੋਂ ਬਾਦ ਸਭ ਨੂੰ ਪੈਣੀ ਚੁਰਾਸੀ ਦੀ ਵਾਟਾ, ਬਿਨ ਗੋਬਿੰਦ ਪਾਰ ਨਾ ਕੋਇ ਲੰਘਾਈਆ । ਇਹ ਕੋਈ ਚੱਕੀਆਂ ਖਰਾਸਾਂ ਤੇ ਪੀਸਣ ਵਾਲਾ ਨਹੀਂ ਆਟਾ, ਪੁੜ ਨਾਲ ਪੁੜ ਦਿਤੇ ਰਗੜਾਈਆ । ਇਹ ਪਰਮ ਪੁਰਖ ਦਾ ਪਰਮ ਤਮਾਸ਼ਾ, ਬਿਨ ਪੂਰੇ ਸੰਤਾਂ ਸਮਝ ਕੋਇ ਨਾ ਪਾਈਆ । ਗੁਰਮੁਖੋ ਤੁਹਾਡੇ ਪ੍ਰੇਮ ਦਾ ਸਾਨੂੰ ਬੜਾ ਭਰਵਾਸਾ, ਜਿਨ੍ਹਾਂ ਰਾਹ ਵਿਚੋਂ ਰੋਕ ਕੇ ਏਥੇ ਬਹਾਈਆ । ਮੈਂ ਸਭ ਨੂੰ ਦੱਸਾਂ ਇਕ ਅਕਾਲ ਦੇ ਨਾਲ ਜੋੜ ਦਿਉ ਨਾਤਾ, ਨਾਤੇ ਦੂਜੇ ਦੀ ਲੋੜ ਰਹੀ ਨਾ ਰਾਈਆ । ਫਿਰ ਤੁਹਾਡੇ ਅੰਦਰ ਕਦੀ ਵੀ ਪੰਜ ਚੋਰ ਨਾ ਮਾਰਨ ਡਾਕਾ, ਮਨ ਮਤਿ ਬੁਧਿ ਕਰੇ ਨਾ ਕੋਇ ਲੜਾਈਆ । ਲੇਖੇ ਲਗ ਜਾਏ ਤਨ ਮਾਟੀ ਖ਼ਾਕਾ, ਖ਼ਾਲਸ ਖ਼ਾਲਸਾ ਸੋਈ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਸੁਣਾਈਆ । ਬੋਹੜ ਕਹੇ ਮੈਨੂੰ ਜਾਣੇ ਕੋਈ ਬੜਈਆ, ਮੇਰੀ ਸਮਝ ਕਿਸੇ ਨਾ ਆਈਆ । ਮੇਰਾ ਮਾਲਕ ਉਹ ਜੋ ਸਭ ਦੀ ਤਾਰੇ ਨਈਆ, ਨੌਕਾ ਨਾਮ ਉਤੇ ਚੜ੍ਹਾਈਆ । ਭਗਤਾਂ ਦਾ ਪ੍ਰੇਮੀ ਬਣ ਕੇ ਪਕੜੇ ਬਹੀਆ, ਕਿਉਂ ਗੋਬਿੰਦ ਆਪਣੇ ਸੰਗ ਰਖਾਈਆ । ਜਿਸ ਨੂੰ ਸੀਨੇ ਰਿਹਾ ਲਗਾ, ਗੋਬਿੰਦ ਜਿਹੜਾ ਡਿਗਿਆਂ ਢਠਿਆਂ ਗਲੇ ਲਗਾਈਆ । ਜਿਸ ਦਾ ਪਿਆਰ ਸਚ ਸੱਚਾ, ਪੁਖਤਾ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਹੋਏ ਸਹਾਈਆ । ਇਹ ਜਗਹ ਕਹੇ ਮੈਨੂੰ ਮਿੱਟੀ ਨਾ ਸਮਝਿਓ ਧੂੜ, ਘਾਸ ਫੂਸ ਵਾਲੀ ਨਜ਼ਰੀ ਆਈਆ । ਗੁਰਮੁਖੋ ਅਕੱਠੇ ਹੋ ਕੇ ਗਾਓ ਪ੍ਰਭ ਦੇ ਗੀਤ ਤੁਸੀਂ ਚਤੁਰ ਸੁਘੜ ਸੁਚੱਜੇ ਮੂੜ੍ਹ, ਇਕੋ ਰੂਪ ਨਜ਼ਰੀ ਆਈਆ । ਜੂਠਾ ਝੂਠਾ ਨਾਤਾ ਛਡ ਦਿਉ ਕੂੜ, ਇਤਮੀਨਾਨ ਨਾਲ ਪ੍ਰੇਮੀ ਮਿਲ ਕੇ ਪ੍ਰੇਮ ਸਤਿਗੁਰ ਲਓ ਬਣਾਈਆ । ਇਹ ਧੁਰ ਦਾ ਹੁਕਮ ਸਤਿਗੁਰ ਸ਼ਬਦ ਦਾ ਦਸਤੂਰ, ਦਸਤ ਬਦਸਤ ਸਭ ਨੂੰ ਲਏ ਉਠਾਈਆ । ਧੰਨ ਭਾਗ ਤੁਹਾਡੀ ਵਡਿਆਈ ਅਸੀਂ ਸਾਰੇ ਮਸ਼ਕੂਰ, ਸ਼ੁਕਰੀਏ ਵਿਚ ਖ਼ੁਸ਼ੀ ਰਹੇ ਮਨਾਈਆ । ਹੁਣ ਅਗੇ ਜਾਣਾ ਇਸ ਵਾਸਤੇ ਮਜਬੂਰ, ਛੁੱਟੀ ਦੇਣੀ ਚਾਈਂ ਚਾਈਂਆ । ਧੰਨ ਭਾਗ ਜੇ ਆਇਆਂ ਕੋਲੋਂ ਹੋ ਗਿਆ ਹੋਵੇ ਕਸੂਰ, ਉਹ ਵੀ ਅਗੇ ਝੋਲੀ ਡਾਹੀਆ । ਕਿਉਂ ਮੈਂ ਤੁਹਾਡਾ ਸਾਰਿਆਂ ਦਾ ਮਜ਼ਦੂਰ, ਅੰਦਰੋਂ ਬਾਹਰੋਂ ਤੁਹਾਡੇ ਅੰਦਰ ਮਾਲਕ ਹਜ਼ੂਰ, ਇਸੇ ਕਰ ਕੇ ਵਜਦੀ ਰਹੇ ਵਧਾਈਆ । ਤੁਹਾਡੀ ਯਾਦ ਰਹੇ ਜ਼ਰੂਰ, ਦਰਖ਼ਤ ਬੋਹੜ ਦਏ ਗਵਾਹੀਆ । ਤੁਹਾਡੇ ਅੰਦਰ ਪ੍ਰਭ ਦਾ ਨਜ਼ਰੀ ਔਂਦਾ

ਰਹੇ ਨੂਰ, ਸ਼ਬਦੀ ਵਜਦੀ ਰਹੇ ਵਧਾਈਆ । ਤੁਸੀਂ ਸਾਰੇ ਵੱਡਿਆਂ ਗੁਣਾਂ ਦੇ ਭਰਪੂਰ, ਜਿਨ੍ਹਾਂ ਦੇ ਅੰਦਰ ਗੁਰੂ ਗੋਬਿੰਦ ਸਾਚੀ ਵਸਤ ਆਪਣਾ ਨਾਮ ਦਿਤਾ ਟਿਕਾਈਆ । ਤਿੰਨ ਸੌ ਸੱਠ ਸਾਲ ਪਿਛੋਂ ਇਹ ਥਾਂ ਜ਼ਰੂਰ ਹੋਵੇ ਮਸ਼ਹੂਰ, ਨਿਸ਼ਾਨਾ ਸੱਤ ਰੰਗ ਨਜ਼ਰੀ ਆਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਭ ਨੂੰ ਕਰਨਾ ਪਏ ਕ਼ਬੂਲ, ਕਾਮਲ ਮੁਰਸ਼ਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਬੋਹੜ ਕਹੇ ਮੇਰਾ ਪੁਕਾਰੇ ਟਾਹਣ ਡਾਲ੍ਹੀ ਪੱਤ, ਸ਼ਾਖ਼ਾ ਦੇਣ ਦੁਹਾਈਆ । ਗੁਰਸਿਖੋ ਇਕੋ ਮਿਲਿਓ ਕਮਲਾਪਤ, ਜੋ ਪਤਿਪਰਮੇਸ਼ਵਰ ਹਰ ਘਟ ਬੈਠਾ ਡੇਰਾ ਲਾਈਆ । ਓਸੇ ਦੇ ਚਰਨਾਂ ਜਾਓ ਢਠ, ਜੋ ਧੁਰ ਦਾ ਮਾਲਕ ਨਜ਼ਰੀ ਆਈਆ । ਬੋਹੜ ਕਹੇ ਜਿਹਨੂੰ ਖ਼ੁਸ਼ੀ ਹੋਈ ਵੇਖ ਕੇ ਗੁਰਮੁਖਾਂ ਦਾ ਇਕੱਠ, ਜੋ ਇਕੱਠੇ ਹੋ ਕੇ ਇਕੋ ਰੰਗ ਸਮਾਈਆ । ਜੇ ਸਚ ਪੁਛੋ ਤੇ ਬਾਹਰੋਂ ਤੱਤਾਂ ਵਾਲਾ ਜੱਟ, ਅੰਦਰ ਪ੍ਰਭ ਨੇ ਨਾਮ ਭੰਡਾਰਾ ਧੁਰ ਦਾ ਹੱਟ ਦਿਤਾ ਖੁਲ੍ਹਾਈਆ । ਭਾਵੇਂ ਤੁਹਾਨੂੰ ਏਥੇ ਬੈਠਿਆਂ ਨੂੰ ਲਗਦਾ ਹੋਵੇ ਵੱਟ, ਭਾਦਰੋਂ ਦਾ ਹੁਸੜ ਰਿਹਾ ਸਤਾਈਆ । ਫਿਰ ਵੀ ਸਾਰਿਆਂ ਨੇ ਇਕੋ ਜਿਹਾ ਲਾਹ ਜਾਣਾ ਖਟ, ਜਿਨ੍ਹਾਂ ਦਾ ਖਟਕਾ ਰਹੇ ਨਾ ਰਾਈਆ । ਅੰਦਰੋਂ ਦੂਈ ਦਵੈਤੀ ਦੀ ਕੱਢ ਦਿਓ ਵਟ, ਭਾਂਡਾ ਭਰਮ ਦੇਣਾ ਭੰਨਾਈਆ । ਤੁਹਾਡੇ ਅੰਦਰ ਜੋਤ ਜਗੇ ਲਟ ਲਟ, ਇਕੋ ਨੂਰ ਹੋਵੇ ਰੁਸ਼ਨਾਈਆ । ਸ਼ਬਦ ਅਗੰਮੀ ਲਾ ਕੇ ਸੱਟ, ਸੋਈ ਸੁਰਤੀ ਰਿਹਾ ਉਠਾਈਆ । ਪ੍ਰੇਮ ਪਿਆਰ ਅੰਦਰ ਮਿਲ ਕੇ ਇਕ ਦੂਜੇ ਨਾਲ ਬੋਲੋ ਸਚ, ਕੂੜੀ ਕਿਰਿਆ ਦੇਣੀ ਤਜਾਈਆ । ਬੋਹੜ ਕਹੇ ਹੁਣ ਸਾਰਿਆਂ ਦੀ ਆਸ਼ਾ ਅੰਦਰੋਂ ਕਹੇ ਹੁਣ ਕਰ ਜਾ ਬਸ, ਵੇਲਾ ਸੋਹਣਾ ਦਿਤਾ ਸੁਹਾਈਆ । ਮੈਨੂੰ ਵੀ ਇਹੋ ਆਸ, ਤੁਸੀਂ ਮੇਰੇ ਨਾਲ ਮਿਲ ਕੇ ਮੇਰਾ ਸਾਥ ਦੇਣਾ ਬਣਾਈਆ । ਨਾਲੇ ਪਾਣੀ ਦਾ ਪਿਆ ਕੇ ਠੰਡਾ ਗਲਾਸ, ਬੂੰਦ ਸਵਾਂਤੀ ਦਿਤੀ ਵਰਤਾਈਆ । ਇਸੇ ਕਰ ਕੇ ਬੋਹੜ ਕਹੇ ਸਾਰਿਆਂ ਨੂੰ ਇਕੋ ਜਹੀ ਸ਼ਾਬਾਸ਼, ਮਿੱਟੀ ਕਹੇ ਮੈਂ ਉਡ ਉਡ ਲਾਗਾਂ ਪਾਈਆ । ਅਗੇ ਹੁਣ ਔਣ ਵਾਲੀ ਰਾਤ, ਵੇਲਾ ਵਕਤ ਦਏ ਗਵਾਹੀਆ । ਸਾਚੇ ਪ੍ਰੇਮ ਦੀ ਸਾਰੇ ਲੈ ਕੇ ਜਾਇਓ ਸੌਗ਼ਾਤ, ਆਂਢੀਆਂ ਗਵਾਢੀਆਂ ਦੇਣੀ ਵਰਤਾਈਆ । ਵੇਖਿਓ ਭੁਲ ਕੇ ਗੁਰਮੁਖ ਨਾਲ ਗੁਰਸਿਖੋ ਹੋਇਓ ਨਾ ਕਦੇ ਨਾਰਾਜ਼, ਨਾਰਾਜ਼ਿਆਂ ਦਾ ਗੋਬਿੰਦ ਸਾਥ ਨਾ ਕਦੇ ਨਿਭਾਈਆ । ਜਿਹੜਾ ਖੇਲ ਹੋਇਆ ਆਜ, ਇਹਨੂੰ ਸਮਝੇ ਨਾ ਕੋਈ ਸਮਾਜ, ਧੁਰ ਦਾ ਖੇਲ ਬੇਪਰਵਾਹੀਆ । ਬੰਦ ਕੁੰਡੇ ਕੀਤਿਆਂ ਕਦੀ ਬੰਦ ਨਹੀਂ ਹੁੰਦਾ ਜਵਾਬ, ਜਵਾਬ ਤਲਬੀ ਸਭ ਤੋਂ ਲਏ ਕਰਾਈਆ । ਇਹ ਸਿਫ਼ਤਾਂ ਵਾਲਾ ਨਹੀਂ ਖ਼ਵਾਬ, ਧੁਰ ਸੰਦੇਸ਼ਾ ਧੁਰ ਦਾ ਰਿਹਾ ਜਣਾਈਆ । ਜਿਸ ਸੁਰੰਗੀ ਦੀ ਤਾਰ ਵਜਦੀ ਨਹੀਂ ਮਿਲ ਕੇ ਨਾਲ ਰਬਾਬ, ਕਿੱਲੀ ਅੰਦਰੋਂ ਦਏ ਭੁਵਾਈਆ । ਇਹ ਕੋਈ ਪੜ੍ਹਨ ਵਾਲੀ ਨਹੀਂ ਕਿਤਾਬ, ਧੁਰ ਦਾ ਫ਼ਰਮਾਨਾ ਗੁਰਮੁਖਾਂ ਪ੍ਰੇਮ ਵਧਾਈਆ । ਸਾਰੇ ਮਿਲ ਕੇ ਬਣ ਜਾਓ ਅਹਿਬਾਬ, ਮਹਿਬੂਬ ਮੁਹੱਬਤ ਵਿਚੋਂ ਨਜ਼ਰੀ ਆਈਆ । ਇਹ ਥਾਂ ਸੁਹੰਜਣਾ ਹੋਇਆ ਬੋਹੜ ਬਣਿਆ ਪਾਕ, ਕਿਉਂ ਗੁਰਮੁਖ ਬੈਠੇ ਡੇਰਾ ਲਾਈਆ । ਸਚ ਪੁਛੋ ਗੋਬਿੰਦ ਚਾਰ ਵਰਨਾਂ ਬਣਾ ਕੇ ਗਿਆ ਇਕੋ ਸਾਕ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਾਰੇ ਮਿਲ ਕੇ ਕਰ ਲਓ ਇਤਫ਼ਾਕ, ਆਇਆਂ ਮਹਿਮਾਨਾਂ ਨਾਲ ਦਗ਼ਾ ਨਾ ਕੋਇ ਕਮਾਈਆ । ਕਿਸੇ ਕੰਮ ਨਹੀਂ ਔਣੀ ਇਹ ਖਟੀਆ ਖਾਟ, ਆਸਣ ਸਿੰਘਾਸਣ ਨਾ ਮਿਲੇ ਕੋਈ ਵਡਿਆਈਆ । ਸਭ ਤੋਂ ਉਤਮ ਸ੍ਰੇਸ਼ਟ ਪ੍ਰੇਮੀਆਂ ਨਾਲ ਮਿਲ ਕੇ ਕਰਨੀ ਬਾਤ, ਜੋ ਬਾਤਨ ਜ਼ਾਹਰ ਭੇਵ ਖੁਲ੍ਹਾਈਆ । ਸਭ ਦੀ ਪੰਜਾਂ ਤੱਤਾਂ ਵਾਲੀ ਹੋਣੀ ਅੰਤ ਵਫ਼ਾਤ, ਤਨ ਮਾਟੀ ਦੇਣੀ ਤਜਾਈਆ । ਬੋਹੜ ਕਹੇ

੧੦੪੧

ਮੇਰੇ ਥੱਲਿਉਂ ਸਾਰੇ ਇਕੱਠੇ ਰਹਿਣ ਦੀ ਸਿਖ ਕੇ ਜਾਇਓ ਜਾਚ, ਇਕ ਦੂਜੇ ਦੀ ਸੇਵ ਕਮਾਈਆ । ਤੁਹਾਡੇ ਪ੍ਰੇਮ ਪਿਆਰ ਦਾ ਸੁਖਨ ਸੁਣ ਕੇ ਵਾਕ, ਜੋ ਸਰੀ ਸੋ ਤੁਹਾਡੀ ਸੇਵਾ ਦਿਤੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮਾਲਕ ਇਕੋ ਨਜ਼ਰੀ ਆਈਆ ।

### ✻ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

ਪੰਜ ਤਤ ਕਾਇਆ ਮਾਟੀ ਕਹੇ ਮੇਰੇ ਨਿਰੰਕਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਆਦਿ ਜੁਗਾਦੀ ਨਿਰਗੁਣ ਸਰਗੁਣ ਤੇਰੀ ਧਾਰ, ਸ਼ਬਦ ਅਨਾਦੀ ਰੂਪ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਤ੍ਰੈਗੁਣ ਮਾਇਆ ਪੰਜ ਤਤ ਕਰੀ ਕੁੜਮਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਅਪਾਰ, ਹੱਡ ਮਾਸ ਨਾੜੀ ਬੂੰਦ ਰਕਤ ਮਨ ਮਤਿ ਬੁਧਿ ਮੇਲਾ ਦਿਤਾ ਮਿਲਾਈਆ । ਜਨਮ ਕਰਮ ਅੰਤਰ ਆਤਮ ਪਰਮਾਤਮ ਖੇਲ ਨਿਆਰ, ਨਿਰਗੁਣ ਨਿਰਾਕਾਰ ਆਪਣੀ ਕਾਰ ਕਮਾਈਆ । ਧਰਤ ਧਵਲ ਆਕਾਸ਼ ਪਰਕਾਸ਼ ਪੁਰੀ ਲੋਅ ਬ੍ਰਹਿਮੰਡ ਖੰਡ ਵਰਭੰਡ ਕਰ ਤਿਆਰ, ਤ੍ਰੈਗੁਣ ਅਤੀਤੇ ਠਾਂਡੇ ਸੀਤੇ ਆਪਣੀ ਰਚਨ ਦਿਤੀ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਥਾਹ ਬੇਪਰਵਾਹ ਅਲਖ ਅਗੋਚਰ ਆਪਣੀ ਕਾਰ ਕਮਾਈਆ । ਪੰਜ ਤਤ ਕਾਇਆ ਮਾਟੀ ਖ਼ਾਕ ਰਚਨਾ ਰਚ, ਲੱਖ ਚੁਰਾਸੀ ਜੀਵ ਜੰਤ ਦਿਤੀ ਵਡਿਆਈਆ । ਆਤਮ ਪਰਮਾਤਮ ਆਪਣਾ ਨੂਰ ਦੇ ਸਚ, ਸਤਿ ਜੋਤ ਕਰੀ ਰੁਸ਼ਨਾਈਆ । ਅੰਗ ਲਿੰਗ ਨੱਕ ਮੂੰਹ ਨੇਤਰ ਨੈਣ ਅੱਖ ਹੱਥ, ਸਮਰਥ ਪਗ ਜੋੜ ਦਿਤਾ ਜੁੜਾਈਆ । ਤੇਰਾ ਖੇਲ ਮਹਾਨ ਅਕੱਥ, ਸਿਫ਼ਤਾਂ ਵਿਚ ਨਾ ਕੋਇ ਸਮਝਾਈਆ । ਕਾਇਆ ਗੜ੍ਹ ਅੰਦਰ ਆਪ ਵਸ, ਬੰਕ ਦਵਾਰਾ ਦਿਤਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਤਨ ਵਜੂਦ ਪੰਜ ਤਤ ਕਰ ਤਿਆਰ, ਲੋਕਮਾਤ ਲਿਆ ਪਰਗਟਾਈਆ । ਮਿਹਰਵਾਨ ਕਿਰਪਾ ਧਾਰ, ਸਾਹਿਬ ਸੁਲਤਾਨ ਦਇਆ ਕਮਾਈਆ । ਅੰਤਰ ਜੋਤ ਉਜਿਆਰ, ਬਾਹਰ ਬਸਤਰ ਸ਼ਿੰਗਾਰ, ਆਪਣਾ ਭੇਦ ਦਿਤਾ ਖੁਲ੍ਹਾਈਆ । ਸੁਹੰਜਣੀ ਨੀਤੀ ਨਾਲ ਕਰ ਤਿਆਰ, ਤਨ ਬਸਤਰ ਦਿਤਾ ਪਹਿਨਾਈਆ । ਜਿਸ ਦਾ ਇਕ ਇਕ ਤਤ ਕਰੇ ਪੁਕਾਰ, ਬੰਦ ਬੰਦ ਤੂੰ ਹੀ ਤੂੰ ਹੀ ਰਾਗ ਅਲਾਈਆ । ਇਕੋ ਤਾਣਾ ਉਪਜੇ ਸੂਤਰ ਵਜ਼ਨਾਂ ਵਿਚ ਭਾਰ, ਇਕੋ ਤਾਰ ਤਾਰ ਨਾਲ ਜੁੜਾਈਆ । ਇਕੋ ਕਾਰੀਗਰ ਕਰੇ ਤਿਆਰ, ਤਰਾ ਤਰਾ ਨਾਲ ਬਣਾਈਆ । ਤੰਦ ਕਹੇ ਜਿਸ ਵੇਲੇ ਮੇਰਾ ਰੂਪ ਹੋਵੇ ਤਿਆਰ, ਸੋਹਣਾ ਰੰਗ ਰੰਗਾਈਆ । ਮੈਂ ਆਵਾਂ ਵਿਚ ਸੰਸਾਰ, ਆਪਣਾ ਵੇਸ ਵਟਾਈਆ । ਜਗਤ ਚਲੇ ਵਪਾਰ, ਵਣਜ ਕਰੇ ਲੋਕਾਈਆ । ਬੁਧੀ ਦਾ ਵਿਸਥਾਰ, ਮਨ ਚੰਚਲਤਾਈਆ । ਠਗ ਚੋਰ ਯਾਰ ਸਾਧ ਸੰਤ ਗੁਰੂ ਅਵਤਾਰ ਪੈਗ਼ੰਬਰ ਮੇਰੇ ਖ਼ਰੀਦਾਰ, ਖ਼ਰੀਦਣ ਚਾਈਂ ਚਾਈਆ । ਕੋਈ ਮੈਨੂੰ ਪਹਿਨ ਕੇ ਪ੍ਰਭੂ ਤੇਰੇ ਚਰਨਾਂ ਦਾ ਕਰੇ ਪਿਆਰ, ਅੱਠੇ ਪਹਿਰ ਅੰਤਰ ਆਤਮ ਲਿਵ ਲਾਈਆ । ਕੋਈ ਮੈਨੂੰ ਓੜ ਕੇ ਠੱਗਾਂ ਚੋਰਾਂ ਦੀ ਕਰੇ ਕਾਰ, ਵਿਕਾਰਾਂ ਅੰਦਰ ਆਪਣਾ ਆਪ ਗਵਾਈਆ । ਮੈਂ ਸ੍ਰਿਸ਼ਟੀ ਦਾ ਵੇਖ ਕੇ ਹਾਲ, ਬੇਨੰਤੀ ਕਰਾਂ ਅਗੇ ਦਿਆਲ, ਜੋ ਅਕਾਲ ਮਾਲਕ ਸਭ ਦਾ ਨਜ਼ਰੀ ਆਈਆ । ਜੁਗ ਚੌਕੜੀ ਬੀਤੇ ਨਵ ਨੌਂ ਚਾਰ, ਮੇਰੀ ਕਿਸੇ ਨਾ ਪਾਈ ਸਾਰ, ਦਰਦਾਂ ਨਾਲ ਨਾ ਸੁਣੀ ਪੁਕਾਰ, ਦੁਖੀਆਂ ਦੁਖ ਨਾ ਕੋਇ ਗਵਾਈਆ । ਮੈਂ ਰੋ ਰੋ ਗਿਆ

ਹਾਰ, ਸਾਚੀ ਚਰਨ ਧੂੜੀ ਨਾ ਮਿਲੀ ਛਾਰ, ਖ਼ੁਸ਼ੀ ਵਾਲੀ ਨਾ ਖਿੜੀ ਗੁਲਜ਼ਾਰ, ਪਤ ਟਹਿਣੀ ਨਾ ਕੋਈ ਮਹਿਕਾਈਆ । ਨਾਨਕ ਨਿਰਗੁਣ ਸਰਗੁਣ ਜਨੇਊ ਪੌਣ ਲਗੇ ਅਰਜ਼ ਕੀਤੀ ਅਗੇ ਦਾਤਾਰ, ਤੰਦ ਤੰਦ ਦੀ ਪਾਵੇਂ ਸਾਰ, ਤੇਰਾ ਖੇਲ ਅਗੰਮ ਅਪਾਰ, ਆਦਿ ਅੰਤ ਤੇਰੀ ਵਡਿਆਈਆ । ਗੁਰਮੁਖਾਂ ਦਾ ਆਧਾਰ, ਭਗਤਾਂ ਦਾ ਸ਼ਿੰਗਾਰ, ਸੂਫ਼ੀਆਂ ਦਾ ਪਿਆਰ, ਸੰਤਾਂ ਦਾ ਸਤਿਕਾਰ, ਹਰਿਜਨ ਆਪਣੇ ਰੰਗ ਰੰਗਾਈਆ । ਧੁਰਦਰਗਾਹੀ ਆਈ ਆਵਾਜ਼, ਸ਼ਬਦੀ ਧਾਰ ਖੋਲ੍ਹਿਆ ਰਾਜ਼, ਇਹ ਖੇਲ ਜਗਤ ਤਮਾਸ਼, ਜੁਗ ਚੌਕੜੀ ਵੇਖ ਵਖਾਈਆ । ਜਿਸ ਵੇਲੇ ਕਲਜੁਗ ਹੋਈ ਅੰਧੇਰੀ ਰਾਤ, ਸਾਚੀ ਦਿਸੇ ਨਾ ਕੋਈ ਪਰਭਾਤ, ਆਤਮ ਸੇਜਾ ਸੋਏ ਨਾ ਕੋਈ ਖਾਟ, ਅੰਤਰ ਆਤਮ ਪਰਦਾ ਨਾ ਕੋਈ ਉਠਾਈਆ । ਓਸ ਵੇਲੇ ਦੇਵਾਂ ਸਾਥ, ਹੋਵਾਂ ਸਹਾਈ ਅਨਾਥਾਂ ਅਨਾਥ, ਦੀਨਨ ਆਪਣੇ ਗਲੇ ਲਗਾਈਆ । ਦੁਰਮਤ ਮੈਲ ਦੇਵਾਂ ਕਾਟ, ਜਨਮ ਜਨਮ ਦੀ ਮੇਟਾਂ ਵਾਟ, ਘਾਟ ਇਕੋ ਦਿਆਂ ਵਖਾਈਆ । ਤੰਦ ਤੰਦ ਦੀ ਜਣਾਵਾਂ ਬਾਤ, ਜੋ ਆਪਣੀ ਰਸਨਾ ਜਿਹਵਾ ਰਹੇ ਆਖ, ਸਾਖ਼ਿਆਤ ਹੋ ਕੇ ਦਇਆ ਕਮਾਈਆ । ਇਹਨਾਂ ਦੀ ਪੂਰੀ ਕਰਾਂ ਆਸ, ਕੂੜ ਵਿਛੋੜਾ ਕਰਾਂ ਨਾਸ, ਸਾਚੀ ਧਾਰ ਇਕ ਸਮਝਾਈਆ । ਭਗਤਾਂ ਨਾਲ ਬਣਾਵਾਂ ਸਾਥ, ਇਕੋ ਦਵਾਰ ਕਰਾਵਾਂ ਦਾਸ, ਪ੍ਰੇਮੀਆਂ ਦੇ ਲਗਣ ਹਾਥ, ਧੁਰ ਦਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਤੰਦ ਕਹੇ ਮੈਨੂੰ ਕੋਈ ਨਾ ਸਮਝਿਓ ਨਿੱਕਾ ਜਿਹਾ ਧਾਗਾ, ਪ੍ਰੇਮ ਸਭ ਨੂੰ ਦਿਆਂ ਜਣਾਈਆ । ਮਾਇਆ ਨਾਲ ਲਗ ਕੇ ਮਾਇਆ ਦਾ ਮੂਲ ਤਿਆਗਾ, ਮਾਇਆ ਵਿਚ ਮਿਲ ਕੇ ਆਪਣੀ ਕੀਤੀ ਸਫ਼ਾਈਆ । ਮੇਰੇ ਅੰਦਰ ਵੱਜਿਆ ਪ੍ਰੇਮ ਦਾ ਇਕ ਵਾਜਾ, ਧੁਨ ਅਗੰਮੀ ਦਿਤੀ ਸੁਣਾਈਆ । ਤੂੰ ਉਨ੍ਹਾਂ
੧੦੪੩ ਦੀ ਰੱਖੀਂ ਲਾਜਾ, ਜੋ ਬਸਤਰ ਬਣਾ ਕੇ ਆਪਣੇ ਤਨ ਛੁਹਾਈਆ । ਤੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਸਾਲਸ ਪੁਰਖ ਅਬਿਨਾਸ਼ਾ, ਸ੍ਰੀ ਭਗਵਾਨ ੧੦੪੩
ਆਦਿ ਪੁਰਖ ਬਖ਼ਸ਼ਣਹਾਰ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇ ਦ੍ਰਿੜਾਈਆ । ਧਾਗਾ ਕਹੇ ਮੇਰਾ ਬਣਨਾ ਸੋਹਣਾ ਪਰਦਾ, ਕੱਪੜ ਕਹੇ ਲੋਕਾਈਆ । ਮੈਂ ਵੀ ਓਸੇ ਦਰ ਦਾ ਬਰਦਾ, ਜਿਸ ਲੱਖ ਚੁਰਾਸੀ ਦਿਤੀ ਉਪਜਾਈਆ । ਮੇਰਾ ਬੀਜ ਓਸੇ ਘਰ ਦਾ, ਜਿਸ ਦਾ ਘਰਾਨਾ ਸ਼ਹਿਨਸ਼ਾਹੀਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਸੇਵਾ ਕਰਦਾ, ਗੁਰ ਅਵਤਾਰ ਪੈਗ਼ੰਬਰ ਲਾਗਣ ਪਾਈਆ । ਮੈਂ ਓਸੇ ਦਾ ਹੁਕਮ ਮੰਨਦਾ, ਜੁਗ ਜੁਗ ਸੇਵ ਕਮਾਈਆ । ਅੱਜ ਸੁਭਾਗ ਦਿਹਾੜਾ ਧੰਨ ਧੰਨ ਦਾ, ਸਿਰ ਝੁਕਾ ਕੇ ਤੰਦ ਰਿਹਾ ਜਣਾਈਆ । ਮੈਂ ਲੇਖਾ ਚੁਕਾਵਾਂ ਉਨ੍ਹਾਂ ਦੇ ਮਾਟੀ ਤਨ ਦਾ, ਜੋ ਬਸਤਰ ਮੇਰਾ ਤਨ ਸੁਹਾਈਆ । ਕਿਸੇ ਕਾਰਨ ਇਹ ਖੇਲ ਬਣਿਆ ਸ੍ਰੀ ਭਗਵਨ ਦਾ, ਭਾਗ ਭਰਿਆਂ ਮਿਲੇ ਵਡਿਆਈਆ । ਇਹ ਕੋਈ ਰੋਜ਼ਗਾਰ ਨਹੀਂ ਬਣਾਇਆ ਪੀਣ ਖਾਣ ਦਾ, ਭਗਤਾਂ ਦਿਤੀ ਵਡਿਆਈਆ । ਅਮਰੀਕ ਸਿੰਘ ਦਾ ਲੇਖਾ ਓਸ ਜਜਮਾਨ ਦਾ, ਜਿਸ ਗ੍ਰਿਹਿ ਤੋਂ ਕੱਚਾ ਤੰਦ ਮੰਗ ਮੰਗਾਈਆ । ਪੂਰਬ ਲਹਿਣੇ ਨਿਹਕਰਮੀ ਹੋ ਕੇ ਕਰਮਾਂ ਆਪ ਪਹਿਚਾਨਦਾ, ਅਭੁਲ ਭੁਲ ਰਹੇ ਨਾ ਰਾਈਆ । ਤੰਦ ਕਹੇ ਮੈਂ ਭੁੱਖਾ ਓਸ ਦਾਨ ਦਾ, ਜੋ ਮੇਰਾ ਪਰਦਾ ਲਏ ਬਣਾਈਆ । ਤੰਦ ਕਹੇ ਮੈਂ ਪਿਆਸਾ ਓਸ ਨਿਸ਼ਾਨ ਦਾ, ਜੋ ਨਿਸ਼ਾਨਾਂ ਸਚ ਦਏ ਝੁਲਾਈਆ । ਇਹ ਖੇਲ ਉਨ੍ਹਾਂ ਨੂੰ ਪਾਰ ਲੰਘਾਣ ਦਾ, ਜਿਹੜੇ ਦਰ ਆ ਦਰਸ਼ਨ ਪਾਈਆ । ਇਹ ਲੇਖਾ ਨਹੀਂ ਗੱਲਾਂ ਵਾਲੀ ਮੀਜਾਨ ਦਾ, ਹਿਸਾਬ ਮੀਟਰ ਨਾ ਕੋਇ ਜਣਾਈਆ । ਇਹ ਲਹਿਣਾ ਇਨਸਾਨ ਭਗਵਾਨ ਦਾ, ਵਿਦਵਾਨ ਸਮਝ ਕੋਈ ਨਾ ਪਾਈਆ । ਪਹਿਲਾ ਹਿੱਸਾ ਰੰਗਣਾ ਓਸ

੧੦੪੪

ਸਤ ਰੰਗ ਨਿਸ਼ਾਨ ਦਾ, ਜੋ ਸ੍ਰਿਸ਼ਟੀ ਉਤੇ ਗ਼ਰੀਬਾਂ ਨੂੰ ਗਲੇ ਲਗਾਈਆ । ਫਿਰ ਖੇਲ ਵਰਤੇ ਭਗਤਾਂ ਤਨ ਪਹਿਨਾਣ ਦਾ, ਧਾਰਾ ਇਕ ਸਮਝਾਈਆ । ਇਕੋ ਲੇਖਾ ਬਿਰਧ ਬਾਲ ਨੌਜਵਾਨ ਦਾ, ਊਚ ਨੀਚ ਰਾਓ ਰੰਕ ਧੁਰ ਦਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ ਦਾ, ਦੂਜਾ ਸਮਝ ਕੋਇ ਨਾ ਪਾਈਆ ।

### ☀ ੧੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਵੇਦਾਂਤ ਸਮੇਲਨ ਕਪੂਰਥਲਾ ☀

ਵੇਦਾਂਤ ਸਮੇਲਨ ਕਹੇ ਕਪੂਰਥਲੇ ਵਾਲਿਓ ਹੋ ਜਾਣਾ ਵਾਂਗ ਕਪੂਰ, ਕਾਇਆ ਕੁੱਪੀ ਆਪਣੀ ਸਾਫ਼ ਕਰਾਈਆ । ਜਿਸ ਆਤਮ ਪਰਮਾਤਮ ਨੂੰ ਮੰਨਦੇ ਇਕ ਨੂਰ, ਉਹ ਇਕੋ ਨੂਰ ਨਜ਼ਰੀ ਆਈਆ । ਹਰ ਘਟ ਅੰਦਰ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਵਿਚ ਭਰਪੂਰ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਡੇਰਾ ਲਾਈਆ । ਅੰਤਰ ਬਾਹਰ ਭੀਤਰ ਸਦਾ ਹਾਜ਼ਰ ਹਜ਼ੂਰ, ਬਾਹਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਬ੍ਰਹਮ ਇਕੋ ਇਕ ਦਰਸਾਈਆ । ਕਪੂਰਥਲੇ ਵਾਲਿਓ ਆਪਣਾ ਆਪ ਲੈਣਾ ਖੋਜ, ਕਾਇਆ ਮਾਟੀ ਫੋਲ ਫੁਲਾਈਆ । ਤੁਹਾਡੇ ਅੰਤਰ ਸਤਿ ਆਤਮਾ ਦੀ ਨਿਰਮਲ ਜੋਤ, ਜੋ ਸਤਿ ਸਚ ਕਰੇ ਰੁਸ਼ਨਾਈਆ । ਜਿਸ ਦੀ ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜਿਸ ਦੀ ਬੁੱਧੀ ਸੋਚ ਨਾ ਸਕੇ ਸੋਚ, ਮਨ ਵਾਸਨਾ ਭਰਮ ਨਾ ਕੋਇ ਭੁਲਾਈਆ । ਅੰਤਰ ਅੰਤਰ ਆਪਣੀ ਠਿਕਾਣੇ ਕਰ ਲਓ ਹੋਸ਼, ਹਵਾਸ ਲਓ ਸਮਝਾਈਆ । ਜਿਹੜੀ ਤੁਹਾਡੇ ਅੰਦਰ ਰਹਿ ਕੇ ਬੈਠੀ ਰਹੇ ਖ਼ਾਮੋਸ਼, ਸਨਮੁਖ ਹੋ ਕੇ ਸਚ ਸੰਦੇਸ਼ ਦਏ ਸੁਣਾਈਆ । ਜਿਸ ਦੇ ਅੰਦਰ ਲੋਕ ਪਰਲੋਕ, ਦੋ ਜਹਾਨਾਂ ਓਸੇ ਦਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨੂਰ ਆਤਮ ਬ੍ਰਹਮ ਦਏ ਦਰਸਾਈਆ । ਕਪੂਰਥਲੇ ਵਾਲਿਓ ਵੇਲਾ ਵਕਤ ਲੈਣਾ ਸੰਭਾਲ, ਕੂੜੀ ਕਿਰਿਆ ਚਾਰੋਂ ਕੁੰਟ ਦਏ ਦੁਹਾਈਆ । ਤੁਹਾਡੇ ਅੰਤਰ ਬ੍ਰਹਮ ਗਿਆਨ ਦਾ ਭੰਡਾਰ ਬੇਮਿਸਾਲ, ਅਤੋਟ ਅਤੁਟ ਰਿਹਾ ਛੁਪਾਈਆ । ਬੇਸਮਝੀ ਕਰ ਕੇ ਰਿਹੋ ਨਾ ਕੋਇ ਕੰਗਾਲ, ਆਪਣਾ ਪਰਦਾ ਓਹਲਾ ਲੈਣਾ ਉਠਾਈਆ । ਆਪਣੇ ਆਪ ਨੂੰ ਸਤਿ ਸਚ ਕਰ ਕੇ ਬ੍ਰਹਮ ਤਤ ਕਰ ਕੇ ਲੈਣਾ ਮਾਨ, ਜਿਸ ਦਾ ਏਥੇ ਓਥੇ ਆਦਿ ਜੁਗਾਦਿ ਜੁਗ ਚੌਕੜੀ ਇਕੋ ਨੂਰ ਇਕੋ ਜ਼ਹੂਰ ਇਕੋ ਕਰੇ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਸਿਫ਼ਤ ਗਾਏ ਵਿਚ ਸੰਸਾਰ, ਉਹ ਆਤਮ ਪਰਮਾਤਮ ਸਾਖ਼ਿਆਤ ਆਪਣਾ ਨੂਰ ਰਿਹਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਪਰਦਾ ਪਰਦੇ ਅੰਦਰ ਦਏ ਚੁਕਾਈਆ । ਕਪੂਰਥਲੇ ਵਾਲਿਓ ਜਾਣਾ ਜਾਗ, ਸੰਤ ਮਹਾਤਮਾ ਰਹੇ ਜਣਾਈਆ । ਜਿਸ ਦਾ ਤੁਸੀਂ ਕਰਨ ਆਏ ਤਿਆਗ, ਤਿਆਗੀ ਹੋ ਕੇ ਦਿਓ ਜਣਾਈਆ । ਤੁਹਾਡੇ ਅੰਦਰੋਂ ਅਜੇ ਬੁਝਿਆ ਨਹੀਂ ਚਿਰਾਗ਼, ਜੋ ਬਿਨ ਤੇਲ ਬਾਤੀ ਰਿਹਾ ਡਗਮਗਾਈਆ । ਤੁਸੀਂ ਓਸ ਦਾ ਆਗ਼ਾਜ਼, ਜੋ ਸਦਾ ਦੇਵੇ ਸਾਥ, ਦੂਜਾ ਰੰਗ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਿਹਿ ਮੰਦਰ ਕਾਇਆ ਅੰਦਰ ਸ਼ਾਹ ਪਾਤਸ਼ਾਹ ਦਇਆ ਕਮਾਈਆ ।

## ☸ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਸਾਧਾਂ ਨਾਲ ਬਚਨ ਕਪੂਰਥਲਾ ☸

ਸਾਹਿਬ ਸਤਿਗੁਰ ਕੋਲ ਸਚ ਤਰੀਕਾ, ਅੰਤਰ ਆਤਮ ਦਏ ਜਣਾਈਆ । ਭੇਵ ਜਾਣੇ ਜੀਵ ਜੀ ਕਾ, ਪਰਦਾ ਓਹਲਾ ਦਏ ਉਠਾਈਆ । ਸਤਿ ਸਰੂਪ ਵਖਾਏ ਨੀਕਣ ਨੀਕਾ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜਿਸ ਪ੍ਰਭੂ ਦੀ ਗੁਰਮੁਖ ਕਰੇ ਉਡੀਕਾ, ਆਤਮ ਪਰਮਾਤਮ ਰਾਹ ਤਕਾਈਆ । ਸੋ ਸਵਾਮੀ ਅੰਤਰਜਾਮੀ ਬਖ਼ਸ਼ਣਹਾਰਾ ਸਚ ਪ੍ਰੀਤਾ, ਪ੍ਰੀਤਮ ਹੋ ਕੇ ਦਇਆ ਕਮਾਈਆ । ਮਿਹਰ ਨਜ਼ਰ ਨਾਲ ਬਦਲ ਦੇਵੇ ਨੀਤਾ, ਨੀਤੀਵਾਨ ਲਏ ਬਣਾਈਆ । ਪੰਜ ਤਤ ਕਾਇਆ ਮਾਟੀ ਤ੍ਰੈਗੁਣ ਅਗਨੀ ਕਰੇ ਠਾਂਡਾ ਸੀਤਾ, ਅੰਮ੍ਰਿਤ ਮੇਘ ਬਰਸਾਈਆ । ਧਾਮ ਵਖਾਏ ਇਕ ਅਨਡੀਠਾ, ਗ੍ਰਿਹ ਮੰਦਰ ਦਰ ਦਰਵਾਜ਼ਾ ਇਕ ਖੁਲ੍ਹਾਈਆ । ਝਗੜਾ ਮੁਕਾ ਕੇ ਹਸਤ ਕੀਟਾ, ਰੂਪ ਅਨੂਪ ਦਏ ਦਰਸਾਈਆ । ਨਾਮ ਰਸ ਚਖਾ ਕੇ ਮੀਠਾ, ਕੂੜੀ ਕਿਰਿਆ ਬਾਹਰ ਕਢਾਈਆ । ਫੇਰ ਲੋੜ ਰਹਿਣ ਨਾ ਦੇਵੇ ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਨ ਦੀ ਗੀਤਾ, ਗੁਪਤ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਜੋੜ ਜੁੜਾਈਆ । ਆਦਿ ਜੁਗਾਦੀ ਸੱਚਾ ਰਾਹ, ਪੁਰਖ ਅਕਾਲ ਆਪ ਜਣਾਇੰਦਾ । ਸ਼ਬਦੀ ਸ਼ਬਦ ਬਣ ਮਲਾਹ, ਸੰਤ ਸੁਹੇਲੇ ਪਾਰ ਲੰਘਾਇੰਦਾ । ਮੰਜ਼ਲ ਪੌੜੇ ਦਏ ਚੜ੍ਹਾ, ਅਗੰਮ ਅਥਾਹ ਆਪਣੀ ਦਇਆ ਕਮਾਇੰਦਾ । ਸਾਚਾ ਮੰਦਰ ਦਏ ਵਖਾ, ਜਗਤ ਅੰਧੇਰ ਮੁਕਾਇੰਦਾ । ਸ਼ਬਦ ਅਗੰਮੀ ਨਾਦ ਅਨਾਦੀ ਦਏ ਵਜਾ, ਧੁਨ ਆਤਮਕ ਰਾਗ ਸੁਣਾਇੰਦਾ । ਨਿਰਗੁਣ ਦੀਆ ਬਾਤੀ ਕਮਲਾਪਾਤੀ ਜੋਤੀ ਜੋਤ ਦਏ ਜਗਾ, ਨੂਰ ਨੁਰਾਨਾ ਡਗਮਗਾਇੰਦਾ । ਜਨਮ ਕਰਮ ਦੀ ਅਵਸਥਾ ਦਏ ਬਦਲਾ, ਭਾਂਡਾ ਭਰਮ ਭਉ ਭੰਨਾਇੰਦਾ । ਬਿਨਾ ਪੈਸਿਆਂ ਤੋਂ ਮਾਰਗ ਸਸਤਾ ਦਏ ਵਖਾ, ਮਿਹਰ ਨਜ਼ਰ ਨਾਲ ਪਾਰ ਕਰਾਇੰਦਾ । ਇਸ਼ਾਰੇ ਨਾਲ ਇਸ਼ਾਰਾ ਦਏ ਦ੍ਰਿੜਾ, ਨਜ਼ਾਰੇ ਨਾਲ ਨਜ਼ਾਰਾ ਆਪ ਸਮਝਾਇੰਦਾ । ਮੁਨਾਰੇ ਨਾਲ ਮੁਨਾਰਾ ਕਰੇ ਰੁਸ਼ਨਾ, ਸਤਿ ਸੁਹੰਜਣਾ ਸੋਭਾ ਪਾਇੰਦਾ । ਕੂੜੀ ਕਿਰਿਆ ਜਗਤ ਕਿਨਾਰਾ ਕੋਈ ਨਾ ਲਾਵੇ ਢਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਗਹਿਰ ਗੰਭੀਰ, ਆਦਿ ਜੁਗਾਦਿ ਨਜ਼ਰੀ ਆਇੰਦਾ । ਵੇਖਣਹਾਰਾ ਖੇਲ ਪੰਜ ਤਤ ਕਾਇਆ ਸਰੀਰ, ਤਨ ਮਾਟੀ ਖ਼ਾਕੀ ਖੋਜ ਖੁਜਾਇੰਦਾ । ਜਿਸ ਦਾ ਜਲਵਾ ਬੇਨਜ਼ੀਰ, ਜਗਤ ਨੇਤਰ ਦਰਸ ਕੋਇ ਨਾ ਪਾਇੰਦਾ । ਜਿਸ ਦੀ ਮੰਜ਼ਲ ਚੋਟੀ ਅਖ਼ੀਰ, ਆਖ਼ਰ ਇਕੋ ਹੁਕਮ ਵਰਤਾਇੰਦਾ । ਜਿਸ ਨੂੰ ਮਿਲ ਕੇ ਖ਼ੁਸ਼ ਹੋਇਆ ਕਬੀਰ, ਧੁਰ ਦਾ ਢੋਲਾ ਇਕ ਦ੍ਰਿੜਾਇੰਦਾ । ਸੋ ਸਾਹਿਬ ਸਵਾਮੀ ਅੰਤਰਜਾਮੀ ਪੀਰਾਂ ਦਾ ਪੀਰ, ਪਰਵਰਦਿਗਾਰ ਜਲਵਾ ਆਪਣਾ ਇਕ ਵਖਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਸ਼ਰਅ ਸ਼ਰੀਅਤ ਕਟ ਜ਼ੰਜੀਰ, ਜ਼ਿਬਹ ਪੰਜ ਤਤ ਵਿਕਾਰ ਕਰ ਵਖਾਇੰਦਾ । ਜਿਸ ਨੂੰ ਸਾਰੇ ਕਹਿੰਦੇ ਲਾਤਸਵੀਰ, ਮੁਸੱਵਰ ਜਗਤ ਰੂਪ ਨਾ ਕੋਇ ਦਰਸਾਇੰਦਾ । ਉਹ ਤੁਹਾਡਾ ਬਾਦਸ਼ਾਹ ਤੁਸੀਂ ਉਹਦੇ ਵਜ਼ੀਰ, ਜਿਸ ਵੇਲੇ ਚਾਹੇ ਉਸ ਵੇਲੇ ਆਪਣੇ ਨਾਲ ਮਿਲਾਇੰਦਾ । ਉਹ ਦਰਵੇਸ਼ਾਂ ਦਾ ਦਰਵੇਸ਼ ਹਕੀਰਾਂ ਦਾ ਹਕੀਰ ਫ਼ਕੀਰਾਂ ਦਾ ਫ਼ਕੀਰ, ਫ਼ਿਕਰਾ ਇਕੋ ਨਾਮ ਸੁਣਾਇੰਦਾ । ਜਿਸ ਦੇ ਹੱਥ ਸਚ ਆਦਿ ਜੁਗਾਦੀ ਅਗੰਮੀ ਤਦਬੀਰ, ਚੌਦਾਂ ਵਿਦਿਆ ਸਮਝ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਰਾਹ ਇਕੋ ਇਕ ਵਖਾਇੰਦਾ । ਸੱਚਾ ਰਾਹ ਜਿਸ ਜਨ ਦੱਸੇ ਖੋਲ੍ਹ ਕੇ ਰਾਜ਼, ਰਹਿਮਤ ਆਪ ਕਮਾਈਆ । ਫੇਰ ਕਿਹੜੀ ਲੋੜ ਪੜ੍ਹਨ

ਦੀ ਨਿਮਾਜ਼, ਵੁਜ਼ੂਆਂ ਵਾਲਾ ਲੇਖਾ ਦੇਵੇ ਢਾਹੀਆ । ਘਟ ਸਵਾਮੀ ਭੀਤਰ ਪਰਗਟ ਹੋਵੇ ਆਪ, ਵਡ ਪਰਤਾਪ ਆਪਣਾ ਦਏ ਜਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਜਾਪ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਵਸੇ ਸਾਥ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਹਉਮੇ ਹੰਗਤਾ ਮੇਟ ਰੋਗ ਜਗਤ ਸੰਤਾਪ, ਸਤਿ ਅਸਤਿ ਪਰਦਾ ਦਏ ਖੁਲ੍ਹਾਈਆ । ਜਨਮ ਜਨਮ ਦੇ ਕਟ ਕੇ ਪਾਪ, ਦੁਰਮਤ ਮੈਲ ਦੇਵੇ ਧਵਾਈਆ । ਮਿਹਰਵਾਨ ਹੋ ਕੇ ਦਰਸ ਦੇਵੇ ਸਾਖਿਆਤ, ਜੋਤੀ ਜਾਤਾ ਹੋ ਕੇ ਨਜ਼ਰੀ ਆਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਤਿਤ ਪੁਨੀਤ ਪਵਿਤਰ ਕਰ ਕੇ ਪਾਵਨ ਦਏ ਬਣਾਈਆ । ਜਿਨ੍ਹਾਂ ਨੂੰ ਪ੍ਰਭ ਦੇ ਮਿਲਣ ਦੀ ਨਹੀਂ ਆਈ ਜਾਚ, ਸਤਿਗੁਰ ਪੂਰਾ ਅੰਦਰ ਵੜ ਕੇ ਆਪੇ ਦਏ ਸਮਝਾਈਆ । ਬੰਦ ਕਿਵਾੜੀ ਖੋਲ੍ਹ ਦੇਵੇ ਤਾਕ, ਬਜਰ ਕਪਾਟੀ ਪਰਦਾ ਦਏ ਉਠਾਈਆ । ਜਿਧਰ ਵੇਖੋ ਉਧਰ ਸਾਥ, ਅੰਦਰ ਬਾਹਰ ਇਕੋ ਰੂਪ ਸਮਾਈਆ । ਜਿਸ ਨੂੰ ਝੁਕਦੇ ਪ੍ਰਿਥਮੀ ਆਕਾਸ਼, ਗਗਨ ਮੰਡਲ ਪੁਰੀ ਲੋਅ ਆਕਾਸ਼ ਪਾਤਾਲ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਸੋ ਮਾਲਕ ਖ਼ਾਲਕ ਸਾਲਸ ਤੁਹਾਡੇ ਸਾਥ, ਗੋਬਿੰਦ ਗੁਰ ਇਕੋ ਬੇਪਰਵਾਹੀਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਰਹੇ ਵਾਚ, ਵਾਚਕ ਹੋ ਕੇ ਵਿਦਿਆ ਨਾਲ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹਿਜ ਸੁਭਾਓ ਗੁਰਮੁਖਾਂ ਪਿਆਰਿਆਂ ਮੇਲਾ ਲਏ ਮਿਲਾਈਆ । ਸਤਿਗੁਰ ਪੂਰਾ ਜੇ ਕਰੇ ਕਿਰਪਾ, ਕਿਰਪਨ ਆਪਣੇ ਗਲੇ ਲਗਾਈਆ । ਜਨਮ ਜਨਮ ਦੀ ਰਹੇ ਨਾ ਬਿਪਤਾ, ਲੱਖ ਚੁਰਾਸੀ ਦਏ ਕਟਾਈਆ । ਸਭ ਤੋਂ ਉਚਾ ਉਤਮ ਸ੍ਰੇਸ਼ਟ ਨਾਤਾ ਗੁਰਸਿਖ ਦਾ, ਲੱਖ ਚੁਰਾਸੀ ਕੰਮ ਕਿਸੇ ਨਾ ਆਈਆ । ਬਿਨ ਸਤਿਗੁਰ ਪੂਰੇ ਸਤਿਗੁਰੂ ਕਿਸੇ ਨੂੰ ਨਹੀਂ ਦਿਸਦਾ, ਜਿੰਨਾਂ ਚਿਰ ਨਿਜ ਨੇਤਰ ਲੋਚਨ ਨੈਣ ਨਾ ਕਰੇ ਰੁਸ਼ਨਾਈਆ । ਜੁਗ ਚੌਕੜੀ ਲਹਿਣਾ ਦੇਣਾ ਜਿਸ ਜਿਸ ਦਾ, ਲੋਕਮਾਤ ਦੇਵੇ ਥਾਉਂ ਥਾਈਂਆ । ਨਾਤਾ ਜੋੜ ਕੇ ਪਿਤਾ ਪੂਤ ਪਿਤ ਦਾ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਅੰਦਰ ਕਿਰਪਾਲ ਹੋ ਕੇ ਕਰਮ ਕਾਂਡ ਦੇ ਲੇਖੇ ਦਏ ਮੁਕਾਈਆ । ਕਿਰਪਾ ਕਹੇ ਮੈਨੂੰ ਕੋਈ ਨਹੀਂ ਮੰਗਦਾ, ਜਗਤ ਲਾਲਚ ਵਿਚ ਲੋਕਾਈਆ । ਕਾਇਆ ਚੋਲੀ ਕੋਈ ਨਹੀਂ ਰੰਗਦਾ, ਨਾਮ ਮਜੀਠੀ ਰੰਗ ਚੜ੍ਹਾਈਆ । ਸਤਿਗੁਰੂ ਦਰ ਦਵਾਰਾ ਕੋਈ ਨਹੀਂ ਲੰਘਦਾ, ਜੋ ਨਵਾਂ ਦਵਾਰਿਆਂ ਤੋਂ ਅਗੇ ਨਜ਼ਰੀ ਆਈਆ । ਜਿਥੇ ਇਕੋ ਸ਼ਬਦ ਅਗੰਮੀ ਵਜਦਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਜਿਥੇ ਅੰਮ੍ਰਿਤ ਝਿਰਨਾ ਮਿਲੇ ਓਸ ਰਸ ਦਾ, ਜਿਹੜਾ ਰਸ ਗੋਬਿੰਦ ਗੁਰਮੁਖਾਂ ਗਿਆ ਪਿਆਈਆ । ਓਥੇ ਪਰਕਾਸ਼ ਨਹੀਂ ਕਿਸੇ ਰਵ ਸਸ ਦਾ, ਨਿਰਗੁਣ ਜੋਤ ਡਗਮਗਾਈਆ । ਓਥੇ ਨਜ਼ਾਰਾ ਨਹੀਂ ਕੋਈ ਜਗਤ ਵਾਲੀ ਅੱਖ ਦਾ, ਨਿਜ ਨੇਤਰ ਹੋਏ ਰੁਸ਼ਨਾਈਆ । ਸਚ ਪੁਛੋ ਤੁਹਾਡਾ ਪਰਮਾਤਮਾ ਤੁਹਾਡੇ ਵਿਚ ਵਸਦਾ, ਆਤਮ ਸੇਜਾ ਰਿਹਾ ਹੰਢਾਈਆ । ਭਾਵੇਂ ਜਗਤ ਜਹਾਨ ਬਹੁਰੰਗਾਂ ਵਿਚ ਦੱਸਦਾ, ਵਿਦਿਆ ਵਾਲੀ ਕਰਨ ਪੜ੍ਹਾਈਆ । ਪਰ ਸਾਖ਼ਿਆਤ ਕਿਸੇ ਦਰਸ ਕਰਾਇਆ ਨਹੀਂ ਓਸ ਕਮਲਾਪਤ ਦਾ, ਜੋ ਪਤਿਪਰਮੇਸ਼ਵਰ ਹੋ ਕੇ ਆਪਣੇ ਗਲੇ ਲਗਾਈਆ । ਇਹ ਖੇਲ ਨਹੀਂ ਕਿਸੇ ਦੇ ਵਸ ਦਾ, ਪੁਰਖ ਅਕਾਲ ਦੀਨ ਦਿਆਲ ਆਪਣੀ ਵਸਤ ਆਪਣੇ ਵਿਚ ਛੁਪਾਈਆ । ਜਿਸ ਵੇਲੇ ਲਹਿਣਾ ਦੇਣਾ ਦੇਣਾ ਹੋਵੇ ਹਕ ਦਾ, ਹਕੀਕਤ ਵਿਚੋਂ ਸਚ ਦਏ ਵਖਾਈਆ । ਏਥੇ ਵਿਚਾਰ ਨਹੀਂ ਮਨਮਤ ਦਾ, ਬੁਧੀ ਵਾਲੀ ਨਾ ਕੋਇ ਵਡਿਆਈਆ । ਜੋ ਸਾਹਿਬ


੧੦੪੬

੧੦੪੭

ਸਤਿਗੁਰ ਦੇ ਚਰਨਾਂ ਉਤੇ ਢੱਠਦਾ, ਓਹੋ ਆਪਣਾ ਆਪ ਮਿਲ ਕੇ ਉਸ ਦੇ ਵਿਚ ਛੁਪਾਈਆ । ਫੇਰ ਝਗੜਾ ਕੋਈ ਨਾ ਰਹੇ ਚੁਰਾਸੀ ਲੱਖ ਦਾ, ਮਾਤ ਗਰਭ ਦਸ ਦਸ ਮਾਸ ਨਾ ਕੋਇ ਤਪਾਈਆ । ਜਿਨ੍ਹਾਂ ਨੂੰ ਸਾਹਿਬ ਸਤਿਗੁਰ ਸੱਚਾ ਰਾਹ ਦੱਸਦਾ, ਸੁਰਤੀ ਸ਼ਬਦ ਨਾਲ ਜੁੜਾਈਆ । ਅੰਦਰ ਪਰਦਾ ਰਹੇ ਨਾ ਕੂੜ ਕੁੜਿਆਰੀ ਵੱਟ ਦਾ, ਭਾਂਡਾ ਭਰਮ ਦੇਵੇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਿਰਪਾ ਕਹੇ ਮੈਂ ਬੜੀ ਕਿਰਪਾਲ, ਸਦਾ ਗੁਰਮੁਖਾਂ ਸੇਵ ਕਮਾਈਆ । ਮੇਲਾ ਮਿਲਾਵਾਂ ਨਾਲ ਦੀਨ ਦਿਆਲ, ਜੋ ਦਇਆਨਿਧ ਅਖਵਾਈਆ । ਜਿਸ ਦੇ ਦਵਾਰੇ ਉਤੇ ਕਦੀ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਇਕੋ ਨਜ਼ਰੀ ਆਵੇ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਬਣਾਈਆ । ਜਿਸ ਤਰਾ ਧਰਤੀ ਉਤੇ ਨਵੇਂ ਜੁਗ ਦਾ ਹੋਣ ਲਗਾ ਇਸਤਮਾਲ, ਇਸੇ ਤਰਾ ਦੁਨੀਆ ਦੀ ਸ੍ਰਿਸ਼ਟੀ ਦੀ ਕਾਇਨਾਤ ਦੀ ਅੰਦਰੋਂ ਰੁਚੀ ਦਏ ਬਦਲਾਈਆ । ਪਹਿਲੋਂ ਆਵੇ ਜ਼ਵਾਲ ਸ਼ਾਹ ਹੋਣ ਕੰਗਾਲ, ਚਾਰ ਕੁੰਟ ਦਹਿ ਦਿਸ਼ਾ ਵਜੇ ਤਾਲ, ਫੇਰ ਭਗਤਾਂ ਲਏ ਉਠਾਲ, ਸੰਤਾਂ ਦਏ ਜਲਾਲ, ਗੁਰਮੁਖਾਂ ਸੁਣੇ ਹਾਲ, ਗੁਰਸਿਖਾਂ ਕਰੇ ਪ੍ਰਿਤਪਾਲ, ਚਾਲ ਅਵਲੜੀ ਇਕ ਚਲਾਈਆ । ਮਾਰਗ ਦੱਸੇ ਇਕ ਸੁਖਾਲ, ਛੁਰੀ ਕਰਦ ਨਾਲ ਹੋਣਾ ਨਾ ਪਏ ਹਲਾਲ, ਮਿਹਰ ਨਜ਼ਰ ਨਾਲ ਤਾਰੀ ਜਾਏ ਬੁੱਢੇ ਬਿਰਧ ਬਾਲ, ਜੋਬਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਕ਼ਤ ਸੁਹਾਵਣਾ ਭਗਤਾਂ ਨਾਲ ਰਖਾਈਆ । ਜਿਸ ਵੇਲੇ ਮਨ ਖ਼ਿਆਲ ਹੋਵੇ ਸੰਤੁਸ਼ਟ, ਤਰੁੱਟੀ ਰਹੇ ਨਾ ਰਾਈਆ । ਜਿਨ੍ਹਾਂ ਦੇ ਸਤਿਗੁਰ ਪੂਰਾ ਹੱਥ ਧਰੇ ਉਤੇ ਪੁਸ਼ਤ, ਪਨਾਹ ਚਰਨਾਂ ਦਏ ਵਖਾਈਆ । ਓਨ੍ਹਾਂ ਦਾ ਲੇਖਾ ਮੁਕ ਜਾਏ ਉਹ ਅੰਗੁਸ਼ਤ, ਜੋ ਅੰਗੂਠੇ ਵਰਗਾ ਰਹੇ ਗਾਈਆ । ਸਤਿਗੁਰ ਦਾਤਾ ਦਾਨ ਦੇਵਣਹਾਰਾ ਮੁਫ਼ਤ, ਪੈਸਾ ਧੇਲਾ ਕ਼ੀਮਤ ਨਾ ਕੋਇ ਰਖਾਈਆ । ਲੈਣ ਵਾਲਾ ਜੇ ਹੋ ਨਾ ਜਾਵੇ ਸੁਸਤ, ਸਹਿਜੇ ਝੋਲੀ ਦੇਵੇ ਭਰਾਈਆ । ਸਤਿਗੁਰ ਸ਼ਬਦ ਆਦਿ ਜੁਗਾਦੀ ਦਰੁਸਤ, ਜਿਸ ਨੂੰ ਸਾਰੇ ਸੀਸ ਨਿਵਾਈਆ । ਮਿਹਰ ਕਰ ਕੇ ਛਿਨ ਵਿਚ ਤੁਹਾਡੇ ਅੰਦਰੋਂ ਕੂੜੀ ਕਿਰਿਆ ਕਰ ਲਏ ਕੁਰਕ, ਪੰਜਾਂ ਵਿਕਾਰਾਂ ਬਾਹਰ ਦੇਵੇ ਕਢਾਈਆ । ਤੁਹਾਡਾ ਮਨ ਵਿਕਾਰੀ ਰਹੇ ਨਾ ਤੁਰਕ, ਤੁਰਤ ਆਪਣਾ ਰੰਗ ਚੜ੍ਹਾਈਆ । ਸ਼ਬਦ ਮਿਲਾਵਾ ਕਰ ਕੇ ਸੁਰਤ, ਘਰ ਸੁਹਾਗੀ ਕੰਤ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਵਿਚ ਸਭ ਕੁਛ ਝੋਲੀ ਪਾਈਆ । ਰਸਨਾ ਕਹੇ ਮੈਂ ਜ਼ਰੂਰ ਕਿਹਾ ਧੰਨ, ਜਿਹਵਾ ਵਾਲੀ ਵਡਿਆਈਆ । ਬਚਨ ਸੁਣੇ ਕੰਨ, ਸਰੋਤੇ ਲਏ ਜਗਾਈਆ । ਖ਼ੁਸ਼ੀ ਹੋਈ ਤਨ, ਪੰਜਾਂ ਤੱਤਾਂ ਵਜੀ ਵਧਾਈਆ । ਜਿੰਨਾਂ ਚਿਰ ਸਤਿਗੁਰ ਦੇ ਹੱਥ ਨਾ ਫੜਾਇਆ ਮਨ, ਸਾਂਤਕ ਸਤਿ ਨਾ ਕੋਇ ਕਰਾਈਆ । ਨਿਰਗੁਣ ਜੋਤ ਨਾ ਚੜ੍ਹਿਆ ਚੰਨ, ਅੰਧ ਅੰਧੇਰ ਨਾ ਕੋਇ ਗਵਾਈਆ । ਭਾਵੇਂ ਸਾਰੇ ਸੁਣੌਂਦੇ ਤੁਹਾਡਾ ਰੂਪ ਹੈਂ ਬ੍ਰਹਮ, ਪਾਰਬ੍ਰਹਮ ਵਿਚ ਨਾ ਕੋਇ ਮਿਲਾਈਆ । ਕਿਉਂ ਕਲਜੁਗ ਅੰਧੇਰੀ ਹੋਈ ਸ਼ਾਮ, ਘਨਈਆ ਸਭ ਤੋਂ ਬੈਠਾ ਮੁਖ ਛੁਪਾਈਆ । ਉਚੀ ਗੌਂਦੇ ਸਾਰੇ ਰਾਮ ਰਾਮ, ਮਿਲ ਕੇ ਰਮਤਾ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਅੰਦਰ ਬਾਹਰ ਵੇਖ ਵਖਾਈਆ । ਕਿਰਪਾ ਕਰਨ ਵਾਲਾ ਸਦਾ ਦਾਤਾ, ਦਇਆਵਾਨ ਅਖਵਾਇੰਦਾ । ਆਦਿ ਜੁਗਾਦੀ ਪਿਤਾ ਮਾਤਾ, ਭਗਤ ਸੁਹੇਲੇ ਗੁਰਮੁਖ ਗੋਦ ਉਠਾਇੰਦਾ । ਸਚ ਪ੍ਰੀਤੀ ਜੋੜ ਕੇ ਨਾਤਾ, ਕੂੜੀ ਕਿਰਿਆ ਜਗਤ ਮਿਟਾਇੰਦਾ । ਸਾਚੇ ਨਾਮ ਦੀ ਦੱਸ ਕੇ ਗਾਥਾ, ਅੱਖਰ ਵੱਖਰ

ਇਕ ਪੜ੍ਹਾਇੰਦਾ । ਏਥੇ ਓਥੇ ਦੋ ਜਹਾਨ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਜਨਮ ਵਿਚ ਦੇਵੇ ਭਰਵਾਸਾ, ਜਨਮ ਤੋਂ ਬਾਦ ਸਚਖੰਡ ਕਰੇ ਨਿਵਾਸਾ, ਆਤਮ ਪਰਮਾਤਮ ਆਪਣੇ ਵਿਚ ਮਿਲਾਇੰਦਾ । ਜਨਮ ਜਨਮ ਦੀ ਕਰਮ ਕਰਮ ਦੀ ਪੂਰੀ ਕਰ ਕੇ ਖ਼ਾਹਿਸ਼ਾ, ਸਵਾਸ ਸਵਾਸ ਸਾਹ ਸਾਹ ਆਪ ਸਮਾਇੰਦਾ । ਸਿੱਧੀ ਸਰਲ ਸਮਝਣ ਵਾਲੀ ਸਮਝਾ ਕੇ ਭਾਸ਼ਾ, ਭਵਿਖਤ ਦਾ ਲੇਖਾ ਆਪਣੇ ਸਾਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਹਾਈ ਅਨਾਥ ਅਨਾਥਾ, ਦੀਨ ਦੀਨਾਂ ਆਪਣੇ ਰੰਗ ਰੰਗਾਇੰਦਾ । ਜਾਣ ਦੀ ਇਜ਼ਾਜਤ ਤਨ ਦੀ ਛੁੱਟੀ, ਮਨ ਆਪਣੇ ਹੱਥ ਰਖਾਈਆ । ਜਿਹੜੀ ਧਾਰ ਪ੍ਰੇਮ ਪਿਆਰ ਅੰਦਰੋਂ ਫੁੱਟੀ, ਪਤ ਟਹਿਣੀ ਉਸ ਦੀ ਦਏ ਮਹਿਕਾਈਆ । ਵਸਤ ਪ੍ਰੇਮ ਦੀ ਕਦੀ ਨਾ ਜਾਏ ਲੁੱਟੀ, ਠਗ ਚੋਰ ਯਾਰ ਨਾ ਕੋਇ ਚੁਰਾਈਆ । ਸਤਿਗੁਰ ਵਸਤ ਨਾ ਕਦੇ ਨਿਖੁੱਟੀ, ਖ਼ਾਲੀ ਭੰਡਾਰੇ ਦਏ ਭਰਾਈਆ । ਅੰਤਰ ਆਤਮਾ ਨਾ ਰਹੇ ਸੁੱਤੀ, ਸ਼ਬਦ ਹਲੂਣੇ ਨਾਲ ਜਗਾਈਆ । ਤੁਸੀਂ ਕੋਈ ਕਰਨ ਨਹੀਂ ਆਏ ਬੁੱਤੀ, ਦਰਸ਼ਨ ਦਾ ਦੀਦਾਰ ਦਏ ਵਖਾਈਆ । ਤੁਹਾਡੀ ਓਸ ਨਾਲ ਜੋੜੇ ਰੁਚੀ, ਜਿਸ ਨੂੰ ਗੋਬਿੰਦ ਕਹਿ ਦੇ ਸਾਰੇ ਰਹੇ ਗਾਈਆ । ਤੁਹਾਡੀ ਬੁਧਿ ਬਿਬੇਕ ਹੋਵੇ ਸੁੱਚੀ, ਦ੍ਰਿਸ਼ਟੀ ਉਚੀ ਆਪ ਬਣਾਈਆ । ਇਹ ਕੋਈ ਰਮਜ਼ ਨਹੀਂ ਗੁੱਝੀ, ਸਾਹਮਣੇ ਹੋ ਕੇ ਰਿਹਾ ਸਮਝਾਈਆ । ਜਿਸ ਨੂੰ ਸਮਝ ਨਾ ਸਕੇ ਬੁਧੀ, ਜਗਤ ਅਕਲ ਨਾ ਕੋਇ ਵਡਿਆਈਆ । ਇਸ਼ਾਰਾ ਮਾਰੇ ਰੁਖੀ ਰੁਖੀ, ਰੁਖ਼ਸਤ ਦੇਣ ਤੋਂ ਪਹਿਲੋਂ ਰੁਖ਼ਸਾਰਾਂ ਉਤੇ ਨੂਰ ਦਏ ਚੜ੍ਹਾਈਆ । ਜੇ ਗੁਰਮੁਖ ਬਣਨਾ ਮੁਖੀ, ਮੁਫ਼ਤ ਪ੍ਰੇਮ ਝੋਲੀ ਲੈਣਾ ਪਾਈਆ । ਜਿਸ ਦੇ ਨਾਲ ਏਥੇ ਓਥੇ ਰਹੋ ਸੁਖੀ, ਜਮਦੂਤ ਨੇੜ ਨਾ ਆਈਆ । ਮੁੜ ਕੇ ਔਣਾ ਪਏ ਨਾ ਮਾਤ ਕੁੱਖੀ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੁਖਸਤ ਦੇ ਕੇ ਖ਼ੁਸ਼ੀ ਮਨਾਈਆ । ਤੁਹਾਡੇ ਨੇਤਰ ਕਹਿਣ ਸਾਡੇ ਅੰਦਰ ਪਿਆਸ, ਪ੍ਰੇਮੀ ਪ੍ਰੀਤਮ ਦੇ ਸਮਝਾਈਆ । ਜਿਸ ਦੀ ਯਾਦ ਅੰਦਰ ਚਲਣ ਸਵਾਸ, ਕਿਉਂ ਬੈਠਾ ਮੁਖ ਛੁਪਾਈਆ । ਜਿਸ ਦੇ ਨਾਲ ਮਿਲ ਕੇ ਪਏ ਰਾਸ, ਗੋਪੀ ਕਾਹਨ ਦੋਵੇਂ ਰੂਪ ਨਜ਼ਰੀ ਆਈਆ । ਜਿਸ ਦੀ ਮੰਜ਼ਲ ਦੂਰ ਦੁਰਾਡੀ ਵਾਟ, ਪੰਧ ਅਗਲਾ ਦੇ ਕਟਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਜ਼ਰੀ ਆਵੇ ਸਾਫ਼, ਸਗਲਾ ਸਾਥੀ ਸਹਿਜ ਸੁਖਦਾਈਆ । ਜਿਸ ਕਾਰਨ ਆ ਗਿਆ ਤੇਰੇ ਪਾਸ, ਭੱਜੇ ਵਾਹੋ ਦਾਹੀਆ । ਸਤਿ ਸਚ ਮਿਲੇ ਧਰਵਾਸ, ਭਰਵਾਸਾ ਇਕੋ ਨਜ਼ਰੀ ਆਈਆ । ਅੰਧੇਰੇ ਵਿਚੋਂ ਲੱਭੇ ਪਰਕਾਸ਼, ਜੋਤੀ ਨੂਰ ਹੋਵੇ ਰੁਸ਼ਨਾਈਆ । ਅੱਖ ਕਹੇ ਮੈਂ ਅੰਤਰ ਦੀ ਗਾਥਾ ਨਾ ਸਕਾਂ ਆਖ, ਬੋਲਣ ਵਾਲੀ ਜਿਹਵਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੀਤਰ ਭੀਤਰ ਖੋਜ ਖੁਜਾਈਆ । ਨੇਤਰ ਕਹਿਣ ਨੈਣ ਰੂਪ ਹੋ ਕੇ ਰਹੇ ਤਕ, ਸਿਧਾ ਇਕ ਧਿਆਨ ਲਗਾਈਆ । ਕਿਉਂ ਸਾਥੋਂ ਹੋਇਆ ਵਖ, ਵਿਚ ਰਹਿੰਦਿਆਂ ਮੁਖ ਛੁਪਾਈਆ । ਸਾਡੀ ਝੋਲੀ ਪਾ ਕੇ ਹਕ, ਖ਼ਾਲੀ ਦੇ ਭਰਾਈਆ । ਆਪਣੇ ਕਰ ਲੈ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਸ੍ਰਿਸ਼ਟੀ ਉਤੇ ਲਭ ਲਭ ਗਏ ਥਕ, ਖੋਜ ਖੋਜ ਆਪਣਾ ਆਪ ਮਿਟਾਈਆ । ਹੁਣ ਸਾਡੀ ਹੋ ਗਈ ਬਸ, ਵਾਸਤਾ ਤੇਰੇ ਅਗੇ ਪਾਈਆ । ਪ੍ਰੇਮੀ ਪਿਆਰਾ ਪ੍ਰੀਤਮ ਹੋ ਕੇ ਬਿਨ ਦੰਦਾਂ ਪਓ ਹਸ, ਹਸਤੀ ਆਪਣੀ ਦੇ ਜਣਾਈਆ । ਤੇਰੇ ਸਚ ਪ੍ਰੇਮ ਦਾ ਸੋਹਣਾ ਵੇਖਾਂ ਰਸ, ਰਸਤਾ ਆਪਣਾ ਦੇ ਖੁਲ੍ਹਾਈਆ । ਜਿਸ ਘਰ ਸੱਜਣ ਸਵਾਮੀ ਰਿਹੋਂ ਵਸ, ਗ੍ਰਿਹ ਮੰਦਰ ਅੰਦਰ ਪਰਦਾ ਦੇ ਉਠਾਈਆ । ਮੈਂ ਤੇਰੇ ਪ੍ਰੇਮ ਪਿਆਰ ਮੁਹੱਬਤ ਅੰਦਰ ਚਰਨਾਂ



੧੦੪੮

ਜਾਵਾਂ ਢਠ, ਨਾਤਾ ਤੋੜ ਕੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਮਨ ਮਤਿ ਬੁਧਿ ਲੇਖਾ ਦਿਆਂ ਚੁਕਾਈਆ । ਤੀਰ ਨਿਰਾਲਾ ਮਾਰ ਕਸ, ਅਣਿਆਲਾ ਆਪ ਉਠਾਈਆ । ਤੂੰ ਮੇਰਾ ਮੈਂ ਤੇਰਾ ਚੰਗਾ ਨਹੀਂ ਲਗਦਾ ਰਹਿਣਾ ਵਖ ਵਖ, ਇਕੋ ਘਰ ਬਹਿ ਕੇ ਆਪਣੀ ਖ਼ੁਸ਼ੀ ਦੇ ਵਖਾਈਆ । ਅੱਖ ਕਹੇ ਮੇਰੇ ਅੰਦਰ ਹੋਰ ਅਰਜ਼, ਬੇਨੰਤੀ ਦਿਆਂ ਸੁਣਾਈਆ । ਤੂੰ ਪੂਰਾ ਕਰ ਫਰਜ, ਮਿਹਰਵਾਨ ਹੋ ਸਹਾਈਆ । ਮੈਨੂੰ ਤੇਰੇ ਮਿਲਣ ਦੀ ਗ਼ਰਜ਼, ਦੂਜੀ ਆਸ ਨਾ ਕੋਇ ਰਖਾਈਆ । ਮੇਰੇ ਉਤੇ ਕਰ ਤਰਸ, ਸਹਾਇਕ ਹੋ ਸ਼ਹਿਨਸ਼ਾਹੀਆ । ਮੈਂ ਤੇਰਾ ਮੰਗਾਂ ਦਰਸ, ਦੀਦ ਇਕੋ ਨਜ਼ਰੀ ਆਈਆ । ਜਨਮ ਜਨਮ ਦੀ ਰਹੀ ਭਟਕ, ਜੁਗ ਚੌਕੜੀ ਰਾਹ ਤਕਾਈਆ । ਅਗੇ ਕੋਈ ਨਾ ਪਵੇ ਅਟਕ, ਕੂੜੀ ਕਿਰਿਆ ਬਾਹਰ ਦਏ ਕਢਾਈਆ । ਪੰਜਾਂ ਵਿਕਾਰਾਂ ਦਾ ਰਹੇ ਨਾ ਕਟਕ, ਹੰਗਤਾ ਨਾ ਕੋਇ ਲੜਾਈਆ । ਮਿਲਾਪ ਵਿਚ ਰਹੇ ਨਾ ਕੋਇ ਫ਼ਰਕ, ਫ਼ੈਸਲਾ ਧੁਰ ਦਾ ਦੇ ਸੁਣਾਈਆ । ਮੈਂ ਜਗਤ ਵਾਸਨਾ ਕੀਤੀ ਤਰਕ, ਵਿਸ਼ਿਆਂ ਵਿਚੋਂ ਵਿਸ਼ਾ ਤੇਰਾ ਰੂਪ ਲਿਆ ਤਕਾਈਆ । ਤੂੰ ਮਾਲਕ ਖ਼ਾਲਕ ਉਤੇ ਅਰਸ਼, ਫ਼ਰਸ਼ ਆ ਕੇ ਹੋ ਸਹਾਈਆ । ਤੂੰ ਸੂਰਬੀਰ ਮਰਦਾਨਾ ਜੋਧਾ ਮਰਦ, ਮਦਦਗੀਰ ਇਕੋ ਨਜ਼ਰੀ ਆਈਆ । ਜਗਤ ਵਾਸਨਾ ਮੇਟ ਦੇ ਗਰਦ, ਮਨ ਗ਼ਦਰ ਅੰਦਰ ਨਾ ਕੋਇ ਜਣਾਈਆ । ਅੱਖ ਕਹੇ ਮੈਨੂੰ ਤੇਰੇ ਮਿਲਣ ਦੀ ਦਰਦ, ਦੁਖੀ ਦਾ ਵਿਛੋੜਾ ਦੇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਅੰਤਰ ਆਸਾ ਸਹਿਜ ਪੂਰ ਕਰਾਈਆ ।


੧੦੪੯

## ❊ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਸਵਾਮੀ ਪਰਮਾਨੰਦ ਕਾਹਨਪੁਰੀ ਨਾਲ ਬਚਨ ਕਪੂਰਥਲਾ ❊

ਨਾ ਸੂਰੀਆ ਹੋ ਨਾ ਸ਼ੀਸ਼ਾ, ਪ੍ਰਤੀਬਿੰਬ ਨਜ਼ਰ ਕੋਇ ਨਾ ਆਈਆ । ਕਿਸ ਬਿਧ ਨਜ਼ਰ ਆਏ ਉਹ ਜਗਦੀਸ਼ਾ, ਜੋ ਮੈਂ ਰੂਪ ਮੈਂ ਰਿਹਾ ਜਣਾਈਆ । ਜਿਸ ਨੇ ਲੱਖ ਚੁਰਾਸੀ ਜੀਵ ਜੰਤ ਪਰਗਟ ਕੀਤਾ, ਵਿਸ਼ਨ ਬ੍ਰਹਮਾ ਸ਼ਿਵ ਲਿਆ ਉਪਜਾਈਆ । ਜਿਸ ਦਾ ਧਾਮ ਅਨਡੀਠਾ, ਹਕ ਮੁਕਾਮੇ ਸੋਭਾ ਪਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤ ਕਰੇ ਗੀਤਾ, ਬ੍ਰਹਮ ਦਏ ਵਡਿਆਈਆ । ਜੋ ਨਾ ਮਰਿਆ ਨਾ ਜੀਤਾ, ਜੀਵਣ ਮੁਕਤ ਨਾ ਕੋਇ ਕਰਾਈਆ । ਨਾ ਠੰਡਾ ਨਾ ਤੱਤਾ ਨਾ ਸੀਤਾ, ਅਗਨੀ ਅੱਗ ਨਾ ਕੋਇ ਤਾਈਆ । ਜੋ ਨਾ ਹਸਤ ਨਾ ਕੀਟਾ, ਰੂਪ ਰੰਗ ਨਾ ਕੋਇ ਵਖਾਈਆ । ਉਸ ਦੀ ਕਿੱਥੇ ਲਗੇ ਪ੍ਰੀਤਾ, ਪ੍ਰੀਤਮ ਹੋ ਕੇ ਮਿਲੇ ਚਾਈਂ ਚਾਈਆ । ਜਿਸ ਦਾ ਮਿਲਣ ਵਾਲਾ ਹਰਫ਼ਾਂ ਵਾਲਾ ਨਹੀਂ ਵਸੀਕਾ, ਕਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਜਿਸ ਦੀ ਬੁਧੀ ਦੱਸਣ ਵਾਲੀ ਨਹੀਂ ਕੋਈ ਤਰਤੀਬਾ, ਵਿਕਾਸ ਸਕੇ ਨਾ ਕੋਇ ਸਮਝਾਈਆ । ਜਿਸ ਦਾ ਖੇਲ ਅਜਬ ਅਜੀਬਾ, ਬੇਅੰਤ ਬੇਅੰਤ ਅਖਵਾਈਆ । ਜਿਸ ਦਾ ਨਾ ਕੋਈ ਨਾਮ ਨਾ ਕਲਮਾ ਨਾ ਹਦੀਸਾ, ਜੋ ਹਜ਼ਰਤਾਂ ਕਰੇ ਪੜ੍ਹਾਈਆ । ਜਿਸ ਦਾ ਕਾਲ ਕਦੇ ਨਾ ਬੀਤਾ, ਜਗ ਸਮਝ ਕਿਸੇ ਨਾ ਆਈਆ । ਜਿਸ ਨੇ ਆਪਣਾ ਆਪ ਤੇ ਸਭ ਕੁਛ ਕੀਤਾ, ਕਰਨੀ ਦਾ ਕਰਤਾ ਇਕ ਹੋ ਜਾਈਆ । ਜੋ ਸਦਾ ਸਦਾ ਰਹੇ ਅਤੀਤਾ, ਤ੍ਰੈਗੁਣ ਬੰਧਨ ਨਾ ਕੋਇ ਪਾਈਆ । ਜੋ ਗੁਪਤ ਜ਼ਾਹਰ ਵਸੇ ਭੀਤਰ ਭੀਤਾ, ਸਮੁੰਦ ਸਾਗਰ ਜ਼ਿਮੀਂ ਅਸਮਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਅੰਡਜ ਜੇਰਜ ਉਤਭੁਜ ਸੇਤਜ ਖਾਣੀ ਬਾਣੀ ਸਰਬ ਰਿਹਾ ਸਮਾਈਆ । ਜੋ ਸਭ ਦੀ ਪਰਖਣਹਾਰਾ ਨੀਤਾ, ਘਟ

ਘਟ ਅੰਦਰ ਵੇਖ ਵਖਾਈਆ । ਸੋ ਜੋਤ ਸਰੂਪ ਬਿਨ ਰੰਗ ਰੂਪ ਸਚ ਸਵਾਮੀ ਸਤਿ ਭੂਪ ਵਸਣਹਾਰਾ ਦਿਸ਼ਾ ਕੂਟਾ, ਕਿਹੜੀ ਕੁਟੀਆ ਅੰਦਰ ਬਹਿ ਕੇ ਆਸਣ ਲਾਈਆ । ਜਿਥੇ ਸੂਰਜ ਚੰਦ ਸ਼ੀਸ਼ੇ ਦਾ ਹੋਵੇ ਨਾ ਕੋਈ ਵਿਕਾਸ, ਪਾਸਾ ਸਕੇ ਨਾ ਕੋਇ ਬਦਲਾਈਆ । ਨਾ ਕੋਈ ਦਿਵਸ ਤੇ ਨਾ ਕੋਈ ਰਾਤ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਨਾ ਕੋਈ ਸਾਧੂਆਂ ਵਾਲੀ ਜਮਾਤ, ਵਿਗਿਆਨ ਸਕੇ ਨਾ ਕੋਇ ਦ੍ਰਿੜਾਈਆ । ਨਾ ਕੋਈ ਲੇਖਾ ਨਾ ਹਿਸਾਬ, ਨਾ ਕਿਤਾਬ ਕੋਈ ਪੜ੍ਹਾਈਆ । ਜਿਥੇ ਇਕੋ ਇਕ ਪਰਤਾਪ, ਨਾ ਕੋਈ ਰਸਨਾ ਨਾ ਕੋਈ ਜਾਪ, ਨਾ ਕੋਈ ਪੁੰਨ ਨਾ ਕੋਈ ਪਾਪ, ਨਾ ਕੋਈ ਪਿਤਾ ਨਾ ਕੋਈ ਮਾਤ, ਨਾ ਕੋਈ ਸੱਜਣ ਨਾ ਕੋਈ ਸਾਕ, ਨਾ ਕੋਈ ਮੰਦਰ ਨਾ ਕੋਈ ਤਾਕ, ਨਾ ਕੋਈ ਪੰਜ ਤਤ ਮਾਟੀ ਪੁਤਲਾ ਦਿਸੇ ਖ਼ਾਕ, ਨਾ ਕੋਈ ਸਵਾਲ ਨਾ ਜਵਾਬ, ਨਾ ਕੋਈ ਮਿਤਰ ਨਾ ਅਹਿਬਾਬ, ਨਾ ਕੋਈ ਤਾਰ ਸਤਾਰ ਵਜਾਏ ਰਬਾਬ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਵੈਰ ਹੋ ਕੇ ਨਿਰਾਕਾਰ ਆਪ ਸੁਣਾਈਆ । ਜਿਸ ਵੇਲੇ ਸ਼ੀਸ਼ਾ ਚੰਦ ਸੂਰਜ ਸੂਰੀਆ ਨਾ ਉਦੇ ਹੋਇਆ ਪਰਕਾਸ਼, ਗਗਨ ਮੰਡਲ ਨਜ਼ਰ ਕੋਇ ਨਾ ਆਈਆ । ਜਿਸ ਦਾ ਨਾ ਕੋਈ ਮਾਈ ਨਾ ਕੋਈ ਬਾਪ, ਜਨੇਂਦੀ ਰੂਪ ਨਾ ਕੋਇ ਵਟਾਈਆ । ਮਹਾਤਮਾ ਜੀ ਅਸੀਂ ਓਸ ਦੀ ਪੁਛਦੇ ਬਾਤ, ਜੋ ਗੱਲਾਂ ਬਾਤਾਂ ਵਿਚੋਂ ਬਾਹਰ ਡੇਰਾ ਲਾਈਆ । ਜਿਸ ਦਾ ਨੂਰ ਇਕੋ ਵਾਹਦ, ਲਾਸ਼ਰੀਕ ਖ਼ਲਕ ਖ਼ੁਦਾਈਆ । ਜਿਸ ਨੇ ਸਰਬ ਆਤਮਾ ਦਾ ਆਪਣੇ ਨਾਲ ਰਖ ਕੇ ਨਿਵਾਸ, ਆਸ ਸਭ ਦੀ ਪੂਰ ਕਰਾਈਆ । ਜੇ ਤੁਹਾਡੇ ਅੰਦਰ ਹੋਇਆ ਪਰਕਾਸ਼, ਸਹਿਜੇ ਸਹਿਜੇ ਸਭ ਨੂੰ ਦੇਣਾ ਸਮਝਾਈਆ । ਜ਼ਰਾ ਓਸ ਸ਼ਬਦ ਦੀ ਦੱਸੋ ਆਵਾਜ਼, ਜੋ ਬਿਨਾ ਤੰਦ ਸਤਾਰ ਰਿਹਾ ਹਿਲਾਈਆ । ਜੋ ਆਤਮਾ ਪਰਮਾਤਮਾ ਰੂਪ ਕਹੇ ਮੈਂ ਹਾਂ ਹੋਵਾਂਗਾ ਆਪ, ਆਪਣਾ ਹੁਕਮ ਵਰਤਾਈਆ । ਓਸ ਮੈਂ ਦੇ ਵਿਚੋਂ ਮੈਂ ਬਣਿਆ ਸਾਕ, ਸੱਜਣ ਜਗਤ ਅਖਵਾਈਆ । ਇਹ ਖੇਲ ਅਵਲੜਾ ਤਮਾਸ਼, ਥੋੜ੍ਹਾ ਜਿਹਾ ਦੇਣਾ ਸਮਝਾਈਆ । ਨਾ ਜਲ ਤੇ ਨਾ ਪਾਣੀ ਹਾਈਟ, ਨਾਈਟ ਦਾ ਨਹੀਂ ਕੋਈ ਇਤਫ਼ਾਕ, ਸਭ ਦਾ ਲੇਖਾ ਹੋਇਆ ਬੇਬਾਕ, ਭੇਵ ਆਪਣਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਘਟ ਘਟ ਅੰਦਰ ਜੋਤ ਧਰ, ਨਰ ਨਿਰੰਕਾਰ ਨਿਰਾਕਾਰ ਆਤਮ ਬ੍ਰਹਮ ਕਰੇ ਰੁਸ਼ਨਾਈਆ । ਸੂਰੀਆ ਸ਼ੀਸ਼ਾ ਕਿਸ ਬਣਾਇਆ, ਉਹ ਵਿਅਕਤੀ ਦਿਓ ਸਮਝਾਈਆ । ਕਿਸ ਨੇ ਤੱਤਾਂ ਨਾਲ ਆਧਾਰ ਰਖਾਇਆ, ਸਰਗੁਣ ਰੂਪ ਬਦਲਾਈਆ । ਜਿਸ ਨਿਰਗੁਣ ਨਿਰੰਕਾਰ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇਆ, ਮਨ ਮਤਿ ਬੁਧਿ ਦਿਤੀ ਵਡਿਆਈਆ । ਪਰਕਿਰਤੀਆਂ ਨਾਲ ਜੋੜ ਜੁੜਾਇਆ, ਮਾਇਆ ਮਮਤਾ ਗੰਢ ਜਣਾਈਆ । ਓਸ ਹੈਂ ਦਾ ਹੈਂ ਰੂਪ ਦਿਓ ਸਮਝਾਇਆ, ਜੋ ਹੰ ਬ੍ਰਹਮ ਤੋਂ ਪਾਰਬ੍ਰਹਮ ਨਜ਼ਰੀ ਆਈਆ । ਨਾ ਕੋਈ ਇਹ ਉਂਗਲੀ ਵਾਲਾ ਛਾਇਆ, ਨਾ ਕੋਈ ਤੱਤਾਂ ਵਾਲੀ ਮਾਇਆ, ਇਕੋ ਇਕ ਦੇਣਾ ਦ੍ਰਿੜ੍ਹਾਈਆ । ਇਸੇ ਕਾਰਨ ਤੁਹਾਨੂੰ ਏਥੇ ਸੱਦ ਬਹਾਇਆ, ਜੇ ਤੁਸਾਂ ਆਪਣਾ ਆਪ ਆਤਮਾ ਪਰਮਾਤਮਾ ਬਿਨ ਅੱਖਾਂ ਦਰਸ਼ਨ ਪਾਇਆ, ਬਿਨ ਹੱਥਾਂ ਸੇਵ ਕਮਾਇਆ, ਬਿਨ ਰਸਨਾ ਜਸ ਗਾਇਆ, ਉਸ ਦਾ ਰੂਪ ਦਿਓ ਜਣਾਈਆ । ਜਿਸ ਦੇ ਵਸ ਸਰਬ ਲੋਕਾਇਆ, ਦੋ ਜਹਾਨ ਭੱਜੇ ਵਾਹੋ ਦਾਹਿਆ, ਸਾਰੇ ਜਿਸ ਨੂੰ ਬੈਠੇ ਸੀਸ ਨਿਵਾਇਆ, ਘਟ ਘਟ ਅੰਦਰ ਜਿਸ ਨੇ ਡੇਰਾ ਲਾਇਆ, ਸੋ ਪੁਰਖ ਅਬਿਨਾਸ਼ੀ ਸ਼ਾਹੋ ਸ਼ਾਬਾਸ਼ੀ ਦਿਓ ਸਮਝਾਈਆ । ਭਰਮ ਭਰਾਂਤ ਭੁਲੇਖਾ ਰਹੇ ਨਾ ਰਾਇਆ, ਸਤਿ ਸਰੂਪ ਦਿਓ ਦਰਸਾਇਆ, ਇਕਾਂਤ ਇਕੋ ਨਜ਼ਰੀ ਆਇਆ, ਬਹੁਭਾਂਤੀ ਭੇਵ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਵੇਖ

੧੦੫੦

ਵਖਾਈਆ । ਸੂਰਜ ਸ਼ੀਸ਼ਾ ਦੋਵੇਂ ਮਾਰਨ ਧਾਹ, ਬਹੁੜੀ ਬਹੁੜੀ ਕਰ ਕੇ ਰਹੇ ਸੁਣਾਈਆ । ਸਾਨੂੰ ਪਤਾ ਨਹੀਂ ਓਸ ਪਰਮਾਤਮਾ ਦਾ ਕਿਹੜਾ ਨਾਂ, ਕਿਸ ਥਾਂ ਬੈਠਾ ਸੋਭਾ ਪਾਈਆ । ਹੁਕਮੇ ਅੰਦਰ ਸਾਰੇ ਸੇਵਾ ਰਹੇ ਕਮਾ, ਭੱਜੇ ਵਾਹੋ ਦਾਹੀਆ । ਵਿਛੋੜਾ ਜੋੜਾ ਓਹੋ ਰਿਹਾ ਬਣਾ, ਮੇਲ ਮਿਲਾਵਾ ਆਪਣੇ ਹੱਥ ਰਖਾਈਆ । ਜੋ ਸਭ ਦਾ ਰਹਿਬਰ ਬਣ ਕੇ ਦੱਸੇ ਰਾਹ, ਸਬਬ ਨਾਲ ਮੇਲਾ ਲਏ ਮਿਲਾ, ਆਤਮ ਪਰਮਾਤਮ ਪਰਦਾ ਦਏ ਉਠਾ, ਮੈਂ ਤੂੰ ਮੈਂ ਵਿਚੋਂ ਲਏ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੁਫ਼ਨ ਅਵਸਥਾ ਦਏ ਗਵਾ, ਸਾਫ਼ ਆਪਣਾ ਰੰਗ ਵਖਾਈਆ । ਜਿਨ੍ਹਾਂ ਭਗਤਾਂ ਨੇ ਮਿਲ ਕੇ ਓਸ ਦਾ ਢੋਲਾ ਲਿਆ ਗਾ, ਉਹ ਤੁਰੀਆ ਪਦ ਗਏ ਸਮਾ, ਬਾਕੀ ਨਾਤਾ ਗਏ ਤੁੜਾਈਆ । ਜਿਹੜੀ ਮੰਜ਼ਲ ਚੜ੍ਹ ਕੇ ਵੇਖੀ ਉਸ ਦਾ ਕਰੋ ਬਿਆਂ, ਜਿਥੇ ਤੂੰ ਮੈਂ ਦਾ ਨਹੀਂ ਕੋਈ ਨਾਂ, ਹੈਂ ਹਮ ਨਜ਼ਰ ਕੋਇ ਨਾ ਆਈਆ । ਖ਼ੁਸ਼ੀਆਂ ਨਾਲ ਦੇਣਾ ਗਾ, ਸਮਝ ਨਾਲ ਦੇਣਾ ਸਮਝਾ, ਬੁਧੀ ਸਰਬ ਵਿਆਪੀ ਨੂੰ ਲੈਣਾ ਉਠਾ, ਆਤਮਾ ਪਰਤਾਪੀ ਨੂੰ ਲੈਣਾ ਜਗਾ, ਜਾਗਰਤ ਜੁਗਤੀ ਦੇਣੀ ਜਣਾਈਆ ।

### ❊ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਅਵਤਾਰ ਸਿੰਘ ਦੇ ਗ੍ਰਹਿ ਸ਼ੇਖ਼ਪੁਰਾ ਜ਼ਿਲਾ ਕਪੂਰਥਲਾ ❊

ਸਤਿਗੁਰ ਸ਼ਬਦ ਕਦੇ ਨਾ ਦੇਵੇ ਸਲਾਹ, ਮਾਲਕ ਕੁੱਲ ਦੇਵੇ ਮਿਲਾਈਆ । ਸਾਚੀ ਮੰਜ਼ਲ ਦਏ ਚੜ੍ਹਾ, ਅਗਲਾ ਪਿਛਲਾ ਪੰਧ ਮੁਕਾਈਆ । ਸ਼ਬਦ ਅਗੰਮੀ ਨਾਦ ਧੁਨ ਆਤਮਕ ਰਾਗ ਦਏ ਸੁਣਾ, ਮਨ ਵਾਸਨਾ ਜਗਤ ਤ੍ਰਿਸ਼ਨਾ ਕੂੜੀ ਕਿਰਿਆ ਬਾਹਰ ਕਢਾਈਆ । ਅੰਮ੍ਰਿਤ ਆਤਮ ਪ੍ਰੇਮ ਪਿਆਲਾ ਰਸ ਜਾਮ ਦਏ ਪਿਆ, ਨਿਝਰ ਝਿਰਨਾ ਇਕ ਝਿਰਾਈਆ । ਸੋਈ ਸੁਰਤੀ ਦਏ ਉਠਾ, ਸਤਿ ਹਲੂਣਾ ਇਕ ਲਗਾਈਆ । ਜੋਤੀ ਨੂਰ ਕਰ ਰੁਸ਼ਨਾ, ਅੰਧ ਅੰਧੇਰ ਦਏ ਮਿਟਾਈਆ । ਆਤਮ ਪਰਮਾਤਮ ਗੁਰ ਚੇਲਾ ਦਏ ਮਿਲਾ, ਵਿਛੋੜਾ ਰਹਿਣ ਕੋਇ ਨਾ ਪਾਈਆ । ਇਕੋ ਮੰਦਰ ਇਕੋ ਭੂਮਿਕਾ ਸਾਚਾ ਥਾਂ ਦਏ ਵਖਾ, ਵਖਰੀ ਵੰਡ ਨਾ ਕੋਇ ਵੰਡਾਈਆ । ਬਿਨ ਅੱਖਰਾਂ ਵਾਲਾ ਦੇ ਕੇ ਨਾਂ, ਨਾਉਂ ਨਿਰੰਕਾਰਾ ਦਏ ਸਮਝਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦਇਆ ਦਏ ਕਮਾ, ਦੀਨ ਦਿਆਲ ਦਇਆਨਿਧ ਠਾਕਰ ਸਵਾਮੀ ਅੰਤਰ ਆਤਮ ਪਰਮਾਤਮ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਟ ਘਟ, ਘਟ ਭੀਤਰ ਖੋਜ ਖੁਜਾਈਆ । ਸ਼ਬਦ ਗੁਰੂ ਦਾ ਰਸਤਾ ਏਕ, ਏਕੰਕਾਰ ਦਿਤਾ ਦ੍ਰਿੜਾਈਆ । ਸਚ ਪ੍ਰੀਤੀ ਬਖ਼ਸ਼ੇ ਟੇਕ, ਦੂਜੀ ਓਟ ਨਾ ਕੋਇ ਜਣਾਈਆ । ਸਚ ਸੁਹੰਜਣਾ ਵਖਾ ਕੇ ਦੇਸ, ਪਰਦਾ ਓਹਲਾ ਦਏ ਚੁਕਾਈਆ । ਜਿਥੇ ਨਜ਼ਰੀ ਆਏ ਇਕ ਨਰੇਸ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਅਵਲੜਾ ਵੇਸ, ਸਤਿ ਸਰੂਪੀ ਬੇਪਰਵਾਹੀਆ । ਮਿਹਰਵਾਨ ਹੋ ਕੇ ਨੌ ਦਵਾਰੇ ਤੋਂ ਅਗਲਾ ਦੱਸੇ ਭੇਤ, ਅੰਧ ਅੰਧੇਰ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਉਧਾਰੀ ਸਦਾ ਹਮੇਸ਼, ਨਿਤ ਨਵਿਤ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਸਦਾ ਸੰਗ, ਵਿਛੋੜਾ ਨਜ਼ਰ ਕੋਇ ਨਾ ਆਈਆ । ਜੋ ਦੇਵਣਹਾਰਾ ਅਗੰਮ ਅਨੰਦ, ਪਰਮਾਨੰਦ ਵਿਚ ਸਮਾਈਆ । ਜੋਤੀ ਨੂਰ ਚਾੜ੍ਹ ਕੇ ਚੰਦ, ਸੀਤਲ ਧਾਰ ਕਰੇ ਰੁਸ਼ਨਾਈਆ । ਸਚ ਦਵਾਰੇ ਅੰਦਰ ਲੰਘ, ਪਰਦਾ ਓਹਲਾ ਦਏ ਚੁਕਾਈਆ । ਆਤਮ ਸੇਜਾ

੧੦੫੧

ਵੇਖ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਆਪਣੇ ਪ੍ਰੇਮ ਦਾ ਵਜਾਏ ਇਕ ਮਰਦੰਗ, ਮਰਦ ਮਰਦਾਨਾ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿਗੁਰ ਸ਼ਬਦ ਦੇਵਣਹਾਰ ਦਾਤਾਰ, ਦਇਆਵਾਨ ਅਖਵਾਈਆ । ਖੇਲੇ ਖੇਲ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਖਿਲਾਈਆ । ਧਰਨੀ ਧਰਤ ਧਵਲ ਪਾਵੇ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਭੇਵ ਅਭੇਦਾ ਆਪ ਖੁਲ੍ਹਾਈਆ । ਸੰਤ ਸੁਹੇਲਾ ਭਗਤ ਵਛਲ ਗਿਰਧਾਰ, ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਅੰਦਰ ਬਾਹਰ ਗੁਪਤ ਜ਼ਾਹਰ ਦੇਵਣਹਾਰ ਦੀਦਾਰ, ਸਤਿ ਸਰੂਪੀ ਸ਼ਾਹੋ ਭੂਪੀ ਜੋਤੀ ਜਾਤਾ ਪੁਰਖ ਬਿਧਾਤਾ ਮਿਤਰ ਪਿਆਰਾ ਵੇਖ ਵਖਾਈਆ । ਜੇ ਕੋਈ ਅੰਤਰ ਅੰਤਰ ਬਣੇ ਭਿਖਾਰ, ਵਸਤ ਅਮੋਲਕ ਦੇਵੇ ਅਗੰਮ ਅਪਾਰ, ਖ਼ਾਲੀ ਭੰਡਾਰੇ ਦਏ ਭਰਾਈਆ । ਪਰਮ ਪੁਰਖ ਪਰਮਾਤਮ ਪ੍ਰੇਮੀਆਂ ਦਾ ਪਿਆਰ, ਪ੍ਰੀਤਮ ਹੋ ਕੇ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕੋ ਇਕ ਪਰਗਟਾਈਆ । ਸਾਚਾ ਰਾਹ ਇਕੋ ਰਸਤਾ, ਰਹਿਬਰ ਸਾਰੇ ਗਏ ਸਮਝਾਈਆ । ਸਤਿਗੁਰ ਹੁਕਮੇਂ ਅੰਦਰ ਗੁਰਮੁਖ ਜਾਏ ਹਸਦਾ, ਜਗਤ ਵਿਕਾਰਾ ਅਗੇ ਨਾ ਕੋਇ ਅਟਕਾਈਆ । ਢੋਲਾ ਗਾਵੇ ਓਸੇ ਦੇ ਜਸ ਦਾ, ਜੋ ਸਿਫ਼ਤਾਂ ਦਾ ਮਾਲਕ ਸਿਫ਼ਤ ਸਾਲਾਹੀਆ । ਪਰਦਾ ਲਾਹ ਲਏ ਅਗੰਮੀ ਅੱਖ ਦਾ, ਦੋਏ ਲੋਚਨ ਨਾਤਾ ਲਏ ਤੁੜਾਈਆ । ਸਚਿਆਂ ਪ੍ਰੇਮੀਆਂ ਪਿਆਰਿਆਂ ਸੰਤਾਂ ਨੂੰ ਭਗਵਾਨ ਆਪੇ ਫਿਰੇ ਲਭਦਾ, ਜੁਗ ਜੁਗ ਲੋਕਮਾਤ ਆਪੇ ਫੇਰਾ ਪਾਈਆ । ਇਹ ਮੇਲ ਜਗਤ ਜਹਾਨ ਸਭ ਦਾ, ਮਾਣਸ ਜਨਮ ਵਡੇ ਵਡਿਆਈਆ । ਝਗੜਾ ਚੁਕ ਜਾਏ ਸ੍ਰਿਸ਼ਟੀ ਵਾਲੀ ਹਦ ਦਾ, ਦ੍ਰਿਸ਼ਟੀ ਅੰਦਰ ਦੀ ਦਏ ਖੁਲ੍ਹਾਈਆ । ਉਹ ਸੰਤ ਸੁਹੇਲਾ ਬਿਨ ਕ਼ਦਮਾਂ ਅਗੇ ਵਧਦਾ, ਭੱਜੇ ਵਾਹੋ ਦਾਹੀਆ । ਪ੍ਰੀਤਮ ਨੂੰ ਪਿਆਰਾ ਲਗਦਾ, ਚਾਈਂ ਚਾਈਂ ਜਿਨ੍ਹਾਂ ਦਾ ਲਹਿਣਾ ਉਨ੍ਹਾਂ ਤੋਂ ਬਿਨਾ ਪੁਛਿਆਂ ਝੋਲੀ ਪਾਈਆ । ਆਪਣੇ ਕੋਲ ਆਪੇ ਸਦਦਾ, ਸ਼ਬਦ ਸਦਾ ਇਕ ਸੁਣਾਈਆ । ਸੱਚੇ ਪ੍ਰਭੂ ਨੂੰ ਚੰਗਾ ਲਗਦਾ, ਜਨ ਭਗਤਾਂ ਕਾਇਆ ਆਪਣੇ ਰੰਗ ਰੰਗਦਾ, ਵਿਛੜੇ ਰਿਹਾ ਮਿਲਾਈਆ । ਮਨ ਵਾਸਨਾ ਨਾਤਾ ਤੋੜ ਕੇ ਜਗ ਦਾ, ਦਰਸ ਵਖਾਵੇ ਆਪਣੇ ਸਰੂਪ ਸਤਿ ਸਰਬੱਗ ਦਾ, ਸ਼ਾਹਰਗ ਉਪਰ ਡੇਰਾ ਲਾਈਆ । ਰਾਗ ਸੁਣਾਵੇ ਅਗੰਮੀ ਨਾਦ ਅਨਹਦ ਦਾ, ਬਿਨ ਤਾਲ ਤਲਵਾੜਿਓਂ ਦਏ ਵਜਾਈਆ । ਭਾਵੇਂ ਘਰ ਘਰ ਜੋਤ ਨਿਰੰਜਣ ਦੀਪਕ ਜਗਦਾ, ਬਿਨ ਸਤਿਗੁਰ ਪੂਰੇ ਨਜ਼ਰ ਕੋਇ ਨਾ ਆਈਆ । ਭਾਵੇਂ ਰੋਜ਼ ਪਿਆਲਾ ਪੀਓ ਮਧ ਦਾ, ਅੰਮ੍ਰਿਤ ਜਾਮ ਮੁਖ ਨਾ ਕੋਇ ਲਗਾਈਆ । ਸਤਿਗੁਰ ਦਾ ਰਸਤਾ ਗੁਰਮੁਖਾਂ ਨਾਲ ਫਬਦਾ, ਮਨਮੁਖ ਬਣੇ ਪਾਂਧੀ ਕੋਈ ਨਾ ਰਾਹੀਆ । ਜਿਹੜਾ ਓਸ ਦਾ ਨਾਮ ਸਤਿ ਸਤਿ ਵਿਚੋਂ ਹੋ ਕੇ ਜਪਦਾ, ਲੇਖਾ ਮੁਕੇ ਤੀਨ ਤਪ ਦਾ, ਲਹਿਣਾ ਚੁਕੇ ਆਪਣੇ ਅਪ ਦਾ, ਘਰ ਵੇਖੇ ਓਸ ਬਪ ਦਾ, ਜੋ ਬਾਪ ਗੋਬਿੰਦ ਪੁਰਖ ਅਕਾਲ ਗਿਆ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸਤਾ ਕਾਇਆ ਮੰਦਰ ਅੰਦਰ ਦਏ ਸਮਝਾਈਆ । ਰਸਤਾ ਕਹੇ ਮੈਂ ਬੜਾ ਸਿਧਾ, ਪੁਰਖ ਅਕਾਲ ਦਿਤੀ ਵਡਿਆਈਆ । ਸਤਿਗੁਰ ਹੱਥ ਫੜਾ ਕੇ ਬਿਧਾ, ਬਿਧ ਆਪਣੀ ਦਿਤੀ ਜਣਾਈਆ । ਸ਼ਬਦੀ ਮੇਲ ਮਿਲਾ ਕੇ ਘਰ ਨਿਜਾ, ਨਿਜ ਨੇਤਰ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਗੁਰਸਿਖ ਉਠਾ, ਉਠਾ ਕੇ ਕਹੇ ਉਠ ਮਿਲ ਇਦਾਂ, ਅੰਦਰ ਬਾਹਰ ਗੁਪਤ ਜ਼ਾਹਰ ਇਕੋ ਨਜ਼ਰੀ ਆਈਆ । ਸਹਿਜ ਨਾਲ ਬਜਰ ਕਪਾਟੀ ਦਾ ਖੋਲ੍ਹ ਦੇਵੇ ਜਿੰਦਾ, ਜ਼ਿੰਦਗੀ ਵਿਚੋਂ ਜ਼ਿੰਦਗੀ ਦਏ ਬਦਲਾਈਆ । ਕਿਉਂ ਉਹ ਦਾਤਾ ਗਹਿਰ ਗੰਭੀਰ ਗੁਣੀ ਗਹਿੰਦਾ,

੧੦੫੨

੧੦੫੩

ਕਾਇਆ ਕੰਦਰ ਵਿਚੋਂ ਸਾਚਾ ਮਕ਼ਬਰਾ ਮਹਿਰਾਬ ਵਾਲਾ ਦਏ ਵਖਾਈਆ । ਜਿਸ ਮਹਲ ਅਟਲ ਅੰਦਰ ਰਹਿੰਦਾ ਆਤਮਾ ਦਾ ਪਰਮਾਤਮਾ ਰੂਪ ਗੋਬਿੰਦਾ, ਨਿਰਗੁਣ ਨੂਰ ਜੋਤੀ ਜਾਤਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸਤੇ ਦਾ ਰਾਹ ਰਾਹ ਦਾ ਮਲਾਹ ਇਕੋ ਇਕ ਦਏ ਸਮਝਾਈਆ । ਅੰਦਰ ਖ਼ੁਸ਼ੀ ਹੱਸੇ ਦੰਦ, ਮੁਸਕਰਾਹਟ ਬੁੱਲਾਂ ਉਤੇ ਆਈਆ । ਪ੍ਰੇਮੀਆਂ ਦਾ ਪ੍ਰੇਮ ਵਾਲਾ ਅਨੰਦ, ਬੰਦ ਬੰਦ ਵਜੇ ਵਧਾਈਆ । ਨਿਰਗੁਣ ਨੂਰੀ ਚਮਕ ਕੇ ਚੰਦ, ਸਤਿ ਸਤਿ ਕਰੇ ਰੁਸ਼ਨਾਈਆ । ਵਿਕਾਰਾ ਹੋਵੇ ਖੰਡ ਖੰਡ, ਖੰਡਾ ਖੜਗ ਨਾਮ ਚਮਕਾਈਆ । ਸੁਰਤ ਸੁਹਾਗਣ ਨਾ ਹੋਵੇ ਰੰਡ, ਧੁਰ ਦਾ ਕੰਤ ਮੇਲੇ ਸੱਚਾ ਮਾਹੀਆ । ਲੇਖਾ ਚੁਕੇ ਵਿਚ ਵਰਭੰਡ, ਬ੍ਰਹਿਮੰਡ ਚਰਨਾਂ ਹੇਠ ਦਬਾਈਆ । ਸੰਤ ਸੁਹੇਲਾ ਉਹ ਮੰਜ਼ਲ ਜਾਏ ਲੰਘ, ਜਿਸ ਦਾ ਪਾਂਧੀ ਪੰਧ ਨਾ ਕੋਇ ਮੁਕਾਈਆ । ਅਗੇ ਸਾਹਿਬ ਸਵਾਮੀ ਅੰਤਰਜਾਮੀ ਮਿਲੇ ਬਖ਼ਸ਼ੰਦ, ਪੁਰਖ ਅਕਾਲਾ ਦੀਨ ਦਿਆਲਾ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਗ੍ਰਹਿ ਸਾਚੇ ਮੰਦਰ ਖ਼ੁਸ਼ੀ ਆਪਣੀ ਦਏ ਵਖਾਈਆ । ਦੰਦ ਕਹਿਣ ਕਿਉਂ ਸਾਨੂੰ ਆਇਆ ਹਾਸਾ, ਕੀ ਅੰਤਰ ਵਜੀ ਵਧਾਈਆ । ਅੰਤਰ ਕਹੇ ਮੈਂ ਵੇਖਿਆ ਉਹ ਤਮਾਸ਼ਾ, ਜੋ ਜਗਤ ਨੇਤਰ ਨਾ ਕੋਇ ਦਰਸਾਈਆ । ਮੈਨੂੰ ਉਹ ਆਇਆ ਭਰਵਾਸਾ, ਜਿਸ ਨੇ ਭਰਮ ਦਾ ਡੇਰਾ ਦਿਤਾ ਢਾਹੀਆ । ਅੰਦਰ ਖੇਲ ਪੁਰਖ ਅਬਿਨਾਸ਼ਾ, ਨਿਰਗੁਣ ਨਿਰਾਕਾਰ ਸੋਭਾ ਪਾਈਆ । ਜੋ ਸਭ ਦੀਆਂ ਪੂਰੀਆਂ ਕਰੇ ਆਸਾਂ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋ ਲੱਖ ਚੁਰਾਸੀ ਅੰਦਰ ਬ੍ਰਹਮ ਪਾਰਬ੍ਰਹਮ ਹੋ ਪਰਕਾਸ਼ਾ, ਪਰਕਾਸ਼ਤ ਕਰੇ ਸਰਬ ਲੋਕਾਈਆ । ਜਿਸ ਦਾ ਖੇਲ ਪਵਣ ਸਵਾਸਾ, ਸਾਹ ਸਾਹ ਸਮਾਈਆ । ਜਿਸ ਦਾ ਮੰਦਰ ਓਸੇ ਦੀ ਰਾਸਾ, ਗੋਪੀ ਕਾਹਨ ਸੁਰਤੀ ਸ਼ਬਦੀ ਨਾਚ ਨਚਾਈਆ । ਉਹ ਰਸਤੇ ਚੜ੍ਹਨ ਦੀ ਬਖ਼ਸ਼ੇ ਉਹ ਦਾਤਾ, ਜਿਸ ਦਾਤ ਨਾਲ ਦਾਤਾਰ ਸਹਿਜੇ ਪਰਦਾ ਦਏ ਉਠਾਈਆ । ਆਤਮ ਸੇਜਾ ਸੋਹੇ ਖਾਟਾ, ਸਿੰਘਾਸਣ ਇਕੋ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਘਰ ਖ਼ੁਸ਼ੀ ਦਏ ਪਰਗਟਾਈਆ । ਖ਼ੁਸ਼ੀ ਕਹੇ ਮੈਂ ਬਹੁਤੀ ਖ਼ੁਸ਼ਹਾਲ, ਮੇਰੀ ਸਮਝ ਕਿਸੇ ਨਾ ਆਈਆ । ਮੇਰਾ ਮੇਲ ਓਸ ਨਾਲ ਦੀਨ ਦਿਆਲ, ਜੋ ਦਇਆਨਿਧ ਸਭ ਦੇ ਉਤੇ ਦਇਆ ਕਮਾਈਆ । ਜਿਸ ਦੇ ਦਵਾਰੇ ਉਤੇ ਖਾਏ ਨਾ ਕਿਸੇ ਕੋਈ ਕਾਲ ਮਹਾਕਾਲ, ਜੂਨੀ ਜਨਮ ਨਾ ਕੋਇ ਭਵਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗੰਬਰ ਸਾਰੇ ਕਰਨ ਨਿਮਸਕਾਰ, ਨਮੋ ਨਮੋ ਕਹਿ ਕੇ ਸਜਦਿਆਂ ਵਿਚ ਸਰ ਗਏ ਝੁਕਾਈਆ । ਓਸ ਦਾ ਹੁਕਮ ਧੁਰ ਸ਼ਬਦ ਨਾਮ ਸਤਿਗੁਰ ਇਕ ਦਲਾਲ, ਵਣਜ ਵਪਾਰਾ ਇਕੋ ਰਿਹਾ ਜਣਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਲੱਖ ਚੁਰਾਸੀ ਵਿਚੋਂ ਲਏ ਭਾਲ, ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਸਚ ਆਤਮਾ ਦਾ ਦੇ ਕੇ ਅਹਿਵਾਲ, ਮਿਸਲ ਦੱਸੇ ਬੇਮਿਸਾਲ, ਮਸਲਾ ਅਗਲਾ ਦਏ ਸਮਝਾਈਆ । ਸਾਚੀ ਪ੍ਰੀਤੀ ਦਾ ਕਰ ਕੇ ਬਿਨਾ ਕ਼ਾਗਜ਼ਾਂ ਤੋਂ ਇੰਤਕਾਲ, ਵਾਰਸ ਧੁਰ ਦੇ ਦਏ ਬਣਾਈਆ । ਕਿਉਂ ਗੁਰਸਿਖ ਗੁਰਮੁਖ ਗੁਰ ਸਤਿਗੁਰ ਦੇ ਉਹ ਸੱਚੇ ਲਾਲ, ਜਿਨ੍ਹਾਂ ਦੀ ਹਟ ਬਾਜ਼ਾਰ ਕੀਮਤ ਕੋਇ ਨਾ ਪਾਈਆ । ਉਹ ਸਚਖੰਡ ਦਵਾਰੇ ਬਹਿਣ ਸੱਚੀ ਧਰਮਸਾਲ, ਜਿਥੇ ਆਦਿ ਜੁਗਾਦਿ ਜੁਗ ਚੌਕੜੀ ਬਿਨ ਤੇਲ ਬਾਤੀ ਇਕੋ ਜੋਤ ਕਰੇ ਰੁਸ਼ਨਾਈਆ ।

## ❊ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਜਾਗੀਰ ਸਿੰਘ ਦੇ ਗ੍ਰਿਹ ਟਿਬਾ ਬਸਤੀ ਸ਼ਿਕਾਰਪੁਰ ਜ਼ਿਲਾ ਕਪੂਰਥਲਾ ❊

ਸਚਖੰਡ ਦਵਾਰੇ ਖੇਲ ਪੁਰਖ ਸਮਰਥ, ਮਹਿੰਮਾ ਅਕਥ ਨਾ ਕੋਇ ਕਥਾਇੰਦਾ । ਗੁਰ ਅਵਤਾਰ ਪੈਗ਼ੰਬਰ ਜੋੜ ਕੇ ਹੱਥ, ਬਿਨ ਹੱਥਾਂ ਸੀਸ ਸਰਬ ਝੁਕਾਇੰਦਾ । ਪੁਰਖ ਅਕਾਲ ਦੀਨ ਦਿਆਲ ਸਭ ਕੁਛ ਤੇਰੇ ਹੱਥ, ਤੇਰਾ ਭਾਣਾ ਨਾ ਕੋਇ ਉਲਟਾਈਆ । ਕੋਟਨ ਕੋਟ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤੇਰੇ ਚਰਨਾਂ ਹੇਠਾਂ ਰਹੇ ਵਸ, ਪ੍ਰਿਥਮੀ ਆਕਾਸ਼ ਗਗਨ ਗਗਨੰਤਰ ਮੰਡਲ ਮੰਡਪ ਅੰਤ ਕੋਇ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸ਼ਬਦੀ ਧਾਰ ਸਾਰੇ ਰਹੇ ਨੱਸ, ਰਵ ਸਸ ਸੇਵ ਕਮਾਇੰਦਾ । ਮਾਇਆ ਤਤ ਤੇਰਾ ਖੇਲ ਅਗੰਮੀ ਵਥ, ਲੱਖ ਚੁਰਾਸੀ ਵੰਡ ਵੰਡਾਇੰਦਾ । ਚਾਰੇ ਖਾਣੀ ਦੇ ਕੇ ਹਕ, ਚਾਰੇ ਬਾਣੀ ਰਾਗ ਅਲਾਇੰਦਾ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਂਧੀ ਬਣ ਕੇ ਗਏ ਥਕ, ਤੇਰਾ ਅੰਤ ਕੋਇ ਨਾ ਆਇੰਦਾ । ਚਾਰ ਕੁੰਟ ਦਹਿ ਦਿਸ਼ਾ ਸਭ ਦਾ ਦੇਵਣਹਾਰਾ ਹਕ, ਹਕੀਕਤ ਆਪਣੀ ਇਕ ਜਣਾਇੰਦਾ । ਤੂੰ ਸਾਹਿਬ ਸਵਾਮੀ ਅੰਤਰਜਾਮੀ ਘਟ ਘਟ ਅੰਤਰ ਭੀਤਰ ਰਿਹਾ ਵਸ, ਜੋਤ ਪਰਕਾਸ਼ਾ ਪੁਰਖ ਅਬਿਨਾਸ਼ਾ ਦੀਆ ਬਾਤੀ ਕਮਲਾਪਾਤੀ ਨੂਰ ਨਿਰੰਜਣ ਡਗਮਗਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰਾ ਸਿਫ਼ਤਾਂ ਵਾਲਾ ਦੱਸ ਨਾ ਸਕੇ ਖੁਲਾਸਾ, ਭੇਵ ਅਭੇਦਾ ਪਰਦਾ ਨਾ ਕੋਇ ਉਠਾਇੰਦਾ । ਦੋ ਜਹਾਨ ਸ੍ਰੀ ਭਗਵਾਨ ਪਤਿਪਰਮੇਸ਼ਵਰ ਤੇਰੀ ਰਖ ਕੇ ਬੈਠੇ ਆਸਾ, ਭਰਵਾਸਾ ਇਕੋ ਇਕ ਨਜ਼ਰੀ ਆਇੰਦਾ । ਸਦੀ ਵੀਹਵੀਂ ਪਰਮ ਪੁਰਖ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਵੇਖ ਤਮਾਸ਼ਾ, ਤਤ ਵਿਕਾਰਾ ਜਗਤ ਹੰਕਾਰਾ ਮਨ ਮਤ ਬੁਧਿ ਸਰਬ ਕੁਰਲਾਇੰਦਾ । ਰਾਹ ਤਕੇ ਸਰ ਸਰੋਵਰ ਅਠਸਠ ਜਲ ਥਲ ਮਹੀਅਲ ਤਟ ਕਿਨਾਰਾ, ਸਮੁੰਦ ਸਾਗਰ ਟਿੱਲਾ ਪਰਬਤ ਨੈਣ ਉਠਾਇੰਦਾ । ਬੇਪਰਵਾਹ ਅਗੰਮ ਅਥਾਹ ਅਲਖ ਅਗੋਚਰ ਤੇਰਾ ਖੇਲ ਨਿਆਰਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੇਰਾ ਸਾਨੀ ਨਜ਼ਰ ਕੋਇ ਨਾ ਆਇੰਦਾ । ਕਾਗਜ਼ ਕਲਮ ਸ਼ਾਹੀ ਨਾ ਲਿਖਣਹਾਰਾ, ਕਾਤਬ ਸਿਫ਼ਤ ਨਾ ਕੋਇ ਸਲਾਹਿੰਦਾ । ਸਜਦਾ ਕਰ ਕਰ ਥੱਕਾ ਸਰਬ ਸੰਸਾਰਾ, ਡੰਡੌਤ ਬੰਦਨਾ ਪੰਧ ਨਾ ਕੋਇ ਮੁਕਾਇੰਦਾ । ਭਵਿਖਤਾਂ ਵਿਚ ਚਰਚਾ ਕਰ ਕੇ ਆਏ ਤੇਰਾ ਪਰਵਰਦਿਗਾਰਾ, ਸਾਂਝੇ ਯਾਰ ਢੋਲਾ ਨਗ਼ਮਾ ਨਾਮ ਨਿਧਾਨ ਇਕ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ੍ਰਿਸ਼ਟੀ ਦ੍ਰਿਸ਼ਟੀ ਹੋਇਆ ਅੰਧਕਾਰਾ, ਕੂੜੀ ਕਿਰਿਆ ਗ੍ਰਿਹ ਗ੍ਰਿਹ ਘਰ ਘਰ ਸਾਢੇ ਤਿੰਨ ਹੱਥ ਮੰਦਰ ਅੰਦਰ ਬੈਠੀ ਡੇਰਾ ਲਾਈਆ । ਸਤਿਗੁਰ ਸ਼ਬਦ ਨਾ ਕਿਸੇ ਵੀਚਾਰਾ, ਭਰਮੇ ਭੁੱਲਾ ਸਰਬ ਸੰਸਾਰਾ, ਮਾਇਆ ਮਮਤਾ ਮੋਹ ਹੋਈ ਹਲਕਾਈਆ । ਕੁਦਰਤ ਕਾਦਰ ਕਰਤੇ ਤੇਰਾ ਕਰੇ ਨਾ ਕੋਇ ਪਿਆਰਾ, ਇਸ਼ਟ ਦੇਵ ਮੰਨੇ ਨਾ ਕੋਇ ਨਿਰਗੁਣ ਨਿਰੰਕਾਰਾ, ਸਤਿ ਸਰੂਪ ਨਜ਼ਰ ਕਿਸੇ ਨਾ ਆਈਆ । ਦੇਵਤ ਸੁਰ ਨੇਤਰ ਰੋਵਣ ਜ਼ਾਰੋ ਜ਼ਾਰਾ, ਗਣ ਗੰਧਰਬ ਸਾਚਾ ਗੀਤ ਨਾ ਕੋਇ ਸੁਣਾਈਆ । ਦੀਪਕ ਸਤਿ ਹੋਏ ਨਾ ਕੋਇ ਉਜਿਆਰਾ, ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਚਾ ਚੰਦ ਨਾ ਕੋਇ ਚਮਕਾਈਆ । ਨਈਆ ਨੌਕਾ ਲਗੇ ਨਾ ਕਿਸੇ ਕਿਨਾਰਾ, ਸਾਚਾ ਤਟ ਸੋਭਾ ਕੋਇ ਨਾ ਪਾਈਆ । ਤੇਰੇ ਦਰ ਝੁਕਦੇ ਪ੍ਰਭੂ ਤੇਈ ਅਵਤਾਰਾ, ਈਸਾ ਮੂਸਾ ਮੁਹੰਮਦ ਮਾਰਨ ਨਾਅਰਾ, ਨਾਨਕ ਗੋਬਿੰਦ ਬੋਲ ਜੈਕਾਰਾ, ਸ਼ਬਦੀ ਢੋਲਾ ਰਹੇ ਗਾਈਆ । ਕਿਰਪਾ ਕਰ ਸਿਰਜਣਹਾਰਾ, ਚਾਰੋਂ ਕੁੰਟ ਧੂੰਆਂਧਾਰਾ, ਸਾਚਾ ਰਿਹਾ ਨਾ ਕੋਈ ਮਿਤਰ ਪਿਆਰਾ, ਅੰਤਰ ਆਤਮ ਪਰਮਾਤਮ ਤੇਰਾ ਰੰਗ ਨਾ ਕੋਇ ਰੰਗਾਈਆ । ਜਲਵਾ ਨੂਰ ਨਾ ਕੋਇ ਉਜਿਆਰਾ, ਹਾਜ਼ਰ ਹਜ਼ੂਰ ਨਾ ਕੋਇ ਦੀਦਾਰਾ, ਅੰਮ੍ਰਿਤ ਆਤਮ ਜਲ ਮਿਲੇ

ਨਾ ਠੰਡਾ ਠਾਰਾ, ਸ਼ਬਦ ਅਨਾਦੀ ਸੁਣੇ ਨਾ ਕੋਈ ਅਨਹਦ ਅਗੰਮੀ ਧੁਨਕਾਰਾ, ਨਿਰਗੁਣ ਜੋਤ ਚਮਕੇ ਨਾ ਕੋਈ ਚਮਤਕਾਰਾ, ਮਹਲ ਅਟਲ ਨਾ ਖੋਲ੍ਹੇ ਕੋਈ ਬੰਦ ਕਿਵਾੜਾ, ਸਚ ਦਵਾਰੇ ਘਰ ਵਿਚ ਘਰ ਤੇਰਾ ਦਰਸ ਕੋਇ ਨਾ ਪਾਈਆ । ਨਾਰੀ ਮਿਲਿਆ ਨਾ ਕੰਤ ਭਤਾਰਾ, ਆਤਮ ਸੇਜਾ ਸੁੱਤੀ ਨਾ ਪੈਰ ਪਸਾਰਾ, ਨਜ਼ਰ ਆਇਆ ਨਾ ਉਹ ਨਜ਼ਾਰਾ, ਜੋ ਬੇਨਜ਼ੀਰ ਲਾਤਸਵੀਰ ਤੇਰੇ ਨਾਲ ਮਿਲਾਈਆ । ਸ੍ਰਿਸ਼ਟ ਸਬਾਈ ਕੂੜੀ ਕਿਰਿਆ ਲੱਗਾ ਅਖਾੜਾ, ਤ੍ਰੈਗੁਣ ਅਗਨੀ ਤੱਤੀ ਹਾੜਾ, ਬਹੱਤਰ ਨਾੜ ਨਾ ਵਜੇ ਤਾੜਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ੍ਰੀ ਭਗਵਾਨ ਤੇਰੇ ਅਗੇ ਸਾਡਾ ਹਾੜਾ, ਸਦੀ ਚੌਧਵੀਂ ਔਂਦਾ ਜਾਏ ਅੰਤ ਕਿਨਾਰਾ, ਗੋਬਿੰਦ ਬੋਲਦਾ ਜਾਏ ਜੈਕਾਰਾ, ਨਾਮ ਨਿਧਾਨਾ ਪੁਰਖ ਅਕਾਲਾ ਦੀਨ ਦਿਆਲਾ ਇਕੋ ਗਾਈਆ । ਤੁਧ ਬਿਨ ਕੋਈ ਨਾ ਪਾਏ ਸਾਰਾ, ਜਗਤ ਜਹਾਨ ਜੀਵ ਵਿਚਾਰਾ, ਆਰ ਪਾਰ ਨਾ ਜਾਣੇ ਕਿਨਾਰਾ, ਸਾਚੇ ਬੇੜੇ ਨਾ ਕੋਈ ਚੜ੍ਹਾਈਆ । ਮਨ ਹੰਗਤਾ ਦੁਖੀਆਂ ਦੁਖ ਲਗੇ ਭਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਬਿਰਧ ਬਾਲ ਜਵਾਨਾਂ ਅੰਦਰ ਮਾਰੇ ਲਲਕਾਰਾ, ਕੂੜੀ ਤ੍ਰਿਸ਼ਨਾ ਬ੍ਰਹਮਾ ਵਿਸ਼ਨਾ ਸ਼ੰਕਰ ਸ਼ਿਵ ਨਾ ਕੋਇ ਹਟਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਾਂਝਾ ਯਾਰਾ, ਨੂਰ ਖ਼ੁਦਾਈ ਪਰਵਰਦਿਗਾਰਾ ਏਕੰਕਾਰ ਅਕਲ ਕਲਧਾਰਾ, ਧਰਨੀ ਧਰਤ ਧਵਲ ਤੇਰਾ ਰਾਹ ਤਕਾਈਆ । ਤੇਰਾ ਗ੍ਰਿਹਿ ਮੰਦਰ ਠਾਂਡਾ ਦਰਬਾਰਾ, ਸਚਖੰਡ ਸੋਹੇ ਸਾਚਾ ਘਰ ਬਾਰਾ, ਜਿਸ ਗ੍ਰਿਹਿ ਬੈਠਾ ਆਪਣਾ ਆਸਣ ਲਾਈਆ । ਤੇਰੇ ਚਰਨ ਕਵਲ ਨਿਮਸਕਾਰਾ, ਪੂਰਬ ਕ਼ਰਜ਼ਾ ਦੇ ਹੁਦਾਰਾ, ਦਰ ਮੰਗਣ ਗੁਰ ਅਵਤਾਰਾ, ਪੈਗ਼ੰਬਰ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਵੇਖਣਹਾਰਾ, ਘਟ ਘਟ ਵਾਸੀ ਕਰੇ ਕਾਰਾ, ਕਰਨੀ ਦਾ ਕਰਤਾ ਕ਼ੁਦਰਤ ਦਾ ਮਾਲਕ ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਸ਼ਬਦੀ ਦੇਵੇ ਇਕ ਇਸ਼ਾਰਾ, ਵੇਖੇ ਮਾਤਲੋਕ ਨਜ਼ਾਰਾ, ਮਨ ਮਮਤਾ ਜਗਤ ਜੀਵ ਹੋਇਆ ਗਵਾਰਾ, ਸਾਚੇ ਨਾਮ ਦਾ ਗਾਹਕ ਨਜ਼ਰ ਕੋਇ ਨਾ ਆਈਆ । ਕਿਸੇ ਘਰ ਮਿਲੇ ਨਾ ਮੀਤ ਮੁਰਾਰਾ, ਨਾਨਕ ਨਿਰਗੁਣ ਸਰਗੁਣ ਨਜ਼ਰ ਨਾ ਕੋਈ ਵਿਚ ਸੰਸਾਰਾ, ਧੁਰ ਦਾ ਇਸ਼ਟ ਦ੍ਰਿਸ਼ਟੀ ਅੰਦਰ ਸ੍ਰਿਸ਼ਟੀ ਗਈ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਗੁਰ ਅਵਤਾਰ ਪੀਰ ਪੈਗ਼ੰਬਰਾਂ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਜਦਾ, ਮੁਕਾਮੇ ਹਕ ਸੀਸ ਨਿਵਾਈਆ । ਤੇਰਾ ਖੇਲ ਅਗੰਮ ਘਰ ਦਾ, ਸ਼ਾਹ ਪਾਤਸ਼ਾਹ ਤੇਰੀ ਬੇਪਰਵਾਹੀਆ । ਬ੍ਰਹਿਮੰਡ ਖੰਡ ਤੈਥੋਂ ਡਰਦਾ, ਸਿਰ ਸਕੇ ਨਾ ਕੋਈ ਉਠਾਈਆ । ਹਉਂ ਸੇਵਕ ਤੇਰਾ ਬਰਦਾ, ਖ਼ਾਦਮ ਰੂਪ ਵਟਾਈਆ । ਸਿਰ ਤੇਰੇ ਕ਼ਦਮਾਂ ਧਰਦਾ, ਟਿੱਕਾ ਮਸਤਕ ਧੂੜੀ ਲਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਰਧਨਾ ਉਪਰ ਕਿਰਪਾ ਕਰਦਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਤੇਰਾ ਰੂਪ ਓਸ ਹਰਿ ਦਾ, ਜੋ ਹਰ ਘਟ ਰਿਹਾ ਸਮਾਈਆ । ਤੂੰ ਆਤਮ ਪਰਮਾਤਮ ਸਭ ਦੇ ਪਲੂ ਫੜਦਾ, ਨਾਮ ਡੋਰੀ ਨਾਲ ਬੰਧਾਈਆ । ਤੂੰ ਘਰ ਘਰ ਅੰਦਰ ਵੜਦਾ, ਦਸਮ ਦਵਾਰੀ ਬਹਿ ਕੇ ਖ਼ੁਸ਼ੀ ਮਨਾਈਆ । ਨਾ ਜੀਉਂਦਾ ਨਾ ਮਰਦਾ, ਮੜ੍ਹੀ ਗੋਰ ਨਾ ਕੋਈ ਦਬਾਈਆ । ਜੁਗ ਜੁਗ ਵੇਸ ਅਨੇਕ ਕਰਦਾ, ਨਿਰਗੁਣ ਸਰਗੁਣ ਫੇਰਾ ਪਾਈਆ । ਆਪਣਾ ਨਾਮ ਅਨੋਖਾ ਵੱਖਰਾ ਕਲਮਾ ਪੜ੍ਹਦਾ, ਜਿਸ ਦਾ ਹਰਫ਼ ਅਲਫ ਯੇ ਨਾ ਕੋਈ ਸਮਝਾਈਆ । ਤੇਰੇ ਦਵਾਰਿਉਂ ਖ਼ਾਲੀ ਕੋਈ ਨਾ ਮੁੜਦਾ, ਖ਼ਾਲੀ ਭੰਡਾਰੇ ਦੇਵੇਂ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

੧੦੫੫

ਪੁਰਖ ਅਕਾਲ ਕਹੇ ਸੁਣੋ ਪੈਗ਼ੰਬਰ ਗੁਰ ਅਵਤਾਰ, ਨਿਰਗੁਣ ਧਾਰ ਦਿਆਂ ਜਣਾਈਆ । ਜੁਗ ਚੌਕੜੀ ਮੇਰਾ ਖੇਲ ਅਪਾਰ, ਵਿਸ਼ਨ ਬ੍ਰਹਮਾ ਸ਼ਿਵ ਸਮਝ ਕਿਸੇ ਨਾ ਆਈਆ । ਬੇਅੰਤ ਬੇਅੰਤ ਸਾਰੇ ਕਹਿ ਕੇ ਗਏ ਪੁਕਾਰ, ਨਿਉਂ ਨਿਉਂ ਸੀਸ ਨਿਵਾਈਆ । ਹੁਕਮੇਂ ਅੰਦਰ ਕਰਾਂ ਕਾਰ, ਹੁਕਮੀ ਹੁਕਮ ਮਨਾਈਆ । ਤੁਸੀਂ ਬਾਲੇ ਨੰਨ੍ਹੇ ਨੱਢੇ ਮੇਰੇ ਬੱਚੇ ਬਰਖ਼ੁਰਦਾਰ, ਅਜ਼ੀਜ਼ ਨਜ਼ਰੀ ਆਈਆ । ਗੱਲਾਂ ਵਾਲਾ ਨਹੀਂ ਤਕਰਾਰ, ਸ਼ਬਦੀ ਹੁਕਮ ਸੁਣਾਈਆ । ਗੋਬਿੰਦ ਨਾਲ ਮੇਰਾ ਇਕਰਾਰ, ਮਾਛੂਵਾੜਾ ਦਿਆਂ ਸਮਝਾਈਆ । ਜਿਸ ਵੇਲੇ ਬੀਸ ਇਕੀਸਾ ਹੋਵੇ ਪਾਰ, ਲਹਿਣਾ ਦੇਣਾ ਸਭ ਦਾ ਦਿਆਂ ਚੁਕਾਈਆ । ਸ਼ਬਦ ਅਗੰਮੀ ਡੰਕਾ ਵਜਾਕੇ ਦੋ ਜਹਾਨ, ਬ੍ਰਹਿਮੰਡ ਖੰਡ ਦਿਆਂ ਉਠਾਈਆ । ਸਤਿ ਸਚ ਦਾ ਦੇ ਗਿਆਨ, ਧੁਰ ਦੀ ਕਰਾਂ ਪੜ੍ਹਾਈਆ । ਪਰਮ ਪੁਰਖ ਦਾ ਪ੍ਰੀਤੀ ਵਾਲਾ ਨਿਸ਼ਾਨ, ਲੋਕ ਪਰਲੋਕ ਦਿਆਂ ਝੁਲਾਈਆ । ਸਭ ਦੀ ਰਖ਼ਸ਼ਾ ਕਰਾਂ ਆਣ, ਜੋ ਅੰਤਰ ਆਤਮ ਮੇਰਾ ਧਿਆਨ ਲਗਾਈਆ । ਗੋਬਿੰਦ ਸੂਰਾ ਨੌਜਵਾਨ, ਮਰਦ ਮਰਦਾਨਾ ਸ਼ਬਦੀ ਸ਼ਬਦ ਵੇਸ ਵਟਾਈਆ । ਜਿਸ ਦਾ ਹੁਕਮ ਚਲੇ ਜ਼ਿਮੀਂ ਅਸਮਾਨ, ਆਦਿ ਜੁਗਾਦਿ ਨਾ ਕੋਇ ਉਲਟਾਈਆ । ਜਿਹੜਾ ਲੱਖ ਚੁਰਾਸੀ ਦਾ ਬਿਨਾ ਸਖ਼ੀਆਂ ਵਾਲਾ ਕਾਹਨ, ਨਾਮ ਬੰਸਰੀ ਦਏ ਵਜਾਈਆ । ਜਿਸ ਨੂੰ ਮੁਹੰਮਦ ਮੰਨਿਆ ਅਮਾਮ, ਹਜ਼ਰਤਾਂ ਦਾ ਹਜ਼ਰਤ ਬੇਪਰਵਾਹੀਆ । ਜਿਸ ਨੂੰ ਨਾਨਕ ਨਿਰਗੁਣ ਕਿਹਾ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੋ ਸਾਹਿਬ ਸੁਹੇਲਾ ਇਕ ਅਕੇਲਾ ਨਿਰਗੁਣ ਨਿਰਾਕਾਰ ਨਿਰਵੈਰ ਆਪਣੀ ਸ੍ਰਿਸ਼ਟੀ ਵੇਖੇ ਆਣ, ਭੇਖੀ ਦਰਵੇਸ਼ ਆਪਣਾ ਰੂਪ ਵਟਾਈਆ । ਜਿਸ ਨੂੰ ਸਮਝ ਸਕੇ ਨਾ ਕੋਇ ਇਨਸਾਨ, ਬੁਧੀ ਹੋਏ ਨਾ ਕੋਇ ਬਲਵਾਨ, ਅਕਲ ਆਕਲ ਨਾ ਕੋਇ ਵਡਿਆਈਆ । ਭੇਵ ਅਭੇਦਾ ਖੋਲ੍ਹੇ ਕਿਰਪਾ ਕਰ ਮਹਾਨ, ਗੁਰਮੁਖਾਂ ਪ੍ਰੇਮੀਆਂ ਪਿਆਰਿਆਂ ਭਗਤਾਂ ਸੰਤਾਂ ਸੂਫ਼ੀਆਂ ਅੰਦਰ ਬੋਲੇ ਸ਼ਬਦੀ ਨੌਜਵਾਨ, ਲੱਖ ਚੁਰਾਸੀ ਕੰਡੇ ਤੋਲਣਹਾਰ ਦਇਆਵਾਨ, ਦੀਨਣ ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਅੰਤਰ ਆਤਮ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਸੁਹੰਜਣਾ ਹੋਵੇ ਵਕ਼ਤ, ਵਾਹਿਦ ਤੇਰੀ ਵਡ ਵਡਿਆਈਆ । ਉਠ ਵੇਖ ਆਪਣਾ ਜਗਤ, ਸ੍ਰਿਸ਼ਟੀ ਲੋਕ ਲੋਕਾਈਆ । ਲੱਖ ਚੁਰਾਸੀ ਵਿਚੋਂ ਪਰਖ ਆਪਣੇ ਭਗਤ, ਭਗਵਨ ਆਪਣਾ ਪਰਦਾ ਲਾਹੀਆ । ਤੇਰਾ ਰਾਹ ਤਕੇ ਧਵਲ ਧਰਤ, ਨੇਤਰ ਨੈਣ ਨੀਰ ਵਹਾਈਆ । ਤੇਰੀ ਗੋਬਿੰਦ ਨਾਲ ਸ਼ਰਤ, ਧੁਰ ਦੀ ਗੰਢ ਪਵਾਈਆ । ਨਿਰਗੁਣ ਹੋ ਕੇ ਆਵਾਂ ਪਰਤ, ਸਚ ਸੰਦੇਸ਼ਾ ਦਿਆਂ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਸਭ ਤੇ ਕਰਾਂ ਤਰਸ, ਪਾਹਨ ਪਾਥਰ ਪਾਰ ਕਰਾਈਆ । ਗੁਰਮੁਖਾਂ ਮੇਟਾਂ ਹਰਸ, ਅੰਤਰ ਆਤਮ ਰੰਗ ਰੰਗਾਈਆ । ਧੁਰ ਦਾ ਮੇਘ ਦੇਵਾਂ ਬਰਸ, ਜਗਤ ਤ੍ਰਿਸ਼ਨਾ ਦਿਆਂ ਬੁਝਾਈਆ । ਕੂੜੀ ਕਿਰਿਆ ਮੇਟ ਕੇ ਕਟਕ, ਸਚ ਸਚ ਦਿਆਂ ਸਮਝਾਈਆ । ਜੋ ਪ੍ਰਭ ਮਿਲਣ ਨੂੰ ਰਹੇ ਤੜਪ, ਸਹਿਜ ਸੁਭਾਓ ਦਿਆਂ ਮਿਲਾਈਆ । ਜੋ ਮੰਜ਼ਲ ਅੰਦਰ ਰਹੇ ਲਟਕ, ਰਸਤਾ ਇਕੋ ਦਿਆਂ ਵਖਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹਿਣ ਨਾ ਦੇਵਾਂ ਫ਼ਰਕ, ਫ਼ੈਸਲਾ ਇਕੋ ਵਾਰ ਸੁਣਾਈਆ । ਦੀਨ ਮਜ਼੍ਹਬ ਜ਼ਾਤ ਪਾਤ ਦਾ ਝਗੜਾ ਕਰ ਕੇ ਤਰਕ, ਤੁਰਤ ਆਪਣਾ ਹੁਕਮ ਸਮਝਾਈਆ । ਖੇਲ ਕਰ ਕੇ ਅਰਸ਼ ਫ਼ਰਸ਼, ਦੀਨ ਦੁਨੀ ਖੋਜ ਖੁਜਾਈਆ । ਕਲਜੁਗ ਕੂੜੀ ਮੇਟ ਕੇ ਹਵਸ, ਹਰਸ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਵੇਖ ਅੰਧੇਰਾ

੧੦੫੬

ਤਾਰੀਕ, ਤੇਰਾ ਨਾਉਂ ਸਾਚਾ ਚੰਦ ਨਜ਼ਰ ਕੋਇ ਨਾ ਆਈਆ । ਤੇਰੇ ਵਿਚ ਉਹ ਤੌਫ਼ੀਕ, ਜਿਸ ਦਾ ਭੇਵ ਕੋਇ ਨਾ ਪਾਈਆ । ਬ੍ਰਹਿਮੰਡ ਖੰਡ ਤੇਰੀ ਕਰਨ ਉਡੀਕ, ਚੌਦਾਂ ਲੋਕ ਚੌਦਾਂ ਤਬਕ ਧਿਆਨ ਲਗਾਈਆ । ਸਾਚਾ ਕਲਮਾ ਨਾਮ ਦੱਸ ਇਕ ਹਦੀਸ, ਲੱਖ ਚੁਰਾਸੀ ਤੇਰੀ ਕਰੇ ਪੜ੍ਹਾਈਆ । ਸਦੀ ਵੀਹਵੀਂ ਤੇਰੀ ਇਕ ਉਮੀਦ, ਆਮਦ ਆਪਣੀ ਦਏ ਜਣਾਈਆ । ਤੇਰੀ ਸਿਫ਼ਤ ਕਰੇ ਕਿਆ ਕੋਈ ਤਮਹੀਦ, ਕਾਇਆ ਲੇਖ ਨਾ ਕੋਇ ਲਿਖਾਈਆ । ਤੂੰ ਮਿਹਰਵਾਨ ਦਾਤਾਰ ਸਵਾਮੀ ਆਪਣੀ ਕਰ ਬਖ਼ਸ਼ੀਸ਼, ਸਤਿਗੁਰ ਰਹਿਮਤ ਆਪਣੀ ਝੋਲੀ ਪਾਈਆ । ਮੂਰਖ ਮੁਗਧਾਂ ਮੂੜ੍ਹ ਮੂੜ੍ਹਾਂ ਆਪਣੇ ਪ੍ਰੇਮ ਦੀ ਦੇ ਦੇ ਸਚ ਤਮੀਜ਼, ਕੂੜੀ ਤਮਅ ਦੇ ਗਵਾਈਆ । ਤੂੰ ਹਰ ਘਟ ਵਸਿਆ ਦੂਰ ਦੁਰਾਡੇ ਨਜ਼ਰੀ ਆ ਨਜ਼ਦੀਕ, ਅਗਲਾ ਪਿਛਲਾ ਪੰਧ ਮੁਕਾਈਆ । ਤੇਰੇ ਨਾਮ ਦਾ ਢੋਲਾ ਸਾਰੇ ਗਾਵਣ ਇਕੋ ਗੀਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਦਏ ਵਡਿਆਈਆ । ਪੁਰਖ ਅਕਾਲ ਕਹੇ ਸੁਣੋ ਅਵਤਾਰ ਗੁਰ ਪੈਗ਼ੰਬਰ, ਪੈਗ਼ਾਮ ਆਪਣਾ ਦਿਆਂ ਸੁਣਾਈਆ । ਸਰਬ ਕਲਾ ਭਰਤੰਭਰ, ਭਰਪੂਰ ਬੇਪਰਵਾਹੀਆ । ਮੇਰਾ ਜਗਤ ਅਨੋਖਾ ਸਵੰਬਰ, ਆਤਮ ਪਰਮਾਤਮ ਕਰਾਂ ਕੁੜਮਾਈਆ । ਕਲਜੁਗ ਕੂੜੀ ਕਿਰਿਆ ਮੇਟ ਅਡੰਬਰ, ਜੂਠ ਝੂਠ ਡੇਰਾ ਢਾਹੀਆ । ਵੇਖੇ ਖੇਲ ਮਹੀਨਾ ਸਤੰਬਰ, ਗੋਦਾਵਰੀ ਬੈਠੀ ਅੱਖ ਉਠਾਈਆ । ਜਿਸ ਦਾ ਨਾਮ ਨਿਧਾਨ ਇਕੋ ਸੁਣਨਾ ਮੰਤਰ, ਮੰਤਵ ਸਾਰੇ ਹਲ ਕਰਾਈਆ । ਜੋ ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਸ਼ਕਰਨ ਵੇਖ ਵਖਾਈਆ । ਲੇਖਾ ਜਾਣੇ ਗਗਨ ਗਗਨੰਤਰ, ਬ੍ਰਹਿਮੰਡ ਪਰਦੇ ਦਏ ਉਠਾਈਆ । ਜਿਸ ਦਾ ਰੂਪ ਇਕ ਨਿਰੰਤਰ, ਨਿਰਵੈਰ ਨੂਰ ਖ਼ੁਦਾਈਆ । ਜੋ ਸਰਬ ਸਵਾਮੀ ਧੁਰ ਦਾ ਕੰਤਨ, ਪਾਰਬ੍ਰਹਮ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰਖੇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਝੁਕਿਆ ਸੀਸ, ਚਰਨ ਕਵਲ ਸਰਨਾਈਆ । ਤੂੰ ਠਾਕਰ ਸਵਾਮੀ ਹਰਿ ਜਗਦੀਸ਼, ਸਚਖੰਡ ਨਿਵਾਸੀ ਤੇਰੀ ਵਡੀ ਵਡਿਆਈਆ । ਤੇਰੇ ਹੁਕਮ ਦੀ ਸਾਰੇ ਕਰਨ ਉਡੀਕ, ਬੈਠੇ ਰਾਹ ਤਕਾਈਆ । ਤੇਰਾ ਭੇਵ ਨਾ ਜਾਣੇ ਕੋਈ ਤਵਾਰੀਖ, ਅੱਖਰਾਂ ਵਿਚ ਵੰਡ ਨਾ ਕੋਇ ਵੰਡਾਈਆ । ਕਿਉਂ ਤੇਰੀ ਕਰੇ ਨਾ ਕੋਇ ਤਸਦੀਕ, ਸ਼ਹਾਦਤ ਸਕੇ ਨਾ ਕੋਇ ਭੁਗਤਾਈਆ । ਤੇਰਾ ਖੇਲ ਅਜਬ ਅਜੀਬ, ਨਿਰਾਲਮ ਆਲਮ ਸਮਝ ਨਾ ਕੋਇ ਜਣਾਈਆ । ਤੇਰੇ ਹੱਥ ਜੁਗਾਂ ਦੀ ਤਰਤੀਬ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪੇ ਰਿਹਾ ਬਦਲਾਈਆ । ਤੂੰ ਲੇਖਾ ਜਾਣੇ ਅਮੀਰ ਗ਼ਰੀਬ, ਆਹਲਾ ਅਦਨਾ ਵੇਖ ਵਖਾਈਆ । ਲੱਖ ਚੁਰਾਸੀ ਕਰਮਾਂ ਵਾਲਾ ਲੇਖਾ ਅਜੀਬ, ਲਿਖਤ ਭਵਿਖਤ ਆਪਣੇ ਨਾਲ ਕਢਾਈਆ । ਤੇਰਾ ਸਭ ਤੋਂ ਵਖਰਾ ਨਿਰਾਲਾ ਗੀਤ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਸੁਣਾਈਆ । ਤੇਰਾ ਧਾਮ ਮੁਕਾਮ ਬਿਨ ਮੰਦਰ ਮਸਜਿਦ ਸ਼ਿਵਦਵਾਲੇ ਮਸੀਤ, ਮਠ ਰੂਪ ਨਾ ਕੋਇ ਵਟਾਈਆ । ਤੂੰ ਬੈਠਾ ਸਦਾ ਅਤੀਤ, ਤ੍ਰੈਗੁਣ ਤੇਰੀ ਖੇਲ ਨਜ਼ਰੀ ਆਈਆ । ਅੰਤਮ ਸਦੀ ਚੌਧਵੀਂ ਰਹੀ ਬੀਤ, ਚੌਦਾਂ ਵਿਦਿਆ ਦਏ ਦੁਹਾਈਆ । ਬੁਧੀ ਹੋਈ ਪਲੀਤ, ਪਾਕ ਪਵਿਤ ਨਾ ਕੋਇ ਬਣਾਈਆ । ਸਾਚੀ ਨਜ਼ਰ ਨਾ ਆਵੇ ਨੀਤ, ਨੇਤਰ ਨੈਣ ਨਾ ਕੋਇ ਰੁਸ਼ਨਾਈਆ । ਕਾਇਆ ਕੋਈ ਦਿਸੇ ਨਾ ਠਾਂਡਾ ਸੀਤ, ਅਗਨੀ ਤਤ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਵੇਖ ਆਪਣਾ ਖਾਤਾ, ਸਭ ਦਾ ਲੇਖਾ ਦੇ ਜਣਾਈਆ । ਕੀ ਲਹਿਣਾ ਦੇਣਾ ਬਾਕਾ, ਸਦੀ ਸਦੀਵੀ ਦੇ ਸਮਝਾਈਆ ।

ਕੀ ਖੇਲ ਤੇਰਾ ਤਮਾਸ਼ਾ, ਵਰਭੰਡ ਰਿਹਾ ਵਖਾਈਆ । ਕੀ ਦੇਵਣਹਾਰਾ ਦਾਤਾਂ, ਦਾਤਾਰ ਹੋ ਵਰਤਾਈਆ । ਕੀ ਪੂਰੀਆਂ ਕਰੇ ਖ਼ਾਹਿਸ਼ਾਂ, ਖ਼ੁਸ਼ੀਅਤ ਦੇ ਸਮਝਾਈਆ । ਮੰਡਲ ਪਾਵੇ ਰਾਸਾਂ, ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਖੁਲ੍ਹਾਈਆ । ਪੁਰਖ ਅਕਾਲ ਹਕ ਦ੍ਰਿੜ੍ਹੌਂਦਾ ਏ । ਸਚਖੰਡ ਦਵਾਰ ਹੁਕਮ ਸੁਣੌਂਦਾ ਏ । ਗੁਰ ਅਵਤਾਰ ਪੈਗ਼ੰਬਰ ਆਪ ਜਣੌਂਦਾ ਏ । ਸ਼ਬਦ ਅਗੰਮੀ ਧੁਰ ਦੀ ਧਾਰ, ਹਰਿ ਕਰਤਾ ਆਪ ਪਰਗਟੌਂਦਾ ਏ । ਜਿਸ ਨੇ ਲੱਖ ਚੁਰਾਸੀ ਕੀਤਾ ਪਸਾਰ, ਸੋ ਸਾਹਿਬ ਸਵਾਮੀ ਵੇਖ ਵਖੌਂਦਾ ਏ । ਜਿਸ ਦਾ ਹੁਕਮ ਚਲੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢੌਂਦਾ ਏ । ਜੋ ਨਿਰਗੁਣ ਸਰਗੁਣ ਲਏ ਅਵਤਾਰ, ਕਾਇਆ ਮਾਟੀ ਤਨ ਹੰਢੌਂਦਾ ਏ । ਸੋ ਖੇਲ ਕਰੇ ਅਗੰਮ ਅਪਾਰ, ਕਲਜੁਗ ਅੰਤਮ ਵੇਸ ਵਟੌਂਦਾ ਏ । ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਨੂਰ ਨੁਰਾਨਾ ਡਗਮਗੌਂਦਾ ਏ । ਸੰਬਲ ਵਸੇ ਧਾਮ ਨਿਆਰ, ਸਾਢੇ ਤਿੰਨ ਹੱਥ ਬੰਕ ਵਡਿਔਂਦਾ ਏ । ਸ਼ਬਦ ਅਨਾਦੀ ਬੋਲ ਜੈਕਾਰ, ਬ੍ਰਹਮ ਬ੍ਰਹਿਮਾਦੀ ਆਪ ਉਠੌਂਦਾ ਏ । ਵਾਕ ਭਵਿਖਤਾਂ ਪਾਵੇ ਸਾਰ, ਪੂਰਬ ਲੇਖਾ ਆਪਣੇ ਹੱਥ ਰਖੌਂਦਾ ਏ । ਕੂੜੀ ਕਿਰਿਆ ਰੋਗ ਨਵਾਰ, ਸਤਿ ਸਚ ਇਕ ਸਮਝੌਂਦਾ ਏ । ਸੰਮਤ ਸ਼ਹਿਨਸ਼ਾਹੀ ਕਰ ਤਿਆਰ, ਸੰਮਤ ਸਭ ਦਾ ਆਪ ਬਦਲੌਂਦਾ ਏ । ਰਹਿਮ ਕਰ ਪਰਵਰਦਿਗਾਰ, ਰਹਿਮਤ ਵਿਚ ਖੇਲ ਕਰੌਂਦਾ ਏ । ਨੌਬਤ ਵੱਜੇ ਦੋ ਜਹਾਨ, ਡੰਕਾ ਇਕੋ ਨਾਮ ਸੁਣੌਂਦਾ ਏ । ਰਾਓ ਰੰਕਾਂ ਕਰੇ ਖ਼ਬਰਦਾਰ, ਆਲਸ ਨਿੰਦਰਾ ਸਭ ਦੀ ਮੇਟ ਮਿਟੌਂਦਾ ਏ । ਚਾਰ ਕੁੰਟ ਦਹਿ ਦਿਸ਼ਾ ਹੋਏ ਖ਼ੁਆਰ, ਸ਼ਾਹ ਸੁਲਤਾਨਾਂ ਖ਼ਾਕ ਮਿਲੌਂਦਾ ਏ । ਸਿਰ ਸਕੇ ਨਾ ਕੋਇ ਉਠਾਲ, ਹੁਕਮ ਧੁਰ ਦਾ ਇਕ ਮਨੌਂਦਾ ਏ । ਅੰਤਮ ਕਰੇ ਆਪ ਸੰਭਾਲ, ਸਭ ਦਾ ਮਾਲਕ ਇਕ ਅਖਵੌਂਦਾ ਏ । ਗੁਰ ਅਵਤਾਰ ਪੈਗ਼ੰਬਰ ਤੁਸੀਂ ਬਣਿਓ ਨਾ ਕਿਸੇ ਦੇ ਦਲਾਲ, ਜਗਤ ਦਲਾਲੀ ਮੇਟ ਮਿਟੌਂਦਾ ਏ । ਤੁਹਾਡਾ ਬੇਨੰਤੀ ਵਾਲਾ ਸਵਾਲ, ਆਪਣੇ ਵਿਚ ਛੁਪੌਂਦਾ ਏ । ਕਲਜੁਗ ਕੂੜਾ ਮੇਟ ਕੇ ਕਾਲ, ਨਿਹਕਲੰਕ ਕਲ ਵਰਤੌਂਦਾ ਏ । ਮੁਰੀਦਾਂ ਪੁਛਣਹਾਰਾ ਹਾਲ, ਮੁਰਸ਼ਦ ਹੋ ਕੇ ਵੇਖ ਵਖੌਂਦਾ ਏ । ਲੇਖਾ ਜਾਣੇ ਸ਼ਾਹ ਕੰਗਾਲ, ਬਚਿਆ ਨਜ਼ਰ ਕੋਇ ਨਾ ਔਂਦਾ ਏ । ਸਦੀ ਚੌਧਵੀਂ ਝਲੇ ਕੋਇ ਕਿਸੇ ਨਾ ਝਾਲ, ਕੂੜੀ ਮਜਲਸ ਡੇਰਾ ਢੌਂਦਾ ਏ । ਮਾਇਆ ਮਮਤਾ ਆਏ ਜ਼ਵਾਲ, ਜ਼ਿਬਹ ਕਰ ਸਰਬ ਵਖੌਂਦਾ ਏ । ਈਸਾ ਮੂਸਾ ਮੁਹੰਮਦ ਜਿਸ ਦਾ ਦੇਣ ਅਹਿਵਾਲ, ਸੋ ਅਵਲ ਅੱਲਾ ਨੂਰ ਅਲਾਹੀ ਖੇਲ ਖਿਲੌਂਦਾ ਏ । ਜਿਸ ਦਾ ਜਲਵਾ ਨੂਰ ਜਲਾਲ, ਜਾਗਰਤ ਜੋਤ ਡਗਮਗੌਂਦਾ ਏ । ਸੋ ਖੇਲ ਕਰੇ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪੌਂਦਾ ਏ । ਕੂੜ ਕੁੜਿਆਰਾ ਮੇਟੇ ਨਿਸ਼ਾਨ, ਨਿਸ਼ਾਨੇ ਗੋਬਿੰਦ ਤੀਰ ਚਲੌਂਦਾ ਏ । ਜਿਸ ਦਾ ਸਿਫ਼ਤਾਂ ਵਿਚ ਬਿਆਨ, ਸੋ ਭਵਿਖਤਾਂ ਪੂਰ ਕਰੌਂਦਾ ਏ । ਜਿਸ ਦਾ ਸਭ ਤੋਂ ਵਖਰਾ ਬਿਨਾ ਪਰਚਿਆਂ ਵਾਲਾ ਇਮਤਿਹਾਨ, ਸੋ ਲੱਖ ਚੁਰਾਸੀ ਅਮਲਾਂ ਵੇਖ ਵਖੌਂਦਾ ਏ । ਸਾਰੇ ਸੁਣ ਲਓ ਲਾ ਕਰ ਕਾਨ, ਨਿਹਕਰਮੀ ਆਪਣਾ ਕਰਮ ਕਮੌਂਦਾ ਏ । ਜਿਸ ਦੇ ਬਰਦੇ ਬਣੇ ਗ਼ੁਲਾਮ, ਗ਼ੁਲਾਮੀ ਜ਼ੰਜੀਰ ਸਰਬ ਕਟੌਂਦਾ ਏ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਅਮਾਮ, ਆਹਲਾ ਆਪਣਾ ਇਕ ਜਣੌਂਦਾ ਏ । ਜਿਸ ਨੇ ਕਰਨਾ ਖੇਲ ਤਮਾਮ, ਤਾਮਸ ਸਭ ਦੀ ਮੇਟ ਮਿਟੌਂਦਾ ਏ । ਜਗਤ ਰਹਿਣ ਨਹੀਂ ਦੇਣਾ ਹੈਰਾਨ, ਹਿਰਦਾ ਸਭ ਦਾ ਫੋਲ ਫੁਲੌਂਦਾ ਏ । ਜਿਸ ਨੇ ਦਸਰਥ ਬੇਟਾ ਘਲਿਆ ਰਾਮ, ਸੋ ਰਾਮ ਹੁਕਮ ਮਨੌਂਦਾ ਏ । ਜਿਸ ਨੇ ਬੰਸਰੀ ਵਾਲਾ ਘਲਿਆ ਕਾਹਨ, ਸੋ ਕਾਹਨ ਆਪਣੀ ਧੁਨ ਸੁਣੌਂਦਾ ਏ । ਜਿਸ ਨੇ ਨਾਨਕ ਗੋਬਿੰਦ

੧੦੫੮

ਝੁਲਾਇਆ ਨਿਸ਼ਾਨ, ਸੋ ਨਿਸ਼ਾਨਾ ਧੁਰ ਦਾ ਇਕ ਦ੍ਰਿੜੌਂਦਾ ਏ । ਸੋ ਕਲਜੁਗ ਅੰਤ ਸ੍ਰੀ ਭਗਵੰਤ ਪਤਿਪਰਮੇਸ਼ਵਰ ਕਰੇ ਖੇਲ ਮਹਾਨ, ਮਹਿਮਾ ਆਪਣੀ ਆਪਣੇ ਵਿਚ ਛੁਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਕਰਾਉਂਦਾ ਏ । ਧੁਰ ਦਾ ਖੇਲ ਕਰੇ ਨਿਰੰਕਾਰ, ਬੇਪਰਵਾਹ ਵਡੀ ਵਡਿਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਲਏ ਅਵਤਾਰ, ਨਿਰਵੈਰ ਹੋ ਕੇ ਫੇਰਾ ਪਾਈਆ । ਸਭ ਦਾ ਲਹਿਣਾ ਦਏ ਅਧਾਰ, ਕ਼ਰਜ਼ਾ ਮਕ਼ਰੂਜ਼ ਦਏ ਚੁਕਾਈਆ । ਅਗਲਾ ਲੇਖਾ ਵਣਜ ਵਪਾਰ, ਬਿਨ ਸੌਦਿਓਂ ਹੱਟ ਚਲਾਈਆ । ਏਕੋ ਨਾਮ ਭਰ ਭੰਡਾਰ, ਅਤੋਟ ਅਤੁਟ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਰੋ ਵਿਚਾਰ, ਧੁਰ ਦਾ ਹੁਕਮ ਇਕ ਸਮਝਾਈਆ । ਕਿਸੇ ਦਾ ਰਹਿਣਾ ਨਾ ਕੋਈ ਅਖਤਿਆਰ, ਮੁਖਤਿਆਰਨਾਮੇ ਸਭ ਦੇ ਮਨਸੂਖ਼ ਦਏ ਕਰਾਈਆ । ਅਗੇ ਹੁਕਮ ਇਕ ਨਿਰੰਕਾਰ, ਦੋ ਜਹਾਨਾਂ ਲਏ ਮਨਾਈਆ । ਜਿਸ ਦੀ ਕੋਈ ਨਾ ਪਾਏ ਸਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸੀਸ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਵੇਖ ਕਲਜੁਗ ਅੰਧੇਰਾ ਅੰਧ, ਚਾਰੋਂ ਕੁੰਟ ਛਾਈਆ । ਸਾਚੀ ਮੰਜਲ ਮੁਕੇ ਨਾ ਕੋਈ ਪੰਧ, ਧੁਰ ਧਾਮ ਨਾ ਕੋਈ ਜਣਾਈਆ । ਕੂੜੀ ਕਿਰਿਆ ਜਗਤ ਵਿਕਾਰਾ ਤਨ ਮਾਟੀ ਖ਼ਾਕੀ ਅੰਦਰ ਭਰਿਆ ਗੰਦ, ਤੇਰਾ ਨਾਮ ਅਨੰਦ ਨਜ਼ਰ ਕਿਸੇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵੇ ਕੋਈ ਨਾ ਛੰਦ, ਰਸਨਾ ਕਲਜੁਗ ਗਿਣਤੀਆਂ ਨਾਲ ਹਲਕਾਈਆ । ਮਿਲੇ ਮੇਲ ਨਾ ਸੂਰੇ ਸਰਬੰਗ, ਅਲਪਗ ਦੇਣ ਦੁਹਾਈਆ । ਕਾਇਆ ਚੋਲੀ ਕੋਈ ਨਾ ਸਕੇ ਰੰਗ, ਮਜੀਠੀ ਰੂਪ ਵਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸਾਰੇ ਹੋਏ ਦੰਗ, ਹੈਰਾਨੀ ਸਾਡੇ ਅੰਦਰ ਆਈਆ । ਜੋ ਪ੍ਰਭ ਮਿਲਣ ਦਾ ਤਰੀਕਾ ਦੱਸ ਕੇ ਆਏ ਢੰਗ, ਕਲਜੁਗ ਜੀਵ ਸਾਰੇ ਗਏ ਭੁਲਾਈਆ । ਹਉਮੇ ਹੰਗਤਾ ਹੋਈ ਹੰ, ਬ੍ਰਹਮ ਮੇਲ ਨਾ ਕੋਇ ਮਿਲਾਈਆ । ਖ਼ੁਸ਼ੀ ਬਦਲ ਕੇ ਵਿਚ ਗ਼ਮ, ਚਿੰਤਾ ਚਿਖਾ ਰਹੀ ਜਲਾਈਆ । ਮਾਇਆ ਕਾਰਨ ਰੋਵਣ ਛਮ ਛਮ, ਨੈਣਾਂ ਨੀਰ ਰਹੇ ਵਹਾਈਆ । ਆਪਣਾ ਬੇੜਾ ਸਕੇ ਨਾ ਕੋਈ ਬੰਨ੍ਹ, ਭਾਂਡਾ ਭਰਮ ਨਾ ਕੋਇ ਭੰਨਾਈਆ । ਵਿਕਾਰਾਂ ਭਰਿਆ ਸਾਢੇ ਤਿੰਨ ਹੱਥ ਤਨ, ਸਤਿਗੁਰ ਸ਼ਬਦ ਸਚ ਨਾ ਕੋਇ ਕਮਾਈਆ । ਕੋਈ ਬੰਨ੍ਹ ਨਾ ਸਕਿਆ ਵਾਸਨਾ ਮਨ, ਮਮਤਾ ਮੋਹ ਨਾ ਕੋਇ ਚੁਕਾਈਆ । ਤੇਰਾ ਬਣਿਆ ਕੋਈ ਨਾ ਜਨ, ਜਣੇਂਦੀ ਮਾਈ ਮਿਲੀ ਕਿਸੇ ਨਾ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਾਤੀ ਵੇਖ ਵਖਾਈਆ । ਪੁਰਖ ਅਕਾਲ ਕਹੇ ਮੈਂ ਹਰ ਘਟ ਵਾਸੀ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰੋ ਜੋ ਮੇਰਾ ਨਾਮ ਸੁਨੇਹੜਾ ਦੇ ਕੇ ਆਏ ਪਾਤੀ, ਸ਼ਬਦੀ ਨਾਦ ਸੁਣਾਈਆ । ਮੈਂ ਸਭ ਦਾ ਲੇਖਾ ਮੰਗਣਹਾਰਾ ਬਾਕੀ, ਵੇਲਾ ਵਕ਼ਤ ਗਿਆ ਆਈਆ । ਲੱਖ ਚੁਰਾਸੀ ਪਰਦਾ ਫੋਲਣਾ ਤਨ ਖ਼ਾਕੀ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਫੋਲ ਫੁਲਾਈਆ । ਅਗੇ ਰਹਿਣ ਨਾ ਦਿਆਂ ਆਕੀ, ਅਕਲ ਸਭ ਦੀ ਦਿਆਂ ਭੁਲਾਈਆ । ਗੁਰਮੁਖ ਸੰਤ ਸੁਹੇਲੇ ਵੇਖਾਂ ਬਜਰ ਕਪਾਟੀ ਖੋਲ੍ਹ ਕੇ ਤਾਕੀ, ਮਾਇਆ ਮਮਤਾ ਮੋਹ ਚੁਕਾਈਆ । ਉਨ੍ਹਾਂ ਜਾਮ ਪਿਆਲਾ ਦਿਆਂ ਬਣ ਕੇ ਸਾਕੀ, ਸਾਖਿਆਤ ਹੋਵਾਂ ਸਹਾਈਆ । ਦਰਸ ਦਿਆਂ ਸੁੱਤਿਆਂ ਰਾਤੀ, ਜਾਗਦਿਆਂ ਨਿਰਗੁਣ ਨੂਰ ਨਜ਼ਰੀ ਆਈਆ । ਜੋ ਮੇਰੇ ਮਿਲਣ ਦਾ ਬਣਿਆ ਰਿਹਾ ਅਭਿਲਾਸ਼ੀ, ਆਸਾ ਸਭ ਦੀ ਪੂਰ ਕਰਾਈਆ । ਜੋ ਚਰਨ ਧਿਆਨ ਲਗਾਵੇ

੧੦੫੯

ਅੰਤਮ ਪਾਕੀ, ਪਤਿਤ ਪਵਿਤ ਕਰ ਵਖਾਈਆ । ਸਤਿ ਦਵਾਰਾ ਖੋਲ੍ਹ ਕੇ ਹਾਟੀ, ਘਰ ਇਕੋ ਦਿਆਂ ਜਣਾਈਆ । ਮੰਜ਼ਲ ਚਾੜ੍ਹ ਅਗੰਮੀ ਘਾਟੀ, ਸਚਖੰਡ ਦਵਾਰ ਦਿਆਂ ਵਖਾਈਆ । ਜਿਥੇ ਜੋਤ ਜਗੇ ਬਿਨ ਦੀਵੇ ਬਾਤੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਪੁਰਖ ਅਕਾਲ ਬੈਠਾ ਆਪ ਅਬਿਨਾਸ਼ੀ, ਸਚ ਸਿੰਘਾਸਣ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਵੇਖਿਓ ਆਪਣੇ ਸਾਥੀ, ਸਹਿਜ ਸੁਭਾਓ ਦਿਆਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਸਾਚੇ ਪਿਤਾ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਤੇਰਾ ਜੁਗ ਚੌਕੜੀ ਕੋਈ ਨਾ ਜਾਣੇ ਕ਼ਿੱਸਾ, ਕ਼ਿਸਮ ਸਕੇ ਨਾ ਕੋਈ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਡੀ ਝੋਲੀ ਪਾ ਕੇ ਆਪਣੇ ਨਾਮ ਦਾ ਹਿਸਾ, ਹਿਸੇਦਾਰੀ ਜਗਤ ਵਿਚ ਬਣਾਈਆ । ਸਾਨੂੰ ਤੇਰੇ ਉਤੇ ਭਰੋਸਾ ਤੂੰ ਦਿਤਾ ਧੁਰ ਦਾ ਨਿਸਚਾ, ਨਿਸਚਿੰਤ ਹੋ ਕੇ ਸਾਰੇ ਰਹੇ ਜਣਾਈਆ । ਲਹਿਣਾ ਦੇਣਾ ਚੁਕਾਵੇ ਜਿਸ ਜਿਸ ਦਾ, ਬਚਿਆ ਰਹਿਣ ਕੋਈ ਨਾ ਪਾਈਆ । ਤੂੰ ਲੇਖੇ ਸਭ ਦੇ ਲਿਖਦਾ, ਬਿਨ ਹਰਫ਼ ਹਰੂਫ਼ ਕ਼ਲਮ ਸ਼ਾਹੀਆ । ਇਹ ਵੇਲਾ ਹਾਰ ਜਿੱਤ ਦਾ, ਜਿੱਤ ਹਾਰ ਤੇਰੀ ਵਡ ਵਡਿਆਈਆ । ਤੁਧ ਬਿਨ ਲੇਖਾ ਅੰਤ ਨਾ ਕੋਈ ਨਜਿੱਠਦਾ, ਲਹਿਣਾ ਸਕੇ ਨਾ ਕੋਇ ਮੁਕਾਈਆ । ਹੁਣ ਵੇਲਾ ਨਹੀਂ ਤੇਰੀ ਪਿਠ ਦਾ, ਆਪਣੀ ਕਰਵਟ ਲੈ ਬਦਲਾਈਆ । ਰਾਹ ਤਕ ਓਸ ਗੁਰਮੁਖ ਗੁਰਸਿਖ ਦਾ, ਜੋ ਸਿੱਧਾ ਤੇਰੇ ਵਿਚ ਸਮਾਈਆ । ਤੂੰ ਮਾਲਕ ਓਸ ਹਿਤਕਾਰੀ ਹਿਤ ਦਾ, ਆਤਮ ਪਰਮਾਤਮ ਲੈ ਜੁੜਾਈਆ । ਝਗੜਾ ਮੁਕਾ ਦੇ ਸਦਾ ਨਿਤ ਦਾ, ਨਿਜ ਨੇਤਰ ਕਰ ਰੁਸ਼ਨਾਈਆ । ਪ੍ਰੇਮ ਪਿਆਲਾ ਦੇ ਆਪਣੀ ਸਿਕ ਦਾ, ਸ਼ਿਖ਼ਰ ਚੋਟੀ ਲੈ ਚੜ੍ਹਾਈਆ । ਦੀਨ ਦਿਆਲ ਜਗਤ ਨੇਤਰ ਭਾਵੇਂ ਤੂੰ ਕਿਸੇ ਨਹੀਂ ਦਿਸਦਾ, ਜਨ ਭਗਤਾਂ ਸਨਮੁਖ ਨਜ਼ਰੀ ਆਈਆ । ਜੋ ਤੇਰੇ ਚਰਨ ਦਵਾਰੇ ਵਿਕਦਾ, ਓਸ ਦੀ ਕ਼ੀਮਤ ਦੇਣੀ ਪਾਈਆ । ਦੋ ਜਹਾਨ ਵੇਖ ਕਲਜੁਗ ਅੰਤ ਅਖ਼ੀਰੀ ਪਿਟਦਾ, ਸਾਂਤਕ ਸਤਿ ਨਾ ਕੋਇ ਕਰਾਈਆ । ਤੇਰਾ ਭਾਣਾ ਪ੍ਰਭੂ ਕਦੇ ਨਾ ਮਿਟਦਾ, ਗੁਰ ਅਵਤਾਰ ਪੈਗ਼ੰਬਰ ਸੀਸ ਝੁਕਾਈਆ । ਤੂੰ ਖੇਲ ਜਾਣੇ ਪੱਥਰ ਰੋੜੇ ਇੱਟ ਦਾ, ਤੇਰੇ ਹੱਥ ਵਡੀ ਵਡਿਆਈਆ । ਕਿਸੇ ਹਰਫ਼ ਨਾ ਪੜ੍ਹਿਆ ਗੋਬਿੰਦ ਵਾਲੀ ਓਸ ਚਿਟ ਦਾ, ਜੋ ਚਿੱਟੀ ਧਾਰ ਵਿਚੋਂ ਬਿਨ ਹਰਫ਼ਾਂ ਦਿਤੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਸ਼ਹਿਨਸ਼ਾਹੀਆ । ਕਰਤਾ ਕਹੇ ਮੈਂ ਕ਼ੁਦਰਤ ਦਾ ਕਰਤਾਰ, ਨਿਹਕਰਮੀ ਨਜ਼ਰੀ ਆਈਆ । ਸਭ ਦਾ ਪੂਰਾ ਕਰਾਂ ਉਧਾਰ, ਕਲਜੁਗ ਔਧ ਰਹੀ ਵਿਹਾਈਆ । ਤਿੰਨ ਅੱਸੂ ਰਾਹ ਤਕੇ ਸਾਂਝੇ ਯਾਰ, ਯਰਾਨਾ ਪਿਛਲਾ ਤੋੜ ਨਿਭਾਈਆ । ਅਗਲਾ ਖੇਲ ਅਪਰ ਅਪਾਰ, ਅਪਰੰਪਰ ਹੋ ਕੇ ਦਿਆਂ ਜਣਾਈਆ । ਜਿਸ ਦਾ ਲਿਖਣ ਵਾਲਾ ਨਹੀਂ ਵਿਸਥਾਰ, ਵਿਥਿਆ ਵਿਚ ਨਾ ਕੋਇ ਦ੍ਰਿੜ੍ਹਾਈਆ । ਓਹ ਖ਼ੁਫ਼ੀਆ ਖ਼ਸਮ ਦਾ ਖੇਲ ਨਿਆਰ, ਭਸਮ ਨਾਲ ਦੇਵੇ ਸਮਝਾਈਆ । ਜਿਸ ਚਰਨ ਕਵਲ ਦੀ ਅਗੰਮੀ ਛਾਰ, ਸਾਰ ਸ਼ਬਦ ਨਾਲ ਮਿਲਾਈਆ । ਜਨ ਭਗਤਾਂ ਦਾ ਬੇੜਾ ਕਰ ਕੇ ਪਾਰ, ਜਗਤ ਦੀ ਕੂੜੀ ਨਈਆ ਦਏ ਡੁਬਾਈਆ । ਇਸ ਤੋਂ ਅਗਲਾ ਉਹ ਵਿਹਾਰ, ਜਿਸ ਨੂੰ ਸਮਝੇ ਨਾ ਕੋਈ ਸੰਸਾਰ, ਸੁਆਰਥੀ ਪਰਮਾਰਥੀ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਕਰਨੇਹਾਰ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ ।

## ☼ ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਸਰੂਪ ਸਿੰਘ ਦੇ ਘਰ ਮੰਗੂਪੁਰ ਜ਼ਿਲਾ ਕਪੂਰਥਲਾ ☼

ਪੁਰਖ ਅਕਾਲ ਕਹੇ ਮੈਂ ਮਾਲਕ ਉਲਮਾ ਆਕਲ, ਬੇਅਕਲ ਕਰਾਂ ਲੋਕਾਈਆ । ਮੇਰਾ ਖੇਲ ਬੇਮਿਸਾਲ ਸਾਕਲ, ਸਕੂਲ ਮਾਕੂਲ ਨਾ ਕਿਸੇ ਸਮਝਾਈਆ । ਨੁਆਬੇ ਸ਼ਾਹ ਆਤਲ, ਤਲਬ ਬੇਤਲਬ ਦਿਆਂ ਵਖਾਈਆ । ਨੂਰੇ ਜ਼ਹੂਰ ਜ਼ਹਿਨ ਨਸ਼ੀਂ ਉਲਬਾਤਲ, ਸ਼ਮਅ ਗ਼ੁਲ ਚਰਾਗ਼ ਦਿਆਂ ਸਮਝਾਈਆ । ਵਸੀਹਉਲ ਆਸਮਾਨੇ ਬਾਤਲ, ਮੁਕੱਦਮੇ ਨੂਰ ਖ਼ੁਦਾਈਆ । ਰਹਿਮਤੇ ਰਹੀਮ ਜ਼ਮਾਤੁਲ, ਜ਼ਮੀਦੁਲ ਜ਼ਮਾਨੇ ਜ਼ਮਾ ਅਖਵਾਈਆ । ਗੁਜ਼ਾਰਸ਼ੇ ਨਵਾਤਲ ਤਲਖੇ ਮੁਹਾਤਲ, ਮੁਤਮਹੀਅਨ ਬੇਪਰਵਾਹੀਆ । ਕ਼ਜ਼ਾਏ ਕ਼ਾਤਲ ਬੇਵਫ਼ਾਏ ਆਤਸ਼, ਨੋਸ਼ੇ ਨਬੀ ਬੇਨਸ਼ਾਂ ਅਖਵਾਈਆ । ਕ਼ਲਮਾਏ ਇਬਾਦਤ ਮੁਹੱਬਤੇ ਸਦਾਕ਼ਤ ਅਮੀਨੇ ਰਫ਼ਾਕ਼ਤ, ਸ਼ਾਅਰੇ ਸ਼ਬ੍ਹਾ ਸ਼ਖ਼ਸੀਅਤ ਬੇਪਰਵਾਹੀਆ । ਰੋਨਮਾਏ ਰਬ੍ਹਾ ਜ਼ਹੀਰੁਲ ਉਦਾ ਵਰਸ਼ਨ ਗ਼ੁਰੂਬਤੇ ਆਫ਼ਤਾਬੇ ਨੂਰ ਅਲਾਹੀਆ । ਮੁਤਲਕੇ ਮਹਿਵ ਮੁਬਾਰਕੇ ਇਨਤਹਾ ਸਾਹਿਬੇ ਸਿਲ੍ਹਾ ਅਸਗਰ ਜ਼ਮੀਰੁਲ ਜ਼ਮਾਂ ਅਖਵਾਈਆ । ਮਹਿਬੂਬੇ ਰੁਸ਼ਨਾ ਪੈਗ਼ੰਬਰੇ ਸਦਾ ਮੁਹੰਮਦੇ ਅਦਾ ਵਾਹਦੇ ਖ਼ੁਦਾ ਤਕੱਬਰੀ ਜੁਦਾ ਮੁਸੱਬਰੀ ਫ਼ਿਦਾ ਅੰਬਰੀ ਮਾਲਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੋ ਜਹਾਂ, ਰਹਿਮਤ ਕਰੇ ਰਮਜ਼ੇ ਇਨਸਾਂ, ਸ਼ਾਹਨੇ ਵਹਾਂ ਜਹਾਂ ਨਜ਼ਰ ਕੋਇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਹਬਾਨੇ ਮਹਾਂ ਤੁਆਜਬ ਹੈਰਾਨੇ ਹਰ ਜਗਹ ਜ਼ਬਤ ਸਕੇ ਨਾ ਕੋਇ ਕਰਾਈਆ ।



## ☼ ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ☼

ਵਲੀ ਅੱਲਾ ਵਾਹਿਦ ਵਲਲ ਰੁਬਾ ਵਲਨੀਅਨ ਨੇਸਤੋ ਰਮਾਂ ਮਸੀਹੇ ਬੇਪਰਵਾਹੀਆ । ਹਮਦੋ ਖ਼ੁਦਾ ਤੇਰੀ ਦੁਆ ਜ਼ਬੀਉਲਜ਼ਬਾ ਜ਼ਕਾਤੇਫ਼ਨਾਹ ਬਸ਼ੀਰੇ ਨੂਰ ਖ਼ੁਦਾਈਆ । ਰਵੀਓ ਰਹਿਨਮਾ ਕਵੀਓ ਨਗ਼ਮਾ ਦੋ ਜਹਾਨ ਮੇਹਬਾਂ ਮਹਿਬੂਬ ਮਹਿਵ ਇਕ ਅਖਵਾਈਆ । ਦਸਤੇ ਦਰਾਜ ਨਮਸਤੇ ਨਮਾਸ ਗਮਸਤੇ ਆਗ਼ਾਜ਼ ਫ਼ਰਿਸ਼ਤੇ ਅਦਾ ਮੁਹੰਮਦੇ ਬੇਨਕਾਬ ਬੇਨੁਕਤੇ ਨੁਈਨ ਇਲਾਹੀ ਮਬੀਨ ਇਲਮੇਂ ਖ਼ੁਦਾ ਖ਼ੁਦਾਏ ਆਲਮ ਜੁਸਤਜੂ ਜੁਦਾ ਜਾਮੇ ਸਦਾ ਅਖਵਾਈਆ । ਸਿਹਰੇ ਸਬ੍ਹਾ ਅਲੀ ਉਲਮਮਾਂ ਹੁਸੀਨੁਲ ਪਿਸਰਾਂ ਸਲਲ੍ਹ ਰਹਿਬਰਾਂ ਸਲਾਉਲ ਸਲਾਮਤ ਸਹੀ ਇਕ ਅਖਵਾਈਆ । ਸਜਦੇ ਬਹਿਰਾ ਦੁਖ਼ਤਰੇ ਪਹਿਰਾ ਬੇਸਬਰੇ ਆਬੇ ਹਯਾ ਮਕ਼ਬਰੇ ਸਦਾ ਬਾਗ਼ੇ ਬਹਾਰ ਜ਼ੱਰਾ ਜ਼ੱਰਾ ਸਮਾਈਆ । ਵਕ਼ਤੇ ਵਹਾਂ ਬੇਵਕਤੇ ਨਹਾਂ ਸਕਤੇ ਕਲਾਂ ਮਰਦੇ ਮਰਦਾਂ ਗੋਬਿੰਦੇ ਨਹਾਂ ਦਹਿੰਦੇ ਦਰਾਂ ਨਾਨਕੇ ਸਰਾਂ ਆਦਮੇਂ ਹਵਾ ਖ਼ਾਦਮੇ ਤਬਾ ਤਾਮੀਰੇ ਤਾਮਲ ਖ਼ੁਦਾਏ ਕਾਮਲ ਬਸ਼ੀਰੇ ਆਮਲ ਸ਼ਾਇਰੇ ਸ਼ੁਜਾ ਰੁਤਬਾ ਅਲੀਸ਼ਾਨ ਨਜ਼ਰੀ ਆਈਆ । ਆਜਿਜ਼ੇ ਕ਼ਦਮਾਂ ਬੋਸੇ ਦਰਬਦਾਂ ਸਤਾਰੇ ਚੰਦੇ ਰੁਸ਼ਨਾ ਕ਼ਲਮਬੰਦੇ ਗੁਮਨਾ ਨਾ ਤੁਅਰਫ਼ੇ ਤਮੰਨਾ ਨਾ ਆਰਫ਼ੇ ਮੁਤਬੰਨਾ ਸਦਾਕ਼ਤ ਸਦਾਏ ਲਿਆਕ਼ਤ ਨਿਆਏਂ ਵਜ਼ਾਹਤ ਚਸ਼ਮਾਏ ਖ਼ਿਦਮਾਤੇ ਮਖ਼ਲੂਲ ਆਫ਼ਤਾਬੇ ਅਰੂਜ ਸ਼ਮਾਂਏ ਮੰਜ਼ਲੇ ਮਕ਼ਸੂਦ ਸਿਫ਼ਤੇ ਬਾਹਰ ਜ਼ਾਹਰ ਨਾਮੇਂ ਮਹਿਦੂਦ ਵਜ਼ੀਹਤ ਵਜ਼ਾਲੇ ਬੇਮਸਾਲੇ ਨਜ਼ਰੀ ਆਈਆ । ਮੁਹੰਮਦੇ ਗੋਸ਼ ਖ਼ਾਤੀਨੇ ਖ਼ਾਮੋਸ਼ ਯਾਤੀਨੇ ਮਦਹੋਸ਼ ਅਜ਼ੀਮ ਨਰੋਸ਼ ਖ਼ਾਕੀ ਜਿਸਮ ਰੂਹ ਪੋਸ਼ ਰਾਸਤਾ ਇਕੋ ਇਕ ਜਣਾਈਆ । ਕ਼ਲਮੇਂ ਜੁਲਫ਼ਕਾਰ ਇਲਾਹੀਏ ਇਜ਼ਹਾਰ ਮਹਿਬਾਨੇ ਚਮਤਕਾਰ ਆਲਮੇਂ ਜਾਬਦਾਨੀ ਤੇਰੇ ਕ਼ਦਮੇਂ ਕ਼ੁਰਬਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਇਨਸਾਨੇ ਹੈਵਾਨ, ਪਰਦਾ ਫ਼ਾਸ਼ੇ ਦੋ ਜਹਾਨ, ਕਰਦਮ ਆਸ਼ੇ ਸ਼ਾਹੇ ਸ਼ੁਜ਼ਾਂ ਕਫ਼ਾਇਤ ਅਸ਼ਾਇਤ ਅਸਾਇਤ ਇਤਾਇਤ ਆਤਮ ਪਰਮਾਤਮ ਮਿਹਰਵਾਨ ਅਖਵਾਈਆ । ਚੌਦਾਂ ਤਬਕ ਤੁਲਬਾਨਿਆਂ ਆਕਲ ਉਕਲਾ ਦਲਾਇਲ ਦੁਨੀਂ ਖੇਲ ਆਸਯਨਾ ਸ਼ਰਕਨ ਗਰਬਨ ਸ਼ਾਨੇ ਬੇਪਰਵਾਹੀਆ । ਹਰਫ਼ੇ ਹਰੂਫ਼ ਕਲਾਮਾ ਨਜ਼ਰੇ ਨੂਰ ਅਮਾਮਾ ਸਦਾਏ ਸਦਾ ਪੈਗ਼ਾਮਾ ਆਵਾਜ਼ੇ ਬਾਂਗ ਇਲਾਹੀਆ । ਕ਼ਾਦਰ ਕ਼ੁਦਰਤੇ ਕਾਤਲਾਨਾ ਮੁਹੰਮਦ ਦਸਤ ਬੰਦੂ ਦਰੇ ਆਦਾਬ ਅਰਜ਼ੇ ਆਰਜ਼ੂ ਕ਼ਦਮੇ ਮੁਨਸਫ਼ਾਨਾ ਆਮੇ ਦੀਵਾਨਾ ਦਾਨਿਸਤਾ ਦੀਦ ਨਜ਼ਰੀ ਆਈਆ । ਦੋਜ਼ਖ਼ੇ ਬਹਿਸ਼ਤੇ ਗ਼ੁਲਾਮਾਨਾ ਵਾਹਦੇ ਨੂਰ ਮਿਲੇ ਸ੍ਰੀ ਭਗਵਾਨਾ ਗੁਣ ਨਿਧਾਨਾ ਸਾਹਿਬ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਦਾ ਲਿਖਦਾ ਜਾਏ ਬਿਆਨਾ, ਅਗਲਾ ਖੇਲ ਹੋਰ ਮਹਾਨਾ, ਗੋਬਿੰਦ ਦਾ ਲਬਰੇਜ਼ ਹੁੰਦਾ ਜਾਏ ਪੈਮਾਨਾ, ਸਾਕੀ ਸਾਖੀ ਸਾਥੀ ਸਮਰਾਥੀ ਬੇਪਰਵਾਹ ਰਾਹ ਤਕਾਈਆ । ਜਿਸ ਦਾ ਗੋਦਾਵਰੀ ਦੇ ਉਤੇ ਬਿਆਨਾ, ਤੀਰ ਚਿੱਲੇ ਦਾ ਸੋਹੰ ਨਿਸ਼ਾਨਾ, ਸੁਵਰਨ ਚਾਂਦੀ ਖੰਡੇ ਦਾ ਰੂਪ ਮਹਾਨਾ, ਗੁਰ ਗੁਰਸਿਖ ਇਕੋ ਵਿਚ ਸਮਾਈਆ । ਜਿਸ ਨੇ ਆਪਣਾ ਉਕਣ ਨਹੀਂ ਦੇਣਾ ਨਿਸ਼ਾਨਾ, ਖੇਲਣਾ ਖੇਲ ਵਿਚ ਜਹਾਨਾ, ਨਿਧਾਨਾ ਰੂਪ ਨਾ ਕੋਇ ਵਟਾਈਆ । ਸਤਿ ਦਾ ਬੰਨ੍ਹਣਾ ਗਾਨਾ, ਅਗੰਮ ਦਾ ਪਹਿਨਣਾ ਬਾਨਾ, ਦ੍ਰਿਸ਼ਟੀ ਚਮ ਦਾ ਖੇਲ ਤਜਾਨਾ, ਬ੍ਰਹਿਮੰਡ ਵੇਖੇ ਥਾਉਂ ਥਾਈਂਆ । ਪਿਛਲਾ ਬਦਲ ਗਿਆ ਜ਼ਮਾਨਾ, ਗੁਰ ਅਵਤਾਰ ਪੈਗ਼ੰਬਰ ਹੋਏ ਹੈਰਾਨਾ, ਹੱਥੋਂ ਦੀਨਾਂ ਮਜ਼੍ਹਬਾਂ ਦੀ ਛੁਟ ਗਈ ਕਮਾਨਾ, ਪੁਰਖ ਅਕਾਲ ਬਣੌਣਾ ਇਕੋ ਖ਼ਾਨਦਾਨਾ, ਤਸਾਦਮ ਕਰ ਕੇ ਖ਼ਾਦਮ ਕਰੇ ਸਰਬ ਲੋਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਭਾਵੇਂ ਉਮਰ ਵਿਚ ਅੰਞਾਣਾ, ਅਮਲ ਵਿਚ ਅਮਾਮਾਂ ਦਾ ਅਮਾਮ ਨਜ਼ਰੀ ਆਈਆ ।


੧੦੬੨

ਰਾਵੀ ਕਹੇ ਮੇਰੇ ਉਤੇ ਕੋਈ ਨਾ ਕਰਿਓ ਗਿਰਿਆਜ਼ਾਰੀ, ਗ੍ਰਿਹ ਗ੍ਰਿਹ ਦੇਵਾਂ ਜਣਾਈਆ । ਮੈਨੂੰ ਯਾਦ ਪੰਦਰਾਂ ਪੋਹ ਦੀ ਉਹ ਦਿਹਾੜੀ, ਜਿਹੜੀ ਮੇਰੇ ਕੰਢੇ ਵੱਜੀ ਵਧਾਈਆ । ਜੁਗਾਂ ਜੁਗਾਂ ਦੀ ਪਿਛਲੀ ਸਭ ਦੀ ਲੱਥੀ ਉਧਾਰੀ, ਲਹਿਣਾ ਆਇਆ ਮੁਕਾਈਆ । ਮੇਰੀ ਸੁਧ ਬੁਧ ਭੁਲ ਗਈ ਸਾਰੀ, ਮਨ ਚਲੀ ਨਾ ਕੋਇ ਚਤੁਰਾਈਆ । ਸੇਵਾ ਕਰ ਨਾ ਸਕੀ ਔਗਣਹਾਰੀ, ਗੁਨਾਹਗਾਰ ਦਏ ਦੁਹਾਈਆ । ਚਰਨ ਭੇਟ ਕਰ ਨਾ ਸਕੀ ਕਿਛ ਦਵਾਰੀ, ਨਿਉਂ ਨਿਉਂ ਨਾ ਲਾਗੀ ਪਾਈਆ । ਕਿਉਂ ਅਰਜਨ ਗੁਰ ਮੈਨੂੰ ਵਿਚੋਂ ਹੌਲੀ ਜਿਹੀ ਸੈਨਤ ਮਾਰੀ, ਸਹਿਜੇ ਦਿਤਾ ਸਮਝਾਈਆ । ਅਗੇ ਔਣ ਵਾਲੀ ਵਾਰੀ, ਵਾਰਤਾ ਪ੍ਰਭ ਦੀ ਬੇਪਰਵਾਹੀਆ । ਤੂੰ ਹੱਥਾਂ ਪੈਰਾਂ ਵਾਲੀ ਨਹੀਂ ਕੋਈ ਲਾੜੀ, ਨੱਕ ਨੱਥ ਸੁਹਾਗ ਨਾ ਕੋਇ ਵਖਾਈਆ । ਤੂੰ ਚਾਰ ਜੁਗ ਰਹੀ ਕਵਾਰੀ, ਤੇਰਾ ਕੰਤ ਨਜ਼ਰ ਕੋਇ ਨਾ ਆਈਆ । ਉਠ ਵੇਖ ਪਰਮ ਪੁਰਖ ਦੀ ਖੇਲ ਨਿਆਰੀ, ਨਰ ਨਿਰੰਕਾਰ ਆਪਣੀ ਧਾਰ ਚਲਾਈਆ । ਜਿਸ ਨੇ ਤੇਰੇ ਨਾਲੋਂ ਗੁਰਮੁਖਾਂ ਦੀ ਸੰਗਤ ਰਖੀ ਪਿਆਰੀ, ਸੁਖ ਸੁਨੇਹੜੇ ਸ਼ਬਦੀ ਰਿਹਾ ਪੁਚਾਈਆ । ਜਿਨ੍ਹਾਂ ਦੀ ਵਸਦੀ ਰਹਿਣੀ ਵਾੜੀ, ਵਾਰਤਾ ਚਲੇ ਵਿਚ ਲੋਕਾਈਆ । ਜਿਨ੍ਹਾਂ ਦੀ ਲੇਖੇ ਲਗਣੀ ਦਿਹਾੜੀ, ਕ਼ੀਮਤ ਝੋਲੀ ਦੇਵੇ ਪਾਈਆ । ਤੂੰ ਕੰਢੇ ਉਛਲ ਕੇ ਵੇਖੀਂ ਕਿਨਾਰੀ, ਕੰਨਿਆਂ ਵਾਲਾ ਰੂਪ ਬਦਲਾਈਆ । ਤੈਨੂੰ ਵਖਾਵਾਂ ਉਨ੍ਹਾਂ ਦੇ ਸਿਰ ਤੇ ਚੁੱਕੀ ਖਾਰੀ, ਜੋ ਸਮੁੰਦ ਸਾਗਰ ਸਾਰੇ ਪਾਰ ਗਏ ਕਰਾਈਆ । ਅੰਮ੍ਰਿਤ ਫਲ

ਕੇਲਾ ਜਿਸ ਵੇਲੇ ਕ੍ਰਿਸ਼ਨ ਲਾਇਆ ਸੀ ਦੰਦਾਂ ਨਾਲ ਦਾੜ੍ਹੀ, ਸੁਦਾਮੇ ਵਜੀ ਵਧਾਈਆ । ਓਸ ਵੇਲੇ ਉਸ ਦੀ ਪੀੜ ਕੀਤੀ ਸੀ ਚੁਬਾੜੀ, ਕਰਕ ਕੋਠੀ ਦਰਦ ਵਾਹੋ ਦਾਹੀਆ । ਕੇਲੇ ਕਿਹਾ ਤੂੰ ਜੋਤ ਉਹ ਨਿਰੰਕਾਰੀ, ਜੋ ਸਭ ਦਾ ਸਾਂਝਾ ਨਜ਼ਰੀ ਆਈਆ । ਮੇਰੇ ਦੋਵੇਂ ਪਾਸੇ ਇਕੋ ਜਿਹਾ ਰਸ, ਕਿਉਂ ਵੰਡੀ ਦਿੱਤੀ ਪਾਈਆ । ਜੇ ਇਕੇ ਵਾਰ ਅੰਦਰ ਲੈਂਦੋ ਰਖ, ਮੈਨੂੰ ਵਜਦੀ ਰਹਿੰਦੀ ਵਧਾਈਆ । ਕ੍ਰਿਸ਼ਨ ਹੌਲੀ ਜਿਹੀ ਆਪਣੇ ਗਲ ਨੂੰ ਦਬ, ਅੰਦਰ ਦਿਤਾ ਧਕਾਈਆ । ਨਾਲ ਕਿਹਾ ਕਾਹਨਾ ਦੇ ਕਾਹਨ ਦੇ ਹੱਥ ਇਹ ਸਬਬ, ਸਤਿ ਸਚ ਦਿਆਂ ਦ੍ਰਿੜਾਈਆ । ਮੈਂ ਓਸ ਦੀ ਯਦ, ਜੋ ਨਿਰਗੁਣ ਸਰਗੁਣ ਖੇਲ ਖਿਲਾਈਆ । ਜਿਸ ਵੇਲੇ ਆਵੇ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਉਸ ਤੋਂ ਪਹਿਲੋਂ ਤੁਸਾਂ ਗੁਰ ਅਰਜਨ ਦੇ ਚਰਨਾਂ ਦੀ ਬਣਨਾ ਵਥ, ਨੂੰਹ ਚੰਦੂ ਤੁਹਾਨੂੰ ਭੇਟ ਕਰਾਈਆ । ਅਰਜਨ ਨੇ ਲੈਣਾ ਨਹੀਂ ਹੱਥ, ਅੱਖ ਨਾਲ ਨਾ ਅੱਖ ਮਿਲਾਈਆ । ਕਿਉਂ ਤੁਹਾਡਾ ਲਹਿਣਾ ਦੇਣਾ ਹਕੀਕਤ ਵਾਲਾ ਹਕ, ਪਤਿਪਰਮੇਸ਼ਵਰ ਦਏ ਚੁਕਾਈਆ । ਕੇਲੇ ਕਿਹਾ ਸਾਨੂੰ ਉਹ ਵੇਲਾ ਦੱਸ, ਰਮਜ਼ ਇਕ ਸੁਣਾਈਆ । ਕ੍ਰਿਸ਼ਨ ਕਿਹਾ ਜਿਸ ਵੇਲੇ ਗੁਰ ਅਵਤਰ ਪੈਗ਼ੰਬਰ ਪ੍ਰਭ ਦੇ ਚਰਨੀ ਜਾਣ ਢਠ, ਹਠ ਰਹਿਣ ਕੋਇ ਨਾ ਪਾਈਆ । ਤੀਰਥ ਮੁਕ ਜਾਏ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਚਰਨ ਬਹਿ ਬਹਿ ਖ਼ੁਸ਼ੀ ਮਨਾਈਆ । ਲਹਿਣਾ ਦੇਣਾ ਮੁਕ ਜਾਏ ਸਭ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਦੀ ਅਖ਼ੀਰੀ ਹਦ, ਲਹਿਣਾ ਦੇਣਾ ਵੇਖ ਵਖਾਈਆ । ਭਗਤ ਪ੍ਰੇਮ ਅੰਤਰ ਰਖ, ਰਖਿਆ ਕਰੇ ਚਾਈਂ ਚਾਈਂਆ । ਪੁਰਖ ਅਕਾਲ ਦੀਨ ਦਿਆਲ ਤੈਨੂੰ ਦੋਹਾਂ ਪਾਸਿਆਂ ਤੋਂ ਇਕੋ ਵਾਰ ਇਕੱਠਾ ਲਏ ਚਖ, ਸ੍ਰਿਸ਼ਟੀ ਤੋਂ ਹੋ ਕੇ ਵਖ, ਭਗਤਾਂ ਨੂੰ ਦੱਸੇ ਸਚ, ਹਿਰਦੇ ਅੰਤਰ ਜਾਏ ਰਚ, ਭਾਗ ਲਗਾਕੇ ਕਾਇਆ ਮਾਟੀ ਕਚ, ਕੰਚਨ ਰੂਪ ਦਏ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਲੇਖੇ ਲਏ ਘਤ, ਲਹਿਣਾ ਹੋਰ ਨਾ ਲਏ ਵਤ, ਮੂਲ ਚੁਕਾ ਕੇ ਡਾਲ੍ਹੀ ਪਤ, ਪਤ ਪਤਵੰਤਾ ਆਪਣੇ ਰੰਗ ਸਮਾਈਆ ।

ਨੀਲੇ ਦੀ ਆਸ਼ਾ ਕਰੇ ਪੁਕਾਰ, ਮੇਰੀ ਪੋਸ਼ਾਕ ਦੇ ਬਦਲਾਈਆ । ਤੇਰੇ ਭਗਤਾਂ ਦਾ ਪਿਆਰ, ਮੇਰੇ ਅੰਦਰ ਪਾਇਲ ਰਿਹਾ ਵਜਾਈਆ । ਤੇਰੀ ਔਣ ਵਾਲੀ ਬਹਾਰ, ਖਿੜਨ ਵਾਲੀ ਗੁਲਜ਼ਾਰ, ਨੁਹਾਰ ਸੋਹਣੀ ਰਹੀ ਸੁਹਾਈਆ । ਤੂੰ ਦੁਖੀਆਂ ਦਾ ਦਿਲਦਾਰ, ਮੁਖੀਆਂ ਦਾ ਸਰਦਾਰ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਮੇਰੇ ਸਿਰ ਤੇ ਬੰਨ੍ਹਣੀ ਉਹ ਦਸਤਾਰ, ਜਿਸਦੀ ਲਿਖਤ ਰਹੇ ਜੁਗ ਚਾਰ, ਨੀਲਾ ਕਹੇ ਮੈਂ ਵੀ ਕਹਾਂ ਮੈਨੂੰ ਮਿਲਿਆ ਉਹ ਨਿਰੰਕਾਰ, ਜਿਸ ਗੋਬਿੰਦ ਆਪਣੀ ਗੋਦ ਲਿਆ ਉਠਾਈਆ । ਮਖੇਰਨਾ ਕਹੇ ਮੈਂ ਮੁਕੰਮਲ ਹੋ ਕੇ ਖ਼ਬਰਦਾਰ, ਮੇਰਾ ਨਾਮ ਰਹੇ ਜੁਗ ਚਾਰ, ਕ਼ਲਮਿਆਂ ਵਿਚ ਸਿਫ਼ਤ ਨਾ ਕੋਇ ਸਲਾਹੀਆ । ਮੇਰਾ ਮਾਲਕ ਸ਼ਾਹਸਵਾਰ, ਜਿਸ ਦੀ ਨਜ਼ਰੇ ਦੋ ਦੋ ਚਾਰ, ਮੰਜ਼ਲੇ ਮਕ਼ਸੂਦ ਦੇਵੇ ਚਾੜ੍ਹ, ਗ੍ਰਹਿ ਇਕੋ ਦਏ ਵਖਾਈਆ । ਮੋਤੀ ਜੋਤੀ ਦਾ ਚਮਕਾਰ, ਸ਼ੀਸ਼ੇ ਸਤਿ ਦਾ ਵਿਹਾਰ, ਫੁੰਮਣ ਫਰਮਾਇਸ਼ ਦਾ ਕਰਨ ਇਜ਼ਹਾਰ, ਨੁਮਾਇਸ਼ ਵਿਚ ਨਜ਼ਰ ਕੋਇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਹਿਜੇ ਦਏ ਸ਼ਾਬਾਸ਼, ਪੂਰੀ ਕਰਾਂ ਆਸ, ਸਦ ਰਖਾਂ ਚਰਨਾਂ ਪਾਸ, ਮੈਨੂੰ ਚੇਤੇ ਜੁਝਾਰ ਦਾ ਉਹ ਗਲਾਸ, ਗ਼ੁਲਾਮੀ ਸਾਰੀ ਦਿਆਂ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ

੧੦੬੩

ਨਰ, ਖੇਲ ਵੇਖਣ ਨੂੰ ਬੇਤਾਬ, ਰੂਪ ਧਰ ਗੁਰੂ ਮਹਾਰਾਜ, ਸਤਿ ਧਰਮ ਦਾ ਬਦਲ ਰਿਵਾਜ, ਰਾਜ ਸਮਾਜ ਕਾਜ ਸਾਰੇ ਦਏ ਬਦਲਾਈਆ । ਸੀਸ ਜਗਦੀਸ਼ ਸੋਹਵੇ ਤਾਜ, ਸਜਦਿਆਂ ਵਿਚ ਹੋਏ ਆਦਾਬ, ਨਮਸਤਿਆਂ ਵਿਚ ਲੱਭੇ ਮਾਥ, ਸਸਤੇ ਤੋਂ ਸਸਤਾ ਬਿਨ ਕ਼ੀਮਤ ਆਪਣਾ ਨਾਮ ਝੋਲੀ ਦੇਵੇ ਪਾਈਆ । ਜਿਸ ਦੀ ਬਿਨਾ ਹਰਫ਼ਾਂ ਤੋਂ ਕਿਤਾਬ, ਦੋ ਜਹਾਨਾਂ ਗੁਲਸ਼ਨ ਵਿਚੋਂ ਗੁਰਮੁਖ ਫੁੱਲ ਗੁਲਾਬ, ਮੁਰੀਦਾਂ ਵਿਚੋਂ ਮੁਰੀਦ ਮੁਰਸ਼ਦਾਂ ਵਿਚੋਂ ਮੁਰਸ਼ਦ ਪ੍ਰੇਮੀਆਂ ਵਿਚੋਂ ਪ੍ਰੇਮ ਗੁਰਸਿਖ ਲਭੇ ਆਪ, ਆਪ ਆਪਣੀ ਦਇਆ ਕਮਾਈਆ । ਨਵ ਨੌਂ ਚਾਰ ਦਾ ਇਤਫ਼ਾਕ, ਲੇਖਾ ਲਹਿਣਾ ਕਰੇ ਬੇਬਾਕ, ਵੇਖਣਹਾਰਾ ਭਵਿਖਤ ਵਾਕ, ਵਾਕਿਆ ਵਕ਼ਤ ਆਪਣੇ ਹੱਥ ਰਖਾਈਆ । ਗੁਰਮੁਖ ਬਣਨ ਨਾ ਦੇਵੇ ਕੋਈ ਗੁਸਤਾਖ, ਸਿੱਧਾ ਉਲਟਾ ਚਲਾਵਣਹਾਰ ਜਹਾਜ਼, ਮੁਫ਼ਲਿਸਾਂ ਦਾ ਮੁਫ਼ਲਿਸ ਗ਼ਰੀਬਾਂ ਦਾ ਗ਼ਰੀਬ ਆਦਾਬਾਂ ਦਾ ਅਦਾਬ, ਅਦਬ ਆਪਣਾ ਇਕ ਜਣਾਈਆ । ਜਿਸ ਦੇ ਗ੍ਰਿਹ ਨਾ ਕੋਈ ਸਵਾਲ ਨਾ ਕੋਈ ਜਵਾਬ, ਨਾ ਕੋਈ ਮਾਈ ਨਾ ਕੋਈ ਬਾਪ, ਨਾ ਕੋਈ ਤਾਰਾ ਚੰਦ ਨਾ ਕੋਈ ਆਫ਼ਤਾਬ, ਨਾ ਕੋਈ ਰਾਗ ਧੁਨ ਵੱਜੇ ਰਬਾਬ, ਨਾ ਕੋਈ ਸੱਜਣ ਮਿਤਰ ਅਹਿਬਾਬ, ਇਕੋ ਭਗਤਾਂ ਯਾਦ, ਯਾਦ ਯਾਦ ਯਾਦ ਵਿਚ ਰਖਾਈਆ । ਪਿਆਰਿਆਂ ਦੇਵਣ ਆਇਆ ਖ਼ਿਤਾਬ, ਪ੍ਰੇਮੀਆਂ ਦਾ ਬਣਕੇ ਮੁਹਤਾਜ, ਨਵਾਬ ਦਾਤਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਮਲਾਂ ਦਾ ਦੇਵੇ ਆਬ, ਦਾਮਨ ਆਪਣਾ ਦਏ ਫੜਾਈਆ ।



## ✻ ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✻

੧੦੬੪

ਆਰਜ਼ੂਏ ਮੁਹੰਮਦ ਖ਼ਾਹਿਸ਼ੇ ਗੋਬਿੰਦ ਗੋਸ਼ੇ ਤਰਕਿੰਦ ਤਰਕਸ਼ੇ ਕਮਾਨ ਸ਼ੇਰੇ ਰਹਿਮਾਨ ਰਹਿਬਰ ਬੇਜ਼ਬਾਨ ਆਲਮੇਂ ਮਹਿਬਾਨ ਜ਼ਿਮੀਂਉਲ ਅਸਮਾਨ ਕ਼ਾਇਦੇ ਉਲਮਾਨ ਨਵਾਬੇ ਸੁਲਤਾਨ ਖ਼ਤਾਬੇ ਦੋ ਜਹਾਨ ਨਵਾਬੇ ਅਰਸ਼ਾਨ ਮੁਸ਼ਤਾਕ਼ੇ ਵਲੀਯਾਨ ਗੁਸ਼ਾਖੇ ਨਾਦਾਨ ਪਿਸਰੇ ਅਵਾਮ ਨੋਸ਼ੇ ਕਲਾਮ ਮਦਹੋਸ਼ੇ ਜਾਮ ਖ਼ਾਮੋਸ਼ੇ ਤਮਾਮ ਵਲਦੀਯਤੇ ਪੈਗ਼ੰਬਰਾਨ ਅਸਲੀਯਤੇ ਅਜ਼ਮਾਨ ਨਵੀਯਤੇ ਕ਼ੁਰਬਾਨ ਵਾਹੂਦਤੇ ਈਮਾਨ ਇਬਾਦਤੇ ਸਯਾਨ ਰਫ਼ਾਕ਼ਤੇ ਗਰੇਬਾਨ ਮਹਿਬੂਬ ਬੇਪਰਵਾਹੀਆ । ਗੋਬਿੰਦੇ ਦੀਦਹ ਮੁਹੰਮਦੇ ਈਦਾ ਰਸੂਲੇ ਰਸੀਦੇ ਮਹਿਬੂਬੇ ਪਾਕੀਜ਼ਾ ਅਰੂਜੇ ਅਰੀਸ਼ਾ ਤੌਫ਼ੀਕ਼ੇ ਹਦੀਸਾ ਰਫ਼ੀਕ਼ੇ ਖ਼ੁਦੀਸ਼ਾ ਖ਼ਾਦਮੇਂ ਆਲੀਸ਼ਾਨ ਨਜ਼ਰੀ ਆਈਆ । ਮੁਹੰਮਦੇ ਨਿਮਾਜ਼ ਗੋਬਿੰਦੇ ਆਗ਼ਾਜ਼ ਸ਼ਾਇਰਇੰਦੇ ਮੁਮਤਾਜ ਦਹਿੰਦੇ ਦਹਿਨਾਜ਼ ਰੋਨਮਾਏ ਆਕਾਸ਼ ਅੰਬਰੇ ਪਰਕਾਸ਼ ਸਤੰਬਰੇ ਇਤਹਾਸ ਬੇਨਾਈ ਵਿਕਾਸ ਆਕਾਸ਼ੇ ਫ਼ਰਸ਼ ਆਮੇ ਇਤਲਾਹ ਬੇਪਰਵਾਹੀਆ । ਗੋਬਿੰਦੇ ਗੋਨੀਯਦ ਮੁਹੰਮਦ ਅਨੀਦ ਖ਼ੁਦਾਏ ਤਰਤੀਬ ਫ਼ਿਜ਼ਾਏ ਅਜੀਬ ਸ਼ਮਾਏ ਕ਼ਰੀਬ ਦਰਸਾਏ ਦਹੀਦ ਹਮਦੋ ਹਮੀਦ ਅਹਿਮਦੋ ਨਜ਼ਦੀਕ਼ ਨਾਨਕ ਗ਼ਰੀਬ ਤਾਸ਼ਰੇ ਨਸੀਬ ਮੁਹਾਸ਼ਰੇ ਵਜ਼ੀਦ ਕ਼ੁਰਬਾਨੇ ਕਰਮ ਅਲਾਹੀ ਕ਼ੁਦਾਰੇ ਕ਼ੁਦਰਤ ਨਜ਼ਰੀ ਆਈਆ । ਮੁਹੰਮਦੇ ਅਯਾਂ ਗੋਬਿੰਦੇ ਅਮਾਂ ਸੇਹਿੰਦੇ ਤੋਫ਼ਾਂ ਪਾਕੇ ਗੁਰਬਾਂ ਧੌਲੇ ਧੀਯਾਂ ਮੌਲੇ ਖ਼ੁਦਾ ਰਾਬਤਾ ਨਿਹਾਂ ਨਿਗਾਹਬਾਨ ਆਲਮ ਜਹਾਨੇ ਦੋ ਨਜ਼ਰੀ ਆਈਆ । ਕਾਤਬੇ ਕੁਤਬ ਮੁਖ਼ਾਤਬੇ ਮੁਫ਼ਤ ਬਿਆਨਤੇ ਦਰਿਸਤ ਇਮਾਨਤੇ ਉਰਸ਼ ਪੈਗ਼ਾਮਤੇ ਕ਼ੁਰਸ਼ ਸਲਾਮਤੇ ਮੁਰਸ਼ ਹੋਸਲੇ ਹਵਸ ਆਅਜ਼ਮੇਂ ਇਸਮ ਨਿਸ਼ਾਨੇ ਆਲੀ ਸ਼ੌਕੀਨ ਖ਼ਾਵੰਦ ਮਖ਼ਲੂਕ ਆਕਲ ਬੈਤੁਲ ਮੁਕੱਦਸ ਮੁਕ਼ਾਮੇ ਮੁਕੀਦਾ ਜ਼ਹੂਰੁਲ ਜ਼ਾਹਰ ਇਜ਼ਹਾਰੇ ਖ਼ਲਕ ਖ਼ੁਦਾਈਆ ।

ਜੁਮਲਾਏ ਇਲਫ਼ਾਜ਼ ਮੁਹੰਮਦਾਯ ਇਸ਼ਾਇਤ ਗੋਬਿੰਦੇ ਅਨਾਇਤ ਖ਼ੁਦਾਈ ਕਖ਼ਕਫ਼ਾਇਤ ਬਾਹੁਕਮੇਂ ਜੁਰਾਇਤ ਕਸਮੇਂ ਕਾਇਨਾਤ ਕਾਸਦੇ ਵਾਹਿਦ ਵਾਜ਼ਿਆ ਵਜ਼ਾਹਤ ਵਜ਼ੀਨਨ ਇਕ ਜਣਾਈਆ । ਆਫਤਾਬੇ ਤਲੂਹ ਮਾਲਕੇ ਖ਼ਾਕੀ ਬੁਤ ਰੂਹ ਖ਼ਾਲਕੇ ਨੂਰ ਹੂਬਹੂ ਗੋਬਿੰਦੇ ਆਗ਼ਾਜ਼ ਸੰਮਤੇ ਸ਼ੁਰੂ ਮੁਬੀਨਾਯੇ ਮਾਰਗ ਮਦੀਨਾ ਖ਼ਾਰਜ ਹਸਨ ਹੁਸੈਨਾ ਕਤਾਰਸ਼ ਕਤੀਉਲ ਕਤਾਰਤ ਨਬੀਉਲ ਸਫ਼ਾਰਸ਼ ਮੁਹੰਮਦੁਲ ਅਬਾਰਤ ਗੋਬਿੰਦੇ ਤੁਆਰਫ਼ ਮਕ਼ਬਰੇ ਵਜ਼ਾਰਤ ਖ਼ਬਰੇ ਜ਼ਿਆਰਤ ਨਫ਼ਰਤੇਅਦਾਰਤ ਕੁਫ਼ਰਤੇ ਹਲਾਕਤ ਗੁਰਮੁਖੇ ਸੁਦਾਕ਼ਤ ਮਹੁਬਤੇ ਨਜ਼ਾਕਤ ਨਬੀਉਲ ਨਿਜ਼ਾਮ ਪੀਰੁਲ ਪੈਗ਼ਾਮ ਸ਼ੁਜਾਇਤੇ ਸ਼ਾਇਰਾਂ ਨਜਾਇਤੇ ਨਵਾਹ ਖ਼ੁਦ ਖ਼ੁਦਾਏ ਗਵਾਹ ਬਿਨਾ ਹਸਤੀਓਂ ਨੂਰੇ ਨਸ਼ੀਰ ਹਾਜ਼ਰੇ ਹਵਾਂ ਤਰਜਮੇਂ ਕ਼ੁਰਾਂ ਮੁਜਰਮੇ ਅਵਾਮ ਕੁਫ਼ਰਤੇ ਕਲਾਮ ਮੁਰਸ਼ਦੇ ਮੁਰਦਾ ਮਾਦੀ ਨਰ ਨਰ ਮਾਦੀ ਦੋਵੇਂ ਖੇਲ ਕਰਾਈਆ । ਮੁਹੰਮਦੇ ਅਜ਼ੀਜ਼ ਗੋਬਿੰਦੇ ਤਮੀਜ਼ ਖ਼ੁਦਾਏ ਹਮੀਦ ਹਮਦੋ ਆਈਦ ਗੋਸ਼ੇ ਗਨੀਦ ਤਰਕਸ਼ੇ ਤਰਤੀਦ ਬਰਅਕਸ ਹਮੀਦ ਨਕਸ਼ੇ ਨਵੀਦ ਨਗਾਰੇ ਦਰੀਦ ਮੁਜ਼ਾਹਰੇ ਜਵੀਬ ਇਸ਼ਾਰੇ ਆਲਮਾਨਾ ਹੁਨਰੇ ਇਲਮ ਆਪ ਜਣਾਈਆ । ਖ਼ੁਦਾਏ ਤਰਜ਼ੀਂ ਹੁਕਮੇ ਅਜ਼ੀਂ ਸ਼ਾਕਰੇ ਨਵੀਂ ਆਖ਼ਰੇ ਤੁਹੀਨ ਖ਼ੁਦਾਏ ਮਬੀਨ ਲੋਕਾਈ ਮਸਕੀਨ ਬੇਵਫ਼ਾਈ ਲਾਮੀਨ ਸਫ਼ਾਏ ਯਾਕੀਨ ਯਾਕੀਨਉਲ ਉਲਤਾ ਮੁਹੰਮਦੇ ਰਜ਼ਾ ਗੋਬਿੰਦੇ ਦੁਆ ਅਕਾਲੇ ਸਹਾ ਦਿਆਲੇ ਦਰਿਯਾਂ ਮੁਸ਼ਤਾਕੇ ਅਜ਼ਾਂ ਗੁਸਤਾਖੇ ਗੁਦਾਂ ਦਰਦੇ ਹਮਾਂ ਬੁਲੰਦੇ ਅਵਾਂ ਖ਼ਾਵੰਦੇ ਖ਼ੁਦਾ ਭਗਤਾਂ ਨਾ ਕਰੇ ਜੁਦਾ, ਮੁੱਦਾ ਸਭ ਦਾ ਆਪਣੇ ਹੱਥ ਰਖਾਈਆ । ਲਾਹਿੰਦੇ ਦਰਿਆ ਸਾਗਰੇ ਉਛਲਾ ਖ਼ਾਕੇ ਮੁਬਤਲਾ ਇਤਫ਼ਾਕੇ ਆਇਆ ਬੇਪਰਵਾਹੀ ਸਾਕੇ ਸਭ ਦੇ ਦਏ ਬਦਲਾਈਆ । ਹਮੇਸ਼ੁਉਲ ਹਮਾਂ ਰੌਸ਼ਨ ਨੁਮਾਂ ਔਸ਼ਨ ਸਮਾਂ ਆਬੇ ਹਵਾ ਖਤੀਤ ਖੁਤਵਾ, ਖਾਤੇ ਸਭ ਦੇ ਵੇਖ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਰਿਹਾ ਸਮਾਈਆ । ੧੦੬੫
ਮਾਝੇ ਵਾਲਿਆਂ ਦੀ ਮਜਲਸ ਰਿਹਾ ਲਗਾ, ਗੋਬਿੰਦ ਵਾਲੀ ਭੁਲ ਰਿਹਾ ਬਖ਼ਸ਼ਾ, ਅਨਮੋਲ ਅਨਮੁਲ ਰੰਗ ਰਿਹਾ ਚੜ੍ਹਾ, ਕੌਲ ਇਕਰਾਰ ਪੂਰੇ ਰਿਹਾ ਕਰਾ, ਗੋਬਿੰਦ ਗੋਦੀ ਰਿਹਾ ਸੁਹਾ, ਗੋਦਾਵਰੀ ਰੋਂਦੀ ਰਿਹਾ ਵਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਜ਼ਮੂਦੇ ਅਜ਼ਮਾਇਸ਼ ਗੋਬਿੰਦੇ ਰਿਹਾਇਸ਼ ਕਿਆਮੇ ਅਤਾਇਤ ਮੁਕ਼ਾਮੇ ਨਿਹਾਇਤ ਬੇਨਜ਼ਰ ਨਜ਼ਰੇ ਕਰਮ ਉਠਾਈਆ ।

ਗੋਦਾਵਰੀ ਚਸ਼ਮ ਨੀਰੇ ਆਰਜ਼ੂ ਕ਼ਦਮ ਬੋਸੀ ਵਾਹਿਦਤੇ ਹਜ਼ਰਤੇ ਪੀਰਤਨ ਖ਼ਾਮੋਸ਼ੀ ਅੰਤਰ ਲੋਚੀ ਰਵਿਦਾਸੇ ਮੋਚੀ ਪੰਡਤ ਦੋਸ਼ੀ ਗਰੇਬਾਨੇ ਗੋਨੀਰ ਨਜ਼ਰੀ ਆਈਆ । ਇੱਕੀਆਂ ਇਤਹਾਦੇ ਮਸ਼ਰਕੇ ਮੁਲਾਹਜ਼ੇ ਗਰਬਨੇ ਅਸਾਧੇ ਸ਼ਮਾਲੇ ਜੁਮਾਦੇ ਜਮੂਹ ਜਨੂਬਲ ਇਤਮਾਦੇ ਸਬੂਉਲ ਸਦਾਤੇ ਕ਼ਰੀਬਉਲ ਖ਼ੁਦਾਤੇ ਜਾਮੇ ਜ਼ਰਾਰ ਦਏ ਜਣਾਈਆ । ਨਾਮੇ ਮੁਰੱਕਬ ਰੂਹੇ ਮੁਹੱਬਤ ਆਰਜ਼ੂਏ ਸ਼ਫ਼ਕ਼ਤ ਇਨਸਾਨੀ ਉਲਹੇ ਸ਼ਫ਼ਾ ਨਗਮੇਂ ਨਿਹਾਂ, ਤਰਾਨੇ ਦਏ ਜਣਾਈਆ । ਕਾਤਬੇ ਕ਼ੁਰਬਾਂ ਮੁਖਾਤਬੇ ਮਬਾਂ ਹਾਜਤੇ ਗੋਬਿੰਦੇ ਮੁਹੱਬਤ ਮੁਹੰਮਦੇ ਅਸਾਂ, ਅਦਾਲਤੇ ਅਦਲ ਆਦਲ ਇਕੋ ਨਜ਼ਰੀ ਆਈਆ । ਗੋਦਾਵਰੀ ਗੁਜ਼ਸ਼ਤਾ ਮੁਸਤਹਿਕੇ ਫ਼ਰਿਸ਼ਤਾ ਮਜ਼ਾਹਿਮਤੇ ਇਸ਼ਕਾ ਨਿਆਮਤੇ ਦ੍ਰਿਸ਼ਟਾ ਦਾਇਰਾ ਮੁਕ਼ਾਮੇਂ ਨਫ਼ਸੇ ਗ਼ੁਲਾਮੀ ਹਫ਼ਸੇ ਅਮਾਮੀ ਤਪਸ਼ੇ ਨਾਕਾਮੀ ਗੋਸ਼ੇ ਜਵਾਨੀ ਸ਼ਾਹੇ ਸੁਲਤਾਨੀ ਗੋਬਿੰਦੇ ਕ਼ੁਰਬਾਨੀ ਮੁਦਾਖਿਲਤੇ ਨਾਦਾਨੀ ਖ਼ਤਮ ਸਿਲਸਲੇ ਰੁਹਾਨੀ ਹਾਸ਼ਮੇਂ ਰਬਾਨੀ ਤੁਲਬਾਏ ਤਾਲਬ ਤਾਲਬੇ ਤੁਲਬਾ ਤਾਲੀਮ ਬਦਸਤ ਆਲਮ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਖ਼ੁਮਾਰੀ ਵਿਚ ਮਸਤ, ਲੇਖਾ ਜਾਣੇ ਕੀਟ ਹਸਤ, ਹਸਦ ਕੂੜੀ ਦਏ ਗਵਾਈਆ ।

ਗੋਦਾਵਰੀ ਕਹੇ ਮੇਰੀ ਨਿਮਸਕਾਰਾ, ਨਮੋ ਨਮਸਤੇ ਸਭ ਨੂੰ ਕਹਿ ਕੇ ਦਏ ਜਣਾਈਆ । ਜਨ ਭਗਤੋ ਨਾ ਮੇਰਾ ਤਟ ਰਿਹਾ ਨਾ ਕਿਨਾਰਾ, ਕੰਢਾ ਨਜ਼ਰ ਕੋਇ ਨਾ ਆਈਆ । ਨਾ ਕੋਈ ਅੰਮ੍ਰਿਤ ਜਲ ਵਹਿਣ ਵਾਲੀ ਧਾਰਾ, ਧਵਲ ਖੇਲ ਨਾ ਕੋਇ ਵਖਾਈਆ । ਨਵ ਨੌਂ ਚਾਰ ਮੈਂ ਲਭਦੀ ਰਹੀ ਸਹਾਰਾ, ਬਿਨ ਨੇਤਰ ਨੈਣਾਂ ਅੱਖ ਉਠਾਈਆ । ਸਚ ਪੁਛੋ ਮੈਨੂੰ ਲਭਿਆ ਨਹੀਂ ਨਿਰੰਕਾਰਾ, ਜੋ ਨਿਰਗੁਣ ਨਿਰਵੈਰ ਨਜ਼ਰੀ ਆਈਆ । ਬਿਨਾ ਗੋਬਿੰਦ ਦਿਤਾ ਨਹੀਂ ਕਿਸੇ ਨੇ ਲਾਰਾ, ਇਸ਼ਾਰੇ ਨਾਲ ਨਾ ਕੋਇ ਸਮਝਾਈਆ । ਜੋ ਮਾਲਕ ਖ਼ਾਲਕ ਪ੍ਰਿਤਪਾਲਕ ਸਭ ਦਾ ਲਾੜਾ, ਦੂਲ੍ਹਾ ਬੇਪਰਵਾਹ ਨਜ਼ਰੀ ਆਈਆ । ਜਿਸ ਦਾ ਭਗਤਾਂ ਨਾਲ ਅਖਾੜਾ, ਦੂਜੀ ਰਾਸ ਨਾ ਕੋਇ ਰਚਾਈਆ । ਮੈਂ ਮੱਲਿਆ ਓਸ ਦਾ ਚਰਨ ਦਵਾਰਾ, ਜਿਥੇ ਦਵਾਰਕਾ ਵਾਲੇ ਬੈਠੇ ਸੀਸ ਨਿਵਾਈਆ । ਇਹੋ ਮੰਦਰ ਘਰ ਗ੍ਰਹਿ ਹਮਾਰਾ, ਹਮ ਸਾਜਣ ਖ਼ੁਸ਼ੀ ਮਨਾਈਆ । ਮੈਂ ਨੇਤਰ ਰੋ ਰੋ ਮਾਰਾਂ ਲਲਕਾਰਾ, ਸਭ ਨੂੰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੋਦਾਵਰੀ ਕਹੇ ਮੈਂ ਇਕੋ ਵਾਰ ਪ੍ਰਭ ਦੀ ਰਮਜ਼ ਸਮਝ ਲਈ ਗੁੱਝੀ, ਸ਼ਬਦ ਇਸ਼ਾਰਾ ਦਿਤਾ ਜਣਾਈਆ । ਭਗਤੋ ਨਿਰਮਲ ਕਰ ਲਓ ਆਪਣੀ ਬੁਧੀ, ਬਦੀ ਅੰਦਰੋਂ ਦਏ ਗਵਾਈਆ । ਜਿਸ ਪ੍ਰੇਮ ਦੀ ਜੜ੍ਹ ਸੰਮਤ ਸ਼ਹਿਨਸ਼ਾਹੀ ਵਿਚ ਲਗੀ, ਬੂਟਾ ਸੋਹਣਾ ਦਏ ਸੁਹਾਈਆ । ਸਤਿਗੁਰ ਹੁਕਮ ਕਦੇ ਨਾ ਜਾਣੋ ਰੱਦੀ, ਵਾਸਤਾ ਪਾ ਕੇ ਰਹੀ ਸੁਣਾਈਆ । ਇਸ ਦਾ ਖੇਲ ਅਜੀਂ ਪਜੀਂ, ਬਹੁੜੀ ਬਹੁੜੀ ਕਰ ਕੇ ਦਿਆਂ ਦੁਹਾਈਆ । ਮੈਂ ਕੋਈ ਵਹਿਣਾਂ ਵਿਚ ਵਹਿਣ ਵਾਲੀ ਨਹੀਂ ਨਦੀ, ਜਿਸ ਵਿਚ ਕਲਜੁਗ ਜੀਵ ਕੂੜਾ ਕਰਕਟ ਵਿਸ਼ਟਾ ਰਹੇ ਸੁਟਾਈਆ । ਮੇਰੀ ਧਾਰ ਪਾਣੀ ਵਿਚੋਂ ਹੋ ਕੇ ਬਾਹਰ ਗੋਬਿੰਦ ਚਰਨਾਂ ਨਾਲ ਲਗੀ, ਲਗਨ ਆਪਣੀ ਦਿਆਂ ਜਣਾਈਆ । ਮੇਰਾ ਤਨ ਵਜੂਦ ਬਦਨ ਵੇਖੀ ਬਿਨਾ ਬਸਤਰਾਂ ਕਦੀ ਨਾ ਹੋਈ ਨੰਗੀ, ਪ੍ਰਭ ਓਢਨ ਪਰਦਾ ਇਕੋ ਰਿਹਾ ਰਖਾਈਆ । ਸਚ ਦੱਸਾਂ ਇਹ ਗੁਰੂਆਂ ਵਰਗੀ ਨਹੀਂ ਜੇ ਗੱਦੀ, ਗਦਾਗਰ ਬਣਿਆ ਧੁਰਦਰਗਾਹੀਆ । ਜਿਸ ਦੀ ਮੌਜ ਵਿਚ ਨਵ ਨੌਂ ਚਾਰ ਚੌਕੜੀ ਲੰਘੀ, ਭੱਜੀ ਵਾਹੋ ਦਾਹੀਆ । ਓਹ ਦੋ ਜਹਾਨ ਫਿਰਦਾ ਪੈਰੀਂ ਨੰਗੀ, ਹਾਜ਼ਰ ਹਜ਼ਰਤ ਸ਼ਹਿਨਸ਼ਾਹੀਆ । ਜਿਸ ਦੀ ਗੋਬਿੰਦ ਕੋਲ ਸੰਧੀ, ਧੁਰ ਦਾ ਲੇਖਾ ਦਿਤਾ ਦ੍ਰਿੜਾਈਆ । ਓਸ ਦੀ ਅੱਖ ਹੋਈ ਨਹੀਂ ਕਦੀ ਅੰਧੀ, ਅੰਧ ਅੰਧੇਰੇ ਦਏ ਮਿਟਾਈਆ । ਭਗਤ ਦੁਆਰਿਉਂ ਕਿਹੜੀ ਭੂਮਿਕਾ ਚੰਗੀ, ਜਿਸ ਉਤੇ ਭੱਜਾ ਚਾਈਂ ਚਾਈਆ । ਜਿਥੇ ਵਸੇ ਜਮਨਾ ਸੁਰਸਤੀ ਮੇਰੀ ਭੈਣ ਗੰਗੀ, ਗੰਗੂ ਵਾਲਾ ਲੇਖ ਨਜ਼ਰ ਕੋਇ ਨਾ ਆਈਆ । ਨਾਲ ਮਿਲਿਆ ਗੋਬਿੰਦ ਸੂਰਾ ਢੰਗੀ, ਜੋ ਭੁਜੰਗੀ ਨੀਹਾਂ ਹੇਠ ਦਬਾਈਆ । ਜਿਹੜੀ ਮੰਗ ਪਿਛੇ ਨਹੀਂ ਸੀ ਮੰਗੀ, ਉਹ ਵੀ ਦਿਆਂ ਸੁਣਾਈਆ । ਮੈਨੂੰ ਜੰਮਣ ਵਾਲੀ ਨਹੀਂ ਕੋਈ ਸੀ ਅੰਮੀ, ਮੰਮੀ ਮੁੰਮਾ ਮੁਖ ਨਾ ਕੋਈ ਛੁਹਾਈਆ । ਮੈਂ ਹੁਕਮ ਰਜ਼ਾ ਅੰਦਰ ਇਸ ਦੀ ਮੰਨੀ, ਮਨਸਾ ਵਿਚ ਸੇਵ ਕਮਾਈਆ । ਮੈਂ ਧੁਰ ਸੰਦੇਸ਼ੇ ਸੁਣਦੀ ਕੰਨੀਂ, ਕੰਨਿਆ ਕੁਆਰੀ ਹੋ ਕੇ ਦਿਆਂ ਗਵਾਹੀਆ । ਮੈਂ ਜੁਗ ਚੌਕੜੀ ਬਣੀ ਨਹੀਂ ਕਿਸੇ ਦੀ ਵੰਨੀ, ਕੰਤ ਸੁਹਾਗ ਨਾ ਸੇਜ ਹੰਢਾਈਆ । ਗੋਬਿੰਦ ਵਰਗਾ ਮਿਲਿਆ ਨਹੀਂ ਕੋਈ ਧਨੀ, ਜੋ ਧਨ ਦੌਲਤ ਕੂੜੀ ਦਏ ਰੁੜ੍ਹਾਈਆ । ਜਿਸ ਦਾ ਵਸੇਰਾ ਬਿਨਾ ਛੱਪਰ ਛੰਨੀ, ਸ਼ਹਿਨਸ਼ਾਹ ਨਾਲ ਮਿਲ ਕੇ ਨਾ ਕੋਈ ਹਰਖ਼ ਸੋਗ ਗ਼ਮੀ, ਚਿੰਤਾ ਰੋਗ ਨਾ ਕੋਇ ਵਖਾਈਆ । ਨਾ ਕੋਇ ਭੇਖ ਪਖੰਡ ਦੰਭੀ, ਕੂੜੀ ਕਿਰਿਆ ਨਾ ਕੋਇ ਵਧਾਈਆ । ਨਾ ਕੋਈ ਬਿਸਤਰ ਸੇਜ ਮੰਜੀ, ਸੂਲਾਂ ਸੱਥਰ ਇਕ ਵਛਾਈਆ । ਨਾ ਕੋਈ ਆਤਮ

ਰੂਪ ਹੰ ਬ੍ਰਹਮੀ, ਪਾਰਬ੍ਰਹਮ ਜੋਤ ਰੁਸ਼ਨਾਈਆ । ਨਾ ਕੋਇ ਗਗਨ ਸਹਾਰਾ ਅੰਬਰਾਂ ਵਾਲਾ ਥੰਮ੍ਹੀ, ਮਾਲਕ ਖ਼ਾਲਕ ਮਿਲ ਕੇ ਖ਼ੁਸ਼ੀ ਮਨਾਈਆ । ਨਾ ਕੋਇ ਪ੍ਰੇਮੀ ਸੱਜਣ ਨਾ ਕੋਇ ਦੋਸਤ ਤਨੀ, ਤਨ ਵਜੂਦ ਨਾਤੇ ਗਿਆ ਤੁੜਾਈਆ । ਇਕੋ ਜੋਤ ਜੋਤ ਅੰਦਰ ਰਮੀ, ਰਾਮ ਦਾ ਰਾਮ ਮਿਲ ਕੇ ਰਾਮ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਦਾਵਰੀ ਕਹੇ ਗੁਰਮੁਖ ਸਾਚੇ ਹੀਰੇ, ਚਰਨ ਕਵਲ ਧੁਰ ਦਾ ਘਾਟ, ਗੋਬਿੰਦ ਕੂੜੇ ਹੀਰੇ ਗਿਆ ਸੁਟਾਈਆ । ਜਿਨ੍ਹਾਂ ਪਿਛੇ ਕਟੀ ਵਾਟ, ਵਾਤਾਵਰਨ ਰਿਹਾ ਬਦਲਾਈਆ । ਭੇਵ ਛੁਪਾ ਕੇ ਪ੍ਰਿਥਮੀ ਆਕਾਸ਼, ਖੇਲ ਆਪਣੀ ਰਿਹਾ ਖਿਲਾਈਆ । ਭਗਤ ਦਵਾਰੇ ਕਰ ਕੇ ਨਿਵਾਸ, ਨਵਾਂ ਜੁਗ ਦਿਤਾ ਬਦਲਾਈਆ । ਏਥੇ ਆ ਕੇ ਮੇਰੀ ਪੂਰੀ ਹੁੰਦੀ ਆਸ, ਗੋਦਾਵਰੀ ਰਹੀ ਸੁਣਾਈਆ । ਤੁਸੀਂ ਕਿਥੋਂ ਕਰਨਾ ਤਲਾਸ਼, ਮੈਨੂੰ ਦਿਓ ਜਣਾਈਆ । ਜਿਥੇ ਸ਼ਿਵ ਜੀ ਆਏ ਛਡ ਕੇ ਕੈਲਾਸ਼, ਬ੍ਰਹਮਾ ਲੋਕ ਬ੍ਰਹਮ ਤਜਾਈਆ । ਸ਼ੰਕਰ ਮੰਗੇ ਇਕ ਨਿਵਾਸ, ਵਿਸ਼ਨੂੰ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰ ਹੋਵਣ ਦਾਸ, ਦੀਦਾ ਦਾਨਿਸਤਾ ਦਰਸ਼ਨ ਪਾਈਆ । ਭਗਤ ਸੁਹੇਲੇ ਮਿਲ ਅਹਿਬਾਬ, ਮੁਹੱਬਤ ਵਿਚ ਢੋਲੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਦਾਵਰੀ ਕਹੇ ਮੈਨੂੰ ਮਿਲ ਗਈ ਓਹ ਗੋਦੀ, ਜਿਸ ਦੀ ਗੌਤਮ ਰਾਹ ਤਕਾਈਆ । ਜਿਸ ਨੇ ਖੇਲ ਖਿਲਾਇਆ ਵੇਦੀ ਸੋਢੀ, ਧੁਰ ਦਾ ਸ਼ਬਦ ਇਕ ਸਮਝਾਈਆ । ਜਿਸ ਨੂੰ ਮੰਨਿਆ ਸਭ ਨੇ ਪ੍ਰੀਤਮ ਚੋਜੀ, ਚੋਜ ਨਿਰਾਲੇ ਰਿਹਾ ਕਰਾਈਆ । ਜਿਸ ਦਾ ਖੇਲ ਆਦਿ ਜੁਗਾਦਿ ਲੋਕ ਪਰਲੋਕੀ, ਪਰਮ ਪੁਰਖ ਬੇਪਰਵਾਹੀਆ । ਜਿਸ ਦੇ ਨਾਮ ਅੰਦਰ ਪੜ੍ਹਨੀ ਪਏ ਕੋਇ ਨਾ ਪੋਥੀ, ਪੁਸਤਕ ਲੋੜ ਪਏ ਨਾ ਰਾਈਆ । ਓਸ ਦੀ ਸੋਚ ਪ੍ਰੇਮ ਵਿਚ ਕਿਸੇ ਨਾ ਸੋਚੀ, ਮਨ ਵਾਸਨਾ ਭੱਜੇ ਥਾਉਂ ਥਾਈਂਆ । ਮੈਂ ਹੈਰਾਨ ਹੋਈ ਗਹਿਰ ਗੰਭੀਰ ਦੀ ਵੇਖ ਖ਼ਾਮੋਸ਼ੀ, ਜੋ ਖ਼ਾਹਮਖ਼ਾਹ ਸਭ ਨੂੰ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਵਲੜਾ ਰਿਹਾ ਵਟਾਈਆ । ਗੋਦਾਵਰੀ ਕਹੇ ਮੇਰੇ ਸਧਰਾਂ ਵਾਲੇ ਆ ਰਾਮ, ਅਮਾਨਤ ਇਸ ਦੀ ਨਜ਼ਰੀ ਆਈਆ । ਜਿਸ ਦੇ ਪੈਗ਼ੰਬਰ ਬਣੇ ਗ਼ੁਲਾਮ, ਗੁਰ ਅਵਤਾਰ ਸੀਸ ਝੁਕਾਈਆ । ਜਿਸ ਦਾ ਡੰਕਾ ਦੋ ਜਹਾਨ, ਵਜੇ ਨਾਮ ਖ਼ੁਦਾਈਆ । ਜਿਸ ਦਾ ਮੰਨਣਾ ਨਹੀਂ ਆਸਾਨ, ਅਹਿਸਾਸ ਭਗਤਾਂ ਰਿਹਾ ਜਣਾਈਆ । ਜਿਸ ਦਾ ਖੇਲ ਨਹੀਂ ਆਮ, ਅਵਾਮ ਰਿਹਾ ਜਣਾਈਆ । ਤੁਸੀਂ ਸਮਝੋ ਰਮਜ਼ ਤਮਾਮ, ਤਮਅ ਕੂੜਾ ਦਿਓ ਮਿਟਾਈਆ । ਮੁਸ਼ਕਲ ਰਹੇ ਕੋਈ ਨਾ ਕਾਮ, ਕਲਾਮ ਇਕੋ ਦਿਓ ਸਮਝਾਈਆ । ਸਾਚਾ ਮੰਗੋ ਚਰਨ ਧਿਆਨ, ਦੂਜੀ ਲੋੜ ਰਹੇ ਨਾ ਰਾਈਆ । ਗੋਦਾਵਰੀ ਕਹੇ ਮੈਂ ਸਮਝ ਨਾ ਸਕੀ ਬਾਲ ਅੰਞਾਣ, ਬਾਲੀ ਬੁਧ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦਏ ਵਖਾਈਆ । ਗੋਦਾਵਰੀ ਕਹੇ ਸਾਢੇ ਤਿੰਨ ਹੱਥ ਸਭ ਨੇ ਉਤਰਨਾ ਥੱਲੇ, ਇਸ ਦੀ ਸਮਝ ਕਿਸੇ ਨਾ ਆਈਆ । ਜੋ ਵਸਦੇ ਉਚੀ ਚੋਟੀ ਉਪਰ ਆਪਣੇ ਹਕ ਮਹੱਲੇ, ਸ਼ਾਹ ਰਗ ਤੋਂ ਉਪਰ ਡੇਰਾ ਲਾਈਆ । ਇਹੋ ਸੰਦੇਸ਼ਾ ਦੇਣਾ ਪ੍ਰਭ ਨੇ ਡੱਲੇ, ਅਲਗ ਹੋ ਕੇ ਦੇਣਾ ਜਣਾਈਆ । ਜਿਹੜੇ ਹੁਕਮ ਕਦੇ ਨਹੀਂ ਘਲੇ, ਓਹ ਇਕੱਲਿਆਂ ਦੇਣੇ ਸੁਣਾਈਆ । ਗੋਬਿੰਦ ਜ਼ਖ਼ਮ ਅਜੇ ਨੇ ਅੱਲੇ, ਅੱਲੇ ਅੱਲਾ ਵਾਲਿਆਂ ਦੇਣੀ ਦੁਹਾਈਆ । ਭਗਤ ਭਗਵਾਨ ਦੋਵੇਂ ਮਿਲ ਕੇ ਕਹਿਣ ਬੱਲੇ, ਸ਼ਾਬਾਸ਼ ਜਗਤ ਲੋਕਾਈਆ । ਸਭ ਦੇ ਸਿਰ ਤੇ ਪੈਣੇ ਖਲੇ, ਖ਼ਾਲੀ ਨਜ਼ਰ ਕੋਇ ਨਾ ਆਈਆ ।

੧੦੬੭

੧੦੬੮

ਗੋਦਾਵਰੀ ਉਪਰ ਸੋਹਣੇ ਓਹ ਤਲੇ, ਜੋ ਤਲਬ ਸਭ ਦੀ ਪੂਰ ਕਰਾਈਆ । ਜਿਹੜਾ ਗੋਬਿੰਦ ਸਾਇਆ ਹੇਠ ਪਲੇ, ਉਨ੍ਹਾਂ ਪਲਕ ਨਾ ਹੋਏ ਜੁਦਾਈਆ । ਗੁਰਮੁਖੋ ਕਦੇ ਨਾ ਸਮਝੋ ਅਸੀਂ ਇਕੱਲੇ, ਇਕ ਦਾ ਮਾਲਕ ਏਕੰਕਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਦਾਵਰੀ ਕਹੇ ਮੈਂ ਖ਼ਜ਼ਾਨਾ ਵੇਖਿਆ ਉਹ ਗੁਦਾਮ, ਅਤੋਟ ਅਤੁਟ ਨਜ਼ਰੀ ਆਈਆ । ਮੇਰਾ ਓਸ ਦੇ ਵਲ ਧਿਆਨ, ਜੋ ਬੀਆਬਾਨ ਹੋਏ ਸਹਾਈਆ । ਮੇਰਾ ਓਸ ਦੇ ਦਰ ਇਸ਼ਨਾਨ, ਜੋ ਦੁਰਮਤ ਮੈਲ ਰਿਹਾ ਧੁਆਈਆ । ਜਿਸ ਦਾ ਨਾਮ ਗੁਣ ਨਿਧਾਨ, ਅਵਗੁਣ ਲੇਖੇ ਰਿਹਾ ਚੁਕਾਈਆ । ਇਸ ਤੋਂ ਵੱਡਾ ਹੋਰ ਨਹੀਂ ਕੋਇ ਅਸਥਾਨ, ਸਭ ਨੂੰ ਦਿਆਂ ਸਮਝਾਈਆ । ਹੁਕਮ ਮੰਨੋ ਹੋਵੇ ਪਰਵਾਨ, ਮਨ ਵਾਸਨਾ ਨਾ ਕੋਇ ਲਲਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਕਹੇ ਮੈਂ ਸਦਾ ਰਹੀ ਜਗ ਗੂੰਗੀ, ਜਗਤ ਬੋਲ ਨਾ ਕੋਇ ਜਣਾਈਆ । ਜਨ ਭਗਤੋ ਤਿੰਨ ਅੱਸੂ ਨੂੰ ਦਾਲ ਖਾਣੀ ਸਭ ਨੇ ਮੂੰਗੀ, ਮੁਗ਼ਲਾਂ ਵਾਲੀ ਸ਼ਾਹੀ ਦੇਣੀ ਬਦਲਾਈਆ । ਤੁਹਾਡੇ ਅੰਦਰ ਲਗਣੀ ਕੁੰਜੀ, ਜਿਹੜੀ ਸੰਤਾਂ ਕੋਲੋਂ ਖੋਹ ਕੇ ਆਪਣੀ ਉਂਗਲੀ ਲਈ ਲਟਕਾਈਆ । ਪੂਰਬ ਜਨਮ ਦੀ ਮਿਲਣੀ ਪੂੰਜੀ, ਪੁਜ ਕੇ ਹੋਣਾ ਸਹਾਈਆ । ਇਹ ਵਸਤ ਹੱਥ ਨਹੀਂ ਔਣੀ ਲਭਿਆਂ ਢੂੰਡੀ, ਜਿਹੜੀ ਮੁਫ਼ਤ ਦੇਣੀ ਵਰਤਾਈਆ । ਰਸਨਾ ਰਸ ਛਡ ਜਾਏ ਮਿਠਾਸ ਵਾਲੀ ਬੂੰਦੀ, ਬੂੰਦ ਅੰਮ੍ਰਿਤ ਸੁਵਾਂਤ ਦੇਣੀ ਚੁਆਈਆ । ਲਹਿਰ ਮਿਟਾ ਕੇ ਹਜ਼ਰਤ ਨੂਹ ਦੀ, ਰੂਹ ਬੁਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦਏ ਵਡਿਆਈਆ । ਗੋਦਾਵਰੀ ਕਹੇ ਮੈਂ ਜਮਨਾ ਨਾਲ ਗਿਆਰਾਂ ਸਾਲ ਪਹਿਲਾਂ ਕੀਤੀ ਬਾਤ, ਵੇਲਾ ਭੁਲ ਕਦੇ ਨਾ ਜਾਈਆ । ਭਾਗਾਂ ਵਾਲੀ ਆਉਣੀ ਰਾਤ, ਭਗਵਨ ਦਏ ਵਡਿਆਈਆ । ਤੇਰੀ ਪੂਰੀ ਕਰੇ ਆਸ, ਨਿਰਾਸਾ ਦਏ ਗਵਾਈਆ । ਸਰਬ ਸਵਾਮੀ ਹੋ ਕੇ ਸਾਥ, ਜਗ ਸਾਥਣ ਲਏ ਮਿਲਾਈਆ । ਹੈਰਾਨ ਹੋਏ ਤ੍ਰੈਲੋਕੀ ਨਾਥ, ਜੋ ਤੇਰੇ ਅੰਦਰ ਤਾਰਿਆਂ ਗਿਆ ਵਖਾਈਆ । ਸੇਜ ਸੁਹਾ ਕੇ ਸਾਚੀ ਖਾਟ, ਖ਼ਾਤਰ ਆਪਣੀ ਦਏ ਸਮਝਾਈਆ । ਇਕੋ ਵਾਰ ਦੇ ਕੇ ਧਰਵਾਸ, ਭਰਮ ਭੌ ਦਏ ਚੁਕਾਈਆ । ਮੇਰਾ ਓਸ ਉਤੇ ਵਿਸ਼ਵਾਸ, ਗੋਬਿੰਦ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਗੋਦਾਵਰੀ ਕਹੇ ਜਿਸ ਵੇਲੇ ਰਵਿਦਾਸ ਨੇ ਭਰਨਾ ਇਕ ਗਲਾਸ, ਅੰਮ੍ਰਿਤ ਧੁਰ ਦਾ ਨਜ਼ਰੀ ਆਈਆ । ਮੇਰੀ ਬੁਝਣੀ ਪਿਆਸ, ਹਰਸ ਦੇਣੀ ਗਵਾਈਆ । ਭਗਤਾਂ ਵੇਖਣਾ ਸਾਥ, ਗੁਰਮੁਖਾਂ ਨਾਲ ਕੁੜਮਾਈਆ । ਇਕੋ ਨਜ਼ਰੀ ਔਣਾ ਘਾਟ, ਜੋ ਘਾਟੇ ਸਭ ਦੇ ਲੇਖੇ ਪਾਈਆ । ਮੇਰੀ ਪਿਛਲੀ ਮੁਕਣੀ ਵਾਟ, ਵੱਟਿਆਂ ਨਾਲ ਨਾ ਕੋਇ ਲੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਲਹਿਣਾ ਦੇਣਾ ਆਪ, ਬਾਪ ਹੋ ਕੇ ਦਇਆ ਕਮਾਈਆ ।

ਮਿਠਾ ਬੋਲ ਸਵਾਮੀ ਬੋਲੇ ਏਕ, ਸ਼ਬਦ ਅਗੰਮੀ ਨਾਮ ਦ੍ਰਿੜਾਈਆ । ਭਗਤਾਂ ਦੇ ਕੇ ਭਾਵਨਾ ਵਾਲੀ ਟੇਕ, ਭੈ ਭੌ ਭਰਮ ਸਰਬ ਮਿਟਾਈਆ । ਜੁਗ ਚੌਕੜੀ ਜਨਮ ਕਰਮ ਦਾ ਬਦਲ ਦੇਵੇ ਲੇਖ, ਲੇਖਾ ਆਪਣੇ ਹੱਥ ਰਖਾਈਆ । ਆਤਮ ਪਰਮਾਤਮ ਖੋਲ੍ਹ ਦੇਵੇ ਭੇਤ, ਪਰਦਾ ਰਹਿਣ ਕੋਇ ਨਾ ਪਾਈਆ । ਰੂਪ ਦਰਸਾਏ ਨੇਤਨ ਨੇਤ, ਨਿਜ ਨੈਣ ਕਰੇ ਰੁਸ਼ਨਾਈਆ । ਕਲਜੁਗ ਅਗਨ ਨਾ ਲਾਵੇ ਸੇਕ, ਤੱਤੀ ਭਾਹ ਨਾ ਕੋਇ ਤਪਾਈਆ ।

ਮਾਲਕ ਹੋ ਕੇ ਨਰ ਨਰੇਸ਼, ਨਿਰਗੁਣ ਸਰਗੁਣ ਜੋੜ ਜੁੜਾਈਆ । ਨਿਰਅੱਖਰ ਦੇਵਣਹਾਰ ਉਪਦੇਸ਼, ਉਪਨਿਸ਼ਦ ਲੋੜ ਰਹੇ ਨਾ ਰਾਈਆ । ਝਗੜਾ ਮੁਕ ਜਾਏ ਜਗਤ ਕਤੇਬ, ਕੁਤਬਖ਼ਾਨਾ ਨਾ ਸਿਫ਼ਤ ਸਾਲਾਹੀਆ । ਦਗ਼ਾ ਰਹੇ ਨਾ ਝੂਠ ਫ਼ਰੇਬ, ਫ਼ੈਸਲਾ ਹਕੀਕਤ ਹਕ ਦ੍ਰਿੜਾਈਆ । ਸੰਤ ਸੁਹੇਲੇ ਬਣਾ ਕੇ ਨੇਕ, ਬਦੀ ਅੰਦਰੋਂ ਦਏ ਗਵਾਈਆ । ਇਹ ਖ਼ੁਸ਼ੀਆਂ ਵਾਲਾ ਭਗਤਾਂ ਸੋਹਣਾ ਸੁਹਾਵਣਾ ਚੇਤ, ਸ਼ਹਿਨਸ਼ਾਹੀ ਢੋਲੇ ਗਾਈਆ । ਦਵਾਰਾ ਵਸਣਾ ਇਕੋ ਦੇਸ, ਦਿਸ਼ਾ ਦਿਸੰਤਰ ਦਏ ਗਵਾਹੀਆ । ਝਗੜਾ ਚੁਕਣਾ ਮਾਇਆ ਪਰਦੇਸ਼, ਦੂਰ ਦੁਰਾਡਾ ਪੰਧ ਮੁਕਾਈਆ । ਸਭ ਤੋਂ ਵੱਖਰਾ ਕਰ ਕੇ ਵੇਸ, ਰੂਪ ਅਵਲੜਾ ਆਪ ਪਰਗਟਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਸ਼ਾਕਰ ਹੋ ਕੇ ਸੀਸ ਨਿਵਾਈਆ । ਹੁਣ ਅਗੇ ਕੋਈ ਨਾ ਕਿਹੋ ਪੂਰਨ ਸਿੰਘ ਵਿਚ ਜੋਤ ਪਰਵੇਸ਼, ਪਰਮੇਸ਼ਵਰ ਆਪਣਾ ਰੂਪ ਲਿਆ ਬਦਲਾਈਆ । ਤਿੰਨ ਅੱਸੂ ਤੋਂ ਵਖਰੀ ਹੋਣੀ ਖੇਡ, ਸੋਵਤ ਜਾਗਤ ਇਕੋ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਠਾ ਬੋਲ ਦਏ ਸਮਝਾਈਆ । ਮਿਠਾ ਬੋਲ ਬੋਲੇ ਸਵਾਮੀ ਤੁਹਾਡਾ, ਧੁਰ ਦੀ ਧਾਰ ਜਣਾਈਆ । ਮਾਲਕ ਦੋ ਜਹਾਨ ਹੋ ਕੇ ਡਾਹਡਾ, ਡੌਰੂ ਡੰਕਾ ਰਿਹਾ ਵਜਾਈਆ । ਜਿਸ ਦੀ ਜੁਗ ਚੌਕੜੀ ਰਹਿਣੀ ਯਾਦਾ, ਯਾਦਾਸ਼ਤ ਆਪਣੀ ਦਏ ਬਣਾਈਆ । ਜਿਸ ਨੂੰ ਵਾਹਿਗੁਰੂ ਰਾਮ ਖ਼ੁਦਾ ਕਹਿੰਦੇ ਗਾਡਾ, ਗਾਰਡੀਅਨ, ਸਭ ਦਾ ਨਜ਼ਰੀ ਆਈਆ । ਜਿਸ ਦਾ ਅਗੰਮ ਅਥਾਹ ਸ਼ਬਦ ਅਨਾਦ ਅਗੰਮੀ ਵਾਜਾ, ਸੁਰ ਤਾਲ ਨਾ ਕੋਇ ਦ੍ਰਿੜਾਈਆ । ਜਿਸ ਦਾ ਖੇਲ ਬਿਨ ਮੱਕੇ ਕਾਅਬਾ, ਬਿਨ ਤੱਤਾਂ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਰ ਵਖਾਈਆ । ਮਿਠਾ ਬੋਲ ਬੋਲੇ ਏਕੰਕਾਰ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸੱਜਣਾਂ ਦਾ ਮੀਤ ਮੁਰਾਰ, ਪਤਿਪਰਮੇਸ਼ਵਰ ਬੇਪਰਵਾਹੀਆ । ਆਤਮ ਦਾ ਉਧਾਰ, ਬ੍ਰਹਮ ਦਾ ਸ਼ਿੰਗਾਰ, ਨਿਰੰਤਰ ਨੂਰ ਬੇਨਜ਼ੀਰ ਨਜ਼ਰੀ ਆਈਆ । ਪ੍ਰੇਮ ਦਾ ਆਬਸ਼ਾਰ, ਗੁਲਸ਼ਨ ਦੀ ਬਹਾਰ, ਸ਼ਾਹੀ ਸ਼ਬਾਬ ਰੱਬੀ ਅਹਿਬਾਬ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਬੋਲਤ ਰਾਗ ਜਣਾਈਆ । ਮਿਠਾ ਬੋਲ ਕਹੇ ਮੈਂ ਮਿਠਾ ਵੇਖਿਆ ਰਸ, ਰਸਤਾ ਦੋ ਜਹਾਨ ਦ੍ਰਿੜਾਈਆ । ਅੱਖਰਾਂ ਵਾਲਾ ਗਿਆ ਜਸ, ਸਤਰਾਂ ਵਾਲੀ ਗਈ ਪੜ੍ਹਾਈਆ । ਤਕਣ ਵਾਲੀ ਗਈ ਅੱਖ, ਪਰਖਣ ਵਾਲੀ ਨਾ ਕੋਈ ਚਤੁਰਾਈਆ । ਸਾਚਾ ਖੇਲ ਅਨੋਖਾ ਵੇਖਿਆ ਵਖ, ਜੋ ਬੋਧ ਅਗਾਧ ਕਰੇ ਪੜ੍ਹਾਈਆ । ਜਿਸ ਵਲ ਮਿਹਰ ਨਜ਼ਰ ਕਰ ਕੇ ਲਿਆ ਤਕ, ਦੋ ਜਹਾਨਾਂ ਲਹਿਣਾ ਦਿਤਾ ਮੁਕਾਈਆ । ਸਹੀ ਸਲਾਮਤ ਹਕੀਕਤ ਪਾ ਕੇ ਹਕ, ਹਕੂਮਤ ਪਿਛਲੀ ਦਿਤੀ ਬਦਲਾਈਆ । ਸ਼ਬਦੀ ਗੋਦੀ ਨਿਰਗੁਣ ਚੱਕ, ਧਾਮ ਅਵਲੜੇ ਦਏ ਟਿਕਾਈਆ । ਜਿਥੇ ਇਕੋ ਨਾਮ ਸਤਿ, ਦੂਸਰੀ ਰਸਨਾ ਸਕੇ ਕੋਈ ਨਾ ਰਟ, ਝਗੜਾ ਨਜ਼ਰ ਕੋਇ ਨਾ ਆਈਆ । ਮਾਲਕ ਸਾਹਿਬ ਕਮਲਾਪਤ, ਵੇਖਣਹਾਰ ਪੁਰਖ ਸਮਰਥ, ਸਾਚੇ ਦਰ ਦਏ ਵਡਿਆਈਆ । ਮਿਠਾ ਬੋਲ ਬੋਲੇ ਹਸ, ਤੂੰ ਮੇਰਾ ਮੈਂ ਤੇਰਾ ਦੋਹਾਂ ਦੇ ਰਿਹਾ ਕੋਈ ਨਾ ਵਸ, ਵਸਲ ਯਾਰ ਇਕ ਜਣਾਈਆ । ਮੁਹੱਬਤ ਪਿਆਰ ਅੰਦਰ ਫਸ, ਜੀਵਣ ਜੁਗਤ ਜਗਤ ਹੋਵੇ ਬਸ, ਲੇਖਾ ਚੁਕੇ ਜੋੜਨ ਵਾਲੇ ਹੱਥ, ਨਮਸਤੇ ਮੁਕੇ ਰਗੜਨ ਵਾਲੀ ਨਕ, ਤਤ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਜਣਾਈਆ । ਮਿਠਾ ਬੋਲ ਕਹੇ ਮੈਂ ਧੁਰ ਦਾ ਰਾਗ ਸੰਗੀਤ, ਗੁਰ ਅਵਤਾਰ ਪੈਗ਼ੰਬਰ ਸਮਝ ਕਿਸੇ ਨਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰੀ ਓਸ ਦੇ ਨਾਲ ਪ੍ਰੀਤ,

ਜੋ ਪ੍ਰੀਤਮ ਸਭ ਦਾ ਨਜ਼ਰੀ ਆਈਆ । ਜਿਸ ਦਾ ਢੋਲਾ ਬਦਲ ਨਾ ਸਕੇ ਗੀਤ, ਅੱਖਰਾਂ ਵਾਲੀ ਵੰਡ ਨਾ ਕੋਇ ਵੰਡਾਈਆ । ਜਿਸ ਦੀ ਮਜ਼੍ਹਬਾਂ ਤੋਂ ਪਰੇ ਰੀਤ, ਨਾ ਕੋਈ ਮੰਦਰ ਨਾ ਮਸੀਤ, ਮਸਲੇਕਰ ਨਾ ਕੋਇ ਸਮਝਾਈਆ । ਜਿਸ ਦੀ ਸਮਝੇ ਰੀਤ ਨਾ ਕੋਇ ਕੁਰੀਤ, ਕਾਮਲ ਮੁਰਸ਼ਦ ਭੇਵ ਕੋਇ ਨਾ ਆਈਆ । ਜੋ ਵਸੇ ਗ੍ਰਿਹ ਆਪਣੇ ਬਣ ਵਸਨੀਕ, ਧੁਰ ਦੇ ਧਾਮ ਸੋਭਾ ਪਾਈਆ । ਜਿਸ ਦੀ ਕੋਈ ਨਾ ਜਾਣੇ ਹਾਰ ਜੀਤ, ਅੰਦਾਜ਼ਿਆਂ ਵਿਚ ਕਦੇ ਨਾ ਆਈਆ । ਓਸ ਦੇ ਹੱਥ ਓਹ ਤੌਫ਼ੀਕ਼, ਜੋ ਤੋਬਾ ਤੋਬਾ ਸਭ ਨੂੰ ਦਏ ਕਰਾਈਆ । ਜਿਸ ਦਾ ਕ਼ਲਮਾ ਇਕ ਮੁਫ਼ੀਦ, ਮੁਫ਼ਤ ਦਏ ਲੁਟਾਈਆ । ਝਗੜਾ ਰਹੇ ਨਾ ਕੋਇ ਬਕਰੀਦ, ਸੀਸ ਭੇਟ ਨਾ ਕੋਇ ਵਖਾਈਆ । ਪੜ੍ਹਨੀ ਪਏ ਨਾ ਕੋਇ ਮਜੀਦ, ਕੁਰਾ ਕੁਰਾਨ ਨਾ ਕੋਇ ਵਡਿਆਈਆ । ਕ਼ਲਮਾਂ ਨਾਲ ਲਿਖਣੀ ਪਏ ਨਾ ਕੋਇ ਤਮਹੀਦ, ਜੁਮਲਿਆਂ ਵਿਚ ਜੋੜ ਨਾ ਕੋਇ ਜੁੜਾਈਆ । ਸਰ ਕਰਨਾ ਪਏ ਨਾ ਕੋਇ ਸ਼ਹੀਦ, ਸ਼ਹਾਦਤ ਤਨ ਨਾ ਕੋਇ ਭੁਗਤਾਈਆ । ਓਸ ਦੇ ਚਰਨ ਕਵਲ ਆਸ਼ਾ ਪੁਰਉਮੀਦ, ਨਿਰਾਸਾ ਰਹਿਣ ਕੋਇ ਨਾ ਪਾਈਆ । ਜਿਸ ਦਾ ਹੁਕਮ ਸਦਾ ਕ਼ਦੀਮ, ਕ਼ੁਦਰਤ ਕ਼ਾਦਰ ਰਿਹਾ ਚਲਾਈਆ । ਜਿਸ ਦਾ ਸ਼ਾਨ ਇਕ ਅਜ਼ੀਮ, ਅਜ਼ਲ ਤੋਂ ਲਏ ਬਚਾਈਆ । ਜਿਸ ਦੀ ਨਾਨਕ ਗੋਬਿੰਦ ਲੈਂਦੇ ਗਏ ਤਾਲੀਮ, ਬਿਨ ਮਕਤਬ ਪੜ੍ਹ ਪੜ੍ਹ ਖ਼ੁਸ਼ੀ ਮਨਾਈਆ । ਜਿਸ ਦੀ ਅਲਿਫ਼ ਨਾ ਕੋਈ ਨੁਕਤਾ ਨਜ਼ਰ ਆਏ ਸੀਨ, ਰਮਜ਼ਾਂ ਰਮਜ ਨਾ ਕੋਇ ਲਗਾਈਆ । ਜਿਸ ਦੀ ਊੜਾ ਐੜਾ ਈੜੀ ਸੱਸਾ ਹਾਹਾ ਧਾਰ ਸਮਝੇ ਨਾ ਕੋਇ ਮਹੀਨ, ਮਹਵ ਭੇਵ ਕੋਇ ਨਾ ਪਾਈਆ । ਜੇ ਕੋਈ ਅੱਖਰਾਂ ਵਾਲਾ ਕਹੇ ਮੈਨੂੰ ਪ੍ਰਭ ਤੇ ਪੱਕਾ ਯਕੀਨ, ਇਹ ਵੀ ਇਸ ਪ੍ਰਭੂ ਦੀ ਤੋਹੀਨ, ਜਿਸ ਨੇ ਆਪਣਾ ਭੇਤ ਆਪਣੇ ਵਿਚ ਲਿਆ ਛੁਪਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਜੋੜੇ ਜੋੜ ਦੇਵੇ ਨਰ ਮਦੀਨ, ਤੱਤਾਂ ਵਾਲੇ ਲਿੰਗ ਦਏ ਪਰਗਟਾਈਆ । ਉਹ ਇਕੋ ਕਹਿਣ ਆਮੀਨ ਆਮੀਨ, ਅਮਾਮ ਅਮਾਮਾ ਸੀਸ ਝੁਕਾਈਆ । ਉਸ ਦਾ ਮਿਠਾ ਬੋਲ ਸਭ ਨੂੰ ਕਰੇ ਤਲਕੀਨ, ਵਲੀ ਰਹੇ ਨਾ ਕੋਇ ਹੁਸੀਨ, ਅਧੀਨ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਠਾ ਬੋਲ ਕਹੇ ਮੈਂ ਵੇਖਿਆ ਲੁਕਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰਾਂ ਪੈਗ਼ੰਬਰਾਂ ਵੇਖਿਆ ਪੁਛਦਾ, ਹੁਕਮੀ ਹੁਕਮ ਸੁਣਾਈਆ । ਵਖਾਏ ਖੇਲ ਕੁਛ ਤੇ ਕੁਛ ਦਾ, ਕਛ ਮਛ ਨਾ ਕੋਇ ਚਤੁਰਾਈਆ । ਦੋ ਜਹਾਨ ਲੇਖਾ ਜਿਸ ਦਾ ਤੁਛ ਦਾ, ਤੁਖ਼ਮ ਤਾਸੀਰ ਸਾਰੀ ਦਏ ਬਦਲਾਈਆ । ਮਾਣ ਹੰਕਾਰ ਰਹਿਣਾ ਨਹੀਂ ਕਿਸੇ ਮੁਛ ਦਾ, ਮੁਸ਼ਕਲ ਹਲ ਨਾ ਕੋਇ ਕਰਾਈਆ । ਦੀਪਕ ਜਗਣਾ ਓਸ ਸੁਹੰਜਣੀ ਕੁਖ ਦਾ, ਜਿਸ ਨੂੰ ਗੋਬਿੰਦ ਦਏ ਵਡਿਆਈਆ । ਜਿਸ ਦਾ ਤੀਰ ਨਿਸ਼ਾਨਿਉਂ ਕਦੇ ਨਾ ਉਕਦਾ, ਨਾਮ ਨਿਧਾਨਾ ਇਕ ਚਲਾਈਆ । ਹੁਣ ਲੇਖਾ ਬਣਿਆ ਪਿਤਾ ਪੁਤ ਦਾ, ਤੱਤਾਂ ਵਾਲੀ ਨਾ ਕੋਇ ਜੁਦਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਮਹੀਨਾ ਅੱਸੂ ਚੜ੍ਹੇ ਸੁਖ ਦਾ, ਨਿਉਂ ਨਿਉਂ ਸਾਰੇ ਸੀਸ ਝੁਕਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਸ਼ੇਰ ਵਾਂਗੂ ਬੁਕਦਾ, ਭਬਕ ਤੇਰਾ ਨਾਮ ਲਗਾਈਆ । ਰੋਕਿਆਂ ਕਿਸੇ ਕੋਲੋਂ ਨਹੀਂ ਰੁਕਦਾ, ਸਿਰ ਤੇਰੇ ਕ਼ਦਮਾਂ ਦਿਤਾ ਝੁਕਾਈਆ । ਆਪਣੇ ਮਾਰਗ ਪੈਂਡਿਉਂ ਕਦੇ ਨਹੀਂ ਘੁਸਦਾ, ਭੱਜਾਂ ਵਾਹੋ ਦਾਹੀਆ । ਇਹ ਲੇਖਾ ਪ੍ਰਭੂ ਉਸ ਦਾ, ਜਿਸ ਦੀ ਉਸਤਤ ਕਰੇ ਲੋਕਾਈਆ । ਜਿਹੜਾ ਜੁਗ ਚੌਕੜੀ ਬਦਲ ਕਦੇ ਨਹੀਂ ਹੁਸਦਾ, ਥਕਾਵਟ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਈਆ । ਮਿਠਾ ਬੋਲ

੧੦੭੦

ਕਹੇ ਮੈਂ ਵੇਖੀ ਉਹ ਮਿਠਾਸ, ਜਿਹੜੀ ਰਸਨਾ ਜਿਹਵਾ ਨਾ ਸਕੇ ਸਮਝਾਈਆ । ਜਿਸ ਦਾ ਬੁਧੀ ਨਾ ਕਰੇ ਕਿਆਸ, ਅਕਲ ਆਕਲ ਨਾ ਕੋਇ ਚਤੁਰਾਈਆ । ਜਿਸ ਦਾ ਖੇਲ ਵੇਖ ਤਮਾਸ਼, ਮੇਰੇ ਅੰਦਰ ਵਜੀ ਵਧਾਈਆ । ਜਿਸ ਗ੍ਰਿਹ ਹੋਵਾਂ ਨਾ ਕਦੀ ਉਦਾਸ, ਚਿੰਤਾ ਦਿਤੀ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਸ਼ਾਖ਼, ਪੱਤ ਟਹਿਣੀ ਰੂਪ ਵਟਾਈਆ । ਸੋ ਸਾਹਿਬ ਸਵਾਮੀ ਨਿਰਮਲ ਜੋਤ ਕਰੇ ਪਰਕਾਸ਼, ਪਤਿਪਰਮੇਸ਼ਵਰ ਵੇਸ ਵਟਾਈਆ । ਇਸ ਵਜੂਦ ਨੂੰ ਸਾਰਿਆਂ ਕਹਿਣਾ ਸ਼ਾਬਾਸ਼, ਜੋ ਕਲਬੂਤ ਕਲਮਾ ਸਭ ਨੂੰ ਗਏ ਪੜ੍ਹਾਈਆ । ਜਿਸਨੇ ਗੋਪੀ ਕਾਹਨ ਵਾਲੀ ਦੱਸਣੀ ਰਾਸ, ਸੁਰਤੀ ਸ਼ਬਦੀ ਨਾਚ ਨਚਾਈਆ । ਜਿਸਨੇ ਸੀਤਾ ਸੁਰਤੀ ਰਖਣੀ ਪਾਸ, ਰਾਮ ਬਨਬਾਸ ਦੇਣਾ ਤਜਾਈਆ । ਜਿਸਨੇ ਮੁਹੰਮਦ ਕ਼ਲਮਾ ਕਰਕੇ ਪਾਕ, ਪਾਕੀਜ਼ਾ ਰੂਪ ਦੇਣਾ ਬਦਲਾਈਆ । ਜਿਸਨੇ ਈਸਾ ਮੂਸਾ ਰੌਸ਼ਨ ਕਰਕੇ ਆਫ਼ਤਾਬ, ਆਫ਼ਤ ਸਭ ਨੂੰ ਦੇਣੀ ਵਖਾਈਆ । ਪੈਗ਼ੰਬਰ ਗੁਰ ਅਵਤਾਰ ਰਹਿਣ ਦੇਣਾ ਨਹੀਂ ਕੋਈ ਬਰਖ਼ਿਲਾਫ਼, ਖ਼ਲੀਫ਼ੇ ਪਿਛਲੇ ਦੇਣੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਕਰੇ ਪਰਕਾਸ਼, ਜੋਤੀ ਜਾਤਾ ਡਗਮਗਾਈਆ । ਮਿਠਾ ਬੋਲ ਕਹੇ ਮੈਂ ਦੱਸਾਂ ਕਿਹੜੀ ਬੋਲੀ, ਸਤਿ ਸਚ ਨਾ ਕੋਇ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਪੌਂਦੀ ਰੌਲੀ, ਰਵਿਆ ਰਾਮ ਨਜ਼ਰ ਕਿਸੇ ਨਾ ਆਈਆ । ਜਿਸਦਾ ਪਰਦਾ ਖੁਲ੍ਹਣਾ ਹੌਲੀ ਹੌਲੀ, ਆਹਿਸਤਾ ਆਹਿਸਤਾ ਦਾਨਾਈ ਦਏ ਗਵਾਈਆ । ਜਿਸ ਦਾ ਸ਼ਬਦ ਬਣਿਆ ਧੁਰ ਦਾ ਢੋਲੀ, ਡੌਰੂ ਡੰਕਾ ਦਏ ਵਜਾਈਆ । ਜਿਸਨੇ ਪੂਰਨ ਵਾਲੀ ਬਦਲ ਕੇ ਚੋਲੀ, ਪਰਮੇਸ਼ਵਰ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਮਿਠਾ ਬੋਲ ਕਹੇ ਮੈਂ ਸੁਣਿਆ ਨਗ਼ਮਾ, ਨਿਗਾਹਬਾਨ ਆਪ ਜਣਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦੇਵੇ ਤਗ਼ਮਾ, ਨਾਮ ਤਮਅ ਵਿਚ ਫਿਰਾਈਆ । ਉਸ ਦਾ ਖੇਲ ਵੇਖਣਾ ਸਗਵਾਂ, ਜੋ ਸਾਹਮਣੇ ਹੋ ਕੇ ਦਏ ਸਮਝਾਈਆ । ਇਹ ਪੁਰਖ ਅਕਾਲ ਦੀਨ ਦਿਆਲ ਲੋਕਮਾਤ ਆਇਆ ਨਹੀਂ ਕੋਈ ਮੰਗਵਾਂ, ਕਰਾਏਦਾਰ ਨਾ ਰੂਪ ਵਟਾਈਆ । ਜਿਸ ਦਾ ਦੀਪਕ ਇਕੋ ਜਗਣਾ, ਦੋ ਜਹਾਨ ਮਨਾਵੇ ਸਗਣਾ, ਸਤਿ ਸਚ ਹੋਵੇ ਰੁਸ਼ਨਾਈਆ । ਜਿਸ ਨੇ ਪਾਰ ਲੰਘੌਣਾ ਆਹਲਾ ਅਦਨਾ, ਰੰਗ ਚੜ੍ਹੌਣਾ ਖ਼ਾਕੀ ਬਦਨਾ, ਬਦਲੀ ਅੰਦਰੋਂ ਦਏ ਕਰਾਈਆ । ਜਿਸ ਦੀ ਧੂੜ ਇਕੋ ਮਜਨਾ, ਧੁਰ ਦਾ ਮੇਲਾ ਸਾਚੇ ਸੱਜਣਾ, ਭਾਂਡਾ ਗੜ੍ਹ ਹੰਕਾਰੀ ਭੱਜਣਾ, ਭਾਵੀ ਨਿਉਂ ਨਿਉਂ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਮਿਠਾ ਬੋਲ ਕਹੇ ਮੈਂ ਸੁਣ ਕੇ ਹੋਇਆ ਹੱਕਾ ਬੱਕਾ, ਹਕੀਕ਼ਤ ਹਕ ਰਿਹਾ ਜਣਾਈਆ । ਜਿਸ ਦਾ ਲੇਖਾ ਬਾਹਰ ਮਦੀਨਾ ਮੱਕਾ, ਮਕਾਮੇ ਹਕ ਡੇਰਾ ਲਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਬੋਲਣ ਸਭ ਸਾਰੇ ਅੱਛਾ, ਸਜਦੇ ਵਿਚ ਸੀਸ ਝੁਕਾਈਆ । ਉਸ ਦਾ ਖੇਲ ਵੇਖਣਾ ਮਸਾਂ ਮਸਾਂ, ਮਸਤ ਖ਼ੁਮਾਰੀ ਨਾਲ ਮਿਲਾਈਆ । ਜਿਸ ਨੇ ਪੂਰੀਆਂ ਕਰਨੀਆਂ ਇੱਛਾਂ, ਆਸਾਂ ਨਾਲ ਮਿਲਾਈਆ । ਸੰਦੇਸ਼ਾ ਦੇਣਾ ਦਹਿ ਦਿਸ਼ਾ, ਹਿਸਾ ਆਪਣਾ ਆਪੇ ਪਾਈਆ । ਜਿਸ ਨੇ ਭਗਤਾਂ ਦਿਤਾ ਕਦੇ ਨਹੀਂ ਪਿਛਾ, ਪਛੜੇ ਅਗੇ ਦਏ ਲਗਾਈਆ । ਜਿਧਰ ਤਕੇ ਉਧਰ ਕਰੇ ਰਿਛਾ, ਰੱਛਕ ਹੋਵੇ ਥਾਉਂ ਥਾਈਂਆ । ਸ੍ਰਿਸ਼ਟ ਸਬਾਈ ਕੂੜੀ ਮਿਥਾ, ਮਿਥਿਆ ਦਿਸੇ ਲੋਕਾਈਆ । ਜਿਨ੍ਹਾਂ ਦਾ ਲੈ ਕੇ ਆਇਆ ਧੁਰ ਦਾ ਚਿੱਠਾ, ਅਨਡਿੱਠਾ ਆਪੇ ਲਏ ਛੁਡਾਈਆ । ਸੰਮਤ ਸ਼ਹਿਨਸ਼ਾਹੀ ਦਾ ਪਹਿਲੇ ਸੰਮਤ ਦਾ ਵੇਖੇ ਸਿੱਟਾ, ਸਿੱਟੇ ਵਾਲੀ ਬਾਜ਼ੀ ਦਏ ਗਵਾਈਆ । ਦੂਜੇ ਸਾਲ ਖੜਕਣਾ ਰੋੜਾ ਇੱਟਾ,


੧੦੭੧

ਇੱਟ ਇੱਟ ਦਏ ਦੁਹਾਈਆ । ਤੀਜਾ ਸਾਲ ਜ਼ਿਮੀਂ ਅਸਮਾਨ ਦੁਹੱਥੜਾ ਮਾਰ ਕੇ ਪਿੱਟਾ, ਪਟਰਾਣੀ ਰਹਿਣ ਕੋਇ ਨਾ ਪਾਈਆ । ਚੌਥਾ ਕਹੇ ਮੈਨੂੰ ਅੱਧਾ ਮਿਲਿਆ ਹਿਸਾ, ਹਿਸਾਬ ਸਭ ਦਾ ਦੇਣਾ ਮੁਕਾਈਆ । ਅਗੇ ਪ੍ਰਭ ਦਾ ਨੌ ਸੱਤ ਦਾ ਬਦਲ ਜਾਣਾ ਖ਼ਿਤਾ, ਖ਼ਤਰਾ ਰਹਿਣ ਕੋਇ ਨਾ ਪਾਈਆ । ਨਜ਼ਰੀ ਔਣਾ ਸਭ ਨੂੰ ਇਕੋ ਪਿਤਾ, ਪਤਿਪਰਮੇਸ਼ਵਰ ਨੂਰ ਖ਼ੁਦਾਈਆ । ਚਾਲੀਆਂ ਦਿਨਾਂ ਨੂੰ ਘਰ ਘਰ ਬੈਠਿਆਂ ਸਭ ਨੂੰ ਔਣੀਆਂ ਛਿੱਕਾਂ, ਯਾਦ ਕਰ ਕਰ ਦੇਣ ਦੁਹਾਈਆ । ਗੁਰਮੁਖਾਂ ਦੇ ਅੰਦਰ ਪੈਣੀਆਂ ਖਿੱਚਾਂ, ਸ਼ਬਦ ਹੁਲਾਰੇ ਨਾਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਠਾ ਬੋਲ ਇਕੋ ਦਏ ਜਣਾਈਆ । ਮਿਠਾ ਬੋਲ ਕਹੇ ਮੈਂ ਬੋਲਾਂ ਬੋਲੀ ਕਿਹੜੀ, ਕਵਣ ਰਾਗ ਅਲਾਈਆ । ਪੁਰਖ ਅਕਾਲ ਕਿਹਾ ਜਿਹੜੀ ਗੋਬਿੰਦ ਛੇੜ ਛੇੜੀ, ਉਹ ਦੇ ਸਮਝਾਈਆ । ਬੋਲ ਕਹੇ ਮੈਂ ਵੇਖਾਂ ਉਹ ਅੰਧੇਰੀ, ਜੋ ਨੇਤਰਾਂ ਵਾਲਿਆਂ ਅੰਧੇ ਰਹੀ ਬਣਾਈਆ । ਜਿਹੜੇ ਕਰਦੇ ਮੇਰੀ ਮੇਰੀ, ਮੈਂ ਮਮਤਾ ਵਿਚ ਭੱਜਣ ਵਾਹੋ ਦਾਹੀਆ । ਉਨ੍ਹਾਂ ਦੀ ਡੁੱਬਣ ਵਾਲੀ ਬੇੜੀ, ਮਲਾਹ ਨਜ਼ਰ ਕੋਇ ਨਾ ਆਈਆ । ਕੋਈ ਨਾ ਸਮਝਿਆ ਕਿਸ ਨੇ ਪਾਈ ਫੇਰੀ, ਕਿਸਮਤ ਕਵਣ ਰਿਹਾ ਬਦਲਾਈਆ । ਇਸ ਬੋਲੀ ਨਾਲ ਖੇਲ ਇਕ ਹੋਰ ਚੰਗੇਰੀ, ਜੋ ਚੰਗਿਆਂ ਮੰਦੇ ਦਏ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਹੜਾ ਲੌਣ ਵਾਲਾ ਡੇਰੀ, ਡੇਰੇ ਦੀ ਕਰੇ ਸਰਬ ਸਫ਼ਾਈਆ । ਮਾਝੇ ਵਾਲਿਓ ਤੁਹਾਡਾ ਮਜਮੂਆ, ਮਜਲਸ ਭਗਤਾਂ ਨਜ਼ਰੀ ਆਈਆ । ਤੁਹਾਡੇ ਪ੍ਰੇਮ ਦਾ ਸ੍ਰਿਸ਼ਟੀ ਦਾ ਬਣ ਗਿਆ ਹਊਆ, ਹੌਕਿਆਂ ਵਿਚ ਲੋਕਾਈਆ । ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਰਹਿਣ ਨਹੀਂ ਦੇਣਾ ਕਊਆ, ਕਾਗ ਕੂਕ ਕੂਕ ਕੁਰਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਨੂੰ ਨਾਮ ਪਿਆਲਾ ਓਹ ਪਿਆਵੇ ਪਊਆ, ਜਿਸ ਪਊਏ ਨਾਲ ਇਕ ਦਾ ਹੋ ਕੇ ਸਵਾ ਸਵਾ ਸਵਾ ਲੱਖ ਕਹਿ ਕੇ ਗਿਆ ਸਮਝਾਈਆ ।



### ❊ ੨੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਰੰਗ ਰਾਗ ਰਹੇ ਤੜਪ, ਗਣ ਗੰਧਰਵ ਕਿਨਰ ਯਛਪ ਸੀਸ ਨਿਵਾਈਆ । ਮਧੁਰ ਧੁਨ ਰਹੀ ਅਟਕ, ਤਾਲ ਤਲਵਾੜਾ ਦਏ ਦੁਹਾਈਆ । ਸ੍ਰਿਸ਼ਟੀ ਖ਼ਾਹਿਸ਼ਾਂ ਰਹੀ ਲਟਕ, ਸਹਾਰਾ ਸਚ ਨਾ ਕੋਇ ਜਣਾਈਆ । ਸਦੀ ਚੌਧਵੀਂ ਚਲੇ ਨਾਲ ਮਟਕ, ਕ਼ਦਮ ਕ਼ਦਮ ਨਾਲ ਟਿਕਾਈਆ । ਸ਼ਹਿਨਸ਼ਾਹੀ ਸੰਮਤ ਬਣ ਕੇ ਚਟਕ, ਚਟੂਰੇ ਸਭ ਦੇ ਵੇਖ ਵਖਾਈਆ । ਪੁਰਖ ਅਕਾਲ ਦੇ ਹੁਕਮ ਦੀ ਹੋਣ ਨਹੀਂ ਦੇਣੀ ਹੱਤਕ, ਹੱਤਿਆ ਹੋਏ ਲੋਕਾਈਆ । ਗੋਬਿੰਦ ਕੋਈ ਚੂਚਾ ਨਹੀਂ ਬਤਖ਼, ਸ਼ਾਹਾਂ ਦਾ ਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਨਜ਼ਰੀ ਆਈਆ । ਇਸ ਤੋਂ ਵੱਡਾ ਹੋਰ ਹੁਕਮ ਨਹੀਂ ਕੋਈ ਸਖ਼ਤ, ਸੁਖਨ ਸਚ ਨਾ ਕੋਇ ਜਣਾਈਆ । ਜਿਸ ਨੇ ਵਾਰ ਕੇ ਜਿਗਰੇ ਲਖ਼ਤ, ਲੇਖਾ ਦਿਤਾ ਬਣਾਈਆ । ਜਿਸ ਦਾ ਕਾਗ਼ਜ਼ਾਂ ਵਾਲਾ ਨਹੀਂ ਭਵਿਖ਼ਤ, ਸਾਖ਼ਿਆਤ ਰਿਹਾ ਸਮਝਾਈਆ । ਜਿਸ ਦਾ ਪ੍ਰੇਮ ਪਿਆਰ ਅਨੋਖਾ ਇਸ਼ਕ, ਆਸ਼ਕ ਮਾਸ਼ੂਕ ਸਮਝ ਸਕੇ ਨਾ ਰਾਈਆ । ਸੋ ਭਗਤਾਂ ਦੇਵਣਹਾਰਾ ਤਿਲਕ, ਟਿੱਕਾ ਆਪਣਾ ਨਾਮ ਲਗਾਈਆ । ਪੂਰਬ ਜਨਮ ਦੀ ਮੇਟ ਕੇ ਹਿਰਸ, ਕੂੜੀ ਹਵਸ ਰਿਹਾ ਗਵਾਈਆ । ਰਹਿਮਤ ਵਿਚ ਕਰ ਕੇ ਤਰਸ, ਤ੍ਰਿਸ਼ਨਾ ਰਿਹਾ ਬੁਝਾਈਆ । ਜਿਸ ਖ਼ਾਤਰ ਆਇਆ ਫ਼ਰਸ਼, ਖ਼ਤਰੇ ਵਿਚ ਪਾਵੇ ਲੋਕਾਈਆ । ਇਹ ਪ੍ਰਭੂ ਦਾ ਸਗਨਾਂ ਵਾਲਾ ਬਰਸ,

ਗੁਰ ਅਵਤਾਰ ਪੈਗ਼ੰਬਰ ਨਿਉਂ ਨਿਉਂ ਸੀਸ ਝੁਕਾਈਆ । ਜਿਸ ਵਿਚ ਔਣ ਨਹੀਂ ਦੇਣਾ ਫ਼ਰਕ, ਹੁਕਮ ਇਕੋ ਇਕ ਵਖਾਈਆ । ਭਾਵੇਂ ਚੌਦਾਂ ਤਬਕ ਚੌਦਾਂ ਲੋਕ ਬ੍ਰਹਿਮੰਡ ਖੰਡ ਸਾਰੇ ਹੋ ਜਾਣ ਗ਼ਰਕ, ਹਰਿ ਕਾ ਨਾਮ ਗ਼ੈਬ ਨਾ ਕੋਇ ਕਰਾਈਆ । ਜਿਸ ਦੀ ਬਿਨਾ ਪ੍ਰੀਖਿਆ ਤੋਂ ਸਭ ਨੂੰ ਯਾਦ ਔਣੀ ਪਰਖ, ਪਾਕ ਇਕੋ ਨਜ਼ਰੀ ਆਈਆ । ਉਮੀਦਾਂ ਵਾਲਾ ਬਰਖ, ਆਸਾਂ ਭਰਿਆ ਭੱਜੇ ਚਾਈਂ ਚਾਈਂਆ । ਵੇਖਾਂ ਖੇਲ ਜਗਤ, ਜੁਗਤੀ ਬੇਪਰਵਾਹੀਆ । ਨਾਤਾ ਵੇਖਾਂ ਭਗਤ, ਜੋ ਆਤਮ ਪਰਮਾਤਮ ਮੇਲ ਮਿਲਾਈਆ । ਇਹ ਸੁੱਖਾਂ ਦਾ ਵੇਲਾ ਮੈਨੂੰ ਦਿਸੇ ਵਕ਼ਤ, ਜਿਸ ਵਕਤ ਸਾਰੇ ਅੰਦਰ ਅੰਦਰ ਪ੍ਰਭ ਦਾ ਧਿਆਨ ਲਗਾਈਆ । ਸ੍ਰਿਸ਼ਟੀ ਦਾ ਚੁੱਕਕੇ ਤਖ਼ਤ, ਤਖ਼ਤੇ ਦਏ ਉਲਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਅੰਦਰ ਕੁਰਖ਼ਤ, ਪ੍ਰੇਮ ਪਿਆਰ ਅੰਦਰ ਕਰੇ ਬਚਤ, ਗੁਰਮੁਖ ਬੱਚਿਆਂ ਵਾਂਗ ਗੋਦ ਉਠਾਈਆ ।

ਚਰਨ ਦਾਸੀ ਦਾ ਮਨਜ਼ੂਰ ਤਰਲਾ, ਧੁਰ ਸ਼ਬਦ ਦਏ ਵਡਿਆਈਆ । ਜੋ ਕੁਛ ਕਰਨਾ ਸੋ ਦਰ ਤੇ ਕਰ ਲੈ, ਕਰਮ ਕਾਂਡ ਦਾ ਗੇੜਾ ਰਹੇ ਨਾ ਰਾਈਆ । ਧੁਰ ਸਵਾਮੀ ਆਪਣਾ ਵਰ ਲੈ, ਜੋ ਵਾਹਿਗੁਰੂ ਵਾਹਿਦ ਨੂਰ ਖ਼ੁਦਾਈਆ । ਮੰਜ਼ਲ ਅਗੰਮੀ ਆਪਣੀ ਚੜ੍ਹ ਲੈ, ਬਿਨ ਪੌੜੀ ਡੰਡੇ ਦਏ ਚੜ੍ਹਾਈਆ । ਸਤਿ ਸਤਿਵਾਦੀ ਪਲੂ ਫੜ ਲੈ, ਜਿਸ ਨੂੰ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਚਰਨ ਦਾਸੀ ਪ੍ਰਭੂ ਬਣਾ ਹਰਿਸੰਗਤ, ਸੰਗ ਅਗਲਾ ਲਏ ਨਿਭਾਈਆ । ਨਾਮ ਅਗੰਮੀ ਚਾੜ੍ਹ ਰੰਗਤ, ਜਿਸ ਦਾ ਰੂਪ ਸਕੇ ਨਾ ਕੋਇ ਸਮਝਾਈਆ । ਸ਼ਬਦ ਭਿਖਾਰਨ ਬੈਠੀ ਮੰਗਤ, ਆਸਾ ਝੋਲੀ ਦੇ ਭਰਾਈਆ । ਕੂੜੀ ਕਿਰਿਆ ਅੰਦਰੋਂ ਕੱਢ ਕੇ ਵਿਕਾਰ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਤੈਨੂੰ ਮਿਲ ਕੇ ਕਿਸੇ ਦੀ ਕਰਨੀ ਪਏ ਨਾ ਮਿੰਨਤ, ਸੀਸ ਝੁਕੇ ਨਾ ਕਿਸੇ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਪ੍ਰੇਮ ਦੀ ਦੇ ਉਹ ਹਿੰਮਤ, ਜਿਸ ਨੂੰ ਹੇਮਕੁੰਡ ਵਾਲਾ ਤੇਰੇ ਚਰਨਾਂ ਉਤੇ ਭੇਟ ਚੜ੍ਹਾਈਆ । ਤੇਰਾ ਰੂਪ ਨਜ਼ਰੀ ਆਏ ਬਿਨਾ ਦਿਸ਼ਾ ਸਿੰਮਤ, ਚਾਰ ਕੁੰਟ ਵੰਡ ਨਾ ਕੋਇ ਵੰਡਾਈਆ । ਕਲਜੁਗ ਕੂੜੀ ਕਿਰਿਆ ਭਗਤਾਂ ਨਾਲ ਕਰੇ ਕੋਈ ਨਾ ਇੱਲਤ, ਇਲਮ ਆਲਮ ਨਾ ਕੋਇ ਚਤੁਰਾਈਆ । ਜਗਤ ਖ਼ੁਆਰੀ ਨਾ ਹੋਵੇ ਜ਼ਿੱਲਤ, ਆਬਰੂ ਧੁਰ ਦੀ ਦੇਣੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚਰਨ ਦਾਸੀ ਅੰਤਰ ਆਤਮ, ਬ੍ਰਹਮ ਪਾਰਬ੍ਰਹਮ ਦਇਆ ਕਮਾਈਆ । ਜਿਸ ਦਾ ਜੋਤ ਧਾਰ ਵਿਚੋਂ ਹੋਇਆ ਜਨਮ, ਮਰਨ ਤੋਂ ਬਾਦ ਓਸੇ ਵਿਚ ਸਮਾਈਆ । ਲੇਖਾ ਰਹੇ ਕਿਸੇ ਨਾ ਕਰਮ, ਕੁਕਰਮਾਂ ਡੇਰਾ ਦੇਵੇ ਢਾਹੀਆ । ਦਾਸਤਾਨ ਕਹਾਣੀ ਰਹੇ ਨਾ ਕੋਈ ਭਰਮ, ਭਰਾਂਤ ਦਏ ਮੁਕਾਈਆ । ਸਚ ਦਵਾਰੇ ਦੀ ਬਖ਼ਸ਼ ਕੇ ਸਰਨ, ਸਰਨਗਤ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਚਰਨ ਦਾਸੀ ਬਣੇ ਕਿਹੜਾ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਕਲਜੁਗ ਮਾਇਆ ਮਮਤਾ ਛਿੜਿਆ ਝੇੜਾ, ਝਗੜਾ ਕਰੇ ਲੋਕਾਈਆ । ਕੋਟਨ ਕੋਟ ਜਗਤ ਸਾਧੂਆਂ ਲਾਇਆ ਡੇਰਾ, ਬੈਠੇ ਧੂਣੀਆਂ ਤਾਈਆ । ਸਾਰੇ ਕਹਿਣ ਮੇਰਾ ਮੇਰਾ, ਤੇਰਾ ਤੂੰ ਨਾ ਕੋਇ ਜਣਾਈਆ । ਸਤਿ ਅਸਤਿ ਦਾ ਕਰੇ ਨਾ ਕੋਈ ਨਖੇੜਾ, ਭੁਲ ਭੁਲ ਵਿਚ ਲੋਕਾਈਆ । ਸ਼ਾਸਤਰ ਸਿਮਰਤ

ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਭ ਨੂੰ ਪਾਇਆ ਸੰਸਾਰ ਵਾਲਾ ਘੇਰਾ, ਘੁੰਮਣ ਘੇਰੀ ਵਿਚੋਂ ਬਾਹਰ ਨਾ ਕੋਇ ਕਢਾਈਆ । ਪੁਰਖ ਅਕਾਲ ਦੀਨ ਦਿਆਲ ਜਿੰਨਾਂ ਚਿਰ ਨਾ ਕਰੇ ਆਪਣੀ ਮਿਹਰਾ, ਨਜ਼ਰ ਮਿਹਰ ਇਕ ਉਠਾਈਆ । ਓਨਾਂ ਚਿਰ ਨਾ ਕੋਈ ਗੁਰੂ ਨਾ ਕੋਈ ਚੇਰਾ, ਚੇਲਾ ਗੁਰੂ ਰੂਪ ਨਾ ਕੋਇ ਬਣਾਈਆ । ਫਿਰਤ ਫਿਰਤ ਸਭ ਮਾਰਦੇ ਫੇਰਾ, ਮਾਤ ਗਰਭ ਵੇਸ ਵਟਾਈਆ । ਬਿਨ ਸਾਹਿਬ ਸਵਾਮੀ ਅੰਤਰਜਾਮੀ ਬੰਨੇ ਲਾਏ ਕੋਈ ਨਾ ਬੇੜਾ, ਲੱਖ ਚੁਰਾਸੀ ਝੇੜਾ ਨਾ ਕੋਇ ਚੁਕਾਈਆ । ਗੁਰਮੁਖ ਗੁਰਸਿਖ ਹਰਿਜਨ ਚਰਨ ਦਾਸੀ ਬਣਨ ਦਾ ਵਕ਼ਤ ਆ ਗਿਆ ਨੇੜਾ, ਅੰਧੇਰਾ ਕੂੜ ਦੇ ਮਿਟਾਈਆ । ਸਚ ਦਵਾਰ ਕਰਾਏ ਵਸੇਰਾ, ਜਿਸ ਗ੍ਰਿਹਿ ਵਿਛੜ ਕੋਇ ਨਾ ਜਾਈਆ । ਨਾਮ ਪਦਾਰਥ ਇਕੋ ਭੰਡਾਰਾ ਦੇਵੇ ਬਥੇਰਾ, ਅਤੋਟ ਅਤੁੱਟ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖੇ ਲਾਈਆ । ਚਰਨ ਦਾਸੀ ਸੁਣ ਲੈ ਧੁਰ ਦੀ ਜੁਗਤੀ, ਜੁਗਾਂ ਪਿਛੋਂ ਦਿਆਂ ਜਣਾਈਆ । ਭੁੱਲ ਕੇ ਕਦੇ ਨਾ ਮੰਗਿਓ ਮੁਕਤੀ, ਮੁਕਤੀ ਕੰਮ ਕਿਸੇ ਨਾ ਆਈਆ । ਤੁਹਾਡੀ ਓਥੇ ਲਾਵਾਂ ਸੁਰਤੀ, ਜਿਥੇ ਸੁੱਤਿਆਂ ਨਾ ਕੋਇ ਉਠਾਈਆ । ਇਕੋ ਨੂਰ ਅਕਾਲ ਮੂਰਤੀ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਮ ਨਿਧਾਨ ਅਗੰਮੀ ਤੂਰਤੀ, ਤੁਰੀਆ ਸਾਰ ਸੀਸ ਨਿਵਾਈਆ । ਇਹ ਖੇਲ ਹਾਜ਼ਰ ਹਜ਼ੂਰ ਦੀ, ਜੋ ਇਸ਼ਾਰਿਆਂ ਨਾਲ ਲਏ ਤਰਾਈਆ । ਮਿਹਨਤ ਮਿਲੇ ਪੂਰਬ ਜਨਮ ਮਜ਼ਦੂਰ ਦੀ, ਮਜ਼ਦੂਰੀ ਪਿਛਲੀ ਝੋਲੀ ਪਾਈਆ । ਇਹ ਖੇਲ ਨਹੀਂ ਕੋਈ ਜੂਠ ਝੂਠ ਕੂੜ ਦੀ, ਕੂੜੀ ਕਿਰਿਆ ਨਾ ਕੋਇ ਵਖਾਈਆ । ਚਰਨ ਦਾਸੀ ਰੂਪ ਅਗੰਮੀ ਓਸ ਨੂਰ ਦੀ, ਜੋ ਨੂਰ ਨੁਰਾਨਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਮਿਲਾਈਆ । ਚਰਨ ਦਾਸੀ ਕਦੇ ਨਾ ਲਏ ਹਿਚਕੀ, ਹਉਕਿਆਂ ਵਿਚ ਹਾਏ ਨਾ ਕੋਇ ਲਗਾਈਆ । ਪ੍ਰੇਮ ਪਿਆਰ ਦੀ ਬਖ਼ਸ਼ੇ ਸਿਸਕੀ, ਤਾਰ ਸਤਾਰ ਆਪਣੇ ਨਾਲ ਜੁੜਾਈਆ । ਜਿਸ ਦੀ ਧਾਰ ਇਕੋ ਦਿਸਦੀ, ਦੂਜਾ ਰੂਪ ਨਾ ਕੋਇ ਵਖਾਈਆ । ਉਸਦੀ ਰਮਜ਼ ਅਗੰਮੀ ਖਿਚਦੀ, ਸੁੱਤਿਆਂ ਲਏ ਉਠਾਈਆ । ਜਿਸ ਧੜ ਦੇ ਲੰਘ ਜਾਏ ਵਿਚ ਦੀ, ਆਰ ਪਾਰ ਲੇਖਾ ਦਏ ਮੁਕਾਈਆ । ਇਹ ਖੇਲ ਮਾਲਕ ਇਕ ਦੀ, ਦੂਜੀ ਵੰਡ ਨਾ ਕੋਇ ਵੰਡਾਈਆ । ਜਨ ਭਗਤੋ ਤੁਹਾਡੀ ਬਾਜੀ ਅੰਤਮ ਜਿਤਦੀ, ਹਾਰ ਵਾਲਾ ਹਰਿ ਤੁਹਾਡੇ ਕੋਲ ਕਦੇ ਨਾ ਆਈਆ । ਇਹ ਖੇਲ ਓਸ ਪਿਤ ਦੀ, ਜਿਸ ਨੂੰ ਪਿਤਾ ਗੋਬਿੰਦ ਕਹਿ ਸੁਣਾਈਆ । ਇਹ ਵਿਚਾਰ ਪਿਛਲੇ ਹਿਤ ਦੀ, ਪ੍ਰੇਮੀ ਪਿਆਰਿਆਂ ਜੋੜ ਜੁੜਾਈਆ । ਇਹ ਖੇਲ ਓਸ ਅਨਡਿੱਠ ਦੀ, ਜੋ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਦਇਆ ਕਮਾਈਆ । ਚਰਨ ਦਾਸੀ ਵੇਖ ਆਪਣਾ ਚੋਲਾ, ਚੋਹਲ ਕਰੇ ਬੇਪਰਵਾਹੀਆ । ਪਰਦਾ ਰਹੇ ਕੋਈ ਨਾ ਓਹਲਾ, ਨਕਾਬ ਮੁਖ ਨਾ ਕੋਇ ਟਿਕਾਈਆ । ਮਨੂਆ ਮਨ ਨਾ ਪਾਵੇ ਰੌਲਾ, ਝੰਜਟ ਅਵਰ ਨਾ ਕੋਇ ਲੋਕਾਈਆ । ਇਕੋ ਮਾਲਕ ਮਿਲਿਆ ਮੌਲਾ, ਮੌਲੀ ਰੁੱਤ ਦਏ ਵਖਾਈਆ । ਭਗਤਾਂ ਭਾਰ ਕਰ ਕੇ ਹੌਲਾ, ਸ੍ਰਿਸ਼ਟੀ ਦਏ ਦਬਾਈਆ । ਧੁਰ ਦਾ ਸੁਣਾ ਅਗੰਮੀ ਢੋਲਾ, ਢੋਲ ਆਪਣਾ ਰਿਹਾ ਵਜਾਈਆ । ਜੁਗ ਚੌਕੜੀ ਕੀਤਾ ਇਕ਼ਰਾਰ ਕੌਲਾ, ਕਵਲ ਨੈਣ ਪੂਰ ਕਰਾਈਆ । ਪਿਛਲਾ ਵੇਲਾ ਵਕ਼ਤ ਲੰਘ ਗਿਆ ਵਿਚ ਮਖ਼ੌਲਾ, ਮਸਕਰਾ ਬਣ ਕੇ ਝਟ ਲਿਆ ਲੰਘਾਈਆ । ਹੁਣ ਸਭ ਦੇ ਸਿਰ ਮਾਰਨਾ ਉਹ ਪੌਲਾ, ਜੋ ਪਰਮ ਪੁਰਖ ਬੈਠੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦੀ ਕਰਨੀ ਦਏ

ਭੁਗਤਾਈਆ । ਚਰਨ ਦਾਸੀ ਸਾਰੇ ਬਣ ਜਾਓ ਨਾਲ ਚਾਅ, ਚਾਓ ਘਨੇਰਾ ਘਰ ਘਰ ਦਿਆਂ ਵਖਾਈਆ । ਕਲਜੁਗ ਸ੍ਰਿਸ਼ਟੀ ਵਿਚੋਂ ਲਾ ਲਓ ਆਪਣਾ ਦਾਅ, ਸ਼ਬਦੀ ਧਾਰ ਦਿਆਂ ਸਮਝਾਈਆ । ਬਿਨਾ ਪੁਰਖ ਅਕਾਲ ਤੋਂ ਸਚਾ ਹੋਰ ਨਾ ਕੋਈ ਮਲਾਹ, ਖੇਵਟ ਖੇਟਾ ਨਜ਼ਰ ਕੋਇ ਨਾ ਆਈਆ । ਜਿਸ ਦੇ ਚਰਨ ਲਗ ਕੇ ਲੰਘ ਜਾਓ ਜਲ ਥਲ ਅਸਗਾਹ, ਸਮੁੰਦ ਸਾਗਰ ਟਿੱਲਾ ਪਰਬਤ ਨਾ ਕੋਇ ਅਟਕਾਈਆ । ਤੁਹਾਡਾ ਕੀ ਘਟਦਾ ਜੇ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ" ਲਓ ਧਿਆ, ਧਿਆਨ ਇਕੋ ਨਾਲ ਲਗਾਈਆ । ਆਪੇ ਲੱਖ ਚੁਰਾਸੀ ਤੋਂ ਪਲੂ ਦਏ ਛੁਡਾ, ਛੁਟਕਾਰਾ ਜਮਾਂ ਤੋਂ ਦਏ ਕਰਾਈਆ । ਓਸ ਧਾਮ ਅਵਲੜੇ ਦਏ ਬਹਾ, ਜਿਥੇ ਰਾਮ ਬਹਿ ਕੇ ਆਪਣਾ ਰਾਮ ਮਨਾਈਆ । ਵੇਖਿਓ ਕਿਤੇ ਤੱਤਾਂ ਵਾਲਾ ਨਾ ਸਮਝਿਓ ਇਨਸਾਨ, ਅਸਾਨ ਰਸਤਾ ਰਿਹਾ ਵਖਾਈਆ । ਜਿਸ ਨੇ ਇਕ ਵਾਰ ਚਰਨ ਧੂੜੀ ਦਾ ਕਰ ਲਿਆ ਇਸ਼ਨਾਨ, ਜਨਮ ਵਿਚ ਫੇਰ ਨਹਾਵਣ ਦੀ ਲੋੜ ਰਹੇ ਨਾ ਰਾਈਆ । ਓਸ ਦੀ ਆਤਮਾ ਮਿਲੇ ਨਾਲ ਓਸ ਭਗਵਾਨ, ਜੋ ਭਾਗ ਸਭ ਦੇ ਰਿਹਾ ਬਣਾਈਆ । ਸੰਮਤ ਸ਼ਹਿਨਸ਼ਾਹੀ ਦਾ ਵੇਖਿਓ ਅਨੁਮਾਨ, ਫੇਰ ਸਾਰਿਆਂ ਨੂੰ ਔਣਾ ਗਿਆਨ, ਝੁਕਦੇ ਜ਼ਿਮੀਂ ਅਸਮਾਨ, ਪ੍ਰਭੂ ਨੇ ਹੋ ਕੇ ਬੇਪਹਿਚਾਨ, ਨੌ ਅਠਾਰਾਂ ਮੁਖ ਲੈਣਾ ਛੁਪਾਈਆ । ਜਿਸ ਵੇਲੇ ਜਗਤ ਰਿਹਾ ਨਾ ਕੋਈ ਵਿਦਵਾਨ, ਸਚਾ ਮਿਲੇ ਨਾ ਕੋਈ ਅਮਾਮ, ਕਾਰਜ ਬਣੇ ਨਾ ਕੋਈ ਕਾਮ, ਸ਼ਾਹ ਨਵਾਬ ਨਾ ਦਿਸੇ ਗ਼ੁਲਾਮ, ਪਕਵਾਨ ਪੁਖਤਾ ਨਾ ਕੋਇ ਤੁਆਮ, ਦੁਆਏ ਦਰ ਦੀਦੇ ਖ਼ੁਦਾ ਦ੍ਰਿਸ਼ਟੀ ਨੂਰ ਨਾ ਕੋਇ ਰੁਸ਼ਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਦਾਸੀ ਹਰਿਸੰਗਤ ਹੋ ਸਹਾ, ਰਹਿਬਰ ਆਪਣਾ ਬਣੇ ਆਪ ਖ਼ੁਦਾ, ਖ਼ੁਦ ਆਪਣੀ ਦਇਆ ਕਮਾਈਆ ।



ਹਰਿ ਸ਼ਬਦ ਕਹੇ ਧੁਰ ਹੁਕਮ ਜਨਾਬੇਆਲਾ, ਫ਼ਰਮਾਣ ਫ਼ਰਮਾਬਰਦਾਰ ਸਰਬ ਜਣਾਈਆ । ਇਹ ਖੇਲ ਅਗੰਮ ਖ਼ੁਦਾ ਤੁਆਲਾ, ਮੁਤਲਾ ਸਭ ਨੂੰ ਰਿਹਾ ਕਰਾਈਆ । ਲੇਖਾ ਜਾਣੇ ਮਾਜੀ ਹਾਲਾ, ਹਾਲਾਤ ਜਾਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਵਿਚ ਛੁਪਾਈਆ । ਹਰਿ ਸ਼ਬਦ ਕਹੇ ਇਹ ਖੇਲ ਅਗੰਮੀ ਰਾਮ, ਜੋ ਰਮਤਾ ਰਮਤਾ ਵੇਖ ਵਖਾਈਆ । ਜੋ ਲੇਖਾ ਜਾਣੇ ਤਮਾਮ, ਤਰਾ ਤਰਾ ਸਮਝਾਈਆ । ਜਿਸ ਦਾ ਪੈਗ਼ੰਬਰਾਂ ਦਿਤਾ ਪੈਗ਼ਾਮ, ਅਵਤਾਰ ਕਰਨ ਸ਼ਨਵਾਈਆ । ਸੋ ਦਾਤਾ ਨੌਜਵਾਨ, ਆਦਲ ਹੋ ਕੇ ਵੇਖ ਵਖਾਈਆ । ਹੁਕਮੇ ਅੰਦਰ ਹੁਕਮਰਾਨ, ਹੁਕਮੀ ਹੁਕਮ ਸਰਬ ਮਨਾਈਆ । ਹਕ ਇਸ਼ਾਰਾ ਇਕ ਤੁਫ਼ਾਨ, ਗਿਰਹਬਾਨ ਵੇਖ ਵਖਾਈਆ । ਲੇਖਾ ਜਾਣੇ ਮਸੀਹ ਬਿਆਨ, ਮਸਲਾ ਮਸਲਸਲ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਮਸੀਹ ਕਹੇ ਸਚ ਖ਼ੁਦਾਏ ਖੇਲ ਵਾਈਡ, ਵਿਡੋ ਵੇਖੇ ਸਰਬ ਲੋਕਾਈਆ । ਜਗਤ ਹੰਕਾਰ ਕਰੇ ਡਾਈਡ, ਡਨ ਡੂ ਨਾ ਕੋਇ ਸਮਝਾਈਆ । ਸ਼ਬਦੀ ਹਾਰਸ ਹੋਵੇ ਰਾਈਡ, ਡੌਂਕੀ ਮੌਂਕੀ ਕਲਜੁਗ ਜੀਵ ਵੇਖ ਵਖਾਈਆ । ਸਲੈਕਟ ਕਰੇ ਆਪਣੀ ਸਾਈਡ, ਡੀਫ਼ੈਕਟ ਕਰ ਕੁਰੈਕਟ ਦਏ ਮਿਟਾਈਆ । ਵੇਖਣਹਾਰ ਸਰਬ ਬੀਹਾਂਈਡ, ਭੇਵ ਅਭੇਦਾ ਖੋਲ੍ਹ ਖੁਲ੍ਹਾਈਆ । ਮਾਈਨਸ ਸਭ ਨੂੰ ਕਰੇ ਮਾਂਈਡ, ਫਿੱਗਰ ਜ਼ੀਰੋ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮਸੀਹ ਕਹੇ ਹਕ ਖ਼ੁਦਾਏ ਖੇਲ ਕੁਰੈਕਟ, ਕੁਰਾ ਦੋ ਜਹਾਨ ਵੇਖ ਵਖਾਈਆ ।

ਬ੍ਰਹਿਮੰਡ ਖੰਡ ਬੰਦ ਕਰੇ ਵਿਚ ਬਰੈਕਟ, ਬਾਹਰ ਰਹਿਣ ਕੋਇ ਨਾ ਪਾਈਆ । ਜਿਸ ਗੁਰ ਅਵਤਾਰ ਪੈਗ਼ੰਬਰ ਕੀਤੇ ਸਲੈਕਟ, ਜੁਗ ਚੌਕੜੀ ਦਏ ਵਡਿਆਈਆ । ਜਿਸ ਦੀ ਜੋਤੀ ਧਾਰ ਐਲਕਟ੍ਰੀਸ਼ਨ ਕੋਈ ਨਾ ਜਾਣੇ ਈਲੈਕਟ, ਸੁਚ ਸਚ ਨਾ ਕੋਇ ਸਮਝਾਈਆ । ਉਹ ਲੇਖਾ ਜਾਣੇ ਈਸਟ ਵੈਸਟ, ਨਾਰਥ ਸਾਊਥ ਖੋਜ ਖੁਜਾਈਆ । ਉਸ ਦਾ ਹੁਕਮ ਇਕੋ ਬੈਸਟ, ਜੋ ਬੱਲੇ ਵਾਂਗ ਭੁਆਏ ਸਰਬ ਲੋਕਾਈਆ । ਜਿਸ ਨੇ ਸੰਤ ਸੁਹੇਲੇ ਜਨ ਭਗਤ ਵੇਖਣੇ ਆਪਣੇ ਗੈਸਟ, ਦਰ ਦਵਾਰੇ ਦੇਵੇ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਰੇ ਕਰਨੇ ਅਰੈਸਟ, ਧੁਰ ਦੀ ਡੀਊਟੀ ਇਕੋ ਲਾਈਆ । ਨਾਮ ਖੰਡੇ ਕਰਨੇ ਕੁਰੈਸ਼ਟ, ਅੰਤਰ ਬਾਹਰ ਸਕੇ ਨਾ ਕੋਇ ਬਚਾਈਆ । ਬਹਿਣਾ ਪਏ ਨਾ ਕਿਸੇ ਉਤੇ ਡੈਸਕ, ਚਿਅਰ ਮਿਅਰ ਨਜ਼ਰ ਕੋਇ ਨਾ ਆਈਆ । ਕਿਸੇ ਨੂੰ ਕਹਿਣਾ ਪਏ ਨਾ ਲਾਈਕ ਜਸਟ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਮਾਰਕਸ ਮਿਲਣਾ ਨਹੀਂ ਕਿਸੇ ਫ਼ਸਟ, ਸੈਕਿੰਡ ਥਰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਸਰਬ ਲੋਕਾਈਆ । ਮਸੀਹ ਕਹੇ ਮੇਰਾ ਮਹਿਬੂਬ, ਮੁਹੱਬਤ ਵਿਚ ਸਮਾਈਆ । ਜਿਸ ਦਾ ਬਿਨ ਸ਼ਮਅ ਵਾਲਾ ਅਰੂਜ, ਨਿਰਗੁਣ ਨੂਰ ਰੁਸ਼ਨਾਈਆ । ਜੋ ਸਭ ਨੂੰ ਰਖੇ ਮਹਿਫ਼ੂਜ਼, ਪਰਦੇ ਵਿਚ ਲੋਕਾਈਆ । ਉਸ ਦਾ ਨੂਰ ਕਦੀ ਨਾ ਹੋਇਆ ਗ਼ਰੂਬ, ਗ਼ੁਰਬਤ ਮੇਟੇ ਸਰਬ ਲੋਕਾਈਆ । ਜਿਸ ਦੀ ਸਿਫ਼ਤ ਕਰੇ ਹਜਾਰਾ ਦਰੂਦ, ਹਜ਼ਰਤਾਂ ਰਿਹਾ ਸਮਝਾਈਆ । ਸੋ ਖ਼ੁਦਾਏ ਖ਼ੁਦ ਹੋਇਆ ਮੌਜੂਦ, ਮੁਜਰਮ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਮਿਹਰਵਾਨ ਵੇਖਣਹਾਰਾ ਥਾਉਂ ਥਾਈਆ ।



੧੦੭੬

ਨੌਂ ਅਠਾਰਾਂ ਵੇਲਾ ਨਹੀਂ ਵਕ਼ਤ ਘੜੀ ਕਲਾਕ, ਵਾਕਆਉਟ ਸਭ ਨੂੰ ਦਏ ਕਰਾਈਆ । ਕਲਜੁਗ ਜੀਵ ਜਲਮੀਨ ਮਛਲੀ ਮੈਂਢਕ ਦਿਸੇ ਫ਼ਰਾਗ, ਕਲਜੁਗ ਕੂੜੀ ਕਿਰਿਆ ਕੀਚੜ ਵਿਚ ਰਹੇ ਕੁਰਲਾਈਆ । ਮਨ ਵਾਸਨਾ ਹੋ ਗਏ ਡਾਗ, ਉਚੀ ਕੂਕਣ ਥਾਉਂ ਥਾਈਆ । ਪੁਰਖ ਅਬਿਨਾਸ਼ੀ ਸ਼ਬਦ ਅਗੰਮੀ ਹੱਥ ਵਿਚ ਫੜ ਕੇ ਰਾਡ, ਹੁਕਮੀ ਡੰਡੇ ਦਏ ਡਰਾਈਆ । ਸਭ ਨੂੰ ਯਾਦ ਕਰਾਏ ਵਾਹਦ ਲਾਸ਼ਰੀਕ ਇਕੋ ਗਾਡ, ਪਾਰਬ੍ਰਹਮ ਬੇਪਰਵਾਹੀਆ । ਰਾਏ ਧਰਮ ਘਰ ਡੀਟੇਨ ਕਰ ਦੇਵੇ ਵਿਚ ਇਕੋ ਵਾਰਡ, ਨੰਬਰਾਂ ਵਾਲੇ ਬੈਡ ਦਏ ਸਮਝਾਈਆ । ਸ਼ਬਦੀ ਸ਼ਬਦ ਲਾ ਕੇ ਉਪਰ ਗਾਰਡ, ਗੁਡਮਾਰਨਿੰਗ ਸਭ ਨੂੰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

### ❊ ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਸ਼ਬਦ ਅਗੰਮੀ ਜੋ ਹੋਈ ਤਕਰੀਰ, ਦੋ ਜਹਾਨ ਰਹੇ ਜਸ ਗਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਕੀਤੀ ਤਹਿਰੀਰ, ਕਾਗ਼ਜ਼ ਕ਼ਲਮ ਸ਼ਾਹੀ ਵੰਡ ਵੰਡਾਈਆ । ਭਗਤ ਸੁਹੇਲੇ ਤੱਕਣ ਬੇਨਜ਼ੀਰ, ਜਗ ਨੇਤਰ ਬੰਦ ਕਰਾਈਆ । ਗੁਰਮੁਖ ਅੰਤਰ ਖਿਚ ਇਕ ਤਸਵੀਰ, ਰੂਪ ਅਨੂਪ ਹਕ ਦ੍ਰਿੜਾਈਆ । ਜੋ ਦੇਵਣਹਾਰਾ ਬਾਦਅਸੀਰ, ਮਿਹਰ ਨਜ਼ਰ ਇਕ ਟਿਕਾਈਆ । ਸੋ ਬਦਲ ਦੇਵੇ ਤਕ਼ਦੀਰ, ਦੱਸ ਤਦਬੀਰ ਬੇਪਰਵਾਹੀਆ । ਮੇਲ

ਮਿਲਾ ਕੇ ਵੀਰਨ ਵੀਰ, ਗੁਰਮੁਖ ਗੁਰਸਿਖ ਜੋੜ ਜੁੜਾਈਆ । ਝਗੜਾ ਮੁਕਾ ਕੇ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਰੰਗ ਵਖਾਈਆ । ਅੰਤਰ ਆਤਮ ਨਾ ਹੋਏ ਦਿਲਗੀਰ, ਮਨਸਾ ਮਨ ਨਾ ਕੋਇ ਭਵਾਈਆ । ਸਤਿ ਪ੍ਰੇਮ ਦੀ ਪਾ ਜ਼ੰਜੀਰ, ਕੂੜੀ ਸ਼ਰਅ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਤਸਵੀਰ ਕਹੇ ਮੈਨੂੰ ਕੋਈ ਨਾ ਜਾਣੇ ਸ਼ਖ਼ਸ, ਸਮਝ ਸਕੇ ਕੋਈ ਨਾ ਰਾਈਆ । ਜਿਸ ਗੁਰਮੁਖ ਅੰਦਰ ਸਾਹਿਬ ਦਾ ਹੋਵੇ ਅਕਸ, ਨੂਰ ਜ਼ਹੂਰ ਦਏ ਵਖਾਈਆ । ਉਸ ਦਾ ਮਨ ਨਾ ਰਹੇ ਸਖ਼ਤ, ਦੁਰਮਤ ਮੈਲ ਧਵਾਈਆ । ਸੁਹੰਜਣਾ ਹੋਵੇ ਵਕ਼ਤ, ਮਿਲੇ ਮਾਣ ਵਡਿਆਈਆ । ਸਹਾਈ ਵਿਚ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਪੂਰਾ ਕਾਰਜ ਕਰੇ ਫ਼ਕਤ ਫ਼ਿਕਰੇ ਇਕੇ ਨਾਲ ਸਲਾਹੀਆ । ਮਾਣਸ ਜਨਮ ਨਾ ਪਏ ਵਖ਼ਤ, ਦੁਖ ਦਲਿਦਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਤਸਵੀਰ ਕਹੇ ਮੈਂ ਵੇਖ ਨਕਸ਼ਾ, ਸਤਿ ਸਚ ਦਿਆਂ ਦ੍ਰਿੜਾਈਆ । ਜਿਸ ਵਿਚ ਨਹੀਂ ਕੋਈ ਖ਼ਦਸ਼ਾ, ਭੈ ਭਰਮ ਨਾ ਕੋਇ ਬਣਾਈਆ । ਜਨਮ ਵਿਚ ਨਾ ਆਏ ਹਾਦਸਾ, ਹੈਸੀਅਤ ਸਕੇ ਨਾ ਕੋਇ ਬਦਲਾਈਆ । ਵੇਖਣੀ ਪਏ ਨਾ ਕੋਈ ਨਿਰਾਸਤਾ, ਆਹਿਸਤਾ ਆਹਿਸਤਾ ਦਏ ਵਡਿਆਈਆ । ਮੇਲਾ ਮਿਲਿਆ ਧੁਰ ਦੇ ਸਾਥ ਦਾ, ਸਗਲਾ ਸੰਗ ਬਣਾਈਆ । ਇਹ ਲਹਿਣਾ ਗੋਬਿੰਦ ਦੇ ਵਾਕ ਦਾ, ਜੋ ਭਵਿਖਤਾਂ ਵਿਚ ਦ੍ਰਿੜਾਈਆ । ਤੇਰਾ ਨਾਤਾ ਓਸ ਦੇ ਬਾਪ ਦਾ, ਜੋ ਤੇਗ ਬਹਾਦਰ ਰਿਹਾ ਸਮਝਾਈਆ । ਤੂੰ ਭਤੀਜਾ ਉਸ ਦੇ ਸਾਲੇ ਸਾਕ ਦਾ, ਜਿਸ ਦਾ ਲੇਖ ਨਾ ਕੋਇ ਦ੍ਰਿੜਾਈਆ । ਇਹ ਦਾਓ ਅਗੰਮੀ ਓਸ ਘਾਤ ਦਾ, ਜਿਸ ਦਾ ਗਹਿਰਾ ਜ਼ਖ਼ਮ ਨਾ ਕੋਇ ਸਮਝਾਈਆ । ਇਹ ਵੇਲਾ ਓਸ ਰਾਤ ਦਾ, ਜਿਸ ਵੇਲੇ ਗੋਬਿੰਦ ਮਿਲੀ ਵਡਿਆਈਆ । ਤੂੰ ਤਰੇਠ ਸਾਲਾ ਸੀ ਜਾਗਦਾ, ਰਾਤੀ ਸੁੱਤਿਆਂ ਖ਼ਾਰਸ਼ ਰਹੀ ਸਤਾਈਆ । ਓਧਰੋਂ ਹੁਕਮ ਹੋਇਆ ਅਕਾਲ ਦਾ, ਸ਼ਬਦੀ ਰਾਗ ਅਲਾਈਆ । ਵੇਖ ਨੂਰ ਮੇਰੇ ਲਾਲ ਦਾ, ਜੋਤੀ ਜੋਤ ਕਰੇ ਰੁਸ਼ਨਾਈਆ । ਤੂੰ ਆਪਣਾ ਆਪ ਸੰਭਾਲਦਾ, ਸੋਟਾ ਬੇਰੀ ਲਿਆ ਉਠਾਈਆ । ਚਾਰੋਂ ਕੁੰਟ ਉਠ ਉਠ ਝਾਕਦਾ, ਵੇਖੇਂ ਥਾਉਂ ਥਾਈਂਆ । ਹੁਕਮ ਹੋਇਆ ਅਨੋਖੇ ਵਾਕ ਦਾ, ਵਾਕਿਆ ਦਿਤਾ ਦ੍ਰਿੜਾਈਆ । ਤੇਰਾ ਲਹਿਣਾ ਅਗਲੇ ਵਾਟ ਦਾ, ਵਕ਼ਤ ਦਿਤਾ ਸੁਣਾਈਆ । ਜਿਸ ਵੇਲੇ ਮੇਲਾ ਹੋਣਾ ਸ਼ਬਦੀ ਗੋਬਿੰਦ ਪੁਰਖ ਅਕਾਲ ਬਾਪ ਦਾ, ਪਤਿਪਰਮੇਸ਼ਵਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਤਸਵੀਰ ਕਹੇ ਮੈਂ ਕੀ ਦੱਸਾਂ ਹਾਲ, ਹਾਲਤ ਪਿਛਲੀ ਦਿਆਂ ਗਵਾਈਆ । ਜਿਥੇ ਨਾ ਕੋਈ ਜਵਾਬ ਨਾ ਸਵਾਲ, ਫ਼ਿਕਰਾ ਫ਼ਿਕਰ ਵਾਲਾ ਨਾ ਕੋਇ ਬਣਾਈਆ । ਨਾ ਕੋਈ ਸੰਗੀ ਸਾਥੀ ਨਾਲ, ਸਗਲਾ ਸੰਗ ਨਾ ਕੋਇ ਬਣਾਈਆ । ਉਹ ਖੇਲ ਅਗੰਮੀ ਪੁਰਖ ਅਕਾਲ, ਹਰਿ ਕਰਤਾ ਆਪਣੇ ਹੱਥ ਰਖੇ ਵਡਿਆਈਆ । ਦੀਨਾਂ ਬੰਧਪ ਹੋ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਸ਼ਬਦ ਅਗੰਮੀ ਸਿਖਿਆ ਇਕ ਸਿਖਾਲ, ਧੁਰ ਦੀ ਕਰੀ ਪੜ੍ਹਾਈਆ । ਤੇਰਾ ਮੇਲਾ ਗੋਬਿੰਦ ਨਾਲ, ਲਾਲਨ ਰੰਗ ਦਿਆਂ ਚੜ੍ਹਾਈਆ । ਸਚ ਦਵਾਰਾ ਧਰਮਸਾਲ, ਧੁਰ ਦਰਵਾਜ਼ਾ ਦਿਆਂ ਖੁਲ੍ਹਾਈਆ । ਜਿਸ ਗ੍ਰਿਹਿ ਵਸੇ ਦੀਨ ਦਿਆਲ, ਸ਼ਾਹ ਕੰਗਾਲ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬਿਰਧ ਕਹੇ ਪ੍ਰਭ ਆਇਆ ਬੁੜ੍ਹਾਪਾ, ਮਨ ਮਤਿ ਬੁਧਿ ਚਲੇ ਨਾ ਕੋਇ ਚਤੁਰਾਈਆ । ਜਗਤ ਮਿਟਣ ਵਾਲਾ ਸਾਕਾ, ਨਾਤਾ

ਤੋੜ ਨਾ ਕੋਇ ਨਿਭਾਈਆ । ਪਰਮ ਪੁਰਖ ਪਰਮਾਤਮ ਤੇਰਾ ਰੂਪ ਜ਼ਾਹਰ ਖਿਚਿਆ ਨਾ ਜਾਏ ਖ਼ਾਕਾ, ਸਤਿ ਨਜ਼ਰ ਕੋਇ ਨਾ ਆਈਆ । ਨੇਤਰ ਪੜ੍ਹੀ ਨਾ ਜਾਏ ਕੋਈ ਕਿਤਾਬਾ, ਵਿਦਿਆ ਹਕ ਨਾ ਕੋਇ ਸਮਝਾਈਆ । ਜਲਵਾ ਨੂਰ ਨਾ ਕੋਇ ਮਹਿਤਾਬਾ, ਜੋਤੀ ਜੋਤ ਨਾ ਕੋਇ ਡਗਮਗਾਈਆ । ਮੈਨੂੰ ਤੇਰੇ ਮਿਲਣ ਦੀ ਆਸਾ, ਦੂਜੀ ਓਟ ਨਾ ਕੋਇ ਵਖਾਈਆ । ਦੀਨ ਦਿਆਲ ਦੇ ਭਰਵਾਸਾ, ਸ਼ਬਦੀ ਹੁਕਮ ਸੁਣਾਈਆ । ਪੁਰਖ ਅਕਾਲ ਕਿਹਾ ਸ਼ਾਬਾਸ਼ਾ, ਮਿਹਰ ਨਜ਼ਰ ਨਾਲ ਤਰਾਈਆ । ਤੈਨੂੰ ਵਖਾਵਾਂ ਖੇਲ ਤਮਾਸ਼ਾ, ਖ਼ਾਲਕ ਖ਼ਲਕ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਾਚਾ ਖ਼ਾਕਾ ਕਿਹੜਾ ਰੂਪ, ਪੁਰਖ ਅਕਾਲ ਦੇ ਜਣਾਈਆ । ਸ੍ਰੀ ਭਗਵਾਨ ਕਿਹਾ ਉਹ ਕਿਸੇ ਹੱਥ ਨਾ ਆਵੇ ਚਾਰੇ ਕੂਟ, ਦਹਿ ਦਿਸ਼ਾ ਵੇਖ ਨਾ ਕੋਇ ਪਾਈਆ । ਜਿਸ ਵੇਲੇ ਮਾਲਕ ਖ਼ਾਲਕ ਬਣ ਕੇ ਆਵਾਂ ਮਜ਼ਬੂਤ, ਸ਼ਬਦੀ ਸ਼ਬਦੀ ਧਾਰ ਪਰਗਟਾਈਆ । ਫੇਰ ਸੁਹਾਵਾਂ ਸਾਚੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਧਾਰ ਸ਼ਬਦੀ ਸੁਤ ਖੇਲ ਕਰਾ ਕੇ ਪੰਜ ਤਤ ਕਾਇਆ ਬੁਤ, ਤਤਵ ਤਤ ਦਿਆਂ ਵਡਿਆਈਆ । ਤੇਰੇ ਕੋਲੋਂ ਫੋਟੋ ਖਿਚਾ ਕੇ ਹੋਵਾਂ ਖ਼ੁਸ਼, ਖ਼ੁਸ਼ੀ ਤੇਰੀ ਗ਼ਮੀ ਵਿਚੋਂ ਬਦਲਾਈਆ । ਪਹਿਲੋਂ ਮਾਪਿਆਂ ਘਰ ਜਨਮਣਾ ਜਗਤ ਪੁਤ, ਫੇਰ ਸ਼ਬਦੀ ਸੁਤ ਲਵਾਂ ਪਰਗਟਾਈਆ । ਪਰਦਾ ਉਹਲਾ ਰਹੇ ਨਾ ਲੁਕ, ਨਕ਼ਾਬ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਮਾਣ ਵਡਿਆਈ ਦੇਵਾਂ ਏਕ, ਏਕਾ ਧਾਰ ਬੰਧਾਈਆ । ਸਚ ਪ੍ਰੀਤੀ ਰਖਣੀ ਟੇਕ, ਟਿੱਕਾ ਮਸਤਕ ਦਿਆਂ ਛੁਹਾਈਆ । ਧਰਮ ਸੁਤ ਬਣ ਕੇ ਨੇਕ, ਨੀਤੀ ਆਪਣੀ ਲੈਣੀ ਉਪਜਾਈਆ । ਬੁਧੀ ਰਹੇ ਸਦਾ ਬਿਬੇਕ, ਕੂੜੀ ਕਿਰਿਆ ਬਾਹਰ ਕਢਾਈਆ । ਮਾਲਕ ਹੋ ਕੇ ਨਰ ਨਰੇਸ਼, ਦੋ ਜਹਾਨਾਂ ਵੇਖ ਵਖਾਈਆ । ਤੇਰੇ ਪ੍ਰੇਮ ਦਾ ਲਹਿਣਾ ਦੇਣਾ ਦਿਆਂ ਵਿਸ਼ੇਸ਼, ਵਿਸ਼ਵ ਆਪਣਾ ਰੂਪ ਪਰਗਟਾਈਆ । ਪਹਿਲੋਂ ਲਿਖ ਕੇ ਧੁਰ ਦਾ ਲੇਖ, ਲੇਖਾ ਪਿਛਲਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਵਡਿਆਈ ਕਹੇ ਮੈਂ ਵੇਖਣਾ ਉਹ ਪਿਆਰਾ, ਜੋ ਪ੍ਰੇਮੀ ਪ੍ਰੀਤਮ ਨਜ਼ਰੀ ਆਈਆ । ਜਿਸ ਦਾ ਖੇਲ ਅਗੰਮ ਨਿਆਰਾ, ਨਿਰਾਕਾਰ ਰਿਹਾ ਕਰਾਈਆ । ਜਿਸ ਦਾ ਵਖਰਾ ਜਗਤ ਵਿਹਾਰਾ, ਵਿਵਹਾਰੀ ਰਿਹਾ ਸਮਝਾਈਆ । ਜਿਸ ਦਾ ਉਚ ਮਹਲ ਅਟਲ ਮੁਨਾਰਾ, ਸਚਖੰਡ ਬੈਠਾ ਸੋਭਾ ਪਾਈਆ । ਜੋ ਖੇਲੇ ਖੇਲ ਵਿਚ ਸੰਸਾਰਾ, ਸੰਸਾਰੀ ਹੋ ਕੇ ਖ਼ੁਸ਼ੀ ਮਨਾਈਆ । ਸੋ ਲੇਖਾ ਜਾਣੇ ਧੁਰ ਦਰਬਾਰਾ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਪਰਗਟਾਈਆ । ਲੇਖਾ ਕਹੇ ਮੈਂ ਪਿਛਲੀ ਕਰਨੀ ਤਸਦੀਕ਼, ਸ਼ਹਾਦਤ ਅਗੰਮੀ ਦਿਆਂ ਭੁਗਤਾਈਆ । ਤਿੰਨ ਅੱਸੂ ਦੀ ਔਣ ਵਾਲੀ ਤਰੀਕ, ਤਾਰੀਖ਼ ਸਾਰੀ ਦਿਆਂ ਬਦਲਾਈਆ । ਜਿਸ ਦੀ ਕਰਨ ਸਰਬ ਉਡੀਕ, ਵੇਖੇ ਲੋਕ ਖ਼ੁਦਾਈਆ । ਭਗਤਾਂ ਕਰਨਾ ਅੰਤਰ ਆਤਮ ਠਾਂਡਾ ਸੀਤ, ਸ੍ਰਿਸ਼ਟੀ ਅਗਨੀ ਤਤ ਜਲਾਈਆ । ਢੋਲਾ ਗਾ ਕੇ ਇਕੋ ਗੀਤ, ਗੋਬਿੰਦ ਸਹਿਜੇ ਲੈਣਾ ਮਨਾਈਆ । ਦੂਰ ਦੁਰਾਡਾ ਵਸਣਾ ਨਜ਼ਦੀਕ, ਅੰਦਰ ਬਾਹਰੋਂ ਪੰਧ ਚੁਕਾਈਆ । ਸਾਚੀ ਦੱਸ ਕੇ ਇਕ ਤੌਫ਼ੀਕ, ਤੋਫ਼ੇ ਘਰ ਘਰ ਦੇਣੇ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹੀਆ । ਤਿੰਨ ਅੱਸੂ ਕਹੇ ਮੈਂ ਕਰਨੀ ਇਕ ਅਰਦਾਸ, ਅਰਜ਼ ਦੇਣੀ ਸੁਣਾਈਆ । ਜਿਸ ਦਾ ਜੁਗ ਚੌਕੜੀ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

੧੦੭੮

ਗਿਆ ਹੰਢਾਈਆ । ਜਿਸ ਨੂੰ ਨਿਰਗੁਣ ਜੋਤ ਕਹਿੰਦੇ ਪਰਕਾਸ਼, ਸਚਖੰਡ ਨਿਵਾਸੀ ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜੋ ਆਦਿ ਜੁਗਾਦਿ ਨਿਤ ਨਵਿਤ ਗੁਰ ਅਵਤਾਰਾਂ ਪੈਗ਼ੰਬਰਾਂ ਪੂਰੀ ਕਰਦਾ ਆਸ, ਸ਼ਬਦ ਅਨਾਦੀ ਢੋਲੇ ਗੀਤ ਸੁਣਾਈਆ । ਜੋ ਲੱਖ ਚੁਰਾਸੀ ਘਟ ਘਟ ਅੰਦਰ ਸਦਾ ਵਿਸਮਾਦ, ਬਿਸਮਲ ਆਪਣੀ ਧਾਰ ਸਮਝਾਈਆ । ਜੋ ਬਿਨ ਨੇਤਰ ਲੋਚਣ ਨੈਣ ਆਲਸ ਨਿੰਦਰਾ ਰਿਹਾ ਜਾਗ, ਧੁਰ ਸੰਦੇਸ਼ੇ ਸ਼ਬਦ ਮਨਾਈਆ । ਜੋ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਬਦਲ ਦੇਵੇ ਰਿਵਾਜ, ਰਹਿਬਰ ਬਣ ਕੇ ਵੇਸ ਵਟਾਈਆ । ਜਿਸ ਦਾ ਲੈਂਦੇ ਰਹੇ ਭਵਿਖਤਾਂ ਵਿਚ ਖ਼ਵਾਬ, ਸੋ ਖ਼ਾਲਸ ਹੋ ਕੇ ਫੇਰੀ ਪਾਈਆ । ਜਿਸ ਨੂੰ ਕਰਦੇ ਰਹੇ ਅਦਾਬ, ਸਜਦਿਆਂ ਵਿਚ ਸੀਸ ਝੁਕਾਈਆ । ਉਹ ਸਭ ਨੂੰ ਦੇਣ ਆਇਆ ਸੁਗ਼ਾਤ, ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਬੈਠੇ ਧਿਆਨ ਲਗਾਈਆ । ਦੂਸਰ ਹੋਣ ਨਾ ਦੇਵੇ ਕਿਸੇ ਮੁਹਤਾਜ, ਲੋੜੀਂਦਾ ਸਾਜਣ ਦਇਆ ਕਮਾਈਆ । ਵੇਖੇ ਖੇਲ ਆਪ ਤਮਾਸ਼, ਭੇਵ ਅਭੇਦਾ ਪਰਦਾ ਦਏ ਉਠਾਈਆ । ਇੱਕੀਆਂ ਲੈ ਕੇ ਇਕ ਜਮਾਤ, ਜ਼ਾਮਨ ਹੋ ਕੇ ਖ਼ੁਸ਼ੀ ਮਨਾਈਆ । ਨੌ ਦਰ ਖੋਲ੍ਹ ਕੇ ਤਾਕ, ਪਰਦਾ ਦੂਈ ਦਏ ਉਠਾਈਆ । ਤਿੰਨ ਅੱਸੂ ਦੀ ਅਖ਼ੀਰੀ ਕਹੇ ਰਾਤ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਬਣਾਈਆ । ਤਿੰਨ ਅੱਸੂ ਦੀ ਰਾਤ ਕਹੇ ਮੇਰੀ ਬਿਨਾ ਸ਼ਮਅ ਤੋਂ ਖਿਚ ਲਈ ਤਸਵੀਰ, ਸ਼ਮਅ ਆਪਣੀ ਆਪ ਜਣਾਈਆ । ਇਹ ਸਦਾ ਵਾਸਤੇ ਭਗਤਾਂ ਦੀ ਬਣ ਜਾਏ ਜਾਗੀਰ, ਉਜੜੇ ਖੇੜੇ ਦਏ ਵਸਾਈਆ । ਫੇਰ ਲਭਣਾ ਪਏ ਨਾ ਕੋਇ ਪੀਰ, ਘਰ ਬੈਠਿਆਂ ਦੀਆਂ ਆਸਾ ਪੂਰੀਆਂ ਕਰ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਅੰਦਰੋਂ ਬਦਲ ਦੇਵੇ ਜ਼ਮੀਰ, ਜ਼ਾਮਨ ਹੋ ਕੇ ਲਏ ਤਰਾਈਆ ।



ਤਿੰਨ ਅੱਸੂ ਕਹੇ ਜਿਸ ਵੇਲੇ ਭਗਤ ਭਗਵੰਤ ਨਿਰਗੁਣ ਸਰਗੁਣ ਫੋਟੋ ਲਈ ਖਿੱਚ, ਖਿੱਚ ਅੰਦਰੇ ਦੇਵਾਂ ਪਾਈਆ । ਉਨ੍ਹਾਂ ਦੇ ਵੜ ਜਾਵਾਂ ਵਿਚ, ਜਿਨ੍ਹਾਂ ਦੇ ਵਿਚ ਬੈਠਾ ਬੇਪਰਵਾਹੀਆ । ਫੇਰ ਲਭਣਾ ਕਿਸੇ ਕਿਸ, ਕ਼ਿਸਮਤ ਗਿਆ ਬਦਲਾਈਆ । ਸਭ ਨੂੰ ਨਜ਼ਰੀ ਆ ਜਾਏ ਏਕੰਕਾਰ ਇਕ, ਝਗੜਾ ਚੁਕੇ ਲੋਕਾਈਆ । ਜੋ ਆਦਿ ਜੁਗਾਦੀ ਪਤਿਪਰਮੇਸ਼ਵਰ ਪਿਤ, ਪਾਰਬ੍ਰਹਮ ਨੂਰ ਖ਼ੁਦਾਈਆ । ਗੋਬਿੰਦ ਧਾਰ ਪਏ ਦਿਸ, ਪਾਸਾ ਸਭ ਦਾ ਦਏ ਉਲਟਾਈਆ । ਜਨ ਭਗਤਾਂ ਜਗਤ ਜਹਾਨ ਸਦਾ ਰਹੇ ਜਿੱਤ, ਜੀਵਣ ਜਨਮ ਆਪਣੇ ਲੇਖੇ ਲਏ ਲਗਾਈਆ । ਸਭ ਦੇ ਘਰ ਵਿਚ ਤਸਵੀਰ ਹੋਵੇ ਇਕ, ਇਕ ਇਕ ਨਾਲ ਇਕ ਮਿਲ ਕੇ ਇਕੋ ਰੂਪ ਸਮਾਈਆ । ਧਾਰ ਨਜ਼ਰੀ ਆਵੇ ਗੁਰੂ ਸਿਖ, ਸਿਖ ਗੁਰੂ ਗੁਰੂ ਗੋਬਿੰਦ ਮੇਲਾ ਮੇਲੇ ਸਹਿਜ ਸੁਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਆਪੇ ਕਾਰਜ ਲਏ ਨਜਿਠ, ਭਗਤ ਸੁਹੇਲਿਆਂ ਸੂਫ਼ੀ ਸੰਤ ਫ਼ਕੀਰਾਂ ਕਦੀ ਨਾ ਦੇਵੇ ਪਿਠ, ਕਰਵਟ ਆਪਣੀ ਲਏ ਬਦਲਾਈਆ । ਜੋ ਪ੍ਰੇਮ ਪਿਆਰ ਅੰਦਰ ਗਏ ਵਿਕ, ਉਹਨਾਂ ਦੀ ਜਨਮ ਕਰਮ ਦੀ ਕ਼ੀਮਤ ਦਏ ਚੁਕਾਈਆ । ਜੋ ਲੇਖਾ ਬਿਨ ਅੱਖਰਾਂ ਦਿਤਾ ਲਿਖ, ਨਿਰਅੱਖਰ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਪ੍ਰੇਮ ਪਿਆਰ ਅੰਦਰ ਰਹਿਣ ਨਾ ਦੇਵੇ ਕੋਈ ਵਿਥ, ਵਿਤਕਰਾ ਦੂਈ ਨਾ ਕੋਇ ਜਣਾਈਆ ।

## ❊ ੩, ੪ ਅੱਸੂ ਦੀ ਰਾਤ ਸਾਢੇ ਬਾਰਾਂ ਵਜੇ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਗੋਦਾਵਰੀ ਕਹੇ ਤਿੰਨ ਚਾਰ ਅੱਸੂ ਦੀ ਰਾਤ ਆ ਗਈ ਸਚ, ਸਮੁੰਦ ਸਾਗਰ ਧਾਰ ਖ਼ੁਸ਼ੀ ਮਨਾਈਆ । ਮੈਂ ਪਲਟ ਕੇ ਵੇਖਾਂ ਆਪਣੀ ਅੱਖ, ਭਗਤ ਸੁਹੇਲੇ ਪਰਤੱਖ ਨਜ਼ਰੀ ਆਈਆ । ਝੋਲੀ ਡਾਹ ਕੇ ਮੰਗਾਂ ਆਪਣਾ ਹਕ, ਬੇਨੰਤੀ ਸਚ ਸੁਣਾਈਆ । ਆਪਣੀ ਚਰਨ ਧੂੜੀ ਮੇਰੇ ਅੰਦਰ ਦਿਉ ਰਖ, ਜਲਧਾਰਾ ਵਿਚ ਸਮਾਈਆ । ਮੈਂ ਆਪਣਾ ਰੂਪ ਕਰ ਕੇ ਵਖ, ਭੱਜਾਂ ਵਾਹੋ ਦਾਹੀਆ । ਦਰਸ਼ਨ ਕਰਾਂ ਪੁਰਖ ਸਮਰਥ, ਜਿਸ ਦਾ ਖੇਲ ਬੇਪਰਵਾਹੀਆ । ਜੋ ਗੋਬਿੰਦ ਗਿਆ ਦੱਸ, ਸੋ ਵੇਲਾ ਗਿਆ ਆਈਆ । ਅਗੇ ਨਾਤਾ ਹੋਵੇ ਪਕ, ਕੂੜ ਕੁੜਿਆਰ ਨਾ ਕੋਇ ਵਖਾਈਆ । ਚਰਨ ਦਵਾਰੇ ਜਾਵਾਂ ਵਸ, ਘਰ ਸਾਚੇ ਖ਼ੁਸ਼ੀ ਮਨਾਈਆ । ਪ੍ਰੇਮੀਆਂ ਨਾਲ ਮਿਲ ਕੇ ਲਵਾਂ ਹਸ, ਜੋ ਸਚ ਪਿਆਰ ਅੰਦਰ ਆਪਣੀ ਹਸਤੀ ਗਏ ਮਿਟਾਈਆ । ਸਾਚਾ ਮਾਣਾ ਅਗੰਮੀ ਰਸ, ਜੋ ਰਸਤਾ ਧੁਰ ਦਾ ਦਏ ਵਖਾਈਆ । ਵੇਲਾ ਫੇਰ ਨਹੀਂ ਮਿਲਣਾ ਵਤ, ਵਤਨ ਆਪਣਾ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੋਦਾਵਰੀ ਕਹੇ ਜਨ ਭਗਤੋ ਤੁਹਾਡੀ ਲੈ ਕੇ ਚਰਨ ਧੂੜ, ਧੂੜ ਜਗਤ ਦਿਆਂ ਵਡਿਆਈਆ । ਦ੍ਰਿਸ਼ਟੀ ਸਭ ਦੀ ਹੋਵੇ ਮੂੜ੍ਹ, ਇਸ਼ਟੀ ਇਸ਼ਟ ਦਿਆਂ ਦ੍ਰਿੜਾਈਆ । ਇਕੋ ਮਾਲਕ ਦੱਸ ਕੇ ਹਾਜ਼ਰ ਹਜ਼ੂਰ, ਸੁਨੇਹੜੇ ਧੁਰ ਦੇ ਦਿਆਂ ਸੁਣਾਈਆ । ਤੁਹਾਡੇ ਨਾਲ ਰਹਿਣਾ ਮੈਨੂੰ ਸਦਾ ਮਨਜ਼ੂਰ, ਪਿਛਲਾ ਵਿਛੋੜਾ ਦਿਤਾ ਮੁਕਾਈਆ । ਜਗਤ ਵਾਸਨਾ ਕਰਨਾ ਨਹੀਂ ਕੋਈ ਕ਼ਸੂਰ, ਕ਼ਸਮ ਖਾ ਕੇ ਸੀਸ ਨਿਵਾਈਆ । ਪੁਰਖ ਅਕਾਲ ਮੰਨਣਾ ਸਚ ਦਸਤੂਰ, ਦੂਸਰ ਅਵਰ ਨਾ ਕੋਇ ਵਡਿਆਈਆ । ਜਿਸ ਦਾ ਨਾਮ ਆਪਣੇ ਹੁਕਮ ਅੰਦਰ ਹੋਣਾ ਮਸ਼ਹੂਰ, ਮਸ਼ਵਰਾ ਜਗਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਰਿਹਾ ਵਖਾਈਆ । ਗੋਦਾਵਰੀ ਸਚ ਦੱਸ ਤੇਰੇ ਸੱਦੇ ਗਏ ਆ, ਆਪਣਾ ਪੰਧ ਮੁਕਾਈਆ । ਉਠ ਸਵਾਣੀ ਇਸ਼ਾਰੇ ਨਾਲ ਵਖਾ, ਵਖ ਵਖ ਗਣਾਈਆ । ਜਿਸ ਵਿਚ ਭੁਲ ਰਹੇ ਨਾ ਰਾ, ਅਭੁਲ ਦਏ ਵਡਿਆਈਆ । ਗੋਦਾਵਰੀ ਬੈਠੀ ਸੀਸ ਝੁਕਾ, ਨੇਤਰ ਨੈਣਾਂ ਨੀਰ ਵਹਾਈਆ । ਆਪਣੀ ਆਰਜ਼ੂ ਰਹੀ ਸੁਣਾ, ਖ਼ਾਹਿਸ਼ ਰਹੀ ਵਖਾਈਆ । ਗੋਬਿੰਦ ਮੇਰੇ ਉਤੇ ਤਲੀ ਚਰਨ ਉਹ ਛੁਹਾ, ਜਿਸ ਦੀ ਸ਼ਹਿਨਸ਼ਾਹ ਸ਼ਹਾਦਤ ਆਪ ਭੁਗਤਾਈਆ । ਇਹ ਸਭ ਕੁਛ ਦਿਆਂ ਸੁਣਾ, ਬਿਨ ਰਸਨਾ ਜਿਹਵਾ ਗਾਈਆ । ਮੈਨੂੰ ਖ਼ੁਸ਼ੀ ਹੋਈ ਵੇਖ ਕੇ ਰੱਬੀ ਨੂਰ ਖ਼ੁਦਾ, ਮੈਂ ਖ਼ਾਦਮ ਅਜ਼ੀਜ਼ ਇਕ ਅਖਵਾਈਆ । ਤੇਰੇ ਸ਼ਬਦ ਸੁਨੇਹੜੇ ਜਿਨ੍ਹਾਂ ਦਿੱਤੇ ਪਹੁੰਚਾ, ਸੋ ਬੈਠੇ ਡੇਰੇ ਲਾਈਆ । ਵਿਸ਼ਨੂੰ ਆਇਆ ਲਛਮੀ ਨੂੰ ਉਂਗਲੀ ਲਾ, ਲੱਛਣ ਆਪਣੇ ਰਿਹਾ ਜਣਾਈਆ । ਬ੍ਰਹਮਾ ਸੁਰਸਤੀ ਦੀ ਫੜ ਕੇ ਬਾਂਹ, ਨੈਣਾਂ ਨੀਰ ਵਹਾਈਆ । ਸ਼ੰਕਰ ਪਾਰਬਤੀ ਧੂੜੀ ਟਿੱਕੇ ਮਸਤਕ ਰਹੇ ਲਗਾ, ਤਨ ਭਬੂਤ ਖ਼ਾਕ ਰਮਾਈਆ । ਤੇਈ ਅਵਤਾਰ ਤੂੰ ਹੀ ਤੂੰ ਹੀ ਰਹੇ ਗਾ, ਦੂਜਾ ਰਾਗ ਨਾ ਕੋਇ ਅਲਾਈਆ । ਈਸਾ ਮੂਸਾ ਮੁਹੰਮਦ ਮੰਨ ਤੇਰੀ ਰਜ਼ਾ, ਦਰੇ ਦਰਬਾਰ ਬੈਠੇ ਸੀਸ ਝੁਕਾਈਆ । ਗੁਰ ਦਸ ਤੇਰਾ ਢੋਲਾ ਰਹੇ ਗਾ, ਪੁਰਖ ਅਕਾਲ ਤੇਰੀ ਬੇਪਰਵਾਹੀਆ । ਭਗਤ ਸੁਹੇਲੇ ਮਜਲਸ ਰਹੇ ਵਖਾ, ਮੌਜੂਦਾ ਹੋ ਕੇ ਸੋਭਾ ਪਾਈਆ । ਮੇਰੀ ਜਲ ਧਾਰ ਆਪਣਾ ਰੂਪ ਬੈਠੀ ਬਦਲਾ, ਸੁਘੜ ਸਵਾਣੀ ਸੁਚੱਜੀ ਨਜ਼ਰੀ ਆਈਆ । ਦਰਸ਼ਨ ਤੱਕਾਂ ਆਸਾ ਭਰਿਆ ਚਾ, ਨਿਰਾਸਾ ਰੂਪ ਨਜ਼ਰ ਕੋਇ ਨਾ ਆਈਆ । ਦੋਏ ਜੋੜ ਕਰ ਬੇਨੰਤੀ ਮੰਗਾਂ ਇਕ ਦੁਆ, ਦੋ

ਜਹਾਨਾਂ ਵਾਲੀ ਤੇਰੇ ਅਗੇ ਝੋਲੀ ਡਾਹੀਆ । ਪੌਣ ਠੰਡੀ ਆਵੇ ਹਵਾ, ਦੋ ਦੋ ਧਾਰ ਨਜ਼ਰੀ ਆਈਆ । ਜੁਗ ਚੌਕੜੀ ਦੇ ਜਗਤ ਜੁਗਤ ਗਵਾਹ, ਸ਼ਾਹ ਪਾਤਸ਼ਾਹ ਤੇਰੀ ਬੇਪਰਵਾਹੀਆ । ਮੈਨੂੰ ਕੁਛ ਗੋਬਿੰਦ ਗਿਆ ਸਮਝਾ, ਰਮਜ਼ ਅਗੰਮੀ ਇਕ ਲਗਾ, ਸ਼ਬਦੀ ਸ਼ਬਦ ਭੇਵ ਖੁਲ੍ਹਾਈਆ । ਸਾਚੀ ਥਿਤ ਗਿਆ ਦਰਸਾ, ਤਿੰਨ ਚਾਰ ਅੱਸੂ ਦੀ ਰਾਤ ਲੈਣਾ ਲਾਹ, ਲਾਭ ਇਕੋ ਗਿਆ ਸਮਝਾਈਆ । ਸੋ ਵੇਲਾ ਵਕਤ ਸੁਹੰਜਣਾ ਸਵਾਮੀ ਗਿਆ ਆ, ਆਬਰੂ ਮੇਰੀ ਦੇ ਬਣਾਈਆ । ਤੇਰਾ ਸ਼ਹਿਨਸ਼ਾਹੀ ਸੰਮਤ ਹੋਇਆ ਰਵਾਂ, ਰਵਾਂ ਕਰ ਸਰਬ ਲੋਕਾਈਆ । ਮੈਂ ਇਕੋ ਵਾਰ ਸਭ ਨੂੰ ਕਹਾਂ, ਕਹਿ ਕੇ ਦਿਆਂ ਸੁਣਾਈਆ । ਬਿਨਾ ਪੁਰਖ ਅਕਾਲ ਦੂਜਾ ਲੈਣਾ ਨਹੀਂ ਕਿਸੇ ਦਮਾ, ਬਿਨਾ ਦਮਾਂ ਤੋਂ ਦਾਮਨ ਹੱਥ ਨਾ ਕੋਇ ਫੜਾਈਆ । ਕੂੜੀ ਕਿਰਿਆ ਸਭ ਨੇ ਤਜਣੀ ਤਮਅ, ਤਾਮਸ ਦੇਣੀ ਮਿਟਾਈਆ । ਬਿਨਾ ਸ੍ਰੀ ਭਗਵਾਨ ਦੂਜਾ ਇਸ਼ਟ ਮੰਨਣਾ ਹੋ ਜਾਏ ਮਨ੍ਹਾ, ਮਾਣਸ ਮਨੁਖ ਦਿਆਂ ਸਮਝਾਈਆ । ਜਿਸ ਦਾ ਪਰਕਾਸ਼ ਕੋਟਨ ਕੋਟ ਤਨਾਂ, ਘਰ ਘਰ ਰਿਹਾ ਸਮਾਈਆ । ਸੋ ਮਾਲਕ ਖ਼ਾਲਕ ਇਕੋ ਸਭ ਦਾ ਬਣਾ, ਬਨ ਖੰਡ ਹੋਏ ਆਪ ਸਹਾਈਆ । ਜਿਸ ਨੇ ਲੱਖ ਚੁਰਾਸੀ ਜੀਵ ਜੰਤ ਜਣਾਂ, ਆਦਿ ਜੁਗਾਦਿ ਬਣੇ ਜਣੇਂਦੀ ਮਾਈਆ । ਉਸ ਰਹਿਣ ਨਹੀਂ ਦੇਣਾ ਕੋਈ ਹਮਾ ਤੁਮਾ, ਹਿੱਸਿਆਂ ਵਿਚ ਨਾ ਕੋਇ ਵੰਡਾਈਆ । ਜਿਸ ਨੇ ਗਗਨ ਰਹਾਇਆ ਬਿਨ ਥਮ੍ਹਾਂ, ਜ਼ਿਮੀਂ ਅਸਮਾਨ ਹੋਏ ਸਹਾਈਆ । ਸੋ ਖੇਲ ਕਰਨ ਆਇਆ ਨਵਾਂ, ਨਵਾਂ ਰੰਗ ਦਏ ਵਖਾਈਆ । ਜਿਸ ਦਾ ਵੇਲਾ ਵਕਤ ਨਹੀਂ ਲੰਮਾਂ, ਨਵ ਨੌ ਚਾਰ ਬੈਠਾ ਪੰਧ ਮੁਕਾਈਆ । ਉਹ ਬਦਲਣਹਾਰਾ ਸਮਾਂ, ਸਮਝ ਵਿਚੋਂ ਸਮਝ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਹੁਕਮ ਸੰਦੇਸ਼ਾ ਇਕ ਸੁਣਾਈਆ । ਗੋਦਾਵਰੀ ਕੀ ਤੇਰੇ ਆ ਗਏ ਪਿਛਲੇ ਸਾਥੀ, ਵੇਖ ਕੇ ਦੇ ਸੁਣਾਈਆ । ਗੋਦਾਵਰੀ ਕਹੇ ਤੂੰ ਪ੍ਰਭ ਪੁਰਖ ਅਬਿਨਾਸ਼ੀ, ਬੇਪਰਵਾਹ ਆਦਿ ਜੁਗਾਦਿ ਨਜ਼ਰੀ ਆਈਆ । ਸਾਰੇ ਮੰਨ ਕੇ ਸ਼ਬਦ ਅਗੰਮੀ ਆਖੀ, ਆਖ਼ਰ ਬੈਠੇ ਡੇਰੇ ਲਾਈਆ । ਸੇਵਕ ਸੇਵਕ ਬਣਕੇ ਦਾਸੀ, ਸੀਸ ਜਗਦੀਸ ਰਹੇ ਝੁਕਾਈਆ । ਤੇਰੇ ਉਤੇ ਸਾਰੇ ਬਣ ਵਿਸ਼ਵਾਸੀ, ਵਿਸ਼ਵ ਤੇਰਾ ਰੂਪ ਵੇਖ ਵਖਾਈਆ । ਪੂਰਬ ਪਿਛਲੀ ਦੱਸ ਸਾਖੀ, ਸਾਖ਼ਿਆਤ ਦੇ ਸਮਝਾਈਆ । ਤੂੰ ਗਹਿਰ ਗੰਭੀਰ ਦਾਤਾ ਦੇਵਣਹਾਰਾ ਦਾਤੀ, ਦਇਆਵਾਨ ਵੱਡੀ ਵਡਿਆਈਆ । ਤੇਰਾ ਖੇਲ ਬਹੁ ਬਿਧ ਭਾਂਤੀ, ਗੋਬਿੰਦ ਤੇਰਾ ਹੁਕਮ ਰਿਹਾ ਸਮਝਾਈਆ । ਗੌਤਮ ਬੈਠਾ ਅੰਤਰ ਅੰਤਰ ਮਾਰੇ ਝਾਕੀ, ਸਿਰ ਉਪਰ ਨਾ ਸਕੇ ਉਠਾਈਆ । ਮਾਧੋ ਬੈਰਾਗੀ ਜੋ ਬੰਦਾ ਖ਼ਾਕੀ, ਬੰਦਗੀ ਵਾਲਾ ਦਿਤਾ ਭੁਲਾਈਆ । ਨੀਲਾ ਤੇਰਾ ਸੁਹੰਜਣਾ ਰਾਕੀ, ਰਾਕਬ ਹੋ ਕੇ ਫੇਰਾ ਪਾਈਆ । ਦਿਲਬਾਗ਼ ਲੌਹਣ ਆਇਆ ਆਪਣੀ ਉਦਾਸੀ, ਚੌਥਾ ਸੁੰਬ ਰਿਹਾ ਹਿਲਾਈਆ । ਬਾਜ਼ ਮਾਰ ਕੇ ਆਪਣੀ ਬਾਜ਼ੀ, ਬਾਜ਼ਾਂ ਵਾਲਿਆ ਤੇਰਾ ਦਰਸ਼ਨ ਪਾਈਆ । ਗੋਦਾਵਰੀ ਕਹੇ ਮੈਂ ਸਭ ਨੂੰ ਤੇਰੇ ਹੁਕਮ ਦੀ ਭੇਜੀ ਭਾਜੀ, ਧੁਰ ਸੰਦੇਸ਼ਾ ਪਿਛਲਾ ਦਿਤਾ ਸੁਣਾਈਆ । ਸਾਰੇ ਦਵਾਰੇ ਆ ਗਏ ਖ਼ੁਸ਼ੀਆਂ ਨਾਲ ਰਾਜ਼ੀ, ਰਜ਼ਾ ਤੇਰੀ ਵਿਚ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦੇ ਮੁਕਾਈਆ । ਗੋਦਾਵਰੀ ਕਹੇ ਜਨ ਭਗਤ ਆ ਗਏ ਇੱਕੀ, ਜਿਨ੍ਹਾਂ ਦਾ ਲੇਖਾ ਅਕਲ ਕਲ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇ ਵਿਛੜੇ ਸਾਥੀ, ਸਹਿਜੇ ਲਏ ਮਿਲਾਈਆ । ਜਿਨ੍ਹਾਂ ਗੋਬਿੰਦ ਦੀ ਮੰਨੀ ਨਹੀਂ ਸੀ ਆਖੀ, ਉਹ ਵੀ ਰਿਹਾ ਤਰਾਈਆ । ਤਿੰਨ ਚਾਰ ਅੱਸੂ ਦੀ ਸੁਹਾ ਕੇ ਰਾਤੀ, ਰਤਨ ਅਮੋਲਕ ਹੀਰੇ ਗੁਰਮੁਖ ਰਿਹਾ ਬਣਾਈਆ । ਜੁਗ ਚੌਕੜੀ ਮੈਂ ਤੇਰੇ

੧੦੮੨

ਸੁਨੇਹੜੇ ਸੁਣਦੀ ਰਹੀ ਪਾਤੀ, ਗੁਰ ਅਵਤਾਰ ਪੀਰ ਪੈਗ਼ੰਬਰ ਪਤਰਕਾ ਤੇਰੀ ਜਗਤ ਗਏ ਸੁਣਾਈਆ । ਪ੍ਰਭੂ ਤੇਰਾ ਦਰਸ ਸਨਮੁਖ ਨਾ ਪਾਇਆ ਕਮਲਾਪਾਤੀ, ਕਵਲ ਨੈਣ ਵੇਖ ਨਾ ਖ਼ੁਸ਼ੀ ਮਨਾਈਆ । ਮੈਂ ਸਭ ਦੇ ਸਾਹਮਣੇ ਦੱਸਾਂ ਤੇਰੀ ਸਾਖੀ, ਜੋ ਗੋਬਿੰਦ ਤੇਰੇ ਨਾਲ ਮਿਲ ਕੇ ਮੈਨੂੰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਤੇਰੇ ਨਾਲ ਪਬ ਰਿਹਾ ਛੋਹ, ਪਬਲਕ ਦੇ ਜਣਾਈਆ । ਕੂੜਾ ਜਗਤ ਨਹੀਂ ਰਹਿਣਾ ਮੋਹ, ਮੁਹੱਬਤ ਇਕੋ ਬੇਪਰਵਾਹੀਆ । ਪੁਰਖ ਅਕਾਲ ਸਭ ਦੇ ਕੋਲੋਂ ਸਭ ਕੁਛ ਲੈਣਾ ਖੋਹ, ਖੋਹਾ ਖੋਹ ਹੋਵੇ ਲੋਕਾਈਆ । ਜਗਤ ਸਾਧਾਂ ਦਾ ਰਹਿਣ ਨਹੀਂ ਦੇਣਾ ਗਰੋਹ, ਗ਼ਰਕ ਦੇਣੇ ਕਰਾਈਆ । ਪ੍ਰੇਮੀਆਂ ਨਾਲ ਕਰਨਾ ਨਹੀਂ ਧਰੋਹ, ਧੁਰ ਦੇ ਵਿਛੜੇ ਲੈਣੇ ਮਿਲਾਈਆ । ਮੈਂ ਸਚ ਦੱਸਾਂ ਜਨ ਭਗਤੋ ਪ੍ਰਭ ਦੇ ਚਰਨ ਦਵਾਰ ਮੈਂ ਆ ਗਈ ਛੱਬੀ ਪੋਹ, ਵਦੀ ਸੁਦੀ ਹੋਰ ਨਾ ਕੋਇ ਰਖਾਈਆ । ਸਤਾਈ ਨੂੰ ਤੁਹਾਡੇ ਜੋਗੀ ਗਈ ਹੋ, ਹੋਕਾ ਦੇ ਕੇ ਰਹੀ ਗਾਈਆ । ਮੈਨੂੰ ਬਾਹਰ ਲਭਿਓ ਨਾ ਕੋ, ਜੰਗਲਾਂ ਬੇਲੇ ਇੱਟਾਂ ਪੱਥਰਾਂ ਵਿਚੋਂ ਹੱਥ ਕਿਸੇ ਨਾ ਆਈਆ । ਜਿਸ ਨੇ ਦੋ ਜਹਾਨ ਚਰਨ ਠੋਕਰ ਨਾਲ ਲਏ ਜੋਹ, ਜੁਗਤੀ ਆਪਣੇ ਹੱਥ ਰਖਾਈਆ । ਜਿਸ ਦੇ ਵਿਛੋੜੇ ਅੰਦਰ ਬ੍ਰਹਿਮੰਡ ਖੰਡ ਸਾਰੇ ਰਹੇ ਰੋ, ਰੋਂਦੀ ਵੇਖੋ ਲੋਕਾਈਆ । ਜਿਸ ਨੇ ਆਪਣੇ ਬੱਚੇ ਗੁਰਮੁਖ ਨਹੀਂ ਸਕਣੇ ਲੁਕੋ, ਲੁਕਮਾ ਕਰੇ ਖ਼ੁਦਾਈਆ । ਸਾਚਾ ਹੁਕਮ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਸਰਬ ਸੁਣੋ, ਸੁਨੇਹੜੇ ਵਿਚ ਜਣਾਈਆ । ਸਭ ਦਾ ਮਾਲਕ ਆਪਣਿਆਂ ਨੈਣਾਂ ਨਾਲ ਇਕ ਚੁਣੋ, ਜੋ ਨੈਣਾਂ ਤੋਂ ਪਿਛੇ ਬੈਠਾ ਡੇਰਾ ਲਾਈਆ । ਉਂਗਲੀਆਂ ਪੋਟਿਆਂ ਉਤੇ ਆਪਣੇ ਜੁਗ ਗਿਣੋ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਦੇ ਹਿਸਾਬ ਦਿਆਂ ਵਖਾਈਆ । ਗਿਣਤੀ ਵਿਚ ਕਦੇ ਨਾ ਭੁੱਲੋ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸਮਝਾਈਆ । ਗੋਦਾਵਰੀ ਕਹੇ ਇਹ ਆ ਗਿਆ ਵਾਲਾ ਗੋਦੀ, ਗੁਰੂਆਂ ਦਾ ਸਤਿਗੁਰ ਨਜ਼ਰੀ ਆਈਆ । ਜਿਸ ਨੇ ਕੋਈ ਰਹਿਣ ਨਹੀਂ ਦੇਣੀ ਸੁੰਨਤ ਬੋਦੀ, ਟਿੱਕੇ ਪਿਛਲੇ ਦੇਣੇ ਮਿਟਾਈਆ । ਮਾਲਕ ਬਣ ਕੇ ਧੁਰ ਦਾ ਚੋਜੀ, ਚੋਜ ਆਪਣੇ ਦਏ ਵਖਾਈਆ । ਜਿਸ ਦਾ ਇਕੋ ਖ਼ਾਨਾ ਖ਼ਾਲਸ ਮੋਦੀ, ਮੁੱਦਤਾਂ ਤੋਂ ਰਿਹਾ ਚਲਾਈਆ । ਓਸ ਨੇ ਸ੍ਰਿਸ਼ਟੀ ਦੀ ਕ਼ੀਮਤ ਨਹੀਂ ਪੌਣੀ ਇਕ ਕੌਡੀ, ਖ਼ਾਕੀ ਖ਼ਾਕ ਦਏ ਮਿਲਾਈਆ । ਜਿਸ ਦੇ ਹੁਕਮ ਨਾਲ ਮੈਂ ਬ੍ਰਹਿਮੰਡਾਂ ਖੰਡਾਂ ਵਿਚ ਪਿਟ ਦੇਣੀ ਡੌਂਡੀ, ਧੁਰ ਦਾ ਹੁਕਮ ਇਕ ਸੁਣਾਈਆ । ਦਿਨੋ ਦਿਨ ਸ੍ਰਿਸ਼ਟੀ ਵੇਖਣੀ ਰੋਂਦੀ, ਰੁੱਸਿਆਂ ਨਾ ਕੋਇ ਮਨਾਈਆ । ਗੁਰਮੁਖਾਂ ਦੀ ਆਤਮ ਇਕੋ ਢੋਲਾ ਗੌਂਦੀ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧਿਆਈਆ । ਗੁਰਮੁਖ ਸਿੰਘ ਪੰਜ ਨਾਮ ਦੇ ਦੇ ਜਿਹੜੇ ਤੇਰੀ ਕ਼ਲਮ ਲਿਖ ਕੇ ਖ਼ੁਸ਼ੀ ਮਨੌਂਦੀ, ਪੰਜਾਂ ਦੇ ਉਤੇ ਪੰਜਾ ਦੇਵਾਂ ਲਾਈਆ । ਜਨ ਭਗਤੋ ਖ਼ੁਸ਼ੀ ਵੇਖਿਓ ਮਨ ਭੌਂਦੀ, ਭਵਜਲ ਵਿਚੋਂ ਪਾਰ ਦਿਆਂ ਕਰਾਈਆ । ਕ਼ੀਮਤ ਪੈ ਜਾਏ ਉਸ ਥਾਉਂ ਦੀ, ਜਿਸ ਤੇ ਬੈਠੇ ਸੋਭਾ ਪਾਈਆ । ਵਡਿਆਈ ਮਿਲ ਜਾਏ ਮੇਰੇ ਨਾਉਂ ਦੀ, ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਅਵਤਾਰ ਪੈਗ਼ੰਬਰ ਗਏ ਗਾਈਆ । ਮਿਹਰ ਹੋ ਜਾਏ ਸਚੀ ਛਾਉਂ ਦੀ, ਅਗਨੀ ਅੱਗ ਨਾ ਕੋਇ ਜਲਾਈਆ । ਗੋਦਾਵਰੀ ਕਹੇ ਮੈਂ ਇਸੇ ਨੂੰ ਧਿਔਂਦੀ, ਧਿਆਨ ਧਿਆਨ ਵਿਚ ਰਖਾਈਆ । ਇਸੇ ਦੇ ਢੋਲੇ ਗੌਂਦੀ, ਗਾ ਗਾ ਖ਼ੁਸ਼ੀ ਮਨਾਈਆ । ਜਨ ਭਗਤੋ ਵੇਖੋ ਸ੍ਰਿਸ਼ਟੀ ਸਰਬ ਸਵੌਂਦੀ, ਤੁਹਾਨੂੰ ਰਹੀ ਉਠਾਈਆ । ਤੁਹਾਨੂੰ ਇਹਦੇ ਅੰਮ੍ਰਿਤ ਧਾਰ ਨਾਲ ਨੁਹੌਂਦੀ, ਸਤਿ ਸਤਿ ਵਰਤਾਈਆ । ਦੁਨੀਆ ਕਾਇਨਾਤ

ਬੁਧੀ ਹੋਈ ਕਾਉਂ ਦੀ, ਹੰਸ ਰੂਪ ਨਾ ਕੋਇ ਵਟਾਈਆ । ਤੁਹਾਨੂੰ ਲੋੜ ਰਹੇ ਨਾ ਕਿਸੇ ਪਿਤਾ ਮਾਉਂ ਦੀ, ਪੁਰਖ ਅਕਾਲ ਮਿਲਿਆ ਬੇਪਰਵਾਹੀਆ । ਇਹ ਵੀ ਕੋਈ ਗ਼ਰਜ਼ ਸ੍ਰੀ ਭਗਵਾਨ ਨੂੰ ਆਪਣੇ ਗਉਂ ਦੀ, ਜੋ ਗਾਉਂ ਗਾਉਂ ਵਿਚੋਂ ਇਕੱਠੇ ਰਿਹਾ ਕਰਾਈਆ । ਫੇਰ ਵੀ ਸੋ ਕਰੇ ਜੋ ਆਪਣੇ ਆਪ ਭਾਉਂਦੀ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਇਹਦੀ ਖੇਲ ਕੁਦਰਤ ਵਾਲੇ ਨਿਆਉਂ ਦੀ, ਨਿਆਂਕਾਰੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਪੰਜ ਨਾਮ ਕਹਿਣ ਸਾਡੇ ਉਤੇ ਲਗ ਗਿਆ ਪੰਜਾ, ਪੰਚ ਪਰਵਾਨ ਲਏ ਕਰਾਈਆ । ਜਿਸ ਦੇ ਹੁਕਮ ਦਾ ਸ਼ਬਦੀ ਧਾਰ ਇਕ ਡੰਡਾ, ਡੰਡੌਤ ਸਭ ਨੂੰ ਦਏ ਸਮਝਾਈਆ । ਗੁਰਮੁਖੋ ਸਾਢੇ ਤਿੰਨ ਹੱਥ ਉਤਰ ਆਓ ਥੱਲੇ ਕੰਢਾ, ਨੇਤਰ ਨੈਣਾਂ ਪੰਧ ਮੁਕਾਈਆ । ਹੁਕਮ ਵਰਤਣ ਲਗਾ ਵਿਚ ਬ੍ਰਹਿਮੰਡਾਂ, ਠੋਕਰ ਨਾਲ ਸੁਣਾਈਆ । ਤੁਸਾਂ ਅਜੇ ਤਕ ਨਹੀਂ ਵੇਖਿਆ ਪੁਰਖ ਅਕਾਲ ਦਾ ਦੰਗਾ, ਜੋ ਦਗੇ ਬਾਜ਼ੀ ਸਭ ਦੀ ਦਏ ਖਪਾਈਆ । ਹੁਕਮੇ ਅੰਦਰ ਰਹਿਣ ਨਾ ਦੇਵੇ ਕੋਈ ਗੰਦਾ, ਗੰਦਗੀ ਕੂੜੀ ਦਏ ਮਿਟਾਈਆ । ਨੇਤਰ ਰੋਣ ਲਗੀ ਗੰਗਾ, ਸੁਰਸਤੀ ਜਮਨਾ ਦਏ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਭ ਦਾ ਹਾਲ ਹੋਣਾ ਮੰਦਾ, ਮੰਦ ਪਵੇ ਲੋਕਾਈਆ । ਖ਼ੁਸ਼ੀਆਂ ਵਿਚ ਹਸੇ ਸਤ ਰੰਗ ਵਾਲਾ ਸਤਰੰਗਾ, ਜਿਸ ਸਤਿ ਧਰਮ ਲੈਣਾ ਬਚਾਈਆ । ਜਿਸ ਨੇ ਜਨ ਭਗਤੋ ਤੁਹਾਡੇ ਜਮਾਂ ਨੂੰ ਦੇਣਾ ਡੰਡਾ, ਭੈ ਇਕੋ ਵਾਰ ਵਖਾਈਆ । ਇਹ ਵੀ ਖੇਲ ਗੁਰੂ ਗੋਬਿੰਦਾ, ਜੋ ਗੁਣੀ ਗਹਿੰਦਾ ਰਿਹਾ ਜਣਾਈਆ । ਸਤਾਂ ਰੰਗਾਂ ਵਿਚੋਂ ਜਿਹੜਾ ਰੁਮਾਲ ਸੀ ਇਕ ਛਿੰਦਾ, ਚਿੱਟੀ ਧਾਰ ਸੋਭਾ ਪਾਈਆ । ਉਹ ਹੌਲੀ ਜਿਹੀ ਗੋਬਿੰਦ ਨੂੰ ਮਿਲ ਕੇ ਕਹਿੰਦਾ, ਸਹਿਜ ਸਹਿਜ ਸੁਣਾਈਆ । ਤੂੰ ਕਿਉਂ ਨਹੀਂ ਸਾਚੇ ਤਖ਼ਤ ਉਤੇ ਬਹਿੰਦਾ, ਕਿਉਂ ਖੰਡਿਆਂ ਕਰੇਂ ਲੜਾਈਆ । ਗੋਬਿੰਦ ਕਿਹਾ ਅਜੇ ਮੈਂ ਭਾਣਾ ਓਸ ਦਾ ਸਹਿੰਦਾ, ਜੋ ਹੁਕਮ ਰਿਹਾ ਮਨਾਈਆ । ਜਿਸ ਵੇਲੇ ਪੁਰਖ ਅਕਾਲ ਸਚ ਸਿੰਘਾਸਣ ਉਤੇ ਢਹਿੰਦਾ, ਸਤਿ ਆਸਣ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਸੱਤ ਰੰਗ ਸੋਟੀ ਮੱਟੀ ਨਾ ਲਕੜੀ ਜਾਣੋਂ ਬੇਰੀ, ਜਨ ਭਗਤੋ ਬਿਰਹੋਂ ਚੋਟ ਲਗਾਈਆ । ਜਿਸ ਪਿਛੇ ਪੁਰਖ ਅਕਾਲ ਨੇ ਮਾਰੀ ਫੇਰੀ, ਫਿਰਤ ਫਿਰਤ ਲਏ ਮਿਲਾਈਆ । ਅਗੇ ਦੇਰ ਲਗਣੀ ਕਿਹੜੀ, ਗੇੜਾ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਡੰਡਾ ਕਹੇ ਮੈਂ ਬੜਾ ਚਟਕ, ਚਟੂਰੇ ਸਭ ਦੇ ਭੰਨ ਵਖਾਈਆ । ਚਾਰੋਂ ਕੁੰਟ ਚੜ੍ਹੌਣਾ ਕਟਕ, ਕਾਇਆ ਕੁਟੀਆ ਵਿਚੋਂ ਸਾਰੇ ਲੈਣੇ ਹਿਲਾਈਆ । ਦਹਿ ਦਿਸ਼ਾ ਪਏ ਭਟਕ, ਅਗਨੀ ਤਤ ਨਾ ਕੋਇ ਬੁਝਾਈਆ । ਮੈਂ ਪ੍ਰਭ ਦੇ ਕੋਲ ਬਹਿਣਾ ਬੇਖਟਕ, ਖਟਕੇ ਵਿਚ ਲੋਕਾਈਆ । ਬਿਨਾ ਡੰਡੇ ਤੋਂ ਹੁਕਮ ਕਦੇ ਨਹੀਂ ਹੁੰਦਾ ਸਖ਼ਤ, ਬਹੁਤੇ ਭਜਨ ਬੰਦਗੀ ਦੀ ਲੋੜ ਰਹੀ ਨਾ ਰਾਈਆ । ਇਕ ਦਾ ਆ ਗਿਆ ਵਕ਼ਤ, ਬਹੁਤਿਆਂ ਦੀ ਹੋਣੀ ਸਫ਼ਾਈਆ । ਗੋਦਾਵਰੀ ਤੇਰੀ ਗੋਬਿੰਦ ਵਾਲੀ ਸ਼ਰਤ, ਨੇਤਰ ਵੇਖ ਪੂਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਕੁਛ ਰਿਹਾ ਬਖ਼ਸ਼, ਰਹਿਮਤ ਇਕ ਦਰਸਾਈਆ ।

ਡੰਡਾ ਕਹੇ ਮੈਨੂੰ ਗੋਬਿੰਦ ਕਿਹਾ ਤੂੰ ਚੰਗਾ, ਸੋਹਣਾ ਨਜ਼ਰੀ ਆਈਆ । ਅਗੋਂ ਰੋ ਪਿਆ ਕੰਘਾ, ਨੇਤਰ ਨੈਣਾਂ ਨੀਰ ਵਹਾਈਆ । ਮੇਰਾ

ਪ੍ਰਭੂ ਵੇਖ ਇਕ ਇਕ ਦੰਦਾ, ਜੋ ਆਪਣਾ ਆਪ ਘਸਾ ਕੇ ਤੇਰੇ ਸੀਸ ਦੀ ਕਰੇ ਸਫ਼ਾਈਆ । ਮੈਂ ਤੇਰੇ ਉਪਰ ਖ਼ੁਸ਼ੀਆਂ ਨਾਲ ਬਹਿੰਦਾ, ਦਿਵਸ ਰੈਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਜਣਾਈਆ । ਗੋਬਿੰਦ ਕਿਹਾ ਸੁਣ ਕੰਘੇ, ਤੈਨੂੰ ਦਿਆਂ ਜਣਾਈਆ । ਮੈਨੂੰ ਕਈ ਕਈ ਦਿਨ ਰਹਿਣਾ ਪੈਂਦਾ ਵਿਚ ਜੰਗੇ, ਕਮਰ ਕਸਾ ਨਾ ਕੋਇ ਖੁਲ੍ਹਾਈਆ । ਕੰਘੇ ਕਿਹਾ ਸਚ ਪੁਛੇਂ ਪ੍ਰਭੂ ਮੈਨੂੰ ਸਾਰੇ ਵਰਤਦੇ ਬੰਦੇ, ਕ਼ੀਮਤ ਟਕਿਆਂ ਵਾਲੀ ਪਾਈਆ । ਮੈਂ ਚਾਹੁੰਦਾ ਤੂੰ ਮੈਨੂੰ ਓਸ ਥਾਂ ਟੰਗੇ, ਜਿਥੇ ਨਜ਼ਰ ਕੋਇ ਨਾ ਪਾਈਆ । ਗੋਬਿੰਦ ਕਿਹਾ ਤੈਨੂੰ ਗੁਰਮੁਖਾਂ ਦਾ ਦੇਵਾਂ ਸੰਗੇ, ਸਗਲਾ ਸੰਗ ਨਿਭਾਈਆ । ਗੋਦਾਵਰੀ ਨੇ ਓਸੇ ਵੇਲੇ ਮੰਗ ਲਈ ਮੰਗੇ, ਆਪਣੀ ਝੋਲੀ ਅਗੇ ਡਾਹੀਆ । ਜਿਸ ਵੇਲੇ ਗੋਬਿੰਦ ਮੁੜ ਕੇ ਮਾਰ ਕੇ ਆਵੇਂ ਪੰਧੇ, ਆਪਣਾ ਪੰਧ ਮੁਕਾਈਆ । ਮੈਨੂੰ ਦਿਸਦਾ ਤੇਰੇ ਭਗਤ ਪ੍ਰਭ ਨਾਲ ਮਿਲ ਕੇ ਸਭ ਤੋਂ ਦਿਸਣੇ ਚੰਗੇ, ਕੂੜਾ ਨਜ਼ਰ ਕੋਇ ਨਾ ਆਈਆ । ਮੈਂ ਚਾਹੁੰਦੀ ਤੇਰਾ ਇਹ ਕੰਘਾ ਉਨ੍ਹਾਂ ਦੇ ਕਰਮ ਕਾਂਡ ਦੇ ਰੋਗ ਕੱਢੇ, ਤਨ ਮਾਟੀ ਹੱਡਾਂ ਕਰੇ ਸਫ਼ਾਈਆ । ਨਿਕਿਆਂ ਨੂੰ ਕਰ ਦਏ ਵਡੇ, ਵੱਡਿਆਂ ਦੇ ਵੱਡੇ ਤੇਰੇ ਵਿਚ ਮਿਲਾਈਆ । ਕੰਘਾ ਕਹੇ ਮੇਰਾ ਦਰਸ਼ਨ ਕਰ ਕੇ ਸਭ ਨੂੰ ਆਇਆ ਕਰਨਗੇ ਉਹ ਮਜੇ, ਜੋ ਰਸਾਂ ਵਾਲੀ ਰਸਨਾ ਰਸ ਨਾ ਕੋਇ ਜਣਾਈਆ । ਜਿਸ ਵੇਲੇ ਤਿੰਨ ਚਾਰ ਅੱਸੂ ਦੀ ਰਾਤ ਸਾਢੇ ਬਾਰਾਂ ਵੱਜੇ, ਮੈਂ ਆਪਣੀ ਵਜਹ ਦੇਣੀ ਸਮਝਾਈਆ । ਗੁਰਮੁਖੋ ਮੇਰੇ ਵਰਗੇ ਬਣ ਜਾਓ ਬੱਗੇ, ਬਗ ਬਪੜਾ ਰੂਪ ਨਾ ਕੋਇ ਵਖਾਈਆ । ਤੁਸੀਂ ਓਸ ਦੀ ਚਰਨੀ ਲੱਗੇ, ਜਿਹੜਾ ਲੱਗਿਆਂ ਦੀ ਤੋੜ ਨਿਭਾਈਆ । ਸਮਝ ਜਾਓ ਵੇਲਾ ਅੱਜੇ, ਅੱਜ ਦੀ ਰਾਤ ਫੇਰ ਕਦੇ ਨਾ ਆਈਆ । ਜੋ ਆਇਆ ਸੋ ਕਰ ਕੇ ਗਿਆ ਦਗੇ, ਦੌਲਤਾਂ ਵਿਚ ਗਿਆ ਫਸਾਈਆ । ਤੁਸਾਂ ਅਗੇ ਮੇਰੇ ਹੱਥ ਬੱਧੇ, ਬਿਨਾ ਹੱਥਾਂ ਤੋਂ ਸੀਸ ਨਿਵਾਈਆ । ਤੁਹਾਨੂੰ ਮਿਲਣਾ ਉਹ ਪਦੇ, ਜੋ ਪਤਿਪਰਮੇਸ਼ਵਰ ਆਪਣੇ ਚਰਨਾਂ ਵਿਚ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਦਾ ਲਹਿਣਾ ਦੇਣਾ ਦੇਵੇ ਹਕੇ, ਹਕ ਧੁਰ ਦਾ ਦਏ ਜਣਾਈਆ । ਕੰਘਾ ਕਹੇ ਗੋਬਿੰਦ ਦਾ ਉਹ ਅਗੰਮੀ ਖੰਡਾ, ਜੋ ਖੰਡ ਖੰਡ ਕਰੇ ਲੋਕਾਈਆ । ਜਿਸ ਦੇ ਉਤੇ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ' ਲਿਖਿਆ ਛੰਦਾ, ਮਸ਼ੰਦਗੀ ਸਭ ਦੀ ਦਏ ਗਵਾਈਆ । ਲੇਖਾ ਮੁਕਾ ਕੇ ਉਤਭੁਜ ਸੇਤਜ ਜੇਰਜ ਅੰਡਾ, ਅੰਗ ਆਪਣੇ ਲਏ ਲਗਾਈਆ । ਜਿਸ ਗੋਦਾਵਰੀ ਨੂੰ ਗੋਦਾਵਰੀ ਵਿਚੋਂ ਮਾਰਿਆ ਡੰਡਾ, ਟੇਢੀ ਮੁਖੀ ਤਿੱਖੀ ਦਿਤੀ ਛੁਹਾਈਆ । ਉਹ ਵੇਖਣ ਆਇਆ ਖੇਲ ਬਹੁਰੰਗਾ, ਵੇਸ ਅਵੇਸਾ ਰੂਪ ਵਟਾਈਆ । ਜਨ ਭਗਤਾਂ ਲੇਖੇ ਲਾ ਕੇ ਨਾੜੀ ਚਮਾਂ, ਦਮ ਦਮਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਖੰਡਾ ਕਹੇ ਮੇਰਾ ਵੇਖਿਓ ਖੜਕਾ, ਖੜਗਾਂ ਦਿਆਂ ਹਿਲਾਈਆ । ਜਿਉਂ ਜਿਉਂ ਹੁੰਦਾ ਜਾਣਾ ਤੜਕਾ, ਤੜ ਤੜ ਕਰੇ ਲੋਕਾਈਆ । ਜਨ ਭਗਤੋ ਤੁਹਾਨੂੰ ਕੋਈ ਨਾ ਰਹੇ ਧੜਕਾ, ਸਤਿਗੁਰ ਸ਼ਬਦ ਹੋਏ ਸਹਾਈਆ । ਉਹ ਮਾਲਕ ਤੁਹਾਡੇ ਘਰ ਦਾ, ਗ੍ਰਿਹਿ ਗ੍ਰਿਹਿ ਵੇਖ ਵਖਾਈਆ । ਉਹ ਰੂਪ ਅਵਤਾਰ ਨਰ ਦਾ, ਨਰ ਨਰਾਇਣ ਸਚਾ ਸ਼ਹਿਨਸ਼ਾਹੀਆ । ਜਿਸ ਦੇ ਖੰਡੇ ਕੋਲੋਂ ਦੋ ਜਹਾਨ ਡਰਦਾ, ਭੈ ਵਿਚ ਲੋਕਾਈਆ । ਮੈਂ ਓਸ ਦਵਾਰੇ ਦਾ ਬਰਦਾ, ਸਵਾ ਇੰਚ ਆਪਣਾ ਰੂਪ ਵਟਾਈਆ । ਗੋਬਿੰਦ ਮੈਨੂੰ ਸਾਲ ਪਿਛੋਂ ਇਕ ਦਿਨ ਸੀ ਬਾਹਰ ਕਢਦਾ, ਫੇਰ ਲੈਂਦਾ ਬੰਦ ਕਰਾਈਆ । ਅੰਤ ਗੋਦਾਵਰੀ ਦੇ ਵਿਚ ਰਖਦਾ, ਅਮਾਨਤ ਦਿਤੀ ਟਿਕਾਈਆ । ਜਿਹੜਾ ਲਭਿਆਂ ਕਿਸੇ ਨਹੀਂ ਲੱਭ ਦਾ, ਸ਼ਬਦੀ ਰੂਪ ਸਮਾਈਆ । ਉਹ


੧੦੮੪

ਖੇਲ ਕਰ ਅਲਖ ਦਾ, ਪ੍ਰਤੱਖ ਹੋਇਆ ਸਹਾਈਆ । ਖੰਡਾ ਕਹੇ ਮੈਂ ਵੇਖ ਸ੍ਰਿਸ਼ਟੀ ਨੂੰ ਹਸਦਾ, ਹਸਤੀਆਂ ਰਿਹਾ ਮਿਟਾਈਆ । ਜ਼ਰਾ ਮਜ਼ਾ ਤਕੋ ਗੋਬਿੰਦ ਦੇ ਭਠ ਦਾ, ਜੋ ਭਠਿਆਲਾ ਬਣ ਕੇ ਚਨੇ ਰਿਹਾ ਭੁੰਨਾਈਆ । ਢਾਈ ਗਜ਼ ਦੁਪੱਟੇ ਵਿਚ ਰਖਦਾ, ਢਈਆ ਆਪਣਾ ਆਪ ਵਖਾਈਆ । ਜਗਤ ਰੂਪ ਧਰ ਕੇ ਇਕ ਜੱਟ ਦਾ, ਜਟਾ ਜੂਟ ਸਾਰੇ ਦਏ ਖਪਾਈਆ । ਭੰਡਾਰਾ ਖੋਲ੍ਹ ਕੇ ਆਪਣੇ ਹੱਟ ਦਾ, ਹਕ ਸਭ ਦੀ ਝੋਲੀ ਪਾਈਆ । ਜਨ ਭਗਤੋ ਜਿਹੜਾ ਤੁਹਾਡੇ ਅੰਦਰ ਵਸਦਾ, ਉਹ ਮੇਰੇ ਉਤੇ ਆਪਣਾ ਨਾਮ ਰਿਹਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੰਡਾ ਕਹੇ ਮੈਂ ਓਸੇ ਕੰਘੇ ਦੇ ਨਾਲ ਫਬਦਾ, ਜਿਸ ਨਾਲ ਮਿਲ ਕੇ ਵਜੇ ਵਧਾਈਆ । ਚਣਾ ਕਹੇ ਆਪਣੇ ਜਨਮ ਦਿਨ ਉਤੇ ਸਦਾ ਸੀ ਸਵਾ ਸੇਰ ਵੰਡਦਾ, ਸਾਢੇ ਬਾਰਾਂ ਵਜੇ ਰਾਤ ਆਪਣੇ ਪ੍ਰੇਮੀਆਂ ਦੀ ਝੋਲੀ ਪਾਈਆ । ਬਿਨਾ ਸੱਤਰਾਂ ਤੋਂ ਦੂਜੇ ਹੱਥ ਨਹੀਂ ਸੀ ਕਦੇ ਰਖਦਾ, ਪੰਜਾਂ ਮਿਲ ਕੇ ਖੇਲ ਖਿਲਾਈਆ । ਅਗਲਾ ਹੁਕਮ ਪੁਰਖ ਸਮਰਥ ਦਾ, ਸਭ ਨੂੰ ਗਿਆ ਦ੍ਰਿੜਾਈਆ । ਓਨ੍ਹਾਂ ਵਿਚੋਂ ਇਕ ਚਣਾ ਜੋ ਬਾਕੀ ਸੀ ਬਚਦਾ, ਉਹ ਆਪਣਿਆਂ ਦੰਦਾਂ ਹੇਠ ਦਬਾਈਆ । ਜਿਸ ਵੇਲੇ ਕਿਨਾਰਾ ਆਇਆ ਗੋਦਾਵਰੀ ਤਟ ਦਾ, ਵਕ਼ਤ ਵੇਲਾ ਦਏ ਵਡਿਆਈਆ । ਓਸ ਵੇਲੇ ਗੋਦਾਵਰੀ ਦੀ ਗੋਦ ਵਿਚ ਇਕ ਚਣਾ ਸਟਦਾ, ਸੁਟ ਕੇ ਖ਼ੁਸ਼ੀ ਮਨਾਈਆ । ਗੋਦਾਵਰੀ ਕਿਹਾ ਇਹ ਖੇਲ ਦੱਸ ਸਚ ਦਾ, ਤੇਰੇ ਚਰਨਾਂ ਸੀਸ ਝੁਕਾਈਆ । ਗੋਬਿੰਦ ਕਿਹਾ ਜਿਹੜਾ ਭਗਤਾਂ ਕੋਲੋਂ ਸੀ ਬਚਦਾ, ਉਹ ਮੈਂ ਖਾ ਕੇ ਸ਼ੁਕਰ ਮਨਾਈਆ । ਅਗੇ ਵਾਸਤੇ ਤੇਰੇ ਵਿਚ ਢਕਦਾ, ਪਰਦਾ ਦਿਤਾ ਪਾਈਆ । ਜਿਸ ਵੇਲੇ ਮੇਲ ਹੋਵੇ ਮੇਰਾ ਤੇ ਮੇਰੇ ਪੁਰਖ ਸਮਰਥ ਦਾ, ਗੁਰਮੁਖਾਂ ਭੁਖਿਆਂ ਨੂੰ ਇਕੋ ਵਾਰ ਦਿਆਂ ਰਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨਾ ਭਗਤਾਂ ਕਿਸੇ ਕੋਲੋਂ ਨਾ ਰਜਦਾ, ਸਾਂਤਕ ਸਤਿ ਨਾ ਕੋਇ ਵਖਾਈਆ । ਜਿਸ ਦਾ ਖੇਲ ਬਾਹਰ ਹਦ ਦਾ, ਹਦੂਦ ਸਾਰੀ ਰਿਹਾ ਗਵਾਈਆ । ਜਿਸ ਦਾ ਪ੍ਰੇਮ ਅਗੰਮੀ ਰਸ ਮਧ ਦਾ, ਅੰਮ੍ਰਿਤ ਇਕ ਜਣਾਈਆ । ਜੋ ਨਾਮੇ ਦੇ ਦਵਾਰੇ ਠਾਕਰ ਫਬਦਾ, ਪਾਹਨ ਪਾਥਰ ਖ਼ੁਸ਼ੀ ਮਨਾਈਆ । ਜਿਸ ਦੇ ਸਿਦਕ ਭਰੋਸੇ ਉਤੇ ਢਠਦਾ, ਬੈਠਾ ਸੀਸ ਨਿਵਾਈਆ । ਉਹ ਧਰ ਕੇ ਰੂਪ ਸਮਰਥ ਦਾ, ਸਨਮੁਖ ਸੋਹਣਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਹੇ ਨਾਮੇ ਖੇਲ ਤੇਰੀ, ਤੁਰੰਤ ਦਿਆਂ ਜਣਾਈਆ । ਭਰ ਦੁਧ ਕਟੋਰੀ, ਕੁਟਲਤਾ ਦਿਤੀ ਮਿਟਾਈਆ । ਤੇਰੇ ਬਾਪ ਤੋਂ ਦੀ ਮੈਂ ਚੋਰੀ, ਪ੍ਰੀਤੀ ਤੇਰੇ ਨਾਲ ਨਿਭਾਈਆ । ਬੰਨ੍ਹੀ ਅਗੰਮ ਦੀ ਉਹ ਡੋਰੀ, ਜੋ ਸਕੇ ਨਾ ਕੋਇ ਤੁੜਾਈਆ । ਅੰਤ ਬਹੱਤਰਾਂ ਦੀ ਬਣਨੀ ਜੋੜੀ, ਸਤ ਦੋ ਵਜਣੀ ਵਧਾਈਆ । ਭਗਤ ਦਵਾਰ ਦਾ ਇਕੋ ਡੰਡਾ ਤੇ ਇਕੋ ਪੌੜੀ, ਇਕੋ ਮੰਦਰ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਵਖਾਈਆ । ਨਾਮੇ ਕਿਹਾ ਮੇਰਾ ਛੰਨਾ ਸਵਾ ਸੇਰ, ਬੇਸਿਦਕਿਆਂ ਸਿਦਕ ਦਵਾਈਆ । ਗੋਬਿੰਦ ਕਿਹਾ ਇਹ ਵੀ ਮੇਰੀ ਮਿਹਰ, ਬੀਠਲੋ ਹੋ ਕੇ ਹੋਵਾਂ ਸਹਾਈਆ । ਛੰਨੇ ਕਿਹਾ ਕਿਉਂ ਮੈਨੂੰ ਇਕ ਵਾਰ ਦਿਤਾ ਲਬੇੜ, ਦੂਜੀ ਵਾਰ ਰਸਨ ਨਾ ਕੋਇ ਲਗਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਕਲਜੁਗ ਅੰਤ ਹੋਇਆ ਅੰਧੇਰ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਮੈਂ ਨਿਰਗੁਣ ਹੋ ਕੇ ਔਣਾ ਫੇਰ, ਫੇਰਾ ਆਪਣਾ ਲੈਣਾ ਪਾਈਆ । ਤੇਰਾ ਲਹਿਣਾ ਦੇਣਾ ਨਬੇੜ, ਲੇਖਾ ਮੂਲ ਚੁਕਾਈਆ । ਸ੍ਰਿਸ਼ਟੀ ਦਾ ਵਜ਼ਨ ਕਰ ਕੇ ਸਾਰਾ ਸਵਾ ਸੇਰ, ਲਹੂ ਮਿਝ ਪੀ ਕੇ ਆਪ ਆਪਣੇ ਵਿਚ ਖ਼ੁਸ਼ੀ ਮਨਾਈਆ । ਮੇਰਾ ਨਾਉਂ ਸ਼ਬਦੀ ਹੋਣਾ ਸ਼ੇਰ, ਸਿੰਘ

੧੦੮੫

ਭਬਕ ਇਕ ਦ੍ਰਿੜਾਈਆ । ਬਲਧਾਰੀ ਬਣਨਾ ਕੇਹਰ, ਦੋ ਜਹਾਨ ਵੇਖ ਵਖਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਛੇੜ ਕੇ ਛੇੜ, ਇਸ਼ਟੀ ਦੇਣੇ ਭੁਲਾਈਆ । ਤੇਰਾ ਲਹਿਣਾ ਅੰਤਮ ਗੋਬਿੰਦ ਨਾਲ ਨਦੇੜ, ਗੋਦਾਵਰੀ ਵਿਚੋਂ ਸਵਾ ਸੇਰ ਜਲ ਬਾਹਰ ਕਢਾਈਆ । ਵਿਚ ਰਖ ਕੇ ਆਪਣੀ ਸ਼ਮਸ਼ੇਰ, ਖੰਡਾ ਦੇਵੇ ਭਵਾਈਆ । ਜਿਸ ਨੇ ਸਾਰੇ ਕਰਨੇ ਜ਼ੇਰ, ਸਿਰ ਸਕੇ ਨਾ ਕੋਇ ਉਠਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਭ ਦਾ ਲੇਖਾ ਦਏ ਨਬੇੜ, ਲਹਿਣਾ ਰਹਿਣ ਕੋਇ ਨਾ ਪਾਈਆ ।

ਛੰਨਾ ਕਹੇ ਮੈਂ ਵੇਖਿਆ ਰੰਗ ਲਾਲ, ਜੋ ਨਾਮੇ ਠਾਕਰ ਦਿਤਾ ਚੜ੍ਹਾਈਆ । ਸੰਧੂਰ ਨਾਲੋਂ ਵਧ ਕਮਾਲ, ਸੋਭਾ ਰਿਹਾ ਪਾਈਆ । ਉਸ ਕੀਤਾ ਇਕ ਸਵਾਲ, ਬੇਨੰਤੀ ਦਿਤੀ ਜਣਾਈਆ । ਪ੍ਰਭੂ ਤੇਰੀ ਕੀ ਪਹਿਚਾਣ, ਪਰਦਾ ਦੇ ਉਠਾਈਆ । ਅਬਿਨਾਸ਼ੀ ਕਰਤੇ ਕਿਹਾ ਕਲਜੁਗ ਅੰਤਮ ਹੋਵਾਂ ਮਿਹਰਵਾਨ, ਰੂਪ ਅਨੂਪਾ ਰੂਪ ਵਟਾਈਆ । ਸ਼ਬਦ ਸਰੂਪੀ ਦੇਵਾਂ ਇਕ ਗਿਆਨ, ਜਨ ਭਗਤਾਂ ਕਰਾਂ ਪੜ੍ਹਾਈਆ । ਲਾਲ ਰੰਗ ਬਣੇ ਨਿਧਾਨ, ਸਿਰ ਸਕੇ ਨਾ ਕੋਇ ਉਠਾਈਆ । ਨਿਰਗੁਣ ਰੂਪ ਹੋ ਕੇ ਸ੍ਰੀ ਭਗਵਾਨ, ਭਾਗਾਂ ਵਾਲੇ ਗੁਰਮੁਖ ਲਵਾਂ ਬਣਾਈਆ । ਤੇਰਾ ਬਣਾ ਕੇ ਇਕ ਨਿਸ਼ਾਨ, ਨਿਸ਼ਾਨਾ ਤੈਨੂੰ ਦਿਆਂ ਵਖਾਈਆ । ਸਭ ਤੋਂ ਉਪਰ ਤੈਨੂੰ ਦੇ ਕੇ ਮਾਣ, ਮਮਤਾ ਦਿਆਂ ਚੁਕਾਈਆ । ਸਚ ਜਾਣ ਬਿਨਾ ਰੰਗਾਂ ਤੋਂ ਆਦਿ ਜੁਗਾਦਿ ਸ੍ਰੀ ਭਗਵਾਨ, ਜੋਤੀ ਜਾਤਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।


੧੦੮੬

ਲਾਲ ਰੰਗ ਕਹੇ ਰਾਜ ਨਰੈਣ ਓਸ ਵੇਲੇ ਸੀ ਇਕ ਬ੍ਰਾਹਮਣ ਦਾ ਪੁਤ, ਨੌਂ ਸਾਲ ਅਵਸਥਾ ਨਜ਼ਰੀ ਆਈਆ । ਇਕ ਦਿਨ ਹੋ ਕੇ ਉਸ ਖ਼ੁਸ਼, ਠਾਕਰ ਲਾਲ ਰੰਗ ਚਿੱਟਾ ਬਣਾਈਆ । ਅਗੋਂ ਬੋਲਿਆ ਮੂਲ ਨਾ ਬੁੱਤ, ਪੱਥਰ ਰੰਗ ਨਾ ਕੋਇ ਲਗਾਈਆ । ਬਾਲ ਅਵਸਥਾ ਹੋਇਆ ਚੁਪ, ਅੰਦਰੇ ਅੰਦਰ ਖੋਜ ਖੁਜਾਈਆ । ਸਚ ਪ੍ਰੇਮ ਦੀ ਸੁਖਣਾ ਲਈ ਸੁਖ, ਨੀਤੀ ਲਈ ਬਦਲਾਈਆ । ਜੇ ਤੂੰ ਸਵਾਮੀ ਅਬਿਨਾਸ਼ੀ ਅਚੁਤ, ਕਿਉਂ ਬੈਠਾ ਮੁਖ ਭਵਾਈਆ । ਹੁਕਮ ਹੋਇਆ ਜਿਸ ਵੇਲੇ ਆਪਣੀ ਧਾਰੋਂ ਆਵਾਂ ਉਠ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਗੋਬਿੰਦ ਮੇਲਾ ਸਾਚੇ ਸੁਤ, ਸੁਤ ਦੁਲਾਰੇ ਮਿਲ ਕੇ ਖ਼ੁਸ਼ੀ ਮਨਾਈਆ । ਓਸ ਵੇਲੇ ਲਵਾਂ ਪੁੱਛ, ਪੂਰਬ ਲਹਿਣਾ ਵੇਖ ਵਖਾਈਆ । ਪ੍ਰੇਮ ਪਿਆਰ ਲਾਲ ਰੰਗ ਦੀ ਮੌਲੇ ਰੁਤ, ਕੂੜੇ ਰੰਗ ਦੀ ਲੋੜ ਰਹੇ ਨਾ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਨੂੰ ਆਪਣੀ ਗੋਦੀ ਲਿਆ ਚੁਕ, ਉਹ ਚਾਰ ਕੁੰਟਾਂ ਖ਼ੁਸ਼ੀਆਂ ਰਹੇ ਮਨਾਈਆ ।

ਕੇਸਰ ਕਹੇ ਮੈਂ ਸਵਾ ਰਤੀ, ਟਿੱਕਾ ਭਗਤਾਂ ਦੇਣਾ ਲਗਾਈਆ । ਜਿਨ੍ਹਾਂ ਦਾ ਮਾਲਕ ਇਕੋ ਦੱਸਣਾ ਕਮਲਾਪਤੀ, ਪਤਿਪਰਮੇਸ਼ਵਰ ਹਰਿ ਗੁਸਾਈਆ । ਜਿਨ੍ਹਾਂ ਦੇ ਅੰਦਰ ਪ੍ਰੇਮ ਪਿਆਰ ਦੀ ਰਖ ਦੇਣੀ ਉਹ ਰਤੀ, ਜਿਸ ਤੋਂ ਰਤਨ ਅਮੋਲਕ ਆਪਣਾ ਆਪ ਬੈਠੇ ਛੁਪਾਈਆ । ਜਿਹੜੀ ਰੀਤ ਗੋਬਿੰਦ ਸ਼ਬਦੀ

ਧਾਰ ਨਹੀਂ ਦੱਸੀ, ਹਿੱਸਿਆਂ ਵਿਚ ਵੰਡ ਨਾ ਕੋਇ ਵੰਡਾਈਆ । ਉਹ ਭਗਤਾਂ ਨੂੰ ਵਖੌਣੀ ਉਨ੍ਹਾਂ ਦੀ ਅੱਖੀਂ, ਜੋ ਅੱਖਾਂ ਵਾਲਿਆਂ ਆਪਣੀ ਗੋਦ ਬਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਵਸਤ ਗੁਰਮੁਖਾਂ ਅੰਦਰੋਂ ਲੱਭੀ, ਡੱਬੀ ਆਪਣੀ ਬੰਦ ਕਰਾਈਆ ।

ਗੌਤਮ ਕਹੇ ਗੋਦਾਵਰੀ ਦਾ ਕਿਨਾਰਾ, ਮੈਨੂੰ ਨਜ਼ਰੀ ਆਈਆ । ਗੋਦਾਵਰੀ ਕਹੇ ਤੇਰਾ ਉਧਾਰਾ, ਮੈਂ ਬੈਠੀ ਰਾਹ ਤਕਾਈਆ । ਗੌਤਮ ਕਹੇ ਮੇਰਾ ਤੇਲ ਬੱਤੀ ਦਾ ਉਜਿਆਰਾ, ਸਵਾ ਪਾਓ ਸਵਾ ਸਾਲ ਝਟ ਲੰਘਾਈਆ । ਗੋਦਾਵਰੀ ਕਹੇ ਹੁਣ ਛਡ ਇਹ ਵਿਵਹਾਰਾ, ਵਿਵਹਾਰ ਤੈਨੂੰ ਦਿਆਂ ਦ੍ਰਿੜਾਈਆ । ਜੇ ਇਕ ਵਾਰ ਪਰਮ ਪੁਰਖ ਨੂੰ ਕਰ ਲਏਂ ਨਿਮਸਕਾਰਾ, ਦੀਵੇ ਬੱਤੀ ਦੀ ਲੋੜ ਰਹੀ ਨਾ ਰਾਈਆ । ਜਿਸ ਦਾ ਰਾਤੀਂ ਤਕਿਆ ਨਜ਼ਾਰਾ, ਨਜ਼ਰ ਦਿਤੀ ਬਦਲਾਈਆ । ਉਹ ਆਇਆ ਵਿਚ ਸੰਸਾਰਾ, ਵਡ ਸੰਸਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਸਵਾ ਪਾਓ ਕਹੇ ਮੈਂ ਕੀ ਕੀ ਕਰਨਾ ਤੇਲ, ਕਿਰਤੀ ਨਜ਼ਰ ਕੋਇ ਨਾ ਆਈਆ । ਜਨ ਭਗਤ ਸੁਹੇਲੇ ਪ੍ਰਭ ਨੇ ਆਪਣੇ ਨਾਲ ਲਏ ਮੇਲ, ਡੂੰਘੀ ਕੰਦਰ ਨਾ ਕੋਇ ਭਵਾਈਆ । ਮੈਂ ਅੰਤ ਅਖ਼ੀਰੀ ਆ ਕੇ ਹੋ ਗਿਆ ਫ਼ੇਲ, ਮੇਰੀ ਚਲੀ ਨਾ ਕੋਇ ਚਤੁਰਾਈਆ । ਨਿਸ਼ਾਨੇ ਚੜ੍ਹਿਆ ਨਾ ਕਿਸੇ ਗੁਲੇਲ, ਤੀਰ ਕਮਾਨ ਨਾ ਕੋਇ ਖਿਚਾਈਆ । ਪੁਰਖ ਅਕਾਲਾ ਮਿਲਿਆ ਜਨ ਭਗਤਾਂ ਆਪ ਨਵੇਲ, ਨਿਰਾਕਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹਿਜੇ ਲੇਖਾ ਦਿਤਾ ਮੁਕਾਈਆ । ਤੇਲ ਕਹੇ ਗੁਰਮੁਖੋ ਕੋਈ ਲੋੜ ਤੇਲ ਨਾ ਬੱਤੀ, ਦੀਵਾ ਜਗ ਨਾ ਕੋਇ ਜਗਾਈਆ । ਜਿਨ੍ਹਾਂ ਮਿਲ ਗਿਆ ਕਮਲਾਪਤੀ, ਪੱਤ ਡਾਲ੍ਹੀ ਰਿਹਾ ਮਹਿਕਾਈਆ । ਸਨਮੁਖ ਦਰਸ ਕਰੋ ਅਖੀਂ, ਨੇਤਰ ਲੋਚਨ ਖ਼ੁਸ਼ੀ ਮਨਾਈਆ । ਸਿੱਖੀ ਧਾਰ ਬਣੇ ਸਚੀ, ਕੂੜੀ ਕਿਰਿਆ ਬਾਹਰ ਕਢਾਈਆ । ਨਾਮ ਨਿਧਾਨਾ ਮਿਲਿਆ ਉਹ ਰਤੀ, ਜਿਸ ਦੀ ਰਤਨ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਮੁਕਾਈਆ । ਗੋਦਾਵਰੀ ਕਹੇ ਗੋਬਿੰਦੇ ਪਰਨਾਮ, ਪਰਮ ਪੁਰਖ ਸਰਨਾਈਆ । ਮੇਰੇ ਸਹਿਸੇ ਮੁਕੇ ਤਮਾਮ, ਰੋਗਾਂ ਦਿਤਾ ਚੁਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਮਿਹਰ ਨਜ਼ਰ ਇਕ ਉਠਾਈਆ । ਵਸਤ ਅਮੋਲਕ ਦੇ ਕੇ ਦਾਨ, ਸੰਤ ਸੁਹੇਲੇ ਰਿਹਾ ਤਰਾਈਆ । ਸ੍ਰਿਸ਼ਟੀ ਹੋਈ ਹੈਰਾਨ, ਧੀਰਜ ਧੀਰ ਨਾ ਕੋਇ ਰਖਾਈਆ । ਕੁੰਟ ਦਿਸ਼ਾ ਦਿਸੇ ਵੈਰਾਨ, ਪੱਤ ਡਾਲ੍ਹੀ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਦਾਵਰੀ ਕਹੇ ਮੇਰਾ ਦਇਆ ਸਿੰਘ ਨਾਲ ਵਿਹਾਰ, ਪਿਛਲਾ ਲਹਿਣਾ ਨਜ਼ਰੀ ਆਈਆ । ਜਿਸ ਨਾਲ ਗੋਬਿੰਦ ਕੀਤਾ ਪਿਆਰ, ਪ੍ਰੇਮੀ ਮੈਨੂੰ ਗਿਆ ਵਖਾਈਆ । ਉਸਦਾ ਨਾਤਾ ਟੁਟਣਾ ਸੀ ਵਿਚੋਂ ਸੰਸਾਰ, ਸੰਮਤ ਪਹਿਲਾ ਦਏ ਗਵਾਹੀਆ । ਮੈਂ ਰੋ ਕੇ ਕੀਤੀ ਪੁਕਾਰ, ਪ੍ਰਭ ਸਾਚੇ ਦਿਤਾ ਸੁਣਾਈਆ । ਮੈਨੂੰ ਓਸ ਦਾ ਮੁਖ ਵਖਾਲ, ਜੋ ਮੁਖੀਆਂ ਵਿਚੋਂ ਨਜ਼ਰੀ ਆਈਆ । ਉਸ ਦਾ ਲੇਖਾ ਦੇ ਟਾਲ, ਤੂੰ ਦਾਤਾ ਦਾਨੀ ਨਜ਼ਰੀ ਆਈਆ । ਪੁਰਖ ਅਬਿਨਾਸ਼ੀ ਹੋ ਕਿਰਪਾਲ, ਮਿਹਰਵਾਨ ਦਇਆ ਕਮਾਈਆ । ਬਸਤਰ ਵਿਛੌਣਾ ਲਏ ਵਿਛਾਲ, ਧੁਰ ਦਾ ਹੁਕਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੋਦਾਵਰੀ, ਗੁਰਮੁਖ

ਮੇਰਾ ਧੁਰ ਦਾ ਪੁਤ, ਆਦਿ ਜੁਗਾਦਿ ਦਿਆਂ ਵਡਿਆਈਆ । ਜਿਸ ਦੇ ਪਿਛੇ ਆਹ ਸਾਢੇ ਤਿੰਨ ਹੱਥ ਦਾ ਝੋਲੀ ਪਾਵਾਂ ਬੁਤ, ਪਿਛਲਾ ਲੇਖਾ ਝੋਲੀ ਪਾਈਆ । ਅਗੇ ਹੋ ਕੇ ਖ਼ੁਸ਼, ਗੁਰਮੁਖ ਲਿਆ ਬਚਾਈਆ । ਜਿੰਨਾਂ ਚਿਰ ਚਾਹਾਂ ਗੋਦੀ ਰਖਾਂ ਚੁਕ, ਛੇਤੀ ਤਤ ਨਾ ਕੋਇ ਤਜਾਈਆ । ਬਿਨ ਮੇਰੀ ਕਿਰਪਾ ਪੈਂਡਾ ਕਿਸੇ ਨਾ ਜਾਏ ਮੁਕ, ਗੁਰਮੁਖਾਂ ਸਚ ਦਿਆਂ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੈਥੋਂ ਰਹੇ ਪੁਛ, ਰਾਏ ਧਰਮ ਚਿਤਰ ਗੁਪਤ ਬੈਠੇ ਸੀਸ ਨਿਵਾਈਆ । ਅਗੇ ਰਹਾਂ ਸਦਾ ਤੁਹਾਡੇ ਉਤੇ ਖ਼ੁਸ਼, ਖ਼ੁਸ਼ੀਆਂ ਰੰਗ ਚੜ੍ਹਾਈਆ । ਗੋਦਾਵਰੀ ਨਾਲ ਮੇਟ ਕੇ ਤੁਹਾਡਾ ਦੁਖ, ਦੁਖੀਆਂ ਦਾ ਦਰਦ ਵੰਡਾਈਆ । ਲੱਖ ਚੁਰਾਸੀ ਵਿਚੋਂ ਥੋੜ੍ਹੇ ਪ੍ਰੇਮੀ ਮੁਖੀਏ ਮੁਠ, ਜੋ ਪੰਜਾਂ ਉਂਗਲਾਂ ਵਿਚ ਦਬਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਹਾਏ ਆਪਣੀ ਰੁਤ, ਰੁਖ਼ ਵੇਖੇ ਜਗਤ ਲੋਕਾਈਆ ।

ਗੋਦਾਵਰੀ ਕਹੇ ਨੀ ਮੈਂ ਤਜਿਆ ਨੀਰ, ਵਹਿਣਾਂ ਵਿਚੋਂ ਪੱਲੂ ਲਿਆ ਛੁਡਾਈਆ । ਮੈਂ ਵੇਖਿਆ ਉਹ ਪੀਰ, ਜੋ ਪੈਗ਼ੰਬਰਾਂ ਕਰੇ ਪੜ੍ਹਾਈਆ । ਜਿਸ ਦੀ ਅਸਲ ਸਚ ਤਸਵੀਰ, ਨੂਰ ਨੂਰ ਰੁਸ਼ਨਾਈਆ । ਸ਼ਰਅ ਦੇ ਕਟ ਕੇ ਜ਼ੰਜੀਰ, ਸ਼ਰੀਅਤ ਰਿਹਾ ਬਦਲਾਈਆ । ਲੇਖਾ ਚੁਕਾ ਕੇ ਅਮੀਰ ਗ਼ਰੀਬ, ਅਮਰਾਪਦ ਰਿਹਾ ਬਹਾਈਆ । ਲਹਿਣਾ ਵੇਖ ਕੇ ਸ਼ਾਹ ਹਕੀਰ, ਧੁਰ ਦਾ ਹੁਕਮ ਦਏ ਦ੍ਰਿੜਾਈਆ । ਖੇਲ ਕਰ ਕੇ ਬੇਨਜ਼ੀਰ, ਨਜ਼ਰ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਚਲਾਈਆ । ਗੋਦਾਵਰੀ ਤੇਰੇ ਸੱਦੇ ਆਏ
੧੦੮੮ ਜੋ ਏਥੇ, ਪਿਛਲਾ ਪੰਧ ਮੁਕਾਈਆ । ਉਹ ਸਾਰੇ ਲਗੇ ਲੇਖੇ, ਲੱਖੀ ਸ਼ਾਹ ਦਏ ਬਣਾਈਆ । ਇਕ ਬਚਨ ਰਖੀਂ ਚੇਤੇ, ਤੈਨੂੰ ਦਿਆਂ ਦ੍ਰਿੜਾਈਆ । ੧੦੮੮
ਦੀਨਾਂ ਮਜ਼੍ਹਬਾਂ ਦੇ ਚੁਕਣੇ ਠੇਕੇ, ਝਗੜਾ ਮਿਟੇ ਲੋਕਾਈਆ । ਹੌਲੀ ਹੌਲੀ ਰਾਏ ਧਰਮ ਦੀ ਚਾੜ੍ਹ ਦੇਣੇ ਭੇਟੇ, ਬਚਿਆ ਰਹਿਣ ਕੋਇ ਨਾ ਪਾਈਆ । ਥੋੜ੍ਹੇ ਪੌਣੇ ਆਪਣੇ ਪੇਟੇ, ਚੁਰਾਸੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਇਕ ਅਖਵਾਈਆ । ਗੋਦਾਵਰੀ ਇਕ ਚੜ੍ਹਨ ਲਗਾ ਤੁਫ਼ਾਨ, ਧੁਰ ਦਾ ਹੁਕਮ ਇਕ ਸੁਣਾਈਆ । ਸ਼ਬਦ ਡੰਡਾ ਹੋਣ ਲਗਾ ਪਰਧਾਨ, ਪਰਧਾਨਗੀ ਇਕ ਵਖਾਈਆ । ਕੰਘਾ ਵੇਖਣ ਲੱਗਾ ਘਮਸਾਨ, ਘੁੰਮਣ ਘੇਰ ਇਕ ਲਗਾਈਆ । ਖੰਡਾ ਮਨੌਣ ਲੱਗਾ ਇਕ ਆਣ, ਆਨਣ ਫਾਨਣ ਦੀ ਸਫ਼ਾ ਦਏ ਉਠਾਈਆ । ਢਾਈ ਗਜ਼ ਦੁਪੱਟਾ ਕਰਨ ਲਗਾ ਹੈਰਾਨ, ਓਢਣ ਸੀਸ ਨਾ ਕੋਇ ਟਿਕਾਈਆ । ਚਣਾ ਭੁੱਜਾ ਕਹੇ ਕਿਸੇ ਨੂੰ ਹੱਥ ਨਹੀਂ ਔਣਾ ਮੇਰਾ ਨਿਸ਼ਾਨ, ਭੁੱਖੀ ਮਰੇ ਲੋਕਾਈਆ । ਛੰਨਾ ਕਹੇ ਕਿਸੇ ਪ੍ਰੇਮ ਨਾਲ ਜਲ ਨਹੀਂ ਕਰੌਣਾ ਪਾਨ, ਤ੍ਰਿਸ਼ਨਾ ਸਚ ਨਾ ਕੋਇ ਮਿਟਾਈਆ । ਲਾਲ ਰੰਗ ਕਹੇ ਸਾਚਾ ਰੰਗ ਵੇਖਣਾ ਨਹੀਂ ਵਿਚ ਜਹਾਨ, ਕੂੜੀ ਕਿਰਿਆ ਕੂੜ ਲੋਕਾਈਆ । ਕੇਸਰ ਕਹੇ ਮੈਂ ਸਵਾ ਰਤੀ ਭਗਤਾਂ ਹੋਇਆ ਪਰਵਾਨ, ਪਰਮ ਪੁਰਖ ਦਿਤੀ ਵਡਿਆਈਆ । ਸਵਾ ਪਾਓ ਕਹੇ ਮੈਂ ਬਲਿਆ ਨਹੀਂ ਵਿਚ ਕਿਸੇ ਸ਼ਮਾਦਾਨ, ਗੁਰਮੁਖਾਂ ਗ੍ਰਿਹ ਗ੍ਰਿਹ ਜੋਤ ਹੋਵੇ ਰੁਸ਼ਨਾਈਆ । ਗੋਦਾਵਰੀ ਕਹੇ ਧੰਨ ਵਡਿਆਈ ਤੇਰੀ ਸ੍ਰੀ ਭਗਵਾਨ, ਜੋ ਸਭ ਦੀ ਆਸਾ ਪੂਰ ਕਰਾਈਆ । ਮੈਂ ਵੇਖਣਾ ਤੇਰਾ ਇਕੋ ਮੈਦਾਨ, ਜਿਸ ਵਿਚ ਮਦਦਗੀਰ ਦੂਜਾ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਜੀਵ ਜੰਤ ਕੁਰਲਾਣ, ਕੋਟਨ ਕਰਬਲੇ ਦੇਣ ਦੁਹਾਈਆ । ਰੇੜਕਾ ਚੁਕੇ ਜ਼ਿਮੀਂ ਅਸਮਾਨ, ਸੁਲੇਮਾਨ

ਪੈਗ਼ੰਬਰ ਸੀਸ ਨਿਵਾਈਆ । ਹਿਰਦਾ ਹਿਲੇ ਹਰ ਇਕ ਅਫ਼ਗ਼ਾਨ, ਮਸਾਣ ਭੂਮੀ ਖ਼ੁਸ਼ੀ ਮਨਾਈਆ । ਗੋਦਾਵਰੀ ਕਹੇ ਭਗਤਾਂ ਨੂੰ ਮਿਲੇ ਉਹ ਦਾਨ, ਜਿਸ ਨੂੰ ਗੋਬਿੰਦ ਕਰੇ ਪਰਵਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨੀ ਆਪਣੀ ਇਕ ਰਖਾਈਆ ।

ਲਾਲ ਰੰਗ ਕਹੇ ਮੇਰਾ ਗੁਰਮੁਖ ਵਾਲਾ ਪਿਆਰ, ਪਟਨੇ ਧਾਰ ਵਿਚੋਂ ਨਜ਼ਰੀ ਆਈਆ । ਜਿਸ ਵੇਲੇ ਸ੍ਰਿਸ਼ਟੀ ਹੋਵੇ ਦੋ ਚਾਰ, ਸਮਝਾਂ ਸਮਝ ਦਏ ਭੁਲਾਈਆ । ਫੇਰ ਖੇਲ ਕਰੇ ਕਰਤਾਰ, ਕਰਤਾ ਪੁਰਖ ਸਚਾ ਸ਼ਹਿਨਸ਼ਾਹੀਆ । ਪਟਨੇ ਸ਼ਹਿਰ ਜਾ ਕੇ ਵਿਚ ਬਾਜ਼ਾਰ, ਬਾਜ਼ੀ ਆਪਣੀ ਦਏ ਉਲਟਾਈਆ । ਪਿਛਲਾ ਲਹਿਣਾ ਕਰਾਵੇ ਯਾਦ, ਯਾਦ ਅਗਲੀ ਦਏ ਸਮਝਾਈਆ । ਉਜੜਿਆ ਖੇੜਾ ਕਰੇ ਆਬਾਦ, ਗੁਲਸ਼ਨ ਸਾਚਾ ਇਕ ਮਹਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲਾ ਆਪਣੇ ਹੱਥ ਰਖੇ ਰਾਜ਼, ਪਰਦੇ ਧੁਰ ਦੇ ਵਿਚ ਟਿਕਾਈਆ ।

ਪੀਲਾ ਰੰਗ ਕਹੇ ਮੈਂ ਸਵਾ ਗਜ਼, ਗ਼ਜ਼ਨੀ ਵਿਚੋਂ ਆਈਆ । ਮੁਗ਼ਲਾਂ ਨੂੰ ਦੱਸਿਆ ਹਜ, ਹਾਜਤ ਦਿਤੀ ਸਮਝਾਈਆ । ਨੌਂ ਨੌਂ ਦਾ ਲਾ ਕੇ ਪਜ, ਰੋਕੜ ਦਿਤੀ ਵਖਾਈਆ । ਗਿਰੀ ਖੋਪਰੇ ਹੋ ਕੇ ਬੰਦ, ਅੰਮ੍ਰਿਤ ਜਲ ਛੁਪਾਈਆ । ਮਾਰ ਕੇ ਔਣਾ ਆਪਣਾ ਪੰਧ, ਪਾਂਧੀ ਹੋ ਕੇ ਆਪਣਾ ਫੇਰਾ ਪਾਈਆ । ਜ਼ਰੂਰ ਮਿਲੇ ਸਾਹਿਬ ਬਖ਼ਸ਼ੰਦ, ਜੋ ਸਭ ਦਾ ਸਾਹਿਬ ਗੁਸਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵਾਂ ਚਾੜ੍ਹਨ ਵਾਲਾ ਚੰਦ, ਬਿਨਾ ਚੰਦ ਕਰੇ ਰੁਸ਼ਨਾਈਆ ।



ਗੋਦਾਵਰੀ ਕਹੇ ਮੈਂ ਭਗਤੋ ਤੁਹਾਡੇ ਆ ਗਈ ਵਿਚ, ਵਿਚੇ ਵਿਚ ਖ਼ੁਸ਼ੀ ਮਨਾਈਆ । ਨੌਂ ਆਪਣੇ ਕੰਨ ਲਓ ਖਿਚ, ਦੋਵੇਂ ਹੱਥ ਉਪਰ ਰਖਾਈਆ । ਵੇਲਾ ਵਕਤ ਲਉ ਨਜਿਠ, ਸੋਹਣਾ ਰਿਹਾ ਸਮਝਾਈਆ । ਹੁਕਮ ਨਾਲ ਅਗੇ ਦੇਣ ਨਹੀਂ ਦੇਣੀ ਪਿਠ, ਪਿਛਾ ਸਕੇ ਨਾ ਕੋਇ ਭੁਆਈਆ । ਤੁਹਾਡੇ ਪਿਛੇ ਹਰਿਸੰਗਤ ਲੈਣੀ ਖਿਚ, ਚਰਨਾਂ ਵਿਚ ਟਿਕਾਈਆ । ਤੁਸੀਂ ਸਾਰੇ ਅੰਦਰੋਂ ਹੋ ਜਾਓ ਇਕ, ਦੂਜਾ ਰੂਪ ਨਾ ਕੋਇ ਵਖਾਈਆ । ਬਿਨਾ ਵਾਸਨਾ ਜਾਓ ਟਿਕ, ਟਿਕ ਟਿਕੀ ਇਕੋ ਇਕ ਲਗਾਈਆ । ਕਿਸੇ ਪੂਜਣਾ ਨਹੀਂ ਪੱਥਰ ਇੱਟ, ਬੁੱਤਾਂ ਸੀਸ ਨਾ ਕੋਇ ਝੁਕਾਈਆ । ਇਕ ਇਕ ਬੂੰਦ ਅੰਮ੍ਰਿਤ ਪਾਓ ਛਿੱਟ, ਨੌਵੇਂ ਨੌਂ ਨੌਂ ਵਾਰ ਚਰਨਾਂ ਉਤੇ ਸੁਟਾਈਆ । ਗੋਦਾਵਰੀ ਪਿਛਲੀ ਕਢ ਕੇ ਵਖਾਏ ਆਪਣੀ ਚਿਟ, ਗੋਬਿੰਦ ਲੇਖਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਰਿਹਾ ਚੁਕਾਈਆ । ਨੌਂ ਨੌਂ ਵਾਰ ਗੰਗਾ ਜਲ ਦੇਣਾ ਪਾ, ਗੋਦਾਵਰੀ ਖ਼ੁਸ਼ੀ ਮਨਾਈਆ । ਗੋਦਾਵਰੀ ਕਹੇ ਸਾਰੀ ਸੰਗਤ ਲੈ ਤਰਾ, ਤਾਰਨਹਾਰ ਹੋਏ ਸਹਾਈਆ । ਇਕੋ ਇਕ ਲਓ ਧਿਆ, ਧਿਆਨ ਆਪਣੇ ਵਿਚ ਸਮਾਈਆ । ਜਨਮ ਦਾ ਰੋਗ ਲਓ ਮਿਟਾ, ਚਿੰਤਾ ਚਿਖਾ ਦਏ ਜਲਾਈਆ । ਮਾਨਸ ਜਨਮ ਲੇਖੇ ਲਓ ਲਗਾ, ਲਗਨ ਇਕੋ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਓ ਮਨਾ, ਮਨਸਾ ਦੂਜੀ ਬਾਹਰ ਕਢਾਈਆ ।

ਨੌ ਨੌ ਵਾਰ ਪੌਣਾ ਜਲ, ਗੋਦਾਵਰੀ ਵੇਖ ਖ਼ੁਸ਼ੀ ਮਨਾਈਆ । ਤੁਹਾਨੂੰ ਘੜੀ ਨਾ ਵਿਛੜੇ ਪਲ, ਕਦੇ ਨਾ ਹੋਵੇ ਜੁਦਾਈਆ । ਨੌਆਂ ਪਿਛੇ ਸੰਗਤ ਹਰਿ ਦਵਾਰਾ ਲਏ ਮਲ, ਸਚਖੰਡ ਸਾਚੇ ਵਜੇ ਵਧਾਈਆ । ਇਕ ਦੂਜੇ ਅੰਦਰ ਜਾਓ ਰਲ, ਦੂਈ ਦਵੈਤੀ ਲੇਖਾ ਢਾਹੀਆ । ਗੁਰਮੁਖਾਂ ਪਿਛੇ ਗੁਰਮੁਖ ਫਲ, ਇਹ ਪ੍ਰਭ ਦੀ ਬੇਪਰਵਾਹੀਆ । ਤਿੰਨ ਚਾਰ ਅੱਸੂ ਦੀ ਰਾਤ ਕਹੇ ਸਾਚਾ ਲੈ ਲਓ ਫਲ, ਅੰਮ੍ਰਿਤ ਰਸ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਜਾਣੇ ਥਾਉਂ ਥਾਈਂਆ । ਜਲ ਕਹੇ ਮੈਂ ਗੋਦਾਵਰੀ ਧਾਰ, ਅੰਦਰੇ ਅੰਦਰ ਖ਼ੁਸ਼ੀ ਮਨਾਈਆ । ਗੁਰਮੁਖਾਂ ਦਾ ਪ੍ਰੇਮ ਪਿਆਰ, ਭਗਵਨ ਭਗਤਾਂ ਨਾਲ ਜੁੜਾਈਆ । ਨੇਤਰ ਅੱਖਾਂ ਦਾ ਦੀਦਾਰ, ਲੋਚਨ ਵੇਖ ਵਜੇ ਵਧਾਈਆ । ਸੰਗਤਾਂ ਦਾ ਵਿਹਾਰ, ਕੂੜੀ ਜਨਤਾ ਦਾ ਸ਼ਿੰਗਾਰ, ਹੰਕਾਰ ਸ੍ਰਿਸ਼ਟੀ ਦਏ ਖਪਾਈਆ । ਭਗਤਾਂ ਕਰ ਇਤਬਾਰ, ਖਿੱਚ ਲਿਆਏ ਦਵਾਰ, ਗੋਬਿੰਦ ਦਾ ਅਧਾਰ, ਕਰਜ਼ਾ ਮੂਲ ਝੋਲੀ ਪਾਈਆ । ਅਗੇ ਨਾ ਹੋਏ ਵਿਗਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਨਜ਼ਰੀ ਆਈਆ । ਪਾਣੀ ਕਹੇ ਮੈਂ ਠੰਡਾ ਠਾਰ, ਠੰਡਿਆਂ ਦਿਆਂ ਕਰਾਈਆ । ਜਨ ਭਗਤੋ ਪ੍ਰਭ ਦੇ ਚਰਨ ਸਚਾ ਗੁਰੂਦਵਾਰ, ਗ੍ਰਿਹ ਮੰਦਰ ਇਕੋ ਸੋਭਾ ਪਾਈਆ । ਇਕੋ ਜੋਤ ਨੂਰ ਚਮਤਕਾਰ, ਜਿਸ ਨੂੰ ਸਕੇ ਨਾ ਕੋਇ ਬੁਝਾਈਆ । ਇਕੋ ਸ਼ਬਦ ਧੁਨਕਾਰ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਇਕੋ ਖੇਲ ਕਰੇ ਕਰਤਾਰ, ਕੁਦਰਤ ਕਾਦਰ ਫੇਰਾ ਪਾਈਆ । ਨਵ ਨੌਂ ਦਾ ਵਿਵਹਾਰ, ਨੌਂ ਦਰ ਲੇਖਾ ਦੇਵੇ ਢਾਹੀਆ । ਜਿਨ੍ਹਾਂ ਭਗਤਾਂ ਦਾ ਆਪਣੀ ਗਿਣਤੀ ਵਿਚ ਕਰ ਲਿਆ ਸ਼ੁਮਾਰ, ਸ਼ੁਬਾ ਉਨ੍ਹਾਂ ਦਾ ਦਿਤਾ ਚੁਕਾਈਆ । ਜਿਸ ਲੇਖੇ ਨੂੰ ਲਿਖ ਸਕਦਾ ਨਹੀਂ ਕੋਈ ਅਖ਼ਬਾਰ, ਅੱਖਰਾਂ ਵਿਚ ਨਾ ਕੋਇ ਸਲਾਹੀਆ । ਉਸ ਦਾ ਹੋਣਾ ਇਕ ਵਿਹਾਰ, ਵਿਵਹਾਰ ਬੇਪਰਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣ ਰਖਵਾਲ, ਪੱਖ ਪਾਲ ਨਜ਼ਰੀ ਆਈਆ ।



ਮੁਖ ਨਕ਼ਾਬ ਸਾਰੇ ਕਰ ਲਓ ਪਰਦਾ, ਅੰਤਰ ਅੰਤਰ ਧਿਆਨ ਲਗਾਈਆ । ਅੰਦਰ ਵੇਖੋ ਮਾਲਕ ਆਪਣੇ ਘਰ ਦਾ, ਜੋ ਘਰ ਘਰ ਡੇਰਾ ਲਾਈਆ । ਜੋ ਆਦਿ ਜੁਗਾਦੀ ਖੇਲ ਕਰਦਾ, ਨਿਤ ਨਵਿਤ ਵੇਖ ਵਖਾਈਆ । ਜੋ ਸ਼ਬਦ ਅਗੰਮੀ ਉਚਰਦਾ, ਨਾਦੀ ਧੁਨ ਜਣਾਈਆ । ਜੋ ਕਰ ਕੇ ਕੌਲ ਕਦੀ ਨਹੀਂ ਮੁੱਕਰਦਾ, ਵੇਖੇ ਥਾਉਂ ਥਾਈਆ । ਨਾਤਾ ਜੋੜ ਕੇ ਪਿਤਾ ਪੁੱਤਰ ਦਾ, ਗੁਰਮੁਖ ਸਹਿਜ ਲਏ ਮਿਲਾਈਆ । ਜੋ ਨਿਰਗੁਣ ਧਾਰੋਂ ਨਿਰਵੈਰ ਹੋ ਕੇ ਉਤਰਦਾ, ਨਿਹਕਲੰਕ ਵੇਸ ਵਟਾਈਆ । ਹੁਣ ਵੇਲਾ ਓਸ ਦੇ ਸ਼ੁਕਰ ਦਾ, ਬਾਕੀ ਸੰਸੇ ਦਿਓ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਇਕ ਰਖਾਈਆ । ਮੁਖ ਨਕਾਬ ਕਹੇ ਮੈਂ ਜਲਵਾ ਵੇਖਾਂ ਨੂਰੀ, ਹਰਿ ਨੁਰਾਨਾ ਨਜ਼ਰੀ ਆਈਆ । ਜੋ ਭਗਤਾਂ ਕਟੇ ਮਜ਼ਬੂਰੀ, ਮੁਸ਼ਕਲ ਹੱਲ ਵਖਾਈਆ । ਚਰਨ ਕਵਲ ਦਏ ਹਜ਼ੂਰੀ, ਹਾਜ਼ਰ ਹੋ ਕੇ ਲਏ ਸਮਝਾਈਆ । ਜਨ ਭਗਤੋ ਟਿੱਕੇ ਮਸਤਕ ਲਾਇਓ ਧੂੜੀ, ਧੁਰ ਦੀ ਮਿਲੇ ਮਾਣ ਵਡਿਆਈਆ । ਕੂੜੀ ਕਿਰਿਆ ਨਾ ਰਹੇ ਮਗ਼ਰੂਰੀ, ਹੰਕਾਰ ਦੇਣਾ ਮਿਟਾਈਆ । ਤੁਹਾਡੇ ਅੰਤਰ ਨਾਮ ਉਹ ਕਸਤੂਰੀ, ਜਿਸ ਦੀ ਸੁਗੰਧੀ ਅੰਤਰ ਨਜ਼ਰ ਕਿਸੇ ਨਾ ਆਈਆ । ਪੁਰਖ ਅਕਾਲ ਸਰਬ ਕਲਾ ਭਰਪੂਰੀ, ਖ਼ਾਲੀ ਭਾਂਡੇ

ਦਏ ਭਰਾਈਆ । ਸਚ ਦਵਾਰਿਉਂ ਲੈ ਕੇ ਜਾਇਓ ਮਜ਼ਦੂਰੀ, ਜੋ ਜੁਗ ਜੁਗ ਸੇਵ ਕਮਾਈਆ । ਤੁਹਾਡਾ ਲਹਿਣਾ ਦੇਣਾ ਜ਼ਰੂਰੀ, ਜ਼ਰੂਰਤ ਪਿਛਲੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧਾਨ ਦਇਆ ਕਮਾਈਆ । ਨਕਾਬ ਕਹੇ ਮੈਂ ਕੂੜੀ ਕਿਰਿਆ ਕੋਲੋਂ ਕੀਤਾ ਪਰਦਾ, ਅੰਤਰ ਅੰਤਰ ਵੇਖ ਵਖਾਈਆ । ਜਗਤ ਜਹਾਨ ਅਗਨੀ ਸੜਦਾ, ਮਾਇਆ ਮਮਤਾ ਰਹੀ ਤਪਾਈਆ । ਧੰਨ ਵਡਿਆਈ ਜੋ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ" ਢੋਲਾ ਪੜ੍ਹਦਾ, ਧੁਰ ਦਾ ਨਾਮ ਧਿਆਈਆ । ਕਲਜੁਗ ਅੰਤ ਅਖੀਰੀ ਭਾਣਾ ਜਰਦਾ, ਨਾਤਾ ਕੂੜਾ ਜਗਤ ਤੁੜਾਈਆ । ਉਸ ਦਾ ਸਾਫ਼ ਕਰਨਾ ਹਿਰਦਾ, ਹਰਿ ਹਿਰਦੇ ਦੇਣਾ ਵਸਾਈਆ । ਭੇਵ ਖੁਲ੍ਹਾ ਕੇ ਨਿਰਵੈਰ ਨਿਰ ਦਾ, ਨਿਰੰਕਾਰ ਦੇਣਾ ਮਿਲਾਈਆ । ਜਿਹੜਾ ਗੋਦਾਵਰੀ ਵੇਲਾ ਤਕਿਆ ਚਿਰ ਦਾ, ਚਿਰੀ ਵਿਛੁੰਨੇ ਜੋੜ ਜੁੜਾਈਆ । ਜਿਸ ਕਾਰਨ ਗੋਬਿੰਦ ਸ਼ਬਦੀ ਧਾਰ ਰਿਹਾ ਫਿਰਦਾ, ਦਰ ਦਰ ਘਰ ਘਰ ਵੇਖ ਵਖਾਈਆ । ਉਹ ਲਹਿਣਾ ਦੇਣਾ ਜਨ ਭਗਤੇ ਅੱਜ ਨਿਬੜਦਾ, ਲੇਖਾ ਲੇਖੇ ਵਿਚੋਂ ਝੋਲੀ ਪਾਈਆ । ਕਲਜੁਗ ਕਾਜ ਦਿਨੋਂ ਦਿਨ ਵੇਖਿਓ ਵਿਗੜਦਾ, ਸਾਚਾ ਰਾਹ ਨਾ ਕੋਇ ਸਮਝਾਈਆ । ਜਨ ਭਗਤਾਂ ਰਸ ਮਿਲਣਾ ਅੰਤਰ ਨਿਜਰ ਦਾ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਗੋਬਿੰਦ ਨਾਲ ਮਿਲਿਆ ਕੋਈ ਨਾ ਵਿਛੜਦਾ, ਵਿਛੜਿਆਂ ਰਿਹਾ ਮਿਲਾਈਆ । ਭਰਮ ਲਾਹ ਦਿਓ ਅਗਲੇ ਫ਼ਿਕਰ ਦਾ, ਫ਼ਿਕਰਾ ਇਕੋ ਦਿਤਾ ਸੁਣਾਈਆ । ਢੋਲਾ ਸਿਖ ਲਓ ਇਕੋ ਪ੍ਰਭੂ ਦੇ ਜਿਕਰ ਦਾ, ਜਿਸ ਨੇ ਕੋਟਾਂ ਜ਼ਕਰੀਏ ਦਿਤੇ ਚੁਰਾਈਆ । ਸੰਤ ਸੁਹੇਲਾ ਵਿਰਲਾ ਨਿਤਰਦਾ, ਆਪ ਆਪਣਾ ਕਰ ਰੁਸ਼ਨਾਈਆ । ਮਜਾ ਲੈ ਲਉ ਪ੍ਰੇਮੀ ਪਿਆਰੇ ਮਿਤਰ ਦਾ, ਜੋ ਮਿਥਿਆ ਦੱਸੇ ਲੋਕਾਈਆ । ਗ੍ਰਹਿ ਵੇਖ ਲਓ ਚੋਟੀ ਮੁਨਾਰੇ ਸਿਖਰ ਦਾ, ਦਰਗਾਹ ਸਾਚੀ ਦਏ ਵਖਾਈਆ । ਝਗੜਾ ਮੁਕ ਜਾਏ ਜਗਤ ਵਾਲੇ ਇਸ਼ਕ ਦਾ, ਮਹੀਅਲ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਦਏ ਖੁਲ੍ਹਾਈਆ । ਨਕਾਬ ਕਹੇ ਵੇਖਿਓ ਇਕੋ ਨੁਕਤਾ, ਜੇਰ ਜਵਰ ਦੀ ਲੋੜ ਰਹੇ ਨਾ ਰਾਈਆ । ਜਿਥੇ ਅਗਲਾ ਪਿਛਲਾ ਪੈਂਡਾ ਮੁਕਦਾ, ਮੁਕੰਮਲ ਮਿਲੇ ਵਡਿਆਈਆ । ਸ੍ਰੀ ਭਗਵਾਨ ਭਗਤਾਂ ਪੁਛਦਾ, ਫੜ ਬਾਹੋਂ ਗਲੇ ਲਗਾਈਆ । ਜਿਸ ਦਾ ਪੱਲੂ ਕਦੇ ਨਾ ਛੁਟਦਾ, ਛੁੱਟੇ ਸਰਬ ਲੋਕਾਈਆ । ਰੰਗ ਮਾਣੋਂ ਓਸ ਦੀ ਰੁਤ ਦਾ, ਜੋ ਰੁਤੜੀ ਰਿਹਾ ਮਹਿਕਾਈਆ । ਵੇਲਾ ਵੇਖੋ ਓਸ ਦੇ ਪੁਤ ਦਾ, ਜੋ ਗੋਬਿੰਦ ਸ਼ਬਦੀ ਖੇਲ ਖਿਲਾਈਆ । ਜਿਹੜਾ ਆਪਣੇ ਮਾਰਗ ਉਤੋਂ ਕਦੀ ਨਹੀਂ ਘੁਸਦਾ, ਜੁਗ ਚੌਕੜੀ ਵੇਖ ਵਖਾਈਆ । ਹੁਣ ਪਰਦਾ ਓਹਲਾ ਨਾ ਰਿਹਾ ਲੁਕ ਦਾ, ਸਨਮੁਖ ਹੋ ਕੇ ਰਿਹਾ ਸਮਝਾਈਆ । ਜੇ ਕੋਈ ਗਿਲਾ ਹੋਵੇ ਕਿਸੇ ਦੁਖ ਦਾ, ਉਹ ਵੀ ਦੇਣਾ ਸਮਝਾਈਆ । ਪੁਰਖ ਅਬਿਨਾਸ਼ੀ ਸ਼ੇਰ ਅਗੰਮੀ ਹੋ ਕੇ ਬੁਕਦਾ, ਨਾਮ ਭਬਕ ਇਕ ਸੁਣਾਈਆ । ਸਾਰੇ ਮਤਲਬ ਸਮਝ ਲਉ ਇਕ ਤੁਕ ਦਾ, ਭਾਂਡੇ ਭਰਮ ਦਏ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ੇ ਨਾਲ ਸਮਝਾਈਆ । ਨਕ਼ਾਬ ਕਹੇ ਹੁਣ ਧੂੜੀ ਵੇਖੀ ਲਗਦੀ, ਚੁਟਕੀ ਚਟਕ ਨਾਲ ਲਗਾਈਆ । ਇਹ ਰੀਤੀ ਵਖਰੀ ਜਗ ਦੀ, ਜਗ ਜੀਵਣ ਦਾਤੇ ਦਿਤੀ ਸਮਝਾਈਆ । ਘੜੀ ਸੁਲਖਣੀ ਹੋਈ ਅੱਜ ਦੀ, ਭਗਤਾਂ ਮਿਲੀ ਵਡਿਆਈਆ । ਗੋਦਾਵਰੀ ਖ਼ੁਸ਼ੀਆਂ ਵਿਚ ਭਜਦੀ, ਗੋਬਿੰਦ ਗੋਬਿੰਦ ਰਹੀ ਸੁਣਾਈਆ । ਨੇਤਰ ਲੋਚਨ ਨੈਣ ਦਰਸ਼ਨ ਕਰ ਕਰ ਰਜਦੀ, ਰਜ਼ਾ ਵਿਚ ਖ਼ੁਸ਼ੀ ਮਨਾਈਆ । ਭਗਤ ਸੁਹੇਲੇ ਰਹੀ ਲਭਦੀ, ਜੁਗ ਚੌਕੜੀ ਖੋਜ ਖੁਜਾਈਆ । ਤਿੰਨ ਚਾਰ ਅੱਸੂ ਦੀ ਰਾਤ ਉਨ੍ਹਾਂ ਵਿਚ

ਬੈਠੀ ਫਬਦੀ, ਜਿਨ੍ਹਾਂ ਆਪਣਾ ਫ਼ੈਸਲਾ ਲਿਆ ਮੁਕਾਈਆ । ਮੰਜ਼ਲ ਲੰਘ ਗਈ ਆਪਣੀ ਹਦ ਦੀ, ਘਰ ਸਾਚੇ ਸੋਭਾ ਪਾਈਆ । ਖ਼ੁਸ਼ੀ ਨਾਲ ਨਚਦੀ, ਟੱਪੇ ਕੁੱਦੇ ਚਾਈਂ ਚਾਈਆ । ਸਭ ਨੂੰ ਫਿਰੇ ਦਸਦੀ, ਸੁਨੇਹੜੇ ਹਕ ਸੁਣਾਈਆ । ਮੈਂ ਭਗਤ ਦਵਾਰੇ ਵਸਦੀ, ਭਗਤਾਂ ਨਾਲ ਵਡਿਆਈਆ । ਸ੍ਰਿਸ਼ਟੀ ਵੇਖਣੀ ਚਾਰ ਕੁੰਟ ਮਚਦੀ, ਮਚਲਾ ਹੋ ਕੇ ਮਚਲ ਦੇਵੇ ਲੋਕਾਈਆ । ਇਹ ਖੇਲ ਪੁਰਖ ਸਮਰਥ ਦੀ, ਸਮਝ ਕਿਸੇ ਨਾ ਆਇਆਂ । ਦਰ ਆਇਆਂ ਗੁਰ ਅਵਤਾਰਾਂ ਪੈਗ਼ੰਬਰਾਂ ਵਿਸ਼ਨ ਬ੍ਰਹਮਾ ਸ਼ਿਵ ਭਗਤਾਂ ਦਸਦੀ, ਦਹਿ ਦਿਸ਼ਾ ਸੁਣਾਈਆ । ਅਗਲੀ ਖੇਲ ਕਿਸੇ ਨਹੀਂ ਵਸ ਦੀ, ਬਿਸਤਰੇ ਸਭ ਦੇ ਗੋਲ ਕਰਾਈਆ । ਕਥਾ ਰਹਿਣੀ ਨਹੀਂ ਕਿਸੇ ਭਟ ਦੀ, ਰਸਨਾ ਸਿਫ਼ਤ ਨਾ ਕੋਇ ਵਡਿਆਈਆ । ਧਾੜ ਪੈਣੀ ਅਗੰਮੀ ਜੱਟ ਦੀ, ਜੋ ਜਗਤ ਦਏ ਹਿਲਾਈਆ । ਜਿਸ ਦੀ ਅੜਚਨ ਸਦਾ ਇਕ ਵੱਟ ਦੀ, ਵਟ ਵਿਚੋਂ ਦਏ ਕਢਾਈਆ । ਜਿਸ ਦੀ ਥਾਪੀ ਸਦਾ ਸੱਜੇ ਹੱਥ ਪਟ ਦੀ, ਪੱਟੀ ਸਭ ਨੂੰ ਦਏ ਪੜ੍ਹਾਈਆ । ਜੋ ਸੁਣਿਆ ਸੋ ਗੋਦਾਵਰੀ ਕਹੇ ਮੈਂ ਦਸਦੀ, ਹਸ ਹਸ ਰਹੀ ਜਣਾਈਆ । ਜੇ ਖ਼ੁਮਾਰੀ ਵੇਖੇ ਇਕ ਅੱਖ ਦੀ, ਪਰਤੱਖ ਨਜ਼ਰੀ ਆਈਆ । ਗੁਰਮੁਖ ਪ੍ਰੇਮਿਕਾ ਮੂਲ ਕਦੇ ਨਾ ਬਚਦੀ, ਪ੍ਰੀਤੀ ਸਾਚੀ ਸਚ ਲਗਾਈਆ । ਓਥੇ ਮਨ ਦੀ ਆਸਾ ਮੂਲ ਨਾ ਨਚਦੀ, ਜਿਥੇ ਭਰਵਾਸਾ ਦਿਤਾ ਬਣਾਈਆ । ਆਤਮ ਪਰਮਾਤਮ ਪਿਆਰ ਅੰਦਰ ਫਸਦੀ, ਦਾਸੀ ਹੋ ਕੇ ਸੇਵ ਕਮਾਈਆ । ਜਨ ਭਗਤੋ ਹੁਣ ਖੇਲ ਥੋੜ੍ਹੇ ਜਿਹੇ ਹਠ ਦੀ, ਹੇਠਲੇ ਉਤਲੇ ਦੋਵੇਂ ਦਏ ਮਿਟਾਈਆ । ਗੋਦਾਵਰੀ ਕਹੇ ਇਹ ਖੇਲ ਕਿਸੇ ਕਾਰਨ ਇਕੱਠ ਦੀ, ਇਕੱਠਿਆਂ ਦਏ ਜਣਾਈਆ । ਜਿਹੜੀ ਜਗਤ ਦਵਾਰ ਕਿਸੇ ਕੋਲੋਂ ਨਹੀਂ ਸੀ ਢੱਠਦੀ, ਸਹਿਜੇ ਦਏ ਉਖੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਖੇਲ ਵੇਖੇ ਪੁਰਖ ਸਮਰਥ ਦੀ, ਜੋ ਸਮਾਂ ਦਏ ਬਦਲਾਈਆ ।



## ❋ ੪ ਅੱਸੂ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❋

ਗੋਦਾਵਰੀ ਕਹੇ ਮੈਨੂੰ ਗੋਬਿੰਦ ਦਾ ਮਿਲਿਆ ਗੁਦਾਮ, ਹੀਰਾ ਘਾਟ ਹੀਰੇ ਰਿਹਾ ਵਖਾਈਆ । ਜਿਸ ਦਾ ਖ਼ਜ਼ੀਨਾ ਜਗਤ ਰਿਹਾ ਗੁਮਨਾਮ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਓਸਦਾ ਵੇਖਕੇ ਅਗੰਮ ਨਿਸ਼ਾਨ, ਨਿਸ਼ਾਨੇ ਸਾਰੇ ਗਏ ਭੁਲਾਈਆ । ਦੋ ਜਹਾਨਾਂ ਤਕ ਨਿਜ਼ਾਮ, ਨਾਮ ਨਿਧਾਨਾ ਰਿਹਾ ਸਮਝਾਈਆ । ਜਿਸ ਦਾ ਨੂਰ ਰਬੀ ਅਮਾਮ, ਕਾਮਲ ਮੁਰਸ਼ਦ ਬੇਪਰਵਾਹੀਆ । ਜਿਸ ਨੂੰ ਮਿਲਣਾ ਨਹੀਂ ਆਸਾਨ, ਜੁਗ ਚੌਕੜੀ ਦੇਣ ਗਵਾਹੀਆ । ਜਿਸ ਦਾ ਗੋਬਿੰਦ ਦੇਵੇ ਪੈਗ਼ਾਮ, ਪੈਗ਼ੰਬਰਾਂ ਰਿਹਾ ਸੁਣਾਈਆ । ਜਿਸ ਦਾ ਖੇਲ ਵੇਖ ਤਮਾਮ, ਤਮਅ ਦਿਤੀ ਮਿਟਾਈਆ । ਜਿਸ ਨਾਉਂ ਸੁਣ ਕੇ "ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ", ਸੋਹੰ ਰੂਪ ਸਮਾਈਆ । ਜਨ ਭਗਤਾਂ ਵੇਖ ਦੀਵਾਨ, ਦੀਵਾਨਖ਼ਾਨੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਗੋਦਾਵਰੀ ਕਹੇ ਮੈਂ ਵੇਖਿਆ ਉਹ ਹੀਰਾ, ਜਿਸ ਦੇ ਹਿਰਦੇ ਹਰਿ ਸਮਾਈਆ । ਤਕਿਆ ਉਹ ਨੀਰਾ, ਜੋ ਅੰਮ੍ਰਿਤ ਰੂਪ ਵਟਾਈਆ । ਜਾਣਿਆ ਉਹ ਪੀਰਾ, ਜੋ ਪੈਗ਼ੰਬਰਾਂ ਕਰੇ ਪੜ੍ਹਾਈਆ । ਲੇਖ ਤਕਿਆ ਉਹ ਤਹਿਰੀਰਾ, ਜੋ ਗੋਬਿੰਦ ਗਿਆ ਲਿਖਾਈਆ । ਬੁੱਝਿਆ ਉਹ ਕਸੀਰਾ, ਜੋ ਬ੍ਰਾਹਮਣ ਮੂਲ ਮੁਕਾਈਆ । ਕੋਲ ਵਸਿਆ ਵੇਖਿਆ

ਕਬੀਰਾ, ਜੋ ਕ਼ਲਮਾ ਢੋਲਾ ਇਕ ਸੁਣਾਈਆ । ਸ੍ਰੀ ਭਗਵਾਨ ਦਾ ਸਚ ਵਤੀਰਾ, ਬਿਨ ਵਿਤਕਰਿਉਂ ਰਿਹਾ ਜਣਾਈਆ । ਜਿਹੜਾ ਹੱਥ ਨਾ ਆਇਆ ਫ਼ਕੀਰਾ, ਫ਼ਿਕਰਾ ਰਿਹਾ ਪੜ੍ਹਾਈਆ । ਮੈਂ ਹੈਰਾਨ ਹੋਈ ਪ੍ਰਭ ਦੇ ਹੱਥ ਵੱਡੀਆਂ ਤਦਬੀਰਾ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜਿਸ ਦੀ ਸ਼ਰਅ ਪਾ ਕੇ ਜ਼ੰਜੀਰਾ, ਅੰਤਮ ਆਪੇ ਰਿਹਾ ਕਟਾਈਆ । ਬੇਧੜਕ ਹੋ ਕੇ ਗਹਿਰ ਗੰਭੀਰਾ, ਗਵਰ ਹੋ ਕੇ ਡੇਰਾ ਲਾਈਆ । ਭਰਮ ਭੁਲੇਖਾ ਪਾਏ ਤਤ ਸਰੀਰਾ, ਅੰਦਰ ਬੈਠਾ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇਂ ਅੰਦਰ ਖ਼ੁਸ਼ੀ ਮਨਾਈਆ । ਗੋਦਾਵਰੀ ਕਹੇ ਮੈਂ ਵੇਖਿਆ ਉਹ ਘਾਟ, ਜਿਥੇ ਘਾਟਾ ਰਹੇ ਨਾ ਰਾਈਆ । ਮੈਂ ਤਕਿਆ ਉਹ ਸਾਥ, ਜੋ ਸਗਲਾ ਸੰਗ ਨਿਭਾਈਆ । ਮਿਲਿਆ ਉਹ ਰਘੁਨਾਥ, ਜੋ ਰਘੁਬੰਸ ਦਏ ਵਡਿਆਈਆ । ਸੁਣਿਆ ਉਹ ਜਾਪ, ਜੋ ਆਤਮ ਪਰਮਾਤਮ ਮੇਲਾ ਰਿਹਾ ਮਿਲਾਈਆ । ਵੇਖਿਆ ਉਹ ਪਾਕ, ਜੋ ਪਤਿਤ ਪਾਪੀ ਦਏ ਤਰਾਈਆ । ਮਿਲਿਆ ਨਾਲ ਇਤਫ਼ਾਕ, ਸਹਿਜੇ ਜੋੜ ਜੁੜਾਈਆ । ਗੋਬਿੰਦ ਵਾਲਾ ਵਾਕ, ਭਵਿਖਤ ਲੇਖੇ ਲਾਈਆ । ਭਗਤਾਂ ਦਾ ਬਣ ਕੇ ਬਾਪ, ਪਿਤਾ ਪੂਤ ਗੋਦ ਉਠਾਈਆ । ਸਭ ਦਾ ਲਹਿਣਾ ਦੇਣਾ ਪੂਰਬ ਕਰ ਬੇਬਾਕ, ਬਾਕੀ ਆਪਣੀ ਝੋਲੀ ਪਾਈਆ । ਦੂਜਾ ਨਾ ਦਏ ਨਿਜਾਤ, ਨਿਜ ਮੰਦਰ ਦਏ ਵਖਾਈਆ । ਗੋਦਾਵਰੀ ਕਹੇ ਮੇਰੀ ਭਗਤਾਂ ਤਾਈਂ ਸ਼ਾਬਾਸ਼, ਖ਼ੁਸ਼ੀਆਂ ਨਾਲ ਸੁਣਾਈਆ । ਅਗੇ ਵਸਾਂ ਤੁਹਾਡੇ ਪਾਸ, ਚਰਨਾਂ ਸੇਵ ਕਮਾਈਆ । ਤੁਹਾਡੀ ਪਰਵਾਨ ਮੈਨੂੰ ਰਾਖ, ਧੂੜੀ ਆਪਣੇ ਵਿਚ ਸਮਾਈਆ । ਸ੍ਰਿਸ਼ਟ ਸਬਾਈ ਦਾ ਵੇਖੋ ਫ਼ਸਾਦ, ਫਸਿਆ ਨਾ ਕੋਇ ਛੁਡਾਈਆ । ਕਲਜੁਗ ਕੂੜ ਕੁੜਿਆਰ ਬਣੇ ਜਲਾਦ, ਖੰਡਾ ਖੜਗ ਹੱਥ ਚਮਕਾਈਆ । ਸਜਦਾ ਰਹੇ ਨਾ ਕੋਇ ਅਦਾਬ, ਨਮਸਤੇ ਸੀਸ ਨਾ ਕੋਇ ਝੁਕਾਈਆ । ਦੁਨੀ ਦਾ ਦੀਨ ਹੋਣਾ ਬਰਬਾਦ, ਬਾਜ਼ੀ ਸਭ ਦੀ ਦਏ ਉਲਟਾਈਆ । ਭਗਤਾਂ ਦਾ ਗੁਲਸ਼ਨ ਮਹਿਕੇ ਬਾਗ਼, ਬਗ਼ੀਚਾ ਧੁਰ ਦਾ ਦਏ ਲਗਾਈਆ । ਜੁਗ ਚੌਕੜੀ ਅਗੇ ਦੇਵੇ ਨਾ ਕੋਇ ਜਵਾਬ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਬਿਨ ਗੁਰਮੁਖਾਂ ਹੋਇਆ ਨਾ ਕਿਸੇ ਮਿਲਾਪ, ਵਿਛੜੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵਰਤਾਈਆ । ਗੋਦਾਵਰੀ ਕਹੇ ਹੀਰਾ ਘਾਟ ਲੱਗਾ ਸੋਹਣਾ, ਸਚ ਮਿਲੀ ਵਡਿਆਈਆ । ਜਿਥੇ ਗੁਰਮੁਖ ਇਕੋ ਹੋਣਾ, ਹੋਣੀ ਮੌਤ ਦੇਵੇ ਨਾ ਕੋਇ ਸਜ਼ਾਈਆ । ਜਨਮ ਮਰਨ ਵਿਚ ਪਏ ਨਾ ਰੋਣਾ, ਰੋਂਦਿਆਂ ਨੀਰ ਨਾ ਕੋਇ ਵਹਾਈਆ । ਕੋਟਨ ਕੋਟ ਨਾਮ ਨਾ ਪਏ ਗੌਣਾ, ਨਾਮ ਜੈਕਾਰਾ ਇਕੋ ਇਕ ਸੁਣਾਈਆ । ਆਪਣਾ ਆਪ ਨਾ ਪਏ ਭੁਲਾਣਾ, ਅਭੁਲ ਦੇਵੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਦਾਵਰੀ ਕਹੇ ਮੈਂ ਰਾਤ ਮੂਲ ਨਾ ਸੁੱਤੀ, ਗ਼ਫ਼ਲਤ ਵਿਚ ਨਿੰਦਰਾ ਨਾ ਕੋਇ ਰਖਾਈਆ । ਮੈਂ ਵੇਖਦੀ ਰਹੀ ਉਹ ਰੁਤੀ, ਰੁਤੜੀ ਆਪਣੀ ਬਹਾਰ ਰਹੀ ਬਦਲਾਈਆ । ਮੈਂ ਭਗਤਾਂ ਦੇ ਦਰ ਦਰ ਘਰ ਘਰ ਕਟਦੀ ਰਹੀ ਬੁਤੀ, ਭੱਜੀ ਵਾਹੋ ਦਾਹੀਆ । ਸ੍ਰਿਸ਼ਟੀ ਵੇਖੀ ਸੁੱਤੀ, ਸੁੱਤਿਆਂ ਨਾ ਕੋਇ ਉਠਾਈਆ । ਮੇਰੀ ਰਮਜ਼ ਇਸ਼ਾਰੇ ਵਾਲੀ ਮੂਲ ਨਾ ਰੁਕੀ, ਰੁੱਕੇ ਘਰ ਘਰ ਦਿਤੇ ਪੁਚਾਈਆ । ਪੰਚਮ ਪੰਚ ਪੰਚ ਪਰਮੁਖੀ, ਪਰਪੰਚ ਦਿਤਾ ਗਵਾਈਆ । ਜਿਸ ਪ੍ਰੇਮ ਦੀ ਮੈਂ ਸਦੀਆਂ ਤੋਂ ਭੁੱਖੀ, ਸੋ ਆਪਣੀ ਤ੍ਰਿਸ਼ਨਾ ਲਈ ਬੁਝਾਈਆ । ਮੈਂ ਕੰਧਾਂ ਕੋਠੇ ਮੰਜ਼ਲ ਚੜ੍ਹਦੀ ਰਹੀ ਉਚੀ, ਬਿਨ ਪੌੜੀ ਡੰਡੇ ਹੱਥ ਲਗਾਈਆ । ਆਪਣੇ ਨਿਸ਼ਾਨਿਉਂ ਮੂਲ ਨਾ ਉੱਕੀ, ਜੋ ਤੀਰ ਅਣਿਆਲਾ ਗੋਬਿੰਦ ਦਿਤਾ

੧੦੯੩

ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਕਹੇ ਮੈਂ ਗ੍ਰਿਹ ਗ੍ਰਿਹ ਪਾਇਆ ਫੇਰਾ, ਭੰਨੀ ਵਾਹੋ ਦਾਹੀਆ । ਸਾਚਾ ਤਕ ਕੇ ਇਕ ਸਵੇਰਾ, ਸੁਬਹ ਦਿਤੀ ਸੁਹਾਈਆ । ਸੁਹੰਜਣਾ ਜਾਣ ਕੇ ਅੰਮ੍ਰਿਤ ਵੇਲਾ, ਅੰਮ੍ਰਿਤ ਜਾਮ ਮੁਖ ਲਗਾਈਆ । ਜਨ ਭਗਤੋ ਕੋਈ ਨਾ ਸਮਝਿਓ ਮੈਂ ਅਕੇਲਾ, ਇਕ ਇਕ ਦੇ ਨਾਲ ਏਕੰਕਾਰ ਵਸਿਆ ਥਾਉਂ ਥਾਈਆ । ਇਸ ਨੂੰ ਕਦੀ ਨਾ ਸਮਝਿਓ ਵਿਹਲਾ, ਦਿਵਸ ਰੈਣ ਸਾਚੀ ਸੇਵ ਕਮਾਈਆ । ਚਲਦਿਆਂ ਫਿਰਦਿਆਂ ਕਰੇ ਮੇਲਾ, ਸੋਵਤ ਜਾਗਤ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਬੇਪਰਵਾਹੀਆ । ਗੋਦਾਵਰੀ ਕਹੇ ਮੇਰਾ ਨਾਤਾ ਤੁੱਟਾ ਨਾਲੋਂ ਗੰਦਗੀ, ਕਲਜੁਗ ਇਛਿਆ ਦਿੱਤੀ ਤਜਾਈਆ । ਇਕੋ ਕਰਨੀ ਪ੍ਰਭ ਸਾਚੇ ਦੀ ਬੰਦਗੀ, ਜੋ ਬੰਧਨ ਦਏ ਤੁੜਾਈਆ । ਜਿਸ ਨੂੰ ਮਿਲਿਆਂ ਦੂਸਰ ਰਹੇ ਨਾ ਕੋਇ ਮਸ਼ੰਦਗੀ, ਮੁਸ਼ਕਲ ਨਜ਼ਰ ਕੋਇ ਨਾ ਆਈਆ । ਜਿਸ ਨੇ ਲੇਖੇ ਲੌਣੀ ਹਰਿਸੰਗਤ ਤੇਰੀ ਜ਼ਿੰਦਗੀ, ਜ਼ਿੰਦਾ ਆਪਣੇ ਵਿਚ ਕਰਾਈਆ । ਅਗਲੀ ਖੇਲ ਨਹੀਂ ਕੋਈ ਹਿੰਦ ਦੀ, ਹਿੰਦਸੇ ਸਭ ਦੇ ਦਏ ਬਦਲਾਈਆ । ਇਹ ਖੇਲ ਸ਼ਬਦੀ ਬਿੰਦ ਦੀ, ਜੋ ਬਿੰਦੀ ਟਿੱਪੀ ਦਏ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਹੁਕਮ ਮਨਾਈਆ । ਗੋਦਾਵਰੀ ਕਹੇ ਮੈਂ ਦੱਸਾਂ ਅੰਤ ਅਖ਼ੀਰੀ, ਸਰਬ ਦਿਆਂ ਸਮਝਾਈਆ । ਜਿਸ ਦੇ ਕੋਲ ਮੀਰੀ ਪੀਰੀ, ਸ਼ਾਹ ਹਕੀਰੀ ਵੇਖ ਵਖਾਈਆ । ਉਹ ਰਹਿਣ ਨਾ ਦੇਵੇ ਕੋਈ ਦਿਲਗੀਰੀ, ਉਦਾਸੀ ਕੂੜੀ ਦਏ ਮਿਟਾਈਆ । ਬੇਸ਼ਕ ਅਗੇ ਗਲੀ ਔਣ ਵਾਲੀ ਭੀੜੀ, ਮਾਰਗ ਔਖਾ ਨਜ਼ਰੀ ਆਈਆ । ਫੇਰ ਵੀ ਭਗਤੋ ਤੁਹਾਡੀ ਬਣੀ ਰਹਿਣੀ ਪੀੜੀ, ਪਿਰ ਤੁਹਾਡੇ ਹੱਥ ਰਖਾਈਆ । ਹੁਣ ਕੋਈ ਬਣਨਾ ਨਹੀਂ ਰੂਪ ਕੀੜੀ, ਸ਼ੇਰਾਂ ਦਾ ਸ਼ੇਰ ਨਜ਼ਰੀ ਆਈਆ । ਥੋੜ੍ਹੀ ਜਿਹੀ ਦੰਦਾਂ ਹੇਠ ਜੀਭ ਦਬ ਕੇ ਵੱਟ ਲਓ ਦਬੀੜੀ, ਦਰਦ ਸਭ ਦਏ ਗਵਾਈਆ । "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ", ਨਾਲੋਂ ਚੰਗੀ ਨਹੀਂ ਫ਼ਕੀਰੀ, ਇਕੋ ਫ਼ਿਕਰੇ ਅੰਦਰ ਫ਼ਿਕਰ ਸਾਰੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਦਾਵਰੀ ਕਹੇ ਮਿਲ ਗਿਆ ਉਹ ਗੋਬਿੰਦ, ਮੁਹਾਰਾਂ ਉਤੋਂ ਨਜ਼ਰੀ ਆਈਆ । ਜਿਸ ਮੇਟੀ ਮੇਰੀ ਚਿੰਦ, ਚਿੰਤਾ ਦਿਤੀ ਗਵਾਈਆ । ਮੈਂ ਹਾਜ਼ਰ ਕੀਤੀ ਆਪਣੀ ਜ਼ਿੰਦ, ਜ਼ਿੰਦਗੀ ਜੀਵਣ ਇਸੇ ਦੀ ਝੋਲੀ ਪਾਈਆ । ਇਸ ਦੇ ਚਰਨਾਂ ਤੋਂ ਚੰਗਾ ਨਹੀਂ ਕੋਈ ਵਸਣ ਵਾਲਾ ਪਿੰਡ, ਸ਼ਹਿਰ ਗਰਾਂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਹੋਏ ਸਹਾਈਆ । ਗੋਦਾਵਰੀ ਕਹੇ ਮੇਰਾ ਪ੍ਰੇਮ ਵਾਲਾ ਸੰਦੇਸ਼ਾ, ਗੁਰਮੁਖੋ ਦਿਆਂ ਜਣਾਈਆ । ਪ੍ਰਭ ਦਾ ਪ੍ਰੇਮ ਮੰਗੋ ਹਮੇਸ਼ਾ, ਹਮ ਸਾਜਣ ਲਉ ਬਣਾਈਆ । ਭਗਤ ਉਧਾਰਨ ਜਿਸ ਦਾ ਪੇਸ਼ਾ, ਪੇਸ਼ਤਰ ਆਪੇ ਰਿਹਾ ਜਣਾਈਆ । ਨਿਰਗੁਣ ਸਰਗੁਣ ਧਾਰ ਨਰੇਸ਼ਾ, ਨਰ ਨਰਾਇਣ ਸ਼ਹਿਨਸ਼ਾਹੀਆ । ਉਸ ਦੇ ਕੋਲ ਸਭ ਦਾ ਲੇਖਾ, ਪਰਦਾ ਸਕੇ ਕੋਇ ਨਾ ਪਾਈਆ । ਅੰਤਰ ਕਢਣਾ ਭਰਮ ਭੁਲੇਖਾ, ਸਚ ਮੰਨਣਾ ਇਕੋ ਮਾਹੀਆ । ਜਿਸ ਦਾ ਗੋਬਿੰਦ ਸ਼ਬਦੀ ਧਾਰ ਬੇਟਾ, ਪਿਤਾ ਪੁਰਖ ਅਕਾਲ ਅਖਵਾਈਆ । ਸੋ ਸਾਹਿਬ ਕਰਨ ਆਇਆ ਹੇਤਾ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਗੋਦਾਵਰੀ ਕਹੇ ਜੇ ਤੁਹਾਨੂੰ ਪਿਛਲਾ ਨਹੀਂ ਚੇਤਾ, ਚਿਤਾਵਨੀ ਦੇ ਕੇ ਸਭ ਨੂੰ ਰਿਹਾ ਹਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕਾ, ਰੂਪ ਅਨੂਪਾ ਵੇਸ ਵਟਾਈਆ ।

੧੦੬੪

## ❁ ੧੫ ਅੱਸੂ ਸ਼ਹਿਨਸ਼ਾਹੀ ਸੰਮਤ ੧ ਸਿੰਘਾਸਣ ਉਪਰ ਦਿੱਲੀ ❁



ਗੁਰ ਅਵਤਾਰ ਪੈਗ਼ੰਬਰ ਕਰਨ ਅਰਦਾਸ, ਸਚਖੰਡ ਦਵਾਰੇ ਸੀਸ ਨਿਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਬਿਨਾਸ਼, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਬ੍ਰਹਿਮੰਡ ਖੰਡ ਪੁਰੀ ਲੋਅ ਵੇਖ ਆਪਣਾ ਖੇਲ ਤਮਾਸ਼, ਖ਼ਾਲਕ ਖ਼ਲਕ ਫੋਲ ਫੁਲਾਈਆ । ਗੁਣ ਨਿਧਾਨ ਸਚ ਵਸਤ ਨਾ ਕਿਸੇ ਪਾਸ, ਲੱਖ ਚੁਰਾਸੀ ਜੀਵ ਜੰਤ ਸ੍ਰਿਸ਼ਟ ਦ੍ਰਿਸ਼ਟ ਹਲਕਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਦੀਨ ਦੁਨੀ ਕੀਤੀ ਉਦਾਸ, ਸਾਂਤਕ ਸਤਿ ਨਾ ਕੋਇ ਵਰਤਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸਤ ਦਿਸੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਝਗੜਾ ਵੇਖਿਆ ਦੀਨ ਮਜ਼੍ਹਬ ਜ਼ਾਤ ਪਾਤ, ਊਚ ਨੀਚ ਭੇਵ ਕੋਇ ਨਾ ਆਈਆ । ਪਾਰਬ੍ਰਹਮ ਤੇਰੀ ਕੋਈ ਨਾ ਗਾਵੇ ਸਾਚੀ ਗਾਥ, ਰਸਨਾ ਜਿਹਵਾ ਬੱਤੀ ਦੰਦ ਢੋਲੇ ਗੀਤ ਸੁਣਾਈਆ । ਆਤਮ ਪਰਮਾਤਮ ਦਿਸੇ ਨਾ ਕਿਸੇ ਸਾਥ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਾਚੀ ਮੰਜ਼ਲ ਪੌੜੀ ਚੜ੍ਹੇ ਕੋਇ ਨਾ ਘਾਟ, ਘਰ ਵਿਚ ਘਰ ਖ਼ੁਸ਼ੀ ਨਾ ਕੋਇ ਮਨਾਈਆ । ਬਿਨ ਗੋਪੀ ਕਾਹਨ ਸਚ ਦਵਾਰੇ ਵੇਖੇ ਕੋਈ ਨਾ ਰਾਸ, ਬੰਸਰੀ ਨਾਮ ਨਾ ਕੋਇ ਸੁਣਾਈਆ । ਵਸਤ ਅਮੋਲਕ ਕਾਇਆ ਗੋਲਕ ਨਾਮ ਭੰਡਾਰਾ ਮਿਲੇ ਨਾ ਦਾਤ, ਖ਼ਾਲੀ ਦਵਾਰੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਅਗੰਮਾ ਰਾਜ਼, ਰਾਜ਼ਕ ਰਹੀਮ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਦ੍ਰਿਸ਼ਟੀ ਅੰਦਰ ਨਾ ਹੋਏ ਕੋਈ ਵਿਸਮਾਦ, ਬਿਸਮਲ ਰੂਪ ਨਾ ਕੋਇ ਵਟਾਈਆ । ਮਨ ਵਾਸਨਾ ਕੂੜੀ ਕਿਰਿਆ ਹੋਏ ਖਰਾਬ, ਹਕ ਜਨਾਬ ਦਰਸ ਕੋਇ ਨਾ ਆਈਆ । ਸਾਚਾ ਸਜਦਾ ਕਰੇ ਨਾ ਕੋਇ ਅਦਾਬ, ਨਮਸਤੇ ਨਮੋ ਸੀਸ ਨਾ ਕੋਇ ਝੁਕਾਈਆ । ਸ਼ਬਦ ਅਗੰਮ ਧੁਨ ਸੁਣੇ ਨਾ ਕੋਇ ਆਵਾਜ਼, ਅਨਾਦੀ ਨਾਦ ਨਾ ਕੋਇ ਜਣਾਈਆ । ਮਿਲੇ ਮੇਲ ਨਾ ਸਤਿ ਸਤਿਵਾਦੀ ਏਕਾ ਵਾਹਿਦ, ਦੂਈ ਦਵੈਤੀ ਡੇਰਾ ਕੋਇ ਨਾ ਢਾਹੀਆ । ਸਾਚਾ ਹੁਕਮ ਨਾਮ ਕਰੇ ਕੋਈ ਨਾ ਆਇਦ, ਕੋਟਨ ਕੋਟ ਸਿਫ਼ਤੀ ਢੋਲੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਸਚ ਦਵਾਰੇ ਰਹੇ ਝੁਕ, ਕਰ ਬੇਨੰਤੀ ਹਕ ਸੁਣਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਵੈਰ ਨਿਰਾਕਾਰ ਨਿਰੰਕਾਰ ਉਠ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਮਨ ਵਾਸਨਾ ਕੂੜੀ ਕਿਰਿਆ ਪਈ ਲੁਟ, ਸਚ ਵਸਤ ਨਾ ਕੋਇ ਜਣਾਈਆ । ਕਲਜੁਗ ਜੀਵਾਂ ਭਾਗ ਗਏ ਨਿਖੁਟ, ਪਰਦਾ ਓਹਲਾ ਭੇਦ ਨਾ ਕੋਇ ਉਠਾਈਆ । ਉਜਲ ਦਿਸੇ ਕਿਸੇ ਨਾ ਮੁਖ, ਦੁਰਮਤ ਮੈਲ ਭਰੀ ਲੋਕਾਈਆ । ਸਫਲ ਹੋਏ ਨਾ ਕੋਈ ਕੁੱਖ, ਭਗਤ ਜਣੇਂਦੀ ਨਜ਼ਰ ਨਾ ਆਏ ਮਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚੇਤਨ ਹੋ ਕੇ ਖੋਜ ਖੁਜਾਈਆ । ਸਦੀ ਸਦੀਵੀ ਵੇਖ ਆਪਣੀ ਰੁਤ, ਨਵ ਨੌਂ ਚਾਰ ਗਏ ਵਿਹਾਈਆ । ਸੱਜਣ ਸੁਹੇਲੇ ਆ ਕੇ ਪੁਛ, ਮੁਰੀਦ ਮੁਰਸ਼ਦ ਲੈ ਉਠਾਈਆ । ਪਰਦਾ ਓਹਲਾ ਰਹੇ ਨਾ ਲੁਕ, ਲੁਕਮਾ ਵੇਖ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਦੱਸ, ਸਚਖੰਡ ਦਵਾਰੇ ਸੀਸ ਨਿਵਾਈਆ । ਅਬਿਨਾਸ਼ੀ ਕਰਤੇ ਸਾਡੇ ਕੁਛ ਨਾ ਰਿਹਾ ਵਸ, ਵਾਸਤਾ ਪਾ ਕੇ ਦੇਣ ਦੁਹਾਈਆ । ਤੇਰੇ ਹੁਕਮੇ ਅੰਦਰ ਲੋਕਮਾਤ ਆਏ ਨੱਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

੧੦੯੫

ਜਗਤ ਹੰਢਾਈਆ । ਤੇਰਾ ਨਾਮ ਸੰਦੇਸ਼ਾ ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਵਿਚ ਆਏ ਦੱਸ, ਅੱਖਰਾਂ ਵਾਲੀ ਕਰ ਪੜ੍ਹਾਈਆ । ਬੋਧ ਅਗਾਧ ਸ਼ਬਦ ਅਨਾਦ ਤੇਰਾ ਖੇਲ ਪੁਰਖ ਸਮਰਥ, ਮਹਿੰਮਾ ਅਕਥ ਅਕਥ ਦ੍ਰਿੜਾਈਆ । ਦੋ ਜਹਾਨ ਨੌਜਵਾਨ ਮਰਦ ਮਰਦਾਨ ਤੇਰਾ ਡੰਕਾ ਰਿਹਾ ਵੱਜ, ਰਾਓ ਰੰਕ ਰਾਜ ਰਾਜਾਨ ਜੁਗ ਜੁਗ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਾਤੀ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਠਾਕਰ ਸਵਾਮੀ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਅੰਤਰਜਾਮੀ, ਲੱਖ ਚੁਰਾਸੀ ਘਟ ਭੀਤਰ ਵੇਖ ਵਖਾਈਆ । ਕਲਜੁਗ ਜੀਵ ਕੋਇ ਨਾ ਜਾਣੇ ਗੁਣ ਨਿਧਾਨੀ, ਤੀਰ ਅਗੰਮੀ ਅਣਿਆਲਾ ਨਿਰਾਲਾ ਨਾ ਕੋਇ ਲਗਾਈਆ । ਭਰਮੇ ਭੁਲੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸਾਚਾ ਮੇਲ ਨਾ ਕੋਇ ਮਿਲਾਈਆ । ਅੰਮ੍ਰਿਤ ਰਸ ਮਿਲੇ ਨਾ ਕਿਸੇ ਠੰਡਾ ਪਾਣੀ, ਨਿਝਰ ਧਾਰ ਨਿਜ ਘਰ ਨਾ ਕੋਇ ਚੁਆਈਆ । ਸੁਰਤੀ ਸ਼ਬਦੀ ਮਿਲੇ ਨਾ ਸਚਾ ਹਾਣੀ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਜਮ ਦੀ ਚੁਕੇ ਨਾ ਕਿਸੇ ਦੀ ਕਾਣੀ, ਆਵਣ ਜਾਵਣ ਗੇੜ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਅੰਤ ਅਖ਼ੀਰ, ਸਦੀ ਚੌਧਵੀ ਦਏ ਦੁਹਾਈਆ । ਸਾਚਾ ਨਜ਼ਰ ਨਾ ਆਏ ਕੋਈ ਪੀਰ, ਪਰਾ ਪਸੰਤੀ ਮਧਮ ਬੈਖਰੀ ਦਏ ਦੁਹਾਈਆ । ਤੇਰਾ ਖੇਲ ਜਾਣੇ ਨਾ ਕੋਇ ਬੇਨਜ਼ੀਰ, ਨਜ਼ਰ ਸਕੇ ਨਾ ਕੋਇ ਬਦਲਾਈਆ । ਚਾਰ ਵਰਨ ਚਾਰ ਕੁੰਟ ਚਾਰ ਦਿਸ਼ਾ ਮਨ ਮਮਤਾ ਲਗੀ ਭੀੜ, ਮਾਰਗ ਸਚ ਨਾ ਕੋਇ ਪਰਗਟਾਈਆ । ਹਉਮੇ ਹੰਗਤਾ ਦਿਸੇ ਪੀੜ, ਕੂੜਾ ਦਰਦ ਨਾ ਕੋਇ ਗਵਾਈਆ । ਹੁਕਮੇ ਅੰਦਰ ਸ਼ਬਦੀ ਧਾਰਾ ਘਤ ਵਹੀਰ, ਵਾਹਵਾ ਤੇਰੀ ਬੇਪਰਵਾਹੀਆ । ਭਰਮੇ ਭੁੱਲੇ ਸੰਤ ਫ਼ਕੀਰ, ਫ਼ਿਕਰਾ ਹਕ ਨਾ ਕੋਇ ਸੁਣਾਈਆ । ਦੋ ਜਹਾਨਾਂ ਦੇਵੇ ਤੇਰੇ ਹੱਥ ਤਦਬੀਰ, ਚੌਦਾਂ ਤਬਕ ਦੇ ਸਮਝਾਈਆ । ਚੌਦਾਂ ਲੋਕ ਕਟ ਜ਼ਜੀਰ, ਸ਼ਰਅ ਸ਼ਰੀਅਤ ਦੇ ਬਦਲਾਈਆ । ਲੇਖਾ ਜਾਣ ਅਮੀਰ ਵਜ਼ੀਰ, ਹਕੀਰ ਫਕੀਰ ਖੋਜ ਖੁਜਾਈਆ । ਸਭ ਦੀ ਅੰਦਰੋਂ ਬਦਲ ਦੇ ਜ਼ਮੀਰ, ਜ਼ਾਮਨ ਹੋ ਕੇ ਹੋ ਸਹਾਈਆ । ਤੇਰੇ ਹੁਕਮੇ ਅੰਦਰ ਝਗੜਾ ਇਕ ਕਸ਼ਮੀਰ, ਕ੍ਰਿਸ਼ਨ ਕਾਹਨ ਗਿਆ ਲਿਖਾਈਆ । ਰਾਮ ਲਿਖ ਕੇ ਚਿੱਟੇ ਉਤੇ ਕਾਲੀ ਲਕੀਰ, ਲਾਹਨਤ ਸਭ ਨੂੰ ਗਿਆ ਪਾਈਆ । ਮੁਹੰਮਦ ਵੇਖ ਤੇਰੀ ਤਸਵੀਰ, ਤੋਬਾ ਤੋਬਾ ਕਰ ਸੁਣਾਈਆ । ਤੂੰ ਵਾਹਿਦ ਲਾਸ਼ਰੀਕ, ਤੌਫ਼ੀਕ ਤੇਰਾ ਨੂਰ ਖ਼ੁਦਾਈਆ । ਗੋਬਿੰਦ ਬਣ ਸਚ ਅਜ਼ੀਜ਼, ਨਿਉਂ ਨਿਉਂ ਸੀਸ ਗਿਆ ਝੁਕਾਈਆ । ਬਿਨਾ ਪੁਰਖ ਅਕਾਲ ਸਾਚੀ ਦੇਵੇ ਨਾ ਕੋਇ ਤਮੀਜ਼, ਤਮਅ ਵਿਚ ਸਰਬ ਲੋਕਾਈਆ । ਝਗੜਾ ਪਿਆ ਹੁਕਮੇ ਹਰਿ ਜਗਦੀਸ਼, ਜਗਦੀਸ਼ਰ ਆਪੇ ਹੋ ਸਹਾਈਆ । ਨਵ ਨੌਂ ਚਾਰ ਰਿਹਾ ਪੀਸ, ਸੀਸ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਅੰਦਰ ਵੇਖ ਨੀਤ, ਨੀਤੀਵਾਨ ਨੀਤੀ ਦੇ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਅੰਤ ਅਰਜ਼ੋਈ, ਆਰਜ਼ੂ ਬੇਨੰਤੀ ਸਚ ਸੁਣਾਈਆ । ਤੁਝ ਬਿਨ ਦੂਜਾ ਦਿਸੇ ਅਵਰ ਨਾ ਕੋਈ, ਕਾਅਬੇ ਰੋ ਰੋ ਦੇਣ ਦੁਹਾਈਆ । ਬਿਨਾ ਪੁਰਖ ਅਕਾਲ ਮਿਲੇ ਨਾ ਢੋਈ, ਢੋਲੇ ਸਾਰੇ ਰਹੇ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੀ ਕਰਨੀ ਕਰਤੇ ਪੁਰਖ ਹੋਈ, ਕੁਦਰਤ ਦੇ ਕ਼ਾਦਰ ਤੇਰੀ ਇਕ ਸਰਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਿਨ ਤੇਰੀ ਕਿਰਪਾ ਮੋਈ, ਮੂਰਖ

ਮੁਗਧ ਅੰਵਾਣ ਦਿਸੇ ਲੋਕਾਈਆ । ਸੋਈ ਸੁਰਤ ਨਾ ਉਠਾਵੇ ਕੋਈ, ਕਲਜੁਗ ਕਾਗ ਰਿਹਾ ਕੁਰਲਾਈਆ । ਪੈਗ਼ੰਬਰ ਕਹਿਣ ਤੇਰੇ ਨਾਮ ਦਰੋਹੀ, ਯਾਮਬੀਨ ਇਕੋ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਦਰ ਦਵਾਰ ਸਜਦਾ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਤੂੰ ਆਦਿ ਜੁਗਾਦੀ ਦੋ ਜਹਾਨਾਂ ਹੁਕਮੇਂ ਅੰਦਰ ਖੇਲ ਕਰਦਾ, ਬ੍ਰਹਿਮੰਡ ਖੰਡ ਰਿਹਾ ਭੁਆਈਆ । ਨਿਰਗੁਣ ਸਰਗੁਣ ਨਿਰਵੈਰ ਨਿਰਾਕਾਰ ਹੋ ਕੇ ਰੂਪ ਧਰਦਾ, ਪੰਜ ਤਤ ਖ਼ੁਸ਼ੀ ਮਨਾਈਆ । ਸ਼ਬਦ ਅਗੰਮੀ ਨਾਮ ਨਿਧਾਨ ਢੋਲਾ ਪੜ੍ਹਦਾ, ਨਿਰਅੱਖਰ ਬਿਨ ਅੱਖਰਾਂ ਦਏ ਸਮਝਾਈਆ । ਘਟ ਘਟ ਅੰਦਰ ਜੋਤ ਸਰੂਪੀ ਹੋ ਕੇ ਵੜਦਾ, ਵਾਹਵਾ ਆਪਣੀ ਖੇਲ ਖਿਲਾਈਆ । ਨਾ ਜੀਂਦਾ ਨਾ ਕਦੇ ਮਰਦਾ, ਜੋਤੀ ਜੋਤ ਡਗਮਗਾਈਆ । ਵਿਸ਼ਨ ਬ੍ਰਹਮਾ ਸ਼ਿਵ ਸਦਾ ਸਦਾ ਸਦ ਮੇਰੀ ਸੇਵਾ ਕਰਦਾ, ਨਿਉਂ ਨਿਉਂ ਲਾਗੇ ਪਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸਚਖੰਡ ਦਰਗਾਹ ਸਾਚੀ ਓਸ ਅਗੰਮੀ ਘਰ ਦਾ, ਜਿਥੇ ਦੀਵਾ ਬਾਤੀ ਕਮਲਾਪਾਤੀ ਨਜ਼ਰ ਕੋਇ ਨਾ ਆਈਆ । ਜਿਸ ਦਵਾਰੇ ਮੰਜ਼ਲ ਪੌੜੀ ਕੋਈ ਨਾ ਚੜ੍ਹਦਾ, ਬੇਮੁਕ਼ਾਮ ਤੇਰਾ ਮੁਕ਼ਾਮ ਨਾ ਕੋਇ ਸਮਝਾਈਆ । ਤੂੰ ਸ਼ਾਹ ਸੁਲਤਾਨ ਨੌਜਵਾਨ ਆਦਿ ਜੁਗਾਦੀ ਇਕ ਅਮਾਮ, ਆਮਲ ਇਕੋ ਨਜ਼ਰੀ ਆਈਆ । ਕਲਜੁਗ ਖੇਲ ਵੇਖ ਪਤਿਪਰਮੇਸ਼ਵਰ ਆਪ ਤਮਾਮ, ਤਮਅ ਵਿਚ ਸਰਬ ਲੋਕਾਈਆ । ਦਰ ਦਰ ਘਰ ਘਰ ਹੋਇਆ ਹੈਰਾਨ, ਹਿਰਦੇ ਹਰਿ ਨਾ ਕੋਇ ਵਸਾਈਆ । ਸਾਚਾ ਇਸ਼ਟ ਨਾ ਕਿਸੇ ਮਿਲਿਆ ਰਾਮ, ਸੁਰਤੀ ਸੀਤਾ ਨਾ ਕੋਇ ਪਰਨਾਈਆ । ਮਨ ਵਾਸਨਾ ਸਾਰੇ ਹੋਏ ਗ਼ੁਲਾਮ, ਬੰਧਨ ਸਕੇ ਨਾ ਕੋਇ ਤੁੜਾਈਆ । ਨੌ ਖੰਡ ਪ੍ਰਿਥਮੀ ਬਦਲ ਦੇ ਆਪ ਨਜ਼ਾਮ, ਨੌਬਤ ਧੁਰ ਦਾ ਨਾਮ ਵਜਾਈਆ । ਸਾਚਾ ਕ਼ਲਮਾ ਇਕੋ ਦੱਸ ਕਲਾਮ, ਨਾਮ ਨਗਮਾ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਜੋੜ ਕੇ ਹੱਥ, ਦਰ ਠਾਂਡੇ ਸੀਸ ਨਿਵਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਏਕੰਕਾਰ ਇਕ ਸਮਰਥ, ਪਰਵਰਦਿਗਾਰ ਤੇਰੀ ਓਟ ਰਖਾਈਆ । ਨਿਤ ਨਵਿਤ ਵੇਖਣਹਾਰਾ ਹਕ਼ੀਕ਼ਤ ਹੱਕ, ਦੋ ਜਹਾਨਾਂ ਖੋਜ ਖੁਜਾਈਆ । ਮਿਹਰਵਾਨ ਹੋ ਕੇ ਮੁਹੱਬਤ ਵਿਚ ਬਦਲ ਦੇ ਅੱਖ, ਨਿਜ ਨੇਤਰ ਨੂਰ ਕਰ ਰੁਸ਼ਨਾਈਆ । ਕਲਜੁਗ ਕੂੜੀ ਕਾਇਆ ਦੇ ਪਲਟ, ਕਾਗ ਹੰਸ ਰੂਪ ਬਦਲਾਈਆ । ਸਚ ਦਵਾਰਾ ਧਰਮ ਖੋਲ੍ਹਦੇ ਹੱਟ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਦੇ ਰੰਗਾਈਆ । ਆਤਮ ਪਰਮਾਤਮ ਪਾਰਬ੍ਰਹਮ ਦੇ ਕੇ ਬ੍ਰਹਮ ਮਤ, ਵਿਦਿਆ ਧੁਰ ਦੀ ਦੇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਾਵੇ ਜਸ, ਦੂਜਾ ਰਾਗ ਨਾ ਕੋਇ ਅਲਾਈਆ । ਤੇਰੇ ਵਿਛੋੜੇ ਅੰਦਰ ਸਾਰੇ ਸੱਥਰ ਲੈਣ ਘਤ, ਕੂੜੀ ਕਿਰਿਆ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਨਾਲ ਰਹੇ ਬੋਲ, ਜੈਕਾਰਾ ਇਕੋ ਨਾਮ ਲਗਾਈਆ । ਪਰਵਰਦਿਗਾਰ ਸਾਂਝੇ ਯਾਰ ਪੁਰਖ ਅਬਿਨਾਸ਼ੀ ਨਾਮ ਕੰਡੇ ਸਾਚੇ ਤੋਲ, ਸ੍ਰਿਸ਼ਟ ਸਬਾਈ ਆਪਣੇ ਹੱਥ ਰਖਾਈਆ । ਦੇ ਵਡਿਆਈ ਜੀਵ ਜੰਤ ਸੰਤ ਸੁਹੇਲੇ ਉਪਰ ਧੌਲ, ਧਰਨੀ ਧਵਲ ਧਰਤ ਆਪਣਾ ਹੁਕਮ ਵਰਤਾਈਆ । ਹਰ ਘਟ ਅੰਤਰ ਆਤਮ ਪਰਮਾਤਮ ਹੋ ਕੇ ਮੌਲ, ਮੌਲਾ ਇਕੋ ਦੇ ਸਮਝਾਈਆ । ਜੁਗ ਚੌਕੜੀ ਪੂਰਬ ਪੂਰਾ ਕਰ ਦੇ ਕੌਲ, ਇਕ਼ਰਾਰ ਆਪਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦੇ ਮੁਕਾਈਆ ।


੧੦੯੭

ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਇਕੋ ਓਟ, ਦੂਜੀ ਆਸ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਸ੍ਰਿਸ਼ਟੀ ਵਿਚੋਂ ਕਢ ਦੇ ਖੋਟ, ਕਰਮ ਕਾਂਡ ਦੇ ਮੁਕਾਈਆ । ਸਚ ਦਵਾਰੇ ਨਿਰਮਲ ਕਰ ਪਰਕਾਸ਼ ਅਗੰਮੀ ਜੋਤ, ਅੰਧ ਅੰਧੇਰ ਰਹੇ ਨਾ ਰਾਈਆ । ਸਾਚੇ ਪ੍ਰੇਮ ਦੀ ਬਖ਼ਸ਼ ਦੇ ਮੋਖ, ਮੁਫ਼ਤ ਆਪਣਾ ਨਾਮ ਵਰਤਾਈਆ । ਗੁਪਤ ਜ਼ਾਹਰ ਖੋਲ੍ਹ ਦੇ ਲੋਚਨ ਲੋਚ, ਨੈਣ ਤੀਜਾ ਦੇ ਸਮਝਾਈਆ । ਮਨ ਵਾਸਨਾ ਰਹੇ ਕੋਈ ਨਾ ਸੋਚ, ਬੁਧੀ ਬਿਬੇਕ ਦੇ ਕਰਾਈਆ । ਅੰਤਰ ਅੰਤਰ ਬਦਲ ਦੇ ਕੋਟੀ ਕੋਟ, ਕੋਟਨ ਕੋਟ ਆਪਣੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਤੂੰ ਆਦਿ ਜੁਗਾਦੀ ਠਾਕਰ ਸਵਾਮੀ ਦੀਨ ਦਿਆਲ, ਦਇਆਨਿਧ ਤੇਰੀ ਬੇਪਰਵਾਹੀਆ । ਸਚ ਦਵਾਰੇ ਬਣ ਹਲਕਾਰੇ ਆਏ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਤੇਰੇ ਅਗੇ ਸੀਸ ਨਿਵਾਈਆ । ਧੁਰ ਦਾ ਦੇ ਇਕ ਫ਼ਰਮਾਣ, ਫ਼ਰਮਾਬਰਦਾਰ ਹੋ ਕੇ ਸੇਵ ਕਮਾਈਆ । ਕਲਜੁਗ ਕੂੜੀ ਕਿਰਿਆ ਮਿਟੇ ਨਿਸ਼ਾਨ, ਨਿਸ਼ਾਨਾ ਇਕੋ ਦੇ ਝੁਲਾਈਆ । ਚਾਰ ਕੁੰਟ ਦਹਿ ਦਿਸ਼ਾ ਕਰ ਪਰਕਾਸ਼ ਅਗੰਮੀ ਭਾਨ, ਨੂਰ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਮਿਹਰ ਨਜ਼ਰ ਉਠਾਈਆ । ਸ੍ਰੀ ਭਗਵਾਨ ਕਹੇ ਸੁਣੋ ਗੁਰ ਅਵਤਾਰ ਪੀਰ ਪੈਗ਼ੰਬਰ, ਨਿਰਗੁਣ ਨਿਰਗੁਣ ਦਿਆਂ ਜਣਾਈਆ । ਮੇਰੇ ਸੰਮਤ ਦਾ ਪਹਿਲਾ ਸਵੰਬਰ, ਸੋਭਾ ਕਾਰਨ ਦਿਤਾ ਰਚਾਈਆ । ਜਗਤ ਸ੍ਰਿਸ਼ਟੀ ਵੇਖ ਅਡੰਬਰ, ਅਡਰਾ ਖੇਲ ਦਿਤਾ ਪਰਗਟਾਈਆ । ਸਰਬ ਕਲਾ ਹੋ ਪਰਤੰਭਰ, ਭਰਪੂਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹਿਜੇ ਸਹਿਜੇ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਚਾ ਵੇਖੋ ਨਿਰਗੁਣ ਨਿਰਵੈਰ ਦਾ ਨਕਸ਼ਾ, ਧੁਰਦਰਗਾਹੀ ਦਏ ਜਣਾਈਆ । ਕਿਸੇ ਨੂੰ ਕੋਈ ਰਹੇ ਨਾ ਖ਼ਦਸ਼ਾ, ਖ਼ਾਲਕ ਖ਼ਲਕ ਵੇਖੇ ਸ਼ਹਿਨਸ਼ਾਹੀਆ । ਮੇਰੇ ਹੁਕਮ ਦਾ ਸ਼ਬਦ ਅਗੰਮੀ ਇਕੋ ਹਾਦਸਾ, ਹੈਸੀਅਤ ਸਭ ਦੀ ਦਏ ਮਿਟਾਈਆ । ਸਤਿ ਸਰੂਪ ਆਤਮ ਪਰਮਾਤਮ ਦਸਣਾ ਖ਼ਾਲਸਾ, ਜ਼ਾਤ ਪਾਤ ਦੀਨ ਮਜ਼੍ਹਬ ਅਗੇ ਵੰਡ ਨਾ ਕੋਇ ਵੰਡਾਈਆ । ਮਾਇਆ ਮਮਤਾ ਮੋਹ ਹੰਕਾਰ ਵਿਕਾਰ ਰਹੇ ਨਾ ਲਾਲਸਾ, ਨਜ਼ਮ ਨਜ਼ਾਮ ਦੇਣਾ ਬਦਲਾਈਆ । ਸਰਬ ਸਵਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਕੂੜੀ ਨਿੰਦਰਾ ਲਾਹ ਕੇ ਆਲਸਾ, ਖ਼ਬਰਦਾਰ ਕਰੇ ਲੋਕਾਈਆ । ਸਚ ਦਵਾਰੇ ਸਭ ਦਾ ਬਣਨਾ ਸਾਲਸਾ, ਸਾਹਿਬ ਸਵਾਮੀ ਹੋ ਕੇ ਵੇਖ ਵਖਾਈਆ । ਜੋ ਬਿਨ ਕ਼ਲਮ ਸ਼ਾਹੀ ਲਿਖਣਹਾਰ ਇਬਾਰਤਾ, ਬਿਨ ਅੱਖਰਾਂ ਕਰੇ ਪੜ੍ਹਾਈਆ । ਜਿਸ ਦੇ ਕੋਲ ਚਲੇ ਨਾ ਕੋਇ ਸਫ਼ਾਰਸ਼ਾ, ਹੁਕਮੇ ਅੰਦਰ ਹੁਕਮ ਰਿਹਾ ਮਨਾਈਆ । ਝਗੜਾ ਮੁਕ ਜਾਏ ਕਲਜੁਗ ਕੂੜੀ ਗਾਰ ਦਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਵਕ਼ਤ ਸੋਹੇ ਤੁਹਾਡੇ ਅਗੰਮੀ ਯਾਰ ਦਾ, ਜਿਸ ਯਾਰੜੇ ਦਾ ਸਥਰ ਗਏ ਹੰਢਾਈਆ । ਜਨ ਭਗਤਾਂ ਵੇਲਾ ਵਕ਼ਤ ਚੁੱਕੇ ਖੁਆਰ ਦਾ, ਖਾਹ ਮਖਾਹ ਨਾ ਕੋਇ ਲੜਾਈਆ । ਜੁਗ ਚੌਕੜੀ ਜੋ ਵਿਗੜੇ ਕਾਜ ਸਵਾਰਦਾ, ਸੋ ਸਾਹਿਬ ਸਤਿਗੁਰ ਹੋਏ ਸਹਾਈਆ । ਲਹਿਣਾ ਮੁਕ ਜਾਏ ਕਲਜੁਗ ਕੂੜ ਹੰਕਾਰ ਦਾ, ਜੂਠ ਝੂਠ ਕਰੇ ਸਫ਼ਾਈਆ । ਸਤਿਜੁਗ ਆਪਣਾ ਆਪ ਸਵਾਰਦਾ, ਨਿਰਗੁਣ ਧਾਰ ਲਏ ਅੰਗੜਾਈਆ । ਕਿਸ ਵੇਲੇ ਹੁਕਮ ਮਿਲੇ ਸਚੇ ਨਿਰੰਕਾਰ ਦਾ, ਧੁਰ ਸੰਦੇਸ਼ਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ

੧੦੯੮

੧੦੯੯

ਤਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਅਗੰਮੀ ਲਾਲ, ਸ਼ਬਦੀ ਧਾਰ ਜਣਾਈਆ । ਜਿਸ ਦਾ ਖੇਲ ਹੁਕਮੇ ਅੰਦਰ ਕਾਲ ਮਹਾਕਾਲ, ਕਲਜੁਗ ਵੇਖਣਹਾਰ ਲੋਕਾਈਆ । ਜੋ ਸਭ ਦੇ ਮੰਨਣਹਾਰ ਸਵਾਲ, ਹਕ ਅਦਾਲਤ ਇਕ ਲਗਾਈਆ । ਸਭ ਦੀ ਲੇਖੇ ਲਾਵੇ ਪੂਰਬ ਕੀਤੀ ਘਾਲ, ਘਾਲਣਾ ਸਭ ਦੀ ਖੋਜ ਖੁਜਾਈਆ । ਨਵ ਨੌ ਚਾਰ ਕਰੇ ਬਹਾਲ, ਬੇਹਤਰ ਆਪਣਾ ਹੁਕਮ ਮਨਾਈਆ । ਜ਼ਮਾਨਾ ਵੇਖੇ ਹੁਕਮੇਂ ਅੰਦਰ ਹਾਲ, ਮਾਜ਼ੀ ਦਾ ਲੇਖਾ ਦਏ ਚੁਕਾਈਆ । ਜਲਵਾ ਨੂਰ ਤਕੋ ਜਮਾਲ, ਜ਼ਾਮਨ ਹੋ ਕੇ ਲਏ ਛੁਡਾਈਆ । ਪਰਮ ਪੁਰਖ ਦਾ ਖੇਲ ਕਮਾਲ, ਕਾਮਲ ਹੋ ਕੇ ਦਏ ਜਣਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਭਵਿਖਤਾਂ ਵਿਚ ਦਿੰਦੇ ਰਹੇ ਅਹਿਵਾਲ, ਸੋ ਅਵਲ ਅਲ੍ਹਾ ਪਰਗਟੇ ਨੂਰ ਖ਼ੁਦਾਈਆ । ਜਿਸ ਦਾ ਲੇਖਾ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਸੋ ਸਾਚੀ ਸਚ ਕਰ ਕੇ ਭਾਲ, ਭਗਤ ਸੁਹੇਲੇ ਲਏ ਉਠਾਈਆ । ਸ਼ਬਦੀ ਸ਼ਬਦ ਬਣ ਦਲਾਲ, ਵਣਜ ਵਪਾਰ ਇਕ ਕਰਾਈਆ । ਪ੍ਰਭ ਨੂੰ ਮਿਲਣਾ ਦੱਸੇ ਰਾਹ ਸੁਖਾਲ, ਮਾਰਗ ਇਕੋ ਇਕ ਦ੍ਰਿੜਾਈਆ । ਹਉਮੇ ਹੰਗਤਾ ਰਹੇ ਨਾ ਕੋਈ ਦੀਵਾਰ, ਭਾਂਡਾ ਭਰਮ ਦਏ ਭੰਨਾਈਆ । ਨਜ਼ਰੀ ਆਏ ਸਭ ਦਾ ਸਾਂਝਾ ਯਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਪੁਰਖ ਅਕਾਲ ਕਹੇ ਮੇਰੇ ਹੱਥ ਸਚ ਤੌਫ਼ੀਕ, ਤੋਹਮਤ ਕੂੜੀ ਦਿਆਂ ਮਿਟਾਈਆ । ਜਗਤ ਰਹਿਣ ਦੇਵਾਂ ਨਾ ਕੋਇ ਫ਼ਰੀਕ, ਫ਼ਿਰਕਿਆਂ ਕਰਾਂ ਸਫ਼ਾਈਆ । ਸਾਚੇ ਸੱਜਣ ਬਣਾ ਰਫ਼ੀਕ, ਰਹਿਮਤ ਆਪਣੀ ਹਕ ਕਮਾਈਆ । ਵਰਨ ਬਰਨ ਦੱਸ ਤਬੀਦ, ਤਮਅ ਕੂੜੀ ਦਿਆਂ ਚੁਕਾਈਆ । ਧੁਰ ਦੇ ਨਾਮ ਦੀ ਸਿਫ਼ਤ ਤਮਹੀਦ, ਸਚ ਦਿਆਂ ਸਮਝਾਈਆ । ਪ੍ਰਭ ਮਿਲਣ ਦੀ ਦਿਆਂ ਉਮੀਦ, ਅੰਤਰ ਕਰਾਂ ਰੁਸ਼ਨਾਈਆ । ਭਗਤ ਸੁਹੇਲੇ ਬਣਾ ਅਜ਼ੀਜ਼, ਆਵਣ ਜਾਵਣ ਦਿਆਂ ਕਟਾਈਆ । ਜਨਮ ਮਰਨ ਦਾ ਰਹੇ ਨਾ ਕੋਈ ਮਰੀਜ਼, ਮਜਲਸ ਸਾਚੀ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਸਾਹਿਬ ਸਵਾਮੀ ਹੋ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚ ਸਵਾਮੀ ਵਾਹਵਾ, ਵਾਹਵਾ ਤੇਰੀ ਬੇਪਰਵਾਹੀਆ । ਤੂੰ ਆਦਿ ਜੁਗਾਦੀ ਸ਼ਹਿਨਸ਼ਾਹ, ਸਚਖੰਡ ਨਿਵਾਸੀ ਨਜ਼ਰੀ ਆਈਆ । ਜੁਗ ਚੌਕੜੀ ਹੁਕਮ ਰਿਹਾ ਵਰਤਾ, ਗੁਰ ਅਵਤਾਰ ਪੈਗ਼ੰਬਰ ਹੁਕਮੇ ਵਿਚ ਫਿਰਾਈਆ । ਜੁਗ ਚੌਕੜੀ ਰਿਹਾ ਹੰਢਾ, ਨਵ ਨੌ ਚਾਰ ਖੋਜ ਖੁਜਾਈਆ । ਕਲਜੁਗ ਅੰਤਮ ਗਿਆ ਆ, ਆਪਣਾ ਪੰਧ ਗਿਆ ਮੁਕਾਈਆ । ਚਾਰ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਜੀਵ ਜੰਤ ਮਾਰਨ ਧਾ, ਨੇਤਰ ਰੋਵੇ ਸਰਬ ਲੋਕਾਈਆ । ਅੰਤ ਹੋਵੇ ਨਾ ਕੋਇ ਸਹਾ, ਬਦੀ ਤੋਂ ਬਾਹਰ ਨਾ ਕੋਇ ਕਢਾਈਆ । ਗੁਰ ਅਵਤਾਰ ਪੈਗ਼ੰਬਰ ਪਲੂ ਗਏ ਛੁਡਾ, ਹੁਕਮ ਮਿਲਿਆ ਬੇਪਰਵਾਹੀਆ । ਬਿਨ ਤੇਰੀ ਕਿਰਪਾ ਮਦਦ ਅਵਰ ਨਾ ਕੋਇ ਖ਼ੁਦਾ, ਖ਼ੁਦੀ ਸਕੇ ਨਾ ਕੋਇ ਮਿਟਾਈਆ । ਸਭ ਦੀ ਬੇਨੰਤੀ ਇਕ ਦੁਆ, ਦੋਏ ਜੋੜ ਸੀਸ ਨਿਵਾਈਆ । ਤੇਰੇ ਭਾਣੇ ਅੰਦਰ ਰਹਿ ਕੇ ਮੰਨੀਏ ਤੇਰੀ ਰਜ਼ਾ, ਰਾਜ਼ਕ ਰਹੀਮ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਮੇਟ ਵਬਾ, ਸਚ ਸ਼ਾਹ ਦੇ ਵਖਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਦੇ ਰੰਗਾ, ਆਤਮ ਪਰਮਾਤਮ ਸਭ ਨੂੰ ਦੇ ਸਮਝਾਈਆ । ਪੰਜ ਤਤ ਖ਼ਾਕੀ ਬਦਨ ਸਰੀਰ ਸਾਰੇ ਰਹੇ ਹੰਢਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਈਆ । ਤੇਰਾ ਨੂਰ ਜੋਤੀ ਜੋਤ ਸਰਬ ਰੁਸ਼ਨਾ, ਆਦਿ ਨਿਰੰਜਣ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇ ਖੁਲ੍ਹਾਈਆ ।

੧੧੦੦

ਪੁਰਖ ਅਕਾਲ ਕਹੇ ਮੇਰਾ ਭੇਖ ਅਵੱਲੜਾ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਦੋ ਜਹਾਨਾਂ ਵੇਖਾਂ ਇਕ ਅਵਲੜਾ, ਸਚਖੰਡ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਨਿਤ ਨਵਿਤ ਜਨ ਭਗਤ ਫੜਾ ਕੇ ਸ਼ਬਦੀ ਪਲੜਾ, ਡੋਰੀ ਆਪਣੀ ਗੰਢ ਪਵਾਈਆ । ਜਗਤ ਜਹਾਨ ਕਲਜੁਗ ਅੰਤਮ ਮਨ ਵਾਸਨਾ ਹੋਇਆ ਝਗੜਾ, ਝਲਕ ਮਿਲੇ ਨਾ ਨੂਰ ਖ਼ੁਦਾਈਆ । ਮਾਇਆ ਮਮਤਾ ਵਾਸਨਾ ਅੰਦਰ ਰਲੜਾ, ਰਮਿਆ ਰਾਮ ਨਾ ਕੋਇ ਜਣਾਈਆ । ਦੀਪਕ ਜੋਤ ਸਚ ਪਰਕਾਸ਼ ਕਿਸੇ ਨਾ ਬਲੜਾ, ਅੰਧ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧਾਨ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਹੁਕਮ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਤੂੰ ਏਥੇ ਓਥੇ ਦੋ ਜਹਾਨਾਂ ਮਿਹਰਵਾਨ, ਮਿਹਬਾਨ ਬੀਦੋ ਤੇਰੀ ਇਕ ਸਰਨਾਈਆ । ਤੂੰ ਨਿਤ ਨਵਿਤ ਧੁਰ ਦਾ ਰਾਮ, ਰਮਈਆ ਹੋ ਕੇ ਰਿਹਾ ਸਮਾਈਆ । ਤੂੰ ਸਚ ਸਵਾਮੀ ਦ੍ਰਿਸ਼ਟੀ ਸ੍ਰਿਸ਼ਟੀ ਵਾਲਾ ਕਾਹਨ, ਘਨਈਆ ਹੋ ਕੇ ਖੋਜ ਖੁਜਾਈਆ । ਤੂੰ ਨੂਰੀ ਜਲਵਾ ਇਕ ਅਮਾਮ, ਪਰਵਰਦਿਗਾਰ ਬੇਪਰਵਾਹੀਆ । ਤੂੰ ਨਾਨਕ ਨਿਰਗੁਣ ਸਰਗੁਣ ਖੇਲ ਮਹਾਨ, ਗੋਬਿੰਦ ਗੋਦ ਰਿਹਾ ਉਠਾਈਆ । ਤੇਰਾ ਲੇਖਾ ਸਮਝ ਸਕੇ ਨਾ ਕੋਈ ਜੀਵ ਵਿਚ ਜਹਾਨ, ਚੌਦਾਂ ਵਿਦਿਆ ਸਮਝ ਕੋਇ ਨਾ ਆਈਆ । ਅਸੀਂ ਸਾਰੇ ਹੋਏ ਹੈਰਾਨ, ਹੈਰਾਨੀ ਸਭ ਦੇ ਅੰਦਰ ਆਈਆ । ਸ੍ਰਿਸ਼ਟ ਸਬਾਈ ਹੁੰਦੀ ਦਿਸੇ ਵੈਰਾਨ, ਵੈਰਾਨੀ ਘਰ ਘਰ ਰੂਪ ਪਰਗਟਾਈਆ । ਜਿਸ ਸਮੇਂ ਦਾ ਸੰਦੇਸ਼ ਦੇ ਕੇ ਆਏ ਜਹਾਨ, ਸੋ ਸ੍ਰੀ ਭਗਵਾਨ ਵੇਲਾ ਗਿਆ ਆਈਆ । ਤੇਰੇ ਹੱਥ ਬ੍ਰਹਿਮੰਡਾਂ ਖੰਡਾਂ ਦੀ ਕਮਾਨ, ਹੁਕਮੇਂ ਅੰਦਰ ਗੁਰ ਅਵਤਾਰ ਪੈਗ਼ੰਬਰ ਪੀਰ ਵਿਸ਼ਨ ਬ੍ਰਹਮਾ ਸ਼ਿਵ ਰਵ ਸਸ ਪ੍ਰਿਥਮੀ ਆਕਾਸ਼ ਮੰਡਲ ਮੰਡਪ ਬ੍ਰਹਿਮੰਡ ਖੰਡ ਭੱਜਣ ਥਾਉਂ ਥਾਈਆ । ਤੇਰੇ ਦਰ ਤੋਂ ਕੋਈ ਨਾ ਜਾਏ ਨਿਰਾਸ, ਤੂੰ ਸਭ ਦੀ ਪੂਰੀ ਕਰੇਂ ਆਸ, ਕਲਜੁਗ ਅੰਤਮ ਖੇਲ ਵੇਖ ਜੰਗਲ ਜੂਹ ਉਜਾੜ ਪਹਾੜ ਵਿਚ ਭਰਵਾਸ, ਸਮੁੰਦ ਸਾਗਰ ਟਿੱਲੇ ਪਰਬਤ ਪਹਾੜ ਚੋਟੀ ਖੋਜ ਖੁਜਾਈਆ । ਜਗਤ ਜੀਵ ਵੇਖ ਬਦਮਾਸ਼, ਬਦੀ ਸਭ ਦੀ ਦੇ ਗਵਾਈਆ । ਸਭ ਕੁਛ ਤੇਰੇ ਪਾਸ, ਪ੍ਰੇਮ ਪਿਆਰ ਮੁਹੱਬਤ ਮਹਿਬੂਬ ਹੋ ਕੇ ਦੇ ਵਰਤਾਈਆ । ਕੁਛ ਲਹਿਣਾ ਦੇਣਾ ਵੇਦ ਵਿਆਸ, ਬਿਆਸ ਕੰਢੇ ਬਹਿ ਕੇ ਗਿਆ ਜਣਾਈਆ । ਜਿਸ ਦੀ ਵਿਦਿਆ ਵਿਚ ਕਿਸੇ ਨਾ ਆਈ ਕਿਆਸ, ਕ਼ਸਮ ਦੀ ਕ਼ਿਸਮਤ ਦਿੱਤੀ ਬਦਲਾਈਆ । ਸ੍ਰਿਸ਼ਟੀ ਦਾ ਤੇਰੇ ਉਤੋਂ ਚੁੱਕਿਆ ਗਿਆ ਵਿਸ਼ਵਾਸ, ਵਿਸ਼ਿਆਂ ਵਿਚ ਡੁੱਬੀ ਗਈ ਸਰਬ ਲੋਕਾਈਆ । ਇਹ ਵੀ ਤੇਰਾ ਖੇਲ ਖ਼ਾਸ, ਜਿਸ ਦੀ ਖ਼ਸੂਸੀਅਤ ਖ਼ੁਸ਼ ਹੋ ਕੇ ਨਾ ਕੋਇ ਜਣਾਈਆ । ਧੰਨ ਭਾਗ ਜੋ ਸਾਡੇ ਜੁਗਾਂ ਦੇ ਪੂਰਨ ਹੋਣ ਲਗੇ ਖ਼ਵਾਬ, ਜੋ ਭਵਿਖਤਾਂ ਵਿਚ ਭਾਖਿਆ ਗਏ ਦ੍ਰਿੜਾਈਆ । ਅਸੀਂ ਵੇਖਣੇ ਖ਼ਾਕੀ ਸ਼ਾਹ ਅੰਧੇ ਨਵਾਬ, ਸੀਸ ਰਹਿਣਾ ਨਹੀਂ ਕਿਸੇ ਤਾਜ, ਤਖ਼ਤ ਨਿਵਾਸੀ ਤਖ਼ਤ ਦੇਣੇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਦੱਸੇ ਇਕ ਆਦਾਬ, ਇਬਾਦਤ ਸਭ ਦੀ ਦਏ ਬਦਲਾਈਆ ।

❊ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੧ ਅਵਤਾਰ ਸਿੰਘ ਨਾਲ ਨਿਰੰਕਾਰੀ ਕਾਲੋਨੀ ਦਿੱਲੀ ❊

ਭੇਵ ਚੁਕ ਜਾਏ ਹੰ ਬ੍ਰਹਮ, ਪਾਰਬ੍ਰਹਮ ਆਪਣਾ ਰੂਪ ਅਨੂਪ ਦਏ ਦਰਸਾਈਆ । ਝਗੜਾ ਮੁਕ ਜਾਏ ਹੱਡ ਮਾਸ ਨਾੜੀ ਚੰਮ, ਦੂਈ ਦਵੈਤ

ਰਹਿਣ ਕੋਇ ਨਾ ਪਾਈਆ । ਲੇਖਾ ਮੁਕ ਜਾਏ ਹਰਖ਼ ਸੋਗ ਚਿੰਤਾ ਗ਼ਮ, ਖ਼ੁਸ਼ੀ ਇਕੋ ਦਏ ਪਰਗਟਾਈਆ । ਉਹ ਸਤਿ ਸੰਗਤ ਸਚੇ ਸਤਿਗੁਰ ਦਾ ਆਦਿ ਜੁਗਾਦਿ ਦਾ ਕੰਮ, ਕਰਨੀ ਦਾ ਕਰਤਾ ਆਪ ਕਰਾਈਆ । ਮਾਇਆ ਮਮਤਾ ਮੋਹ ਹੰਕਾਰ ਵਿਕਾਰ ਮੇਟ ਦੇਵੇ ਪੰਜ ਤਤ ਤਨ, ਹਉਮੇ ਹੰਗਤਾ ਰਹਿਣ ਨਾ ਪਾਈਆ । ਜਿਸ ਸਤਿਸੰਗ ਨੂੰ ਸੁਣ ਕੇ ਫੇਰ ਮਾਤ ਗਰਭ ਨਾ ਪਵੇ ਜੰਮ, ਚੁਰਾਸੀ ਡੇਰਾ ਦੇਵੇ ਢਾਹੀਆ । ਸਤਿਸੰਗ ਸੁਣੇ ਸਦਾ ਅਤੀਤ, ਤ੍ਰੈਗੁਣ ਲੇਖਾ ਦਏ ਮੁਕਾਈਆ । ਝਗੜਾ ਮੁਕ ਜਾਏ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੱਸੇ ਇਕੋ ਰੀਤ, ਦੂਈ ਦਵੈਤ ਨਾ ਕੋਇ ਪਰਗਟਾਈਆ । ਅੰਤਰ ਆਤਮ ਸਾਹਿਬ ਸਤਿਗੁਰ ਕਰ ਕੇ ਠਾਂਡੀ ਸੀਤ, ਅਗਨੀ ਤਤ ਦਏ ਬੁਝਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਦੱਸ ਕੇ ਸਾਚਾ ਗੀਤ, ਗਹਿਰ ਗੰਭੀਰ ਪਰਦਾ ਦਏ ਉਠਾਈਆ । ਘਰ ਸੱਜਣ ਠਾਕਰ ਮਿਲੇ ਮੀਤ, ਸਾਹਿਬ ਸਵਾਮੀ ਨਜ਼ਰੀ ਆਈਆ । ਸਾਚੇ ਸਤਿਸੰਗ ਦੀ ਆਦਿ ਜੁਗਾਦਿ ਜੁਗ ਚੌਕੜੀ ਰੀਤ, ਮਨਮੁਖ ਗੁਰਮੁਖ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਤਿਸੰਗ ਦਏ ਸਮਝਾਈਆ । ਸਾਚਾ ਸਤਿਸੰਗ ਵਖਾਏ ਅੰਤਰ ਤਨ, ਨਿਜ ਨੇਤਰ ਅੱਖ ਕਰੇ ਰੁਸ਼ਨਾਈਆ । ਭਾਂਡਾ ਫੋੜ ਕੇ ਕੂੜ ਭਰਮ, ਦੋ ਜਹਾਨ ਅੰਤਰ ਆਤਮ ਦਏ ਸਮਝਾਈਆ । ਘਰ ਵਿਚ ਘਰ ਵਖਾਏ ਆਪਣਾ ਵਤਨ, ਗ੍ਰਿਹ ਮੰਦਰ ਖ਼ੁਸ਼ੀ ਜਣਾਈਆ । ਗੁਰਮੁਖ ਲਾਲ ਹੀਰਾ ਅਮੋਲਕ ਬਣੇ ਰਤਨ, ਜੋ ਸਤਿਸੰਗ ਸੁਣ ਕੇ ਸਤਿਗੁਰ ਸਾਚੇ ਸੀਸ ਝੁਕਾਈਆ । ਸਚ ਦਵਾਰਾ ਘਾਟ ਮਿਲੇ ਉਹ ਪਤਣ, ਜਿਸ ਦਾ ਖੇਵਟ ਖੇਟਾ ਸਚ ਮਲਾਹ ਇਕੋ ਨਜ਼ਰੀ ਆਈਆ । ਚਿੰਤਾ ਸੋਗ ਰਹੇ ਨਾ ਹਰਖਨ, ਗ਼ਮੀ ਗ਼ਮ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਤਿਸੰਗ ਗੁਰਮੁਖਾਂ ਨਾਲ ਰਖਾਈਆ । ਸਤਿਸੰਗ ਸਰਬ ਦਾ ਮਿਲਾਪ, ਏਕਤਾ ਇਕੋ ਦਏ ਜਣਾਈਆ । ਪੁਰਖ ਅਕਾਲ ਵਾਹਿਗੁਰੂ ਖ਼ੁਦਾ ਗਾਡ ਅੱਲਾ ਇਕੋ ਜਣਾਵੇ ਧੁਰ ਦਾ ਬਾਪ, ਪਿਤਾ ਪਤਿਪਰਮੇਸ਼ਵਰ ਬੇਪਰਵਾਹੀਆ । ਆਤਮ ਪਰਮਾਤਮ ਨਾਤਾ ਜੋੜ ਕੇ ਸਾਕ, ਸਗਲਾ ਸੰਗ ਦਏ ਬਣਾਈਆ । ਬੰਦ ਕਿਵਾੜੀ ਖੋਲ੍ਹ ਕੇ ਤਾਕ, ਪਰਦਾ ਉਹਲਾ ਦਏ ਉਠਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਇਕੋ ਬ੍ਰਹਮ ਦਏ ਪਰਗਟਾਈਆ । ਮਨੂਆ ਮਨ ਨਾ ਰਹੇ ਗੁਸਤਾਖ਼, ਝਗੜਾ ਕੂੜਾ ਦਏ ਗਵਾਈਆ । ਸਤਿਸੰਗ ਅੰਦਰ ਸਤਿਗੁਰ ਨਜ਼ਰ ਆਵੇ ਸਾਖਿਆਤ, ਸਨਮੁਖ ਬੈਠਾ ਸੋਭਾ ਪਾਈਆ । ਜਿਸ ਦੀ ਸ਼ਬਦ ਅਗੰਮੀ ਆਵਾਜ਼, ਬਿਨ ਰਸਨਾ ਜਿਹਵਾ ਦਏ ਸਮਝਾਈਆ । ਝਗੜਾ ਚੁਕ ਜਾਏ ਰੋਜ਼ਾ ਨਿਮਾਜ਼, ਮੰਦਰ ਮਸਜਿਦ ਸ਼ਿਵਦਵਾਲਾ ਮਠ ਸਤਿਗੁਰ ਚਰਨ ਦਵਾਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਸੰਗ ਸਦਾ ਆਪਣਾ ਰੰਗ ਵਖਾਈਆ । ਸਤਿਸੰਗ ਸਰਬ ਦਾ ਸੁਖ, ਸੁਖ ਆਤਮ ਦਏ ਜਣਾਈਆ । ਜਗਤ ਤ੍ਰਿਸ਼ਨਾ ਮੇਟੇ ਭੁਖ, ਮਾਇਆ ਮਮਤਾ ਮੋਹ ਗਵਾਈਆ । ਦਰਸ ਵਖਾਵੇ ਜੋ ਸਤਿਗੁਰ ਬੈਠਾ ਲੁਕ, ਪਰਦਾ ਉਹਲਾ ਦਏ ਮਿਟਾਈਆ । ਪ੍ਰੇਮ ਪਿਆਰ ਅੰਦਰ ਗੁਰਸਿਖ ਗੁਰ ਗੁਰ ਇਕ ਦੂਜੇ ਨੂੰ ਜਾਵਣ ਝੁਕ, ਨਿਉਂ ਨਿਉਂ ਸੀਸ ਨਿਵਾਈਆ । ਗੁਰਸੰਗਤ ਸਤਿਸੰਗਤ ਅੰਦਰ ਆਵਣ ਜਾਵਣ ਦਾ ਪੈਂਡਾ ਜਾਏ ਮੁਕ, ਮੁਫ਼ਤ ਸਤਿਗੁਰ ਦਇਆ ਕਮਾਈਆ । ਜੇ ਕੋਈ ਅਗਲਾ ਮਾਰਗ ਲਏ ਪੁਛ, ਉਹ ਵੀ ਸਹਿਜੇ ਦਏ ਦ੍ਰਿੜਾਈਆ । ਨਾਮ ਨਿਧਾਨ ਸੁਣਾ ਕੇ ਇਕੋ ਤੁਕ, ਤੁਖ਼ਮ ਤਾਸੀਰ ਦਏ ਬਦਲਾਈਆ । ਆਪਣੀ ਗੋਦੀ ਲਏ ਚੁਕ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਸਤਿਸੰਗ ਸਦ ਦੇਵੇ ਮਾਣ ਵਡਿਆਈਆ । ਸਤਿਸੰਗ ਸਰਬ ਤੋਂ ਚੰਗਾ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਜਣਾਈਆ । ਗੁਰਮੁਖਾਂ ਦੇ ਚਰਨਾਂ ਹੇਠਾਂ ਵਹਿੰਦੀ ਗੰਗਾ, ਜਮਨਾ ਸੁਰਸਤੀ ਗੋਦਾਵਰੀ ਲਾਗੇ ਪਾਈਆ । ਜਿਨ੍ਹਾਂ ਦੇ ਅੰਤਰ ਆਤਮ ਪ੍ਰੇਮ ਨਾਮ ਧੁਨ ਸਚਾ ਮਰਦੰਗਾ, ਦਿਵਸ ਰੈਣ ਵਜੇ ਵਧਾਈਆ । ਓਨ੍ਹਾਂ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਤਿਗੁਰ ਇਕੋ ਨਜ਼ਰੀ ਆਈਆ । ਜਿਸ ਦਾ ਨਾਮ ਅਗੰਮੀ ਖੰਡਾ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਜਿਸ ਦੀ ਇਕੋ ਮੰਜ਼ਲ ਇਕੋ ਪੌੜਾ ਇਕੋ ਡੰਡਾ, ਸਚਖੰਡ ਦਵਾਰਾ ਸਹਿਜੇ ਦਏ ਜਣਾਈਆ । ਸਤਿਸੰਗ ਬੰਦਗੀ ਵਿਚੋਂ ਬੰਦਨਾ ਸਮਝਾ ਕੇ ਬਣਾਵੇ ਬੰਦਾ, ਬੰਦੀਖਾਨਾ ਦਏ ਤੁੜਾਈਆ । ਗੁਰਮੁਖਾਂ ਵਿਚ ਮਿਲ ਕੇ ਮਨਮੁਖ ਮੂਲ ਰਹੇ ਨਾ ਅੰਧਾ, ਸਤਿਗੁਰ ਨੇਤਰ ਗਿਆਨ ਦਏ ਦਰਸਾਈਆ । ਘਰ ਵਿਚ ਘਰ ਜੋਤ ਪਰਕਾਸ਼ ਹੋਵੇ ਉਹ ਚੰਦਾ, ਜਿਸ ਨੂੰ ਸੂਰਜ ਚੰਦ ਦੋਵੇਂ ਸੀਸ ਝੁਕਾਈਆ । ਸਾਚੇ ਪ੍ਰੇਮ ਦਾ ਮਿਲੇ ਉਹ ਅਨੰਦਾ, ਅਨੰਦ ਇਕੋ ਇਕ ਏਕੰਕਾਰ ਨਿਰੰਕਾਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਸੰਗ ਸਭ ਦਾ ਰੂਪ ਏਕਾ ਦਏ ਬਣਾਈਆ । ਸਤਿਸੰਗ ਕਹੇ ਮੈਨੂੰ ਗੁਰਮੁਖ ਵਿਰਲਾ ਕਰਦਾ, ਪ੍ਰੇਮ ਪ੍ਰੀਤੀ ਨਾਲ ਨਿਭਾਈਆ । ਜੋ ਬਰਦਾ ਬਣੇ ਸਤਿਗੁਰ ਘਰ ਦਾ, ਗੁਰ ਸ਼ਬਦ ਕਰੇ ਕਮਾਈਆ । ਉਹ ਨਿਰਭੈ ਹੋ ਕਦੇ ਨਾ ਡਰਦਾ, ਭੌ ਸਰਬ ਜਾਏ ਤਜਾਈਆ । ਮੇਲਾ ਹੋਵੇ ਓਸ ਨਿਰੰਕਾਰ ਹਰਿ ਦਾ, ਜੋ ਹਰ ਹਿਰਦੇ ਰਿਹਾ ਸਮਾਈਆ । ਜੋ ਸਚ ਦਵਾਰੇ ਅੰਦਰ ਵੜਦਾ, ਮੁਕਾਮੇ ਹਕ ਬਹਿ ਬਹਿ ਖ਼ੁਸ਼ੀ ਮਨਾਈਆ । ਜੋ ਸਤਿਸੰਗ ਅੰਦਰ ਸਾਹਿਬ ਸਤਿਗੁਰ ਦਾ ਸ਼ਬਦ ਢੋਲਾ ਪੜ੍ਹਦਾ, ਸੋ ਪਾਰਬ੍ਰਹਮ ਸਹਿਜੇ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਾ ਸਤਿਸੰਗ ਗੁਰਮੁਖਾਂ ਨਾਲ ਮਿਲਾਈਆ । ਸਤਿਸੰਗ ਕਹੇ ਮੈਂ ਮਿਲਾਵਾਂ ਸਤਿਗੁਰ, ਜੋ ਸਭ ਦਾ ਮਾਲਕ ਨਜ਼ਰੀ ਆਈਆ । ਜਿਸ ਦਾ ਆਦਿ ਜੁਗਾਦਿ ਲੇਖਾ ਲਹਿਣਾ ਦੇਣਾ ਹੋਵੇ ਧੁਰ, ਧੁਰ ਮਸਤਕ ਖੋਜ ਖੁਜਾਈਆ । ਜੋ ਜੁਗ ਜਨਮ ਦੇ ਵਿਛੜਿਆਂ ਲਏ ਜੋੜ, ਫੜ ਬਾਂਹੋਂ ਗੋਦ ਬਿਠਾਈਆ । ਜੋ ਸਚ ਪ੍ਰੀਤੀ ਲੱਗੀ ਨਿਭਾਵੇ ਤੋੜ, ਅੰਤਮ ਆਪੇ ਹੋਏ ਸਹਾਈਆ । ਕਰੇ ਪਰਕਾਸ਼ ਅੰਧ ਘੋਰ, ਸਤਿ ਜੋਤ ਕਰੇ ਰੁਸ਼ਨਾਈਆ । ਝਗੜਾ ਮੁਕਾ ਕੇ ਪੰਜ ਚੋਰ, ਪਰਦਾ ਓਹਲਾ ਦਏ ਉਠਾਈਆ । ਆਪਣੇ ਨਾਲ ਸਦਾ ਸੰਗ ਨਿਰੰਕਾਰ ਨਿਰਵੈਰ ਲਏ ਤੋਰ, ਤੁਰਤ ਆਪਣਾ ਜੋੜ ਜੁੜਾਈਆ । ਸਚੇ ਸਤਿਗੁਰ ਦਾ ਸਦਾ ਮੰਤਰ ਫੁਰਨਾ ਫੋਰ, ਰਮਜ਼ ਇਕੋ ਇਕ ਵਖਾਈਆ । ਲੇਖਾ ਮੁਕ ਜਾਏ ਮੋਰ ਤੋਰ, ਮਹਿੰਮਾ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਾ ਸਤਿਸੰਗ ਸਤਿ ਪੁਰਸ਼ਾਂ ਨਾਲ ਸਮਝਾਈਆ । ਸਤਿਸੰਗ ਕਹੇ ਮੈਂ ਸਦਾ ਸਤਿਵਾਦ, ਸਤਿ ਸਚ ਦਿਆਂ ਦ੍ਰਿੜਾਈਆ । ਮੇਰਾ ਖੇਲ ਆਦਿ ਜੁਗਾਦਿ, ਜੁਗ ਚੌਕੜੀ ਵੇਖ ਵਖਾਈਆ । ਮੇਰਾ ਰੂਪ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਕਰਾਂ ਰੁਸ਼ਨਾਈਆ । ਮੈਂ ਸੁਣਾਵਾਂ ਹੁਕਮ ਸੰਦੇਸ਼ਾ ਧੁਰ ਦਾ ਨਾਦ, ਗੁਰ ਸਤਿਗੁਰ ਕਰੇ ਸ਼ਨਵਾਈਆ । ਪਰਦਾ ਓਹਲਾ ਖੋਲ੍ਹਾਂ ਰਾਜ਼, ਦੂਈ ਦਵੈਤੀ ਡੇਰਾ ਢਾਹੀਆ । ਜਿਨ੍ਹਾਂ ਗੁਰਮੁਖਾਂ ਸਤਿਸੰਗ ਸਾਰਿਆਂ ਮਿਲ ਕੇ ਕੀਤਾ ਏਕ ਸਾਥ, ਇਕੋ ਸਤਿਗੁਰ ਦਿਆਂ ਵਖਾਈਆ । ਜੋ ਪਾਵੇ ਸਾਰ ਅਨਾਥਾਂ ਨਾਥ, ਦੀਨਾਂ ਦਇਆ ਕਮਾਈਆ । ਅੰਦਰ ਬਾਹਰ ਗੁਪਤ ਜ਼ਾਹਰ ਆਪਣੀ ਸੁਣਾਵੇ ਸ਼ਬਦ ਅਗੰਮੀ ਬਾਤ, ਬਾਤਨ ਜ਼ਾਹਰ ਦਏ ਵਡਿਆਈਆ । ਇਕੋ ਪੱਟੀ ਇਕੋ ਪੜ੍ਹਾਵੇ ਜਮਾਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਵਰਨ ਬਰਨ ਜ਼ਾਤ ਪਾਤ ਊਚ ਨੀਚ

੧੧੦੨

ਰਾਓ ਰੰਕ ਇਕੋ ਪੌੜੀ ਇਕੋ ਮੰਜ਼ਲ ਚੜ੍ਹਾਏ ਘਾਟ, ਘਾਟੇ ਸਭ ਦੇ ਪੂਰ ਕਰਾਈਆ । ਸਤਿਸੰਗ ਕਹੇ ਸਭ ਦਾ ਮਾਲਕ ਇਕੋ ਪੁਰਖ ਸਮਰਾਥ, ਜੋ ਸਮਰਥ ਸਵਾਮੀ ਸਭ ਦਾ ਮਾਲਕ ਨਜ਼ਰੀ ਆਈਆ । ਸਤਿਸੰਗ ਕਹੇ ਮੈਂ ਗੁਰਮੁਖਾਂ ਸਦਾ ਮੀਤ, ਮਿਤਰਾਂ ਦਾ ਮਿਤਰ ਨਜ਼ਰੀ ਆਈਆ । ਮੈਂ ਝਗੜਾ ਮੁਕਾਵਾਂ ਊਚ ਨੀਚ, ਇਕੋ ਰੂਪ ਦਿਆਂ ਸਮਝਾਈਆ । ਇਕੋ ਕ਼ਲਮਾਂ ਇਕੋ ਨਾਮ ਦੱਸਾਂ ਹਦੀਸ, ਇਕੋ ਹਜ਼ਰਤ ਦਿਆਂ ਵਖਾਈਆ । ਇਕੋ ਢੋਲਾ ਸਮਝਾਵਾਂ ਗੀਤ, ਗਹਿਰ ਗੰਭੀਰ ਪਰਦਾ ਦਿਆਂ ਉਠਾਈਆ । ਗੁਰਮੁਖ ਨਾਲ ਗੁਰਮੁਖ ਮਿਲਣ ਦੀ ਦੱਸਾਂ ਤਮੀਜ਼, ਤਮਅ ਤ੍ਰਿਸ਼ਨਾ ਦੂਰ ਕਰਾਈਆ । ਪ੍ਰੇਮ ਪਿਆਰ ਅੰਦਰ ਕਰਾਵਾਂ ਇਕ ਦੂਜੇ ਦੇ ਅਜੀਜ, ਮੁਹੱਬਤ ਵਿਚ ਮੁਹੱਬਤ ਨਾਤਾ ਦਿਆਂ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਤਿਸੰਗ ਗੁਰਮੁਖਾਂ ਨਾਲ ਰਚਾਈਆ । ਸਤਿਸੰਗ ਕਹੇ ਮੈਨੂੰ ਕਰਦੇ ਸਦਾ ਗੁਰਮੁਖ, ਜੋ ਸਤਿਗੁਰ ਅੰਦਰੇ ਅੰਦਰ ਰਹੇ ਧਿਆਈਆ । ਜਿਨ੍ਹਾਂ ਜਨਮ ਕਰਮ ਦਾ ਰਹਿਣਾ ਨਹੀਂ ਕੋਈ ਦੁੱਖ, ਦੀਨ ਦੁਨੀ ਦੋਵੇਂ ਲੇਖੇ ਪਾਈਆ । ਉਨ੍ਹਾਂ ਦੇ ਅੰਤਰ ਆਤਮ ਇਕ ਪ੍ਰੇਮ ਪਿਆਰ ਦਾ ਸੁਖ, ਸਾਂਤਕ ਸਤਿ ਨਜ਼ਰੀ ਆਈਆ । ਦਿਵਸ ਰੈਣ ਮੌਲੀ ਰਹੇ ਰੁੱਤ, ਪੱਤ ਟਹਿਣੀ ਖ਼ੁਸ਼ੀ ਮਨਾਈਆ । ਸਤਿਸੰਗ ਕਹੇ ਮੈਂ ਸਭ ਦੇ ਉਤੇ ਖ਼ੁਸ਼, ਜੋ ਖ਼ੁਸ਼ੀਆਂ ਨਾਲ ਆਪਣਾ ਸਤਿਗੁਰ ਰਹੇ ਧਿਆਈਆ ।



### ✳ ੧੭ ਅੱਸੂ ਸ਼ਹਿਨਸ਼ਾਹੀ ਸੰਮਤ ੧ ਬਿਸ਼ਨ ਸਿੰਘ ਦੇ ਗ੍ਰਹਿ ਗੁੜਗਾਉਂ ✳

੧੧੦੩

ਪੁਰਖ ਅਕਾਲ ਕਹੇ ਮੇਰਾ ਸ਼ਬਦੀ ਰੂਪ ਸ਼ੇਰ ਬੱਬਰ, ਮਹਿੰਮਾ ਮੇਰੇ ਵਿਚ ਸਮਾਈਆ । ਜਿਸ ਦੇ ਅੰਦਰ ਜੁਗ ਚੌਕੜੀ ਦਾ ਭਰਪੂਰ ਪਿਆਲਾ ਸਬਰ, ਬੇਸਬਰੀ ਕਰੇ ਲੋਕਾਈਆ । ਜੋ ਆਦਿ ਜੁਗਾਦਿ ਗੁਰ ਅਵਤਾਰ ਭਗਤ ਬਣਾਏ ਟੱਬਰ, ਘਰਾਨਾ ਇਕੋ ਇਕ ਸਮਝਾਈਆ । ਲੱਖ ਚਰਾਸੀ ਜੀਵ ਜੰਤ ਵੇਖੇ ਮਨ ਵਾਸਨਾ ਕ਼ਬਰ, ਕ਼ਬਰਸਤਾਨ ਖ਼ਲਕ ਖ਼ੁਦਾਈਆ । ਸੋ ਨੂਰ ਜ਼ਹੂਰ ਕਰ ਕੇ ਉਪਰ ਅੰਬਰ, ਅਵਲ ਆਪਣੀ ਖੇਲ ਖਿਲਾਈਆ । ਦੋ ਜਹਾਨਾਂ ਨਾਮ ਧੁਨ ਸ਼ਬਦ ਸੁਣਾ ਕੇ ਮਧੁਰ, ਨਾਦ ਅਨਾਦੀ ਰਾਗ ਅਲਾਈਆ । ਦ੍ਰਿਸ਼ਟੀ ਇਸ਼ਟੀ ਕਰ ਕੇ ਪੱਧਰ, ਸਾਫ਼ ਸੁਥਰਾ ਆਪਣਾ ਹੁਕਮ ਸਮਝਾਈਆ । ਆਪਣੇ ਨਾਮ ਦਾ ਆਪ ਕਰਾਵੇ ਕ਼ਦਰ, ਕ਼ੁਦਰਤ ਦਾ ਕਰਤਾ ਨਜ਼ਰੀ ਆਈਆ । ਹੁਕਮੇ ਅੰਦਰ ਖੇਲ ਕਰਾ ਕੇ ਗ਼ਦਰ, ਗਦਾਗਰ ਸ਼ਾਹ ਸੁਲਤਾਨ ਦਏ ਬਣਾਈਆ । ਸਾਚੇ ਤਖ਼ਤ ਤਖ਼ਤ ਨਿਵਾਸੀ ਬਹਿ ਕੇ ਕਰੇ ਅਦਲ, ਅਦਾਲਤ ਧੁਰ ਦੀ ਇਕ ਲਗਾਈਆ । ਜੀਵਣ ਜੁਗਤੀ ਜਗਤ ਜਹਾਨ ਦੇਵੇ ਬਦਲ, ਧੂੰਆਂਧਾਰ ਵੇਖੇ ਸਰਬ ਖ਼ੁਦਾਈਆ । ਜੁਗ ਚੌਕੜੀ ਲੰਘਦਿਆਂ ਲੰਘਦਿਆਂ ਨੇੜੇ ਆ ਗਈ ਮਜ਼ਲ, ਮੰਜ਼ਲ ਹਕ ਦਏ ਵਖਾਈਆ । ਜੀਵ ਜਹਾਨ ਸੀਸ ਤੇ ਕੂਕੇ ਅਜ਼ਲ, ਅਜ਼ੀਜ਼ ਗੁਰਮੁਖ ਥੋੜ੍ਹੇ ਲਏ ਬਣਾਈਆ । ਲੋਕ ਪਰਲੋਕ ਬ੍ਰਹਿਮੰਡ ਖੰਡ ਕਰ ਕੇ ਵਜ਼ਨ, ਤਰਾਜ਼ੂ ਆਪਣੇ ਹੱਥ ਉਠਾਈਆ । ਲਹਿਣਾ ਦੇਣਾ ਜਾਣੇ ਖ਼ਾਕੀ ਬਦਨ, ਤਨ ਮਾਟੀ ਵੇਖ ਵਖਾਈਆ । ਰੂਪ ਅਨੂਪ ਧਰ ਕੇ ਖੇਲ ਕਰੇ ਮਨੋਹਰ ਮਦਨ, ਮਦਦ ਆਪਣੀ ਆਪਣੇ ਹੱਥ ਰਖਾਈਆ । ਸੰਤ ਸੁਹੇਲੇ ਸਚ ਦਵਾਰੇ ਆਵੇ ਸੱਦਣ, ਸਦਾ ਇਕੋ ਨਾਮ ਜਣਾਈਆ । ਭਾਗ ਲਗਾ ਕੇ ਕਾਇਆ ਮਾਟੀ ਹੱਡਨ, ਰਤੀ ਰਤ ਰੰਗ ਰੰਗਾਈਆ । ਕੂੜੀ ਕਿਰਿਆ ਅੰਦਰੋਂ ਆਏ ਵੱਢਣ, ਪਤਿਤ ਪੁਨੀਤ ਦਏ ਬਣਾਈਆ । ਮਨ ਵਿਕਾਰੀਆਂ ਆਇਆ

ਛੱਡਣ, ਨਾਤਾ ਧੁਰ ਦਾ ਲਏ ਤੁੜਾਈਆ । ਹੁਕਮ ਦੇ ਕੇ ਉਪਰ ਗਗਨ, ਗੁਰ ਅਵਤਾਰ ਪੈਗ਼ੰਬਰ ਰਿਹਾ ਜਣਾਈਆ । ਆਪਣੀ ਸ੍ਰਿਸ਼ਟੀ ਨੂੰ ਲੱਗਦੀ ਵੇਖੇ ਅਗਨ, ਅਗਲੇ ਪਿਛਲੇ ਸਾਰੇ ਜੋੜ ਜੁੜਾਈਆ । ਕਲਜੁਗ ਕਾਇਆ ਲਗਾ ਬਦਲਣ, ਸਤਿ ਸਤਿਵਾਦੀ ਭੇਖ ਵਟਾਈਆ । ਪੁਰਖ ਅਬਿਨਾਸ਼ੀ ਹੋਵਣ ਲਗਾ ਮਰਦਨ, ਮਰਦ ਮਰਦਾਨਾ ਵੇਖ ਵਖਾਈਆ । ਨੇਤਰ ਰੋਣ ਲਗਾ ਗੋਵਰਧਨ, ਛਹਿਬਰ ਧਾਰ ਨੈਣਾਂ ਨੀਰ ਵਹਾਈਆ । ਨਮਸਕਾਰ ਕਰਨ ਲਗਾ ਅਰਜਨ, ਕ੍ਰਿਸ਼ਨ ਕਾਹਨਾ ਸੰਗ ਵਖਾਈਆ । ਪੁਰਖ ਅਕਾਲ ਸਭ ਦੀ ਪੁੱਠੀ ਕਰਨ ਲਗਾ ਨਰਦਨ, ਨਦੀ ਨਾਲੇ ਰਹੇ ਕੁਰਲਾਈਆ । ਖੇਲ ਹੋਣਾ ਇਕ ਅਸਚਰਜਨ, ਅਚਰਜ ਆਪਣਾ ਰੰਗ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਜੁਗਾਂ ਪਿਛੋਂ ਉਠਦੀ, ਨਾਤਾ ਪੁਰਖ ਅਕਾਲ ਜੁੜਾਈਆ । ਕੋਟਾਂ ਵਿਚੋਂ ਥੋੜ੍ਹਿਆਂ ਉਤੇ ਤੁਠਦੀ, ਲੱਖ ਚੁਰਾਸੀ ਵੇਖ ਵਖਾਈਆ । ਮੈਨੂੰ ਕੋਟਾਂ ਵਿਚੋਂ ਲੋੜ ਇਕੋ ਮੁੱਠ ਦੀ, ਜੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਆਪ ਆਪਣੇ ਵਿਚ ਸਮਾਈਆ । ਮੈਨੂੰ ਖ਼ਾਹਿਸ਼ ਓਸ ਅਗੰਮੀ ਰੁਤ ਦੀ, ਜੋ ਰੁਤੜੀ ਪ੍ਰਭੂ ਆਪ ਮਹਿਕਾਈਆ । ਮੈਨੂੰ ਤਲਾਸ਼ ਓਸ ਅਗੰਮੀ ਪੁਤ ਦੀ, ਜੋ ਸ੍ਰੀ ਭਗਵਾਨ ਸ਼ਬਦੀ ਸੁਤ ਲਿਆ ਉਠਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹੀ ਪੁਛਦੀ, ਗੁਰ ਅਵਤਾਰਾਂ ਪੈਗ਼ੰਬਰਾਂ ਨਾਲ ਸਲਾਹ ਪਕਾਈਆ । ਮੈਂ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਨਾਲ ਰਹੀ ਰੁਸਦੀ, ਆਪ ਆਪਣਾ ਮੁਖ ਬਦਲਾਈਆ । ਮੈਨੂੰ ਪਿਆਸ ਲਗੀ ਰਹੀ ਅੰਮ੍ਰਿਤ ਜਾਮ ਘੁਟ ਦੀ, ਅਠਸਠ ਤੀਰਥ ਨਾ ਕੋਇ ਮਿਟਾਈਆ । ਮੈਂ ਖੇਲ ਵੇਖਦੀ ਕੂੜੀ ਕਿਰਿਆ ਜਗਤ ਲੁਟ ਦੀ, ਲੋਟੇ ਮਸਜਿਦਾਂ ਵਾਲੇ ਖੋਜ ਖੁਜਾਈਆ । ਮੈਂ ਸਾਧਾਂ ਸੰਤਾਂ ਦੇ ਚਰਨ ਰਹੀ ਘੁੱਟਦੀ, ਜੰਗਲ ਬੇਲੇ ਭੱਜੀ ਵਾਹੋ ਦਾਹੀਆ । ਜਿਧਰ ਵੇਖਾਂ ਮੈਨੂੰ ਖੇਲ ਨਜ਼ਰੀ ਆਈ ਫੁਟ ਦੀ, ਧੁਰ ਦਾ ਜੋੜ ਨਾ ਕੋਇ ਜੁੜਾਈਆ । ਸ੍ਰਿਸ਼ਟੀ ਖਾਹਿਸ਼ ਰਹੀ ਲੁਟ ਦੀ, ਲੁਟਣਾ ਘਰ ਘਰ ਸੋਭਾ ਪਾਈਆ । ਮੇਰੀ ਰੋਂਦਿਆਂ ਰੋਂਦਿਆਂ ਮੰਜ਼ਲ ਅੰਤਮ ਮੁੱਕਦੀ, ਵਕ਼ਤ ਸੁਹੇਲਾ ਗਿਆ ਆਈਆ । ਮੈਂ ਉਨ੍ਹਾਂ ਦੇ ਮੂੰਹ ਵਿਚ ਥੁੱਕਦੀ, ਜਿਹੜੇ ਪ੍ਰਭ ਨੂੰ ਗਏ ਭੁਲਾਈਆ । ਮੈਂ ਸਮਝ ਸਮਝਾਵਾਂ ਇਕ ਤੁਕ ਦੀ, ਜੋ ਤੁਖ਼ਮ ਤਾਸੀਰ ਦਏ ਬਦਲਾਈਆ । ਮੈਂ ਉਨ੍ਹਾਂ ਨੂੰ ਗੋਦੀ ਚੁਕਦੀ, ਜੋ ਭਗਤ ਭਗਵਾਨ ਢੋਲਾ ਗਾਈਆ । ਮੇਰੀ ਪ੍ਰੇਮ ਧਾਰ ਕਦੇ ਨਾ ਸੁੱਕਦੀ, ਵਹਿਣ ਸਾਗਰ ਸਮੁੰਦ ਰਹੇ ਸ਼ਰਮਾਈਆ । ਮੈਂ ਮੰਜ਼ਲ ਚੋਟੀ ਵੇਖੀ ਉਚ ਦੀ, ਊਚੋ ਊਚ ਨਜ਼ਰੀ ਆਈਆ । ਮੈਂ ਕਥਾ ਕਹਾਣੀ ਸੁਣੀ ਸਚ ਸੁਚ ਦੀ, ਸਚ ਸਾਜਣ ਲਏ ਤਰਾਈਆ । ਮੈਂ ਹੁਣ ਕਿਸੇ ਕੋਲੋਂ ਨਹੀਂ ਪੁਛਦੀ, ਇਕੋ ਪੁਰਖ ਅਕਾਲ ਮਨਾਈਆ । ਲੋੜ ਰਹੀ ਨਾ ਦਾੜ੍ਹੀ ਮੁਛ ਦੀ, ਨਿਰਗੁਣ ਨੂਰ ਨਜ਼ਰੀ ਆਈਆ । ਸ਼ਕਲ ਰਹੀ ਨਾ ਚੂੰਡੀ ਗੁੱਤ ਦੀ, ਮੇਂਢੀ ਸੀਸ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਦਿਤੀ ਪੂਰ ਕਰਾਈਆ । ਆਸਾ ਕਹੇ ਮੈਂ ਆਸਾਵੰਦ, ਅਸਲ ਇਕੋ ਰਾਹ ਤਕਾਈਆ । ਧੰਨ ਭਾਗ ਜੇ ਮਿਲਿਆ ਉਹ ਖਾਵੰਦ, ਜੋ ਖ਼ਾਲਸ ਰੰਗ ਚੜ੍ਹਾਈਆ । ਹੁਕਮੇ ਅੰਦਰ ਹੋਵਾਂ ਪਾਬੰਦ, ਨਾਤੇ ਕੂੜੇ ਸਰਬ ਤੁੜਾਈਆ । ਸਚ ਪ੍ਰੇਮ ਦਾ ਮਾਣਾ ਉਹ ਅਨੰਦ, ਜੋ ਅਨੰਦ ਅਨੰਦ ਵਿਚੋਂ ਪਰਗਟਾਈਆ । ਨੂਰੀ ਜੋਤ ਦਾ ਵੇਖਾਂ ਚੰਦ, ਦੀਪਕ ਅਵਰ ਨਾ ਕੋਇ ਟਿਮ ਟਿਮਾਈਆ । ਇਕੋ ਢੋਲਾ ਗਾਵਾਂ ਛੰਦ, ਸੰਸਿਆਂ ਵਾਲੀ ਮੁਕੀ ਪੜ੍ਹਾਈਆ । ਸਚ ਦਵਾਰ ਜਾਵਾਂ ਲੰਘ, ਜਿਥੇ ਬੈਠਾ ਸ਼ਹਿਨਸ਼ਾਹੀਆ । ਸਤਿ ਸਰੂਪੀ ਸੇਜ ਪਲੰਘ, ਪਾਵਾ ਚੂਲ ਨਾ ਕੋਇ

ਵਖਾਈਆ। ਸਦਾ ਸਦਾ ਸਦਾ ਵਸਣਹਾਰਾ ਸੰਗ, ਸੰਗੀ ਇਕੋ ਇਕ ਬਣਾਈਆ। ਆਸਾ ਕਹੇ ਮੇਰੀ ਆਸਾ ਹੋਈ ਨਾ ਭੰਗ, ਭਗਵਨ ਆਪਣੀ ਦਇਆ ਕਮਾਈਆ। ਸੁਣਿਆ ਨਾਮ ਸ਼ਬਦ ਮਰਦੰਗ, ਮਰਦੰਗਾ ਇਕੋ ਰਿਹਾ ਜਣਾਈਆ। ਮੇਰੇ ਫਰਕਣ ਲਗੇ ਅੰਗ, ਅੰਗੀ ਅੰਗ ਲਏ ਅੰਗੜਾਈਆ। ਸ਼ਬਦ ਉਠਣ ਲਗਾ ਤਰੰਗ, ਤੁਰੀਆ ਨਿਉਂ ਨਿਉਂ ਲਾਗੇ ਪਾਈਆ। ਸਾਹਿਬ ਮਿਲਿਆ ਇਕ ਬਖ਼ਸ਼ੰਦ, ਬਖ਼ਸ਼ਣਹਾਰ ਸਚ ਗੁਸਾਈਆ। ਜਿਸ ਨੂੰ ਗੌਣਾ ਪਏ ਨਾ ਨਾਲ ਬੱਤੀ ਦੰਦ, ਅੰਦਰੇ ਅੰਦਰ ਰਿਹਾ ਮਿਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਤ੍ਰਿਸ਼ਨਾ ਰਿਹਾ ਬੁਝਾਈਆ। ਤ੍ਰਿਸ਼ਨਾ ਕਹੇ ਮੈਂ ਰਹੀ ਪੁਛ, ਆਪਣਾ ਆਪ ਮਿਟਾਈਆ। ਮੈਨੂੰ ਸਭ ਕੁਝ ਗਿਆ ਸੁਝ, ਸੋਝੀ ਦਿਤੀ ਬੇਪਰਵਾਹੀਆ। ਮੈਂ ਸਚ ਪ੍ਰੀਤੀ ਅੰਦਰ ਗਿਆ ਰੁਝ, ਦਿਵਸ ਰੈਣ ਹੋਈ ਸ਼ਨਵਾਈਆ। ਮੇਰਾ ਆਪਣਾ ਆਪ ਰਿਹਾ ਨਾ ਕੁਝ, ਕੋਝੀ ਕਮਲੀ ਢੋਲੇ ਬਿਨ ਢੋਲਕ ਰਹੀ ਸੁਣਾਈਆ। ਜਿਸ ਨੇ ਰਮਜ਼ ਇਸ਼ਾਰਾ ਕੀਤਾ ਗੁਝ, ਆਲਸ ਨਿੰਦਰਾ ਦਿਤੀ ਉਠਾਈਆ। ਮੇਰਾ ਰਿਹਾ ਕੋਇ ਨਾ ਦੁਖ, ਰੋਗ ਸੋਗ ਨਾ ਕੋਇ ਸਤਾਈਆ। ਉਪਜਿਆ ਇਕ ਸੁਖ, ਸੁਖ ਸਾਗਰ ਰੂਪ ਵਟਾਈਆ। ਮੇਰਾ ਆਪਣਾ ਆਪ ਹੋਇਆ ਚੁਪ, ਖ਼ਾਮੋਸ਼ੀ ਬੈਠੀ ਸੋਭਾ ਪਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਹਾਈ ਮੌਲੀ ਰੁਤ, ਰਤਨ ਅਮੋਲਕ ਗੁਰਮੁਖ ਰਿਹਾ ਵਖਾਈਆ। ਰੁਤ ਕਹੇ ਮੈਂ ਵੇਖਣਾ ਉਹ ਰਤਨ, ਜਿਸ ਦੀ ਰਤੀ ਰਤ ਨਜ਼ਰ ਨਾ ਆਈਆ। ਜਿਸ ਨੇ ਪਰਤ ਕੇ ਜਾਣਾ ਆਪਣੇ ਵਤਨ, ਘਰ ਠਾਂਡੇ ਖ਼ੁਸ਼ੀ ਮਨਾਈਆ। ਘਰ ਸਾਚੇ ਘਾਟ ਬਹਿਣਾ ਪਤਣ, ਘਰ ਵਜਦੀ ਰਹੇ ਵਧਾਈਆ। ਪੂਜਾ ਪਾਠ ਦਾ ਕਰਨਾ ਪਏ ਨਾ ਕੋਈ ਯਤਨ, ਯਥਾਰਥ ਇਕੋ ਇਕ ਵੇਖ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਕ਼ੀਮਤ ਦੇਵੇ ਪਾਈਆ। ਕ਼ੀਮਤ ਕਹੇ ਮੈਂ ਜੁਗ ਜੁਗ ਵੇਖ ਥੱਕੀ, ਮਾਇਆ ਮਮਤਾ ਵਿਚ ਲੋਕਾਈਆ। ਮੇਰਾ ਹਕ ਨਾ ਚੁਕਾਇਆ ਕਿਸੇ ਹਕੀ, ਹਕ਼ੀਕਤ ਸਚ ਨਾ ਖੋਜ ਖੁਜਾਈਆ। ਗੁਰ ਅਵਤਾਰ ਪੈਗ਼ੰਬਰ ਮੇਰੇ ਨਾਲ ਰਖਦੇ ਰਹੇ ਪੱਤੀ, ਹਿਸੇਦਾਰੀ ਜਗਤ ਬਣਾਈਆ। ਮੈਂ ਪ੍ਰਭ ਦਾ ਖੇਲ ਵੇਖ ਵੇਖ ਜੁਗ ਚੌਕੜੀ ਹਸੀ, ਹਸਤੀਆਂ ਵਾਲੇ ਦਿੱਤੇ ਖਪਾਈਆ। ਮੈਂ ਜਗਤ ਮਾਇਆ ਪ੍ਰੇਮ ਨਾਲ ਬੱਧੇ ਰੱਸੀ, ਰਸਤੇ ਸਭ ਦੇ ਰਹੀ ਭੁਲਾਈਆ। ਮੈਂ ਇਸ਼ਾਰੇ ਕਰਦੀ ਰਹੀ ਵਿਚੋਂ ਵੱਖੀ, ਵਖਰਾ ਆਪਣਾ ਹੁਕਮ ਮਨਾਈਆ। ਮੈਂ ਕਾਹਨ ਨਾਲੋਂ ਵਿਛੋੜ ਕੇ ਸਖ਼ੀ, ਬਿੰਦਰਾਬਨ ਦਿਤੀ ਰੁਲਾਈਆ। ਮੈਂ ਗੁਰ ਅਵਤਾਰਾਂ ਪੈਗ਼ੰਬਰਾਂ ਪੜ੍ਹਾ ਕੇ ਪੱਟੀ, ਪਟਨੇ ਵਾਲਾ ਦਿਤਾ ਲੜਾਈਆ। ਮੈਂ ਸਭ ਦੀ ਅੰਤਰ ਆਤਮ ਤੀਰ ਨਿਸ਼ਾਨੇ ਨਾਲ ਫਟੀ, ਫੱਟੜ ਘਾਇਲ ਕੀਤੀ ਲੋਕਾਈਆ। ਮੈਂ ਮਨ ਵਾਸਨਾ ਖੋਲ੍ਹ ਕੇ ਹੱਟੀ, ਹਟਵਾਣੇ ਰਾਜੇ ਰਾਣੇ ਦਿਤੇ ਮਿਟਾਈਆ। ਮੈਂ ਸਭ ਦੇ ਕੋਲੋਂ ਭਰੌਣੀ ਚੱਟੀ, ਚੇਤਨ ਸੁਰਤੀ ਨਾ ਕੋਇ ਕਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕੋ ਮੱਤੀ, ਜੋ ਮਤ ਮਤਾਂਤਰ ਸਾਰੇ ਜਾਣ ਤਜਾਈਆ। ਮਤਿ ਕਹੇ ਮੈਂ ਜੁਗ ਚੌਕੜੀ ਕਰਦੀ ਆਈ ਤਲਾਸ਼, ਚਾਰ ਕੁੰਟ ਖੋਜ ਖੁਜਾਈਆ। ਜੁਗ ਚੌਕੜੀ ਵੇਂਹਦੀ ਆਈ ਧਰਵਾਸ, ਵਿਦਿਆ ਨਾਲ ਕਰ ਪੜ੍ਹਾਈਆ। ਸੁਨੇਹੜੇ ਨਾਲ ਬੁਝੌਂਦੀ ਆਈ ਆਸ, ਆਸਾ ਖ਼ਾਹਿਸ਼ ਨਾਲ ਰਲਾਈਆ। ਕਿਸੇ ਨੂੰ ਸਮਝ ਨਾ ਦਿਤੀ ਆਪਣਾ ਆਪ, ਅਕਲ ਨਾਲ ਦਿਤੀ ਚਤੁਰਾਈਆ। ਅੰਤ ਵੇਖ ਅੰਧੇਰੀ ਰਾਤ, ਕਲਜੁਗ ਮੇਰੀ ਵਜੀ ਵਧਾਈਆ। ਨਾਤਾ ਤੋੜ ਕੇ ਪਿਤਾ ਪੁਤ ਬਾਪ, ਕੂੜੀ ਕਿਰਿਆ ਦਿਤੀ ਵਖਾਈਆ। ਗੁਰੂ ਚੇਲਾ

ਅੰਦਰੋਂ ਰਹਿਣ ਨਾ ਦਿਤਾ ਸਾਫ਼, ਕੂੜੀ ਕਿਰਿਆ ਵਿਚ ਫਸਾਈਆ । ਆਤਮ ਪਰਮਾਤਮ ਸਤਿ ਨਾ ਜਪਿਆ ਕਿਸੇ ਜਾਪ, ਰਸਨਾ ਜਿਹਵਾ ਜਗਤ ਹਲਕਾਈਆ । ਸਭ ਦੇ ਅੰਦਰ ਵੜ ਕੇ ਦਿਤਾ ਆਖ, ਆਖ਼ਰ ਹੁਕਮ ਸੁਣਾਈਆ । ਜਗਤ ਵਿਦਿਆ ਵਾਲੇ ਕਰ ਗੁਸਤਾਖ, ਮਾਰਗ ਓਝੜ ਦਿਤੇ ਪਾਈਆ । ਇਹ ਵੀ ਖੇਲ ਪੁਰਖ ਅਬਿਨਾਸ਼, ਜੋ ਮਾਲਕ ਹੋ ਕੇ ਰਿਹਾ ਕਰਾਈਆ । ਜਨ ਭਗਤਾਂ ਕਰ ਕੇ ਆਪਣਾ ਵਾਸ, ਦਾਸਤਾਨ ਆਪਣੀ ਰਿਹਾ ਸੁਣਾਈਆ । ਜਨਮ ਜਨਮ ਕਰ ਕੇ ਰਾਸ, ਕਰਮ ਕਰਮ ਰਿਹਾ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰੀ ਕਰ ਕੇ ਆਸ, ਆਸਾ ਅਸਲ ਆਪਣੇ ਵਿਚ ਸਮਾਈਆ ।

### ☼ ੨੧ ਅੱਸੂ ਸ਼ਹਿਨਸ਼ਾਹੀ ਸੰਮਤ ੧ ਚੇਲਾ ਸਿੰਘ ਦੇ ਗ੍ਰਿਹ ਵਜ਼ਾਰਤ ਰੋਡ ਜੰਮੂ ☼

ਸੰਮਤ ਕਹੇ ਕਿਰਪਾ ਕਰੀ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਦਇਆ ਕਮਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਸਰਗੁਣ ਮੇਲਾ ਸਹਿਜ ਸੁਭਾਈਆ । ਸ਼ਬਦੀ ਧਾਰ ਖੇਲ ਤਮਾਸ਼, ਦੋ ਜਹਾਨਾਂ ਹੁਕਮ ਵਰਤਾਈਆ । ਨਾਉਂ ਸੰਦੇਸ਼ਾ ਦੇ ਕੇ ਪਾਤ, ਪਤਨ ਵਾਲੇ ਲਏ ਉਠਾਈਆ । ਜੁਗ ਚੌਕੜੀ ਦੀ ਪੂਰੀ ਕਰ ਕੇ ਆਸ, ਧਰਵਾਸ ਆਪਣਾ ਇਕ ਜਣਾਈਆ । ਕੰਢੀ ਵਾਲੇ ਹੋਣ ਨਾ ਦੇਵੇ ਬੇਆਸ, ਆਸਾ ਸਭ ਦੀ ਖ਼ੁਸ਼ੀ ਮਨਾਈਆ । ਜੁਗ ਚੌਕੜੀ ਦਾ ਸਭ ਤੋਂ ਪਹਿਲਾ ਲਿਖਿਆ ਜਾਏ ਇਤਹਾਸ, ਜੰਮੂ ਸੰਗਤ ਮਿਲੇ ਵਡਿਆਈਆ । ਜਿਨ੍ਹਾਂ ਨਾਲ ਚਲਣਾ ਰਿਵਾਜ, ਰਾਹ ਮਾਰਗ

੧੧੦੬
ਇਕ ਪਰਗਟਾਈਆ । ਸ੍ਰਿਸ਼ਟ ਸਬਾਈ ਹੋਣਾ ਖ਼ਾਕ, ਖ਼ਾਲਸ ਗੁਰਮੁਖ ਲਏ ਉਠਾਈਆ । ਇਹ ਪੂਰਬ ਲਹਿਣਾ ਰਾਮ ਕ੍ਰਿਸ਼ਨ ਦਾ ਵਾਕ, ਵਾਕਿਆ ਕਸ਼ਮੀਰ ਵਿਚੋਂ ਭੁਗਤਾਈਆ । ਜਿਸ ਦੀ ਜੁਗ ਚੌਕੜੀ ਸੁਣੀ ਨਹੀਂ ਕਿਸੇ ਆਵਾਜ਼, ਸੋ ਸ਼ਬਦੀ ਹੁਕਮ ਇਕ ਪਰਗਟਾਈਆ । ਜਨ ਭਗਤੋ ਤੁਸੀਂ ਉਜੜੇ ਨਹੀਂ ਸਦਾ ਲਈ ਹੋਏ ਆਬਾਦ, ਆਬਾਦੀ ਤੁਹਾਡੀ ਨਵੀਂ ਦਿਤੀ ਬਣਾਈਆ । ਜਿਨ੍ਹਾਂ ਦੇ ਪਿਛੇ ਪਰਮ ਪੁਰਖ ਦਾ ਖੁਲ੍ਹਣਾ ਰਾਜ਼, ਪਰਦਾ ਓਹਲਾ ਦੇਣਾ ਉਠਾਈਆ । ਤੁਹਾਡੇ ਸੰਗ ਮਿਲ ਕੇ ਜਿਥੇ ਕੀਤਾ ਨਿਵਾਸ, ਅਸਥਾਨ ਭੂਮਿਕਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਧੁਰ ਦਾ ਹੁਕਮ ਕਹੇ ਮੈਂ ਬੜਾ ਅਜੀਬ, ਅਜਬ ਨਿਰਾਲਾ ਨਜ਼ਰੀ ਆਈਆ । ਜੁਗ ਚੌਕੜੀ ਬਦਲਦਾ ਆਇਆ ਨਸੀਬ, ਕ਼ੀਮਤ ਸਭ ਦੀ ਵੇਖ ਵਖਾਈਆ । ਸ਼ਾਹਾਂ ਕਰ ਗ਼ਰੀਬ, ਗ਼ਰੀਬਾਂ ਦਿਆਂ ਵਡਿਆਈਆ । ਨਿਤ ਨਵਿਤ ਦੇ ਤਰਤੀਬ, ਤਰਾ ਤਰਾ ਦਿਆਂ ਸਮਝਾਈਆ । ਜਿਸ ਦੀ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਉਮੀਦ, ਉਹ ਆਮਦ ਆਪਣੀ ਰਿਹਾ ਵਖਾਈਆ । ਅਜੇ ਪਹਿਲਾ ਸੰਮਤ ਰਿਹਾ ਬੀਤ, ਸਮਾਂ ਸਭ ਨੂੰ ਦਏ ਉਠਾਈਆ । ਸਾਢੇ ਤਿੰਨ ਸਾਲ ਪਿਛੋਂ ਜਿਸ ਦੇ ਸਭ ਨੇ ਗੌਣੇ ਗੀਤ, ਸੋ ਗਹਿਰ ਗੰਭੀਰ ਆਪਣਾ ਖੇਲ ਕਰਾਈਆ । ਤੁਹਾਡੇ ਨਾਲ ਚਲਾਈ ਸੋਹਣੀ ਰੀਤ, ਰੀਤੀਵਾਨ ਹੋਇਆ ਸਹਾਈਆ । ਤੁਸੀਂ ਪ੍ਰਭ ਤੇ ਕਰਿਓ ਪ੍ਰਤੀਤ, ਉਹ ਪਰਮਾਤਮਾ ਹੋ ਕੇ ਤੁਹਾਡੀ ਆਤਮਾ ਲਏ ਰੰਗਾਈਆ । ਸਤਿ ਵਸਤ ਅਮੋਲਕ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਹੱਥ ਕਹੇ ਮੈਂ ਸਭ ਦਾ ਰਖਵਾਲਾ ਜੁਗ ਜਨਮ ਦੀ

ਵੇਖਾਂ ਆਸਾ, ਤ੍ਰਿਸ਼ਨਾ ਪਰਦਾ ਉਠਾਈਆ । ਜੋ ਖੇਲੇ ਖੇਲ ਪੁਰਖ ਅਬਿਨਾਸ਼ਾ, ਬ੍ਰਹਿਮੰਡਾਂ ਖੰਡਾਂ ਫਿਰੇ ਦੁਹਾਈਆ । ਭਗਤਾਂ ਦਾ ਹੋਵੇ ਸਾਥਾ, ਸੰਗਤਾਂ ਮਿਲੀ ਵਡਿਆਈਆ । ਪ੍ਰੇਮ ਦਾ ਹੋਵੇ ਅਹਾਤਾ, ਗੁਰਮੁਖ ਢੋਲੇ ਗਾਈਆ । ਕਲਜੁਗ ਅੰਧੇਰੀ ਰਾਤਾ, ਸ੍ਰਿਸ਼ਟੀ ਮਿਲੇ ਸਜ਼ਾਈਆ । ਪਰਗਟ ਹੋ ਕੇ ਜੋਤੀ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਮੁਖਾਂ ਅੰਦਰ ਕਰ ਕੇ ਵਾਸਾ, ਧੀਰਜ ਧੀਰ ਰਿਹਾ ਬੰਧਾਈਆ । ਤੁਹਾਡੇ ਪਿਛੇ ਅਗਲਿਆਂ ਪਿਛਲਿਆਂ ਦਾ ਬਦਲ ਦੇਵਾਂ ਪਾਸਾ, ਸਾਰ ਪਾਸ਼ਾ ਦਿਆਂ ਉਲਟਾਈਆ । ਫੇਰ ਖ਼ੁਸ਼ੀਆਂ ਨਾਲ ਕਰ ਲਿਉ ਹਾਸਾ, ਘਰ ਘਰ ਨਾਮ ਸਲਾਹੀਆ । ਸੱਜਣਾਂ ਨਾਲ ਸੱਜਣ ਮਿਲ ਕੇ ਕਰਿਓ ਬਾਤਾਂ, ਅਚਰਜ ਖੇਲ ਬੇਪਰਵਾਹੀਆ । ਨਜ਼ਰ ਆਵੇ ਇਕੋ ਪਿਤਾ ਮਾਤਾ, ਪੁਰਖ ਅਕਾਲ ਧੁਰਦਰਗਾਹੀਆ । ਤੁਹਾਡਾ ਥੋੜ੍ਹਿਆਂ ਦਿਨਾਂ ਦਾ ਫ਼ਾਕਾ, ਅਗੇ ਫ਼ਿਕਰ ਸਾਰੇ ਦਏ ਗਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥੋੜ੍ਹਾ ਜਿਹਾ ਰਖ ਕੇ ਰਾਜ਼ਾ, ਰਾਜ਼ੀ ਖ਼ੁਸ਼ੀ ਸਭ ਨੂੰ ਦਏ ਵਸਾਈਆ ।

ਖ਼ੁਦਾ ਕੇ ਮੁਤੱਲਿਕ ਨਾ ਕਰੇ ਕੋਈ ਮੁਤਾਅਲਿਆ, ਮੁਤਲਾ ਮਤਲਬ ਨਾ ਕੋਇ ਜਣਾਈਆ । ਉਹ ਨੂਰੇ ਜ਼ਹੂਰ ਸੁਲਤਾਨੇ ਸ਼ਾਹ ਆਲੀਆ, ਆਲਮੇ ਇਲਮ ਅਲੂਮ ਅਮਲ ਨਾ ਕੋਇ ਸਮਝਾਈਆ । ਉਹ ਦੋ ਜਹਾਨੇ ਵਾਲੀਆ, ਵਲੀ ਅਹਿਦ ਪੈਗ਼ੰਬਰ ਪੀਰ ਉਪਜਾਈਆ । ਜਿਸ ਦਾ ਕ਼ਲਮ ਸ਼ਾਹੀ ਅਲਿਫ਼ ਯੇ ਕਰੇ ਨਾ ਕੋਇ ਬਿਆਨਿਆਂ, ਅਬਾਰਤ ਸਫ਼ਾਰਸ਼ ਨਾ ਕੋਇ ਵਡਿਆਈਆ । ਸੋ ਵਾਹਿਦ ਲਾਸ਼ਰੀਕ ਬੇਨਜ਼ੀਰ ਅਖਵਾਨਿਆ, ਫ਼ਿਕਰਾਏ ਫ਼ੱਕਰ ਨਾ ਕੋਈ ਸਮਝਾਈਆ । ਜੋ ਸੂਫ਼ੀਆਂ ਮਸਤੀ ਦੇਵੇ ਹਸਤੀ ਵਿਚ ਦੀਵਾਨਿਆਂ, ਨਗ਼ਮਾ ਨਾਦ ਇਕ ਸੁਣਾਈਆ । ਕ਼ਲਮਾ ਹਕ ਦੱਸੇ ਈਮਾਨਿਆਂ, ਰਸੂਲ ਸਚ ਪੜ੍ਹਾਈਆ । ਜਲਵਾ ਜਲਾਲ ਸ਼ਰਅ ਰੁਸ਼ਨਾਨਿਆਂ, ਮਹਿਫ਼ਲ ਮਹਿਬੂਬ ਬੇਪਰਵਾਹੀਆ । ਦਰਗਾਹ ਸਾਚੀ ਵਖਾਵੇ ਸਚ ਨਿਸ਼ਾਨਿਆ, ਚੌਦਾਂ ਤਬਕ ਸੀਸ ਨਿਵਾਈਆ । ਜਿਸ ਦਾ ਖੇਲ ਸਮਝ ਨਾ ਆਵੇ ਇਨਸਾਨ ਹੈਵਾਨਿਆਂ, ਤੁਲਬਾ ਤਾਲੀਮ ਨਾ ਕੋਇ ਦ੍ਰਿੜਾਈਆ । ਜੋ ਸਚ ਖ਼ੁਦਾਏ ਖੇਲ ਕਰੇ ਕਮਾਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਜ਼ਰੇ ਕਰਮ ਮਿਹਰ ਉਠਾਈਆ ।

ਦਜ਼ਾਲ ਦੀ ਕੌਮ ਰੱਬੀ ਨੂਰ, ਅਲਾਹੀ ਜਲਵਾ ਨਜ਼ਰੀ ਆਈਆ । ਜਿਸ ਦਾ ਲੇਖਾ ਨਾ ਮਾਲੂਮ, ਮਹਿਰਮ ਬਣ ਕੇ ਸਕੇ ਨਾ ਕੋਇ ਸਮਝਾਈਆ । ਜਿਸ ਦਾ ਸ਼ਬਦੀ ਰੂਪ ਮਾਸੂਮ, ਨੰਨ੍ਹਾ ਆਪੇ ਲਏ ਪਰਗਟਾਈਆ । ਜਿਸ ਦਾ ਹੁਕਮ ਇਕ ਮਾਕੂਲ, ਕ਼ਿਬਲੇ ਅਜ਼ ਕਰੇ ਪੜ੍ਹਾਈਆ । ਜਿਸ ਨੇ ਪੜ੍ਹਨਾ ਨਹੀਂ ਕਿਸੇ ਮਕਤਬ ਵਿਚ ਸਕੂਲ, ਸਾਕਨ ਗਾਉਂ ਸਕੇ ਨਾ ਕੋਇ ਜਣਾਈਆ । ਉਸ ਦਾ ਧੁਰ ਦਰਗਾਹੀ ਅਸੂਲ, ਅਸਲੀਅਤ ਆਪਣੀ ਦਏ ਸਮਝਾਈਆ । ਕਾਇਨਾਤ ਦੱਸੇ ਹੁਕਮ ਇਕ ਮਾਕੂਲ, ਮੁਕੰਮਲ ਆਪਣਾ ਆਪ ਜਣਾਈਆ । ਨਬੀਆਂ ਦਾ ਨਬੀ ਬਣ ਕੇ ਪਾਕ ਰਸੂਲ, ਸਾਹਿਬ ਸੁਲਤਾਨ ਦਏ ਸਮਝਾਈਆ । ਸਭ ਦੀ ਕਰਨੀ ਕਰ ਵਸੂਲ, ਵਸਲ ਆਪਣਾ ਹਕ ਵਖਾਈਆ । ਦੀਨ ਦੁਨੀ ਕਰ ਮਹਿਰੂਮ, ਖ਼ਾਲੀ ਕਾਸੇ ਦਏ ਫੜਾਈਆ । ਸਚ ਖ਼ੁਦਾਏ ਦੱਸ ਕ਼ਾਨੂੰਨ, ਕ਼ਲਮਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ

ਕਰੇ ਰੁਸ਼ਨਾਈਆ । ਜਿਸ ਦਾ ਜਨਮ ਹੋਵੇ ਗ੍ਰਿਹਿ ਜ਼ਦੀਦ, ਕੁਨਬਾ ਬੇਪਰਵਾਹੀਆ । ਜਿਥੇ ਇਕੋ ਵਾਰ ਪੜ੍ਹੀ ਗਈ ਈਦ, ਰੋਜ਼ਾ ਹਕ ਦਿਤਾ ਰਖਾਈਆ । ਜਿਸ ਦੀ ਸਿਫ਼ਤ ਕਰੇ ਮਜੀਦ, ਕ਼ੁਰਾਨ ਕੁਰ੍ਹਾ ਰਿਹਾ ਫੁਲਾਈਆ । ਉਸ ਦੀ ਸ਼ਹਾਦਤ ਇਕ ਤਸਦੀਕ, ਤਸੱਵਰ ਇਕੋ ਦਏ ਜਣਾਈਆ । ਤਿਸ ਦਾ ਵਕ਼ਤ ਆਇਆ ਕ਼ਰੀਬ, ਮੱਕੇ ਕਾਅਬੇ ਵੱਜੇ ਵਧਾਈਆ । ਸਭ ਦੀ ਗ਼ਫ਼ਲਤ ਖੁਲ੍ਹੇ ਨੀਂਦ, ਆਲਸ ਦੇਵੇ ਮਿਟਾਈਆ । ਜਿਸ ਦੀ ਰਸੂਲ ਪੈਗ਼ੰਬਰ ਕਰਨ ਤਾਈਦ, ਤਾਰੀਖ ਵਿਚ ਸ਼ਨਵਾਈਆ । ਸਦੀ ਚੌਧਵੀਂ ਜਿਸ ਦੀ ਕਰੇ ਉਡੀਕ, ਕਾਮਲ ਮੁਰਸ਼ਦ ਫੇਰਾ ਪਾਈਆ । ਜਿਸ ਦੀ ਅਲਿਫ਼ ਯੇ ਕਰੇ ਤਮਹੀਦ, ਅੱਖਰਾਂ ਵਿਚ ਪੜ੍ਹਾਈਆ । ਸੋ ਖੇਲ ਕਰੇ ਅਜੀਬ, ਧਾਮ ਨਿਰਾਲਾ ਦਏ ਸੁਹਾਈਆ । ਜਿਸ ਦਾ ਹਮਸਾਇਆ ਵਸੇ ਇਕੋ ਕ਼ਰੀਬ, ਅਮੀਰ ਗ਼ਰੀਬ ਦੋਵੇਂ ਦਏ ਤਜਾਈਆ । ਜਿਸ ਦਾ ਇਕੋ ਕ਼ਲਮਾ ਇਕੋ ਹਦੀਸ, ਹਜ਼ਰਤ ਇਕੋ ਨੂਰ ਖ਼ੁਦਾਈਆ । ਦੂਜੀ ਅਵਰ ਨਾ ਕੋਇ ਤਮੀਜ਼, ਤਮਅ ਕੂੜ ਨਾ ਕੋਇ ਜਣਾਈਆ । ਉਹ ਗ੍ਰਿਹਿ ਬੜਾ ਬਾਰੀਕ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਵਨ ਆਈ ਦਿਸੇ ਠੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਇਕ ਖੁਲ੍ਹਾਈਆ । ਦਜ਼ਾਲ ਕਹੇ ਮੈਂ ਔਣਾ ਜਲਦੀ, ਚਾਰ ਕੁੰਟ ਕਰਾਂ ਜਣਾਈਆ । ਕਾਇਨਾਤ ਅਗਨੀ ਹੋਵੇ ਬਲਦੀ, ਦੀਨ ਮਜ਼੍ਹਬ ਵੰਡ ਵੰਡਾਈਆ । ਕੂੜੀ ਖੇਲ ਹੋਵੇ ਕਲ ਦੀ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਮੈਨੂੰ ਸਵਾਣੀ ਤੱਤਾਂ ਵਾਲੀ ਕੋਈ ਨਾ ਜਣਦੀ, ਗੋਦੀ ਗੋਦ ਨਾ ਕੋਇ ਬਿਠਾਈਆ । ਮੇਰੀ ਢਾਲ ਓਸ ਅਗੰਮੀ ਚੰਦ ਦੀ, ਜਿਸ ਨੂੰ ਤਾਰਾ ਚੰਨ ਸੀਸ ਨਿਵਾਈਆ । ਇਹ ਕੋਈ ਸੁਣਨ ਵਾਲੀ ਨਹੀਂ ਕਹਾਣੀ ਕੰਨ ਦੀ, ਧੁਰ ਫ਼ਰਮਾਣ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਗਰੀ ਇਕ ਉਪਜਾਈਆ । ਦਜ਼ਾਲ ਕਹੇ ਮੈਂ ਜ਼ਰੂਰ ਜੰਮਾਂ, ਖ਼ਾਕੀ ਬੁਤ ਨਜ਼ਰ ਕੋਇ ਨਾ ਆਈਆ । ਨਾ ਕੋਈ ਅੱਬਾ ਸਮਝੇ ਮੇਰੀ ਨਾ ਕੋਈ ਜਾਣੇ ਅੰਮਾ, ਮੰਮੀ ਮੂਲ ਨਾ ਕੋਇ ਦ੍ਰਿੜਾਈਆ । ਨਾ ਕੋਈ ਸੀਰ ਰਸ ਦੂਜੀ ਧਾਰ ਦੇਵੇ ਮੰਮਾ, ਗਲੇ ਫੜ ਨਾ ਕੋਇ ਲਗਾਈਆ । ਨਾ ਕੋਈ ਕਾਇਨਾਤ ਸ੍ਰਿਸ਼ਟੀ ਵਾਲੀ ਹੋਵੇ ਤਮਅ, ਜੋਰੂ ਜ਼ਰ ਨਾ ਵੇਖ ਵਖਾਈਆ । ਧੁਰ ਦਾ ਖੇਲ ਕਰਾਂ ਅਗੰਮਾ, ਬੇਅੰਤ ਬੇਪਰਵਾਹ ਦਿਆਂ ਸਮਝਾਈਆ । ਹੁਕਮੇਂ ਅੰਦਰ ਆਵਾਂ ਭੰਨਾ, ਦੋ ਜਹਾਨਾਂ ਪੰਧ ਮੁਕਾਈਆ । ਜਿਸ ਨੂੰ ਵਾਹਿਦ ਨੂਰ ਇਕੋ ਕਹਿੰਦੇ ਅੱਲਾ, ਆਲਮ ਰਹੇ ਸੁਣਾਈਆ । ਉਹ ਮਾਲਕ ਖ਼ਾਲਕ ਇਕ ਇਕੱਲਾ, ਕ਼ਲਮੇ ਰਿਹਾ ਪੜ੍ਹਾਈਆ । ਮੈਂ ਓਸ ਦੀ ਧਾਰੋਂ ਨੂਰੀ ਨੂਰ ਹੋ ਕੇ ਬਣਾ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਰਤਾਈਆ । ਦਜ਼ਾਲ ਕਹੇ ਮੇਰੀ ਸਭ ਤੋਂ ਵਖਰੀ ਯਦ, ਬਿਨ ਤਤ ਪੋਸ਼ਾਕ ਚਲੀ ਆਈਆ । ਜਿਸ ਦੀ ਚੌਦਾਂ ਤਬਕਾਂ ਤੋਂ ਬਾਹਰ ਹਦ, ਆਰ ਪਾਰ ਨਾ ਕੋਇ ਸਮਝਾਈਆ । ਜਿਸ ਦਾ ਲੰਮਾ ਉਚਾ ਕੋਈ ਨਾ ਸਮਝੇ ਕ਼ਦ, ਕ਼ੁਦਰਤ ਦਾ ਕ਼ਾਦਰ ਖੇਲ ਵਖਾਈਆ । ਜਿਸ ਨੂੰ ਚਾਰ ਕੁੰਟ ਦਹਿ ਦਿਸ਼ਾ ਕੋਈ ਨਾ ਸਕੇ ਲਭ, ਖੋਜਿਆਂ ਖੋਜ ਨਾ ਕੋਇ ਖੁਜਾਈਆ । ਜਿਸ ਦਾ ਮਾਲਕ ਇਕੋ ਨੂਰ ਨੁਰਾਨਾ ਰੱਬ, ਰਬੀਉਲ ਰਹਿਮਾਨ ਬੇਪਰਵਾਹੀਆ । ਉਹ ਹੁਕਮੇ ਅੰਦਰ ਲਏ ਸੱਦ, ਧਵਲ ਖ਼ਾਕ ਪਾਕ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹਿਬੂਬ ਵੇਖ ਵਖਾਈਆ ।


੧੧੦੮

ਖ਼ਾਕੀ ਬੁਤ ਚੜ੍ਹਿਆ ਸੂਲੀ, ਰੂਹ ਰੁਹਾਨੀ ਸੁਲਹਕੁਲ ਵਿਚ ਸਮਾਈਆ । ਜਿਸ ਦਾ ਜਲਵਾ ਨੂਰ ਚੌਥਾ ਪਦ ਚੌਥਾ ਅਸਮਾਨੀ, ਇਸਮ ਆਅਜ਼ਮ ਇਕੋ ਵੇਖ ਵਖਾਈਆ । ਹਕ ਮੁਹੱਬਤ ਵਿਚ ਹਕੀਕਤ ਦੀ ਦਿਤੀ ਕੁਰਬਾਨੀ, ਕੂੜਾ ਸੰਗ ਨਾ ਕੋਇ ਬਣਾਈਆ । ਗ੍ਰਹਿ ਘਰ ਦਰ ਮਿਲਿਆ ਉਹ ਲਾਸਾਨੀ, ਜਿਸ ਦੀ ਮਿਸਲ ਮਿਸਾਲ ਨਾ ਕੋਇ ਬਣਾਈਆ । ਉਹ ਨੂਰੋ ਨੂਰ ਨੁਰਾਨੀ, ਹਕ ਦਵਾਰੇ ਸੋਭਾ ਪਾਈਆ । ਜਿਸ ਦੀ ਧੁਰ ਦੀ ਆਵਾਜ਼ ਨਿਸ਼ਾਨੀ, ਮੁਰੀਦਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਸੂਲੀ ਚੜ੍ਹ ਗਿਆ ਖ਼ਾਕੀ ਬੁਤ, ਜੋ ਖ਼ਾਕੀ ਖ਼ਾਕ ਸਮਾਈਆ । ਜਿਸ ਖੁਦਾ ਦਾ ਬਣਿਆ ਖ਼ੁਦ ਪੁਤ, ਉਹ ਪਿਤਾ ਪੂਤ ਇਕੋ ਨਜ਼ਰੀ ਆਈਆ । ਦੁਨੀਆ ਭਾਵੇਂ ਕਹੇ ਕੁਛ, ਅਕਲਾਂ ਵਾਲੇ ਢੋਲੇ ਗਾਈਆ । ਸਚ ਓਸੇ ਦੀ ਧਾਰ ਵਿਚ ਗਿਆ ਲੁਕ, ਜਿਸ ਨੇ ਉਸ ਦਾ ਨੂਰ ਦਿਤਾ ਉਪਜਾਈਆ । ਜਿਥੇ ਨਾ ਕੋਈ ਰੂਹ ਤੇ ਨਾ ਕੋਈ ਬੁੱਤ, ਨਾ ਕੋਈ ਪਿਤਾ ਨਾ ਕੋਈ ਪੁਤ, ਤਨ ਵਜੂਦ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਈਆ । ਸਜਦਾ ਸਚ ਸਦ ਓਸ ਰਸੂਲ, ਜੋ ਰਸਮ ਵਾਲਾ ਨਜ਼ਰੀ ਆਈਆ । ਜਿਸ ਨੂੰ ਖ਼ੁਦਾਵੰਦ ਖ਼ੁਦ ਕਰੇ ਕ਼ਬੂਲ, ਕਾਮਲ ਮੁਰਸ਼ਦ ਲਏ ਪਰਗਟਾਈਆ । ਓਸ ਦਾ ਸਚ ਹੋਵੇ ਅਸੂਲ, ਅਸਲੀਅਤ ਦਏ ਵਖਾਈਆ । ਜਿਸ ਨੂੰ ਸਜਦਾ ਕੀਤਿਆਂ ਸਰ ਨਾ ਜਾਏ ਫ਼ਜ਼ੂਲ, ਫ਼ਜ਼ਲ ਰਹਿਮਤ ਨਾਲ ਪਾਰ ਲੰਘਾਈਆ । ਉਸ ਦਾ ਇਕੋ ਹੋਵੇ ਕ਼ਾਨੂੰਨ, ਹਿੰਦੂ ਮੁਸਲਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਉਹ ਨੁਕਤਾ ਦੱਸੇ ਉਹ ਨੂਨ, ਜੋ ਗੁਨਿਆਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਜਦਾ ਸਦਾ ਸਦਾ ਦਰਸਾਈਆ । ਸਜਦਾ ਕਰੇ ਮੇਰਾ ਓਸ ਨੂੰ ਸਲਾਮ, ਜੋ ਸਲਾਮਾਲੇਕਮ ਦਏ ਸਮਝਾਈਆ । ਧੁਰ ਦਾ ਕ਼ਲਮਾ ਦੱਸੇ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਨੂਰ ਨੁਰਾਨਾ ਨਜ਼ਰੀ ਆਏ ਅਮਾਮ, ਅਮਨ ਆਪਣਾ ਦਏ ਸਮਝਾਈਆ । ਮਿਹਰ ਨਾਲ ਨਜ਼ਰ ਬਦਲ ਦੇਵੇ ਤਮਾਮ, ਤਮਅ ਦੇਵੇ ਮਿਟਾਈਆ । ਰਸੂਲ ਪਾਕ ਹੋ ਕੇ ਬਣਾ ਲਏ ਆਪਣੇ ਗੁਲਾਮ, ਕੂੜੀ ਗ਼ੁਰਬਤ ਦਏ ਮਿਟਾਈਆ । ਓਸ ਦੇ ਦਰੇ ਦਰਬਾਰ ਕ਼ਦਮੇ ਕਿਦਾਰ ਸਜਦਾ ਪਰਵਾਨ, ਜੋ ਪਰਵਾਨਾ ਧੁਰ ਦਰਗਾਹ ਦਾ ਦਏ ਫੜਾਈਆ । ਖ਼ੁਦਾ ਪਰਸਤੋਂ ਕਾ ਹੋਗਾ ਸਚ ਅੰਜਾਮ, ਖ਼ੁਦ ਖ਼ੁਦਾ ਦਇਆ ਕਮਾਈਆ । ਰੂਹੇ ਰੁਹਾਨੀ ਮਿਲੇ ਆਬ ਅਮਾਮ, ਅਮਲ ਪਾਕ ਦਏ ਵਡਿਆਈਆ । ਸਚ ਧਰਮ ਵਖਾਏ ਇਕ ਇਸਲਾਮ, ਇਸਮ ਆਅਜ਼ਮ ਦਏ ਜਣਾਈਆ । ਪਾਪ ਅਪਰਾਧ ਮੇਟ ਕੇ ਤਮਾਮ, ਰੂਹ ਬੁਤ ਦੋਵੇਂ ਸਾਫ਼ ਕਰਾਈਆ । ਸ਼ੈਤਾਨ ਦਾ ਬਦਲ ਕੇ ਨਿਜ਼ਾਮ, ਆਬੇ ਹਯਾਤ ਜਾਮ ਦਏ ਪਿਆਈਆ । ਇਸ ਜਨਮ ਦਾ ਹੋਣ ਨਾ ਦੇਵੇ ਨੁਕ਼ਸਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਵੇਖ ਵਖਾਈਆ ।


੧੧੦੯

❊ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੧ ਮੁਣਸ਼ਾ ਸਿੰਘ ਦੇ ਗ੍ਰਹਿ ਪਿੰਡ ਓਗਰਾ ❊

ਦਜ਼ਾਲ ਕਹੇ ਮੇਰਾ ਨੂਰ ਨੁਰਾਨਾ, ਪੁਸ਼ਤ ਦਰ ਪੁਸ਼ਤ ਮਾਲਕ ਇਕੋ ਨਜ਼ਰੀ ਆਈਆ । ਮੇਰਾ ਵਸੇਰਾ ਜ਼ਿਮੀਂ ਅਸਮਾਨਾਂ, ਚਾਰ ਕੁੰਟ ਰੁਸ਼ਨਾਈਆ ।

ਸਾਚਾ ਖੇਲ ਮਸਤ ਦੀਵਾਨਾ, ਮਸੱਰਤ ਵਿਚ ਵਡਿਆਈਆ । ਹੁਕਮੇ ਅੰਦਰ ਹੋ ਪਰਧਾਨਾ, ਫ਼ਰਮਾਨਾ ਇਕ ਜਣਾਈਆ । ਮੁਰਸ਼ਦ ਮੁਰੀਦ ਵੇਖ ਮਾਰ ਧਿਆਨਾ, ਪਰਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਇਕ ਵਖਾਈਆ । ਦਜ਼ਾਲ ਕਹੇ ਮੇਰਾ ਧੁਰ ਦਾ ਅਹਿਦ, ਅਹਿਦਨਾਮਾ ਇਕ ਵਖਾਈਆ । ਮੈਂ ਜ਼ਿਮੀਂ ਅਸਮਾਨਾਂ ਕਰਨੀ ਜਦੋ ਜਹਿਦ, ਜ਼ਾਹਰ ਬਾਤਨ ਹੁਕਮ ਮਨਾਈਆ । ਮੇਰਾ ਖੇਲ ਜਾਣੇ ਕੋਈ ਸ਼ਾਇਦ, ਸ਼ਰਅ ਵਿਚ ਨਾ ਕੋਇ ਸਮਝਾਈਆ । ਮੇਰਾ ਮੇਲਾ ਨਾਲ ਵਾਹਿਦ, ਜੋ ਵਾਹਵਾ ਆਪਣੀ ਕਾਰ ਕਮਾਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਮੁਸ਼ਾਹਿਦ, ਮਸ਼ਵਰਿਆਂ ਨਾਲ ਚਲਾਈਆ । ਓਸੇ ਦੀ ਇਕ ਹਮਾਇਤ, ਜੋ ਹਮ ਗ੍ਰਿਹ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕ਼ੁਦਰਤ ਕ਼ੁਦਰਤਨ ਵੇਖ ਵਖਾਈਆ । ਦਜ਼ਾਲ ਕਹੇ ਮੇਰਾ ਸਮਝੇ ਨਾ ਕੋਇ ਵਜੂਦ, ਵਜਹ ਹਕ ਨਾ ਕੋਇ ਜਣਾਈਆ । ਮੇਰਾ ਰੂਪ ਮੇਰਾ ਮਹਿਬੂਬ, ਮਹਿਰਾਬ ਇਕੋ ਰਿਹਾ ਵਡਿਆਈਆ । ਜਿਸ ਦਾ ਹਰਫ਼ਾਂ ਵਾਲਾ ਨਹੀਂ ਸਬੂਤ, ਬੇਹਰਫ਼ ਰਿਹਾ ਰੁਸ਼ਨਾਈਆ । ਜਿਸ ਦੀ ਮੰਜ਼ਲ ਸਚ ਮਕ਼ਸੂਦ, ਮਕ਼ਸਦ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਬਣਾਈਆ । ਦਜ਼ਾਲ ਕਹੇ ਮੈਂ ਦੱਸਾਂ ਸਚ ਦਰੁਸਤ, ਦਰੋਹੀ ਸਚ ਖ਼ੁਦਾਈਆ । ਤੇਰਾ ਮਾਲਕ ਯੱਦੀ ਪੁਸ਼ਤ, ਪੁਸ਼ਤ ਦਰ ਪੁਸ਼ਤ ਨਜ਼ਰੀ ਆਈਆ । ਜੋ ਕਦੇ ਨਾ ਹੋਇਆ ਸੁਸਤ, ਗ਼ਫ਼ਲਤ ਵਿਚ ਨਾ ਰੂਪ ਬਦਲਾਈਆ । ਸੋ ਮਿਹਰਵਾਨ ਮਿਹਰ ਕਰੇ ਮੁਫ਼ਤ, ਬਿਨ ਦਮਾਂ ਦਮ ਲੇਖੇ ਲਾਈਆ । ਕਾਇਆ ਕਾਅਬਾ ਵੇਖ ਕੇ ਉਰਸ਼, ਅਰਸ਼ ਦਏ ਵਡਿਆਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਤੁਰਸ਼, ਤੁਰਕ ਡੇਰਾ ਦੇਵੇ ਢਾਹੀਆ । ਇਕੋ ਰੰਗ ਲਾਲ ਗੁਲਾਲਾ ਚਾੜ੍ਹੇ ਸੁਰਖ, ਰੂਪ ਅਨੂਪਾ ਰੰਗ ਰੰਗਾਈਆ । ਜਿਸ ਦੀ ਸਮਝ ਨਾ ਪਾਏ ਕੋਈ ਵਿਚ ਦਾਨ ਅਕਲ ਮੂੜ੍ਹ ਮੂਰਖ, ਵਿਦਿਆ ਵਿਚ ਨਾ ਕੋਇ ਸਮਝਾਈਆ । ਸੋ ਨੂਰ ਨੁਰਾਨਾ ਇਕੋ ਨੂਰਤ, ਨਵੀਨ ਆਪਣੀ ਕਾਰ ਕਮਾਈਆ । ਜਿਸ ਦੀ ਜੁਗਾਂ ਪਿੱਛੋਂ ਹੋਣ ਲਗੀ ਮਹੂਰਤ, ਮੋਹਰੇ ਸਾਰੇ ਦਏ ਬਦਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਰਖਦੇ ਗਏ ਜ਼ਰੂਰਤ, ਜ਼ਾਹਰ ਜ਼ਹੂਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਵਰਤਾਈਆ । ਦਜ਼ਾਲ ਕਹੇ ਮੈਂ ਆਇਆ ਕੁਛ ਕਹਿਣ, ਕਹਿ ਕਹਿ ਸਮਝਾਈਆ । ਜਿਸ ਨੇ ਨਕ਼ਸ਼ਾ ਤਕਿਆ ਐਨ, ਅਨਾਰਬਾ ਰੂਪ ਬਦਲਾਈਆ । ਕਲਜੁਗ ਕੂੜੀ ਕਿਰਿਆ ਮਿਟ ਜਾਏ ਰੈਣ, ਰੇਣ ਧੂੜੀ ਮਸਤਕ ਟਿੱਕਾ ਲਾਈਆ । ਝਗੜਾ ਮੁਕ ਜਾਏ ਸਾਕ ਸੈਣ, ਸੱਜਣ ਇਕੋ ਹਕ ਮਨਾਈਆ । ਦੂਜਾ ਦਿਸੇ ਨਾ ਕੋਈ ਤਰਫ਼ੈਨ, ਤਰਫ਼ ਹਰਫ਼ ਨਾ ਵੰਡ ਵੰਡਾਈਆ । ਸਚਾ ਮਾਲਕ ਇਕ ਸੁਖੈਣ, ਸੁਖ ਸਾਗਰ ਵਿਚ ਸਮਾਈਆ । ਬਾਲਮੀਕ ਨੇ ਲੇਖਾ ਲਿਖਿਆ ਭੁਲੇਖੇ ਵਾਲਾ ਵਿਚ ਰਮਾਇਣ, ਬਿਨਾ ਧੁਰ ਦੇ ਰਾਮ ਤੋਂ ਰਾਮ ਜਪਣ ਵਾਲਿਆਂ ਸਮਝ ਕਿਸੇ ਨਾ ਆਈਆ । ਮੁਹੰਮਦ ਕਿਹਾ ਵਿਚ ਕ਼ੁਰਾਇਨ, ਕਰੂਰਤਾ ਜਗਤ ਲੋਕਾਈਆ । ਈਸਾ ਕਿਹਾ ਸ਼ਾਹਅਲਾਇਨ, ਇਲਮਾਂ ਬਾਹਰ ਪੜ੍ਹਾਈਆ । ਮੂਸਾ ਕਿਹਾ ਮੁਸਾਇਨ, ਮਸਲਿਆਂ ਵਿਚ ਨਾ ਕੋਇ ਸਮਝਾਈਆ । ਨਾਨਕ ਕਿਹਾ ਨਰਾਇਣ, ਨਰ ਅਵਤਾਰ ਵਡੀ ਵਡਿਆਈਆ । ਗੋਬਿੰਦ ਕਿਹਾ ਖੇਲ ਮਹਾਇਨ, ਮਹਿੰਮਾ ਅਕਥ ਕਥ ਨਾ ਕੋਇ ਸਮਝਾਈਆ । ਸਚ ਖ਼ੁਦਾ ਇਕ ਮਬਾਇਣ, ਮਬੀਉਲ ਰਹਿਮਾਨ ਇਕ ਨਜ਼ਰੀ ਆਈਆ । ਗਰੜ ਲੇਖਾ ਲਿਖਿਆ ਵਿਚ ਪਰਾਇਨ, ਪਰ ਪੰਖ ਨਾ ਕੋਇ ਜਣਾਈਆ । ਅਲੀ ਲੇਖਾ ਲਿਖਿਆ


੧੧੧੦

ਵਿਚ ਵਲੀਆਇਨ, ਜ਼ਮਾਨੇ ਜ਼ਮਾਂ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਧਾਰ ਇਕ ਬੰਧਾਈਆ । ਦਜ਼ਾਲ ਕਹੇ ਮੈਂ ਨਾ ਜੁਜ਼ ਨਾ ਕੋਈ ਜੁਜ਼ੂ, ਰੂਪ ਰੰਗ ਨਾ ਕੋਇ ਵਖਾਈਆ । ਕ਼ਲਮਾ ਨਿਮਾਜ਼ ਨਾ ਕੋਇ ਵਜ਼ੂਹ, ਸਜਦਾ ਸੀਸ ਨਾ ਕੋਇ ਝੁਕਾਈਆ । ਲੋਟਾ ਧਾਰ ਨਾ ਕੋਈ ਰੁਜ਼ੂ, ਉਂਗਲਾਂ ਅਰਕਾ ਤਾਂਈ ਪਾਣੀ ਨਾ ਕੋਇ ਫਰਾਈਆ । ਮੇਰੀ ਰਮਜ਼ ਨਾ ਕੋਈ ਬੁਝੂ, ਬੁੱਧੀਵਾਨ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਖੇਲ ਵਖਾਈਆ । ਦਜ਼ਾਲ ਕਹੇ ਮੈਂ ਹੋਵਾਂ ਜਜ਼ਬ, ਜਜ਼ਬਾ ਆਪਣੇ ਵਿਚ ਛੁਪਾਈਆ । ਖ਼ੁਦਾ ਖ਼ੁਦਾਈ ਹੋਵੇ ਗ਼ਜ਼ਬ, ਗ਼ਰਜ਼ ਕੂੜੀ ਨਾ ਕੋਇ ਬਣਾਈਆ । ਗੁਰ ਅਵਤਾਰ ਪੈਗ਼ੰਬਰ ਹੋਣ ਤਅਜਬ, ਤਵੱਜਾ ਵਿਚ ਵੇਖੇ ਲੋਕਾਈਆ । ਮੇਰੀ ਜ਼ਾਤ ਦੀਨ ਨਾ ਕੋਇ ਮਜ਼੍ਹਬ, ਊਚ ਨੀਚ ਨਾ ਕੋਇ ਬਣਾਈਆ । ਸਚ ਇਸ਼ਾਰੇ ਵਾਲੀ ਮਰਜ਼, ਰਹਿਮਾਨ ਫ਼ਰਮਾਨ ਅਲਾਹੀਆ । ਉਨ੍ਹਾਂ ਆਵੇ ਸਮਝ, ਜੋ ਸਮੇਂ ਵਿਚ ਵਾਹਿਦ ਵਿਚ ਸਮਾਈਆ । ਮੈਂ ਖਾ ਕੇ ਕਹਾਂ ਕ਼ਸਮ, ਕ਼ਿਸਮਤ ਸਭ ਦੀ ਦਏ ਬਦਲਾਈਆ । ਮੜ੍ਹੀ ਗੋਰ ਕਰ ਕੇ ਦੋਵੇਂ ਭਸਮ, ਖ਼ਾਕ ਦੇਣੀ ਉਡਾਈਆ । ਸਾਬਤ ਰਹੇ ਨਾ ਕੋਈ ਜਿਸਮ, ਜਿੱਤ ਹਾਰ ਨਾ ਕੋਇ ਵਖਾਈਆ । ਐਨ ਸਭ ਤੋਂ ਵਖਰੀ ਨਿਰਾਲੀ ਨੂਰੀ ਦਸ ਕੇ ਕ਼ਿਸਮ, ਜ਼ਹੂਰ ਇਕੋ ਦੇਣਾ ਵਖਾਈਆ । ਜਿਸ ਦਾ ਲੇਖਾ ਕਦੇ ਨਾ ਆਇਆ ਵਿਚ ਲਿਖਣ, ਕਾਤਬਾਂ ਕ਼ਲਮ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਹਰਿ ਰੂਪ ਸਮਾਈਆ ।



### ❊ ੨੨ ਅੱਸੂ ਸ਼ਹਿਨਸ਼ਾਹੀ ਸੰਮਤ ੧ ਪਿੰਡ ਬਾਬੂਪੁਰ ਹਰਿਸੰਗਤ ❊

ਹਰਿ ਜੋਤ ਸ਼ਬਦ ਨਾਦ, ਅਗੰਮ ਅਗੰਮ ਜਣਾਈਆ । ਜਿਸ ਗ੍ਰਹਿ ਵਿਸ਼ਨ ਬ੍ਰਹਮਾ ਸ਼ਿਵ ਹੋਵਣ ਵਿਸਮਾਦ, ਸੀਸ ਸਕੇ ਨਾ ਕੋਇ ਉਠਾਈਆ । ਨਿਰਗੁਣ ਨਿਰਵੈਰ ਨਿਰਾਕਾਰ ਆਪਣੀ ਅਗੰਮੀ ਆਸ, ਰਾਜ਼ ਦਏ ਖੁਲ੍ਹਾਈਆ । ਬਿਨ ਰਸਨਾ ਜਿਹਵਾ ਚਲੇ ਉਹ ਆਵਾਜ਼, ਜੋ ਸਤਿ ਸਤਿਵਾਦ ਕਰੇ ਸ਼ਨਵਾਈਆ । ਪਤਿਪਰਮੇਸ਼ਵਰ ਦੀ ਸ਼ਬਦੀ ਸੁਤ ਸਚੀ ਔਲਾਦ, ਅਵਲ ਇਕੋ ਇਕ ਉਪਜਾਈਆ । ਜਿਥੇ ਨਾ ਕੋਈ ਸਵਾਲ ਨਾ ਜਵਾਬ, ਹਰਫ਼ਾਂ ਵਾਲੀ ਨਾ ਕੋਇ ਪੜ੍ਹਾਈਆ । ਨਾ ਕੋਈ ਜੁਮਲਾ ਨਾ ਕਿਤਾਬ, ਨਾ ਕੋਈ ਕਾਤਬ ਕ਼ਲਮ ਸ਼ਾਹੀਆ । ਨਾ ਕੋਈ ਗੁਰ ਅਵਤਾਰ ਪੈਗ਼ੰਬਰ ਉਸਤਾਦ, ਨਾ ਕਰੇ ਕੋਇ ਪੜ੍ਹਾਈਆ । ਨਾ ਕੋਈ ਪੰਜ ਤੱਤ ਤ੍ਰੈਗੁਣ ਖ਼ਾਕੀ ਬੁਤ ਬਣੀ ਬੁਨਿਆਦ, ਤੱਤਾਂ ਵਾਲੀ ਨਾ ਕੋਇ ਵਡਿਆਈਆ । ਪਤਿਪਰਮੇਸ਼ਵਰ ਦੀ ਆਪਣੀ ਜ਼ਾਤ, ਜ਼ਾਤ ਸਫ਼ਾਤੀ ਹੁਕਮ ਖ਼ੁਦਾਈਆ । ਜਿਸ ਨਾਲ ਖੇੜਾ ਵਸਾਇਆ ਕੀਤਾ ਆਬਾਦ, ਸਚਖੰਡ ਸਾਚਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਸੰਦੇਸ਼ਾ ਆਪ ਪਰਗਟਾਈਆ । ਸਚ ਸ਼ਬਦ ਧੁਰ ਦਾ ਸੁਤ, ਸਤਿ ਸਤਿਵਾਦੀ ਨਜ਼ਰੀ ਆਈਆ । ਆਦਿ ਜੁਗਾਦੀ ਅਬਿਨਾਸ਼ੀ ਅਚੁਤ, ਚੇਤਨ ਸਤਾ ਲਈ ਪਰਗਟਾਈਆ । ਖੇਲ ਕਰ ਕੇ ਬਿਨ ਮਾਟੀ ਬੁਤ, ਧੁਰ ਦੀ ਧਾਰ ਸਚ ਉਪਜਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਬੁਧ ਕੋਈ ਨਾ ਸਕੇ ਬੁਝ, ਸਮਝ ਵਿਚ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਬਦ ਦਏ ਸਮਝਾਈਆ । ਸਚ ਸ਼ਬਦ ਅਨਾਦ ਅਨਾਦੀ ਢੋਲ, ਬਿਨ ਢਮੱਕੇ ਡੰਕ

ਵਜਾਈਆ । ਜੋਤੀ ਧਾਰ ਵਿਚੋਂ ਰਿਹਾ ਬੋਲ, ਰੂਪ ਰੰਗ ਨਾ ਕੋਇ ਵਖਾਈਆ । ਜਿਧਰ ਵੇਖੋ ਉਧਰ ਪਏ ਬੋਲ, ਘਰ ਘਰ ਸੋਭਾ ਪਾਈਆ । ਬ੍ਰਹਿਮੰਡਾਂ ਖੰਡਾਂ ਜ਼ਿਮੀਂ ਅਸਮਾਨਾਂ ਜੀਵ ਜਹਾਨਾਂ ਰਿਹਾ ਮੌਲ, ਮਵਲ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਸ਼ਬਦ ਆਵਾਜ਼ ਆਪ ਪਰਗਟਾਈਆ । ਹਰਿ ਸ਼ਬਦ ਕਹੇ ਮੈਂ ਧੁਰ ਦੀ ਧਾਰ, ਨਿਰਗੁਣ ਨਿਰਵੈਰ ਨਿਰਾਕਾਰ ਨਜ਼ਰੀ ਆਈਆ । ਮੇਰਾ ਤੱਤਾਂ ਵਾਲਾ ਨਹੀਂ ਕੋਈ ਆਕਾਰ, ਏਕੰਕਾਰ ਦਿਤੀ ਵਡਿਆਈਆ । ਮੇਰਾ ਸਚ ਸਚ ਜੈਕਾਰ, ਘਰ ਸਾਚੇ ਵਜੇ ਵਧਾਈਆ । ਮੇਰੀ ਆਵਾਜ਼ ਜੁਗ ਚੌਕੜੀ ਸੁਣਨ ਗੁਰੂ ਅਵਤਾਰ, ਪੈਗ਼ੰਬਰਾਂ ਰਮਜ਼ ਵਿਚ ਰਮਜ਼ ਜਣਾਈਆ । ਮੇਰੀ ਬੇਹਰਫਾਂ ਵਾਲੀ ਗੁਫ਼ਤਾਰ, ਨਿਰਅੱਖਰ ਕਰੇ ਪੜ੍ਹਾਈਆ । ਮੇਰਾ ਵਜ਼ਨ ਵਜੂਦ ਨਹੀਂ ਕੋਈ ਮਿਕਦਾਰ, ਮਕਸਦ ਆਪਣਾ ਇਕ ਸਮਝਾਈਆ । ਜਿਸ ਗ੍ਰਿਹਿ ਮੰਦਰ ਸਚਖੰਡ ਦਵਾਰੇ ਇਕੋ ਜੋਤ ਨੂਰ ਉਜਿਆਰ, ਪਰਵਰਦਿਗਾਰ ਨੂਰ ਖ਼ੁਦਾਈਆ । ਓਸੇ ਵਿਚੋਂ ਆਵਾਂ ਬਾਹਰ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਜਿਸ ਸ਼ਬਦ ਨੇ ਬ੍ਰਹਿਮੰਡ ਖੰਡ ਮਹਲ ਅਟਲ ਦਿਤੇ ਉਸਾਰ, ਵਿਸ਼ਨ ਬ੍ਰਹਮਾ ਸ਼ਿਵ ਦਿਤੇ ਉਪਜਾਈਆ । ਕਰੋੜ ਤੇਤੀਸਾ ਕਰ ਪਿਆਰ, ਸੁਰਪਤ ਇੰਦ ਲਿਆ ਹਿਲਾਈਆ । ਉਹ ਆਵਾਜ਼ ਸਭ ਨੂੰ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜਿੰਨਾਂ ਚਿਰ ਮੰਜ਼ਲ ਚੜ੍ਹ ਕੇ ਮੁਕਾਮੇ ਹਕ ਨਾ ਵੇਖੇ ਉਹ ਯਾਰ, ਜੋ ਦਿਲਦਾਰ ਸਭ ਦਾ ਸਚ ਗੁਸਾਈਆ । ਓਨਾਂ ਚਿਰ ਸ਼ਬਦ ਦੀ ਇਕ ਤੁਕ ਦਾ ਕਿਸੇ ਕੋਲੋਂ ਬੁੱਝਿਆ ਨਾ ਜਾਏ ਰਾਜ਼, ਨਿਮਾਜ਼ਾਂ ਵਿਚ ਨਮੋਦਾਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਸ਼ਬਦ ਲਿਆ ਪਰਗਟਾਈਆ । ਸ਼ਬਦ ਕਹੇ ਮੈਂ ਬੋਲਾਂ ਉਹ ਨਾਅਰਾ, ਜੋ ਨਰ ਨਰਾਇਣ ਆਪਣੇ ਵਿਚੋਂ ਪਰਗਟਾਈਆ । ਮੇਰਾ ਵਖਰਾ ਧਾਮ ਨਿਆਰਾ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਮੇਰਾ ਖੇਲ ਅਗੰਮ ਅਥਾਹ ਬੇਪਰਵਾਹ ਵਿਚ ਸੰਸਾਰਾ, ਸਗਲ ਸ੍ਰਿਸ਼ਟੀ ਰਿਹਾ ਸਮਝਾਈਆ । ਮੇਰਾ ਲੇਖਾ ਕਾਗ਼ਜ ਕ਼ਲਮ ਨਾ ਲਿਖਣਹਾਰਾ, ਬੇਰੰਗ ਬੇਅੰਤ ਕਹਿ ਕੇ ਸਾਰੇ ਸੀਸ ਨਿਵਾਈਆ । ਸਭ ਨੂੰ ਇਸ਼ਾਰਿਆਂ ਨਾਲ ਦੱਸਦਾ ਰਿਹਾ ਧੁਰ ਦਾ ਇਕ ਨਜ਼ਾਰਾ, ਨਗਾਰਾ ਆਪਣਾ ਨਾਮ ਵਜਾਈਆ । ਸਾਚੀ ਜੋਤ ਵਿਚੋਂ ਹੋਇਆ ਉਜਿਆਰਾ, ਆਪ ਆਪਣਾ ਰੂਪ ਬਦਲਾਈਆ । ਘਰ ਘਰ ਬਹਿ ਕੇ ਢੋਲਾ ਗਾਵਾਂ ਇਕ ਨਿਰੰਕਾਰਾ, ਘਰ ਥਾਰਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਦਿਤੀ ਬਣਾਈਆ । ਸ਼ਬਦ ਕਹੇ ਮੇਰੀ ਬਣ ਗਈ ਬਣਤ, ਬੋਲ ਆਪਣਾ ਆਪ ਦਿਤਾ ਜਣਾਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਪੁਰਖ ਅਗੰਮ ਅਥਾਹ ਸ੍ਰੀ ਭਗਵਾਨ ਸਾਚਾ ਕੰਤ, ਪਰਵਰਦਿਗਾਰ ਸਚ ਗੁਸਾਈਆ । ਜਿਸ ਨੂੰ ਸੀਸ ਝੁਕੌਂਦੇ ਪੈਗ਼ੰਬਰ ਗੁਰੂ ਅਵਤਾਰ ਸੰਤ, ਨਮਸਤੇ ਨਮੋ ਕਹਿ ਕੇ ਸਜਦਿਆਂ ਵਿਚ ਖ਼ੁਸ਼ੀ ਮਨਾਈਆ । ਸਚਖੰਡ ਦਵਾਰੇ ਧਾਮ ਨਿਆਰੇ ਜੋਤ ਉਜਿਆਰੇ ਹਰਿ ਨਿਰੰਕਾਰੇ ਮੇਰੀ ਬਣਾਈ ਬਣਤ, ਤੱਤਾਂ ਵਾਲੀ ਵੰਡ ਨਾ ਕੋਇ ਵੰਡਾਈਆ । ਸਚ ਜੈਕਾਰੇ ਨਾਮ ਅਧਾਰੇ ਵਜਦੇ ਆਦਿ ਅੰਤ, ਸਲੋਕ ਅਲੋਕ ਅਲੌਕਿਕ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਿਤਾ ਵਰ, ਸ਼ਬਦੀ ਬੋਲ ਅਨਬੋਲਤ ਲਿਆ ਉਪਜਾਈਆ । ਸ਼ਬਦ ਬੋਲ ਕਹੇ ਮੇਰਾ ਧੁਰ ਦਾ ਹੂੰਗਾ, ਹਉਮੇ ਨਜ਼ਰ ਕੋਇ ਨਾ ਆਈਆ । ਜਿਥੇ ਇਕੋ ਰਾਗ ਤੂੰ ਹੀ ਤੂੰ ਹੀ ਦਾ, ਓਸ ਧਾਰ ਵਿਚੋਂ ਪਰਗਟ ਹੋ ਕੇ ਬ੍ਰਹਿਮੰਡ ਖੰਡ ਦਿਤਾ ਬਣਾਈਆ । ਜਿਥੇ ਝਗੜਾ ਨਹੀਂ ਕੋਈ ਦੂਈ ਦਾ, ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ

੧੧੧੨

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ੍ਹ ਕੇ ਰਾਜ਼, ਜੋਤ ਧਾਰ ਵਿਚੋਂ ਉਪਜਾਈਆ । ਸ਼ਬਦ ਕਹੇ ਮੈਂ ਨਿਰਗੁਣ ਧਾਰ ਹੋਇਆ ਪਰਗਟ, ਬਣੀ ਜਗਤ ਨਾ ਜਣੇਂਦੀ ਕੋਈ ਮਾਈਆ । ਕਦੀ ਗਿਆ ਨਾ ਕਿਸੇ ਮਰਘਟ, ਮੜ੍ਹੀ ਗੋਰ ਨਾ ਕੋਇ ਦਬਾਈਆ । ਸਚ ਦਵਾਰੇ ਖੋਲ੍ਹ ਕੇ ਹੱਟ, ਹੱਟ ਹਟਵਾਣਾ ਹੋ ਕੇ ਖ਼ੁਸ਼ੀ ਮਨਾਈਆ । ਮੇਰੇ ਅੰਤਰ ਅੰਤਰ ਸਚ ਵਸਤ ਅਮੋਲਕ ਦਿਤੀ ਰਖ, ਪਰਮੁਖ ਦਿਤਾ ਸਮਝਾਈਆ । ਚਰਨ ਦਵਾਰੇ ਧੁਰ ਦਾ ਦੇ ਕੇ ਹਕ, ਪੁਰਖ ਅਕਾਲ ਦਿਤਾ ਸਮਝਾਈਆ । ਓਸ ਦੇ ਪ੍ਰੇਮ ਪਿਆਰ ਦੀ ਸਚੀ ਖ਼ਾਹਿਸ਼ ਜਿਸ ਵਿਚ ਸ੍ਰੀ ਭਗਵਾਨ ਪਿਆ ਹਸ, ਓਸ ਹਸੀ ਵਿਚ ਮੇਰੀ ਹਸਤੀ ਦਿੱਤੀ ਪਰਗਟਾਈਆ । ਜਿਥੇ ਲਿਖਣ ਪੜ੍ਹਨ ਵਾਲੇ ਵਿਦਿਆ ਵਿਦਿਆਰਥੀ ਹੋ ਜਾਣ ਵਸ, ਬੁਧੀ ਸਮਝ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਆਵਾਜ਼ ਵਾਜ਼ਿਆ ਕਰ ਕੇ ਵਜ਼ਾਹਤ ਨਾਲ ਸਮਝਾਈਆ । ਤੁਸੀਂ ਜੇ ਸਾਡੇ ਕੋਲੋਂ ਆਏ ਕੁਛ ਲੈਣ, ਲਹਿਣਾ ਪਿਛਲਾ ਵੇਖ ਵਖਾਈਆ । ਭਾਵੇਂ ਤੁਹਾਡਾ ਕ੍ਰਿਸ਼ਨ ਸਚਾ ਸੈਣ, ਦੁਆਪਰ ਦਏ ਗਵਾਹੀਆ । ਓਸ ਵੇਲੇ ਭਾਵੇਂ ਤੁਹਾਡੇ ਕੋਲ ਸੰਜੇ ਵਾਲਾ ਨਹੀਂ ਸੀ ਨੈਣ, ਜੋ ਦੂਰੋਂ ਵੇਖ ਖ਼ੁਸ਼ੀ ਮਨਾਈਆ । ਤੁਸਾਂ ਦੋ ਨੇਤਰ ਵਹਾ ਕੇ ਨੀਰ ਪਾਇਆ ਵੈਣ, ਵੈਰਾਗ ਵਿਚ ਸੁਣਾਈਆ । ਕੁਛ ਅੰਦਰੋਂ ਲਗਾ ਕਹਿਣ, ਰਸਨਾ ਜਿਹਵਾ ਨਾਲ ਮਿਲਾਈਆ । ਇਕ ਸਨਿਆਸੀ ਤੁਹਾਨੂੰ ਭਰਮ ਵਿਚ ਪਾ ਕੇ ਸੋਨਾ ਬਣੌਣ ਵਾਲੀ ਵਖਾਈ ਰਸੈਣ, ਖੰਡੇ ਉਤੇ ਰਗੜ ਦਿੱਤੀ ਲਗਾਈਆ । ਲਾਲਚ ਦਿਤਾ ਜਾ ਕੇ ਇਸ ਦੀ ਲੈ ਲੈ ਕਾਮਧੇਨ, ਜਿਹੜੀ ਅੱਠੇ ਪਹਿਰ ਦੁੱਧ ਨਾਲ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦੇਣ, ਜਨਮ ਜਨਮ ਕਰਮ ਕਰਮ ਪੂਰਬ ਪੂਰਬ ਲੇਖਾ ਵੇਖ ਵਖਾਈਆ । ਸਤਿਗੁਰ ਕਿਰਪਾ ਸੁਰਤ ਸ਼ਬਦ ਜਾਗੇ, ਸ਼ਬਦ ਸਤਿਗੁਰ ਰੂਪ ਬਦਲਾਈਆ । ਫੜ ਕੇ ਹੰਸ ਬਣਾਏ ਕਾਗੇ, ਕਾਗ ਹੰਸ ਦਏ ਵਖਾਈਆ । ਜੋ ਕਿਰਪਾ ਕਰ ਕੇ ਮਨ ਵਾਸਨਾ ਅੰਦਰੋਂ ਤਿਆਗੇ, ਬਾਹਰ ਦਏ ਕਢਾਈਆ । ਸਤਿਗੁਰ ਕਿਰਪਾ ਜਿਵੇਂ ਸੋਨਾ ਉਤੇ ਸੁਹਾਗੇ, ਸੋਹਣਾ ਰੰਗ ਬਦਲਾਈਆ । ਇਹ ਕੋਈ ਕੱਚੇ ਤੰਦ ਨਹੀਂ ਟੁਟਣ ਵਾਲੇ ਧਾਗੇ, ਪ੍ਰੀਤੀ ਧੁਰ ਦੀ ਨਜ਼ਰੀ ਆਈਆ । ਜੋ ਜਗਤ ਵਿਹਾਰ ਛਡ ਦੇਵੇ ਸਮਾਜੇ, ਨਾਤਾ ਕੂੜ ਤੁੜਾਈਆ । ਓਹ ਅੰਤਰ ਆਤਮ ਧੁਨ ਸ਼ਬਦ ਸੁਣੇ ਓਹ ਰਾਗੇ, ਅਨਹਦ ਨਾਦ ਕਰੇ ਸ਼ਨਵਾਈਆ । ਅੰਮ੍ਰਿਤ ਆਤਮ ਰਸ ਪੀਏ ਜਲ ਠਾਂਡੇ, ਨਿਝਰ ਝਿਰਨਾ ਦਏ ਵਹਾਈਆ । ਨਿਰਮਲ ਜੋਤ ਜੋਤ ਕਰੇ ਪਰਕਾਸ਼ੇ, ਨਿਰੰਜਣ ਜੋਤ ਡਗਮਗਾਈਆ । ਧੀਰਜ ਧੀਰ ਧਰਵਾਏ ਧਰਵਾਸੇ, ਭਰਵਾਸਾ ਆਪਣੇ ਨਾਲ ਬੰਧਾਈਆ । ਸੁਰਤ ਸ਼ਬਦ ਮਿਲੌਣ ਦੀ ਜਿਨ੍ਹਾਂ ਨੂੰ ਖ਼ਾਹਸ਼ੇ, ਖ਼ਾਹਿਸ਼ ਉਨ੍ਹਾਂ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸਹਿਜ ਸੁਭਾਈਆ ।

### ❊ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧ ਪਿਆਰਾ ਸਿੰਘ ਦੇ ਘਰ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ❊

ਦਜ਼ਾਲ ਕਹੇ ਮੇਰੇ ਨੂਰੀ ਰੱਬਾ, ਜੋ ਬੀਵੀ ਖਾਵੰਦ ਇਕੋ ਨਜ਼ਰੀ ਆਈਆ । ਜਿਸ ਦੇ ਹੁਕਮੇ ਅੰਦਰ ਬੱਝਾ, ਬੰਦਗੀ ਬੰਦਨਾ ਬੰਦੋਬਸਤ ਲੋਕਾਈਆ । ਓਸ ਦਾ ਮਿਲਣ ਵਾਲਾ ਸੱਦਾ, ਜੋ ਸਦਾ ਘਰ ਘਰ ਦਏ ਸੁਣਾਈਆ । ਜਿਸ ਦਾ ਧੁਰ ਦਰਬਾਰ ਇਕੋ ਪਦਾ, ਹਕ਼ੀਕਤ ਹਕ ਖ਼ੁਦਾਈਆ । ਜਿਸ


੧੧੧੩

ਦਾ ਪੈਣ ਵਾਲਾ ਦਬਾ, ਦਾਅਵੇ ਸਭ ਦੇ ਦਏ ਮਿਟਾਈਆ । ਜੋ ਕੂੜੀ ਸਫਾ ਉਠਾਵੇ ਸਭਾ, ਸੁਬਅ ਸ਼ਾਮ ਖੋਜ ਖੁਜਾਈਆ । ਵਿਚਾਲੇ ਰਹਿਣ ਨਾ ਦੇਵੇ ਕੋਈ ਗੱਬਾ, ਗ਼ਬਨ ਖ਼ਜ਼ਾਨੇ ਸਾਰੇ ਬਾਹਰ ਕਢਾਈਆ । ਜਿਸ ਦਾ ਬਾਜ਼ੂ ਅੰਗ ਨਹੀਂ ਕੋਈ ਸੱਜਾ ਖੱਬਾ, ਖ਼ਬਰ ਕਰੇ ਬੇਖ਼ਬਰ ਲੋਕਾਈਆ । ਕਲਜੁਗ ਕੂੜੀ ਕਿਰਿਆ ਮੇਟੇ ਧੱਬਾ, ਧੁਰ ਦਾ ਧੋਬੀ ਬਣ ਕੇ ਕਰੇ ਸਫ਼ਾਈਆ । ਸੂਫ਼ੀਆਂ ਸੰਤ ਫ਼ਕੀਰਾਂ ਨਾਲ ਕਰੇ ਨਾ ਦਗ਼ਾ, ਦਗ਼ੇਬਾਜੀ ਵੇਖੇ ਖ਼ਲਕ ਖ਼ੁਦਾਈਆ । ਸਭ ਦਾ ਲੇਖਾ ਜਾਣੇ ਉਪਰ ਸ਼ਾਹ ਰਗਾ, ਰਗ ਰਗ ਖੋਜ ਖੁਜਾਈਆ । ਧੁਰ ਦਾ ਨਿਹੋਂ ਮੁਹੱਬਤ ਵਿਚ ਵੇਖੇ ਲਗਾ, ਲਾਗਤ ਦੇਵੇ ਚਾਈਂ ਚਾਈਂਆ । ਨਾਤਾ ਤੋੜ ਕੂੜ ਸ੍ਰਿਸ਼ਟੀ ਜੱਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦਾ ਰੂਪ ਹੋਣਾ ਸੋਹਣਾ ਬੱਗਾ, ਬਗ ਬੱਘੜੇ ਦਏ ਮਿਟਾਈਆ । ਜਿਸ ਦਾ ਚਰਨ ਕਵਲ ਅਗੰਮੀ ਪਗਾ, ਪਤਿਪਰਮੇਸ਼ਵਰ ਨੂਰ ਖ਼ੁਦਾਈਆ । ਜਿਸ ਦਾ ਨਾਮ ਨਿਧਾਨ ਅੰਮ੍ਰਿਤ ਰਸ ਮਜ਼ਾ, ਮਜ਼ਲਸ ਧੁਰ ਦੀ ਦਏ ਵਖਾਈਆ । ਜੋ ਕੂੜ ਕੁਟੰਬ ਦੇਵੇ ਸੱਦਾ, ਧੁਰ ਫ਼ਰਮਾਣਾ ਇਕ ਸੁਣਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਸਮਝ ਨਾ ਸਕੀ ਵਜ੍ਹਾ, ਵਜਨ ਕਰ ਕੇ ਤੋਲ ਨਾ ਕੋਇ ਤੁਲਾਈਆ । ਜਿਸ ਦੇ ਹੁਕਮ ਅੰਦਰ ਬਦਲ ਜਾਣੀ ਸਭ ਦੀ ਤਬਅ, ਤਬੀਅਤ ਦਏ ਬਦਲਾਈਆ । ਸੀਸ ਝੁਕੌਣਾ ਆਬੇ ਹਵਾ, ਹੈਵਾਨ ਇਨਸਾਨ ਲੇਖਾ ਦਏ ਮੁਕਾਈਆ । ਸਚ ਦਵਾਰੇ ਦੱਸਣੀ ਇਕ ਦੁਆ, ਆਰਫ਼ ਸਫ਼ਾਰਸ਼ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਦਜ਼ਾਲ ਕਹੇ ਕੋਈ ਰਹਿਣ ਨਹੀਂ ਦੇਣਾ ਦੀਗਰ, ਯਕਾ ਯਕ ਖੇਲ ਵਰਤਾਈਆ । ਹੁਕਮ ਮਿਲਣਾ ਇਕ ਸ਼ੀਘਰ, ਸੰਸੇ ਦਏ ਮਿਟਾਈਆ । ਖੇਲ ਹੋਣਾ ਤੀਬਰ, ਤ੍ਰਿਸ਼ਨਾ ਦਏ ਬੁਝਾਈਆ । ਸਚ ਸਵਾਮੀ ਮਿਲਣਾ ਮੀਤਰ, ਮਿਤਰ ਪਿਆਰੇ ਲਏ ਉਠਾਈਆ । ਜਿਸ ਦੀ ਧਾਰ ਵਿਚ ਜੁਗ ਚੌਕੜੀ ਬੀਤਣ, ਸੋ ਸਾਹਿਬ ਵੇਸ ਵਟਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਉਡੀਕਣ, ਬੈਠੇ ਰਾਹ ਤਕਾਈਆ । ਤਿਸ ਦਾ ਵੇਲਾ ਵਕ਼ਤ ਸੁਹੰਜਣਾ ਆਇਆ ਤਰੀਕਣ, ਤੁਰਤ ਆਪਣਾ ਫੇਰਾ ਪਾਈਆ । ਜੋ ਸਚਖੰਡ ਨਿਵਾਸੀ ਦਰਗਾਹ ਸਾਚੀ ਸਚ ਦਵਾਰੇ ਵਸਨੀਕਣ, ਧਾਮ ਅਵਲੱੜਾ ਸੋਭਾ ਪਾਈਆ । ਉਸ ਦੀ ਕਰੇ ਕਿਆ ਕੋਈ ਪਰੀਖਣ, ਪਰੀਖਿਆ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹੁਕਮ ਹਰ ਹਿਰਦੇ ਦਏ ਸੁਣਾਈਆ । ਦਜ਼ਾਲ ਕਹੇ ਮੈਂ ਬਦਲਣ ਲੱਗਾ ਦਾਇਰਾ, ਕਾਇਮ ਮੁਕ਼ਾਮ ਦਿਆਂ ਸਮਝਾਈਆ । ਖੇਲ ਵਰਤਣਾ ਇਕ ਕਾਹਿਰਾ, ਕੁਰਮ ਫੋਲ ਫੁਲਾਈਆ । ਰੂਪ ਹੋਣਾ ਜ਼ਾਹਰਾ, ਜ਼ਹੂਰ ਕਰੇ ਰੁਸ਼ਨਾਈਆ । ਨਾਦ ਹੋਣਾ ਬਹਿਰਾ, ਧੁਨ ਨਾ ਕੋਇ ਸਮਝਾਈਆ । ਸਦੀ ਚੌਧਵੀਂ ਇਕੋ ਵਾਰ ਵੇਖਣਾ ਕਾਇਨਾਤ ਮੁਸ਼ਾਇਰਾ, ਮੁਸ਼ਕਲ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕ਼ਤ ਜਗਤ ਦਏ ਵਖਾਈਆ । ਦਜ਼ਾਲ ਕਹੇ ਮੇਰਾ ਕੋਈ ਨਾ ਮਜ਼੍ਹਬ ਦੀਨ, ਦਾਅਵਾਦਾਰ ਨਾ ਕੋਇ ਅਖਵਾਈਆ । ਮੇਰਾ ਮਾਲਕ ਇਕ ਅਮੀਨ, ਅਮਾਮ ਨੂਰ ਖ਼ੁਦਾਈਆ । ਮੈਂ ਬਰਦਾ ਦਰੇ ਦਵਾਰ ਦਰਬਾਰੇ ਮਸਕੀਨ, ਸਰ ਆਪਣਾ ਰਿਹਾ ਝੁਕਾਈਆ । ਇਕੋ ਕ਼ਲਮਾ ਕਰ ਤਸਕੀਨ, ਤਬਸਰੇ ਸਾਰੇ ਦਿਆਂ ਮਿਟਾਈਆ । ਸ਼ਾਨੇ ਵਖਾ ਕੇ ਇਕ ਅਜ਼ੀਮ, ਆਜਜ਼ ਵੇਖਾਂ ਥਾਉਂ ਥਾਈਂਆ । ਰੰਗ ਚੜ੍ਹਾ ਕੇ ਅਗੰਮ ਨਵੀਨ, ਨਵ ਫੋਲ ਫੁਲਾਈਆ । ਮੇਰਾ ਮਾਲਕ ਨਾ ਨਰ ਤੇ ਨਾ ਮਦੀਨ ਨਾ ਖ਼ਾਵੰਦ ਤੇ ਨਾ ਖ਼ੁਵਾਤੀਨ, ਮਹੀਨ ਸਭ ਤੋਂ ਨਜ਼ਰੀ ਆਈਆ । ਨਾ ਅਸਮਾਨ ਤੇ ਨਾ ਜ਼ਮੀਨ, ਨਾ

੧੧੧੪

ਖ਼ਾਲਕ ਵਿਚ ਖ਼ਲਕ ਹੋ ਕੇ ਜਾਣੇ ਆਪਣੀ ਤੌਹੀਨ, ਮਾਲਕ ਬਣ ਕੇ ਇਕ ਕਰੀਮ, ਜਰਾਇਮ ਸਭ ਦੇ ਵੇਖ ਵਖਾਈਆ । ਬਿਨਾ ਹਰੂਫ਼ਾਂ ਦੱਸ ਤਾਅਲੀਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਧਾਰ ਇਕ ਪਰਗਟਾਈਆ ।

❊ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧ ਬਲਵੰਤ ਕੌਰ ਦੇ ਗ੍ਰਿਹ ਪਿੰਡ ਬਾਊਪੁਰਾ ❊

ਦਜ਼ਾਲ ਕਹੇ ਮੈਂ ਵੇਖਿਆ ਧੁਰ ਦਰਬਾਰੇ ਇਕ ਦਰਾ, ਰਾਸਤਾ ਬਰਾਸਤਾ ਇਕੋ ਨਜ਼ਰੀ ਆਈਆ । ਜਿਥੇ ਕੋਈ ਨਾ ਦਿਸੇ ਸ਼ਰਅ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਮਾਲਕ ਇਕੋ ਅਗੰਮੀ ਖੜ੍ਹਾ, ਖ਼ਾਲਸ ਆਪਣਾ ਨੂਰ ਕਰ ਰੁਸ਼ਨਾਈਆ । ਜਿਸ ਦਾ ਮਜ਼ਮੂਨ ਕਿਸੇ ਨਾ ਪੜ੍ਹਾ, ਜੋ ਲਿਖਤ ਪੜ੍ਹਤ ਰਿਹਾ ਸਮਝਾਈਆ । ਘਰਾਨਿਆਂ ਵਿਚੋਂ ਸਭ ਤੋਂ ਬੜਾ, ਵਡ ਵੱਡਾ ਸ਼ਹਿਨਸ਼ਾਹੀਆ । ਜਿਸ ਦੀ ਸਮਝ ਨਾ ਸਕੇ ਕੋਈ ਚੋਟੀ ਜੜ੍ਹਾ, ਮਧ ਭੇਵ ਕੋਇ ਨਾ ਆਈਆ । ਸੋ ਹੁਕਮ ਫ਼ਰਮਾਣ ਸੁਣਾਵੇ ਇਕ ਖਰਾ, ਨਿਰਅੱਖਰ ਵੇਖੇ ਸਰਬ ਲੋਕਾਈਆ । ਜੋ ਆਦਿ ਜੁਗਾਦਿ ਕਦੇ ਨਾ ਮਰਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸੋ ਸਵਾਮੀ ਹਰਿਆਵਲੀ ਵਿਚ ਹੋਵੇ ਹਰਾ, ਹਰ ਘਟ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਆਪਣਾ ਇਕ ਵਰਤਾਈਆ । ਦਜ਼ਾਲ ਕਹੇ ਅੰਜੀਲ ਕ਼ੁਰਾਨ ਨਿੱਕੀ ਜਿਹੀ ਦਲੀਲ, ਦਿਲਾਸਿਆਂ ਵਾਲੀ ਨਜ਼ਰੀ ਆਈਆ । ਜਿਸ ਵਿਚ ਪੈਗ਼ੰਬਰ ਨਬੀ ਰਸੂਲ ਕਰਦੇ ਗਏ ਅਪੀਲ, ਦਰਖ਼ਾਸਤ ਸਾਰੇ ਗਏ ਸੁਣਾਈਆ । ਮਾਲਕ ਖ਼ਲਕ ਖ਼ਾਲਕ ਖ਼ਲੀਲ, ਖ਼ੁਦਾਏ ਖ਼ੁਦ ਤੇਰੀ ਸਰਨਾਈਆ । ਹੁਕਮੇ ਅੰਦਰ ਕਰਦੇ ਗਏ ਤਾਅਮੀਲ, ਸਜਦਿਆਂ ਵਿਚ ਸੀਸ ਝੁਕਾਈਆ । ਅਸਲ ਦੀ ਅਸਲੀਅਤ ਦੱਸਦੇ ਗਏ ਅਸੀਲ, ਵਸਲ ਹਕ ਯਾਰ ਸਮਝਾਈਆ । ਖੋਲ੍ਹ ਕੇ ਬੋਲ ਕੇ ਤੋਲ ਕੇ ਦੱਸ ਨਾ ਸਕਿਆ ਕੋਇ ਤਫ਼ਸੀਲ, ਪਰਦਾ ਫ਼ਾਸ਼ ਨਾ ਕੋਇ ਕਰਾਈਆ । ਹੁਕਮੇ ਅੰਦਰ ਹੁਕਮ ਜਣੌਂਦੇ ਗਏ ਯਕੀਨ, ਜ਼ਾਤ ਆਪਣੀ ਜ਼ਾਤ ਵਿਚ ਮਿਲਾਈਆ । ਖ਼ਲਕ ਖ਼ੁਦਾਈ ਉਨ੍ਹਾਂ ਕਹੇ ਅਫ਼ਰੀਨ, ਜੋ ਆਫ਼ਤ ਕੋਲੋਂ ਆਪਣਾ ਆਪ ਨਾ ਸਕੇ ਬਚਾਈਆ । ਗੁਰ ਅਵਤਾਰ ਪੈਗ਼ੰਬਰ ਸਦਾ ਪਰ ਅਧੀਨ, ਪਰਮ ਪੁਰਖ ਹੁਕਮੇਂ ਅੰਦਰ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦੇ ਉਹਲੇ ਵਿਚ ਛੁਪਾਈਆ । ਦਜ਼ਾਲ ਕਹੇ ਮੈਂ ਵੇਖਿਆ ਮੁਕ਼ਾਮ ਕਾਇਮ, ਜੋ ਕਿਆਮਤ ਤੋਂ ਲਏ ਬਚਾਈਆ । ਰਹਿਮਾਨ ਰਹਿਮਤ ਕਰੇ ਰਹਿਮ, ਰਿਹਾਇਸ਼ਗਾਹ ਇਕ ਵਖਾਈਆ । ਜਿਥੇ ਕ਼ਜ਼ਾ ਦਾ ਨਹੀਂ ਸਹਿਮ, ਭੈ ਭੌ ਨਾ ਕੋਇ ਪਰਗਟਾਈਆ । ਕੂੜੀ ਕਿਰਿਆ ਦਾ ਮਿਟੇ ਵਹਿਮ, ਭਾਂਡਾ ਭਰਮ ਭੰਨਾਈਆ । ਨੁਕ਼ਤਾ ਨਜ਼ਰ ਨਾ ਆਵੇ ਗ਼ੈਨ, ਗ਼ਫ਼ਲਤ ਗੋਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੂਰ ਇਕ ਪਰਗਟਾਈਆ । ਦਜ਼ਾਲ ਕਹੇ ਮੈਂ ਵੇਖਣੀ ਉਹ ਦੀਦ, ਜੋ ਦੀਵੇ ਬੱਤੀ ਗਈ ਬੁਝਾਈਆ । ਤਕਣੀ ਉਹ ਈਦ, ਜੋ ਅਦਮ ਤਸ਼ੱਦਦ ਦਏ ਮਿਟਾਈਆ । ਵੇਖਣੇ ਉਹ ਅਜ਼ੀਜ਼, ਜੋ ਇਸਮ ਇਕੋ ਰਹੇ ਮਨਾਈਆ । ਉਨ੍ਹਾਂ ਦੱਸਣੀ ਉਹ ਤਮੀਜ਼, ਕਰਨੀ ਸਚ ਪੜ੍ਹਾਈਆ । ਮੁਹੱਬਤ ਵਿਚ ਬਖ਼ਸ਼ੀਸ਼, ਰਹਿਮਤ ਵਿਚ ਸਫ਼ਾਈਆ । ਦੇ ਕੇ ਸਤਿ ਰਸੀਦ, ਰਸੀਦਾ ਰੁਸਵਾ ਵੇਖ ਵਖਾਈਆ । ਜਿਸ ਦੀ ਕਰਦੇ ਗਏ ਤਾਈਦ, ਤਾ ਤਾਕ਼ਤਵਰ ਦੇਣਾ ਮਿਲਾਈਆ । ਜਿਸ ਦਾ ਨਾਮ ਸਿਫ਼ਤ ਹਮਦੋ ਹਮੀਦ, ਹਾਫ਼ਿਜ਼ ਸਾਰੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਇਕ ਅਖਵਾਈਆ ।

## ☀ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧ ਦੀਦਾਰ ਸਿੰਘ ਦੇ ਗ੍ਰਹਿ ਬਾਬੂਪੁਰਾ ☀

ਨਾਮ ਸੰਦੇਸ਼ਾ ਮਿਲੇ ਧੁਰ ਦਾ ਰੁੱਕਾ, ਸੰਦੇਸ਼ਾ ਸ਼ਹਿਨਸ਼ਾਹੀਆ । ਰਹਿਬਰਾਂ ਵਾਲਾ ਪੰਧ ਮੁੱਕਾ, ਮੁਕੰਮਲ ਹੁਕਮ ਸੁਣਾਈਆ । ਸੋ ਸਾਹਿਬ ਸਵਾਮੀ ਉੱਠਾ, ਨਿਰਵੈਰ ਨੂਰ ਰੁਸ਼ਨਾਈਆ । ਕੂੜ ਵਿਕਾਰ ਹੰਕਾਰ ਮੇਟੇ ਗ਼ੁੱਸਾ, ਨਿੰਦਕ ਨਿੰਦਿਆ ਨਾਲ ਮਿਟਾਈਆ । ਭਗਤਾਂ ਪਵਿੱਤਰ ਪਾਕ ਕਰ ਕੇ ਜੁੱਸਾ, ਜਿਸਮ ਜ਼ਮੀਰ ਦਏ ਬਦਲਾਈਆ । ਬਚਨ ਕਰੇ ਕੋਈ ਨਾ ਰੁੱਖਾ, ਸਤਿ ਤਾਅਸੀਰ ਦਏ ਬਦਲਾਈਆ । ਪਰਧਾਨ ਹੋ ਕੇ ਆਪ ਪਰਮੁੱਖਾ, ਮੁਖੀਏ ਸਾਰੇ ਸਰਨ ਲਗਾਈਆ । ਦੋ ਜਹਾਨ ਰਹੇ ਮੂਲ ਨਾ ਲੁਕਾ, ਪਰਦਿਆਂ ਵਿਚੋਂ ਪਰਦੇ ਦਏ ਉਠਾਈਆ । ਸਾਚੀ ਸਮਝ ਜਣਾ ਕੇ ਇਕ ਤੁੱਕਾ, ਤੁੱਕੇ ਨਿਸ਼ਾਨੇ ਸਾਰੇ ਦਏ ਮਿਟਾਈਆ । ਸੁਹਾਵਣੀ ਸੁਹੰਜਣੀ ਕਰੇ ਰੁੱਤਾ, ਰੁਤੜੀ ਰਤਨਾਂ ਵਾਲੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਸਵਾਮੀ ਹੋਏ ਸਹਾਈਆ । ਸਵਾਮੀ ਅੰਤਰਜਾਮੀ ਅੰਤਸ਼ਕਰਨ ਦੱਸਣਹਾਰ ਸੰਦੇਸ਼, ਸਦਾ ਸਦਾ ਸਦ ਆਪਣੀ ਆਪ ਸੁਣਾਈਆ । ਧੁਰ ਫ਼ਰਮਾਣਾ ਇਕ ਨਰੇਸ਼, ਨਰ ਨਿਰੰਕਾਰ ਵੱਡੀ ਵਡਿਆਈਆ । ਵਸਣਹਾਰਾ ਸਚਖੰਡ ਸਾਚੇ ਦੇਸ, ਬੈਕੁੰਠਾਂ ਤੋਂ ਪਰੇ ਡੇਰਾ ਲਾਈਆ । ਮਾਤਲੋਕ ਪ੍ਰਭ ਦਾ ਨਹੀਂ ਪਰਦੇਸ, ਭਗਤਾਂ ਆਤਮ ਨਾਲ ਪਰਵੇਸ਼, ਪਰਵਰਸ਼ ਕਰੇ ਥਾਉਂ ਥਾਈਆਂ । ਆਪਣਾ ਖੇਲ ਕਰੇ ਵਿਸ਼ੇਸ਼, ਜਿਸ ਨੂੰ ਸਮਝੇ ਨਾ ਕੋਈ ਗਣੇਸ਼, ਬ੍ਰਹਮਾ ਸ਼ੰਕਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਆਪਣਾ ਆਪ ਵਰਤਾਈਆ । ਦਜ਼ਾਲ ਕਹੇ ਮੈਂ ਸਭ ਕੁਛ ਲਿਆ ਦੇਖ, ਦੀਦ ਦੀਦ ਨਾਲ ਮਿਲਾਈਆ । ਨਜ਼ਰੀ ਆਇਆ ਵਾਹਦ ਏਕ, ਏਕੰਕਾਰ ਨੂਰ ਖ਼ੁਦਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਾਹਰ ਅਵੱਲੜਾ ਭੇਖ, ਰੂਪ ਅਨੂਪਾ ਵੇਸ ਵਟਾਈਆ । ਸਮਝ ਨਾਲ ਸਮਝਾਏ ਨਾ ਕੋਈ ਰੇਖ, ਰੰਗ ਵਿਚੋਂ ਰੰਗਤ ਨਾ ਕੋਇ ਜਣਾਈਆ । ਜਿਸ ਨੂੰ ਸਾਰੇ ਕਰਦੇ ਆਦੇਸ, ਅਦਲ ਇਨਸਾਫ਼ ਦਾ ਰਾਹ ਤਕਾਈਆ । ਸੋ ਜੁਗ ਚੌਕੜੀ ਮੇਟਣਹਾਰ ਕਲੇਸ਼, ਕ਼ਸਮ ਸੁਗੰਦ ਆਪਣੀ ਦੇਵੇ ਪਾਈਆ । ਜਿਸ ਦਾ ਲੇਖਾ ਬਿਨਾ ਅੱਖਰਾਂ ਤੋਂ ਲਿਖਿਆ ਦਸਮੇਸ਼, ਨਾਮ ਦਸ਼ਮਲੋ ਇਕ ਲਗਾਈਆ । ਜਿਸ ਦਾ ਪੰਨਾ ਸਫ਼ਾ ਜੋੜਿਆ ਨਹੀਂ ਜਾਂਦਾ ਕਿਸੇ ਨਾਲ ਸਰੇਸ਼, ਚਿਕਨਾ ਰੂਪ ਨਾ ਕੋਇ ਬਦਲਾਈਆ । ਜਿਸ ਦੇ ਹੁਕਮੇ ਅੰਦਰ ਪੈਗ਼ੰਬਰ ਹੋਏ ਦਰਵੇਸ਼, ਦਰ ਦਵਾਰੇ ਅਲਖ ਜਗਾਈਆ । ਜਿਸ ਨੇ ਜਗਤ ਹੁਕਮੇ ਅੰਦਰ ਕੀਤਾ ਮਲੇਛ, ਮਸ਼ਵਰੇ ਵਾਲੀ ਸਲਾਹ ਨਾ ਕੋਇ ਬਣਾਈਆ । ਓਸ ਨੂੰ ਕਹਿੰਦੇ ਪੂਰਨ ਵਿਚ ਪਰਵੇਸ਼, ਪਰਵੇਸ਼ ਨਹੀਂ ਪੂਰਨ ਪਰਮੇਸ਼ਵਰ ਰੂਪ ਨਜ਼ਰੀ ਆਈਆ । ਜਿਸ ਨੇ ਲੇਖਾ ਵੇਖਣਾ ਮੁੱਲਾ ਸ਼ੇਖ਼, ਸ਼ਰਅ ਸ਼ਰਾਇਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦੇ ਓਹਲੇ ਦਏ ਉਠਾਈਆ । ਦਜ਼ਾਲ ਕਹੇ ਮੈਂ ਓਸੇ ਵਿਚ ਜਜਬ, ਜਿਸ ਦਾ ਜਜ਼ਬਾ ਨਾ ਕੋਇ ਸਮਝਾਈਆ । ਜਿਸ ਨੂੰ ਸ੍ਰਿਸ਼ਟੀ ਹਾਏ ਉਫ਼ ਕਹੇ ਗ਼ਜ਼ਬ, ਭੇਵ ਅਭੇਦ ਨਾ ਕੋਇ ਪਾਈਆ । ਜਿਸ ਦਾ ਦੀਨ ਨਹੀਂ ਕੋਈ ਮਜ਼੍ਹਬ, ਜ਼ਾਤ ਪਾਤ ਨਾ ਵੰਡ ਵੰਡਾਈਆ । ਫਿਰਕਿਆਂ ਵਾਲਾ ਨਹੀਂ ਮੁਤੱਸਬ, ਮੁਤਲਾ ਕਰ ਕੇ ਦਏ ਸਮਝਾਈਆ । ਪ੍ਰੇਮ ਪਿਆਰ ਅੰਦਰ ਨਹੀਂ ਹਸਦ, ਹਸਤੀਆਂ ਦਏ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਵਫ਼ਦ, ਲੋਕਮਾਤ ਰਿਹਾ ਫਿਰਾਈਆ । ਤਿਸ ਸਾਹਿਬ ਦਾ ਆਦਿ ਜੁਗਾਦਿ ਜੁਗ ਚੌਕੜੀ ਇਕੋ ਜਿਹਾ ਅਦਬ, ਆਅਲਾ ਅਦਨਾ ਸੀਸ ਨਿਵਾਈਆ । ਸੋ ਪਰਵਰਦਿਗਾਰ ਸਾਂਝਾ ਯਾਰ ਚੁੱਕਣ

ਵਾਲਾ ਕ਼ਦਮ, ਕ਼ਦੀਮ ਦੇ ਕਾਇਦੇ ਕ਼ਾਨੂੰਨ ਦਏ ਬਦਲਾਈਆ । ਜਿਸ ਦਾ ਨਜ਼ਰ ਨਾ ਆਵੇ ਬਦਨ, ਬਦਨਿਯਤ ਸਾਰੇ ਦਏ ਖਪਾਈਆ । ਉਹ ਲੋਕ ਪਰਲੋਕ ਬ੍ਰਹਿਮੰਡ ਖੰਡ ਕਰ ਕੇ ਵਜ਼ਨ, ਤੋਲਾ ਹੋ ਕੇ ਤੋਲ ਤੁਲਾਈਆ । ਲੱਖ ਚੁਰਾਸੀ ਵਿਚੋਂ ਥੋੜ੍ਹੇ ਲਭ ਕੇ ਸੱਜਣ, ਗੁਰਮੁਖ ਲਏ ਮਿਲਾਈਆ । ਸਚ ਪ੍ਰੀਤੀ ਨਾਮ ਖ਼ੁਮਾਰੀ ਵਿਚ ਕਰ ਕੇ ਮਗਨ, ਮਗਰਲਾ ਲੇਖਾ ਦਏ ਮੁਕਾਈਆ । ਕਲਜੁਗ ਪੋਹ ਨਾ ਸਕੇ ਅਗਨੀ ਅਗਨ, ਅਗਲੀ ਮੰਜ਼ਲ ਦਏ ਵਖਾਈਆ । ਚਰਨ ਦਵਾਰ ਵਖਾ ਕੇ ਉਪਰ ਗਗਨ, ਦਰਗਾਹ ਸਾਚੀ ਦਏ ਵਡਿਆਈਆ । ਸਚ ਦਵਾਰੇ ਦੇ ਕੇ ਸਗਨ, ਸਗਲਾ ਸੰਗ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਸੰਦੇਸ਼ੇ ਆਇਆ ਸੱਦਣ, ਸੱਦਾ ਇਕੋ ਇਕ ਸਮਝਾਈਆ ।

### ❊ ੨੩ ਅੱਸੂ ਸ਼ਹਿਨਸ਼ਾਹ ਸੰਮਤ ੧ ਮੁਨਸ਼ਾ ਸਿੰਘ, ਮੇਲਾ ਸਿੰਘ ਦੇ ਗ੍ਰਿਹ ਪਿੰਡ ਬਾਊਪੁਰ ❊

ਦਜ਼ਾਲ ਕਹੇ ਮਾਲਕ ਇਕ ਮਦੀਨਾ, ਮੁਗਲਗ ਵੇਖੇ ਸਰਬ ਲੋਕਾਈਆ । ਜਿਸ ਦਾ ਕ਼ਦਮ ਹਕ ਮਦੀਨਾ, ਬਰੇ ਹਕ ਦਏ ਸਮਝਾਈਆ । ਜਿਸ ਦਾ ਨੂਰ ਅਗੰਮੀ ਹੁਸੀਨਾ, ਹੁਸਨ ਨੂਰ ਇਕ ਰੁਸ਼ਨਾਈਆ । ਜਿਸ ਦਾ ਆਪਣਾ ਆਪ ਸਚ ਪਸ਼ਮੀਨਾ, ਪੋਸ਼ਾਕ ਧੁਰ ਦੀ ਇਕ ਹੰਢਾਈਆ । ਜਿਸਦਾ ਵਿਚਾਰ ਅਜੇ ਨਹੀਂ ਹੋਇਆ ਕਮੀਨਾ, ਦੂਈ ਦਵੈਤ ਨਾ ਕੋਇ ਵਖਾਈਆ । ਓਸ ਦਾ ਸ਼ਹਿਨਸ਼ਾਹੀ ਸੰਮਤ ਵਿਚੋਂ ਬਦਲਣ ਵਾਲਾ ਮਹੀਨਾ,
੧੧੧੭ ਕੱਤਕ ਕਰਮਾਂ ਵੇਖੇ ਥਾਉਂ ਥਾਈਂਆ । ਸ਼ਾਹ ਸੁਲਤਾਨਾਂ ਔਣ ਵਾਲਾ ਪਸੀਨਾ, ਪਸਲੀ ਪਸਲੀ ਦਏ ਦੁਹਾਈਆ । ਸਭ ਨੂੰ ਯਾਦ ਆਏ ਉਹ ਕਰੀਮਾ, ੧੧੧੭
ਜੋ ਕਲਮਾਂ ਇਕ ਪੜ੍ਹਾਈਆ । ਰਾਹ ਤੱਕੇ ਨਰ ਮਦੀਨਾ, ਨੇਤਰ ਅੱਖ ਉਠਾਈਆ । ਧੜਕਣ ਲੱਗੇ ਵਿਚ ਸੀਨਾ, ਅਗਨੀ ਅੱਗ ਜਲਾਈਆ । ਝਗੜਾ ਵੇਖਣਾ ਵਿਚ ਦੀਨਾਂ, ਮਜ਼੍ਹਬਾਂ ਵਿਚ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੀ ਖੇਲ ਇਕ ਵਖਾਈਆ । ਦਜ਼ਾਲ ਕਹੇ ਮੈਂ ਵੇਖਣਾ ਜਦੋਜਹਿਦ, ਜਗ ਵਿਚ ਖ਼ੁਸ਼ੀ ਮਨਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਦਾ ਪੂਰਾ ਹੋ ਗਿਆ ਅਹਿਦ, ਅਹਿਦਨਾਮੇ ਆਪਣੇ ਪੂਰੇ ਲਏ ਕਰਾਈਆ । ਅਗੇ ਪਤਾ ਨਹੀਂ ਕਿਹੜਾ ਰਹਵੇ ਸ਼ਾਇਦ, ਸ਼ਮਅ ਕਵਣ ਹੋਏ ਰੁਸ਼ਨਾਈਆ । ਕਿਸ ਨੂੰ ਮਿਲੇ ਹਮਾਇਤ, ਹਮ ਸਾਜਣ ਮਿਲੇ ਵਡਿਆਈਆ । ਕਵਣ ਕਰੇ ਅਨਾਇਤ, ਬਖ਼ਸ਼ਿਸ਼ ਝੋਲੀ ਪਾਈਆ । ਜਿਸ ਨੇ ਪਰਲੋਕ ਕਰਨੀ ਪੈਮਾਇਸ਼, ਨਾਮ ਪੈਮਾਨਾ ਇਕ ਉਠਾਈਆ । ਸਚ ਦਵਾਰਾ ਦੱਸਣੀ ਰਿਹਾਇਸ਼, ਆਰਾਮਗਾਹ ਇਕ ਵਖਾਈਆ । ਜਿਸ ਦੀ ਸ਼ਬਦੀ ਧਾਰ ਅਗੰਮੀ ਸੁਤ ਇਕ ਪੈਦਾਇਸ਼, ਅਗੇ ਪੈਦਾ ਕਰ ਕੇ ਵੇਖੇ ਲੋਕਾਈਆ । ਉਹ ਸਭ ਦੀ ਕਰਨ ਆਇਆ ਅਜਮਾਇਸ਼, ਅਜਬ ਨਿਰਾਲਾ ਵੇਸ ਵਟਾਈਆ । ਵੇਖਣਹਾਰਾ ਜਗਤ ਜਮਾਇਤ, ਜਮਾ ਤਫ਼ਰੀਕ ਹਿਸਾਬ ਰਿਹਾ ਲਗਾਈਆ । ਕੋਟਾਂ ਵਿਚੋਂ ਥੋੜ੍ਹਿਆਂ ਨਾਲ ਕਰੇ ਰਵਾਇਤ, ਰਿਆਇਤ ਨਾਲ ਲਏ ਮਿਲਾਈਆ । ਮਾਣ ਵਡਿਆਈ ਦੇਵੇ ਸਦਾਇਤ, ਸ਼ਜਰਾ ਨਸਬ ਜੁਗ ਚੌਕੜੀ ਫੋਲ ਫੁਲਾਈਆ । ਬਾਕੀ ਸਭ ਨੂੰ ਲਾਏ ਜ਼ਰਬਾਇਤ, ਜ਼ਰਬ ਇਕੋ ਨਾਮ ਸਮਝਾਈਆ । ਲੇਖਾ ਲਿਖੇ ਨਾ ਕੋਇ ਕ਼ਲਮ ਦਵਾਇਤ, ਦਾਅਵੇ ਸਭ ਦੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫ਼ਰਮਾਣਾ ਇਕ ਸੁਣਾਈਆ । ਦਜ਼ਾਲ ਕਹੇ ਮੈਂ ਹੋ ਕੇ ਵੇਖਣਾ ਨੀਵਾਂ, ਉਪਰੋਂ ਹੇਠਾਂ ਧਿਆਨ ਲਗਾਈਆ । ਕਿਸੇ ਘਰ ਨਾ ਜਗਣਾ ਦੀਵਾ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਮਾਲਕ

ਲਭਣਾ ਨਹੀਂ ਕੋਈ ਜੀਵਾਂ, ਜਗਤ ਜੀਵ ਦੇਣ ਦੁਹਾਈਆ । ਮੈਂ ਬਲਿਹਾਰੀ ਓਸ ਤੋਂ ਥੀਵਾਂ, ਜੋ ਠੋਕਰ ਰਿਹਾ ਲਗਾਈਆ । ਜਿਸਨੇ ਵੰਡ ਵੰਡੌਣੀ ਸਾਢੇ ਤਿੰਨ ਹੱਥ ਸੀਵਾਂ, ਸੁੱਤੇ ਦੇਣੇ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਆਪਣੇ ਹੱਥ ਰਖੇ ਵਡਿਆਈਆ । ਦਜ਼ਾਲ ਕਹੇ ਮੈਂ ਵੇਖਣੀ ਦਗਾਬਾਜ਼ੀ, ਉਲਟੀ ਸਿੱਧੀ ਨਜ਼ਰੀ ਆਈਆ । ਤਕਣੇ ਸੂਰਬੀਰ ਗ਼ਾਜ਼ੀ, ਜੋਧੇ ਜਗਤ ਵਡਿਆਈਆ । ਵੇਖਣੇ ਮੂਰਖ ਮੁਗਧ ਪਾਜੀ, ਜੋ ਬੈਠੇ ਮੁਖ ਭਵਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਤਕਣੀ ਅਰਬਾਂ ਵਾਲੀ ਆਬਾਦੀ, ਇਬਾਦਤਖ਼ਾਨੇ ਖੋਜ ਖੁਜਾਈਆ । ਦੀਨਾਂ ਮਜ਼੍ਹਬਾਂ ਵੇਖਣੀ ਸ਼ਾਦੀ, ਜੋ ਮਨ ਵਾਸਨਾ ਕਰਨ ਕੁੜਮਾਈਆ । ਪੈਗ਼ੰਬਰ ਪੀਰ ਵੇਖਣੇ ਹਾਜੀ, ਜੋ ਹੁਜਰਿਆਂ ਵਿਚ ਸੀਸ ਨਿਵਾਈਆ । ਸ਼ਰਅ ਵਿਚ ਵੇਖਣੇ ਨਿਮਾਜ਼ੀ, ਜੋ ਰੋਜ਼ੇ ਰਖ ਕੇ ਬਣੇ ਕਸਾਈਆ । ਪੰਡਤ ਪਾਂਧਿਆਂ ਵੇਖਣੀ ਵਾਦੀ, ਜੋ ਵਾਇਦਾ ਕਰ ਕੇ ਗਏ ਭੁਲਾਈਆ । ਗ੍ਰੰਥੀਆਂ ਪੰਥੀਆਂ ਵੇਖਣੀ ਸਾਖ਼ੀ, ਜੋ ਸਾਖ਼ਿਆਤ ਨਾ ਦਰਸ਼ਨ ਪਾਈਆ । ਅੰਤ ਕਿਸੇ ਦੀ ਕਿਸੇ ਕੋਲੋਂ ਨਹੀਂ ਹੋਣੀ ਬੰਦ ਖ਼ਲਾਸੀ, ਬੰਧਨ ਸਕੇ ਨਾ ਕੋਇ ਤੁੜਾਈਆ । ਜਿਸ ਨੇ ਪੀਰ ਪੈਗ਼ੰਬਰ ਚਾੜ੍ਹੇ ਫ਼ਾਸੀ, ਫੱਟਿਆਂ ਉਤੇ ਲਟਕਾਈਆ । ਜਿਸ ਨੇ ਗੁਰ ਅਵਤਾਰਾਂ ਨਾਮ ਦੀ ਦਿਤੀ ਸੀ ਅਰਾਜੀ, ਬੀਜ ਬੀਜਣ ਥਾਉਂ ਥਾਈਂਆ । ਹੁਣ ਪਿਛਲਾ ਲੇਖਾ ਰਹਿਣ ਨਹੀਂ ਦੇਣਾ ਮਾਜ਼ੀ, ਮਜ਼ਿਆਂ ਵਾਲੀ ਜਾਏ ਲੋਕਾਈਆ । ਸ੍ਰੀ ਭਗਵਾਨ ਦੀ ਕਿਸੇ ਨਾਲ ਨਹੀਂ ਨਰਾਜ਼ੀ, ਕਰਮਾਂ ਦੀ ਦਏ ਸਜ਼ਾਈਆ । ਲੇਖਾ ਜਾਣੇ ਹਕੀਕੀ ਮਿਜਾਜ਼ੀ, ਇਸ਼ਕ ਆਸ਼ਕ ਮਾਸ਼ੂਕ ਦੋਵੇਂ ਵੇਖ ਵਖਾਈਆ । ਲਹਿਣਾ
੧੧੧੮ ਜਾਣੇ ਨਾਨਕ ਵਾਲਾ ਬਗ਼ਦਾਦੀ, ਬਗ਼ਲਗੀਰ ਹਮ ਖ਼ੁਦਾਈਆ । ਤਾਰ ਸਤਾਰ ਜਾਣੇ ਰਬਾਬੀ, ਜੋ ਮਰਦਾਨੇ ਦਿਤੀ ਵਜਾਈਆ । ਗੋਬਿੰਦ ਖੇਲ ੧੧੧੮
ਵੇਖੇ ਪੰਜਾਬੀ, ਪੰਚਮ ਪਰਦਾ ਦਏ ਉਠਾਈਆ । ਬ੍ਰਹਿਮੰਡਾਂ ਖੰਡਾਂ ਅੰਦਰ ਰਹਿਣ ਨਹੀਂ ਦੇਣਾ ਕੋਈ ਬਾਗ਼ੀ, ਬਗ਼ਲਾ ਬਪ ਬਪੜਾ ਰੂਪ ਨਾ ਕੋਇ ਵਖਾਈਆ । ਸ੍ਰੀ ਭਗਵਾਨ ਕਿਸੇ ਦੀ ਮੰਗੇ ਨਾ ਕੋਇ ਇਮਦਾਦੀ, ਲੋੜਵੰਦ ਨਾ ਕੋਇ ਜਣਾਈਆ । ਆਪਣਾ ਖੇਲ ਕਰੇ ਸ਼ਿਤਾਬੀ, ਸ਼ਾਮਤ ਸਭ ਦੀ ਸਿਰ ਤੇ ਆਈਆ । ਨਿਰਗੁਣ ਜੋਤ ਕੋਈ ਮੋਮਬੱਤੀ ਨਹੀਂ ਮਤਾਬੀ, ਜੋ ਕਾਇਆ ਅੰਦਰ ਕਰੇ ਰੁਸ਼ਨਾਈਆ । ਇਸ ਦਾ ਖੇਲ ਵਡ ਹਿਸਾਬੀ, ਹਸਬੇਜ਼ੈਲ ਵੇਖ ਵਖਾਈਆ । ਲੇਖਾ ਜਾਣ ਅਯੁਧਿਆ ਪਰਾਗੀ, ਪੁਰਾਣੇ ਪੂਰਨੇ ਦਏ ਖਪਾਈਆ । ਲੇਖਾ ਮੁਕਾਵੇ ਕੂੜ ਤਿਆਗੀ, ਦਗ਼ੇਬਾਜ਼ੀ ਖੋਜ ਖੁਜਾਈਆ । ਪਰਦਾ ਲਾਹਵੇ ਜਗਤ ਨਿਮਾਜ਼ੀ, ਮਾਸ਼ਾ ਅੱਲਾ ਵੇਖ ਵਖਾਈਆ । ਜਗਤ ਖ਼ੁਆਰੀ ਜੁਗਤ ਬਰਬਾਦੀ, ਜਗਹ ਜਗਹ ਦੁਹਾਈਆ । ਅੰਤ ਦੇ ਵਾਰਸਾ ਦਾ ਬਣਨਾ ਇਕੋ ਵਾਗੀ, ਐਰਾ ਵਗੈਰਾ ਰਹਿਣ ਕੋਇ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਲਾਵੇ ਕਲਾਬਾਜ਼ੀ, ਕੁਲ ਆਲਮ ਵੇਖ ਵਖਾਈਆ ।

### ❊ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧ ਦਲੀਪ ਸਿੰਘ ਦੇ ਗ੍ਰਿਹ ਪਿੰਡ ਬਾਊਪੁਰ ❊

ਇੱਟ ਕਹੇ ਮੈਂ ਆਪਣੇ ਨਾਲ ਰਲਾਵਾਂ ਪੱਥਰ, ਪਰਬਤ ਚੋਟੀ ਦੇਣੀ ਹਿਲਾਈਆ । ਕੂੜੀ ਕਿਰਿਆ ਜਗਤ ਵੇਖਣੀ ਸੱਥਰ, ਸੱਥਰ ਵਾਲਾ ਸੱਥਰ ਦਏ ਵਿਛਾਈਆ । ਜਿਸ ਦਾ ਨਾਮ ਨਿਧਾਨਾ ਇਕੋ ਅੱਖਰ, ਅੱਖਾਂ ਵਾਲਿਆਂ ਅੱਖੀਂ ਦਿਆਂ ਵਖਾਈਆ । ਉਹ ਫ਼ਿਕਰਿਆਂ ਤੋਂ ਬਾਹਰ ਵਸਣਵਾਲਾ

ਫ਼ੱਕਰ, ਫ਼ਕਤ ਆਪਣੀ ਖੇਲ ਕਰਾਈਆ । ਜਿਸ ਦੀ ਧਾਰ ਸੱਤਰ ਬਹੱਤਰ, ਜੁਗ ਚੌਕੜੀ ਦਏ ਗਵਾਹੀਆ । ਜੋ ਆਪਣੇ ਵਕ਼ਤ ਤੋਂ ਕਦੇ ਨਾ ਜਾਏ ਪਛੜ, ਵੇਲੇ ਵਕ਼ਤ ਦਏ ਵਡਿਆਈਆ । ਸੋ ਹੁਕਮ ਅਗੰਮਾ ਆਇਆ ਦੱਸਣ, ਦਹਿ ਦਿਸ਼ਾ ਕਰੇ ਪੜ੍ਹਾਈਆ । ਜਗਤ ਕਿਰਿਆ ਵੇਖ ਕੇ ਆਇਆ ਹਸਣ, ਹਸਤੀ ਬਸਤੀ ਵਿਚ ਛੁਪਾਈਆ । ਜਗਤ ਵਿਕਾਰ ਆਇਆ ਮਸਣ, ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਰਿਹਾ ਚੁਕਾਈਆ । ਇੱਟ ਕਹੇ ਮੇਰਾ ਪੱਥਰ ਨਾਲ ਹੋਣਾ ਮਿਲਾਪ, ਮੇਲਾ ਧੁਰ ਦਾ ਲਏ ਬਣਾਈਆ । ਜਗਤ ਵਿਕਾਰਾ ਮੇਟਣਾ ਪਾਪ, ਪਤਿਤ ਰਹਿਣ ਕੋਇ ਨਾ ਪਾਈਆ । ਰੂਹੇ ਰੂਹਾਂ ਕਰਨਾ ਪਾਕ, ਦੁਰਮਤ ਮੈਲ ਧੁਆਈਆ । ਸਚ ਅਦਾਲਤ ਵੇਖਣਾ ਇਕ ਇਨਸਾਫ਼, ਅਦਲ ਆਦਲ ਦਏ ਜਣਾਈਆ । ਬਿਨ ਹਰਿ ਗੁਨਾਹ ਕਰੇ ਨਾ ਕੋਇ ਮੁਆਫ਼, ਮੁਫ਼ਤ ਮਿਹਰ ਨਾ ਕੋਇ ਜਣਾਈਆ । ਹਕ਼ੀਕ਼ੀ ਸੁਣੇ ਨਾ ਕੋਇ ਫ਼ਰਿਆਦ, ਫ਼ਿਕਰਾ ਫ਼ਿਕਰਾ ਨਾ ਵੰਡ ਵੰਡਾਈਆ । ਖੋਜ ਖੋਜੇ ਨਾ ਕੋਈ ਦਿਮਾਗ਼, ਦੀਵਾਨਾ ਜਗਤ ਰੂਪ ਵਟਾਈਆ । ਦਜ਼ਾਲ ਕਹੇ ਮੈਂ ਓਸੇ ਦਾ ਪੁਤ ਤੇ ਓਸੇ ਦਾ ਦਾਮਾਦ, ਦਾਮਨ ਵਿਚ ਜ਼ਾਮਨ ਕਾਮਲ ਇਕੋ ਨਜ਼ਰੀ ਆਈਆ । ਸੁਣ ਕੇ ਉਹ ਆਵਾਜ਼, ਖੋਲ੍ਹ ਕੇ ਅੰਦਰੋਂ ਰਾਜ਼, ਪ੍ਰੇਮ ਦਿਤੀ ਸ਼ਾਬਾਸ਼, ਨੇਮ ਦੀ ਪੂਰੀ ਆਸ, ਹੇਮ ਦਾ ਖੇਲ ਤਮਾਸ਼, ਕੁੰਟ ਦਾ ਕਰ ਪਰਕਾਸ਼, ਬੈਕੁੰਠ ਚੋਂ ਕਰ ਉਦਾਸ, ਸਚਖੰਡ ਦਾ ਦੱਸ ਹਾਲਾਤ, ਅਹਿਵਾਲ ਆਪਣਾ ਦਿਤਾ ਦ੍ਰਿੜਾਈਆ । ਬੰਦੀ ਬੰਦ ਦਾ ਖੋਲ੍ਹ ਕੇ ਤਾਕ, ਲੇਖਾ ਲਹਿਣਾ ਕਰ ਬੇਬਾਕ, ਨਾਮ ਨਿਧਾਨ ਮਾਰ ਆਵਾਜ਼, ਮੁਮਤਾਜ ਆਪਣਾ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਰਿਹਾ ਸਮਝਾਈਆ । ਇੱਟ ਕਹੇ ਮੇਰਾ ਪੱਥਰ ਜੋੜਾ, ਜੋੜੀ ਜੋੜੀ ਰਹਿਣ ਕੋਇ ਨਾ ਪਾਈਆ । ਓਸ ਪ੍ਰਭੂ ਦਾ ਵਕ਼ਤ ਥੋੜ੍ਹਾ, ਜੋ ਬੁੜੇ ਥਿੜਕੇ ਆਪਣੀ ਗੋਦ ਬਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੂਣੀ ਕੱਤ ਕੇ ਗਏ ਨਹੀਂ ਵਿਚੋਂ ਗੋੜ੍ਹਾ, ਕ਼ਲਮਾ ਅੱਖਰਾਂ ਨਾਲ ਲਿਖ ਕੇ ਗਏ ਸਮਝਾਈਆ । ਸਭ ਦਾ ਮਾਲਕ ਪ੍ਰਿਤਪਾਲਕ ਖ਼ਾਲਕ ਦੱਸ ਕੇ ਜਰ ਜੋਰਾ, ਜ਼ਾਹਰ ਜ਼ਹੂਰ ਗਏ ਸਮਝਾਈਆ । ਜਿਸ ਦਾ ਬਾਲਾ ਨੱਢਾ ਨਿਰਗੁਣ ਧਾਰ ਦਜ਼ਾਲ ਹੋਣਾ ਛੋਹਰਾ, ਸ਼ੋਹਰਤ ਸਭ ਦੀ ਵੇਖ ਵਖਾਈਆ । ਜਿਸ ਦਾ ਬਦਲਣ ਵਾਲਾ ਫੀਲਾ ਘੋੜਾ ਨਹੀਂ ਕੋਈ ਮੋਹਰਾ, ਸ਼ਾਹ ਵਜ਼ੀਰ ਹਾਰ ਜਿੱਤ ਨਾ ਕੋਇ ਬਣਾਈਆ । ਓਸ ਦਾ ਮੰਤਰ ਫੁਰਨਾ ਫੇਰਾ, ਫੁਰਨੇ ਸਭ ਦੇ ਦਏ ਗਵਾਈਆ । ਓਹਦਾ ਮੰਦਰ ਸ਼ਿਵਦਵਾਲਾ ਮਠ ਮਸੀਤਾਂ ਨਾਲੋਂ ਵਖਰਾ ਦੋਹਰਾ, ਰਾਹ ਦੋ ਰਹਿਣ ਕੋਇ ਨਾ ਪਾਈਆ । ਜਿਥੇ ਹੋਵੇ ਨਾ ਕਦੇ ਵਿਛੋੜਾ, ਵਿਛੜਿਆਂ ਲਏ ਜੁੜਾਈਆ । ਜਿਹੜਾ ਪੁਰਖ ਅਕਾਲ ਦੀਨ ਦਿਆਲ ਤੱਤਾਂ ਵਾਲਾ ਸਰੀਰ ਛਡ ਕੇ ਕਦੇ ਨਾ ਬਣੇ ਭਗੌੜਾ, ਭਗੌੜਾ ਹੋ ਕੇ ਤੁਹਾਡੇ ਵਿਚ ਸਮਾਈਆ । ਅਗੇ ਤਰਖਾਣ ਬਣ ਕੇ ਫੜਿਆ ਤੇਸਾ ਹੁਣ ਸ਼ਬਦੀ ਲੁਹਾਰ ਹੋ ਕੇ ਚੁੱਕਣ ਵਾਲਾ ਹਥੌੜਾ, ਹੱਥੋ ਹੱਥ ਵੇਖੇ ਲੋਕਾਈਆ । ਗੁਰਸਿਖੋ ਇਹ ਬਚਨ ਕੋਈ ਨਾ ਮੰਨਿਓ ਕੌੜਾ, ਕੂੜ ਕੂੜੇ ਦਏ ਮਿਟਾਈਆ । ਪ੍ਰਭ ਦਾ ਖੇਲ ਬੜਾ ਵਸੀਹ ਲੰਮਾ ਚੌੜਾ, ਮਸੀਹ ਵਰਗੇ ਬੈਠੇ ਸੀਸ ਝੁਕਾਈਆ । ਜਿਸ ਦਾ ਇਕੋ ਸ਼ਬਦੀ ਸੁਤ ਬਾਕਾਂ ਛੋਹਰਾ, ਸ਼ੋਰ ਸਾਰੇ ਦਏ ਮਚਾਈਆ । ਜਿਸ ਨੇ ਨੀਹਾਂ ਹੇਠ ਦਬਾਇਆ ਸਿੰਘ ਫਤਹਿ ਨਾਲ ਜੋਰਾ, ਜ਼ੇਰ ਜ਼ਬਰ ਨਾਲ ਕਰੇ ਸਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਖੋਲ੍ਹੇ ਥੋੜ੍ਹਾ ਥੋੜ੍ਹਾ, ਪਰਦਾ ਹੌਲੀ ਹੌਲੀ ਉਠਾਈਆ ।

੧੧੧੯

## ❊ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧ ਬੀਬੀ ਨੰਤੀ ਦੇ ਗ੍ਰਹਿ ਬਾਬੂਪੁਰ ❊

ਹਰਿ ਸ਼ਬਦ ਕਹੇ ਮੈਂ ਕੁਰਬਾਨ ਵਾਰੀ ਸਦਕਾ, ਜੋ ਸਦਮਾ ਰਿਹਾ ਮਿਟਾਈਆ । ਖੇਲ ਵੇਖ ਪੁਰਖ ਅਕਾਲ ਨੂਰੀ ਰਬ ਦਾ, ਖ਼ੁਸ਼ੀਆਂ ਰਿਹਾ ਮਨਾਈਆ । ਜਿਸ ਨੂੰ ਸਿਫ਼ਤਾਂ ਵਿਚ ਦੱਸਦਾ ਰਿਹਾ ਕਦ ਕਾ, ਕ਼ਦੀਮ ਤੋਂ ਕ਼ਲਮ ਸ਼ਾਹੀ ਵਡਿਆਈਆ । ਜਿਸ ਦਾ ਲੇਖਾ ਬ੍ਰਹਿਮੰਡ ਖੰਡ ਰਹਿਣਾ ਸਚ ਦਾ, ਬ੍ਰਹਿਮਾਂਡ ਆਪਣਾ ਹੁਕਮ ਵਰਤਾਈਆ । ਜਿਸ ਦਾ ਨਾਮ ਨਿਧਾਨ ਰੂਪ ਚੰਡ ਪਰਚੰਡ ਕਾ, ਚੰਡਾਲ ਦਏ ਮਿਟਾਈਆ । ਜੋ ਆਦਿ ਜੁਗਾਦਿ ਆਤਮ ਪਰਮਾਤਮ ਹੋ ਕੇ ਹੰਢਦਾ, ਕੁੰਡੀ ਨਾਮ ਦੀ ਹੱਥ ਫੜਾਈਆ । ਜਗਤ ਜੁਗ ਜਨਮ ਵਿਛੜਿਆਂ ਸਚ ਪ੍ਰੀਤੀ ਗੰਢਦਾ, ਧੁਰ ਦਾ ਮੇਲਾ ਮੇਲੇ ਸਹਿਜ ਸੁਭਾਈਆ । ਪਰਕਾਸ਼ ਦੇਵੇ ਆਪਣੇ ਨੂਰੀ ਚੰਦ ਦਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਭਾਂਡਾ ਫੋੜ ਕੇ ਹੰ ਬ੍ਰਹਮ ਦਾ, ਪਾਰਬ੍ਰਹਮ ਆਪਣਾ ਆਪ ਵਖਾਈਆ । ਝਗੜਾ ਮੁਕਾ ਕੇ ਹਰਖ਼ ਸੋਗ ਗ਼ਮ ਦਾ, ਚਿੰਤਾ ਚਿਖਾ ਮਿਟਾਈਆ । ਦੁਨੀਆ ਦੇਣਾ ਦੇ ਕੇ ਹੱਡ ਮਾਸ ਨਾੜੀ ਚੰਮ ਦਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਦਵਾਰਾ ਦੱਸ ਕੇ ਇਕ ਅਗੰਮ ਦਾ, ਅਗੰਮੜੀ ਕਰੇ ਪੜ੍ਹਾਈਆ । ਜੋ ਸਭ ਤੋਂ ਵਖਰਾ ਭਗਤਾਂ ਦਾ ਭਗਵਾਨ ਜਗਤ ਜਹਾਨ ਮੰਨਦਾ, ਸੋ ਘਟ ਘਟ ਰਿਹਾ ਸਮਾਈਆ । ਹੁਣ ਵੇਲਾ ਨਹੀਂ ਬਹੁਤਾ ਖਾਣਾ ਅੰਨ ਦਾ, ਮਨ ਮਮਤਾ ਲਓ ਭੁਆਈਆ । ਪ੍ਰੇਮ ਕਰੋ ਓਸ ਸ਼ਬਦੀ ਧਾਰ ਨੂਰਾਨੇ ਚੰਨ ਦਾ, ਜਿਸ ਨੂੰ ਚੰਦ ਚਾਂਦਨੀ ਸੀਸ ਨਿਵਾਈਆ । ਜਿਸ ਨੂੰ ਪੁਰਖ ਅਕਾਲ ਇਕੋ ਜਣਦਾ, ਜਣੇਂਦੀ ਬਣੇ ਧੁਰ ਦੀ ਮਾਈਆ । ਉਹ ਸਰੋਤਾ ਨਹੀਂ ਕਿਸੇ ਕੰਨ ਦਾ, ਸਰਵਣ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਰਮਾਨ ਫ਼ਰਮਾਨ ਵਿਚੋਂ ਬਦਲਾਈਆ । ਸ਼ਬਦ ਕਹੇ ਪਰਮ ਪੁਰਖ ਉਤੇ ਸਭ ਨੂੰ ਪੈ ਗਿਆ ਸ਼ੁਬਾ, ਸ਼ਬੇ ਰੋਜ਼ ਰਹੀ ਕੁਰਲਾਈਆ । ਹਕ ਸਮਝੇ ਨਾ ਕੋਈ ਮੁੱਦਾ, ਮੁੱਦਤ ਤੋਂ ਗੁਰ ਅਵਤਾਰ ਪੈਗ਼ੰਬਰ ਆਏ ਸਮਝਾਈਆ । ਜਿਸ ਦਾ ਲੇਖਾ ਭੇਵ ਅੰਦਰ ਰਹਿਣਾ ਨਹੀਂ ਗੁੱਝਾ, ਗੁੱਝੀ ਰਮਜ਼ ਨਾਲ ਉਠਾਈਆ । ਜਿਸ ਦਾ ਰਾਹ ਤਕ ਕੇ ਗਿਆ ਮਹਾਤਮਾ ਬੁੱਧਾ, ਬੁਧੀ ਵਾਲੇ ਦੇਣ ਦੁਹਾਈਆ । ਜਿਸ ਨੂੰ ਈਸਾ ਮੂਸਾ ਕਿਹਾ ਆਵੇ ਬਸੁੱਧਾ, ਸੁੱਧ ਕਰੇ ਸਰਬ ਲੋਕਾਈਆ । ਜਿਸ ਦੇ ਹੁਕਮੇ ਅੰਦਰ ਨਾਨਕ ਗੋਬਿੰਦ ਕਿਹਾ ਪੈਂਡਾ ਮੁੱਕਾ, ਮੁਕੰਮਲ ਕਰੇ ਸਫ਼ਾਈਆ । ਓਸਦਾ ਬਿਨ ਅੱਖਰਾਂ ਵਾਲਾ ਰੁੱਕਾ, ਸ਼ਬਦੀ ਸ਼ਬਦ ਸਚ ਸੁਣਾਈਆ । ਜਿਸ ਦਾ ਤੱਤਾਂ ਵਾਲਾ ਨਹੀਂ ਜੁੱਸਾ, ਜੁਗ ਚੌਕੜੀ ਫੇਰਾ ਪਾਈਆ । ਸੀਸ ਧੜ ਨਾ ਚੋਟੀ ਮੁੱਛਾਂ, ਨੂਰੋ ਨੂਰ ਨੂਰ ਰੁਸ਼ਨਾਈਆ । ਅਗੰਮ ਅਥਾਹ ਸਭ ਤੋਂ ਊਚਾ, ਊਚੋ ਊਚ ਬੇਪਰਵਾਹੀਆ । ਸੋ ਭਗਤਾਂ ਦੇ ਵੇਖਣ ਆਇਆ ਕੂਚਾ, ਗਲੀ ਗਲੀ ਫੋਲ ਫੁਲਾਈਆ । ਛੈਲ ਛਬੀਲ ਨੌਜਵਾਨ ਮਲੂਕਾ, ਸਖ਼ਤ ਕੁਰਖਤ ਆਪਣੀ ਧਾਰ ਚਲਾਈਆ । ਲੇਖਾ ਜਾਣੇ ਨਾ ਕੋਈ ਹਵਣ ਆਹੂਤਾ, ਮੁੱਲਾ ਵਾਲੀ ਆਵਾਜ਼ ਨਾ ਕੋਇ ਜਣਾਈਆ । ਖ਼ਾਕੀ ਤਨ ਲੱਭੇ ਨਾ ਕੋਇ ਭਬੂਤਾ, ਪਰਮਹੰਸ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ਼ਹਿਨਸ਼ਾਹੀਆ । ਸ਼ਬਦ ਕਹੇ ਮੈਂ ਲਿਖਣਾ ਲੇਖ ਸ਼ਬਾਬ, ਸ਼ਹਾਨਾ ਰੂਪ ਵਟਾਈਆ । ਕਲਮਿਉਂ ਬਾਹਰ ਅਦਾਬ, ਅਦਬ ਇਕ ਸਮਝਾਈਆ । ਸਤਾਰ ਬਿਨ ਰਬਾਬ, ਤਨ ਭੀਤਰ ਦੇਣੀ ਵਜਾਈਆ । ਮੁਹੱਬਤ ਵਿਚ ਮੇਲ ਅਹਿਬਾਬ, ਅਗਲਾ ਬਾਬ ਦੇਣਾ ਪੜ੍ਹਾਈਆ । ਲੇਖਾ ਜਾਣ ਕੇ ਤੂਲ ਅਰਜ਼ ਮੁਕਾਬ, ਮੁਸਤਤੀਲ ਵੰਡ ਵੰਡਾਈਆ । ਧੁਰਦਰਗਾਹੀ ਬਣ ਨਵਾਬ, ਨੌਬਤ ਹਕ ਦੇਣੀ ਵਜਾਈਆ । ਕਿਸੇ ਦਾ

੧੧੨੦

ਚਲਣਾ ਨਹੀਂ ਸਵਾਲ ਜਵਾਬ, ਜਵਾਬ ਤਲਬੀ ਹੋਵੇ ਥਾਉਂ ਥਾਈਆ । ਭਗਤਾਂ ਨੂੰ ਦੇ ਖ਼ਤਾਬ, ਖ਼ਤਾ ਸਭ ਦੀ ਦੂਰ ਕਰਾਈਆ । ਗੁਲਸ਼ਨ ਵਿਚ ਗੁਲ ਵੇਖ ਕੇ ਗੁਰਮੁਖ ਗੁਲਾਬ, ਗ਼ੁਲਾਮ ਬਰਦੇ ਆਪਣੇ ਲਏ ਬਣਾਈਆ । ਪ੍ਰੇਮ ਪਿਆਰ ਅੰਦਰ ਬਦਲ ਦੇਵੇ ਮਜ਼ਾਜ, ਮਜ਼੍ਹਬ ਦੀ ਸ਼ਰਅ ਦਏ ਕਟਾਈਆ । ਪੜ੍ਹਨੀ ਦੱਸੇ ਇਕ ਕਤਾਬ, ਜੋ ਕੁਤਬਖ਼ਾਨਿਆਂ ਵਿਚੋਂ ਬਾਹਰ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਚਲਾ ਕੇ ਇਕ ਸਮਾਜ, ਸਮੇਂ ਨਾਲ ਸਮਾਂ ਦਏ ਬਦਲਾਈਆ ।

✵ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧ ਦਲੀਪ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ✵

ਸ਼ਬਦ ਧਾਰ ਖੇਲ ਅਨੋਖਾ, ਅਕਲ ਕਲਧਾਰੀ ਆਪ ਕਰਾਈਆ । ਜੀਵ ਜਗਤ ਜਹਾਨ ਜੁਗਤ ਵੇਖ ਕੇ ਮੌਕਾ, ਫ਼ਰਮਾਨ ਦਰਬਾਨ ਇਕ ਸੁਣਾਈਆ । ਲੱਖ ਚੁਰਾਸੀ ਵੇਖ ਪਰਖ ਖਰਾ ਖੋਟਾ, ਪਰਦਾ ਪਰਦੇ ਉਤੋਂ ਉਠਾਈਆ । ਕਵਣ ਸ੍ਰੀ ਭਗਵਾਨ ਦੀ ਰਖ ਓਟਾ, ਓੜਕ ਇਕੋ ਰਾਹ ਤਕਾਈਆ । ਕਲਜੁਗ ਅੰਤ ਉਹ ਧਰਮ ਰਾਏ ਕੋਲ ਨਾ ਜਾਏ ਬਦੋਸਾ, ਬਦੋ ਬਦੀ ਦਏ ਨਾ ਕੋਇ ਸਜ਼ਾਈਆ । ਉਸ ਦਾ ਲਹਿਣਾ ਪਾਰ ਚੌਦਾਂ ਲੋਕਾ, ਲੋਕ ਪਰਲੋਕ ਵੱਜੇ ਵਧਾਈਆ । ਜਿਸ ਗਾਇਆ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ" ਸਲੋਕਾ, ਸੋ ਸੁਲਾਹ ਨਾਲ ਆਪਣੇ ਵਿਚ ਸਮਾਈਆ ।


੧੧੨੧

✵ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੧ ਕਿਸ਼ਨ ਸਿੰਘ ਦੇ ਗ੍ਰਿਹ ਅਲੱੜਪਿੰਡੀ ✵

ਸਿੰਘਾਸਣ ਕਹੇ ਮੈਂ ਕਦੇ ਨਾ ਵਿਹਲਾ, ਖ਼ਾਲੀ ਸੇਜ ਨਾ ਕੋਇ ਵਖਾਈਆ । ਮੇਰਾ ਓਸ ਦੇ ਨਾਲ ਹੋਇਆ ਮੇਲਾ, ਜੋ ਜੋਤੀ ਸ਼ਬਦੀ ਧਾਰ ਬੇਪਰਵਾਹੀਆ । ਜਿਸ ਦਾ ਗੋਬਿੰਦ ਇਕੋ ਚੇਲਾ, ਬ੍ਰਹਿਮੰਡ ਖੰਡ ਵੇਖ ਵਖਾਈਆ । ਭਗਤਾਂ ਦਾ ਬਣ ਸੁਹੇਲਾ, ਭਗਵਨ ਹੋ ਕੇ ਦਇਆ ਕਮਾਈਆ । ਵਸਣਹਾਰਾ ਧਾਮ ਨਵੇਲਾ, ਨਿਰਾਕਾਰ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸੋਭਾ ਪਾਈਆ । ਸਿੰਘਾਸਣ ਕਹੇ ਮੇਰਾ ਓਸ ਦੇ ਨਾਲ ਮਿਲਾਪ, ਜੋ ਮਿਲ ਕੇ ਵਿਛੜ ਕਦੇ ਨਾ ਜਾਈਆ । ਜਿਸ ਦਾ ਦੋ ਜਹਾਨ ਪਰਤਾਪ, ਪਰਤ ਕੇ ਆਪਣਾ ਫੇਰਾ ਪਾਈਆ । ਸਦਾ ਸੁਹੇਲਾ ਵਸੇ ਸਾਥ, ਧੁਰ ਦਾ ਸੰਗ ਬਣਾਈਆ । ਸਦਾ ਨਜ਼ਰੀ ਆਵੇ ਸਾਖ਼ਿਆਤ, ਸਨਮੁਖ ਬੈਠਾ ਹਰਿ ਰਘੁਰਾਈਆ । ਧੁਰ ਦੀ ਦੇਂਦਾ ਰਹੇ ਸੁਗ਼ਾਤ, ਨਾਮ ਭੰਡਾਰਾ ਇਕ ਵਰਤਾਈਆ । ਮੈਂ ਖ਼ਾਲੀ ਹੋਵਾਂ ਨਾ ਕਦੀ ਦਿਵਸ ਰਾਤ, ਘੜੀ ਪਲ ਮੇਰੀ ਵਜਦੀ ਰਹੇ ਵਧਾਈਆ । ਮੇਰਾ ਓਸ ਦੇ ਨਾਲ ਬਣਿਆ ਸਾਕ, ਜੋ ਸੱਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਇਕ ਬਣਾਈਆ । ਸਿੰਘਾਸਣ ਕਹੇ ਮੈਂ ਖੇਲ ਦੱਸਾਂ ਸੰਗੀਨ, ਸੰਘੜ ਨਜ਼ਰੀ ਆਈਆ । ਜਿਸ ਦਾ ਲੇਖਾ ਤ੍ਰੈ ਤਿਰ ਤੀਨ, ਤ੍ਰਿਪਤ ਰਿਹਾ ਕਰਾਈਆ । ਵਡਿਆਈ ਦੇ ਕੇ ਉਤੇ ਜ਼ਮੀਨ, ਫ਼ਰਸ਼ ਸੋਭਾ ਪਾਈਆ । ਭਗਤਾਂ ਦੇਵਣਹਾਰਾ ਯਕੀਨ, ਭਰੋਸਾ ਇਕ ਬੰਧਾਈਆ । ਮਿਸਾਲ ਮੇਟ ਜਲ ਮੀਨ, ਮਿੱਲਤ

ਆਪਣੀ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸਦਾ ਸਦਾ ਸਦ ਬੈਠਾ ਸੋਭਾ ਪਾਈਆਵ । ਸਿੰਘਾਸਣ ਕਹੇ ਮੈਂ ਕਦੇ ਨਾ ਹੋਵਾਂ ਖ਼ਾਲੀ, ਖ਼ਾਲਕ ਖ਼ਲਕ ਦਿਆਂ ਸਮਝਾਈਆ । ਮੇਰਾ ਮਾਲਕ ਇਕੋ ਵਾਲੀ, ਵਲੀਆਂ ਦਾ ਵਲੀ ਬੇਪਰਵਾਹੀਆ । ਜੋ ਸਚ ਦਵਾਰੇ ਸਾਚੀ ਸਚ ਕਰੇ ਪ੍ਰਿਤਪਾਲੀ, ਸਭ ਦਾ ਇਕ ਗੁਸਾਈਆ । ਏਥੇ ਓਥੇ ਦੋ ਜਹਾਨਾਂ ਅੰਦਰ ਬਾਹਰ ਗੁਪਤ ਜ਼ਾਹਰ ਜੰਗਲ ਜੂਹ ਉਜਾੜ ਪਹਾੜ ਕਰੇ ਰਖਵਾਲੀ, ਟਿੱਲੇ ਪਰਬਤ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਜੋਤ ਅਕਾਲੀ, ਅਕਲ ਕਲ ਆਪਣੀ ਖੇਲ ਖਿਲਾਈਆ ।

✻ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੧ (ਬਿਕ੍ਰਮੀ ੨੦੨੨) (ਈਸਵੀ ੧੯੬੫) (ਸੰਨ ਹਿਜਰੀ ੧੩੮੫)
ਪਿੰਡ ਘਵਿੰਡ (ਭਾਵ ਘਨਕਪੁਰੀ) (ਪਾਕਿਸਤਾਨ) ਪਿਛਲੇ ਲੇਖੇ ਦੇ ਲਹਿਣੇ ਵਿਚ ਲਿਖਤ ✻

ਵੀਹ ਸੌ ਬਿਕ੍ਰਮੀ ਕਹੇ ਮੇਰੀ ਸੁਣੀ ਫ਼ਰਿਆਦ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਪੰਜ ਜੇਠ ਦੀ ਮੇਰੀ ਅਗੰਮੀ ਆਵਾਜ਼, ਸੁਣੀ ਧੁਰਦਰਗਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਖੋਲ੍ਹ ਕੇ ਰਾਜ਼, ਪਰਦਾ ਦਿਤਾ ਉਠਾਈਆ । ਸ਼ਬਦ ਅਗੰਮੀ ਸਾਜਣ ਸਾਜ, ਸਤਿ ਸਤਿਵਾਦੀ ਧਾਰ ਚਲਾਈਆ । ਹੁਕਮੀ ਹੁਕਮ ਬਦਲਾ ਕੇ ਰਿਵਾਜ਼, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਝਗੜਾ ਮੁਕਾ ਕੇ ਰੋਜ਼ਾ ਨਿਮਾਜ਼, ਜੈਕਾਰਾ ਇਕੋ ਇਕ ਸੁਣਾਈਆ । ਸਜਦਿਆਂ ਵਾਲਾ ਮੁਕਾ ਕੇ ਆਦਾਬ, ਨਮਸਤੇ ਇਕੋ ਦਏ ਦ੍ਰਿੜਾਈਆ । ਧੁਰ ਦਾ ਮਾਲਕ ਹਕ ਜ਼ਨਾਬ, ਹਕ਼ੀਕ਼ਤ ਵੇਖੇ ਥਾਉਂ ਥਾਈਂਆ । ਘਨਕਪੁਰੀ ਸ਼ਹਿਨਸ਼ਾਹੀ ਸੰਮਤ ਸਤਿ ਸਤਿਵਾਦੀ ਫੇਰ ਕਰੇ ਆਬਾਦ, ਨਾਮ ਨਗਾਰਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵੀਹ ਸੌ ਬਿਕ੍ਰਮੀ ਕਹੇ ਮੇਰੇ ਵਡ ਵਡਭਾਗ, ਪੁਰਖ ਅਕਾਲ ਦਇਆ ਕਮਾਈਆ । ਘਰ ਘਰ ਬੁਝਾ ਕੇ ਚਿਰਾਗ਼, ਦੀਵਾ ਬਾਤੀ ਦਿਤਾ ਮਿਟਾਈਆ । ਕੂੜੀ ਕਿਰਿਆ ਲਾ ਕੇ ਆਗ, ਅਗਨੀ ਅੱਗ ਦਿਤਾ ਤਪਾਈਆ । ਪੂਰਾ ਕਰ ਕੇ ਭਵਿਖਤ ਵਾਕ, ਸੰਮਤ ਸ਼ਹਿਨਸ਼ਾਹੀ ਦਿਤਾ ਬਦਲਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਵਜਾਏ ਧੁਰਦਰਗਾਹੀ ਇਕੋ ਨਾਦ, ਨਾਮ ਨਿਧਾਨਾ ਦਏ ਜਣਾਈਆ । ਗੁਰੂ ਅਵਤਾਰ ਪੀਰ ਪੈਗ਼ੰਬਰ ਹੋਣ ਵਿਸਮਾਦ, ਭਗਤ ਸੰਤ ਗੁਰਮੁਖ ਗੁਰਸਿਖ ਫ਼ਕੀਰ ਸੂਫ਼ੀ ਨੇਤਰ ਨੈਣ ਅੱਖ ਖੁਲ੍ਹਾਈਆ । ਦੋ
੧੧੨੨ ਜਹਾਨਾਂ ਵੇਖਣਹਾਰ ਹਾਲਾਤ, ਪੁਰੀ ਲੋਅ ਬ੍ਰਹਿਮੰਡ ਖੰਡ ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਘਨਕਪੁਰੀ ਪੂਰੀ ਕਰ ਕੇ ਆਪ ਆਜ਼ਾਦ, ਆਜਿਜ਼ ਆਪਣੇ ਚਰਨ ਟਿਕਾਈਆ । ਮਾਇਆ ਮਮਤਾ ਮੋਹ ਕਰ ਕੇ ਬਰਬਾਦ, ਜ਼ੁਲਮ ਸਿਤਮ ਦਿਤਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਭੁਗਤਾਈਆ । ਵੀਹ ਸੌ ਬਿਕ੍ਰਮੀ ਕਹੇ ਮੈਂ ਸੰਮਤ ਵੇਖਿਆ ਸ਼ਹਿਨਸ਼ਾਹੀ, ਜੁਗ ਚੌਕੜੀ ਰਿਹਾ ਬਦਲਾਈਆ । ਜਿਸ ਦੀ ਇੱਕੀ ਸਾਲ ਦੇਣ ਗਵਾਹੀ, ਸ਼ਹਾਦਤ ਆਪਣੀ ਰਿਹਾ ਭੁਗਤਾਈਆ । ਚਾਰੋਂ ਕੁੰਟ ਵਜੀ ਇਕ ਵਧਾਈ, ਡੰਕਾ ਨਾਮ ਸੁਣਾਈਆ । ਦਿੱਲੀ ਦਰਬਾਰ ਨੀਂਹ ਦੇਵੇ ਧਰਾਈ, ਹੁਕਮ ਚਲੇ ਬੇਪਰਵਾਹੀਆ । ਅਗਲਾ ਖੇਲ ਅਗੰਮ ਅਥਾਹੀ, ਪੁਰਖ ਅਬਿਨਾਸ਼ੀ ਆਪਣੇ ਵਿਚ ਛੁਪਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਵੇਖ ਵਖਾਈਆ । ਘਵਿੰਡ ਨਹੀਂ ਇਹ ਸ਼ੇਰ ਘਰਾਨਾ, ਸ਼ੇਰਾਂ ਦਾ ਸ਼ੇਰ ਖੇਲ ਕਰਾਈਆ । ਜਿਸ ਦੇ ਹੁਕਮੇ ਅੰਦਰ ਹੋਇਆ ਵੈਰਾਨਾ, ਵੈਰੀ ਰੂਪ ਨਾ ਕੋਇ ਵਟਾਈਆ । ਕਿਸੇ ਭਰਨਾ ਨਾ ਪਿਆ ਆਬਿਆਨਾ, ਧੁਰ ਦਾ ਧੱਕਾ ਇਕ ਲਗਾਈਆ । ਅਗਲਾ ਖੇਲ ਹੋਣਾ ਮਹਾਨਾ, ਮਹਾਂਬਲੀ ਵੇਖ ਵਖਾਈਆ । ਸਤਿਜੁਗ ਸਤਿ ਧਰਮ ਦਾ ਜਿਥੇ ਝੁਲਣਾ ਸਤਿ ਨਿਸ਼ਾਨਾ, ਨਿਸ਼ਾਨੇ ਕੂੜੇ ਦਿਤੇ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਕੱਤਕ ਸੰਮਤ ਸ਼ਹਿਨਸ਼ਾਹੀ ਲਿਖਾ ਕੇ ਚਲਿਆ ਉਹ ਪਰਵਾਨਾ, ਜੋ ਪਰਮ ਪੁਰਖ ਪਰਮਾਤਮ ਸਰਬ ਜੀਵ ਆਤਮ ਹੁਕਮ ਸੁਣਾਈਆ ।

ਸਰਬ ਆਤਮ ਪਰਮਾਤਮ ਸੰਦੇਸ਼, ਨਿਰਗੁਣ ਨਿਰਗੁਣ ਹੁਕਮ ਜਣਾਈਆ । ਸੰਮਤ ਸ਼ਹਿਨਸ਼ਾਹੀ ਹੁਕਮ ਏਕ, ਏਕੰਕਾਰ ਦਏ ਵਡਿਆਈਆ । ਨੇਤਰ ਲੋਚਨ ਨੈਣ ਸਭ ਨੇ ਲੈਣਾ ਵੇਖ, ਦਿਸ਼ਾ ਸਭ ਦੀ ਦਏ ਬਦਲਾਈਆ । ਢੇਰੀ ਢਾਹ ਕੇ ਮੁਸਾਇਕ ਮੁੱਲਾ ਸ਼ੇਖ਼, ਸ਼ਨਾਖ਼ਤ ਸਭ ਦੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਵਿੰਡ ਪਿੰਡ ਭਗਤਾਂ ਦੇ ਕੇ ਟੇਕ, ਟਿੱਕਾ ਮਸਤਕ ਰਿਹਾ ਲਗਾਈਆ । ਘਵਿੰਡ ਪਿੰਡ ਕਹੇ ਮੈਂ ਗਿਆ ਘਬਰਾ, ਵੀਹ ਸੌ ਬਿਕ੍ਰਮੀ ਯਾਦ ਆਈਆ । ਜਿਸ ਵੇਲੇ ਹੁਕਮ ਦਿਤਾ ਸ਼ਹਿਨਸ਼ਾਹ, ਸਭ ਦੀ ਸਫ਼ਾ ਦੇਣੀ ਉਲਟਾਈਆ । ਘਰ ਘਰ ਖ਼ਾਲੀ ਕਾਗ ਦੇਣੇ ਉਡਾ, ਚੁੰਝੀ ਚੋਗ ਨਾ ਕੋਇ ਭਰਾਈਆ । ਮਹਲ ਅਟਲ ਨਾ ਕੋਇ ਰੁਸ਼ਨਾ, ਮੰਡਲ ਮੰਡਪ ਨਾ ਕੋਇ ਵਡਿਆਈਆ ।
੧੧੨੩ ਧਾਮ ਸੁਹਲੜਾ ਇਕ ਅਕਲੜਾ ਸਚ ਦਵਾਰਾ ਦੇਣਾ ਵਸਾ, ਵਿਸ਼ਵ ਆਪਣੀ ਕਾਰ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲਾ ੧੧੨੩
ਲੇਖਾ ਪਹਿਲੀ ਕੱਤਕ ਹਰਿ ਸੰਗਤ ਰਾਤ ਦਸ ਵਜੇ ਦਏ ਲਿਖਾ, ਲਿਖਤ ਭਵਿਖਤ ਭਾਵ ਆਪਣੇ ਨਾਲ ਸਮਝਾਈਆ ।

### ❊ ਘਵਿੰਡ ਦੇ ਬੁੱਢੇ ਮੁਸਲਮਾਨ ਸੁਲਖਣ ਦੇ ਨਾਲ ਤੇ ਉਹਦੀ ਭੈਣ ਦੇ ਨਵਿਤ ❊

ਅਲੀ ਦੇ ਮਿਤਰ ਪਿਆਰੇ ਸੁਲੱਖਣ, ਵਲੀਆਂ ਵਲੀ ਦਏ ਵਡਿਆਈਆ । ਖ਼ੁਦਾਤਾਲਾ ਤੇਰੀ ਅਜ਼ਮਤ ਆਇਆ ਰੱਖਣ, ਮਿਹਰ ਨਜ਼ਰ ਉਠਾਈਆ । ਤਿੰਨ ਦਫ਼ਾ ਤੇਰੇ ਕੋਲੋਂ ਖਾਧਾ ਸੀ ਮੱਖਣ, ਪਿੰਡ ਘਵਿੰਡ ਦਏ ਗਵਾਹੀਆ । ਇਕ ਵੇਰਾਂ ਲੱਸੀ ਲੱਗਾ ਸੀ ਚੱਖਣ, ਸੁਲਾਹ ਪ੍ਰੇਮ ਨਾਲ ਲਗਾਈਆ । ਫਿਰ ਪੜਦੇ ਨਾਲ ਲੱਗੋਂ ਢਕਣ, ਮਹਾਰਾਜ ਸ਼ੇਰ ਸਿੰਘ ਹਸ ਕੇ ਤੇਰਾ ਹੱਥ ਦਿਤਾ ਉਲਟਾਈਆ । ਓਸ ਦੇ ਕਾਰਨ ਤੇਰੇ ਨਾਲ ਮਿਲ ਕੇ ਆਇਆ ਵਸਣ, ਪ੍ਰੇਮ ਪ੍ਰੀਤੀ ਤੋੜ ਨਿਭਾਈਆ । ਤੇਰਾ ਅਜਾਬ ਆਇਆ ਕੱਟਣ, ਰੂਹ ਬੁਤ ਦੋਵੇਂ ਪਾਕ ਕਰਾਈਆ । ਲੈ ਕੇ ਜਾਏ ਓਸ ਹੁਬੇ ਵਤਨ, ਜਿਸ ਮੁਕਾਮੇ ਹਕ ਜਲਵਾ ਨੂਰ ਖ਼ੁਦਾਈਆ । ਰਹੀਮ ਰਹਿਮਾਨ ਦਰਸਾਵੇ ਉਹ ਪਤਣ, ਜਿਸ ਦਾ ਕਿਨਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਰਿਹਾ ਚੁਕਾਈਆ । ਸੁਲੱਖਣ ਤੇਰਾ ਜਜ਼ਬਾ ਪ੍ਰੇਮ, ਨੀਤੀ ਨੀਤੀ ਵਿਚੋਂ ਬਦਲਾਈਆ । ਓਸ ਦਾ ਪੂਰਾ ਕਰਨ ਆਇਆ ਨੇਮ, ਜੋ ਰਾਤੀ ਸੁਫ਼ਨਿਆਂ ਵਿਚ ਸਮਝਾਈਆ । ਪਿਛਲੇ ਜਨਮ ਦਾ ਲਹਿਣਾ ਦੇਣ, ਮਕਰੂਜ਼ ਰਿਹਾ ਚੁਕਾਈਆ । ਤੇਰਾ

ਥੋੜ੍ਹਾ ਨਾਤਾ ਸੀ ਨਾਲ ਹਸਨ ਹੁਸੈਨ, ਕਰਬਲਾ ਰੂਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸੁਲੱਖਣ ਤੇਰੇ ਪਿਛੇ ਲੈ ਕੇ ਆਇਆ ਤਸ਼ਰੀਫ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੇ ਕਰਮ ਦੀ ਕਰ ਕੇ ਜਾਏ ਤਸਦੀਕ, ਹੁਕਮੇ ਨੂਰ ਖ਼ੁਦਾਈਆ । ਤੇਰੀ ਬੇਸ਼ਕ ਉਮਰ ਭਾਵੇਂ ਜ਼ਈਫ਼ਲ ਜ਼ਈਫ਼, ਹੱਡੀਆਂ ਵਿਚੋਂ ਬੁਢਾਪਾ ਰੂਪ ਵਟਾਈਆ । ਤੇਰੀ ਕ਼ੀਮਤ ਵਾਲੀ ਤਾਰੀਫ਼, ਪੈਗ਼ੰਬਰਾਂ ਨਾਲ ਵਡਿਆਈਆ । ਤੈਨੂੰ ਵੇਖ ਕੇ ਇਕ ਅਜ਼ੀਜ਼, ਸਿਰ ਆਪਣਾ ਹੱਥ ਟਿਕਾਈਆ । ਤੇਰੀ ਜਾਣ ਕੇ ਪਿਛਲੀ ਤਮੀਜ, ਤਮਅ ਦਿਤੀ ਬਦਲਾਈਆ । ਜਿਹੜਾ ਕਰ ਰਿਹਾ ਸੀ ਉਡੀਕ, ਵੇਲਾ ਵਕ਼ਤ ਦਏ ਗਵਾਹੀਆ । ਉਸ ਦੀ ਦੱਸੇ ਨਾ ਕੋਇ ਤਸਨੀਫ਼, ਮੁਸਨਿਫ਼ ਨਜ਼ਰ ਕੋਇ ਨਾ ਆਈਆ । ਘਵਿੰਡ ਦੀ ਨਿਸ਼ਾਨੀ ਇਕ ਕ਼ੁਰਾਨੇ ਸ਼ਰੀਫ਼, ਕੁਰ੍ਹਾ ਕ਼ਦੀਮ ਦਾ ਦਏ ਬਦਲਾਈਆ । ਸਚ ਦੀ ਸਦਾ ਪ੍ਰੀਤ, ਕੂੜ ਨਾਲੋਂ ਕੂੜ ਨਾਤਾ ਗਿਆ ਤੁੜਾਈਆ । ਤੁਸੀਂ ਪਹਿਲੋਂ ਪਾਕਿਸਤਾਨ ਦੇ ਵਸਨੀਕ, ਹੁਣ ਹਿੰਦ ਦੇ ਸਿਪਾਹੀ ਤੁਹਾਡੀ ਸ਼ਹਾਦਤ ਰਹੇ ਭੁਗਤਾਈਆ । ਤੁਹਾਡੇ ਕੋਲ ਖੜ੍ਹੇ ਕ਼ਰੀਬ, ਦਿਵਸ ਰੈਣ ਸੇਵ ਕਮਾਈਆ । ਖ਼ੁਦਾ ਦੇ ਕਾਰਨ ਹੋਈ ਇਹ ਬਖ਼ਸ਼ੀਸ਼, ਜੋ ਤੇਰੇ ਕੋਲ ਬਹਿ ਕੇ ਸਫ਼ਾ ਸਭ ਦੀ ਰਿਹਾ ਉਲਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਕੇ ਜਾਏ ਉਹ ਭੀਖ, ਜਿਹੜੀ ਅੰਤ ਮਕ਼ਬਰਿਆਂ ਵਿਚੋਂ ਬਾਹਰ ਕਢਾਈਆ ।


੧੧੨੪

## ❊ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਕੱਤਕ ਕਹੇ ਸੰਮਤ ਸ਼ਹਿਨਸ਼ਾਹੀ ਦਾ ਮੁਸ਼ਕਲ ਨਾਲ ਮੁਕਿਆ ਅਧ, ਅਧਵਾਟੇ ਵੇਖੀ ਲੋਕਾਈਆ । ਮੈਂ ਵੇਖ ਕੇ ਹੋਇਆ ਗਦ ਗਦ, ਖ਼ੁਸ਼ੀਆਂ ਵਿਚੋਂ ਖ਼ੁਸ਼ੀ ਬੇਪਰਵਾਹੀਆ । ਛੇ ਮਾਹ ਪਿਛਲੇ ਸੱਦ, ਕੋਲ ਬਹਾ ਕੇ ਪੁਛ ਪੁਛਾਈਆ । ਕੀ ਕੁਛ ਕੀਤਾ ਮੈਨੂੰ ਦਿਓ ਦੱਸ, ਪਰਦਾ ਰਹੇ ਨਾ ਰਾਈਆ । ਛੇਵੇ ਰੋ ਪਏ ਆਪਣੀ ਅੱਖ, ਨੇਤਰ ਨੈਣਾਂ ਨੀਰ ਵਹਾਈਆ । ਅਸੀਂ ਥੋੜ੍ਹਾ ਥੋੜ੍ਹਾ ਪੂਰਾ ਕੀਤਾ ਆਪਣਾ ਹਕ, ਹੁਕਮ ਮੰਨਿਆ ਸ਼ਹਿਨਸ਼ਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਪਿਛਲਾ ਮੇਟ ਕੇ ਸ਼ਕ, ਪਰਦਾ ਦਿਤਾ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਰਹੇ ਨਠ, ਭੱਜੇ ਵਾਹੋ ਦਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਦਾ ਬਣਾ ਕੇ ਭਠ, ਭਠਿਆਲਾ ਲੱਭੀਏ ਥਾਉਂ ਥਾਈਆ । ਕਿਸੇ ਅਗੰਮੀ ਹੁਕਮ ਦਿਤਾ ਝਟ, ਸੰਦੇਸ਼ਾ ਸਚ ਸੁਣਾਈਆ । ਜ਼ਰਾ ਪਰਤ ਕੇ ਵੇਖੋ ਅੱਖ, ਪ੍ਰਤੱਖ ਰੂਪ ਗੁਸਾਈਆ । ਜੋ ਤੀਰ ਅਣਿਆਲਾ ਮਾਰੇ ਕਸ, ਕ਼ਸਮ ਖਾ ਕੇ ਪਾਰ ਲੰਘਾਈਆ । ਤੁਸੀਂ ਕਰਿਓ ਮੂਲ ਨਾ ਬੱਸ, ਬਸਤੇ ਸਭ ਦੇ ਫੋਲ ਫੁਲਾਈਆ । ਕਲਜੁਗ ਕੂੜੀ ਕਾਇਆ ਪਈ ਪਸ, ਦਰਦੀ ਦਰਦ ਨਾ ਕੋਇ ਵੰਡਾਈਆ । ਪੁਰਖ ਅਕਾਲ ਦਾ ਭੁੱਲਿਆ ਜਸ, ਚਾਰ ਜੁਗ ਦੇਣ ਗਵਾਹੀਆ । ਖ਼ਾਲੀ ਸਭ ਦੇ ਵੇਖੋ ਹੱਥ, ਨਿਹੱਥੀ ਦਿਸੇ ਲੋਕਾਈਆ । ਹਿਰਦੇ ਹਰਿ ਕੋਈ ਨਾ ਰਿਹਾ ਰਟ, ਰੱਟੇ ਘਰ ਘਰ ਰਿਹਾ ਵਖਾਈਆ । ਸਚ ਕਿਨਾਰਾ ਨਜ਼ਰ ਨਾ ਆਵੇ ਤਟ, ਤੁਟਿਆਂ ਜੋੜ ਨਾ ਕੋਇ ਜੁੜਾਈਆ । ਛੇ ਮਾਸ ਕਹਿਣ ਅਸੀਂ ਥੋੜ੍ਹੀ ਜਿਹੀ ਆਪਣੇ ਹਿਸੇ ਦੀ ਲਾ ਕੇ ਬੈਠੇ ਸੱਟ, ਮਾਤਰ ਇਸ਼ਾਰੇ ਦਿਤਾ ਸਮਝਾਈਆ । ਅਧ ਵਿਚਕਾਰੋਂ ਕੱਤਕ ਤੂੰ ਦੇਣਾ ਆਪਣਾ ਟਕ, ਟਕਿਆਂ ਵਾਲੇ ਦੇਣੇ ਮਿਟਾਈਆ । ਜਗਤ ਰਹਿਣ ਨਹੀਂ ਦੇਣੀ ਕੋਈ ਵਟ, ਵਟਣਿਆਂ ਵਾਲੀ ਨਾ ਕੋਇ ਸਗਾਈਆ । ਕੱਤਕ ਕਹੇ ਮੈਂ ਮਾਰਨਾ ਉਹ ਫੱਟ, ਫੱਟਿਆਂ

ਉਤੇ ਜਨਾਜ਼ੇ ਦੇਣੇ ਟਿਕਾਈਆ । ਜਗਤ ਮਨਾਰਾ ਜਾਏ ਢਠ, ਢੇਰੀ ਖ਼ਾਕ ਵਖਾਈਆ । ਮੇਰੀ ਪਹਿਲੀ ਉਹ ਹੱਦ, ਜਿਥੇ ਵੱਜੀ ਸਚ ਵਧਾਈਆ । ਜਿਸ ਦਾ ਹੁਕਮ ਕੋਈ ਨਾ ਸਕੇ ਦਬ, ਦਬਦਬੇ ਵਿਚ ਨਾ ਕੋਇ ਡਰਾਈਆ । ਜਿਸ ਨੂੰ ਸਾਰੇ ਰਹੇ ਲਭ, ਲਬਾਂ ਉਤੇ ਜ਼ਬਾਨ ਫਿਰਾਈਆ । ਨੂਰੀ ਕਹਿੰਦੇ ਰੱਬ, ਜਲਵਾ ਬੇਪਰਵਾਹੀਆ । ਪਰਗਟ ਹੋਵੇ ਝਬ, ਝਪਟ ਇਕ ਲਗਾਈਆ । ਕੱਤਕ ਕਹੇ ਖੇਲ ਓਸ ਦਾ ਅਬ, ਵੇਸ ਅਨੇਕਾ ਰੂਪ ਵਟਾਈਆ । ਸਚ ਦਵਾਰੇ ਰਿਹਾ ਫਬ, ਫ਼ੈਸਲਾ ਹਕ ਸੁਣਾਈਆ । ਦੋ ਜਹਾਨਾਂ ਬਣ ਕੇ ਜਜ, ਜ਼ਮਾਨਤ ਵਿਚ ਰਖੇ ਲੋਕਾਈਆ । ਕਿਸੇ ਲੌਣ ਨਾ ਦੇਵੇ ਅਜ ਪਜ, ਲੱਖ ਚੁਰਾਸੀ ਸਿਰ ਸਕੇ ਨਾ ਕੋਇ ਉਠਾਈਆ । ਆਪਣੇ ਹੁਕਮੈਂ ਅੰਦਰ ਲਏ ਬਧ, ਬੰਧਨ ਇਕੋ ਪਾਈਆ । ਜਿਸ ਦਾ ਲੇਖਾ ਕੋਈ ਨਾ ਸਕੇ ਰਦ, ਹੁਕਮੀ ਹੁਕਮ ਨਾ ਕੋਇ ਉਲਟਾਈਆ । ਉਹ ਜੁਗ ਚੌਕੜੀ ਦਾ ਪਿਛਲਾ ਲੇਖਾ ਵਹੀ ਖਾਤਾ ਰਿਹਾ ਕੱਢ, ਬਿਨ ਹਰਫ਼ਾਂ ਹਰਫ਼ ਪਰਗਟਾਈਆ । ਦੋ ਜਹਾਨਾਂ ਪਾਰ ਲੰਘ, ਅੰਗਣ ਆਪਣੇ ਸੋਭਾ ਪਾਈਆ । ਕਿਸੇ ਕੋਲੋਂ ਵਸਤ ਨਾ ਲਏ ਕੋਈ ਮੰਗ, ਮਾਂਗਤ ਕਰੇ ਲੋਕਾਈਆ । ਸ੍ਰਿਸ਼ਟੀ ਹੋਵੇ ਦੰਗ, ਹੈਰਾਨੀ ਵਿਚ ਘਬਰਾਈਆ । ਕੱਤਕ ਕਹੇ ਕਿਸ ਬਿਧ ਛੇੜਨ ਵਾਲਾ ਜੰਗ, ਜੰਗਜੂ ਬਹਾਦਰ ਸ਼ਹਿਨਸ਼ਾਹੀਆ । ਜਿਸ ਦਾ ਨਾਮ ਫ਼ਰਮਾਣਾ ਬੈਰੰਗ, ਮੋਹਰ ਸਾਬਤ ਨਾ ਕੋਇ ਕਰਾਈਆ । ਹਲੂਣਾ ਦੇ ਕੇ ਸ਼ਾਹ ਫ਼ਰੰਗ, ਫ਼ਿਕਰਿਆਂ ਵਿਚ ਉਡਾਈਆ । ਸ਼ਬਦੀ ਘੋੜ ਤਰੰਗ, ਤੁਰਤ ਲਏ ਦੌੜਾਈਆ । ਜਿਸ ਕਾਰਨ ਮਾਰ ਕੇ ਆਇਆ ਪੰਧ, ਪੁਰੀ ਘਨਕ ਚਰਨ ਛੁਹਾਈਆ । ਲੱਖ ਚੁਰਾਸੀ ਖੱਟੇ ਕਰ ਦਏ ਦੰਦ, ਜੀਭ ਸਕੇ ਨਾ ਕੋਇ ਹਿਲਾਈਆ । ਸ਼ਾਹ ਸੁਲਤਾਨਾਂ ਫਰਕੇ ਅੰਗ ਅੰਗ, ਮਨ ਵਾਸਨਾ ਲਏ ਅੰਗੜਾਈਆ । ਅੰਧੇਰ ਵੇਖੇ ਵਿਚ ਬ੍ਰਹਿਮੰਡ, ਵਰਭੰਡ ਦਏ ਦੁਹਾਈਆ । ਸਭ ਨੂੰ ਕਰੇ ਖੰਡ ਖੰਡ, ਖੰਡਾ ਇਕ ਉਠਾਈਆ । ਜੋ ਛਡ ਕੇ ਗਿਆ ਪੁਰੀ ਅਨੰਦ, ਉਹ ਅਨੰਦ ਸਭ ਦੇ ਦਏ ਮਿਟਾਈਆ । ਜਿਸ ਨੇ ਬਾਲੇ ਨੀਹਾਂ ਹੇਠਾਂ ਰਖੇ ਕੰਧ, ਉਹ ਕੰਧੇ ਸਭ ਦੇ ਦਏ ਉਖੜਾਈਆ । ਜਗਤ ਦੁਹਾਗਣ ਨਾਰ ਦਿਸੇ ਰੰਡ, ਰੰਡੇਪਾ ਘਰ ਘਰ ਫੇਰੀ ਪਾਈਆ । ਕਲਜੁਗ ਕੂੜ ਕੁੜਿਆਰਾ ਕੱਤਕ ਵਿਚ ਚੜ੍ਹਨ ਵਾਲਾ ਜੰਞ, ਸੱਜਣ ਸਾਥੀ ਨਾਲ ਰਲਾਈਆ । ਥੋੜ੍ਹਾ ਜਿਹਾ ਇਸ਼ਾਰਾ ਦਿਤਾ ਭਾਈ ਮੰਝ, ਭੋਲੇ ਭਾਓ ਗਿਆ ਸਮਝਾਈਆ । ਗੁਰਮੁਖੋ ਓਸ ਵੇਲੇ ਕਰਿਓ ਕੋਈ ਨਾ ਰੰਜ, ਦੁੱਖਾਂ ਵਾਲਾ ਦਰਦ ਨਾ ਕੋਇ ਮਿਟਾਈਆ । ਤੁਹਾਡੀ ਡੋਰੀ ਪ੍ਰਭ ਦਾ ਪਤੰਗ, ਪੁਤਲੀ ਲੱਖ ਚੁਰਾਸੀ ਦਏ ਨਚਾਈਆ । ਜਿਸ ਦਾ ਢੋਲਾ ਸ਼ਬਦ ਸੰਦੇਸ਼ਾ ਇਕੋ ਛੰਦ, ਸ਼ਹਿਨਸ਼ਾਹ ਬੇਪਰਵਾਹੀਆ । ਕੂੜਿਆਂ ਕਰਮਾਂ ਦੀ ਢਠ ਜਾਏ ਕੰਧ, ਕਲਮਿਆਂ ਵਿਚੋਂ ਕ਼ਲਮੇ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਹਿਨਸ਼ਾਹੀਆ । ਸ਼ਹਿਨਸ਼ਾਹੀ ਸੰਮਤ ਕਹੇ ਮੇਰੇ ਮਹੀਨੇ ਗੁਜ਼ਰੇ ਛੇ, ਚਾਰੋਂ ਕੁੰਟ ਵੇਖ ਵਖਾਈਆ । ਮੇਰੀ ਕਿਸੇ ਨਾ ਲਈ ਹੇ ਬਹੇ, ਅਲਿਫ਼ ਯੇ ਨਾ ਕੋਇ ਸਮਝਾਈਆ । ਮੇਰੀ ਬੁਝੀ ਪਿਆਸ ਵਾਲੀ ਨਹੀਂ ਤੇਹ, ਤ੍ਰਿਖਾ ਰਹੀ ਸਤਾਈਆ । ਮੈਂ ਚਾਰ ਕੁੰਟ ਕਿਸੇ ਦਾ ਲੱਗਾ ਰਹਿਣ ਨਹੀਂ ਦਿਤਾ ਨੇਂਹ, ਯਾਰੀ ਯਾਰ ਨਾ ਕੋਇ ਹੰਡਾਈਆ । ਅਜੇ ਮਾਝੇ ਦੀ ਥੋੜ੍ਹੀ ਉਡੀ ਖੇਹ, ਖ਼ਬਰ ਸਭ ਨੂੰ ਰਿਹਾ ਸੁਣਾਈਆ । ਜਿੰਨਾਂ ਚਿਰ ਨਾ ਹੋਵੇ ਥੇਹ, ਥੜ੍ਹੇ ਸਾਫ਼ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਛੇ ਮਹੀਨੇ ਕਹਿਣ ਅਸੀਂ ਥੋੜ੍ਹੀ ਜਿਹੀ ਲਾਈ ਆਪਣੀ ਸ਼ਕਤ, ਹੁਕਮ ਮੰਨਿਆ ਬੇਪਰਵਾਹੀਆ । ਸਾਨੂੰ ਮਾਝੇ ਵਿਚੋਂ ਲਜਿਆ ਆ ਗਈ ਵੇਖ ਕੇ ਦਵਾਰਾ

ਭਗਤ, ਨੇਤਰ ਨੈਣ ਲਏ ਬਦਲਾਈਆ । ਗੋਬਿੰਦ ਪਿਛੇ ਆਇਆ ਤਰਸ, ਗੁਰਮੁਖ ਲਏ ਉਠਾਈਆ । ਥੋੜ੍ਹੀ ਬਾਕੀ ਹੋਰ ਹਰਸ, ਉਹ ਵੀ ਰਹੇ ਜਣਾਈਆ । ਪੁਰਖ ਅਕਾਲ ਦਾ ਦੇਣਾ ਕਰਜ਼, ਮਕਰੂਜ਼ ਸੀਸ ਝੁਕਾਈਆ । ਅਗਲਾ ਖੇਲ ਵੇਖੇ ਅਸਚਰਜ, ਅਚਰਜ ਰੂਪ ਵਟਾਈਆ । ਸਭ ਦੀ ਪੁੱਠੀ ਕਰਨੀ ਨਰਦ, ਸਾਰਪਾਸ਼ ਸਮਝ ਨਾ ਪਾਈਆ । ਸਭ ਨੂੰ ਲੈਣਾ ਇਕ ਵਰਗ, ਵਖਰੇ ਵਖਰੇ ਲੈਣੇ ਉਠਾਈਆ । ਜਿੰਨਾਂ ਚਿਰ ਵੇਖਾਂ ਨਾ ਬਿਸਤਰੇ ਮਰਗ, ਮਗਰਲੀ ਪੂਰੀ ਨਾ ਹੋਏ ਲਿਖਾਈਆ । ਜਿਸ ਕਾਰਨ ਮੁੜ ਕੇ ਆਇਆ ਪਰਤ, ਜੋਤ ਸਰੂਪੀ ਫੇਰਾ ਪਾਈਆ । ਸਚਖੰਡ ਦਵਾਰਿਉਂ ਲੈ ਕੇ ਫ਼ਰਦ, ਸੰਤ ਸੁਹੇਲੇ ਲਏ ਉਠਾਈਆ । ਛੇਆਂ ਮਹੀਨਿਆਂ ਅੰਦਰ ਉਨ੍ਹਾਂ ਦੀ ਵੰਡ ਕੇ ਦਰਦ, ਹਿਸਾ ਆਪਣੀ ਝੋਲੀ ਲਿਆ ਟਿਕਾਈਆ । ਅਗੇ ਕੱਤਕ ਹੱਥ ਫੜਾ ਕੇ ਛੁਰੀ ਕਰਦ, ਕਤਲਗਾਹ ਦਿਤੀ ਵਖਾਈਆ । ਘਨਕਪੁਰੀ ਦੇ ਇਰਦ ਗਿਰਦ ਉਡਣੀ ਉਹ ਗਰਦ, ਜੋ ਗਿਰਹਾ ਪਲੂ ਸਭ ਦੇ ਦਏ ਛੁਡਾਈਆ । ਅੰਤ ਲੇਖਾ ਅਖ਼ੀਰੀ ਓਸ ਬਿਰਧ, ਜਿਸ ਦਾ ਬਦਲਾ ਆਇਆ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਆਪਣੇ ਹੱਥ ਵਖਾਈਆ । ਕੱਤਕ ਕਹੇ ਮੈਨੂੰ ਯਾਦ ਸੰਮਤ ਉਹ ਬੀਸ, ਜਿਸ ਵਿਚ ਮਿਲੀ ਵਡਿਆਈਆ । ਜਿਸ ਦੇ ਸਾਲ ਬੀਤੇ ਇਕੀਸ, ਗੁਰ ਅਵਤਾਰਾਂ ਪੈਗ਼ੰਬਰਾਂ ਲਹਿਣਾ ਦਿਤਾ ਮੁਕਾਈਆ । ਸਾਂਝੀ ਦੱਸ ਕੇ ਇਕ ਹਦੀਸ, ਕ਼ਲਮਾ ਹਕ ਪੜ੍ਹਾਈਆ । ਧੁਰ ਦੀ ਅਗੰਮੀ ਜਣਾ ਕੇ ਰੀਤ, ਸਾਚਾ ਗੀਤ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਕੱਤਕ ਕਹੇ ਛੇ ਮਹੀਨਿਆਂ ਲਾਇਆ ਬਹੁਤ ਜ਼ੋਰ, ਮੈਨੂੰ ਥੋੜ੍ਹਾ ਨਜ਼ਰੀ ਆਈਆ । ਮੈਂ ਨੌ ਖੰਡ ਪ੍ਰਿਥਮੀ ਘਰ ਘਰ ਵਾੜਨਾ ਉਹ ਚੋਰ, ਜੋ ਚੋਰੀ ਚੋਰੀ ਸਭ ਨੂੰ ਲਏ ਉਠਾਈਆ । ਦਹਿ ਦਿਸ਼ਾ ਅੰਧੇਰਾ ਕਰਨਾ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਉਤਰ ਪੂਰਬ ਪੱਛਮ ਦੱਖਣ ਮਚੌਣਾ ਸ਼ੋਰ, ਸ਼ੋਰ ਗੁਲ ਸਰਬ ਲੋਕਾਈਆ । ਲੇਖਾ ਥੋੜ੍ਹਾ ਜਿਹਾ ਪਸ਼ੌਰ, ਪੁਸ਼ਤ ਪਨਾਹ ਹੱਥ ਦਿਆਂ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕੱਤਕ ਕਹੇ ਮੈਂ ਵੇਖਣੇ ਸਭ ਦੇ ਕਰਮ, ਕਾਂਡਾਂ ਵਿਚੋਂ ਫੋਲ ਫੁਲਾਈਆ । ਮੈਂ ਮੇਟਣੇ ਉਹ ਭਰਮ, ਜੋ ਪੜਦਿਆਂ ਵਿਚ ਛੁਪਾਈਆ । ਮੈਂ ਵੇਖਣੇ ਉਹ ਚਰਮ, ਜਿਨ੍ਹਾਂ ਦਾ ਮਾਸ ਕੋਇ ਨਾ ਖਾਈਆ । ਮੈਂ ਵੇਖਣੇ ਉਹ ਬਰਨ, ਜਿਨ੍ਹਾਂ ਦੀ ਸਰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਾਹਿਬ ਹੋਏ ਸਹਾਈਆ । ਕੱਤਕ ਕਹੇ ਮੈਂ ਹੁਕਮ ਮੰਨਣਾ ਆਦਲ, ਅਦਲੀ ਇਕ ਜਣਾਈਆ । ਮੈਂ ਧਾਮ ਵੇਖਣਾ ਬਾਤਲ, ਬੈਤਲ ਨਜ਼ਰੀ ਆਈਆ । ਮੈਨੂੰ ਕੋਈ ਨਾ ਕਹੋ ਕ਼ਾਤਲ, ਕਤਰਾ ਕਤਰਾ ਖ਼ੂਨ ਸਭ ਦਾ ਵੇਖ ਖ਼ੁਸ਼ੀ ਮਨਾਈਆ । ਮੈਨੂੰ ਚਾਰ ਜੁਗਾਂ ਪਿਛੋਂ ਕਹਿਣਾ ਵੱਡਾ ਚਾਤਰ, ਜਿਸ ਸ੍ਰਿਸ਼ਟੀ ਦਿਤੀ ਹਿਲਾਈਆ । ਮੇਰਾ ਸੰਦੇਸ਼ਾ ਧੁਰ ਦਾ ਪਾਤਰ, ਪਤਰਿਆਂ ਵਾਲੀ ਨਾ ਕੋਇ ਪੜ੍ਹਾਈਆ । ਚੌਦਾਂ ਲੋਕਾਂ ਰਹਿਣ ਨਹੀਂ ਦੇਣੀ ਆਕੜ, ਅੰਕੜਿਆਂ ਵਿਚ ਨਾ ਕੋਇ ਗਣਾਈਆ । ਜੋ ਮੇਰੇ ਸਾਹਿਬ ਉਤੇ ਹੋਇਆ ਸ਼ਾਕਰ, ਸ਼ੁਕਰੀਆ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਕੱਤਕ ਕਹੇ ਮੇਰਾ ਖੇਲ ਅੱਧ ਤੋਂ ਅਗੇ, ਅਗਲੀ ਕਾਰ ਜਣਾਈਆ । ਕੂੜੇ ਰਹਿਣ ਨਹੀਂ ਦੇਣੇ ਬਗਲੇ ਬੱਪੇ, ਬਪੜੇ ਦੇਣੇ ਮਿਟਾਈਆ । ਹਰਫ਼ਾਂ ਵਾਲੇ ਰਹਿਣ ਨਹੀਂ ਦੇਣੇ ਟੱਪੇ, ਇਕੋ ਕਰਨੀ ਸਚ ਪੜ੍ਹਾਈਆ । ਮਾਤਾ ਦੀ ਗੋਦ ਵਿਚ ਖੇਡਣ ਨਹੀਂ ਦੇਣੇ ਬੱਚੇ, ਇਹੋ ਮੇਰੀ ਚਤੁਰਾਈਆ ।

ਮੈਂ ਪ੍ਰਭ ਦੇ ਵਾਕ ਕਰਨੇ ਸਚੇ, ਸੱਚਿਆਂ ਰਿਹਾ ਸਮਝਾਈਆ । ਗੁਰਮੁਖੋ ਗੁਰ ਸ਼ਬਦ ਧਾਰ ਵਿਚ ਰਿਹੋ ਨਾ ਕੱਚੇ, ਕਾਚੀ ਮਾਟੀ ਕੰਮ ਕਿਸੇ ਨਾ ਆਈਆ । ਵੇਖੋ ਘਨਕਪੁਰੀ ਦੇ ਘਰਾਨੇ ਢੱਠੇ, ਜਿਥੇ ਮਿਲੇ ਨਾ ਕੋਇ ਵਡਿਆਈਆ । ਇਹੋ ਪੈਣੇ ਚਾਰੋਂ ਕੁੰਟ ਰੱਟੇ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਪਹਿਲੀ ਕੱਤਕ ਉਚੀ ਕੂਕ ਕੂਕ ਦੱਸੇ, ਹੁਕਮ ਹੁਕਮ ਬੇਪਰਵਾਹੀਆ । ਜੋ ਲੇਖ ਅਗੰਮੀ ਨਰ ਹਰਿ ਦੱਸੇ, ਦਹਿ ਦਿਸ਼ਾ ਰਿਹਾ ਦ੍ਰਿੜਾਈਆ । ਮਾਇਆ ਮਮਤਾ ਵਿਚ ਰਹਿਣ ਨਾ ਦੇਵੇ ਫਸੇ, ਫ਼ੈਸਲਾ ਇਕੋ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਸੇ ਨੂੰ ਚੜ੍ਹਨ ਨਾ ਦੇਵੇ ਰੇਲ ਗਾੜੀ ਬੱਸੇ, ਬਿਸਤਰੇ ਸੀਸ ਉਤੇ ਟਿਕਾਈਆ । ਕੱਤਕ ਕਹੇ ਮੇਰੀ ਸੁਹੰਜਣੀ ਸੰਗਰਾਂਦ, ਜੋ ਸੰਮਤ ਸ਼ਹਿਨਸ਼ਾਹੀ ਰਹੀ ਵਡਿਆਈਆ । ਸ੍ਰਿਸ਼ਟੀ ਅੰਦਰ ਪੌਣੀ ਬਖਾਂਦ, ਵਖ ਵਖ ਹੁਕਮ ਸੁਣਾਈਆ । ਕਿਸੇ ਨੂੰ ਸੌਣ ਨਹੀਂ ਦੇਣਾ ਸਰ੍ਹਾਂਦ ਪਵਾਂਦ, ਸੁਖਆਸਣ ਨਾ ਕੋਇ ਵਿਛਾਈਆ । ਜੋਤਰਾ ਲੌਣ ਨਹੀਂ ਦੇਣਾ ਕਿਸੇ ਦਾਂਦ, ਹਾਲੀਆਂ ਹਲ ਨਾ ਕੋਇ ਫਿਰਾਈਆ । ਸੁਹਾਗੀ ਗੁੱਤ ਰਹਿਣ ਨਹੀਂ ਦੇਣੀ ਕੋਈ ਪਰਾਂਦ, ਕੱਜਲ ਧਾਰ ਨਾ ਕੋਇ ਜਣਾਈਆ । ਲੇਖਾ ਮੁਕਣਾ ਤਾਰਾ ਚਾਂਦ, ਇਕੋ ਨੂਰ ਹੋਏ ਰੁਸ਼ਨਾਈਆ । ਪੁਰਖ ਅਬਿਨਾਸ਼ੀ ਬਦਲਣ ਵਾਲਾ ਸਵਾਂਗ, ਸਵਾਂਗੀ ਹੋ ਕੇ ਦਏ ਵਡਿਆਈਆ । ਜਿਸ ਦੀ ਸਦੀਆਂ ਤੋਂ ਕਰਦੇ ਗਏ ਤਾਂਘ, ਮਾਸ ਬਰਖ ਗਣਤ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਪੁਰੀ ਘਨਕ ਕਹੇ ਮੈਨੂੰ ਯਾਦ ਆਇਆ ਤਿੰਨ ਅੱਸੂ ਦਾ ਵਕ਼ਤ, ਵੀਹ ਸੌ ਤਿੰਨ ਬਿਕ੍ਰਮੀ ਦਏ ਗਵਾਹੀਆ । ਜਿਸ ਨੇ ਖੇਲ ਖੇਲਣਾ ਵਿਚ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਉਹ ਖੇਲ ਕਰਨ ਆਇਆ ਫ਼ਕਤ, ਫ਼ਿਕਰੇ ਆਪਣੇ ਰਿਹਾ ਬਣਾਈਆ । ਜਿਸ ਨੇ ਬਿਨ ਅੱਖਰਾਂ ਤੋਂ ਕੀਤੇ ਦਸਤਖਤ, ਹਰੂਫ਼ ਹਰੂਫ਼ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੁਰੀ ਘਨਕ ਕਹੇ ਜਿਸ ਮੇਰਾ ਸੁਹਾਇਆ ਦਵਾਰ, ਦੂਜੀ ਵਾਰ ਖੇਲ ਵਖਾਈਆ । ਮੈਨੂੰ ਥੋੜ੍ਹਾ ਜਿਹਾ ਆਇਆ ਇਤਬਾਰ, ਧੀਰਜ ਧੀਰ ਦਿਤੀ ਬੰਧਾਈਆ । ਜਿਸ ਨੇ ਲਿਖਿਆ ਆਰ ਪਾਰ ਕਰਾਂ ਖੁਆਰ, ਸੁਖ ਸਾਂਤ ਨਾ ਕੋਇ ਕਰਾਈਆ । ਉਹ ਮਿਲਿਆ ਮਾਲਕ ਦਿਲਦਾਰ, ਸਾਜਣ ਬੇਪਰਵਾਹੀਆ । ਮੈਨੂੰ ਕਰ ਕੇ ਗਿਆ ਖ਼ਬਰਦਾਰ, ਹੌਲੀ ਜਿਹੀ ਸਮਝਾਈਆ । ਪਹਿਲੋਂ ਤੇਰੇ ਉਤੋਂ ਸ਼ੁਰੂ ਕੀਤਾ ਵਿਹਾਰ, ਵੀਹ ਸੌ ਬਿਕ੍ਰਮੀ ਪੰਜ ਜੇਠ ਦਏ ਗਵਾਹੀਆ । ਜੋਤੀ ਜਾਮਾ ਧਾਰ ਕੇ ਵਿਚ ਸੰਸਾਰ, ਆਪਣਾ ਖੇਲ ਦਿਤਾ ਵਰਤਾਈਆ । ਉਹ ਮਾਰ ਕੇ ਇਕ ਰਮਜ਼ ਵਾਲੀ ਲਸ਼ਕਾਰ, ਚਮਕ ਅਗੰਮੀ ਗਿਆ ਚਮਕਾਈਆ । ਮੈਂ ਮੁਹੱਬਤ ਵਿਚ ਹੋਈ ਬੇਦਾਰ, ਆਪਣੀ ਅੱਖ ਖੁਲ੍ਹਾਈਆ । ਦੋਏ ਜੋੜ ਕਰ ਨਿਮਸਕਾਰ, ਸੀਸ ਜਗਦੀਸ ਲਿਆ ਝੁਕਾਈਆ । ਭੇਤ ਦੱਸ ਸਚ ਨਿਰੰਕਾਰ, ਪਰਦਾ ਦੇ ਉਠਾਈਆ । ਤੇਰੇ ਦਰ ਬਣੀ ਭਿਖਾਰ, ਮਾਂਗਤ ਹੋ ਕੇ ਮੰਗ ਮੰਗਾਈਆ । ਪੁਰਖ ਅਕਾਲ ਦੀਨ ਦਿਆਲ ਹੌਲੀ ਜਿਹੀ ਮੈਨੂੰ ਦਿਤਾ ਸਿਖਾਲ, ਸਿਖਿਆ ਸਚ ਦ੍ਰਿੜਾਈਆ । ਮੈਂ ਦੀਨਾਂ ਬੰਧਪ ਸਦਾ ਦਿਆਲ, ਦੀਨਨ ਹੋਵਾਂ ਸਹਾਈਆ । ਤੂੰ ਮੇਰੇ ਪਿਛੇ ਘਾਲੀ ਘਾਲ, ਘਰ ਬਾਰ ਸਾਰੇ ਖ਼ਾਲੀ ਦਿਤੇ ਕਰਾਈਆ । ਮੈਂ ਆਪਣੇ ਸੰਮਤ ਵਿਚ ਤੇਰਾ ਕਰ ਵਿਹਾਰ, ਤਿਵਹਾਰ ਸੋਹਣਾ ਦਿਆਂ ਸੁਹਾਈਆ । ਅਗਲੀ ਕਰ ਅਗੰਮੀ ਕਾਰ, ਕਰਨੀ ਨਾਲ ਪਰਗਟਾਈਆ । ਘਨਕਪੁਰੀ, ਮੈਨੂੰ ਦਿੱਲੀ ਬਣਾ ਲੈਣ ਦੇ ਨਿੱਕਾ ਜਿਹਾ ਦਰਬਾਰ, ਦਰਬਾਰ ਸਾਰੇ ਦਿਆਂ ਮਿਟਾਈਆ । ਸਾਢੇ ਤਿੰਨ ਸਾਲ ਅੰਤ ਅਖ਼ੀਰੀ ਤੇਰੀ ਵੰਗਾਰ, ਵਗਾਰੀ

੧੧੨੭

ਸਾਰੇ ਦਿਆਂ ਬਣਾਈਆ । ਪੰਜ ਕੱਤਕ ਪੰਜਾ ਲੈਣਾ ਆਪ ਨਿਰੰਕਾਰ, ਜੋ ਪੰਜੇ ਲੇਖ ਤਿੰਨ ਚਾਰ ਅੱਸੂ ਦੀ ਰਾਤ ਦਿਤੇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੀ ਖੇਲ ਰਿਹਾ ਵਰਤਾਈਆ । ਕੱਤਕ ਕਹੇ ਮੈਂ ਵੇਖਣਾ ਆਪਣਾ ਜ਼ੋਰ, ਬਲ ਬਲ ਵਿਚੋਂ ਪਰਗਟਾਈਆ । ਨਾਲ ਤਕਣਾ ਪ੍ਰਭ ਦਾ ਫੁਰਨਾ ਫੇਰ, ਜੋ ਫ਼ਰਨਿਆਂ ਵਿਚ ਸਭ ਨੂੰ ਰਿਹਾ ਉਠਾਈਆ । ਸ਼ਰਅ ਦਾ ਵੇਖਣਾ ਸ਼ੋਰ, ਸ਼ਰੀਅਤ ਦੀ ਸ਼ਰਮ ਲੜਾਈਆ । ਕਲ ਦਾ ਕਾਲਾ ਵੇਖਣਾ ਅੰਧ ਘੋਰ, ਜੋ ਕਲਮਿਆਂ ਰਿਹਾ ਭੁਲਾਈਆ । ਜਨ ਭਗਤਾਂ ਦਾ ਇਕੋ ਵੇਖਣਾ ਬੋਲ, ਜੋ ਸੋਹੰ ਢੋਲੇ ਰਹੇ ਗਾਈਆ । ਜਿਹੜੇ ਗੁਰਮੁਖ ਪ੍ਰਭ ਦੇ ਕੰਡੇ ਦਾ ਤੁਲ ਗਏ ਤੋਲ, ਕ਼ੀਮਤ ਤੋਲਿਆਂ ਮਾਸ਼ਿਆਂ ਵਿਚੋਂ ਬਾਹਰ ਕਢਾਈਆ । ਉਹ ਸਚਖੰਡ ਦਵਾਰੇ ਦੇ ਰਤਨ ਅਨਮੋਲ, ਕ਼ੀਮਤ ਇਕੋ ਵਾਰ ਦਿਤੀ ਚੁਕਾਈਆ । ਕੱਤਕ ਕਹੇ ਮੈਂ ਕਰਮਾਂ ਦਾ ਵੇਖਣਾ ਘੋਲ, ਕਰਮਾਂ ਦੀ ਦੇਣੀ ਸਜ਼ਾਈਆ । ਸੰਤ ਸੁਹੇਲੇ ਸਚ ਵਰੋਲ, ਵਰੋਲਿਆਂ ਵਿਚੋਂ ਬਾਹਰ ਕਢਾਈਆ । ਗੁਰਮੁਖੋ, ਬਚਨ ਬੱਚਿਆਂ ਵਾਂਗ ਨਾ ਜਾਣਿਓ ਜਗਤ ਮਖ਼ੌਲ, ਮਸਖ਼ਰਾ ਰੂਪ ਨਾ ਕੋਇ ਬਣਾਈਆ । ਤੁਹਾਡੇ ਸਾਮ੍ਹਣੇ ਸਭ ਦੇ ਪਰਦੇ ਦੇਣੇ ਫੋਲ, ਚਾਰ ਕੁੰਟ ਖੋਜ ਖੁਜਾਈਆ । ਲੱਖ ਚੁਰਾਸੀ ਵਿਚੋਂ ਰਖਣੇ ਉਹ ਨਰੋਲ, ਜਿਹੜੇ ਨਿਰੇ ਨਿਰਵੈਰ ਨੂੰ ਸੀਸ ਝੁਕਾਈਆ । ਬਾਕੀ ਧਰਤ ਮਾਤ ਧੌਲ ਦੀ ਸੁਆ ਕੇ ਗੋਦ, ਧੌਲਾਂ ਮਾਰ ਕੇ ਲੈਣੇ ਢਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਨ੍ਹਾਂ ਦੇ ਵਸਣਾ ਕੋਲ, ਜਿਨ੍ਹਾਂ ਨੂੰ ਆਪਣੀ ਕੁਲ ਲਿਆ ਬਣਾਈਆ ।


੧੧੨੮

ਕੱਤਕ ਕਹੇ ਮੈਂ ਵੇਖਣ ਆਇਆ ਕੁਦਰਤ, ਕ਼ਦੀਮ ਦਾ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰਾਂ ਤੋਂ ਮੈਨੂੰ ਮਿਲ ਗਈ ਫੁਰਸਤ, ਵਿਹਲਾ ਹੋ ਕੇ ਖ਼ੁਸ਼ੀ ਮਨਾਈਆ । ਸਭ ਨੂੰ ਜਗਤ ਜਹਾਨ ਵਿਚੋਂ ਮਿਲ ਗਈ ਰੁਖ਼ਸਤ, ਪੁਰਖ ਅਕਾਲ ਹੁਕਮ ਸੁਣਾਈਆ । ਅਗੇ ਇਕੋ ਸਭ ਦਾ ਹੋਣਾ ਮੁਰਸ਼ਦ, ਮੁਰਦਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਕੱਤਕ ਕਹੇ ਮੇਰਾ ਕ਼ਦਮ ਵੇਖਿਓ ਪਹਿਲਾ ਪੈਰ, ਪਹਿਰ ਪਹਿਰ ਵੰਡ ਵੰਡਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਵੇ ਕਹਿਰ, ਇਸ਼ਟੀ ਮੁਖ ਭਵਾਈਆ । ਝਗੜਾ ਵੇਖਿਓ ਜਗਤ ਗ਼ੈਰ, ਗਹਿਰਾ ਘਾਓ ਦਿਆਂ ਲਗਾਈਆ । ਵਸਿਆ ਕੋਈ ਨਾ ਰਹੇ ਸ਼ਹਿਰ, ਸ਼ਾਹ ਖ਼ਾਕ ਦਿਆਂ ਬਣਾਈਆ । ਤਰਜ਼ ਸੁਣਾ ਕੇ ਇਕੋ ਬਹਿਰ, ਢੋਲਾ ਬੇਪਰਵਾਹੀਆ । ਅਗਨੀ ਅੱਗ ਲਗਾ ਕੇ ਦੁਪਹਿਰ, ਝੁਲਸ ਦੇਵਾਂ ਲੋਕਾਈਆ । ਸਿਰਫ਼ ਭਗਤਾਂ ਦੀ ਮੰਗਾਂ ਖ਼ੈਰ, ਝੋਲੀ ਡਾਹ ਕੇ ਸੀਸ ਨਿਵਾਈਆ । ਪ੍ਰਭੂ ਕਦੀ ਪੁੱਤਰਾਂ ਨੂੰ ਕਿਸੇ ਨਹੀਂ ਦਿਤਾ ਜ਼ਹਿਰ, ਰੁਸਿਆਂ ਨੂੰ ਮਾਪੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮਾਂ ਤੋਂ ਲੈਣਾ ਬਚਾਈਆ । ਕੱਤਕ ਕਹੇ ਮੈਂ ਨੌਂ ਸੌ ਚੁਰਾਨਵੇ ਜੁਗ ਦਾ ਆਦੀ, ਆਦਤ ਆਪਣੀ ਦਿਆਂ ਜਣਾਈਆ । ਸਦਾ ਸੰਮਤ ਸ਼ਹਿਨਸ਼ਾਹੀ ਵਿਚ ਕਰਾਂ ਬਰਬਾਦੀ, ਬਦਲੇ ਦੇਵਾਂ ਥਾਉਂ ਥਾਈਂਆ । ਮੈਨੂੰ ਥੋੜ੍ਹੀ ਚੰਗੀ ਲਗੇ ਆਬਾਦੀ, ਜੋ ਅਬਾਦਤ ਵਿਚ ਬੈਠੇ ਸੀਸ ਨਿਵਾਈਆ । ਉਹਨਾਂ ਦੀ ਆਤਮ ਸਭ ਤੋਂ ਚੰਗੀ ਹੈਗੀ, ਜੋ ਚੰਗਿਆੜੇ ਅਗਨ ਦਏ ਬੁਝਾਈਆ । ਮੈਂ ਭਗਤਾਂ ਨੂੰ ਬਣਾ ਕੇ ਸਚੇ ਤਿਆਗੀ, ਪੁਰਖ ਅਕਾਲ ਨਾਲ ਮਿਲਾਈਆ । ਕੋਟਾਂ ਵਿਚੋਂ ਥੋੜ੍ਹੇ ਕਰ ਕੇ ਵਡਭਾਗੀ, ਭਾਗ ਉਹਨਾਂ ਦਾ ਦਿਆਂ ਸਮਝਾਈਆ । ਜਿਹੜੇ ਮੇਰੇ ਸਾਹਿਬ ਤੋਂ

ਹੋਏ ਬਾਗ਼ੀ, ਬਗਲੇ ਬਪ ਦਿਆਂ ਖਪਾਈਆ । ਮੈਂ ਸਦਾ ਚਾਹੁੰਦਾ ਇਕੋ ਪਿਤਾ ਹੋਵੇ ਤੇ ਇਕੋ ਹੋਵੇ ਦਾਦੀ, ਦਾਅਵੇ ਸਭ ਦੇ ਦਏ ਮੁਕਾਈਆ । ਜੋ ਮਾਲਕ ਧੁਰ ਦਾ ਆਦੀ, ਅਦਨਿਆਂ ਗਲੇ ਲਗਾਈਆ । ਓਸ ਦਾ ਬਣਾਵਾਂ ਸਾਥੀ, ਜੋ ਸੱਜਣ ਸ਼ਹਿਨਸ਼ਾਹੀ ਜਣਾਈਆ । ਜਿਨ੍ਹਾਂ ਕੱਤਕ ਕਹੇ ਮੇਰੀ ਨਹੀਂ ਮੰਨੀ ਆਖੀ, ਆਖ਼ਰ ਅੱਖੀਆਂ ਤੋਂ ਉਹਲੇ ਦਿਆਂ ਕਰਾਈਆ । ਜਨ ਭਗਤੋ ਖੋਲ੍ਹ ਕੇ ਵੇਖੋ ਆਪਣੀ ਤਾਕੀ, ਤਾਕਤਵਰ ਬੈਠਾ ਤੁਹਾਡੇ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਵੇਖ ਵਖਾਈਆ । ਕੱਤਕ ਕਹੇ ਮੈਂ ਜੁਗ ਜੁਗ ਲੈਂਦਾ ਬਦਲਾ, ਬਦਾਂ ਨੂੰ ਦਿਆਂ ਖਪਾਈਆ । ਮੈਨੂੰ ਗਿਆਰਾਂ ਸੌ ਸਾਲ ਸਾਰੇ ਕਹਿੰਦੇ ਪਗ਼ਲਾ, ਪਿਛਲੀ ਵਾਰਤਾ ਵਾਰਾਂ ਵਿਚ ਗਾਈਆ । ਕਿਉਂ ਮੈਂ ਰਾਜਿਆਂ ਰਾਣਿਆਂ ਕਰਾਂ ਕੰਗਲਾ, ਸੁਲਤਾਨਾਂ ਖ਼ਾਕ ਮਿਲਾਈਆ । ਸ਼ਾਹਾਂ ਫਿਰਾਵਾਂ ਵਿਚ ਜੰਗਲਾਂ, ਹੈਵਾਨਾਂ ਵਾਂਗ ਭਜਾਈਆ । ਕਿਸੇ ਦੇ ਰਹਿਣ ਜੋਗਾ ਰਹਿਣ ਨਾ ਦੇਵਾਂ ਬੰਗਲਾ, ਬਗ਼ਲ ਬਿਸਤਰੇ ਦਿਆਂ ਬੰਨ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਈਆ । ਕੱਤਕ ਕਹੇ ਮੇਰੀ ਜੁਗ ਜੁਗ ਸੇਵਾ ਸਚੀ, ਨਵ ਨੌਂ ਚਾਰ ਦਏ ਗਵਾਹੀਆ । ਮੈਂ ਧਾਰ ਰਹਿਣ ਨਹੀਂ ਦਿੱਤੀ ਕਦੇ ਕੋਈ ਕੱਚੀ, ਕੱਚੀ ਕੁਚਲ ਕੇ ਕੱਚਿਆਂ ਜਾਵਾਂ ਖਾਈਆ । ਇਕ ਵੇਰਾਂ ਮੰਗ ਮੰਗੀ ਥੋੜੀ ਜਿਹੀ ਸੁਲਤਾਨ ਕੱਖੀ, ਸਖੀ ਸੁੱਤਿਆਂ ਸੁਫਨੇ ਵਿਚ ਝੋਲੀ ਡਾਹੀਆ । ਉਹਨੂੰ ਸ਼ਰਅ ਦੀ ਪੜ੍ਹਾ ਕੇ ਪੱਟੀ, ਪਟਿਆਂ ਤੋਂ ਦਿਤਾ ਹਲਾਈਆ । ਥੋੜ੍ਹੀ ਜਿਹੀ ਜਗਾ ਕੇ ਮੋਮਬੱਤੀ, ਨਿੰਮ੍ਹੀ ਕਰੀ ਰੁਸ਼ਨਾਈਆ । ਇਕ ਨਿੱਕੀ ਜਿਹੀ ਬਾਤ ਦੱਸੀ, ਦਸਤ ਨਾਲ ਦਸਤ ਮਿਲਾਈਆ । ਮੇਰੀ ਖੇਲ ਅੰਤ ਹੋਣੀ ਸਭ ਤੋਂ ਵੱਖੀ, ਵਖਰੀ ਧਾਰ ਪਰਗਟਾਈਆ । ਕੱਤਕ ਵਿਚ ਖੇਲ ਕਰਨੀ ਇਕ ਅੱਛੀ, ਅੱਛੀ ਤਰਾ ਸਮਝਾਈਆ । ਸ੍ਰਿਸ਼ਟੀ ਪੀੜਨੀ ਜਿਉਂ ਵੇਲਣੇ ਵਿਚ ਪੱਛੀ, ਪਛਚਾਤਾਪ ਨਾਲ ਕੁਰਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਰੀਤੀ ਬੰਨ੍ਹ ਕੇ ਸ਼ਬਦ ਨਾਲ ਰੱਸੀ, ਰਸਤਿਆਂ ਵਿਚੋਂ ਬਸਤੇ ਦੇਣੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੇਖਾ ਵੇਖ ਕੇ ਇਕ ਲੱਖ ਹਜ਼ਾਰ ਅੱਸੀ, ਆਸਾ ਸਭ ਦੀ ਪੂਰ ਕਰਾਈਆ ।



### ❋ ੨ ਕੱਤਕ ਸ਼ਹਿਨਸਾਹੀ ਸੰਮਤ ੧ ਠਾਕਰ ਸਿੰਘ ਦੇ ਗ੍ਰਹਿ ਜੇਠੂਵਾਲ ❋

ਸ਼ਹਿਨਸ਼ਾਹੀ ਸੰਮਤ ਕਹੇ ਮੇਰਾ ਸਮਿਆਂ ਵਾਲਾ ਮੁਕਿਆ ਪੰਧ, ਪਾਂਧੀ ਬ੍ਰਹਿਮੰਡ ਖੰਡ ਵੇਖ ਵਖਾਈਆ । ਨਵੇਂ ਜੁਗ ਦਾ ਨਵਾਂ ਚੜ੍ਹਿਆ ਚੰਦ, ਨਵ ਨੌਂ ਚਾਰ ਚਰਨ ਛੁਹਾਈਆ । ਲੇਖਾ ਜਾਣ ਸ਼ਾਹ ਫ਼ਰੰਗ, ਫਾਰਸ ਆਰਫ ਦਿਆਂ ਹਿਲਾਈਆ । ਅਗਨੀ ਅਗੰਮ ਦੂਜਾ ਤਰੰਗ, ਤਰਫ਼ ਦੋਤਰਫ ਵੇਖ ਵਖਾਈਆ । ਸ਼ਬਦੀ ਚਿੱਲਾ ਨਾਮ ਕਮੰਦ, ਕਮਰ ਕਸਾ ਬੇਪਰਵਾਹੀਆ । ਕੂੜੀ ਕਿਰਿਆ ਤੋੜ ਘਮੰਡ, ਮਨ ਮਮਤਾ ਡੇਰਾ ਢਾਹੀਆ । ਝਗੜਾ ਮੁਕਾ ਕੇ ਸਿਲ ਪੂਜਸ ਕਰੀਰ ਜੰਡ, ਇਕੋ ਨੂਰ ਦਿਆਂ ਚਮਕਾਈਆ । ਕੁਛ ਲੇਖਾ ਬਾਕੀ ਰਹਿੰਦਾ ਵਿਚ ਝੰਗ, ਹੁਕਮੇ ਅੰਦਰ ਦਏ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੰਮਤ ਕਹੇ ਮੇਰੇ ਕੱਤਕ ਦਾ ਵੇਖੋ ਕਰਮ, ਕਰਮਾਂ ਵਾਲਿਆਂ ਲਏ ਤਰਾਈਆ । ਸ੍ਰਿਸ਼ਟੀ ਨੂੰ ਵੇਖ ਕੇ ਵਿਚ ਭਰਮ, ਭਰਮੀਆਂ ਦਏ ਭੁਲਾਈਆ । ਜਗਤ ਵਿਕਾਰ ਵਾਲਾ ਲਾ ਕੇ ਵਰਨ, ਵਰਨ

ਬਰਨ ਝਗੜਾ ਦਿਆਂ ਮਿਟਾਈਆ । ਜਨ ਭਗਤਾਂ ਦੇ ਕੇ ਧੁਰ ਦੀ ਸਰਨ, ਸ਼ਰਨਗਤ ਇਕ ਸਮਝਾਈਆ । ਕੁਛ ਲਹਿਣਾ ਅਰਜਨ ਵਾਲਾ ਤਾਰਨ ਤਰਨ, ਤਰਨ ਤਾਰਨ ਤੁਰਤ ਵੇਖ ਵਖਾਈਆ । ਜਿਹੜੇ ਹਰਫ਼ ਜਗਤ ਮਕਤਬ ਨਾ ਪੜ੍ਹਨ, ਵਿਦਿਆ ਵਿਚ ਨਾ ਕੋਇ ਸਹਾਈਆ । ਉਹਨਾਂ ਦੇ ਕਾਰਨ ਸ਼ਬਦੀ ਧਾਰ ਆਇਆ ਫੜਨ, ਫੜ ਫੜ ਦਏ ਸਜ਼ਾਈਆ । ਨਾਮ ਕਟਾਰੇ ਆਇਆ ਲੜਨ, ਨੌਜਵਾਨਾ ਮਰਦ ਮਰਦਾਨਾ ਵੇਸ ਵਟਾਈਆ । ਨਵਾਂ ਘਾੜਨ ਆਇਆ ਘੜਨ, ਬਣ ਠਠਿਆਰਾ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰਨ ਆਇਆ ਪਰਨ, ਪ੍ਰਤੀਨਿਧ ਹੋ ਕੇ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਭ ਦਾ ਵੇਖਿਆ ਚਾਲ ਚਲਣ, ਚਲਿੱਤ੍ਰਾਂ ਵਿਚ ਵੇਖ ਵਖਾਈਆ । ਧੁਰ ਦਾ ਲੇਖਾ ਲਿਖਿਆ ਸ਼ਾਹੀ ਨਾਲ ਕ਼ਲਮ, ਕਲਮਿਆਂ ਤੋਂ ਬਾਹਰ ਦਿਤੇ ਪਰਗਟਾਈਆ । ਜਿਸ ਦਾ ਬੁਧੀ ਵਿਚ ਵਿਕਾਸ ਨਾ ਕੀਤਾ ਇਲਮ, ਆਲਮ ਨਾ ਕੋਇ ਵਡਿਆਈਆ । ਅੰਤ ਅਖ਼ੀਰੀ ਰਹਿਣ ਨਹੀਂ ਦੇਣੀ ਕੋਈ ਚਿਲਮ, ਚੰਮ ਦ੍ਰਿਸ਼ਟੀ ਸਾਰੀ ਦਿਤੀ ਗਵਾਈਆ । ਜਿਹੜਾ ਜਗਤ ਕੂੜੀ ਲੜਾਈ ਦੀ ਵੇਖਦਾ ਰਿਹਾ ਫ਼ਿਲਮ, ਉਹ ਫ਼ੈਸਲਿਆਂ ਵਿਚ ਸਮਝਾਈਆ । ਪਿਆਰ ਨਾਲ ਕਿਸੇ ਨਾ ਦੇਣਾ ਮਿਲਣ, ਵਿਛੜਿਆਂ ਜੋੜ ਨਾ ਕੋਇ ਜੁੜਾਈਆ । ਰਾਤੀਂ ਸੁੱਤਿਆਂ ਨਾ ਦੇਣਾ ਹਿਲਣ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਕੂੜ ਕੁੜਿਆਰੇ ਵੱਡੀ ਡੂੰਘੀ ਪਾਉਣੀ ਜਿਲ੍ਹਣ, ਬਾਹਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕੱਤਕ ਕਹੇ ਮੈਂ ਮੰਗ ਲਈ ਉਹ ਕਿਤਾਬ, ਪੁਰਖ ਅਕਾਲ ਅਗੇ ਬੇਨੰਤੀ ਦਿਤੀ ਸੁਣਾਈਆ । ਜਿਸ ਵਿਚ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਦਾ ਹਿਸਾਬ, ਲੇਖਾ ਲਿਖਿਆ ਬਿਨ ਕ਼ਲਮ ਸ਼ਾਹੀਆ । ਜਿਸ ਦਾ ਪਹਿਲਾ ਵਰਕਾ ਤੇ ਪਹਿਲਾ ਬਾਬ, ਅਹਿਬਾਬ ਦੇ ਸਮਝਾਈਆ । ਜਿਸ ਦਾ ਸਦੀਆਂ ਤੋਂ ਲੈਂਦੇ ਆਏ ਖ਼ਵਾਬ, ਖ਼ਾਲਸ ਆਪਣਾ ਰੂਪ ਦਏ ਪਰਗਟਾਈਆ । ਹੁਕਮੇ ਅੰਦਰ ਸ਼ਾਹ ਨਵਾਬ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਕੱਤਕ ਕਹੇ ਪਤਾ ਨਹੀਂ ਕੀ ਲੇਖਾ ਮੇਰੇ ਪਿਛੋਂ ਹੋਣਾ ਬਾਅਦ, ਬਗ਼ਦਾਦ ਦਾ ਲੇਖਾ ਸਹਿਜ ਸੁਭਾਈਆ । ਮੇਰੀ ਰਮਜ਼ਾਂ ਵਾਲੀ ਆਵਾਜ਼, ਸਦਾ ਇਕ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦੀ ਅਨਾਦੀ ਕੱਢ ਕੇ ਇਕ ਲੁਗਾਤ, ਬਿਨ ਸਫਿਆਂ ਸਫੇ ਦਏ ਉਲਟਾਈਆ । ਸੰਮਤ ਕਹੇ ਪਿਛਲਾ ਖੇਲ ਹੋਇਆ ਸਮਾਪਤ, ਪੱਲੂ ਸਾਰੇ ਗਏ ਛੁਡਾਈਆ । ਪੁਰਖ ਅਕਾਲ ਦਾ ਨਾਮ ਹੋਇਆ ਸਥਾਪਤ, ਸੰਥਾ ਦੇਵੇ ਥਾਉਂ ਥਾਈਆ । ਇਕੋ ਪੂਜਾ ਦੱਸੇ ਪਾਠਤ, ਪੜ੍ਹਿਆਂ ਦਏ ਪੜ੍ਹਾਈਆ । ਇਕੋ ਕ਼ਲਮੇ ਨਾਮ ਅਬਾਦਤ, ਇਲਮੋਂ ਬਾਹਰ ਆਲਮਾਂ ਦਏ ਸਮਝਾਈਆ । ਇਕੋ ਪਰਮਾਤਮਾ ਆਤਮਾ ਕਰੇ ਸੁਆਗਤ, ਦੂਜਾ ਸੰਗ ਨਾ ਕੋਇ ਹੰਢਾਈਆ । ਭੇਵ ਚੁਕਾ ਕੇ ਹਕ਼ੀਕ਼ੀ ਮਾਰਫ਼ਤ, ਮੁਹੱਬਤ ਤੁਹਾਡੀ ਦਏ ਸਮਝਾਈਆ । ਜਿਥੇ ਚਲੇ ਨਾ ਕੋਇ ਸਫ਼ਾਰਸ਼, ਮਿਹਰ ਨਜ਼ਰ ਨਜ਼ਰ ਉਠਾਈਆ । ਭੇਵ ਜਾਣੇ ਨਾ ਕੋਇ ਆਰਫ਼, ਵਿਦਿਆ ਵਿਚ ਨਾ ਕੋਇ ਵਡਿਆਈਆ । ਧੁਰ ਦੀ ਧਾਰ ਅਗੰਮੀ ਅਬਾਰਤ, ਇਬਰਤ ਨਾਲ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਤਾ ਬਣ ਕੇ ਦੇਸ਼ ਭਾਰਤ, ਭਾਵੀ ਆਪ ਹੁਕਮ ਵਰਤਾਈਆ । ਸੰਮਤ ਕਹੇ ਮੇਰਾ ਕਿਸੇ ਨਾ ਸਮਝਿਆ ਸਮਾਚਾਰ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਅੰਦਰ ਆਈ ਨਾ ਕੋਇ ਵਿਚਾਰ, ਬੁਧੀਵਾਨ ਨਾ ਕੋਇ ਵਡਿਆਈਆ । ਧੁਰ ਦਾ ਮਜ਼ਬੂਨ ਲਾ ਕਾਨੂੰਨ ਕਿਸੇ ਹੱਥ ਨਾ ਆਏ ਕਿਸੇ ਵਿਚ ਅਖ਼ਬਾਰ, ਬੇਖ਼ਬਰਾਂ ਖ਼ਬਰ

ਨਾ ਕੋਇ ਸੁਣਾਈਆ । ਮਨ ਵਾਸਨਾ ਕਲਜੁਗ ਕੂੜੇ ਦਾ ਕਰ ਇਤਬਾਰ, ਆਪਣਾ ਆਪ ਦਏ ਮਿਟਾਈਆ । ਜਨ ਭਗਤਾਂ ਦੱਸਿਆ ਇਕੋ ਸਭ ਦਾ ਸਾਂਝਾ ਯਾਰ, ਜੋ ਯਾਰੜਾ ਸਥਰ ਵੇਖ ਵਖਾਈਆ । ਜਿਸ ਦੀ ਮੰਜ਼ਲ ਸਭ ਤੋਂ ਦੁਸ਼ਵਾਰ, ਔਖੀ ਘਾਟੀ ਨਾ ਕੋਇ ਚੜ੍ਹਾਈਆ । ਕਰ ਕਿਰਪਾ ਜਿਸ ਕਰੇ ਆਪ ਪਿਆਰ, ਪਰਮ ਪੁਰਖ ਹੋ ਕੇ ਆਪ ਦਇਆ ਕਮਾਈਆ । ਫੜ ਬਾਹੋਂ ਲਏ ਉਠਾਲ, ਜੁਗ ਵਿਛੜੇ ਮੇਲ ਮਿਲਾਈਆ । ਲੇਖਾ ਛੁਪਾ ਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਸਚਖੰਡ ਦਵਾਰਾ ਵਖਾਵੇ ਉਹ ਸਚ ਦਰਬਾਰ, ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਉਥੇ ਕਿਸੇ ਦੀ ਕਰਨੀ ਨਾ ਭਾਲ, ਖੋਜਣ ਦੀ ਲੋੜ ਰਹੇ ਨਾ ਰਾਈਆ । ਜਿਧਰ ਵੇਖੇ ਉਧਰ ਨਾਲ, ਨਲਾਇਕਾਂ ਨੂੰ ਲਾਇਕ ਦਏ ਬਣਾਈਆ । ਇਹੋ ਪਰਮ ਪੁਰਖ ਦਾ ਖੇਲ ਕਮਾਲ, ਜੋ ਕਮਲਿਆਂ ਕੋਝਿਆਂ ਗਲੇ ਲਏ ਲਗਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਕਰ ਕੇ ਹਲਾਲ, ਹਲਵਾ ਮੰਡਾ ਸਭ ਦਾ ਦਏ ਬਣਾਈਆ । ਜਿਹੜਾ ਲਹਿਣਾ ਕ੍ਰਿਸ਼ਨ ਦਾ ਨਾਲ ਗਵਾਲ, ਗਵਾਲਾ ਹੋ ਕੇ ਗਊਆਂ ਸੇਵ ਕਮਾਈਆ । ਉਸ ਦਾ ਅਗੇ ਆਉਣ ਵਾਲਾ ਅਹਿਵਾਲ, ਜੋ ਵਾਤਾਵਰਨ ਦਏ ਬਦਲਾਈਆ । ਸਭ ਦਾ ਲਹਿਣਾ ਦੇਣਾ ਕਰ ਕੇ ਬਹਾਲ, ਲੇਖਾ ਲੇਖੇ ਵਿਚੋਂ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਮਤ ਸੰਮਤੀ ਵੇਖੇ ਆਣ, ਮਿਹਰਵਾਨ ਆਪਣਾ ਫੇਰਾ ਪਾਈਆ ।



### ❊ ੫ ਕੱਤਕ ਸ਼ਹਿਨਸ਼ਾਹੀ ਸੰਮਤ ੧ ਧੀਰਪੁਰ ਦਿੱਲੀ ਦਰਬਾਰ ਦੀ ਨੀਂਹ ਰਖਣ ਸਮੇਂ ❊

੧੧੩੧

ਪੰਜ ਕੱਤਕ ਕਹੇ ਮੇਰਾ ਮਾਲਕ ਨਿਰੰਕਾਰ, ਦੋ ਜਹਾਨਾਂ ਮਲਕੀਅਤ ਆਪਣੇ ਹੱਥ ਰਖਾਈਆ । ਆਦਿ ਜੁਗਾਦਿ ਸਚੀ ਸਰਕਾਰ, ਧੁਰ ਦੀ ਧਾਰ ਹੁਕਮ ਪਰਗਟਾਈਆ । ਜੁਗ ਚੌਕੜੀ ਵਿਚ ਸੰਸਾਰ, ਨਿਤ ਨਵਿਤ ਵੇਖ ਵਖਾਈਆ । ਨਵ ਨੌਂ ਚਾਰ ਕਰ ਕੇ ਪਾਰ, ਪਰਮ ਪੁਰਖ ਪ੍ਰਭ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਅਖਾੜ, ਦਹਿ ਦਿਸ਼ਾ ਖੋਜ ਖੁਜਾਈਆ । ਪੈਗ਼ੰਬਰ ਗੁਰੂ ਵੇਖ ਅਵਤਾਰ, ਭਗਤ ਸੁਹੇਲੇ ਭੇਵ ਚੁਕਾਈਆ । ਇਸ਼ਟ ਦ੍ਰਿਸ਼ਟ ਵੇਖ ਵਿਵਹਾਰ, ਬਹੁਭਾਂਤੀ ਵੰਡ ਵੰਡਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ, ਪਰਦੇ ਰਿਹਾ ਉਠਾਈਆ । ਹਰ ਘਟ ਅੰਦਰ ਵੇਖੇ ਮਾਰ ਧਿਆਨ, ਬਿਨ ਅੱਖਾਂ ਵੇਖ ਵਖਾਈਆ । ਸੰਮਤ ਸ਼ਹਿਨਸ਼ਾਹੀ ਕਰ ਪਰਧਾਨ, ਲੋਕਮਾਤ ਦਿੱਤੀ ਵਡਿਆਈਆ । ਹੁਕਮ ਧੁਰ ਦਾ ਇਕ ਫ਼ਰਮਾਨ, ਫ਼ਰਮਾਬਰਦਾਰ ਦਿਤਾ ਸਮਝਾਈਆ । ਨੌਂ ਸਤ ਹੋਏ ਹੈਰਾਨ, ਹੈਰਾਨੀ ਘਰ ਘਰ ਨਜ਼ਰੀ ਆਈਆ । ਸੱਚਿਆਂ ਭਗਤਾਂ ਬਖ਼ਸ਼ ਇਕ ਗਿਆਨ, ਅਗਿਆਨੀ ਕਰੇ ਹਲਕਾਈਆ । ਧਰਮ ਦਵਾਰੇ ਦੇ ਕੇ ਮਾਣ, ਮਮਤਾ ਦਿਤੀ ਮਿਟਾਈਆ । ਸਤਿ ਸਚ ਵਖਾ ਨਿਸ਼ਾਨ, ਨਿਸ਼ਾਨਾ ਇਕੋ ਦਿਤਾ ਜਣਾਈਆ । ਢੋਲਾ ਦੱਸ ਕੇ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ" ਭਾਗ ਸਭ ਦਾ ਦਿਤਾ ਬਦਲਾਈਆ । ਖੇਲੇ ਖੇਲ ਨੌਜਵਾਨ, ਨੌਬਤ ਆਪਣਾ ਨਾਮ ਵਜਾਈਆ । ਸਚ ਦਵਾਰਾ ਕਰ ਪਰਵਾਨ, ਪਰਮ ਪੁਰਖ ਹੋਏ ਸਹਾਈਆ । ਦਿੱਲੀ ਦਰਬਾਰ ਖੋਲ੍ਹਿਆ ਆਣ, ਆਨਣ ਫਾਨਣ ਵੇਖੇ ਸਰਬ ਲੋਕਾਈਆ । ਸ਼ਬਦੀ ਜੋਧਾ ਹੋ ਬਲਵਾਨ, ਬਲਧਾਰੀ ਵੇਖ ਵਖਾਈਆ । ਨਾਮ ਖੰਡਾ ਖਿੱਚ ਅਗੰਮ ਕਮਾਨ, ਚਿਲਾ ਤੀਰ ਅਣਿਆਲਾ ਆਪਣੇ ਹੱਥ ਰਖਾਈਆ । ਬ੍ਰਹਿਮੰਡ ਖੰਡ ਵੇਖੇ ਇਕ ਮੈਦਾਨ, ਮਦਦਗੀਰ ਨਾ ਕੋਇ

੧੧੩੨

ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕੱਤਕ ਕਹੇ ਮੈਂ ਹੋਇਆ ਖ਼ੁਸ਼ਹਾਲ, ਪੰਚ ਪਰਵਿਸ਼ਟੇ ਮਿਲੀ ਵਡਿਆਈਆ । ਸਾਹਿਬ ਸਤਿਗੁਰ ਦੀਨ ਦਿਆਲ, ਦਇਆ ਦਿਤੀ ਕਮਾਈਆ । ਭਗਤ ਸੁਹੇਲੇ ਗੁਰਮੁਖ ਸੋਹਣੇ ਲਾਲ, ਲਾਲ ਰਿਹਾ ਵਡਿਆਈਆ । ਸਚ ਦਵਾਰਾ ਵਖਾ ਕੇ ਧਰਮਸਾਲ, ਭਗਤ ਭਗਵਾਨ ਹੋਏ ਸਹਾਈਆ । ਪੂਰਬਲਾ ਪੂਰਬ ਵੇਖ ਮੈਦਾਨ, ਧਰਤੀ ਧਰਤ ਰਿਹਾ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਕੱਤਕ ਕਹੇ ਮੈਨੂੰ ਯਾਦ ਆਉਂਦਾ ਚੇਤਾ, ਚੇਤਾਵਨੀ ਨਾਲ ਜਣਾਈਆ । ਇਥੇ ਇੱਕੀ ਦਿਨ ਕ੍ਰਿਸ਼ਨ ਸੌਂਦਾ ਰਿਹਾ ਉਪਰ ਰੇਤਾ, ਦੂਜਾ ਸੰਗ ਨਾ ਕੋਇ ਵਖਾਈਆ । ਦੂਜਾ ਤਕਦਾ ਰਿਹਾ ਪੁਰਖ ਅਕਾਲ ਦਾ ਸ਼ਬਦੀ ਬੇਟਾ, ਜੋ ਹੁਕਮੀ ਹੁਕਮ ਸੁਣਾਈਆ । ਜਿਸ ਦਾ ਕੋਇ ਨਾ ਜਾਣੇ ਲੇਖਾ, ਕਾਗ਼ਜ਼ ਕ਼ਲਮ ਨਾ ਲਿਖੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਕੱਤਕ ਕਹੇ ਮੈਨੂੰ ਯਾਦ ਆਈ ਉਹ ਧਾਰ, ਜੋ ਧਰਨੀ ਦਏ ਗਵਾਹੀਆ । ਤਿੰਨ ਦਿਨ ਕ੍ਰਿਸ਼ਨ ਸੁੱਤਾ ਸੀ ਮੂੰਹ ਦੇ ਭਾਰ, ਦੱਖਣ ਦਿਸ਼ਾ ਕੋਨਾ ਵੰਡ ਵੰਡਾਈਆ । ਮਸਤਕ ਰਗੜ ਕਰੇ ਨਿਮਸਕਾਰ, ਸੀਸ ਗਰਦਨ ਉਤੇ ਟਿਕਾਈਆ । ਤੇਰਾ ਖੇਲ ਅਗੰਮ ਅਪਾਰ, ਤ੍ਰਿਲੋਕੀ ਨਾਥ ਦਏ ਗਵਾਹੀਆ । ਅਗੰਮੀ ਦਿਸਦਾ ਚਮਤਕਾਰ, ਜਲਵਾ ਸ਼ਹਿਨਸ਼ਾਹੀਆ । ਨਿਰਗੁਣ ਰੂਪ ਤੇਰਾ ਨਿਰੰਕਾਰ, ਮਾਲਕ ਇਕ ਅਖਵਾਈਆ । ਸਾਚਾ ਬਖ਼ਸ਼ ਉਹ ਪਿਆਰ, ਜਿਸ ਨੂੰ ਵੇਖੇ ਨਾ ਕੋਇ ਲੋਕਾਈਆ । ਤੇਤੀਵੇਂ ਸਾਲ ਦਾ ਇਹ ਵਿਹਾਰ, ਉਮਰ ਅਵਸਥਾ ਆਯੂ ਅੰਕੜਿਆਂ ਵਿਚ ਵੰਡ ਵੰਡਾਈਆ । ਪੁਰਖ ਅਕਾਲ ਹੋ ਦਿਆਲ, ਬਾਹੋਂ ਪਕੜ ਗਲੇ ਲਗਾਈਆ । ਉਹ ਵੇਖ ਖੇਲ ਕਮਾਲ, ਕਮਲਾਪਤ ਦਏ ਜਣਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆਵਾਨ ਹੋਏ ਸਹਾਈਆ । ਕਲਜੁਗ ਅੰਤਮ ਸਤਿ ਸਚ ਬਣਾਵਾਂ ਉਚ ਦਵਾਰ, ਜਿਥੇ ਦਵਾਰਕਾ ਵਾਸੀ ਸੀਸ ਝੁਕਾਈਆ । ਜਮਨਾ ਤਟ ਸੁਣ ਪੁਕਾਰ, ਦੇਵੇ ਮਾਣ ਵਡਿਆਈਆ । ਧੁਰ ਦੇ ਸਜਨ ਮੀਤ ਮੁਰਾਰ, ਵਿਛੜੇ ਗੁਰਮੁਖ ਜੋੜ ਜੁੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਖੋਲ੍ਹ ਕਿਵਾੜ, ਜਗਤ ਕਿਵਾੜ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਪੰਜ ਕੱਤਕ ਕਹੇ ਕ੍ਰਿਸ਼ਨ ਕਹਾਏ ਤ੍ਰਿਲੋਕੀ ਨਾਥ, ਲੋਕ ਤਿੰਨ ਵਡਿਆਈਆ । ਬਰਦਾ ਤੇਰਾ ਚਾਕ, ਸੇਵਕ ਸੇਵ ਕਮਾਈਆ । ਗੋਪੀਆਂ ਵਾਲੀ ਰਾਸ, ਸਖੀਆਂ ਨਾਲ ਵਡਿਆਈਆ । ਗੁਵਾਲਿਆਂ ਰਖਾਂ ਪਾਸ, ਭੱਜਾਂ ਵਾਹੋ ਦਾਹੀਆ । ਤੇਰੀ ਇਕੋ ਯਾਦ, ਅੰਤਰ ਅੰਤਰ ਸਮਾਈਆ । ਧੂੜੀ ਟਿੱਕਾ ਖ਼ਾਕ, ਮਸਤਕ ਸੋਭਾ ਪਾਈਆ । ਜੋੜ ਕੇ ਦੋਵੇਂ ਹਾਥ, ਸੀਸ ਦਿਤਾ ਝੁਕਾਈਆ । ਤੂੰ ਮੇਰਾ ਰਘੁਨਾਥ, ਰਹਿਬਰ ਬੇਪਰਵਾਹੀਆ । ਧੁਰ ਦਾ ਦੇਣਾ ਸਾਥ, ਆਦਿ ਜੁਗਾਦੀ ਸੰਗ ਨਿਭਾਈਆ । ਕਲਜੁਗ ਹੋਵੇ ਅੰਧੇਰੀ ਰਾਤ, ਕੁੰਟ ਚਾਰ ਅੰਧੇਰਾ ਛਾਈਆ । ਸਾਚੀ ਦਿਸੇ ਨਾ ਕੋਈ ਪਰਭਾਤ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਪੁਰਖ ਅਕਾਲ ਕਿਹਾ ਮੈਂ ਪਰਗਟ ਹੋਵਾਂ ਸਾਖ਼ਿਆਤ, ਜੋਤੀ ਜੋਤ ਡਗਮਗਾਈਆ । ਜਿਨ੍ਹਾਂ ਜੁਗ ਚੌਕੜੀ ਰਿਹਾ ਆਖ, ਭਗਤਾਂ ਦਿਆਂ ਵਡਿਆਈਆ । ਮਾਨਸ ਜਨਮ ਵਿਚ ਦੇਵਾਂ ਸ਼ਾਬਾਸ, ਸਿਰ ਆਪਣਾ ਹੱਥ ਟਿਕਾਈਆ । ਮੇਰਾ ਤੱਤਾਂ ਵਾਲਾ ਨਹੀਂ ਹੋਣਾਂ ਲਬਾਸ, ਨੂਰੋ ਨੂਰ ਜਲਵਾ ਬੇਪਰਵਾਹੀਆ । ਗੋਬਿੰਦ ਹੋਣਾ ਘਾਟ, ਪਤਣ ਇਕੋ ਦਿਆਂ ਸਮਝਾਈਆ । ਨਵ ਨੌ ਚਾਰ ਦੀ ਮੇਟਾਂ ਵਾਟ, ਵਾਟਾਂ ਦੂਰ ਕਰਾਈਆ । ਧਰਮ ਦਵਾਰਾ ਖੋਲ੍ਹ ਕੇ ਹਾਟ,

ਜਗਤ ਹਟਵਾਣੇ ਦਿਆਂ ਖਪਾਈਆ । ਕ੍ਰਿਸ਼ਨ ਤੇਰੀ ਜ਼ਰੂਰ ਪੂਰੀ ਕਰਾਂ ਬਾਤ, ਬੇਵਤਨਾਂ ਦਾ ਵਤਨ ਦਿਆਂ ਵਸਾਈਆ । ਸਚ ਦਵਾਰਾ ਕਰ ਕੇ ਆਬਾਦ, ਆਬਾਦੀ ਸ੍ਰਿਸ਼ਟੀ ਦੀ ਦੇਵਾਂ ਘਟਾਈਆ । ਮੇਰੇ ਕੋਲ ਸਭ ਤੋਂ ਵਖਰੀ ਅਨੋਖੀ ਜਾਚ, ਜਾਚਕ ਆਪਣੇ ਲਵਾਂ ਤਰਾਈਆ । ਲੱਗਣ ਨਾ ਦੇਵਾਂ ਕੋਇ ਆਂਚ, ਅਗਨੀ ਅੱਗ ਨਾ ਕੋਇ ਤਪਾਈਆ । ਉਸ ਵੇਲੇ ਸੰਮਤ ਸ਼ਹਿਨਸ਼ਾਹੀ ਕੱਤਕ ਮਹੀਨਾ ਉਪਰ ਦਿਵਸ ਹੋਵੇ ਪਾਂਚ, ਪੰਚਮ ਮੇਲਾ ਸਹਿਜ ਸੁਭਾਈਆ । ਜਿਸ ਦੁਆਰਿਉਂ ਸਾਰੀ ਸ੍ਰਿਸ਼ਟੀ ਬਣਨੀ ਇਕ ਨਿੱਕੀ ਜਿਹੀ ਬਰਾਂਚ, ਹੁਕਮਨਾਮੇ ਚਾਰੋਂ ਕੁੰਟ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਕੱਤਕ ਕਹੇ ਕ੍ਰਿਸ਼ਨ ਗਦ ਗਦ, ਗੱਦੀ ਆਪਣੀ ਦਿਤੀ ਤਜਾਈਆ । ਮੈਨੂੰ ਭੁਲ ਗਈ ਯਾਦਾਂ ਵਾਲੀ ਉਹ ਯਦ, ਯਦਪ ਤੇਰਾ ਖੇਲ ਵੇਖ ਵਖਾਈਆ । ਓਸ ਵੇਲੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅਸਾਂ ਸਭ ਕੁਛ ਦੇਣਾ ਛਡ, ਛਡਣੀ ਜਗਤ ਲੋਕਾਈਆ । ਇਕੋ ਲੰਘ ਕੇ ਪਾਰ ਹਦ, ਦਵਾਰੇ ਧੁਰ ਦੇ ਸੋਭਾ ਪਾਈਆ । ਕੋਟਨ ਕੋਟ ਵਾਰ ਤਤ ਸਰੀਰ ਗਏ ਲਦ, ਚੋਲੀ ਜਗਤ ਮਾਤ ਹੰਡਾਈਆ । ਤੇਰਾ ਖੇਲ ਪੁਰਖ ਸਮਰਥ, ਬੇਅੰਤ ਬੇਪਰਵਾਹੀਆ । ਨਿਰਗੁਣ ਧਾਰ ਵਖਾਉਣਾ ਓਸ ਅਗੰਮੀ ਅੱਖ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਵੇਖ ਸਹਿਜੇ ਦਿਤਾ ਜਣਾਈਆ । ਜੁਗ ਚੌਕੜੀ ਸਭ ਕੁਝ ਮੇਰੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਸਭ ਦਾ ਲਹਿਣਾ ਦੇਣਾ ਕਰ ਕੇ ਬਸ, ਬਸਤੇ ਬਿਸਤਰਿਆਂ ਵਿਚ ਬੰਧਾਈਆ । ਹਰਿਭਗਤ ਗੁਰਮੁਖ ਸੁਹੇਲੇ ਕਰ ਇਕੱਠ, ਇਕੱਠਿਆਂ ਦਿਆਂ ਵਡਿਆਈਆ । ਸਚ ਦਰਬਾਰ ਦੀ ਨੀਂਹ ਰਖ, ਪਿਆਰ ਦੀ ਜੜ੍ਹ ਦਿਆਂ ਪਰਗਟਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰਾ ਭਗਤਾਂ ਵਾਲਾ ਪੱਖ, ਭੁੱਲਿਆਂ ਦੇਵਾਂ ਸਜ਼ਾਈਆ । ਗੁਰਮੁਖਾਂ ਦੀ ਸੇਵਾ ਦਾ ਇਹ ਪਿਛਲਾ ਰਸ, ਰਸਤਾ ਸ੍ਰਿਸ਼ਟੀ ਦਏ ਵਖਾਈਆ । ਜਿਸ ਦੇ ਨਿਸ਼ਾਨੇ ਉਤੇ ਸਦੀ ਪਿਛੋਂ ਖਰਚ ਹੋਣਾ ਸਵਾ ਲੱਖ, ਨਿਸ਼ਾਨਾ ਧਰਮ ਇਕ ਝੁਲਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਕੋਈ ਵਸ, ਵਸੀਕਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਵੇਖ ਵਖਾਈਆ । ਪੰਜ ਕੱਤਕ ਕਹੇ ਮੇਰਾ ਕਰੋ ਕ਼ਦਰ, ਕ਼ੁਦਰਤ ਦਾ ਕ਼ਾਦਰ ਰਿਹਾ ਮਿਲਾਈਆ । ਜੋ ਪੂਰੀ ਸਭ ਦੀ ਕਰੇ ਸਧਰ, ਸਦਮਾ ਰਿਹਾ ਚੁਕਾਈਆ । ਜਿਸ ਨੇ ਸਭ ਦਾ ਲੇਖਾ ਦੇਣਾ ਬਦਲ, ਬਦਲੀ ਕਰੇ ਲੋਕਾਈਆ । ਓਸ ਦਾ ਧਾਮ ਅਵਲੜਾ ਇਨਸਾਫ਼ ਵਾਲਾ ਅਦਲ, ਅਦਾਲਤ ਇਕ ਲਗਾਈਆ । ਕੂੜੀ ਕਿਰਿਆ ਕਰ ਕੇ ਕ਼ਤਲ, ਮਕ਼ਤੂਲ ਕਲਜੁਗ ਲਏ ਬਣਾਈਆ । ਗੁਰਮੁਖ ਹੀਰੇ ਬਣਾ ਕੇ ਰਤਨ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਕਿਸੇ ਦਾ ਕੋਈ ਚਲਣ ਨਹੀਂ ਦੇਣਾ ਯਤਨ, ਯਥਾਰਥ ਆਪਣਾ ਹੁਕਮ ਵਰਤਾਈਆ । ਤਿੰਨ ਸਾਲ ਸੁਖ ਨਾਲ ਕਿਸੇ ਨੂੰ ਦੇਣਾ ਨਹੀਂ ਵਸਣ, ਵਸੀਅ ਕਰ ਕੇ ਹੁਕਮ ਮਨਾਈਆ । ਜਨ ਭਗਤਾਂ ਭਗਵਾਨ ਦਵਾਰੇ ਨੀਂਹ ਆਇਆ ਰੱਖਣ, ਜਗਤ ਵਾਲੀ ਨਾ ਕੋਇ ਵਡਿਆਈਆ । ਮਾਨਸ ਜਨਮ ਦਾ ਅਖ਼ੀਰੀ ਵਖਾ ਕੇ ਪਤਣ, ਪਤਰਿਆਂ ਵਿਚੋਂ ਬਾਹਰ ਕਢਾਈਆ । ਅੰਤਮ ਲੈ ਕੇ ਜਾਏ ਓਸ ਵਤਨ, ਜਿਸ ਦੇ ਵਿਚੋਂ ਹੋਈ ਜੁਦਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੀ ਭਗਤੀ ਵਾਲੀ ਆਇਆ ਨੀਂਹ ਰਖਣ, ਜਿਸ ਦੀ ਜੜ੍ਹ ਨਾ ਕੋਇ ਉਖੜਾਈਆ ।

ਪੰਜ ਕੱਤਕ ਕਹੇ ਮੈਨੂੰ ਸੋਹਣਾ ਲਗੇ ਵਿਹਾਰ, ਖ਼ੁਸ਼ੀਆਂ ਵਾਲੀ ਘੜੀ ਸੁਹਾਈਆ । ਦਿਸ਼ਾ ਦੱਖਣ ਸ਼ੁਰੂ ਹੋਵੇ ਉਸਾਰ, ਇੱਟ ਬਾਹਰਲੀ ਸੀਸ

ਝੁਕਾਈਆ । ਨੌ ਇੰਚ ਦਾ ਜਿਸ ਪਿਆਰ, ਨਿਉਂ ਨਿਉਂ ਸੀਸ ਝੁਕਾਈਆ । ਅੰਦਰ ਲਹਿਣਾ ਵਾਰੋ ਵਾਰ, ਮਿਲੇ ਮਾਣ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਖੇ ਨਾਲ ਪਿਆਰ, ਪਿਆਰ ਦੇ ਬੰਧਨ ਪੰਜਾਂ ਲੇਖਾਂ ਵਿਚ ਬੰਦ ਕਰਾਈਆ ।

ਪੰਜ ਸ਼ਬਦ ਲਿਖਣੇ ਨਾਲ ਪਿਆਰ, ਪਿਆਰ ਧੁਰ ਦਾ ਦਏ ਬਣਾਈਆ । ਜਿਨ੍ਹਾਂ ਉਤੇ ਹੋਵੇ ''ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ" ਜੈਕਾਰ, ਜੈ ਜੈਕਾਰ ਸੁਣਾਈਆ । ਸਤ ਸਤ ਦੀ ਸਾਚੀ ਕਾਰ, ਕਰਨੀ ਦਾ ਕਰਤਾ ਆਪ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਦਵਾਰੇ ਦੀ ਨੀਂਹ ਦਾ ਇਕ ਸ਼ਿੰਗਾਰ, ਵਗਾਰ ਦੂਜੇ ਦੀ ਦਏ ਮਿਟਾਈਆ ।

ਇੱਟ ਕਹੇ ਮੇਰੀ ਨਿਮਸਕਾਰ, ਪੰਜ ਕੱਤਕ ਮਿਲੀ ਵਡਿਆਈਆ । ਆਈ ਚਲ ਸਚੇ ਦਵਾਰ, ਨਿਉਂ ਨਿਉਂ ਸੀਸ ਝੁਕਾਈਆ । ਸੰਮਤ ਸ਼ਹਿਨਸ਼ਾਹੀ ਅਪਰ ਅਪਾਰ, ਹੁਕਮ ਰਿਹਾ ਜਣਾਈਆ । ਤੂੰ ਲਗਣਾ ਭਗਤਾਂ ਦੇ ਓਸ ਦਰਬਾਰ, ਜਿਨ੍ਹਾਂ ਦਾ ਦਵਾਰਾ ਬੰਦ ਨਾ ਕੋਇ ਕਰਾਈਆ । ਜੁਗ ਚੌਕੜੀ ਵਸਦਾ ਰਹਿਣਾ ਘਰ ਬਾਰ, ਘਰਾਨਾ ਇਕੋ ਦੇਣਾ ਵਖਾਈਆ । ਜਿਨ੍ਹਾਂ ਦਾ ਯਾਰਾਨਾ ਨਾਲ ਨਿਰੰਕਾਰ, ਕੂੜੇ ਨਾਤੇ ਗਏ ਤੁੜਾਈਆ । ਓਨ੍ਹਾਂ ਦਾ ਪਿਆਰ ਪ੍ਰੇਮ ਮੁਨਾਰਾ ਦੇਣਾ ਉਸਾਰ, ਜੋ ਅਸਲ ਵਿਚੋਂ ਅਸਲ ਦਏ ਸਮਝਾਈਆ । ਜਿਸ ਦਾ ਸਦੀ ਪਿਛੋਂ ਸਧਰਾਂ ਵਾਲਾ ਹੋਣਾ ਵਿਹਾਰ, ਸਦ ਸਦ ਸਦ ਕਰਮ ਸਦ ਚਾਰੋਂ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਸੇਵਾ ਲੇਖੇ ਲਾਈਆ ।

ਇੱਟ ਕਹੇ ਮੇਰੀ ਇਕ ਬੇਨੰਤੀ, ਬਿਨੌ ਕਰ ਸੁਣਾਈਆ । ਜਨ ਭਗਤਾਂ ਦੀ ਸੋਹੇ ਪੰਗਤੀ, ਸੰਗਤ ਬੇਪਰਵਾਹੀਆ । ਮੈਂ ਦਰ ਤੇ ਆਈ ਮੰਗਤੀ, ਭਿਖਾਰਨ ਵੇਸ ਵਟਾਈਆ । ਮੈਨੂੰ ਲੋੜ ਨਹੀਂ ਕਿਸੇ ਅੰਨ ਦੀ, ਤ੍ਰਿਖਾ ਨਾ ਕੋਇ ਤਰਸਾਈਆ । ਮੈਨੂੰ ਆਸਾ ਇਕੋ ਚੰਨ ਦੀ, ਜੋ ਆਦਿ ਜੁਗਾਦਿ ਕਰੇ ਰੁਸ਼ਨਾਈਆ । ਮੈਂ ਓਸੇ ਦਾ ਹੁਕਮ ਮੰਨਦੀ, ਮਿੰਨਤਾ ਕਰ ਕਰ ਸੇਵ ਕਮਾਈਆ । ਜਨ ਭਗਤਾਂ ਦਾ ਬੇੜਾ ਬੰਨ੍ਹਦੀ, ਬੰਨ੍ਹ ਕੇ ਬੰਨੇ ਦੇਵਾਂ ਲਗਾਈਆ । ਮੈਨੂੰ ਲੋੜ ਨਹੀਂ ਛੱਪਰ ਛੰਨ ਦੀ, ਸ਼ਹਿਨਸ਼ਾਹ ਅਗੇ ਸੀਸ ਝੁਕਾਈਆ । ਮੈਨੂੰ ਖਿਚ ਇਕੋ ਗੱਲ ਦੀ, ਗਲ ਪਲੂ ਪਾ ਕੇ ਦਿਆਂ ਦ੍ਰਿੜਾਈਆ । ਜਨ ਭਗਤੋ ਧੰਨ ਉਹ ਆਤਮ ਜੋ ਪਰਮਾਤਮ ਦਾ ਦਰ ਮਲਦੀ, ਮਾਲਕ ਇਕੋ ਰਹੀ ਮਨਾਈਆ । ਅਗੇ ਤਾਕਤ ਰਹੀ ਨਹੀਂ ਕਿਸੇ ਦੇ ਬਲ ਦੀ, ਵਲੀਏ ਛਲੀਏ ਦੇਣੇ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੇ ਮੈਂ ਵਾਸਤਾ ਪਾਉਂਦੀ ਕਦ ਦੀ, ਰੈਣ ਸਬਾਈ ਸੀਸ ਝੁਕਾਈਆ । ਪ੍ਰਭੂ ਤੈਨੂੰ ਲੋੜ ਕਿਹੜੀ ਕਿਸੇ ਦਲ ਦੀ, ਸ਼ਬਦੀ ਹੁਕਮ ਨਾਲ ਸਭ ਦੀ ਜੜ੍ਹ ਦੇ ਉਖੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਖੇਲ ਅਗੰਮੀ ਪਲ ਦੀ, ਪਲਕ ਅੰਦਰ ਖ਼ਲਕ ਦੇ ਬਦਲਾਈਆ ।

੧੧੩੪

ਇੱਟ ਕਹੇ ਮੈਂ ਆਈ ਵੈਰਾਗਣ, ਬਿਰਹੋਂ ਅੰਦਰ ਨੀਰ ਵਹਾਈਆ । ਹੋਈ ਵਡ ਵਡਭਾਗਣ, ਮਿਲਿਆ ਬੇਪਰਵਾਹੀਆ । ਭਗਤਾਂ ਆਈ ਆਖਣ, ਸੁੱਤਿਆਂ ਰਹੀ ਜਗਾਈਆ । ਜਨ ਭਗਤੇ ਮੈਂ ਤੁਹਾਡੀ ਸੇਵਾ ਕਰਨ ਵਾਲੀ ਉਹ ਸਾਥਣ, ਧੁਰ ਦਾ ਸੰਗ ਬਣਾਈਆ । ਤੁਹਾਡੇ ਅੰਦਰ ਜਲਵਾ ਨੂਰੀ ਵੇਖ ਕੇ ਬਾਤਨ, ਮੇਰੇ ਬਾਹਰ ਵਜੀ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਜਨ ਭਗਤਾਂ ਬਖ਼ਸ਼ੇ ਸਚ ਨਿਵਾਸਣ, ਨਮਸਤੇ ਕਹਿ ਕੇ ਇਕੋ ਮੰਗ ਮੰਗਾਈਆ ।

ਇੱਟ ਕਹੇ ਗੁਰਮੁਖੋ ਮੇਰੇ ਉਤੇ ਸਾਰੇ ਲਾਓ ਪੰਜਾ, ਪੰਜ ਆਬ ਦੀ ਬਦਲੀ ਦਿਤੀ ਕਰਾਈਆ । ਨਾਲੇ ਲੇਖਾ ਮੁਕੇ ਧਾਰ ਬਵੰਜਾ, ਬਾਵਨ ਦਏ ਗਵਾਹੀਆ । ਸੀਸ ਝੁਕ ਜਾਏ ਨਾਲ ਅਕਵੰਜਾ, ਇਕਾਵਨ ਧੂੜੀ ਖ਼ਾਕ ਰਮਾਈਆ । ਸਚ ਪ੍ਰੇਮ ਦਾ ਅੰਤਰ ਆਤਮ ਪਏ ਉਹ ਸੁਪੰਜਾ, ਜਿਸ ਨੂੰ ਸਕੇ ਨਾ ਕੋਇ ਤੁੜਾਈਆ । ਗੁਰਮੁਖ ਧਾਰ ਰਹੇ ਨਾ ਕੋਇ ਦੋਰੰਗਾ, ਇਕੋ ਰੰਗ ਦਏ ਰੰਗਾਈਆ । ਮਿਲੇ ਮੇਲ ਸੂਰਾ ਸਰਬੰਗਾ, ਸੂਰਬੀਰ ਜੋੜ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਦਏ ਚੁਕਾਈਆ ।

ਇੱਟ ਕਹੇ ਗੁਰਮੁਖੋ ਪੰਜੇ ਵਾਲੇ ਮੈਨੂੰ ਲਾਇਉ ਪੰਜੇ ਪੋਟੇ, ਖ਼ੁਸ਼ੀਆਂ ਨਾਲ ਛੁਹਾਈਆ । ਮੈਂ ਇਕੋ ਰੰਗ ਵੇਖਾਂ ਵੱਡੇ ਛੋਟੇ, ਨੌਜਵਾਨਾਂ ਵਿਚ ਵਜੇ ਵਧਾਈਆ । ਅੰਤਰ ਮਨ ਰਹੇ ਮੂਲ ਨਾ ਖੋਟੇ, ਸਤਿ ਸਚ ਮਿਲੇ ਵਡਿਆਈਆ । ਕੂੜੀ ਕਿਰਿਆ ਦੇ ਹੋਣੇ ਟੋਟੇ, ਟੁਕੜਿਆਂ ਵਿਚ ਵੰਡ ਵੰਡਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣਾ ਕੇ ਆਪਣੇ ਪੋਤੇ, ਗੋਬਿੰਦ ਪੁਤਰ ਦੀ ਗੋਦ ਬਹਾਈਆ ।

### ✳ ੧੦ ਕੱਤਕ ਸ਼ਹਿਨਸ਼ਾਹੀ ਸੰਮਤ ੧ ਧੀਰ ਪੁਰ ਦਿੱਲੀ ✳

ਭਗਤ ਦੀਵਾਲੀ ਦੀਪਕ ਬਿਲੋਏ, ਬਾਲ ਬਾਲ ਰੁਸ਼ਨਾਈਆ । ਸਚ ਸਮਗਰੀ ਇਕੋ ਹੋਏ, ਸਤਿ ਸਤਿ ਇਕੋ ਵਡਿਆਈਆ । ਸਚ ਪਰਕਾਸ਼ ਸਦਾ ਤ੍ਰੈਲੋਏ, ਲੋਕ ਅਲੋਕ ਸਹਾਈਆ । ਪ੍ਰੇਮ ਪ੍ਰੀਤੀ ਅੰਤਰ ਮੋਹੇ, ਮੁਹੱਬਤ ਬੇਪਰਵਾਹੀਆ । ਦੋਏ ਏਕ ਰੂਪ ਤਨ ਅੰਤਰ ਹੋਏ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤ ਦੀਵਾਲੀ ਜਾਣੇ ਕੋਇ, ਜੁਗ ਚੌਕੜੀ ਸਾਰ ਕੋਇ ਨਾ ਆਈਆ । ਰਾਮ ਰਾਮ ਨੂੰ ਦੇਵੇ ਢੋਏ, ਪਰਨਾਮ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀਵਾਲੀ ਇਕ ਵਖਾਈਆ । ਭਗਤ ਦੀਵਾਲੀ ਕਹੇ ਮੇਰਾ ਜਗਦਾ ਦੀਪ, ਦੀਪਕ ਕਰੇ ਰੁਸ਼ਨਾਈਆ । ਮੇਰੀ ਓਸ ਦੇ ਨਾਲ ਪ੍ਰੀਤ, ਜੋ ਪ੍ਰੀਤਮ ਪਤਿਪਰਮੇਸ਼ਵਰ ਰਿਹਾ ਵਖਾਈਆ । ਮੈਂ ਵੇਖਿਆ ਲੰਘ ਕੇ ਸਚ ਦਹਿਲੀਜ, ਮੰਜ਼ਲ ਪੰਧ ਮੁਕਾਈਆ । ਜਿਸ ਦੀ ਜੁਗ ਚੌਕੜੀ ਰਖੀ ਰੀਝ, ਬਿਨ ਨੇਤਰ ਨੈਣ ਅੱਖ ਉਠਾਈਆ । ਸੋ ਮਿਲਿਆ ਸਾਹਿਬ ਹਬੀਬ, ਤਬੀਬ ਨੂਰ ਖ਼ੁਦਾਈਆ । ਜਲਵਾ ਤੱਕ ਅਜੀਬ, ਹੈਰਾਨੀ ਵਿਚ ਤਕਾਈਆ । ਜਿਸ ਦਾ ਲੇਖਾ ਸ਼ਾਹ ਗ਼ਰੀਬ, ਗ਼ੈਰਾਂ ਕਰੇ ਜੁਦਾਈਆ ।



੧੧੩੫

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀਵਾਲੀ ਇਕ ਵਖਾਈਆ । ਦੀਵਾਲੀ ਕਹੇ ਮੈਂ ਭਗਤਾਂ ਜੋਗੀ, ਜੁਗ ਜੁਗ ਰਾਹ ਤਕਾਈਆ । ਜਿਨ੍ਹਾਂ ਨੂੰ ਸਾਹਿਬ ਸਚੇ ਦੀ ਆ ਗਈ ਸੋਝੀ, ਗ੍ਰਹਿ ਮੰਦਰ ਹੋਈ ਰੁਸ਼ਨਾਈਆ । ਉਨ੍ਹਾਂ ਦੀ ਪੂਜਾ ਕਰਨ ਲੋਕੀ, ਪਰਲੋਕ ਵਜੀ ਵਧਾਈਆ । ਖੇਲ ਵੇਖ ਕੇ ਠਾਕਰ ਮੌਜੀ, ਮਜਲਸ ਇਕੋ ਘਰ ਸੁਹਾਈਆ । ਜਿਸ ਦੀਵਾਲੀ ਨੂੰ ਵੇਖ ਕੇ ਗਏ ਵੇਦੀ ਸੋਢੀ, ਨਾਨਕ ਗੋਬਿੰਦ ਅੱਖ ਖੁਲ੍ਹਾਈਆ । ਸੋ ਦੀਪਕ ਲੋ ਪਰਕਾਸ਼ ਦੇਵੇ ਓਹਦੀ, ਜਿਸ ਦੀ ਜੋਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀਵਾਲੀ ਦਏ ਦ੍ਰਿੜਾਈਆ । ਭਗਤ ਦੀਵਾਲੀ ਕਹੇ ਮੈਂ ਸਦਾ ਰਹਾਂ ਦਿਨ ਰਾਤ, ਦਿਵਸਾਂ ਵਾਲੀ ਨਾ ਵੰਡ ਵੰਡਾਈਆ । ਅੱਠੇ ਪਹਿਰ ਰਖਾਂ ਪਰਕਾਸ਼, ਪ੍ਰੇਮ ਨੂਰ ਰੁਸ਼ਨਾਈਆ । ਦੀਪਕ ਵਿਚੋਂ ਦੀਪਕ ਦੀ ਦੇਵਾਂ ਲਾਟ, ਲਲਾਟ ਕਰਾਂ ਰੁਸ਼ਨਾਈਆ । ਜਨ ਭਗਤਾਂ ਦੀ ਮੇਟਾਂ ਵਾਟ, ਅਧਵਾਟਾ ਪੰਧ ਮੁਕਾਈਆ । ਮੰਜ਼ਲ ਵਖਾ ਕੇ ਘਾਟ, ਘਾਟੇ ਪੂਰ ਕਰਾਈਆ । ਆਤਮ ਦੀ ਦੱਸ ਕੇ ਜ਼ਾਤ, ਪਰਮਾਤਮ ਦਿਆਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਦੀਵਾਲੀ ਕਹੇ ਮੈਂ ਆਈ ਵਿਚ ਸੰਸਾਰ, ਦੀਵੇ ਬੱਤੀ ਸਭ ਦੇ ਗੁਲ ਕਰਾਈਆ । ਮੇਰੇ ਸ਼ਹਿਨਸ਼ਾਹ ਦਾ ਸ਼ਹਿਨਸ਼ਾਹੀ ਵਿਵਹਾਰ, ਸਾਚੀ ਸ਼ਮਅ ਨਾ ਕੋਇ ਜਗਾਈਆ । ਖੇੜੇ ਉਜੜੇ ਵਿਚ ਸੰਸਾਰ, ਬੇੜੇ ਕੂੜੇ ਦਿਆਂ ਡੁਬਾਈਆ । ਭਗਤਾਂ ਕਰਾਂ ਪਿਆਰ, ਪ੍ਰੇਮੀਆਂ ਲਿਆਂ ਉਠਾਈਆ । ਜਿਨ੍ਹਾਂ ''ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ' ਬੋਲਿਆ ਜੈਕਾਰ, ਉਨ੍ਹਾਂ ਦੇਵਾਂ ਮਾਣ ਵਡਿਆਈਆ । ਦੀਆ ਬਾਤੀ ਕਮਲਾਪਾਤੀ ਬਾਲ ਕੇ ਅਗੰਮ ਅਪਾਰ, ਤੇਲ ਬੱਤੀ ਬਿਨਾ ਦਿਤਾ ਟਿਕਾਈਆ । ਸੋ ਜਗਦਾ ਰਹੇ ਸਦ ਭਗਤਾਂ ਵਾਲੀ ਪਰਭਾਤ, ਨੂਰ ਇਕੋ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਚ ਕਰੇ ਰੁਸ਼ਨਾਈਆ । ਭਗਤ ਦੀਵਾਲੀ ਕਹੇ ਮੈਨੂੰ ਲੋੜ ਨਹੀਂ ਦੀਆ ਬੱਤੀ, ਤੇਲ ਵਾਲੀ ਨਾ ਆਸ ਰਖਾਈਆ । ਮੈਂ ਭਗਤਾਂ ਨੂੰ ਮਿਲਾਉਣਾ ਧੁਰ ਦਾ ਕਮਲਾਪਤੀ, ਜਿਸ ਨੂੰ ਮਿਲਿਆਂ ਜੋਤ ਨਾ ਕੋਇ ਬੁਝਾਈਆ । ਇਹੋ ਖੇਲ ਲਗੇ ਹੱਛੀ, ਅੱਛੀ ਤਰਾ ਦ੍ਰਿੜਾਈਆ । ਜਨ ਭਗਤਾਂ ਕਰਾਂ ਪੱਕੀ, ਹੁਕਮ ਦੱਸਾਂ ਬੇਪਰਵਾਹੀਆ । ਜਨ ਭਗਤੋ ਸਚ ਦੀਵਾਲੀ ਵੇਖੋ ਆਪਣੀ ਉਸ ਅੱਖੀਂ, ਜੋ ਅੱਖੀਆਂ ਦੇ ਪਿਛੇ ਅੱਖੀ ਦਿਤੀ ਲਗਾਈਆ । ਜਿਥੇ ਅੰਧੇਰ ਰਹੇ ਨਾ ਰਤੀ, ਦਿਵਸ ਰੈਣ ਹੋਏ ਰੁਸ਼ਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇ ਕੇ ਇਕ ਮਤੀ, ਮਤਲਬ ਗੁਰਮੁਖਾਂ ਹਲ ਕਰਾਈਆ ।


੧੧੩੬

ਦੀਵਾਲੀ ਜਗਤ ਕਹੇ ਮੈਂ ਚੁੱਕ ਕੇ ਵੇਖਿਆ ਪਰਦਾ, ਨੈਣ ਅੱਖ ਨਾਲ ਬਦਲਾਈਆ । ਲੇਖਾ ਜਾਣਿਆਂ ਘਰ ਘਰ ਦਾ, ਵੇਖੀ ਸਰਬ ਲੋਕਾਈਆ । ਦੀਪਕ ਤੇਲ ਬਾਤੀ ਨਾਲ ਤਕਿਆ ਬਲਦਾ, ਥੋੜ੍ਹੇ ਸਮੇਂ ਲਈ ਰੁਸ਼ਨਾਈਆ । ਜਗਤ ਜਹਾਨ ਦੀਪਕ ਜਲਦਾ, ਰੈਣ ਸਬਾਈ ਤੱਕੀ ਹਾਲ ਦੁਹਾਈਆ । ਜਿਨ੍ਹਾਂ ਉਤੇ ਭਾਣਾ ਵਰਤਣਾ ਕਲਜੁਗ ਕਲ ਦਾ, ਕਾਲਖ ਟਿੱਕੇ ਨਾ ਕੋਇ ਮਿਟਾਈਆ । ਲੇਖਾ ਮਿਲਣਾ ਕੂੜੇ ਫਲ ਦਾ, ਕਰਮਾਂ ਦੀ ਹੋਏ ਸਜ਼ਾਈਆ । ਸ਼ੇਰ ਬੁਕਣਾ ਦੋ ਜਹਾਨ ਵਡੀ ਝੱਲ ਦਾ, ਝਲਕ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦੀਵਾਲੀ

ਦਏ ਬੁਝਾਈਆ । ਜਗਤ ਦੀਵਾਲੀ ਕਹੇ ਬਹੁਤੇ ਦੀਵੇ ਹੋਏ ਗੁਲ, ਰੋਸ਼ਨ ਨਾ ਕੋਇ ਕਰਾਈਆ । ਮਾਟੀ ਦਾ ਪਿਆ ਨਾ ਕੋਇ ਮੁੱਲ, ਕ਼ੀਮਤ ਨਾ ਕੋਇ ਚੁਕਾਈਆ । ਸਚ ਨਾ ਤੁਲਿਆ ਤੁਲ, ਲਹਿਣਾ ਹੱਥ ਨਾ ਕੋਇ ਫੜਾਈਆ । ਮਨ ਵਾਸਨਾ ਗਏ ਭੁਲ, ਭਰਮ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦੀਵਾਲੀ ਘਰ ਘਰ ਦਏ ਦੁਹਾਈਆ । ਜਗਤ ਦੀਵਾਲੀ ਕਹੇ ਸਾਚਾ ਵੇਖੋ ਜਗਦਾ ਇਕੋ ਦੀਆ, ਜੋ ਦੀਵਾਨਖ਼ਾਨਿਆਂ ਕਰੇ ਰੁਸ਼ਨਾਈਆ । ਉਸ ਦੇ ਵੇਖਣ ਦਾ ਕਰ ਲਓ ਹੀਆ, ਹਿੰਮਤ ਨਾਲ ਆਪਣਾ ਆਪ ਉਠਾਈਆ । ਸਾਚੀ ਦੀਪਕ ਜਗਾਉਣ ਵਾਲੀ ਬਣ ਜਾਓ ਤ੍ਰੀਆ, ਤ੍ਰੀਮਤ ਆਪਣਾ ਰੂਪ ਬਦਲਾਈਆ । ਮਿਲ ਕੇ ਪ੍ਰੇਮੀ ਸਚੇ ਪ੍ਰੀਆ, ਦੀਪਕ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਅੰਤਮ ਹੀਆ, ਹਰਿ ਜੂ ਹਰਿ ਹਰਿ ਦਏ ਸਮਝਾਈਆ । ਅਗੇ ਭੋਗਣਾ ਸਭ ਨੇ ਆਪਣਾ ਕੀਆ, ਕ਼ੀਮਤ ਸਕੇ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਦੀਵਾਲੀ ਰਿਹਾ ਸਮਝਾਈਆ । ਜਗਤ ਦੀਵਾਲੀ ਕਹੇ ਮੈਨੂੰ ਆਉਂਦਾ ਰਿਹਾ ਡਰ, ਡਰ ਡਰ ਰਿਹਾ ਸੁਣਾਈਆ । ਖ਼ੁਸ਼ੀ ਹੋਈ ਨਹੀਂ ਘਰ ਘਰ, ਥੋੜ੍ਹਿਆਂ ਵਿਚੋਂ ਬਹੁਤੇ ਰਹੇ ਪਛਤਾਈਆ । ਮੰਜ਼ਲ ਵੇਖਿਆ ਨਾ ਕਿਸੇ ਚੜ੍ਹ, ਸਤਿ ਦੀਪਕ ਨਾ ਕੋਇ ਚਮਕਾਈਆ । ਖ਼ਾਲੀ ਵੇਖ ਕੇ ਕਿਲੇ ਗੜ੍ਹ, ਮੈਂ ਅੰਦਰੋਂ ਕਰਾਂ ਦੁਹਾਈਆ । ਇਉਂ ਭਾਸਦਾ ਜਿਵੇਂ ਸਭ ਦੀ ਉਖੜਨ ਵਾਲੀ ਜੜ੍ਹ, ਸਿਰ ਸਕੇ ਨਾ ਕੋਇ ਉਠਾਈਆ । ਦੀਆ ਦੀਪਕ ਰਿਹਾ ਕੋਈ ਨਾ ਬਲ, ਬਲਦੀ ਅੱਗ ਨਾ ਕੋਇ ਬੁਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਭਗਤਾਂ ਸਾਚਾ ਦਿਤਾ ਕਿਸੇ ਨਾ ਫਲ, ਕੂੜ ਕੁੜਿਆਰਾਂ ਦੀਵੇ ਗੁਲ ਰਿਹਾ ਕਰਾਈਆ ।



## ✻ ੧੧ ਕੱਤਕ ਸ਼ਹਿਨਸ਼ਾਹੀ ਸੰਮਤ ੧ ਸਪਤ ਰਿਸ਼ੀ ਆਸ਼ਰਮ, ਹਰਿਦਵਾਰ ਯੂ० ਪੀ० ✻

ਵਿਸ਼ਨੂੰ ਕਿਰਪਾ ਕਰੀ ਆਪਾਰ, ਅਪਰੰਪਰ ਧਾਰ ਚਲਾਈਆ । ਗੰਗਾ ਗੰਗੋਤਰੀ ਗੰਗਵਰਤੀ ਦੇ ਆਧਾਰ, ਦ੍ਰਿਸ਼ਟ ਦਇਆ ਕਮਾਈਆ । ਹੁਕਮ ਅਗੰਮ ਅਥਾਹ ਸੰਦੇਸ਼ਾ ਸਚ ਵਿਵਹਾਰ, ਸ਼ਬਦ ਅਨਾਦੀ ਨਾਦ ਵਜਾਈਆ । ਆਸਾ ਤ੍ਰਿਸ਼ਨਾ ਮਨਸ਼ਾ ਵੇਖ ਸੰਸਾਰ, ਧਰਨੀ ਧਰਤ ਧਵਲ ਖੋਜ ਖੁਜਾਈਆ । ਬ੍ਰਹਮਾ ਬ੍ਰਹਮ ਤਤਵ ਤਤ ਜਗਤ ਪਸਾਰ, ਸ੍ਰਿਸ਼ਟੀ ਰੰਗ ਰੰਗਾਈਆ । ਰਾਜ ਜੋਗ ਜਗਤ ਭਗਤ ਭੋਗ ਵੇਖ ਸਿਕਦਾਰ, ਭੇਵ ਅਭੇਦਾ ਅਛਲ ਅਛੇਦਾ ਬੋਧ ਅਗਾਧ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਵਿਸ਼ਵ ਵਿਸ਼ੇਸ਼ ਆਪਣਾ ਹੁਕਮ ਵਰਤਾਈਆ । ਵਿਸ਼ਨੂੰ ਗੰਗਾ ਦਏ ਗਿਆਨ, ਅਗਲਾ ਮਾਰਗ ਦ੍ਰਿੜਾਈਆ । ਜਿਸ ਦਾ ਅੱਖਰਾਂ ਤੋਂ ਬਾਹਰ ਵਖਿਆਨ, ਨਿਰਅੱਖਰ ਦਏ ਗਵਾਹੀਆ । ਸਤਿ ਸਰੂਪ ਖੇਲ ਵਿਸ਼ਨੂੰ ਭਗਵਾਨ, ਮਿਹਰਵਾਨ ਦਇਆ ਕਮਾਈਆ । ਜਟਾ ਜੂਟ ਮਹਾਂ ਬਲਵਾਨ, ਸ਼ੰਕਰ ਸ਼ਾਹ ਸਰਨਾਈਆ । ਧੁਰ ਫ਼ਰਮਾਣਾ ਹੁਕਮ ਧੁਰ ਨੌਜਵਾਨ, ਨਾਮ ਡੰਕਾ ਇਕ ਵਜਾਈਆ । ਜਿਸ ਦਾ ਸ਼ਾਸਤਰ ਸਾਖ਼ਿਆਤ ਉਹ ਕਰਨ ਬਿਆਨ, ਵਿਦਿਆ ਬਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੰਗਾ ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ ਆਪਣੀ ਧਾਰ ਉਪਜਾਈਆ । ਵਿਸ਼ਨੂੰ ਧਾਰ ਗੰਗਾ ਜਲ, ਪਾਣੀ ਅੰਮ੍ਰਿਤ ਰੂਪ ਪਰਗਟਾਈਆ । ਜਿਸਦੀ ਸਾਰ ਕੋਈ ਨਾ ਪਾਵੇ ਜੰਗਲ ਜੂਹ ਉਜਾੜ ਪਹਾੜ ਟਿੱਲਾ ਪਰਬਤ ਥਲ, ਸਮੁੰਦ ਸਾਗਰ ਪਰਦਾ

ਨਾ ਕੋਇ ਉਠਾਈਆ । ਕ਼ਲਮੇ ਅੰਦਰ ਹੁਕਮੀ ਰਹੀ ਚਲ, ਚਿਲੰਤ ਚਲਤ ਪਰਚਲਤ ਰੰਗ ਰੰਗਾਈਆ । ਜਿਸ ਦਾ ਹੁਕਮ ਓਸੇ ਦਾ ਮੇਲ, ਭਾਵ ਭੇਦ ਭੇਵ ਆਪਣੇ ਵਿਚ ਛੁਪਾਈਆ । ਖੇਲ ਅੰਦਰ ਘਲ, ਭਾਗੀਰਥ ਨਾਲ ਕੁੜਮਾਈਆ । ਸਪਤ ਰਿਖ ਅੰਤਰ ਆਤਮ ਪਰਮਾਤਮ ਧਾਰ ਰਲ, ਬੇਮਿਸਾਲ ਮਿਸਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਿਤੀ ਸਰਨਾਈਆ । ਵਿਸ਼ਨੂੰ ਧਾਰ ਵਿਸ਼ਵ ਕਲਿਆਣ, ਜਲ ਧਾਰਾ ਅੰਮ੍ਰਿਤ ਰੂਪ ਪਰਗਟਾਈਆ । ਜੁਗ ਚੌਕੜੀ ਖੇਲ ਮਹਾਨ, ਮਹਾਬਲੀ ਸਰਨਾਈਆ । ਭੂਮਿਕਾ ਸਚ ਅਸਥਾਨ, ਚਰਨ ਕਵਲ ਸਰਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਬਿਆਨ, ਸਿਫ਼ਤਾਂ ਨਾਲ ਸਲਾਹੀਆ । ਵਾਕ ਭਵਿਖਤ ਬਿਨਾ ਲਿਖਤ ਵਿਚ ਸ੍ਰਿਸ਼ਟ ਅਨਦ੍ਰਿਸ਼ਟ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਇਕ ਦ੍ਰਿੜਾਈਆ । ਗੰਗਾ ਕਹੇ ਮੈਂ ਸਚੀ ਧਾਰ ਉਹ ਗੰਗ, ਜਿਸ ਨੂੰ ਗਹਿਰ ਗੰਭੀਰ ਦਏ ਵਡਿਆਈਆ । ਜਿਸ ਦਾ ਰੂਪ ਨਾ ਕੋਈ ਰੇਖ ਰੰਗ, ਰੰਗ ਰੰਗੀਲਾ ਸਭ ਨੂੰ ਵੇਖ ਵਖਾਈਆ । ਜਿਸ ਦਵਾਰਿਉਂ ਲਈ ਮੰਗ, ਮਾਂਗਤ ਹੋਏ ਝੋਲੀ ਡਾਹੀਆ । ਮੇਰੇ ਅੰਤਰ ਅੰਤਰ ਭਰ ਕੇ ਪ੍ਰੇਮ ਅਨੰਦ, ਅਨੰਦ ਆਪਣਾ ਦਿਤਾ ਜਣਾਈਆ । ਮੈਂ ਢੋਲਾ ਗਾ ਕੇ ਛੰਦ, ਤੂੰ ਮੇਰਾ ਮੈਂ ਤੇਰਾ ਇਕ ਆਵਾਜ਼ ਅਨਾਦੀ ਨਾਦ ਅਲਾਈਆ । ਸਚ ਪਰਕਾਸ਼ ਚਾੜ੍ਹ ਕੇ ਚੰਦ, ਨੂਰੀ ਜੋਤ ਜਲਵਾ ਕਰ ਰੁਸ਼ਨਾਈਆ । ਚਲੀ ਓਸ ਦੇ ਸੰਗ, ਜੋ ਸਗਲਾ ਸੁਬੰਸ ਬੰਸ ਤਰਾਈਆ । ਸਤਿ ਦਵਾਰੇ ਆਈ ਉਹ ਕੰਧ, ਜਿਹੜੀ ਭਾਰਦਵਾਜ ਆਪਣੇ ਅੰਦਰ ਲਈ ਟਿਕਾਈਆ । ਵਿਸ਼ਵਾਮਿਤ੍ਰ ਲਈ ਮੰਨ, ਮਨਸਾ ਵਿਚ ਸਮਝਾਈਆ । ਸਪਤ ਸੁਣਨ ਬਿਨਾ ਕੰਨ, ਅਗੰਮੀ ਹੋਈ ਸ਼ਨਵਾਈਆ । ਸਾਰੇ ਕਹਿਣ ਧੰਨ ਧੰਨ, ਸ਼ੰਕਰ ਵਡ ਵਡਿਆਈਆ । ਵਿਸ਼ਨੂੰ ਆਇਆ ਸਨ੍ਹ, ਸਨਮੁਖ ਸੋਭਾ ਪਾਈਆ । ਨਿਹਕਰਮੀ ਜਣਾਏ ਉਹ ਕਰਮ, ਕਾਂਡਾਂ ਵਿਚੋਂ ਬਾਹਰ ਕਢਾਈਆ । ਜਿਸ ਦੇ ਵਹਿਣ ਵਿਚ ਨਹੀਂ ਕੋਈ ਭਰਮ, ਭਾਓ ਭੇਵ ਇਕੋ ਨਜ਼ਰੀ ਆਈਆ । ਜਿਸਦਾ ਜ਼ਾਤ ਪਾਤ ਗੋਤ ਨਹੀਂ ਕੋਈ ਵਰਨ, ਬਰਨ ਨਾ ਵੰਡ ਵੰਡਾਈਆ । ਸਚੀ ਸਤਿ ਸਚ ਇਕੋ ਸਰਨ, ਮਾਰਗ ਇਕ ਵਖਾਈਆ । ਸਾਚੀ ਧਰਨੀ ਉਤੇ ਧਰਨ ਵਾਲਾ ਧਰਮ, ਦਇਆਵਾਨ ਬੇਪਰਵਾਹੀਆ । ਪਰਮ ਪੁਰਖ ਦਾ ਲੇਖਾ ਕਿਸੇ ਲਿਖਤ ਵਿਚ ਆਵੇ ਨਾ ਪੜ੍ਹਨ, ਵਿਦਿਆ ਵਿਚ ਨਾ ਕੋਇ ਸਮਝਾਈਆ । ਜੋ ਰਿਖੀ ਰਿਸ਼ੀ ਬਿਨ ਰਿਸ਼ਵ ਤੋਂ ਸਚ ਦਵਾਰੇ ਮੰਜ਼ਲ ਚੜ੍ਹਨ, ਨਿਜ ਨੇਤਰ ਗਿਆਨ ਲੋਚਨ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਗੰਗਾ ਕਹੇ ਮੇਰਾ ਮਾਣ ਨਾਲ ਭਾਗੀਰਥ, ਭਗਤਾਂ ਦਿਆਂ ਵਡਿਆਈਆ । ਕਲਜੁਗ ਅੰਤ ਤਕ ਰਹਿਣਾ ਮੇਰਾ ਤੀਰਥ, ਤੱਟਾਂ ਵਿਚ ਸੋਭਾ ਪਾਈਆ । ਪਵਿੱਤਰ ਪੁਨੀਤ ਹੋਣਾ ਨੀਰਤ, ਨਿਰਮਲ ਨਿਰਾਧਾਰ ਰੂਪ ਪਰਗਟਾਈਆ । ਸਤਿ ਧਰਮ ਭਰਨਾ ਬੀਰ ਰਸ, ਰਸਨਾ ਅੰਦਰੇ ਅੰਦਰ ਦਿਆਂ ਜਣਾਈਆ । ਮਨ ਵਾਸਨਾ ਕੂੜੀ ਕਿਰਿਆ ਕਰਨੀ ਵਸ, ਦੁਰਮਤ ਮੈਲ ਅੰਦਰੋਂ ਬਾਹਰ ਕਢਾਈਆ । ਜਿਨ੍ਹਾਂ ਸਪਤ ਸਰਿੰਗ ਦਰਸ਼ਨ ਪਾਇਆ ਬਿਨਾ ਅੱਖ, ਆਖ਼ਰ ਮੰਜ਼ਲ ਵੇਖ ਵਖਾਈਆ । ਉਹਨਾਂ ਦੀ ਆਦਿ ਜੁਗਾਦੀ ਇਕੋ ਪੱਖ, ਸਗਲਾ ਸੰਗ ਬਣਾਈਆ । ਜੋ ਕੁਛ ਮਹਾਤਮਾ ਦਿਤਾ ਦੱਸ, ਬਿਆਨ ਗ੍ਰੰਥਾਂ ਵਾਲਾ ਸੁਣਾਈਆ । ਇਸ ਤੋਂ ਅਗੇ ਬਹੁਤਾ ਹੋਰ ਗੰਗਾ ਦਾ ਹਿਸ, ਹਸੀਅਤ ਵਿਸ਼ਨੂੰ ਨਾਲ ਰਖਾਈਆ । ਸ਼ੰਕਰ ਸੰਗ ਨਾ ਹੋਵੇ ਬੱਸ, ਬਹਿਸ ਮੁਬਹਿਸ ਨਾ ਕੋਇ ਵਡਿਆਈਆ । ਜਿਸ ਤਟ ਉਤੇ ਵਿਸ਼ਨੂੰ ਭਗਵਾਨ ਆਪ ਹੋਵੇ ਪਰਗਟ, ਨਿਰਗੁਣ ਨੂਰ ਜੋਤ

੧੧੩੮

ਰੁਸ਼ਨਾਈਆ । ਸਪਤ ਰਿਸ਼ੀਆਂ ਦੇਵੇ ਉਹ ਅਗੰਮੀ ਮਤਿ, ਮਨ ਮਤਿ ਬੁਧਿ ਤੋਂ ਬਾਹਰ ਬੋਧ ਅਗਾਧ ਜਣਾਈਆ । ਧੁਰ ਦਾ ਖੇਲ ਜਗਤ ਤਮਾਸ਼, ਤਮਅ ਦਏ ਰੁੜ੍ਹਾਈਆ । ਸਚ ਦਵਾਰ ਸਚ ਪਰਕਾਸ਼ ਹਰੀ ਹਰਿ ਆਪ, ਪਰਤਾਪ ਆਪਣੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦੀ ਗਾਥ ਅੰਤ ਸਾਥ ਵੇਖੇ ਬੇਪਰਵਾਹੀਆ । ਸਚ ਭੂਮਿਕਾ ਸਚ ਅਸਥਾਨ, ਧਰਨੀ ਧਰਤ ਧਵਲ ਖ਼ੁਸ਼ੀ ਮਨਾਈਆ । ਜਿਸ ਗ੍ਰਿਹਿ ਵਸੇ ਸ੍ਰੀ ਭਗਵਾਨ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਸਤਿ ਧਰਮ ਝੁਲਾਏ ਨਿਸ਼ਾਨ, ਦੋ ਜਹਾਨ ਦਏ ਵਖਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਮੰਨਣ ਆਨ, ਵਿਸ਼ਨ ਬ੍ਰਹਮਾ ਸ਼ਿਵ ਢੋਲੇ ਗੀਤ ਅਲਾਈਆ । ਨਾਮ ਧਨ ਸਤਿ ਦਾਨ ਜਿਥੇ ਮਿਲੇ ਮਾਣ, ਅਭਿਮਾਨ ਰਹੇ ਨਾ ਰਾਈਆ । ਜਿਥੇ ਆਤਮਾ ਦਾ ਮਾਲਕ ਪਰਮਾਤਮਾ ਮਿਲੇ ਸਾਚਾ ਕਾਹਨ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਓਥੇ ਕਿਉਂ ਨਾ ਮਿਲੇ ਸੁਖ ਆਰਾਮ, ਸ਼ਾਂਤੀ ਆਪਣਾ ਵਾਤਾਵਰਨ ਲਏ ਬਦਲਾਈਆ । ਇਕੋ ਧੁਰ ਸੰਦੇਸ਼ਾ ਸਚ ਦੇਵੇ ਪੈਗ਼ਾਮ, ਹੁਕਮ ਹਕ ਸੁਣਾਈਆ । ਭੂਮਿਕਾ ਕਹੇ ਮੈਂ ਤੱਕਿਆ ਓਹ ਰਾਮ, ਜੋ ਰਾਮ ਰਾਮ ਵਿਚ ਸਮਾਈਆ । ਜਿਸ ਦਾ ਮੁਹੱਬਤ ਵਾਲਾ ਜਾਮ, ਅੰਮ੍ਰਿਤ ਰਸ ਚਖਾਈਆ । ਚਾਰ ਕੁੰਟ ਦਹਿ ਦਿਸ਼ਾ ਏਥੇ ਓਥੇ ਨਿਗਾਹਬਾਨ, ਹਰ ਘਟ ਅੰਤਰ ਲੱਖ ਚੁਰਾਸੀ ਜੀਵ ਜੰਤ ਅੰਡਜ ਜੇਰਜ ਉਤਭੁਜ ਸੇਤਜ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਰਤੀ ਸਦਾ ਓਹ ਕਰੇ ਪਰਵਾਨ, ਜਿਥੇ ਰਿਸ਼ੀ ਮਹਾਰਿਸ਼ੀ ਮੁਨੀ ਮੁਨੀਸ਼ਰ ਬੈਠੇ ਆਸਣ ਲਾਈਆ । ਧਰਤੀ ਕਹੇ ਮੈਂ ਸੋਹਣੀ ਧਰਤ, ਭਾਗਾਂ ਵਾਲੀ ਆਪਣਾ ਭਾਗ ਰਹੀ ਵੰਡਾਈਆ । ਜਿਸ ਦਵਾਰੇ ਦਵਾਰਕਾ ਵਾਸੀ ਆਇਆ ਪਰਤ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦਇਆ ਕਮਾਈਆ । ਜਨਮ ਜਨਮ ਦੀ ਕਰਮ ਕਰਮ ਦੀ ਮੇਟੀ ਹਰਸ, ਹਿਰਸ ਦਿਤੀ ਮਿਟਾਈਆ । ਸਚ ਪ੍ਰੇਮ ਪਿਆਰ ਅੰਦਰ ਕੀਤਾ ਤਰਸ, ਰਹਿਮਤ ਸਚ ਕਮਾਈਆ । ਏਥੇ ਖੇਲ ਹੋਣਾ ਬਾਦ ਇਕ ਬਰਖ਼, ਵਾਰ ਥਿਤ ਇਹੋ ਮਿਲੇ ਵਡਿਆਈਆ । ਸਚੇ ਸਾਧੂਆਂ ਹੋਣੀ ਪਰਖ, ਵਿਸ਼ਨੂੰ ਭਗਵਾਨ ਆਪਣਾ ਰੂਪ ਲਏ ਬਦਲਾਈਆ । ਗੰਗਾ ਨੇ ਬੋਲ ਕੇ ਕਿਹਾ ਨਿਧੜਕ, ਸ਼ਬਦ ਅਗੰਮੀ ਆਵਾਜ਼ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਆਤਮ ਪਰਮਾਤਮ ਪ੍ਰਭ ਮਿਲਣ ਦੀ ਸਿੱਧੀ ਸੜਕ, ਮਾਰਗ ਇਕੋ ਨਜ਼ਰੀ ਆਈਆ । ਸ੍ਰਿਸ਼ਟੀ ਦਾ ਵੇਖਣਾ ਕਟਕ, ਪ੍ਰੇਮੀਆਂ ਦਾ ਪਰਗਟ ਹੋਣਾ ਇਸ਼ਟ, ਦ੍ਰਿਸ਼ਟ ਸਭ ਦੀ ਸੋਭਾ ਪਾਈਆ । ਲਹਿਣਾ ਚੁਕਣਾ ਰਾਮ ਵਸ਼ਿਸ਼ਟ, ਵਾਸਨਾ ਸੁਗੰਧੀ ਰਾਮ ਨਾਮ ਆਪਣੀ ਮਹਿਕ ਲਏ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਰਨੀ ਆਦਿ ਜੁਗਾਦੀ ਵੇਖ ਵਖਾਈਆ । ਧਰਨੀ ਕਹੇ ਮੇਰੇ ਉਪਰ ਧਰਮ ਦਵਾਰ, ਸੁਹਾਵਣਾ ਸੁਹੰਜਣਾ ਨਜ਼ਰੀ ਆਈਆ । ਜਿਥੇ ਮੇਲ ਕਰੇ ਕਰਤਾਰ, ਕੁਦਰਤ ਦਾ ਕ਼ਾਦਰ ਵੇਖ ਵਖਾਈਆ । ਪ੍ਰੇਮੀਆਂ ਦਾ ਪਿਆਰ, ਪਿਆਰਿਆਂ ਦਾ ਉਧਾਰ, ਸਤੀਆਂ ਦਾ ਸਤਿਕਾਰ, ਯਤੀਆਂ ਦਾ ਜੈਕਾਰ, ਸ਼ੰਕਰ ਤ੍ਰਿਸੂਲ ਦਾ ਵਣਜਾਰ, ਵਿਸ਼ਨੂੰ ਵਿਸ਼ਵ ਦਾ ਅਧਾਰ, ਗੰਗਾ ਅੰਮ੍ਰਿਤ ਰਸ ਧਾਰ, ਪਾਰਬ੍ਰਹਮ ਪਤਿਪਰਮੇਸ਼ਵਰ ਵੇਖੇ ਖੇਲ ਬੇਪਰਵਾਹੀਆ । ਟਿੱਲੇ ਪਰਬਤ ਨੇਤਰ ਨੈਣ ਰਹੇ ਉਠਾਲ, ਜੰਗਲ ਜੂਹ ਬੇਲੇ ਕਰਨ ਖ਼ਿਆਲ, ਸਾਚੀ ਭੂਮਿਕਾ ਬਣੇ ਸਾਚੀ ਧਰਮਸਾਲ, ਧਰਮ ਦਵਾਰਾ ਸਤਿਜੁਗ ਸਾਚਾ ਆਪਣਾ ਰੂਪ ਵਟਾਈਆ । ਜਿਥੇ ਪੋਹ ਨਾ ਸਕੇ ਕਾਲ, ਦੀਨਾਂ ਬੰਧਪ ਦੀਨਾ ਨਾਥਾ ਹੋਏ ਦਿਆਲ, ਚਿਤਰ ਗੁਪਤ ਲੇਖ ਸਕੇ ਨਾ ਕੋਈ ਵਖਾਈਆ । ਰਾਏ ਧਰਮ ਕੋਲੋਂ ਕਰੇ ਬਹਾਲ, ਸਿਰ ਆਪਣਾ ਹੱਥ

ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਰਨੀ ਸੋਹਣੀ ਵੇਖ ਵਖਾਈਆ । ਧਰਨੀ ਕਹੇ ਮੈਨੂੰ ਕੋਈ ਨਾ ਜਾਣਿਓ ਮਿੱਟੀ ਖ਼ਾਕ, ਗੰਗਾ ਧਾਰ ਦਿਆਂ ਵਡਿਆਈਆ । ਜਨ ਭਗਤੋ ਖੋਲ੍ਹ ਕੇ ਵੇਖੋ ਆਪਣਾ ਤਾਕ, ਬਜਰ ਕਪਾਟੀ ਪਰਦਾ ਉਠਾਈਆ । ਨਿਰਗੁਣ ਨੂਰ ਸਚ ਤਕੋ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਅੰਮ੍ਰਿਤ ਆਤਮ ਵੇਖੋ ਆਬੇ ਹਯਾਤ, ਜੋ ਹਯਾਤੀ ਦਏ ਬਦਲਾਈਆ । ਸਚਾ ਮੇਲ ਜਾਣੋ ਉਹ ਸਾਥ, ਜੋ ਸਗਲਾ ਸੰਗ ਨਿਭਾਈਆ । ਜਿਸ ਨੂੰ ਨਮਸਤੇ ਕਰਕੇ ਮੰਨਦੇ ਰਹੇ ਰਘੁਪਤ ਰਘੁਨਾਥ, ਰਘੁਨਾਥ ਰਗ ਰਗ ਵਿਚ ਸਮਾਈਆ । ਓਸ ਦੇ ਨੂਰ ਦਾ ਹੋਣਾ ਪਰਕਾਸ਼, ਆਪਣਿਆਂ ਭਗਤਾਂ ਦੀ ਵੇਖਣੀ ਇਕ ਜਮਾਤ, ਦਵੈਤ ਦੂਈ ਵੰਡ ਨਾ ਕੋਇ ਵੰਡਾਈਆ । ਸਾਚੀ ਧਰਨੀ ਹੋਏ ਰਿਆਇਤ, ਵਿਸ਼ਨੂੰ ਭਗਵਾਨ ਕਰੇ ਅਨਾਇਤ, ਪ੍ਰੇਮੀ ਪਿਆਰਿਆਂ ਦੀ ਵੇਖੇ ਰਿਹਾਇਸ਼, ਬਿਨਾ ਪੈਮਾਨਿਉਂ ਕਰੇ ਪੈਮਾਇਸ਼, ਅੰਤਰ ਆਤਮ ਵੇਖ ਵਖਾਈਆ । ਖ਼ੁਸ਼ੀ ਹੋਵੇ ਨਹਾਇਤ, ਕੂੜੀ ਕਿਰਿਆ ਦੀ ਹੋਵੇ ਕਫ਼ਾਇਤ, ਸਮਾਇਤ ਆਪਣਾ ਹੁਕਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਧਰਤੀ ਧਰਮ ਅਸਥਾਨ ਦਏ ਵਡਿਆਈਆ । ਧਰਨੀ ਕਹੇ ਮੇਰਾ ਵੱਡਾ ਭਾਗ, ਸ੍ਰੀ ਭਗਵਾਨ ਦਿਤਾ ਬਣਾਈਆ । ਜਿਸ ਦਾ ਬੁਝਣਾ ਨਹੀਂ ਕਦੇ ਚਰਾਗ਼, ਪ੍ਰੇਮ ਦਾ ਦੀਪਕ ਕਰੇ ਰੁਸ਼ਨਾਈਆ । ਦੁਰਮਤ ਦਾ ਲਗਣਾ ਨਹੀਂ ਕੋਈ ਦਾਗ਼, ਭਰਮਾਂ ਵਾਲਾ ਭਰਮ ਨਾ ਕੋਇ ਵਖਾਈਆ । ਕੁਛ ਲੇਖਾ ਭਸੁੰਡ ਕਾਗ, ਸਤਿਜੁਗ ਤ੍ਰੇਤਾ ਦੁਆਪਰ ਦਏ ਗਵਾਹੀਆ । ਜਿਥੇ ਗੰਗਾ ਦੀ ਰਚਨਾ ਰਚੀ ਆਦਿ, ਅੰਤ ਆਪੇ ਵੇਖ ਵਖਾਈਆ । ਜਿਸ ਦਾ ਖੇਲ ਵਿਚ ਬ੍ਰਹਿਮਾਦ, ਬ੍ਰਹਮਾ ਸਪੁੱਤਰਾਂ ਦਏ ਵਡਿਆਈਆ । ਚਾਰੇ ਆਪਣੇ ਵਿਚ ਕਰ ਵਿਸਮਾਦ, ਸਤਿ ਸਤਿਵਾਦ ਵਿਚ

੧੧੪੦ ਲਗਾਈਆ । ਓਸੇ ਦੀ ਪਿਛਲੀ ਦਾਦ, ਵਸਤ ਅਮੋਲਕ ਦਏ ਵਖਾਈਆ । ਜਿਹੜੀ ਕਲਜੁਗ ਕੂੜੀ ਕਿਰਿਆ ਕਾਰਨ ਗਈ ਗਵਾਚ, ਪਰਦਿਆਂ ਵਿਚੋਂ ਬਾਹਰ ਦਏ ਕਢਾਈਆ । ਮਨ ਵਾਸਨਾ ਦੀ ਮੇਟ ਕੇ ਆਂਚ, ਅਗਨੀ ਤਤ ਦਏ ਬੁਝਾਈਆ । ਕਾਇਆ ਮਾਟੀ ਵੇਖ ਕੇ ਕਾਂਚ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਕੁਛ ਲਹਿਣਾ ਦੇਣਾ ਇਹਨਾਂ ਰਿਖੀਆਂ ਨਾਲ ਅੱਜ ਦੀ ਰਾਤ, ਰਾਤੀ ਰੁਤੜੀ ਰੰਗ ਰੁਤੜੀ ਦਏ ਗਵਾਹੀਆ । ਸਾਰੀ ਰੈਣ ਰਹੇ ਪਰਭਾਤ, ਆਪ ਆਪਣਾ ਰੂਪ ਬਦਲਾਈਆ । ਜਿਸ ਦਾ ਲੇਖਾ ਵਿਚ ਨਹੀਂ ਕਿਸੇ ਕਿਤਾਬ, ਕੁਤਬਖ਼ਾਨਿਆਂ ਵਿਚੋਂ ਹੱਥ ਨਾ ਕੋਇ ਫੜਾਈਆ । ਜਿਸ ਪਰਮ ਪੁਰਖ ਦੀ ਬਿਨਾ ਅੱਖਰਾਂ ਵਾਲੀ ਲੁਗਾਤ, ਆਦਿ ਜੁਗਾਦਿ ਆਪਣੇ ਵਿਚ ਛੁਪਾਈਆ । ਸੋ ਵੇਖਣਹਾਰਾ ਸੋਹਣਾ ਸਮਾਜ, ਸਮਝ ਵਿਚੋਂ ਸਮਝ ਦਏ ਬਦਲਾਈਆ । ਧਰਨੀ ਕਹੇ ਮੈਂ ਮੰਗਾਂ ਮੰਗਦੀ ਰਹੀ ਜੁਗ ਚੌਕੜੀ ਆਦਿ, ਅਦਨੀ ਹੋ ਕੇ ਸੀਸ ਨਿਵਾਈਆ । ਜਨ ਭਗਤਾਂ ਮਿਲੇ ਸਚਾ ਸਾਥ, ਸੰਗੀ ਸਾਚੇ ਵੇਖ ਵਖਾਈਆ । ਓਸ ਦੀ ਪੂਰੀ ਹੋਣੀ ਆਸ, ਆਹਿਸਤਾ ਆਹਿਸਤਾ ਮਿਲੇ ਮਾਣ ਵਡਿਆਈਆ । ਬਤਰਾ ਇਹ ਵੀ ਕੋਈ ਕਾਰਨ ਖ਼ਾਸ, ਰੂਪ ਲਾਲ ਲਾਲ ਰੂਪ ਦਾ ਰੰਗ ਦਿਤਾ ਚੜ੍ਹਾਈਆ । ਇਕ ਨਾਲ ਇਕ ਮੇਲ ਕੇ ਆਪਣਾ ਆਪ, ਆਪੇ ਵਿਚੋਂ ਆਪਾ ਲੈਣਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਧਰਤੀ ਸੋਹਣੀ ਧਵਲ ਸਚ ਫੁਲਵਾੜੀ ਜਾਵੇ ਮਵਲ, ਕਵਲ ਗੁਰਮੁਖ ਲਏ ਉਪਜਾਈਆ । ਧਰਨੀ ਕਹੇ ਮੈਂ ਵੇਖਿਆ ਤਕਿਆ ਨਾਲ ਅੱਖ, ਬਿਨ ਨੈਣਾਂ ਨੈਣ ਖੁਲ੍ਹਾਈਆ । ਪ੍ਰਭੂ ਕਿਸੇ ਤੋਂ ਨਹੀਂ ਵਖ, ਘਟ ਘਟ ਬੈਠਾ ਸੋਭਾ ਪਾਈਆ । ਗੰਗਾ ਸਭ ਨੂੰ ਰਹੀ ਦੱਸ, ਹਉਕਿਆਂ ਨਾਲ ਜਣਾਈਆ । ਭਗਤਾਂ ਦਾ ਕਦੀ ਨਹੀਂ ਰਿਹਾ ਹਕ, ਸ੍ਰੀ ਭਗਵਾਨ ੧੧੪੦

ਸਭ ਦੇ ਲਹਿਣੇ ਦਏ ਮੁਕਾਈਆ । ਜਿਥੇ ਸਪਤਸ ਰਿਖੀ ਬੈਠੇ ਰਹੇ ਹਸ, ਹਸਤੀ ਹਸਤੀ ਵਿਚ ਮਿਲਾਈਆ । ਸੋ ਹੁਣ ਓਹ ਧਾਮ ਜਾਣਾ ਦੱਸ, ਸੋਹਣਾ ਆਪਣਾ ਰੂਪ ਬਦਲਾਈਆ । ਜਿਸ ਵੇਲੇ ਸਰਬ ਮਹਾਤਮਾ ਸੰਤਾਂ ਸੰਗੀਆਂ ਦਾ ਹੋਇਆ ਇਕੱਠ, ਅਗਲਾ ਲੇਖਾ ਹੋਰ ਦਿਆਂ ਦ੍ਰਿੜਾਈਆ । ਭਾਗ ਵੇਖੀ ਅਠ ਸਠ, ਵੈਰਾਗ ਸਭ ਦਾ ਖੋਜ ਖੁਜਾਈਆ । ਸੁਹਾਵਣਾ ਇਕ ਤਟ, ਕਿਨਾਰਾ ਵਿਸ਼ਨੂੰ ਨਜ਼ਰੀ ਆਈਆ । ਸ਼ੰਕਰ ਖੋਲ੍ਹ ਕੇ ਆਪਣੀ ਜਟ, ਜਟਾ ਜੂਟ ਲੈਣੇ ਉਠਾਈਆ । ਸਭ ਦੀ ਇਕੋ ਹੋਣੀ ਮਤ, ਮਤ ਮਤੰਤਰ ਦਏ ਗਵਾਹੀਆ । ਧਰਨੀ ਕਹੇ ਏਥੇ ਮਿਲਦਾ ਓਹ ਭਗਤ, ਜੋ ਆਤਮ ਪਰਮਾਤਮ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭੂਮਕਾ ਆਪਣੇ ਰੰਗ ਰੰਗਾਈਆ ।

### ✻ ੧੫ ਕੱਤਕ ਸ਼ਹਿਨਸ਼ਾਹੀ ਸੰਮਤ ੧ ਦਿੱਲੀ ਹਰਿ ਭਗਤ ਦਵਾਰ ਬਣੌਣ ਦੇ ਸਮੇਂ, ਪਿੰਡ ਧੀਰਪੁਰ ਦਿੱਲੀ ✻

ਪੰਦਰਾਂ ਕੱਤਕ ਕਹੇ ਮੇਰਾ ਆ ਗਿਆ ਸਮਾਂ, ਸੰਮਤ ਸ਼ਹਿਨਸ਼ਾਹੀ ਵਜੇ ਵਧਾਈਆ । ਦੋ ਜਹਾਨਾਂ ਤੋੜ ਕੇ ਤਮਅ, ਮਮਤਾ ਛੱਡੀ ਸਰਬ ਲੋਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਪੌਣੀ ਵਿਚ ਗ਼ਮਾਂ, ਗਹਿਰ ਗੰਭੀਰ ਹੁਕਮ ਵਰਤਾਈਆ । ਸਚਾ ਮਾਰਗ ਦੱਸਣਾ ਨਵਾਂ, ਨਵ ਨੌ ਚਾਰ ਹੁਕਮ ਸੁਣਾਈਆ । ਸੁਗੰਧ ਖਾ ਕੇ ਸਚ ਕਹਵਾਂ, ਕ਼ਸਮ ਨਾਲ ਦ੍ਰਿੜਾਈਆ । ਆਪਣੀ ਕਰਨੀ ਤੋਂ ਕਦੇ ਨਾ ਭਵਾਂ, ਭਾਵਨੀ ਵੇਖਾਂ ਥਾਉਂ ਥਾਈਂਆ । ਕੂੜ ਕੁੜਿਆਰੇ ਕਰਕੇ ਜਮਾ, ਜਮਾਂ ਦੇ ਹੱਥ ਦਿਆਂ ਫੜਾਈਆ । ਜੂਠ ਝੂਠ ਦੀ ਮੇਟ ਕੇ ਸ਼ਮਅ, ਸਚ ਦੀਪਕ ਕਰਾਂ ਰੁਸ਼ਨਾਈਆ । ਜੁਗ ਜਨਮ ਦਾ ਲੇਖ ਸਭ ਤੋਂ ਲਵਾਂ, ਲਹਿਣੇਦਾਰ ਹੋ ਕੇ ਫੇਰਾ ਪਾਈਆ । ਪ੍ਰੇਮ ਪਿਆਰ ਦਾ ਲੇਖਾ ਦਵਾਂ, ਸਾਜਣ ਸਾਚੇ ਮੇਲ ਮਿਲਾਈਆ । ਅਗੰਮੀ ਹੁਕਮ ਕਰਾਂ ਰਵਾਂ, ਰਵਾਨਗੀ ਪਰਵਾਨਗੀ ਨਾਲ ਮਿਲਾਈਆ । ਖ਼ੁਸ਼ੀਆਂ ਵਿਚ ਸੁਹੰਜਣੀ ਨੀਂਦ ਸਵਾਂ, ਦੁੱਖਾਂ ਵਿਚ ਵੇਖਾਂ ਸਰਬ ਲੋਕਾਈਆ । ਇਕੋ ਸਾਹਿਬ ਦੇ ਚਰਨੀ ਬਹਵਾਂ, ਬਾਕੀ ਕਰਾਂ ਅੰਤ ਸਫ਼ਾਈਆ । ਇਕੋ ਪੁਰਖ ਦੀ ਚਰਨੀ ਢਵਾਂ, ਢਾਹ ਢੇਰੀ ਦੀਨ ਦੁਨੀ ਦਿਆਂ ਮਿਟਾਈਆ । ਸੂਰਬੀਰ ਮਰਦ ਮਰਦਾਨ ਜੋਧਾ ਹੋ ਕੇ ਡਹਵਾਂ, ਅਖਾੜਾ ਵੇਖਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਵੇਲਾ ਰਿਹਾ ਸੁਹਾਈਆ । ਪੰਦਰਾਂ ਕੱਤਕ ਕਹੇ ਮੈਨੂੰ ਚਾਓ ਘਨੇਰਾ, ਬਿਨ ਰਾਗਾਂ ਨਾਦਾਂ ਵਜੀ ਵਧਾਈਆ । ਮੇਰਾ ਸਵਾਮੀ ਠਾਕਰ ਮਿਲਿਆ ਨੇਰਨ ਨੇਰਾ, ਬਿਨ ਪੈਰਾਂ ਪੰਧ ਮੁਕਾਈਆ । ਜਿਸ ਨੇ ਦੋ ਜਹਾਨ ਦਾ ਵਖਾਇਆ ਅਗੰਮੀ ਗੇੜਾ, ਪਰਦਾ ਦਿਤਾ ਚੁਕਾਈਆ । ਬ੍ਰਹਿਮੰਡ ਖੰਡ ਹੁਕਮੇ ਅੰਦਰ ਹੁਕਮੀ ਝੇੜਾ, ਧੁਰ ਫ਼ਰਮਾਣਾ ਇਕ ਸਮਝਾਈਆ । ਜਗਤ ਵਸਿਆ ਨਾ ਦਿਸੇ ਖੇੜਾ, ਉਖੇੜਾ ਦਿਸੇ ਦੀਨ ਦੁਨੀ ਲੋਕਾਈਆ । ਜਿਸ ਪਰਮੇਸ਼ਵਰ ਨੂੰ ਕਰਦੇ ਰਹੇ ਬਖੇੜਾ, ਓਹ ਬਖਤਾਵਰਾਂ ਦੀ ਕਰੇ ਸਫ਼ਾਈਆ । ਜਿਸ ਦਾ ਸ਼ਬਦ ਅਗੰਮੀ ਬਿਨਾ ਪੰਜਾਂ ਉਗਲਾਂ ਤੋਂ ਵਜੇ ਲਫੇੜਾ, ਚੋਟ ਅਗੰਮੀ ਇਕ ਲਗਾਈਆ । ਨਵ ਸੱਤ ਕਰੇ ਅੰਧੇਰਾ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਸ਼ਬਦੀ ਸ਼ਬਦ ਪਾਏ ਘੇਰਾ, ਹੁਕਮੀ ਹੁਕਮ ਭੈ ਵਖਾਈਆ । ਕੂੜੀ ਕਿਰਿਆ ਨੂੰ ਸਾਂਭਣ ਵਾਲਾ ਇਕੋ ਬਬੇਰਾ, ਬਾਕੀ ਸਭ ਦੀ ਕਰੇ ਸਫ਼ਾਈਆ । ਸਚ ਦਵਾਰ ਦਾ ਖੁਲ੍ਹਾ ਵੇਹੜਾ, ਭਗਤਾਂ ਦਏ ਵਡਿਆਈਆ । ਸਚ ਝੂਠ ਦਾ ਕਰ ਨਖੇੜਾ, ਵਖ ਵਖ ਦਏ ਬਠਾਈਆ । ਜਿਸ ਦਾ ਨਾਮ ਸਿੰਘ ਸ਼ੇਰਾ, ਸ਼ੇਰ ਹੋ ਕੇ ਭਬਕ ਦਏ ਸੁਣਾਈਆ ।

ਕਲਜੁਗ ਸਾਧ ਸੰਤ ਫ਼ਸਲਾਂ ਵਾਲਾ ਵੇਖ ਬਟੇਰਾ, ਜਾਲ ਆਪਣਾ ਲਏ ਫੈਲਾਈਆ । ਇਕੋ ਹੁਕਮ ਦਾ ਲਾ ਉਖੇੜਾ, ਸਫ਼ਾ ਦਏ ਉਲਟਾਈਆ । ਹਕੀਕਤ ਵਿਚੋਂ ਕਰਨਹਾਰਾ ਹਕ ਨਬੇੜਾ, ਸਚ ਤੌਫ਼ੀਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਬਣਾਈਆ । ਪੰਦਰਾਂ ਕੱਤਕ ਕਹੇ ਮੈਨੂੰ ਬਹੁਤੇ ਕਹਿੰਦੇ ਕਾਰਤਕ, ਕਿਰਤ ਕਰਮਾਂ ਵਾਲੀ ਗਾਈਆ । ਮੇਰਾ ਲੇਖਾ ਕੋਈ ਨਾ ਸਮਝੇ ਆਰਥਕ, ਅਰਥ ਭਾਵ ਨਾ ਕੋਇ ਲਗਾਈਆ । ਸਮਝ ਪਾਏ ਨਾ ਕੋਈ ਸ਼ਾਸਤਰ, ਸ਼ਾਸਤਰ ਪਰਦਾ ਨਾ ਕੋਇ ਚੁਕਾਈਆ । ਰਮਜ਼ ਜਾਣੇ ਨਾ ਕੋਈ ਆਸਤਕ, ਇਸ਼ਾਰਿਆਂ ਵਿਚ ਨਾ ਕੋਇ ਵਡਿਆਈਆ । ਲੇਖਾ ਬੁੱਝੇ ਨਾ ਕੋਈ ਨਾਸਤਕ, ਨਸ਼ਿਆਂ ਵਿਚ ਖ਼ੁਸ਼ੀ ਨਾ ਕੋਇ ਮਨਾਈਆ । ਪੰਦਰਾਂ ਕੱਤਕ ਕਹੇ ਮੈਂ ਪਰਮ ਪੁਰਖ ਦਾ ਯਾਚਕ, ਆਦਿ ਜੁਗਾਦਿ ਜੁਗ ਚੌਕੜੀ ਅਗੰਮੀ ਸੇਵ ਕਮਾਈਆ । ਬਿਨਾ ਗੋਬਿੰਦ ਦੇ ਮੇਰਾ ਬਣਿਆ ਕੋਈ ਨਾ ਵਾਚਕ, ਚਾਰ ਜੁਗ ਸਮਝ ਕਿਸੇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਮੇਰੇ ਬਿਵਹਾਰ ਉਤੇ ਪੇਸ਼ ਹੁੰਦੀ ਰਹੀ ਦਰਖ਼ਾਸਤ, ਜੁਗ ਚੌਕੜੀ ਲਿਖਤ ਵਾਰ ਸਮਝਾਈਆ । ਅਗੰਮਾ ਖੇਲ ਮੇਰਾ ਵਾਸਤਕ, ਵਾਸਤਾ ਸਭ ਦੇ ਨਾਲ ਰਖਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਵੇਖਾਂ ਪਾਰਸ, ਸਚ ਸਰੂਪੀ ਖੋਜ ਖੁਜਾਈਆ । ਇਲਮਾਂ ਵਿਚ ਬਣ ਕੇ ਆਇਆ ਆਰਫ਼, ਕ਼ਲਮਾਂ ਵਿਚੋਂ ਵੰਡ ਨਾ ਕੋਇ ਵੰਡਾਈਆ । ਤੇਈ ਅਵਤਾਰ ਸਮਝ ਨਾ ਸਕੇ ਵਿਚ ਭਾਰਤ, ਇਬਾਰਤ ਸਹੀ ਨਾ ਕੋਇ ਲਿਖਾਈਆ । ਜੋ ਆਇਆ ਸੋ ਕਰਦਾ ਗਿਆ ਸਫ਼ਾਰਸ਼, ਸਿਫ਼ਤਾਂ ਨਾਲ ਵਡਿਆਈਆ । ਨੈਣ ਖੁਲ੍ਹਿਆ ਨਾ ਕਿਸੇ ਮਹਾਂਪਾਰਖ, ਤੀਜਾ ਨੇਤਰ ਨਾ ਕੋਇ ਜਣਾਈਆ । ਸਮਝ ਨਾ ਆਈ ਕਿਸੇ ਸਵਾਸਥ, ਸਵਾਸ ਸਵਾਸ ਬੈਠੇ ਸਾਹ ਸੁਕਾਈਆ ।



੧੧੪੨

ਮੇਰਾ ਖੇਲ ਚਲਦਾ ਰਿਹਾ ਬਰਾਸਤ, ਰਾਸਤਾ ਆਪਣੇ ਵਿਚ ਲੁਕਾਈਆ । ਥੋੜ੍ਹਾ ਜਿਹਾ ਲਹਿਣਾ ਦੇਣਾ ਨਾਲ ਸ਼ੇਸ਼ ਬਾਸ਼ਕ, ਵਿਸ਼ਨੂੰ ਸਾਂਗੋ ਪਾਂਗ ਸੁਹਾਈਆ । ਜਿਹੜਾ ਇਕ ਇਕ ਦਾ ਉਪਾਸ਼ਕ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਵੇਲਾ ਰਿਹਾ ਸੁਹਾਈਆ । ਪੰਦਰਾਂ ਕੱਤਕ ਕਹੇ ਮੇਰਾ ਸਾਰੇ ਤੱਕਣ ਰਾਹ, ਰਹਿਬਰ ਇਕੋ ਵੇਖ ਵਖਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਮੰਗਦੇ ਗਏ ਦੁਆ, ਬਿਨ ਹੱਥਾਂ ਝੋਲੀਆਂ ਅਗੇ ਡਾਹੀਆ । ਅੰਮ੍ਰਿਤ ਵੇਲਾ ਸੁਹੌਂਦੇ ਗਏ ਸੁਬਹ, ਸੋਹਣੀ ਰੁਤ ਵਡਿਆਈਆ । ਆਪਣੀ ਬਦਲਦੇ ਗਏ ਤਬਅ, ਨੇਤਰ ਨੈਣਾਂ ਨੀਰ ਵਹਾਈਆ । ਦਰੋਹੀ ਦਰੋਹੀ ਕਰਦੇ ਗਏ ਰੱਬਾ, ਖ਼ੁਦ ਖ਼ੁਦਾ ਤੇਰੀ ਸ਼ਰਨਾਈਆ । ਬੇਸ਼ਕ ਲੋਕਮਾਤ ਵਿਚ ਪੰਜਾਂ ਤੱਤਾਂ ਵਾਲਾ ਮਿਲਿਆ ਔਹਦਾ, ਸਿਫ਼ਤਾਂ ਨਾਲ ਸਾਲਾਹੀਆ । ਸਾਡਾ ਲੇਖਾ ਚਾਰ ਜੁਗ ਇਕ ਗਰੋਹ ਦਾ, ਅੰਤਮ ਮੇਲਾ ਸਹਿਜ ਸੁਭਾਈਆ । ਕਲਜੁਗ ਲੇਖਾ ਵੇਖ ਕੂੜ ਧਰੋਹ ਦਾ, ਸਾਰੇ ਤੇਰੇ ਅਗੇ ਸੀਸ ਝੁਕਾਈਆ । ਪ੍ਰਭੂ ਇਕ ਕਤਰਾ ਬਖ਼ਸ਼ ਆਪਣੀ ਲੋ ਦਾ, ਜੋ ਚੌਦਾਂ ਲੋਕ ਪਰਲੋਕ ਕਰੇ ਰੁਸ਼ਨਾਈਆ । ਸਾਚਾ ਨਾਤਾ ਬਖ਼ਸ਼ ਆਪਣੇ ਮੋਹ ਦਾ, ਕੂੜੀ ਮਮਤਾ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਦਰਾਂ ਕੱਤਕ ਕਹੇ ਮੈਂ ਵੀ ਤੱਕਾਂ ਉਹ ਕਦ ਦਾ, ਕ਼ਦੀਮ ਤੋਂ ਧਿਆਨ ਲਗਾਈਆ । ਲੇਖਾ ਵੇਖਿਆ ਪਿਛਲੀ ਹਦ ਦਾ, ਹਦੂਦ ਦਿੱਤੀ ਮੁਕਾਈਆ । ਢੋਲਾ ਸੁਣ ਕੇ ਇਕੋ ਛੰਦ ਦਾ, ਮੇਰੀ ਵਜੀ ਸਚ ਵਧਾਈਆ । ਪੈਂਡਾ ਮੁਕਿਆ ਕੂੜੇ ਪੰਧ ਦਾ, ਕਦਮ ਕਦਮ ਦਾ ਲੇਖਾ ਦਿਤਾ ਮਿਟਾਈਆ । ਲਹਿਣਾ ਲੈਣਾ ਇਕ ਅਨੰਦ ਦਾ, ਜੋ ਅਨੰਦ ਅਨੰਦਪੁਰੀ ਵਾਲਾ ਗਿਆ ਸਮਝਾਈਆ । ਪਰਕਾਸ਼ ਵੇਖਣਾ ਓਸ ਚੰਦ ਦਾ,

ਜਿਸ ਨੂੰ ਤਾਰੇ ਚੰਦ ਸੀਸ ਝੁਕਾਈਆ । ਨਜ਼ਾਰਾ ਤਕਣਾ ਓਸ ਬ੍ਰਹਿਮੰਡ ਦਾ, ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਵੇਖ ਆਪਣੀ ਖ਼ੁਸ਼ੀ ਜਣਾਈਆ । ਹੁਕਮ ਤਕਣਾ ਸੂਰੇ ਸਰਬੰਗ ਦਾ, ਸਭ ਦੇ ਲਹਿਣੇ ਦੇਣੇ ਆਪਣੇ ਚਰਨਾਂ ਵਿਚ ਟਿਕਾਈਆ । ਜਿਸ ਦਾ ਲੇਖਾ ਕਦੇ ਨਹੀਂ ਅਗੇ ਬੰਦ ਦਾ, ਜੁਗ ਜੁਗ ਬੰਦਨਾ ਬੰਦਗੀ ਆਪਣੀ ਆਪ ਲਏ ਪਰਗਟਾਈਆ । ਜਿਹੜਾ ਕਿਸੇ ਕੋਲੋਂ ਨਹੀਂ ਮੰਗਦਾ, ਦੇਵਣਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪੰਦਰਾਂ ਕੱਤਕ ਕਹੇ ਮੈਂ ਸ਼ਹਿਨਸ਼ਾਹੀ ਸੰਮਤ ਦਾ ਸਮੇਂ ਵਾਲਾ ਮਹੀਨਾ, ਮਹਾਬਲੀ ਮੈਨੂੰ ਦੇਵੇ ਵਡਿਆਈਆ । ਮੈਂ ਫਿਰਨਾ ਵਿਚ ਲੋਕ ਤੀਨਾਂ, ਤ੍ਰੈਗੁਣ ਮਾਇਆ ਦੇਣੀ ਉਠਾਈਆ । ਮੈਂ ਸ਼ਾਹ ਸੁਲਤਾਨਾਂ ਕਾਇਆ ਦੇਣਾ ਪਸੀਨਾ, ਪੇਸ਼ਾਨੀਆਂ ਉਤੇ ਹੱਥ ਫਿਰਾਈਆ । ਸਭ ਨੂੰ ਮੁਸ਼ਕਲ ਹੋਵੇ ਜੀਣਾ, ਜੀਵਣ ਵਿਚ ਮੌਤ ਸਾਹਮਣੇ ਨਜ਼ਰੀ ਆਈਆ । ਸੁਖ ਦਾ ਦਿਸੇ ਨਾ ਖਾਣਾ ਪੀਣਾ, ਦੁੱਖਾਂ ਦਰਦਾਂ ਵਿਚ ਲੋਕਾਈਆ । ਮੈਂ ਪਰਮ ਪੁਰਖ ਦਾ ਪਿਆਰਾ ਕੋਈ ਨਹੀਂ ਕਮੀਨਾ, ਕਮੀਨਿਆਂ ਦੇ ਕਮੀਨੇ ਸਾਰੇ ਦੇਣੇ ਖਪਾਈਆ । ਇਕੋ ਗੋਬਿੰਦ ਸੂਰਾ ਪਾਖਰ ਅਸਵ ਉਤੇ ਪਾਉਣਹਾਰਾ ਜ਼ੀਨਾ, ਜਿਸ ਸੀਨੇ ਦੇਣੇ ਹਿਲਾਈਆ । ਦੀਨ ਦਿਆਲ ਸਾਹਿਬ ਕਿਰਪਾਲ ਸਭ ਕੁਛ ਆਪੇ ਕੀਨਾ, ਕੀਮੀਆ ਕੀਮੀਆ ਵੇਖੇ ਲੋਕਾਈਆ । ਭਗਤਾਂ ਬਣਾ ਕੇ ਆਪਣਾ ਸਚ ਦਾ ਧੁਰ ਨਗ਼ੀਨਾ, ਕ਼ੀਮਤ ਆਪਣੇ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੰਦਰਾਂ ਕੱਤਕ ਕਹੇ ਮੈਨੂੰ ਯਾਦ ਆਈ ਨਵ ਨੌ ਚਾਰ, ਜੁਗ ਚੌਕੜੀ ਦਏ ਗਵਾਹੀਆ । ਸੰਦੇਸ਼ੇ ਦੇਣ ਗੁਰ ਅਵਤਾਰ, ਪੈਗ਼ੰਬਰ ਗਏ ਸਮਝਾਈਆ । ਜਿਸ ਵੇਲੇ ਆਵੇ ਕਲਕੀ ਅਵਤਾਰ, ਮਹਿੰਦੀ ਆਪਣਾ ਰੂਪ ਵਟਾਈਆ । ਭਵਿਖਤਾਂ ਦਾ ਸਰਦਾਰ ਸ਼ਾਹਾਂ ਦਾ ਨਿਰੰਕਾਰ, ਜੋਤੀ ਜਾਤਾ ਨੂਰ ਖ਼ੁਦਾਈਆ । ਜਿਸ ਦਾ ਇਕੋ ਇਕ ਦਰਬਾਰ, ਦੂਜਾ ਦਰ ਨਾ ਕੋਇ ਖੁਲ੍ਹਾਈਆ । ਕੂੜੀ ਕਿਰਿਆ ਕਰ ਕੇ ਖ਼ਬਰਦਾਰ, ਬੇਖ਼ਬਰਾਂ ਦਏ ਉਠਾਈਆ । ਇਕੋ ਨਾਮ ਖੰਡਾ ਖੜਗ ਲੈ ਕੇ ਤਲਵਾਰ, ਤਾਲੀਮ ਸਭ ਦੀ ਦਏ ਬਦਲਾਈਆ । ਊਚ ਨੀਚ ਜ਼ਾਤ ਪਾਤ ਕੂੜੀ ਕਿਰਿਆ ਪੱਧਰ ਕਰ ਕੇ ਹਮਵਾਰ, ਹਮਸਾਜਣ ਆਪਣੇ ਵੇਖ ਵਖਾਈਆ । ਸੁੱਤਿਆਂ ਨੂੰ ਕਰ ਕੇ ਬੇਦਾਰ, ਗ਼ਾਫ਼ਲਾਂ ਦੀ ਗ਼ਫ਼ਲਤ ਵਿਚੋਂ ਅੱਖ ਦਏ ਬਦਲਾਈਆ । ਥੋੜ੍ਹਾ ਰਿਹਾ ਲੇਖਾ ਪੰਦਰਾਂ ਕੱਤਕ ਕਰੇ ਓਸ ਦਿੱਲੀ ਦਰਬਾਰ, ਜਿਸ ਦਾ ਕ੍ਰਿਸ਼ਨ ਇੱਕੀ ਦਿਨ ਆਪਣਾ ਧਿਆਨ ਲਗਾਈਆ । ਜਿਸ ਦਾ ਮੰਜ਼ਲ ਵਾਲਾ ਮਨਾਰ ਇਕ ਤੋਂ ਦੋ ਦੋ ਤੋਂ ਹੋ ਜਾਏ ਚਾਰ, ਚਾਰ ਦਾ ਵਿਹਾਰ ਆਪਣੇ ਹੱਥ ਰਖਾਈਆ । ਸਾਰੀ ਸ੍ਰਿਸ਼ਟੀ ਨੂੰ ਕਰ ਕੇ ਖ਼ਬਰਦਾਰ, ਹੋਕਾ ਦੇਵੇ ਥਾਉਂ ਥਾਈਂਆ । ਹੁਣ ਲੁਕਿਆ ਰਹਿਣਾ ਨਹੀਂ ਵਿਚ ਸੰਸਾਰ, ਪਰਦਾ ਆਪਣਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਮੇਰੀ ਵੰਡ ਵੰਡਾਈਆ । ਪੰਦਰਾਂ ਕੱਤਕ ਕਹੇ ਮੈਨੂੰ ਸਾਰੇ ਕਹੋ ਸ਼ਾਬਾਸ਼, ਮੈਂ ਜੁਗ ਚੌਕੜੀ ਦਾ ਸੁਨੇਹੜਾ ਦਿਤਾ ਸੁਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਆਸਾ ਰਖ ਕੇ ਆਪਣੇ ਪਾਸ, ਅੰਤਮ ਦਿਤੀ ਪਰਗਟਾਈਆ । ਅਗਲਾ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹੁਕਮ ਨਾਲ ਮਨਾਈਆ । ਮੇਰੀ ਖ਼ੁਸ਼ੀ ਭਗਤਾਂ ਸਾਥ, ਸਾਥੀ ਸੋਹਣੇ ਦਿਤੇ ਬਣਾਈਆ । ਪ੍ਰੇਮ ਪ੍ਰੀਤੀ ਦਾ ਜੋੜ ਕੇ ਨਾਤ, ਕੂੜੇ ਰਿਸ਼ਤੇ ਦਿਤੇ ਛੁਡਾਈਆ । ਗੁਰਮੁਖੋ ਅੱਜ ਸੋਹਣੀ ਆਈ ਪਰਭਾਤ, ਆਪਣਾ ਰੰਗ ਬਦਲਾਈਆ । ਬੇਸ਼ਕ ਤੁਸੀਂ ਸੁੱਤੇ ਰਹੇ ਰਾਤ, ਪੁਰਖ ਅਕਾਲ ਬ੍ਰਹਿਮੰਡਾਂ ਖੰਡਾਂ ਵਿਚੋਂ ਤੁਹਾਡਾ ਪ੍ਰੇਮ ਪੂਰਬਲਾ ਖਿੱਚ ਕੇ ਆਪਣੇ ਨਾਲ ਲਿਆਈਆ ।

ਜੇ ਇਕੱਠਾ ਕੀਤਾ ਤੇ ਮੈਨੂੰ ਬਖ਼ਸ਼ ਇਹ ਸੁਗ਼ਾਤ, ਸੁਗੰਧੀ ਚਾਰ ਕੁੰਟ ਮਹਿਕਾਈਆ । ਮੇਰਾ ਸੋਹਣਾ ਹੋ ਗਿਆ ਮਜ਼ਾਜ, ਖ਼ੁਸ਼ੀ ਅੰਦਰੋਂ ਖ਼ੁਸ਼ੀ ਰਹੀ ਵਖਾਈਆ । ਜਿਥੇ ਸਤਿ ਧਰਮ ਦਾ ਚਲਣਾ ਇਕ ਰਿਵਾਜ, ਦੂਜੀ ਰਵਾਦਾਰੀ ਨਾ ਕੋਇ ਬਣਾਈਆ । ਜਿਸ ਨੂੰ ਵਿਦਿਆ ਵਾਲਾ ਸਮਝ ਨਾ ਸਕੇ ਕੋਇ ਦਿਮਾਗ਼, ਕੁਤਬਖ਼ਾਨਿਆਂ ਵਾਲੀ ਲੁਗਾਤ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਵਕਤ ਰਿਹਾ ਸੁਹਾਈਆ । ਪੰਦਰਾਂ ਕੱਤਕ ਕਹੇ ਜਨ ਭਗਤੋ ਖ਼ੁਸ਼ੀਆਂ ਨਾਲ ਮੇਰਾ ਕਰਿਓ ਵਿਹਾਰ, ਮੈਂ ਦੋ ਜਹਾਨਾਂ ਦੇਵਾਂ ਸੁਣਾਈਆ । ਇਹ ਦਰ ਨਹੀਂ ਇਹ ਘਰ ਨਹੀਂ ਇਹ ਦਿੱਲੀ ਨਹੀਂ ਇਹ ਦਿਲਾਂ ਦਾ ਦਰਬਾਰ, ਜੋ ਦਿਲਬਰੀ ਯਾਰ ਰਿਹਾ ਮਿਲਾਈਆ । ਭਗਤਾਂ ਦਾ ਬਾਜ਼ਾਰ, ਬਾਜ਼ੀ ਸਭ ਦੀ ਦਏ ਉਲਟਾਈਆ । ਜਿਸ ਨੇ ਬਣਾਇਆ ਆਪਣੇ ਕੁਮਾਰ, ਕਾਮਨਾ ਪੂਰਬਲਾ ਪੂਰਬ ਵੇਖ ਵਖਾਈਆ । ਜਿਨ੍ਹਾਂ ਦਾ ਕੋਟਾਂ ਵਿਚੋਂ ਥੋੜ੍ਹਾ ਸ਼ੁਮਾਰ, ਅਨਗਿਣਤੀ ਵਿਚੋਂ ਗਿਣਤੀ ਲਈ ਪਰਗਟਾਈਆ । ਇਹ ਕੋਈ ਟਕਿਆਂ ਵਾਲਾ ਨਹੀਂ ਵਪਾਰ, ਸੌਦਾ ਪ੍ਰੇਮ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਪੰਦਰਾਂ ਕੱਤਕ ਕਹੇ ਅੱਜ ਸੋਹਣਾ ਲਗੇ ਦਿਹਾੜਾ, ਤਿਉਹਾਰਾਂ ਵਿਚੋਂ ਤਿਉਹਾਰ ਵਿਵਹਾਰੀ ਨਜ਼ਰੀ ਆਈਆ । ਮੇਰਾ ਜੁਗ ਜੁਗ ਦਾ ਪੂਰਾ ਹੋਇਆ ਲਾਰਾ, ਲਾਵਾਰਸ ਨੂੰ ਵਾਰਸ ਦਿਤਾ ਬਣਾਈਆ । ਮੇਰੇ ਪ੍ਰੇਮ ਦਾ ਮਿਲਿਆ ਮੈਨੂੰ ਪਿਆਰਾ, ਪ੍ਰੇਮੀ ਹੋ ਕੇ ਪ੍ਰੇਮ ਦਿਤਾ ਵਰਤਾਈਆ । ਪ੍ਰਭੂ ਦਿਆਂ ਭਗਤਾਂ ਦਾ ਬਣਨ ਲਗਾ ਦਰਬਾਰਾ, ਦਰਬਾਰੀ ਜਿਥੇ ਇਕੋ ਸੋਭਾ
੧੧੪੪ ਪਾਈਆ । ਜਿਸ ਦਾ ਸਭ ਨੂੰ ਤਕਣਾ ਪਏ ਨਜ਼ਾਰਾ, ਨਜ਼ਾਮਾਂ ਦੇ ਮਾਲਕ ਨਜ਼ਾਮ ਛਡ ਕੇ ਸੀਸ ਝੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੧੧੪੪
ਸਭ ਨੇ ਬੋਲ ਕੇ ਧੁਰ ਜੈਕਾਰਾ, ਇੱਟ ਇੱਟ ਦੇਣੀ ਲਗਾਈਆ ।

ਇੱਟ ਕਹੇ ਮੇਰੀ ਸੁਣਿਓ ਅਰਜ਼, ਅਰਜਨ ਗੁਰੂ ਮੇਰੀ ਦਏ ਗਵਾਹੀਆ । ਰਾਮਦਾਸ ਸਰੋਵਰ ਉਤੇ ਮੇਰੀ ਓਸ ਨੂੰ ਪਈ ਗ਼ਰਜ਼, ਓਸ ਦੀ ਗ਼ਰਜ਼ ਅੱਜ ਮੇਰਾ ਸੰਗ ਨਿਭਾਈਆ । ਓਸ ਦੀ ਮੰਗ ਦੁਖੀਆਂ ਦਾ ਇਕੋ ਵੰਡਣ ਵਾਲਾ ਦਰਦ, ਪੁਰਖ ਅਕਾਲ ਸਚਾ ਸ਼ਹਿਨਸ਼ਾਹੀਆ । ਜਿਸ ਦੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਫ਼ਰਦ, ਫ਼ੈਸਲੇ ਹਕ ਹਕ ਸੁਣਾਈਆ । ਜੋਧਾ ਸੂਰਬੀਰ ਮਰਦਾਨਾ ਮਰਦ, ਨਿਤ ਨਵਿਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਇੱਟ ਕਹੇ ਮੇਰੀ ਮੰਨਿਓ ਇਕ ਅਰਦਾਸ, ਜਨ ਭਗਤਾਂ ਦਿਆਂ ਜਣਾਈਆ । ਤੁਸੀਂ ਮੇਰਾ ਦੇਣਾ ਸਾਥ, ਧੁਰ ਦਾ ਸੰਗ ਬਣਾਈਆ । ਗੁਰੂ ਅਰਜਨ ਪੂਰੀ ਹੋਵੇ ਆਸ, ਆਸ਼ਾ ਨਾਲ ਮਿਲਾਈਆ । ਕਿਰਪਾ ਕਰੇ ਪੁਰਖ ਸਮਰਾਥ, ਸਮਰਥ ਦਏ ਸਰਨਾਈਆ । ਮੇਰੇ ਉਤੇ ਜ਼ਰੂਰ ਲਿਖਿਓ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਦੀ ਸਚੀ ਗਾਥ, ਸਤਿਜੁਗ ਦੀ ਸਾਚੀ ਸਚ ਪੜ੍ਹਾਈਆ । ਮੇਰੀ ਪੂਰੀ ਹੋ ਜਾਏ ਆਸ, ਅਗੇ ਆਸਾ ਹੋਰ ਬਣਾਈਆ । ਫੇਰ ਸਦਾ ਬਣਿਆ ਰਹੇ ਸਤਿ ਦਾ ਵਿਸ਼ਵਾਸ, ਵਿਸ਼ਿਆਂ ਵਾਲੀ ਨਾ ਕੋਇ ਲੜਾਈਆ । ਇਹੋ ਮੰਗ ਗੁਰੂ ਅਰਜਨ ਮੰਗੀ ਖ਼ਾਸ, ਖ਼ਾਹਿਸ਼ ਪਿਛਲੀ ਯਾਦ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੋਣ ਨਾ ਦੇਵੇ ਨਿਰਾਸ, ਨਿਵਾਸ ਸਭ ਦਾ ਆਪਣੇ ਨਾਲ ਰਖਾਈਆ ।

ਇੱਟ ਕਹੇ ਮੈਨੂੰ ਪਹਿਲੋਂ ਰਖਿਓ ਦਿਸ਼ਾ ਦੱਖਣ, ਦੱਛਣਾ ਸਭ ਦੀ ਝੋਲੀ ਪਾਈਆ । ਕਿਉਂ ਤੁਸੀਂ ਪ੍ਰਭ ਦੇ ਭਗਤ ਬਣ ਕੇ ਮੇਰੇ ਅੰਦਰ ਆਏ ਵਸਣ, ਵਾਸਤਾ ਇਕੋ ਨਾਲ ਜੁੜਾਈਆ । ਪ੍ਰੇਮ ਪ੍ਰੀਤੀ ਵਿਚ ਆਏ ਹਸਣ, ਕੂੜੀ ਕਿਰਿਆ ਗ਼ਮੀ ਮਿਟਾਈਆ । ਮੈਂ ਤੁਹਾਨੂੰ ਲਗੀ ਦੱਸਣ, ਸਚ ਸਚ ਸਮਝਾਈਆ । ਮਾਤਲੋਕ ਦਾ ਤੁਹਾਡਾ ਬਣਾਵਾਂ ਉਹ ਵਤਨ, ਜਿਥੇ ਬੇਵਤਨਾਂ ਦਾ ਹੋਏ ਸਹਾਈਆ । ਧੁਰ ਦਾ ਵਖਾਵਾਂ ਪਤਣ, ਨਈਆ ਨੌਕਾ ਨਾਮ ਚੜ੍ਹਾਈਆ । ਤੁਹਾਡੀ ਪਤ ਪਤਿਪਰਮੇਸ਼ਵਰ ਆਪੇ ਆਏ ਰੱਖਣ, ਮੈਂ ਸ਼ਹਾਦਤਾਂ ਨਾਲ ਦੇਵਾਂ ਗਵਾਹੀਆ । ਲੇਖਾ ਮੁਕ ਜਾਏ ਉੱਤਰ ਪੂਰਬ ਪੱਛਮ, ਪਸ਼ਚਾਤਾਪ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਇੱਟ ਕਹੇ ਮੈਂ ਸਭ ਨੂੰ ਦਿਆਂ ਅਸੀਸ, ਅਸਲ ਅਸਲ ਨਾਲ ਮਿਲਾਈਆ । ਤੁਹਾਡਾ ਮਾਲਕ ਇਕ ਜਗਦੀਸ਼, ਜਗ ਜੀਵਣ ਦਾਤਾ ਸ਼ਹਿਨਸ਼ਾਹੀਆ । ਸਾਚੇ ਪ੍ਰੇਮ ਦੀ ਕਰੇ ਬਖ਼ਸ਼ੀਸ਼, ਰਹਿਮਤ ਪਿਆਰ ਝੋਲੀ ਪਾਈਆ । ਅੰਤਰ ਅੰਤਰ ਕਰ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਅਗਨੀ ਤਤ ਦੇਵੇ ਬੁਝਾਈਆ । ਜਨ ਭਗਤਾਂ ਚਲਾ ਕੇ ਧਰਮ ਦੀ ਰੀਤ, ਧਰਮ ਦਾ ਧਰਮ ਦਏ ਵਖਾਈਆ । ਪਤਿਤ ਪਾਪੀ ਕਰ ਪੁਨੀਤ, ਪਵਿੱਤਰ ਲਏ ਬਣਾਈਆ । ਝਗੜਾ ਚੁਕਾ ਕੇ ਊਚ ਨੀਚ, ਰਾਓ ਰੰਕ ਇਕੋ ਦਰ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦਾ ਚਾੜ੍ਹ ਕੇ ਰੰਗ ਮਜੀਠ, ਚਿੱਟੀ ਧਾਰ ਸਭ ਦੀ ਵੇਖ ਵਖਾਈਆ ।

 ੧੧੪੫

ਇੱਟ ਕਹੇ ਮੇਰੀ ਅੰਤ ਅਖ਼ੀਰੀ ਇਕ ਇਤਲਾਹ, ਸਹਿਜ ਨਾਲ ਸੁਣਾਈਆ । ਸਭ ਦਾ ਮਾਲਕ ਇਕੋ ਇਕ ਮਲਾਹ, ਬੇੜਾ ਧੁਰ ਦਾ ਨਾਮ ਚਲਾਈਆ । ਆਤਮ ਪਰਮਾਤਮ ਦੱਸੇ ਰਾਹ, ਰਹਿਬਰ ਨੂਰ ਖ਼ੁਦਾਈਆ । ਜੋ ਜੁਗ ਜਨਮ ਦੇ ਵਿਛੜੇ ਹੋਏ ਜੁਦਾ, ਅੰਤਮ ਆਪਣੇ ਵਿਚ ਮਿਲਾਈਆ । ਕਿਰਪਾ ਕਰ ਸਾਹਿਬ ਮਿਹਰਵਾਂ, ਮਿਹਰ ਨਜ਼ਰ ਉਠਾਈਆ । ਦੋ ਜਹਾਨਾਂ ਵਾਲੀ ਸ਼ਹਿਨਸ਼ਾਹ, ਸਤਿ ਸਤਿਵਾਦੀ ਵੇਖ ਵਖਾਈਆ । ਸਚ ਪ੍ਰੇਮ ਨਾਲ ਜਿਨ੍ਹਾਂ ਸੇਵਾ ਲਈ ਕਮਾ, ਕਾਮਨਾ ਸਭ ਦੀ ਪੂਰ ਕਰਾਈਆ । ਅਗੇ ਜਮਾਂ ਤੋਂ ਲਏ ਛੁਡਾ, ਜ਼ਾਮਨੀ ਆਪਣੀ ਵਿਚ ਰਖਾਈਆ । ਸਿੱਧਾ ਸਚਖੰਡ ਦਵਾਰੇ ਲੈ ਕੇ ਜਾਵੇ ਸਾਚੇ ਥਾਂ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਜੋਤ ਲਏ ਮਿਲਾ, ਮਿਲਾਵਟ ਹੋਰ ਨਾ ਕੋਇ ਬਣਾਈਆ । ਸਚ ਦਵਾਰ ਸਚ ਗੋਦ ਗੋਬਿੰਦ ਨਾਲ ਲਏ ਸਵਾ, ਜਿਥੇ ਸੁੱਤਿਆਂ ਨਾ ਕੋਇ ਉਠਾਈਆ । ਓਥੇ ਨਾ ਕੋਈ ਪਿਤਾ ਤੇ ਨਾ ਕੋਈ ਮਾਂ, ਇਕੋ ਪੁਰਖ ਅਕਾਲ ਨਜ਼ਰੀ ਆਈਆ । ਇੱਟ ਕਹੇ ਮੈਂ ਸਚ ਕਹਵਾਂ, ਕਿਉਂ ਮੈਂ ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਅੰਦਰ ਰਹੀ ਲੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਿਛੇ ਦਿਤਾ ਸਮਾਂ, ਸਮਾਪਤ ਕੀਤੀ ਸਰਬ ਲੋਕਾਈਆ ।

ਇੱਟ ਕਹੇ ਮੈਨੂੰ ਹੱਥ ਲਾਵੇ ਪਹਿਲੋਂ ਸਭ ਤੋਂ ਛੋਟਾ ਬੱਚਾ, ਮੈਂ ਛੋਟਿਆਂ ਤੋਂ ਵੱਡੇ ਦੇਣੇ ਬਣਾਈਆ । ਇਸ ਦਵਾਰੇ ਤੇ ਆ ਕੇ ਕੋਈ ਨਾ ਰਹਿ ਜਾਏ ਕੱਚਾ, ਕੱਚਿਆਂ ਦੇ ਪੱਕੇ ਦੇਣੇ ਵਖਾਈਆ । ਜਿਸ ਨੂੰ ਪਰਮ ਪੁਰਖ ਪਰਮਾਤਮਾ ਦਾ ਨਹੀਂ ਪਤਾ, ਪਤਿਪਰਮੇਸ਼ਵਰ ਉਹਨੂੰ ਦੇਣਾ ਮਿਲਾਈਆ ।

ਜਿਥੇ ਲੇਖਾ ਸਭ ਦਾ ਇਕੋ ਜਿਹਾ ਰਖਾ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਪ੍ਰੇਮੀਆਂ ਪਿਆਰਿਆਂ ਨੂੰ ਵੇਖੇ ਆਪਣੀ ਓਸ ਅੱਖਾ, ਜਿਹੜੀ ਅੱਖ ਜਗਤ ਨਜ਼ਰ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟਾ ਬਾਲਾ ਨਿੱਕਾ ਜਾਣ ਕੇ ਸਚਾ, ਸਚ ਸੰਗਤ ਦੀ ਸੇਵਾ ਦਏ ਲਗਾਈਆ ।

❊ ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਆ ਗਿਆ ਪ੍ਰਭ ਗ਼ਰੀਬ ਨਿਵਾਜਾ, ਨਿਰਵੈਰ ਨਿਰਾਕਾਰ ਬੇਪਰਵਾਹੀਆ । ਸਚ ਦਵਾਰ ਦਾ ਖੋਲ੍ਹ ਦਰਵਾਜ਼ਾ, ਦਰ ਆਪਣਾ ਇਕ ਵਖਾਈਆ । ਜਿਸ ਨੇ ਪਾਰ ਕਰਨਾ ਲੂਲ੍ਹਾ ਲੰਗੜਾ ਅਪਾਹਜਾ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਜੁਗ ਜਨਮ ਦਾ ਧੋਣਾ ਦਾਗ਼ਾ, ਦੁਰਮਤ ਮੈਲ ਸਾਫ਼ ਕਰਾਈਆ । ਸ਼ਬਦ ਅਗੰਮੀ ਸੁਣੌਣੀ ਆਵਾਜ਼ਾ, ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਿਫ਼ਤ ਸਾਲਾਹੀ ਸਾਰੇ ਰਹੇ ਸੁਣਾਈਆ । ਮੇਲ ਮਿਲੌਣਾ ਸਤਿ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣਾ ਆਪਣੇ ਵਿਚ ਸਮਾਈਆ । ਜਨ ਭਗਤਾਂ ਪ੍ਰੇਮ ਕਰਨ ਦੀ ਦੱਸੇ ਜਾਚਾ, ਯਾਚਕ ਅੰਦਰੋਂ ਲਏ ਹਿਲਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਮਾਟੀ ਕਾਚਾ, ਕੰਚਨ ਗੜ੍ਹ ਦਏ ਬਦਲਾਈਆ । ਜਿਸ ਦਾ ਬਣਿਆ ਰਹੇ ਆਦਿ ਜੁਗਾਦਿ
੧੧੪੬ ਜੁਗ ਚੌਕੜੀ ਰਾਖਾ, ਸੇਵਕ ਹੋ ਕੇ ਸੇਵ ਕਮਾਈਆ । ਉਨ੍ਹਾਂ ਪੂਰਬਲੇ ਜਨਮ ਦੀਆਂ ਪੂਰੀਆਂ ਕਰੇ ਆਸਾਂ, ਆਸਾ ਆਪਣੇ ਵਿਚ ਛੁਪਾਈਆ । ੧੧੪੬
ਚਰਨ ਕਵਲ ਉਪਰ ਧਵਲ ਦੇ ਕੇ ਇਕ ਭਰਵਾਸਾ, ਭਾਂਡਾ ਭਰਮ ਭਉ ਦਿਤਾ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, । ਆ ਗਿਆ ਉਹ ਜਿਸ ਦੀ ਆਤਮ ਕਰੇ ਉਡੀਕਾ, ਮਨ ਮਤਿ ਬੁਧਿ ਸਮਝ ਨਾ ਕੋਇ ਆਈਆ । ਜਿਸ ਦੀ ਸਿਫ਼ਤਾਂ ਤੋਂ ਬਾਹਰ ਪ੍ਰੀਤਾ, ਪ੍ਰੀਤਮ ਬੇਪਰਵਾਹੀਆ । ਭਗਤ ਉਧਾਰਨਾ ਜਿਸ ਦੀ ਰੀਤਾ, ਜੁਗ ਜੁਗ ਲਏ ਮਿਲਾਈਆ । ਲੇਖਾ ਮੁਕਾ ਕੇ ਊਚਾਂ ਨੀਚਾਂ, ਰਾਓ ਰੰਕ ਡੇਰਾ ਢਾਹੀਆ । ਪਰਦਾ ਲਾਹ ਕੇ ਆਪਣਾ ਬੀਚੋ ਬੀਚਾ, ਸਹਿਜ ਸੁਭਾਓ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆ ਗਿਆ ਅਗੇ ਦਾ ਵਾਲੀ, ਲੇਖੇ ਪਿਛਲੇ ਰਿਹਾ ਚੁਕਾਈਆ । ਹੱਥਾਂ ਤੋਂ ਖ਼ਾਲੀ, ਭਗਤਾਂ ਦੀ ਪ੍ਰੇਮ ਪ੍ਰੀਤੀ ਆਪਣੀ ਝੋਲੀ ਵਿਚ ਰਖਾਈਆ । ਦੋ ਜਹਾਨ ਦਾ ਵਾਲੀ, ਵਾਰਸ ਹੋ ਕੇ ਹੋਏ ਸਹਾਈਆ । ਸਾਚੇ ਪਿਆਰ ਦੀ ਅੰਤਰ ਦੇ ਕੇ ਲਾਲੀ, ਲਾਲ ਗੁਰਮੁਖ ਲਏ ਪਰਗਟਾਈਆ । ਜਿਨ੍ਹਾਂ ਨੂੰ ਨੈਣਾਂ ਨਾਲ ਤੱਕੇ ਆਦਿ ਸ਼ਕਤ ਜੋਤ ਜਵਾਲੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਵੇਖ ਵਖਾਈਆ । ਆ ਗਿਆ ਜਿਹੜਾ ਕੱਟਣਹਾਰ ਵਿਛੋੜਾ, ਵਿਛੜਿਆਂ ਲਏ ਮਿਲਾਈਆ । ਜਿਹੜਾ ਆਤਮਾ ਪਰਮਾਤਮਾ ਦਾ ਸਦਾ ਇਕੱਠਾ ਰਖੇ ਜੋੜਾ, ਜੋੜੀ ਵਿਚੋਂ ਨਾ ਹੋਏ ਜੁਦਾਈਆ । ਜਨ ਭਗਤੋ ਜੁਗਾਂ ਨਾਲੋਂ ਇਹ ਸਮਾਂ ਥੋੜ੍ਹਾ, ਜੋ ਥੋੜ੍ਹੇ ਦਿਨਾਂ ਵਿਚ ਮੁਕਾਈਆ । ਜਿਸ ਨੇ ਸੱਸੇ ਉਪਰ ਲਾਇਆ ਹੋੜਾ, ਨਿਰਗੁਣ ਸਰਗੁਣ ਵੇਖ ਵਖਾਈਆ । ਭਗਤ ਪ੍ਰੇਮ ਔਰ ਕਾ ਔਰਾ, ਭੇਵ ਅਭੇਦਾ ਰਿਹਾ ਛੁਪਾਈਆ । ਲੱਖ ਚੁਰਾਸੀ ਵਿਚੋਂ ਬਣ ਕੇ ਚੋਰਾ, ਚੋਰੀ ਚੋਰੀ ਭਗਤ ਲਏ ਜਗਾਈਆ । ਅੱਜ ਵੇਖਣ ਆਇਆ ਉਹ ਅਜੀਤ ਤੇ ਉਹ ਜੋਰਾ,

ਜੋਰ ਅੰਦਰੇ ਅੰਦਰ ਪਰਗਟਾਈਆ । ਕਲਗੀ ਵਾਲੇ ਦਾ ਓਹੋ ਤੋੜਾ, ਜੋ ਘਮਸਾਨ ਵਿਚ ਆਪਣਾ ਰੰਗ ਬਦਲਾਈਆ । ਇਹ ਖੇਲ ਅਗੰਮੀ ਜੋਤੀ ਸ਼ਬਦੀ ਦੋਹਰਾ, ਤੱਤਾਂ ਵਾਲੀ ਨਾ ਕੋਇ ਕੁੜਮਾਈਆ । ਸਾਰੀ ਸ੍ਰਿਸ਼ਟੀ ਨੂੰ ਦ੍ਰਿਸ਼ਟੀ ਅੰਤ ਜਵਾਬ ਦੇ ਕੇ ਕੋਰਾ, ਸੰਤ ਸੁਹੇਲੇ ਲਏ ਮਿਲਾਈਆ । ਚਾਰ ਕੁੰਟ ਜਨ ਭਗਤਾਂ ਦੇਵੇ ਪ੍ਰੇਮ ਦੀਆਂ ਘਨਘੋਰਾਂ, ਬ੍ਰਹਿਮੰਡ ਖੰਡ ਵੇਖ ਖ਼ੁਸ਼ੀ ਮਨਾਈਆ । ਤੁਹਾਡੇ ਨਾਲੋਂ ਪ੍ਰਭ ਨੂੰ ਤੁਹਾਡੀ ਬਹੁਤੀ ਲੋੜਾ, ਲੁੜੀਂਦੇ ਸਾਜਣ ਲਏ ਜਗਾਈਆ । ਜਿਨ੍ਹਾਂ ਅੰਤਰ ਨਿਰੰਤਰ ਦੇ ਕੇ ਨਾਮ ਇਕੋ ਫੁਰਨਾ ਫੋਰਾ, ਫੁਰਨੇ ਸਾਰੇ ਦਿੱਤੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਹੋ ਕੇ ਬੇਪਰਵਾਹੀ ਵਿਚ ਸਮਾਈਆ । ਆ ਗਿਆ ਹਿਰਦੇ ਦਾ ਮਾਲਕ, ਮਲਕੀਅਤ ਭਗਤਾਂ ਵੇਖ ਵਖਾਈਆ । ਆ ਗਿਆ ਦੋ ਜਹਾਨਾਂ ਦਾ ਸਾਲਸ, ਨਿਰਗੁਣ ਨਿਰਵੈਰ ਵੇਸ ਵਟਾਈਆ । ਆ ਗਿਆ ਜੋਤ ਸਰੂਪ ਸ਼ਬਦੀ ਧਾਰ ਖ਼ਾਲਸ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਆ ਗਿਆ ਜਿਸ ਨੇ ਜੁਗ ਜਨਮ ਦੀ ਨਿੰਦਰਾ ਲਾਹੀ ਆਲਸ, ਅਸਲ ਆਪਣਾ ਰੂਪ ਪਰਗਟਾਈਆ । ਆ ਗਿਆ ਏਥੇ ਓਥੇ ਦੋ ਜਹਾਨਾਂ ਪ੍ਰਿਤਪਾਲਕ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦੇ ਓਹਲੇ ਦਏ ਚੁਕਾਈਆ । ਆ ਗਿਆ ਅਗੰਮ ਅਥਾਹ, ਅਲਖ ਅਗੋਚਰ ਬੇਨਜ਼ੀਰ ਨਜ਼ਰੀ ਆਈਆ । ਜੋ ਜੁਗ ਚੌਕੜੀ ਸਭ ਨੂੰ ਲੌਂਦਾ ਰਿਹਾ ਦਾਅ, ਆਪਣਾ ਭੇਵ ਨਾ ਕਿਸੇ ਸਮਝਾਈਆ । ਥੋੜ੍ਹਾ ਥੋੜ੍ਹਾ ਝੋਲੀ ਪਾ ਕੇ ਸਤਿ ਸਤਿਵਾਦੀ ਨਾਂ, ਨਾਓਂ ਨਿਰੰਕਾਰ ਸੰਦੇਸ਼ ਦਿਤਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸੀਸ ਗਏ ਝੁਕਾ, ਨਮਸਤਿਆਂ ਵਿਚ ਢੋਲੇ ਗਏ ਗਾਈਆ । ਬੇਅੰਤ ਬੇਅੰਤ ਕਹਿ ਕੇ ਗਏ ਖ਼ੁਦਾ, ਤੂੰ ਹੀ ਤੂੰ ਰਾਗ ਅਲਾਈਆ । ਹਕ ਹਕੀਕਤ ਗਏ ਸਮਝਾ, ਭਵਿਖਤਾਂ ਵਿਚ ਸ਼ਨਵਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਧਾਰ ਬਣ ਮਲਾਹ, ਬੇੜਾ ਧੁਰ ਦਾ ਵੇਖ ਵਖਾਈਆ । ਜਨ ਭਗਤੋ ਤੁਹਾਥੋਂ ਕਦੀ ਨਾ ਜਾਵੇ ਪੱਲੂ ਛੁਡਾ, ਜਨਮ ਜਨਮ ਦੇ ਟੁੱਟਿਆਂ ਰਿਹਾ ਮਿਲਾਈਆ । ਸਚ ਦਵਾਰ ਦੀ ਨੀਂਹ ਆਇਆ ਧਰਾ, ਧਰਨੀ ਧਰਤ ਧਵਲ ਵੇਖ ਵਖਾਈਆ । ਕੋਟਾਂ ਵਿਚੋਂ ਥੋੜ੍ਹੇ ਬਣਾਨੇ ਗਵਾਹ, ਜੋ ਕਲਜੁਗ ਅੰਤਮ ਸ਼ਹਾਦਤ ਦੇਣ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਚਰਨਾਂ ਵਿਚ ਲਏ ਵਸਾ, ਵਾਸਾ ਆਤਮ ਪਰਮਾਤਮ ਨਾਲ ਰਖਾਈਆ ।



ਖੱਬਾ ਚਰਨ ਕਹੇ ਬਲਿਹਾਰੀ ਬਲਿਹਾਰੀ, ਬਲਿਹਾਰ ਮਿਲੀ ਵਡਿਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੇਰੀ ਆਈ ਵਾਰੀ, ਵਾਰਤਾ ਪਿਛਲੀ ਦਿਆਂ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਨਿਮਸਕਾਰੀ, ਅਵਤਾਰ ਪੈਗ਼ੰਬਰ ਗੁਰ ਸੀਸ ਨਿਵਾਈਆ । ਭਗਤ ਸੰਤ ਧੂੜ ਮੰਗਣ ਛਾਰੀ, ਸੂਫ਼ੀ ਖ਼ਾਕੀ ਖ਼ਾਕ ਰਮਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਖੇਲ ਅਪਰ ਅਪਾਰੀ, ਪਤਿਪਰਮੇਸ਼ਵਰ ਆਪ ਕਰਾਈਆ । ਜਿਸ ਦਾ ਲੇਖਾ ਲਿਖਿਆ ਨਾ ਕਿਸੇ ਲਿਖਾਰੀ, ਕ਼ਲਮ ਸ਼ਾਹੀ ਅੱਖਰ ਵੰਡ ਨਾ ਕੋਇ ਵੰਡਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ ਵਡ ਸੰਸਾਰੀ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜੋ ਏਥੇ ਓਥੇ ਦੋ ਜਹਾਨਾਂ ਵਡ ਸਿਕਦਾਰੀ, ਭੂਪਤ ਭੂਪ ਭੂਪ ਅਖਵਾਈਆ । ਜਿਸ ਦਾ ਰੂਪ ਅਨੂਪ ਨਾ ਪੁਰਖ

ਤੇ ਨਾ ਨਾਰੀ, ਜੋਤੀ ਜੋਤ ਡਗਮਗਾਈਆ । ਜਿਸ ਦਾ ਸਚ ਦਵਾਰ ਸਚਖੰਡ ਮੁਕ਼ਾਮੇ ਹਕ ਅਟੱਲ ਮਨਾਰੀ, ਛੱਪਰ ਛੰਨ ਨਾ ਕੋਇ ਛੁਹਾਈਆ । ਜਿਥੇ ਦਰ ਦਰਵੇਸ਼ ਨਾ ਕੋਇ ਦਰਬਾਰੀ, ਸੇਵਕ ਸੇਵ ਨਾ ਕੋਇ ਕਮਾਈਆ । ਰਵ ਸਸ ਨਾ ਕੋਇ ਉਜਿਆਰੀ, ਮੰਡਲ ਮੰਡਪ ਨਾ ਕੋਇ ਵਖਾਈਆ । ਉਹ ਖੇਲ ਕਰੇ ਕਰਤਾਰ ਮਿਹਰਵਾਨ ਆਪਣੀ ਧਾਰੀ, ਧਰਨੀ ਧਰਤ ਧਵਲ ਵੇਖ ਵਖਾਈਆ । ਦਾਤਾ ਜੋਧਾ ਸੂਰਬੀਰ ਵਡ ਬਲਕਾਰੀ, ਨਿਰਾਕਾਰ ਭੇਵ ਚੁਕਾਈਆ । ਜਿਸ ਦਾ ਰਾਹ ਤਕਦੇ ਗਏ ਗੁਰ ਅਵਤਾਰ ਪੈਗੰਬਰ ਜ਼ਿੰਦਗੀ ਸਾਰੀ, ਤੱਤਾਂ ਵਾਲਾ ਚੋਲਾ ਤਨ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਖੇਲ ਰਿਹਾ ਵਖਾਈਆ । ਸੱਜਾ ਚਰਨ ਕਹੇ ਮੈਨੂੰ ਕਹੋ ਸ਼ਾਬਾਸ਼, ਮੈਂ ਆਪਣਾ ਆਪ ਲਿਆ ਬਦਲਾਈਆ । ਕਾਅਬੇ ਦੀ ਪੂਰੀ ਕਰ ਕੇ ਆਸ, ਆਸਾ ਵਾਲੇ ਨਾਲ ਮਿਲਾਈਆ । ਜਿਸ ਦਾ ਅਗਲਾ ਖੇਲ ਤਮਾਸ਼, ਸਮਝ ਸਕੇ ਨਾ ਕੋਇ ਜੀਵ ਲੋਕਾਈਆ । ਜਿਸ ਨੇ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਦਰੋਂ ਵੇਖਣਾ ਬਦਮਾਸ਼, ਪਰਦਿਆਂ ਵਿਚੋਂ ਪਰਦੇ ਫੋਲ ਫੁਲਾਈਆ । ਸੁਰਤੀ ਸ਼ਬਦੀ ਗੋਪੀ ਕਾਹਨ ਕਰ ਕਰ ਵੇਖਣੀ ਰਾਸ, ਕਵਣ ਨਟੂਆ ਮਨੂਆ ਭੇਵ ਚੁਕਾਈਆ । ਜਿਸ ਨੇ ਰੂਹ ਬੁਤ ਖ਼ਾਕ ਵੇਖਣਾ ਪਾਕੀ ਪਾਕ, ਪਤਿਤ ਪਾਵਨ ਪਰਦਾ ਲਾਹੀਆ । ਜਿਸਨੇ ਸਚ ਸਵਾਮੀ ਅੰਤਰਜਾਮੀ ਬਣ ਕੇ ਤਕਣਾ ਸਾਕ, ਸੱਜਣ ਸੁਹੇਲਾ ਕਵਣ ਅਖਵਾਈਆ । ਸੋ ਪ੍ਰੇਮ ਪ੍ਰੀਤੀ ਅੰਦਰ ਚੜ੍ਹ ਕੇ ਉਪਰ ਰਾਕ, ਰਾਕਬ ਹੋ ਕੇ ਖੋਜ ਖੁਜਾਈਆ । ਜਿਸ ਸ੍ਰਿਸ਼ਟੀ ਕਰਨੀ ਬੇਤਾਬ, ਹਰ ਹਿਰਦਾ ਦਏ ਹਿਲਾਈਆ । ਗੋਬਿੰਦ ਦਾ ਇਕੋ ਭਵਿਖਤ ਵਾਕ, ਜੋ ਮਾਛੂਵਾੜੇ

੧੧੪੮ ਪੁਰਖ ਅਕਾਲ ਗਿਆ ਜਣਾਈਆ । ਸੱਜੇ ਚਰਨ ਦਾ ਜਗਤ ਵਾਲਾ ਤੋੜ ਕੇ ਨਾਤ, ਅੰਤਰ ਅੰਤਰ ਆਸ ਰਖਾਈਆ । ਖੱਬੇ ਵਿਚ ਤੇਰੇ ਪਿਆਰ ੧੧੪੮

ਦਾ ਹੋਵੇ ਵਾਸ, ਵਾਸਤਾ ਸਿੱਧਾ ਭਗਤਾਂ ਨਾਲ ਰਖਾਈਆ । ਸ਼ਬਦੀ ਸ਼ਬਦ ਕਰਕੇ ਬਚਨ ਬਲਾਸ, ਬਿਹਬਲ ਹੋ ਕੇ ਦਿਤਾ ਸੁਣਾਈਆ । ਪੁਰਖ ਅਕਾਲ ਮਾਰ ਕੇ ਥਾਪ, ਗੋਬਿੰਦ ਦਿਤਾ ਹਿਲਾਈਆ । ਜਿਸ ਵੇਲੇ ਨਿਰਗੁਣ ਧਾਰ ਤੇਰਾ ਧੁਰ ਦਾ ਹੋ ਕੇ ਆਵਾਂ ਬਾਪ, ਪਤਿਪਰਮੇਸ਼ਵਰ ਫੇਰਾ ਪਾਈਆ । ਨਵ ਨੌ ਚਾਰ ਵੇਖ ਗੁਸਤਾਖ਼, ਭੇਵ ਅਭੇਦ ਦਿਆਂ ਖੁਲ੍ਹਾਈਆ । ਆਸਾ ਕਦੇ ਨਾ ਹੋਵੇ ਨਿਰਾਸ, ਪਰਭਾਸ ਲੇਖਾ ਦਿਆਂ ਚੁਕਾਈਆ । ਬਿਨ ਤੇਰੇ ਮੇਰੇ ਗੋਬਿੰਦ ਕੋਈ ਨਾ ਜਾਣੇ ਬਾਤ, ਸ਼ਬਦੀ ਸ਼ਬਦ ਨਾ ਕੋਇ ਸ਼ਨਵਾਈਆ । ਇਹ ਸਭ ਤੋਂ ਵਖਰੀ ਰਾਤ, ਜੋ ਰੁਤ ਕਲਜੁਗ ਵਿਚ ਸਤਿਜੁਗ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਖੱਬਾ ਚਰਨ ਕਹੇ ਮੇਰੀ ਬਦਲ ਗਈ ਹਸਤੀ, ਹਸ ਹਸ ਰਿਹਾ ਜਣਾਈਆ । ਮੇਰੇ ਅੰਦਰ ਪਰਗਟ ਹੋ ਗਈ ਉਹ ਮਸਤੀ, ਜੋ ਮਸਤਾਨਾ ਭਗਤਾਂ ਰਿਹਾ ਬਣਾਈਆ । ਸਚ ਪ੍ਰੀਤੀ ਮਿਲ ਗਈ ਸਸਤੀ, ਭਜਨ ਬੰਦਗੀ ਦੀ ਲੋੜ ਰਹੀ ਨਾ ਰਾਈਆ । ਘਰ ਠਾਕਰ ਮਿਲ ਗਿਆ ਪ੍ਰੀਤਮ ਅਰਸ਼ੀ, ਜੋ ਲੇਖਾ ਦਏ ਮੁਕਾਈਆ । ਜੋ ਭਗਤਾਂ ਦਾ ਸਦਾ ਗ਼ਰਜ਼ੀ, ਗ਼ਰਜਮੰਦ ਹੋ ਕੇ ਵੇਖੇ ਥਾਉਂ ਥਾਈਂਆ । ਗ਼ਰੀਬ ਨਿਮਾਣਿਆਂ ਦੀ ਸੁਣ ਬੇਨੰਤੀ ਅਰਜ਼ੀ, ਆਰਜ਼ੂ ਸਭ ਦੀ ਖੋਜ ਖੁਜਾਈਆ । ਬੇਸ਼ਕ ਬਾਹਰੋਂ ਤੱਤਾਂ ਵਾਲੀ ਵਰਦੀ, ਅੰਦਰ ਜਲਵਾ ਨੂਰ ਖ਼ੁਦਾਈਆ । ਇਹ ਸ਼ਰੀਰ ਖ਼ਾਨਾਬਾਵਰਚੀ, ਤੁਹਾਡਾ ਨਾਮ ਭੰਡਾਰਾ ਤਿਆਰ ਕਰ ਕੇ ਤੁਹਾਨੂੰ ਰਿਹਾ ਵਰਤਾਈਆ । ਲੱਖ ਚੁਰਾਸੀ ਵਿਚੋਂ ਅਕਵੰਜਾ ਸੌ ਕੀਤਾ ਭਰਤੀ, ਦੂਜਿਆਂ ਦਾ ਫੁਲਕਾ ਦਿਤਾ ਮੁਕਾਈਆ । ਗਿਆਰਾਂ ਲੱਖ ਦਾ ਬਣਨਾ ਦਰਦੀ, ਦੁਖੀਆਂ ਵਿਚੋਂ ਦੁਖ ਲਏ ਮਿਟਾਈਆ । ਬਾਕੀ ਖੇਲ ਵੇਖਣੀ ਜਗ ਦੀ, ਮਨ ਵਾਸਨਾ ਵਿਚ ਫਿਰਾਈਆ । ਖੱਬਾ ਚਰਨ

ਕਹੇ ਮੈਂ ਹਰਿ ਸੰਗਤ ਵੇਖਣੀ ਸਜਦੀ, ਜੋ ਸੱਜਣ ਮਿਲ ਕੇ ਖ਼ੁਸ਼ੀ ਮਨਾਈਆ । ਘੜੀ ਸੁਹੰਜਣੀ ਹੋਈ ਅੱਜ ਦੀ, ਪਹਿਲੀ ਮੱਘਰ ਦਏ ਗਵਾਹੀਆ । ਤੁਹਾਡੀ ਪ੍ਰੀਤੀ ਜਾਏ ਵਧਦੀ, ਅੰਦਰ ਵੜ ਨਾ ਕੋਇ ਅਟਕਾਈਆ । ਤੁਹਾਡੀ ਖ਼ੁਸ਼ੀ ਹੋਵੇ ਰਗ ਰਗ ਦੀ, ਰਾਗ ਆਪਣਾ ਗਏ ਸੁਣਾਈਆ । ਜ਼ਿੰਦਗੀ ਲੰਘ ਗਈ ਪਿਛੇ ਵਿਛੋੜੇ ਵਾਲੀ ਹਦ ਦੀ, ਅਗੇ ਕਰੇ ਨਾ ਕੋਇ ਜੁਦਾਈਆ । ਜਿਨ੍ਹਾਂ ਦੀ ਆਤਮ ਪਰਮਾਤਮ ਨਾਲ ਬੱਝ ਗਈ, ਉਹ ਨੱਢੇ ਬੱਚੇ ਬਾਲੇ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਖੱਬਾ ਚਰਨ ਕਹੇ ਮੈਨੂੰ ਯਾਦ ਆਇਆ ਉਹ ਵਕਤ, ਸੁੰਨੀ ਰੈਣ ਦਏ ਦੁਹਾਈਆ । ਜਿਸ ਵੇਲੇ ਗੋਬਿੰਦ ਅਕੇਲਾ ਸੁੱਤਾ ਫ਼ਕਤ, ਫ਼ਿਕਰਾ ਇਕੋ ਢੋਲਾ ਗਾਈਆ । ਬੇਸ਼ਕ ਤੂੰ ਵਸਿਆ ਉਪਰ ਅਰਸ਼, ਮੈਂ ਫ਼ਰਸ਼ ਡੇਰਾ ਲਾਈਆ । ਮੈਨੂੰ ਆਪਣਿਆਂ ਬੱਚਿਆਂ ਉਤੇ ਆ ਗਿਆ ਤਰਸ, ਜੋ ਗੁਰਮੁਖ ਲਏ ਬਣਾਈਆ । ਆਪਣੇ ਤਨ ਦੇ ਤੇਰੇ ਉਤੋਂ ਵਾਰ ਦਿੱਤੇ ਨਿਧੜਕ, ਖ਼ੁਸ਼ੀ ਗ਼ਮੀ ਨਾ ਕੋਇ ਬਣਾਈਆ । ਅਗੇ ਮਾਰਗ ਦੇ ਦੇ ਇਕੋ ਸਿੱਧੀ ਸੜਕ, ਸਾਂਝੇ ਯਾਰ ਨੂਰ ਖ਼ੁਦਾਈਆ । ਤੇਰੇ ਪ੍ਰੇਮ ਵਿਚ ਨਾ ਹੋਵੇ ਕੋਈ ਅਟਕ, ਅਧਵਿਚਕਾਰ ਨਾ ਕੋਇ ਫਿਰਾਈਆ । ਮੇਰੀ ਤੇਰੇ ਨਾਲ ਸ਼ਰਤ, ਸਹਿਜੇ ਦਿਆਂ ਸਮਝਾਈਆ । ਜੇ ਮੁੜ ਕੇ ਆਵਾਂ ਪਰਤ, ਪਤਿਪਰਮੇਸ਼ਵਰ ਤੈਨੂੰ ਨਾਲ ਮਿਲਾਈਆ । ਉਨ੍ਹਾਂ ਪ੍ਰੇਮੀਆਂ ਪਿਆਰਿਆਂ ਦਾ ਦੇਣਾ ਕ਼ਰਜ਼, ਜੋ ਖੰਡੇ ਦੀ ਧਾਰ ਆਇਆ ਸਵਾਈਆ । ਜੋਧਾ ਸੂਰਬੀਰ ਮਰਦਾਨਾ ਮਰਦ, ਤੁਧ ਬਿਨ ਦੂਜਾ ਅਵਰ ਨਾ ਕੋਇ ਰਖਾਈਆ । ਪੁਰਖ ਅਕਾਲ ਦੀਨ ਦਿਆਲ ਹਸ ਕੇ ਕਿਹਾ ਮੇਰੇ ਕੋਲ ਜੁਗਾਂ ਜੁਗਾਂ ਦੀ ਫ਼ਰਦ, ਜੁਗ ਵਿਛੜੇ ਮੇਲ ਮਿਲਾਈਆ । ਜਿਸ ਵੇਲੇ ਸਾਰੀ ਸ੍ਰਿਸ਼ਟੀ ਹੋਣੀ ਨਪੜਦ, ਸਿਰ ਹੱਥ ਨਾ ਕੋਇ ਰਖਾਈਆ । ਸਤਿ ਧਰਮ ਹੋਣਾ ਗ਼ਰਕ, ਸਤਿ ਸਚ ਨਾ ਕੋਇ ਜਣਾਈਆ । ਮਾਣਸ ਰੂਪ ਹੋਣਾ ਖਰ ਖਰਕ, ਕੂੜੀ ਕਿਰਿਆ ਖੇਹ ਉਡਾਈਆ । ਓਸ ਵੇਲੇ ਪ੍ਰੇਮੀ ਪਿਆਰਿਆਂ ਦੇਣਾ ਦਰਸ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜਨਮ ਜਨਮ ਦੀ ਮੇਟਣੀ ਹਰਸ, ਹਵਸ ਦੇਣੀ ਬੁਝਾਈਆ । ਪ੍ਰੇਮੀ ਪਿਆਰਿਆਂ ਉਤੇ ਕਰ ਕੇ ਤਰਸ, ਸਿਰ ਆਪਣਾ ਹੱਥ ਟਿਕਾਈਆ । ਕੋਈ ਦੇਰ ਨਹੀਂ ਲੌਣੀ ਸਾਲ ਮਹੀਨੇ ਬਰਖ, ਘੜੀ ਪਲ ਨਾ ਵੰਡ ਵੰਡਾਈਆ । ਅੰਦਰੇ ਅੰਦਰ ਨਿਜ ਨੇਤਰ ਦੇਣਾ ਫ਼ਰਕ, ਫੁਰਨੇ ਨਾਲ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਨਾਈਆ । ਖੱਬਾ ਚਰਨ ਕਹੇ ਮੈਂ ਅਗੇ ਗਿਆ ਵਧ, ਵਾਧਾ ਭਗਤਾਂ ਨਾਲ ਰਖਾਈਆ । ਘਰ ਘਰ ਬੈਠਿਆਂ ਸੁਣੌਣੇ ਉਹ ਸਦ, ਜੋ ਛੰਦਾਂ ਵਿਚੋਂ ਸੋਭਾ ਪਾਈਆ । ਅਗਲੇ ਪੈਂਡੇ ਦੀ ਮੁਕਣੀ ਹਦ, ਕਰਮਾਂ ਦਾ ਕਾਂਡ ਚੁਕਾਈਆ । ਪਰਮਾਤਮਾ ਨਾਲੋਂ ਰਹਿਣ ਨਹੀਂ ਦੇਣੇ ਅਲਗ, ਅੰਤਰ ਆਤਮ ਵੇਖ ਵਖਾਈਆ । ਫੜ ਕੇ ਹੰਸ ਬਣੌਣੇ ਕਗ, ਜੋ ਚਲ ਆਏ ਸਰਨਾਈਆ । ਦਰਸ ਕਰੌਣਾ ਉਪਰ ਸ਼ਾਹਰਗ, ਨੌ ਦਵਾਰੇ ਡੇਰਾ ਢਾਹੀਆ । ਨਾਮ ਸੁਣੌਣਾ ਸ਼ਬਦ ਅਨਹਦ, ਹਦ ਕੂੜੀ ਬਾਹਰ ਲੰਘਾਈਆ । ਅੰਮ੍ਰਿਤ ਜਾਮ ਪਿਔਣਾ ਮਧੁ, ਨਿਝਰ ਝਿਰਨਾ ਰਿਹਾ ਝਿਰਾਈਆ । ਦੀਪਕ ਜੋਤ ਜਾਏ ਜਗ, ਘਰ ਘਰ ਹੋਏ ਰੁਸ਼ਨਾਈਆ । ਦੋਹਾਂ ਦਾ ਤਾਲ ਇਕੋ ਜਾਏ ਵਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਖੱਬਾ ਚਰਨ ਕਹੇ ਮੈਂ ਬੜਾ ਸਿੱਧਾ, ਸਿੱਧੇ ਰਸਤੇ ਦਿਆਂ ਪਾਈਆ । ਕਿਸੇ ਕੰਮ ਨਹੀਂ ਔਣੀਆਂ ਨੌ ਨਿਧਾਂ ਅਠਾਰਾਂ ਸਿਧਾਂ, ਭਗਤਾਂ ਚਰਨਾਂ ਹੇਠ ਰਖਾਈਆ । ਆਤਮ ਪਰਮਾਤਮ ਮਿਲਣ ਦੀ ਦੱਸਾਂ ਬਿਧਾ, ਸੋਹੰ ਢੋਲਾ ਇਕ ਪੜ੍ਹਾਈਆ । ਰਸ

ਦੇਵਾਂ ਘਰ ਨਿਜਾ, ਅੰਮ੍ਰਿਤ ਧਾਰ ਵਹਾਈਆ । ਪਰਮ ਪੁਰਖ ਪਰਮਾਤਮ ਮਿਲਾਵਾਂ ਉਹ ਪਿਤਾ, ਜਿਸ ਨੂੰ ਪਤਿਪਰਮੇਸ਼ਵਰ ਕਹਿ ਕੇ ਸਾਰੇ ਰਹੇ ਗਾਈਆ । ਜਿਸ ਗੋਦ ਉਠੌਣਾ ਵੱਡਾ ਨਿੱਕਾ, ਬਾਲ ਜਵਾਨਾਂ ਹੋਏ ਸਹਾਈਆ । ਜਿਸ ਦਾ ਸਤਿਜੁਗ ਚਲਣਾ ਸਾਚਾ ਸਿੱਕਾ, ਬਾਕੀ ਸਭ ਦੀ ਕਰੇ ਸਫ਼ਾਈਆ । ਸਭ ਨੂੰ ਭੁਲ ਜਾਏ ਪਿਛਲਾ ਪਿਛਾ, ਪਸ਼ਚਾਤਾਪ ਵਿਚ ਲੋਕਾਈਆ । ਜਨ ਭਗਤਾਂ ਪ੍ਰਭੂ ਕਰੇ ਆਪ ਰਿਛਾ, ਰੱਛਕ ਹੋ ਕੇ ਵੇਖੇ ਥਾਉਂ ਥਾਈਂਆ । ਜਿਸ ਖੇਲ ਖਿਲਾਈ ਮਛਾਂ ਕਛਾਂ, ਜਲ ਥਲ ਮਹੀਅਲ ਵਸਿਆ ਬੇਪਰਵਾਹੀਆ । ਓਸ ਦੀਆਂ ਭਾਵੇਂ ਜਗਤ ਵਾਲੀਆਂ ਨਹੀਂ ਅੱਖਾਂ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਮੁਕਾਈਆ । ਖੱਬਾ ਚਰਨ ਕਹੇ ਮੇਰੀ ਵੇਖਿਓ ਚੜ੍ਹਤ, ਚੜ੍ਹਦੀ ਕਲਾ ਦਿਆਂ ਵਖਾਈਆ । ਲੱਖ ਚੁਰਾਸੀ ਤੋੜ ਕੇ ਕੂੜ ਕੁੜਿਆਰੇ ਧੜਤ, ਧੜੇ ਵਿਚੋਂ ਧੜਾ ਦਿਆਂ ਬਣਾਈਆ । ਪਿਛਲੀ ਸਭ ਦੀ ਪੂਰੀ ਕਰ ਕੇ ਲਿਖਤ ਪੜ੍ਹਤ, ਅੱਗੇ ਪ੍ਰਭ ਦਾ ਹੁਕਮ ਸੁਣਾਈਆ । ਸਭ ਦੀ ਬਾਜ਼ੀ ਅੰਤਮ ਹੋਈ ਜੋ ਲਾਈ ਸ਼ਰਤ, ਸ਼ਰਤੀਆ ਪੂਰ ਕਰਾਈਆ । ਬੀਸ ਇਕੀਸਾ ਖੇਲ ਨਾ ਰਿਹਾ ਫ਼ਰਕ, ਜਗਦੀਸਾ ਵਜੇ ਵਧਾਈਆ । ਜਿਸ ਦਾ ਹੁਕਮ ਸੰਦੇਸ਼ਾ ਫ਼ਰਮਾਣ ਅਰਸ਼ ਫ਼ਰਸ਼, ਸੁਨੇਹੜੇ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਖੱਬਾ ਚਰਨ ਕਹੇ ਮੇਰਾ ਵਧਦਾ ਜਾਏ ਬਲ, ਬਲੀ ਬਲਵਾਨ ਦਿੱਤੀ ਵਡਿਆਈਆ । ਮੈਂ ਭਗਤ ਦਵਾਰੇ ਅਗੇ ਅਗੇ ਆਇਆ ਚਲ, ਭੱਜਿਆ ਵਾਹੋ ਦਾਹੀਆ । ਸ੍ਰਿਸ਼ਟ ਸਬਾਈ ਨਾਲ ਕਰ ਕੇ ਛਲ, ਅਛਲ ਛਲ ਆਪਣਾ ਫੇਰਾ ਪਾਈਆ । ਪ੍ਰੇਮੀਆਂ ਅੰਤਰ ਅੰਤਰ ਰਲ, ਮਿਲ ਕੇ ਵੇਖੀ ਵਜਦੀ ਸਚੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ

੧੧੫੦ ਆਪਣੀ ਕਿਰਪਾ ਕਰ, ਮੇਰੀ ਪੈਜ ਰਿਹਾ ਰਖਾਈਆ । ਖੱਬਾ ਚਰਨ ਕਹੇ ਮੈਨੂੰ ਸਾਰੇ ਕਹਿੰਦੇ ਖੱਬਾ, ਖ਼ਬਰ ਧੁਰ ਦੀ ਦਿਆਂ ਸੁਣਾਈਆ । ਸ੍ਰਿਸ਼ਟ ਸਬਾਈ ਘਰ ਘਰ ਕਰਨਾ ਰੱਬ ਰੱਬਾ, ਰੱਬੀ ਭੇਵ ਕੋਇ ਨਾ ਪਾਈਆ । ਸ਼ਾਹ ਸੁਲਤਾਨਾਂ ਬਦਲ ਦੇਣੀ ਤਬਅ, ਤਬੀਅਤ ਠੀਕ ਨਾ ਕੋਇ ਕਰਾਈਆ । ਮੈਂ ਜਗਤ ਖੇਲ ਕਰਨ ਨੂੰ ਬੜਾ ਕੱਬਾ, ਨੌ ਖੰਡ ਕਰਾਂ ਲੜਾਈਆ । ਮੈਂ ਵੰਡ ਵੰਡਣੀ ਨਹੀਂ ਕੋਈ ਮੁਸਤਤੀਲ ਮਰੱਬਾ, ਗੋਲ ਮੋਲ ਨਾ ਕਾਰ ਕਮਾਈਆ । ਮੈਂ ਦੁਨੀਆ ਨੂੰ ਕਟਣਾ ਵਿਚੋਂ ਗੱਭਾ, ਦੋ ਫਾੜ ਦੇਣਾ ਕਰਾਈਆ । ਇੱਕੀ ਸਾਲ ਹੁਕਮ ਅੰਦਰ ਰਿਹਾ ਬੱਧਾ, ਪਿਛੇ ਪਿਛੇ ਚਲਿਆ ਥਾਉਂ ਥਾਈਂਆ । ਧੰਨ ਵਡਿਆਈ ਮੇਰੇ ਪ੍ਰਭ ਨੇ ਮੈਨੂੰ ਦਿਤਾ ਸੱਦਾ, ਸਦਕੇ ਵਾਰੀ ਘੋਲ ਘੁਮਾਈਆ । ਮੈਂ ਦਰਸ਼ਨ ਪਾਇਆ ਓਸ ਸ਼ਬਦੀ ਸ਼ੇਰ ਬੱਗਾ, ਜੋ ਦਸਮ ਦਵਾਰੀ ਸਭ ਨੂੰ ਤੁਣਕੀਆਂ ਰਿਹਾ ਲਾਈਆ । ਓਸ ਤੋਂ ਅਗੇ ਕੋਟਾਂ ਵਿਚੋਂ ਕਿਸੇ ਨਾ ਵੇਖਿਆ ਮਜ਼ਾ, ਮਜਲਸ ਬਹਿ ਕੇ ਖ਼ੁਸ਼ੀ ਨਾ ਕੋਇ ਬਣਾਈਆ । ਜੂਠਿਆਂ ਝੂਠਿਆਂ ਸਭ ਨੂੰ ਦੇਣੀ ਸਜ਼ਾ, ਸੱਜਾ ਚਰਨ ਪਿੱਛੇ ਲਿਆ ਬਦਲਾਈਆ । ਕਿਸੇ ਨਾਲ ਕਰਨਾ ਨਹੀਂ ਕੋਈ ਦਗ਼ਾ, ਫ਼ਰੇਬੀਆਂ ਵਾਲਾ ਫਰੇਬ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਖੱਬਾ ਚਰਨ ਕਹੇ ਮੈਂ ਹੁਣ ਨਹੀਂ ਰਹਿਣਾ ਪੈਰ, ਪਰਾ ਪਸੰਤੀ ਮਧਮ ਬੈਖਰੀ ਚਾਰੇ ਦੇਣੀਆਂ ਬਦਲਾਈਆ । ਜਨ ਭਗਤਾਂ ਦੇ ਅੰਦਰ ਕਰਨੀ ਸੈਰ, ਘਰ ਘਰ ਵਿਚ ਫੇਰਾ ਪਾਈਆ । ਸਾਚੇ ਪਿਆਰ ਦੀ ਦੇ ਕੇ ਲਹਿਰ, ਲਹਿਣਾ ਦੇਣਾ ਵਰਤਾਈਆ । ਭੇਵ ਖੁਲ੍ਹਾ ਕੇ ਗੰਭੀਰ ਗਹਿਰ, ਗਵਰ ਦੇਣਾ ਸਮਝਾਈਆ । ਜਿਸ ਦੀ ਮਹਿੰਮਾ ਸਿਫ਼ਤ ਬੋਧ ਅਗਾਧ ਕੋਈ ਗਾ ਨਾ ਸਕੇ ਸ਼ਾਇਰ, ਕਲਮਿਆਂ ਵਿਚ ਨਾ ਕੋਇ ਵਡਿਆਈਆ । ਜਿਸ ਦਾ ਸਭ ੧੧੫੦

ਤੋਂ ਵਖਰਾ ਨਿਰਾਲਾ ਇਕੋ ਸ਼ਹਿਰ, ਚਾਰ ਦੀਵਾਰ ਨਾ ਕੋਇ ਬਣਾਈਆ । ਇਕੋ ਢੋਲਾ ਗਾਏ ਆਪਣੇ ਬਹਿਰ, ਛੱਤੀ ਰਾਗ ਨਾ ਕੋਇ ਸਮਝਾਈਆ । ਜਿਸ ਦਾ ਕਿਸੇ ਦੇ ਨਾਲ ਨਹੀਂ ਕੋਈ ਵੈਰ, ਭਾਣੇ ਵਿਚ ਭਾਣਾ ਦਏ ਵਖਾਈਆ । ਜਨ ਭਗਤਾਂ ਨੂੰ ਪਾ ਕੇ ਆਪਣੀ ਮਿਹਰ ਵਾਲਾ ਖ਼ੈਰ, ਖ਼ੈਰਖਾਹ ਆਪਣੇ ਲਏ ਬਣਾਈਆ । ਪੀਣ ਨਾ ਦੇਵੇ ਕੋਈ ਪਿਆਲਾ ਜ਼ਹਿਰ, ਕੂੜੀ ਕਿਰਿਆ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਖੱਬਾ ਚਰਨ ਕਹੇ ਮੈਂ ਚਾਰ ਕੁੰਟ ਔਣਾ ਘੁੰਮ, ਘੁੰਮਣ ਘੇਰੀ ਵੇਖਣੀ ਜਗਤ ਲੋਕਾਈਆ । ਮਾਣਸ ਮਾਨਵ ਮਾਨੁੱਖ ਵੇਖਣੇ ਗੁਣ, ਅਵਗੁਣ ਲੇਖਾ ਨਾਲ ਜਣਾਈਆ । ਸਭ ਦੀ ਪੁਕਾਰ ਔਣੀ ਸੁਣ, ਅੰਦਰ ਅੰਦਰ ਧਿਆਨ ਲਗਾਈਆ । ਭਗਤ ਸੁਹੇਲੇ ਔਣੇ ਚੁਣ, ਜੋ ਸਿੱਧੇ ਪ੍ਰਭ ਨੂੰ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਈਆ । ਖੱਬਾ ਚਰਨ ਕਹੇ ਜਨ ਭਗਤੋ ਯਾਦ ਰਹਿ ਜਾਏ ਪਹਿਲੀ ਮੱਘਰ, ਚਾਰ ਜੁਗ ਵਜੇ ਵਧਾਈਆ । ਜਿਸ ਵਿਚ ਭਗਤਾਂ ਦੀ ਪੂਰੀ ਹੋਵੇ ਸੱਧਰ, ਸੱਦੇ ਦੇ ਕੇ ਲਏ ਉਠਾਈਆ । ਏਥੇ ਓਥੇ ਦੋ ਜਹਾਨਾਂ ਕਰ ਕੇ ਕ਼ਦਰ, ਕ਼ੁਦਰਤ ਦਾ ਮਾਲਕ ਬੇਪਰਵਾਹੀਆ । ਸਾਚੇ ਤਖ਼ਤ ਬਹਿ ਕੇ ਕਰੇ ਅਦਲ, ਇਨਸਾਫ਼ ਇਕੋ ਇਕ ਜਣਾਈਆ । ਬੇਸ਼ਕ ਕਾਇਨਾਤ ਜਾਏ ਬਦਲ, ਸ੍ਰਿਸ਼ਟੀ ਦ੍ਰਿਸ਼ਟੀ ਦਏ ਬਦਲਾਈਆ । ਜਨ ਭਗਤਾਂ ਅੰਦਰੋਂ ਮਨ ਵਾਸਨਾ ਕਰ ਕੇ ਕ਼ਤਲ, ਕੂੜੀ ਕਿਰਿਆ ਬਾਹਰ ਕਢਾਈਆ । ਸਚ ਕਿਨਾਰਾ ਵਖਾ ਕੇ ਇਕ ਪਤਣ, ਪਤਿਪਰਮੇਸ਼ਵਰ ਪਾਰ ਲੰਘਾਈਆ । ਜਿਸ ਦੇ ਮਿਲਣ ਨੂੰ ਕੋਟਨ ਜਨਮ ਕਰਦੇ ਰਹੇ ਯਤਨ, ਉਹ ਯਥਾਰਥ ਗਿਆ ਆਈਆ । ਤੁਹਾਨੂੰ ਆਪਣੇ ਨਾਲ ਲੈ ਜਾਏ ਓਸ ਵਤਨ, ਜਿਥੋਂ ਬੇਵਤਨ ਨਾ ਕੋਇ ਕਰਾਈਆ । ਜਿਥੇ ਆਤਮ ਪਰਮਾਤਮ ਇਕੋ ਰੂਪ ਹੋ ਕੇ ਵਸਣ, ਦੂਜਾ ਰੰਗ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਖੱਬਾ ਚਰਨ ਕਹੇ ਮੇਰੀ ਚੜ੍ਹਦੀ ਵੇਖੋ ਕਲਾ, ਕਲ ਆਪਣੀ ਦਿਆਂ ਵਰਤਾਈਆ । ਸ੍ਰਿਸ਼ਟੀ ਨੂੰ ਸ੍ਰਿਸ਼ਟੀ ਦਾ ਦੇ ਕੇ ਪਿਛਲਾ ਫਲਾ, ਪੂਰਬ ਲਹਿਣਾ ਰਿਹਾ ਮੁਕਾਈਆ । ਹੁਕਮੇ ਦਾ ਕਰ ਕੇ ਹੱਲਾ, ਹਾਲਤ ਦਿਆਂ ਬਦਲਾਈਆ । ਕਿਸੇ ਦਾ ਨਾਅਰਾ ਅਲੀ ਅੱਲਾ, ਅਲਾਮਤ ਸਭ ਨੂੰ ਦਿਆਂ ਵਖਾਈਆ । ਚਾਰ ਕੁੰਟ ਕੁੰਟ ਚਾਰ ਚਾਰ ਵਰਨ ਕਰ ਕੇ ਅਛਲ ਅਛੱਲਾ, ਵਲ ਛਲ ਆਪਣੀ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਫੜਾ ਕੇ ਪੱਲਾ, ਪਲਕ ਅੰਦਰ ਭਗਤਾਂ ਦਏ ਉਠਾਈਆ । ਖੱਬਾ ਚਰਨ ਕਹੇ ਜਨ ਭਗਤਾਂ ਬਦਲ ਦੇਣੀ ਪਲਕ, ਪਲ ਪਲ ਵੇਖ ਵਖਾਈਆ । ਨਾਤਾ ਤੋੜ ਕੇ ਕੂੜੀ ਖ਼ਲਕ, ਖ਼ਾਲਕ ਦੇਣਾ ਮਿਲਾਈਆ । ਪੂਰਬ ਚੁਕਾ ਕੇ ਕ਼ਰਜ਼, ਲਹਿਣਾ ਦੇਣਾ ਦਵਾਈਆ । ਅਗਲਾ ਖੇਲ ਅਸਚਰਜ, ਅਚਰਜ ਲੀਲ੍ਹਾ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥੋੜ੍ਹਾ ਲੇਖਾ ਇਸ਼ਾਰਿਆਂ ਨਾਲ ਸਮਝਾਈਆ । ਖੱਬਾ ਚਰਨ ਕਹੇ ਮੈਥੋਂ ਸੁਣ ਲਓ ਖ਼ਬਰ, ਬੇਖ਼ਬਰਾਂ ਦਿਆਂ ਜਣਾਈਆ । ਸ਼ਬਦੀ ਸ਼ੇਰ ਬਣ ਕੇ ਬੱਬਰ, ਬਬਰੀਆਂ ਸਾਰੀਆਂ ਦਏ ਭੰਨਾਈਆ । ਵਾਸਾ ਕਰਾ ਕੇ ਮੜ੍ਹੀ ਕ਼ਬਰ, ਗੋਰਾਂ ਦਏ ਵਡਿਆਈਆ । ਜਨ ਭਗਤ ਬਣਾ ਕੇ ਆਪਣੇ ਟੱਬਰ, ਵਿਛੜੇ ਲਏ ਮਿਲਾਈਆ । ਸਚ ਪ੍ਰੀਤੀ ਦਾ ਦੇ ਕੇ ਸਬਰ, ਪਿਆਲਾ ਇਕੋ ਦਏ ਪਿਆਈਆ । ਦਰਸ ਕਰਾ ਕੇ ਉਪਰ ਅੰਬਰ, ਅਮਰ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਖੱਬਾ ਚਰਨ


੧੧੫੧

ਕਹੇ ਮੈਂ ਦਿਆਂ ਸੰਦੇਸ਼ਾ, ਸੁਤਿਆਂ ਸੁਤਿਆਂ ਸੁਤਿਆਂ ਜਗਤ ਉਠਾਈਆ । ਪਤਿਪਰਮੇਸ਼ਵਰ ਇਕ ਨਰੇਸ਼ਾ, ਨਰ ਨਰਾਇਣ ਵਜੀ ਵਧਾਈਆ । ਜਿਸ ਦਾ ਜੋਤ ਸਰੂਪ ਸ਼ਬਦੀ ਲੇਖਾ, ਭੇਖੀ ਭੇਖ ਬਣਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸਾ, ਨਾ ਕੋਈ ਮੂੰਡ ਮੁੰਡਾਈਆ । ਮਾਂ ਪਿਤ ਨਾ ਬੇਟੀ ਬੇਟਾ, ਅੰਗ ਸਾਕ ਨਾ ਕੋਇ ਦ੍ਰਿੜਾਈਆ । ਨਿਰਗੁਣ ਜੋਤ ਧੁਰ ਦਾ ਨੇਤਾ, ਨਰ ਨਿਰੰਕਾਰ ਸਚਾ ਸ਼ਹਿਨਸ਼ਾਹੀਆ । ਜੋ ਕਲਜੁਗ ਅੰਤਮ ਖੇਲਣ ਆਇਆ ਖੇਡਾ, ਆਪ ਆਪਣੀ ਖੇਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰ ਘਰ ਘਰ ਫੋਲ ਫੁਲਾਈਆ । ਖੱਬਾ ਚਰਨ ਕਹੇ ਮੈਂ ਭਗਤਾਂ ਅੰਦਰ ਜਾਣਾ ਵੜ, ਰਾਤੀਂ ਸੁੱਤਿਆਂ ਚੋਰੀ ਕਮਾਈਆ । ਓਸ ਮੰਜ਼ਲ ਜਾਣਾ ਚੜ੍ਹ, ਜਿਥੇ ਜਗਤ ਅੱਖ ਨਾ ਕੋਇ ਤਕਾਈਆ । ਸਚ ਪ੍ਰੇਮ ਵਿਚ ਜਾਣਾ ਜੜ, ਰੂਪ ਆਪਣਾ ਲੈਣਾ ਬਦਲਾਈਆ । ਆਤਮ ਪਰਮਾਤਮ ਜੋੜ ਕੇ ਲੜ, ਕੰਨੀ ਇਕੋ ਦੇਣੀ ਵਖਾਈਆ । ਬੰਕ ਸੁਹਾ ਕੇ ਕਾਇਆ ਗੜ੍ਹ, ਸਾਢੇ ਤਿੰਨ ਹੱਥ ਦੇਣੀ ਵਡਿਆਈਆ । ਲੇਖਾ ਚੁਕਾ ਕੇ ਚੇਤਨ ਜੜ੍ਹ, ਸੂਖ਼ਮ ਇਕੋ ਨਜ਼ਰੀ ਆਈਆ । ਜਿਸ ਦਾ ਲਹਿਣਾ ਉਸੇ ਦਾ ਵਰ, ਘਰ ਆਪਣਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਹੋਏ ਸਹਾਈਆ । ਖੱਬਾ ਚਰਨ ਕਹੇ ਜਿਨ੍ਹਾਂ ਰੋ ਰੋ ਕੀਤਾ ਵਰਲਾਪ, ਨੇਤਰ ਨੈਣਾਂ ਹੰਝੂ ਵਹਾਈਆ । ਉਹਨਾਂ ਦੇ ਕੋਟਨ ਕੋਟ ਜਨਮ ਦੇ ਕਟੇ ਪਾਪ, ਦੁਰਮਤ ਮੈਲ ਦਿਤੀ ਧੁਆਈਆ । ਰੂਹ ਬੁੱਤ ਦੋਵੇਂ ਕਰ ਕੇ ਪਾਕ, ਪਾਕ ਪਵਿੱਤ ਦਿਤੇ ਕਰਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜੀਵਣ ਜੁਗਤ ਦਿੱਤੀ ਸਮਝਾਈਆ । ਪਿਤਾ ਪੂਤ ਦਾ ਜੋੜ ਕੇ ਨਾਤ, ਧੁਰ ਦਾ ਸੰਗ ਬਣਾਈਆ । ਦਰਸ ਦਿਖਾ ਕੇ ਸਾਖ਼ਿਆਤ, ਸਗਲਾ ਲੇਖਾ ਦਿਤਾ ਮਿਟਾਈਆ । ਜਨਮ ਜਨਮ ਦਾ ਕਰਮ ਕਰਮ ਦਾ ਲੇਖਾ ਵਾਚ, ਵਾਚਕ ਹੋ ਕੇ ਖੋਜ ਖੁਜਾਈਆ । ਜਨ ਭਗਤਾਂ ਦੀ ਪ੍ਰੇਮ ਪਿਆਰ ਦੀ ਸੋਹਣੀ ਚੜ੍ਹਦੀ ਵੇਖੀ ਬਰਾਤ, ਖ਼ੁਸ਼ੀਆਂ ਨਾਲ ਤਾਅਨੇ ਤਰਾਨਿਆਂ ਵਿਚ ਗਾਈਆ । ਅੰਦਰੋਂ ਮੁਹੱਬਤ ਵਿਚ ਮੁਸ਼ਤਾਕ, ਮੁਸ਼ਕਲ ਗਏ ਭੁਲਾਈਆ । ਗੋਬਿੰਦ ਨੂੰ ਚੇਤਾ ਆਇਆ ਓਸ ਪਰਭਾਸ, ਜਿਥੇ ਆਸਣ ਸਿੰਘਾਸਣ ਸੋਭਾ ਪਾਈਆ । ਪੁਰਖ ਅਕਾਲ ਦਾ ਅਕਲ ਕਲਾ ਵਾਲਾ ਵਾਕ, ਵਾਕਿਆ ਸਚ ਦਏ ਜਣਾਈਆ । ਤਿਨ੍ਹਾਂ ਦਾ ਮੇਲਾ ਹੋਇਆ ਨਾਲ ਇਤਫ਼ਾਕ, ਇਤਆਦਿਕ ਆਪੇ ਲਏ ਮਿਲਾਈਆ । ਜਿਹੜਾ ਲੇਖਾ ਰਹਿ ਗਿਆ ਬਾਕੀ ਪਹਿਲੀ ਵਿਸਾਖ, ਸੋ ਪਹਿਲੀ ਮੱਘਰ ਦਿਤਾ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਖੱਬਾ ਚਰਨ ਕਹੇ ਮੈਂ ਹਰਿਜਨ ਵੇਖੇ ਮਿਲਦੇ, ਮਿਲਣੀ ਜਗਦੀਸ਼ ਕਰਾਈਆ । ਭਾਓ ਜਾਣਨੇ ਡੂੰਘੇ ਦਿਲ ਦੇ, ਰਾਜ਼ਾਂ ਵਿਚੋਂ ਰਾਜ਼ ਪਰਗਟਾਈਆ । ਨਜ਼ਾਰੇ ਵੇਖਣੇ ਓਸ ਪਿਰ ਦੇ, ਜਿਥੇ ਹੁੰਦੀ ਸਦਾ ਰੁਸ਼ਨਾਈਆ । ਜਿਥੇ ਫੁੱਲ ਅਗੰਮੀ ਖਿਲਦੇ, ਗ਼ੁੰਚਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਜਾਣੇ ਇਲ ਇਲ ਦੇ, ਇਲਾਹੀ ਆਪਣਾ ਭੇਵ ਖੁਲ੍ਹਾਈਆ । ਖੱਬਾ ਚਰਨ ਕਹੇ ਮੈਂ ਕਰਨੇ ਸਰਬ ਤਲਾਸ਼, ਹੁਕਮ ਧੁਰ ਦਾ ਸੇਵ ਕਮਾਈਆ । ਭਗਤਾਂ ਵਿਚੋਂ ਥੋੜ੍ਹੇ ਲਭਣੇ ਖ਼ਾਸ, ਜੋ ਖ਼ਾਹਿਸ਼ ਅੰਦਰੋਂ ਰਹੇ ਵਧਾਈਆ । ਜਿਨ੍ਹਾਂ ਦਾ ਪ੍ਰਭ ਦੀ ਯਾਦ ਵਿਚ ਸਵਾਸ, ਸੋ ਸਾਹਿਬ ਨਾਲ ਮਿਲਾਈਆ । ਨਾਤਾ ਤੋੜ ਕੇ ਮਾਤ ਗਰਭ ਵਾਸ, ਨੌਂ ਅਠਾਰਾਂ ਲੇਖ ਮੁਕਾਈਆ । ਵਸਤ ਦੇ ਅਗੰਮੀ ਦਾਤ, ਝੋਲੀ ਅੰਤਮ ਦੇ ਭਰਾਈਆ । ਭਗਤਾਂ ਨਾਲ ਮਿਲਾ ਕੇ ਸਚ ਜਮਾਤ, ਪੱਟੀ ਭਗਵਨ ਵਾਲੀ ਦੇਣੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੧੫੨

ਕਰ, ਸਦ ਹੋਵੇ ਆਪ ਸਹਾਈਆ । ਖੱਬਾ ਚਰਨ ਕਹੇ ਭਗਤੋ ਕੋਈ ਨਹੀਂ ਕਰਨੀ ਸੋਚ, ਸੋਚਿਆਂ ਹੱਥ ਕਿਛ ਨਾ ਆਈਆ । ਜਿਸ ਦਾ ਦਰਸ਼ਨ ਰਹੇ ਲੋਚ, ਸੋ ਲੋਚਾ ਪੂਰ ਕਰਾਈਆ । ਤੁਹਾਨੂੰ ਮਿਲਦਾ ਰਹੇ ਰੋਜ਼, ਸੋਵਤ ਜਾਗਤ ਨਜ਼ਰੀ ਆਈਆ । ਪ੍ਰੀਤਮ ਨਾਲ ਮਿਲ ਕੇ ਮਾਣਿਓ ਮੌਜ, ਮਜਲਸ ਆਪਣੀ ਲੈਣੀ ਬਣਾਈਆ । ਤੁਹਾਨੂੰ ਜਿਸ ਨੇ ਲਿਆ ਖੋਜ, ਤੁਹਾਡੀ ਖੋਜ ਦਿੱਤੀ ਗਵਾਈਆ । ਨੇਤਰ ਖੋਲ੍ਹ ਕੇ ਤੱਕੋ ਨਾਲ ਹੋਸ਼, ਹੌਸਲਾ ਦਏ ਵਧਾਈਆ । ਨਾਮ ਪ੍ਰੀਤੀ ਅੰਦਰ ਕਰ ਮਦਹੋਸ਼, ਮਧੁਰ ਧੁਨ ਰਿਹਾ ਸੁਣਾਈਆ । ਖ਼ੁਸ਼ੀਆਂ ਵਿਚ ਆ ਕੇ ਜੋਸ਼, ਟੱਪੇ ਨੱਚੇ ਕ਼ੁੱਦੇ ਵਾਹੋ ਦਾਹੀਆ । ਅਗੇ ਤੁਹਾਡੇ ਪ੍ਰਭੂ ਨਹੀਂ ਰਹਿਣਾ ਖ਼ਾਮੋਸ਼, ਖਾਹ ਮਖਾਹ ਤੁਹਾਨੂੰ ਲਏ ਜਗਾਈਆ । ਉਹਨੂੰ ਆਪਣੇ ਭਗਤਾਂ ਮਿਲਣ ਦਾ ਬੜਾ ਸ਼ੌਕ, ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਉਹਨੂੰ ਆਤਮ ਪਰਮਾਤਮ ਨਾਤਾ ਬਣੌਣ ਦਾ ਮਜਾ ਉਹ ਖ਼ੌਤ, ਜੋ ਖ਼ਤਰੇ ਤੋਂ ਬਾਹਰ ਕਢਾਈਆ । ਜਿਸ ਦੀ ਗੁਰਮੁਖ ਨਾਰੀ ਕਦੇ ਨਾ ਜਾਵੇ ਔਤ, ਜੁਗ ਚੌਕੜੀ ਨਿਸ਼ਾਨਾ ਦਏ ਖੁਲ੍ਹਾਈਆ । ਸੋ ਪੁਰਖ ਬਿਧਾਤਾ ਨਿਰਗੁਣ ਹੋ ਕੇ ਗਿਆ ਪਹੁੰਚ, ਨਿਰਾਕਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਲੇਖਾ ਦਏ ਚੁਕਾਈਆ । ਖੱਬਾ ਚਰਨ ਕਹੇ ਮੈਂ ਸਭ ਨੂੰ ਕਰਾਂ ਪਿਆਰ, ਪ੍ਰੇਮੀਆਂ ਪ੍ਰੇਮ ਜਣਾਈਆ । ਜਿਨ੍ਹਾਂ ਨੂੰ ਮਿਲਿਆ ਸਾਚਾ ਯਾਰ, ਕੂੜੇ ਯਰਾਨੇ ਗਏ ਤੁੜਾਈਆ । ਇਕੋ ਬੋਲ ਕੇ ਹਕ ਜੈਕਾਰ, ਹਕ਼ੀਕ਼ਤ ਪਰਦਾ ਲਾਹੀਆ । ਇਕੋ ਵੇਖ ਕੇ ਸਚ ਦਰਬਾਰ, ਜਗਤ ਦਵਾਰੇ ਡੇਰਾ ਢਾਹੀਆ । ਜਿਹੜੇ ਵਿਛੋੜੇ ਵਾਲੇ ਦਿਨ ਚਾਰ, ਕਟੇ ਸਹਿਜ ਸੁਭਾਈਆ । ਦਿੱਲੀ ਜਾ ਕੇ ਬਣਾਇਆ ਉਹ ਦਰਬਾਰ, ਜਿਸ ਦਰਬਾਰੀ ਖ਼ਾਕ ਦੇਣੇ ਰਲਾਈਆ । ਜਿਸ ਨੇ ਛੱਬੀ ਪੋਹ ਮਾਰਨੀ ਲਲਕਾਰ, ਹੁਕਮੀ ਹੁਕਮ ਮਨਾਈਆ । ਨਿਰਗੁਣ ਨਿਰਵੈਰ ਆ ਗਿਆ ਉਹ ਨਿਰੰਕਾਰ, ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਸਿਫ਼ਤਾਂ ਵਿਚ ਗਏ ਸੁਣਾਈਆ । ਜੇ ਅੱਖਰਾਂ ਉਤੇ ਆਇਆ ਨਹੀਂ ਇਤਬਾਰ, ਜੋਤ ਸਰੂਪੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖ ਵਖਾਈਆ । ਖੱਬਾ ਚਰਨ ਕਹੇ ਮੈਂ ਹਰਿਸੰਗਤ ਵੇਖਿਆ, ਇਸ਼ਾਰਾ ਅੰਤਰ ਆਤਮ ਖੋਜ ਖੁਜਾਈਆ । ਸਚ ਪ੍ਰੀਤੀ ਅੰਦਰ ਰਹੇ ਗਾ, ਢੋਲਾ ਇਕੋ ਇਕ ਸੁਣਾਈਆ । ਨੀਰ ਨੈਣਾਂ ਰਹੇ ਵਹਾ, ਬਹਿਬਲ ਰੂਪ ਵਟਾਈਆ । ਬਾਹਾਂ ਉਪਰ ਰਹੇ ਉਠਾ, ਵਿਛੋੜੇ ਵਿਚ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਦਇਆਨਿਧ ਦਏ ਵਡਿਆਈਆ । ਸਚ ਸਵਾਮੀ ਗਿਆ ਆ, ਆਗਿਆ ਵਿਚ ਅਗੇ ਲਏ ਰਖਾਈਆ । ਜਿਸ ਦੀ ਗੁਰ ਅਵਤਾਰ ਮੰਗਦੇ ਗਏ ਦੁਆ, ਤੋਬਾ ਤੋਬਾ ਕਹਿ ਸੁਣਾਈਆ । ਜਿਸ ਨੂੰ ਕਹਿੰਦੇ ਰਹੇ ਸਚਾ ਪਾਤਸ਼ਾਹ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਖੱਬਾ ਚਰਨ ਕਹੇ ਮੈਂ ਵੇਖੀ ਸੰਗਤ ਉਹ, ਜਿਨ੍ਹਾਂ ਦੀ ਉਸਤਤ ਗੁਰ ਅਵਤਾਰ ਰਹੇ ਗਾਈਆ । ਜਿਨ੍ਹਾਂ ਦੇ ਅੰਦਰ ਇਕੋ ਦੀ ਹੋਈ ਲੋ, ਜਗਤ ਅੰਧੇਰੇ ਸਰਬ ਮਿਟਾਈਆ । ਜਿਨ੍ਹਾਂ ਦੀ ਆਤਮ ਪਰਮਾਤਮ ਨਾਲ ਗਈ ਛੋਹ, ਨਾਤਾ ਬਿਧਾਤਾ ਨਾਲ ਰਖਾਈਆ । ਮਾਇਆ ਮਮਤਾ ਹਉਮੇ ਹੰਗਤਾ ਗਏ ਖੋਹ, ਕੂੜੀ ਕਿਰਿਆ ਪਰੇ ਹਟਾਈਆ । ਉਨ੍ਹਾਂ ਨਾਲ ਸਤਿਗੁਰ ਕਦੇ ਨਾ ਕਰੇ ਧਰੋ, ਆਪਣੇ ਨਾਲੋਂ ਹੋਏ ਨਾ ਕਦੇ ਜੁਦਾਈਆ । ਓਸ ਧਾਗੇ ਵਿਚ ਲਏ ਪਰੋ, ਜੋ ਰਵਿਦਾਸ ਚੁਮਾਰੇ ਦਿਤਾ ਫੜਾਈਆ । ਤੁਹਾਡੇ ਅੰਦਰ ਵੜ ਕੇ ਜ਼ਾਮਨ ਗਿਆ ਖਲੋ, ਖ਼ਾਲਸ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ

ਦਇਆ ਕਮਾਈਆ । ਖੱਬਾ ਚਰਨ ਕਹੇ ਮੈਂ ਵੇਖੇ ਸਤਰੰਗ ਨਿਸ਼ਾਨੇ ਨੌ, ਨਵਾਂ ਰੰਗ ਰਹੇ ਵਖਾਈਆ । ਜਿਹੜਾ ਦਿੱਲੀ ਦਵਾਰੇ ਆਇਆ ਭੌਂ, ਭਵਜਲ ਪਾਵੇ ਸਰਬ ਲੋਕਾਈਆ । ਜਨ ਭਗਤਾਂ ਲੇਖਾ ਮੁਕਾ ਕੇ ਹੰਗਤ ਹਉਂ, ਹੰ ਬ੍ਰਹਮ ਦਿਤਾ ਸਮਝਾਈਆ । ਉਨ੍ਹਾਂ ਦੀ ਅੰਤਰ ਆਤਮ ਸੇਜਾ ਜਾਏ ਸੌਂ, ਸੋਹਣਾ ਸੰਗ ਬਣਾਈਆ । ਗੁਰਮੁਖ ਅਗੇ ਕੋਈ ਰਹੇ ਨਾ ਕਾਉਂ, ਕਾਗਾਂ ਡਾਰ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਣ ਕੇ ਧੁਰ ਦਾ ਪਿਤਾ ਮਾਉਂ, ਬਾਲ ਅੰਞਾਣੇ ਗੋਦ ਉਠਾਈਆ । ਖੱਬਾ ਚਰਨ ਕਹੇ ਮੈਂ ਝੁਲਦੇ ਵੇਖੇ ਨਿਸ਼ਾਨ, ਨਿਸ਼ਾਨਾ ਆਪਣਾ ਰਹੇ ਵਖਾਈਆ । ਜਿਨ੍ਹਾਂ ਦੇ ਅੰਦਰ ਆਇਆ ਗਿਆਨ, ਗੁਣ ਗਹਿਰ ਗੰਭੀਰ ਗਾਈਆ । ਢੋਲੇ ਗਾਉਂਦੇ ਵਿਚ ਮੈਦਾਨ, ਨਾਦਤ ਕਰੇ ਸ਼ਹਿਨਸ਼ਾਹੀਆ । ਉਹ ਚਤੁਰ ਸੁਘੜ ਸਿਆਣ, ਸੰਤ ਸੁਹੇਲੇ ਨਜ਼ਰੀ ਆਈਆ । ਜਿਨ੍ਹਾਂ ਦਾ ਲੇਖਾ ਵਿਚ ਜਹਾਨ, ਜਹਾਲਤ ਦਏ ਮਿਟਾਈਆ । ਤੋੜ ਕੇ ਮਾਣ ਅਭਿਮਾਨ, ਸਚ ਪ੍ਰੀਤੀ ਦਿਤੀ ਸਮਝਾਈਆ । ਖੱਬਾ ਚਰਨ ਕਹੇ ਜਿਸ ਦਰਸ਼ਨ ਕੀਤਾ ਆਣ, ਆਨਨ ਫ਼ਾਨਨ ਜਰਮਾਂ ਦਾ ਲੇਖਾ ਦਏ ਮਿਟਾਈਆ । ਦਰ ਆਏ ਸਾਰੇ ਪਰਵਾਨ, ਪਰਵਾਨਿਆਂ ਵਾਂਗ ਸੜਨ ਦੀ ਲੋੜ ਰਹੇ ਨਾ ਰਾਈਆ । ਤੁਹਾਡੇ ਅੰਦਰ ਜਗ ਜਾਏ ਉਹ ਸ਼ਮਾਂਦਾਨ, ਜਿਸ ਦੀ ਤੇਲ ਬਤੀ ਨਾ ਕੋਇ ਬਦਲਾਈਆ । ਜਨ ਭਗਤੋ ਵਿਛੜਿਆ ਨਹੀਂ ਵਿਛੜਿਆਂ ਦੀ ਕਰਨ ਆਇਆ ਪਹਿਚਾਨ, ਮਿਹਰਵਾਨ ਹੋ ਕੇ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪਣੇ ਵਿਚ ਟਿਕਾਈਆ । ਖੱਬਾ ਚਰਨ ਕਹੇ ਮੈਂ ਵੇਖੀ ਲੰਘਦੀ ਚੌਕੜ, ਚੌਕੜੀਆਂ ਆਪਣਾ ਰੂਪ ਬਦਲਾਈਆ । ਬਿਨਾ ਪ੍ਰਭੂ ਤੋਂ ਭਗਤਾਂ ਦੀ ਕਟੀ ਕਿਸੇ ਨਾ ਔਕੜ, ਓੜਕ ਸਾਰੇ ਪਲੂ ਜਾਣ ਛੁੜਾਈਆ । ਸੋ ਭਗਤ ਸ੍ਰੀ ਭਗਵਾਨ ਦਵਾਰੇ ਪਹੁੰਚਣ, ਬਿਨਾ ਪਹੁੰਚ ਤੋਂ ਭਗਤ ਨਾ ਕੋਇ ਅਖਵਾਈਆ । ਕਲਜੁਗ ਸਾਧ ਕਲਜੁਗ ਦੀ ਬਣ ਕੇ ਸੌਕਣ, ਅੱਖਰਾਂ ਦੀ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕੋ ਨਜ਼ਰੀ ਆਈਆ । ਖੱਬਾ ਚਰਨ ਕਹੇ ਭਗਤੋ ਮੈਂ ਚਿਰਾਂ ਪਿਛੋਂ ਦੱਸਣ ਆਇਆ ਤਦਬੀਰ, ਤਰਾ ਤਰਾ ਸਮਝਾਈਆ । ਸਭ ਤੋਂ ਪਹਿਲਾ ਖੱਬੇ ਚਰਨ ਨਾਲ ਲਗਿਆ ਕਬੀਰ, ਕਾਅਬਿਆਂ ਗਿਆ ਭੁਲਾਈਆ । ਤਕ ਕੇ ਜਲਵਾ ਨੂਰਾਨੀ ਉਹ ਤਸਵੀਰ, ਜਿਸ ਦੀ ਮਸੱਵਰ ਨਾ ਕੋਇ ਖਿਚਾਈਆ । ਬਦਲ ਗਈ ਜ਼ਮੀਰ, ਅਮੀਰ ਵਜ਼ੀਰ ਮਿਟੀ ਛਾਹੀਆ । ਜਿਧਰ ਤਕਿਆ ਇਕੋ ਇਕ ਫ਼ਕੀਰ, ਫ਼ਿਕਰਾ ਇਕੋ ਇਕ ਸੁਣਾਈਆ । ਜਿਸ ਨਾਲ ਕਦੇ ਨਾ ਹੋਵੇ ਦਲਗੀਰ, ਤੱਤਾਂ ਵਿਚੋਂ ਤਤ ਨਾ ਕਰੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੈਰ ਪੈਰ ਵਿਚੋਂ ਬਦਲਾਈਆ । ਖੱਬਾ ਚਰਨ ਕਹੇ ਫ਼ਰੀਦ ਨੇ ਕੀਤੀ ਮੁਸ਼ੱਕਤ, ਮੁਸ਼ਕਲ ਆਪਣੀ ਹੱਲ ਕਰਾਈਆ । ਮੰਗੀ ਦਾਤ ਖੈਰ ਪਾ ਦੇ ਬੰਦਗੀ, ਬੰਦਨਾ ਦੇ ਸਮਝਾਈਆ । ਬਖ਼ਸ਼ਿਸ਼ ਕਰ ਆਪਣੇ ਅਨੰਦ ਦੀ, ਅਨੰਦ ਅਨੰਦ ਦੇ ਪਰਗਟਾਈਆ । ਹਰਸ ਮਿਟ ਗਈ ਕੂੜੀ ਸੰਗ ਦੀ, ਪਰਦਾ ਲੈ ਚੁਕਾਈਆ । ਤ੍ਰਿਸ਼ਨਾ ਮਿਟ ਗਈ ਮਮਤਾ ਮਮ ਦੀ, ਮੋਹ ਦੇ ਗਵਾਈਆ । ਲੋੜ ਰਹੀ ਨਾ ਤਨ ਦੀ, ਹੱਡੀਆਂ ਖੱਲ ਸੁਕਾਈਆ । ਪਿਆਸ ਨਾ ਰਹੀ ਜਲ ਦੀ, ਤ੍ਰਿਖਾ ਨਾ ਕੋਇ ਹਲਕਾਈਆ । ਵਡਿਆਈ ਰਹੀ ਨਾ ਬਲ ਦੀ, ਜੋਬਨ ਨਾ ਰੰਗ ਚੜ੍ਹਾਈਆ । ਖ਼ਬਰ ਨਹੀਂ ਹੈ ਕਲ ਦੀ, ਤੇਰਾ ਕ਼ਲਮਾ ਨਾ ਕੋਇ ਸਮਝਾਈਆ । ਜੇ ਰਮਜ਼ ਮੇਰੀ ਤੇਰੇ ਨਾਲ ਰਲਦੀ, ਰਸਤੇ ਲੈ ਲਗਾਈਆ । ਮੇਰੀ ਜੁਆਨੀ ਜਾਏ ਢਲਦੀ, ਬਿਨ ਤੇਰੇ ਨਾ ਕੋਇ ਹੰਡਾਈਆ ।

ਤੇਰੀ ਖੇਲ ਅਛਲ ਅਛੱਲ ਦੀ, ਵਲ ਛਲ ਵੇਖ ਖ਼ੁਸ਼ੀ ਮਨਾਈਆ । ਮੇਰੀ ਆਸਾ ਸੁਨੇਹੜਾ ਘਲਦੀ, ਘਾਲ ਥਾਏਂ ਲੈ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਚੁਕਾਈਆ । ਜਿਸ ਵੇਲੇ ਫ਼ਰੀਦ ਬਿਰਹੋਂ ਵਿਚ ਲੱਗਾ ਮਰਨ, ਮਰ ਜੀਵਤ ਰੂਪ ਵਟਾਈਆ । ਪੁਰਖ ਅਬਿਨਾਸ਼ੀ ਖੱਬਾ ਲਾ ਕੇ ਚਰਨ, ਚਰਨੋਦਕ ਅੰਦਰੇ ਦਿਤਾ ਪਿਆਈਆ । ਖੁਲ੍ਹ ਗਿਆ ਹਰਨ ਫਰਨ, ਨਜ਼ਰੇ ਨੂਰ ਰੁਸ਼ਨਾਈਆ । ਇਕੋ ਢੋਲਾ ਲੱਗਾ ਪੜ੍ਹਨ, ਤੂੰ ਹੀ ਤੂੰ ਸਲਾਹੀਆ । ਮੰਜ਼ਲ ਲੱਗਾ ਚੜ੍ਹਨ, ਡੇਰੇ ਗਿਆ ਢਾਹੀਆ । ਦਵਾਰੇ ਲੱਗਾ ਖੜ੍ਹਨ, ਸੰਗਤ ਸੋਭਾ ਪਾਈਆ । ਦਰਸ਼ਨ ਲੱਗਾ ਕਰਨ, ਕਰ ਕਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਖੱਬਾ ਚਰਨ ਕਹੇ ਮੈਂ ਭਗਤਾਂ ਜੋਗਾ, ਜੁਗ ਜੁਗ ਮੇਲ ਮਿਲਾਇੰਦਾ । ਜਿਹੜੇ ਤੱਤਾਂ ਵਾਲੇ ਬਦਲਦੇ ਚੋਗਾ, ਚੋਲਾ ਉਨ੍ਹਾਂ ਖੋਜ ਖੁਜਾਇੰਦਾ । ਮੇਰਾ ਅੰਤਰ ਆਤਮ ਸਚਾ ਹੋਕਾ, ਹੂਬਹੂ ਨਾਅਰਾ ਇਕ ਸੁਣਾਇੰਦਾ । ਪਰਦਾ ਪਾ ਕੇ ਹੋਰ ਲੋਕਾ, ਲੁਕਿਆ ਭੇਵ ਆ ਖੁਲ੍ਹਾਇੰਦਾ । ਜਿਨ੍ਹਾਂ ਦਾ ਜਗਤ ਜਨਮ ਦਾ ਵੇਲਾ ਆ ਜਾਏ ਮੌਕਾ, ਮੁਫ਼ਤ ਉਨ੍ਹਾਂ ਜੋੜ ਜੁੜਾਇੰਦਾ । ਪ੍ਰਭੂ ਨੂੰ ਮਿਲਣਾ ਕਦੇ ਨਾ ਸੌਖਾ, ਸੁਖ ਵਿਚ ਸੁਖ ਨਾ ਕੋਇ ਪਰਗਟਾਇੰਦਾ । ਕਲਜੁਗ ਅੰਤ ਪੜ੍ਹਨਾ ਪਏ ਕੋਇ ਨਾ ਪੋਥਾ, ਪਾਣੀ ਵਿਚ ਲਾਉਣਾ ਪਏ ਨਾ ਗੋਤਾ, ਤੀਰਥ ਤਟ ਨਾ ਕੋਇ ਨਹਾਇੰਦਾ । ਛੱਡਣਾ ਪਏ ਕੋਇ ਨਾ ਕੋਠਾ, ਜੰਗਲਾਂ ਵਿਚ ਨਾ ਕੋਇ ਭੁਆਇੰਦਾ । ਘਰ ਦਿਆਂ ਨਾਲ ਕਰਨਾ ਪਏ ਨਾ ਕੋਇ ਰੋਸਾ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਆਪਣੀ ਨਜ਼ਰ ਇਕ ਉਠਾਇੰਦਾ । ਖੱਬਾ ਚਰਨ ਕਹੇ ਮੈਂ ਸਦਾ ਹਜ਼ੂਰ,

ਹਜ਼ਰਤ ਦਿਆਂ ਮਿਲਾਈਆ । ਜਨ ਭਗਤੋ ਤੁਹਾਡਾ ਬਣ ਮਸ਼ਕੂਰ, ਸ਼ੁਕਰੀਆ ਕਹਿ ਸੁਣਾਈਆ । ਸਤਿ ਸਚ ਦਾ ਮੇਲਾ ਸਤਿ ਦਸਤੂਰ, ਝੂਠ ਝੂਠ ਨਾ ਕੋਇ ਜੁੜਾਈਆ । ਤੁਹਾਡੇ ਅੰਦਰ ਅਗੰਮੀ ਨੂਰ, ਜਲਵਾ ਨੂਰ ਰੁਸ਼ਨਾਈਆ । ਤੁਹਾਡੇ ਅੰਤਰ ਅਗੰਮੀ ਤੂਰ, ਤੁਰੀਆ ਨਾਦ ਕਰੇ ਰੁਸ਼ਨਾਈਆ । ਤੁਹਾਡੇ ਅੰਤਰ ਉਹ ਸਰੂਰ, ਤੁਹਾਡੇ ਅੰਤਰ ਭੰਡਾਰਾ ਸਭ ਭਰਪੂਰ, ਪ੍ਰਭ ਅਬਿਨਾਸ਼ੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇਣਾ ਮੁਕਾਈਆ । ਖੱਬਾ ਚਰਨ ਕਹੇ ਮੈਂ ਸਭ ਨੂੰ ਦੇਵਾਂ ਅਸੀਸ, ਆਸਾਂ ਭਰਿਆ ਖ਼ੁਸ਼ੀ ਵਖਾਈਆ । ਸਚ ਪ੍ਰੇਮ ਦੀ ਸਚ ਬਖ਼ਸ਼ੀਸ਼, ਪ੍ਰਭ ਝੋਲੀ ਦੇਵੇ ਪਾਈਆ । ਅਗੇ ਚਲਦੀ ਰਹੇ ਰੀਤ, ਜੁਗ ਚੌਕੜੀ ਵਜੇ ਵਧਾਈਆ । ਸੋਹੰ ਢੋਲਾ ਗਾਣਾ ਗੀਤ, ਆਤਮ ਪਰਮਾਤਮ ਰੰਗ ਰੰਗਾਈਆ । ਝਗੜਾ ਚੁੱਕ ਜਾਏ ਮੰਦਰ ਮਸੀਤ, ਕਾਇਆ ਕਾਅਬਾ ਹੋਏ ਸ਼ਨਵਾਈਆ । ਪੜ੍ਹਨੀ ਪਏ ਨਾ ਕੁਰਾਨ ਮਜੀਦ, ਵੁਜੂਆਂ ਵਿਚ ਨਾ ਵਕਤ ਗੁਆਈਆ । ਜਿਸ ਚਰਨ ਨੂੰ ਛੋਹ ਕੇ ਤਰਿਆ ਫ਼ਰੀਦ, ਈਦ ਦਿੱਤੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਦੇਵਣਹਾਰ ਅਸੀਸ, ਅਸਲ ਦੇ ਅਸਲ ਆਪਣੇ ਨਾਲ ਮਿਲਾਈਆ । ਖੱਬਾ ਚਰਨ ਕਹੇ ਮੈਂ ਅੰਤ ਸੰਦੇਸ਼ਾ ਕਹਿਣਾ, ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਹਰਿ ਭਗਵੰਤ ਨਿਜ ਲੋਚਨ ਵੇਖਣਾ ਨੈਣਾਂ, ਨੈਣਾਂ ਵਾਲਿਓ ਨੈਣ ਬਦਲਾਈਆ । ਚਾਰ ਵਰਨ ਅਠਾਰਾਂ ਬਰਨ ਹਰਿਸੰਗਤ ਰੂਪ ਜਾਨਣਾ ਭਾਈ ਭੈਣਾ, ਪਿਤਾ ਪੁਰਖ ਅਕਾਲ ਇਕੋ ਲੈਣਾ ਮਨਾਈਆ । ਧੁਰ ਦਾ ਸ਼ਬਦ ਸਭ ਦਾ ਸਾਕ ਸੱਜਣ ਸੈਣਾ, ਕੂੜਾ ਨਾਤਾ ਗਿਆ ਤੁੜਾਈਆ । ਹਰਿ ਸਰਨਾਈ ਦਰਗਾਹ ਸਾਚੀ ਸਾਚੇ ਧਾਮ ਸਿਖਣਾ ਬਹਿਣਾ, ਲੱਖ ਚੁਰਾਸੀ ਪਲੂ ਲੈਣਾ ਛੁੜਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਸਤਿ ਸਤਿ ਵਿਚ ਮਿਲਾਈਆ । ਖੱਬਾ ਚਰਨ ਕਹੇ ਹੁਕਮ ਸੁਣੋ ਫ਼ਰਮਾਨ, ਫ਼ਰਮਾਬਰਦਾਰੀ ਦਿਆਂ ਜਣਾਈਆ । ਮਨ ਵਾਸਨਾ ਕੂੜੀ ਕਿਰਿਆ ਸਤਿਗੁਰ ਚਰਨ ਕਰੋ ਪਰਨਾਮ, ਸ਼ਬਦ ਖੰਡਾ ਹੱਥ ਉਠਾਈਆ । ਗ਼ਫ਼ਲਤ ਵਿਚ ਨਾ ਰਿਹੋ ਨਾਦਾਨ, ਆਲਸ ਵਿਚ ਨਾ ਵਕ਼ਤ ਗਵਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਮਹਾਨ, ਪ੍ਰਭ ਨੂੰ ਮਿਲ ਕੇ ਆਪਣਾ ਲੇਖਾ ਲੈਣਾ ਮੁਕਾਈਆ । ਆਤਮ ਪਰਮਾਤਮ ਦਾ ਇਕ ਗਿਆਨ, ਅਗਿਆਨ ਅੰਧੇਰਾ ਦਏ ਮਿਟਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁਖ ਦਏ ਬੁਝਾਈਆ । ਸਚ ਦਵਾਰੇ ਦੇ ਬਣਨਾ ਸਰਬ ਮਹਿਮਾਨ, ਸਚਖੰਡ ਜਾਣਾ ਚਾਈਂ ਚਾਈਂਆ । ਜਿਥੇ ਮਿਲੇ ਇਕ ਭਗਵਾਨ, ਭਗਤਾਂ ਦਾ ਖ਼ੈਰਖ਼ਾਈਆ । ਜੋਤੀ ਨੂਰ ਨੂਰ ਮਹਾਨ, ਜੋਤੀ ਨੂਰ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦੇਵੇ ਆਣ, ਜਗਤ ਅੰਨ੍ਹਿਆਂ ਨੇਤਰ ਦਏ ਖੁਲ੍ਹਾਈਆ । ਮੱਘਰ ਕਹੇ ਮੈਂ ਕਰਨੇ ਮਗਨ, ਜਨ ਭਗਤ ਮਿਲੇ ਵਡਿਆਈਆ । ਕਲਜੁਗ ਕੂੜੀ ਕਿਰਿਆ ਬੁਝਾਉਣੀ ਅਗਨ, ਮਾਇਆ ਮਮਤਾ ਮੋਹ ਚੁਕਾਈਆ । ਸਾਚੇ ਨਾਮ ਦਾ ਅੰਤਰ ਆਤਮ ਲਾਉਣਾ ਸਗਨ, ਰਸ ਇਕੋ ਇਕ ਵਖਾਈਆ । ਸੰਤ ਸੁਹੇਲੇ ਜਾਣਾ ਸੱਦਣ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਸੁਣਾਈਆ । ਮੱਘਰ ਕਹੇ ਮੈਂ ਦੇਵਾਂ ਸਚ ਸੰਦੇਸ਼, ਪੁਰਖ ਅਕਾਲ ਹੁਕਮ ਸੁਣਾਈਆ । ਸ਼ਾਹ ਪਾਤਸ਼ਾਹ ਨਰ ਨਰੇਸ਼, ਨਰ ਨਿਰੰਕਾਰ ਭੇਵ ਖੁਲ੍ਹਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰਨ ਅਦੇਸ, ਸਜਦਿਆਂ ਵਿਚ ਸੀਸ ਝੁਕਾਈਆ । ਨਮੋ ਨਮੋ ਵਿਸ਼ਨ ਬ੍ਰਹਮਾ ਸ਼ਿਵ ਕਹੇ ਗਣੇਸ਼, ਕਰੋੜ ਤਤੀਸਾ ਲਾਗੇ ਪਾਈਆ । ਕਲਮਾ ਪੜ੍ਹਦੇ ਮੁੱਲਾ ਸ਼ੇਖ਼, ਮੁਸਾਇਕ ਦੇਣ ਦੁਹਾਈਆ । ਜਨ ਭਗਤ ਕਹਿਣ ਨੇਤਰ ਨੇਤ, ਨਿਜ ਘਰ ਬੈਠਾ ਬੇਪਰਵਾਹੀਆ । ਸੋ ਸਾਹਿਬ ਸਵਾਮੀ ਖੇਲਣਹਾਰਾ ਖੇਲ, ਜੁਗ ਚੌਕੜੀ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਆਪੇ ਭੇਜ, ਭਜਨ ਬੰਦਗੀ ਦਏ ਦ੍ਰਿੜਾਈਆ । ਜੋਤੀ ਜਲਵਾ ਨੂਰੀ ਦੇ ਕੇ ਤੇਜ, ਸ਼ਬਦੀ ਨਾਦ ਧੁਨ ਸ਼ਨਵਾਈਆ । ਆਤਮ ਪਰਮਾਤਮ ਪਰਦਾ ਲਾਹ ਸੁਹਾਉਣੀ ਸੇਜ, ਸਚ ਦਵਾਰਾ ਦਏ ਵਸਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕਰ ਕੇ ਖੇਲ, ਨਾਤਾ ਜਗਤ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੱਘਰ ਕਹੇ ਮੈਂ ਦੱਸਾਂ ਭਗਤਾਂ ਮੀਤ, ਮਿਤਰ ਪਿਆਰਾ ਇਕ ਦ੍ਰਿੜਾਈਆ । ਜਿਸ ਨੇ ਕਲਜੁਗ ਅੰਦਰ ਸਤਿਜੁਗ ਬਦਲਨੀ ਰੀਤ, ਸਤਿ ਸਤਿਵਾਦੀ ਦਇਆ ਕਮਾਈਆ । ਲਹਿਣਾ ਦੇਣਾ ਚੁਕਾਉਣਾ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਆਤਮ ਪਰਮਾਤਮ ਦੱਸਣੀ ਇਕ ਪ੍ਰੀਤ, ਇਸ਼ਟ ਦ੍ਰਿਸ਼ਟ ਇਕੋ ਦਏ ਸਮਝਾਈਆ । ਕਾਇਆ ਮਾਟੀ ਕਰਨੀ ਠਾਂਡੀ ਸੀਤ, ਅਗਨੀ ਅੱਗ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰਾ ਇਕ ਵਖਾਈਆ । ਮੱਘਰ ਕਹੇ ਮੈਂ ਦੱਸਾਂ ਭੇਵ ਅਵੱਲਾ, ਬ੍ਰਹਿਮੰਡਾਂ ਖੰਡਾਂ ਦਿਆਂ ਸੁਣਾਈਆ । ਜਿਸ ਨੂੰ ਕਹਿੰਦੇ ਨੂਰੀ ਅੱਲਾ, ਆਲਮੀਨ ਨੂਰ ਖ਼ੁਦਾਈਆ । ਜਿਸ ਦਾ ਦੋ ਜਹਾਨਾਂ ਫੜਨਾ ਪੱਲਾ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਜਿਸ ਦਾ ਖੇਲ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸੋਭਾ ਪਾਈਆ । ਲੱਖ ਚੁਰਾਸੀ ਅੰਦਰ ਰਲਾ, ਅੰਡਜ ਜੇਰਜ ਉਤਭੁਜ ਸੇਤਜ ਅੰਦਰ ਡੇਰਾ ਲਾਈਆ । ਜਿਸ ਦਾ ਦੀਪਕ ਜੋਤ ਘਰ ਘਰ ਗ੍ਰਿਹਿ ਗ੍ਰਿਹਿ ਬਲਾ, ਨੂਰੋ ਨੂਰ ਕਰੇ ਰੁਸ਼ਨਾਈਆ । ਜਿਸ ਦਾ ਸ਼ਬਦ ਅਗੰਮੀ


੧੧੫੬

ਇਕੋ ਹੱਲਾ, ਹਲਤ ਪਲਤ ਇਕੋ ਦੋਵੇਂ ਵੇਖ ਵਖਾਈਆ । ਜਿਸ ਨੇ ਸਚਖੰਡ ਦਵਾਰ ਤਖ਼ਤ ਨਿਵਾਸੀ ਹੋ ਕੇ ਮੱਲਾ, ਥਿਰ ਘਰ ਆਪਣਾ ਚਰਨ ਟਿਕਾਈਆ । ਸੋ ਵੇਸ ਅਨੇਕਾ ਕਰ ਕੇ ਆਵੇ ਵਲ ਛਲਾ, ਅਛਲ ਛਲ ਧਾਰੀ ਆਪਣਾ ਫੇਰਾ ਪਾਈਆ । ਜਿਸ ਨੇ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਮ ਸੰਦੇਸ਼ਾ ਸ਼ਬਦ ਘੱਲਾ, ਕਲਾ ਕਲਮਿਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਮੱਘਰ ਕਹੇ ਮੈਂ ਸੁਣਾਵਾਂ ਚੌਦਾਂ ਲੋਕ, ਬ੍ਰਹਿਮੰਡ ਖੰਡ ਜਣਾਈਆ । ਜਿਸ ਦਾ ਆਦਿ ਜੁਗਾਦਿ ਇਕ ਸਲੋਕ, ਢੋਲਾ ਗਾਵੇ ਥਾਉਂ ਥਾਈਂਆ । ਜਿਸ ਦੀ ਦੋ ਜਹਾਨ ਮਾਨਣ ਮੌਜ, ਪੁਰੀ ਲੋਅ ਖ਼ੁਸ਼ੀ ਮਨਾਈਆ । ਜਿਸ ਦਾ ਭਾਣਾ ਸਕੇ ਨਾ ਕੋਇ ਰੋਕ, ਜੁਗ ਚੌਕੜੀ ਰਿਹਾ ਭੁਆਈਆ । ਜੋ ਘਟ ਘਟ ਅੰਦਰ ਜਗਾਵਣ ਆਇਆ ਜੋਤ, ਦੀਆ ਬਾਤੀ ਕਮਲਾਪਾਤੀ ਇਕ ਦਰਸਾਈਆ । ਜਿਸ ਦੀ ਸੋਚ ਨਾ ਸਕੇ ਕੋਈ ਸੋਚ, ਮਨ ਮਤਿ ਬੁਧਿ ਨਾ ਕੋਇ ਚਤੁਰਾਈਆ । ਜਿਸ ਨੂੰ ਭਗਤ ਸੁਹੇਲੇ ਰਹੇ ਲੋਚ, ਨਿਜ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਉਠਾਈਆ । ਮੱਘਰ ਕਹੇ ਮੈਂ ਭੇਦ ਦੱਸਾਂ ਪੁਰਖ ਅਬਿਨਾਸ਼, ਅਬਿਨਾਸ਼ੀ ਰਿਹਾ ਸਮਝਾਈਆ । ਜਿਸ ਨੇ ਸੰਤ ਸੁਹੇਲੇ ਬਣਾਉਣੇ ਦਾਸ, ਭਗਵਨ ਹੋ ਕੇ ਭਗਤਾਂ ਜੋੜ ਜੁੜਾਈਆ । ਜਿਸ ਦਾ ਲਹਿਣਾ ਦੇਣਾ ਉਪਰ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੋਭਾ ਪਾਈਆ । ਜਿਸ ਦੀ ਸ਼ਬਦ ਅਗੰਮੀ ਨਿਰਗੁਣ ਰਾਸ, ਸਰਗੁਣ ਗੋਪੀ ਕਾਹਨ ਨਚਾਈਆ । ਜਿਸ ਦਾ ਖੇਲ ਬ੍ਰਹਿਮੰਡ ਖੰਡ ਪਰਭਾਸ, ਨਿਵਾਸ ਸਥਾਨ ਇਕ ਉਪਜਾਈਆ । ਸੋ ਵੇਖਣਹਾਰਾ ਖੇਲ ਤਮਾਸ਼, ਜੋਤੀ ਜਾਤਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਜਾਨਣਹਾਰਾ ਹਾਲਾਤ, ਆਦਤ ਸਭ ਦੀ ਵੇਖ ਵਖਾਈਆ । ਪਰਦਾ ਲਾਹ ਕੇ ਲੋਕਮਾਤ, ਕੂੜੀ ਕਿਰਿਆ ਸਫ਼ਾ ਦਏ ਉਠਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਆਤਮ ਪਰਮਾਤਮ ਨਾਤਾ ਜੋੜ ਕੇ ਇਕੋ ਨਾਤ, ਨਿਜ ਨੇਤਰ ਕਰੇ ਰੁਸ਼ਨਾਈਆ । ਪਵਣ ਸਵਾਸੀ ਵੇਖ ਕੇ ਸਾਸ, ਸਵਾਸਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਮੱਘਰ ਕਹੇ ਮੈਂ ਦੱਸਾਂ ਭੇਤ ਅਨੇਕ, ਅਨਕ ਕਲ ਧਾਰੀ ਰਿਹਾ ਜਣਾਈਆ । ਜਿਸ ਦੀ ਕਲਜੁਗ ਅੰਤਮ ਰਖਦੇ ਗਏ ਟੇਕ, ਟਿੱਕੇ ਮਸਤਕ ਨਾਲ ਲਗਾਈਆ । ਸੋ ਸਵਾਮੀ ਅੰਤਰਜਾਮੀ ਜੋਤੀ ਜਾਤਾ ਬਦਲ ਕੇ ਭੇਖ, ਸ਼ਬਦੀ ਡੰਕਾ ਰਿਹਾ ਵਜਾਈਆ । ਜਿਸ ਦਾ ਰੂਪ ਰੰਗ ਨਾ ਕੋਈ ਰੇਖ, ਨਿਰਵੈਰ ਪੁਰਖ ਸਦਾ ਅਖਵਾਈਆ । ਸਚਖੰਡ ਵਸਿਆ ਸਾਚੇ ਦੇਸ, ਮੁਕ਼ਾਮੇ ਹਕ ਰਿਹਾ ਜਣਾਈਆ । ਨਾਮ ਨਿਧਾਨਾ ਦੇ ਸੰਦੇਸ਼, ਸੁਨੇਹੜੇ ਘਰ ਘਰ ਰਿਹਾ ਸੁਣਾਈਆ । ਜਿਸ ਦੀ ਸਭ ਨੇ ਰਖਣੀ ਟੇਕ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋਏ ਸਹਾਈਆ । ਮੱਘਰ ਕਹੇ ਮੈਂ ਦੇਵਾਂ ਧੁਰ ਫ਼ਰਮਾਣ, ਪਰਵਰਦਿਗਾਰ ਰਿਹਾ ਜਣਾਈਆ । ਚੌਦਾਂ ਤਬਕ ਹੋਣ ਹੈਰਾਨ, ਚੌਦਾਂ ਵਿਦਿਆ ਮਾਰੇ ਧਾਈਂਆ । ਚੌਧਵੀਂ ਸਦੀ ਹੋਵੇ ਖੇਲ ਮਹਾਨ, ਖਾਲਕ ਖਲਕ ਦਏ ਦ੍ਰਿੜਾਈਆ । ਈਸਾ ਮੂਸਾ ਮੁਹੰਮਦ ਚਰਨ ਕਵਲ ਕਰਨ ਧਿਆਨ, ਨਮੋ ਨਮੋ ਤੇਰੀ ਸਰਨਾਈਆ । ਧੁਰ ਦਾ ਕ਼ਲਮਾ ਇਕ ਬਿਆਨ, ਬਿਨ ਅੱਖਰਾਂ ਰਿਹਾ ਦ੍ਰਿੜਾਈਆ । ਅਲਫ਼ ਯੇ ਨਾ ਕੋਇ ਲੁਕਾਨ, ਨੁਕ਼ਤਾ ਨਜ਼ਰ ਨਾ ਕੋਇ ਵਖਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਸਭ ਦਾ ਇਕ ਅਮਾਮ, ਅਮਲਾਂ ਦਾ ਆਮਲ ਬੇਪਰਵਾਹੀਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ

ਬਣੇ ਰਹੇ ਗ਼ੁਲਾਮ, ਬਰਦੇ ਹੋ ਕੇ ਸੇਵ ਕਮਾਈਆ । ਜਿਸ ਦਾ ਜਗਤ ਨੇਤਰ ਮਿਲੇ ਨਾ ਕੋਇ ਨਿਸ਼ਾਨ, ਮਸੱਵਰ ਤਸੱਵਰ ਕਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਜਣਾਈਆ । ਮੱਘਰ ਕਹੇ ਮੈਂ ਸੰਦੇਸ਼ਾ ਦੇਵਾਂ ਅਖ਼ੀਰ, ਆਖ਼ਰ ਦਿਆਂ ਜਣਾਈਆ । ਕਿਰਪਾ ਕਰੇ ਗੁਣੀ ਗਹੀਰ, ਗਹਿਰ ਗਵਰ ਪਰਦਾ ਰਿਹਾ ਉਠਾਈਆ । ਜਿਸ ਦਾ ਖੇਲ ਬੇਨਜ਼ੀਰ, ਨਜ਼ਰ ਸਭ ਦੀ ਰਿਹਾ ਬਦਲਾਈਆ । ਜਿਸ ਨੇ ਕਟਣੇ ਸ਼ਰਅ ਜ਼ੰਜੀਰ, ਦੀਨ ਮਜ਼੍ਹਬ ਦਏ ਮਿਟਾਈਆ । ਜੋ ਆਦਿ ਜੁਗਾਦੀ ਧੁਰ ਦਾ ਪੀਰ, ਪੈਗ਼ੰਬਰਾਂ ਕਰੇ ਪੜ੍ਹਾਈਆ । ਜਿਸ ਦਾ ਲੇਖਾ ਸ਼ਾਹ ਹਕੀਰ, ਔਲਾਦ ਨਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਨੂਰ ਖ਼ੁਦਾਈਆ । ਧੁਰ ਦਾ ਮਾਲਕ ਪਰਵਰਦਿਗਾਰ, ਬੇਐਬ ਦਇਆ ਕਮਾਇੰਦਾ । ਸਚ ਦਵਾਰਾ ਖੋਲ੍ਹ ਕਿਵਾੜ, ਪਰਦਾ ਉਹਲਾ ਆਪ ਚੁਕਾਇੰਦਾ । ਸ਼ਬਦ ਅਗੰਮੀ ਵਜਾ ਰਬਾਬ, ਅਹਿਬਾਬ ਆਪਣਾ ਹੁਕਮ ਵਰਤਾਇੰਦਾ । ਜਿਸ ਦਾ ਕਰੇ ਨਾ ਕੋਇ ਅਸਹਾਬ, ਸਾਹਿਬ ਸੁਲਤਾਨ ਖੇਲ ਵਖਾਇੰਦਾ । ਜੋ ਆਦਿ ਜੁਗਾਦਿ ਇਕ ਮਹਿਰਾਬ, ਮਹਿਬੂਬ ਇਕੋ ਡੇਰਾ ਲਾਇੰਦਾ । ਜਿਸ ਨੂੰ ਈਸਾ ਮੂਸਾ ਮੁਹੰਮਦ ਮੰਨਿਆ ਵਾਹਿਦ, ਵਾਹਵਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਖੇਲ ਵਖਾਇੰਦਾ ।

 ੧੧੫੮

ਨਰ ਹਰਿ ਖੇਲ ਕਰੇ ਕਰਤਾਰ, ਕੁਦਰਤ ਕਰਤਾ ਵੇਖ ਵਖਾਈਆ । ਜਿਸ ਦਾ ਲੇਖਾ ਸਭ ਤੋਂ ਬਾਹਰ, ਗੁਪਤ ਜ਼ਾਹਰ ਨਾ ਕੋਇ ਸਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰੇ ਪੁਕਾਰ, ਕੂਕ ਕੂਕ ਰਹੀ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਕਰਨੀ ਦਾ ਕਰਤਾ ਆਪ ਦੀਨ ਦਿਆਲ, ਦੂਜਾ ਸੰਗ ਨਾ ਕੋਇ ਬਣਾਈਆ । ਜੁਗ ਚੌਕੜੀ ਜਿਸ ਸੇਵਾ ਲਾਏ ਗੁਰੂ ਅਵਤਾਰ, ਪੈਗ਼ੰਬਰਾਂ ਪੈਗ਼ਾਮ ਇਕ ਜਣਾਈਆ । ਸੋ ਕਲਜੁਗ ਅੰਤਮ ਵੇਖੇ ਵੇਖਣਹਾਰ, ਬੇਐਬ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਮੱਘਰ ਕਹੇ ਮੈਂ ਸਭ ਨੂੰ ਕਹਿਣਾ ਸਚ, ਸੰਦੇਸ਼ਾ ਇਕ ਜਣਾਈਆ । ਕੂੜੀ ਕਿਰਿਆ ਦੇਵੋ ਛਡ, ਮਾਇਆ ਮਮਤਾ ਮੋਹ ਮਿਟਾਈਆ । ਜਿਸ ਦੇ ਨਾਲੋਂ ਹੋਏ ਅਡ, ਉਸ ਦਾ ਪਲੂ ਫੜੋ ਚਾਈਂ ਚਾਈਆ । ਬਿਨ ਪਰਮਾਤਮਾ ਆਤਮਾ ਖ਼ਾਲੀ ਹੱਡ, ਕਾਇਆ ਮਾਟੀ ਕੰਮ ਕਿਸੇ ਨਾ ਆਈਆ । ਦਰਸ਼ਨ ਤਕੋ ਉਪਰ ਸ਼ਾਹਰਗ, ਨੌਂ ਦਵਾਰੇ ਪੰਧ ਮੁਕਾਈਆ । ਘਰ ਅਗੰਮੀ ਸੁਣੋ ਨਦ, ਜੋ ਧੁਨ ਆਤਮਕ ਰਾਗ ਸੁਣਾਈਆ । ਹਉਮੇ ਹੰਗਤਾ ਭਾਂਡਾ ਜਾਏ ਭਜ, ਭਜਨ ਬੰਦਗੀ ਇਕੋ ਦਏ ਦ੍ਰਿੜਾਈਆ । ਮਨ ਵਾਸਨਾ ਜਾਏ ਤਜ, ਬੁਧੀ ਚਲੇ ਨਾ ਕੋਇ ਚਤੁਰਾਈਆ । ਬਿਨ ਮੱਕੇ ਕਾਅਬਿਉਂ ਕਰੋ ਹੱਜ, ਘਰ ਪੈਗ਼ੰਬਰ ਬੇਪਰਵਾਹੀਆ । ਨਿਜ ਨੇਤਰ ਦਰਸ਼ਨ ਕਰੋ ਰੱਜ, ਪੂਜਾ ਪਾਠ ਰਹੇ ਨਾ ਰਾਈਆ । ਅੰਮ੍ਰਿਤ ਜਾਮ ਪਿਆਲਾ ਪੀਵੋ ਮਦਿ, ਨਿਝਰ ਝਿਰਨਾ ਦਏ ਝਿਰਾਈਆ । ਆਤਮ ਸੇਜਾ ਬਹਿਣਾ ਸਜ, ਜਿਥੇ ਸੋਇਆ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮੱਘਰ ਕਹੇ ਮੈਂ ਭਗਤਾਂ ਦੱਸਣਾ ਇਕ ਪਿਆਰ, ਪ੍ਰੇਮੀਆਂ ਵਾਲਾ ਜਣਾਈਆ । ਗੁਰਮੁਖੋ ਬਾਹਰ

ਨਾ ਹੋਵੇ ਖ਼ੁਆਰ, ਘਰ ਬੈਠਾ ਸਚਾ ਮਾਹੀਆ । ਜੇ ਤਕੋ ਜਲਵਾ ਤੇ ਜਲਵਾ ਨੂਰ ਉਜਿਆਰ, ਅੰਧ ਅੰਧੇਰ ਨਾ ਕੋਇ ਵਖਾਈਆ । ਬਜਰ ਕਪਾਟੀ ਪਰੇ ਹਟਾਏ ਦੀਵਾਰ, ਦਵਾਰਕਾ ਨਿਵਾਸੀ ਵਿਚੋਂ ਨਜ਼ਰੀ ਆਈਆ । ਜਿਸ ਨੂੰ ਮਿਲਿਆਂ ਰਹੇ ਨਾ ਕੋਇ ਵਿਚਾਰ, ਵਿਚਰਨ ਦਾ ਲੇਖਾ ਦਏ ਮੁਕਾਈਆ । ਘਰ ਸਜਣ ਮਿਲੇ ਉਹ ਨਿਰੰਕਾਰ, ਜਿਸ ਨੂੰ ਨਿਰਗੁਣ ਕਹਿ ਕੇ ਸਾਰੇ ਗਾਈਆ । ਵਸਲ ਕਰੋ ਅਗੰਮੇ ਯਾਰ, ਘਰ ਸੁਹੰਜਣੇ ਸੇਜ ਹੰਢਾਈਆ । ਭਗਤ ਸੁਹੇਲਾ ਮੀਤ ਮੁਰਾਰ, ਮਿਤਰ ਪਿਆਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਚੁਕਾਈਆ । ਮੱਘਰ ਕਹੇ ਘਰ ਵੇਖੋ ਸਵਾਮੀ, ਘਟ ਘਟ ਡੇਰਾ ਲਾਈਆ । ਜੋ ਆਦਿ ਜੁਗਾਦਿ ਅੰਤਰਜਾਮੀ, ਅੰਤਰ ਆਤਮ ਵੇਖ ਵਖਾਈਆ । ਉਸ ਦੀ ਸੁਣੋ ਅਗੰਮੀ ਬਾਣੀ, ਜੋ ਬਾਣ ਅਣਿਆਲਾ ਰਹੀ ਚਲਾਈਆ । ਅੰਮ੍ਰਿਤ ਪੀਉ ਠੰਡਾ ਪਾਣੀ, ਸਰ ਸਰੋਵਰ ਦਏ ਨੁਹਾਈਆ । ਲੇਖਾ ਚੁਕੇ ਚਾਰੇ ਖਾਣੀ, ਚਾਰੇ ਬਾਣੀ ਦਏ ਗਵਾਹੀਆ । ਸ਼ਬਦ ਮਿਲਾਵਾ ਹੋਵੇ ਸਾਚਾ ਬਾਨੀ, ਸੁਰਤ ਸਵਾਣੀ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਜੁੜਾਈਆ । ਮੱਘਰ ਕਹੇ ਜਨ ਭਗਤੋ ਨੇਤਰ ਖੋਲ੍ਹ ਲਵੋ ਅੱਖ, ਅੱਖਰਾਂ ਵਾਲੀ ਛਡੋ ਪੜ੍ਹਾਈਆ । ਸਰਬ ਸਵਾਮੀ ਤਕੋ ਪ੍ਰਤੱਖ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਚਾਰ ਜੁਗ ਗਾਉਂਦੇ ਆਏ ਜਸ, ਸ਼ਾਸਤਰ ਸਿਮਰਤ ਸਿਫ਼ਤ ਸਾਲਾਹੀਆ । ਸੋ ਤੁਹਾਡੇ ਅੰਦਰ ਰਿਹਾ ਵਸ, ਵਾਸਤਾ ਆਤਮਾ ਨਾਲ ਰਖਾਈਆ । ਮੰਜ਼ਲ ਚੜ੍ਹ ਕੇ ਵੇਖੋ ਘਰ ਦਾ ਹੱਟ, ਪਰਦਾ ਲਵੋ ਉਠਾਈਆ ।
੧੧੫੯ ਨਿਰਗੁਣ ਜੋਤ ਜਗੇ ਲਟ ਲਟ, ਨੂਰੋ ਨੂਰ ਨੂਰ ਰੁਸ਼ਨਾਈਆ । ਸ਼ਬਦੀ ਸੁਣੋ ਅਗੰਮੀ ਅਨਹਦ, ਅਨਾਹਤ ਤਾਨ ਵਜਾਈਆ । ਤੁਸੀਂ ਉਸ ਪੁਰਖ ੧੧੫੯
ਦੀ ਯਦ, ਜਿਸ ਦੇ ਨਾਲੋਂ ਨਾ ਹੋਇ ਜੁਦਾਈਆ । ਆਤਮ ਪਰਮਾਤਮ ਕਦੇ ਨਾ ਹੋਵੇ ਅਲਗ, ਵਖਰਾ ਰੂਪ ਨਾ ਕੋਇ ਵਟਾਈਆ । ਤੁਹਾਡੀ ਝੋਲੀ ਪੈ ਜਾਏ ਉਹ ਹਕ, ਜਿਸ ਦੀ ਹਕ਼ੀਕ਼ਤ ਦਏ ਗਵਾਹੀਆ । ਸ੍ਰੀ ਭਗਵਾਨ ਉਤੇ ਕਦੇ ਨਾ ਕਰੋ ਸ਼ਕ, ਸਹਿੰਸੇ ਦੇਣੇ ਮੁਕਾਈਆ । ਜਿਨ੍ਹਾਂ ਦੇ ਹਿਰਦੇ ਜਾਏ ਵਸ, ਵਾਸਤਾ ਇਕੋ ਨਾਲ ਰਖਾਈਆ । ਕੂੜੀ ਕਿਰਿਆ ਰੈਣ ਅੰਧੇਰੀ ਮਿਟੇ ਮਸ, ਮਸਤਕ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਮੁਕਾਈਆ । ਮੱਘਰ ਕਹੇ ਮੈਂ ਤਕਦਾ ਉਹ ਨਜ਼ਾਰਾ, ਜੋ ਬੇਨਜ਼ੀਰ ਰਿਹਾ ਵਖਾਈਆ । ਜਿਸ ਦਾ ਸਮਝੇ ਕੋਇ ਨਾ ਦਾਇਰਾ, ਦਾਅਵਾ ਕਰ ਨਾ ਕੋਇ ਦ੍ਰਿੜਾਈਆ । ਜਿਥੇ ਰਸਨਾ ਜਿਹਵਾ ਬੱਤੀ ਦੰਦ ਵਾਲਾ ਨਹੀਂ ਕੋਈ ਨਾਅਰਾ, ਕੋਟਨ ਕੋਟ ਨਾਮ ਨਾ ਕੋਇ ਵਡਿਆਈਆ । ਜਿਥੇ ਲੋਚਣ ਨੈਣ ਅੱਖ ਵਾਲਾ ਨਹੀਂ ਇਸ਼ਾਰਾ, ਸੰਗੀਤ ਨਾਲ ਨਾ ਕੋਇ ਸਮਝਾਈਆ । ਜਿਥੇ ਅੱਖਰਾਂ ਵਾਲਾ ਨਹੀਂ ਕੋਇ ਕਾਤਬ ਲਿਖਾਰਾ, ਨਿਰਅੱਖਰ ਆਪਣੀ ਦਏ ਗਵਾਹੀਆ । ਜਿਥੇ ਨਹੀਂ ਕੋਈ ਗੁਰ ਅਵਤਾਰਾ, ਪੈਗ਼ੰਬਰ ਤਨ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਦਰ ਦਏ ਸਮਝਾਈਆ । ਮੱਘਰ ਕਹੇ ਜਨ ਭਗਤੋ ਵੇਖੋ ਗ਼ਰੀਬ ਨਿਵਾਜਾ, ਜੋ ਗ਼ਰੀਬ ਨਿਮਾਣਿਆਂ ਜੁਗ ਜੁਗ ਦਏ ਵਡਿਆਈਆ । ਜਿਸ ਦਾ ਸਚ ਦਵਾਰ ਦਾ ਇਕ ਦਰਵਾਜ਼ਾ, ਦਰਗਾਹ ਸਾਚੀ ਧਾਮ ਵਖਾਈਆ । ਜਿਥੇ ਨਾ ਕੋਇ ਦੀਨ ਮਜ਼੍ਹਬ ਨਾ ਕੋਇ ਸਮਾਜਾ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਨਾ ਕੋਇ ਪੂਜਾ ਨਾ ਕੋਇ ਪਾਠਾ, ਨਾ ਕੋਇ ਗੀਤ ਨਾ ਕੋਇ ਗਾਥਾ, ਨਾ ਕੋਇ ਤੀਰਥ ਨਾ ਕੋਇ ਤਾਟਾ, ਸਰ ਸਰੋਵਰ ਨਾ ਕੋਇ ਨਹਾਈਆ । ਨਾ ਕੋਇ ਮੰਜ਼ਲ ਨਾ ਕੋਇ ਵਾਟਾ, ਨਾ ਕੋਇ ਕਥਾ

ਕਹਾਣੀ ਬਾਤਾ, ਨਾ ਕੋਇ ਦਿਵਸ ਨਾ ਕੋਇ ਰਾਤਾ, ਨਾ ਕੋਇ ਪਿਤਾ ਨਾ ਕੋਇ ਮਾਤਾ, ਨਾ ਕੋਇ ਬਾਲਕ ਗੋਦ ਉਠਾਈਆ । ਨਾ ਕੋਇ ਮੰਦਰ ਮਸਜਿਦ ਸ਼ਿਵਦਵਾਲਾ ਮਾਠਾ, ਨਾ ਕੋਇ ਗੋਪੀ ਕਾਹਨ ਪਾਵੇ ਰਾਸਾ, ਨਾ ਕੋਇ ਸੀਤਾ ਰਾਮ ਕਟੇ ਬਨਬਾਸਾ, ਨਾ ਕੋਇ ਦਰ ਦਰ ਅਲਖ ਜਗਾਈਆ । ਨਾ ਕੋਇ ਮੱਕਾ ਕਾਅਬਾ ਹਾਜਾ, ਨਾ ਕੋਇ ਮੇਲ ਦੋ ਦੋਆਬਾ, ਨਾ ਕੋਇ ਪੁੰਨ ਨਾ ਸੁਆਬਾ, ਨਾ ਕੋਇ ਸਰੰਗੀ ਨਾ ਰਬਾਬਾ, ਤਾਰ ਸਤਾਰ ਨਾ ਕੋਇ ਹਿਲਾਈਆ । ਨਾ ਕੋਇ ਸ਼ਾਹ ਨਾ ਸ਼ਹਾਬਾ, ਨਾ ਕੋਈ ਰਸਮ ਨਾ ਕੋਇ ਕਾਜਾ, ਨਾ ਕੋਇ ਰਾਗ ਅਨਹਦ ਵਾਜਾ, ਸੁਰਤੀ ਸੁਰਤ ਤਾਲ ਨਾ ਕੋਇ ਵਜਾਈਆ । ਇਕੋ ਖੇਲ ਪੁਰਖ ਸਮਰਾਥਾ, ਨਿਰਗੁਣ ਨੂਰ ਜੋਤ ਪਰਕਾਸ਼ਾ, ਸਚ ਦਵਾਰੇ ਕਰੇ ਵਾਸਾ, ਭੂਮਿਕਾ ਅਵਰ ਨਾ ਕੋਇ ਬਣਾਈਆ । ਸੋ ਭਗਤਾਂ ਬਣ ਕੇ ਦਾਤਾ, ਦੇਵੇ ਨਾਮ ਸਚ ਸੁਗ਼ਾਤਾ, ਕਲਜੁਗ ਮਿਟੇ ਅੰਧੇਰੀ ਰਾਤਾ, ਸਚ ਸੁਣਾਏ ਇਕੋ ਗਾਥਾ, ਤੂੰ ਮੇਰਾ ਮੈਂ ਤੇਰਾ ਦੂਜੀ ਅਵਰ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਖੋਲ੍ਹੇ ਖੁਲਾਸਾ, ਨਿਰਗੁਣ ਨੂਰ ਕਰੇ ਪਰਕਾਸ਼ਾ, ਸਚ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇਵੇ ਚੁਕਾਈਆ । ਮੱਘਰ ਕਹੇ ਜਨ ਭਗਤੋ ਤਕ ਲਵੋ ਉਹ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਜਿਸ ਦਾ ਇਕ ਅਰਸ਼ ਤੇ ਉਚ ਅਰੂਜ਼, ਇਸਮੇ ਆਜਮ ਨੂਰ ਖ਼ੁਦਾਈਆ । ਜਿਸ ਦੀ ਮੰਜ਼ਲ ਸਚ ਮਕ਼ਸੂਦ, ਸਚ ਸਿੰਘਾਸਣ ਸੋਭਾ ਪਾਈਆ । ਜਿਸ ਦੀ ਸਿਫ਼ਤ ਕਰੇ ਹਜ਼ਾਰਾ ਦਰੂਦ, ਕ਼ਿਸਮਾਂ ਨਾਲ ਗਾਈਆ । ਜਿਸ ਦਾ ਨਾ ਕੋਇ ਤਨ ਨਾ ਵਜੂਦ, ਨਾ ਕੋਇ ਤੱਤਾਂ ਵਾਲਾ ਸਬੂਤ, ਇਸ਼ਾਰੇ ਨਾਲ ਨਾ ਕੋਇ ਵਖਾਈਆ । ਜੋ ਆਦਿ ਜੁਗਾਦਿ ਆਪਣੀ ਖੇਲ ਵਿਚ ਮਸਰੂਫ਼, ਜਿਸ ਦਾ ਹੁਕਮ ਨਾਮ ਕਰੇ ਨਾ ਕੋਇ ੧੧੬੦

੧੧੬੦ ਮੌਕੂਫ਼, ਹਦੀਸ ਹਜ਼ਰਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਖੇਲ ਖੇਲੇ ਬੇਪਰਵਾਹੀਆ । ਮੱਘਰ ਕਹੇ ਪ੍ਰਭ ਖੇਲਣ ਆਇਆ ਖੇਲ ਵਿਚ ਖ਼ਲਕ, ਦੀਨ ਦੁਨੀ ਵੇਖ ਵਖਾਈਆ । ਪਰਦਾ ਲਾਹ ਕੇ ਉਪਰ ਫ਼ਲਕ, ਫ਼ੈਸਲਾ ਹਕ ਦਏ ਸੁਣਾਈਆ । ਲੇਖਾ ਜਾਣੇ ਹਕ਼ੀਕ਼ੀ ਮਜਾਜ਼ੀ ਇਸ਼ਕ, ਨਿਰਗੁਣ ਸਰਗੁਣ ਪਰਦਾ ਦਏ ਉਠਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਸੂਫ਼ੀ ਸੰਤ ਫ਼ਕੀਰ ਵੇਖੇ ਦ੍ਰਿਸ਼ਟ, ਦਿਸ਼ਾ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਹੁਕਮ ਮਨਾਈਆ । ਮੱਘਰ ਕਹੇ ਮੈਂ ਵੇਖਿਆ ਇਕ ਭਗਵੰਤ, ਭਗਵਨ ਹਰਿ ਰਘੁਰਾਈਆ । ਲੱਖ ਚੁਰਾਸੀ ਦਾ ਨਜ਼ਰੀ ਆਇਆ ਕੰਤ, ਕੰਤ ਕੰਤੂਲ ਵਡੀ ਵਡਿਆਈਆ । ਜਿਸ ਦੀ ਸਿਫ਼ਤ ਕਰਦੇ ਸੰਤ, ਸੱਜਣ ਢੋਲੇ ਗਾਈਆ । ਜਿਸ ਦਾ ਨਾਮ ਅਗੰਮਾ ਇਕ ਬਸੰਤ, ਰੁਤ ਰੁਤੜੀ ਦਏ ਮਹਿਕਾਈਆ । ਜਿਸ ਦਾ ਕਦੇ ਨਹੀਂ ਹੋਇਆ ਅੰਤ, ਜੁਗ ਚੌਕੜੀ ਵੇਸ ਵਟਾਈਆ । ਜੋ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਜੋ ਬੋਧ ਅਗਾਧਾ ਬਣ ਕੇ ਪੰਡਤ, ਨਿਤ ਨਵਿਤ ਵੇਖ ਵਖਾਈਆ । ਜਿਸ ਨੇ ਕਲਜੁਗ ਅੰਤਮ ਸਤਿਜੁਗ ਧਾਰ ਬਣਾਉਣੀ ਸਾਚੀ ਸੰਗਤ, ਹਰਿਜਨ ਸਾਚੇ ਲਏ ਮਿਲਾਈਆ । ਦੂਜੇ ਦਰ ਨਾ ਹੋਏ ਮੰਗਤ, ਦੇਵਣਹਾਰ ਆਪ ਅਖਵਾਈਆ । ਜਨ ਭਗਤਾਂ ਨਾਤਾ ਤੋੜ ਕੇ ਸਵਰਗ ਬਹਿਸ਼ਤ ਜਨਤ, ਚਰਨ ਕਵਲ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿਜਨ ਵੇਖ ਵਖਾਈਆ । ਮੱਘਰ ਕਹੇ ਮੈਂ ਵਾਰੀ ਘੋਲੀ, ਆਪਣਾ ਆਪ ਘੋਲ ਘੁਮਾਈਆ । ਜਿਸ ਸਾਹਿਬ ਨੇ ਦੋ ਜਹਾਨਾਂ ਇਕੋ ਦੱਸੀ ਬੋਲੀ, ਅਣਬੋਲਤ ਰਾਗ ਸੁਣਾਈਆ । ਸਭ ਦੇ ਅੰਤਰ ਆਤਮ ਪਰਮਾਤਮ ਨਿਰਗੁਣ ਜੋਤ

ਜਗਤ ਵਚੋਲੀ, ਦੂਜੇ ਦੀ ਲੋੜ ਰਹੇ ਨਾ ਰਾਈਆ । ਜਿਨ੍ਹਾਂ ਦੀ ਦ੍ਰਿਸ਼ਟੀ ਅੰਦਰੋਂ ਖੋਲੀ, ਪਰਦਾ ਦਿਤਾ ਅੰਦਰੋਂ ਉਠਾਈਆ । ਉਹ ਮਨ ਵਾਸਨਾ ਕਦੇ ਨਹੀਂ ਪੌਂਦੇ ਰੌਲੀ, ਜਿਹਵਾ ਨਾਲ ਨਾ ਕੂਕ ਦੁਹਾਈਆ । ਉਹਨਾਂ ਦੀ ਸੁਰਤੀ ਸ਼ਬਦੀ ਅੰਦਰੇ ਅੰਦਰ ਮੌਲੀ, ਮੌਲਾ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਮੱਘਰ ਕਹੇ ਜਨ ਭਗਤੋ ਜਾਣਾ ਜਾਗ, ਸੰਮਤ ਸ਼ਹਿਨਸ਼ਾਹੀ ਦਏ ਗਵਾਹੀਆ । ਪੁਰਖ ਅਕਾਲ ਧੋਵਣਹਾਰਾ ਦੁਰਮਤ ਮੈਲ ਦਾਗ਼, ਕੂੜੀ ਕਿਰਿਆ ਦਏ ਮਿਟਾਈਆ । ਨਾਤਾ ਤੋੜ ਕੇ ਜਗਤ ਸਮਾਜ, ਸਚਾ ਮਾਰਗ ਦਏ ਵਖਾਈਆ । ਆਤਮ ਪਰਮਾਤਮ ਉਪਜੇ ਇਕ ਵੈਰਾਗ, ਦੂਜੀ ਆਸ ਰਹੇ ਨਾ ਰਾਈਆ । ਘਰ ਵਿਚ ਘਰ ਸੁਣਾਏ ਆਪਣੀ ਆਵਾਜ਼, ਧੁਰ ਦਾ ਢੋਲਾ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਮਤਾ ਮੋਹ ਦਏ ਮਿਟਾਈਆ । ਮੱਘਰ ਕਹੇ ਜਨ ਭਗਤੋ ਮੋਹ ਮਮਤਾ ਦੇਣੀ ਮੇਟ, ਕਾਇਆ ਮਾਟੀ ਸਾਫ਼ ਕਰਾਈਆ । ਮਨ ਵਾਸਨਾ ਸਤਿਗੁਰ ਚਰਨੀ ਕਰ ਕੇ ਭੇਟ, ਭਾਂਡਾ ਭਰਮ ਲੈਣਾ ਗਵਾਈਆ । ਗੁਰ ਦਾਤਾ ਸਤਿਗੁਰ ਖੇਵਟ ਖੇਟ, ਜੁਗ ਜੁਗ ਬੇੜਾ ਰਿਹਾ ਚਲਾਈਆ । ਘਰ ਸਵਾਮੀ ਤਕਣਾ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਈਆ । ਜਿਸ ਦਾ ਤੱਤਾਂ ਵਾਲਾ ਨਹੀਂ ਵੇਸ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਨੂੰ ਲੋੜ ਨਹੀਂ ਸਾਂਗੋ ਪਾਂਗ ਹੰਢਾਵਣ ਸ਼ੇਸ਼, ਸੇਜਾ ਜਗਤ ਨਾ ਕੋਇ ਬਣਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਹਮ ਸਾਜਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਮੇਲੇ ਸਹਿਜ ਸੁਭਾਈਆ । ਮੱਘਰ ਕਹੇ ਮੇਰਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਲੇਖੇ ਲੱਗਾ ਮਹੀਨਾ, ਪਹਿਲੇ ਪਰਵਿਸ਼ਟੇ ਮਿਲੇ ਵਡਿਆਈਆ । ਜਨ ਭਗਤਾਂ ਹੋਵੇ ਠਾਂਡਾ ਸੀਨਾ, ਅਗਨੀ ਤਤ ਬੁਝਾਈਆ । ਭਾਗ ਇਕੋ ਜਿਹਾ ਨਰ ਮਦੀਨਾ, ਦੂਜੀ ਵੰਡ ਨਾ ਕੋਇ ਵੰਡਾਈਆ । ਸਭ ਨੇ ਪ੍ਰਭੂ ਦੇ ਹੋਣਾ ਅਧੀਨਾ, ਜੋ ਆਦਿ ਅੰਤ ਹੋਏ ਸਹਾਈਆ । ਪੁਰਖ ਅਕਾਲਾ ਕੋਈ ਦੇਵਣ ਵਾਲਾ ਨਹੀਂ ਕਮੀਨਾ, ਕਮਲਾਪਾਤੀ ਸ਼ਹਿਨਸ਼ਾਹੀਆ । ਜੁਗ ਚੌਕੜੀ ਜਨ ਭਗਤਾਂ ਬਣੇ ਵਸੀਲਾ, ਵਸਲ ਆਪਣਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਹੋ ਜਾਈਆ । ਮੱਘਰ ਕਹੇ ਜਨ ਭਗਤੋ ਲੈ ਲਵੋ ਲਹਿਣਾ, ਵੇਲਾ ਵਕ਼ਤ ਦਏ ਗਵਾਹੀਆ । ਜਿਸ ਦਾ ਹੁਕਮ ਇਕੋ ਰਹਿਣਾ, ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਭਾਣਾ ਸਭ ਨੇ ਸਹਿਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਜਗਤ ਮਹਲ ਅਟਲ ਕੂੜ ਕੁੜਿਆਰ ਬੁਰਜ ਢਹਿਣਾ, ਚਾਰ ਕੁੰਟ ਹੋਏ ਸਫ਼ਾਈਆ । ਦਹਿ ਦਿਸ਼ਾ ਕਰੇ ਨਾਚ ਲਾੜੀ ਮੌਤ ਡੈਣਾ, ਡੌਰੂ ਡੰਕਾ ਆਪਣਾ ਨਾਲ ਵਜਾਈਆ । ਨਾਤਾ ਟੁਟਣਾ ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣਾ, ਨਾਰ ਕੰਤ ਸੇਜ ਨਾ ਕੋਇ ਹੰਢਾਈਆ । ਜਨਮ ਜਨਮ ਦਾ ਸਭ ਨੂੰ ਲੇਖਾ ਪੈਣਾ ਦੇਣਾ, ਅਗੇ ਹੋ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਵਖਾਈਆ । ਮੱਘਰ ਕਹੇ ਮੈਨੂੰ ਨਜ਼ਰੀ ਆਉਂਦਾ ਇਕ ਅਦਲ, ਇਨਸਾਫ਼ ਦੋ ਜਹਾਨਾਂ ਦਏ ਕਰਾਈਆ । ਜਿਸ ਕਲਜੁਗ ਕੂੜੀ ਕਿਰਿਆ ਦੇਣੀ ਬਦਲ, ਸਾਢੇ ਤਿੰਨ ਸਾਲ ਵੰਡ ਵੰਡਾਈਆ । ਜੂਠ ਝੂਠ ਕਰ ਕੇ ਕ਼ਤਲ, ਮਕ਼ਤੂਲ ਵੇਖੇ ਥਾਉਂ ਥਾਈਆ । ਦੋ ਜਹਾਨਾਂ ਤਕੇ ਪਤਣ, ਤਟ ਖੋਜੇ ਸ਼ਹਿਨਸ਼ਾਹੀਆ । ਕਵਣ ਗੁਰ ਅਵਤਾਰ ਪੈਗ਼ੰਬਰ ਪਤ ਆਏ ਰਖਣ, ਲੋਕਮਾਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਦ੍ਰਿੜ੍ਹਾਈਆ । ਧੁਰ ਫ਼ਰਮਾਣਾ ਇਕ ਦ੍ਰਿੜ੍ਹਾਵੇਗਾ ।


੧੧੬੧

ਪੁਰਖ ਅਕਾਲ ਹੁਕਮ ਸੁਣਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵੇਗਾ । ਤੇਈ ਅਵਤਾਰ ਪਕੜ ਹਿਲਾਵੇਗਾ । ਈਸਾ ਮੂਸਾ ਮੁਹੰਮਦ ਅੱਖ ਖੁਲ੍ਹਾਵੇਗਾ । ਨਾਨਕ ਗੋਬਿੰਦ ਡੰਕ ਵਜਾਵੇਗਾ । ਭਗਤ ਅਠਾਰਾਂ ਪੰਧ ਚੁਕਾਵੇਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਕੇ ਖੰਡ ਖੰਡ, ਖੰਡਾ ਖੜਗ ਨਾਮ ਦਰਸਾਵੇਗਾ । ਲੇਖਾ ਵੇਖ ਕੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਵੇਗਾ । ਦੋ ਜਹਾਨਾਂ ਮੇਟ ਕੇ ਪੰਧ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਵੇਗਾ । ਧੁਰ ਦਾ ਢੋਲਾ ਇਕੋ ਛੰਦ, ਸ਼ਹਿਨਸ਼ਾਹ ਹੋ ਕੇ ਆਪ ਪਰਗਟਾਵੇਗਾ । ਖ਼ਾਲਕ ਮਾਲਕ ਪ੍ਰਿਤਪਾਲਕ ਸੂਰਾ ਸਰਬੰਗ, ਸਾਹਿਬ ਸੁਲਤਾਨ ਹੁਕਮ ਵਰਤਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਵਾਸਨਾ ਲਾ ਕੇ ਜੰਗ, ਜਗਹ ਜਗਹ ਹੁਕਮ ਵਰਤਾਵੇਗਾ । ਜਗਹ ਜਗਹ ਕਹੇ ਹੋਣਾ ਤਬਦੀਲ, ਤਬਦੀਲੀ ਪ੍ਰਭ ਕਰਾਈਆ । ਜਿਸ ਦਾ ਖੇਲ ਆਕਾਸ਼ ਜ਼ਮੀਨ, ਜ਼ਮੀਮਾ ਦਏ ਸਮਝਾਈਆ । ਜੁਗ ਚੌਕੜੀ ਕਰੇ ਤਰਮੀਮ, ਸਫ਼ਾ ਦਏ ਉਲਟਾਈਆ । ਜਿਸ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਮਸਕੀਨ, ਅਦਨੀ ਹੋ ਕੇ ਸੇਵ ਕਮਾਈਆ । ਜਿਸ ਦਾ ਲੇਖਾ ਪੁਰੀ ਲੋਕ ਤੀਨ, ਚੌਦਾਂ ਤਬਕਾਂ ਦਏ ਭੁਆਈਆ । ਜਿਸ ਦਾ ਹੁਕਮ ਇਕੋ ਆਲਮੀਨ, ਆਲਮਾਂ ਇਲਮ ਨਾ ਕੋਇ ਵਡਿਆਈਆ । ਜਿਸ ਨੂੰ ਕਹਿੰਦੇ ਕ਼ਾਦਰ ਕਰੀਮ, ਕ਼ੁਦਰਤ ਕਰਤਾ ਸ਼ਹਿਨਸ਼ਾਹੀਆ । ਜਿਸ ਦਾ ਹਕ ਮੁਕਾਮੇ ਇਕ ਅਜ਼ੀਮ, ਆਜ਼ਮ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਸ ਨੂੰ ਸਭ ਨੇ ਕਹਿਣਾ ਆਫ਼ਰੀਨ, ਤੋਬਾ ਤੋਬ ਢੋਲੇ ਗਾਈਆ । ਮੱਘਰ ਕਹੇ ਸਾਰਿਆਂ ਕਰਨੀ ਤੋਬਾ ਤੋਬਾ, ਤੁਲਬਿਆਂ ਵਿਚ ਪੜ੍ਹਾਈਆ । ਸਾਚੀ ਕਰੇ ਨਾ ਕੋਇ ਸੋਭਾ, ਸੋਭਤ ਛੱਡੇ ਜਗਤ ਲੁਕਾਈਆ । ਕੂੜੀ ਕਿਰਿਆ ਹਉਮੇ ਲੱਗਾ ਰੋਗਾ, ੧੧੬੨
ਹਕ ਤਦੀਲ ਨਾ ਕੋਇ ਸਮਝਾਈਆ । ਸਭ ਨੂੰ ਭੁਲ ਜਾਏ ਰਖਣ ਵਾਲਾ ਰੋਜ਼ਾ, ਵੁਜ਼ੂ ਨਿਮਾਜ਼ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਸਤਾ ਦਏ ਉਲਟਾਈਆ । ਮੱਘਰ ਕਹੇ ਮੈਂ ਕਰਨ ਆਇਆ ਤਸਦੀਕ, ਸ਼ਹਾਦਤ ਦਿਆਂ ਭੁਗਤਾਈਆ । ਅਗੇ ਵਕ਼ਤ ਥੋੜ੍ਹਾ ਨਜ਼ਦੀਕ, ਚਾਲੀ ਦਿਨ ਦੇਣ ਗਵਾਹੀਆ । ਜਗਤ ਵਾਸਨਾ ਹੋਣੀ ਫ਼ਰੀਕ, ਫਿਰਕਿਆਂ ਵਿਚ ਵੰਡ ਵੰਡਾਈਆ । ਜਿਸ ਦੀ ਧਾਰ ਵੱਡੀ ਬਾਰੀਕ, ਸਮਝੇ ਕੋਇ ਨਾ ਜਗਤ ਚਤੁਰਾਈਆ । ਕਰੇ ਖੇਲ ਲਾਸ਼ਰੀਕ, ਸ਼ਿਰਕਤ ਵਿਚ ਲੋਕਾਈਆ । ਜਿਸ ਦੇ ਹੱਥ ਵੱਡ ਤੌਫ਼ੀਕ, ਸੋ ਤੋਅਫ਼ੇ ਰਿਹਾ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਖੇਲ ਦਏ ਵਖਾਈਆ । ਮੱਘਰ ਕਹੇ ਖੇਲ ਵੇਖਣਾ ਸਭ ਨੇ ਅਗਲਾ, ਅਗੋਂ ਦਿਆਂ ਸਮਝਾਈਆ । ਜਗਤ ਜਹਾਨ ਹੋਣਾ ਪਗ਼ਲਾ, ਬੌਲਾ ਰੂਪ ਵਟਾਈਆ । ਨਾਤਾ ਪਰਮਾਤਮ ਟੁਟਣਾ ਸਗਲਾ, ਧੁਰ ਦਾ ਸੰਗ ਨਾ ਕੋਇ ਜਣਾਈਆ । ਸ਼ਾਹ ਸੁਲਤਾਨ ਫਿਰਨਾ ਵਿਚ ਜੰਗਲਾਂ, ਸਿਰ ਤਾਜ ਨਾ ਕੋਇ ਟਿਕਾਈਆ । ਕਿਸੇ ਨੂੰ ਰਹਿਣ ਨੂੰ ਮਿਲਣਾ ਨਹੀਂ ਬੰਗਲਾ, ਬਗਲਿਆਂ ਵਾਂਗ ਕੂੜੀ ਕਿਰਿਆ ਦਏ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਵਰਤਾਈਆ । ਮੱਘਰ ਕਹੇ ਪ੍ਰਭ ਖੇਲ ਖਿਲਾਉਂਣਾ, ਖੁਲ੍ਹਾ ਦਿਆਂ ਸਮਝਾਈਆ । ਜਗਤ ਜਹਾਨ ਜ਼ਿਮੀਂ ਅਸਮਾਨ ਵਿਚਕਾਰ ਰੁਲਾਉਂਣਾ, ਰੁਲਦਿਆਂ ਨਾ ਕੋਇ ਬਚਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਢਾਉਂਣਾ, ਗੁਰੂਦਵਾਰ ਨਾ ਕੋਇ ਵਡਿਆਈਆ । ਧੁਰ ਦਾ ਹੁਕਮ ਇਕ ਵਰਤਾਉਂਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਸਦੀ ਚੌਧਵੀਂ ਸੁਖ ਦੀ ਨੀਂਦ ਕਿਸੇ ਨਾ ਸੌਣਾ, ਦਰੋਹੀ ਮੁਹੰਮਦ ਰਿਹਾ ਸੁਣਾਈਆ । ਬੀਸ ਇਕੀਸਾ ਗੋਬਿੰਦ

ਪਾਰ ਕਰਾਉਂਣਾ, ਨਾਨਕ ਵਜਦੀ ਰਹੀ ਵਧਾਈਆ । ਵੇਦ ਵਿਆਸਾ ਲੇਖਾ ਪੂਰ ਕਰਾਉਂਣਾ, ਭਵਿਖਤਾਂ ਦਏ ਸਮਝਾਈਆ । ਧੁਰ ਦਾ ਮਾਲਕ ਇਕੋ ਨਜ਼ਰੀ ਆਉਂਣਾ, ਚਾਰ ਕੁੰਟ ਹੋਵੇ ਰੁਸ਼ਨਾਈਆ । ਅੰਤਮ ਸਭ ਨੇ ਢੋਲਾ ਧੁਰ ਦਾ ਗਾਉਂਣਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਧੁਰ ਦੀ ਕਾਰ ਆਪ ਭੁਗਤਾਈਆ ।

ਮੱਘਰ ਕਹੇ ਕੋਈ ਸਮਝਿਆ ਰੂਪ ਨਾ ਨਿਹਕਲੰਕ, ਸੰਬਲ ਨਗਰ ਸਾਰ ਕਿਸੇ ਨਾ ਆਈਆ । ਜਿਥੇ ਪੁਰਖ ਅਕਾਲ ਦਾ ਵਜੇ ਡੰਕ, ਸ਼ਬਦੀ ਚੋਟ ਰਿਹਾ ਸੁਣਾਈਆ । ਹੁਕਮ ਦੇ ਕੇ ਰਾਓ ਰੰਕ, ਦੋ ਜਹਾਨ ਰਿਹਾ ਉਠਾਈਆ । ਅਗੇ ਰਹਵੇ ਨਾ ਕੋਇ ਕਿਸੇ ਸ਼ੰਕ, ਸੰਸੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਵੇਖ ਵਖਾਈਆ । ਕਲ ਕਲਕੀ ਹਰਿ ਅਵਤਾਰਾ, ਅਵਤਰ ਆਪਣਾ ਭੇਖ ਵਟਾਈਆ । ਜਿਸ ਨੂੰ ਦੋ ਜਹਾਨ ਕਰੇ ਨਿਮਸਕਾਰਾ, ਬ੍ਰਹਿਮੰਡ ਖੰਡ ਸੀਸ ਝੁਕਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਇਸ਼ਾਰਾ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਜਿਸ ਦਾ ਆਦਿ ਅੰਤ ਨਾ ਪਾਰਾਵਾਰਾ, ਬੇਅੰਤ ਬੇਪਰਵਾਹੀਆ । ਜਿਸ ਦਾ ਖੇਲ ਸਰਬ ਤੋਂ ਨਿਆਰਾ, ਨਿਰਗੁਣ ਨਿਰਵੈਰ ਆਪ ਭੁਗਤਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਵੇਖਣ ਆਇਆ ਦੋ ਜਹਾਨ ਅਖਾੜਾ, ਖ਼ਾਲੀ ਆਪਣਾ ਫੇਰਾ ਪਾਈਆ । ਨਾਲ ਰਲਾ ਕੇ ਸ਼ਬਦੀ ਲਾੜਾ, ਲੱਖ ਚੁਰਾਸੀ ਲਏ ਪਰਨਾਈਆ । ਪਾਵੇ ਸਾਰ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰ ਟਿੱਲੇ ਪਰਬਤ ਖੋਜ ਖੁਜਾਈਆ । ਜਨ ਭਗਤਾਂ ਦੱਸ ਕੇ ਇਕ ਦਵਾਰਾ, ਦਰ ਦਰਵਾਜ਼ਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਮਾਲਕ ਨਜ਼ਰੀ ਆਈਆ । ਸਭ ਦਾ ਮਾਲਕ ਸ੍ਰੀ ਭਗਵਾਨ, ਭਗਤਾਂ ਦਏ ਵਡਿਆਈਆ । ਸੰਤ ਸੁਹੇਲੇ ਕਰ ਪਹਿਚਾਣ, ਨਿਰਗੁਣ ਸਰਗੁਣ ਜੋੜ ਜੁੜਾਈਆ । ਆਤਮ ਪਰਮਾਤਮ ਦੇ ਗਿਆਨ, ਪਰਦਾ ਦੂਈ ਦਿਤਾ ਉਠਾਈਆ । ਸਾਚੀ ਸਖ਼ੀ ਨਜ਼ਰੀ ਆਏ ਧੁਰ ਦਾ ਕਾਹਨ, ਨਾਮ ਬੰਸਰੀ ਇਕ ਸੁਣਾਈਆ । ਸੀਤਾ ਸੁਰਤੀ ਕਦੇ ਨਾ ਵਿਛੜੇ ਰਾਮ, ਰਮਈਆ ਸਈਆ ਨਈਆ ਲਏ ਚੜ੍ਹਾਈਆ । ਸਚ ਪੈਗ਼ੰਬਰ ਦੇਵੇ ਇਕ ਪੈਗ਼ਾਮ, ਕਲਮਾ ਕਾਇਨਾਤ ਸਮਝਾਈਆ । ਨਿਰਗੁਣ ਸਰਗੁਣ ਭੇਵ ਅਭੇਦਾ ਖੋਲ੍ਹ ਕੇ ਅੰਮ੍ਰਿਤ ਪਿਆਏ ਜਾਮ, ਰਸ ਇਕੋ ਇਕ ਵੇਖ ਵਖਾਈਆ । ਜਿਨ੍ਹਾਂ ਘਰ ਸਵਾਮੀ ਮਿਲਿਆ ਆਣ, ਅੰਦਰੇ ਅੰਦਰ ਕਰੇ ਰੁਸ਼ਨਾਈਆ । ਲੇਖਾ ਮੁਕ ਗਿਆ ਜਮ ਕੀ ਕਾਨ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਇਕੋ ਰੰਗ ਵਖਾਈਆ । ਭਗਤ ਭਗਵੰਤ ਇਕੋ ਰੰਗ ਰੰਗਾਵਾਂਗਾ । ਗੁਰਮੁਖ ਸਾਚੇ ਸੰਤ, ਧੁਰ ਦੇ ਸੱਜਣ ਜੋੜ ਜੁੜਾਵਾਂਗਾ । ਮੇਲਾ ਕਰ ਕੇ ਨਾਰ ਕੰਤ, ਕੰਤ ਕੰਤੂਲ ਇਕ ਵਖਾਵਾਂਗਾ । ਨਾਮ ਸੁਨੇਹੜਾ ਦੇ ਕੇ ਮੰਤ, ਮੰਤਰ ਇਕੋ ਇਕ ਜਪਾਵਾਂਗਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਵਿਚ ਸਮਾਵਾਂਗਾ । ਧੁਰ ਦਾ ਮੇਲਾ ਕਰ ਕੇ ਉਸ ਸੰਗਤ, ਚਾਰ ਵਰਨਾਂ ਇਕੋ ਘਰ ਬਹਾਵਾਂਗਾ । ਜਿਥੇ ਦੂਜੇ ਦਰ ਹੋਣਾ ਪਵੇ ਨਾ ਮੰਗਤ, ਖ਼ਾਲੀ ਭੰਡਾਰੇ ਸਰਬ ਭਰਾਵਾਂਗਾ । ਆਣ ਜਾਣ ਲੱਖ ਚੁਰਾਸੀ ਲੇਖਾ ਚੁਕ ਜਾਏ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੧੧੬੩

ਘਰ ਘਰ ਵਿਚ ਡੇਰਾ ਲਾਵਾਂਗਾ । ਪ੍ਰਭ ਆਪਣੀ ਦਇਆ ਕਮਾਏਗਾ । ਨਿਰਗੁਣ ਜੋਤੀ ਜੋਤ ਰੁਸ਼ਨਾਏਗਾ । ਕੂੜੀ ਕਿਰਿਆ ਖੋਜ ਖੁਜਾਏਗਾ । ਸ਼ਬਦ ਚੋਟ ਇਕ ਲਗਾਏਗਾ । ਆਲ੍ਹਣਿਉਂ ਡਿੱਗੇ ਬੋਟ ਉਠਾਏਗਾ । ਨਾਤਾ ਤੋੜ ਕੇ ਲਾੜੀ ਮੌਤ, ਆਪਣੀ ਗੋਦ ਸੁਹਾਏਗਾ । ਮਾਲਕ ਬਣ ਕੇ ਧੁਰ ਦਾ ਖ਼ੌਂਤ, ਕੰਤ ਕੰਤੂਲ ਸੇਜ ਸੁਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਜੋੜ ਜੁੜਾਵੇਗਾ । ਲਗੀ ਤੋੜ ਨਿਭਾਵਾਂਗਾ । ਕਰ ਪਰਕਾਸ਼ ਅੰਧ ਘੋਰ, ਨਿਰਗੁਣ ਨੂਰ ਨੂਰ ਰੁਸ਼ਨਾਵਾਂਗਾ । ਨਾਤਾ ਤੋੜ ਕੇ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਮੇਟ ਮਿਟਾਵਾਂਗਾ । ਮਨ ਮਨਵਾ ਨਾ ਪਾਵੇ ਸ਼ੋਰ, ਬੁੱਧੀ ਵਿਵੇਕ ਕਰਾਵਾਂਗਾ । ਕੂੜੀ ਕਿਰਿਆ ਭਾਂਡਾ ਫੋੜ, ਸ਼ਬਦੀ ਡੰਕ ਇਕ ਸੁਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਆਪਣੇ ਘਰ ਵਸਾਵਾਂਗਾ । ਭਗਤ ਸੁਹੇਲੇ ਸੋਭਾ ਪਾਉਣਗੇ । ਗੁਰ ਚੇਲੇ ਰੰਗ ਰੰਗਾਉਣਗੇ । ਢੋਲਾ ਇਕੋ ਇਕ ਗਾਉਣਗੇ । ਸਚਖੰਡ ਦਵਾਰੇ ਬਹਿ ਕੇ ਖ਼ੁਸ਼ੀ ਮਨਾਉਣਗੇ । ਜੋਤੀ ਜੋਤ ਵਿਚ ਸਮਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਇਕ ਵਸਾਉਣਗੇ । ਦਰ ਘਰ ਸਾਚਾ ਇਕੋ ਵਸੇਗਾ । ਭਗਤ ਭਗਵੰਤ ਮਿਲ ਕੇ ਹਸੇਗਾ । ਆਤਮ ਪਰਮਾਤਮ ਵਿਛੋੜੇ ਵਿਚ ਕਦੇ ਨਾ ਨਸੇਗਾ । ਸਚਖੰਡ ਦਵਾਰੇ ਬਹਿ ਬਹਿ ਸਜੇਗਾ । ਜੋਤੀ ਜੋਤ ਜੋਤ ਜਗੇਗਾ । ਨਾ ਕੋਇ ਵਰਨ ਨਾ ਕੋਇ ਗੋਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਰੂਪੀ ਆਪਣੀ ਧਾਰ ਵਿਚ ਮਘੇਗਾ । ਆਪਣੀ ਧਾਰ ਪਰਗਟਾਵਾਂਗਾ । ਜੋਤੀ ਜੋਤ ਰੁਸ਼ਨਾਵਾਂਗਾ । ਸ਼ਬਦੀ ਸ਼ਬਦ ਭੇਵ ਖੁਲ੍ਹਾਵਾਂਗਾ । ਜਨ ਭਗਤਾਂ ੧੧੬੪
ਕਰ ਕੇ ਧੁਰ ਦਾ ਅਦਬ, ਆਦਾਬ ਇਕ ਸਮਝਾਵਾਂਗਾ । ਨਾਤਾ ਛਡ ਦਿਓ ਨਾਲ ਜਗਤ, ਆਤਮ ਪਰਮਾਤਮ ਰੰਗ ਚੜ੍ਹਾਵਾਂਗਾ । ਸਚ ਦਵਾਰੇ ਆਪਣਾ ਰਖ ਲਵੋ ਕ਼ਦਮ, ਕ਼ਦਮ ਕ਼ਦਮ ਸਭ ਦਾ ਪੰਧ ਮੇਟ ਮਿਟਾਵਾਂਗਾ । ਕਿਸੇ ਕੰਮ ਨਹੀਂ ਆਉਣਾ ਕਾਇਆ ਮਾਟੀ ਤਨ, ਤੱਤਾਂ ਨਾਤਾ ਕੂੜ ਜਣਾਵਾਂਗਾ । ਜਨ ਭਗਤਾਂ ਅੰਤ ਸਮੇਂ ਨਿਰਗੁਣ ਧਾਰ ਹੋ ਕੇ ਆਵਾਂ ਸੱਦਣ, ਸੰਦੇਸ਼ਾ ਇਕ ਸੁਣਾਵਾਂਗਾ । ਦਰਸ ਕਰ ਕੇ ਹੋ ਜਾਓ ਮਗਨ, ਮਗਰਲਾ ਲੇਖਾ ਸਰਬ ਮੁਕਾਵਾਂਗਾ । ਅਗੇ ਪੂਰੀ ਕਰ ਕੇ ਮਜਲ, ਮੰਜ਼ਲ ਉਤੇ ਪੁਚਾਵਾਂਗਾ । ਜਿਥੇ ਕਦੇ ਨਾ ਆਵੇ ਅਜਲ, ਜਮਾਂ ਤੋਂ ਅੰਤ ਛੁਡਾਵਾਂਗਾ । ਉਹ ਸੰਤ ਭਗਤ ਸੂਫ਼ੀ ਸੱਜਣ, ਜਿਨ੍ਹਾਂ ਫ਼ਕੀਰਾਂ ਨੂੰ ਫਿਕਰਾਂ ਇਕ ਪੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਗ੍ਰਿਹ ਮੰਦਰ ਇਕ ਸੁਹਾਵਾਂਗਾ । ਗ੍ਰਿਹ ਮੰਦਰ ਇਕ ਸੁਹਾਵੇਗਾ । ਅੰਦਰੇ ਅੰਦਰ ਦੀਪ ਜੋਤ ਰੁਸ਼ਨਾਵੇਗਾ । ਭਾਗ ਲਗਾ ਕੇ ਕਾਇਆ ਕੋਟ, ਕੂੜ ਕੁਟੰਬ ਜੋੜ ਜੁੜਾਵੇਗਾ । ਸਚ ਮਿਲਾਵਾ ਕਰ ਕੇ ਉਸ ਅਗੰਮੀ ਜੋਤ, ਜੋਤ ਜੋਤ ਵਿਚ ਸਮਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਿਸ ਨੂੰ ਸਮਝ ਨਾ ਸਕੇ ਕੋਈ ਜੀਵ ਜੰਤ ਵਿਚ ਮਾਤਲੋਕ, ਲੁਕਵਾਂ ਪਰਦਾ ਆਪ ਉਠਾਵਾਂਗਾ ।

### ❊ ੨ ਮੱਘਰ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ❊

ਸੋ ਪੁਰਖ ਨਿਰੰਜਣ ਤੇਰਾ ਖੇਲ ਸਮਰਥ, ਸਵਾਮੀ ਅੰਤਰਜਾਮੀ ਤੇਰੀ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਰਹੇ ਹਸ, ਭਗਤ ਸੰਤ ਖ਼ੁਸ਼ੀ ਮਨਾਈਆ । ਧੁਰ ਦਰਬਾਰੇ ਬੋਲ ਇਕ ਅਲਖ, ਢੋਲਾ ਸੋਹਲਾ ਗੀਤ ਅਲਾਹੀਆ । ਨਿਰਗੁਣ ਧਾਰ ਰਹੇ ਦੱਸ, ਜੋਤ ਸ਼ਬਦ ਵਜੇ ਵਧਾਈਆ । ਕਰੇ ਖੇਲ ਪੁਰਖ ਸਮਰਥ, ਸ੍ਰੀ ਭਗਵਾਨ ਹੁਕਮ ਸੁਣਾਈਆ । ਸਚ ਦਵਾਰਾ ਖੋਲ੍ਹ ਕੇ ਹੱਟ, ਵਸਤ ਅਮੋਲਕ ਇਕ ਵਰਤਾਈਆ । ਜੁਗ ਚੌਕੜੀ ਪੈਂਡਾ ਮੁਕਾਇਆ ਨਠ ਨਠ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੀ ਸਾਰੇ ਜਗ, ਜਗਜੀਵਣ ਦਾਤਾ ਖੋਜ ਖੁਜਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਲੱਗੀ ਅੱਗ, ਅਗਨੀ ਅੱਗ ਨਾ ਕੋਇ ਬੁਝਾਈਆ । ਮੱਕੇ ਕਾਅਬੇ ਕਰਦੇ ਹੱਜ, ਹਜ਼ਰਤ ਮੇਲ ਨਾ ਕੋਇ ਮਿਲਾਈਆ । ਮੰਜ਼ਲ ਮਿਲੀ ਨਾ ਕਿਸੇ ਹਕ, ਹਕੀਕਤ ਅੰਦਰੋਂ ਬੈਠੇ ਗਵਾਈਆ । ਸਚ ਪ੍ਰੇਮ ਨਾ ਮਾਣਿਆ ਰਸ, ਰਸਤਾ ਭੁੱਲਿਆ ਸਰਬ ਲੋਕਾਈਆ । ਸ਼ਰਅ ਸ਼ਰੀਅਤ ਅੰਦਰ ਗਏ ਫਸ, ਦੀਨ ਮਜ਼੍ਹਬ ਕਰੇ ਲੜਾਈਆ । ਆਤਮ ਪਰਮਾਤਮ ਨਾਲੋਂ ਹੋ ਕੇ ਵਖ, ਮਾਇਆ ਮਮਤਾ ਪਰਦਾ ਰਹੀ ਪਾਈਆ । ਕਲਜੁਗ ਕੂੜੀ ਕਿਰਿਆ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਲੂ ਛੁਡਾ ਗਏ ਨਠ, ਸਗਲਾ ਸੰਗ ਨਾ ਕੋਇ ਬਣਾਈਆ । ਫਿਰੀ ਦਰੋਹੀ ਮੰਦਰ ਮਸਜਿਦ ਮਠ, ਸ਼ਿਵਦਵਾਲੇ ਗੁਰੂਦਵਾਰ ਦੇਣ ਦੁਹਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੀਰ ਵਰੋਲੇ ਅੱਖ, ਅੱਠ ਸੱਠ ਆਪਣਾ ਹਾਲ ਸੁਣਾਈਆ । ਵੇਖ ਖੇਲ ਪੁਰਖ ਸਵਾਮੀ ਵਸਣਹਾਰੇ ਘਟ ਘਟ, ਗ੍ਰਹਿ ਭੀਤਰ ਖੋਜ ਖੁਜਾਈਆ । ਸਾਚਾ ਮਿਲੇ ਨਾ ਕੋਇ ਰਸ, ਅੰਮ੍ਰਿਤ ਜਾਮ ਮੁਖ ਨਾ ਕੋਇ ਲਗਾਈਆ । ਮਨ ਕਾਮਨਾ ਹੋਏ ਸਾਰੇ ਵਸ, ਲੋਭ ਮੋਹ ਹੰਕਾਰ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਸਵਾਮੀ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਚਾਰ ਜੁਗ ਤੇਰਾ ਢੋਲਾ ਗਾਇਆ ਸ਼ਬਦੀ ਬਾਣੀ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਅੰਮ੍ਰਿਤ ਰਸ ਦੱਸਿਆ ਠੰਡਾ ਪਾਣੀ, ਅਗਨੀ ਅੱਗ ਦਏ ਬੁਝਾਈਆ । ਸੁਰਤ ਮਿਲਾਵਾ ਸ਼ਬਦੀ ਹਾਣੀ, ਗ੍ਰਹਿ ਮੰਦਰ ਵਜੇ ਵਧਾਈਆ । ਨਿਰਗੁਣ ਨੂਰ ਜੋਤ ਜਗੇ ਰੁਹਾਨੀ, ਅੰਧ ਅੰਧੇਰ ਦਏ ਮਿਟਾਈਆ । ਚਾਰ ਕੁੰਟ ਦਹਿ ਦਿਸ਼ਾ ਕੋਈ ਨਜ਼ਰ ਨਾ ਆਏ ਸਚ ਨਿਸ਼ਾਨੀ, ਪਰਦਾ ਕੂੜ ਨਾ ਕੋਇ ਉਠਾਈਆ । ਕਲਜੁਗ ਸਾਧ ਸੰਤ ਸ਼ਾਸਤਰ ਸਿਮਰਤਾਂ ਵਾਲੀ ਪੜ੍ਹਨ ਕਹਾਣੀ, ਕਹਿ ਕਹਿ ਸ੍ਰਿਸ਼ਟ ਸੁਣਾਈਆ । ਕਿਸੇ ਨਾ ਮਿਲਿਆ ਪਦ ਨਿਰਬਾਨੀ, ਨਿਰਬਾਨ ਪਦ ਨਾ ਕੋਇ ਸਮਾਈਆ । ਅੰਤ ਹੋਈ ਸਰਬ ਪਰੇਸ਼ਾਨੀ, ਪਸ਼ਚਾਤਾਪ ਵਿਚ ਸਮਾਈਆ । ਰਾਜ ਰਾਜਾਨ ਕਰਨ ਬੇਈਮਾਨੀ, ਧੀਰਜ ਸਤਿ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕ਼ਤ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਵਰਦਿਗਾਰ, ਪਰਵਰਿਸ਼ ਤੇਰੀ ਨਜ਼ਰੀ ਆਈਆ । ਦੂਜਾ ਕੋਇ ਨਾ ਮਦਦਗਾਰ, ਜੋ ਦੋ ਜਹਾਨਾਂ ਹੋਏ ਸਹਾਈਆ । ਤ੍ਰਲੋਕੀ ਚੁੱਕੇ ਨਾ ਕੋਈ ਭਾਰ, ਸਿਰ ਹੱਥ ਨਾ ਕੋਇ ਟਿਕਾਈਆ । ਕੂੜਾ ਨਾਤਾ ਵੇਖ ਸੰਸਾਰ, ਭਰਮੇ ਭੁੱਲੇ ਲੋਕਾਈਆ । ਸਚ ਮਿਲਿਆ ਨਾ ਮੀਤ ਮੁਰਾਰ, ਸਖ਼ੀ ਸੱਜਣ ਨਾ ਕੋਇ ਹੰਢਾਈਆ । ਦੂਤਰ ਉਤਰਿਆ ਨਾ ਕੋਇ ਪਾਰ, ਦੁਤੀਆ ਭਾਉ ਨਾ ਕੋਇ ਗਵਾਈਆ । ਸਾਚਾ ਕ਼ਲਮਾ ਕਰੇ ਨਾ ਕੋਇ

ਵਿਚਾਰ, ਸਚ ਨਾਮ ਨਾ ਕੋਇ ਸਮਝਾਈਆ । ਰਸਨਾ ਪੜ੍ਹ ਪੜ੍ਹ ਹੋਏ ਖੁਆਰ, ਢੋਲੇ ਸੋਹਲੇ ਜਗਤ ਅਲਾਈਆ । ਅੰਤਰ ਆਤਮ ਮਿਲਿਆ ਨਾ ਕੋਇ ਪਿਆਰ, ਪ੍ਰੀਤਮ ਪ੍ਰੇਮ ਨਾ ਕੋਇ ਕਮਾਈਆ । ਕਲਜੁਗ ਜੀਵ ਕੁਲਖਣੀ ਹੋਈ ਨਾਰ, ਕੰਤ ਸੁਹਾਗ ਨਾ ਕੋਇ ਹੰਢਾਈਆ । ਕੂੜੀ ਕਿਰਿਆ ਜਗਤ ਵਿਭਚਾਰ, ਘਰ ਘਰ ਫਿਰੇ ਵਾਹੋ ਦਾਹੀਆ । ਮਾਇਆ ਮਮਤਾ ਮੋਹ ਹੰਕਾਰ, ਗ੍ਰਹਿ ਗ੍ਰਹਿ ਕਰੇ ਲੜਾਈਆ । ਨਾਤਾ ਤੁੱਟਾ ਕੰਤ ਭਤਾਰ, ਸਾਚੀ ਸੇਵ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕ਼ਤ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਭ ਨੂੰ ਹੋਈ ਹੈਰਾਨੀ, ਕਲਜੁਗ ਅੰਤਮ ਦਏ ਗਵਾਹੀਆ । ਸਾਚੀ ਜੋਤ ਜਗੇ ਨਾ ਕਿਸੇ ਪੇਸ਼ਾਨੀ, ਮਸਤਕ ਰੂਪ ਨਾ ਕੋਇ ਰੁਸ਼ਨਾਈਆ । ਸਾਧ ਸੰਤ ਮਾਇਆ ਮਮਤਾ ਕਰਨ ਬੇਈਮਾਨੀ, ਬੇਵਾ ਰੂਪ ਬੈਠੇ ਬਣਾਈਆ । ਕੋਈ ਨਾ ਸਮਝੇ ਤੇਰੀ ਸ੍ਰਿਸ਼ਟੀ ਫ਼ਾਨੀ, ਫ਼ੈਸਲਾ ਹਕ ਨਾ ਕੋਇ ਦ੍ਰਿੜਾਈਆ । ਜੁਗ ਚੌਕੜੀ ਲੇਖਾ ਲਿਖ ਲਿਖ ਥੱਕੀ ਕਾਨੀ, ਕ਼ਲਮ ਸ਼ਾਹੀ ਨਾਲ ਮਿਲਾਈਆ । ਭਰਮੇ ਭੁਲ ਗਏ ਜਗਤ ਵਿਦਿਆ ਵਿਦਵਾਨੀ, ਚੌਦਸ ਚੰਦ ਨਾ ਕੋਇ ਚਮਕਾਈਆ । ਤੇਰੀ ਮੰਜ਼ਲ ਦੀ ਨਜ਼ਰ ਨਾ ਆਵੇ ਕਿਸੇ ਨਿਸ਼ਾਨੀ, ਪਰਦਾ ਅੰਦਰ ਨਾ ਕੋਇ ਉਠਾਈਆ । ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਜਿਸ ਦੀ ਪਿਛੇ ਜੁਗ ਚੌਕੜੀ ਕਰ ਕੇ ਆਏ ਕ਼ੁਰਬਾਨੀ, ਕਰਬਲਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਸਜਦਾ, ਸੀਸ ਜਗਦੀਸ਼ ਝੁਕਾਈਆ । ਤੇਰੇ ਦਵਾਰੇ ਸਭ ਕੁਛ ਡਰਦਾ, ਭੈ ਭੌ ਵਿਚ ਸਮਝਾਈਆ । ਬਿਨਾ ਭਗਤ ਤੇਰਾ ਨਾਂ ਕੋਇ ਨਾ ਪੜ੍ਹਦਾ, ਪੜ੍ਹਦੀ ਵੇਖੀ ਜਗਤ ਲੋਕਾਈਆ । ਸਾਚੇ ਮੰਦਰ ਕੋਈ ਨਾ ਚੜ੍ਹਦਾ, ਸਤਿ ਦਵਾਰ ਨਾ ਸੋਭਾ ਪਾਈਆ । ਧੁਰ ਦਾ ਦਰਸ ਕੋਇ ਨਾ ਕਰਦਾ, ਨੇਤਰ ਲੋਚਨ ਅੱਖ ਖੁਲ੍ਹਾਈਆ । ਕਿਸੇ ਭੇਵ ਨਾ ਪਾਇਆ ਆਪਣੇ ਘਰ ਦਾ, ਘਰ ਵਿਚ ਘਰ ਨਾ ਕੋਇ ਵਡਿਆਈਆ । ਸਚ ਪ੍ਰੀਤੀ ਪ੍ਰੀਤਮ ਤੇਰੇ ਨਾਲ ਕੋਇ ਨਾ ਕਰਦਾ, ਮਤਲਬ ਭਰੀ ਜਗਤ ਲੋਕਾਈਆ । ਕਿਸੇ ਲੇਖਾ ਸੁਲਝਿਆ ਨਾ ਚੋਟੀ ਜੜ੍ਹ ਦਾ, ਅਧਵਿਚਕਾਰ ਬੈਠੇ ਡੇਰਾ ਲਾਈਆ । ਤੇਰਾ ਰੂਪ ਅਗੰਮੀ ਨਰਾਇਣ ਨਰ ਦਾ, ਨਰ ਹਰਿ ਤੇਰੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦੇਣਾ ਵਸਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਓਟ, ਓੜਕ ਇਕ ਜਣਾਈਆ । ਤੇਰਾ ਸਚ ਦਵਾਰਾ ਠਾਂਢਾ ਕੋਟ, ਗ੍ਰਹਿ ਮੰਦਰ ਸੋਭਾ ਪਾਈਆ । ਜਿਥੇ ਜਗੇ ਇਕੋ ਜੋਤੀ ਜੋਤ, ਦੀਵਾ ਬੱਤੀ ਨਾ ਕੋਇ ਰੁਸ਼ਨਾਈਆ । ਜਿਥੇ ਨਾ ਕੋਈ ਸਮਝ ਨਾ ਕੋਇ ਸੋਚ, ਇਕੋ ਹੁਕਮ ਸ਼ਹਿਨਸ਼ਾਹੀਆ । ਨਾ ਕੋਇ ਲੇਖਾ ਚੌਦਾਂ ਲੋਕ, ਚੌਦਾਂ ਤਬਕ ਨਾ ਚਲੇ ਕੋਇ ਚਤੁਰਾਈਆ । ਇਕੋ ਨਾਮ ਸਚ ਸਲੋਕ, ਢੋਲਾ ਧੁਰ ਦਾ ਰਾਗ ਅਲਾਈਆ । ਸਾਚੇ ਭਗਤਾਂ ਬਖ਼ਸ਼ੇ ਮੌਜ, ਮੌਜੂਦਾ ਹੋ ਕੇ ਹੋਏ ਸਹਾਈਆ । ਗੁਰਮੁਖਾਂ ਕਰਨੀ ਪਵੇ ਨਾ ਖੋਜ, ਜੰਗਲਾਂ ਵਿਚ ਨਾ ਵਕ਼ਤ ਗਵਾਈਆ । ਨਿਤ ਦਰਸ਼ਨ ਦੇਣਾ ਰੋਜ਼, ਰੋਜ਼ਾ ਨਿਮਾਜ਼ ਨਾ ਕੋਇ ਵਡਿਆਈਆ । ਡੇਰਾ ਲਾਉਣਾ ਕੋਨਾ ਗੋਸ਼, ਗ੍ਰਹਿ ਮੰਦਰ ਸੋਭਾ ਪਾਈਆ । ਆਪਣੇ ਮਿਲਣ ਦੀ ਦੇ ਕੇ ਹੋਸ਼, ਹੁਸ਼ਿਆਰ ਹੋ ਕੇ ਹੁਸ਼ਿਆਰ ਦੇਣੇ ਬਣਾਈਆ । ਲਹਿਣਾ ਮੁਕਾ ਕੇ ਲੋਕ ਪਰਲੋਕ, ਪਰਮ ਪੁਰਖ ਹੋਣਾ ਸਹਾਈਆ । ਜਨਮ ਜਨਮ ਦਾ ਰਹਿਣ ਨਹੀਂ ਦੇਣਾ ਰੋਗ, ਲੱਖ ਚੁਰਾਸੀ ਫੰਦ ਕਟਾਈਆ । ਆਤਮ ਪਰਮਾਤਮ ਕਰਨਾ ਧੁਰ ਸੰਜੋਗ, ਵਿਛੜੇ ਜੋੜ ਜੁੜਾਈਆ । ਚਿੰਤਾ ਗ਼ਮ ਨਾ ਰਹੇ

੧੧੯੬

ਸੋਗ, ਦੁਖ ਦਰਦ ਦੇਣਾ ਗਵਾਈਆ । ਸਚ ਪ੍ਰੇਮ ਦਾ ਦੇ ਕੇ ਭੋਗ, ਭਸਮੜ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇਣੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਬੇਪਰਵਾਹ, ਤੇਰੇ ਹੱਥ ਵਡਿਆਈਆ । ਅਸੀਂ ਜੁਗ ਚੌਕੜੀ ਦਿੰਦੇ ਆਏ ਸਲਾਹ, ਸ਼ਾਸਤਰ ਸਿਮਰਤ ਵੇਦ ਪੁਰਾਨਾਂ ਨਾਲ ਸਮਝਾਈਆ । ਸਭ ਦਾ ਦਾਤਾ ਖ਼ਾਲਕ ਪ੍ਰਿਤਪਾਲਕ ਇਕ ਮਲਾਹ, ਬੇੜਾ ਮੰਝਧਾਰ ਪਾਰ ਕਰਾਈਆ । ਜਿਸ ਦਾ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕੋ ਨਾਂ, ਨਾਉਂ ਨਿਰੰਕਾਰਾ ਸਰਬ ਦ੍ਰਿੜਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਜਨ ਭਗਤਾਂ ਦੇਵੇ ਠੰਡੀ ਛਾਂ, ਅਗਨੀ ਤਤ ਨਾ ਕੋਇ ਜਲਾਈਆ । ਲੱਖ ਚੁਰਾਸੀ ਵਿਚੋਂ ਕੱਢੇ ਫੜ ਕੇ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਚਰਨ ਸਰਨ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਸਹਾਰਾ, ਸਾਹਿਬ ਤੇਰੀ ਸਰਨਾਈਆ । ਕਲਜਗ ਅੰਤਮ ਵੇਖ ਕਿਨਾਰਾ, ਨਈਆ ਆਪਣੀ ਲੈਣਾ ਚੜ੍ਹਾਈਆ । ਜਿਥੇ ਇਕੋ ਨਾਮ ਇਕੋ ਜੈਕਾਰਾ, ਇਕੋ ਰਾਗ ਸ਼ਨਵਾਈਆ । ਇਕੋ ਮੰਦਰ ਇਕੋ ਹਰਿਦਵਾਰਾ, ਇਕੋ ਗ੍ਰਿਹਿ ਵਜੀ ਵਧਾਈਆ । ਇਕੋ ਨੂਰ ਜੋਤ ਉਜਿਆਰਾ, ਇਕੋ ਸ਼ਬਦ ਰਾਗ ਅਲਾਈਆ । ਇਕੋ ਭਗਤਾਂ ਦਿਸੇ ਅਖਾੜਾ, ਦੂਜਾ ਨਾਚ ਨਾ ਕੋਇ ਨਚਾਈਆ । ਇਕੋ ਸੋਭਾਵੰਤ ਸੋਹੇ ਲਾੜਾ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਪਿਛੋਂ ਤੇਰਾ ਵੱਜਿਆ ਇਕ ਨਗਾਰਾ, ਨੌਬਤ ਆਪਣਾ ਨਾਮ ਵਜਾਈਆ । ਸਜਦਾ ਕਰੇ ਗੁਰੂ ਅਵਤਾਰਾ, ਪੈਗ਼ੰਬਰ ਸੀਸ ਝੁਕਾਈਆ । ਤੇਰਾ ਖੇਲ ਅਗੰਮ ਅਪਾਰਾ, ਅਪਰੰਪਰ ਤੇਰੇ ਹੱਥ ਵਡਿਆਈਆ । ਧੁਰ ਦਾ ਸਾਜਣ ਮੀਤ ਮੁਰਾਰਾ, ਮਿਤਰ ਪਿਆਰਾ ਸਹਿਜ ਸੁਖਦਾਈਆ । ਸਾਚਾ
੧੧੯੭ ਦਸਾ ਦੇ ਉਹ ਦਵਾਰਾ, ਜਿਥੇ ਦੁਵਾਰਕਾ ਵਾਸੀ ਬੈਠੇ ਸੋਭਾ ਪਾਈਆ । ਸਚ ਅਯੁਧਿਆ ਦਾ ਮਿਲੇ ਉਹ ਸਹਾਰਾ, ਜਿਥੇ ਯੁੱਧ ਕਰਨ ਦੀ ਲੋੜ ੧੧੯੭
ਰਹੇ ਨਾ ਰਾਈਆ । ਰਾਮ ਰਾਮ ਦਾ ਮਿਲੇ ਪਿਆਰਾ, ਰਾਮ ਰਾਮ ਨਜ਼ਰੀ ਆਈਆ । ਪੈਗ਼ੰਬਰਾਂ ਦਾ ਪੈਗ਼ੰਬਰ ਮਿਲੇ ਸਹਾਰਾ, ਬੇਨਜ਼ੀਰ ਸ਼ਹਿਨਸ਼ਾਹੀਆ । ਗੁਰੂਆਂ ਦਾ ਸਤਿਗੁਰੂ ਮਿਲੇ ਰਖਵਾਲਾ, ਰਖਕ ਥਾਉਂ ਥਾਈਂਆ । ਆਦਿ ਸ਼ਕਤ ਦਾ ਨੂਰ ਮਿਲੇ ਜਵਾਲਾ, ਜੋਤੀ ਜੋਤ ਡਗਮਗਾਈਆ । ਸਾਚਾ ਮਾਰਗ ਦੇ ਸੁਖਾਲਾ, ਸੁਖ ਸਾਗਰ ਵਿਚ ਸਮਾਈਆ । ਪਾਰ ਕਰਦੇ ਸ਼ਾਹ ਕੰਗਾਲਾ, ਜੋ ਚਲ ਆਏ ਸਰਨਾਈਆ । ਤੂੰ ਕਿਹੜਾ ਪਿਛਲਾ ਦੇਣਾ ਅਹਿਵਾਲਾ, ਗ੍ਰੰਥਾਂ ਵਾਲੀ ਪੜ੍ਹਾਈਆ । ਤੇਰਾ ਸ਼ਬਦ ਇਸ਼ਾਰਾ ਸਭ ਤੋਂ ਨਿਰਾਲਾ, ਨਿਰਾਕਾਰ ਲੈਣਾ ਪਰਗਟਾਈਆ । ਜਨ ਭਗਤ ਬਣਾ ਕੇ ਆਪਣਾ ਬਾਲਾ, ਬਾਲਕ ਆਪਣੀ ਗੋਦ ਉਠਾਈਆ । ਸਚ ਦਰਸਾ ਕੇ ਇਕੋ ਧਰਮਸਾਲਾ, ਧਰਮ ਦਵਾਰਾ ਦੇਣਾ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਰ ਕੇ ਨਮਸਕਾਰਾ, ਨਮੋ ਨਮੋ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਹਰਿ ਹਰਿ ਹਰੀ ਬਣ ਰਖਵਾਲਾ, ਹਰ ਹਿਰਦਾ ਵੇਖ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਆਪਣੀ ਚਲੇ ਅਵਲੜੀ ਚਾਲਾ, ਚਾਲਾਕੀ ਨਾਲ ਬੰਦੇ ਖ਼ਾਕੀ ਲਏ ਭੁਲਾਈਆ ।

❊ ❊ ❊ ❊ ❊